# ਪੰਜਾਬੀ ਵਿਸ਼ਵ ਕੋਸ਼

## ਜਿਲਦ ਦਸਵੀਂ

ਕਿਰਿਆ-ਘਰ ਤੋਂ ਜੰਤਰ

ਭਾਸ਼ਾ ਵਿਭਾਗ, ਪੰਜਾਬ

ੴ

# ਪੰਜਾਬੀ ਵਿਸ਼ਵ ਕੋਸ਼

## ਜਿਲਦ ਦਸਵੀਂ

ਚਿੜੀਆ-ਘਰ ਤੋਂ ਜੌੜਾ

ਭਾਸ਼ਾ ਵਿਭਾਗ ਪੰਜਾਬ

PUNJABI VISHAV KOSH–VOL. X

Dr. Madan Lal Hasija

Director, Language Deptt. Punjab

**ਪੰਜਾਬੀ ਵਿਸ਼ਵ ਕੋਸ਼ ਜਿਲਦ 10ਵੀਂ**

ਡਾ. ਮਦਨ ਲਾਲ ਹਸੀਜਾ

ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ

© : ਭਾਸ਼ਾ ਵਿਭਾਗ ਪੰਜਾਬ

ਸਾਲ : 2000

ਕਾਪੀਆਂ : 2000

ਕੀਮਤ : 239 ਰੁਪਏ

2000 ਵਿ. ਕੋ. 1486

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ

ਛਾਪਕ : ਸਵੈਨ ਪ੍ਰਿੰਟਿੰਗ ਪ੍ਰੈੱਸ, ਅੱਡਾ ਟਾਂਡਾ, ਜਲੰਧਰ

ਰਾਹੀਂ : ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪੰਜਾਬ, ਚੰਡੀਗੜ੍ਹ

# ਸੰਪਾਦਕੀ ਬੋਰਡ

## ਮੁੱਖ ਸੰਪਾਦਕ

ਰਛਪਾਲ ਸਿੰਘ ਗਿੱਲ

## ਸੰਪਾਦਕ

**ਸਮਾਜ ਵਿਗਿਆਨ**

ਹਰਜੀਤ ਕੌਰ

**ਵਿਗਿਆਨ**

ਕੰਵਲਜੀਤ ਕੌਰ

**ਸਾਹਿਤ ਤੇ ਕਲਾ**

ਮਹਿੰਦਰ ਕੌਰ

## ਸਹਿ ਸੰਪਾਦਕ

ਪਰਮਜੀਤ ਕੌਰ
(ਹੁਣ ਸਹਾਇਕ ਡਾਇਰੈਕਟਰ)

ਗੁਰਨਾਮ ਸਿੰਘ ਭੁੱਲਰ

ਸਤਨਾਮ ਸਿੰਘ

ਸ਼ੈਲਜਾ ਗੋਇਲ

ਅਵਤਾਰ ਸਿੰਘ
(ਹੁਣ ਸਹਾਇਕ ਡਾਇਰੈਕਟਰ)

ਅੰਮ੍ਰਿਤਪਾਲ ਕੌਰ

ਨਵਜੀਤ ਕੌਰ

ਚੰਦਨਦੀਪ ਕੈਂਤਲ

ਗੁਰਬਖ਼ਸ਼ ਸਿੰਘ
(ਹੁਣ ਸਹਾਇਕ ਡਾਇਰੈਕਟਰ)

ਕਰਮਵੀਰ ਸਿੰਘ ਸੂਰੀ

ਵੀਰਪਾਲ ਕੌਰ

# ਦੋ ਸ਼ਬਦ

ਗਿਆਨ ਮਨੁੱਖੀ ਵਿਕਾਸ ਦਾ ਧੁਰਾ ਹੈ। ਯੁੱਗਾਂ ਯੁਗਾਂਤਰਾਂ ਤੋਂ ਮਨੁੱਖ ਗਿਆਨ ਦੀ ਤਲਾਸ਼ ਲਈ ਨਿਰੰਤਰ ਯਤਨਸ਼ੀਲ ਰਿਹਾ ਹੈ। ਗਿਆਨ ਦੀ ਪ੍ਰਾਪਤੀ ਸਦਕਾ ਹੀ ਮਨੁੱਖ ਜਾਤੀ ਆਦਿ ਕਾਲ ਤੋਂ ਅਜੋਕੀ ਵਿਕਸਿਤ ਅਵਸਥਾ ਤੱਕ ਪੁੱਜੀ ਹੈ। ਕੁਦਰਤ ਦੀ ਕੁੱਖ ਵਿਚ ਲੁਕੇ ਭੇਦਾਂ ਦੀ ਖੋਜ, ਮਨੁੱਖੀ ਜੀਵਨ ਦੀ ਅਜੋਕੀ ਆਰਥਿਕ, ਸਮਾਜਿਕ, ਰਾਜਨੀਤਕ ਤੇ ਧਾਰਮਿਕ ਉੱਨਤੀ ਸਭ ਉਚੇਰੇ ਗਿਆਨ ਦੀ ਪ੍ਰਾਪਤੀ ਸਦਕਾ ਹੀ ਸੰਭਵ ਹੋ ਸਕੀ ਹੈ। ਮਾਨਵੀ ਜੀਵਨ ਦੀ ਬਿਹਤਰੀ ਲਈ ਉਚੇਰਾ ਤੇ ਸਰਵਪੱਖੀ ਗਿਆਨ ਪ੍ਰਾਪਤ ਕਰਨਾ ਹੋਰ ਵੀ ਆਸਾਨ ਹੋ ਜਾਂਦਾ ਹੈ ਜੇ ਇਹ ਹਰੇਕ ਵਿਅਕਤੀ ਦੀ ਮਾਤਭਾਸ਼ਾ ਵਿਚ ਉਪਲਬਧ ਹੋਵੇ। ਪੰਜਾਬ ਅਤੇ ਪੰਜਾਬੀਅਤ ਦੀ ਰਹਿਨੁਮਾਈ ਕਰਨ ਵਾਲੇ ਵਿਸ਼ਵ ਪੱਧਰ ਦੇ ਸਰਵਪੱਖੀ ਗਿਆਨ ਨਾਲ ਸਬੰਧਤ ਪੰਜਾਬੀ ਵਿਚ ਸ਼ਾਇਦ ਉਂਗਲਾਂ ਤੇ ਗਿਣੀਆਂ ਜਾਣ ਵਾਲੀਆਂ ਕੁਝ ਕੁ ਪੁਸਤਕਾਂ ਹੀ ਪੰਜਾਬ ਵਿਚ ਉਪਲਬਧ ਹਨ। ਇਸ ਆਸ਼ੇ ਦੀ ਪੂਰਤੀ ਲਈ ਭਾਸ਼ਾ ਵਿਭਾਗ ਪੰਜਾਬ ਵਲੋਂ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪੈਟਰਨ ਤੇ ਤਿਆਰ ਕੀਤਾ ਜਾ ਰਿਹਾ ਪੰਜਾਬੀ ਵਿਸ਼ਵ ਕੋਸ਼ ਦਾ ਪ੍ਰਾਜੈਕਟ ਹੱਥ ਵਿਚ ਲੈ ਕੇ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ।

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪੈਟਰਨ ਉੱਤੇ 25 ਜਿਲਦਾਂ ਵਿਚ ਤਿਆਰ ਕੀਤਾ ਜਾ ਰਿਹਾ ਪੰਜਾਬੀ ਵਿਸ਼ਵ ਕੋਸ਼, ਭਾਸ਼ਾ ਵਿਭਾਗ ਦਾ ਇਕ ਬਹੁਤ ਹੀ ਮਹੱਤਵਪੂਰਨ ਪ੍ਰਾਜੈਕਟ ਹੈ। ਪੰਜਾਬੀ ਵਿਚ ਹਵਾਲਾ ਸਾਹਿਤ ਦੀ ਬਹੁਤ ਘਾਟ ਹੋਣ ਕਰਕੇ ਖੋਜ ਦੇ ਖੇਤਰ ਵਿਚ ਇਸ ਪ੍ਰਾਜੈਕਟ ਦਾ ਨਿਵੇਕਲਾ ਸਥਾਨ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਪ੍ਰਾਜੈਕਟ ਵਿਚ ਜੁਟੇ ਵਿਭਾਗ ਦੇ ਸਾਹਿਤ ਕਰਮੀਆਂ ਦੀ ਦਿਨ ਰਾਤ ਦੀ ਮਿਹਨਤ ਸਦਕਾ ਅੱਜ ਮੈਂ ਇਹ ਦਸਵੀਂ ਜਿਲਦ ਪਾਠਕਾਂ ਨੂੰ ਪੇਸ਼ ਕਰ ਰਿਹਾ ਹਾਂ। ਉਮੀਦ ਹੈ ਕਿ ਇਸ ਦੀ ਗਿਆਰਵੀਂ ਜਿਲਦ ਦੀ ਵੀ ਪੰਜਾਬੀ ਪਾਠਕਾਂ ਨੂੰ ਬਹੁਤੀ ਉਡੀਕ ਨਹੀਂ ਕਰਨੀ ਪਵੇਗੀ ਉਹ ਭੀ ਛੇਤੀ ਹੀ ਆਪ ਨੂੰ ਭੇਟ ਕਰ ਦਿੱਤੀ ਜਾਵੇਗੀ।

ਪੰਜਾਬੀ ਵਿਸ਼ਵ ਕੋਸ਼ ਦੀ ਇਸ ਜਿਲਦ ਵਿਚ ਚਿੜੀਆ-ਘਰ ਤੋਂ ਜੌੜਾ ਸ਼ਬਦ ਤੱਕ ਦੀਆਂ ਐਂਟਰੀਆਂ ਸ਼ਾਮਲ ਹਨ। ਭਾਵੇਂ ਇਸ ਕੰਮ ਵਿਚ ਪੂਰੀ ਪੂਰੀ ਚੌਕਸੀ ਅਤੇ ਸਾਵਧਾਨੀ ਵਰਤੀ ਗਈ ਹੈ ਪਰ ਤਦ ਵੀ ਹੋ ਸਕਦਾ ਹੈ ਕਿ ਕਿਤੇ ਕਿਤੇ ਅੰਕੜੇ ਅਤੇ ਤੱਥ ਮਿਤੀ-ਅੰਤ ਤੱਕ ਨਾ ਦਿੱਤੇ ਜਾ ਸਕੇ ਹੋਣ ਕਿਉਂਕਿ ਸਾਧਨ ਸਮੱਗਰੀ ਅਤੇ ਉਚਿਤ ਅਮਲੇ ਦੀ ਘਾਟ ਹੋਣ ਕਾਰਨ ਉਹ ਸਾਰੀਆਂ ਸਹੂਲਤਾਂ ਮੁਹਈਆ ਨਹੀਂ ਕੀਤੀਆਂ ਜਾ ਸਕੀਆਂ ਜਿਹੜੀਆਂ ਕਿ ਅਜਿਹੇ ਪ੍ਰਾਜੈਕਟ ਨੂੰ ਉਪਲਬਧ ਹੋਣੀਆਂ ਚਾਹੀਦੀਆਂ ਹਨ।

ਵਿਸ਼ਵ ਕੋਸ਼ ਦੀਆਂ ਪਹਿਲਾਂ ਛਪੀਆਂ ਜਿਲਦਾਂ ਵਾਂਗ ਪਾਠਕਾਂ ਦੀ ਸਹਾਇਤਾ ਲਈ ਇਸ ਜਿਲਦ ਦੇ ਮੁੱਢ ਵਿਚ ਵੀ ਇਸ ਦੀ ਵਰਤੋਂ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਇਸ ਵਿਚ ਵਰਤੇ ਗਏ ਸ਼ਬਦ-ਸੰਖੇਪ ਤੇ ਹੋਰ ਚਿੰਨ੍ਹ ਆਦਿ ਵੀ ਦੇ ਦਿੱਤੇ ਗਏ ਹਨ।

ਇਹ ਅਨਮੋਲ ਹਵਾਲਾ ਗ੍ਰੰਥ ਪੰਜਾਬੀ ਪਾਠਕਾਂ ਅਤੇ ਵਿਦਵਾਨਾਂ ਦੀ ਸੇਵਾ ਵਿਚ ਭੇਟਾ ਕਰਨ ਲੱਗਿਆਂ ਮੈਨੂੰ ਪੂਰੀ ਆਸ ਹੈ ਕਿ ਵਿਵੇਕ-ਬੁੱਧੀ ਪਾਠਕ ਇਸ ਜਿਲਦ ਵਿਚ ਰਹਿ ਗਈਆਂ ਤਰੁੱਟੀਆਂ ਤੋਂ ਜਾਣੂ ਕਰਵਾਉਣ ਲਈ ਆਪਣੇ ਵਡਮੁੱਲੇ ਸੁਝਾਅ ਲਿਖ ਭੇਜਣ ਦੀ ਕਿਰਪਾ ਕਰਨਗੇ। ਉਨ੍ਹਾਂ ਦੇ ਯੋਗ ਸੁਝਾਵਾਂ ਦੀ ਲੋਅ ਵਿਚ ਅਸੀਂ ਬਾਕੀ ਜਿਲਦਾਂ ਨੂੰ ਹੋਰ ਚੰਗਾਂ ਅਤੇ ਸੁੱਚਜਾ ਬਣਾ ਸਕਾਂਗੇ।

ਇਸ ਜਿਲਦ ਦੀ ਤਿਆਰੀ ਅਤੇ ਛਪਾਈ ਵਿਚ ਵਿਸ਼ਵ ਕੋਸ਼ ਭਾਗ ਦੇ ਮੁੱਖ ਸੰਪਾਦਕ, ਸੰਪਾਦਕਾਂ, ਸਹਾਇਕ ਸੰਪਾਦਕਾਂ ਅਤੇ ਹੋਰ ਅਮਲੇ ਨੇ ਬੜੀ ਮਿਹਨਤ ਅਤੇ ਤਨਦੇਹੀ ਨਾਲ ਕੰਮ ਕੀਤਾ ਹੈ। ਮੈਂ ਉਨ੍ਹਾਂ ਸਾਰਿਆਂ ਦਾ ਅਤੇ ਇਸ ਜਿਲਦ ਵਿਚ ਜਿਨ੍ਹਾਂ ਲੇਖਕਾਂ ਤੇ ਵਿਦਵਾਨਾਂ ਨੇ ਯੋਗਦਾਨ ਪਾਇਆ ਹੈ ਅਤੇ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਦਾ ਦਿਲੋਂ ਧੰਨਵਾਦੀ ਹਾਂ।

**ਡਾ. ਮਦਨ ਲਾਲ ਹਸੀਜਾ**
**ਡਾਇਰੈਕਟਰ,**

**ਮਾਰਚ, 1997** **ਭਾਸ਼ਾ ਵਿਭਾਗ ਪੰਜਾਬ, ਪਟਿਆਲਾ**

# ਪੰਜਾਬੀ ਵਿਸ਼ਵ ਕੋਸ਼ ਦੀ ਵਰਤੋਂ

ਪੰਜਾਬੀ ਵਿਸ਼ਵ ਕੋਸ਼ ਵਿਚ ਸਾਹਿਤ ਤੇ ਕਲਾ, ਸਮਾਜ ਵਿਗਿਆਨ ਅਤੇ ਵਿਗਿਆਨ ਨਾਲ ਸਬੰਧਤ ਵਿਸ਼ਿਆਂ ਦੀਆਂ ਐਂਟਰੀਆਂ ਨੂੰ ਦਿੱਤੀ ਗਈ ਤਰਤੀਬ ਦੀ ਹੇਠਾਂ ਵਿਆਖਿਆ ਕੀਤੀ ਜਾਂਦੀ ਹੈ ਤਾਂ ਜੋ ਪਾਠਕ ਨੂੰ ਲੋੜੀਂਦੀ ਐਂਟਰੀ ਲੱਭਣ ਵਿਚ ਆਸਾਨੀ ਰਹੇ।

1. ਐਂਟਰੀਆਂ ਦੀ ਤਰਤੀਬ ਉਨ੍ਹਾਂ ਦੇ ਨਾਵਾਂ ਅਨੁਸਾਰ ਰੱਖੀ ਗਈ ਹੈ ਨਾ ਕਿ ਵਿਸ਼ਿਆਂ ਅਨੁਸਾਰ ਅਤੇ ਇਹ ਤਰਤੀਬ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਰੱਖੀ ਗਈ ਹੈ ਜਿਵੇਂ ਕਿ ੳ, ਅ, ੲ,....ਲ਼, ਵ, ੜ। ਇਸ ਤੋਂ ਅੱਗੇ ਇਕੋ ਹੀ ਅੱਖਰ ਨੂੰ ਲਗਾਂ ਮਾਤਰਾਂ ਦੇ ਹਿਸਾਬ ਨਾਲ ਤਰਤੀਬਵਾਰ ਕੀਤਾ ਗਿਆ ਹੈ। ਉਨ੍ਹਾਂ ਵਿਚ ਮੁਕਤਾ (ਸ) ਸਭ ਤੋਂ ਪਹਿਲਾਂ ਅਤੇ ਕ੍ਰਮਵਾਰ ਕੰਨਾ (ਸਾ), ਸਿਹਾਰੀ (ਸਿ), ਬਿਹਾਰੀ (ਸੀ), ਔਂਕੜ (ਸੁ), ਦੁਲੈਂਕੜ (ਸੂ), ਲਾਂ (ਸੇ), ਦੁਲਾਂ (ਸੈ), ਹੋੜਾ (ਸੋ) ਅਤੇ ਕਨੌੜਾ (ਸੌ) ਰੱਖੇ ਗਏ ਹਨ।

ਤਰਤੀਬ ਵਿਚ ਬਿੰਦੀ (ਸਾਂ), ਟਿੱਪੀ (ਸੰ) ਅਤੇ ਅੱਧਕ (ਸੱ) ਆਦਿ ਨੂੰ ਕੋਈ ਵੱਖਰਾ ਕ੍ਰਮ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਜੇ ਕਿਸੇ ਐਂਟਰੀ ਦੇ ਸਿਰਲੇਖ ਵਿਚ ਕੌਮਾ (,) ਆਉਂਦਾ ਹੈ ਤਾਂ ਅੱਖਰ-ਕ੍ਰਮ ਵਿਚ ਇਸ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ।

2. ਕਿਸੇ ਸ਼ਬਦ ਦੇ ਪੈਰ ਵਿਚ ਆਉਣ ਵਾਲੇ 'ਰ' ਅਤੇ 'ਵ' ਨੂੰ ਕ੍ਰਮ ਦੇਣ ਲਗਿਆਂ ਪੂਰਾ 'ਰ' ਅਤੇ 'ਵ' ਮੰਨਿਆ ਗਿਆ ਹੈ। ਜਿਥੇ ਕਿਤੇ ਕਿਸੇ ਅੱਖਰ ਦੇ ਪੈਰ ਵਿਚ 'ਰ' ਆਇਆ ਹੈ ਅਤੇ ਉਸ ਅੱਖਰ ਨੂੰ ਕੋਈ ਲਗ ਮਾਤਰਾ ਲੱਗੀ ਹੋਈ ਹੈ ਤਾਂ ਅੱਖਰ-ਕ੍ਰਮ ਵਿਚ ਉਹ ਲਗ ਮਾਤਰਾ 'ਰ' ਨੂੰ ਹੀ ਮੰਨੀ ਗਈ ਹੈ ਨਾ ਕਿ ਮੂਲ ਅੱਖਰ ਨੂੰ ਜਿਵੇਂ ਅੰਮ੍ਰਿਤ।

3. ਐਂਟਰੀ ਦਾ ਸਿਰਲੇਖ ਭਾਵੇਂ ਇਕ, ਦੋ ਜਾਂ ਬਹੁਤੇ ਸ਼ਬਦਾਂ ਦਾ ਹੈ, ਤਰਤੀਬ ਪਹਿਲੇ ਸ਼ਬਦ ਨੂੰ ਮੁੱਖ ਰੱਖ ਕੇ ਹੀ ਦਿੱਤੀ ਗਈ ਹੈ ਜਿਵੇਂ–

**ੳ** :

**ਉਰਦੂ ਭਾਸ਼ਾ ਅਤੇ ਸਾਹਿਤ** :

**ਉੜੀਸਾ** :

4. ਭੂਗੋਲ ਨਾਲ ਸਬੰਧਤ ਇਕੋ ਨਾਂ ਦੀਆਂ ਇਕੋ ਹੀ ਥਾਂ ਤੇ ਕਈ ਕਈ ਐਂਟਰੀਆਂ ਦਰਜ ਹਨ। ਉਨ੍ਹਾਂ ਵਿਚੋਂ ਲੋੜੀਂਦੀ ਐਂਟਰੀ ਲੱਭਣ ਵਿਚ ਪਾਠਕ ਦੀ ਸਹੂਲਤ ਲਈ ਤਰਤੀਬ ਦੇਣ ਲਗਿਆਂ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਅਜਿਹੀਆਂ ਐਂਟਰੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਰੱਖੀ ਗਈ ਹੈ–

**ਕਪੂਰਥਲਾ** : ਰਿਆਸਤ–

**ਕਪੂਰਥਲਾ** : ਜ਼ਿਲ੍ਹਾ–

**ਕਪੂਰਥਲਾ** : ਸ਼ਹਿਰ–

ਇਸ ਤਰ੍ਹਾਂ ਪਾਠਕ ਨੂੰ ਕਪੂਰਥਲਾ ਰਿਆਸਤ, ਜ਼ਿਲ੍ਹਾ ਜਾਂ ਸ਼ਹਿਰ ਲੱਭਣ ਵਿਚ ਮੁਸ਼ਕਲ ਪੇਸ਼ ਨਹੀ ਆਵੇਗੀ। ਇਕੋ ਹੀ ਨਾਂ ਦੇ ਕਈ ਕਈ ਸ਼ਹਿਰਾਂ ਦੀ ਸੂਰਤ ਵਿਚ ਐਂਟਰੀ ਦਾ ਆਰੰਭਕ ਵਾਕ ਅਜਿਹੇ ਢੰਗ ਨਾਲ ਸ਼ੁਰੂ ਕੀਤਾ ਗਿਆ ਹੈ ਕਿ ਉਸ ਦਾ ਪਹਿਲਾ ਹੀ ਸ਼ਬਦ ਇਹ ਸਪਸ਼ਟ ਕਰ ਦਿੰਦਾ ਹੈ ਕਿ ਇਹ ਸ਼ਹਿਰ ਕਿਸ ਰਾਜ ਜਾਂ ਦੇਸ਼ ਨਾਲ ਸਬੰਧ ਰੱਖਦਾ ਹੈ। ਉਦਾਹਰਨ ਲਈ–

(ੳ) **ਕਿੰਗਸਟਨ** : ਸੰਯੁਕਤ ਰਾਜ ਅਮਰੀਕਾ ਦਾ ਇਹ ਸ਼ਹਿਰ.....

**ਕਿੰਗਸਟਨ** : ਕੈਨੇਡਾ ਦਾ ਇਹ ਸ਼ਹਿਰ.......

(ਅ) **ਕਾਨਕਰਡ (Concord)** : ਕੈਲਿਫ਼ੋਰਨੀਆ ਰਾਜ (ਸ.ਰ.ਅ.) ਦੀ ਕਾਂਟਰਾ ਕਾਂਸਟਾ ਕਾਉਂਟੀ ਦਾ ਇਕ ਸ਼ਹਿਰ ਹੈ ਜੋ....

**ਕਾਨਕਰਡ (Concord)** : ਮੈਸਾਚੂਸੈਟਸ ਰਾਜ (ਸ.ਰ.ਅ.) ਦੀ ਮਿਡਲਸੈਕਸ ਕਾਉਂਟੀ ਦਾ ਇਕ ਸ਼ਹਿਰਾ ਹੈ ਜੋ...

5. ਕ੍ਰਾਸ ਹਵਾਲੇ ਵਾਲੀਆਂ ਐਂਟਰੀਆਂ ਦੀ ਸੂਰਤ ਵਿਚ ਇਹ ਯਤਨ ਕੀਤਾ ਗਿਆ ਹੈ ਕਿ ਐਂਟਰੀ ਨੂੰ ਉਸ ਦੇ ਮੌਜੂਦਾ ਨਾਂ ਹੇਠ ਦਿੱਤਾ ਜਾਵੇ ਅਤੇ ਉਸ ਦੇ ਦੂਜੇ ਨਾਂ ਨੂੰ ਕ੍ਰਾਸ ਹਵਾਲੇ ਵਜੋਂ ਉਸ ਦੇ ਬਣਦੇ ਅੱਖਰ-ਕ੍ਰਮ ਅਨੁਸਾਰ ਦਿੱਤਾ ਜਾਵੇ, ਜਿਵੇਂ ਕਿ ਐਂਟਰੀ 'ਜ਼ੇਅਰ' ਦੇ ਨਾਂ ਹੇਠ ਪਵੇਗੀ ਪਰ ਜਿਥੇ 'ਕਾਂਗੋ' ਐਂਟਰੀ ਆਵੇਗੀ ਉਥੇ ਲਿਖਿਆ ਹੋਵੇਗਾ–

**ਕਾਂਗੋ** : 'ਵੇਖੋ, ਜ਼ੇਅਰ'

6. ਇਕੋ ਹੀ ਨਾਂ ਦੀਆਂ ਜੀਵਨੀਆਂ ਦਾ ਕ੍ਰਮ ਉਨ੍ਹਾਂ ਦੇ ਜੀਵਨ-ਕਾਲ ਅਨੁਸਾਰ ਦਿੱਤਾ ਗਿਆ ਹੈ ਜਿਵੇਂ–

**ਸ਼ਾਹ ਨਵਾਜ਼ ਖ਼ਾਂ** (18ਵੀਂ ਸਦੀ) :

**ਸ਼ਾਹ ਨਵਾਜ਼ ਖ਼ਾਂ** (20ਵੀਂ ਸਦੀ) :

ਇਕ ਹੀ ਨਾਂ ਦੇ ਰਾਜਿਆਂ ਆਦਿ ਜਿਨ੍ਹਾਂ ਦੀਆਂ ਕਈ ਕਈ ਐਂਟਰੀਆਂ ਹਨ ਜਿਵੇਂ ਜੇਮਜ਼ ਪਹਿਲਾ, ਦੂਜਾ, ਤੀਜਾ ਆਦਿ ਦੀ ਲੋੜੀਂਦੀ ਐਂਟਰੀ ਨੂੰ ਆਸਾਨੀ ਨਾਲ ਲੱਭਣ ਲਈ ਐਂਟਰੀ ਦੇ ਸਿਰਲੇਖ ਦੇ ਨਾਲ ਬ੍ਰੈਕਟ ਵਿਚ ਉਸ ਦਾ ਨੰਬਰ-ਕ੍ਰਮ ਦਿੱਤਾ ਗਿਆ ਹੈ ਅਤੇ ਹੋਰ ਭੀ ਸਪਸ਼ਟ ਕਰਨ ਲਈ ਇਸ ਨਾਲ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਸਬੰਧਤ ਦੇਸ਼ ਦਾ ਨਾਂ ਵੀ ਦਿੱਤਾ ਗਿਆ ਹੈ ਜਿਵੇਂ—

**ਜੇਮਜ਼ (ਪਹਿਲਾ—ਇੰਗਲੈਂਡ)** :

**ਜੇਮਜ਼ (ਪਹਿਲਾ—ਸਪੇਨ)** :

**ਜੇਮਜ਼ (ਪਹਿਲਾ—ਪੁਰਤਗਾਲ)** :

7. ਐਂਟਰੀਆਂ ਦੇ ਅਖ਼ੀਰ ਵਿਚ ਉਨ੍ਹਾਂ ਵਿਚ ਵਰਤੀਆਂ ਗਈਆਂ ਹਵਾਲਾ ਪੁਸਤਕਾਂ ਦਾ ਨਾਂ ਸੰਖੇਪ ਰੂਪ ਵਿਚ ਦਿੱਤਾ ਗਿਆ ਹੈ। ਇਸੇ ਤਰ੍ਹਾਂ ਐਂਟਰੀ ਵਿਚ ਵੀ ਸੰਖੇਪ-ਸ਼ਬਦ ਵਰਤੇ ਗਏ ਹਨ ਜਿਨ੍ਹਾਂ ਦਾ ਪੂਰਾ ਨਾਂ ਪਾਠਕ, ਆਰੰਭ ਵਿਚ ਦਿੱਤੀ ਗਈ 'ਸ਼ਬਦ-ਸੰਖੇਪ' ਸੂਚੀ ਵਿਚੋਂ ਵੇਖ ਸਕਦੇ ਹਨ। ਸ਼ਬਦ-ਸੰਖੇਪ ਸੂਚੀ ਵੀ ਅੱਖਰ-ਕ੍ਰਮ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਅੱਖਰ-ਕ੍ਰਮ ਦਾ ਆਧਾਰ ਪੁਸਤਕ ਦਾ ਸੰਖੇਪ ਨਾਂ ਰੱਖਿਆ ਗਿਆ ਹੈ।

ਪੰਜਾਬੀ ਵਿਸ਼ਵ ਕੋਸ਼ ਵਿਚ ਉਪਰੋਕਤ ਨਿਯਮ ਪਾਲਣ ਦਾ ਪੂਰਾ-ਪੂਰਾ ਯਤਨ ਕੀਤਾ ਗਿਆ ਹੈ ਪਰ ਫਿਰ ਵੀ ਮੁੱਢਲੀਆਂ ਜਿਲਦਾਂ ਦੀ ਸਮੱਗਰੀ ਕਾਫੀ ਪਹਿਲਾਂ ਤਿਆਰ ਹੋਣ ਕਰਕੇ ਕਿਤੇ-ਕਿਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਵਿਚ ਉਕਾਈ ਦੀ ਸੰਭਾਵਨਾ ਹੋ ਸਕਦੀ ਹੈ। ਪੰਜਾਬੀ ਵਿਸ਼ਵ ਕੋਸ਼ ਦੀਆਂ ਅਗਲੀਆਂ ਜਿਲਦਾਂ ਵਿਚ ਉਪਰੋਕਤ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ।

| | |
|---|---|
| ਜੀ. ਐ. ਲਾ. ਐਨ | ਜੀ-ਮੈਕਸ ਐਨੀਮਲ ਲਾਈਫ਼ ਐਨਸਾਈਕਲੋਪੀਡੀਆ |
| ਦਾ. ਇੰਡ. ਡਾ. | ਦਾ ਟਾਈਮਜ਼ ਆਫ਼ ਇੰਡੀਆ ਡਾਇਰੈਕਟਰੀ ਐਂਡ ਯੀਅਰ ਬੁੱਕ |
| ਟ੍ਰਾ. ਬ. | ਟ੍ਰੌਪੀਕਲ ਬਰਡਜ਼—ਕਲਾਈਵ ਰੂਟਸ |
| ਟੈ. ਬੁ. ਕੈ.—ਗਰੋਵਰ | ਏ ਟੈਕਸਟ ਬੁੱਕ ਆਫ਼ ਕੈਮਿਸਟਰੀ—ਗਰੋਵਰ |
| ਟੈ. ਬੁ. ਫਿ. ਕੈ. | ਟੈਕਸਟ ਬੁੱਕ ਆਫ਼ ਫ਼ਿਜ਼ੀਕਲ ਕੈਮਿਸਟਰੀ—ਨਿਰੰਜਨ ਸਿੰਘ, ਜੋਗਿੰਦਰ ਸਿੰਘ |
| ਟੈ. ਬੁ. ਮੈ. | ਟੈਕਸਟ ਬੁੱਕ ਆਫ਼ ਮੈਡੀਸਨ—ਡਬਲਿਊ. ਐਨ. ਮਾਨ |
| ਡਿ. ਐਜੂ. | ਡਿਕਸ਼ਨਰੀ ਆਫ਼ ਐਜੂਕੇਸ਼ਨ—ਕਾਰਟਰ ਵੀ. ਗੁੱਡ |
| ਡਿ. ਇਸ. | ਏ ਡਿਕਸ਼ਨਰੀ ਆਫ਼ ਇਸਲਾਮ |
| ਡਿ. ਸਾਈ. | ਏ ਡਿਕਸ਼ਨਰੀ ਆਫ਼ ਸਾਈਕਾਲੋਜੀ—ਜੇਮਜ਼ ਡ੍ਰੇਵਰ |
| ਡਿ. ਸਾ. ਬਾ. | ਡਿਕਸ਼ਨਰੀ ਆਫ਼ ਸਾਇੰਟਿਫਿਕ ਬਾਇਓਗ੍ਰਾਫ਼ੀ—ਚਾਰਲਸ, ਸੀ. ਜੀ. |
| ਡਿ. ਹਿੰ. ਮਾਈ. | ਏ ਡਿਕਸ਼ਨਰੀ ਆਫ਼ ਹਿੰਦੂ ਮਾਈਥਾਲੋਜੀ |
| ਡਿ. ਜਗ. | ਏ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ |
| ਡਿ. ਨੈ. ਬਾ. | ਡਿਕਸ਼ਨਰੀ ਆਫ਼ ਨੈਸ਼ਨਲ ਬਾਇਓਗ੍ਰਾਫ਼ੀ |
| ਡਿ. ਪੁ. ਸਾ. | ਡਿਕਸ਼ਨਰੀ ਆਫ਼ ਪੁਲੀਟੀਕਲ ਸਾਇੰਸ—ਜੋਸਫ਼ ਡੱਨਰ |
| ਤਵਾ. ਗੁ. ਖ਼ਾ. | ਤਵਾਰੀਖ਼ ਗੁਰੂ ਖ਼ਾਲਸਾ—ਗਿਆਨੀ ਗਿਆਨ ਸਿੰਘ |
| ਤਾ. ਅ. ਉਰ.—ਇ. ਹੁਸੈਨ | ਤਾਰੀਖ਼ਿ ਅਦਬਿ ਉਰਦੂ—ਇਜਾਜ਼ ਹੁਸੈਨ |
| ਤਾ. ਅ. ਉਰ.—ਸਕਸੈਨਾ | ਤਾਰੀਖ਼ਿ ਅਦਬਿ ਉਰਦੂ—ਸਕਸੈਨਾ |
| ਦੇਹਲੀ—ਹਿ. ਐਂਡ. ਪਲੇ. ਇੰਟ. | ਦੇਹਲੀ—ਹਿਸਟਰੀ ਐਂਡ ਪਲੇਸਿਜ਼ ਆਫ਼ ਇੰਟਰੈਸਟ—ਡਾ. ਪ੍ਰਭਾ ਚੋਪੜਾ |
| ਨਿ. ਕ. ਯੂ. ਬਾ. | ਨਿਊ ਕਨਸਾਈਜ਼ ਯੂਨੀਵਰਸਲ ਬਾਇਓਗ੍ਰਾਫ਼ੀ |
| ਨਿ. ਡਿ. ਸਾਈ. | ਏ ਨਿਊ ਡਿਕਸ਼ਨਰੀ ਆਫ਼ ਸਾਈਕਾਲੋਜੀ—ਫ਼ਿਲਿਪ ਲਾਰੈਂਸ ਹੈਰੀਮੈਨ |
| ਨਿ. ਯੂ. ਐਨ. | ਨਿਊ ਯੂਨੀਵਰਸਲ ਐਨਸਾਈਕਲੋਪੀਡੀਆ |
| ਨਿ. ਲਾ. ਐਨ. ਮਾਈ. | ਨਿਊ ਲਾਰਾਊਸ ਐਨਸਾਈਕਲੋਪੀਡੀਆ ਆਫ਼ ਮਾਈਥਾਲੋਜੀ |
| ਨਿ. ਵ. ਐਨ. | ਦੀ ਨਿਊ ਵਰਲਡ ਐਨਸਾਈਕਲੋਪੀਡੀਆ |
| ਪੰ. ਕਾ. | ਪੰਜਾਬੀ ਕਾਸਟਸ—ਇਬੈਟਸਨ |
| ਪੰ. ਸਨ. ਸਾ. | ਪੰਜਾਬੀ ਦੇ ਸਨਮਾਨਿਤ ਸਾਹਿਤਕਾਰ—ਭਾਸ਼ਾ ਵਿਭਾਗ, ਪੰਜਾਬ |
| ਪੰ. ਸਾ. ਇ.—ਕੋਹਲੀ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਕੋਹਲੀ |
| ਪੰ. ਸਾ. ਇ.—ਦਰਦੀ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਗੋਪਾਲ ਸਿੰਘ ਦਰਦੀ |
| ਪੰ. ਸਾ. ਇ.—ਨਰੂਲਾ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਨਰੂਲਾ |
| ਪੰ. ਸਾ. ਇ.—ਪੰਜਾਬ | ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬ ਯੂਨੀਵਰਸਿਟੀ |
| ਪੰ. ਸਾ. ਇ.—ਪੰਜਾਬੀ | ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬੀ ਯੂਨੀਵਰਸਿਟੀ |
| ਪੰ. ਸਾ. ਇ.—ਭਾ. ਵਿ. ਪੰ. | ਪੰਜਾਬੀ ਸਾਹਿਤ ਦਾ ਇਤਿਹਾਸ—ਭਾਸ਼ਾ ਵਿਭਾਗ ਪੰਜਾਬ |
| ਪੰ. ਸਾ. ਇ.—ਰਸ | ਪੰਜਾਬੀ ਸਾਹਿਤ ਦਾ ਇਤਿਹਾਸ—ਨਿਹਾਲ ਸਿੰਘ ਰਸ |
| ਪੰ. ਸਾ. ਕੋ. | ਪੰਜਾਬੀ ਸਾਹਿਤ ਕੋਸ਼—ਪੰਜਾਬੀ ਯੂਨੀਵਰਸਿਟੀ |
| ਪੰ. ਸ਼ਾ. ਤਜ਼. | ਪੰਜਾਬੀ ਸ਼ਾਇਰਾਂ ਦਾ ਤਜ਼ਕਰਾ—ਮੌਲਾ ਬਖ਼ਸ਼ ਕੁਸ਼ਤਾ |
| ਪੰ. ਕੋ. | ਪੰਜਾਬੀ ਕੋਸ਼ |
| ਪ. ਡਿਜ਼ੀ. | ਪਲਾਂਟ ਡਿਜ਼ੀਜ਼ਿਜ਼—ਆਰ. ਐਸ. ਮਾਥੁਰ |
| ਪ. ਪੰ. | ਪਲਾਂਟਸ ਆਫ਼ ਦੀ ਪੰਜਾਬ |
| ਪੰ. ਪ੍ਰ. | ਪੰਥ ਪ੍ਰਕਾਸ਼—ਗਿ. ਗਿਆਨ ਸਿੰਘ |
| ਪ. ਫ਼ਿਜ਼ਿ. | ਪਲਾਂਟ ਫ਼ਿਜ਼ਿਆਲੋਜੀ—ਐਸ. ਐਂਡਰਸਨ |
| ਪ੍ਰਾ. ਚਰਿ. ਕੋ. | ਪ੍ਰਾਚੀਨ ਚਰਿੱਤਰ ਕੋਸ਼ |
| ਪ੍ਰਾ. ਪੰ. ਪ੍ਰ. | ਪ੍ਰਾਚੀਨ ਪੰਥ ਪ੍ਰਕਾਸ਼—ਰਤਨ ਸਿੰਘ ਭੰਗੂ |
| ਪ੍ਰ. ਲਿ. ਮਾ. | ਪ੍ਰਾਚੀਨ ਲਿਪੀ ਮਾਲਾ—ਪੰਡਤ ਗੌਰੀ ਸ਼ੰਕਰ ਓਝਾ |
| ਪ੍ਰਿੰ. ਇਨ. ਮੈ. | ਪ੍ਰਿੰਸੀਪਲਜ਼ ਆਫ਼ ਇਨਟਰਨਲ ਮੈਡੀਸਨ—ਹੈਰੀਸਨ |
| ਪ੍ਰਿ. ਫ਼. ਵੈ. | ਪ੍ਰਿਜ਼ਰਵੇਸ਼ਨ ਆਫ਼ ਫ਼ਰੂਟਸ ਐਂਡ ਵੈਜੀਟੇਬਲਜ਼—ਆਈ. ਸੀ. ਏ. ਆਰ. |
| ਪੰ. ਲਿ. ਕੋ. | ਪੰਜਾਬੀ ਲਿਖਾਰੀ ਕੋਸ਼—ਜੋਗਿੰਦਰ ਸਿੰਘ ਰਾਮਦੇਵ |
| ਪੰ. ਲੋ. ਵਿ. ਕੋ. | ਪੰਜਾਬੀ ਲੋਕਧਾਰਾ ਵਿਸ਼ਵ ਕੋਸ਼—ਵਣਜਾਰਾ ਬੇਦੀ |
| ਪਾ. ਹੈਂ. ਇੰ. ਬ. | ਪਾਪੂਲਰ ਹੈਂਡ-ਬੁੱਕ ਆਫ਼ ਇੰਡੀਅਨ ਬਰਡਜ਼ |
| ਪੇਂਟ. ਸਿ. | ਪੇਂਟਿੰਗਜ਼ ਆਫ਼ ਦੀ ਸਿੱਖਸ—ਡਬਲਿਊ. ਆਰਚਰ |
| ਫ. ਐ. | ਫਰੰਟੀਅਰ ਆਫ਼ ਐਸਟ੍ਰਾਨੋਮੀ—ਫਰੈੱਡ ਹਾਇਲ |

| | |
|---|---|
| ਫੰ. ਇ. ਇੰਜ. | ਫੰਡਾਮੈਂਟਲਜ਼ ਆਫ਼ ਇਰੀਗੇਸ਼ਨ ਇੰਜਨੀਅਰਿੰਗ—ਭਾਰਤ ਸਿੰਘ |
| ਫ. ਸ਼੍ਰ. ਇੰ. | ਫਲਾਵਰਿੰਗ ਸ਼੍ਰੱਬਜ਼ ਇਨ ਇੰਡੀਆ—ਐਸ. ਐਲ. ਜਿੰਦਲ |
| ਫ਼. ਕ. ਇੰ. | ਫ਼ਰੂਟ ਕਲਚਰ ਇਨ ਇੰਡੀਆ—ਸ਼ਾਮ ਸਿੰਘ |
| ਫ. ਟ੍ਰੀ. ਸ਼੍ਰ. ਇੰ. | ਫਲਾਵਰਿੰਗ ਟ੍ਰੀਜ਼ ਐਂਡ ਸ਼੍ਰੱਬਜ਼ ਇਨ ਇੰਡੀਆ |
| ਫਾ. ਮੁ. ਐਂਪ. | ਫਾਲ ਆਫ਼ ਦੀ ਮੁਗ਼ਲ ਐਂਪਾਇਰ—ਜਾਦੂ ਨਾਥ ਸਰਕਾਰ |
| ਫ਼ੈ. ਮੈ. ਡਿ. | ਫ਼ੈਮਿਲੀ ਮੈਡੀਕਲ ਡਿਕਸ਼ਨਰੀ—ਡਾ. ਤ੍ਰਿਪਾਠੀ |
| ਫ਼ੋ. ਸਿ. ਇੰਡ. | ਦੀ ਫ਼ੋਰਟੀਫਾਈਡ ਸਿਟੀਜ਼ ਆਫ਼ ਇੰਡੀਆ—ਸਿਡਨੀ ਟਾਇ |
| ਬ੍ਰਿ. ਰੂ. ਇੰ. ਆਫ਼. | ਬ੍ਰਿਟਿਸ਼ ਰੂਲ ਇਨ ਇੰਡੀਆ ਐਂਡ ਆਫ਼ਟਰ—ਵੀ. ਡੀ. ਮਹਾਜਨ |
| ਬਾ. ਕੈ. | ਬਾਇਓ-ਕੈਮਿਸਟਰੀ—ਕਲਾਈਨਰ ਅਤੇ ਆੱਰਟਨ |
| ਬੁ. ਇੰ. ਬ. | ਦੀ ਬੁੱਕ ਆਫ਼ ਇੰਡੀਅਨ ਬਰਡਜ਼—ਸਲੀਮ ਅਲੀ |
| ਬੁ. ਪਾ. ਸਾ. | ਦੀ ਬੁੱਕ ਆਫ਼ ਪਾਪੂਲਰ ਸਾਇੰਸ |
| ਬੇ. ਨੀ. ਵ. | ਬੇਸਿਕ ਨੀਡਲ ਵਰਕ—ਵਾਈਨ ਫ਼ਰੀਡ ਐਂਡ ਬੁੱਲ |
| ਭਾ. ਅਜਾ. | ਭਾਰਤ ਦੇ ਅਜਾਇਬ ਘਰ |
| ਭਾ. ਪਹਿ. | ਭਾਰਤ ਦੇ ਪਹਿਲਵਾਨ—ਬਲਬੀਰ ਸਿੰਘ ਕੰਵਲ |
| ਭਾ. ਪ੍ਰ. ਵਿ. | ਭਾਰਤ ਦੇ ਪ੍ਰਸਿੱਧ ਵਿਗਿਆਨੀ—ਜਗਜੀਤ ਸਿੰਘ |
| ਮ. ਕੋ. | ਮਹਾਨ ਕੋਸ਼ |
| ਮਾ. ਮੈ. ਕੌ. | ਮਾਡਰਨ ਮੈਡੀਕਲ ਕੌਂਸਲਰ |
| ਮੁ. ਐਂਪਾ. | ਦੀ ਮੁਗ਼ਲ ਐਂਪਾਇਰ—ਡਾ. ਅਸ਼ਿਰਬਾਦੀ ਲਾਲ ਸ੍ਰੀਵਾਸਤਵਾ |
| ਮੈ. ਹੈ. ਐਨ. | ਮੈਡੀਕਲ ਐਂਡ ਹੈਲਥ ਐਨਸਾਈਕਲੋਪੀਡੀਆ |
| ਮੈਕ. ਐਨ. ਸਾ. ਟ. | ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਸਾਇੰਸ ਐਂਡ ਟੈਕਨਾਲੋਜੀ |
| ਮੈਕ. ਐਨ. ਵ. ਬਾ. | ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਵਰਲਡ ਬਾਇਓਗ੍ਰਾਫ਼ੀਜ਼ |
| ਮੈਕ. ਮਾ. ਮੈ. ਸਾ. | ਮੈਕਗ੍ਰਾਅ-ਹਿੱਲ ਮਾਡਰਨ ਮੈਨ ਆਫ਼ ਸਾਇੰਸ |
| ਮੈਥ. ਡਿ. | ਮੈਥੇਮੈਟਿਕਸ ਡਿਕਸ਼ਨਰੀ—ਜੇਮਜ਼ ਐਂਡ ਜੇਮਜ਼ |
| ਮੈ. ਪ. ਇੰ. ਪਾ. | ਮੈਡੀਸਿਨਲ ਪਲਾਂਟਸ ਆਫ਼ ਇੰਡੀਆ ਐਂਡ ਪਾਕਿਸਤਾਨ |
| ਮੈ. ਮੈ. | ਮੈਨ ਆਫ਼ ਮੈਥੇਮੈਟਿਕਸ—ਈ. ਟੀ. ਬੈੱਲ |
| ਯੂਨੀ. ਐਨ. | ਯੂਨਵਰਸਲ ਐਨਸਾਈਕਲੋਪੀਡੀਆ |
| ਰ. ਸਿੰ. | ਰਣਜੀਤ ਸਿੰਘ—ਸਰ ਲੈਪਲ ਗ੍ਰਿਫ਼ਿਨ |
| ਰਾ. ਸਿ. ਪਾ. ਪੰ. | ਰਾਈਜ਼ ਆਫ਼ ਦੀ ਸਿੱਖ ਪਾਵਰ ਇਨ ਦੀ ਪੰਜਾਬ—ਸੋਹਣ ਸਿੰਘ ਸੀਤਲ |
| ਰਾ. ਫਾ. ਮੁ. ਐਂਪ. | ਰਾਈਜ਼ ਐਂਡ ਫਾਲ ਆਫ਼ ਦੀ ਮੁਗ਼ਲ ਐਂਪਾਇਰ—ਆਰ. ਪੀ. ਤ੍ਰਿਪਾਠੀ |
| ਲਾ. ਐਨ. ਵਰ. | ਲਾਰੌਸ ਐਨਸਾਈਕਲੋਪੀਡੀਆ ਆਫ਼ ਵਰਲਡ—ਪਾਲ ਹੈਮਲਿਨ |
| ਲਾਂ. ਡਿ. ਜਗ. | ਲਾਂਗਮੈਨ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ—ਸਰ ਡਡਲੇ ਸਟੈਂਪ |
| ਲਿੰ. ਸ. ਇੰਡ. | ਲਿੰਗੁਇਸਟਿਕ ਸਰਵੇ ਆਫ਼ ਇੰਡੀਆ—ਗ੍ਰੀਅਰਸਨ |
| ਲਿਟ. ਹਿ. ਐਰੈ. | ਏ ਲਿਟਰੇਰੀ ਹਿਸਟਰੀ ਆਫ਼ ਦੀ ਐਰੈਬਜ਼—ਨਿਕਲਸਨ |
| ਲਿਟ. ਹਿ. ਪਰ. | ਏ ਲਿਟਰੇਰੀ ਹਿਸਟਰੀ ਆਫ਼ ਪਰਸ਼ੀਆ—ਬ੍ਰਾਊਨ |
| ਵ. ਹੂ. ਸਾ. | ਵਰਲਡ ਹੂ-ਜ਼ ਹੂ ਇਨ ਸਾਇੰਸ |
| ਵ. ਟੈ. | ਵਰਕਸ਼ਾਪ ਟੈਕਨਾਲੋਜੀ—ਡਬਲਿਊ. ਏ. ਚੈਪਮੈਨ |
| ਵ. ਯੂ. ਐਨ. | ਵਰਲਡ ਯੂਨੀਵਰਸਿਟੀ ਐਨਸਾਈਕਲੋਪੀਡੀਆ |
| ਵਾ. ਨਾ. ਸ. ਐਨ. | ਵਾਨ ਨਾਂਸਟਰਾਂਡ ਸਾਇੰਟਿਫ਼ਿਕ ਐਨਸਾਈਕਲੋਪੀਡੀਆ |
| ਵੈ. ਜਗ. ਡਿ. | ਵੈਬਸਟਰਜ਼ ਜੀਓਗ੍ਰਾਫ਼ੀਕਲ ਡਿਕਸ਼ਨਰੀ |

| | ਮਹਾਂਦੀਪ | | ਮਹਾਂਸਾਗਰ |
|---|---|---|---|
| ਉ. ਅਮ. | ਉੱਤਰੀ ਅਮਰੀਕਾ | ਉ. ਅੰਧ. ਮਹਾਂ. | ਉੱਤਰੀ ਅੰਧ ਮਹਾਂਸਾਗਰ |
| ਐਂਟਾ. | ਐਂਟਾਰਕਟਿਕਾ | ਆਰ. ਮਹਾਂ. | ਆਰਕਟਿਕ ਮਹਾਂਸਾਗਰ |
| ਅਫ਼. | ਅਫ਼ਰੀਕਾ | ਸ਼ਾਂ. ਮਹਾਂ. | ਸ਼ਾਂਤ ਮਹਾਂਸਾਗਰ |
| ਆਸ. | ਆਸਟ੍ਰੇਲੀਆ | ਹਿੰ. ਮਹਾਂ | ਹਿੰਦ ਮਹਾਂਸਾਗਰ |
| ਏ. | ਏਸ਼ੀਆ | ਦੱ. ਅੰਧ. ਮਹਾਂ. | ਦੱਖਣੀ ਅੰਧ ਮਹਾਂਸਾਗਰ |
| ਦੱ. ਅਮ. | ਦੱਖਣੀ ਅਮਰੀਕਾ | | |
| ਯੂ. | ਯੂਰਪ | | |

# ਸ਼ਬਦ-ਸੰਖੇਪ ਸੂਚੀ

## ਹਵਾਲਾ ਪੁਸਤਕਾਂ

| | |
|---|---|
| ਅ. ਹਿ. ਇੰਡ.–ਸਮਿਥ | ਅਰਲੀ ਹਿਸਟਰੀ ਆਫ਼ ਇੰਡੀਆ–ਸਮਿਥ |
| ਅ. ਹਿ. ਇੰਡ.–ਘੋਸ਼ | ਅਰਲੀ ਹਿਸਟਰੀ ਆਫ਼ ਇੰਡੀਆ–ਘੋਸ਼ |
| ਅੰਡ. ਯੰ. ਚਾ. | ਅੰਡਰਸਟੈਂਡਿੰਗ ਦੀ ਯੰਗ ਚਾਈਲਡ–ਡਬਲਿਊ. ਈ. ਬਲਾਟਜ਼ |
| ਅ. ਫਿ.–ਰਾਜਮ | ਅਟਾਮਿਕ ਫ਼ਿਜ਼ਿਕਸ–ਜੇ. ਬੀ. ਰਾਜਮ |
| ਆੱਕ. ਕੰ. ਅਮੈ. ਲਿਟ. | ਆੱਕਸਫੋਰਡ ਕੰਪੈਨੀਅਨ ਟੂ ਅਮੈਰੀਕਨ ਲਿਟਰੇਚਰ |
| ਆੱਕ. ਕੰ. ਆ. | ਆੱਕਸਫ਼ੋਰਡ ਕੰਪੈਨੀਅਨ ਟੂ ਆਰਟ |
| ਆੱਕ. ਕੰ. ਇੰਗ. ਲਿਟ. | ਆੱਕਸਫ਼ੋਰਡ ਕੰਪੈਨੀਅਨ ਟੂ ਇੰਗਲਿਸ਼ ਲਿਟਰੇਚਰ |
| ਆ. ਕੈ.–ਸੋਨੀ | ਆਰਗੈਨਿਕ ਕੈਮਿਸਟਰੀ–ਪੀ. ਐਲ. ਸੋਨੀ |
| ਆ. ਕੈ.–ਫਿਨਾਰ | ਆਰਗੈਨਿਕ ਕੈਮਿਸਟਰੀ–ਆਈ. ਐਨ. ਫਿਨਾਰ |
| ਆ. ਕੈ.–ਮੋਰੀਸਨ-ਬਾਇਡ | ਆਰਗੈਨਿਕ ਕੈਮਿਸਟਰੀ–ਮੋਰੀਸਨ ਅਤੇ ਬਾਇਡ |
| ਐਡ. ਸ. ਹਿ. ਪੰ. | ਦਾ ਐਡਵਾਂਸਡ ਸਟਡੀ ਇਨ ਦੀ ਹਿਸਟਰੀ ਆਫ਼ ਦੀ ਪੰਜਾਬ–ਜੀ. ਐਸ. ਛਾਬੜਾ |
| ਐਡ. ਹਿ. ਇੰਡ. | ਐਡਵਾਂਸ ਹਿਸਟਰੀ ਆਫ਼ ਇੰਡੀਆ–ਆਰ. ਸੀ. ਮਜੂਮਦਾਰ |
| ਐਨ. ਉਰ. | ਐਨਸਾਈਕਲੋਪੀਡਿਆ ਆਫ਼ ਉਰਦੂ |
| ਐਨ. ਅਮੈ. | ਐਨਸਾਈਕਲੋਪੀਡੀਆ ਅਮੈਰੀਕਾਨਾ |
| ਐਨ. ਇਸ. | ਐਨਸਾਈਕਲੋਪੀਡੀਆ ਆਫ਼ ਇਸਲਾਮ |
| ਐਨ. ਇੰਡ. | ਐਨਸਾਈਕਲੋਪੀਡੀਆ ਇੰਡੀਕਾ |
| ਐਨ. ਸਾਈ. | ਐਨਸਾਈਕਲੋਪੀਡੀਆ ਆਫ਼ ਸਾਈਕਾਲੋਜੀ |
| ਐਨ. ਬ੍ਰਿ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ |
| ਐਨ. ਬ੍ਰਿ. ਮਾ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮਾਈਕ੍ਰੋਪੀਡੀਆ |
| ਐਨ. ਬ੍ਰਿ. ਮੈ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੈਕਰੋਪੀਡੀਆ |
| ਐਨ. ਰਿ. | ਐਨਸਾਈਕਲੋਪੀਡੀਆ ਆਫ਼ ਰਿਲਿਜਨ-ਵਰਜਿਲੀਅਸ |
| ਐਨ. ਰਿ. ਐਥਿ. | ਐਨਸਾਈਕਲੋਪੀਡੀਆ ਆਫ਼ ਰਿਲਿਜਨ ਐਂਡ ਐਥਿਕਸ |
| ਐਮ. ਫ਼੍ਰੀ. ਫਾ. ਪੰ. | ਐਮੀਨੈਂਟ ਫ਼੍ਰੀਡਮ ਫਾਈਟਰਜ਼ ਆਫ਼ ਪੰਜਾਬ–ਫ਼ੌਜਾ ਸਿੰਘ |
| ਐਵ. ਐਨ. | ਐਵਰੀਮੈਨਜ਼ ਐਨਸਾਈਕਲੋਪੀਡੀਆ |
| ਇੰ. ਐਨ. ਸੋ. ਸਾ. | ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼ |
| ਇ. ਐਨ. ਕੈ. ਸਾ. | ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਕੈਮੀਕਲ ਸਾਇੰਸ |
| ਇ. ਬਾ. | ਇਕਨਾਮਿਕ ਬਾਟਨੀ–ਐਫ਼. ਹਿੱਲ. |
| ਇੰਡ. ਪਾਕਿ. | ਇੰਡੀਆ ਐਂਡ ਪਾਕਿਸਤਾਨ–ਓ. ਐਚ. ਕੇ. ਸਪੇਟ |
| ਇੰਡ. ਰਿ. ਜਗ. | ਇੰਡੀਆ, ਏ ਰਿਜਿਨਲ ਜ਼ੀਓਗ੍ਰਾਫੀ–ਆਰ. ਐਲ. ਸਿੰਘ |
| ਇਨ. | ਇਨਸੈੱਕਟਸ–ਐਮ. ਐਸ. ਮੈਨੀ |
| ਇਨ. ਪੈ. ਕ੍ਰਾ. | ਇਨਸੈੱਕਟਸ ਪੈਸਟਸ ਆਫ਼ ਕ੍ਰਾਪਸ |
| ਇੰਪ. ਗ. ਇੰਡ. | ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ |
| ਏ. ਇੰਡ. | ਏਨਸ਼ੀਐਂਟ ਇੰਡੀਆ–ਰ. ਕ. ਮੁਕਰਜੀ |
| ਏ. ਹਿ. ਪਰ. | ਏ ਹਿਸਟਰੀ ਆਫ਼ ਪਰਸ਼ੀਆ–ਸਾਈਕਸ |
| ਸ. ਇੰਡ. | ਸਨੇਕਸ ਆਫ਼ ਇੰਡੀਆ–ਪੀ. ਜੇ. ਦੇਵਰਸ |
| ਸ. ਸਾ. ਹਾ. | ਦੀ ਸਟੈਂਡਰਡ ਸਾਈਕਲੋਪੀਡੀਆ ਆਫ਼ ਹਾਰਟੀਕਲਚਰ |
| ਸਟੇ. ਯੀ. ਬੁ. | ਸਟੇਟਸਮੈਨ ਯੀਅਰ ਬੁੱਕ |
| ਸ਼ਾ. ਐਨ. ਇਸ. | ਸ਼ਾਰਟਰ ਐਨਸਾਈਕਲੋਪੀਡੀਆ ਆਫ਼ ਇਸਲਾਮ |
| ਸਾ. ਟੂ. | ਸਾਇੰਸ ਟੂਡੇ |
| ਸਾ. ਰਿ. | ਸਾਇੰਸ ਰਿਪੋਰਟਰ |
| ਸਿ. ਸ਼੍ਰਾ. ਵੈ. ਪਾਕਿ. | ਸਿੱਖ ਸ਼੍ਰਾਈਨਜ਼ ਇਨ ਵੈਸਟ ਪਾਕਿਸਤਾਨ–ਖ਼ਾਨ ਮੁਹੰਮਦ ਵਲੀ ਉੱਲਾ ਖ਼ਾਂ |
| ਸਿ. ਪੋ. ਯੂ. ਆ. | ਸਿੱਖ ਪੋਰਟ੍ਰੇਟਸ ਬਾਈ ਯੂਰਪੀਅਨ ਆਰਟਿਸਟਸ |
| ਸਿ. ਮਿ. | ਸਿੱਖ ਮਿਸਲਾਂ–ਸੋਹਣ ਸਿੰਘ ਸੀਤਲ |
| ਹਿ. ਏ. ਇੰਡ. | ਹਿਸਟਰੀ ਆਫ਼ ਏਨਸ਼ੀਐਂਟ ਇੰਡੀਆ–ਡਾ. ਤ੍ਰਿਪਾਠੀ |
| ਹਿੰ. ਸ਼. ਸਾ. | ਹਿੰਦੀ ਸ਼ਬਦ ਸਾਗਰ |

| | |
|---|---|
| ਹਿ. ਸੰ. ਲਿਟ. | ਏ ਹਿਸਟਰੀ ਆਫ਼ ਸੰਸਕ੍ਰਿਤ ਲਿਟਰੇਚਰ–ਏ. ਬੀ. ਕੀਥ |
| ਹਿੰ. ਸਾ. ਇਤਿ. | ਹਿੰਦੀ ਸਾਹਿਤ ਕਾ ਇਤਿਹਾਸ–ਰਾਮ ਚੰਦਰ ਸ਼ੁਕਲ |
| ਹਿੰ. ਸਾ. ਕੋ. | ਹਿੰਦੀ ਸਾਹਿਤ ਕੋਸ਼ |
| ਹਿ. ਸਿ. ਕਨਿੰਘਮ | ਹਿਸਟਰੀ ਆਫ਼ ਸਿੱਖਸ–ਕਨਿੰਘਮ |
| ਹਿ. ਸਿ.–ਖੁ. ਸ. | ਹਿਸਟਰੀ ਆਫ਼ ਸਿੱਖਸ–ਖੁਸ਼ਵੰਤ ਸਿੰਘ |
| ਹਿ. ਸਿ.–ਹ. ਰ. ਗੁ. | ਹਿਸਟਰੀ ਆਫ਼ ਸਿੱਖਸ–ਹਰੀ ਰਾਮ ਗੁਪਤਾ |
| ਹਿੰ. ਕਾ. ਸੈ. | ਹਿੰਦੀ ਕਾਸਟਸ ਐਂਡ ਸੈਕਟਸ |
| ਹਿ. ਗੁ. | ਹਿਸਟਰੀ ਆਫ਼ ਗੁਪਤਾਜ਼ |
| ਹਿ. ਪੰ. | ਹਿਸਟਰੀ ਆਫ਼ ਦੀ ਪੰਜਾਬ–ਮੁਹੰਮਦ ਲਤੀਫ਼ |
| ਹਿ. ਪ. | ਹਿਸਟਰੀ ਆਫ਼ ਪਰਸ਼ੀਆ–ਸਾਈਕਸ |
| ਹਿ. ਫ੍ਰੀ. ਮੂ. ਇੰਡ. | ਹਿਸਟਰੀ ਆਫ਼ ਫ੍ਰੀਡਮ ਮੂਵਮੈਂਟ ਇਨ ਇੰਡੀਆ–ਮਜ਼ੂਮਦਾਰ |
| ਹਿੰ. ਮਿ. ਕੋ. | ਹਿੰਦੂ ਮਿਥਿਹਾਸ ਕੋਸ਼ |
| ਹਿ. ਮੈ. ਇੰਡ. | ਹਿਸਟਰੀ ਆਫ਼ ਮੈਡਿਈਵਲ ਇੰਡੀਆ–ਈਸ਼ਵਰੀ ਪ੍ਰਸਾਦ |
| ਹਿੰ. ਵ. | ਹਿੰਦੂ ਵਰਲਡ |
| ਹਿੰ. ਵਿ. ਕੋ. | ਹਿੰਦੀ ਵਿਸ਼ਵ ਕੋਸ਼ |
| ਹੂ. ਇੰਡੀ. ਮਾਰ | ਹੂ-ਜ਼ ਹੂ ਆਫ਼ ਇੰਡੀਅਨ ਮਾਰਟਰਜ਼ |
| ਹੂ. ਇੰਡੀ. ਰਾਈ | ਹੂ-ਜ਼ ਹੂ ਆਫ਼ ਇੰਡੀਅਨ ਰਾਈਟਰਜ਼ |
| ਹੈਂ. ਐ. | ਹੈਂਡਬੁੱਕ ਆਫ਼ ਐਗਰੀਕਲਚਰ–ਆਈ. ਸੀ. ਏ. ਆਰ. |
| ਹੈਂ. ਫ਼ਿਜ਼ਿ. ਬਾ. ਕੈ. | ਹੈਂਡਬੁੱਕ ਆਫ਼ ਫ਼ਿਜ਼ਿਆਲੋਜੀ ਐਂਡ ਬਾਇਓ-ਕੈਮਿਸਟਰੀ |
| ਹੈ. ਵ. ਐ. | ਹੈਮੰਡ ਵਰਲਡ ਐਟਲਸ |
| ਕ. ਐਨ. ਲਿਟ. | ਕਲਾਸੀਕਲ ਐਨਸਾਈਕਲੋਪੀਡੀਆ ਆਫ਼ ਲਿਟਰੇਚਰ |
| ਕ. ਸ. ਸਾਈ. | ਕਨਟੈਂਪਰੇਰੀ ਸਕੂਲਜ਼ ਆਫ਼ ਸਾਈਕਾਲੋਜੀ–ਰਾਬਰਟ ਵੁਡਵਰਥ |
| ਕੰ. ਹਿ. ਇੰਡ. | ਕੰਪਰੀਹੈਨਸਿਵ ਹਿਸਟਰੀ ਆਫ਼ ਇੰਡੀਆ–ਨੀਲ ਕਾਂਤ ਸ਼ਾਸਤਰੀ |
| ਕਾ. ਇੰਡ. | ਕਾਸਟਸ ਇਨ ਇੰਡੀਆ |
| ਕਾ. ਟ੍ਰੀ. | ਕਾਮਨ ਟ੍ਰੀਜ਼–ਡਾ. ਐਚ. ਸੰਤਾਪੂ |
| ਕਾ. ਬ. | ਕਾਮਨ ਬਰਡਜ਼–ਸਲੀਮ ਅਲੀ ਅਤੇ ਲਾਇਕ ਫ਼ਤਿਹ ਅਲੀ |
| ਕੈਂ. ਹਿ. ਇਸ. | ਕੈਂਬਰਿਜ ਹਿਸਟਰੀ ਆਫ਼ ਇਸਲਾਮ |
| ਕੈਂ. ਹਿ. ਇੰਡ. | ਕੈਂਬਰਿਜ ਹਿਸਟਰੀ ਆਫ਼ ਇੰਡੀਆ–ਵੂਲਜ਼ਲੇ ਹੇਗ |
| ਕੋਲ. ਐਨ. | ਕੋਲੀਅਰਜ਼ ਐਨਸਾਈਕਲੋਪੀਡੀਆ |
| ਗ. ਇੰਡ. ਪਾਕਿ. | ਗਜ਼ਟੀਅਰ ਆਫ਼ ਇੰਡੀਆ ਐਂਡ ਪਾਕਿਸਤਾਨ |
| ਗ. ਇੰ. ਮੈ. ਪ. | ਗਲਾਸਰੀ ਆਫ਼ ਇੰਡੀਅਨ ਮੈਡੀਸਨਲ ਪਲਾਂਟਸ |
| ਗ. ਟ੍ਰਾ. ਕਾ. | ਗਲਾਸਰੀ ਆਫ਼ ਦੀ ਟ੍ਰਾਈਬਜ਼ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫ਼ਰੰਟੀਅਰਜ਼ ਪ੍ਰਾਵਿਨਸ |
| ਗ੍ਰੇ. ਮੈ. ਸਾ. | ਗ੍ਰੇਟ ਮੈਨ ਆਫ਼ ਸਾਇੰਸ–ਫ਼ਿਲਿਪ ਲੇਨਾਰਟ |
| ਗਾ. ਫ. | ਗਾਰਡਨ ਫ਼ਲਾਵਰਜ਼–ਵਿਸ਼ਨੂ ਸਰੂਪ |
| ਗੁ. ਅੰ. | ਗੁਪਤਾ ਅੰਪਾਇਰ–ਆਰ. ਕੇ. ਮੁਖਰਜੀ |
| ਗੁ. ਨਾ. ਸ਼. ਰ. | ਗੁਰੂ ਨਾਨਕ ਸ਼ਬਦ ਰਤਨਾਕਰ–ਡਾ. ਕਾਲਾ ਸਿੰਘ ਬੇਦੀ |
| ਗੁ. ਨਾ. ਪ੍ਰ. | ਗੁਰੂ ਨਾਨਕ ਪ੍ਰਕਾਸ਼–ਭਾਈ ਸੰਤੋਖ ਸਿੰਘ |
| ਗੁ. ਪ੍ਰ. ਸੂ. ਗ੍ਰੰਥ. | ਗੁਰੂ ਪ੍ਰਤਾਪ ਸੂਰਜ ਗ੍ਰੰਥ–ਭਾਈ ਸੰਤੋਖ ਸਿੰਘ |
| ਗੁ. ਪਾ. 6ਵੀਂ | ਗੁਰਬਿਲਾਸ ਪਾਤਸ਼ਾਹੀ ਛੇਵੀਂ |
| ਗੁ. ਮਾ. | ਗੁਰਮਤਿ ਮਾਰਤੰਡ |
| ਗੁ. ਲਿ. ਜ. ਵਿ. | ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ–ਜੀ. ਬੀ. ਸਿੰਘ |
| ਗੂ. ਮੈ. ਡਿ. | ਗੂਲਡ ਮੈਡੀਕਲ ਡਿਕਸ਼ਨਰੀ |
| ਚੀ. ਫੈ. ਨੋ. ਪੰ. | ਚੀਫ਼ਸ ਐਂਡ ਫੈਮਿਲੀਜ਼ ਆਫ਼ ਨੋਟ ਇਨ ਦਾ ਪੰਜਾਬ–ਐਲ. ਐਚ. ਗ੍ਰਿਫ਼ਿਨ |
| ਚੈਂਬ. ਐਨ. | ਚੈਂਬਰਜ਼ ਐਨਸਾਈਕਲੋਪੀਡੀਆ |
| ਚੋ. ਇੰ. ਡ੍ਰ. ਇੰਡ. | ਚੋਪੜਾਜ਼ ਇੰਡਿਜਿਨਸ ਡ੍ਰਗਜ਼ ਆਫ਼ ਇੰਡੀਆ |
| ਜਗ. ਡਿ. | ਦੀ ਜੀਓਗ੍ਰਾਫ਼ੀਕਲ ਡਿਕਸ਼ਨਰੀ–ਐਨ. ਐਲ. ਡੇ. |
| ਜਗ. ਡਿ. ਏ. ਐਂਡ. ਮੈ. ਇੰਡ. | ਜੀਓਗ੍ਰਾਫ਼ੀਕਲ ਡਿਕਸ਼ਨਰੀ ਆਫ਼ ਏਨਸ਼ੀਐਂਟ ਐਂਡ ਮੈਡਿਈਵਲ ਇੰਡੀਆ |
| ਜਗ. ਪਾਕਿ. | ਜੀਓਗ੍ਰਾਫ਼ੀ ਆਫ਼ ਪਾਕਿਸਤਾਨ (ਤੀਜੀ ਐਡੀਸ਼ਨ)–ਕਾਜ਼ੀ ਅਹਿਮਦ |

## ਸਾਗਰ

| | | | |
|---|---|---|---|
| ਅ. ਸਾ. | ਅਰਬ ਸਾਗਰ | ਖਾ. ਫ਼ਾ. | ਖਾੜੀ ਫ਼ਾਰਸ |
| ਐਡ. ਸਾ. | ਐਡਰਿਆਟਕ ਸਾਗਰ | ਖਾ. ਬੰ. | ਖਾੜੀ ਬੰਗਾਲ |
| ਇੰ. ਚੈ. | ਇੰਗਲਿਸ਼ ਚੈਨਲ | ਜ਼ਾ. ਸਾ. | ਜ਼ਾਪਾਨ ਸਾਗਰ |
| ਏ. ਸਾ. | ਏਜੀਅਨ ਸਾਗਰ | ਦੱ. ਚੀ. ਸਾ. | ਦੱਖਣੀ ਚੀਨ ਸਾਗਰ |
| ਸ. ਸਾ. | ਸਫ਼ੈਦ ਸਾਗਰ | ਪੀ. ਸਾ. | ਪੀਲਾ ਸਾਗਰ |
| ਕਾ. ਸਾ. | ਕਾਲਾ ਸਾਗਰ | ਪੂ. ਚੀ. ਸਾ. | ਪੂਰਬੀ ਚੀਨ ਸਾਗਰ |
| ਕੈਸ. ਸਾ. | ਕੈਸਪੀਅਨ ਸਾਗਰ | ਬਾ. ਸਾ. | ਬਾਲਟਿਕ ਸਾਗਰ |
| ਕੈਰਿ. ਸਾ. | ਕੈਰਿਬੀਅਨ ਸਾਗਰ | ਬੇ. ਸਾ. | ਬੇਰਿੰਗ ਸਾਗਰ |
| | | ਰੂ. ਸਾ. | ਰੂਮ ਸਾਗਰ |
| | | ਲਾ. ਸਾ. | ਲਾਲ ਸਾਗਰ |

## ਦੇਸ਼

| | | | |
|---|---|---|---|
| ਉ. ਕੋ. | ਉੱਤਰੀ ਕੋਰੀਆ | ਥਾਈ. | ਥਾਈਲੈਂਡ |
| ਅਫ਼ਗ. | ਅਫ਼ਗਾਨਿਸਤਾਨ | ਦੱ. ਅਫ਼. | ਦੱਖਣੀ ਅਫ਼ਰੀਕਾ |
| ਅਰ. | ਅਰਜਨਟੀਨਾ | ਦੱ. ਕੋ. | ਦੱਖਣੀ ਕੋਰੀਆ |
| ਅਲ. | ਅਲਜੀਰੀਆ | ਨਾਈ. | ਨਾਈਜੀਰੀਆ |
| ਆਸ. | ਆਸਟ੍ਰੇਲਿਆ | ਨਿ. ਜ਼ੀ. | ਨਿਊਜ਼ੀਲੈਂਡ |
| ਇੰਗ. | ਇੰਗਲੈਂਡ | ਨੀ. ਲੈਂ. | ਨੀਦਰਲੈਂਡਜ਼ |
| ਇਜ਼ | ਇਜ਼ਰਾਈਲ | ਪੱ. ਜਰ. | ਪੱਛਮੀ ਜਰਮਨੀ |
| ਇਟ. | ਇਟਲੀ | (ਐਫ਼. ਆਰ. ਜੀ.) | (ਫ਼ੈਡਰਲ ਰੀਪਬਲਿਕ ਆਫ਼ ਜਰਮਨੀ) |
| ਇੰਡੋ. | ਇੰਡੋਨੇਸ਼ੀਆ | ਪੱ. ਦੀ. ਸ. | ਪੱਛਮੀ ਦੀਪ ਸਮੂਹ |
| ਇਥੋ. | ਇਥੋਪੀਆ | (ਵੈ. ਇੰਡੀ.) | (ਵੈਸਟ ਇੰਡੀਜ਼) |
| ਇਰ. | ਇਰਾਕ | ਪਾਕਿ. | ਪਾਕਿਸਤਾਨ |
| ਈਰ. | ਈਰਾਨ | ਪੁਰ. | ਪੁਰਤਗਾਲ |
| ਸ. ਅ. | ਸਊਦੀ ਅਰਬ | ਪੂ. ਜਰ | ਪੂਰਬੀ ਜਰਮਨੀ |
| ਸ. ਅ. ਐਮੀ. | ਸੰਯੁਕਤ ਅਰਬ ਐਮੀਰਾਤ | (ਜੀ. ਡੀ. ਆਰ.) | (ਜਰਮਨ ਡੈਮੋਕ੍ਰੈਟਿਕ ਰੀਪਬਲਿਕ) |
| ਸਕੈਂ. | ਸਕੈਂਡੇਨੇਵੀਆ | ਪੂ. ਦੀ. ਸ. | ਪੂਰਬੀ ਦੀਪ-ਸਮੂਹ |
| ਸਪੇ. | ਸਪੇਨ | (ਈ. ਇੰਡੀ.) | (ਈਸਟ ਇੰਡੀਜ਼) |
| ਸ. ਰ. ਅ. | ਸੰਯੁਕਤ ਰਾਜ ਅਮਰੀਕਾ | ਪੋ. | ਪੋਲੈਂਡ |
| ਸਵਿ. | ਸਵਿਟਜ਼ਰਲੈਂਡ | ਫ਼ਰਾਂ. | ਫ਼ਰਾਂਸ |
| ਸੋ. ਸੰਘ | ਸੋਵੀਅਤ ਸਮਾਜਵਾਦੀ ਗਣਰਾਜ ਸੰਘ | ਫ਼ਿਲ. | ਫ਼ਿਲਪੀਨ |
| ਹੰਗ. | ਹੰਗਰੀ | ਬੰ. ਦੇਸ਼ | ਬੰਗਲਾ ਦੇਸ਼ |
| ਹਾ. | ਹਾਲੈਂਡ | ਬੁਲ. | ਬੁਲਗਾਰਿਆ |
| ਕ. | ਕਤਾਰ | ਬੈਲ. | ਬੈਲਜੀਅਮ |
| ਕੀ. | ਕੀਨੀਆ | ਭਾ. | ਭਾਰਤ |
| ਕੁ. | ਕੁਵੈਤ | ਮੰਗੋ. | ਮੰਗੋਲੀਆ |
| ਕੇ. ਅਮ. | ਕੇਂਦਰੀ ਅਮਰੀਕਾ | ਮਲਾ. | ਮਲਾਇਆ |
| ਕੈ. | ਕੈਨੇਡਾ | ਮਿ. | ਮਿਸਰ |
| ਕੋਲੰ. | ਕੋਲੰਬੀਆ | ਮੈਕ. | ਮੈਕਸੀਕੋ |
| ਗ੍ਰੀ. | ਗ੍ਰੀਨਲੈਂਡ | ਯ. ਅ. ਗ. | ਯਮਨ ਅਰਬ ਗਣਰਾਜ |
| ਚੀ. | ਚੀਨ | ਯ. ਲੋ. ਗ. | ਯਮਨ ਲੋਕਰਾਜੀ ਗਣਰਾਜ |
| ਜ. | ਜਰਮਨੀ | ਯੂਗੋ. | ਯੂਗੋਸਲਾਵੀਆ |
| ਜਾ. | ਜਾਪਾਨ | ਯੂਨ. | ਯੂਨਾਨ |
| ਜਾਰ. | ਜਾਰਡਨ | ਰੋਮਾ. | ਰੋਮਾਨੀਆ |
| ਤਨ. | ਤਨਜ਼ਾਨੀਆ | ਲੈਬ. | ਲੈਬਨਾਨ |
| ਤੁਰ | ਤੁਰਕੀ | ਵੀਅ. | ਵੀਅਤਨਾਮ |

| ਭਾਰਤ ਦੇ ਰਾਜ ਅਤੇ ਸੰਘੀ ਖੇਤਰ | | | |
|---|---|---|---|
| ੳ. ਪ੍ਰ. | ਉੱਤਰ ਪ੍ਰਦੇਸ਼ | ਤਾਮ. | ਤਾਮਿਲਨਾਡੂ |
| ਉੜੀ. | ਉੜੀਸਾ | ਤ੍ਰਿ. | ਤ੍ਰਿਪੁਰਾ |
| ਅਰੁ. | ਅਰੁਨਾਚਲ ਪ੍ਰਦੇਸ਼ | ਨਾਗਾ. | ਨਾਗਾਲੈਂਡ |
| ਆਸਾ. | ਆਸਾਮ | ਪ. | ਪੰਜਾਬ |
| ਆਂ. ਪ੍ਰ. | ਆਂਧਰਾ ਪ੍ਰਦੇਸ਼ | ਪੱ. ਬੰ. | ਪੱਛਮੀ ਬੰਗਾਲ |
| ਸਿਕ. | ਸਿਕਮ | ਬਿਹਾ. | ਬਿਹਾਰ |
| ਹਰਿ. | ਹਰਿਆਣਾ | ਮਹਾ. | ਮਹਾਰਾਸ਼ਟਰ |
| ਹਿ. ਪ੍ਰ. | ਹਿਮਾਚਲ ਪ੍ਰਦੇਸ਼ | ਮਨੀ. | ਮਨੀਪੁਰ |
| ਕਰ. | ਕਰਨਾਟਕ | ਮ. ਪ੍ਰ. | ਮੱਧ ਪ੍ਰਦੇਸ਼ |
| ਕੇਰ. | ਕੇਰਲ | ਮਿਜ਼ੋ. | ਮਿਜ਼ੋਰਮ |
| ਗੁਜ. | ਗੁਜਰਾਤ | ਮੇਘਾ. | ਮੇਘਾਲਿਆ |
| ਗੋ. | ਗੋਆ | ਰਾਜ. | ਰਾਜਸਥਾਨ |
| ਜ. ਕ. | ਜੰਮੂ ਕਸ਼ਮੀਰ | | |
| ਅੰਡੇ. ਨਿਕੋ. | ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ | ਦਾ. ਨ. ਹ. | ਦਾਦਰਾ ਅਤੇ ਨਗਰ ਹਵੇਲੀ |
| ਚੰਡੀ. | ਚੰਡੀਗੜ੍ਹ | ਪਾਂਡੀ. | ਪਾਂਡੀਚਰੀ |
| ਦ. ਦਿ. | ਦਮਨ, ਦਿਉ | ਲਕ. ਮਿਨੀ. | ਲਕਸ਼-ਮਿਨੀਕਾਇ |

| ਆਮ ਸ਼ਬਦ | | | |
|---|---|---|---|
| ਅੰ. ਅੰਕ. | ਅੰਤਿਮ ਅੰਕੜੇ | ਜ. | ਜਨਮ |
| ਅੰਦਾ. | ਅੰਦਾਜ਼ਨ | ਤਾ. ਮਰ. | ਤਾਜ਼ਾ ਮਰਦਮ-ਸ਼ੁਮਾਰੀ |
| ਅਨੁ. | ਅਨੁਵਾਦ | ਨਿ. ਖੇ. | ਨਿਰਪੱਖ ਖੇਤਰ |
| ਆ. ਅੰਕ | ਆਰਜ਼ੀ ਅੰਕੜੇ | ਬਿ. | ਬਿਕਰਮੀ |
| ਈ. | ਈਸਵੀ | ਮਿਉਂ. | ਮਿਉਂਸਪਲਟੀ |
| ਈ. ਪੂ. | ਈਸਵੀ ਪੂਰਵ | ਮੌ. | ਮੌਤ |
| ਸ਼. ਖੇ. | ਸ਼ਹਿਰੀ ਖੇਤਰ | ਰਾ. ਕਾ. | ਰਾਜ-ਕਾਲ |
| ਹ. ਪੁ. | ਹਵਾਲਾ ਪੁਸਤਕ | ਲ. | ਲਗਭਗ |

| ਅੰਕੜੇ | | | |
|---|---|---|---|
| ਉ. ਵਿਥ. | ਉੱਤਰੀ ਵਿਥਕਾਰ | ਪੱ. ਲੰਬ. | ਪੱਛਮੀ ਲੰਬਕਾਰ |
| ਏਕ. | ਏਕੜ | ਪੂ. ਲੰਬ. | ਪੂਰਬੀ ਲੰਬਕਾਰ |
| ਸੈ. | ਸੈਲਸੀਅਸ | ਫ਼ਾ. | ਫ਼ਾਰਨਹੀਟ |
| ਸੈਂ. | ਸੈਂਟੀਗ੍ਰੇਡ | ਮਿ. ਮੀ. | ਮਿਲੀਮੀਟਰ |
| ਸੈਂ.ਮੀ. | ਸੈਂਟੀਮੀਟਰ | ਮਿਲੀ. | ਮਿਲੀਅਨ |
| ਹੈਕ. | ਹੈਕਟੇਅਰ | ਮੀ. | ਮੀਟਰ |
| ਕਿ.ਗ੍ਰਾ. | ਕਿਲੋਗ੍ਰਾਮ | ਮੀ$^2$ | ਵਰਗ ਮੀਟਰ |
| ਕਿ.ਮੀ. | ਕਿਲੋਮੀਟਰ | ਮੀ$^3$ | ਕਿਊਬਿਕ ਮੀਟਰ (ਘਣ ਮੀਟਰ) |
| ਕੈ. | ਕੈੱਲਵਿਨ | ਮੈ. ਖੇ. | ਮੈਟਰੋਪਾਲਿਟਨ ਖੇਤਰ |
| ਗ੍ਰਾ. | ਗ੍ਰਾਮ | ਵ. ਕਿ. ਮੀ | ਵਰਗ ਕਿਲੋਮੀਟਰ |
| ਦੱ. ਵਿਥ. | ਦੱਖਣੀ ਵਿਥਕਾਰ | ਵ. ਮੀ. | ਵਰਗ ਮੀਲ |

******

**ਚਿੜੀਆ-ਘਰ** : ਚਿੜੀਆ-ਘਰ ਉਸ ਜਗ੍ਹਾ ਨੂੰ ਕਹਿੰਦੇ ਹਨ ਜਿਥੇ ਜੰਗਲੀ ਪ੍ਰਾਣੀਆਂ ਨੂੰ (ਕਈ ਥਾਵਾਂ ਤੇ ਪਾਲਤੂ ਪ੍ਰਾਣੀਆਂ ਨੂੰ ਵੀ) ਬੰਦੀ ਹਾਲਤਾਂ ਵਿਚ ਰੱਖਿਆ ਜਾਂਦਾ ਹੈ। ਇਨ੍ਹਾਂ ਥਾਵਾਂ ਤੇ ਪ੍ਰਾਣੀਆਂ ਨੂੰ ਉਨ੍ਹਾਂ ਦੇ ਕੁਦਰਤੀ ਰਹਿਣ-ਸਹਿਣ ਨਾਲੋਂ ਵੀ ਚੰਗੀ ਹਾਲਤ ਵਿਚ ਰੱਖਿਆ ਜਾਂਦਾ ਹੈ। ਬਹੁਤੇ ਚਿੜੀਆ-ਘਰਾਂ ਵਿਚ ਵੰਨ-ਸੁਵੰਨੇ ਪ੍ਰਾਣੀ ਰੱਖੇ ਜਾਂਦੇ ਸਨ ਪਰ ਅਜੋਕੇ ਕਈ ਚਿੜੀਆ-ਘਰਾਂ ਵਿਚ ਕੁਝ ਖ਼ਾਸ ਗਰੁੱਪਾਂ ਦੇ ਪ੍ਰਾਣੀ ਹੀ ਰੱਖੇ ਜਾਂਦੇ ਹਨ, ਜਿਵੇਂ ਪ੍ਰਾਈਮੇਟ, ਕਈ ਕਿਸਮਾਂ ਦੀਆਂ ਵੱਡੀਆਂ ਬਿੱਲੀਆਂ, ਉਸ਼ਣ-ਖੰਡੀ ਪੰਛੀ ਆਦਿ। ਸਮੁੰਦਰੀ ਰੀੜ੍ਹ-ਰਹਿਤ ਪ੍ਰਾਣੀ, ਮੱਛੀਆਂ ਅਤੇ ਸਮੁੰਦਰੀ ਥਣਧਾਰੀਆਂ ਨੂੰ ਵੱਖਰੀਆਂ ਥਾਵਾਂ ਤੇ ਰੱਖਿਆ ਜਾਂਦਾ ਹੈ ਜਿਨ੍ਹਾਂ ਨੂੰ ਜਲਜੀਵਸ਼ਾਲਾਵਾਂ ਕਹਿੰਦੇ ਹਨ।

ਚਿੜੀਆ-ਘਰ ਦਾ ਇਤਿਹਾਸ ਬੜਾ ਪੁਰਾਣਾ ਹੈ। ਇਸ ਬਾਰੇ ਪੱਕਾ ਪਤਾ ਨਹੀਂ ਕਿ ਸਭ ਤੋਂ ਪਹਿਲਾਂ ਚਿੜੀਆ-ਘਰ ਕਦੋਂ ਬਣੇ ਪਰ ਜਦੋਂ ਤੋਂ ਜਾਨਵਰਾਂ ਨੂੰ ਪਾਲਤੂ ਬਣਾਇਆ ਜਾਣ ਲੱਗਾ, ਸੰਭਵ ਹੈ ਉਦੋਂ ਤੋਂ ਹੀ ਇਹ ਸ਼ੁਰੂ ਹੋਇਆ ਹੋਵੇ। ਕਬੂਤਰ 4500 ਈ. ਪੂ. ਦੌਰਾਨ (ਇਰਾਕ ਵਿਚ) ਪਾਲਤੂ ਬਣਾਏ ਗਏ ਮਿਲਦੇ ਹਨ। ਇਸ ਤੋਂ 2000 ਸਾਲ ਬਾਅਦ ਭਾਰਤ ਵਿਚ ਹਾਥੀ ਅਰਧ-ਪਾਲਤੂ ਹਾਲਤ ਵਿਚ ਮਿਲਦੇ ਹਨ। ਇਸ ਦਾ ਜ਼ਿਕਰ ਚੀਨ ਵਿਚ ਈਸਾ ਤੋਂ 1200 ਈ. ਪੂ. ਵਿਚ ਮਿਲਦਾ ਹੈ। ਚੀਨ ਦੇ ਚਾਊ ਬੰਸ ਦੇ ਪਹਿਲੇ ਸ਼ਾਸਕ ਕੋਲ ਉਸ ਵਕਤ ਬਹੁਤ ਸਾਰੇ ਪਸ਼ੂ-ਪੰਛੀ ਸਨ। ਈਸਾ ਦੇ 2000 ਈ. ਪੂ. ਦੇ ਮਿਸਰ ਵਾਸੀਆਂ ਦੀਆਂ ਕਬਰਾਂ ਦੇ ਆਸ-ਪਾਸ ਪਸ਼ੂਆਂ ਦੀਆਂ ਹੱਡੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਲੋਕ ਮਨ-ਪਰਚਾਵੇ ਲਈ ਆਪਣੇ ਆਸ-ਪਾਸ ਪਸ਼ੂਆਂ ਨੂੰ ਰੱਖਦੇ ਸਨ। ਰੋਮਨ ਲੋਕ ਵੀ ਆਪਣੇ ਕੋਲ ਪਸ਼ੂ ਰੱਖਦੇ ਸਨ। ਪ੍ਰਾਚੀਨ ਰੋਮਨਾਂ ਅਤੇ ਯੂਨਾਨੀਆਂ ਕੋਲ ਸ਼ੇਰ, ਚੀਤਾ, ਬਘਿਆੜ ਆਦਿ ਵੀ ਸਨ। ਪਸ਼ੂ ਰੱਖਣ ਦੀ ਰੁਚੀ ਵਿਚ ਹੌਲੀ-ਹੌਲੀ ਵਾਧਾ ਹੁੰਦਾ ਰਿਹਾ ਅਤੇ ਅੱਜ ਸੰਸਾਰ ਦੇ ਹਰੇਕ ਦੇਸ਼ ਅਤੇ ਹਰੇਕ ਵੱਡੇ ਸ਼ਹਿਰ ਵਿਚ ਚਿੜੀਆ-ਘਰ ਬਣਿਆ ਹੋਇਆ ਮਿਲਦਾ ਹੈ।

**ਚਿੜੀਆ-ਘਰਾਂ ਦੇ ਕੰਮ ਅਤੇ ਮੰਤਵ**—ਚਿੜੀਆ-ਘਰਾਂ ਦਾ ਮੁੱਖ ਮੰਤਵ (ਜਿਹੜੇ ਵਿਗਿਆਨਕ ਸੁਸਾਇਟੀਆਂ ਅਧੀਨ ਆਉਂਦੇ ਹਨ) ਲੋਕਾਂ ਦਾ ਮਨੋਰੰਜਨ ਅਤੇ ਪ੍ਰਾਣੀਆਂ ਦਾ ਅਧਿਐਨ ਕਰਨਾ ਹੁੰਦਾ ਹੈ। 19ਵੀਂ ਸਦੀ ਵਿਚ ਚਿੜੀਆ-ਘਰਾਂ ਵਿਚ ਜ਼ਿਆਦਾ ਧਿਆਨ ਪ੍ਰਾਣੀਆਂ ਦੇ ਵਰਗੀਕਰਨ, ਤੁਲਨਾਤਮਕ ਐਨਾਟਮੀ ਅਤੇ ਰੋਗਾਂ (ਪੈਥਾਲੋਜੀ) ਦੇ ਅਧਿਐਨ ਵੱਲ ਦਿੱਤਾ ਜਾਂਦਾ ਸੀ। ਅੱਜਕੱਲ੍ਹ ਇਸ ਵਿਗਿਆਨਕ ਅਧਿਐਨ ਲਈ ਬਹੁਤ ਸਹੂਲਤਾਂ ਹਾਸਲ ਹਨ ਅਤੇ ਕੁਝ ਕੁ ਸੁਸਾਇਟੀਆਂ ਨੇ ਖ਼ਾਸ ਖੋਜ ਸੰਸਥਾਵਾਂ ਸਥਾਪਿਤ ਕੀਤੀਆਂ ਹੋਈਆਂ ਹਨ।

ਕਈ ਚਿੜੀਆ-ਘਰ ਆਪਣੇ ਵਿਗਿਆਨਕ ਜਰਨਲ ਜਾਂ ਖੋਜ ਪੱਤਰ ਅਤੇ ਰਸਾਲੇ ਪ੍ਰਕਾਸ਼ਿਤ ਕਰਦੇ ਹਨ ਜਿਨ੍ਹਾਂ ਵਿਚ ਆਮ ਜਾਣਕਾਰੀ ਤੋਂ ਲੈ ਕੇ ਪੂਰੀ ਤਕਨੀਕੀ ਅਧਿਐਨ ਤੱਕ ਦੀ ਜਾਣਕਾਰੀ ਮਿਲਦੀ ਹੈ। ਜ਼ੂਆਲੋਜੀਕਲ ਸੁਸਾਇਟੀ ਆਫ਼ ਲੰਡਨ ਦਾ ਜਰਨਲ ਆਫ਼ ਜ਼ੂਆਲੋਜੀ ਜਿਸ ਨੂੰ ਪਹਿਲਾਂ ਪ੍ਰੋਸੀਡਿੰਗਜ਼ ਕਹਿੰਦੇ ਸਨ, 1830 ਈ: ਤੋਂ ਲਗਾਤਾਰ ਚਲਦਾ ਆ ਰਿਹਾ ਹੈ। ਸੰਨ 1960 ਤੋਂ ਇਸ ਸੁਸਾਇਟੀ ਨੇ 'ਇੰਟਰਨੈਸ਼ਨਲ ਜ਼ੂ ਯੀਅਰਬੁੱਕ' ਸ਼ੁਰੂ ਕੀਤੀ ਹੋਈ ਹੈ ਜਿਸ ਵਿਚ ਚਿੜੀਆ-ਘਰਾਂ ਬਾਰੇ ਸਾਰੇ ਮਸਲਿਆਂ ਦੀ ਜਾਣਕਾਰੀ, ਜਿਵੇਂ ਕਿ ਪਸ਼ੂ-ਪਾਲਣ ਅਤੇ ਪ੍ਰਜਣਨ ਵਿਚ ਵਿਕਾਸ, ਖ਼ਾਸ ਕਿਸਮ ਦੀਆਂ ਇਮਾਰਤਾਂ ਦੀਆਂ ਜ਼ਰੂਰਤਾਂ ਅਤੇ ਪ੍ਰਦਰਸ਼ਿਤ ਕਰਨ ਦੀਆਂ ਔਕੜਾਂ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਅਜੋਕੇ ਸਮੇਂ ਵਿਚ ਕਈ ਚਿੜੀਆ-ਘਰਾਂ ਨੇ ਸਕੂਲਾਂ ਦੇ ਬੱਚਿਆਂ ਤੇ ਹੋਰ ਵਿਦਿਆਰਥੀਆਂ ਨੂੰ ਵਿਦਿਅਕ ਪ੍ਰੋਗ੍ਰਾਮ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਕਈ ਚਿੜੀਆ-ਘਰਾਂ ਵਿਚ ਗਾਈਡ ਵੀ ਰੱਖੇ ਹੁੰਦੇ ਹਨ ਅਤੇ ਲੇਬਲ ਵੀ ਲਾਏ ਹੁੰਦੇ ਹਨ। ਭਰੀਆਂ ਹੋਈਆਂ ਟੇਪਾਂ ਵੀ ਰੱਖੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਦਰਸ਼ਕ ਆਪਣੇ ਆਪ ਚਲਾ ਸਕਦੇ ਹਨ।

ਪਿਛਲੇ ਕੁਝ ਦਹਾਕਿਆਂ ਤੋਂ ਕਈ ਚਿੜੀਆ-ਘਰ ਕੁਝ ਖ਼ਾਸ ਪ੍ਰਾਣੀਆਂ ਦੇ ਪ੍ਰਜਣਨ ਕੇਂਦਰ ਬਣ ਗਏ ਹਨ ਜਿਹੜੇ ਪ੍ਰਕਿਰਤੀ ਵਿਚ ਲੁਪਤ ਹੋ ਰਹੇ ਹਨ। ਸਤਾਰ੍ਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਪੰਛੀਆਂ ਦੀਆਂ ਲਗਭਗ 85 ਜਾਤੀਆਂ ਅਤੇ ਕੋਈ 50 ਤੋਂ ਵੱਧ ਥਣਧਾਰੀ ਪ੍ਰਾਣੀਆਂ ਦੀਆਂ ਜਾਤੀਆਂ ਲੁਪਤ ਹੋ ਚੁੱਕੀਆਂ ਹਨ। ਨੀਲੀ (Hawaiian feese) ਅਤੇ ਯੂਰਪੀ ਬਾਈਸਨ ਜਾਂ ਵੀਜ਼ੈਂਟ ਅਜਿਹੀਆਂ ਜਾਤੀਆਂ ਹਨ ਜਿਹੜੀਆਂ ਚਿੜੀਆ-ਘਰਾਂ ਕਰਕੇ ਹੀ ਬਚ ਸਕੀਆਂ ਹਨ। ਇਨ੍ਹਾਂ ਤੋਂ ਇਲਾਵਾ ਪੈਰਡਵੀਡਜ਼ ਹਿਰਨ ਅਤੇ ਸ਼ਿਕਾਰ ਕੀਤੇ ਜਾਣ ਵਾਲੇ ਪੰਛੀ ਵੀ ਚਿੜੀਆ-ਘਰਾਂ ਰਾਹੀਂ ਬਚਾਏ ਗਏ ਹਨ।

**ਚਿੜੀਆ-ਘਰਾਂ ਦੀ ਇਮਾਰਤ**—ਚਿੜੀਆ-ਘਰਾਂ ਦੀ ਜਗ੍ਹਾ, ਆਕਾਰ, ਬਣਾਵਟ, ਮਿਆਦ ਅਤੇ ਜਲਵਾਯੂ ਦੀਆਂ ਹਾਲਤਾਂ ਇੰਨੀ ਜ਼ਿਆਦਾ ਭਿੰਨਤਾ ਰੱਖਦੀਆਂ ਹਨ ਕਿ ਉਨ੍ਹਾਂ ਦੀ ਉਸਾਰੀ ਲਈ ਕੋਈ ਮਿਆਰ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ।

ਲਗਭਗ 80 ਪ੍ਰਤਿਸ਼ਤ ਚਿੜੀਆ-ਘਰ ਸ਼ਹਿਰਾਂ ਵਿਚ ਹਨ ਅਤੇ ਇਨ੍ਹਾਂ ਵਿਚ ਬਹੁਤ ਸਾਰੇ ਪ੍ਰਾਣੀ ਕੁਝ ਸੀਮਤ ਘੇਰੇ ਵਿਚ ਹੀ ਰੱਖੇ ਜਾਂਦੇ ਹਨ। ਪ੍ਰਾਣੀਆਂ ਨੂੰ ਭੱਜਣ ਤੋਂ ਰੋਕਣ ਲਈ ਅਤੇ ਦਰਸ਼ਕਾਂ ਨੂੰ ਉਨ੍ਹਾਂ ਤੋਂ ਦੂਰ ਰੱਖਣ ਲਈ ਪਿੰਜਰੇ ਬਣਾਏ ਜਾਂਦੇ ਹਨ। ਇਨ੍ਹਾਂ ਪਿੰਜਰਿਆਂ ਵਿਚ ਹੀ ਪ੍ਰਾਣੀਆਂ ਲਈ ਸੁਖਾਵਾਂ ਵਾਤਾਵਰਣ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਵੇਂ ਸ਼ੇਰਾਂ ਅਤੇ ਬੱਬਰ ਸ਼ੇਰਾਂ ਵਾਸਤੇ ਖੁਰਚ ਕੇ ਘੁਰਨੇ ਬਣਾਉਣ ਲਈ ਥਾਵਾਂ ਬਣਾਈਆਂ ਹੁੰਦੀਆਂ ਹਨ। ਬਾਂਦਰਾਂ ਦੇ ਝੂਟਣ

ਲਈ ਟਹਿਣੀਆਂ, ਚੇਨਾਂ ਜਾਂ ਰੱਸੇ ਲਟਕਾਏ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਬਣਾਉਟੀ ਚਟਾਨਾਂ ਅਤੇ ਦਰਖ਼ਤ ਆਦਿ ਵੀ ਲਾਏ ਹੁੰਦੇ ਹਨ। ਇਨ੍ਹਾਂ ਇਮਾਰਤਾਂ ਵਿਚ ਹੀ ਹਾਥੀ, ਗੈਂਡੇ, ਦਰਿਆਈ ਘੋੜੇ, ਟੈਪਰ ਆਦਿ ਵੀ ਰੱਖੇ ਹੁੰਦੇ ਹਨ। ਇਨ੍ਹਾਂ ਪ੍ਰਾਣੀਆਂ ਲਈ ਵਾੜੀਆਂ, ਗੈਂਡਿਆਂ ਲਈ ਛੱਪੜ ਆਦਿ ਵੀ ਬਣਾਏ ਹੁੰਦੇ ਹਨ। ਜ਼ਿਰਾਫ਼ ਵਰਗੇ ਲੰਮੀ ਗਰਦਨ ਵਾਲੇ ਪ੍ਰਾਣੀਆਂ ਲਈ ਉਚਿੱਤ ਥਾਵਾਂ ਤੇ ਕਸਰਤ ਕਰਨ ਲਈ ਖੁੱਲ੍ਹੀਆਂ ਥਾਵਾਂ ਦੀ ਲੋੜ ਪੈਂਦੀ ਹੈ। ਘੋੜੇ, ਜ਼ੈਬਰਾ, ਊਠ, ਸੂਰ, ਮੱਝਾਂ-ਗਾਂਵਾਂ, ਹਿਰਨਾਂ ਆਦਿ ਲਈ ਘਰ ਅਤੇ ਵਾੜੀਆਂ ਦੋਹਾਂ ਦੀ ਲੋੜ ਹੁੰਦੀ ਹੈ। ਸਿਰਫ਼ ਛੋਟੇ ਥਣਧਾਰੀ ਪ੍ਰਾਣੀ ਹੀ ਚੰਗੀ ਤਰ੍ਹਾਂ ਬੰਦ ਕਮਰਿਆਂ ਵਿਚ ਰੱਖੇ ਜਾ ਸਕਦੇ ਹਨ।

ਰਾਤਲ ਪ੍ਰਾਣੀ ਵੀ ਕਈ ਚਿੜੀਆ-ਘਰਾਂ ਵਿਚ ਰੱਖੇ ਜਾਂਦੇ ਹਨ। ਇਨ੍ਹਾਂ ਲਈ ਬਣਾਉਟੀ ਰੌਸ਼ਨੀ ਨਾਲ ਦਿਨ ਨੂੰ ਰਾਤ ਦਾ ਵਾਤਾਵਰਣ ਪੈਦਾ ਕੀਤਾ ਹੁੰਦਾ ਹੈ ਤਾਂ ਕਿ ਪ੍ਰਾਣੀ ਚੁਸਤ ਰਹਿਣ ਅਤੇ ਰਾਤ ਵੇਲੇ ਜਦੋਂ ਅਜਿਹੇ ਪ੍ਰਾਣੀ ਵੈਸੇ ਚੁਸਤ ਹੁੰਦੇ ਹਨ, ਉਨ੍ਹਾਂ ਦੇ ਘਰਾਂ ਨੂੰ ਦਿਨ ਦੀ ਤਰ੍ਹਾਂ ਪੂਰੀ ਤਰ੍ਹਾਂ ਰੌਸ਼ਨ ਕੀਤਾ ਜਾਂਦਾ ਹੈ ਤਾਂ ਜੋ ਉਹ ਪ੍ਰਾਣੀ ਸੁਸਤ ਹੋ ਕੇ ਸੌਂ ਜਾਣ।

ਇਨ੍ਹਾਂ ਸ਼ਹਿਰੀ ਚਿੜੀਆ-ਘਰਾਂ ਵਿਚ ਪੰਛੀਆਂ ਦੇ ਰਹਿਣ ਲਈ ਕਈ ਤਰ੍ਹਾਂ ਦੇ ਪੰਖੇਰੂ-ਘਰ ਵੀ ਬਣਾਏ ਜਾਂਦੇ ਹਨ। ਇਹ ਛੋਟੇ-ਛੋਟੇ ਪਿੰਜਰੇ ਹੁੰਦੇ ਹਨ ਅਤੇ ਹਰੇਕ ਵਿਚ ਇਕ ਪੰਛੀ ਜਾਂ ਇਕ ਜੋੜਾ ਰੱਖਿਆ ਹੁੰਦਾ ਹੈ ਜਾਂ ਇਹ ਵੱਡੇ-ਵੱਡੇ ਪਿੰਜਰੇ ਹੁੰਦੇ ਹਨ ਜਿਨ੍ਹਾਂ ਵਿਚ ਆਪਸ ਵਿਚ ਮਿਲਦੀਆਂ-ਜੁਲਦੀਆਂ ਕਈ ਜਾਤੀਆਂ ਜਾਂ ਇਕੋ ਜਿਹੇ ਨਿਵਾਸ-ਸਥਾਨਾਂ ਤੇ ਰਹਿਣ ਵਾਲੀਆਂ ਕਿਸਮਾਂ ਇਕੱਠੀਆਂ ਰੱਖੀਆਂ ਹੁੰਦੀਆਂ ਹਨ। ਪਿੰਜਰੇ ਆਮ ਤੌਰ ਤੇ ਤਾਰ ਦੇ ਬਣੇ ਹੁੰਦੇ ਹਨ। ਕਈ ਵਾਰੀ ਸ਼ੀਸ਼ਾ ਵੀ ਇਸਤੇਮਾਲ ਕੀਤਾ ਹੁੰਦਾ ਹੈ ਪਰ ਉਸ ਨੂੰ ਅਜਿਹੇ ਕੋਣ ਤੇ ਫਿਟ ਕੀਤਾ ਜਾਂਦਾ ਹੈ ਕਿ ਬੇਲੋੜੀ ਰੌਸ਼ਨੀ ਅੰਦਰ ਨਾ ਜਾਵੇ। ਪੰਛੀ ਕਈ ਵਾਰ ਅਜਿਹੇ ਘਰਾਂ ਵਿਚ ਰੱਖੇ ਗਏ ਹੁੰਦੇ ਹਨ ਜਿਨ੍ਹਾਂ ਦੇ ਕੁਝ ਹਿੱਸਿਆਂ ਵਿਚ ਚਮਕਦੀ ਰੌਸ਼ਨੀ ਨਾਲ ਉਜਾਲਾ ਕੀਤਾ ਹੁੰਦਾ ਹੈ ਅਤੇ ਦਰਸ਼ਕ ਹਨੇਰੇ ਵਾਲੇ ਹਿੱਸੇ ਵਿਚੋਂ ਦੇਖਦੇ ਹਨ।

ਸੁਤੰਤਰ ਪੰਖੇਰੂ-ਘਰਾਂ ਵਿਚ ਪੰਛੀਆਂ ਨੂੰ ਬਹੁਤ ਵੱਡੀ ਥਾਂ ਵਿਚ ਆਜ਼ਾਦ ਉਡਣ ਦਿੱਤਾ ਜਾਂਦਾ ਹੈ ਅਤੇ ਦਰਸ਼ਕ ਹਵਾ-ਬੰਦ ਕਿਸਮ ਦੇ ਦਰਵਾਜ਼ਿਆਂ ਵਿਚੋਂ ਦੇਖਦੇ ਹਨ। ਇਸ ਕਿਸਮ ਦੇ ਪੰਖੇਰੂ-ਘਰਾਂ ਵਿਚ ਬਨਸਪਤੀ ਅਤੇ ਝੀਲਾਂ ਰਾਹੀਂ ਕੁਦਰਤੀ ਵਾਤਾਵਰਣ ਪੈਦਾ ਕੀਤਾ ਹੁੰਦਾ ਹੈ। ਜਲ ਪੰਛੀ ਅਤੇ ਸ਼ਿਕਾਰੀ ਪੰਛੀ ਖੁੱਲ੍ਹੇ ਪੰਖੇਰੂ-ਘਰਾਂ ਵਿਚ ਰੱਖੇ ਜਾਂਦੇ ਹਨ ਜਿਨ੍ਹਾਂ ਵਿਚ ਆੜ ਵੀ ਬਣਾਈ ਹੁੰਦੀ ਹੈ। ਦੁਨੀਆ ਦਾ ਸਭ ਤੋਂ ਵਧੀਆ ਪੰਖੇਰੂ-ਘਰ ਕੈਲਿਫ਼ੋਰਨੀਆ ਦੇ ਸੈਨ ਡੀਏਗੋ ਜ਼ੂ ਵਿਚ ਹੈ।

ਰੀਂਗਣ ਵਾਲੇ ਪ੍ਰਾਣੀ ਵੱਖਰੇ-ਵੱਖਰੇ ਪਿੰਜਰਿਆਂ ਵਿਚ ਰੱਖੇ ਜਾਂਦੇ ਹਨ। ਜਦੋਂ ਪ੍ਰਾਣੀਆਂ ਨੂੰ ਘਰਾਂ ਵਿਚ ਰੱਖਿਆ ਜਾਂਦਾ ਹੈ ਤਾਂ ਉਥੋਂ ਦੀ ਹਵਾ, ਰੌਸ਼ਨੀ, ਤਾਪਮਾਨ ਅਤੇ ਨਮੀ ਨੂੰ ਉਸ ਜਾਤੀ ਦੀ ਜ਼ਰੂਰਤ ਦੇ ਹਿਸਾਬ ਨਾਲ ਅਨੁਕੂਲਿਤ ਕੀਤਾ ਜਾਂਦਾ ਹੈ। ਇਸ ਮੰਤਵ ਲਈ ਕੇਂਦਰੀ ਤਾਪਨ ਪਲਾਂਟ ਅਤੇ ਨਮੀਦਾਇਕ ਯੰਤਰ ਲਗਾਏ ਹੁੰਦੇ ਹਨ। ਕਈ ਪ੍ਰਾਣੀ ਕਿਸੇ ਗਰਮ ਜਗ੍ਹਾ ਤੇ ਧੁੱਪ ਸੇਕਣਾ ਅਤੇ ਠੰਢੀ ਥਾਂ ਤੇ ਚਰਨਾ ਪਸੰਦ ਕਰਦੇ ਹਨ। ਉਨ੍ਹਾਂ ਲਈ ਅਜਿਹੀਆਂ ਥਾਵਾਂ ਤੇ ਇਨਫ਼ਰਾ ਰੈੱਡ ਲੈਂਪ ਵਰਤੇ ਜਾਂਦੇ ਹਨ। ਇਸੇ ਤਰ੍ਹਾਂ ਰੇਗਿਸਤਾਨਾਂ ਵਿਚ ਰਹਿਣ ਵਾਲੇ ਰੀਂਗਣ ਵਾਲੇ ਪ੍ਰਾਣੀਆਂ ਲਈ ਅਲਟ੍ਰਾ-ਵਾਇਲਿਟ ਲੈਂਪਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਪੇਂਡੂ ਵਾਤਾਵਰਣਾਂ ਵਿਚ ਵੀ ਕਈ ਖੁੱਲ੍ਹੀ ਕਿਸਮ ਦੇ ਚਿੜੀਆ-ਘਰ ਬਣਾਏ ਗਏ ਹਨ। ਇਨ੍ਹਾਂ ਚਿੜੀਆ-ਘਰਾਂ ਵਿਚ ਪ੍ਰਾਣੀਆਂ ਨੂੰ ਸ਼ਹਿਰੀ ਚਿੜੀਆ-ਘਰਾਂ ਨਾਲੋਂ ਜ਼ਿਆਦਾ ਖੁੱਲ੍ਹੀਆਂ ਥਾਵਾਂ ਅਤੇ ਜ਼ਿਆਦਾ ਕੁਦਰਤੀ ਵਾਤਾਵਰਣ ਮੁਹੱਈਆ ਕੀਤਾ ਜਾ ਸਕਦਾ ਹੈ। ਅਜਿਹੀ ਕਿਸਮ ਦਾ ਇਕ ਛੋਟਾ ਚਿੜੀਆ-ਘਰ ਸਭ ਤੋਂ ਪਹਿਲਾਂ ਜ਼ੂਆਲੋਜੀਕਲ ਸੁਸਾਇਟੀ ਆਫ਼ ਲੰਡਨ ਨੇ 1932 ਈ: ਵਿਚ ਬਣਾਇਆ ਸੀ।

ਕਈ ਅਜੋਕੇ ਚਿੜੀਆ-ਘਰਾਂ ਦੇ ਪਾਰਕਾਂ ਵਿਚ, ਜਿਨ੍ਹਾਂ ਨੂੰ ਸਫ਼ਾਰੀ ਪਾਰਕ ਜਾਂ ਸ਼ੇਰ-ਫਾਰਮ ਕਹਿੰਦੇ ਹਨ, ਜਾਨਵਰਾਂ ਨੂੰ ਬਹੁਤ ਵੱਡੀਆਂ-ਵੱਡੀਆਂ ਵਾੜੀਆਂ ਵਿਚ ਰੱਖਿਆ ਹੁੰਦਾ ਹੈ ਜਿਨ੍ਹਾਂ ਵਿਚ ਦਰਸ਼ਕ ਆਪਣੀਆਂ ਕਾਰਾਂ ਵਿਚ ਘੁੰਮ-ਫਿਰ ਸਕਦੇ ਹਨ। ਜੇ ਇਨ੍ਹਾਂ ਖੁੱਲ੍ਹੀ ਕਿਸਮ ਦੇ ਚਿੜੀਆ-ਘਰਾਂ ਦੀ ਪੂਰੀ ਤਰ੍ਹਾਂ ਦੇਖ-ਭਾਲ ਕੀਤੀ ਜਾਵੇ ਤਾਂ ਇਹ ਘੱਟ ਮਿਲਣ ਵਾਲੀਆਂ ਜਾਂ ਲੁਪਤ ਹੋ ਰਹੀਆਂ ਜਾਤੀਆਂ ਲਈ ਪ੍ਰਜਣਨ ਸੈਂਟਰ ਬਣ ਸਕਦੇ ਹਨ।

**ਜਾਨਵਰਾਂ ਦੀ ਦੇਖ-ਭਾਲ ਅਤੇ ਵਸੂਲੀ**—ਕਿਸੇ ਚੰਗੇ ਅਜੋਕੇ ਚਿੜੀਆ-ਘਰ ਵਿਚ ਜੇ 20 ਜਾਨਵਰ ਰੱਖੇ ਗਏ ਹੁੰਦੇ ਹਨ ਤਾਂ ਉਨ੍ਹਾਂ ਵਿਚੋਂ ਸਿਰਫ਼ ਪੰਜ ਕੁ ਹੀ ਉਥੇ ਪੈਦਾ ਕੀਤੇ ਗਏ ਹੋਣਗੇ ਤੇ ਬਾਕੀ ਦੇ ਜੰਗਲਾਂ ਵਿਚੋਂ ਫੜੇ ਗਏ ਜਾਂ ਖ਼ਰੀਦੇ ਗਏ ਹੁੰਦੇ ਹਨ। ਇਸ ਤਰ੍ਹਾਂ ਚਿੜੀਆ-ਘਰਾਂ ਤੱਕ ਪਹੁੰਚਣ ਤੋਂ ਪਹਿਲਾਂ ਕਈ ਜਾਨਵਰ ਭੱਜਣ ਵੇਲੇ ਜਾਂ ਕਈ ਅੱਗੋਂ ਵਪਾਰੀਆਂ ਦੇ ਹੱਥਾਂ ਵਿਚ ਮਰ ਜਾਂਦੇ ਹਨ। ਇਸ ਤਰ੍ਹਾਂ ਚਿੜੀਆ-ਘਰਾਂ ਦੀ ਗਿਣਤੀ ਵਧਣ ਦੇ ਨਾਲ ਬਾਕੀ ਬਚਦੀਆਂ ਜੰਗਲੀ ਕਿਸਮਾਂ ਨੂੰ ਖ਼ਤਰਾ ਵਧਦਾ ਜਾ ਰਿਹਾ ਹੈ। ਇਸ ਲਈ ਚਿੜੀਆ-ਘਰਾਂ ਦੇ ਅੰਦਰ ਜਾਨਵਰਾਂ ਦੇ ਪ੍ਰਜਣਨ ਨੂੰ ਬਹੁਤ ਉਤਸ਼ਾਹ ਮਿਲਣਾ ਚਾਹੀਦਾ ਹੈ।

ਉਹ ਜਾਤੀਆਂ ਜਿਨ੍ਹਾਂ ਦੇ ਲੁਪਤ ਹੋ ਜਾਣ ਦਾ ਖ਼ਤਰਾ ਹੈ ਉਨ੍ਹਾਂ ਨੂੰ ਇੰਟਰਨੈਸ਼ਨਲ ਯੂਨੀਅਨ ਫ਼ਾਰ ਦੀ ਕੰਜ਼ਰਵੇਸ਼ਨ ਆਫ਼ ਨੇਚਰ ਦੇ 'ਸਰਵਾਈਵਲ ਸਰਵਿਸ ਕਮਿਸ਼ਨ' ਨੇ 'ਰੈਡ ਡੈਟਾ ਬੁੱਕ' ਵਿਚ ਦਰਜ ਕੀਤਾ ਹੋਇਆ ਹੈ। ਇਨ੍ਹਾਂ ਜਾਨਵਰਾਂ ਨੂੰ ਉਦੋਂ ਤੱਕ ਨਹੀਂ ਫੜਨਾ ਚਾਹੀਦਾ ਜਦੋਂ ਤੱਕ ਇਹ ਤਸੱਲੀ ਨਾ ਹੋ ਜਾਵੇ ਕਿ ਬੰਦੀ ਹਾਲਤਾਂ ਵਿਚ ਇਨ੍ਹਾਂ ਦੀ ਆਬਾਦੀ ਕਾਇਮ ਰੱਖੀ ਜਾ ਸਕਦੀ ਹੈ।

ਚਿੜੀਆ-ਘਰਾਂ ਵਿਚ ਲਿਆਂਦੇ ਗਏ ਜਾਨਵਰਾਂ ਨੂੰ ਨਵੇਂ ਵਾਤਾਵਰਣ ਵਿਚ ਰਹਿਣਾ ਪੈਂਦਾ ਹੈ। ਇਨ੍ਹਾਂ ਦੀ ਸਿਹਤ ਠੀਕ ਰੱਖਣ ਲਈ ਖ਼ੁਰਾਕ ਵੱਲ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਚੰਗੇ ਚਿੜੀਆ-ਘਰਾਂ ਵਿਚ ਜਾਨਵਰਾਂ ਦੇ ਹਰੇਕ ਗਰੁੱਪ ਲਈ ਇਕ ਆਪਣਾ ਵੱਖਰਾ ਖਾਣਾ ਤਿਆਰ ਕਰਨ ਦਾ ਕਮਰਾ ਹੁੰਦਾ ਹੈ ਅਤੇ ਹਰੇਕ ਪਿੰਜਰੇ ਅਤੇ ਹਰੇਕ ਜਾਨਵਰ ਲਈ ਖ਼ਾਸ ਕਿਸਮ ਦਾ ਖਾਣਾ ਤਿਆਰ ਹੁੰਦਾ ਹੈ।

ਚਿੜੀਆ-ਘਰ ਭਾਵੇਂ ਕਿਸੇ ਵੀ ਆਕਾਰ ਦਾ ਹੋਵੇ ਉਸ ਦੀ ਮੁੱਢਲੀ ਜ਼ਰੂਰਤ ਚੰਗੇ ਪੇਸ਼ਾਵਰ ਪ੍ਰਾਣੀ-ਵਿਗਿਆਨੀ ਅਤੇ ਚੰਗੇ ਡੰਗਰ-ਡਾਕਟਰ ਹਨ।

ਚਿੜੀਆ-ਘਰਾਂ ਨੂੰ ਚਲਾਉਣ ਲਈ ਆਮਦਨ ਦੇ ਕਈ ਤਰ੍ਹਾਂ ਦੇ ਵਸੀਲੇ ਹੁੰਦੇ ਹਨ। ਕਈ ਥਾਵਾਂ ਤੇ ਇਹ ਸ਼ਹਿਰ ਜਾਂ ਕਸਬੇ ਦੇ ਲੋਕਾਂ ਤੋਂ ਇਕੱਠੇ ਕੀਤੇ ਹੋਏ ਫੰਡ ਜਾਂ ਦਾਖ਼ਲਾ ਟਿਕਟਾਂ ਰਾਹੀਂ ਇਕੱਠੇ ਕੀਤੇ ਫੰਡ ਨਾਲ ਚਲਦੇ ਹਨ ਜਾਂ ਆਮਦਨ ਦਾ ਕੋਈ ਹੋਰ ਵਸੀਲਾ ਹੁੰਦਾ ਹੈ।

ਕਈ ਦੇਸ਼ਾਂ ਵਿਚ ਚਿੜੀਆ-ਘਰ ਐਸੋਸੀਏਸ਼ਨ ਜਾਂ ਫੈਡਰੇਸ਼ਨ ਬਣੇ ਹੋਏ ਹਨ। ਸਭ ਤੋਂ ਵੱਡੀ 'ਅਮੈਰੀਕਨ ਐਸੋਸੀਏਸ਼ਨ ਆਫ਼ ਜ਼ੂਆਲੋਜੀਕਲ ਪਾਰਕਸ ਐਂਡ ਐਕੁਏਰੀਅਮ' ਹੈ ਜਿਹੜੀ 1924 ਵਿਚ ਸਥਾਪਿਤ ਹੋਈ ਸੀ। ਇਨ੍ਹਾਂ ਐਸੋਸੀਏਸ਼ਨਾਂ ਦਾ ਕੰਮ ਤੱਥਾਂ ਨੂੰ ਇਕੱਠਾ ਕਰਨਾ ਉਨ੍ਹਾਂ ਦਾ ਪ੍ਰਚਾਰ ਕਰਨਾ ਅਤੇ ਚਿੜੀਆ-ਘਰਾਂ ਅਤੇ ਜਲਜੀਵਸ਼ਾਲਾਵਾਂ ਦੇ ਪ੍ਰਬੰਧ ਬਾਰੇ ਜਾਣਕਾਰੀ ਇਕੱਠੀ ਕਰਨੀ, ਚਿੜੀਆ-ਘਰ ਦਾ ਮਿਆਰ ਕਾਇਮ ਰੱਖਣਾ ਅਤੇ ਉੱਚਾ ਉਠਾਉਣਾ, ਜਾਨਵਰਾਂ ਦੀ ਅਦਲਾ-ਬਦਲੀ ਅਤੇ ਦਰਾਮਦ ਨੂੰ ਸਹੂਲਤਾਂ ਦੇਣੀਆਂ ਅਤੇ ਜੰਗਲੀ ਜ਼ਿੰਦਗੀ ਦੀ ਰੱਖਿਆ ਕਰਨਾ ਹੈ।

ਹ. ਪੁ. – ਐਨ. ਬ੍ਰਿ. ਮੈ. 19: 1160; ਹਿੰ. ਵਿੰ. ਕੋ. 8:2

**ਚੀਆਂਗ ਤਾਂਗ** : ਚੀਨ ਦੇ ਖ਼ੁਦਮੁਖ਼ਤਾਰ ਖੇਤਰ ਤਿੱਬਤ ਦਾ ੁੱਤਰੀ ਭਾਗ ਹੈ ਜਿਸ ਦੇ ਜਾਂਗ ਦਾਂਗ, ਚਾਂਗ ਤਾਂਗ ਹੋਰ ਨਾਂ ਹਨ। ਹ ਬਹੁਤ ਠੰਢੀ ਜਲਵਾਯੂ ਵਾਲਾ ਚਟਾਨੀ ਮਾਰੂਥਲੀ ਖੇਤਰ ਹੈ। ਇਸ ੀ ਸਮੁੰਦਰ ਤਲ ਤੋਂ ਔਸਤ ਉਚਾਈ 5,000 ਮੀ. ਤੋਂ ਵੀ ਜ਼ਿਆਦਾ ਹੈ। ਸ ਦੇ ਉੱਤਰ ਵੱਲ ਪਹਾੜ ਤੇ ਦੱਖਣ ਵੱਲ ਤਾਂਗ-ਕੁਲਾ ਅਤੇ ਆਲਿੰਗ ਾਨ ਪਹਾੜ ਹਨ। ਉੱਤਰ ਤੋਂ ਦੱਖਣ ਨੂੰ ਇਹ 480 ਕਿ. ਮੀ. ਲੰਬਾ ਹੈ। ਛਿਮ ਤੋਂ ਪੂਰਬ ਵੱਲ ਇਹ ਪਮੀਗ੍ਰੇਨਾਟ ਤੋਂ 1,300 ਕਿ. ਮੀ. ਦੂਰ ਪੂਰਬ ਲ ਸਾਈਦਾਮ ਮੈਦਾਨਾਂ ਤਕ ਫੈਲਿਆ ਹੋਇਆ ਹੈ। ਇਸ ਪੂਰੇ ਪਠਾਰੀ ਦਾਨ ਦਾ ਧਰਾਤਲ ਉੱਘੜ-ਦੁੱਘੜਾ ਤੇ ਨੀਵੀਆਂ ਪਹਾੜੀਆਂ ਵਾਲਾ । ਚਟਾਨਾਂ ਉਪਰ ਤੇਜ਼ ਹਵਾਵਾਂ ਨਾਲ ਕਾਫ਼ੀ ਤੋੜ-ਫੋੜ ਵੀ ਹੋਈ ਹੈ ਸ ਕਰਕੇ ਕੰਕਰਾਂ, ਪੱਥਰਾਂ ਆਦਿ ਦੇ ਢੇਰ ਆਮ ਵੇਖੇ ਜਾ ਸਕਦੇ ਨ। ਇਥੋਂ ਦੀ ਜਲਵਾਯੂ ਬਹੁਤ ਹੀ ਸੀਤ ਤੇ ਖ਼ੁਸ਼ਕ ਹੈ। ਵਰਖਾ ਬਹੁਤ ੀ ਘੱਟ ਹੁੰਦੀ ਹੈ ਅਤੇ ਇਹ ਸਾਲ ਵਿਚ 100 ਮਿ. ਮੀ. ਤੋਂ ਵੀ ਘੱਟ ਦੀ ਹੈ। ਉੱਤਰ ਵੱਲ ਦੇ 5,000 ਮੀ. ਤੋਂ ਉੱਚੇ ਪਹਾੜ ਹਮੇਸ਼ਾਂ ਹੀ ਰਫ਼ ਨਾਲ ਢਕੇ ਰਹਿੰਦੇ ਹਨ। ਤੇਜ਼ ਠੰਢੀਆਂ ਹਵਾਵਾਂ ਇਥੋਂ ਦੀ ਸਰਦੀ ੀ ਰੁੱਤ ਨੂੰ ਹੋਰ ਵੀ ਲੰਬਾ ਕਰ ਦਿੰਦੀਆਂ ਹਨ। ਗਰਮੀ ਦਾ ਮੌਸਮ ਹੁਤ ਹੀ ਥੋੜ੍ਹਾ ਚਿਰ ਰਹਿੰਦਾ ਹੈ। ਜੁਲਾਈ ਮਹੀਨੇ ਦਾ ਵੱਧ ਤੋਂ ਵੱਧ ਾਪਮਾਨ 10° ਸੈਂ. ਤਕ ਹੀ ਰਹਿੰਦਾ ਹੈ ਜਦੋਂ ਕਿ ਸਰਦੀ ਵਿਚ ਤਾਪਮਾਨ ਕਸਰ ਹੀ -35° ਸੈਂ. ਤੋਂ ਹੇਠਾਂ ਚਲਾ ਜਾਂਦਾ ਹੈ। ਸਰਦੀ ਵਿਚ ਉੱਤਰੀ ਠਾਰ ਦੇ ਸਾਰੇ ਦਰਿਆ ਅਤੇ ਝੀਲਾਂ ਜੰਮ ਜਾਂਦੇ ਹਨ ਐਪਰ ਦੱਖਣੀ ਠਾਰ ਵਿਚ ਉੱਤਰ ਨਾਲੋਂ ਘੱਟ ਠੰਢ ਪੈਂਦੀ ਹੈ। ਇਸੇ ਕਰਕੇ ਇਥੇ ੜੀਆਂ ਬਹੁਤ ਕੰਡੇਦਾਰ ਝਾੜੀਆਂ ਵੇਖਣ ਨੂੰ ਮਿਲਦੀਆਂ ਹਨ।

ਇਸ ਸਾਰੇ ਪਠਾਰ ਉਪਰ ਅਣਗਿਣਤ ਝੀਲਾਂ ਹਨ। ਇਨ੍ਹਾਂ ਦਾ ਾਣੀ ਹੇਠ ਰਕਬਾ ਦਿਨ ਬਦਿਨ ਘਟਦਾ ਜਾ ਰਿਹਾ ਹੈ ਅਤੇ ਪਾਣੀ ਦਾ ਾਰਾਪਾਣ ਵਧ ਰਿਹਾ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਰਕਬੇ ਲਈ ਝੀਲ ਾ-ਮੂ-ਹੂ ਹੈ ਜਿਹੜੀ 50 ਮੀਟਰ ਲੰਬੀ ਤੇ 25 ਮੀਟਰ ਚੌੜੀ ਹੈ। ਇਥੋਂ ਪਹਾੜਾਂ ਦੀਆਂ ਢਲਾਣਾਂ ਤੋਂ ਲੂਣ ਅਤੇ ਖਣਿਜੀ ਲੂਣਾਂ (ਬੋਰੈਕਸ ਅਤੇ ਡਾ) ਦੀਆਂ ਪਰਤਾਂ ਮਿਲਦੀਆਂ ਹਨ ਜਿਸ ਤੋਂ ਇਹ ਸਾਬਤ ਹੁੰਦਾ ਹੈ ਇਹ ਸਾਰਾ ਭੂ-ਭਾਗ ਕਿਸੇ ਸਮੇਂ ਇਥੋਂ ਦੇ ਪ੍ਰਾਚੀਨ ਸਾਗਰ ਟੈਥੀਜ਼ ਠਾਂ ਹੁੰਦਾ ਸੀ ਤੇ ਬਾਅਦ ਵਿਚ ਕਿਸੇ ਸਮੇਂ ਭੂ-ਗਰਭਿਕ ਕਿਰਿਆਵਾਂ ਾਲ ਉਪਰ ਉਠ ਗਿਆ ਅਤੇ ਇਸ ਭੂ-ਭਾਗ ਦਾ ਨਿਰਮਾਣ ਹੋਇਆ। ਾਗਰ ਦਾ ਕੁਝ ਹਿੱਸਾ ਝੀਲਾਂ ਦੇ ਰੂਪ ਵਿਚ ਹਾਲੇ ਵੀ ਮੌਜੂਦ ਹੈ।

ਇਥੇ ਵਸੋਂ ਬੜੀ ਹੀ ਵਿਰਲੀ ਹੈ। ਸਿਰਫ਼ ਦੱਖਣੀ ਖੇਤਰਾਂ ਵਿਚ ਝ ਖ਼ਾਨਾਬਦੋਸ਼ ਕਬੀਲੇ ਵਸੇ ਹੋਏ ਹਨ।

34°00' ਉ. ਵਿਥ.; 90°00' ਪੂ. ਲੰਬ.

ਹ. ਪੂ. - ਐਨ. ਬ੍ਰਿ. ਮਾ. 2: 823; ਵੈ. ਜਗ. ਡਿ.

**ਚੀਆਂਗ ਰਾਈ** : ਪ੍ਰਾਂਤ—ਥਾਈਲੈਂਡ ਦਾ ਧੁਰ ਉੱਤਰ ਵੱਲ ਪ੍ਰਾਂਤ ਹੈ ਜਿਸ ਦਾ ਕੁੱਲ ਰਕਬਾ 18,803 ਵ. ਕਿ. ਮੀ. ਅਤੇ ਬਾਦੀ 902,969 (1980) ਹੈ। ਇਸਦੇ ਉੱਤਰ-ਪੱਛਮ ਵੱਲ ਮਿਆਂਮਾਰ ਤੇ ਉੱਤਰ-ਪੂਰਬ ਵੱਲ ਲਾਊਸ ਦੇਸ਼ ਅਤੇ ਮੇਕਾਂਗ ਦਰਿਆ ਹਨ। ਸ ਪ੍ਰਾਂਤ ਦਾ ਵੱਡਾ ਸ਼ਹਿਰ ਚੀਆਂਗ ਰਾਈ, ਫਾਯਾਓ ਅਤੇ ਹੋਰ ਸ਼ਹਿਰ ਸੇ ਸਮੇਂ ਇਸ ਖੇਤਰ ਦੇ ਸਾਮਰਾਜਾਂ ਦੀਆਂ ਰਾਜਧਾਨੀਆਂ ਹੁੰਦੇ ਸਨ। ਜ ਵੀ ਇਸ ਦੇ ਸ਼ਹਿਰ ਕਈ ਪਾਸਿਆਂ ਵੱਲ ਜਾਂਦੀਆਂ ਸੜਕਾਂ ਦੇ ਸ਼ਨ ਅਤੇ ਵਪਾਰਕ ਕੇਂਦਰ ਹਨ। ਸੰਨ 1920 ਵਿਚ ਦੱਖਣ ਵੱਲ ਦੇ ਹ-ਰਾਹ ਦੇ ਮੁਕੰਮਲ ਹੋਣ ਨਾਲ ਇਸ ਪ੍ਰਾਂਤ ਦੀ ਉੱਤਰ ਵੱਲ ਦੀ ਬੂਤ ਦਿਸ਼ਾ ਦੀ ਸਥਿਤੀ ਵਿਚ ਪਹਿਲਾਂ ਨਾਲੋਂ ਪਰਿਵਰਤਨ ਆਇਆ । ਇਥੋਂ ਦੀ ਵਸੋਂ ਉੱਤੇ ਲਾਓ ਅਤੇ ਸ਼ਾਨ ਜਿਹੜੇ ਕਿਸੇ ਸਮੇਂ ਇਥੇ ਮਰਾਜ ਹੁੰਦੇ ਸਨ, ਦੇ ਲੋਕਾਂ ਦਾ ਹੀ ਪ੍ਰਭਾਵ ਵੇਖਿਆ ਜਾਂਦਾ ਹੈ। ਚੌਲ ਅਤੇ ਤਮਾਖੂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਥੇ ਚੌਲ ਛੜਨ ਦੀਆਂ ਮਿੱਲਾਂ ਵੀ ਹਨ।

ਹ. ਪੂ.-ਐਨ. ਬ੍ਰਿ. ਮਾ. 2 : 823

**ਚੀਆਂਗ ਰਾਈ** : ਸ਼ਹਿਰ—ਥਾਈਲੈਂਡ ਦੇ ਉੱਤਰ ਵੱਲ ਦੇ ਇਸੇ ਨਾਂ ਦੇ ਪ੍ਰਾਂਤ ਦਾ ਸਦਰ-ਮੁਕਾਮ ਹੈ ਜਿਹੜਾ ਮੇਕਾਂਗ ਦਰਿਆ ਦੀ ਇਕ ਸ਼ਾਖਾ ਉੱਤੇ ਜੀਆਂਗ-ਰਾਈ ਸ਼ਹਿਰ ਤੋਂ 144 ਕਿ. ਮੀ. ਉੱਤਰ-ਪੂਰਬ ਵੱਲ ਖੁਨ ਤਾਨ ਪਰਬਤੀ ਲੜੀ ਦੇ ਨੇੜੇ ਸਮੁੰਦਰ ਤਲ ਤੋਂ 350 ਮੀ. ਦੀ ਉਚਾਈ ਤੇ ਵਸਿਆ ਹੋਇਆ ਹੈ। ਇਥੋਂ ਬਰਮਾ ਲਾਊਸ ਆਦਿ ਵੱਲ ਅੰਤਰਰਾਸ਼ਟਰੀ ਸੜਕਾਂ ਜਾਂਦੀਆਂ ਹਨ। ਇਹ ਪ੍ਰਾਂਤ ਦੇ ਆਵਾਜਾਈ ਕੇਂਦਰ ਦੇ ਨਾਲ-ਨਾਲ ਟੀਕ, ਕਾਫ਼ੀ ਅਤੇ ਚੌਲਾਂ ਦਾ ਵਪਾਰਕ ਕੇਂਦਰ ਵੀ ਹੈ। ਇਥੇ ਮੌਸਮ ਸਬੰਧੀ ਪ੍ਰਯੋਗਸ਼ਾਲਾ ਵੀ ਹੈ। ਸ਼ਹਿਰ ਦੇ ਨੇੜੇ ਹੀ ਕਲੀ ਦੀ ਖੁਦਾਈ ਹੁੰਦੀ ਹੈ। ਜ਼ਮੁਰਦਾਂ ਨਾਲ ਜੜੀ ਬੁੱਧ ਦੀ ਪ੍ਰਸਿੱਧ ਮੂਰਤੀ 1436 ਵਿਚ ਇਸੇ ਸ਼ਹਿਰ ਦੇ ਇਕ ਮੰਦਰ ਵਿਚੋਂ ਲੱਭੀ ਗਈ ਸੀ ਜਿਹੜੀ ਅੱਜਕੱਲ੍ਹ ਬੈਂਕ ਵਿਚ ਪਈ ਹੈ।

ਆਬਾਦੀ-33, 362 (1980)

ਹ. ਪੂ.- ਐਨ. ਬ੍ਰਿ. ਮਾ. 2: 823; ਵੈ. ਜਗ ਡਿ. : 251

**ਚੀਆਨਾ**: ਇਹ ਕੇਂਦਰੀ ਇਟਲੀ ਵਿਚ ਵਹਿਣ ਵਾਲਾ ਦਰਿਆ ਹੈ। ਇਸ ਦਾ ਸੋਮਾ ਅਰੈਟਸੋ (Arezzo) ਪ੍ਰਾਂਤ ਦੇ ਨਜ਼ਦੀਕ ਹੈ। ਇਸ ਦਰਿਆ ਦਾ ਮੁੱਖ ਮਾਰਗ ਆਰਨੋ ਅਤੇ ਤਾਈਬਰ ਦਰਿਆਵਾਂ ਦੇ ਵਿਚਕਾਰ ਹੈ। ਆਪਣੇ ਸੋਮੇ ਵਿਚੋਂ ਨਿਕਲਣ ਉਪਰੰਤ ਇਹ 'ਵਾਨ ਡੀ-ਚੀਆਨਾ' ਨਾਂ ਦੀ ਵਿਸ਼ਾਲ ਵਾਦੀ ਵਿਚੋਂ ਦੀ ਵਹਿੰਦਾ ਹੋਇਆ ਝੀਲ ਕਯੂਸੀ (Chiusi) ਵਿਚੋਂ ਦੀ ਗੁਜ਼ਰਦਾ ਹੈ। ਆਰਵੀਏਤੋ (ਕਮਿਊਨ) ਦੇ ਨਜ਼ਦੀਕ ਆ ਕੇ ਦਰਿਆ ਪਾਗਲੀਆ (Paglia) ਇਸ ਵਿਚ ਆ ਮਿਲਦਾ ਹੈ। ਇਸ ਤੋਂ ਬਾਅਦ ਆਰਵੀਏਤੋ ਦੇ 5 ਕੁ. ਕਿ. ਮੀ. ਦੱਖਣ ਵਿਚ ਦਰਿਆ ਤਾਈਬਰ ਇਸ ਵਿਚ ਆ ਮਿਲਦਾ ਹੈ। ਪੂਰਵ-ਇਤਿਹਾਸਕ ਕਾਲ ਵਿਚ ਦਰਿਆ ਆਰਨੋ ਇਸ ਵਾਦੀ ਵਿਚ ਵਹਿੰਦਾ ਸੀ ਅਤੇ ਤਾਈਬਰ ਦਰਿਆ ਵਿਚ ਜਾ ਮਿਲਦਾ ਸੀ। ਇਸ ਤਰ੍ਹਾਂ ਜਲੋੜ੍ਹ ਦੁਆਰਾ ਇਥੇ ਇਕ ਕੁਦਰਤੀ ਬੰਨ੍ਹ ਬਣ ਜਾਣ ਕਾਰਨ ਆਰਨੋ ਦਾ ਰੁਖ਼ ਉੱਤਰ-ਪੱਛਮ ਵੱਲ ਨੂੰ ਬਦਲ ਗਿਆ ਅਤੇ ਚੀਆਨਾ ਦਰਿਆ ਤਾਈਬਰ ਵਿਚ ਮਿਲ ਗਿਆ ਪਰ ਕਯੂਸੀ ਵਿਖੇ ਇਕ ਹੋਰ ਬੰਨ੍ਹ ਬਣ ਜਾਣ ਕਾਰਨ ਚੀਆਨਾ ਦਰਿਆ ਦਾ ਅਸਲੀ ਨਿਕਾਸ ਰੁਕ ਗਿਆ ਅਤੇ ਇਸ ਦੇ ਫਲ-ਸਰੂਪ ਮੱਧ-ਕਾਲ ਦੌਰਾਨ 'ਵਾਲ ਡੀ ਚੀਆਨਾ' ਵਾਦੀ ਜਿਲ੍ਹਣਦਾਰ ਅਤੇ ਮਲੇਰੀਆਈ ਬਣ ਗਈ। ਸੰਨ 1788 ਵਿਚ ਇਸ ਦੇ ਸੁਧਾਰ ਲਈ ਇੰਜੀਨੀਅਰੀ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਬਣਾਈਆਂ ਗਈਆਂ ਤੇ ਉਨ੍ਹਾਂ ਅਨੁਸਾਰ ਕੰਮ ਵੱਡਿਆ ਗਿਆ ਜਿਹੜਾ 1826 ਤੋਂ 1838 ਤਕ ਪੂਰਾ ਹੋਇਆ। ਇਸ ਤਰ੍ਹਾਂ ਜਲ-ਨਿਖੇੜ ਦੱਖਣ ਵੱਲ ਬਦਲ ਦਿੱਤਾ ਗਿਆ ਜਿਸ ਨਾਲ ਵਾਲ ਡੀ-ਚੀਆਨਾ ਵਾਦੀ ਦਾ ਦਰਿਆਈ ਪਾਣੀ ਦੋ ਹਿੱਸਿਆਂ ਵਿਚ ਵੰਡ ਕੇ ਦਰਿਆ ਆਰਨੋ ਅਤੇ ਤਾਈਬਰ ਵਿਚ ਜਾਣ ਲਗਾ। ਇਸ ਨਾਲ ਸਾਰੀ ਦੀ ਸਾਰੀ ਵਾਦੀ ਖੇਤੀ ਦੇ ਯੋਗ ਬਣ ਗਈ। ਹੁਣ ਇਹ ਵਾਦੀ ਖੇਤੀ ਲਈ ਜ਼ਰਖੇਜ਼ ਖੇਤਰ ਸਮਝਿਆ ਜਾਂਦਾ ਹੈ।

ਹ. ਪੂ. - ਐਨ. ਬ੍ਰਿ. ਮਾ. 2: 822

**ਚੀਆਵਾਰੀ**: ਉੱਤਰੀ ਇਟਲੀ ਦੇ ਜਨੋਆ ਪ੍ਰਾਂਤ ਵਿਚ ਰੇਆਲੇ ਖਾੜੀ ਉਪਰ ਸਥਿਤ ਇਕ ਬੰਦਰਗਾਹ ਹੈ। ਇਥੋਂ ਦੀ ਜ਼ਮੀਨ ਬਹੁਤ ਹੀ ਜ਼ਰਖੇਜ਼ ਹੋਣ ਕਰਕੇ ਇਥੇ ਤਰ੍ਹਾਂ-ਤਰ੍ਹਾਂ ਦੇ ਰਸਦਾਰ ਫ਼ਲ ਤੇ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਚੀਆਵਾਰੀ ਇਸ ਖੇਤਰ ਦਾ ਇਕ ਮਹੱਤਵਪੂਰਨ ਉਦਯੋਗਕ ਕੇਂਦਰ ਵੀ ਹੈ। ਲਿਲਨ, ਰੇਸ਼ਮ ਅਤੇ ਵਾਇਲ ਬਣਾਉਣ ਦੇ ਕਾਰਖ਼ਾਨੇ ਹਨ। ਸ਼ਰਾਬ ਅਤੇ ਜੈਤੂਨ ਦਾ ਤੇਲ ਵੀ ਇਥੇ ਮਸ਼ੀਨਾਂ ਦੁਆਰਾ ਕੱਢਿਆ ਜਾਂਦਾ ਹੈ। ਇਸ ਤੋਂ ਇਲਾਵਾ ਪਨੀਰ, ਮੋਮ ਅਤੇ ਫ਼ਰਨੀਚਰ ਤਿਆਰ ਕਰਨ, ਫ਼ਲਾਂ ਨੂੰ ਸੁਕਾ ਕੇ ਡੱਬਿਆਂ ਵਿਚ

ਬੰਦ ਕਰਨ ਦਾ ਕੰਮ ਵੀ ਇਥੇ ਕਾਫ਼ੀ ਜ਼ਿਆਦਾ ਹੈ। ਇਹ ਸਾਰਾ ਮਾਲ ਬਾਹਰ ਨੂੰ ਭੇਜਿਆ ਜਾਂਦਾ ਹੈ। ਸਮੁੰਦਰੀ ਜਹਾਜ਼ ਵੀ ਇਸ ਜਗ੍ਹਾ ਬਣਾਏ ਜਾਂਦੇ ਹਨ।

ਇਥੇ ਦਾ ਸੈਨ ਮੋਲਵੇਡਾਰ ਰਿਜ ਦੇਖਣ ਯੋਗ ਹੈ। ਸੰਨ 1244-52 ਦੌਰਾਨ ਰੋਮਨਾਂ ਨੇ ਪੋਪ ਇਨੋਸੈਂਟ ਚੌਥੇ ਦੇ ਸਮੇਂ ਇਸ ਦੀ ਉਸਾਰੀ ਕੀਤੀ। ਇਕ ਲੱਕੜੀ ਦਾ ਪੁਲ ਜਿਹੜਾ 1810 ਵਿਚ ਨੈਪੋਲੀਅਨ ਨੇ ਬਣਵਾਇਆ ਸੀ, ਵੀ ਦੇਖਣ ਯੋਗ ਹੈ।

ਹ. ਪੁ.-ਹਿੰ. ਵਿ. ਕੋ. 4: 231

**ਚੀਐਨ ਲੁੰਗ** : ਚੀਨ ਦੇ ਮਾਂਚੂ ਬੰਸ ਦਾ ਇਹ ਚੌਥਾ ਬਾਦਸ਼ਾਹ ਹੋਇਆ ਹੈ ਜਿਸਨੂੰ 'ਹੁੰਗ ਲੀ' ਦਾ ਖ਼ਿਤਾਬ ਮਿਲਿਆ ਹੋਇਆ ਸੀ। ਯੁੰਗ ਚੈਂਗ ਦੇ ਇਸ ਚੌਥੇ ਲੜਕੇ ਦਾ ਜਨਮ ਪੀਕਿੰਗ (ਬੀਜਿੰਗ) ਸ਼ਾਹੀ ਮਹਿਲ ਵਿਚ 25 ਸਤੰਬਰ, 1711 ਦੇ ਦਿਨ ਹੋਇਆ। ਯੁੰਗਚੈਂਗ ਦੀ ਮੌਤ ਤੋਂ ਇਕ ਦਿਨ ਪਹਿਲਾਂ ਇਸਨੂੰ ਉੱਤਰਾਧਿਕਾਰੀ ਐਲਾਨ ਕੀਤਾ ਗਿਆ ਤੇ ਪਿੱਛੋਂ 18 ਅਕਤੂਬਰ, 1736 ਦੇ ਦਿਨ ਇਸ ਦੀ ਤਾਜਪੋਸ਼ੀ ਹੋਈ। ਚੀਐਨ ਲੁੰਗ ਨੂੰ ਵਿਰਾਸਤ ਵਿਚ ਚੀਨ ਤੋਂ ਲੈ ਕੇ ਮੰਚੂਰੀਆ, ਮੰਗੋਲੀਆ, ਕੋਕੋਨੋਰ ਅਤੇ ਤਿੱਬਤ ਤਕ ਦਾ ਵਿਸ਼ਾਲ ਸਾਮਰਾਜ ਹਾਸਲ ਹੋਇਆ।



**ਚੀਐਨ ਲੁੰਗ**

ਇਸ ਬਾਦਸ਼ਾਹ ਦਾ ਰਾਜ-ਕਾਲ ਚੀਨ ਦੇ ਇਤਿਹਾਸ ਵਿਚ ਬਹੁਤ ਪ੍ਰਭਾਵਸ਼ਾਲੀ ਰਾਜ ਕਰਕੇ ਜਾਣਿਆ ਜਾਂਦਾ ਹੈ। ਇਸ ਨੇ 63 ਸਾਲ ਤੋਂ ਵੀ ਵੱਧ ਸਮਾਂ ਰਾਜ ਕੀਤਾ। ਪੂਰੇ ਇਤਿਹਾਸ ਵਿਚ ਪਹਿਲੀ ਵੇਰ ਇੰਨੇ ਲੰਬੇ ਰਾਜ-ਕਾਲ ਦੌਰਾਨ ਦੇਸ਼ ਨੇ ਬਹੁਤ ਤਰੱਕੀ ਕੀਤੀ। ਇਸ ਦੀਆਂ 10 ਸਫ਼ਲ ਮੁਹਿੰਮਾਂ ਵਿਚ ਦੇਸ਼ ਦੀਆਂ ਹੱਦਾਂ ਦੂਰ ਦੂਰ ਤਕ ਫੈਲੀਆਂ। ਸੰਨ 1755 ਤੋਂ 1765 ਵਿਚ ਈਲੀ ਅਤੇ ਤੁਰਕਿਸਤਾਨ ਖੇਤਰਾਂ ਦੀ ਜਿੱਤ ਨਾਲ ਦੇਸ਼ ਦੇ ਲਗਭਗ 16,00,000 ਵ. ਕਿ. ਮੀ. (6,00,000 ਵ. ਮੀ.) ਦਾ ਖੇਤਰ ਚੀਨ ਨਾਲ ਹੋਰ ਸ਼ਾਮਲ ਹੋ ਗਿਆ। ਮੰਗੋਲਾਂ ਅਤੇ ਤੁਰਕਾਂ ਦੇ ਹਮਲਿਆਂ ਦਾ ਡਰ ਵੀ ਮੁੱਕ ਗਿਆ। ਫ਼ਾਰਮੂਸਾ, ਬਰਮਾ, ਅਨਾਮ ਵੀ ਮੁੜ ਮਾਤਹਿਤ ਕਰ ਲਏ ਗਏ। ਸੰਨ 1790-92 ਵਿਚ ਹਿਮਾਲੀਆ ਪਰਬਤਾਂ ਤੋਂ ਪਾਰ ਨੇਪਾਲ ਵੱਲ ਚੜ੍ਹਾਈ ਕਰਕੇ ਨੇਪਾਲ ਵੀ ਜਿੱਤ ਲਿਆ। ਇਹ ਇਸਦੇ ਰਾਜ ਦੀ ਫ਼ੌਜੀ ਤਾਕਤ ਦੀ ਮਿਸਾਲ ਸੀ।

ਚੀਐਨ ਲੁੰਗ ਦਾ ਰਾਜ-ਕਾਲ ਚੀਨ ਦੇ ਇਤਿਹਾਸ ਵਿਚ ਕਾਫ਼ੀ ਪ੍ਰਭਾਵਸ਼ਾਲੀ ਅਤੇ ਵਧੀਆ ਮੰਨਿਆ ਜਾਂਦਾ ਹੈ। ਇਹ ਪਹਿਲੇ 4 ਦਹਾਕਿਆਂ ਵਿਚ ਨਿਰੰਕੁਸ਼ ਸ਼ਾਸਕ ਦੇ ਤੌਰ ਤੇ ਰਾਜ ਕਰਦਾ ਰਿਹਾ ਪਰ ਮਗਰੋਂ ਇਸ ਦੇ ਅਸੂਲਾਂ ਵਿਚ ਤਬਦੀਲੀ ਆ ਗਈ। ਇਸ ਦੌਰਾਨ ਇਮਾਰਤ ਉਸਾਰੀ ਅਤੇ ਹੋਰਨਾਂ ਪਹਿਲੂਆਂ ਵਿਚ ਤਰੱਕੀ ਹੋਈ। ਕਲਾ ਅਤੇ ਸਾਹਿਤ ਨੂੰ ਵੀ ਪ੍ਰਫੁੱਲਤ ਕੀਤਾ ਗਿਆ। ਵਿਦਵਾਨਾਂ ਨੇ ਕਈ ਸ਼ਲਾਘਾਯੋਗ ਕੰਮ ਕੀਤੇ। ਕਿਤਾਬਾਂ ਵੀ ਪ੍ਰਕਾਸ਼ਿਤ ਹੋਈਆਂ। ਇਸ ਸਮੇਂ ਦੀ ਸੰਪਾਦਕੀ ਦੀ ਮਿਸਾਲ 36275 ਜਿਲਦਾਂ ਵਿਚ ਸੰਪਾਦਿਤ 'ਸਸੂ ਕੁ ਚੁਆਨਸੂ' ਹੈ।

ਇਸ ਦੇ ਰਾਜ ਵਿਚ ਚੀਨ ਦੇ ਯੂਰਪੀਅਨ ਦੇਸ਼ਾਂ ਨਾਲ ਵਪਾਰਕ ਸਬੰਧ ਵੀ ਕਾਇਮ ਹੋਏ। ਯੂਰਪੀਅਨ ਵਪਾਰੀ ਕੈਨਟਨ ਅਤੇ ਦੱਖਣੀ ਚੀਨ ਦੇ ਹੋਰ ਸ਼ਹਿਰਾਂ ਵਿਚ ਖੁਲ੍ਹੇ ਆਮ ਵਪਾਰ ਕਰਦੇ ਸਨ। ਭਾਵੇਂ ਇਨ੍ਹਾਂ ਨੂੰ ਵਪਾਰ ਦੀ ਖੁਲ੍ਹ ਸੀ ਪਰ ਇਨ੍ਹਾਂ ਉਪਰ ਪੂਰੀ ਤਰ੍ਹਾਂ ਨਿਗਰਾਨੀ ਵੀ ਰੱਖੀ ਹੋਈ ਸੀ। ਚੀਨ ਵਿਚ ਰਹਿੰਦੇ ਵਪਾਰੀਆਂ ਨੇ ਚੀਐਨ ਲੁੰਗ ਤੋਂ ਹੋਰ ਖੁਲ੍ਹਾਂ ਦੀ ਮੰਗ ਕੀਤੀ ਜੋ ਬਾਦਸ਼ਾਹ ਨੇ ਇਹ ਕਹਿ ਕੇ ਕਿ ਉਸਦੇ ਦੇਸ਼ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਹੈ, ਇਨਕਾਰ ਕਰ ਦਿੱਤਾ।

ਚੀਐਨ ਲੁੰਗ ਇਕ ਬਾਦਸ਼ਾਹ, ਯੋਧਾ, ਘੋੜ-ਸਵਾਰ, ਤੀਰ-ਅੰਦਾਜ਼ ਅਤੇ ਵਿਦਵਾਨ ਵੀ ਸੀ। ਇਨ੍ਹਾਂ ਸਾਰੇ ਗੁਣਾਂ ਤੋਂ ਇਲਾਵਾ ਉਸ ਵਿਚ ਇਕ ਗੁਣ ਇਹ ਵੀ ਸੀ ਕਿ ਉਹ ਆਪਣੀਆਂ ਸਾਰੀਆਂ ਰਾਜਸੀ ਜ਼ਿੰਮੇਵਾਰੀਆਂ ਤੋਂ ਸੁਚੇਤ ਸੀ ਤੇ ਰਾਜ ਦਰਬਾਰ ਵਿਚ ਪੂਰੀ ਰੁਚੀ ਰੱਖਦਾ ਸੀ। ਮੰਗੋਲੀ, ਮਾਂਚੂ ਅਤੇ ਤੁਰਕੀ ਭਾਸ਼ਾਵਾਂ ਬੋਲ ਲੈਂਦਾ ਸੀ। ਵਿਹਲੇ ਸਮੇਂ ਵਿਚ ਲੇਖ ਅਤੇ ਕਵਿਤਾਵਾਂ ਰਚਦਾ ਸੀ। ਇਸਨੇ 40,000 ਕਵਿਤਾਵਾਂ ਰਚੀਆਂ।

ਚੀਐਨ ਲੁੰਗ ਦੇ ਰਾਜ ਦੀਆਂ ਸਫ਼ਲਤਾਵਾਂ ਅਤੇ ਸਰਕਾਰੀ ਖਜ਼ਾਨੇ ਵਿਚ ਬਹੁਤ ਵਾਧੇ ਨੇ ਇਸਨੂੰ ਅਭਿਮਾਨੀ ਬਣਾ ਦਿੱਤਾ। ਇਸ ਦੇ ਦਰਬਾਰ ਵਿਚ ਹੋ ਸੈਨ ਨਾਂ ਦਾ ਮੰਤਰੀ ਇਸ ਦੇ ਅਭਿਮਾਨ ਨੂੰ ਸੰਤੁਸ਼ਟ ਕਰਨਾ ਜਾਣਦਾ ਸੀ। ਉਸਨੇ ਇਸਦਾ ਵਿਸ਼ਵਾਸ ਹਾਸਲ ਕੀਤਾ ਹੋਇਆ ਸੀ। ਸੋ ਇਹ ਬਾਦਸ਼ਾਹ ਆਪਣਾ ਸਾਰਾ ਰਾਜਸੀ ਕਾਰੋਬਾਰ ਇਸ ਦੀ ਸਹਾਇਤਾ ਨਾਲ ਚਲਾਉਂਦਾ ਸੀ। ਇਸ ਬੇਅਸੂਲੇ ਅਤੇ ਬੇਈਮਾਨ ਮੰਤਰੀ ਨੇ ਫ਼ਜ਼ੂਲ ਖ਼ਰਚ ਸ਼ੁਰੂ ਕਰਕੇ ਬਹੁਤ ਸਾਰੀ ਸਰਕਾਰੀ ਧਨ ਰਾਸ਼ੀ ਇਧਰ-ਉਧਰ ਖ਼ਰਚ ਕਰ ਦਿੱਤੀ। ਇਸ ਤਰ੍ਹਾਂ ਰਾਜ ਵਿਚ ਆਰਥਿਕ ਅਤੇ ਰਾਜਸੀ ਕਾਰ-ਵਿਹਾਰ ਵਿਚ ਬੇਈਮਾਨੀ ਅਤੇ ਗਿਰਾਵਟ ਆ ਗਈ। ਰਾਜ ਦਾ ਪਤਨ ਹੋਣ ਲੱਗ ਪਿਆ। ਚੀਐਨ ਲੁੰਗ ਨੇ 82 ਸਾਲ ਦੀ ਉਮਰ ਵਿਚ ਵੀ ਭਾਵੇਂ ਚੰਗੀ ਸਿਹਤ ਦਾ ਆਨੰਦ ਮਾਣਿਆ ਪਰ ਫਿਰ ਵੀ ਇਹ 1796 ਵਿਚ ਰਾਜਸੀ ਕਾਰੋਬਾਰ ਦੀ ਜ਼ਿੰਮੇਵਾਰੀ ਆਪਣੇ 15ਵੇਂ ਲੜਕੇ ਯੰਗ-ਯੈਨ ਨੂੰ ਸੌਂਪ ਕੇ ਹੋ ਸੈਨ ਮੰਤਰੀ ਦੀ ਸਹਾਇਤਾ ਨਾਲ 7 ਫ਼ਰਵਰੀ, 1799 ਤਕ ਪੀਕਿੰਗ ਵਿਚ ਮੌਤ ਹੋਣ ਤਕ ਰਾਜ ਕਰਦਾ ਰਿਹਾ।

ਹ. ਪੁ.-ਐਨ. ਬ੍ਰਿ. 5: 495; ਕੋਲ. ਐਨ. 4: 671

**ਚੀਹੀ**: ਇਹ ਇਕ ਚੀਨੀ ਬੋਧੀ ਭਿਕਸ਼ੂ ਸੀ ਜਿਸ ਨੇ ਤੇਨਤਾਈ ਨਾਂ ਦੀ ਬੋਧੀ ਸੰਪਰਦਾ ਕਾਇਮ ਕੀਤੀ। ਇਸ ਦਾ ਜਨਮ ਹੂਨਾਨ ਰਾਜ ਵਿਚ 538 ਈ: ਵਿਚ ਹੋਇਆ। 17 ਸਾਲ ਦੀ ਉਮਰ ਵਿਚ ਇਹ ਯਤੀਮ ਹੋ ਗਿਆ ਅਤੇ ਭਿਕਸ਼ੂ ਬਣ ਗਿਆ। ਸੰਨ 560 ਵਿਚ ਇਹ ਮਹਾਨ ਬੋਧੀ ਵਿਦਵਾਨ ਹੁਈ-ਸਸੂ ਦਾ ਚੇਲਾ ਬਣ ਗਿਆ। ਚੀਹੀ ਦੇ ਸਮੇਂ ਬੁੱਧ ਧਰਮ ਕਈ ਸ਼ਾਖਾਵਾਂ ਵਿਚ ਵੰਡਿਆ ਗਿਆ ਸੀ। ਇਸ ਨੇ ਬੜੀ ਕੁਸ਼ਲਤਾ ਨਾਲ ਇਕ ਸਾਂਝਾ ਜਿਹਾ ਰਸਤਾ ਕੱਢਿਆ। ਇਹ ਬੁੱਧ ਮਤ ਬਾਰੇ ਸਾਰੇ ਵੱਖ-ਵੱਖ ਵਿਚਾਰਾਂ ਨੂੰ ਸਹੀ ਸਮਝਦਾ ਸੀ ਅਤੇ ਵਿਸ਼ਵਾਸ ਕਰਦਾ ਸੀ ਕਿ ਜਦੋਂ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ, ਉਸ ਵੇਲੇ ਇਹ ਸਾਰੇ ਵਿਚਾਰ ਉਸ ਦੇ ਮਨ ਵਿਚ ਸਨ। ਚੀਹੀ ਅਨੁਸਾਰ ਬੁੱਧ ਨੇ ਆਪਣੇ ਉਪਦੇਸ਼ ਪੰਜ ਅਵਸਥਾਵਾਂ ਵਿਚ ਦਿੱਤੇ। ਪੰਜਵੀਂ ਅਤੇ ਅੰਤਮ ਅਵਸਥਾ ਵਿਚ ਬੁੱਧ ਨੇ ਸਧਰਮ ਪੁੰਦਰੀਕ (Lotus Sutra) ਦਾ ਉਪਦੇਸ਼ ਦਿੱਤਾ।

ੀ ਨੇ ਇਸ ਨੂੰ ਪੂਰਬੀ ਏਸ਼ੀਆ ਦਾ ਸਭ ਤੋਂ ਪ੍ਰਸਿੱਧ ਧਰਮ-ਗ੍ਰੰਥ ਾਪਿਤ ਕਰਵਾਇਆ। ਇਹ ਉਨ੍ਹਾਂ ਲੋਕਾਂ ਦਾ ਵਿਰੋਧੀ ਸੀ ਜੋ ਕੇਵਲ ਗ੍ਰੰਥਾਂ ਵਿਚ ਹੀ ਵਿਸ਼ਵਾਸ ਰੱਖਦੇ ਸਨ ਅਤੇ ਉਨ੍ਹਾਂ ਦਾ ਵੀ ਵਿਰੋਧੀ ਜੋ ਮੂਲ ਸਿਧਾਂਤਾਂ ਤੋਂ ਬਿਨਾਂ ਹੀ ਧਰਮ ਨੂੰ ਮੰਨੀ ਜਾਂਦੇ ਸਨ। ਇਸ ਵਿਸ਼ਵਾਸ ਸੀ ਕਿ ਧਰਮ ਸਬੰਧੀ ਗਿਆਨ ਪ੍ਰਾਪਤ ਕਰਨ ਲਈ ਧਿਐਨ ਅਤੇ ਚਿੰਤਨ ਦੋਵੇਂ ਜ਼ਰੂਰੀ ਹਨ। ਇਸ ਨੇ ਚੀਕਿਆਂਗ ਵਿਚ ; ਤਾਈ ਸ਼ਾਨ ਨਾਂ ਦੇ ਪਹਾੜ ਉੱਤੇ ਆਪਣੇ ਮਤ ਦੇ ਅਨੁਯਾਈਆਂ ੀ ਇੱਕ ਮਠ ਕਾਇਮ ਕੀਤਾ। ਅੱਠਵੀਂ ਅਤੇ ਨੌਂਵੀਂ ਸਦੀ ਵਿਚ ਚੀਨ ਤ ਇਸ ਦੀ ਸੰਪਰਦਾ ਸਭ ਤੋਂ ਵੱਡੀ ਗਿਣੀ ਜਾਂਦੀ ਸੀ। ਜਾਪਾਨ ਵਿਚ ਇਸ ਦੇ ਬਹੁਤ ਅਨੁਯਾਈ ਸਨ।

ਹ. ਪੁ.-ਐਨ. ਬ੍ਰਿ. ਮਾ. 2: 835

**ਚੀਕ, ਸਰ ਜਾਨ** : ਇਹ ਇਕ ਅੰਗਰੇਜ਼ ਕਲਾਸੀਕਲ ਦਵਾਨ ਸੀ, ਜਿਸ ਨੇ ਇੰਗਲੈਂਡ ਵਿਚ ਯੂਨਾਨੀ ਵਿਦਿਆ ਦੇ ਅਧਿਐਨ ਪੁਨਰ-ਜੀਵਤ ਕਰਨ ਲਈ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਜਨਮ 16 ਜੂਨ, 1514 ਨੂੰ ਹੋਇਆ। ਕੈਂਬਰਿਜ ਤੋਂ ਵਿਦਿਆ ਪ੍ਰਾਪਤ ਨ ਉਪਰੰਤ ਇਹ ਸੇਂਟ ਜਾਨਜ਼ ਕਾਲਜ ਦਾ ਫੈਲੋ ਬਣ ਗਿਆ। ਇਹ ਧਾਰ ਲਹਿਰ ਦਾ ਵੱਡਾ ਸਮਰਥਕ ਸੀ। ਇਹ ਕੈਂਬਰਿਜ ਵਿਚ ਗ੍ਰੀਕ ਮਰ ਲਈ ਪ੍ਰੋਫੈਸਰ ਣਿਆ ਗਿਆ । ਇਸ ਨੇ ਦਸ਼ਾਹ ਐਡਵਰਡ ਨੂੰ ਨਾਨੀ ਭਾਸ਼ਾ ਪੜ੍ਹਾਈ ਸੀ। 5 1552 ਵਿਚ ਇਸ ਨੂੰ ਈਟ ਦੀ ਉਪਾਧੀ ਨਾਲ ਮਾਨਿਤ ਕੀਤਾ ਗਿਆ। ਹ ਕਈ ਵੱਡੀਆਂ-ਵੱਡੀਆਂ ਰਕਾਰੀ ਪਦਵੀਆਂ ਤੇ ਹਾ ਸੀ ਪਰ 1553 ਈ: ਚ ਮੈਰੀ ਪਹਿਲੀ ਦੇ ਤਖ਼ਤ ਬੈਠਣ ਨਾਲ ਇਸ ਦੀਆਂ ਤਵੀਆਂ ਖੁੱਸ ਗਈਆਂ। ੜ ਸਮੇਂ ਲਈ ਇਹ ਕੈਦ ਚ ਰਿਹਾ। ਫਿਰ ਇਹ ਤੇਸ਼ ਚਲਾ ਗਿਆ। ਸੰਨ 1556 ਵਿਚ ਇਹ ਆਪਣੀ ਪਤਨੀ ਨੂੰ ਮਿਲਣ ਈ ਬ੍ਰਸਲਜ਼ (ਬੈਲਜੀਅਮ) ਗਿਆ ਤਾਂ ਇਸ ਨੂੰ ਕੈਦ ਕਰ ਲਿਆ ਆ। ਮੌਤ ਤੋਂ ਡਰਦੇ ਇਸ ਨੇ ਆਪਣਾ ਪ੍ਰੋਟੈਸਟੈਂਟ ਮੱਤ ਤਿਆਗਣ ' ਐਲਾਨ ਕੀਤਾ। ਇਸੇ ਸ਼ਰਮ ਦੇ ਮਾਰੇ 13 ਸਤੰਬਰ, 1557 ਨੂੰ ਲੰਡਨ ਖੇ ਇਸ ਦੀ ਮੌਤ ਹੋ ਗਈ।



ਸਰ ਜਾਨ ਚੀਕ

ਸਰ ਜਾਨ ਦੀਆਂ ਬਹੁਤ ਸਾਰੀਆਂ ਪੁਸਤਕਾਂ ਧਰਮ ਤੇ ਲਾਸੀਕਲ ਕਿਸਮ ਦੀਆਂ ਹਨ। ਇਹ ਇਕ ਅਣਥਕ ਅਨੁਵਾਦਕ ਸੀ ਤੇ ਇਸ ਨੇ ਯੂਨਾਨੀ ਰਚਨਾਵਾਂ ਦੇ ਅਨੁਵਾਦ ਵੀ ਕੀਤੇ। ਇਸ ਨੇ ਰਾਤਨ ਯੂਨਾਨੀ ਭਾਸ਼ਾ ਦੇ ਸਹੀ ਉਚਾਰਣਾਂ ਦਾ ਪਤਾ ਲਾਇਆ। ਇਸ ਆਂ ਅੰਗਰੇਜ਼ੀ ਦੀਆਂ ਰਚਨਾਵਾਂ ਕੋਈ ਬਹੁਤੀਆਂ ਮਹੱਤਵਪੂਰਨ ਨਹੀਂ 5।

ਹ. ਪੁ.-ਐਨ. ਬ੍ਰਿ. ਮਾ. 2: 790

**ਚੀਕਾਮਾਤਸੂ ਮੋਨਜ਼ਾਐਮੋਨ** : ਇਹ ਜਾਪਾਨ ਦਾ ਮਹਾਨ ਟਕਕਾਰ ਸੀ। ਇਸ ਬਾਰੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ 160 ਨਾਟਕ ਲਿਖੇ। ਇਨ੍ਹਾਂ ਵਿਚੋਂ ਵਧੇਰੇ ਕਰਕੇ ਬੁਨਰਾਕੂ ਨਾਂ ਦੇ ਠਪੁਤਲੀ ਥੀਏਟਰ ਲਈ ਲਿਖੇ ਗਏ ਸਨ। ਇਸ ਦਾ ਜਨਮ ਸੁਗੀਮੋਰੀ ਗੀਮੋਰੀ ਵਿਖੇ 1653 ਈ: ਵਿਚ ਹੋਇਆ। ਇਸ ਦੀਆਂ ਰਚਨਾਵਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ ਭਾਵ ਇਤਿਹਾਸਕ ਰੋਮਾਂਸ ਅਤੇ ਘਰੋਗੀ ਦੁਖਾਂਤ। ਆਧੁਨਿਕ ਆਲੋਚਕ ਇਸ ਦੇ ਘਰੋਗੀ ਦੁਖਾਤਾਂ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ ਕਿਉਂਕਿ ਇਹ ਯਥਾਰਥਕ ਹਨ ਅਤੇ ਨਾਟਕ ਦੇ ਆਧੁਨਿਕ ਪੱਛਮੀ ਸੰਕਲਪਾਂ ਦੇ ਨੇੜੇ ਹਨ।

ਚੀਕਾਮਾਤਸੂ ਦੇ ਘਰੋਗੀ ਦੁਖਾਂਤ ਯਥਾਰਥ ਦੇ ਵਧੇਰੇ ਨੇੜੇ ਇਸ ਕਰਕੇ ਹਨ ਕਿ ਇਨ੍ਹਾਂ ਵਿਚ ਵਪਾਰੀਆਂ, ਗ੍ਰਹਿਣੀਆਂ, ਚੋਰਾਂ, ਵੇਸਵਾਵਾਂ ਅਤੇ ਉਸ ਸਮੇਂ ਦੇ ਹੋਰ ਅਜਿਹੇ ਓਸਾਕਾ ਨਿਵਾਸੀਆਂ ਨੂੰ ਪਾਤਰ ਚੁਣਿਆ ਗਿਆ ਸੀ। ਇਹ ਦੁਖਾਂਤ ਵਾਪਰੀਆਂ ਸੱਚੀਆਂ ਘਟਨਾਵਾਂ ਤੇ ਆਧਾਰਿਤ ਹਨ। 'Sonozaki', 'Shinju', 'Kokusenya', 'Kassen', Shinju Ten no Amijima' ਆਦਿ ਇਸ ਦੇ ਪ੍ਰਸਿੱਧ ਨਾਟਕ ਹਨ। ਇਸ ਦੀਆਂ ਇਨ੍ਹਾਂ ਰਚਨਾਵਾਂ ਦੇ ਅੰਗਰੇਜ਼ੀ ਅਨੁਵਾਦ ਵੀ ਉਪਲਬਧ ਹਨ।

ਚੀਕਾਮਾਤਸੂ ਦੀ ਮੌਤ 1724 ਵਿਚ ਹੋਈ।

ਹ. ਪੁ.-ਐਨ. ਬ੍ਰਿ. 5: 497; ਐਨ. ਬ੍ਰਿ. ਮਾ. 2: 836

**ਚੀਕਿਮੂਲਾ** : ਕੇਂਦਰੀ ਅਮਰੀਕਾ ਦੇ ਗਵਾਤੇਮਾਲਾ ਗਣਰਾਜ ਦਾ ਇਕ ਡਿਪਾਰਟਮੈਂਟ ਹੈ ਜਿਸ ਦੇ ਪੂਰਬ ਵਿਚ ਹਾਂਡੂਰਸ ਗਣਰਾਜ ਅਤੇ ਦੱਖਣ ਵਿਚ ਐੱਲ ਸੈਲਵੇਡਾਰ ਗਣਰਾਜ ਹੈ। ਇਹ ਡਿਪਾਰਟਮੈਂਟ 2,376 ਵ. ਕਿ. ਮੀ. ਦੇ ਰਕਬੇ ਵਿਚ ਫੈਲਿਆ ਹੋਇਆ ਹੈ। ਇਸ ਦੀ ਕੁੱਲ ਵਸੋਂ 2,52,052 (1991) ਹੈ। ਇਹ ਸਾਰੇ ਦਾ ਸਾਰਾ ਖੇਤਰ ਉਚ-ਭੂਮੀਆਂ ਵਾਲਾ ਹੈ। ਸੈਨ ਜੋਸ (Sen Jose) ਅਤੇ ਜੋਕੋਤਾਨ (Jocotan) ਦਰਿਆ ਇਸ ਡਿਪਾਰਟਮੈਂਟ ਵਿਚ ਵਹਿੰਦੇ ਹਨ ਅਤੇ ਇਨ੍ਹਾਂ ਰਾਹੀਂ ਹੀ ਇਸ ਦੀ ਸਿੰਜਾਈ ਕੀਤੀ ਜਾਂਦੀ ਹੈ। ਆਈਪਾਲਾ ਅਤੇ ਕੈਜ਼ਾਲਥਪੇਕੀ (Quezaltepeque) ਜਵਾਲਾਮੁਖੀ ਵੀ ਚੀਕਿਮੂਲਾ ਖੇਤਰ ਵਿਚ ਸਥਿਤ ਹਨ। ਇਥੋਂ ਦੇ ਬਹੁਤੇ ਵਸਨੀਕ ਖੇਤੀਬਾੜੀ ਹੀ ਕਰਦੇ ਹਨ। ਮੱਕੀ, ਕਣਕ, ਫ਼ਲੀਆਂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਉੱਚੇ ਇਲਾਕਿਆਂ ਦੀਆਂ ਚਰਾਂਗਾਹਾਂ ਵਿਚ ਡੰਗਰ ਪਾਲੇ ਜਾਂਦੇ ਹਨ। ਨੀਵੀਆਂ ਉਚਾਈਆਂ ਉਪਰ ਤੰਬਾਕੂ ਤੇ ਚੌਲਾਂ ਦੀ ਕਾਫ਼ੀ ਕਾਸ਼ਤ ਕੀਤੀ ਜਾਂਦੀ ਹੈ। ਇਸ ਡਿਪਾਰਟਮੈਂਟ ਦਾ ਐਸਕਿਪੁਲਾਸ ਸ਼ਹਿਰ ਕੇਂਦਰੀ ਅਮਰੀਕਾ ਦਾ ਸਭ ਤੋਂ ਵੱਡਾ ਧਾਰਮਿਕ ਕੇਂਦਰ ਹੈ। ਇਸ ਦਾ ਸਦਰ-ਮੁਕਾਮ 'ਚੀਕਿਮੂਲਾ' ਸ਼ਹਿਰ ਹੈ ਜੋ ਡਿਪਾਰਟਮੈਂਟ ਦੇ ਬਾਕੀ ਸ਼ਹਿਰਾਂ ਨਾਲ ਰੇਲ ਅਤੇ ਸੜਕਾਂ ਦੁਆਰਾ ਜੁੜਿਆ ਹੋਇਆ ਹੈ। ਇਹ ਡਿਪਾਰਟਮੈਂਟ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ।

ਹ. ਪੁ.-ਐਨ. ਬ੍ਰਿ. ਮਾ. 2: 866

**ਚੀਚਾ** : ਇਹ ਤਾਜ਼ਾ ਖ਼ਮੀਰਿਤ, ਅਣਪੁਣਿਆ ਤਰਲ ਹੈ ਜਿਹੜਾ ਕਿ ਲਾਤੀਨੀ-ਅਮਰੀਕਾ ਦੇ ਕਈ ਇੰਡੀਅਨ ਗਰੁੱਪਾਂ ਦੁਆਰਾ ਮੱਕੀ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਨੂੰ Cangui, asua, tesvino ਜਾਂ tesguino ਵੀ ਕਿਹਾ ਜਾਂਦਾ ਹੈ।

ਚੀਚਾ ਦਾ ਰੰਗ ਬੱਦਲਾਂ ਵਰਗਾ ਹੁੰਦਾ ਹੈ ਤੇ ਖ਼ੁਸ਼ਬੂ ਅਤੇ ਸੁਆਦ ਬੀਅਰ ਨਾਲ ਮਿਲਦੇ-ਜੁਲਦੇ ਹਨ। ਲਾਤੀਨੀ-ਅਮਰੀਕਨ ਇੰਡੀਅਨਾਂ ਦੁਆਰਾ ਪੀਣ ਵਾਲੀਆਂ ਸ਼ਰਾਬਾਂ ਵਿਚੋਂ ਇਹ ਇਕ ਹੈ। ਇਹ ਵਪਾਰਕ ਤੌਰ ਤੇ ਨਹੀਂ ਬਣਾਈ ਜਾਂਦੀ, ਸਗੋਂ ਘਰਾਂ ਵਿਚ ਹੀ ਕੱਢੀ ਜਾਂਦੀ ਹੈ ਅਤੇ ਇਸ ਦੀ ਵਰਤੋਂ ਉਹ ਸਮਾਜਿਕ ਅਤੇ ਰਸਮੀ ਸ਼ਰਾਬ ਦੇ ਤੌਰ ਤੇ ਕਰਦੇ ਹਨ ਜਿਵੇਂ ਜਨਮ, ਸ਼ਾਦੀਆਂ ਅਤੇ ਕਈ ਹੋਰ ਖ਼ੁਸ਼ੀ ਵਾਲੇ ਮੌਕਿਆਂ ਤੇ ਇਸ ਦੀ ਭੇਟਾ ਧਰਤੀ ਨੂੰ ਇਸ ਲਈ ਕੀਤੀ ਜਾਂਦੀ ਹੈ ਕਿ ਮੱਕੀ ਦੀ ਫ਼ਸਲ ਚੰਗੀ ਹੋਵੇ।

ਇਸ ਨੂੰ ਬਣਾਉਣ ਦੇ ਦੋ ਢੰਗ ਹਨ। ਪਹਿਲੇ ਵਿਚ ਮੱਕੀ ਦੇ ਦਾਣਿਆਂ ਨੂੰ ਪੁੰਗਰਨ (ਫੁੱਟਣ) ਦਿੱਤਾ ਜਾਂਦਾ ਹੈ, ਜਿਸ ਨਾਲ ਬਣੇ ਮਾਲਟ ਵਿਚ ਡਾਇਆਸਟੇਜ਼ ਐਂਨਜ਼ਾਈਮ ਹੁੰਦਾ ਹੈ। ਇਸ ਤੋਂ ਮਗਰੋਂ ਇਸ ਨੂੰ ਰਗੜ ਕੇ ਮੈਦਾ ਬਣਾ ਲਿਆ ਜਾਂਦਾ ਹੈ ਅਤੇ ਪਾਣੀ ਮਿਲਾ ਕੇ ਮਿਸ਼ਰਨ

ਨੂੰ ਪਕਾਇਆ ਜਾਂਦਾ ਹੈ ਫਿਰ ਬਰਤਨ ਨੂੰ ਢਕ ਕੇ ਥੋੜ੍ਹੇ ਦਿਨਾਂ ਲਈ ਖ਼ਮੀਰਨ ਲਈ ਰੱਖ ਦਿੱਤਾ ਜਾਂਦਾ ਹੈ। ਜਦੋਂ ਬੁਲਬੁਲੇ ਬਣਨੇ ਬੰਦ ਹੋ ਜਾਂਦੇ ਹਨ ਤਾਂ ਖ਼ਮੀਰਨ ਪੂਰਨ ਹੋ ਜਾਂਦਾ ਹੈ ਅਤੇ ਸ਼ਰਾਬ ਪੀਣ ਯੋਗ ਹੋ ਜਾਂਦੀ ਹੈ। ਕੁਝ ਪਛੜੇ ਇਲਾਕਿਆਂ ਵਿਚ ਮਾਲਟ ਨਾ ਕੀਤੀ ਮੱਕੀ ਨੂੰ ਚੱਬ ਕੇ ਇਕ ਬਰਤਨ ਵਿਚ ਥੁੱਕਿਆ ਜਾਂਦਾ ਹੈ। ਸੈਲਿਵਰੀ (ਲੁਆਬ) ਐਂਨਜ਼ਾਈਮ ਟਾਇਆਲਿਨ, ਮਾਲਟ ਦੇ ਡਾਇਆਸਟੇਜ਼ ਦੇ ਨਿਸ਼ਾਸਤੇ ਨੂੰ ਖੰਡ ਵਿਚ ਬਦਲਣ ਦਾ ਕੰਮ ਕਰਦਾ ਹੈ। ਬਾਕੀ ਸਾਰੀ ਵਿਧੀ ਪਹਿਲੇ ਵਰਗੀ ਹੀ ਹੈ। ਚੀਚਾ ਠੰਡੇ ਜਲਵਾਯੂ ਵਿਚ ਠੀਕ ਰਹਿੰਦੀ ਹੈ ਪਰੰਤੂ ਗਰਮੀ ਵਿਚ ਕੁਝ ਦਿਨਾਂ ਵਿਚ ਹੀ ਖ਼ਰਾਬ ਹੋ ਜਾਂਦੀ ਹੈ।

ਹ. ਪੁ.-ਐਨ. ਬ੍ਰਿ. 5: 489

**ਚੀਚੇਨ ਈਟਜ਼ਾ** : ਮੈਕਸੀਕੋ ਦੇ ਯੂਕਾਟਾਨ ਰਾਜ ਵਿਚ ਮਾਇਆ (Mayan) ਲੋਕਾਂ ਦਾ ਢਹਿ ਢੇਰੀ ਹੋਇਆ ਇਕ ਪ੍ਰਾਚੀਨ ਸ਼ਹਿਰ ਹੈ। ਇਸ ਸ਼ਹਿਰ ਦੇ ਦੁਆਲੇ ਦਾ ਖੇਤਰ ਬਿਲਕੁਲ ਖੁਸ਼ਕ ਹੈ ਅਤੇ ਜ਼ਮੀਨ ਚੂਨੇ-ਪੱਥਰ ਦੇ ਕਿਸਮ ਦੀ ਹੈ। ਅਜਿਹੀ ਮਸ਼ੀਨ ਦਾ ਕੁਝ ਹਿੱਸਾ ਨਿੱਘਰ ਜਾਣ ਕਾਰਨ ਖੂਹ ਜਿਹੇ ਬਣ ਜਾਂਦੇ ਸਨ ਜਿਨ੍ਹਾਂ ਨੂੰ ਮਾਇਆ ਲੋਕ ਸੀਨੋਟ (Cenote) ਕਹਿੰਦੇ ਸਨ ਅਤੇ ਇਨ੍ਹਾਂ ਖੂਹਾਂ ਵਿਚੋਂ ਪਾਣੀ ਪ੍ਰਾਪਤ ਕਰਦੇ ਸਨ। ਅਜਿਹੇ ਦੋ ਵੱਡੇ ਵੱਡੇ ਸੀਨੋਟ ਇਸ ਸ਼ਹਿਰ ਵਾਲੀ ਥਾਂ ਤੇ ਵੀ ਬਣੇ ਹੋਏ ਸਨ ਅਤੇ ਖ਼ਿਆਲ ਹੈ ਕਿ ਇਸ ਕਰਕੇ ਹੀ ਇਸ ਸਥਾਨ ਨੂੰ ਆਬਾਦ ਕਰਨਾ ਉਚਿਤ ਸਮਝਿਆ ਹੋਵੇਗਾ। ਸ਼ਹਿਰ ਦਾ ਇਹ ਵਿਲੱਖਣ ਨਾਂ ਵੀ ਇਸੇ ਕਰਕੇ ਚੀਚੇਨ ਰੱਖਿਆ ਗਿਆ ਜਾਪਦਾ ਹੈ। ਮਾਇਆ ਬੋਲੀ ਵਿਚ ਚੀਚੇਨ (Chi = ਮੂੰਹ + Chen = ਖੂਹ) 'ਖੂਹਾਂ ਦੇ ਮੂੰਹ' ਅਤੇ 'ਈਟਜ਼ਾ' ਇਥੇ ਆ ਕੇ ਵਸਣ ਵਾਲੇ ਕਬੀਲੇ ਦਾ ਨਾਂ ਸੀ।



**ਚੀਚੇਨ ਈਟਜ਼ਾ ਵਿਖੇ ਚੰਗੀ ਤਰ੍ਹਾਂ ਸੰਭਾਲੀਆਂ ਹੋਈਆਂ ਇਮਾਰਤਾਂ ਜਿਨ੍ਹਾਂ ਦੇ ਪਿੱਛੇ ਇਕ ਪਿਰਾਮਿਡ ਵੀ ਵਿਖਾਈ ਦੇ ਰਿਹਾ ਹੈ।**

ਇਸ ਸ਼ਹਿਰ ਦੀ ਬੁਨਿਆਦ 6ਵੀਂ ਸਦੀ ਦੇ ਲਗਭਗ ਮਾਇਆ ਕਬੀਲੇ ਦੇ ਲੋਕਾਂ ਨੇ ਰੱਖੀ। ਇਹ ਕਬੀਲਾ ਯੂਕਾਟਾਨ ਪ੍ਰਾਇਦੀਪ ਤੇ ਕੋਈ 1500 ਈ. ਪੂ. ਦੇ ਲਗਭਗ ਵਸਿਆ ਹੋਇਆ ਸੀ। ਦਸਵੀਂ ਸਦੀ ਵਿਚ ਦੱਖਣੀ ਨੀਵੀਂ ਭੂਮੀ ਵਿਚਲੇ ਮਾਇਆ ਸ਼ਹਿਰਾਂ ਦੇ ਉੱਜੜ ਜਾਣ ਕਾਰਨ ਬਾਹਰਲੇ ਕਬੀਲਿਆਂ ਦੇ ਲੋਕ ਵਿਸ਼ੇਸ਼ ਕਰਕੇ ਚੀਚੇਨ ਵਿਚ ਆ ਵੜੇ ਅਤੇ ਇਥੇ ਹੀ ਵਸ ਗਏ। ਇਨ੍ਹਾਂ ਲੋਕਾਂ ਦੀ ਬੋਲੀ ਬੇਸ਼ਕ ਮਾਇਆ ਹੀ ਸੀ ਪਰ ਇਨ੍ਹਾਂ ਉਪਰ ਕੇਂਦਰੀ ਮੈਕਸੀਕੋ ਦੇ 'ਟਾਲਟੈਕਾ' ਦਾ ਅਸਰ ਸੀ ਅਤੇ ਉਨ੍ਹਾਂ ਦੀ ਅਗਵਾਈ ਨਾਲ ਹੀ ਇਹ ਇਥੇ ਪਹੁੰਚੇ। ਇਹੋ ਹੀ ਕਬੀਲੇ ਸ਼ਾਇਦ 'ਈਟਜ਼ਾ' ਅਖਵਾਏ ਜਿਨ੍ਹਾਂ ਦੇ ਨਾਂ ਤੇ 'ਚੀਚੇਨ ਈਟਜ਼ਾ' ਸ਼ਹਿਰ ਦਾ ਨਾਂ ਪਿਆ। ਕਈ ਵਿਦਵਾਨ ਇਨ੍ਹਾਂ ਦੀ ਆਮਦ ਦਾ ਸਮਾਂ 200-300 ਸਾਲ ਪਿੱਛੋਂ ਦਾ ਦੱਸਦੇ ਹਨ ਪਰ ਕੁਝ ਵੀ ਹੋਵੇ ਇਕ ਗੱਲ ਤਾਂ ਪੱਕੀ ਹੈ ਕਿ ਇਥੋਂ ਦੀਆਂ ਕਈ ਸ਼ਾਨਦਾਰ ਇਮਾਰਤਾਂ ਜਿਵੇਂ ਕੈਸਟੀਲੋ, ਦੀ ਬਾਲ ਕੋਰਟ, ਉੱਚ-ਪਾਦਰੀ ਸਮਾਧਾਂ, ਸੂਰਬੀਰਾਂ ਦਾ ਮੰਦਰ ਬਣਵਾਉਣ ਵਾਲੇ ਇਹ ਧਾੜਵੀ ਹੀ ਸਨ। ਇਨ੍ਹਾਂ ਇਮਾਰਤਾਂ ਵਿਚੋਂ ਬਹੁਤੀਆਂ 900 ਤੋਂ 1200 ਈ. ਦਰਮਿਆਨ ਮੁਕੰਮਲ ਹੋ ਚੁੱਕੀਆਂ ਸਨ। 1200 ਤੋਂ 1540 ਈ. ਦੌਰਾਨ ਮਾਇਆਪਾਨ ਸ਼ਹਿਰ ਉਸਰ ਜਾਣ ਕਾਰਨ ਚੀਚੇਨ ਦੀ ਤੱਰਕੀ ਨੂੰ ਭਾਰੀ ਧੱਕਾ ਲੱਗਾ ਅਤੇ ਕੁਝ ਸਮੇਂ ਲਈ ਚੀਚੇਨ, ਊਜ਼ਮਾਨ ਅਤੇ ਮਾਇਆਪਾਨ ਤਿੰਨਾਂ ਸ਼ਹਿਰਾਂ ਨੇ ਮਾਇਆਪਾਨ ਲੀਗ ਦੇ ਨਾਂ ਹੇਠ ਰਾਜਨੀਤਿਕ ਸੰਘਤਾ ਬਣਾਈ। ਚੀਚੇਨ ਨੇ ਇਸ ਮਾਇਆਪਾਨ ਲੀਗ ਦੇ ਸਮੇਂ ਸਾਰੇ ਪਾਸੇ ਹੀ, ਖ਼ਾਸ ਕਰਕੇ ਇਮਾਰਤ ਉਸਾਰੀ ਵਿਚ ਤਾਂ ਬਹੁਤ ਹੀ ਸ਼ਾਨਦਾਰ ਉੱਨਤੀ ਕੀਤੀ। ਅਸਲ ਵਿਚ ਚੀਚੇਨ ਦਾ ਇਹ ਸੁਨਿਹਰੀ ਯੁੱਗ ਸੀ।

ਸ਼ਹਿਰ ਦੇ ਦੋ ਵੱਡੇ 'ਸੀਨੋਟ' ਜਿਨ੍ਹਾਂ ਉਪਰ ਸ਼ਹਿਰ ਦਾ ਜੀਵਨ ਪੂਰੀ ਤਰ੍ਹਾਂ ਨਿਰਭਰ ਸੀ, ਧਾਰਮਿਕ ਪੱਖੋਂ ਵੀ ਕਾਫ਼ੀ ਵਿਸ਼ੇਸ਼ਤਾ ਰੱਖਦੇ ਸਨ। ਜਵਾਨ ਈਟਜ਼ਈ ਲੜਕੀਆਂ ਨੂੰ ਖੂਹਾਂ ਦੇ ਦੇਵਤੇ ਕੋਲ ਬਲੀ ਚੜ੍ਹਾਇਆ ਜਾਂਦਾ ਸੀ। ਬਲੀ ਚੜ੍ਹਾਉਣ ਸਮੇਂ ਉਨ੍ਹਾਂ ਦੇ ਨਾਲ ਕੀਮਤੀ ਗਹਿਣੇ ਅਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਵੀ ਉਨ੍ਹਾਂ ਦੇ ਨਾਲ ਬਲੀ ਵਿਚ ਦਿੱਤਾ ਜਾਂਦਾ ਸੀ। ਇਸ ਭਿਆਨਕ ਦ੍ਰਿਸ਼ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇੱਕਠੇ ਹੁੰਦੇ ਸਨ ਅਤੇ ਇਸਦੇ ਰਸਮਾਂ-ਰਿਵਾਜ਼ਾਂ ਵਿਚ ਹਿੱਸਾ ਲੈਂਦੇ ਸਨ, ਜਿਸ ਨਾਲ ਸਾਰਾ ਸ਼ਹਿਰ ਧਾਰਮਿਕ ਰੰਗਣ ਵਿਚ ਰੰਗਿਆ ਦਿਖਾਈ ਦਿੰਦਾ ਸੀ। ਇਨ੍ਹਾਂ ਧਾਰਮਿਕ ਰਸਮਾਂ ਦੀ ਸ਼ਾਨ ਅਤੇ ਜ਼ੁਹਦ (ਤਪ) ਕਾਰਨ ਚੀਚੇਨ ਕੋਈ 250 ਕੁ ਸੌ ਸਾਲ (15ਵੀਂ ਸਦੀ ਦੇ ਅੱਧ) ਤਕ ਈਟਜ਼ਾ ਮਾਇਆ ਲੋਕਾਂ ਦਾ ਮੱਕਾ ਬਣਿਆ ਰਿਹਾ। ਸੰਨ 1400 ਦੇ ਨੇੜੇ ਮਾਇਆਪਾਨ ਲੀਗ ਦੀ ਸਿਆਸੀ ਮਹੱਤਤਾ ਬਿਲਕੁਲ ਹੀ ਘਟ ਗਈ ਅਤੇ ਇਹ ਮੁੱਖ ਸ਼ਹਿਰ ਵੀ ਅਰਥਹੀਣ ਜਿਹੇ ਹੋ ਗਏ। ਸੋਲ੍ਹਵੀਂ ਸਦੀ ਤਕ ਮਾਇਆ ਲੋਕ ਖਿੰਡਰੇ-ਪੁੰਡਰੇ ਜਿਹੇ ਛੋਟੇ-ਛੋਟੇ ਸ਼ਹਿਰਾਂ ਵਿਚ ਜਾ ਵਸੇ ਅਤੇ ਇਸ ਤਰ੍ਹਾਂ ਬਾਕੀ ਸ਼ਹਿਰਾਂ ਦੇ ਨਾਲ ਚੀਚੇਨ ਵੀ ਉੱਜੜ ਗਿਆ। ਹੁਣ ਇਥੇ ਟਾਵੇਂ-ਟਾਵੇਂ ਲੋਕ ਆਪਣੇ ਘਰ ਬਣਾ ਕੇ ਰਹਿ ਰਹੇ ਹਨ ਅਤੇ ਪ੍ਰਾਚੀਨ ਦੇਵਤਿਆਂ ਦੀ ਪੂਜਾ ਕਰਦੇ ਹਨ।

20° 31' ਉ. ਵਿਥ.; 88° 31' ਪੱ. ਲੰਬ.

ਹ. ਪੁ.-ਐਨ. ਬ੍ਰਿ. ਮਾ. 2: 827

**ਚੀਤ ਫਿਰੋਜ਼ਪੁਰ** : ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਵਿਚ ਛੋਟੀ ਸਰਜੂ ਨਦੀ ਦੇ ਕੰਢੇ ਵਾਕਿਆ ਇਕ ਪੁਰਾਣਾ ਨਗਰ ਹੈ ਜਿਸ ਨੂੰ ਪਹਿਲਾਂ ਬੜਾ ਗਾਉਂ ਵੀ ਕਿਹਾ ਜਾਂਦਾ ਸੀ। ਕਿਸੇ ਸਮੇਂ ਵਿਚ ਇਹ ਨਗਰ ਕੌਸ਼ਿਕ ਰਾਜਪੂਤਾਂ ਦਾ ਗੜ੍ਹ ਹੁੰਦਾ ਸੀ। ਇਥੇ ਕੱਚੇ ਮਕਾਨ ਅਤੇ ਟੁੱਟੀਆਂ-ਫੁੱਟੀਆਂ ਬੀਹੀਆਂ ਵਾਲਾ ਇਹ ਨਗਰ ਇਥੋਂ ਦੇ ਵੱਡੇ-ਵੱਡੇ ਤਲਾਬਾਂ ਕਰਕੇ ਪ੍ਰਸਿੱਧ ਸੀ। ਇਨ੍ਹਾਂ ਵਿਚੋਂ ਇਕ ਤਾਂ ਉਸ ਸਮੇਂ ਜ਼ਿਲ੍ਹੇ ਵਿਚ ਰਾਜਗੀਰੀ ਦਾ ਉੱਤਮ ਨਮੂਨਾ ਪੇਸ਼ ਕਰਦਾ ਸੀ।

25° 45' ਉ. ਵਿਥ.; 84° 00' ਪੂ. ਲੰਬ.

ਹ. ਪੁ. - ਇੰਪ. ਗ. ਇੰਡ. 10: 298

**ਚੀਤਾ** : ਇਸ ਨੂੰ ਚਿੱਤਰਾ, ਬਾਘ ਜਾਂ ਤੇਂਦੂਆ ਵੀ ਕਹਿੰਦੇ ਹਨ। ਇਹ ਫੀਲਿੱਡੀ ਕੁਲ ਦੇ ਬੱਬਰ ਸ਼ੇਰ, ਸ਼ੇਰ ਆਦਿ ਦਾ ਨਜ਼ਦੀਕੀ ਸਬੰਧੀ ਥਣਧਾਰੀ ਪ੍ਰਾਣੀ ਹੈ। ਇਹ ਸਹਾਰਾ ਦੇ ਦੱਖਣ ਵੱਲ, ਤਕਰੀਬਨ ਸਾਰੇ ਅਫ਼ਰੀਕਾ, ਏਸ਼ੀਆ ਮਾਈਨਰ ਅਤੇ ਸੈਂਟਰਲ ਏਸ਼ੀਆ ਵਿਚ ਮਿਲਦਾ ਹੈ।

ਚੀਤੇ ਦੇ ਆਕਾਰ ਅਤੇ ਇਸ ਦੇ ਸਰੀਰ ਉਤਲੇ ਨਿਸ਼ਾਨਾਂ ਵਿਚ ਬਹੁਤ ਵਖਰੇਵੇਂ ਮਿਲਦੇ ਹਨ। ਇਨ੍ਹਾਂ ਦਾ ਔਸਤਨ ਭਾਰ 50-90 ਕਿ.ਗ੍ਰਾ.



ਚੀਤਾ

ਲੰਬਾਈ ਲਗਭਗ 2 ਮੀ. (90 ਕੁ. ਸੈਂ. ਮੀ. ਪੂਛ ਦੀ ਲੰਬਾਈ ਵੱਖਰੀ) ਅਤੇ ਮੋਢਿਆਂ ਤੱਕ ਉਚਾਈ ਆਮ ਤੌਰ ਤੇ 60-70 ਸੈਂ.ਮੀ. ਹੁੰਦੀ ਹੈ।

ਇਸ ਦੇ ਸਰੀਰ ਦਾ ਰੰਗ ਉਪਰੋਂ ਪੀਲਾ ਜਿਹਾ ਅਤੇ ਹੇਠਲੇ ਪਾਸੇ ਤੋਂ ਚਿੱਟਾ ਹੁੰਦਾ ਹੈ। ਸਰੀਰ ਦੇ ਬਹੁਤੇ ਹਿੱਸੇ ਉੱਤੇ ਗੂੜ੍ਹੇ ਰੰਗ ਦੇ ਨਿਸ਼ਾਨ ਗੁਲਾਬ ਦੇ ਫੁੱਲਾਂ ਵਰਗੀ ਤਰਤੀਬ ਵਿਚ ਹੁੰਦੇ ਹਨ। ਇਨ੍ਹਾਂ ਨਿਸ਼ਾਨਾਂ ਵਿਚਲੀ ਚਮੜੀ ਦਾ ਰੰਗ ਕਈ ਵਾਰ ਗੂੜ੍ਹਾ ਪੀਲਾ ਹੁੰਦਾ ਹੈ ਅਤੇ ਨਿਸ਼ਾਨਾਂ ਦਾ ਆਕਾਰ ਅਤੇ ਉਨ੍ਹਾਂ ਦੇ ਵਿਚਕਾਰਲੀ ਥਾਂ ਵਿਚ ਵੀ ਬਹੁਤ ਭਿੰਨਤਾ ਮਿਲਦੀ ਹੈ। ਇਨ੍ਹਾਂ ਵਖਰੇਵਿਆਂ ਦੇ ਆਧਾਰ ਤੇ ਹੀ ਚੀਤਿਆਂ ਦੀਆਂ ਕਈ ਨਸਲਾਂ ਬਣਾਈਆਂ ਗਈਆਂ ਹਨ।

ਚੀਤਾ ਝਾੜੀਆਂ ਅਤੇ ਜੰਗਲਾਂ ਵਿਚ ਰਹਿਣ ਵਾਲਾ ਮੁੱਖ ਤੌਰ ਤੇ ਰਾਤਲ ਪ੍ਰਾਣੀ ਹੈ ਪਰ ਕਦੀ ਕਦਾਈਂ ਇਹ ਦਿਨੇ ਧੁੱਪ ਸੇਕਦੇ ਵੀ ਦੇਖੇ ਗਏ ਹਨ। ਇਹ ਇਕਾਂਤ ਪਸੰਦ ਹਨ। ਇਨ੍ਹਾਂ ਦਾ ਆਹਾਰ ਆਮ ਤੌਰ ਤੇ ਛੋਟੇ-ਛੋਟੇ ਹਿਰਨ ਅਤੇ ਬਾਰਾਂਸਿੰਗੇ ਹਨ ਪਰ ਇਨ੍ਹਾਂ ਦੀ ਜ਼ਿਆਦਾ ਪਸੰਦ ਕੁੱਤੇ ਹਨ। ਅਫ਼ਰੀਕਾ ਵਿਚ ਇਹ ਬੈਬੂਨ ਮਾਰਦੇ ਹਨ, ਕਦੀ ਕਦਾਈਂ ਮਨੁੱਖ ਤੇ ਵੀ ਹਮਲਾ ਕਰ ਦਿੰਦੇ ਹਨ। ਇਹ ਬੜੀ ਫੁਰਤੀ ਨਾਲ ਦਰਖ਼ਤਾਂ ਤੇ ਚੜ੍ਹ ਸਕਦੇ ਹਨ ਅਤੇ ਰੱਜ ਜਾਣ ਤੇ ਬਾਕੀ ਬਚਿਆ ਸ਼ਿਕਾਰ ਦਰਖ਼ਤਾਂ ਦੀਆਂ ਟਹਿ-ਣੀਆਂ ਤੇ ਟੰਗ ਦਿੰਦੇ ਹਨ। ਇਹ ਕਈ ਤਰ੍ਹਾਂ ਦੀਆਂ ਆਵਾਜ਼ਾਂ ਕਢਦੇ ਹਨ, ਜਿਵੇਂ ਖੰਘੂਰੇ ਮਾਰਨਾ, ਗਰਜਣਾ ਜਾਂ ਘਰ ਘਰ ਦੀਆਂ ਆਵਾਜ਼ਾਂ ਆਦਿ। ਇਹ ਚੰਗੇ ਤੈਰਾਕ ਵੀ ਹਨ।

ਇਨ੍ਹਾਂ ਦੀ ਕੋਈ ਖ਼ਾਸ ਪ੍ਰਜਣਨ ਰੁੱਤ ਨਹੀਂ। ਮਾਦਾ ਲਗਭਗ ਤਿੰਨ ਮਹੀਨੇ ਦੇ ਗਰਭ-ਕਾਲ ਤੋਂ 2-4 ਬੱਚਿਆਂ ਨੂੰ ਜਨਮ ਦਿੰਦੀ ਹੈ।

ਇਸ ਦੀ ਇਕ ਕਿਸਮ ਅਜਿਹੀ ਵੀ ਹੈ ਜਿਸ ਦੀ ਚਮੜੀ ਅਤੇ ਚਮੜੀ ਉਪਰਲੇ ਨਿਸ਼ਾਨਾਂ, ਦੋਨਾਂ ਦਾ ਹੀ ਰੰਗ ਕਾਲਾ ਹੁੰਦਾ ਹੈ। ਇਸ ਨੂੰ 'ਕਾਲਾ ਚੀਤਾ' ਕਹਿੰਦੇ ਹਨ। ਇਹ ਦੂਰ ਪੂਰਬੀ ਇਲਾਕਿਆਂ ਵਿਚ ਮਿਲਦਾ ਹੈ।

ਹ. ਪੁ.-ਐਨ. ਬ੍ਰਿ. ਮਾ. 6: 153

**ਚੀਤਾਕੁਲ** : ਇਹ ਕਰਨਾਟਕ ਰਾਜ (ਭਾਰਤ) ਦੇ ਉੱਤਰੀ ਕਨਾੜਾ ਜ਼ਿਲ੍ਹੇ ਦਾ ਇਕ ਨਗਰ ਹੈ ਜਿਹੜਾ ਇਸ ਜ਼ਿਲ੍ਹੇ ਦੇ ਸਦਰ-ਮੁਕਾਮ ਕਾਰਵਾੜ ਦੇ ਉੱਤਰ ਵਿਚ 6 ਕਿ. ਮੀ. ਦੀ ਵਿਥ ਤੇ ਸਮੁੰਦਰੀ ਤੱਟ ਉਪਰ ਵਾਕਿਆ ਹੈ। ਅੱਜਕੱਲ੍ਹ ਭਾਵੇਂ ਇਹ ਨਗਰ ਕੋਈ ਵਿਸ਼ੇਸ਼ਤਾ ਨਹੀਂ ਰੱਖਦਾ ਪਰ ਪੁਰਾਣੇ ਸਮਿਆਂ ਵਿਚ ਚੀਤਾਕੁਲ ਦਾ ਨਾਂ ਵਿਸ਼ੇਸ਼ ਇਲਾਕੇ ਲਈ ਵਰਤਿਆਂ ਜਾਂਦਾ ਸੀ। ਇਸ ਦਾ ਨਾਂ ਇਤਿਹਾਸ ਵਿਚ 'ਮਸਾਊਦੀ' ਨਾਂ ਦੇ ਅਰਬੀ ਯਾਤਰੀ ਦੇ ਸਮੇਂ (ਲ. 900 ) ਤੋਂ ਲੈ ਕੇ ਆਗਿਲਬੀ (Ogilby) ਨਾਮੀ ਅੰਗਰੇਜ਼ ਭੂਗੋਲ-ਵਿਗਿਆਨੀ (ਲ. 1660) ਤਕ ਕਈਆਂ ਰੂਪਾਂ ਵਿਚ ਆਉਂਦਾ ਰਿਹਾ ਹੈ। ਖਾਸ ਕਰਕੇ ਭਾਰਤ ਵਿਚ ਪੁਰਤਗੇਜ਼ਾਂ ਦੀ ਤਾਕਤ ਤੇ ਉਤਰਾ-ਚੜ੍ਹਾ ਦੇ ਇਤਿਹਾਸ ਵਿਚ ਚੀਤਾਕੁਲ ਦਾ ਨਾਂ ਕਾਫ਼ੀ ਮਹੱਤਤਾ ਰੱਖਦਾ ਹੈ। ਇਥੋਂ ਦੇ ਸਥਾਨਕ ਹਵਾਲਿਆਂ ਅਨੁਸਾਰ ਸੋਡਾ ਖ਼ਾਨਦਾਨ ਦੇ ਮੁਖੀ 'ਬਾਸ ਵਲਿੰਗ' ਨੇ 1715 ਈ: ਵਿਚ ਇਸ ਨਗਰ ਦਾ ਕਿਲਾ ਬਣਵਾਇਆ ਜਿਹੜਾ 'ਕਾਲੀ ਨਦੀ' ਦੇ ਉੱਤਰੀ ਕੰਢੇ ਉਪਰ ਵਾਕਿਆ ਹੈ ਅਤੇ ਇਸ ਕਿਲੇ ਦਾ ਨਾਂ ਉਸਨੇ ਆਪਣੇ ਪਿਤਾ ਦੇ ਨਾਂ ਉੱਤੇ 'ਸਦਾ ਸ਼ਿਵਗੜ੍ਹ' ਰੱਖਿਆ। ਇਸੇ ਕਰਕੇ ਹੀ ਚੀਤਾਕੁਲ ਨੂੰ ਨੇੜੇ ਤੇੜੇ ਦੇ ਲੋਕ 'ਸਦਾ ਸ਼ਿਵਗੜ੍ਹ' ਵੀ ਕਹਿਣ ਲੱਗੇ। ਇਹ ਕਿਲਾ ਲਗਭਗ 65 ਮੀ. (220 ਫੁੱਟ) ਦੀ ਉਚਾਈ ਤੇ ਇਕ ਪਹਾੜ ਦੀ ਸਮਤਲ ਚੋਟੀ ਉਪਰ ਬਣਿਆ ਹੋਇਆ ਹੈ। ਸੰਨ 1752 ਵਿਚ ਪੁਰਤਗੇਜ਼ਾਂ ਨੇ ਇਸ ਕਿਲੇ ਨੂੰ ਸੋਡਾ ਸਰਦਾਰ ਕੋਲੋਂ ਖੋਹ ਲਿਆ ਅਤੇ ਆਪਣਾ ਕਬਜ਼ਾ ਕਰ ਲਿਆ। ਇਨ੍ਹਾਂ ਨੇ ਇਸਨੂੰ ਹੋਰ ਵੀ ਮਜ਼ਬੂਤ ਬਣਾ ਦਿੱਤਾ। ਇਸ ਤੋਂ ਦੋ ਕੁ ਵਰ੍ਹਿਆਂ ਪਿਛੋਂ ਪੁਰਤਗੇਜ਼ਾਂ ਨੇ ਇਹ ਕਿਲਾ ਫਿਰ ਸੋਡਾ ਸਰਦਾਰ ਦੇ ਹਵਾਲੇ ਹੀ ਕਰ ਦਿੱਤਾ। ਸੰਨ 1763 ਵਿਚ ਹੈਦਰ ਅਲੀ ਦੇ ਜਰਨੈਲ ਫ਼ਾਜ਼ਲ-ਉੱਲਾ ਖ਼ਾਨ ਨੇ ਇਸ ਕਿਲੇ ਉਪਰ ਕਬਜ਼ਾ ਕੀਤਾ ਅਤੇ 1783 ਵਿਚ ਜਰਨੈਲ ਮੈਥਿਊ ਦੀ ਇਕ ਫ਼ੌਜੀ ਟੁਕੜੀ ਨੇ ਸਦਾ ਸ਼ਿਵਗੜ੍ਹ ਤੇ ਧਾਵਾ ਬੋਲਿਆ ਅਤੇ ਇਸ ਉਪਰੰਤ 1799 ਵਿਚ ਟੀਪੂ ਸੁਲਤਾਨ ਨੇ ਇਸ ਕਿਲੇ ਉਪਰ ਮੋਰਚਾਬੰਦੀ ਕੀਤੀ।

14° 51' ਉ. ਵਿਥ.; 74° 10' ਪੂ. ਲੰਬ.

ਹ. ਪੁ.-ਇੰਪ. ਗ. ਇੰਡ. 10: 288

**ਚੀਨ** : ਚੀਨ ਜਿਸ ਦਾ ਪੂਰਾ ਨਾਂ 'ਪੀਪਲਜ਼ ਰਿਪਬਲਿਕ ਆਫ਼ ਚਾਈਨਾ' ਹੈ, ਖੇਤਰਫਲ ਪੱਖੋਂ ਕੈਨੇਡਾ ਤੋਂ ਪਿਛੋਂ ਦੁਨੀਆ ਦਾ ਦੂਜਾ ਵੱਡਾ ਦੇਸ਼ ਹੈ ਅਤੇ ਆਬਾਦੀ ਪੱਖੋਂ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ। ਸੰਨ 1990 ਅਨੁਸਾਰ ਇਸ ਦੀ ਵਸੋਂ 1,13,36,82,501 ਅਤੇ ਖੇਤਰਫਲ



**ਬੀਜਿੰਗ ਦੇ ਉੱਤਰ ਵਿਚ ਇਹ ਉਹ ਸਜਾਵਟੀ ਰਾਹਦਾਰੀ ਹੈ ਜਿਸ ਦੇ ਪਿੱਛੇ ਚੀਨ ਦੇ ਮਿੰਗ ਖ਼ਾਨਦਾਨ (1368-1644) ਦੇ ਆਖ਼ਰੀ ਤੇਰ੍ਹਾਂ ਬਾਦਸ਼ਾਹਾਂ ਦੇ ਮਜ਼ਾਰ ਹਨ।**

ਤਾਈਵਾਨ ਸਮੇਤ 9,572,900 ਵ. ਕਿ.ਮੀ. ਹੈ। ਪੂਰੇ ਸੰਸਾਰ ਦੀ 20 ਫ਼ੀਸਦੀ ਵਸੋਂ ਇਸ ਇੱਕਲੇ ਦੇਸ਼ ਵਿਚ ਰਹਿੰਦੀ ਹੈ। ਖੇਤਰਫ਼ਲ ਤੇ ਵਸੋਂ ਪੱਖੋਂ ਯੂਰਪ, (ਰੂਸ ਨੂੰ ਕੱਢ ਕੇ) ਚੀਨ ਨਾਲੋਂ ਅੱਧਾ ਹੈ। ਸਾਧਾਰਣ ਤੌਰ

ਤੇ ਚੀਨ ਦੇ ਪ੍ਰਾਂਤਾਂ ਦੀ ਯੂਰਪੀ ਦੇਸ਼ਾਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ ਚੀਨ ਦਾ ਜੀਆਂਗਸੀ (Kiangsi) ਪ੍ਰਾਂਤ



**ਹਵਾਂਗ ਹੋ ਜਿਹੜਾ ਚੀਨ ਦਾ ਯੰਗਸੀ ਤੋਂ ਬਾਅਦ ਦੂਜਾ ਵੱਡਾ ਦਰਿਆ ਹੈ, ਦੀ ਵਿਸ਼ਾਲ ਸਤ੍ਹਾ ਤੇ ਘੁੰਮਦੀਆਂ ਫਿਰਦੀਆਂ ਕਿਸ਼ਤੀਆਂ ਦਾ ਇਕ ਦ੍ਰਿਸ਼**

ਸਵੀਡਨ ਦਾ ਇਕ ਤਿਹਾਈ ਹੈ ਪਰ ਇਸ ਦੀ ਆਬਾਦੀ ਸਵੀਡਨ ਨਾਲੋਂ ਤਿਗਣੀ ਹੈ।

ਇਸੇ ਤਰ੍ਹਾਂ ਚੀਨ ਦੇ 22 ਪ੍ਰਾਂਤਾਂ ਵਿਚੋਂ 4 ਪ੍ਰਾਂਤ ਅਤੇ 2 ਖ਼ੁਦਮੁਖ਼ਤਾਰ ਖੇਤਰ ਫ਼ਰਾਂਸ ਨਾਲੋਂ ਵੱਡੇ ਹਨ।

ਭੂਗੋਲਕ ਤੌਰ ਤੇ ਇਹ ਦੇਸ਼ ਬਹੁਤ ਹੀ ਲੰਬੇ-ਚੌੜੇ ਖੇਤਰ ਉੱਤੇ ਫੈਲਿਆ ਹੋਇਆ ਹੈ। ਇਸ ਦੀ ਪੂਰਬ ਤੋਂ ਪੱਛਮ ਵੱਲ ਚੌੜਾਈ 5,000 ਕਿ. ਮੀ. ਅਤੇ ਉੱਤਰ ਤੋਂ ਦੱਖਣ ਵੱਲ ਲੰਬਾਈ 5,500 ਕਿ.ਮੀ. ਹੈ। ਲਗਭਗ 12 ਦੇਸ਼ਾਂ ਦੀਆਂ ਹੱਦਾਂ ਇਸਦੇ ਨਾਲ ਲਗਦੀਆਂ ਹਨ। ਇਨ੍ਹਾਂ 12 ਤੋਂ ਇਲਾਵਾ ਜਾਪਾਨ ਅਤੇ ਫ਼ਿਲਪੀਨ ਵੀ ਇਸਦੇ ਨਾਲ ਲਗਦੇ ਸਮੁੰਦਰ ਵਿਚ ਫੈਲੇ ਹੋਏ ਦੀਪ ਸਮੂਹ ਹਨ। ਇਸ ਦੇ ਉੱਤਰ ਵੱਲ ਰੂਸ, ਮੰਗੋਲੀਆ (ਆਊਟਰ); ਪੂਰਬ ਵੱਲ ਉੱਤਰੀ ਕੋਰੀਆ, ਕੋਰੀਆ ਖਾੜੀ, ਪੀਲਾ ਸਾਗਰ ਅਤੇ ਪੂਰਬੀ ਚੀਨ ਸਾਗਰ ਹਨ। ਦੱਖਣ ਵੱਲ ਟਾਨਕਿਨ ਖਾੜੀ, ਉੱਤਰੀ ਵੀਅਤਨਾਮ, ਲਾਉਸ, ਬਰਮਾ, ਭਾਰਤ, ਭੂਟਾਨ, ਨੇਪਾਲ;



**1928 ਵਿਚ ਉੱਤਰੀ ਚੀਨ ਦੀ ਜੰਗ ਜਿੱਤਣ ਪਿੱਛੋਂ ਸ਼ਾਸੀ ਦੇ ਗਵਰਨਰ ਯੈਂਨ ਸੀ ਸ਼ਾਨ ਨਾਲ ਚੀਆਂਗ ਕਾਈ ਸ਼ੈੱਕ**

ਪੱਛਮ ਵੱਲ ਕਸ਼ਮੀਰ (ਭਾਰਤ), ਅਫ਼ਗਾਨਿਸਤਾਨ, ਤਾਜਿਕਸਤਾਨ, ਕਿਰਗੀਜ਼ੀਆ ਅਤੇ ਕਜ਼ਾਕਿਸਤਾਨ ਦੀਆਂ ਹੱਦਾਂ ਨਾਲ ਲਗਦੀਆਂ ਹਨ।

ਚੀਨ ਦੀ ਸੱਭਿਅਤਾ ਬਹੁਤ ਹੀ ਪੁਰਾਣੀ ਹੈ। ਇਹ ਲਗਭਗ 400 ਸਾਲ ਪੁਰਾਣੀ ਹੈ। ਇਥੋਂ ਦੇ ਲੋਕ ਬਹੁਤ ਪੁਰਾਣੇ ਸਮੇਂ ਤੋਂ ਹੀ ਸਿੱਕੇ ਬਣਾਉਣ, ਕਾਗਜ਼ ਬਣਾਉਣ, ਰੇਸ਼ਮੀ ਕੱਪੜਾ ਅਤੇ ਚੀਨੀ ਮਿੱਟੀ ਦੇ ਖ਼ੂਬਸੂਰਤ ਬਰਤਨ ਬਣਾਉਣ ਲਈ ਜਾਣੇ ਜਾਂਦੇ ਹਨ।

ਸੰਨ 1912 ਵਿਚ ਇਸ ਦੇ 'ਪੀਪਲਜ਼ ਰਿਪਬਲਿਕ' ਬਣਨ ਤੋਂ ਪਹਿਲੋਂ ਇਸਦੇ ਕਈ ਨਾਂ ਸਨ। ਇਸਨੂੰ 'ਫੁੱਲਾਂ ਦਾ ਦੇਸ਼', 'ਵਿਸ਼ਾਲ ਸਾਮਰਾਜ', 'ਚੀਨ ਸਾਮਰਾਜ' ਮੱਧਵਰਤੀ ਸਾਮਰਾਜ ਆਦਿ ਨਾਂਵਾਂ ਨਾਲ ਜਾਣਿਆ ਜਾਂਦਾ ਸੀ। ਸੰਨ 1949 ਵਿਚ ਕਮਿਊਨਿਸਟਾਂ ਦੀ ਸਰਕਾਰ ਬਣਨ ਤੇ ਇਸ ਦੀ ਆਰਥਿਕਤਾ ਵਿਚ ਬਹੁਤ ਤਰੱਕੀ ਹੋਈ। ਇਨ੍ਹਾਂ ਨੇ ਹੀ ਦੇਸ਼ ਵਿਚ ਸਮਾਜਕ ਇਨਕਲਾਬ ਲਿਆ ਕੇ ਦੇਸ਼ ਦਾ ਆਰਥਿਕ, ਸਮਾਜਿਕ, ਸੰਸਕ੍ਰਿਤਿਕ ਸਾਰਾ ਢਾਂਚਾ ਹੀ ਬਦਲ ਦਿੱਤਾ। ਸੰਨ 1979 ਤੋਂ ਪਿੱਛੋਂ ਇਹ ਦੁਨੀਆ ਭਰ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਦੇਸ਼ ਬਣ ਗਿਆ ਹੈ ਅਤੇ 1971 ਵਿਚ ਇਹ 'ਸੰਯੁਕਤ ਰਾਸ਼ਟਰ ਸੰਘ' ਦਾ ਵੀ ਮੈਂਬਰ ਬਣ ਗਿਆ। ਦੇਸ਼ ਦੀ ਮੌਜੂਦਾ ਰਾਜਧਾਨੀ 'ਬੀਜਿੰਗ' ਹੈ। ਇਹ ਸੰਸਕ੍ਰਿਤਿਕ, ਵਿੱਦਿਅਕ, ਤਜਾਰਤੀ ਅਤੇ ਉਦਯੋਗਿਕ ਸ਼ਹਿਰ ਤੋਂ ਇਲਾਵਾ ਮਿਊਂਸਪਲਟੀ ਸ਼ਹਿਰ ਵੀ ਹੈ।

ਪ੍ਰਸ਼ਾਸਨ ਦੀ ਸਹੀ ਵਿਵਸਥਾ ਬਣਾਏ ਰੱਖਣ ਲਈ ਦੇਸ਼ ਨੂੰ 22 ਪ੍ਰਾਂਤਾਂ (ਤਾਈਵਾਨ ਤੋਂ ਬਿਨਾਂ), ਪੰਜ ਖ਼ੁਦਮੁਖ਼ਤਾਰ ਖੇਤਰਾਂ ਅਤੇ ਤਿੰਨ ਖਾਸ ਮਿਊਂਸਪਲਟੀਆਂ (ਸ਼ੰਘਾਈ, ਬੀਜਿੰਗ ਅਤੇ ਤੀਐਨਸਿਨ) ਵਿਚ



**ਘਰ ਦੇ ਬਗ਼ੀਚੇ ਵਿਚ ਆਪਣੀ ਪਤਨੀ ਨਾਲ ਬੈਠਾ ਚੀਆਂਗ ਕਾਈ ਸ਼ੈੱਕ**

ਵੰਡਿਆ ਹੋਇਆ ਹੈ। ਸ਼ੰਘਾਈ ਦੇਸ਼ ਦੀ ਵੱਡੀ ਬੰਦਰਗਾਹ, ਸਨਅਤੀ ਅਤੇ ਤਜਾਰਤੀ ਸ਼ਹਿਰ ਹੈ। ਇਨ੍ਹਾਂ ਤੋਂ ਇਲਾਵਾ ਦੇਸ਼ ਵਿਚ ਮੁਕਡੈਨ, ਵੂ-ਹਾਨ, ਚੁੰਗਕਿੰਗ, ਡਾਈਰੈਨ, ਕੈਨਟਨ, ਹਾਰਬਿਨ, ਨਾਨਕਿੰਗ ਅਤੇ ਚਾਂਗਸਾ ਬਹੁਤ ਵੱਡੇ ਸ਼ਹਿਰ ਹਨ।

ਦੇਸ਼ ਦੀਆਂ ਪ੍ਰਸ਼ਾਸਕੀ ਡਵੀਜ਼ਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ:—

| **ਮਿਉਂਸਪਲਟੀਆਂ—** | ਆਬਾਦੀ (1990) |
|---|---|
| ਬੀਜਿੰਗ (Bejing) | 1,08,19,407 |
| ਤੀਐਨਸਿਨ (Tientsin) | 87,85,402 |
| ਸ਼ੰਘਾਈ (Sanghai) | 1,33,41,896 |

| ***ਪ੍ਰਾਂਤ*** | ***ਰਾਜਧਾਨੀ ਆਬਾਦੀ*** (1990) |
|---|---|
| ਆਨਹਵੇ (Anhwei) | ਹਾ-ਫੇ (Ho-fei) 5,61,80,813 |
| ਜਜੀਆਂਗ (Chekiang) | ਹਾਂਗ-ਜੋ (Hongchow)4,14,45,930 |
| ਫੁਕਯੈਨ (Fukien) | ਫੂ-ਜੋ (Foo-chow) 3,00,48,224 |
| ਹੈਨਾਨ (Hainan) | ਹਾਈ-ਕਾਊ (Hai-Kou) 65,57,482 |
| ਹੇਲੁੰਗਜੀਆਂਗ (Heilung Kiang) | ਹਾਰਬਿਨ (Harbin) 3,52,14,873 |
| ਹੋਨਾਨ (Honan) | ਜਾਂਗ-ਜੋ (Cheng Chow) 8,55,09,535 |
| ਹੋਪੇ (Hopeh) | ਸ਼ਿਰਜ਼ੀਆਜਵਾਂਗ (Shih-ChiaChuang) 6,10,82,439 |
| ਹੂਨਾਨ (Hunan) | ਚਾਂਗਸ਼ਾ (Ch' ang 'sha)6,06,59,754 |
| ਹੂਪੇ (Hupeh) | ਵੂ-ਚਾਂਗ (Wu-Chang) 5,39,69,210 |
| ਗਾਨਸੂ (Kansu) | ਲਾਨ-ਜੋ (Lan' Chou) 2,23,71,141 |
| ਜੀਆਂਗਸੀ (Kiangsi) | ਨਾਨ ਚਾਂਗ (Nan' Chang) 3,77,10,281 |
| ਜੀਆਂਗ-ਸੂ (Kiangsu) | ਨਾਨਕਿੰਗ (Nan-King) 6,70,56,519 |
| ਕੀਰਿਨ (Kirin) | ਚਾਂਗਚੁਨ (Chang Chun) 2,46,58,721 |
| ਗਵਾਂਗਡੁੰਗ (Kwangtung) | ਕੈਨਟਨ (Canton) 6,28,29,236 |
| ਗਵੇਜੋ (Kwei chow) | ਗਵੇਯਾਂਗ (Knei-yung) 3,23,91,066 |
| ਲੀਆਓਨਿੰਗ (Lia-oning) | ਮੁਕਡੈਨ (Mukden) 3,94,59,697 |
| ਸ਼ਾਂਸੀ (Shansi) | ਤਾਈਯੁਆਨ (Tai-yuan) 2,87,59,014 |
| ਸ਼ਾਨਤੁੰਗ (Shantung) | ਚੀ-ਨਾਨ (Chi-nan) 8,43,92,827 |
| ਸ਼ੈਂਸੀ (Shensi) | ਸ਼ੀ-ਆਨ (Sian) 3,28,82,403 |
| ਸੈਚਵਾਨ (Szechwan) | ਚੇਂਗਡੂ (Chengtu) 10,72,18,173 |
| ਚਿੰਗਾਈ (Tsinghai) | ਸ਼ੀਨਿੰਗ (HSining) 44,56,946 |
| ਯੂਨਾਨ (Yunnan) | ਕੁਨਮਿੰਗ (Kunming) 3,69,72,610 |

**ਖ਼ੁਦਮੁਖ਼ਤਾਰ ਖੇਤਰ**

| | |
|---|---|
| ਅੰਦਰੂਨੀ ਮੰਗੋਲੀਆ | ਹੁ ਹੇ -ਹਾਟ (**Huhehot**) 2,14,56,798 |
| ਗਵਾਂਗਸੀ ਚਵਾਂਗ (Kwangsi Chuang) | ਨਾਨਕਿੰਗ (Nan-King) 4,22,45,765 |
| ਨਿੰਗਸ਼ੀਆ ਹਵੀ (Ningsia Hui) | ਯਿਨ ਚਵਾਨ (Yin Chivan) 46,55,451 |
| ਸ਼ਿਨਜੀਆਂਗ ਵੀਗੁਰ (Sinkiang Uighur) | ਉਰਮਚੀ (Urumchi) 1,51,55,778 |
| ਤਿੱਬਤ (Tibet) | ਲ੍ਹਾਸਾ (Lhasa) 21,96,010 |

ਰਾਜਨੀਤਿਕ ਵੰਡ ਅਨੁਸਾਰ 1705 ਈ: ਤੋਂ ਹੀ ਇਸ ਦੇ ਦੋ ਹਿੱਸੇ ਹਨ-ਮੁੱਖ ਚੀਨ (China Proper) ਅਤੇ ਬਾਹਰਲਾ ਚੀਨ (Outer China)।

**ਮੁੱਖ ਚੀਨ**—ਇਹ ਦੇਸ਼ ਦਾ ਦੱਖਣ-ਪੂਰਬੀ ਖੇਤਰ ਹੈ। ਸੰਨ 1705 ਵਿਚ ਇਸ ਵਿਚ 18 ਪ੍ਰਾਂਤ ਸ਼ਾਮਲ ਕੀਤੇ ਗਏ ਸਨ ਤੇ ਅੱਜ ਵੀ ਇਸ ਵਿਚ 18 ਪ੍ਰਾਂਤ ਅਤੇ ਦੋ ਖ਼ੁਦਮੁਖ਼ਤਾਰ ਖੇਤਰ (ਗਵਾਂਗਸੀ ਚਵਾਂਗ, ਨਿੰਗਸ਼ੀਆ ਹਵੀ) ਸ਼ਾਮਲ ਹਨ। ਇਹ ਦੇਸ਼ ਦਾ ਲਗਭਗ 36.7 ਫੀ ਸਦੀ ਰਕਬਾ ਤੇ 89 ਫੀ ਸਦੀ ਵਸੋਂ ਵਾਲਾ ਖੇਤਰ ਹੈ। ਇਸ ਦੀ ਉੱਤਰੀ ਹੱਦ ਚੀਨ ਦੀ ਮਹਾਨ ਦੀਵਾਰ ਦੇ ਨਾਲ ਨਾਲ ਹੈ।

**ਬਾਹਰਲਾ ਚੀਨ**—ਇਸ ਵਿਚ ਮੁੱਖ ਚੀਨ ਦੇ ਉੱਤਰ ਵੱਲ ਦੇ ਪ੍ਰਾਂਤ ਕੀਰਿਨ, ਹੇਲੁੰਗਜੀਆਂਗ, ਲੀਆਓਨਿੰਗ, ਸਮੁੰਦਰ ਵਿਚ ਫੈਲੇ ਦੀਪ ਜਿਨ੍ਹਾਂ ਵਿਚ ਤਾਈਵਾਨ ਸਭ ਤੋਂ ਵੱਡਾ ਹੈ, ਅੰਦਰੂਨੀ ਮੰਗੋਲੀਆ, ਸ਼ਿਨਜੀਆਂਗ ਵੀਗੁਰ ਅਤੇ ਤਿੱਬਤ ਖ਼ੁਦਮੁਖ਼ਤਾਰ ਖੇਤਰ ਸ਼ਾਮਲ ਹਨ। ਉੱਤਰ ਵੱਲ ਦੇ ਪ੍ਰਾਂਤਾਂ ਨੂੰ ਮੰਚੂਰੀਆ ਕਿਹਾ ਜਾਂਦਾ ਹੈ।

ਭੂਗੋਲਿਕ ਅਧਿਐਨ ਪੱਖੋਂ ਤਾਈਵਾਨ ਦੀਪ ਅਤੇ ਕਈ ਹੋਰ ਲਾਗੇ ਦੇ ਛੋਟੇ-ਵੱਡੇ 3,415 ਦੀਪਾਂ ਨੂੰ ਵੀ ਚੀਨ ਵਿਚ ਸ਼ਾਮਲ ਕੀਤਾ ਗਿਆ ਹੈ।

## ਭੂ-ਆਕ੍ਰਿਤੀ-ਵਿਗਿਆਨ

**ਧਰਾਤਲ**—ਧਰਾਤਲ ਪੱਖੋਂ ਚੀਨ ਇਕ ਅਜਿਹਾ ਦੇਸ਼ ਹੈ ਜਿਸ ਵਿਚ ਹਰੇਕ ਤਰ੍ਹਾਂ ਦੀ ਧਰਾਤਲੀ ਨੁਹਾਰ ਵੇਖੀ ਜਾ ਸਕਦੀ ਹੈ। ਇਸ ਦਾ ਲਗਭਗ 60 ਫੀਸਦੀ ਖੇਤਰ ਪਰਬਤੀ ਹੈ ਜਿਸ ਦੀ ਉਚਾਈ 1,815 ਮੀ. (6,000 ਫੁੱਟ) ਤੋਂ ਵਧੇਰੇ ਹੈ। ਦੱਖਣ-ਪੱਛਮੀ ਚੀਨ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਉੱਘੜ-ਦੁੱਘੜਾ ਖੇਤਰ ਹੈ। ਪਰਬਤਾਂ ਤੋਂ ਇਲਾਵਾ ਇਥੇ ਸੰਸਾਰ ਭਰ ਦੀਆਂ ਸਭ ਤੋਂ ਉੱਚੀਆਂ ਸਿਖਰਾਂ, ਵਿਸ਼ਾਲ ਪਠਾਰ ਤੇ ਲੰਬੇ-ਚੌੜੇ ਸਾਹਿਲੀ ਮੈਦਾਨ ਮੌਜੂਦ ਹਨ। ਧਰਾਤਲੀ ਨੁਹਾਰ ਦਾ ਹਰੇਕ ਰੂਪ—ਪਰਬਤ, ਪਠਾਰ, ਪਹਾੜ, ਮੈਦਾਨ ਅਤੇ ਡੈਲਟਾਈ ਖੇਤਰ ਸਪਸ਼ਟ ਤੌਰ ਤੇ ਹੀ ਪਛਾਣੇ ਜਾ ਸਕਦੇ ਹਨ। ਦੇਸ਼ ਦੀ ਸਭ ਤੋਂ ਉੱਚੀ ਸਿਖਰ ਚੀਨ-ਨੇਪਾਲ ਸਰਹੱਦ ਤੇ ਮਾਊਂਟ ਐਵਰੈਸਟ (8,848 ਮੀ.) ਅਤੇ ਸਭ ਤੋਂ ਨੀਵੀਂ ਥਾਂ ਸ਼ਿਨਜ਼ੀਆਗ ਵੀਗੁਰ (Shikiang Vighur) ਵਿਚ ਆਇ ਤਿੰਗ ਹੂ (Ai-ting-hu) ਨਾਂ ਦੀ ਝੀਲ ਦੇ ਹੇਠਾਂ ਹੈ ਜੋ ਸਮੁੰਦਰ ਤਲ ਤੋਂ 154 ਮੀ. ਡੂੰਘੀ ਹੈ। ਇਸ ਤਰ੍ਹਾਂ ਇਕੋ ਦੇਸ਼ ਵਿਚ ਨੀਵੀਂ ਤੇ ਉੱਚੀ ਧਰਾਤਲ ਵਿਚ 9,002 ਮੀ. (30,000 ਫੁੱਟ) ਦਾ ਅੰਤਰ ਹੈ। ਧਰਾਤਲ ਪੱਖੋਂ ਪੂਰੇ ਦੇਸ਼ ਨੂੰ ਤਿੰਨ ਵੱਖ-ਵੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :—

(ੳ) ਮੁੱਖ ਚੀਨ

(ਅ) ਬਾਹਰਲਾ ਚੀਨ

(ੲ) ਤਿੱਬਤ ਦੀ ਪਠਾਰ

***ਮੁੱਖ ਚੀਨ***—ਮੁੱਖ ਚੀਨ ਨੂੰ ਤਿੰਨ ਦਰਿਆ ਉੱਤਰੀ, ਕੇਂਦਰੀ ਅਤੇ ਦੱਖਣੀ ਤਿੰਨ ਹਿੱਸਿਆਂ ਵਿਚ ਵੰਡਦੇ ਹਨ।

ਧੁਰ ਉੱਤਰੀ ਖੇਤਰ ਵਿਚ ਹਵਾਂਗ-ਹੋ ਦਰਿਆ ਵਗਦਾ ਹੈ। ਇਹ ਖੇਤਰ ਇਸੇ ਦਰਿਆ ਨਾਲ ਲਿਆਂਦੀ ਮਿੱਟੀ ਜਾਂ ਗਾਦ ਤੋਂ ਬਣਿਆ ਹੋਇਆ ਹੈ। ਇਹ ਅਸਲ ਵਿਚ ਜਲੋਢੀ ਪੱਖਾ ਜਿਹਾ ਹੀ ਹੈ ਜਿਥੇ ਹਵਾਂਗ-ਹੋ ਦਰਿਆ ਨੇ ਮਿੱਟੀ ਜਮ੍ਹਾ ਕਰ ਕਰ ਕੇ ਪੀਲੇ ਸਾਗਰ ਦੀ ਪੁਰਾਣੀ ਖਾੜੀ ਵਾਲੀ ਥਾਂ ਨੂੰ ਵੀ ਪੂਰ ਦਿੱਤਾ ਤੇ ਸ਼ਾਨਤੁੰਗ ਟਾਪੂ ਨੂੰ ਮੁੱਖ ਧਰਤੀ ਨਾਲ ਹੀ ਮਿਲਾ ਦਿੱਤਾ। ਇਸ ਨੀਵੇਂ ਮੈਦਾਨੀ ਖੇਤਰ ਦਾ ਰਕਬਾ 3,20,000 ਵ. ਕਿ. ਮੀ. (1,25,000 ਵ. ਮੀਲ) ਹੈ ਤੇ ਇਹ ਦੇਸ਼ ਦਾ ਬਹੁਤ ਹੀ ਉਪਜਾਊ ਖੇਤਰ ਹੈ। ਸ਼ਾਨਤੁੰਗ ਅਗਨੀ ਤੇ ਰੂਪਾਂਤਰਤ ਚਟਾਨਾਂ ਵਾਲਾ ਬਹੁਤ ਹੀ ਕੱਟਿਆ ਵੱਢਿਆ ਪਹਾੜੀ ਖੇਤਰ ਹੈ ਜਿਸ ਦੀ ਉਚਾਈ 845 ਮੀ. (2,800 ਫੁੱਟ) ਹੈ ਪਰ ਇਸ ਦੀਆਂ ਕਈ ਸਿਖਰਾਂ 1,515 ਮੀ.



**ਪੀਕਿੰਗ ਵਿਖੇ 1972 ਵਿਚ ਉਨ੍ਹਾਂ ਦੋ ਮਹਾਨ ਸ਼ਖਸੀਅਤਾਂ (ਚੇਅਰਮੈਨ ਮਾਉ-ਜ਼ੇ-ਤੁੰਗ ਅਤੇ ਪ੍ਰੈਜ਼ੀਡੈਂਟ ਨਿਕਸਨ) ਦੀ ਮਿਲਣੀ ਜਿਸ ਨੇ ਦੋ ਮਹਾਨ ਮੁਲਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ**

(5,000 ਫੁੱਟ) ਤਕ ਉੱਚੀਆਂ ਹਨ। ਹਵਾਂਗ-ਹੋ ਦਰਿਆਈ ਮੈਦਾਨ ਦੇ ਪੱਛਮ ਵੱਲ ਲੋਅਸ ਪਠਾਰ ਹੈ ਜਿਹੜੀ 99 ਮੀ. (300 ਫੁੱਟ) ਤੋਂ 999 ਮੀ. (3,000 ਫੁੱਟ) ਮੋਟੀਆਂ ਰੇਤਲੀ ਮਿੱਟੀ ਦੀਆਂ ਪਰਤਾਂ ਦੀ ਬਣੀ ਹੋਈ ਹੈ। ਇਸੇ ਪਠਾਰ ਉਪਰੋਂ ਦੀ ਇਹ ਦਰਿਆ ਆਪਣੇ ਨਾਲ ਪੀਲੀ ਮਿੱਟੀ ਲਿਆ ਕੇ ਬੇਸਿਨਾਂ ਵਿਚ ਡਿਪਾਜ਼ਿਟ ਕਰਦੇ ਰਹੇ ਹਨ।

ਮੁੱਖ ਚੀਨ ਦਾ ਦੂਜਾ ਜਾਂ ਕੇਂਦਰੀ ਹਿੱਸਾ ਯੰਗਸੀ ਦਰਿਆਈ ਬੇਸਿਨ ਵਾਲਾ ਹੈ। ਮੁੱਖ ਚੀਨ ਦੇ ਉੱਤਰੀ ਹਿੱਸੇ ਨੂੰ ਕੇਂਦਰੀ ਹਿੱਸੇ ਨਾਲੋਂ ਵੱਖ ਕਰਨ ਵਾਲੀ ਚਿਨ ਲਿੰਗ ਸ਼ਾਨ (Tsin Ling Shan) ਪਰਬਤੀ ਲੜੀ ਹੈ। ਇਸ ਲੜੀ ਦੇ ਪਰਬਤੀ ਵਧਾਊ ਦੇਸ਼ ਦੇ ਐਨ ਵਿਚਕਾਰ ਅੱਧ ਵਿਚ ਫੈਲੇ ਹੋਏ ਹਨ। ਇਨ੍ਹਾਂ ਨਾਲ ਉੱਤਰੀ ਚੀਨ ਤੇ ਦੱਖਣੀ ਚੀਨ ਦੋਵਾਂ ਦੀ ਜਲਵਾਯੂ ਇਕ ਦੂਜੇ ਨਾਲੋਂ ਬਹੁਤ ਭਿੰਨ ਹੋ ਜਾਂਦੀ ਹੈ। ਯੰਗਸੀ ਬੇਸਿਨ ਦੇ ਵੀ ਅੱਗੇ ਤਿੰਨ ਹਿੱਸੇ ਹਨ-ਸੈਚਵਾਨ ਬੇਸਿਨ, ਯੰਗਸੀ ਦੀ ਵਾਦੀ ਅਤੇ ਹੇਠਲਾ ਡੈਲਟਾਈ ਖੇਤਰ।

ਸੈਚਵਾਨ ਬੇਸਿਨ ਨੂੰ ਰੈੱਡ ਬੇਸਿਨ ਵੀ ਕਹਿੰਦੇ ਹਨ। ਇਹ ਆਪਣੇ 1,92,000 ਵ. ਕਿ. ਮੀ. (75,000 ਵ. ਮੀਲ) ਰਕਬੇ ਨਾਲ ਆਲੇ-ਦੁਆਲਿਉਂ ਪਰਬਤਾਂ ਨਾਲ ਘਿਰਿਆ ਹੋਇਆ ਹੈ। ਇਹ ਪਰਬਤ ਪੱਛਮ ਤੇ ਉੱਤਰ ਵੱਲ ਵਧੇਰੇ ਉੱਚੇ ਹਨ। ਬੇਸਿਨ ਦੇ ਪੂਰਬ ਵੱਲ ਉੱਤਰ-ਪੂਰਬ ਤੋਂ ਦੱਖਣ-ਪੱਛਮ ਦੀ ਦਿਸ਼ਾ ਵਿਚ ਮੋੜਦਾਰ ਪਰਬਤ ਹਨ ਜਿਨ੍ਹਾਂ ਵਿਚ ਬਹੁਤ ਡੂੰਘੀਆਂ ਖੱਡਾਂ ਤੇ ਪਹਾੜੀ ਲੜੀਆਂ ਹਨ। ਇਨ੍ਹਾਂ ਪਹਾੜੀਆਂ ਉੱਤੇ ਪੌੜੀਆਂ ਬਣਾ ਕੇ ਵਾਹੀ ਯੋਗ ਕਰ ਲਿਆ ਗਿਆ ਹੈ।

ਯੰਗਸੀ ਦਰਿਆਈ ਬੇਸਿਨ ਦੇ ਵਿਚਕਾਰਲੇ ਹਿੱਸੇ ਵਿਚ ਪ੍ਰਾਚੀਨ ਝੀਲਾਂ ਦੇ ਖੁਸ਼ਕ ਬੇਸਿਨ ਹਨ। ਇਨ੍ਹਾਂ ਬੇਸਿਨਾਂ ਦੇ ਇਰਦ ਗਿਰਦ ਨਵੇਂ



**ਚੀਨ ਦੇ ਬੱਚਿਆਂ ਦੀ ਰਿਸ਼ਟ-ਪੁਸ਼ਟਤਾ ਦਾ ਪ੍ਰਗਟਾਵਾ ਕਰਦੇ ਹੋਏ । ਸ਼ਾਨ ਤੁੰਗ ਦੇ ਦੋ ਬੱਚੇ**

ਪਹਾੜ ਹਨ। ਇਸੇ ਬੇਸਿਨ ਦੇ ਪੱਛਮੀ ਹਿੱਸੇ ਵਿਚ ਤੁੰਗ-ਤਿੰਗ ਹੂ ਝੀਲ ਹੈ ਜਿਹੜੀ ਗਰਮੀਆਂ ਵਿਚ ਬਹੁਤ ਵੱਡੀ ਤੇ ਖੁਸ਼ਕ ਮੌਸਮ ਵਿਚ ਛੋਟੀ ਜਿਹੀ ਹੀ ਰਹਿ ਜਾਂਦੀ ਹੈ। ਬੇਸਿਨ ਦੇ ਪੂਰਬ ਵਿਚ ਪੋਯਾਂਗ ਝੀਲ ਹੈ। ਇਨ੍ਹਾਂ ਦੋਵੇਂ ਝੀਲਾਂ ਦਾ ਪਾਣੀ ਯੰਗਸੀ ਦਰਿਆ ਵਿਚ ਜਾਂਦਾ ਹੈ। ਇਹ ਖੇਤਰ ਚੀਨ ਦਾ ਬਹੁਤ ਉਪਜਾਊ ਖੇਤਰ ਹੈ।

ਯੰਗਸੀ ਦਾ ਹੇਠਲਾ ਹਿੱਸਾ ਜਾਂ ਡੈਲਟਾਈ ਖੇਤਰ ਪ੍ਰਸਿੱਧ ਸ਼ਹਿਰ ਸ਼ੰਘਾਈ ਦੇ ਨੇੜੇ ਹੈ। ਇਥੇ ਝੀਲਾਂ, ਤਲਾਬਾਂ ਅਤੇ ਨਹਿਰਾਂ ਦੀ ਭਰਮਾਰ ਹੈ। ਇਹ ਇਕ ਨੀਵਾਂ ਤੇ ਪੱਧਰਾ ਜਿਹਾ ਤੇ 4.5 ਮੀ. (15 ਫੁੱਟ) ਤਕ ਹੀ ਉੱਚਾ ਖੇਤਰ ਹੈ।



**ਚੀਨ ਦੀਆਂ ਵੱਖ ਵੱਖ ਕੌਮਾਂ ਦੇ ਵੰਨ ਸੁਵੰਨੇ ਲੋਕ ਖੱਬੇ ਤੋਂ ਸੱਜੇ—ਸੈਚਵਾਨ ਦਾ ਇਕ ਯੀ ਕਾਮਾ, ਯੂਨਾਨ ਦੀ ਇਕ ਸਾਨੀ ਔਰਤ, ਗਵਾਂਗਸੀ ਦੀ ਇਕ ਚੂਐਂਗ ਮੁਟਿਆਰ ਅਤੇ ਸ਼ਾਨ ਤੁੰਗ ਦਾ ਇਕ ਫਾਰਮ ਮਕੈਨਿਕ**

ਮੁੱਖ ਚੀਨ ਦਾ ਦੱਖਣੀ ਖੇਤਰ ਸ਼ੀ ਜੀਆਂਗ ਦਰਿਆ ਦਾ ਬੇਸਿਨ ਹੈ। ਇਹ ਖੇਤਰ ਉੱਤਰ ਨਾਲੋਂ ਬਹੁਤ ਉੱਘੜ-ਦੁੱਘੜਾ ਹੈ। ਮਸ਼ਹੂਰ ਬੰਦਰਗਾਹ ਕੈਨਟਨ ਦੇ ਨੇੜੇ ਇਹ ਸਾਰਾ ਡੈਲਟਾਈ ਮੈਦਾਨ ਹੈ। ਇਸ ਦੇ ਨੇੜੇ ਦੇ ਸਾਗਰ ਵਿਚ ਕੇਮਾਏ, ਹਾਂਗ ਕਾਂਗ, ਮਾਟਸੂ ਅਤੇ ਹਾਈਨਾਨ ਵੱਡੇ ਦੀਪ ਹਨ।

ਸ਼ੀ-ਜੀਆਂਗ ਬੇਸਿਨ ਦੇ ਪੱਛਮ ਵੱਲ ਯੂਨਾਨ ਅਤੇ ਗਵੇਜ਼ੋ ਦੇ ਪਠਾਰ ਹਨ। ਇਸ ਪਠਾਰ ਦੀ ਉਚਾਈ ਵੀ 1,815 ਮੀ. (6,000 ਫੁੱਟ) ਹੈ। ਇਸੇ ਪਠਾਰ ਦੇ ਪੱਛਮ ਵੱਲ ਤੀਹ-ਚਿਆਂਗ ਸ਼ਾਨ (Tieh-Chiang Shan) ਪਰਬਤ 3,682ਮੀ. ਉੱਚੇ ਹਨ। ਇਸ ਪਰਬਤ ਉੱਤੇ ਵੱਡੇ ਦਰਿਆਵਾਂ ਦੇ ਵਹਿਣਾਂ ਕਾਰਨ ਬਹੁਤ ਹੀ ਡੂੰਘੀਆਂ ਜਿਹੀਆਂ ਘਾਟੀਆਂ ਬਣ ਗਈਆਂ ਹਨ। ਪਠਾਰ ਦੇ ਪੂਰਬ ਵੱਲ ਚੂਨਾ ਚਟਾਨਾਂ ਦੀ ਧਰਾਤਲ ਹੈ।

**2. *ਬਾਹਰਲਾ ਚੀਨ***—ਇਸ ਵਿਚ ਮੰਚੂਰੀਆ, ਅੰਦਰੂਨੀ ਮੰਗੋਲੀਆ ਅਤੇ ਸ਼ਿਨਜ਼ੀਆਂਗ ਵੀਗੁਰ ਸ਼ਾਮਲ ਹਨ। ਮੰਚੂਰੀਆ ਵੀ ਚੀਨ ਦੇ ਹੋਰਨਾਂ ਖੇਤਰਾਂ ਵਾਂਗ ਆਲੇ-ਦੁਆਲਿਉਂ ਪਰਬਤਾਂ ਨਾਲ ਘਿਰਿਆ ਹੋਇਆ ਹੈ। ਇਸ ਦੇ ਉੱਤਰ ਵੱਲ ਸੁੰਗਾਰੀ ਦਰਿਆ ਤੇ ਦੱਖਣ ਵੱਲ ਲੀਅਉ ਹੂ ਦਰਿਆ ਵਗਦੇ ਹਨ। ਇਨ੍ਹਾਂ ਦੋਹਾਂ ਦਰਿਆਈ ਬੇਸਿਨਾਂ ਦਰਮਿਆਨ ਨੀਵੀਆਂ ਪਰਬਤੀ ਲੜੀਆਂ ਹਨ। ਮੰਚੂਰੀਆ ਦੇ ਮੈਦਾਨ ਦੇ ਉੱਤਰ ਵੱਲ ਈਸਟ ਮੰਚੂਰੀਅਨ ਅਤੇ ਲੈਸਰ ਖਿੰਗਨ ਤੇ ਪੱਛਮ ਵੱਲ ਗ੍ਰੇਟਰ ਖਿੰਗਨ ਪਹਾੜ ਹਨ। ਗ੍ਰੇਟਰ ਖਿੰਗਨ ਪਹਾੜ ਮੰਗੋਲੀਆ ਦੀ ਵਿਸ਼ਾਲ ਪਠਾਰ ਦੇ ਪੂਰਬ ਵਿਚ ਫੈਲੇ ਹੋਏ ਹਨ।

ਮੁੱਖ ਚੀਨ ਦੇ ਪੱਛਮੀ ਹਿੱਸੇ ਵਿਚ ਬਹੁਤ ਉੱਚੇ ਪਰਬਤ ਪਠਾਰ ਤੇ ਇਨ੍ਹਾਂ ਦਰਮਿਆਨ ਕਈ ਬੇਸਿਨ ਹਨ। ਇਸੇ ਹਿੱਸੇ ਵਿਚ ਪਰਬਤਾਂ ਦਾ ਕੇਂਦਰੀ ਬਿੰਦੂ ਹੈ ਜਿਸਨੂੰ ਪਾਮੀਰ ਨਾਟ ਕਹਿੰਦੇ ਹਨ ਅਤੇ ਇਸ ਨੂੰ ਕਈ ਵੇਰ ਸੰਸਾਰ ਦੀ ਛੱਤ ਵੀ ਕਹਿ ਦਿੰਦੇ ਹਨ। ਪਾਮੀਰ ਨਾਟ ਤੋਂ ਪਰਬਤੀ ਲੜੀਆਂ ਰੂਸ, ਚੀਨ, ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਭਾਰਤ ਵੱਲ ਜਾਂਦੀਆਂ ਹਨ। ਉੱਤਰ-ਪੱਛਮ ਵੱਲ ਇਹ ਪਰਬਤੀ ਲੜੀਆਂ ਸ਼ਿਨਜ਼ੀਆਂਗ ਦੇ ਆਲੇ-ਦੁਆਲੇ ਫੈਲ ਜਾਂਦੀਆਂ ਹਨ। ਇਸੇ ਬੇਸਿਨ ਦੇ ਅੱਗੋਂ ਜ਼ੁੰਗਾਰੀਆ ਅਤੇ ਤਾਰੀਮ ਦਰਿਆਈ ਬੇਸਿਨ ਦੇ ਦੋ ਹਿੱਸੇ ਹਨ। ਜ਼ੁੰਗਾਰੀਆ ਦੇ ਉੱਤਰ ਵੱਲ ਅਲਤਾਈ ਪਰਬਤ ਅਤੇ ਦੱਖਣ ਵੱਲ ਤੀਐਨ ਸ਼ਾਨ ਹਨ। ਤਾਰੀਮ ਬੇਸਿਨ ਦੇ ਉੱਤਰ ਵੱਲ ਤੀਐਨ ਸ਼ਾਨ ਅਤੇ ਦੱਖਣ ਵੱਲ ਕੁਨਲੁਨ 7,000 ਮੀ. (23,000 ਫੁੱਟ) ਤਕ ਉੱਚੇ ਪਰਬਤ ਹਨ। ਕੁਨਲੁਨ ਦੀ ਇਕ ਹੋਰ ਸ਼ਾਖਾ ਅਲਤਾਈਨ ਤਾਂਗ ਉੱਤਰ-ਪੂਰਬ ਦੀ ਦਿਸ਼ਾ ਵਿਚ ਫੈਲੀ ਹੋਈ ਹੈ। ਅਗੋਂ ਇਹ ਪਰਬਤ ਪੂਰਬ ਵੱਲ ਨਾਨਸ਼ਾਨ ਤੇ ਅੱਗੇ ਚਿਨ-ਲਿੰਗ ਸ਼ਾਨ ਨਾਲ ਰਲ ਜਾਂਦੇ ਹਨ।

**3. *ਤਿੱਬਤ ਦੀ ਪਠਾਰ*** —ਚੀਨ ਦੇ ਦੱਖਣ-ਪੱਛਮੀ ਖੇਤਰ ਵਿਚ ਇਕ ਵਿਸ਼ਾਲ ਪਠਾਰ ਹੈ। ਇਹ ਲਗਭਗ ਦੇਸ਼ ਦੇ ਇਕ ਚੌਥਾਈ ਖੇਤਰ ਉੱਪਰ ਹੈ। ਇਸਦੇ ਉੱਤਰ ਵੱਲ ਕੁਨਲੁਨ ਪਰਬਤੀ ਸਿਲਸਿਲਾ ਅਤੇ ਦੱਖਣ ਵੱਲ ਹਿਮਾਲਾ ਪਰਬਤ ਹਨ। ਇਸ ਪਠਾਰ ਦੀ ਔਸਤ ਉਚਾਈ 4,000 ਮੀ. ਤੋਂ 4,545 ਮੀ. ਤਕ ਹੈ। ਇਸੇ ਪਠਾਰ ਉੱਤੇ ਸਾਈਦਾਮ ਬੇਸਿਨ ਹੈ। ਇਸੇ ਬੇਸਿਨ ਉੱਤੇ ਖ਼ਾਰੇ ਪਾਣੀ ਦੀਆਂ ਝੀਲਾਂ ਅਤੇ ਮਾਰੂਥਲ ਵੀ ਹਨ। ਇਸੇ ਪਠਾਰ ਉੱਤੋਂ ਚੀਨ ਦੇ ਕਈ ਵੱਡੇ ਦਰਿਆ ਯੰਗਸ਼ੀ, ਹਵਾਂਗ ਹੋ ਅਤੇ ਇਨ੍ਹਾਂ ਤੋਂ ਇਲਾਵਾ ਏਸ਼ੀਆ ਮਹਾਂਦੀਪ ਦੇ ਮੇਕਾਂਗ, ਸਾਲਵੀਨ, ਬ੍ਰਹਮਪੁੱਤਰ ਦਰਿਆ ਨਿਕਲਦੇ ਹਨ ਜਿਹੜੇ ਹਿੰਦ-ਚੀਨ ਵਿਚ ਵਗਦੇ ਹੋਏ ਹਿੰਦ ਮਹਾਂ-ਸਾਗਰ ਵਿਚ ਜਾ ਡਿਗਦੇ ਹਨ।

**ਜਲ-ਪ੍ਰਵਾਹ**—ਪੂਰੇ ਦੇਸ਼ ਦਾ ਜਲ ਨਿਕਾਸ ਤਿੰਨ ਵੱਡੇ ਦਰਿਆ—ਹਵਾਂਗ ਹੋ, ਯੰਗਸੀ ਅਤੇ ਸ਼ੀਜੀਆਂਗ ਜਾਂ ਸਿਕਿਆਂਗ ਦਰਿਆ ਕਰਦੇ ਹਨ। ਇਨ੍ਹਾਂ ਤਿੰਨਾਂ ਵਿਚੋਂ ਸਭ ਤੋਂ ਲੰਬਾ ਦਰਿਆ ਯੰਗਸੀ ਹੈ ਜਿਹੜਾ ਤਿੱਬਤ ਦੇ ਉੱਚੇ ਖੇਤਰਾਂ ਵਿਚੋਂ ਨਿਕਲਦਾ ਹੋਇਆ ਮੱਧਵਰਤੀ ਚੀਨ ਵਿਚ ਵਹਿੰਦਾ ਹੈ ਜਿਥੇ ਇਸ ਵਿਚ ਕਈ ਸਹਾਇਕ ਦਰਿਆ ਆ ਕੇ ਨਾਲ ਰਲ ਜਾਂਦੇ ਹਨ। ਇਹ ਦਰਿਆ ਵਿਚਲੇ ਵਹਿਣ ਵਿਚ ਬਹੁਤ ਚੌੜਾ ਹੋ ਜਾਂਦਾ ਹੈ। ਇਸ ਵਿਚ ਮਿਨ, ਕਿਆਲਿੰਗ ਹਾਨ, ਵੂ, ਡੂੰਗ ਤਿੰਗ ਹੂ ਅਤੇ ਪੋਯਾਂਗ ਝੀਲਾਂ ਦਾ ਪਾਣੀ ਵੀ ਆਉਂਦਾ ਹੈ। ਇਹ ਲਗਭਗ



**ਆਪਣੇ ਰਵਾਇਤੀ ਬੁਰਕੇ ਵਿਚ ਉੱਤਰ-ਪੱਛਮੀ ਚੀਨ ਦੀ ਇਕ ਮੁਸਲਮਾਨ ਔਰਤ**

18,90,000 ਵ. ਕਿ. ਮੀ. (7,56,000 ਵ. ਮੀਲ) ਰਕਬੇ ਦਾ ਜਲ ਨਿਕਾਸ ਕਰਦਾ ਹੋਇਆ ਸਮੁੰਦਰ ਦੇ ਲਾਗੇ 64 ਕਿ. ਮੀ. ਚੌੜਾ ਡੈਲਟਾਈ ਖੇਤਰ ਬਣਾਉਂਦਾ ਹੋਇਆ ਸ਼ੰਘਾਈ ਦੇ ਨੇੜੇ ਕਈ ਸ਼ਾਖਾਵਾਂ ਰਾਹੀਂ ਸਮੁੰਦਰ ਵਿਚ ਜਾ ਡਿਗਦਾ ਹੈ।

ਦੱਖਣੀ ਚੀਨ ਦਾ ਦਰਿਆ ਸ਼ੀ-ਜੀਆਂਗ 1,920 ਕਿ.ਮੀ. ਦੇ ਖੇਤਰ ਵਿਚ ਵਹਿੰਦਾ ਹੋਇਆ ਡੈਲਟੇ ਦੇ ਲਾਗੇ ਕਈ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ। ਇਸ ਦੀ ਇਕ ਸ਼ਾਖਾ ਪਰਲ ਦਰਿਆ ਹੈ ਜਿਸ ਤੇ ਕੈਨਟਨ ਸ਼ਹਿਰ ਵਸਿਆ ਹੋਇਆ ਹੈ। ਉੱਤਰੀ ਚੀਨ ਦਾ ਹਵਾਂਗ-ਹੋ ਜਾਂ ਪੀਲਾ ਵੱਡਾ ਦਰਿਆ ਹੈ। ਇਹ ਦਰਿਆ ਕੁਨਲੁਨ ਪਹਾੜਾਂ ਵਿਚੋਂ ਨਿਕਲਦਾ ਹੈ ਤੇ ਪਹਾੜਾਂ ਤੇ ਆਲੇ-ਦੁਆਲੇ ਵਿੰਗ ਵਲੇਵੇਂ ਖਾਂਦਾ ਹੋਇਆ ਉੱਤਰੀ ਚੀਨ ਸਾਗਰ ਵਿਚ ਜਾ ਡਿਗਦਾ ਹੈ। ਇਨ੍ਹਾਂ ਤਿੰਨ ਦਰਿਆਵਾਂ ਤੋਂ ਇਲਾਵਾ ਦੇਸ਼ ਵਿਚ 5,000 ਤੋਂ ਵੱਧ ਦਰਿਆ ਹਨ ਜਿਨ੍ਹਾਂ ਵਿਚੋਂ ਹਰੇਕ ਦਰਿਆ ਔਸਤਨ 102 ਵ. ਕਿ. ਮੀ. ਰਕਬੇ ਦਾ ਜਲ ਨਿਕਾਸ ਕਰਦਾ ਹੈ। ਉੱਤਰ ਵੱਲ ਦੇ ਮੰਚੂਰੀਆ ਦੇ ਆਮੂਰ ਅਤੇ ਇਸ ਦੇ ਸਹਾਇਕ ਦਰਿਆ ਪਾਈ, ਹਵਾਈ, ਮਿਨ ਹੋਰ ਵਰਣਨਯੋਗ ਦਰਿਆ ਹਨ। ਦਰਿਆਵਾਂ ਦਾ ਵਹਿਣ ਆਮ ਤੌਰ ਤੇ ਪੱਛਮ ਤੋਂ ਪੂਰਬ ਵੱਲ ਹੀ ਹੈ। ਇਨ੍ਹਾਂ ਦਰਿਆਵਾਂ ਤੋਂ ਇਲਾਵਾ ਏਸ਼ੀਆ ਮਹਾਂਦੀਪ ਦੇ ਕਈ ਦਰਿਆ ਜਿਵੇਂ ਬ੍ਰਹਮਪੁੱਤਰ, ਸਾਲਵੀਨ, ਮੇਕਾਂਗ, ਸਿੰਧ ਨਿਕਲਦੇ ਤਾਂ ਚੀਨ ਵਿਚੋਂ ਹਨ ਪਰ ਵਹਿੰਦੇ ਵੱਖੋ-ਵੱਖ ਦੇਸ਼ਾਂ ਵਿਚ ਹਨ। ਇਹ ਸਾਰੇ ਹਿੰਦ ਮਹਾਂਸਾਗਰ ਦੀਆਂ ਖਾੜੀਆਂ ਵਿਚ ਡਿਗਦੇ ਹਨ।

ਦਰਿਆਵਾਂ ਵਿਚ ਪਾਣੀ ਵਰਖਾ ਨਾਲ ਜਾਂ ਬਰਫ਼ ਪਿਘਲਣ ਨਾਲ ਆਉਂਦਾ ਹੈ। ਦੇਸ਼ ਦੇ ਕਈ ਹਿੱਸਿਆਂ ਜਿੱਥੇ ਵਰਖਾ ਹੁੰਦੀ ਹੈ ਦਰਿਆਵਾਂ ਵਿਚ ਪਾਣੀ ਬਾਰ੍ਹਾਂ ਮਹੀਨੇ ਹੀ ਆਉਂਦਾ ਰਹਿੰਦਾ ਹੈ ਪਰ ਬਰਫ਼ ਨਾਲ ਢਕੇ ਖੇਤਰਾਂ ਦੇ ਦਰਿਆਵਾਂ ਵਿਚ ਪਾਣੀ ਬਰਫ਼ ਪਿਘਲਣ ਤੇ ਹੀ ਆਉਂਦਾ ਹੈ। ਚੀਨ ਦੇ ਦੱਖਣ-ਪੂਰਬ ਵੱਲ ਦੇ ਤਾਈਵਾਨ ਅਤੇ ਹੈਨਾਨ ਟਾਪੂਆਂ ਉੱਤੇ ਔਸਤ ਸਾਲਾਨਾ ਵਰਖਾ 150 ਸੈਂ. ਮੀ. ਤੋਂ ਵਧੇਰੇ ਹੁੰਦੀ ਹੈ ਤੇ ਉਥੇ ਇਸ ਪਾਣੀ ਦਾ ਦੋ-ਤਿਹਾਈ ਪਾਣੀ ਦਰਿਆ ਬਣ ਕੇ ਵਹਿਣ ਲਗ ਜਾਂਦਾ ਹੈ। ਦੇਸ਼ ਦਾ ਸਭ ਤੋਂ ਜ਼ਿਆਦਾ ਜਲ-ਪ੍ਰਵਾਹ ਇਸੇ ਖੇਤਰ ਵਿਚ

ਹੁੰਦਾ ਹੈ ਜਦੋਂ ਕਿ ਸਭ ਤੋਂ ਘਟ ਮਾਰੂਥਲਾਂ ਤੇ ਹੁੰਦਾ ਹੈ। ਡਾਰੀਮ ਤੇ ਤੂੱਤਰ-ਪੂਰਬੀ ਗਾਨਸੂ ਤੇ ਵੀ ਵਰਖਾ ਦੀ ਘਾਟ ਕਰਕੇ ਦਰਿਆ ਬਹੁਤ ਛੋਟੇ ਹੁੰਦੇ ਹਨ ਜੋ ਸਿਰਫ ਪਹਾੜਾਂ ਦੇ ਪੈਰਾਂ ਤਕ ਹੀ ਪਹੁੰਚਦੇ ਹਨ ਤੇ ਤੇਸ ਤੋਂ ਅੱਗੇ ਇਹ ਧਰਤੀ ਹੇਠਾਂ ਹੀ ਵਿਲੀਨ ਹੋ ਜਾਂਦੇ ਹਨ। ਤਿੱਬਤ ਤੀ ਪਠਾਰ ਦਾ ਉੱਤਰੀ ਹਿੱਸਾ ਠੰਢਾ ਹੋਣ ਕਾਰਨ ਦਰਿਆਵਾਂ ਦੇ ਪਾਣੀ ਨੂੰ ਬਰਫ਼ ਵਿਚ ਬਦਲ ਦਿੰਦਾ ਹੈ। ਇਸੇ ਖੇਤਰ ਵਿਚ ਬਰਫ਼ ਪਿਘਲਣ ਤੇ ਝੀਲਾਂ ਜਿਹੀਆਂ ਬਣ ਜਾਂਦੀਆਂ ਹਨ ਦੇਸ਼ ਦੀਆਂ ਵੱਡੀਆਂ ਝੀਲਾਂ ਵੀ ਇਥੇ ਹੀ ਹਨ।

ਚੀਨ ਦੇ ਵੱਡੇ ਦਰਿਆ ਪੱਛਮ ਵੱਲੋਂ ਨਿਕਲ ਕੇ ਅੱਗੇ ਵਹਿੰਦੇ ਹੋਏ ਪੂਰਬ ਵੱਲ ਸਾਗਰਾਂ ਵਿਚ ਜਾ ਡਿਗਦੇ ਹਨ ਪਰ ਦੇਸ਼ ਦੇ ਘਣੀ ਵਸੋਂ ਵਾਲੇ ਇਲਾਕੇ ਇਨ੍ਹਾਂ ਦਰਿਆਵਾਂ ਦੇ ਦੱਖਣ ਵਿਚ ਹਨ। ਇਸੇ ਲਈ ਏਨ੍ਹਾਂ ਦਰਿਆਵਾਂ ਨੂੰ ਨਹਿਰਾਂ ਨਾਲ ਇਕ ਦੂਜੇ ਨਾਲ ਮਿਲਾ ਕੇ ਉੱਤਰ ਤੋਂ ਦੱਖਣ ਵੱਲ ਦੇ ਆਵਾਜਾਈ ਮਾਰਗਾਂ ਵਿਚ ਬਦਲਿਆ ਗਿਆ ਹੈ। ਸਭ ਤੋਂ ਪੁਰਾਣਾ ਤੇ ਵੱਡਾ ਜਲ-ਮਾਰਗ 'ਗ੍ਰੈਂਡ ਕੈਨਾਲ' ਵਾਲਾ ਹੈ ਜਿਹੜਾ ਪੀਜਿੰਗ ਨੂੰ ਚਾਂਗ-ਜੋ ਨਾਲ ਜੋੜਦਾ ਹੈ।

ਚੀਨ ਵਿਚ ਝੀਲਾਂ ਤਾਂ ਭਾਵੇਂ ਅਣਗਿਣਤ ਹਨ ਪਰ ਇਨ੍ਹਾਂ ਵਿਚੋਂ ਪਾਣੀ ਹੇਠ ਰਕਬੇ ਪੱਖੋਂ ਜਾਂ ਪਾਣੀ ਦੇ ਸੋਮਿਆਂ ਪੱਖੋਂ ਡੂੰਗ-ਤਿੰਗ-ਹੁ ਪੁਯਾਂਗ ਹੁ, ਤਾਈ ਅਤੇ ਹੰਗ-ਟਸੀ-ਹੂ ਹੀ ਵਰਣਨ ਯੋਗ ਹਨ।

**ਜਲਵਾਯੂ**—ਚੀਨ ਲਗਭਗ ਸ਼ੀਤ-ਊਸ਼ਣ ਖੰਡ ਵਿਚ ਫੈਲਿਆ ਹੋਇਆ ਹੈ ਪਰ ਇਸ ਦੀ ਜਲਵਾਯੂ ਹੋਰ ਸ਼ੀਤ ਊਸ਼ਣ ਖੰਡੀ ਦੇਸ਼ਾਂ ਦੇ ਮੁਕਾਬਲੇ ਬਹੁਤ ਠੰਢਾ ਹੈ। ਇੰਨੀ ਠੰਢ ਦੇ ਬਾਵਜੂਦ ਇਹ ਸ਼ੀਤ-ਊਸ਼ਣ ਖੰਡੀ ਦੇਸ਼ਾਂ ਸੰਯੁਕਤ ਰਾਜ ਅਮਰੀਕਾ ਤੇ ਪੱਛਮ ਯੂਰਪੀ ਦੇਸ਼ਾਂ ਦੇ ਮੁਕਾਬਲਤਨ ਘੱਟ ਠੰਢਾ ਹੈ।

ਚੀਨ ਦੀ ਜਲਵਾਯੂ ਉੱਤੇ ਇਸ ਦੀ ਮਹਾਂਦੀਪ ਦੇ ਐਨ ਪੂਰਬ ਵੱਲ ਦੀ ਸਥਿਤੀ, ਸਮੁੰਦਰ ਤੋਂ ਧਰਤੀ ਵੱਲ ਚੱਲਣ ਵਾਲੀਆਂ ਸਥਾਨਕ ਹਵਾਵਾਂ ਜਾਂ ਮਾਨਸੂਨ ਹਵਾਵਾਂ, ਚੱਕਰਵਾਤ ਅਤੇ ਊਸ਼ਣ ਖੰਡੀ ਟਾਈਫੂਨ ਜਾਂ ਵਾਵਰੋਲਿਆਂ ਦਾ ਬਹੁਤ ਪ੍ਰਭਾਵ ਪੈਂਦਾ ਹੈ। ਸਰਦੀ ਤੇ ਗਰਮੀ ਦੋਵਾਂ ਸਮਿਆਂ ਵਿਚ ਚੀਨ ਦੇ ਨੇੜੇ ਉੱਚ-ਦਾਬ ਹਵਾ ਦੇ ਕੇਂਦਰ ਬਣਦੇ ਹਨ। ਇਨ੍ਹਾਂ ਉੱਚ-ਦਾਬ ਕੇਂਦਰਾਂ ਵਲੋਂ ਘੱਟ ਦਾਬ ਵਾਲੇ ਖੇਤਰਾਂ ਵੱਲ ਹਵਾਵਾਂ ਚਲਦੀਆਂ ਹਨ। ਸਰਦੀਆਂ/ਵਿਚ ਸਾਈਬੇਰੀਆ ਵਿਚ ਉੱਚ-ਦਾਬ ਹਵਾ ਦਾ ਕੇਂਦਰ ਬਣਨ ਕਾਰਨ ਉਥੋਂ ਠੰਢੀਆਂ ਖੁਸ਼ਕ ਹਵਾਵਾ ਚੀਨ ਵਿਚ ਆ ਜਾਂਦੀਆਂ ਹਨ। ਇਸ ਸਮੇਂ ਉੱਤਰ ਅਤੇ ਪੱਛਮੀ ਚੀਨ ਵਿਚ ਮੌਸਮ ਸਾਫ਼ ਧੁਪ ਵਾਲਾ ਹੁੰਦਾ ਹੈ ਤੇ ਦੱਖਣੀ ਚੀਨ ਅਤੇ ਯਾਂਗਸੀ ਵਾਦੀ ਵਿਚ ਕਾਫ਼ੀ ਧੁੰਦਲਾ ਜਿਹਾ ਬੱਦਲਵਾਈ ਵਾਲਾ ਮੌਸਮ ਹੁੰਦਾ ਹੈ। ਗਰਮੀਆਂ ਵਿਚ ਉੱਚ-ਦਾਬ ਹਵਾ ਦਾ ਕੇਂਦਰ ਸ਼ਾਂਤ ਮਹਾਂਸਾਗਰ ਉੱਤੇ ਹੁੰਦਾ ਹੈ। ਕਿਉਂਕਿ ਮੁੱਖ ਧਰਤੀ ਉੱਤੇ ਤਾਪਮਾਨ ਜ਼ਿਆਦਾ ਹੁੰਦਾ ਹੈ ਤੇ ਸਮੁੰਦਰ ਤੇ ਤਾਪਮਾਨ ਧਰਤੀ ਦੇ ਮੁਕਾਬਲਤਨ ਥੋੜ੍ਹਾ ਹੁੰਦਾ ਹੈ ਇਸ ਲਈ ਉਥੇ ਹਵਾ ਦਾ ਦਬਾਉ ਬਹੁਤਾ ਹੁੰਦਾ ਹੈ। ਹਵਾਵਾਂ ਬਹੁਤੇ ਦਬਾਉ ਵਾਲੇ ਖੇਤਰਾਂ ਤੋਂ ਘੱਟ ਦਬਾਉ ਵਾਲੇ ਖੇਤਰਾਂ ਵੱਲ ਚਲਦੀਆਂ ਹਨ। ਇਸ ਲਈ ਸ਼ਾਂਤ ਮਹਾਂਸਾਗਰ ਤੋਂ ਚੀਨ ਮੁੱਖ ਧਰਤੀ ਵੱਲ ਹਵਾਵਾਂ ਚੱਲਣ ਲਗ ਜਾਂਦੀਆਂ ਹਨ। ਇਹ ਨਮੀ-ਭਰਪੂਰ ਹੁੰਦੀਆਂ ਹਨ ਤੇ ਪਹਾੜਾਂ ਦੇ ਨਾਲ ਨਾਲ ਉੱਪਰ ਉਠ ਠੰਢੀਆਂ ਹੋ ਕੇ ਖੂਬ ਵਰਖਾ ਕਰਦੀਆਂ ਹਨ। ਇਨ੍ਹਾਂ ਗਰਮੀ ਤੇ ਸਰਦੀ ਸਮਿਆਂ ਵਿਚ ਚੱਲਣ ਵਾਲੀਆਂ ਹਵਾਵਾਂ ਬਾਰੇ ਨਾਨਕਿੰਗ ਵਿਚ 1930-31 ਵਿਚ ਤਜਰਬੇ ਕੀਤੇ ਗਏ ਜਿਨ੍ਹਾਂ ਤੋਂ ਇਹ ਸਾਬਤ ਹੋਇਆ ਹੈ ਕਿ ਇਹ ਦੋਵੇਂ ਮੌਸਮਾਂ ਦੀਆਂ ਹਵਾਵਾਂ ਪਹਾੜਾਂ ਦੇ ਨਾਲ ਨਾਲ ਸਿਰਫ 1512 ਮੀ. ਉਪਰ ਉਠਦੀਆਂ ਹਨ ਅਤੇ ਇੰਨੀ ਕੁ ਉਚਾਈ ਤੀਕ ਹੀ ਇਹ ਵਰਖਾ ਕਰਦੀਆਂ ਹਨ। ਜਦੋਂ ਕਿ ਇਸ ਤੋਂ ਉੱਚੀਆਂ ਥਾਵਾਂ ਤੇ ਪੱਛਮੀ ਹਵਾਵਾਂ ਚਲਦੀਆਂ ਹਨ।

ਇਨ੍ਹਾਂ ਮੌਸਮੀ ਹਵਾਵਾਂ ਤੋਂ ਇਲਾਵਾ ਇਥੇ ਚੱਕਰਵਾਤ ਜਾਂ ਵਾਵਰੋਲੇ ਆਉਂਦੇ ਰਹਿੰਦੇ ਹਨ। ਇਹ ਪੱਛਮ ਤੋਂ ਪੂਰਬ ਵੱਲ ਆਉਂਦੇ ਹਨ। ਕੀ ਵਾਵਰੋਲੇ ਮੱਧ ਏਸ਼ੀਆ ਤੋਂ ਅਤੇ ਕਈ ਯੂਰਪ ਵੱਲੋਂ ਆਉਂਦੇ ਹਨ। ਯਾਂਗਸੀ ਵਾਦੀ ਵਿਚ ਇਹ ਸਰਦੀ ਤੇ ਬਸੰਤ ਰੁੱਤੇ ਆਉਂਦੇ ਹਨ। ਜੁਲਾਈ-ਅਗਸਤ ਮਹੀਨਿਆਂ ਵਿਚ ਇਹ ਉੱਤਰੀ ਚੀਨ ਨੂੰ ਲੰਘ ਜਾਂਦੇ



**ਦੱਖਣ-ਪੱਛਮੀ ਚੀਨ ਵਿਚ ਉੱਤਰ-ਪੱਛਮੀ ਚੀਨ ਵਾਂਗ ਹੀ ਰਲਵੀਂ ਮਿਲਵੀਂ ਨਸਲ ਦੇ ਕਈ ਸਮੂਹ ਮਿਲਦੇ ਹਨ ਜਿਨ੍ਹਾਂ ਵਿਚੋਂ ਬੁੱਧ ਮੱਤ ਅਤੇ ਲਾਮਾਮੱਤ ਦੀ ਝਲਕ ਵਿਖਾਈ ਦਿੰਦੀ ਹੈ। ਤਸਵੀਰ ਵਿਚ ਇਕ ਅਜਿਹਾ ਹੀ ਵਿਅਕਤੀ ਵਿਖਾਈ ਦੇ ਰਿਹਾ ਹੈ।**

ਹਨ। ਪੱਛਮ ਵੱਲੋਂ ਆਉਂਦੇ ਇਹ ਵਾਵਰੋਲੇ ਦੱਖਣ-ਪੂਰਬ ਵੱਲੋਂ ਆਉਂਦੀਆਂ ਮੌਸਮੀ ਹਵਾਵਾਂ ਨਾਲ ਮਿਲਦੇ ਹਨ। ਇਹ ਸਮੁੰਦਰ ਵੱਲੋਂ ਆਉਂਦੀਆਂ ਨਮੀ ਵਾਲੀਆਂ ਹਵਾਵਾਂ ਉੱਪਰ ਉੱਠ ਕੇ ਠੰਢੀਆਂ ਹੋ ਕੇ ਵਰਖਾ ਕਰਦੀਆਂ ਹਨ। ਸਰਦੀਆਂ ਵਿਚ ਇਹ ਵਾਵਰੋਲੇ ਉੱਤਰ-ਪੱਛਮ ਦੀ ਦਿਸ਼ਾ ਵੱਲੋਂ ਆਉਂਦੀਆਂ ਖੁਸ਼ਕ ਹਵਾਵਾਂ ਨਾਲ ਮਿਲਦੇ ਹਨ। ਸਰਦੀਆਂ ਵਿਚ ਇਨ੍ਹਾਂ ਨਾਲ ਵਰਖਾ ਤਾਂ ਨਹੀਂ ਹੁੰਦੀ ਪਰ ਠੰਢ ਬਹੁਤ ਹੋ ਜਾਂਦੀ ਹੈ।

ਪੱਛਮੀ ਸ਼ਾਂਤ ਮਹਾਂਸਾਗਰ ਵਿਚ ਬਣਨ ਵਾਲੇ ਚੱਕਰਵਾਤ ਜਾਂ ਟਾਈਫੂਨ ਹਰ ਸਾਲ ਚੀਨ ਮੁੱਖ ਧਰਤੀ ਵੱਲ ਵਧਦੇ ਹਨ। ਇਨ੍ਹਾਂ ਵਿਚੋਂ ਬਹੁਤ ਮਾਰਸੈਲ ਅਤੇ ਕੇਰੋਲਾਇਨਾ ਟਾਪੂਆਂ ਦੇ ਲਾਗੇ ਬਣਦੇ ਹਨ। ਮਈ ਮਹੀਨੇ ਵਿਚ ਇਹ ਗਵਾਂਗਡੂੰਗ ਵਿਚ ਅਤੇ ਜੁਲਾਈ-ਅਗਸਤ ਵਿਚ ਚੀਨ ਦੇ ਕੇਂਦਰੀ ਤਟ ਤੇ ਪਹੁੰਚ ਜਾਂਦੇ ਹਨ। ਅਕਤੂਬਰ ਤੋਂ ਮਗਰੋਂ ਉੱਤਰ-ਪੱਛਮੀ ਹਵਾਵਾਂ ਇਨ੍ਹਾਂ ਟਾਈਫੂਨਾਂ ਨੂੰ ਸਮੁੰਦਰ ਵੱਲ ਧੱਕ ਦਿੰਦੀਆਂ ਹਨ। ਇਨ੍ਹਾਂ ਟਾਈਫੂਨਾਂ ਨਾਲ ਤੇਜ਼ ਤੂਫ਼ਾਨ, ਹਨੇਰ੍ਹੀਆਂ, ਵਰਖਾ ਵਾਲਾ ਮੌਸਮ ਹੋ ਜਾਂਦਾ ਹੈ ਜਿਸ ਨਾਲ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੁੰਦਾ ਹੈ।

**ਵਰਖਾ**—ਚੀਨ ਵਿਚ ਵਰਖਾ ਦੱਖਣ-ਪੂਰਬ ਤੋਂ ਉੱਤਰ-ਪੱਛਮ ਵੱਲ ਘਟਦੀ ਜਾਂਦੀ ਹੈ। ਅਜਿਹਾ ਦੇਸ਼ ਦੀ ਸਮੁੰਦਰ ਨੇੜੇ ਦੀ ਸਥਿਤੀ ਕਰਕੇ ਹੈ। ਸਮੁੰਦਰ ਦੇ ਨੇੜੇ ਦੇ ਸਾਹਿਲੀ ਖੇਤਰਾਂ ਤੇ ਵਰਖਾ ਬਹੁਤੀ ਤੇ ਧੁਰ ਅੰਦਰੂਨੀ ਮੰਗੋਲੀਆ ਵੱਲ ਘਟਦੀ ਜਾਂਦੀ ਹੈ ਕਿਉਂਕਿ ਹਵਾਵਾਂ ਸਮੁੰਦਰ ਵੱਲੋਂ ਚਲਦੀਆਂ ਹਨ ਤੇ ਮਾਰੂਥਲਾਂ ਜਾਂ ਸਮੁੰਦਰ ਤੋਂ ਦੂਰ ਦੇ ਖੇਤਰਾਂ ਤੱਕ ਪਹੁੰਚਦੇ ਹੀ ਉਨ੍ਹਾਂ ਵਿਚ ਨਮੀ ਘਟ ਜਾਂਦੀ ਹੈ। ਔਸਤ ਸਾਲਾਨਾ ਵਰਖਾ ਦੀ ਵੰਡ ਇਸ ਪ੍ਰਕਾਰ ਹੈ। ਦੱਖਣੀ-ਪੂਰਬੀ ਸਾਹਿਲੀ ਖੇਤਰਾਂ ਤੇ ਔਸਤ ਸਾਲਾਨਾ ਵਰਖਾ 200 ਸੈਂ. ਮੀ., ਯਾਂਗਸੀ ਵਾਦੀ ਵਿਚ 100 ਸੈਂ. ਮੀ., ਉੱਤਰ ਵੱਲ ਹਵਾਈ ਹੂ ਵਾਦੀ ਵਿਚ 75 ਸੈਂ. ਮੀ. ਅਤੇ ਹਵਾਂਗ ਹੋ ਦੀਆਂ ਹੇਠਲੀਆਂ ਸ਼ਾਖਾਵਾਂ ਦੇ ਲਾਗੇ 50 ਸੈਂ. ਮੀ. ਹੀ ਰਹਿ

ਜਾਂਦੀ ਹੈ। ਲੋਐਸ ਪਠਾਰ ਦੇ ਉੱਤਰ ਤਕ ਵਰਖਾ ਹੋਰ ਵੀ ਘੱਟ ਜਾਂਦੀ ਹੈ। ਇਥੇ ਇਹ 30 ਸੈਂ. ਮੀ. ਤੋਂ 50 ਸੈਂ. ਮੀ. ਹੁੰਦੀ ਹੈ। ਪੱਛਮੀ ਅੰਦਰੂਨੀ ਮੰਗੋਲੀਆ, ਗਾਨਸੂ ਲਾਂਘੇ ਅਤੇ ਤਾਰੀਮ ਬੇਸਿਨ ਵਿਚ ਵਰਖਾ 10 ਸੈਂ. ਮੀ. ਤੋਂ ਵੀ ਘੱਟ ਹੁੰਦੀ ਹੈ। ਇਹ ਇਥੋਂ ਦੇ ਦੁਨੀਆ ਵਿਚ ਅਸਲੀ ਮਾਰੂਥਲੀ ਖੇਤਰ ਹਨ ਜਿਥੇ ਕਈ ਕਈ ਸਾਲ ਵਰਖਾ ਦੀ ਬੂੰਦ ਵੀ ਨਹੀਂ ਡਿਗਦੀ। ਇਹ ਮਹਾਂਦੀਪੀ ਸਥਿਤੀ ਤੇ ਸਮੁੰਦਰ ਤੋਂ ਦੂਰੀ ਕਰਕੇ ਵਾਪਰਦਾ ਹੈ।

**ਤਾਪਮਾਨ**—ਪੂਰੇ ਦੇਸ਼ ਵਿਚ ਔਸਤ ਸਾਲਾਨਾ ਤਾਪ-ਅੰਤਰ ਬਹੁਤ ਜ਼ਿਆਦਾ ਹੁੰਦਾ ਹੈ। ਔਸਤ ਸਾਲਾਨਾ ਤਾਪ-ਅੰਤਰ ਦੱਖਣ ਤੋਂ ਉੱਤਰ ਵੱਲ ਘਟਦਾ ਜਾਂਦਾ ਹੈ ਜਿਵੇਂ ਕਿ ਇਨ੍ਹਾਂ ਥਾਵਾਂ ਦੇ ਤਾਪਮਾਨਾਂ ਦੇ ਵੇਰਵੇ ਤੋਂ ਪਤਾ ਲਗਦਾ ਹੈ। ਪਰਲ ਵਾਦੀ ਵਿਚ 20°, ਸੈਂ. ਯਾਂਗਸੀ ਵਾਦੀ ਦੀਆਂ ਮਧਵਰਤੀ ਤੇ ਹੇਠਲੀਆਂ ਸ਼ਾਖਾਵਾਂ ਦੇ ਆਸਪਾਸ 15° ਤੋਂ 20° ਸੈਂ., ਉੱਤਰੀ ਚੀਨ ਤੇ ਸ਼ਿਨ-ਜੀਆਂਗ ਦੇ ਦੱਖਣ ਵਲ 10° ਸੈਂ., ਉੱਤਰ-ਪੂਰਬ ਦੇ ਧੁਰ ਦੱਖਣ ਵੱਲ 5° ਸੈਂ. ਹੁੰਦਾ ਹੈ। ਕੁਝ ਇਕ ਥਾਵਾਂ ਨੂੰ ਛੱਡ ਕੇ ਸਮੁੱਚੇ ਦੇਸ਼ ਵਿਚ ਜਨਵਰੀ ਸਭ ਤੋਂ ਠੰਢਾ ਤੇ ਜੁਲਾਈ ਸਭ ਤੋਂ ਗਰਮ ਮਹੀਨਾ ਹੁੰਦਾ ਹੈ। ਸਰਦੀਆਂ ਵਿਚ ਉੱਤਰੀ ਤੇ ਦੱਖਣੀ ਖੇਤਰਾਂ ਦੇ ਤਾਪਮਾਨਾਂ ਵਿਚ 50° ਸੈਂ. ਦਾ ਅੰਤਰ ਰਿਕਾਰਡ ਕੀਤਾ ਗਿਆ ਹੈ। ਅਪਰੈਲ ਮਹੀਨੇ ਵਿਚ ਹੀਲੁੰਗਜ਼ਿਆਂਗ ਨੂੰ ਛੱਡ ਕੇ ਪੂਰੇ ਦੇਸ਼ ਦਾ ਤਾਪਮਾਨ 0° ਸੈਂ. ਤੋਂ ਵਧੇਰੇ ਹੁੰਦਾ ਹੈ, ਇਸੇ ਮਹੀਨੇ ਉੱਤਰ-ਪੂਰਬੀ ਮੈਦਾਨਾਂ ਦਾ 2° ਤੋਂ 8° ਬੀਜਿੰਗ ਤੇ ਸ਼ਿੰਘਾਈ ਵਿਚਲੇ ਮੈਦਾਨਾਂ ਦਾ 12° ਤੋਂ 15° ਅਤੇ ਦੱਖਣ ਵੱਲ ਦੇ ਖੇਤਰਾਂ ਦਾ 20° ਸੈਂ. ਹੁੰਦਾ ਹੈ। ਗਰਮੀਆਂ ਵਿਚ ਉੱਤਰੀ ਤੇ ਦੱਖਣੀ ਚੀਨ ਦੇ ਤਾਪਮਾਨ ਦਾ ਬਹੁਤ ਫ਼ਰਕ ਨਹੀਂ ਹੁੰਦਾ। ਜੁਲਾਈ ਵਿਚ ਕੈਨਟਨ ਤੇ ਬੀਜਿੰਗ ਦੇ ਤਾਪਮਾਨ ਵਿਚ 3° ਸੈਂ. ਦਾ ਹੀ ਅੰਤਰ ਹੁੰਦਾ ਹੈ। ਇਸੇ ਮਹੀਨੇ ਯਾਂਗਸੀ ਅਤੇ ਇਸਦੀਆਂ ਮਧਵਰਤੀ ਤੇ ਹੇਠਲੀਆਂ ਸਹਾਇਕ ਨਦੀਆਂ ਦੀਆਂ ਵਾਦੀਆਂ ਵਿਚ ਗਰਮੀ ਬਹੁਤ ਪੈਂਦੀ ਹੈ। ਉਦਾਹਰਣ ਦੇ ਤੌਰ ਤੇ ਨਾਨਚਾਂਗ ਅਤੇ ਚਾਂਗਸ਼ਾ ਦਾ ਔਸਤ ਤਾਪਮਾਨ 29° ਸੈਂ. ਤੋਂ ਵੱਧ ਹੁੰਦਾ ਹੈ।

ਉੱਤਰੀ ਚੀਨ ਵਿਚ ਪਤਝੜ ਦਾ ਮੌਸਮ ਬਸੰਤ ਨਾਲੋਂ ਠੰਢਾ ਹੁੰਦਾ ਹੈ ਪਰ ਦੱਖਣੀ ਚੀਨ ਵਿਚ ਇਹ ਇਸਦੇ ਉਲਟ ਹੁੰਦਾ ਹੈ। ਉੱਤਰੀ ਹੀਲੁੰਗਜ਼ਿਆਂਗ ਵਿਚ ਗਰਮੀ ਨਾਂ-ਮਾਤਰ ਤੇ ਦੱਖਣੀ ਗਵਾਂਗਤੁੰਗ ਵਿਚ ਸਰਦੀ ਨਾਂ-ਮਾਤਰ ਹੁੰਦੀ ਹੈ। ਯੂਨਾਨ ਪਠਾਰ ਤੇ ਸਾਰਾ ਸਾਲ ਹੀ ਮੌਸਮ ਵਧੀਆ ਰਹਿੰਦਾ ਹੈ, ਸਰਦੀ ਦੇ ਮਹੀਨੇ ਤੋਂ ਵੀ ਘੱਟ ਪੈਂਦੀ ਹੈ। ਇਥੇ ਬਸੰਤ ਤੇ ਪਤਝੜ ਦਾ ਮੌਸਮ 310 ਦਿਨਾਂ ਤਕ ਬਣਿਆ ਰਹਿੰਦਾ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਚੀਨ ਦੀ ਬਨਸਪਤੀ ਵਿਚ ਬਹੁਤ ਹੀ ਭਿੰਨਤਾ ਮਿਲਦੀ ਹੈ। ਇਥੇ ਊਸ਼ਣ-ਖੰਡੀ ਤੇ ਸ਼ੀਤ ਊਸ਼ਣ ਖੰਡੀ ਵਾਵਰੋਲਿਆਂ ਦੇ ਚੱਲਣ ਨਾਲ ਉੱਤਰੀ ਤੇ ਦੱਖਣੀ ਚੀਨ ਦੀ ਜਲਵਾਯੂ ਇਕ ਦੂਜੇ ਨਾਲੋਂ ਬਿਲਕੁਲ ਵੱਖਰੀ ਜਿਹੀ ਬਣ ਜਾਂਦੀ ਹੈ ਜਿਥੇ ਉੱਤਰੀ ਚੀਨ ਦੇ ਹੀਲੁੰਗਜ਼ਿਆਂਗ ਪ੍ਰਾਂਤ ਵਿਚ ਆਰਕਟਿਕ ਕਿਸਮਾਂ ਦੀ ਬਨਸਪਤੀ ਵੇਖਣ ਨੂੰ ਮਿਲਦੀ ਹੈ ਉਥੇ ਦੱਖਣੀ ਚੀਨ ਦੇ ਗਵਾਂਗਤੁੰਗ ਪ੍ਰਾਂਤ ਵਿਚ ਊਸ਼ਣ-ਖੰਡੀ ਬਨਸਪਤੀ ਦੀ ਕਿਸਮ ਮਿਲਦੀ ਹੈ। ਪੂਰੇ ਦੇਸ਼ ਵਿਚ ਸਿਰਫ ਧਰੁਵੀ ਬਨਸਪਤੀ ਦੀ ਕਿਸਮ ਨੂੰ ਛੱਡ ਸ਼ੀਤ-ਊਸ਼ਣ ਤੇ ਊਸ਼ਣ ਖੰਡੀ ਹਰੇਕ ਕਿਸਮ ਦੀ ਬਨਸਪਤੀ ਮਿਲਦੀ ਹੈ। ਚੀਨੀ ਊਸ਼ਣ-ਖੰਡੀ ਖੇਤਰ ਵਿਚ ਭੂ-ਮਧ ਰੇਖਾ ਦੇ ਦੱਖਣ ਵਲ ਦੇ ਇੰਡੋਨੇਸ਼ੀਆ ਅਤੇ ਦੱਖਣੀ ਪੂਰਬੀ ਏਸ਼ਿਆਈ ਮੁਲਕਾਂ ਵਾਲੀ ਬਨਸਪਤੀ ਮਿਲਦੀ ਹੈ। ਦੱਖਣੀ ਚੀਨ ਸਾਗਰ ਦੇ ਨਾਲ ਲਗਦੇ ਤੱਟੀ ਖੇਤਰਾਂ ਵਿਚ ਮੈਂਗ੍ਰੋਵ ਦਰਖ਼ਤ ਮਿਲਦੇ ਹਨ। ਇਸ ਤਰ੍ਹਾਂ ਪੂਰੇ ਦੇਸ਼ ਵਿਚ ਕਈ ਕਿਸਮਾਂ ਦੇ ਜੰਗਲ ਮਿਲਦੇ ਹਨ। ਇਥੇ ਬੀਜਾਂ ਵਾਲੇ ਪੌਦਿਆਂ ਦੀਆਂ 30,000 ਕਿਸਮਾਂ ਮਿਲਦੀਆਂ ਹਨ ਜਿਹੜੀਆਂ ਸੰਸਾਰ ਵਿਚ ਮਿਲਣ ਵਾਲੀਆਂ 2,700 ਮੁੱਖ ਕਿਸਮਾਂ ਦਾ ਨਿਰੂਪਣ ਕਰਦੀਆਂ ਹਨ। ਜੰਗਲਾਂ ਦੀ ਲੱਕੜੀ ਵਿਚ ਵੀ 2500 ਕਿਸਮਾਂ ਹਨ। ਇਥੋਂ ਦੇ ਜੰਗਲਾਂ ਦੀ ਲੱਕੜੀ ਆਰਥਿਕ ਪੱਖੋਂ ਬਹੁਤ ਹੀ ਮਹੱਤਵਪੂਰਨ ਹੈ। ਇਮਾਰਤੀ ਲੱਕੜੀ ਦੱਖਣ-ਪੂਰਬੀ ਤੱਟ ਤੇ ਦੱਖਣ-ਪੱਛਮੀ ਮੰਚੂਰੀਆ ਦੇ ਜੰਗਲਾਂ ਤੋਂ ਮਿਲਦੀ ਹੈ। ਇਮਾਰਤੀ ਲੱਕੜੀ ਵਿਚ ਚੀਲ, ਸਪਰੂਸ, ਲਾਰਚ, ਐਲਮ, ਬਰਚ, ਬਲੂਤ ਅਤੇ ਫਰ ਦੇ ਦਰਖ਼ਤ ਹਨ। ਇਨ੍ਹਾਂ ਤੋਂ ਇਲਾਵਾ ਚਨਾਰ, ਦਿਉਦਾਰ, ਬੈਂਤ, ਭੋਜ-ਪੱਤਰ, ਐਸ਼-ਰੁੱਖ, ਮੈਪਲ, ਜ਼ਿੰਗੋ ਅਤੇ ਦੱਖਣੀ ਚੀਨ ਵਿਚ ਸਾਗੋ-ਪਾਮ, ਕਿੱਕਰ, ਬੋਤ੍ਹ ਅਤੇ ਫ਼ਲਦਾਰ ਦਰਖ਼ਤ ਮਿਲਦੇ ਹਨ। ਫ਼ਲਦਾਰ ਦਰਖ਼ਤਾਂ ਦੀ ਵੀ ਭਰਮਾਰ ਹੈ। ਇਥੇ ਸ਼ੀਤ-ਊਸ਼ਣ ਤੇ ਉਪ-ਊਸ਼ਣ ਖੰਡੀ ਫ਼ਲਾਂ ਦੀਆਂ ਦੋਨੋਂ ਕਿਸਮਾਂ ਮਿਲਦੀਆਂ ਹਨ। ਇਥੇ ਆੜੂ, ਖੁਰਮਾਣੀ, ਚੈਰੀ, ਨਾਸ਼ਪਾਤੀ, ਨਿੰਬੂ, ਵੱਡੇ ਨਿੰਬੂ, ਅਨਾਰ, ਅੰਬ, ਅੰਜੀਰ, ਕੇਲੇ, ਲੀਚੀ, ਜੈਤੂਨ ਅਤੇ ਲੁਕਾਠ ਫ਼ਲਾਂ ਵਾਲੇ ਦਰਖ਼ਤ ਮਿਲਦੇ ਹਨ। ਇਸ ਤੋਂ ਬਿਨਾਂ ਇਥੋਂ ਸੇਬਾਂ ਦੀਆਂ ਵੀ ਕਈ ਕਿਸਮਾਂ ਮਿਲਦੀਆਂ ਹਨ ਪਰ ਇਹ ਸੰਯੁਕਤ ਰਾਜ ਅਮਰੀਕਾ ਦੇ ਸੇਬਾਂ ਤੋਂ ਖਾਣ ਵਿਚ ਘੱਟ ਸਵਾਦੀ ਹੁੰਦੀਆਂ ਹਨ। ਅਖਰੋਟ ਤੇ ਪਿਸਤੇ ਦੇ ਬੂਟੇ ਵੀ ਮਿਲਦੇ ਹਨ। ਕਈ ਦਰਖ਼ਤਾਂ ਦੇ ਦੁੱਧ ਤੋਂ ਦਵਾਈਆਂ ਵੀ ਬਣਦੀਆਂ ਹਨ। ਸ਼ੀਸ਼ਮ ਤੇ ਕਈ ਹੋਰ ਟੰਗ ਆਇਲ ਵਰਗੇ ਦਰਖ਼ਤਾਂ ਦੇ ਫ਼ਲਾਂ ਦੇ ਬੀਜਾਂ ਵਿਚੋਂ ਤੇਲ ਕੱਢਿਆ ਜਾਂਦਾ ਹੈ ਜੋ ਪੇਂਟ ਤੇ ਵਾਰਨਸ਼ ਬਣਾਉਣ ਦੇ ਕੰਮ ਆਉਂਦਾ ਹੈ।

ਬਨਸਪਤੀ ਤੇ ਧਰਾਤਲ ਦੇ ਵਖਰੇਵੇਂ ਕਰਕੇ ਇਥੇ ਜੀਵ-ਜੰਤੂਆਂ ਦੀਆਂ ਵੀ ਅਨੇਕਾਂ ਹੀ ਕਿਸਮਾਂ ਮਿਲਦੀਆਂ ਹਨ। ਸੰਸਾਰ-ਭਰ ਦੇ ਅਨੇਕਾਂ ਹੀ ਦੁਰਲੱਭ ਜੀਵ-ਜੰਤੂ ਇਥੋਂ ਦੇ ਜੰਗਲਾਂ ਵਿਚ ਰਹਿੰਦੇ ਹਨ। ਇਥੇ ਸ਼ੀਤ-ਊਸ਼ਣ, ਊਸ਼ਣ-ਖੰਡੀ ਤੋਂ ਇਲਾਵਾ ਪੇਲੀਆਰਕਟਿਕ ਖੇਤਰਾਂ (ਯੂਰਪ, ਏਸ਼ੀਆ, ਉੱਤਰੀ ਅਰਬ, ਅਫ਼ਰੀਕਾ ਦੇ ਸਹਾਰਾ ਦੇ ਉੱਤਰ ਵੱਲ ਦੇ ਖੇਤਰ) ਵਾਲੇ ਜੀਵ-ਜੰਤੂ ਵੀ ਮਿਲਦੇ ਜੁਲਦੇ ਹਨ। ਉੱਤਰ-ਪੂਰਬੀ ਖੇਤਰ ਵਿਚ ਸਾਇਬੇਰੀਅਨ ਨਸਲਾਂ ਨਾਲ ਮਿਲਦੇ ਜਾਨਵਰ ਮਿਲਦੇ ਹਨ। ਸਭ ਤੋਂ ਵੱਧ ਨਸਲਾਂ ਦੇ ਜੀਵ-ਜੰਤੂ ਪਹਾੜੀ ਲੜੀਆਂ ਉੱਤੇ ਅਤੇ ਤਿੱਬਤ ਦੀ ਹੱਦ ਦੇ ਨਾਲ ਲਗਦੀਆਂ ਵਾਦੀਆਂ ਦੇ ਜੰਗਲਾਂ ਵਿਚ ਰਹਿੰਦੇ ਹਨ। ਹਿਰਨਾਂ ਦੀਆਂ ਵੀ ਕਈ ਕਿਸਮਾਂ ਵੇਖੀਆਂ ਜਾਂਦੀਆਂ ਹਨ ਪਰ ਉੱਤਰੀ ਸ਼ਾਂਸੀ ਤੇ ਮੰਗੋਲੀਆ ਦੇ ਜੰਗਲਾਂ ਵਿਚੋਂ ਇਨ੍ਹਾਂ ਵਿਚੋਂ ਕਈ ਤਾਂ ਸ਼ਿਕਾਰੀਆਂ ਨੇ ਮਾਰ ਮੁਕਾਈਆਂ ਹਨ। ਉੱਤਰੀ ਚੀਨ ਤੇ ਮੰਚੂਰੀਆ ਵਿਚ ਫਰ ਵਾਲੇ ਜਾਨਵਰ ਬਹੁਤੇ ਹੁੰਦੇ ਹਨ ਜਿਨ੍ਹਾਂ ਵਿਚੋਂ ਬਿੱਜੂ, ਸੇਬਲ (ਨਿਉਲੇ ਵਰਗਾ ਜੀਵ), ਅਬਾਬੀਲ, ਉਦ-ਬਲਾਵ, ਲਕੜਬੱਗਾ, ਲੂੰਬੜੀ, ਗਾਲ੍ਹੜ ਵਰਣਨ ਯੋਗ ਹਨ। ਬਾਂਦਰਾਂ ਦੀਆਂ ਵੀ ਕਈ ਨਸਲਾਂ ਮਿਲਦੀਆਂ ਹਨ। ਥਣਧਾਰੀ ਜੀਵਾਂ ਵਿਚੋਂ ਅੱਧੇ ਤਾਂ ਕੁਤਰਣ ਵਾਲੇ ਹੁੰਦੇ ਹਨ। ਉੱਤਰੀ-ਚੀਨ ਵਿਚ ਕੀੜੇ-ਪਤੰਗੇ ਥੋੜ੍ਹੇ ਹੁੰਦੇ ਹਨ। ਰੇਂਗਣ ਵਾਲੇ ਜੀਵਾਂ ਵਿਚ ਭਾਰਤੀ ਫ਼ਨੀਅਰ ਸੱਪ ਤੇ ਕੱਛੂਕੁੰਮੇ ਮਿਲਦੇ ਹਨ। ਇਥੇ ਪੰਛੀ ਵੀ ਬਹੁਤ ਮਿਲਦੇ ਹਨ ਜਿਨ੍ਹਾਂ ਵਿਚ ਤਿੱਤਰਾਂ ਦੀਆਂ ਕਈ ਕਿਸਮਾਂ ਬਾਜ਼, ਸ਼ਿਕ, ਗਰੁੜ ਅਤੇ ਕਈ ਗਾਉਣ ਵਾਲੇ ਪੰਛੀਆਂ ਵਿਚ ਮੈਨਾ, ਬੁਲਬੁਲ ਤੇ ਲਾਰਕ ਅਤੇ ਕਈ ਹੋਰ ਪੰਛੀ ਜਿਵੇਂ ਕਬੂਤਰ, ਵੁਡਪੈਕਰ (ਲੰਬੀ ਚੁੰਝ ਵਾਲੇ ਪੰਛੀ), ਗਿਰਗਟ, ਚਮਗਿੱਦੜ, ਕਾਲਾ ਕਾਂ, ਅਬਾਬੀਲ ਕਈ ਤਰ੍ਹਾਂ ਦੀਆਂ ਚਿੜੀਆਂ ਓਰੀਓਲ, ਬੰਟਿੰਗ ਅਤੇ ਸੁਰੀਲੀ ਆਵਾਜ਼ ਵਾਲਾ 'ਰੈਨ' ਮਿਲਦੇ ਹਨ। ਇਥੋਂ ਦੇ ਪਾਣੀਆਂ ਵਿਚ ਕਈ ਜਲ-ਥਲ ਪੰਛੀ, ਮੱਛੀਆਂ, ਬੱਤਖਾਂ, ਸਾਰਸ, ਕਰੇਚ, ਮਰਗਾਬੀਆਂ ਅਤੇ ਜਲ ਕਾਂ ਮਿਲਦੇ ਹਨ।

ਪੂਰੇ ਚੀਨ ਵਿਚ ਉੱਚੇ ਪਹਾੜਾਂ ਉੱਤੇ ਆਰਕਟਿਕ ਜਾਨਵਰ ਤੇ ਪੂਰਬੀ ਚੀਨ ਵਿਚ ਦੱਖਣ-ਪੂਰਬ ਦੇ ਊਸ਼ਣ-ਖੰਡੀ ਜਾਨਵਰਾਂ ਨਾਲੋਂ ਤੇ ਪੇਲੀਆਰਕਟਿਕ ਨਾਲੋਂ ਵੱਖਰੀ ਕਿਸਮ ਦੇ ਤੇ ਧੁਰ ਦੱਖਣੀ ਖੇਤਰਾਂ ਵਿਚ ਊਸ਼ਣ ਖੰਡੀ ਜਾਨਵਰ ਮਿਲਦੇ ਹਨ। ਇਨ੍ਹਾਂ ਵਿਚ ਥਣਧਾਰੀ, ਜਲ-ਥਲ ਪ੍ਰਾਣੀ ਹੁੰਦੇ ਹਨ। ਧੁਰ ਉੱਤਰ ਵਲ ਸਾਇਬੇਰੀਆਈ ਨਸਲਾਂ ਨਾਲ ਮਿਲਦੀਆਂ-ਜੁਲਦੀਆਂ ਨਸਲਾਂ ਹੁੰਦੀਆਂ ਹਨ।

## ਇਤਿਹਾਸ

ਚੀਨ ਦਾ ਇਤਿਹਾਸ ਬੜਾ ਪੁਰਾਣਾ ਹੈ। ਸੰਨ 1927 ਵਿਚ ਪੀਕਿੰਗ ਤੋਂ 48 ਕਿ.ਮੀ. ਦੂਰ ਦੱਖਣ-ਪੱਛਮ ਵੱਲ ਇਕ ਗੁਫ਼ਾ ਵਿਚੋਂ ਮਿਲੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ 350,000 ਸਾਲ ਪਹਿਲਾਂ ਵੀ ਇੱਥੇ

ਵਸੋਂ ਸੀ। ਚੀਨੀ ਸੱਭਿਅਤਾ ਹਵਾਂਗ ਹੋ ਦਰਿਆ ਤੋਂ ਆਰੰਭ ਹੋਈ। ਇਥੇ ਹੋਈ ਖੁਦਾਈ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਅੱਜ ਦੇ ਹੋਨਾਨ ਸ਼ਾਨਤੁੰਗ ਅਤੇ ਸ਼ਾਂਸੀ ਪ੍ਰਾਂਤਾਂ ਵਿਚ ਹੀ ਚੀਨੀ ਸਭਿਆਚਾਰ ਦਾ ਮੁੱਢ ਬੱਝਾ।

2000 ਤੋਂ 1800 ਈ. ਪੂ. ਦੌਰਾਨ ਇਥੋਂ ਦੇ ਲੋਕ ਨਿਰਮਾਣ ਕਲਾ ਵਿਚ ਕਾਫ਼ੀ ਉੱਨਤ ਹੋ ਚੁੱਕੇ ਸਨ। ਭਾਸ਼ਾ ਵਿਚ ਲਿਪੀ ਦੀ ਵਰਤੋਂ ਸ਼ੁਰੂ ਹੋ ਚੁੱਕੀ ਸੀ। ਖੇਤੀਬਾੜੀ ਤੇ ਪਸ਼ੂ ਪਾਲਣਾ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਸੀ। ਇਸੇ ਕਾਲ ਵਿਚ ਆਨਯਾਂਗ ਅਤੇ ਹੋਨਾਨ ਦੇ ਆਸਪਾਸ ਸ਼ਾਂਗ ਬੰਸੀ ਰਾਜੇ ਰਾਜ ਕਰਦੇ ਸਨ ਤੇ ਇਨ੍ਹਾਂ ਨੇ ਤਿੰਨ ਸਦੀਆਂ ਦੇ ਕਰੀਬ ਰਾਜ ਕੀਤਾ। ਇਨ੍ਹਾਂ ਦੇ ਰਾਜ ਦੌਰਾਨ ਕਾਂਸੀ ਦੀਆਂ ਬਣੀਆਂ ਸੁੰਦਰ ਚੀਜ਼ਾਂ ਦਾ ਨਿਰਮਾਣ ਹੋਇਆ। ਲੋਕਾਂ ਵਿਚ ਕਲੰਡਰ ਦੀ ਵਰਤੋਂ ਸ਼ੁਰੂ ਹੋਈ।

ਸ਼ਾਂਗ ਬੰਸੀ ਰਾਜਿਆਂ ਦੀ ਗਿਰਾਵਟ ਮਗਰੋਂ 1122 ਈ. ਪੂ. ਤੋਂ ਚਾਓ ਵੰਸ਼ ਦਾ ਰਾਜ ਸ਼ੁਰੂ ਹੋਇਆ। ਇਨ੍ਹਾਂ ਨੇ ਕਾਫ਼ੀ ਲੰਬੇ ਸਮੇਂ 221 ਈ. ਪੂ. ਤਕ ਰਾਜ ਕੀਤਾ। ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਰਾਜੇ ਸ਼ਾਂਗ ਬੰਸੀ ਰਾਜਿਆਂ ਨਾਲੋਂ ਘੱਟ ਸੱਭਿਅ ਸਨ। ਇਨ੍ਹਾਂ ਨੇ ਸ਼ੀਆਨ ਨੇੜੇ ਆਪਣਾ ਰਾਜ ਕਾਇਮ ਕੀਤਾ ਅਤੇ ਇਹ ਲਗਭਗ 500 ਸਾਲ ਤਕ ਛੋਟੇ ਛੋਟੇ ਰਾਜਾਂ ਤੇ ਰਾਜ ਕਰਦੇ ਰਹੇ।

221 ਈ. ਪੂ. ਵਿਚ ਚਿੰਨ ਬੰਸ ਦਾ ਰਾਜ ਸ਼ੁਰੂ ਹੋਇਆ। ਸ਼ੀ ਹਵਾਂਗ ਤੀ ਨੇ ਆਪਣੇ ਆਪ ਨੂੰ ਪਹਿਲਾ ਖ਼ੁਦਮੁਖ਼ਤਿਆਰ ਰਾਜਾ ਹੋਣ ਦਾ ਐਲਾਨ ਕੀਤਾ। ਇਸਨੇ ਜਾਗੀਰਦਾਰੀ ਢਾਂਚੇ ਦਾ ਅੰਤ ਕੀਤਾ ਅਤੇ ਇਸੇ ਸਮੇਂ ਦੌਰਾਨ ਚੀਨ ਦੀ 'ਮਹਾਨ ਦੀਵਾਰ' ਦਾ ਨਿਰਮਾਣ ਹੋਇਆ। ਇਸ ਸਮੇਂ ਨੂੰ ਕਾਫ਼ੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਸਾਹਿਤ ਅਤੇ ਕਲਾ ਵਿਚ ਸ਼ਲਾਘਾਯੋਗ ਉੱਨਤੀ ਹੋਈ। ਦੇਸ਼ ਦੇ ਵੱਖ-ਵੱਖ ਭਾਗਾਂ ਨੂੰ ਜੋੜਨ ਲਈ ਸੜਕ ਮਾਰਗ ਵੀ ਬਣਵਾਏ ਗਏ, ਸਿੰਜਾਈ ਯੋਜਨਾਵਾਂ ਬਣੀਆਂ। ਕੇਂਦਰੀ ਸਰਕਾਰ ਅਧੀਨ ਜਾਂ ਰਾਜੇ ਦੇ ਦਰਬਾਰੀਆਂ ਅਧੀਨ ਹੀ ਸਾਰਾ ਪ੍ਰਸ਼ਾਸਨ ਰੱਖਿਆ ਗਿਆ। ਇਸੇ ਬੰਸ ਦੇ ਨਾਉਂ ਤੇ ਚੀਨ ਦਾ ਨਾਉਂ ਪਿਆ।

206 ਈ. ਪੂ. ਵਿਚ ਚੀਨ ਉਪਰ ਹਾਨ ਬੰਸ ਦਾ ਰਾਜ ਆਰੰਭ ਹੋਇਆ। ਲਿਉਪੇਂਗ ਇਸ ਦਾ ਪਹਿਲਾ ਰਾਜਾ ਸੀ। ਇਸ ਨੇ ਆਪਣੀ ਯੋਗਤਾ, ਸਿਆਣਪ ਤੇ ਕਾਬਲੀਅਤ ਨਾਲ ਸਾਮਰਾਜ ਦੀ ਸਥਾਪਨਾ ਕੀਤੀ। ਉੱਤਰ-ਪੱਛਮ ਵਿਚ ਰਾਜਧਾਨੀ ਵੀ ਬਣਾਈ। ਇਸੇ ਬੰਸ ਦੇ ਰਾਜੇ ਨੇ 140-87 ਈ. ਪੂ. ਦੌਰਾਨ ਬਦੇਸ਼ੀ ਹਮਲਾਵਰਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਮੱਧ ਏਸ਼ੀਆ ਦੇ ਲੋਕਾਂ ਨਾਲ ਆਪਣੇ ਸੰਬੰਧ ਵੀ ਬਣਾਏ। ਹਾਨ ਰਾਜਿਆਂ ਨੇ ਮੱਧ-ਏਸ਼ੀਆ, ਕੋਰੀਆ, ਹਿੰਦ-ਚੀਨ ਵੱਲ ਵੀ ਆਪਣਾ ਰਾਜ ਵਧਾ ਲਿਆ ਇਸੇ ਸਮੇਂ ਵਿਚ ਕਾਗਜ਼ ਅਤੇ ਸੀਸਮੋਗ੍ਰਾਫ਼ ਯੰਤਰ ਨੂੰ ਈਜਾਦ ਕੀਤਾ ਗਿਆ। ਸੰਨ 9 ਵਿਚ ਹਾਨਾਂ ਦਾ ਰਾਜ ਕਮਜ਼ੋਰ ਹੋ ਗਿਆ। ਦੇਸ਼ ਵਿਚ ਕਾਫ਼ੀ ਸਮੇਂ ਤਕ ਅਰਾਜਕਤਾ ਫੈਲੀ ਰਹੀ। ਇਸੇ ਸਮੇਂ ਵਿਚ ਭਾਰਤ ਵਲੋਂ ਬੁੱਧ ਮਤ ਦੇ ਪ੍ਰਚਾਰਕ ਇਥੇ ਆਏ।

581 ਈ. ਵਿਚ ਯਾਂਗ ਚਯੇਨ ਨੇ ਅਰਾਜਕਤਾ ਖ਼ਤਮ ਕਰਕੇ ਸੂਈ ਬੰਸ ਦਾ ਰਾਜ ਸਥਾਪਿਤ ਕੀਤਾ। ਇਸਨੇ ਨਾ ਸਿਰਫ਼ ਇਕ ਸਾਮਰਾਜ ਦੀ ਸਥਾਪਨਾ ਕੀਤੀ ਸਗੋਂ ਇਸ ਵਿਚ ਹੋਰ ਨਵੇਂ ਇਲਾਕੇ ਵੀ ਸ਼ਾਮਲ ਕੀਤੇ। ਇਨ੍ਹਾਂ ਰਾਜਿਆਂ ਨੇ ਮੰਗੋਲੀਆ ਦੇ ਤੁਰਕ ਸਾਮੰਤਾਂ ਨੂੰ ਵੀ ਆਪਣੇ ਅਧੀਨ ਕਰ ਲਿਆ, ਪੂਰਬੀ ਦੀਪ-ਸਮੂਹਾਂ ਨਾਲ ਸੰਪਰਕ ਸਥਾਪਿਤ ਕੀਤੇ। ਸੰਨ 618 ਵਿਚ ਲੀਸੀਹ ਮਿਨ ਤੇ ਉਸਦੇ ਪੁੱਤਰ ਲੀ ਯੁਆਨ ਨੇ ਤੁੰਗ ਬੰਸ ਦਾ ਰਾਜ ਸਥਾਪਤ ਕੀਤਾ। ਇਨ੍ਹਾਂ ਰਾਜਿਆਂ ਨੇ ਸਾਮਰਾਜ ਨੂੰ ਪ੍ਰਾਂਤਾਂ ਵਿਚ ਵੰਡਿਆ, ਸਰਕਾਰੀ ਨੌਕਰੀਆਂ ਲਈ ਪ੍ਰੀਖਿਆਵਾਂ ਨਿਸ਼ਚਿਤ ਕੀਤੀਆਂ, ਸਿੱਖਿਆ ਦਾ ਪ੍ਰਬੰਧ, ਸਿੰਜਾਈ ਲਈ ਨਹਿਰਾਂ ਦੀ ਖੁਦਾਈ ਅਤੇ ਬਾਹਰਲੇ ਦੇਸ਼ਾਂ ਨਾਲ ਮਿੱਤਰਤਾ ਪੂਰਨ ਸਬੰਧ ਕਾਇਮ ਕਰਨ ਵਰਗੇ ਮਹੱਤਵਪੂਰਨ ਕੰਮ ਕੀਤੇ। ਇਸ ਬੰਸ ਦੇ ਅੰਤ ਸਮੇਂ 907-960 ਦੌਰਾਨ ਦੇਸ਼ ਵਿਚ ਫ਼ੌਜੀ ਹਕੂਮਤ ਅਤੇ ਲੜਾਈਆਂ ਦਾ ਹੀ ਦੌਰ ਜਾਰੀ ਰਿਹਾ। ਇਸ ਸਮੇਂ ਵਿਚ ਛਪਾਈ ਦਾ ਕੰਮ ਜ਼ੋਰਾਂ ਤੇ ਸੀ ਤੇ ਕਈ ਗ੍ਰੰਥ ਵੀ ਛਾਪੇ ਗਏ।

960 ਵਿਚ ਸੁੰਗ ਬੰਸ ਦੇ ਚਾਓ ਕੁਆਂਗ ਯਿਨ ਨੇ ਆਪਣਾ ਰਾਜ ਸਥਾਪਿਤ ਕਰਕੇ ਦੇਸ਼ ਵਿਚ ਅਮਨ ਅਤੇ ਏਕਤਾ ਕਾਇਮ ਕੀਤੀ। ਇਸ ਬੰਸ ਦੇ ਰਾਜਿਆਂ ਨੇ ਵੀ ਸਾਮਰਾਜ ਦਾ ਮਾਣ ਵਧਾਇਆ ਪਰ ਉੱਤਰ ਵਿਚ ਜੁਚੈਨ ਦੇ ਹਮਲੇ ਕਾਰਨ ਇਸ ਬਾਦਸ਼ਾਹ ਨੂੰ ਆਪਣੀ ਰਾਜਧਾਨੀ ਦੱਖਣ ਵੱਲ ਲੈ ਜਾਣੀ ਪਈ। ਯੰਗਸੀ ਦਰਿਆ ਦੇ ਦੱਖਣ ਵੱਲ 1279 ਈ. ਤਕ ਇਸ ਬੰਸ ਦੇ ਰਾਜਿਆਂ ਨੇ ਰਾਜ ਕੀਤਾ। ਇਸੇ ਸਾਲ ਹੀ ਮੰਗੋਲ ਹਮਲਾਵਰ ਚੰਗੇਜ਼ ਖ਼ਾਂ ਨੇ ਸੁੰਗ ਸਾਮਰਾਜ ਤੇ ਅਧਿਕਾਰ ਕਰ ਲਿਆ ਅਤੇ ਇਸ ਦੇ ਪੋਤੇ ਕੁਬਲਾ ਖ਼ਾਂ ਦਾ ਸਾਮਰਾਜ ਦੇ ਸਮਰਾਟ ਹੋਣ ਦਾ ਐਲਾਨ ਹੋਇਆ ਅਤੇ ਇਸਨੇ ਖ਼ਾਨਬਾਲੀਕ (ਹੁਣ ਬੀਜਿੰਗ) ਨੂੰ ਆਪਣੀ ਸਰਦੀਆਂ ਦੀ ਰਾਜਧਾਨੀ ਬਣਾਇਆ। ਚੀਨ ਦੇ ਦੱਖਣੀ ਪ੍ਰਾਂਤਾਂ ਤੇ ਮੰਗੋਲਾਂ ਨੇ ਬੜੀ ਔਖਿਆਈ ਨਾਲ ਕਬਜ਼ਾ ਕੀਤਾ। ਸੰਨ 1368 ਵਿਚ ਚੀਨ ਦੀ ਸੈਨਾ ਨੇ ਰਾਜਧਾਨੀ ਖ਼ਾਨਬਾਲੀਕ ਤੇ ਆਪਣਾ ਕਬਜ਼ਾ ਕਰ ਲਿਆ ਤੇ ਹੌਲੀ ਹੌਲੀ ਮੰਗੋਲਾਂ ਨੂੰ ਮੰਚੂਰੀਆ, ਯੂਨਾਨ ਤੇ ਗਰਮੀਆਂ ਦੀ ਰਾਜਧਾਨੀ ਖੰਜਰੇਬ ਵਿਚੋਂ ਵੀ ਭੱਜਣਾ ਪਿਆ। ਸੰਨ 1368 ਵਿਚ ਜੂ ਯੁਆਨ ਜਾਂਗ ਨੇ ਮਿੰਗ ਬੰਸ ਅਧੀਨ ਚੀਨੀ ਸਾਮਰਾਜ ਦੀ ਵਾਗਡੋਰ ਸੰਭਾਲੀ। ਇਸ ਬੰਸ ਦੇ ਰਾਜਿਆਂ ਨੇ ਨਵੇਂ ਸ਼ਹਿਰ ਉਸਾਰੇ, ਉਤਪਾਦਨ ਵਿਚ ਵਾਧਾ ਕੀਤਾ ਅਤੇ ਜਲ-ਮਾਰਗਾਂ ਦਾ ਵਿਕਾਸ ਕੀਤਾ। ਇਸ ਜ਼ਮਾਨੇ ਵਿਚ ਵਿਸ਼ਵ ਕੋਸ਼ ਤਿਆਰ ਕੀਤੇ ਗਏ।

ਮਾਂਚੂਆਂ ਨੇ ਆਪਣੇ ਆਪ ਨੂੰ ਖ਼ੂਬ ਸ਼ਕਤੀਸ਼ਾਲੀ ਬਣਾ ਕੇ ਚੀਨ ਤੇ ਉਦੋਂ ਹਮਲਾ ਕੀਤਾ ਜਦੋਂ ਇਥੋਂ ਦੇ ਲੋਕ ਆਪੋ ਵਿਚ ਵੰਡੇ ਹੋਏ ਸਨ। ਸੰਨ 1659 ਵਿਚ ਇਨ੍ਹਾਂ ਨੇ ਮਿੰਗ ਬੰਸ ਦੇ ਕਠਪੁਤਲੀਏ ਬਾਦਸ਼ਾਹ ਨੂੰ ਗੱਦੀਉਂ ਲਾਹ ਦਿੱਤਾ ਅਤੇ ਲਗਭਗ 100 ਸਾਲ ਤਕ ਇਥੇ ਸ਼ਾਂਤੀ ਕਾਇਮ ਰੱਖੀ। ਸੰਨ 1899 ਵਿਚ ਚੀਨੀਆਂ ਦੇ ਗੁਪਤ ਸੰਗਠਨਾਂ ਨੇ ਮਾਂਚੂ ਰਾਜਿਆਂ ਦਾ ਤਖ਼ਤਾ ਪਲਟਣਾ ਆਰੰਭ ਕਰ ਦਿੱਤਾ ਅਤੇ 1911 ਵਿਚ ਮਾਂਚੂ ਰਾਜ ਖ਼ਤਮ ਕਰ ਦਿੱਤਾ ਗਿਆ।

### ਇਤਿਹਾਸ :

10 ਅਕਤੂਬਰ, 1911 ਨੂੰ ਚੀਨ ਵਿਚ ਭਾਰੀ ਇਨਕਲਾਬ ਆਇਆ ਜਿਸ ਦਾ ਮੁੱਖ ਕਾਰਨ ਸਤੰਬਰ ਵਿਚ ਰੇਲਵੇ ਲਾਈਨਾਂ ਵਿਛਾਉਣ ਦੀ ਯੋਜਨਾ ਸੀ ਜਿਸਦੇ ਵਿਰੋਧ ਵਿਚ ਲੋਕ ਭੜਕ ਪਏ ਸਨ। ਇਕ ਆਜ਼ਾਦ ਦੇਸ਼ ਦੀ ਸਥਾਪਨਾ ਲਈ ਪੀਕਿੰਗ ਵਿਖੇ ਇਕ ਰਾਸ਼ਟਰੀ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਅਤੇ 12 ਫ਼ਰਵਰੀ, 1912 ਨੂੰ ਚੀਨ ਦੇ ਬਾਦਸ਼ਾਹ ਯੁਆਨ ਤੁੰਗ ਨੇ ਸਿੰਘਾਸਨ ਛੱਡ ਦਿੱਤਾ। ਇਸ ਨਾਲ ਚੀਨ ਉੱਤੇ 2,000 ਸਾਲਾਂ ਤੋਂ ਚਲੀ ਆ ਰਹੀ ਰਜਵਾੜਾ ਸ਼ਾਹੀ ਦਾ ਅੰਤ ਹੋ ਗਿਆ ਅਤੇ ਸੁਨ-ਯਾਤ-ਸੈਨ ਨੂੰ ਨਵੇਂ ਸੰਵਿਧਾਨ ਅਧੀਨ ਗਣਰਾਜ ਦਾ ਨਵਾਂ ਪ੍ਰੈਜ਼ੀਡੈਂਟ ਚੁਣ ਲਿਆ ਗਿਆ। ਸੰਨ 1920 ਵਿਚ ਜੀਆਂਗ ਕਾਈਸ਼ੈਕ ਦੀ ਰਹਿਨੁਮਾਈ ਹੇਠ ਚੀਨੀ ਕਮਿਊਨਿਸਟਾਂ ਨੇ ਰੂਸ ਦੀ ਸਹਾਇਤਾ ਨਾਲ ਚੀਨ ਵਿਚ ਪੱਕਾ ਰਾਜ ਸਥਾਪਿਤ ਕਰਨ ਦਾ ਜਤਨ ਕੀਤਾ। ਪਰ ਛੇਤੀ ਹੀ ਜੀਆਂਗ ਕਮਿਊਨਿਸਟ ਪਾਰਟੀ ਨਾਲੋਂ ਵੱਖ ਹੋ ਗਿਆ ਅਤੇ ਉਸ ਨੇ ਆਪਣੀ ਵੱਖਰੀ ਫ਼ੌਜ ਅਤੇ ਸਰਕਾਰ ਬਣਾ ਲਈ। ਸੰਨ 1932 ਵਿਚ ਜਾਪਾਨ ਨੇ ਮੰਚੂਰੀਆ ਤੇ ਕਬਜ਼ਾ ਕਰ ਲਿਆ ਅਤੇ 1937 ਵਿਚ ਚੀਨ ਦੀ ਜਾਪਾਨ ਨਾਲ ਲੜਾਈ ਸ਼ੁਰੂ ਹੋ ਗਈ। ਇਸ ਸਮੇਂ ਦੌਰਾਨ ਚੀਨ ਦੀ ਕਮਿਊਨਿਸਟ ਪਾਰਟੀ ਨੇ ਦੇਸ਼ ਦੇ ਲੋਕਾਂ ਦੀ ਹਮਾਇਤ ਹਾਸਲ ਕਰ ਲਈ ਅਤੇ ਪਾਰਟੀ ਮਕਬੂਲ ਹੋ ਗਈ। ਮਾਓ-ਸੀ-ਤੁੰਗ ਇਸ ਪਾਰਟੀ ਦਾ ਨੇਤਾ ਅਤੇ ਚਾਓ ਐਨ ਲਾਈ ਪ੍ਰਮੁੱਖ ਸਮਝੌਤਾਕਾਰ ਬਣਾਇਆ ਗਿਆ।

ਵਿਸ਼ਵ ਦੀ ਦੂਜੀ ਵੱਡੀ ਜੰਗ ਵਿਚ ਕਮਿਊਨਿਸਟ ਪਾਰਟੀ ਨੇ ਜੀਆਂਗ ਦੀਆਂ ਫ਼ੌਜਾਂ ਅਤੇ ਦੂਜੀਆਂ ਇਤਿਹਾਦੀ ਤਾਕਤਾਂ ਦੀ ਜਾਪਾਨ ਵਿਰੁੱਧ ਪੂਰੀ ਮਦਦ ਕੀਤੀ ਪਰ ਜਾਪਾਨ ਦੀ ਹਾਰ ਉਪਰੰਤ ਕਮਿਊਨਿਸਟਾਂ ਨੇ ਜੀਆਂਗ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕਮਿਊਨਿਸਟਾਂ ਨੇ ਉੱਤਰੀ ਚੀਨ ਦੇ ਵਿਸ਼ਾਲ ਇਲਾਕਿਆਂ ਉਤੇ ਆਪਣਾ ਕਬਜ਼ਾ ਨਿਰੰਤਰ

ਜਮਾਈ ਰੱਖਿਆ। ਛੇਤੀ ਹੀ ਦੇਸ਼ ਵਿਚ ਨੈਸ਼ਨਲਿਸਟਾਂ ਅਤੇ ਕਮਿਊਨਿਸਟਾਂ ਵਿਚਕਾਰ ਯੁੱਧ ਛਿੜ ਗਿਆ, ਜਿਸ ਦੇ ਨਤੀਜੇ ਵਜੋਂ ਨੈਸ਼ਨਲਿਸਟਾਂ ਦੀਆਂ ਅੰਦਰੂਨੀ ਸਮੱਸਿਆਵਾਂ ਹੋਰ ਗੰਭੀਰ ਰੂਪ ਧਾਰਨ ਕਰ ਗਈਆਂ। ਦੂਜੇ ਪਾਸੇ ਕਮਿਊਨਿਸਟਾਂ ਨੇ ਇਸ ਮੌਕੇ ਨੂੰ ਆਪਣਾ ਬੋਲਬਾਲਾ ਸਥਾਪਿਤ ਕਰਨ ਹਿੱਤ ਵਰਤੋਂ ਵਿਚ ਲਿਆਉਣ ਲਈ ਸੋਚਿਆ। ਸੰਨ 1947 ਵਿਚ ਪ੍ਰੈਜ਼ੀਡੈਂਟ ਟਰੂਮੈਨ ਨੇ ਚੀਨ ਵਿਚ ਅਮਨ ਸਥਾਪਿਤ ਕਰਨ ਅਤੇ ਦੋਹਾਂ ਧਿਰਾਂ ਵਿਚਕਾਰ ਲੋਕਤੰਤਰੀ ਅਸੂਲਾਂ ਤੇ ਅਧਾਰਤ ਕੁਲੀਸ਼ਨ ਸਰਕਾਰ ਕਾਇਮ ਕਰਨ ਲਈ ਮਾਰਸ਼ਲ ਮਿਸ਼ਨ ਨੂੰ ਚੀਨ ਭੇਜਿਆ। ਨੈਸ਼ਨਲਿਸਟ ਸਰਕਾਰ ਨੇ ਇਕ ਨਵਾਂ ਸੰਵਿਧਾਨ ਜਾਰੀ ਕਰ ਦਿੱਤਾ ਅਤੇ ਨਾਲ ਹੀ ਵੱਖ-ਵੱਖ ਵਿਚਾਰਧਾਰਾ ਦੇ ਸਿਆਸੀ ਧੜਿਆਂ ਨੂੰ ਸ਼ਾਮਲ ਕਰਨ ਲਈ ਪੀਪਲਜ਼ ਪੁਲਿਟੀਕਲ ਕਨਸਲਟੇਟਿਵ ਕਾਨਫਰੰਸ ਸਥਾਪਿਤ ਕੀਤੀ। ਅਜਿਹਾ ਕਰਨ ਦੇ ਬਾਵਜੂਦ ਦੇਸ਼ ਵਿਚ ਸ਼ਾਤੀ ਕਾਇਮ ਨਾ ਹੋ ਸਕੀ ਅਤੇ ਘਰੇਲੂ ਯੁੱਧ ਫਿਰ ਛਿੜ ਪਿਆ। ਸੰਨ 1949 ਦੌਰਾਨ ਸਾਰਾ ਮਹਾਂਦੀਪੀ ਚੀਨ ਕਮਿਊਨਿਸਟਾਂ ਅਧੀਨ ਹੋ ਗਿਆ ਅਤੇ ਨੈਸ਼ਨਲਿਸਟ ਸਰਕਾਰ ਦਾ ਮੁੱਖੀ ਜੀਆਂਗ ਕਾਈ ਸ਼ੈਕ ਤਾਈਵਾਨ ਨੂੰ ਭੱਜ ਗਿਆ।

1 ਅਕਤੂਬਰ, 1949 ਨੂੰ ਮਾਓ-ਸੀ-ਤੁੰਗ ਨੇ ਪੀਕਿੰਗ ਵਿਚ ਪੀਪਲਜ਼ ਰੀਪਬਲਿਕ ਆਫ਼ ਚਾਈਨਾ ਦੀ ਸਥਾਪਨਾ ਦਾ ਐਲਾਨ ਕੀਤਾ। ਚੀਨ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੋਇਆ। ਮਾਓ-ਸੀ-ਤੁੰਗ ਚੀਨ ਗਣਰਾਜ ਦਾ ਮੁੱਖੀ ਅਤੇ ਚਾਓ-ਐੱਨ-ਲਾਈ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਸੰਨ 1949-53 ਦੌਰਾਨ ਨਵੀਂ ਹਕੂਮਤ ਨੇ ਸਰਬ-ਸੱਤਾਧਾਰੀ ਕੰਟਰੋਲ ਸਥਾਪਿਤ ਕਰਨ ਲਈ ਕਦਮ ਉਠਾਏ। ਲੋਕਾਂ ਦੇ ਮਨਾਂ ਵਿਚ ਮਾਰਕਸਵਾਦੀ ਲੈਨਿਨਵਾਦੀ-ਮਾਓਵਾਦੀ ਵਿਚਾਰਧਾਰਾ ਭਰਨ ਲਈ ਇਕ ਵਿਸ਼ਾਲ ਉਪਰਾਲਾ ਕੀਤਾ ਗਿਆ।

ਅਕਤੂਬਰ, 1950 ਵਿਚ ਚੀਨ ਨੇ ਤਿੱਬਤ ਉੱਤੇ ਕਬਜ਼ਾ ਕਰ ਲਿਆ। ਸੰਨ 1950-53 ਦੌਰਾਨ ਚੀਨ ਕੋਰੀਆਈ ਯੁੱਧ ਵਿਚ ਰੁਝਿਆ ਰਿਹਾ ਅਤੇ ਇਸ ਯੁੱਧ ਦਾ ਦੇਸ਼ ਦੀ ਪਹਿਲਾਂ ਹੀ ਕਮਜ਼ੋਰ ਹੋਈ ਆਰਥਿਕਤਾ ਉਤੇ ਕਾਫ਼ੀ ਬੋਝ ਪਿਆ। ਸੰਨ 1954 ਵਿਚ ਇਕ ਸੰਵਿਧਾਨ ਜਾਰੀ ਕੀਤਾ ਗਿਆ। ਸੰਭਵ ਤੌਰ ਤੇ ਸਰਕਾਰ ਦਾ ਸਭ ਤੋਂ ਸ੍ਰੇਸ਼ਠ ਅੰਗ "ਪੀਪਲਜ਼ ਕਾਂਗਰਸ" ਸੀ। ਅਸਲ ਵਿਚ ਸਾਰੀ ਤਾਕਤ ਕਮਿਊਨਿਸਟ ਪਾਰਟੀ ਦੇ ਹੱਥਾਂ ਵਿਚ ਕੇਂਦ੍ਰਿਤ ਰਹੀ।

ਸੰਨ 1953-54 ਉਪਰੰਤ ਹਕੂਮਤ ਨੇ ਆਪਣੀਆਂ ਸਾਰੀਆਂ ਸ਼ਕਤੀਆਂ ਸੋਵੀਅਤ ਨਮੂਨੇ ਤੇ ਹੀ ਦੇਸ਼ ਦਾ ਉਦਯੋਗਿਕ ਵਿਕਾਸ ਕਰਨ ਤੇ ਲਾ ਦਿੱਤੀਆਂ। ਸੰਨ 1955 ਦੇ ਅਖ਼ੀਰ ਤੱਕ ਮਾਓ ਸਮੁੱਚੀ ਖੇਤੀਬਾੜੀ ਦਾ ਸਹਿਕਾਰੀਕਰਣ ਕਰਨ ਸਬੰਧੀ ਪ੍ਰੋਗਰਾਮ ਆਰੰਭ ਕਰਨ ਦੇ ਯੋਗ ਹੋ ਗਿਆ। ਸੰਨ 1958 ਵਿਚ ਚੀਨ ਦੇ ਕਮਿਊਨਿਸਟ ਨੇਤਾਵਾਂ ਅਤੇ ਮਾਓ ਨੇ ਚੀਨ ਦੀ ਆਰਥਿਕਤਾ ਦੇ ਆਧੁਨਿਕੀਕਰਣ ਨੂੰ ਹੋਰ ਤੇਜ਼ ਕਰਨ ਲਈ ਇਕ ਗ੍ਰੇਟ ਲੀਪ ਫਾਰਵਰਡ ਨਾਂ ਦਾ ਉਤਸ਼ਾਹਪੂਰਣ ਉਪਰਾਲਾ ਸ਼ੁਰੂ ਕੀਤਾ। ਪ੍ਰਮੁੱਖ ਤੌਰ ਤੇ ਇਹ ਪ੍ਰੋਗਰਾਮ ਅਸਫ਼ਲ ਹੀ ਰਿਹਾ ਅਤੇ ਨਤੀਜੇ ਵਜੋਂ ਪਾਰਟੀ ਦੇ ਅੰਦਰ ਹੀ ਗਰਮਦਲੀਆਂ ਅਤੇ ਨਰਮਦਲੀਆਂ ਵਿਚਕਾਰ ਗੰਭੀਰ ਫੁੱਟ ਪੈ ਗਈ।

ਸੰਨ 1966 ਵਿਚ ਗਰਮਦਲੀਆਂ ਨੂੰ ਬੁਲਾਇਆ ਗਿਆ ਅਤੇ ਚੀਨ ਦੇ ਲੋਕਾਂ ਵਿਚ ਮੁੜ ਤੋਂ ਇਨਕਲਾਬੀ ਜੋਸ਼ ਭਰਨ ਲਈ ਮਾਓ ਨੇ "ਕਲਚਰਲ ਰੈਵੋਲੂਸ਼ਨ" ਦਾ ਐਲਾਨ ਕੀਤਾ। ਇਸ ਦੇ ਫਲਸਰੂਪ ਦੇਸ਼ ਵਿਚ ਧੁੰਦੂਕਾਰ ਫੈਲ ਗਿਆ ਅਤੇ ਹਿੰਸਕ ਕਾਰਵਾਈਆਂ ਨੇ ਗਰਮਦਲੀਆਂ ਨੂੰ ਬਦਨਾਮ ਕਰ ਦਿੱਤਾ। ਸੰਨ 1976 ਵਿਚ ਚਾਰ ਗਰਮਦਲੀਆਂ ਦੀ ਜੁੰਡਲੀ (ਗੈਂਗ ਆਫ਼ ਫੋਰ) ਜਿਸਦੀ ਆਗੂ ਮਾਓ ਦੀ ਵਿਧਵਾ ਸੀ, ਨੂੰ ਕਲਚਰਲ ਰੈਵੋਲੂਸ਼ਨ ਨੂੰ ਚਲਾਉਣ ਕਾਰਨ ਕੈਦ ਕਰਕੇ ਮੁਕੱਦਮਾ ਚਲਾਇਆ ਗਿਆ। ਕਲਚਰਲ ਰੈਵੋਲੂਸ਼ਨ ਨੂੰ ਇਕ ਗ਼ਲਤੀ ਕਰਾਰ ਦਿੱਤਾ ਗਿਆ। ਚਾਰਾਂ ਪ੍ਰਮੁੱਖ ਗਰਮਦਲੀਆਂ ਨੂੰ 1981 ਵਿਚ ਰਾਜ ਧਰੋਹ ਕਰਨ ਲਈ ਸਜ਼ਾ ਹੋਈ। ਸੰਨ 1982 ਵਿਚ ਕਮਿਊਨਿਸਟ ਪਾਰਟੀ ਨੇ ਵਾਈਸ ਪ੍ਰੈਜ਼ੀਡੈਂਟ ਡੈਂਗ ਜ਼ਿਆਓਪਿੰਗ ਦੀ ਅਗਵਾਈ ਹੇਠ ਪਾਰਟੀ ਦੇ ਇਕ ਨਵੇਂ ਸੰਵਿਧਾਨ ਨੂੰ ਪ੍ਰਵਾਨਗੀ ਦਿੱਤੀ ਅਤੇ ਇਹ ਸੰਵਿਧਾਨ ਮਾਓ ਦੇ ਰੈਡੀਕਲਵਾਦ ਨਾਲੋਂ ਮੁਕੰਮਲ ਰੂਪ ਵਿਚ ਹੀ ਵੱਖਰਾ ਸੀ। ਨਵੰਬਰ 1987 ਵਿਚ ਡੈਂਗ ਜ਼ਿਆਓਪਿੰਗ ਨੇ ਪੋਲਿਟਬਿਊਰੋ ਤੋਂ ਅਤੇ ਨਵੰਬਰ 1989 ਵਿਚ ਮਿਲਟਰੀ ਕਮਿਸ਼ਨਾਂ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ।

15 ਅਪ੍ਰੈਲ, 1989 ਨੂੰ ਕਮਿਊਨਿਸਟ ਪਾਰਟੀ ਦੇ ਜਨਰਲ ਸੈਕਟਰੀ, ਹੂ ਯਾਓਬੈਂਗ ਦੇ ਜਨਾਜ਼ੇ ਸਮੇਂ ਬੀਜ਼ਿੰਗ ਵਿਚ ਵਿਦਿਆਰਥੀਆਂ ਵਲੋਂ ਵਿਆਪਕ ਮੁਜ਼ਾਹਰੇ ਕੀਤੇ ਗਏ। ਇਹੀ ਮੁਜ਼ਾਹਰੇ ਬੜੀ ਤੇਜ਼ੀ ਨਾਲ ਇਕ ਲੋਕ-ਪ੍ਰਿਯ "ਲੋਕਤੰਤਰ ਪੱਖੀ ਲਹਿਰ" ਦਾ ਰੂਪ ਧਾਰਨ ਕਰ ਗਏ। ਸ਼ੰਘਾਈ ਅਤੇ ਹੋਰਨਾਂ ਪ੍ਰਾਂਤਿਕ ਕੇਂਦਰਾਂ ਨੇ ਵੀ ਸੁਧਾਰ ਲਿਆਉਣ ਦੀ ਮੰਗ ਕੀਤੀ। ਸੋਵੀਅਤ ਪ੍ਰੈਜ਼ੀਡੈਂਟ ਗੋਰਬਾਚੋਵ ਦੇ ਸਿਖਰ ਸੰਮੇਲਨ (15-17 ਮਈ) ਦੇ ਦੌਰੇ ਦੌਰਾਨ, ਸਰਕਾਰ ਦੇ ਵਾਰ-ਵਾਰ ਅਪੀਲ ਕਰਨ ਦੇ ਬਾਵਜੂਦ ਮੁਜ਼ਾਹਰੇ ਹੋਰ ਤਾਕਤ ਫੜ ਗਏ ਅਤੇ ਅਖ਼ੀਰ ਨੂੰ ਇਹ ਮੁਜ਼ਾਹਰੇ ਬੀਜ਼ਿੰਗ ਦੇ ਤਾਇਆਨੈਨਮਨ ਸੁਕੇਅਰ ਅੱਗੇ ਇਕ ਧਰਨੇ ਦਾ ਰੂਪ ਧਾਰ ਗਏ। ਇਸ ਧਰਨੇ ਦਾ ਫ਼ੌਜ ਨੇ ਪਹਿਲਾਂ ਸ਼ਾਂਤਮਈ ਢੰਗ ਨਾਲ ਸਾਮ੍ਹਣਾ ਕੀਤਾ ਪਰ 4 ਜੂਨ, 1989 ਨੂੰ ਫ਼ੌਜ ਦੇ ਦਸਤਿਆਂ ਨੇ ਮੁਜ਼ਾਹਰਾਕਾਰਾਂ ਉੱਤੇ ਗੋਲੀ ਚਲਾ ਦਿੱਤੀ ਅਤੇ 200 ਤੋਂ ਵੱਧ ਮੁਜ਼ਾਹਰਾਕਾਰ ਅਤੇ ਕਈ ਦਰਜਨਾਂ ਸਿਪਾਹੀ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਇਕ ਬਹੁਤ ਹੀ ਸ਼ਕਤੀਸ਼ਾਲੀ ਧੜੇ ਨੇ ਪਾਰਟੀ ਪੋਲਿਟਬਿਊਰੋ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਜ਼ਿਆਂਗ ਜੈਮਿਨ ਨੂੰ ਜਨਰਲ ਸੈਕਟਰੀ ਨਿਯੁਕਤ ਕਰ ਦਿੱਤਾ। ਮਈ 1980 ਤੋਂ ਜਨਵਰੀ 1990 ਤੱਕ ਦੇਸ਼ ਵਿਚ ਮਾਰਸ਼ਲ ਲਾਅ ਲਾ ਦਿੱਤਾ ਗਿਆ ਅਤੇ ਕਈ ਨਾਮਵਰ ਮੁਜ਼ਾਹਰਾਕਾਰਾਂ ਨੂੰ ਫਾਂਸੀ ਲਾ ਦਿੱਤਾ ਗਿਆ।

ਆਰਥਿਕਤਾ

**ਖਣਿਜ**—ਚੀਨ ਵਿਚ ਖਾਣ-ਖੁਦਾਈ ਦਾ ਕੰਮ ਸਦੀਆਂ ਤੋਂ ਹੀ ਹੁੰਦਾ ਆ ਰਿਹਾ ਹੈ।

ਹਜ਼ਾਰਾਂ ਸਾਲਾਂ ਤੋਂ ਚੀਨੀ ਲੋਕ ਸਿੱਕਾ, ਚਾਂਦੀ, ਜਿਸਤ, ਤਾਂਬੇ ਅਤੇ ਖਣਿਜੀ ਧਾਤਾਂ ਦੀ ਵਰਤੋਂ ਕਰਦੇ ਆ ਰਹੇ ਹਨ। ਸਦੀਆਂ ਤੋਂ ਹੀ ਇਹ ਲੋਹਾ ਢਾਲਦੇ ਆ ਰਹੇ ਹਨ ਪਰ ਖਾਣ ਖੁਦਾਈ ਵਿਚ ਵਰਤੀ ਜਾਂਦੀ ਮਸ਼ੀਨਰੀ ਅਤੇ ਔਜ਼ਾਰ ਬਹੁਤ ਹੀ ਪੁਰਾਣੇ ਹਨ। ਸੰਨ 1949 ਤੋਂ ਪਿਛੋਂ ਕਮਿਊਨਿਸਟਾਂ ਦੇ ਸੱਤਾ ਵਿਚ ਆਉਣ ਉਪਰੰਤ ਇਥੋਂ ਦੇ ਖਣਿਜਾਂ ਦੀ ਭਾਲ ਤੇ ਉਨ੍ਹਾਂ ਦੀ ਵਰਤੋਂ ਬਾਰੇ ਖ਼ਾਸ ਧਿਆਨ ਦਿੱਤਾ। ਇੰਜ ਨਵੇਂ ਖਣਿਜਾਂ ਦੀ ਵੀ ਖੋਜ ਹੋਈ। ਛੋਟੀਆਂ ਛੋਟੀਆਂ ਖਾਣਾਂ ਦੀ ਥਾਂ ਵੱਡੀਆਂ ਖਾਣਾਂ ਨੇ ਮੱਲ ਲਈ ਤੇ ਉਨ੍ਹਾਂ ਵਿਚ ਆਧੁਨਿਕ ਮਸ਼ੀਨਰੀ ਦੀ ਵਰਤੋਂ ਕੀਤੀ ਜਾਣ ਲੱਗੀ।

ਚੀਨ ਦਾ ਖਣਿਜਾਂ ਵਿਚੋਂ ਸਭ ਤੋਂ ਮਹੱਤਵਪੂਰਨ ਖਣਿਜ ਕੋਲਾ ਹੈ। ਕੋਲਾ ਲਗਭਗ ਸਾਰਿਆਂ ਪ੍ਰਾਂਤਾਂ ਵਿਚ ਹੈ। ਸਾਰੇ ਦੇਸ਼ ਵਿਚ 737,190 ਮਿਲੀ. ਟਨ ਕੋਲੇ ਦੇ ਭੰਡਾਰ ਹਨ। ਇਥੋਂ ਸਾਲ 1985 ਵਿਚ 850 ਮਿਲੀ ਟਨ ਕੋਲਾ ਕੱਢਿਆ ਗਿਆ। ਇਥੋਂ ਦੇ ਬਹੁਤੇ ਭੰਡਾਰ ਬਿਟੂਮੀਨਸ ਤੇ ਲਿਗਨਾਈਟ ਕੋਲੇ ਦੇ ਹੀ ਹਨ। ਬਹੁਤ ਸਾਰੀਆਂ ਥਾਵਾਂ ਤੇ ਐਂਥਰੇਸਾਈਟ ਕੋਲਾ ਵੀ ਮਿਲਦਾ ਹੈ। ਥੋੜ੍ਹਾ ਬਹੁਤ ਕੋਲਾ ਤਾਂ ਹਰੇਕ ਪ੍ਰਾਂਤ ਵਿਚੋਂ ਕੱਢਿਆ ਜਾਂਦਾ ਹੈ। ਸੰਨ 1958 ਤੋਂ ਪਿਛੋਂ ਕੋਲੇ ਦੇ ਉਤਪਾਦਨ ਵਿਚ ਬਹੁਤ ਵਾਧਾ ਹੋਇਆ। ਸੰਨ 1966-69 ਦੀ ਕ੍ਰਾਂਤੀ ਤੋਂ ਪਿਛੋਂ ਹਰੇਕ ਪ੍ਰਾਂਤ ਵਿਚ ਹੀ ਆਪਣੀਆਂ ਲੋੜਾਂ ਦੀ ਪੂਰਤੀ ਖਾਤਰ ਕੋਲੇ ਦਾ ਉਤਪਾਦਨ ਕੀਤਾ ਗਿਆ। ਇਸ ਦੌਰਾਨ ਕੋਲੇ ਦੇ ਉਤਪਾਦਨਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕੋਲੇ ਦੇ ਮੁੱਖ ਉਤਪਾਦਨ ਖੇਤਰ ਚੀਨ ਵਿਚ ਹਨ। ਦੇਸ਼ ਦੇ ਵੱਡੇ ਦੋ ਉਤਪਾਦਨ ਖੇਤਰ ਫੂ ਸ਼ਨ ਤੇ ਫੂ ਸ਼ਿਨ ਦੋਵੇਂ ਲੀਆਓਨਿੰਗ ਵਿਖੇ ਹਨ। ਮੁੱਖ ਤੌਰ ਤੇ ਲੀਆਓਨਿੰਗ ਹੇਲੁੰਗਜ਼ੀਆਂਗ, ਕੀਰਿਨ, ਹੂਪੇ ਅਤੇ ਸ਼ਾਂਸੀ ਕੋਲੇ ਦੇ ਮੁੱਖ ਉਤਪਾਦਕ ਪ੍ਰਾਂਤ ਹਨ।

ਇਥੋਂ ਦਾ ਦੂਜਾ ਮੁੱਖ ਖਣਿਜ ਪੈਟਰੋਲ ਹੈ। ਸੰਸਾਰ ਦਾ 2 ਫ਼ੀ ਸਦੀ ਪੈਟਰੋਲ ਇਥੋਂ ਹੀ ਕੱਢਿਆ ਜਾਂਦਾ ਹੈ। ਪੈਟਰੋਲੀਅਮ ਖੇਤਰ ਗਾਨਸੂ ਪ੍ਰਾਂਤ ਵਿਚ ਯੂਮੈਨ ਤੇ ਸ਼ਿਨ ਕੀਆਂਗ ਵਿਚ ਅਤੇ ਚਿੰਗਹਾਈ ਦੇ ਸਾਈਦਾਮ ਬੇਸਿਨ ਵਿਚ ਹਨ। ਇਹ ਖੇਤਰ ਹਾਲੇ ਵੀ ਪਛੜੇ ਹੋਏ ਹੀ ਹਨ। ਚੀਨ ਦੀਆਂ ਤੇਲ ਵਾਲੀਆਂ ਚਟਾਨਾਂ ਵਿਚੋਂ ਆਧੁਨਿਕ ਤਰੀਕਿਆਂ ਨਾਲ ਤੇਲ ਕੱਢਿਆ ਜਾਂਦਾ ਹੈ। ਇਥੋਂ ਨਿਕਲਿਆ ਪੈਟਰੋਲ ਦੇਸ਼ ਦੀ 1/3 ਮੰਗ ਨੂੰ ਹੀ ਪੂਰਾ ਕਰਦਾ ਹੈ। ਬਾਕੀ ਰੋਮਾਨੀਆ ਤੇ ਹੋਰ ਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਸਾਲ 1986 ਵਿਚ ਦੇਸ਼ ਭਰ ਵਿਚੋਂ 129.6 ਮਿਲੀ. ਟਨ ਤੇਲ ਕੱਢਿਆ ਗਿਆ।

ਚੀਨ ਵਿਚ ਲੋਹੇ ਦੇ ਵੀ ਵਿਸ਼ਾਲ ਭੰਡਾਰ ਹਨ ਪਰ ਇਨ੍ਹਾਂ ਵਿਚੋਂ ਘਟੀਆ ਕਿਸਮ ਦਾ ਲੋਹਾ ਮਿਲਦਾ ਹੈ। ਇਥੋਂ ਦੇ ਸਾਲਾਨਾ ਉਤਪਾਦਨ 40,000,000 ਤੋਂ 60,000,000 ਟਨ ਤੱਕ ਦੇ ਹਨ। ਕੋਲੇ ਦੀਆਂ ਛੋਟੀਆਂ ਖਾਣਾਂ ਲੀਆਉਨਿੰਗ ਆਨਹਵੇ ਤੇ ਹੂਪੇ ਪ੍ਰਾਂਤਾਂ ਵਿਚ ਹਨ। ਉੱਤਰ-ਪੱਛਮੀ ਹੂਪੇ ਤੇ ਅੰਦਰੂਨੀ ਮੰਗੋਲੀਆ ਦੀਆਂ ਖਾਣਾਂ ਤੋਂ ਵਧੀਆ ਕਿਸਮ ਦਾ ਲੋਹਾ ਮਿਲਦਾ ਹੈ।

ਚੀਨ ਵਿਚ ਮੈਂਗਨੀਜ਼ ਵੀ ਮਿਲਦਾ ਹੈ ਜਿਸ ਦਾ ਸਾਲਾਨਾ ਉਤਪਾਦਨ 2 ਮਿਲੀ. ਟਨ ਦਾ ਹੈ। ਇਸ ਦਾ ਬਹੁਤਾ ਹਿੱਸਾ ਹੂਨਾਨ ਦੇ ਚਾਂਗਸ਼ਾ ਖੇਤਰ, ਗਵਾਂਗਸੀ ਤੇ ਹੂਪੇ ਵਿਚੋਂ ਮਿਲਦਾ ਹੈ ਪਰ ਕਾਫ਼ੀ ਹਿੱਸਾ ਗਵਾਂਗਤੁੰਗ, ਗਵੇਜੇ ਤੇ ਹੂਪੇ ਵਿਚੋਂ ਵੀ ਕੱਢਿਆ ਜਾਂਦਾ ਹੈ।

ਇਥੇ ਜਿਸਤ, ਸਿੱਕਾ, ਤਾਂਬਾ ਆਦਿ ਵੀ ਮਿਲਦੇ ਹਨ ਪਰ ਇਨ੍ਹਾਂ ਦਾ ਉਤਪਾਦਨ ਬਹੁਤਾ ਨਹੀਂ ਹੈ।

ਅੱਜਕੱਲ੍ਹ ਇਥੋਂ ਐਂਟੀਮਨੀ ਖਣਿਜ ਵੀ ਮਿਲਦਾ ਹੈ ਜਿਸ ਦਾ ਉਤਪਾਦਨ ਸਾਲ 1984 ਵਿਚ 9000 ਟਨ ਸੀ। ਟੰਗਸਟਨ, ਸਲਫ਼ਰ, ਬਾਕਸਾਈਟ, ਐਸਬੈਸਟਾੱਸ ਖਣਿਜ ਵੀ ਕੱਢੇ ਜਾਂਦੇ ਹਨ। ਕੁਝ ਮਾਤਰਾ ਵਿਚ ਬੇਰਾਈਟ, ਬਿਸਮਥ, ਸੋਨਾ, ਗ੍ਰੈਫਾਈਟ, ਜਿਪਸਮ ਪਾਰਾ, ਮਾਲੀ-ਬਡੇਨਮ ਅਤੇ ਚਾਂਦੀ ਖਣਿਜ ਵੀ ਮਿਲਦੇ ਹਨ।

**ਖੇਤੀਬਾੜੀ**—ਚੀਨ ਮੁੱਢ ਤੋਂ ਹੀ ਖੇਤੀ ਪ੍ਰਧਾਨ ਦੇਸ਼ ਰਿਹਾ ਹੈ। ਇਥੋਂ ਤਕ ਕਿ ਕਾਂਸੀ ਯੁਗ ਦੇ ਮਿਲੇ ਥੇਹਾਂ ਦੀ ਖੁਦਾਈ ਤੋਂ ਵੀ ਇਥੇ ਖੇਤੀ ਕੀਤੇ ਜਾਣ ਦੇ ਸਬੂਤ ਮਿਲੇ ਹਨ। ਅੱਜ ਵੀ ਇਥੋਂ ਦੀ 60 ਤੋਂ 70 ਫ਼ੀਸਦੀ ਵਸੋਂ ਖੇਤੀਬਾੜੀ ਤੇ ਇਸ ਨਾਲ ਸਬੰਧਤ ਕਿੱਤਿਆਂ ਵਿਚ ਲੱਗੀ ਹੋਈ ਹੈ। ਦੇਸ਼ ਦੇ ਸਾਰੇ ਉਤਪਾਦਨਾਂ ਵਿਚ 30 ਤੋਂ 50 ਫ਼ੀ ਸਦੀ ਹਿੱਸਾ ਜ਼ਰਾਇਤੀ ਉਤਪਾਦਨਾਂ ਦਾ ਹੁੰਦਾ ਹੈ। ਇਥੇ ਰਾਜਿਆਂ ਅਧੀਨ ਸਾਮਰਾਜੀ ਚੀਨ ਵਿਚ ਵੀ ਖੇਤੀਬਾੜੀ ਨੂੰ ਅਹਿਮ ਦਰਜਾ ਦਿੱਤਾ ਗਿਆ ਸੀ, ਇਥੋਂ ਤੱਕ ਕਿ ਕਿਸਾਨਾਂ ਨੂੰ ਆਮ ਸ਼ਹਿਰੀਆਂ ਨਾਲੋਂ ਉੱਚਾ ਦਰਜਾ ਹਾਸਲ ਸੀ। ਇਹ ਵਿਦਵਾਨਾਂ ਤੋਂ ਮਗਰੋਂ ਦੂਜੇ ਦਰਜੇ ਦੇ ਸ਼ਹਿਰੀ ਹੋਇਆ ਕਰਦੇ ਸਨ। ਰਾਜੇ ਮਹਾਰਾਜੇ ਖੇਤੀਬਾੜੀ ਨਾਲ ਸਬੰਧਤ ਕਈ ਰਸਮਾਂ ਵਿਚ ਆਪ ਹਿੱਸਾ ਲਿਆ ਕਰਦੇ ਸਨ ਤੇ ਪ੍ਰਾਂਤਾਂ ਵਿਚ ਉਨ੍ਹਾਂ ਦੇ ਨੁਮਾਇੰਦੇ ਅਗੋਂ ਆਪ ਇਨ੍ਹਾਂ ਰਸਮਾਂ ਵਿਚ ਸ਼ਾਮਲ ਹੋਇਆ ਕਰਦੇ ਸਨ।

ਅੱਜਕੱਲ੍ਹ ਚੀਨ ਦੀ ਵਸੋਂ ਦੇ ਵਾਧੇ ਕਾਰਨ ਹਰ ਸੰਭਵ ਵਾਹੀਯੋਗ ਭੂਮੀ ਨੂੰ ਵਾਹ ਲਿਆ ਗਿਆ ਹੈ। ਇਥੋਂ ਤੱਕ ਕਿ ਪਹਾੜਾਂ ਦੀਆਂ ਢਲਾਣਾਂ ਤੇ ਵੀ ਪੌੜੀਨੁਮਾ ਖੇਤ ਬਣਾ ਕੇ ਫ਼ਸਲਾਂ ਉਗਾਈਆਂ ਜਾਂਦੀਆਂ ਹਨ।

ਸੈਚਵਾਨ ਬੇਸਿਨ ਵਿਚ ਸਾਰੀਆਂ ਪਹਾੜੀ ਢਲਾਣਾਂ ਤੇ ਖੇਤੀ ਕੀਤੀ ਜਾਂਦੀ ਹੈ। ਦੱਖਣੀ ਚੀਨ ਵਿਚ ਪਹਾੜਾਂ ਦੀਆਂ ਢਲਾਣਾਂ ਤੇ ਦਰਖ਼ਤ, ਬਾਗ਼ ਅਤੇ ਇਮਾਰਤੀ ਲੱਕੜੀ ਵਾਲੇ ਵਣਾਂ ਨੂੰ ਛੱਡ ਕੇ ਬਾਕੀ ਖੇਤਰ ਤੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਅਨਾਜੀ ਫ਼ਸਲਾਂ ਉਗਾਈਆਂ ਜਾਂਦੀਆਂ ਹਨ।

ਚੀਨ ਵਿਚ ਸੰਘਣੀ ਖੇਤੀ ਹੀ ਪ੍ਰਚੱਲਤ ਰਹੀ ਹੈ। ਥੋੜ੍ਹੀ ਥੋੜ੍ਹੀ ਥਾਂ ਤੇ ਕਈ ਕਈ ਫ਼ਸਲਾਂ ਉਗਾ ਲਈਆਂ ਜਾਂਦੀਆਂ ਹਨ। ਇਥੋਂ ਦਾ ਕਿਸਾਨ ਮੁੱਢ ਤੋਂ ਹੀ ਸੰਘਣੀ ਖੇਤੀ ਕਰਦਾ ਆ ਰਿਹਾ ਹੈ। ਕਮਿਊਨਿਸਟਾਂ ਦੇ ਭੂਮੀ ਸਬੰਧੀ ਕੀਤੇ ਸੁਧਾਰਾਂ ਤੋਂ ਪਹਿਲਾਂ ਖੇਤਾਂ ਦਾ ਆਕਾਰ ਬਹੁਤ ਹੀ ਛੋਟਾ ਜਿਹਾ ਸੀ। ਇਹ ਇਕ ਹੈਕਟੇਅਰ ਜਾਂ ਇਸ ਤੋਂ ਵੀ ਘੱਟ ਹੁੰਦਾ ਸੀ। ਸੰਨ 1950-52 ਵਿਚ ਇਥੋਂ ਦੀ ਸਰਕਾਰ ਨੇ ਭੂਮੀ ਸਬੰਧੀ ਕਈ ਸੁਧਾਰ ਕੀਤੇ। ਇਨ੍ਹਾਂ ਨੇ ਸਾਰੇ ਮੁਲਕ ਦੀ ਵਾਹੀਯੋਗ ਭੂਮੀ ਨੂੰ ਇਕੱਠਾ ਕਰਕੇ ਫਿਰ ਵੰਡਿਆ ਤੇ 'ਸਹਿਕਾਰੀ ਖੇਤੀ' ਜਾਂ ਸਰਕਾਰ ਅਧੀਨ ਫ਼ਾਰਮ ਬਣਾ ਦਿੱਤੇ। ਸੰਨ 1956 ਤੱਕ ਚੀਨ ਦੇ 90 ਫ਼ੀਸਦੀ ਕਿਸਾਨ ਪਰਿਵਾਰਾਂ ਨੂੰ ਇਨ੍ਹਾਂ ਸਹਿਕਾਰੀ ਖੇਤੀ ਦਾ ਮੈਂਬਰ ਬਣਾ ਲਿਆ ਗਿਆ। ਸੰਨ 1958 ਵਿਚ ਇਨ੍ਹਾਂ ਸਾਰੀਆਂ ਕੋਆਪਰੇਟਿਵ ਸੁਸਾਇਟੀਆਂ ਨੂੰ ਮਿਲਾ ਕੇ 'ਪੀਪਲਜ਼ ਕਮਿਊਨਜ਼' ਬਣਾ ਦਿੱਤੀਆਂ ਜਿਸ ਵਿਚ ਸਾਰੇ ਕਿਸਾਨਾਂ ਦੀ ਨਿੱਜੀ ਜਾਇਦਾਦ ਵੀ ਸ਼ਾਮਲ ਕਰ ਲਈ ਗਈ। ਅੱਜਕੱਲ੍ਹ ਇਹ ਕਮਿਊਨਾਂ ਹੀ ਖੇਤੀਬਾੜੀ ਅਤੇ ਇਸ ਨਾਲ ਸਬੰਧਤ ਜਾਂ ਅਧੀਨ ਕਾਮਿਆਂ ਦੀ ਦੇਖ ਰੇਖ ਕਰਦੀਆਂ ਹਨ। ਇਨ੍ਹਾਂ ਕਮਿਊਨਾਂ ਦੇ ਆਗੂ ਇਨ੍ਹਾਂ ਕਿਸਾਨਾਂ ਵਿਚੋਂ ਹੀ ਚੁਣੇ ਜਾਂਦੇ ਹਨ। ਇਹੋ ਹੀ ਪੂੰਜੀ ਲਗਾਉਂਦੀਆਂ ਹਨ ਤੇ ਸਾਰੇ ਉਤਪਾਦਨਾਂ ਨੂੰ ਕੰਟਰੋਲ ਕਰਦੀਆਂ ਹਨ। ਇਹ ਆਪਣੇ ਮੈਂਬਰਾਂ ਜਾਂ ਅਧੀਨ ਕਿਸਾਨ ਪਰਿਵਾਰਾਂ ਲਈ ਵਿੱਦਿਅਕ, ਸਿਹਤ, ਸੰਸਕ੍ਰਿਤਕ, ਸਮਾਜ ਭਲਾਈ ਆਦਿ ਸਭ ਸਹੂਲਤਾਂ ਮੁਹੱਈਆ ਕਰਦੀਆਂ ਹਨ। ਇਹ ਕਈ ਛੋਟੇ ਮੋਟੇ ਉਦਯੋਗ ਵੀ ਖੋਲ੍ਹਦੀਆਂ ਹਨ ਜਿਨ੍ਹਾਂ ਤੋਂ ਕਿਸਾਨਾਂ ਨੂੰ ਹੋਰ ਲਾਭ ਹੋ ਸਕੇ ਜਾਂ ਕਮਿਊਨਾਂ ਦੇ ਕੁੱਲ ਉਤਪਾਦਨ ਵਧ ਸਕਣ। ਦੇਸ਼ ਵਿਚ ਇਸ ਸਮੇਂ 60,000 ਤੋਂ 74,000 ਕਮਿਊਨਾਂ ਹਨ ਜਿਨ੍ਹਾਂ ਵਿਚੋਂ ਕਈ ਤਾਂ ਛੋਟੀ ਪੱਧਰ ਦੀਆਂ ਹਨ ਪਰ ਕਈ ਵੱਡੀਆਂ ਵੀ ਹਨ ਜਿਨ੍ਹਾਂ ਵਿਚ 10,000 ਕਿਸਾਨ ਹਨ ਤੇ 25,000 ਏਕੜ ਭੂਮੀ ਤੇ ਕਾਸ਼ਤ ਕਰਦੀਆਂ ਹਨ। ਇਨ੍ਹਾਂ ਵੱਡੀਆਂ ਛੋਟੀਆਂ ਕਮਿਊਨਾਂ ਤੋਂ ਇਲਾਵਾ ਇਥੇ ਕਈ 'ਸਟੇਟ ਫ਼ਾਰਮ' ਵੀ ਹਨ। ਸੰਨ 1960 ਵਿਚ 2,500 ਸਟੇਟ ਫ਼ਾਰਮ ਸਨ ਜਿਨ੍ਹਾਂ ਵਿਚ 2,800,000 ਵਿਅਕਤੀ 13,000,000 ਏਕੜ ਭੂਮੀ ਤੇ ਖੇਤੀ ਕਰਦੇ ਸਨ। ਸੰਨ 1990 ਵਿਚ ਇਨ੍ਹਾਂ ਫ਼ਾਰਮਾਂ ਦੀ ਗਿਣਤੀ 2,335 ਹੋ ਗਈ।

ਇਨ੍ਹਾਂ ਕਮਿਊਨਾਂ ਤੇ ਸਟੇਟ ਫ਼ਾਰਮਾਂ ਦੇ ਬਣਨ ਨਾਲ ਖੇਤੀਬਾੜੀ ਤੇ ਮਾੜਾ ਅਸਰ ਪਿਆ। ਉਤਪਾਦਨ ਪਹਿਲਾਂ ਜਿੰਨੇ ਨਾ ਰਹੇ ਪਰ ਫ਼ਿਰ 1966-69 ਤੋਂ ਮਗਰੋਂ ਇਹੋ ਜਿਹੀਆਂ ਯੋਜਨਾਵਾਂ ਬਣਾਈਆਂ ਗਈਆਂ ਜਿਨ੍ਹਾਂ ਨਾਲ ਉਤਪਾਦਨਾਂ ਵਿਚ ਬਹੁਤ ਵਾਧਾ ਹੋਇਆ। ਇਥੋਂ ਤੱਕ ਕਿ ਅਨਾਜਾਂ ਦੇ ਉਤਪਾਦਨ 1971 ਵਿਚ 246,000,000 ਟਨ ਹੋ ਗਏ ਜੋ ਇਸ ਸਮੇਂ ਦੇ ਰੀਕਾਰਡ ਉਤਪਾਦਨ ਸਨ। ਇਸ ਤੋਂ ਪਿੱਛੋਂ ਵੀ ਜ਼ਰਾਇਤੀ ਉਤਪਾਦਨ ਵਧਦੇ ਰਹੇ। ਸਾਲ 1984 ਵਿਚ ਹੋਏ ਸਾਰੇ ਜ਼ਰਾਇਤੀ ਉਤਪਾਦਨਾਂ ਦਾ ਮੁੱਲ 375, 500 ਮਿਲੀਅਨ ਯੁਆਨ ਸੀ।

ਚੀਨ ਵਿਚ ਸੰਘਣੀ ਖੇਤੀ ਹੋਣ ਦੇ ਬਾਵਜੂਦ ਇਹ ਆਧੁਨਿਕ ਨਹੀਂ ਹੈ। ਅੱਜਕੱਲ੍ਹ ਮਸ਼ੀਨਰੀ ਦੀ ਵਰਤੋਂ ਆਮ ਹੁੰਦੀ ਹੈ। ਸਾਲ 1985 ਵਿਚ ਛੋਟੇ ਵੱਡੇ ਟ੍ਰੈਕਟਰਾਂ ਦੀ ਗਿਣਤੀ 853,914 ਅਤੇ ਫ਼ਸਲਾਂ ਕੱਟਣ ਦੀਆਂ ਕੰਬਾਈਨਾਂ ਦੀ ਗਿਣਤੀ 35, 861 ਸੀ।

ਖੇਤੀ ਲਈ ਵਧੀਆ ਖਾਦਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਵਧੀਆ ਬੀਜਾਂ ਦੀ ਵਰਤੋਂ ਨਾਲ ਉਤਪਾਦਨਾਂ ਵਿਚ ਵਾਧਾ ਹੋਇਆ ਹੈ। ਸਿੰਜਾਈ ਯੋਜਨਾਵਾਂ ਨਾਲ ਇਥੋਂ ਦੀ 100,000,000 ਤੋਂ 110,000,000 ਏਕੜ ਭੂਮੀ ਸੇਂਜੂ ਹੋ ਗਈ ਹੈ ਪਰ ਇਹ ਕਾਸ਼ਤ ਕੀਤੀ ਜਾਂਦੀ ਭੂਮੀ ਦਾ 50 ਫ਼ੀਸਦੀ ਤੋਂ ਵੀ ਘੱਟ ਹੈ।

ਚੀਨ ਦੀ ਮੁੱਖ ਫ਼ਸਲ ਝੋਨਾ ਹੈ। ਇਸ ਤੋਂ ਇਲਾਵਾ ਕਣਕ, ਆਲੂ, ਚੁਕੰਦਰ, ਤਿਲਹਨ, ਕਪਾਹ, ਚਾਹ, ਤਮਾਖੂ ਉਗਾਏ ਜਾਂਦੇ ਹਨ। ਅਨਾਜੀ ਫ਼ਸਲਾਂ ਦੀ ਬਰਾਮਦ ਕੀਤੀ ਜਾਂਦੀ ਹੈ।

**ਪਸ਼ੂ ਪਾਲਣ**—ਇਥੇ ਪਸ਼ੂ ਪਾਲਣ ਦਾ ਧੰਦਾ ਵੀ ਪ੍ਰਚੱਲਤ ਹੈ। ਘੋੜੇ, ਗਊਆਂ, ਭੇਡਾਂ, ਬੱਕਰੀਆਂ, ਸੂਰ ਆਦਿ ਪਾਲੇ ਜਾਂਦੇ ਹਨ। ਸਾਲ 1984 ਵਿਚ ਜਾਨਵਰਾਂ ਤੋਂ ਕੁੱਲ 1541 ਮਿਲੀ. ਟਨ ਮਾਸ ਪ੍ਰਾਪਤ ਕੀਤਾ ਗਿਆ ਹੈ।

ਮੱਛੀ-ਪਾਲਣ-ਸੰਨ 1985 ਵਿਚ 6.97 ਮਿਲੀ. ਟਨ ਮੱਛੀਆਂ ਫੜੀਆਂ ਗਈਆਂ।

**ਉਦਯੋਗ**—ਸੰਨ 1949 ਵਿਚ ਕਮਿਊਨਿਸਟ ਪਾਰਟੀ ਦੇ ਸੱਤਾ ਵਿਚ ਆਉਣ ਪਿੱਛੋਂ ਤਾਂ ਦੇਸ਼ ਵਿਚ ਉਦਯੋਗਿਕ ਉੱਨਤੀ ਬਹੁਤ ਤੇਜ਼ੀ ਨਾਲ ਹੋਈ। ਸੰਨ 1950 ਤੋਂ 1958 ਦੌਰਾਨ ਸੱਨਅਤੀ ਉਤਪਾਦਨ ਨਾਂਹ ਦੇ ਬਰਾਬਰ ਹੀ ਸੀ ਪਰ 1970 ਈ: ਵਿਚ ਸਿਖਰ ਤੇ ਪਹੁੰਚ ਗਿਆ। ਗ਼ੈਰ-ਸਰਕਾਰੀ ਸੂਤਰਾਂ ਅਨੁਸਾਰ ਦੇਸ਼ ਵਿਚ ਇੰਨੇ ਥੋੜ੍ਹੇ ਸਾਲਾਂ ਵਿਚ ਇਸ ਉਤਪਾਦਨ ਵਿਚ 320ਫ਼ੀ ਸਦੀ ਵਾਧਾ ਹੋਇਆ। ਸੰਨ 1959-1960 ਵਿਚ ਇਹ ਉਤਪਾਦਨ ਤੇਜ਼ੀ ਨਾਲ ਵਧ ਰਹੇ ਸਨ ਪਰ 1961 ਈ. ਵਿਚ ਸੋਵੀਅਤ ਸੰਘ ਨੇ ਚੀਨ ਨੂੰ ਮਾਲੀ ਸਹਾਇਤਾ ਦੇਣੀ ਬੰਦ ਕਰ ਦਿੱਤੀ ਜਿਸ ਦਾ ਅਸਰ ਉਦਯੋਗਾਂ ਦੀ ਉੱਨਤੀ ਤੇ ਮਾੜਾ ਪਿਆ। ਸੰਨ 1961 ਵਿਚ ਉਤਪਾਦਨ ਵਧਣ ਦੀ ਬਜਾਇ ਘੱਟ ਕੇ 1957 ਦੇ ਸਾਲਾਨਾ ਉਤਪਾਦਨਾਂ ਦੇ ਬਰਾਬਰ ਹੋ ਗਏ। ਇਸ ਪਿੱਛੋਂ ਫਿਰ ਉਤਪਾਦਨ ਵਧੇ ਤੇ ਸਾਲ 1966 ਵਿਚ ਇਸ ਪੱਖੋਂ ਵਰਣਨਯੋਗ ਸਾਲ ਗਿਣਿਆ ਗਿਆ। ਇਸ ਵਿਚ ਇਹ ਉਤਪਾਦਨ ਬਹੁਤ ਵਧੇ। ਇਸ ਪਿੱਛੋਂ ਇਕ ਵੇਰ ਫਿਰ ਮੰਦਾ ਹੋਇਆ ਕਿ 1967-68 ਦੌਰਾਨ ਸਮਾਜਕ ਇਨਕਲਾਬੀ ਲਹਿਰ ਜ਼ੋਰਾਂ ਤੇ ਸੀ। ਸੱਨਅਤੀ ਅਦਾਰਿਆਂ ਵਿਚੋਂ ਤਜਰਬੇਕਾਰ ਅਹੁਦੇਦਾਰਾਂ ਦੀ ਨੌਕਰੀਓਂ-ਬਰਖ਼ਾਸਤੀ, ਕਾਮਿਆਂ ਦੀ ਲੰਬੇ ਸਮੇਂ ਲਈ ਗੈਰਹਾਜ਼ਰੀ, ਮਸ਼ੀਨਰੀ ਦਾ ਨੁਕਸਾਨ ਆਦਿ ਕਾਰਨਾਂ ਕਰਕੇ ਉਤਪਾਦਨ ਇੰਨੇ ਘਟੇ ਕਿ ਇਹ 1966 ਦੇ ਉਤਪਾਦਨਾਂ ਨਾਲੋਂ ਵੀ 30-35ਫ਼ੀ ਸਦੀ ਘੱਟ ਗਏ। ਸੰਨ 1967 ਤੋਂ 1971 ਈ. ਤੱਕ ਲਗਾਤਾਰ ਵਾਧਾ ਹੁੰਦਾ ਗਿਆ। ਸਾਲ 1971 ਦੇ ਉਤਪਾਦਨ 1966 ਦੇ ਉਤਪਾਦਨਾਂ ਨਾਲੋਂ 35ਫ਼ੀ ਸਦੀ ਵਧ ਰਹੇ।

ਸੰਨ 1950 ਤੋਂ ਪਿੱਛੋਂ ਦੇਸ਼ ਦੀਆਂ ਆਰਥਿਕ ਤੇ ਸੱਨਅਤਾਂ ਸਬੰਧੀ ਨੀਤੀਆਂ ਵਿਚ ਕਈ ਵਿਸ਼ੇਸ਼ਤਾਈਆਂ ਸਨ। ਸਾਲ 1953-57 ਦੀਆਂ ਆਰਥਿਕ ਨੀਤੀਆਂ ਵਿਚ ਭਾਰੀ ਸੱਨਅਤਾਂ ਵਿਸ਼ਾਲ ਪ੍ਰਾਜੈਕਟਾਂ ਵਿਚ ਵਰਤੀ ਜਾਣ ਵਾਲੀ ਮਸ਼ੀਨਰੀ ਬਣਾਉਣ ਤੇ ਹੀ ਜ਼ੋਰ ਦਿੱਤਾ ਗਿਆ ਸੀ। ਇਹ ਸਭ ਅਦਾਰੇ ਸੋਵੀਅਤ ਸੰਘ ਵੱਲੋਂ ਦਿੱਤੀ ਗਈ ਪੂੰਜੀ ਤੇ ਹੀ ਨਿਰਭਰ ਸਨ। ਸੰਨ 1958 ਦੌਰਾਨ ਕਾਰਖ਼ਾਨਿਆਂ ਵਿਚ ਦੇਸ਼ ਦੀ ਆਪਣੀ ਪੂੰਜੀ ਲਗਾਈ ਗਈ ਤੇ ਇਥੋਂ ਦੇ ਲੋਕਾਂ ਨੂੰ ਹੀ ਰੋਜ਼ਗਾਰ ਦਿੱਤਾ ਗਿਆ। ਛੋਟੀਆਂ ਸੱਨਅਤਾਂ ਵਿਚ ਆਮ ਵਰਤੋਂ ਦੀਆਂ ਚੀਜ਼ਾਂ ਹੀ ਬਣਾਈਆਂ ਜਾਣ ਦੀ ਯੋਜਨਾ ਸੀ। ਪਹਿਲਾਂ ਤਾਂ ਇਹ ਲਾਹੇਵੰਦ ਸਾਬਤ ਹੋਈਆਂ ਪਰ 1966 ਵਿਚ ਇਹ ਸਿੱਟਾ ਕੱਢਿਆ ਗਿਆ ਕਿ ਆਪਣੇ ਦੇਸ਼ ਵਿਚ ਬਣਿਆ ਮਾਲ ਇੰਨਾ ਵਧੀਆ ਨਹੀਂ ਹੈ। ਇਸ ਉੱਤੇ ਲਾਗਤ ਵੀ ਬਹੁਤੀ ਆਈ ਹੈ। ਕਈ ਸੱਨਅਤੀ ਅਦਾਰੇ ਬੰਦ ਕਰ ਦਿੱਤੇ ਗਏ। ਸੰਨ 1963-64 ਵਿਚ ਉਦਯੋਗਾਂ ਵਿਚ ਲਾਈ ਜਾਂਦੀ ਪੂੰਜੀ ਵਿਚ ਵਾਧਾ ਕੀਤਾ ਗਿਆ। ਸਮਾਜਕ ਕ੍ਰਾਂਤੀ ਵਾਲੇ ਸਾਲਾਂ ਵਿਚ ਛੋਟੇ ਕਾਰਖ਼ਾਨੇ ਹੋਰ ਲਾਏ ਗਏ ਤਾਂ ਕਿ ਨਿਤ ਵਰਤੋਂ ਦੀਆਂ ਛੋਟੀਆਂ-ਮੋਟੀਆਂ ਚੀਜ਼ਾਂ ਦੇਸ਼ ਵਿਚ ਹੀ ਬਣਨ। ਇਸ ਸਮੇਂ ਰਸਾਇਣਕ, ਇੰਜੀਨੀਅਰਿੰਗ ਵਸਤਾਂ, ਕੱਪੜਾ, ਸੀਮਿੰਟ ਆਦਿ ਤਿਆਰ ਹੋਣ ਲੱਗਿਆ। ਇਨ੍ਹਾਂ ਸਭ ਵਿਚੋਂ ਸਾਰਿਆਂ ਨਾਲੋਂ ਵਧੇਰੇ ਜ਼ੋਰ ਲੋਹੇ-ਇਸਪਾਤ ਉਦਯੋਗ ਤੇ ਦਿੱਤਾ ਗਿਆ। ਜਾਪਾਨੀਆਂ ਦੇ ਅੰਕੜਿਆਂ ਅਨੁਸਾਰ ਚੀਨ ਵਿਚ ਸੰਨ 1972 ਵਿਚ 23,000,000 ਟਨ ਇਸਪਾਤ ਤਿਆਰ ਹੋਇਆ। ਸਟੀਲ ਦੀਆਂ ਬਣੀਆਂ ਚੀਜ਼ਾਂ ਦੀ ਕਿਸਮ ਵੀ ਵਧੀਆ ਸੀ ਪਰ ਹੋਰ ਵਧੀਆ ਇਸਪਾਤ ਚਾਦਰਾਂ ਬਣਾਉਣ ਲਈ ਯੂਰਪੀ ਦੇਸ਼ਾਂ ਤੇ ਜਾਪਾਨ ਤੋਂ ਮੰਗਵਾਇਆ ਗਿਆ। ਦੇਸ਼ ਵਿਚ ਲੋਹੇ-ਇਸਪਾਤ ਦਾ ਉਤਪਾਦਨ ਲੀਆਉਨਿੰਗ ਪ੍ਰਾਂਤ ਦੇ ਆਨਸ਼ਾਨ, ਹੂਪੇ ਪ੍ਰਾਂਤ ਦੇ ਵੂਹਾਨ, ਸ਼ੰਘਾਈ, ਬੈਨ-ਚੀ ਤੋਂ ਅਤੇ ਸੈਚਵਾਨ ਪ੍ਰਾਂਤ ਦੇ ਚੰਗਕਿੰਗ ਵਿਚ ਹੁੰਦਾ ਹੈ।

ਇੰਜੀਨੀਅਰਿੰਗ ਵਸਤਾਂ ਵਿਚ ਜ਼ਰਾਇਤੀ ਸੰਦ ਬਣਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ। ਪੂਰੇ ਦੇਸ਼ ਵਿਚ ਛੋਟੀਆਂ-ਮੋਟੀਆਂ ਵਰਕਸ਼ਾਪਾਂ ਤੇ ਕਾਰਖ਼ਾਨੇ ਲਾਏ ਗਏ ਹਨ ਪਰ ਵੱਡੀਆਂ ਸੱਨਅਤਾਂ, ਸ਼ੰਘਾਈ, ਹਾਰਬਿਨ ਲੋਯਾਂਗ, ਕੈਨਟਨ ਅਤੇ ਤੀਐਨਸ਼ਿਨ ਵਿਖੇ ਹਨ।

ਰਸਾਇਣਿਕ ਉਦਯੋਗਾਂ ਵਿਚ ਖਾਦਾਂ, ਪਲਾਸਟਕ ਅਤੇ ਨਕਲੀ ਰੇਸ਼ੇ ਤਿਆਰ ਕੀਤੇ ਜਾਂਦੇ ਹਨ। ਕੱਪੜੇ ਦੇ ਉਤਪਾਦਨ ਵਿਚ ਇਹ ਸੰਸਾਰ ਵਿਚ ਪਹਿਲੇ ਨੰਬਰ ਤੇ ਹੈ। ਸੰਨ 1985ਵਿਚ ਸਾਰੇ ਸੱਨਅਤੀ ਉਤਪਾਦਨਾਂ ਦੀ ਕੀਮਤ 875,960 ਲੱਖ ਯੁਆਨ ਸੀ।

ਇਨ੍ਹਾਂ ਸਾਰੇ ਕਾਰਖ਼ਾਨਿਆਂ ਨੂੰ ਊਰਜਾ ਕੋਲੇ ਤੋਂ ਹੀ ਦਿੱਤੀ ਜਾਂਦੀ ਹੈ। ਇਸ ਲਈ ਕੋਲੇ ਤੋਂ ਊਰਜਾ ਬਣਾਉਣ ਦੇ ਵੀ ਕਈ ਤਰ੍ਹਾਂ ਦੇ ਪਲਾਂਟ ਲਗਾਏ ਗਏ ਹਨ।

**ਆਵਾਜਾਈ ਦੇ ਸਾਧਨ**—ਇਸ ਦੇਸ਼ ਵਿਚ ਆਵਾਜਾਈ ਦੇ ਸਾਧਨ ਕਾਫ਼ੀ ਉੱਨਤ ਹੋ ਚੁੱਕੇ ਹਨ। ਦੇਸ਼ ਭਰ ਵਿਚ ਆਵਾਜਾਈ ਅਤੇ ਢੋਆ-ਢੁਆਈ ਦਾ ਕੰਮ ਰੇਲਾਂ, ਸੜਕਾਂ ਅਤੇ ਦਰਿਆਈ ਮਾਰਗਾਂ ਨਾਲ ਪੂਰਾ ਕੀਤਾ ਜਾਂਦਾ ਹੈ। ਰੇਲਾਂ ਦੀ ਸਾਰੀ ਜ਼ਿੰਮੇਵਾਰੀ ਆਵਾਜਾਈ ਮੰਤਰਾਲੇ ਉਪਰ ਹੈ। ਸੰਨ 1990 ਮੁਤਾਬਕ ਇਥੇ 53,378 ਕਿ. ਮੀ. ਲੰਬੀ ਰੇਲ ਪਟੜੀ ਸੀ। ਇਸ ਵਿਚੋਂ 6,900 ਕਿ. ਮੀ. ਬਿਜਲੀ ਨਾਲ ਚਲਦੀ ਸੀ। ਇਹ ਰੇਲ ਪਟੜੀਆਂ ਸਾਰੇ ਪ੍ਰਾਂਤਾਂ ਅਤੇ ਖ਼ੁਦਮੁਖ਼ਤਾਰ ਖੇਤਰਾਂ ਨੂੰ ਆਪੋ ਵਿਚ ਜੋੜਦੀਆਂ ਹਨ। ਸੰਨ 1991 ਵਿਚ ਸ਼ਿਨਜ਼ਿਆਂਗ ਤੋਂ ਕਜ਼ਾਕਿਸਤਾਨ ਤੱਕ ਰੇਲ ਲਾਈਨ ਵਛਾਈ ਗਈ। ਇਸ ਦੇਸ਼ ਵਿਚ ਸੜਕਾਂ ਦਾ ਵੀ ਜਾਲ ਵਿਛਿਆ ਹੋਇਆ ਹੈ। ਇਹ ਸੜਕਾਂ ਦੇਸ਼ ਭਰ ਦੇ 90 ਫ਼ੀ ਸਦੀ ਸ਼ਹਿਰਾਂ ਨੂੰ ਆਪੋ ਵਿਚ ਜੋੜਦੀਆਂ ਹਨ। ਸੰਨ 1990 ਵਿਚ ਇਥੇ 10,28,348 ਕਿ.ਮੀ. ਲੰਬੀਆਂ ਸੜਕਾਂ ਸਨ। ਅੰਦਰੂਨੀ ਜਲ ਮਾਰਗ ਵੀ ਢੋਆ-ਢੁਆਈ ਦਾ ਵੱਡਾ ਸਾਧਨ ਹਨ। ਸਾਰੇ ਦਰਿਆਈ ਮਾਰਗਾਂ ਦੀ ਲੰਬਾਈ 109, 300 ਕਿ. ਮੀ. ਦੇ ਲਗਭਗ ਹੈ। ਇਸਦੇ 80 ਫ਼ੀ ਸਦੀ ਹਿੱਸੇ ਵਿਚ ਛੋਟੇ ਜਹਾਜ਼ ਅਤੇ ਕਿਸ਼ਤੀਆਂ ਚਲਦੇ ਹਨ। ਡਾਈਰੈਨ, ਕੈਨਟਨ, ਹਵਾਂਗਪੂ, ਲੀਆਉਯਾਂਗ, ਸਿੰਗਤਾਓ, ਜਾਨਜੀਆਂਗ, ਸ਼ੰਘਾਈ, ਸ਼ੀਗਾਂਗ, ਵੱਡੀਆਂ ਦਰਿਆਈ ਬੰਦਰਗਾਹਾਂ ਹਨ। ਸੰਨ 1980 ਵਿਚ ਇਸ ਦੇਸ਼ ਵਿਚ 1,100 ਜਹਾਜ਼ਾਂ ਦਾ ਵਪਾਰੀ ਜਹਾਜ਼ੀ ਬੇੜਾ ਹੁੰਦਾ ਸੀ। ਹਵਾਈ ਉਡਾਨਾਂ ਲਈ ਅੰਤਰ-ਰਾਸ਼ਟਰੀ ਹਵਾਈ ਅੱਡਾ ਸਿਰਫ਼ ਬੀਜਿੰਗ ਹੈ। ਅੰਦਰੂਨੀ ਖੇਤਰਾਂ ਵਿਚ ਆਵਾਜਾਈ ਲਈ ਹਰੇਕ ਪ੍ਰਾਂਤ ਅਤੇ ਖ਼ੁਦਮੁਖ਼ਤਾਰ ਖੰਡ ਵਿਚ ਹਵਾਈ ਅੱਡੇ ਹਨ।

ਸੰਨ 1990 ਵਿਚ ਤੇਲ ਅਤੇ ਗੈਸ ਦੀ ਢੋਆ-ਢੁਆਈ ਲਈ 15,900 ਕਿ. ਮੀ. ਲੰਬੀ ਪਾਈਪ ਲਾਈਨ ਵਿਛੀ ਹੋਈ ਸੀ।

**ਸੰਚਾਰ ਦੇ ਸਾਧਨ**—ਸੰਚਾਰ ਦੀਆਂ ਸੇਵਾਵਾਂ ਵਿਚ ਡਾਕ, ਤਾਰ ਅਤੇ ਟੈਲੀਫ਼ੋਨ ਸੇਵਾਵਾਂ ਹਨ। ਸੰਨ 1950 ਵਿਚ ਇਹ ਮੰਤਰਾਲਾ ਹੋਂਦ ਵਿਚ ਆਇਆ ਸੀ ਜਿਸਨੇ ਸਾਰੀਆਂ ਕਾਊਂਟੀਆਂ ਮਿਉਂਸਪਲਟੀਆਂ ਤੇ ਜ਼ਿਲ੍ਹਿਆਂ ਵਿਚ ਸ਼ਾਖਾਵਾਂ ਖੋਲ੍ਹੀਆਂ ਹੋਈਆਂ ਸਨ। ਸੰਨ 1970 ਵਿਚ ਇਸ ਵਿਭਾਗ ਦੀ ਸਮਰੱਥਾ ਕਾਫ਼ੀ ਵੱਧ ਗਈ। ਇਸ ਦੌਰਾਨ 24 ਘੰਟਿਆਂ ਵਿਚ 19,000,000 ਮੈਗਜ਼ੀਨ ਤੇ ਅਖ਼ਬਾਰਾਂ ਅਤੇ 5,500,000 ਚਿੱਠੀਆਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਈਆਂ ਜਾਣ ਲੱਗੀਆਂ। ਇਸ ਤਰ੍ਹਾਂ ਬੀਜਿੰਗ ਦਾ ਛਪਿਆ ਅਖ਼ਬਾਰ ਲਗਭਗ ਅੱਧੇ ਨਾਲੋਂ ਵੱਧ ਪ੍ਰਾਂਤਾਂ ਵਿਚ ਉਸੇ ਦਿਨ ਪਹੁੰਚਣ ਲੱਗਾ। ਸੰਨ 1990 ਵਿਚ ਕੁਲ ਡਾਕ ਘਰਾਂ ਦੀ ਗਿਣਤੀ 53,600 ਸੀ। ਸੰਨ 1990 ਵਿਚ ਦੇਸ਼ ਭਰ ਵਿਚ 68,50,300 ਟੈਲੀਫ਼ੋਨ ਅਤੇ 3,826 ਫ਼ੈਕਸ ਮਸ਼ੀਨਾਂ ਸਨ।

ਪ੍ਰਸਾਰਣ ਦਾ ਕੰਮ ਦੂਰਦਰਸ਼ਨ, ਰੇਡੀਉ ਆਦਿ ਰਾਹੀਂ ਹੁੰਦਾ ਸੀ। ਸੰਨ 1991 ਵਿਚ ਇਥੇ 121,211,690 ਰੇਡੀਓ ਅਤੇ 126 ਮਿਲੀਅਨ ਟੈਲੀਵੀਜ਼ਨ ਸੈੱਟ ਸਨ।

ਮਨੋਰੰਜਨ ਦਾ ਵੱਡਾ ਸਾਧਨ ਸਿਨੇਮਾ ਘਰ ਹੁੰਦੇ ਹਨ। ਸੰਨ 1990 ਵਿਚ ਇਥੇ 14,561 ਸਿਨੇਮਾ ਘਰ ਬਣੇ ਹੋਏ ਸਨ।

ਲੋਕ

ਚੀਨ ਤਰ੍ਹਾਂ-ਤਰ੍ਹਾਂ ਦੇ ਲੋਕਾਂ ਅਤੇ ਤਰ੍ਹਾਂ-ਤਰ੍ਹਾਂ ਦੀਆਂ ਬੋਲੀਆਂ ਬੋਲਣ ਵਾਲਿਆਂ ਦਾ ਦੇਸ਼ ਹੈ। ਇਨ੍ਹਾਂ ਸਭ ਲੋਕਾਂ ਨੂੰ ਮੰਗੋਲ ਨਸਲ ਦੀ ਸੰਤਾਨ ਮੰਨਿਆ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਆਮ ਤੌਰ ਤੇ ਚੀਨੀ ਹੀ

ਆਖਿਆ ਜਾਂਦਾ ਹੈ। ਇਨ੍ਹਾਂ ਦੇ ਮੂਲ ਬਾਰੇ ਬਹੁਤਾ ਪਤਾ ਤਾਂ ਨਹੀਂ ਹੈ ਪਰ ਇੰਨਾ ਜ਼ਰੂਰ ਹੈ ਕਿ ਇਹ ਲੋਕ ਹਵਾਂਗ ਹੋ ਦੀ ਹੇਠਲੀ ਘਾਟੀ ਵਿਚ ਰਹਿੰਦੇ ਰਹੇ ਹਨ। ਇਹ ਕਿਧਰੋਂ ਆਏ, ਇਹ ਵੀ ਪਤਾ ਨਹੀਂ। ਤਾਂਬੇ ਅਤੇ ਪੱਥਰ ਯੁਗ ਵਿਚ ਇਹ ਇਥੇ ਵੱਸੇ ਹੋਏ ਸਨ। ਇਸ ਤੋਂ ਪਿਛਲੀਆਂ ਸਦੀਆਂ ਵਿਚ ਇਹ ਲੋਕ ਦੱਖਣੀ ਚੀਨ ਅਤੇ ਪੱਛਮੀ ਚੀਨ ਵੱਲ ਜਾਂਦੇ ਰਹੇ। ਉਧਰ ਜਾ ਕੇ ਇਹ ਉਨ੍ਹਾਂ ਲੋਕਾਂ ਨਾਲ ਮਿਲ-ਜੁਲ ਗਏ। ਇਸ ਸਮੇਂ ਤੋਂ ਪਿਛਲੀਆਂ ਕਈ ਸਦੀਆਂ ਤੱਕ ਉੱਤਰ ਅਤੇ ਉੱਤਰ-ਪੱਛਮ ਵੱਲੋਂ ਦੀ ਹਮਲਾਵਰ ਆਉਂਦੇ ਰਹੇ। ਬਾਹਰੋਂ ਆਉਣ ਵਾਲਿਆਂ ਵਿਚ ਤੁਰਕ, ਮੰਗੋਲ, ਤੁੰਗਸ, ਮਾਂਚੂ ਅਤੇ ਕਈ ਹੋਰ ਨਸਲਾਂ ਦੇ ਲੋਕ ਵੀ ਸਨ। ਇਥੇ ਤਿੱਬਤੀ-ਬਰਮੀ ਅਤੇ ਥਾਈ ਭਾਸ਼ਾਵਾਂ ਵਾਲੇ ਲੋਕ ਵੀ ਮਿਲਦੇ ਹਨ ਜਿਸ ਤੋਂ ਥਾਈ ਅਤੇ ਬਰਮੀਆਂ ਦੇ ਵੀ ਇਧਰ ਆਉਣ ਦਾ ਸੰਕੇਤ ਮਿਲਦਾ ਹੈ। ਇਕ ਸਮੇਂ ਤੇ ਥਾਈ ਲੋਕ ਚੀਨ ਦੇ ਦੱਖਣੀ ਹਿੱਸਿਆ ਵਿਚ ਇਧਰ-ਉਧਰ ਕਾਫ਼ੀ ਗਿਣਤੀ ਵਿਚ ਵੱਸੇ ਹੋਏ ਸਨ।

ਮੋਟੇ ਤੌਰ ਤੇ ਚੀਨੀ, ਮੰਗੋਲ ਨਸਲ ਵਿਚੋਂ ਹਨ। ਇਨ੍ਹਾਂ ਦੀ ਦਿਖ ਬਣਤਰ ਇਕੋ ਜਿਹੀ ਹੀ ਹੈ। ਇਨ੍ਹਾਂ ਦੇ ਕਾਲੇ ਵਾਲ, ਪੀਲਾ ਰੰਗ, ਤਿਰਛੀਆਂ ਅੱਖਾਂ, ਪੁਰਸ਼ਾਂ ਦੇ ਠੋਡੀ ਤੇ ਦਾੜ੍ਹੀ ਹੋਣਾ ਇਨ੍ਹਾਂ ਦੀ ਪਛਾਣ ਹੈ ਪਰ ਇਨ੍ਹਾਂ ਵਿਚ ਇਕਸਾਰਤਾ ਨਹੀਂ ਹੈ। ਦੱਖਣ ਵੱਲ ਦੇ ਲੋਕ ਉੱਤਰ ਵਾਲਿਆਂ ਨਾਲੋਂ ਵੱਖਰੇ ਜਾਪਦੇ ਹਨ। ਉੱਤਰ ਵੱਲ ਦੇ ਲੋਕ ਲੰਬੇ ਕੱਦ ਦੇ, ਮੋਟੇ ਅਤੇ ਸੁਸਤ ਹਨ। ਚੀਨ ਦੇ ਦੱਖਣ ਅਤੇ ਦੱਖਣੀ-ਪੱਛਮੀ ਹਿੱਸਿਆਂ ਵਿਚ ਗ਼ੈਰ-ਚੀਨੀ ਲੋਕ ਵਧੇਰੇ ਹਨ ਜਿਨ੍ਹਾਂ ਦੀ ਬੋਲੀ ਅਤੇ ਸਭਿਆਚਾਰ ਆਮ ਚੀਨੀਆਂ ਨਾਲੋਂ ਬਿਲਕੁਲ ਵੱਖਰਾ ਹੈ। ਇਨ੍ਹਾਂ ਵਿਚ ਮਿਆਓ ਯਾਓ, ਯੀ, ਕੁਆਂਗ, ਪੁਈ ਅਤੇ ਨੁੰਗ ਵਰਣਨਯੋਗ ਕਬੀਲੇ ਹਨ। ਇਨ੍ਹਾਂ ਲੋਕਾਂ ਨੇ ਆਪਣੀ ਵੱਖਰੀ ਹੋਂਦ ਬਣਾ ਰੱਖੀ ਹੈ। ਚੁਆਂਗ ਕਬੀਲੇ ਦੇ ਲੋਕ ਗਵਾਂਗਸੀ ਚੁਆਂਗ, ਯੂਨਾਨ ਅਤੇ ਗਵਾਂਗਤੁੰਗ ਵਿਚ ਆਬਾਦ ਹਨ। ਇਨ੍ਹਾਂ ਦੀ ਗਿਣਤੀ ਚੀਨੀਆਂ ਨਾਲੋਂ ਵੱਖਰੇ ਸਮੂਹਾਂ ਵਿਚ ਸਭ ਤੋਂ ਜ਼ਿਆਦਾ ਹੈ। ਪੁਈ ਲੋਕ ਦੱਖਣੀ ਗਵੇਜ਼ੋ ਵਿਚ ਰਹਿੰਦੇ ਹਨ। ਇਨ੍ਹਾਂ ਦੇ ਖ਼ੁਦਮੁਖ਼ਤਾਰ ਖੰਡ ਵਿਚ ਮਿਆਓ ਲੋਕ ਵੀ ਹਨ। ਤੁੰਗ ਸਮੂਹ ਦੇ ਲੋਕ ਗਵਾਂਗਸੀ ਅਤੇ ਗਵੇਜ਼ੋ ਵਿਚ ਹਨ। ਤਿੱਬਤ ਵਿਚ ਤਿੱਬਤੀ ਹਨ ਜਿਹੜੇ ਚੀਨੀਆਂ ਨਾਲੋਂ ਵੱਖਰੇ ਹਨ। ਇਹ ਬੁੱਧ ਦੇ ਲਾਮਾ ਮੱਤ ਦੇ ਅਨੁਯਾਈ ਹਨ। ਵੱਖਰੀ ਸੰਸਕ੍ਰਿਤੀ ਕਾਰਨ ਸਰਕਾਰ ਨੇ ਇਨ੍ਹਾਂ ਨੂੰ ਵੱਖਰੇ ਭੂਗੋਲਿਕ ਖੰਡ ਵਿਚ ਕੁਝ ਖ਼ੁਦਮੁਖ਼ਤਾਰੀ ਦਿੱਤੀ ਹੋਈ ਹੈ। ਚੀਨੀਆਂ ਨਾਲੋਂ ਵੱਖਰੇ ਸਮੂਹ ਦੇ ਲੋਕ ਜਿਥੇ ਕਿਤੇ ਬਹੁ ਗਿਣਤੀ ਵਿਚ ਵਸਦੇ ਹਨ ਉਥੇ ਇਨ੍ਹਾਂ ਨੂੰ ਵੱਖਰੇ ਖ਼ੁਦਮੁਖ਼ਤਾਰ ਖੰਡ ਵਾਲੇ ਅਧਿਕਾਰ ਪ੍ਰਾਪਤ ਹਨ ਪਰ ਘੱਟ ਗਿਣਤੀ ਲੋਕਾਂ ਨੂੰ ਵੀ ਆਮ ਚੀਨੀਆਂ ਵਾਲੇ ਹੱਕ ਪ੍ਰਾਪਤ ਹਨ। ਇਹੋ ਜਿਹੇ ਲੋਕਾਂ ਦੇ 55 ਸਮੂਹ ਹਨ ਜਿਹੜੇ ਦੇਸ਼ ਦੇ 60 ਫ਼ੀ ਸਦੀ ਰਕਬੇ ਉਪਰ ਆਬਾਦ ਹਨ। ਵੈਸੇ ਇਹ ਕੁਝ ਵਸੋਂ ਦਾ ਸਿਰਫ 6 ਫ਼ੀ ਸਦੀ ਹੀ ਹਨ। ਬਾਕੀ ਲੋਕ ਚੀਨੀ ਜਾਂ ਹਾਨ ਨਸਲ ਦੇ ਹਨ।

ਇਨ੍ਹਾਂ ਮੂਲ ਲੋਕਾਂ ਅਤੇ ਘੱਟ ਗਿਣਤੀ ਲੋਕਾਂ ਤੋਂ ਇਲਾਵਾ ਇਥੇ ਬਿਲਕੁਲ ਹੀ ਵੱਖਰੀ ਨਸਲ ਦੇ ਲੋਕ ਵੀ ਆਬਾਦ ਹਨ। ਇਹੋ ਜਿਹੇ ਲੋਕਾਂ ਵਿਚ ਵੀ ਗੁਰ ਅਤੇ ਕਾਜ਼ਾਕ ਸਮੂਹ ਹਨ ਜਿਹੜੇ ਸ਼ਿਨਜੀਆਂਗ ਵੀਗੁਰ ਵਿਚ ਰਹਿੰਦੇ ਹਨ। ਮਾਂਚੂ ਅਤੇ ਹੁਈ ਮੁਸਲਮਾਨਾਂ ਵਿਚੋਂ ਹਨ।

**ਆਬਾਦੀ ਅਤੇ ਆਬਾਦੀ ਦੀ ਵੰਡ**—ਸੰਨ 1990 ਵਿਚ ਦੇਸ਼ ਦੀ ਵਸੋਂ 1, 13,36,82,501 ਸੀ। ਭੂਗੋਲਿਕ ਵਖਰੇਵਿਆਂ ਕਾਰਨ ਦੇਸ਼ ਵਿਚ ਵਸੋਂ ਇਕਸਾਰ ਨਹੀਂ ਹੈ। ਪੂਰਬੀ ਚੀਨ, ਪੱਛਮੀ ਚੀਨ ਅਤੇ ਉੱਤਰ-ਪੱਛਮੀ ਚੀਨ ਵਿਚ ਵਸੋਂ ਦੀ ਵੰਡ ਦਾ ਕਾਫ਼ੀ ਫ਼ਰਕ ਹੈ। ਨਦੀਆਂ ਦੇ ਡੈਲਟੇ ਜਿਨ੍ਹਾਂ ਵਿਚ ਯੰਗਸੀ ਡੈਲਟਾ ਅਤੇ ਸੈਂਚਵਾਨ ਬੇਸਿਨ ਵੀ ਸ਼ਾਮਲ ਹਨ, ਵੱਧ ਵਸੋਂ ਵਾਲੇ ਇਲਾਕੇ ਹਨ।

**ਆਬਾਦੀ ਦੇ ਵਾਧੇ ਦੀ ਦਰ-ਜਨਮ ਅਤੇ ਮੌਤ ਆਦਿ**—ਚੀਨ ਦੀ ਵਸੋਂ ਮੁੱਢ ਤੋਂ ਹੀ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਰਹੀ ਹੈ। ਇਥੋਂ ਤੱਕ ਕਿ 800 ਈ. ਪੂ. ਵਿਚ ਇਥੋਂ ਦੀ ਆਬਾਦੀ 13, 700,000 ਸੀ। ਦੂਜੀ ਸਦੀ ਵਿਚ ਆਬਾਦੀ 59, 600,000 ਸੀ। 12ਵੀਂ ਸਦੀ ਵਿਚ ਆਰਥਿਕ ਅਤੇ ਸਮਾਜਿਕ ਉਨਤੀ ਹੋਣ ਨਾਲ ਵਸੋਂ ਹੋਰ ਵੀ ਵਧਣ ਲਗੀ। ਪਿਛੋਂ ਅੰਦਰੂਨੀ ਗੜਬੜ, ਬਾਹਰਲੇ ਹਮਲਿਆਂ ਨੇ ਇਹ ਵਾਧਾ ਰੋਕ ਦਿੱਤਾ। ਸੰਨ 1381 ਵਿਚ ਇਥੇ 59, 900,000 ਲੋਕ ਸਨ। ਪੰਦਰ੍ਹਵੀ ਸਦੀ ਵਿਚ ਫਿਰ ਵਾਧਾ ਹੋਇਆ। ਸਤਾਰ੍ਹਵੀਂ ਸਦੀ ਵਿਚ ਲੜਾਈਆਂ ਕਾਰਨ ਆਬਾਦੀ ਘਟ ਗਈ। 18ਵੀਂ ਸਦੀ ਫਿਰ ਖ਼ੁਸ਼ਹਾਲੀ ਦਾ ਸਮਾਂ ਸੀ। ਇਸ ਪਿੱਛੋਂ 1834 ਵਿਚ ਇਹ ਆਬਾਦੀ 401,000,000 ਹੋ ਗਈ। 19 ਵੀਂ ਸਦੀ ਵਿਚ ਫਿਰ ਮੰਦਹਾਲੀ ਫੈਲ ਗਈ। ਇਹ ਸਦੀ ਰਾਜਸੀ ਗੜਬੜਾਂ ਤੇ ਖ਼ਾਨਾਜੰਗੀ ਵਾਲੀ ਸੀ। ਪੱਛਮੀ ਅਤੇ ਸਰਹੱਦੀ ਖੇਤਰ ਦਾ ਰਕਬਾ ਕਾਫ਼ੀ ਹੈ ਪਰ ਵਸੋਂ ਵਿਰਲੀ ਹੈ। ਉੱਤਰੀ ਖੇਤਰ ਵੀ ਘੱਟ ਵਸੋਂ ਵਾਲੇ ਹਨ। ਉੱਚੇ ਪਰਬਤੀ ਖੇਤਰ ਜਿਵੇਂ ਤਿੱਬਤ, ਕੇਂਦਰੀ ਜ਼ੁੰਸਾਰੀਆ ਦੇ ਪੂਰਬੀ ਹਿੱਸੇ, ਲੋਪ ਨੋਰ ਦੇ ਪੂਰਬੀ ਹਿੱਸੇ ਵੀ ਘੱਟ ਵਸੋਂ ਵਾਲੇ ਹਨ। ਸੰਨ 1960 ਦੇ ਪਿਛਲੇ ਸਾਲਾਂ ਵਿਚ ਸਰਹੱਦੀ ਖੇਤਰਾਂ ਨੂੰ ਵਿਕਸਤ ਕਰਨ ਖ਼ਾਤਰ ਸਰਕਾਰ ਨੇ ਇਨ੍ਹਾਂ ਨੂੰ ਵੱਧ ਤੋਂ ਵੱਧ ਵਸਾਉਣ ਦਾ ਯਤਨ ਕੀਤਾ ਸੀ। ਇਨ੍ਹਾਂ ਹਿੱਸਿਆਂ ਵਿਚ ਰੇਲ-ਸੜਕ ਮਾਰਗ ਬਣਾ ਕੇ, ਸੱਨਅਤੀ ਸ਼ਹਿਰ ਉਸਾਰ ਕੇ ਅਤੇ ਹੋਰ ਸਹੂਲਤਾਂ ਦੇ ਕੇ ਲੋਕਾਂ ਨੂੰ ਰਹਿਣ ਲਈ ਪ੍ਰੇਰਿਆ ਸੀ। ਇਨ੍ਹਾਂ ਯਤਨਾਂ ਸਦਕਾ ਅੱਜਕੱਲ੍ਹ ਇਹ ਖੇਤਰ ਆਬਾਦ ਹੋਏ ਹਨ। ਮੰਚੂਰੀਆ ਵਿਚ 1923 ਈ. ਤੋਂ ਪਿੱਛੋਂ ਬਹੁਤ ਲੋਕ ਬਾਹਰੋਂ ਆ ਕੇ ਵਸਦੇ ਰਹੇ ਹਨ। ਇਥੇ ਸ਼ਹਿਰ ਬਣਨ ਨਾਲ ਨਵੀਆਂ ਸੱਨਅਤਾਂ ਦੇ ਵਿਕਾਸ ਨਾਲ ਲੋਕ ਮੰਚੂਰੀਆ ਦੇ ਪਿੰਡਾਂ ਤੋਂ ਸ਼ਹਿਰਾਂ ਵੱਲ ਖਿੱਚੇ ਆਏ ਹਨ। ਇਸ ਲਈ ਅੱਜ ਇਹ ਵੱਡਾ ਸੱਨਅਤੀ ਖੇਤਰ ਬਣ ਗਿਆ ਹੈ। ਸੰਨ 1949 ਵਿਚ ਕਮਿਊਨਿਸਟਾਂ ਨੇ ਦੇਸ਼ ਦੀ ਵਾਗਡੋਰ ਸੰਭਾਲੀ। ਇਨ੍ਹਾਂ ਅਧੀਨ ਡਾਕਟਰੀ ਸਹੂਲਤਾਂ ਉੱਤੇ ਵਧੇਰੇ ਜ਼ੋਰ ਸੀ। ਸਿਹਤ ਭਲਾਈ ਸਕੀਮਾਂ ਵਧੇਰੇ ਸਨ ਜਿਸ ਕਾਰਨ ਮੌਤ ਦਰ ਘਟੀ ਪਰ ਜਨਮ ਦਰ ਉਵੇਂ ਹੀ ਰਹੀ। ਸੰਨ 1955-58 ਦੌਰਾਨ ਵਸੋਂ ਦੇ ਵਾਧੇ ਨੂੰ ਰੋਕਣ ਲਈ ਜਨਮ ਦਰ ਘਟਾਉਣ ਦੀ ਲੋੜ ਮਹਿਸੂਸ ਹੋਈ। ਇਸ ਲਈ ਸਰਕਾਰ ਨੇ ਨਵੇਂ ਪ੍ਰੋਗਰਾਮ ਬਣਾਏ। ਵਿਆਹ ਦੀ ਉਮਰ ਵਧਾ ਕੇ ਲੜਕੀਆਂ ਲਈ 25 ਤੋਂ 27 ਅਤੇ ਆਦਮੀਆਂ ਦੀ 25 ਤੋਂ 29 ਕਰ ਦਿੱਤੀ। ਤਿੰਨ ਬੱਚਿਆਂ ਦੇ ਪਰਿਵਾਰ ਨੂੰ ਪੂਰਾ ਪਰਿਵਾਰ ਮੰਨਿਆ ਜਾਣ ਲਗਾ। ਜ਼ੱਚਾ-ਬੱਚਾ ਦੇਖ ਭਾਲ, ਗਰਭਪਾਤ ਸਬੰਧੀ ਨਿਯਮ ਹੋਰ ਵੀ ਆਸਾਨ ਬਣਾ ਕੇ ਵਧਦੀ ਆਬਾਦੀ ਨੂੰ ਕਾਬੂ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਇਸ ਤਰ੍ਹਾਂ ਸੰਨ 1990 ਵਿਚ ਜਨਮ ਦੀ ਦਰ 1000 ਪਿੱਛੇ 21.06 ਅਤੇ ਮੌਤ ਦੀ ਦਰ 6.67 ਪ੍ਰਤੀ ਹਜ਼ਾਰ ਹੋ ਗਈ। ਅੱਜਕੱਲ੍ਹ ਇਸ ਦੇਸ਼ ਵਿਚ ਇਕ ਬੱਚਾ ਪਰਿਵਾਰ ਨੂੰ ਲੋਕਪ੍ਰਿਅ ਕਰਨ ਖ਼ਾਤਰ ਸਰਕਾਰ ਕਈ ਤਰ੍ਹਾਂ ਦਾ ਪ੍ਰਚਾਰ ਕਰ ਰਹੀ ਹੈ। ਅਜਿਹੇ ਪਰਿਵਾਰਾਂ ਨੂੰ ਮੈਡੀਕਲ, ਸਮਾਜ ਭਲਾਈ, ਮਕਾਨ ਆਦਿ ਦੇਣ ਸਮੇਂ ਸਰਕਾਰੀ ਤੌਰ ਤੇ ਪਹਿਲ ਦਿੱਤੀ ਜਾਂਦੀ ਹੈ।

**ਧਰਮ**—ਚੀਨ ਦੇ ਲੋਕਾਂ ਦੇ ਕਈ ਵਿਸ਼ਵਾਸ ਅਤੇ ਹੋਰ ਧਾਰਮਿਕ ਰਿਵਾਜ ਹਨ। ਧਰਮ ਪ੍ਰਤੀ ਇਹ ਲੋਕ ਬੜੇ ਉਦਾਰ ਹਨ। ਸ਼ਾਇਦ ਇਸੇ ਕਰਕੇ ਹੋਰਨਾਂ ਧਰਮਾਂ ਨੂੰ ਛੇਤੀ ਅਪਣਾ ਲੈਂਦੇ ਹਨ। ਇਹ ਅਨੇਕਾਂ ਦੇਵੀ-ਦੇਵਤਿਆਂ ਵਿਚ ਵਿਸ਼ਵਾਸ ਰੱਖਦੇ ਹਨ। ਚੰਗੀਆਂ ਮਾੜੀਆਂ ਰੂਹਾਂ, ਭੂਤਾਂ, ਪ੍ਰੇਤਾਂ ਅਤੇ ਹੋਰ ਦੁਖਾਂ ਤਕਲੀਫ਼ਾਂ ਨੂੰ ਦੂਰ ਕਰਨ ਲਈ ਇਹ ਕਈ ਸਾਧਨ ਅਪਣਾਉਂਦੇ ਹਨ। ਸਾਰੇ ਦੇਵਤਿਆਂ ਤੋਂ ਉੱਤੇ ਇਕ ਪਰਮਾਤਮਾ ਦੀ ਹੋਂਦ ਵੀ ਮੰਨਦੇ ਹਨ। ਬਾਦਸ਼ਾਹਾਂ ਦੇ ਰਾਜ ਵੇਲੇ ਇਹ ਬਾਦਸ਼ਾਹ ਨੂੰ ਪਰਮਾਤਮਾ ਦਾ ਦਰਜਾ ਦਿੰਦੇ ਸਨ ਕਿਉਂਕਿ ਉਹ ਸਾਰੇ ਦੇਸ਼ ਦਾ ਪਾਲਣਹਾਰ ਹੁੰਦਾ ਸੀ। ਚੀਨ ਦੇ ਲੋਕਾਂ ਦੇ ਜੀਵਾਤਮਵਾਦੀ ਹੋਣ ਤੋਂ ਇਲਾਵਾ ਵੀ ਇਥੇ ਪੰਜ ਧਰਮਾਂ ਦਾ ਪ੍ਰਭਾਵ ਵਧੇਰੇ ਵੇਖਿਆ ਜਾਂਦਾ ਹੈ। ਕਨਫਿਊਸ਼ਸ, ਤਾਓਮੱਤ, ਬੁੱਧ ਮੱਤ, ਈਸਾਈ ਅਤੇ ਇਸਲਾਮ ਮੱਤ ਇਥੋਂ ਦੇ ਲੋਕਾਂ ਦੇ ਮੁੱਖ ਧਰਮ ਹਨ। ਤੀਜੀ ਸਦੀ ਤੋਂ ਵੀਹਵੀਂ ਸਦੀ ਤੱਕ

ਕਨਫਿਊਸ਼ਸ ਮੱਤ ਇਥੋਂ ਦੇ ਲੋਕਾਂ ਦਾ ਵੱਡਾ ਧਰਮ ਸੀ। ਇਸਨੂੰ ਰਾਜਿਆਂ ਦਾ ਸਮਰਥਨ ਵੀ ਪ੍ਰਾਪਤ ਸੀ। ਤਾਓ ਮੱਤ ਵੀ ਲੋਕਾਂ ਵਿਚ ਪ੍ਰਧਾਨ ਰਿਹਾ ਹੈ ਪਰ ਇਸ ਉੱਤੇ ਭਾਰਤ ਵੱਲੋਂ ਆਏ ਬੁੱਧ ਮੱਤ ਦਾ ਰੰਗ ਵੀ ਚੜ੍ਹਿਆ। ਤਾਓ ਅਤੇ ਬੋਧੀਆਂ ਦੇ ਇਥੇ ਮੱਠ ਬਣੇ ਹੋਏ ਹਨ। ਬੁੱਧ ਧਰਮ ਚੀਨ ਦੀ ਸਮਾਜ਼ਿਕ ਜ਼ਿੰਦਗੀ ਦਾ ਅੰਗ ਬਣ ਚੁਕਿਆ ਹੈ। ਤਿੱਬਤੀ ਵੀ ਬੋਧੀਆਂ ਦੇ ਲਾਮਾ ਫ਼ਿਰਕੇ ਨੂੰ ਮੰਨਦੇ ਹਨ। ਇਥੇ ਕਈ ਮੱਠ ਬਣੇ ਹੋਏ ਹਨ। ਤਿੱਬਤੀਆਂ ਦਾ ਧਾਰਮਿਕ ਆਗੂ ਦਲਾਈ ਲਾਮਾ ਹੈ। ਮੁਸਲਮਾਨ ਚੀਨ ਦੇ ਲਗਭਗ ਹਰੇਕ ਪ੍ਰਾਂਤ ਵਿਚ ਰਹਿੰਦੇ ਹਨ। ਅਸਲ ਵਿਚ ਇਹ ਲੋਕ 7ਵੀਂ ਸਦੀ ਵਿਚ ਇਸਲਾਮ ਦੇ ਪ੍ਰਭਾਵ ਹੇਠ ਆਏ ਚੀਨੀਆਂ ਵਿਚੋਂ ਹੀ ਹਨ ਨਾ ਕਿ ਇਹ ਕੋਈ ਹੋਰ ਮੁਸਲਮਾਨ ਹਨ। ਵੈਸੇ ਇਹ ਚੀਨੀਆਂ ਨਾਲ ਹੀ ਰਚ-ਮਿਚ ਗਏ ਹਨ। ਇਨ੍ਹਾਂ ਦੀ ਗਿਣਤੀ 1986 ਵਿਚ 14 ਲੱਖ ਸੀ।

ਅੱਜ ਤੋਂ 3 ਸਦੀਆਂ ਪਹਿਲਾਂ ਈਸਾਈ ਮਿਸ਼ਨਰੀ ਵੀ ਇਧਰ ਆਏ ਸਨ ਜਿਨ੍ਹਾਂ ਦੇ ਪ੍ਰਭਾਵ ਹੇਠ ਆਏ ਲੋਕਾਂ ਨੇ ਕੈਥੋਲਿਕ ਅਤੇ ਪ੍ਰੋਟੈਸਟੈਂਟ ਮੱਤ ਕਬੂਲ ਕਰ ਲਿਆ ਸੀ। ਅਜਿਹੇ ਲੋਕਾਂ ਦੀ ਗਿਣਤੀ ਸਿਰਫ਼ 1ਫ਼ੀ ਸਦੀ ਹੈ। ਵੀਹਵੀਂ ਸਦੀ ਵਿਚ ਕਮਿਊਨਿਸਟਾਂ ਨੇ ਈਸਾਈ ਧਰਮ ਵਿਰੋਧੀ ਪ੍ਰਚਾਰ ਵਧੇਰੇ ਕੀਤਾ ਜਿਸ ਕਾਰਨ ਇਹ ਧਰਮ ਦੇਸ਼ ਵਿਚ ਫ਼ੈਲ ਨਾ ਸਕਿਆ। ਚੀਨ ਵਿਚ ਬੋਧੀਆਂ ਦੇ ਅਨੇਕਾਂ ਮੱਠ ਅਤੇ ਪੈਗੋਡੇ ਬਣੇ ਹੋਏ ਹਨ।

**ਭਾਸ਼ਾ**—ਦੇਸ਼ ਬਹੁਤ ਵੱਡਾ ਹੋਣ ਕਰਕੇ ਇਥੇ ਵੱਖਰੇ ਭਾਸ਼ਾਈ ਪਰਿਵਾਰਾਂ ਦਾ ਵੀ ਬੋਲਬਾਲਾ ਹੈ ਜਿਨ੍ਹਾਂ ਵਿਚੋ ਚੀਨੀ-ਤਿੱਬਤੀ ਅਲਤਾਈ, ਇੰਡੋਯੂਰਪੀਅਨ ਅਤੇ ਆਸਟ੍ਰੋ-ਏਸ਼ਿਆਟਿਕ ਭਾਸ਼ਾਈ ਪਰਿਵਾਰ ਹਨ। ਇਨ੍ਹਾਂ ਵਿਚੋਂ ਚੀਨੀ-ਤਿੱਬਤੀ ਪਰਿਵਾਰ ਦੀ ਹਾਨ-ਚੀਨੀ ਭਾਸ਼ਾ ਸਭ ਤੋਂ ਵੱਧ ਮਹੱਤਵਪੂਰਨ ਹੈ ਅਤੇ ਇਹ ਸਭ ਤੋਂ ਵੱਧ ਲੋਕਾਂ ਦੀ ਭਾਸ਼ਾ ਹੈ। ਹਾਨ ਚੀਨੀ ਦੇਸ਼ ਭਰ ਵਿਚ ਵੱਖ-ਵੱਖ ਲਹਿਜਿਆਂ ਨਾਲ ਬੋਲੀ ਜਾਂਦੀ ਹੈ। ਸਭ ਤੋਂ ਵੱਧ ਮਹੱਤਵਪੂਰਨ ਬੋਲੀ ਮੰਡਾਰਿਨ ਹੈ। ਇਹੋ ਦੇਸ਼ ਦੀ ਰਾਸ਼ਟਰੀ ਭਾਸ਼ਾ ਦਾ ਆਧਾਰ ਹੈ। ਇਸੇ ਨਾਲ ਮਿਲਦੇ ਜੁਲਦੇ ਲਹਿਜੇ ਵਾਲੀ ਕੇਂਦਰੀ ਅਤੇ ਦੱਖਣੀ ਹੁਨਾਨ ਦੇ ਲੋਕਾਂ ਦੀ ਭਾਸ਼ਾ ਹੈ।

**ਸਿਹਤ**—ਸਰਕਾਰ ਦੀਆਂ ਨੀਤੀਆਂ ਵਿਚ ਸਿਹਤ ਭਲਾਈ ਅਤੇ ਸ਼ਹਿਰਾਂ ਨੂੰ ਸਾਫ਼ ਸੁਥਰਾ ਬਣਾਏ ਰੱਖਣ ਤੇ ਕਾਫ਼ੀ ਜ਼ੋਰ ਦਿੱਤਾ ਗਿਆ ਹੈ। ਜਿਥੇ ਇਹ ਦੇਸ਼ 20 ਵੀਂ ਸਦੀ ਦੇ ਸ਼ੁਰੂ ਵਾਲੇ ਸਾਲਾਂ ਵਿਚ ਬਹੁਤ ਗੰਦਾ ਹੁੰਦਾ ਸੀ ਉਥੇ ਇਹ ਅੱਜਕੱਲ੍ਹ ਸਾਫ਼ ਸੁਥਰਾ ਵਿਖਾਈ ਦਿੰਦਾ ਹੈ। ਇਹੋ ਕਾਰਨ ਹੈ ਕਿ ਇਥੇ ਛੂਤ ਦੀਆਂ ਬੀਮਾਰੀਆਂ ਕਾਫ਼ੀ ਹੱਦ ਤੱਕ ਖ਼ਤਮ ਹੋ ਗਈਆਂ ਹਨ। ਚੀਨ ਦੀਆਂ ਸਿਹਤ ਭਲਾਈ ਨੀਤੀਆਂ ਅਨੁਸਾਰ ਡਾਕਟਰਾਂ ਨੂੰ ਪਿੰਡਾਂ ਵਿਚ ਕੰਮ ਕਰਨ ਲਈ ਖ਼ਾਸ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਮੈਡੀਕਲ ਟੀਮਾਂ ਤੇ ਡਾਕਟਰ ਪਿੰਡਾਂ ਦਾ ਦੌਰਾ ਕਰਦੇ ਹੀ ਰਹਿੰਦੇ ਹਨ। ਇਥੇ 5,000 ਵਿਅਕਤੀਆਂ ਦੀ ਦੇਖਭਾਲ ਲਈ ਇਕ ਡਾਕਟਰ ਹੈ। ਮੈਡੀਕਲ ਦੇ ਸਟਾਫ਼ ਤੋਂ ਛੁੱਟ ਦੇਸ਼ ਦੀ ਫ਼ੌਜ ਵੀ ਸਮੇਂ-ਸਮੇਂ ਤੇ ਪਿੰਡਾਂ ਵਿਚ ਜਨਤਾ ਦੀ ਦੇਖਭਾਲ ਲਈ ਜਾਂਦੀ ਹੈ। ਸੰਨ 1949 ਤੋਂ ਪਿੱਛੋਂ ਚਿਕਿਤਸਾ ਵਿਗਿਆਨ ਵਿਚ ਇਸ ਦੇਸ਼ ਨੇ ਬਹੁਤ ਤਰੱਕੀ ਕੀਤੀ ਹੈ। ਇਥੇ ਬਹੁਤ ਪੁਰਾਣੇ ਸਮੇਂ ਤੋਂ ਇਲਾਜ ਦਾ ਇਕ ਹੋਰ ਤਰੀਕਾ ਸੂਈ ਛੇਦਨ ਵੀ ਪ੍ਰਚੱਲਤ ਹੈ ਜਿਸ ਨਾਲ ਬੋਲੇ ਤੇ ਗੂੰਗੇਪਨ ਤੋਂ ਇਲਾਵਾ ਕਈ ਹੋਰ ਮਾਰੂ ਬੀਮਾਰੀਆਂ ਦਾ ਸਫ਼ਲਤਾਪੂਰਵਕ ਇਲਾਜ ਕੀਤਾ ਜਾਂਦਾ ਹੈ।

ਸਿਹਤ ਦੀਆਂ ਵਧੀਆ ਸਹੂਲਤਾਂ ਕਾਰਨ ਅੱਜਕੱਲ੍ਹ ਇਥੋਂ ਦੇ ਲੋਕਾਂ ਦੀ ਔਸਤ ਆਯੂ 60 ਦੀ ਥਾਂ 70 ਸਾਲ ਹੋ ਗਈ ਹੈ।

**ਸਿੱਖਿਆ**—ਪਹਿਲੀ ਪੰਜ ਸਾਲਾ ਯੋਜਨਾ (1953 ਈ. ਤੋਂ 1957 ਈ.) ਵਿਚ ਪੜ੍ਹਨ-ਲਿਖਣ ਵਾਲਿਆਂ ਦੀ ਗਿਣਤੀ 54,000,000 ਤੋਂ 71,000,000 ਹੋ ਗਈ। ਸੰਨ 1960 ਵਿਚ ਇਹ 100,000,000 ਹੋ ਗਈ। ਇਥੋਂ ਦੀ ਸਿੱਖਿਆ ਬਾਰੇ ਆਮ ਦੇਸ਼ਾਂ ਦੀ ਸਿੱਖਿਆ ਨਾਲੋਂ ਵੱਖਰੀ ਗੱਲ ਇਹ ਹੈ ਕਿ ਇਥੇ ਮੁੱਢਲੀ ਜਾਂ ਪ੍ਰਾਇਮਰੀ ਸਿੱਖਿਆ ਇਕ ਤਰ੍ਹਾਂ ਨਾਲ ਲਾਜ਼ਮੀ ਹੀ ਹੈ ਪਰ ਉਚੇਰੀ ਵਿਦਿਆ ਕੋਈ ਜ਼ਰੂਰੀ ਨਹੀਂ ਹੈ। ਸੰਨ 1950 ਵਿਚ ਇਥੇ ਦਿਨ ਵਿਚ ਅੱਧਾ ਵਕਤ ਪੜ੍ਹਾਈ ਤੇ ਅੱਧਾ ਵਕਤ ਕੰਮ ਵਾਲੇ ਸਕੂਲ ਖੋਲ੍ਹੇ ਗਏ ਸਨ। ਇਨ੍ਹਾਂ ਦੀ ਗਿਣਤੀ 1960 ਤੱਕ ਕਾਫ਼ੀ ਵਧ ਗਈ ਤੇ ਇਹ ਕੰਮ ਤੇ ਪੜ੍ਹਾਈ ਵਾਲਾ ਤਜਰਬਾ ਠੀਕ ਸਾਬਤ ਹੋਇਆ। ਹਰੇਕ ਵਿਦਿਆਰਥੀ ਲਈ ਸਕੂਲੀ ਸਿੱਖਿਆ ਦੇ ਨਾਲ ਨਾਲ ਖੇਤਾਂ, ਫ਼ੈਕਟਰੀਆਂ ਵਿਚ ਜਾਂ ਕੋਈ ਹੋਰ ਕੰਮ ਕਰਨਾ ਲਾਜ਼ਮੀ ਕੀਤਾ ਹੋਇਆ ਹੈ। ਸੰਨ 1966 ਦੇ ਸਮਾਜਕ ਕ੍ਰਾਂਤੀ ਵੇਲੇ ਸੈਂਟਰਲ ਕਮੇਟੀ ਨੇ ਮਿਡਲ ਸਕੂਲ ਤੇ ਉੱਚੀ ਵਿੱਦਿਆ ਦੀਆਂ ਸੰਸਥਾਵਾਂ ਬੰਦ ਕਰ ਦੇਣ ਦਾ ਫ਼ੈਸਲਾ ਕੀਤਾ ਤਾਂ ਕਿ ਸਿੱਖਿਆ ਸਬੰਧੀ ਸਿਲੇਬਸ ਦਾਖ਼ਲੇ ਦੇ ਨਿਯਮ, ਇਮਤਿਹਾਨਾਂ ਆਦਿ ਵਿਚ ਨਵੇਂ ਸਿਸਟਮ ਲਾਗੂ ਕਰ ਕੇ ਇਨ੍ਹਾਂ ਸਕੂਲਾਂ ਨੂੰ ਫਿਰ ਖੋਲ੍ਹਿਆ ਜਾਵੇ। ਇਨ੍ਹਾਂ ਵਿਚੋਂ ਕੱਢੇ ਗਏ ਵਿਦਿਆਰਥੀਆਂ ਨੇ 'ਰੈੱਡ ਗਾਰਡ' ਫ਼ੌਜ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਸੰਨ 1967 ਵਿਚ ਇਹ ਸਕੂਲ ਮੁੜ ਖੋਲ੍ਹੇ ਗਏ ਜਿਨ੍ਹਾਂ ਵਿਚ ਮਾਓ ਦੇ ਸਾਮਵਾਦੀ ਸਿਧਾਂਤਾਂ ਨੂੰ ਹੀ ਪੜ੍ਹਾਉਣ ਤੇ ਜ਼ੋਰ ਦਿੱਤਾ ਗਿਆ। ਇਨ੍ਹਾਂ ਸਭ ਬਦਲੇ ਹੋਏ ਸਿਧਾਂਤਾਂ, ਸਿਲੇਬਸਾਂ, ਨਵੀਆਂ ਲਿਖੀਆਂ ਪਾਠ ਪੁਸਤਕਾਂ ਨੂੰ ਲਾਗੂ ਨਾ ਕਰਨ ਲਈ ਬਹੁਤ ਥਾਵਾਂ ਤੇ ਵਿਦਰੋਹ ਤਾਂ ਹੋਏ ਪਰ ਵਿਦਰੋਹੀ ਕੁਚਲ ਦਿੱਤੇ ਗਏ। ਇਸ ਦੌਰਾਨ ਪ੍ਰਾਈਵੇਟ ਸਕੂਲਾਂ ਨੂੰ ਵੀ ਸਰਕਾਰ ਹੇਠ ਕਰ ਲਿਆ ਗਿਆ। ਮਿਸ਼ਨਰੀ ਅਧਿਆਪਕਾਂ ਨੂੰ ਦੇਸ਼ੋਂ ਕੱਢ ਦਿੱਤਾ ਗਿਆ ਅਤੇ ਬਾਹਰਲੇ ਮੁਲਕਾਂ ਵਿਚ ਸੋਵੀਅਤ ਸੰਘ ਤੋਂ ਬਿਨਾਂ ਹੋਰ ਥਾਵਾਂ ਤੇ ਜਾ ਕੇ ਸਿੱਖਿਆ ਹਾਸਲ ਕਰਨ ਉੱਤੇ ਪਾਬੰਦੀ ਲਗਾ ਦਿੱਤੀ ਗਈ। ਇਨ੍ਹਾਂ ਸਾਮਵਾਦੀਆਂ ਅਧੀਨ ਸਕੂਲਾਂ ਵਿਚ ਦਾਖ਼ਲੇ ਦੇ ਵੀ ਨਵੇਂ ਕਾਨੂੰਨ ਬਣਾਏ ਗਏ ਜਿਸ ਅਨੁਸਾਰ ਵਿਦਿਆਰਥੀ ਨੇ ਆਮ ਜਨਤਾ ਜਾਂ ਆਪਣੇ ਰਿਹਾਇਸ਼ੀ ਥਾਵਾਂ ਤੇ ਕੀ ਕੰਮ ਕੀਤਾ ਹੈ ਜਾਂ ਕਮਿਊਨਿਸਟ ਪਾਰਟੀ ਵਾਸਤੇ ਕੀ ਕਰ ਦਿਖਾਇਆ ਹੈ, ਦੇ ਆਧਾਰ ਤੇ। ਉਸਨੂੰ ਦਾਖ਼ਲਾ ਵੀ ਇਨ੍ਹਾਂ ਲੋਕਾਂ ਦੀ ਸਿਫ਼ਾਰਸ਼ਾਂ ਤੇ ਹੀ ਮਿਲਦਾ ਹੈ ਨਾਂ ਕਿ ਉਸਦੀ ਵਿਦਿਅਕ ਯੋਗਤਾ ਤੇ ਜੋ ਉਹ ਰੱਖਦਾ ਹੈ। ਇਥੋਂ ਦੇ ਵਿਦਿਆਰਥੀਆਂ ਨੂੰ ਬਹੁਤਾ ਸਮਾਂ ਪੜ੍ਹਾਈ-ਲਿਖਾਈ ਤੋਂ ਇਲਾਵਾ ਕੰਮ-ਧੰਦਿਆਂ ਵਿਚ ਲਾਉਣਾ ਪੈਂਦਾ ਹੈ। ਇਸੇ ਕਰਕੇ ਪ੍ਰਾਇਮਰੀ ਸਿਖਿਆ ਵਿਚ ਤਾਂ ਵਾਧਾ ਹੋ ਰਿਹਾ ਹੈ ਪਰ ਉਚੇਰੀ ਵਿਦਿਆ ਲਈ ਬਹੁਤ ਹੀ ਘੱਟ ਵਿਦਿਆਰਥੀ ਰੁਚੀ ਰੱਖਦੇ ਹਨ। ਸੰਨ 1992 ਦੇ ਅੰਕੜਿਆਂ ਅਨੁਸਾਰ ਇਥੋਂ ਦੀ 23.5ਫ਼ੀ ਸਦੀ ਆਬਾਦੀ ਪੜ੍ਹੀ-ਲਿਖੀ ਸੀ। ਸਿੱਖਿਆ ਵਿਚ ਕਾਫ਼ੀ ਸੁਧਾਰ ਲਿਆਂਦੇ ਗਏ ਹਨ। ਸੰਨ 1989 ਵਿਚ ਇਥੋਂ ਦੇ 97 ਫ਼ੀ ਸਦੀ ਬੱਚੇ ਸਕੂਲਾਂ ਵਿਚ ਮੁੱਢਲੀ ਸਿੱਖਿਆ ਲੈਣ ਲਈ ਗਏ।

ਦੇਸ਼ ਵਿਚ ਉੱਚੀ ਵਿਦਿਆ ਲਈ ਕਈ ਯੂਨੀਵਰਸਿਟੀਆਂ ਹਨ ਜਿਨ੍ਹਾਂ ਵਿਚੋਂ ਬੀਜਿੰਗ ਯੂਨੀਵਰਸਿਟੀ ਮਸ਼ਹੂਰ ਹੈ।

## ਰਾਜ-ਪ੍ਰਬੰਧ

ਚੀਨ ਇਕ ਕਮਿਊਨਿਸਟ ਦੇਸ਼ ਹੈ ਜਿਥੇ ਕਮਿਊਨਿਸਟ ਪਾਰਟੀ ਦਾ ਸਰਕਾਰੀ, ਆਰਥਿਕ, ਸਮਾਜਿਕ ਸਭ ਸੰਸਥਾਵਾਂ ਉੱਤੇ ਕਾਬੂ ਹੈ। ਚੀਨ ਦੀ ਕਮਿਊਨਿਸਟ ਪਾਰਟੀ 1921 ਈ: ਵਿਚ ਹੋਂਦ ਵਿਚ ਆਈ ਸੀ ਅਤੇ 1 ਅਕਤੂਬਰ, 1948 ਵਿਚ ਸੱਤਾ ਵਿਚ ਆ ਗਈ। ਸੰਨ 1921 ਤੋਂ 1935 ਵਿਚਕਾਰਲੇ ਸਾਲਾਂ ਵਿਚ ਇਸ ਪਾਰਟੀ ਵਿਚ ਆਪਸੀ ਮੱਤਭੇਦ ਸੀ। ਗ਼ੈਰ-ਕਮਿਊਨਿਸਟ ਲੋਕਾਂ ਅਤੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਇਨ੍ਹਾਂ ਦਾ ਆਪਸ ਵਿਚ ਕਾਫ਼ੀ ਮਤਭੇਦ ਸੀ। ਅਖ਼ੀਰ ਗਵੇਜੋ ਵਿਚਲੀ 1935 ਦੀ ਪਾਰਟੀ ਦੀ ਬੈਠਕ ਵਿਚ ਮਾਓ-ਜ਼ੇ-ਤੁੰਗ ਨੂੰ ਪਾਰਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ ਜਿਹੜਾ 1976 ਈ: ਆਪਣੀ ਮੌਤ ਤੱਕ ਇਸੇ ਅਹੁਦੇ ਤੇ ਕਾਇਮ ਰਿਹਾ।

ਇਹ ਪਾਰਟੀ ਮਾਰਕਸ-ਲੈਨਿਨ ਦੇ ਵਿਚਾਰਾਂ ਦੀ ਸਮਰਥਕ ਸੀ। ਇਹ ਕਾਮਿਆਂ-ਕਿਰਤੀਆਂ ਦਾ ਪੂੰਜੀਵਾਦੀਆਂ ਦੇ ਖਿਲਾਫ਼ ਇਕ ਸੰਗਠਨ ਸੀ। ਪ੍ਰੋਲਤਾਰੀ ਲੋਕਾਂ ਦੀ ਇਹ ਪਾਰਟੀ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਕਾਇਮ ਕੀਤੀ ਗਈ ਸੀ। ਇਸ ਦਾ ਉਦੇਸ਼ ਸਮਾਜ ਵਿਚ ਪੂੰਜੀਵਾਦ ਦਾ ਖ਼ਾਤਮਾ ਕਰਨਾ ਸੀ। ਇਸ ਪਾਰਟੀ ਨੇ ਚੀਨ ਵਿਚ ਸਮਾਜਿਕ ਕ੍ਰਾਂਤੀ ਲਿਆਂਦੀ। ਮਾਓ ਨੇ 1966-69 ਦੇ ਸਾਲਾਂ ਵਿਚ ਇਸ ਪਾਰਟੀ ਦਾ ਸਾਰਾ ਕਾਰਜਕਾਰੀ ਢਾਂਚਾ ਬਦਲ ਦਿੱਤਾ। ਸੰਨ 1967-69 ਵਿਚਕਾਰਲੇ ਸਾਲਾਂ ਵਿਚ ਕ੍ਰਾਂਤੀਕਾਰੀ ਕਮੇਟੀਆਂ ਬਣਾਈਆਂ ਗਈਆਂ। ਪੀ.ਐਲ.ਏ. ਦੀਆਂ ਸ਼ਕਤੀਆਂ ਬਹੁਤ ਵਧਾ ਦਿੱਤੀਆਂ ਗਈਆਂ। ਅੱਜ ਵੀ ਇਹੋ ਪਾਰਟੀ ਦੇਸ਼ ਦੀ ਸਿਆਸਤ ਵਿਚ ਹਾਵੀ ਹੈ। ਇਸ ਕਮੇਟੀ ਦੀ ਇਕ ਸੈਂਟਰਲ ਕਮੇਟੀ ਹੈ ਜਿਸ ਵਿਚ 300 ਮੈਂਬਰ ਹੁੰਦੇ ਹਨ। ਇਹ 7 ਮੈਂਬਰੀ ਸਟੈਂਡਿੰਗ ਕਮੇਟੀ ਦੀ ਚੋਣ ਕਰਦੀ ਹੈ। ਇਹ ਦੇਸ਼ ਦੇ ਮਹੱਤਵਪੂਰਨ ਫ਼ੈਸਲੇ ਲੈਂਦੀ ਹੈ। ਪਾਰਟੀ ਦੇ ਅਹੁਦੇਦਾਰਾਂ ਪਾਸ ਹੀ ਸਰਕਾਰ ਦੇ ਮਹੱਤਵਪੂਰਨ ਅਹੁਦੇ ਹੁੰਦੇ ਹਨ।

**ਸੰਵਿਧਾਨ**—ਸਾਲ 1949 ਵਿਚ ਇਹ ਦੇਸ਼ ਕਮਿਊਨਿਸਟਾਂ ਅਧੀਨ ਆਇਆ। ਇਸ ਸਮੇਂ ਦੇਸ਼ ਦਾ ਸੰਵਿਧਾਨ ਘੜਿਆ ਗਿਆ ਜਿਸ ਨੂੰ ਸੰਨ 1954, 1975 ਅਤੇ 1978 ਮੁੜ ਤਰਮੀਮ ਕਰਕੇ ਫਿਰ ਬਣਾਇਆ ਗਿਆ। ਦੇਸ਼ ਦੀ ਪੰਜਵੀਂ ਨੈਸ਼ਨਲ ਪੀਪਲਜ਼ ਕਾਂਗਰਸ ਨੇ 1982 ਦਾ ਨਵਾਂ ਵਿਸਤ੍ਰਿਤ ਸੰਵਿਧਾਨ ਅਪਣਾਇਆ। ਇਸ ਸੰਵਿਧਾਨ ਦੀ ਇਕ ਭੂਮਿਕਾ ਹੈ ਅਤੇ 138 ਧਾਰਾਵਾਂ ਹਨ। ਇਸ ਨੂੰ 4 ਕਾਂਡਾਂ ਵਿਚ ਲਿਖਿਆ ਹੋਇਆ ਹੈ।

ਭੂਮਿਕਾ ਵਿਚ ਚੀਨ ਦੇ ਮਾਰਕਸ, ਲੈਨਿਨ ਦੇ ਸਿਧਾਂਤਾਂ ਉੱਤੇ ਮਾਓ ਦੀ ਵਿਚਾਰਧਾਰਾ ਹੇਠ ਇਸ ਦੇਸ਼ ਦੇ ਨਿਰਮਾਣ ਬਾਰੇ ਦਸਿਆ ਹੈ। ਪਹਿਲੇ ਕਾਂਡ ਦੀਆਂ 1 ਤੋਂ 32 ਧਾਰਾਵਾਂ ਵਿਚ ਇਸ ਦੇਸ਼ ਨੂੰ ਕਾਮਿਆਂ ਤੇ ਕਿਸਾਨਾਂ ਦੇ ਰਾਜ ਹੇਠ ਦਸਿਆ ਹੈ। ਦੂਜੇ ਕਾਂਡ ਵਿਚ 33 ਤੋਂ 56 ਧਾਰਾਵਾਂ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਦਿਵਾਉਣ ਸਬੰਧੀ ਹੈ। ਇਸ ਵਿਚ ਕਾਨੂੰਨ ਮੁਤਾਬਕ ਸਾਰੇ ਨਾਗਰਿਕ ਬਰਾਬਰ ਹਨ। ਤੀਜੇ ਕਾਂਡ ਦੀਆਂ 57 ਤੋਂ 137 ਧਾਰਾਵਾਂ ਰਾਜ ਦੇ ਪ੍ਰਸ਼ਾਸਕੀ ਢਾਂਚੇ ਨਾਲ ਸਬੰਧਤ ਹਨ। ਇਸ ਅਨੁਸਾਰ ਦੇਸ਼ ਦਾ ਪ੍ਰਬੰਧਕੀ ਢਾਂਚਾ ਵਿਉਂਤਬੱਧ ਕੀਤਾ ਗਿਆ ਹੈ। ਦੇਸ਼ ਦੀ ਸਭ ਤੋਂ ਵੱਡੀ ਪ੍ਰਸ਼ਾਸਕੀ ਸੰਸਥਾ 'ਨੈਸ਼ਨਲ ਪੀਪਲਜ਼ ਕਾਂਗਰਸ' ਹੈ ਜਿਸ ਦੀ ਇਕ ਸਟੈਂਡਿੰਗ ਕਮੇਟੀ ਹੈ। ਸਥਾਨਕ ਸਰਕਾਰਾਂ ਸਥਾਨਕ ਪ੍ਰਬੰਧ ਚਲਾਉਂਦੀਆਂ ਹਨ। ਚੌਥੇ ਕਾਂਡ ਦੀਆਂ 136-138 ਧਾਰਾਵਾਂ ਦੇਸ਼ ਦੇ ਝੰਡੇ ਬਾਰੇ, ਰਾਜਧਾਨੀ ਅਤੇ ਰਾਸ਼ਟਰੀ ਚਿੰਨ੍ਹ ਨਾਲ ਸਬੰਧਤ ਹਨ। ਇਸ ਸੰਵਿਧਾਨ ਮੁਤਾਬਕ ਦੇਸ਼ ਦੀ ਕਾਂਗਰਸ ਨੂੰ ਸੰਵਿਧਾਨ ਸੋਧਣ ਦੀ ਤਾਕਤ ਵੀ ਦਿੱਤੀ ਗਈ। ਇਸ ਸੰਵਿਧਾਨ ਅਨੁਸਾਰ ਦੇਸ਼ ਦੇ ਮੁਖੀ ਦਾ ਅਹੁਦਾ ਜਿਹੜਾ ਪਹਿਲਾਂ ਖ਼ਤਮ ਕਰ ਦਿੱਤਾ ਗਿਆ ਸੀ, ਫਿਰ ਬਹਾਲ ਕੀਤਾ ਗਿਆ। ਇਹ ਕਾਂਗਰਸ ਦੇਸ਼ ਦੇ ਮੁਖੀ ਨੂੰ ਅਹੁਦਿਓਂ ਬਰਖ਼ਾਸਤ ਵੀ ਕਰ ਸਕਦੀ ਹੈ।

ਇਥੋਂ ਦੇ ਹਰੇਕ ਨਾਗਰਿਕ ਨੂੰ 18 ਸਾਲ ਦੀ ਉਮਰ ਵਿਚ ਵੋਟ ਪਾਉਣ ਦਾ ਹੱਕ ਮਿਲਿਆ ਹੋਇਆ ਹੈ। ਸਾਲ 1978 ਦੇ ਸੰਵਿਧਾਨ ਅਨੁਸਾਰ ਨੈਸ਼ਨਲ ਪੀਪਲਜ਼ ਕਾਂਗਰਸ ਦੇਸ਼ ਦੀ ਸਭ ਤੋਂ ਵੱਡੀ ਕਾਰਜਕਾਰੀ ਸਭਾ ਹੈ। ਇਹ ਪ੍ਰਾਂਤਾਂ, ਖ਼ੁਦਮੁਖ਼ਤਾਰ ਖੰਡਾਂ, ਸਥਾਨਕ ਸਰਕਾਰਾਂ ਉੱਤੇ ਕਾਬੂ ਰੱਖਦੀ ਹੈ। ਇਹ ਇਕੋ ਹੀ ਵੱਡੀ ਕਾਰਜਕਾਰੀ ਸੰਸਥਾ ਹੈ ਜਿਸ ਦੇ 1983 ਈ. ਵਿਚ 300 ਮੈਂਬਰ ਸਨ। ਇਸ ਕਮੇਟੀ ਦੇ ਡਿਪਟੀ 5 ਸਾਲਾਂ ਲਈ ਚੁਣੇ ਜਾਂਦੇ ਹਨ। ਇਨ੍ਹਾਂ ਦੀ ਚੋਣ ਹੇਠਲੇ ਪੱਧਰ ਤੇ ਮਿਉਂਸਪਲਟੀਆਂ, ਖ਼ੁਦਮੁਖ਼ਤਾਰ ਖੰਡਾਂ ਅਤੇ ਪੀ.ਐੱਲ.ਏ. ਦੇ ਮੈਂਬਰਾਂ ਦੁਆਰਾ ਹੁੰਦੀ ਹੈ। ਦੇਸ਼ ਦੀ 6ਵੀਂ ਕਾਂਗਰਸ ਵਿਚ ਕਾਮੇ, ਕਿਰਤੀ ਅਤੇ ਫ਼ੌਜੀਆਂ ਨੂੰ ਬਹੁਮੱਤ ਪ੍ਰਾਪਤ ਹੋਇਆ। ਕੁੱਲ ਡਿਪਟੀਆਂ ਵਿਚੋਂ 25 ਫ਼ੀ ਸਦੀ ਡਿਪਟੀ ਔਰਤਾਂ ਹਨ। ਤਾਈਵਾਨ ਅਤੇ ਹੋਰ ਘੱਟ ਗਿਣਤੀ ਵਾਲੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੇ ਡਿਪਟੀ ਵੀ ਇਸ ਕਾਂਗਰਸ ਵਿਚ ਸ਼ਾਮਲ ਹਨ। ਇਸ ਕਾਰਜਕਾਰੀ ਸੰਸਥਾ ਕੋਲ ਕਾਨੂੰਨ ਬਣਾਉਣ, ਆਰਥਿਕ ਯੋਜਨਾਵਾਂ ਬਣਾਉਣ ਆਦਿ ਵਰਗੀਆਂ ਕਈ ਸ਼ਕਤੀਆਂ ਹਨ। ਇਸ ਸੰਸਥਾ ਦੀ ਇਕ ਸਹਾਇਕ ਸੰਸਥਾ ਸਟੈਂਡਿੰਗ ਕਮੇਟੀ ਹੈ। ਇਹ ਸੈਸ਼ਨ ਵਾਲੇ ਦਿਨਾਂ ਵਿਚ ਕਾਂਗਰਸ ਦੀ ਥਾਂ ਤੇ ਕੰਮ ਕਰਦੀ ਹੈ। ਸੈਸ਼ਨ ਵਾਲੇ ਦਿਨਾਂ ਤੋਂ ਬਗ਼ੈਰ ਵੀ ਇਹ ਕਈ ਕੰਮ ਕਰਦੀ ਹੈ। ਇਹ ਮਹੀਨੇ ਵਿਚ ਇਕ ਵਾਰੀ ਜ਼ਰੂਰ ਬੈਠਦੀ ਹੈ ਤੇ ਕਈ ਮਹੱਤਵਪੂਰਨ ਨੀਤੀਆਂ ਨਿਰਧਾਰਤ ਕਰਦੀ ਹੈ। ਇਹੋ ਕਾਂਗਰਸ ਦੇ ਪ੍ਰੀਮੀਅਰ, ਉਪ-ਪ੍ਰੀਮੀਅਰ, ਮੰਤਰੀ ਅਤੇ ਕਮਿਸ਼ਨਾਂ ਦੇ ਮੰਤਰੀਆਂ ਦੀ ਨਿਯੁਕਤੀ ਕਰਦੀ ਹੈ।

**ਸਟੇਟ ਕੌਂਸਲ**—ਦੇਸ਼ ਦੀ ਇਕ ਹੋਰ ਪ੍ਰਸ਼ਾਸਕੀ ਸੰਸਥਾ ਸਟੇਟ ਕੌਂਸਲ ਹੈ। ਇਹ ਪ੍ਰਸ਼ਾਸਨ ਦੀ ਜ਼ਿੰਮੇਵਾਰ ਹੈ। ਇਹ ਮੰਤਰਾਲਿਆਂ ਦੇ ਅਤੇ ਕਮਿਸ਼ਨਾਂ ਦੇ ਕੰਮਾਂ ਉਪਰ ਨਿਗਰਾਨੀ ਰੱਖਦੀ ਹੈ।

ਸਮਾਜਿਕ ਕ੍ਰਾਂਤੀ ਤੋਂ ਪਹਿਲਾਂ ਇਸ ਅਧੀਨ 90 ਮੰਤਰਾਲੇ ਅਤੇ ਕਮਿਸ਼ਨ ਸਨ ਪਰ ਅੱਜਕੱਲ੍ਹ ਇਨ੍ਹਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ। ਸੰਨ 1987 ਵਿਚ ਸਟੇਟ ਕੌਂਸਲ ਅਧੀਨ 32 ਮੰਤਰਾਲੇ ਅਤੇ 10 ਕਮਿਸ਼ਨ ਸਨ। ਚੂ-ਐਨ-ਲਾਈ ਇਸ ਕੌਂਸਲ ਦੀ ਸਥਾਪਨਾ ਤੋਂ ਮੌਤ (1976) ਤੱਕ ਇਸ ਦਾ ਪ੍ਰੀਮੀਅਰ ਰਿਹਾ ਹੈ। ਇਹ ਫ਼ੌਜ ਦੀ ਸਹਾਇਤਾ ਨਾਲ ਕਈ ਵਾਰੀ ਸਥਿਤੀ ਉੱਤੇ ਕਾਬੂ ਪਾ ਕੇ ਨੀਤੀਆਂ ਲਾਗੂ ਕਰਦੀ ਰਹੀ ਹੈ ਜਿਸ ਕਰਕੇ ਫ਼ੌਜ ਇਥੋਂ ਦੇ ਪ੍ਰਬੰਧਕੀ ਢਾਂਚੇ ਦਾ ਅਟੁੱਟ ਹਿੱਸਾ ਬਣ ਰਹੀ ਹੈ।

**ਸਥਾਨਕ ਪ੍ਰਸ਼ਾਸਨ**—ਇਹੋ ਜਿਹੇ ਪ੍ਰਸ਼ਾਸਨ ਲਈ ਪੂਰੇ ਦੇਸ਼ ਨੂੰ 22 ਪ੍ਰਾਂਤਾਂ, 5 ਖ਼ੁਦਮੁਖ਼ਤਾਰ ਖੰਡਾਂ, ਤਿੰਨ ਮਿਉਂਸਪਲਟੀਆਂ ਵਿਚ ਵੰਡਿਆ ਹੋਇਆ ਹੈ। ਪ੍ਰਾਂਤ ਅਗੋਂ ਪ੍ਰੀਫੈਕਚਰਾਂ ਅਤੇ ਖ਼ੁਦਮੁਖ਼ਤਾਰ ਪ੍ਰੀਫੈਕਚਰਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਦੀਆਂ ਅਗੋਂ ਕਾਉਂਟੀਆਂ ਹਨ। ਕਾਉਂਟੀ ਪੱਧਰ ਤੱਕ ਦੀਆਂ ਕਾਂਗਰਸਾਂ ਦੇ ਮੈਂਬਰਾਂ ਦੀ ਚੋਣ ਆਮ ਚੋਣਾਂ ਰਾਹੀਂ ਹੁੰਦੀ ਹੈ ਜਦੋਂ ਕਿ ਪ੍ਰਾਂਤ, ਖ਼ੁਦਮੁਖ਼ਤਾਰ ਖੰਡ ਅਤੇ ਮਿਉਂਸਪਲਟੀ ਸਰਕਾਰ ਦੇ ਪ੍ਰਬੰਧ ਅਧੀਨ ਹਨ। ਹਰੇਕ ਪੱਧਰ ਤੇ ਇਨ੍ਹਾਂ ਦੀਆਂ ਕਾਂਗਰਸਾਂ ਅਤੇ ਉਨ੍ਹਾਂ ਦੀਆਂ ਸਟੈਂਡਿੰਗ ਕਮੇਟੀਆਂ ਹਨ। ਇਹ ਆਪਣੇ ਪੱਧਰ ਤੇ ਆਪਣੇ ਖੇਤਰ ਦਾ ਪ੍ਰਬੰਧ ਚਲਾਉਂਦੀਆਂ ਹਨ। ਸਥਾਨਕ ਆਰਥਿਕ ਯੋਜਨਾਵਾਂ ਬਜਟ ਅਤੇ ਲੇਖੇ ਜੋਖੇ ਸਬੰਧੀ ਕੰਮ ਕਰਦੀਆਂ ਹਨ।

**ਫ਼ੌਜ**—ਦੇਸ਼ ਦੀ ਫ਼ੌਜ 'ਪੀ.ਐਲ.ਏ.' (ਪੀਪਲਜ਼ ਲਿਬਰੇਸ਼ਨ ਆਰਮੀ) ਵਿਚ ਜਲ-ਥਲ ਤੇ ਵਾਯੂ ਤਿੰਨੇ ਸੇਵਾਵਾਂ ਸ਼ਾਮਲ ਹਨ। ਸੰਨ 1934 ਈ. ਤੱਕ ਇਸਨੂੰ 'ਰੈੱਡ ਆਰਮੀ' ਅਤੇ ਚੀਨ-ਜਾਪਾਨ ਜੰਗਾਂ ਵੇਲੇ ਅੱਠਵੀਂ 'ਰੂਟ ਆਰਮੀ' ਅਤੇ 'ਨਿਊ ਫੋਰਥ ਆਰਮੀ' ਕਹਿੰਦੇ ਸਨ। ਇਸ ਦਾ ਮੌਜੂਦਾ ਨਾਂ 'ਪੀਪਲਜ਼ ਲਿਬਰੇਸ਼ਨ ਆਰਮੀ' 1946 ਈ. ਦੀ ਖ਼ਾਨਾਜੰਗੀ ਵੇਲੇ ਪਿਆ। ਪੀ.ਐਲ.ਏ. ਦਾ ਇਤਿਹਾਸ 1 ਅਗਸਤ, 1927 ਨੂੰ ਸਥਾਪਨਾ ਦਿਵਸ ਵਜੋਂ ਮਨਾਇਆ ਜਾਂਦਾ ਰਿਹਾ ਹੈ। ਸੰਨ 1936 ਤੋਂ 1938 ਦੌਰਾਨ ਕਮਿਊਨਿਸਟ ਲਹਿਰ ਦੇ ਆਗੂ ਮਾਓ ਦੇ ਲੈਕਚਰਾਂ ਤੇ ਲਿਖ਼ਤਾਂ ਨੇ ਫ਼ੌਜੀਆਂ ਦੇ ਦਿਲਾਂ ਤੇ ਡੂੰਘਾ ਪ੍ਰਭਾਵ ਪਾਇਆ ਜਿਸ ਤੋਂ ਉਹ ਮਾਓ ਪੱਖੀ ਹੋ ਗਏ।

30 ਜੁਲਾਈ, 1955 ਦੇ ਕਾਨੂੰਨ ਅਨੁਸਾਰ ਚੀਨ ਦੇ ਹਰੇਕ ਆਦਮੀ ਨੂੰ ਜਿਸ ਦਿਨ ਉਹ 18 ਸਾਲ ਦਾ ਹੋ ਜਾਵੇ, ਫ਼ੌਜੀ ਭਰਤੀ ਲਈ ਨਾਂ ਦਰਜ ਕਰਵਾਉਣਾ ਜ਼ਰੂਰੀ ਹੈ। ਭਰਤੀ ਹੋਣ ਉਪਰੰਤ 2 ਤੋਂ 6 ਸਾਲ ਦੀ ਫ਼ੌਜੀ ਸੇਵਾ ਲਾਜ਼ਮੀ ਹੈ ਤੇ ਇਹ ਸਮਾਂ ਵਧਾਇਆ ਵੀ ਜਾ ਸਕਦਾ ਹੈ। ਫ਼ੌਜ ਦੇ ਚਿਕਿਤਸਾ, ਤਕਨੀਕੀ ਅਤੇ ਪਸ਼ੂ-ਚਕਿਤਸਾ ਮਹਿਕਮਿਆਂ ਵਿਚ

ਔਰਤਾਂ ਵੀ ਕੰਮ ਕਰਦੀਆਂ ਹਨ। ਸੰਨ 1954 ਵਿਚ ਰੱਖਿਆ ਮੰਤਰਾਲਾ ਬਣਾਇਆ ਗਿਆ। ਰੱਖਿਆ ਮੰਤਰੀ ਪੈਂਗ-ਤੀ-ਹੁਆਏ ਦੀ ਅਗਵਾਈ ਹੇਠ ਪੀ.ਐੱਲ.ਏ. ਨੂੰ ਸੋਵੀਅਤ ਸੰਘ ਵਾਂਗ ਹੀ ਸਿਖਲਾਈ ਦਿਤੀ ਜਾਣ ਲੱਗੀ। ਇਸ ਦੇ ਬਾਰੇ ਇਹ ਵੀ ਖਿਆਲ ਸੀ ਕਿ ਇਹ ਮਾਓ ਪੱਖੀ ਕ੍ਰਾਂਤੀਕਾਰੀਆਂ ਨੂੰ ਦਬਾਉਣ ਲਈ ਫ਼ੌਜ ਨੂੰ ਆਧੁਨਿਕ ਸਿਖਲਾਈ ਦਿਵਾ ਰਿਹਾ ਹੈ। ਇਸੇ ਕਰਕੇ 1959 ਈ. ਵਿਚ ਇਸ ਨੂੰ ਇਸ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਇਸ ਤੋਂ ਪਿਛੋਂ ਲਿਨ ਪਿਆਓ ਨਵਾਂ ਰੱਖਿਆ ਮੰਤਰੀ ਬਣਿਆ ਜਿਸਨੇ ਉਨ੍ਹਾਂ ਤੋਂ ਫ਼ੌਜ ਵਿਚ ਫ਼ੌਜੀ ਸਿਖਲਾਈ ਥੋੜ੍ਹੀ ਤੇ ਸਿਆਸੀ ਕੰਮ ਬਹੁਤਾ ਲਿਆ। 1965 ਈ. ਵਿਚ ਫ਼ੌਜੀਆਂ ਦੇ ਸਾਰੇ ਅਹੁਦੇ ਖ਼ਤਮ ਕਰ ਦਿੱਤੇ ਗਏ। ਰੱਖਿਆ ਮੰਤਰੀ ਨੇ ਮਾਓ ਦੇ ਅਸੂਲਾਂ ਤੇ ਆਧਾਰਿਤ 'ਲਾਂਗ ਲਿਵ ਦਾ ਵਿਕਟਰੀ ਆਫ਼ ਪੀਪਲਜ਼ ਵਾਰਸ' ਕਿਤਾਬ ਵੀ ਲਿਖੀ ਜਿਸ ਤੋਂ ਪੀ. ਐੱਲ. ਏ. ਦੀ ਮਾਓ ਪ੍ਰਤੀ ਵਫ਼ਾਦਾਰੀ ਦਾ ਹੋਰ ਸਬੂਤ ਮਿਲਿਆ। ਇਸੇ ਫ਼ੌਜ ਨੇ ਮਾਓ ਦੀ ਅਗਵਾਈ ਹੇਠ ਸਮਾਜਿਕ ਇਨਕਲਾਬ ਲਿਆਉਣ ਵਿਚ ਅਹਿਮ ਰੋਲ ਅਦਾ ਕੀਤਾ। ਸਮਾਜਿਕ ਇਨਕਲਾਬ ਵੇਲੇ ਜਿਹੜੇ ਅਫ਼ਸਰ, ਮਾਰਸ਼ਲ, ਕਮਾਂਡਰ ਮਾਓ ਪੱਖੀ ਨਹੀਂ ਸਨ, ਅਹੁਦਿਉਂ ਬਰਖ਼ਾਸਤ ਕਰ ਦਿਤੇ ਗਏ। ਕਈ ਹੋਰ ਖੇਤਰਾਂ ਵਿਚ ਵੀ ਪੀ.ਐੱਲ.ਏ. ਨੇ ਹੀ ਨੀਤੀਆਂ ਬਣਾਈਆਂ ਜਿਹੜੀਆਂ ਨਿਰਦੇਸ਼ ਹੀ ਬਣ ਗਈਆਂ। ਪੀ.ਐਲ.ਏ. (ਪੀਪਲਜ਼ ਲਿਬਰੇਸ਼ਨ ਆਰਮੀ) ਨੂੰ ਮੇਨ ਜਾਂ ਵੱਡੀ ਅਤੇ ਸਥਾਨਕ ਜਾਂ ਛੋਟੀ ਇਕਾਈ ਵਿਚ ਵੰਡਿਆ ਹੋਇਆ ਹੈ। ਦੇਸ਼ ਨੂੰ ਮਿਲਟਰੀ ਜ਼ੋਨਾਂ ਵਿਚ ਵੰਡਿਆ ਗਿਆ ਹੈ। ਇਸ ਸਮੇਂ ਦੇਸ਼ ਵਿਚ ਕੁਲ 7 ਜ਼ੋਨ ਹਨ। ਮੁੱਖ ਫ਼ੌਜ ਹਰੇਕ ਜ਼ੋਨ ਵਿਚ ਤਾਇਨਾਤ ਹੈ ਜਿਹੜੀ ਰੱਖਿਆ ਮੰਤਰਾਲੇ ਦੇ ਅਧੀਨ ਹੁੰਦੀ ਹੈ। ਸਥਾਨਕ ਫ਼ੌਜ ਸਿਰਫ਼ ਆਪਣੇ ਖੇਤਰ ਦੀ ਸੁਰੱਖਿਆ ਦੀ ਹੀ ਜ਼ਿੰਮੇਵਾਰ ਹੈ। ਪੀ.ਐੱਲ.ਏ. ਦੀਆਂ 24 ਇੰਟੈਗਰੇਟਡ ਗਰੁਪ ਆਰਮੀਜ਼ ਹਨ ਜਿਨ੍ਹਾਂ ਵਿਚ 10 ਬਕਤਰਬੰਦ ਦਸਤੇ, 84 ਪਿਆਦਾ ਫ਼ੌਜੀ ਦਲ 7 ਤੋਪਖ਼ਾਨਾ ਡਿਵੀਜ਼ਨਾਂ ਅਤੇ 50 ਇੰਜੀਨੀਅਰੀ ਰੈਜਮੈਂਟ ਹਨ। ਸੰਨ 1992 ਵਿਚ ਪੀ.ਐੱਲ.ਏ. ਫ਼ੌਜੀਆਂ ਦੀ ਸੰਖਿਆ 2.3 ਮਿਲੀਅਨ ਸੀ। ਪੁਲਿਸ ਵਿਚ 30,000 ਸਿਪਾਹੀ ਸਨ। ਇਨ੍ਹਾਂ ਫ਼ੌਜੀਆਂ ਤੋਂ ਇਲਾਵਾ ਇਕ ਹੋਰ ਸੈਨਾ 'ਪੀਪਲਜ਼ ਮਿਲੀਸ਼ੀਆ' ਹੈ। ਇਸ ਵਿਚ 6 ਲੱਖ ਸਿਖਲਾਈ ਪ੍ਰਾਪਤ ਜਵਾਨ ਹਨ। ਇਸ ਤੋਂ ਇਲਾਵਾ ਹਜ਼ਾਰਾਂ ਹੀ ਵਿਅਕਤੀਆਂ ਨੂੰ ਥੋੜ੍ਹੀ ਬਹੁਤ ਫ਼ੌਜੀ ਸਿਖਲਾਈ ਦਿੱਤੀ ਗਈ ਹੈ। ਹੋਰ ਦੇਸ਼ਾਂ ਵਾਂਗ ਇਥੋਂ ਦੀ ਸੈਨਾ ਦੇ ਵੀ ਜਲ-ਥਲ ਅਤੇ ਹਵਾਈ ਤਿੰਨ ਅੰਗ ਹਨ। ਸਾਲ 1987 ਵਿਚ ਨੇਵੀ ਵਿਚ ਕੁਲ 298,000 ਅਫ਼ਸਰ ਅਤੇ ਹੋਰ ਅਹੁਦੇਦਾਰ ਸਨ। ਅੱਜਕੱਲ੍ਹ ਇਸ ਵਿਚ ਪਣਡੁੱਬੀਆਂ, ਦੂਰ ਤਕ ਮਾਰ ਕਰਨ ਵਾਲੀਆਂ ਮਿਸਾਈਲ, ਜੰਗੀ ਜਹਾਜ਼ ਅਤੇ ਕਿਸ਼ਤੀਆਂ ਹਨ।

ਹਵਾਈ ਸੈਨਾ ਵਿਚ ਵੀ 470,000 ਫ਼ੌਜੀ ਹਨ। ਅੱਜਕਲ੍ਹ ਇਹ ਦੇਸ਼ ਨਿਊਕਲੀ ਹਥਿਆਰਾਂ ਦੀ ਵਰਤੋਂ ਉੱਤੇ ਵੀ ਪੂਰਾ ਜ਼ੋਰ ਲਾ ਰਿਹਾ ਹੈ। ਸੰਨ 1964 ਤੋਂ ਪਿੱਛੋਂ ਇਸ ਨੇ 27 ਅਜਿਹੇ ਪ੍ਰਯੋਗ ਕੀਤੇ ਹਨ। ਇਸ ਦੇਸ਼ ਕੋਲ ਇਸ ਵੇਲੇ 4 ਅੰਤਰ ਮਹਾਂਦੀਪੀ ਮਿਸਾਈਲਾਂ, 60 ਦਰਮਿਆਨੀ ਦੂਰੀ ਤੇ ਮਾਰ ਕਰਨ ਵਾਲੀਆਂ ਅਤੇ 50 ਹੋਰ ਮਿਸਾਈਲਾਂ ਹਨ। ਇਹ ਸਭ ਪੀ.ਐੱਲ.ਏ. ਦੀਆਂ ਪ੍ਰਾਪਤੀਆਂ ਹਨ।

**ਮਾਪ-ਤੋਲ-ਪ੍ਰਣਾਲੀ**—ਇਥੇ ਮੀਟ੍ਰਿਕ ਸਿਸਟਮ ਲਾਗੂ ਹੈ ਪਰ ਇਸ ਦੇ ਨਾਲ-ਨਾਲ ਪੁਰਾਣੇ ਮਾਪ-ਤੋਲ ਦੇ ਢੰਗ ਵੀ ਪ੍ਰਚੱਲਤ ਹਨ।

**ਕਰੰਸੀ**—ਇਸ ਦੇਸ਼ ਦੀ ਕਰੰਸੀ ਰੈਨਮਿਨਬੀ ਹੈ। ਇਸਨੂੰ ਪੀਪਲਜ਼ ਬੈਂਕ ਡਾਲਰ ਵੀ ਆਖਦੇ ਹਨ। ਆਮ ਤੌਰ ਤੇ ਇਸ ਦਾ ਨਾਂ 'ਯੁਆਨ' ਹੈ। ਇਸ ਦੇ ਅਗੋਂ 100 ਫੈਨ ਹੁੰਦੇ ਹਨ ਤੇ ਇਕ ਯੁਆਨ ਵਿਚ 10 ਜਿਆਓ ਹੁੰਦੇ ਹਨ ਤੇ ਇਕ ਜਿਆਓ 10 ਫੈਨ ਦੇ ਬਰਾਬਰ ਹੈ। 1,2,5 ਫੈਨ ਦੇ ਸਿੱਕੇ ਹੁੰਦੇ ਹਨ ਤੇ ਬਾਕੀ ਜਿਆਓ ਨੋਟਾਂ ਦੀ ਸ਼ਕਲ ਵਿਚ ਹੁੰਦੇ ਹਨ।

**ਝੰਡਾ**—ਚੀਨ ਦੇ ਝੰਡੇ ਦਾ ਰੰਗ ਲਾਲ ਹੈ ਜਿਸ ਵਿਚ ਉਪਰ ਵੱਲ ਝੰਡੇ ਦੇ ਨਾਲ ਪੀਲੇ ਰੰਗ ਦਾ ਵੱਡਾ ਸਿਤਾਰਾ ਹੈ ਜਿਸ ਦੇ ਸੱਜੇ ਪਾਸੇ ਚਾਰ ਹੋਰ ਛੋਟੇ ਸਿਤਾਰੇ ਅਰਧ-ਚਕਰ ਜਿਹੇ ਵਿਚ ਬਣੇ ਹੋਏ ਹਨ।

ਹ. ਪੁ. -ਸਟੇ. ਯੀ. ਬੁ. 1987, 1993-94; ਐਨ. ਬ੍ਰਿ. ਮੈ. 6 : 31; ਕੋਲ. ਐਨ. 4 : 705

**ਚੀਨ ਸਾਗਰ** : ਪੱਛਮੀ ਸ਼ਾਂਤ ਮਹਾਂਸਾਗਰ ਦਾ ਇਕ ਹਿੱਸਾ ਹੈ ਜਿਹੜਾ ਚੀਨ, ਹਿੰਦ-ਚੀਨ ਅਤੇ ਮਲਾਇਆ ਦੇ ਤੱਟਾਂ ਤੇ ਜਾਪਾਨ ਦੇ ਦੱਖਣੀ ਸਿਰੇ ਤੋਂ ਲੈ ਕੇ ਮਲਾਇਆ ਪ੍ਰਾਇਦੀਪ ਤਕ ਫੈਲਿਆ ਹੋਇਆ ਹੈ। ਤਾਈਵਾਨ ਟਾਪੂ ਨੇੜੇ ਫਾਰਮੂਸਾ ਜਲ-ਡਮਰੂ ਇਸਨੂੰ ਦੋ ਹਿੱਸਿਆਂ ਵਿਚ ਵੰਡ ਦਿੰਦਾ ਹੈ। ਉਪਰਲੇ ਹਿੱਸੇ ਨੂੰ ਪੂਰਬੀ ਚੀਨ ਸਾਗਰ ਤੇ ਹੇਠਲੇ ਨੂੰ ਦੱਖਣੀ ਚੀਨ ਸਾਗਰ ਕਿਹਾ ਜਾਂਦਾ ਹੈ।

ਪੂਰਬੀ ਚੀਨ ਸਾਗਰ

ਇਸਨੂੰ ਪੂਰਬੀ ਸਾਗਰ ਵੀ ਕਹਿੰਦੇ ਹਨ। ਚੀਨੀ ਵਿਚ ਇਸ ਨੂੰ ਤੁੰਗ ਹਾਈ ਕਹਿੰਦੇ ਹਨ। ਇਸ ਦੇ ਉਪਰ ਪੀਲਾ ਸਾਗਰ, ਪੂਰਬ ਵੱਲ ਜਾਂਪਾਨ ਦੇ ਰੀਉਕੂ ਅਤੇ ਕਯੂਸ਼ੂ ਟਾਪੂ, ਉੱਤਰ-ਪੱਛਮ ਵੱਲ ਦੱਖਣੀ ਕੋਰੀਆ ਦਾ ਚੇਜੂ ਦੋ ਟਾਪੂ ਅਤੇ ਪੱਛਮ ਵੱਲ ਚੀਨ ਦੀ ਮੁੱਖ ਭੂਮੀ ਹੈ।

**ਧਰਾਤਲ**—ਪੂਰਬੀ ਚੀਨ ਸਾਗਰ ਦਾ ਖੇਤਰਫ਼ਲ 752,000 ਵ. ਮੀ. ਹੈ। ਸਾਗਰ ਦੀ ਔਸਤਨ ਡੂੰਘਾਈ 347 ਮੀ. (1145 ਫੁੱਟ) ਹੈ। ਸਾਗਰ ਦਾ 71 ਫ਼ੀਸਦੀ ਹਿੱਸਾ 197 ਮੀ. (650 ਫੁੱਟ) ਤੋਂ ਘੱਟ ਡੂੰਘਾ ਹੈ। ਰੀਉਕੂ ਟਾਪੂਆਂ ਨੇੜੇ ਓਕੀਨਾਵਾ ਨਿਵਾਣ ਵੱਲ ਡੂੰਘਾਈ ਵੱਧਦੀ ਜਾਂਦੀ ਹੈ ਤੇ ਇਥੇ 2,717 ਮੀ. ਤਕ ਹੋ ਜਾਂਦੀ ਹੈ। ਵੱਧ ਤੋਂ ਵੱਧ ਡੂੰਘਾਈ 2,765 ਮੀ. (9,126 ਫੁੱਟ) ਹੈ।

ਇਸ ਸਾਗਰ ਦੀ ਦੂਜੀ ਮੁੱਖ ਧਰਾਤਲੀ ਨੁਹਾਰ ਮਹਾਂਦੀਪੀ ਸ਼ੈਲਫ਼ ਹੈ। ਇਹ ਦੱਖਣੀ ਚੀਨ ਸਾਗਰ ਵੱਲੋਂ ਪੀਲੇ ਸਾਗਰ ਵੱਲ ਫੈਲੀ ਹੋਈ ਹੈ। ਇਸੇ ਸ਼ੈਲਫ਼ ਉੱਤੇ ਯੰਗਸੀ ਅਤੇ ਕਈ ਹੋਰ ਦਰਿਆ ਆਪਣੇ ਨਾਲ ਲਿਆਂਦੀ ਮਿੱਟੀ ਵਿਛਾਉਂਦੇ ਰਹਿੰਦੇ ਹਨ।

ਚੀਨ ਦੀ ਮੁੱਖ ਭੂਮੀ ਦੇ ਨੇੜੇ ਅਤੇ ਪੂਰਬ ਵਾਲੇ ਪਾਸੇ ਇਸ ਵਿਚ ਕਈ ਟਾਪੂ ਅਤੇ ਬ੍ਰੇਤੀਆਂ ਹਨ। ਇਨ੍ਹਾਂ ਵਿਚ ਜਵਾਲਾਮੁਖੀ ਟਾਪੂ ਵੀ ਹਨ।

**ਜਲਵਾਯੂ**—ਏਸ਼ੀਆ ਮਹਾਂਦੀਪ ਦੇ ਨਾਲ ਨਾਲ ਫੈਲਿਆ ਹੋਣ ਕਾਰਨ ਇਹ ਵੀ ਮਾਨਸੂਨ ਪੌਣਾਂ ਦੇ ਪ੍ਰਭਾਵ ਹੇਠ ਹੈ। ਗਰਮੀਆਂ ਵਿਚ ਮੁੱਖ ਭੂਮੀ ਉੱਤੇ ਸਾਗਰ ਨਾਲੋਂ ਤਾਪਮਾਨ ਵਧੇਰੇ ਹੋਣ ਕਰਕੇ ਪੱਛਮੀ ਸ਼ਾਂਤ ਮਹਾਂਸਾਗਰ ਤੋਂ ਨਮੀ ਭਰਪੂਰ ਹਵਾਵਾਂ ਵਧੇਰੇ ਕਰਕੇ ਇਸ ਖੇਤਰ ਵਿਚ ਚਲਦੀਆਂ ਹਨ ਅਤੇ ਇਥੇ ਗਰਮੀਆਂ ਦੀ ਵਰਖਾ ਦਾ ਮੌਸਮ ਬਣਾਉਂਦੀਆਂ ਹਨ। ਇਸ ਰੁੱਤ ਵਿਚ ਇਥੇ ਝੱਖੜ, ਹਨੇਰੀਆਂ ਆਦਿ ਵੀ ਆਉਂਦੇ ਹਨ। ਸਰਦੀਆਂ ਵਿਚ ਮੌਸਮ ਇਸ ਤੋਂ ਉਲਟ ਹੁੰਦਾ ਹੈ। ਪੌਣਾਂ ਦੀ ਦਿਸ਼ਾ ਉੱਤਰ ਵੱਲੋਂ ਸਾਗਰ ਵੱਲ ਹੁੰਦੀ ਹੈ।

ਗਰਮੀਆਂ ਵਿਚ ਇਸ ਦਾ ਸਤਹੀ ਤਾਪਮਾਨ ਦੱਖਣ ਵਿਚ 30° ਸੈਂ. ਤੋਂ ਲੈ ਕੇ ਉੱਤਰ ਵਿਚ 76° ਸੈਂ. ਵਿਚਕਾਰ ਰਹਿੰਦਾ ਹੈ। ਸਰਦੀਆਂ ਵਿਚ ਤੱਟੀ ਰੌਆਂ ਦੇ ਪ੍ਰਭਾਵ ਹੇਠ ਤਾਪਮਾਨ ਉੱਤਰ ਵਿਚ 5° ਸੈਂ. ਅਤੇ ਦੱਖਣ ਵਿਚ 23° ਸੈਂ. ਹੋ ਜਾਂਦਾ ਹੈ।

**ਜਵਾਰਭਾਟਾ**—ਇਨ੍ਹਾਂ ਹਵਾਵਾਂ ਅਤੇ ਵਰਖਾ ਨਾਲ ਸਾਗਰੀ ਰੌਆਂ ਅਤੇ ਲਹਿਰਾਂ ਆਦਿ ਤੇ ਚੋਖਾ ਪ੍ਰਭਾਵ ਪੈਂਦਾ ਹੈ। ਇਸੇ ਮੌਸਮ ਵਿਚ ਉੱਤਰੀ ਭੂ-ਮੱਧ ਰੇਖੀ ਰੌ ਦੀ ਸ਼ਾਖਾ ਕਿਉਰੋਸ਼ੀਓ ਦਾ ਪਾਣੀ ਪੂਰਬ ਵੱਲ ਤੇ ਅਗੋਂ ਜਾਪਾਨ ਤਕ ਵੱਧ ਜਾਂਦਾ ਹੈ। ਇਸ ਦਾ ਵਹਾਓ ਵੀ ਬੜਾ ਤੇਜ਼ ਹੋ ਜਾਂਦਾ ਹੈ। ਸਰਦੀਆਂ ਵਿਚ ਹਵਾਵਾਂ ਦੀ ਰਫ਼ਤਾਰ ਘਟਣ ਨਾਲ

ਰੌ ਦੀ ਗਤੀ ਅਤੇ ਵਿਸਥਾਰ ਵੀ ਘੱਟ ਜਾਂਦਾ ਹੈ। ਇਸ ਦੇ ਉਲਟ ਸਰਦੀਆਂ ਵਿਚ ਤਟਵਰਤੀ ਰੌਆਂ ਦਾ ਵੇਗ ਵੱਧ ਜਾਂਦਾ ਹੈ।

ਨਾਲ ਲਗਦੇ ਪੀਲੇ ਸਾਗਰ ਦੇ ਸੁੰਗੜਦੇ ਜਿਹੇ ਤਟ ਅਤੇ ਮੁੱਖ ਭੂਮੀ ਦੇ ਕੱਟੇ ਵੱਢੇ ਤੱਟ ਕਾਰਨ ਚੀਨ ਦੇ ਤੱਟ ਦੇ ਨਾਲ ਉੱਚੇ-ਉੱਚੇ ਜਵਾਰ ਭਾਟਾ ਉਠਦੇ ਰਹਿੰਦੇ ਹਨ। ਗਰਮੀਆਂ ਅਤੇ ਸਰਦੀਆਂ ਵਿਚ ਸੈਨ ਸ਼ਾ ਖਾੜੀ ਉੱਤੇ 23 ਫੁੱਟ ਅਤੇ ਹੈਂਗੇਚਾਉ ਖਾੜੀ ਉੱਤੇ 36 ਫੁੱਟ ਉੱਚੀ ਜਵਾਰ ਭਾਟਾ ਉਠਦੀ ਹੈ।

**ਕੁਦਰਤੀ ਜ਼ਖੀਰੇ**—ਸਾਗਰ ਹੇਠਲੇ ਪਾਣੀ ਵਿਚ ਬਨਸਪਤੀ ਤੇ ਜੀਵ-ਜੰਤੂਆਂ ਦੀ ਭਰਮਾਰ ਹੈ। ਚੀਨ, ਜਾਪਾਨ, ਤਾਈਵਾਨ, ਉੱਤਰੀ ਅਤੇ ਦੱਖਣੀ ਕੋਰੀਆ ਨਾਲ ਲਗਵੇਂ ਸਮੁੰਦਰ ਵਿਚ ਟਿਊਨਾ, ਮੈਕਰੇਲ, ਸ਼ਿੰਪ, ਸਾਰਡੀਨ, ਮਿਲਕਫਿਸ਼ ਮੱਛੀਆਂ, ਸਿੱਪ ਵਾਲੇ ਜੀਵ, ਟਰੈਂ ਟਰੈਂ ਕਰਨ ਵਾਲੇ ਕ੍ਰਾਕਰ ਆਦਿ ਮਿਲਦੇ ਹਨ।

ਸਾਗਰ ਵਿਚ ਚੀਨੀ ਅਤੇ ਕੋਰੀਆਈ ਬੰਦਰਗਾਹਾਂ ਵੱਲ ਜਹਾਜ਼ਰਾਨੀ ਹੁੰਦੀ ਹੈ।

ਦੱਖਣੀ ਚੀਨ ਸਾਗਰ

ਦੱਖਣੀ ਚੀਨ ਸਾਗਰ ਨੂੰ ਚੀਨੀ ਭਾਸ਼ਾ ਵਿਚ 'ਨਾਨ ਹਾਈ' ਤੇ ਆਮ ਤੌਰ ਤੇ ਚੀਨ ਨਾਲ ਲਗਵਾਂ ਹੋਣ ਕਰਕੇ ਚੀਨੀ ਸਾਗਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਾਗਰ ਏਸ਼ੀਆ ਮਹਾਂਦੀਪ ਦੇ ਪੂਰਬ ਵੱਲ, ਥਾਈਲੈਂਡ ਖਾੜੀ ਦੇ ਉੱਤਰ ਵੱਲ ਅਤੇ ਤਾਈਵਾਨ, ਫਿਲਪੀਨ, ਬੋਰਨੀਓ ਟਾਪੂਆਂ ਦੇ ਪੱਛਮ ਵੱਲ ਫੈਲਿਆ ਹੋਇਆ ਹੈ। ਪੱਛਮੀ ਸ਼ਾਂਤ ਮਹਾਂਸਾਗਰ ਵਿਚ ਇਹ ਸਭ ਤੋਂ ਵੱਡਾ ਤਟਵਰਤੀ ਸਾਗਰ ਹੈ ਇਸ ਦਾ ਖੇਤਰਫਲ 21,71,904 ਵ. ਕਿ. ਮੀ. (8,48,400 ਵ. ਮੀਲ) ਅਤੇ ਔਸਤਨ ਡੂੰਘਾਈ 1133 ਮੀ. (3, 740 ਫੁੱਟ) ਹੈ।

**ਧਰਾਤਲ**—ਸਾਗਰ ਹੇਠਲੇ ਬੇਸਿਨ ਦੀ ਖਾਸ ਧਰਾਤਲੀ ਨੁਹਾਰ ਪੂਰਬੀ ਹਿੱਸੇ ਵਿਚ ਪਾਣੀ ਹੇਠਲੀ ਚੌਰਸ ਜਿਹੀ ਡੂੰਘਾਣ ਹੈ। ਇਸ ਦੀ ਵੱਧ ਤੋਂ ਵੱਧ ਡੂੰਘਾਈ 4, 985 ਮੀ. (16, 452 ਫੁੱਟ) ਹੈ। ਚੀਨ ਸਾਗਰ ਬੈਸਿਨ ਤੇ ਹੈ ਅਤੇ ਅਤੇ ਬੇਸਿਨ ਦੀ ਡੂੰਘਾਈ 4,242 ਮੀ. (14,100 ਫੁੱਟ) ਹੈ। ਦੱਖਣ ਅਤੇ ਉੱਤਰ-ਪੱਛਮ ਵਾਲੇ ਪਾਸੇ ਇਸ ਡੂੰਘਾਣ ਉੱਤੇ ਕਈ ਬ੍ਰੇਤੀਆਂ ਅਤੇ ਟਾਪੂ ਹਨ।

ਸਾਗਰ ਹੇਠਲੀ ਮਹਾਂਦੀਪੀ ਸ਼ੈਲਫ ਚੀਨੀ ਬੇਸਿਨ ਦੇ ਉੱਤਰ-ਪੱਛਮੀ ਹਿੱਸੇ ਵਿਚ 240 ਕਿ. ਮੀ. ਚੌੜੀ ਹੈ। ਇਸ ਸ਼ੈਲਫ ਉੱਤੇ ਟਾਨਕਿਨ ਖਾੜੀ ਅਤੇ ਫਾਰਮੂਸਾ ਜਲ-ਡਮਰੂ ਹਨ। ਇਸੇ ਸ਼ੈਲਫ ਉੱਤੇ ਤਾਈਵਾਨ ਅਤੇ ਹਾਈਨਾਨ ਦੋ ਟਾਪੂ ਵੀ ਹਨ। ਦੱਖਣ ਵਾਲੇ ਪਾਸੇ ਸ਼ੈਲਫ ਦੀ ਚੌੜਾਈ ਘੱਟ ਜਾਂਦੀ ਹੈ ਤੇ ਅੱਗੇ ਜਾ ਕੇ ਇਹ ਸੁੰਡਾ ਸ਼ੈਲਫ ਨਾਲ ਜੁੜ ਜਾਂਦੀ ਹੈ।

ਦੱਖਣੀ ਚੀਨ ਸਾਗਰ ਵਿਚ ਕਈ ਮਹਾਂਸਾਗਰ ਨਾਲ ਜੋੜਨ ਵਾਲੇ ਕਈ ਸਾਗਰੀ ਮਾਰਗ ਵੀ ਹਨ। ਇਹ ਇਸ ਸਾਗਰ ਨੂੰ ਸ਼ਾਂਤ ਮਹਾਂਸਾਗਰ, ਹਿੰਦ ਮਹਾਂਸਾਗਰ ਨਾਲ ਜੋੜਦੀਆਂ ਹਨ।

**ਜਲਵਾਯੂ**—ਪੂਰਬੀ ਚੀਨ ਸਾਗਰ ਵਾਂਗ ਇਸ ਉੱਤੇ ਵੀ ਮਾਨਸੂਨ ਪੌਣਾਂ ਚਲਦੀਆਂ ਹਨ। ਗਰਮੀਆਂ ਵਿਚ ਇਹ ਦੱਖਣ-ਪੱਛਮ ਵੱਲੋਂ ਅਤੇ ਸਰਦੀਆਂ ਵਿਚ ਉੱਤਰ-ਪੂਰਬ ਵੱਲੋਂ ਚਲਦੀਆਂ ਹਨ। ਇਸ ਉੱਤੇ 370 ਸੈਂ. ਮੀ. ਔਸਤ ਸਾਲਾਨਾ ਵਰਖਾ ਹੁੰਦੀ ਹੈ। ਗਰਮੀਆਂ ਵਿਚ ਇਨ੍ਹਾਂ ਨਾਲ ਤੇਜ਼ ਤੂਫਾਨ ਆਉਂਦੇ ਹਨ। ਰੌਆਂ ਦਾ ਵਹਾਅ ਵੀ ਮੌਸਮ ਅਨੁਸਾਰ ਹੀ ਹੁੰਦਾ ਹੈ। ਗਰਮੀਆਂ ਵਿਚ ਚੀਨੀ ਮੁੱਖ ਭੂਮੀ ਨੇੜੇ ਸਾਗਰ ਹੇਠਲਾ ਪਾਣੀ ਦੱਖਣ-ਪੱਛਮ ਵੱਲੋਂ ਉੱਤਰ-ਪੂਰਬ ਵੱਲ ਜਾਂਦਾ ਹੈ। ਫ਼ਰਵਰੀ ਵਿਚ ਦੱਖਣ-ਪੱਛਮ ਵੱਲ ਹੋ ਜਾਂਦਾ ਹੈ।

ਇਸ ਸਾਗਰ ਵਿਚ ਸ਼ੀ ਜੀਆਂਗ, ਰੈੱਡ ਅਤੇ ਮੇਕਾਂਗ ਦਰਿਆਵਾਂ ਦਾ ਪਾਣੀ ਡਿਗਦਾ ਹੈ।

**ਕੁਦਰਤੀ ਜ਼ਖੀਰੇ**—ਇਸ ਵਿਚ ਵੀ ਪੂਰਬੀ ਚੀਨ ਸਾਗਰ ਵਾਂਗ ਮੱਛੀਆਂ ਦੀ ਭਰਮਾਰ ਹੈ। ਟਿਊਨਾ, ਮੈਕਰੇਲ, ਕ੍ਰਾਕਰ, ਐਚਵੀ ਮੱਛੀ, ਸ਼ਿੰਪ, ਸਿੱਪ ਵਾਲੇ ਜੀਵ ਆਦਿ ਪਾਏ ਜਾਂਦੇ ਹਨ। ਇਸ ਵਿਚੋਂ 636,000 ਟਨ ਮੱਛੀਆਂ ਫੜੀਆਂ ਜਾਂਦੀਆਂ ਹਨ ਜਦੋਂ ਕਿ 765,000 ਤੋਂ 850,000 ਟਨ ਦੇ ਭੰਡਾਰਾਂ ਦਾ ਅਨੁਮਾਨ ਹੈ।

**ਭਵਿੱਖ**—ਪਿਛਲੇ ਦਹਾਕੇ ਤੋਂ ਜਾਪਦਾ ਹੈ ਕਿ ਚੀਨ ਸਾਗਰ ਦਾ ਖੇਤਰ ਕਾਫ਼ੀ ਉੱਨਤੀ ਕਰ ਰਿਹਾ ਹੈ। ਤੱਟੀ ਆਬਾਦੀ ਵੱਧ ਜਾਣ ਕਾਰਨ ਮੱਛੀ ਫੜਨ ਦਾ ਕਾਰੋਬਾਰ ਬਹੁਤ ਵੱਧ ਰਿਹਾ ਹੈ। ਪੀਲਾ ਅਤੇ ਪੂਰਬੀ ਚੀਨ ਦੋਵੇਂ ਸਾਗਰ ਰਲ ਕੇ 4,27,000 ਟਨ ਮੱਛੀ ਸਾਲਾਨਾ ਸਪਲਾਈ ਕਰਦੇ ਹਨ, ਜਦੋਂ ਕਿ ਇਨ੍ਹਾਂ ਦੀ ਸਮਰੱਥਾ 5,53,000 ਤੋਂ 6,84,000 ਟਨ ਮੱਛੀ ਸਾਲਾਨਾ ਪੈਦਾ ਕਰਨ ਦੀ ਹੈ। ਇਸੇ ਤਰ੍ਹਾਂ ਦੱਖਣੀ ਚੀਨ ਸਾਗਰ 636,000 ਟਨ ਸਾਲਾਨਾ ਮੱਛੀ ਪੈਦਾ ਕਰਦਾ ਹੈ ਪਰ ਚਾਹੇ ਤਾਂ ਇਹ 850,000 ਟਨ ਮੱਛੀ ਪੈਦਾ ਕਰ ਸਕਦਾ ਹੈ।

ਇਸੇ ਤਰ੍ਹਾਂ ਸਮੁੰਦਰ ਹੇਠਲੇ ਤੇਲ ਅਤੇ ਗੈਸ ਦੇ ਭੰਡਾਰ ਵੀ ਇਥੇ ਮੌਜੂਦ ਹਨ ਜਿਨ੍ਹਾਂ ਕਰਕੇ ਭਵਿੱਖ ਵਿਚ ਇਸ ਖੇਤਰ ਦੀ ਤਰੱਕੀ ਲਈ ਚੰਗਾ ਮੌਕਾ ਹੈ।

ਹ. ਪੁ. -ਐਨ. ਬ੍ਰਿ. ਮੈ. 4: 405; ਐਨ. ਅਮੈ. 6: 560; ਵੈ. ਜਗ. ਡਿ.

**ਚੀਨ ਕੁਲੀਜ਼ ਮਿਰਜ਼ਾ** : ਇਹ ਕੁਲੀਜ਼ ਮੁਹੰਮਦ ਖ਼ਾਂ ਦਾ ਪੁੱਤਰ ਸੀ। ਇਹ ਆਜ਼ਾਦ ਵਿਚਾਰਾਂ ਦਾ ਮਾਲਕ, ਹੌਸਲੇ ਵਾਲਾ ਅਤੇ ਪ੍ਰਸ਼ਾਸਨ ਵਿਚ ਨਿਪੁੰਨ ਸੀ। ਇਸਨੇ ਜੌਨਪੁਰ ਅਤੇ ਬਨਾਰਸ ਵਿਚ ਫ਼ੌਜਦਾਰ ਦੇ ਅਹੁਦੇ ਤੇ ਕੰਮ ਕੀਤਾ। ਪਿਤਾ ਦੀ ਮੌਤ ਤੋਂ ਬਾਅਦ ਇਸ ਦੇ ਛੋਟੇ ਭਰਾ ਮਿਰਜ਼ਾ ਲਾਹੌਰੀ ਨੇ ਅਕਬਰ ਦੇ ਰਾਜਕਾਲ ਵਿਚ ਵਿਦਰੋਹ ਅਤੇ ਉਪੱਦਰ ਕਰਨੇ ਸ਼ੁਰੂ ਕਰ ਦਿਤੇ। ਜੌਨਪੁਰ ਦੇ ਨੇੜੇ-ਤੇੜੇ ਵੀ ਇਸਨੇ ਲੁੱਟਮਾਰ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਚੀਨ ਕੁਲੀਜ਼ ਮਿਰਜ਼ਾ ਦਾ ਅੰਤ ਹੋ ਗਿਆ।

ਹ. ਪੁ. - ਹਿੰ. ਵਿ. ਕੋ. 4 : 244

**ਚੀਨ ਦੀ ਮਹਾਨ ਦੀਵਾਰ** : ਚੀਨ ਦੀ ਇਹ ਦੀਵਾਰ ਮਨੁੱਖੀ ਇਤਿਹਾਸ ਵਿਚ ਮਨੁੱਖ ਦੀ ਇਮਾਰਤ ਸਾਜ਼ੀ ਦੇ ਅੱਜ ਤਕ ਦੇ ਸਾਰੇ ਕੰਮਾਂ ਵਿਚੋਂ ਸ਼ਾਇਦ ਸਭ ਤੋਂ ਵੱਡਾ ਕੰਮ ਹੈ, ਜਿਸ ਨੂੰ ਸੰਸਾਰ ਦਾ ਰੱਖਿਆ ਪੱਖੋਂ ਕੀਤਾ ਸਭ ਤੋਂ ਵੱਡਾ ਉਪਰਾਲਾ ਕਿਹਾ ਜਾਂਦਾ ਹੈ। ਲਗਭਗ 2400 ਕਿ. ਮੀ. (1500 ਮੀਲ) ਵਿਚ ਫੈਲੀ ਇਸ ਦੀਵਾਰ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਜੇਕਰ ਮਨੁੱਖ ਚੰਦ ਤੇ ਖੜੇ ਕੇ ਧਰਤੀ ਵੱਲ ਦੇਖੇ ਤਾਂ ਇਕ ਚੀਜ਼ ਜਿਹੜੀ ਉਹ ਚੰਗੀ ਤਰ੍ਹਾਂ ਪਹਿਚਾਣ ਸਕੇਗਾ, ਉਹ ਚੀਨ ਦੀ ਵੱਡੀ ਦੀਵਾਰ ਹੋਵੇਗੀ। ਇਸ ਦੀਆਂ ਸ਼ਾਖਾਵਾਂ ਸਮੇਤ ਇਸ ਦੀ ਲੰਬਾਈ 3200 ਕਿ. ਮੀ. (2000 ਮੀਲ) ਹੈ। ਪੂਰਬ ਤੋਂ ਪੱਛਮ ਦਿਸ਼ਾ ਵਿਚ ਬਣਾਈ ਇਹ ਦੀਵਾਰ ਪੀਲੇ ਸਾਗਰ ਦੀ ਚੀਲੀ ਦੀ ਖਾੜੀ (ਬੋ ਹੀ) ਦੇ ਸ਼ਾਨ ਹੀ ਗਵਾਨ ਦੇ ਸਥਾਨ ਤੋਂ ਸ਼ੁਰੂ ਹੋ ਕੇ ਚੀਨ ਦੀ ਉੱਤਰੀ ਸਰਹੱਦ ਦੇ ਨਾਲ-ਨਾਲ ਪੱਛਮੀ ਚੀਨ ਦੇ ਗਾਨਸੂ ਰਾਜ ਵਿਚ ਜੀਆਯੁਗਵਾਨ (Chiayukuan) ਦੇ ਸਥਾਨ ਤਕ ਬਣਾਈ ਹੋਈ ਹੈ।

ਰਾਜਾਂ ਵਿਚਕਾਰ ਦੀਵਾਰਾਂ ਬਣਾ ਕੇ ਪੱਕੀਆਂ ਸਰਹੱਦਾਂ ਬਣਾਉਣ ਦਾ ਰਿਵਾਜ ਚੀਨ ਵਿਚ ਘਟੋ- ਘੱਟ ਚੌਥੀ ਈ. ਪੂ. ਤੋਂ ਹੀ ਸੀ। ਤੀਜੀ ਈ. ਪੂ. ਵਿਚ ਚੀਨ ਦੇ ਪਹਿਲੇ ਬਾਦਸ਼ਾਹ ਚਿਨ ਸ਼ੀ ਹਵਾਂਗ ਤੀ ਨੇ ਵੱਖ-ਵੱਖ ਰਾਜਾਂ ਨੂੰ ਇਕ ਰਾਜ ਵਿਚ ਇਕੱਠਾ ਕਰ ਲਿਆ ਅਤੇ ਵੱਖ-ਵੱਖ ਰਾਜਾਂ ਵਿਚਕਾਰ ਪਹਿਲਾਂ ਤੋਂ ਹੀ ਬਣੀਆਂ ਇਨ੍ਹਾਂ ਦੀਵਾਰਾਂ ਦੇ ਵਿਚ ਹੋਰ ਦੀਵਾਰਾਂ ਬਣਵਾ ਕੇ ਇਨ੍ਹਾਂ ਨੂੰ ਆਪਸ ਵਿਚ ਜੋੜ ਦਿੱਤਾ। ਇਸ ਤਰ੍ਹਾਂ ਚੀਨ ਦੀ ਇਹ ਵੱਡੀ ਦੀਵਾਰ ਹੋਂਦ ਵਿਚ ਆਈ। ਇਹ ਦੀਵਾਰ ਉੱਤਰ



ਚੀਨ ਦੀ ਮਹਾਨ ਦੀਵਾਰ

ਵੱਲੋਂ ਹੂਨ ਲੋਕਾਂ ਤੋਂ ਮੁੱਖ ਤੌਰ ਤੇ ਮੰਗੋਲੀਆਂ ਦੇ ਤਤਾਰਾਂ ਤੋਂ ਚੀਨ ਦੇ ਬਚਾਉ ਲਈ ਬਣਾਈ ਗਈ ਸੀ।

ਤੀਜੀ ਈ. ਪੂ. (204 ਈ. ਪੂ.) ਵਿਚ ਇਹ ਦੀਵਾਰ ਮੁੱਖ ਤੌਰ ਤੇ ਮਿੱਟੀ ਅਤੇ ਪੱਥਰਾਂ ਦੀ ਬਣਾਈ ਗਈ ਸੀ। ਕੇਵਲ ਮਹੱਤਵਪੂਰਨ ਲਾਂਆਂ ਤੇ ਇੱਟਾਂ ਲਗਾਈਆਂ ਹੋਈਆਂ ਸਨ ਪਰ ਅਗਲੀਆਂ ਕਈ ਸਦੀਆਂ ਵਿਚ ਚੀਨ ਦੇ ਵੱਖ-ਵੱਖ ਰਾਜ ਘਰਾਣਿਆਂ ਅਧੀਨ ਇਸ ਵਿਚ ਕਈ ਤਬਦੀਲੀਆਂ ਕੀਤੀਆਂ ਗਈਆਂ। ਖ਼ਾਸ ਕਰਕੇ ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀਆਂ ਵਿਚ ਬਣਾਏ ਗਏ ਦੀਵਾਰ ਦੇ ਹਿੱਸਿਆਂ ਨੇ ਮੁੱਢਲੀ ਦੀਵਾਰ ਨਾਲੋਂ ਘੱਟ ਖੇਤਰ ਮਲਿਆ ਹੋਇਆ ਸੀ। ਇਹੀ ਕਾਰਨ ਹੈ ਕਿ ਦੀਵਾਰ ਦੀ ਚੌੜਾਈ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਹੈ। ਦੀਵਾਰ ਦੀ ਬੇਸ ਤੇ ਇਸ ਦੀ ਚੌੜਾਈ ਲ. 4.5 ਮੀ. (15 ਫ਼ੁੱਟ) ਤੋਂ 12.0 ਮੀ. (40 ਫ਼ੁੱਟ) ਤਕ ਅਤੇ ਦੀਵਾਰ ਦੇ ਸਿਖਰ ਤੇ ਜਾ ਕੇ ਇਸ ਦੀ ਚੌੜਾਈ ਲ. 4 ਮੀ. (12 ਫ਼ੁੱਟ) ਤੋਂ ਲ. 11 ਮੀ. (35 ਫ਼ੁੱਟ) ਤਕ ਹੈ। ਇਸੇ ਤਰ੍ਹਾਂ ਦੀਵਾਰ ਦੀ ਉਚਾਈ ਵੀ ਵੱਖ-ਵੱਖ ਥਾਵਾਂ ਤੇ 6 ਮੀ. (20 ਫ਼ੁੱਟ) ਤੋਂ ਲੈ ਕੇ 15 ਮੀ. (50 ਫ਼ੁੱਟ) ਦੇ ਵਿਚਕਾਰ ਹੈ। ਸ਼ਾਰੀ ਦੀਵਾਰ ਵਿਚ ਇਕ ਸਾਰ ਦੂਰੀ ਛੱਡ-ਛੱਡ ਕੇ (ਲਗਭਗ ਹਰ 200 ਗਜ਼ ਤੋਂ ਬਾਅਦ) ਬੁਰਜ ਚੌਕੀਆਂ ਬਣਾਈਆਂ ਹੋਈਆਂ ਸਨ ਜਿਨ੍ਹਾਂ ਦੀ ਸਿਖ਼ਰ ਤੇ ਵੀ ਇੰਨੀ ਚੌੜਾਈ ਹੁੰਦੀ ਸੀ ਕਿ ਇਨ੍ਹਾਂ ਵਿਚ ਫ਼ੌਜੀ ਗਸ਼ਤੀ/ਟੁਕੜੀਆਂ ਆਸਾਨੀ ਨਾਲ ਠਹਿਰ ਸਕਦੀਆਂ ਸਨ।

ਉੱਚੇ ਪਹਾੜਾਂ ਅਤੇ ਡੂੰਘੀਆਂ ਘਾਟੀਆਂ ਨੂੰ ਪਾਰ ਕਰਦੀ ਇਸ ਦੀਵਾਰ ਨੂੰ ਬਣਾਉਣ ਲਈ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਲਗਭਗ 5 ਲੱਖ ਮਜ਼ਦੂਰ ਕੰਮ ਤੇ ਲੱਗੇ ਹੋਣਗੇ। ਇਸ ਦੇ ਬਣਾਉਣ ਤੋਂ ਲਗਭਗ 20 ਸਦੀਆਂ ਬਾਅਦ ਵੀ ਇਹ ਕਾਫ਼ੀ ਚੰਗੀ ਹਾਲਤ ਵਿਚ ਸਾਂਭੀ ਹੋਈ ਹੈ ਭਾਵੇਂ ਮੰਗੋਲੀਆ ਵਿਚਲੇ ਖੇਤਰ ਦਾ ਇਸ ਦਾ ਪੂਰਾ ਹਿੱਸਾ ਨਹੀਂ ਲਭਿਆ ਜਾ ਸਕਿਆ। ਪੂਰਬ ਤੋਂ ਪੱਛਮ ਵੱਲ ਇਸ ਦੇ ਚਾਰ ਮੁੱਖ ਦਰਵਾਜ਼ੇ ਹਨ- ਸ਼ਾਨ ਹੀ ਗਵਾਨ, ਨੈਨਕਾਉ, ਯੈਕਮਾਨ ਅਤੇ ਜੀਆਯੂਗਵਾਨ।

ਹ. ਪੁ.- ਐਨ. ਬ੍ਰਿ. ਮਾ. 5 : 449; ਐਨ. ਬ੍ਰਿ. 5 : 779; ਐਨ. ਅਮੈ. 6 : 592; ਦੀ ਬੁਕ ਆਫ ਨਾਲੇਜ 2 : 388; ਚਾਈਨਾ ਐਂਡ ਹਰ ਸੈਂਡੋ; ਵੈ. ਜਗ. ਡਿ.

**ਚੀਨਨਾਮਪੋ** : ਉੱਤਰੀ ਕੋਰੀਆ ਵਿਚ ਪੱਛਮੀ ਤਟ ਉੱਤੇ ਪੀਆਂਗਯਾਗ ਤੋਂ 50 ਕਿ. ਮੀ. ਦੱਖਣ-ਪੱਛਮ ਵੱਲ ਟਾਈਡੁੰਗ ਦਰਿਆ ਦੇ ਮੁਹਾਣੇ ਉੱਤੇ ਇਕ ਬੰਦਰਗਾਹ ਹੈ। ਇਸ ਸ਼ਹਿਰ ਨੂੰ 1947 ਈ. ਤੋਂ ਪਿਛੋਂ ਨਾਮਪੋ ਵੀ ਕਿਹਾ ਜਾਂਦਾ ਹੈ। ਪਹਿਲੋਂ-ਪਹਿਲ ਇਹ ਮੱਛੀ ਫੜਨ ਦਾ ਪਿੰਡ ਹੁੰਦਾ ਸੀ ਜਿਹੜਾ 1897 ਈ. ਤੋਂ ਮਗਰੋਂ ਬੰਦਰਗਾਹ ਵਜੋਂ ਉੱਨਤ ਹੋ ਗਿਆ। ਇਥੇ ਸੋਨਾ ਅਤੇ ਤਾਂਬਾ ਸਾਫ਼



ਚੀਨੀ ਤੇ ਬਦੇਸ਼ੀ ਸੈਲਾਨੀ ਚੀਨ ਦੀ ਮਹਾਨ ਦੀਵਾਰ ਤੇ ਚੜ੍ਹਦੇ ਹੋਏ

ਕਰਨ ਦੀਆਂ ਸੱਨਅਤਾਂ ਹਨ। ਇਸ ਤੋਂ ਇਲਾਵਾ ਜਹਾਜ਼ ਬਣਾਉਣ, ਚੌਲ ਛੜਾਈ, ਸ਼ੀਸ਼ਾ ਤਿਆਰ ਕਰਨ, ਬਿਜਲੀ ਦਾ ਸਾਮਾਨ ਆਦਿ ਤਿਆਰ ਕਰਨ ਦਾ ਕੰਮ ਹੁੰਦਾ ਹੈ। ਸ਼ਹਿਰ ਦੇ ਉੱਤਰ ਵਿਚ ਸਮੁੰਦਰੀ ਲੂਣ ਦੀਆਂ ਪਰਤਾਂ ਹਨ। ਇਸੇ ਸ਼ਹਿਰ ਤੋਂ 12 ਕੁ ਕਿ. ਮੀ. ਦੂਰ ਲੋਹੇ ਅਤੇ ਇਸਪਾਤ ਦੇ ਕਾਰਖ਼ਾਨੇ ਹਨ। ਇਹ ਸ਼ਹਿਰ ਸੇਬਾਂ ਦੀ ਖ਼ਾਸ ਕਿਸਮਾਂ ਦੀ ਪੈਦਾਵਾਰ ਲਈ ਜਾਣਿਆ ਜਾਂਦਾ ਹੈ।

ਆਬਾਦੀ—6,91,284 (1989)

38° 45′ ਉ. ਵਿਥ.; 125° 23′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 7 : 176; ਵੈ. ਜਗ. ਡਿ.: 807

**ਚੀਨੀ** : ਵੇਖੋ, ਸ਼ੱਕਰ

**ਚੀਨੀ ਉਸਾਰੀ ਕਲਾ** : ਚੀਨੀ ਇਮਾਰਤਾਂ ਦਾ ਯੂਰਪ ਦੀਆਂ ਪ੍ਰਾਚੀਨ ਇਮਾਰਤਾਂ ਨਾਲ ਮੁਕਾਬਲਾ ਕਰਨ ਤੋਂ ਪਤਾ ਲਗਦਾ ਹੈ ਕਿ ਚੀਨੀ ਭਵਨ ਉਸਾਰੀ ਕਲਾ ਵਿਚ ਡੀਜ਼ਾਈਨ ਨੂੰ ਵਧੇਰੇ ਮਹੱਤਤਾ ਨਹੀਂ ਦਿੱਤੀ ਜਾਂਦੀ ਸੀ। ਸਥਾਨਕ ਪ੍ਰਭਾਵ ਕਾਵਿਆਤਮਕ ਸਨ ਨਾ ਕਿ ਪਦਾਰਥਕ। ਭਵਨ ਉਸਾਰੀ ਨੂੰ ਹਮੇਸ਼ਾਂ ਕੁਦਰਤ ਦੀ ਸੁੰਦਰਤਾ ਦਾ ਲਖਾਇਕ ਮੰਨਿਆ ਜਾਂਦਾ ਰਿਹਾ ਹੈ। ਚੀਨੀ ਉਸਾਰੀ ਕਲਾ ਬਾਹਰੀ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਬਚੀ ਰਹੀ। ਇਥੋਂ ਤਕ ਕਿ ਬੁਧ ਧਰਮ ਦੇ ਪਸਾਰ ਦਾ ਵੀ ਇਸ ਤੇ ਕੋਈ ਪ੍ਰਭਾਵ ਨਾ ਪਿਆ।

19 ਵੀਂ ਸਦੀ ਅਤੇ 20 ਵੀਂ ਸਦੀ ਵਿਚ ਲੋਹਾ, ਸਟੀਲ ਅਤੇ ਕੰਕਰੀਟ ਦੇ ਹੋਂਦ ਵਿਚ ਆ ਜਾਣ ਨਾਲ ਚੀਨ ਦੀਆਂ ਕੁਝ ਕੁ ਬੰਦਰਗਾਹਾਂ ਅਤੇ ਹੋਰ ਅੰਤਰਰਾਸ਼ਟਰੀ ਮਹੱਤਤਾ ਵਾਲੀਆਂ ਥਾਵਾਂ ਤੇ ਪੱਛਮੀ ਪ੍ਰਭਾਵ ਦਾ ਕੁਝ ਅਸਰ ਪਿਆ। ਬਿਲਡਿੰਗ ਦੇ ਡੀਜ਼ਾਈਨ ਅੰਤਰਰਾਸ਼ਟਰੀ ਕਿਸਮ ਦੇ ਬਣਨ ਲੱਗੇ। ਚੀਨੀ ਭਵਨ ਉਸਾਰੀ ਤੇ ਹੁਣ ਦੂਜੇ ਦੇਸ਼ਾਂ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ। ਰੂਸੀ ਪ੍ਰਭਾਵ ਅਮਲੀ ਤੌਰ ਤੇ ਵੱਧੇਰੇ ਪ੍ਰਭਾਵਸ਼ਾਲੀ ਸੀ।

**ਮੁੱਖ ਵਿਸ਼ੇਸ਼ਤਾਈਆਂ**—ਚੀਨੀ ਭਵਨ-ਉਸਾਰੀ ਵਿਚ ਬਹੁਤਾ ਜ਼ੋਰ ਸਮਰੂਪਤਾ ਅਤੇ ਖਿਤਿਜੀ ਸੰਰਚਨਾਵਾਂ ਤੇ ਦਿੱਤਾ ਜਾਂਦਾ ਸੀ। ਬਹੁਤ ਸਾਰੀਆਂ ਸ਼ਾਨਦਾਰ ਇਮਾਰਤਾਂ ਵਿਚ ਪਹਿਲੀ ਛੱਤ ਉੱਤੇ ਇਕ ਵਾਧੂ ਮੰਜ਼ਿਲ ਉਸਾਰੀ ਜਾਂਦੀ ਸੀ। ਇਹ ਇਕ ਚੌੜੇ ਛੱਜੇ ਵਾਂਗ ਖਿਤਿਜੀ ਪ੍ਰਭਾਵ ਨੂੰ ਬਰਕਰਾਰ ਰੱਖਦੀ ਸੀ। ਕਈ ਵਾਰੀ, ਕਈ ਵੱਖਰੀਆਂ-ਵਖਰੀਆਂ ਇਮਾਰਤਾਂ ਨੂੰ ਇਕ ਸਾਂਝੇ ਬਗਲ ਵਿਚ ਹੀ ਉਸਾਰਿਆ ਜਾਂਦਾ ਸੀ।

ਇਮਾਰਤੀ ਸਮਾਨ ਮੁੱਖ ਤੌਰ ਤੇ ਲੱਕੜ ਅਤੇ ਇੱਟਾਂ ਸਨ। ਛੋਟੀਆਂ ਭੂਰੀਆਂ ਇੱਟਾਂ ਅਤੇ ਟਾਈਲਾਂ ਦਾ ਇਸਤੇਮਾਲ ਅਕਸਰ ਇਮਾਰਤਾਂ ਦਾ ਮੂੰਹ ਮੱਥਾ ਬਣਾਉਣ ਲਈ ਕੀਤਾ ਜਾਂਦਾ ਸੀ। ਕੁਝ ਮਹੱਤਵਪੂਰਨ ਬਿਲਡਿੰਗਾਂ ਵਿਚ ਲਾਲ ਪੱਥਰ ਜਾਂ ਚੂਨੇ ਦੇ ਪੱਥਰ ਨੂੰ ਸੰਗਮਰਮਰ ਨਾਲ ਮਿਲਾ ਕੇ ਜੰਗਲੇ ਬਣਾਉਣ ਲਈ ਵੀ ਇਸਤੇਮਾਲ ਕੀਤਾ ਜਾਂਦਾ ਸੀ। ਚੀਨੀ ਭਵਨ ਉਸਾਰੀ ਵਿਚ ਥਮ੍ਹਲੇ ਅਕਸਰ ਦਿਆਰ ਦੀ ਲੱਕੜ ਦੇ ਬਣਾਏ ਜਾਂਦੇ ਹਨ ਅਤੇ ਇਨ੍ਹਾਂ ਨੂੰ ਇਸਤੇਮਾਲ ਕਰਨ ਦਾ ਵੀ ਢੰਗ ਯੂਰਪ ਨਾਲੋਂ ਵੱਖਰਾ ਹੈ। ਉਪਰ ਵੱਲ ਮੁੜੇ ਹੋਏ ਛੱਜੇ ਵਾਲੀਆਂ ਛੱਤਾਂ ਬਣਾਉਣਾ ਰਸਮੀ ਚੀਨੀ ਉਸਾਰੀ ਕਲਾ ਦਾ ਇਕ ਵਿਸ਼ੇਸ਼ ਪ੍ਰਭਾਵਸ਼ਾਲੀ ਗੁਣ ਸੀ। ਤਿਕੋਨੀਆਂ ਤੇ ਕਾਠੀਦਾਰ ਛੱਤਾਂ ਚੀਨ ਤੇ ਜਾਪਾਨ ਵਿਚ ਵਧੇਰੇ ਪ੍ਰਚਲਿਤ ਸਨ।

ਰੰਗ ਭਵਨ ਉਸਾਰੀ ਕਲਾ ਦਾ ਇਕ ਬਹੁਤ ਹੀ ਮਹੱਤਵਪੂਰਨ ਹਿੱਸਾ ਸੀ। ਸ਼ਾਹੀ ਇਮਾਰਤਾਂ ਦੀਆਂ ਛੱਤਾਂ ਉੱਤੇ ਪੀਲੇ ਰੰਗ ਦੀਆਂ ਜਦੋਂ ਕਿ ਮੰਦਰਿਨ ਇਮਾਰਤਾਂ ਦੀਆਂ ਛੱਤਾਂ ਉੱਤੇ ਲਾਲ ਰੰਗ ਦੀਆਂ ਚਮਕਦਾਰ ਟਾਇਲਾਂ ਲਗਾਈਆਂ ਜਾਂਦੀਆਂ ਸਨ। ਥਮ੍ਹਲੇ ਅਕਸਰ ਸੰਧੂਰੀ ਰੰਗ ਦੀ ਭਲਕ ਮਾਰਦੇ ਸਨ। ਛੱਜਿਆਂ ਦੇ ਹੇਠਾਂ ਲਗੇ ਸ਼ਤੀਰੇ ਨੀਲੇ ਰੰਗ ਦੇ ਫੁੱਲਾਂ ਨਾਲ ਜਿਹੜੇ ਕਿ ਚਿੱਟੇ ਰੰਗ ਨਾਲ ਉਲੀਕੇ ਹੁੰਦੇ ਸਨ, ਸਜਾਏ ਹੁੰਦੇ ਸਨ। ਸੁਨਹਿਰੀ ਭਾਅ ਮਾਰਦੀਆਂ ਲੋਹੇ ਦੀਆਂ ਖੁਲ੍ਹੀਆਂ ਪੱਤੀਆਂ ਖਿੜਕੀਆਂ, ਕਿੰਗਰੇ ਤੇ ਜੰਗਲਿਆਂ ਲਈ ਵਰਤੀਆਂ ਜਾਂਦੀਆਂ ਸਨ। ਲੰਮੀ ਵੱਟ ਵਾਲੀਆਂ ਅਤੇ ਕਾਠੀਦਾਰ ਛੱਤਾਂ ਅਕਸਰ ਵੱਡੇ-ਵੱਡੇ ਪੱਕੀ ਮਿੱਟੀ ਦੇ ਜਾਨਵਰਾਂ ਅਤੇ ਮਨੁੱਖੀ ਚਿੱਤਰਾਂ ਨਾਲ ਸਜਾਈਆਂ ਜਾਂਦੀਆਂ ਸਨ।

**ਬਣਤਰ ਦੀਆਂ ਕਿਸਮਾਂ**—ਧਾਰਮਿਕ ਅਤੇ ਗ਼ੈਰ-ਧਾਰਮਿਕ ਇਮਾਰਤਾਂ ਵਿਚ ਬਹੁਤ ਘੱਟ ਅੰਤਰ ਸੀ। ਇਨ੍ਹਾਂ ਦੇ ਆਕਾਰ ਤੋਂ ਹੀ ਮੰਦਰ, ਮਹਿਲ ਅਤੇ ਰਿਹਾਇਸ਼ੀ ਇਮਾਰਤਾਂ ਵਿਚਲਾ ਅੰਤਰ ਪਤਾ ਕੀਤਾ ਜਾ ਸਕਦਾ ਸੀ। ਬਹੁਤੀਆਂ ਇਮਾਰਤਾਂ ਚਾਰਦੀਵਾਰੀ ਦੇ ਅੰਦਰਵਾਰ ਹੀ ਉਸਾਰੀਆਂ ਹੁੰਦੀਆਂ ਸਨ ਜਿਨ੍ਹਾਂ ਦੀ ਕੇਂਦਰੀ ਰੇਖਾ ਉੱਤਰ-ਦੱਖਣ ਵੱਲ ਰੱਖੀ ਜਾਂਦੀ ਹੈ। ਮੁੱਖ ਸੰਰਚਨਾ ਇਕ ਆਇਤਾਕਾਰ ਹਾਲ ਜਾਂ 'ਟੀਐਨ' ਕਮਰਾ ਹੈ ਜਦੋਂ ਸੰਰਚਨਾ ਨੂੰ ਧਰਤੀ ਦੀ ਸਤ੍ਹਾ ਤੋਂ ਉੱਚਾ ਚੁੱਕ ਕੇ ਬਣਾਉਣਾ ਹੁੰਦਾ ਸੀ, ਤਾਂ tai ਬਣਾਏ ਜਾਂਦੇ ਸਨ, tai ਇਕ ਪੌੜੀ ਰੂਪੀ ਨੀਂਹ ਉੱਤੇ ਉਸਾਰਿਆ ਦੋ ਮੰਜ਼ਲਾ ਕਮਰਾ ਹੁੰਦਾ ਸੀ। ਇਸ ਦੀ ਢੁਕਵੀਂ ਉਦਾਹਰਣ ਫਾਰਬਿਡਨ ਸਿਟੀ, ਬੀਜ਼ਿੰਗ (ਪੀਕਿੰਗ) ਦੇ ਬਾਹਰੀ ਦਰਵਾਜ਼ੇ ਹਨ। ਵੱਡੀਆਂ ਅਤੇ ਕਈ ਮੰਜ਼ਲੀਆਂ ਇਮਾਰਤਾਂ ਨੂੰ ਆਮ ਕਰਕੇ lou ਕਿਹਾ ਜਾਂਦਾ ਹੈ ਪ੍ਰੰਤੂ ਪਾਡਾ ਨੂੰ ta ਕਿਹਾ ਜਾਂਦਾ ਹੈ। ਦੋ ਜਾਂ ਦੋ ਤੋਂ ਵੱਧ ਮੰਜ਼ਲਾਂ ਵਾਲੀਆਂ ਛੋਟੀਆਂ ਇਮਾਰਤਾਂ ਨੂੰ ko ਕਿਹਾ ਜਾਂਦਾ ਹੈ ਅਤੇ ਖੁੱਲ੍ਹੇ-ਛੋਟੇ ਇਮਾਰਤਾਂ ਦੇ ਬਾਹਰੀ ਭਾਗ ਜਾਂ ਦਰਸ਼ਕ ਮੰਡਪਾਂ ਨੂੰ ting ਕਿਹਾ ਜਾਂਦਾ ਹੈ। ਵੱਡੀਆਂ-ਵੱਡੀਆਂ ਇਮਾਰਤਾਂ ਨੂੰ ਜੋੜਨ ਵਾਲੇ ਬਰਾਮਦਿਆਂ ਨੂੰ lang ਕਿਹਾ ਜਾਂਦਾ ਹੈ।

**ਮੰਦਰ, ਮਹਿਲ ਅਤੇ ਘਰ**—ਬਹੁਤ ਸਾਰੇ ਮੰਦਰਾਂ ਦੀ ਰਚਨਾ ting ਕਿਸਮ ਦੀ ਸੀ ਜਿਹੜੇ ਕਿ ਘਰਾਂ ਨਾਲੋਂ ਕੇਵਲ ਆਕਾਰ ਕਰਕੇ ਵੱਖਰੇ ਸਨ। ਸਾਧਾਰਣ ਕਿਸਮ ਵਿਚ ਤਿੰਨ ਖੁਲ੍ਹੇ ਦਰਸ਼ਕ ਮੰਡਪ ਬਣੇ ਹੁੰਦੇ ਸਨ, ਜਿਨ੍ਹਾਂ ਦੇ ਅੱਗੋਂ ਦੱਖਣ ਵੱਲ ਨੂੰ ਮੂੰਹ ਵਾਲੀਆਂ ਪੌੜੀਆਂ ਬਣੀਆਂ ਹੁੰਦੀਆਂ ਸਨ। ਇਸ ਦੀ ਉਦਾਹਰਣ ਟੈਂਪਲ ਆਫ਼ ਹੈਵਨ ਅਤੇ ਹਾਲ ਆਫ਼ ਐਨੂਅਲ ਪ੍ਰੇਅਰਜ਼ (1420) ਸਮੇਤ ਫਾਰਬਿਡਨ ਸਿਟੀ ਦਾ ਗਰੁੱਪ ਹੈ।

ਸ਼ਾਹੀ ਤੇ ਸਰਕਾਰੀ ਇਮਾਰਤਾਂ ਵੀ ਇਕ-ਮੰਜ਼ਲੇ ਦਰਸ਼ਕ ਮੰਡਪਾਂ ਦਾ ਸੰਗ੍ਰਹਿ ਹਨ। ਇਹ ਵੀ ਵਾਸਤਵਿਕ ਰੂਪ ਵਿਚ ਮੰਦਰਾਂ ਨਾਲ ਰਲਦੀਆਂ ਹਨ। ਪੀਕਿੰਗ ਦੇ ਸ਼ਾਹੀ ਮਹੱਲਾਂ ਵਿਚ ਇਕੋ ਜਿੰਨੇ ਆਕਾਰ ਅਤੇ ਸਜਾਵਟ ਵਾਲੇ ਤਿੰਨ ਹਾਲ ਹਨ। ਮੁੱਖ ਇਮਾਰਤ the tai-ho-tien ਜਾਂ ਹਾਲ ਆਫ਼ ਹਾਈਐਸਟ ਪੀਸ ਨੂੰ ਗਿਰਜੇ ਦੇ ਵਿਚਕਾਰਲੇ ਭਾਗ ਅਤੇ ਲਾਂਆਂ ਜਾਂ ਰਸਤਿਆਂ ਵਿਚ ਵੰਡਿਆ ਹੋਇਆ ਹੈ ਅਤੇ ਸ਼ਾਹੀ ਚਬੂਤਰਾ ਇਸ ਦੇ ਠੀਕ ਅੱਧ ਵਿਚਕਾਰ ਹੈ।

ਕੱਟੜ ਰੀਤੀ-ਰਿਵਾਜਾਂ ਅਨੁਸਾਰ ਪਬਲਿਕ ਰਿਹਾਇਸ਼ੀ ਇਮਾਰਤਾਂ ਦੇ ਆਕਾਰ ਅਤੇ ਉਨ੍ਹਾਂ ਵਿਚ ਥਮ੍ਹਲਿਆਂ ਦੀ ਗਿਣਤੀ ਵਿਅਕਤੀਗਤ ਅਹੁਦਿਆਂ ਅਨੁਸਾਰ ਰੱਖੀ ਜਾਂਦੀ ਸੀ। ਬਾਦਸ਼ਾਹਾਂ ਦੇ ਰਿਹਾਇਸ਼ੀ ਮਕਾਨਾਂ ਦੇ ਨੌਂ, ਰਾਜਕੁਮਾਰ ਦੇ ਰਿਹਾਇਸ਼ੀ ਮਕਾਨ ਵਿਚ ਸੱਤ, ਜਦੋਂ ਕਿ ਮੰਦਰਿਨਾਂ ਦੇ ਮਕਾਨਾਂ ਵਿਚ ਪੰਜ ਦਰਵਾਜ਼ੇ ਰੱਖੇ ਜਾਂਦੇ ਸਨ। ਇਨ੍ਹਾਂ ਮਕਾਨਾਂ ਵਿਚ ਰਹਿਣ ਵਾਲੇ ਵਿਅਕਤੀਆਂ ਦੀ ਗਿਣਤੀ ਵੀ ਨਿਸ਼ਚਿਤ ਕੀਤੀ ਹੁੰਦੀ ਸੀ। ਦੂਜੀਆਂ ਇਮਾਰਤਾਂ ਦੀ ਤਰ੍ਹਾਂ ਘਰੇਲੂ ਇਮਾਰਤਾਂ ਦੀ ਉਸਾਰੀ ਦਾ ਵੀ ਸਭ ਤੋਂ ਮਹੱਤਵਪੂਰਨ ਗੁਣ ਬਾਗ਼ਵਾਨੀ ਤੇ ਕੁਦਰਤੀ ਨਜ਼ਾਰੇ ਹਨ ਜਿਨ੍ਹਾਂ ਦੀ ਯੋਜਨਾਬੰਦੀ ਚੀਨੀਆਂ ਦੇ ਮੁਕੰਮਲ ਹੁਨਰ ਦੀ ਸੂਚਕ ਹੈ। ਮਹੱਤਵਪੂਰਨ ਰਿਹਾਇਸ਼ੀ ਇਮਾਰਤਾਂ ਵੱਖੋ-ਵੱਖਰੇ ਬਾਗ਼ਾਂ ਨਾਲ ਘਿਰੀਆਂ ਹੋਈਆਂ ਹੁੰਦੀਆਂ ਸਨ। ਇਨ੍ਹਾਂ ਦਾ ਡੀਜ਼ਾਈਨ ਅਕਸਰ ਤਿੰਨ ਮੁੱਖ ਭਾਗਾਂ ਵਿਚੋਂ ਕੀਤਾ ਹੁੰਦਾ ਸੀ। ਪਹਿਲਾਂ ਗਲੀ ਵਾਲੇ ਪਾਸੇ ਦਰਬਾਨ ਲਈ ਰਿਹਾਇਸ਼, ਦੂਜਾ ਸਰੋਤਾ ਜਾਂ ਦਰਸ਼ਕ ਹਾਲ ਜਿਸ ਦੇ ਨਾਲ ਰਿਹਾਇਸ਼ੀ

ਕਮਰੇ ਹੁੰਦੇ ਸਨ ਅਤੇ ਤੀਜਾ ਮਗਰਲੇ ਪਾਸੇ ਰਸੋਈ ਘਰ ਅਤੇ ਨੌਕਰਾਂ ਦੇ ਕੁਆਟਰ ਆਦਿ। ਸਮਾਯੋਜਨੀ ਵੰਡ ਦੇ ਨਾਲ ਅੰਦਰੂਨੀ ਯੋਜਨਾਬੰਦੀ ਆਸਾਨੀ ਨਾਲ ਕੀਤੀ ਜਾ ਸਕਦੀ ਸੀ। ਚਿਮਨੀਆਂ ਦਾ ਵਿਕਾਸ ਨਹੀਂ ਹੋਇਆ ਸੀ। ਲੱਕੜ ਦੇ ਕੋਲੇ ਨੂੰ ਸੀਖਾਂ ਵਾਲੇ ਚੁੱਲ੍ਹੇ ਵਿਚ ਬਾਲ ਕੇ ਕੰਮ ਕੀਤਾ ਜਾਂਦਾ ਸੀ ਜਿਨ੍ਹਾਂ ਦਾ ਧੂੰਆ ਰਿਹਾਇਸ਼ੀ ਕਮਰਿਆਂ ਵਿਚ ਦੀ ਹੀ ਨਿਕਲਦਾ ਰਹਿੰਦਾ ਸੀ।

**ਹੋਰ ਕਿਸਮਾਂ**—ਪਾਗੋਡਾ ਜਾਂ ta ਛੋਟੀਆਂ ਭਾਰਤੀ ਇਮਾਰਤਾਂ ਦੀ ਨਕਲ ਹਨ ਅਤੇ ਮੰਦਰਾਂ ਦੀ ਇਮਾਰਤ ਦਾ ਇਹ ਸਭ ਤੋਂ ਪ੍ਰਮੁੱਖ ਭਾਗ ਹੁੰਦਾ ਹੈ। ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਮੰਦਰ 9 ਤੋਂ 13 ਮੰਜ਼ਲੇ ਹੁੰਦੇ ਹਨ, ਬਹੁਤੇ 9 ਮੰਜ਼ਲੇ ਹੀ ਹਨ। ਆਰੰਭ ਵਿਚ ਇਨ੍ਹਾਂ ਦੀ ਧਾਰਮਿਕ ਮਹੱਤਤਾ ਹੁੰਦੀ ਸੀ ਪ੍ਰੰਤੂ ਮਗਰੋਂ ਵਿਵਹਾਰਕ ਜਾਂ ਦੁਨੀਆਦਾਰੀ ਵਿਚ ਬਦਲ ਗਏ।

Tai-lou ਗਲੀਆਂ ਦੇ ਵਿਚਕਾਰ ਬਣਾਏ ਜਾਂਦੇ ਸਨ ਜਿਹੜੇ ਕਿ ਚਾਰਦੀਵਾਰੀ ਦੇ ਅੰਦਰ ਜਾਣ ਦਾ ਰਸਤਾ ਹੁੰਦੇ ਸਨ। ਇਨ੍ਹਾਂ ਦਾ ਨਾਂ ਆਦਮੀਆਂ ਦੀ ਯਾਦ ਵਿਚ ਘਟਨਾਵਾਂ ਅਤੇ ਕਿਸੇ ਥਾਂ ਦੀ ਸੁੰਦਰਤਾ ਕਰਕੇ ਰੱਖਿਆ ਜਾਂਦਾ ਸੀ। Tai lou ਲਈ ਲੱਕੜ ਦੀ ਸੰਰਚਨਾ ਹੋਣੀ ਜ਼ਰੂਰੀ ਹੈ ਪ੍ਰੰਤੂ ਮੁੱਢਲੇ ਸਮੇਂ ਤੋਂ ਹੀ ਇਨ੍ਹਾਂ ਨੂੰ ਪੱਥਰਾਂ ਨਾਲ ਬਣਾਇਆ ਜਾਂਦਾ ਸੀ। ਭਵਨ ਉਸਾਰੀ ਕਲਾ ਦੇ ਪੱਖੋਂ ਇਨ੍ਹਾਂ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਚੀਨੀ ਰਸਮੀ ਡੀਜ਼ਾਈਨ ਦੇ ਸਾਰੇ ਵਿਸ਼ੇਸ਼ ਗੁਣ ਇਨ੍ਹਾਂ ਵਿਚ ਮੌਜੂਦ ਹਨ।

ਗੋਲ ਜਾਂ ਪੰਜ-ਭੁਜੀ ਦਿੱਖ ਵਾਲੇ ਦਰਸ਼ਕ ਮੰਡਪ ਜਿਹੜੇ ਕਿ ਕਈ ਵਾਰੀ ਦੋ ਮੰਜ਼ਲੇ ਵੀ ਹੁੰਦੇ ਸਨ, ਦੇ ਨਾਲ ਚੀਨੀ ਬਾਗ਼ ਦਾ ਹੋਣਾ ਆਰੰਭਕ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਇਹ ਰਸਮੀ ਸਟਾਈਲ ਦੀ ਇਕ ਜਿਉਂਦੀ ਜਾਗਦੀ ਉਦਾਹਰਣ ਹੈ।

ਦੇਹਾਤੀ ਖੇਤਰਾਂ ਵਿਚ ਪਾਣੀ ਵਾਲੇ ਰਸਤਿਆਂ ਉੱਤੇ ਪੁਲ ਬਣਾਉਣਾ ਇਕ ਪ੍ਰਮੁੱਖ ਗੁਣ ਸੀ। ਸ਼ੁਰੂ-ਸ਼ੁਰੂ ਵਿਚ ਇਨ੍ਹਾਂ ਦੀ ਉਸਾਰੀ ਲੱਕੜ ਨਾਲ ਕੀਤੀ ਜਾਂਦੀ ਸੀ। ਡਾਟਦਾਰ ਅਤੇ ਫਾਨੇਦਾਰ ਸੰਰਚਨਾ ਦੀ ਉਸਾਰੀ ਸਮੇਂ ਰਹੀਆਂ ਤਰੁੱਟੀਆਂ ਕਰਕੇ ਕਈ ਪੁਲ ਬਹੁਤ ਭਿਆਨਕ ਖੰਡਰਾਂ ਵਿਚ ਬਦਲ ਗਏ ਹਨ। ਪੀਕਿੰਗ ਦੇ ਬਾਹਰਵਾਰ ਸਮਰ ਮਹਿਲ ਵਿਚ ਪ੍ਰਸਿੱਧ ਸੰਗਮਰਮਰੀ ਪੁਲ, ਪੂਰਨ ਡਾਟਦਾਰ ਸੰਰਚਨਾ ਦੇ ਆਧਾਰ ਉੱਤੇ ਉਸਾਰਿਆ ਹੈ।

ਦੀਵਾਰਾਂ ਹਰ ਇਕ ਸ਼ਹਿਰ ਦੀ ਯੋਜਨਾ ਦਾ ਮੁੱਖ ਹਿੱਸਾ ਹਨ ਜਿਹੜੀਆਂ ਇਨ੍ਹਾਂ ਦੇ ਚਾਰੇ ਪਾਸੇ ਹੁੰਦੀਆਂ ਹਨ ਅਤੇ ਸ਼ਹਿਰਾਂ ਨੂੰ ਕਈ ਭਾਗਾਂ ਵਿਚ ਵੰਡਦੀਆਂ ਹਨ। ਇਹ ਰਸਮੀ ਜੀਵਨ ਦੀਆਂ ਪ੍ਰਤੀਕ ਹੁੰਦੀਆਂ ਸਨ। ਗ੍ਰੇਟ ਵਾਲ ਆਫ਼ ਚਾਈਨਾ ਚੀਨੀਆਂ ਦੇ ਦੀਵਾਰਾਂ ਰਾਹੀਂ ਸੁੱਰਖਿਆ ਵਿਚ ਵਿਸ਼ਵਾਸ਼ ਦੀ ਪ੍ਰਤੀਕ ਹੈ।

ਮੁਰਦਿਆਂ ਅਤੇ ਪੂਰਵਜਾਂ ਦੀ ਸਥਾਈ ਰਿਹਾਇਸ਼ ਲਈ ਬਣਾਏ ਗੁੰਬਦ ਪੁਰਾਤਨ ਪ੍ਰਾਚੀਨ ਇਮਾਰਤਾਂ ਦੇ ਬਚੇ ਹੋਏ ਨਮੂਨੇ ਹਨ। ਇਨ੍ਹਾਂ ਦੀ ਭਵਨ ਉਸਾਰੀ ਕਲਾ ਦੇ ਪੱਖੋਂ ਕੋਈ ਖ਼ਾਸ ਮਹੱਤਤਾ ਨਹੀਂ ਸੀ, ਪ੍ਰੰਤੂ ਹਾਨ ਸਾਮਰਾਜ ਬੁੱਤਾਂ ਲਈ ਵਧੇਰੇ ਮਹੱਤਵਪੂਰਨ ਹੈ। ਪਹਾੜੀ ਇਲਾਕਿਆਂ ਵਿਚ ਕਈ ਮੋਰਚੇ, ਪਹਾੜਾਂ ਨੂੰ ਖੁਰਚ ਕੇ ਜਾਂ ਕੱਟ ਕੇ ਘੋੜੇ ਦੇ ਪੈਰ ਦੇ ਆਕਾਰ ਦੇ ਬਣਾਏ ਜਾਂਦੇ ਸਨ।

ਹ. ਪੁ. —ਚੈਂਬ. ਐਨ. 3 : 443

**ਚੀਨੀ ਸਾਹਿਤ** : ਚੀਨੀ ਸਾਹਿਤ ਦੁਨੀਆ ਦੇ ਅਮੀਰ ਵਿਰਸੇ ਵਾਲੇ ਸਾਹਿਤਾਂ ਵਿਚੋਂ ਇਕ ਹੈ। ਇਹ ਲਗਭਗ 3000 ਸਾਲਾਂ ਤੋਂ ਨਿਰੰਤਰ ਵਿਕਸਿਤ ਹੁੰਦਾ ਆ ਰਿਹਾ ਹੈ। ਇਸ ਨੇ ਕੋਰੀਆ, ਜਾਪਾਨ ਅਤੇ ਵੀਅਤਨਾਮ ਆਦਿ ਦੇ ਸਾਹਿਤ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਦੇਸ਼ਾਂ ਵਿਚ ਸਿਰਫ਼ ਚੀਨੀ ਲਿਪੀ ਨੂੰ ਹੀ ਨਹੀਂ ਅਪਨਾਇਆ ਗਿਆ, ਸਗੋਂ ਇਨ੍ਹਾਂ ਦੇਸ਼ਾਂ ਦੇ ਕਈ ਸਾਹਿਤਾਕਾਰਾਂ ਨੇ ਚੀਨੀ ਭਾਸ਼ਾ ਵਿਚ ਵੀ ਸਾਹਿਤ ਸਿਰਜਨਾ ਕੀਤੀ ਹੈ।

**ਮੁੱਢਲਾ ਸਾਹਿਤ**—ਪ੍ਰਾਚੀਨ ਚੀਨੀ ਲਿਖਤਾਂ ਦੇ ਨਮੂਨੇ ਹੱਡੀਆਂ ਅਤੇ ਕੱਛੂ ਦੇ ਖੋਲ ਉੱਤੇ ਉਕਰੇ ਹੋਏ ਮਿਲਦੇ ਹਨ। ਇਹ ਸ਼ੈਂਗ ਖ਼ਾਨਦਾਨ ਦੀਆਂ ਤਿੰਨ ਸਦੀਆਂ (ਲਗਭਗ 1400-1200 ਈ. ਪੂ) ਦੇ ਹਨ। ਇਨ੍ਹਾਂ ਵਿਚ ਰਾਜਧਾਨੀ ਵਿਖੇ ਕੀਤੇ ਜਾਂਦੇ ਦੈਵੀ ਕਰਮ-ਕਾਂਡਾਂ ਦਾ ਜ਼ਿਕਰ ਹੈ। ਇਸੇ ਕਾਲ ਦੇ ਅਖ਼ੀਰ ਵਿਚ ਪਿੱਤਲ ਦੇ ਭਾਂਡਿਆਂ ਤੇ ਉੱਕਰੀਆਂ ਲਿਖਤਾਂ ਵੀ ਮਿਲਦੀਆਂ ਹਨ। ਅਜਿਹੀਆਂ ਸਾਰੀਆਂ ਲਿਖਤਾਂ ਬੜੀਆਂ ਸੰਖੇਪ ਅਤੇ ਤੱਥਮਈ ਹਨ। ਇਨ੍ਹਾਂ ਨੂੰ ਸਾਹਿਤ ਨਹੀਂ ਆਖਿਆ ਜਾ ਸਕਦਾ ਪਰ ਸ਼ਬਦਾਵਲੀ ਪੱਖੋਂ ਇਹ ਵੱਡਮੁਲੀਆਂ ਹਨ।

**ਕਵਿਤਾ**—ਚੀਨੀ ਕਵਿਤਾ ਦਾ ਪਹਿਲਾ ਸੰਗ੍ਰਹਿ 'ਸ਼ੀਹ ਚਿੰਗ' ਹੈ। ਇਸ ਵਿਚ ਧਾਰਮਕ, ਦਰਬਾਰੀ ਤੇ ਲੋਕ ਗੀਤ ਹਨ। ਇਹ ਸੰਗ੍ਰਹਿ ਕਨਫਿਊਸ਼ੀਅਸ (551-479 ਈ. ਪੂ.) ਦੇ ਸਮੇਂ ਦਾ ਹੈ। ਇਸ ਦੇ 305 ਗੀਤ ਚਾਉ ਖ਼ਾਨਦਾਨ (ਲਗਭਗ 1122 ਈ. ਪੂ.) ਦੇ ਆਰੰਭ ਤੋਂ ਲੈ ਕੇ ਲਗਭਗ 585 ਈ: ਪੂ : ਤਕ ਮਿਤੀਵਾਰ ਰਖੇ ਗਏ ਹਨ। ਮੁੱਢ ਵਿਚ ਇਹ ਸੰਗੀਤ ਦੀ ਮਦਦ ਨਾਲ ਗਾਏ ਜਾਂਦੇ ਸਨ ਅਤੇ ਵਿਸ਼ੇਸ਼ ਕਰ ਕੇ ਕੁਝ ਧਾਰਮਕ ਗੀਤਾਂ ਨਾਲ ਤਾਂ ਨਾਚ ਵੀ ਕੀਤਾ ਜਾਂਦਾ ਸੀ। ਚੀਨੀ ਸਾਹਿਤ ਦੇ ਇਤਿਹਾਸ ਦੇ ਮਗਰਲੇ ਕਾਲ ਵਿਚ ਕਵਿਤਾ ਉੱਤੇ ਸੰਗੀਤ ਦਾ ਬੜਾ ਪ੍ਰਭਾਵ ਰਿਹਾ ਹੈ।

'ਸ਼ੀਹ ਚਿੰਗ' ਨੂੰ ਕਨਫਿਊਸ਼ੀਅਸ ਦੇ ਸਮੇਂ ਦੀਆਂ ਪੰਜ ਕਲਾਸਕੀ ਰਚਨਾਵਾਂ ਵਿਚ ਤੀਜੇ ਨੰਬਰ ਤੇ ਗਿਣਿਆ ਜਾਂਦਾ ਹੈ। ਬਾਕੀ ਚਾਰ 'ਆਈ ਚਿੰਗ' 'ਸ਼ੂ ਚਿੰਗ', 'ਲੀ ਚਿੰਗ' ਅਤੇ 'ਚੁਨ ਚਿਊ' ਹਨ। ਇਨ੍ਹਾਂ ਪੰਜਾਂ ਕਲਾਸਕੀ ਰਚਨਾਵਾਂ ਨੂੰ ਚੀਨੀ ਵਿਦਵਾਨ 136 ਈ. ਪੂ: ਤੋਂ ਬੜਾ ਸਤਿਕਾਰ ਦਿੰਦੇ ਆ ਰਹੇ ਹਨ।

'ਸ਼ੀਹ ਚਿੰਗ' ਵਿਚ ਵਧੇਰੇ ਕਰ ਕੇ ਗੀਤ ਹਨ। ਇਨ੍ਹਾਂ ਦਾ ਵਿਸ਼ਾ ਵਧੇਰੇ ਕਰਕੇ ਫ਼ੌਜੀ ਨੌਕਰੀ ਦੀਆਂ ਮੁਸ਼ਕਲਾਂ ਜਾਂ ਰੁੱਤੀ ਤਿਉਹਾਰ, ਖੇਤੀਬਾੜੀ ਜਾਂ ਪੇਂਡੂ ਨਜ਼ਾਰੇ, ਪਿਆਰ, ਖੇਡਾਂ, ਆਮ ਲੋਕਾਂ ਦੀਆਂ ਖੁਸ਼ੀਆਂ ਜਾਂ ਉਦਾਸੀਆਂ ਜਾਂ ਫਿਰ ਨਿੱਘਰ ਰਹੀ ਅਮੀਰਸ਼ਾਹੀ ਨਾਲ ਸਬੰਧਤ ਹੈ। ਇਨ੍ਹਾਂ ਦੀ ਭਾਸ਼ਾ ਲੋਕ ਭਾਸ਼ਾ ਦੇ ਨੇੜੇ ਦੀ ਹੈ। ਇਹ ਕਵਿਤਾਵਾਂ ਉੱਚੀ ਗਾਉਣ ਵਾਲੀਆਂ ਹਨ।

'ਸ਼ੀਹ ਚਿੰਗ' ਵਿਚ ਕੁਝ ਲੰਮੀਆਂ ਬਿਰਤਾਂਤਕ ਕਵਿਤਾਵਾਂ ਹਨ ਜਿਨ੍ਹਾਂ ਵਿਚ ਸ਼ਾਹੀ ਖ਼ਾਨਦਾਨ ਦੇ ਬਜ਼ੁਰਗਾਂ ਦੇ ਵੀਰਤਾ ਵਾਲੇ ਕਾਰਨਾਮੇ ਦਰਜ ਕੀਤੇ ਗਏ ਹਨ। ਇਨ੍ਹਾਂ ਨੂੰ ਕੁਝ ਹੱਦ ਤਕ ਮਹਾਂਕਾਵਿ ਆਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਵਰਣਿਤ ਘਟਨਾਵਾਂ 1000 ਸਾਲ ਤੋਂ ਵੀ ਵੱਧ ਸਮੇਂ ਨੂੰ ਸਿਰਫ਼ 402 ਸਤਰਾਂ ਵਿਚ ਹੀ ਸਮੇਟੀ ਬੈਠੀਆਂ ਹਨ। ਇਸ ਸੰਗ੍ਰਹਿ ਨੇ ਚੀਨੀ ਕਵਿਤਾ ਉੱਤੇ ਬੜਾ ਡੂੰਘਾ ਅਸਰ ਪਾਇਆ ਹੈ।

ਇਸ ਸਮੇਂ ਦੇ ਦੌਰਾਨ ਇਕ ਹੋਰ ਕਿਸਮ ਦੀ ਕਵਿਤਾ ਦੱਖਣ ਵਿਚ ਯੰਗਸੀ ਦਰਿਆ ਦੀ ਘਾਟੀ ਵਿਚ ਵਿਕਸਿਤ ਹੋਈ। ਇਸ ਲਈ ਇਸ ਦਾ ਨਾਂ ਵੀ 'ਚੂ ਜੂ' ਪੈ ਗਿਆ। ਇਸ ਦੇ ਆਰੰਭ ਬਾਰੇ ਕੁਝ ਪਤਾ ਨਹੀਂ ਕਿਉਂ ਜੋ ਮੁਢਲੀਆਂ ਕਵਿਤਾਵਾਂ ਚੀਨ ਦੇ ਸਭ ਤੋਂ ਪਹਿਲੇ ਕਵੀ ਚੂ ਯੂਵਾਨ (343-277 ਈ. ਪੂ.) ਦੀਆਂ ਪ੍ਰਤਿਭਾਸ਼ਾਲੀ ਰਚਨਾਵਾਂ ਸਾਹਮਣੇ ਧੁੰਦਲੀਆਂ ਪੈ ਗਈਆਂ। ਚੂ ਯੂਵਾਨ ਨਾਲ ਸਬੰਧਤ 25 ਮਰਸੀਆਂ ਵਿਚੋਂ 'LiSao' ਸਭ ਤੋਂ ਪ੍ਰਸਿੱਧ ਤੇ ਲੰਮਾ ਹੈ। ਇਹ ਇਕ ਰਾਜਨੀਤਕ-ਸ਼ਿੰਗਾਰਕ ਗੀਤ-ਕਾਵਿ ਹੈ, ਜਿਸ ਵਿਚ ਖ਼ੂਬਸੂਰਤ ਤਫ਼ਸੀਲ ਦੁਆਰਾ ਕਵੀ ਦੀ

ਨਿਰਾਸ਼ਾ ਨੂੰ ਉਜਾਗਰ ਕੀਤਾ ਗਿਆ ਹੈ। ਚੂ ਯੂਵਾਨ ਨੇ ਮਾਇਲੋ ਦਰਿਆ ਵਿਚ ਡੁੱਬ ਕੇ ਆਤਮਘਾਤ ਕਰ ਲਿਆ ਸੀ। ਇਸ ਕਵੀ ਦਾ ਚੀਨੀ ਸਾਹਿਤ ਉੱਤੇ ਬਹੁਤ ਡੂੰਘਾ ਪ੍ਰਭਾਵ ਹੈ।

**ਵਾਰਤਕ**—6ਵੀਂ ਸਦੀ ਈ. ਪੂ. ਵਿਚ ਫਿਲਾਸਫ਼ਰਾਂ ਦੀ ਉੱਨਤੀ ਦੇ ਸਮੇਂ ਤੋਂ ਪਹਿਲਾਂ ਦੀਆਂ ਬਹੁਤ ਸਾਰੀਆਂ ਸੰਖੇਪ ਵਾਰਤਕ ਲਿਖਤਾਂ ਦੇ ਹਵਾਲੇ ਮਿਲਦੇ ਹਨ ਪਰ ਇਨ੍ਹਾਂ ਵਿਚੋਂ ਸਿਰਫ਼ ਦੋ ਸੰਗ੍ਰਹਿ 'ਸ਼ੂ ਚਿੰਗ' (ਵੱਖਰੀ ਵੱਖਰੀ ਕਿਸਮ ਦੇ ਦਸਤਾਵੇਜ਼) ਅਤੇ 'ਯੀ' ਜਾਂ 'ਆਈ ਚਿੰਗ' (ਕਿਸਮਤ ਦੱਸਣ ਸਬੰਧੀ ਮੈਨੂਅਲ) ਹੀ ਉਪਲੱਬਧ ਹਨ। ਇਹ ਸਾਹਿਤਕ ਕਿਰਤਾਂ ਨਹੀਂ ਹਨ ਪਰ ਇਨ੍ਹਾਂ ਨੇ 2000 ਸਾਲਾਂ ਤੋਂ ਵੱਧ ਸਮੇਂ ਤੋਂ ਚੀਨੀ ਲੇਖਕਾਂ ਨੂੰ ਪ੍ਰਭਾਵਿਤ ਕੀਤਾ ਹੈ।

ਮੁੱਢਲੀਆਂ ਵਿਅਕਤੀਗਤ ਰਚਨਾਵਾਂ ਵਿਚ ਲਾਓ ਜ਼ੂ ਦੀ 'ਲਾਓ-ਜ਼ੂ ਜਾਂ 'ਤਾਓ ਤੇ-ਚਿੰਗ' ਅਤੇ 'ਕਨਫਿਊਸ਼ੀਅਸ ਦੀ ਐਨਾਲੈਕਟਸ' (ਲੁਨ ਯੁ) ਸ਼ਾਮਲ ਹਨ। ਲਾਓ-ਜ਼ੂ ਬਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਉਹ ਸ਼ਾਇਦ ਸਮਕਾਲੀ ਹੋਵੇ। ਇਨ੍ਹਾਂ ਦੋਹਾਂ ਫਿਲਾਸਫ਼ਰਾਂ ਦੇ ਵਿਚਾਰਾਂ ਨੂੰ ਉਨ੍ਹਾਂ ਦੇ ਚੇਲਿਆਂ ਨੇ ਸੰਖੇਪ ਰੂਪ ਵਿਚ ਲਿਖਿਆ ਹੈ। ਇਸ ਤਰ੍ਹਾਂ 'ਲਾਓ-ਜ਼ੂ' ਵਿਚ ਲਾਓ ਜ਼ੂ ਦੇ ਉਪਦੇਸ਼ਾਂ ਨੂੰ ਸੰਖੇਪ ਰੂਪ ਵਿਚ ਕਵਿਤਾ ਤੇ ਵਾਰਤਕ ਵਿਚ ਅੰਕਿਤ ਕੀਤਾ ਗਿਆ ਹੈ। ਇਵੇਂ ਹੀ 'ਐਨਾਲੈਕਟਸ' ਵਿਚ ਕਨਫਿਊਸ਼ੀਅਸ ਦੇ ਬਚਨ ਅੰਕਿਤ ਹਨ ਜੋ ਉਸ ਨੇ ਪ੍ਰਸ਼ਨਾਂ ਦੇ ਉੱਤਰਾਂ ਦੀ ਸ਼ਕਲ ਵਿਚ ਜਾਂ ਗੋਸ਼ਟਾਂ ਵਿਚ ਉਚਾਰੇ ਸਨ। ਲੇਖਣ-ਸਮਗਰੀ ਮਹਿੰਗੀ ਸੀ ਤੇ ਜਲਦੀ ਉਪਲਬਧ ਨਹੀਂ ਹੋ ਸਕਦੀ ਸੀ, ਇਸ ਲਈ ਸੰਖੇਪ ਵਿਚ ਹੀ ਸੰਤਾਂ ਦੇ ਬਚਨ ਅੰਕਿਤ ਕਰ ਲਏ ਜਾਂਦੇ ਸਨ ਅਤੇ ਵਾਰਤਾਲਾਪ ਦੇ ਪੂਰੇ ਵੇਰਵੇ ਛੱਡ ਦਿੱਤੇ ਜਾਂਦੇ ਸਨ, ਜਿਸ ਕਰ ਕੇ ਸਿਆਣਪ ਭਰੇ ਕਥਨ ਬੱਝਵੇਂ ਰੂਪ ਵਿਚ ਨਹੀਂ ਜਾਪਦੇ।

400 ਈ. ਪੂ. ਤਕ ਲੇਖਣ-ਸਮਗਰੀ ਵਿਚ ਸੁਧਾਰ ਹੋ ਗਿਆ ਸੀ, ਜਿਸ ਕਾਰਨ ਵਾਰਤਕ ਸ਼ੈਲੀ ਵਿਚ ਪਰਿਵਰਤਨ ਹੋਇਆ। ਗੋਸ਼ਟਾਂ ਨੂੰ ਵਿਸਤ੍ਰਿਤ ਰੂਪ ਵਿਚ ਲਿਖਿਆ ਜਾਣ ਲੱਗਾ। ਵਿਚਾਰ- ਵਟਾਂਦਰੇ ਵਿਚ ਕਹਾਣੀਆਂ, ਚੁਟਕਲੇ, ਉਦੇਸ਼ਾਤਮਕ ਕਥਾਵਾਂ ਆਦਿ ਲਿਖੀਆਂ ਜਾਣ ਲੱਗੀਆਂ। ਇਸ ਦੇ ਫਲਸਰੂਪ ਮੈਨਸੀਅਸ ਦੀ ਸਿਖਿਆ 'ਮੇਗ ਜ਼ੂ' ਕਨਫਿਊਸ਼ੀਅਸ ਦੀ 'ਐਨਾਲੈਕਟਸ' ਨਾਲੋਂ ਤਿੰਨ ਗੁਣਾਂ ਵੱਡੀ ਅਤੇ ਸਿਲਸਿਲੇਵਾਰ ਹੈ ਪਰ ਅਸਲੀ ਵਿਕਸਿਤ ਨਿਬੰਧ ਦੀ ਪਹਿਲੀ ਉਦਾਹਰਣ ਮੋ ਤੀ ਜਾਂ ਮੋ ਜ਼ੂ ਦੀ ਲਿਖੀ ਹੋਈ 'ਮੋ-ਜ਼ੂ' ਹੈ। ਮਗਰੋਂ ਹਸੁਨ-ਜ਼ੂ ਅਤੇ ਉਸ ਦੇ ਚੇਲੇ ਹਾਨ ਫਈ-ਜ਼ੂ ਵਰਗੇ ਫਿਲਾਸਫ਼ਰ ਨਿਬੰਧਕਾਰਾਂ ਨੇ ਵਾਰਤਕ ਸ਼ੈਲੀ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ। ਵਾਰਤਕ ਦੇ ਵਿਕਾਸ ਦਾ ਸਿਖਰ 'ਲੁ-ਸ਼ੀਹ-ਚੁਨ ਚਿਊ' (ਲ ਦੀ ਬਹਾਰ ਅਤੇ ਪਤਝੜ) ਪੁਸਤਕ ਨਾਲ ਹੁੰਦਾ ਹੈ ਜੋ ਲੂ ਪੂ-ਵੇਈ (290-235 ਈ. ਪੂ.) ਦੇ ਨਿਰਦੇਸ਼ ਅਨੁਸਾਰ 240 ਈ. ਪੂ. ਵਿਚ ਸੰਪੂਰਨ ਹੋਈ। ਇਸ ਵਿਚ 60 ਨਿਬੰਧ 26 ਭਾਗਾਂ ਵਿਚ ਵੰਡੇ ਹੋਏ ਹਨ। ਇਸ ਵਿਚ ਕਈ ਦਾਰਸ਼ਨਿਕ ਸੰਪ੍ਰਦਾਵਾਂ ਦੇ ਵਿਚਾਰ ਸੰਖੇਪ ਵਿਚ ਅੰਕਿਤ ਕੀਤੇ ਗਏ ਹਨ ਅਤੇ ਨਾਲ ਹੀ ਚੀਨ ਦੇ ਵੱਖ-ਵੱਖ ਇਲਾਕਿਆਂ ਦੇ ਲੋਕ ਸਾਹਿਤ ਨੂੰ ਸੰਕਲਨ ਕੀਤਾ ਗਿਆ ਹੈ।

### 'ਚ ਇਨ ਅਤੇ ਹਾਨ ਰਾਜ-ਘਰਾਣੇ

**ਕਵਿਤਾ**—'ਚ' ਇਨ ਖ਼ਾਨਦਾਨ (221-207 ਈ. ਪੂ.) ਦੇ ਰਾਜ ਵਿਚ ਅਤੇ ਮਗਰੋਂ ਹਾਨ ਦੇ ਰਾਜ ਵਿਚ ਸਾਹਿਤਕ ਸਰਗਰਮੀਆਂ ਨਵੀਆਂ ਦਿਸ਼ਾਵਾਂ ਵੱਲ ਪ੍ਰਵਿਰਤ ਹੋਈਆਂ। ਜਗੀਰਦਾਰੀ ਦਰਬਾਰਾਂ ਵਿਚ ਫੂ ਕਾਵਿ ਰੂਪ ਵਿਕਸਿਤ ਹੋਣਾ ਸ਼ੁਰੂ ਹੋਇਆ ਜੋ ਲੰਮੀ ਬਿਰਤਾਂਤਿਕ ਕਵਿਤਾ ਸੀ। ਇਸ ਵਿਚ ਮਨੋਰੰਜਨ ਰੰਗ ਵਾਲੀਆਂ ਕਵਿਤਾਵਾਂ ਲਿਖੀਆਂ ਜਾਂਦੀਆਂ ਸਨ ਅਤੇ ਇਨ੍ਹਾਂ ਵਿਚ ਨਵੇਂ ਰਾਜ ਦੇ ਗੁਣ ਵੀ ਗਾਏ ਜਾਂਦੇ ਸਨ। ਇਨ੍ਹਾਂ ਵਿਚ ਰਾਜਧਾਨੀਆਂ ਦੀ ਸ਼ਾਨ-ਸ਼ੌਕਤ ਵੀ ਪੇਸ਼ ਕੀਤੀ ਗਈ ਮਿਲਦੀ ਹੈ। ਲਿਖਣ ਵਾਲੇ ਕਵੀਆਂ ਵਿਚ ਮੇਈਂ ਸ਼ੇਗ (200-140 ਈ. ਪੂ.) ਸਸੂ-ਮਾ ਹਸਿਆਂਗ-ਜ਼ੂ (179-118 ਈ. ਪੂ.) ਤੇ ਯਾਂਗ ਹਸਿਉਗ (53 ਈ. ਪੂ. -18 ਈ.ਪੂ.) ਸ਼ਾਮਲ ਹਨ। 'ਫੂ' ਕਾਵਿ ਰੂਪ ਵਿਚ ਲਗਭਗ ਇਕ ਹਜ਼ਾਰ ਕਵਿਤਾਵਾਂ ਉਪਲੱਬਧ ਹਨ।

ਹਾਨ ਸਰਕਾਰ ਨੇ 125 ਈ. ਪੂ. ਵਿਚ ਸੰਗੀਤ ਬਿਓਰੋ ਨੂੰ ਮੁੜ ਸੁਰਜੀਤ ਕੀਤਾ, ਜਿਹੜੀ ਕਿ ਲਗਭਗ ਇਕ ਸਦੀ ਪਹਿਲਾਂ ਹੋਂਦ ਵਿਚ ਆਈ ਸੀ। ਇਸ ਨਾਲ ਸਾਹਿਤ ਸਿਰਜਣਾ ਨੂੰ ਹੁਲਾਰਾ ਮਿਲਿਆ। ਇਸ ਵਿਭਾਗ ਨੇ ਧਾਰਮਿਕ ਤੇ ਦਰਬਾਰੀ ਗੀਤਾਂ ਤੋਂ ਇਲਾਵਾ, ਬਹੁਤ ਸਾਰੇ ਲੋਕ-ਪ੍ਰਿਅ ਗੀਤ ਵੀ ਸੁਰੱਖਿਅਤ ਕੀਤੇ ਜੋ ਆਮ ਲੋਕ ਗਾਉਂਦੇ ਸਨ। ਇਸ ਕਾਵਿ ਦੀ ਕਿਸਮ ਨੂੰ ਬਿਓਰੋ ਦੇ ਨਾਂ ਤੇ 'Yueh fu' ਆਖਿਆ ਜਾਂਦਾ ਹੈ। ਇਸ ਵਿਚ ਗੀਤਾਂ ਤੋਂ ਇਲਾਵਾ, ਕਥਾ ਕਾਵਿ ਵੀ ਹਨ।

**ਵਾਰਤਕ**—ਗੱਦ ਸਾਹਿਤ ਦਾ ਵੀ ਹੋਰ ਵਿਕਾਸ ਹੋਇਆ। ਰਾਜਨੀਤਿਕ ਤੇ ਦਾਰਸ਼ਨਿਕ ਸਾਹਿਤ ਤੋਂ ਇਲਾਵਾ, ਹਾਨ ਰਾਜ ਕਾਲ ਵਿਚ ਯਾਦਗਾਰੀ ਇਤਿਹਾਸਕ ਰਚਨਾ ਰਚੀ ਗਈ। ਇਨ੍ਹਾਂ ਵਿਚੋਂ ਸਸੂ ਮਾ ਚੀਨ ਦਾ ਸ਼ਾਹਕਾਰ 'ਸ਼ੀਹ ਚੀ' ਪ੍ਰਸਿੱਧ ਹੈ। ਇਸ ਨੂੰ ਲਿਖਣ ਲਈ 18 ਸਾਲ ਲੱਗੇ। ਇਸ ਵਿਚ 2000 ਸਾਲਾਂ ਤੋਂ ਲੈ ਕੇ ਲੇਖਕ ਦੇ ਸਮੇਂ ਤਕ ਉੱਘੀਆਂ ਘਟਨਾਵਾਂ ਤੇ ਉੱਘੇ ਵਿਅਕਤੀਆਂ ਦੇ ਹਾਲ ਦਰਜ ਹਨ। ਇਸ ਦੇ 130 ਅਧਿਆਇ ਹਨ। ਇਸ ਤੋਂ ਬਾਅਦ ਕਵੀ-ਇਤਿਹਾਸਕਾਰ-ਸਿਪਾਹੀ ਪਾਨ ਕੂ ਨੇ 'ਹਾਨ ਸ਼ੂ' ਨਾਂ ਦਾ ਵੀ ਵੱਡ-ਆਕਾਰੀ ਇਤਿਹਾਸਕ ਗ੍ਰੰਥ ਲਿਖਿਆ।

**ਸੂਈ ਕਾਲ ਦੇ ਛੇ ਖ਼ਾਨਦਾਨ**—ਹਾਨ ਖ਼ਾਨਦਾਨ ਦੇ ਪਤਨ ਮਗਰੋਂ ਰਾਜਨੀਤਿਕ ਵੰਡ ਦਾ ਸਮਾਂ (221-589 ਈ.) ਕਾਫ਼ੀ ਲੰਮਾ ਹੈ। ਸਮਾਜਿਕ ਤੇ ਰਾਜਨੀਤਿਕ ਰੌਲੇ-ਰੱਪੇ ਅਤੇ ਫ਼ੌਜੀ ਨੁਕਸਾਨ ਦੇ ਹੁੰਦਿਆਂ ਵੀ ਸਭਿਆਚਾਰਕ ਵਿਕਾਸ ਹੁੰਦਾ ਰਿਹਾ। ਸਾਹਿਤ ਤੇ ਕਈ ਕਿਸਮ ਦੇ ਪ੍ਰਭਾਵ ਪਏ। ਇਨ੍ਹਾਂ ਵਿਚੋਂ ਬੁੱਧ ਧਰਮ ਦਾ ਪ੍ਰਭਾਵ, ਉੱਤਰੀ ਕਬੀਲਿਆਂ ਦੇ ਹਮਲੇ ਅਤੇ ਦੱਖਣੀ ਤੇ ਉੱਤਰੀ ਭਾਗਾਂ ਵਿਚ ਰਾਜਨੀਤਿਕ ਵੰਡ ਕਾਫ਼ੀ ਮਹੱਤਵਪੂਰਨ ਹਨ। ਇਨ੍ਹਾਂ ਕਾਰਨ ਸਭਿਆਚਾਰਕ ਵਖਰੇਵੇਂ ਵਧਦੇ ਗਏ।

**ਕਵਿਤਾ**—ਉੱਤਰੀ ਤੇ ਦੱਖਣੀ ਦੋਹਾਂ ਖੇਤਰਾਂ ਵਿਚ ਲੋਕ-ਗੀਤ ਖ਼ੂਬ ਵਿਕਸਿਤ ਹੋਏ। ਇਨ੍ਹਾਂ ਗੀਤਾਂ ਨੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ। ਉੱਤਰ ਦੇ ਮਿਆਰੀ ਗੀਤਾਂ ਵਿਚ ਬਹਾਦਰੀ ਪ੍ਰਧਾਨ ਹੈ ਜਿਵੇਂ 'ਮੂ ਲਾਨ' ਕਥਾ-ਕਾਵਿ ਵਿਚ ਉਸ ਕੁੜੀ ਦੀ ਗਾਥਾ ਹੈ ਜੋ ਭੇਸ ਬਦਲ ਕੇ ਰਣਖੇਤਰ ਵਿਚ ਆਪਣੇ ਜੌਹਰ ਵਿਖਾਉਂਦੀ ਹੈ। ਸਾਹਿਤਕ ਕਵਿਤਾ ਲਿਖਣ ਵਾਲੇ ਕਵੀਆਂ ਦੀ ਗਿਣਤੀ ਵਿਚ ਵਾਧਾ ਹੋਇਆ। ਇਨ੍ਹਾਂ ਵਿਚੋਂ ਦੋ ਕਵੀ ਵਿਸ਼ੇਸ਼ ਧਿਆਨ ਮੰਗਦੇ ਹਨ। ਤਸਾਓ ਚੀਹ (192-232) ਅਤੇ ਤਾਓ-ਚ ਇਨ (365-427) ਚੀਨ ਦੇ ਮੁੱਖ ਕਵੀਆਂ ਵਿਚੋਂ ਹਨ। ਇਨ੍ਹਾਂ ਕਵੀਆਂ ਨੇ ਭਾਵੇਂ ਹੋਰ ਕਈ ਕਾਵਿ ਰੂਪਾਂ ਤੇ ਕਲਮ ਚਲਾਈ ਪਰ ਇਨ੍ਹਾਂ ਦੇ ਗੀਤ ਅਤਿਅੰਤ ਮਹੱਤਵਪੂਰਨ ਹਨ।

**ਵਾਰਤਕ**—ਇਸ ਕਾਲ ਵਿਚ ਲੇਖਕਾਂ ਨੇ ਆਤਮ-ਅਭਿਵਿਅਕਤੀ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ। ਇਸ ਕਾਲ ਦੇ ਕਵੀ ਤੇ ਆਲੋਚਕ ਲੁ ਚੀ (261-303) ਨੇ ਮੌਲਿਕ ਰਚਨਾਵਾਂ ਦੇ ਮਹੱਤਵ ਤੇ ਜ਼ੋਰ ਦਿੱਤਾ ਤੇ ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਨਕਲ ਕਰਨ ਦੀ ਪ੍ਰਚਲਤ ਰਵਾਇਤ ਨੂੰ ਖ਼ੂਬ ਭੰਡਿਆ। ਤਾਓਵਾਦੀ ਫ਼ਿਲਾਸਫ਼ਰ 'ਕੋ ਹੁੰਗ'

(254-334) ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਨੈਤਿਕ ਪੂਰਨਤਾ ਦੇ ਨਾਲ-ਨਾਲ ਤਕਨੀਕ ਦੀ ਵੀ ਕੋਈ ਘੱਟ ਮਹੱਤਤਾ ਨਹੀਂ। ਇਸ ਕਾਲ ਦੀ ਪ੍ਰਸਿੱਧ ਰਚਨਾ 'ਸ਼ੀਹ ਸ਼ੁਓ' ਵਿਚ ਲੀਉ ਈ-ਚਿੰਗ (403-444 ਈ.) ਦੀਆਂ ਸੰਗ੍ਰਹਿ ਕੀਤੀਆਂ ਹੋਈਆਂ ਕਥਾ-ਵਾਰਤਾਵਾਂ ਅੰਕਿਤ ਕੀਤੀਆਂ ਗਈਆਂ ਹਨ।

ਭਾਰਤੀ ਬੋਧੀ ਸਾਹਿਤ ਦੇ ਚੀਨੀ ਭਾਸ਼ਾ ਵਿਚ ਕੀਤੇ ਗਏ ਬੇਸ਼ੁਮਾਰ ਅਨੁਵਾਦਾਂ ਨੇ ਵੀ ਚੀਨੀ ਸਾਹਿਤ ਨੂੰ ਪ੍ਰਭਾਵਿਤ ਕੀਤਾ। ਵਾਰਤਕ ਕਾਵਿ-ਮਈ ਢੰਗ ਦੀ ਵੀ ਲਿਖੀ ਜਾਂਦੀ ਰਹੀ ਪਰ ਨਵੀਂ ਪ੍ਰਕਾਰ ਦੀ ਵਾਰਤਕ ਧਾਰਮਿਕ ਵਾਦ-ਵਿਵਾਦ ਤੇ ਦਾਰਸ਼ਨਿਕ ਝਗੜਿਆਂ ਨਾਲ ਸੰਬੰਧਤ ਗ੍ਰੰਥਾਂ ਵਿਚ ਦੇਖੀ ਜਾ ਸਕਦੀ ਹੈ। ਇਸ ਵਾਰਤਕ ਨੂੰ ਸਮਾਨਾਂਤਰ ਵਾਰਤਕ ਆਖਿਆ ਜਾਂਦਾ ਸੀ। 6ਵੀਂ ਸਦੀ ਦੇ ਦੋ ਪ੍ਰਸਿੱਧ ਲੇਖਕ ਯਾਂਗ ਹਸੀਐਨ-ਚੀਹ (ਕਰਤਾ 'ਲੋਯਾਂਗ ਚੀਆ-ਲਾਨ ਚੀ) ਅਤੇ ਲੀ ਤਾਓ-ਯੁਆਨ (ਕਰਤਾ ਸੂਈ ਚਿੰਗ ਚੂ') ਪ੍ਰਸਿੱਧ ਹਨ।

**ਤਾਂਗ ਖ਼ਾਨਦਾਨ**—ਤਾਂਗ ਖ਼ਾਨਦਾਨ (618-806 ਈ.) ਦੇ ਰਾਜ ਦੌਰਾਨ ਕਾਫ਼ੀ ਸਾਹਿਤ ਸਿਰਜਣਾ ਹੋਈ ਜਿਸ ਕਾਰਨ ਇਸ ਨੂੰ ਚੀਨੀ ਸਾਹਿਤ ਦਾ ਸੁਨਹਿਰੀ ਕਾਲ ਆਖਿਆ ਗਿਆ ਹੈ।

**ਕਵਿਤਾ**—ਇਸ ਕਾਲ ਵਿਚ ਕਵਿਤਾ ਦੇ ਹਰ ਰੂਪ ਨੇ ਬਹੁਤ ਤਰੱਕੀ ਕੀਤੀ। ਇਸ ਕਾਲ ਵਿਚ ਲੂ-ਸ਼ੀਹ ਕਾਵਿ ਰੂਪ ਨੂੰ ਤਰਜੀਹ ਦਿੱਤੀ ਜਾਂਦੀ ਸੀ। ਸ਼ੇਨ ਚੁਆਨ-ਚੀ ਕਵੀ ਨੇ ਇਸ ਕਾਵਿ ਰੂਪ ਨੂੰ ਅਪਣਾਇਆ। ਇਕ ਹੋਰ ਕਾਵਿ ਰੂਪ 'ਚੂਐਹ-ਚੂ' ਸੀ ਜਿਸ ਨੂੰ ਲੀ ਪੋ ਨੇ ਅਪਣਾਇਆ, ਕੁਝ ਕਵੀਆਂ ਨੇ ਕੂ-ਸ਼ੀਹ ਕਾਵਿ ਰੂਪ ਨੂੰ ਅਪਣਾਇਆ। ਇਸ ਵਿਚ ਛੰਦਾ-ਬੰਦੀ ਦੇ ਕਰੜੇ ਨਿਯਮਾਂ ਦੇ ਵਿਚ ਰਹਿ ਕੇ ਜਾਂ ਉਨ੍ਹਾਂ ਤੋਂ ਸੇਧ ਲੈ ਕੇ ਆਪਣੇ ਵਿਚਾਰ ਵਿਅਕਤ ਕੀਤੇ ਜਾ ਸਕਦੇ ਹਨ।

ਤਾਂਗ ਕਾਲ ਦੇ 200 ਤੋਂ ਵੱਧ ਕਵੀਆਂ ਦੀਆਂ ਰਚਨਾਵਾਂ ਸੁਰੱਖਿਅਤ ਹਨ। ਇਨ੍ਹਾਂ ਵਿਚੋਂ ਮੇਂਗ ਹਾਓ-ਜਾਨ (691-740 ਈ.) ਵਾਂਗ ਵੇਈ (699-759 ਈ.) ਲੀ ਪੋ ਅਤੇ ਤੂ ਫੂ ਬਹੁਤ ਪ੍ਰਸਿੱਧ ਹਨ। ਲੀ ਪੋ ਨੇ ਪਲਾਇਨਵਾਦੀ ਰਾਹ ਅਪਣਾ ਕੇ ਸ਼ਰਾਬ ਤੇ ਦੋਸਤੀ ਦੇ ਤਰਾਨੇ ਗਾਏ। ਤੂ ਫੂ ਨੇ ਆਪਣੀਆਂ ਰਚਨਾਵਾਂ ਵਿਚ ਰਾਜਨੀਤਿਕ ਤੇ ਸਮਾਜਿਕ ਵਿਚਾਰ ਪੇਸ਼ ਕਰਕੇ ਅਨਿਆਂ ਵਿਰੁੱਧ ਆਵਾਜ਼ ਉਠਾਈ। ਇਸ ਨੇ ਕਾਵਿ ਦੇ ਕਲਾ ਪੱਖ ਵੱਲੋਂ ਵੀ ਉੱਤਮ ਕਵਿਤਾਵਾਂ ਲਿਖੀਆਂ। ਇਸ ਨੂੰ ਆਪਣੇ ਜੀਵਨ ਕਾਲ ਵਿਚ ਪ੍ਰਸਿੱਧੀ ਪ੍ਰਾਪਤ ਨਹੀਂ ਹੋਈ ਪਰ ਇਹ ਹਮੇਸ਼ਾ ਪ੍ਰਸੰਨ ਰਿਹਾ। ਇਸ ਦਾ ਪ੍ਰਸ਼ੰਸਕ ਕਵੀ ਤੇ ਇਤਿਹਾਸਕਾਰ ਪੋ ਚੁ-ਈ ਸੀ। ਉਸ ਨੂੰ ਵੀ ਸਮਾਜਕ ਸਮੱਸਿਆਵਾਂ ਨਾਲ ਬਹੁਤ ਲਗਾਉ ਸੀ। ਉਸ ਨੇ ਆਪ ਵੀ ਲੋਕ-ਗੀਤ ਕਿਸਮ ਦੀਆਂ ਕਵਿਤਾਵਾਂ ਲਿਖੀਆਂ।

**ਵਾਰਤਕ**—ਇਸ ਕਾਲ ਵਿਚ ਵਾਰਤਕ ਵਿਚ ਮੁੱਖ ਸੁਧਾਰ ਲਿਆਉਣ ਵਾਲਾ ਲੇਖਕ ਹਾਨ-ਯੂ ਸੀ ਜਿਸ ਨੇ ਲਗਭਗ ਇਕ ਹਜ਼ਾਰ ਸਾਲ ਤੋਂ ਪ੍ਰਚਲਿਤ ਬਨਾਵਟੀ ਸਮਾਨਾਂਤਰ ਵਾਰਤਕ ਸ਼ੈਲੀ ਦਾ ਡੱਟ ਕੇ ਵਿਰੋਧ ਕੀਤਾ। ਉਸ ਨੇ ਚਾਉ ਫ਼ਿਲਾਸਫ਼ਰਾਂ ਤੇ ਮੁੱਢਲੇ ਹਾਨ ਸਾਹਿਤਕਾਰਾਂ ਨੂੰ ਨਮੂਨਾ ਬਣਾ ਕੇ ਲਿਖਣ ਦੀ ਵਕਾਲਤ ਕੀਤੀ। ਇਸ ਦੇ ਸਿੱਟੇ ਵਜੋਂ ਲਿਉ ਤਸੁੰਗ-ਯੂਵਾਨ (773-819 ਈ.) ਨੇ ਜੋ ਹਾਨ ਯੂ ਦਾ ਸਹਿਯੋਗੀ ਸੀ, ਇਸ ਕਾਲ ਵਿਚ ਵਧੀਆ ਵਾਰਤਕ ਰਚਨਾ ਪੇਸ਼ ਕੀਤੀ।

**ਤਜ਼ੂ (Tzu) ਦਾ ਵਿਕਾਸ**—ਇਸ ਕਾਲ ਦੇ ਅਖ਼ੀਰ ਵਿਚ ਲੋਕ ਸਾਹਿਤ ਵਿਚ ਵੀ ਨਵੇਂ ਰੂਪ ਹੋਂਦ ਵਿਚ ਆਏ। ਇਨ੍ਹਾਂ ਵਿਚੋਂ ਧਿਆਨ ਯੋਗ ਸਾਹਿਤ ਰੂਪ ਸਮਾਨਾਂਤਰ ਵਾਰਤਕ ਸੀ ਜਿਸ ਨੂੰ ਬੁੱਧ ਦੀ ਜੀਵਨ ਗਾਥਾ ਨੂੰ ਗੱਦ-ਪਦ ਦੋਹਾਂ ਰੂਪਾਂ ਵਿਚ ਲਿਖਣ ਲਈ ਵਰਤਿਆ ਜਾਂਦਾ ਸੀ ਅਤੇ ਬਾਅਦ ਵਿਚ ਗ਼ੈਰ-ਬੋਧੀ ਕਹਾਣੀਆਂ ਤੇ ਚੀਨੀ ਇਤਿਹਾਸ ਅਤੇ ਲੋਕ ਸਾਹਿਤ ਵੀ ਇਸ ਵਿਚ ਲਿਖਿਆ ਜਾਣ ਲੱਗਾ। ਇਸ ਸਾਹਿਤ ਰੂਪ ਨੂੰ ਤਜ਼ੂ ਆਖਿਆ ਜਾਣ ਲੱਗਾ। ਇਸ ਨੂੰ ਜਨ-ਸਾਧਾਰਣ ਗਾਉਂਦੇ ਸਨ ਤੇ ਬਾਅਦ ਵਿਚ ਇਸ ਨੇ ਕਵੀਆਂ ਦਾ ਧਿਆਨ ਆਪਣੇ ਵੱਲ ਖਿਚਿਆ। ਇਸ ਕਾਲ ਦੇ ਤਜ਼ੂ ਕਵੀਆਂ ਵਿਚੋਂ ਲੀ ਯੂ (937-978 ਈ.) ਸਭ ਤੋਂ ਮਹਾਨ ਸੀ।

**ਸੁੰਗ ਖ਼ਾਨਦਾਨ**—ਇਸ ਖ਼ਾਨਦਾਨ ਦੇ ਸਮੇਂ (960-1229 ਈ.) ਸਭਿਆਚਾਰਕ ਵਿਕਾਸ ਹੋਇਆ ਅਤੇ ਮਿਲਟਰੀ ਪੱਖੋਂ ਕਮਜ਼ੋਰੀਆਂ ਆਈਆਂ। ਇਸ ਕਾਲ ਵਿਚ ਕਾਫ਼ੀ ਸਾਰਾ ਸਾਹਿਤ ਲਿਖਿਆ ਗਿਆ, ਕਿਉਂਕਿ ਅੱਠਵੀਂ ਸਦੀ ਵਿਚ ਛਪਾਈ ਵਿਚ ਸੁਧਾਰ ਹੋਇਆ ਅਤੇ 1044 ਮਗਰੋਂ ਸਾਰੀ ਸਲਤਨਤ ਵਿਚ ਸਰਕਾਰੀ ਸਕੂਲ ਖੋਲ੍ਹੇ ਗਏ। ਹਰ ਕਾਵਿ ਰੂਪ ਵਿਚ ਢੇਰ ਸਾਰੀ ਰਚਨਾ ਹੁੰਦੀ ਰਹੀ। ਤਾਂਗ ਖ਼ਾਨਦਾਨ ਸਮੇਂ ਆਰੰਭ ਹੋਈਆਂ ਕਈ ਪ੍ਰਵਿਰਤੀਆਂ ਨੂੰ ਅੱਗੇ ਤੋਰਿਆ ਗਿਆ।

**ਵਾਰਤਕ**—ਵਾਰਤਕ ਖੇਤਰ ਵਿਚ ਹਾਨ ਯੂ ਵੱਲੋਂ ਕੂ-ਵੇਨ (Ku-wen) ਨਾਂ ਦੀ ਪ੍ਰਾਚੀਨ ਸ਼ੈਲੀ ਵਿਚ ਲਿਆਂਦੇ ਗਏ ਸੁਧਾਰਾਂ ਉੱਤੇ ਹੋਰ ਜ਼ੋਰ ਦੇ ਕੇ ਆਊ-ਯਾਂਗ ਹਸੀਯੂ (1007-72 ਈ.) ਅਤੇ ਸੂ ਤੁੰਗ-ਪੋ ਵਰਗੇ ਲੇਖਕਾਂ ਨੇ ਖ਼ੂਬ ਰਚਨਾ ਕੀਤੀ। ਇਸ ਸ਼ੈਲੀ ਦਾ ਅਨੁਸਰਣ ਸਸੂ-ਮਾ ਕੁਆਂਗ (1019-1086 ਈ.) ਅਤੇ ਚੂ ਹਸੀ ਆਦਿ ਵਿਦਵਾਨਾਂ ਨੇ ਵੀ ਕੀਤਾ।

**ਸ਼ੀਹ ਕਵਿਤਾ**—ਸ਼ੀਹ ਨਾਂ ਦੀ ਰੂੜ੍ਹੀਵਾਦੀ ਕਵਿਤਾ ਵੀ ਇਸ ਕਾਲ ਵਿਚ ਲਿਖੀ ਜਾਂਦੀ ਰਹੀ। ਇਸ ਸੁੰਗ ਖ਼ਾਨਦਾਨ ਦੇ ਸ਼ੀਹ ਕਵੀਆਂ ਵਿਚੋਂ ਲੂ ਯੂ (1125-1210 ਈ.) ਸਭ ਤੋਂ ਉੱਤਮ ਕਵੀ ਸੀ। ਉਸ ਨੇ 20,000 ਤੋਂ ਵੱਧ ਕਵਿਤਾਵਾਂ ਲਿਖੀਆਂ, ਜਿਨ੍ਹਾਂ ਵਿਚ 9,200 ਸੁਰੱਖਿਅਤ ਹਨ।

**ਤਜ਼ੂ ਕਵਿਤਾ**—ਇਸ ਕਾਲ ਵਿਚ ਤਜ਼ੂ ਕਾਵਿ ਰੂਪ ਬਹੁਤ ਪ੍ਰਸਿੱਧ ਹੋਇਆ। ਇਸ ਕਾਵਿ ਰੂਪ ਦੇ ਗੀਤਾਂ ਨੂੰ ਪਹਿਲਾਂ ਇਸਤਰੀਆਂ ਗਾਉਂਦੀਆਂ ਸਨ, ਜਿਨ੍ਹਾਂ ਤੋਂ ਪਹਿਲੀ ਪੀੜ੍ਹੀ ਦੇ ਲੇਖਕਾਂ ਨੇ ਉਤਸ਼ਾਹ ਤੇ ਪ੍ਰੇਰਨਾ ਲਈ। ਬਾਅਦ ਵਿਚ ਵਿਦਵਾਨਾਂ ਨੇ ਇਸ ਕਾਵਿ ਰੂਪ ਤੇ ਹੱਥ ਅਜ਼ਮਾਈ ਕੀਤੀ। ਇਸ ਕਾਲ ਦੇ ਪ੍ਰਸਿੱਧ ਲੇਖਕ ਲੀ ਚਿੰਗ-ਚਾਓ ਅਤੇ ਹਸਿਨ ਚੀ-ਚੀ ਹਨ।

**ਯੂਆਨ ਖ਼ਾਨਦਾਨ**—ਚਿਨ੍ਹ ਤਾਤਾਰੀਆਂ ਤੋਂ ਡਰ ਕੇ ਜਿਨ੍ਹਾਂ ਨੇ 1126 ਈ. ਵਿਚ ਸੁੰਗ ਰਾਜਧਾਨੀ ਤੇ ਕਬਜ਼ਾ ਕਰ ਲਿਆ ਸੀ, ਸੁੰਗ ਖ਼ਾਨਦਾਨ ਦੇ ਲੋਕ ਦੱਖਣ ਵੱਲ ਭੱਜ ਗਏ। ਲਗਭਗ 150 ਸਾਲਾਂ ਤਕ ਚੀਨ ਵੰਡਿਆ ਰਿਹਾ। ਯੂਆਨ ਖ਼ਾਨਦਾਨ ਦੇ ਬਾਨੀ ਕੁਬਲਾ ਖ਼ਾਂ ਨੇ ਭਾਵੇਂ ਰਾਜਨੀਤਿਕ ਏਕੀਕਰਣ ਕਰ ਦਿੱਤਾ ਸੀ ਪਰ ਸਭਿਆਚਾਰਕ ਪਾੜ ਕਾਇਮ ਰਿਹਾ। ਪਰਵਾਸ ਕਾਰਨ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਦੇ ਆਪਸੀ ਮੇਲ-ਜੋਲ ਕਾਰਨ ਇਕ ਨਵੀਂ ਭਾਸ਼ਾ ਉਤਪੰਨ ਹੋਈ, ਜੋ ਬਾਅਦ ਵਿਚ ਰਾਸ਼ਟਰੀ ਭਾਸ਼ਾ ਦਾ ਆਧਾਰ ਬਣੀ। ਪਰੰਪਰਾਵਾਦੀ ਸਭਿਆਚਾਰ ਦਾ ਕੇਂਦਰ ਦੱਖਣ ਵੱਲ ਬਦਲਣ ਕਾਰਨ ਉੱਤਰ ਵਿਚ ਪੁਰਾਤਨ ਸਾਹਿਤ ਦਾ ਸਨਮਾਨ ਖ਼ਾਸ ਕਰਕੇ ਜੇਤੂਆਂ ਦੀ ਨਿਗਾਹ ਵਿਚ ਘਟਣਾ ਸ਼ੁਰੂ ਹੋ ਗਿਆ। ਇਸ ਲਈ ਦੱਖਣ ਦੇ ਟਾਕਰੇ ਤੇ ਉੱਤਰੀ ਚੀਨ ਵਿਚ ਮੰਗੋਲਾਂ ਦੇ ਯੂਆਨ ਖ਼ਾਨਦਾਨ (1290-1368 ਈ.) ਅਧੀਨ ਨਵੀਆਂ ਗ਼ੈਰ-ਰੂੜ੍ਹੀ-ਵਾਦੀ ਸਾਹਿਤਕ ਸਰਗਰਮੀਆਂ ਲਈ ਕਮਾਲ ਦਾ ਵਾਤਾਵਰਣ ਪੈਦਾ ਹੋ ਗਿਆ।

**ਨਾਟਕ**—ਇਸ ਕਾਲ ਵਿਚ ਕਾਫ਼ੀ ਸਾਰਾ ਨਾਟਕ ਸਾਹਿਤ ਲਿਖਿਆ ਗਿਆ। ਭਾਰਤੀ ਤੇ ਈਰਾਨੀ ਨਮੂਨੇ ਵੀ ਨਾਟਕ ਦੀ ਪ੍ਰਗਤੀ

ਲਈ ਕਾਰਨ ਬਣੇ। ਬਹੁਤ ਸਾਰੇ ਚੀਨੀ ਵਿਦਵਾਨਾਂ ਨੇ ਇਸ ਪਰਾਈ ਸਰਕਾਰ ਨਾਲ ਨਾਮਿਲਵਰਤਣ ਕੀਤਾ ਅਤੇ ਉਹ ਚਿੱਤਰਕਾਰੀ ਤੇ ਲਿਖਣ ਵਿਚ ਰੁੱਝੇ ਰਹੇ। ਇਕ ਨਵੀਂ ਸਾਹਿਤਕ ਵਿਧੀ ਵਿਕਸਿਤ ਹੋਈ। ਚਾਰ ਪੰਜ ਐਕਟਾਂ ਵਿਚ ਨਾਟਕ ਲਿਖਿਆ ਜਾਣ ਲੱਗਾ, ਜਿਸ ਦੀ ਭਾਸ਼ਾ ਲੋਕ-ਭਾਸ਼ਾ ਦੇ ਬਹੁਤ ਨੇੜੇ ਸੀ ਤੇ ਇਸ ਵਿਚ ਗੀਤ ਵੀ ਨਗੀਨਿਆਂ ਵਾਂਗ ਜੜੇ ਹੋਏ ਸਨ। ਬਹੁਤ ਸਾਰੇ ਵਿਦਵਾਨ ਨਾਟਕ ਲਿਖਣ ਲੱਗੇ। 1234 ਤੋਂ 1368 ਈ. ਦੇ ਦੌਰਾਨ 600 ਨਾਟਕ ਲਿਖੇ ਤੇ ਖੇਡੇ ਗਏ। ਸੌ ਤੋਂ ਵੱਧ ਨਾਟਕਕਾਰਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਵਿਚੋਂ ਕੂਆਂ ਹਾਨ-ਚਿੰਗ (1230-1307 ਈ.) ਸਭ ਤੋਂ ਪਹਿਲਾਂ ਪ੍ਰਸਿੱਧ ਹੋਇਆ।

**ਦੇਸੀ ਭਾਸ਼ਾਵਾਂ ਵਿਚ ਗਲਪ**—ਦੇਸੀ ਭਾਸ਼ਾਵਾਂ ਵਿਚ ਗਲਪ ਵੀ ਲਿਖੀ ਜਾਣੀ ਆਰੰਭ ਹੋਈ। ਕਹਾਣੀ ਕਹਿਣ ਵਾਲਿਆਂ ਨੇ ਜ਼ਬਾਨੀ ਸੁਣਾਉਣ ਦੀ ਥਾਂ ਲਿਖਣਾ ਆਰੰਭ ਕੀਤਾ। ਇਹ ਰਚਨਾਵਾਂ ਬਹੁਤੀਆਂ ਲੰਬੀਆਂ ਨਹੀਂ ਸਨ ਅਤੇ ਇਹ ਲੋਕਾਂ ਨੂੰ ਸੰਬੋਧਤ ਸਨ। ਇਹ ਮੁੱਢਲੀਆਂ ਰਚਨਾਵਾਂ ਭੈੜੀ ਜਿਹੀ ਛਪਾਈ ਵਿਚ ਬੇਨਾਮ ਜਾਂ ਨਕਲੀ ਨਾਂਵਾਂ ਅਧੀਨ ਪ੍ਰਕਾਸ਼ਿਤ ਹੋਈਆਂ ਸਨ। ਇਸ ਕਲਾ ਦਾ ਪਹਿਲਾ ਪ੍ਰਸਿੱਧ ਲੇਖਕ ਲੂ ਕੂਆਂ-ਚੁੰਗ (1330-1400 ਈ.) ਸੀ।

**ਮਿੰਗ ਖ਼ਾਨਦਾਨ**—ਯੁਆਨ ਖ਼ਾਨਦਾਨ ਵੱਲੋਂ ਏਕੀਕਰਨ ਕੀਤੀ ਗਈ ਸਲਤਨਤ ਨੂੰ ਮਿੰਗ ਖ਼ਾਨਦਾਨ (1368-1644 ਈ.) ਨੇ ਅੱਗੇ ਜਾਰੀ ਰੱਖਿਆ। ਇਸ ਖ਼ਾਨਦਾਨ ਅਧੀਨ ਦੱਖਣ ਦੇ ਸਭਿਆਚਾਰਕ ਪ੍ਰਭਾਵ ਮੁੜ ਮਹੱਤਵਪੂਰਨ ਹੋ ਗਏ। ਪਰੰਪਰਾਵਾਦੀ ਸਾਹਿਤ ਰਚਣ ਵਾਲੇ ਲਗਭਗ ਸਾਰੇ ਮੁੱਖ ਕਵੀ ਤੇ ਗੱਦ ਲੇਖਕ ਦੱਖਣ ਦੇ ਸਨ। ਉਨ੍ਹਾਂ ਨੇ ਪ੍ਰਾਚੀਨ ਸਾਹਿਤ ਰੂਪਾਂ ਨੂੰ ਨਮੂਨੇ ਬਣਾ ਕੇ ਲਿਖਣ ਲਈ ਉਤਸ਼ਾਹ ਸਹਿਤ ਪ੍ਰਚਾਰ ਕੀਤਾ। ਮਿੰਗ ਕਵੀਆਂ ਨੇ ਭਾਵੇਂ ਸ਼ੀਹ ਤੇ ਤਜ਼ੂ ਦੋਵੇਂ ਰੂਪਾਂ ਵਿਚ ਢੇਰ ਸਾਰੀ ਰਚਨਾ ਕੀਤੀ ਪਰ ਇਨ੍ਹਾਂ ਦੀਆਂ ਰਚਨਾਵਾਂ ਮੌਲਿਕ ਨਹੀਂ ਸਨ, ਸਗੋਂ ਅਨੁਕਰਣ ਹੀ ਸਨ। ਅਤੀਤ ਦੇ ਮਹਾਂਕਵੀਆਂ ਦੀਆਂ ਰਚਨਾਵਾਂ ਦੇ ਅਨੁਕਰਣ ਤੇ ਜ਼ੋਰ ਦਿੱਤਾ ਗਿਆ ਭਾਵੇਂ ਕੁਝ ਕਵੀਆਂ ਨੇ ਕੁਝ ਵਡਮੁੱਲੀਆਂ ਪ੍ਰਾਪਤੀਆਂ ਵੀ ਕੀਤੀਆਂ।

ਦੇਸੀ ਭਾਸ਼ਾਵਾਂ ਦੇ ਸਾਹਿਤ ਵਿਚ ਇਸ ਕਾਲ ਦੇ ਲੇਖਕਾਂ ਨੇ ਵਾਸਤਵਿਕ ਯੋਗਦਾਨ ਪਾਇਆ। ਨਾਟਕ ਜੋ ਪਹਿਲੇ ਕਾਲਾਂ ਵਿਚ ਵੀ ਲਿਖਿਆ ਜਾਂਦਾ ਸੀ, ਮੁੜ ਸ਼ਕਤੀਸ਼ਾਲੀ ਬਣਾਇਆ ਗਿਆ। ਦੱਖਣੀ ਨਾਟਕ 'ਚੁਆਨ ਚੀ' ਵਿਚ ਕਈ ਵਿਸ਼ੇਸ਼ ਗੱਲਾਂ ਹੁੰਦੀਆਂ ਸਨ। ਇਸ ਵਿਚ 40 ਤੋਂ 50 ਦ੍ਰਿਸ਼ ਪਰਿਵਰਤਨ ਹੁੰਦੇ ਸਨ, ਗਾਉਣ ਲਈ ਨਾਇਕ ਨਾਇਕਾ ਦੇ ਨਾਲ ਹੋਰ ਬਹੁਤ ਸਾਰੇ ਐਕਟਰ ਹੁੰਦੇ ਸਨ, ਨਾਟਕਾਂ ਦੇ ਪਲਾਟ ਇਤਿਹਾਸ ਜਾਂ ਲੋਕ-ਸਾਹਿਤ ਦੀ ਥਾਂ ਸਮਕਾਲੀ ਜੀਵਨ ਵਿਚੋਂ ਲਏ ਜਾਂਦੇ ਸਨ। ਦੱਖਣੀ ਰੰਗਮੰਚ ਲਹਿਰ ਹੌਲੀ-ਹੌਲੀ ਜ਼ੋਰ ਫੜਦੀ ਗਈ। ਅਖ਼ੀਰ ਕਵੀ ਤੇ ਗਾਇਕ ਲਿਆਂਗ ਚਐਨ-ਯੂ (1510-80 ਈ.) ਅਤੇ ਉਸ ਦੇ ਮਿੱਤਰ ਐਕਟਰ ਵੇਈ ਲਿਆਂਗਫੂ ਦੇ ਅਧੀਨ ਇਕ ਸੰਪ੍ਰਦਾਇ ਸਥਾਪਿਤ ਹੋ ਗਈ, ਜੋ 18ਵੀਂ ਸਦੀ ਦੇ ਅਖ਼ੀਰ ਤਕ ਛਾਈ ਰਹੀ। ਨਾਟਕ ਅਤੇ ਨਾਟਕੀ ਗੀਤਾਂ 'ਤਾ-ਚੁ' ਤੋਂ ਇਲਾਵਾ, ਇਸ ਕਾਲ ਵਿਚ ਗਲਪ ਵੀ ਲਿਖਿਆ ਜਾਂਦਾ ਰਿਹਾ, ਜਿਸ ਨੇ 16ਵੀਂ ਸਦੀ ਵਿਚ ਬਹੁਤ ਪ੍ਰਗਤੀ ਕੀਤੀ। ਇਸ ਸਮੇਂ ਤਿੰਨ ਮਹੱਤਵਪੂਰਨ ਨਾਵਲ ਹੋਂਦ ਵਿਚ ਆਏ। ਇਨ੍ਹਾਂ ਵਿਚੋਂ ਵੂ ਚਐਂਗ-ਐਨ (1500-80 ਈ.) ਦੇ ਨਾਵਲ 'ਹਸੀ ਯੂ ਚੀ' ਵਿਚ ਚੀਨੀ ਸਾਧੂ ਹਿਊਨ ਸਾਂਗ ਦੀ 7ਵੀਂ ਸਦੀ ਵਿਚ ਭਾਰਤ ਦੀ ਯਾਤਰਾ ਦਾ ਵਰਣਨ ਕੀਤਾ ਗਿਆ ਹੈ। ਲੋ-ਮਾਓ ਤੇਂਗ ਦਾ 'ਹਸੀ ਯਾਂਗ ਚੀ' ਅਤੇ ਇਕ ਅਗਿਆਤ ਲੇਖਕ ਦਾ 'ਚਿਨ ਪਿੰਗ ਮੇਈ' ਹੋਰ ਦੋ ਨਾਵਲ ਹਨ।

**ਚਇੰਗ ਖ਼ਾਨਦਾਨ**—ਮੈਨਕਸ ਨੇ ਚੀਨ ਨੂੰ ਜਿੱਤ ਕੇ ਚਇੰਗ ਖ਼ਾਨਦਾਨ (1644-1912 ਈ.) ਸਥਾਪਿਤ ਕੀਤਾ। ਇਸ ਤਬਦੀਲੀ ਨਾਲ ਪਰੰਪਰਾਵਾਦੀ ਸਾਹਿਤ ਵਿਚ ਚਲਦੀਆਂ ਆ ਰਹੀਆਂ ਪ੍ਰਵਿਰਤੀਆਂ ਵਿਚ ਕੋਈ ਅੰਤਰ ਨਹੀਂ ਆਇਆ। ਇਸ ਕਾਲ ਵਿਚ ਪੁਰਾਤਨਵਾਦੀ ਮਹਾਂਕਵੀਆਂ ਦੀਆਂ ਰਨਚਾਵਾਂ ਦੇ ਅਨੁਕਰਣ ਤੇ ਵਧੀਆ ਕਵਿਤਾ ਅਤੇ ਵਾਰਤਕ ਲਿਖੀ ਜਾਂਦੀ ਰਹੀ। ਕਈ ਰਚਨਾਵਾਂ ਵਿਚ ਮੌਲਿਕਤਾ ਤੇ ਸੁਹਜ ਦੀ ਝਲਕ ਪੈਂਦੀ ਹੈ।

**ਗਲਪ**-ਪੂਸੁੰਗਲਿੰਗ (1640-1715 ਈ.) ਨੇ ਰੋਮਾਂਟਿਕ ਗਲਪ ਦੀ ਪਰੰਪਰਾ ਜਾਰੀ ਰਖਦਿਆਂ 431 ਕਹਾਣੀਆਂ ਲੀਆਓ-ਚਾਈ-ਚੀਹ-ਈ ਨਾਂ ਅਧੀਨ ਪ੍ਰਕਾਸ਼ਤ ਕੀਤੀਆਂ। ਵੂ ਚਿੰਗ-ਤਜ਼ੂ (1701-54 ਈ.) ਨੇ ਆਪਣੇ 'ਜੂ-ਲਿਨ ਵਾਈ-ਸ਼ੀਹ' ਨਾਂ ਦੇ ਸ਼ਾਹਕਾਰ ਵਿਚ ਆਪਣੇ ਸਮਕਾਲੀ ਲੇਖਕਾਂ ਦਾ ਚੰਗਾ ਮਖੌਲ ਉਡਾਇਆ ਹੈ। ਤਸਾਓ ਚਾਂ ਦਾ ਨਾਵਲ 'ਹੁੰਗ ਲਾਊ ਮੈਂਗ' ਬਹੁਤ ਲੋਕਪ੍ਰਿਅ ਹੈ। ਇਸ ਵਿਚ ਪਿਆਰ ਤਿਕੋਣ ਤੇ ਇਕ ਮਹਾਨ ਖ਼ਾਨਦਾਨ ਦੇ ਪਤਨ ਦੀ ਕਹਾਣੀ ਹੈ, ਜੋ ਦੁਖਾਂਤ ਦੇ ਰੂਪ ਵਿਚ ਖ਼ਤਮ ਹੁੰਦੀ ਹੈ।

**ਨਾਟਕ**—ਇਸ ਕਾਲ ਵਿਚ ਵੀ ਮਿੰਗ ਸਮੇਂ ਦੀ ਨਾਟਕ ਦੀ 'ਚੁਆਨ ਚੀ' ਪਰੰਪਰਾ ਨੂੰ ਬੜੀ ਸਫ਼ਲਤਾ ਨਾਲ ਜਾਰੀ ਰੱਖਿਆ ਗਿਆ ਪਰ ਸਮੁੱਚੇ ਤੌਰ ਤੇ ਇਹ ਨਾਟਕੀ ਰਚਨਾਵਾਂ ਲੋਕਾਂ ਨੂੰ ਮੋਹ ਨਹੀਂ ਸਕੀਆਂ। 18ਵੀਂ ਸਦੀ ਦੇ ਅਖ਼ੀਰ ਵਿਚ ਲੋਕ-ਨਾਟਕ ਨੂੰ ਪ੍ਰਸਿੱਧੀ ਪ੍ਰਾਪਤ ਹੋਣ ਲੱਗੀ।

**ਪੱਛਮੀ ਰਚਨਾਵਾਂ ਦੇ ਅਨੁਵਾਦ**—19ਵੀਂ ਸਦੀ ਵਿਚ ਪੱਛਮੀ ਰਚਨਾਵਾਂ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਆਰੰਭ ਹੋ ਗਿਆ। ਯੈਨ ਫੂ ਜੋ ਗ੍ਰੇਟ ਬ੍ਰਿਟੇਨ ਵਿਚ ਪੜ੍ਹਿਆ ਸੀ, ਇਕ ਪ੍ਰਸਿੱਧ ਅਨੁਵਾਦਕ ਸੀ। ਉਸ ਨੇ ਪੱਛਮੀ ਦਾਰਸ਼ਨਿਕ ਰਚਨਾਵਾਂ ਨੂੰ ਕਲਾਸੀਕਲ ਚੀਨੀ ਭਾਸ਼ਾ ਵਿਚ ਅਨੁਵਾਦ ਕੀਤਾ। ਇਕ ਹੋਰ ਉੱਘੇ ਅਨੁਵਾਦਕ ਲਿਨ ਸ਼ੂ (1852-1924 ਈ.) ਨੇ 170 ਪੱਛਮੀ ਨਾਵਲਾਂ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕੀਤਾ। ਉਸ ਨੂੰ ਪੱਛਮੀ ਭਾਸ਼ਾਵਾਂ ਨਹੀਂ ਆਉਂਦੀਆਂ ਸਨ ਪਰ ਉਸ ਨੇ ਦੁਭਾਸ਼ੀਆਂ ਦੀ ਜ਼ਬਾਨੀ ਸਾਰਾ ਕੰਮ ਕੀਤਾ।

**ਦੇਸੀ ਵਾਰਤਕ ਤੇ ਕਵਿਤਾ**—ਇਸ ਦੌਰਾਨ ਦੇਸੀ ਗਲਪ ਲੇਖਕਾਂ ਤੇ ਪੱਛਮੀ ਪ੍ਰਭਾਵ ਪਿਆ। ਲੀਓ ਈ (1857-1909 ਈ.) ਰਚਿਤ 'ਲਾਓ ਤਸਾਨ ਯੂ ਚੀ' ਇਕ ਚੰਗੀ ਉਦਾਹਰਣ ਹੈ, ਜਿਸ ਵਿਚ ਸਮਕਾਲੀ ਚੀਨੀ ਜੀਵਨ ਨੂੰ ਚਿਤਰਿਆ ਗਿਆ ਹੈ।

ਕਵਿਤਾ ਦੇ ਖੇਤਰ ਵਿਚ ਹੁਆਂਗ ਤਸੂਨ-ਹਸੀਐਨ (1845-1905 ਈ.) ਬਹੁਤ ਪ੍ਰਸਿੱਧ ਕਵੀ ਹੈ, ਜਿਸ ਨੇ ਆਪਣੀਆਂ ਰਚਨਾਵਾਂ ਵਿਚ ਨਵੇਂ ਵਿਸ਼ੇ, ਨਵੀਂ ਸ਼ਬਦਾਵਲੀ ਤੇ ਨਵੇਂ ਛੰਦ ਵਰਤੇ। ਇਸ ਦੇ ਮਿੱਤਰ ਲਿਆਂਗ ਚੀ-ਚਾਓ (1873-1929 ਈ.) ਨੇ ਵੀ ਨਵੀਂ ਦਿਸ਼ਾ ਵੱਲ ਪ੍ਰਗਤੀ ਕਰਦਿਆਂ ਗਦ ਰਚਨਾ ਕੀਤੀ। ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਇਸ ਦਾ ਲੋਕਾਂ ਤੇ ਬਹੁਤ ਪ੍ਰਭਾਵ ਸੀ।

**ਸਾਹਿਤਕ ਵਿਦਰੋਹ ਤੇ ਮਗਰੋਂ**—ਚੀਨੀ ਸਾਹਿਤਕ ਵਿਦਰੋਹ ਦਾ ਮਨੋਰਥ ਚੀਨੀ ਸਾਹਿਤ ਵਿਚ ਸਾਰੇ ਪੱਖਾਂ ਵਿਚ ਆਧੁਨਿਕਤਾ ਲਿਆਉਣਾ ਸੀ। ਇਸ ਦਾ ਪ੍ਰਚਾਰਕ ਹਿਊ ਸ਼ੀਹ ਸ਼ੀ ਜੋ ਉਸ ਸਮੇਂ ਅਮਰੀਕਾ ਵਿਚ ਪੜ੍ਹਦਾ ਸੀ। ਉਸ ਨੇ ਚੀਨੀ ਰਾਸ਼ਟਰਵਾਦ ਦੀ ਜ਼ਰੂਰਤ ਬਾਰੇ ਆਪਣੇ ਵਿਚਾਰ ਵਿਅਕਤ ਕਰਦਿਆਂ ਲੋਕ ਬੋਲੀ ਵਿਚ ਲਿਖਣ ਲਈ ਪ੍ਰੇਰਿਤ ਕੀਤਾ। ਉਸ ਨੇ 1917 ਈ. ਮਗਰੋਂ ਆਪਣੇ ਵਿਚਾਰ 'ਹਸਿਨ

ਚਿੰਗ-ਨਾਈਨ' ਮਾਸਕ ਪੱਤਰ ਵਿਚ ਪ੍ਰਕਾਸ਼ਿਤ ਕਰਵਾਏ। ਇਨ੍ਹਾਂ ਅਨੁਸਾਰ ਅਮੀਰਸ਼ਾਹੀ ਤੇ ਪ੍ਰਤਿਗਾਮੀ ਪੁਰਾਤਨ ਚੀਨੀ ਸਾਹਿਤ ਦਾ ਵਿਰੋਧ ਕਰਨਾ ਸੀ। ਇਸ ਵਿਦਰੋਹ ਦੀ ਇਕ ਵੱਡੀ ਪ੍ਰਾਪਤੀ ਹਿਊ ਸ਼ੀਹ ਚੀ 'ਚੁੰਗ-ਕੁਓ ਚੇ-ਹਸੁਐਹ ਸ਼ੀਹ ਤਾ-ਕਾਂਗ' ਹੈ, ਜੋ ਦੇਸੀ ਭਾਸ਼ਾ ਵਿਚ ਲਿਖੀ ਗਈ ਸੀ। ਵਿਦਿਆਰਥੀਆਂ ਦੀ 'ਮੇ ਫ਼ੋਰਥ' ਲਹਿਰ ਨੇ ਵੀ ਇਸ ਦੇਸੀ ਭਾਸ਼ਾ ਉੱਤੇ ਜ਼ੋਰ ਦਿੱਤਾ। ਬਹੁਤ ਸਾਰੀਆਂ ਅਖ਼ਬਾਰਾਂ ਤੇ ਮੈਗਜ਼ੀਨ ਦੇਸੀ ਭਾਸ਼ਾ ਵਿਚ ਨਿਕਲੇ। ਸੰਨ 1921 ਵਿਚ ਦੇਸੀ ਭਾਸ਼ਾ ਨੂੰ ਸਰਕਾਰੀ ਪਰਵਾਨਗੀ ਦਿੱਤੀ ਗਈ। ਇਸ ਸਮੇਂ ਦੇ ਦੌਰਾਨ ਸਾਹਿਤ ਵਿਦਰੋਹ ਦੇ ਪੈਰ ਪੱਕੇ ਹੋ ਗਏ। ਇਸ ਸਮੇਂ ਦੇ ਪ੍ਰਸਿੱਧ ਲੇਖਕਾਂ ਵਿਚ ਚਾਉ ਸੂ-ਜੈਨ ਜੋ ਲੂ ਹਸੁਨ ਨਾਂ ਹੇਠਾਂ ਲਿਖਦਾ ਸੀ (1881-1936 ਈ.) ਤੇ ਚਾਊ ਤਸੋ-ਜੈਨ (1885 ਈ.) ਦੋ ਭਰਾ ਸਨ। ਲੂ ਹਸੁਨ ਨੇ ਬਹੁਤ ਵਧੀਆ ਕਹਾਣੀਆਂ ਤੇ ਨਿਬੰਧ ਲਿਖੇ, ਜਿਨ੍ਹਾਂ ਵਿਚ ਸਮਾਜਿਕ ਤੇ ਸਭਿਆਚਾਰਕ ਕਮਜ਼ੋਰੀਆਂ ਤੇ ਵਿਅੰਗ ਕੀਤਾ ਗਿਆ।

ਪੱਛਮੀ ਨਾਟਕ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਨਾਟਕ ਲਿਖੇ ਗਏ ਹਨ। ਕਵਿਤਾ ਨਾਲੋਂ ਗਲਪ ਦੀ ਪ੍ਰਾਪਤੀ ਵਧੇਰੇ ਮਹੱਤਵਪੂਰਨ ਹੈ। ਫਿਰ ਵੀ ਵੀਹਵੀਂ ਸਦੀ ਵਿਚ ਚੀਨੀ ਸਾਹਿਤ ਦੇ ਹਰ ਖੇਤਰ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ।

ਹ. ਪ੍ਰ.-ਐਨ. ਬ੍ਰਿ. 5: 634

**ਚੀਨੀ ਕਾਂਸੀ** : ਚੀਨੀ ਵਿਚ ਕਾਂਸੀ ਦੀ ਢਲਾਈ ਦਾ ਕੰਮ ਲਗਭਗ 3500 ਸਾਲਾਂ ਤੋਂ ਹੁੰਦਾ ਆ ਰਿਹਾ ਹੈ ਅਤੇ 1500 ਤੋਂ 300 ਈ. ਪੂ. ਦੇ ਕਾਲ ਨੂੰ ਚੀਨੀ ਕਾਂਸੀ ਯੁੱਗ ਦਾ ਨਾਂ ਦਿੱਤਾ ਜਾਂਦਾ ਹੈ। ਇਸ ਕਾਲ ਦੇ ਕਾਂਸੀ ਦੇ ਬਹੁਤ ਬਰਤਨਾਂ ਦੀ ਵਰਤੋਂ ਵੱਡੇ-ਵਡੇਰਿਆਂ ਦੀ ਪੂਜਾ ਕਰਨ ਲਈ ਕੀਤੀ ਜਾਂਦੀ ਸੀ, ਜਿਨ੍ਹਾਂ ਦਾ ਨਾਂ ਅਕਸਰ ਉਨ੍ਹਾਂ ਉੱਤੇ ਉਕਰਿਆ ਹੁੰਦਾ ਸੀ। ਕੁਝ ਬਰਤਨਾਂ ਦੀ ਢਲਾਈ ਉਨ੍ਹਾਂ ਦੇ ਜੀਵਨ ਦੀਆਂ ਕੁਝ ਵਿਸ਼ੇਸ਼ ਯਾਦਗਾਰਾਂ ਨੂੰ ਸੁਰਜੀਤ ਰੱਖਣ ਲਈ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਉੱਤੇ ਉਕਰੇ ਅੱਖਰਾਂ ਦੀ ਇਤਿਹਾਸਕ ਤੇ ਸਮਾਜਿਕ ਮਹੱਤਤਾ ਹੈ। ਇਨ੍ਹਾਂ ਬਰਤਨਾਂ ਨੂੰ ਜੱਦੀ ਜਾਇਦਾਦ ਮੰਨਿਆ ਜਾਂਦਾ ਸੀ ਅਤੇ ਹਰ ਉਕਰਾਈ ਤੋਂ ਬਾਅਦ ਲਿਖਿਆ ਹੁੰਦਾ ਸੀ, 'ਪੁੱਤਰ ਅਤੇ ਪੋਤਰੇ ਇਨ੍ਹਾਂ ਦੀ ਲੱਖਾਂ ਸਾਲਾਂ ਤਕ ਵਰਤੋਂ ਕਰਨ ਤੇ ਸੰਭਾਲ ਕੇ ਰੱਖਣ।'

ਚੀਨ ਦੇ ਇਨ੍ਹਾਂ ਯਾਦਗਾਰੀ ਬਰਤਨਾਂ ਵਿਚੋਂ ਕੁਝ ਨਮੂਨੇ ਅਜਿਹੇ ਹਨ ਜਿਹੜੇ ਮਨੁੱਖ ਨੇ ਸ਼ਾਇਦ ਹੀ ਫਿਰ ਕਦੇ ਬਣਾਏ ਹੋਣ ਅਤੇ ਇਹ ਨਮੂਨੇ ਆਧੁਨਿਕ ਯੁਗ ਤੋਂ ਪਹਿਲਾਂ ਧਾਤੂ ਕਲਾ ਦੀ ਪ੍ਰਤਿਨਿਧਤਾ ਕਰਦੇ ਹਨ। ਪ੍ਰਾਚੀਨ ਚੀਨੀ ਕਾਂਸੀ ਦੇ ਬਰਤਨਾਂ ਦੀ ਸਹੀ ਗਿਣਤੀ ਦਾ ਰਿਕਾਰਡ ਨਹੀਂ ਮਿਲਦਾ ਪਰੰਤੂ ਇਹ ਲਗਭਗ 12,000 ਤੋਂ ਵੱਧ ਮੰਨੇ ਜਾਂਦੇ ਹਨ। ਪ੍ਰਾਚੀਨ ਚੀਨੀ ਵਿਦਵਾਨ ਪੁਰਾਤਨ ਕਾਂਸੀ ਦੇ ਬਰਤਨਾਂ ਦਾ ਸੰਬੰਧ ਤਿੰਨ ਰਾਜਕਾਲਾਂ ਨਾਲ-ਜੋੜਦੇ ਹਨ। ਹਸੀਆ ਦੇ ਰਾਜਕਾਲ ਦੀ ਸਿਰਫ਼ ਇਤਿਹਾਸਕ ਮਹੱਤਤਾ ਹੈ। ਪੁਰਾਤੱਤਵੀ ਪੱਖੋਂ ਇਹ ਬਹੁਤ ਪਛੜੀ ਹੋਈ ਸੀ। ਦੂਜੇ ਰਾਜਕਾਲ, ਸ਼ਾਂਗ-ਯਿਨ ਸਾਂਗ, ਜਾਂ ਯਿਨ ਨੂੰ ਉੱਤਰੀ ਚੀਨ ਵਿਚ ਹੋਨਾਨ ਪ੍ਰਾਂਤ ਵਿਚੋਂ ਮਿਲੇ ਪ੍ਰਾਚੀਨ ਪਦਾਰਥਾਂ ਦਾ ਭੰਡਾਰ ਮੰਨਿਆ ਜਾਂਦਾ ਹੈ। ਤੀਜੇ ਰਾਜਕਾਲ, ਚਾਊ ਨੂੰ ਵੀ ਪਦਾਰਥਾਂ ਨੂੰ ਰਹਿੰਦ- ਖੂੰਦ ਕਰਕੇ ਜਾਣਿਆ ਜਾਂਦਾ ਹੈ।

**ਕਾਂਸੀ ਢਲਾਈ ਦੇ ਪਦਾਰਥ**—ਪ੍ਰਾਚੀਨ ਚੀਨੀ ਕਾਂਸੀ ਢਲਾਈ ਲਈ ਵਰਤੇ ਜਾਣ ਵਾਲੇ ਪਦਾਰਥਾਂ ਸਬੰਧੀ ਕਈ ਵਿਸ਼ਲੇਸ਼ਣ ਵਰਤੇ ਗਏ ਸਨ। ਸ਼ਾਂਗ-ਯਿਨ ਕਾਂਸੀ ਲਈ ਨਿਮਨ ਲਿਖਤ ਸੰਘਟਤ ਵਰਤੇ ਗਏ ਸਨ। ਤਾਂਬਾ 82. 39%; ਕਲੱਈ ਜਾਂ ਟਿਨ 15.42; ਸਿੱਕਾ 0.45%; ਸੋਨਾ 0.38%; ਲੋਹਾ 0.09% ਗੰਧਕ 0.115% ਬਕਾਇਆ 1.20%। ਪੱਛਮ ਵਿਚ ਮੰਨਿਆ ਜਾਂਦਾ ਹੈ ਕਿ ਚੀਨੀ ਕਾਂਸੀ ਮਿਸ਼ਰਿਤ ਧਾਤ ਵਿਚ ਸਿੱਕਾ ਬਹੁਤ ਘੱਟ ਮਿਲਾਇਆ ਜਾਂਦਾ ਹੈ। ਭੂ-ਮੱਧ ਸਾਗਰੀ ਕਾਂਸੀ ਵਿਚ ਇਸ ਦੀ ਮਾਤਰਾ 3-11% ਦੇ ਵਿਚਕਾਰ ਰੱਖੀ ਜਾਂਦੀ ਹੈ ਅਤੇ ਦੱਖਣੀ ਭਾਰਤ ਵਿਚ ਇਹ 25% ਵੀ ਮਿਲਾਇਆ ਜਾਂਦਾ ਹੈ। ਮੁੱਢਲੇ ਚਾਊ ਕਾਲ ਤੋਂ ਸਿੱਕੇ ਦੀ ਮਿਕਦਾਰ 20% ਤਕ ਵੀ ਰਖੀ ਗਈ ਹੈ।

ਐਨ-ਯਾਂਗ ਅਤੇ ਏਰਹ-ਲੀ-ਕਾਂਗ ਤੋਂ ਪ੍ਰਾਪਤ ਹੋਈਆਂ ਅਨੇਕਾਂ ਢਲਾਈ ਦੀਆਂ ਵਸਤਾਂ ਵਿਚ ਮੈਲੇਕਾਈਟ, ਲੱਕੜ ਦੇ ਕੋਲੇ ਦੀ ਰਾਖ, ਸਾਂਚੇ ਅਤੇ ਕੁਠਾਲੀਆਂ ਵੱਡੀ ਮਾਤਰਾ ਵਿਚ ਲੱਭੀਆਂ ਹਨ। ਅੱਜਕਲ੍ਹ ਇਸਤੇਮਾਲ ਹੋਣ ਵਾਲੀਆਂ ਤਾਂਬੇ ਅਤੇ ਕਲੱਈ ਦੀਆਂ ਕੱਚੀਆਂ ਧਾਤਾਂ ਮੁੱਖ ਤੌਰ ਤੇ ਦੱਖਣੀ-ਪੱਛਮੀ ਚੀਨ ਤੋਂ ਆਉਂਦੀਆਂ ਹਨ।

**ਕਾਂਸੀ ਢਲਾਈ ਦੇ ਢੰਗ**—ਹਥਿਆਰਾਂ ਅਤੇ ਸੰਦਾਂ ਵਰਗੀਆਂ ਪੱਧਰੀਆਂ ਚੀਜ਼ਾਂ ਨੂੰ ਸਾਧਾਰਣ ਢੰਗਾਂ ਨਾਲ ਢਲਾਈ ਕਰਕੇ ਤਿਆਰ ਕੀਤਾ ਜਾਂਦਾ ਸੀ ਪ੍ਰੰਤੂ ਖੋਖਲੇ ਅਤੇ ਅੰਦਰੂਨੀ ਝੀਰੀਆਂ ਵਾਲੇ ਬਰਤਨਾਂ ਦੀ ਢਲਾਈ ਲਈ ਵਿਸ਼ੇਸ਼ ਢੰਗ ਵਰਤੇ ਜਾਂਦੇ ਸਨ, ਜਿਨ੍ਹਾਂ ਵਿਚੋਂ ਸਾਇਬ ਪਰਡਿਊ ਜਾਂ ਲਾਸਟ ਵੈਕਸ ਢੰਗ ਮੁੱਖ ਸਨ।

**ਵਰਗੀਕਰਨ ਅਤੇ ਨਾਮਕਰਨ**-ਪ੍ਰਾਚੀਨ ਕਾਂਸੀ ਦੇ ਬਰਤਨ ਦਾ ਪਹਿਲਾ ਸਿਲਸਿਲੇਵਾਰ ਵਰਗੀਕਰਨ ਸੁੰਗ ਸਲਤਨਤ (960-1279 ਈ:) ਦੀ ਮਹਾਨ ਸੂਚੀ ਵਿਚ ਮਿਲਦਾ ਹੈ। ਯੇਟਸ ਨੇ 1929 ਈ: ਵਿਚ 25



**ਸ਼ਾਨ ਯਿਨ ਜਾਂ ਮੁੱਢਲੇ ਚਾਊ ਕਾਲ ਦਾ ਊਏਹ (chlieh) ਸ਼ਰਾਬ ਦਾ ਪਿਆਲਾ, ਜਿਹੜਾ ਤਕਰੀਬਨ 21 ਸੈਂ. ਮੀ. ਉੱਚਾ ਹੈ (ਸੈਲਿਗਮ ਕੁਲੈਕਸ਼ਨ**

ਵੱਖੋ-ਵਖਰੇ ਬਰਤਨਾਂ ਦੀ ਸੂਚੀ ਛਪਵਾਈ ਸੀ। ਅਜਾਇਬ ਘਰਾਂ ਵਿਚ ਪਈਆਂ ਲੱਭਤਾਂ ਅਤੇ ਨਿੱਜੀ ਸੰਗ੍ਰਹਿਆਂ ਦੇ ਜਾਂ ਪ੍ਰਸਿੱਧ ਫੋਟੋਆਂ ਦੇ ਆਧਾਰ ਉੱਤੇ ਇਨ੍ਹਾਂ ਨੂੰ 21 ਵੱਖੋ-ਵੱਖਰੀਆਂ ਕਿਸਮਾਂ ਵਿਚ ਵੰਡਿਆ ਗਿਆ। ਇਨ੍ਹਾਂ ਵਿਚੋਂ ਮੁੱਖ ਭੋਜਨ ਵਾਲੇ ਬਰਤਨ, ਸ਼ਰਾਬ ਵਾਲੇ ਬਰਤਨ ਅਤੇ ਪਾਣੀ ਵਾਲੇ ਬਰਤਨ ਹਨ। ਇਨ੍ਹਾਂ ਤਿੰਨ ਕਿਸਮਾਂ ਦੀਆਂ ਵੀ ਅੱਗੋਂ ਕਈ ਉਪ-ਕਿਸਮਾਂ ਹਨ ਜਿਵੇਂ ਭੋਜਨ ਵਾਲੇ ਬਰਤਨਾਂ ਵਿਚ ਭੋਜਨ ਪਕਾਉਣ ਵਾਲੇ ਬਰਤਨ, ਭੋਜਨ ਨੂੰ ਪ੍ਰੋਸਣ ਵਾਲੇ ਅਤੇ ਭੋਜਨ ਸੰਭਾਲਣ ਵਾਲੇ ਬਰਤਨ ਆ ਜਾਂਦੇ ਹਨ। ਸ਼ਰਾਬ ਪੀਣ ਵਾਲੇ ਬਰਤਨ ਕਈ ਆਕਾਰਾਂ ਅਤੇ ਸ਼ਕਲਾਂ ਵਿਚ ਮਿਲੇ ਹਨ। ਕਈ ਤਾਂ ਜਾਨਵਰਾਂ ਦੀਆਂ ਸ਼ਕਲਾਂ ਦੇ ਵੀ ਹਨ। ਪਾਣੀ ਵਾਲੇ ਬਰਤਨਾਂ ਵਿਚ ਤਸਲੇ, ਘੜੇ, ਕੁੰਡ ਆਦਿ ਸ਼ਾਮਲ ਹਨ। ਇਹ ਵੀ ਵਰਤੋਂ ਦੇ ਲਿਹਾਜ਼ ਨਾਲ ਕਈ ਰੂਪਾਂ ਦੇ ਆਕਾਰ ਵਿਚ ਮਿਲੇ ਹਨ। ਇਨ੍ਹਾਂ ਸਾਰੇ ਬਰਤਨਾਂ ਵਿਚ ਕਈਆਂ ਦਾ

ਨਿਰਮਾਣ ਤਿੰਨ ਫ਼ੇਜ਼ਾਂ ਵਿਚ ਹੋਇਆ। ਪਹਿਲਾ, ਦੂਜਾ ਤੇ ਤੀਜਾ ਫ਼ੇਜ਼ ਅਤੇ ਹਰੇਕ ਫ਼ੇਜ਼ ਵਿਚ ਆਕਾਰ ਵਿਚ ਕੁਝ ਤਬਦੀਲੀ ਆਈ ਹੈ। ਤੀਜੇ ਫ਼ੇਜ਼ ਵਿਚ ਢਲਾਈ ਵਾਲੇ ਬਰਤਨ ਬਣੇ ਹਨ।



**ਮੁੱਢਲੇ ਚਾਊ ਕਾਲ ਦਾ ਕੁਏਈ ਭੋਜਨ ਬਰਤਨ ਜਿਹੜਾ 20 ਸੈਂ.ਮੀ. ਉੱਚਾ ਅਤੇ ਕਰੀਬ 41 ਸੈਂ.ਮੀ. ਚੌੜਾ ਹੈ (ਡੂਗਾਲਡ ਮੈਲਕੋਲਮ ਕੁਲੈੱਕਸ਼ਨ, ਲੰਡਨ)।**



**ਬੁੱਧ ਅਤੇ ਉਸ ਦੇ ਅਹਿਲਕਾਰ ਦੀ ਗਿਲਟ-ਬਰੋਜ਼ ਦੀ ਬਣੀ ਹੋਈ, ਛੇਵੀਂ ਸਲਤਨਤ ਵੇਲੇ ਦੀ ਮੂਰਤੀ 221-589 ਈ: (ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ, ਨਿਊਯਾਰਕ ਸਿਟੀ)।**



ਹਾਨ ਸਲਤਨਤ 202 ਈ: ਪੂ: ਤੋਂ 221 ਈ: ਸਮੇਂ ਦਾ ਗਿਲਟ-ਬਰੋਜ਼ ਦਾ ਹੂ (Hu) ਜਾਂ ਸ਼ਰਾਬ ਦਾ ਜਾਰ (ਲੂਸੀ ਮਾਊਡ ਬੁਕਿੰਘਮ ਕੁਲੈਕੱਸ਼ਨ ਦੀ ਆਰਟ ਇੰਸਟੀਚਿਊਟ ਆਫ਼ ਸ਼ਿਕਾਗੋ)



**ਹੂ ਸ਼ਰਾਬ ਦਾ ਬਰਤਨ (10 ਵੀਂ 7 ਵੀਂ ਸਦੀ ਈ. ਪੂ.) ਜਿਸ ਦੀ ਉਚਾਈ 45 ਸੈਂ. ਮੀ. ਹੈ (ਡੈਨਿਸ ਕੋਹੈੱਨ ਕੁਲੈੱਕਸ਼ਨ, ਲੰਡਨ)**

**ਹੋਰ ਕਾਂਸੀ ਦੀਆਂ ਵਸਤਾਂ**—ਹੋਰ ਦੂਜੇ ਸੰਸਕਾਰਕ ਬਰਤਨਾਂ ਦੇ ਨਾਲ-ਨਾਲ ਘੰਟੀਆਂ ਵੀ ਮਹੱਤਵਪੂਰਨ ਹਨ। ਸ਼ਾਇਦ ਸਭ ਤੋਂ ਪੁਰਾਣੀ ਘੰਟੀ ling ਹੈ, ਜਿਹੜੀ ਕਿ ਖੜਕਾਈ ਜਾਂਦੀ ਸੀ। ਇਹ ਐਨ-ਯਾਂਗ ਦੇ ਕਾਂਸੀ ਦੇ ਬਰਤਨਾਂ ਤੋਂ ਵੀ ਪਹਿਲਾਂ ਤੋਂ ਤਿਆਰ ਕੀਤੀ ਜਾਂਦੀ ਸੀ।



**ਢੱਕਣ ਵਾਲਾ ਭੋਜਨ ਦਾ ਬਰਤਨ (5ਵੀਂ-ਤੀਜੀ ਸਦੀ ਈ. ਪੂ.) (ਲੂਸੀ ਮਾਊਡ ਬੁਕਿੰਘਮ ਕੁਲੈੱਕਸ਼ਨ, ਦੀ ਆਰਟ ਇੰਸਟੀਚਿਊਟ ਆਫ਼ ਸ਼ਿਕਾਗੋ)**

Chung ਲਟਕਾਈਆਂ ਜਾਣ ਵਾਲੀਆਂ ਘੰਟੀਆਂ ਵਿਚ ਸਭ ਤੋਂ ਪ੍ਰਸਿੱਧ ਹੈ। ਇਨ੍ਹਾਂ ਦੀ 8 ਜਾਂ 8 ਤੋਂ ਵੱਧ ਦੇ ਗਰੁਪ ਵਿਚ ਇਕੋ ਸਮੇਂ ਢਲਾਈ ਕੀਤੀ ਜਾਂਦੀ ਸੀ। Chin ਅਤੇ ko ਕਿਸਮ ਦੇ ਹਥਿਆਰ, ਛੋਟੀਆਂ ਤਲਵਾਰਾਂ, ਛੁਰੇ ਆਦਿ ਸਨ। ਕਾਂਸੀ ਦੇ ਤੀਰ ਕਮਾਨਾਂ ਨੂੰ ਤਣਾਉ ਦੇਣ ਵਾਲੀ ਮਸ਼ੀਨ, ਵੱਟੇ, ਫੁੱਟੇ ਅਤੇ ਮਿਣਤੀ ਦੀਆਂ ਚੀਜ਼ਾਂ ਤੀਜੇ ਫ਼ੇਜ਼ ਅਤੇ ਬਾਅਦ ਵਿਚ ਤਿਆਰ ਹੁੰਦੀਆਂ ਹਨ।

ਕਾਰਲਗਰੇਨ ਦੇ ਕੁਝ ਦਰਪਣਾਂ ਜਿਹੜੇ ਕਿ ਹਾਨ ਯੁੱਗ ਦੇ ਆਰੰਭ ਵਿਚ ਅਲੋਪ ਹੋ ਗਏ ਸਨ, ਉੱਥੇ ਤੀਜੇ ਫ਼ੇਜ਼ ਦੀ ਵਿਸ਼ੇਸ਼ ਚਿੱਤਰਕਾਰੀ ਹੈ। ਇਹ ਇਕ ਮਿਸ਼ਰਤ ਪੱਖ ਵੀ ਪੇਸ਼ ਕਰਦੀਆਂ ਹਨ ਜਿਸ ਨੂੰ ਕਾਰਲਗਰੇਨ ਨੇ ਬਰਡ ਡਰੈਗੌਨ ਕਿਹਾ ਹੈ। ਕਾਰਲਗਰੇਨ ਦੀ F ਕਿਸਮ ਦੂਜੀ ਈ. ਪੂ. ਵਿਚ ਵੇਖੀ ਗਈ ਹੈ। ਲਗਭਗ 100 ਈ. ਪੂ. ਦੇ ਚਾਰ ਤਰ੍ਹਾਂ ਦੇ ਜਾਨਵਰ, ਪਹਿਲੀ ਵਾਰੀ TLV ਕਿਸਮ ਦੇ ਦਰਪਣਾਂ, ਜਿਨ੍ਹਾਂ ਦੇ ਫਰੇਮ TLV ਅੱਖਰਾਂ ਵਰਗੇ ਸਨ, ਉੱਤੇ ਵੇਖੇ ਗਏ। ਇਹ ਦਰਪਣ ਆਮ ਕਰਕੇ ਬਹੁਤ ਹੀ ਪੇਚੀਦਾ ਡੀਜ਼ਾਈਨ ਵਾਲੇ ਹੁੰਦੇ ਸਨ।

ਦਰਪਣਾਂ ਦੀ ਇਕ ਵਿਸ਼ੇਸ਼ ਕਿਸਮ, ਜਿਸ ਨੂੰ ਚੀਨੀ ਸੀ ਹਾਰਸਿਜ਼ ਐਂਡ ਗਰੇਪਸ ਕਹਿੰਦੇ ਸਨ, Tang ਯੁੱਗ ਸਮੇਂ ਬਣੀ।

ਹ. ਪੁ. -ਐਨ. ਬ੍ਰਿ. 5 : 624

**ਚੀਨੀ ਕਾਨੂੰਨ** : ਚੀਨ ਵਿਚ ਚੀਨੀ ਕਾਨੂੰਨ ਦਾ ਪ੍ਰਾਚੀਨ ਕਾਲ ਦੇ ਹਜ਼ਾਰਾਂ ਵਰ੍ਹਿਆਂ ਤੋਂ ਵੀਹਵੀਂ ਸਦੀ ਤੱਕ ਸੁਤੰਤਰ ਵਿਕਾਸ ਹੁੰਦਾ ਰਿਹਾ ਹੈ। ਇਸ ਸਮੇਂ ਦੌਰਾਨ ਇਸ ਤੇ ਕਿਸੇ ਵਿਦੇਸ਼ੀ ਕਾਨੂੰਨ ਸ਼ਾਸਤਰੀ ਧਾਰਾ ਦਾ ਭੋਰਾ ਪ੍ਰਭਾਵ ਨਹੀਂ ਪਿਆ। ਵੀਹਵੀਂ ਸਦੀ ਵਿਚ ਪੱਛਮੀ ਸਮਾਜਵਾਦ ਦਾ ਆਰੰਭ ਹੋਇਆ। ਸੰਸਾਰ ਭਰ ਦੇ ਕਿਸੇ ਵੀ ਰਾਜਨੀਤਿਕ ਸਮਾਜ ਨਾਲੋਂ ਚੀਨ ਦੀ ਕਾਨੂੰਨ ਰਵਾਇਤ ਕਿਤੇ ਲੰਬੀ ਹੈ। ਚੀਨ ਦਾ ਕਾਨੂੰਨੀ ਇਤਿਹਾਸ ਵਧੇਰੇ ਕਰਕੇ 2205 ਈ. ਪੂ. ਤੋਂ ਲੈ ਕੇ 221 ਈ. ਪੂ. ਤੱਕ ਹਸੀਆ ਸ਼ਾਂਗ ਅਤੇ ਚੂ ਦੇ ਮਹਾਨ ਰਾਜ ਘਰਾਣਿਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਸਦੀਆਂ ਵਿਚ ਸਾਮੰਤਵਾਦ ਦਾ ਬੋਲਬਾਲਾ ਸੀ। ਬਾਦਸ਼ਾਹ ਦੀ ਨਾਂ ਧਰੀਕ ਉੱਚ-ਪ੍ਰਭੁਤਾ ਅਧੀਨ ਦੇਸ਼ ਸੈਂਕੜੇ ਰਾਜਾਂ ਅਤੇ ਕਬੀਲਿਆਂ ਵਿਚ ਵੰਡਿਆ ਹੋਇਆ ਸੀ, ਜਿਨ੍ਹਾਂ ਤੇ ਅਨੇਕ ਪ੍ਰਕਾਰ ਦੇ ਰਾਓ-ਰਾਜੇ ਰਾਜ ਕਰਦੇ ਅਤੇ ਆਪਣੇ ਵੱਖੋ-ਵੱਖਰੇ ਕਾਨੂੰਨ ਚਲਾਉਂਦੇ ਸਨ। ਈਸਾ ਤੋਂ ਪਹਿਲਾਂ ਪੰਜਵੀਂ ਸਦੀ ਤੋਂ ਤੀਜੀ ਸਦੀ ਤੱਕ ਜੰਗੀ ਰਾਜਾਂ ਦੇ ਯੁੱਗ ਨਾਲ ਪ੍ਰਸਿੱਧ ਇਸ ਯੁੱਗ ਵਿਚ ਹੀ ਕੁਝ ਕੁ ਅਤਿ ਅਸਰ ਭਰਪੂਰ ਚੀਨੀ ਫ਼ਿਲਾਸਫ਼ੀਆਂ ਦਾ ਆਰੰਭ ਹੋਇਆ, ਜਿਨ੍ਹਾਂ ਵਿਚ ਕਾਨੂੰਨ ਦੇ ਪੱਖ ਤੋਂ ਸਭ ਤੋਂ ਅਹਿਮ ਕਨਿਫ਼ਿਊਸ਼ੀਸਵਾਦ ਅਤੇ ਕਾਨੂੰਨਵਾਦ ਹਨ।

ਸਮਰਾਟ ਸ਼ੀਹ ਹੁਆਂਗ ਨੇ ਚੀਨ ਨੂੰ ਇਕ ਰਾਜ ਪ੍ਰਬੰਧਕੀ ਸਿਸਟਮ ਅਤੇ ਕਾਨੂੰਨੀ ਢਾਂਚੇ ਅਧੀਨ ਇਕਮੁੱਠ ਕੀਤਾ ਅਤੇ ਸੂਬਿਆਂ ਦੀ ਹਕੂਮਤ ਚਲਾਉਣ ਲਈ ਆਪਣੇ ਹਾਕਮ ਥਾਪੇ। ਚੀਨ ਦੀ ਸਭ ਤੋਂ ਪੁਰਾਣੀ ਅਤੇ ਸੰਪੂਰਣ ਤਾਂਗ ਦੀ ਕਾਨੂੰਨ ਸੰਘਤਾ, 653 ਈ. ਵਿਚ ਕਾਨੂੰਨਦਾਨਾਂ ਦੇ ਇਕ ਕਮਿਸ਼ਨ ਨੇ ਤਿਆਰ ਕੀਤੀ। ਇਸ ਸੰਘਤਾ ਦੇ ਮੁੱਢ ਵਿਚ ਆਮ ਸਿਧਾਂਤ, ਮੌਤ, ਦੇਸ਼ ਨਿਕਾਲਾ ਅਤੇ ਡੰਡਾ-ਮਾਰ ਕਿਸਮ ਦੀਆਂ ਸਜ਼ਾਵਾਂ, ਰਿਸ਼ਤਿਆਂ ਦੇ ਗੋਸ਼ਵਾਰੇ ਸੰਗੀਨ ਜੁਰਮ ਅਤੇ ਖ਼ਾਸ ਅਧਿਕਾਰਾਂ ਦੇ ਹੱਕਦਾਰ ਵਿਅਕਤੀ ਆਦਿ ਦਾ ਵਰਣਨ ਹੈ ਅਤੇ ਉਸ ਪਿੱਛੋਂ ਇਨ੍ਹਾਂ ਲਈ ਜ਼ਿੰਮੇਵਾਰ ਠਹਿਰਾਏ ਗਏ ਸਰਕਾਰੀ ਮਹਿਕਮਿਆਂ ਦੇ ਅਨੁਸਾਰ ਅਪਰਾਧਾਂ ਦੀ ਸੂਚੀ ਦਿੱਤੀ ਹੋਈ ਹੈ। ਇਸ ਤੋਂ ਬਾਅਦ ਦੀਆਂ ਸੰਘਤਾਵਾਂ ਨੇ ਮੂਲ ਕਾਨੂੰਨ ਵਿਚ ਥੋੜ੍ਹੀ ਰੱਦੋ-ਬਦਲ ਕੀਤੀ ਪਰ ਇਨ੍ਹਾਂ ਦੀ ਤਰਤੀਬ ਅਤੇ ਸ਼ੈਲੀ ਉਸੇ ਤਰ੍ਹਾਂ ਮੰਚੂ ਯੁੱਗ ਤੱਕ ਪ੍ਰਚਲਿਤ ਰਹੀ ਕਿਉਂਕਿ ਸਰਕਾਰੀ ਲਿਖਤੀ ਕਾਨੂੰਨਾਂ ਅਤੇ ਦੰਡਾਵਲੀਆਂ ਮੁੱਖ ਤੌਰ ਤੇ ਸਰਕਾਰੀ ਲੋੜਾਂ ਦੀ ਪੂਰਤੀ ਲਈ ਸਨ, ਇਸ ਲਈ ਪ੍ਰਾਈਵੇਟ ਲੋੜਾਂ ਲਈ ਪਿੰਡ, ਫਿਰਕੇ ਜਾਂ ਭਾਈਚਾਰੇ ਦੇ ਇਖ਼ਤਿਆਰੀ ਦਾਇਰਿਆਂ ਦੀ ਵਰਤੋਂ ਹੁੰਦੀ ਰਹੀ। ਉਨ੍ਹੀਵੀਂ ਸਦੀ ਦੇ ਅੰਤ ਤਕ ਇਹੋ ਸਿਸਟਮ ਇਕਸਾਰ ਅਤੇ ਇਕ-ਟਕ ਚਲਦਾ ਰਿਹਾ। ਆਧੁਨਿਕ ਜਰਮਨ ਅਤੇ ਜਾਪਾਨੀ ਨਮੂਨਿਆਂ ਤੇ ਕਾਨੂੰਨਾਂ ਦੇ ਨਵੀਨੀਕਰਨ ਲਈ ਇਕ ਕਮੇਟੀ (1904-10) ਨੇ ਮਾਨਚੂ ਕੋਡ ਦਾ ਕੇਵਲ ਸੋਧਿਆ ਸੰਸਕਰਣ ਹੀ ਤਿਆਰ ਕੀਤਾ ਜੋ 1931 ਤੱਕ ਨਾਫਜ਼ ਰਿਹਾ। ਉਸੇ ਸਾਲ ਚਿਆਂਗ ਕਾਈਸ਼ੈਕ ਦੀ ਕੁਮਿੰਟਾਂਗ ਸਰਕਾਰ ਨੇ ਪੱਛਮੀ ਲੀਹਾਂ ਤੇ ਇਕ ਆਰਜ਼ੀ ਸੰਵਿਧਾਨ ਅਤੇ ਇਕ ਸਿਵਲ ਕੋਡ ਤਿਆਰ ਕਰਨ ਲਈ ਵਿਧਾਇਕ ਕਮਿਸ਼ਨ ਕਾਇਮ ਕੀਤਾ ਪਰ ਖ਼ਾਨਾ ਜੰਗੀ ਅਤੇ ਜਾਪਾਨੀ ਹਮਲੇ ਦੇ ਹਾਲਾਤ ਵਿਚ ਕਮਿਸ਼ਨ ਦੇ ਬਣਾਏ ਅਨੇਕਾਂ ਕਾਨੂੰਨ ਅਮਲੀ ਤੌਰ ਤੇ ਕਿਸੇ ਕੰਮ ਨਾ ਆ ਸਕੇ। ਸੰਨ 1949 ਵਿਚ ਸਥਾਪਿਤ ਹੋਏ ਚੀਨ ਦੇ 'ਲੋਕ ਗਣਰਾਜ' ਨੇ ਪਾਰਲੀਮੈਂਟਰੀ ਪੱਛਮ ਦੀ ਕਾਨੂੰਨ-ਪ੍ਰਣਾਲੀ ਨੂੰ ਰੱਦ ਕਰਕੇ ਸਮਾਜਵਾਦੀ ਤਰਜ਼ ਦੇ ਨਵੇਂ ਕਾਨੂੰਨ ਜਾਰੀ ਕਰ ਦਿੱਤੇ।

ਚੀਨੀ ਕਾਨੂੰਨ ਪ੍ਰਣਾਲੀ ਵਿਚ ਪ੍ਰਾਚੀਨ ਚੀਨ ਦੀਆਂ ਪਰਸਪਰ ਵਿਰੋਧੀ ਸਮਾਜਿਕ ਫ਼ਿਲਾਸਫ਼ੀਆਂ, ਖ਼ਾਸ ਕਰਕੇ ਕਨਫਿਊਸ਼ਸਵਾਦ ਅਤੇ ਕਾਨੂੰਨਵਾਦ ਦੇ ਤੱਤ ਇਕਮਿਕ ਹੋ ਗਏ। ਕਨਫਿਊਸ਼ਸਵਾਦ ਰਵਾਇਤੀ ਸਦਾਚਾਰਕ ਸਿੱਖਿਆ ਤੇ ਜ਼ੋਰ ਦਿੰਦਾ ਸੀ, ਜਦੋਂ ਕਿ ਕਾਨੂੰਨਵਾਦ ਕਾਨੂੰਨੀ ਤੌਰ ਤੇ ਠਹਿਰਾਈਆਂ ਗਈਆਂ ਸਜ਼ਾਵਾਂ ਅਤੇ ਇਨਾਮਾਂ ਦਾ ਪੱਖਪਾਤੀ ਸੀ। ਇਨ੍ਹਾਂ ਦੋਹਾਂ ਦੇ ਕੁਝ ਸਾਂਝੇ ਸਿਧਾਂਤ ਸਨ। ਸਜ਼ਾਵਾਂ ਜੁਰਮ ਦੀ ਰੋਕ-ਥਾਮ ਲਈ ਜ਼ਰੂਰੀ ਸਨ, ਅਸਮਾਨਤਾ ਅਤੇ ਧਾਰਮਿਕ ਆਗੂ-ਰਾਜ ਸਮਾਜਕ ਤੌਰ ਤੇ ਬਾਂਛਨੀ ਸਨ, ਕਾਨੂੰਨ ਵਿਚ ਵਪਾਰਕ ਮਾਮਲਿਆਂ ਦੀ ਖ਼ਾਸ ਗੁੰਜਾਇਸ਼ ਨਹੀਂ ਸੀ, ਸਦਾਚਾਰਕ ਆਦੇਸ਼ਾਂ ਜਾਂ ਕਾਨੂੰਨੀ ਹੁਕਮਾਂ ਰਾਹੀਂ ਬਾਂਛਿਤ ਨਤੀਜੇ ਖ਼ੁਦਬਖ਼ੁਦ ਪੂਰੇ ਹੋਣ ਦਾ ਭਰੋਸਾ ਸੀ। ਬ੍ਰਹਿਮੰਡ ਵਿਖੇ ਸਮਰਾਟ ਦੇ ਰੱਬੀ ਰੋਲ ਦੇ ਵਿਚਾਰ ਨੇ ਵੀ ਕਾਨੂੰਨ ਨੂੰ ਪ੍ਰਭਾਵਿਤ ਕੀਤਾ। ਸਮਰਾਟ ਅਤੇ ਉਹਦੇ ਨੁਮਾਇੰਦੇ, ਇਸ ਧਰਤ-ਗੋਲੇ ਉੱਤੇ ਕਿਸੇ ਵੀ ਵਿਘਨ ਲਈ ਅਰਸ਼ਾਂ ਪ੍ਰਤੀ ਜ਼ਿੰਮੇਵਾਰ ਸਨ ਅਤੇ ਜਦੋਂ ਵੀ ਕੋਈ ਗੜਬੜ ਹੋਈ ਤਾਂ ਸਜ਼ਾਵਾਂ ਰਾਹੀਂ ਬ੍ਰਹਮੰਡੀ ਸੰਤੁਲਨ ਦਾ ਉਪਾਅ ਸੋਚਿਆ ਗਿਆ। ਆਮ ਤੌਰ ਤੇ ਕਾਨੂੰਨ ਨੂੰ ਸਜ਼ਾਵਾਂ ਦੀ ਪ੍ਰਣਾਲੀ ਸਮਝਿਆ ਗਿਆ ਜੋ ਹਾਕਮਾਂ ਵੱਲੋਂ ਉਨ੍ਹਾਂ ਦੇ ਭਾਗੀ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਨ। ਸਿਵਲ ਅਤੇ ਫ਼ੌਜਦਾਰੀ ਦੇਣਦਾਰੀ ਵਿਚਕਾਰ ਕੋਈ ਭਿੰਨ-ਭੇਦ ਨਹੀਂ ਕੀਤਾ ਗਿਆ। ਨਿੱਜੀ ਵਿਅਕਤੀਆਂ ਜਾਂ ਗ੍ਰੋਹਾਂ ਦੇ ਇਕ ਦੂਜੇ ਤੇ ਦਾਵਿਆਂ ਦੀ ਕੋਈ ਮਹੱਤਤਾ ਨਹੀਂ ਸੀ। ਇਕ ਸਾਮਰਾਜ ਦੇ ਵਿਕਾਸ ਨਾਲ ਹਰ ਕੋਈ ਇਕੋ ਹੀ ਕਾਨੂੰਨ ਦੇ ਤਾਬੇ ਹੋ ਗਿਆ ਪਰ ਸਮਰਾਟ ਤੋਂ ਹੇਠਾਂ ਲੋਕੀਂ

**ਤਿੰਨ** ਸ਼ਰੇਣੀਆਂ-ਖ਼ਾਸ ਅਧਿਕਾਰੀ, ਆਮ ਲੋਕ ਤੇ ਗ਼ੁਲਾਮ ਵਿਚ ਵੰਡੇ **ਗਏ**। ਉਨ੍ਹਾਂ ਸਬੰਧੀ ਕਿਸੇ ਅਪਰਾਧ ਲਈ ਉਨ੍ਹਾਂ ਦੇ ਰੁਤਬਿਆਂ ਦੇ ਹਿਸਾਬ ਨਾਲ ਸਜ਼ਾਵਾਂ ਠਹਿਰਾਈਆਂ ਗਈਆਂ। ਮੈਜਿਸਟ੍ਰੇਟ ਆਪੋ-ਆਪਣੇ ਅਧਿਕਾਰ-ਖੇਤਰ ਵਿਚ ਅਪਰਾਧੀਆਂ ਨੂੰ ਫੜਨ ਅਤੇ ਮਹੀਨੇ ਵਿਚ ਖਾਸ ਨਿਯਤ ਦਿਨਾਂ ਤੇ ਉਨ੍ਹਾਂ ਬਾਰੇ ਫੈਸਲਾ ਕਰਨ ਅਤੇ ਸਜ਼ਾ ਤਜਵੀਜ਼ ਕਰਨ ਲਈ ਜ਼ਿੰਮੇਵਾਰ ਸਨ। ਅਧਿਕ ਤੌਰ ਤੇ ਮੈਜਿਸਟ੍ਰੇਟਾਂ ਨੂੰ ਹਦਾਇਤ ਸੀ ਕਿ ਉਹ ਘੱਟ ਮੁਕੱਦਮੇ ਫੜਨ ਅਤੇ ਵਾਹ ਲਗਦੇ ਧਿਰਾਂ ਨੂੰ ਰਾਜੀਨਾਮਾ ਕਰਨ ਤੇ ਮਜ਼ਬੂਰ ਕਰਨ। ਜ਼ਨਾਨੀਆਂ, ਗਭਰੇਟਿਆਂ, ਬਿਰਧਾਂ ਅਤੇ ਖਾਸ ਅਧਿਕਾਰ-ਪ੍ਰਾਪਤ ਵਿਅਕਤੀਆਂ ਤੋਂ ਬਿਨਾਂ ਹੋਰਨਾਂ ਨੂੰ ਅਦਾਲਤ ਵਿਚ ਵਕੀਲ ਆਦਿ ਰੱਖਣ ਦੀ ਆਗਿਆ ਨਹੀਂ ਸੀ। ਇਸੇ ਕਰਕੇ ਚੀਨ ਵਿਚ ਸਫ਼ਾਈ ਦੇ ਵਕੀਲਾਂ, ਐਡਵੋਕੇਟਾਂ ਜਾਂ ਕਾਨੂੰਨੀ ਮਸ਼ੀਰਾਂ ਦਾ ਪੇਸ਼ਾ ਨਹੀਂ ਬਣਿਆ। ਕਾਨੂੰਨ ਦੇ ਲਿਖਣ-ਪੜ੍ਹਨ ਦਾ ਕੰਮ ਅਰਜ਼ੀ ਨਵੀਸਾਂ ਅਤੇ ਮੈਜਿਸਟ੍ਰੇਟਾਂ ਦੇ ਸਕੱਤਰਾਂ ਤੱਕ ਸੀਮਤ ਸੀ। ਛੋਟੇ ਮਾਮਲੇ ਸਥਾਨਕ ਪੱਧਰ ਤੇ ਨਿਬੜ ਜਾਂਦੇ ਸਨ। ਸੰਗੀਨ ਜੁਰਮ ਵਾਲੇ ਮਾਮਲਿਆਂ ਵਿਚ ਉੱਚ ਅਧਿਕਾਰੀਆਂ ਪਾਸ ਅਪੀਲ ਹੋ ਸਕਦੀ ਸੀ। ਵਿਆਹ, ਜਾਇਦਾਦ, ਵਿਰਾਸਤ ਆਦਿ ਦੇ ਨਿੱਜੀ ਮਾਮਲੇ ਸੂਬਾਈ ਖਜ਼ਾਨਚੀ ਦੇ ਦਫ਼ਤਰ ਵਿਚ ਜਾ ਕੇ ਮੁੱਕ ਜਾਂਦੇ ਸਨ ਅਤੇ ਫ਼ੌਜਦਾਰੀ ਪ੍ਰਕਾਰ ਦੇ ਮਾਮਲੇ ਸੂਬਾਈ ਅਦਾਲਤੀ ਕਮਿਸ਼ਨਰ ਤਕ ਅਪੜਦੇ ਸਨ। ਇਸ ਤੋਂ ਉਪਰ ਸਜ਼ਾਵਾਂ ਦਾ ਮਹਿਕਮਾ ਸੀ ਜਿਥੇ ਵੱਡੀ ਨੋਈਅਤ ਦੇ ਮੁਕੱਦਮੇ ਸੁਣੇ ਜਾਂਦੇ ਸਨ। ਮੌਤ ਦੀ ਸਜ਼ਾ ਵਾਲੇ ਮਾਮਲੇ ਰਾਜਧਾਨੀ ਵਿਚ ਤਿੰਨ ਮੁੱਖ ਸੰਸਥਾਵਾਂ ਵੱਲੋਂ ਸੁਣੇ ਜਾਂਦੇ ਸਨ ਜੋ ਫ਼ੈਸਲਾ ਹੋਣ ਉਪਰੰਤ ਸਮਰਾਟ ਕੋਲ ਪਹੁੰਚਦੇ ਸਨ। ਆਖਰੀ ਫ਼ੈਸਲਾ ਹੋਣ ਤੱਕ ਦੋ ਸਾਲ ਲੱਗ ਜਾਂਦੇ ਸਨ ਅਤੇ ਅਪਰਾਧੀ ਨੂੰ ਜੇ ਉਹ ਚੀਨ ਦੀਆਂ ਜੇਲ੍ਹਾਂ ਦੀ ਮੁਸ਼ੱਕਤ ਮਗਰੋਂ ਜਿਊਂਦਾ ਰਹਿ ਜਾਂਦਾ, ਆਮ ਮੁਆਫ਼ੀ ਪਾਉਣ ਜਾਂ ਬਰੀ ਹੋਣ ਦਾ ਮੌਕਾ ਮਿਲ ਜਾਂਦਾ ਸੀ।

ਹੁਕਮਰਾਨ ਦੇ ਹਿਤਾਂ ਨੂੰ ਮੁੱਖ ਰੱਖ ਕੇ ਚੀਨ ਦੇ ਕਾਨੂੰਨ ਵਿਚ ਅਧਿਕਾਰਾਂ ਨਾਲੋਂ ਕਰਤੱਵਾਂ ਜਾਂ ਬੰਧਨਾਂ ਤੇ ਵਧੇਰੇ ਜ਼ੋਰ ਦਿੱਤਾ ਗਿਆ। ਇਸ ਤੋਂ ਇਲਾਵਾ, ਮਨਸਬਦਾਰ ਅਤੇ ਖ਼ਾਸ ਅਧਿਕਾਰ ਪ੍ਰਾਪਤ ਵਿਅਕਤੀ ਜਿਸਮਾਨੀ ਸਜ਼ਾ ਅਤੇ ਮੁਸ਼ੱਕਤ ਤੋਂ ਆਜ਼ਾਦ ਸਨ। ਦੋ ਕਿਸਮ ਦੀ ਕੈਦ ਪ੍ਰਚੱਲਤ ਸੀ। ਇਕ ਤਾਂ ਸਰਕਾਰੀ, ਜੋ ਰਾਜ ਦੇ ਖ਼ਿਲਾਫ਼ ਸੰਗੀਨ ਜੁਰਮਾਂ ਜਿਵੇਂ ਕਿ ਰਾਜ-ਧ੍ਰੋਹ ਜਾਂ ਬਗ਼ਾਵਤ ਆਦਿ ਦੇ ਮੁਜਰਮ ਵਿਅਕਤੀਆਂ ਅਤੇ ਉਨ੍ਹਾਂ ਦੇ ਸਾਕ-ਸਬੰਧੀਆਂ ਨੂੰ ਸਰਹੱਦੀ ਜਾਂ ਮਲੇਰੀਏ ਵਾਲੇ ਇਲਾਕਿਆਂ ਵਿਚ ਭੇਜ ਕੇ ਦਿੱਤੀ ਜਾਂਦੀ ਸੀ। ਦੂਜੀ ਘਰੋਗੀ ਜੋ ਵਿਪਦਾ-ਕਾਲ ਵਿਚ ਵਿਅਕਤੀਆਂ, ਆਮ ਤੌਰ ਤੇ ਔਰਤਾਂ ਅਤੇ ਲੜਕੀਆਂ ਨੂੰ ਵੇਚ ਕੇ ਦਿੱਤੀ ਜਾਂਦੀ ਸੀ।

ਉੱਤਰ-ਅਧਿਕਾਰ, ਵਿਰਾਸਤ, ਮੁਤਬੰਨਾ ਬਣਾਉਣ, ਵਿਆਹ ਅਤੇ ਤਲਾਕ ਨੂੰ ਸ਼ਾਸਤ ਕਰਨ ਵਾਲੇ ਕਾਨੂੰਨਾਂ ਵਿਚ ਪਰਿਵਾਰ ਅਤੇ ਵਧੇਰੇ ਵਿਸ਼ਾਲ ਨਾਤੇਦਾਰੀ ਦੀ ਮਹੱਤਤਾ ਪ੍ਰਵਾਨ ਕੀਤੀ ਗਈ। ਪਿਤਾ ਜਾਂ ਵਧੇਰੇ ਨਰ-ਮੈਂਬਰਾਂ ਨੂੰ ਕਾਨੂੰਨੀ ਤੌਰ ਤੇ ਪਰਿਵਾਰ ਜਾਂ ਖ਼ਾਨਦਾਨੀ ਗਰੁੱਪ ਉੱਤੇ ਪੂਰਾ ਇਖ਼ਤਿਆਰ ਅਤੇ ਆਪਣੇ ਜੀਵਨ ਕਾਲ ਵਿਚ ਇਸ ਦੀ ਜਾਇਦਾਦ ਨੂੰ ਵੇਚਣ-ਵੱਟਣ ਆਦਿ ਦਾ ਅਧਿਕਾਰ ਹਾਸਲ ਸੀ। ਬੰਸਾਵਲੀ ਨਰ-ਪਰੰਪਰਾ ਅਨੁਸਾਰ ਚਲਦੀ ਸੀ। ਜੇ ਕਿਸੇ ਪੁਰਖ ਦਾ ਪੁੱਤਰ ਨਾ ਹੋਵੇ, ਤਾਂ ਉਹ ਅਗਲੀ ਪੀੜ੍ਹੀ ਵਿਚੋਂ ਇਕ ਜੱਦ ਦੇ ਸਭ ਤੋਂ ਵੱਡੇ ਪੁਰਖ ਨੂੰ ਗੋਦ ਲੈ ਸਕਦਾ ਸੀ। ਅਣਵਿਆਹੀਆਂ ਇਸਤਰੀਆਂ ਆਪਣੇ ਪਿਤਰੀ ਪਰਿਵਾਰ ਦੀਆਂ ਮੈਂਬਰ ਸਨ ਜੋ ਵਿਆਹ ਉਪਰੰਤ ਆਪਣੇ ਪਤੀ ਦੇ ਪਰਿਵਾਰ ਵਿਚ ਜਾ ਰਲਦੀਆਂ ਅਤੇ ਆਪਣੇ ਪਤੀ ਦੇ ਮਾਪਿਆਂ ਅਤੇ ਵਡੇਰਿਆਂ ਦੇ ਇਖ਼ਤਿਆਰ ਦੇ ਤਾਬੇ ਹੋ ਜਾਂਦੀਆਂ ਸਨ। ਸ਼ਾਦੀ ਦਾ ਪ੍ਰਬੰਧ ਸਬੰਧਤ ਪਰਿਵਾਰ ਦੇ ਮੁੱਖੀਆਂ ਵਿਚਕਾਰ ਰਸਮੀ ਕਰਾਰ ਰਾਹੀਂ ਆਮ ਤੌਰ ਤੇ ਪ੍ਰਵਾਣਿਤ ਵਿਧੀ ਅਨੁਸਾਰ ਵਿਚੋਲੇ ਦੁਆਰਾ ਕੀਤਾ ਜਾਂਦਾ ਸੀ। ਇਕ ਪੁਰਖ ਦੀ ਇਕੋ ਮੁੱਖ ਪਤਨੀ ਹੁੰਦੀ ਸੀ ਪਰ ਉਹ ਹੋਰ ਪਤਨੀਆਂ ਵੀ ਰੱਖ ਸਕਦਾ ਸੀ ਅਤੇ ਇਨ੍ਹਾਂ ਸਾਰਿਆਂ ਦੀ ਔਲਾਦ ਜਾਇਜ਼ ਮੰਨੀ ਜਾਂਦੀ ਸੀ। ਤਲਾਕ ਅਧਿਕਾਰੀਆਂ ਦੇ ਦਖ਼ਲ ਬਿਨਾ ਮਿਲ ਸਕਦਾ ਸੀ। ਯਾਰ-ਕਰਮ ਜਾਂ ਪਤੀ ਦੇ ਮਾਪਿਆਂ ਪ੍ਰਤੀ ਗ਼ੈਰ ਤਸੱਲੀਬਖ਼ਸ਼ ਆਚਰਣ ਤਲਾਕ ਦੇ ਮੁੱਖ ਅਧਾਰ ਸਨ। ਛੁੱਟੜ ਅਤੇ ਬੇਆਸਰਾ ਪਤਨੀ, ਫਰਿਆਦਣ ਬਣ ਕੇ ਮੁੜ ਵਿਆਹ ਕਰਨ ਦੀ ਇਜਾਜ਼ਤ ਲੈ ਸਕਦੀ ਸੀ। ਖ਼ਾਨਦਾਨੀ ਗਰੁੱਪ ਆਪਣੇ ਕਾਰਜ ਨਜਿੱਠਣ ਲਈ ਕਾਨੂੰਨੀ ਨਿਯਮਾਂ ਤੋਂ ਇਲਾਵਾ ਅਕਸਰ ਆਪਣੇ ਹੀ ਰਸਮੀ ਨਿਯਮ ਅਤੇ ਆਦੇਸ਼ ਤੇ ਅਮਲ ਕਰਦੇ-ਕਰਾਉਂਦੇ ਸਨ। ਜਾਇਦਾਦ ਦੀ ਵੰਡ ਪੁੱਤਰਾਂ ਵਿਚਕਾਰ ਹੁੰਦੀ ਅਤੇ ਵੱਡੇ ਪੁੱਤਰ ਨੂੰ ਰਤਾ ਵਡੇਰਾ ਹਿੱਸਾ ਮਿਲਦਾ। ਜਾਇਦਾਦ ਵਿਚ ਧੀ ਦਾ ਹਿੱਸਾ ਨਹੀਂ ਸੀ ਮੰਨਿਆ ਜਾਂਦਾ।

ਰੀਤੀ-ਬੱਧ ਮੁਆਇਦਾ ਕਰਾਰ ਹਾਨ ਦੇ ਸਮੇਂ ਤੋਂ, ਸਗੋਂ ਇਸ ਤੋਂ ਵੀ ਪਹਿਲੋਂ ਦੇ ਮੌਜੂਦ ਸਨ। ਮੰਗੇਤਰ-ਕਰਾਰਾਂ ਤੋਂ ਇਲਾਵਾ, ਸਰਕਾਰੀ ਕਾਨੂੰਨ ਜ਼ਮੀਨ ਦੇ ਇੰਤਕਾਲਾਂ ਤੇ ਲਾਗੂ ਸੀ ਜਿਨ੍ਹਾਂ ਦੀ ਰਜਿਸਟਰੀ, ਟੈਕਸ ਲਾਉਣ ਲਈ ਜ਼ਰੂਰੀ ਸੀ। ਇਨ੍ਹਾਂ ਤੋਂ ਬਿਨਾਂ ਵਸਤਾਂ ਦੀ ਵਿਕਰੀ, ਮੁਜਾਰੇਦਾਰੀ, ਭਾੜੇ ਤੇ ਮਜ਼ਦੂਰਾਂ ਅਤੇ ਸ਼ਗਿਰਦਾਂ ਨੂੰ ਕੰਮ ਲਾਉਣ ਸਬੰਧੀ ਕਾਰ-ਵਿਹਾਰਾਂ ਲਈ ਨਿਯਮਤ ਤੌਰ ਤੇ ਮੁਆਇਦੇ ਕੀਤੇ ਜਾਂਦੇ ਸਨ ਪਰ ਇਨ੍ਹਾਂ ਤੇ ਅਦਾਲਤੀ ਕਾਰਵਾਈ ਘੱਟ ਹੀ ਚਲਦੀ ਸੀ। ਹਰ ਪ੍ਰਕਾਰ ਦੇ ਟਾਰਟ ਸਬੰਧੀ ਫ਼ੈਸਲੇ ਆਪਸੀ ਸਮਝੌਤੇ ਅਤੇ ਭਾਈਚਾਰੇ ਰਾਹੀਂ ਹੋਣ ਕਾਰਨ ਅਦਾਲਤਾਂ ਦਾ ਘੱਟ ਹੀ ਆਸਰਾ ਲਿਆ ਜਾਂਦਾ ਸੀ, ਟੈਸਟ ਕੇਸ ਹੁੰਦੇ ਹੀ ਨਹੀਂ ਸਨ।

ਬ੍ਰਹਿਮੰਡੀ ਵਿਸ਼ਵਾਸਾਂ ਕਾਰਨ ਜਾਇਦਾਦ ਨਾਲੋਂ ਵਿਅਕਤੀ ਦੀ ਹਿਫ਼ਾਜ਼ਤ ਵਧੇਰੇ ਅਹਿਮ ਗਿਣੀ ਜਾਂਦੀ ਸੀ। ਚੋਰੀ ਅਤੇ ਬੇਜਾ ਮੁਦਾਖ਼ਲਤ ਨਾਲੋਂ ਲੁੱਟ ਅਤੇ ਹਿੰਸਾ ਨਾਲ ਘਰ-ਭੰਨਣਾ ਵਧੇਰੇ ਸੰਗੀਨ ਜੁਰਮ ਸੀ। ਗਬਨ, ਪਬਲਿਕ ਫੰਡਾਂ ਤੱਕ ਸੀਮਤ ਸੀ। ਸੰਘਤਾ ਵਿਚ ਅਨੇਕ 'ਅਫ਼ਸਰ-ਸ਼ਾਹੀ' ਦੇ ਅਪਰਾਧ ਸ਼ਾਮਲ ਕੀਤੇ ਗਏ, ਜਿਵੇਂ ਕਿ ਮੈਜਿਸਟ੍ਰੇਟ ਦੀ ਮੋਹਰ ਦੀ ਕੁਵਰਤੋਂ ਅਤੇ ਪਬਲਿਕ ਫੰਡਾਂ ਵਿਚ ਖਿਆਨਤ ਆਦਿ। ਰਾਜ-ਧ੍ਰੋਹ, ਭਗੌੜਾ ਹੋਣ 'ਤੇ ਬਗ਼ਾਵਤ ਵਰਗੇ ਸੰਗੀਨ ਰਾਜਨੀਤਿਕ ਅਪਰਾਧਾਂ ਲਈ ਸਮੂਹਿਕ ਜ਼ਿੰਮੇਵਾਰੀ ਦੇ ਆਧਾਰ ਤੇ ਮੁਜਰਮ ਦੇ ਸਾਕ-ਸਬੰਧੀਆਂ ਨੂੰ ਵੀ ਸਜ਼ਾ ਮਿਲਦੀ ਸੀ।

ਇਕ ਵੱਖਰੀ ਹੀ ਦਾਰਸ਼ਨਿਸਕ ਰਵਾਇਤ ਅਤੇ ਨਿਰਾਲੇ ਇਤਿਹਾਸਕ ਤਜਰਬੇ ਤੋਂ ਉਪਜੇ ਚੀਨੀ ਕਾਨੂੰਨ ਨੇ ਵੀਹਵੀਂ ਸਦੀ ਤੱਕ ਆਪਣੀਆਂ ਖ਼ਾਸੀਅਤਾਂ ਬਰਕਰਾਰ ਰੱਖੀਆਂ। ਕਾਨੂੰਨ ਅਤੇ ਹੋਰਨਾਂ ਸਭਿਆਚਾਰਕ ਮਾਮਲਿਆਂ ਵਿਚ ਚੀਨ ਦੀਆਂ ਲੱਭਤਾਂ ਦਾ ਧੁਰ ਪੂਰਬ ਦੇ ਦੇਸ਼ਾਂ ਤੇ ਵਿਆਪਕ ਪ੍ਰਭਾਵ ਪਿਆ। ਕੋਰੀਆ ਦੀਆਂ ਕੁਝ ਸਲਤਨਤਾਂ ਨੇ ਚੀਨੀ ਨਮੂਨੇ ਤੇ ਆਪਣੀਆਂ ਕਾਨੂੰਨੀ ਸੰਘਤਾਵਾਂ ਤਿਆਰ ਕੀਤੀਆਂ। ਜਾਪਾਨ ਵਿਚ ਵੀ ਸੱਤਵੀਂ ਸਦੀ ਦੇ ਦੌਰਾਨ ਚੀਨੀ ਰਾਜਨੀਤਿਕ ਸੰਸਥਾਵਾਂ ਦੀ ਸਥਾਪਨਾ ਹੋਈ ਅਤੇ ਉਨ੍ਹਾਂ ਦੀਆਂ ਲੀਹਾਂ ਉੱਤੇ ਹੀ ਇਕ ਦੰਡਾਵਲੀ, ਰਾਜ ਪ੍ਰਬੰਧਕੀ ਸਟੈਚਿਊਟ ਅਤੇ ਅਨੁਪੂਰਕ ਵਿਨਿਯਮਾਂ ਦੀ ਰਚਨਾ ਕੀਤੀ ਗਈ। ਇਸ ਪਿੱਛੋਂ ਅਗਲੀਆਂ ਸਦੀਆਂ ਵਿਚ ਜਾਪਾਨ ਵਿਚ ਚੀਨੀ ਪ੍ਰਭਾਵ ਮੁੜ ਸੁਰਜੀਤ ਹੋ ਉਠਿਆ। ਜਾਪਾਨੀ ਸਾਮੰਤਾਂ ਨੂੰ ਆਪਣੇ ਅਧੀਨ ਇਲਾਕਿਆਂ ਵਿਚ ਮਿੰਗ ਕੋਡ ਤੇ ਆਧਾਰਤ ਟੀਕੇ ਨੂੰ ਮੁੱਖ ਰੱਖਕੇ ਕਾਨੂੰਨੀ ਕੋਡ ਤਿਆਰ ਕੀਤੇ। ਕਨਫਿਊਸ਼ਸਵਾਦ ਦੇ ਪ੍ਰਭਾਵ ਅਧੀਨ ਹੀ ਜਾਪਾਨੀਆਂ ਨੇ ਵਿਅਕਤੀਆਂ ਵਿਚਕਾਰ ਝਗੜਿਆਂ ਵਿਚ ਮੁਕੱਦਮੇਬਾਜ਼ੀ ਉੱਤੇ ਸੁਲ੍ਹਾ ਸਮਝੌਤੇ ਨੂੰ ਤਰਜੀਹ ਦਿੱਤੀ। ਬਲਵੰਤ ਸਿੰਘ

**ਚੀਨੀ ਗੋਭੀ** : ਵੇਖੋ, ਗੋਭੀ

**ਚੀਨੀ ਘਾਹ** : ਇਸ ਤਟਵਰਤੀ ਇਲਾਕੇ ਵਿਚ ਮਿਲਣ ਵਾਲੇ ਪੌਦੇ ਦਾ ਵਿਗਿਆਨਕ ਨਾਂ ਗੈਲੀਡੀਅਮ ਕਾਰਟੀਲੇਜੀਨੀਅਮ ਹੈ। ਇਹ ਰੋਗਾਣੂ ਪੈਦਾ ਕਰਨ ਲਈ ਇਕ ਤਰ੍ਹਾਂ ਦੇ ਮਾਧਿਅਮ ਦੇ ਕੰਮ ਆਉਂਦਾ ਹੈ। ਇਸ ਤੋਂ ਛੁੱਟ ਇਸ ਦੀ **ਵਰਤੋਂ, ਖੁਰਕ** ਹਟਾਉਣ ਲਈ ਅਤੇ ਲੇਵੀ ਪਦਾਰਥ **ਵਜੋਂ ਵੀ ਕੀਤੀ ਜਾਂਦੀ ਹੈ।**

ਹ. ਪੁ.–ਗ. ਇੰ. ਮੇ. ਪ.: 124

**ਚੀਨੀ, ਚਾਰਲਸ ਐਡਵਰਡ** : ਇਹ ਇਕ ਅਮਰੀਕਨ ਪਾਦਰੀ ਸੀ, ਜਿਸ ਨੇ ਰੀਫਾਰਮਡ ਐਪੀਸਕੋਪਲ ਚਰਚ ਕਾਇਮ ਕਰਨ ਵਿਚ ਯੋਗਦਾਨ ਪਾਇਆ। ਇਸ ਦਾ ਜਨਮ 12 ਫ਼ਰਵਰੀ, 1836 ਨੂੰ ਨਿਊਯਾਰਕ ਵਿਚ ਕੈਨੈਨਡੇਗਵਾ ਵਿਖੇ ਹੋਇਆ। ਵਿਦਿਆ ਪ੍ਰਾਪਤ ਕਰਨ ਮਗਰੋਂ ਸੰਨ 1860ਵਿਚ ਇਹ ਪ੍ਰੋਟੈਸਟੈਂਟ ਐਪੀਸਕੋਪਲ ਚਰਚ ਦਾ ਪਾਦਰੀ ਬਣਿਆ। ਉਸੇ ਸਾਲ ਇਹ ਕ੍ਰਾਈਸਟ ਚਰਚ ਸ਼ਿਕਾਗੋ ਦਾ ਰੈਕਟਰ ਨਿਯੁਕਤ ਹੋਇਆ। ਧਰਮ ਵਿਚ ਪ੍ਰੋਟੈਸਟੈਂਟ ਵਿਰੋਧੀ ਝੁਕਾਵਾਂ ਵਿਰੁੱਧ 21 ਜੂਨ, 1869 ਨੂੰ ਜਿਹੜਾ ਸ਼ਿਕਾਗੋ ਪ੍ਰੋਟੈਸਟ ਪੱਤਰ ਜਾਰੀ ਕੀਤਾ ਗਿਆ ਸੀ, ਉਸ ਉੱਤੇ ਇਸ ਨੇ ਵੀ ਹਸਤਾਖਰ ਕੀਤੇ ਸਨ। 'ਬੁਕ ਆਫ਼ ਕਾਮਨ ਪ੍ਰੇਅਰ' ਵਿਚ ਸ਼ਬਦਾਂ ਦੀ ਕੋਈ ਗਲਤੀ ਪਾਉਣ ਕਾਰਨ ਇਸ ਵਿਰੁੱਧ ਧਾਰਮਿਕ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਇਸ ਨੂੰ ਦੋਸ਼ੀ ਠਹਿਰਾ ਕੇ ਮੁਅੱਤਲ ਕਰ ਦਿੱਤਾ ਗਿਆ। ਦੁਬਾਰਾ ਮੁਕੱਦਮਾ ਚਲਾ ਕੇ ਇਸ ਨੂੰ ਪਾਦਰੀ ਪਦ ਤੋਂ ਹਟਾ ਦਿੱਤਾ ਗਿਆ ਪਰ ਦੀਵਾਨੀ ਅਦਾਲਤ ਨੇ ਇਸ ਦੇ ਉਲਟ ਫ਼ੈਸਲਾ ਦਿੱਤਾ। 14ਦਸੰਬਰ, 1873ਨੂੰ ਇਹ ਮਿਸ਼ਨਰੀ ਬਿਸ਼ਪ ਬਣਿਆ। 15ਨਵੰਬਰ, 1916ਨੂੰ ਆਪਣੀ ਮੌਤ ਤਕ ਇਹ ਈਸਾਈ ਚਰਚ ਦਾ ਰੈਕਟਰ ਅਤੇ ਬਿਸ਼ਪ ਬਣਿਆ ਰਿਹਾ।

ਹ. ਪੂ. -ਐਨ. ਬ੍ਰਿ. 5 : 444; ਐਨ. ਬ੍ਰਿ. ਮਾ. 2 : 799

**ਚੀਨੀ ਜਾਪਾਨੀ ਯੁੱਧ** : ਚੀਨ ਅਤੇ ਜਾਪਾਨ ਵਿਚਕਾਰ ਇਹ ਲੜਾਈ 1894-95 ਦੌਰਾਨ ਕੋਰੀਆ ਉੱਤੇ ਅਧਿਕਾਰ ਜਮਾਉਣ ਲਈ ਹੋਈ। ਇਸ ਲਈ ਕਈ ਸਾਲ ਪਹਿਲਾਂ ਤੋਂ ਹੀ ਦੋਵੇਂ ਦੇਸ਼ ਤਿਆਰੀ ਵਿਚ ਸਨ। ਇਕ ਪਾਸੇ ਤਾਂ ਚੀਨ ਕੋਰੀਆ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਤੇ ਤੁਲਿਆ ਹੋਇਆ ਸੀ, ਜੋ ਪੱਛਮੀ ਅਤੇ ਜਾਪਾਨੀ ਸਾਮਰਾਜੀ ਤਾਕਤਾਂ ਸਾਹਮਣੇ ਕਰ ਸਕਣਾ ਕੋਈ ਸੌਖਾ ਕੰਮ ਨਹੀਂ ਸੀ। ਸੰਨ 1880 ਤੋਂ ਹੀ ਚੀਨ ਨੇ ਕੋਰੀਆ ਉੱਤੇ ਆਪਣਾ ਕਬਜ਼ਾ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਜਿਸ ਲਈ ਇਸ ਨੇ ਖ਼ਾਸ-ਖ਼ਾਸ ਏਜੰਟਾਂ ਦੁਆਰਾ ਖ਼ਾਸ-ਖ਼ਾਸ ਵਪਾਰਕ ਸਮਝੌਤੇ ਕੀਤੇ। ਕੋਰੀਆ ਦੇ ਤਾਰ ਘਰਾਂ ਨੂੰ ਸੰਭਾਲਣ ਦਾ ਜ਼ਿੰਮਾ ਲਿਆ ਅਤੇ ਕੋਰੀਆ ਨੂੰ ਉਸਦੀ ਫ਼ੌਜੀ ਤਾਕਤ ਮਜ਼ਬੂਤ ਕਰਨ ਲਈ ਪ੍ਰੇਰਿਆ। ਦੂਜੇ ਪਾਸੇ ਜਾਪਾਨ 1868 ਵਿਚ ਆਪਣੀ ਰਾਸ਼ਟਰੀ ਤਾਕਤ ਵਧਾਉਣ ਅਤੇ ਆਪਣੇ ਆਪ ਨੂੰ ਸੰਸਾਰ ਦੀ ਇਕ ਮਹੱਤਵਪੂਰਨ ਤਾਕਤ ਦੇ ਤੌਰ ਤੇ ਦਰਸਾਉਣਾ ਚਾਹੁੰਦਾ ਸੀ। ਉਸ ਸਮੇਂ ਪੱਛਮੀ ਦੇਸ਼ਾਂ ਤੋਂ ਇਸਨੂੰ ਆਪਣੀ ਆਜ਼ਾਦੀ ਦਾ ਖ਼ਤਰਾ ਸੀ। ਇਸ ਲਈ ਕੋਰੀਆ ਉੱਤੇ ਪ੍ਰਭਾਵ ਰੱਖਣਾ ਜਾਪਾਨ ਲਈ ਜ਼ਰੂਰੀ ਸੀ। ਇਸ ਮੰਤਵ ਲਈ ਜਾਪਾਨ ਨੇ ਤਾਈਵਾਨ (ਫ਼ਾਰਮੂਸਾ) ਵਿਚ ਖੋਜ ਮੁਹਿੰਮ ਦੇ ਰੂਪ ਵਿਚ ਇਕ ਫ਼ੌਜ ਭੇਜੀ ਜਿਸ ਦੁਆਰਾ ਇਹ ਰੀਊਕਿਊ (Ryu Kyu) ਦੀਪ ਦੇ ਵਾਸੀਆਂ ਦਾ ਫ਼ਾਰਮੂਸਾ ਦੇ ਆਦਿ ਵਾਸੀਆਂ ਦੁਆਰਾ ਕੀਤੇ ਕਤਲਾਮ ਦਾ ਬਦਲਾ ਲੈਣਾ ਚਾਹੁੰਦਾ ਸੀ ਪਰ ਹਰਜਾਨਾ ਵਸੂਲ ਹੋ ਜਾਣ ਕਰਕੇ ਅਤੇ ਕੁਝ ਬਰਤਾਨੀਆ ਵੱਲੋਂ ਜ਼ੋਰ ਪਾਏ ਜਾਣ ਤੇ ਜਾਪਾਨ ਨੇ ਆਪਣੀਆਂ ਫ਼ੌਜਾਂ ਪਿੱਛੇ ਹਟਾ ਲਈਆਂ। ਸੰਨ 1879ਵਿਚ ਜਾਪਾਨ ਨੇ ਰੀਊਕਿਊ ਦੀਪ-ਸਮੂਹ ਤੇ ਕਬਜ਼ਾ ਕਰ ਲਿਆ। ਜਾਪਾਨ ਕੋਰੀਆ ਉੱਤੇ ਇਥੋਂ ਦੇ ਕੁਦਰਤੀ ਸਾਧਨਾਂ, ਖ਼ਾਸ ਕਰਕੇ ਕੋਲਾ ਅਤੇ ਲੋਹਾ ਕਰਕੇ ਵੀ ਕਬਜ਼ਾ ਕਰਨਾ ਚਾਹੁੰਦਾ ਸੀ। ਇਸ ਲਈ ਕਈ ਸਾਲਾਂ ਤੱਕ ਜਾਪਾਨ ਦਾ ਟੀਚਾ ਕੋਰੀਆ ਨੂੰ ਆਜ਼ਾਦ ਕਰਵਾਉਣਾ ਰਿਹਾ ਕਿਉਂਕਿ ਇਸ ਨਾਲ ਜਾਪਾਨ ਨੂੰ ਕੋਰੀਆ ਨਾਲ ਵਪਾਰਕ ਸਬੰਧ ਵਧਾਉਣ ਅਤੇ ਆਰਥਿਕ ਤੌਰ ਤੇ ਦਖ਼ਲ-ਅੰਦਾਜ਼ੀ ਕਰਨ ਦੀ ਖੁਲ੍ਹ ਮਿਲ ਸਕਦੀ ਸੀ। ਸੰਨ 1876 ਵਿਚ ਜਾਪਾਨ ਇਸ ਸਬੰਧ ਵਿਚ ਕਾਫੀ ਹੱਦ ਤੱਕ ਕਾਮਯਾਬ ਹੋ ਗਿਆ ਜਿਸ ਨਾਲ ਕੋਰੀਆ ਨੇ ਵਪਾਰ ਲਈ ਤਿੰਨ ਬੰਦਰਗਾਹਾਂ ਖੋਲ੍ਹ ਦਿੱਤੀਆਂ ਅਤੇ ਆਪਣੇ ਆਪ ਨੂੰ ਆਜ਼ਾਦ ਹੋਣ ਦਾ ਐਲਾਨ ਕਰ ਦਿੱਤਾ ਪਰ ਚੀਨ ਤਾਂ ਵੀ ਕੋਰੀਆ ਨੂੰ ਆਪਣਾ ਅਧੀਨ ਰਾਜ ਹੀ ਮੰਨਦਾ ਰਿਹਾ। ਸੰਨ 1880 ਵਿਚ ਕੋਰੀਆ ਨੇ ਇਕ ਆਜ਼ਾਦ ਰਾਜ ਦੇ ਤੌਰ ਤੇ ਕਈ ਪੱਛਮੀ ਦੇਸ਼ਾਂ ਨਾਲ ਵਪਾਰ ਵੀ ਸ਼ੁਰੂ ਕਰ ਦਿੱਤਾ ਪਰ ਨਾਲ ਹੀ ਆਪਣੇ ਆਪ ਨੂੰ ਚੀਨ ਤੇ ਆਸ਼ਰਿਤ ਵੀ ਕਹਿੰਦਾ ਰਿਹਾ। ਇਸੇ ਵਰ੍ਹੇ ਦੌਰਾਨ ਕੋਰੀਆ ਵਿਚ ਦੋ ਰਾਜਨੀਤਿਕ ਧੜੇਬੰਦੀਆਂ ਵਿਚ ਝਗੜਾ ਹੋ ਗਿਆ ਅਤੇ ਫ਼ਲਸਰੂਪ ਚੀਨ ਤੇ ਜਾਪਾਨ ਵਿਚ ਦੁਸ਼ਮਣੀ ਹੋਰ ਵੀ ਵਧ ਗਈ। ਸੰਨ 1882 ਵਿਚ ਦੋਹਾਂ ਧੜਿਆਂ ਨੇ ਕੋਰੀਆ ਦੇ ਦੂਤਾਵਾਸ ਤੇ ਹਮਲਾ ਕਰ ਦਿੱਤਾ। ਚੀਨ ਅਤੇ ਜਾਪਾਨ ਦੋਵਾਂ ਨੇ ਇਨ੍ਹਾਂ ਵਿਚੋਂ ਅਲੱਗ-ਅਲੱਗ ਧੜੇ ਦੀ ਹਮਾਇਤ ਲਈ। ਆਪਣੀਆਂ ਫ਼ੌਜਾਂ ਨੂੰ ਸਾਵਧਾਨ ਕਰ ਲਿਆ। ਇਸ ਤੋਂ ਦੋ ਸਾਲਾਂ ਬਾਅਦ ਇਕ ਵਾਰ ਫਿਰ ਇਸੇ ਤਰ੍ਹਾਂ ਦਾ ਹਮਲਾ ਹੋਇਆ ਜਿਸ ਵਿਚ ਯੂਆਨ (yuan)ਦੀ ਫ਼ੌਜ ਨੇ ਜਾਪਾਨੀ ਫ਼ੌਜਾਂ ਤੇ ਕਾਬੂ ਕਰਕੇ ਬਗ਼ਾਵਤ ਨੂੰ ਦਬਾਅ ਦਿੱਤਾ ਤੇ ਚੀਨ-ਪੱਖੀ ਧੜੇ ਦਾ ਕੋਰੀਆ ਉੱਤੇ ਅਧਿਕਾਰ ਹੋ ਗਿਆ। ਅਸਲ ਵਿਚ ਜਾਪਾਨ ਇਸ ਸਮੇਂ ਲੜਾਈ ਵਿਚ ਪੈਣਾ ਨਹੀਂ ਚਾਹੁੰਦਾ ਸੀ ਪਰ ਇਸ ਤੋਂ ਨੌ ਸਾਲਾਂ ਬਾਅਦ 1894 ਵਿਚ ਜਦੋਂ ਇਕ ਵਾਰੀ ਫਿਰ ਹਾਲਾਤ ਖ਼ਰਾਬ ਹੋਏ ਤਾਂ ਜਾਪਾਨ ਨੇ ਚੀਨ ਨੂੰ ਕੋਰੀਆ ਵਿਚੋਂ ਕੱਢਣ ਲਈ ਇਨ੍ਹਾਂ ਹਾਲਤਾਂ ਨੂੰ ਹੀ ਲੜਾਈ ਦਾ ਕਾਰਨ ਬਣਾਇਆ। ਦੂਜੇ ਪਾਸੇ ਕੋਰੀਆ ਸਰਕਾਰ ਨੇ ਬੇਨਤੀ ਕਰਕੇ ਚੀਨ ਦੀਆਂ ਫ਼ੌਜਾਂ ਨੂੰ ਕੋਰੀਆ ਵਿਚ ਸੱਦ ਲਿਆ। ਜਾਪਾਨ ਨੇ ਵੀ ਚੀਨ ਦੀਆਂ ਫ਼ੌਜਾਂ ਦਾ ਮੁਕਾਬਲਾ ਕਰਨ ਲਈ ਆਪਣੀਆਂ ਫ਼ੌਜਾਂ ਕੋਰੀਆ ਵਿਚ ਭੇਜ ਦਿੱਤੀਆਂ। ਦੋਹਾਂ ਧਿਰਾਂ ਨੇ (ਚੀਨ ਅਤੇ ਜਾਪਾਨ) ਕੋਰੀਆ ਵਿਚੋਂ ਆਪੋ ਆਪਣੀ ਫ਼ੌਜ ਹਟਾਉਣ ਲਈ ਇਕ ਦੂਜੇ ਨੂੰ ਸੁਝਾਅ ਦਿੱਤੇ ਜੋ ਰੱਦ ਕਰ ਦਿੱਤੇ ਜਾਂਦੇ ਰਹੇ। ਅੰਤ ਵਿਚ ਅਗਸਤ 1894 ਵਿਚ ਚੀਨ ਵੱਲੋਂ ਹਮਲਾ ਕੀਤੇ ਜਾਣ ਤੇ ਲੜਾਈ ਛਿੜ ਪਈ। ਸ਼ੁਰੂ ਤੋਂ ਹੀ ਚੀਨ ਨੂੰ ਜਿੱਤਣ ਦੀ ਬਹੁਤੀ ਆਸ ਨਹੀਂ ਸੀ ਜੋ ਠੀਕ ਸਾਬਤ ਹੋਈ। ਚੀਨ ਦੀਆਂ ਫ਼ੌਜਾਂ ਜਾਪਾਨ ਦਾ ਮੁਕਾਬਲਾ ਨਾ ਕਰ ਸਕੀਆਂ ਅਤੇ ਛੇ ਮਹੀਨਿਆਂ ਦੇ ਵਿਚ ਹੀ ਚੀਨ ਵਲੋਂ ਜਾਪਾਨ ਵੱਲ ਸੰਧੀ ਕਰਨ ਲਈ ਸੁਨੇਹੇ ਭੇਜੇ ਜਾਣ ਲੱਗ ਪਏ। ਮਾਰਚ 1895 ਤੱਕ ਜਾਪਾਨ ਨੇ ਦੱਖਣੀ ਮੰਚੂਰੀਆ ਅਤੇ ਕੁਝ ਹੋਰ ਖੇਤਰ ਉਪਰ ਕਬਜ਼ਾ ਕਰ ਲਿਆ ਸੀ ਅਤੇ ਪੀਕਿੰਗ (ਬੀਜਿੰਗ) ਤੇ ਹਮਲਾ ਹੋਣ ਹੀ ਵਾਲਾ ਸੀ ਜਦੋਂ ਲੀ ਹੁੰਗ ਚੁੰਗ (Li-Hung-Chang) ਨਾਮੀ ਚੀਨ ਦਾ ਇਕ ਪ੍ਰਮੁੱਖ ਸਿਆਸਤਦਾਨ ਖੁਦ ਸੰਧੀ ਕਰਨ ਲਈ ਜਾਪਾਨ ਵੱਲ ਰਵਾਨਾ ਹੋ ਗਿਆ। ਨਤੀਜੇ ਵਜੋਂ 17 ਅਪ੍ਰੈਲ 1895 ਨੂੰ ਸ਼ਿਮੋਨੋ ਸੇਕੀ (Shimono Seki)ਦੀ ਸੰਧੀ ਹੋਂਦ ਵਿਚ ਆਈ ਜਿਸ ਵਿਚ ਹੇਠ ਲਿਖੀਆਂ ਸ਼ਰਤਾਂ ਸ਼ਾਮਲ ਸਨ:–

(1) ਚੀਨ ਨੇ ਜਾਪਾਨ ਨੂੰ ਹਰਜਾਨੇ ਵਜੋਂ 200,000,000 ਟੇਲਜ਼ (Tales) ਦੇਣੇ ਸਨ, (2) ਚੀਨ ਨੇ ਕੋਰੀਆ ਦੀ ਆਜ਼ਾਦੀ ਸਵੀਕਾਰ ਕਰਨੀ ਸੀ, (3) ਚੀਨ ਨੇ ਜਾਪਾਨ ਨੂੰ ਫਾਰਮੂਸਾ, ਪੈਸਕਾਡੋਰੀਜ਼ (Pescadores) ਦੀਪ ਸਮੂਹ ਅਤੇ ਮੰਚੂਰੀਆ ਦੇ ਦੱਖਣ ਵਿਚਲਾ ਲੀਆਉਤੁੰਗ ਪ੍ਰਾਇਦੀਪ ਜਾਪਾਨ ਨੂੰ ਦੇਣਾ ਸੀ। ਚੀਨ ਨੇ ਜਾਪਾਨ ਨਾਲ ਇਕ ਵਪਾਰਕ ਸੰਧੀ ਕਰਨੀ ਸੀ ਜਿਸ ਅਨੁਸਾਰ ਚਾਰ ਨਵੀਆਂ ਬੰਦਰਗਾਹਾਂ ਖੋਲ੍ਹਣੀਆਂ ਸਨ ਅਤੇ ਬਦੇਸ਼ੀ ਅਧਿਕਾਰ ਅਤੇ ਪ੍ਰਬੰਧ ਅਧੀਨ ਚੀਨ ਵਿਚ ਫੈਕਟਰੀਆਂ ਲਗਾਉਣ ਦੀ ਆਗਿਆ ਦੇਣੀ ਸੀ ਪਰ ਰੂਸ, ਫ਼ਰਾਂਸ ਅਤੇ ਜਰਮਨੀ ਨੇ ਅਪ੍ਰੈਲ 1895 ਵਿਚ ਦਖ਼ਲ-ਅੰਦਾਜ਼ੀ ਕਰਕੇ ਸੰਧੀ ਦੀਆਂ ਉਪਰੋਕਤ ਸ਼ਰਤਾਂ ਵਿਚ ਥੋੜ੍ਹੀ ਸੋਧ ਕਰਵਾ ਦਿੱਤੀ।

ਇਸ ਲੜਾਈ ਦੇ ਬੜੇ ਮਹੱਤਵਪੂਰਨ ਸਿੱਟੇ ਨਿਕਲੇ। ਪੱਛਮੀ ਦੇਸ਼ ਇਸ ਵਿਚ ਚੀਨ ਦੇ ਜਿੱਤਣ ਦੀ ਉਮੀਦ ਰੱਖਦੇ ਸਨ ਪਰ ਲੜਾਈ ਨੇ ਚੀਨ ਦੀਆਂ ਕਮਜ਼ੋਰੀਆਂ ਸਾਰਿਆਂ ਦੇ ਸਾਹਮਣੇ ਜ਼ਾਹਰ ਕਰ ਦਿੱਤੀਆਂ। ਇਸ ਦੇ ਨਤੀਜੇ ਵਜੋਂ ਹੀ ਦੇਸ਼ ਵਿਚ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਹੋਇਆ ਅਤੇ 1912 ਵਿਚ ਮੰਚੂ ਰਾਜ ਦਾ ਖਾਤਮਾ ਹੋਇਆ।

ਜਾਪਾਨ ਦੀ ਜਿੱਤ ਨੇ ਇਸ ਨੂੰ ਸੰਸਾਰ ਦੀਆਂ ਵੱਡੀਆਂ ਤਾਕਤਾਂ ਵਿਚ ਬਰਾਬਰ ਖੜ੍ਹਾ ਕਰ ਦਿੱਤਾ। ਸੰਨ 1899 ਤੱਕ ਜਾਪਾਨ ਨੇ ਆਪਣੀ ਪ੍ਰਭੂਸੱਤਾ ਮੁੜ ਬਹਾਲ ਕਰ ਲਈ ਜਦੋਂ ਕਿ ਚੀਨ 1943 ਤੱਕ ਅਜਿਹਾ

ਨਾ ਕਰ ਸਕਿਆ। ਸੰਨ 1902 ਵਿਚ ਬਰਤਾਨੀਆ ਨੇ ਇਕ ਸੰਪੂਰਨ ਸਮਝੌਤੇ ਵਿਚ ਜਾਪਾਨ ਨੂੰ ਆਪਣਾ ਹਿੱਸੇਦਾਰ ਮੰਨ ਲਿਆ।

ਹ. ਪੁ.- ਐਨ. ਬ੍ਰਿ. 5: 628

**ਚੀਨੀ ਦਰਸ਼ਨ**: ਚੀਨੀ ਦਰਸ਼ਨ ਵਿਚ ਕਈ ਵਿਚਾਰ-ਧਾਰਾਵਾਂ ਦਾ ਵਿਕਾਸ ਹੋਇਆ ਹੈ, ਜਿਸ ਦੀ ਨਿਮਨ ਅਨੁਸਾਰ ਕਾਲ ਵੰਡ ਕੀਤੀ ਜਾ ਸਕਦੀ ਹੈ। ਪ੍ਰਾਚੀਨ ਕਾਲ 221 ਈ. ਪੂ. ਤੱਕ, ਮੱਧ ਕਾਲ 221 ਈ.ਪੂ. ਤੋਂ 906 ਈ. ਤੱਕ, ਆਧੁਨਿਕ ਕਾਲ 906 ਈ. ਪੂ. ਤੋਂ 19ਵੀਂ ਸਦੀ ਦੇ ਅੰਤ ਤੱਕ ਅਤੇ ਮੌਜੂਦਾ ਕਾਲ।

**ਪ੍ਰਾਚੀਨ ਕਾਲ : ਕਲਾਸਕੀ ਵਿਚਾਰਧਾਰਾ (221 ਈ. ਪੂ. ਤੱਕ)**–ਇਸ ਕਾਲ ਦੀ ਮਹੱਤਵਪੂਰਨ ਵਿਚਾਰਧਾਰਾ ਮਾਨਵਵਾਦ ਸੀ। ਸ਼ੈਂਗ ਬੰਸ ਸਮੇਂ ਹਰ ਕਿਸਮ ਦੇ ਮਨੁੱਖੀ ਕਾਰੋਬਾਰਾਂ ਵਿਚ ਮਨੁੱਖਾਂ ਦੀ ਬਜਾਏ ਰੂਹਾਂ, ਭੂਤਾਂ ਵਰਗੀਆਂ ਪਰਾਸਰੀਰਕ ਸ਼ਕਤੀਆਂ ਨੂੰ ਹੀ ਪ੍ਰਬਲ ਮੰਨਿਆ ਜਾਂਦਾ ਸੀ। ਕਈ ਕਿਸਮਾਂ ਦੀਆਂ ਰੂਹਾਂ ਹੁੰਦੀਆਂ ਸਨ, ਜਿਨ੍ਹਾਂ ਵਿਚੋਂ ਸਭ ਤੋਂ ਉੱਚਤਮ 'ਤੀ' ਜਾਂ 'ਸ਼ੈਂਗ ਤੀ' ਸੀ। ਇਨ੍ਹਾਂ ਰੂਹਾਂ ਬਾਰੇ ਲੋਕਾਂ ਦਾ ਵਿਚਾਰ ਸੀ ਕਿ ਇਹ ਮਨੁੱਖ ਦੇ ਬੁਰੇ ਕੰਮ ਲਈ ਦੰਡ ਅਤੇ ਚੰਗੇ ਕੰਮਾਂ ਲਈ ਪੁਰਸਕਾਰ ਦਿੰਦੀਆਂ ਸਨ। ਰੂਹਾਂ ਨੂੰ ਖੁਸ਼ ਕਰਨ ਲਈ ਬਲੀਆਂ ਦਿੱਤੀਆਂ ਜਾਂਦੀਆਂ ਸਨ। ਲੋਕ ਟੂਣੇ-ਟੋਟਕੇ, ਜਾਦੂਗਰ-ਜਾਦੂਗਰਨੀਆਂ ਵਿਚ ਵਿਸ਼ਵਾਸ ਕਰਦੇ ਸਨ। ਹੌਲੀ-ਹੌਲੀ ਲੋਕਾਂ ਦਾ ਵਿਸ਼ਵਾਸ ਰੂਹਾਂ-ਭੂਤਾਂ ਤੋਂ ਹਟ ਕੇ ਮਨੁੱਖੀ ਸ਼ਕਤੀ ਵਿਚ ਵਧਦਾ ਗਿਆ ਅਤੇ ਪੂਰਵਜਾਂ ਨੂੰ ਵੱਡੇ ਦੇਵਤੇ ਦੇ ਸ਼ਰੀਕ ਸਮਝਿਆ ਜਾਣ ਲਗ ਪਿਆ। ਰਾਜ ਘਰਾਣਿਆਂ ਦਾ ਸਥਾਪਿਤ ਹੋਣਾ ਜਾਂ ਤਬਾਹ ਹੋਣਾ ਹੁਣ 'ਤੀ ਦੇਵਤੇ' ਦੀ ਮਰਜ਼ੀ ਅਨੁਸਾਰ ਨਹੀਂ ਸਮਝਿਆ ਜਾਂਦਾ ਸੀ ਸਗੋਂ ਮਨੁੱਖੀ ਗੁਣਾਂ ਉੱਤੇ ਨਿਰਭਰ ਹੋਣਾ ਮੰਨਿਆ ਜਾਣ ਲੱਗਾ। ਇਸ ਤਰ੍ਹਾਂ ਮਾਨਵਵਾਦ ਦੀ ਲਹਿਰ ਹੋਂਦ ਵਿਚ ਆਈ। ਇਸ ਲਹਿਰ ਵਿਚ ਲਗਭਗ 100 ਵਿਚਾਰ ਧਾਰਾਵਾਂ ਸਨ, ਜਿਹੜੀਆਂ 6 ਈ. ਪੂ. ਸਦੀ ਤੋਂ ਲੈ ਕੇ ਤੀਜੀ ਸਦੀ ਈ. ਪੂ. ਖੂਬ ਵਧੀਆਂ ਫੁਲੀਆਂ। ਇਸ ਲਹਿਰ ਦੇ ਆਗੂਆਂ ਵਿਚ ਅਰਥਵੇਤਾ ਫ਼ੌਜੀ ਜਰਨੈਲ, ਕੂਟਨੀਤੀਵਾਨ ਅਤੇ ਫਿਲਾਸਫ਼ਰ ਸ਼ਾਮਲ ਸਨ, ਜੋ ਕਿ ਇਕ ਜਾਗੀਰਦਾਰੀ ਰਾਜ ਤੋਂ ਦੂਜੇ ਜਾਗੀਰਦਾਰੀ ਰਾਜ ਵਿਚ ਜਾ ਕੇ ਆਪਣੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਸਨ, ਆਪਣੇ ਵਿਰੋਧੀਆਂ ਨਾਲ ਟੱਕਰ ਲੈਂਦੇ ਸਨ ਤੇ ਜਾਗੀਰਦਾਰਾਂ ਨੂੰ ਇਸ ਗੱਲ ਲਈ ਪ੍ਰੇਰਦੇ ਸਨ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਵੇ। ਇਸ ਕਾਲ ਵਿਚ ਬਹੁਤ ਹੀ ਵੱਖ-ਵੱਖ ਕਿਸਮਾਂ ਦੀਆਂ ਵਿਚਾਰਧਾਰਾਵਾਂ ਪ੍ਰਚੱਲਤ ਹੋਈਆਂ। ਇਹ ਫ਼ਿਜ਼ਾ ਪ੍ਰਾਚੀਨ ਯੂਨਾਨ ਨਾਲ ਮਿਲਦੀ ਸੀ ਪਰ ਚੀਨ ਵਿਚ ਵਿਚਾਰਧਾਰਾਵਾਂ ਦੇ ਕੇਂਦਰ ਮਨੁੱਖ ਅਤੇ ਸਮਾਜ ਸਨ।

ਸੌ ਵਿਚਾਰਧਾਰਾਵਾਂ ਵਿਚੋਂ ਛੇ ਮੁੱਖ ਹਨ :–

1. ਕਨਫਿਊਸ਼ਸਵਾਦ
2. ਤਾਓਵਾਦ
3. ਮਾਓਵਾਦ
4. ਤਰਕਵਾਦ
5. ਕਾਨੂੰਨ ਪ੍ਰਸਤੀ ਅਤੇ
6. ਯਿਨ ਯਾਂਗ ਵਿਚਾਰਧਾਰਾ

**ਕਨਫਿਊਸ਼ਸਵਾਦ**—ਮਾਨਵਵਾਦ ਦੀ ਲਹਿਰ ਕਨਫਿਊਸ਼ਸ ਦੇ ਸਮੇਂ ਸਿਖਰ ਤੇ ਪਹੁੰਚੀ। ਕਨਫਿਊਸ਼ਸ ਚੀਨ ਦਾ ਸਭ ਤੋਂ ਵੱਡਾ ਫ਼ਿਲਾਸਫਰ ਅਤੇ ਵਿਦਵਾਨ ਹੋਇਆ ਹੈ। ਇਹ ਉੱਤਰੀ ਚੀਨ ਵਿਚ ਸ਼ਾਨਤੁੰਗ ਵਿਖੇ ਪੈਦਾ ਹੋਇਆ। ਲਗਭਗ ਤਿੰਨ ਸਾਲਾਂ ਦੀ ਉਮਰ ਵਿਚ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ ਅਤੇ ਇਸ ਨੂੰ ਇਸ ਦੀ ਮਾਂ ਨੇ ਪਾਲਿਆ। 19 ਸਾਲਾਂ ਦੀ ਉਮਰ ਵਿਚ ਇਸ ਦਾ ਵਿਆਹ ਹੋਇਆ। ਕੁਝ ਛੋਟੇ-ਮੋਟੇ ਸਰਕਾਰੀ ਅਹੁਦੇ ਸੰਭਾਲਣ ਮਗਰੋਂ ਇਸ ਨੇ ਪੜ੍ਹਾਉਣ ਦਾ ਕਿੱਤਾ ਅਪਣਾਇਆ। 51 ਸਾਲ ਦੀ ਉਮਰ ਵਿਚ ਇਹ ਆਪਣੇ ਰਾਜ ਲੂ ਵਿਚ ਨਿਆਂ-ਮੰਤਰੀ ਬਣਿਆ ਪਰ ਸ਼ਾਸਕ ਪਾਸੋਂ ਆਪਣੇ ਸੁਧਾਰਾਂ ਨੂੰ ਲਾਗੂ ਨਾ ਕਰਵਾ ਸਕਣ ਕਾਰਨ ਇਸ ਨੇ ਤੁਰੰਤ ਹੀ ਅਸਤੀਫ਼ਾ ਦੇ ਦਿੱਤਾ। ਇਸ ਤੋਂ ਮਗਰੋਂ ਇਹ ਆਪਣੇ ਚੇਲਿਆਂ ਨਾਲ 13 ਸਾਲ ਤੱਕ ਇਕ ਰਾਜ ਤੋਂ ਦੂਜੇ ਰਾਜ ਵਿਚ ਸੁਧਾਰਾਂ ਲਈ ਸਲਾਹ ਜਾਂ ਮਦਦ ਦੇਣ ਦੇ ਮਨੋਰਥ ਨਾਲ ਯਾਤਰਾ ਕਰਦਾ ਰਿਹਾ ਪਰ ਅਸਫ਼ਲ ਅਤੇ ਨਿਰਾਸ਼ ਹੋ ਕੇ ਇਹ ਆਪਣੇ ਘਰ ਵਾਪਸ ਆ ਕੇ ਪੜ੍ਹਾਉਣ ਅਤੇ ਲਿਖਣ ਵਿਚ ਜੁਟ ਗਿਆ।

ਕਨਫਿਊਸ਼ਸ ਦੀਆਂ ਸਿਖਿਆਵਾਂ ਦਾ ਮੁੱਖ ਧੁਰਾ ਮਨੁੱਖ ਹੀ ਹੈ। ਇਸ ਦੇ ਕਥਨ ਅਨੁਸਾਰ ਮਨੁੱਖ ਹੀ ਸਾਰਾ ਕਰਤਾ-ਧਰਤਾ ਹੈ। ਇਸਨੇ ਮਨੁੱਖ ਨੂੰ ਤਿੰਨ ਗੁਣ 'ਸਿਆਣਪ', 'ਇਨਸਾਨੀਅਤ' ਅਤੇ 'ਹਿੰਮਤ' ਅਪਣਾਉਣ ਲਈ ਕਿਹਾ। ਇਨ੍ਹਾਂ ਤਿੰਨਾਂ ਗੁਣਾਂ ਵਿਚ ਹੀ ਭਗਤੀ, ਧਰਮ, ਭਾਈਚਾਰਾ, ਸ਼ਿਸ਼ਟਾਚਾਰ, ਭਲਾਈ, ਸੁਤੰਤਰਤਾ, ਮਿਹਨਤ, ਈਮਾਨਦਾਰੀ ਨਿਮਰਤਾ ਆਦਿ ਗੁਣ ਆ ਜਾਂਦੇ ਹਨ। ਕਨਫਿਊਸ਼ਸ ਦੇ ਕਥਨ ਅਨੁਸਾਰ ਮਨੁੱਖ ਨੂੰ ਆਪ ਚੰਗਾ ਤੇ ਉੱਚਾ ਬਣਨ ਦੇ ਨਾਲ-ਨਾਲ ਸਮਾਜ ਨੂੰ ਵੀ ਉੱਚਾ ਬਣਾਉਣਾ ਚਾਹੀਦਾ ਹੈ, ਨਹੀਂ ਤਾਂ ਸਵੈ-ਚੰਗਿਆਈ ਅਧੂਰੀ ਰਹੇਗੀ। ਉਸ ਦੇ ਵਿਚਾਰ ਅਨੁਸਾਰ ਮਨੁੱਖ ਅਤੇ ਸਮਾਜ ਦਾ ਵਿਕਾਸ ਨਾਲ-ਨਾਲ ਹੀ ਹੋਣਾ ਚਾਹੀਦਾ ਹੈ। ਜਿਹੜਾ ਮਨੁੱਖ ਆਪਣਾ ਆਚਰਣ ਬਣਾਉਣ ਦਾ ਇਛੁੱਕ ਹੈ, ਉਹ ਦੂਜਿਆਂ ਭਾਵ ਸਮਾਜ ਦੇ ਚੱਲਣ ਦਾ ਅਤੇ ਸਮਾਜ ਦੀ ਬਿਹਤਰੀ ਦਾ ਵੀ ਉੱਨਾ ਹੀ ਖਿਆਲ ਰੱਖਦਾ ਹੈ। ਇਹ ਕਨਿਫਊਸ਼ਸ ਦੇ 'ਸੁਨਹਿਰੀ ਨਿਯਮ' ਦਾ ਸਿੱਧਾ ਪਾਸਾ ਹੈ। ਇਸ ਦੇ ਪੁੱਠੇ ਪਾਸੇ ਬਾਰੇ ਕਨਫਿਊਸ਼ਸ ਦਾ ਕਹਿਣਾ ਹੈ 'ਦੂਜਿਆਂ ਨਾਲ ਅਜਿਹਾ ਸਲੂਕ ਨਾ ਕਰੋ ਜੋ ਤੁਸੀਂ ਚਾਹੁੰਦੇ ਹੋ ਕੇ ਦੂਜੇ ਤੁਹਾਡੇ ਨਾਲ-ਨਾ ਕਰਨ।'

ਸਰਕਾਰੀ ਤੌਰ ਤੇ ਵੀ ਇਹ ਕਾਨੂੰਨ ਨੂੰ ਸ਼ਕਤੀ ਜਾਂ ਸਜ਼ਾ ਦੇ ਕੇ ਨਹੀਂ ਸਗੋਂ ਸਦਾਚਾਰ ਅਤੇ ਨੈਤਿਕ ਪੱਧਰ ਤੇ ਲਾਗੂ ਕਰਨ ਦੇ ਹੱਕ ਵਿਚ ਸੀ। ਸਵੈ-ਉੱਨਤੀ ਅਤੇ ਚੰਗੇ ਸਮਾਜਕ-ਪ੍ਰਬੰਧ ਲਈ ਸਚਿਆਈ ਜਾਂ ਈਮਾਨਦਾਰੀ ਬੁਨਿਆਦੀ ਗੱਲ ਹੈ। ਜਿਸ ਨੂੰ ਇਹ ਗਿਆਨ ਪ੍ਰਾਪਤ ਹੈ ਉਹ ਹੀ ਉੱਤਮ ਮਨੁੱਖ ਹੈ। ਕੇਵਲ ਆਪਣਾ ਹੀ ਲਾਭ ਸੋਚਣ ਵਾਲਾ ਮਨੁੱਖ ਘਟੀਆ ਹੈ। ਮਨੁੱਖ ਦਾ ਨਾਂ ਵੀ ਸਾਰਥਕ ਹੋਣਾ ਚਾਹੀਦਾ ਹੈ। ਰਾਜਾ ਤਦ ਹੀ ਰਾਜਾ ਕਹਾਉਣ ਦਾ ਹੱਕਦਾਰ ਹੈ, ਜੇਕਰ ਉਸ ਵਿਚ ਰਾਜੇ ਵਾਲੇ ਸਾਰੇ ਸੱਚੇ-ਸੁੱਚੇ ਗੁਣ ਹਨ।

ਕਨਫਿਊਸ਼ਸ ਦੀ ਮੌਤ ਤੋਂ ਬਾਅਦ, ਕਨਫਿਊਸ਼ਸਵਾਦ ਦੋ ਸ਼ਾਖਾਵਾਂ ਵਿਚ ਵੰਡਿਆ ਗਿਆ। ਇਕ ਸ਼ਾਖਾ ਸਮਾਜਿਕ ਤੇ ਰਾਜਨੀਤਿਕ ਸੀ ਅਤੇ ਦੂਜੀ ਮਨੋਵਿਗਿਆਨਕ ਤੇ ਧਾਰਮਿਕ ਸੀ। ਪਹਿਲੇ ਸਿਧਾਂਤ ਜਾਂ 'ਮਹਾਨ ਸਿੱਖਿਆ' ਦਾ ਮੋਢੀ ਕਨਫਿਊਸ਼ਸ ਦਾ ਚੇਲਾ ਤਸੇਂਗ-ਤਜ਼ੂ (ਲਗਭਗ 505 ਈ. ਪੂ. ਤੋਂ 436 ਈ. ਪੂ.) ਸੀ ਅਤੇ ਦੂਜੇ ਸਿਧਾਂਤ, (Doctrinl of the Mean) ਦਾ ਮੋਢੀ ਕਨਫਿਊਸ਼ਸ ਦਾ ਪੋਤਾ ਤਜ਼ੂ ਸਸੂ (483-402 ਈ. ਪੂ.) ਸੀ।

ਤਸੈਂਗ-ਤਜ਼ੂ ਕਨਫਿਊਸ਼ਸ ਦੇ ਮਨੁੱਖਤਾ ਦੇ ਸਿਧਾਂਤ ਤੇ ਵਿਸ਼ਵਾਸ ਰੱਖਦਾ ਸੀ। ਉਸ ਦੇ ਵਿਚਾਰ ਅਨੁਸਾਰ ਨਵੀਂ ਖੋਜ-ਭਾਲ ਤੋਂ ਲੈ ਕੇ ਵਿਸ਼ਵ ਸ਼ਾਂਤੀ ਤੱਕ ਹਰ ਗੱਲ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਨੂੰ ਇਹ ਗਿਆਨ ਹੋਵੇ ਕਿ ਕਿਹੜਾ ਕੰਮ ਪਹਿਲਾਂ ਕਰਨਾ ਚਾਹੀਦਾ ਹੈ ਅਤੇ ਕਿਹੜਾ ਕੰਮ ਬਾਅਦ ਵਿਚ। ਕਨਫਿਊਸ਼ਸ ਦੇ ਪੋਤੇ ਤਜ਼ੂ ਸਸੂ ਤੇ ਸਿਧਾਂਤ ਅਨੁਸਾਰ ਮਨੁੱਖ ਦੀ ਪ੍ਰਕਿਰਤੀ ਅਜਿਹੀ ਹੋਣੀ ਚਾਹੀਦੀ ਹੈ ਕਿ ਉਹ ਹਰ ਗੱਲ ਵਿਚ ਸੰਜਮ ਅਤੇ ਸੰਤੁਲਨ ਕਾਇਮ ਰੱਖੇ।

ਇਨ੍ਹਾਂ ਤੋਂ ਬਾਅਦ, ਮੈਨਸੀਅਸ ਦੁਆਰਾ ਇਨ੍ਹਾਂ ਸਿਧਾਂਤਾਂ ਦਾ ਪ੍ਰਚਾਰ ਚਲਦਾ ਰਿਹਾ। ਇਸ ਦੇ ਨਾਲ ਹੀ ਉਸ ਨੇ ਮਨੁੱਖੀ ਸੁਭਾਅ

ਸਬੰਧੀ ਇਕ ਨਵੇਂ ਸਿਧਾਂਤ ਦੀ ਵਕਾਲਤ ਵੀ ਕੀਤੀ। ਕਨਫਿਊਸ਼ਸ ਦਾ ਕਹਿਣਾ ਸੀ ਕਿ ਸਾਰੇ ਮਨੁੱਖਾਂ ਦਾ ਸੁਭਾਅ ਇਕੋ ਜਿਹਾ ਹੁੰਦਾ ਹੈ ਪਰ ਅਭਿਆਸ ਦੁਆਰਾ ਉਹ ਅਲੱਗ-ਅਲੱਗ ਕਿਸਮ ਦੇ ਹੋ ਜਾਂਦੇ ਹਨ। ਮੈਨਸੀਅਸ ਦਾ ਕਹਿਣਾ ਸੀ ਕਿ ਮੂਲ ਰੂਪ ਵਿਚ ਮਨੁੱਖ ਦਾ ਸੁਭਾਅ ਚੰਗਾ ਹੁੰਦਾ ਹੈ, ਕਿਉਂਕਿ, ਮੁੱਢਲੇ ਚਾਰ ਗੁਣ-ਮਨੁੱਖਤਾ, ਸਚਿਆਈ, ਉਚਿੱਤਤਾ ਅਤੇ ਸਿਆਣਪ-ਹਰ ਇਕ ਮਨੁੱਖ ਵਿਚ ਹੁੰਦੇ ਹਨ। ਇਸ ਲਈ ਉਸ ਦੇ ਵਿਚਾਰ ਅਨੁਸਾਰ ਮਨੁੱਖ ਨੂੰ ਚੰਗਿਆਈ ਦਾ ਗਿਆਨ ਹੁੰਦਾ ਹੈ ਅਤੇ ਕੁਦਰਤੀ ਤੌਰ ਤੇ ਉਸ ਵਿਚ ਚੰਗਿਆਈ ਕਰਨ ਦੀ ਯੋਗਤਾ ਹੁੰਦੀ ਹੈ ਜਿਵੇਂ ਕਿ ਬੱਚੇ ਦੇ ਦਿਲ ਵਿਚ ਮਾਂ-ਬਾਪ ਲਈ ਪਿਆਰ ਕੁਦਰਤੀ ਹੈ। ਮਨੁੱਖ ਪੱਕੇ ਇਰਾਦੇ ਦਾ ਹੋਵੇ ਤਾਂ ਉਹ ਸਭ ਕੁਝ ਕਰ ਸਕਦਾ ਹੈ। ਆਚਰਣ ਵਿਚ ਖ਼ਰਾਬੀ ਅਤੇ ਅਸਫਲਤਾ ਮਨੁੱਖ ਦੀ ਆਪਣੀ ਲਾਪਰਵਾਹੀ, ਪੱਕੇ ਇਰਾਦੇ ਦੀ ਘਾਟ, ਭੈੜੇ ਵਾਤਾਵਰਣ ਅਤੇ ਗਲਤ ਸਿਖਿਆ ਕਾਰਨ ਹੁੰਦੀ ਹੈ।

ਜਿੱਥੇ ਮੈਨਸੀਅਸ ਪ੍ਰਾਚੀਨ ਕਨਫਿਊਸ਼ਸਵਾਦ ਦੇ ਦਾਰਸ਼ਨਿਕ ਪੱਖ ਦੀ ਪ੍ਰਤਿਨਿਧਤਾ ਕਰਦਾ ਹੈ ਉਥੇ ਹਸੁਨ ਤਜ਼ੂ ਪ੍ਰਕਿਰਤੀ-ਵਿਗਿਆਨਕ ਪੱਖ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਅਨੁਸਾਰ ਮਨੁੱਖ ਦਾ ਸੁਭਾਅ ਮੂਲ ਰੂਪ ਵਿਚ ਬੁਰਾ ਹੈ ਕਿਉਂਕਿ ਜੇਕਰ ਮਨੁੱਖ ਦੀਆਂ ਇੱਛਾਵਾਂ ਤੇ ਕੋਈ ਰੋਕ ਨਾ ਪਾਈ ਜਾਵੇ ਤਾਂ ਲਾਲਚ ਵਧਦਾ ਹੈ ਅਤੇ ਉਲਝਣਾਂ ਪੈਂਦੀਆਂ ਹਨ। ਚੰਗਿਆਈ ਤਾਂ ਕੋਸ਼ਿਸ਼ ਨਾਲ ਪ੍ਰਾਪਤ ਕੀਤੀ ਜਾਂਦੀ ਹੈ।

ਪ੍ਰਕਿਰਤੀ ਬਾਰੇ ਆਪਣੇ ਵਿਚਾਰਾਂ ਕਰਕੇ ਉਹ ਤਾਓਵਾਦੀਆਂ ਨਾਲ ਮੇਲ ਖਾਂਦਾ ਹੈ ਅਤੇ ਕਾਨੂੰਨ ਨੂੰ ਮਹੱਤਵ ਦੇਣ ਕਾਰਨ ਇਹ ਕਾਨੂੰਨ ਪ੍ਰਸਤਾਂ ਦੇ ਨੇੜੇ ਹੋ ਜਾਂਦਾ ਹੈ। ਮੈਨਸੀਅਸ ਅਤੇ ਹੁਸਨ ਤਜ਼ੂ ਦੇ ਸਿਧਾਂਤਾਂ ਵਿਚ ਮੌਲਿਕ ਅੰਤਰ ਹੋਣ ਕਾਰਨ ਇਨ੍ਹਾਂ ਦਾ ਟਾਕਰਾ ਕ੍ਰਮਵਾਰ ਪਲੈਟੋ ਅਤੇ ਅਰਸਤੂ ਨਾਲ ਕੀਤਾ ਜਾਂਦਾ ਹੈ।

**ਤਾਓਵਾਦ**—ਮਾਨਵਵਾਦੀ ਦਰਸ਼ਨ ਦਾ ਤਾਓਵਾਦ ਨੇ ਸਿੱਧਾ ਵਿਰੋਧ ਕੀਤਾ। ਮਹਾਨ ਸੰਤ ਤਾਓ ਦੇ ਨਾਂ ਤੇ ਹੀ ਇਸ ਸੰਪ੍ਰਦਾਇ ਦਾ ਨਾਂ ਰੱਖਿਆ ਗਿਆ। ਤਾਓ ਬਹੁਤ ਹੀ ਮਹੱਤਵਪੂਰਨ ਵਿਆਪਕ ਅਤੇ ਰਹੱਸਮਈ ਹੈ। ਉਸ ਦਾ ਦਿਖਾਇਆ ਮਾਰਗ ਮਨੁੱਖੀ-ਮਾਰਗ ਨਹੀਂ ਸਗੋਂ ਕੁਦਰਤ ਦਾ ਮਾਰਗ ਹੈ। ਤਾਓ ਇਕ ਮਾਰਗ ਹੈ, ਨਿਯਮ ਹੈ, ਆਧਾਰ ਹੈ, ਸਭ ਚੀਜ਼ਾਂ ਨੂੰ ਪਰਖਣ ਦੀ ਕਸੌਟੀ ਦਾ ਮਾਰਗ ਹੈ। ਸਾਰੀਆਂ ਚੀਜ਼ਾਂ ਲਈ ਇਸ ਮਾਰਗ ਜਾਂ ਸਿਧਾਂਤ ਅਨੁਸਾਰ ਚੱਲਣਾ ਜ਼ਰੂਰੀ ਹੈ। ਕਦੀ ਕਦੀ ਇਸ ਦਾ ਅਰਥ ਦੁਨੀਆ ਦੀ ਅਭਿਵਿਅਕਤੀ, ਵਿਕਾਸ ਜਾਂ ਸਾਰੀ ਕਾਰਜ-ਪ੍ਰਣਾਲੀ ਤੋਂ ਲਿਆ ਜਾਂਦਾ ਹੈ। ਇਹ ਸੰਸਕ੍ਰਿਤ ਦੇ ਤਿੰਨ ਸ਼ਬਦਾਂ-ਬ੍ਰਹਮ, ਧਰਮ ਅਤੇ ਮਾਰਗ ਦੇ ਸਮਾਨ ਹੈ।

ਤਾਓ ਸ਼ਾਖਾ ਦਾ ਮਹਾਨ ਅਤੇ ਪ੍ਰਸਿੱਧ ਗੁਰੂ ਅਸਲ ਵਿਚ ਲਾਓ ਤਜ਼ੂ ਸੀ, ਜੋ ਤਾਓ ਦਰਸ਼ਨ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਤਜ਼ੂ ਤਾਓ ਨੂੰ ਸੰਸਾਰ ਦੀ ਸਭ ਤੋਂ ਉੱਚੀ ਆਤਮਾ, ਨਿਰਪੱਖ ਅਤੇ ਸ਼ਾਸਵਤ ਮੰਨਦਾ ਹੈ, ਜਿਸ ਤੋਂ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਉਤਪੰਨ ਹੁੰਦੀਆਂ ਹਨ ਅਤੇ ਫਿਰ ਉਸੇ ਵਿਚ ਮਿਲ ਜਾਂਦੀਆਂ ਹਨ। ਤਾਓ ਦੇ ਕਥਨ ਅਨੁਸਾਰ ਕੁਦਰਤ ਦਾ ਭਾਣਾ ਮੰਨਣ ਨਾਲ ਉਸ ਦਾ ਵਿਰੋਧ ਨਾ ਕਰਨ ਨਾਲ ਮਨੁੱਖ ਸੰਤੋਖ, ਗਿਆਨ ਅਤੇ ਸ਼ਾਂਤੀ ਦੀ ਪ੍ਰਾਪਤੀ ਕਰਦਾ ਹੈ। ਕਮਜ਼ੋਰੀ, ਸਾਦਗੀ, ਏਕਤਾ, ਪਵਿੱਤਰਤਾ ਆਦਿ ਮਨੁੱਖ ਦੇ ਕੁਦਰਤੀ ਗੁਣ ਹਨ। ਯੁੱਧ, ਰੀਤੀ-ਰਿਵਾਜ ਆਦਿ ਨਾਸ਼ ਕਰਨ ਵਾਲੇ ਤੱਤ ਹਨ।

ਤਾਓ ਦੇ ਮਹਾਨ ਅਨੁਯਾਈ ਚੁਆਂਗਤਜ਼ੂ ਨੇ ਤਾਓ ਦੇ ਸਿਧਾਂਤਾਂ ਦਾ ਬੜੇ ਡੂੰਘੇ ਅਤੇ ਵਿਸਤਿਰਤ ਢੰਗ ਨਾਲ ਪ੍ਰਚਾਰ ਕੀਤਾ। ਉਸ ਦਾ ਸਿਧਾਂਤ ਸਭ ਜੀਵਾਂ ਨੂੰ ਸਮਾਨ ਸਮਝਣਾ ਸੀ। ਇਹ ਪੂਰਣ ਏਕਤਾ ਵਿਚ ਵਿਸ਼ਵਾਸ ਰੱਖਦਾ ਸੀ। 'ਚੰਗਾ ਬੁਰਾ', 'ਸੱਚ ਝੂਠ', 'ਵੱਡਾ-ਛੋਟਾ', 'ਗਰੀਬ-ਅਮੀਰ', 'ਜੀਵਨ-ਮਿਰਤੂ', 'ਸ਼ੁਰੂ-ਅੰਤ' ਇਹ ਮਨੁੱਖ ਦੇ ਬਣਾਏ ਹੋਏ ਸਨ, ਵਾਸਤਵ ਵਿਚ ਇਹ ਸਭ ਅਭਿੰਨ ਹਨ। ਇਵੇਂ ਹੀ ਜਦੋਂ ਤਕ ਘਿਰਣਾ, ਕਲੇਸ਼, ਦੁੱਖ, ਦੁਸ਼ਮਣੀ, ਹਿੰਸਾ, ਜ਼ੁਲਮ ਆਦਿ ਚੀਜ਼ਾਂ ਸਮਾਪਤ ਨਹੀਂ ਹੋ ਜਾਂਦੀਆਂ, ਸੰਸਾਰ ਵਿਚ ਸੁਖ ਅਤੇ ਮੁਕਤੀ ਨਹੀਂ ਮਿਲ ਸਕਦੀ। ਆਦਰਸ਼ਕ ਤੇ ਸੱਚਾ ਮਨੁੱਖ ਉਹੀ ਹੈ, ਜੋ ਇਨ੍ਹਾਂ ਭਿੰਨ ਭੇਦਾਂ ਤੋਂ ਉਪਰ ਉਠ ਜਾਂਦਾ ਹੈ।

ਕਈ ਪੱਖਾਂ ਤੋਂ ਕਨਫਿਊਸ਼ਸਵਾਦ ਅਤੇ ਤਾਓਵਾਦ ਵਿਰੋਧੀ ਸਿਧਾਂਤ ਪੇਸ਼ ਕਰਦੇ ਹਨ। ਕਨਫਿਊਸ਼ਸਵਾਦੀ ਕੁਝ ਕਰਨ ਵਿਚ, ਮਨੁੱਖੀ ਸਬੰਧਾਂ ਵਿਚ, ਸਮਾਜਿਕ ਸਮਝੌਤਿਆਂ ਵਿਚ, ਦੂਜਿਆਂ ਨੂੰ ਸਿੱਧੇ ਰਾਹ ਪਾਉਣ ਵਿਚ ਅਤੇ ਰਸਮਾਂ-ਰਿਵਾਜਾਂ ਤੇ ਸੰਗੀਤ ਵਿਚ ਵਿਸ਼ਵਾਸ ਰੱਖਦੇ ਹਨ ਪਰ ਤਾਓਵਾਦੀ ਇਸ ਤੋਂ ਉਲਟ ਕੁਝ ਨਾ ਕਰਨ ਵਿਚ, ਕੇਵਲ ਆਪਣੇ ਆਪ ਤੱਕ ਹੀ ਮਹਿਦੂਦ ਰਹਿਣ ਵਿਚ, ਮਨ ਦੇ ਟਿਕਾਉ ਵਿਚ ਅਤੇ ਰਸਮਾਂ-ਰਿਵਾਜਾਂ ਤੇ ਸੰਗੀਤ ਦਾ ਵਿਰੋਧ ਕਰਨ ਵਿਚ ਵਿਸ਼ਵਾਸ ਰੱਖਦੇ ਹਨ ਪਰ ਫਿਰ ਵੀ ਦੋਵੇਂ ਸੰਪ੍ਰਦਾਵਾਂ ਕੁਝ ਮੂਲ ਗੁਣਾਂ-ਸੱਚੀ ਮਨੁੱਖਤਾ ਅਤੇ ਵਿਵੇਕ ਬੁੱਧੀ ਦਾ ਉਪਦੇਸ਼ ਦਿੰਦੀਆਂ ਹਨ, ਤਾਕਤ ਅਤੇ ਸਜ਼ਾ ਦਾ ਵਿਰੋਧ ਕਰਦੀਆਂ ਹਨ, ਵਿਅਕਤੀਗਤ ਦਿਆਨਤਦਾਰੀ ਦੇ ਮਹੱਤਵ ਤੇ ਜ਼ੋਰ ਦਿੰਦੀਆਂ ਹਨ ਅਤੇ ਲੋਕਾਂ ਨੂੰ ਸੰਤ ਬਣਨ ਲਈ ਪ੍ਰੇਰਦੀਆਂ ਹਨ।

**ਮਾਓ-ਵਾਦ**—ਪ੍ਰਾਚੀਨ ਚੀਨ ਵਿਚ ਮਾਓ-ਵਾਦ ਅਤੇ ਕਨਫਿਊਸ਼ਸਵਾਦ ਦੋ ਮਹੱਤਵਪੂਰਨ ਸੰਪ੍ਰਦਾਵਾਂ ਰਹੀਆਂ ਹਨ। ਮਾਓ-ਵਾਦੀ ਅਨੁਯਾਈਆਂ ਦਾ ਵੀ ਮੁੱਖ ਟੀਚਾ ਮਨੁੱਖ ਅਤੇ ਸਮਾਜ ਹੀ ਸੀ ਪਰ ਕਨਫਿਊਸ਼ਸਵਾਦੀਆਂ ਦੇ ਉਲਟ ਇਹ ਵਰਗ ਜਾਂ ਸਮਾਜ ਨੂੰ ਪ੍ਰਧਾਨਤਾ ਦਿੰਦੇ ਸਨ ਅਤੇ ਵਿਅਕਤੀ ਨੂੰ ਦੂਜੇ ਨੰਬਰ ਤੇ ਰੱਖਦੇ ਹਨ। ਇਸ ਸੰਪ੍ਰਦਾਇ ਦਾ ਜਨਮ ਦਾਤਾ ਮੋ ਤਿ ਸੀ। ਇਹ ਕਹਿੰਦਾ ਸੀ ਕਿ ਜੰਗ ਦੀ ਬਜਾਇ ਮਨੁੱਖ ਨੂੰ ਆਪਣੇ ਮਾਤਾ-ਪਿਤਾ ਨਾਲ, ਆਪਣੇ ਦੇਸ਼ ਨਾਲ, ਆਪਣੇ ਸਾਥੀਆਂ ਤੇ ਬਾਕੀ ਮਨੁੱਖਾਂ ਨਾਲ ਉਨ੍ਹਾਂ ਦੇ ਦੇਸ਼ਾਂ ਨਾਲ ਵੀ ਪਿਆਰ ਕਰਨਾ ਚਾਹੀਦਾ ਹੈ। ਰੱਬ ਸਭ ਨੂੰ ਪਿਆਰ ਅਤੇ ਸਭ ਨੂੰ ਦਾਤਾਂ ਬਖ਼ਸ਼ਦਾ ਹੈ। ਹਰ ਇਕ ਨੂੰ ਰੱਬ ਦੀ ਇੱਛਾ ਦਾ ਪਾਲਣ ਕਰਨਾ ਚਾਹੀਦਾ ਹੈ। ਵਿਸ਼ਵ ਪਿਆਰ ਦੇ ਇਨ੍ਹਾਂ ਸਿਧਾਂਤਾਂ ਕਰਕੇ ਅਤੇ ਰੱਬ ਦੀ ਇੱਛਾ ਦਾ ਪਾਲਣ ਕਰਨ ਕਰਕੇ ਪ੍ਰਾਚੀਨ ਚੀਨ ਵਿਚ ਮੋ ਤਿ ਦੇ ਧਰਮ ਦਾ ਖ਼ੂਬ ਬੋਲਬਾਲਾ ਹੋਇਆ। ਉਸ ਨੇ ਇਨ੍ਹਾਂ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਢਾਲਣ ਦੇ ਨਾਲ-ਨਾਲ ਇਨ੍ਹਾਂ ਨੂੰ ਤਰਕਯੁਕਤ ਨੀਂਹ ਤੇ ਸਥਿਰ ਕੀਤਾ ਅਤੇ ਦਾਰਸ਼ਨਿਕ ਪ੍ਰਣਾਲੀ ਵਿਚ ਢਾਲਿਆ। ਇਸ ਦਾ ਵਿਚਾਰ ਸੀ ਕਿ ਰਾਜਨੀਤਿਕ ਤੌਰ ਤੇ ਵੱਧ ਤੋਂ ਵੱਧ ਸਮਾਜਿਕ ਲਾਭ ਉਦੋਂ ਹੀ ਉਠਾਇਆ ਜਾ ਸਕਦਾ ਹੈ ਜਦੋਂ ਲੋਕ ਆਪਣੇ ਨੇਤਾਵਾਂ ਨਾਲ ਸਹਿਮਤੀ ਰੱਖਦੇ ਹੋਣ।

**ਤਾਰਕਿਕ ਸ਼ਾਖਾ**—ਇਹ ਪੰਥ ਛੋਟਾ ਜਿਹਾ ਸੀ ਅਤੇ ਇਸ ਦਾ ਕੋਈ ਬਹੁਤ ਪ੍ਰਭਾਵ ਨਹੀਂ ਸੀ। ਇਸ ਦੇ ਅਨੁਯਾਈ ਹੋਂਦ, ਸਾਪੇਖਤਾ, ਖਗੋਲ, ਸਮਾਂ, ਗੁਣ ਅਤੇ ਕਾਰਨਾਂ ਵਰਗੀਆਂ ਪਰਾਭੌਤਿਕ ਅਤੇ ਗਿਆਨ-ਸ਼ਾਸਤਰੀ ਸਮੱਸਿਆਵਾਂ ਵਿਚ ਦਿਲਚਸਪੀ ਰੱਖਦੇ ਸਨ। ਤਾਰਕਿਕ ਸ਼ਾਖਾ ਵਾਲੇ ਤਰਕ ਤੇ ਹੀ ਜ਼ੋਰ ਦਿੰਦੇ ਸਨ ਅਤੇ ਸਮਾਜਕ ਜਾਂ ਨੈਤਿਕ ਪੱਖਾਂ ਵੱਲ ਜਾਂ ਰਾਜਨੀਤਿਕ ਪ੍ਰਭਾਵਾਂ ਵੱਲ ਕੋਈ ਧਿਆਨ ਨਹੀਂ ਦਿੰਦੇ ਸਨ। ਇਸ ਸ਼ਾਖਾ ਦੇ ਉੱਘੇ ਪ੍ਰਤੀਨਿਧ ਹੁਈ ਸ਼ੀਹ (380-305 ਈ. ਪੂ.) ਅਤੇ ਕੁੰਗ-ਸੁਨ ਲੁੰਗ (320-250 ਈ. ਪੂ.) ਇਕ ਦੂਜੇ ਤੋਂ ਉਲਟ ਵਿਚਾਰ ਰੱਖਦੇ ਸਨ।

**ਕਾਨੂੰਨਵਾਦ**—ਮਾਓ-ਵਾਦੀਆਂ ਵਾਂਗ ਕਾਨੂੰਨਵਾਦੀ ਵੀ ਵਿਅਕਤੀਗਤ ਮਨੁੱਖ ਨਾਲੋਂ ਸੁਸਾਇਟੀ ਨੂੰ ਵਧੇਰੇ ਮਹੱਤਤਾ ਦਿੰਦੇ ਸਨ ਪਰ ਇਹ ਕਹਿੰਦੇ ਸਨ ਕਿ ਬੁਨਿਆਦੀ ਤੌਰ ਤੇ ਮਨੁੱਖ ਦੀ ਫ਼ਿਤਰਤ ਮਾੜੀ ਹੈ ਅਤੇ ਇਸ ਨੂੰ ਰਾਜਨੀਤਿਕ ਢੰਗਾਂ ਦੁਆਰਾ ਕੰਟਰੋਲ ਕਰਨਾ ਚਾਹੀਦਾ ਹੈ।

**ਯਿਨ-ਯਾਂਗ ਵਿਚਾਰਧਾਰਾ**—ਯਿਨ-ਯਾਂਗ ਸਿਧਾਂਤ ਅਨੁਸਾਰ ਸਾਰੀਆਂ ਚੀਜਾਂ ਨੈਗੇਟਿਵ ਅਤੇ ਪਾਜ਼ੇਟਿਵ ਦੋ ਬਲਾਂ ਜਾਂ ਤੱਤਾਂ ਦੇ ਉਤਪਾਦ ਦਾ ਸਿੱਟਾ ਹਨ। ਇਸ ਵਿਚਾਰਧਾਰਾ ਦੇ ਅਨੁਯਾਈ ਪੰਜ ਤੱਤਾਂ—ਧਾਤ, ਲੱਕੜੀ, ਪਾਣੀ, ਅੱਗ ਅਤੇ ਭੂਮੀ ਵਿਚ ਵਿਸ਼ਵਾਸ ਰੱਖਦੇ ਸਨ। ਯਿਨ-ਯਾਂਗ ਦਾ ਸਿਧਾਂਤ ਬੇਸ਼ਕ ਰੁੱਖਾ ਸੀ ਪਰ ਬੜਾ ਪ੍ਰਭਾਵਪੂਰਨ ਸੀ।

**ਮੱਧ-ਕਾਲ** (221 ਈ. ਪੂ. ਤੋਂ 906 ਈ.)—ਇਸ ਸਮੇਂ ਵਿਚ ਕਨਫਿਊਸ਼ਸਵਾਦ, ਤਾਓਵਾਦ ਅਤੇ ਬੁੱਧ ਧਰਮ ਪ੍ਰਚਲਤ ਹੋਏ। ਕਨਫਿਊਸ਼ਸ ਸ਼ਾਖਾ 11 ਵੀਂ ਸਦੀ ਤੱਕ ਤਾਂ ਬੇਹਰਕਤ ਅਵਸਥਾ ਵਿਚ ਹੀ ਰਹੀ। 8ਵੀਂ ਸਦੀ ਤਕ ਕਨਫਿਊਸ਼ਸਵਾਦ ਇੰਨਾ ਮੱਧਮ ਪੈ ਚੁੱਕਾ ਸੀ ਕਿ ਹਾਨ ਯੂ ਨੇ ਇਸ ਨੂੰ ਬੁੱਧ ਮੱਤ ਤੋਂ ਬਚਾਉਣ ਲਈ ਬੜਾ ਪ੍ਰਚਾਰ ਕੀਤਾ। ਮੱਧ ਕਾਲ ਵਿਚ ਤਾਓਵਾਦ ਅਤੇ ਬੁੱਧ ਧਰਮ ਨੇ ਵਿਕਾਸ ਕੀਤਾ।

**ਤਾਓਵਾਦ**—ਮੱਧ ਕਾਲ ਵਿਚ ਤਾਓ-ਦਰਸ਼ਨ ਤਾਓ ਧਰਮ ਵਿਚ ਬਦਲ ਗਿਆ। ਚੌਥੀ ਤੋਂ ਤੀਜੀ ਸਦੀ ਈ. ਪੂ: ਤੱਕ ਹੁਆਈਨਾਨ-ਤਜ਼ੂ ਨੇ ਤਾਓ ਦੇ ਸਿਧਾਂਤਾਂ ਦਾ ਬੜਾ ਪ੍ਰਚਾਰ ਕੀਤਾ। ਸਮੇਂ ਦੇ ਨਾਲ ਤਾਓਵਾਦ ਵਿਚ ਤਬਦੀਲੀਆਂ ਆਉਂਦੀਆਂ ਗਈਆਂ ਅਤੇ ਹੋਰ ਸ਼ਾਖਾਵਾਂ ਵੀ ਬਣਦੀਆਂ ਗਈਆਂ। ਇਸੇ ਸਮੇਂ ਵਿਚ ਕੋ ਹੁੰਗ (254-334) ਜਿਸ ਨੂੰ ਪਾਓ-ਪੂ-ਤਜ਼ੂ ਵੀ ਕਹਿੰਦੇ ਹਨ, ਨੇ ਇਕ ਪਾਸੇ ਤਾਓ-ਦਰਸ਼ਨ ਅਤੇ ਧਰਮ ਨੂੰ ਅਤੇ ਦੂਜੇ ਪਾਸੇ ਕਨਫਿਊਸ਼ਸਵਾਦ ਅਤੇ ਤਾਓਵਾਦ ਨੂੰ ਇਕੱਠਾ ਕਰਨ ਦਾ ਯਤਨ ਕੀਤਾ।

**ਬੁੱਧ ਧਰਮ**—ਬੁੱਧ ਧਰਮ ਦੀ ਕਈ ਕਿਸਮ ਦੀ ਵਿਚਾਰਧਾਰਾ ਭਾਰਤ ਤੋਂ ਚੱਲ ਕੇ ਚੀਨ ਵਿਚ ਪ੍ਰਚਲਤ ਹੋਈ। ਪਹਿਲਾਂ ਪਹਿਲ ਬੁੱਧ-ਦਾਰਸ਼ਨਿਕਾਂ ਨੇ ਬੁੱਧ ਦੀ ਵਿਚਾਰਧਾਰਾ ਨੂੰ ਤਾਓ ਦੇ ਸਿਧਾਂਤਾਂ ਅਨੁਸਾਰ ਢਾਲ ਕੇ ਚੀਨੀ-ਦਰਸ਼ਨ ਦੇ ਬਰਾਬਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। 6ਵੀਂ ਤੋਂ 8ਵੀਂ ਸਦੀ ਦੇ ਵਿਚਕਾਰ ਬੁੱਧ-ਦਰਸ਼ਨ ਦੀਆਂ ਕਈ ਵਿਚਾਰਧਾਰਾਵਾਂ ਚੀਨ ਵਿਚ ਪ੍ਰਫੁੱਲਤ ਹੋਈਆਂ। ਮੱਧ-ਮਾਰਗ ਵਿਚਾਰਧਾਰੀਆਂ ਨੇ ਦੋ ਸਚਾਈਆਂ—ਸਾਧਾਰਨ ਸੱਚ ਅਤੇ ਪੂਰਣ ਸੱਚ—ਦਾ ਪ੍ਰਚਾਰ ਕੀਤਾ। ਆਦਰਸ਼ਵਾਦੀਆਂ ਨੇ ਮਨ ਨੂੰ ਅੱਠ ਚੇਤਨਤਾਵਾਂ ਵਿਚ ਵੰਡਿਆ। ਇਸ ਤਰ੍ਹਾਂ ਭਾਰਤੀ ਦਰਸ਼ਨ ਨੇ ਚੀਨ ਦੀ ਭੂਮੀ ਵਿਚ ਜੜ੍ਹ ਪਕੜੀ ਅਤੇ ਇਕ ਕ੍ਰਾਂਤੀਕਾਰੀ ਸਿਧਾਂਤ ਪੈਦਾ ਹੋਇਆ ਕਿ ਮੁਕਤੀ ਹਰ ਕੋਈ ਪ੍ਰਾਪਤ ਕਰ ਸਕਦਾ ਹੈ। ਇਸ ਦੇ ਨਾਲ ਹੀ 'ਸਭ ਵਿਚ ਇਕ ਅਤੇ ਇਕ ਵਿਚ ਸਭ' ਦਾ ਪ੍ਰਚਾਰ ਹੋਇਆ।

ਚੀਨ ਵਿਚ ਬੁੱਧ-ਮੱਤ ਦੇ ਵਿਕਾਸ ਦੀ ਵੱਡੀ ਗੱਲ 'ਮੈਡੀਟੇਸ਼ਨ ਵਿਚਾਰਧਾਰਾ' ਦਾ ਕਾਇਮ ਹੋਣਾ ਸੀ। ਇਸ ਦਾ ਮੁੱਖ ਮੰਤਵ ਇਸੇ ਸਰੀਰ ਵਿਚ ਚਿੰਤਨ ਦੁਆਰਾ ਨਿਰਵਾਣ ਦੀ ਪ੍ਰਾਪਤੀ ਕਰਨਾ ਸੀ। ਹਰ ਕਿਸਮ ਦੀ ਸੋਚਣੀ ਛੱਡਣੀ, ਇਸ ਦੇ ਲਈ ਆਪਣੀਆਂ ਭਾਵਨਾਵਾਂ ਦੀ ਪਰਵਾਹ ਨਾ ਕਰਦੇ ਹੋਏ ਮਨ ਨੂੰ ਆਪਣੀ ਖੁਲ੍ਹ ਅਨੁਸਾਰ ਚੱਲਣ ਦੇਣਾ ਜ਼ਰੂਰੀ ਹੈ। ਇਸ ਸਮੇਂ ਵਿਚ ਤਾਓਵਾਦ ਦਾ ਕੁਝ ਪ੍ਰਭਾਵ ਬੁੱਧ ਮੱਤ ਤੇ ਪਿਆ।

**ਆਧੁਨਿਕ ਕਾਲ**—ਨਵ-ਕਨਫਿਊਸ਼ਸਵਾਦ (906-1900) : ਬੁੱਧ ਮੱਤ ਅਤੇ ਤਾਓ ਮੱਤ ਦੇ ਰੂਪ ਵਿਚ 20ਵੀਂ ਸਦੀ ਤੱਕ ਵਧਦੇ-ਫੁੱਲਦੇ ਰਹੇ ਪਰ ਇਨ੍ਹਾਂ ਦੀਆਂ ਫਿਲਾਸਫੀਆਂ 11ਵੀਂ ਸਦੀ ਤੱਕ ਲੁਪਤ ਹੋ ਚੁੱਕੀਆਂ ਸਨ। ਫਿਰ ਵੀ ਉਸ ਸਮੇਂ ਤੱਕ ਇਨ੍ਹਾਂ ਦੋਹਾਂ ਧਰਮਾਂ ਦਾ ਚੀਨੀ ਵਿਚਾਰਧਾਰਾ ਉੱਤੇ ਚੋਖਾ ਪ੍ਰਭਾਵ ਪੈ ਚੁੱਕਿਆ ਸੀ। ਇਸੇ ਸਮੇਂ ਵਿਚ ਨਵ-ਕਨਫਿਊਸ਼ਸਵਾਦ ਹੋਂਦ ਵਿਚ ਆਇਆ। ਇਸ ਦੇ ਮੁੱਢਲੇ ਸਿਧਾਂਤ ਪ੍ਰਕਿਰਤੀ ਵਿਸ਼ੇਸ਼ ਕਰਕੇ ਮਨੁੱਖੀ ਪ੍ਰਕਿਰਤੀ ਅਤੇ ਨਿਯਮ -ਬੱਧਤਾ ਸਨ। ਨਵ-ਕਨਫਿਊਸ਼ਸ ਦੇ ਮੋਢੀ ਚਾਓ ਤੁਨ-ਯੀ, ਚਾਂਗ ਤਸਾਈ ਸਨ। ਇਹ ਦੋਵੇਂ ਤਰਕ ਪ੍ਰਧਾਨ ਵਿਚਾਰਧਾਰਾ ਰੱਖਦੇ ਸਨ। ਇਨ੍ਹਾਂ ਤੋਂ ਬਾਅਦ ਚੇਐਂਗ ਭਰਾਵਾਂ ਨੇ ਕਿਹਾ ਕਿ ਇਕੋ ਹੀ ਆਤਮਾ ਸਾਰਿਆਂ ਵਿਚ ਹੈ। ਇਸ ਤਰ੍ਹਾਂ ਉਨ੍ਹਾਂ ਨੇ ਸਾਰੇ ਵਿਸ਼ਵ ਨੂੰ ਕਨਫਿਊਸ਼ਸਵਾਦ ਵਿਚ ਲੈ ਲਿਆ। ਇਨ੍ਹਾਂ ਤੋਂ ਬਾਅਦ ਚੂ ਹਸੀ ਅਤੇ ਵਾਂਗ ਯਾਂਗ-ਮਿੰਗ ਨੇ ਇਸ ਵਿਚਾਰਧਾਰਾ ਨੂੰ ਅੱਗੇ ਵਧਾਇਆ। 17ਵੀਂ ਤੋਂ 19ਵੀਂ ਸਦੀ ਦੇ ਵਿਚਕਾਰ ਇਨ੍ਹਾਂ ਦੀਆਂ ਵਿਚਾਰਧਾਰਾਵਾਂ ਵਿਰੁੱਧ ਪ੍ਰਤੀਕਿਰਿਆ ਵੀ ਹੋਈ। ਅੰਤਲੇ ਮਹਾਨ ਕਨਫਿਊਸ਼ਸਵਾਦੀਆਂ ਵਿਚੋਂ ਕਾਂਗ ਯੂ ਵੇਈ ਦੀ ਲੀਡਰੀ ਅਧੀਨ 1898 ਵਿਚ ਕ੍ਰਾਂਤੀਕਾਰੀ ਰਾਜਨੀਤਿਕ ਸੁਧਾਰ ਕੀਤੇ ਗਏ।

20ਵੀਂ ਸਦੀ ਵਿਚ ਚੀਨੀ ਦਰਸ਼ਨ ਉੱਤੇ ਪੱਛਮੀ ਵਿਚਾਰਧਾਰਾ ਦਾ ਪ੍ਰਭਾਵ ਪਿਆ ਅਤੇ ਬੁੱਧ ਮੱਤ ਅਤੇ ਕਨਫ਼ਿਊਸ਼ਸਵਾਦ ਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਮੁੜ ਸੁਰਜੀਤ ਕੀਤਾ ਗਿਆ।

1930 ਦੇ ਦਹਾਕੇ ਵਿਚ ਕਨਫ਼ਿਊਸ਼ਸਵਾਦ ਦੋ ਦਿਸ਼ਾਵਾਂ ਵਿਚ ਵੰਡਿਆ ਗਿਆ। ਇਕ ਸ਼ਾਖਾ ਦਾ ਆਗੂ ਫੁੰਗ-ਯੂ-ਲਾਨ (ਜ. 1895) ਹੈ। ਉਸ ਦਾ ਦਰਸ਼ਨ ਨਵ-ਕਨਫਿਊਸ਼ਸਵਾਦ, ਪੱਛਮੀ ਯਥਾਰਥਵਾਦ ਅਤੇ ਤਰਕ ਦਾ ਮੇਲ ਹੈ। ਦੂਜੇ ਪਾਸੇ ਹਸਿਉਂਗ ਸ਼ੀਹ-ਲੀ ਨੇ ਨਵ-ਕਨਫ਼ਿਊਸ਼ਸਵਾਦੀ ਦਰਸ਼ਨ ਅਤੇ 'ਬੁੱਕ ਆਫ਼ ਚੇਂਜਿਜ਼' ਨੀਤੀ ਨੂੰ ਅਪਣਾਇਆ। ਬਦਕਿਸਮਤੀ ਨਾਲ ਦੂਜਾ ਵਿਸ਼ਵ ਯੁੱਧ ਛਿੜ ਜਾਣ ਕਾਰਨ ਦੋਹਾਂ ਦਾ ਦਰਸ਼ਨ ਵਧ-ਫੁਲ ਨਾ ਸਕਿਆ। ਸੰਨ 1949 ਵਿਚ ਕਮਿਊਨਿਜ਼ਮ ਦਾ ਪ੍ਰਚਾਰ ਵੱਧ ਗਿਆ ਅਤੇ ਮਾਰਕਸਵਾਦ ਤੋਂ ਲੈਨਿਨਵਾਦ ਅਤੇ ਫਿਰ ਮਾਓਵਾਦ ਹੋਂਦ ਵਿਚ ਆਏ ਪਰ ਇਨ੍ਹਾਂ ਦੇ ਹੁੰਦਿਆਂ ਰਵਾਇਤੀ ਚੀਨੀ ਫ਼ਿਲਾਸਫ਼ੀ ਦਾ ਅਧਿਐਨ ਜਾਰੀ ਹੈ।

ਬੇਸ਼ਕ ਚੀਨੀ ਦਰਸ਼ਨ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਧਾਰਾਵਾਂ ਤੋਂ ਪ੍ਰਭਾਵਿਤ ਹੁੰਦਾ ਰਿਹਾ, ਇਸ ਦੀਆਂ ਕਈ ਸ਼ਾਖਾਵਾਂ ਬਣਦੀਆਂ ਰਹੀਆਂ ਪਰ ਫਿਰ ਵੀ ਉਨ੍ਹਾਂ ਵਿਚ ਕਾਫ਼ੀ ਸਮਾਨਤਾ ਸੀ। ਸਾਰੀਆਂ ਵਿਚਾਰਧਾਰਾਵਾਂ ਵਿਚ 'ਇਕ ਵਿਚ ਅਨੇਕ' ਅਤੇ 'ਅਨੇਕ ਵਿਚ ਇਕ' ਦੀ ਭਾਵਨਾ ਸੀ। ਜਿਵੇਂ ਭਾਰਤੀ ਦਰਸ਼ਨ ਦੀਆਂ ਭਿੰਨ-ਭਿੰਨ ਵਿਚਾਰਧਾਰਾਵਾਂ ਦਾ ਮੁੱਖ ਮੰਤਵ 'ਮੁਕਤੀ ਦੀ ਪ੍ਰਾਪਤੀ' ਅਤੇ ਮਨੁੱਖ ਦੀ ਸੁਤੰਤਰਤਾ ਰਿਹਾ ਹੈ, ਉਸੇ ਤਰ੍ਹਾਂ ਚੀਨੀ ਦਰਸ਼ਨ ਵਿਚ ਵੀ 'ਮੁਕਤੀ' ਅਤੇ 'ਸੁਤੰਤਰਤਾ' ਪ੍ਰਾਪਤੀ ਤੇ ਜ਼ੋਰ ਦਿੱਤਾ ਗਿਆ ਹੈ। ਸੱਚਾ ਸੁੱਖ, ਸ਼ਾਂਤੀ, ਪ੍ਰੇਮ, ਸੁਤੰਤਰਤਾ, ਸਮਾਨਤਾ, ਏਕਤਾ ਵਿਚ ਹੈ। ਇਨ੍ਹਾਂ ਦੀ ਪ੍ਰਾਪਤੀ ਇਸੇ ਸੰਸਾਰ ਵਿਚ ਹੀ ਸੰਭਵ ਹੈ ਕਿਸੇ ਹੋਰ ਲੋਕ ਵਿਚ ਨਹੀਂ। ਚੀਨੀ ਦਰਸ਼ਨ ਦੀਆਂ ਸਾਰੀਆਂ ਸ਼ਾਖਾਵਾਂ ਮਾਨਵ-ਜੀਵਨ ਅਤੇ ਨੀਤੀ ਸ਼ਾਸਤਰ ਤੇ ਜ਼ੋਰ ਦਿੰਦੀਆਂ ਹਨ।

ਹ. ਪੁ.-ਐਨ. ਬ੍ਰਿ. 5: 645; ਹਿੰ. ਵਿ. ਕੋ. 4: 247

**ਚੀਨੀ ਭਾਸ਼ਾ**: ਇਹ ਪੂਰਬੀ ਏਸ਼ੀਆ ਦੀ ਮੁੱਖ ਭਾਸ਼ਾ ਹੈ ਜਿਹੜੀ ਸਿਕਿਆਂਗ ਪ੍ਰਾਂਤ, ਇਨਰ ਮੰਗੋਲੀਆ ਅਤੇ ਦੱਖਣ-ਪੱਛਮੀ ਪ੍ਰਾਂਤਾਂ ਨੂੰ ਛੱਡ ਕੇ ਸਾਰੇ ਚੀਨ ਵਿਚ ਬੋਲੀ ਜਾਂਦੀ ਹੈ। ਇਹ ਭਾਸ਼ਾ ਦੱਖਣ-ਪੂਰਬੀ ਏਸ਼ੀਆ ਵਿਚ ਥਾਈਲੈਂਡ, ਇੰਡੋਨੇਸ਼ੀਆ, ਮਲਾਇਆ ਆਦਿ ਦੇਸ਼ਾਂ ਵਿਚ, ਜਿਥੇ ਬਹੁਤ ਸਾਰੇ ਚੀਨੀ ਲੋਕ ਰਹਿੰਦੇ ਹਨ, ਵੀ ਬੋਲੀ ਜਾਂਦੀ ਹੈ। ਉੱਤਰੀ ਅਮਰੀਕਾ ਦੇ ਵੱਖ-ਵੱਖ ਭਾਗਾਂ ਅਤੇ ਸ਼ਾਂਤ ਮਹਾਂਸਾਗਰ ਦੇ ਟਾਪੂਆਂ ਵਿਚ ਵਸੇ ਹੋਏ ਚੀਨੀ ਵੀ ਇਸ ਭਾਸ਼ਾ ਦਾ ਪ੍ਰਯੋਗ ਕਰਦੇ ਹਨ। ਦੁਨੀਆ ਵਿਚ ਚੀਨੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਹੋਰ ਸਾਰੀਆਂ ਭਾਸ਼ਾਵਾਂ ਤੋਂ ਵੱਧ (1992 ਦੇ ਅਨੁਮਾਨ ਅਨੁਸਾਰ 107 ਕਰੋੜ) ਹੈ।

ਧੁਨੀ ਵਿਗਿਆਨਕ ਗੁਣਾਂ, ਸ਼ਬਦ ਨਿਰਮਾਣ ਤੇ ਵਿਆਕਰਣਕ ਆਧਾਰ ਤੇ ਚੀਨੀ ਭਾਸ਼ਾ ਦਾ ਸਬੰਧ ਤਿੱਬਤੀ, ਬਰਮੀ ਤੇ ਕਾਰੈਨ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਭਾਸ਼ਾਵਾਂ ਨਾਲ ਮਿਲ ਕੇ ਇਹ ਚੀਨੀ ਤਿੱਬਤੀ ਪਰਿਵਾਰ ਬਣਾਉਂਦੀ ਹੈ। ਤੀਜੀ ਤੋਂ ਦਸਵੀਂ ਸਦੀ ਵਿਚਕਾਰ ਚੀਨੀ ਲਿਖਣ ਵਿਧੀ ਨੂੰ ਜਾਪਾਨੀ, ਕੋਰੀਆਈ ਤੇ ਅਨਾਮੀ ਭਾਸ਼ਾਵਾਂ ਲਿਖਣ ਲਈ ਅਪਣਾਇਆ ਗਿਆ ਸੀ। ਇਸ ਲਈ ਇਨ੍ਹਾਂ ਭਾਸ਼ਾਵਾਂ ਉੱਤੇ ਹੀ ਚੀਨੀ ਭਾਸ਼ਾ ਦਾ ਡੂੰਘਾ ਪ੍ਰਭਾਵ ਪਿਆ। ਬੁੱਧ ਧਰਮ ਨਾਲ ਸਬੰਧਤ ਧਾਰਮਿਕ ਸ਼ਬਦਾਵਲੀ ਫ਼ਾਰਸੀ ਤੋਂ ਉਧਾਰ ਲਏ ਕੁਝ ਸ਼ਬਦਾਂ ਤੇ 19ਵੀਂ

ਸਦੀ ਵਿਚ ਯੂਰਪੀ ਭਾਸ਼ਾਵਾਂ ਦੀ ਤਕਨੀਕੀ ਸ਼ਬਦਾਵਲੀ ਤੋਂ ਛੁੱਟ ਚੀਨੀ ਭਾਸ਼ਾ ਹੋਰ ਬਾਹਰੀ ਭਾਸ਼ਾਈ ਪ੍ਰਭਾਵਾਂ ਤੋਂ ਬਹੁਤ ਹੱਦ ਤੱਕ ਮੁਕਤ ਰਹੀ ਹੈ।

ਚੀਨੀ ਭਾਸ਼ਾ ਦਾ ਸਭ ਤੋਂ ਪੁਰਾਣਾ ਪ੍ਰਮਾਣ ਹੱਡੀਆਂ ਤੇ ਲਿਖੀ ਦੇਵ-ਬਾਣੀ ਹੈ। ਇਹ ਹੱਡੀਆਂ 19ਵੀਂ ਸਦੀ ਦੇ ਅਖ਼ੀਰ ਵਿਚ ਉੱਤਰੀ ਚੀਨ ਵਿਚ ਐਨਯਾਂਗ ਤੋਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਹੱਡੀਆਂ ਦੀ ਲਿਖਤ 15ਵੀਂ ਸਦੀ ਈ. ਦੀ ਮੰਨੀ ਜਾਂਦੀ ਹੈ। ਇਸ ਦੇ ਵਿਆਕਰਣਕ, ਲਿੱਪੀਗਤ ਤੇ ਸ਼ਬਦਾਵਲੀ ਪੱਖੀ ਅਧਿਐਨ ਤੋਂ ਸਪਸ਼ਟ ਹੈ ਕਿ ਇਹ ਆਧੁਨਿਕ ਚੀਨੀ ਭਾਸ਼ਾ ਦਾ ਹੀ ਪ੍ਰਾਚੀਨ ਰੂਪ ਹੈ। ਭਾਵੇਂ ਛੇਵੀਂ ਸਦੀ ਈ. ਪੂ. ਤੋਂ ਪਹਿਲਾਂ ਦੀਆਂ ਦੋ ਮਹੱਤਵਪੂਰਨ ਰਚਨਾਵਾਂ ਮਿਲਦੀਆਂ ਹਨ ਪਰ ਤੀਜੀ ਸਦੀ ਈ. ਪੂ. ਵਿਚ ਹਾਨ ਖ਼ਾਨਦਾਨ ਦੀ ਸਥਾਪਤੀ ਤੋਂ ਪਹਿਲਾਂ ਦੀਆਂ ਜੋ ਢੇਰ ਸਾਰੀਆਂ ਲਿਖਤਾਂ ਮਿਲਦੀਆਂ ਹਨ, ਉਹ ਪੰਜਵੀਂ ਸਦੀ ਈ. ਤੋਂ ਤੀਜੀ ਸਦੀ ਈ. ਪੂ. ਦੇ ਸਮੇਂ ਦੀਆਂ ਹਨ।

ਇਹ ਸੰਭਵ ਹੈ ਕਿ ਇਸ ਕਾਲ ਦੀ ਲਿਖਤ ਭਾਸ਼ਾ ਤੇ ਆਮ ਬੋਲ-ਚਾਲ ਦੀ ਭਾਸ਼ਾ ਵਿਚ ਬਹੁਤ ਸਮਾਨਤਾ ਹੋਵੇ ਪਰ ਸਦੀਆਂ ਬੀਤਣ ਨਾਲ ਛੇਵੀਂ ਸਦੀ ਈਸਵੀ ਤੱਕ ਲਿਖਿਤ ਭਾਸ਼ਾ (ਕਲਾਸੀਕਲ ਭਾਸ਼ਾ) ਤੇ ਬੋਲ-ਚਾਲ ਦੀ ਭਾਸ਼ਾ ਵਿਚ ਵਿੱਥ ਵਧਦੀ ਗਈ। ਸਾਹਿਤਕ ਭਾਸ਼ਾ ਪ੍ਰਾਚੀਨ ਭਾਸ਼ਾ ਤੇ ਆਧਾਰਿਤ ਰਹੀ ਪਰ 1911 ਮਗਰੋਂ ਇਸ ਦਾ ਰੁਖ ਬਦਲ ਗਿਆ।

ਆਧੁਨਿਕ ਮਿਆਰੀ ਚੀਨੀ ਭਾਸ਼ਾ ਉੱਤਰੀ ਚੀਨ ਦੀ ਬੋਲ-ਚਾਲ ਦੀ ਭਾਸ਼ਾ ਤੇ ਆਧਾਰਿਤ ਹੈ ਜਿਸ ਦੇ ਉਚਾਰਣ ਤੇ ਪੀਕਿੰਗ ਦੀ ਉਪਭਾਸ਼ਾ ਦਾ ਪ੍ਰਭਾਵ ਹੈ। ਉੱਤਰੀ ਉਪ ਭਾਸ਼ਾਵਾਂ ਦਾ ਸਨਮਾਨ ਯੂਆਨ ਖ਼ਾਨਦਾਨ ਸਮੇਂ ਪੀਕਿੰਗ ਨੂੰ ਰਾਜਧਾਨੀ ਬਣਾਉਣ ਨਾਲ ਸਥਾਪਿਤ ਹੋ ਗਿਆ ਸੀ। ਸਰਕਾਰੀ ਭਾਸ਼ਾ ਦੇ ਰੂਪ ਵਿਚ ਉੱਤਰੀ ਉਪਭਾਸ਼ਾਵਾਂ ਦਾ ਇਤਿਹਾਸ ਬੜਾ ਪੁਰਾਣਾ ਹੈ। ਸੰਨ 1911 ਵਿਚ ਗਣਤੰਤਰ ਦੀ ਸਥਾਪਤੀ ਮਗਰੋਂ ਕੂਓਯੂ ਨੂੰ ਰਾਸ਼ਟਰੀ ਭਾਸ਼ਾ ਦੇ ਰੂਪ ਵਿਚ ਚੁਣ ਲਿਆ ਗਿਆ ਤੇ ਇਸ ਦੀ ਪੜ੍ਹਾਈ ਸਾਰੇ ਸਕੂਲਾਂ ਵਿਚ ਕਰਵਾਈ ਜਾਣ ਲੱਗੀ। ਇਸ ਨੂੰ ਸਾਹਿਤਕ ਭਾਸ਼ਾ ਦੇ ਰੂਪ ਵਿਚ ਵੀ ਅਪਨਾਇਆ ਗਿਆ। ਸੰਨ 1949 ਵਿਚ ਚੀਨੀ ਕਮਿਊਨਿਸਟ ਰੀਪਬਲਿਕ ਦੀ ਸਥਾਪਤੀ ਮਗਰੋਂ ਕੂਓਯੂ ਦੀ ਥਾਂ ਤੇ ਹਾਨਯੂ ਨੂੰ ਅਜੋਕੀ ਮਿਆਰੀ ਚੀਨੀ ਭਾਸ਼ਾ ਮੰਨਿਆ ਜਾਣ ਲੱਗਾ।

ਆਧੁਨਿਕ ਮਿਆਰੀ ਚੀਨੀ ਦੇ 18 ਵਿਅੰਜਨ ਤੇ 6 ਸੁਰ ਹਨ। ਇਸ ਦੀਆਂ ਚਾਰ ਟੋਨਾਂ ਹਨ ਜਿਨ੍ਹਾਂ ਨੂੰ 1,2,3 ਅਤੇ 4 ਕਰਕੇ ਲਿਖਿਆ ਜਾਂਦਾ ਹੈ। ਇਕੋ ਸ਼ਬਦ ਦੇ ਉਚਾਰਣ ਵਿਚ ਦਬਾਉ ਘਟਾਉਣ-ਵਧਾਉਣ ਨਾਲ ਅਰਥ ਬਦਲੇ ਜਾਂਦੇ ਹਨ। ਇਕ ਸ਼ਬਦ ਇਕ ਸ਼ਬਦਾਂਗ ਜਾਂ ਇਕ ਤੋਂ ਵੱਧ ਸ਼ਬਦਾਂਗਾਂ ਦਾ ਬਣਿਆ ਹੋ ਸਕਦਾ ਹੈ। ਚੀਨੀ ਵਾਕ ਬਣਤਰ ਵਿਚ ਕ੍ਰਮ ਨੂੰ ਬੜੀ ਦ੍ਰਿੜ੍ਹਤਾ ਨਾਲ ਅਪਣਾਇਆ ਜਾਂਦਾ ਹੈ। ਸਮੇਂ ਤੇ ਸਥਾਨ ਦਾ ਪ੍ਰਗਟਾਅ ਆਮ ਕਰਕੇ ਵਾਕ ਦੇ ਆਰੰਭ ਤੇ ਹੁੰਦਾ ਹੈ।

ਉੱਤਰੀ ਉਪਭਾਸ਼ਾ ਵਰਗ ਨੂੰ ਛੱਡ ਕੇ ਜਿਸ ਦਾ ਪੀਕਿੰਗ ਭਾਸ਼ਾ ਰੂਪ ਮਿਆਰੀ ਚੀਨੀ ਭਾਸ਼ਾ ਬਣਿਆ ਹੈ, ਚੀਨੀ ਉਪ ਭਾਸ਼ਾਵਾਂ ਨੂੰ ਚਾਰ ਗਰੁੱਪਾਂ ਵਿਚ ਵੰਡਿਆ ਗਿਆ ਹੈ। ਵੂ ਉਪਭਾਸ਼ਾ ਚਕਿਆਂਗ ਪ੍ਰਾਂਤ ਤੋਂ ਇਲਾਵਾ ਆਨਹਵੇ ਤੇ ਦੱਖਣੀ ਜਿਆਂਗਸੂ ਦੇ ਹਿੱਸਿਆਂ ਵਿਚ ਬੋਲੀ ਜਾਂਦੀ ਹੈ। ਮਿਨ ਉਪਭਾਸ਼ਾ ਗਰੁੱਪ ਫੁਕਯੈੱਨ ਪ੍ਰਾਂਤ ਦੇ ਗਵਾਂਗਡੁੰਗ, ਸਵਾਤੋ, ਫਾਰਮੂਸਾ ਤੇ ਹੈਨਾਨ ਦੇ ਪੂਰਬੀ ਇਲਾਕਿਆਂ ਵਿਚ ਬੋਲੀ ਜਾਂਦੀ ਹੈ। ਹੱਕਾ (Hakka) ਗਰੁੱਪ ਦੀਆਂ ਉਪ ਭਾਸ਼ਾਵਾਂ ਦੱਖਣੀ ਜੀਆਂਗਸੀ ਤੇ ਪੂਰਬੀ-ਗਵਾਂਗਡੁੰਗ ਵਿਚ ਬੋਲੀਆਂ ਜਾਂਦੀਆਂ ਹਨ। ਉੱਤਰੀ ਫਾਰਮੂਸਾ ਤੇ ਹੂਨਾਨ ਪ੍ਰਾਂਤ ਦੇ ਵਾਸੀ ਵੀ ਇਸ ਭਾਸ਼ਾ ਨੂੰ ਵਰਤਦੇ ਹਨ। ਯੂਐਹ ਉਪਭਾਸ਼ਾਵਾਂ ਦੱਖਣੀ ਗਵਾਂਗਡੁੰਗ ਤੇ ਗਵਾਂਗਕੁਸੀ ਪ੍ਰਾਂਤਾਂ ਵਿਚ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਚਾਰੇ ਗਰੁੱਪਾਂ ਦੀਆਂ ਉਪਭਾਸ਼ਾਵਾਂ ਦਾ ਪ੍ਰਯੋਗ ਲਗਭਗ 15 ਕਰੋੜ ਚੀਨੀ ਕਰਦੇ ਹਨ।

ਇਹ ਉਪਭਾਸ਼ਾਈ ਗਰੁੱਪ ਇਕ ਦੂਸਰੇ ਤੋਂ ਕਾਫ਼ੀ ਵੱਖਰੇ ਹਨ। ਕੈਂਟਲ ਦੀ ਬੋਲੀ ਬੋਲਣ ਵਾਲਾ ਗਰੁੱਪ ਅਤੇ ਪੀਕਿੰਗ ਦੀ ਬੋਲੀ ਬੋਲਣ ਵਾਲਾ ਇਕ ਦੂਸਰੇ ਨੂੰ ਬਿਲਕੁਲ ਨਹੀਂ ਸਮਝਦੇ। ਸ਼ਬਦਾਵਲੀ, ਉਚਾਰਣ ਤੇ ਸ਼ਬਦ ਕ੍ਰਮ ਪੱਖੋਂ ਇਨ੍ਹਾਂ ਉਪਭਾਸ਼ਾਵਾਂ ਵਿਚ ਬਹੁਤ ਫ਼ਰਕ ਹਨ। ਇਨ੍ਹਾਂ ਫ਼ਰਕਾਂ ਦੇ ਬਾਵਜੂਦ ਇਹ ਚੀਨੀ ਉਪਭਾਸ਼ਾਵਾਂ ਇਕ ਹੀ ਭਾਸ਼ਾ ਪਰਿਵਾਰ ਦੀਆਂ ਸ਼ਾਖਾਵਾਂ ਹਨ ਅਤੇ ਵੱਖਰੀਆਂ ਭਾਸ਼ਾਵਾਂ ਨਹੀਂ ਹਨ।

ਚੀਨੀ ਦਾ ਹਰ ਸ਼ਬਦਾਂਗ ਇਕ ਵਿਸ਼ੇਸ਼ ਚਿੱਤਰ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਹ ਚਿੱਤਰ ਉਸ ਸਬਦਾਂਗ ਦੀ ਆਵਾਜ਼ ਦੀ ਥਾਂ ਉਸ ਦੇ ਅਰਥ ਦਸਦਾ ਹੈ। ਦੂਜੇ ਸ਼ਬਦਾਂ ਵਿਚ ਇਹ ਚਿੱਤਰ ਲਿਪੀ ਹੈ। ਲਿਖਣ ਵਿਧੀ ਉਚਾਰਣ ਤੇ ਆਧਾਰਿਤ ਨਹੀਂ ਹੈ। ਮੁੱਢ ਵਿਚ ਚੀਨੀ ਲਿਪੀ ਵਿਚ ਵਸਤੂ ਦਾ ਚਿੱਤਰ ਬਣਾਇਆ ਜਾਂਦਾ ਸੀ। ਇਹ ਗੱਲ ਪ੍ਰਾਚੀਨ ਸਮੇਂ ਵਿਚ ਹੱਡੀਆਂ ਉੱਤੇ ਅਤੇ ਕੱਛੂ ਦੇ ਖੋਲਾਂ ਤੇ ਲਿਖੀਆਂ ਲਿਪੀਆਂ ਤੋਂ ਸਪਸ਼ਟ ਹੈ। ਇਸ ਪ੍ਰਾਚੀਨ ਲਿਖਿਤ ਵਿਧੀ ਤੋਂ ਹੀ ਆਧੁਨਿਕ ਲਿਪੀ ਦਾ ਵਿਕਾਸ ਹੋਇਆ ਹੈ। ਲਿਖਤ ਦੀਆਂ ਤਿੰਨ ਕਿਸਮਾਂ ਹਨ—ਚਿੱਤਰ ਮੂਲਕ, ਵਿਚਾਰ ਮੂਲਕ ਤੇ ਧੁਨੀ ਮੂਲਕ। ਸੰਨ 1716 ਵਿਚ ਪ੍ਰਕਾਸ਼ਿਤ ਹੋਈ ਕਾਂਗਰਸ ਦੀ ਡਿਕਸ਼ਨਰੀ ਵਿਚ 49,000 ਚਿੱਤਰ ਸਨ ਪਰ ਆਧੁਨਿਕ ਭਾਸ਼ਾ ਸਮਝਣ ਲਈ ਕੇਵਲ 6000-7000 ਚਿੱਤਰਾਂ ਦੀ ਜ਼ਰੂਰਤ ਹੈ। ਚੰਗੇ ਪੜ੍ਹੇ-ਲਿਖੇ ਲਈ ਚੀਨੀ ਦੇ 8000-1000 ਚਿੱਤਰਾਂ ਦੀ ਜਾਣਕਾਰੀ ਕਾਫ਼ੀ ਹੈ।

ਅਜੋਕੇ ਕੁਝ ਸਾਲਾਂ ਤੋਂ ਵਿਸ਼ੇਸ਼ ਕਰਕੇ 1911 ਦੀ ਕ੍ਰਾਂਤੀ ਮਗਰੋਂ ਇਸ ਲਿਪੀ ਨੂੰ ਸਾਦਾ ਬਣਾਉਣ ਲਈ ਯਤਨ ਕੀਤੇ ਗਏ ਹਨ ਤਾਂ ਜੋ ਜਲਦੀ ਲਿਖਿਆ ਜਾ ਸਕੇ ਅਤੇ ਬਾਲਗ ਅਨਪੜ੍ਹਾਂ ਨੂੰ ਜਲਦੀ ਸਮਝ ਆ ਸਕੇ। ਸੰਨ 1956 ਵਿਚ ਚੀਨ ਦੀ ਸਰਕਾਰ ਨੇ ਇਨ੍ਹਾਂ ਸਰਲੀਕਰਣ ਦੇ ਯਤਨਾਂ ਨੂੰ ਮਾਨਤਾ ਦੇ ਕੇ 500 ਸਾਦੇ ਚਿੱਤਰਾਂ ਨੂੰ ਪਰਵਾਨਗੀ ਦਿੱਤੀ ਜਿਸ ਨਾਲ ਲਿਖਣ ਵਿਧੀ ਸਰਲ ਹੋ ਗਈ। ਜਾਪਾਨੀ ਸਰਕਾਰ ਨੇ ਵੀ ਚੀਨੀ ਭਾਸ਼ਾ ਚਿੱਤਰਾਂ ਦੀ ਸਰਲ ਕੀਤੀ ਗਈ ਸੂਚੀ ਜਾਪਾਨੀ ਲਿਪੀ ਵਰਤਣ ਲਈ 1945 ਵਿਚ ਪਰਵਾਨ ਕੀਤੀ ਸੀ। ਇਕ ਹੋਰ ਮਹੱਤਵਪੂਰਣ ਯਤਨ ਇਹ ਕੀਤਾ ਗਿਆ ਕਿ ਚਿੱਤਰ ਦੀ ਥਾਂ ਲਾਤੀਨੀ ਲਿਪੀ ਅਪਣਾ ਲਈ ਜਾਵੇ। ਇਸ ਦੇ ਸਮਰਥਕਾਂ ਦਾ ਵਿਚਾਰ ਸੀ ਕਿ ਇਸ ਨਾਲ ਪੜ੍ਹਨ ਵਿਚ ਆਸਾਨੀ ਹੋ ਜਾਵੇਗੀ ਅਤੇ ਛਪਾਈ ਤੇ ਟਾਈਪ ਦਾ ਕੰਮ ਸੌਖਾ ਹੋ ਜਾਵੇਗਾ ਅਤੇ ਤਾਰਾਂ ਭੇਜਣੀਆਂ ਵੀ ਸੌਖੀਆਂ ਹੋ ਜਾਣਗੀਆਂ ਪਰ ਬਹੁਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਪ੍ਰਚੱਲਤ ਚਿੱਤਰ ਲਿਪੀ ਹੀ ਠੀਕ ਹੈ ਕਿਉਂਕਿ ਇਕ ਤਾਂ ਚਿੱਤਰ ਲਿਪੀ ਦੁਆਰਾ ਇਕ ਉਪ-ਭਾਸ਼ਾਈ ਖੇਤਰ ਦੇ ਲੋਕ ਦੂਜੇ ਉਪ-ਭਾਸ਼ਾਈ ਖੇਤਰ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਨ। ਦੂਜੇ ਲਿਪੀ ਬਦਲਣ ਨਾਲ ਆਮ ਲੋਕ ਪੁਰਾਤਨ ਸਾਹਿਤਕ ਵਿਰਸੇ ਤੋਂ ਵਾਂਝੇ ਰਹਿ ਜਾਣਗੇ ਨਹੀਂ ਤਾਂ ਸਾਰੇ ਪੁਰਾਤਨ ਸਾਹਿਤ ਨੂੰ ਆਧੁਨਿਕ ਚੀਨੀ ਭਾਸ਼ਾ ਵਿਚ ਅਨੁਵਾਦ ਕਰਨਾ ਪਵੇਗਾ। ਇਸ ਤਰ੍ਹਾਂ ਲਿਪੀ ਬਦਲਣ ਦਾ ਵਿਚਾਰ ਵਿਚੇ ਹੀ ਰਹਿ ਗਿਆ। ਇਹ ਸਰਕਾਰੀ ਲਿਪੀ ਜੋ ਲਾਤੀਨੀ ਲਿਪੀ ਤੇ ਆਧਾਰਿਤ ਸੀ, 1958 ਵਿਚ ਚੀਨੀ ਸਰਕਾਰ ਨੇ ਪਰਵਾਨ ਕਰ ਲਈ। ਇਸ ਨੂੰ ਕੋਸ਼ਾਂ, ਪਾਠ ਪੁਸਤਕਾਂ ਤੇ ਮਿਆਰੀ ਭਾਸ਼ਾ ਲਿਖਣ ਲਈ ਵਰਤਿਆ ਜਾਂਦਾ ਹੈ।

ਹ. ਪੁ.-ਚੈਂਬ. ਐਨ. 3: 493; ਐਨ. ਬ੍ਰਿ. ਮਾ. 2: 855

**ਚੀਨੀ ਮਿੱਟੀ ਦੇ ਬਰਤਨ** : ਸਿਰੈਮਿਕਸ ਯੂਨਾਨੀ ਭਾਸ਼ਾ ਦੇ ਸ਼ਬਦ ਕੇਰੈਮਿਕ ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਕੁੰਭਕਾਰ' ਜਾਂ 'ਕੁੰਭ-ਕਲਾ' ਸਬੰਧੀ। ਕੁੰਭ-ਕਲਾ ਭਾਂਡੇ ਜਾਂ ਬਰਤਨ ਬਣਾਉਣ ਜਾਂ ਘੜਨ ਦੇ ਹੁਨਰ ਨੂੰ ਕਿਹਾ ਜਾਂਦਾ ਹੈ। ਅਮਰੀਕਾ ਵਿਚ ਮਿੱਟੀ, ਕੱਚ, ਸੀਮਿੰਟ, ਇਨੈਮਲ ਅਤੇ ਚੂਨੇ ਦੇ ਬਰਤਨ ਬਣਾਉਣ ਵਾਲੇ ਉਦਯੋਗ

ਸਭ ਮਿੱਟੀ ਦੇ ਬਰਤਨ ਬਣਾਉਣ ਦੀ ਕਲਾ ਦੇ ਹੇਠ ਹੀ ਆਉਂਦੇ ਹਨ। ਚੀਨੀ ਮਿੱਟੀ ਤੋਂ ਤਿਆਰ ਹੋਈਆਂ ਚੀਜ਼ਾਂ ਦਾ ਅਨੇਕਾਂ ਖੇਤਰਾਂ ਜਿਵੇਂ ਕਿ ਭਵਨ ਉਸਾਰੀ, ਸਜਾਵਟ, ਪ੍ਰਯੋਗਸ਼ਾਲਾ, ਹਸਪਤਾਲ, ਜਲ-ਨਿਕਾਸ, ਮਲ-ਮੂਤਰ ਨਿਪਟਾਰਾ, ਭੱਠੀਆਂ, ਆਟੋਮੋਬਾਈਲ, ਹਵਾਈ ਜਹਾਜ਼ਾਂ ਆਦਿ ਵਿਚ ਉਪਯੋਗ ਕੀਤਾ ਜਾਂਦਾ ਹੈ।

**ਮਿੱਟੀ ਦੇ ਬਰਤਨਾਂ ਦਾ ਵਰਗੀਕਰਨ**—ਮਿੱਟੀ ਦੇ ਬਰਤਨਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ, ਨਮੀਸੋਖਕ ਅਤੇ ਨਮੀ ਨਾ ਸੋਖਣ ਵਾਲੇ ਬਰਤਨ। ਹੋਰ ਵਿਸਥਾਰ ਪੂਰਵਕ ਵਿਗਿਆਨਕ ਵਰਗੀਕਰਨ ਨਿਮਨ ਅਨੁਸਾਰ ਹੈ:–

**1. ਪੱਕੀ ਮਿੱਟੀ ਦੇ ਬਰਤਨ (ਟੈਰਾਕੋਟਾ)**—1000° ਸੈਂ. ਜਾਂ ਇਸ ਤੋਂ ਘੱਟ ਤਾਪਮਾਨ ਉੱਤੇ ਲਾਲ ਜਾਂ ਪਾਂਡੂ ਮਿੱਟੀ ਰਲੇ ਅਤੇ ਕੱਚ ਰਹਿਤ ਪਕਾਏ ਬਰਤਨਾਂ ਨੂੰ ਟੈਰਾਕੋਟਾ ਕਹਿੰਦੇ ਹਨ। ਇੱਟਾਂ ਅਤੇ ਖਪਰੈਲਾਂ ਟੈਰਾਕੋਟਾ ਦੀਆਂ ਉਦਾਹਰਣਾਂ ਹਨ।

**2. ਮਿੱਟੀ ਦਾ ਸਮਾਨ**—ਇਸ ਵਰਗ ਵਿਚ ਉਹ ਸਮਾਨ ਆਉਂਦਾ ਹੈ ਜਿਹੜਾ ਸਫ਼ੈਦ ਜਾਂ ਰੰਗਦਾਰ ਮਿੱਟੀ ਦਾ ਬਣਿਆ ਅਤੇ ਲਿਸ਼ਕਾਇਆ ਹੁੰਦਾ ਹੈ। ਇਸ ਦੀਆਂ ਮੁੱਖ ਉਦਾਹਰਣਾਂ ਫ਼ਰਾਂਸ ਦੇ ਫੁੱਲਦਾਰ ਬਰਤਨ ਮੇਜੋਲਿਕਾ, ਲੋਹਾ-ਚੀਨੀ ਦੇ ਬਰਤਨ, ਚਕਮਕ ਅਤੇ ਰਾਕਿੰਘਮ ਬਰਤਨ ਹਨ। ਭਾਰਤ ਵਿਚ ਖੁਰਜਾ ਦੇ ਨੀਲੇ ਬਰਤਨ, ਚੁਨਾਰ ਦੇ ਭੂਰੇ ਬਰਤਨ, ਬੰਗਾਲ ਪਾਟਰੀਜ਼, ਕਲਕੱਤਾ, ਜਾਮਨਗਰ ਅਤੇ ਗਵਾਲੀਅਰ ਦੇ ਸਫ਼ੈਦ ਬਰਤਨ ਇਸੇ ਸ਼੍ਰੇਣੀ ਵਿਚ ਆਉਂਦੇ ਹਨ।

**3.ਪੱਥਰ ਚੀਨੀ ਦੇ ਬਰਤਨ**—ਸਫ਼ੈਦ ਜਾਂ ਰੰਗਦਾਰ ਪੱਕੀ ਹੋਈ ਮਿੱਟੀ ਦੇ ਕੱਚ ਰਲੇ ਤੇ ਅਪਾਰਦਰਸ਼ੀ ਬਰਤਨਾਂ ਨੂੰ ਪੱਥਰ ਚੀਨੀ ਦੇ ਬਰਤਨ ਕਹਿੰਦੇ ਹਨ। ਸਫ਼ੈਦ ਬਰਤਨਾਂ ਉੱਤੇ ਅਕਸਰ ਚੀਨੀ ਮਿੱਟੀ ਵਰਗਾ ਜਾਂ ਪਾਰਸਲੇਨ ਵਰਗਾ ਅਤੇ ਰੰਗੀਨ ਬਰਤਨਾਂ ਉੱਤੇ ਭੂਰਾ ਜਾਂ ਪੀਲਾ-ਭੂਰਾ ਕੱਚ ਚੜ੍ਹਿਆ ਹੁੰਦਾ ਹੈ। ਨਿਕਾਸੀ ਪਾਈਪਾਂ ਉੱਤੇ ਲੂਣੀ ਕੱਚ ਚੜ੍ਹਿਆ ਹੁੰਦਾ ਹੈ।

**4. ਚੀਨੀ ਮਿੱਟੀ ਦੇ ਭੁੱਟਣਸ਼ੀਲ ਜਾਂ ਪਾਰਸਲੇਨ ਬਰਤਨ**—ਸਫ਼ੈਦ, ਨਮੀ ਨਾ ਸੋਖਣ ਵਾਲੇ ਕੱਚ ਮਿਲੇ ਅਤੇ ਕੱਟ ਕੇ ਤਿਆਰ ਕੀਤੇ ਪਾਰਦਰਸ਼ੀ ਬਰਤਨ ਇਸ ਵਰਗ ਵਿਚ ਆਉਂਦੇ ਹਨ। ਇਸ ਵਰਗ ਦੇ ਨਿਮਨ ਲਿਖਤ ਹੋਰ ਛੋਟੇ ਵਰਗ ਹਨ :–

**(ੳ) ਕਠੋਰ ਪਾਰਸਲੇਨ**—ਇਹ ਆਮ ਕਰਕੇ ਚੀਨੀ ਮਿੱਟੀ ਕੇਅਲਿਨ ਮੁਲਾਇਮ ਮਿੱਟੀ, ਸਫਟਿਕ ਅਤੇ ਫੈਲਸਪਾਰ ਨਾਲ ਬਣਦਾ ਹੈ। ਇਸ ਨੂੰ ਪਹਿਲਾਂ 900° ਸੈਂ. ਜਾਂ ਇਸ ਤੋਂ ਘੱਟ ਤਾਪਮਾਨ ਉੱਤੇ ਬਿਸਕੁਟੀ ਜਾਂ ਹਲਕਾ ਬਾਦਾਮੀ ਹੋ ਜਾਣ ਤਕ ਗਰਮ ਕੀਤਾ ਜਾਂਦਾ ਹੈ ਅਤੇ ਦੂਜੀ ਵਾਰੀ 1,300° ਸੈਂ. ਜਾਂ ਇਸ ਤੋਂ ਘੱਟ ਤਾਪਮਾਨ ਉੱਤੇ ਪਕਾਇਆ ਜਾਂਦਾ ਹੈ। ਇਸ ਉੱਤੇ ਬਹੁਤ ਹੀ ਕਠੋਰ ਕੱਚ ਹੁੰਦਾ ਹੈ। ਰਸਾਇਣਿਕ ਪਾਰਸਲੇਨ ਹੋਰ ਵੀ ਕਠੋਰ ਹੁੰਦਾ ਹੈ ਭਾਵ ਬਹੁਤ ਹੀ ਉੱਚੇ ਤਾਪਮਾਨ ਉੱਤੇ ਪਕਾਇਆ ਜਾਂਦਾ ਹੈ।

**(ਅ) ਨਰਮ ਪਾਰਸਲੇਨ**—ਇਸ ਵਿਚ 20 ਪ੍ਰਤੀਸ਼ਤ ਫ੍ਰਿਟ ਜਾਂ ਕੱਚ ਤੇ ਪਿਚਰ (ਪਾਰਸਲੇਨ ਦੇ ਟੁਕੜੇ) ਮਿਲੇ ਹੁੰਦੇ ਹਨ। ਪਹਿਲਾਂ ਇਸ ਨੂੰ 1,200° ਸੈਂ. ਤੱਕ ਗਰਮ ਕਰਕੇ ਹਲਕਾ ਬਾਦਾਮੀ ਹੋਣ ਤੱਕ ਤੇ ਫਿਰ ਦੁਬਾਰਾ 1050° ਤੋਂ 1150° ਸੈਂ. ਉੱਤੇ ਪਕਾਇਆ ਜਾਂਦਾ ਹੈ।

**(ੲ) ਹੱਡੀ ਪਾਰਸਲੇਨ**—ਇਸ ਵਿਚ ਕੱਚ, ਫ੍ਰਿਟ ਆਦਿ ਦੀ ਥਾਂ ਤੇ ਹੱਡੀਆਂ ਦੀ ਰਾਖ ਹੁੰਦੀ ਹੈ। ਹੱਡੀਆਂ ਦੀ ਰਾਖ ਦੀ ਮਿਕਦਾਰ 20 ਤੋਂ 40% ਹੋ ਸਕਦੀ ਹੈ। ਇਸ ਨੂੰ ਪਹਿਲਾਂ 1,200° ਸੈਂ. ਤਾਪਮਾਨ ਉੱਤੇ ਹਲਕਾ ਬਾਦਾਮੀ ਹੋਣ ਤਕ ਗਰਮ ਕੀਤਾ ਜਾਂਦਾ ਹੈ, ਦੂਜੀ ਵਾਰੀ 1,000° ਤੋਂ 1100° ਸੈਂ. ਉੱਤੇ ਪਕਾਇਆ ਜਾਂਦਾ ਹੈ।

**(ਸ) ਪੇਰਿਅਨ ਪਾਰਸਲੇਨ**—ਇਹ ਆਮ ਕਰਕੇ ਸਾਧਾਰਣ ਚੀਨੀ ਮਿੱਟੀ ਫੈਲਸਪਾਰ ਅਤੇ ਥੋੜ੍ਹੇ ਜਿਹੇ ਜ਼ਿੰਕ-ਆਕਸਾਈਡ ਨਾਲ ਬਣਦਾ ਹੈ। ਇਸ ਨੂੰ ਇਕੋ ਵਾਰੀ 1,250° ਸੈਂ. ਉੱਤੇ ਪਕਾਇਆ ਜਾਂਦਾ ਹੈ ਕਿਉਂਕਿ ਇਹ ਕੱਚ ਰਹਿਤ ਹੁੰਦਾ ਹੈ। ਇਸ ਦਾ ਉਪਯੋਗ ਜ਼ਿਆਦਾਤਰ ਖਿਡੌਣੇ ਅਤੇ ਮੂਰਤੀਆਂ ਬਣਾਉਣ ਲਈ ਕੀਤਾ ਜਾਂਦਾ ਹੈ।

**(ਹ) ਮੈਗਨਾ ਪਾਰਸਲੇਨ**—ਇਹ ਮਿੱਟੀ, ਫੈਲਸਪਾਰ, ਸਫਟਿਕ ਤੋਂ ਇਲਾਵਾ ਸਮੁੰਦਰੀ ਪਾਣੀ ਤੋਂ ਮਿਲਣ ਵਾਲੇ ਮੈਗਨੀਸ਼ੀਅਮ ਹਾਈਡ੍ਰਆਕਸਾਈਡ ਤੋਂ ਬਣਦਾ ਹੈ। ਇਹ ਬਿਲਕੁਲ ਸਫ਼ੈਦ ਅਤੇ ਪਿੱਚ ਭਰਪੂਰ ਹੁੰਦਾ ਹੈ। ਇਸ ਨੂੰ ਪਹਿਲਾਂ ਜ਼ਿਆਦਾ ਤੇ ਫਿਰ ਘੱਟ ਤਾਪਮਾਨ ਉੱਤੇ ਪਕਾਇਆ ਜਾਂਦਾ ਹੈ।

**5. ਕਠਿਨ-ਗਲਣੀ ਜਾਂ ਰਿਫਰੈਕਟਰੀ**—ਇਸ ਸ਼ਬਦ ਤੋਂ ਮੁਸਾਮਦਾਰ ਪਦਾਰਥ ਅਤੇ ਕੱਚ ਰਹਿਤ ਪਦਾਰਥਾਂ ਦਾ ਪਤਾ ਲਗਦਾ ਹੈ। ਇਨ੍ਹਾਂ ਉੱਤੇ ਉੱਚੇ ਤਾਪਮਾਨ ਦਾ ਵੀ ਕੋਈ ਪ੍ਰਭਾਵ ਨਹੀਂ ਹੁੰਦਾ। ਇਹ ਉਨ੍ਹਾਂ ਪਦਾਰਥਾਂ ਜਾਂ ਮਿੱਟੀਆਂ ਤੋਂ ਬਣਦਾ ਹੈ ਜਿਨ੍ਹਾਂ ਉੱਤੇ ਅੱਗ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਇਹ ਭੱਠੀਆਂ ਬਣਾਉਣ ਦੇ ਕੰਮ ਆਉਂਦਾ ਹੈ।

**6.ਉੱਚ ਤਾਪਮਾਨ ਸਹਿ ਸਕਣ ਵਾਲੇ ਵਿਸ਼ੇਸ਼ ਬਰਤਨ**—ਉੱਚ ਤਾਪਮਾਨ ਉੱਤੇ ਕੰਮ ਕਰਨ ਵਾਲੇ ਵਿਸ਼ੇਸ਼ ਬਰਤਨਾਂ ਵਿਚ ਮਿੱਟੀ ਦੀ ਥਾਂ ਕੋਈ ਹੋਰ ਮੁਲਾਇਮ ਪਦਾਰਥ ਹੁੰਦਾ ਹੈ। ਮੁੱਖ ਤੌਰ ਤੇ ਇਨ੍ਹਾਂ ਵਿਚ ਐਲੂਮਿਨਾ ਅਤੇ ਜ਼ਰਕੋਨੀਆ ਦਾ ਉਪਯੋਗ ਹੁੰਦਾ ਹੈ, ਜਿਵੇਂ ਕਿ ਸਪਾਰਕ ਪਲੱਗ ਦਾ ਕਲੇਵਰ ਐਲੂਮਿਨਾ ਦਾ ਹੁੰਦਾ ਹੈ।

## ਇਤਿਹਾਸ

ਮਿੱਟੀ ਦੇ ਬਰਤਨ ਤਿਆਰ ਕਰਨਾ ਬਹੁਤ ਪ੍ਰਾਚੀਨ ਉਦਯੋਗ ਹੈ। ਮਿੱਟੀ ਦੇ ਬਰਤਨ ਕਦੋਂ ਅੱਗ ਵਿਚ ਪਕਾਏ ਜਾਣ ਲੱਗੇ, ਇਸ ਦਾ ਅਜੇ ਠੀਕ ਪਤਾ ਨਹੀਂ ਲਗਿਆ। ਨੀਲ ਘਾਟੀ ਦੀ ਖੁਦਾਈ ਤੋਂ ਮਿਲੇ ਪੱਕੀ ਮਿੱਟੀ ਦੇ ਬਰਤਨ ਲਗਭਗ 13,000 ਸਾਲ ਪੁਰਾਣੇ ਹਨ। ਇੰਗਲੈਂਡ, ਬੈਲਜੀਅਮ ਅਤੇ ਜਰਮਨੀ ਦੀ ਖੁਦਾਈ ਤੋਂ ਪਤਾ ਲੱਗਾ ਹੈ ਕਿ ਹਿਮ ਨਦੀ ਦੇ ਖੇਤਰ ਵਿਚ ਮਿੱਟੀ ਦੇ ਬਰਤਨ ਹੱਥ ਨਾਲ ਬਣਾਏ ਅਤੇ ਬਾਅਦ ਵਿਚ ਪਕਾਏ ਜਾਂਦੇ ਸਨ। ਇਨ੍ਹਾਂ ਤੱਥਾਂ ਤੋਂ ਸਿੱਧ ਹੁੰਦਾ ਹੈ ਕਿ 1500 ਈ. ਪੂ. ਤੋਂ ਹੀ ਮਿੱਟੀ ਦੇ ਬਰਤਨ ਬਣਦੇ ਚਲੇ ਆ ਰਹੇ ਹਨ।

ਮਿੱਟੀ ਦੇ ਬਰਤਨਾਂ ਦੇ ਵਿਕਾਸ ਦਾ ਵੇਰਵਾ ਨਿਮਨ ਅਨੁਸਾਰ ਹੈ;–

| ਵਿਧੀ ਜਾਂ ਤਕਨੀਕ | ਵਿਕਾਸ ਕਾਲ | ਦੇਸ਼ ਜਿਥੇ ਪਹਿਲਾਂ ਵਿਕਾਸ ਹੋਇਆ |
|---|---|---|
| ਚੀਕਨੀ ਮਿੱਟੀ ਦਾ ਪ੍ਰਯੋਗ | 1500 ਈ. ਪੂ. | ਸਾਰੇ ਸੰਸਾਰ ਵਿਚ |
| ਮਿੱਟੀ ਦੇ ਬਰਤਨਾਂ ਨੂੰ ਪਕਾਉਣਾ | 15000 ਈ. ਪੂ. ਤੋਂ 13000 ਈ. ਪੂ. | " |
| ਕੱਚ ਵਾਲੇ ਬਰਤਨਾਂ ਦਾ ਉਦਯੋਗ | 5000 ਈ. ਪੂ. | ਮਿਸਰ |
| | 2700 ਈ. ਪੂ. | ਚੀਨ |
| ਨੀਲੀ ਅਤੇ ਹਰੀ ਚਮਕ | 3500 ਈ. ਪੂ. | ਮਿਸਰ, ਬਾਬਲ, ਏਸ਼ੀਆ, ਮੀਡਿਆ ਦੀ ਰਾਜਧਾਨੀ, ਏਕਲਆ-ਤਾਨਾ ਅਤੇ ਪਰਸ਼ੀਆ |

| | | |
|---|---|---|
| ਘੁਮਿਆਰ ਦਾ ਚੱਕ | 3000 ਈ. ਪੂ. ਅਤੇ ਹੋਰ ਵੀ ਪਹਿਲਾਂ | ਸਾਰੇ ਸੰਸਾਰ ਵਿਚ |
| ਇੱਟਾਂ ਖਪਰੈਲ. ਲਾਲ ਮਿੱਟੀ ਦੇ ਪੱਥਰ ਚੀਨੀ ਦੇ ਬਰਤਨ, ਨਲ ਤੇ ਇਸ਼ਨਾਨ, ਚੁੱਬਚੇ ਜਾਂ ਕੁੰਡ | 800 ਈ. ਪੂ. | ਰੋਮ ਅਤੇ ਉਸ ਦੇ ਨਾਲ ਦੇ ਇਲਾਕੇ |
| ਲੋਹਾ, ਮੈਗਨੀਜ਼, ਮੈਗਨੀਸ਼ੀਅਮ ਅਤੇ ਲੱਕੜ ਦੇ ਕੋਲੇ ਦਾ ਕਲੇਅਰ ਲਈ ਉਪ-ਯੋਗ | 800 ਈ. ਪੂ. | ਰੋਮ ਅਤੇ ਉਸ ਦੇ ਨਾਲ ਦੇ ਇਲਾਕੇ |
| ਕਠੋਰ ਪਾਰਸਲੇਨ (ਅਪਾਰਦਰਸ਼ੀ ਸਫ਼ੈਦ) | 185 ਈ. ਪੂ. | ਚੀਨ |
| ਕਠੋਰ ਪਾਰਸਲੇਨ (ਪਾਰਦਰਸ਼ੀ) | 581 ਈ. | ਚੀਨ |
| | 1708 ਈ. | ਯੂਰਪ, ਜਰਮਨੀ, ਵੱਟ-ਸ਼ਰ |
| ਨਰਮ ਪਾਰਸਲੇਨ (ਪਾਰਦਰਸ਼ੀ) | 1670 ਈ. | ਇੰਗਲੈਂਡ, ਡਹਾਇਟ |
| | 1693 ਈ. | ਫਰਾਂਸ (ਚਿਕੈਨਿਅਨ) |
| ਹੱਡੀ ਪਾਰਸਲੇਨ (ਪਾਰਦਰਸ਼ੀ) | 18ਵੀਂ ਸਦੀ | ਇੰਗਲੈਂਡ (ਜ਼ੇਲਟਨਕਾ ਏਸਟਬਰੀ) |
| ਢਲਾਈ ਨਾਲ ਬਰਤਨ ਤਿਆਰ ਕਰਨਾ | 18ਵੀਂ ਸਦੀ | ਇੰਗਲੈਂਡ |
| ਟਰਾਂਸਫਰ ਡੈਕੋਰੇਸ਼ਨ | 1752 ਈ. | ਇੰਗਲੈਂਡ |
| ਪਲਾਸਟਰ ਸਾਂਚੇ | 18ਵੀਂ ਸਦੀ | ਇੰਗਲੈਂਡ |
| ਮੇਜੋਲਿਕਾ | 12ਵੀਂ ਸਦੀ | ਮੇਜੋਲਿਕਾ ਟਾਪੂ, ਸਪੇਨ |
| | 18ਵੀਂ ਸਦੀ | ਇੰਗਲੈਂਡ |
| ਫੁੱਲਦਾਰ ਬਰਤਨ | 16ਵੀਂ ਸਦੀ | ਡੱਚ |
| ਲੂਣੀ ਕੱਚ ਵਾਲੇ ਨਲ | 12ਵੀਂ ਸਦੀ | ਜਰਮਨੀ |
| | 17ਵੀਂ ਸਦੀ | ਇੰਗਲੈਂਡ |
| ਉੱਚ ਤਾਪ ਸ਼ੰਕੂ | 18ਵੀਂ ਸਦੀ | ਜਰਮਨੀ |
| ਮੈਗਨਾ ਪਾਰਸਲੇਨ (ਪਾਰਦਰਸ਼ੀ) | 1952 ਈ. | ਜਾਪਾਨ |

**ਭਾਰਤ ਵਿਚ ਮਿੱਟੀ ਦੇ ਬਰਤਨ**—ਮਹਿੰਜੋਦੜੋ ਅਤੇ ਹੜੱਪਾ ਦੀ ਖੁਦਾਈ ਸਮੇਂ ਸਿੰਧ ਘਾਟੀ ਸਭਿਅਤਾ (3000 ਈ. ਪੂ.) ਦੇ ਕਾਲ ਦੇ ਮਿੱਟੀ ਦੇ ਬਰਤਨ ਮਿਲੇ ਹਨ। ਇਸ ਵਿਚ ਘਰੇਲੂ ਅਤੇ ਕੰਮ-ਕਾਜ ਦੇ ਹਰ ਪ੍ਰਕਾਰ ਦੇ ਬਰਤਨ ਹਨ। ਬਰਤਨਾਂ ਉੱਤੇ ਸੁੰਦਰ ਨਕਾਸ਼ੀ ਅਤੇ ਰੰਗੀਨ ਚਿੱਤਰ ਹਨ। ਇਸ ਤੋਂ ਇਲਾਵਾ ਪੱਕੀ ਮਿੱਟੀ ਦੇ ਖਿਡੌਣੇ ਵੀ ਮਿਲੇ ਹਨ ਜਿਹੜੇ ਕਿ ਅਜੋਕੇ ਮਿੱਟੀ ਦੇ ਬਰਤਨਾਂ ਦੀ ਕਲਾ ਨਾਲ ਰਲਦੇ-ਮਿਲਦੇ ਹਨ। ਭਾਰਤ ਵਿਚ ਅਨੇਕਾਂ ਇਤਿਹਾਸਕ ਸਥਾਨਾਂ ਦੀ ਖੁਦਾਈ ਤੋਂ ਪ੍ਰਾਪਤ ਹੋਈਆਂ ਚੀਜ਼ਾਂ ਕਲਾ ਅਤੇ ਸੁੰਦਰਤਾ ਵਿਚ ਕਿਸੇ ਵੀ ਅਜੋਕੇ ਵਿਦੇਸ਼ੀ ਪੱਥਰ ਚੀਨੀ ਦੇ ਬਰਤਨਾਂ ਨਾਲੋਂ ਘੱਟ ਨਹੀਂ ਹਨ। ਇਹ ਉਦਯੋਗ ਕੁਝ ਸਮੇਂ ਲਈ ਭਾਰਤ ਤੋਂ ਮੁੱਕ ਚੁੱਕਾ ਸੀ ਅਤੇ ਕੁਸ਼ਾਣ ਕਾਲ (2 ਈ.) ਵਿਚ ਫਿਰ ਉਭਰਿਆ ਤੇ ਇਸ ਤੋਂ ਬਾਅਦ ਕੱਚ ਦੀਆਂ ਚੀਜ਼ਾਂ ਦਾ ਲਗਾਤਾਰ ਵਿਕਾਸ ਹੁੰਦਾ ਰਿਹਾ।

ਹਿੰਦੂ ਘੁਮਿਆਰਾਂ ਵਿਚ ਇਹ ਕਲਾ ਘਰੇਲੂ ਬਰਤਨ ਤਿਆਰ ਕਰਨ ਤੱਕ ਹੀ ਸੀਮਿਤ ਸੀ। ਮਿੱਟੀ ਦੇ ਬਰਤਨਾਂ ਦਾ ਖਾਣ ਵਾਲੀਆਂ ਚੀਜ਼ਾਂ ਲਈ ਉਪਯੋਗ ਨਾ ਹੋਣ ਕਰਕੇ ਕੱਚ ਦੇ ਬਰਤਨਾਂ ਦਾ ਵਿਕਾਸ ਹੋ ਗਿਆ। ਮੁਸਲਮਾਨਾਂ ਨੇ ਕੱਚ ਦੀਆਂ ਖਪਰੈਲਾਂ ਤਿਆਰ ਕਰ ਕੇ ਕੱਚ ਕਲਾ ਨੂੰ ਹੋਰ ਵਿਕਸਿਤ ਕੀਤਾ। ਤੇਰ੍ਹਵੀਂ ਸਦੀ ਵਿਚ ਚੰਗੇਜ਼ ਖ਼ਾਂ ਦੇ ਨਾਲ ਹੀ ਭਾਰਤ ਵਿਚ ਕੱਚ ਵਾਲੇ ਪਦਾਰਥ ਆਏ। ਕੁਝ ਘੁਮਿਆਰ ਤੈਮੂਰਲੰਗ ਦੇ ਨਾਲ ਭਾਰਤ ਵਿਚ ਆ ਕੇ ਦਿੱਲੀ, ਮੁਲਤਾਨ, ਕਸੂਰ, ਖੁਰਜਾ, ਜੈਪੁਰ, ਰਾਮਪੁਰ ਅਤੇ ਸਿੰਧ ਵਿਚ ਵਸ ਗਏ ਅਤੇ ਮਿੱਟੀ ਦੇ ਨੀਲੇ ਬਰਤਨਾਂ ਦਾ ਕੰਮ ਅਰੰਭਿਆ। ਖੁਰਜਾ ਵਿਚ ਹਲਕੇ ਹਰੇ, ਗੂੜ੍ਹੇ ਨੀਲੇ ਅਤੇ ਫ਼ਿਰੋਜ਼ੀ ਚਿੱਤਰਾਂ ਨਾਲ ਸਜੇ ਹੋਏ ਮਿੱਟੀ ਦੇ ਬਰਤਨ ਬਣਾਉਣ ਦਾ ਧੰਦਾ 1923 ਈ. ਤੱਕ ਚਲਿਆ। ਸਥਾਨਕ ਲਾਲ ਮਿੱਟੀ ਤੋਂ ਤਿਆਰ ਚੀਜ਼ਾਂ ਉੱਤੇ ਸਫ਼ੈਦ ਮਿੱਟੀ ਦੀ ਤਹਿ ਚੜ੍ਹਾਉਣ ਦਾ ਕੰਮ ਕੀਤਾ ਜਾਂਦਾ ਸੀ।

ਪਿਸ਼ਾਵਰ, ਚੁਨਾਰ, ਨਿਜ਼ਾਮਾਬਾਦ ਅਤੇ ਵੇਲੋਰ ਦੇ ਮਿੱਟੀ ਦੇ ਬਰਤਨ ਤਕਨੀਕੀ ਦੇ ਲਿਹਾਜ਼ ਨਾਲ ਬਦੇਸ਼ੀ ਪ੍ਰਭਾਵ ਤੋਂ ਰਹਿਤ ਸਨ। ਪਿਸ਼ਾਵਰ ਦੇ ਘੁਮਿਆਰ ਐਨਗੋਬ ਢੰਗ ਦਾ ਵੀ ਪ੍ਰਯੋਗ ਕਰਦੇ ਸਨ। ਲਾਲ ਮਿੱਟੀ ਨਾਲ ਲੇਪ ਕਰਕੇ ਲੈੱਡ ਆਕਸਾਈਡ ਦੀ ਲੁਕ ਵਿਚ ਡੁਬੋਇਆ ਜਾਂਦਾ ਸੀ ਪ੍ਰੰਤੂ ਸਜਾਵਟ ਵਾਲੇ ਬਰਤਨਾਂ ਉੱਤੇ ਮੈਗਨੀਜ਼ ਵਾਲੇ ਰੰਗਾਂ ਨਾਲ ਖਾਕੇ ਬਣਾ ਕੇ, ਰਸਾਇਣਕ ਪਦਾਰਥਾਂ ਨਾਲ ਭਰ ਦਿੱਤਾ ਜਾਂਦਾ ਸੀ। ਲਾਲ ਰੰਗ ਲੋਹੇ ਦੇ ਆਕਸਾਈਡ ਤੋਂ ਅਤੇ ਕਾਲਾ ਰੰਗ ਕਾਲੇ ਖਣਿਜ ਤੋਂ ਪ੍ਰਾਪਤ ਹੁੰਦਾ ਸੀ। ਨੀਲਾ ਰੰਗ ਕੋਬਾਲਟ ਤੋਂ ਪ੍ਰਾਪਤ ਹੁੰਦਾ ਸੀ। ਪਿਸ਼ਾਵਰ ਦਾ ਉਤਪਾਦਨ ਇੰਗਲੈਂਡ, ਰੂਸ, ਹਾਲੈਂਡ ਅਤੇ ਚੀਨ ਦੀ ਕਲਾ ਦਾ ਰਲਿਆ-ਮਿਲਿਆ ਉਤਪਾਦਨ ਹੁੰਦਾ ਸੀ।

ਮਰਤਬਾਨ, ਚਿਲਮ, ਲੋਟੇ ਅਤੇ ਪਿਆਲੇ ਲਾਹੌਰ ਦੇ ਪ੍ਰਮੁੱਖ ਉਤਪਾਦਨ ਸਨ। ਮਰਤਬਾਨ ਦੇ ਆਕਾਰ ਅਤੇ ਰੂਪ ਉੱਤੇ ਬਰਮਾ ਦਾ ਪ੍ਰਭਾਵ ਸੀ। ਗੁਜਰਾਂਵਾਲਾ ਪਤਲੀ ਕਾਟ ਵਾਲੇ ਬਰਤਨਾਂ ਲਈ ਪ੍ਰਸਿੱਧ ਸੀ, ਜਿਨ੍ਹਾਂ ਨੂੰ ਕਾਗਜ਼ੀ ਕੱਚ ਦੇ ਬਰਤਨ ਕਿਹਾ ਜਾਂਦਾ ਸੀ।

ਪ੍ਰਾਚੀਨ ਦੱਖਣੀ ਭਾਰਤ ਦੇ ਕਲਾਤਮਕ, ਮਿੱਟੀ ਦੇ ਬਰਤਨਾਂ ਵਿਚੋਂ ਨਕਾਸ਼ੀਦਾਰ ਗਹਿਣਿਆਂ ਆਦਿ ਨਾਲ ਸਜੇ, ਪੱਕੀ ਮਿੱਟੀ ਦੇ ਬਰਤਨ ਵਰਣਨਯੋਗ ਹਨ। ਉਨ੍ਹਾਂ ਦਿਨਾਂ ਵਿਚ ਵਸੋਂ ਦੇ ਨੇੜੇ ਜੀਵਾਂ ਦੇ ਵੱਡੇ-ਵੱਡੇ ਬੁੱਤ ਤਿਆਰ ਕਰਨ ਦਾ ਰਿਵਾਜ਼ ਸੀ। ਅਜਿਹੇ ਮਿੱਟੀ ਦੇ ਬੁੱਤ ਅਜੇ ਵੀ ਕਿਸੇ ਕਿਸੇ ਥਾਂ ਵੇਖੇ ਜਾਂਦੇ ਹਨ। ਵੇਲੋਰ ਵਿਚ ਸਫ਼ੈਦ ਮਿੱਟੀ ਦੇ ਬਰਤਨਾਂ ਉੱਤੇ ਮਨਮੋਹਕ ਤੇ ਆਕਰਸ਼ਕ, ਹਰੇ ਅਤੇ ਨੀਲੇ ਰੰਗ ਦਾ ਕੱਚ ਚੜ੍ਹਿਆ ਹੁੰਦਾ ਸੀ। ਦੱਖਣੀ ਭਾਰਤ ਦੇ ਮਿੱਟੀ ਦੇ ਬਰਤਨਾਂ ਦੇ ਹੋਰ ਕੇਂਦਰ ਮਦੁਰਾਇ, ਉਦੈਗਿਰ, ਸੇਲਮ ਅਤੇ ਵਿਸ਼ਾਖਾਪਟਨਮ ਹਨ।

ਭਾਰਤ ਵਿਚ ਉੱਚ ਤਾਪਮਾਨ ਵਾਲੇ ਸਫ਼ੈਦ ਬਰਤਨਾਂ ਦਾ ਨਿਰਮਾਣ 20ਵੀਂ ਸਦੀ ਵਿਚ ਸ਼ੁਰੂ ਹੋਇਆ। ਸ੍ਰੀ ਡੀ. ਸੀ. ਮਜੂਮਦਾਰ ਨੇ ਗਵਾਲੀਅਰ ਵਿਚ ਪਹਿਲੀ ਫੈਕਟਰੀ ਸਥਾਪਿਤ ਕੀਤੀ। ਇਸ ਤੋਂ ਬਾਅਦ ਕਈ ਹੋਰ ਫੈਕਟਰੀਆਂ ਲੱਗੀਆਂ। ਬਰਨ ਐਂਡ ਕੰਪਨੀ ਨੇ 1859 ਵਿਚ ਭੱਠੀ ਦੀਆਂ ਇੱਟਾਂ ਦਾ ਨਿਰਮਾਣ ਕੀਤਾ। ਸੰਨ 1909 ਵਿਚ ਟਾਟਾ ਆਇਰਨ ਐਂਡ ਸਟੀਲ ਵਰਕਸ ਦੀ ਸਥਾਪਨਾ ਤੋਂ ਬਾਅਦ ਦੇਸ਼ ਭਰ ਵਿਚ ਭੱਠੀ ਦੀਆਂ ਇੱਟਾਂ ਬਣਾਉਣ ਦੀਆਂ ਫੈਕਟਰੀਆਂ ਵਿਚ ਬਹੁਤ ਵਾਧਾ ਹੋਇਆ।

ਕਾਂਸ਼ੀ ਹਿੰਦੂ ਵਿਸ਼ਵ ਵਿਦਿਆਲਾ ਨੇ ਭਾਰਤ ਵਿਚ ਸਭ ਤੋਂ ਪਹਿਲਾਂ ਮਿੱਟੀ ਦੇ ਬਰਤਨ ਤਿਆਰ ਕਰਨ ਦੀ ਸਿਖਿਆ ਦਾ ਪ੍ਰਬੰਧ ਕੀਤਾ। ਸੈਂਟਰਲ ਗਲਾਸ ਐਂਡ ਸਿਰੈਮਿਕ ਰਿਸਰਚ ਇਨਸਟੀਚਿਊਟ, ਕਲਕੱਤਾ; ਸੈਂਟਰਲ ਪਾਰਟੀ ਟ੍ਰੇਨਿੰਗ ਇਨਸਟੀਚਿਊਟ, ਖੁਰਜਾ; ਗਵਰਨਮੈਂਟ ਸਿਰੈਮਿਕ ਫੈਕਟਰੀ, ਗੁਡੂਰ ਅਤੇ ਗਵਰਨਮੈਂਟ ਡਿਮਾਂਸਟਰੇਸ਼ਨ ਸੈਂਟਰ, ਬੇਲਗਾਵ ਭਾਰਤ ਦੀਆਂ ਮੁੱਖ ਸਿਖਲਾਈ ਤੇ ਖੋਜ ਸੰਸਥਾਵਾਂ ਹਨ।

ਹ. ਪੁ- ਹਿੰ. ਵਿ. ਕੋ. 9: 370

**ਚੀਨੀ ਮੂਰਤੀ ਕਲਾ** : ਸੰਨ 1934 ਤੱਕ ਚੀਨ ਵਿਚ, ਈਸਵੀ ਸੰਨ ਤੋਂ ਪਹਿਲਾਂ ਦੀ ਪੱਥਰ ਮੂਰਤੀ ਕਲਾ ਦਾ ਕੋਈ ਸਬੂਤ ਨਹੀਂ ਮਿਲਿਆ ਸੀ। ਸਭ ਤੋਂ ਪਹਿਲੇ ਨਮੂਨੇ ਹਾਨ ਖ਼ਾਨਦਾਨ ਦੇ ਮਕਬਰੇ ਦੱਸੇ ਜਾਂਦੇ ਹਨ ਪਰ ਇਨ੍ਹਾਂ ਵਿਚੋਂ ਪਹਿਲੇ ਜਾਂ ਪ੍ਰੀ–ਕ੍ਰਿਸ਼ਚੀਅਨ ਸਮੇਂ (202 ਈ. ਪੂ. -22 ਈ.) ਦੀਆਂ ਉਦਾਹਰਣਾਂ ਸ਼ਾਂਸੀ ਵਿਚ ਇਕ ਉੱਚੀ ਕਬਰ ਉੱਤੇ ਖੋਦੇ ਹੋਏ ਕੁਝ ਜਾਨਵਰਾਂ ਦੇ ਚਿੱਤਰ ਹਨ। ਸ਼ਾਂਗ-ਯਿਨ, ਸ਼ੂ ਅਤੇ ਹਾਨ ਖ਼ਾਨਦਾਨ 1930 ਦੇ ਸ਼ੁਰੂ ਦੇ ਸਾਲਾਂ ਵਿਚ ਆਨਿਆਂਗ ਦੇ ਨੇੜੇ ਸ਼ਾਂਗ ਖ਼ਾਨਦਾਨ ਦੀ ਖੋਜ ਹੋਈ, ਜਿਥੋਂ 12ਵੀਂ ਸਦੀ ਈ. ਪੂ. ਦੇ ਚੂਨਾ ਪੱਥਰ ਦੀਆਂ ਅਨੇਕਾਂ ਮਨੁੱਖੀ ਅਤੇ ਜਾਨਵਰਾਂ ਦੀਆਂ ਮੂਰਤੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਮੁੱਖ ਇਕ ਚੌਕੜੀ ਮਾਰ ਕੇ ਬੈਠਾ ਸ਼ੇਰ ਅਤੇ ਦੂਜਾ ਖੜਾ ਹੋਇਆ ਉੱਲੂ ਹੈ। ਇਨ੍ਹਾਂ ਬੁੱਤਾਂ ਦੀ ਤਕਨੀਕੀ ਸਜਾਵਟ ਆਦਿ ਤੋਂ ਪਤਾ ਲੱਗਦਾ ਹੈ ਕਿ ਬਹੁਤ ਲੰਮੇ ਸਮੇਂ ਦੇ ਵਿਕਾਸ ਤੋਂ ਬਾਅਦ ਇਨ੍ਹਾਂ ਨੇ ਇਹ ਰੂਪ ਧਾਰਿਆ ਹੋਵੇਗਾ।

ਹਾਨ ਪੀਰੀਅਡ ਦੇ ਦੂਜੇ ਅੱਧ ਤੋਂ (22-220 ਈ.) ਦੀਆਂ ਸਮਾਧਾਂ ਵਿਚ ਪੱਥਰ ਉੱਤੇ ਮੂਰਤੀ ਕਲਾ ਮਿਲਦੀ ਹੈ। ਇਨ੍ਹਾਂ ਦੀ ਚਾਰ ਦੀਵਾਰੀ ਦੇ ਯਾਦਗਾਰੀ ਥੰਮਾਂ ਉੱਤੇ ਬਾਹਰਵਾਰ ਖੰਭਾਂ ਵਾਲੇ ਸ਼ੇਰ ਜਾਂ ਰਾਖਸ਼ ਅਤੇ ਫਿਰ ਵੱਡੀਆਂ-ਵੱਡੀਆਂ ਅਜੀਬ ਮਨੁੱਖੀ ਸ਼ਕਲਾਂ, ਘੋੜੇ, ਊਠ, ਹਾਥੀ ਅਤੇ ਹੋਰ ਜਾਨਵਰ ਬਣਾਏ ਜਾਣ ਲੱਗੇ। ਸਭ ਤੋਂ ਪ੍ਰਸਿੱਧ ਉਦਾਹਰਣ (ਲਗਭਗ 1425 ਈ.) ਸਿੰਗ ਬਾਦਸ਼ਾਹਾਂ ਦੀਆਂ ਸਮਾਧਾਂ ਹਨ।

ਹਾਨ ਖ਼ਾਨਦਾਨ ਦੇ ਮਕਬਰਿਆਂ ਦੇ ਪਹਿਰੇਦਾਰ ਬਹੁਤ ਤਾਕਤਵਰ ਅਤੇ ਮਨਮੋਹਕ ਬਣਾਏ ਹੋਏ ਹਨ। ਜਾਨਵਰ ਆਮ ਤੌਰ ਤੇ ਪਰਾਭੌਤਿਕ ਬਿੱਲੀਆਂ ਵਰਗੇ ਹਨ। ਕਈਆਂ ਦੇ ਮੋਢਿਆਂ ਉੱਤੇ ਖੰਭ ਹਨ। ਇਹ ਰਿਵਾਜ਼ ਹਾਨ ਖ਼ਾਨਦਾਨ ਤੋਂ ਕਈ ਸਦੀਆਂ ਬਾਅਦ ਤੱਕ ਵੀ ਚਲਦਾ ਰਿਹਾ।

ਹਾਨ ਖ਼ਾਨਦਾਨ ਦੇ ਪਿਛਲੇ ਸਮੇਂ ਵਿਚ ਮਕਬਰਿਆਂ ਉੱਤੇ ਬਹੁਤ ਖ਼ਰਚ ਹੋਣ ਲਗਾ ਅਤੇ ਇਨ੍ਹਾਂ ਉੱਤੇ ਪੱਥਰ ਮੂਰਤੀ ਕਲਾ ਸ਼ੁਰੂ ਹੋਈ। ਮਕਬਰੇ ਵਿਚ ਹੇਠਾਂ ਬਰੀਅਲ ਚੈਂਬਰ ਬਣਾਇਆ ਜਾਂਦਾ ਸੀ, ਜਿਸ ਤੱਕ ਇਕ ਸੁਰੰਗ ਰਾਹੀਂ ਪਹੁੰਚਿਆ ਜਾਂਦਾ ਸੀ। ਇਸ ਤੋਂ ਪਹਿਲਾਂ ਇਕ ਹੋਰ ਚੈਂਬਰ ਹੁੰਦਾ ਸੀ, ਜਿਸ ਦੀਆਂ ਪੱਥਰ ਦੀਆਂ ਦੀਵਾਰਾਂ ਉੱਤੇ ਬਹੁਤ ਸੁਹਣੀਆਂ, ਉਭਰਵੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਮੂਰਤੀਆਂ ਦੇ ਵਿਸ਼ੇ ਮਿਥਿਹਾਸਕ ਸਨ। ਇਸ ਕਿਸਮ ਦੀ ਮੂਰਤੀ ਕਲਾ ਦੇ ਸਭ ਤੋਂ ਉੱਤਮ ਨਮੂਨੇ ਚੀਹਸ਼ੀਆਂਗ ਦੇ ਨੇੜੇ 'ਵੇ' ਖ਼ਾਨਦਾਨ (147 ਈ.) ਦੀਆਂ ਸਮਾਧਾਂ ਦੀ ਮੂਰਤੀ ਕਲਾ ਹਨ।

**ਬੋਧੀ ਮੂਰਤੀ ਕਲਾ**—ਚੀਨੀ ਮੂਰਤੀ ਕਲਾ ਦੇ ਇਤਿਹਾਸ ਵਿਚ ਸਭ ਤੋਂ ਮਹੱਤਵਪੂਰਨ ਘਟਨਾ ਇਥੇ ਬੁੱਧ ਧਰਮ ਦਾ ਆਉਣਾ ਹੈ। ਇਸ ਨੇ ਮੂਰਤੀ ਕਲਾ ਨੂੰ ਇਕ ਬਿਲਕੁਲ ਨਵਾਂ ਮੋੜ ਦਿੱਤਾ ਹੈ। ਪਹਿਲਾਂ-ਪਹਿਲ ਚੀਨੀ ਦੇਵੀ ਸ਼ਕਤੀਆਂ ਜਾਂ ਮਨੁੱਖੀ ਮੂਰਤੀਆਂ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ ਰੱਖਦੇ ਸਨ।

ਮੁੱਢਲੀ ਮੂਰਤੀ ਕਲਾ ਦੇ ਪ੍ਰਾਪਤ ਹੋਏ ਨਮੂਨਿਆਂ ਵਿਚੋਂ ਬਹੁਤੇ ਉੱਤਰ ਦੇ ਹਨ, ਖ਼ਾਸ ਕਰਕੇ ਉਸ ਹਿੱਸੇ ਦੇ ਜਿਥੇ 'ਵੇ' ਖ਼ਾਨਦਾਨ ਦਾ ਰਾਜ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਹਿੱਸਾ ਚੀਨੀ ਬੋਧੀ ਮੂਰਤੀ ਕਲਾ ਦਾ ਜਨਮ ਅਸਥਾਨ ਸੀ। ਉੱਤਰੀ ਹਿੱਸੇ ਵਿਚ ਕਈ ਅਜਿਹੀਆਂ ਚਟਾਨਾਂ ਸਨ, ਜਿਨ੍ਹਾਂ ਨੂੰ ਗੁਫ਼ਾ ਮੰਦਰ ਅਤੇ ਮੂਰਤੀਆਂ ਬਣਾਉਣ ਲਈ ਵਰਤਿਆ ਜਾ ਸਕਦਾ ਸੀ।

ਚੀਨ ਵਿਚ ਮਿਲਿਆ ਸਭ ਤੋਂ ਪਹਿਲਾਂ ਗੁਫ਼ਾ-ਮੱਠ (ਮੰਦਰ) 366 ਈ. ਵਿਚ ਟੁੰਹਵਾਂਗ ਵਿਖੇ ਲੇ-ਸੁੰਨ ਭਿਕਸ਼ੂ ਨੇ ਬਣਵਾਇਆ ਸੀ ਪਰ ਇਸ ਦੀ ਪਛਾਣ ਨਹੀਂ ਹੋ ਸਕੀ। ਉਦੋਂ ਤੋਂ ਲੈ ਕੇ 9ਵੀਂ ਸਦੀ ਤੱਕ ਉੱਤਰੀ ਚੀਨ ਦੇ ਬਹੁਤ ਸਾਰੇ ਸਥਾਨਾਂ ਤੇ ਮੱਠਾਂ ਅਤੇ ਮੰਦਰਾਂ ਦੀ ਖੁਦਾਈ ਅਤੇ ਉਨ੍ਹਾਂ ਦੀ ਬਹੁਮੁੱਲੀ ਸਜਾਵਟ ਦਾ ਕੰਮ ਬੜੇ ਜ਼ੋਰ-ਸ਼ੋਰ ਨਾਲ ਹੁੰਦਾ ਰਿਹਾ। ਇਹ ਗੁਫ਼ਾ-ਮੰਦਰ ਟੁੰਹਵਾਂਗ, ਯੁੰਕਾਂਗ ਅਤੇ ਲੌਂਗਮੈਨ ਵਿਚ ਬਹੁਤ ਵਿਸਤ੍ਰਿਤ ਮਿਲਦੇ ਹਨ। ਯੁੰਕਾਂਗ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਗੁਫ਼ਾਵਾਂ ਹਨ, ਇਨ੍ਹਾਂ ਵਿਚੋਂ 30 ਕੁ ਤਾਂ ਵੱਡੀਆਂ ਪਰ ਬਾਕੀ ਬਹੁਤੀਆਂ ਤਾਂ ਮੱਠਾਂ ਆਦਿ ਤੋਂ ਵੱਡੀਆਂ ਨਹੀਂ ਹਨ, ਜਿਨ੍ਹਾਂ ਦੀ ਡੂੰਘਾਈ ਅਤੇ ਚੌੜਾਈ ਕੁਝ ਮੀਟਰ ਹੀ ਹੈ। ਇਨ੍ਹਾਂ ਗੁਫ਼ਾਵਾਂ ਦੀਆਂ ਦੀਵਾਰਾਂ ਬੁੱਤਤਰਾਸ਼ੀ ਰਾਹੀਂ ਸਜਾਈਆਂ ਹੋਈਆਂ ਹਨ। ਕਈ ਮੂਰਤੀਆਂ ਦੀਵਾਰਾਂ ਤੋਂ ਹੱਟਵੀਆਂ ਵੀ ਬਣੀਆਂ ਹੋਈਆਂ ਹਨ। ਸਭ ਤੋਂ ਪਹਿਲੀ ਮੂਰਤੀ ਕਲਾ 460 ਦੇ ਲਗਭਗ ਵੀ ਮਿਲਦੀ ਹੈ ਅਤੇ ਤਕਰੀਬਨ ਸਾਰੀਆਂ 'ਵੇ' ਖ਼ਾਨਦਾਨ ਸਮੇਂ ਬਣਾਈਆਂ ਗਈਆਂ। ਇਨ੍ਹਾਂ ਵਿਚੋਂ ਬਹੁਤੀਆਂ ਮੂਰਤੀਆਂ ਨੂੰ ਸਟਾਈਲ ਦੇ ਪੱਖੋਂ ਦੋ ਗਰੁੱਪਾਂ ਵਿਚ ਵੰਡਿਆ ਗਿਆ ਹੈ।

ਚੀਨੀ ਮੂਰਤੀ ਕਲਾ



**ਅਮਿਤਾਭ ਬੁੱਧ ਦੀ 19 ਫੁੱਟ ਉੱਚੀ ਮੂਰਤੀ (585 ਈ: ਪੂ.)**



**ਟੁੰਹਵਾਂਗ ਗੁਫ਼ਾ**



ਸਾਂਗ ਸਲਤਨਤ ਸਮੇਂ ਦੀ ਇਕ ਮੱਛ ਦੀ ਮੂਰਤੀ ਜਿਸ ਦੀ ਲੰਬਾਈ 212 ਸੈਂ. ਮੀ. ਹੈ। (12ਵੀਂ ਸਦੀ ਈ. ਪੂ.)



ਯੂ-ਕਾਂਗ ਗੁਫ਼ਾ ਦੇ ਮੰਦਰ ਵਿਚ ਬੈਠੇ ਹੋਏ ਬੋਧੀ ਸੰਤ ਦੀ ਮੂਰਤੀ ਜਿਹੜੀ 1,460 ਮੀ. ਉੱਚੀ ਹੈ (ਪੰਜਵੀਂ ਸਦੀ ਈ. ਪੂ.)



ਤਾਂਗ ਬੰਸ ਦੇ ਰਾਜੇ ਤਾਈ ਸ਼ੁੰਗ ਦੇ ਮਕਬਰੇ ਤੇ ਬਣਿਆ ਇਕ ਚਿੱਤਰ (ਲ. 640 ਈ. ਪੂ.)



ਇਕ ਬੋਧੀ ਸੰਤ (ਤਾਂਗ ਖ਼ਾਨਦਾਨ) (618-907 ਈ.)

ਪਹਿਲਾ ਮੱਧ-ਏਸ਼ੀਆਈ ਮਾਡਲਾਂ ਤੋਂ ਵਿਉਂਤਪੰਨ ਹੈ ਅਤੇ ਇਨ੍ਹਾਂ ਦੇ ਸਬੰਧ ਉੱਤਰ-ਪੱਛਮੀ ਭਾਰਤ ਦੀ ਗੰਧਾਰਾਂ ਦੀ ਬੋਧੀ ਕਲਾ, ਅਫ਼ਗਾਨਿਸਤਾਨ ਦੇ ਬਾਮੀਆਂ ਦੇ ਬੁੱਤਾਂ ਅਤੇ ਸ਼ਿਨਜੀਆਂਗ ਵਿਚ ਕੱਚਾ ਦੇ ਚੀਕਣੀ ਮਿੱਟੀ ਦੇ ਬੁੱਤਾਂ ਨਾਲ ਹਨ। ਮੱਧ ਅਤੇ ਦੱਖਣੀ ਭਾਰਤ ਦੀ ਬੋਧੀ ਕਲਾ ਦਾ ਪ੍ਰਭਾਵ ਵੀ ਦਿਸਦਾ ਹੈ। ਚੀਨ ਵਿਚ ਪੱਥਰ ਦੇ ਬਣਾਏ ਸ਼ੁਰੂ ਦੇ ਬੁੱਧ ਦੇ ਬੁੱਤਾਂ ਦੇ ਸਿਰ ਵੱਡੇ ਹਨ ਤੇ ਚਿਹਰੇ ਦੇ ਹਾਵ-ਭਾਵ ਸਿਥਿਲ ਹਨ। ਇਨ੍ਹਾਂ ਦੀ ਪੋਸ਼ਾਕ ਸਰੀਰ ਦੇ ਨਾਲ ਲਗਵੀਂ ਅਤੇ ਸਮਾਨਾਂਤਰ ਫੁੱਲਾਂ ਜਾਂ ਉਭਾਰਾਂ ਵਾਲੀ ਹੈ। ਕਈਆਂ ਦਾ ਸੱਜਾ ਮੋਢਾ ਨੰਗਾ ਹੈ।

5ਵੀਂ ਸਦੀ ਦੇ ਅਖ਼ੀਰ ਵਿਚ ਇਕ ਹੋਰ ਸਟਾਈਲ ਨੇ ਜਨਮ ਲਿਆ। ਯੁਕਾਂਗ ਦੀ ਬਹੁਤੀ ਮੂਰਤੀ ਕਲਾ ਅਤੇ ਵੇ ਖ਼ਾਨਦਾਨ ਦੀਆਂ ਮੂਰਤੀਆਂ ਇਸ ਸਟਾਈਲ ਵਿਚ ਸ਼ਾਮਲ ਹਨ। ਚੀਨੀਆਂ ਨੇ ਹੁਣ ਜਿਹੜਾ ਸਟਾਈਲ ਸ਼ੁਰੂ ਕੀਤਾ, ਉਹ ਸ਼ੁੱਧ ਰੂਪ ਵਿਚ ਉਨ੍ਹਾਂ ਦਾ ਆਪਣਾ ਸੀ। ਇਸ ਵਿਚ ਸਿਰ ਲੰਮਾ ਤੇ ਪਤਲਾ ਅਤੇ ਚਿਹਰਾ ਚਪਟਾ ਬਣਾਇਆ ਜਾਂਦਾ ਸੀ। ਮੂੰਹ ਦੀਆਂ ਨੁੱਕਰਾਂ ਉਪਰ ਵੱਲ ਮੁੜੀਆਂ ਹੋਈਆਂ ਹੁੰਦੀਆਂ ਸਨ ਅਤੇ ਇਸ ਮੁਦਰਾ ਨੂੰ 'ਦੀ ਵੇ ਸਮਾਈਲ' ਦਾ ਨਾਂ ਦਿੱਤਾ ਗਿਆ ਹੈ। ਬੁੱਧ ਦੀਆਂ ਮੂਰਤੀਆਂ ਵਿਚ ਸਰੀਰ ਪੂਰੀ ਤਰ੍ਹਾਂ ਕੱਪੜਿਆਂ ਵਿਚ ਢਕਿਆ ਹੋਇਆ ਹੈ। ਪੋਸ਼ਾਕ ਪੈਰਾਂ ਤੋਂ ਹੇਠਾਂ ਤਕ ਪਹੁੰਚਦੀ ਹੋਈ ਅਤੇ ਵਲਾਂ ਵਾਲੀ ਹੈ। ਬੋਧੀ ਸੰਤਾਂ ਅਤੇ ਕਈ ਹੋਰ ਮੂਰਤੀਆਂ ਵਿਚ ਸਰੀਰ ਪੂਰੀ ਤਰ੍ਹਾਂ ਢਕਿਆ ਨਹੀਂ ਹੋਇਆ ਫਿਰ ਵੀ ਜ਼ਿਆਦਾ ਧਿਆਨ ਪੋਸ਼ਾਕ, ਖ਼ਾਸ ਕਰਕੇ ਪਲੇਟਾਂ ਦੀ ਤਰਤੀਬ ਵੱਲ ਹੀ ਦਿੱਤਾ ਗਿਆ ਹੈ।

ਸੰਨ 493-494 ਵਿਚ ਵੇ ਦੀ ਰਾਜਧਾਨੀ ਲੋਯਾਂਗ ਵਿਖੇ ਤਬਦੀਲ ਕਰ ਦਿੱਤੀ ਗਈ ਤੇ ਹੁਣ ਜ਼ਿਆਦਾ ਮੱਠ ਤੇ ਮੰਦਰ ਲੰਗਮੈਨ ਵਿਖੇ ਬਣਾਏ ਗਏ। ਇਥੋਂ ਦੀਆਂ ਚਟਾਨਾਂ ਸਖ਼ਤ ਚੂਨਾ ਪੱਥਰ ਦੀਆਂ ਹਨ। ਇਥੇ 5ਵੀਂ ਤੋਂ 9ਵੀਂ ਸਦੀ ਤਕ ਦੀ ਸਾਰੀ ਚੀਨੀ ਮੂਰਤੀ ਕਲਾ ਦੇ ਨਮੂਨੇ ਮਿਲਦੇ ਹਨ। ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਵਿਚ ਵੱਡਾ ਸਿਰ ਤੇ ਚਿਹਰੇ ਦਾ ਢਾਂਚਾ ਅੰਡਾਕਾਰ ਦੀ ਥਾਂ ਚੌਰਸ ਹੈ, ਅੱਖ ਦੇ ਛੱਪਰ ਦੂਹਰੀ ਵਕ੍ਰ ਵਾਲੇ ਤੇ ਗਰਦਨ ਵਿਚ ਵਲ ਪਾਏ ਹੋਏ ਹਨ। ਸਰੀਰ ਸਿਲੰਡਰਾਕਾਰ ਅਤੇ ਖੜ੍ਹੀਆਂ ਮੂਰਤੀਆਂ ਵਿਚ ਲੱਤਾਂ ਜ਼ਿਆਦਾ ਛੋਟੀਆਂ ਹਨ। ਪੋਸ਼ਾਕ ਵੱਲ ਧਿਆਨ ਘੱਟ ਦਿੱਤਾ ਗਿਆ ਹੈ। ਬੋਧੀ ਸੰਤਾਂ ਦੀਆਂ ਮੂਰਤੀਆਂ ਦੇ ਗਲ ਵਿਚ ਗਾਨੀਆਂ ਅਤੇ ਨਗਾਂ ਵਾਲੀਆਂ ਚੇਨਾਂ ਮਿਲਦੀਆਂ ਹਨ।

**ਤਾਂਗ ਅਤੇ ਬਾਅਦ ਦੇ ਖ਼ਾਨਦਾਨ**—ਤਾਂਗ ਖ਼ਾਨਦਾਨ ਦੇ ਸ਼ੁਰੂ ਵਿਚ ਚੀਨੀ ਮੂਰਤੀ ਕਲਾ ਪ੍ਰੌੜ੍ਹਤਾ ਦੇ ਸ਼ਿਖਰ ਤੇ ਪਹੁੰਚ ਗਈ ਸੀ। ਮਨੁੱਖੀ ਮੂਰਤੀਆਂ ਵਿਚ ਸਰੀਰਕ ਬਣਤਰ ਉਨ੍ਹਾਂ ਦੇ ਕੰਮਾਂ ਅਤੇ ਵੱਖ-ਵੱਖ ਹਿੱਸਿਆਂ ਦੇ ਜੋੜਾਂ ਨੂੰ ਪੂਰੀ ਤਰ੍ਹਾਂ ਦਰਸਾਉਂਦੀ ਹੈ। ਪੋਸ਼ਾਕ ਅਤੇ ਹੋਰ ਚੀਜ਼ਾਂ ਦੀ ਬਣਤਰ ਅਤੇ ਸਥਿਤੀ ਵੀ ਠੀਕ ਹੈ। ਭਾਰਤ ਅਤੇ ਮੱਧ ਏਸ਼ੀਆ ਨਾਲ ਨਵੇਂ ਸਬੰਧ ਸਥਾਪਿਤ ਕਰਨ ਨਾਲ ਮੂਰਤੀ ਕਲਾ ਦੇ ਨਵੇਂ ਮਾਡਲ ਚੀਨ ਵਿਚ ਲਿਆਂਦੇ ਗਏ ਅਤੇ ਉਨ੍ਹਾਂ ਵਿਚੋਂ ਕਈ ਗੱਲਾਂ ਚੀਨੀ ਆਦਰਸ਼ਾਂ ਅਨੁਸਾਰ ਬਦਲ ਕੇ ਅਪਣਾਈਆਂ ਵੀ ਗਈਆਂ। ਇਸ ਨਵੀਂ ਪੱਛਮੀ ਪ੍ਰਭਾਵ ਵਾਲੀ ਲਹਿਰ ਦਾ ਅਸਰ ਦੀ ਇਕ ਖ਼ੂਬਸੂਰਤ, ਬਿਨਾਂ ਸਿਰ ਵਾਲੀ ਮੂਰਤੀ ਵਿਚ ਪ੍ਰਤੱਖ ਦਿੱਸਦਾ ਹੈ। ਮੂਰਤੀਆਂ ਦੂਹਰੇ ਲੇਟਰਲ ਝੁਕਾਉ ਵਾਲੀਆਂ ਹਨ ਅਤੇ ਅੱਖ ਛੱਪਰਾਂ ਦੀ ਦੂਹਰੀ ਵਕ੍ਰ ਹੋਰ ਵੀ ਜ਼ਿਆਦਾ ਉਘੜੀ ਹੋਈ ਹੈ। ਮੂੰਹ ਛੋਟਾ ਹੈ ਅਤੇ ਨੁੱਕਰਾਂ ਥੋੜ੍ਹੀਆਂ ਉਪਰ ਵੱਲ ਨੂੰ ਮੁੜੀਆਂ ਹੋਈਆਂ ਹਨ। ਪਰ 'ਦੀ ਵੇ ਸਮਾਈਲ' ਅਲੋਪ ਹੋ ਗਈ ਹੈ। ਬੋਧੀ ਸੰਤਾਂ ਦੇ ਵਾਲਾਂ ਦਾ ਉੱਚਾ ਜੂੜਾ ਬਣਾਇਆ ਹੋਇਆ ਹੈ। ਪੋਸ਼ਾਕ ਵਿਚ ਛੋਟੇ-ਛੋਟੇ ਗੋਲ-ਗੋਲ ਵਲ ਪਾਏ ਹੋਏ ਹਨ।

ਵੱਖ-ਵੱਖ ਸਮਿਆਂ ਦੀ ਚੀਨੀ ਬੋਧੀ ਮੂਰਤੀ ਕਲਾ ਵਿਚ ਬਹੁਤ ਵਖਰੇਵੇਂ ਮਿਲਦੇ ਹਨ ਪਰ ਸਭ ਤੋਂ ਵਧੀਆ ਕੰਮ ਤਾਂਗ ਖ਼ਾਨਦਾਨ ਸਮੇਂ ਹੋਇਆ ਹੈ।

ਸੰਨ 844 ਦੇ ਜ਼ੁਲਮ ਸਮੇਂ ਚੀਨੀ ਬੋਧੀ ਮੂਰਤੀ ਕਲਾ ਦੇ ਸਟਾਈਲ ਦਾ ਵਿਕਾਸ ਰੁਕ ਗਿਆ ਅਤੇ 955 ਦੇ ਅਤਿਆਚਾਰ ਸਮੇਂ ਉਸ ਸਮੇਂ ਬਣੇ ਹੋਏ ਮੱਠਾਂ ਵਿਚੋਂ ਤਕਰੀਬਨ ਅੱਧਿਆਂ ਤੋਂ ਜ਼ਿਆਦਾ ਢਾਹ ਦਿੱਤੇ ਗਏ। ਸੰਨ 844 ਤੋਂ ਬਾਅਦ ਲੱਕੜੀ ਵਿਚ ਮੂਰਤੀ ਕਲਾ ਦਾ ਕੰਮ ਸ਼ੁਰੂ ਹੋਇਆ ਅਤੇ ਲੱਕੜੀ ਦੀਆਂ ਖ਼ੂਬਸੂਰਤ ਮੂਰਤੀਆ ਸੁੰਗ (960-1280), ਯੁਆਨ (1280-1368) ਅਤੇ ਮਿੰਗ (1368-1644) ਦੀਆਂ ਮਿਲਦੀਆਂ ਹਨ ਪਰ ਇਸ ਸਮੇਂ ਦੌਰਾਨ ਕਿਸੇ ਨਵੇਂ ਸਟਾਈਲ ਨੇ ਜਨਮ ਨਹੀਂ ਲਿਆ।

ਹ. ਪੁ.-ਚੈਂਬ. ਐਨ. 3: 447; ਐਨ. ਅਮੈ. 6: 560

**ਚੀਨੀ ਮੋਮ** : ਇਸ ਨੂੰ ਚੀਨੀ ਕੀਟ-ਮੋਮ ਜਾਂ ਕੀਟ-ਮੋਮ ਵੀ ਕਿਹਾ ਜਾਂਦਾ ਹੈ। ਇਸ ਨੂੰ ਇਕ ਸਕੇਲ ਇਨਸੈਕਟ, ਸਿਰਪੋਲਾਸਟਸ ਸੈਰੀਫਰਸ ਕਿਸੇ ਖ਼ਾਸ ਕਿਸਮ ਦੇ ਦਰਖ਼ਤਾਂ ਦੀਆਂ ਟਹਿਣੀਆਂ ਉੱਤੇ ਇਕੱਠਾ ਕਰਦਾ ਹੈ। ਇਹ ਕੀਟ ਚੀਨ ਅਤੇ ਭਾਰਤ ਵਿਚ ਮਿਲਦਾ ਹੈ। ਇਸ ਦੇ ਨਾਲ ਦਾ ਹੀ, ਚੀਨ ਅਤੇ ਜਾਪਾਨ ਵਿਚ ਮਿਲਣ ਵਾਲਾ, ਇਕ ਹੋਰ ਸਕੇਲ ਇਨਸੈਕਟ, ਐਰੀਸੈਰਸ ਪੇਲਾ ਵੀ ਇਸ ਨੂੰ ਇਕੱਠਾ ਕਰਦਾ ਹੈ।

ਚੀਨੀ ਮੋਮ ਚਿੱਟੇ ਜਾਂ ਪੀਲੀ ਭਾਅ ਮਾਰਦੇ ਚਿੱਟੇ ਰੰਗ ਦਾ ਇਕ ਰਵੇਦਾਰ ਪਦਾਰਥ ਹੈ। ਇਹ ਸਪਰਮਾਸੇਟੀ (Spermaceti) ਨਾਲ ਮਿਲਦਾ-ਜੁਲਦਾ ਹੈ ਪਰ ਉਸ ਤੋਂ ਵੀ ਜ਼ਿਆਦਾ ਸਖ਼ਤ ਅਤੇ ਜ਼ਿਆਦਾ ਭੁਰਭੁਰਾ ਹੁੰਦਾ ਹੈ ਅਤੇ ਇਸ ਦਾ ਪਿਘਲਾਉ-ਦਰਜਾ ਵੀ ਉੱਚਾ ਹੁੰਦਾ ਹੈ। ਇਸ ਨੂੰ ਮੁੱਖ ਤੌਰ ਤੇ ਮੋਮਬੱਤੀਆਂ ਅਤੇ ਪਾਲਿਸ਼ਾਂ ਬਣਾਉਣ ਲਈ ਅਤੇ ਕਾਗਜ਼ ਨੂੰ ਮੁਲਾਇਮ ਅਤੇ ਸਖ਼ਤ ਕਰਨ ਲਈ ਵਰਤਿਆ ਜਾਂਦਾ ਹੈ।

ਚੀਨ ਵਿਚ ਇਸ ਮੋਮ ਦੀ ਡਾਕਟਰੀ ਮਹੱਤਤਾ ਵੀ ਹੈ। ਜ਼ਖਮਾਂ ਉੱਤੇ ਲਗਾਉਣ ਲਈ ਇਹ ਮਲ੍ਹਮ ਦੇ ਤੌਰ ਤੇ ਵਰਤੀ ਜਾਂਦੀ ਹੈ ਜਾਂ ਆਵਾਜ਼ ਦੇ ਭਾਰੇਪਣ, ਦਰਦਾਂ, ਨਸਾਂ, ਜ਼ਖਮਾਂ ਤੇ ਕਈ ਹੋਰ ਬੀਮਾਰੀਆਂ ਨੂੰ ਠੀਕ ਕਰਨ ਲਈ ਇਸ ਨੂੰ ਖਾਧਾ ਜਾਂਦਾ ਹੈ।

ਹ. ਪੁ.-ਐਨ. ਬ੍ਰਿ. ਮਾ. 2 : 857

**ਚੀਫ਼ ਖ਼ਾਲਸਾ ਦੀਵਾਨ** : ਖ਼ਾਲਸਾ ਦੀਵਾਨ ਸਿੱਖ ਜਗਤ ਦੀ ਇਕ ਸਭ ਤੋਂ ਪੁਰਾਣੀ ਅਤੇ ਗੌਰਵਮਈ ਸੰਸਥਾ ਹੈ। ਸੰਨ 1902 ਵਿਚ ਗੁਰਪੁਰਵਾਸੀ ਸਰ ਸੁੰਦਰ ਸਿੰਘ ਮਜੀਠੀਆ, ਉਸ ਦੇ ਸਮਕਾਲੀ ਪਤਵੰਤੇ ਸਿੱਖ ਆਗੂਆਂ ਅਤੇ ਅਗਾਂਹਵਧੂ ਸਹਿਯੋਗੀਆਂ ਦੇ ਉੱਦਮ ਸਦਕਾ ਖ਼ਾਲਸਾ ਦੀਵਾਨ, ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ, ਲਾਹੌਰ ਦੇ ਸੁਮੇਲ ਨਾਲ ਚੀਫ਼ ਖਾਲਸਾ ਦੀਵਾਨ ਹੋਂਦ ਵਿਚ ਆਇਆ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਦਾ ਫ਼ੈਸਲਾ ਕਰਨਾ ਅਤੇ ਇਸ ਯੋਜਨਾ ਨੂੰ ਨੇਪਰੇ ਚਾੜ੍ਹਨਾ ਇਸ ਸੰਸਥਾ ਦੀ ਸਭ ਤੋਂ ਪਹਿਲੀ ਮਹਾਨ ਪ੍ਰਾਪਤੀ ਸੀ।

ਇਸ ਸੰਸਥਾ ਦੇ ਮਨੋਰਥਾਂ ਵਿਚ ਖ਼ਾਲਸਾ ਪੰਥ ਦੀ ਅਧਿਆਤਮਕ, ਮਾਨਸਿਕ, ਸਭਿਆਚਾਰਕ, ਸਮਾਜਿਕ, ਵਿਦਿਅਕ ਤੇ ਮਾਇਕ ਉੱਨਤੀ ਅਤੇ ਵਾਧੇ ਵਾਸਤੇ ਸੰਘਰਸ਼ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦਾ ਪ੍ਰਚਾਰ ਕਰਨਾ, ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਮਰਿਆਦਾ ਦਾ ਪ੍ਰਸਾਰ ਕਰਨਾ, ਸਿੱਖ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਰਾਖੀ ਕਰਨਾ ਅਤੇ ਜਾਤ-ਪਾਤ, ਰੰਗ ਅਤੇ ਕੌਮ ਦੇ ਵਖਰੇਵੇਂ ਤੋਂ ਉਪਰ ਉਠ ਕੇ ਮਾਨਵ-ਜਾਤੀ ਦੀ ਸੇਵਾ ਕਰਨਾ ਆਦਿ ਸ਼ਾਮਲ ਹਨ।

ਆਪਣੇ ਇਨ੍ਹਾਂ ਮਨੋਰਥਾਂ ਦੀ ਪੂਰਤੀ ਲਈ ਇਸ ਸੰਸਥਾ ਵੱਲੋਂ ਨਿਮਨ ਉਪਰਾਲੇ ਕੀਤੇ ਗਏ:–

(ੳ) ਸਿੰਘ ਸਭਾ ਲਹਿਰ ਵੱਲੋਂ ਚਲਾਏ ਸਿੱਖ-ਪ੍ਰਚਾਰ ਦੇ ਪ੍ਰੋਗਰਾਮ ਨੂੰ ਅਪਣਾਉਂਦਿਆਂ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਪ੍ਰਚਾਰ-ਵਹੀਰ ਦੀ ਸਥਾਪਨਾ ਅਤੇ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ ਗਈ। (ਅ) ਪ੍ਰਚਾਰਕਾਂ, ਰਾਗੀਆਂ ਅਤੇ ਗ੍ਰੰਥੀਆਂ ਦੀ ਵਿਸ਼ੇਸ਼ ਸਿਖਲਾਈ ਲਈ ਤਰਨਤਾਰਨ ਵਿਖੇ ਸੰਨ 1808 ਵਿਚ ਖ਼ਾਲਸਾ ਪ੍ਰਚਾਰਕ ਵਿਦਿਆਲਾ ਖੋਲ੍ਹਿਆ ਗਿਆ। (ੲ) ਸੰਨ 1904 ਵਿਚ ਅੰਮ੍ਰਿਤਸਰ ਵਿਖੇ ਸੈਂਟਰਲ ਖ਼ਾਲਸਾ ਯਤੀਮਖਾਨਾ ਖੋਲ੍ਹਿਆ ਗਿਆ। ਇਸ ਵਿਚ ਇਸ ਸਮੇਂ ਲਗਭਗ 200 ਯਤੀਮ ਤੇ ਨਿਆਸਰੇ ਬੱਚੇ ਸਵੈਮਾਣ ਦਾ ਜੀਵਨ ਬਤੀਤ ਕਰਨ ਲਈ ਤਿਆਰ ਕੀਤੇ ਜਾ ਰਹੇ ਹਨ। (ਸ) ਵਿਦਿਆ ਦੇ ਪ੍ਰਸਾਰ ਹਿਤ 1908 ਵਿਚ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਸਥਾਪਿਤ ਕੀਤੀ ਗਈ, ਜਿਸ ਦੇ ਅਧੀਨ ਹੁਣ ਤਕ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਈ ਸਮਾਗਮ ਕਰਵਾਏ ਜਾ ਚੁੱਕੇ ਹਨ। ਇਸ ਸੰਸਥਾ ਵੱਲੋਂ ਇਸ ਸਮੇਂ ਪੇਂਡੂ ਇਲਾਕਿਆਂ ਵਿਚ 23 ਅੰਗਰੇਜ਼ੀ ਮਾਧਿਅਮ ਕੁਆਲਿਟੀ ਸਕੂਲ ਖੋਲ੍ਹੇ ਹੋਏ ਹਨ। (ਹ) ਨੇਤਰ-ਹੀਣ ਬੱਚਿਆਂ ਦੀ ਸੇਵਾ ਸੰਭਾਲ ਤੇ ਉਨ੍ਹਾਂ ਨੂੰ ਵਿਦਿਆ ਦੇਣ ਅਤੇ ਕੀਰਤਨ ਦੀ ਸਿਖਲਾਈ ਲਈ ਸੂਰਮਾ ਸਿੰਘ ਆਸ਼ਰਮ, ਅੰਮ੍ਰਿਤਸਰ ਖੋਲ੍ਹਿਆ ਗਿਆ ਹੈ, ਜਿਸ ਵਿਚੋਂ ਰਾਗੀ ਗੋਪਾਲ ਸਿੰਘ ਵਰਗੇ ਮਹਾਨ ਕੀਰਤਨੀਆਂ ਨੇ ਸਿਖਲਾਈ ਪ੍ਰਾਪਤ ਕੀਤੀ। (ਕ) ਭਾਈ ਵੀਰ ਸਿੰਘ ਦੀ ਅੰਤਿਮ ਇੱਛਾ ਦੀ ਪੂਰਤੀ ਹਿਤ 1955 ਵਿਚ ਤਰਨਤਾਰਨ ਵਿਖੇ ਭਾਈ ਵੀਰ ਸਿੰਘ ਬਿਰਧ-ਘਰ ਖੋਲ੍ਹਿਆ ਗਿਆ। (ਖ) ਰੋਗੀਆਂ ਦੀ ਸੇਵਾ ਤੇ ਇਲਾਜ ਲਈ ਸੈਂਟਰਲ ਖ਼ਾਲਸਾ ਹਸਪਤਾਲ, ਤਰਨਤਾਰਨ, ਹੋਮੀਓਪੈਥਿਕ ਹਸਪਤਾਲ, ਅੰਮ੍ਰਿਤਸਰ; ਡੈਂਟਲ ਕਲੀਨਿਕ, ਅੰਮ੍ਰਿਤਸਰ; ਗੁਰੂ ਰਾਮਦਾਸ ਐਲੋਪੈਥਿਕ ਡਿਸਪੈਂਸਰੀ, ਅੰਮ੍ਰਿਤਸਰ ਤੇ ਗੁਰੂ ਨਾਨਕ ਹਸਪਤਾਲ, ਕਾਨ੍ਹਪੁਰ ਖੋਲ੍ਹੇ ਗਏ ਹਨ। (ਗ) ਸ਼ਹਿਰੀ ਇਲਾਕਿਆਂ ਵਿਚ 15 ਅਤੇ ਪੇਂਡੂ ਇਲਾਕਿਆਂ ਵਿਚ 8 ਅੰਗਰੇਜ਼ੀ ਮਾਧਿਅਮ ਸਕੂਲ 'ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ' ਦੇ ਨਾਂ ਹੇਠ ਚਲਾਏ ਜਾ ਰਹੇ ਹਨ। (ਘ) ਮਾਤਾ ਟੇਕਾਦੇਵੀ ਦੀ ਯਾਦ ਵਿਚ ਬੀਬੀਆਂ ਲਈ ਟੇਕਾਦੇਵੀ ਦਸਤਕਾਰੀ ਸਕੂਲ ਚਲਾਇਆ ਜਾ ਰਿਹਾ ਹੈ। (ਙ) ਇਸ ਸੰਸਥਾ ਵੱਲੋਂ ਕੀਤੀ ਜਾ ਰਹੀ ਸੇਵਾ ਤੇ ਹੋਰ ਕਾਰਵਾਈਆਂ ਨੂੰ ਉਜਾਗਰ ਕਰਨ ਲਈ 1903 ਤੋਂ 'ਖ਼ਾਲਸਾ ਐਡਵੋਕੇਟ' ਨਾਂ ਦੀ ਹਫ਼ਤਾਵਾਰੀ ਅਖ਼ਬਾਰ ਕੱਢੀ ਜਾ ਰਹੀ ਹੈ। (ਚ) ਇਸ ਸੰਸਥਾ ਵੱਲੋਂ ਖ਼ਾਲਸਾ ਐਡਵੋਕੇਟ ਅਤੇ ਪ੍ਰਚਾਰ ਹਿਤ ਹੋਰ ਸਾਹਿਤ ਛਾਪਣ ਲਈ 1956 ਤੋਂ ਗੁਰਸੇਵਕ ਪ੍ਰਿੰਟਿੰਗ ਪ੍ਰੈਸ ਚਲਾਈ ਜਾ ਰਹੀ ਹੈ। (ਛ) ਭਾਈ ਵੀਰ ਸਿੰਘ ਜੀ ਨੇ ਪ੍ਰਚਾਰ ਹਿਤ ਇਕ ਸੁਸਾਇਟੀ ਕਾਇਮ ਕੀਤੀ ਸੀ ਜੋ 1893 ਤੋਂ ਮਾਸਿਕ ਟ੍ਰੈਕਟ 'ਨਿਰਗੁਣਿਆਰਾ' ਪ੍ਰਕਾਸ਼ਿਤ ਕਰਦੀ ਆ ਰਹੀ ਹੈ। ਚੀਫ਼ ਖ਼ਾਲਸਾ ਦੀਵਾਨ ਸੰਸਥਾ ਉਸ ਦੀ ਪ੍ਰਬੰਧ ਕਰਤਾ ਹੈ। (ਜ) ਸੇਵਾ ਕਾਰਜ ਲਈ ਇਸ ਸੰਸਥਾ ਨੇ ਤਰਨਤਾਰਨ, ਜਲੰਧਰ, ਲੁਧਿਆਣਾ, ਚੰਡੀਗੜ੍ਹ, ਕਾਨ੍ਹਪੁਰ, ਦਿੱਲੀ, ਬੰਬਈ ਆਦਿ ਵਿਖੇ ਸਥਾਨਕ ਕਮੇਟੀਆਂ ਕਾਇਮ ਕੀਤੀਆਂ ਹੋਈਆਂ ਹਨ, ਜਿਨ੍ਹਾਂ ਦੀ ਕਾਰਜਵਿਧੀ ਤੇ ਬਣਤਰ ਇਸ ਸੰਸਥਾ ਦੇ ਅਨੁਕੂਲ ਹੈ। (ਝ) ਇਸ ਸੰਸਥਾ ਵੱਲੋਂ ਇਕ ਸਹਾਇਕ ਟ੍ਰਸਟ ਕਾਇਮ ਕੀਤਾ ਗਿਆ ਹੈ ਜੋ ਵੱਖ-ਵੱਖ ਸੰਸਥਾਵਾਂ ਨੂੰ ਉਨ੍ਹਾਂ ਦੇ ਪੱਕੇ ਫੰਡਾਂ ਤੇ, ਜੋ ਇਸ ਟ੍ਰਸਟ ਦੇ ਕੰਟਰੋਲ ਅਧੀਨ ਹਨ, ਵਿਆਜ ਦਿੰਦਾ ਹੈ, ਜਿਸ ਨਾਲ ਦਾਨੀਆਂ ਵੱਲੋਂ ਪੁੱਜੀਆਂ ਰਕਮਾਂ ਨੂੰ ਮਿਲਾ ਕੇ ਇਹ ਸੰਸਥਾਵਾਂ ਚਲਾਈਆਂ ਜਾਂਦੀਆਂ ਹਨ।

ਇਹ ਇਕ ਨਿਰੋਲ ਧਾਰਮਿਕ, ਸਮਾਜਿਕ ਤੇ ਵਿਦਿਅਕ ਸੰਸਥਾ ਹੈ, ਜੋ ਸਮਾਜ ਭਲਾਈ ਦੇ ਕਾਰਜਾਂ ਵਿਚ ਹਿੱਸਾ ਪਾਉਂਦੀ ਹੈ। ਸੰਨ 1984 ਵਿਚ ਸਿੱਖਾਂ ਵਿਰੁੱਧ ਹੋਏ ਦੰਗਿਆਂ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ

ਮੁੜ-ਵਸਾਉਣ ਅਤੇ 1988 ਦੇ ਹੜ੍ਹ-ਪੀੜ੍ਹਤਾਂ ਦੀ ਸੇਵਾ ਕਰਨ ਵਿਚ ਇਸ ਨੇ ਮਹੱਤਵਪੂਰਨ ਰੋਲ ਅਦਾ ਕੀਤਾ।

ਸ. ਦਿਲਬੀਰ ਸਿੰਘ, ਆਨਰੇਰੀ ਸਕੱਤਰ, ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਪਲਾਈ ਕੀਤੀ ਜਾਣਕਾਰੀ।

**ਚੀਬਾ** : ਜਾਪਾਨ ਦੇ ਹਾਂਸ਼ੂ ਦੀਪ ਦਾ ਇਕ ਪ੍ਰੀਫੈਕਚਰ ਹੈ ਜਿਹੜਾ ਕੇਂਦਰੀ ਹਾਂਸ਼ੂ ਦੇ ਮੈਦਾਨ ਕਾਂਤੋ (Kanto) ਵਿਚ ਸ਼ਾਂਤ ਮਹਾਂਸਾਗਰੀ ਸਾਹਿਲ ਉਪਰ ਸਥਿਤ ਹੈ। ਬਾਸੋ ਪ੍ਰਾਇਦੀਪ ਇਸਨੂੰ ਬਣਾਉਂਦਾ ਹੈ। ਜਿਸਦੇ ਪੱਛਮ ਵਿਚ ਖਾੜੀ ਟੋਕੀਓ ਅਤੇ ਉੱਤਰ ਵਿਚ ਤੋਨੇ ਦਰਿਆ ਹੈ। ਚੀਬਾ ਪ੍ਰੀਫੈਕਚਰ ਦਾ ਕੁੱਲ ਖੇਤਰਫਲ 1944 ਵ. ਮੀ. ਹੈ ਤੇ ਆਬਾਦੀ 3,366,624 (1970) ਹੈ। ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਚੌਲ ਇਥੇ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦੇ ਹਨ। ਸਬਜ਼ੀਆਂ, ਚੌਲ ਅਤੇ ਆਂਡੇ ਇਥੋਂ ਟੋਕੀਓ ਭੇਜੇ ਜਾਂਦੇ ਹਨ। ਸਮੁੰਦਰੀ ਕੰਢੇ ਦੇ ਨਾਲ-ਨਾਲ ਮੱਛੀ ਉਦਯੋਗ ਵੀ ਪ੍ਰਫੁੱਲਤ ਹੈ।

ਟੋਕੀਓ ਦੀ ਉਦਯੋਗਿਕ ਪੱਟੀ ਵਧਦੀ-ਵਧਦੀ ਚੀਬਾ ਪ੍ਰੀਫੈਕਚਰ ਤਕ ਪਹੁੰਚ ਚੁੱਕੀ ਹੈ। ਇਨ੍ਹਾਂ ਉਦਯੋਗਾਂ ਤੋਂ ਬਿਨਾਂ ਇਥੇ ਚੌਲਾਂ ਦੀ ਸ਼ਰਾਬ (Sake) ਬਣਾਉਣ ਅਤੇ ਕੱਚੇ ਮਾਲ ਨੂੰ ਸਾਫ਼ ਕਰਨ ਦੇ ਉਦਯੋਗ ਵੀ ਪ੍ਰਫੁੱਲਤ ਹੋ ਰਹੇ ਹਨ। ਕੁਦਰਤੀ ਗੈਸ ਦੇ ਵੱਡੇ-ਵੱਡੇ ਭੰਡਾਰ ਵੀ ਇਥੇ ਲੱਭੇ ਗਏ ਹਨ।

ਚੋਸ਼ੀ, ਤਾਤਯਾਮਾ, ਇਚੀਕਾਵਾ ਅਤੇ ਫੁਨਾਬਾਸੀ ਵਰਗੇ ਸ਼ਹਿਰ-ਪ੍ਰੀਫੈਕਚਰ ਦੀ ਸੰਘਣੀ ਆਬਾਦੀ ਵਾਲੇ ਸ਼ਹਿਰਾਂ ਵਿਚੋਂ ਹਨ।

ਸ਼ਹਿਰ ਚੀਬਾ ਇਸ ਪ੍ਰੀਫੈਕਚਰ ਦਾ ਸਦਰ-ਮੁਕਾਮ ਅਤੇ ਸਭ ਤੋਂ ਵੱਡਾ ਸ਼ਹਿਰ ਹੈ। ਇਹ ਟੋਕੀਓ ਖਾੜੀ ਦੇ ਉੱਤਰ-ਪੂਰਬੀ ਕੰਢੇ ਤੇ ਵਾਕਿਆ ਹੈ। ਚੀਬਾ ਆਪਣੇ ਪ੍ਰੀਫੈਕਚਰ ਦਾ ਵਪਾਰਕ ਤੇ ਸੰਸਕ੍ਰਿਤਕ ਕੇਂਦਰ ਵੀ ਮੰਨਿਆ ਜਾਂਦਾ ਹੈ। ਸੰਨ 1952 ਵਿਚ ਇੱਥੇ ਲੋਹੇ ਦੀ ਇਕ ਬਹੁਤ ਵੱਡੀ ਮਿਲ ਲਗਾਈ ਗਈ ਤੇ 1949 ਵਿਚ ਇਥੇ ਯੂਨੀਵਰਸਿਟੀ ਵੀ ਸਥਾਪਿਤ ਹੋਈ।

ਹ. ਪੁ.-ਐਨ. ਬ੍ਰਿ. 5: 480

**ਚੀਮਾਲਤੇਨਾਂਗੋ** : ਗਵਾਤੇਮਾਲਾ ਗਣਤੰਤਰ (ਕੇਂਦਰੀ ਅਮਰੀਕਾ) ਦਾ ਇਕ ਡਿਪਾਰਟਮੈਂਟ ਹੈ ਜਿਹੜਾ ਇਸ ਦੇ ਦੱਖਣ-ਕੇਂਦਰੀ ਭਾਗ ਵਿਚ ਸਥਿਤ ਹੈ। ਇਸ ਦਾ ਖੇਤਰਫਲ 1,979 ਵ. ਕਿ. ਮੀ. ਹੈ ਅਤੇ ਆਬਾਦੀ 343,818 (1991) ਹੈ। ਇਸ ਡਿਪਾਰਟਮੈਂਟ ਦਾ ਸਦਰ-ਮੁਕਾਮ ਵੀ ਇਸੇ ਨਾਂ ਦਾ ਸ਼ਹਿਰ ਹੈ। ਡਿਪਾਰਟਮੈਂਟ ਵਿਚ ਪੈਨ-ਅਮੈਰੀਕਨ ਮਹਾਂ ਮਾਰਗ ਦੇ ਨਾਲ ਉਪਰਲੇ ਭਾਗਾਂ ਵਿਚ ਮਾਇਆ ਕਬੀਲੇ ਦੇ ਇੰਡੀਅਨ ਜਾਤੀ ਦੇ ਲੋਕ ਵਸਦੇ ਹਨ। ਇਹ ਮੱਕੀ, ਜਵਾਰ ਅਤੇ ਕਣਕ ਦੀ ਖੇਤੀ ਕਰਦੇ ਹਨ। ਨੀਵੇਂ ਖੇਤਰ ਨਿੱਜੀ ਮਿਲਖਾਂ ਵਿਚ ਵੰਡੇ ਹੋਏ ਹਨ ਅਤੇ ਇਨ੍ਹਾਂ ਵਿਚ ਜ਼ਿਆਦਾਤਰ ਕਾਫ਼ੀ ਅਤੇ ਗੰਨੇ ਦੀ ਪੈਦਾਵਾਰ ਹੁੰਦੀ ਹੈ। ਡੰਗਰ ਅਤੇ ਸੂਰ ਪਾਲਣ ਦਾ ਕੰਮ ਵੀ ਕੀਤਾ ਜਾਂਦਾ ਹੈ।

ਹ. ਪੁ.-ਐਨ. ਬ੍ਰਿ. 5: 550

**ਚੀਰਾਵ** : ਇਹ ਭਾਰਤ ਵਿਚ ਰਾਜਪੂਤਾਨੇ ਦੀ ਸਾਬਕਾ ਰਿਆਸਤ ਜੈਪੁਰ ਦੀ ਸੇਖਾਵਤੀ ਨਿਜ਼ਾਮਤ ਦਾ ਇਕ ਸ਼ਹਿਰ ਸੀ ਜੋ ਜੈਪੁਰ ਸ਼ਹਿਰ ਤੋਂ ਲਗਭਗ 150 ਕਿ. ਮੀ. ਉੱਤਰ ਵੱਲ ਸਥਿਤ ਹੈ। ਇਥੇ ਇਕ ਖ਼ੂਬਸੂਰਤ ਛੋਟਾ ਕਿਲਾ ਹੈ, ਜੋ ਹੁਣ ਬਹੁਤ ਖ਼ਰਾਬ ਹਾਲਤ ਵਿਚ ਹੈ। ਇਥੇ ਰਹਿੰਦੇ ਕੁਝ ਅਮੀਰ ਸ਼ਾਹੂਕਾਰਾਂ ਦੁਆਰਾ ਸ਼ਹਿਰ ਵਿਚ ਮੁਸਾਫ਼ਰਾਂ ਲਈ ਕਈ ਸਰਾਵਾਂ ਬਣਾਈਆਂ ਹੋਈਆਂ ਹਨ। ਕਾਫ਼ੀ ਪੁਰਾਣੇ ਸਮੇਂ ਤੋਂ ਹੀ ਇਥੇ ਕਈ ਸਕੂਲ ਅਤੇ ਇਕ ਹਸਪਤਾਲ ਵੀ ਹੈ।

28° 14′ ਉ. ਵਿਥ.; 75° 41′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 10: 288

**ਚੀਰਿਕੀ** : ਇਹ ਕੇਂਦਰੀ ਅਮਰੀਕਾ ਦੇ ਪੱਛਮੀ ਪਾਨਾਮਾ ਗਣਰਾਜ ਦਾ ਇਕ ਸੂਬਾ ਹੈ ਜਿਹੜਾ ਸ਼ਾਂਤ ਮਹਾਂਸਾਗਰ ਦੇ ਤਟ ਦੇ ਨਾਲ-ਨਾਲ ਫੈਲਿਆ ਹੋਇਆ ਹੈ। ਇਸ ਦੇ ਪੱਛਮ ਵੱਲ ਕਾਸਟਾਰੀਕਾ ਗਣਰਾਜ ਅਤੇ ਦੱਖਣ ਵੱਲ ਸ਼ਾਂਤ ਮਹਾਂਸਾਗਰ ਦੀ ਚੀਰਿਕੀ ਖਾੜੀ ਹੈ। ਇਸ ਸੂਬੇ ਦਾ ਕੁੱਲ ਰਕਬਾ 8,924 ਵ. ਕਿ. ਮੀ. ਹੈ ਅਤੇ ਆਬਾਦੀ 370,227 (1990) ਹੈ। ਡੇਵਿਡ ਇਸ ਪ੍ਰਾਵਿੰਸ ਦਾ ਸਦਰ-ਮੁਕਾਮ ਹੈ। ਇਹ ਖੇਤਰ ਸੈਰਨੀਆ ਡੇ-ਟਾਬਸਰਾ 'ਪਰਬਤੀ ਲੜੀ ਤੋਂ ਲੈ ਕੇ ਸਾਹਿਲੀ ਨੀਵੀਆਂ ਭੂਮੀਆਂ ਤਕ ਢਾਲਵੇਂ ਰੁੱਖ ਵਿਚ ਫੈਲਿਆ ਹੋਇਆ ਹੈ। ਕੇਲਾ, ਕਾਫ਼ੀ, ਗੰਨਾ, ਮੱਕੀ ਅਤੇ ਚੌਲ ਇਸ ਖੇਤਰ ਦੀ ਮੁੱਖ ਪੈਦਾਵਾਰ ਹੈ ਅਤੇ ਇਸੇ ਪੈਦਾਵਾਰ ਉਪਰ ਇਥੋਂ ਦੀ ਆਰਥਿਕਤਾ ਨਿਰਭਰ ਕਰਦੀ ਹੈ। ਡੰਗਰ ਪਾਲਣੇ ਅਤੇ ਜੰਗਲੀ ਲੱਕੜ ਕੱਟਣ ਦਾ ਕੰਮ ਵੀ ਕਾਫੀ ਪ੍ਰਚੱਲਤ ਹੈ। ਨਿਰਮਾਣ ਉਦਯੋਗ ਵਿਸ਼ੇਸ਼ ਕਰਕੇ ਰਾਜਧਾਨੀ ਵਿਚ ਹੀ ਕੇਂਦਰਿਤ ਹਨ। ਡੇਵਿਡ ਉਂਜ ਵੀ ਰਾਸ਼ਟਰ ਦਾ ਪੰਜਵਾਂ ਵੱਡਾ ਸ਼ਹਿਰ ਹੈ। ਪੈਨ-ਅਮੈਰੀਕਨ ਮਹਾਂਮਾਰਗ ਚੀਰਿਕੀ ਦੀਆਂ ਨੀਵੀਆਂ ਭੂਮੀਆਂ ਦੇ ਵਿਚੋਂ ਦੀ ਲੰਘਦਾ ਹੈ ਅਤੇ ਬਹੁਤ ਸਾਰੇ ਮਹੱਤਵਪੂਰਣ ਸ਼ਹਿਰ ਚੀਰਿਕੀ ਨੈਸ਼ਨਲ ਰੇਲਵੇ ਦੀ ਪੈਡਰਿਗਾਲ ਬੰਦਰਗਾਹ ਨਾਲ ਜੁੜੇ ਹੋਏ ਹਨ। ਕੇਲਾ ਇਥੋਂ ਖਾਸ ਕਰਕੇ ਬਾਹਰ ਭੇਜਿਆ ਜਾਂਦਾ ਹੈ।

ਹ. ਪੁ.-ਐਨ. ਬ੍ਰਿ. ਮਾ. 2: 876; ਐਨ. ਬ੍ਰਿ. 5: 659

**ਚੀਰੂ** : ਇਹ ਤਿੱਬਤ ਅਤੇ ਧੁਰ ਉੱਤਰੀ ਭਾਰਤ ਵਿਚ ਮਿਲਣ ਵਾਲਾ ਇਕ ਬਾਰਾਂਸਿੰਗਾ ਹੈ। ਇਸ ਦਾ ਵਿਗਿਆਨਕ ਨਾਂ ਪੈਂਨਥੋਲੌਪਸ ਹਾਜਸੋਨੀ (Pantholops hodgsoni) ਹੈ। ਇਹ ਪ੍ਰਾਣੀ ਤਕਰੀਬਨ 2650 ਮੀ. ਤੋਂ 5500 ਮੀ. ਤਕ ਦੀ ਉਚਾਈ ਤੇ ਰਹਿੰਦੇ ਹਨ।

ਇਸ ਪ੍ਰਾਣੀ ਦੀ ਮੋਢਿਆਂ ਤਕ ਦੀ ਉਚਾਈ ਤਕਰੀਬਨ 75 ਸੈਂ. ਮੀ. ਹੁੰਦੀ ਹੈ ਅਤੇ ਭਾਰ ਕੋਈ 55 ਕਿ. ਗ੍ਰਾ. ਦੇ ਲਗਭਗ ਹੁੰਦਾ ਹੈ। ਨਰ ਦੇ ਸਿੰਗ ਨੁਕੀਲੇ ਤੇ 70 ਸੈਂ. ਮੀ. ਦੇ ਕਰੀਬ ਲੰਮੇ ਹੁੰਦੇ ਹਨ। ਇਨ੍ਹਾਂ ਦੇ ਸਰੀਰ ਦਾ ਰੰਗ ਉਪਰੋਂ ਸਲੇਟੀ ਜਿਹਾ ਬਾਦਾਮੀ ਅਤੇ ਹੇਠਲੇ ਪਾਸੇ ਤੋਂ ਚਿੱਟਾ ਹੁੰਦਾ ਹੈ। ਨਰ ਦਾ ਚਿਹਰਾ ਕਾਲਾ ਅਤੇ ਬੂਥਨੀ ਕੁਝ ਫੁੱਲੀ ਹੋਈ ਹੁੰਦੀ ਹੈ। ਇਹ ਮੈਂ-ਮੈਂ ਜਾਂ ਮਮਿਆਉਣ ਦੀ ਆਵਾਜ਼ ਕੱਢਦੇ ਹਨ।

ਮੈਥੁਨ ਲਈ ਨਰ 10-20 ਮਾਦਾ ਦਾ ਇੱਜੜ ਇਕੱਠਾ ਕਰਦਾ ਹੈ। ਮੈਥੁਨ ਪਤਝੜ ਦੀ ਰੁੱਤ ਵਿਚ ਹੁੰਦਾ ਹੈ ਅਤੇ ਬੱਚੇ (ਹਿਰਨੋਟੇ) ਮਈ ਦੇ ਮਹੀਨੇ ਵਿਚ ਪੈਦਾ ਹੁੰਦੇ ਹਨ। ਕਈ ਲੋਕ ਮਾਸ ਲਈ ਇਨ੍ਹਾਂ ਦਾ ਸ਼ਿਕਾਰ ਵੀ ਕਰਦੇ ਹਨ।

ਹ. ਪੁ.-ਐਨ. ਬ੍ਰਿ. 5: 659

**ਚੀਲ** : ਇਹ ਪਹਾੜੀ ਇਲਾਕਿਆਂ ਵਿਚ ਮਿਲਣ ਵਾਲੇ ਰੁੱਖਾਂ ਦਾ ਸਮੂਹਕ ਨਾਂ ਹੈ, ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਪਾਈਨ ਕਿਹਾ ਜਾਂਦਾ ਹੈ। ਪਾਈਨਸ ਪ੍ਰਜਾਤੀ ਦੀਆਂ ਬਹੁਤ ਸਾਰੀਆਂ ਜਾਤੀਆਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਮਿਲਦੀਆਂ ਹਨ। ਬਹੁਤ ਪੁਰਾਣੇ ਸਮੇਂ ਤੋਂ ਹੀ ਚੀਲ ਵਰਗੇ ਰੁੱਖ ਵਪਾਰਕ ਲੱਕੜ ਦਾ ਅਹਿਮ ਅੰਗ ਰਹੇ ਹਨ ਅਤੇ ਅੱਜ ਵੀ ਲੱਕੜ ਦੀ ਤਕਰੀਬਨ ਅੱਧੀ ਲੋੜ ਇਨ੍ਹਾਂ ਤੋਂ ਹੀ ਪੂਰੀ ਹੁੰਦੀ ਹੈ। ਇਸ ਗਰੁੱਪ ਵਿਚ ਨਰਮ ਅਤੇ ਸਖ਼ਤ ਕਿਸਮਾਂ ਦੇ ਰੁੱਖ ਸ਼ਾਮਲ ਹਨ। ਇਸ ਗਰੁੱਪ ਦੀਆਂ 23 ਪ੍ਰਸਿੱਧ ਜਾਤੀਆਂ ਵਿਚੋਂ ਕੇਵਲ 8 ਹੀ ਮਹੱਤਵਪੂਰਨ ਹਨ।

**ਚਿੱਟਾ ਚੀਲ**—ਉੱਤਰੀ ਹਿੱਸਿਆਂ ਦੇ ਨਰਮ ਜਾਂ ਚਿੱਟਾ ਚੀਲ (Pinus strobus) ਰੁੱਖ ਦੀ ਲੱਕੜੀ ਦੁਨੀਆ ਦੀਆਂ ਕੀਮਤੀ ਲੱਕੜਾਂ ਵਿਚੋਂ ਇਕ ਹੈ। ਇਹ ਉੱਤਰ-ਪੂਰਬੀ ਸੰਯੁਕਤ ਰਾਜ ਅਮਰੀਕਾ ਅਤੇ ਨਾਲ ਲਗਦੇ ਕੈਨੇਡਾ ਅਤੇ ਐਪਾਲੈਸ਼ੀਅਨ ਪਹਾੜੀਆਂ ਤੋਂ ਜਾਰਜੀਆ ਤੱਕ ਮਿਲਦੇ ਹਨ। ਇਨ੍ਹਾਂ ਥਾਵਾਂ ਤੇ ਇਹ 30-70 ਮੀ. ਲੰਬਾ ਅਤੇ 1-3 ਮੀ. ਤੱਕ ਮੋਟਾ ਹੁੰਦਾ ਹੈ। ਇਹ ਲੱਕੜ ਬਾਰੀਕ ਇਕਸਾਰ ਦਾਣੇ ਵਾਲੀ ਅਤੇ ਚਮਕਦਾਰ ਸੜ੍ਹਾ ਵਾਲੀ, ਬਾਹਰੋਂ ਚਿੱਟੇ ਅਤੇ ਅੰਦਰੋਂ ਗੁਲਾਬੀ ਰੰਗ ਦੀ ਹੁੰਦੀ ਹੈ। ਅੱਜਕੱਲ੍ਹ ਇਸ ਲੱਕੜ ਦੀ ਵਰਤੋਂ ਦਰਵਾਜ਼ਿਆਂ, ਖਿੜਕੀਆਂ ਦੀਆਂ ਚੁਗਾਠਾਂ, ਅਲਮਾਰੀਆਂ, ਡੱਬਿਆਂ, ਮਾਚਸ ਦੀਆਂ ਤੀਲ੍ਹੀਆਂ ਅਤੇ ਖਿਡੌਣੇ ਬਣਾਉਣ ਲਈ ਕੀਤੀ ਜਾਂਦੀ ਹੈ। ਇਹ ਬਰੋਜ਼ੇ ਰਹਿਤ ਹੁੰਦੀ ਹੈ ਜਿਸ ਕਰਕੇ ਇਸ ਤੇ ਕੰਮ ਕਰਨਾ ਸੌਖਾ ਹੈ। ਕਈ ਹੋਰ ਜਾਤੀਆਂ ਵੀ ਚਿੱਟੇ ਚੀਲਾਂ ਵਿਚ ਸ਼ਾਮਲ ਕੀਤੀਆਂ ਗਈਆਂ ਹਨ, ਜਿਵੇਂ ਪੱਛਮੀ ਚਿੱਟਾ ਚੀਲ, ਸ਼ਕਰ ਚੀਲ ਅਤੇ ਲਾਗ ਪੋਲ ਚੀਲ ਆਦਿ।

**ਪੀਲਾ ਚੀਲ**—ਪੀਲੇ ਚੀਲ ਦੀਆਂ ਕਈ ਜਾਤੀਆਂ ਹਨ ਅਤੇ ਤਕਰੀਬਨ ਹਰੇਕ ਜਾਤੀ ਦੀ ਲੱਕੜ ਵੀ ਵਿਸ਼ੇਸ਼ ਕਿਸਮ ਦੀ ਹੁੰਦੀ ਹੈ। ਦੱਖਣੀ ਪੀਲਾ ਜਾਂ ਲੰਬੇ ਪੱਤਿਆਂ ਵਾਲਾ (Paustrais) ਚੀਲ ਸੰਯੁਕਤ



ਚੀਲ

ਰਾਜ ਅਮਰੀਕਾ ਦਾ, ਅੱਜਕੱਲ੍ਹ ਦੀਆਂ ਬਹੁਤ ਪ੍ਰਸਿੱਧ ਲੱਕੜ ਦੀਆਂ ਦੋ ਕਿਸਮਾਂ ਵਿਚੋਂ ਇਕ ਹੈ। ਇਸ ਦੀ ਲੱਕੜ ਪੱਧਰੀ ਮਿਸ਼ਰਤ ਦਾਣੇ ਵਾਲੀ, ਗੁੱਦੇਦਾਰ, ਭਾਰੀ, ਸਖ਼ਤ, ਮਜ਼ਬੂਤ, ਬਰੋਜ਼ੇ ਵਾਲੀ ਅਤੇ ਹੰਢਣਸਾਰ ਹੁੰਦੀ ਹੈ ਅਤੇ ਕਾਫ਼ੀ ਭਾਰ ਸਹਿ ਸਕਦੀ ਹੈ। ਇਸ ਦੀ ਮੁੱਖ ਵਰਤੋਂ ਬੀਮਾਂ, ਸ਼ਤੀਰਾਂ ਅਤੇ ਭਾਰੀ ਬਣਾਵਟ ਜਿਵੇਂ ਕਿ ਪੁਲਾਂ, ਸਮੁੰਦਰੀ ਜਹਾਜ਼ਾਂ, ਕਾਰਾਂ ਅਤੇ ਰੇਲਾਂ ਦੀਆਂ ਪਟੜੀਆਂ ਵਿਚ ਕੀਤੀ ਜਾਂਦੀ ਹੈ। ਕੁਝ ਪੀਲੇ ਚੀਲ, ਡੱਬੇ ਆਦਿ ਬਣਾਉਣ ਲਈ ਵਰਤੇ ਜਾਂਦੇ ਹਨ।

**ਚੀਲਵੇ :** ਟਾਪੂ—ਦੱਖਣੀ ਚਿਲੀ (ਦੱ. ਅਮ.) ਦੇ ਇਸੇ ਨਾਂ ਦੇ ਪ੍ਰਾਂਤ ਦਾ ਹੀ ਹਿੱਸਾ ਹੈ ਜਿਹੜਾ ਪ੍ਰਾਂਤ ਦੀ ਮੁੱਖ ਭੂਮੀ ਤੋਂ 48 ਕਿ. ਮੀ. ਹੱਟਵਾਂ ਸ਼ਾਂਤ ਮਹਾਂਸਾਗਰ ਵਿਚ ਸਥਿਤ ਹੈ ਅਤੇ ਚੀਲਵੇਈ ਦੀਪਾਂ ਵਿਚੋਂ **ਸਭ** ਤੋਂ ਵੱਡਾ ਹੈ। ਚੀਲਵੇ ਟਾਪੂ ਦੀ ਲੰਬਾਈ 176 ਕਿ. ਮੀ. ਅਤੇ ਚੌੜਾਈ 32 ਤੋਂ 64 ਕਿ. ਮੀ. ਤਕ ਹੈ। ਇਸ ਤਰ੍ਹਾਂ ਇਸ ਦਾ ਕੁੱਲ ਰਕਬਾ 8,394 ਵ. ਕਿ. ਮੀ. (3241 ਵ. ਮੀਲ) ਬਣ ਜਾਂਦਾ ਹੈ। ਟਾਪੂ ਦੇ ਅੰਦਰੂਨੀ ਪਰਬਤੀ ਭਾਗਾਂ ਵਿਚ ਬਹੁਤ ਹੀ ਸੰਘਣੇ ਜੰਗਲ ਹਨ ਅਤੇ ਇਨ੍ਹਾਂ ਨੂੰ ਪਾਰ ਕਰਨਾ ਵੀ ਔਖਾ ਹੁੰਦਾ ਹੈ। ਸਮੁੰਦਰੀ ਕੰਢੇ ਦੇ ਨਾਲ-ਨਾਲ ਮਛੇਰੇ ਰਹਿੰਦੇ ਹਨ ਅਤੇ ਸਾਹਿਲ ਦੇ ਨਜ਼ਦੀਕ ਪਹਾੜੀ ਖੇਤਰਾਂ ਵਿਚ ਖੇਤੀ ਕੀਤੀ ਜਾਂਦੀ ਹੈ। ਕਣਕ, ਜੌਂ, ਆਲੂ, ਸਣ ਅਤੇ ਫਲ ਮੁੱਖ ਫਸਲਾਂ ਹਨ। ਡੰਗਰ-ਪਸ਼ੂ ਪਾਲਣ ਦਾ ਕੰਮ ਵੀ ਕਾਫ਼ੀ ਪ੍ਰਫੁੱਲਤ ਹੈ। ਸਮੁੰਦਰੀ ਕੰਢੇ ਦੇ ਨਾਲ ਨਾਲ ਸਿੱਪੀਆਂ ਵੀ ਬਹੁਤ ਮਿਲਦੀਆਂ ਹਨ।

ਆਂਕੂਡ ਇਕ ਸੁਰੱਖਿਅਤ ਤੇ ਵਧੀਆ ਬੰਦਰਗਾਹ ਹੋਣ ਦੇ ਨਾਲ-ਨਾਲ ਟਿੰਬਰ ਵਪਾਰ ਅਤੇ ਖੇਤੀ ਦਾ ਵੀ ਚੰਗਾ ਕੇਂਦਰ ਹੈ। ਇਸ ਦੇ ਦੱਖਣ ਵਿਚ ਕੋਈ 88 ਕੁ ਕਿ. ਮੀ. ਦੀ ਵਿਥ ਤੇ ਇਕ ਕਾਸਟਰੋ ਨਾਂ ਦੀ ਛੋਟੀ ਜਿਹੀ ਬੰਦਰਗਾਹ ਵੀ ਹੈ। ਇਥੋਂ ਟਿੰਬਰ, ਆਲੂ ਅਤੇ ਕਣਕ ਮੁੱਖ ਭੂਮੀ ਨੂੰ ਭੇਜੇ ਜਾਂਦੇ ਹਨ। ਕੁਝ ਕੱਪੜਾ ਬੁਣਨ ਦੇ ਉਦਯੋਗ ਵੀ ਹਨ।

ਸੰਨ 1567 ਤੋਂ ਲੈ ਕੇ 1826 ਤਕ ਇਹ ਟਾਪੂ ਸਪੇਨੀਆਂ ਦੇ ਕਬਜ਼ੇ ਵਿਚ ਰਿਹਾ।

42° 30′ ਦੱ. ਵਿਥ.; 73° 55′ ਪੱ. ਲੰਬ.

ਹ. ਪੁ.-ਐਨ. ਬ੍ਰਿ. 5: 549 ; ਐਨ. ਅਮੈ. 6: 512

**ਚੀਲਵੇ**: ਪ੍ਰਾਂਤ ਇਹ ਚਿੱਲੀ (ਦੱ. ਅਮ.) ਦਾ ਇਕ ਪ੍ਰਾਂਤ ਹੈ। ਇਹ ਪ੍ਰਾਂਤ ਚਿੱਲੀ ਦੇ ਦੱਖਣ-ਪੱਛਮੀ ਸਾਹਿਲ ਤੋਂ ਕੁਝ ਹਟਵਾਂ ਹੈ ਤੇ ਸ਼ਾਂਤ ਮਹਾਂਸਾਗਰ ਵਿਚ ਸਥਿਤ ਹੈ। ਚੀਲਵੇ ਸੂਬੇ ਵਿਚ ਚੀਲਵੇਈ ਟਾਪੂ ਤੇ ਇਸਦੇ ਨਾਲ ਲਗਵੀਂ ਮੁੱਖ ਭੂਮੀ ਅਤੇ ਕੁਝ ਛੋਟੇ-ਛੋਟੇ ਗਵਾਂਢੀ ਟਾਪੂ ਗਵਾਈਟੈਕਸ ਟਾਪੂ ਸਮੂਹ (The Guaitecas) ਸ਼ਾਮਲ ਹਨ। ਸੂਬੇ ਦਾ ਕੁੱਲ ਰਕਬਾ 27,014 ਵ. ਕਿ.ਮੀ. (10,430 ਵ. ਮੀਲ) ਹੈ। ਆਂਕੂਡ ਇਥੋਂ ਦੀ ਰਾਜਧਾਨੀ ਹੈ। ਆਂਕੂਡ ਚੀਲਵੇ ਟਾਪੂ ਦੇ ਉੱਤਰੀ ਕੰਢੇ ਤੇ ਇਕ ਬੰਦਰਗਾਹ ਦੇ ਰੂਪ ਵਿਚ ਵਾਕਿਆ ਹੈ।

ਇਸ ਪ੍ਰਾਂਤ ਦੀ ਭੂਮੀ ਜ਼ਿਆਦਾਤਰ ਪਰਬਤੀ ਹੈ ਅਤੇ ਇਨ੍ਹਾਂ ਪਰਬਤਾਂ ਦੀਆਂ ਬਹੁਤ ਸਾਰੀਆਂ ਚੋਟੀਆਂ ਗਲੇਸ਼ੀਅਰਾਂ ਦੀਆਂ ਬਣੀਆਂ ਹੋਈਆਂ ਹਨ ਅਤੇ ਕਈ ਚੋਟੀਆਂ ਜ਼ਵਾਲਾਮੁਖੀ ਕਿਸਮ ਦੀਆਂ ਵੀ ਹਨ। ਵਰਖਾ ਬਹੁਤ ਜ਼ਿਆਦਾ ਹੁੰਦੀ ਹੈ। ਇਥੋਂ ਤਕ ਕਿ ਸਾਰੇ ਸਾਲ ਵਿਚ ਔਸਤਨ ਸਿਰਫ਼ 51 ਕੁ ਦਿਨ ਸੂਰਜ ਦਿਖਾਈ ਦਿੰਦਾ ਹੈ। ਬਹੁਤ ਹਿੱਸਾ ਸੰਘਣੇ ਜੰਗਲਾਂ ਨਾਲ ਢਕਿਆ ਹੋਇਆ ਹੈ। ਜੰਗਲੀ ਲੱਕੜੀ ਕੱਟਣ, ਪਸ਼ੂ ਪਾਲਣ, ਮੱਛੀਆਂ ਫੜਨਾ ਅਤੇ ਖੇਤੀਬਾੜੀ ਇਥੋਂ ਦੇ ਲੋਕਾਂ ਦੇ ਮੁੱਖ ਧੰਦੇ ਹਨ। ਚੀਲਵੇ ਸੂਬੇ ਦੇ ਲੋਕ ਜੱਦੀ ਇੰਡੀਅਨ ਜਾਤੀ ਵਿਚੋਂ ਹਨ ਅਤੇ ਇਹ ਅਰਾਊਕੇਨੀਅਨਾਂ (Araucanians) ਦੀ ਹੀ ਇਕ ਉਪਜਾਤੀ ਹੈ। ਇਨ੍ਹਾਂ ਤੋਂ ਬਿਨਾਂ ਯੂਰਪੀ ਲੋਕ ਤੇ ਜਰਮਨਾਂ ਦੀਆਂ ਬਸਤੀਆਂ ਵੀ ਹਨ। ਵਸੋਂ ਖਿਲਰਵੀਂ ਹੈ ਪਰ ਮੁਕਾਬਲਤਨ ਚੀਲੋਏ ਦੀਪ ਵਿਚ ਸੰਘਣੀ ਹੈ।

ਹ. ਪੁ.-ਐਨ. ਬ੍ਰਿ. 5: 549; ਐਨ. ਅਮੈ. 6: 512

**ਚੀੜ** : ਇਹ ਵੀ ਪਾਈਨਸ ਪ੍ਰਜਾਤੀ ਦਾ ਇਕ ਮੈਂਬਰ ਰੁੱਖ ਹੈ ਜੋ ਜ਼ਿਆਦਾਤਰ ਭਾਰਤ ਵਿਚ ਪਹਾੜਾਂ ਤੇ ਮਿਲਦਾ ਹੈ। ਇਸ ਦਾ ਵਿਗਿਆਨਕ ਨਾਂ ਪਾਈਨਸ ਰੌਕਸਬਰਗਾਈ ਹੈ। ਇਸ ਦੀ ਲੱਕੜ ਅਤੇ ਬਰੋਜ਼ੇ ਵਿਚ ਕਈ ਔਸ਼ਧੀਜਨਕ ਗੁਣ ਹੁੰਦੇ ਹਨ। ਇਹ ਇਕ ਉਤੇਜਕ ਦੇ ਤੌਰ ਤੇ ਪਸੀਨਾ ਲਿਆਉਣ, ਖੰਘ ਹਟਾਉਣ, ਬੇਹੋਸ਼ੀ ਠੀਕ ਕਰਨ ਅਤੇ ਨਾਸੂਰ ਆਦਿ ਠੀਕ ਕਰਨ ਦੇ ਕੰਮ ਆਉਂਦੀ ਹੈ। ਇਸ ਦੇ ਬਰੋਜ਼ੇ ਦੀ ਵਰਤੋਂ ਅੰਦਰੂਨੀ ਤੌਰ ਤੇ ਪੇਟ ਦੇ ਰੋਗ, ਇਸਤਰੀ ਰੋਗਾਂ ਨੂੰ ਠੀਕ ਕਰਨ ਲਈ ਕੀਤੀ ਜਾਂਦੀ ਹੈ। ਬਾਹਰੀ ਤੌਰ ਤੇ ਇਸ ਦੇ ਪਲਸਤਰ ਦੀ

ਵਰਤੋਂ ਕੱਛਾਂ ਦੀਆਂ ਗਿਲਟੀਆਂ ਦੀ ਸੋਜ਼ ਹਟਾਉਣ ਲਈ ਕੀਤੀ ਜਾਂਦੀ ਹੈ। ਇਸ ਦੀ ਲੱਕੜ ਅਤੇ ਇਸ ਤਰ੍ਹਾਂ ਦਾ ਬਰੋਜ਼ਾ ਸੱਪ ਅਤੇ ਅਠੂੰਹੇ ਦੇ ਕੱਟੇ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ।

ਹ. ਪੁ.-ਇ. ਬਾ: 91; ਮੈਕ. ਐਨ. ਸ. ਟ. 2: 193

**ਚੁਆ ਦੰਗਾ** : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਬਰਦਵਾਨ ਖੰਡ ਵਿਚ ਹੁਗਲੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਮਾਤਾ ਭੰਗਾ ਨਦੀ ਦੇ ਖੱਬੇ ਕੰਢੇ ਉੱਤੇ ਵਸਿਆ ਹੋਇਆ ਹੈ। ਇਹ ਵਪਾਰ ਦਾ ਇਕ ਮੁੱਖ ਕੇਂਦਰ ਹੈ ਅਤੇ ਪੂਰਬੀ ਬੰਗਾਲ ਰੇਲਵੇ ਦਾ ਇਕ ਸਟੇਸ਼ਨ ਹੈ। ਇਥੇ ਬਾਕੀ ਆਮ ਸਰਕਾਰੀ ਦਫ਼ਤਰਾਂ ਤੋਂ ਇਲਾਵਾ ਇਕ ਜੇਲ੍ਹ ਵੀ ਹੈ।

23° 39′ ਉ. ਵਿਥ.; 88° 51′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 10: 332

**ਚੁਕੰਦਰ** : ਇਹ ਚੀਨੋਪੋਡੀਏਸੀ ਕੁਲ ਦਾ ਇਕ ਪੌਦਾ ਹੈ। ਇਸ ਦਾ ਵਿਗਿਆਨਕ ਨਾਂ ਬੀਟਾ ਵੱਲਗੈਰਿਸ (**Beta Vulgaris**) ਹੈ। ਇਹ ਅਮਰੀਕਾ ਅਤੇ ਯੂਰਪ ਦੀ ਇਕ ਮਹੱਤਵਪੂਰਨ ਫ਼ਸਲ ਹੈ। ਭਾਰਤ ਵਿਚ ਇਹ ਮੂਲੀ, ਗਾਜਰ ਤੇ ਸ਼ਲਗਮ ਤੋਂ ਬਾਅਦ ਆਉਂਦੀ ਹੈ। ਇਸ ਦਾ ਮੂਲ-ਸਥਾਨ ਯੂਰਪ ਜਾਂ ਪੱਛਮੀ ਏਸ਼ੀਆ ਅਤੇ ਅਫ਼ਰੀਕਾ ਦੇ ਆਲੇ-ਦੁਆਲੇ ਦਾ ਇਲਾਕਾ ਹੈ।

ਚੁਕੰਦਰ ਦੋ-ਰੁੱਤੀ ਪੌਦਾ ਹੈ। ਇਸ ਨੂੰ ਇਸ ਦੀ ਮੋਟੀ, ਗੁੱਦੇਦਾਰ ਟੈਪਰੂਟ (ਮੂਸਲ-ਜੜ੍ਹ) ਅਤੇ ਲਾਗਲੇ ਥਲਵੇਂ ਹਿੱਸੇ ਕਰਕੇ ਉਗਾਇਆ ਜਾਂਦਾ ਹੈ ਜਿਹੜਾ ਪਹਿਲੀ ਰੁੱਤ ਵਿਚ ਉੱਗਦਾ ਹੈ। ਦੂਜੀ ਰੁੱਤ ਵਿਚ ਇਕ ਲੰਮਾ, ਸ਼ਾਖ਼ਾਵਾਂ ਤੇ ਪੱਤਿਆਂ ਵਾਲਾ ਤਣਾ ਉੱਗਦਾ ਹੈ, ਜਿਸ ਉੱਤੇ ਅਨੇਕਾਂ, ਬਹੁਤ ਛੋਟੇ ਹਰੇ ਫੁੱਲਾਂ ਦੇ ਗੁੱਛੇ ਲਗਦੇ ਹਨ। ਇਨ੍ਹਾਂ ਤੋਂ ਫਿਰ ਭੂਰੇ ਰੰਗ ਦੇ ਫਲ ਬਣਦੇ ਹਨ। ਨਿਸ਼ੇਚਨ ਪਰ-ਪਰਾਗਣ ਰਾਹੀਂ ਹੁੰਦਾ ਹੈ।

ਚੁਕੰਦਰ ਕੱਚੀ ਸਲਾਦ ਦੇ ਤੌਰ ਤੇ ਜਾਂ ਹੋਰ ਸਬਜ਼ੀਆਂ ਨਾਲ ਇਕੱਠਾ ਪਕਾ ਕੇ ਖਾਧੀ ਜਾਂਦੀ ਹੈ। ਇਸ ਤੋਂ ਹੋਰ ਕਈ ਪਦਾਰਥ ਵੀ ਤਿਆਰ ਕੀਤੇ ਜਾਂਦੇ ਹਨ। ਇਸ ਵਿਚ ਖਣਿਜ ਅਤੇ ਵਿਟਾਮਿਨ-ਸੀ ਦੀ ਕਾਫ਼ੀ ਮਾਤਰਾ ਹੁੰਦੀ ਹੈ। ਇਸ ਦੇ ਖ਼ੁਰਾਕੀ ਤੱਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

(ਪ੍ਰਤਿ 100 ਗ੍ਰਾ. ਖਾਣ-ਯੋਗ ਭਾਗ)

| | | | |
|---|---|---|---|
| ਨਮੀ | 87.8 ਗ੍ਰਾ. | ਲੋਹਾ | 1.0 ਮਿ.ਗ੍ਰਾ. |
| ਪ੍ਰੋਟੀਨ | 1.7 ਗ੍ਰਾ. | ਸੋਡੀਅਮ | 59.8 ਮਿ.ਗ੍ਰਾ. |
| ਚਰਬੀ | 0.1 ਗ੍ਰਾ. | ਪੋਟਾਸ਼ੀਅਮ | 43 ਮਿ.ਗ੍ਰਾ. |
| ਖਣਿਜ | 0.8 ਗ੍ਰਾ. | ਤਾਂਬਾ | 20 ਮਿ.ਗ੍ਰਾ. |
| ਰੇਸ਼ੇ | 0.9 ਗ੍ਰਾ. | ਗੰਧਕ | 14 ਮਿ.ਗ੍ਰਾ. |
| ਹੋਰ ਕਾਰਬੋਹਾਈਡ੍ਰੇਟ | 8.8 ਮਿ. ਗ੍ਰਾ. | | |
| ਕੈਲੋਰੀਆਂ | 43 | ਵਿਟਾਮਿਨ-ਏ | ਕੋਈ ਨਹੀਂ |
| ਕੈਲਸ਼ੀਅਮ | 200 ਮਿ.ਗ੍ਰਾ. | ਥਾਇਆਮੀਨ | 004 ਮਿ.ਗ੍ਰਾ. |
| ਮੈਗਨੀਸ਼ੀਅਮ | 9 ਗ੍ਰਾ. | ਰਿਬੋਫਲਾਵੀਨ | 0.09 ਮਿ.ਗ੍ਰਾ. |
| ਆੱਕਸੈਲਿਕ ਐਸਿਡ | 40 ਗ੍ਰਾ. | ਨਿਕੋਟੀਨਿਕ ਐਸਿਡ | 0.4 ਮਿ.ਗ੍ਰਾ. |
| ਫ਼ਾੱਸਫ਼ੋਰਸ | 55 ਗ੍ਰਾ. | ਵਿਟਾਮਿਨ-ਸੀ | 88.0 ਮਿ.ਗ੍ਰਾ. |

ਚੁਕੰਦਰ ਦੀਆਂ ਚਾਰ ਮੁੱਖ ਕਿਸਮਾਂ ਹਨ :

(1) ਸ਼ੂਗਰ-ਬੀਟ, ਜਿਸ ਤੋਂ ਖੰਡ ਪ੍ਰਾਪਤ ਕੀਤੀ ਜਾਂਦੀ ਹੈ; (2) ਬਾਗ਼ਾਂ ਵਿਚ ਉਗਾਈ ਜਾਣ ਵਾਲੀ ਚੁਕੰਦਰ, ਜਿਸ ਨੂੰ ਟੇਬਲ ਚੁਕੰਦਰ ਜਾਂ ਲਾਲ ਚੁਕੰਦਰ ਵੀ ਕਹਿੰਦੇ ਹਨ; (3) ਪਸ਼ੂਆਂ ਨੂੰ ਚਾਰਨ ਲਈ ਉਗਾਈ ਜਾਣ ਵਾਲੀ ਕਿਸਮ, ਮੈਂਗਲ ਵਰਜ਼ਲ ਜਾਂ ਮੈਂਗਲਡ ਅਤੇ (4) ਪੱਤਾ-ਚੁਕੰਦਰ ਜਾਂ ਸਵਿਸ ਚਾਰਡ, ਜਿਸ ਨੂੰ ਇਸ ਦੇ ਪੱਤਿਆਂ ਕਰਕੇ ਉਗਾਇਆ ਜਾਂਦਾ ਹੈ।

ਖੰਡ ਵਾਲੀ ਚੁਕੰਦਰ ਦੀਆਂ ਜੜ੍ਹਾਂ ਵਿਚ ਖੰਡ ਦੀ ਕਾਫ਼ੀ ਮਾਤਰਾ ਹੋਣ ਕਰਕੇ ਇਸ ਦੀ ਵਪਾਰਕ ਮਹੱਤਤਾ ਬਾਕੀ ਸਾਰੀਆਂ ਕਿਸਮਾਂ ਨਾਲੋਂ ਜ਼ਿਆਦਾ ਹੈ। ਇਨ੍ਹਾਂ ਵਿਚ ਔਸਤਨ ਖੰਡ ਦੀ ਮਾਤਰਾ 15% ਹੁੰਦੀ ਹੈ ਪਰ ਕਈ ਹਾਲਤਾਂ ਵਿਚ ਇਹ 20 % ਤੱਕ ਹੁੰਦੀ ਹੈ। ਉਨ੍ਹਾਂ ਇਲਾਕਿਆਂ ਵਿਚ ਜਿਥੇ ਗੰਨੇ ਦੀ ਫ਼ਸਲ ਲਈ ਪੌਣ-ਪਾਣੀ ਜ਼ਿਆਦਾ ਠੰਢਾ ਹੁੰਦਾ ਹੈ, ਚੁਕੰਦਰ, ਖੰਡ ਦਾ ਮੁੱਖ ਸੋਮਾ ਹੈ।

ਸੰਸਾਰ ਦੀ ਕੁੱਲ ਖੰਡ ਦਾ ਇਕ-ਤਿਹਾਈ ਹਿੱਸਾ ਚੁਕੰਦਰ ਤੋਂ ਅਤੇ ਦੋ-ਤਿਹਾਈ ਗੰਨੇ ਤੋਂ ਪ੍ਰਾਪਤ ਹੁੰਦਾ ਹੈ। ਖੰਡ ਵਾਲੀ ਚੁਕੰਦਰ ਪੈਦਾ ਕਰਨ ਵਾਲੇ ਮੁੱਖ ਦੇਸ਼ ਰੂਸ, ਅਮਰੀਕਾ, ਫ਼ਰਾਂਸ, ਪੋਲੈਂਡ, ਜਰਮਨੀ, ਚੈਕ ਸਲੋਵਾਕ ਅਤੇ ਸੰਯੁਕਤ ਰਾਜ ਹਨ।

ਚੁਕੰਦਰ ਆਮ ਤੌਰ ਤੇ ਠੰਢੇ ਮੌਸਮ ਦੀ ਫ਼ਸਲ ਹੈ ਪਰ ਇਹ ਗਰਮ ਰੁੱਤ ਵਿਚ ਵੀ ਉਗਾਈ ਜਾ ਸਕਦੀ ਹੈ। ਠੰਢੀ ਰੁੱਤ ਵਾਲੀ ਚੁਕੰਦਰ ਵਿਚ ਖੰਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਫ਼ਸਲ ਦੇ ਪੱਕਣ ਅਤੇ ਬੀਜ ਪੈਣ ਦੀ ਸਮਰੱਥਾ ਉੱਤੇ ਤਾਪਮਾਨ ਦਾ ਬਹੁਤ ਅਸਰ ਪੈਂਦਾ ਹੈ। 10° ਸੈਂ. ਤੋਂ ਘੱਟ ਤਾਪਮਾਨ ਤੇ ਬੀਜ ਬਹੁਤ ਜਲਦੀ ਪੈ ਜਾਂਦੇ ਹਨ।

ਇਹ ਹਰ ਤਰ੍ਹਾਂ ਦੀ ਜ਼ਮੀਨ ਵਿਚ ਹੋ ਜਾਂਦੀ ਹੈ। ਜ਼ਮੀਨ ਸਿਰਫ਼ ਭੁਰਭੁਰੀ ਹੋਣੀ ਚਾਹੀਦੀ ਹੈ। ਖਾਰੀ ਜ਼ਮੀਨ ਵਿਚ ਚੁਕੰਦਰ ਚੰਗੀ ਨਹੀਂ ਹੁੰਦੀ। ਰੇਤਲੀ ਮੈਰਾ ਜ਼ਮੀਨ ਵਿਚ ਜੀਵਕ ਖਾਦਾਂ ਪਾਉਣੀਆਂ ਪੈਂਦੀਆਂ ਹਨ। ਚੁਕੰਦਰ ਲਈ ਬੋਰਾਨ ਦੀ ਵੱਧ ਲੋੜ ਹੁੰਦੀ ਹੈ। ਇਸ ਦੀ ਘਾਟ ਕਾਰਨ ਚੁਕੰਦਰ ਵਿਚ ਨੁਕਸ ਪੈਦਾ ਹੋ ਜਾਂਦਾ ਹੈ ਜਿਸ ਨੂੰ ਕਾਲਾ ਧੱਬਾ ਜਾਂ ਸੁੱਕਾ ਸਾੜਾ ਕਹਿੰਦੇ ਹਨ। ਇਸ ਦੇ ਬੀਜ ਬੀਜਣ ਦਾ ਸਮਾਂ ਗਾਜਰ ਵਾਲਾ ਹੀ ਹੈ। ਇਕ ਹੈਕਟੇਅਰ ਲਈ 5.6 ਕਿ. ਗ੍ਰਾ. ਬੀਜ ਕਾਫ਼ੀ ਹੈ। ਇਕ ਬੀਜ ਤੋਂ ਇਕ ਤੋਂ ਵੱਧ ਪੌਦੇ ਉੱਗਦੇ ਹਨ। ਇਸ ਲਈ ਫ਼ਸਲ ਨੂੰ ਵਿਰਲਾ ਕਰਨਾ ਬਹੁਤ ਜ਼ਰੂਰੀ ਹੈ।

**ਕੀੜੇ ਤੇ ਰੋਗ**—ਇਸ ਦੇ ਪੱਤਾ ਛੇਦਕ ਕੀੜਿਆਂ ਉੱਤੇ ਮੈਲਾਥੀਆਨ ਦਾ ਛਿੜਕਾਅ ਕਰਕੇ ਕਾਬੂ ਪਾਇਆ ਜਾ ਸਕਦਾ ਹੈ। ਪਿੱਸੂ-ਭੂੰਡੀ ਤੇ ਜਾਲਾ-ਕੀਟ ਕੀੜੇ ਵੀ ਇਸ ਤੇ ਹਮਲਾ ਕਰਦੇ ਹਨ। ਪੱਤਾ-ਧੱਬੇ ਵੀ ਆਮ ਲੱਗਣ ਵਾਲਾ ਰੋਗ ਹੈ। ਪੁਰਾਣੇ ਲਾਗ ਵਾਲੇ ਪੱਤਿਆਂ ਨੂੰ ਹਲ ਚਲਾ ਕੇ ਜ਼ਮੀਨ ਵਿਚ ਵਾਹ ਦੇਣ ਤੇ ਕਿਸੇ ਤਾਂਬਾ-ਯੁਕਤ ਫ਼ਫੂੰਦੀ-ਨਾਸ਼ਕ ਦਵਾਈ ਦਾ ਛਿੜਕਾਅ ਕਰਨ ਨਾਲ ਇਸ ਰੋਗ ਤੇ ਕਾਬੂ ਪਾਇਆ ਜਾ ਸਕਦਾ ਹੈ। ਗੰਢੇ, ਮਟਰ ਅਤੇ ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਹੋਰ ਸਬਜ਼ੀਆਂ ਨਾਲ ਅਦਲ-ਬਦਲ ਕਰਕੇ ਬੀਜਣ ਨਾਲ ਇਸ ਰੋਗ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਚੁੰਗ ਕਿੰਗ** : ਇਹ ਪੱਛਮੀ ਚੀਨ ਦੇ ਸੈਚਵਾਨ ਪ੍ਰਾਂਤ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਸੰਘਣੀ ਆਬਾਦੀ ਵਾਲੀ ਬੰਦਰਗਾਹ ਹੈ ਜੋ ਵਪਾਰ ਦਾ ਕੇਂਦਰ ਹੈ। ਇਹ ਜੀਆਲਿੰਗ ਅਤੇ ਯੰਗਸੀ ਕਿਆਂਗ ਨਦੀਆਂ ਦੇ ਸੰਗਮ ਤੇ ਇਕ ਚਟਾਨੀ ਪ੍ਰਾਇਦੀਪ ਤੇ ਸਥਿਤ ਹੈ। ਚੁੰਗਕਿੰਗ, ਸੈਚਵਾਨ ਦਾ ਕੁਦਰਤੀ ਪ੍ਰਵੇਸ਼ ਦੁਆਰ ਹੈ ਜਿਸ ਦੇ ਦੁਆਰਾ ਸੈਚਵਾਨ

ਚੀਨ ਦੇ ਬਾਕੀ ਖੇਤਰਾਂ ਅਤੇ ਸਾਗਰ ਸਮੁੰਦਰ ਨਾਲ ਸੰਚਾਰ ਸਬੰਧ ਬਣਾਉਂਦਾ ਹੈ। ਯੁੱਧ ਸਮੇਂ 1637 ਵਿਚ ਇਹ ਚੀਨ ਦੀ ਰਾਜਧਾਨੀ ਸੀ।

29° 39′ ਉ. ਵਿਥ.; 106° 34′ ਪੂ. ਲੰਬ.

ਆਬਾਦੀ–22,66,772 (1990 ਅੰਦ)

ਹ. ਪੁ.-ਹਿੰ. ਵਿ. ਕੋ. 4 : 256

**ਚੁਗਤਾਈ, ਅਜ਼ੀਮ ਬੇਗ** : ਇਹ ਉਰਦੂ ਦਾ ਪ੍ਰਸਿੱਧ ਕਹਾਣੀਕਾਰ ਹੈ। ਆਪਣੀਆਂ ਹਾਸਰਸੀ ਕ੍ਰਿਤਾਂ ਰਾਹੀਂ ਇਸ ਨੇ ਸਮਾਜਕ ਰਹੁ-ਰੀਤਾਂ ਵਿਚ ਸੁਧਾਰ ਲਿਆਉਣ ਲਈ ਬਹੁਤ ਵਧੀਆ ਢੰਗ ਨਾਲ ਲਿਖਿਆ ਹੈ ਅਤੇ ਇਸ ਖੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਵਿਦਿਆਰਥੀ ਸਮੇਂ ਤੋਂ ਹੀ ਚੁਗਤਾਈ ਨੂੰ ਲੇਖ ਲਿਖਣ ਦਾ ਸ਼ੌਕ ਸੀ। ਇਸ ਦੀਆਂ ਕਹਾਣੀਆਂ ਵਿਚ ਵਿਦਿਆਰਥੀ ਜੀਵਨ ਦੀਆਂ ਸ਼ਰਾਰਤਾਂ ਇਸ ਦੇ ਪਾਤਰਾਂ ਵਿਚ ਦੇਖੀਆਂ ਜਾਂਦੀਆਂ ਹਨ। ਕਈ ਵਾਰੀ ਇਸ ਦੇ ਅਫ਼ਸਾਨਿਆਂ ਵਿਚ ਅਜਿਹੇ ਪਾਤਰ ਪੇਸ਼ ਕੀਤੇ ਹੁੰਦੇ ਹਨ ਅਤੇ ਅਜਿਹੀਆਂ ਘਟਨਾਵਾਂ ਦਰਸਾਈਆਂ ਜਾਂਦੀਆਂ ਹਨ ਜੋ ਸਾਡੇ ਨਿਤਾ-ਪ੍ਰਤੀ ਜੀਵਨ ਵਿਚ ਦੇਖਣ ਵਿਚ ਨਹੀਂ ਆਉਂਦੀਆਂ। ਇਸ ਦਾ ਹਰ ਪਾਤਰ-ਬੱਚਾ, ਬੁੱਢਾ, ਇਸਤਰੀ ਅਤੇ ਮਰਦ-ਹਰ ਸਮੇਂ ਸ਼ੁਗਲ ਕਰਦਾ ਦਿਖਾਈ ਦਿੰਦਾ ਹੈ, ਕੋਈ ਵੀ ਚੁਪ-ਚਾਪ ਆਰਾਮ ਨਾਲ ਬੈਠਣਾ ਨਹੀਂ ਚਾਹੁੰਦਾ। ਇਸ ਤਰ੍ਹਾਂ ਚੁਗਤਾਈ ਦੇ ਅਫ਼ਸਾਨਿਆਂ ਦੀ ਇਕ ਵੱਖਰੀ ਹੀ ਦੁਨੀਆ ਹੈ ਜੋ ਸਾਡੀ ਦੁਨੀਆ ਤੋਂ ਬਿਲਕੁਲ ਭਿੰਨ ਹੈ।

ਚੁਗਤਾਈ ਨੇ ਆਪਣੀਆਂ ਕਹਾਣੀਆਂ ਵਿਚ ਵਿਆਹ, ਨਿਕਾਹ, ਤਲਾਕ ਅਤੇ ਪਰਦੇ ਵਰਗੀਆਂ ਰਸਮਾਂ ਵਿਚ ਕਈ ਕਿਸਮ ਦੇ ਸੁਧਾਰ ਪੇਸ਼ ਕੀਤੇ ਹਨ। ਇਸ ਨੇ 'ਕੁਰਾਨ ਅਤੇ ਪਰਦਾ' ਵਰਗੀ ਗੰਭੀਰ ਕਿਸਮ ਦੀ ਪੁਸਤਕ ਵਿਚ ਵੀ ਆਪਣਾ ਉਪਰੋਕਤ ਨਜ਼ਰੀਆ ਪੇਸ਼ ਕੀਤਾ ਹੈ। ਕੋਸ਼ਿਸ਼ ਤਾਂ ਇਸ ਨੇ ਦਰਦ ਭਰੇ ਅਫ਼ਸਾਨੇ ਲਿਖਣ ਦੀ ਵੀ ਕੀਤੀ ਹੈ ਪਰ ਇਸ ਦੀ ਪ੍ਰਸਿੱਧੀ ਵਧੇਰੇ ਕਰਕੇ 'ਸ਼ਰੀਰ ਬੀਵੀ' ਅਤੇ 'ਕੋਲਤਾਰ' ਕਰਕੇ ਹੈ। ਇਨ੍ਹਾਂ ਵਿਚ ਰਵਾਨੀ ਅਤੇ ਰਸ ਹੈ। ਇਸ ਦੀ ਬੋਲੀ ਤੇ ਸ਼ੈਲੀ ਬੜੀ ਨੁਕਸਦਾਰ ਹੈ। ਉਂਜ ਇਹ ਗੱਲ ਗੱਲ ਵਿਚ ਟੋਕ ਅਤੇ ਕਟਾਖ਼ ਪੈਦਾ ਕਰਦਾ ਹੈ ਅਤੇ ਸਾਨੂੰ ਹੱਸਣ ਉੱਤੇ ਮਜਬੂਰ ਕਰ ਦਿੰਦਾ ਹੈ। ਇਸ ਦੀਆਂ ਕਿਤਾਬਾਂ ਦੀ ਸੂਚੀ ਬਹੁਤ ਲੰਮੀ ਹੈ ਜਿਨ੍ਹਾਂ ਵਿਚ ਕਹਾਣੀਆਂ ਤੋਂ ਇਲਾਵਾ ਹੋਰ ਪੁਸਤਕਾਂ ਵੀ ਸ਼ਾਮਲ ਹਨ।

ਚੁਗਤਾਈ ਤਪਦਿਕ ਦਾ ਮਰੀਜ਼ ਸੀ। ਇਸ ਨਾਮੁਰਾਦ ਬੀਮਾਰੀ ਨੇ ਇਸ ਦੀ ਲਿਖਣ ਦੀ ਸ਼ਕਤੀ ਖ਼ਤਮ ਕਰ ਦਿੱਤੀ। ਅੰਤ ਅਗਸਤ, 1941 ਵਿਚ, ਜਦੋਂ ਇਹ ਰਿਆਸਤ ਜੋਧਪੁਰ ਦਾ ਚੀਫ਼ ਜਸਟਿਸ ਸੀ, ਇਸ ਦੀ ਮੌਤ ਹੋ ਗਈ।

ਹ. ਪੁ.-ਤਾਰੀਖ਼ ਅਦਬੇ ਉਰਦੂ-ਸੱਯਦ ਇਅਜਾਜ਼ ਹੁਸੈਨ

**ਚੁਗਤਾਈ, ਇਸਮਤ** : ਉਰਦੂ ਦੀ ਇਹ ਪ੍ਰਸਿੱਧ ਲੇਖਕਾ ਮਿਰਜ਼ਾ ਅਜ਼ੀਮ ਬੇਗ ਚੁਗਤਾਈ ਦੀ ਭੈਣ ਅਤੇ ਸਆਦਤ ਹਸਨ ਮੰਟੋ ਦੀ ਹਮ ਖ਼ਿਆਲ ਹੈ। ਮੰਟੋ ਅਤੇ ਇਸਮਤ ਵਿਚ ਲਿੱਖਣ ਦੇ ਵਿਸ਼ੇ ਦੀ ਕਾਫ਼ੀ ਸਾਂਝ ਹੈ। ਇਹ ਬੀ. ਏ., ਬੀ. ਟੀ. ਪਾਸ ਹੈ। ਇਸ ਨੂੰ ਕਹਾਣੀਆਂ ਲਿਖਣ ਦਾ ਉਤਸ਼ਾਹ ਆਪਣੇ ਭਰਾ ਦੀਆਂ ਕਹਾਣੀਆਂ ਤੋਂ ਮਿਲਿਆ।

ਭਾਵੇਂ ਇਹ ਬਚਪਨ ਵਿਚ ਆਗਰੇ ਅਤੇ ਅਲੀਗੜ੍ਹ ਵਿਚ ਰਹੀ ਹੈ ਪਰ ਇਸ ਦਾ ਬਹੁਤਾ ਸਮਾਂ ਆਪਣੇ ਭਰਾ ਕੋਲ ਜੋਧਪੁਰ ਵਿਚ ਬੀਤਿਆ। ਇਹ ਇਕ ਅਗਾਂਹ-ਵਧੂ ਵਿਚਾਰਾਂ ਵਾਲੀ ਇਸਤਰੀ ਹੈ। ਇਹ ਪਹਿਲੀ ਕਹਾਣੀਕਾਰ ਹੈ, ਜਿਸ ਨੇ ਮੱਧ ਵਰਗ ਦੀਆਂ ਨੌਜਵਾਨ ਕੁੜੀਆਂ ਦੀਆਂ ਦਬੀਆਂ ਹੋਈਆਂ ਹਸਰਤਾਂ ਦਾ ਵਰਣਨ ਨਿਧੜਕ ਹੋ ਕੇ ਬੜੇ ਖੁਲ੍ਹੇ ਲਫ਼ਜ਼ਾਂ ਵਿਚ ਕੀਤਾ ਹੈ। ਇਸ ਦਾ ਲਿਖਣ ਢੰਗ ਯਥਾਰਥਵਾਦ ਅਤੇ ਨੰਗੇਜ ਦੀਆਂ ਸੂਖ਼ਮ ਹੱਦਾਂ ਨੂੰ ਛੂਹ ਜਾਂਦਾ ਹੈ। ਇਹ ਆਪਣੇ ਭਰਾ ਤੋਂ ਵੱਧ ਦਲੇਰ ਅਤੇ ਨਿਧੜਕ ਹੋ ਕੇ ਲਿਖਦੀ ਹੈ।

ਇਸਮਤ ਦੀਆਂ ਕਹਾਣੀਆਂ ਦੇ ਕਈ ਸੰਗ੍ਰਹਿ ਛਪ ਚੁੱਕੇ ਹਨ ਜਿਨ੍ਹਾਂ ਵਿਚੋਂ ਭੁਲ-ਭੁਲਈਆਂ, ਚੋਟੇਂ, ਪੁਲ, ਜਵਾਨੀ ਆਦਿ ਵਧੇਰੇ ਪ੍ਰਸਿੱਧ ਹਨ।

–ਆਰ. ਡੀ. ਜਿਆ

**ਚੁੰਗੀ** : ਨਗਰ ਪਾਲਿਕਾ/ਨਗਰ ਨਿਗਮ ਵਰਗੀਆਂ ਖ਼ੁਦ ਮੁਖ਼ਤਾਰ ਸੰਸਥਾਵਾਂ ਦੁਆਰਾ ਵਸਤਾਂ ਤੇ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਪ੍ਰਵੇਸ਼ ਕਰਨ ਤੇ ਲਗਾਏ ਜਾਂਦੇ ਅਪ੍ਰਤੱਖ ਟੈਕਸ ਨੂੰ ਚੁੰਗੀ ਕਿਹਾ ਜਾਂਦਾ ਹੈ। ਟੈਕਸ ਲਾਉਣ ਦਾ ਇਹ ਅਧਿਕਾਰ ਸੰਸਥਾਵਾਂ ਨੂੰ ਰਾਜ ਤੋਂ ਪ੍ਰਾਪਤ ਹੁੰਦਾ ਹੈ। ਇਹ ਨਗਰ ਪਾਲਿਕਾ, ਨਗਰ ਮਹਾਂਪਾਲਿਕਾ, ਨਗਰ ਨਿਗਮ ਆਦਿ ਸਥਾਨਕ-ਸਵੈ-ਸ਼ਾਸਨ ਨੂੰ ਚਲਾਉਣ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਆਮਦਨ ਦਾ ਇਕ ਵਿਸ਼ੇਸ਼ ਤੇ ਮਹੱਤਵਪੂਰਣ ਸਾਧਨ ਹੈ।

ਪ੍ਰਾਚੀਨ ਸਮੇਂ ਵਿਚ ਅਜਿਹੇ ਸਥਾਨਕ ਟੈਕਸਾਂ ਦਾ ਵਰਣਨ ਕੌਟਲਿਆ ਦੇ ਅਰਥ-ਸ਼ਾਸਤਰ ਵਿਚ ਮਿਲਦਾ ਹੈ। ਰੋਮਨ ਸਾਮਰਾਜ ਵਿਚ ਵੀ ਇਹ ਪ੍ਰਚੱਲਤ ਸੀ ਅਤੇ ਫ਼ਰਾਂਸ ਵਿਚ 13 ਵੀਂ ਸਦੀ ਤੋਂ ਇਸ ਦਾ ਆਰੰਭ ਹੋਇਆ। ਬਾਅਦ ਵਿਚ ਇਸ ਨੂੰ ਹਟਾ ਦਿੱਤਾ ਗਿਆ ਪਰੰਤੂ ਫ਼ਰਾਂਸ ਦੀ ਕਰਾਂਤੀ ਤੋਂ ਪਿੱਛੋਂ ਉਥੇ ਇਹ ਟੈਕਸ ਮੁੜ ਲੱਗਾ ਦਿੱਤਾ ਗਿਆ। ਅੰਗਰੇਜ਼ਾਂ ਨੇ ਭਾਰਤ ਵਿਚ ਇਸ ਨੂੰ ਕੇਂਦਰੀ ਟੈਕਸ ਦੇ ਰੂਪ ਵਿਚ 1860 ਈ. ਵਿਚ ਇਹ ਕਹਿ ਕੇ ਲਗਾਇਆ ਕਿ ਇਹ ਟੈਕਸ ਨਵਾਂ ਨਹੀਂ ਹੈ, ਸਗੋਂ ਮੁਗ਼ਲਾਂ ਦੇ 'ਮੁਤਫ਼ਰਕਾ' ਟੈਕਸ ਦੇ ਸਮਾਨ ਹੀ ਹੈ। ਭਾਰਤ ਵਿਚ 1919 ਤੋਂ ਨਗਰ-ਸਵੈ-ਸ਼ਾਸਨ ਸੰਸਥਾਵਾਂ ਨੂੰ ਇਸ ਟੈਕਸ ਦੇ ਲਾਉਣ ਦਾ ਅਧਿਕਾਰ ਪ੍ਰਾਪਤ ਹੈ। ਭਾਰਤੀ ਸੰਵਿਧਾਨ ਵਿਚ ਇਸ ਨੂੰ ਸਥਾਨਕ ਖੇਤਰ ਵਿਚ ਖਪਤ, ਉਪਯੋਗ ਅਰਥਾਤ ਵਿਕਰੀ ਲਈ ਲਿਆਂਦੀਆਂ ਵਸਤੂਆਂ ਤੇ ਟੈਕਸ ਦੇ ਰੂਪ ਵਿਚ ਲਗਾਇਆ ਜਾਂਦਾ ਹੈ।

ਨਿਮਨ ਵਰਗਾਂ ਦੇ ਉਪਭੋਗ ਦੀਆਂ ਵਸਤੂਆਂ ਤੇ ਇਹ ਟੈਕਸ ਲਗਾਇਆ ਜਾਂਦਾ ਹੈ (ੳ) ਮਨੁਖਾਂ ਅਤੇ ਪਸ਼ੂਆਂ ਦੇ ਖਾਣ-ਪੀਣ ਦੀ ਸਮੱਗਰੀ, (ਅ) ਵੱਢਣ ਲਈ ਲਿਆਂਦੇ ਗਏ ਜਾਨਵਰ, (ੲ) ਰੋਸ਼ਨੀ, ਬਾਲਣ ਅਤੇ ਪੀਣ ਵਾਲੇ ਪਦਾਰਥ, (ਸ) ਮਕਾਨ ਬਣਾਉਣ ਅਰਥਾਤ ਸਜਾਵਟ ਦੀ ਸਮੱਗਰੀ, (ਹ) ਰਸਾਇਣਕ ਪਦਾਰਥ, ਦਵਾਈਆਂ, ਸੁੰਦਰਤਾ ਦਾ ਸਾਮਾਨ ਰੰਗ ਆਦਿ, (ਕ) ਤਮਾਕੂ ਦੇ ਸਭ ਤਰ੍ਹਾਂ ਦੇ ਪਦਾਰਥ, (ਖ) ਵਰਤੋਂ ਵਿਚ ਆਉਣ ਵਾਲੇ ਕਟਪੀਸ ਅਤੇ ਹੋਰ ਸਾਰੇ ਸਾਮਾਨ, ਅਤੇ (ਗ) ਧਾਤਾਂ ਅਤੇ ਉਨ੍ਹਾਂ ਤੋਂ ਬਣੇ ਪਦਾਰਥ। ਸਾਧਾਰਣ ਤੌਰ ਤੇ ਜਿਨ੍ਹਾਂ ਵਰਗਾਂ ਦੀਆਂ ਵਸਤੂਆਂ ਤੇ ਇਹ ਟੈਕਸ ਨਹੀਂ ਲਗਾਇਆ ਜਾਂਦਾ ਉਹ ਇਸ ਤਰ੍ਹਾਂ ਹਨ: (ੳ) ਜਿਨ੍ਹਾਂ ਵਸਤੂਆਂ ਤੇ ਉਤਪਾਦਨ ਟੈਕਸ ਜਾਂ ਸੀਮਾ ਕਰ ਲਗਦਾ ਹੈ, (ਅ) ਕੀਮਤੀ-ਪੱਥਰ ਧਾਤਾਂ, (ੲ) ਸਰਕਾਰੀ ਉਪਭੋਗ ਦੀਆਂ ਵਸਤਾਂ, (ਸ) ਸ਼ਰਾਬ ਬਣਾਉਣ ਦੇ ਪਦਾਰਥ, (ਹ) ਵਿਅਕਤੀਆਂ ਦੀ ਵਰਤੋਂ ਵਿਚ ਆਉਣ ਵਾਲਾ ਨਿਜੀ ਜਾਂ ਘਰੇਲੂ ਸਾਮਾਨ, (ਕ) ਨਿਜੀ ਉਪਯੋਗ ਦੇ ਵਿਚ ਆਉਣ ਵਾਲੇ ਸਮਾਨ, (ਖ) ਸੈਨਿਕ ਸਾਮਾਨ, (ਗ) ਮਸ਼ੀਨਾਂ ਅਤੇ ਉਨ੍ਹਾਂ ਦੇ ਹਿੱਸੇ (ਮਸ਼ੀਨਾਂ ਬਣਾਉਣ ਦੇ ਔਜ਼ਾਰ ਨਹੀਂ), (ਘ) ਕੋਲਾ, (ਙ) ਗੱਡੀਆਂ (ਚ) ਟਾਈਪ ਦੀਆਂ ਮਸ਼ੀਨਾਂ ਅਤੇ (ਛ) ਅਖ਼ਬਾਰ, ਰਸਾਲੇ ਅਤੇ ਪੁਸਤਕਾਂ ਆਦਿ।

ਇਹ ਟੈਕਸ ਭਿੰਨ-ਭਿੰਨ ਵਸਤਾਂ ਤੇ ਭਿੰਨ-ਭਿੰਨ ਢੰਗ ਨਾਲ ਲਾਇਆ ਜਾਂਦਾ ਹੈ ਜਿਵੇਂ ਕੁਝ ਵਸਤੂਆਂ ਤੇ ਤੋਲ, ਕੁਝ ਵਸਤੂਆਂ ਤੇ ਮੁੱਲ ਅਤੇ ਕੁਝ ਵਸਤੂਆਂ ਤੇ ਗਿਣਤੀ, ਅਨੁਸਾਰ ਲਾਇਆ ਜਾਂਦਾ ਹੈ।

ਇਸ ਟੈਕਸ ਦਾ ਮੁੱਢ ਤੋਂ ਹੀ ਵਿਰੋਧ ਹੁੰਦਾ ਰਿਹਾ ਹੈ ਕਿਉਂਕਿ ਇਸਦੀ ਵਸੂਲੀ ਉੱਤੇ ਖ਼ਰਚਾ ਹੁੰਦਾ ਹੈ ਅਤੇ ਰਿਸ਼ਵਤਖੋਰੀ ਵਧਦੀ ਹੈ। ਇਸੇ ਲਈ ਸੰਨ1870 ਵਿਚ ਬੈਲਜੀਅਮ, ਸੰਨ 1903 ਵਿਚ ਮਿਸਰ ਅਤੇ 1949ਵਿਚ ਫ਼ਰਾਂਸ ਨੇ ਇਹ ਟੈਕਸ ਖ਼ਤਮ ਕਰ ਦਿੱਤਾ। ਫਿਰ ਵੀ ਇਟਲੀ ਸਪੇਨ, ਪੁਰਤਗਾਲ, ਆਸਟ੍ਰੀਆ, ਪਾਕਿਸਤਾਨ, ਬਰਮਾ, ਲੰਕਾ, ਭਾਰਤ ਆਦਿ ਦੇਸ਼ਾਂ ਵਿਚ ਇਹ ਟੈਕਸ ਅਜੇ ਤਕ ਵੀ ਲਾਗੂ ਹੈ। ਭਾਰਤ ਵਿਚ ਤਾਂ ਇਹ ਨਗਰ-ਸਵੈ-ਸ਼ਾਸਨ ਸੰਸਥਾਵਾਂ ਦੀ ਆਮਦਨ ਦਾ ਇਕ ਮਹੱਤਵਪੂਰਣ ਅਤੇ ਜ਼ਰੂਰੀ ਸਾਧਨ ਹੈ।

ਹ. ਪੁ.-ਹਿੰ. ਵਿ. ਕੋ. 4: 257

**ਚੁਟੂ** : ਸਾਤਵਾਹਨ ਸਾਮਰਾਜ ਦੇ ਖ਼ਾਤਮੇ ਤੋਂ ਬਾਅਦ ਭਾਰਤ ਵਿਚ ਜੋ ਛੋਟੇ-ਛੋਟੇ ਰਾਜ ਬਣੇ ਉਨ੍ਹਾਂ ਵਿਚੋਂ ਚੁਟੂ ਸਭ ਤੋਂ ਵੱਧ ਸ਼ਕਤੀਸ਼ਾਲੀ ਸੀ। ਇਨ੍ਹਾਂ ਦਾ ਰਾਜ ਕੁੰਤਲ ਦੱਖਣੀ ਪਠਾਰ ਦੇ ਦੱਖਣ-ਪੱਛਮ ਵਿਚ ਸੀ। ਸਾਤਵਾਹਨਾਂ ਦੇ ਜਾਗੀਰਦਾਰਾਂ ਨਾਲ ਇਨ੍ਹਾਂ ਦਾ ਸਬੰਧ ਸੀ। ਇਨ੍ਹਾਂ ਦੀ ਉਤਪਤੀ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਕੁਝ ਵਿਦਵਾਨ ਇਨ੍ਹਾਂ ਦੀ ਨਾਗ ਉਤਪਤੀ ਦੱਸਦੇ ਹਨ ਤੇ ਕੁਝ ਵਿਦਵਾਨ ਇਨ੍ਹਾਂ ਨੂੰ ਸਾਤਵਾਹਨ ਕੁਲ ਦੀ ਹੀ ਸ਼ਾਖਾ ਦੱਸਦੇ ਹਨ ਪਰ ਇਨ੍ਹਾਂ ਵਿਚਾਰਾਂ ਵਿਚੋਂ ਕਿਸੇ ਦਾ ਵੀ ਲਿਖਤੀ ਪ੍ਰਮਾਣ ਨਹੀਂ ਹੈ। ਸ਼ੁਰੂ ਵਿਚ ਇਹ ਸਾਤਵਾਹਨਾਂ ਦੇ ਜਾਗੀਰਦਾਰਾਂ ਦੇ ਰੂਪ ਵਿਚ ਕੰਮ ਕਰਦੇ ਰਹੇ ਹੋਣਗੇ। ਚੁਟੂ ਕੁਲਾ ਨੰਦ ਨੇ, (ਜਿਸ ਦੇ ਨਾਂ ਦੇ ਸਿੱਕੇ ਕਾਰਵਾਰ ਵਿਚੋਂ ਪ੍ਰਾਪਤ ਹੋਏ ਹਨ) ਯੱਗ ਸਾਤਕਰਣੀ ਤੋਂ ਬਾਅਦ ਸਾਤਵਾਹਨਾ ਦੀ ਸ਼ਕਤੀ ਦੇ ਘਟਣ ਦਾ ਲਾਭ ਉਠਾ ਕੇ ਕੁੰਤਲ ਵਿਚ ਆਪਣਾ ਰਾਜ ਸਥਾਪਤ ਕੀਤਾ। ਇਸ ਬੰਸ ਦੇ ਹਾਰੀਤੀ ਪੁੱਤਰ ਵਿਸ਼ਣੂਕਡ ਚੁਟੂਕਲਾ ਨੰਦ ਸਾਤਕਰਨੀ ਦੇ ਬਨਵਾਸ ਦਾ ਅਭਿਲੇਖ ਤੀਜੀ ਸਦੀ ਦੇ ਪਹਿਲੇ ਅੱਧ ਦਾ ਹੈ। ਕੁਝ ਵਿਦਵਾਨ ਕਨਹੇਰੀ ਦੇ ਇਕ ਅਭਿਲੇਖ ਵਿਚ ਆਏ ਨਾਵਾਂ ਨੂੰ ਸਮੀਕਰਣ ਦੇ ਆਧਾਰ ਤੇ (ਜੋ ਸਰਵਪ੍ਰਵਾਨਤ ਨਹੀਂ ਹੈ) ਚੁਟੂ ਲੋਕਾਂ ਦਾ ਅਧਿਕਾਰ ਉੱਤਰ ਵਿਚ ਅਪਰਾਂਤ ਤਕ ਮੰਨਦੇ ਹਨ। ਇਸੇ ਤਰ੍ਹਾਂ ਅਨੰਤਪੁਰ ਅਤੇ ਚੁਦੱਪਹ ਤੋਂ ਮਿਲੇ ਹਾਰੀਤੀ ਨਾਂ ਦੇ ਸਿੱਕਿਆਂ ਦੇ ਆਧਾਰ ਤੇ ਕੁਝ ਵਿਦਵਾਨ ਚੁਟੂ ਲੋਕਾਂ ਦਾ ਅਧਿਕਾਰ ਪੂਰਬ ਵੱਲ ਫੈਲਿਆ ਹੋਇਆ ਮੰਨਦੇ ਹਨ। ਚੌਥੀ ਸਦੀ ਦੇ ਪੂਰਬ ਅੱਧ ਵਿਚ ਮਲਵਲਿਲ ਦੇ ਅਭਿਲੇਖ ਤੋਂ ਇਸ ਬੰਸ ਦੇ ਸ਼ਿਵਸਕੰਦ ਵਰਮਨ ਅਤੇ ਉਸ ਦੇ ਵਡੇਰੇ (ਸ਼ਾਇਦ ਉਸ ਦਾ ਪਿਤਾ) ਵਿਸ਼ਣੂਕੁਡ ਚੁਟੂ ਸਾਤਕਰਨੀ ਦਾ ਨਾਂ ਮਿਲਦਾ ਹੈ। ਸੰਭਵ ਹੈ ਕਿ ਇਸ ਸਮੇਂ ਇਹ ਪਲਵਾਂ ਦੇ ਜਾਗੀਰਦਾਰ ਬਣ ਗਏ ਹੋਣ। ਚੌਥੀ ਸਦੀ ਦੇ ਮੱਧ ਵਿਚ ਕੰਦਬ ਨਰੇਸ਼ ਮਯੂਰਸ਼ਮਰਨ ਨੇ ਕੁੰਤਲ ਉੱਤੇ ਅਧਿਕਾਰ ਕਰਕੇ ਚੁਟੂ ਬੰਸ ਦਾ ਖ਼ਾਤਮਾ ਕਰ ਦਿੱਤਾ। ਚੁਟੂ ਬੰਸ ਦੇ ਰਾਜ ਵਿਚ ਸ਼ਾਸਨ ਵਿਵਸਥਾ ਸਾਤਵਾਹਨਾ ਦੀ ਵਿਵਸਥਾ ਨਾਲੋਂ ਭਿੰਨ ਸੀ। ਕਰਾਂ ਦੇ ਨਾਂ ਉਹੀ ਸਨ। ਇਸ ਬੰਸ ਦੇ ਰਾਜਿਆਂ ਦੀ ਉਪਾਧੀ ਰਾਜਨ ਸੀ।

ਹ. ਪੁ.-ਹਿੰ. ਵਿ. ਕੋ. 4: 270

**ਚੁਨਾਰ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਮਿਰਜ਼ਾਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਮਿਰਜ਼ਾਪੁਰ ਸ਼ਹਿਰ ਤੋਂ 32 ਕਿ. ਮੀ. ਪੂਰਬ ਵੱਲ ਅਤੇ ਵਾਰਾਨਸੀ ਤੋਂ 39 ਕਿ. ਮੀ. ਦੱਖਣ-ਪੱਛਮ ਵੱਲ ਵਾਕਿਆ ਹੈ। ਗੰਗਾ ਨਦੀ ਦੇ ਦੱਖਣੀ ਕੰਢੇ ਤੇ ਵੱਸੇ ਇਸ ਸ਼ਹਿਰ ਵਿਚ ਇਕ ਪ੍ਰਸਿੱਧ ਇਤਿਹਾਸਕ ਕਿਲਾ ਹੈ ਜਿਹੜਾ ਕਿਸੇ ਸਮੇਂ ਹਿੰਦੂ ਸ਼ਕਤੀ ਦਾ ਕੇਂਦਰ ਹੋਇਆ ਕਰਦਾ ਸੀ। ਅੱਜਕੱਲ੍ਹ ਵੀ ਇਸ ਕਿਲੇ ਵਿਚ ਹਿੰਦੂ ਕਾਲ ਦੀਆਂ ਇਮਾਰਤਾਂ ਦੇ ਖੰਡਰ ਵੇਖਣ ਨੂੰ ਮਿਲਦੇ ਹਨ। ਕਿਲੇ ਵਿਚ ਮੁਗ਼ਲਾਂ ਦੇ ਮਕਬਰੇ ਵੀ ਹਨ। ਮੁਗ਼ਲ ਬਾਦਸ਼ਾਹ ਹਮਾਯੂੰ ਅਤੇ ਅਫ਼ਗਾਨ ਸਰਦਾਰ ਸ਼ੇਰਸ਼ਾਹ ਵਿਚਕਾਰ ਹੋਏ ਯੁੱਧਾਂ ਵਿਚ ਇਸ ਕਿਲੇ ਦੀ ਖ਼ਾਸ ਮਹੱਤਤਾ ਰਹੀ ਹੈ। ਸੰਨ 1539 ਵਿਚ ਸ਼ੇਰਸ਼ਾਹ ਨੇ ਇਸ ਉੱਤੇ ਕਬਜ਼ਾ ਕਰ ਲਿਆ ਸੀ ਅਤੇ ਸੰਨ 1575 ਵਿਚ ਇਹ ਅਕਬਰ ਦੇ ਕਬਜ਼ੇ ਵਿਚ ਆ ਗਿਆ। 18ਵੀਂ ਸਦੀ ਵਿਚ ਇਹ ਕਿਲਾ ਅਵਧ ਦੇ ਨਵਾਬ ਦੇ ਕਬਜ਼ੇ ਵਿਚ ਚਲਾ ਗਿਆ। ਸੰਨ 1763-64 ਵਿਚ ਅੰਗਰੇਜ਼ਾਂ ਨੇ ਅਵਧ ਦੇ ਨਵਾਬ ਤੋਂ ਇਹ ਕਿਲਾ ਖੋਹ ਲਿਆ। ਸੰਨ 1781 ਵਿਚ ਅਵਧ ਦੇ ਨਵਾਬ ਅਤੇ ਵਾਰਨ ਹੇਸਟਿੰਗਜ਼ ਨੇ ਇਸ ਬਾਰੇ ਇਕ ਸੰਧੀ ਤੇ ਦਸਤਖ਼ਤ ਕੀਤੇ। ਹੱਦ ਉੱਤੇ ਸਥਿਤ ਹੋਣ ਕਾਰਨ ਕੰਪਨੀ ਦੇ ਰਾਜ ਕਾਲ ਸਮੇਂ ਇਸ ਸ਼ਹਿਰ ਦੀ ਫ਼ੌਜੀ ਮਹੱਤਤਾ ਬਹੁਤ ਵੱਧ ਗਈ ਅਤੇ ਕੰਪਨੀ ਨੇ ਇਸ ਸ਼ਹਿਰ ਦੀ ਵਰਤੋਂ ਆਪਣੇ ਬਜ਼ੁਰਗ ਅਤੇ ਬੀਮਾਰ ਫ਼ੌਜੀਆਂ ਨੂੰ ਵਸਾਉਣ ਲਈ ਕੀਤੀ। ਇਥੇ ਵਾਕਿਆ ਗਿਰਜੇ ਯੂਰਪੀ ਲੋਕਾਂ ਦਾ ਨਿਵਾਸ ਹੋਣ ਦੀ ਗਵਾਹੀ ਦਿੰਦੇ ਹਨ।

ਵਿੰਧਿਆਚਲ ਪਹਾੜਾਂ ਵਿਚ ਵਾਕਿਆ ਹੋਣ ਕਾਰਨ ਇਥੇ ਮੁੱਖ ਤੌਰ ਤੇ ਪੱਥਰ ਅਤੇ ਇਮਾਰਤੀ ਸਾਮਾਨ ਦਾ ਉਦਯੋਗ ਹੈ। ਇਥੋਂ ਦੇ ਮਿੱਟੀ ਦੇ ਖਿਡੌਣੇ, ਮੂਰਤੀਆਂ ਅਤੇ ਭਾਂਡੇ ਲਾਖ ਦੀ ਪਾਲਸ਼ ਕਾਰਨ ਬਹੁਤ ਚਮਕਦਾਰ ਅਤੇ ਸੁੰਦਰ ਹੁੰਦੇ ਹਨ। ਇਸ ਦੇ ਦੁਆਲੇ ਚੌਲ, ਛੋਲੇ, ਜੌਂ, ਕਣਕ ਅਤੇ ਤੇਲ ਵਾਲੇ ਬੀਜਾਂ ਦੀ ਪੈਦਾਵਾਰ ਹੁੰਦੀ ਹੈ। ਚੁਨਾਰ ਨਜ਼ਦੀਕ ਕਈ ਸੈਲਾਨੀ ਕੇਂਦਰ ਹਨ ਜਿਥੋਂ ਲੋਕੀ ਸੈਰ-ਸਪਾਟੇ ਲਈ ਆਉਂਦੇ ਹਨ।

25° 05′ ਉ. ਵਿਥ.; 82° 50′ ਪੂ. ਲੰਬ

ਹ. ਪੁ.-ਐਨ. ਅਮੈ. 6: 651; ਹਿੰ. ਵਿ. ਕੋ. 4: 270

**ਚੁਨੀਆ** : ਇਹ ਪਾਕਿਸਤਾਨ ਵਿਚ ਲਾਹੌਰ ਦੇ ਦੱਖਣ-ਪੱਛਮ ਵਿਚ ਇਕ ਸ਼ਹਿਰ ਹੈ ਜੋ ਉੱਤਰ-ਪੱਛਮੀ ਰੇਲਵੇ ਦੇ ਛਾਂਗਾ ਮਾਂਗਾ ਸਟੇਸ਼ਨ ਤੋਂ 12 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਥੋਂ ਦੇ ਉਗਵੰਦਾ (ਗੋਵਿੰਦਾ) ਅਤੇ ਸਭਾਗਾ ਨਾਂ ਦੇ ਦੋ ਵਿਅਕਤੀ ਹੋਏ ਹਨ ਜੋ ਸਿੱਖ ਕੌਮ ਦੇ ਪੰਜਵੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸਿੱਖ ਸਨ। ਇਹ ਇਥੋਂ ਦੇ ਸਥਾਨਕ ਅਨਾਜ ਅਤੇ ਕਪਾਹ ਦੀ ਉਪਜ ਦਾ ਕੇਂਦਰ ਹੈ ਜਿਸ ਰਾਹੀਂ ਤਹਿਸੀਲ ਦੀ ਉਪਜ ਰੇਲਵੇ ਤਕ ਪਹੁੰਚਾਈ ਜਾਂਦੀ ਹੈ। ਸੰਨ 1867 ਵਿਚ ਇਥੇ ਮਿਉਂਸਪਲਟੀ ਬਣਾਈ ਗਈ। ਸ਼ਹਿਰ ਦਾ ਇਕੋ ਇਕ ਉਦਯੋਗ ਕਪਾਹ ਵੇਲਣ ਦਾ ਹੈ ਜਿਸ ਦੀਆਂ ਕਈ ਫੈਕਟਰੀਆਂ ਇਥੇ ਹਨ।

30° 51′ ਉ. ਵਿਥ.; 70° 0′ ਪੂ. ਲੰਬ

ਹ. ਪੁ.-ਇੰਪ. ਗ. ਇੰਡ. 10: 334

**ਚੁੰਬਕਤਾ** : ਚੁੰਬਕ ਉਹ ਵਸਤੂ ਹੁੰਦੀ ਹੈ ਜਿਹੜੀ ਲੋਹੇ ਜਾਂ ਕੁਝ ਹੋਰ ਪਦਾਰਥਾਂ ਨੂੰ ਆਪਣੇ ਵੱਲ ਖਿੱਚਦੀ ਹੈ। ਇਕ ਆਦਰਸ਼ ਚੁੰਬਕ ਦੇ ਦੋ ਸਿਰੇ ਹੁੰਦੇ ਹਨ। ਇਕ ਨੂੰ ਉੱਤਰੀ ਧਰੁਵ ਤੇ ਦੂਜੇ ਨੂੰ ਦੱਖਣੀ ਧਰੁਵ ਕਿਹਾ ਜਾਂਦਾ ਹੈ। ਦੋ ਚੁੰਬਕ ਇਕ ਦੂਜੇ ਨੂੰ ਖਿੱਚਦੇ ਅਤੇ ਧੱਕਦੇ ਹਨ ਪਰੰਤੂ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਹੜੇ ਧਰੁਵ ਇਕ ਦੂਜੇ ਦੇ ਨੇੜੇ ਲਿਆਂਦੇ ਗਏ ਹਨ। ਉਲਟ ਧਰੁਵ ਇਕ ਦੂਜੇ ਨੂੰ ਖਿੱਚਦੇ ਹਨ ਜਦੋਂ ਕਿ ਇਕ ਸਮਾਨ ਧਰੁਵ ਇਕ ਦੂਜੇ ਨੂੰ ਧੱਕਦੇ ਹਨ। ਜਦੋਂ ਕਿਸੇ ਛੜ ਚੁੰਬਕ ਨੂੰ ਵਿਚਕਾਰੋਂ ਧਾਗਾ ਬੰਨ੍ਹ ਕੇ ਸੁਤੰਤਰਤਾ ਪੂਰਵਕ ਲਟਕਾਇਆ ਜਾਂਦਾ ਹੈ ਤਾਂ ਆਰਾਮ ਅਵਸਥਾ ਵਿਚ ਉਸ ਦਾ ਉੱਤਰੀ ਧਰੁਵ ਧਰਤੀ ਦੇ ਉੱਤਰੀ ਧਰੁਵ ਅਤੇ ਦੱਖਣੀ ਧਰੁਵ ਧਰਤੀ ਦੇ ਦੱਖਣੀ ਧਰੁਵ ਵੱਲ ਹੋਵੇਗਾ। ਜਦੋਂ ਕਿਸੇ ਚੁੰਬਕ ਨੂੰ ਵਿਚਕਾਰੋਂ ਕੱਟ ਦਿੱਤਾ ਜਾਂਦਾ ਹੈ ਤਾਂ ਪਹਿਲੇ ਚੁੰਬਕ ਵਾਲੇ ਉੱਤਰੀ ਤੇ ਦੱਖਣੀ ਧਰੁਵਾਂ ਵਾਲੇ ਦੋ ਵੱਖਰੇ

ਚੁੰਬਕ ਬਣ ਜਾਣਗੇ। ਚੁੰਬਕਤਾ ਦਾ ਭਾਵ ਚੁੰਬਕ ਦੇ ਇਨ੍ਹਾਂ ਜਾਂ ਹੋਰ ਲੱਛਣਾਂ ਦਾ ਹੋਣਾ ਹੀ ਹੈ।

ਅੱਜਕੱਲ੍ਹ ਵਰਤੇ ਜਾਣ ਵਾਲੇ ਬਹੁਤੇ ਚੁੰਬਕ ਬਿੱਜਲਈ ਚੁੰਬਕ ਹੁੰਦੇ ਹਨ। ਸਭ ਤੋਂ ਸਾਧਾਰਨ ਬਿੱਜਲਈ ਚੁੰਬਕ ਇਕ ਲੋਹੇ ਦੀ ਛੜ ਦੁਆਲੇ ਤਾਰ ਲਪੇਟੀ ਹੁੰਦੀ ਹੈ। ਜਦੋਂ ਤਾਰ ਵਿਚੋਂ ਬਿਜਲੀ ਦੀ ਧਾਰਾ ਲੰਘਾਈ ਜਾਂਦੀ ਹੈ ਤਾਂ ਲੋਹੇ ਦੀ ਛੜ ਚੁੰਬਕ ਬਣ ਜਾਂਦੀ ਹੈ। ਬਿਜਲੀ ਦੀ ਧਾਰਾ ਨੂੰ ਬੰਦ ਕਰਨ ਤੇ ਚੁੰਬਕਤਾ ਬਹੁਤ ਜ਼ਿਆਦਾ ਘਟ ਜਾਂਦੀ ਹੈ। ਲਗਭਗ ਸਾਰੀਆਂ ਹੀ ਬਿੱਜਲਈ ਮੋਟਰਾਂ ਵਿਚ ਬਿੱਜਲਈ ਚੁੰਬਕਾਂ ਦਾ ਪ੍ਰਯੋਗ ਹੁੰਦਾ ਹੈ। ਇਨ੍ਹਾਂ ਦੀ ਵਰਤੋਂ ਬਿੱਜਲਈ ਰਿਲੇਆਂ ਵਿਚ ਕੀਤੀ ਜਾਂਦੀ ਹੈ। ਬਹੁਤ ਵੱਡੇ-ਵੱਡੇ ਸ਼ਕਤੀਸ਼ਾਲੀ ਚੁੰਬਕਾਂ ਦੀ ਵਰਤੋਂ ਲੋਹੇ ਤੇ ਸਟੀਲ ਦੀ ਟੁੱਟ ਭੱਜ ਨੂੰ ਚੁੱਕਣ ਅਤੇ ਹਟਾਉਣ ਲਈ ਕੀਤੀ ਜਾਂਦੀ ਹੈ। ਉੱਚਤਮ, ਵਿਕਸਤ ਰੇਲਵੇ ਸਿਸਟਮ ਵਿਚ ਚੁੰਬਕੀ ਪ੍ਰਤਿਖਿੱਚ ਦੀ ਵਰਤੋਂ ਕਰਕੇ ਰੇਲ ਦੇ ਡੱਬਿਆਂ ਨੂੰ ਕੁਝ ਦੂਰੀ ਤੱਕ ਲੋਹੇ ਦੀ ਪਟੜੀ ਤੋਂ ਉੱਚਾ ਹਵਾ ਵਿਚ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਰਗੜ ਰਹਿਤ ਸਿਸਟਮ ਬਣ ਜਾਂਦਾ ਹੈ। ਲੋਹੇ ਦੀ ਕੋਰ ਰਹਿਤ ਸ਼ਕਤੀਸ਼ਾਲੀ ਚੁੰਬਕਾਂ ਦੀ ਵਰਤੋਂ ਕਰਕੇ ਚੁੰਬਕੀ ਬੋਤਲਾਂ ਬਣਾਉਣ ਲਈ ਸ਼ਕਤੀਸ਼ਾਲੀ ਚੁੰਬਕੀ ਖੇਤਰ ਪੈਦਾ ਕੀਤੇ ਜਾਂਦੇ ਹਨ। ਇਨ੍ਹਾਂ ਚੁੰਬਕੀ ਬੋਤਲਾਂ ਦੀ ਵਰਤੋਂ ਪਲਾਜ਼ਮਾ (ਗਰਮ ਆਇਨੀਕਿਤ ਗੈਸਾਂ) ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਜ਼ਰੂਰਤ ਨਿਯੰਤਰਿਤ ਗਾਲਣ ਪ੍ਰਤਿਕਿਰਿਆਵਾਂ ਰਾਹੀਂ ਊਰਜਾ ਪੈਦਾ ਕਰਨ ਲਈ ਕੀਤੀ ਜਾਂਦੀ ਹੈ।

ਬਿਜੱਲਈ ਚੁੰਬਕਾਂ ਦੀ ਵਰਤੋਂ ਆਲਟਰਨੇਟਰਾਂ ਅਤੇ ਜੈੱਨਰੇਟਰਾਂ ਵਿਚ ਵੀ ਕੀਤੀ ਜਾਂਦੀ ਹੈ। ਇਨ੍ਹਾਂ ਯੰਤਰਾਂ ਵਿਚ ਤਾਰ ਦੀ ਕੌਇਲ ਨੂੰ ਚੁੰਬਕ ਤੇ ਚੁੰਬਕੀ ਖੇਤਰਾਂ ਵਿਚ ਘੁਮਾਇਆ ਜਾਂਦਾ ਹੈ (ਜਾਂ ਚੁੰਬਕ ਤਾਰ ਦੁਆਲਿਉਂ ਲੰਘਾਇਆ ਜਾਂਦਾ ਹੈ)। ਇਸ ਸਾਪੇਖੀ ਚਾਲ ਕਾਰਨ ਤਾਰ ਵਿਚ ਧਾਰਾ ਪ੍ਰਵਾਹ ਸ਼ੁਰੂ ਹੋ ਜਾਂਦਾ ਹੈ। ਉਹ ਚੁੰਬਕ ਜਿਨ੍ਹਾਂ ਨੂੰ ਚੁੰਬਕੀ ਗੁਣ ਗ੍ਰਹਿਣ ਕਰਨ ਲਈ ਬਿਜਲੀ ਧਾਰਾ ਦੀ ਜ਼ਰੂਰਤ ਨਹੀਂ ਪੈਂਦੀ, ਨੂੰ ਸਥਾਈ ਚੁੰਬਕ ਕਿਹਾ ਜਾਂਦਾ ਹੈ। ਉਹ ਸਾਰੇ ਛੋਟੇ ਚੁੰਬਕ ਜਿਨ੍ਹਾਂ ਦੀ ਵਰਤੋਂ ਸਟਿਕਰਾਂ ਆਦਿ ਲਈ ਕੀਤੀ ਜਾਂਦੀ ਹੈ, ਸਥਾਈ ਚੁੰਬਕ ਹੁੰਦੇ ਹਨ। ਦਰਵਾਜ਼ਿਆਂ ਨੂੰ ਬੰਦ ਰੱਖਣ ਲਈ, ਜਾਂ ਪਰਦਿਆਂ ਨੂੰ ਲੋਹੇ ਦੇ ਫਰੇਮ ਨਾਲ ਚਿਪਕੇ ਰੱਖਣ ਲਈ ਵੀ ਅਜਿਹੇ ਚੁੰਬਕਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਸਥਾਈ ਚੁੰਬਕਾਂ ਦੀ ਸਭ ਤੋਂ ਮਹੱਤਵਪੂਰਨ ਵਰਤੋਂ ਲਾਊਡ ਸਪੀਕਰਾਂ ਵਿਚ ਹੈ। ਸਥਾਈ ਚੁੰਬਕਾਂ ਦੀ ਵਰਤੋਂ ਅਨੇਕਾਂ ਪ੍ਰਕਾਰ ਦੇ ਬਿਜੱਲਈ ਮੀਟਰਾਂ ਵਿਚ ਵੀ ਕੀਤੀ ਜਾਂਦੀ ਹੈ ਜਿਵੇਂ ਕਿ ਘਰੇਲੂ ਵਾਟ-ਅਵਰ ਮੀਟਰ ਆਦਿ। ਇਨ੍ਹਾਂ ਦੀ ਵਰਤੋਂ ਛੋਟੀਆਂ ਮੋਟਰਾਂ ਤੇ ਜੈੱਨਰੇਟਰਾਂ ਵਿਚ ਵੀ ਕੀਤੀ ਜਾਂਦੀ ਹੈ। ਚੁੰਬਕੀ ਪਦਾਰਥਾਂ ਦੀ ਵਰਤੋਂ ਧੁਨੀ ਰਿਕਾਰਡਿੰਗ ਤੇ ਤਸਵੀਰਾਂ ਵਾਲੀਆਂ ਟੇਪਾਂ ਲਈ ਕੀਤੀ ਜਾਂਦੀ ਹੈ (ਵੇਖੋ ਟੇਪ ਰਿਕਾਰਡਿੰਗ)।

## ਚੁੰਬਕੀ ਖੇਤਰ

**ਫਲੱਕਸ ਰੇਖਾਵਾਂ**—ਹਰ ਇਕ ਚੁੰਬਕ ਦੇ ਆਲੇ-ਦੁਆਲੇ ਦੀ ਥਾਂ ਤੇ ਚੁੰਬਕੀ ਖੇਤਰ ਹੁੰਦਾ ਹੈ। ਚੁੰਬਕੀ ਖੇਤਰ ਇਕ ਭੌਤਿਕੀ ਕਾਰਜ ਦੀ ਉਦਾਹਰਣ ਹੈ ਜਿਸ ਨੂੰ ਬਲ ਖੇਤਰ ਕਰਕੇ ਜਾਣਿਆ ਜਾਂਦਾ ਹੈ। **ਬਲ ਖੇਤਰ** ਦੀਆਂ ਹੋਰ ਉਦਾਹਰਣਾਂ ਵਿਚੋਂ ਹਰੇਕ ਬਿਜੱਲਈ ਚਾਰਜ ਦੁਆਲੇ ਬਿਜੱਲਈ ਖੇਤਰ ਦਾ ਹੋਣਾ ਹੈ। ਇਸੇ ਤਰ੍ਹਾਂ ਹਰ ਇਕ ਪੁੰਜ ਦੇ




(ੳ) ਚੁੰਬਕੀ ਖੇਤਰ ਚੁੰਬਕੀ ਬਲ ਦੀਆਂ ਰੇਖਾਵਾਂ ਦਾ ਬਣਿਆ ਹੁੰਦਾ ਹੈ। (ਫਲੱਕਸ ਰੇਖਾਵਾਂ) ਫਲੱਕਸ ਰੇਖਾ ਦੀ ਦਿਸ਼ਾ ਉੱਤਰੀ ਧਰੁਵ ਤੋਂ ਦੱਖਣੀ ਧਰੁਵ ਵੱਲ ਹੁੰਦੀ ਹੈ। ਚੁੰਬਕੀ ਖੇਤਰ ਦੀ ਸਮੱਰਥਾ ਉਥੇ ਵਧੇਰੇ ਹੁੰਦੀ ਹੈ ਜਿਥੇ ਰੇਖਾਵਾਂ ਨੇੜੇ-ਨੇੜੇ ਹੁੰਦੀਆਂ ਹਨ ਅਤੇ ਉਥੇ ਘੱਟ ਜਿਥੇ ਇਹ ਖਿਲਰੀਆਂ ਹੁੰਦੀਆਂ ਹਨ।



(ਅ) ਉਲਟ ਧਰੁਵ ਇਕ ਦੂਜੇ ਨੂੰ ਖਿੱਚਦੇ ਹਨ ਕਿਉਂਕਿ ਰੇਖਾਵਾਂ ਉਨ੍ਹਾਂ ਦੇ ਵਿਚਕਾਰ ਨੇੜੇ-ਨੇੜੇ ਹੁੰਦੀਆਂ ਹਨ ਅਤੇ ਇਕਸਮਾਨ ਧਰੁਵ ਇਕ ਦੂਜੇ ਨੂੰ ਧੱਕਦੇ ਹਨ ਕਿਉਂਕਿ ਰੇਖਾਵਾਂ ਇਕ ਦੂਜੇ ਤੋਂ ਦੂਰੀ ਉੱਤੇ ਹੁੰਦੀਆਂ ਹਨ।




(ੲ) ਲੋਹ-ਚੂਰਨ ਫਲੱਕਸ ਰੇਖਾਵਾਂ ਦੇ ਨਾਲ ਇਕੱਠਾ ਹੋ ਜਾਂਦਾ ਹੈ। ਇਸ ਤਰ੍ਹਾਂ ਚੁੰਬਕੀ ਖੇਤਰ ਦੇ ਅਕਾਰ ਦਾ ਪਤਾ ਲੱਗਦਾ ਹੈ।




(ਸ) ਜੇਕਰ ਇਕ ਚੁੰਬਕ ਨੂੰ (a) ਦੋ ਟੁਕੜਿਆਂ ਵਿਚ ਕੱਟ ਦਿਤਾ ਜਾਵੇ ਤਾਂ ਕੱਟੇ ਹੋਏ ਸਿਰਿਆਂ ਉੱਤੇ ਧਰੁਵ ਜਾਣਗੇ। ਇਸ ਤਰ੍ਹਾਂ ਉੱਤਰੀ ਤੇ ਦੱਖਣੀ ਧਰੁਵ ਵਾਲੇ ਦੋ ਵੱਖਰੇ ਚੁੰਬਕ ਬਣ ਜਾਂਦੇ ਹਨ। (b) ਇਨ੍ਹਾਂ ਦੋਵਾਂ ਨੂੰ ਫਿਰ ਇਕ ਵਾਰੀ ਹੋਰ ਕੱਟ ਦਿੱਤਾ ਜਾਵੇ ਤਾਂ ਚਾਰ ਚੁੰਬਕ ਬਣ ਜਾਣਗੇ, ਅਤੇ (c) ਹਰ ਇਕ ਦਾ ਉੱਤਰੀ ਤੇ ਦੱਖਣੀ ਧਰੁਵ ਹੋਵੇਗਾ।

ਦੁਆਲੇ ਗੁਰੂਤਵੀ ਬਲ ਆਦਿ ਦਾ ਹੋਣਾ ਹੈ। ਚੁੰਬਕੀ ਖੇਤਰ ਨੂੰ ਉਸ ਦੀਆਂ ਚੁੰਬਕੀ ਰੇਖਾਵਾਂ ਰਾਹੀਂ ਦੇਖਿਆ ਜਾ ਸਕਦਾ ਹੈ ਜਿਹੜੀਆਂ ਉੱਤਰੀ ਧਰੁਵ ਵਿਚੋਂ ਨਿਕਲਦੀਆਂ ਹਨ ਅਤੇ ਦੱਖਣੀ ਧਰੁਵ ਵਿਚ ਦਾਖ਼ਲ ਹੁੰਦੀਆਂ ਹਨ (ਚਿੱਤਰ 1) ਜਿਨ੍ਹਾਂ ਨੂੰ ਫਲੱਕਸ ਰੇਖਾਵਾਂ ਕਿਹਾ ਜਾਂਦਾ ਹੈ। ਉੱਤਰੀ ਧਰੁਵ ਤੋਂ ਦੱਖਣੀ ਧਰੁਵ ਦੀ ਦਿਸ਼ਾ ਨੂੰ ਚੁੰਬਕੀ ਖੇਤਰ ਦੀ ਦਿਸ਼ਾ ਕਿਹਾ ਜਾਂਦਾ ਹੈ।

ਫਲੱਕਸ ਰੇਖਾਵਾਂ ਦੀ ਕੋਈ ਪਦਾਰਥਕ ਹੋਂਦ ਨਹੀਂ ਹੈ ਸਗੋਂ ਇਹ ਤਾਂ ਕੇਵਲ ਚੁੰਬਕੀ ਖੇਤਰ ਦਾ ਅਹਿਸਾਸ ਕਰਨ ਲਈ ਇਕ ਮਾਤਰ ਸਾਧਨ ਹਨ। ਇਨ੍ਹਾਂ ਨੂੰ ਭੌਤਿਕੀ ਤੌਰ ਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਨੂੰ ਵੇਖਣ ਦਾ ਇਕ ਢੰਗ ਇਹ ਵੀ ਹੈ ਕਿ ਚੁੰਬਕ ਦੇ ਉਪਰ ਕਾਗਜ਼ ਦੀ ਸ਼ੀਟ ਰੱਖ ਦਿਉ ਅਤੇ ਉਸ ਉੱਤੇ ਲੋਹ-ਚੂਨ ਖਿਲਾਰ ਦਿਉ ਤੁਸੀਂ ਵੇਖੋਗੇ ਕਿ ਲੋਹ ਚੂਨ ਚੁੰਬਕੀ ਫਲੱਕਸ ਰੇਖਾਵਾਂ ਦੇ ਨਾਲ ਨਾਲ ਰੇਖਾਵਾਂ ਜਿਹੀਆਂ ਬਣਾ ਲਵੇਗਾ। ਇਸ ਤਰ੍ਹਾਂ ਚੁੰਬਕੀ ਖੇਤਰ ਦਾ ਪੈਟਰਨ ਬਣ ਜਾਂਦਾ ਹੈ। ਦੂਜਾ ਢੰਗ ਚੁੰਬਕੀ ਸੂਈ ਦੀ ਵਰਤੋਂ ਕਰਨਾ ਹੈ।

ਫਲੱਕਸ ਰੇਖਾਵਾਂ ਕਦੇ ਵੀ ਇਕ ਦੂਜੇ ਨੂੰ ਨਹੀਂ ਕੱਟਦੀਆਂ ਅਤੇ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇਹ ਦੋ ਬਰਾਬਰ ਦੇ ਬਲਾਂ ਅਧੀਨ ਹੋਣ, ਹਰ ਇਕ ਰੇਖਾ ਛੋਟੀ ਤੋਂ ਛੋਟੀ ਹੋਣ ਦੀ ਕੋਸ਼ਿਸ਼ ਕਰਦੀ ਹੈ ਤੇ ਨਾਲ ਹੀ ਦੂਜੀਆਂ ਰੇਖਾਵਾਂ ਦੁਆਰਾ ਧੱਕੀ ਰਹਿੰਦੀ ਹੈ। ਉੱਤਰੀ ਤੇ ਦੱਖਣੀ ਧਰੁਵ ਇਕ ਦੂਜੇ ਨੂੰ ਖਿੱਚਦੇ ਹਨ ਕਿਉਂਕਿ ਇਨ੍ਹਾਂ ਵਿਚਲੀਆਂ ਰੇਖਾਵਾਂ ਭੀੜੀਆਂ ਹੁੰਦੀਆਂ ਜਾਂਦੀਆਂ ਹਨ। ਇਕ ਸਮਾਨ ਧਰੁਵ ਵਿਚਲੀਆਂ ਰੇਖਾਵਾਂ ਇਕ ਦੂਜੀ ਨੂੰ ਨਹੀਂ ਜੋੜਦੀਆਂ ਸਗੋਂ ਧਰੁਵਾਂ ਦੇ ਇਕ ਦੂਜੇ ਨੂੰ ਧੱਕਣ ਕਾਰਨ ਰੇਖਾਵਾਂ ਵੀ ਇਕ ਦੂਜੇ ਤੋਂ ਦੂਰ ਹੁੰਦੀਆਂ ਜਾਂਦੀਆਂ ਹਨ ਅਤੇ ਆਪਸ ਵਿਚ ਵੱਧ ਤੋਂ ਵੱਧ ਦੂਰੀ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ।

ਚੁੰਬਕੀ ਖੇਤਰ ਦੀ ਸਮਰੱਥਾ ਇਸ ਵਿਚ ਕਿਸੇ ਬਿੰਦੂ ਉੱਤੇ ਪਏ ਲੋਹੇ ਦੇ ਟੁਕੜੇ ਜਾਂ ਹੋਰ ਅਜਿਹੀ ਵਸਤੂ ਤੇ ਕਿਰਿਆ ਕਰ ਰਿਹਾ ਚੁੰਬਕ ਦਾ ਬਲ ਹੁੰਦਾ ਹੈ। ਸਮਰੱਥਾ ਫਲੱਕਸ ਰੇਖਾਵਾਂ ਦੀ ਸੰਘਣਤਾ ਦੇ ਅਨੁਪਾਤੀ ਹੁੰਦੀ ਹੈ ਜਿਥੇ ਰੇਖਾਵਾਂ ਮਿਲਦੀਆਂ ਹਨ ਭਾਵ ਵਧੇਰੇ ਸੰਘਣੀਆਂ ਹੁੰਦੀਆਂ ਹਨ ਜਿਵੇਂ ਕਿ ਧਰੁਵਾਂ ਉੱਤੇ, ਉਥੇ ਚੁੰਬਕੀ ਖੇਤਰ ਦੀ ਸਮਰੱਥਾ ਵਧੇਰੇ ਹੁੰਦੀ ਹੈ ਅਤੇ ਜਿਥੇ ਰੇਖਾਵਾਂ ਖਿਲਰੀਆਂ ਹੁੰਦੀਆਂ ਹਨ ਉਥੇ ਸਮਰੱਥਾ ਘੱਟ ਹੁੰਦੀ ਹੈ। ਚੁੰਬਕ ਤੋਂ ਜਿੰਨੀ ਦੂਰੀ ਵਧਦੀ ਜਾਵੇਗੀ ਚੁੰਬਕੀ ਖੇਤਰ ਦੀ ਸਮਰੱਥਾ ਉਨੀ ਘਟਦੀ ਜਾਵੇਗੀ। ਚੁੰਬਕੀ ਖੇਤਰ ਦੀ ਸਮਰੱਥਾ ਉਲਟ ਕ੍ਰਮ ਵਰਗ ਨਿਯਮ ਦੀ ਪਾਲਣਾ ਕਰਦੀ ਹੈ। ਭਾਵ ਸਮਰੱਥਾ $1/r^2$ ਦੇ ਅਨੁਪਾਤੀ ਹੁੰਦੀ ਹੈ ਜਿਥੇ $r$ ਚੁੰਬਕੀ ਧਰੁਵ ਤੋਂ ਦੂਰੀ ਹੈ/ਦੂਰੀ ਦੁੱਗਣੀ ਕਰਨ ਨਾਲ ਸਮਰੱਥਾ 1/4 ਰਹਿ ਜਾਂਦੀ ਹੈ।

**ਚੁੰਬਕਤਾ ਦਾ ਪਰਮਾਣਵੀ ਆਧਾਰ**—ਚੁੰਬਕੀ ਮਾਦਾ ਪਰਮਾਣੂਆਂ ਦਾ ਬਣਿਆ ਹੋਣ ਕਾਰਨ, ਪਰਮਾਣੂ ਧਨ-ਚਾਰਜ ਵਾਲਾ ਨਿਊਕਲੀਅਸ ਹੁੰਦਾ ਹੈ ਜਿਹੜਾ ਆੱਰਬਿਟਲ ਇਲੈੱਕਟ੍ਰਾੱਨਾਂ ਨੇ ਘੇਰਿਆ ਹੁੰਦਾ ਹੈ। ਇਸ ਤਰ੍ਹਾਂ ਹਰ ਇਕ ਪਰਮਾਣੂ ਸਥਿਤਿਜ ਚੁੰਬਕ ਹੁੰਦਾ ਹੈ ਭਾਵੇਂ ਪਰਮਾਣੂ ਦੀ ਆੱਰਬਿਟਲ ਗਤੀ ਕੇਵਲ ਇਕ ਬਹੁਤ ਹੀ ਕਮਜ਼ੋਰ ਚੁੰਬਕੀ ਖੇਤਰ ਪੈਦਾ ਕਰਦੀ ਹੋਵੇ। ਚੱਕਰਣਗਤੀ ਕਰਦੇ ਹੋਏ ਪਰਮਾਣੂ ਜਿਉਂ ਹੀ ਆੱਰਬਿਟਲ ਗਤੀ ਕਰਦੇ ਹਨ ਤਾਂ ਮਾਦੇ ਵਿਚ ਚੁੰਬਕੀ ਲੱਛਣ ਆ ਜਾਂਦੇ ਹਨ। ਜ਼ਿਆਦਾ ਪਦਾਰਥਾਂ ਵਿਚ ਅੱਧੇ ਆੱਰਬਿਟਿੰਗ ਪਰਮਾਣੂ ਇਕ ਦਿਸ਼ਾ ਵਿਚ ਚੱਕਰਣਗਤੀ ਕਰ ਰਹੇ ਹੁੰਦੇ ਹਨ ਜਦੋਂ ਕਿ ਬਾਕੀ ਅੱਧੇ ਇਸ ਤੋਂ ਉਲਟ ਦਿਸ਼ਾ ਵਿਚ, ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਚੁੰਬਕੀ ਪ੍ਰਵਾਹ ਸਿਫ਼ਰ ਰਹਿ ਜਾਂਦਾ ਹੈ ਪਰੰਤੂ ਲੋਹੇ ਦੇ ਸਬੰਧ ਵਿਚ ਤੀਜੇ ਆੱਰਬਿਟ ਵਿਚ 14 ਇਲੈੱਕਟ੍ਰਾੱਨ ਚੱਕਰਣਗਤੀ ਕਰਦੇ ਹਨ, ਜਿਥੇ ਧਨਾਤਮਕ ਦਿਸ਼ਾ ਵਿਚ ਚੱਕਰਣਗਤੀ ਕਰ ਰਹੇ ਇਲੈੱਕਟ੍ਰਾੱਨਾਂ ਦੀ ਗਿਣਤੀ ਰਿਣਾਤਮਕ ਦਿਸ਼ਾ ਵਿਚ ਚੱਕਰਣਗਤੀ ਕਰ ਰਹੇ ਇਲੈੱਕਟ੍ਰਾੱਨਾਂ ਨਾਲ ਮੇਲ ਨਹੀਂ ਖਾਂਦੀ। ਇਹੋ ਕਾਰਣ ਹੈ ਕਿ ਹਰ ਇਕ ਇਲੈੱਕਟ੍ਰਾੱਨ ਇਕ ਛੋਟੇ ਚੁੰਬਕ ਦੇ ਤੌਰ ਤੇ ਕਿਰਿਆ ਕਰਦਾ ਹੈ ਅਤੇ ਚੁੰਬਕੀ ਮੋਮੈਂਟ ਦਾ ਗੁਣ ਇਸ ਵਿਚ ਆ ਜਾਂਦਾ ਹੈ। ਲੋਹੇ ਦੇ ਟੁਕੜੇ ਦੇ ਸਬੰਧ ਵਿਚ ਜਦੋਂ ਸਾਰੀਆਂ ਮੋਮੈਂਟਾਂ ਇਕੋ ਦਿਸ਼ਾ ਵਿਚ ਕਿਰਿਆ ਕਰਦੀਆਂ ਹਨ ਤਾਂ ਸਮੁੱਚਾ ਟੁਕੜਾ ਚੁੰਬਕ ਬਣ ਜਾਂਦਾ ਹੈ। ਲੋਹੇ ਦੇ ਇਸ ਗੁਣ ਨੂੰ ਲੋਹ-ਚੁੰਬਕਤਾ ਕਿਹਾ ਜਾਂਦਾ ਹੈ। ਲੋਹਾ, ਨਿਕਲ ਅਤੇ ਕੋਬਾਲਟ ਆਦਿ ਅਜਿਹੇ ਕਥਿਤ ਪਾਰਗਮਨ ਤੱਤ ਅਤੇ ਹੋਰ ਅਨੇਕਾਂ ਦੁਰੱਲਭ ਭੌਂ-ਤੱਤ (ਪਰਮਾਣੂ ਅੰਕ 57 ਤੋਂ 71) ਹਨ, ਜਿਨ੍ਹਾਂ ਨੂੰ ਲੋਹੇ-ਚੁੰਬਕ ਕਿਹਾ ਜਾਂਦਾ ਹੈ ਕਿਉਂਕਿ ਉਹ ਲੋਹ ਦੇ ਚੁੰਬਕੀ ਲੱਛਣਾਂ ਦੇ ਭਾਗੀਦਾਰ ਹਨ। ਲੋਹੇ ਵਿਚ ਸਭ ਤੋਂ ਵਧੇਰੇ ਚੁੰਬਕਤਾ ਗੁਣ ਹਨ ਅਤੇ ਇਹ ਸਸਤਾ ਹੈ ਇਸੇ ਲਈ ਚੁੰਬਕ ਬਣਾਉਣ ਲਈ ਆਮ ਕਰਕੇ ਲੋਹੇ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਕਮਰੇ ਦੇ ਤਾਪਮਾਨ ਤੋਂ ਘੱਟ ਤਾਪਮਾਨ ਉੱਤੇ ਹੋਰ ਅਨੇਕਾਂ ਭੌਂ-ਤੱਤ ਲੋਹੇ ਨਾਲੋਂ ਵਧੇਰੇ ਚੁੰਬਕਤਾ ਵਾਲੇ ਹੋ ਜਾਂਦੇ ਹਨ।

ਸਾਰੀਆਂ ਲੋਹ-ਛੜਾਂ ਚੁੰਬਕ ਨਹੀਂ ਹੁੰਦੀਆਂ। ਸਮੁੱਚੇ ਇਲੈੱਕਟ੍ਰਾੱਨ ਸਪਿਨ ਨਾਲ ਬਣੇ ਪਰਮਾਣੂ ਚੁੰਬਕਾਂ ਦੀ ਦਿਸ਼ਾ ਇਕੋ ਹੋਣੀ ਜ਼ਰੂਰੀ ਹੈ ਨਹੀਂ ਤਾਂ ਪਰਮਾਣੂ ਚੁੰਬਕ ਇਕ ਦੂਜੇ ਦਾ ਪ੍ਰਵਾਹ ਨਸ਼ਟ ਕਰ ਦੇਣਗੇ ਅਤੇ ਛੜ ਚੁੰਬਕ ਨਹੀਂ ਰਹੇਗੀ। ਚੁੰਬਕੀ ਗੁਣਾਂ ਉੱਤੇ ਤਾਪਮਾਨ ਦਾ ਪ੍ਰਭਾਵ ਪੈਂਦਾ ਹੈ। ਜਿੰਨਾ ਵਧੇਰੇ ਤਾਪਮਾਨ ਉਨੀ ਘੱਟ ਚੁੰਬਕ ਦੀ ਚੁੰਬਕਤਾ ਅਤੇ ਜਦੋਂ ਸਾਰੀ ਦੀ ਸਾਰੀ ਚੁੰਬਕਤਾ ਨਸ਼ਟ ਹੋ ਜਾਂਦੀ ਹੈ ਉਸ ਤਾਪਮਾਨ ਨੂੰ ਕਿਊਰੀ ਤਾਪਮਾਨ ਜਾਂ ਕਿਊਰੀ ਬਿੰਦੂ ਕਿਹਾ ਜਾਂਦਾ ਹੈ। ਲੋਹੇ ਦਾ ਕਿਊਰੀ ਤਾਪਮਾਨ ਲਗਭਗ 770° ਸੈਂ. ਅਤੇ ਕੋਬਾਲਟ ਤੇ ਨਿਕਲ ਲਈ ਕ੍ਰਮਵਾਰ 1120° ਸੈਂ. ਤੇ 358° ਸੈਂ. ਹੈ। ਜਦੋਂ ਚੁੰਬਕ ਠੰਢਾ ਹੋ ਜਾਂਦਾ ਹੈ ਤਾਂ ਇਹ ਫਿਰ ਮੁੜ ਲੋਹ-ਚੁੰਬਕਤਾ ਗ੍ਰਹਿਣ ਕਰ ਲੈਂਦਾ ਹੈ। ਭਾਵੇਂ ਇਹ ਸਥਾਈ ਚੁੰਬਕ ਹੁੰਦਾ ਹੈ ਪਰ ਫਿਰ ਵੀ ਦੁਬਾਰਾ ਚੁੰਬਕ ਬਣਾਉਣਾ ਪੈਂਦਾ ਹੈ।

**ਬਿਜਲੀ ਅਤੇ ਚੁੰਬਕਤਾ**—ਬਿਜਲਈ ਅਤੇ ਚੁੰਬਕੀ ਦੋਵੇਂ ਕਾਰਜ ਵਿਧੀਆਂ ਆਪਸ ਵਿਚ ਇਕ ਦੂਜੇ ਨਾਲ ਬਹੁਤ ਹੀ ਗੂੜ੍ਹਾ ਸਬੰਧ ਰੱਖਦੀਆਂ ਹਨ। ਕੋਈ ਇਕੱਲੀ ਵਿਧੀ ਦੂਜੀ ਵਿਧੀ ਬਗ਼ੈਰ ਅਧੂਰੀ ਰਹਿੰਦੀ ਹੈ ਅਤੇ ਇਨ੍ਹਾਂ ਦੋਵੇਂ ਕਾਰਜ ਵਿਧੀਆਂ ਦੇ ਸੈੱਟਾਂ ਨੂੰ ਬਿਜਲਈ ਚੁੰਬਕਤਾ ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਇਕ ਗਤੀਸ਼ੀਲ ਚਾਰਜ ਆਪਣੇ ਆਲੇ-ਦੁਆਲੇ ਚੁੰਬਕੀ ਖੇਤਰ ਪੈਦਾ ਕਰਦਾ ਹੈ ਕਿਉਂਕਿ ਬਿਜਲਈ ਧਾਰਾ ਦਾ ਪ੍ਰਵਾਹ ਹੀ ਬਿਜਲਈ ਚਾਰਜ ਹੈ ਇਸ ਕਰਕੇ ਜਿਸ ਤਾਰ ਵਿਚ ਬਿਜਲੀ ਦੀ ਧਾਰਾ ਪ੍ਰਵਾਹ ਕਰਦੀ ਹੈ ਉਸ ਦੇ ਚੁਫ਼ੇਰੇ ਚੁੰਬਕੀ ਖੇਤਰ ਹੁੰਦਾ ਹੈ। ਇਸ ਖੇਤਰ ਦੀਆਂ ਚੁੰਬਕੀ ਫਲੱਕਸ ਰੇਖਾਵਾਂ ਤਾਰ ਦੇ ਦੁਆਲੇ ਬੰਦ ਲੂਪ ਵਾਂਗ ਹੁੰਦੀਆਂ ਹਨ। ਭੌਤਿਕ ਵਿਗਿਆਨੀ [illegible] ਲੰਬੇ ਅਰਸੇ ਤੋਂ ਚੁੰਬਕੀ ਖੇਤਰ ਦੀ ਦਿਸ਼ਾ ਜਾਣਨ [illegible] ਨਿਯਮ' ਦੀ ਵਰਤੋਂ ਕਰਦੇ ਆ ਰਹੇ ਹਨ।




ਹਰ ਇਕ ਉਸ ਤਾਰ ਦੁਆਲੇ ਚੁੰਬਕੀ ਖੇਤਰ ਹੁੰਦਾ ਹੈ ਜਿਸ ਵਿਚੋਂ ਧਾਰਾ ਦਾ ਪ੍ਰਵਾਹ ਹੁੰਦਾ ਹੈ। ਫਲੱਕਸ ਰੇਖਾਵਾਂ ਤਾਰ ਦੇ ਦੁਆਲੇ ਬੰਦ ਚੱਕਰਾਂ ਵਾਂਗ ਹੁੰਦੀਆਂ ਹਨ। ਜੇਕਰ ਅੰਗੂਠਾ (ਸੱਜਾ ਹੱਥ) ਧਾਰਾ ਦੀ ਦਿਸ਼ਾ ਵਿਚ ਹੋਵੇ ਤਾਂ ਦੂਜੀਆਂ ਉਂਗਲਾਂ ਚੁੰਬਕੀ ਖੇਤਰ ਦੀ ਦਿਸ਼ਾ ਨੂੰ ਦਰਸਾਂਉਂਦੀਆਂ ਹਨ।




ਜੇਕਰ ਕਰੰਟ ਵਾਲੀ ਤਾਰ ਨੂੰ ਲੂਪ ਦੀ ਸ਼ਕਲ ਵਿਚ ਮੋੜ ਦਿੱਤਾ ਜਾਵੇ ਤਾਂ ਫਲੱਕਸ ਰੇਖਾਵਾਂ ਇਕੋ ਦਿਸ਼ਾ ਵਿਚ ਲੂਪ ਵਿਚੋਂ ਲੰਘਣਗੀਆਂ।




ਜੇਕਰ ਕਰੰਟ ਵਾਲੀ ਤਾਰ ਨੂੰ ਅਨੇਕਾਂ ਲੂਪਾਂ ਭਾਵ ਕੱਾਇਲ ਵਾਂਗ ਵਲ ਲਿਆ ਜਾਵੇ ਤਾਂ ਚੁੰਬਕੀ ਖੇਤਰ ਵਿਚ ਛੜ ਚੁੰਬਕ ਵਰਗਾ ਹੋਵੇਗਾ।




ਇਕ ਲੋਹੇ ਦੀ ਛੜ ਜਾਂ ਹੋਰ ਕੋਈ ਢੁੱਕਵਾਂ ਪਦਾਰਥ ਕੱਾਇਲ ਦੇ ਅੰਦਰ ਰੱਖਣ ਨਾਲ ਇਕ ਬਿਜੱਲਈ ਚੁੰਬਕ ਬਣ ਜਾਵੇਗਾ। ਚੁੰਬਕਤਾ ਧਾਰਾ ਦੇ ਜਾਰੀ ਕਰਨ ਨਾਲ ਸੁਰਜੀਤ ਅਤੇ ਧਾਰਾ ਦੇ ਬੰਦ ਕਰਨ ਨਾਲ ਖ਼ਤਮ ਹੋ ਜਾਵੇਗੀ।

ਸਥਾਈ ਚੁੰਬਕ ਬਣਾਉਣਾ।

ਜਿਸ ਤਰ੍ਹਾਂ ਚਿੱਤਰ ਵਿਚ ਦਰਸਾਇਆ ਗਿਆ ਹੈ ਸੱਜਾ ਹੱਥ ਉਸ ਸਥਿਤੀ ਵਿਚ ਰੱਖੋ; ਅੰਗੂਠਾ ਬਿਜਲੀ ਧਾਰਾ ਦੇ ਪ੍ਰਵਾਹ ਦੀ ਦਿਸ਼ਾ ਬਾਰੇ ਅਤੇ ਮੁੱਠੀ ਦੀਆਂ ਉਂਗਲੀਆਂ ਚੁੰਬਕੀ ਖੇਤਰ ਦੀ ਦਿਸ਼ਾ ਬਾਰੇ ਦੱਸਦੀਆਂ ਹਨ। ਇਸੇ ਬਿਜੱਲਈ ਧਾਰਾ ਦੀ ਦਿਸ਼ਾ ਲਈ ਪ੍ਰਚੱਲਤ ਪਰਿਭਾਸ਼ਾ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਇਹ ਦਿਸ਼ਾ ਤਾਰ ਵਿਚੋਂ ਦੀ ਇਲੈੱਕਟ੍ਰਾਨਾਂ ਦੇ ਪ੍ਰਵਾਹ ਦੀ ਦਿਸ਼ਾ ਦੇ ਉਲਟ ਦਿਸ਼ਾ ਹੈ। ਇਲੈੱਕਟ੍ਰਾਨਾਂ ਦੀ ਦਿਸ਼ਾ ਵਿਚ ਪ੍ਰਵਾਹ ਕਰਨ ਵਾਲੀ ਧਾਰਾ ਨੂੰ ਇਲੈੱਕਟ੍ਰਾਨ ਕਰੰਟ ਕਿਹਾ ਜਾਂਦਾ ਹੈ, ਜਦੋਂ ਕਿ ਉਲਟ ਦਿਸ਼ਾ ਵਿਚ ਪ੍ਰਵਾਹ ਕਰਨ ਵਾਲੇ ਕਰੰਟ ਨੂੰ ਬਿਜਲੀ ਧਾਰਾ ਕਿਹਾ ਜਾਂਦਾ ਹੈ।

ਜੇਕਰ ਬਿਜਲੀ ਧਾਰਾ ਵਾਲੀ ਤਾਰ ਨੂੰ ਲੂਪ ਦੇ ਆਕਾਰ ਵਿਚ ਵਲ ਲਿਆ ਜਾਵੇ ਤਾਂ ਫਲੱਕਸ ਰੇਖਾਵਾਂ ਉਸੇ ਦਿਸ਼ਾ ਵਿਚ ਲੂਪ ਦੇ ਅੰਦਰੋਂ ਲੰਘਣਗੀਆਂ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਚੁੰਬਕ ਬਣ ਜਾਂਦਾ ਹੈ। ਵਧੇਰੇ ਲੂਪਾਂ ਵਿਚ ਤਾਰ ਵਲਣ ਨਾਲ ਵਧੇਰੇ ਸਮਰੱਥਾ ਵਾਲਾ ਚੁੰਬਕ ਬਣਾਇਆ ਜਾ ਸਕਦਾ ਹੈ। ਅਜਿਹਾ ਕੱਾਇਲ ਵਿਚੋਂ ਲੰਘ ਰਹੀਆਂ ਫਲੱਕਸ ਰੇਖਾਵਾਂ ਦੀ ਵਧੇਰੇ ਸੰਘਣਤਾ ਕਾਰਨ ਹੁੰਦਾ ਹੈ ਕਿਉਂਕਿ ਫਲੱਕਸ ਰੇਖਾਵਾਂ ਖਾਲੀ ਥਾਂ ਜਾਂ ਹਵਾ ਵਿਚੋਂ ਲੰਘਣ ਦੀ ਬਜਾਏ ਲੋਹੇ ਵਿਚੋਂ ਲੰਘਣਗੀਆਂ। ਫਲੱਕਸ ਰੇਖਾਵਾਂ ਨੂੰ ਹੋਰ ਸੰਘਣਾ ਕਰਨ ਲਈ ਲੋਹੇ ਦੀ ਛੜ ਨੂੰ ਕੱਾਇਲ ਵਿਚੋਂ ਲੰਘਾਉਂਦੇ ਹਨ। ਇਹ ਇਕ ਬਿਜਲਈ-ਚੁੰਬਕ ਬਣ ਜਾਂਦਾ ਹੈ। ਬਿਜਲਈ-ਚੁੰਬਕ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਸ ਨੂੰ ਜਦੋਂ ਚਾਹੋ ਚੁੰਬਕ ਬਣਾ ਸਕਦੇ ਹੋ ਤੇ ਜਦੋਂ ਚਾਹੋ ਇਸ ਦੀ ਚੁੰਬਕਤਾ ਖ਼ਤਮ ਕਰ ਸਕਦੇ ਹੋ ਭਾਵ, ਧਾਰਾ ਨੂੰ ਬੰਦ ਕਰਨ ਤੇ ਚਾਲੂ ਕਰਨ ਨਾਲ ਚੁੰਬਕਤਾ ਖ਼ਤਮ ਅਤੇ ਚੁੰਬਕ ਸੁਰਜੀਤ ਕੀਤੀ ਜਾ ਸਕਦੀ ਹੈ। ਕੱਾਇਲ ਵਿਚੋਂ ਦੀ ਬਿਜਲੀ ਧਾਰਾ ਦੇ ਪ੍ਰਵਾਹ ਦੀ ਦਿਸ਼ਾ ਬਦਲਣ ਨਾਲ ਧਰੁਵ ਵੀ ਬਦਲੇ ਜਾ ਸਕਦੇ ਹਨ।

**ਚੁੰਬਕੀ ਪਰਸਪਰ-ਕਿਰਿਆਵਾਂ**—ਇਹ ਚੁੰਬਕ ਲੋਹੇ ਦੇ ਟੁਕੜੇ ਨੂੰ ਅਸਥਾਈ ਚੁੰਬਕ ਵਿਚ ਬਦਲਣ ਉਪਰੰਤ ਆਪਣੇ ਵੱਲ ਖਿੱਚਦਾ ਹੈ। ਉਦਾਹਰਣ ਵਜੋਂ ਜਦੋਂ ਇਕ ਲੋਹੇ ਦੇ ਟੁਕੜੇ ਜਾਂ ਸਟੀਲ ਦੀ ਪੱਤਰੀ ਨੂੰ ਚੁੰਬਕ ਦੇ ਨੇੜੇ ਕੀਤਾ ਜਾਂਦਾ ਹੈ ਤਾਂ ਇਸ ਦਾ ਚੁੰਬਕੀ ਖੇਤਰ ਲੋਹੇ ਦੇ ਟੁਕੜੇ ਜਾਂ ਸਟੀਲ ਦੀ ਪੱਤਰੀ ਦੇ ਕੁਝ ਪਰਮਾਣੂ ਚੁੰਬਕਾਂ ਨੂੰ ਆਪਣੇ ਅਨੁਸਾਰ ਕਰ ਲੈਂਦਾ ਹੈ, ਜਿਸ ਦੇ ਫਲਸਰੂਪ ਉਹ ਅਸਥਾਈ ਚੁੰਬਕ ਬਣ ਜਾਂਦੇ ਹਨ। ਅਸਥਾਈ ਤੌਰ ਤੇ ਬਣੇ ਚੁੰਬਕ ਦਾ ਦੱਖਣੀ ਧਰੁਵ ਸਥਾਈ ਚੁੰਬਕ ਦੇ ਉੱਤਰੀ ਧਰੁਵ ਵੱਲ ਖਿੱਚਿਆ ਜਾਵੇਗਾ। ਇਹੋ ਕਾਰਨ ਹੈ ਕਿ ਇਹ ਚੁੰਬਕ ਨਾਲ ਚਿਪਕ ਜਾਂਦਾ ਹੈ। ਇਸੇ ਕਿਰਿਆ ਅਧੀਨ ਅਸਥਾਈ ਚੁੰਬਕ ਇਕ ਹੋਰ ਸਟੀਲ ਦੀ ਪੱਤਰੀ ਨੂੰ ਅਸਥਾਈ ਚੁੰਬਕ ਬਣਾ ਕੇ ਆਪਣੇ ਵੱਲ ਖਿੱਚਦਾ ਹੈ। ਜਦੋਂ ਲੋਹੇ ਦੀ ਛੜ ਨੂੰ ਸਥਾਈ ਚੁੰਬਕ ਅਤੇ ਪੱਤਰੀ ਦੇ ਵਿਚਕਾਰੋਂ ਹਟਾ ਦਿਤਾ ਜਾਂਦਾ ਹੈ ਤਾਂ ਜਿਉਂ ਹੀ ਲੋਹੇ ਦੀ ਛੜ ਹਟਦੀ ਹੈ ਉਸ ਦੀ ਅਤੇ ਪੱਤਰੀ ਦੀ ਚੁੰਬਕਤਾ ਖ਼ਤਮ ਹੋ ਜਾਂਦੀ ਹੈ ਕਿਉਂਕਿ ਇਨ੍ਹਾਂ ਦੇ ਪਰਮਾਣੂ ਚੁੰਬਕ ਸਥਾਈ ਚੁੰਬਕ ਦੇ ਨਾਲ ਇਕਸੁਰੇ ਨਹੀਂ ਰਹਿੰਦੇ।

ਜਦੋਂ ਇਲੈੱਕਟ੍ਰਾਨ ਗਤੀ ਵਿਚ ਹੁੰਦੇ ਹਨ ਤਾਂ ਉਹ ਚੁੰਬਕੀ ਖੇਤਰ ਪੈਦਾ ਕਰਦੇ ਹਨ। ਇਸ ਲਈ ਜਦੋਂ ਇਕ ਇਲੈੱਕਟ੍ਰਾਨ ਚੁੰਬਕੀ ਖੇਤਰ ਵਿਚੋਂ ਲੰਘਦਾ ਹੈ ਤਾਂ ਉਸ ਦੁਆਰਾ ਪੈਦਾ ਹੋਇਆ ਚੁੰਬਕੀ ਖੇਤਰ, ਚੁੰਬਕ ਦੇ ਚੁੰਬਕੀ ਖੇਤਰ ਨਾਲ ਕਿਰਿਆ ਕਰਦਾ ਹੈ ਤਾਂ ਇਲੈੱਕਟ੍ਰਾਨ ਗਤੀ ਕਰਦਾ ਹੈ ਤੇ ਆਪਣੇ ਮੂਲ ਪਥ ਤੋਂ ਪਾਸੇ ਹਟ ਜਾਂਦਾ ਹੈ। ਇਨ੍ਹਾਂ ਬਲਾਂ ਦੀ ਪਰਸਪਰ ਕਿਰਿਆ ਨੂੰ ਭੌਤਿਕ ਵਿਗਿਆਨੀ 'ਖੱਬਾ ਹੱਥ ਨਿਯਮ' ਰਾਹੀਂ ਦਰਸਾਉਂਦੇ ਹਨ।

ਤਰਜਨੀ ਭਾਵ ਅੰਗੂਠੇ ਦੇ ਨਾਲ ਵਾਲੀ ਉਂਗਲ ਚੁੰਬਕੀ ਖੇਤਰ ਦੀ ਦਿਸ਼ਾ (ਉੱਤਰ ਤੋਂ ਦੱਖਣ ਵੱਲ), ਵਿਚਕਾਰਲੀ ਉਂਗਲ ਧਨਾਤਮਕ




**ਚਿੱਤਰ 3. ਖੱਬੇ ਹੱਥ ਦੇ ਅੰਗੂਠੇ, ਅੰਗੂਠੇ ਦੇ ਨਾਲ ਵਾਲੀ ਉਂਗਲੀ ਤਰਜਨੀ ਅਤੇ ਵਿਚਕਾਰਲੀ ਉਂਗਲੀ ਨੂੰ ਇਸ ਤਰ੍ਹਾਂ ਫੈਲਾਉ ਕਿ ਇਕ ਦੂਜੇ ਨਾਲ ਸਮਕੋਣ ਬਣਾਉਂਦੀਆਂ ਹੋਣ। ਜੇਕਰ ਵਿਚਕਾਰਲੀ ਉਂਗਲ ਕਣਾਂ ਦੀ ਗਤੀ ਦੀ ਦਿਸ਼ਾ ਨੂੰ ਦਰਸਾਉਂਦੀ ਹੋਵੇ ਅਤੇ ਤਰਜਨੀ ਚੁੰਬਕੀ ਫਲੱਕਸ ਦੀ ਦਿਸ਼ਾ ਨੂੰ ਤਾਂ ਅੰਗੂਠਾ ਕਣਾਂ ਉੱਤੇ ਕਿਰਿਆ ਕਰ ਰਹੇ ਚੁੰਬਕੀ ਬਲ ਦੀ ਦਿਸ਼ਾ ਨੂੰ ਦਸੇਗਾ। ਇਹੋ ਬਲ ਕਰੰਟ ਵਾਲੀ ਤਾਰ ਤੇ ਕਿਰਿਆ ਕਰਦਾ ਹੈ ਇਹ ਬਿਜੱਲਈ ਮੋਟਰ ਦਾ ਨਿਯਮ ਹੈ।**

ਕਣਾਂ ਦੀ ਗਤੀ ਦੀ ਦਿਸ਼ਾ (ਉਹ ਦਿਸ਼ਾ ਜਿਸ ਵਿਚੋਂ ਰਿਣਾਤਮਕ ਕਣ ਗਤੀ ਕਰਦੇ ਹਨ) ਅਤੇ ਅੰਗੂਠਾ ਕਣਾਂ ਉੱਤੇ ਪੈਣ ਵਾਲੇ ਬਲ ਦੀ ਦਿਸ਼ਾ ਨੂੰ ਦਰਸਾਉਂਦਾ ਹੈ। ਕਣਾਂ ਦੀ ਅੰਤਿਮ ਦਿਸ਼ਾ ਦਾ ਪਤਾ ਲਗਾਉਣ ਲਈ ਇਸ ਬਲ ਦੁਆਰਾ ਪੈਦਾ ਹੋਈ ਵੇਗ ਅਤੇ ਕਣਾਂ ਦੀ ਚੁੰਬਕੀ ਖੇਤਰ ਵਿਚ ਦਾਖ਼ਲ ਹੋਣ ਸਮੇਂ ਦੀ ਆਰੰਭਿਕ ਵੇਗ ਦੇ ਵੈੱਕਟਰਾਂ ਦਾ ਜੋੜ ਕੀਤਾ ਜਾਂਦਾ ਹੈ। ਚਾਰਜ ਕੀਤੇ ਕਣਾਂ ਦਾ ਆਪਣੇ ਪੱਥ ਤੋਂ ਵਿਚਲਣ ਦੀ ਕਿਰਿਆ ਦਾ ਪ੍ਰਯੋਗ ਕਈ ਯੰਤਰਾਂ ਵਿਚ ਕੀਤਾ ਗਿਆ ਹੈ ਜਿਵੇਂ ਕਿ ਇਲੈੱਕਟ੍ਰਾੱਨ ਖ਼ੁਰਦਬੀਨਾਂ, ਟੈਲੀਵੀਜਨ ਟਿਊਬਾਂ ਆਦਿ ਵਿਚ।

ਕਿਸੇ ਖੇਤਰ ਨੂੰ ਚੁੰਬਕੀ ਖੇਤਰ ਦੇ ਪ੍ਰਵਾਹ ਤੋਂ ਬਚਾਉਣ ਲਈ ਉਸ ਦੇ ਆਲੇ-ਦੁਆਲੇ ਲੋਹਾ ਜਾਂ ਕੋਈ ਹੋਰ ਚੁੰਬਕੀ ਪਦਾਰਥ ਲਗਾ ਦਿਉ ਕਿਉਂਕਿ ਫਲੱਕਸ ਰੇਖਾਵਾਂ ਲੋਹੇ ਦੇ ਵਿਚੋਂ ਦੀ ਲੰਘਣਗੀਆਂ ਅਤੇ ਅੰਦਰਲਾ ਖੇਤਰ ਇਨ੍ਹਾਂ ਤੋਂ ਪ੍ਰਭਾਵਿਤ ਨਹੀਂ ਹੋਵੇਗਾ।

ਹ. ਪੁ. - ਐਨ. ਅਮੈ. 18 : 97

**ਚੁੰਬਕਤਾਮਾਪਕ (ਮੈਗਨੈਟੋਮੀਟਰ)**: ਚੁੰਬਕਤਾਮਾਪਕ ਉਹ ਯੰਤਰ ਹੈ ਜਿਸ ਨਾਲ ਚੁੰਬਕੀ ਖੇਤਰ ਦੀ ਤੀਬਰਤਾ ਅਤੇ ਦਿਸ਼ਾ ਮਿਣੀ ਜਾਂਦੀ ਹੈ। ਚੁੰਬਕੀ ਪਦਾਰਥ ਆਪਣੇ ਦੁਆਲੇ ਵੀ ਇਕ ਚੁੰਬਕੀ ਖੇਤਰ ਬਣਾ ਲੈਂਦੇ ਹਨ, ਜਿਸ ਕਰਕੇ ਇਸ ਦੀ ਵਰਤੋਂ ਅਸਿੱਧੇ ਤੌਰ ਤੇ ਅਜਿਹੇ ਪਦਾਰਥ ਦੀ ਚੁੰਬਕਤਾ ਦੀ ਤੀਬਰਤਾ ਅਤੇ ਦਿਸ਼ਾ ਦਾ ਪਤਾ ਲਾਉਣ ਲਈ ਵੀ ਕੀਤੀ ਜਾ ਸਕਦੀ ਹੈ।

ਚੁੰਬਕੀ ਖੇਤਰ 'H' (ਆਰਸਟੈੱਡ) ਦੀ ਮਿਣਤੀ ਦੋ ਢੰਗਾਂ ਨਾਲ ਕੀਤੀ ਜਾ ਸਕਦੀ ਹੈ। (1) ਜਦੋਂ ਚੁੰਬਕੀ ਮੋਮੈਂਟ 'M' (ਬਿਜਲ-ਚੁੰਬਕੀ **ਇਕਾਈਆਂ ਵਿਚ) ਵਾਲੇ ਇਕ ਚੁੰਬਕ ਨੂੰ 'H' ਤੀਬਰਤਾ ਵਾਲੇ ਇਕ** ਚੁੰਬਕੀ ਖੇਤਰ ਵਿਚ ਲਟਕਾਇਆ ਜਾਂਦਾ ਹੈ ਤਾਂ ਚੁੰਬਕ ਉੱਤੇ ਇਕ ਟਾੱਰਕ $MH \sin\theta$ (ਡਾਈਨ ਸੈਂ. ਮੀ.) ਲਗਦਾ ਹੈ, ਜਿੱਥੇ $\theta$ ; ਚੁੰਬਕੀ ਮੋਮੈਂਟ M ਅਤੇ ਖੇਤਰ H ਵਿਚਕਾਰ ਕੋਣ ਹੈ। ਇਕ ਅਸਮਾਨ ਖੇਤਰ ਵਿਚ ਜਿਸ ਦਾ ਪ੍ਰਵਣਤਾ (ਗ੍ਰੇਡੀਐਂਟ) $\frac{dh}{dx}$ (ਆਰਸਟੈੱਡ/ਸੈਂ. ਮੀ.) ਹੋਵੇ ਤਾਂ ਚੁੰਬਕ ਉੱਤੇ ਬਲ $F = M\frac{dh}{dx}$ ਲਗਦਾ ਹੈ। ਚੁੰਬਕਾਂ ਦੀ ਥਾਂ ਬਿਜਲਈ ਕਰੰਟ ਲਿਜਾ ਰਹੀਆਂ ਤਾਰਾਂ ਦੇ ਸਰਕਟ, ਜਿਹੜੇ ਪੂਰੀ ਤਰ੍ਹਾਂ ਤੁਲ ਹੋਣ, ਵੀ ਵਰਤੇ ਜਾ ਸਕਦੇ ਹਨ। ਅਜਿਹੀ ਕਰੰਟ ਲੂਪ ਦੀ ਚੁੰਬਕੀ ਮੋਮੈਂਟ $M = iA/10$ ਹੁੰਦੀ ਹੈ; ਇਥੇ 'i' ਐਂਪੀਅਰਾ ਵਿਚ ਕਰੰਟ ਅਤੇ 'A' ਲੂਪ ਦਾ ਖੇਤਰਫਲ ਹੈ, (2) ਤਾਰ ਦੀ ਗਤੀਸ਼ੀਲ ਕੁੰਡਲੀ ਵਿਚ H ਦੁਆਰਾ ਪ੍ਰੇਰਿਤ ਬਿਜਲਵਾਹਕ ਬਲ (e.m.f.) 'E' ਦੁਆਰਾ (ਫ਼ੈਰਾਡੇ ਦਾ ਨਿਯਮ) $E = -\frac{1}{10^8}\frac{d}{dt}(nAH)$, ਇਥੇ 'A' ਵਰਗ ਸੈਂ. ਮੀ. ਵਿਚ ਕੁੰਡਲੀ ਦਾ ਔਸਤਨ ਖੇਤਰਫਲ ਹੈ ਅਤੇ 'n' ਕੁੰਡਲੀ ਉੱਤੇ ਤਾਰ ਦੀਆਂ ਲਪੇਟਾਂ ਦੀ ਗਿਣਤੀ ਹੈ। ਦੂਸਰੇ ਕੁੰਡਲੀ ਖੜ੍ਹੀ ਰਹਿ ਸਕਦੀ ਹੈ ਅਤੇ ਖੇਤਰ H ਸਮੇਂ ਨਾਲ ਬਦਲ ਸਕਦਾ ਹੈ। ਵਿਅੰਜਕ nAH ਨੂੰ ਕੁੰਡਲੀ ਵਿਚੋਂ ਲੰਘ ਰਿਹਾ ਚੁੰਬਕੀ ਫਲੱਕਸ ਕਿਹਾ ਜਾਂਦਾ ਹੈ।

ਅਸਲ ਵਿਚ ਹਰ ਚੁੰਬਕਤਾਮਾਪਕ ਇਨ੍ਹਾਂ ਦੋਹਾਂ ਨਿਯਮਾਂ ਵਿਚੋਂ ਇਕ ਉੱਤੇ ਨਿਰਭਰ ਕਰਦਾ ਹੈ।

**ਪ੍ਰਬਲ ਖੇਤਰ ਚੁੰਬਕਤਾਮਾਪਕ**—ਇਨ੍ਹਾਂ ਚੁੰਬਕਤਾਮਾਪਕਾਂ ਦੀ ਵਰਤੋਂ ਇਕ ਆਰਸਟੈੱਡ ਅਤੇ ਇਸ ਤੋਂ ਉਪਰ ਵਾਲੇ ਖੇਤਰਾਂ ਦੀ ਮਿਣਤੀ ਲਈ ਕੀਤੀ ਜਾਂਦੀ ਹੈ।

ਫ਼ਲੱਕਸਮਾਪਕ ਇਕ ਅਜਿਹੀ ਕੁੰਡਲੀ ਦਾ ਬਣਿਆ ਹੁੰਦਾ ਹੈ ਜਿਸ ਦੀਆਂ ਲਪੇਟਾਂ ਦਾ ਖੇਤਰਫਲ nA ਹੁੰਦਾ ਹੈ ਅਤੇ ਇਕ ਬੈਲਿਸਟਿਕ (ਖੇਪ) ਗੈਲਵੈਨੋਮੀਟਰ ਨਾਲ ਜੁੜੀ ਹੁੰਦੀ ਹੈ। ਕੁੰਡਲੀ ਨੂੰ ਮਾਪਣ ਵਾਲੇ ਖੇਤਰ ਦੇ ਨਾਲ ਇਸ ਤਰ੍ਹਾਂ ਰਖਿਆ ਜਾਂਦਾ ਹੈ ਕਿ ਇਸ ਦਾ ਧੁਰਾ ਖੇਤਰ ਦੇ ਨਾਲ ਨਾਲ ਹੋਵੇ ਅਤੇ ਇਸ ਨੂੰ ਤੇਜ਼ੀ ਨਾਲ ਦੂਰ ਕਰ ਲਿਆ ਜਾ ਸਕੇ। ਕੁੰਡਲੀ ਵਿਚੋਂ ਚੁੰਬਕੀ ਫਲੱਕਸ ਵਿਚ ਇਕਦਮ ਤਬਦੀਲੀ ਕਾਰਨ ਪ੍ਰੇਰਿਤ ਬਿਜਲਵਾਹਕ ਬਲ ਗੈਲਵੈਨੋਮੀਟਰ ਵਿਚੋਂ ਕਰੰਟ ਭੇਜਦਾ ਹੈ। ਗੈਲਵੈਨੋਮੀਟਰ ਵਿਚ ਅਧਿਕਤਮ ਵਿਖੇਪਣ (ਡਿਫਲੈੱਕਸ਼ਨ) 'H' ਦੇ ਸਮ-ਅਨੁਪਾਤੀ ਹੈ। ਬੈਲਿਸਟਿਕ ਗੈਲਵੈਨੋਮੀਟਰ ਦੀ ਥਾਂ ਟਾੱਰਸ਼ਨ (ਐਂਠਣ) ਮੁਕਤ ਗੈਲਵੈਨੋਮੀਟਰ ਵੀ ਵਰਤਿਆ ਜਾ ਸਕਦਾ ਹੈ ਜਿਹੜਾ ਕਿ ਕੁੰਡਲੀ ਹਟਾਉਣ ਤੇ ਪੱਕੇ ਤੌਰ ਤੇ ਵਿਖੇਪਿਤ ਰਹਿੰਦਾ ਹੈ।

**ਦੁਰਬਲ ਖੇਤਰ ਚੁੰਬਕਤਾਮਾਪਕ**—ਇਨ੍ਹਾਂ ਦੁਆਰਾ $10^{-10}$ ਆਰਸਟੈੱਡ ਦੇ ਖੇਤਰ ਤੋਂ ਲੈ ਕੇ 0.5 ਆਰਸਟੈੱਡ ਤੀਕ ਚੁੰਬਕੀ ਖੇਤਰ ਦੀ ਮਿਣਤੀ ਕੀਤੀ ਜਾ ਸਕਦੀ ਹੈ।

ਗੱਸ ਦੇ ਵਿਖੇਪਣ ਅਤੇ ਡੋਲਨ (ਆੱਸੀਲੇਸ਼ਨ) ਢੰਗ ਨਾਲ ਚੁੰਬਕੀ ਮੋਮੈਂਟ ਅਤੇ ਜੜਤਾ ਮੋਮੈਂਟ I ਵਾਲੇ ਛੜ-ਚੁੰਬਕ ਦੀ ਵਰਤੋਂ ਕਰਕੇ H

ਦਾ ਪਤਾ ਲਾਇਆ ਜਾ ਸਕਦਾ ਹੈ। ਇਸ ਮੰਤਵ ਲਈ ਤਿੰਨ ਪ੍ਰਯੋਗ ਜ਼ਰੂਰੀ ਹਨ। ਇਕ ਨਾਲ I ਦੀ ਮਿਣਤੀ ਅਤੇ ਦੂਸਰੇ ਦੋ ਪ੍ਰਯੋਗ M ਨੂੰ ਵਿਲੁਪਤ ਕਰਨ ਅਤੇ H ਦਾ ਮੁੱਲ ਪਤਾ ਲਾਉਣ ਲਈ ਹਨ ; ਜਿਨ੍ਹਾਂ ਵਿਚ ਦੋਹਾਂ ਦਾ ਪਤਾ ਨਹੀਂ ਹੈ।

ਵਿਖੇਪਣ ਪ੍ਰਯੋਗ ਵਿਚ r ਫ਼ਾਸਲੇ ਉੱਤੇ ਚੁੰਬਕ M ਦੇ ਖੇਤਰ HM ਦਾ ਮੁਕਾਬਲਾ ਅਗਿਆਤ ਖੇਤਰ H ਨਾਲ ਕੀਤਾ ਗਿਆ ਹੈ। ਇਕ ਛੋਟਾ ਸਹਾਇਕ ਮੁਕਤ ਚੁੰਬਕ 'm' (ਕੰਪਾਸ ਵਰਗਾ) ਆਮ ਕਰਕੇ 'H'




ਚਿੱਤਰ 1. ਵਿਖੇਪਣ ਪ੍ਰਯੋਗ ਲਈ ਵਿਵਸਥਾ

ਦੇ ਨਾਲ ਨਾਲ ਲਟਕਦਾ ਹੈ। ਚਿੱਤਰ (1) ਵਾਂਗ ਜਦੋਂ M ਨੂੰ r ਫ਼ਾਸਲੇ ਉੱਤੇ ਰਖਿਆ ਜਾਂਦਾ ਹੈ ਤਾਂ M ਕਾਰਨ ਕੰਪਾਸ ਉੱਤੇ ਖੇਤਰ **HM** = =$\frac{2M}{3}$ ਹੁੰਦਾ ਹੈ ਜਿਹੜਾ ਕਿ H ਦੇ ਲੰਬ ਹੁੰਦਾ ਹੈ ਇਸ ਤੋਂ ਮਗਰੋਂ ਕੰਪਾਸ $\theta$ ਕੋਣ ਤੇ ਘੁੰਮ ਜਾਂਦਾ ਹੈ ਅਤੇ H ਤੇ HM ਦੇ ਪਰਿਣਾਮੀ (ਰੀਜ਼ਲਟੈਂਟ) ਦੀ ਸੇਧ ਵਿਚ ਆ ਜਾਂਦਾ ਹੈ ਜਿੱਥੇ

$$\tan\theta = \frac{HM}{H} = \frac{2M}{Hr^3}$$

ਜਾਂ $$\frac{H}{M} = \frac{2CO+\theta}{r^3} \quad ...........(1)$$

ਡੋਲਨ ਪ੍ਰਯੋਗ ਵਿਚ M ਨੂੰ ਸੁਤੰਤਰ ਲਟਕਾਇਆ ਜਾਂਦਾ ਹੈ ਅਤੇ H ਦੇ ਨਾਲ ਨਾਲ ਇਸ ਦੀ ਸੰਤੁਲਨ ਅਵਸਥਾ ਦੁਆਲੇ ਡੋਲਦਾ ਸੈੱਟ ਕਰ ਦਿੱਤਾ ਜਾਂਦਾ ਹੈ। ਇਸ ਦਾ ਕਾਲ 'T' ਕ੍ਰੋਨੋਮੀਟਰ ਨਾਲ ਮਿਣਿਆ ਜਾਂਦਾ ਹੈ ਅਤੇ

$$T = 2\pi\sqrt{\frac{I}{MH}}, R\% \ MH = \frac{4\pi^2\pi}{T^2} \quad ...........(2)$$

ਸਮੀਕਰਨ (1) ਅਤੇ (2) ਵਿਚੋਂ M ਨੂੰ ਵਿਲੁਪਤ ਕਰਕੇ

$$H = \sqrt{\frac{8\pi^2 I}{T^2 r^2 \tan\theta}}$$

ਕਿਊ-ਚੁੰਬਕਤਾਮਾਪਕ ਇਸ ਯੰਤਰ ਦਾ ਸੋਧਿਆ ਹੋਇਆ ਮਾਡਲ ਹੈ। ਇਸ ਵਿਚ ਡੀਜ਼ਾਈਨ ਦੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਯੰਤਰ ਦੀਆਂ ਭਿੰਨ ਭਿੰਨ ਤਰਤੀਬਾਂ ਲਈ ਰੀਡਿੰਗ ਲਈ ਜਾਂਦੀ ਹੈ। ਕਾਲ T ਨੂੰ ਸੁਤੰਤਰ ਲਟਕਦੇ ਧਾਗੇ ਦੇ ਐਂਠਣ ਲਈ ਸੋਧਿਆ ਜਾਂਦਾ ਹੈ। ਪ੍ਰਯੋਗ ਸਮੇਂ M ਉੱਤੇ ਵੀ ਪ੍ਰਭਾਵ ਪੈਂਦਾ ਹੈ। H ਦੇ ਸਮਾਂਤਰ ਅਤੇ ਲੰਬ ਹਾਲਤਾਂ ਵਿਚ ਭਿੰਨ ਭਿੰਨ ਪ੍ਰੇਰਿਤ ਮੋਮੈਂਟਾਂ ਕਾਰਨ M ਭਿੰਨ ਹੁੰਦਾ ਹੈ। ਸਿੱਟੇ ਵਜੋਂ ਸ਼ੁੱਧਤਾ 50,000 ਵਿਚ 1 ਭਾਗ ਜਾਂ ਫਿਰ ਧਰਤੀ ਤੇ ਖੇਤਰ ਲਈ $10^{-5}$ ਆਰਸਟੈੱਡ ਹੁੰਦੀ ਹੈ।

ਟੇਜੈਂਟ ਗੈਲਵੈਨੋਮੀਟਰ ਦੁਆਰਾ ਅਗਿਆਤ ਖੇਤਰ H ਦਾ ਮੁਕਾਬਲਾ ਗਿਆਤ ਖੇਤਰ Hc ਨਾਲ ਕੀਤਾ ਜਾਂਦਾ ਹੈ। ਜਿਹੜਾ ਕਿ n ਲਪੇਟਾਂ ਵਾਲੀ ਗੋਲਾਕਾਰ ਕੁੰਡਲੀ, ਜਿਸ ਦਾ ਅਰਧ ਵਿਆਸ r ਅਤੇ ਕਰੰਟ ਐਂਪੀਅਰ ਕਾਰਨ ਉਤਪੰਨ ਹੁੰਦਾ ਹੈ। ਜਦੋਂ ਕੋਈ ਕਰੰਟ ਨਹੀਂ




ਚਿੱਤਰ 2. ਟੇਜੈਂਟ ਗੈਲਵੈਨੋਮੀਟਰ ਲਈ ਵਿਵਸਥਾ

ਲੰਘਦਾ ਤਾਂ ਕੁੰਡਲੀ ਦੇ ਕੇਂਦਰ ਉੱਤੇ ਇਕ ਚੁੰਬਕੀ ਸੂਈ 'm' ; H ਦੇ ਨਾਲ ਨਾਲ ਸੰਕੇਤ ਕਰਦੀ ਹੈ। ਕੁੰਡਲੀ ਨੂੰ ਇਸ ਤਰ੍ਹਾਂ ਘੁਮਾਇਆ ਜਾਂਦਾ ਹੈ ਕਿ ਖਿਤਿਜੀ ਤਲ ਵਿਚ ਇਸ ਦਾ ਧੁਰਾ ਸੂਈ ਦੇ ਲੰਬ ਹੋ ਜਾਵੇ। ਕੁੰਡਲੀ ਵਿਚ ਕਰੰਟ i ਇਸ ਦੇ ਕੇਂਦਰ ਉੱਤੇ ਇਕ ਖੇਤਰ Hc ਉਤਪੰਨ ਕਰਦਾ ਹੈ ਜਿਹੜਾ H ਦੇ ਲੰਬ ਹੁੰਦਾ ਹੈ,

$$Hc = \frac{2\pi ni}{10r}$$ ਆਰਸਟੈੱਡ

ਸੂਈ H ਦੀ ਦਿਸ਼ਾ ਤੋਂ ਕੋਣ $\theta$ ਦੇ ਇਕ ਨਵੇਂ ਸੰਤੁਲਨ ਵਿਚ ਹੋ ਜਾਂਦੀ ਹੈ ਤਾਂ ਕਿ

$$\frac{Hc}{H} = \tan\theta \ R\% \ H = \frac{2\pi ni}{10r\tan\theta}$$

ਇਕ ਵੇਰ ਇਕਸਮਾਨ ਖੇਤਰ Hc ਉਤਪੰਨ ਕਰਨ ਲਈ ਗੋਲਾਕਾਰ ਕੁੰਡਲੀਆਂ ਦੀ ਥਾਂ ਹੈੱਲਮਹੋਲਟਸ ਕੁੰਡਲੀਆਂ ਦੇ ਜੋੜੇ ਦੀ ਵਰਤੋਂ ਕੀਤੀ ਜਾ ਸਕਦੀ ਹੈ।




ਚਿੱਤਰ 3. ਸ਼ੁਸਟਰ-ਸਮਿੱਥ ਚੁੰਬਕਤਾਮਾਪਕ ਲਈ ਵਿਵਸਥਾ

ਸ਼ੁਸਟਰ ਸਮਿੱਥ ਚੁੰਬਕਤਾਮਾਪਕ ਦਾ ਸਿੱਧਾਂਤ ਟੇਜੈਂਟ ਗੈਲਵੈਨੋਮੀਟਰ ਨਾਲ ਮਿਲਦਾ ਜੁਲਦਾ ਹੈ ਪਰੰਤੂ ਇਕ ਵੱਖਰੇ ਤਕਨੀਕ ਨਾਲ ਮਿਣਤੀ ਸਹੀ ਅਤੇ ਆਸਾਨ ਹੋ ਜਾਂਦੀ ਹੈ। ਇਕ ਸੰਗਮਰਮਰ ਦੇ

ਤੇ ਉੱਤੇ ਲਪੇਟੀਆਂ ਕੁੰਡਲੀਆਂ ਦੇ ਜੋੜੇ ਦੇ ਕੇਂਦਰ ਉੱਤੇ ਅਗਿਆਤ ਲ ਸੰਕੇਤਿਤ ਇਕ ਚੁੰਬਕੀ ਸੂਈ m ਲੱਗੀ ਹੁੰਦੀ ਹੈ। ਇਨ੍ਹਾਂ ਕੁੰਡਲੀਆਂ ਧੁਰਾ ਖਿਤਿਜੀ ਹੈ ਅਤੇ ਇਹ ਖਿਤਿਜੀ ਤਲ ਵਿਚ ਘੁੰਮ ਸਕਦੀਆਂ । ਸੂਈ ਉੱਤੇ ਇਨ੍ਹਾਂ ਦਾ ਖੇਤਰ

$$Hc = \frac{4\pi ni}{\left\{\left(\frac{5}{4}\right)^{3/2}_{r}\right\}}$$

ਆਰਸਟੈੱਡ ਹੈ, ਜਿਥੇ n ਹਰ ਕੁੰਡਲੀ ਉੱਤੇ ਲਪੇਟਾਂ ਦੀ ਗਿਣਤੀ r ਇਨ੍ਹਾਂ ਦਾ ਅਰਧ-ਵਿਆਸ ਹੈ। ਕੁੰਡਲੀ ਦੀ ਅਨੁਸਥਿਤੀ ਅਤੇ ਦੇ ਮੈਗਨੀਚਿਊਡ ਨੂੰ ਉਦੋਂ ਤੱਕ ਐਡਜਸਟ ਕੀਤਾ ਜਾਂਦਾ ਹੈ ਜਦੋਂ ਸੂਈ H ਦੇ ਲਗਭਗ ਅਸਮਾਂਤਰ ਨਹੀਂ ਹੋ ਜਾਂਦੀ। ਫਿਰ ਕੁੰਡਲੀ ਇਕ ਛੋਟੇ ਕੋਣ $\theta$ ਤੇ ਘੁਮਾਇਆ ਜਾਂਦਾ ਹੈ ਤਾਂ ਕਿ ਸੂਈ ਖੇਤਰ ਦੇ ਨਾਲ ਪਰਿਣਾਮੀ H ਦੇ ਲੰਬ ਹੋ ਜਾਵੇ (ਚਿੱਤਰ 3)।

ਇਸ ਤਰ੍ਹਾਂ $Hc \cos\theta$ ਜੋ ਕਿ ਕਨ ਦਾ ਪ੍ਰਖੇਪਣ (ਪ੍ਰੋਜੈੱਕਸ਼ਨ ਹੈ, ਦੇ ਬਰਾਬਰ ਹੋਵੇਗਾ।

ਹ. ਪੁ. -ਚੈਂਬ. ਐਨ. 8 : 832

**ਚੁੰਬਕੀ ਅਨੁਨਾਦ** : ਕਿਸੇ ਚੁੰਬਕੀ ਖੇਤਰ ਦੀ ਹੋਂਦ ਵਿਚ ਮਾਦਾ ਤਰੰਗ-ਲੰਬਾਈ ਵਾਲੀਆਂ ਬਿਜਲ-ਚੁੰਬਕੀ ਵਿਕੀਰਨਾਂ ਦੇ ਣ ਤੋਂ ਆਇਨਾਂ ਅਤੇ ਅਣੂਆਂ ਦੀ ਬਣਤਰ, ਰਸਾਇਣਿਕ ਕਿਰਿਆਵਾਂ ਤੇ ਠੋਸਾਂ ਵਿਚ ਅਣੂਆਂ ਦੀ ਗਤੀ ਬਾਰੇ ਪਤਾ ਲੱਗਦਾ ਹੈ।

**ਚੁੰਬਕੀ ਅਨੁਨਾਦ ਕਿਰਿਆ**—ਜਦੋਂ ਇਕ ਸਪਿਨ ਜਾਂ ਔਰ-ਟਲ ਕੋਣੀ ਸੰਵੇਗ ਕਿਸੇ ਪਰਮਾਣੂ, ਆਇਨ ਜਾਂ ਨਿਊਕਲੀਅਸ ਉੱਤੇ ਦਾ ਹੈ ਤਾਂ ਉਹ ਇਕ ਚੁੰਬਕੀ ਦੋ ਧਰੁਵ ਬਣ ਜਾਂਦਾ ਹੈ। ਅਜਿਹਾ ਧਰੁਵ ਖੇਤਰ ਦੀ ਦਿਸ਼ਾ ਵੱਲ ਜਾਂ ਉਲਟ ਦਿਸ਼ਾ ਵਿਚ ਹੋ ਸਕਦਾ ਹੈ ਤੇ ਇਨ੍ਹਾਂ ਦੋਹਾਂ ਅਨੁਸਥਿਤੀਆਂ ਦੀਆਂ ਊਰਜਾਵਾਂ ਭਿੰਨ ਭਿੰਨ ਹੁੰਦੀਆਂ । ਜੇਕਰ ਇਨ੍ਹਾਂ ਅਨੁਸਥਿਤੀਆਂ ਵਿਚਕਾਰ ਊਰਜਾ ਅੰਤਰ hv ਹੋਵੇ ਤੇ ਜਦੋਂ ਅਜਿਹੇ ਸਿਸਟਮ ਉੱਤੇ ਊਰਜਾ ਵਾਲੀ ਬਿਜਲ-ਚੁੰਬਕੀ ਕੀਰਨ ਪੈਂਦੀ ਹੈ ਤਾਂ ਉਹ ਸੋਖਿਤ ਹੋ ਜਾਂਦੀ ਹੈ। ਇਸ ਅਵਸਥਾ ਸਮੇਂ ਸਟਮ ਨੂੰ ਅਨੁਨਾਦ ਵਿਚ ਕਿਹਾ ਜਾਂਦਾ ਹੈ।

ਚੁੰਬਕੀ ਅਨੁਨਾਦ ਦੇ ਦੋ ਭਿੰਨ ਰੂਪ ਹਨ ਜਿਹੜੇ ਆਮ ਵਰਤੋਂ ਚ ਲਿਆਏ ਜਾਂਦੇ ਹਨ। ਇਕ ਇਲੈੱਕਟ੍ਰਾੱਨ ਚੁੰਬਕੀ ਅਨੁਨਾਦ ਅਤੇ ਜਰਾ ਨਿਊਕਲੀ ਚੁੰਬਕੀ ਅਨੁਨਾਦ।

### ਇਲੈੱਕਟ੍ਰਾੱਨ ਚੁੰਬਕੀ ਅਨੁਨਾਦ (E.M.R.)

ਇਸ ਨੂੰ ਇਲੈੱਕਟ੍ਰਾੱਨ ਸਪਿਨ ਅਨੁਨਾਦ ਅਤੇ ਅਨੁਚੁੰਬਕੀ ਨੁਨਾਦ ਵੀ ਕਿਹਾ ਜਾਂਦਾ ਹੈ। ਇਹ ਲਗਭਗ 3,300 ਗੌਸ ਦੇ ਚੁੰਬਕੀ ਤਰ ਨਾਲ ਸੂਖਮ ਤਰੰਗ ਖੇਤਰ ਵਿਚ ਉਤਪੰਨ ਹੁੰਦਾ ਹੈ। ਇਕ ਚੁੰਬਕੀ ਤਰ H ਵਿਚ ਇਕ ਇਲੈੱਕਟ੍ਰਾੱਨ ਦੇ ਕੋਣੀ ਸੰਵੇਗ 'g' ਵਿਚ gbh ਰਜਾ ਨਖੇੜ ਆ ਜਾਂਦਾ ਹੈ, ਜਿਥੇ $\beta$ ਬੋਰ ਮੈਗਨੇਟਾੱਨ ਹੈ। ਇਲੈੱਕਟ੍ਰਾੱਨ ਬਕੀ ਅਨੁਨਾਦ ਅਯੁਗਮਿਤ ਇਲੈੱਕਟ੍ਰਾਨਾਂ ਵਾਲੇ ਪਰਮਾਣੂਆਂ, ਇਨਾਂ, ਅਣੂਆਂ ਜਾਂ ਰੈਡੀਕਲਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਕਤ ਰੈਡੀਕਲਾਂ ਵਿਚ ਅਨੁਨਾਦ ਦੀ ਚੌੜਾਈ ਇਕ ਗੌਸ ਹੁੰਦੀ ਹੈ ਤੋਂ ਕਿ ਅੰਤਰਕਾਲੀ, ਲੈਥੇਨਾਈਡ ਅਤੇ ਐੱਕਟਿਨਾਈਡ ਤੱਤਾਂ ਦੇ ਇਨਾਂ ਵਿਚ ਦਸਾਂ ਤੋਂ ਸੈਂਕੜੇ ਗੌਸ ਤੱਕ ਵੀ ਹੋ ਸਕਦੀ ਹੈ।

**ਆਰਗੈਨਿਕ (ਕਾਰਬਨੀ) ਮੁਕਤ ਰੈਡੀਕਲ**—ਆਰਗੈਨਿਕ ਕਤ ਰੈਡੀਕਲਾਂ ਵਿਚ ਅਯੁਗਮਿਤ ਇਲੈੱਕਟ੍ਰਾਨ ਵਿਚ ਕੇਵਲ ਸਪਿਨ ਣੀ ਸੰਵੇਗ ਹੁੰਦਾ ਹੈ, ਤਾਂ ਕਿ ਅਨੁਨਾਦ ਲਗਭਗ g = 2.00 ਦੇ ਨੇੜੇ ਹੈ। ਅਯੁਗਮਿਤ ਇਲੈੱਕਟ੍ਰਾਨ ਦਾ ਸਪਿਨ ਰੈਡੀਕਲ ਵਿਚਲੇ ਹਾਈਡ੍ਰੋਜਨ ਰਮਾਣੂਆਂ ਦੇ ਨਿਊਕਲੀ ਸਪਿਨ ਨਾਲ ਪਰਸਪਰ ਕਿਰਿਆ ਕਰਦਾ ਹੈ ਜੋ ਅਨੁਨਾਦ ਕੁਝ ਗੌਸ ਦੂਰੀ ਵਾਲੀਆਂ ਕਈ ਰੇਖਾਵਾਂ ਵਿਚ ਟੁੱਟ ਸਕੇ। ਇਸ ਨੂੰ 'ਅਤਿ ਸੂਖਮ' ਪਰਸਪਰ ਕਿਰਿਆ ਕਿਹਾ ਜਾਂਦਾ ਹੈ। ਅਨੁਨਾਦ ਦੀ ਅਤਿ ਸੂਖਮ ਬਣਤਰ ਦੀ ਵਰਤੋਂ ਇਸ ਗੱਲ ਦਾ ਪਤਾ ਲਾਉਣ ਲਈ ਕੀਤੀ ਜਾ ਸਕਦੀ ਹੈ ਕਿ ਰੈਡੀਕਲ ਦੇ ਪਰਮਾਣੂਆਂ ਵਿਚ ਕਾਰ ਅਯੁਗਮਿਤ ਇਲੈੱਕਟ੍ਰਾੱਨ ਦੀ ਵੰਡ ਕਿਸ ਤਰ੍ਹਾਂ ਹੋਈ ਹੋਈ ਹੈ। ਜੇਕਰ ਇਸ ਵੰਡ ਬਾਰੇ ਪਤਾ ਨਾ ਲੱਗ ਸਕੇ ਤਾਂ ਨਿਰਸੰਦੇਹ ਕਿਸੇ ਰੈਡੀਕਲ ਦੀ ਸਪੈਕਟ੍ਰਮ ਇਸ ਦੀ ਮੁੜ ਪਹਿਚਾਣ ਲਈ ਇਕ ਫਿੰਗਰਪ੍ਰਿੰਟ ਦਾ ਕੰਮ ਦਿੰਦੀ ਹੈ। ਰਸਾਇਣਿਕ ਕਿਰਿਆਵਾਂ ਦੌਰਾਨ ਜਾਂ ਆਇਨਕਾਰੀ ਵਿਕੀਰਨ ਦੁਆਰਾ ਠੋਸ ਪਦਾਰਥਾਂ ਦੇ ਕਿਰਨ-ਪ੍ਰਵਾਹਨ ਦੁਆਰਾ ਉਤਪੰਨ ਹੋਏ ਮੁਕਤ ਰੈਡੀਕਲ ਦੀ ਪਛਾਣ $10^{-9}$ ਮੋਲਰ ਸੰਘਣਤਾ ਵਿਚ ਅਤੇ $10^{-6}$ ਸੈਕਿੰਡ ਜਿੰਨੇ ਛੋਟੇ ਜੀਵਨ ਕਾਲ ਤੱਕ ਹੋ ਸਕਦੀ ਹੈ।

**ਅੰਤਰਕਾਲੀ ਲੈਥੇਨਾਈਡ ਅਤੇ ਐਕਟਿਨਾਈਡ**—ਇਨ੍ਹਾਂ ਆਇਨਾਂ ਵਿਚ ਅਕਸਰ ਉਨ੍ਹਾਂ ਦੀ ਆਪਣੀ ਇਲੈੱਕਟ੍ਰਾਨੀ ਬਣਤਰ ਦਾ ਇਕ ਭਾਗ ਅਯੁਗਮਿਤ ਇਲੈੱਕਟ੍ਰਾੱਨ ਹੈ ਅਤੇ ਆੱਰਬਿਟਲ ਕੋਣੀ ਸੰਵੇਗ 'g' ਦੇ ਮੁੱਲ ਵਿਚ ਹਿੱਸਾ ਪਾ ਸਕਦਾ ਹੈ। ਲੈਥੇਲਾਈਡ ਆਇਨ. ਵਿਚ 5 f ਇਲੈੱਕਟ੍ਰਾੱਨ ਆਇਨ ਦੀ ਰਸਾਇਣਿਕ ਪਰਿਸਥਿਤੀ ਤੋਂ ਛੁਪੇ ਹੁੰਦੇ ਹਨ ਪਰੰਤੂ ਅੰਤਰਕਾਲੀ ਅਤੇ ਐੱਕਟਿਨਾਈਡ ਆਇਨਾਂ ਵਿਚ 3d, 4d, 5d ਅਤੇ 6f ਇਲੈੱਕਟ੍ਰਾੱਨ ਇਸ ਵਾਤਾਵਰਣ ਪ੍ਰਤਿ ਸੁਗ੍ਰਾਹੀ ਹੁੰਦੇ ਹਨ ਤਾਂ ਕਿ ਇਲੈੱਕਟ੍ਰਾਨ ਚੁੰਬਕੀ ਅਨੁਨਾਦ ਵਾਲੇ 'g' ਦੇ ਮੁੱਲਾਂ ਦੀ ਵਰਤੋਂ ਆਇਨ ਨਾਲ ਰਸਾਇਣਿਕ ਬੰਧਨ ਦੀ ਕਿਸਮ ਅਤੇ ਸਮਮਿਤਾ ਬਾਰੇ ਜਾਣਕਾਰੀ ਮਿਲ ਸਕੇ।

**ਨਿਊਕਲੀ ਚੁੰਬਕੀ ਅਨੁਨਾਦ**—ਇਸ ਵਿਚ ਨਿਊਕਲੀਅਸਾਂ ਦੇ ਸਪਿਨ ਦੀ ਵਰਤੋਂ ਕੀਤੀ ਜਾਂਦੀ ਹੈ। ਇਹ 5,000 ਤੋਂ 15,000 ਗੌਸ ਦੇ ਚੁੰਬਕੀ ਖੇਤਰਾਂ ਨਾਲ ਰੇਡੀਓ ਆਵ੍ਰਿਤੀ ਖੇਤਰ ਵਿਚ ਉਤਪੰਨ ਹੁੰਦਾ ਹੈ। ਸਭ ਨਿਊਕਲੀਅਸਾਂ ਨਾਲੋਂ ਵਧੇਰੇ ਚੰਗੇ ਸਿੱਟੇ ਪ੍ਰੋਟਾੱਨਾਂ (ਹਾਈਡ੍ਰੋਜਨ ਨਿਊਕਲੀਅਸ) ਤੋਂ ਮਿਲਦੇ ਹਨ। ਇਸੇ ਕਰਕੇ ਕਈ ਵਾਰੀ ਇਸ ਦਾ ਨਾਂ ਪ੍ਰੋਟਾੱਨ ਚੁੰਬਕੀ ਅਨੁਨਾਦ ਲਿਆ ਜਾਂਦਾ ਹੈ। ਨਿਊਕਲੀ ਚੁੰਬਕੀ ਅਨੁਨਾਦ ਦੋ ਰੂਪਾਂ ਵਿਚ ਵਿਕਸਿਤ ਹੋਇਆ ਹੈ। ਪਹਿਲਾਂ ਵਿਸਤ੍ਰਿਤ-ਰੇਖਾ ਅਤੇ ਦੂਸਰਾ 'ਉਚ ਵਿਭੇਦਨ'।

**ਵਿਸਤ੍ਰਿਤ-ਰੇਖਾ ਨਿਊਕਲੀ ਚੁੰਬਕੀ ਅਨੁਨਾਦ**—ਇਸ ਦਾ ਸਿੱਧਾ ਸਬੰਧ ਸਪਿਨ ਵਾਲੇ ਨਿਊਕਲੀਅਸਾਂ ਵਿਚਕਾਰ ਦੋ ਯੁਗਮਨ ਨਾਲ ਹੈ। ਇਹ ਯੁਗਮਨ ਠੋਸ ਹਾਲਤ ਵਿਚ ਹੁੰਦਾ ਹੈ। ਸਪਿਨ ਵਾਲਾ ਕੋਈ ਵੀ ਨਿਊਕਲੀਅਸ ਆਪਣੇ ਗੁਆਂਢੀ ਯੁਗਮਨ ਨਿਊਕਲੀਅਸਾਂ ਉੱਤੇ ਕੁਝ-ਕੁ ਗੌਸ ਦਾ ਚੁੰਬਕੀ ਖੇਤਰ ਉਤਪੰਨ ਕਰਦਾ ਹੈ, ਜਿਹੜਾ ਦੂਰੀ ਦੇ ਘਣ ਦੇ ਉਲਟਾ ਅਨੁਪਾਤੀ ਹੁੰਦਾ ਹੈ। ਸਿੱਟੇ ਵਜੋਂ ਠੋਸਾਂ ਤੋਂ ਉਤਪੰਨ ਐਨ. ਐਮ. ਆਰ ਰੇਖਾਵਾਂ ਦੀ ਚੌੜਾਈ ਕੁਝ-ਕੁ ਗੌਸ ਹੁੰਦੀ ਹੈ। ਕ੍ਰਿਸਟਲ ਅਨੁਸਥਿਤੀ ਦੇ ਫੰਕਸ਼ਨ ਦੇ ਤੌਰ ਤੇ ਅਜਿਹੀਆਂ ਰੇਖਾਵਾਂ ਦੇ ਰੂਪ ਅਤੇ ਚੌੜਾਈ ਦਾ ਅਧਿਐਨ ਕ੍ਰਿਸਟਲ ਵਿਚ ਪ੍ਰੋਟਾੱਨਾਂ ਦੀ ਸਥਿਤੀ ਦਾ ਪਤਾ ਲਾਉਣ ਅਤੇ ਐਕਸ- ਕਿਰਨ ਕ੍ਰਿਸਟਲ ਡੈਟੇ ਵਿਚ ਵਾਧਾ ਕਰਨ ਲਈ ਲਾਹੇਵੰਦ ਹੋ ਸਕਦਾ ਹੈ। ਤਾਪਮਾਨ ਵਧਣ ਨਾਲ ਅਨੁਨਾਦ ਦਾ ਸੁੰਗੜਨਾ, ਘੁੰਮਣਾ ਅਤੇ ਠੋਸਾਂ ਵਿਚ ਅਣੂਆਂ ਦੇ ਸਵੈ-ਪਸਾਰ ਦਾ ਪ੍ਰਭਾਵ ਹੈ।

**ਉਚ ਵਿਭੇਦਨ ਨਿਊਕਲੀ ਚੁੰਬਕੀ ਅਨੁਨਾਦ**—ਇਹ ਤਰਲ ਹਾਲਤ ਤੱਕ ਸੀਮਿਤ ਹੈ ਅਤੇ ਇਸ ਦਾ ਸਬੰਧ ਦੋ ਧਰੁਵੀ ਯੁੱਗਮਨਾਂ ਦੀ ਅਣਹੋਂਦ ਵਿਚ ਅਨੁਨਾਦਾਂ ਨਾਲ ਹੈ। ਤਰਲ ਹਾਲਤ ਵਿਚ ਤੇਜ਼ ਅਣਵੀ ਪੁਨਰ ਅਨੁਸਥਿਤੀਆਂ ਨਿਊਕਲੀਅਸਾਂ ਵਿਚਕਾਰ ਦੋ ਧਰੁਵੀ ਯੁਗਮਨਾਂ ਨੂੰ ਬੇਤਰਤੀਬ ਕਰ ਦਿੰਦੀਆਂ ਹਨ ਤਾਂ ਜੋ ਅਨੁਨਾਦ $10^{-4}$ ਗੌਸ ਤੱਕ ਸੁੰਘੜ ਸਕਨ। ਸਰੱਖਿਅਣ ਦੀ ਮਾਤਰਾ ਨਿਊਕਲੀਅਸ ਨਾਲ ਰਸਾਇਣਿਕ ਬੰਧਨ ਨਾਲ ਬਦਲਦੀ ਹੈ ਅਤੇ ਇਸ ਨੂੰ ਕਿਸੇ ਇੱਛਕ ਯੋਗਿਕ ਨਾਲ ਜੋੜ ਕੇ ਤੇ ਸਟੈਂਡਰਡ ਮੰਨ ਕੇ ਰਸਾਇਣਿਕ ਸ਼ਿਫ਼ਟ ਕਿਹਾ ਜਾਂਦਾ ਹੈ। ਉਸੇ ਅਣੂ ਵਿਚ ਨਿਊਕਲੀਅਸਾਂ ਦੇ ਸਪਿਨ, ਉਨ੍ਹਾਂ ਵਿਚਕਾਰ

ਰਸਾਇਣਿਕ ਬੰਧਨਾਂ ਵਿਚ ਸ਼ਾਮਲ ਇਲੈੱਕਟ੍ਰਾਨਾਂ ਵਿਚ ਪਰਸਪਰ ਕਿਰਿਆ ਕਰਦੇ ਹਨ। ਹਰ ਰਸਾਇਣਿਕ ਸ਼ਿਫਟ ਅਨੁਨਾਦ ਫਿਰ ਕਈ ਅੰਸ਼ਾਂ ਵਿਚ ਟੁੱਟ ਜਾਂਦਾ ਹੈ, ਇਸ ਪ੍ਰਭਾਵ ਨੂੰ ਅਸਿਧਾ ਸਪਿਨ-ਸਪਿਨ ਯੁਗਮਨ ਕਿਹਾ ਜਾਂਦਾ ਹੈ। ਫਲੋਰੀਨ, ਫ਼ਾਸਫੋਰਸ ਅਤੇ ਬੋਰਾੱਨ ਦੇ ਨਿਊਕਲੀਅਸ ਬਹੁਤ ਲਾਭਦਾਇਕ ਅਨੁਨਾਦ ਉਤਪੰਨ ਕਰਦੇ ਹਨ।

ਹ. ਪੁ.–ਚੈਂਬ. ਐਨ. 8 : 804

**ਚੁੰਬਕੀ ਇਕਾਈਆਂ** : ਚੁੰਬਕਤਾ ਦੀਆਂ ਇਕਾਈਆਂ ਸੰਕਲਪੀ ਅਤੇ ਪ੍ਰਯੋਗਿਕ ਸਮੱਸਿਆਵਾਂ ਦੀਆਂ ਸ੍ਰੋਤ ਹਨ। ਕੁਝ ਕੁ ਚੁੰਬਕੀ ਮਾਤ੍ਰਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਿਆਰੀ ਨਹੀਂ ਮੰਨਿਆ ਗਿਆ। ਮੀਟ੍ਰਿਕ ਇਕਾਈਆਂ ਦੀ ਹੀ ਹਮੇਸ਼ਾਂ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਪੁਰਾਣੇ ਸਿਸਟਮ ਵਿਚ ਸੈਂਟੀਮੀਟਰ ਸੈਂਟੀਗ੍ਰਾਮ-ਸੈਕਿੰਡ (ਸੀ. ਜੀ. ਐਸ.) ਅਤੇ ਨਵੇਂ ਸਿਸਟਮ ਵਿਚ ਮੀਟਰ-ਕਿਲੋਗ੍ਰਾਮ ਸੈਕਿੰਡ-ਐਮਪੀਅਰ (ਐਮ. ਕੇ. ਐਸ. ਏ) ਲਏ ਜਾਂਦੇ ਹਨ। ਦੂਜੇ ਸਿਸਟਮ ਨੂੰ ਅੰਤਰਰਾਸ਼ਟਰੀ ਤੌਰ ਤੇ ਐਸ. ਆਈ ਜਾਂ ਅੰਤਰਰਾਸ਼ਟਰੀ ਸਿਸਟਮ ਕਿਹਾ ਜਾਂਦਾ ਹੈ। ਸੀ. ਜੀ. ਐਸ. ਸਿਸਟਮ ਵਿਚ ਚੁੰਬਕੀ ਖੇਤਰ ਨੂੰ ਆਰਸਟੈੱਡਜ਼ ਵਿਚ ਮਾਪਿਆ ਜਾਂਦਾ ਸੀ ਅਤੇ ਐਸ. ਆਈ. ਐਮਪੀਅਰਜ਼ ਪ੍ਰਤਿ ਮੀਟਰ ਵਿਚ ਮਾਪਿਆ ਜਾਂਦਾ ਹੈ। ਇਕ ਆਰਸਟੈੱਡ ਲਗਭਗ 80 ਐਮਪੀਅਰਜ਼ ਪ੍ਰਤਿ ਮੀਟਰ ਦੇ ਬਰਾਬਰ ਹੁੰਦਾ ਹੈ। (ਠੀਕ $1000/4\pi$)

ਧਰਤੀ ਦਾ ਚੁੰਬਕੀ ਖੇਤਰ ਵੱਖੋ ਵੱਖਰੀਆਂ ਸਥਿਤੀਆਂ ਉੱਤੇ ਵੱਖੋ ਵੱਖਰੀ ਸਮਰੱਥਾ ਵਾਲਾ ਹੁੰਦਾ ਹੈ। ਪਰੰਤੂ ਵਧੇਰੇ ਸਥਿਤੀਆਂ ਤੇ ਇਹ ਇਕ ਆਰਸਟੈੱਡ ਦਾ ਦਸਵਾਂ ਭਾਗ ਜਾਂ ਕੁਝ ਐਮਪੀਅਰ ਪ੍ਰਤਿਮੀਟਰ ਹੁੰਦਾ ਹੈ। ਇਕ ਸਿੰਗ ਨੁਮਾ ਸ਼ਕਤੀਸ਼ਾਲੀ ਸਥਾਈ ਚੁੰਬਕ ਦਾ ਚੁੰਬਕੀ ਖੇਤਰ 5,000 ਆਰਸਟੈੱਡ ਜਾਂ 400,000 ਐਮਪੀਅਰਜ਼ ਪ੍ਰਤਿ ਮੀਟਰ ਤਕ ਹੋ ਸਕਦਾ ਹੈ ਅਤੇ ਇਕ ਵੱਡੀ ਪ੍ਰਯੋਗਸ਼ਾਲਾ ਦੌਰਾਨ ਇਕ ਬਿਜੱਲਈ ਚੁੰਬਕ ਦੇ ਖੇਤਰ ਦੀ ਸਮਰੱਥਾ 20,000 ਆਰਸਟੈੱਡ ਜਾਂ 1.5 ਮਿਲੀਅਨ ਐਮਪੀਅਰਜ਼ ਪ੍ਰਤਿ ਮੀਟਰ ਤੱਕ ਪ੍ਰਾਪਤ ਕੀਤੀ ਜਾ ਸਕਦੀ ਹੈ। ਵਿਸ਼ੇਸ਼ ਯੰਤਰਾਂ ਦੀ ਸਹਾਇਤਾ ਨਾਲ ਦਸ ਗੁਣਾਂ ਸਮਰੱਥਾ ਵਾਲਾ ਚੁੰਬਕੀ ਖੇਤਰ ਪ੍ਰਾਪਤ ਹੋ ਸਕਦਾ ਹੈ। ਅਜਿਹਾ ਕਰਨ ਲਈ ਵੱਡੀ ਧਾਰਾ ਦੇ ਪ੍ਰਵਾਹ ਵਾਲੀਆਂ ਪਾਣੀ ਦੁਆਰਾ ਠੰਢੀਆਂ ਕੀਤੀਆਂ ਜਾ ਰਹੀਆਂ ਕੱਇਲਾਂ ਦੇ ਸਮੂਹ ਜਾਂ ਪਰਮ ਸਿਫ਼ਰ ਦੇ ਨਜ਼ਦੀਕ ਅਤਿਚਾਲਕਤਾ ਵਾਲੀਆਂ ਕੱਇਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਕਿਉਂਕਿ ਪਰਮ ਸਿਫ਼ਰ ਉੱਤੇ ਕਈ ਪਦਾਰਥਾਂ ਦੀ ਬਿਜੱਲਈ ਪ੍ਰਤਿਰੋਧਕਤਾ ਸਿਫ਼ਰ ਹੋ ਜਾਂਦੀ ਹੈ। ਇਸ ਤੋਂ ਵਧੇਰੇ ਸਮਰੱਥਾ ਵਾਲਾ ਚੁੰਬਕੀ ਖੇਤਰ ਹਾਸਲ ਕਰਨ ਲਈ ਅਨੇਕਾਂ ਕੰਬਾਹਟ-ਖੇਤਰ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰੰਤੂ ਅਜਿਹਾ ਖੇਤਰ ਕੇਵਲ ਬਹੁਤ ਹੀ ਥੋੜ੍ਹੇ ਸਮੇਂ ਲਈ ਰਹਿੰਦਾ ਹੈ। ਬਹੁਤੇ ਉਚਤਮ ਚੁੰਬਕੀ ਖੇਤਰਾਂ ਲਈ ਵਿਸਫੋਟਕ ਪਦਾਰਥਾਂ ਨਾਲ ਖੇਤਰਾਂ ਨੂੰ ਨਪੀੜਿਆ ਜਾਂਦਾ ਹੈ ਅਤੇ ਮਿਲੀਅਨ ਆਰਸਟੈੱਡ ਸਮਰੱਥਾ ਵਾਲਾ ਚੁੰਬਕੀ ਖੇਤਰ ਪ੍ਰਾਪਤ ਹੋ ਜਾਂਦਾ ਹੈ।

ਕਿਸੇ ਪਦਾਰਥ ਦੀ ਚੁੰਬਕਤਾ ਉਸ ਦੇ ਪਰਮਾਣੂ ਚੁੰਬਕਾਂ ਦੀ ਸਮਰੱਥਾ ਨੂੰ ਇਕਾਈ ਘਣਫਲ ਦੌਰਾਨ ਇਨ੍ਹਾਂ ਚੁੰਬਕਾਂ ਦੀ ਗਿਣਤੀ ਸਮਰੱਥਾ ਬੋਰ ਐਗਨੇਟ੍ਰਾਨਾਂ ਵਿਚ ਮਾਪੀ ਜਾਂਦੀ ਹੈ। ਇਸ ਇਕਾਈ ਦਾ ਨਾਂ ਡੈਨਮਾਰਕ ਦੇ ਭੌਤਿਕ ਵਿਗਿਆਨੀ ਨੀਲਜ਼ ਬੋਰ ਦੇ ਨਾਂ ਪਿਛੇ ਰੱਖਿਆ ਹੋਇਆ ਹੈ। ਇੰਜੀਨੀਅਰਿੰਗ ਦੇ ਖੇਤਰ ਵਿਚ ਪਦਾਰਥ ਦੀ ਚੁੰਬਕਤਾ ਨੂੰ ਆਮ ਕਰਕੇ ਗੱਸ (ਸੀ. ਜੀ. ਐਸ) ਜਾਂ ਟੈੱਸਲਾ (ਐਸ. ਆਈ) ਵਿਚ ਲਿਆ ਜਾਂਦਾ ਹੈ, ਇਕ ਟੈੱਸਲਾ 10,000 ਗੱਸ ਦੇ ਬਰਾਬਰ ਹੁੰਦਾ ਹੈ। ਸਧਾਰਣ ਤਾਪਮਾਨ ਉੱਤੇ ਲੋਹੇ ਦੀ ਚੁੰਬਕਤਾ 21,000 ਗੱਸ, ਨਿੱਕਲ ਦੀ 6,400 ਗੱਸ ਅਤੇ ਕੋਬਾਲਟ ਦੀ 17,900 ਗੱਸ ਹੁੰਦੀ ਹੈ। ਇਹ ਸਾਰੀਆਂ ਚੁੰਬਕਤਾਵਾਂ ਤਾਪਮਾਨ ਦੇ ਘੱਟਣ ਨਾਲ ਥੋੜ੍ਹੀਆਂ ਥੋੜ੍ਹੀਆਂ ਵਧ ਜਾਂਦੀਆਂ ਹਨ।

ਹ. ਪੁ.-ਐਨ. ਅਮੈ. 10 : 102

**ਚੁੰਬਕੀ ਹਿਸਟੈਰੀਸਿਜ਼**: ਆਦਰਸ਼ ਹਾਲਤਾਂ ਵਿਚ ਜੇਕਰ ਕੋਰ ਦੇ ਦੁਆਲੇ ਵਾਲੀ ਤਾਰ ਦੀ ਕੱਇਲ ਵਿਚੋਂ ਲੰਘ ਰਹੇ ਕਰੰਟ ਨੂੰ ਵਧਾਇਆ ਜਾਵੇ ਤਾਂ ਕੋਰ ਦੀ ਚੁੰਬਕਤਾ ਵੀ ਰੇਖੀ ਤੌਰ ਤੇ ਵੱਧ ਜਾਵੇਗੀ। ਉਦਾਹਰਨ ਦੇ ਤੌਰ ਤੇ ਜੇਕਰ ਕਰੰਟ ਦੁੱਗਣਾ ਕਰ ਦਿੱਤਾ ਜਾਵੇ ਤਾਂ ਚੁੰਬਕਤਾ ਵੀ ਦੁੱਗਣੀ ਹੋ ਜਾਵੇਗੀ। ਇਸੇ ਤਰ੍ਹਾਂ ਜੇਕਰ ਕਰੰਟ ਘਟਾਇਆ ਜਾਵੇ ਤਾਂ ਚੁੰਬਕਤਾ ਵੀ ਰੇਖੀ ਤੌਰ ਤੇ ਘਟਣੀ ਚਾਹੀਦੀ ਹੈ ਪਰੰਤੂ ਅਜਿਹਾ ਨਹੀਂ ਹੁੰਦਾ ਸਗੋਂ ਅਮਲੀ ਤੌਰ ਤੇ ਅਰੇਖੀ ਅਪਰਵਰਤਨਸ਼ੀਲ ਪ੍ਰਾੱਸੈੱਸ ਹੁੰਦਾ ਹੈ ਜਿਸ ਨੂੰ ਹਿਸਟੈਰੀਸਿਜ਼ ਕਿਹਾ ਜਾਂਦਾ ਹੈ।

**ਹਿਸਟੈਰੀਸਿਜ਼ ਲੂਪ**—ਹਿਸਟੈਰੀਸਿਜ਼ ਨੂੰ ਇਕ ਸੈਂਪਲ ਲੈ ਕੇ ਦਰਸਾਇਆ ਜਾ ਸਕਦਾ ਹੈ। ਸੈਂਪਲ ਦੇ ਅਕਾਰ ਦਾ ਮਾਪੀ ਜਾਣ ਵਾਲੀ ਚੁੰਬਕਤਾ ਉੱਤੇ ਬਹੁਤ ਪ੍ਰਭਾਵ ਪੈਂਦਾ ਹੈ। ਜਿਉਂ ਹੀ ਸੈਂਪਲ ਦੀ ਚੁੰਬਕਤਾ ਵਧਣ ਲਗਦੀ ਹੈ ਤਾਂ ਇਸ ਦਾ ਆਪਣਾ ਚੁੰਬਕੀ ਖੇਤਰ ਚੁੰਬਕਤਾ ਨੂੰ ਘਟਾਉਣ ਲੱਗ ਜਾਂਦਾ ਹੈ। ਅਚੁੰਬਕਤੀ ਪ੍ਰਭਾਵ ਨੂੰ ਘੱਟ ਕਰਨ ਲਈ ਸੈਂਪਲ ਦਾ ਅਕਾਰ ਛੱਲੇ ਵਾਲਾ ਲਿਆ ਜਾਂਦਾ ਹੈ। ਹਿਸਟੈਰੀਸਿਜ਼ ਦਰਸਾਉਣ ਲਈ ਇਹ ਜ਼ਰੂਰੀ ਹੈ ਕਿ ਸੈਂਪਲ ਨੂੰ ਚੁੰਬਕਤਾ ਰਹਿਤ ਕੀਤਾ ਜਾਵੇ। ਚੁੰਬਕਤਾ ਖ਼ਤਮ ਕਰਨ ਲਈ ਸੈਂਪਲ ਨੂੰ ਕਿਊਰੀ ਤਾਪਮਾਨ ਤੱਕ ਗਰਮ ਕਰਕੇ ਠੰਢਾ ਹੋਣ ਦਿੱਤਾ ਜਾਵੇ ਜਾਂ ਇਸ ਉੱਤੇ ਪਰਤਵੇਂ ਘੱਟ ਧਨਾਮਤਕ ਤੇ ਰਿਣਾਤਮਕ ਖੇਤਰ ਦਾ ਪ੍ਰਭਾਵ ਪਾਇਆ ਜਾਵੇ।

ਹਿਸਟੈਰੀਸਿਜ਼ ਨੂੰ ਗ੍ਰਾਫਿਕ ਤੌਰ ਤੇ ਚਿੱਤਰ ਵਿਚ ਦਰਸਾਇਆ ਗਿਆ ਹੈ ਜਿਸ ਵਿਚ ਸੈਂਪਲ ਨੂੰ ਚੁੰਬਕ ਬਣਾਉਣ ਲਈ ਵਰਤੇ ਗਏ ਕਰੰਟ ਨੂੰ ਖਿਤਿਜੀ ਧੁਰੇ ਦੇ ਤੌਰ ਤੇ ਲਿਆ ਗਿਆ (ਜਾਂ ਚੁੰਬਕੀ ਖੇਤਰ ਜਿਹੜਾ ਇਸ ਕਰੰਟ ਦੁਆਰਾ ਪੈਦਾ ਹੋਇਆ ਹੈ) ਅਤੇ ਸੈਂਪਲ ਦੀ ਚੁੰਬਕਤਾ ਨੂੰ ਲੰਬਾਤਮਕ ਧੁਰੇ ਦੇ ਤੌਰ ਤੇ ਲਿਆ ਗਿਆ ਹੈ ਇਹ ਪ੍ਰਾੱਸੈੱਸ ਮੂਲ ਬਿੰਦੂ ਤੋਂ ਸ਼ੁਰੂ ਕੀਤਾ ਗਿਆ ਹੈ। ਦੋਵੇਂ ਧੁਰਿਆਂ ਦੇ ਕਾਟ ਬਿੰਦੂ ਉੱਤੇ ਕਰੰਟ ਅਤੇ ਚੁੰਬਕਤਾ ਸਿਫ਼ਰ ਹੁੰਦੀ ਹੈ। ਜਿਉਂ ਹੀ ਕਰੰਟ ਵਧਾਇਆ ਜਾਂਦਾ ਹੈ ਖੇਤਰ ਦੀ ਸਮਰੱਥਾ ਵੀ ਵੱਧ ਜਾਂਦੀ ਹੈ। ਇਹ ਵਾਧਾ ਲਗਭਗ ਇਕ ਸਿੱਧੀ ਵਕਰ ਵਿਚ ਇਕ ਦਮ ਉਚਾਈ ਨਾਲ ਹੁੰਦਾ ਹੈ ਅਤੇ ਇਸ ਵਕਰ ਨੂੰ ਚੁੰਬਕਤਾ ਵਕਰ ਕਿਹਾ ਜਾਂਦਾ ਹੈ। ਇਸ ਵਕਰ ਦੀ ਆਰੰਭਕ ਢਲਾਣ ਨੂੰ ਆਰੰਭਕ ਚੁੰਬਕਸ਼ੀਲਤਾ ਕਿਹਾ ਜਾਂਦਾ ਹੈ ਅਤੇ ਉਹ ਰੇਖਾ ਜਿਹੜੀ ਮੂਲ ਬਿੰਦੂ ਵਿਚੋਂ ਲੰਘਦੀ ਹੋਵੇ ਤੇ ਸਭ ਤੋਂ ਵਧੇਰੇ ਉਚੇ ਭਾਗ ਦੀ ਸਪਰਸ਼ ਰੇਖਾ ਹੋਵੇ ਤਾਂ ਇਸ ਨੂੰ ਉਚਤਮ ਚੁੰਬਕਸ਼ੀਲਤਾ ਕਿਹਾ ਜਾਂਦਾ ਹੈ। ਜਦੋਂ ਬਿੰਦੂ A ਉੱਤੇ ਪਹੁੰਚਦੇ ਹਾਂ ਤਾਂ ਕਰੰਟ ਦੇ ਵਾਧੇ ਨਾਲ ਚੁੰਬਕਤਾ ਵਿਚ ਬਹੁਤ ਥੋੜ੍ਹਾ ਵਾਧਾ ਹੁੰਦਾ ਹੈ ਅਤੇ ਇਸ ਤਰ੍ਹਾਂ ਸੰਤ੍ਰਿਪਤ ਚੁੰਬਕਤਾ ਵਾਲੀ ਸਥਿਤੀ ਆ ਜਾਂਦੀ ਹੈ।

ਹੁਣ ਜਦੋਂ ਕਰੰਟ ਘਟਾਇਆ ਜਾਂਦਾ ਹੈ ਤਾਂ ਚੁੰਬਕਤਾ A ਬਿੰਦੂ ਤੋਂ ਪਹਿਲਾਂ ਵਾਲੀ ਇਸ ਦਿਸ਼ਾ ਅਨੁਸਾਰ ਵਾਪਸ ਨਹੀਂ ਘੱਟਦੀ ਪ੍ਰੰਤੂ ਇਕ ਨਵੀਂ ਦਿਸ਼ਾ ਅਨੁਸਾਰ A ਤੋਂ B ਉੱਤੇ ਪਹੁੰਚਦੀ ਹੈ। ਬਿੰਦੂ B ਉੱਤੇ ਜਦੋਂ ਕਰੰਟ ਸਿਫ਼ਰ ਹੋ ਜਾਂਦਾ ਹੈ ਤਾਂ ਚੁੰਬਕਤਾ ਸਿਫ਼ਰ ਨਹੀਂ ਹੁੰਦੀ ਸਗੋਂ ਕਾਫ਼ੀ ਮਾਤ੍ਰਾ ਵਿਚ ਹੁੰਦੀ ਹੈ ਇਸ ਨੂੰ ਅਸੇਸ ਚੁੰਬਕਤਾ ਕਿਹਾ ਜਾਂਦਾ ਹੈ। ਸਿਰਫ਼ ਕਰੰਟ ਨੂੰ ਉਲਟ ਕਰਨ ਨਾਲ ਹੀ ਉਲਟ ਦਿਸ਼ਾ ਵਿਚ ਚੁੰਬਕੀ ਖੇਤਰ ਪੈਦਾ ਹੋ ਜਾਂਦਾ ਹੈ। ਕੀ ਚੁੰਬਕਤਾ ਨੂੰ ਮੁੜ ਸਿਫ਼ਰ ਬਿੰਦੂ ਉੱਤੇ ਲੈ ਜਾ ਸਕਦੇ ਹਾਂ ਅਜਿਹਾ ਕਰਨ ਲਈ ਲੋੜੀਂਦੇ ਖੇਤਰ ਨੂੰ ਦਮਨਕਾਰੀ ਖੇਤਰ ਕਿਹਾ ਜਾਂਦਾ ਹੈ ਜਿਸ ਨੂੰ ਅਕਸਰ ਦਮਨਕਾਰੀ ਬਲ ਕਰਕੇ ਜਾਣਿਆ ਜਾਂਦਾ ਹੈ ਜਦੋਂ ਕਿ ਇਹ ਬਲ ਨਹੀਂ ਹੁੰਦਾ। ਦਮਨਕਾਰੀ ਬਲ ਵਧੀਆ ਨਰਮ ਚੁੰਬਕੀ ਪਦਾਰਥਾਂ ਦੇ ਸਬੰਧ ਵਿਚ ਇੰਨਾ ਘੱਟ ਹੁੰਦਾ ਹੈ

ਕਿ 0.001 ਆਰਸਟੈੱਡ ਅਤੇ ਵਧੀਆ ਸਥਾਈ ਚੁੰਬਕਾਂ ਦੇ ਪਦਾਰਥਾਂ ਲਈ ਵੱਧ ਤੋਂ ਵੱਧ 25,000 ਆਰਸਟੈੱਡ ਹੋ ਸਕਦਾ ਹੈ। ਇਸ ਬਲ ਦਾ ਰੇਂਜ 25 ਮਿਲੀਅਨ ਦੇ ਭਾਗ ਅਨੁਸਾਰ ਬਦਲਦਾ ਹੈ ਜਿਸ ਕਾਰਨ ਪਦਾਰਥਾਂ ਦਾ ਦਮਨਕਾਰੀ ਬਲ ਇੰਜੀਨੀਅਰਿੰਗ ਪੱਖੋਂ ਇਕ ਆਮ ਬਦਲਣ ਵਾਲੇ ਪਦਾਰਥਾਂ ਦਾ ਲੱਛਣ ਹੈ।

ਬਿੰਦੂ C ਤੋਂ ਬਾਅਦ ਉਲਟ ਦਿਸ਼ਾ ਵਿਚ ਕਰੰਟ ਦਾ ਵਾਧਾ ਕਰਨ ਨਾਲ ਉਲਟ ਦਿਸ਼ਾ ਵਿਚ ਸੈਂਪਲ ਦੀ ਚੁੰਬਕਤਾ ਵਧਾਉਂਦੀ ਹੈ। ਜਦੋਂ ਮੁੜ ਦੁਬਾਰਾ ਸੰਤ੍ਰਿਪਤ ਚੁੰਬਕਤਾ ਵਾਲੀ ਸਥਿਤੀ ਨਹੀਂ ਆ ਜਾਂਦੀ ਭਾਵ ਬਿੰਦੂ D ਉੱਤੇ। ਮੁੜ ਕਰੰਟ ਨੂੰ ਸਿਫ਼ਰ ਕਰਨ ਨਾਲ ਅਤੇ ਫਿਰ ਵਧਾਉਣ ਨਾਲ ਜਿਵੇਂ ਕਿ ਪਹਿਲਾਂ ਕੀਤਾ ਸੀ ਵਕਰ ਦਾ D-E-A ਹਿੱਸਾ ਬਣਦਾ ਹੈ।

ਹੁਣ ਇਕ ਬੰਦ ਵਕਰ ਬਣ ਜਾਂਦੀ ਹੈ। ਇਸ ਬੰਦ ਵਕਰ ਨੂੰ ਹੀ ਹਿਸਟੈਰੀਸਿਜ਼ ਲੂਪ ਕਿਹਾ ਜਾਂਦਾ ਹੈ। ਚੁੰਬਕਤਾ ਪ੍ਰੋਸੈੱਸ ਦੌਰਾਨ ਹਿਸਟੈਰੀਸਿਜ਼ ਲੂਪ ਦਾ ਅੰਦਰਲਾ ਖੇਤਰਫਲ ਊਰਜਾ ਦੀ ਤਾਪ ਦੇ ਰੂਪ ਵਿਚ ਹਾਨੀ ਦੇ ਅਨੁਪਾਤੀ ਹੁੰਦਾ ਹੈ। ਇੰਜਨੀਅਰਿੰਗ ਖੇਤਰ ਦੇ ਉਪਯੋਗਾਂ ਦੌਰਾਨ ਇਹ ਇਕ ਮਹੱਤਵਪੂਰਨ ਰਾਸ਼ੀ ਹੈ, ਉਦਾਹਰਨ ਵਜੋਂ ਜਿਵੇਂ ਬਿਜਲੀ ਦੀਆਂ ਮੋਟਰਾਂ ਵਿਚ ਚੁੰਬਕੀ ਖੇਤਰ ਨੂੰ ਉਲਟ ਕਰਨ ਨਾਲ ਊਰਜਾ ਦੀ ਹਾਨੀ ਹੋ ਜਾਂਦੀ ਹੈ।

ਹ. ਪੂ.-ਐਨ. ਅਮੈ. 18: 104

**ਚੁੰਬਕੀ ਕਾਰਜਖੇਤਰ : ਜੇਕਰ ਸਮੁੱਚੇ ਲੋਹ-ਚੁੰਬਕੀ ਪਦਾਰਥ ਦੇ ਸਮੁੱਚੇ ਘਣਫਲ ਅੰਦਰ ਇਸ ਦੀ ਬਣਤਰ ਇਕ ਸਮਾਨ ਤੇ ਇਕ ਦਿਸ਼ਾਵੀ ਹੋਵੇ ਤਾਂ ਇਹ ਸਥਾਈ ਚੁੰਬਕ ਹੁੰਦਾ ਹੈ। ਇਹ ਦੇਖਿਆ**



**ਲੋਹੇ ਦੇ ਮਾਈਕ੍ਰੋਸਕੋਪੀ ਖੇਤਰ ਵਿਚ ਪੰਜ ਕਾਰਜ ਖੇਤਰ ਦਿਖਾਏ ਜਾਂਦੇ ਹਨ। (ੳ) ਕੋਈ ਵੀ ਚੁੰਬਕੀ ਖੇਤਰ ਦਾ ਪ੍ਰਭਾਵ ਨਾ ਹੋਵੇ ਕਾਰਜ ਖੇਤਰ ਨੂੰ ਖੱਬੇ ਤੇ ਸੱਜੇ ਪਾਸੇ ਵੱਲ ਘੁਮਾਇਆ ਜਾਵੇ (ਤੀਰਾਂ ਦੀ ਦਿਸ਼ਾ ਵਿਚ) ਤੇ ਇਕ ਸਮਾਨ ਆਕਾਰ ਦੇ ਹੋਣ (ਅ) ਬਾਹਰੀ ਖੇਤਰ ਖੱਬੇ ਪਾਸੇ ਵੱਲ ਲਗਾਉਣ ਨਾਲ ਖੱਬੇ ਪਾਸੇ ਵਾਲੇ ਕਾਰਜਖੇਤਰ ਵੱਡੇ ਹੋ ਜਾਂਦੇ ਹਨ ਤੇ ਸੱਜੇ ਪਾਸੇ ਵਾਲੇ ਛੋਟੇ (ੲ) ਖੱਬੇ ਪਾਸੇ ਵੱਲ ਹੋਰ ਵਧੇਰੇ ਸ਼ਕਤੀਸ਼ਾਲੀ ਖੇਤਰ ਲਗਾਉਣ ਨਾਲ ਖੱਬੇ ਪਾਸੇ ਵਾਲੇ ਕਾਰਜਖੇਤਰ ਹੋਰ ਵੱਡੇ ਹੋ ਜਾਂਦੇ ਹਨ।**

ਗਿਆ ਹੈ ਕਿ ਨਰਮ ਲੋਹੇ ਅਤੇ ਅਜਿਹੇ ਹੋਰ ਪਦਾਰਥਾਂ ਨੂੰ ਬਾਹਰੀ ਖੇਤਰ ਦੇ ਪ੍ਰਭਾਵ ਨਾਲ ਪੂਰਨ ਤੌਰ ਤੇ ਆਸਾਨੀ ਨਾਲ ਚੁੰਬਕ ਬਣਾਇਆ ਜਾ ਸਕਦਾ ਹੈ। ਇਸ ਕਿਰਿਆ ਦੀ ਵਿਆਖਿਆ ਚੁੰਬਕੀ ਕਾਰਜਖੇਤਰ ਦੀ ਹੋਂਦ ਨਾਲ ਕੀਤੀ ਜਾ ਸਕਦੀ ਹੈ। ਪਦਾਰਥ ਨੂੰ ਹੋਰ ਛੋਟੇ ਭਾਗਾਂ ਵਿਚ ਵੰਡ ਲਿਆ ਜਾਂਦਾ ਹੈ। ਹਰ ਇਕ ਭਾਗ ਜਾਂ ਕਾਰਜਖੇਤਰ ਵਿਚ ਪਰਮਾਣੂ-ਚੁੰਬਕ ਸਮਾਂਤਰ ਹੁੰਦੇ ਹਨ ਪਰੰਤੂ ਵੱਖਰੇ ਕਾਰਜ ਖੇਤਰਾਂ ਵਿਚ ਪਰਮਾਣੂ ਚੁੰਬਕਾਂ ਦੀ ਦਿਸ਼ਾ ਉਲਟ ਹੁੰਦੀ ਹੈ ਤਾਂ ਜੋ ਪਦਾਰਥ ਦੀ ਸਮੁੱਚੀ ਚੁੰਬਕਤਾ ਬਹੁਤ ਹੀ ਘੱਟ ਜਾ ਸਿਫ਼ਰ ਹੋਵੇ। ਕਿਸੇ ਲਗਾਏ ਗਏ ਚੁੰਬਕੀ ਖੇਤਰ ਦੀ ਮੌਜੂਦਗੀ ਵਿਚ ਕਾਰਜ-ਖੇਤਰਾਂ ਵਿਚਕਾਰ ਹੱਦਬੰਦੀ ਹੁੰਦੀ ਹੈ ਜਿਨ੍ਹਾਂ ਨੂੰ ਕਾਰਜਖੇਤਰ ਦੀਵਾਰਾਂ ਕਿਹਾ ਜਾਂਦਾ ਹੈ ਅਤੇ ਇਹ ਸਥਾਨ ਬਦਲ ਵੀ ਸਕਦੀਆਂ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਕੁਝ ਕਾਰਜਖੇਤਰ ਫੈਲ ਕੇ ਵੱਡੇ ਅਤੇ ਕੁਝ ਸੁੰਗੜਕੇ ਛੋਟੇ ਹੋ ਸਕਦੇ ਹਨ ਜਿਸ ਨਾਲ ਸਮੁੱਚੀ ਚੁੰਬਕਤਾ ਬਦਲ ਜਾਂਦੀ ਹੈ।

ਬਹੁਤੇ ਨਰਮ ਚੁੰਬਕੀ ਪਦਾਰਥਾਂ ਦੇ ਲੱਛਣ ਕਾਰਜਖੇਤਰ ਦੀਆਂ ਦੀਵਾਰਾਂ ਦੀ ਗਤੀ ਉੱਤੇ ਨਿਰਭਰ ਕਰਦੇ ਹਨ। ਜੇਕਰ ਕਾਰਜਖੇਤਰਾਂ ਦੀ ਗਤੀ ਆਸਾਨੀ ਨਾਲ ਸੰਭਵ ਹੋਵੇ ਤਾਂ ਇਨ੍ਹਾਂ ਨੂੰ ਆਸਾਨੀ ਨਾਲ ਚੁੰਬਕ ਬਣਾਇਆ ਜਾਂ ਇਨ੍ਹਾਂ ਦੀ ਚੁੰਬਕਤਾ ਖ਼ਤਮ ਕੀਤੀ ਜਾ ਸਕਦੀ ਹੈ ਅਤੇ ਅਜਿਹੇ ਪਦਾਰਥ ਵਧੀਆ ਕਿਸਮ ਦੇ ਨਰਮ ਚੁੰਬਕ ਪਦਾਰਥ ਹੋਣਗੇ। ਜੇਕਰ ਕਣਾਂ ਦੀ ਅਸ਼ੁੱਧੀ ਜਾਂ ਅੰਦਰੂਨੀ ਵਿਰੂਪਣ ਹੋਵੇ ਤਾਂ ਕਾਰਜ ਖੇਤਰ ਦੀਆਂ ਦੀਵਾਰਾਂ ਦੀ ਗਤੀ ਬਹੁਤ ਔਖੀ ਹੁੰਦੀ ਹੈ ਜਾਂ ਨਵੀਆਂ ਦੀਵਾਰਾਂ ਨਾ ਬਣ ਸਕਦੀਆਂ ਹੋਣ ਤਾਂ ਅਜਿਹੇ ਪਦਾਰਥਾਂ ਨੂੰ ਚੁੰਬਕ ਬਣਾਉਣਾ ਬਹੁਤ ਔਖਾ ਹੁੰਦਾ ਹੈ ਇਸੇ ਤਰ੍ਹਾਂ ਚੁੰਬਕਤਾ ਵੀ ਔਖੀ ਹੀ ਖ਼ਤਮ ਹੁੰਦੀ ਹੈ ਅਤੇ ਇਹ ਸਥਾਈ ਚੁੰਬਕ ਹੋਵੇਗਾ। ਕਾਰਜ ਖੇਤਰ ਦੀਆਂ ਦੀਵਾਰਾਂ ਦੀ ਗਤੀ ਨਾਲ ਊਰਜਾ ਨਿਕਲਦੀ ਹੈ ਜਿਸ ਨਾਲ ਪਦਾਰਥ ਗਰਮ ਹੋ ਜਾਂਦਾ ਹੈ।

ਅਜਿਹਾ ਕੇਵਲ ਬਿਜਲਈ ਸੰਚਾਲਕ ਪਦਾਰਥਾਂ ਵਿਚ ਹੁੰਦਾ ਹੈ ਜਿਵੇਂ ਕਿ ਧਾਤਾਂ ਅਤੇ ਮੋਟਰਾਂ ਤੇ ਟ੍ਰਾਂਸਫਾਰਮਰਾਂ ਦੇ ਗਰਮ ਹੋਣ ਦਾ ਕਾਰਨ ਵੀ ਇਹੋ ਹੀ ਹੁੰਦਾ ਹੈ। ਤਾਪ ਦੀ ਹਾਨੀ ਪੈਸੇ ਅਤੇ ਈਂਧਨ ਦੀ ਕੀਮਤ ਨੂੰ ਦਰਸਾਉਂਦੀ ਹੈ। ਇਹ ਇੰਜਨੀਅਰਾਂ ਲਈ ਇਕ ਸਥਾਈ ਸਮੱਸਿਆ ਬਣੀ ਹੋਈ ਹੈ ਕਿ ਕਿਹੜੇ ਪਦਾਰਥ ਵਰਤੇ ਜਾਣ ਤੇ ਕਿਹੋ ਜਿਹਾ ਡਿਜ਼ਾਈਨ ਹੋਵੇ ਜਿਸ ਨਾਲ ਤਾਪ ਦੀ ਹਾਨੀ ਘੱਟ ਹੋਵੇ।

ਕਾਰਜਖੇਤਰ ਦੀਆਂ ਸੀਮਾਵਾਂ ਨੂੰ ਅਨੇਕਾਂ ਢੰਗਾਂ ਨਾਲ ਦੇਖਿਆ ਜਾ ਸਕਦਾ ਹੈ। ਸਭ ਤੋਂ ਸੌਖਾ ਢੰਗ ਚੁੰਬਕੀ ਪਦਾਰਥ ਉੱਤੇ ਚੁੰਬਕੀ ਕਣ ਯੁਕਤ ਤਰਲ ਦੀ ਪਤਲੀ ਜਹੀ ਪਰਤ ਵਿਛਾਉਣ ਨਾਲ ਚੁੰਬਕੀ ਕਣ ਕਾਰਜਖੇਤਰ ਦੀਆਂ ਸੀਮਾਵਾਂ ਵੱਲ ਖਿਚੇ ਜਾਣਗੇ ਕਿਉਂਕਿ ਉਥੇ ਖੇਤਰ ਅਸਮਾਨ ਹੁੰਦਾ ਹੈ।

ਹ. ਪੂ.-ਐਨ. ਬ੍ਰਿ. 18: 103

**ਚੁੰਬਕੀ ਖੇਤਰ–ਭੂਮਿਆਈ**: ਸਭ ਤੋਂ ਪਹਿਲਾਂ ਚੁੰਬਕਾਂ ਦੀ ਅਮਲੀ ਤੌਰ ਤੇ ਵਰਤੋਂ ਚੁੰਬਕੀ ਕੰਪਾਸਾਂ ਲਈ ਕੀਤੀ ਗਈ। ਕੰਪਾਸਾਂ ਤਿਆਰ ਕਰਨ ਲਈ ਕੁਦਰਤੀ ਤੌਰ ਤੇ ਮਿਲਣ ਵਾਲੇ ਚੁੰਬਕੀ ਪੱਥਰਾਂ ਦੀ ਵਰਤੋਂ ਕੀਤੀ ਜਾਂਦੀ ਸੀ ਜਿਹੜੇ ਆਇਰ ਆੱਕਸਾਈਡ ਤੋਂ ਬਣੇ ਹੁੰਦੇ ਹਨ। ਉਦੋਂ ਚੁੰਬਕੀ ਪੱਥਰ ਦੇ ਲੋਹੇ ਦੇ ਪਰਮਾਣੂ ਭੂਮਿਆਈ ਚੁੰਬਕੀ ਖੇਤਰ ਦੁਆਰਾ ਅਨੁਸਥਿਤ ਹੋ ਜਾਂਦੇ ਹਨ ਜਦੋਂ ਖੰਿਜ ਨੂੰ ਪਿਘਲੀ ਹੋਈ ਅਵੱਸਥਾ ਤੋਂ ਕਿਊਰੀ ਤਾਪਮਾਨ ਦੁਆਰਾ ਠੰਡਾ ਕੀਤਾ ਜਾਂਦਾ ਹੈ। ਪੁਰਾਤਨ ਕੰਪਾਸ ਦੀ ਖੋਜ ਮਨੁੱਖਤਾ ਦੇ ਇਤਿਹਾਸ ਵਿਚ ਕਾਫ਼ੀ ਅਰਸਾ ਪਹਿਲਾਂ ਹੋ ਚੁੱਕੀ ਸੀ ਸ਼ਾਇਦ ਚੀਨ ਅੰਦਰ। ਚੁੰਬਕੀ ਪੱਥਰ ਨੂੰ ਧਾਗੇ ਨਾਲ ਬੰਨ ਕੇ ਸੁਤੰਤਰਤਾ ਪੂਰਵਕ ਲਟਕਾਉਣ ਨਾਲ ਜਾਂ ਖੜੇ ਪਾਣੀ ਵਿਚ ਲੱਕੜ ਦੀ ਫੱਟੀ ਉਤੇ ਰੱਖਣ ਨਾਲ ਇਹ ਘੁੰਮ ਕੇ ਉੱਤਰ ਦੱਖਣ ਦੀ ਦਿਸ਼ਾ ਵਿਚ ਰੁਕ ਜਾਂਦਾ ਹੈ। ਅਜਿਹੇ ਯੰਤਰ ਘਣੇ ਜੰਗਲਾਂ ਅਤੇ ਵਿਸ਼ਾਲ ਸਮੁੰਦਰਾਂ ਵਿਚ ਨਕਸ਼ੇ ਰਹਿਤ ਰਸਤਿਆਂ ਉੱਤੇ ਜਾਣ ਲਈ ਯਾਤਰੀਆਂ ਲਈ ਬਹੁਤ ਉਪਯੋਗੀ ਹੁੰਦੇ ਹਨ। ਇਸ ਗੱਲ ਦੀ ਸਮਝ ਮਗਰੋਂ ਆਈ ਕਿ ਅਜਿਹਾ ਤਾਂ ਹੁੰਦਾ ਹੈ ਕਿ ਧਰਤੀ ਖ਼ੁਦ ਇਕ ਸ਼ਕਤੀਸ਼ਾਲੀ ਛੜ ਚੁੰਬਕ ਦੇ ਤੌਰ ਤੇ ਕਿਰਿਆ ਕਰਦੀ ਹੈ। ਇਹੋ ਕਾਰਨ ਹੈ ਕਿ ਚੁੰਬਕੀ ਪੱਥਰ ਅਤੇ ਅਜੋਕੇ ਚੁੰਬਕੀ ਕੰਪਾਸ ਆਪਣੇ ਆਪ ਨੂੰ ਧਰਤੀ ਦੇ ਚੁੰਬਕੀ ਖੇਤਰ ਦੇ ਸਮਾਂਤਰ ਰਖਦੇ ਹਨ ਜਿਵੇਂ ਕਿ ਚਿੱਤਰ ਵਿਚ ਦਰਸਾਇਆ ਗਿਆ

ਹੈ। ਚੁੰਬਕ ਦੇ ਧਰੁਵਾਂ ਲਈ ਢੁੱਕਵੇਂ ਨਾਂ ਉੱਤਰੀ-ਝੁਕਾਅ ਧਰੁਵ ਤੇ ਦੱਖਣੀ ਝੁਕਾਅ ਧਰੁਵ ਹਨ। ਪਰੰਤੂ ਇਨ੍ਹਾਂ ਨੂੰ ਅਕਸਰ ਉੱਤਰੀ ਧਰੁਵ ਤੇ ਦੱਖਣੀ ਧਰੁਵ ਨਾਲ ਜਾਣਿਆ ਜਾਂਦਾ ਹੈ। ਇਸ ਨਾਲ ਕੁਝ ਸ਼ੱਕ ਪੈ ਸਕਦਾ ਹੈ। ਉਲਟ ਧਰੁਵ ਇਕ ਦੂਜੇ ਨੂੰ ਖਿਚਦੇ ਹਨ। ਇਸ ਲਈ ਕੰਪਾਸ ਦਾ ਉੱਤਰੀ ਝੁਕਾਅ ਧਰੁਵ ਜ਼ਰੂਰ ਹੀ ਦੱਖਣੀ-ਝੁਕਾਅ ਧਰੁਵ ਦੁਆਰਾ



**(ੳ) ਧਰਤੀ ਦਾ ਚੁੰਬਕੀ ਖੇਤਰ (ਅ) ਧਰਤੀ ਦੇ ਵਿਸ਼ਾਲ ਚੁੰਬਕ ਦੁਆਰਾ ਬਣਿਆ ਚੁੰਬਕੀ ਖੇਤਰ (ੲ) ਇਹ ਅਨੁਮਾਨ ਕੀਤਾ ਜਾਂਦਾ ਹੈ ਕਿ ਧਰਤੀ ਦਾ ਖੇਤਰ ਉਸ ਅੰਦਰਲੀਆਂ ਛੱਲਾਂ ਕਰੰਟਾਂ ਨਾਲ ਪੈਦਾ ਹੁੰਦਾ ਹੈ।**

ਖਿਚਿਆ ਜਾਣਾ ਚਾਹੀਦਾ ਹੈ। ਇਸ ਲਈ ਧਰਤੀ ਦਾ ਚੁੰਬਕੀ ਉੱਤਰੀ ਧਰੁਵ, ਦੱਖਣੀ ਝੁਕਾਅ ਧਰੁਵ ਹੈ। ਧਰਤੀ ਦੇ ਚੁੰਬਕੀ ਧਰੁਵ ਇਸ ਦੇ ਭੂਗੋਲਿਕ ਧਰੁਵ ਤੇ ਸਥਿਤ ਨਹੀਂ ਹਨ ਸਗੋਂ 1,600 ਕਿ. ਮੀ. ਦੂਰ ਹਨ। ਇਸ ਤੋਂ ਵੱਧ ਇਹ ਪੂਰਨ ਤੌਰ ਤੇ ਇਕ ਦੂਜੇ ਦੇ ਉਲਟ ਨਹੀਂ ਹਨ। ਉੱਤਰੀ ਚੁੰਬਕੀ ਧਰੁਵ (ਅਸਲ ਵਿਚ ਦੱਖਣੀ ਝੁਕਾਅ ਧਰੁਵ) ਕਵੀਨ ਇਲੀਜ਼ਬੱਥ ਜਜ਼ੀਰੇ ਉੱਤੇ ਕੈਨੇਡਾ ਦੇ ਦੂਰ ਉੱਤਰ ਵਿਖੇ ਅਤੇ ਦੱਖਣੀ ਚੁੰਬਕੀ ਧਰੁਵ ਆਸਟ੍ਰੇਲੀਆ ਦੇ ਦੱਖਣ ਵਿਚ ਐਨਟਾਰਟਿਕਾ ਦੇ ਤੱਟ ਤੋਂ ਪਰੇ ਸਥਿਤ ਹੈ। ਇਹ ਸਥਿਤੀਆਂ ਹੌਲੀ-ਹੌਲੀ ਸਮੇਂ ਦੇ ਨਾਲ ਬਦਲਦੀਆਂ ਰਹਿੰਦੀਆਂ ਹਨ।

ਕਈ ਵਾਰੀ ਧਰਤੀ ਦੇ ਚੁੰਬਕੀ ਖੇਤਰ ਨੇ ਵੀ ਆਪਣੀ ਦਿਸ਼ਾ ਵਿਚ ਤਬਦੀਲੀ ਦਰਸਾਈ ਹੈ ਜਿਹੜੀ ਭੂ-ਵਿਗਿਆਨਕ ਸਮੇਂ ਉੱਤੇ ਕਈ ਹਜ਼ਾਰ ਸਾਲ ਦੇ ਅੰਤਰਾਲ ਮਗਰੋਂ ਆਉਂਦੀ ਹੈ। ਇਸ ਦਾ ਪ੍ਰਮਾਣ ਭੂ-ਵਿਗਿਆਨਕ ਇਤਿਹਾਸ ਤੋਂ ਲਗਦਾ ਹੈ ਕਿ ਉਸ ਸਮੇਂ ਬਣੀਆਂ ਚਟਾਨ ਦੀ ਚੁੰਬਕਤਾ ਦਾ ਉਲਟ ਦਿਸ਼ਾਵੀ ਹੋ ਜਾਣਾ, ਵਿਸ਼ੇਸ਼ ਤੌਰ ਤੇ ਉਹ ਚਟਾਨਾਂ ਜਾਂ ਪਰਤਾਂ ਜਿਹੜੀਆਂ ਮਿਡ ਐਟਲਾਂਟਿਕ ਰਿਜ ਦੇ ਨਾਲ ਸਮੁੰਦਰੀ ਤਲ ਉੱਤੇ ਸਥਿਤ ਹਨ। ਕਿਉਂਕਿ ਵਿਸ਼ੇਸ਼ ਸਥਿਤੀਆਂ ਨੂੰ ਛਡ ਕੇ ਬਾਕੀ ਸਥਿਤੀਆਂ ਵਿਚ ਚੁੰਬਕੀ ਕੰਪਾਸ ਸਿੱਧਾ ਉੱਤਰੀ ਤੇ ਦੱਖਣੀ ਦਿਸ਼ਾ ਨੂੰ ਨਹੀਂ ਦਰਸਾਉਂਦੀਆਂ ਇਸ ਲਈ ਇਹ ਸਥਿਤੀ ਦਰਸਾਉਣ ਲਈ ਨਕਸ਼ੇ ਬਣਾਏ ਜਾਂਦੇ ਹਨ ਜਿਹੜੇ 'ਨਿਰੋਲ ਉੱਤਰੀ' ਤੇ 'ਚੁੰਬਕੀ ਉੱਤਰ' ਨੂੰ ਦਰਸਾਉਂਦੇ ਹਨ। ਦੋਵਾਂ ਸਥਿਤੀਆਂ ਵਿਚਲੇ ਅੰਤਰ ਨੂੰ 'ਚੁੰਬਕੀ-ਝੁਕਾਅ' ਕਿਹਾ ਜਾਂਦਾ ਹੈ ਅਤੇ ਇਹ ਕਈ ਹਾਲਤਾਂ ਵਿਚ 20° ਜਾਂ ਇਸ ਤੋਂ ਵੀ ਵੱਧ ਹੁੰਦਾ ਹੈ। ਚੁੰਬਕੀ ਧਰੁਵ ਦੀ ਹਿਲਜੁਲ ਨਾਲ ਇਹ ਝੁਕਾਅ ਵੀ ਘੱਟਦਾ ਤੇ ਵੱਧਦਾ ਹੈ।

ਧਰਤੀ ਦੇ ਚੁੰਬਕੀ ਖੇਤਰ ਦੇ ਮੂਲ ਸ੍ਰੋਤ ਬਾਰੇ ਸਹੀ ਗਿਆਨ ਨਹੀਂ ਹੋ ਸਕਿਆ। ਇਸ ਦਾ ਇਹ ਕਾਰਨ ਵੀ ਨਹੀਂ ਹੋ ਸਕਦਾ ਕਿ ਧਰਤੀ ਦੇ ਕੇਂਦਰ ਉੱਤੇ ਅਣਗਿਣਤ ਸਥਾਈ ਚੁੰਬਕ ਪਏ ਹਨ। ਉਥੇ ਤਾਪਮਾਨ ਇੰਨਾ ਜ਼ਿਆਦਾ ਹੈ ਕਿ ਕਿਸੇ ਵੀ ਪਦਾਰਥ ਦਾ ਸਥਾਈ ਚੁੰਬਕ ਹੋਣਾ ਸੰਭਵ ਨਹੀਂ ਹੈ। ਧਰਤੀ ਦੇ ਚੁੰਬਕੀ ਖੇਤਰ ਦਾ ਮੁੱਖ ਕਾਰਨ ਉਸ ਦੀ ਨਾਭੀ ਵਿਚੋਂ ਚੱਕਰਣ ਬਿਜਲੀ ਧਾਰਾਵਾਂ ਦਾ ਲੰਘਣਾ ਹੈ।

ਹ. ਪ. ਐਨ. ਅਮੇ. 18: 100

**ਚੁੰਬਕੀ ਤੂਫ਼ਾਨ** : ਧਰਤੀ ਦੇ ਚੁੰਬਕੀ ਖੇਤਰ ਦੀ ਸਮਰੱਥਾ ਵਿਚ ਕੁਝ ਚਿਰ ਲਈ ਤੇਜ਼ੀ ਨਾਲ ਤਬਦੀਲੀਆਂ ਆਉਂਦੀਆਂ ਹਨ, ਇਸ ਸਮੇਂ ਦੌਰਾਨ ਆਈਆਂ ਤਬਦੀਲੀਆਂ ਨੂੰ ਚੁੰਬਕੀ ਤੂਫ਼ਾਨ ਕਿਹਾ ਜਾਂਦਾ ਹੈ। ਇਨ੍ਹਾਂ ਤੂਫ਼ਾਨਾਂ ਦਾ ਸਬੰਧ ਸੂਰਜ ਦੀ ਕਿਰਿਆਸ਼ੀਲਤਾ ਵਿਸ਼ੇਸ਼ ਕਰਕੇ ਸੂਰਜੀ ਧੱਬਿਆਂ ਨਾਲ ਹੈ। ਇਨ੍ਹਾਂ ਦੇ ਮੂਲ ਬਾਰੇ ਅਜੇ ਕੋਈ ਪਤਾ ਨਹੀਂ ਲੱਗਾ। ਇਨ੍ਹਾਂ ਪ੍ਰਭਾਵਾਂ ਵਿਚੋਂ ਪ੍ਰਮੁੱਖ ਪ੍ਰਭਾਵ ਕੁਝ ਘੰਟਿਆਂ ਤੋਂ ਲੈ ਕੇ ਕਈ ਦਿਨਾਂ ਤੱਕ ਰਹਿੰਦੇ ਹਨ। ਅਜਿਹੀਆਂ ਚੁੰਬਕੀ ਤਬਦੀਲੀਆਂ ਧਰੁਵੀ ਪ੍ਰਕਾਸ਼ ਦੀ ਚਮਕ ਅਤੇ ਵਿਥਕਾਰ ਵਿਚ ਕਾਫ਼ੀ ਫ਼ਰਕ ਪਾ ਦਿੰਦੀਆਂ ਹਨ। ਚੁੰਬਕੀ ਖੇਤਰ ਦੀ ਤੀਬਰਤਾ ਵਿਚ ਆਈ ਤਬਦੀਲੀ ਚੁੰਬਕੀ ਕੰਪਾਸ ਦੀਆਂ ਕਿਸਮਾਂ ਉੱਤੇ ਅਧਾਰਤ ਜਹਾਜ਼ਰਾਨੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਕਈ ਵਾਰੀ ਤੇਜ਼ ਚੁੰਬਕੀ ਤੂਫ਼ਾਨ ਜਹਾਜ਼ ਦੇ ਧਾਤਵੀ ਹਿੱਸਿਆਂ ਵਿਚ ਇੰਨੇ ਕਰੰਟ ਪ੍ਰੇਰਿਤ ਕਰ ਦਿੰਦੇ ਹਨ ਕਿ ਉਸ ਵਿਚ ਬਿਜਲ-ਸ਼ਕਤੀ ਸੰਚਾਰ ਸਿਸਟਮ ਖ਼ਰਾਬ ਹੋ ਜਾਂਦਾ ਹੈ ਜਾਂ ਫਿਰ ਓਵਰਲੋਡ ਹੋ ਜਾਂਦਾ ਹੈ। ਤਾਰ ਅਤੇ ਟੈਲੀਫ਼ੋਨ ਸੰਚਾਰ ਵਿਚ ਵੀ ਵਿਘਨ ਪੈ ਸਕਦਾ ਹੈ। ਅਜਿਹੇ ਸਮੇਂ ਆਇਨ-ਮੰਡਲ ਵਿਚ ਆਈ ਅਸਥਿਰਤਾ ਲੰਬੀਆਂ ਤਰੰਗਾਂ ਵਾਲੇ ਰੇਡੀਓ ਸਿਗਨਲਾਂ ਵਿਚ ਬਹੁਤ ਗੜਬੜ ਕਰ ਸਕਦੀ ਹੈ। ਸੰਨ 1964 ਵਿਚ ਸ਼ਿਕਾਗੋ ਯੂਨੀਵਰਸਿਟੀ ਦੇ ਜੇ. ਏ. ਸਿੰਪਸਨ ਅਤੇ ਸਾਥੀਆਂ ਨੇ ਇਕ ਉੱਚ-ਊਰਜਾ ਵਾਲੇ ਪ੍ਰੋਟਾੱਨ ਕਿਰਨ-ਪੁੰਜ ਦੀ ਖੋਜ ਕੀਤੀ, ਜਿਹੜੀ ਕਿ ਸੂਰਜ ਉੱਤੇ ਵਿਸ਼ੇਸ਼ ਤੌਰ ਤੇ ਸੀਮਿਤ ਖੇਤਰ ਵਿਚੋਂ ਉਤਪੰਨ ਹੁੰਦੀ ਹੈ। ਇਨ੍ਹਾਂ ਨੇ ਦੱਸਿਆ ਕਿ ਚੁੰਬਕੀ ਤੂਫ਼ਾਨ ਦਾ ਆਵਰਤ ਕਾਲ ਵੀ ਆਪਣੇ ਹੀ ਧੁਰੇ ਦੁਆਲੇ 27 ਦਿਨਾਂ ਦੇ ਆਵਰਤ-ਕਾਲ ਦੇ ਲਗਭਗ ਬਰਾਬਰ ਹੁੰਦਾ ਹੈ। ਇਸ ਤੱਥ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਹਰ 27 ਦਿਨਾਂ ਤੋਂ ਬਾਅਦ ਧਰਤੀ ਦੇ ਚੁੰਬਕੀ ਖੇਤਰ ਵਿਚ ਤਬਦੀਲੀ ਆਉਂਦੀ ਹੈ। ਇਸ ਚੁੰਬਕੀ-ਤੂਫ਼ਾਨ ਦਾ ਕਾਰਨ ਉਕਤ ਪ੍ਰੋਟਾੱਨ-ਕਿਰਨ ਪੁੰਜ ਹੈ।

ਹ. ਪ੍ਰ.-ਐਨ. ਬ੍ਰਿ. 14: 584

**ਚੁੰਬਕੀ ਪਦਾਰਥ** : ਇਹ ਕਠੋਰ, ਨਰਮ ਅਤੇ ਅਰਧ ਕਠੋਰ ਹੁੰਦੇ ਹਨ। ਪਹਿਲੋਂ ਪਹਿਲ ਸਥਾਈ ਚੁੰਬਕ ਸਟੀਲ ਦੇ ਬਣਾਏ ਜਾਂਦੇ ਸਨ ਪਰੰਤੂ ਹੁਣ ਸਟੀਲ ਦੀ ਥਾਂ ਬਹੁਤੇ ਕਰਕੇ ਲੋਹਾ, ਨਿਕਲ, ਐਲੂਮਿਨੀਅਮ, ਕੋਬਾਲਟ ਯੁਕਤ ਜਟਿਲ ਮਿਸ਼ਰਤ ਧਾਤਾਂ ਨੇ ਲੈ ਲਈ ਹੈ। ਬਣਾਉਟੀ ਚੁੰਬਕੀ ਪੱਥਰਾਂ ਨੂੰ ਫੈਰਾਈਟਸ ਕਿਹਾ ਜਾਂਦਾ ਹੈ ਜਿਨ੍ਹਾਂ ਵਿਚ ਆਇਰਨ ਆੱਕਸਾਈਡ ਨਾਲ ਬੇਰੀਅਮ ਜਾਂ ਸਟ੍ਰਾਂਸ਼ੀਅਮ ਰਲਾ ਕੇ ਸਥਾਈ ਚੁੰਬਕ ਆਮ ਬਣਾਏ ਜਾਂਦੇ ਹਨ। ਵਧੇਰੇ ਸ਼ਕਤੀਸ਼ਾਲੀ ਚੁੰਬਕ ਪਲੈਟਿਨਮ ਜਾਂ ਕੋਬਾਲਟ ਮਿਸ਼ਰਤ ਧਾਤ ਜਾਂ ਦੁਰਲੱਭ ਤੱਤ-ਤੱਤ ਜਿਵੇਂ ਕਿ ਸਮੇਰੀਅਮ ਯੁਕਤ ਕੋਬਾਲਟ ਦੇ ਯੋਗਿਕਾਂ ਤੋਂ ਤਿਆਰ ਕੀਤੇ ਜਾਂਦੇ ਹਨ। ਸਥਾਈ ਚੁੰਬਕਾਂ ਦੇ ਪਦਾਰਥ ਅਕਸਰ ਕਠੋਰ ਤੇ ਟੁੱਟਣਸ਼ੀਲ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ਕਈ ਵਾਰੀ ਕਠੋਰ ਚੁੰਬਕੀ ਪਦਾਰਥ ਕਿਹਾ ਜਾਂਦਾ ਹੈ। ਮਕੈਨੀਕਲ ਕਠੋਰਤਾ ਸਥਾਈ ਚੁੰਬਕਤਾ ਦਾ ਗੁਣ ਹੋਵੇ ਜ਼ਰੂਰੀ ਨਹੀਂ। ਅਨੇਕਾਂ ਖਿਚੀਣਯੋਗ ਜਾਂ ਨਰਮ ਮਿਸ਼ਰਤ ਧਾਤਾਂ ਵੀ ਸ਼ਕਤੀਸ਼ਾਲੀ ਸਥਾਈ ਚੁੰਬਕਾਂ ਲਈ ਚੰਗੀਆਂ ਜਾਣੀਆਂ ਜਾਂਦੀਆਂ ਹਨ।

ਬਿਜਲੀ ਧਾਰਾ ਦੁਆਰਾ ਪੈਦਾ ਹੋਈਆਂ ਚੁੰਬਕੀ ਰੇਖਾਵਾਂ ਦੀ ਸੰਘਣਤਾ ਵਧਾਉਣ ਲਈ ਬਿਜਲਈ ਚੁੰਬਕਾਂ ਵਿਚ ਧਾਤ ਦੀਆਂ ਕੋਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬਹੁਤ ਜ਼ਿਆਦਾ ਸ਼ੁੱਧ ਲੋਹਾ ਜਾਂ ਘੱਟ ਕਾਰਬਨ ਯੁਕਤ ਸਟੀਲ ਨੂੰ ਆਮ ਕਰਕੇ ਬਿਜਲਈ ਚੁੰਬਕਾਂ ਲਈ ਵਰਤਿਆ ਜਾਂਦਾ ਹੈ। ਭੰਵਰ ਧਾਰਾ ਨੂੰ ਘੱਟ ਕਰਨ ਲਈ ਲੋਹੇ ਦੀਆਂ ਪਤਲੀਆਂ-ਪਤਲੀਆਂ ਪੱਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਦੋਂ ਚੁੰਬਕਤਾ ਦੀ ਦਿਸ਼ਾ ਛੇਤੀ-ਛੇਤੀ ਤੇ ਇਕਦਮ ਬਦਲਦੀ ਹੋਵੇ ਜਿਵੇਂ ਕਿ ਪਰਤਵੀਂ ਕਰੰਟ ਮਸ਼ੀਨਾਂ ਵਿਚ ਹੁੰਦਾ ਹੈ ਕਿਉਂਕਿ ਚੁੰਬਕਤਾ ਦੀ ਤਬਦੀਲੀ ਭੰਵਰ ਧਾਰਾ ਨੂੰ ਪੈਦਾ ਕਰਦੀ ਹੈ। ਪਦਾਰਥਾਂ ਦੀ ਬਿਜਲਈ ਪ੍ਰਤਿਰੋਧਕਤਾ ਵਧਾਉਣ ਲਈ ਮਿਸ਼ਰਤ ਧਾਤਾਂ ਵਿਚ ਸਿਲਿੱਕਾਨ ਦੀ ਕੁਝ ਪ੍ਰਤਿਸ਼ਤਤਾ ਮਿਲਾਈ ਜਾਂਦੀ ਹੈ। ਵਿਸ਼ੇਸ਼ ਹਾਲਤਾਂ ਵਿਚ ਲੋਹੇ ਤੇ ਨਿਕਲ ਦੀਆਂ

ਮਤੀ ਮਿਸ਼ਰਤ ਧਾਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਮਐਲਾਇ ਕਿਹਾ ਜਾਂਦਾ ਹੈ। ਉੱਚ ਆਵ੍ਰਿੱਤੀ ਲਈ ਜਿਵੇਂ ਕਿ ਰਾਡਾਰ ਦਿ ਵਿਚ ਨਿਕਲ ਜਾਂ ਜ਼ਿੰਕ ਯੁਕਤ ਫੈਰਾਈਟਸ ਜਾਂ ਆਇਰਨ ਕਸਾਈਡ ਵਰਤੇ ਜਾਂਦੇ ਹਨ ਕਿਉਂਕਿ ਨਿੱਕਲ ਅਤੇ ਜ਼ਿੰਕ ਦੀ ਜਲਈ ਪ੍ਰਤਿਰੋਧਕਤਾ ਅਧਿਕ ਹੁੰਦੀ ਹੈ। ਅਜਿਹੇ ਪਦਾਰਥਾਂ ਨੂੰ ਕਠੋਰ ਕੀ ਪਦਾਰਥਾਂ ਤੋਂ ਅੱਡ ਕਰਨ ਲਈ ਸਮੂਹਕ ਤੌਰ ਤੇ ਨਰਮ ਚੁੰਬਕੀ ਰਥ ਕਿਹਾ ਜਾਂਦਾ ਹੈ।

ਨਰਮ ਚੁੰਬਕੀ ਪਦਾਰਥਾਂ ਦੀ ਵਰਤੋਂ ਵਧੇਰੇ ਕਰਕੇ ਬਿਜਲੀ ਦੀਆਂ ਰਾਂ, ਜੈੱਨਰੇਟਰਾਂ ਅਤੇ ਟ੍ਰਾਂਸਫਾਰਮਰਾਂ ਲਈ ਆਮ ਕੀਤੀ ਜਾਂਦੀ ਹੈ। ਸ ਤੋਂ ਇਲਾਵਾ ਹੋਰ ਉਪਯੋਗਾਂ ਤਹਿਤ ਬਿਜਲਈ ਚੁੰਬਕਾਂ ਦੁਆਰਾ ਣ ਵਾਲੇ ਸਵਿੱਚ (ਰਿਲੇਅ) ਅਤੇ ਵਾਲਵ, ਇਨਡੱਕਟਰਜ਼, ਚੁੰਬਕੀ ਖਿਆਣੇ ਅਤੇ ਅਨੇਕਾਂ ਇਲੈੱਕਟ੍ਰਾਨਿਕ ਤੇ ਕੰਪਿਊਟਰ ਪੁਰਜ਼ੇ ਉਂਦੇ ਹਨ।

ਧੁਨੀ ਰਿਕਾਰਡਿੰਗ ਅਤੇ ਟੈਲੀਵਿਜ਼ਨ ਸੂਚਨਾ ਲਈ ਜਿਹੜੇ ਰਥਾਂ ਦੀ ਲੋੜ ਪੈਂਦੀ ਹੈ ਉਨ੍ਹਾਂ ਦੇ ਲੱਛਣ ਨਰਮ ਅਤੇ ਕਠੋਰ ਚੁੰਬਕੀ ਰਥਾਂ ਦੇ ਵਿਚਕਾਰਲੇ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਆਸਾਨੀ ਨਾਲ ਕ ਬਣਾਇਆ ਤੇ ਇਨ੍ਹਾਂ ਦੀ ਚੁੰਬਕਤਾ ਖ਼ਤਮ ਹੋ ਸਕਣੀ ਚਾਹੀਦੀ ਤਾਂ ਜੋ ਸੂਚਨਾ ਸਹੀ ਰਿਕਾਰਡ ਹੋ ਸਕੇ। ਪਰੰਤੂ ਨਾਲ ਹੀ ਆਮ ਤਾਂ ਵਿਚ ਚੁੰਬਕਤਾ ਬਰਕਰਾਰ ਰਹਿਣੀ ਚਾਹੀਦੀ ਹੈ, ਨਹੀਂ ਤਾਂ ਰਡ ਕੀਤੀ ਸੂਚਨਾ ਨਸ਼ਟ ਹੋ ਜਾਇਆ ਕਰੇਗੀ। ਅਜਿਹੇ ਪਦਾਰਥਾਂ ਈ ਵਾਰੀ ਅਰਧ ਕਠੋਰ ਚੁੰਬਕੀ ਪਦਾਰਥ ਕਿਹਾ ਜਾਂਦਾ ਹੈ ਅਤੇ ਮਿਸ਼ਰਤ ਧਾਤਾਂ ਜਾਂ ਆੱਕਸਾਈਡ ਹੋ ਸਕਦੇ ਹਨ।

**ਅਨੁਚੁੰਬਕੀ ਅਤੇ ਪ੍ਰਤਿਚੁੰਬਕੀ ਪਦਾਰਥ**—ਦੁਰਬਲ ਚੁੰਬਕੀ ਰਥਾਂ ਨੂੰ ਜਦੋਂ ਉਨ੍ਹਾਂ ਉੱਤੇ ਚੁੰਬਕੀ ਖੇਤਰ ਦਾ ਪ੍ਰਭਾਵ ਪਾਇਆ ਹੈ, ਇਹ ਕਿਵੇਂ ਕਿਰਿਆ ਕਰਦੇ ਹਨ, ਦੇ ਆਧਾਰ ਉਤੇ ਇਨ੍ਹਾਂ ਭਾਗਾਂ ਵਿਚ ਵੰਡਿਆ ਗਿਆ ਹੈ। ਅਨੁਚੁੰਬਕੀ ਤੇ ਪ੍ਰਤਿਚੁੰਬਕੀ ਰਥ। ਜਿਹੜੇ ਪਦਾਰਥ ਚੁੰਬਕੀ ਖੇਤਰ ਸਮੇਂ ਉਸ ਦੇ ਸਮਾਂਤਰ ਦਿਸ਼ਾ ਹਲਕੇ ਜਿਹੇ ਚੁੰਬਕ ਬਣ ਜਾਂਦੇ ਹਨ, ਨੂੰ ਅਨੁਚੁੰਬਕੀ ਪਦਾਰਥ ਜਾਂਦਾ ਹੈ ਅਤੇ ਇਹ ਵਧੇਰੇ ਸਮਰੱਥਾ ਵਾਲੇ ਚੁੰਬਕੀ ਖੇਤਰ ਵੱਲ ਲਗਦੇ ਹਨ। ਬਹੁਤੇ ਕਾਰਬਨੀ ਯੋਗਿਕ ਪ੍ਰਤਿਚੁੰਬਕੀ ਹੁੰਦੇ ਹਨ ਧਾਤਾਂ ਆਮ ਕਰਕੇ ਅਨੁਚੁੰਬਕੀ ਹੁੰਦੀਆਂ ਹਨ। ਆਮ ਹਾਲਤਾਂ ਇਨ੍ਹਾਂ ਪਦਾਰਥਾਂ ਦੀ ਚੁੰਬਕਤਾ ਲਗਾਏ ਗਏ ਚੁੰਬਕੀ ਖੇਤਰ ਦੇ ਅਨੁਪਾਤੀ ਹੁੰਦੀ ਹੈ ਅਤੇ ਸਮ-ਅਨੁਪਾਤੀ ਸਥਿਰ ਅੰਕ ਨੂੰ ਚੁੰਬਕੀ ਰਤੀ ਕਿਹਾ ਜਾਂਦਾ ਹੈ। ਚੁੰਬਕੀ ਪ੍ਰਵਿਰਤੀ ਅਨੁਚੁੰਬਕੀ ਪਦਾਰਥਾਂ ਧਨਾਤਮਕ ਅਤੇ ਪ੍ਰਤਿਚੁੰਬਕੀ ਪਦਾਰਥ ਲਈ ਰਿਣਾਤਮਕ ਹੁੰਦੀ ਹੈ। ਦੇ ਚੁੰਬਕੀ ਪ੍ਰਭਾਵ ਨਾ ਮਾਤਰ ਹੀ ਹੁੰਦੇ ਹਨ ਅਤੇ ਵਿਸ਼ੇਸ਼ ਪ੍ਰਯੋਗਿਕ ਜਾਂ ਬਗੈਰ ਇਹ ਪ੍ਰਭਾਵਾਂ ਦਾ ਪਤਾ ਨਹੀਂ ਲਗ ਸਕਦਾ। ਇਸੇ ਕਰਕੇ ਹੇ ਪਦਾਰਥਾਂ ਨੂੰ ਗੈਰ ਚੁੰਬਕੀ ਪਦਾਰਥ ਹੀ ਮੰਨਿਆ ਜਾਂਦਾ ਹੈ। ਅਤੇ ਗੈਸਾਂ ਹਮੇਸ਼ਾਂ ਅਨੁਚੁੰਬਕੀ ਜਾਂ ਪ੍ਰਤਿਚੁੰਬਕੀ ਹੁੰਦੇ ਹਨ ਬੇਸ਼ਕ ਨਿ ਠੋਸ, ਜਿਨ੍ਹਾਂ ਨੂੰ ਅਤੀ ਠੰਢੇ ਤਰਲ ਜਾਣਿਆ ਜਾਂਦਾ ਹੈ, ਚੁੰਬਕੀ ਹੋ ਸਕਦੇ ਹਨ।

**ਪ੍ਰਤਿਲੋਹ-ਅਤੇ ਫੈਰੀ ਚੁੰਬਕੀ ਪਦਾਰਥ**—ਲੋਹ-ਚੁੰਬਕੀ ਰਥਾਂ ਵਿਚ ਪਰਮਾਣੂ ਚੁੰਬਕ ਸਮੂਹੇ ਵੱਡੇ-ਵੱਡੇ ਖੇਤਰਾਂ ਵਿਚ ਇਕ ਵਿਚ ਸਮਾਂਤਰ ਹੁੰਦੇ ਹਨ। ਲੋਹ-ਚੁੰਬਕੀ ਪਦਾਰਥਾਂ ਵਿਚੋਂ ਲੋਹਾ ਤਾਪਮਾਨ ਉੱਤੇ ਸਭ ਤੋਂ ਸ਼ਕਤੀਸ਼ਾਲੀ ਚੁੰਬਕਤਾ ਦਾ ਪ੍ਰਦਰਸ਼ਨ ਹੈ। ਇਹ ਵੀ ਸੰਭਵ ਹੈ ਕਿ ਪਰਮਾਣੂ ਚੁੰਬਕ ਠੋਸ ਪਦਾਰਥ **ਇਸ ਤਰ੍ਹਾਂ ਇਕੱਠੇ ਹੁੰਦੇ ਹੋਣ ਕਿ ਉਲਟ ਦਿਸ਼ਾ ਵਾਲੇ ਪਰਮਾਣੂ ਇਕ ਦੂਜੇ ਨੂੰ ਅਸਰ ਰਹਿਤ ਕਰ ਦਿੰਦੇ ਹਨ। ਇਸ ਦਾ ਸਿੱਟਾ** ਇਹ ਹੁੰਦਾ ਹੈ **ਕਿ ਪਦਾਰਥ ਅਨੁਚੁੰਬਕ ਦੇ ਤੌਰ ਤੇ ਕੰਮ ਕਰਦਾ ਹੈ।** ਨਿਊਟ੍ਰੋਂਨ **ਵਿਵਰਨ ਵਿਧੀ ਦੁਆਰਾ** ਅੰਦਰਲੀ ਚੁੰਬਕੀ ਬਣਤਰ ਦਾ ਪਤਾ

(ੳ)
(ਅ)
(ੲ)



**(ੳ) ਲੋਹ ਚੁੰਬਕੀ ਪਦਾਰਥਾਂ ਵਿਚ (ਅ) ਪ੍ਰਤਿਲੋਹ ਚੁੰਬਕੀ ਪਦਾਰਥਾਂ ਵਿਚ (ੲ) ਫੈਰੀ ਚੁੰਬਕੀ ਪਦਾਰਥਾਂ ਵਿਚ, ਪਰਮਾਣੂ ਚੁੰਬਕ ਦੀ ਬਣਤਰ ਭਾਵ ਪਦਾਰਥ ਦੇ ਵਿਸ਼ੇਸ਼ ਤਾਪਮਾਨ ਤੋਂ ਬਾਅਦ।**

ਲਗਾਇਆ ਜਾ ਸਕਦਾ ਹੈ ਅਜਿਹੇ ਪਦਾਰਥਾਂ ਨੂੰ ਪ੍ਰਤਿਲੋਹ-ਚੁੰਬਕੀ ਪਦਾਰਥ ਕਿਹਾ ਜਾਂਦਾ ਹੈ। ਹੋਰ ਵਧੇਰੇ ਮਹੱਤਤਾ ਵਾਲੀ ਗੱਲ ਇਹ ਹੈ, ਕਿ ਪਰਮਾਣੂ ਚੁੰਬਕੀ ਮੋਮੈਂਟਾਂ ਦਿਸ਼ਾ ਵਿਚ ਪਰਵਰਤਸ਼ੀਲ ਹੁੰਦੀਆਂ ਹਨ ਪਰੰਤੂ ਅਸਮਾਨ ਮਾਤਰਾ ਜਾਂ ਗਿਣਤੀ ਹੁੰਦੀ ਹੈ। ਅਜਿਹੇ ਪਦਰਾਥਾਂ ਨੂੰ ਫੈਰੀਚੁੰਬਕੀ ਪਦਾਰਥ ਕਿਹਾ ਜਾਂਦਾ ਹੈ ਅਤੇ ਅਨੇਕਾਂ ਲਾਭਦਾਇਕ ਚੁੰਬਕੀ ਆੱਕਸਾਈਡ ਅਤੇ ਫੈਰਾਈਟਸ ਇਸੇ ਵਰਗ ਵਿਚ ਆਉਂਦੇ ਹਨ। ਚਿੱਤਰ ਵਿਚ ਲੋਹ-ਚੁੰਬਕੀ, ਪ੍ਰਤਿਲੋਹ-ਚੁੰਬਕੀ ਅਤੇ ਫੈਰੀ-ਚੁੰਬਕੀ ਪਦਾਰਥਾਂ ਵਿਚ ਪਰਮਾਣੂ ਚੁੰਬਕਾਂ ਦੀ ਬਣਤਰ ਦਰਸਾਈ ਗਈ ਹੈ। ਪ੍ਰਤਿ ਲੋਹ-ਚੁੰਬਕੀ ਪਦਾਰਥਾਂ ਦੀ ਬਣਤਰ ਨੀਲ ਤਾਪਮਾਨ ਉੱਤੇ ਜਾ ਕੇ ਅਲੋਪ ਹੋ ਜਾਂਦੀ ਹੈ।

ਹ. ਪੁ.-ਐਨ. ਅਮੈ. 18: 101

**ਚੁੰਬਕੀ ਰਸਾਇਣ-ਵਿਗਿਆਨ** : ਲੋਹਾ ਚੁੰਬਕ ਦੁਆਰਾ ਆਕਰਸ਼ਿਤ ਹੋਣ ਕਾਰਨ ਲੋਹ-ਚੁੰਬਕੀ ਕਹਾਉਂਦਾ ਹੈ। ਇਸ ਦੇ ਮੁਕਾਬਲੇ ਹੋਰ ਕੁਝ ਕੁ ਲੋਹ-ਚੁੰਬਕੀ ਪਦਾਰਥ ਹਨ ਪ੍ਰੰਤੂ ਦੂਸਰੇ ਪਦਾਰਥ ਇਕ ਚੁੰਬਕ ਦੁਆਰਾ ਘੱਟ ਆਕਰਸ਼ਣ ਦਰਸਾਉਂਦੇ ਹਨ। ਇਸ ਲਈ ਘੱਟ ਆਕਰਸ਼ਣ ਵਾਲੇ ਪਦਾਰਥਾਂ ਨੂੰ ਅਨੁਚੁੰਬਕੀ ਅਤੇ ਅਪਕਰਸ਼ਣ ਵਾਲੇ ਪਦਾਰਥਾਂ ਨੂੰ ਅਪਚੁੰਬਕੀ ਕਿਹਾ ਜਾਂਦਾ ਹੈ। ਚੁੰਬਕੀ ਰਸਾਇਣ ਵਿਗਿਆਨ ਰਸਾਇਣ-ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਵਿਚ ਇਨ੍ਹਾਂ ਅਤੇ ਦੂਸਰੇ ਹੋਰ ਚੁੰਬਕੀ ਗੁਣਾਂ ਦੀ ਵਰਤੋਂ ਰਸਾਇਣਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀਤੀ ਜਾਂਦੀ ਹੈ।

ਅਪਚੁੰਬਕੀ ਪਦਾਰਥਾਂ ਵਿਚ ਅਨੁਚੁੰਬਕੀ ਅਸ਼ੁੱਧੀਆਂ ਦਾ ਪਤਾ ਲਾਉਣ ਲਈ ਅਤੇ ਵਿਸ਼ੇਸ਼ ਕਰਕੇ ਲੋਹ-ਚੁੰਬਕੀ ਅਸ਼ੁੱਧੀਆਂ ਦਾ ਪਤਾ ਲਾਉਣ ਲਈ ਚੁੰਬਕੀ ਯੰਤਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸ਼ੀਸ਼ਾ ਬਣਾਉਣ ਵਾਲੀ ਰੇਤ-ਲੋਹ-ਰਹਿਤ ਹੋਣੀ ਜ਼ਰੂਰੀ ਹੈ। ਰਸਾਇਣਿਕ ਅਤੇ ਧਾਤਕਰਮ ਸਬੰਧੀ ਕਈ ਪ੍ਰੇਖਣਾਂ ਜਿਵੇਂ ਸੂਖ਼ਮ ਕਣਾਂ ਦਾ ਆਕਾਰ ਅਤੇ ਅਰਧ-ਵਿਆਸ ਮਾਪਣ ਲਈ ਕੀਤੀ ਜਾਂਦੀ ਹੈ। ਇਸ ਵਿਸ਼ੇ ਨੂੰ ਅਕਸਰ 'ਤਾਪ-ਚੁੰਬਕੀ ਵਿਸ਼ਲੇਸ਼ਣ' ਕਿਹਾ ਜਾਂਦਾ ਹੈ।

ਰਸਾਇਣ-ਵਿਗਿਆਨ ਵਿਚ ਚੁੰਬਕਤਾ ਦੀ ਹੋਰ ਵਰਤੋਂ ਮੁਕਤ ਰੈਡੀਕਲਾਂ ਦੇ ਅਧਿਐਨ ਲਈ ਕੀਤੀ ਜਾਂਦੀ ਹੈ। ਅਜਿਹੇ ਪਦਾਰਥ ਜਿਨ੍ਹਾਂ

ਵਿਚੋਂ ਇਕ ਟ੍ਰਾਈਫੀਨਾਈਲਮੀਥਾਈਲ ਹੈ; ਵਿਚ ਇਲੈੱਕਟ੍ਰਾਨਾਂ ਦੀ ਬਿਖਮ ਸੰਖਿਆ ਹੁੰਦੀ ਹੈ ਅਤੇ ਇਹ ਪਦਾਰਥ ਅਨੁਚੁੰਬਕੀ ਹੁੰਦੇ ਹਨ। ਬਹੁਤੇ ਰਸਾਇਣਿਕ ਪਦਾਰਥਾਂ ਵਿਚ ਇਲੈੱਕਟ੍ਰਾੱਨ ਸਮ-ਸੰਖਿਆ ਵਿਚ ਹੁੰਦੇ ਹਨ ਅਤੇ ਇਹ ਪਦਾਰਥ ਅਪਚੁੰਬਕੀ ਹੁੰਦੇ ਹਨ। ਇਸ ਖੇਤਰ ਵਿਚ ਇਲੈੱਕਟ੍ਰਾੱਨ ਚੁੰਬਕੀ ਅਨੁਨਾਦ ਵਿਸ਼ੇਸ਼ ਕਰਕੇ ਲਾਹੇਵੰਦ ਹੈ। ਅਕਾਰਬਨੀ ਯੋਗਿਕਾਂ ਵਿਚ ਪਰਮਾਣਵੀ ਅਤੇ ਅਣਵੀਂ ਸਬੰਧ ਮੈਗਨੈਟੋਕੈਮੀਕਲ ਅਧਿਐਨ ਲਈ ਕਾਫ਼ੀ ਮਹੱਤਵਪੂਰਨ ਹਨ। ਖ਼ੂਨ ਵਿਚਲਾ ਲਾਲ ਪਦਾਰਥ ਹੀਮੋਗਲੋਬਿਨ ਇਕ ਚੰਗੀ ਉਦਾਹਰਨ ਹੈ। ਹੀਮੋਗਲੋਬਿਨ ਨੂੰ ਆਕਸੀਜਨ ਦਾ ਵਾਹਕ ਮੰਨਿਆ ਜਾਂਦਾ ਹੈ। ਇਹ ਲੋਹਾ ਮਿਲੇ ਕੰਪਲੈਕਸ ਯੋਗਿਕ ਦੇ ਭਾਗ ਵਿਚ ਬਣਦਾ ਹੈ।

ਇਹ ਪਦਾਰਥ ਅਨੁ-ਚੁੰਬਕੀ ਹੈ ਪ੍ਰੰਤੂ ਜਦੋਂ ਹੀਮੋਗਲੋਬਿਨ ਵਿਚ ਆਕਸੀਜਨ ਮਿਲ ਜਾਂਦੀ ਹੈ (ਜਿਵੇਂ ਇਹ ਫੇਫੜਿਆਂ ਦੇ ਤੰਤੂਆਂ ਵਿਚੋਂ ਲੰਘਣ ਸਮੇਂ ਕਰਦਾ ਹੈ) ਤਾਂ ਇਹ ਅਪਚੁੰਬਕੀ ਬਣ ਜਾਂਦਾ ਹੈ। ਇਸ ਨਾਲ ਸਬੰਧਿਤ ਅਧਿਐਨ ਫੈਰਾਈਟਾਂ ਉੱਤੇ ਕੀਤਾ ਗਿਆ ਹੈ। ਫੈਰਾਈਟਾਂ ਦੀ ਵਰਤੋਂ ਇਲੈੱਕਟ੍ਰਾੱਨੀ ਯੰਤਰਾਂ ਵਿਚ ਕੀਤੀ ਜਾਂਦੀ ਹੈ।

ਚੁੰਬਕੀ ਢੰਗਾਂ ਨੂੰ ਉਤਪ੍ਰੇਰਨ ਵਿਚ ਵਰਤਣਾ ਕਾਫ਼ੀ ਲਾਹੇਵੰਦ ਹੁੰਦਾ ਹੈ। ਕ੍ਰੋਮੀਅਮ ਤੋਂ ਨਿਕਲ ਅਤੇ ਇਨ੍ਹਾਂ ਦੇ ਯੋਗਿਕ, ਜਿਹੜੇ ਉਤਪ੍ਰੇਰਕ ਦਾ ਕੰਮ ਕਰਦੇ ਹਨ; ਕਈ ਦਿਲਚਸਪ ਚੁੰਬਕੀ ਪ੍ਰਭਾਵ ਦਰਸਾਉਂਦੇ ਹਨ। ਕੁਝ ਪਰਮਾਣੂਆਂ ਵਿਚ ਅਯੁਗਮਿਤ ਇਲੈੱਕਟ੍ਰਾੱਨਾਂ ਦੀ ਹੋਂਦ ਤੋਂ ਇਹ ਸਥਾਪਤ ਹੋ ਚੁੱਕਾ ਹੈ ਕਿ ਉਤਪ੍ਰੇਰਨ ਅਤੇ ਚੁੰਬਕਤਾ ਦਾ ਇਕੋ ਸਾਂਝਾ ਆਧਾਰ ਹੈ। ਇਹ ਸਹਿਸਬੰਧ ਰਸਾਇਣਿਕ ਸਤ੍ਹਾਸੋਖਣ ਦੇ ਅਧਿਐਨ ਲਈ ਬਹੁਤ ਲਾਹੇਵੰਦ ਸਾਬਤ ਹੋਇਆ ਹੈ। ਰਸਾਇਣਿਕ ਸਤ੍ਹਾਸੋਖਣ ਉਹ ਵਿਧੀ ਹੈ ਜਿਸ ਵਿਚ ਉਤਪ੍ਰੇਰਕ ਦੁਆਰਾ ਰਸਾਇਣਿਕ ਕਿਰਿਆ ਦੌਰਾਨ ਅਤੇ ਪਹਿਲਾਂ ਅਣੂ ਉਤਪ੍ਰੇਰਕ ਦੀ ਸਤ੍ਹਾ ਉੱਤੇ ਚਿਪਕਿਆ ਰਹਿੰਦਾ ਹੈ।

ਹ. ਪੁ.-ਐਨ. ਬ੍ਰਿ. 14: 619

**ਚੁਬੱਚਾ ਸਾਹਿਬ** : ਇਹ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਹੈ, ਜੋ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸਰਹਾਲੀ ਕੋਲ ਪੂਰਬ ਵਾਲੇ ਪਾਸੇ ਸਥਿਤ ਹੈ। ਗੁਰੂ ਜੀ ਮਾਤਾ ਗੰਗਾ ਜੀ ਸਮੇਤ ਕੁਝ ਸਮਾਂ ਇਥੇ ਆ ਕੇ ਠਹਿਰੇ ਸਨ। ਇਸ ਸਥਾਨ ਤੋਂ ਉਨ੍ਹਾਂ ਨੇ ਚੋਲਾ ਸਾਹਿਬ ਵਿਖੇ ਚਰਨ ਪਾਏ ਸਨ। ਇਸ ਗੁਰਦੁਆਰੇ ਦੇ ਨਾਂ ਕੁਝ ਜ਼ਮੀਨ ਵੀ ਲੱਗੀ ਹੋਈ ਹੈ। ਇਹ ਥਾਂ ਰੇਲਵੇ ਸਟੇਸ਼ਨ ਪੱਟੀ ਤੋਂ ਪੂਰਬ ਵੱਲ ਲਗਭਗ 6-7 ਕਿ.ਮੀ. ਦੀ ਵਿੱਥ ਤੇ ਹੈ।

ਹ. ਪੁ.-ਮ. ਕੋ.

**ਚੁੰਬੀ ਵਾਦੀ** : ਇਹ ਤਿੱਬਤੀ ਹਿਮਾਲਾ ਦੀ ਦੱਖਣੀ ਢਲਾਣ ਤੇ ਸਮੁੰਦਰ ਸਤਹ ਤੋਂ ਲਗਭਗ 2900 ਮੀਟਰ (9500 ਫੁੱਟ) ਦੀ ਔਸਤ ਉਚਾਈ ਤੇ ਸਥਿਤ ਭਾਰਤ ਅਤੇ ਤਿੱਬਤ ਨੂੰ ਮਿਲਾਉਣ ਵਾਲੀ, ਤਿੱਬਤ ਦੀ ਇਕ ਘਾਟੀ ਹੈ। ਇਸ ਦੇ ਪੂਰਬ ਵਿਚ ਭੂਟਾਨ ਅਤੇ ਪੱਛਮ ਵਿਚ ਸਿੱਕਮ ਹੈ। ਉੱਤਰ-ਪੂਰਬ ਵਿਚ ਇਹ ਚਾਂਗਲ ਦੱਰੇ ਤਕ ਫੈਲੀ ਹੋਈ ਹੈ। ਇਹ ਚਾਮ-ਬੂ ਦਰਿਆ ਦੁਆਰਾ ਬਣੀ ਹੋਈ ਹੈ ਜੋ ਡਾਗਲਾ ਦੱਰੇ ਦੇ ਥੋੜ੍ਹਾ ਹੇਠਾਂ ਕਰਕੇ ਨਿਕਲਦਾ ਹੈ ਤੇ ਦੱਖਣ ਵੱਲ ਵਹਿੰਦਾ ਹੋਇਆ ਭੂਟਾਨ ਵਿਚ ਚਲਾ ਜਾਂਦਾ ਹੈ। ਵਾਦੀ ਦੀਆਂ ਤਲਹੱਟੀਆਂ ਜੰਗਲਾਂ ਨਾਲ ਭਰੀਆਂ ਹੋਈਆਂ ਹਨ। ਸਾਲ ਦਾ ਬਹੁਤ ਸਮਾਂ ਇਥੇ ਬਹੁਤ ਖੁਸ਼ਗਵਾਰ ਮੌਸਮ ਰਹਿੰਦਾ ਹੈ। ਵਾਦੀ ਦਾ ਕੁੱਲ ਖੇਤਰਫਲ 1750 ਵ. ਕਿ. ਮੀ. ਦੇ ਲਗਭਗ ਹੈ। ਰਾਜਨੀਤਕ ਪੱਖੋਂ ਇਹ ਪਹਿਲਾਂ ਸਿੱਕਮ ਦਾ ਹਿੱਸਾ ਸੀ। 1792 ਈ. ਤੋਂ ਇਹ ਤਿੱਬਤ ਅਧੀਨ ਹੋ ਗਿਆ। ਭੂਗੋਲਕ ਦ੍ਰਿਸ਼ਟੀ ਤੋਂ ਇਸ ਨੂੰ ਭਾਰਤ ਦਾ ਹਿੱਸਾ ਹੋਣਾ ਚਾਹੀਦਾ ਸੀ। ਸੰਨ 1604 ਵਿਚ ਬਰਤਾਨਵੀ ਮਿਸ਼ਨ ਇਸੇ ਰਸਤੇ ਤੋਂ ਗਿਆ ਸੀ। ਇਸ ਘਾਟੀ ਵਿਚ ਤੋਰਸਾ ਨਦੀ ਵਹਿੰਦੀ ਹੈ ਜਿਸ ਦੁਆਰਾ ਬਣੇ ਛੋਟੇ ਛੋਟੇ ਸਮਤਲ ਖੇਤਰਾਂ ਵਿਚ ਜੌਂ, ਕਣਕ ਅਤੇ ਸਬਜ਼ੀਆਂ ਆਦਿ ਦੀ ਖੇਤੀ ਕੀਤੀ ਜਾਂਦੀ ਹੈ। ਆਮੋ ਚੂ ਨਦੀ ਤੇ ਚੁੰਬੀ ਘਾਟੀ ਦਾ ਪ੍ਰਸਿੱਧ ਸ਼ਹਿਰ ਚੁੰਬੀ ਵਸਿਆ ਹੋਇਆ ਹੈ। ਇਸ ਸ਼ਹਿਰ ਦੇ ਲਗਭਗ 57 ਕਿ. ਮੀ. ਦੱਖਣ ਪੱਛਮ ਵਿਚ ਕਾਲਿਮਪਾਂਗ ਸਥਿਤ ਹੈ। 1904 ਵਿਚ ਭਾਰਤੀ ਤਿੱਬਤੀ ਸੰਧੀ ਹੋਣ ਨਾਲ ਅਤੇ ਬਰਤਾਨਵੀ ਵਪਾਰਕ ਸਮਝੌਤੇਬਾਜ਼ੀ ਦੁਆਰਾ ਇਥੇ 'ਯਾ-ਤੁੰਗ' ਨਾਮੀ ਇਕ ਵਪਾਰਕ ਏਜੰਸੀ ਖੁੱਲ੍ਹੀ ਜਿਸ ਨਾਲ ਇਥੋਂ ਉੱਨ ਸੁਰਾਗਾਂ ਦੀਆਂ ਪੂਛਾਂ (Yak) ਅਤੇ ਸੁਹਾਗੇ (Borax) ਦਾ ਵਪਾਰ ਹੋਣ ਲਗਾ। ਸੰਨ 1951 ਵਿਚ ਇਹ ਵਾਦੀ ਚੀਨ ਦੇ ਕਬਜ਼ੇ ਵਿਚ ਆ ਗਈ ਜਿਸ ਨੇ ਸੰਨ 1962 ਤਕ ਭਾਰਤ ਨਾਲ ਵਪਾਰ ਜਾਰੀ ਰਖਿਆ ਪਰ 1962 ਵਿਚ ਚੀਨੀ ਹਿੰਦੀ ਸੰਧੀ ਖ਼ਤਮ ਹੋ ਗਈ ਅਤੇ ਦੋਹਾਂ ਦੇਸ਼ਾਂ ਵਿਚ ਸਰਹੱਦੀ ਝਗੜਾ ਸ਼ੁਰੂ ਹੋ ਗਿਆ ਜਿਸ ਤੋਂ ਚੀਨ ਨੇ ਭਾਰਤ ਨਾਲ ਇਹ ਵਪਾਰ ਖਤਮ ਕਰ ਦਿੱਤਾ। ਭਾਰਤ ਚੀਨ ਸੰਘਰਸ਼ ਦੀ ਦ੍ਰਿਸ਼ਟੀ ਤੋਂ ਇਸ ਘਾਟੀ ਦਾ ਸੈਨਿਕ ਮਹੱਤਵ ਬਹੁਤ ਵੱਧ ਗਿਆ ਹੈ।

ਹ. ਪੁ. -ਐਨ ਬ੍ਰਿ. 2 : 918; ਹਿੰ. ਵਿ. ਕੋ. 4: 270

**ਚੁਮਪਾੱਨ** : ਇਹ ਦੱਖਣ-ਪੱਛਮੀ ਥਾਈਲੈਂਡ ਵਿਚ ਯੋਜਕ ਕਮ ਥਲ ਡਮਰੂ ਦੇ ਪੂਰਬੀ ਤਟ ਤੇ ਸਥਿਤ ਇਕ ਰਾਜ (Changwat) ਹੈ। ਇਸ ਪਹਾੜੀ ਰਾਜ ਦੇ ਉੱਤਰ-ਪੱਛਮ ਵਿਚ ਬਰਮਾ ਹੈ। ਇਸ ਦਾ ਕੁੱਲ ਖੇਤਰਫਲ 5, 746 ਵ. ਕਿ. ਮੀ. (2, 219 ਵ. ਮੀਲ) ਅਤੇ ਆਬਾਦੀ 235,000 (1970) ਦੇ ਲਗਭਗ ਹੈ। ਇਸ ਖੇਤਰ ਦਾ ਬਰਮਾ ਨਾਲ ਖ਼ਾਸ ਕਰਕੇ 18ਵੀਂ ਸਦੀ ਵਿਚ ਕਾਫ਼ੀ ਝਗੜਾ ਚਲਦਾ ਰਿਹਾ ਹੈ। ਇਸ ਦੇ ਮੁੱਖ ਸ਼ਹਿਰ ਚੁਮਪਾੱਨ (ਜੋ ਇਸ ਦਾ ਸਦਰ ਮੁਕਾਮ ਹੈ), ਪਾ ਥਿਉ ਅਤੇ ਬਾਨ ਪਾਕ ਨਾਮ ਇਸ ਦੀ 222 ਕਿ. ਮੀ. ਦੀ ਤਟ ਰੇਖਾ ਤੋਂ ਥਾਈਲੈਂਡ ਦੀ ਖਾੜੀ ਦੇ ਨਾਲ ਨਾਲ ਵਸੇ ਹੋਏ ਹਨ। ਇਸ ਦੇ ਦੱਖਣੀ ਰੇਲਵੇ ਤੇ ਚੁਮਪਾੱਨ ਸ਼ਹਿਰ ਦੀ ਮੱਛੀ ਫੜਨ ਦੀ ਮੁੱਖ ਬੰਦਰਗਾਹ ਹੈ। ਇਥੋਂ ਦੇ ਮੁੱਖ ਉਤਪਾਦਨ ਚੌਲ, ਫਲ, ਕੋਲਾ, ਕਲੀ ਆਦਿ ਸਮੁੰਦਰੀ ਜਹਾਜ਼ਾਂ ਰਾਹੀਂ ਬਾਹਰ ਭੇਜੇ ਜਾਂਦੇ ਹਨ।

ਹ. ਪੁ -ਐਨ. ਬ੍ਰਿ. ਮਾ. 2 : 918

**ਚੁਮਾਨਹੇੜੀ** : ਇਹ ਤਿੱਬਤ ਅਤੇ ਭੂਟਾਨ ਦੇ ਉੱਤਰ-ਪੱਛਮੀ ਕੋਨੇ ਵੱਲ ਦੀ ਸਰਹੱਦ ਤੇ ਸਥਿਤ ਇਕ ਬਰਫ਼ੀਲੀ ਚੋਟੀ ਹੈ ਜੋ ਸਮੁੰਦਰੀ ਸਤਹ ਤੋਂ ਲਗਭਗ 7000 ਮੀ. (23936 ਫੁੱਟ) ਉੱਚੀ ਹੈ ਇਸ ਨੂੰ ਤਿੱਬਤ ਵਿਚ ਸਭ ਤੋਂ ਵੱਧ ਪਵਿੱਤਰ ਪਹਾੜਾਂ ਵਿਚ ਗਿਣਿਆ ਜਾਂਦਾ ਹੈ।

27° 5′ rę. "p_.; 89° 16′ d£. m¿g.

ਹ. ਪੁ. -ਇੰਪ. ਗ. ਇੰਡ. 10 : 332

**ਚੁਰਸਤੀ ਅਟਾਰੀ** : ਪੰਜਾਬ ਵਿਚ ਅੰਮ੍ਰਿਤਸਰ ਦੇ ਨਜ਼ਦੀਕ ਇਕ ਜਗ੍ਹਾ ਹੈ। ਇਸ ਸਥਾਨ ਤੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਸੰਮਤ 1685 ਵਿਚ ਸ਼ਾਹੀ ਸੈਨਾ ਨਾਲ ਪਹਿਲੀ ਲੜਾਈ ਹੋਈ ਸੀ। ਉਸ ਸਮੇਂ ਇਸ ਸਥਾਨ ਤੇ ਚੌਰਾਹੇ ਤੇ ਇਕ ਅਟਾਰੀ ਬਣੀ ਹੋਈ ਸੀ, ਜਿਸ ਕਾਰਨ ਇਸ ਦਾ ਨਾਂ ਚੁਰਸਤੀ ਅਟਾਰੀ ਪੈ ਗਿਆ।

ਹ. ਪੁ. - ਮ. ਕੋ.

**ਚੁਰੂ** : ਜ਼ਿਲ੍ਹਾ—ਇਹ ਭਾਰਤ ਦੇ ਰਾਜਸਥਾਨ ਰਾਜ ਦਾ ਇਕ ਜ਼ਿਲ੍ਹਾ ਹੈ। ਜ਼ਿਲ੍ਹੇ ਦਾ ਕੁਲ ਰਕਬਾ 16,829 ਵ. ਕਿ. ਮੀ. (6, 494 ਵ. ਮੀਲ) ਹੈ ਅਤੇ ਆਬਾਦੀ 15,43,211 (1991) ਹੈ। ਜ਼ਿਲੇ ਦਾ ਬਹੁਤਾ ਹਿੱਸਾ ਰੇਤਲਾ ਅਤੇ ਬੰਜਰ ਪਿਆ ਹੈ। ਖੁਸ਼ਕੀ ਬਹੁਤ ਜ਼ਿਆਦਾ ਹੈ। ਉੱਤਰ ਪੂਰਬ ਵਿਚ ਕੇਵਲ ਕਾਤਲੀ ਦਰਿਆ ਨਾਲ ਪਾਣੀ ਦਿੱਤਾ ਜਾਂਦਾ ਹੈ। ਜ਼ਿਲੇ ਦੇ ਦੱਖਣ ਪੱਛਮੀ ਹਿੱਸੇ ਵਿਚ ਰੇਤ ਦੀਆਂ ਵਲਾਂ ਜਿਹੀਆਂ ਵਾਲੀਆਂ ਪਹਾੜੀਆਂ ਹਨ। ਇਥੋਂ ਭੇਡਾਂ, ਗਾਈਆਂ ਅਤੇ ਊਠਾਂ ਆਦਿ ਨੂੰ ਪਾਲਣ ਦਾ ਕੰਮ ਕਾਫ਼ੀ ਮਾਤਰਾ ਵਿਚ ਕੀਤਾ ਜਾਂਦਾ ਹੈ। ਬਾਜਰਾ

ਛੋਲੇ ਅਤੇ ਦਾਲਾਂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਨ੍ਹਾਂ ਤੋਂ ਇਲਾਵਾ ਇਥੇ ਜਿਪਸਮ ਦੀਆਂ ਖਾਣਾਂ ਵੀ ਹਨ। ਇਸੇ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ-ਮੁਕਾਮ ਹੈ।

ਹ. ਪ. -ਐਨ. ਬ੍ਰਿ. ਮਾ. 2: 929

**ਚੁਰੂ** : ਸ਼ਹਿਰ—ਇਹ ਭਾਰਤ ਦੇ ਰਾਜਸਥਾਨ ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ ਜੋ ਸ਼ੇਖਾਵਤੀ ਸਰਹੱਦ ਦੇ ਨਜ਼ਦੀਕ ਕਰਕੇ ਸਥਿਤ ਹੈ। ਇਸ ਸ਼ਹਿਰ ਦੀ ਨੀਂਹ ਇਸੇ ਨਾਂ ਦੇ ਇਕ ਜਾਟ ਨੇ ਲਗਭਗ 1620 ਵਿਚ ਰੱਖੀ ਸੀ। ਇਥੇ ਬੜੇ ਅਮੀਰ ਸ਼ਾਹੂਕਾਰ ਰਹਿੰਦੇ ਸਨ ਤੇ 1739 ਵਿਚ ਇਥੇ ਬੜੇ ਸੋਹਣੇ ਘਰ ਬਣੇ ਹੋਏ ਸਨ।

ਚੁਰੂ ਸ਼ਹਿਰ ਅਤੇ ਕਿਲਾ ਇਸ ਦੇ ਨਾਲ ਲਗਦੇ 80 ਪਿੰਡਾਂ ਸਮੇਤ ਇਕ ਪ੍ਰਭਾਵਸ਼ਾਲੀ ਠਾਕੁਰ ਦੇ ਕਬਜ਼ੇ ਵਿਚ ਸਨ ਜੋ ਲਗਾਤਾਰ ਸ਼ਾਹੀ ਦਰਬਾਰ ਨਾਲ ਲੜਦਾ ਰਿਹਾ, ਪਰ 1813 ਵਿਚ ਇਸ ਨੂੰ ਇਸ ਦੇ ਕਿਲੇ ਵਿਚ ਹੀ ਘੇਰ ਲਿਆ ਗਿਆ ਜਿਸ ਤੋਂ ਇਸ ਨੇ ਆਤਮ-ਹੱਤਿਆ ਕਰ ਲਈ ਤੇ ਇਸ ਤਰ੍ਹਾਂ ਚੁਰੂ ਸ਼ਾਹੀ ਦਰਬਾਰ ਦੇ ਕਬਜ਼ੇ ਵਿਚ ਆ ਗਿਆ ਪਰ ਥੋੜ੍ਹੀ ਦੇਰ ਬਾਦ ਹੀ ਠਾਕੁਰ ਦੇ ਜਾਂਨਸ਼ੀਨਾਂ ਨੇ ਅਮੀਰ ਖਾਨ ਦੀ ਮਦਦ ਨਾਲ ਚੁਰੂ ਤੇ ਫਿਰ ਕਬਜ਼ਾ ਕਰ ਲਿਆ ਪਰ 1818 ਵਿਚ ਬਰਤਾਨਵੀ ਸਰਕਾਰ ਦੀਆਂ ਫ਼ੌਜਾਂ ਦੀ ਮਦਦ ਨਾਲ ਸ਼ਾਹੀ ਦਰਬਾਰ ਨੇ ਇਸ ਤੇ ਫ਼ਿਰ ਕਬਜ਼ਾ ਕਰ ਲਿਆ।

ਹੁਣ ਇਹ ਉੱਨ, ਬਾਜਰਾ, ਛੋਲੇ ਅਤੇ ਲੂਣ ਦੀ ਖ਼ਰੀਦੋ ਫਰੋਖ਼ਤ ਦਾ ਕੇਂਦਰ ਹੈ। ਇਹ ਪਸ਼ੂਆਂ ਦੀ ਵੀ ਸਥਾਨਕ ਮੰਡੀ ਹੈ। ਚਮੜੇ ਦਾ ਸਾਮਾਨ, ਖੱਡੀਆਂ ਅਤੇ ਚੀਨੀ ਮਿੱਟੀ ਦੇ ਬਰਤਣ ਬਣਾਉਣ ਦੀਆਂ ਦਸਤਕਾਰੀਆਂ ਇਥੇ ਹਨ। ਸ਼ਹਿਰ ਵਿਚ ਰਾਜਸਥਾਨ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਹੈ। ਇਕ ਇਥੇ ਹਸਪਤਾਲ ਵੀ ਹੈ।

ਆਬਾਦੀ—382,852 (1991)

28° 18′ ਉ. ਵਿਥ.; 74° 59′ ਪੂ. ਲੰਬ.

ਹ. ਪੂ. - ਐਨ. ਬ੍ਰਿ. ਮਾ. 2: 929; ਇੰਪ. ਗ. ਇੰਡ 10: 335

**ਚੁੱਲ ਵੱਗ** : ਇਹ ਪਾਲੀ ਖੰਧਕ ਦਾ ਦੂਸਰਾ ਭਾਗ ਹੈ। ਇਸ ਦੇ ਬਾਰ੍ਹਾਂ ਬੰਧਕ ਜਾਂ ਅਧਿਆਇ ਹਨ—ਕਮ-ਖੰਧਕ, ਪਾਰਿਵਾਸਿਕ, ਸਮੁੱਚਯ, ਸਮਥ, ਖੁਦਕਵੱਥੂ, ਸੇਨਾਸਨ, ਸੰਘ ਭੇਦਕ, ਵੱਤ, ਪਾਤਿਮੋਖਠਪਨ, ਭਿੱਖੁਣੀ, ਪੰਚਸਤਿਕ ਅਤੇ ਸੱਤਸਤਿਕ ਖ਼ੰਧਕ।

ਪਹਿਲੇ ਅਧਿਆਏ ਵਿਚ ਪੰਜ ਪ੍ਰਕਾਰ ਦੇ ਦੰਡ ਵਿਧਾਨਾਂ ਦਾ ਵਿਸਥਾਰ ਪੂਰੇ ਇਤਿਹਾਸ ਸਹਿਤ ਲਿਖਿਆ ਗਿਆ ਹੈ। ਉਹ ਇਸ ਪ੍ਰਕਾਰ ਹਨ (ੳ) ਤਰਜਨੀ ਕਰਮ, (ਅ) ਨਿਤਯਸ ਕਰਮ (ੲ) ਪ੍ਰਬਾਜਨੀ ਕਰਮ (ਸ) ਪ੍ਰਤਿਸਾਰਣੀ ਕਰਮ ਤੇ (ਹ) ਉਤਕਸ਼ੇਪਣੀ ਕਰਮ।

1. ਤਰਜਨੀਅ ਕਰਮ-(ਦੋਸ਼ ਦਰਸ਼ਨ ਦਵਾਰਾ ਅਪ੍ਰਸੰਨਤਾ ਪ੍ਰਗਟ ਕਰਨਾ) ਝਗੜੇ ਤੇ ਵਿਵਾਦ ਵਿਚ ਲੱਗੇ ਵਿਅਕਤੀ ਇਸ ਕਰਮ ਲਈ ਦੰਡਯੋਗ ਹਨ।

2. ਨਿਯਸ ਕਰਮ (ਉਚਿਤ ਸਮੇਂ ਤਕ ਯੋਗ ਵਿਅਕਤੀ ਦੀ ਦੇਖ ਰੇਖ ਵਿਚ ਰਹਿਣਾ) ਅਣ-ਅਨੁਕਲ ਗ੍ਰਹਿਸਥੀਆਂ ਦੀ ਸੰਗਤ ਕਰਨ ਤੇ ਇਹ ਦੰਡ ਦਿੱਤਾ ਜਾਂਦਾ ਹੈ।

3. ਪ੍ਰਬਾਜਨੀ ਕਰਮ (ਵਾਸ-ਸਥਾਨ ਤੋਂ ਕੱਢ ਦੇਣਾ) ਕੁਲ ਦੇ ਵਰਤਾਉ ਵਿਰੁੱਧ ਕੰਮ ਕਰਨ ਵਾਲੇ ਅਤੇ ਨਾਚ, ਗੀਤ, ਸੰਗੀਤ ਵਿਚ ਹਿੱਸਾ ਲੈਣ ਵਾਲੇ ਇਸ ਦੰਡ ਦੇ ਭਾਗੀ ਹੁੰਦੇ ਹਨ।

4. ਪ੍ਰਤਿਸਾਰਣੀ ਕਰਮ (ਮਾਫ਼ੀ ਮੰਗਣ ਤੇ ਮੁੜ ਸਬੰਧ ਕਾਇਮ ਕਰਨਾ) ਅਕਾਰਣ ਕਿਸੇ ਗ੍ਰਹਿਸਥੀ ਨੂੰ ਕੌੜੇ ਬਚਨ ਦੁਆਰਾ ਦੁੱਖ ਪਹੁੰਚਾਉਣ ਤੇ ਇਹ ਕਰਮ ਕੀਤਾ ਜਾਂਦਾ ਹੈ।

5. ਉਤਕਸ਼ੇਪਣੀ ਕਰਮ (ਸੰਘ ਵਿਚੋਂ ਕੱਢ ਦੇਣਾ) ਜੋ ਅਪਰਾਧ ਕਰਕੇ ਉਸ ਨੂੰ ਸਵੀਕਾਰ ਨਹੀਂ ਕਰਦੇ, ਜੋ ਅਪਰਾਧ ਨਹੀਂ ਛੱਡਦੇ ਅਤੇ ਜੋ ਸਮਝਾਉਣ ਤੇ ਵੀ ਗਲਤ ਧਾਰਨਾਵਾਂ ਨਹੀਂ ਛਡਦੇ, ਉਨ੍ਹਾਂ ਨੂੰ ਇਹ ਦੰਡ ਦਿੱਤਾ ਜਾਂਦਾ ਹੈ। ਜੋ ਇਨ੍ਹਾਂ ਅਪਰਾਧਾਂ ਦੇ ਦੋਸ਼ੀ ਹਨ, ਉਹ ਸੰਘ ਦੇ ਅਧਿਕਾਰਾਂ ਤੋਂ ਵਾਂਝੇ ਰਹਿ ਜਾਂਦੇ ਹਨ। ਦੰਡ ਭੋਗਣ ਮਗਰੋਂ ਜਿਸ ਦਾ ਆਚਰਣ ਸੁਧਰ ਜਾਂਦਾ ਹੈ, ਉਸ ਨੂੰ ਸਮੇਂ ਤੋਂ ਪਹਿਲਾਂ ਵੀ ਮਾਫ਼ੀ ਮਿਲ ਸਕਦੀ ਹੈ।

ਦੂਜੇ ਤੇ ਤੀਜੇ ਅਧਿਆਇ ਵਿਚ ਸੰਘ ਆਦਿ ਬਾਕੀ ਇਤਰਾਜ਼ਾਂ ਲਈ 'ਮਾਨਤ' ਤੇ 'ਪਰਿਵਾਸ' ਕਰਮਾਂ ਦੀ ਵਿਸਤ੍ਰਿਤ ਵਿਆਖਿਆ ਕੀਤੀ ਹੈ। ਆਮ ਤੌਰ ਤੇ ਮਾਨਤ ਦੀ ਪਾਲਣਾ ਛੇ ਦਿਨਾਂ ਲਈ ਹੁੰਦੀ ਹੈ। ਉਸ ਮਗਰੋਂ ਸ਼ੁਧੀ ਪ੍ਰਾਪਤ ਹੁੰਦੀ ਹੈ।

ਚੌਥੇ ਅਧਿਆਇ ਵਿਚ ਮਾਮਲਿਆਂ ਦੇ ਹੱਲ ਲਈ ਕਈ ਢੰਗ ਦੱਸੇ ਗਏ ਹਨ (ੳ) ਸਮ੍ਰਿਤੀ ਵਿਨਯ (ਅ) ਅਮੂਢ ਵਿਨਯ (ੲ) ਪ੍ਰਤਿਗਯਾਤਕਰਣ (ਸ) ਯਦਭੂਯਸਿਕ (ਹ) ਤਤਪਾਪੀ ਯਸਿਕ ਤੇ (ਕ) ਤਿਣਵਥਾਰਕ। ਸੰਮੁਖ ਵਿਨਯ ਦੇ ਨਾਲ ਇਹ ਸੱਤ ਅਧਿਕਰਣ ਸਮਥ ਧਰਮ ਅਖਵਾਉਂਦੇ ਹਨ।

ਅਧਿਕਰਣ ਚਾਰ ਪ੍ਰਕਾਰ ਦੇ ਹਨ। ਵਿਵਾਦਾਂ ਤੋਂ ਪੈਦਾ ਹੋਇਆ ਅਧਿਕਰਣ, ਕਿਸੇ ਦੋਸ਼ ਤੋਂ ਪੈਦਾ ਹੋਇਆ ਅਧਿਕਰਣ, ਆਪੱਤੀ ਅਧਿਕਰਣ ਤੇ ਸੰਘ ਕਰਮਾਂ ਦੀ ਅਨਿਯਮਿਤਤਾ ਤੋਂ ਪੈਦਾ ਹੋਇਆ ਅਧਿਕਰਣ।

ਪੰਜਵੇਂ ਅਧਿਆਇ ਵਿਚ ਖਾਣ ਪੀਣ, ਇਸ਼ਨਾਨ, ਉੱਠਣ-ਬੈਠਣ, ਪਹਿਨਣ ਆਦਿ ਦੇ ਜਾਇਜ਼ ਤੇ ਨਾਜਾਇਜ਼ ਢੰਗ ਬਾਰੇ ਦੱਸਿਆ ਗਿਆ ਹੈ। ਇਸ ਪ੍ਰਕਾਰ ਇਸ ਅਧਿਆਇ ਤੋਂ ਉਸ ਸਮੇਂ ਦੇ ਪਹਿਰਾਵੇ ਤੇ ਸ਼ਿਲਪਕਲਾ ਆਦਿ ਉਤੇ ਪ੍ਰਕਾਸ਼ ਪੈਂਦਾ ਹੈ। ਆਪਣੀ ਆਪਣੀ ਭਾਸ਼ਾ ਵਿਚ ਬੁੱਧ ਬਚਨ ਸਿੱਖਣ ਦਾ ਵਿਧਾਨ ਹੈ। ਬੋਧੀਰਾਜ ਕੁਮਾਰ ਦੀ ਕਥਾ ਵੀ ਇਸੇ ਅਧਿਆਇ ਵਿਚ ਦਿੱਤੀ ਗਈ ਹੈ।

ਛੇਵੇਂ ਅਧਿਆਇ ਵਿਚ ਵਿਹਾਰਾਂ ਤੇ ਉਨ੍ਹਾਂ ਦੀ ਵਿਵਸਥਾ ਦਾ ਵਰਣਨ ਆਇਆ ਹੈ।

ਸੱਤਵੇਂ ਅਧਿਆਇ ਵਿਚ ਸੰਘ ਭੇਦ ਦਾ ਬਿਰਤਾਂਤ ਦਿੱਤਾ ਗਿਆ ਹੈ।

ਅੱਠਵੇਂ ਅਧਿਆਇ ਵਿਚ ਆਗੰਤੁਕ, ਅਵਾਸਿਕ ਤੇ ਗਮਿਕ ਦੇ ਕਰੱਤਵ, ਭੋਜਨ ਸੰਬੰਧੀ ਨਿਯਮ, ਭਿਖਿਆਚਾਰੀ ਤੇ ਅਰਣਯਵਾਸੀ ਦੇ ਕਰੱਤਵ, ਆਸਨ ਗ੍ਰਿਹ, ਇਸ਼ਨਾਨ ਗ੍ਰਿਹ ਤੇ ਸ਼ੁੱਧਤਾ ਦੇ ਨਿਯਮ ਅਤੇ ਸ਼ਿਸ਼ ਉਪਾਧਿਆਇ ਤੇ ਸ਼ਿਸ਼ ਆਚਾਰੀਆ ਦੇ ਕਰਤਵ ਦੱਸੇ ਗਏ ਹਨ।

ਨੌਵੇਂ ਅਧਿਆਇ ਦੇ ਆਰੰਭ ਵਿਚ ਦਸਿਆ ਗਿਆ ਹੈ ਕਿ ਕਿਨ੍ਹਾਂ ਹਾਲਤਾਂ ਵਿਚ ਪ੍ਰਾਤਿਮੋਕਸ਼ ਦਾ ਪਾਠ ਮੁਲਤਵੀ ਕਰਨਾ ਚਾਹੀਦਾ ਹੈ। ਇਸ ਵਿਚ ਅਪਰਾਧ ਸਵੀਕਾਰ ਕਰਨ ਤੇ ਦੋਸ਼ ਲਾਉਣ ਦੀ ਵਿਧੀ ਵੀ ਦਸੀ ਗਈ ਹੈ। ਸਮੁੰਦਰ ਸੰਬੰਧੀ ਅੱਠ ਸੁੰਦਰ ਉਪਮਾਵਾਂ ਦੁਆਰਾ ਬੁੱਧ ਸ਼ਾਸਣ ਦੇ ਗੁਣ ਦੱਸੇ ਗਏ ਹਨ।

ਦਸਵੇਂ ਅਧਿਆਇ ਵਿਚ ਭਿਕਸ਼ੁਣੀ ਸੰਘ ਦੀ ਸਥਾਪਨਾ ਤੇ ਸੰਘਟਨ ਦਾ ਵਿਸਤ੍ਰਿਤ ਵਰਣਨ ਹੈ। ਭਿਕਸ਼ੂਆਂ ਤੇ ਭਿਕਸ਼ੁਣੀਆਂ ਦੇ ਪਰਸਪਰ ਸਬੰਧ ਕਿਹੋ ਜਿਹੇ ਹੋਣੇ ਚਾਹੀਦੇ ਹਨ, ਇਸ ਦੇ ਨਿਯਮ ਵੀ ਇਸੇ ਵਿਚ ਦਿੱਤੇ ਗਏ ਹਨ।

ਗਿਆਰ੍ਹਵੇਂ ਅਧਿਆਇ ਵਿਚ ਪਹਿਲੇ ਬੋਧੀ ਸੰਗੀਤਿ (ਵਾਰਤਾਲਾਪ) ਦਾ ਵੇਰਵਾ ਹੈ, ਜਿਸ ਵਿਚ 500 ਅਰਹਤ ਸ਼ਾਮਲ ਹੋਏ

ਨ। ਬਾਰਵੇਂ ਅਧਿਆਇ ਵਿਚ ਦੂਜੇ ਸੰਗੀਤ (ਵਾਰਤਾਲਾਪ) ਦਾ ਵਰਣਨ ਜਿਸ ਵਿਚ 700 ਅਰਹਤ ਸ਼ਾਮਲ ਹੋਏ ਹਨ।

ਹ. ਪੁ - ਹਿੰ. ਵਿ. ਕੋ. 4 : 271

**ਚੁਲਾਈ** : ਭਾਰਤ ਵਿਚ ਗਰਮੀਆਂ ਦੀ ਰੁੱਤ ਵਿਚ ਆਮ ਗਾਈ ਜਾਣ ਵਾਲੀ ਪੱਤੇਦਾਰ ਸਬਜ਼ੀ ਹੈ। ਇਸ ਦੀਆਂ ਕਈ ਮੁੱਖ ਸਮਾਂ ਹਨ। ਛੋਟੀ ਚੁਲਾਈ ਦਾ ਬਨਸਪਤੀ ਵਿਗਿਆਨਕ ਨਾਂ ਐਮਾਰੈਂਟਸ ਲਾਈਟਮ (**Amarantus blitum**) ਹੈ, ਵੱਡੀ ਚੁਲਾਈ ਦਾ ਨਾਂ ਮਾਰੈਂਟਸ ਟ੍ਰਾਈਕਲਰ (A. tricolor) ਹੈ, ਜਦੋਂ ਕਿ ਐਮਾਰੈਂਟਸ ਪਾਈਨੋਸਸ (A. spinasus) ਨੂੰ ਜੰਗਲੀ ਚੁਲਾਈ ਜਾਂ ਕੰਡੇ ਵਾਲੀ ਲਾਈ ਕਿਹਾ ਜਾਂਦਾ ਹੈ। ਚੁਲਾਈ ਦੇ ਪੱਤਿਆਂ ਤੇ ਨਰਮ ਡੰਡਲਾਂ ਵਿਚ ਟੀਨ, ਖਣਿਜ ਅਤੇ ਵਿਟਾਮਿਨ ਏ ਤੇ ਸੀ ਕਾਫ਼ੀ ਮਾਤਰਾ ਵਿਚ ਹੁੰਦੇ ਨ।

ਛੋਟੀ ਚੁਲਾਈ ਦੀ ਬਿਜਾਈ ਬਹਾਰ 'ਚ ਕੀਤੀ ਜਾਂਦੀ ਹੈ। ਇਸ ਾਂ ਸਾਰੀਆਂ ਗਰਮੀਆਂ ਹਰੇ ਪੱਤੇ ਮਿਲਦੇ ਰਹਿੰਦੇ ਹਨ। ਇਸ ਦੇ ਪੌਦੇ ਧਰੇ ਅਤੇ ਪੱਤੇ ਛੋਟੇ ਹੁੰਦੇ ਹਨ। ਇਹ ਇਕ ਵਾਰ ਤੋੜਨ ਤੋਂ ਬਾਅਦ ਤੀ ਹੀ ਮੁੜ ਪੁੰਗਰ ਕੇ ਤੁੜਾਈ ਯੋਗ ਹੋ ਜਾਂਦੇ ਹਨ। ਇਸ ਚੁਲਾਈ ੀਆਂ ਅੱਗੋਂ ਦੋ ਕਿਸਮਾਂ ਅਰਥਾਤ ਇਕ ਹਰੀ ਤੇ ਦੂਸਰੀ ਲਾਲ ਹਨ। ਡੀ ਚੁਲਾਈ ਦੇ ਬੂਟੇ ਉੱਚੇ, ਤਣ ਮੋਟੇ ਅਤੇ ਵੱਡੇ ਹੁੰਦੇ ਹਨ। ਇਹ ਰਮੀ ਤੇ ਬਰਸਾਤ ਦੋਹਾਂ ਮੌਸਮਾਂ 'ਚ ਹੋ ਜਾਂਦੀ ਹੈ। ਜ਼ਿਆਦਾਤਰ ਹਰੀ ਲਾਈ ਹੀ ਉਗਾਈ ਜਾਂਦੀ ਹੈ।

ਇਸ ਦੀ ਬਿਜਾਈ ਅਕਸਰ ਕਤਾਰਾਂ ਵਿਚ ਜਾਂ ਸਮਤਲ ਤੇ ਚੌਰਸ ਆਰੀਆਂ ਵਿਚ ਕੀਤੀ ਜਾਂਦੀ ਹੈ। ਬੀਜਣ ਤੋਂ ਪਹਿਲਾਂ ਬੀਜਾਂ ਨੂੰ ਮਿੱਟੀ ਾਲ ਮਿਲਾ ਲਿਆ ਜਾਂਦਾ ਹੈ ਤਾਂ ਜੋ ਬੀਜ ਛੱਟੇ ਨਾਲ ਖੇਤ ਵਿਚ ਬਰਾਬਰ ਇਕਸਾਰ ਕਿਰਨ। ਇਕ ਹੈਕਟਰ ਬਿਜਾਈ ਲਈ ਦੋ ਤੋਂ ਢਾਈ ਕਿ. ਗ੍ਰਾ. ਬੀਜ ਦੀ ਲੋੜ ਪੈਂਦੀ ਹੈ। ਜੇ ਬਿਜਾਈ ਕਤਾਰਾਂ 'ਚ ਕਰਨੀ ਹੋਵੇ ਾਂ ਕਤਾਰਾਂ ਵਿਚਲੀ ਵਿੱਥ ਛੋਟੀ ਚੁਲਾਈ ਲਈ 20-25 ਸੈਂ. ਮੀ. ਅਤੇ ੱਡੀ ਚੁਲਾਈ ਲਈ 30-35 ਸੈਂ. ਮੀ. ਰੱਖੀ ਜਾਂਦੀ ਹੈ।

ਚੁਲਾਈ ਦੀ ਕਟਾਈ ਆਮ ਤੌਰ ਤੇ ਬਿਜਾਈ ਤੋਂ ਤਿੰਨ ਚਾਰ ਫ਼ਤੇ ਬਾਅਦ ਸ਼ੁਰੂ ਕੀਤੀ ਜਾਂਦੀ ਹੈ। ਛੋਟੀ ਚੁਲਾਈ ਦੀਆਂ ਲਗਭਗ ੇ ਕਟਾਈਆਂ ਤੇ ਵੱਡੀ ਚੁਲਾਈ ਦੀਆਂ ਉਸ ਨਾਲੋਂ ਦੋ ਤਿੰਨ ਕਟਾਈਆਂ ਿਆਦਾ ਮਿਲਦੀਆਂ ਹਨ।

ਛੋਟੀ ਚੁਲਾਈ ਵਿਚ ਠੰਢਕ ਪਹੁੰਚਾਉਣ, ਬਾਧਕ ਅਤੇ ਮਾਲਸ਼ ਰਨ ਆਦਿ ਔਸ਼ਧੀ ਜਣਕ ਗੁਣ ਹੁੰਦੇ ਹਨ। ਚੁਲਾਈ ਦੀ ਵਰਤੋਂ ਇਕ ਾਧਕ ਵਜੋਂ, ਮਰੋੜ ਦਸਤ ਅਤੇ ਹਾਜ਼ਤ ਵੇਲੇ ਖ਼ੂਨ ਦੇ ਆਉਣ ਨੂੰ ੋਕਣ ਲਈ ਕੀਤੀ ਜਾਂਦੀ ਹੈ। ਗਲੇ ਅਤੇ ਮੂੰਹ ਵਿਚ ਹੋਏ ਜ਼ਖ਼ਮਾਂ ਤੇ ਾਹਰੀ ਤੌਰ ਤੇ ਲੇਪ ਜਾਂ ਮਾਲਿਸ਼ ਕਰਨ ਵਿਚ ਵੀ ਕੀਤੀ ਜਾਂਦੀ ਹੈ।

ਹ. ਪੁ.—ਸਬਜ਼ੀਆਂ—ਚੌਧਰੀ : 227; ਗ. ਇੰ. ਮੈ. ਪ: 14

**ਚੁਲਾਲਾਂ ਗਕਾਰਨ** : ਸਿਆਮ (ਥਾਈਲੈਂਡ) ਦੇ ਇਸ ਾਦਸ਼ਾਹ ਦਾ ਜਨਮ 20 ਸਤੰਬਰ, 1853 ਈ. ਨੂੰ ਬੈਂਕਾਕ ਵਿਖੇ ਹੋਇਆ। ਇਹ ਬਾਦਸ਼ਾਹ ਮਾਂਗਕੁਨ (**Mongkun**) ਦਾ ਪੁੱਤਰ ਸੀ ਜਿਸ ਨੇ ਆਪਣੇ ਪਿਤਾ ਦੀ ਸੁਧਾਰ ਅਤੇ ਆਧੁਨਿਕੀਕਰਣ ਦੀ ਨੀਤੀ ਨੂੰ ਜਾਰੀ ਰਖਿਆ। 1 ਅਕਤੂਬਰ, 1868 ਈ. ਨੂੰ ਇਸ ਦੇ ਪਿਤਾ ਦੀ ਮੌਤ ਹੋ ਗਈ ਤੇ ਇਹ ਤਖ਼ਤ ਦਾ ਵਾਰਸ ਬਣਿਆ ਪਰ 1873 ਈ. ਵਿਚ ਬਾਲਗ ਹੋਣ ਤਕ ਇਸ ਨੂੰ ਇਕ ਬੋਧੀ ਮੱਠ ਵਿਚ ਹੀ ਰਹਿਣਾ ਪਿਆ ਤੇ ਇਸ ਦੌਰਾਨ ਇਕ ਰੀਜੈਂਟ ਰਾਜਕਾਜ ਚਲਾਉਂਦਾ ਰਿਹਾ। ਇਸ ਸਮੇਂ ਇਸ ਨੇ ਸਿਆਮ ਤੋਂ ਬਾਹਰ ਜਾਣ ਦਾ ਅਪੂਰਵ ਕਦਮ ਚੁਕਿਆ ਅਤੇ ਇਹ ਸਿੰਘਾਪੁਰ, ਜਾਵਾ ਅਤੇ 1874 ਈ. ਵਿਚ ਭਾਰਤ ਆਇਆ ਤਾਂ ਕਿ ਇਹ ਯੂਰਪੀ ਲੋਕਾਂ ਦੀਆਂ ਪ੍ਰਬੰਧਕ ਪ੍ਰਣਾਲੀਆਂ ਨੂੰ ਵੇਖ ਸਕੇ।

ਚੁਲਾਲਾਂ ਗਕਾਰਨ ਨੂੰ ਸਿਆਮ ਵਿਚ ਬਹੁਤ ਸਾਰੇ ਸਮਾਜਿਕ ਸੁਧਾਰ ਕਰਨ ਦਾ ਮਾਣ ਪ੍ਰਾਪਤ ਹੈ। ਆਪਣੇ ਪਿਤਾ ਵਾਂਗ ਇਸ ਨੇ ਵੀ ਪੱਛਮੀ ਸਲਾਹਕਾਰ ਰਖੇ ਹੋਏ ਸਨ ਪਰ ਬਹੁਤ ਵੱਡੇ ਪੈਮਾਨੇ ਤੇ ਇਹ ਬਹੁਤਾ ਕਰਕੇ ਬਰਤਾਨੀਆ ਤੇ ਹੀ ਨਿਰਭਰ ਕਰਦਾ ਸੀ ਕਿਉਂਕਿ ਉਨ੍ਹਾਂ ਨੂੰ ਭਾਰਤ, ਬਰਮਾ ਅਤੇ ਮਲਾਇਆ ਵਿਚ ਹਕੂਮਤ ਕਰਨ ਦਾ ਤਜਰਬਾ ਸੀ। ਸੰਨ 1874 ਵਿਚ ਇਸ ਨੇ ਗੁਲਾਮੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ ਜੋ ਕਿ ਇਸ ਦੇ ਸਮਾਜ ਸੁਧਾਰਾਂ ਵਿਚ ਬਹੁਤ ਵੱਡੀ ਦੇਣ ਸੀ। ਇਸ ਨੇ ਐਲਾਨ ਕੀਤਾ ਕਿ ਕਰਜ਼ਾ ਉਤਾਰਨ ਲਈ ਕੋਈ ਵੀ ਆਪਣੇ ਆਪ ਨੂੰ ਜਾਂ ਆਪਣੇ ਬੱਚਿਆਂ ਨੂੰ ਨਹੀਂ ਵੇਚੇਗਾ ਅਤੇ ਇਹ ਵੀ ਐਲਾਨ ਕੀਤਾ ਕਿ ਕੋਈ ਵੀ ਜਨਮ ਤੋਂ ਗੁਲਾਮ ਨਹੀਂ ਹੋਵੇਗਾ। ਕਿਉਂਕਿ ਜੂਆ ਖੇਡ ਕੇ ਚੜ੍ਹੇ ਕਰਜ਼ੇ ਗੁਲਾਮ ਪ੍ਰਥਾ ਦਾ ਮੁਖ ਕਾਰਨ ਸਨ ਇਸ ਲਈ ਇਸ ਨੇ ਲੋਕ ਜੂਆ-ਘਰ ਬੰਦ ਕਰ ਦਿੱਤੇ। ਇਸ ਤੋਂ ਇਲਾਵਾ ਲਾਜ਼ਮੀ ਫ਼ੌਜੀ ਸੇਵਾ ਅਤੇ ਜਬਰੀ ਮਜ਼ਦੂਰੀ ਆਦਿ ਬੰਦ ਕਰਕੇ ਇਸ ਨੇ ਇਕ ਸਿਖਿਆ ਵਿਭਾਗ, ਇਕ ਮਿਆਰੀ ਸਿੱਕਾ ਪ੍ਰਣਾਲੀ ਅਤੇ ਡਾਕ ਤਾਰ ਸੇਵਾਵਾਂ ਸਥਾਪਤ ਕੀਤੀਆਂ।

ਆਪਣੇ ਪਿਤਾ ਤੋਂ ਉਲਟ ਇਸ ਨੇ 13ਵੀਂ ਸਦੀ ਤੋਂ ਚੱਲੀ ਆ ਰਹੀ ਰਾਜਨੀਤਿਕ ਪ੍ਰਣਾਲੀ ਨੂੰ ਛੱਡ ਕੇ ਸਾਰੀ ਦੀ ਸਾਰੀ ਸਰਕਾਰ ਨੂੰ ਮੁੜ ਕੇ ਸੰਗਨਿਤ ਕੀਤਾ। ਰਵਾਇਤੀ ਤੌਰ ਤੇ ਸੂਬਾਈ ਗਵਰਨਰ ਕੇਂਦਰੀ ਸਰਕਾਰ ਤੋਂ ਆਜ਼ਾਦ ਹੁੰਦੇ ਸਨ ਅਤੇ ਉਹ ਕੇਂਦਰੀ ਸਰਕਾਰ ਨੂੰ ਕੇਵਲ



**ਚੁਲਾਲਾਂ ਗਕਾਰਨ**

ਲੜਾਈ ਸਮੇਂ ਫ਼ੌਜੀ ਸਹਾਇਤਾ ਦੇਣ ਲਈ ਤੇ ਜਾਂ ਸਾਲਾਨਾ ਕਰ ਦੇਣ ਲਈ ਹੀ ਆਉਂਦੇ ਸਨ ਤੇ ਇਹ ਕਰ ਵੀ ਬਹੁਤ ਨਿਰਦਈ ਤਰੀਕੇ ਨਾਲ ਲੋਕਾਂ ਤੋਂ ਇਕੱਠਾ ਕਰਦੇ ਸਨ। ਪਰ ਸੰਨ 1892 ਵਿਚ ਇਸ ਰਾਜੇ ਨੇ ਯੂਰਪੀਨ ਮਾਡਲ ਦੇ ਆਧਾਰ ਤੇ ਨਵੀਂ ਪ੍ਰਬੰਧਕੀ ਪ੍ਰਣਾਲੀ ਬਣਾਈ ਜਿਸ ਵਿਚ ਵਿਦੇਸ਼ੀ ਸਬੰਧ, ਅੰਦਰੂਨੀ ਮਾਮਲੇ, ਸੁਰੱਖਿਆ, ਖੇਤੀਬਾੜੀ, ਵਪਾਰ ਅਤੇ ਇਕਸਾਰ ਕਰ-ਪ੍ਰਣਾਲੀ ਆਦਿ ਸ਼ਾਮਲ ਸਨ। ਇਸ ਦੇ ਵਸੀਅਤ ਐਕਟ ਨਾਲ ਕਿਸਾਨਾਂ ਦਾ ਉਨ੍ਹਾਂ ਦੀ ਜ਼ਮੀਨਾਂ ਤੇ ਅਧਿਕਾਰ ਸਥਾਪਤ ਹੋਇਆ ਅਤੇ ਜ਼ਿਮੀਦਾਰਾਂ ਤੋਂ ਉਨ੍ਹਾਂ ਦਾ ਤੇ ਉਨ੍ਹਾਂ ਦੀ ਜ਼ਮੀਨ ਦਾ ਛੁਟਕਾਰਾ ਪ੍ਰਾਪਤ ਕਰਾਉਣ ਵਿਚ ਮਦਦ ਹੋਈ। ਚੁਲਾਲਾਂ ਗਕਾਰਨ ਨੂੰ ਪੱਛਮੀ ਤਾਕਤਾਂ ਨਾਲ ਸੰਬੰਧ ਰੱਖਣ ਕਰਕੇ ਕਈ ਵਿਰੋਧੀ ਗੱਲਾਂ ਦਾ ਸਾਹਮਣਾ ਕਰਨਾ ਪਿਆ। ਇਸ ਨੂੰ ਮਜਬੂਰਨ ਹੀ ਆਪਣੇ ਰਾਜ ਦੇ ਕੁਝ ਹਿੱਸੇ ਬਰਤਾਨੀਆ ਨੂੰ ਤੇ ਕੁਝ ਹੋਰ ਹਿੱਸੇ ਫਰਾਂਸੀਸੀਆਂ ਨੂੰ ਦੇਣੇ ਪਏ। ਪਰ ਫਿਰ ਵੀ ਇਹ ਸਿਆਮ ਦੀ ਆਜ਼ਾਦੀ ਬਰਕਰਾਰ ਰੱਖਣ ਵਿਚ ਸਫ਼ਲ ਰਿਹਾ ਅਜਿਹਾ ਕਰਨ ਲਈ ਇਸ ਨੇ ਇੰਗਲੈਂਡ ਅਤੇ ਫਰਾਂਸ ਨੂੰ

ਇਕ ਦੂਜੇ ਦੇ ਵਿਰੁੱਧ ਭੜਕਾਈ ਰੱਖਿਆ ਅਤੇ ਜਨਵਰੀ, 1896 ਈ. ਵਿਚ ਇਹ ਉਨ੍ਹਾਂ ਦੇ ਇਕ ਸੰਧੀ ਤੇ ਦਸਤਖ਼ਤ ਕਰਵਾਉਣ ਵਿਚ ਕਾਮਯਾਬ ਹੋ ਗਿਆ ਜਿਸ ਅਨੁਸਾਰ ਸਿਆਮ ਨੂੰ ਦੋਹਾਂ ਦੇ ਆਪੋ ਆਪਣੇ ਕਬਜ਼ਿਆਂ ਦੇ ਵਿਚਕਾਰ ਇਕ ਅਜ਼ਾਦ ਤੇ ਨਿਰਪਖ ਰਾਜ ਦੇ ਤੌਰ ਤੇ ਰਹਿਣ ਦਿੱਤਾ ਜਾਣਾ ਸੀ। ਇਹ 1897 ਅਤੇ 1907 ਈ. ਵਿਚ ਦੋ ਵਾਰੀ ਯੂਰਪ ਗਿਆ। 23 ਅਕਤੂਬਰ 1910 ਈ. ਨੂੰ ਬੈਂਕਾਕ ਵਿਖੇ ਇਸ ਦਾ ਦਿਹਾਂਤ ਹੋ ਗਿਆ।

ਹ. ਪੁ.-ਐਨ. ਬ੍ਰਿ. 2: 917

**ਚੂਸ਼ਾਨ** : ਪੂਰਬੀ ਚੀਨ ਦੇ ਜਜ਼ੀਆਂਗ ਪ੍ਰਾਂਤ ਦੇ ਤਟ ਤੋਂ ਪਰ੍ਹਾਂ ਪੂਰਬੀ ਚੀਨ ਸਾਗਰ ਵਿਚ ਇਹ ਇਕ ਦੀਪ ਸਮੂਹ ਹੈ ਜਿਸ ਦੇ ਟਾਪੂਆਂ ਦੀ ਗਿਣਤੀ 400 ਹੈ। ਇਸ ਸਮੂਹ ਨੂੰ 'ਚੂਸ਼ਾਨ ਜੋ-ਸ਼ਾਨ' ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਹਾਂਗ ਜੋ ਖਾੜੀ ਦੇ ਦੁਆਰ ਉਪਰ ਸਥਿਤ ਇਹ ਟਾਪੂ ਚੀਨ ਦੇ ਹੋਰਨਾਂ ਦੇਸ਼ਾਂ ਨਾਲ ਹੁੰਦੇ ਵਪਾਰ ਦਾ ਅੱਡਾ ਰਹੇ ਹਨ। ਇਨ੍ਹਾਂ ਟਾਪੂਆਂ ਦੀਆਂ ਬੰਦਰਗਾਹਾਂ ਤੋਂ ਜਾਪਾਨ, ਬਰਤਾਨੀਆ ਅਤੇ ਕਈ ਹੋਰ ਦੇਸ਼ਾਂ ਨਾਲ ਵਪਾਰ ਹੁੰਦਾ ਰਿਹਾ ਹੈ ਇਹ ਸਿਰਫ਼ ਵਪਾਰਕ ਅੱਡਿਆਂ ਦੇ ਤੌਰ ਤੇ ਹੀ ਮਸ਼ਹੂਰ ਨਹੀਂ ਰਹੇ ਸਗੋਂ ਬੋਧੀ ਮੱਠ, ਮੰਦਰ ਅਤੇ ਬੋਧੀ ਸਭਿਅਤਾ ਲਈ ਵੀ ਮਸ਼ਹੂਰ ਹਨ। ਇਥੋਂ ਦਾ ਛੋਟਾ ਜਿਹਾ ਪੁਤੋ (Puto) ਟਾਪੂ ਇਨ੍ਹਾਂ ਮੱਠਾਂ ਦਾ ਵੱਡਾ ਕੇਂਦਰ ਹੈ। ਇਹ ਚੀਨ ਦੇ ਤਿੰਨ ਵੱਡੇ ਬੋਧੀ ਧਾਰਮਕ ਅਸਥਾਨਾਂ ਵਿਚ ਇਕ ਹੈ। ਇਸ ਲਈ ਇਹ ਵੱਡਾ ਤੀਰਥ ਅਸਥਾਨ ਵੀ ਹੈ। ਇਸ ਧਾਰਮਕ ਅਸਥਾਨ ਦੀ ਸਥਾਪਨਾ 916 ਈ. ਵਿਚ ਹੋਈ ਦੱਸੀ ਜਾਂਦੀ ਹੈ। ਇਸ ਪਿਛੋਂ ਸੂੰਗ ਵੰਸ਼ ਦੇ ਰਾਜ ਕਾਲ (960-1269) ਵਿਚ ਬੋਧੀ ਪੈਰੋਕਾਰ ਇਧਰ ਆਉਂਦੇ ਰਹੇ ਹਨ। ਇਸ ਜਗ੍ਹਾ ਉਤੇ ਪਹਿਲਾਂ-ਰਹਿਮਤਾਂ ਦੀ ਦੇਵੀ ਦੀ ਪੂਜਾ ਹੁੰਦੀ ਸੀ। ਇਸ ਦੇਵੀ ਦੀ ਮੂਰਤੀ ਨੇੜੇ ਦੇ ਤੀਐਨ ਤਾਈਸ਼ਾਨ ਪਰਬਤਾਂ ਵਾਲੇ ਖੇਤਰ ਤੋਂ ਲਿਆ ਕੇ ਇਥੇ ਸਥਾਪਤ ਕੀਤੀ ਗਈ ਸੀ। ਇਸੇ ਦੇਵੀ ਦੀ ਪੂਜਾ ਖਾਤਰ ਇਕ ਮੰਦਰ ਵੀ ਬਣਵਾਇਆ ਗਿਆ ਅਤੇ ਇਸ ਮੰਦਰ ਨੂੰ 11 ਵੀਂ ਸਦੀ ਵਿਚ ਹੋਰ ਵੀ ਵੱਡਾ ਕਰ ਲਿਆ ਗਿਆ ਹੈ। ਮਗਰੋਂ ਇਹ ਮੰਦਰ ਜਾਪਾਨੀ ਬੋਧੀਆਂ ਦਾ ਖ਼ਾਸ ਮੰਦਰ ਬਣਿਆ। ਇਸ ਪਿੱਛੋਂ ਇਸੇ ਮੰਦਰ ਦੀ ਪ੍ਰਸਿੱਧੀ ਕਾਰਨ ਇਸ ਟਾਪੂ ਤੋਂ ਜਾਪਾਨ ਵੱਲ ਸਮੁੰਦਰੀ ਆਵਾਜਾਈ ਬਹੁਤ ਵਧੀ। ਮਿੰਗ ਵੰਸ਼ (1368-1644) ਹੇਠ ਜਾਪਾਨੀ ਸਮੁੰਦਰੀ ਲੁਟੇਰਿਆਂ ਨੇ ਚੂਸ਼ਾਨ ਟਾਪੂਆਂ ਉਤੇ ਕਾਫ਼ੀ ਲੁਟਮਾਰ ਕੀਤੀ ਤੇ ਮੰਦਰਾਂ ਨੂੰ ਵੀ ਨੁਕਸਾਨ ਪਹੁੰਚਿਆ। ਅਖ਼ੀਰ 16ਵੀਂ ਸਦੀ ਵਿਚ ਇਨ੍ਹਾਂ ਮੰਦਰਾਂ ਨੂੰ ਮੁੜ ਉਸਾਰ ਲਿਆ ਗਿਆ। 16ਵੀਂ ਸਦੀ ਵਿਚ ਇਨ੍ਹਾਂ ਟਾਪੂਆਂ ਦੀ ਅੰਤਰ ਰਾਸ਼ਟਰੀ ਵਪਾਰਕ ਮਹੱਤਤਾ ਵਿਚ ਵੀ ਵਾਧਾ ਹੋਇਆ। 18ਵੀਂ ਸਦੀ ਦੇ ਅਖ਼ੀਰ ਵਿਚ ਬਰਤਾਨਵੀਆਂ ਨੇ ਵੀ ਇਨ੍ਹਾਂ ਟਾਪੂਆਂ ਉਪਰ ਬਰਤਾਨਵੀ ਵਪਾਰਕ ਬਸਤੀ ਦੀ ਸਥਾਪਨਾ ਦੀ ਪੇਸ਼ਕਸ਼ ਰੱਖੀ। 1839 ਤੋਂ 1842 ਵਿਚਲੀ ਅਫ਼ੀਮੀ ਜੰਗ ਵਿਚ ਇਨ੍ਹਾਂ ਟਾਪੂਆਂ ਦੇ ਕੁਝ ਹਿੱਸੇ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। 19ਵੀਂ ਸਦੀ ਵਿਚ ਚੀਨੀ ਮੁੱਖ ਧਰਤੀ ਉਤੇ ਸ਼ੰਘਾਈ ਬੰਦਰਗਾਹ ਦੇ ਉੱਨਤ ਹੋਣ ਨਾਲ ਇਨ੍ਹਾਂ ਟਾਪੂਆਂ ਦੀ ਮਹੱਤਤਾ ਘਟੀ ਪਰ ਇਹ ਮੱਛੀਆਂ ਫੜਨ ਦਾ ਕੇਂਦਰ ਤਾਂ ਬਣੇ ਹੀ ਰਹੇ। ਅੱਜਕੱਲ੍ਹ ਵੀ ਇਥੋਂ ਮੱਛੀਆਂ ਫੜੀਆਂ ਜਾਂਦੀਆਂ ਹਨ। ਅੱਜਕੱਲ੍ਹ ਇਥੇ ਸਾਲ ਵਿਚ ਚੌਲਾਂ ਦੀਆਂ ਦੋ ਫ਼ਸਲਾਂ ਉਗਾਈਆਂ ਜਾਂਦੀਆਂ ਹਨ।

ਇਨ੍ਹਾਂ ਟਾਪੂਆਂ ਦੀ ਡਿੰਗ੍ਹਾਈ ਵੱਡੀ ਬੰਦਰਗਾਹ ਹੈ ਜਿਹੜੀ ਵੱਡੇ ਚੂ ਸ਼ਾਨ ਟਾਪੂ ਉਪਰ ਸਥਿਤ ਹੈ। ਇਹ ਟਾਪੂਆਂ ਦਾ ਪ੍ਰਸ਼ਾਸਕੀ ਕੇਂਦਰ ਵੀ ਹੈ। ਇਨ੍ਹਾਂ ਦਾ ਪ੍ਰਸ਼ਾਸਕੀ ਕੇਂਦਰ ਪਹਿਲਾਂ ਮੁੱਖ ਧਰਤੀ ਉਤੇ ਸ਼ੰਘਾਈ ਹੁੰਦਾ ਸੀ ਅਤੇ ਇਨ੍ਹਾਂ ਦਾ ਸਾਰਾ ਪ੍ਰਬੰਧ ਮੁੱਖ ਧਰਤੀ ਤੋਂ ਹੀ ਚਲਾਇਆ ਜਾਂਦਾ ਸੀ ਪਰ ਇਹ ਟਾਪੂ ਵਧੀਆ ਬੰਦਰਗਾਹੀ ਸਹੂਲਤਾਂ ਕਰਕੇ ਮੁੱਢ ਤੋਂ ਹੀ ਮਸ਼ਹੂਰ ਹਨ।

ਚਟਾਨਾਂ ਦੀ ਬਣਤਰ ਪੱਖੋਂ ਇਹ ਟਾਪੂ ਜਜ਼ੀਆਂਗ ਅਤੇ ਕਤਯੈੱਨ ਪ੍ਰਾਂਤਾਂ ਦੀਆਂ ਪਰਬਤੀ ਲੜੀਆਂ ਦਾ ਇਕ ਹਿੱਸਾ ਹਨ ਜਿਹੜੀਆਂ ਮੁੱਖ ਧਰਤੀ ਤੋਂ ਅੱਗੇ ਸਮੁੰਦਰ ਹੇਠਾਂ ਡੁਬ ਜਾਂਦੀਆਂ ਹਨ। ਕਿਸੇ ਸਮੇਂ ਇਹ ਪਹਾੜ ਅੱਗੇ ਦੱਖਣ-ਪੱਛਮ ਵਿਚ ਕੋਰੀਆ ਪ੍ਰਾਇਦੀਪ ਤੀਕ ਫੈਲੇ ਹੋਏ ਸਨ। ਚੀਨੀ ਸਮੁੰਦਰ ਵਿਚ ਇਹ ਚੂ-ਸ਼ਾਨ ਟਾਪੂਆਂ ਦੀ ਸ਼ਕਲ ਵਿਚ ਦਿਖਾਈ ਦੇਂਦੇ ਹਨ। ਟਾਪੂਆਂ ਉਤੇ ਇਹ ਪਹਾੜ 250 ਮੀ. ਤੀਕ ਉਪਰ ਉੱਚੇ ਉਠੇ ਹੋਏ ਹਨ। ਕਈਆਂ ਥਾਵਾਂ ਤੇ ਉਚਾਈ ਇਸ ਤੋਂ ਵੀ ਜ਼ਿਆਦਾ ਹੈ। ਸਭ ਤੋਂ ਉੱਚੀ ਸਿਖਰ 500 ਮੀ (1640 ਫੁੱਟ) ਉੱਚੀ ਹੈ। ਯੈ-ਗਸੀ ਦਰਿਆ ਨਾਲ ਲਿਆਂਦੀ ਮਿੱਟੀ ਉੱਤਰੀ ਟਾਪੂਆਂ ਦੇ ਨਾਲ-ਨਾਲ ਵਿਛਦੀ ਰਹਿੰਦੀ ਹੈ। ਇਸ ਗਾਦ ਦੇ ਇਕੱਠਾ ਹੁੰਦੇ ਰਹਿਣ ਨਾਲ ਇਨ੍ਹਾਂ ਟਾਪੂਆਂ ਦੇ ਉੱਤਰੀ ਟਾਪੂਆਂ ਦੀ ਮੁੱਖ ਧਰਤੀ ਚੀਨ ਨਾਲ ਹੀ ਜੁੜ ਜਾਣ ਦੀ ਸੰਭਾਵਨਾ ਜਾਪਦੀ ਹੈ।

ਹ. ਪੁ.-ਐਨ. ਬ੍ਰਿ. ਮਾ. 3 : 271

**ਚੂਹੜਕਾਣਾ** : ਪੱਛਮੀ ਪੰਜਾਬ (ਪਾਕਿ) ਵਿਚ ਇਸੇ ਨਾਂ ਦੀ ਤਹਿਸੀਲ ਦਾ ਸਿੱਖਾਂ ਨਾਲ ਸੰਬੰਧਤ ਇਕ ਇਤਿਹਾਸਕ ਪਿੰਡ ਹੈ ਜੋ ਚੂਹੜਕਾਣਾ ਰੇਲਵੇ ਸਟੇਸ਼ਨ ਤੋਂ ਲਗਭਗ ਤਿੰਨ ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਪਿੰਡ ਦੀ ਮਸ਼ਹੂਰੀ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੋਣ ਕਰਕੇ ਹੈ। ਇਹ ਉਹ ਪਿੰਡ ਹੈ ਜਿਥੇ ਗੁਰੂ ਸਾਹਿਬ ਪਿਤਾ ਜੀ ਦੀ ਆਗਿਆ ਅਨੁਸਾਰ ਕੋਈ ਲਾਹੇਵੰਦ ਸੌਦਾ ਕਰਨ ਆਏ ਸਨ ਪਰ ਉਨ੍ਹਾਂ ਵਪਾਰ ਲਈ ਪਿਤਾ ਵੱਲੋਂ ਦਿੱਤੀ ਇਹ ਪੂੰਜੀ ਭੁਖੇ ਸਾਧੂਆਂ ਨੂੰ ਭੋਜਨ ਛਕਾਉਣ ਤੇ ਹੀ ਖਰਚ ਕਰ ਦਿੱਤੀ। ਵਾਪਸ ਘਰ ਪਰਤਣ ਤੇ ਭਾਈ ਬਾਲੇ ਨੇ ਇਹ ਸਾਰੀ ਵਿਥਿਆ ਪਿਤਾ ਮਹਿਤਾ ਕਾਲੂ ਨੂੰ ਸੁਣਾਈ ਤਾਂ ਪਿਤਾ ਨੇ ਨਾਨਕ ਤੋਂ ਇਸ ਦੀ ਪੁੱਛ ਕੀਤੀ। ਗੁਰੂ ਨਾਨਕ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ 'ਇਸ ਸੌਦੇ ਦਾ ਫ਼ਾਇਦਾ ਆਉਣ ਵਾਲੀ ਜ਼ਿੰਦਗੀ ਵਿਚ ਹੋਵੇਗਾ। ਇਸ ਘਟਨਾ ਨੂੰ 'ਸੱਚਾ ਸੌਦਾ' ਜਾਂ 'ਖਰਾ ਸੌਦਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਦੀ ਇਸ ਘਟਨਾ ਨੂੰ ਉਜਾਗਰ ਕਰਨ ਲਈ ਇਸ ਸਥਾਨ ਤੇ ਇਕ ਆਲੀਸ਼ਾਨ ਗੁਰਦੁਆਰਾ ਬਣਵਾਇਆ ਅਤੇ ਉਸ ਦਾ ਨਾਂ ਰਖਿਆ 'ਸੱਚਾ ਸੌਦਾ'।

ਗੁਰਦੁਆਰੇ ਦੇ ਨਾਂ ਕਾਫ਼ੀ ਜ਼ਮੀਨ ਵੀ ਹੈ। ਵਿਸਾਖੀ ਅਤੇ ਕਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਤੇ ਇਥੇ ਮੇਲਾ ਲਗਦਾ ਹੈ ਪਰ ਦੇਸ਼ ਦੀ ਵੰਡ ਪਿੱਛੋਂ ਇਹ ਗੁਰਦੁਆਰਾ ਸੁੰਞਾ ਪਿਆ ਹੋਇਆ ਹੈ ਅਤੇ ਕਦੇ ਕਦਾਈਂ ਸਿੱਖ ਯਾਤਰੂ ਇਸ ਦੇ ਦਰਸ਼ਨਾਂ ਲਈ ਜਾਂਦੇ ਹਨ।

ਹ. ਪੁ.-ਮ. ਕੋ., 474; ਸਿ. ਸ਼੍ਰ. ਵੈ. ਪਾਕਿ.

**ਚੂਹਾ** : ਇਹ ਰੋਡੇਸ਼ੀਆ ਵਰਗ ਦੀ ਮਿਊਰਡੀ ਕੁਲ ਦੇ ਛੋਟੇ-ਛੋਟੇ ਕੁਤਰਨ ਪ੍ਰਾਣੀ ਹਨ। ਚੂਹਾ ਨਾਂ ਆਮ ਤੌਰ ਤੇ ਘਰਾਂ ਵਿਚ ਮਿਲਣ ਵਾਲੀ ਕਿਸਮ ਮੱਸ ਮਸਕਿਊਲਸ (Mus Musculus) ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਰੋਡੇਸ਼ੀਆ ਵਰਗ ਦੀਆਂ ਕਈ ਹੋਰ ਕੁਲਾਂ ਜਿਵੇਂ ਕਰਿਸੈਟੈਡੀ ਕੁਲ ਦੀਆਂ ਬਹੁਤੀਆਂ ਜਾਤੀਆਂ ਹੈਡਰੋਮਾਈਅਡੀ ਕੁਲ ਦੇ ਜੇਬੀ-ਚੂਹੇ ਅਤੇ ਜਪੱਡੱਡੀ ਕੁਲ ਦੇ ਟਪੂਸੀਆਂ ਮਾਰਨ ਵਾਲੇ ਅਤੇ ਬਰਚ ਚੂਹਿਆਂ ਨੂੰ ਵੀ 'ਚੂਹੇ' ਹੀ ਕਿਹਾ ਜਾਂਦਾ ਹੈ।

ਘਰੇਲੂ ਚੂਹੇ ਮਨੁੱਖ ਰਾਹੀਂ ਯੂਰੇਸ਼ੀਆ ਤੋਂ ਸੰਸਾਰ ਦੇ ਸਾਰੇ ਆਬਾਦੀ ਵਾਲੇ ਖੇਤਰਾਂ ਤੱਕ ਪਹੁੰਚ ਗਏ ਹਨ। ਇਹ ਭੂਰੇ ਜਾਂ ਸਲੇਟੀ ਰੰਗ ਦੇ ਤਕਰੀਬਨ 20 ਸੈਂ. ਮੀ. ਲੰਮੇ (ਪੂਛ ਸਮੇਤ) ਹੁੰਦੇ ਹਨ।



ਘਰੇਲੂ ਚੂਹਾ (ਮੱਸ ਮਸਕਿਊਲਸ)

ਇਹ ਘਰਾਂ ਵਿਚ ਹਰ ਤਰ੍ਹਾਂ ਦੇ ਖਾਧ ਪਦਾਰਥਾਂ, ਸਾਬਣ, ਪੇਸਟ, ਗੂੰਦ ਆਦਿ ਤੇ ਮੂੰਹ ਮਾਰ ਜਾਂਦੇ ਹਨ। ਇਹ ਚੂਹੇ 2-3 ਮਹੀਨੇ ਦੀ ਉਮਰ ਵਿਚ ਹੀ ਪ੍ਰੌਢ ਹੋ ਜਾਂਦੇ ਹਨ। ਤਕਰੀਬਨ ਤਿੰਨ ਹਫ਼ਤੇ ਦੇ ਗਰਭ-ਕਾਲ ਤੋਂ ਬਾਅਦ ਇਹ ਬੱਚੇ ਦਿੰਦੇ ਹਨ: ਹਰੇਕ ਝੋਲ ਵਿਚ 12 ਤੱਕ ਬੱਚੇ ਹੁੰਦੇ ਹਨ। ਗਰਮ ਥਾਵਾਂ ਤੇ ਇਹ ਸਾਰਾ ਸਾਲ ਬੱਚੇ ਦਿੰਦੇ ਰਹਿੰਦੇ ਹਨ।

ਵੱਡੇ ਚੂਹੇ ਆਮ ਤੌਰ ਤੇ ਗੂੜ੍ਹੇ ਰੰਗ ਦੇ ਤਿੱਖੇ ਨੱਕ ਵਾਲੇ ਹੁੰਦੇ ਹਨ। ਇਨ੍ਹਾਂ ਦੇ ਪੈਰ ਤੇ ਪੂਛ ਵਾਲ ਰਹਿਤ ਹੁੰਦੇ ਹਨ। ਇਨ੍ਹਾਂ ਵਿਚ ਮੁੱਖ ਤੌਰ ਤੇ ਕਾਲੇ ਜਾਂ ਨਾਰਵੇਂ ਚੂਹੇ ਆਉਂਦੇ ਹਨ। ਇਹ ਚੂਹੇ ਬੜੇ ਆਕ੍ਰਮਣਕ, ਚੁਸਤ, ਸਰਬ ਆਹਾਰੀ, ਆਪਣੇ ਆਪ ਨੂੰ ਮਾਹੌਲ ਮੁਤਾਬਕ ਢਾਲਣ ਵਾਲੇ ਅਤੇ ਬਹੁਤੀ ਸੰਤਾਨ ਪੈਦਾ ਕਰਨ ਵਾਲੇ ਪ੍ਰਾਣੀ ਹਨ।



ਨਾਰਵੇ ਚੂਹਾ

ਇਨ੍ਹਾਂ ਦੀਆਂ ਸੰਵੇਦਨਾਵਾਂ ਬਹੁਤ ਜ਼ਿਆਦਾ ਵਿਕਸਿਤ ਹੁੰਦੀਆਂ ਹਨ ਅਤੇ ਇਹ ਟੱਪਣ-ਕੁੱਦਣ, ਉਪਰ ਚੜ੍ਹਨ, ਖੁੱਡਾਂ ਪੁੱਟਣ, ਦਾਣੇ ਖਾਣ ਵਰਗੀਆਂ ਆਦਤਾਂ ਕਰਕੇ ਹਰ ਥਾਂ ਪਹੁੰਚ ਜਾਂਦੇ ਹਨ। ਇਹ 3-4 ਮਹੀਨੇ ਦੀ ਉਮਰ ਵਿਚ ਪ੍ਰੌਢ ਹੋ ਜਾਂਦੇ ਹਨ ਅਤੇ ਇਕ ਸਾਲ ਵਿਚ ਤਕਰੀਬਨ 7 ਵਾਰ ਬੱਚੇ ਦੇ ਸਕਦੇ ਹਨ। ਇਕ ਝੋਲ ਵਿਚ 6-22 ਬੱਚੇ ਹੁੰਦੇ ਹਨ।

ਕਾਲੇ ਚੂਹੇ ਨੂੰ ਰੂਫ, ਅਲੈਕਜ਼ੈਂਡਰੀਨ ਜਾਂ ਸਲੇਟੀ ਚੂਹਾ ਵੀ ਕਹਿੰਦੇ ਹਨ। ਨਾਰਵੇ ਚੂਹੇ ਸਲੇਟੀ, ਚਿੱਟੇ, ਕਾਲੇ ਜਾਂ ਰੰਗ ਬਰੰਗੇ ਹੁੰਦੇ ਹਨ। ਇਹ ਕਾਲੇ ਚੂਹਿਆਂ ਤੋਂ ਵੱਡੇ ਅਤੇ ਉਨ੍ਹਾਂ ਦੇ ਉਲਟ ਇਹ ਖੁੱਡਾਂ ਪੁੱਟਦੇ ਅਤੇ ਚੰਗੇ ਤਾਰੂ ਹੁੰਦੇ ਹਨ। ਦੋਨੋ ਤਰ੍ਹਾਂ ਦੇ ਚੂਹੇ ਵੱਖ-ਵੱਖ ਥਾਵਾਂ ਤੇ ਰਹਿੰਦੇ ਹਨ। ਜਦੋਂ ਇਕੱਠੇ ਇਕੋ ਇਮਾਰਤ ਵਿਚ ਰਹਿੰਦੇ ਹੋਣ ਤਾਂ ਨਾਰਵੇ ਚੂਹੇ ਹੇਠਲੇ ਹਿੱਸਿਆਂ ਵਿਚ ਤੇ ਕਾਲੇ ਚੂਹੇ ਉਪਰਲੀਆਂ ਮੰਜ਼ਲਾ ਵਿਚ ਰਹਿੰਦੇ ਹਨ।

ਚੂਹੇ ਸਭ ਥਾਵਾਂ ਤੇ ਮਿਲਦੇ ਹਨ ਅਤੇ ਦਾਣੇ, ਫਲ, ਘਾਹ, ਜੜ੍ਹਾਂ, ਕੀੜੇ-ਮਕੌੜੇ ਅਤੇ ਮਨੁੱਖ ਦੇ ਖਾਧ ਪਦਾਰਥ ਸਭ ਕੁਝ ਖਾ ਲੈਂਦੇ ਹਨ। ਚੂਹਿਆਂ ਦੀਆਂ ਕਈ ਜਾਤੀਆਂ ਘਰਾਂ ਵਿਚ ਹੀ ਰਹਿਣਾ ਪਸੰਦ ਕਰਦੀਆਂ ਹਨ ਅਤੇ ਇਹ ਭੋਜਨ ਅਤੇ ਹੋਰ ਚੀਜ਼ਾਂ ਖ਼ਰਾਬ ਕਰਕੇ ਤੇ ਪਲੇਗ ਅਤੇ ਮਿਊਰਿਨ ਟਾਈਫਸ ਵਰਗੀਆਂ ਬੀਮਾਰੀਆਂ ਫੈਲਾਉਂਦੇ ਹਨ। ਖੇਤਾ ਵਿਚ ਚੂਹੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਂਦੇ ਹਨ ਪਰ ਕੁਝ ਹਾਲਤਾਂ ਵਿਚ ਇਹ ਲਾਭਦਾਇਕ ਪ੍ਰਾਣੀ ਸਿੱਧ ਹੁੰਦੇ ਹਨ ਜਦੋਂ ਬਹੁਤੇ ਫਰ ਵਾਲੇ ਪ੍ਰਾਣੀ ਅਤੇ ਕਈ ਹੋਰ ਸ਼ਿਕਾਰਖੋਰਾਂ ਦੀ ਇਹ ਖ਼ੁਰਾਕ ਬਣ ਜਾਂਦੇ ਹਨ ਜਿਹੜੇ ਕਿ ਚੂਹਿਆਂ ਦੀ ਅਣਹੋਂਦ ਵਿਚ ਪਸ਼ੂ ਧਨ ਨੂੰ ਨੁਕਸਾਨ ਪਹੁੰਚਾਦੇ ਹਨ। ਪ੍ਰਯੋਗਸ਼ਾਲਾਵਾਂ ਵਿਚ ਵਰਤਿਆ ਜਾਣ ਵਾਲਾ ਚਿੱਟਾ ਚੂਹਾ ਵੀ ਘਰੇਲੂ ਚੂਹੇ ਦੀ ਹੀ ਇਕ ਪਾਲਤੂ ਕਿਸਮ ਹੈ।

ਚੂਹਿਆਂ ਨੂੰ ਕੰਟਰੋਲ ਕਰਨ ਲਈ ਚੰਗਾ ਸਫ਼ਾਈ ਪ੍ਰਬੰਧ ਜ਼ਰੂਰੀ ਹੈ। ਇਸ ਤੋਂ ਇਲਾਵਾ ਕੜਿੱਕੀਆਂ ਰਾਹੀਂ ਪਕੜ ਕੇ, ਜ਼ਹਿਰ ਦੇਣ ਅਤੇ ਧੂੰਆਂ ਦੇਣ ਨਾਲ ਵੀ ਇਨ੍ਹਾਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਚੂਹੇ ਬੰਜਰ ਜ਼ਮੀਨਾਂ, ਵੱਟਾਂ-ਬੰਨਿਆਂ, ਖ਼ਾਲਾਂ, ਅਤੇ ਖ਼ਾਲੀ ਥਾਵਾਂ ਵਿਚ ਬੱਚੇ ਦਿੰਦੇ ਹਨ। ਇਸ ਲਈ ਬੰਜਰ ਜ਼ਮੀਨਾਂ ਆਦਿ ਨੂੰ ਕਾਸ਼ਤ ਹੇਠ ਲਿਆਉਣ ਨਾਲ ਤੇ ਪੁਰਾਣੇ ਵੱਟ-ਬੰਨੇ ਭੰਨ ਦੇਣ ਨਾਲ ਇਨ੍ਹਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਚੂਹਿਆਂ ਨੂੰ ਮਾਰਨ ਲਈ ਆਟੇ ਵਗੈਰਾ ਵਿਚ ਜ਼ਿੰਕ ਫ਼ੱਸਫ਼ਾਈਡ, ਐਲੂਮਿਨੀਅਮ ਫ਼ੱਸਫ਼ਾਈਡ ਜਾਂ ਵਾਰਫ਼ੈਰਿਨ ਮਿਲਾਇਆ ਜਾਂਦਾ ਹੈ। ਪੰਜਾਬ ਵਿਚ ਇਹ ਢੰਗ ਅਪਣਾਉਣ ਦਾ ਠੀਕ ਸਮਾਂ ਦਸੰਬਰ ਅਤੇ ਮਈ-ਜੂਨ ਹੈ, ਜਦੋਂ ਕਿ ਖੇਤਾਂ ਵਿਚ ਮੱਕੀ ਦੀ ਫ਼ਸਲ ਨਾ ਹੋਵੇ।

ਹ. ਪੂ.-ਐਨ. ਬ੍ਰਿ. ਮਾ. 7: 69; ਐਨ. ਬ੍ਰਿ. ਮਾ. 8: 428

**ਚੂਕੀ ਸਾਕਾ** : ਇਹ ਦੱਖਣੀ ਅਮਰੀਕਾ ਵਿਚ ਦੱਖਣ ਪੂਰਬੀ ਬੋਲੀਵੀਆ ਦਾ ਇਕ ਡਿਪਾਰਟਮੈਂਟ ਹੈ ਜਿਸ ਦੇ ਪੂਰਬ ਵੱਲ ਪੈਰਾਗਵਾਲੇ ਦੀ ਸਰਹੱਦ ਲਗਦੀ ਹੈ। ਇਹ ਡਿਪਾਰਟਮੈਂਟ 1826 ਵਿਚ ਹੋਂਦ ਵਿਚ ਆਇਆ। ਇਸ ਦਾ ਕੁੱਲ ਖੇਤਰਫਲ 51524 ਵ. ਕਿ. ਮੀ. ਅਤੇ ਆਬਾਦੀ 498, 000 (1990) ਹੈ। ਇਸ ਡਿਪਾਰਟਮੈਂਟ ਵਿਚ ਕੇਂਦਰੀ ਐਡੀ ਕਾਰਡੀਲੇਰਾ ਅਤੇ ਪੂਰਬੀ ਨੀਵੀਂ ਭੂਮੀਆਂ ਸ਼ਾਮਲ ਹਨ। ਮੈਦਾਨੀ ਭਾਗ ਹਰ ਸਾਲ ਹੜ੍ਹਾਂ ਅਤੇ ਸੋਕਿਆਂ ਦਾ ਸ਼ਿਕਾਰ ਹੁੰਦੇ ਹਨ। ਪਸ਼ੂ-ਪਾਲਣਾ ਅਤੇ ਦਾਲਾਂ ਆਦਿ ਦੀਆਂ ਫਸਲਾਂ ਉਗਾਉਣਾ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਹੈ। ਨੀਵੀਂ ਭੂਮੀ ਖੇਤਰਾਂ ਵਿਚ ਮੱਕੀ, ਚਾਵਲ, ਤਮਾਕੂ ਅਤੇ ਤਪਤ-ਖੰਡੀ ਫ਼ਲ ਆਦਿ ਮੁੱਖ ਤੌਰ ਤੇ ਉਗਾਏ ਜਾਂਦੇ ਹਨ। ਸੋਨਾ, ਚਾਂਦੀ, ਲੋਹਾ, ਤਾਂਬਾ ਅਤੇ ਗੰਧਕ ਇਥੋਂ ਦੇ ਖਣਿਜ ਪਦਾਰਥ ਹਨ। ਸੂਕਰੇ ਇਸ ਦਾ ਰਾਜਧਾਨੀ ਸ਼ਹਿਰ ਹੈ ਅਤੇ ਇਹ ਰੇਲਾਂ ਤੇ ਸੜਕਾਂ ਨਾਲ ਬਾਕੀ ਦੇ ਮੁੱਖ ਸ਼ਹਿਰਾਂ ਨਾਲ ਮਿਲਿਆ ਹੋਇਆ ਹੈ।

ਸੂਕਰੇ ਬੋਲੀਵੀਆ ਦੀ ਕਾਨੂੰਨੀ ਰਾਜਧਾਨੀ ਵੀ ਹੈ। ਇਥੇ ਜਹਾਜ਼ਾਂ ਦਾ ਅੱਡਾ ਵੀ ਹੈ।

ਹ. ਪੂ.-ਐਨ. ਬ੍ਰਿ. ਮਾ. 2: 921

**ਚੂਜ਼ੈਂਜੀ**: ਇਹ ਜਾਪਾਨ ਦੇ ਉੱਤਰੀ ਕੇਂਦਰੀ ਹਾਂਸੂ ਦੇ ਟੋਚਿਗੀ ਪ੍ਰੀਫੈਕਚਰ ਦੇ ਨਿਕੋ ਨੈਸ਼ਨਲ ਪਾਰਕ ਦੇ ਨਜ਼ਦੀਕ 1,237 ਮੀ. (4,060 ਫੁੱਟ) ਦੀ ਉਚਾਈ ਤੇ ਸਥਿਤ ਇਕ ਝੀਲ ਹੈ। ਇਹ ਇਕ ਮਸ਼ਹੂਰ ਸੈਰਗਾਹ ਹੈ ਜਿਹੜੀ ਆਪਣੀਆਂ ਸਰਾਵਾਂ, ਟਾਊਟ ਮੱਛੀ, ਸਕੀਇੰਗ ਅਤੇ ਯਾਟ ਕਿਸ਼ਤੀਆਂ ਲਈ ਮਸ਼ਹੂਰ ਹੈ। ਝੀਲ ਦੇ ਉੱਤਰੀ ਕੰਢੇ ਵੱਲ

ਨਾਨਟੀ ਨਾਂ ਦਾ ਜਵਾਲਾਮੁਖੀ ਪਹਾੜ ਹੈ। ਇਸ ਦੀ ਚੋਟੀ ਝੀਲ ਤੋਂ ਲਗਭਗ 2450 ਮੀ. (8,140 ਫੁੱਟ) ਉੱਚੀ ਹੈ। ਝੀਲ ਦੇ ਬਾਕੀ ਕੰਢੇ ਨੀਵੇਂ ਪਹਾੜਾਂ ਨਾਲ ਘਿਰੇ ਹੋਏ ਹਨ। ਝੀਲ ਵਿਚ ਉੱਤਰ ਵਲੋਂ ਛੋਟੀਆਂ-ਛੋਟੀਆਂ ਨਦੀਆਂ ਦੁਆਰਾ ਪਾਣੀ ਆਉਂਦਾ ਹੈ ਤੇ ਇਹ ਲਗਭਗ 170 ਮੀ. ਡੂੰਘੀ ਹੈ। ਇਸ ਦੀ ਜੱਲ-ਨਿਕਾਸੀ ਇਕੱਲੇ ਦਈਯਾ ਦਰਿਆ ਦੁਆਰਾ ਕੀਤੀ ਜਾਂਦੀ ਹੈ ਜੋ ਝੀਲ ਦੇ ਪੂਰਬ ਵਿਚੋਂ ਨਿਕਲ ਕੇ ਕੈਗੋਨੋ ਆਬਸ਼ਾਰਾਂ ਦੇ ਰੂਪ ਵਿਚ ਲਗਭਗ 95 ਮੀ. ਹੇਠਾਂ ਡਿਗਦਾ ਹੈ।

36° 44′ ਉ. ਵਿਥ.; 139° 29′ ਪੂ. ਲੰਬ.

ਹ. ਪੂ.-ਐਨ. ਬ੍ਰਿ. ਮਾ. 2: 932

**ਚੂਨਾ** : ਇਨਸਾਨ ਅੱਗ ਦੀ ਖੋਜ ਅਤੇ ਗੁਫ਼ਾਵਾਸੀ ਯੁਗ ਸਮੇਂ ਤੋਂ ਹੀ ਚੂਨੇ ਤੋਂ ਜਾਣੂ ਸੀ। ਪੱਥਰ ਯੁਗ ਦੌਰਾਨ ਚੂਨਾ ਬਣਾਉਣ ਵਾਲੀਆਂ ਭੱਠੀਆਂ ਖੋਦੀਆਂ ਗਈਆਂ ਹਨ। ਇਸ ਵਿਚ ਸ਼ੱਕ ਨਹੀਂ ਹੈ ਕਿ ਸਭ ਤੋਂ ਪਹਿਲਾਂ ਮਨੁੱਖ ਦੁਆਰਾ ਤਿਆਰ ਕੀਤਾ ਚੂਨਾ ਖਾਦ ਅਤੇ ਭਵਨ ਉਸਾਰੀ ਲਈ ਵਰਤਿਆ ਗਿਆ ਸੀ। ਰੋਮਨ ਜ਼ਨਫੋਨ ਨੇ ਚੂਨੇ ਨੂੰ ਸਭ ਤੋਂ ਪਹਿਲਾਂ ਰਸਾਇਣਿਕ ਰੀਏਜੰਟ ਦੱਸਿਆ।

ਰਸਾਇਣਿਕ ਤੌਰ ਤੇ ਅਸਲ 'ਚੂਨਾ' ਸ਼ਬਦ ਕੇਵਲ ਕੈਲਸ਼ੀਅਮ ਆਕਸਾਈਡ (ਜਾਂ ਅਣ-ਬੁਝਿਆ ਚੂਨਾ) ਲਈ ਵਰਤਿਆ ਜਾਂਦਾ ਹੈ। ਵਪਾਰਕ ਤੌਰ ਤੇ ਚੂਨੇ ਦੇ ਪੱਥਰ ਤੋਂ ਤਿਆਰ ਕੀਤਾ ਚੂਨਾ ਸ਼ੁੱਧ ਹਾਲਤ ਵਿਚ ਨਹੀਂ ਹੁੰਦਾ, ਸਗੋਂ ਕਈ ਹੋਰ ਪਦਾਰਥਾਂ ਦੀ ਹੋਂਦ ਇਸ ਦੀਆਂ ਕਈ ਕਿਸਮਾਂ ਬਣਾ ਦਿੰਦੀ ਹੈ। ਉੱਚ-ਕੈਲਸ਼ੀਅਮ ਮਾਤਰਾ ਵਾਲੇ ਚੂਨਿਆਂ ਦੀ ਵਰਤੋਂ ਭਿੰਨ-ਭਿੰਨ ਰਸਾਇਣਿਕ ਅਤੇ ਉਦਯੋਗਿਕ ਮੰਤਵਾਂ ਲਈ ਕੀਤੀ ਜਾਂਦੀ ਹੈ ਅਤੇ ਇਹ 95% ਤੋਂ 99% ਕੈਲਸ਼ੀਅਮ ਕਾਰਬੋਨੇਟ ਵਾਲੇ ਕੈਲਸ਼ੀਅਮ ਪਦਾਰਥਾਂ ਤੋਂ ਤਿਆਰ ਕੀਤੇ ਜਾਂਦੇ ਹਨ। ਵੱਖ-ਵੱਖ ਅਨੁਪਾਤ ਵਿਚ ਮੈਗਨੀਸ਼ੀਅਮ ਕਾਰਬੋਨੇਟ ਵਾਲੇ ਚੂਨਾ-ਪੱਥਰ ਆਮ ਮਿਲਦੇ ਹਨ ਅਤੇ ਚੂਨਾ ਬਣਾਉਣ ਲਈ ਵੀ ਵਰਤੇ ਜਾਂਦੇ ਹਨ। ਮੈਗਨੀਸ਼ੀਅਮ ਵਾਲੇ ਚੂਨੇ ਉਨ੍ਹਾਂ ਪੱਥਰਾਂ ਤੋਂ ਤਿਆਰ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਮੈਗਨੀਸ਼ੀਅਮ ਕਾਰਬੋਨੇਟ ਦੀ ਮਾਤਰਾ 5% ਵਧੇਰੇ ਹੁੰਦੀ ਹੈ। ਇਕ ਖ਼ਾਸ ਮਹੱਤਤਾ ਵਾਲਾ ਮੈਗਨੀਸ਼ੀਅਮ ਚੂਨਾ ਡੋਲੋਮਾਈਟੀ (ਡੋਲਮਾਈਟਿਕ) ਚੂਨਾ ਹੈ, ਜਿਹੜਾ ਕਿ ਡੋਲਮਾਈਟ ਖਣਿਜ (ਚੂਨਾ ਪੱਥਰ) ਦੀ ਇਕ ਕਿਸਮ ਜਿਸ ਵਿਚ 30% ਤੋਂ 45% ਮੈਗਨੀਸ਼ੀਅਮ ਕਾਰਬੋਨੇਟ ਹੁੰਦਾ ਹੈ, ਤੋਂ ਬਣਾਇਆ ਜਾਂਦਾ ਹੈ।

ਜਦੋਂ ਚੂਨੇ ਦੇ ਪੱਥਰ ਨੂੰ ਕੰਟਰੋਲ ਕੀਤੀਆਂ ਭਸਮੀਕਰਨ ਹਾਲਤਾਂ ਹੇਠ ਗਰਮ ਕੀਤਾ ਜਾਂਦਾ ਹੈ ਤਾਂ ਕਾਰਬੋਨੇਟਾਂ ਦਾ ਅਪਘਟਨ ਹੋ ਕੇ ਅਣ-ਬੁਝਿਆ ਚੂਨਾ ਬਣ ਜਾਂਦਾ ਹੈ। ਵਪਾਰਕ ਤੌਰ ਤੇ ਅਣ-ਬੁਝਿਆ ਚੂਨਾ ਤਿਆਰ ਕਰਨ ਲਈ ਆਮ ਕਰਕੇ ਰੋਟਰੀ ਭੱਠੀਆਂ ਅਤੇ ਵੱਡੀਆਂ ਖੜ੍ਹੇ-ਦਾਅ ਸਥਾਈ ਭੱਠੀਆਂ ਵਿਚ ਕ੍ਰਮਿਤ ਚੂਨਾ-ਪੱਥਰ ਨੂੰ ਜਲਾਇਆ ਜਾਂਦਾ ਹੈ। ਸਹਿ-ਉਪਜ ਕਾਰਬਨਡਾਈਆਕਸਾਈਡ ਬਾਹਰ ਨਿਕਲ ਜਾਂਦੀ ਹੈ ਜਾਂ ਫਿਰ ਇਸ ਨੂੰ ਤਲਛੱਟਿਤ ਕੈਲਸ਼ੀਅਮ ਕਾਰਬੋਨੇਟ, ਕਾਰਬਨਡਾਈਆਕਸਾਈਡ ($CO_2$) ਆਦਿ ਤਿਆਰ ਕਰਨ ਲਈ ਇਕੱਠਾ ਕਰ ਲਿਆ ਜਾਂਦਾ ਹੈ। ਜੇਕਰ ਬੁਝੇ ਚੂਨੇ ਨੂੰ ਬਹੁਤੀ ਦੇਰ ਲਈ ਉੱਚ ਤਾਪਮਾਨ ਤੇ ਰਖਿਆ ਜਾਵੇ ਤਾਂ ਇਸ ਦੀ ਕਿਰਿਆਸ਼ੀਲਤਾ ਘੱਟ ਜਾਂਦੀ ਹੈ ਅਤੇ ਚੂਨੇ ਨੂੰ 'ਪੂਰੇ ਤੌਰ ਤੇ ਜਲਿਆ' ਕਿਹਾ ਜਾਂਦਾ ਹੈ। ਕੁਝ ਡੋਲੋਮਾਈਟੀ ਚੂਨਾ-ਪੱਥਰ ਇਸ ਢੰਗ ਨਾਲ ਬਣਾਇਆ ਜਾਂਦਾ ਹੈ ਅਤੇ ਇਸ ਨੂੰ ਡੈੱਡ ਬਰਨਡ ਡੋਲੋਮਾਈਟ ਕਿਹਾ ਜਾਂਦਾ ਹੈ ਤੇ ਇਸ ਦੀ ਵਰਤੋਂ ਬੇਸਿਕ ਓਪਨ-ਹਰਥ ਸਟੀਲ ਦੀਆਂ ਭੱਠੀਆਂ ਵਿਚ ਲਾਈਨਿੰਗ ਲਈ ਕੀਤੀ ਜਾਂਦੀ ਹੈ।

ਜਦੋਂ ਅਣ-ਬੁਝਿਆ ਚੂਨਾ ਪਾਣੀ ਨਾਲ ਕਿਰਿਆ ਕਰਦਾ ਹੈ ਤਾਂ ਇਸ ਕਿਰਿਆ ਨੂੰ ਬੁਝਾਉਣਾ ਕਿਹਾ ਜਾਂਦਾ ਹੈ। ਇਹ ਕਿਰਿਆ ਤਾਪ-ਨਿਕਾਸੀ ਹੈ ਅਤੇ ਕਈ ਵਾਰੀ ਵਿਸਫ਼ੋਟ ਹੋ ਜਾਂਦਾ ਹੈ। ਖ਼ੁਸ਼ਕ ਜਲ-ਯੋਜਿਤ ਚੂਨਾ ਤਿਆਰ ਕਰਨ ਲਈ ਜਲ ਯੋਜਨ ਦੀਆਂ ਹਾਲਤਾਂ ਹੇਠ ਅਣ-ਬੁਝੇ ਚੂਨੇ ਦੀ ਕਿਰਿਆ ਇੰਨੇ ਕੁ ਪਾਣੀ ਨਾਲ ਕਰਵਾਈ ਜਾਂਦੀ ਹੈ ਕਿ ਇਸ ਦੀ ਸਿੱਲ ਪ੍ਰਤਿ ਰਸਾਇਣਿਕ ਐਫਿਨਿਟੀ ਖ਼ਤਮ ਹੋ ਜਾਵੇ। ਵਾਯੂਮੰਡਲੀ ਦਬਾਉ ਅਤੇ ਘੱਟ ਧਾਰਨਾ ਸਮੇਂ ਜਦੋਂ ਕਿਸੇ ਯੰਤਰ ਵਿਚ ਡੋਲੋਮਾਈਟੀ ਚੂਨਿਆਂ ਨੂੰ ਪਾਣੀ ਵਿਚ ਪਾਇਆ ਜਾਂਦਾ ਹੈ ਤਾਂ ਡੋਲੋਮਾਈਟੀ ਨਾਰਮਲ ਜਲ-ਯੋਜਿਤ ਚੂਨੇ ਬਣਦੇ ਹਨ ਜਿਨ੍ਹਾਂ ਵਿਚ ਕੈਲਸ਼ੀਅਮ ਹਾਈਡ੍ਰੋਕਸਾਈਡ, ਮੈਗਨੀਸ਼ੀਅਮ ਆਕਸਾਈਡ ਅਤੇ ਕੁਝ ਕੁ ਮਾਤਰਾ ਮੈਗਨੀਸ਼ੀਅਮ ਹਾਈਡ੍ਰਾਕਸਾਈਡ ਦੀ ਹੁੰਦੀ ਹੈ। 'ਦਬਾਉ ਦੁਆਰਾ ਜਲ ਯੋਜਿਤ' ਜਾਂ ਵਧੇਰੇ ਜਲ ਯੋਜਿਕ ਚੂਨਿਆਂ ਨੂੰ ਵਪਾਰਕ ਤੌਰ ਤੇ ਡੋਲੋਮਾਈਟੀ ਵਿਸ਼ੇਸ਼ ਜਲ-ਯੋਜਿਤ ਚੂਨਾ ਕਿਹਾ ਜਾਂਦਾ ਹੈ।

ਹਾਈਡ੍ਰੌਲਿਕ ਚੂਨਾ ਸੀਮਿੰਟਮਈ ਕਿਸਮ ਦਾ ਚੂਨਾ ਹੈ ਜਿਹੜਾ ਪੋਰਟਲੈਂਡ ਸੀਮਿੰਟ ਵਾਂਗ ਪਾਣੀ ਨਾਲ ਸੈੱਟ ਅਤੇ ਸਖ਼ਤ ਹੁੰਦਾ ਹੈ। ਇਹ ਅਸ਼ੁੱਧ ਚੂਨਾ-ਪੱਥਰ, ਜਿਸ ਵਿਚ ਸਿਲਿਕਾ ਅਤੇ ਐਲੂਮਿਨਾ ਮਿਲਿਆ ਹੋਵੇ, ਭਸਮ ਕਰਨ ਨਾਲ ਪ੍ਰਾਪਤ ਹੁੰਦਾ ਹੈ।

ਚੂਨਿਆਂ ਦੇ ਰਸਾਇਣਿਕ ਅਤੇ ਭੌਤਿਕ ਗੁਣਾਂ ਵਿਚ ਕਾਫ਼ੀ ਭਿੰਨਤਾ ਹੁੰਦੀ ਹੈ। ਇਸ ਦਾ ਕਾਰਨ ਕੱਚੇ ਚੂਨਾ-ਪੱਥਰ ਦੇ ਭੂ-ਵਿਗਿਆਨ ਅਤੇ ਰਸਾਇਣਿਕ ਵਿਸ਼ਲੇਸ਼ਣਾਂ ਵਿਚ ਅੰਤਰ ਹੈ। ਅਣ-ਬੁਝੇ ਅਤੇ ਜਲ-ਯੋਜਿਤ ਚੂਨੇ ਚਿੱਟੇ ਰੰਗ ਦੇ ਹੁੰਦੇ ਹਨ। ਪ੍ਰੰਤੂ ਕੁਝ ਅਸ਼ੁੱਧ ਚੂਨਿਆਂ ਦਾ ਰੰਗ ਭੂਸਲਾ ਹੁੰਦਾ ਹੈ। ਕੈਲਸ਼ੀਅਮ ਅਤੇ ਮੈਗਨੀਸ਼ੀਅਮ ਹਾਈਡ੍ਰੋਕਸਾਈਡ ਪਾਣੀ ਵਿਚ ਬਹੁਤ ਘੱਟ ਘੁਲਣਸ਼ੀਲ ਹਨ ਅਤੇ ਚੂਨੇ ਦਾ ਪਾਣੀ ਸ਼ਬਦ ਖੀਣ ਜਲੀ ਘੋਲ ਲਈ ਵਰਤਿਆ ਜਾਂਦਾ ਹੈ। ਦੁਧੀਆ ਚੂਨਾ; ਪਾਣੀ ਵਿਚ ਚੂਨੇ ਦੇ ਠੋਸਾਂ ਦੀ ਇਕ ਸਸਪੈਂਨਸ਼ਨ ਹੈ। ਚੂਨੇ ਦੀ ਜ਼ਿਆਦਾਤਰ ਵਰਤੋਂ ਤੇਜ਼ਾਬਾਂ ਦੇ ਉਦਾਸੀਨੀਕਰਨ ਲਈ ਕੀਤੀ ਜਾਂਦੀ ਹੈ।

**ਲਾਭ**—ਅਣ-ਬੁਝੇ ਅਤੇ ਜਲ-ਯੋਜਿਕ ਚੂਨੇ ਦੀਆਂ ਉਪਜਾਂ ਦੀ ਵਧੇਰੇ ਵਰਤੋਂ ਖੇਤੀਬਾੜੀ, ਮਕਾਨ-ਉਸਾਰੀ ਅਤੇ ਰਸਾਇਣਿਕ ਉਦਯੋਗਾਂ ਵਿਚ ਕੀਤੀ ਜਾਂਦੀ ਹੈ। ਰਸਾਇਣਿਕ ਚੂਨਾ ਵੱਡੀ ਮਾਤਰਾ ਵਿਚ ਖੁੱਲਾ-ਚੁੱਲ੍ਹਾ ਤੇ ਬਿਜਲ-ਭੱਠੀ ਸਟੀਲ ਤਿਆਰ ਕਰਨ ਲਈ, ਮੈਗਨੀਸ਼ੀਅਮ ਉਤਪਾਦਨ ਲਈ, ਐਲੂਮਿਨੀਅਮ, ਚਾਂਦੀ ਅਤੇ ਸੋਨੇ ਦੀਆਂ ਕੱਚੀਆਂ-ਧਾਤਾਂ ਦੀ ਕਿਰਿਆ ਲਈ ਅਤੇ ਜਿਸਤ, ਤਾਂਬਾ ਅਤੇ ਦੂਸਰੀਆਂ ਧਾਤਾਂ ਦੀ ਸਮੈਂਲਟਿੰਗ (ਗਾਲਨ ਕਿਰਿਆ) ਅਤੇ ਸੁਧਾਈ ਲਈ ਵਰਤਿਆ ਜਾਂਦਾ ਹੈ। ਪੂਰਨ ਤੌਰ ਤੇ ਜਲੇ ਡੋਲੋਮਾਈਟ ਦੀ ਵਧੇਰੇ ਵਰਤੋਂ ਉੱਚ ਤਾਪ ਵਾਲੀਆਂ ਭੱਠੀਆਂ ਅਤੇ ਭੱਠਿਆਂ ਵਿਚ ਲਾਈਨਿੰਗ ਲਈ ਉੱਚਤਾਪ ਸਹਿ ਪਦਾਰਥ ਦੇ ਤੌਰ ਤੇ ਕੀਤੀ ਜਾਂਦੀ ਹੈ। ਕੈਲਸ਼ੀਅਮ ਕਾਰਬਾਈਡ ਕਾਗਜ਼ ਤੇ ਸ਼ੀਸ਼ਾ ਬਣਾਉਣ ਲਈ ਅਤੇ ਪਾਣੀ ਸਾਫ਼ ਕਰਨ ਤੇ ਗੰਦੇ ਨਾਲੇ ਅਤੇ ਕਾਰਖਾਨਿਆਂ ਵਿਚੋਂ ਨਿਕਲ ਰਹੇ ਗੰਦੇ ਪਾਣੀ ਨੂੰ ਸਾਫ਼ ਕਰਨ ਲਈ ਵੀ ਇਸ ਦੀ ਕਾਫ਼ੀ ਮਾਤਰਾ ਵਰਤੀ ਜਾਂਦੀ ਹੈ। ਹੋਰ ਰਸਾਇਣਿਕ ਵਰਤੋਂ ਖੰਡ ਅਤੇ ਪੈਟ੍ਰੋਲੀਅਮ ਦੀ ਸੁਧਾਈ ਲਈ, ਰੇਤ-ਚੂਨਾ, ਇੱਟ ਤੇ ਕੰਕਰੀਟ ਉਪਜਾਂ, ਕੀਟਾਣੂਨਾਸ਼ਕ, ਚਮੜੇ ਦੀਆਂ ਚੀਜ਼ਾਂ, ਰੰਗ ਕਾਟ ਪਾਊਡਰ, ਸੋਡੀਅਮ ਹਾਈਡ੍ਰੋਕਸਾਈਡ, ਵਾਰਨਿਸ਼ ਤੇ ਪੇਂਟ, ਗਰੀਸ ਅਤੇ ਦੂਸਰੀਆਂ ਉਪਜਾਂ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਆਧੁਨਿਕ ਜਰਨੈਲੀ ਸੜਕਾਂ ਅਤੇ ਹਵਾਈ ਅੱਡਿਆਂ ਵਿਚ ਹਵਾਈ ਪਟੜੀ ਰਨ-ਵੇ ਬਣਾਉਣ ਲਈ ਮਿੱਟੀ ਸਥਾਈਕਾਰਕ ਦੇ ਤੌਰ ਤੇ ਕੀਤੀ ਜਾਂਦੀ ਹੈ।

ਹ. ਪੂ.-ਐਨ. ਬ੍ਰਿ. 14: 34

**ਚੂਨਾ ਕੰਕਰੀਟ** : ਵੇਖੋ, ਕੰਕਰੀਟ

**ਚੂਨਾ ਪੱਥਰ** : ਇਹ ਇਕ ਚਟਾਨ ਹੈ, ਜਿਸ ਵਿਚ ਘੱਟੋ ਘੱਟ 50% ਕੈਲਸ਼ੀਅਮ ਕਾਰਬੋਨੇਟ ਹੁੰਦਾ ਹੈ। ਇਹ ਠੰਢੇ ਹਲਕੇ ਤੇਜ਼ਾਬਾਂ ਅਤੇ ਆਰਗੈਨਿਕ ਅਤੇ ਕਾਰਬਾੱਨਿਕ ਐਸਿਡ ਵਾਲੇ ਪਾਣੀ ਵਿਚ ਵਿਸ਼ੇਸ਼ ਤੌਰ ਤੇ ਘੁਲਣਸ਼ੀਲ ਹੁੰਦੇ ਹਨ ਅਤੇ ਇਨ੍ਹਾਂ ਦੀ ਵਿਸ਼ਿਸ਼ਟ ਘਣਤਾ 2.6. ਤੋਂ 2.8 ਹੁੰਦੀ ਹੈ। ਇਨ੍ਹਾਂ ਵਿਚ ਵਧੇਰੇ ਉਪਲੱਬਧ ਖਣਿਜ ਕੈਲਸਾਈਡ (ਕਠੋਰਤਾ = 3) ਦੀ ਹੋਂਦ ਕਾਰਨ ਇਹ ਨਰਮ ਹੁੰਦੇ ਹਨ। ਆਮ ਕਰਕੇ ਇਨ੍ਹਾਂ ਦਾ ਰੰਗ ਚਿੱਟੇ ਤੋਂ ਕ੍ਰੀਮ ਵਰਗਾ ਹੁੰਦਾ ਹੈ ਪਰੰਤੂ ਆਇਰਨ ਆੱਕਸਾਈਡਾਂ ਦੇ ਮਿਲੇ ਹੋਣ ਕਾਰਨ ਪੀਲੇ ਜਾਂ ਭੂਰੇ ਧੱਬੇ ਪੈ ਜਾਂਦੇ ਹਨ। ਆਰਗੈਨਿਕ ਮਾਦੇ ਅਤੇ ਆਇਰਨ ਡਾਈਸਲਫਾਈਡ ਦੀ ਮਿਲਾਵਟ ਨਾਲ ਇਨ੍ਹਾਂ ਦਾ ਰੰਗ ਨੀਲੇ ਤੋਂ ਕਾਲਾ ਹੋ ਜਾਂਦਾ ਹੈ।

ਬਣਤਰ ਅਤੇ ਰਚਨਾ

ਚੂਨਾ-ਪੱਥਰਾਂ ਦੇ ਕਾਰਬੋਨੇਟ ਵਾਲੇ ਹਿੱਸੇ ਵਿਚ ਧਰਤੀ ਵਿਚੋਂ ਕੱਢੇ ਪੁਰਾਣੇ ਚੂਨਾ-ਪੱਥਰ ਦੇ ਮਲਬੇ, ਅਰੀੜਧਾਰੀਆਂ ਦੇ ਗੁੱਦੇ ਦੀਆਂ ਗੋਲੀਆਂ ਅਤੇ ਫ਼ਾਸਿਲ ਆਦਿ ਹੁੰਦੇ ਹਨ। ਇਨ੍ਹਾਂ ਪਦਾਰਥਾਂ ਨੂੰ ਸੂਖ਼ਮਕ੍ਰਿਸਟਲੀ ਕਾਰਬੋਨੇਟ ਊਜ਼ ਅਤੇ ਖੁਰਦਰੇ ਦਾਣੇਦਾਰ ਸੁਰਾਖ਼ ਭਰਨ ਵਾਲੇ ਕੈਲਸਾਈਟ ਸੀਮਿੰਟ ਨਾਲ ਜੋੜਿਆ ਜਾਂਦਾ ਹੈ। ਚਟਾਨ ਦੇ ਕੈਲਸ਼ੀਅਮ ਕਾਰਬੋਨੇਟ ਦਾ ਸਥਾਨ ਲੈਣ ਵਾਲੇ ਡੋਲੋਮਾਈਟ ਰਵਿਆਂ ਦੀ ਗਿਣਤੀ ਵਧਣ ਨਾਲ ਚੂਨਾ-ਪੱਥਰ, ਡੋਲੋਮਾਈਟੀ ਚੂਨਾ-ਪੱਥਰ ਅਤੇ ਡੋਲੋਮਾਈਟ ਬਣ ਜਾਂਦੇ ਹਨ। ਅਕਾਰਬੋਨੇਟ ਖਣਿਜਾਂ ਵਿਚ ਅਪਰਦੀ ਕੁਆਰਟਜ਼ ਤੇ ਫੈੱਲਸਪਾਰ ਅਤੇ ਜ਼ਰੱਕਾਨ, ਗਾਰਨੈਟ ਤੇ ਟੂਰਮੈਲੀਨ ਵਰਗੇ ਪ੍ਰਤਿਰੋਧਕ ਖਣਿਜ ਸ਼ਾਮਲ ਹਨ। ਜ਼ਿਆਦਾਤਰ ਚੂਨਾ-ਪੱਥਰ ਅੰਸ਼ਿਕ ਜਾਂ ਪੂਰਨ ਤੌਰ ਤੇ ਆਰਗੈਨਿਕ ਮੂਲ ਦੇ ਹਨ। ਨਰਮ ਤੇ ਚਿੱਟੇ ਚੂਨਾ-ਪੱਥਰ ਜਿਨ੍ਹਾਂ ਨੂੰ ਕੋਕਿਨੈਸ ਕਿਹਾ ਜਾਂਦਾ ਹੈ, ਪੂਰਨ ਤੌਰ ਤੇ ਸੈੱਲਾਂ ਦੇ ਟੁਕੜਿਆਂ ਦੇ ਬਣੇ ਹੁੰਦੇ ਹਨ। ਕੁਝ ਚਾਕ ਵਧੇਰੇ ਕਰਕੇ ਗਲੋਬੀਜੈਰੀਨਾ ਵਰਗੇ ਫ਼ੋਰੈਮਿਨੀਫਰਾ ਦੇ ਬਣੇ ਹੁੰਦੇ ਹਨ। ਦੂਸਰਾ ਫ਼ੋਰੈਮਿਨੀਫਰੀ ਚੂਨਾ-ਪੱਥਰ ਹੈ ਜਿਹੜਾ ਕਿ ਡਿਸਕ ਦੀ ਸ਼ਕਲ ਦੀਆਂ ਨੱਮੂਲਾਈਟਾਂ ਤੋਂ ਬਣਦਾ ਹੈ। ਚੱਟਾਨ-ਭਿੱਤੀ ਚੂਨਾ-ਪੱਥਰ ਸਮੁੰਦਰ ਦੀ ਚੜ੍ਹਦੀ ਰੌ ਵਿਚਲੇ ਉਨ੍ਹਾਂ ਆਰਗੈਨਿਜ਼ਮਾਂ ਦੁਆਰਾ ਬਣੇ ਸਨ। ਜਿਸ ਵਿਚ ਬਹੁਤ ਸਾਰੇ ਖ਼ੁਰਾਕੀ ਤੱਤ ਹੁੰਦੇ ਸਨ। ਊਓਲਾਈਟੀ ਚੂਨਾ-ਪੱਥਰਾਂ ਵਿਚ ਊਓਲਾਈਟ; ਕੈਲਸ਼ੀਅਮ ਕਾਰਬੋਨੇਟ ਦੇ ਬਣੇ ਹੁੰਦੇ ਹਨ ਜਿਹੜਾ ਕਿ ਰਸਾਇਣਕ ਤੌਰ ਤੇ ਭਿੰਨ-ਭਿੰਨ ਕਿਸਮ ਦੇ ਨਿਊਕਲੀਅਸਾਂ ਦੁਆਲੇ ਡਿਪਾਜ਼ਿਟ ਹੋਇਆ ਹੁੰਦਾ ਹੈ। ਬਹੁਤ ਸ਼ੁੱਧ ਚੂਨਾ-ਪੱਥਰਾਂ ਦੇ ਭਸਮੀਕਰਨ ਦੁਆਰਾ ਵਪਾਰਕ ਵਰਤੋਂ ਲਈ ਕਾਰਬਨ ਡਾਈਆਕਸਾਈਡ ਅਤੇ ਚੂਨਾ ਪ੍ਰਾਪਤ ਹੁੰਦਾ ਹੈ। ਊਓਲਾਈਟ ਚੂਨਾ ਪੱਥਰ ਵਿਚ ਬਹੁਤ ਘੱਟ ਸੂਖ਼ਮ ਦਾਣੇਦਾਰ ਪਦਾਰਥ ਹੁੰਦਾ ਹੈ ਅਤੇ ਇਹ ਹਿਲਦੇ ਪਾਣੀ ਵਿਚ ਬਣੇ ਸਨ। ਕਾਰਬੋਨੇਟ ਚਟਾਨਾਂ ਘੱਟ ਹੀ ਮਿਲਦੀਆਂ ਹਨ ਅਤੇ ਕੇਵਲ ਉਨ੍ਹਾਂ ਖੇਤਰਾਂ ਵਿਚ ਬਣਦੀਆਂ ਹਨ ਜਿੱਥੇ ਕਾਫ਼ੀ ਉਚਾਣ ਨਿਵਾਣ ਹੋਵੇ ਅਤੇ ਚੂਨਾ ਪੱਥਰ ਵਧੇਰੀ ਮਾਤਰਾ ਵਿਚ ਮਿਲਦਾ ਹੋਵੇ। ਸਾਪੇਖੀ ਤੌਰ ਤੇ ਤਪਤ-ਖੰਡੀ ਤੱਟਾਂ ਉੱਤੇ ਆਮ ਮਿਲਦੇ ਚੂਨਾ-ਪੱਥਰ ਉਹ ਹਨ ਜਿਹੜੇ ਕੈਲਸ਼ੀਅਮੀ ਬੀਚ ਡਿਪਾਜ਼ਿਟਾਂ ਅਤੇ ਰੇਤਲੇ ਟਿੱਬਿਆਂ ਦੇ ਸੀਮਿੰਟੀਕਰਨ ਦੁਆਰਾ ਬਣਦੇ ਹਨ।

**ਲਾਭ**—ਵਧੇਰੇ ਸ਼ੁੱਧਤਾ ਵਾਲੀ ਕੈਲਸ਼ੀਅਮ ਕਾਰਬੋਨੇਟ ਚਟਾਨ ਦੀ ਵਰਤੋਂ ਸਾਲਵੇ ਵਿਧੀ ਦੁਆਰਾ ਸੋਡੀਅਮ ਕਲੋਰਾਈਡ ਤੋਂ ਸੋਡੀਅਮ ਕਾਰਬੋਨੇਟ ਅਤੇ ਬੇਅਰ ਵਿਧੀ ਦੁਆਰਾ ਐਲੂਮਿਨੀਅਮ ਆੱਕਸਾਈਡ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਚੂਨਾ-ਪੱਥਰ ਦੀ ਵਰਤੋਂ ਸੰਸ਼ਲਿਸ਼ਟ ਫ਼ੀਨੋਲ ਕੈਲਸ਼ੀਅਮ ਨਾਈਟ੍ਰੇਟ, ਰੰਗਕ ਪਦਾਰਥ ਅਤੇ ਇੰਟਰਮਿਡੀਏਟ ਤਿਆਰ ਕਰਨ ਲਈ ਅਤੇ ਕਾਰਬਨੀਕਰਨ ਵਿਧੀ ਦੁਆਰਾ ਚੁਕੰਦਰ ਦੀ ਖੰਡ ਦੀ ਸੁਧਾਈ ਲਈ ਕੀਤੀ ਜਾਂਦੀ ਹੈ। ਪਸ਼ੂਆਂ ਅਤੇ ਮੁਰਗੀਆਂ ਲਈ ਇਹ ਖ਼ੁਰਾਕ ਦਾ ਇਕ ਅੰਸ਼ ਹੈ ਅਤੇ ਇਸ ਦੀ ਵਰਤੋਂ ਲੂਣ ਬ੍ਰਾਈਨਾਂ ਨੂੰ ਸਾਫ਼ ਕਰਨ ਲਈ ਅਤੇ ਸ਼ੀਸ਼ਾ ਬਣਾਉਣ ਲਈ ਅਭਿਕਾਰਕ ਦੇ ਤੌਰ ਤੇ ਕੀਤੀ ਜਾਂਦੀ ਹੈ। ਕਾਫ਼ੀ ਉੱਚੇ ਤਾਪਮਾਨ ਉੱਤੇ (ਜਿਸ ਨਾਲ ਕੈਲਸ਼ੀਅਮ ਕਾਰਬੋਨੇਟ ਦਾ ਵਿਯੋਜਨ ਹੋ ਸਕੇ)। ਚੂਨਾ-ਪੱਥਰ ਦੇ ਭਸਮੀਕਰਨ ਦੁਆਰਾ ਵਪਾਰਕ ਵਰਤੋਂ ਲਈ ਕਾਰਬਨ ਡਾਈਆੱਕਸਾਈਡ ਅਤੇ ਚੂਨਾ ਪ੍ਰਾਪਤ ਹੁੰਦਾ ਹੈ।

ਪੋਰਟਲੈਂਡ ਸੀਮਿੰਟ ਬਣਾਉਣ ਲਈ ਇਕ ਭਾਗ ਸ਼ੇਲ ਜਾਂ ਮਿੱਟੀ ਵਿਚ ਤਿੰਨ ਜਾਂ ਚਾਰ ਹਿੱਸੇ ਚੂਨਾ-ਪੱਥਰ ਪੈਂਦਾ ਹੈ। ਕੁਦਰਤੀ ਸੀਮਿੰਟ ਅਜਿਹੀ ਚਟਾਨ ਤੋਂ ਬਣਦਾ ਹੈ ਜਿਸ ਵਿਚ 10% ਤੋਂ 22% ਸਿਲੀਕਾ ਅਤੇ 4% ਤੋਂ 16% ਐਲੂਮਿਨੀਅਮ ਆੱਕਸਾਈਡ ਅਤੇ ਆਇਰਨ ਆੱਕਸਾਈਡ ਹੋਵੇ। ਚਟਾਨੀ ਫ਼ਾਸਫੇਟਾਂ ਦੀ ਵਰਤੋਂ ਬਣਾਉਟੀ ਖਾਦਾਂ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਦੂਸਰੀਆਂ ਤਲੱਛਟੀ ਚਟਾਨਾਂ ਵਾਂਗ ਇਨ੍ਹਾਂ ਵਿਚ ਵੀ ਪੈਟ੍ਰੋਲੀਅਮ ਅਤੇ ਕੁਦਰਤੀ ਗੈਸ ਸੰਗ੍ਰਿਹ ਹੋ ਸਕਦੇ ਹਨ।

ਵਧੇਰੇ ਡੋਲੋਮਾਈਟ ਵਾਲੀਆਂ ਚਟਾਨਾਂ ਦੀ ਵਰਤੋਂ ਐਪਸਮ ਲੂਣ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਚੂਨਾ-ਪੱਥਰ ਜਾਂ ਡੋਲੋਮਾਈਟ ਦੀ ਵਰਤੋਂ ਥੰਮਾਂ, ਇਮਾਰਤਾਂ ਵਿਚ ਅੰਦਰ ਅਤੇ ਬਾਹਰ ਲੇਪਣ ਅਤੇ ਫ਼ਰਸ਼ਾਂ, ਰਸਤਿਆਂ ਉੱਤੇ ਫ਼ਲੈਗਸਟੋਨ ਲਈ ਅਤੇ ਛੱਤਾਂ ਵਿਚ ਚਿਪਸ ਤੇ ਪਲਸਤਰ ਵਾਲੇ ਮਸਾਲੇ ਵਿਚ ਕੀਤੀ ਜਾਂਦੀ ਹੈ। ਪੀਸੀ ਹੋਈ ਚਟਾਨ ਦੀ ਵਰਤੋਂ ਖੇਡਾਂ ਦੇ ਮੈਦਾਨ, ਟੈਨਿਸ ਮੈਦਾਨ, ਰੇਲ ਗੱਡੀ ਦੀਆਂ ਲਾਈਨਾਂ ਲਈ ਕੰਕਰੀਟ, ਡੈਮਾਂ ਦੇ ਅਧਾਰ ਦੁਆਲੇ ਪਾੜਾਂ ਨੂੰ ਭਰਨ ਲਈ ਅਤੇ ਗੰਦੇ ਪਾਣੀ ਨੂੰ ਸਾਫ਼ ਕਰਨ ਵਾਲੀਆਂ ਫ਼ਿਲਟਰ ਤਹਿਆ ਵਿਚ ਕੀਤੀ ਜਾਂਦੀ ਹੈ। ਇਸ ਦੀ ਜ਼ਿਆਦਾ ਵਰਤੋਂ ਬਿਟਊਮੈਨ ਜਾਂ ਸੀਮਿੰਟ ਨਾਲ ਮਿਲਾ ਕੇ ਜਾਂ ਇਕਲੇ ਹੀ ਸੜਕਾਂ ਬਣਾਉਣ ਲਈ ਕੀਤੀ ਜਾਂਦੀ ਹੈ। ਐਗਸਟੋਨ ਦੀ ਵਰਤੋਂ ਮਿੱਟੀ ਦੇ ਤੇਜ਼ਾਬੀਪਣ ਨੂੰ ਨਿਯਮਿਤ ਰਖਣ ਲਈ, ਮਿੱਟੀ ਦੀ ਬਣਤਰ ਨੂੰ ਸੁਧਾਰਣ ਅਤੇ ਮਿੱਟੀ ਵਿਚ ਪੌਸ਼ਟਿਕ ਪਦਾਰਥ ਮਿਲਾਉਣ ਲਈ ਕੀਤੀ ਜਾਂਦੀ ਹੈ। ਫ਼ਰਸ਼ਾਂ ਅਤੇ ਸੜਕਾਂ ਲਈ ਵਰਤੇ ਜਾਣ ਵਾਲੇ ਚੂਨਾ-ਪੱਥਰ ਵਿਚ ਰਗੜ ਪ੍ਰਤਿਰੋਧ ਲੋੜੀਂਦਾ ਗੁਣ ਹੈ। ਤੇਜ਼ਾਬੀ ਗੰਦ-ਮੰਦ ਅਤੇ ਉਦਯੋਗਿਕ ਵੇਸਟ ਨੂੰ ਉਦਾਸੀਨ ਕਰਨ ਲਈ ਡੋਲੋਮਾਈਟ ਨਾਲੋ ਚੂਨਾ ਪੱਥਰ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਇਹ ਵਧੇਰੇ ਕਿਰਿਆਸ਼ੀਲ ਹੈ।

ਹ. ਪੂ.-ਐਨ ਬ੍ਰਿ. 14: 39

**ਚੂਨੇ ਦਾ ਭੱਠਾ** : ਚੂਨਾ-ਪੱਥਰ ਨੂੰ ਭੱਠੇ ਜਾਂ ਢੇਰਾਂ ਵਿਚ ਜਲਾ ਕੇ ਚੂਨਾ ਬਣਾਇਆ ਜਾਂਦਾ ਹੈ। ਢੇਰਾਂ ਵਿਚ ਜਲਾਉਣ ਨਾਲ ਕਾਫ਼ੀ ਬਾਲਣ ਫ਼ਜ਼ੂਲ ਜਾਂਦਾ ਹੈ ਅਤੇ ਜ਼ਰੂਰਤ ਤੋਂ ਜ਼ਿਆਦਾ ਜਾਂ ਘੱਟ ਜਲਿਆ ਹੋਇਆ ਚੂਨਾ ਵੀ ਕਾਫ਼ੀ ਮਾਤਰਾ ਵਿਚ ਪ੍ਰਾਪਤ ਹੁੰਦਾ ਹੈ। ਜਿਥੇ ਬਾਲਣ ਸਸਤਾ ਅਤੇ ਚੋਖੀ ਮਾਤਰਾ ਵਿਚ ਮਿਲਦਾ ਹੋਵੇ ਉੱਥੇ ਇਹ ਵਿਧੀ ਵਰਤੀ ਜਾ ਸਕਦੀ ਹੈ। ਚੂਨੇ ਦੇ ਭੱਠੇ ਆਮ ਕਰਕੇ ਨਦੀਆਂ ਜਾਂ ਜਿਥੇ ਪਾਣੀ ਵਹਿੰਦਾ ਹੋਵੇ ਦੇ ਕੰਢਿਆਂ ਉੱਪਰ ਲਾਏ ਜਾਂਦੇ ਹਨ ਜਿਸ ਨਾਲ ਚੂਨੇ ਨੂੰ ਆਸਾਨੀ ਨਾਲ ਬੁਝਾਇਆ ਜਾ ਸਕਦਾ ਹੈ।

ਭੱਠੇ ਬੇਲਨਾਕਾਰ ਹੁੰਦੇ ਹਨ ਅਤੇ ਇਨ੍ਹਾਂ ਦੀ ਚਿਮਨੀ ਟੁੱਟਵੀਂ ਸ਼ੰਕੂਕਾਰ ਹੁੰਦੀ ਹੈ। ਸਥਾਨਕ ਲੋੜ ਅਨੁਸਾਰ ਇਸ ਦਾ ਆਕਾਰ ਬਦਲਿਆ ਜਾ ਸਕਦਾ ਹੈ। ਇਹ ਇੱਟਾਂ ਜਾਂ ਪੱਥਰਾਂ ਦੇ ਬਣੇ ਹੁੰਦੇ ਹਨ। ਇਨ੍ਹਾਂ ਦਾ ਅੰਦਰਲਾ ਅਸਤਰ 35 ਸੈਂ. ਮੀ. ਤੋਂ 45 ਸੈਂ. ਮੀ. ਮੋਟਾ ਹੁੰਦਾ ਹੈ ਅਤੇ ਅੱਗ-ਸਹਿ ਇੱਟਾਂ ਅਤੇ ਅੱਗ-ਸਹਿ ਮਿੱਟੀ ਨਾਲ ਜੁੜਿਆ ਰਹਿੰਦਾ ਹੈ।

**ਭੱਠੇ ਦੀ ਭਰਾਈ**—ਭੱਠੇ ਦੀ ਭਰਾਈ ਦੋ ਢੰਗਾਂ ਨਾਲ ਕੀਤੀ ਜਾਂਦੀ ਹੈ। ਇਕ ਵਿਧੀ ਵਿਚ ਕੰਕਰ ਜਾਂ ਚੂਨਾ ਪੱਥਰ ਦੀਆਂ ਲਗਭਗ 22 ਸੈਂ. ਮੀ. ਦੀਆਂ ਅਤੇ ਬਾਲਣ (ਕੋਲਾ, ਕੋਕ) ਦੀਆਂ 5 ਸੈਂ. ਮੀ. ਦੀਆਂ

ਹਿਆਂ ਵਾਰੀ ਵਾਰੀ ਨਾਲ ਰਖੀਆਂ ਜਾਂਦੀਆ ਹਨ। ਅਧਾਰ ਉੱਤੇ ਸੁੱਕੀ ਾਂ ਹਰੀ ਲੱਕੜ ਰੱਖੀ ਜਾਂਦੀ ਹੈ। ਦੂਜੀ ਵਿਧੀ ਵਿਚ ਕੰਕਰ, ਕੋਲਾ ਅਤੇ ਕੜ ਦਾ ਕੋਲਾ ਮਿਲਾ ਕੇ ਰੱਖੇ ਜਾਂਦੇ ਹਨ।




ਚੂਨੇ ਦਾ ਭੱਠਾ

**ਭੱਠੇ ਦੀਆਂ ਕਿਸਮਾਂ**—ਆਮ ਕਰਕੇ ਭੱਠੇ ਦੋ ਕਿਸਮ ਦੇ ਹੁੰਦੇ ਨ। ਅਰਥਾਤ (1) ਆਵਰਤਕ ਭੱਠੇ ਅਤੇ (2) ਨਿਰੰਤਰ ਭੱਠੇ।

**1-ਆਵਰਤਕ (ਰੁਕ ਰੁਕ ਕੇ ਚੱਲਣ ਵਾਲੇ) ਭੱਠੇ**—ਇਸ ਭੱਠੇ ਣਚ ਚੂਨਾ-ਪੱਥਰ ਅਤੇ ਬਾਲਣ ਦੀਆਂ ਤਹਿਆਂ ਵਾਰੀ ਵਾਰੀ ਭਰੀਆਂ ਾਂਦੀਆਂ ਹਨ। ਇਸ ਵਿਚ ਧੂੰਆਂ ਨਿਕਲਣ ਅਤੇ ਹਵਾ ਦੇ ਆਉਣ-ਜਾਣ ਾ ਉਚਿਤ ਪ੍ਰਬੰਧ ਹੁੰਦਾ ਹੈ। ਹਰ ਵਾਰ ਚੂਨਾ ਤਿਆਰ ਹੋ ਜਾਣ ਤੇ ਭੱਠੀ ੀ ਸਫ਼ਾਈ ਹੁੰਦੀ ਹੈ ਅਤੇ ਫਿਰ ਨਵੇਂ ਸਿਰਿਉਂ ਭਰਿਆ ਜਾਂਦਾ ਹੈ। ਰਨ ਜਾਲਣ ਮਗਰੋਂ ਭੱਠੇ ਨੂੰ ਠੰਢਾ ਹੋਣ ਲਈ 10 ਤੋਂ 15 ਦਿਨ ਲੱਗ ਾਂਦੇ ਹਨ। ਇਹ ਭੱਠੇ ਮਹਿੰਗੇ ਪੈਂਦੇ ਹਨ ਕਿਉਂਕਿ ਇਨ੍ਹਾਂ ਵਿਚ ਸਮਾਂ ਜ਼ਆਦਾ ਲਗਦਾ ਹੈ ਅਤੇ ਕੁਝ ਤਾਪ ਵੀ ਵਿਅਰਥ ਜਾਂਦਾ ਹੈ।

**2- ਨਿਰੰਤਰ ਭੱਠੇ**—ਇਹ ਭੱਠੇ ਬਹੁਤ ਸਸਤੇ ਹੁੰਦੇ ਹਨ, ਕਿਉਂਕਿ ਇਨ੍ਹਾਂ ਨੂੰ ਗਰਮ ਹਾਲਤ ਵਿਚ ਵੀ ਭਰਿਆ ਅਤੇ ਜਾਲਿਆ ਾਂਦਾ ਹੈ। ਇਹ ਭੱਠੇ ਭਾਰਤ ਵਿਚ ਪ੍ਰਚੱਲਤ ਨਹੀਂ। ਚੂਨਾ ਬਣਾਉਣ ਵਿਚ ਈ ਹੋਰ ਕਿਸਮ ਦੇ ਨਿਰੰਤਰ ਭੱਠੇ ਵੀ ਵਰਤੇ ਜਾਂਦੇ ਹਨ।

ਭੱਠਿਆਂ ਵਿਚ ਕੱਚਾ ਮਾਲ ਉਪਰ ਤੋਂ ਪਾਇਆ ਜਾਂਦਾ ਹੈ। ਇਹ ਠੇ ਥਲਿਓਂ ਉਪਰ ਨੂੰ ਗਰਮ ਹੁੰਦੇ ਚਲੇ ਜਾਂਦੇ ਹਨ। ਭੱਠੇ ਦੇ ਅਧਾਰ ਉਠਦੀਆਂ ਗਰਮ ਗੈਸਾਂ ਇਸ ਮਾਲ ਨੂੰ ਸ਼ੁਰੂ ਵਿਚ ਹੀ ਗਰਮ ਕਰ ਿੰਦੀਆਂ ਹਨ ਅਤੇ ਮਾਲ ਹੇਠਾਂ ਪਹੁੰਚਦੇ ਪਹੁੰਚਦੇ ਬਾਲਣ ਨਾਲ ਮਿਲਿਆ ਦਾ ਹੈ ਅਤੇ ਗਰਮ ਖੇਤਰ ਵਿਚ ਪਹੁੰਚ ਕੇ ਚੂਨਾਂ ਪੱਥਰ ਤਾਪ-ਰਹਿਤ ਜਾਂਦਾ ਹੈ। ਠੀਕ ਠੀਕ ਜਲਣ ਤੋਂ ਬਾਅਦ ਚੂਨਾਂ ਹੇਠਾਂ ਡਿਗਦੇ ਹੋਏ ਢੇ ਖੇਤਰ ਵਿਚ ਆ ਕੇ ਹਵਾ ਨੂੰ ਗਰਮ ਕਰ ਦਿੰਦਾ ਹੈ ਅਤੇ ਆਪ ਢਾ ਹੋ ਜਾਂਦਾ ਹੈ। ਅਧਾਰ ਤੋਂ ਚੂਨਾ ਕੱਢ ਲਿਆ ਜਾਂਦਾ ਹੈ।

ਚੂਨਾ ਪੱਥਰ ਵਿਚ ਮਿਲੇ ਹੋਏ ਪਾਣੀ ਦੀ ਭਾਫ਼ ਕਾਰਬਨ ਾਈਆੱਕਸਾਈਡ ਦੇ ਨਿਕਾਸ ਦੀ ਗਤੀ ਨੂੰ ਤੇਜ਼ ਕਰ ਦਿੰਦੀ ਹੈ। ਕਦੇ-ਕਦੇ ਚੂਨਾ-ਪੱਥਰ ਵਿਚ ਬਾਹਰ ਤੋਂ ਪਾਣੀ ਮਿਲਾਇਆ ਜਾਂਦਾ ਹੈ। ਮਿੱਟੀ ਮਿਲਿਆ ਚੂਨਾ ਆਸਾਨੀ ਨਾਲ ਤਾਪ-ਰਹਿਤ ਹੋ ਜਾਂਦਾ ਹੈ ਪ੍ਰੰਤੂ ਸਿਲਿਕਾ ਅਤੇ ਐਲੂਮਿਨਾ ਮਿਲੇ ਚੂਨੇ ਲਈ ਕੁਝ ਜ਼ਿਆਦਾ ਤਾਪ ਜ਼ਰੂਰੀ ਹੈ। ਚੂਨੇ ਨੂੰ ਤਾਪ-ਰਹਿਤ ਕਰਨ ਸਮੇਂ ਉਤਪੰਨ ਸਿਲਿਕਾ ਅਤੇ ਐਲੂਮਿਨਾ ਚੂਨੇ ਦੇ ਕੁਝ ਭਾਗ ਨਾਲ ਮਿਲਾ ਕੇ ਕੈਲਸ਼ੀਅਮ ਸਿਲੀਕੇਟ ਅਤੇ ਕੈਲਸ਼ੀਅਮ ਐਲੂਮਿਨੇਟ ਬਣਾਉਂਦੇ ਹਨ। ਅਜਿਹੇ ਚੂਨੇ ਨੂੰ ਜਲ ਚੂਨਾ ਕਹਿੰਦੇ ਹਨ, ਕਿਉਂਕਿ ਇਸ ਵਿਚ ਪਾਣੀ ਦੇ ਅੰਦਰ ਜੰਮਣ ਦਾ ਗੁਣ ਹੁੰਦਾ ਹੈ।

ਹ. ਪੁ.-ਹਿੰ. ਵਿ. ਕੋ. 4: 275

**ਚੂਲਾ ਵਿਸਟਾ**: ਇਹ ਸੰਯੁਕਤ ਰਾਜ ਅਮਰੀਕਾ ਦੇ ਕੈਲੀਫੋਰਨੀਆ ਰਾਜ ਦੀ ਸੈਨ ਡੀਏਗੋ ਕਾਉਂਟੀ ਦਾ ਇਕ ਸ਼ਹਿਰ ਹੈ ਜੋ ਸੈਨਡੀਏਗੋ ਖਾੜੀ ਦੇ ਪੂਰਬੀ ਕੰਢੇ ਤੇ ਇਸ ਦੇ ਦੱਖਣ ਅਤੇ ਮੈਕਸਿਕੋ ਵਿਚ ਟੀਅਵਾਨਾ (Tijuana) ਦੇ ਇਕ ਦਮ ਉੱਤਰ ਵੱਲ ਸਥਿਤ ਹੈ। ਸ਼ਹਿਰ ਦੀ ਨੀਂਹ 1888 ਵਿਚ ਰੱਖੀ ਗਈ। ਪਹਿਲਾਂ ਪਹਿਲ ਇਹ ਸੰਤਰੇ ਆਦਿ ਜਿਹੇ ਫਲਾਂ ਦੇ ਕੇਂਦਰ ਤੇ ਤੌਰ ਤੇ ਵਿਕਸਤ ਹੋਇਆ ਪਰ ਬਾਅਦ ਵਿਚ ਇਥੇ ਬੜੀ ਭਾਰੀ ਮਾਤਰਾ ਵਿਚ ਬਾਗਬਾਨੀ ਹੋਣ ਲਗੀ। ਸੈਨ ਡੀਏਗੋ ਵਿਚ ਹਵਾਈ ਜਹਾਜ਼ ਉਦਯੋਗ ਦੇ ਵਿਕਾਸ ਨਾਲ ਇਸ ਸ਼ਹਿਰ ਦੇ ਰਿਹਾਇਸ਼ੀ ਮਕਾਨਾਂ ਦੇ ਵਿਕਾਸ ਵਿਚ ਬਹੁਤ ਵਾਧਾ ਹੋਇਆ।

ਆਬਾਦੀ-135,163 (1990)

32° 39′ ਉ. ਵਿਥ.; 117° 05′ ਪੱ. ਲੰਬ.

ਹ. ਪੁ.-ਐਨ. ਬ੍ਰਿ. ਮਾ. 2: 917

**ਚੂਵਾਸ਼ ਗਣਰਾਜ** : ਕੇਂਦਰੀ ਯੂਰਪੀ ਰੂਸ ਦੇ ਵੋਲਗਾ ਦਰਿਆ ਦੇ ਸੱਜੇ ਕੰਢੇ ਦੇ ਨਾਲ ਵਾਕਿਆ ਹੈ ਇਸ ਦਾ ਕੁੱਲ ਖੇਤਰਫਲ 18,300 ਵ. ਕਿ.ਮੀ. (7,050 ਵ. ਮੀਲ) ਹੈ ਅਤੇ ਆਬਾਦੀ, 13,46,000 (1991) ਹੈ। ਵੋਲਗਾ ਦਰਿਆ ਦੀਆਂ ਸਹਾਇਕ ਨਦੀਆਂ ਇਸ ਦੀ ਜਲ ਨਿਕਾਸੀ ਕਰਦੀਆਂ ਹਨ। ਇਸ ਵਿਚ ਬਹੁਤਾ ਖੇਤਰ ਚੂਵਾਸ਼ ਪਠਾਰ ਦਾ ਹੀ ਹੈ ਜੋ ਵੋਲਗਾ ਉੱਚ-ਭੂਮੀ ਦਾ ਧੁਰ ਉੱਤਰੀ ਹਿੱਸਾ ਬਣਾਉਂਦਾ ਹੈ ਤੇ ਢਲਾਣ ਹੌਲੀ-ਹੌਲੀ ਨੀਵੀਂ ਹੁੰਦੀ ਹੋਈ ਵੋਲਗਾ ਦੀਆਂ ਪੌੜੀਆਂ ਅਤੇ ਦਰਿਆਵੀ ਮੈਦਾਨਾਂ ਤਕ ਘਟਦੀ ਜਾਂਦੀ ਹੈ। ਪੱਛਮ ਵਿਚ ਸੁਰਾ ਦਰਿਆ ਦੇ ਨਾਲ-ਨਾਲ ਪੁਰਾਣੇ ਜਲੋਢੀ ਰੇਤਲੇ ਮੈਦਾਨ ਹਨ।

ਸੁਰਾ ਮੈਦਾਨਾਂ ਵਿਚ ਚੀੜ ਦੇ ਸੰਘਣੇ ਜੰਗਲ ਹਨ। ਉੱਤਰ ਵਿਚ ਮਿਲੀ ਜੁਲੀ ਕਿਸਮ ਦੇ ਦਰਖਤਾਂ ਦੇ ਅਤੇ ਪਤਝੜ ਵਾਲੇ ਦਰਖਤਾਂ ਦੇ ਜੰਗਲ ਹਨ। ਬਹੁਤ ਸਾਰੇ ਪੁਰਾਣੇ ਜੰਗਲ ਖੇਤੀਬਾੜੀ ਲਈ ਸਾਫ਼ ਕਰ ਦਿੱਤੇ ਗਏ ਹਨ। ਪੂਰਬ ਅਤੇ ਦੱਖਣੀ ਪੂਰਬ ਵਿਚ ਕਾਲੀ ਮਿੱਟੀ ਵਾਲੀ ਧਰਤੀ ਹੈ ਜੋ ਲਗਭਗ ਸਾਰੀ ਹੀ ਕਾਸ਼ਤ ਅਧੀਨ ਹੈ। ਵੋਲਗਾ ਅਤੇ ਸੁਰਾ ਦਰਿਆਵਾਂ ਦੇ ਨਾਲ ਨਾਲ ਚਰਾਗਾਹਾਂ ਹਨ ਅਤੇ ਇਥੇ ਜਲਵਾਯੂ ਮਹਾਂਦੀਪੀ ਕਿਸਮ ਦਾ ਦਰਮਿਆਨੇ ਦਰਜੇ ਦਾ ਹੈ। ਨਿੱਘੀ ਗਰਮੀ ਦੀ ਰੁੱਤ ਅਤਿ ਲੰਬੀ ਤੇ ਠੰਢੀ ਸਰਦੀ ਦੀ ਰੁੱਤ ਹੁੰਦੀ ਹੈ। ਵਰਖਾ ਘੱਟ ਹੁੰਦੀ ਹੈ ਅਤੇ ਇਥੋਂ ਦੀ ਸਾਲਾਨਾ ਔਸਤ ਵਰਖਾ 400, 500 ਮਿ. ਮੀ. (16 ਤੋਂ 20 ਇੰਚ) ਤਕ ਹੈ।

ਚੂਵਾਸ਼ ਲੋਕ ਮੁੱਖ ਤੌਰ ਤੇ ਯੂਰਾਲ-ਅਲਟਾਇਕ (Turkic) ਲੋਕ ਹਨ ਅਤੇ ਬੁਲਗਾਰੀਆਈ ਲੋਕਾਂ ਨਾਲ ਸਬੰਧਤ ਹਨ ਜਿਹੜੇ ਕਿ ਪ੍ਰਾਚੀਨ ਸਮੇਂ ਵਿਚ ਕੇਂਦਰੀ ਵੋਲਗਾ ਖੇਤਰ ਵਿਚ ਵਸਦੇ ਸਨ।

16ਵੀਂ ਸਦੀ ਵਿਚ ਰੂਸੀਆਂ ਨੇ ਇਨ੍ਹਾਂ ਉਪਰ ਅਧਿਕਾਰ ਤਾਂ ਕਰ ਲਿਆ ਪਰ ਇਸ ਖੇਤਰ ਵਿਚ ਕਦੇ ਵੀ ਰੂਸੀਆਂ ਨੇ ਆਪਣੀਆਂ ਬਸਤੀਆਂ ਕਾਇਮ ਨਹੀਂ ਕੀਤੀਆਂ। ਸੰਨ 1920 ਵਿਚ ਇਹ ਇਕ ਖ਼ੁਦਮੁਖ਼ਤਾਰ ਅਬਲਾਸਤ ਬਣਿਆ ਅਤੇ 1925 ਵਿਚ ਇਸ ਨੂੰ ਇਕ ਖ਼ੁਦਮੁਖ਼ਤਾਰ

ਗਣਤੰਤਰ ਬਣਾ ਦਿੱਤਾ ਗਿਆ। 1929 ਤੋਂ 1936 ਤਕ ਇਹ ਗੋਰਕੀ ਕ੍ਰੋਅ ਖੇਤਰ ਦਾ ਹਿੱਸਾ ਰਿਹਾ। ਸੰਨ 1975 ਵਿਚ ਇਸ ਦੀ ਕੁੱਲ ਆਬਾਦੀ ਦਾ 42% ਹਿੱਸਾ ਸ਼ਹਿਰੀ ਸੀ।

ਇਹ ਗਣਤੰਤਰ ਮੁੱਖ ਤੌਰ ਤੇ ਖੇਤੀਬਾੜੀ ਪ੍ਰਧਾਨ ਖੇਤਰ ਹੈ। ਅਨਾਜ, ਸਣ, ਆਲੂ, ਸਬਜ਼ੀਆਂ, ਅਲਸੀ, ਚੁਕੰਦਰ ਅਤੇ ਤੰਬਾਕੂ ਆਦਿ ਇਥੋਂ ਦੀਆਂ ਮੁੱਖ ਫਸਲਾਂ ਹਨ। ਵੋਲਗਾ ਦੇ ਨਾਲ ਨਾਲ ਫ਼ਲ ਉਗਾਏ ਜਾਂਦੇ ਹਨ। ਗਾਈਆਂ, ਸੂਰ ਅਤੇ ਭੇਡਾਂ ਇਥੋਂ ਦੇ ਪਾਲਤੂ ਜਾਨਵਰ ਹਨ। ਮਾਸ ਅਤੇ ਡੈਰੀ ਫਾਰਮਾ ਦੀਆਂ ਉਪਜਾਂ ਇਥੋਂ ਮਾਸਕੋ ਅਤੇ ਗੋਰਕੀ ਨੂੰ ਭੇਜੀਆਂ ਜਾਂਦੀਆਂ ਹਨ।

ਸੰਨ 1917 ਦੀ ਕ੍ਰਾਂਤੀ ਤੋਂ ਪਹਿਲਾਂ ਇਥੇ ਉਦਯੋਗਿਕ ਵਿਕਾਸ ਬਹੁਤ ਘੱਟ ਸੀ ਪਰ ਦੂਜੇ ਸੰਸਾਰ ਯੁੱਧ ਤੋਂ ਬਾਅਦ ਇਥੇ ਕਾਫ਼ੀ ਮਾਤਰਾ ਵਿਚ ਉਦਯੋਗਿਕ ਵਿਕਾਸ ਹੋਇਆ। ਗਣਤੰਤਰ ਦੇ ਵੱਖ-ਵੱਖ ਸ਼ਹਿਰਾਂ ਵਿਚ ਬਿਜਲੀ ਦਾ ਸਾਮਾਨ, ਰਸਾਇਣ ਪਦਾਰਥ ਮਸ਼ੀਨਾਂ ਦੇ ਪੁਰਜ਼ੇ, ਕੱਪੜਾ, ਅਲਕੋਹਲ, ਚਮੜੇ ਦਾ ਸਾਮਾਨ, ਰੇਲ ਗੱਡੀ ਦੇ ਇੰਜਣ ਅਤੇ ਮੋਟਰਾਂ, ਸਮੁੰਦਰੀ ਜਹਾਜ਼ ਆਦਿ ਤਿਆਰ ਕੀਤੇ ਜਾਂਦੇ ਹਨ। ਵੋਲਗਾ ਅਤੇ ਮੁੱਖ ਟ੍ਰਾਂਸ-ਸਾਇਬੇਰੀਅਨ ਰੇਲ ਮਾਰਗ ਮਾਸਕੋ ਤੋਂ ਇਸ ਦੇ ਰਾਹੀਂ ਲੰਘਦੇ ਹਨ।

ਹ. ਪ੍ਰ.-ਐਨ. ਬ੍ਰਿ. ਮਾ. 2 : 230

**ਚੂੜੀ (ਵੰਗ) ਅਤੇ ਭਾਰਤੀ ਚੂੜੀ ਉਦਯੋਗ** : ਚੂੜੀਆਂ ਇਸਤਰੀ ਦੇ ਹੱਥਾਂ ਦਾ ਪ੍ਰਮੁੱਖ ਗਹਿਣਾ ਅਤੇ ਸ਼ਿੰਗਾਰ ਹਨ। ਹਿੰਦੂ ਧਰਮ ਵਿਚ ਇਸ ਨੂੰ ਸੁਹਾਗ ਦਾ ਚਿੰਨ੍ਹ ਮੰਨਿਆ ਜਾਂਦਾ ਹੈ ਅਤੇ ਹਰ ਉਸ ਇਸਤਰੀ ਦਾ ਹੱਥ ਚੂੜੀਆਂ ਤੋਂ ਸਖਣਾ ਨਹੀਂ ਰਹਿ ਸਕਦਾ ਜਿਸ ਦਾ ਪਤੀ ਜਿਉਂਦਾ ਹੋਵੇ।

ਵੱਖ-ਵੱਖ ਇਲਾਕਿਆਂ ਵਿਚ ਵੱਖ-ਵੱਖ ਕਿਸਮ ਦੀਆਂ ਚੂੜੀਆਂ ਪਾਉਣ ਦਾ ਰਿਵਾਜ ਹੈ। ਇਹ ਚੂੜੀਆਂ ਹਾਥੀ-ਦੰਦ, ਲਾਖ, ਪਿੱਤਲ, ਪਲਾਸਟਿਕ, ਕੱਚ ਆਦਿ ਦੀਆਂ ਹੁੰਦੀਆਂ ਹਨ। ਅੱਜਕੱਲ੍ਹ ਸੋਨੇ, ਚਾਂਦੀ ਆਦਿ ਦੀਆਂ ਚੂੜੀਆਂ ਪਾਉਣ ਦਾ ਰਿਵਾਜ ਵੀ ਆਮ ਹੋ ਗਿਆ ਹੈ, ਪ੍ਰੰਤੂ ਰੰਗ, ਰੂਪ ਚਮਕ ਦਮਕ ਕਾਰਨ ਕੱਚ ਦੀਆਂ ਚੂੜੀਆਂ ਦਾ ਸਭ ਤੋਂ ਵੱਧ ਪ੍ਰਯੋਗ ਕੀਤਾ ਜਾਂਦਾ ਹੈ। ਰੇਤ, ਸੋਡਾ ਅਤੇ ਕੱਲਈ ਦੇ ਸੁਮੇਲ ਨਾਲ ਕੱਚ ਬਣਦਾ ਹੈ। ਕੱਚ ਦਾ ਰੰਗ ਰੇਤ ਵਿਚ ਲੋਹੇ ਦੀ ਮਾਤਰਾ ਤੇ ਨਿਰਭਰ ਕਰਦਾ ਹੈ। ਕੱਚ ਵਿਚ ਸਫ਼ਾਈ ਲਿਆਉਣ ਲਈ ਕਲਮੀ ਸ਼ੋਰਾ ਅਤੇ ਸੁਹਾਗਾ ਵਰਤਿਆ ਜਾਂਦਾ ਹੈ।

ਰੇਤ, ਸੋਡੇ ਅਤੇ ਕਲੱਈ ਨੂੰ ਨਿਰਧਾਰਤ ਅਨੁਪਾਤ ਵਿਚ ਮਿਲਾ ਕੇ ਮਿਸ਼ਰਨ ਨੂੰ ਵੱਡੇ-ਵੱਡੇ ਬਰਤਨਾਂ, ਜਿਨ੍ਹਾਂ ਨੂੰ ਪਾੱਟ ਕਿਹਾ ਜਾਂਦਾ ਹੈ, ਵਿਚ ਭਰ ਦਿੱਤਾ ਜਾਂਦਾ ਹੈ। ਇਹ ਉੱਚ ਤਾਪਮਾਨ ਉਤੇ ਵੀ ਨਹੀਂ ਪਿਘਲਦੇ। ਪਾੱਟ ਦੇ ਉੱਪਰ ਭੱਠੀ ਵਿਚ ਰੇਤ ਆਦਿ ਦਾ ਮਿਸ਼ਰਨ ਪਾਉਣ ਅਤੇ ਗਲੇ ਹੋਏ ਕੱਚ ਨੂੰ ਕੱਢਣ ਲਈ ਸੁਰਾਖ਼ ਹੁੰਦੇ ਹਨ। ਪਾੱਟ ਦੇ ਹੇਠਾਂ ਲੱਕੜ ਜਾਂ ਕੋਲੇ ਨਾਲ ਓਨੀ ਅੱਗ ਬਾਲੀ ਜਾਂਦੀ ਹੈ ਜਿਸ ਨਾਲ ਤਾਪਮਾਨ 1200° ਤੋਂ 1500° ਸੈਂ. ਤਕ ਹੋ ਜਾਵੇ। ਇਸ ਤੋਂ ਘੱਟ ਤਾਪਮਾਨ ਉਤੇ ਕੱਚ ਗਲਦਾ ਨਹੀਂ। ਪਾੱਟ ਭਰਨ ਅਤੇ ਨਿਕਾਸ ਸਮੇਂ ਤਾਪਮਾਨ 1000° ਸੈਂ.ਮੀ. ਤੋਂ ਘੱਟ ਨਹੀਂ ਹੋਣਾ ਚਾਹੀਦਾ ਹੈ। ਮਿਸ਼ਰਨ 24 ਘੰਟੇ ਵਿਚ ਗਲ ਕੇ ਕੱਚ ਬਣ ਜਾਂਦਾ ਹੈ। ਰੰਗਦਾਰ ਕੱਚ ਤਿਆਰ ਕਰਨ ਲਈ ਰੰਗ ਅਤੇ ਰੰਗ ਨੂੰ ਘੋਲਣ ਵਾਲੇ ਰਸਾਇਣਿਕ ਪਦਾਰਥ ਵੀ ਇਸ ਸਮੇਂ ਹੀ ਮਿਲਾਏ ਜਾਂਦੇ ਹਨ।

ਕੁਝ ਕਾਰਖਾਨੇ ਕੇਵਲ ਬਲਾਕ ਕੱਚ ਹੀ ਤਿਆਰ ਕਰਦੇ ਹਨ ਅਤੇ ਕੁਝ ਚੂੜੀਆਂ। ਚੂੜੀਆਂ ਤਿਆਰ ਕਰਨ ਵਾਲੇ ਕਾਰਖਾਨਿਆਂ ਦੀਆਂ ਭੱਠੀਆਂ ਵਿਚ ਨਿਰੰਤਰ ਭਰਾਈ ਅਤੇ ਨਿਕਾਸੀ ਦਾ ਕੰਮ ਚਲਦਾ ਰਹਿੰਦਾ ਹੈ। ਗਲਿਆ ਹੋਇਆ ਕੱਚ ਵੱਡੇ-ਵੱਡੇ ਡੋਹਰਿਆਂ ਰਾਹੀਂ ਬਾਹਰ ਕੱਢ ਲਿਆ ਜਾਂਦਾ ਹੈ।

ਕੱਚ ਕੱਢਣ ਤੋਂ ਚੂੜੀ ਬਣਾਉਣ ਤੱਕ ਕੀਤੇ ਜਾਣ ਵਾਲੇ ਸਾਰੇ ਕੰਮਾਂ ਨੂੰ 'ਗਰਮ' ਕੰਮ ਕਿਹਾ ਜਾਂਦਾ ਹੈ। ਡੋਹਰਿਆਂ ਨਾਲ ਜਦੋਂ ਗਲਿਆ ਹੋਇਆ ਕੱਚ ਬਾਹਰ ਕੱਢਿਆ ਜਾਂਦਾ ਹੈ ਤਾਂ ਸ਼ੁਰੂ ਵਿਚ ਇਸਦੇ ਕਿਨਾਰੇ ਉੱਤੇ ਥੋੜ੍ਹਾ ਜਿਹਾ ਕੱਚ ਲੱਗ ਜਾਂਦਾ ਹੈ। ਇਸ ਨੂੰ ਠੰਢਾ ਕਰਕੇ ਗੋਲ ਜਿਹਾ ਕਰ ਲਿਆ ਜਾਂਦਾ ਹੈ ਜਿਸ ਨਾਲ ਨੋਕ ਉੱਤੇ ਇਕ ਘੁੰਡੀ ਜਿਹੀ ਬਣ ਜਾਂਦੀ ਹੈ। ਇਸ ਘੁੰਡੀ ਵਾਲੀ ਛੜ ਨਾਲ ਕੱਚ ਫਿਰ ਦੁਬਾਰਾ ਕੱਢਿਆ ਜਾਂਦਾ ਹੈ। ਇਸ ਵਾਰੀ ਕੱਚ ਦੀ ਵਧੇਰੇ ਮਾਤਰਾ ਇਸ ਉੱਤੇ ਲੱਗ ਜਾਂਦੀ ਹੈ, ਜਿਸ ਨੂੰ 'ਬਬਲ' ਕਿਹਾ ਜਾਂਦਾ ਹੈ। ਇਸ ਬਬਲ ਵਾਲੀ ਛੜ ਨਾਲ ਪਾੱਟ ਵਿਚੋਂ ਹੋਰ ਕੱਚ ਕੱਢਿਆ ਜਾਂਦਾ ਹੈ। ਹੁਣ ਕੱਚ ਦੀ ਕਾਫ਼ੀ ਮਾਤਰਾ ਨਿੱਕਲ ਆਉਂਦੀ ਹੈ, ਜਿਸ ਨੂੰ 'ਲੋਮ' ਕਿਹਾ ਜਾਂਦਾ ਹੈ।

ਚੂੜੀਆਂ ਆਮ ਕਰਕੇ ਰੰਗਦਾਰ ਹੀ ਹੁੰਦੀਆਂ ਹਨ। ਚੂੜੀਆਂ ਵਿਚ ਜਿੰਨੇ ਰੰਗ ਪਾਉਣੇ ਹੋਣ ਉਹ ਇਸ ਲੋਮ ਵਿਚ ਹੀ ਰਲਾਏ ਜਾਂਦੇ ਹਨ। ਚੂੜੀ ਦੇ ਅੰਦਰ ਰੰਗ ਦੇਣ ਲਈ ਬਬਲ ਉਤੇ ਦੂਜੇ ਰੰਗ ਦੀ ਬੱਤੀ ਜਗਾਉਣ ਨਾਲ ਲੋਮ ਚੁੱਕੀ ਜਾਵੇਗੀ। ਜਿੰਨੇ ਰੰਗ ਚਾਹੀਦੇ ਹਨ ਉਨ੍ਹਾਂ ਹੀ ਰੰਗਾਂ ਦੀਆਂ ਵੱਖੋ ਵੱਖਰੀਆਂ ਬੱਤੀਆਂ ਲੋਮ ਉੱਤੇ ਲਗਾਈਆਂ ਜਾਂਦੀਆ ਹਨ।

ਰੰਗਦਾਰ ਬੱਤੀਆਂ ਲਗਾਉਣ ਤੱਕ ਲੋਮ ਠੰਢੀ ਹੋ ਜਾਂਦੀ ਹੈ, ਇਸ ਲਈ ਫਿਰ ਇਸ ਨੂੰ 'ਸਿਕਾਈ' ਭੱਠੀ ਉੱਤੇ ਭੇਜਿਆ ਜਾਂਦਾ ਹੈ। ਸਿਕਾਈ ਕਰਦੇ ਸਮੇਂ ਲੋਮ ਨੂੰ ਸਭ ਪਾਸਿਆਂ ਤੋਂ ਇਕੋ ਜਿਹਾ ਸੇਕ ਲਗਣਾ ਚਾਹੀਦਾ ਹੈ।

ਸਿਕਾਈ ਹੋਣ ਤੋਂ ਬਾਅਦ ਲੋਮ ਤਾਰ ਬਣਾਉਣ ਯੋਗ ਬਣ ਜਾਂਦੀ ਹੈ। ਫਿਰ ਇਸ ਤਾਰ ਨੂੰ ਇਕ ਸਮਾਨ ਚਕਰਾਂ ਉੱਤੇ ਘੁੰਮ ਰਹੇ ਵੇਲਨ ਉੱਤੇ ਖਿੱਚਿਆ ਜਾਂਦਾ ਹੈ। ਇਸ ਲੋਹੇ ਦੀ ਵੇਲਨ ਉੱਤੇ ਚੂੜੀਆਂ ਦੇ ਖਾਨੇ ਬਣੇ ਹੁੰਦੇ ਹਨ। ਇਹ ਸਾਰਾ ਕੰਮ ਇਕ ਵਖਰੀ ਭੱਠੀ ਉੱਤੇ ਹੁੰਦਾ ਹੈ। ਇਸ ਘੁੰਮ ਰਹੇ ਵੇਲਨ ਉੱਤੇ ਚੂੜੀਆਂ ਦਾ ਸਪਰਿੰਗ ਵਰਗਾ ਲੰਬਾ 'ਮੁੱਠਾ' ਤਿਆਰ ਹੁੰਦਾ ਹੈ ਜਿਸ ਨੂੰ ਇਕ ਕਾਰੀਗਰ ਘੁੰਮ ਰਹੇ ਵੇਲਨ ਤੋਂ ਉਤਾਰ ਕੇ ਠੰਢਾ ਹੋਣ ਲਈ ਤਸਲਿਆਂ ਵਿਚ ਇੱਕਠਾ ਕਰਦਾ ਰਹਿੰਦਾ ਹੈ।

ਚੂੜੀ ਤਿਆਰ ਹੋਣ ਤਕ ਬਹੁਤ ਥਾਵਾਂ ਉੱਤੇ ਟੁੱਟ ਫੁੱਟ ਹੁੰਦੀ ਹੈ ਜਿਸ ਨੂੰ ਭੰਗਾਰ ਕਿਹਾ ਜਾਂਦਾ ਹੈ। ਭੰਗਾਰ ਨੂੰ ਮੁੜ ਪਿਘਲਾਉਣਾ ਵੀ ਇਸ ਉਦਯੋਗ ਦਾ ਇਕ ਪ੍ਰਮੁੱਖ ਹਿੱਸਾ ਹੈ।

ਚੂੜੀ ਦੇ ਠੰਢੇ 'ਮੁੱਠੇ' ਜਿਨ੍ਹਾਂ ਵਿਚ 400 ਤੋਂ 500 ਚੂੜੀਆਂ ਹੁੰਦੀਆਂ ਹਨ ਨੂੰ ਹੀਰੇ ਦੀ ਕਲਮ ਅਤੇ ਮਸਾਲੇ ਤੋ ਬਣੇ ਪੱਥਰ ਨਾਲ ਕੱਟਿਆ ਜਾਂਦਾ ਹੈ। ਇਸ ਪੱਥਰ ਨੂੰ 'ਕੁਰੰਡ' ਕਹਿੰਦੇ ਹਨ। ਇਕ ਆਦਮੀ ਮੁੱਠੇ ਤੋਂ ਕੱਟ ਕੇ ਚੂੜੀਆਂ ਵੱਖ ਕਰਦਾ ਹੈ ਅਤੇ ਦੂਸਰਾ ਉਨ੍ਹਾਂ ਨੂੰ ਨਾਲ ਨਾਲ ਹੀ ਰੱਸੀ ਵਿਚ ਪਰੋ ਕੇ ਬੰਨ੍ਹਦਾ ਰਹਿੰਦਾ ਹੈ। ਇਸ ਤੋਂ ਬਾਅਦ ਵੀ ਇਨ੍ਹਾਂ ਵਿਚ ਕੱਟੀਆਂ ਹੋਈਆਂ ਤੇ ਟੇਢੀਆਂ ਚੂੜੀਆਂ ਹੁੰਦੀਆਂ ਹਨ। ਜੋੜਨ ਤੋਂ ਪਹਿਲਾਂ ਕੱਟ ਕੇ ਸਾਹਮਣੇ ਵਾਲੀ ਥੋੜ੍ਹੀ ਜਿਹੀ ਥਾਂ ਨੂੰ ਗਰਮ ਕਰਕੇ ਸਿੱਧਾ ਕੀਤਾ ਜਾਂਦਾ ਹੈ। ਗਰਮ ਹੁੰਦੇ ਸਾਰ ਚੂੜੀਆਂ ਸਿੱਧੀਆਂ ਹੋ ਜਾਂਦੀਆਂ ਹਨ ਤੇ ਦੋਵੇਂ ਕਿਨਾਰੇ ਇਕੋ ਸੇਧ ਵਿਚ ਆ ਜਾਂਦੇ ਹਨ। ਫਿਰ ਇਨ੍ਹਾਂ ਨੂੰ ਮਿੱਟੀ ਦੇ ਤੇਲ ਵਾਲੇ ਲੈਂਪ ਦੀ ਲੋਅ ਵਿਚ ਗਰਮ ਕਰਕੇ ਜੋੜ ਦਿੱਤਾ ਜਾਂਦਾ ਹੈ। ਇਹ ਭੱਠੀ ਜਿੱਥੇ ਲੈਂਪਾਂ ਉੱਤੇ ਜੋੜਨ ਦਾ ਕੰਮ ਕੀਤਾ ਜਾਂਦਾ ਹੈ, ਨੂੰ 'ਜੁੜਾਈ ਭੱਠੀ' ਕਿਹਾ ਜਾਂਦਾ ਹੈ। ਲੈਂਪ ਦੀ ਲੋਅ ਨੂੰ ਪੱਖੇ ਦੀ ਸਹਾਇਤਾ ਨਾਲ ਹਵਾ ਦਿੱਤੀ ਜਾਂਦੀ ਹੈ, ਜਿਸ ਨਾਲ ਗੈਸ ਬਣਨੀ ਸ਼ੁਰੂ ਹੋ ਜਾਂਦੀ ਹੈ। ਜੁੜਾਈ ਤੋਂ ਬਾਅਦ ਚੂੜੀ ਪਹਿਨਣ ਯੋਗ ਹੋ ਜਾਂਦੀ ਹੈ।

ਨਾਪ ਅਨੁਸਾਰ ਚੂੜੀਆਂ ਦੀ ਛਾਂਟੀ ਤੋਂ ਬਾਅਦ ਇਨ੍ਹਾਂ ਉੱਤੇ ਡਿਜ਼ਾਇਨ ਪਾਏ ਜਾਂ ਕੱਟੇ ਜਾਂਦੇ ਹਨ। ਇਹ ਕਟਾਈ ਗੋਲਸ਼ਾਨ ਪੱਥਰ ਨਾਲ ਹੁੰਦੀ ਹੈ ਜਿਹੜਾ ਮਸ਼ੀਨ ਦੀ ਸਹਾਇਤਾ ਨਾਲ ਘੁੰਮਦਾ ਹੈ। ਇਸ ਥਾਂ ਨੂੰ ਕਟਾਈ ਕਾਰਖਾਨਾ ਕਹਿੰਦੇ ਹਨ। ਡਿਜ਼ਾਇਨ ਪਾਉਣ ਤੋਂ ਬਾਅਦ ਕੁਝ ਚੂੜੀਆਂ ਤਾਂ ਸਿੱਧੀਆਂ ਹੀ ਵਿਕਰੀ ਲਈ ਭੇਜ ਦਿੱਤੀਆਂ ਜਾਂਦੀਆਂ ਹਨ ਅਤੇ ਕੁਝ ਉੱਤੇ ਹਿੱਲ ਜਾਂ ਝਾਲ ਕਰਵਾਈ ਜਾਂਦੀ ਹੈ। 'ਹਿੱਲਾਂ' ਸੋਨੇ ਦਾ ਰਸਾਇਣਿਕ ਘੋਲ ਹੈ ਜਿਹੜਾ ਚੂੜੀ ਉੱਤੇ ਪਾਏ ਹੋਏ ਡਿਜ਼ਾਇਨ ਦੀਆਂ ਝਿਰੀਆਂ ਵਿਚ ਭਰਿਆ ਜਾਂਦਾ ਹੈ। 'ਹਿੱਲਾਂ' ਚੜ੍ਹੀਆਂ ਚੂੜੀਆਂ ਸਿਕਾਈ ਭੱਠੀਆਂ ਵਿਚ ਗਰਮ ਕੀਤੀਆਂ ਜਾਂਦੀਆਂ ਹਨ ਤਾਂ ਜੋ ਗਿਲ ਚਮਕੀਲੀ ਤੇ ਪੱਕੀ ਹੋ ਜਾਵੇ। ਹੁਣ ਇਹ ਚੂੜੀਆਂ ਵਿਕਰੀ ਲਈ ਤਿਆਰ ਹੁੰਦੀਆਂ ਹਨ।

**ਚੇਸ, ਸਾਮਨ ਪੋਰਟਲੈਂਡ** : ਸੰਯੁਕਤ ਰਾਜ ਦੇ ਇਸ ਵਿਸ਼ਵ ਪ੍ਰਸਿੱਧ ਸੈਨੇਟਰ, ਗਵਰਨਰ, ਖ਼ਜ਼ਾਨਾ ਸਕੱਤਰ, ਛੇਵੇਂ ਚੀਫ਼ ਜਸਟਿਸ ਅਤੇ ਨਾਮਵਰ ਸਿਆਸਤਦਾਨ ਦਾ ਜਨਮ 13 ਜਨਵਰੀ, 1808 ਨੂੰ, ਨਿਊ ਹੈਂਪਸ਼ਿਰ ਰਾਜ ਵਿਚ ਕਾਰਨਿਸ਼ ਕਸਬੇ ਵਿਖੇ ਹੋਇਆ। ਸੰਨ 1830 ਤੋਂ ਇਸਨੇ ਓਹਾਈਓ ਰਾਜ ਵਿਚ ਸਿਨਸਿਨਾਟੀ ਵਿਖੇ ਵਕਾਲਤ ਨਾਲ ਆਪਣਾ ਜੀਵਨ ਸ਼ੁਰੂ ਕੀਤਾ ਅਤੇ ਇਥੇ ਹੀ ਇਹ ਭਗੌੜੇ ਗ਼ੁਲਾਮਾਂ ਅਤੇ ਉਨ੍ਹਾਂ ਨੂੰ ਸਹਾਇਤਾ ਦੇਣ ਵਾਲੇ ਅੰਗਰੇਜ਼ ਲੋਕਾਂ ਦੇ ਕੇਸ ਲੜਦਾ ਹੋਇਆ ਬਹੁਤ ਪ੍ਰਸਿੱਧ ਹੋ ਗਿਆ। ਸ਼ੁਰੂ ਵਿਚ ਇਹ ਇਕ ਵਿੱਗ ਸੀ ਅਤੇ ਜਿਉਂ ਜਿਉਂ ਗ਼ੁਲਾਮੀ ਵਿਰੁੱਧ ਉੱਠੀ ਲਹਿਰ ਵਿਚ ਤਬਦੀਲੀਆਂ ਆਉਂਦੀਆਂ ਗਈਆਂ ਤਿਉਂ ਤਿਉਂ ਇਹ ਵੀ ਸਿਆਸੀ ਪੈਂਤੜੇ ਬਦਲਦਾ ਰਿਹਾ।



**ਸਾਮਨ ਪੋਰਟਲੈਂਡ, ਚੇਸ**

ਸੰਨ 1841 ਤੋਂ ਓਹਾਈਓ ਵਿਚ ਲਿਬਰਟੀ ਪਾਰਟੀ ਦੀ ਅਗਵਾਈ ਕਰਨ ਉਪਰੰਤ ਇਸ ਨੇ ਫ੍ਰੀ ਸਾਇਲ ਪਾਰਟੀ (1848) ਤੇ ਰਿਪਬਲਿਕਨ ਪਾਰਟੀ (1854) ਦੀ ਸਥਾਪਨਾ ਵਿਚ ਬਹੁਤ ਮਦਦ ਕੀਤੀ। ਸੰਯੁਕਤ ਰਾਜ ਦੇ ਸੈਨੇਟਰ ਦੇ ਅਹੁਦੇ ਤੇ ਰਹਿੰਦਿਆਂ (1849-55 ਅਤੇ 1860-61) ਇਹ 1855 ਤੋਂ 1859 ਤਕ ਓਹਾਈਓ ਦਾ ਰਿਪਬਲਿਕਨ ਪਾਰਟੀ ਦਾ ਪਹਿਲਾ ਗਵਰਨਰ ਬਣਿਆ। ਇਸਨੇ 1856 ਅਤੇ 1860 ਵਿਚ ਪ੍ਰਧਾਨਗੀ ਪਦ ਲਈ ਰਿਪਬਲਿਕਨ ਪਾਰਟੀ ਤੋਂ ਦੋ ਵਾਰ ਨਾਮਜ਼ਦਗੀ ਪ੍ਰਾਪਤ ਕੀਤੀ ਅਤੇ 1864 ਵਿਚ ਲਿੰਕਨ ਦੀ ਕੈਬਨਿਟ ਵਿਚ ਸੇਵਾ ਕਰਕੇ ਗੁਪਤ ਰੂਪ ਵਿਚ ਪ੍ਰਧਾਨਗੀ ਪਦ ਲਈ ਨਾਮਜ਼ਦਗੀ ਪ੍ਰਾਪਤ ਕੀਤੀ। ਸੰਨ 1868 ਵਿਚ ਇਸ ਨੇ ਡੈਮੋਕ੍ਰੈਟਿਕ ਪਾਰਟੀ ਵਲੋਂ ਪ੍ਰਧਾਨਗੀ ਪਦ ਦੀ ਨਾਮਜ਼ਦਗੀ ਪ੍ਰਾਪਤ ਕੀਤੀ। ਸੰਨ 1872 ਵਿਚ ਇਹ ਇਕ ਵਾਰ ਫਿਰ ਪ੍ਰਧਾਨਗੀ ਪਦ ਲਈ ਅਸਫ਼ਲ ਉਮੀਦਵਾਰ ਬਣਿਆ।

ਸੰਨ 1860 ਵਿਚ ਸ਼ਿਕਾਗੋ ਵਿਖੇ ਹੋਈ ਰਿਪਬਲਿਕਨ ਕਨਵੈਨਸ਼ਨ ਵੇਲੇ ਇਸ ਨੇ ਆਪਣੇ ਪੱਕੇ ਡੈਲੀਗੇਟਾਂ ਨੂੰ ਤੀਜੀ ਚੋਣ ਸਮੇ ਲਿੰਕਨ ਦੇ ਹੱਕ ਵਿਚ ਫੈਸਲਾਕੁਨ ਵੋਟਾਂ ਪਾਉਣ ਲਈ ਆਦੇਸ਼ ਦਿੱਤਾ ਇਸ ਦੇ ਇਨਾਮ ਵਜੋਂ ਲਿੰਕਨ ਨੇ ਇਸਨੂੰ ਖ਼ਜ਼ਾਨਾ ਸਕੱਤਰ ਨਿਯੁਕਤ ਕਰ ਦਿੱਤਾ। ਇਸ ਨੇ 1864 ਦੇ ਸਟੈਚੂਟ ਨੂੰ ਅਮਲੀ ਜਾਮਾ ਪਹਿਨਾਇਆ। ਇਸ ਨਾਲ ਰਾਸ਼ਟਰੀ ਬੈਂਕਾਂ ਦੀ ਇਕ ਅਜਿਹੀ ਪ੍ਰਣਾਲੀ ਦੀ ਸਥਾਪਨਾ ਹੋਈ ਜਿਸ ਨਾਲ ਨੋਟਾਂ ਨੂੰ ਕਾਨੂੰਨੀ ਸਿੱਕੇ ਦੇ ਰੂਪ ਵਿਚ ਜਾਰੀ ਕੀਤਾ ਜਾ ਸਕਦਾ ਸੀ।

ਜੂਨ, 1864 ਨੂੰ ਇਸ ਨੇ ਖ਼ਜ਼ਾਨਾ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਸੇ ਸਾਲ ਹੀ 6 ਦਸੰਬਰ ਨੂੰ ਲਿੰਕਨ ਨੇ, ਸਿਆਸੀ ਵਿਰੋਧਤਾ ਹੁੰਦਿਆਂ ਹੋਇਆ ਵੀ, ਇਸਨੂੰ ਸੰਯੁਕਤ ਰਾਜ ਦਾ ਚੀਫ਼ ਜਸਟਿਸ ਨਿਯੁਕਤ ਕਰ ਦਿੱਤਾ।

ਸੁਭਾਅ ਦੇ ਪੱਖੋਂ ਇਹ ਸੰਯੁਕਤ ਰਾਜ ਦੇ ਸਭ ਤੋਂ ਉੱਚੇ ਨਿਆਂਇਕ ਅਹੁਦੇ ਲਈ ਯੋਗ ਨਹੀਂ ਸੀ ਪਰ ਇਸ ਨੇ ਮੁੜ ਉਸਾਰੀ ਲਈ ਉਠਾਏ ਉਪਾਆਂ ਨੂੰ ਬਹੁਤ ਸੁੱਚਜੇ ਢੰਗ ਨਾਲ ਨਿਪਟਾਇਆ ਅਤੇ ਸੰਨ 1868 ਵਿਚ ਸੈਨੇਟ ਵਲੋਂ ਪ੍ਰੈਜ਼ੀਡੈਂਟ ਐਂਡਰਯੂ ਜਾਹਨਸਨ ਉਤੇ ਚਲਾਏ ਮਹਾਂ ਦੋਸ਼ ਆਰੋਪਣ ਦੇ ਕੇਸ ਦੀ ਪ੍ਰਧਾਨਗੀ ਕਰਦਿਆਂ ਨਿਰਪੱਖਤਾ ਵਿਖਾ ਕੇ ਸੁਪਰੀਮ ਕੋਰਟ ਦੀ ਸ਼ਾਨ ਨੂੰ ਉੱਚਾ ਕੀਤਾ। ਇਸੇ ਤਰ੍ਹਾਂ ਹੀ ਇਸ ਨੇ ਕਈ ਹੋਰਨਾਂ ਕੇਸਾਂ ਵਿਚ ਸੁਪਰੀਮ ਕੋਰਟ ਦੀ ਸ਼ਾਨ ਕਾਇਮ ਰੱਖੀ।

ਚੇਸ ਸਖ਼ਤ ਧਾਰਮਕ ਅਸੂਲਾਂ ਵਾਲਾ, ਇਕ ਗੰਭੀਰ ਅਤੇ ਰੋਅਬਦਾਬ ਵਾਲਾ ਵਿਅਕਤੀ ਸੀ। ਅਪਣੇ ਗੁਣਾਂ ਅਤੇ ਇਰਾਦੇ ਕਾਰਨ ਇਸ ਦਾ ਸੰਯੁਕਤ ਰਾਜ ਵਿਚ ਬਹੁਤ ਸਤਿਕਾਰ ਸੀ। ਇਸ ਦੀ ਗਿਣਤੀ ਰਾਸ਼ਟਰ ਦੇ ਸਭ ਤੋਂ ਮੋਹਰੀ ਸਿਆਸਤਦਾਨਾਂ ਵਿਚ ਕੀਤੀ ਜਾਂਦੀ ਹੈ।

ਇਸ ਦੀ ਮੌਤ 7 ਮਈ, 1873 ਨੂੰ ਨਿਊਯਾਰਕ ਸਿਟੀ ਵਿਖੇ ਹੋਈ।

ਹ. ਪ੍ਰ. -ਐਨ. ਬ੍ਰਿ. ਮਾ. 2: 774; ਐਨ. ਬ੍ਰਿ. 5:337

**ਚੇਸ, ਸੈਮੂਐਲ** : ਇਹ ਸੰਯੁਕਤ ਰਾਜ ਅਮਰੀਕਾ ਦੀ ਸੁਪਰੀਮ ਕੋਰਟ ਵਿਚ ਐਸੋਸੀਏਟ ਜੱਜ ਅਤੇ ਮੈਰੀਲੈਂਡ ਅਸੈਂਬਲੀ ਦਾ ਵਿਧਾਇਕ ਰਿਹਾ ਸੀ।



**ਸੈਮੂਐਲ ਚੇਸ**

ਇਸ ਦਾ ਜਨਮ ਮੈਰੀਲੈਂਡ ਰਾਜ (ਸ. ਰ. ਅ) ਵਿਚ ਪ੍ਰਿਨਸੈਸ ਐਨ ਵਿਖੇ 17 ਅਪਰੈਲ, 1741 ਨੂੰ ਹੋਇਆ।

ਸੰਨ 1764 ਤੋਂ 1784 ਤਕ ਚੇਸ ਮੈਰੀਲੈਂਡ ਦੀ ਅਸੈਂਬਲੀ ਦਾ ਮੈਂਬਰ ਰਿਹਾ। ਇਹ 'ਆਜ਼ਾਦੀ ਐਲਾਨ' ਉਤੇ ਹਸਤਾਖਰ ਕਰਨ ਵਾਲਿਆਂ ਵਿਚੋਂ ਇਕ ਸੀ। ਸੰਨ 1791 ਤੋਂ 1796 ਤਕ ਇਹ ਮੈਰੀਲੈਂਡ ਜਨਰਲ

ਕੋਰਟ ਦਾ ਚੀਫ ਜੱਜ ਰਿਹਾ। ਇਸ ਨੇ ਸਟੈਂਪ ਦਾ ਕਰੜਾ ਵਿਰੋਧ ਕੀਤਾ। ਇਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸੁਤੰਤਰਤਾ ਅਤੇ ਸੰਪਤੀ ਉਤੇ ਵਿਧਾਨਿਕ ਸ਼ਕਤੀਆਂ ਕਿਸੇ ਹੱਦ ਤਕ ਹੀ ਲਾਗੂ ਹੁੰਦੀਆਂ ਹਨ।

ਫੈਡਰਲਿਸਟਾਂ ਅਤੇ ਜੈਫਰਸਨ ਦੀ ਰੀਪਬਲਿਕ ਪਾਰਟੀ ਵਿਚਕਾਰ ਝਗੜੇ ਦੇ ਦੌਰਾਨ ਚੇਸ ਨੇ ਫੈਡਰਲਿਸਟਾਂ ਦੇ ਹੱਕ ਵਿਚ ਇਸ ਹੱਦ ਤੀਕ ਪੱਖਪਾਤ ਪੂਰਨ ਫੈਸਲੇ ਕੀਤੇ ਕਿ ਆਪ ਹੀ ਦੋਸ਼ੀ ਬਣ ਗਿਆ। ਉਸ ਤੇ ਮੁਕੱਦਮਾ ਚਲਾਇਆ ਗਿਆ ਪਰ ਇਹ ਨਿਰਦੋਸ਼ ਸਿੱਧ ਹੋਇਆ ਅਤੇ 19 ਜੂਨ, 1811 ਨੂੰ ਆਪਣੀ ਮੌਤ ਤਕ ਆਪਣੇ ਅਹੁਦੇ ਤੇ ਕੰਮ ਕਰਦਾ ਰਿਹਾ।

ਹ. ਪੁ.-ਐਨ. ਬ੍ਰਿ. 5:337; ਐਨ. ਬ੍ਰਿ. ਮਾ. 2:774

**ਚੇਸ, ਫਿਲਾਂਡਰ** : ਇਹ ਸੰਯੁਕਤ ਰਾਜ ਅਮਰੀਕਾ ਵਿਚ ਪ੍ਰੋਟੈਸਟੈਂਟ ਐਪੀਸਕੋਪਲ ਮੱਤ ਦਾ ਇਕ ਪ੍ਰਸਿੱਧ ਬਿਸ਼ਪ ਅਤੇ ਸਿੱਖਿਆ ਸ਼ਾਸਤਰੀ ਸੀ। ਆਪਣੇ ਮਾਪਿਆਂ ਦਾ ਇਹ ਪੰਦਰ੍ਹਵਾਂ ਬੱਚਾ ਸੀ ਜੋ 14 ਦਸੰਬਰ, 1775 ਨੂੰ ਨਿਊ ਹੈਂਪਸ਼ਿਰ ਰਾਜ ਵਿਚ ਕੋਰਨਿਸ਼ ਵਿਖੇ ਪੈਦਾ ਹੋਇਆ। ਸੰਨ 1799 ਵਿਚ ਇਹ ਪਾਦਰੀ ਬਣਿਆ। ਨਿਊਯਾਰਕ ਰਾਜ, ਨਿਊ ਆਰਲਿਆਂ ਅਤੇ ਕਨੈਕਟੀਕਟ ਰਾਜ ਵਿਚ ਕਈ ਵੱਖ-ਵੱਖ ਥਾਵਾਂ ਤੇ ਪਾਦਰੀ ਰਹਿਣ ਮਗਰੋਂ 1819 ਵਿਚ ਉਹਾਈਓ ਵਿਖੇ ਨਵੀਂ ਬਣੀ ਪਾਦਰੀਆਂ ਦੀ ਸਭਾ ਦਾ ਬਿਸ਼ਪ ਥਾਪਿਆ ਗਿਆ । ਸੰਨ 1824 ਵਿਚ ਇਸ ਨੇ ਉਹਾਈਓ ਵਿਚ ਗੈਮਬੇਅਰ ਵਿਖੇ ਕੈਨੀਆ ਕਾਲਜ ਕਾਇਮ ਕੀਤਾ। ਕਾਲਜ ਦੇ ਕੰਟਰੋਲ ਦੇ ਝਗੜੇ ਕਾਰਨ 1831 ਵਿਚ ਇਸ ਨੂੰ ਆਪਣੇ ਬਿਸ਼ਪ-ਪਦ ਤੋਂ ਅਸਤੀਫ਼ਾ ਦੇਣਾ ਪਿਆ। ਸੰਨ 1835 ਵਿਚ ਇਹ ਇਲਿਨਾਇ ਦਾ ਪਹਿਲਾ ਬਿਸ਼ਪ ਬਣਿਆ। ਉਥੇ ਇਸ ਨੇ ਪਿਉਰੀਆ ਦੇ ਨੇੜੇ ਜੁਬਲੀ ਕਾਲਜ ਕਾਇਮ ਕੀਤਾ ਅਤੇ ਉਸ ਦਾ ਪ੍ਰਧਾਨ ਬਣਿਆ। ਇਸ ਦੀ ਮੌਤ ਉਥੇ ਹੀ 20 ਦਸੰਬਰ, 1852 ਨੂੰ ਹੋਈ।

ਹ.ਪੁ.-ਐਨ. ਬ੍ਰਿ. 5,336, ਐਨ. ਬ੍ਰਿ. ਮਾ. 2:774

**ਚੇਸ, ਮੇਰੀ ਐਲੈਨ** : ਇਸ ਅਮਰੀਕੀ ਲੇਖਿਕਾ ਅਤੇ ਸਿਖਿਅਕ ਦਾ ਜਨਮ 24 ਫਰਵਰੀ 1887 ਨੂੰ ਮੇਨ ਰਾਜ ਵਿਚ ਬਲੂ ਹਿਲ ਵਿਖੇ ਹੋਇਆ। ਸੰਨ 1909 ਵਿਚ ਇਸ ਨੇ ਮੇਨ ਯੂਨੀਵਰਸਿਟੀ ਤੋਂ ਬੀ.ਏ.ਪਾਸ ਕੀਤੀ। ਕੁਝ ਸਾਲ ਸਕੂਲ ਵਿਚ ਪੜ੍ਹਾਉਣ ਮਗਰੋਂ ਇਹ ਮਿਨਿਸੋਟਾ ਯੂਨੀਵਰਸਿਟੀ ਵਿਚ ਦਾਖਲ ਹੋਈ, ਜਿਥੋਂ 1922 ਵਿਚ ਇਸ ਨੇ ਅੰਗਰੇਜ਼ੀ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1922 ਤੋਂ 1926 ਤਕ ਇਹ ਉਥੇ ਹੀ ਸਹਾਇਕ ਪ੍ਰੋਫੈਸਰ ਲਗੀ ਰਹੀ। ਸੰਨ 1926 ਤੋਂ 1955 ਦੌਰਾਨ ਆਪਣੀ ਰਿਟਾਇਰਮੈਂਟ ਤਕ ਇਹ ਮੈਸਾਚੂਸੈਟਸ ਰਾਜ ਵਿਚ ਨਾਰਥੈਂਪਟਨ ਦੇ ਸਮਿਥ ਕਾਲਜ ਵਿਚ ਪੜ੍ਹਾਉਂਦੀ ਰਹੀ।

ਚੇਸ ਇਕ ਪ੍ਰਾਂਤਕ ਨਾਵਲਕਾਰ, ਬਾਈਬਲ ਦੀ ਵਿਦਵਾਨ, ਜੀਵਨੀ ਲੇਖਿਕਾ ਅਤੇ ਬਾਲ ਸਾਹਿਤ ਦੀ ਲੇਖਿਕਾ ਵਜੋਂ ਪ੍ਰਸਿੱਧ ਸੀ। ਲੇਖਕ ਵਜੋਂ ਇਸ ਨੇ ਆਪਣਾ ਜੀਵਨ 'ਦੀ ਗਰਲ ਫ੍ਰਾਮ ਦੀ ਬਿਗ ਹਾੱਰਨ ਕੰਟਰੀ' (1916) ਤੋਂ ਆਰੰਭ ਕੀਤਾ ਸੀ, 'ਏ ਗੁਡਲੀ ਹੈਰੀਟੇਜ' (1932), 'ਏ ਗੁਡਲੀ ਫੈਲੋਸ਼ਿਪ' (1939) ਤੇ 'ਦੀ ਵ੍ਹਾਈਟ ਗੇਟ, ਐਡਵੈਂਚਰਜ਼ ਇਨ ਦੀ ਇਮੈਜੀਨੇਸ਼ਨ ਆਫ ਏ ਚਾਈਲਡ' (1954) ਨਾਮੀ ਸਵੈ-ਜੀਵਨੀ ਕ੍ਰਿਤਾਂ ਤੋਂ ਇਸ ਦੇ ਪਿਛੋਕੜ ਅਤੇ ਮੁਢਲੇ ਅਨੁਭਵਾਂ ਦਾ ਪਤਾ ਲਗਦਾ ਹੈ। 'ਅਪਲੈਂਡਜ਼' (1927), 'ਮੈਰੀ ਪੀਟਰਜ਼' (1934), 'ਸਿਲਾਸ ਕ੍ਰਾਕੈੱਟ (1935) ਅਤੇ' ਦੀ ਪੱਲਮ ਟ੍ਰੀ' (1949) ਆਦਿ ਇਸ ਦੇ ਪ੍ਰਸਿੱਧ ਨਾਵਲ ਹਨ। ਇਸ ਦੀਆਂ ਹੋਰ ਰਚਨਾਵਾਂ ਵਿਚ ਸਾਹਿਤਕ ਪੜਚੋਲ, ਲਿਖਣ-ਕਲਾ ਅਤੇ ਬਾਈਬਲ ਦੇ ਅਧਿਐਨ ਸੰਬੰਧੀ ਪੁਸਤਕਾਂ ਸ਼ਾਮਲ ਹਨ। ਰਿਟਾਇਰਮੈਂਟ ਉਪਰੰਤ ਇਸ ਨੇ ਨਿਊ ਇੰਗਲੈਂਡ ਨਾਲ ਸੰਬੰਧਤ ਕਹਾਣੀਆਂ ਲਿਖੀਆਂ। 28 ਜੁਲਾਈ, 1973 ਨੂੰ ਮਸਾਚੂਸੈਟਸ ਰਾਜ ਵਿਚ ਨਾਰਥੈਂਪਟਨ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 2:773; ਐਨ. ਅਮੈ. 6:343

**ਚੇਸ, ਵਿਲੀਅਮ ਮੈਰਿਟ** : ਇਹ ਇਕ ਅਮਰੀਕੀ ਚਿੱਤਰਕਾਰ ਅਤੇ ਅਧਿਆਪਕ ਸੀ ਜਿਸ ਨੇ 20ਵੀਂ ਸਦੀ ਦੀ ਅਮਰੀਕੀ ਚਿੱਤਰਕਾਰੀ ਤੇ ਡੂੰਘਾ ਪ੍ਰਭਾਵ ਪਾਇਆ ਹੈ। ਇਸ ਦਾ ਜਨਮ 1 ਨਵੰਬਰ, 1849 ਨੂੰ ਇੰਡਿਆਨਾ ਰਾਜ ਵਿਚ ਫ੍ਰੈਂਕਲਿਨ ਵਿਖੇ ਹੋਇਆ। ਨਿਊਯਾਰਕ ਦੀ ਨੈਸ਼ਨਲ ਅਕੈਡਮੀ ਆਫ਼ ਡੀਜ਼ਾਈਨ ਤੋਂ ਸਿੱਖਿਆ ਪ੍ਰਾਪਤ ਕਰਨ ਮਗਰੋਂ ਇਹ ਮਿਊਨਿਖ ਚਲਾ ਗਿਆ। ਉਥੇ ਇਸ ਨੇ ਕਾਰਲ ਫੱਾਨ ਪਾਇਲੋਟੀ ਅਧੀਨ ਪੰਜ ਸਾਲ ਕੰਮ ਕੀਤਾ। ਮਿਊਨਿਖ ਵਿਚ ਇਸ ਨੇ ਪ੍ਰਚਲਿਤ ਭੂਰੇ ਅਤੇ ਸਲੇਟੀ ਰੰਗਾਂ ਦੀ ਚਿਤਰਕਾਰੀ ਕੀਤੀ। ਫਿਰ ਇਸ ਨੇ ਪੈਰਿਸ ਵਿਚ ਪ੍ਰਚਲਿਤ ਹਲਕੇ ਰੰਗਾਂ ਦੀ ਚਿੱਤਰਕਾਰੀ ਕੀਤੀ।

ਚੇਸ ਚਿਤਰਕਾਰੀ ਦੇ ਅਧਿਆਪਕ ਵਜੋਂ ਵੀ ਬਹੁਤ ਪ੍ਰਸਿੱਧ ਸੀ। ਇਸ ਨੇ ਆਇਲ, ਵਾਟਰ ਕਲਰ, ਰੰਗਲੇ ਚਾਕ ਅਤੇ ਖੁਣਵਾਈ ਆਦਿ ਸਭ ਕਿਸਮਾਂ ਤੇ ਹੱਥ ਅਜ਼ਮਾਈ ਕੀਤੀ। ਇਸ ਨੇ ਵਧੇਰੇ ਕਰਕੇ ਭੂ-ਦ੍ਰਿਸ਼ਾਂ ਅਤੇ ਨਿਰਜਿੰਦ ਵਸਤਾਂ ਦਾ ਚਿੱਤਰਨ ਕੀਤਾ। ਇਸ ਦੇ ਬਣਾਏ ਹੋਏ ਪੋਰਟ੍ਰੇਟ ਕਮਾਲ ਦੇ ਮੰਨੇ ਜਾਂਦੇ ਹਨ। ਇਸ ਨੇ ਦੇਸ਼ ਅਤੇ ਵਿਦੇਸ਼ ਵਿਚ ਬੇਸ਼ੁਮਾਰ ਇਨਾਮ ਪ੍ਰਾਪਤ ਕੀਤੇ। ਦਸ ਸਾਲਾਂ ਲਈ ਇਹ ਅਮੈਰੀਕਨ ਆਰਟਿਸਟਾਂ ਦੀ ਸੋਸਾਇਟੀ ਦਾ ਪ੍ਰਧਾਨ ਰਿਹਾ।

25 ਅਕਤੂਬਰ, 1916 ਨੂੰ ਨਿਊਯਾਰਕ ਸਿਟੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. ਮਾ. 2:774;ਐਨ. ਅਮੈ. 6:346

**ਚੇਚਕ** : ਇਸ ਲਾਗ ਦੀ ਬੀਮਾਰੀ ਨੂੰ ਸਮਾਲ ਪਾਕਸ ਜਾਂ ਵੇਰੀਓਲਾ ਵੀ ਕਹਿੰਦੇ ਹਨ। ਇਸ ਦੀ ਸ਼ੁਰੂਆਤ ਦੋ ਦਿਨ ਬੁਖ਼ਾਰ ਚੜ੍ਹਨ ਨਾਲ ਹੁੰਦੀ ਹੈ ਅਤੇ ਫਿਰ ਸਾਰੇ ਸਰੀਰ ਉਪਰ ਛੋਟੇ-ਛੋਟੇ ਦਾਣੇ ਨਿਕਲ ਆਉਂਦੇ ਹਨ। ਇਨ੍ਹਾਂ ਵਿਚ ਪਾਕ ਭਰ ਜਾਂਦੀ ਹੈ ਜੋ ਸੁੱਕਣ ਉਪਰੰਤ ਨਿਸ਼ਾਨ ਬਣ ਜਾਂਦੇ ਹਨ।

ਇਸ ਬੀਮਾਰੀ ਦੇ ਦਾਣੇ ਮੂੰਹ ਉਪਰ ਬੜੀ ਤੇਜ਼ੀ ਨਾਲ ਨਿਕਲਦੇ ਹਨ ਅਤੇ ਇਨ੍ਹਾਂ ਦੇ ਜ਼ਖ਼ਮ ਮਾਤਾ (ਚਿਕਨ ਪਾਕਸ) ਦੇ ਦਾਣਿਆਂ ਦੇ ਜ਼ਖ਼ਮਾਂ ਨਾਲੋਂ ਚਮੜੀ ਵਿਚ ਡੂੰਘੇ ਹੁੰਦੇ ਹਨ। ਚੇਚਕ ਦੇ ਨਿਸ਼ਾਨ ਵੀ ਮਾਤਾ ਦੇ ਨਿਸ਼ਾਨਾਂ ਨਾਲੋਂ ਵੱਧ ਸਥਾਈ ਹੁੰਦੇ ਹਨ। ਚੇਚਕ ਦੀਆਂ ਕਈ ਕਿਸਮਾਂ ਵਿਚ ਬਹੁਤ ਘੱਟ ਦਾਣੇ ਨਿਕਲਦੇ ਹਨ ਜਿਨ੍ਹਾਂ ਵਿਚ ਪਾਕ ਵੀ ਘੱਟ ਭਰਦੀ ਹੈ ਅਤੇ ਨਿਸ਼ਾਨ ਵੀ ਘੱਟ ਪੈਂਦੇ ਹਨ।

ਇਹ ਬੀਮਾਰੀ ਜਾਂ ਤਾਂ ਕੁਦਰਤੀ ਤੌਰ ਤੇ ਜਾਂ ਫਿਰ ਅਜਿਹੇ ਟੀਕੇ ਕਾਰਨ ਜੋ ਸਰੀਰ ਨੂੰ ਇਸ ਬੀਮਾਰੀ ਵਿਰੁੱਧ ਸੁਰੱਖਿਆ ਦੇਣ ਵਿਚ ਅਸਮਰੱਥ ਹੋਵੇ, ਕਾਰਨ ਹੋ ਸਕਦੀ ਹੈ। ਇਹ ਟੀਕਾ ਜੇਕਰ ਸਮੇਂ ਸਿਰ ਲਗਵਾਇਆ ਹੋਵੇ ਤਾਂ ਚੇਚਕ ਬਹੁਤ ਘੱਟ ਨਿਕਲਦੀ ਹੈ ਅਤੇ ਜੋ ਟੀਕਾ ਨਹੀਂ ਲਗਵਾਉਂਦੇ ਉਨ੍ਹਾਂ ਵਿਚ ਭਿਆਨਕ ਕਿਸਮ ਦੀ ਚੇਚਕ ਨਿਕਲਦੀ ਹੈ। ਇਸ ਬੀਮਾਰੀ ਦੀ ਤੀਬਰਤਾ ਹਰ ਮਨੁੱਖ ਵਿਚ ਵੱਖਰੀ ਹੁੰਦੀ ਹੈ। ਕਈ ਵਾਰ ਸ਼ੁਰੂ ਵਿਚ ਹੀ ਬੁਖ਼ਾਰ ਦੇ ਨਾਲ ਬਰੀਕ ਦਾਣੇ ਨਿਕਲ ਆਉਂਦੇ ਹਨ। ਇਨ੍ਹਾਂ ਦਾਣਿਆਂ ਤੋਂ ਖਸਰੇ ਜਾਂ ਧੱਫੜ ਹੋਣ ਦਾ ਵੀ ਸ਼ੱਕ ਪੈ ਜਾਂਦਾ ਹੈ। ਇਸਦੇ ਨਾਲ ਹੀ ਇਹ ਚਮੜੀ ਉਪਰ ਗੂੜ੍ਹੇ ਲਾਲ ਰੰਗ ਦੇ ਧੱਬੇ ਜਾਂ ਮੱਛਰਾਂ ਨਾਲ ਕੱਟੇ ਹੋਣ ਵਰਗੇ ਨਿਸ਼ਾਨ ਦਿਖਾਈ ਦਿੰਦੇ ਹਨ। ਇਹ ਚੇਚਕ ਦੀ ਸਹੀ ਤਸ਼ਖੀਸ਼ ਵਿਚ ਵਿਘਨ ਪਾਉਂਦੇ ਹਨ ਅਤੇ ਕਈ ਵਾਰ ਇਨ੍ਹਾਂ ਦੀ ਤੀਬਰਤਾ ਘਾਤਕ ਵੀ ਸਿੱਧ ਹੋ ਜਾਂਦੀ ਹੈ।

**ਤਸ਼ਖ਼ੀਸ**—ਦੁਨੀਆ ਭਰ ਵਿਚ ਭਿਆਨਕ ਮੰਨੀ ਜਾਣ ਵਾਲੀ ਇਸ ਬੀਮਾਰੀ ਦੇ ਇਲਾਜ ਲਈ ਇਸਦੀ ਤੁਰੰਤ ਤਸ਼ਖ਼ੀਸ ਬਹੁਤ ਜ਼ਰੂਰੀ ਹੈ। ਭਾਵੇਂ ਟੀਕੇ ਇਸਦੀ ਸਥਾਈ ਤੌਰ ਤੇ ਰੋਕਥਾਮ ਵਿਚ ਸਹਾਈ ਸਿੱਧ ਹੁੰਦੇ ਹਨ ਪਰ ਕੋਈ ਵੀ ਅਜਿਹਾ ਤਬਕਾ ਨਹੀਂ ਜਿਥੇ ਇਸਨੂੰ ਪੂਰੀ ਤਰ੍ਹਾਂ

ਖਤਮ ਸਮਝਿਆ ਜਾਵੇ। ਇਸ ਬੀਮਾਰੀ ਦੇ ਟੀਕੇ ਦੀ ਚੰਗੀ ਸੰਭਾਲ, ਸਮੇਂ ਸਿਰ ਇਸਦੀ ਪਹੁੰਚ ਅਤੇ ਵਧੀਆ ਸਫ਼ਾਈ ਪ੍ਰਬੰਧ ਇਸਨੂੰ ਰੋਕਣ ਵਿਚ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ। ਇਸੇ ਕਾਰਨ ਅਜੋਕੇ ਯੁਗ ਵਿਚ ਇਹ ਬੀਮਾਰੀ ਬਹੁਤ ਘੱਟ ਗਈ ਹੈ।

ਇਸ ਬੀਮਾਰੀ ਦੇ ਵਿਸ਼ਾਣੂ ਸਰੀਰ ਵਿਚ ਦਾਖ਼ਲ ਹੋਣ ਤੇ 7-21 ਦਿਨਾਂ ਵਿਚ ਬੁਖ਼ਾਰ ਚੜ੍ਹਦਾ ਹੈ। ਇਕ ਤੋਂ 5 ਦਿਨ ਤੱਕ ਬੁਖ਼ਾਰ ਦੇ ਨਾਲ ਸਰੀਰ ਉਪਰ ਛੋਟੇ-ਛੋਟੇ ਦਾਣੇ ਨਿਕਲ ਆਉਂਦੇ ਹਨ ਜੋ ਛਾਲੇ ਬਣ ਜਾਂਦੇ ਹਨ। ਇਨ੍ਹਾਂ ਵਿਚ ਇਕ ਤੋਂ ਚਾਰ ਦਿਨ ਦੇ ਅੰਦਰ ਪਾਕ ਭਰ ਜਾਂਦੀ ਹੈ ਅਤੇ ਦੋ ਤੋਂ ਛੇ ਦਿਨ ਅੰਦਰ ਖਰੀਂਢ ਆਉਣ ਲੱਗ ਪੈਂਦਾ ਹੈ। ਇਹ ਖਰੀਂਢ ਬੀਮਾਰੀ ਦੇ ਸ਼ੁਰੂ ਹੋਣ ਤੋਂ 10 ਤੋਂ 40 ਦਿਨ ਤੱਕ ਡਿਗਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਦਾਣਿਆ ਦੇ ਗੁਲਾਬੀ ਨਿਸ਼ਾਨ ਰਹਿ ਜਾਂਦੇ ਹਨ ਜੋ ਸਮਾਂ ਪੈਣ ਨਾਲ ਚਿੱਟੇ ਹੋ ਜਾਂਦੇ ਹਨ। ਮਰੀਜ਼ ਨੂੰ ਵੱਖਰਾ ਰੱਖਣਾ, ਉਸ ਨੇੜੇ ਆਉਂਦੇ ਸਾਰੇ ਮਨੁੱਖਾਂ ਨੂੰ ਟੀਕਾ ਲਗਾਉਣਾ ਆਦਿ ਪਰਹੇਜ਼ ਤੁਰੰਤ ਹੀ ਵਰਤਣੇ ਚਾਹੀਦੇ ਹਨ।

ਚੇਚਕ ਦੇ ਦਾਣੇ ਸਰੀਰ ਉਪਰ ਮੂੰਹ ਦੇ ਹਿੱਸੇ ਤੇ, ਬਾਹਾਂ, ਮੋਢਿਆਂ, ਛਾਤੀ, ਪੇਟ, ਲੱਤਾਂ, ਪਿੱਠ ਆਦਿ ਉਪਰ ਜ਼ਿਆਦਾ ਹੁੰਦੇ ਹਨ। ਅੱਖਾਂ ਦੇ ਡੂੰਘ ਅਤੇ ਕੰਨਾਂ ਦੇ ਪਿਛਲੇ ਹਿੱਸੇ ਅਕਸਰ ਬਚ ਜਾਂਦੇ ਹਨ।

**ਕਾਰਨ**—ਚੇਚਕ ਇਕ ਵਿਸ਼ੇਸ਼ ਕਿਸਮ ਦੇ ਵਿਸ਼ਾਣੂ ਕਾਰਨ ਹੁੰਦੀ ਹੈ ਜੋ ਇਲੈੱਕਟ੍ਰਾੱਨ ਖੁਰਦਬੀਨ ਨਾਲ ਦੇਖੇ ਜਾ ਸਕਦੇ ਹਨ। ਇਹ ਵਿਸ਼ਾਣੂ ਪੋਲੀਓ ਦੇ ਵਿਸ਼ਾਣੂਆਂ ਨਾਲੋਂ ਵੱਡੇ ਹੁੰਦੇ ਹਨ। ਇਸ ਵਿਸ਼ਾਣੂ ਦੀ ਪਛਾਣ ਕੁਝ ਔਖੀ ਹੁੰਦੀ ਹੈ। ਜਿਸ ਕਾਰਨ ਬੀਮਾਰੀ ਦਾ ਤੁਰੰਤ ਇਲਾਜ ਅਸੰਭਵ ਹੈ।

**ਚੇਚਕ ਦਾ ਪਸਾਰ**—ਇਹ ਰੋਗ ਮਰੀਜ਼ ਦੇ ਹੋਰ ਇਨਸਾਨਾਂ ਨਾਲ ਸਿੱਧੇ ਜਾਂ ਅਸਿੱਧੇ ਸੰਪਰਕ ਨਾਲ ਸ਼ੁਰੂ ਹੁੰਦਾ ਹੈ। ਇਸ ਬੀਮਾਰੀ ਦੇ ਵਿਸ਼ਾਣੂਆਂ ਦਾ ਕੋਈ ਵੀ ਕੁਦਰਤੀ ਜੀਵ ਵਾਹਕ ਨਹੀਂ ਹੈ। ਇਹ ਮਨੁੱਖੀ ਸਰੀਰ ਤੋਂ ਬਾਹਰ ਬਹੁਤਾ ਸਮਾਂ ਜੀਵਤ ਨਹੀਂ ਰਹਿ ਸਕਦੇ। ਹਵਾ ਵਿਚ ਵੀ ਇਹ ਕੁਝ ਫੁੱਟ ਦੇ ਫ਼ਾਸਲੇ ਤੱਕ ਹੀ ਜਾ ਸਕਦੇ ਹਨ। ਮਰੀਜ਼ ਲਈ ਵਰਤੀਆਂ ਸਾਰੀਆਂ ਚੀਜ਼ਾਂ ਨੂੰ ਗਰਮ ਕਰਕੇ ਜਾਂ ਉਬਾਲ ਕੇ ਰੋਗਾਣੂ-ਮੁਕਤ ਕਰਨਾ ਚਾਹੀਦਾ ਹੈ। ਮਰੀਜ਼ ਦੇ ਰਹਿਣ ਦੀ ਥਾਂ ਵੀ ਉਸ ਦੇ ਠੀਕ ਹੋਣ ਜਾਂ ਮੌਤ ਉਪਰੰਤ ਫਾਰਮ-ਐਲਡਿਹਾਈਡ ਨਾਲ ਰੋਗਾਣੂ-ਮੁਕਤ ਕੀਤੀ ਜਾਂਦੀ ਹੈ। ਇਸ ਰੋਗ ਦੇ ਵਿਸ਼ਾਣੂ ਹਵਾ ਰਾਹੀਂ ਇਕ ਦੂਜੇ ਇਨਸਾਨ ਅੰਦਰ ਦਾਖ਼ਲ ਹੋ ਜਾਂਦੇ ਹਨ। ਚੇਚਕ ਫੈਲੇ ਹੋਏ ਖੇਤਰ ਵਿਚ ਹਰ ਪੰਜ ਜਾਂ ਦਸ ਸਾਲ ਬਾਅਦ ਇਸ ਦਾ ਟੀਕਾ ਲਗਾਉਣਾ ਚਾਹੀਦਾ ਹੈ। ਵਿਗਿਆਨਕਾਂ ਅਨੁਸਾਰ ਇਸਦਾ ਟੀਕਾ ਹਰ ਸਾਲ ਹੀ ਲਗਵਾਉਣਾ ਚਾਹੀਦਾ ਹੈ।

**ਇਤਿਹਾਸ ਅਤੇ ਹੋਂਦ**—ਪਰਸ਼ੀਆ ਦੇ ਇਕ ਚਿਕਿਤਸਕ ਰੇਜ਼ੀਜ ਨੇ 900 ਈ. ਵਿਚ ਪਹਿਲੀ ਵਾਰ ਚੇਚਕ ਅਤੇ ਖਸਰੇ ਦੇ ਵੱਖਰੇ ਵੱਖਰੇ ਰੋਗ ਹੋਣ ਬਾਰੇ ਲਿਖਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਸੀਰੀਆ ਵਿਚ 302 ਈ. ਵਿਚ, ਫ਼ਰਾਂਸ ਅਤੇ ਇਟਲੀ ਵਿਚ 570 ਈ. ਵਿਚ ਅਜਿਹੀ ਹੀ ਇਕ ਮਹਾਮਾਰੀ ਫੈਲੀ ਸੀ। ਸੰਨ 1200 ਵਿਚ ਇੰਗਲੈਂਡ ਦੇ ਵਿਗਿਆਨੀ ਗਿਲਬਰਟ ਨੇ ਪਹਿਲੀ ਵਾਰ ਚੇਚਕ ਨੂੰ ਲਾਗ ਦੀ ਬੀਮਾਰੀ ਸਿੱਧ ਕੀਤਾ। ਸੰਨ 1914 ਵਿਚ ~~ਚੇਚਕ ਯੂਰਪ ਵਿਚ ਕਾਫ਼ੀ~~ ਜ਼ੋਰ ਨਾਲ ਫੈਲਿਆ ਅਤੇ 1666 ਤੋਂ 1675 ਈ. ਤਕ ਇੰਗਲੈਂਡ ਵਿਚ ਇਸਨੇ ਮਹਾਮਾਰੀ ਦਾ ਰੂਪ ਧਾਰ ਲਿਆ। ਵਿਲੀਅਮ ਹੈਬਰਡੈੱਨ ਨੇ 1767 ਈ. ਵਿਚ ਪਹਿਲੀ ਵਾਰ ਚੇਚਕ ਨੂੰ ਵੱਡੀ ਮਾਤਾ (ਚਿਕਨਪਾੱਕਸ) ਨਾਲੋਂ ਨਿਖੇੜਿਆ, ਜਿਸਨੂੰ ਉਨ੍ਹੀਵੀਂ ਸਦੀ ਵਿਚ ਵੀਆਨਾ, ਆਸਟ੍ਰੀਆ ਦੇ ਇਕ ਚਮੜੀ ਚਿਕਿਸਤਕ ਫਰਡੀਨੈਂਡ ਫ਼ਾੱਨ ਹੈੱਬਰਾ ਨੇ ਗ਼ਲਤ ਸਿੱਧ ਕੀਤਾ। ਪੂਰਬੀ ਏਸ਼ੀਆ ਨੂੰ ਯੂਰਪ ਅਤੇ ਸੰਯੁਕਤ ਰਾਜ ਵਿਚ ਫੈਲਣ ਵਾਲੀ ਇਸ ਭਿਆਨਕ ਬੀਮਾਰੀ ਦਾ ਪ੍ਰਜਣਨ-ਖੇਤਰ ਮੰਨਿਆ ਜਾਂਦਾ ਰਿਹਾ ਹੈ।

**ਇਲਾਜ**—ਇਸ ਬੀਮਾਰੀ ਲਈ ਕੋਈ ਵਿਸ਼ੇਸ਼ ਅਤੇ ਪੱਕਾ ਇਲਾਜ ਨਹੀਂ। ਪਾਕ ਭਰੇ ਛਾਲਿਆਂ ਤੋਂ ਹੋਰ ਲਾਗ ਨੂੰ ਰੋਕਣ ਲਈ ਸਲਫੋਨਾਮਾਈਡ ਜਾਂ ਜੀਵਨਾਸ਼ਕ ਲਏ ਜਾਂਦੇ ਹਨ। ਇਹ ਬੀਮਾਰੀ ਦੀ ਤੀਬਰਤਾ ਨੂੰ ਘਟਾ ਦਿੰਦੇ ਹਨ। ਬੀਮਾਰੀ ਦੀ ਰੋਕਥਾਮ ਟੀਕਾ ਲਗਾ ਕੇ ਜਾਂ ਮਰੀਜ਼ ਨੂੰ ਵੱਖਰਾ ਰੱਖ ਕੇ ਕੀਤੀ ਜਾ ਸਕਦੀ ਹੈ। ਦੂਰ-ਦੂਰ ਤੱਕ ਵਿਆਪਕ ਰੋਗਾਂ ਵਿਚੋਂ ਇਸ ਰੋਗ ਨੂੰ ਚੰਗੇ ਸਫ਼ਾਈ ਸਾਧਨਾਂ ਨਾਲ ਰੋਕਿਆ ਜਾ ਸਕਦਾ ਹੈ।

ਹ. ਪੁ.-ਐਨ. ਬ੍ਰਿ. 20:816

**ਚੇਜੂ** : ਇਹ ਦੱਖਣੀ ਕੋਰੀਆ ਦੇ ਚੇਜੂ ਦੋ ਪ੍ਰਾਂਤ ਜੋ ਕਿ ਇਕ ਟਾਪੂ ਵੀ ਹੈ, ਦਾ ਪ੍ਰਮੁੱਖ ਸ਼ਹਿਰ ਹੈ ਜਿਹੜਾ ਇਸ ਦੇ ਉੱਤਰੀ ਤਟ ਉਪਰ ਵੱਸਿਆ ਹੋਇਆ ਹੈ। ਇਹ ਸ਼ਹਿਰ ਇਸ ਟਾਪੂ ਦਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਇਕੋ ਇਕ ਬੰਦਰਗਾਹ ਹੈ। ਇਥੋਂ ਅੰਤਰ-ਦੇਸ਼ੀ ਅਤੇ ਅੰਤਰ-ਰਾਸ਼ਟਰੀ ਉਡਾਣਾਂ ਵੀ ਭਰੀਆਂ ਜਾਂਦੀਆਂ ਹਨ।

ਇਹ ਸ਼ਹਿਰ ਪ੍ਰਾਚੀਨ ਸਮੇਂ ਤੋਂ ਜਦੋਂ ਚੇਜੂ ਦੀਪ ਵਿਚ ਆਜ਼ਾਦ ਬਾਦਸ਼ਾਹਤ ਕਾਇਮ ਸੀ, ਰਾਜਨੀਤਿਕ, ਵਪਾਰਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਚਲਿਆ ਆ ਰਿਹਾ ਹੈ। ਸੰਨ 1913 ਤੋਂ ਬਾਅਦ ਇਥੇ ਬੰਦਰਗਾਹ ਵੀ ਸਥਾਪਿਤ ਕੀਤੀ ਗਈ। ਸੰਨ 1946 ਵਿਚ ਇਥੇ ਆਧੁਨਿਕ ਬੰਦਰਗਾਹੀ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਚੇਜੂ ਵਿਖੇ ਡੱਬਾਬੰਦੀ, ਸਮੁੰਦਰੀ ਵਸਤਾਂ, ਕਈ ਕਿਸਮਾਂ ਦੀ ਸਪਿਰਟ ਤਿਆਰ ਕਰਨ ਅਤੇ ਸ਼ਕਰਕੰਦੀ ਤੋਂ ਮਾਇਆ ਤਿਆਰ ਕਰਨ ਦੇ ਉਦਯੋਗ ਵਿਕਸਿਤ ਹਨ। ਸੰਨ 1955 ਵਿਚ ਚੇਜੂ ਨੈਸ਼ਨਲ ਕਾਲਜ ਅਤੇ 1966 ਵਿਚ ਚੇਜੂ ਟੀਚਰਜ਼ ਕਾਲਜ ਸਥਾਪਿਤ ਕੀਤੇ ਗਏ।

ਚੇਜੂ ਸ਼ਹਿਰ ਵਿਚ ਸੈਮ ਸਾਂਗ ਹਯੋਲ ਤੇ ਇਕ ਪੁਰਾਣਿਕ ਝੂਲਾ ਇਥੋਂ ਦੀਆਂ ਇਤਿਹਾਸਕ ਯਾਦਗਾਰਾਂ ਦੇ ਰੂਪ ਵਿਚ ਸੰਭਾਲ ਰੱਖਿਆ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਇਹ ਝੂਲਾ ਕੋਹ, ਯੈਂਗ ਤੇ ਬੂ ਨਾਮੀ ਤਿੰਨ ਪ੍ਰਾਚੀਨ ਘਰਾਣਿਆਂ ਨਾਲ ਸੰਬੰਧਤ ਹੈ।

ਆਬਾਦੀ – 1,67,546 (1980)

33° 31′ ਉ; ਵਿਥ.; 126° 32′ ਪੂ. ਲੰਬ

ਹ.ਪੁ-ਐਨ. ਬ੍ਰਿ.ਮਾ. 3:789

**ਚੇਜੂ ਦੋ** : ਇਹ ਪੂਰਬੀ ਚੀਨ ਸਾਗਰ ਵਿਚ ਸਥਿਤ ਇਕ ਕੋਰੀਆਈ ਟਾਪੂ ਹੈ ਜਿਹੜਾ 1946 ਈ. ਤੋਂ ਦੱਖਣੀ ਕੋਰੀਆ ਦੇ ਇਕ ਪ੍ਰਾਂਤ ਦੀ ਹੈਸੀਅਤ ਵਿਚ ਮੌਜੂਦ ਹੈ। ਅੰਗਰੇਜ਼ ਇਸਨੂੰ ਕਵੈਲਪਾਰਟ ਟਾਪੂ ਵੀ ਕਹਿੰਦੇ ਸਨ। ਇਹ ਟਾਪੂ ਦੱਖਣੀ ਕੋਰੀਆ ਦੇ ਦੱਖਣੀ ਚੋਲਾ ਪ੍ਰਾਂਤ ਦੇ ਦੱਖਣ-ਪੱਛਮ ਵਿਚ 100 ਕਿ.ਮੀ. ਦੇ ਫਾਸਲੇ ਤੇ ਸਥਿਤ ਹੈ। ਚੇਜੂ-ਦੋ ਪ੍ਰਾਂਤ ਬਣਨ ਤੋਂ ਪਹਿਲਾਂ ਇਹ ਟਾਪੂ ਦੱਖਣੀ ਚੋਲਾ ਪ੍ਰਾਂਤ ਦਾ ਇਕ ਹਿੱਸਾ ਹੁੰਦਾ ਸੀ। ਹੁਣ ਇਸ ਪ੍ਰਾਂਤ ਵਿਚ 26 ਹੋਰ ਛੋਟੇ ਛੋਟੇ ਟਾਪੂ ਸ਼ਾਮਲ ਹਨ। ਇਸਦਾ ਕੁੱਲ ਰਕਬਾ 1830 ਕਿ. ਮੀ. ਅਤੇ ਆਬਾਦੀ 514,608 (1990) ਹੈ। ਚੇਜੂ ਦੋ ਇਸ ਗਣਰਾਜ ਦਾ ਸਭ ਤੋਂ ਛੋਟਾ ਪ੍ਰਾਂਤ ਹੈ। ਅੰਡਾਕਾਰ ਸ਼ਕਲ ਦਾ ਇਹ ਟਾਪੂ ਤੇ ਪ੍ਰਾਂਤ ਪੂਰਬ ਤੋਂ ਪੱਛਮੀ ਦਿਸ਼ਾ ਵਿਚ 64 ਕਿ. ਮੀ. ਲੰਬਾ ਅਤੇ ਉੱਤਰ ਤੇ ਦੱਖਣੀ ਦਿਸ਼ਾ ਵਿਚ 25 ਕਿ.ਮੀ. ਤੱਕ ਚੌੜਾ ਹੈ।

ਇਸ ਟਾਪੂ ਦੀ ਧਰਾਤਲ ਪਰਬਤੀ ਹੈ। ਮਾਊਂਟ ਹਾਲਾ ਇਸਦਾ ਸਭ ਤੋਂ ਉੱਚੀ (2773 ਮੀ.) ਚੋਟੀ ਹੈ। ਇਹ ਬੁਝਿਆ ਹੋਇਆ ਜਵਾਲਾਮੁਖੀ ਹੈ। ਇਸ ਖੇਤਰ ਵਿਚ ਕ੍ਰੇਟਰ ਵਾਲੀਆਂ ਕਈ ਸੈਂਕੜੇ ਪਹਾੜੀਆਂ ਹਨ ਜਿਨ੍ਹਾਂ ਵਿਚੋਂ ਸਮੁੰਦਰ ਵੱਲ ਲਾਵਾ ਵਹਿਣ ਨਾਲ ਕਈ ਆਬਸ਼ਾਰਾਂ ਅਤੇ ਲਾਵਾਂ-ਸੁਰੰਗਾਂ ਹੋਂਦ ਵਿਚ ਆਈਆਂ। ਇਹ ਆਬਸ਼ਾਰਾਂ



ਚੇਜੂ ਦੋ ਦੀਪ ਦੇ ਇਕ ਪਿੰਡ ਦਾ ਦ੍ਰਿਸ਼

ਅਤੇ ਲਾਵਾ ਸੁਰੰਗਾਂ ਅੰਤਰਰਾਸ਼ਟਰੀ ਪੱਧਰ ਤੇ ਦੇਖਣ-ਯੋਗ ਦ੍ਰਿਸ਼ ਮੰਨੇ ਜਾਂਦੇ ਹਨ।

ਚੇਜੂ ਦੋ ਟਾਪੂ ਦਾ ਜਲਵਾਯੂ ਮਹਾਂਸਾਗਰੀ ਕਿਸਮ ਦਾ ਹੈ। ਜਿਸ ਕਰਕੇ ਇਥੇ ਥੋੜ੍ਹੇ ਬਹੁਤ ਉਪ-ਉਸ਼ਣ ਖੰਡੀ ਪੌਦੇ ਹੁੰਦੇ ਹਨ।

ਸੰਨ 938 ਤੱਕ ਇਹ ਟਾਪੂ ਆਜ਼ਾਦ ਬਾਦਸ਼ਾਹਤ ਦੇ ਰੂਪ ਵਿਚ ਸੀ ਜਿਸਨੂੰ ਤਾਮਰਗੁਕ ਕਿਹਾ ਜਾਂਦਾ ਸੀ। ਸੰਨ 935 ਤੋਂ 1392 ਤੱਕ ਕੋਰੀਓ ਦੇ ਸਮੇਂ ਦੌਰਾਨ ਅਤੇ 1392 ਤੋਂ 1910 ਤੱਕ ਯੀ ਖ਼ਾਨਦਾਨ ਦੇ ਦੇ ਸਮੇਂ ਦੌਰਾਨ ਇਥੇ ਰਾਜਨੀਤਕ ਤੌਰ ਤੇ ਜਲਾਵਤਨ ਕੀਤੇ ਗਏ ਦੋਸ਼ੀਆਂ ਨੂੰ ਭੇਜਿਆ ਜਾਂਦਾ ਸੀ ਅਤੇ ਘੋੜਿਆਂ ਨੂੰ ਚਾਰਨ ਲਈ ਵੀ ਇਥੇ ਲਿਆਂਦਾ ਜਾਂਦਾ ਸੀ। ਦੱਖਣੀ ਕੋਰੀਆ ਵਿਚ ਆਉਣ ਵਾਲੇ ਸਭ ਤੋਂ ਪਹਿਲਾਂ ਪੱਛਮੀ ਡੱਚ-ਜਹਾਜ਼ਰਾਨ ਹੈਂਡ੍ਰਿਕ ਹੈਮਲ 1653 ਈ. ਵਿਚ ਚੇਜੂ ਦੋ ਟਾਪੂ ਤੇ ਵੀ ਪਹੁੰਚਿਆ ਅਤੇ ਉਸ ਨੇ ਪੱਛਮੀ ਦੇਸ਼ਾਂ ਵਿਚ ਇਸ ਟਾਪੂ ਬਾਰੇ 'ਕਵੈੱਲਪਾਰਟਾ' ਨਾਂ ਹੇਠ ਜਾਣਕਾਰੀ ਦਿੱਤੀ।

ਇਥੋਂ ਦਾ ਤਟ ਲਗਭਗ ਸਿੱਧਾ ਹੋਣ ਕਰਕੇ ਇਥੋਂ ਦੀਆਂ ਬੰਦਰਗਾਹਾਂ ਬਹੁਤੀ ਚੰਗੀ ਤਰ੍ਹਾਂ ਵਿਕਸਿਤ ਨਹੀਂ ਹਨ। ਇਸਦਾ ਕਾਰਨ ਤੱਟ ਦੇ ਨਾਲ-ਨਾਲ ਪਾਣੀ ਵਿਚ ਡੁਬੀਆਂ ਚਟਾਨਾਂ ਦੀ ਮੌਜੂਦਗੀ ਹੈ। ਇਸ ਟਾਪੂ ਦੀ ਰਾਜਧਾਨੀ ਵੀ ਚੇਜੂ ਹੀ ਹੈ ਜਿਹੜੀ ਇਕੋ ਇਕ ਖੁਲ੍ਹੀ ਬੰਦਰਗਾਹ ਵੀ ਹੈ।

ਸਾਹਿਲ ਦੇ ਨਾਲ ਨਾਲ ਗੋਤਾਖੋਰੀ ਵਿਚ ਮਾਹਿਰ ਔਰਤਾਂ ਸਮੁੰਦਰ ਵਿਚੋਂ ਜੜੀਆਂ ਬੂਟੀਆਂ ਤੇ ਸ਼ੈੱਲ ਫਿਸ਼ ਕੱਢਣ ਦਾ ਕੰਮ ਕਰਦੀਆਂ ਹਨ। ਸ਼ਕਰਕੰਦੀ ਇਸ ਟਾਪੂ ਦੀ ਪ੍ਰਮੁੱਖ ਉਪਜ ਹੈ। ਇਸਤੋਂ ਬਿਨਾਂ ਬੀਅਰ ਤਿਆਰ ਕਰਨ ਲਈ ਰਾਸ਼ਟਰ ਦੀ ਕੁੱਲ ਉਪਜ ਦਾ 95 ਹਿਸਾ ਜੌਂ ਵੀ ਭੇਜਿਆ ਜਾਂਦਾ ਹੈ। ਦੱਖਣੀ ਸਾਹਿਲ ਤੋਂ ਸੰਤਰੇ ਅਤੇ ਉਚ ਭੂਮੀਆਂ ਵਿਚ ਖੁੰਬਾਂ ਬਰਾਮਦ ਪੱਖੋਂ ਉਗਾਈਆਂ ਜਾਂਦੀਆਂ ਹਨ।

33° 20′ ਉ. ਵਿਥ.; 126° 30′ ਪੂ. ਲੰਬ;

ਹ. ਪੁ.-ਐਨ ਬ੍ਰਿ. ਮਾ 3: 149

**ਚੇਤ ਸਿੰਘ** : ਇਹ ਬਨਾਰਸ ਦੇ ਪਹਿਲੇ ਰਾਜਾ ਬਲਵੰਤ ਸਿੰਘ ਦਾ ਲੜਕਾ ਸੀ ਜਿਹੜਾ ਕਿ ਅਵਧ ਦੇ ਨਵਾਬ ਦਾ ਇਕ ਛੋਟਾ ਜਿਹਾ ਸਰਦਾਰ ਹੁੰਦਾ ਸੀ। ਸੰਨ 1770 ਵਿਚ ਚੇਤ ਸਿੰਘ ਰਾਜ ਗੱਦੀ ਉਤੇ ਬੈਠਾ। ਸੰਨ 1775 ਵਿਚ ਅਵਧ ਦੇ ਨਵਾਬ ਨੇ ਬਨਾਰਸ ਈਸਟ ਇੰਡੀਆ ਕੰਪਨੀ ਦੇ ਹਵਾਲੇ ਕਰ ਦਿੱਤਾ ਅਤੇ ਨਤੀਜੇ ਵਜੋਂ ਕੰਪਨੀ ਹੀ ਚੇਤ ਸਿੰਘ ਦੀ ਅਧਿਰਾਜ ਬਣ ਗਈ। ਲਾਰਡ ਹੇਸਟਿੰਗਜ਼ ਨੇ ਚੇਤ ਸਿੰਘ ਨੂੰ ਇਹ ਵਚਨ ਦਿੱਤਾ ਕਿ ਕੰਪਨੀ ਉਸ ਕੋਲੋਂ ਕੇਵਲ ਨਿਸ਼ਚਿਤ ਲਗਾਨ ਹੀ ਲਿਆ ਕਰੇਗੀ। ਚੇਤ ਸਿੰਘ ਨੇ ਆਪਣੀ ਜ਼ਮੀਨ ਦਾ ਲਗਾਨ ਕੰਪਨੀ ਨੂੰ ਅਦਾ ਕਰਨਾ ਸ਼ੁਰੂ ਕੀਤਾ ਚਾਹੇ ਇਹ ਲਗਾਨ ਵਧਾਇਆ ਨਹੀਂ ਜਾ ਸਕਦਾ ਸੀ ਪਰ ਔਕੜ ਵੇਲੇ ਚੇਤ ਸਿੰਘ ਨੂੰ ਆਪਣੇ ਨਵੇਂ ਮਾਲਕਾਂ ਦੀ ਮਦਦ ਕਰਨੀ ਹੀ ਪੈਣੀ ਸੀ। ਮਰਹੱਟਾ ਯੁੱਧ ਤੋਂ ਪੈਦਾ ਹੋਏ ਆਰਥਕ ਸੰਕਟ ਕਾਰਨ ਵਾਰਨ ਹੇਸਟਿੰਗਜ਼ ਨੇ 1778 ਈ. ਵਿਚ ਚੇਤ ਸਿੰਘ ਅਗੇ ਪੰਜ ਲੱਖ ਰੁਪਏ ਦੀ ਮੰਗ ਰੱਖੀ ਜਿਹੜੀ ਕਿ ਚੇਤ ਸਿੰਘ ਨੇ ਪੂਰੀ ਕਰ ਦਿੱਤੀ। ਅਗਲੇ ਹੀ ਸਾਲ ਵਾਰਨ ਹੇਸਟਿੰਗਜ਼ ਨੇ ਫਿਰ ਅਜਿਹੀ ਹੀ ਮੰਗ ਚੇਤ ਸਿੰਘ ਅੱਗੇ ਰੱਖੀ। ਕਾਫ਼ੀ ਨਾਂਹ ਨੁਕਰ ਤੋਂ ਬਾਅਦ ਚੇਤ ਸਿੰਘ ਨੇ ਇਸ ਵਾਰ ਫਿਰ ਕੰਪਨੀ ਦੀ ਮੰਗ ਪੂਰੀ ਕਰ ਦਿੱਤੀ। ਸੰਨ 1780 ਵਿਚ ਵਾਰਨ ਹੇਸਟਿੰਗਜ਼ ਨੇ ਚੇਤ ਸਿੰਘ ਨੂੰ 2000 ਘੋੜੇ ਪੇਸ਼ ਕਰਨ ਦਾ ਹੁਕਮ ਦਿੱਤਾ। ਰਾਜਾ ਚੇਤ ਸਿੰਘ ਨੇ ਘੋੜੇ ਭੇਜਣ ਤੋਂ ਪਹਿਲਾਂ ਤਾਂ ਅਸਮਰੱਥਾ ਵਿਖਾਈ ਪਰ ਪਿੱਛੋਂ ਇਕ ਹਜ਼ਾਰ ਘੋੜੇ ਵੀ ਹੇਸਟਿੰਗਜ਼ ਕੋਲ ਭੇਜ ਦਿੱਤੇ। ਭਾਵੇਂ ਹੇਸਟਿੰਗਜ਼ ਨੇ ਆਪਣੀ ਸ਼ਰਤ ਕਾਫ਼ੀ ਘਟਾ ਦਿੱਤੀ ਸੀ ਫਿਰ ਵੀ ਰਾਜਾ ਪੂਰੀ ਨਾ ਕਰ ਸਕਿਆ। ਰਾਜਾ ਆਪਣੀ ਨਿਯਮਬੱਧ ਖਰਾਜ ਵੀ ਕੰਪਨੀ ਨੂੰ ਨਾ ਦੇ ਸਕਿਆ। ਵਾਰਨ ਹੇਸਟਿੰਗਜ਼ ਇਕ ਵਡੇ ਵਿੱਤੀ ਸੰਕਟ ਵਿਚ ਫਸਿਆ ਹੋਇਆ ਸੀ। ਉਸਨੇ ਰਾਜਾ ਚੇਤ ਸਿੰਘ ਨੂੰ 50 ਲੱਖ ਰੁਪਏ ਦਾ ਜੁਰਮਾਨਾ ਕਰ ਦਿੱਤਾ। ਅਗਸਤ, 1781 ਨੂੰ ਵਾਰਨ ਹੇਸਟਿੰਗਜ਼ ਖ਼ੁਦ ਬਨਾਰਸ ਪੁੱਜਾ। ਉਸਨੂੰ ਪਤਾ ਲੱਗਾ ਕਿ ਚੇਤ ਸਿੰਘ ਅਜੇ ਵੀ ਆਕੀ ਹੋਇਆ ਬੈਠਾ ਹੈ। ਉਸਨੇ ਰਾਜੇ ਨੂੰ ਉਸਦੇ ਘਰੋਂ ਹੀ ਤੁਰੰਤ ਗ੍ਰਿਫ਼ਤਾਰ ਕਰ ਲੈਣ ਦਾ ਹੁਕਮ ਜਾਰੀ ਕਰ ਦਿੱਤਾ। ਉਸ ਵਕਤ ਬਹੁਤ ਦੰਗੇ ਫਸਾਦ ਹੋਏ। ਅੰਗਰੇਜ਼ੀ ਫ਼ੌਜਾਂ ਤੇ ਹਮਲਾ ਵੀ ਹੋਇਆ ਪਰ ਛੇਤੀ ਹੀ ਹਾਲਾਤ ਤੇ ਕਾਬੂ ਪਾ ਲਿਆ ਗਿਆ। ਰਾਜਾ ਆਪਣੇ, ਇਕ ਕਿਲੇ ਵੱਲ ਭੱਜ ਗਿਆ ਅਤੇ ਬਨਾਰਸ ਸ਼ਹਿਰ ਵਿਚ ਵਿਦਰੋਹ ਖੜਾ ਹੋ ਗਿਆ। ਹੇਸਟਿੰਗਜ਼ ਆਪਣੇ ਥੋੜ੍ਹੇ ਜਿਹੇ ਅਮਲੇ ਨਾਲ ਬਨਾਰਸ ਵਿਚ ਕਾਬੂ ਆ ਗਿਆ ਅਤੇ ਉਥੋਂ ਉਹ ਮਸਾਂ ਹੀ ਬਚ ਕੇ ਚੁਨਾਰ ਪਹੁੰਚਿਆ। ਸਤੰਬਰ ਮਹੀਨੇ ਦੇ ਅਖ਼ੀਰ ਤੱਕ ਰਾਜਾ ਤਾਂ ਖੁਲ੍ਹਮ-ਖੁੱਲ੍ਹਾ ਹੀ ਵਿਦਰੋਹ ਕਰਦਾ ਰਿਹਾ ਪਰ ਪਿੱਛੋਂ ਅੰਗਰੇਜ਼ਾਂ ਨੇ ਉਸ ਦੇ ਸਾਥੀਆਂ ਨੂੰ ਭਜਾ ਦਿੱਤਾ। ਗਵਰਨਰ-ਜਨਰਲ ਹੇਸਟਿੰਗਜ਼ ਫਿਰ ਬਨਾਰਸ ਪੁੱਜਾ ਅਤੇ ਉਸ ਨੇ ਚੇਤ ਸਿੰਘ ਨੂੰ ਗੱਦੀਓਂ ਲਾਹ ਦਿੱਤਾ ਅਤੇ ਉਸਦੀ ਥਾਂ ਤੇ ਉਸਦੇ ਭਤੀਜੇ ਮਹੀਪ ਨਾਰਾਇਣ ਨੂੰ ਰਾਜਾ ਬਣਾ ਦਿੱਤਾ। ਉਸ ਨੇ ਈਸਟ ਇੰਡੀਆ ਕੰਪਨੀ ਨੂੰ ਦੁੱਗਣਾ ਖ਼ਰਚ ਦੇਣਾ ਵੀ ਮੰਨ ਲਿਆ।

ਚੇਤ ਸਿੰਘ ਗਵਾਲੀਅਰ ਵਾਪਸ ਆ ਗਿਆ ਅਤੇ ਉਥੇ ਹੀ 1810 ਵਿਚ ਇਸ ਦੀ ਮੌਤ ਹੋ ਗਈ। ਚੇਤ ਸਿੰਘ ਪ੍ਰਤੀ ਵਿਖਾਏ ਗਏ ਹੇਸਟਿੰਗਜ਼ ਦੇ ਰਵੱਈਏ ਦੀ ਇੰਗਲੈਂਡ ਦੀ ਸੰਸਦ ਵਿਚ ਕਰੜੀ ਨਿੰਦਿਆ ਕੀਤੀ ਗਈ।

ਹ. ਪੁ.-ਹਿੰ. ਵਿ. ਕੋ. 4: 283; ਬ੍ਰਿਟਿਸ਼ ਰੂਲ ਇਨ ਇੰਡੀਆ ਐਂਡ ਆਫਟਰ-ਵੀ. ਡੀ. ਮਹਾਜਨ; ਇੰਪ. ਗ. ਇੰਡ. 7: 181

**ਚੇਤ ਸਿੰਘ (ਬਾਜਵਾ)** : ਮਹਾਰਾਜਾ ਖੜਕ ਸਿੰਘ ਦੇ ਰਾਜ ਕਾਲ ਦੌਰਾਨ ਉਨ੍ਹਾਂ ਦਾ ਮੁੱਖ ਸਲਾਹਕਾਰ ਅਤੇ ਉਨ੍ਹਾਂ ਦੀ ਮਹਾਰਾਣੀ ਚੰਦ ਕੌਰ ਵੱਲੋਂ ਇਕ ਨਜ਼ਦੀਕੀ ਰਿਸ਼ਤੇਦਾਰ ਸੀ। ਇਸਦਾ ਵਿਆਹ

ਮਹਾਰਾਜਾ ਖੜਕ ਸਿੰਘ ਦੇ ਸਾਲੇ ਸਰਦਾਰ ਮੰਗਲ ਸਿੰਘ ਦੀ ਭਤੀਜੀ ਨਾਲ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵੇਲੇ ਇਕ ਵਾਰ ਮਹਾਰਾਜਾ ਖੜਕ ਸਿੰਘ ਨੇ ਆਪਣੀ ਇਕ ਬਟਾਲੀਅਨ ਦੀ ਅੱਠਾਂ ਮਹੀਨਿਆਂ ਦੀ ਬਕਾਇਆ ਤਨਖਾਹ ਨਹੀਂ ਸੀ ਦਿੱਤੀ ਅਤੇ ਉਹ ਕੇਵਲ ਦੋ ਮਹੀਨਿਆਂ ਦੀ ਹੀ ਬਕਾਇਆ ਤਨਖਾਹ ਦੇਣ ਲਈ ਤਿਆਰ ਸੀ। ਫੌਜਾਂ ਨੇ ਦੋ ਮਹੀਨਿਆਂ ਦੀ ਬਕਾਇਆ ਤਨਖ਼ਾਹ ਲੈਣ ਤੋਂ ਨਾਂਹ ਕਰ ਦਿੱਤੀ ਸੀ। ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਖੜਕ ਸਿੰਘ ਹੁਰਾਂ ਦੇ ਦੋ ਚੇਲਿਆਂ, ਚੇਤ ਸਿੰਘ ਅਤੇ ਮੀਆਂ ਲਾਭ ਸਿੰਘ ਨੂੰ ਫ਼ੌਜਾਂ ਦੀ ਛੇ ਮਹੀਨਿਆਂ ਦੀ ਤਨਖਾਹ ਲੈ ਲੈਣ ਸਬੰਧੀ ਭੇਜਿਆ ਸੀ ਪਰ ਇਨ੍ਹਾਂ ਦੋਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਫ਼ੌਜਾਂ ਅੜੀ ਹੀ ਫੜੀ ਬੈਠੀਆਂ ਰਹੀਆਂ। ਇਸ ਗੱਲ ਤੇ ਜਮਾਦਾਰਾਂ ਨੇ ਆਪਣੀ ਮਰਜ਼ੀ ਨਾਲ ਹੀ ਬਾਗ਼ੀ ਫ਼ੌਜੀਆਂ ਤੇ ਗੋਲੀ ਚਲਾ ਦਿੱਤੀ ਜਿਸ ਵਿਚ ਕਈ ਫ਼ੌਜੀ ਤਾਂ ਮਾਰੇ ਗਏ ਅਤੇ ਕੁਝ ਦਰਿਆ ਪਾਰ ਕਰਨ ਲੱਗੇ ਡੁੱਬ ਗਏ। ਮਹਾਰਾਜਾ ਰਣਜੀਤ ਸਿੰਘ ਨੇ ਇਸ ਦੁਰਘਟਨਾ ਦਾ ਜ਼ਿੰਮੇਵਾਰ ਚੇਤ ਸਿੰਘ ਬਾਜਵਾ ਨੂੰ ਠਹਿਰਾਇਆ ਅਤੇ ਸਜ਼ਾ ਵਜੋਂ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ। ਦੂਜੇ ਪਾਸੇ ਬਹੁਤ ਸਾਰੇ ਸਰਦਾਰਾਂ ਅਤੇ ਕੰਵਰ ਖੜਕ ਸਿੰਘ ਨੇ ਚੇਤ ਸਿੰਘ ਬਾਜਵਾ ਨੂੰ ਰਿਹਾ ਕਰਵਾਉਣ ਦਾ ਹਰ ਸੰਭਵ ਯਤਨ ਕੀਤਾ। ਆਖ਼ਰਕਾਰ ਸਰਦਾਰ ਬਸਾਵਾ ਸਿੰਘ ਨੇ ਚੇਤ ਸਿੰਘ ਬਾਜਵਾ ਵਲੋਂ 40,000 ਰੁਪਏ ਜੁਰਮਾਨੇ ਦੇ ਤੌਰ ਤੇ ਤਾਰ ਕੇ, ਉਸਨੂੰ ਆਜ਼ਾਦ ਕਰਵਾ ਲਿਆ।

ਉਨ੍ਹੀਂ ਦਿਨੀ ਸਿੱਖ ਸਰਦਾਰਾਂ ਅਤੇ ਡੋਗਰਿਆਂ ਵਿਚਕਾਰ ਅੰਦਰ ਖਾਤੇ ਦੁਸ਼ਮਣੀ ਵੱਧ ਚੁੱਕੀ ਸੀ। ਚੇਤ ਸਿੰਘ ਬਾਜਵਾ ਇਸ ਸਮੇਂ ਮਹਾਰਾਜਾ ਖੜਕ ਸਿੰਘ ਦਾ ਮੁੱਖ ਸਲਾਹਕਾਰ ਹੋਣ ਦੇ ਨਾਤੇ ਰਾਜ ਦੇ ਪਿਛੇ ਇਕ ਚੰਗੀ ਤਾਕਤ ਸੀ। ਸਿੱਖ ਸਰਦਾਰਾਂ ਦੇ ਅਸਰ ਹੇਠ ਅਤੇ ਸ਼ੱਕ ਹੋਣ ਕਾਰਨ ਮਹਾਰਾਜਾ ਖੜਕ ਸਿੰਘ ਨੇ ਡੋਗਰਾ ਧਿਆਨ ਸਿੰਘ ਅਤੇ ਉਸਦੇ ਪੁੱਤਰਾਂ ਨੂੰ ਮਹਿਲਾਂ ਅੰਦਰ ਦਾਖ਼ਲ ਹੋਣ ਤੋਂ ਮਨ੍ਹਾਂ ਕਰ ਦਿੱਤਾ। ਰਾਜ ਪ੍ਰਬੰਧ ਵਿਚ ਬੋਲਬਾਲਾ ਹੋਣ ਕਾਰਨ ਇਹ ਡੋਗਰੇ ਸਰਦਾਰਾਂ ਦੀਆਂ ਅੱਖਾਂ ਵਿਚ ਬਹੁਤ ਰੜਕਣ ਲੱਗਾ। ਇਸ ਸਭ ਕੁਝ ਨੂੰ ਖਤਮ ਕਰਨ ਲਈ ਧਿਆਨ ਸਿੰਘ ਅਤੇ ਗੁਲਾਬ ਸਿੰਘ ਨੇ ਇਕ ਨਵੀਂ ਚਾਲ ਖੇਡੀ। ਉਨ੍ਹਾਂ ਨੇ ਆਪਣੀ ਸਾਜ਼ਿਸ਼ ਨਾਲ ਕੰਵਰ ਨੌਂ ਨਿਹਾਲ ਸਿੰਘ ਨੂੰ ਰਾਜਗੱਦੀ ਤੇ ਬਿਠਾਉਣ ਲਈ ਕੰਵਰ ਅਤੇ ਮਹਾਰਾਣੀ ਚੰਦ ਕੌਰ ਨੂੰ ਸਹਿਮਤ ਕਰ ਲਿਆ ਅਤੇ ਨਾਲ ਹੀ ਲਾਹੌਰ ਦੇ ਸਰਦਾਰਾਂ ਵਿਚ ਇਹ ਅਫ਼ਵਾਹ ਵੀ ਫੈਲਾ ਦਿੱਤੀ ਕਿ ਮਹਾਰਾਜਾ ਖੜਕ ਸਿੰਘ ਨੇ ਚੇਤ ਸਿੰਘ ਬਾਜਵਾ ਦੀ ਸਲਾਹ ਨਾਲ ਅੰਗਰੇਜ਼ਾਂ ਨੂੰ ਆਪਣੀ ਆਮਦਨ ਵਿਚੋਂ 6 ਆਨੇ ਦੇਣੇ ਸਵੀਕਾਰ ਕਰ ਲਿਆ ਹੈ।

ਨੌਂ-ਨਿਹਾਲ ਸਿੰਘ ਨੇ ਆਪਣਾ ਸਰਹੱਦੀ ਅਹੁਦਾ ਛੱਡ ਦਿੱਤਾ ਅਤੇ ਸਾਰਾ ਰਾਜ-ਭਾਗ ਆਪਣੇ ਹੱਥ ਵਿਚ ਲੈਣ ਲਈ ਲਾਹੌਰ ਆ ਪਹੁੰਚਿਆ। ਧਿਆਨ ਸਿੰਘ ਨੇ ਕੰਵਰ ਨੌਂ ਨਿਹਾਲ ਸਿੰਘ ਨੂੰ ਉਸਦੀ ਰਾਜ-ਭਾਗ ਹਥਿਆਉਣ ਲਈ ਬਣਾਈ ਵਿਉਂਤ ਨੂੰ ਅਮਲ ਵਿਚ ਲਿਆਉਣ ਤੋਂ ਰੋਕ ਦਿੱਤਾ। ਇਸ ਦੀ ਥਾਂ ਤੇ ਧਿਆਨ ਸਿੰਘ ਨੇ, ਕੰਵਰ ਦੇ ਰਾਜ-ਭਾਗ ਦੇ ਪਾਲਿਸੀ ਵਾਲੇ ਵੱਡੇ-ਵੱਡੇ ਫ਼ੈਸਲੇ ਕਰਨ ਦਾ ਅਧਿਕਾਰ ਪਰਵਾਨ ਕਰ ਲਿਆ ਅਤੇ ਆਪ ਇਕ ਵੱਡੇ ਸਲਾਹਕਾਰ ਦੀ ਹੈਸੀਅਤ ਵਿਚ ਰੋਲ ਕਰਨ ਲਈ ਰਜ਼ਾਮੰਦ ਹੋ ਗਿਆ ਪਰ ਚੇਤ ਸਿੰਘ ਬਾਜਵਾ ਨੇ ਮਹਾਰਾਜਾ ਖੜਕ ਸਿੰਘ ਨੂੰ ਸ਼ਾਹੀ ਇਖ਼ਤਿਆਰਾਂ ਦੇ ਖੋਹਣ ਵਿਰੁੱਧ ਕਾਰਵਾਈ ਕਰਨ ਲਈ ਮਨਾ ਲਿਆ। ਮਹਾਰਾਜਾ ਸਾਹਿਬ ਨੇ ਆਪਣੇ ਪੁੱਤਰ ਕੰਵਰ ਨੌਂ ਨਿਹਾਲ ਸਿੰਘ ਅਤੇ ਡੋਗਰਾ ਮੁੱਖ ਮੰਤਰੀ ਧਿਆਨ ਸਿੰਘ ਹੁਰਾਂ ਨੂੰ ਆਪੋ ਆਪਣੀਆਂ ਥਾਵਾਂ ਤੇ ਬਿਠਾਉਣ ਦੀ ਕੋਸ਼ਿਸ਼ ਕੀਤੀ। ਸਾਰਿਆਂ ਹੀ ਸਬੰਧਤ ਬੰਦਿਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਪਹਿਲ ਚੇਤ ਸਿੰਘ ਬਾਜਵਾ ਵੱਲੋਂ ਹੋਈ ਹੈ ਜਿਹੜਾ ਕਿ ਆਪਣੇ ਵਿਰੋਧੀਆਂ ਨੂੰ ਖਤਮ ਕਰਨ ਲਈ ਆਪਣੀ ਬੰਦੂਕ ਮਹਾਰਾਜਾ ਖੜਕ ਸਿੰਘ ਦੇ ਮੋਢਿਆਂ ਤੇ ਟਿਕਾਈ ਬੈਠਾ ਹੈ। ਮਹਾਰਾਜਾ ਖੜਕ **ਸਿੰਘ ਦੇ** ਰਾਜ ਕਾਲ ਦੌਰਾਨ ਚੇਤ ਸਿੰਘ ਬਾਜਵਾ ਥੋੜ੍ਹੇ ਜਿਹੇ ਸਮੇਂ ਲਈ ਬਹੁਤ ਚਮਕਿਆ ਅਤੇ ਤਖ਼ਤ ਪਿੱਛੇ ਇਕ ਤਾਕਤ ਵਜੋਂ ਉਭਰ ਕੇ ਅੱਗੇ ਆਇਆ। ਤਾਕਤ ਦੇ ਨਸ਼ੇ ਨੇ ਇਸ ਦਾ ਸਿਰ ਫੇਰ ਦਿੱਤਾ ਅਤੇ ਡੋਗਰਿਆ ਨਾਲ ਤਾਂ ਇਹ ਬਹੁਤ ਹੀ ਵਧੀਕੀਆਂ ਕਰਨ ਲੱਗ ਪਿਆ। ਚੇਤ ਸਿੰਘ ਬਾਜਵੇ ਨੇ ਜਰਨੈਲ ਵੈਨਤੂਰਾ, ਜਿਸਦੀ ਧਿਆਨ ਸਿੰਘ ਨਾਲ ਕਾਫ਼ੀ ਅਣਬਣ ਸੀ, ਦੀ ਵੀ ਮਦਦ ਪ੍ਰਾਪਤ ਕਰਨ ਲਈ ਕੋਸ਼ਿਸ਼ ਕੀਤੀ। ਚੇਤ ਸਿੰਘ ਨੇ ਇਹ ਵੀ ਐਲਾਨ ਕਰ ਦਿੱਤਾ ਸੀ ਕਿ ਉਹ ਧਿਆਨ ਸਿੰਘ ਨੂੰ ਮਰਵਾ ਦੇਵੇਗਾ। ਚੇਤ ਸਿੰਘ ਨੇ ਆਪਣੇ ਅੰਗ ਰਖਿਅਕਾਂ ਦੀਆਂ ਦੋ ਨਵੀਆਂ ਬਟਾਲੀਅਨਾਂ ਖੜ੍ਹੀਆਂ ਕਰ ਲਈਆਂ। ਧਿਆਨ ਸਿੰਘ ਦੇ ਪਹਿਰੇਦਾਰਾਂ ਨੂੰ ਕਿਲੇ ਦੇ ਤਿੰਨਾਂ ਦਰਵਾਜ਼ਿਆਂ ਤੋਂ ਹਟਾ ਦਿੱਤਾ ਅਤੇ ਧਿਆਨ ਸਿੰਘ ਨੂੰ ਕਤਲ ਕਰਵਾਉਣ ਦੀ ਸਾਜ਼ਿਸ਼ ਤਿਆਰ ਕਰ ਲਈ। ਸਾਜ਼ਿਸ਼ ਮੁਕੰਮਲ ਕਰ ਲੈਣ ਤੇ ਚੇਤ ਸਿੰਘ ਨੇ ਧਿਆਨ ਸਿੰਘ ਨੂੰ ਖੁਲ੍ਹੇ ਦਰਬਾਰ ਵਿਚ ਹੀ ਕਹਿ ਦਿੱਤਾ ਕਿ ਤੁਸੀਂ ਵੇਖੋਗੇ ਕਿ ਚੌਵੀ ਘੰਟਿਆਂ ਵਿਚ ਤੁਹਾਡਾ ਕੀ ਬਣੇਗਾ?

ਰਾਜ ਦਰਬਾਰ ਦੀ ਅਜਿਹੀ ਸਥਿਤੀ ਵੇਲੇ ਗੁਲਾਬ ਸਿੰਘ ਡੋਗਰਾ ਤਾਂ ਜੰਮੂ ਨੂੰ ਪਰਤ ਗਿਆ ਅਤੇ ਨੌਨਿਹਾਲ ਉਦਾਸ ਹੋ ਕੇ ਰਾਜਧਾਨੀ ਛੱਡ ਗਿਆ ਅਤੇ ਅਫ਼ਗਾਨਾਂ ਦਾ ਪਿੱਛਾ ਕਰਨ ਲਈ ਉੱਤਰ-ਪੱਛਮ ਵੱਲ ਨੂੰ ਮੁੜ ਗਿਆ।

ਵਜ਼ੀਰਾਂ ਦੀ ਆਪਸੀ ਅਣਬਣ ਇਕ ਸਕੈਂਡਲ ਬਣ ਗਈ ਅਤੇ ਗੱਦਾਰ ਅਫ਼ਸਰਾਂ ਨੇ ਨਿੱਜੀ ਲਾਭ ਉਠਾਉਣ ਲਈ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਕੰਵਰ ਨੌਂ ਨਿਹਾਲ ਸਿੰਘ ਨੇ ਅਜਿਹੀ ਸਥਿਤੀ ਵਿਚ ਦਖ਼ਲ ਦੇਣ ਦਾ ਫ਼ੈਸਲਾ ਕਰ ਲਿਆ। ਅਗਸਤ, 1839 ਨੂੰ ਕੰਵਰ ਲਾਹੌਰ ਪਹੁੰਚ ਗਿਆ ਅਤੇ ਨਾਲ ਹੀ ਨਾਲ ਮਹਾਰਾਜਾ ਸਾਹਿਬ ਕੋਲ ਇਹ ਗੱਲ ਪਹੁੰਚਾ ਦਿੱਤੀ ਕਿ ਸਾਰੇ ਸਲਾਹਕਾਰਾਂ ਦੀ ਇਹੀ ਇਕੋ ਰਾਏ ਹੈ ਕਿ ਚੇਤ ਸਿੰਘ ਬਾਜਵਾ ਨੂੰ ਬਰਖ਼ਾਸਤ ਕਰ ਦਿੱਤਾ ਜਾਵੇ ਪਰ ਮਹਾਰਾਜਾ ਸਾਹਿਬ ਨੇ ਨਾ ਕੇਵਲ ਇਸ ਰਾਏ ਨੂੰ ਠੁਕਰਾਇਆ ਹੀ ਸਗੋਂ ਚੇਤ ਸਿੰਘ ਬਾਜਵਾ ਨੂੰ ਨਵੀਆਂ ਜਾਗੀਰਾਂ ਦੇਣ ਸਬੰਧੀ ਉਸਦੀ ਅਗੇਤ ਭਾਵੀ ਸ਼ਰਤ ਵੀ ਪਰਵਾਨ ਕਰ ਲਈ। ਇਸ ਵੇਲੇ ਕੰਵਰ ਨੇ ਜਾਰਜ ਰਸਲ ਕਲਰਕ (ਪੁਲਿਟੀਕਲ ਏਜੰਟ-ਲੁਧਿਆਣਾ) ਜਿਹੜਾ ਕਿ ਇਸ ਸਮੇਂ ਕਿਸੇ ਕਾਰੋਬਾਰ ਅਤੇ ਸੋਗ ਦੇ ਸਬੰਧ ਵਿਚ ਲਾਹੌਰ ਆਇਆ ਹੋਇਆ ਸੀ, ਨਾਲ ਰਾਜ ਗੱਦੀ ਹਥਿਆਉਣ ਬਾਰੇ ਗੁਪਤ ਗੱਲਬਾਤ ਕੀਤੀ। ਕਲਰਕ ਨੇ ਕੰਵਰ ਨੂੰ ਯਕੀਨ ਦਿਵਾਇਆ ਕਿ ਅੰਗਰੇਜ਼ ਉਸ ਦੇ ਰਾਹ ਵਿਚ ਕੋਈ ਅੜਿਕਾ ਨਹੀਂ ਖੜ੍ਹਾ ਕਰਨਗੇ। ਅਜਿਹਾ ਯਕੀਨ ਮਿਲਣ ਤੇ ਕੰਵਰ ਨੇ ਚੁਪ ਚਾਪ ਹੀ ਇਕ ਹਾਕਮ ਵਜੋਂ ਕੰਮ ਕਾਜ ਕਰਨੇ ਸ਼ੁਰੂ ਕਰ ਦਿੱਤੇ। ਲੁਧਿਆਣੇ ਦੇ ਪੁਲਿਟੀਕਲ ਏਜੰਟ ਨੂੰ ਚੇਤ ਸਿੰਘ ਬਾਜਵਾ ਨੂੰ ਕਤਲ ਕਰਨ ਸਬੰਧੀ ਤਿਆਰ ਕੀਤੀ ਸਾਜ਼ਸ਼ ਤੋਂ ਜਾਣੂੰ ਕਰਵਾਇਆ ਗਿਆ। ਕਲਰਕ ਨੇ ਲਿਖਿਆ ਹੈ ਕਿ ਉਸ ਕੋਲੋਂ ਮਹਾਰਾਜਾ ਸਾਹਿਬ ਦੇ ਕਿਰਪਾ ਪਾਤਰਾਂ ਨੂੰ ਗੋਲੀ ਨਾਲ ਉਡਾਉਣ ਜਾਂ ਤਲਵਾਰ ਨਾਲ ਉਨ੍ਹਾਂ ਦੇ ਸਿਰ ਵੱਢਣ ਬਾਰੇ ਬਣਾਏ ਇਰਾਦੇ ਸਬੰਧੀ ਰਾਏ ਪੁੱਛੀ ਗਈ ਸੀ ਅਤੇ ਉਸ ਨੇ ਉਨ੍ਹਾਂ ਸਾਜ਼ਸ਼ੀਆਂ ਨੂੰ ਇਹੀ ਸਲਾਹ ਦਿੱਤੀ ਸੀ ਕਿ ਮਹਾਰਾਜਾ ਸਾਹਿਬ ਅਜਿਹੇ ਕੁਕਰਮ ਤੇ ਉਨ੍ਹਾਂ ਸਾਰਿਆਂ ਨੂੰ ਬਹੁਤ ਝਾੜ ਪਾਉਣਗੇ। ਅੱਗੇ ਜਾ ਕੇ ਕਲਰਕ ਨੇ ਲਿਖਿਆ ਹੈ ਕਿ ਉਸਨੇ ਉਨ੍ਹਾਂ ਨੂੰ ਇਹੀ ਸਲਾਹ ਦਿੱਤੀ ਕਿ ਚੇਤ ਸਿੰਘ ਬਾਜਵਾ ਨੂੰ ਸਰੀਰਕ ਚੋਟ ਪਹੁੰਚਾਏ ਬਿਨਾਂ ਹੀ ਉਸਨੂੰ ਰਾਹ ਵਿਚੋਂ ਪਾਸੇ ਕਰ ਦੇਣਾ ਚਾਹੀਦਾ ਹੈ ਅਤੇ ਜੇ ਉਨ੍ਹਾਂ ਨੇ ਉਸਨੂੰ ਕੋਈ ਸਰੀਰਕ ਚੋਟ ਪਹੁੰਚਾ ਦਿੱਤੀ ਤਾਂ ਉਨ੍ਹਾਂ ਦਾ ਅਜਿਹਾ ਕਦਮ ਦਰਬਾਰ ਦੇ ਨਾਂ ਉਤੇ ਇਕ ਕਲੰਕ ਹੋਵੇਗਾ।

9 ਅਕਤੂਬਰ, 1839 ਦੇ ਤੜਕੇ (ਅਜੇ ਦੋ ਘੰਟੇ ਰਾਤ ਰਹਿੰਦੀ ਸੀ) ਹੀ ਕੰਵਰ ਨੌ ਨਿਹਾਲ ਸਿੰਘ ਨੇ ਆਪਣੇ ਕੋਈ ਵੀਹ ਚੋਣਵੇਂ ਜਵਾਨਾਂ ਅਤੇ ਤਿੰਨ ਡੋਗਰਾ ਭਰਾਵਾਂ (ਗੁਲਾਬ ਸਿੰਘ, ਧਿਆਨ ਸਿੰਘ ਅਤੇ ਸੁਚੇਤ ਸਿੰਘ) ਨਾਲ ਆਪਣੇ ਪਿਤਾ ਮਹਾਰਾਜਾ ਖੜਕ ਸਿੰਘ ਦੀ ਖ਼ਵਾਬਗਾਹ ਵੱਲ ਨੂੰ ਕੂਚ ਕਰ ਦਿੱਤਾ। ਸਭ ਤੋਂ ਪਹਿਲਾਂ ਰਸਤੇ ਵਿਚੋਂ ਇਨ੍ਹਾਂ ਨੂੰ ਦੋ ਭਾਈ ਮਿਲੇ ਜਿਨ੍ਹਾਂ ਨੂੰ ਇਨ੍ਹਾਂ ਨੇ ਉਸ ਵੇਲੇ ਹੀ ਮਾਰ ਦਿੱਤਾ। ਇਸ ਤੋਂ ਪਿੱਛੋਂ ਇਨ੍ਹਾਂ ਨੂੰ ਮਹਾਰਾਜਾ ਸਾਹਿਬ ਦਾ ਗੜਵਈ ਮਿਲਿਆ ਜਿਹੜਾ ਕਿ ਮਹਾਰਾਜਾ ਸਾਹਿਬ ਵੱਲ ਨੂੰ ਜਾ ਰਿਹਾ ਸੀ। ਧਿਆਨ ਸਿੰਘ ਡੋਗਰਾ ਜੋ ਕਿ ਇਕ ਪੱਕਾ ਨਿਸ਼ਾਨਚੀ ਸੀ, ਨੇ ਆਪਣੀ ਅੰਗਰੇਜ਼ੀ ਰਾਈਫਲ ਨਾਲ ਗੜਵਈ ਨੂੰ ਉਡਾ ਦਿੱਤਾ। ਗੁਲਾਬ ਸਿੰਘ ਨੇ ਧਿਆਨ ਸਿੰਘ ਦੇ ਇਸ ਕਦਮ ਤੇ ਉਸਨੂੰ ਕਾਫ਼ੀ ਝਾੜ ਪਾਈ ਅਤੇ ਨਾਲ ਦੀ ਨਾਲ ਸਾਰਿਆਂ ਨੂੰ ਚੁੱਪ-ਚਪੀਤੇ ਹੀ ਅੱਗੇ-ਅੱਗੇ ਜਾਣ ਲਈ ਕਿਹਾ। ਹੁਣ ਸਾਰੀ ਟੋਲੀ ਮਹਾਰਾਜਾ ਖੜਕ ਸਿੰਘ ਦੇ ਸੌਣ ਵਾਲੇ ਕਮਰੇ ਵੱਲ ਨੂੰ ਵਧੀ। ਚੇਤ ਸਿੰਘ ਬਾਜਵਾ ਇਨ੍ਹਾਂ ਸਾਰਿਆਂ ਦਾ ਸ਼ੋਰ ਸੁਣਕੇ ਮਹਾਰਾਜਾ ਸਾਹਿਬ ਦੀ ਖ਼ਵਾਬਗਾਹ (ਸੌਣ ਵਾਲੀ ਜਗ੍ਹਾ) ਦੇ ਪਿੱਛੇ ਜਾ ਲੁਕਿਆ। ਸਾਜ਼ਸ਼ੀਆਂ ਨੇ ਚੇਤ ਸਿੰਘ ਬਾਜਵਾ ਨੂੰ ਮਹਾਰਾਜਾ ਸਾਹਿਬ ਦੇ ਸਾਹਮਣੇ ਲੁਕੀ ਹੋਈ ਥਾਂ ਤੋਂ ਬਾਹਰ ਘੜੀਸ ਲਿਆਂਦਾ। ਧਿਆਨ ਸਿੰਘ ਡੋਗਰੇ ਨੇ ਆਪਣੇ ਹੱਥਾਂ ਨਾਲ ਇਕ ਲੰਬਾ ਚਾਕੂ ਚੇਤ ਸਿੰਘ ਬਾਜਵੇ ਦੇ ਦੋ ਵਾਰ ਮਾਰਿਆ ਅਤੇ ਉਸਦੀਆਂ ਆਦਰਾਂ ਬਾਹਰ ਕੱਢ ਦਿੱਤੀਆਂ ਅਤੇ ਨਾਲ ਦੀ ਨਾਲ ਇਕ ਉੱਚਾ ਲਲਕਾਰਾ ਮਾਰਦਿਆ ਕਿਹਾ, 'ਇਸ ਨੂੰ ਵੀ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਲੈ ਜਾਉ।'

ਇਸ ਕਤਲ ਦਾ ਤਸਵੀਰੀ ਵਰਣਨ ਕਰਨਲ ਗਾਰਡਨਰ ਜਿਹੜਾ ਕਿ ਇਸ ਕਤਲ ਦਾ ਚਸ਼ਮਦੀਦ ਗਵਾਹ ਸੀ, ਨੇ ਕੀਤਾ ਹੈ।

ਚੇਤ ਸਿੰਘ ਦੀ ਸਾਰੀ ਜਾਇਦਾਦ ਜਿਹੜੀ ਕਿ 50 ਤੋਂ 90 ਲੱਖ ਰੁਪਏ ਦੇ ਵਿਚਕਾਰ ਸੀ, ਕੁਰਕ ਕਰ ਲਈ ਗਈ। ਬਾਜਵੇ ਦੇ ਮੁੱਖ ਹਿਮਾਇਤੀ ਮਿਸਰ ਬੇਲੀ ਰਾਮ ਅਤੇ ਉਸ ਦੇ ਭਰਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਨਾਲ ਹੀ ਉਨ੍ਹਾਂ ਦੀਆਂ ਜਾਇਦਾਦਾਂ ਜਿਨ੍ਹਾਂ ਦਾ ਮੁਲ ਕੋਈ 70 ਲੱਖ ਰੁਪਏ ਤੋਂ ਵੱਧ ਸੀ, ਵੀ ਜ਼ਬਤ ਕਰ ਲਈਆਂ।

ਇਤਿਹਾਸਕਾਰ ਲਿਖਦੇ ਹਨ ਕਿ ਮਹਾਰਾਜਾ ਖੜਕ ਸਿੰਘ ਦੀ ਹਾਜ਼ਰੀ ਵਿਚ ਹੋਏ ਚੇਤ ਸਿੰਘ ਬਾਜਵਾ ਦੇ ਕਤਲ ਤੋਂ ਪਿੱਛੋਂ ਉਹ ਆਪ ਘੱਟ ਹੀ ਦਰਬਾਰ ਜਾਇਆ ਕਰਦੇ ਸਨ ਅਤੇ ਉਨ੍ਹਾਂ ਨੇ ਲਾਹੌਰ ਦਰਬਾਰ ਦੇ ਇਸ ਅਪਮਾਨ ਨੂੰ ਕਦੇ ਵੀ ਨਹੀਂ ਸੀ ਭੁੱਲਿਆ।

ਪੰਜਾਬੀ ਦੇ ਪ੍ਰਸਿੱਧ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ ਚੇਤ ਸਿੰਘ ਬਾਜਵਾ ਦੇ ਕਤਲ ਦੀ ਵੀ ਡਟਕੇ ਨਿਖੇਧੀ ਕੀਤੀ ਅਤੇ ਇਸਨੂੰ ਰਾਜ-ਦਰਬਾਰ ਦੀ ਮਰਿਆਦਾ ਭੰਗ ਹੋ ਗਈ ਲਿਖਿਆ।

'ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।

ਅੱਗੇ ਜਾ ਕੇ ਸ਼ਾਹ ਮੁਹੰਮਦ ਲਿਖਦਾ ਹੈ ਕਿ ਇਸ ਸਾਰੀ ਧੱਕੇ ਸ਼ਾਹੀ ਰੁਚੀ ਕਾਰਨ ਹੀ ਦਰਬਾਰ ਵਿਚ ਖ਼ੂਨ-ਖਰਾਬੇ ਦਾ ਦੌਰ ਚਲਿਆ ਸੀ।

'ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖਾਲੀ ਨਹੀਂ ਜਾਣਾ ਇਕ ਵਾਰ ਮੀਆਂ।

ਸ਼ਾਹ ਮੁਹੰਮਦ ਲਿਖਦਾ ਹੈ ਕਿ ਆਪਣੇ ਕਦੀਮੀ ਯਾਰ (ਚੇਤ ਸਿੰਘ ਬਾਜਵਾ) ਦੀ ਮੌਤ ਤੇ ਮਹਾਰਾਜਾ ਖੜਕ ਸਿੰਘ ਧਾਹਾਂ ਮਾਰ-ਮਾਰ ਰੋਇਆ ਸੀ ਅਤੇ ਇਸੇ ਮੌਤ ਦੇ ਗ਼ਮ ਵਿਚ ਹੀ ਇਕ ਸਾਲ ਪਿੱਛੋਂ ਉਹ ਕਾਲ ਵੱਸ ਹੋ ਗਏ ਸਨ।

ਹ. ਪੁ.-ਹਿ. ਸਿ–ਖ਼ੁ. ਸਿੰਘ,ਤਵਾ ਗੁ. ਖਾ; ਏ ਹਿਸਟਰੀ ਆਫ਼ ਦੀ ਰੇਨਿੰਗ ਫੈਮਿਲੀ ਆਫ਼ ਲਾਹੌਰ–ਸੰਪਾਦਕੀ ਮੇਜਰ ਜੀ ਕਾਰਮਾਈਕਲ ਸਮਿਥ; ਪੰਜਾਬ ਆਨ ਦੀ ਈਵ ਆਫ਼ ਫ਼ਸਟ ਸਿੱਖ ਵਾਰ–1844-ਹ.ਰ. ਗੁਪਤਾ

**ਚੇਤਨਾ** : ਜੀਵਧਾਰੀਆਂ ਦੀ ਉਹ ਤੱਤ ਚੇਤਨਾ ਹੈ ਜੋ ਉਨ੍ਹਾਂ ਨੂੰ ਨਿਰਜੀਵ ਪਦਾਰਥਾਂ ਤੋਂ ਵੱਖਰਾ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਚੇਤਨਾ ਨੂੰ ਮਨੁੱਖਾਂ ਦੀਆਂ ਜੀਵਨ-ਕਿਰਿਆਵਾਂ ਨੂੰ ਚਲਾਉਣ ਵਾਲਾ ਤੱਤ ਕਹਿ ਸਕਦੇ ਹਾਂ। ਚੇਤਨਾ ਆਪ ਤੇ ਆਪਣੇ ਆਸ ਪਾਸ ਨੂੰ ਸਮਝਣ ਤੇ ਉਸ ਦੀਆਂ ਗੱਲਾਂ ਦਾ ਮੁਲਾਂਕਣ ਕਰਨ ਦੀ ਸ਼ਕਤੀ ਦਾ ਨਾਂ ਹੈ। ਪੁਰਾਣੇ ਸਮਿਆਂ ਤੋਂ ਸੈਰੀਬਰੱਲ ਕਾਰਟੈਕਸ ਨੂੰ ਚੇਤਨਾ ਦਾ ਮੁੱਖ ਸਥਾਨ ਮੰਨਿਆ ਗਿਆ ਹੈ ਪਰ ਬਾਅਦ ਵਿਚ ਚੇਤਨਾ ਦਾ ਸਥਾਨ ਥੈਲਾਸ, ਹਾਈਪੋਥੈਲਮਸ ਅਤੇ ਉਪਰਲੇ ਦਿਮਾਗ ਦੇ ਉਪਰਲੇ ਭਾਗ ਦੇ ਆਸ ਪਾਸ ਮੰਨਿਆ ਗਿਆ ਹੈ। ਚੇਤਨਾ ਮਨੁੱਖ ਦੀ ਉਹ ਵਿਸ਼ੇਸ਼ਤਾ ਹੈ ਜੋ ਉਸ ਨੂੰ ਜੀਉਂਦਿਆਂ ਰੱਖਦੀ ਹੈ ਤੇ ਜੋ ਉਸ ਨੂੰ ਆਪਣੇ ਨਿੱਜ ਬਾਰੇ ਅਤੇ ਆਪਣੇ ਆਸ ਪਾਸ ਬਾਰੇ ਜਾਣਕਾਰੀ ਦਿੰਦੀ ਹੈ। ਇਸ ਗਿਆਨ ਨੂੰ ਵਿਚਾਰ-ਸ਼ਕਤੀ ਜਾਂ ਬੁੱਧੀ ਆਖਿਆ ਜਾਂਦਾ ਹੈ। ਇਹੀ ਵਿਸ਼ੇਸ਼ਤਾ ਮਨੁੱਖ ਵਿਚ ਅਜਿਹੇ ਕੰਮ ਕਰਦੀ ਹੈ ਜਿਸ ਕਾਰਨ ਉਹ ਜੀਵਿਤ ਪ੍ਰਾਣੀ ਸਮਝਿਆ ਜਾਂਦਾ ਹੈ। ਮਨੁੱਖ ਆਪਣੀ ਕੋਈ ਵੀ ਸਰੀਰਕ ਕਿਰਿਆ ਉਦੋਂ ਤੱਕ ਨਹੀਂ ਕਰ ਸਕਦਾ ਜਦੋਂ ਤਕ ਕਿ ਉਸ ਨੂੰ ਪਹਿਲਾਂ ਇਹ ਗਿਆਨ ਨਾ ਹੋਵੇ ਕਿ ਉਹ ਉਸ ਕੰਮ ਨੂੰ ਕਰ ਸਕਦਾ ਹੈ। ਮਨੁੱਖ ਸਿਰਫ਼ ਚੇਤਨਾ ਤੋਂ ਉਤਪੰਨ ਪ੍ਰੇਰਨਾ ਦੇ ਕਾਰਨ ਹੀ ਕੋਈ ਕੰਮ ਕਰ ਸਕਦਾ ਹੈ।

ਚੇਤਨਾ ਤੇ ਮਨੁੱਖੀ ਚਰਿੱਤਰ ਵਿਚ ਮੌਲਿਕ ਸਬੰਧ ਹੈ। ਚੇਤਨਾ ਉਹ ਵਿਸ਼ੇਸ਼ ਗੁਣ ਹੈ ਜੋ ਮਨੁੱਖ ਨੂੰ ਜੀਵਿਤ ਬਣਾਉਂਦਾ ਹੈ ਅਤੇ ਮਨੁੱਖ ਦਾ ਚਰਿੱਤਰ ਉਹ ਸੰਪੂਰਨ ਸੰਗਠਨ ਹੈ ਜਿਸ ਦੁਆਰਾ ਉਸ ਦੇ ਜੀਵਿਤ ਰਹਿਣ ਦੀ ਅਸਲੀਅਤ ਵਿਅਕਤ ਹੁੰਦੀ ਹੈ ਭਾਵ ਜਿਸ ਦੁਆਰਾ ਜੀਵਨ ਦੇ ਵੱਖ-ਵੱਖ ਕੰਮ ਚਲਾਏ ਜਾਂਦੇ ਹਨ।

ਕਿਸੇ ਵਿਅਕਤੀ ਦੀ ਚੇਤਨਾ ਤੇ ਚਰਿੱਤਰ ਕੇਵਲ ਉਸ ਦੀ ਨਿੱਜੀ ਸੰਪਤੀ ਨਹੀਂ ਹੁੰਦੇ। ਉਸ ਉਤੇ ਸਮਾਜਿਕ ਤੇ ਵਿਸ਼ੇਸ਼ ਪਿਤਰੀ ਸੰਸਕਾਰਾਂ ਦੀ ਛਾਪ ਹੁੰਦੀ ਹੈ। ਉਹ ਇਤਿਹਾਸ ਨੂੰ ਵੀ ਆਪਣੇ ਆਪ ਵਿਚ ਨਿਰੂਪਿਤ ਕਰਦਾ ਹੈ ਕਿਉਂਕਿ ਉਸ ਨੇ ਵੱਖ-ਵੱਖ ਪ੍ਰਕਾਰ ਦੀ ਸਿਖਿਆ ਜੀਵਨ ਵਿਚ ਗ੍ਰਹਿਣ ਕੀਤੀ ਹੈ। ਇਸ ਤੋਂ ਇਲਾਵਾ ਉਹ ਦੂਸਰੇ ਲੋਕਾਂ ਨੂੰ ਵੀ ਆਪਣੇ ਦੁਆਰਾ ਨਿਰੂਪਿਤ ਕਰਦਾ ਹੈ ਕਿਉਂਕਿ ਉਨ੍ਹਾਂ ਦਾ ਪ੍ਰਭਾਵ ਉਸ ਦੇ ਜੀਵਨ ਤੇ ਉਨ੍ਹਾਂ ਦੀਆਂ ਉਦਾਹਰਨਾਂ ਤੇ ਉਪਦੇਸ਼ਾਂ ਆਦਿ ਦੁਆਰਾ ਪਿਆ ਹੈ।

ਜਦੋਂ ਇਕ ਵਾਰ ਮਨੁੱਖ ਦੀ ਚੇਤਨਾ ਵਿਕਸਿਤ ਹੋ ਜਾਂਦੀ ਹੈ ਤਾਂ ਉਸ ਦੀ ਕੁਦਰਤੀ ਆਜ਼ਾਦੀ ਖ਼ਤਮ ਹੋ ਜਾਂਦੀ ਹੈ। ਉਹ ਅਜਿਹੀ ਹਾਲਤ ਵਿਚ ਵੱਖ-ਵੱਖ ਪ੍ਰੇਰਣਾਵਾਂ ਤੇ ਅੰਦਰਲੀਆਂ ਪ੍ਰਵਿਰਤੀਆਂ ਤੋਂ ਪ੍ਰੇਰਿਤ ਹੁੰਦਾ ਹੈ ਪਰ ਉਨ੍ਹਾਂ ਨੂੰ ਸੁਤੰਤਰ ਰੂਪ ਵਿਚ ਪ੍ਰਗਟ ਨਹੀਂ ਕਰ ਸਕਦਾ ਕਿਉਂਕਿ ਅਜਿਹਾ ਉਸ ਨੂੰ ਸਮਾਜਿਕ ਬੰਧਨਾਂ ਜਾਂ ਨਿੱਜੀ ਸੁਭਾਅ ਕਾਰਨ ਕਰਨਾ ਪੈਂਦਾ ਹੈ। ਇਉਂ ਚੇਤਨਾ ਮਨੁੱਖ ਦੇ ਅਵਚੇਤਨ ਜਾਂ ਪ੍ਰਾਕਿਰਤਕ ਮਨ ਤੇ ਆਪਣਾ ਨਿਯੰਤਰਣ ਰੱਖਦੀ ਹੈ। ਮਨੁੱਖ ਤੇ ਪਸ਼ੂ ਵਿਚ ਇਹੀ ਵਿਸ਼ੇਸ਼ ਫ਼ਰਕ ਹੈ।

ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਚੇਤਨਾ ਮਨੁੱਖ ਵਿਚ ਉਪਸਥਿਤ ਉਹ ਤੱਤ ਹੈ ਜਿਸ ਦੇ ਕਾਰਨ ਉਸ ਨੂੰ ਸਭ ਪ੍ਰਕਾਰ ਦੇ ਅਨੁਭਵ ਹੁੰਦੇ ਹਨ। ਚੇਤਨਾ ਕਾਰਨ ਹੀ ਅਸੀਂ ਦੇਖਦੇ, ਸੁਣਦੇ, ਸਮਝਦੇ ਤੇ ਅਨੇਕਾਂ ਵਿਸ਼ਿਆਂ ਬਾਰੇ ਚਿੰਤਨ ਕਰਦੇ ਹਾਂ। ਇਸੇ ਕਾਰਨ ਹੀ ਸਾਨੂੰ ਦੁੱਖ-ਸੁੱਖ ਦਾ ਅਨੁਭਵ ਹੁੰਦਾ ਹੈ ਅਤੇ ਇਸੇ ਕਰਕੇ ਹੀ ਅਸੀਂ ਅਨੇਕ ਪ੍ਰਕਾਰ ਦੇ

ਨਿਸਚੇ ਕਰਦੇ ਹਾਂ ਅਤੇ ਅਨੇਕ ਪਦਾਰਥਾਂ ਦੀ ਪ੍ਰਾਪਤੀ ਲਈ ਇੱਛਾ ਕਰਦੇ ਹਾਂ।

ਮਾਨਵ ਚੇਤਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਹਨ। ਇਹ ਗਿਆਨਾਤਮਕ, ਭਾਵਾਤਮਕ ਤੇ ਕਿਰਿਆਤਮਕ ਹੁੰਦੀ ਹੈ। ਭਾਰਤੀ ਫ਼ਿਲਾਸਫ਼ਰਾਂ ਨੇ ਇਸ ਨੂੰ ਸੱਚ ਦਾ ਅਨੰਦ ਰੂਪ ਕਿਹਾ ਹੈ। ਆਧੁਨਿਕ ਮਨੋਵਿਗਿਆਨੀ ਵੀ ਉਕਤ ਵਿਚਾਰ ਨਾਲ ਸਹਿਮਤ ਹਨ। ਚੇਤਨਾ ਉਹ ਤੱਤ ਹੈ ਜਿਸ ਵਿਚ ਗਿਆਨ ਭਾਵ ਅਤੇ ਵਿਅਕਤੀ ਅਰਥਾਤ ਕਿਰਿਆਸ਼ੀਲਤਾ ਦਾ ਅਨੁਭਵ ਹੈ।

ਦਰਸ਼ਨ ਵਿਚ ਚੇਤਨਾ ਨੂੰ ਸਵੈ ਪ੍ਰਕਾਸ਼ ਤੱਤ ਮੰਨਿਆ ਗਿਆ ਹੈ। ਮਨੋਵਿਗਿਆਨ ਅਜੇ ਤੱਕ ਚੇਤਨਾ ਦੇ ਸਰੂਪ ਵਿਚ ਅਗੇ ਨਹੀਂ ਵੱਧ ਸਕਿਆ। ਚੇਤਨਾ ਹੀ ਸਾਰੇ ਪਦਾਰਥਾਂ ਨੂੰ ਜੜ-ਚੇਤਨ, ਸਰੀਰ ਮਨ, ਨਿਰਜੀਵ ਜੀਵਿਤ ਦਿਮਾਗ਼ੀ ਨਾੜਾਂ ਆਦਿ ਨੂੰ ਬਣਾਉਂਦੀ ਹੈ ਅਤੇ ਉਨ੍ਹਾਂ ਦਾ ਸਰੂਪ ਨਿਰੂਪਿਤ ਕਰਦੀ ਹੈ। ਭਾਵੇਂ ਮਨੋਵਿਗਿਆਨ ਬਹੁਤ ਉੱਨਤੀ ਕਰ ਚੁਕਿਆ ਹੈ ਪਰ ਚੇਤਨਾ ਬਾਰੇ ਅਜੇ ਤਕ ਅੰਤਿਮ ਨਿਰਣਾ ਨਹੀਂ ਹੋ ਸਕਿਆ। ਪੈਵਲਾਫ ਤੇ ਵਾਟਸਨ ਦਾ ਕਹਿਣਾ ਹੈ ਕਿ ਮਨ ਤੇ ਚੇਤਨਾ ਦੇ ਵਿਸ਼ੇ ਵਿਚ ਮਨੋਵਿਗਿਆਨ ਦਾ ਸੋਚਣਾ ਵਿਅਰਥ ਹੈ ਕਿਉਂਕਿ ਮਨੋਵਿਗਿਆਨ ਦਾ ਵਿਸ਼ਾ ਮਨੁੱਖ ਦਾ ਦ੍ਰਿਸ਼ਟਮਾਨ ਵਿਹਾਰ ਹੀ ਹੋਣਾ ਚਾਹੀਦਾ ਹੈ।

ਚੇਤਨਾ ਦੇ ਸਰੀਰ ਨਾਲ ਸਬੰਧ ਦੇ ਵਿਸ਼ੇ ਵਿਚ ਮਨੋਵਿਗਿਆਨੀਆਂ ਦੇ ਵੱਖ-ਵੱਖ ਵਿਚਾਰ ਹਨ। ਕੁਝ ਅਨੁਸਾਰ ਦਿਮਾਗ਼ ਵਿਚ ਹੋਣ ਵਾਲੀਆਂ ਕਿਰਿਆਵਾਂ ਅਰਥਾਤ ਕੁਝ ਨਾੜੀਆਂ ਦੀ ਥਰਕਣ ਦਾ ਸਿੱਟਾ ਹੀ ਚੇਤਨਾ ਹੈ। ਦੂਸਰਿਆਂ ਦਾ ਵਿਚਾਰ ਹੈ ਕਿ ਚੇਤਨਾ ਆਪ ਹੀ ਤੱਤ ਹੈ ਤੇ ਉਸਦਾ ਸਰੀਰ ਨਾਲ ਆਪਸੀ ਸਬੰਧ ਹੈ, ਅਰਥਾਤ ਚੇਤਨਾ ਵਿਚ ਹੋਣ ਵਾਲੀਆਂ ਕਿਰਿਆਵਾਂ ਸਰੀਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਕ ਮੱਤ ਅਨੁਸਾਰ ਸਰੀਰ ਚੇਤਨਾ ਦੇ ਕਾਰਜ ਕਰਨ ਦਾ ਯੰਤਰ ਮਾਤਰ ਹੈ, ਜਿਸ ਨੂੰ ਉਹ ਕਦੇ ਵਰਤੋਂ ਵਿਚ ਲਿਆਉਂਦੀ ਹੈ ਤੇ ਕਦੇ ਨਹੀਂ ਲਿਆਉਂਦੀ ਪਰ ਜੇਕਰ ਯੰਤਰ ਵਿਗੜ ਜਾਵੇ ਜਾਂ ਟੁੱਟ ਜਾਵੇ ਤਾਂ ਚੇਤਨਾ ਆਪਣੇ ਕੰਮਾਂ ਲਈ ਅੰਗਹੀਣ ਹੋ ਜਾਂਦੀ ਹੈ।

ਚੇਤਨਾ ਦੇ ਤਿੰਨ ਪੱਧਰ ਮੰਨੇ ਗਏ ਹਨ। ਚੇਤਨ, ਅਵਚੇਤਨ ਤੇ ਅਚੇਤਨ। ਚੇਤਨ ਸੱਤਰ ਤੇ ਅਸੀਂ ਸੋਚਦੇ ਸਮਝਦੇ ਤੇ ਕੰਮ ਕਰਦੇ ਹਾਂ। ਚੇਤਨਾ ਵਿਚ ਹੀ ਮਨੁੱਖ ਦੀ ਹਉਮੈ ਰਹਿੰਦੀ ਹੈ ਅਤੇ ਇਥੇ ਹੀ ਵਿਚਾਰਾਂ ਦਾ ਸੰਗਠਨ ਹੁੰਦਾ ਹੈ। ਅਵਚੇਤਨ ਪੱਧਰ ਤੇ ਉਹ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਦਾ ਗਿਆਨ ਸਾਨੂੰ ਹਰ ਸਮੇਂ ਨਹੀਂ ਹੁੰਦਾ ਪਰ ਲੋੜ ਪੈਣ ਤੇ ਯਾਦ ਕੀਤੀਆਂ ਜਾ ਸਕਦੀਆਂ ਹਨ। ਅਚੇਤਨ ਪੱਧਰ ਤੇ ਉਹ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਭੁਲ ਚੁੱਕੇ ਹੁੰਦੇ ਹਾਂ ਅਤੇ ਜਿਹੜੀਆਂ ਯਤਨ ਕਰਨ ਦੇ ਬਾਵਜੂਦ ਵੀ ਸਾਨੂੰ ਨਹੀਂ ਆਉਂਦੀਆਂ ਅਤੇ ਜਿਨ੍ਹਾਂ ਨੂੰ ਵਿਸ਼ੇਸ਼ ਪ੍ਰਕਿਰਿਆ ਨਾਲ ਯਾਦ ਕਰਵਾਇਆ ਜਾਂਦਾ ਹੈ। ਜਿਹੜੇ ਅਨੁਭਵ ਇਕ ਵਾਰ ਚੇਤਨਾ ਵਿਚ ਹੁੰਦੇ ਹਨ ਉਹੋ ਹੀ ਕਦੇ ਅਵਚੇਤਨ ਤੇ ਅਚੇਤਨ ਮਨ ਵਿਚ ਚਲੇ ਜਾਂਦੇ ਹਨ।

ਚੇਤਨਾ ਸਮਾਜਿਕ ਵਾਤਾਵਰਣ ਦੇ ਸੰਪਰਕ ਨਾਲ ਵਿਕਸਿਤ ਹੁੰਦੀ ਹੈ। ਵਾਤਾਵਰਣ ਦੇ ਪ੍ਰਭਾਵ ਨਾਲ ਮਨੁੱਖ ਸਦਾਚਾਰ, ਉਪਯੁਕਤਤਾ ਅਤੇ ਵਿਹਾਰ ਕੁਸ਼ਲਤਾ ਪ੍ਰਾਪਤ ਕਰਦਾ ਹੈ। ਇਸ ਨੂੰ ਚੇਤਨਾ ਦਾ ਵਿਕਾਸ ਆਖਿਆ ਜਾਂਦਾ ਹੈ। ਵਿਕਾਸ ਦੇ ਸਿਖਰ ਤੇ ਚੇਤਨਾ ਨਿੱਜੀ ਸੁਤੰਤਰਤਾ ਦਾ ਅਨੁਭਵ ਕਰਦੀ ਹੈ। ਉਹ ਸਮਾਜਿਕ ਗੱਲਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਤੇ ਉਨ੍ਹਾਂ ਤੋਂ ਪ੍ਰਭਾਵਿਤ ਹੁੰਦੀ ਹੈ ਪਰ ਇਸ ਪ੍ਰਭਾਵ ਤੋਂ ਆਪਣੇ ਆਪ ਨੂੰ ਵੱਖ ਵੀ ਕਰ ਸਕਦੀ ਹੈ। ਚੇਤਨਾ ਨੂੰ ਦੇਸ਼ ਅਤੇ ਕਾਲ ਦੀ ਸੀਮਾਂ ਤੋਂ ਬਾਹਰ ਮੰਨਿਆ ਗਿਆ ਹੈ।

**ਹ. ਪੁ.-ਹਿੰ. ਵਿ. ਕੋ. 4: 282**

**ਚੇਤਵਾਈ** : ਭਾਰਤ ਦੇ ਕੇਰਲ ਰਾਜ ਵਿਚ ਮਲਾਪੁਰਮ ਜ਼ਿਲ੍ਹੇ ਦੇ ਪੋਨਾਲੀ ਤਅਲੁਕੇ ਵਿਚ ਇਹ ਇਕ ਇਤਿਹਾਸਕ ਪਿੰਡ ਹੈ। ਸੰਨ 1717 ਵਿਚ ਡੱਚਾਂ ਨੇ ਜ਼ੈਮੋਰਿਨ ਪਾਸੋਂ ਇਸਨੂੰ ਆਪਣੇ ਕਬਜ਼ੇ ਵਿਚ ਲਿਆ ਅਤੇ ਇਕ ਕਿਲਾ ਉਸਾਰਿਆ ਤੇ ਇਸ ਨੂੰ ਆਪਣੇ ਪ੍ਰਾਂਤ ਪਾਪਿਨੀਵਟਮ ਦੀ ਰਾਜਧਾਨੀ ਬਣਾ ਲਿਆ। ਸੰਨ 1776 ਵਿਚ ਹੈਦਰਅਲੀ ਨੇ ਇਸ ਕਿਲੇ ਤੇ ਕਬਜ਼ਾ ਕਰ ਲਿਆ। ਸੰਨ 1790 ਵਿਚ ਚੇਤਵਾਈ ਅੰਗਰੇਜ਼ਾਂ ਅਧੀਨ ਆ ਗਿਆ ਅਤੇ ਕੋਚੀਨ ਦੇ ਰਾਜੇ ਨੂੰ 1805 ਤੱਕ ਪਟੇ ਤੇ ਦੇ ਦਿਤਾ ਤੇ ਬਾਅਦ ਵਿਚ ਕੰਪਨੀ ਦੇ ਸਿੱਧੇ ਰਾਜ-ਪ੍ਰਬੰਧ ਅਧੀਨ ਆ ਗਿਆ। ਅੱਜਕੱਲ੍ਹ ਕਿਲੇ ਦੀਆਂ ਨੀਹਾਂ ਹੀ ਖੰਡਰ ਰੂਪ ਰਹਿ ਗਈਆ ਹਨ।

10° 32′ ਉ. ਵਿਥ.; 76° 3′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 10: 194

**ਚੇਦੀ** : ਇਹ ਆਰੀਆਂ ਦਾ ਇਕ ਬਹੁਤ ਪੁਰਾਣਾ ਬੰਸ ਹੈ। ਸੰਭਾਵਨਾ ਹੈ ਕਿ ਰਿਗਵੇਦ ਕਾਲ ਵਿਚ ਇਹ ਲੋਕ ਜਮਨਾ ਅਤੇ ਵਿੰਧਿਆਚਲ ਵਿਚਕਾਰ ਵਸੇ ਹੋਏ ਸਨ। ਪੁਰਾਣਿਕ ਇਤਿਹਾਸ ਅਨੁਸਾਰ ਯਾਦਵਾਂ ਦੇ ਰਾਜਾ ਵਿਦਰਭ ਦੇ ਤਿੰਨ ਪੁੱਤਰਾਂ ਵਿਚੋਂ ਦੂਜਾ ਪੁੱਤਰ ਕੈਸ਼ਿਕ, ਚੇਦੀ ਦਾ ਰਾਜਾ ਬਣਿਆ ਅਤੇ ਉਸਨੇ ਚੇਦੀ ਬੰਸ ਦੀ ਸਥਾਪਨਾ ਕੀਤੀ। ਖ਼ਿਆਲ ਕੀਤਾ ਜਾਂਦਾ ਹੈ ਕਿ ਚੇਦੀ ਰਾਜ ਆਧੁਨਿਕ ਬੁੰਦੇਲਖੰਡ ਵਿਚ ਵਸਿਆ ਹੋਵੇਗਾ ਅਤੇ ਜਮਨਾ ਤੇ ਦੱਖਣ ਵਿਚ ਚੰਬਲ ਅਤੇ ਕੇਨ ਨਦੀਆਂ ਵਿਚਕਾਰ ਫੈਲਿਆ ਹੋਵੇਗਾ। ਕੁਰੂ ਦੇ ਸਭ ਤੋਂ ਛੋਟੇ ਲੜਕੇ ਵਸੂ ਨੇ ਰਾਜਾ ਬਣਨ ਉਪਰੰਤ ਯਾਦਵਾਂ ਤੋਂ ਚੇਦੀ ਜਿੱਤ ਕੇ ਇਕ ਨਵੇਂ ਬੰਸ ਦੀ ਸਥਾਪਨਾ ਕੀਤੀ। ਉਸਦੇ ਪੰਜ ਪੁੱਤਰਾਂ ਵਿਚੋਂ ਚੌਥੇ ਪੁੱਤਰ ਪ੍ਰਤਯਗ੍ਰਹਿ ਨੂੰ ਚੇਦੀ ਦਾ ਰਾਜ ਮਿਲਿਆ। ਮਹਾਂਭਾਰਤ ਦੇ ਯੁੱਧ ਵਿਚ ਚੇਦੀਆਂ ਨੇ ਪਾਂਡਵਾਂ ਦਾ ਸਾਥ ਦਿੱਤਾ। ਚੇਦੀ ਲੋਕਾਂ ਦੇ ਦੋ ਥਾਵਾਂ, ਨੇਪਾਲ ਅਤੇ ਬੁੰਦੇਲਖੰਡ ਵਿਚ ਵਸਣ ਦੇ ਸਬੂਤ ਮਿਲਦੇ ਹਨ। ਇਨ੍ਹਾਂ ਵਿਚੋਂ ਦੂਜੇ ਨੇ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ। ਮੁਦਰਾ ਰਾਕਸ਼ਸ਼ ਵਿਚ ਮਲਯਕੇਤੂ ਦੀ ਫ਼ੌਜ ਵਿਚ ਖਸ਼, ਮਗਧ, ਗੰਧਾਰ, ਯਵਨ, ਸ਼ਕ ਅਤੇ ਹੂਨ ਦੇ ਨਾਲ ਚੇਦੀ ਲੋਕਾਂ ਦਾ ਵੀ ਨਾਉ ਆਉਂਦਾ ਹੈ।

ਭੁਵਨੇਸ਼ਵਰ ਦੇ ਨਜ਼ਦੀਕ ਉਦੈਗਿਰੀ ਪਹਾੜੀ ਉਤੇ ਸਥਿਤ ਹਾਥੀ ਗੁਫ਼ਾ ਦੇ ਅਭਿਲੇਖ ਤੋਂ ਪਤਾ ਲਗਦਾ ਹੈ ਕਿ ਚੇਦੀ ਬੰਸ ਦੀ ਇਕ ਸ਼ਾਖਾ ਨੇ ਕਲਿੰਗਾ ਵਿਚ ਪ੍ਰਵੇਸ਼ ਕੀਤਾ ਅਤੇ ਉਥੇ ਆਪਣਾ ਰਾਜ ਸਥਾਪਿਤ ਕਰ ਲਿਆ। ਇਹ ਬੰਸ ਆਪਣੇ ਆਪ ਨੂੰ ਪ੍ਰਾਚੀਨ ਚੇਦੀ ਰਾਜ ਵਸੂ ਦੀ ਸੰਤਾਨ ਵਿਚੋਂ ਦੱਸਦਾ ਹੈ। ਸੰਭਾਵਨਾ ਹੈ ਕਿ ਕਲਿੰਗਾ ਵਿਚ ਇਸ ਬੰਸ ਦੀ ਸਥਾਪਨਾ ਮਹਾਮੇਘਵਾਹਨ ਨੇ ਕੀਤੀ ਸੀ ਜਿਸ ਦੇ ਨਾਉਂ ਤੇ ਇਸ ਬੰਸ ਦੇ ਰਾਜੇ ਮਹਾਮੇਘਵਾਹਨ ਕਹਾਉਂਦੇ ਹਨ। ਖਾਰਵੇਲ ਜਿਸ ਦੇ ਸਮੇਂ ਦਾ ਹਾਥੀ ਗੁਫ਼ਾ ਦਾ ਅਭਿਲੇਖ ਮਿਲਿਆ, ਇਸ ਬੰਸ ਦਾ ਤੀਜਾ ਰਾਜਾ ਸੀ। ਮਹਾਮੇਘਵਾਹਨ ਅਤੇ ਖਾਰਵੇਲ ਦੇ ਵਿਚਕਾਰਲੇ ਇਤਿਹਾਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਮਹਾਰਾਜਾ ਵਕਰਦੇਵ, ਜਿਸਦੇ ਰਾਜ-ਕਾਲ ਸਮੇਂ ਉਦੈਗਿਰੀ ਪਹਾੜੀ ਦੀ ਮੰਚਪੁਰੀ ਗੁਫ਼ਾ ਦਾ ਹੇਠਲਾ ਭਾਗ ਬਣਿਆ, ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਬੰਸ ਦਾ ਦੂਜਾ ਰਾਜਾ ਸੀ ਅਤੇ ਖਾਰਵੇਲ ਦਾ ਪਿਤਾ ਸੀ।

ਖਾਰਵੇਲ ਪ੍ਰਾਚੀਨ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ਼ਾਸਕਾਂ ਵਿਚੋਂ ਸੀ। ਹਾਥੀਗੁਫਾ ਤੋਂ ਮਿਲੇ ਅਭਿਲੇਖ ਤੋਂ ਪਤਾ ਲਗਦਾ ਹੈ ਕਿ ਖਾਰਵੇਲ ਅਸਾਧਾਰਨ ਯੋਗਤਾ ਰੱਖਣ ਵਾਲਾ ਫ਼ੌਜ ਦਾ ਮੁੱਖੀ ਸੀ। ਇਸਨੇ ਕਲਿੰਗਾ ਨੂੰ ਬਹੁਤ ਜ਼ਿਆਦਾ ਪ੍ਰਸਿੱਧ ਅਤੇ ਉੱਨਤ ਕੀਤਾ। ਇਸਦੇ ਰਾਜ-ਕਾਲ ਦੇ ਸਮੇਂ ਬਾਰੇ ਵਿਦਵਾਨਾਂ ਵਿਚ ਅੱਜ ਵੀ ਮਤਭੇਦ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਖਾਰਵੇਲ ਨੇ ਦੂਜੀ ਸਦੀ ਈ. ਪੂ. ਦੇ ਪਹਿਲੇ ਅੱਧ ਵਿਚ ਰਾਜ ਕੀਤਾ ਜਦੋਂ ਕਿ ਕੁਝ ਵਿਦਵਾਨ ਪਹਿਲੀ ਸਦੀ ਈ. ਪੂ. ਦੇ ਪਿਛਲੇ

ਅੱਧ ਨੂੰ ਖਾਰਵੇਲ ਦਾ ਰਾਜ-ਕਾਲ ਮੰਨਦੇ ਹਨ। ਵਿਦਵਾਨਾਂ ਦੀ ਵਧੇਰੇ ਗਿਣਤੀ ਪਿਛਲੇ ਵਿਚਾਰ ਦੇ ਪੱਖ ਵਿਚ ਹੈ।

15 ਸਾਲ ਦੀ ਉਮਰ ਤੱਕ ਖਾਰਵੇਲ ਨੇ ਰਾਜਨੀਤਕ ਸਿੱਖਿਆ ਪ੍ਰਾਪਤ ਕੀਤੀ। 16ਵੇਂ ਸਾਲ ਵਿਚ ਇਹ ਯੁਵਰਾਜ ਬਣਿਆ। 24 ਸਾਲ ਦੀ ਉਮਰ ਵਿਚ ਇਹ ਗੱਦੀ ਤੇ ਬੈਠਾ। ਆਪਣੇ ਰਾਜ ਦੇ ਪਹਿਲੇ ਸਾਲ ਵਿਚ ਇਸਨੇ ਕਲਿੰਗਾ ਸ਼ਹਿਰ ਵਿਚਲੇ ਦਰਵਾਜ਼ਿਆਂ ਕੰਧਾਂ ਅਤੇ ਤਲਾਵਾਂ ਦੀ ਮੁਰੰਮਤ ਦਾ ਕੰਮ ਕਰਵਾਇਆ। ਸ਼ਾਸਨ ਦੇ ਦੂਜੇ ਸਾਲ ਵਿਚ ਇਸਨੇ ਸਾਤਵਾਹਨ ਸ਼ਾਸਕ ਸਾਤਕਾਰਨੀ ਦੀ ਪ੍ਰਵਾਹ ਨਾ ਕਰਦਿਆਂ ਹੋਇਆ ਇਕ ਵਿਸ਼ਾਲ ਫ਼ੌਜ ਦੀ ਮਦਦ ਨਾਲ ਕ੍ਰਿਸ਼ਨਾ ਨਦੀ ਉਤੇ ਸਥਿਤ ਆਸ਼ਿਕ ਨਗਰ ਤੇ ਹਮਲਾ ਕਰਕੇ ਉਸਨੂੰ ਤਬਾਹ ਕਰ ਦਿੱਤਾ। ਤੀਜੇ ਸਾਲ ਇਸਨੇ ਨਾਗਰਿਕਾਂ ਨੂੰ ਹਰ ਪ੍ਰਕਾਰ ਦੇ ਮਨੋਰੰਜਨ ਜਿਵੇਂ ਨਿਰਤਕਾਰੀ, ਸੰਗੀਤ ਅਤੇ ਮੇਲਿਆਂ ਆਦਿ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ। ਚੌਥੇ ਸਾਲ ਇਸਨੇ ਵਿਦਿਆਧਰ ਨਾਉਂ ਦੇ ਰਾਜੇ ਦੀ ਰਾਜਧਾਨੀ ਤੇ ਕਬਜ਼ਾ ਕਰ ਲਿਆ ਅਤੇ ਵਿਦਰਭ ਦੇ ਰਾਸ਼ਟ੍ਰਿਕਾਂ ਅਤੇ ਫੌਜਾਂ ਨੂੰ ਹਰਾਇਆ। ਆਪਣੇ ਰਾਜ ਦੇ ਪੰਜਵੇਂ ਸਾਲ ਇਸਨੇ ਨੰਦ ਰਾਜਾ ਦੁਆਰਾ ਬਣਾਈ ਨਹਿਰ ਦੀ ਲੰਬਾਈ ਵਿਚ ਵਾਧੇ ਤੋਂ ਇਲਾਵਾ ਹੋਰ ਬਹੁਤ ਸਾਰੇ ਲੋਕ-ਭਲਾਈ ਦੇ ਕੰਮ ਕੀਤੇ। ਛੇਵੇਂ ਸਾਲ ਇਸਨੇ ਸ਼ਹਿਰੀ ਅਤੇ ਪੇਂਡੂ ਇਲਾਕੇ ਦੇ ਲੋਕਾਂ ਦੇ ਟੈਕਸ ਮੁਆਫ਼ ਕਰ ਦਿੱਤੇ ਅਤੇ ਉਨ੍ਹਾਂ ਨੂੰ ਹੋਰ ਬਹੁਤ ਸਾਰੀਆਂ ਰਿਆਇਤਾਂ ਦਿੱਤੀਆਂ। ਇਸਦੇ ਰਾਜ ਦੇ ਸੱਤਵੇਂ ਸਾਲ ਦੇ ਕੰਮਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਅੱਠਵੇਂ ਸਾਲ ਇਸਨੇ ਬਾਰਬਾਰ ਪਹਾੜੀ ਉਤੇ ਸਥਿਤ ਗੋਰਥਗਿਰੀ ਕਿਲੇ ਨੂੰ ਤਬਾਹ ਕੀਤਾ ਅਤੇ ਰਾਜਗਰੀਹ ਦੇ ਲੋਕਾਂ ਨੂੰ ਤੰਗ ਕੀਤਾ। ਰਾਜ ਦੇ ਨੌਵੇਂ ਸਾਲ ਇਸਨੇ 38 ਲੱਖ ਰੁਪਏ ਦੀ ਲਾਗਤ ਨਾਲ ਮਹਾਵਿਜੈ ਪ੍ਰਸਾਦ ਨਾਮਕ ਰਾਜਮਹੱਲ ਦੀ ਉਸਾਰੀ ਕਰਵਾਈ। ਦਸਵੇਂ ਸਾਲ ਇਸਨੇ ਗੰਗਾ ਦੀ ਘਾਟੀ ਤੇ ਦੁਬਾਰਾ ਹਮਲਾ ਕੀਤਾ। ਗਿਆਰਵੇਂ ਸਾਲ ਇਸਦੀ ਫ਼ੌਜ ਨੇ ਪਿਥੁੰਡ ਦੇ ਪੁਰਾਣੇ ਸ਼ਹਿਰ ਨੂੰ ਤਬਾਹ ਕਰ ਦਿੱਤਾ। ਇਸੇ ਸਾਲ ਇਸਨੇ ਦੱਖਣ ਤੇ ਤਾਮਿਲ ਰਾਜਾਂ ਦੇ ਰਾਜ-ਸੰਘ ਨੂੰ ਤੋੜਿਆ। ਬਾਰਵੇਂ ਸਾਲ ਇਸਨੇ ਉੱਤਰ ਵੱਲ ਫਿਰ ਹਮਲਾ ਕਰਕੇ ਮਗਧ ਦੇ ਰਾਜਾ ਬ੍ਰਹਸਪਤੀ ਮਿਤ੍ਰਾ ਨੂੰ ਗੋਡੇ ਟੇਕਣ ਲਈ ਮਜਬੂਰ ਕੀਤਾ ਅਤੇ ਇਥੋਂ ਬਹੁਤ ਸਾਰਾ ਲੁੱਟ ਦਾ ਮਾਲ ਇਸਦੇ ਹੱਥ ਲੱਗਾ। ਇਸੇ ਸਾਲ ਇਸਨੇ ਪਾਂਡੇ ਰਾਜਾ ਉਤੇ ਵੀ ਜਿੱਤ ਪ੍ਰਾਪਤ ਕੀਤੀ ਅਤੇ ਉਸ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਮਣੀਆਂ (ਨਗੀਨੇ) ਅਤੇ ਮੋਤੀ ਪ੍ਰਾਪਤ ਕੀਤੇ। ਆਪਣੇ ਰਾਜ ਦੇ ਤੇਰਵੇਂ ਸਾਲ ਇਸਨੇ ਕੁਮਾਰੀ ਪਹਾੜ ਵਿਚ ਵਰਖਾ ਦੇ ਮੌਸਮ ਵਿਚ ਆਰਹਟਾਂ ਦੇ ਰਹਿਣ ਲਈ 15 ਲੱਖ ਦੀ ਲਾਗਤ ਨਾਲ ਗੁਫ਼ਾਵਾਂ ਬਣਵਾਈਆਂ। ਇਸ ਪ੍ਰਕਾਰ ਖਾਰਵੇਲ ਨੇ ਤੇਰ੍ਹਾਂ ਸਾਲ ਰਾਜ ਕੀਤਾ।

ਖਾਰਵੇਲ ਜੈਨ ਸੀ। ਇਸਨੇ ਅਤੇ ਇਸਦੀ ਰਾਣੀ ਨੇ ਜੈਨੀ ਭਿਖਸ਼ੂਆਂ ਦੇ ਗੁਜ਼ਾਰੇ ਦੇ ਪ੍ਰਬੰਧ ਕੀਤੇ। ਉਨ੍ਹਾਂ ਲਈ ਗੁਫ਼ਾਵਾਂ ਬਣਵਾਈਆਂ। ਇਹ ਬਾਕੀ ਧਰਮਾਂ ਦਾ ਵੀ ਸਮਾਨ ਆਦਰ ਕਰਦਾ ਸੀ। ਇਸਨੇ ਸਾਰੇ ਦੇਵਤਿਆਂ ਦੇ ਮੰਦਰਾਂ ਨੂੰ ਮੁੜ ਤੋਂ ਬਣਵਾਇਆ।

ਖਾਰਵੇਲ ਤੋਂ ਬਾਅਦ ਇਸ ਬੰਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਖ਼ਿਆਲ ਕੀਤਾ ਜਾਂਦਾ ਹੈ ਕਿ ਇਸਦੇ ਉਤਰਾਧਿਕਾਰੀ ਅਯੋਗ ਹੋਣ ਕਾਰਨ ਇਸਦੇ ਰਾਜ ਨੂੰ ਕਾਇਮ ਨਹੀਂ ਰੱਖ ਸਕੇ ਅਤੇ ਇਸ ਬੰਸ ਦਾ ਛੇਤੀ ਹੀ ਅੰਤ ਹੋ ਗਿਆ ਹੋਵੇ।

ਹ. ਪੂ.-ਅ. ਹਿ. ਇੰਡ-ਘੋਸ਼; ਹਿੰ. ਵਿ. ਕੋ. 4: 284

**ਚੇਦੀ (ਕਲਚੁਰੀ) ਰਾਜਵੰਸ਼** : ਇਸ ਰਾਜਵੰਸ਼ ਦਾ ਰਾਜ ਜੈਜਾਕ ਭੁਕਤੀ ਦੇ ਚੰਦੇਲਿਆਂ ਦੇ ਰਾਜ ਦੇ ਦੱਖਣ ਵੱਲ ਸੀ। ਜੱਬਲਪੁਰ ਦੇ ਨਜ਼ਦੀਕ ਪੈਂਦਾ ਤ੍ਰਿਪੁਰੀ ਨਾਂ ਦਾ ਸ਼ਹਿਰ ਇਸ ਵੰਸ਼ ਦੀ ਰਾਜਧਾਨੀ ਹੁੰਦੀ ਸੀ। ਬੁੰਧੇਲਖੰਡ ਦੇ ਦੱਖਣ ਵੱਲ ਦਾ ਇਲਾਕਾ ਚੇਦੀ ਦੇਸ਼ ਵਜੋਂ ਮਸ਼ਹੂਰ ਹੁੰਦਾ ਸੀ। ਕੋਕਲ ਪਹਿਲਾ ਇਸ ਵੰਸ਼ ਦਾ ਸਭ ਤੋਂ ਪਹਿਲਾ ਹਾਕਮ ਸੀ ਜਿਹੜਾ ਲਗਭਗ 845 ਈ. ਵਿਚ ਰਾਜ-ਗੱਦੀ ਉਤੇ ਬੈਠਾ ਸੀ। ਇਸਨੇ ਕਈ ਰਾਜਾਂ ਨਾਲ ਆਪਣੇ ਵਿਆਹ-ਸਬੰਧ ਕਾਇਮ ਕਰਕੇ ਆਪਣੇ ਰਾਜ ਨੂੰ ਮਜ਼ਬੂਤ ਕੀਤਾ। ਉਸਨੇ ਪ੍ਰਤਿਹਾਰ ਰਾਜੇ ਭੋਜ ਪਹਿਲੇ ਅਤੇ ਉਸਦੇ ਸਾਮੰਤ ਕਲਚੁਰੀ ਸੰਕਰਗ੍ਰਣ, ਗੁਹਿਲ ਹਰਸ਼ਰਾਜ ਅਤੇ ਚਾਹਮਾਨ ਗੂਵਕ ਦੂਜੇ ਨੂੰ ਹਰਾਇਆ। ਰਾਜਸਥਾਨ ਵਿਚ ਉਸਨੇ ਤੁਰਸ਼ਕਾਂ ਨੂੰ ਹਰਾਇਆ। ਰਾਜ-ਕਾਲ ਦੇ ਪਿਛਲੇ ਸਮੇਂ ਵਿਚ ਉਸਨੇ ਰਾਸ਼ਟਰਕੂਟ ਰਾਜੇ ਕਿਸ਼ਨ ਦੂਜੇ ਨੂੰ ਹਰਾ ਕੇ ਉੱਤਰੀ ਕੌਂਕਣ ਉਤੇ ਹਮਲਾ ਕੀਤਾ ਸੀ। ਪਰ ਇਨ੍ਹਾਂ ਯੁੱਧਾਂ ਕਾਰਨ ਕਲਚੁਰੀ ਰਾਜ ਦਾ ਕੋਈ ਵਿਸਥਾਰ ਨਾ ਹੋ ਸਕਿਆ। ਕੋਕਲ ਪਹਿਲੇ ਦੇ 18 ਪੁੱਤਰ ਸਨ ਜਿਨ੍ਹਾਂ ਵਿਚੋਂ ਉਸਨੇ 17 ਨੂੰ ਵੱਖ-ਵੱਖ ਮੰਡਲਾਂ ਦਾ ਸ਼ਾਸਕ ਨਿਯੁਕਤ ਕਰ ਦਿਤਾ। ਉਸਦੀ ਮੌਤ ਉਪਰੰਤ ਉਸਦਾ ਜੇਠਾ ਪੁੱਤਰ ਸ਼ੰਕਰਗਣ ਰਾਜਗੱਦੀ ਉਤੇ ਬੈਠਾ। ਕੋਕਲ ਪਹਿਲੇ ਦੇ ਸਤਾਰਾਂ ਪੁੱਤਰਾਂ ਵਿਚੋਂ ਇਕ ਨੇ ਦੱਖਣੀ ਕੌਸ਼ਲ ਵਿਚ ਕਲਚੁਰੀ ਰਾਜਵੰਸ਼ ਦੀ ਇਕ ਨਵੀਂ ਸ਼ਾਖਾ ਦੀ ਸਥਾਪਨਾ ਕੀਤੀ ਜਿਸ ਦੀ ਰਾਜਧਾਨੀ ਤੁਮਾਣ ਅਤੇ ਬਾਅਦ ਵਿਚ ਤੀਜੇ ਰਾਜੇ ਰਤਨ ਰਾਜ ਦੁਆਰਾ ਸਥਾਪਿਤ ਕੀਤੇ ਸ਼ਹਿਰ ਰਤਨਪੁਰ ਵਿਖੇ ਹੁੰਦੀ ਸੀ। ਇਸ ਸ਼ਾਖਾ ਦੇ 9 ਹਾਕਮ ਹੋਏ ਜਿਨ੍ਹਾਂ ਨੇ 12 ਵੀਂ ਸਦੀ ਤਕ ਰਾਜ ਕੀਤਾ।

ਸ਼ੰਕਰਗਣ ਨੇ ਕੌਸ਼ਲ ਦੇ ਸੋਮਵੰਸ਼ੀ ਰਾਜੇ ਤੋਂ ਪਾਲੀ ਖੋਹ ਲਿਆ ਸੀ। ਸ਼ੰਕਰਗਣ ਦੀ ਮੌਤ ਪਿਛੋਂ ਉਸਦਾ ਜੇਠਾ ਪੁੱਤਰ ਬਾਲ ਹਰਸ਼ ਤੇ ਫਿਰ ਸਭ ਤੋਂ ਛੋਟਾ ਪੁੱਤਰ ਯੁਵਰਾਜ ਪਹਿਲਾ ਕੇਊਰਵਰਸ਼ ਸਿੰਘਾਸਣ ਤੇ ਬੈਠਾ। ਯੁਵਰਾਜ ਨੇ ਗੌੜ ਤੇ ਕਲਿੰਗਾ ਉਤੇ ਹਮਲਾ ਕੀਤਾ ਸੀ। ਰਾਜ ਦੇ ਅੰਤਲੇ ਸਾਲਾਂ ਵਿਚ ਉਸ ਨੂੰ ਬਦੇਸ਼ੀ ਹੱਲਿਆਂ ਦਾ ਸਾਹਮਣਾ ਕਰਨਾ ਪਿਆ ਅਤੇ ਚੰਦੇਲ ਰਾਜੇ ਯਸ਼ੋਵਰਮਨ ਹੱਥੋਂ ਸ਼ਿਕਸਤ ਖਾਣੀ ਪਈ। ਰਾਸ਼ਟਰਕੂਟ ਰਾਜੇ ਕ੍ਰਿਸ਼ਨ ਤੀਜਾ ਯੁਵਰਾਜ ਦਾ ਦੋਹਤਾ ਸੀ। ਸਿੰਘਾਸਣ ਉਪਰ ਬੈਠਣ ਉਪਰੰਤ ਰਾਸ਼ਟਰਕੂਟ ਕ੍ਰਿਸ਼ਨ ਤੀਜੇ ਨੇ ਮੈਹਰ ਤਕ ਦੇ ਇਲਾਕੇ ਉਤੇ ਅਧਿਕਾਰ ਕਰ ਲਿਆ ਸੀ ਪਰ ਯੁਵਰਾਜ ਨੇ ਛੇਤੀ ਹੀ ਰਾਸ਼ਟਰਕੂਟਾਂ ਨੂੰ ਉੱਥੋਂ ਭਜਾ ਦਿੱਤਾ ਸੀ।

ਯੁਵਰਾਜ ਦੇ ਪੁੱਤਰ ਲਛਮਣ ਰਾਜ (ਦਸਵੀਂ ਸਦੀ ਤੇ ਤੀਜੇ ਹਿੱਸੇ) ਨੇ ਪੂਰਬ ਵਿਚ ਬੰਗਾਲ, ਓਡਰ, ਅਤੇ ਕੌਸ਼ਲ ਉਤੇ ਹਮਲਾ ਕੀਤਾ ਅਤੇ ਪੱਛਮ ਵਿਚ ਉਹ ਲਾਟ ਦੇ ਸਾਮੰਤ ਸ਼ਾਸਕ ਅਤੇ, ਗੁਰਜਰ ਰਾਜੇ (ਸੰਭਵ ਹੈ ਕਿ ਚਾਲੂਕੀਆ ਵੰਸ਼ ਦਾ ਮੂਲ ਰਾਜ ਪਹਿਲਾ ਹੋਵੇ) ਨੂੰ ਹਰਾ ਕੇ ਸੋਮ ਨਾਥ ਤਕ ਪੁੱਜ ਗਿਆ ਸੀ।

ਲਛਮਣ ਰਾਜ ਦੇ ਦੋਵੇਂ ਪੁੱਤਰ ਸ਼ੰਕਰਗਣ ਅਤੇ ਯੁਵਰਾਜ ਦੂਜਾ, ਫ਼ੌਜੀ ਗੁਣਾਂ ਵਾਲੇ ਨਹੀਂ ਸਨ। ਯੁਵਰਾਜ ਦੂਜੇ ਦੇ ਵੇਲੇ ਤੈਲ ਦੂਲੇ ਨੇ ਵੀ ਚੇਦੀ ਵੰਸ਼ ਉਤੇ ਹਮਲੇ ਕੀਤੇ ਸਨ। ਮੁੰਜ ਪਰਮਾਰ ਨੇ ਵੀ ਥੋੜ੍ਹੇ ਜਿਹੇ ਸਮੇਂ ਲਈ ਤ੍ਰਿਪੁਰੀ ਉਤੇ ਕਬਜ਼ਾ ਕਰ ਲਿਆ ਸੀ। ਯੁਵਰਾਜ ਦੂਜੇ ਦੀ ਕਾਇਰਤਾ ਕਾਰਨ ਉਸਦੇ ਮੁੱਖ ਵਜ਼ੀਰਾਂ ਨੇ ਉਸਦੇ ਪੁੱਤਰ ਕੋਕਲ ਦੂਜੇ ਨੂੰ ਰਾਜ ਗੱਦੀ ਉਤੇ ਬੈਠਾ ਦਿਤਾ। ਉਸਨੇ ਗੁਰਜਰ ਦੇਸ਼ ਦੇ ਸ਼ਾਸਕ ਅਤੇ ਕੁੰਤਲ ਦੇ ਰਾਜੇ ਨੂੰ ਹਰਾਇਆ।

ਕੋਕਲ ਦੂਜੇ ਦੇ ਪੁੱਤਰ ਵਿਕ੍ਰਮਾਦਿਤ ਉਪਾਧਿਕਾਰੀ ਗੰਗੇਦੇਵ ਦੇ ਸਮੇਂ ਚੇਦੀ ਲੋਕਾਂ ਨੇ ਉੱਤਰੀ ਭਾਰਤ ਉਤੇ ਆਪਣੀ ਤਾਕਤ ਸਥਾਪਤ ਕਰਨ ਲਈ ਕਈ ਕਦਮ ਚੁੱਕੇ ਸਨ। ਉਸਦਾ ਰਾਜ 1019 ਈ. ਤੋਂ ਲੈ ਕੇ 1041 ਈ. ਤੱਕ ਰਿਹਾ। ਉਸਨੇ ਭੋਜ ਪਰਮਾਰ ਅਤੇ ਰਜੇਂਦਰ ਚੋਲ ਨਾਲ ਰਲ ਕੇ ਚਾਲੂਕੀਆ ਰਾਜ ਉਤੇ ਅਸਫ਼ਲ ਹਮਲਾ ਕੀਤਾ। ਉਸਨੇ ਕੌਸ਼ਲ ਉਤੇ ਵੀ ਹਮਲਾ ਕੀਤਾ ਅਤੇ ਉਤਕਲ ਨੂੰ ਜਿੱਤਦਾ ਹੋਇਆ ਉਹ ਸਮੁੰਦਰੀ ਤੱਟ ਤਕ ਪਹੁੰਚ ਗਿਆ। ਉੱਤਰ-ਪੂਰਬ ਵਿਚ ਉਸਨੇ ਬਨਾਰਸ ਉਤੇ ਕਬਜ਼ਾ ਕੀਤਾ ਅਤੇ ਅੰਤ ਤਕ ਸਫ਼ਲ ਹਮਲੇ ਕਰਦਾ ਰਿਹਾ। ਉਹ ਮਗਧ ਜਾਂ ਤੀਰ ਭੁਕਤ (ਤਿਰਹੁਤ) ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨ

ਤੋਂ ਵੀ ਅਸਮਰੱਥ ਹੀ ਰਿਹਾ। ਗੰਗੇਦੇਵ ਨੇ ਮੁਸਲਮਾਨਾਂ ਹੇਠਲੇ ਕਾਂਗੜੇ ਦੇ ਇਲਾਕੇ ਉਤੇ ਵੀ ਹਮਲਾ ਕੀਤਾ ਸੀ।

ਗੰਗੇਦੇਵ ਦਾ ਪੁੱਤਰ ਲਛਮੀਕਰਨ (ਜਾਂ ਕਰਨ) ਕਲਚੁਰੀ ਵੰਸ਼ ਦਾ ਸਭ ਤੋਂ ਤਾਕਤਵਰ ਸ਼ਾਸਕ ਸੀ ਅਤੇ ਉਸਦੀ ਗਿਣਤੀ ਪ੍ਰਾਚੀਨ ਭਾਰਤੀ ਇਤਿਹਾਸ ਦੇ ਵੱਡੇ ਵੱਡੇ ਜੇਤੂਆਂ ਵਿਚ ਕੀਤੀ ਜਾਂਦੀ ਹੈ। ਉਸ ਨੇ ਪ੍ਰਯਾਗ ਉਤੇ ਆਪਣਾ ਕਬਜ਼ਾ ਜਮਾ ਲਿਆ। ਉਸ ਨੇ ਆਰੰਭ ਵਿਚ ਬੰਗਾਲ ਦੇ ਪਾਲ ਰਾਜੇ ਉਤੇ ਫ਼ਤਹਿ ਪ੍ਰਾਪਤ ਕੀਤੀ ਪਰ ਅਖ਼ੀਰ ਨੂੰ ਉਸ ਕੋਲੋਂ ਹੀ ਹਾਰ ਗਿਆ ਅਤੇ ਸੰਧੀ ਕਰ ਲਈ ਅਤੇ ਨਾਲ ਹੀ ਆਪਣੀ ਲੜਕੀ ਯੋਵਨਸ੍ਰੀ ਦਾ ਵਿਆਹ ਵਿਗ੍ਰਹਪਾਲ ਤੀਜੇ ਨਾਲ ਕਰ ਦਿੱਤਾ। ਉਸਨੇ ਥੋੜ੍ਹੇ ਚਿਰ ਲਈ ਰਾੜਾ ਉਪਰ ਵੀ ਕਬਜ਼ਾ ਕੀਤਾ। ਵੰਗ ਨੂੰ ਵੀ ਜਿੱਤ ਲਿਆ ਅਤੇ ਆਖ਼ਰ ਨੂੰ ਵੰਗ ਦੇ ਹਾਕਮ ਜਾਤਵਰਮਨ ਨਾਲ ਸੰਧੀ ਕਰ ਲਈ। ਆਪਣੀ ਲੜਕੀ ਵੀਰਸ਼੍ਰੀ ਦਾ ਉਸਦੇ ਨਾਲ ਵਿਆਹ ਕਰ ਦਿੱਤਾ। ਉਸਨੇ ਕਾਂਚੀ ਉਤੇ ਵੀ ਹਮਲਾ ਕੀਤਾ ਅਤੇ ਪਲਵ, ਕੁੰਗ ਅਤੇ ਪਾਂਡੂ ਲੋਕਾਂ ਨੂੰ ਹਰਾਇਆ। ਸੰਨ 1051ਤੋਂ ਬਾਅਦ ਉਸਨੇ ਕੀਰਤੀਵਰਮਨ ਚੰਦੇਲ ਨੂੰ ਹਰਾਇਆ ਪਰੰਤੂ ਬੁੰਧੇਲਖੰਡ ਉਪਰ ਉਸਦਾ ਅਧਿਕਾਰ ਕੋਈ ਬਹੁਤਾ ਚਿਰ ਨਾ ਰਹਿ ਸਕਿਆ। ਉਸਨੇ ਭੀਮ ਪਹਿਲਾ ਚਾਲੂਕੀਆ ਦੇ ਨਾਲ ਨਾਲ ਭੋਜ ਪਰਮਾਰ ਦੇ ਰਾਜ ਨੂੰ ਵੀ ਫ਼ਤਹਿ ਕੀਤਾ ਪਰ ਚਾਲੂਕੀਆ ਦੇ ਦਖ਼ਲ ਦੇਣ ਕਾਰਨ ਉਸ ਨੂੰ ਜਿੱਤੇ ਹੋਏ ਇਲਾਕੇ ਤੋਂ ਕਬਜ਼ਾ ਛਡਣਾ ਪਿਆ। ਬਾਅਦ ਵਿਚ ਭੀਮ ਨੇ ਡਾਹਲ ਉਤੇ ਹੱਲਾ ਕਰਕੇ ਕਰਨ ਨੂੰ ਹਰਾਇਆ।

ਸੰਨ 1072 ਵਿਚ ਲਛਮੀਕਰਨ ਨੇ ਆਪਣੀ ਰਾਜ ਗੱਦੀ ਆਪਣੇ ਪੁੱਤਰ ਯਸ਼ਕਰਨ ਨੂੰ ਸੌਂਪ ਦਿੱਤੀ। ਲਛਮੀਕਰਨ ਨੇ ਚੰਪਾਰਨ ਅਤੇ ਆਂਧਰ ਪ੍ਰਦੇਸ਼ ਉਤੇ ਹਮਲਾ ਕੀਤਾ ਸੀ ਪਰ ਉਸਦੇ ਰਾਜ ਕਾਲ ਦੇ ਅੰਤਿਮ ਸਮੇਂ ਜੈ ਸਿੰਘ ਚਾਲੂਕੀਆ, ਲਕਸ਼ਮਨਦੇਵ ਪਰਮਾਰ ਤੇ ਸਲਕਸ਼ਣ ਵਰਮਨ ਚੰਦੇਲ ਦੇ ਹਮਲਿਆਂ ਕਾਰਨ ਚੇਦੀ ਰਾਜ ਦੀ ਸ਼ਕਤੀ ਬਹੁਤ ਘੱਟ ਗਈ। ਚੰਦਰਦੇਵ ਗਾਹੜਵਾਲ ਨੇ ਪ੍ਰਯਾਗ ਉਤੋਂ ਕਬਜ਼ਾ ਕਰ ਲਿਆ। ਵਰਮਨ ਚੰਦੇਲ ਨੇ ਉਸਦੇ ਪੁੱਤਰ ਗਇਆਕਰਨ ਨੂੰ ਹਰਾ ਦਿੱਤਾ। ਗਇਆਕਰਨ ਦੇ ਸਭ ਤੋਂ ਛੋਟੇ ਪੁੱਤਰ ਜੈ ਸਿੰਘ ਨੇ ਕੁਮਾਰ ਪਾਲ ਚਾਲੂਕੀਆ, ਬਿਜਲ ਕਲਚੁਰੀ ਅਤੇ ਖੁਸਰਖ ਮਲਿਕ ਦੇ ਹਮਲਿਆਂ ਦਾ ਬੜੀ ਕਾਮਯਾਬੀ ਨਾਲ ਟਾਕਰਾ ਕੀਤਾ। ਜੈ ਸਿੰਘ ਦੇ ਪੁੱਤਰ ਵਿਜੈ ਸਿੰਘ ਦਾ 1211 ਤਕ ਡਾਹਲ ਉਪਰ ਕਬਜ਼ਾ ਰਿਹਾ ਪਰ 1212 ਵਿਚ ਤ੍ਰੈਲੋਕ ਵਰਮਨ ਚੰਦੇਲ ਨੇ ਇਹ ਇਲਾਕੇ ਜਿੱਤ ਲਏ। ਇਸ ਪਿਛੋਂ ਇਸ ਵੰਸ਼ ਦੇ ਇਤਿਹਾਸ ਬਾਰੇ ਕੋਈ ਰਿਕਾਰਡ ਨਹੀਂ ਮਿਲਦਾ।

ਹ. ਪੁ. -ਹਿੰ. ਵਿ. ਕੋ. 4:284

**ਚੇਨ** : ਕੜੀਆਂ ਨੂੰ ਆਪਸ ਵਿਚ ਜੋੜ ਕੇ ਬਣਾਈ ਗਈ ਲੜੀ ਨੂੰ ਚੇਨ ਕਿਹਾ ਜਾਂਦਾ ਹੈ। ਇਹ ਇਕ ਲਚਕਦਾਰ ਸੰਯੋਜਕ ਦਾ ਕੰਮ ਕਰਦੀ ਹੈ। ਇਸ ਦੀਆਂ ਕੜੀਆਂ ਆਮ ਕਰਕੇ ਧਾਤ ਦੀਆਂ ਬਣੀਆਂ ਹੁੰਦੀਆਂ ਹਨ। ਵੈਲਡ ਕਰਕੇ ਗੰਢਦਾਰ ਛੱਲੇ ਬਣਾਕੇ ਜਾਂ ਢਲਾਈ ਨਾਲ ਕੜੀਆਂ ਨੂੰ ਆਪਸ ਵਿਚ ਜੋੜ ਕੇ ਚੇਨ ਤਿਆਰ ਕੀਤੀ ਜਾਂਦੀ ਹੈ। ਆਮ ਕਰਕੇ ਚੇਨਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਪਹਿਲੀ ਕਿਸਮ ਦੀਆਂ ਚੇਨਾਂ ਦਾ ਇਸਤੇਮਾਲ ਬੰਨ੍ਹਣ, ਚੁੱਕਣ, ਲਟਕਾਉਣ ਅਤੇ ਸਹਾਰਾ ਦੇਣ ਲਈ ਕੀਤਾ ਜਾਂਦਾ ਹੈ ਅਤੇ ਦੂਜੀ ਕਿਸਮ ਦੀਆਂ ਚੇਨਾਂ ਦੀ ਵਰਤੋਂ ਊਰਜਾ ਜਾਂ ਸ਼ਕਤੀ ਦਾ ਸੰਚਾਰ ਕਰਨ ਜਾਂ ਮਾਲ ਦੀ ਚੱਕ ਥੱਲ ਲਈ ਕੀਤੀ ਜਾਂਦੀ ਹੈ।

ਸੰਚਾਰ ਵਿਚ ਹਜ਼ਾਰਾਂ ਕਿ. ਮੀ. ਲੰਬੀਆਂ ਚੇਨਾਂ ਦਾ ਇਸਤੇਮਾਲ ਹਰ ਰੋਜ਼ ਹੁੰਦਾ ਹੈ। ਇਕ ਛੋਟੀ ਗਹਿਣਿਆਂ ਵਾਲੀ ਚੇਨ ਤੋਂ ਲੈ ਕੇ ਸਮੁੰਦਰਾਂ ਵਿਚ ਜਹਾਜ਼ਾਂ ਨੂੰ ਲੰਗਰ ਪਾਉਣ ਵਾਲੀਆਂ ਵੱਡੀਆਂ ਤੋਂ ਵੱਡੀਆਂ ਚੇਨਾਂ ਅਤੇ ਇਕ ਨਾਜ਼ੁਕ ਜਿਹੀ ਚੇਨ ਤੋਂ ਲੈ ਕੇ ਹਜ਼ਾਰਾਂ ਹਾਰਸ ਪਾਵਰ ਤੱਕ ਸ਼ਕਤੀ ਸੰਚਾਰ ਕਰਨ ਵਾਲੀਆਂ ਚੇਨਾਂ ਉਪਲੱਬਧ ਹਨ।

ਸਾਧਾਰਣ ਕਿਸਮਾਂ

1. **ਕਰੇਨ ਚੇਨ**—ਇਨ੍ਹਾਂ ਦੀ ਵਰਤੋਂ ਉਨ੍ਹਾਂ ਥਾਵਾਂ ਉੱਤੇ ਕੀਤੀ ਜਾਂਦੀ ਹੈ ਜਿੱਥੇ ਚੇਨ ਟੁੱਟਣ ਨਾਲ ਗੰਭੀਰ ਨੁਕਸਾਨ (ਮਾਲੀ ਅਤੇ ਜਾਨੀ) ਹੋਣ ਦੀ ਸੰਭਾਵਨਾ ਹੋਵੇ। ਇਨ੍ਹਾਂ ਨੂੰ ਉੱਚ ਪਾਏ ਦੇ ਕਮਾਏ ਹੋਏ ਲੋਹੇ ਤੋਂ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਦਾ ਉਪਯੋਗ ਲਟਕਾਉਣ, ਕਰੇਨਾਂ ਤੇ ਪਾਵਰ ਬੇਲਚਿਆਂ, ਜਹਾਜ਼ਰਾਨੀ ਅਤੇ ਲੰਗਰਾਂ ਲਈ ਕੀਤਾ ਜਾਂਦਾ ਹੈ। ਕਮਾਏ ਹੋਏ ਲੋਹੇ ਦੀ ਖਿਚੀਣ ਯੋਗਤਾ ਤੇ ਵੈਲਡ ਯੋਗਤਾ ਵਧੇਰੇ ਹੁੰਦੀ ਹੈ ਅਤੇ ਚੇਨ ਲੋੜੀਂਦੀ ਜੰਗਾਲ ਰੋਧਕਤਾ ਵਾਲੇ ਗੁਣ ਹੁੰਦੇ ਹਨ। ਖਿਚੀਣਯੋਗਤਾ ਕਾਰਨ ਕੜੀਆਂ ਵੱਧ ਘੱਟ ਜਾਂਦੀਆਂ ਹਨ ਤਾਂ ਜੋ ਜ਼ਰੂਰਤ ਤੋਂ ਵਧੇਰੇ ਭਾਰ ਪੈਣ ਵੇਲੇ ਟੁੱਟਣ ਤੋਂ ਪਹਿਲਾਂ ਹੀ ਚੇਨ ਦਾ ਪਤਾ ਲੱਗ ਜਾਵੇ। ਕਾਰਜ ਦੌਰਾਨ ਅਜਿਹੀ ਚੇਨ ਟੁੱਟਣ ਤੋਂ ਪਹਿਲਾਂ ਖਿੱਚੇ ਜਾਣ ਉੱਤੇ ਵੱਧ ਜਾਂਦੀ ਹੈ ਪ੍ਰੰਤੂ ਖਿੱਚ ਕਾਰਨ ਕਰੜੇਪ ਤੇ ਪ੍ਰਭਾਵ ਪੈਂਦਾ ਹੈ। ਜਦੋਂ ਚੇਨ ਕਿਸੇ ਹੱਦ ਤੋਂ ਵੱਧ ਖਿੱਚੀ ਜਾਵੇ ਤਾਂ ਚੇਨ ਨੂੰ ਅਨੀਲੀਕਰਨ ਰਾਹੀਂ ਮੁੜ ਪੂਰਵ ਅਵਸਥਾ ਵਿਚ ਲਿਆਂਦਾ ਜਾ ਸਕਦਾ ਹੈ ਜਾਂ ਇਸ ਨੂੰ ਬਦਲ ਦਿੱਤਾ ਜਾਂਦਾ ਹੈ। ਅੱਜਕੱਲ੍ਹ ਹੱਥ ਨਾਲ ਤਿਆਰ ਕੀਤੀ ਜਾਣ ਵਾਲੀ ਚੇਨ ਦੀ ਥਾਂ ਮਸ਼ੀਨ ਨਾਲ ਤਿਆਰ ਹੋਣ ਵਾਲੀਆਂ ਚੇਨਾਂ ਮਿਲਦੀਆਂ ਹਨ। ਕੜੀਆਂ ਆਪਣੇ ਆਪ ਬਣਦੀਆਂ, ਜੁੜਦੀਆਂ ਤੇ ਵੈਲਡ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਕੱਇਲ ਜਾਂ ਕੁੰਡਲੀ ਚੇਨ ਵੀ ਕਹਿੰਦੇ ਹਨ (ਚਿੱਤਰ 1)।



**ਕੱਇਲ ਜਾਂ ਕੁੰਡਲੀ ਚੇਨ**

2. **ਪਰੂਫ਼ ਕੱਇਲ ਚੇਨ**—ਸਾਧਾਰਣ ਸੰਰਚਨਾ, ਰੇਲ ਪਟੜੀ ਅਤੇ ਜੰਗਲਾਤ ਦੇ ਕੰਮ ਲਈ ਇਨ੍ਹਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦੀਆਂ ਕੜੀਆਂ ਸਟੀਲ ਦੀਆਂ ਬਣੀਆਂ ਹੁੰਦੀਆਂ ਹਨ।

3.**ਲੰਗਰ ਚੇਨ**—ਇਸ ਨੂੰ ਕੇਬਲ ਜਾਂ ਸਟੱਡਲਿੰਕ ਚੇਨ ਵੀ ਕਿਹਾ ਜਾਂਦਾ ਹੈ। ਇਹ ਕੜੀਆਂ ਦੇ ਵਿਚਕਾਰ ਚੌੜੇ ਦਾਅ ਛੜ ਜਾਂ ਸਟੱਡ ਲਗਾ ਕੇ ਤਿਆਰ ਕੀਤੀ ਜਾਂਦੀ ਹੈ। (ਚਿੱਤਰ 2)। ਇਸ ਤਰ੍ਹਾਂ ਇਹ ਚੇਨ ਉਲਝਣ ਤੋਂ ਬਚੀ ਰਹਿੰਦੀ ਹੈ ਅਤੇ ਕੜੀ ਦਾ ਭਾਰ ਵਧਾ ਕੇ ਮਜ਼ਬੂਤੀ ਦਿੰਦੀ ਹੈ ਜਿਸ ਕਾਰਨ ਕੜੀ ਭਾਰ ਨਾਲ ਵਿੰਗੀ ਨਹੀਂ ਹੁੰਦੀ।



**ਸਟੱਡ ਲਿੰਕ ਚੇਨ**

**ਵੈਲਡ ਰਹਿਤ ਚੇਨ**—ਇਸ ਕਿਸਮ ਅਧੀਨ ਅਨੇਕਾਂ ਤਰ੍ਹਾਂ ਦੀਆਂ ਚੇਨਾਂ ਆਉਂਦੀਆਂ ਹਨ, ਜਿਵੇਂ ਕਿ ਗੰਢਦਾਰ ਚੇਨ, ਠੱਪਾ ਲਿੰਕ ਚੇਨ, ਮਣਕੇਦਾਰ ਚੇਨ ਅਤੇ ਗਹਿਣਿਆਂ ਦੀ ਚੇਨ ਆਦਿ। ਗੰਢਦਾਰ ਚੇਨ ਆਮ ਕਰਕੇ ਸਵੈ-ਚਾਲਿਤ ਮਸ਼ੀਨਾਂ ਨਾਲ ਤਿਆਰ ਕੀਤੀ ਜਾਂਦੀ ਹੈ, ਜਿਹੜੀਆਂ ਕਿ ਤਾਰਾਂ ਨੂੰ ਕੱਟ ਕੇ ਅਤੇ ਮੋੜ ਕੇ ਜੋੜਨ ਤੋਂ ਬਾਅਦ ਪਰੋ ਕੇ ਆਪਣੇ ਆਪ ਇਕ ਮੁਕੰਮਲ ਲੜੀ ਵਿਚ ਬਦਲ ਦਿੰਦੀਆਂ ਹਨ।

ਇਹ ਆਮ ਕਰਕੇ ਛੋਟੀਆਂ ਛੋਟੀਆਂ ਹੁੰਦੀਆਂ ਹਨ। ਮਣਕੇਦਾਰ ਚੇਨ ਦਾ ਇਸਤੇਮਾਲ ਆਮ ਕਰਕੇ ਬਿਜੱਲਈ ਸਾਮਾਨ ਨੂੰ ਫਿੱਟ ਕਰਨ, ਚਾਬੀ ਛੱਲਿਆਂ ਅਤੇ ਹੋਰ ਦੂਜੇ ਛੋਟੇ ਮੋਟੇ ਸਾਮਾਨ ਲਈ ਕੀਤਾ ਜਾਂਦਾ ਹੈ। ਇਸ ਵਿਚ ਖੋਖਲੇ ਮਣਕਿਆਂ ਨੂੰ ਠੋਸ ਛੜ ਵਿਚ ਪਰੋਇਆ ਹੁੰਦਾ ਹੈ, ਜਿਸ ਦੇ ਸਿਰੇ ਗੇਂਦ ਵਾਂਗ ਗੋਲ ਕੀਤੇ ਹੁੰਦੇ ਹਨ ਤਾਂ ਜੋ ਮਣਕੇ ਬਾਹਰ ਨਾ ਨਿਕਲਣ। ਠੱਪਾ ਲਿੰਕ ਚੇਨ ਵੀ ਸਸਤੀ ਹੁੰਦੀ ਹੈ ਅਤੇ ਸਵੈ ਚਾਲਿਤ ਮਸ਼ੀਨਾਂ ਨਾਲ ਤਿਆਰ ਕੀਤੀ ਜਾਂਦੀ ਹੈ। ਇਹ ਧਾਤ ਦੀਆਂ ਪੱਤੀਆਂ ਨੂੰ ਦਬਾਉ ਪਾ ਕੇ ਲੋੜੀਂਦੇ ਆਕਾਰ ਵਿਚ ਬਦਲ ਕੇ ਤਿਆਰ ਕੀਤੀ ਜਾਂਦੀ ਹੈ।

**ਚੇਨ ਦਾ ਪਰੀਖਣ**—ਪਰੂਫ ਕੁਆਇਲ ਚੇਨ ਅਤੇ ਕਰੇਨ ਚੇਨਾਂ ਨੂੰ ਉਤਪਾਦਕ ਅਕਸਰ ਪਰੂਫ ਟੈਸਟ ਦਿੰਦੇ ਹਨ। ਇਨ੍ਹਾਂ ਚੇਨਾਂ ਦੇ ਖ਼ਰੀਦਾਰਾਂ ਨੇ ਭਾਰ ਚੁੱਕਣ ਸਮਰੱਥਾ ਦੀਆਂ ਖ਼ਾਸ ਸੀਮਾਵਾਂ ਨਿਰਧਾਰਤ ਕੀਤੀਆਂ ਹੋਈਆਂ ਹਨ ਜਿਨ੍ਹਾਂ ਨੂੰ ਖਰੀਦਣ ਤੋਂ ਪਹਿਲਾਂ ਟੈਸਟ ਕੀਤਾ ਜਾਂਦਾ ਹੈ। "ਦੀ ਅਮਰੀਕਨ ਸੁਸਾਇਟੀ ਫਾਰ ਟੈਸਟਿੰਗ ਮੈਟੀਰੀਅਲਜ਼" ਨੇ ਚੇਨ ਲਈ ਪਰੂਫ ਟੈਸਟ, ਬਰੇਕ ਟੈਸਟ ਅਤੇ ਸੁਰੱਖਿਆ ਭਾਰ ਚੁੱਕਣ ਸੀਮਾ ਟੈਸਟ ਬਣਾਏ ਹਨ ਜਿਨ੍ਹਾਂ ਨਾਲ 6.3 ਮਿ. ਮੀ. ਤੋਂ 51 ਮਿ. ਮੀ. ਤਕ ਵਿਆਸ ਵਾਲੀਆਂ ਛੜਾਂ ਨੂੰ ਟੈਸਟ ਕੀਤਾ ਜਾਂਦਾ ਹੈ।

**ਚੇਨ ਦੀ ਸੰਭਾਲ**—ਦੁਰਉਪਯੋਗ ਕਰਨ ਨਾਲ ਚੇਨ ਛੇਤੀ ਹੀ ਖ਼ਰਾਬ ਹੋ ਜਾਂਦੀ ਹੈ। ਉਦਯੋਗਿਕ ਤੌਰ ਤੇ ਵਰਤੋਂ ਕਰਦੇ ਸਮੇਂ ਚੇਨ ਨੂੰ ਡਰੱਮਾਂ ਜਾਂ ਪਾਈਪਾਂ ਉੱਤੇ ਵਲੇਟਣਾ ਚਾਹੀਦਾ ਹੈ ਤਾਂ ਜੋ ਕੜੀਆਂ ਬਿਨਾਂ ਮੁੜੇ ਹੀ ਆਸਾਨੀ ਨਾਲ ਆਪਣੀ ਥਾਂ ਸਿਰ ਟਿਕਦੀਆਂ ਰਹਿਣ। ਇਨ੍ਹਾਂ ਡਰੱਮਾਂ ਨਾਲ ਪਾਈਪਾਂ ਦਾ ਵਿਆਸ ਇੰਨਾ ਵੱਡਾ ਹੋਣਾ ਚਾਹੀਦਾ ਹੈ ਕਿ ਕੜੀਆਂ ਨਾ ਮੁੜਨ ਅਤੇ ਨਾ ਹੀ ਉਲਝਣ। ਚੇਨ ਨੂੰ ਮਰੋੜਨਾ ਅਤੇ ਅਜਿਹੀਆਂ ਥਾਵਾਂ ਉਤੋਂ ਦੀ ਖਿੱਚਣਾ ਜਾਂ ਰਗੜਨਾ ਨਹੀਂ ਚਾਹੀਦਾ ਜਿਸ ਨਾਲ ਕੜੀਆਂ ਟੁੱਟਣ ਤੇ ਘਸਣ। ਜਦੋਂ ਚੇਨ ਨੂੰ ਕਾਫ਼ੀ ਸਮੇਂ ਲਈ ਵਰਤ ਲਿਆ ਜਾਂਦਾ ਹੈ ਤਾਂ ਕੜੀਆਂ ਘਸ ਜਾਂਦੀਆਂ ਹਨ, ਇਸ ਲਈ ਚੇਨ ਦਾ ਅਨੀਲੀਕਰਨ ਕਰਨਾ ਜ਼ਰੂਰੀ ਹੈ। ਇਸ ਨਾਲ ਟੁੱਟਣਸ਼ੀਲਤਾ ਤੇ ਕਠੋਰਤਾ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ। ਚੰਗੀ ਸੰਭਾਲ ਲਈ ਚੇਨ ਵਲੇਟਣ ਵਾਲੇ ਡਰੱਮਾਂ ਉੱਤੇ ਤੇਲ ਜਾਂ ਗਰੀਸ ਦਾ ਇਸਤੇਮਾਲ ਕਰਨਾ ਵੀ ਜ਼ਰੂਰੀ ਹੈ।

**ਸੰਚਾਰ ਚੇਨ**—ਇਨ੍ਹਾਂ ਦਾ ਇਸਤੇਮਾਲ ਉਦੋਂ ਕੀਤਾ ਜਾਂਦਾ ਹੈ, ਜਦੋਂ ਗਰਾਰੀਆਂ ਰਾਹੀਂ ਸ਼ਕਤੀ ਸੰਚਾਰ ਸੰਭਵ ਨਾ ਹੋਵੇ। ਇੱਥੇ ਗਰਾਰੀਆਂ ਦੀ ਥਾਂ ਦੰਦੇ-ਦਾਰ ਪੁਲੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸੰਚਾਰ ਚੇਨਾਂ ਲਗਭਗ 2000 ਸਾਲ ਪਹਿਲਾਂ ਤੋਂ ਤਿਆਰ ਹੁੰਦੀਆਂ ਆ ਰਹੀਆਂ ਹਨ। ਮੁੱਢਲੀਆਂ ਬੇਢਬੀਆਂ ਚੇਨਾਂ ਦੀ ਥਾਂ ਵਿਕਸਿਤ ਸੂਖਮ ਚੇਨਾਂ ਨੇ (20 ਵੀਂ ਸਦੀ) ਲੈ ਲਈ ਹੈ। ਇਨ੍ਹਾਂ ਚੇਨਾਂ ਦੀ ਵਿਕਾਸ ਕਹਾਣੀ ਚਿੱਤਰ 3 ਤੋਂ ਸਾਫ਼ ਦਿਖਾਈ ਦਿੰਦੀ ਹੈ ਜਿਸ ਵਿਚ ਵੱਖ ਵੱਖ ਕਾਰਜਾਂ ਅਤੇ ਕਾਰਜ ਹਾਲਤਾਂ ਲਈ ਵਰਤੀਆਂ ਜਾਣ ਵਾਲੀਆਂ ਕ੍ਰਮਵਾਰ ਐਵਾਰਟ, ਬਲਾਕ, ਰੋਲਰ ਅਤੇ ਸਾਈਲੈਂਟ ਚੇਨਾਂ ਦਰਸਾਈਆਂ ਗਈਆਂ ਹਨ।



ਚਿੱਤਰ 3 (ੳ) ਐਵਾਰਟ ਚੇਨ



ਚਿੱਤਰ 3 (ਅ) ਬਲਾਕ ਚੇਨ



ਚਿੱਤਰ 3 (ੲ) ਰੋਲਰ ਚੇਨ



ਚਿੱਤਰ 3 (ਸ) ਸਾਈਲੈਂਟ ਚੇਨ

**ਚੇਨ, ਐਰਨਸਟ ਬੋਰਿਸ** : ਇਸ ਜੀਵ-ਰਸਾਇਣ ਵਿਗਿਆਨੀ ਦਾ ਜਨਮ 19 ਜੂਨ, 1906 ਨੂੰ ਬਰਲਿਨ ਵਿਖੇ ਹੋਇਆ। ਇਸ ਨੇ ਹਾਵਰਡ ਵਾਲਟਰ ਫਲੋਰੀ ਨਾਲ ਸ਼ੁੱਧ ਪੈਂਨਸਲੀਨ ਦਾ ਨਿਖੇੜਨ ਕੀਤਾ ਅਤੇ ਇਸ ਦੇ ਐਂਟੀਬਾਇਓਟਿਕ ਅਸਰ ਦੇ ਪਹਿਲੇ ਕਲੀਨੀਕਲ ਤਜਰਬੇ ਕੀਤੇ। ਇਸ ਕੰਮ ਲਈ ਇਸ ਨੂੰ 1945 ਵਿਚ ਫਲੈਮਿੰਗ ਦੇ ਨਾਲ ਫ਼ਿਜ਼ਿਆੱਲੋਜੀ ਅਤੇ ਮੈਡੀਸਨ ਦਾ ਨੋਬਲ ਪੁਰਸਕਾਰ ਦਿੱਤਾ ਗਿਆ।

ਚੇਨ ਨੇ ਬਰਲਿਨ ਯੂਨੀਵਰਸਿਟੀ ਤੋਂ ਰਸਾਇਣ ਅਤੇ ਸਰੀਰ ਕਿਰਿਆ-ਵਿਗਿਆਨ ਵਿਚ ਗਰੈਜੂਏਸ਼ਨ ਕੀਤੀ ਅਤੇ ਕੁਝ ਸਮੇਂ (1930-33) ਤੱਕ ਬਰਲਿਨ ਵਿਚ ਇੰਸਟੀਚਿਊਟ ਆਫ਼ ਪੈਥਾਲੋਜੀ, ਛੈਰਿਟ ਵਿਖੇ ਖ਼ੋਜ ਦਾ ਕੰਮ ਕੀਤਾ। ਇਸ ਤੋਂ ਬਾਅਦ ਇਹ ਯੂਨੀਵਰਸਿਟੀ ਵਿਚ ਆ ਗਿਆ ਅਤੇ ਸਰ ਫਰੈਡ੍ਰਿਕ ਜੀ. ਹਾਪਕਿਨਜ਼ ਨਾਲ ਕੰਮ ਕਰਦਾ ਰਿਹਾ ਅਤੇ 1935 ਤੋਂ ਆਕਸਫੋਰਡ ਵਿਚ ਚਲਾ ਗਿਆ, ਜਿਥੇ ਇਸ ਨੇ ਫਲੋਰੀ ਨਾਲ ਮਿਲ ਕੇ ਪੈੱਨਸਲੀਨ ਉੱਤੇ ਕੰਮ ਕੀਤਾ। ਸੰਨ 1948 ਵਿਚ ਇਹ ਰੋਮ ਦੀ ਕੈਮੀਕਲ ਮਾਈਕ੍ਰੋਬਾਇਆਲੋਜੀ ਦੇ ਇੰਟਰਨੈਸ਼ਨਲ ਰੀਸਰਚ ਸੈਂਟਰ (Institute Superiore di Sanila) ਦਾ ਸਾਇੰਟਿਫ਼ਿਕ ਡਾਇਰੈਕਟਰ ਬਣ ਗਿਆ।

ਐਂਟੀਬਾਇਟਿਕਾਂ ਤੋਂ ਇਲਾਵਾ ਚੇਨ ਨੇ ਸੱਪ ਦੀ ਜ਼ਹਿਰ, ਇਸ ਦੇ ਫੈਲਣ ਦੇ ਤੱਥ, ਇਕ ਵਿਸ਼ੇਸ਼ ਐਂਨਜ਼ਾਈਮ ਜੋ ਤੰਤੂਆਂ ਵਿਚ ਤਰਲ ਦੇ ਫੈਲਾਅ ਨੂੰ ਤੇਜ਼ ਕਰਦਾ ਹੈ ਅਤੇ ਇਨਸੁਲਿਨ ਆਦਿ ਤੇ ਵੀ ਕੰਮ ਕੀਤਾ।

ਹ. ਪੁ. -ਐਨ. ਬ੍ਰਿ. ਮਾ. 2:708

**ਚੇਨ ਕਿਰਿਆ, ਨਿਊਕਲੀ** : ਇਹ ਨਿਊਕਲੀਅਸਾਂ ਦੇ ਲਗਾਤਾਰ ਟੁੱਟਣ ਦੀ ਕਿਰਿਆ ਦਾ ਇਕ ਲੜੀਵਾਰ ਸਿਲਸਿਲਾ ਹੈ। ਨਿਊਟ੍ਰਾਨ ਦੁਆਰਾ ਪ੍ਰੇਰਿਤ ਨਿਊਕਲੀ ਵਿਖੰਡਣ ਇਕ ਚੇਨ ਕਿਰਿਆ ਹੈ ਜਿਸ ਵਿਚ ਇਕ ਨਿਊਟ੍ਰਾਨ, ਵਿਖੰਡਣਸ਼ੀਲ ਪਰਮਾਣੂ (ਜਿਵੇਂ ਕਿ $U^{233}$, $U^{235}$, $PU^{239}$) ਨਾਲ ਟਕਰਾਉਂਦਾ ਹੈ, ਪਰਮਾਣੂ ਦੇ ਟੁੱਟ ਜਾਣ ਤੋਂ ਇਲਾਵਾ ਕੁਝ ਨਿਊਟ੍ਰਾਨ ਵੀ ਉਤਪੰਨ ਹੁੰਦੇ ਹਨ। ਇਹ ਨਿਊਟ੍ਰਾਨ ਅਗਾਂਹ ਫਿਰ ਵਿਖੰਡਣ ਕਰਦੇ ਹਨ ਅਤੇ ਇਸ ਤਰ੍ਹਾਂ ਇਹ ਚੇਨ ਕਿਰਿਆ ਚਾਲੂ ਹੋ ਜਾਂਦੀ ਹੈ।

$(n+1)$ਵੀ ਅਤੇ $n$ਵੀ ਸਟੇਜ ਵਿਚ ਵਿਖੰਡਨ ਦੀਆਂ ਕਿਰਿਆਵਾਂ ਦੀ ਔਸਤਨ ਗਿਣਤੀ ਦੇ ਅਨੁਪਾਤ ਨੂੰ ਗੁਣਨ ਫ਼ੈਕਟਰ 'k' ਕਿਹਾ ਜਾਂਦਾ ਹੈ। ਜੇਕਰ 'K' ਦੀ ਕੀਮਤ ਇਕ ਤੋਂ ਘੱਟ ਹੋਵੇ ਤਾਂ ਚੇਨ ਕਿਰਿਆ ਚਾਲੂ ਨਹੀਂ ਰਹਿੰਦੀ, ਇਸ ਨੂੰ ਅਭਿਸਾਰੀ ਕਿਹਾ ਜਾਂਦਾ ਹੈ ਜਦੋਂ ਕਿ ਇਕ ਦੇ ਬਰਾਬਰ ਹੋਵੇ ਤਾਂ ਚੇਨ ਕਿਰਿਆ ਸਵੈ-ਕਾਇਮ ਰਹਿ ਸਕਦੀ ਹੈ ਅਤੇ ਚੇਨ-ਕਿਰਿਆ ਦੇ ਤੇਜ਼ੀ ਨਾਲ ਲਗਾਤਾਰ ਚਲਦੇ ਰਹਿਣ ਲਈ ਕਿ $k > 1$ ਹੋਣਾ ਜ਼ਰੂਰੀ ਹੈ। ਸਿੱਧਾਂਤਕ ਤੌਰ ਤੇ ਕੀਤੀਆਂ ਗੁਣਨਾਵਾਂ ਤੋਂ ਪਤਾ ਚਲਦਾ ਹੈ ਕਿ ਧਾਤਵੀ $U^{235}$ ਜਾਂ $PU^{239}$ ਦੇ ਕਾਫ਼ੀ ਵੱਡੇ ਪੁੰਜ ਵਿਚ ਵਿਖੰਡਨ ਦੁਆਰਾ ਨਿਕਲ ਰਹੇ ਕਈ ਨਿਊਟ੍ਰਾਨਾਂ ਲਈ ਗੁਣਨ ਫ਼ੈਕਟਰ 2 ਜਾਂ ਵੱਧ ਹੋ ਸਕਦਾ ਹੈ। ਇਕ ਪਰਮਾਣੂ ਬੰਬ ਅਤੇ ਰਨ-ਅਵੇ ਪਾਵਰ ਰੀਐਕਟਰ ਵਿਚ ਅੰਤਰ ਦਾ ਪਤਾ ਦੋ ਸਟੇਜਾਂ ਵਿਚਕਾਰ ਲੱਗੇ ਸਮੇਂ ਤੋਂ ਲੱਗ ਜਾਂਦਾ ਹੈ।

ਹ. ਪੁ. -ਮੈਕ ਐਨ. ਸ. ਟ. 3:5

**ਚੇਨ ਕਿਰਿਆ, ਰਸਾਇਣਿਕ** : ਇਹ ਉਹ ਰਸਾਇਣਿਕ ਕਿਰਿਆ ਹੈ ਜਿਸ ਵਿਚ ਇਕ ਅਣੂ ਦੇ ਉਤੇਜਿਤ ਹੋਣ ਨਾਲ ਕਈ ਅਣੂ ਰਸਾਇਣਿਕ ਕਿਰਿਆ ਕਰਦੇ ਹਨ। ਆਮ ਰਸਾਇਣਿਕ ਕਿਰਿਆਵਾਂ ਵਿਚ ਜਿਹੜਾ ਵੀ ਅਣੂ ਕਿਰਿਆ ਕਰਦਾ ਹੈ ਉਹ ਪਹਿਲਾਂ ਤੇਜ਼ੀ ਨਾਲ ਚਲ ਰਹੇ ਅਣੂਆਂ ਨਾਲ ਟਕਰਾ ਕੇ ਉਤੇਜਿਤ ਹੁੰਦਾ ਹੈ ਅਤੇ ਇਨ੍ਹਾਂ ਤੀਬਰ ਟਕਰਾਵਾਂ ਦੀ ਪ੍ਰਤਿ ਸੈਕੰਡ ਗਿਣਤੀ ਇੰਨੀ ਘੱਟ ਹੁੰਦੀ ਹੈ ਕਿ ਕਿਰਿਆ ਬਹੁਤ ਮੰਦ ਹੁੰਦੀ ਹੈ। ਜਦੋਂ ਚੇਨ ਕਿਰਿਆ ਸ਼ੁਰੂ ਹੋ ਜਾਂਦੀ ਹੈ ਤਾਂ ਇਹ ਜ਼ਰੂਰੀ ਨਹੀਂ ਕਿ ਹੋਰ ਤੀਬਰ ਅਣੂਆਂ ਦੇ ਟਕਰਾਵਾਂ ਦੀ ਉਡੀਕ ਕੀਤੀ ਜਾਵੇ। ਇਹ ਕਿਰਿਆ ਫਿਰ ਆਪਣੇ ਆਪ ਹੀ ਚਲਦੀ ਰਹਿੰਦੀ ਹੈ।

**ਪ੍ਰਕਾਸ਼ ਰਸਾਇਣੀ ਕਿਰਿਆਵਾਂ**—ਇਕ ਸਰਲ ਚੇਨ ਕਿਰਿਆ ਹਾਈਡ੍ਰੋਜਨ ਅਤੇ ਕਲੋਰੀਨ ਵਿਚਕਾਰ ਪ੍ਰਕਾਸ਼ ਰਸਾਇਣੀ ਕਿਰਿਆ ਹੈ:—

$$Cl_2 \xrightarrow{\text{ਪ੍ਰਕਾਸ਼}} Cl + Cl$$

$$Cl + H_2 \longrightarrow HCl + H$$

$$H + Cl_2 \longrightarrow HCl + Cl$$

$$Cl + H_2 \longrightarrow HCl + H$$

ਕਲੋਰੀਨ ਦੇ ਇਕ ਅਣੂ ਦੁਆਰਾ ਸੋਖਿਤ ਪ੍ਰਕਾਸ਼, ਅਣੂ ਦਾ ਕਲੋਰੀਨ ਪਰਮਾਣੂਆਂ ਵਿਚ ਵਿਯੋਜਨ ਕਰ ਦਿੰਦਾ ਹੈ ਅਤੇ ਸਿੱਟੇ ਵਜੋਂ ਇਹ ਬੜੀ ਤੇਜ਼ੀ ਨਾਲ ਹਾਈਡ੍ਰੋਜਨ ਦੇ ਅਣੂਆਂ ਨਾਲ ਕਿਰਿਆ ਕਰਕੇ ਹਾਈਡ੍ਰੋਜਨ ਕਲੋਰਾਈਡ ਅਤੇ ਕਲੋਰੀਨ ਪਰਮਾਣੂ ਬਣਾਉਂਦੇ ਹਨ। ਹਾਈਡ੍ਰੋਜਨ ਪਰਮਾਣੂ ਕਲੋਰੀਨ ਅਣੂਆਂ ਨਾਲ ਕਿਰਿਆ ਕਰਕੇ ਹਾਈਡ੍ਰੋਜਨ ਕਲੋਰਾਈਡ ਅਤੇ ਕਲੋਰੀਨ ਪਰਮਾਣੂ ਬਣਾਉਂਦੇ ਹਨ। ਕਲੋਰੀਨ ਪਰਮਾਣੂ ਅੱਗੇ ਫਿਰ ਹਾਈਡ੍ਰੋਜਨ ਨਾਲ ਕਿਰਿਆ ਕਰਦੇ ਹਨ ਅਤੇ ਚੇਨ ਨੂੰ ਉਦੋਂ ਤੱਕ ਨਿਰੰਤਰ ਰੱਖਦੇ ਹਨ ਜਦੋਂ ਤਕ ਕੋਈ ਹੋਰ ਕਿਰਿਆ ਕਲੋਰੀਨ ਜਾਂ ਹਾਈਡ੍ਰੋਜਨ ਦੇ ਮੁਕਤ ਪਰਮਾਣੂਆਂ ਦੀ ਵਰਤੋਂ ਨਹੀਂ ਕਰ ਲੈਂਦੀ। ਚੇਨ ਰੋਕਣ ਵਾਲੀ ਕਿਰਿਆ ਦੋ ਕਲੋਰੀਨ ਪਰਮਾਣੂਆਂ ਵਿਚਕਾਰ ਕਲੋਰੀਨ ਅਣੂ ਬਣਾਉਣ ਵਾਲੀ ਕਿਰਿਆ ਜਾਂ ਦੋ ਹਾਈਡ੍ਰੋਜਨ ਪਰਮਾਣੂਆਂ ਵਿਚਕਾਰ ਹਾਈਡ੍ਰੋਜਨ ਅਣੂ ਬਣਾਉਣ ਵਾਲੀ ਕਿਰਿਆ ਹੋ ਸਕਦੀ ਹੈ। ਪਰਮਾਣੂ, ਬਰਤਨ (ਜਿਸ ਵਿਚ ਪਰਮਾਣੂ ਹੁੰਦੇ ਹਨ) ਦੀਆਂ ਦੀਵਾਰਾਂ ਨਾਲ ਟਕਰਾ ਸਕਦੇ ਹਨ ਜਾਂ ਬਰਤਨ ਵਿਚਲੀ ਥੋੜ੍ਹੀ ਜਿਹੀ ਅਸ਼ੁੱਧੀ ਨਾਲ ਵੀ ਕਿਰਿਆ ਕਰ ਸਕਦੇ ਹਨ। ਚੇਨ ਦੀ ਲੰਬਾਈ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ:—

$$\text{ਚੇਨ ਦੀ ਲੰਬਾਈ} = \frac{\text{ਉੱਤੇਜਿਤ ਅਣੂਆਂ ਦੀ ਗਿਣਤੀ}}{\text{ਰਸਾਇਣਿਕ ਤੌਰ ਤੇ ਕਿਰਿਆ ਕਰਨ ਵਾਲੇ ਅਣੂਆਂ ਦੀ ਗਿਣਤੀ}}$$

**ਤਾਪ ਕਿਰਿਆਵਾਂ**—ਇਨ੍ਹਾਂ ਕਿਰਿਆਵਾਂ ਵਿਚ ਚੇਨ ਦੀ ਲੰਬਾਈ ਦਾ ਅੰਦਾਜ਼ਾ ਕਈ ਵਾਰੀ ਮੱਧਵਰਤੀ ਹਾਲਤਾਂ ਅਤੇ ਸਬੰਧਿਤ ਗਤੀਆਂ ਦੇ ਗਿਆਨ ਤੋਂ ਲਾਇਆ ਜਾ ਸਕਦਾ ਹੈ। ਚੇਨ ਕਿਰਿਆ ਦੀ ਹੱਦ ਦਾ ਸਬੂਤ ਨਾਈਟ੍ਰਿਕ ਆਕਸਾਈਡ ਵਰਗੇ ਨਿਰੋਧਕ ਦੀ ਥੋੜ੍ਹੀ ਜਿਹੀ ਮਾਤਰਾ ਮਿਲਾਉਣ ਨਾਲ ਮਿਲ ਜਾਂਦਾ ਹੈ। ਜੇਕਰ ਇੰਨਾ ਥੋੜ੍ਹਾ ਨਿਰੋਧਕ ਮਿਲਾਉਣ ਨਾਲ ਕਿਰਿਆ ਬਹੁਤ ਹੀ ਮੰਦ ਹੋ ਜਾਵੇ ਤਾਂ ਇਸ ਦਾ ਮਤਲਬ ਹੈ ਕਿ ਕਿਰਿਆ ਚੇਨ ਵਾਲੀ ਹੈ। ਥੋੜ੍ਹੀ ਦੇਰ ਮਗਰੋਂ ਨਿਰੋਧਕ ਖ਼ਪਤ ਹੋ ਜਾਂਦਾ ਹੈ ਅਤੇ ਤੇਜ਼ ਚੇਨ ਕਿਰਿਆ ਹੋਣ ਲਗਦੀ ਹੈ।

ਚੇਨ ਕਿਰਿਆਵਾਂ ਅਨਿਸ਼ਚਿਤ ਹੁੰਦੀਆਂ ਹਨ ਅਤੇ ਭਿੰਨ ਭਿੰਨ ਪ੍ਰਯੋਗਸ਼ਾਲਾਵਾਂ ਵਿਚ ਇਨ੍ਹਾਂ ਨੂੰ ਦੁਬਾਰਾ ਸ਼ੁਰੂ ਕਰਨਾ ਮੁਸ਼ਕਿਲ ਹੈ। ਕਈ ਰਸਾਇਣਿਕ ਕਿਰਿਆਵਾਂ ਖ਼ਾਸ ਕਰਕੇ ਉੱਚੇ ਤਾਪਮਾਨ ਉੱਤੇ ਆਰਗੈਨਿਕ ਕਿਰਿਆਵਾਂ ਵਿਚ ਚੇਨਾ ਉਨ੍ਹਾਂ ਕਿਰਿਆਸ਼ੀਲ ਮੁਕਤ ਰੈਡੀਕਲਾਂ ਦੁਆਰਾ ਲਿਜਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਕੁਝ ਇਲੈਕ੍ਰਟਾਨ ਸੁਤੰਤਰ ਹੁੰਦੇ ਹਨ; ਜਿਵੇਂ ਕਿ :

$\bullet CH_3$, $\bullet C_2H_5$, $\bullet H$ ਅਤੇ $\bullet OH$

ਪ੍ਰੋਪੇਨ ਦਾ ਤਾਪ ਅਪਘਟਨ ਮੁਕਤ ਰੈਡੀਕਲ ਚੇਨ ਦੀ ਇਕ ਉਦਾਹਰਣ ਹੈ, ਜਿਸ ਵਿਚ ਹੇਠ ਲਿਖੀਆਂ ਕਿਰਿਆਵਾਂ ਹੁੰਦੀਆਂ ਹਨ:—

$$C_3H8 \longrightarrow \bullet CH_3 + \bullet C_2H_5$$

$$\bullet CH_3 + C_3H_8 \longrightarrow CH_4 + \bullet C_3H_7$$

$$\bullet C_3H_7 \longrightarrow \bullet CH_3 + C_2H_4$$

$$\bullet CH_3 + C_3H_8 \longrightarrow CH_4 + CH_4 + \bullet C_3H_7$$

ਚੇਨ ਦੀ ਸਮਾਪਤੀ ਮੁਕਤ ਰੈਡੀਕਲਾਂ ਦੇ ਆਪਸ ਵਿਚ ਜਾਂ ਬਰਤਨ ਦੀਆਂ ਦੀਵਾਰਾਂ ਨਾਲ ਟਕਰਾਉਣ ਨਾਲ ਹੁੰਦੀ ਹੈ :–

$\bullet CH_3 + \bullet C_3H_7 \longrightarrow C_4H_{10}$

ਇਸ ਤਰ੍ਹਾਂ ਉੱਚ ਅਤੇ ਨਿਮਨ ਅਣਵੀ-ਭਾਰ ਵਾਲੀਆਂ ਉਪਜਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਗੈਸ ਫ਼ੇਜ਼ ਵਿਚ ਕੁਝ ਆਕਸੀਕਰਨ ਕਿਰਿਆਵਾਂ ਨੂੰ ਵੀ ਚੇਨ ਕਿਰਿਆਵਾਂ ਕਿਹਾ ਜਾਂਦਾ ਹੈ। ਪਾੱਲੀਮਰਾਈਜੇਸ਼ਨ ਦੁਆਰਾ ਸਟਾਇਰੀਨ ਤੋਂ ਪਾੱਲੀਸਟਾਇਰੀਨ ਬਣਾਉਣ ਅਤੇ ਦੂਸਰੇ ਆਰਗੈਨਿਕ ਪਦਾਰਥਾਂ ਦੇ ਪਾੱਲੀਮਰਾਈਜੇਸ਼ਨ ਦੁਆਰਾ ਉਦਯੋਗਿਕ ਪਲਾਸਟਿਕ ਤਿਆਰ ਕਰਨ ਵਿਚ ਵੀ ਚੇਨ ਕਿਰਿਆਵਾਂ ਹੁੰਦੀਆਂ ਹਨ। ਭੋਜਨ ਦੇ ਸੜਨ, ਗੈਸੋਲੀਨ ਵਿਚ ਅਘੁਲਨਸ਼ੀਲ ਗੂੰਦਾਂ ਦੇ ਤਲ ਛੱਟਣ ਅਤੇ ਧੁੱਪ ਵਿਚ ਪਲਾਸਟਿਕ ਦੇ ਖ਼ਰਾਬ ਹੋਣ ਵਿਚ ਚੇਨ ਕਿਰਿਆਵਾਂ ਹੁੰਦੀਆਂ ਹਨ। ਇਨ੍ਹਾਂ ਵਿਚ ਨਿਰੋਧਕ ਰਲਾ ਕੇ ਚੇਨ ਕਿਰਿਆਵਾਂ ਨੂੰ ਘਟਾਇਆ ਜਾ ਸਕਦਾ ਹੈ।

ਹ. ਪੁ. -ਮੈਕ. ਐਨ. ਸ. ਟ. 3: 5

**ਚੇਨਾਰਏਪਾਟਨ** : ਭਾਰਤ ਦੇ ਕਰਨਾਟਕ ਰਾਜ ਦੇ ਹਸਨ ਜ਼ਿਲ੍ਹੇ ਵਿਚ ਇਕ ਸ਼ਹਿਰ ਹੈ ਜੋ ਬੰਗਲੌਰ ਦੇ ਦੱਖਣ ਪੂਰਬ ਵੱਲ 56 ਕਿ. ਮੀ. (35 ਮੀਲ) ਦੂਰ ਬੰਗਲੌਰ ਤੋਂ ਮੈਸੂਰ ਜਾਣ ਵਾਲੀ ਰੇਲਵੇ ਲਾਈਨ ਉਤੇ ਸਥਿਤ ਹੈ। ਇਹ ਸ਼ਹਿਰ ਆਸ ਪਾਸ ਦੇ ਇਲਾਕਿਆਂ ਦਾ ਵਪਾਰਕ ਕੇਂਦਰ ਹੈ। ਇਹ ਚੌਲ ਅਤੇ ਤਿਲਾਂ ਦੇ ਬੀਜਾਂ ਦੀ ਭਾਰੀ ਮੰਡੀ ਵੀ ਹੈ।

ਹ. ਪੁ. ਹਿੰ ਵਿ. ਕੋ. 4 : 286

**ਚੇਨੀ, ਲੋਨ** : ਅਮਰੀਕਾ ਦੇ ਇਸ ਅਦਾਕਾਰ ਦਾ ਜਨਮ 1 ਅਪ੍ਰੈਲ, 1883 ਨੂੰ ਕਾਲੋਰਾਡੋ ਸਪ੍ਰਿੰਗਜ਼ ਵਿਖੇ ਹੋਇਆ। ਇਸ ਦੇ ਮਾਂ ਬਾਪ ਗੂੰਗੇ ਤੇ ਬੋਲੇ ਸਨ। ਉਨ੍ਹਾਂ ਨਾਲ ਬਚਪਨ ਵਿਚ ਸਾਰੀ ਗੱਲ ਇਸ਼ਾਰਿਆਂ ਨਾਲ ਜਾਂ ਚਿਹਰੇ ਦੇ ਹੇਰ ਫੇਰ ਨਾਲ ਕਰਨੀ ਪੈਂਦੀ ਸੀ। ਇਸ ਤੋਂ ਇਸਨੂੰ ਅਦਾਕਾਰੀ ਦਾ ਅਭਿਆਸ ਹੋਇਆ। ਆਪਣੇ ਭਰਾ ਨਾਲ ਮਿਲਕੇ ਇਸਨੇ 'ਦੀ ਲਿਟਲ ਟਾਈ-ਕਨ' ਨਾਟਕ ਲਿਖਿਆ ਅਤੇ ਇਸ ਰਾਹੀਂ ਹੀ ਪਹਿਲੀ ਵਾਰ ਸਟੇਜ ਤੇ ਆਇਆ। ਸ਼ਿਕਾਗੋ ਵਿਖੇ ਇਸਨੇ ਕਾਮੇਡੀਅਨ ਗੀਤਕਾਰ ਅਤੇ ਨਿਰਤਕ ਵਜੋਂ ਨੌਕਰੀ ਕੀਤੀ ਅਤੇ ਬਾਅਦ ਵਿਚ ਸੰਗੀਤ ਨਾਟ ਮੰਡਲੀ ਨਾਲ ਕੈਲਿਫੋਰਨੀਆ ਚਲਾ ਗਿਆ।



ਲੋਨ ਚੇਨੀ

ਪਹਿਲਾਂ ਇਸ ਨੇ ਫ਼ਿਲਮਾਂ ਵਿਚ ਐਕਸਟਰਾ ਵਜੋਂ ਕੰਮ ਕੀਤਾ ਅਤੇ ਬਾਅਦ ਵਿਚ ਸੱਤ ਪੱਛਮੀ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ। ਇਸਨੇ ਕਰੈਕਟਰ ਐਕਟਰ ਵਜੋਂ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। 'ਹੈਲ ਮਾਰਰਨਜ਼ ਗਰਲ' (1977), 'ਦੀ ਮਿਰੇਕਲ ਮੈਨ' (1919), 'ਦੀ ਪਨਲਟੀ' (1920), 'ਦੀ ਫੈਂਟਮ ਆਫ਼ ਦੀ ਓਪਰਾ' (1925), 'ਲੰਡਨ ਆਫ਼ਟਰ ਮਿਡਨਾਈਟ' (1927), 'ਖੰਡਰ' (1929), ਆਦਿ ਇਸ ਦੀਆਂ ਕੁਝ ਫਿਲਮਾਂ ਹਨ, ਜਿਸ ਵਿਚ ਇਸਨੇ ਯਾਦਗਾਰੀ ਕੰਮ ਕੀਤਾ। 26 ਅਗਸਤ, 1930 ਨੂੰ ਨਿਊ ਯਾਰਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 2 : 730; ਐਨ. ਅਮੇ. 6 : 287

**ਚੇਫ਼ਰ** : ਇਹ ਕੋਲੀਅੱਪਟਰਾ ਵਰਗ ਦੀ ਸਕੈਰਬੀਅਡੀ ਕੁਲ ਅਤੇ ਮੈਲੋਲਾਂਥਨੀ ਉਪ ਕੁਲ ਦੇ ਅਨੇਕਾਂ ਬੀਟਲਾਂ ਲਈ ਇਕ ਆਮ ਨਾਂ ਹੈ। ਪੱਤਾ-ਚੇਫ਼ਰ ਬੀਟਲ ਪੱਤੇ ਖਾਂਦੇ ਹਨ, ਇਨ੍ਹਾਂ ਦੇ ਲਾਰਵੇ ਜ਼ਮੀਨ ਦੇ ਹੇਠਾਂ ਪੌਦਿਆਂ ਦੀਆਂ ਜੜ੍ਹਾਂ ਤੇ ਆਹਾਰ ਕਰਦੇ ਹਨ। ਮਾਦਾ ਜ਼ਮੀਨ ਵਿਚ ਅੰਡੇ ਦਿੰਦੀ ਹੈ ਅਤੇ ਲਾਰਵੇ ਕਈ ਸਾਲਾਂ ਤਕ ਜ਼ਮੀਨ ਦੇ ਅੰਦਰ ਹੀ ਰਹਿੰਦੇ ਹਨ। ਪਤਝੜ ਵਿਚ ਇਹ ਪਿਊਪਾ ਹਾਲਤ ਵਿਚ ਬਦਲ ਜਾਂਦੇ ਹਨ ਪਰ ਬਾਲਗ ਆਉਂਦੀ ਬਸੰਤ ਤਕ ਜ਼ਮੀਨ ਦੇ ਅੰਦਰ ਹੀ ਰਹਿੰਦੇ ਹਨ।



ਚੇਫ਼ਰ

ਇਨ੍ਹਾਂ ਦੀ ਇਕ ਪ੍ਰਸਿੱਧ ਕਿਸਮ ਜਿਹੜੀ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਉਂਦੀ ਹੈ, ਗੁਲਾਬ ਦਾ ਚੇਫ਼ਰ ਹੈ। ਇਹ ਇਕ ਸਾਉਲੇ ਰੰਗ ਦਾ ਲੰਮੀਆਂ ਲੱਤਾਂ ਵਾਲਾ ਬੀਟਲ ਹੈ ਜਿਹੜਾ ਅੰਗੂਰ, ਗੁਲਾਬ ਅਤੇ ਹੋਰ ਪੌਦਿਆਂ ਦੇ ਫੁੱਲ ਅਤੇ ਪੱਤੇ ਖਾਂਦਾ ਹੈ। ਜਿਹੜੇ ਮੁਰਗੇ ਇਸ ਬੀਟਲ ਦੇ ਲਾਰਵਿਆਂ ਨੂੰ ਖਾ ਲੈਂਦੇ ਹਨ ਉਨ੍ਹਾਂ ਵਿਚ ਜ਼ਹਿਰ ਫੈਲ ਜਾਂਦੀ ਹੈ।

ਹ. ਪੁ. -ਐਨ. ਬ੍ਰਿ. ਮਾ. 2 : 706

**ਚੇਂਬਰਲਿਨ, ਓਐੱਨ** : ਅਮਰੀਕਾ ਦੇ ਇਸ ਭੌਤਿਕ ਵਿਗਿਆਨੀ ਦਾ ਜਨਮ 10 ਜੁਲਾਈ, 1920 ਨੂੰ ਕੈਲਿਫੋਰਨੀਆ ਵਿਚ ਸਾਨ ਫ੍ਰਾਂਸਿਸਕੋ ਵਿਖੇ ਹੋਇਆ। ਇਸ ਨੇ ਐਮੀਲਿਓ ਸੀਗਰ ਨਾਲ ਰਲ ਕੇ ਐਂਟੀਪ੍ਰੋਟਾੱਨ ਦੀ ਖੋਜ ਕੀਤੀ ਜਿਸ ਕਰਕੇ ਇਨ੍ਹਾਂ ਦੋਨਾਂ ਨੂੰ 1959 ਦਾ ਭੌਤਿਕ- ਵਿਗਿਆਨ ਦਾ ਨੋਬਲ ਪੁਰਸਕਾਰ ਦਿੱਤਾ ਗਿਆ। ਸ਼ਿਕਾਗੋ ਵਿਖੇ ਐਟਮ ਬੰਬ ਬਣਾਉਣ ਦੇ ਪ੍ਰਾਜੈਕਟ ਨਾਲ ਇਹ 1942 ਤੋਂ 1946 ਤੱਕ ਜੁੜਿਆ ਰਿਹਾ ਅਤੇ ਇਸ ਤੋਂ ਮਗਰੋਂ ਜਦੋਂ ਇਹ ਸ਼ਿਕਾਗੋ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਦੀ ਪੀ. ਐਚ. ਡੀ. ਕਰਦਾ ਸੀ ਤਾਂ ਸ਼ਿਕਾਗੋ ਨੇੜੇ ਆਰਗੋਨ ਨੈਸ਼ਨਲ ਲੈਬਾਰਟਰੀ ਵਿਚ ਨੌਕਰੀ ਵੀ ਕਰਦਾ ਸੀ। ਸੰਨ 1948 ਵਿਚ ਇਸ ਨੇ ਕੈਲਿਫੋਰਨੀਆ ਯੂਨੀਵਰਸਿਟੀ ਦੀ ਫੈਕਲਟੀ ਜਾਇਨ ਕੀਤੀ। ਇੱਥੇ ਇਸ ਦੀ ਖੋਜ ਐੱਲਫਾਕਣ ਖੈ, ਤਰਲਾਂ ਵਿਚ ਨਿਊਟ੍ਰਾੱਨ ਵਿਵਰਤਨ ਅਤੇ ਉੱਚ-ਊਰਜਾ ਨਿਊਕਲੀਆੱਨ ਖਿੰਡਾਉ ਨਾਲ ਸਬੰਧਿਤ ਸੀ। ਚੈਂਬਰਲਿਨ ਅਤੇ ਸੀਗਰ ਨੇ ਕੈਲਿਫੋਰਨੀਆ ਯੂਨੀਵਰਸਿਟੀ ਦੀ ਲਿਵਰਮੋਰ ਵਿਚ ਸਥਿਤ ਵਿਕੀਰਨ ਪ੍ਰਯੋਗਸ਼ਾਲਾ ਵਿਚ ਸ਼ਕਤੀਸ਼ਾਲੀ ਬੇਵਾਟ੍ਰਾੱਨ ਤੋਂ ਆ ਰਹੀ ਪ੍ਰੋਟਾੱਨ ਕਿਰਨ ਪੁੰਜ ਦੀ ਵਰਤੋਂ ਕਰਕੇ ਐਂਟੀਪ੍ਰੋਟਾੱਨ ਉਤਪੰਨ ਕੀਤੇ (1955)। ਐਂਟੀਪ੍ਰੋਟਾੱਨ ਉੱਤੇ ਨੈਗੇਟਿਵ ਚਾਰਜ ਅਤੇ ਇਸ ਦਾ ਪੁੰਜ ਇਕ ਪ੍ਰੋਟਾੱਨ ਜਿੰਨਾ ਹੁੰਦਾ ਹੈ।

ਹ. ਪੁ. - ਐਨ. ਬ੍ਰਿ. 5 : 250

**ਚੇਯੂਰ** : ਭਾਰਤ ਦੇ ਤਾਮਿਲਨਾਡੂ ਰਾਜ ਦੇ ਚਿੰਗਲਪੇਟ ਜ਼ਿਲ੍ਹੇ ਵਿਚ ਇਕ ਸ਼ਹਿਰ ਹੈ ਜਿਹੜਾ ਮਦੂਰਨਤਾਕਾਮ ਸ਼ਹਿਰ ਤੋਂ 20 ਕਿ. ਮੀ.

ਦੱਖਣ ਪੂਰਬ ਵਿਚ ਸਥਿਤ ਹੈ। ਚੇਯੂਰ ਵਿਚ ਕੈਲਾਸਾਨਥਾਰ, ਸੁਬਰਾਮਾਨਯਾ ਅਤੇ ਵਾਲਾਮੀਕਾਨਾਥਰ ਦੀ ਯਾਦ ਵਿਚ ਤਿੰਨ ਵੱਖ-ਵੱਖ ਮੰਦਰ ਬਣੇ ਹੋਏ ਹਨ। ਇਨ੍ਹਾਂ ਮੰਦਰਾਂ ਵਿਚ ਚੋਲ ਰਾਜਿਆਂ ਬਾਰੇ ਕਈ ਸ਼ਿਲਾਲੇਖ ਵੀ ਮਿਲਦੇ ਹਨ। ਇਸ ਸ਼ਹਿਰ ਵਿਚ ਵੀਰਵਾਰ ਦੇ ਦਿਨ ਮੇਲਾ ਭਰਦਾ ਹੈ।

12° 21′ ਉ. ਵਿਥ.; 80° ਪੂ. ਲੰਬ.

ਹ. ਪੂ. -ਇੰਪ. ਗ. ਇੰਡ. 10 : 195

**ਚੇਰ** : ਇਹ ਕੇਰਲ ਦਾ ਪ੍ਰਾਚੀਨ ਨਾਂ ਹੁੰਦਾ ਸੀ ਅਤੇ ਚੇਰ ਖ਼ਾਨਦਾਨ ਦਾ ਇਥੇ ਰਾਜ ਸੀ। ਇਸ ਵਿਚ ਆਧੁਨਿਕ ਟ੍ਰਾਵਨਕੋਰ, ਕੋਚੀਨ, ਮਾਲਾਬਾਰ, ਕੋਇੰਬਟੂਰ ਅਤੇ ਸਲੇਮ (ਦੱਖਣੀ) ਜ਼ਿਲ੍ਹਿਆਂ ਦੇ ਇਲਾਕੇ ਸ਼ਾਮਲ ਸਨ। ਪ੍ਰਾਚੀਨ ਇਤਿਹਾਸਕ ਸਮਿਆਂ ਵੇਲੇ ਚੇਰਾ, ਚੋਲ ਅਤੇ ਪਾਂਡਯਾ ਦੱਖਣ ਦੇ ਤਿੰਨ ਵਿਸ਼ਾਲ ਰਾਜ ਹੁੰਦੇ ਸਨ ਅਤੇ ਰਵਾਇਤ ਅਨੁਸਾਰ ਇਨ੍ਹਾਂ ਦੇ ਹੱਦਾਂ ਬੰਨੇ ਕਰੂਰ ਤੋਂ 16 ਕਿ. ਮੀ. (11-ਮੀਲ) ਪੂਰਬ ਵੱਲ ਨੂੰ ਕਾਵੇਰੀ ਦਰਿਆ ਉਤੇ ਪੈਂਦੇ ਇਕ ਥਾਂ ਤੇ ਰਲਦੇ ਹਨ। ਚੇਰ ਖ਼ਾਨਦਾਨ ਦੇ ਮੂਲ ਸਬੰਧੀ ਕੋਈ ਪ੍ਰਮਾਣੀਕ ਸਬੂਤ ਨਹੀਂ ਮਿਲਦਾ। ਪ੍ਰਾਚੀਨ ਚੇਰ ਰਾਜਿਆਂ ਨੂੰ ਵਾਨਵਾਰ ਜਾਤੀ ਵਿਚੋਂ ਦਸਿਆ ਗਿਆ ਹੈ। ਅਸ਼ੋਕ ਦੇ ਫ਼ਰਮਾਨਾਂ ਵਿਚ ਇਸ ਰਾਜ ਦਾ ਜ਼ਿਕਰ ਕੇਰਲਪੁੱਤਰ ਵਜੋਂ ਆਇਆ ਹੈ। ਅਸ਼ੋਕ ਨੇ ਦੱਖਣ ਦੇ ਜਿਨ੍ਹਾਂ ਦੇਸ਼ਾਂ ਵੱਲ ਧਰਮ ਪ੍ਰਚਾਰ ਲਈ ਆਪਣੇ ਮਹਾਂ ਮੰਤਰੀ ਭੇਜੇ ਸਨ, ਚੇਰ ਵੀ ਉਨ੍ਹਾਂ ਵਿਚੋਂ ਇਕ ਸੀ। ਇਸ ਦੀ ਪੁਰਾਣੀ ਰਾਜਧਾਨੀ ਸਕੰਦਪੁਰ ਵਿਖੇ ਹੁੰਦੀ ਸੀ ਜਿਹੜੀ ਕੋਇੰਬਟੂਰ ਜ਼ਿਲ੍ਹੇ ਵਿਚ ਪੈਂਦੇ ਗਜਲਹੱਟੀ ਦੱਰੇ ਦੇ ਪੱਛਮ ਵੱਲ ਨੂੰ ਥੋੜ੍ਹੇ ਜਿਹੇ ਹੀ ਫ਼ਾਸਲੇ ਤੇ ਸਥਿਤ ਸੀ। ਟਾਲਮੀ ਅਨੁਸਾਰ ਇਸ ਦੀ ਰਾਜਧਾਨੀ ਕਰੂਰਾ ਜਾਂ ਕਰੂਰ ਜਿਸਨੂੰ ਵਾਂਜੀ ਵੀ ਕਿਹਾ ਜਾਂਦਾ ਹੈ, ਕਾਵੇਰੀ ਦਰਿਆ ਦੇ ਸਹਾਇਕ ਦਰਿਆ ਅਮਰਾਵਤੀ ਦੇ ਖੱਬੇ ਕੰਢੇ ਉਪਰ ਕਰੈਗਨੋਰ ਦੇ ਨੇੜੇ ਸਥਿੱਤ ਸੀ।

ਸੰਗਮ ਯੁੱਗ (ਲ. 100 ਈ. ਤੋਂ 250 ਈ.) ਦਾ ਸਭ ਤੋਂ ਪਹਿਲਾਂ ਚੇਰ ਸ਼ਾਸਕ ਉਦੇਯੰਜੇਰਾਲ (130 ਈ.) ਸੀ, ਜਿਸ ਦਾ ਸੰਗਮ ਸਾਹਿਤ ਵਿਚ ਇਕ ਮਹਾਨ ਜੇਤੂ ਵਜੋਂ ਜ਼ਿਕਰ ਆਇਆ ਹੈ। ਉਸ ਦਾ ਪੁੱਤਰ 'ਨੇ ਡੁੰਜੇਰਾਲ ਆਦਨ' ਵੀ ਬਹੁਤ ਤਾਕਤਵਰ ਸੀ ਅਤੇ ਉਸਨੇ ਆਪਣੇ ਸੱਤ ਸਮਕਾਲੀ ਰਾਜਿਆਂ ਨੂੰ ਹਰਾਇਆ ਸੀ। ਉਸਦਾ ਛੋਟਾ ਭਰਾ ਕੁਠਵਨ ਵੀ ਇਕ ਵੱਡਾ ਜੇਤੂ ਸੀ। ਇਸ ਵੰਸ਼ ਦੇ ਕੁੜਕੋ ਇੰਰਜੇਰਾਲ ਇਰੁੰਪੋਡੀ (190 ਈ.) ਨੇ ਚੋਲਾਂ ਅਤੇ ਪਾਂਡਿਆਂ ਨਾਲ ਯੁੱਧ ਕਰਕੇ ਕਈ ਕਿਲੇ ਜਿੱਤੇ ਪਰ ਮਗਰੋਂ ਮਾਂਦਰ ਜੇਰਲ ਇੰਰੂਪੋਡੀ ਨਾਂ ਦੇ ਇਕ ਰਾਜੇ ਨੂੰ (210 ਈ.) ਪਾਂਡਿਆ ਹੱਥੋਂ ਹੀ ਹਾਰ ਖਾਣੀ ਪਈ।

ਤੀਜੀ ਸਦੀ ਦੇ ਮੱਧ ਤੋਂ ਅਗੇ ਲਗਭਗ 300 ਸਾਲਾਂ ਤੱਕ ਦੇ ਚੇਰ ਦੇ ਇਤਿਹਾਸ ਬਾਰੇ ਕੁਝ ਪਤਾ ਨਹੀਂ ਲਗਦਾ। ਸਤਵੀਂ-ਅੱਠਵੀਂ ਸਦੀ ਦੇ ਪਹਿਲੇ ਹਿੱਸੇ ਵਿਚ ਪਾਂਡਿਆਂ ਨੇ ਚੇਰ ਦੇ ਕੋਂਗੂ ਪ੍ਰਦੇਸ਼ ਉਤੇ ਅਧਿਕਾਰ ਕਰ ਲਿਆ। ਹੋਰਨਾਂ ਚੇਰਾ ਇਲਾਕਿਆਂ ਉਪਰ ਪਾਂਡਿਆ ਅਤੇ ਹੋਰਨਾਂ ਸਮਕਾਲੀ ਸ਼ਕਤੀਆਂ ਦੇ ਵੀ ਹੱਲੇ ਹੁੰਦੇ ਰਹੇ। ਅੱਠਵੀਂ-ਨੌਵੀਂ ਸਦੀ ਵਿਚ ਚੇਰ ਰਾਜਾ ਚੇਰ ਮਾਨ ਫੈਰੂਮਾਲ ਸੀ। ਉਹ ਸਾਰਿਆਂ ਧਰਮਾਂ ਦਾ ਉਪਾਸ਼ਕ ਸੀ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਉਸਦੇ ਰਾਜ ਕਾਲ ਦੇ ਅੰਤ ਵਿਚ ਕੋਲਮ ਜਾਂ ਮਲਿਆਲਮ ਸੰਮਤ (824-825) ਸ਼ੁਰੂ ਹੋਇਆ ਸੀ। ਉਸਦੇ ਰਾਜ ਕਾਲ ਦੌਰਾਨ ਹੀ ਅਰਬੀ ਮੁਸਲਮਾਨਾਂ ਨੇ ਮਾਲਾਬਾਰ ਦੇ ਤੱਟਾਂ ਉਤੇ ਆਪਣੀਆਂ ਬਸਤੀਆਂ ਕਾਇਮ ਕੀਤੀਆਂ ਸਨ। ਸੰਭਵ ਹੈ ਕਿ ਫੈਰੂਮਾਲ ਨੇ ਆਪਣੀ ਮੌਤ ਤੋਂ ਪਹਿਲਾਂ ਹੀ ਆਪਣਾ ਰਾਜ ਭਾਗ ਆਪਣੇ ਸਬੰਧੀਆਂ ਵਿਚ ਵੰਡ ਦਿੱਤਾ ਸੀ। ਨੌਵੀਂ ਸਦੀ ਦੇ ਅੰਤ ਵਿਚ ਚੇਰ ਸ਼ਾਸਕ ਸਥਾਣਰਵੀ ਨੇ ਚੋਲ ਰਾਜੇ ਆਦਿਤਯ ਦੇ ਪੁਤਰ ਪਰਾਂਤਕ ਨਾਲ ਆਪਣੀ ਲੜਕੀ ਦੀ ਸ਼ਾਦੀ ਕਰਕੇ ਚੋਲਾਂ ਨਾਲ ਮਿਤਰਤਾ ਗੰਢ ਲਈ। ਇਸ ਰਾਜ ਦਾ ਅਖ਼ੀਰਲਾ ਪ੍ਰਸਿੱਧ ਸ਼ਾਸਕ ਰਵੀ ਵਰਮਾ ਕੁਲਸ਼ੇਖਰ ਸੀ ਜਿਸਨੇ ਆਪਣੇ ਖ਼ਾਨਦਾਨ ਦਾ ਪਹਿਲਾਂ ਵਾਲਾ ਸਨਮਾਨ ਫਿਰ ਸਥਾਪਿਤ ਕੀਤਾ ਅਤੇ ਪਾਂਡਵ-ਪਾਲਵ ਇਲਾਕਿਆਂ ਨੂੰ ਜਿੱਤ ਕੇ ਸਮਰਾਟ ਬਣਿਆ। ਕੋਲਮ ਉਸਦੀ ਰਾਜਧਾਨੀ ਹੁੰਦੀ ਸੀ।

ਮੱਧ ਯੁੱਗ ਤੇ ਉਸ ਤੋਂ ਪਿਛੋਂ ਦਾ ਚੇਰ ਦਾ ਇਤਿਹਾਸ ਕੋਈ ਬਹੁਤਾ ਸਪਸ਼ਟ ਨਹੀਂ ਹੈ। ਅੰਗਰੇਜ਼ੀ ਕਾਲ ਦੌਰਾਨ ਟ੍ਰਾਵਨਕੋਰ ਅਤੇ ਕੋਚੀਨ ਜਿਹੇ ਦੇਸੀ ਰਾਜ ਬਚੇ ਤਾਂ ਰਹੇ ਪਰ ਉਨ੍ਹਾਂ ਕੋਲ ਕੋਈ ਆਪਣੀ ਆਜ਼ਾਦ ਰਾਜਨੀਤਿਕ ਸ਼ਕਤੀ ਨਹੀਂ ਸੀ।

ਹ. ਪੂ. -ਹਿੰ. ਵਿ. ਕੋ. 4 : 287; ਜੀਓ ਡਿਕ; ਏ. ਐ. ਇੰਡ-ਨੰਦ ਲਾਲ ਡੇਅ

**ਚੇਰਮਾਨ ਫੇਰੂਮਾਲ** : ਕੇਰਲ ਦੇ ਫੇਰੂਮਾਲ ਰਾਜਿਆਂ ਵਿਚੋਂ ਇਹ ਅਖ਼ੀਰਲਾ ਰਾਜਾ ਸੀ। ਇਸ ਦਾ ਰਾਜ ਕਾਲ 742 ਤੋਂ 826 ਈ. ਤੱਕ ਰਿਹਾ। ਇਸ ਦੀ ਗਿਣਤੀ ਇਸ ਦੇ ਮਿੱਤਰ ਸੁੰਦਰਮੂਰਤੀ ਦੇ ਨਾਲ ਪ੍ਰਸਿੱਧ ਸ਼ੈਵ ਨਾਇਕਾਂ ਵਿਚ ਕੀਤੀ ਜਾਂਦੀ ਹੈ। ਇਕ ਸ਼ੰਕਾ ਭਰਪੂਰ ਕਹਾਣੀ ਇਹ ਹੈ ਕਿ ਚੇਰਮਾਨ ਫੇਰੂਮਾਲ ਨੇ ਇਸਲਾਮ ਕਬੂਲ ਕਰ ਲਿਆ ਸੀ ਅਤੇ ਮੱਕੇ ਦੀ ਯਾਤਰਾ ਵੀ ਕੀਤੀ ਸੀ ਜਿਥੋਂ ਉਸਨੇ ਭਾਰਤ ਦੇ ਸ਼ਾਸਕਾਂ ਨੂੰ ਮੁਸਲਮਾਨਾਂ ਦਾ ਸਤਿਕਾਰ ਕਰਨ ਅਤੇ ਮਸਜਿਦਾਂ ਬਣਵਾਉਣ ਦਾ ਸੰਦੇਸ਼ ਭੇਜਿਆ ਸੀ। ਪਰ ਇਸ ਕਹਾਣੀ ਨੂੰ ਇਤਿਹਾਸਕ ਸਚਾਈ ਨਹੀਂ ਮੰਨਿਆ ਜਾ ਸਕਦਾ। ਅਸਲ ਵਿਚ ਚੇਰਮਾਨ ਫੇਰੂਮਾਨ ਨੇ ਚਿੰਦਰਬਰਮ ਦੀ ਯਾਤਰਾ ਕੀਤੀ ਸੀ। ਸੰਭਾਵਨਾ ਇਹੀ ਹੈ ਕਿ 824-25 ਈ. ਵਿਚ ਆਰੰਭ ਹੋਣ ਵਾਲਾ ਕੋਲਮ ਜਾਂ ਮਲਿਆਲਮ ਸੰਮਤ, ਅਸਲ ਵਿਚ ਚੇਰਮਾਨ ਦੇ ਰਾਜ ਕਾਲ ਦੇ ਅਖ਼ੀਰ ਨਾਲ ਸੰਬੰਧਤ ਸੀ।

ਹ. ਪੂ. - ਹਿੰ. ਵਿ. ਕੋ. 4 : 289

**ਚੇਰਾ** : ਉੱਤਰ ਪੂਰਬੀ ਭਾਰਤ ਵਿਚ ਮੇਘਾਲਿਆ ਰਾਜ ਦਾ ਥਾਮੀ ਅਤੇ ਜੈਂਤੀਆ ਹਿਲਜ਼ ਜ਼ਿਲ੍ਹੇ ਦਾ ਚਿਰਾਪੂੰਜੀ ਨੇੜੇ ਵਾਕਿਆ ਇਕ ਕਸਬਾ ਹੈ। ਇਥੇ ਕੋਲੇ ਅਤੇ ਲੋਹੇ ਦੇ ਭੰਡਾਰ ਹਨ। ਇਥੇ ਆਲੂਆਂ ਦੀ ਕਾਸ਼ਤ ਵੀ ਹੁੰਦੀ ਹੈ। ਇਥੇ ਮਿਰਚਾਂ, ਸ਼ਹਿਦ, ਪਾਨ-ਪੱਤੇ, ਅਦਰਕ ਅਤੇ ਮੋਟੇ ਅਨਾਜਾਂ ਦਾ ਵੀ ਉਤਪਾਦਨ ਹੁੰਦਾ ਹੈ।

25° 15′ ਉ. ਵਿਥ.; 91° 45′ ਪੂ. ਲੰਬ.

ਹ. ਪੂ. -ਇੰਪ. ਗ. ਇੰਡ. 10 : 194

**ਚੇਰਾਤ** : ਇਹ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਪਿਸ਼ਾਵਾਰ ਜ਼ਿਲ੍ਹੇ ਦੀ ਨੌਸ਼ਹਿਰਾ ਤਹਿਸੀਲ ਵਿਚ ਇਕ ਸੇਨੇਟੋਰੀਆ ਅਤੇ ਛਾਉਣੀ ਹੈ ਜੋ ਖੱਟਕ ਪਰਬਤੀ ਲੜੀ ਦੇ ਪੱਛਮ ਵੱਲ, ਪਿਸ਼ਾਵਰ ਸ਼ਹਿਰ ਤੋਂ 48 ਕਿ. ਮੀ. (30 ਮੀਲ) ਦੀ ਦੂਰੀ ਤੇ ਸਥਿੱਤ ਹੈ। ਇਹ ਸਮੁੰਦਰ ਸਤ੍ਹਾ ਤੋਂ ਲਗਭਗ 1350 ਮੀ. ਦੀ ਉਚਾਈ ਤੇ ਸਥਿਤ ਹੈ। ਪਹਿਲਾਂ ਪਹਿਲ ਇਹ 1861 ਵਿਚ ਫ਼ੌਜੀਆਂ ਲਈ ਇਕ ਅੱਡੇ ਦੇ ਤੌਰ ਤੇ ਵਰਤਿਆ ਗਿਆ ਅਤੇ ਸੰਨ 1886 ਵਿਚ ਇਸ ਨੂੰ ਫ਼ੌਜੀ ਛਾਉਣੀ ਬਣਾ ਦਿਤਾ ਗਿਆ। ਉਸ ਸਮੇਂ ਤੋਂ ਹੀ ਇਥੇ ਇਕ ਗਿਰਜਾ, ਕੁਝ ਰਿਹਾਇਸ਼ੀ ਇਮਾਰਤਾਂ ਅਤੇ ਇਕ ਹਸਪਤਾਲ ਬਣਿਆ ਹੋਇਆ ਹੈ। ਇਸ ਥਾਂ ਤੋਂ ਇਕ ਪਾਸੇ ਸਾਰੀ ਪਿਸ਼ਾਵਰ ਵਾਦੀ ਦਾ ਨਜ਼ਾਰਾ ਨਜ਼ਰ ਆਉਂਦਾ ਹੈ ਤੇ ਦੂਜੇ ਪਾਸੇ ਖਵਾਰਾ ਵਾਦੀ ਦਾ ਕੁਝ ਹਿੱਸਾ ਅਤੇ ਸਿੰਧ ਤਕ ਕੋਹਾਟ ਦਾ ਜ਼ਿਲ੍ਹਾ ਨਜ਼ਰੀਂ ਪੈਂਦਾ ਹੈ। ਆਰੰਭ ਵਿਚ ਇਥੇ ਬਹੁਤੀ ਆਬਾਦੀ ਅੰਗਰੇਜ਼ਾਂ ਦੀ ਹੁੰਦੀ ਸੀ।

33° 50′ ਉ. ਵਿਥ.; 71° 54′ ਪੂ. ਲੰਬ.

ਹ. ਪੂ. -ਇੰਪ. ਗ. ਇੰਡ. 10 : 193

**ਚੇਰੂਸਸ਼ੇਰੀ ਨੰਪੂਤਿਰੀ**; ਇਹ ਪੰਦ੍ਰਹਵੀਂ ਸਦੀ ਦਾ ਇਕ ਮਲਿਆਲਮ ਕਵੀ ਸੀ ਜੋ ਉਦਯ ਵਰਮਨ ਰਾਜੇ ਦੇ ਦਰਬਾਰ ਵਿਚ ਰਹਿੰਦਾ ਸੀ। ਇਹ ਰਾਜਾ ਇਕ ਛੋਟੇ ਜਿਹੇ ਰਾਜ ਕੋਲੱਤੁਨਾਡ ਤੇ ਰਾਜ ਕਰਦਾ ਸੀ। ਇਸ ਨੇ ਕ੍ਰਿਸ਼ਨ ਗਾਥਾ ਲਿਖੀ ਅਤੇ ਆਪਣੀਆਂ ਕਵਿਤਾਵਾਂ

ਵਿਚ ਸ੍ਰੀ ਕ੍ਰਿਸ਼ਨ ਜੀ ਦੇ ਬਾਰੇ ਉਨ੍ਹਾਂ ਕਹਾਣੀਆਂ ਦਾ ਵਰਣਨ ਕੀਤਾ, ਜਿਸ ਦਾ ਸਬੰਧ ਉਨ੍ਹਾਂ ਦੇ ਜਨਮ ਤੋਂ ਲੈ ਕੇ ਅੰਤ ਤੱਕ ਹੈ। ਇਸ ਮਹਾਂਕਾਵਿ ਦੀਆਂ ਸਾਰੀਆਂ 47 ਕਹਾਣੀਆਂ ਸ੍ਰੀ ਮਦਮਹਾ ਭਾਗਵਤਮ ਤੋਂ ਲਈਆਂ ਗਈਆਂ ਹਨ। ਇਸ ਮਹਾਂਕਾਵਿ ਨੂੰ ਪੜ੍ਹ ਕੇ ਬੜੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਸ੍ਰੀ ਕ੍ਰਿਸ਼ਨ ਦੇ ਬਚਪਨ ਦਾ ਵਿਸਥਾਰ ਸਹਿਤ ਚਿਤਰਣ, ਰਾਮਲੀਲਾ ਦੇ ਰੁੱਤਾਂ ਆਦਿ ਦਾ ਭਰਪੂਰ ਵਰਣਨ ਬਹੁਤ ਹੀ ਲੋਕਪ੍ਰਿਯ ਹੈ। ਕਿਤੇ ਕਿਤੇ ਇਸ ਮਹਾਂਕਾਵਿ ਵਿਚ ਥੋੜਾ ਜਿਹਾ ਵਿਅੰਗ ਵੀ ਹੈ। ਇਸ ਨੇ ਆਪਣੇ ਤੋਂ ਪਹਿਲਾਂ ਲਿਖੇ ਸੰਸਕ੍ਰਿਤ ਅਤੇ ਤਾਮਿਲ ਮਹਾਂਕਾਵਾਂ ਦੇ ਛੰਦਾਂ ਦਾ ਤਿਆਗ ਕੀਤਾ ਤੇ ਨਵੇਂ ਛੰਦ 'ਮੰਜਰੀ' ਵਿਚ ਇਹ ਮਹਾਂਕਾਵਿ ਲਿਖਿਆ।

'ਕ੍ਰਿਸ਼ਨ ਗਾਥਾ' ਪਹਿਲਾ ਮਹਾਂਕਾਵਿ ਹੈ ਜਿਸ ਨੂੰ ਸ਼ੁੱਧ ਤੇ ਸਰਲ ਮਲਿਆਲਮ ਵਿਚ ਲਿਖਿਆ ਗਿਆ ਹੈ। ਕਵੀ ਨੇ ਕਵਿਤਾ ਦੀ ਭਾਸ਼ਾ ਨੂੰ ਲੋਕ ਭਾਸ਼ਾ ਦੇ ਬਹੁਤ ਨਜ਼ਦੀਕ ਰੱਖਿਆ ਹੈ। ਇਸ ਨੇ ਅਜਿਹਾ ਕਰਕੇ ਇਹ ਸਿੱਧ ਕਰ ਦਿੱਤਾ ਕਿ ਮਲਿਆਲਮ ਭਾਸ਼ਾ ਵਿਚ ਸੂਖਮ ਤੋਂ ਸੂਖਮ ਭਾਵ ਨੂੰ ਪ੍ਰਗਟਾਉਣ ਦੀ ਸਮਰੱਥਾ ਹੈ। ਇਸ ਦੀ ਕਵਿਤਾ ਵਿਚ ਅਲੰਕਾਰਾਂ ਦਾ ਰੱਜਵਾਂ ਪ੍ਰਯੋਗ ਹੈ ਤੇ ਆਪਣੇ ਖ਼ਾਸ ਛੰਦਾਂ ਲਈ ਇਹ ਪ੍ਰਸੰਸਾ ਦਾ ਪਾਤਰ ਹੈ।

ਹ. ਪੁ. - ਹਿੰ. ਵਿ. ਕੋ. 4:289

**ਚੇਰੂ** : ਭਾਰਤ ਦੀ ਇਕ ਪ੍ਰਾਚੀਨ ਜਾਤੀ ਦਾ ਨਾਂ ਹੈ। ਕੁਝ ਵਿਦਵਾਨ ਇਸ ਜਾਤੀ ਨੂੰ ਨਾਗਾਜਾਤੀ ਵਿਚੋਂ ਹੀ ਸਮਝਦੇ ਹਨ। ਸ਼ੈਰਿੰਗ ਦਾ ਮੱਤ ਹੈ ਕਿ ਆਸਾਮ ਦੇ ਨਾਗਾ, ਨਾਗਪੁਰ ਦੇ ਆਦਿਵਾਸੀ ਅਤੇ ਨਾਗਵੰਸ਼ੀ ਰਾਜਪੂਤਾਂ ਨਾਲ ਇਸ ਜਾਤੀ ਦੇ ਬਹੁਤ ਗੂੜ੍ਹੇ ਸਬੰਧ ਹਨ। ਭਾਰਤ ਦੇ ਉੱਤਰ ਪੂਰਬੀ ਹਿੱਸੇ ਵਿਚ ਹੀ ਸਦਾ ਇਨ੍ਹਾਂ ਦੀ ਰਿਹਾਇਸ਼ ਰਹੀ ਹੈ। ਮੱਧ-ਯੁੱਗ ਵਿਚ ਸ਼ੇਰ ਸ਼ਾਹ ਨੂੰ ਇਸੇ ਜਾਤੀ ਦੇ ਮੁਖੀ ਨਾਲ ਟੱਕਰ ਲੈਣੀ ਪਈ ਸੀ। ਹੁਣ ਇਸ ਜਾਤੀ ਦੀ ਕੋਈ ਆਜ਼ਾਦ ਹੈਸੀਅਤ ਨਹੀਂ ਰਹੀ। ਰਲੀਆਂ ਮਿਲੀਆਂ ਜਾਤਾਂ ਵਿਚ ਇਹ ਜਾਤੀ ਅਜੇ ਵੀ ਮੌਜੂਦ ਹੈ।

ਹ. ਪੁ. - ਹਿੰ. ਵਿ. ਕੋ, 4 : 289

**ਚੇਰੂ, ਚੇਲਨਾ** : ਭਾਰਤ ਦੇ ਪ੍ਰਾਚੀਨ ਸਮਰਾਟ ਬਿੰਬਸਾਰ ਦੀ ਇਹ ਪਤਨੀ ਸੀ। ਇਹ ਵੈਸ਼ਾਲੀ ਦੇ ਰਾਜੇ ਬੇਟਕ ਦੀ ਲੜਕੀ ਸੀ। ਬਿੰਬਸਾਰ ਨੇ ਬੁੱਢੇ ਵਾਰੇ ਇਸ ਨਾਲ ਵਿਆਹ ਕੀਤਾ ਸੀ। ਬਿੰਬਸਾਰ ਬੁੱਧ ਧਰਮ ਦਾ ਪੈਰੋਕਾਰ ਅਤੇ ਚੇਲਨਾ ਜੈਨ ਧਰਮ ਦੀ ਪੈਰੋਕਾਰ ਸੀ। ਕਿਹਾ ਜਾਂਦਾ ਹੈ ਕਿ ਚੇਲਨਾ ਨੇ ਆਪਣੀ ਲਿਆਕਤ ਨਾਲ ਬਿੰਬਸਾਰ ਨੂੰ ਜੈਨ ਧਰਮ ਗ੍ਰਹਿਣ ਕਰਵਾਇਆ ਸੀ।

ਹ. ਪੁ.–ਹਿੰ. ਵਿ. ਕੋ. 4:290

**ਚੇਲੀਆਂ ਵਾਲਾ** : ਇਹ ਉਹ ਇਤਿਹਾਸਕ ਸਥਾਨ ਹੈ ਜਿਥੇ ਅੰਗਰੇਜ਼ਾਂ ਦੇ ਕਮਾਂਡਰ-ਇਨ-ਚੀਫ ਲਾਰਡ ਹਿਊ ਗਫ਼ ਅਤੇ ਅਟਾਰੀ ਦੇ ਮੰਨੇ-ਪ੍ਰਮੰਨੇ ਸਿੱਖ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੇ ਬਹਾਦਰ ਤੇ ਲਾਇਕ ਪੁੱਤਰ ਸਰਦਾਰ ਸ਼ੇਰ ਸਿੰਘ ਅਟਾਰੀਵਾਲੇ ਵਿਚਕਾਰ ਇਕ ਬਹੁਤ ਵੱਡੀ ਲੜਾਈ ਹੋਈ ਸੀ ਅਤੇ ਜਿਸ ਵਿਚ ਅੰਗ੍ਰੇਜ਼ਾਂ ਨੂੰ ਹਿੰਦੁਸਤਾਨ ਵਿਚ ਪਹਿਲੀ ਸਭ ਤੋਂ ਵੱਡੀ ਹਾਰ ਹੋਈ।

ਚੇਲੀਆਂ ਵਾਲਾ ਪੱਛਮੀ ਪਾਕਿਸਤਾਨ ਦੇ ਗੁਜਰਾਤ ਜ਼ਿਲ੍ਹੇ ਦੀ ਫਲੀਆਂ ਤਹਿਸੀਲ ਵਿਚ ਇਕ ਇਤਿਹਾਸਕ ਪਿੰਡ ਹੈ ਜਿਹੜਾ ਉੱਤਰ-ਪੱਛਮੀ ਰੇਲਵੇ ਦੀ ਸਿੰਧ ਸਾਗਰ ਬ੍ਰਾਂਚ ਉੱਤੇ ਸਥਿਤ ਹੈ।

ਸਰਦਾਰ ਸ਼ੇਰ ਸਿੰਘ ਇਕ ਬਹੁਤ ਸੁਲਝਿਆ ਹੋਇਆ ਰਾਜ ਪ੍ਰਬੰਧਕ ਸੀ। ਉਸਨੇ ਲੜਾਈ ਲਈ ਹਰ ਪੱਖੋਂ ਹੀ ਮੁਕੰਮਲ ਤਿਆਰੀਆਂ ਕੀਤੀਆਂ ਹੋਈਆਂ ਸਨ। ਐਡਮਜ਼ ਲਿਖਦਾ ਹੈ ਕਿ ਜਿਸ ਫ਼ੌਜੀ ਸਿਆਣਪ ਅਤੇ ਨਜ਼ਰੀਏ ਨਾਲ ਸਿੱਖ ਸਰਦਾਰ ਨੇ ਆਪਣਾ ਟਿਕਾਣਾ ਚੁਣਿਆ ਅਤੇ ਆਪਣੀ ਮੋਰਚਾਬੰਦੀ ਕੀਤੀ ਹੋਈ ਸੀ ਅਤੇ ਜੋ ਲਿਆਕਤ ਉਸਨੇ ਸਾਰੀਆਂ ਫ਼ੌਜੀ ਤੋਰਾਂ ਵਿਚ ਵਿਖਾਈ ਉਸਦੀ ਪ੍ਰਸ਼ੰਸਾ ਕਰਨਾ ਅਸੰਭਵ ਹੈ। ਸਰਦਾਰ ਸ਼ੇਰ ਸਿੰਘ ਦੀਆਂ ਫ਼ੌਜਾਂ ਨਾਲ ਟਾਕਰਾ ਕੀਤੇ ਬਿਨਾਂ ਹੀ ਸਿੱਖ ਫ਼ੌਜ ਦੀ ਜਥੇਬੰਦੀ ਅਤੇ ਹਿਲਜੁਲ ਦੀ ਰੀਪੋਟ ਸੁਣਕੇ, ਸਰ ਹਿਊ ਗਫ ਘਬਰਾ ਗਿਆ ਅਤੇ ਪੰਜ ਹਫਤੇ ਸਿੱਖ ਫ਼ੌਜਾਂ ਦੇ ਮੁਕਾਮ ਤੋਂ ਦਸ ਮੀਲ ਪਰ੍ਹਾਂ ਹੀ ਬੈਠਾ ਰਿਹਾ। ਇਹ ਸਮਾਂ ਗੋਰਿਆਂ ਅਤੇ ਸਿੱਖਾਂ ਦੋਹਾਂ ਲਈ ਹੀ ਚੁੱਪ ਦਾ ਸਮਾਂ ਸੀ। ਸਰਦਾਰ ਸ਼ੇਰ ਸਿੰਘ ਆਪਣੇ ਪਿਤਾ ਸਰਦਾਰ ਚਤਰ ਸਿੰਘ ਹੋਰਾਂ ਦੀ ਉਡੀਕ ਕਰ ਰਿਹਾ ਸੀ ਜੋ ਪਹਿਲਾਂ ਪਿਸ਼ਾਵਰ ਅਤੇ ਫਿਰ ਅਟਕ ਰੁਕੇ ਹੋਏ ਸਨ। 3 ਜਨਵਰੀ, 1849 ਨੂੰ ਸਰਦਾਰ ਚਤਰ ਸਿੰਘ ਨੇ ਅਟਕ ਨੂੰ ਸਰ ਕਰ ਲਿਆ। ਹੁਣ ਉਹ ਸ਼ੇਰ ਸਿੰਘ ਦੀ ਸਹਾਇਤਾ ਲਈ ਜਿਹਲਮ ਦੇ ਕੰਢੇ ਆ ਟਿਕਿਆ।

ਬਰਟਨ ਦੇ ਵਿਚਾਰ ਅਨੁਸਾਰ ਲਾਰਡ ਹਿਊ ਗਫ਼ ਜੋ ਅੱਠ ਮਹੀਨਿਆਂ ਤੋਂ ਲੜਾਈ ਦੀਆਂ ਤਿਆਰੀਆਂ ਵਿਚ ਰੁੱਝਿਆ ਹੋਇਆ ਸੀ, ਦੀ ਜਾਤੀ ਰਾਇ ਇਹ ਸੀ ਕਿ ਉਹ ਕੋਈ ਬਹੁਤਾ ਤਾਕਤਵਰ ਨਹੀਂ ਹੈ ਅਤੇ ਮੁਲਤਾਨ ਦਾ ਘੇਰਾ ਖਤਮ ਹੋਣ ਤੀਕ ਉਸਨੂੰ ਇੰਤਜ਼ਾਰ ਕਰ ਲੈਣੀ ਚਾਹੀਦੀ ਹੈ ਅਤੇ ਫਿਰ ਉੱਥੋਂ ਦੀ ਫ਼ੌਜ ਵੀ ਉਸ ਦੀ ਸਹਾਇਤਾ ਲਈ ਆ ਪੁੱਜੇਗੀ। ਸਰਦਾਰ ਚਤਰ ਸਿੰਘ ਦੇ ਅਟਕ ਉੱਪਰ ਕਬਜ਼ਾ ਹੋ ਜਾਣ ਦੀ ਖ਼ਬਰ, ਅੰਗਰੇਜ਼ਾਂ ਕੋਲ 10 ਜਨਵਰੀ, 1849 ਨੂੰ ਪੁੱਜੀ। ਉਸੇ ਦਿਨ ਹੀ ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੇ ਨੁਮਾਇੰਦੇ ਮੇਜਰ ਮੈਕਿਸਨ ਨੇ ਲਾਰਡ ਗਫ਼ ਉੱਤੇ ਆ ਜ਼ੋਰ ਪਾਇਆ ਕਿ ਸਰਦਾਰ ਚਤਰ ਸਿੰਘ ਹੁਰਾਂ ਦੀਆਂ ਫ਼ੌਜਾਂ ਸਰਦਾਰ ਸ਼ੇਰ ਸਿੰਘ ਤੱਕ ਪਹੁੰਚਣ ਤੋਂ ਪਹਿਲਾਂ ਪਹਿਲਾਂ ਹਮਲਾ ਕਰ ਦੇਣਾ ਚਾਹੀਦਾ ਹੈ।

ਕਰਨਲ ਸਟੀਨ ਬੈੱਕ (ਲਾਹੌਰ ਦਰਬਾਰ ਦਾ ਇਕ ਸਾਬਕਾ ਨੌਕਰ) ਅਧੀਨ ਡੋਗਰੇ ਅਤੇ ਰੁਹੇਲੇ ਜਿਨ੍ਹਾਂ ਨੇ ਪੰਜਾਬੀਆਂ ਨੂੰ ਵਿਚਾਲੇ ਹੀ ਛੱਡ ਦਿੱਤਾ ਸੀ, ਚੇਲੀਆਂ ਵਾਲੇ ਦੇ ਸਥਾਨ ਤੇ ਅੰਗਰੇਜ਼ਾਂ ਨਾਲ ਜਾ ਰਲੇ। ਅੰਗਰੇਜ਼ਾਂ ਅਤੇ ਸਿੱਖਾਂ ਦੋਹਾਂ ਨੇ ਚੁਸਤੀ ਵਰਤ ਕੇ ਲਾਹਾ ਲੈਣਾ ਚਾਹਿਆ। ਸਰਦਾਰ ਸ਼ੇਰ ਸਿੰਘ ਨੇ ਅੰਗਰੇਜ਼ਾਂ ਦੀ ਹਿਲਜੁਲ ਨੂੰ ਪਹਿਲਾਂ ਹੀ ਸਮਝ ਲਿਆ ਅਤੇ ਆਪਣੀ ਹੋਰ ਚਾਲ ਬਦਲ ਲਈ।

ਲਾਰਡ ਹਿਊ ਗਫ਼ ਕਈ ਦਿਨਾਂ ਤੋਂ ਚਨਾਬ ਦਰਿਆ ਤੋਂ ਆਪਣੀਆਂ ਫ਼ੌਜਾਂ ਨਾਲ ਤੁਰਿਆ ਹੋਇਆ ਸੀ। 13 ਜਨਵਰੀ 1809 ਦੀ ਦੁਪਹਿਰ ਨੂੰ ਚੇਲੀਆਂ ਵਾਲੇ ਦੇ ਨੇੜੇ ਲਾਰਡ ਗਫ਼ ਸਿੱਖ ਫ਼ੌਜਾਂ ਦੀ ਨਜ਼ਰੀਂ ਪਿਆ। ਅਜੇ ਲਾਰਡ ਗਫ ਦੀਆਂ ਫ਼ੌਜਾਂ ਪੜਾਉ ਹੀ ਕਰ ਰਹੀਆਂ ਸਨ ਕਿ ਸਿੱਖ ਘੋੜਾ-ਤੋਪਖ਼ਾਨੇ ਨੇ ਗੋਰਾ ਫ਼ੌਜਾਂ ਦੇ ਮੋਰਚਿਆਂ ਉੱਤੇ ਕੁੱਝ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਜਰਨੈਲ ਗਫ਼ ਨੇ ਵੀ ਉਸੇ ਸਮੇਂ ਹੀ ਸਿੱਖਾਂ ਉੱਤੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਗੋਰਾ ਫ਼ੌਜਾਂ ਲੁਕੇ ਹੋਏ ਤੋਪਖਾਨਿਆਂ ਦੇ ਸਾਹਮਣੇ ਹੀ ਇਕ ਸੰਘਣੇ ਜੰਗਲ ਵਿਚੋਂ ਦੀ ਬਹੁਤ ਤੇਜ਼ੀ ਨਾਲ ਅੱਗੇ ਵਧੀਆਂ। ਵਾਰ ਵਾਰ ਮਾਰ ਖਾਣ ਉਪਰੰਤ ਵੀ ਗੋਰਾ ਫ਼ੌਜਾਂ ਝਿੜੀ ਵਾਲੇ ਜੰਗਲ ਵਿਚ ਲੁਕੀਆਂ ਸਿੱਖ ਫ਼ੌਜਾਂ ਉੱਪਰ ਜਾ ਪੁੱਜੀਆਂ ਅਤੇ ਅਖ਼ੀਰ ਨੂੰ ਇਕ ਗਲਤਫਹਿਮੀ ਕਾਰਨ ਰਿਸਾਲੇ ਦੀ ਇਕ ਰੈਜਮੈਂਟ ਵਿਚ ਕਾਫੀ ਹਫੜਾ-ਦਫੜੀ ਮੱਚ ਗਈ ਅਤੇ ਉਹ ਪਿੱਛੇ ਮੁੜਨੀ ਸ਼ੁਰੂ ਹੋ ਗਈ। ਭਾਵੇਂ ਇੰਨੇ ਚਿਰ ਤਕ ਗੋਰਾ ਫ਼ੌਜਾਂ ਨੇ ਦੁਸ਼ਮਣ ਦੀਆਂ 15 ਜਾਂ 16 ਤੋਪਾਂ ਆਪਣੇ ਕਬਜ਼ੇ ਵਿਚ ਲੈ ਲਈਆਂ ਸਨ ਅਤੇ ਤੋਪਖਾਨੇ ਨੇ ਸਿੱਖ ਫ਼ੌਜਾਂ ਦੀ ਕਤਾਰਬੰਦੀ ਦੀ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਤਬਾਹੀ ਵੀ ਕਰ ਦਿੱਤੀ ਸੀ ਪਰ ਤੋਪਖ਼ਾਨੇ ਵਿਚ ਭਾਜੜਾਂ ਪੈ ਜਾਣ ਕਾਰਨ ਗੋਰਾ ਫ਼ੌਜਾਂ ਦੀ 24ਵੀਂ ਰੈਜਮੈਂਟ ਤਾਂ ਮੁਕੰਮਲ ਰੂਪ ਵਿਚ ਹੀ ਖਤਮ ਹੋ ਗਈ। ਹਨ੍ਹੇਰਾ ਹੋ ਜਾਣ ਕਾਰਨ ਗੋਰਾ ਫ਼ੌਜਾਂ ਲਗਾਤਾਰ ਨਾ ਲੜ ਸਕੀਆਂ। ਸਿੱਖਾਂ ਨੇ ਗੋਰਾ ਫ਼ੌਜਾਂ ਦੀਆਂ 4 ਤੋਪਾਂ ਅਤੇ 3 ਰੈਜਮੈਂਟਾਂ ਦੇ ਝੰਡੇ ਆਪਣੇ ਕਬਜ਼ੇ ਵਿਚ ਲੈ ਲਏ। ਦੱਸਿਆ ਜਾਂਦਾ ਹੈ ਕਿ ਇਨ੍ਹਾਂ 3 ਰੈਜਮੈਂਟਾਂ ਦਾ ਤਾਂ ਨਾਂ ਨਿਸ਼ਾਨ ਵੀ ਬਾਕੀ ਨਹੀਂ ਸੀ ਰਿਹਾ। ਸ਼ਾਇਦ ਸਿੱਖਾਂ ਨੇ ਇਹ ਰੈਜਮੈਂਟਾਂ ਮਾਰ ਕੇ ਦਰਿਆ ਵਿਚ ਰੁੜ੍ਹਾ ਦਿੱਤੀਆਂ ਸਨ ਅਤੇ ਇਨ੍ਹਾਂ ਦਾ ਤਾਂ ਇਕ ਘੋੜਾ ਤੇ ਆਦਮੀ

ਵੀ ਨਹੀਂ ਸੀ ਮਿਲਿਆ। ਇਸ ਤੋਂ ਇਲਾਵਾ ਲਾਰਡ ਗਫ ਦੀ ਕਮਾਨ ਹੇਠ ਲਾਹੌਰੋਂ ਆਈ ਸਿੱਖ ਫ਼ੌਜ ਦਾ ਭਾਰੀ ਨੁਕਸਾਨ ਹੋਇਆ। ਇਤਿਹਾਸ ਅੰਦਰ ਇਹ ਲੜਾਈ ਇਕ ਸਖ਼ਤ ਤੇ ਭਿਆਨਕ ਲੜਾਈ ਮੰਨੀ ਜਾਂਦੀ ਹੈ। ਮੁਕਾਬਲਾ ਡਟ ਕੇ ਹੋਇਆ ਪਰ ਨਤੀਜਾ ਇੰਨਾ ਸੰਦੇਹ ਵਾਲਾ ਸੀ ਕਿ ਦੋਵੇਂ ਪਾਸਿਆਂ ਨੇ ਹੀ ਆਪਣੀ ਫ਼ਤਹਿ ਦੇ ਦਾਅਵੇ ਕੀਤੇ। ਐਪਰ ਨੋਲਨ ਦੇ ਕਥਨ ਅਨੁਸਾਰ–ਫਾਇਦੇ ਤਾਂ ਮੁਕੰਮਲ ਰੂਪ ਵਿਚ ਸਿੱਖਾਂ ਦੇ ਹੱਕ ਵਿਚ ਸਨ। ਗੋਰਾ ਫ਼ੌਜਾਂ ਨੂੰ ਕਈ ਵਾਰ ਨੁਕਸਾਨ ਉਠਾ ਕੇ ਪਿੱਛੇ ਮੁੜਨਾ ਪਿਆ। ਪੋਪ ਦੇ ਰਿਸਾਲੇ ਨੂੰ ਤਾਂ ਬੁਰੀ ਹਾਰ ਹੋਈ। ਜਰਨੈਲ ਠੋਕਸੈਲ ਨੇ ਲਿਖਿਆ ਹੈ, ''13 ਜਨਵਰੀ ਦੀ ਰਾਤ ਅੰਗਰੇਜ਼ਾਂ ਲਈ ਬਹੁਤ ਡਰ ਵਾਲੀ ਰਾਤ ਸੀ। ਇਸ ਲੜਾਈ ਵਿਚ ਅੰਗਰੇਜ਼ਾਂ ਦੇ 22 ਯੂਰਪੀਅਨ ਅਫ਼ਸਰ, 16 ਦੇਸੀ ਅਫ਼ਸਰ ਅਤੇ 561 ਸਿਪਾਹੀ ਮਾਰੇ ਗਏ ਅਤੇ 98 ਲਾਪਤਾ ਸਨ। ਜਦੋਂ ਕਿ 67 ਯੂਰਪੀਅਨ ਅਫ਼ਸਰ, 27 ਦੇਸੀ ਅਫ਼ਸਰ ਅਤੇ 1547 ਸਿਪਾਹੀ ਜ਼ਖ਼ਮੀ ਹੋਏ।''

ਪੋਪ ਨੇ ਆਪਣੇ ਰਿਸਾਲੇ ਦੀ ਹਾਰ ਦਾ ਕਾਰਨ ਇਹ ਦੱਸਿਆ ਕਿ ਉਸਨੇ ਆਪਣੇ ਘੋੜ ਸਵਾਰਾਂ ਨੂੰ ਵਾਰ ਵਾਰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਪਰ ਸਭ ਕੁੱਝ ਅਸਫ਼ਲ ਹੀ ਗਿਆ। ਉਸਦੇ ਘੋੜ-ਸਵਾਰ ਇਕਹਿਰੇ ਜਿਹੇ ਮੱਧਰੇ ਸਰੀਰ ਦੇ ਸਨ ਅਤੇ ਉਨ੍ਹਾਂ ਦੇ ਘੋੜੇ ਵੀ ਛੋਟੇ ਕੱਦ ਦੇ ਸਨ। ਦੂਜੇ ਪਾਸੇ ਸਰਦਾਰ ਸ਼ੇਰ ਸਿੰਘ ਦੇ ਘੋੜ ਸਵਾਰ ਉੱਚੀ ਲੰਬੀ ਡੀਲ ਡੌਲ ਦੇ ਗੁੰਦਵੇਂ ਸਰੀਰਾਂ ਵਾਲੇ ਗੱਭਰੂ ਸਨ। ਉਨ੍ਹਾਂ ਦੀਆਂ ਸ਼ਮਸ਼ੀਰਾਂ ਲੰਬੀਆਂ ਸਨ ਅਤੇ ਹੇਠਾਂ ਉੱਚੇ ਕੱਦ-ਬੁੱਤ ਦੇ ਫੁਰਤੀਲੇ ਤੇ ਖ਼ੂਬਸੂਰਤ ਘੋੜੇ ਸਨ। ਕਰਨਲ ਨੂੰ ਇਹ ਵੀ ਗਿਲਾ ਸੀ ਕਿ ਅੰਗਰੇਜ਼ੀ ਨਮੂਨੇ ਦੇ ਹਥਿਆਰ ਬਹੁਤੇ ਚੰਗੇ ਨਹੀਂ ਸਨ ਅਤੇ ਲੜਾਈ ਦੇ ਮੈਦਾਨ ਵਿਚ ਛੇਤੀ ਹੀ ਖੁੰਢੇ ਹੋ ਜਾਂਦੇ ਸਨ। ਸਿੰਘਾਂ ਦੀਆਂ ਤਲਵਾਰਾਂ ਦੀਆਂ ਧਾਰਾਂ ਕਦੇ ਵੀ ਮੁੜਦੀਆਂ ਨਹੀਂ ਸਨ।

ਜਦੋਂ ਚੇਲੀਆਂ ਵਾਲੇ ਦੀ ਲੜਾਈ ਦੀ ਖ਼ਬਰ ਇੰਗਲੈਂਡ ਵਿਚ ਪੁੱਜੀ ਤਾਂ ਸਾਰੀ ਅੰਗਰੇਜ਼ ਕੌਮ ਹੀ ਸੋਗ ਅਤੇ ਸ਼ਰਮ ਵਿਚ ਡੁੱਬ ਗਈ। ਇਥੇ ਗੋਰਾ ਫ਼ੌਜਾਂ ਦਾ ਹੋਇਆ ਨੁਕਸਾਨ ਅਫ਼ਗਾਨਿਸਤਾਨ ਵਿਚ ਹੋਏ ਨੁਕਸਾਨ ਨਾਲੋਂ ਵੀ ਕਈ ਗੁਣਾ ਭੈੜਾ ਸਮਝਿਆ ਗਿਆ। ਅੰਗਰੇਜ਼ ਕੌਮ ਨੇ ਇਹ ਮਹਿਸੂਸ ਕੀਤਾ ਕਿ ਹਿੰਦੁਸਤਾਨ ਵਿਚ ਗੋਰਿਆਂ ਦੀ ਪ੍ਰਸਿੱਧੀ ਅਤੇ ਚੜ੍ਹਾਈ ਨੂੰ ਇਕ ਭਾਰੀ ਸੱਟ ਵੱਜੀ ਹੈ। ਇਸ ਹਾਰ ਦਾ ਕਾਰਨ ਲਾਰਡ ਗਫ ਦੀਆਂ ਵੱਡੀਆਂ ਵੱਡੀਆਂ ਭੁੱਲਾਂ ਨੂੰ ਮੰਨਿਆ ਗਿਆ। 'ਟਾਈਮਜ਼ ਆਫ ਲੰਡਨ' ਨੇ ਬੜੇ ਦੁੱਖ ਭਰੇ ਸ਼ਬਦਾਂ ਵਿਚ ਲਿਖਿਆ ਹੈ, ''ਲਾਰਡ ਗਫ਼ ਸਾਡੇ ਸਿਪਾਹੀਆਂ ਦੀਆਂ ਜਾਨਾਂ ਨਾਲ ਖੇਡ ਰਿਹਾ ਹੈ।'' 7 ਮਾਰਚ 1849 ਨੂੰ ਬੋਰਡ ਆਫ ਡਾਇਰੈਕਟਰਜ਼ ਦੇ ਪ੍ਰਧਾਨ ਸਰ ਜੌਨ ਹੌਬ ਹਾਊਸ ਨੇ ਕਿਹਾ, ''ਇਸ ਤਬਾਹੀ ਨੇ ਸਾਡੀਆਂ ਕਾਮਯਾਬੀਆਂ ਉੱਤੇ ਮਿੱਟੀ ਪਾ ਦਿੱਤੀ ਹੈ ਅਤੇ ਲੋਕਾਂ ਦੇ ਦਿਲਾਂ ਉੱਤੇ ਕਾਬਲ ਦੇ ਘੱਲੂਘਾਰੇ ਨਾਲੋਂ ਜ਼ਿਆਦਾ ਅਸਰ ਕੀਤਾ ਹੈ।'' ਨਤੀਜਾ ਇਹ ਹੋਇਆ ਕਿ ਡਾਕ ਪੁੱਜਣ ਦੇ ਅਠਤਾਲੀ ਘੰਟਿਆਂ ਦੇ ਅੰਦਰ-ਅੰਦਰ ਇਹ ਫੈਸਲਾ ਹੋ ਗਿਆ ਹੈ ਕਿ ਗਫ਼ ਦੀ ਥਾਂ ਸਰ ਚਾਰਲਸ ਨੇਪੀਅਰ ਨੂੰ ਹਿੰਦੁਸਤਾਨ ਦੀ ਕਮਾਨ ਕਰਨ ਲਈ ਭੇਜਿਆ ਜਾਵੇ। ਇਥੋਂ ਤੱਕ ਕਿ 84 ਵਰ੍ਹਿਆਂ ਦਾ ਬੁੱਢਾ, ਡਿਊਕ ਆਫ਼ ਵਲਿੰਗਟਨ ਵੀ ਇਸ ਸਮੇਂ ਇੰਨਾ ਜੋਸ਼ ਵਿਚ ਆ ਗਿਆ ਸੀ ਕਿ ਉਹ ਵੀ ਹਿੰਦੋਸਤਾਨ ਵਿਚ ਸਿੱਖਾਂ ਵਿਰੁੱਧ ਲੜਨ ਲਈ ਤਿਆਰ ਹੋ ਗਿਆ ਸੀ ਅਤੇ ਉਸਨੇ ਸਰ ਚਾਰਲਸ ਨੇਪੀਅਰ ਨੂੰ ਇਥੋਂ ਤੱਕ ਕਹਿ ਦਿੱਤਾ ਸੀ ਕਿ, ''ਜੇ ਤੂੰ ਨਹੀਂ ਜਾਂਦਾ ਤਾਂ ਮੈਂ ਜ਼ਰੂਰ ਜਾਵਾਂਗਾ।''

ਚੇਲੀਆਂ ਵਾਲ੍ਹੇ ਦੀ ਲੜਾਈ ਨੇ ਲਾਰਡ ਗਫ ਨੂੰ ਇਕ ਨਿਕੰਮਾ ਜਰਨੈਲ ਸਾਬਤ ਕਰ ਦਿੱਤਾ। ਲਾਰਡ ਡਲਹੌਜ਼ੀ ਦਾ ਵੀ ਉਸ ਉੱਤੇ ਕੋਈ ਵਿਸ਼ਵਾਸ ਨਾ ਰਿਹਾ। ਲਾਰਡ ਡਲਹੌਜ਼ੀ ਨੇ 13 ਫ਼ਰਵਰੀ 1849 ਨੂੰ ਬ੍ਰਿਗੇਡੀਅਰ ਮਾਊਂਟਿਕ ਨੂੰ ਚਿੱਠੀ ਵਿਚ ਲਿਖਿਆ–

''ਕਮਾਂਡਰ-ਇਨ-ਚੀਫ ਦੀ ਚਿੱਠੀ ਨੇ ਅੱਜ ਪਿੱਛੇ ਨਾਲੋਂ ਮੈਨੂੰ ਜ਼ਿਆਦਾ ਫਿਕਰ ਲਾ ਦਿੱਤਾ ਜਿਸ ਵਿਚੋਂ ਮੈਨੂੰ ਇਉਂ ਦਿਸਦਾ ਹੈ ਜਿਵੇਂ ਉਸਨੂੰ ਆਪਣੇ ਆਪ ਤੋਂ ਸਾਰਾ ਭਰੋਸਾ ਉੱਡ ਗਿਆ ਹੁੰਦਾ ਹੈ।

ਮੈਂ ਅਗਲੀ ਲੜਾਈ ਵਿਚ ਅਸਰਦਾਰ ਕਾਰਵਾਈ ਲਈ ਫੌਜ ਉੱਤੇ, ਤੁਹਾਡੇ ਉੱਤੇ ਅਤੇ ਹੋਰ ਤੁਹਾਡੇ ਵਰਗਿਆਂ ਉੱਤੇ ਭਰੋਸਾ ਲਾਈ ਬੈਠਾ ਹਾਂ।

ਕਿਸੇ ਅੰਗਰੇਜ਼ ਫ਼ੌਜ ਨੇ ਕਦੀ ਕੋਈ ਵੱਡੀ ਲੜਾਈ ਇਸ ਤੋਂ ਘੱਟ ਰੁਕਾਵਟਾਂ ਅਤੇ ਫਤਹਿ ਲਈ ਇਸ ਤੋਂ ਜ਼ਿਆਦਾ ਸਾਮਾਨ ਅਤੇ ਸਾਧਨਾਂ ਨਾਲ ਨਹੀਂ ਲੜੀ।''

ਸਰ ਜੌਨ ਹੌਬ ਹਾਊਸ ਨੇ 21 ਫ਼ਰਵਰੀ ਨੂੰ ਲਿਖਿਆ–

''ਜੇ ਆਪਣੀ ਜ਼ਿੱਦ ਵਿਚ ਉਸ (ਲਾਰਡ ਗਫ਼) ਨੇ ਇਨ੍ਹਾਂ ਸਾਧਨਾਂ ਦਾ ਧਿਆਨ ਨਾ ਰੱਖਿਆ, ਜੇ ਉਸਨੇ ਫਿਰ ਇਤਨਾ ਨੁਕਸਾਨ ਕਰਕੇ ਅਧੂਰੀ ਲੜਾਈ ਲੜੀ ਤਾਂ ਤੁਸੀਂ ਮੈਨੂੰ ਉਸਦੇ ਵਿਰੁੱਧ ਕੋਈ ਕਾਰਵਾਈ ਕਰਦੇ ਸੁਣੋਗੇ। ਉਹ ਮੈਦਾਨ ਵਿਚ ਉਸ ਫ਼ੌਜ ਦਾ ਕਮਾਂਡਰ ਨਹੀਂ ਰਹੇਗਾ।''

ਪਰ ਇੰਨੇ ਚਿਰ ਨੂੰ ਮੁਲਤਾਨ ਨੇ ਹਾਰ ਮੰਨ ਲਈ ਅਤੇ ਮੂਲ ਰਾਜ ਨੇ 22 ਜਨਵਰੀ, 1849 ਨੂੰ ਮੁਲਤਾਨ ਜਰਨੈਲ ਵਿਸ਼ ਦੇ ਹਵਾਲੇ ਕਰ ਦਿੱਤਾ। ਗੁਜਰਾਤ ਦੀ ਲੜਾਈ (21 ਫ਼ਰਵਰੀ, 1849) ਵਿਚ ਅੰਗਰੇਜ਼ਾਂ ਦੀ ਜਿੱਤ ਹੋਈ ਅਤੇ ਲਾਰਡ ਗਫ ਦੀ ਸ਼ਾਨ ਫਿਰ ਕਾਇਮ ਹੋ ਗਈ। ਅੰਗਰੇਜ਼ ਸਰਕਾਰ ਨੇ ਇਸ ਲੜਾਈ ਵਿਚ ਜਾਨਾਂ ਕੁਰਬਾਨ ਕਰਨ ਵਾਲੇ ਆਪਣੇ ਅਫ਼ਸਰਾਂ ਅਤੇ ਜਵਾਨਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਇਥੇ ਇਕ ਯਾਦਗਾਰ ਖੜੀ ਕੀਤੀ ਜਿਹੜੀ 'ਕਤਲ ਗੜ੍ਹ' ਵਜੋਂ ਪ੍ਰਸਿੱਧ ਹੈ। ਅੱਜਕੱਲ੍ਹ ਚੇਲੀਆਂ ਵਾਲਾ ਰੇਲਵੇ ਸਟੇਸ਼ਨ ਲਾਲ ਮੂਸਾ ਅਤੇ ਮਲਕ ਵਾਲੀ ਲਾਈਨ ਉੱਤੇ ਹੈ।

32° 39' ਉ. ਵਿਥ. ; 73° 37' ਪੂ. ਲੰਬ

ਹ. ਪੁ.– ਇੰਪ. ਗ. ਇੰਡ. 10:224 ; ਤਵਾ. ਗੁ.ਖਾ.–ਗਿਆਨੀ ਗਿਆਨ ਸਿੰਘ ; ਹਿ. ਸਿ.–ਖੁਸ਼ਵੰਤ ਸਿੰਘ : ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ-ਗੰਡਾ ਸਿੰਘ

**ਚੈੱਸਕੀ ਬੁਡਾਯਾੱਵਤਸੇ** : ਚੈੱਕ ਗਣਰਾਜ ਵਿਚ ਦੱਖਣੀ ਬੋਹੀਮੀਆ ਪ੍ਰਸ਼ਾਸਕੀ ਖੰਡ ਦੀ ਰਾਜਧਾਨੀ ਅਤੇ ਮਸ਼ਹੂਰ ਸ਼ਹਿਰ ਹੈ ਜੋ ਵਲਤਾਵਾ ਅਤੇ ਮਾਲਸੇ ਦਰਿਆਵਾਂ ਦੇ ਸੰਗਮ ਉੱਤੇ ਵਾਕਿਆ ਹੈ। ਸ਼ਹਿਰ ਦੇ ਨੇੜੇ ਹੀ ਬੋਹੀਮੀਆ ਦੇ ਜ਼ਰਾਇਤੀ ਇਲਾਕੇ ਵੀ ਹਨ ਜਿੱਥੇ ਆਲੂ ਅਤੇ ਅਨਾਜੀ ਫਸਲਾਂ ਉਗਾਈਆਂ ਜਾਂਦੀਆਂ ਹਨ। ਇਥੇ ਸੰਸਾਰ ਪ੍ਰਸਿੱਧ ਸ਼ਰਾਬ ਕੱਢਣ, ਲਕੜੀ ਚੀਰਨ ਅਤੇ ਕਾਗਜ਼ ਬਣਾਉਣ ਦੇ ਕਾਰਖਾਨੇ ਹਨ। ਇਥੇ ਖ਼ਾਸ ਕਿਸਮ ਦੀਆਂ ਪੈਨਸਿਲਾਂ, ਮੀਨਾਕਾਰੀ ਕੀਤੇ ਭਾਂਡੇ ਅਤੇ ਫਰਨੀਚਰ ਵੀ ਬਣਦਾ ਹੈ।

ਸ਼ਹਿਰ ਦੀ ਸਥਾਪਨਾ 13ਵੀਂ ਸਦੀ ਵਿਚ ਕੀਤੀ ਗਈ ਸੀ। ਮੁੱਢਲੇ ਚੈਕ ਰਾਜਿਆਂ ਵੇਲੇ ਇਹ ਸ਼ਾਹੀ ਸ਼ਹਿਰ ਹੋਇਆ ਕਰਦਾ ਸੀ। ਹਸਾਇਟ ਯੁੱਧਾਂ ਵੇਲੇ ਇਹ ਸ਼ਹਿਰ ਬਹੁਤ ਪ੍ਰਸਿੱਧ ਰਿਹਾ। ਚੌਦਵੀਂ ਅਤੇ ਪੰਦਰ੍ਹਵੀਂ ਸਦੀ ਦੀ ਹਸਾਇਟ ਲਹਿਰ ਨੂੰ ਯਾਦਗਾਰੀ ਬਣਾਉਣ ਲਈ ਇਥੇ ਇਕ ਵਿਸ਼ੇਸ਼ ਅਜਾਇਬ ਘਰ ਬਣਾਇਆ ਗਿਆ। ਸੰਨ 1939 ਵਿਚ ਇਸ ਸ਼ਹਿਰ ਉੱਤੇ ਜਰਮਨੀ ਦਾ ਕਬਜ਼ਾ ਹੋ ਗਿਆ। ਦੂਜੇ ਮਹਾਂਯੁੱਧ ਵੇਲੇ ਇਹ ਮੁੜ ਚੈਕੋਸਲੋਵਾਕੀਆ ਨੂੰ ਹੀ ਮਿਲ ਗਿਆ। ਸ਼ਹਿਰ ਦੇ ਨੇੜੇ ਹੀ ਹਲੁਬੋਕਾ ਕਿਲਾ ਹੈ ਜਿਹੜਾ ਦੁਰਲੱਭ ਚਿੱਤਰਾਂ ਅਤੇ ਹੋਰ ਕਲਾ-ਕ੍ਰਿਤੀਆਂ ਦੇ ਸੰਗ੍ਰਿਹਾਂ ਕਰਕੇ ਮਸ਼ਹੂਰ ਹੈ।

ਅੱਜਕੱਲ੍ਹ ਸ਼ਹਿਰ ਦੀ ਮਹੱਤਤਾ ਆਵਾਜਾਈ ਅਤੇ ਸੱਨਅਤੀ ਕੇਂਦਰ ਕਰਕੇ ਹੈ।

ਆਬਾਦੀ–99,000 (1991)

48° 50′ ਉ. ਵਿਥ.; 14° 28′ ਪੂ. ਲੰਬ.

ਹ. ਪੁ.–ਐਨ ਬ੍ਰਿ. ਮਾ. 2 : 698 ; ਕੋਲ. ਐਨ. 4:536

**ਚੈਸ਼ੰਟ** : ਇੰਗਲੈਂਡ ਦੀ ਹਰਫਰਡਸ਼ਿਰ ਕਾਉਂਟੀ ਦਾ ਸ਼ਹਿਰ ਹੈ ਜੋ ਲੀ ਦਰਿਆ ਉੱਤੇ ਲੰਡਨ ਤੋਂ ਉੱਤਰ ਵੱਲ 27 ਕਿ. ਮੀ. ਦੂਰ ਅਤੇ ਹਰਫਰਡ ਤੋਂ 11 ਕਿ. ਮੀ. ਦੱਖਣ ਵੱਲ ਵਾਕਿਆ ਹੈ। ਨਵੇਂ ਸ਼ਹਿਰ ਤੋਂ ਲਗਭਗ 1 ਕਿ. ਮੀ. ਪੱਛਮ ਵੱਲ ਸੇਂਟ ਮੇਰੀ ਦੇ ਗਿਰਜੇ ਵਾਲੀ ਥਾਂ ਤੇ ਪ੍ਰਾਚੀਨ ਸ਼ਹਿਰ ਵੱਸਿਆ ਹੁੰਦਾ ਸੀ ਜਿਸ ਦਾ 1086 ਈ. ਵਿਚ ਸੈਸਟਰ ਰਹੰਟ ਨਾਂ ਹੁੰਦਾ ਸੀ। ਇਥੋਂ ਦਾ ਗਿਰਜਾ 1418 ਈ. ਵਿਚ ਬਣਾਇਆ ਗਿਆ ਜਿਸ ਦੇ ਆਲੇ-ਦੁਆਲੇ ਡਿਸਟ੍ਰਿਕਟ ਦੀਆਂ ਪੁਰਾਣੀਆਂ ਇਮਾਰਤਾਂ ਹਨ। ਨਵੇਂ ਸ਼ਹਿਰ ਦੇ ਵਿਚਕਾਰ 1911 ਈ. ਦਾ ਬਣਿਆ ਖ਼ੂਬਸੂਰਤ 'ਗ੍ਰੰਡੀ ਪਾਰਕ' ਹੈ। ਇਥੋਂ ਦਾ ਡਿਊਹਰਸਟ ਸਕੂਲ 1640 ਈ. ਵਿਚ ਸਥਾਪਤ ਕੀਤਾ ਗਿਆ। ਇਥੇ 18ਵੀਂ ਸਦੀ ਦਾ ਚਰਚ ਹਾਊਸ ਅਤੇ ਬਿਸ਼ਪ ਕਾਲਜ ਵੀ ਮੌਜੂਦ ਹੈ। ਇਥੋਂ ਦੇ ਬਹੁਤ ਸਾਰੇ ਲੋਕ ਰੋਜ਼ਾਨਾ ਹੀ ਲੰਡਨ ਜਾਂਦੇ ਹਨ।

51° 43′ ਉ. ਵਿਥ. ; 0° 02′ ਪੂੱ. ਲੰਬ

ਹ. ਪੁ.–ਐਨ. ਐਮ. 6:423 ; ਐਨ. ਬ੍ਰਿ. ਮਾ. 2:812

**ਚੈਸਟਨਟ** : ਇਹ ਸ਼ਬਦ ਫੈਗੇਸੀ ਕੁਲ ਅਤੇ ਕੈਸਟੇਨੀਆ ਪ੍ਰਜਾਤੀ ਦੀਆਂ ਚਾਰ ਜਾਤੀਆਂ ਲਈ ਵਰਤਿਆ ਜਾਣ ਵਾਲਾ ਆਮ ਨਾਂ ਹੈ। ਇਨ੍ਹਾਂ ਜਾਤੀਆਂ ਦੇ ਕੰਡੇਦਾਰ ਫਲ ਵਿਚ 2 ਜਾਂ 3 ਨਟ ਹੁੰਦੇ ਹਨ। ਇਸ ਪ੍ਰਜਾਤੀ ਦੇ ਹੋਰ ਮੈਂਬਰਾਂ ਵਿਚ ਛੋਟੇ ਕੰਡੇਦਾਰ ਫਲ ਹੁੰਦੇ ਹਨ ਜੋ ਚਿਨਕੁਆਪਿਨ ਦੇ ਨਾਂ ਨਾਲ ਜਾਣੇ ਜਾਂਦੇ ਹਨ।

ਚੈਸਟਨਟ (Castanea sp.) ਦਰਮਿਆਨੇ ਤੋਂ ਕਾਫ਼ੀ ਵੱਡੇ ਰੁੱਖ ਹੁੰਦੇ ਹਨ ਜਿਨ੍ਹਾਂ ਦੇ ਪੱਤੇ ਬਦਲਵੇਂ, ਸਧਾਰਣ ਅਤੇ ਝੜਨ ਵਾਲੇ ਹੁੰਦੇ ਹਨ। ਇਨ੍ਹਾਂ ਦੇ ਸਿਰੇ ਕੰਡਿਆਂ ਵਾਲੇ ਹੁੰਦੇ ਹਨ। ਇਨ੍ਹਾਂ ਦੇ ਛੋਟੇ ਇਕ ਲਿੰਗੀ ਫੁੱਲ ਕੈਟਕਿਨ ਵਿਚ ਲੱਗਦੇ ਹਨ। ਬਹੁਤ ਸਾਰੇ ਪੁਸ਼ਪ-ਕ੍ਰਮ ਤਕਰੀਬਨ ਸਾਰੇ ਹੀ ਪੁੰਕੇਸਰੀ ਹੁੰਦੇ ਹਨ ਜਦੋਂ ਕਿ ਦੂਸਰੇ ਫੁੱਲ ਦੋ ਲਿੰਗੀ ਹੁੰਦੇ ਹਨ ਜਿਨ੍ਹਾਂ ਦੇ ਅੰਡਪ-ਪੁੰਜੀ ਫੁੱਲ ਰੈਕਿਸ ਦੇ ਸਿਰੇ ਤੇ ਲੱਗੇ ਹੁੰਦੇ ਹਨ। ਫਲ ਜੋ ਇਕ ਗਿਰੀ ਵਾਂਗ ਹੁੰਦਾ ਹੈ, ਦੋ ਜਾਂ ਤਿੰਨ ਦੇ ਗੁੱਛੇ ਵਿਚ ਲੱਗਦਾ ਹੈ ਅਤੇ ਇਹ ਮੋਟੀ ਜਿਹੀ ਛਿੱਲ ਵਿਚ ਲੁਕਿਆ ਹੁੰਦਾ ਹੈ ਜਿਸ ਦੇ ਬਹੁ-ਸ਼ਖਾਵੀ ਕੰਡੇ ਹੁੰਦੇ ਹਨ।

ਚੈਸਟਨਟ ਬਹੁਤ ਸਾਰੇ ਬੀਜ ਪੈਦਾ ਕਰਦਾ ਹੈ ਪਰ ਕਾਫ਼ੀ ਚਿਰ ਦੀ ਔੜ ਵਿਚ ਅਕਸਰ ਪੌਦ ਬਹੁਤ ਵੱਡੀ ਗਿਣਤੀ ਵਿਚ ਮਰ ਜਾਂਦੀ ਹੈ। ਦੂਸਰੇ ਪਾਸੇ, ਜੇਕਰ ਇਕ ਨਵਾਂ ਪੌਦਾ ਚੰਗੀ ਤਰ੍ਹਾਂ ਜੰਮ ਜਾਵੇ ਤਾਂ ਇਹ ਕਾਫ਼ੀ ਡੂੰਘਾ ਜੜ੍ਹ ਸਿਸਟਮ ਵਿਕਸਿਤ ਕਰ ਲੈਂਦਾ ਹੈ ਅਤੇ ਪੁਰਾਣੇ ਰੁੱਖ ਔੜ ਦਾ ਮੁਕਾਬਲਾ ਚੰਗੀ ਤਰ੍ਹਾਂ ਕਰ ਲੈਂਦੇ ਹਨ। ਇਹ ਰੁੱਖ ਵਧੇਰੇ ਕਰਕੇ ਭੁਰਭੁਰੀ ਸੋਖਣ ਯੋਗ ਅਤੇ ਦਰਮਿਆਨੀ ਖੁਸ਼ਕ ਜ਼ਮੀਨ ਵਿਚ ਹੁੰਦੇ ਹਨ। ਖਾਰੀ ਜ਼ਮੀਨ ਇਸ ਦੇ ਵਿਕਾਸ ਲਈ ਠੀਕ ਨਹੀਂ। ਇਸ ਦੀ ਲੱਕੜ ਅਤੇ ਛਿੱਲ ਵਿਚ ਟੈਨਿਨ ਹੁੰਦਾ ਹੈ ਜੋ ਕੱਚੀਆਂ ਖੱਲਾਂ ਨੂੰ ਚਮੜੇ ਵਿਚ ਬਦਲਣ ਵਿਚ ਵਰਤਿਆ ਜਾਂਦਾ ਹੈ। ਇਸ ਦੇ ਫਲ ਮਨੁੱਖਾਂ ਅਤੇ ਜਾਨਵਰਾਂ ਲਈ ਖੁਰਾਕ ਦਾ ਸਾਧਨ ਹਨ। ਨਰਮ, ਪੱਕੀ ਅਤੇ ਹੰਢਣਸਾਰ ਲੱਕੜ ਬਹੁਤ ਥਾਂ ਵਰਤੀ ਜਾਂਦੀ ਹੈ। ਗੋਲ ਲੱਕੜ ਵਿਸ਼ੇਸ਼ ਤੌਰ ਤੇ ਖੰਭਿਆਂ, ਥੰਮ੍ਹਾਂ ਰੇਲ ਦੀਆਂ ਪਟੜੀਆਂ ਥੱਲੇ ਅਤੇ ਖਾਣਾਂ ਵਿਚ ਵਰਤੀ ਜਾਂਦੀ ਹੈ।

**ਯੂਰਪੀ ਚੈਸਟਨਟ**—ਇਸ ਨੂੰ ਆਮ ਕਰਕੇ ਸਪੇਨੀ ਚੈਸਟਨਟ ਵੀ ਕਿਹਾ ਜਾਂਦਾ ਹੈ। ਇਹ ਜਾਤੀ 1300 ਮੀ. ਦੀ ਉਚਾਈ ਤੋਂ ਉੱਤੇ ਨਹੀਂ ਮਿਲਦੀ ਪਰ ਫਿਰ ਵੀ ਇਹ ਦੱਖਣੀ ਯੂਰਪ, ਉੱਤਰੀ ਅਫਰੀਕਾ ਅਤੇ ਦੱਖਣੀ ਏਸ਼ੀਆ ਵਿਚ ਕਾਕੇਸਸ ਦੇ ਪੂਰਬ ਵਿਚ ਮਿਲਦੀ ਹੈ। ਇਹ ਇੰਗਲੈਂਡ, ਸਕਾਟਲੈਂਡ, ਭਾਰਤ ਅਤੇ ਆਸਟ੍ਰੇਲੀਆ ਵਿਚ ਸਫਲਤਾ ਨਾਲ ਪ੍ਰਵਰਧਤ ਕੀਤੀ ਜਾਂਦੀ ਹੈ। ਇਹ ਅਕਸਰ ਕੈਲਿਫੋਰਨੀਆ ਅਤੇ ਉੱਤਰ ਪੱਛਮ ਸ਼ਾਂਤ ਮਹਾਂਸਾਗਰ ਵਿਚ ਮਿਲਦੀ ਹੈ। ਇਸ ਜਾਤੀ ਦੇ ਰੁੱਖ ਬਹੁਤ ਜ਼ਿਆਦਾ ਉੱਚੇ ਹੋ ਜਾਂਦੇ ਹਨ। ਇਸ ਦੀ ਮਿਸਾਲ ਸਿਸਲੀ ਵਿਚ ਮਾਊਂਟ ਐਟਨਾ ਦੇ ਹੇਠਾਂ ਇਕ ਰੁੱਖ ਹੈ ਜੋ ਕਰੀਬ 65 ਮੀ. ਉੱਚਾ ਹੈ ਅਤੇ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਇਹ 2000 ਸਾਲ ਪੁਰਾਣਾ ਹੈ। ਬਾਅਦ ਵਿਚ ਇਹ ਜੁਆਲਾ-ਮੁਖੀ ਕਿਰਿਆ ਨਾਲ ਤਬਾਹ ਹੋ ਗਿਆ। ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਖਾਧੇ ਜਾਣ ਵਾਲੇ ਚੈਸਟਨਟ ਦਾ ਇਹ ਪ੍ਰਮੁੱਖ ਸੋਮਾ ਹੈ। ਵੱਡੇ-ਵੱਡੇ ਨਟ ਜਿਨ੍ਹਾਂ ਨੂੰ ਮੈਰਨ ਵੀ ਕਿਹਾ ਜਾਂਦਾ ਹੈ, ਕੱਚੇ ਉਬਾਲ ਕੇ ਪਕਾ ਕੇ ਖਾਧੇ ਜਾਂਦੇ ਹਨ। ਛੋਟੇ ਨਟ ਸੁਕਾ ਕੇ ਅਤੇ ਪਕਾ ਕੇ ਇਨ੍ਹਾਂ ਦਾ ਆਟਾ ਬਣਾ ਲਿਆ ਜਾਂਦਾ ਹੈ ਜੋ ਸੂਪ ਬਰੈਡ ਅਤੇ ਹੋਰ ਤਰ੍ਹਾਂ ਦੇ ਭੋਜਨਾਂ ਵਿਚ ਬਦਲ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਬਹੁਤ ਛੋਟੇ ਨਟ ਪਸ਼ੂਆਂ ਨੂੰ ਚਾਰ ਦਿੱਤੇ ਜਾਂਦੇ ਹਨ।



**ਯੂਰਪੀ ਚੈਸਟਨਟ**

**ਜਾਪਾਨੀ ਚੈਸਟਨਟ**—ਇਹ ਇਕ ਦਰਮਿਆਨੇ ਆਕਾਰ ਦਾ ਰੁੱਖ ਹੈ ਜੋ ਜਾਪਾਨ ਦੇ ਪਹਾੜਾਂ ਵਿਚ 1000 ਮੀ. ਦੀ ਉਚਾਈ ਤੋਂ ਥੱਲੇ ਮਿਲਦਾ ਹੈ। ਵੀਹ ਮੀ. ਉੱਚੇ ਅਤੇ 90 ਸੈਂ. ਮੀ. ਦੇ ਘੇਰੇ ਵਾਲੇ ਰੁੱਖ ਬਹੁਤ ਘੱਟ ਹੀ ਮਿਲਦੇ ਹਨ। ਇਹ ਜਾਤੀ ਬਹੁਤ ਸਾਰੇ ਫਲ ਪੈਦਾ ਕਰਦੀ ਹੈ, ਭਾਵੇਂ ਇਸ ਦੇ ਨਟ ਯੂਰਪੀਅਨ ਜਾਤੀ ਦੇ ਨਟਾਂ ਨਾਲੋਂ ਛੋਟੇ ਅਤੇ ਖੁਰਦਰੀ ਸਤ੍ਹਾ ਵਾਲੇ ਹੁੰਦੇ ਹਨ ਪਰ ਫਿਰ ਵੀ ਇਹ ਜਾਪਾਨੀ ਖ਼ੁਰਾਕ ਦਾ ਆਮ ਅੰਸ਼ ਹਨ। ਉਬਾਲ ਕੇ ਜਾਂ ਭੁੰਨ ਕੇ ਇਨ੍ਹਾਂ ਦੀ ਸੁਗੰਧ ਸੁਧਾਰੀ ਜਾ ਸਕਦੀ ਹੈ। ਜਾਪਾਨੀ ਚੈਸਟਨਟ ਅਮਰੀਕਾ ਵਿਚ 1876 ਈ. ਵਿਚ ਦਾਖ਼ਲ ਕੀਤਾ ਗਿਆ ਜਿੱਥੇ ਇਹ ਕਈ ਪ੍ਰਾਕ੍ਰਿਤਕ ਹਿੱਸਿਆਂ ਵਿਚ ਚੰਗੀ ਤਰ੍ਹਾਂ ਵਿਕਸਿਤ ਹੋ ਚੁੱਕਾ ਹੈ।

**ਚੀਨੀ ਚੈਸਟਨਟ**—ਇਹ ਜਾਪਾਨੀ ਜਾਤੀ ਜਿਡੇ ਆਕਾਰ ਦਾ ਹੁੰਦਾ ਅਤੇ ਉੱਚੇ ਸਥਾਨਾਂ ਵਿਚ 2700 ਮੀ. ਦੀ ਉਚਾਈ ਤੱਕ ਮਿਲਦਾ ਹੈ। ਇਹ ਰੁੱਖ ਸੰਯੁਕਤ ਰਾਜ ਅਮਰੀਕਾ ਵਿਚ ਪਹਿਲਾਂ 1853 ਈ. ਵਿਚ ਲਿਆਂਦਾ ਗਿਆ। ਇਸ ਰੁੱਖ ਦੇ ਆਕਾਰ ਅਤੇ ਕੱਦ ਵਿਚ ਬਹੁਤ ਵਖਰੇਵਾਂ ਮਿਲਦਾ ਹੈ, ਪਰੰਤੂ ਫੈਲਣ ਵਾਲੀਆਂ ਚੋਟੀਆਂ ਵਾਲੇ ਰੁੱਖ ਜ਼ਿਆਦਾ ਪਸੰਦ ਕੀਤੇ ਜਾਂਦੇ ਹਨ।

ਭਾਵੇਂ ਇਹ ਨਟ ਯੂਰਪੀ ਮੈਰਨ ਜਿੰਨਾ ਵੱਡਾ ਨਹੀਂ ਹੁੰਦਾ ਪਰ ਫਿਰ ਵੀ ਇਹ ਚੰਗੇ ਆਕਾਰ ਦੇ ਅਤੇ ਕਾਫ਼ੀ ਸੁਆਦਲੇ ਹੁੰਦੇ ਹਨ ਅਤੇ

ਇਨ੍ਹਾਂ ਦੀਆਂ ਕਾਫ਼ੀ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਕੁਝ ਪ੍ਰਸਿੱਧ ਕਿਸਮਾਂ ਇਸ ਤਰ੍ਹਾਂ ਹਨ :—ਬਾਰਟਲੈੱਟ, ਕਾਰ, ਹਾਬਸਨ, ਮਿਲਫਾਰਡ, ਰੀਲਾ ਇਨਸ, ਸਟੋਕਸ, ਯੈਂਕੀ ਅਤੇ ਜ਼ਿਮਰਮੈਨ ਆਦਿ।

**ਅਮਰੀਕਨ ਚੈਸਟਨਟ**—ਇਹ ਰੁੱਖ ਕਦੀ ਲੱਕੜੀ ਪ੍ਰਾਪਤ ਕਰਨ ਵਾਲੇ ਕੀਮਤੀ ਰੁੱਖਾਂ ਵਿਚੋਂ ਇਕ ਸੀ। ਇਹ ਦੱਖਣੀ ਮੇਨ ਤੋਂ ਦੱਖਣ



**ਅਮਰੀਕਨ ਚੈਸਟਨਟ**

ਪੂਰਬੀ ਮਿਸ਼ੀਗਨ, ਦੱਖਣ ਅਤੇ ਪੱਛਮ ਵਿਚ ਦੱਖਣ ਪੱਛਮੀ ਫਲੋਰਿਡਾ ਅਤੇ ਪੂਰਬੀ ਐਰਕੈਨਸਾਸ ਤੱਕ ਮਿਲਦਾ ਹੈ। ਇਹ ਐਪੇਲੇਚੀਅਨ ਪਹਾੜਾਂ ਵਿਚ ਬਹੁਤ ਮਿਲਦਾ ਹੈ, ਜਿੱਥੇ ਇਹ 1000 ਮੀ. ਦੀ ਉਚਾਈ ਤੋਂ ਥੱਲੇ ਤਟਵਰਤੀ ਮੈਦਾਨਾਂ ਨੂੰ ਛੱਡ ਕੇ ਪੂਰਬੀ ਸੰਯੁਕਤ ਰਾਜ ਅਮਰੀਕਾ ਵਿਚ ਬਹੁਤ ਹੈ। ਇਸ ਦਾ ਵਾਧਾ ਚੰਗੀਆਂ ਜ਼ਮੀਨਾਂ ਤੇ ਬਹੁਤ ਤੇਜ਼ ਹੁੰਦਾ ਹੈ ਅਤੇ ਪੂਰਨ ਰੁੱਖ ਆਮ ਤੌਰ ਤੇ 33 ਮੀ. ਦੀ ਉਚਾਈ ਅਤੇ 105 ਸੈਂ ਮੀ. ਘੇਰੇ ਵਾਲਾ ਹੋ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 5:474 ; ਮੈਕ. ਐਨ. ਸ. ਟ. 3:57

**ਚੈਸਟਨਟ ਓਕ** : ਇਹ ਕੁਐਰਕਸ ਪ੍ਰਜਾਤੀ ਦੇ ਮੈਂਬਰ ਰੁੱਖ ਹਨ ਅਤੇ ਓਕ ਰੁੱਖਾਂ ਨਾਲ ਸੰਬੰਧਤ ਹਨ। ਓਕ ਰੁੱਖਾਂ ਤੋਂ ਬਹੁਤ ਪ੍ਰਸਿੱਧ ਸਖ਼ਤ ਲੱਕੜ ਪ੍ਰਾਪਤ ਕੀਤੀ ਜਾਂਦੀ ਹੈ। ਚੈਸਟਨਟ ਓਕ ਦਾ ਵਿਗਿਆਨਕ ਨਾਂ ਕੁਐਰਕਸ ਪਰਾਈਨਸ (Quercus prinus) ਹੈ। ਚੈਸਟਨਟ ਓਕ ਉਪ-ਗਰੁੱਪ ਦੇ ਰੁੱਖਾਂ ਦੇ ਪੱਤਿਆਂ ਤੇ ਛੋਟੇ-ਛੋਟੇ ਗੋਲ ਦੰਦੇ ਹੁੰਦੇ ਹਨ। ਇਹ ਰੁੱਖ ਲਗਭਗ 20 ਤੋਂ 30 ਮੀ. ਤੱਕ ਉੱਚੇ ਹੋ ਜਾਂਦੇ ਹਨ। ਇਨ੍ਹਾਂ ਦੇ ਸਿਰੇ ਚੌੜੇ ਅਤੇ ਬੇਤਰਤੀਬੇ ਹੁੰਦੇ ਹਨ। ਇਨ੍ਹਾਂ ਰੁੱਖਾਂ ਦੀ ਛਿੱਲ ਗੂੜ੍ਹੀ ਭੂਰੇ ਰੰਗ ਦੀ ਅਤੇ ਵੱਟਾਂ ਵਾਲੀ ਹੁੰਦੀ ਹੈ। ਇਹ ਸੰਯੁਕਤ ਰਾਜ ਅਮਰੀਕਾ ਵਿਚ ਐਪੇਲੇਚੀਅਨ ਪਹਾੜਾਂ ਅਤੇ ਓਹਾਈਓ ਵਾਦੀ ਖੇਤਰਾਂ ਵਿਚ ਪਾਏ ਜਾਂਦੇ ਹਨ।

ਹ. ਪੁ.—ਸ. ਸਾ. ਹਾ. 3:2886 ; ਮੈਕ. ਐਨ. ਸ. ਟ. 9:237

**ਚੈਸਟਨਟ ਬਲਾਈਟ** : ਚੈਸਟਨਟ ਰੁੱਖਾਂ ਨੂੰ ਲੱਗਣ ਵਾਲੀ ਇਹ ਇਕ ਪ੍ਰਮੁੱਖ ਬੀਮਾਰੀ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਨ ਚੈਸਟਨਟ ਨੂੰ ਇਕ ਉੱਲੀ ਦੀ ਬੀਮਾਰੀ ਚੈਸਟਨਟ ਬਲਾਈਟ (Endothia parasitica) ਲੱਗ ਗਈ ਜੋ ਸੰਯੁਕਤ ਰਾਜ ਅਮਰੀਕਾ ਵਿਚ ਲਾਪਰਵਾਹੀ ਨਾਲ ਪੂਰਬੀ ਦੇਸ਼ਾਂ ਤੋਂ ਲਿਆਂਦੇ ਗਏ ਸਟਾਕ ਨਾਲ ਸ਼ਾਮਲ ਹੋਈ। ਇਹ ਆਪਣੇ ਮੂਲ ਸਥਾਨ ਦੇ ਖੇਤਰ ਵਿਚ ਭਾਵੇਂ ਦਰਮਿਆਨੀ ਜਿਹੀ ਹਾਲਤ ਵਿਚ ਸੀ ਪਰ ਇਹ ਨਾ ਕੇਵਲ ਅਮਰੀਕਨ ਚੈਸਟਨਟ ਲਈ ਸਗੋਂ ਯੂਰਪੀਅਨ ਚੈਸਟਨਟ ਲਈ ਵੀ ਖ਼ਤਰਨਾਕ ਸਾਬਤ ਹੋਈ। ਸ਼ੁਰੂ ਵਿਚ ਲਾਂਗ ਆਈਲੈਂਡ, ਨਿਊਯਾਰਕ ਵਿਚ ਇਸ ਦੀ ਲਾਗ ਸ਼ੁਰੂ ਹੋਈ ਜੋ ਬਾਅਦ ਵਿਚ ਬਹੁਤ ਤੇਜ਼ੀ ਨਾਲ ਫੈਲ ਗਈ। ਲਗਭਗ 35 ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਇਹ ਦੁਨੀਆ ਦੇ ਜੰਗਲਾਂ ਦੀ ਸਭ ਤੋਂ ਵੱਡੀ ਆਫ਼ਤ ਬਣ ਗਈ। ਇਸ ਆਰਗੈਨਿਜ਼ਮ ਦੇ ਵਾਧੇ ਨੂੰ ਰੋਕਣ ਲਈ ਪਹਿਲੀਆਂ ਕੋਸ਼ਿਸ਼ਾਂ ਨਾਕਾਮਯਾਬ ਰਹੀਆਂ ਅਤੇ ਹਜ਼ਾਰਾਂ ਹੀ ਰੁੱਖ ਅਤੇ ਲੱਕੜਾਂ ਇਸ ਬੀਮਾਰੀ ਦਾ ਸ਼ਿਕਾਰ ਹੋ ਗਈਆਂ। ਅਨਿਯਮਿਤ ਤੰਦਰੁਸਤ ਰੁੱਖ, ਜੋ ਪ੍ਰਤੱਖ ਰੂਪ ਵਿਚ ਬਲਾਈਟ ਰੋਧਕ ਹਨ, ਕਾਫ਼ੀ ਦੂਰੀ ਤੇ ਮਿਲਦੇ ਰਹੇ ਹਨ। ਪਰ ਇਨ੍ਹਾਂ ਦੀ ਨਸਲ ਦੇ ਪਰਵਰਧਨ ਦੀ ਬਹੁਤ ਘੱਟ ਕੋਸ਼ਿਸ਼ ਕੀਤੀ ਗਈ। ਤਜਰਬਿਆਂ ਤੋਂ ਇਹ ਪਤਾ ਚਲਦਾ ਹੈ ਕਿ ਅਮਰੀਕਨ ਤੇ ਜਾਪਾਨੀ ਚੈਸਟਨਟ ਦੇ ਦੋਗਲੇ ਰੁੱਖਾਂ ਵਿਚ ਇਸ ਬੀਮਾਰੀ ਲਈ ਕਾਫ਼ੀ ਪ੍ਰਤਿਰੋਧਕਤਾ ਪੈਦਾ ਹੋ ਸਕਦੀ ਹੈ।

ਹ. ਪੁ.—ਐਨ. ਬ੍ਰਿ. 5:474

**ਚੈਸਟਰ** : ਉੱਤਰ-ਪੱਛਮੀ ਇੰਗਲੈਂਡ ਦੀ ਚੈਸ਼ਿਰ ਕਾਊਂਟੀ ਦੀ ਬਰੋ ਅਤੇ ਕਾਊਂਟੀ ਸ਼ਹਿਰ ਹੈ ਜੋ ਡੀ ਦਰਿਆ ਉੱਤੇ ਲਿਵਰਪੂਲ ਤੋਂ ਕੋਈ 25 ਕਿ. ਮੀ. ਦੱਖਣ ਵੱਲ ਸਥਿਤ ਹੈ। ਇਹ ਇਕ ਰੇਲਵੇ ਜੰਕਸ਼ਨ ਅਤੇ ਸਮੁੰਦਰੀ ਬੰਦਰਗਾਹ ਹੈ ਜੋ ਐਲਜ਼ਮੀਰ ਨਹਿਰ ਰਾਹੀਂ ਮਰਜ਼ੀ ਨਾਲ ਜੁੜੀ ਹੋਈ ਹੈ।

ਚੈਸਟਰ ਬਹੁਤ ਹੀ ਪੁਰਾਣਾ ਸ਼ਹਿਰ ਹੈ। ਇਥੇ ਰੋਮਨ ਅਤੇ ਉਨ੍ਹਾਂ ਤੋਂ ਪਹਿਲੋਂ ਦੇ ਸਮਿਆਂ ਦੀਆਂ ਇਮਾਰਤਾਂ ਦੇ ਖੰਡਰ ਮਿਲੇ ਹਨ। ਰੋਮਨ ਅਧੀਨ ਇਸ ਸ਼ਹਿਰ ਦਾ ਨਾਂ ਡੀਵਾ ਜਾਂ ਡਿਵੈਨ ਕੈਸਟਰਾ ਹੁੰਦਾ ਸੀ। ਸੰਨ 48 ਦਾ ਬਣਿਆ ਇਹ ਸ਼ਹਿਰ 60 ਈ. ਤੋਂ ਪਿੱਛੋਂ ਕਈ ਸਦੀਆਂ ਤੱਕ ਰੋਮਨਾਂ ਦੀ ਡੀ ਦਰਿਆ ਉੱਤੇ ਸਥਿਤ ਇਕ ਫ਼ੌਜੀ ਛਾਉਣੀ ਬਣਿਆ ਰਿਹਾ। ਰੋਮਨਾਂ ਤੋਂ ਪਿੱਛੋਂ ਇਹ ਅੰਗਰੇਜ਼ਾਂ, ਸੈਕਸਨਾਂ ਅਤੇ ਡੇਨੀਆਂ ਅਧੀਨ ਆਉਂਦਾ ਰਿਹਾ। ਉੱਤਰ ਵੱਲ ਅਤੇ ਵੇਲਜ਼ ਵੱਲ ਜਾਣ ਵਾਲੀਆਂ ਸੜਕਾਂ ਉੱਤੇ ਵਸਿਆ ਹੋਣ ਕਾਰਨ ਇਹ ਮਸ਼ਹੂਰ ਵਪਾਰਕ ਕੇਂਦਰ ਦੇ ਤੌਰ ਤੇ ਉੱਨਤ ਹੋਇਆ। 614 ਈ. ਦੇ ਲਗਭਗ ਇਹ ਤਬਾਹ ਹੋ ਗਿਆ ਜਿਹੜਾ 907 ਈ. ਵਿਚ ਮੁੜ ਵਸਾਏ ਜਾਣ ਤੱਕ ਉਜੜਿਆ ਹੀ ਰਿਹਾ। ਸੰਨ 1070 ਵਿਚ ਵਿਲੀਅਮ ਜੇਤੂ ਨੇ ਇਸਨੂੰ ਜਿੱਤ ਲਿਆ। ਨਾਰਮਨਾਂ ਦੀ ਜਿੱਤ ਪਿੱਛੋਂ ਇਹ ਅਰਲਾਂ ਦੀ ਨਿੱਜੀ ਜਾਇਦਾਦ ਬਣ ਗਿਆ ਸੀ। ਸੰਨ 1506 ਵਿਚ ਹੈਨਰੀ ਸੱਤਵੇਂ ਨੇ ਸ਼ਹਿਰ ਨੂੰ ਕਾਊਂਟੀ ਦਾ ਦਰਜਾ ਦੇ ਦਿੱਤਾ।

ਚੈਸਟਰ ਉਚਾਈ ਤੇ ਵੱਸਿਆ ਇੰਗਲੈਂਡ ਦਾ ਇਕੋ ਇਕ ਸ਼ਹਿਰ ਹੈ ਜਿਸ ਦੇ ਦੁਆਲੇ 3.2 ਕਿ. ਮੀ. ਦੇ ਘੇਰੇ ਵਿਚ 3.5 ਮੀ. ਤੋਂ 12 ਮੀ. (12 ਤੋਂ 40 ਫੁੱਟ) ਉੱਚੀ ਦੀਵਾਰ ਬਣੀ ਹੋਈ ਹੈ ਜਿਸ ਵਿਚ 4 ਦਰਵਾਜ਼ੇ ਹਨ। ਰੋਮਨ ਢੰਗ ਦਾ ਬਣਿਆ ਇਹ ਸ਼ਹਿਰ ਆਪਣੇ ਪ੍ਰਾਚੀਨ ਇਤਿਹਾਸਕ ਗਿਰਜਾ ਘਰ ਕਰਕੇ ਵੀ ਬਹੁਤ ਪ੍ਰਸਿੱਧ ਹੈ ਅਤੇ ਸੈਲਾਨੀਆਂ ਦੀ ਖਿੱਚ ਦਾ ਕਾਰਨ ਹੈ। ਦੀਵਾਰ ਦੇ ਬਾਹਰ-ਵਾਰ ਰੇਸ ਕੋਰਸ ਵੀ ਹੈ ਜਿਥੇ 1609 ਈ. ਤੋਂ ਘੋੜਿਆਂ ਦੀਆਂ ਦੌੜਾਂ ਕਰਵਾਈਆਂ ਜਾਂਦੀਆਂ ਹਨ। ਅੱਜਕੱਲ੍ਹ ਇਸ ਸ਼ਹਿਰ ਵਿਚ ਚਮੜੇ ਦੀਆਂ ਚੀਜ਼ਾਂ ਰੰਗ, ਲੱਕੜੀ ਦਾ ਸਾਮਾਨ ਆਦਿ ਬਣਾਉਣ ਦਾ ਕੰਮ ਹੁੰਦਾ ਹੈ । ਇਥੇ ਪ੍ਰਾਚੀਨ ਫਰਨੀਚਰ ਵੀ ਮਿਲਦਾ ਹੈ।

ਆਬਾਦੀ—1,15,971 (1991)

52° 12′ ਉ. ਵਿਥ. ; 2° 54′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2:813 ; ਵੈ ਜਗ. ਡਿ. 249 ; ਕੋਲ. ਐਨ. 4:649

**ਚੈਸਟਰ** : ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੱਛਮੀ ਇਲੀਨਾਇ ਰਾਜ ਦੀ ਰੈਨਡਾਲਫ ਕਾਊਂਟੀ ਦਾ ਸਦਰ-ਮੁਕਾਮ ਹੈ ਜਿਹੜਾ ਮੈਰੀਜ਼ ਦਰਿਆ ਦੇ ਮੁਹਾਣੇ ਉੱਤੇ ਪੂਰਬੀ ਸੇਂਟ ਲੂਅਸ ਤੋਂ 92 ਕਿ. ਮੀ. ਦੱਖਣ-ਪੱਛਮ ਵੱਲ ਸਥਿਤ ਹੈ। ਸੰਨ 1829 ਵਿਚ ਇਸ ਦੀ ਸਥਾਪਨਾ

ਹੋਈ ਸੀ ਜਿਸਨੂੰ ਮਗਰੋਂ 1855 ਵਿਚ ਨਿਗਮਤ ਕੀਤਾ ਗਿਆ। ਪਿੱਛੋਂ ਇਹ ਕਣਕ, ਮੱਕੀ ਅਤੇ ਸੋਇਆਬੀਨ ਪੈਦਾ ਕਰਨ ਵਾਲੇ ਜ਼ਰਾਇਤੀ ਇਲਾਕੇ ਦਾ ਵਪਾਰਕ ਕੇਂਦਰ ਬਣ ਗਿਆ। ਇਥੇ ਆਟਾ ਪੀਹਣ ਦੀਆਂ ਮਿੱਲਾਂ ਹਨ, ਇਥੇ ਕੱਪੜੇ ਅਤੇ ਚਮੜੇ ਦੀਆਂ ਚੀਜ਼ਾਂ ਵੀ ਬਣਦੀਆਂ ਹਨ। ਸੰਨ 1877 ਵਿਚ ਇਥੇ ਇਲੀਨਾਇ ਰਾਜ ਦੀ ਬੰਦੀ ਸੁਧਾਰ ਘਰ ਦੀ ਇਕ ਸ਼ਾਖਾ ਅਤੇ 1889 ਈ. ਵਿਚ ਇਲੀਨਾਇ ਸੁਰੱਖਿਆ ਹਸਪਤਾਲ ਦੀ ਸਥਾਪਨਾ ਕੀਤੀ ਗਈ। ਫੋਰਟ ਕਸਕਾਸਕੀਆ ਅਤੇ ਸਟੇਟ ਫੋਰਟ ਚਾਰਟਰੇਸ ਪਾਰਕ ਇਥੋਂ ਦੀਆਂ ਇਤਿਹਾਸਕ ਅਤੇ ਦਿਲਕਸ਼ ਥਾਵਾਂ ਹਨ।

ਆਬਾਦੀ–8,027 (1980)

37° 55′ ਉ. ਵਿਥ. ; 89° 49′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 2: :814 ; ਵੈ. ਜਗ. ਡਿ.

**ਚੈਸਟਰਨ, ਗਿਲਬਰਟ ਕੀਥ** : ਇਹ ਬ੍ਰਿਟਿਸ਼ ਪੱਤਰਕਾਰ ਤੇ ਸਾਹਿਤ ਆਲੋਚਕ ਸੀ। ਇਸ ਦਾ ਜਨਮ 29 ਮਈ, 1874 ਨੂੰ ਲੰਡਨ ਵਿਖੇ ਹੋਇਆ। ਵਿਦਿਆਰਥੀ ਕਾਲ ਤੋਂ ਹੀ ਇਸਦੀ ਰੁਚੀ ਸਾਹਿਤ ਰਚਨਾ ਵੱਲ ਸੀ ਤੇ ਸ੍ਰੇਸ਼ਟ ਕਾਵਿ ਰਚਨਾ ਲਈ ਇਸ ਨੂੰ 'ਗਿਲਟਨ ਇਨਾਮ'



ਗਿਲਬਰਟ ਕੀਥ ਚੈਸਟਰਨ

ਮਿਲਿਆ। ਕਈ ਸਾਹਿਤਕ ਮੈਗਜ਼ੀਨਾਂ ਲਈ ਇਹ ਨਿਯਮਿਤ ਰੂਪ ਵਿਚ ਪੁਸਤਕਾਂ ਦੀ ਸਮੀਖਿਆ ਲਿਖਦਾ ਰਿਹਾ ਜਿਸ ਨਾਲ ਅੰਗ੍ਰੇਜ਼ੀ ਸਾਹਿਤ ਜਗਤ ਵਿਚ ਪ੍ਰਸਿੱਧ ਹੋ ਗਿਆ। ਇਸ ਦੀ ਆਲੋਚਨਾ-ਸ਼ੈਲੀ ਵਿਅੰਗ-ਪੂਰਨ ਹੈ। ਆਪਣੇ ਜੀਵਨ ਦਾ ਮੁੱਖ ਮਨੋਰਥ ਇਸ ਨੇ ਸੰਸਾਰ ਵਿਚ ਅਚੰਭਾ ਭਰੀਆਂ ਗੱਲਾਂ ਨੂੰ ਉਜਾਗਰ ਕਰਨਾ ਦੱਸਿਆ ਹੈ। ਹਰ ਗੱਲ ਇਸ ਢੰਗ ਨਾਲ ਬਿਆਨ ਕੀਤੀ ਹੈ ਜਿਵੇਂ ਪਹਿਲੀ ਵਾਰੀ ਵਾਪਰੀ ਹੋਵੇ। ਰਾਬਰਟ ਬ੍ਰਾਊਨਿਂਗ, ਚਾਰਲਸ ਡਿਕਨਜ਼, ਆਰ. ਐਲ. ਸਟੀਵਨਸਨ ਤੇ ਜਾਰਜ ਬਰਨਾਰਡ ਸ਼ਾਅ ਬਾਰੇ ਇਸ ਨੇ ਆਲੋਚਨਾਤਮਕ ਗ੍ਰੰਥ ਲਿਖੇ ਤੇ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਦੀ ਪ੍ਰਤਿਭਾ ਬਹੁਮੁਖੀ ਸੀ। ਸਾਹਿਤ ਆਲੋਚਕ ਦੇ ਨਾਲ ਇਹ ਵਧੀਆ ਕਵੀ, ਨਾਟਕਕਾਰ ਤੇ ਜਾਸੂਸੀ ਨਾਵਲ ਲੇਖਕ ਵੀ ਸੀ। ਇਸ ਨੇ 1922 ਈ. ਵਿਚ ਰੋਮਨ ਕੈਥੋਲਿਕ ਧਰਮ ਅਪਣਾਇਆ। ਇਸ ਦੀ ਮੌਤ 14 ਜੂਨ, 1936 ਨੂੰ ਹੋਈ। 'ਦੀ ਵਾਈਲਡ ਨਾਈਟ', 'ਦੀ ਡੀਫੈਂਡੈਂਟ', 'ਟਵੈਲਵ ਟਾਈਪਸ', 'ਹੈਰੈਟਿਕਸ', 'ਦੀ ਨੈਪੋਲੀਅਨ ਆਫ਼ ਨਾਟਿੰਗ ਹਿਲ', 'ਦੀ ਕਲਬ ਆਫ਼ ਕਵਿਅਰ ਟ੍ਰੇਡਰਜ਼', 'ਦੀ ਬਾਲ ਐਂਡ ਦੀ ਕ੍ਰਾਸ', 'ਦੀ ਐਲ ਹੂ ਨਿਊ ਟੂ ਮੱਚ', 'ਕੈਥੋਲਿਕ ਐਸੇਜ਼' ਅਤੇ 'ਦੀ ਐਵਰਲਾਸਟਿੰਗ ਮੈਨ', ਆਦਿ ਇਸ ਦੀਆਂ ਪ੍ਰਮੁੱਖ ਰਚਨਾਵਾਂ ਹਨ।

ਹ. ਪੁ.–ਹਿੰ. ਵਿ. ਕੋ. 4:291 ; ਐਨ. ਬ੍ਰਿ. ਮਾ. 2:815 ; ਕੋਲ. ਐਨ. 4:650.

**ਚੈਸਟਰਫੀਲਡ** : ਇੰਗਲੈਂਡ ਵਿਚ ਡਰਬੀਸ਼ਿਰ ਕਾਊਂਟੀ ਦਾ ਵੱਡਾ ਸ਼ਹਿਰ ਅਤੇ ਬਰੋ ਹੈ ਜੋ ਸ਼ੈਫੀਲਡ ਤੋਂ 17 ਕਿ. ਮੀ. ਦੱਖਣ ਵੱਲ ਅਤੇ ਲੰਡਨ ਤੋਂ ਕੋਈ 198 ਕਿ. ਮੀ. ਉੱਤਰ-ਪੱਛਮ ਵੱਲ ਰਾਦਰ ਅਤੇ ਹਾਈਪਰ ਦਰਿਆਵਾਂ ਦੇ ਸੰਗਮ ਉਤੇ ਵਸਿਆ ਹੋਇਆ ਹੈ। ਇਸਨੂੰ 1204 ਈ. ਵਿਚ ਬਰੋ ਦੇ ਅਖ਼ਤਿਆਰ ਦਿੱਤੇ ਗਏ ਅਤੇ 1598 ਈ. ਵਿਚ ਸ਼ਹਿਰ ਨਿਗਮਤ ਕੀਤਾ ਗਿਆ। ਇਥੇ ਕੋਲੇ, ਲੋਹੇ ਅਤੇ ਸਿੱਕੇ ਦੀ ਖਾਣ-ਖੁਦਾਈ ਹੁੰਦੀ ਹੈ। ਅੱਜਕੱਲ੍ਹ ਇਥੇ ਤਕਨੀਕੀ ਇੰਜੀਨੀਅਰਿੰਗ, ਲੋਹਾ-ਇਸਪਾਤ ਅਤੇ ਪਿੱਤਲ ਤੋਂ ਇਲਾਵਾ, ਫਰਨੀਚਰ, ਕੱਪੜਾ ਆਦਿ ਵੀ ਬਣਾਉਣ ਦੀਆਂ ਸੱਨਅਤਾਂ ਉੱਨਤ ਹਨ। ਇਹ ਸ਼ਹਿਰ ਰੋਮਨਾਂ ਵੇਲੇ ਜ਼ਿਲ੍ਹੇ ਦੀ ਰਾਜਧਾਨੀ ਵੀ ਹੁੰਦਾ ਸੀ। ਕਈ ਸਦੀਆਂ ਤੱਕ ਇਥੇ ਧਾਤ ਦੇ ਵਪਾਰੀ ਜਿਸਤ ਦਾ ਵਪਾਰ ਕਰਦੇ ਰਹੇ।

ਰੇਲ-ਇੰਜਨ ਦੇ ਪਹਿਲੇ ਖੋਜੀ ਜਾਰਜ ਸਟੀਵਸਨ ਨੇ ਆਪਣੇ ਜੀਵਨ ਦੇ ਆਖ਼ਰੀ ਦਿਨ ਇਥੇ ਹੀ ਗੁਜ਼ਾਰੇ ਸਨ ਅਤੇ ਮੌਤ ਉਪਰੰਤ ਉਸ ਨੂੰ 'ਟ੍ਰਿਨਟੀ ਚਰਚ' ਵਿਚ ਦਫ਼ਨਾਇਆ ਗਿਆ ਸੀ। ਉਸਦੀ ਯਾਦ ਵਿਚ ਇਥੇ ਇਕ ਸਟੀਵਸਨ ਮੈਮੋਰੀਅਲ ਹਾਲ ਬਣਿਆ ਹੋਇਆ ਹੈ।

ਸ਼ਹਿਰ ਦੀਆਂ ਹੋਰ ਵਰਣਨਯੋਗ ਥਾਵਾਂ ਵਿਚ 14ਵੀਂ ਸਦੀ ਦਾ ਬਣਿਆ 69 ਮੀ. ਉੱਚੇ ਲੱਕੜੀ ਦੇ ਬੁਰਜ ਵਾਲਾ 'ਸੇਂਟ ਮੇਰੀ ਅਤੇ ਆਲ ਸੇਂਟਸ' ਗਿਰਜਾ-ਘਰ ਹੈ।

ਆਬਾਦੀ–99,403 (1991)

53° 15′ ਉ. ਵਿਥ.; 01° 25′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 2:814 ; ਵੈ. ਜਗ. ਡਿ. 249 ; ਕੋਲ. ਐਨ. 4 : 650

**ਚੈਸਟਰਫੀਲਡ, ਫਿਲਿਪ ਡਾੱਰਮਰ ਸਟੈਨਹੋਪ** : ਇਹ ਇੰਗਲੈਂਡ ਦਾ ਸਿਆਸਤਦਾਨ ਤੇ ਲੇਖਕ ਸੀ ਜੋ 'ਲੈਟਰਜ਼ ਟੂ ਹਿਜ਼ ਸਨ' ਤੇ 'ਲੈਟਰਜ਼ ਟੂ ਹਿਜ਼ ਗ੍ਰੈਂਡਸਨ' ਦੋ ਪੁਸਤਕਾਂ ਕਰਕੇ ਪ੍ਰਸਿੱਧ ਹੈ। ਇਸ ਦਾ ਜਨਮ ਲੰਡਨ ਵਿਖੇ 22 ਸਤੰਬਰ, 1694 ਨੂੰ ਹੋਇਆ। ਕੁੱਝ ਚਿਰ ਟ੍ਰਿਨਟੀ ਹਾਲ, ਕੈਂਬ੍ਰਿਜ ਵਿਖੇ ਪੜ੍ਹਨ ਮਗਰੋਂ ਇਹ ਬਹੁਤਾ ਸਮਾਂ ਬਦੇਸ਼ਾਂ ਵਿਚ, ਖ਼ਾਸ ਕਰਕੇ ਪੈਰਿਸ ਵਿਚ ਰਿਹਾ। ਇਹ ਫਰਾਂਸੀਸੀ ਰਸਮੋ-ਰਿਵਾਜ, ਸਭਿਆਚਾਰ ਤੇ ਰੁਚੀਆਂ ਦਾ ਬੜਾ ਵੱਡਾ ਪ੍ਰਸ਼ੰਸਕ ਸੀ। ਸੰਨ 1726 ਵਿਚ ਇਹ ਅਰਲ ਬਣਿਆ ਤੇ 1728 ਈ. ਵਿਚ ਹਾਲੈਂਡ ਦਾ ਰਾਜਦੂਤ ਨਿਯੁਕਤ ਹੋਇਆ। ਸੰਨ 1732 ਵਿਚ ਇਹ ਇੰਗਲੈਂਡ ਪਰਤ ਆਇਆ ਤੇ ਰਾਜਨੀਤੀ ਵਿਚ ਸਰਗਰਮ ਰਿਹਾ। ਅਗਲੇ ਦਹਾਕੇ ਵਿਚ ਸਰ ਰਾਬਰਟ ਵਾਲਪੋਲ ਦਾ ਕੱਟੜ ਵਿਰੋਧੀ ਰਿਹਾ। ਭਾਵੇਂ ਸ਼ਾਦੀ ਪੱਖੋਂ ਇਸ ਦਾ ਬਾਦਸ਼ਾਹ ਨਾਲ ਰਿਸ਼ਤਾ ਜੁੜਦਾ ਸੀ ਪਰ ਦਰਬਾਰ ਵਿਚ ਇਸਦੀ ਕੋਈ ਖ਼ਾਸ ਕਦਰ ਨਹੀਂ ਸੀ। ਪਰੰਤੂ ਅਗਸਤ, 1745 ਤੋਂ ਅਪ੍ਰੈਲ, 1746 ਤੱਕ ਆਇਰਲੈਂਡ ਦਾ ਲਾਰਡ ਲੈਫਟੀਨੈਂਟ ਰਹਿਣ ਸਮੇਂ ਆਪਣੀ ਯੋਗਤਾ ਦਿਖਾ ਕੇ ਇਸ ਨੇ ਮੁੜ ਆਪਣਾ ਵਕਾਰ ਕਾਇਮ ਕਰ ਲਿਆ। ਸੰਨ 1746 ਤੋਂ 1748 ਤੱਕ ਇਹ ਵਿਦੇਸ਼ ਮੰਤਰੀ ਰਿਹਾ। ਪਰ ਵੱਧਦੇ ਬੋਲੇਪਣ ਕਾਰਨ ਇਹ ਰਾਜਨੀਤੀ ਤੋਂ ਰਿਟਾਇਰ ਹੋ ਗਿਆ।

ਚੈਸਟਰ ਫੀਲਡ ਦੀ ਸ਼ਰਾਫਤ ਅਤੇ ਸ਼ਿਸ਼ਟਾਚਾਰ ਕਾਰਨ ਇਸ ਦੇ ਸਮਕਾਲੀ ਇਸ ਦੀ ਬੜੀ ਇੱਜ਼ਤ ਕਰਦੇ ਸਨ। ਪੋਪ ਸਵਿਫਟ ਅਤੇ ਵਾਲਟੇਅਰ ਨਾਲ ਇਸ ਦੀ ਚੰਗੀ ਸਾਂਝ ਸੀ। ਪਰ ਸੈਮੂਐਲ ਜਾਨਸਨ ਅਤੇ ਡਿਕਨਜ਼ ਨਾਲ ਇਸ ਦੇ ਸੰਬੰਧ ਚੰਗੇ ਨਹੀਂ ਸਨ। ਉਨ੍ਹਾਂ ਨੇ ਇਸ ਦੇ ਵਿਰੁੱਧ ਲਿਖਿਆ ਤੇ ਇਸ ਦਾ ਮਖੌਲ ਉਡਾਇਆ। ਇਸ ਦੇ ਵਿਚਾਰਾਂ

ਤੇ ਸਭ ਤੋਂ ਵੱਡਾ ਦੋਸ਼ ਇਹ ਲਾਇਆ ਜਾਂਦਾ ਹੈ ਕਿ ਇਨ੍ਹਾਂ ਦਾ ਨਿਸ਼ਾਨਾ ਦੁਨਿਆਵੀ ਪ੍ਰਾਪਤੀਆਂ ਸੀ। 24 ਮਾਰਚ, 1773 ਨੂੰ ਲੰਡਨ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2:814 ; ਕੋਲ. ਐਨ. 4:650

**ਚੈਸਟਰ, ਰਾਬਰਟ** : ਇਸ ਅੰਗਰੇਜ਼ ਖ਼ਗੋਲਵੇਤਾ ਦਾ ਜਨਮ ਇੰਗਲੈਂਡ ਵਿਚ ਚੈਸਟਰ ਵਿਖੇ ਹੋਇਆ। ਇਸ ਦੀਆਂ ਬਹੁਤ ਸਾਰੀਆਂ ਹੱਥ ਲਿਖਤਾਂ ਵਿਚੋਂ ਮੁੱਖ De astrolabio; Morienus romanus; 1182 ਈ. ਅਤੇ De diversitate annorum ex Roberto Cestrensi Duper tabular toletanars ਹਨ ਜਿਹੜੀਆਂ ਕਿ ਇਸ ਦੀ ਮੌਤ ਤੋਂ ਬਾਅਦ ਲਗਭਗ 1370 ਈ. ਵਿਚ ਛਪੀਆਂ। ਇਸ ਨੇ ਸਾਇੰਸ ਦੀਆਂ ਖੋਜਾਂ ਦਾ ਅਰਬੀ ਭਾਸ਼ਾ ਤੋਂ ਲਾਤੀਨੀ ਵਿਚ ਅਨੁਵਾਦ ਕੀਤਾ।

ਹ. ਪੁ.–ਵਾ. ਹੂ. ਇ. ਸ. : 328

**ਚੈਸਟਰਲਾ ਸਟਰੀਟ** : ਉੱਤਰੀ ਇੰਗਲੈਂਡ ਵਿਚ ਡਰਹਮ ਕਾਉਂਟੀ ਦਾ ਸ਼ਹਿਰੀ ਡਿਸਟ੍ਰਿਕਟ ਹੈ ਜੋ ਟਾਈਨ ਦਰਿਆ ਉੱਤੇ ਨਿਊ ਕ਼ਾਸਲ ਤੋਂ 16 ਕਿ. ਮੀ. ਦੱਖਣ ਵੱਲ ਵਾਕਿਆ ਹੈ। ਇਸ ਦੇ ਨੇੜੇ ਹੀ ਕੋਲੇ ਅਤੇ ਲੋਹੇ ਦੀਆਂ ਖਾਣਾਂ ਹਨ।

ਇਹ ਸ਼ਹਿਰ ਬਹੁਤ ਹੀ ਪੁਰਾਣੇ ਸਮੇਂ ਤੋਂ ਵਸਿਆ ਹੋਇਆ ਹੈ। ਇਥੇ ਰੋਮਨ ਅਤੇ ਰੋਮਨ ਕਾਲ ਤੋਂ ਪਹਿਲੋਂ ਦੇ ਥੇਹ ਮਿਲੇ ਹਨ ਜਿਨ੍ਹਾਂ ਵਿਚ ਗਵਰਨਰ ਦਾ ਰਿਹਾਇਸ਼ੀ ਸਥਾਨ ਵੀ ਸ਼ਾਮਲ ਹੈ। ਇਸ ਸ਼ਹਿਰ ਨੂੰ ਪਹਿਲੋਂ ਕੁਨੀਕੈਸਟਰ ਕਹਿੰਦੇ ਸਨ ਅਤੇ 883 ਈ. ਵਿਚ ਇਹ ਬਰਨਿਸ਼ੀਆ (6ਵੀਂ ਸਦੀ ਦਾ ਸਾਮਰਾਜ) ਦੇ ਬਿਸ਼ਪ ਦੀ ਸੀਟ ਵੀ ਸੀ। ਇਸ ਸ਼ਹਿਰ ਦੀ ਮਹੱਤਤਾ ਸੇਂਟ ਕਥਬਰਟ ਨਾਲ ਵੀ ਜੁੜੀ ਹੋਈ ਹੈ ਜਿਸਦਾ ਮ੍ਰਿਤਕ ਸਰੀਰ ਹੋਲੀ ਆਈਲੈਂਡ ਤੋਂ ਇਥੇ ਲਿਆਂਦਾ ਗਿਆ ਸੀ। ਇਸ ਤੋਂ ਇਲਾਵਾ ਇਥੇ ਹੋਰ ਵੀ ਕਈ ਪ੍ਰਾਚੀਨ ਇਮਾਰਤਾਂ ਹਨ।

ਆਬਾਦੀ–20,520 (1981)

ਹ. ਪੁ.–ਵੈ. ਜਗ. ਡਿ. 250 ; ਐਨ. ਬ੍ਰਿ. 5:439

**ਚੈਸਨਟ, ਚਾਰਲਸ ਵੈਡੈਲ** : ਇਸ ਪਹਿਲੇ ਉੱਘੇ ਅਮਰੀਕੀ ਹਬਸ਼ੀ ਨਾਵਲਕਾਰ, ਸਿੱਖਿਅਕ ਅਤੇ ਵਕੀਲ ਦਾ ਜਨਮ 20 ਜੂਨ, 1858 ਨੂੰ ਓਹਾਈਓ ਰਾਜ ਵਿਚ ਕਲੀਵਲੈਂਡ ਵਿਖੇ ਹੋਇਆ। ਖ਼ਾਨਾਜੰਗੀ ਮਗਰੋਂ ਇਸਦੇ ਮਾਤਾ-ਪਿਤਾ ਉੱਤਰੀ ਕੈਰੋਲਾਈਨਾ ਪਰਤ ਆਏ। 25 ਸਾਲਾਂ ਦੀ ਉਮਰ ਤੱਕ ਚੈਸਨਟ ਦਾ ਵਿਆਹ ਹੋ ਗਿਆ ਅਤੇ ਇਹ ਇਕ ਸਕੂਲ ਦਾ ਪ੍ਰਿੰਸੀਪਲ ਬਣ ਗਿਆ।

ਦੱਖਣ ਵਿਚ ਹਬਸ਼ੀਆਂ ਨਾਲ ਹੋ ਰਹੇ ਭੈੜੇ ਸਲੂਕ ਤੋਂ ਦੁਖੀ ਹੋ ਕੇ ਇਸ ਨੇ ਆਪਣੇ ਪਰਿਵਾਰ ਨੂੰ ਕਲੀਵਲੈਂਡ ਭੇਜ ਦਿੱਤਾ। ਸੰਨ 1887 ਵਿਚ ਇਹ ਓਹਾਈਓ ਬਾਰ ਵਿਚ ਸ਼ਾਮਲ ਹੋ ਗਿਆ। ਆਪਣੇ ਖ਼ਾਲੀ ਸਮੇਂ ਦੌਰਾਨ ਇਹ ਕਹਾਣੀਆਂ ਲਿਖਦਾ ਹੁੰਦਾ ਸੀ। ਸੰਨ 1885 ਤੋਂ 1905 ਦੌਰਾਨ ਇਸ ਨੇ 50 ਤੋਂ ਵੱਧ ਵੱਡੀਆਂ ਕਹਾਣੀਆਂ, ਲੇਖ, ਨਿੱਕੀਆਂ ਕਹਾਣੀਆਂ ਦੇ ਦੋ ਸੰਗ੍ਰਿਹ ਅਤੇ ਤਿੰਨ ਨਾਵਲ ਲਿਖੇ। ਇਸ ਦੀ 'The Goophered Graperine' ਕਿਸੇ ਹਬਸ਼ੀ ਦੀ ਪਹਿਲੀ ਕ੍ਰਿਤ ਸੀ, ਜਿਹੜੀ 'ਦੀ ਐਟਲਾਂਟਿਕ ਮੰਥਲੀ' (ਅਗਸਤ, 1887) ਵਿਚ ਛਪੀ ਸੀ। 'ਦੀ ਕੰਜੁਅਰ ਵੂਮਨ' (1899), 'ਦੀ ਕਰਨਲ ਡ੍ਰੀਮ' (1905) ਅਤੇ 'ਦੀ ਵਾਈਫ਼ ਆਫ਼ ਹਿਜ਼ ਯੂਥ ਐਂਡ ਅਦਰ ਸਟੋਰੀਜ਼ ਆਫ ਦੀ ਕਲਰ ਲਾਈਨ' (1899) ਆਦਿ ਇਸ ਦੀਆਂ ਸਮਾਜਕ ਨਾ-ਬਰਾਬਰੀ ਦੇ ਵਿਸ਼ਿਆਂ ਸਬੰਧੀ ਪ੍ਰਸਿੱਧ ਪੁਸਤਕਾਂ ਹਨ।

15 ਨਵੰਬਰ, 1932 ਨੂੰ ਕਲੀਵਲੈਂਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2:813 ; ਐਨ. ਅਮੈ. 6:424

**ਚੈਸਨੀ ਫ੍ਰਾਂਸਿਸ ਰਾਡਨ** : ਇਹ ਬਰਤਾਨੀਆ ਦਾ ਇਕ ਫ਼ੌਜੀ ਅਫਸਰ ਅਤੇ ਖੋਜੀ ਸੀ ਜਿਸ ਦਾ ਜਨਮ 16 ਮਾਰਚ, 1789 ਨੂੰ ਹੋਇਆ। ਇਸ ਦੀ ਮਸ਼ਹੂਰੀ ਇਸਦੀ ਸੁਏਜ਼ ਨਹਿਰ ਦੀ ਯੋਜਨਾ ਬਣਾਉਣ ਕਰਕੇ ਅਤੇ ਫ਼ਰਾਤ ਵਾਦੀ ਵਿਚੋਂ ਦੀ ਭਾਰਤ ਦਾ ਥਲੀ ਮਾਰਗ ਲੱਭਣ ਕਰਕੇ ਹੈ। ਫ਼ੌਜੀ ਸਿੱਖਿਆ ਲਈ ਵੂਲਵਿਚ ਵਿਖੇ ਕੈਡਿਟ-ਪਦ ਪ੍ਰਾਪਤ ਕਰਨ ਪਿੱਛੋਂ ਸੰਨ 1805 ਈ. ਵਿਚ ਇਹ ਸ਼ਾਹੀ ਤੋਪਖਾਨੇ ਵਿਚ ਅਫਸਰ ਭਰਤੀ ਹੋ ਗਿਆ ਅਤੇ ਹੌਲੀ-ਹੌਲੀ ਜਰਨੈਲ ਦੇ ਅਹੁਦੇ ਤੱਕ ਪਹੁੰਚਿਆ। ਸੰਨ 1829 ਵਿਚ ਇਸਨੇ ਆਪਣੀ ਫ਼ੌਜੀ ਡਿਊਟੀ ਸਮੇਂ ਇਸਤੰਬੋਲ ਦਾ ਦੌਰਾ ਕੀਤਾ ਅਤੇ ਇਸ ਸਮੇਂ ਹੀ ਇਸਨੇ ਸੁਏਜ਼ ਨਹਿਰ ਦੀ ਯੋਜਨਾ ਬਣਾਈ।



ਚੈਸਨੀ ਫਰਾਂਸਿਸ ਰਾਡਨ

ਇਸ ਨੇ ਅਨਾਹ (Anah) ਤੋਂ ਫ਼ਰਾਤ (ਅਰਬ) ਅਤੇ ਫ਼ਾਰਸ ਖਾੜੀ ਤੱਕ ਦੀ ਇਕ ਬੜੀ ਸਾਹਸੀ ਯਾਤਰਾ ਕੀਤੀ ਅਤੇ 1831 ਈ. ਵਿਚ ਭਾਰਤ ਤੱਕ ਆਉਣ ਲਈ ਇਕ ਥਲੀ ਮਾਰਗ ਦਾ ਸੁਝਾਅ ਦਿੱਤਾ। ਸੰਨ 1835 ਵਿਚ ਫ਼ਰਾਤ ਦੀ ਜਹਾਜ਼ਰਾਨੀ ਯੋਗਤਾ ਦੀ ਪਰਖ ਕਰਨ ਲਈ ਇਸ ਨੂੰ ਇਕ ਛੋਟੀ ਜਿਹੀ ਮੁਹਿੰਮ ਦਾ ਮੁਖੀ ਬਣਾ ਕੇ ਭੇਜਿਆ ਗਿਆ ਇਸ ਵਿਚ ਮਿਸਰ ਤੇ ਪਾਸਾ ਨੇ ਵਿਰੋਧ ਕੀਤਾ ਪਰ ਇਸ ਦੇ ਬਾਵਜੂਦ ਚੈਸਨੇ ਨੇ ਦੋ ਸਟੀਮਰਾਂ ਨੂੰ ਰੋਮ ਸਾਗਰ ਤੋਂ ਮਿਡਲ ਫ਼ਰਾਤ ਤੱਕ ਭੇਜ ਦਿੱਤਾ ਅਤੇ 1836 ਈ. ਦੀਆਂ ਗਰਮੀਆਂ ਵਿਚ ਇਹ ਖਾੜੀ ਫਾਰਸ ਦੀ ਬੁਸ਼ਿਰ ਦੀ ਬੰਦਰਗਾਹ ਤੇ ਪਹੁੰਚ ਗਿਆ। ਇਸ ਦੀ ਇਸ ਯਾਤਰਾ ਲਈ ਇਸਨੂੰ ਰਾਇਲ ਜੀਓਗ੍ਰਾਫੀਕਲ ਸੋਸਾਇਟੀ ਵੱਲੋਂ ਸੋਨੇ ਦੇ ਤਮਗੇ ਨਾਲ ਸਨਮਾਨਿਆ ਗਿਆ। ਸੰਨ 1850 ਵਿਚ ਇਸਨੇ ਆਪਣੀ ਖੋਜ ਮੁਹਿੰਮ ਦੀ ਪੁਸਤਕ ਛਾਪੀ। ਸੰਨ 1847 ਵਿਚ ਇਹ ਫ਼ੌਜੀ ਸੇਵਾ ਤੋਂ ਮੁਕਤ ਹੋ ਗਿਆ। ਇਸਨੇ ਆਪਣਾ ਘਰ ਆਇਰਲੈਂਡ ਵਿਚ ਬਣਾਇਆ ਉੱਥੇ ਹੀ 30 ਜੂਨ 1872 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 5:557; ਐਨ. ਬ੍ਰਿ. ਮਾ. 2:813

**ਚੈੱਸਲਡੈੱਨ, ਵਿਲੀਅਮ** : ਇਸ ਪ੍ਰਸਿੱਧ ਅੰਗਰੇਜ਼ ਸਰਜਨ ਦਾ ਜਨਮ 19 ਅਕਤੂਬਰ, 1688 ਨੂੰ ਸੱਮਰਬਾਈ ਲਾਈਸੈਸਟਰਸ਼ਿਰ ਵਿਖੇ ਹੋਇਆ। ਇਸਨੇ ਲੰਡਨ ਵਿਚ ਵਿਲੀਅਮ ਕਾਪਰ ਅਧੀਨ (1666-1709) ਸਰੀਰ-ਰਚਨਾ-ਵਿਗਿਆਨ ਦਾ ਅਧਿਐਨ ਕੀਤਾ ਅਤੇ 1715 ਈ. ਵਿਚ 'ਐਨਾਟਮੀ ਆਫ਼ ਦੀ ਹਿਊਮਨ ਬਾਡੀ' ਪੁਸਤਕ ਛਪਵਾਈ। ਇਹ ਸੇਂਟ ਟਾਮਸ ਅਤੇ ਸੇਂਟ ਜਾਰਜ ਹਸਪਤਾਲਾਂ ਵਿਚ ਸਰਜਨ ਬਣ ਗਿਆ। ਇਹ ਵੱਖੀ ਦੀ ਪੱਥਰੀ ਦੇ ਆਪਰੇਸ਼ਨ ਲਈ ਕਾਫ਼ੀ ਪ੍ਰਸਿੱਧ ਹੋਇਆ ਜਿਹੜਾ ਇਸ ਨੇ ਪਹਿਲੀ ਵਾਰ 1727 ਈ. ਵਿਚ ਕੀਤਾ।

ਇਸ ਨੇ ਅੱਖਾਂ ਦੇ ਅੰਨ੍ਹੇਪਣ ਦੀਆਂ ਕੁਝ-ਕੁ ਬੀਮਾਰੀਆਂ ਲਈ ਅੱਖ ਦੀ ਬਣਾਉਟੀ ਪੁਤਲੀ ਬਣਾ ਕੇ ਆੱਪਰੇਸ਼ਨ ਰਾਹੀਂ ਠੀਕ ਕਰਨ ਦੇ ਢੰਗ ਨੂੰ ਵਿਕਸਿਤ ਕੀਤਾ। ਇਸ ਨੇ ਸਰ ਆਈਜ਼ਾਕ ਨਿਊਟਨ ਦੀ ਅੰਤਮ ਕਾਲ ਸਮੇਂ ਦੇਖ-ਭਾਲ ਵੀ ਕੀਤੀ।

10 ਅਪ੍ਰੈਲ, 1752 ਨੂੰ ਬਾਥ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ ਬ੍ਰਿ. 5:455

**ਚੈੱਸਾਪੀਕ** : ਸ਼ਹਿਰ–ਇਹ ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੂਰਬ ਵਿਚ ਸਥਿਤ ਵਰਜੀਨੀਆ ਰਾਜ ਦਾ ਇਕ ਮਸ਼ਹੂਰ ਸ਼ਹਿਰ ਹੈ ਜਿਹੜਾ ਇਲਿਜ਼ਾਬਥ ਦਰਿਆ ਦੇ ਕੰਢੇ ਉੱਪਰ ਪੋਰਟਸਮਥ ਤੇ

ਨੌਰਫਕ ਸ਼ਹਿਰਾਂ ਅਤੇ ਵਰਜੀਨੀਆ ਬੀਚ ਦੇ ਵਿਚਕਾਰ ਵਸਿਆ ਹੋਇਆ ਹੈ। ਇਹ ਸ਼ਹਿਰ ਦੱਖਣ ਵੱਲ ਹੈਂਪਟਨ ਰੋਡਜ਼ ਤੋਂ ਲੈ ਕੇ ਉੱਤਰੀ ਕੈਰੋਲਾਈਨਾ ਦੀ ਹੱਦ ਤੀਕ ਫੈਲਿਆ ਹੋਇਆ ਹੈ। ਸੰਨ 1963 ਵਿਚ ਸਾਊਥ ਨੌਰਫਕ ਸ਼ਹਿਰ ਅਤੇ ਨੌਰਫਕ ਕਾਊਂਟੀ ਨੂੰ ਮਿਲਾ ਕੇ ਇਕ ਆਜ਼ਾਦ ਸ਼ਹਿਰ ਦੇ ਤੌਰ ਤੇ ਚੈੱਸਪੀਕ ਨਾਂ ਹੇਠ ਸਥਾਪਤ ਕੀਤਾ ਗਿਆ। ਇਹ ਸ਼ਹਿਰ ਰਕਬੇ (890 ਵ. ਕਿ. ਮੀ.) ਅਨੁਸਾਰ ਵਰਜੀਨੀਆ ਰਾਜ ਦਾ ਸਭ ਤੋਂ ਵੱਡਾ ਸ਼ਹਿਰ ਹੈ। ਵਾਹੀ ਅਧੀਨ ਜ਼ਮੀਨ ਅਤੇ ਡਿਜ਼ਮਲ ਸਵੈਂਪ (Dismal Swamp) ਵਾਲੇ ਹਿੱਸਿਆਂ ਨੂੰ ਮਿਲਾ ਕੇ ਇਹ ਸ਼ਹਿਰ ਸੰਯੁਕਤ ਰਾਜ ਦੇ ਕਿਹੜੇ ਸ਼ਹਿਰ ਨਾਲੋਂ ਵੱਡਾ ਹੈ।

ਚੈੱਸਾਪੀਕ ਸ਼ਹਿਰ ਵਾਲੇ ਖੇਤਰ ਵਿਚ 1630 ਦੇ ਦਹਾਕੇ ਦੌਰਾਨ ਚੈੱਸਾਪੀਕ ਇੰਡੀਅਨ ਜਾਤੀ ਦੇ ਲੋਕ ਆ ਕੇ ਵੱਸੇ। ਸੰਨ 1900 ਤੋਂ ਇਥੇ ਸ਼ਹਿਰੀ ਰੂਪ ਵਿਚ ਵਿਕਾਸ ਹੋਣਾ ਸ਼ੁਰੂ ਹੋਇਆ । ਚੈੱਸਾਪੀਕ ਸ਼ਹਿਰ ਦੇ ਖੇਤਰ ਵਿਚੋਂ ਦੀ ਕਈ ਨਾਲੇ ਤੇ ਛੋਟੀਆਂ ਮੋਟੀਆਂ ਨਹਿਰਾਂ ਲੰਘਦੀਆਂ ਹਨ ਜਿਸ ਕਰਕੇ ਇਥੇ ਬੰਦਰਗਾਹੀ ਸਹੂਲਤਾਂ ਵੀ ਮੁਹੱਈਆ ਹਨ। ਇਹ ਸ਼ਹਿਰ ਤੇਲ ਦੇ ਭੰਡਾਰ ਦਾ ਵੱਡਾ ਕੇਂਦਰ ਵੀ ਹੈ।

ਅਜੋਕੇ ਚੈੱਸਾਪੀਕ ਸ਼ਹਿਰ ਵਿਚ ਸਟੀਲ-ਉਤਪਾਦਨ, ਸੀਮਿੰਟ ਤੇ ਖਾਦ ਤਿਆਰ ਕਰਨ ਅਤੇ ਇਮਾਰਤੀ ਲੱਕੜੀ ਦੇ ਉਦਯੋਗ ਪ੍ਰਫੁੱਲਤ ਹਨ। ਇਸ ਤੋਂ ਬਿਨਾਂ ਇਥੇ ਮੀਟ ਦੀ ਡੱਬਾਬੰਦੀ, ਪੌਦਿਆਂ ਦੀ ਨਰਸਰੀ, ਗ੍ਰੀਨ ਹਾਊਸ ਅਤੇ ਟਰੱਕ ਫਾਰਮ (ਛੇਤੀ ਖ਼ਰਾਬ ਹੋਣ ਵਾਲੀਆਂ ਵਸਤਾਂ ਉਗਾਉਣਾ) (Truck Farm) ਉਤਪਾਦਨ ਵੀ ਇਸ ਸ਼ਹਿਰ ਦੀ ਆਰਥਿਕਤਾ ਵਿਚ ਚੋਖਾ ਹਿੱਸਾ ਪਾਉਂਦੇ ਹਨ।

ਸ਼ਹਿਰ ਦਾ ਪ੍ਰਸ਼ਾਸਨ ਕੌਂਸਲ ਮੈਨੇਜਰ ਦੇ ਜ਼ਿੰਮੇ ਹੈ। ਚੈੱਸਾਪੀਕ ਸ਼ਹਿਰ ਦੀ ਸਥਾਪਨਾ ਸਮੇਂ ਇਥੇ ਕਰ ਯੋਗ ਪਰਚੂਨ ਵਪਾਰ ਦੇ ਨਿਕਾਸ ਦੀ ਕਿੱਲਤ ਦੀ ਸਮੱਸਿਆ ਪੇਸ਼ ਆਈ। ਇਸਦੇ ਨਾਲ ਹੀ ਸ਼ਹਿਰੀ ਇਲਾਕੇ ਦੀਆਂ ਸੇਵਾਵਾਂ ਦਿਹਾਤੀ ਇਲਾਕੇ ਦੇ ਨਾਗਰਿਕਾਂ ਨੂੰ ਮੁਹੱਈਆ ਕਰਨ ਦੀ ਔਕੜ ਵੀ ਕੋਈ ਘੱਟ ਨਹੀਂ ਸੀ। ਬਾਅਦ ਵਿਚ ਇਨ੍ਹਾਂ ਔਕੜਾਂ ਦਾ ਹੱਲ ਵੀ ਕੀਤਾ ਗਿਆ।

ਆਬਾਦੀ–1,51,976 (1991)

39° 32′ ਉ. ਵਿਥ.; 79° 49′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 2:811 ; ਐਨ. ਅਮੈ. 6:403

**ਚੈੱਸਾਪੀਕ**: ਖਾੜੀ–ਇਹ ਸੰਯੁਕਤ ਰਾਜ ਦੇ ਪੂਰਬ ਵੱਲ ਦੇ ਸਾਹਿਲੀ ਮੈਦਾਨ ਦੀ ਇਕ ਉਪ ਖਾੜੀ ਹੈ ਜਿਹੜੀ 311 ਕਿ. ਮੀ. ਲੰਬੀ ਅਤੇ 5 ਤੋਂ 40 ਕਿ. ਮੀ. ਤੱਕ ਚੌੜੀ ਹੈ। ਇਹ ਖਾੜੀ ਦਰਿਆ ਸਸਕੇਹਾਨਾ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਹੇਠਲੇ ਵਹਾਓ ਦੇ ਡੁੱਬ ਜਾਣ ਕਰਕੇ ਹੋਂਦ ਵਿਚ ਆਈ। ਖਾੜੀ ਦੇ ਦੱਖਣੀ ਹਿੱਸੇ ਨਾਲ ਵਰਜੀਨੀਆ ਅਤੇ ਉੱਤਰੀ ਪਾਸੇ ਮੇਰੀਲੈਂਡ ਰਾਜ ਲੱਗਦੇ ਹਨ। ਚੈੱਸਾਪੀਕ ਖਾੜੀ ਦੇ ਉੱਤਰੀ ਸਿਰੇ ਤੇ ਕੇਪ ਚਾਰਲਸ ਅਤੇ ਦੱਖਣੀ ਸਿਰੇ ਤੇ ਕੇਪ ਹੈਨਰੀ ਇਸ ਨੂੰ ਅੰਧ ਮਹਾਂਸਾਗਰ ਸਾਗਰ ਨਾਲੋਂ ਵੱਖ ਕਰਦੇ ਹਨ। ਸਸਕੇਹਾਨਾ ਦਰਿਆ ਤੋਂ ਇਲਾਵਾ ਇਸ ਖਾੜੀ ਵਿਚ ਪੱਛਮ ਵੱਲੋਂ ਜੇਮਜ਼, ਯਾਰਕ, ਰੈਪਾਹੱਨਾਕ ਪੋਟੋਮੈਕ ਵਰਗੇ ਵੱਡੇ ਦਰਿਆ ਅਤੇ ਪੂਰਬ ਵੱਲੋਂ ਵਾਈਕਾਮਾਕੋ, ਨਾਨਟਿਕੋਕ, ਚੱਪਟੈਕ ਚੈਸਟਰ ਦਰਿਆ ਆ ਕੇ ਡਿਗਦੇ ਹਨ। ਖਾੜੀ ਦਾ ਪੂਰਬੀ ਕੰਢਾ ਕਟਿਆ-ਵਢਿਆ ਹੈ ਅਤੇ ਸਾਧਾਰਣ ਤੌਰ ਤੇ ਨੀਵਾਂ ਤੇ ਦਲਦਲ ਵਾਲਾ ਹੈ। ਦੂਜੇ ਪਾਸੇ ਪੱਛਮੀ ਸਾਹਿਲ ਸਿੱਧਾ ਹੈ ਅਤੇ ਦੰਦੀਦਾਰ ਹੈ।

ਚੈੱਸਾਪੀਕ ਖਾੜੀ ਦੇ ਨਾਲ ਲੱਗਦੇ ਖੇਤਰ ਵਿਚ ਸਭ ਤੋਂ ਪਹਿਲਾਂ 1607 ਈ. ਵਿਚ ਯੂਰਪੀਨ ਨੌਆਬਾਦਕਾਰਾਂ ਨੇ ਜੇਮਜ਼ ਟਾਊਨ ਆਬਾਦ ਕੀਤਾ। ਇਸ ਤੋਂ ਇਕ ਵਰ੍ਹਾ ਪਿੱਛੋਂ ਇਥੇ ਜਾਨ ਸਮਿਥ ਨਾਮੀ ਅੰਗਰੇਜ਼ ਆਬਾਦਕਾਰ ਵੀ ਆ ਨਿਕਲਿਆ ਜਿਸਨੇ ਇਸ ਖਾੜੀ ਅਤੇ ਇਸ ਖਾੜੀ ਦੀਆਂ ਐੱਸਚੁਅਰੀਆਂ ਦਾ ਸਰਵੇਖਣ ਕਰਕੇ ਨਕਸ਼ਾ ਤਿਆਰ ਕੀਤਾ। ਇਸ ਤੋਂ ਬਾਅਦ ਖਾੜੀ ਦੇ ਖੇਤਰ ਵਿਚ ਲੋਕ ਆਸਾਨੀ ਨਾਲ ਆ ਕੇ ਆਬਾਦ ਹੋਣੇ ਸ਼ੁਰੂ ਹੋ ਗਏ। ਸੰਨ 1812 ਦੀ ਜੰਗ ਦੌਰਾਨ ਬਰਤਾਨਵੀ ਫ਼ੌਜਾਂ ਚੈੱਸਾਪੀਕ ਖਾੜੀ ਰਸਤੇ ਹੀ ਅਮਰੀਕਾ ਅੰਦਰ ਦਾਖ਼ਲ ਹੋ ਗਈਆਂ ਸਨ।

ਸੰਨ 1952 ਵਿਚ 7 ਕਿ. ਮੀ. ਲੰਬਾ ਵਿਲੀਅਮ ਪ੍ਰੈੱਸਟਨ ਲੇਨ, ਜੂਨੀਅਰ ਮੈਮੋਰੀਅਲ ਪੁਲ ਚਾਲੂ ਕੀਤਾ ਗਿਆ। ਇਹ ਪੁਲ ਉਪਰਲੀ ਖਾੜੀ ਦੇ ਉੱਪਰ ਅਨੈਪਾਲਿਸ ਬੰਦਰਗਾਹ ਦੇ ਨਜ਼ਦੀਕ ਬਣਿਆ ਹੋਇਆ ਹੈ। ਲੋਅਰ ਖਾੜੀ ਉੱਪਰ ਸੰਨ 1964 ਵਿਚ ਚੈੱਸਾਪੀਕ ਬੇ-ਬਰਿੱਜ ਟਨਲ ਪੂਰਾ ਹੋਇਆ। ਇਹ ਖਾੜੀ ਅੰਧ ਮਹਾਂਸਾਗਰ ਦੇ ਅੰਤਰ ਸਾਹਿਲੀ ਜਲ-ਮਾਰਗ ਦਾ ਕੰਮ ਸਾਰਦੀ ਹੈ।

ਖਾੜੀ ਦੇ ਉਪਰਲੇ ਹਿੱਸੇ ਵਿਚ ਬਾਲਟੀਮੋਰ ਨਾਂ ਦੀ ਮੁੱਖ ਬੰਦਰਗਾਹ ਹੈ ਜਿੱਥੇ ਅਨੇਕ ਕਿਸਮਾਂ ਦੇ ਜਹਾਜ਼ੀ ਮਾਲ ਦੀ ਲਦਾਈ ਉਤਰਾਈ ਕੀਤੀ ਜਾਂਦੀ ਹੈ। ਚੈੱਸਾਪੀਕ ਅਤੇ ਡੈਲਾਵੇਅਰ ਨਹਿਰ ਖਾੜੀ ਦੇ ਉਪਰਲੇ ਸਿਰੇ ਨੂੰ ਡੈਲਾਵੇਅਰ ਦਰਿਆ ਦੀ ਐੱਸਚੁਅਰੀ ਨਾਲ ਮਿਲਾਉਂਦੀ ਹੈ ਜਿਸ ਦੇ ਫ਼ਲਸਰੂਪ ਉੱਤਰੀ ਦਿਸ਼ਾ ਵੱਲੋਂ ਤੇ ਯੂਰਪ ਤੋਂ ਬਾਲਟੀਮੋਰ ਤੱਕ ਦੇ ਜਲ-ਮਾਰਗ ਨੂੰ ਕਾਫ਼ੀ ਘਟਾ ਦਿੰਦੀ ਹੈ। ਜੇਮਜ਼ ਦਰਿਆ ਦੇ ਮੁਹਾਣੇ ਤੇ ਸਥਿੱਤ ਨੌਰਫ਼ਕ ਦੀਆਂ ਬੰਦਰਗਾਹਾਂ ਤੋਂ ਕੋਇਲਾ ਤੇ ਤਮਾਕੂ ਬਰਾਮਦ ਕੀਤਾ ਜਾਂਦਾ ਹੈ। ਨੌਰਫ਼ਕ ਵਿਖੇ ਇਕ ਜਲ-ਸੈਨਾ ਦੀ ਛਾਉਣੀ ਹੈ। ਔਇਸਟਰ (Oyster) ਕਰੇਬ ਆਦਿ ਵਰਗੀਆਂ ਮੱਛੀਆਂ ਦੀਆਂ ਅਨੇਕਾਂ ਕਿਸਮਾਂ ਇਸ ਖੇਤਰ ਦੀ ਆਮਦਨੀ ਦਾ ਮਹੱਤਵਪੂਰਨ ਸੋਮਾ ਹਨ।

30° 40′ ਉ. ਵਿਥ.; 76° 25′ ਪੱ. ਲੰਬ

ਹ. ਪੁ.–ਐਨ. ਬ੍ਰਿ. ਮਾ. 2:811

**ਚੈੱਸਾਪੀਕ ਅਤੇ ਡੈੱਲਾਵੇਅਰ ਨਹਿਰ** : ਇਹ ਚੈੱਸਾਪੀਕ ਖਾੜੀ ਦੇ ਮੁੱਖ ਅਤੇ ਡੈਲਾਵੇਅਰ ਦਰਿਆ ਦੀ ਐੱਸਚੁਅਰੀ ਨੂੰ ਮਿਲਾਉਣ ਵਾਲਾ ਇਕ ਨਹਿਰ ਰੂਪੀ ਪਾਣੀ ਦਾ ਰਸਤਾ ਹੈ। ਇਹ ਰਸਤਾ 22 ਕਿ. ਮੀ. ਲੰਬਾ ਹੈ ਜਿਹੜਾ ਉੱਤਰੀ ਤੇ ਯੂਰਪੀ ਯਾਤਰੀਆਂ ਤੇ ਜਹਾਜ਼ਾਂ ਦੇ ਐਟਲਾਂਟਿਕ ਸਾਗਰ ਤੋਂ ਬਾਲਟੀਮੋਰ ਨੂੰ ਜਾਣ ਵਾਲੇ ਰਸਤੇ ਦੀ ਦੂਰੀ ਘਟਾਉਂਦਾ ਹੈ। ਇਸ ਛੋਟੇ ਰਾਹ ਨੂੰ ਚਾਲੂ ਕਰਨ ਦੇ ਉਪਰਾਲੇ ਭਾਵੇਂ ਮੁੱਢ ਤੋਂ ਹੀ ਕੀਤੇ ਜਾਂਦੇ ਰਹੇ ਸਨ ਪਰ ਇਸ ਉਦੇਸ਼ ਦੀ ਪੂਰਤੀ 1829 ਵਿਚ ਹੋਈ। ਸੰਨ 1919 ਤੱਕ ਇਹ ਨਹਿਰ ਨਿੱਜੀ ਮਾਲਕੀ ਰਹੀ। ਇਸ ਪਿੱਛੋਂ ਇਸਨੂੰ ਸੰ. ਰਾ ਸਰਕਾਰ ਨੇ ਖਰੀਦ ਕੇ ਅਜੋਕਾ ਰੂਪ ਦਿੱਤਾ। ਹੁਣ ਇਸ 8 ਮੀਟਰ ਡੂੰਘੇ ਅਤੇ ਜਵਾਰ-ਭਾਟੇ ਵਾਲੇ ਕਰ ਮੁਕਤ ਜਲ-ਮਾਰਗ ਵਿਚੋਂ ਸਭ ਤੋਂ ਵੱਡੇ ਜਹਾਜ਼ਾਂ ਤੋਂ ਛੁੱਟ ਬਾਕੀ ਹਰ ਤਰ੍ਹਾਂ ਦੇ ਜਹਾਜ਼ ਲੰਘ ਸਕਦੇ ਹਨ।

ਹ. ਪੁ.–ਐਨ. ਬ੍ਰਿ. ਮਾ. 2:811 ; ਐਨ. ਅਮੈ. 6:403

**ਚੈਸ਼ਿਰ** : ਇਹ ਉੱਤਰ-ਪੱਛਮੀ ਇੰਗਲੈਂਡ ਦੀ ਇਕ ਕਾਊਂਟੀ ਹੈ ਜਿਸਦੇ ਦੱਖਣ ਅਤੇ ਪੱਛਮ ਵੱਲ ਨੀਵੇਂ ਚੈਸ਼ਿਰ ਦੇ ਮੈਦਾਨ ਹਨ। ਪੱਛਮ ਵੱਲ ਡੀ ਦਰਿਆ ਅਤੇ ਪੂਰਬ ਵੱਲ ਮਰਸੀ, ਵੀਵਰ ਆਦਿ ਦਰਿਆਵਾਂ ਦੀਆਂ ਸਹਾਇਕ ਨਦੀਆਂ ਇਸ ਖੇਤਰ ਦੀ ਜਲ ਨਿਕਾਸੀ ਕਰਦੀਆਂ ਹਨ। ਚੈਸ਼ਿਰ ਕਾਊਂਟੀ ਦਾ ਕੁੱਲ ਰਕਬਾ 2328 ਵ. ਕਿ. ਮੀ. ਹੈ ਅਤੇ ਆਬਾਦੀ 956,616 (1991) ਹੈ। ਚੈਸਟਰ ਇਸ ਕਾਊਂਟੀ ਦਾ ਪ੍ਰਮੁੱਖ ਸ਼ਹਿਰ ਹੈ। ਇਸਨੂੰ ਪ੍ਰਸ਼ਾਸਕੀ ਪੱਖੋਂ ਹੇਠ ਲਿਖੇ ਵੱਖ-ਵੱਖ ਡਿਸਟ੍ਰਿਕਟਾਂ ਚੈਸੱਟਰ, ਕਾਂਗਲਿਟਨ ਕ੍ਰੂ ਨਾਲਟ ਵਿਚ ; ਐਲਜ਼ਮੀਅਰ ਪੋਰਟ ਅਤੇ ਨੈੱਸਟਾਨ ਹਾਲਟਨ, ਮੈਕਾਲਜ਼ਫੀਲਡ ਵੇਲ ਰਾੱਇਲ ਅਤੇ ਵਾਰਿੰਗਟਨ ਵਿਚ ਵੰਡਿਆ ਹੋਇਆ ਹੈ।

ਇਸ ਕਾਊਂਟੀ ਦਾ ਖੇਤਰ ਭੂ ਵਿਗਿਆਨਕ ਪੱਖੋਂ ਜ਼ਿਆਦਾਤਰ ਰੇਤਲੇ ਪੱਥਰਾਂ ਅਤੇ ਟਰਾਇਸੀ ਯੁਗ ਦੀ ਚੀਕਣੀ ਖੜੀਆ ਮਿੱਟੀ ਨਾਲ ਢਕਿਆ ਹੋਇਆ ਹੈ। ਇਹੋ ਕਾਰਨ ਹੈ ਕਿ ਇਥੋਂ ਦੇ ਬਹੁਤੇ ਗਿਰਜਿਆਂ ਵਿਚ ਇਕ ਵਿਸ਼ੇਸ਼ ਲਾਲ ਰੰਗ ਦੇ ਇਮਾਰਤੀ ਪੱਥਰ ਤੇ ਮਿੱਟੀ ਲੱਗੀ ਦਿਖਾਈ ਦਿੰਦੀ ਹੈ। ਚੈਸ਼ਿਰ ਖੇਤਰ ਦੀ ਸਾਦਾ ਬਣਤਰ ਹੋਣ ਦੇ ਬਾਵਜੂਦ ਵੀ ਇਥੇ ਥੋੜ੍ਹੀ ਦੂਰੀ ਤੇ ਬਰਫ਼ਾਨੀ ਚੀਕਣੀ ਮਿੱਟੀ ਰੇਤਲੀ ਅਤੇ ਕੰਕਰ-ਪੱਥਰਾਂ ਵਾਲੀ ਭੂਮੀ ਦੀ ਕਿਸਮ ਮਿਲਦੀ ਹੈ। ਇਸ ਖੇਤਰ ਵਿਚ ਕਈ ਛੋਟੀਆਂ-ਛੋਟੀਆਂ ਝੀਲਾਂ ਅਤੇ ਦਰਿਆ ਵੀ ਵਹਿੰਦੇ ਦਿਖਾਈ ਦਿੰਦੇ ਹਨ। ਕਾਊਂਟੀ ਦਾ ਦੱਖਣੀ ਤੇ ਪੱਛਮੀ ਹਿੱਸਾ ਨੀਵਾਂ ਹੈ ਅਤੇ ਉਬੜ ਖਾਬੜ ਹੈ ਜਿਸ ਵਿਚੋਂ ਉੱਤਰ ਪੱਛਮੀ ਦਿਸ਼ਾ ਵਿਚ ਮੱਧ ਚੈਸ਼ਿਰ ਰਿੱਜ ਦੀ ਪਹਾੜੀ ਲੜੀ ਲੰਘਦੀ ਹੈ। ਕਾਊਂਟੀ ਦੇ ਪੱਛਮੀ ਹਿੱਸੇ ਵਿਚ ਦਰਿਆ ਡੀ ਅਤੇ ਗਵੀ ਅਤੇ ਪੂਰਬੀ ਹਿੱਸੇ ਵਿਚ ਮਰਸੀ ਵੀਵਰ, ਡੇਨ ਅਤੇ ਦਰਿਆਵਾਂ ਦੀਆਂ ਸਹਾਇਕ ਨਦੀਆਂ ਜਲ-ਨਿਕਾਸੀ ਕਰਦੀਆਂ ਹਨ। ਕਾਊਂਟੀ ਦੀ ਪੂਰਬੀ ਹੱਦ ਨਾਲ ਪੈਨਿਸ ਪਹਾੜਾਂ ਦੀ ਵੱਧ ਤੋਂ ਵੱਧ ਉਚਾਈ 600 ਮੀਟਰ ਤੱਕ ਹੈ।

ਪਹਾੜਾਂ ਉੱਪਰ ਬਣੇ ਹੋਏ ਤਾਂਬਾ ਤੇ ਲੋਹਾ ਯੁੱਗ ਦੇ ਕਿਲੇ ਇਸ ਖੇਤਰ ਦੀ ਪਹਿਲੀ ਨੌਆਬਾਦੀ ਦਾ ਸੰਕੇਤ ਹਨ। ਇਹ ਆਬਾਦੀਆਂ ਚੈਸ਼ਿਰ ਦੇ ਅੱਧਲੇ ਪਹਾੜਾਂ ਦੀਆਂ ਵਿਰਲੇ ਜੰਗਲਾਂ ਵਾਲੀਆਂ ਢਲਾਣਾਂ ਉੱਪਰ ਸਥਾਪਤ ਹੋਈਆਂ। ਫਿਰ 71 ਈ. ਦੌਰਾਨ ਵੇਲਜ਼ ਦੇ ਇਲਾਕੇ ਨੂੰ ਜਿੱਤਣ ਦੇ ਇਰਾਦੇ ਨਾਲ ਰੋਮਨਾਂ ਨੇ ਚੈਸਟਰ ਵਿਚ ਡੈਵਾ ਸ਼ਹਿਰ ਵਿਖੇ ਇਕ ਗੜ੍ਹੀ ਬਣਾ ਕੇ ਛਾਉਣੀ ਸਥਾਪਤ ਕੀਤੀ। ਸੰਨ 830 ਵਿਚ ਐਂਗਲੋ-ਸੈਕਸਨ ਫੌਜਾਂ ਨੇ ਡੈਲਟੇ ਫੌਜਾਂ ਨੂੰ ਹਰਾ ਕੇ ਚੈਸ਼ਿਰ ਦੇ ਖੇਤਰ ਨੂੰ ਮਰਸੀਆ ਰਾਜ ਵਿਚ ਮਿਲਾ ਲਿਆ। ਦਸਵੀਂ ਸਦੀ ਦੌਰਾਨ ਚੈਸ਼ਿਰ ਇਕ ਵੱਖਰੇ ਪ੍ਰਸ਼ਾਸਕੀ ਖੇਤਰ ਦੀ ਹੋਂਦ ਵਿਚ ਆਇਆ। ਸੰਨ 1066 ਵਿਚ ਨਾਰਮਨਾਂ ਨੇ ਇਥੇ ਹਮਲਾ ਕੀਤਾ ਅਤੇ ਚੈਸ਼ਿਰ ਕਾਊਂਟੀ ਦੀ ਸਥਾਪਨਾ ਕੀਤੀ। ਉਸ ਸਮੇਂ ਦੀ ਚੈਸ਼ਿਰ ਕਾਊਂਟੀ ਅਜੋਕੀ ਕਾਊਂਟੀ ਨਾਲੋਂ ਕਾਫੀ ਵਿਸ਼ਾਲ ਸੀ। ਸੰਨ 1241 ਵਿਚ ਚੈਸ਼ਿਰ ਕਾਊਂਟੀ ਵਿਚੋਂ ਚੈਸਟਰ ਦੀ ਅਰਲਡਮ ਸਿੱਧੀ ਬਾਦਸ਼ਾਹ ਦੇ ਕਬਜ਼ੇ ਹੇਠ ਆ ਗਈ ਤੇ ਚੈਸ਼ਿਰ ਕਾਊਂਟੀ ਦਾ ਰਕਬਾ ਘੱਟ ਗਿਆ। ਸੰਨ 1974 ਤੀਕ ਇਸਦਾ ਰਕਬਾ ਸਥਿੱਰ ਰਿਹਾ।

ਚੈਸ਼ਿਰ ਕਾਊਂਟੀ ਦੀ ਭੂਮੀ ਬਹੁਤ ਹੀ ਜ਼ਰਖੇਜ਼ ਹੈ ਜਿੱਥੇ ਖਾਸ ਕਰਕੇ ਚਰਾਂਦੀ ਫਸਲਾਂ ਬੀਜੀਆਂ ਜਾਂਦੀਆਂ ਹਨ। ਇਸਦੇ ਫ਼ਲਸਰੂਪ ਇਸ ਕਾਊਂਟੀ ਦੀ ਵਾਹੀ ਉੱਪਰ ਡੇਅਰੀ ਦਾ ਧੰਦਾ ਹਾਵੀ ਹੈ। ਕੇਂਦਰੀ ਰਿੱਜ ਦੇ ਪੂਰਬ ਤੇ ਪੱਛਮ ਵੱਲ ਘਾਹ ਦੇ ਮੈਦਾਨਾਂ ਵਿਚ ਸਭ ਤੋਂ ਵੱਧ ਲਵੇਰੇ ਪਸ਼ੂ ਪਾਏ ਜਾਂਦੇ ਹਨ। ਥੋੜ੍ਹੇ ਬਹੁਤ ਫਾਰਮਾਂ ਉੱਪਰ ਪਨੀਰ ਤਿਆਰ ਕਰਨ ਦਾ ਕੰਮ ਕੀਤਾ ਜਾਂਦਾ ਹੈ ਬਾਕੀ ਥਾਵਾਂ ਤੇ ਦੁੱਧ ਸਿੱਧਾ ਹੀ ਗਵਾਂਢੀ ਮੈਟਰੋਪਾਲਿਟਕ ਖੇਤਰਾਂ ਵਿਚ ਇਕੱਠਾ ਕਰਕੇ ਭੇਜਿਆ ਜਾਂਦਾ ਹੈ। ਪੂਰਬੀ ਚੈਸ਼ਿਰ ਦੇ ਕਈ ਡੇਅਰੀ ਫਾਰਮਾਂ ਵਿਚ ਭੇਡਾਂ ਤੇ ਗਾਈਆਂ ਵੀ ਰੱਖੀਆਂ ਹੋਈਆਂ ਹਨ।

ਚੈਸ਼ਿਰ ਦੇ ਲੂਣ ਵਾਲੇ ਖੇਤਰਾਂ ਦੇ ਨਜ਼ਦੀਕ ਕਈ ਥਾਈਂ ਸ਼ਹਿਰ ਵੱਸ ਗਏ ਹਨ। ਇਨ੍ਹਾਂ ਵਿਚੋਂ ਨੱਰਥਵਿਕ ਤੇ ਰਾਂਕਾਰਨ ਮਹੱਤਵਪੂਰਨ ਰਸਾਇਣਿਕ ਕੇਂਦਰ ਹਨ। ਕਾਊਂਟੀ ਦੇ ਪੂਰਬੀ ਭਾਗ ਵਿਚ ਮੈਕਾਲਜ਼ ਫੀਲਡ ਅਤੇ ਕਾਂਗਲਿਟਨ ਸ਼ਹਿਰ ਰੇਸ਼ਮੀ ਕੱਪੜੇ ਦੇ ਉਤਪਾਦਨ ਲਈ ਮਸ਼ਹੂਰ ਹਨ। ਦੱਖਣ ਵਿਚ ਸਥਿਤ ਕ੍ਰੂ ਸ਼ਹਿਰ ਇੰਗਲੈਂਡ ਦਾ ਸਭ ਤੋਂ ਵੱਧ ਮਹੱਤਵਪੂਰਨ ਰੇਲਾਂ ਦਾ ਜੰਕਸ਼ਨ ਹੈ।

ਸੰਨ 1974 ਦੌਰਾਨ ਮਰਜ਼ੀਸਾਈਡ ਅਤੇ ਗ੍ਰੇਟਰ ਮਾਨਚੈਸਟਰ ਮੈਟਰੋਪਾਲਿਟਨ ਕਾਊਂਟੀਆਂ ਦੀ ਸਥਾਪਨਾ ਦੇ ਫ਼ਲਸਰੂਪ ਚੈਸ਼ਿਰ ਕਾਊਂਟੀ ਦੇ ਮੈਟਰੋਪਾਲਿਟਨ ਸ਼ਹਿਰਾਂ ਵਿਚਲੇ ਬਹੁਤ ਸਾਰੇ ਲੋਕ ਉਦਯੋਗਕ ਉਦੇਸ਼ ਕਾਰਨ ਇਨ੍ਹਾਂ ਨਵੀਆਂ ਕਾਊਂਟੀਆਂ ਵਿਚ ਚਲੇ ਗਏ। ਦੂਜੇ ਪਾਸੇ ਲੰਕਾਸ਼ਿਰ ਦੇ ਕੁੱਝ ਕੁ ਸ਼ਹਿਰ ਚੈਸ਼ਿਰ ਖੇਤਰ ਵਿਚ ਵੀ ਸ਼ਾਮਲ ਕੀਤੇ ਗਏ ਪਰ ਇਸ ਕਾਊਂਟੀ ਦੇ ਬਰਕਨਹੈੱਡ ਅਤੇ ਵਾਲਾਸੀ ਵਰਗੀਆਂ ਕਾਊਂਟੀ ਬਰੋਆਂ ਮਾਨਚੈੱਸਟਰ ਕਾਊਂਟੀ ਵਿਚ ਚਲੀਆਂ ਗਈਆਂ। ਇਸ ਅਦਲਾ-ਬਦਲੀ ਦੇ ਫ਼ਲਸਰੂਪ ਚੈਸ਼ਿਰ ਕਾਊਂਟੀ ਇਕ ਦਿਹਾਤੀ ਕਿਸਮ ਦੀ ਕਾਊਂਟੀ ਬਣ ਗਈ।

ਹ. ਪੁ.–ਐਨ. ਬ੍ਰਿ. ਮਾ. 3:176; ਐਨ. ਅਮੇ. 6:406

**ਚੈੱਕ** : ਵੇਖੋ, ਚੈਕੋਸਲੋਵਾਕੀਆ

**ਚੈੱਕ** . ਇਹ ਇਕ ਕਿਸਮ ਦੀ ਹੁੰਡੀ (ਵਟਾਂਦਰਾ-ਪੱਤਰ) ਜਾਂ ਆਦੇਸ਼-ਪੱਤਰ ਹੈ ਜਿਸ ਦੁਆਰਾ ਬੈਂਕ ਦਾ ਜਮ੍ਹਾਂ-ਕਰਤਾ ਬੈਂਕ ਨੂੰ ਇਹ ਆਦੇਸ਼ ਦਿੰਦਾ ਹੈ ਕਿ ਚੈੱਕ ਵਿਚ ਲਿਖੀ ਰਕਮ, ਚੈੱਕ ਵਿਚ ਲਿਖੇ ਵਿਅਕਤੀ ਨੂੰ ਜਾਂ ਉਸ ਦੁਆਰਾ ਆਦੇਸ਼ ਕੀਤੇ ਕਿਸੇ ਹੋਰ ਵਿਅਕਤੀ ਨੂੰ ਚੈੱਕ ਦੇ ਪੇਸ਼ ਕਰਨ ਉਤੇ ਅਦਾ ਕਰ ਦਿੱਤੀ ਜਾਵੇ। ਕਿਸੇ ਬੈਂਕ ਦੇ ਨਾਂ ਤੇ ਚੈੱਕ ਲਿਖਣ ਦਾ ਅਧਿਕਾਰ ਕੇਵਲ ਉਸ ਵਿਅਕਤੀ ਨੂੰ ਹੁੰਦਾ ਹੈ ਜਿਸ ਦਾ ਉਸ ਬੈਂਕ ਵਿਚ ਖਾਤਾ ਹੋਵੇ ਅਤੇ ਖਾਤੇ ਵਿਚ ਲੋੜੀਂਦੀ ਰਕਮ ਜਮ੍ਹਾਂ ਹੋਵੇ। ਇਹੋ ਜਿਹੇ ਵਿਅਕਤੀ ਨੂੰ ਬੈਂਕ ਦੇ ਲੈਣ-ਦੇਣ ਵਿਚ ਜਮ੍ਹਾਂ-ਕਰਤਾ ਜਾਂ ਗਾਹਕ ਕਹਿੰਦੇ ਹਨ। ਚੈੱਕ ਭਾਵੇਂ ਕਿਸੇ ਵੀ ਬੈਂਕ ਦਾ ਕਿਉਂ ਨਾ ਹੋਵੇ, ਉਸਦਾ ਆਮ ਵਿਵਰਣ ਅਤੇ ਆਕਾਰ ਇਕੋ ਜਿਹਾ ਹੀ ਹੁੰਦਾ ਹੈ। ਬੈਂਕ ਆਪਣੇ ਨਾਂ ਦੇ ਚੈੱਕ ਛਪਵਾ ਕੇ ਗਾਹਕਾਂ ਨੂੰ ਦੇ ਦਿੰਦੇ ਹਨ ਤਾਂ ਕਿ ਪਛਾਣ ਦੀ ਸੌਖ ਰਹੇ ਅਤੇ ਚੈੱਕ ਲਿਖਦੇ ਸਮੇਂ ਲੇਖਕ ਤੋਂ ਕਿਸੇ ਕਿਸਮ ਦੀ ਸੂਚਨਾ ਰਹਿ ਜਾਣ ਦੀ ਗੁੰਜਾਇਸ਼ ਨਾ ਰਹੇ।

ਚੈੱਕ ਲਿਖਦੇ ਸਮੇਂ ਲੇਖਕ ਨੂੰ ਤਾਰੀਖ, ਰਕਮ, ਲੈਣਦਾਰ ਬੇਅਰਰ ਦਾ ਨਾਂ ਅਤੇ ਆਪਣੇ ਹਸਤਾਖ਼ਰ ਕਰਨ ਵਿਚ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ। ਜੇਕਰ ਇਨ੍ਹਾਂ ਵਿਚੋਂ ਕੋਈ ਚੀਜ਼ ਰਹਿ ਗਈ ਹੋਵੇ ਜਾਂ ਅਪੂਰਣ, ਅਸ਼ੁੱਧ ਜਾਂ ਪੜ੍ਹੀ ਨਾ ਜਾਣ ਵਾਲੀ ਹੋਵੇ ਤਾਂ ਬੈਂਕ ਉਸ ਚੈੱਕ ਦਾ ਭੁਗਤਾਨ ਨਹੀਂ ਕਰਦਾ। ਇਹੋ ਜਿਹੀ ਸਥਿੱਤੀ ਨੂੰ 'ਚੈੱਕ ਦਾ ਅਣ-ਸਕਾਰਨਾ' ਕਹਿੰਦੇ ਹਨ। ਲੇਖਕ ਨੂੰ ਚੈੱਕ ਉੱਤੇ ਆਪਣੇ ਹਸਤਾਖਰ ਠੀਕ ਉਸੇ ਤਰ੍ਹਾਂ ਦੇ ਕਰਨੇ ਜ਼ਰੂਰੀ ਹੁੰਦੇ ਹਨ ਜਿਸ ਤਰ੍ਹਾਂ ਦੇ ਉਸਨੇ ਖਾਤਾ ਖੋਲ੍ਹਣ ਸਮੇਂ ਬੈਂਕ ਵਿਚ ਕੀਤੇ ਹੁੰਦੇ ਹਨ। ਜੇਕਰ ਕੋਈ ਲੇਖਕ ਚੈੱਕ ਵਿਚ ਕੋਈ ਅਦਲਾ ਬਦਲੀ ਕਰੇ ਤਾਂ ਉਸਨੂੰ ਕੱਟੇ-ਵੱਢੇ ਅੱਖਰਾਂ ਵਾਲੀ ਥਾਂ ਤੇ ਦੁਬਾਰਾ ਹਸਤਾਖਰ ਕਰਨੇ ਜ਼ਰੂਰੀ ਹੁੰਦੇ ਹਨ। ਲੇਖਕ ਤੋਂ ਬਗੈਰ ਕਿਸੇ ਹੋਰ ਵਿਅਕਤੀ ਨੂੰ ਚੈੱਕ ਵਿਚ ਤਬਦੀਲੀ ਕਰਨ ਦਾ ਅਧਿਕਾਰ ਨਹੀਂ ਹੁੰਦਾ।

ਚੈੱਕ ਆਮ ਕਰਕੇ ਦੋ ਤਰ੍ਹਾਂ ਦੇ ਹੁੰਦੇ ਹਨ–1. ਆਰਡਰ ਚੈੱਕ 2. ਵਾਹਕ ਚੈੱਕ (Bearer Cheque)। ਆਰਡਰ ਚੈੱਕ ਦਾ ਭੁਗਤਾਨ ਚੈੱਕ ਵਿਚ ਲਿਖੇ ਵਿਅਕਤੀ (ਲੈਣਦਾਰ) ਨੂੰ ਜਾਂ ਲੈਣਦਾਰ ਦੁਆਰਾ ਅਧਿਕਾਰਤ ਕੀਤੇ ਕਿਸੇ ਹੋਰ ਵਿਅਕਤੀ ਨੂੰ ਹੀ ਮਿਲ ਸਕਦਾ ਹੈ। ਪਰ ਵਾਹਕ ਚੈੱਕ ਦਾ ਭੁਗਤਾਨ ਕਿਸੇ ਵੀ ਵਿਅਕਤੀ ਨੂੰ ਜੋ ਉਸਨੂੰ ਲੈ ਕੇ ਬੈਂਕ ਵਿਚ ਪੇਸ਼ ਕਰਦਾ ਹੈ, ਮਿਲ ਸਕਦਾ ਹੈ। ਬੈਂਕ ਚੈੱਕ ਦਾ ਭੁਗਤਾਨ ਕਰਨ ਵੇਲੇ, ਰਕਮ ਪ੍ਰਾਪਤ ਕਰਨ ਵਾਲੇ ਵਿਅਕਤੀ ਦੇ ਹਸਤਾਖ਼ਰ ਚੈੱਕ ਉੱਤੇ ਕਰਵਾ ਕੇ 'ਵਸੂਲ ਪਾਇਆ' ਸ਼ਬਦ ਲਿਖਵਾ ਲੈਂਦਾ ਹੈ। ਜੇਕਰ ਲੇਖਕ ਜਾਂ ਕੋਈ ਧਾਰਕ ਚੈੱਕ ਦੇ ਮੁੱਖ ਉੱਤੇ ਦੋ ਆੜੀਆਂ ਸਮਾਨਾਂਤਰ ਰੇਖਾਵਾਂ ਖਿੱਚ ਦੇਵੇ ਤਾਂ ਉਸ ਚੈੱਕ ਨੂੰ 'ਰੇਖਿਤ ਚੈੱਕ' ਜਾਂ 'ਕ੍ਰਾਸ ਚੈੱਕ' ਕਹਿੰਦੇ ਹਨ। ਇਸ ਦਾ ਭਾਵ ਇਹ ਹੁੰਦਾ ਹੈ ਕਿ ਉਸ ਚੈੱਕ ਦਾ ਭੁਗਤਾਨ ਕਿਸੇ ਵੀ ਵਿਅਕਤੀ ਨੂੰ ਭਾਵੇਂ ਉਹ ਲੈਣਦਾਰ ਹੀ ਕਿਉਂ ਨਾ ਹੋਵੇ, ਨਕਦ ਨਹੀਂ ਹੋ ਸਕਦਾ। ਇਸ ਰਕਮ ਦੇ ਭੁਗਤਾਨ ਲਈ ਲੈਣਦਾਰ ਨੂੰ ਕਿਸੇ ਬੈਂਕ ਵਿਚ ਆਪਣਾ ਖਾਤਾ ਖੁਲ੍ਹਵਾਉਣਾ ਪੈਂਦਾ ਹੈ ਅਤੇ ਰਕਮ ਉਸ ਦੇ ਖਾਤੇ ਵਿਚ ਜਮ੍ਹਾਂ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਚੈੱਕ ਵਿਚ ਧੋਖੇ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ। ਜੇਕਰ ਕਦੇ ਕੋਈ ਵਿਅਕਤੀ ਕ੍ਰਾਸ ਕੀਤੇ ਚੈੱਕ ਨੂੰ ਚੁਰਾ ਕੇ ਆਪਣੇ ਬੈਂਕ ਰਾਹੀਂ ਉਸਦੀ ਰਕਮ ਹਾਸਲ ਕਰ ਵੀ

ਲਵੇ ਤਾਂ ਉਸਦਾ ਵੇਰਵਾ ਉਸਦੇ ਖਾਤੇ ਵਿਚੋਂ ਪ੍ਰਾਪਤ ਕਰਕੇ ਧੋਖੇ ਦਾ ਪਤਾ ਲੱਗ ਜਾਂਦਾ ਹੈ। ਇਸ ਸੁਰੱਖਿਆ ਕਾਰਨ ਬਾਹਰ ਪਿੰਡਾਂ ਨੂੰ ਭੇਜੇ ਜਾਣ ਵਾਲੇ ਚੈੱਕਾਂ ਨੂੰ ਕ੍ਰਾੱਸ ਕਰਨਾ ਲਾਹੇਵੰਦ ਹੁੰਦਾ ਹੈ। ਚੈੱਕ ਨੂੰ ਕਈ ਤਰ੍ਹਾਂ ਕ੍ਰਾੱਸ ਕੀਤਾ ਜਾ ਸਕਦਾ ਹੈ ਜਿਵੇਂ ਚੈੱਕ ਦੇ ਪਿੱਛਲੇ ਪਾਸੇ ਚੈੱਕ ਲਿਖਣ ਵਾਲਾ ਅਤੇ ਲੈ ਜਾਣ ਵਾਲਾ (ਬੇਅਰਰ ਜਾਂ ਧਾਰਕ) ਆਪੋ-ਆਪਣੇ ਹਸਤਾਖ਼ਰ ਕਰਕੇ ਕਿਸੇ ਹੋਰ ਵਿਅਕਤੀ ਦੇ ਨਾਂ ਕਰ ਸਕਦੇ ਹਨ। ਹਰੇਕ ਧਾਰਕ ਆਪਣੇ ਕਰਜ਼ੇ ਦੇ ਭੁਗਤਾਨ ਲਈ ਅਜਿਹੇ ਚੈੱਕ ਨੂੰ ਅੱਗੇ ਕਿਸੇ ਹੋਰ ਦੇ ਨਾਂ ਕਰ ਸਕਦਾ ਹੈ ਅਤੇ ਇਸ ਤਰ੍ਹਾਂ ਸੰਭਵ ਹੈ ਕਿ ਚੈੱਕ ਕਾਫੀ ਸਮੇਂ ਤੱਕ ਬੈਂਕ ਵਿਚ ਭੁਗਤਾਨ ਲਈ ਪੇਸ਼ ਹੀ ਨਾ ਕੀਤਾ ਜਾਵੇ। ਪਰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਚੈੱਕ ਲਿਖਤੀ ਮਿਤੀ ਤੋਂ ਅਗਲੇ ਛੇ ਮਹੀਨਿਆਂ ਦੇ ਅੰਦਰ-ਅੰਦਰ ਅਵੱਸ਼ਕ ਤੌਰ ਤੇ ਬੈਂਕ ਵਿਚ ਭੁਗਤਾਨ ਲਈ ਪੇਸ਼ ਕੀਤਾ ਜਾਣਾ ਚਾਹੀਦਾ ਹੈ ਨਹੀਂ ਤਾਂ ਬੈਂਕ 'ਮਿਆਦ ਪੁੱਗਿਆ ਚੈੱਕ' ਕਹਿ ਕੇ ਉਸਨੂੰ ਅਣ-ਸਕਾਰਿਆ ਕਰ ਦਿੰਦਾ ਹੈ।

ਬੈਂਕ ਦੁਆਰਾ ਚੈੱਕ ਉਦੋਂ ਵੀ ਅਣ-ਸਕਾਰਿਆ ਹੋ ਜਾਂਦਾ ਹੈ ਜਦੋਂ :

1. ਗਾਹਕ (ਲੇਖਕ) ਨੇ ਉਸ ਚੈੱਕ ਦਾ ਭੁੱਗਤਾਨ ਰੋਕ ਦਿੱਤਾ ਹੋਵੇ,
2. ਚੈੱਕ ਵਿਚ ਲਿਖੀ ਭਾਸ਼ਾ ਅਪੂਰਣ, ਅਸ਼ੁੱਧ ਅਤੇ ਅਪ੍ਰਮਾਣਿਤ ਹੋਵੇ,
3. ਗਾਹਕ ਦੇ ਖਾਤੇ ਵਿਚ ਲੋੜੀਂਦੀ ਰਕਮ ਨਾ ਬਚਦੀ ਹੋਵੇ,
4. ਅਦਾਲਤ ਦੁਆਰਾ ਬੈਂਕ ਨੂੰ ਗਾਹਕ ਦੇ ਖਾਤੇ ਵਿਚੋਂ ਭੁਗਤਾਨ ਨਾ ਕਰਨ ਦਾ ਆਦੇਸ਼ ਮਿਲ ਗਿਆ ਹੋਵੇ,
5. ਗਾਹਕ ਪਾਗਲ ਹੋ ਗਿਆ ਹੋਵੇ ਜਾਂ ਉਸ ਦਾ ਦੀਵਾਲਾ ਨਿਕਲ ਗਿਆ ਹੋਵੇ ਜਾਂ ਉਸ ਦੀ ਮੌਤ ਹੋ ਗਈ ਹੋਵੇ ਅਤੇ ਇਸ ਬਾਰੇ ਬੈਂਕ ਵਾਲਿਆਂ ਨੂੰ ਪਤਾ ਲੱਗ ਗਿਆ ਹੋਵੇ,
6. ਚੈੱਕ ਉੱਤੇ ਬਾਦ ਦੀ ਮਿਤੀ ਲਿਖੀ ਹੋਵੇ ਅਤੇ
7. ਚੈੱਕ ਫਟ ਗਿਆ ਹੋਵੇ ਜਾਂ ਕਿਸੇ ਤਰ੍ਹਾਂ ਖ਼ਰਾਬ ਹੋ ਗਿਆ ਹੋਵੇ।

ਹ. ਪ੍ਰ.–ਹਿੰ. ਵਿ. ਕੋ. 4:276

**ਚੈੱਕ ਅਤੇ ਸਲੋਵਾਕ ਸਾਹਿਤ** : ਚੈਕੋਸਲੋਵਾਕੀਆ ਦੀਆਂ ਦੇਸੀ ਭਾਸ਼ਾਵਾਂ ਦੇ ਸਾਹਿਤ ਦਾ ਮੁੱਢ ਬਾਜ਼ਨਤੀਨ ਦੇ ਬਾਦਸ਼ਾਹ ਮਾਈਕਲ ਤੀਜੇ ਦੁਆਰਾ ਮੋਰਾਵੀਆ ਨੂੰ ਭੇਜੇ ਮਿਸ਼ਨ ਨਾਲ ਜੋੜਿਆ ਜਾਂਦਾ ਹੈ। ਇਹ ਮਿਸ਼ਨ 863 ਈ. ਵਿਚ ਸ਼ਹਿਜ਼ਾਦਾ ਰੋਸਤੀਸਲਾਫ਼ ਦੀ ਬੇਨਤੀ ਤੇ ਭੇਜਿਆ ਗਿਆ ਸੀ। ਇਸ ਮਿਸ਼ਨ ਦਾ ਆਗੂ ਇਕ ਤਜਰਬੇਕਾਰ ਵਿਦਵਾਨ ਕਾੱਨਸਟੈਨਟਾਈਨ ਸੀ ਜੋ ਸੀਰਿਲ ਨਾਂ ਨਾਲ ਵਧੇਰੇ ਪ੍ਰਸਿੱਧ ਹੈ। ਉਸਦਾ ਭਰਾ ਮੈਥੋਡੀਅਸ ਵੀ ਨਾਲ ਸੀ। ਇਨ੍ਹਾਂ ਭਰਾਵਾਂ ਨੇ ਧਰਮ ਗ੍ਰੰਥਾਂ ਤੇ ਭਜਨਾਂ ਆਦਿ ਦਾ ਬਹੁਤਾ ਭਾਗ ਸਲਾਵੋਨਿਕ ਸਾਹਿਤਕ ਭਾਸ਼ਾ ਵਿਚ ਅਨੁਵਾਦ ਕੀਤਾ। ਇਸ ਭਾਸ਼ਾ ਦੀਆਂ ਪ੍ਰਸਿੱਧ ਸਾਹਿਤਕ ਕਿਰਤਾਂ ਇਨ੍ਹਾਂ ਭਰਾਵਾਂ ਦੀਆਂ ਲਿਖੀਆਂ 'ਜੀਵਨੀਆਂ' ਹਨ ਜੋ ਨਿਸ਼ਚੇ ਹੀ 900 ਈ: ਤੋਂ ਪਹਿਲਾਂ ਲਿਖੀਆਂ ਗਈਆਂ ਸਨ ਅਤੇ ਜਿਨ੍ਹਾਂ ਦੀਆਂ ਬਾਅਦ ਦੀਆਂ ਨਕਲਾਂ ਉਪਲੱਬਧ ਹਨ ਪਰ ਇਹ ਨਿਸ਼ਚੇ ਨਾਲ ਨਹੀਂ ਆਖਿਆ ਜਾ ਸਕਦਾ ਕਿ ਉਨ੍ਹਾਂ ਦੇ ਮਿਸ਼ਨ ਨਾਲ ਸੰਬੰਧਤ ਖੇਤਰ ਵਿਚ ਲਿਖੀਆਂ ਗਈਆਂ ਸਨ।

ਚੈੱਕ ਖੇਤਰ ਨਾਲ ਸ਼ਾਇਦ ਦਸਵੀਂ ਸਦੀ ਦੀਆਂ ਲੋਕ ਗਾਥਾਵਾਂ ਨੂੰ ਸਹਿਜੇ ਜੋੜਿਆ ਜਾ ਸਕਦਾ ਹੈ। ਸੰਨ 1097 ਤੋਂ ਮਗਰੋਂ ਧਾਰਮਿਕ ਭਜਨਾਂ ਆਦਿ ਲਈ ਲਾਤੀਨੀ ਭਾਸ਼ਾ ਨੂੰ ਅਪਣਾ ਲਿਆ ਗਿਆ।

**ਚੈੱਕ ਸਾਹਿਤ**—ਚੈੱਕ ਭਾਸ਼ਾ ਦੇ ਸਭ ਤੋਂ ਪਹਿਲੇ ਸੁਰੱਖਿਅਤ ਗ੍ਰੰਥ ਤੇਰ੍ਹਵੀਂ ਸਦੀ ਦੇ ਪਿੱਛਲੇ ਹਿੱਸੇ ਦੀਆਂ ਰਚਨਾਵਾਂ ਹਨ। ਇਸ ਕਾਲ ਦੇ ਭਜਨ ਵੀ ਮਿਲਦੇ ਹਨ ਜੋ ਭਾਵੇਂ ਬੜੀ ਸਧਾਰਣ ਸ਼ੈਲੀ ਵਿਚ ਲਿਖੇ ਗਏ ਹਨ ਪਰ ਭਾਸ਼ਾ ਅਤੇ ਛੰਦਬੰਦੀ ਦੇ ਪੱਖੋਂ ਉਨ੍ਹਾਂ ਵਿਚ ਕੋਈ ਊਣਤਾਈ ਨਹੀਂ। ਇਸ ਕਾਲ ਵਿਚ ਬਾਦਸ਼ਾਹਾਂ ਨੇ ਜਰਮਨ ਭਾਸ਼ਾ ਵਿਚ ਦਰਬਾਰੀ ਸਾਹਿਤ ਲਿਖਣ ਨੂੰ ਉਤਸ਼ਾਹਿਤ ਕੀਤਾ।

14ਵੀਂ ਸਦੀ ਵਿਚ ਚੈੱਕ ਭਾਸ਼ਾ ਵਿਚ ਨਿਰੰਤਰ ਸਾਹਿਤ ਸਿਰਜਣਾ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਸ ਵਿਚ ਮਹਾਂਕਾਵਿ, ਗੀਤ ਕਾਵਿ ਤੇ ਨਾਟਕ ਅਤੇ ਇਤਿਹਾਸਕ, ਧਾਰਮਿਕ ਤੇ ਉਪਦੇਸ਼ਾਤਮਿਕ ਗਦ ਰਚਨਾਵਾਂ ਵੀ ਸ਼ਾਮਲ ਹਨ, ਸਭ ਤੋਂ ਪਹਿਲਾਂ ਧਰਮ-ਨਿਰਪੇਖ ਮਹਾਂਕਾਵਿ 'Alexandries' ਹੈ ਜਿਸ ਵਿਚ ਸਕੰਦਰ ਮਹਾਨ ਦੀ ਜੀਵਨ ਗਾਥਾ ਦਰਜ ਕੀਤੀ ਗਈ ਹੈ। ਇਕ ਹੋਰ ਮਹੱਤਵਪੂਰਨ ਮਹਾਂਕਾਵਿ 'Dalimil' ਹੈ ਜੋ 1330 ਈ. ਦੇ ਲਗਭਗ ਲਿਖਿਆ ਗਿਆ ਹੈ ਅਤੇ ਜਿਸ ਵਿਚ ਚੈੱਕ ਲੋਕਾਂ ਦਾ ਇਤਿਹਾਸ ਬੜੀ ਸਿੱਧੀ ਸ਼ੈਲੀ ਵਿਚ ਅੰਕਿਤ ਕੀਤਾ ਗਿਆ ਹੈ। ਚਾਰਲਸ ਚੌਥੇ (1346-78) ਅਧੀਨ ਬੋਹੀਮੀਆ ਖੇਤਰ ਵਿਚ ਜ਼ੈਕ ਅਤੇ ਜਰਮਨ ਭਾਸ਼ਾਵਾਂ ਦੇ ਸਾਹਿਤ ਵਿਚ ਖ਼ੂਬ ਪ੍ਰਗਤੀ ਹੋਈ। ਇਸ ਕਾਲ ਦੀ ਸਭ ਤੋਂ ਵੱਧ ਧਿਆਨਯੋਗ ਪ੍ਰਾਪਤੀ 'ਲੀਜੰਡ ਆਫ ਸੇਂਟ ਕੈਥਰੀਨ' ਹੈ।

ਭਜਨਾਂ ਤੋਂ ਇਲਾਵਾ ਇਸ ਕਾਲ ਵਿਚ ਲਿਖੇ ਕੁਝ ਧਰਮ ਨਿਰਪੇਖ ਗੀਤ ਵੀ ਮਿਲਦੇ ਹਨ, ਜਿਨ੍ਹਾਂ ਤੇ ਦਰਬਾਰੀ ਕਾਵਿ ਦਾ ਪ੍ਰਭਾਵ ਸਪਸ਼ਟ ਹੈ। ਦੇਸੀ ਭਾਸ਼ਾ ਵਿਚ ਲਿਖੇ ਗਏ ਨਾਟਕਾਂ ਦੀ ਹੋਂਦ ਦਾ ਵੀ ਪਤਾ ਲਗਦਾ ਹੈ। ਬਹਾਦਰੀ ਦੇ ਵਿਸ਼ੇ ਨਾਲ ਸਬੰਧਤ ਜਰਮਨ ਕਵਿਤਾਵਾਂ ਦਾ ਰੂਪਾਂਤਰਣ ਵੀ ਕੀਤਾ ਗਿਆ।

ਸੰਨ 1350 ਦੇ ਲਗਭਗ ਕਈ ਗੱਦ ਰੂਪ, ਜਿਵੇਂ ਸੰਤਾਂ ਦੀਆਂ ਜੀਵਨੀਆਂ, ਇਤਿਹਾਸ ਅਤੇ ਕਿੱਸੇ-ਕਹਾਣੀਆਂ ਆਦਿ ਵਿਕਸਿਤ ਹੋਏ। ਇਸ ਤੋਂ ਇਲਾਵਾ ਵੱਧ ਰਹੀ ਸ਼ਹਿਰੀ ਮੱਧ ਸ਼੍ਰੇਣੀ ਲਈ ਪ੍ਰਸਿੱਧ ਮੱਧ ਕਾਲੀਨ ਕਥਾਵਾਂ ਜਿਵੇਂ 'ਸਕੰਦਰ ਮਹਾਨ', 'ਟਰਾਏ ਦੀ ਲੜਾਈ' ਆਦਿ ਲਿਖੀਆਂ ਗਈਆਂ। ਇਸ ਸਦੀ ਦੇ ਅੰਤਲੇ ਸਾਲਾਂ ਵਿਚ ਕਵਿਤਾ, ਵਿਅੰਗ ਅਤੇ ਉਪਦੇਸ਼ਾਤਮਕ ਕਵਿਤਾਵਾਂ ਲਿਖੀਆਂ ਗਈਆਂ ਜਿਨ੍ਹਾਂ ਵਿਚ ਕਾਫੀ ਮੌਲਿਕਤਾ ਹੈ। ਇਸ ਕਾਲ ਦੀ ਰਾਜਨੀਤਿਕ ਰੂਪਕ ਕਥਾ Nov'a rade ਕਾਫ਼ੀ ਪ੍ਰਸਿੱਧ ਹੈ।

14ਵੀਂ ਸਦੀ ਦੇ ਅੰਤਲੇ ਭਾਗ ਵਿਚ ਲਿਖੇ ਗਏ ਸਾਹਿਤ ਵਿਚ ਨੈਤਿਕ ਤੇ ਸਮਾਜਿਕ ਸਮੱਸਿਆਵਾਂ ਪ੍ਰਧਾਨ ਹਨ। ਤੋਮਾਸ ਜੈ ਸਟਿਟਨੈਹੋ (Tomas Ze Stitneho) (ਲ. 1333-1405) ਨੇ ਦੇਸੀ ਭਾਸ਼ਾ ਵਿਚ ਨੈਤਿਕ ਤੇ ਧਾਰਮਿਕ ਸਮੱਸਿਆਵਾਂ ਬਾਰੇ ਖੋਜ ਨਿਬੰਧ ਲਿਖੇ। ਜਾਨ ਹੱਸ (ਲ. 1370-1415) ਨੇ ਇਸ ਸੁਧਾਰਵਾਦੀ ਲਹਿਰ ਨੂੰ ਬੜਾ ਉਤਸ਼ਾਹ ਦਿੱਤਾ ਅਤੇ ਪੰਦਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਇਸ ਨੇ ਬੋਹੀਮੀਆ ਦੇ ਲੋਕ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਕਾਫ਼ੀ ਸਾਰਾ ਸਾਹਿਤ ਦੇਸੀ ਭਾਸ਼ਾ ਵਿਚ ਲਿਖਿਆ ਗਿਆ।

ਹੱਸ ਦੀਆਂ ਲੀਹਾਂ ਉੱਤੇ ਚੱਲਣ ਵਾਲਿਆਂ ਵਿਚੋਂ ਪੀਟਰ ਚੈਲਸਿਕੀ (Peter Chelcicky) (ਲ. 1390-1460) ਬਹੁਤ ਪ੍ਰਸਿੱਧ ਹੈ ਜਿਸ ਨੇ ਮਹੱਤਵਪੂਰਨ ਮੌਲਿਕ ਸਮਾਜਿਕ ਵਿਚਾਰ ਪੇਸ਼ ਕੀਤੇ। ਇਸ ਦੇ ਫ਼ਲਸਰੂਪ 'ਯੂਨੀਟਾਸ ਫ੍ਰੇਟਮਾਂ' (Unitas Fratrum) ਸੰਪ੍ਰਦਾਇ ਹੋਂਦ ਵਿਚ ਆਈ ਜਿਸ ਨੇ ਆਗਾਮੀ ਦੋ ਸਦੀਆਂ ਦੇ ਚੈੱਕ ਸਾਹਿਤ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ।

16ਵੀਂ ਸਦੀ ਵਿਚ ਦੇਸੀ ਬੋਲੀ ਵਿਚ ਕਵਿਤਾ ਨਹੀਂ ਲਿਖੀ ਗਈ ਪਰ ਕਾਫ਼ੀ ਮਾਤਰਾ ਵਿਚ ਵਾਰਤਕ ਸਾਹਿਤ ਲਿਖਿਆ ਗਿਆ ਜਿਸ ਵਿਚ ਉਪਦੇਸ਼ਾਤਮਕ ਤੇ ਵਿਦਵਤਾ ਭਰਪੂਰ ਰਚਨਾਵਾਂ ਵਧੇਰੇ ਹਨ। ਇਸ ਦੌਰਾਨ ਕੁਝ ਸਫ਼ਰਨਾਮੇ ਵੀ ਲਿਖੇ ਗਏ। ਮਾਰਕੋ ਪੋਲੋ ਦੀ 'Million' ਦੇ ਅਨੁਵਾਦ ਨਾਲ ਚੈੱਕ ਵਿਚ ਅਨੁਵਾਦ ਸਾਹਿਤ ਦਾ ਆਰੰਭ ਹੁੰਦਾ ਹੈ।

ਇਸ ਕਾਲ ਦੇ ਦੌਰਾਨ ਚੈੱਕ ਭਾਸ਼ਾ ਵਿਚ ਬਾਈਬਲ ਅਨੁਵਾਦ ਹੋਣ ਨਾਲ ਚੈੱਕ ਵਾਰਤਕ ਆਪਣੇ ਸਿਖ਼ਰ ਤੇ ਪੁੱਜੀ। ਇਸ ਅਨੁਵਾਦ ਦੀ ਭਾਸ਼ਾ ਨੂੰ ਕਲਾਸਕੀ ਚੈੱਕ ਦਾ ਨਮੂਨਾ ਮੰਨਿਆ ਜਾਂਦਾ ਹੈ।

ਸੰਨ 1620 ਵਿਚ ਵਾਈਟ ਮਾਊਂਟੇਨ ਦੀ ਲੜਾਈ ਵਿਚ ਹੈਬਸਬਰਗ ਦੀਆਂ ਫ਼ੌਜਾਂ ਵੱਲੋਂ ਪ੍ਰੋਟੈਸਟੈਂਟ ਬੋਹੀਮੀ ਫ਼ੌਜਾਂ ਨੂੰ ਹਰਾਏ ਜਾਣ ਨਾਲ ਚੈੱਕ ਪ੍ਰਾਂਤ ਹੈਬਸਬਰਗ ਸਲਤਨਤ ਵਿਚ ਸ਼ਾਮਿਲ ਕਰ ਲਿਆ ਗਿਆ ਅਤੇ ਦੇਸ਼ ਵਿਚ ਪ੍ਰੋਟੈਸਟੈਂਟ ਮੱਤ ਦਾ ਖ਼ਾਤਮਾ ਹੋ ਗਿਆ। ਪੁਰਾਣੇ ਸਰਦਾਰਾਂ ਨੂੰ ਜਾਂ ਤਾਂ ਕਤਲ ਕਰ ਦਿੱਤਾ ਗਿਆ ਜਾਂ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਦੇਸ਼ ਵਿਚ ਨਵਾਂ ਕੈਥੋਲਿਕ ਸਾਹਿਤ ਮੁਹੱਈਆ ਕੀਤਾ ਜਾਣਾ ਅਰੰਭਿਆ ਅਤੇ ਜੀਵਨ ਕਥਾ, ਧਾਰਮਿਕ ਵਾਰਤਕ, ਧਾਰਮਿਕ ਕਵਿਤਾ ਤੇ ਭਜਨ ਲਿਖੇ ਜਾਣ ਲੱਗੇ। ਜਿਨ੍ਹਾਂ ਵਿਚੋਂ ਕੁਝ ਬਹੁਤ ਵਧੀਆ ਸਾਹਿਤਕ ਪੱਧਰ ਦੀਆਂ ਰਚਨਾਵਾਂ ਹਨ।

ਰਾਸ਼ਟਰੀ ਪੁਨਰਜਾਗ੍ਰਤੀ ਕਾਰਨ ਅਠਾਰ੍ਹਵੀਂ ਸਦੀ ਵਿਚ ਬਹੁਤ ਸਾਰੇ ਚੈੱਕ ਵਿਦਵਾਨਾਂ ਨੇ ਪੂਰਬਲੇ ਸਾਹਿਤ ਤੇ ਦੇਸ਼ ਦੇ ਇਤਿਹਾਸ ਸੰਬੰਧੀ ਖੋਜ ਅਰੰਭ ਕੀਤੀ ਤੇ ਇਸ ਤਰ੍ਹਾਂ ਬੋਹੀਮੀਆ ਵਿਚ ਦੇਸ਼ ਭਗਤੀ ਦੀ ਲਹਿਰ ਚੱਲੀ। ਇਸ ਕਾਲ ਦਾ ਸੁਪ੍ਰਸਿੱਧ ਸਾਹਿਤਕਾਰ ਜੋਸ਼ੈਫ਼ ਦੋਬਰੋਸਕੀ (1753-1829) ਹੈ ਜਿਸਨੇ ਮੱਧਕਾਲੀਨ ਅਤੇ ਪੁਨਰਜਾਗ੍ਰਤੀ ਕਾਲ ਦੇ ਸਾਹਿਤ ਤੇ ਭਾਸ਼ਾ ਬਾਰੇ ਖੋਜ ਕੀਤੀ ਤੇ ਪੁਰਾਣੇ ਚੈੱਕ ਸਾਹਿਤ ਦਾ ਇਤਿਹਾਸ ਤੇ ਵਿਆਕਰਣ ਲਿਖਿਆ। ਇਸੇ ਕਾਲ ਦਾ ਪ੍ਰਸਿੱਧ ਪੱਤਰਕਾਰ ਵਾਚਲਾਂਫ ਮਾਤੇਜ ਕ੍ਰਾਮੀਰੀਆਸ (Vaclav Matej Kramerius – 1750-1808) ਸੀ। ਜੋਸ਼ੈਫ਼ ਜੁੰਗਮਾਨ (1773-1847) ਨੇ ਭਾਸ਼ਾ ਨੂੰ ਅਮੀਰ ਬਣਾਉਣ ਲਈ ਬਹੁਤ ਕੰਮ ਕੀਤੇ। ਇਸ ਨੇ ਬਹੁਤ ਸਾਰੇ ਸਫ਼ਲ ਅਨੁਵਾਦ ਕੀਤੇ ਜਿਨ੍ਹਾਂ ਵਿਚ ਮਿਲਟਨ ਦਾ 'ਪੈਰਾਡਾਈਜ਼ ਲਾਸਟ' ਵੀ ਸ਼ਾਮਲ ਹੈ ਪਰ ਉਸ ਦਾ ਯਾਦਗਾਰੀ ਕੰਮ 'ਚੈੱਕ-ਜਰਮਨ ਡਿਕਸ਼ਨਰੀ' (1835-39) ਹੈ। ਚੈੱਕ ਦੇ ਕੌਮੀ ਸਭਿਆਚਾਰ ਨੂੰ ਵਿਕਸਿਤ ਕਰਨ ਲਈ ਦੋ ਵਿਦਵਾਨਾਂ, ਪੇਵਲ ਜੋਸ਼ੈਫ਼ ਸਾਫ਼ਾਰਿਕ (1795-1861) ਅਤੇ ਫ੍ਰਾਂਟੀਸੇਕ ਪਾਲਾਕੀ (1798-1876) ਨੇ ਬੜੇ ਸਫ਼ਲ ਯਤਨ ਕੀਤੇ। ਉਨ੍ਹਾਂ ਵਿਚੋਂ ਯਾਨ ਕੋਲਾਰ (1793-1852) ਬਹੁਤ ਪ੍ਰਸਿੱਧ ਹੈ। ਇਸ ਕਾਲ ਵਿਚ 'Rukobis Kra'love Dursky' ਅਤੇ 'Rukopis Zelenohossky' ਨਾਂ ਦੀਆਂ ਮੱਧਕਾਲੀਨ ਚੈੱਕ ਕਵਿਤਾਵਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਤੋਂ ਇਲਾਵਾ ਕਈ ਕਥਾ ਕਾਵਿ (Ballads) ਵੀ ਲਿਖੇ ਗਏ। ਚੈੱਕ ਰੰਗਮੰਚੀ ਪਰੰਪਰਾ ਸਥਾਪਿਤ ਕਰਨ ਵਾਲੇ ਮਹੱਤਵਪੂਰਨ ਨਾਟਕਕਾਰ ਜੋਜ਼ੈਫ਼ ਕਾਜ਼ੇਤਾਨ ਟਾਈਲ (Josef Kejetan Tyl – 1808-56) ਅਤੇ ਵਾਕਾਲਫ ਕਲੀਮੈਂਟ ਕਲਿਚਪੇਰਾ (Vaclav Kliment Klichpera – 1792-1859) ਹਨ ਪਰ ਇਨ੍ਹਾਂ ਦੇ ਨਾਟਕਾਂ ਦਾ ਮਹੱਤਵ ਬਹੁਤ ਜ਼ਿਆਦਾ ਨਹੀਂ ਰਿਹਾ।

ਚੈੱਕ ਸਾਹਿਤ ਵਿਚ ਰੋਮਾਂਸਵਾਦ ਦਾ ਸਭ ਤੋਂ ਮਹਾਨ ਕਵੀ ਕਾਰਲ ਹਾਈਨੈਕ ਮਾਚਾ (Karel Hynek Macha – 1810-36) ਹੈ। ਇਸਦੇ ਗੀਤ, ਗੱਦ, ਕਿਰਤਾਂ ਤੇ ਮਹਾਂਕਾਵਿ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਉੱਤੇ ਬਾਇਰਨ, ਸਰ ਵਾਲਟਰ ਸਕਾਟ ਤੇ ਪੋਲੈਂਡ ਦੇ ਰੁਮਾਂਟਿਕ ਕਵੀਆਂ ਦਾ ਪ੍ਰਭਾਵ ਹੈ। ਪਰ ਕਲਾਤਮਕ ਪੱਖੋਂ ਇਸਦੀ ਰਚਨਾ ਬੜੀ ਪ੍ਰੌੜ੍ਹ ਹੈ। ਕਾਰਲ ਹੈਵਲੀਰੈਕ ਬੋਰੋਵਸਕੀ (Karel Havlicek Brovosky – 1821-56) ਅਤੇ ਬੋਜ਼ੈਨਾ ਨੈਮਕੋਵਾ (Bozena Nemecova) ਵਰਗੇ ਲੇਖਕਾਂ ਨੇ ਰੋਮਾਂਚਿਕ ਦੀ ਬਜਾਏ ਅਮਲੀ ਸਮੱਸਿਆਵਾਂ ਬਾਰੇ ਲਿਖਿਆ ਅਤੇ ਚੈੱਕ ਭਾਸ਼ਾ ਨੂੰ ਪੁਰਾਣੇ ਸਨਾਤਨੀ ਢੰਗ ਤੋਂ ਕੱਢ ਕੇ ਲੋਕ ਬੋਲੀ ਦੇ ਕਰੀਬ ਲਿਆਂਦਾ।

**1848-1918 ਦਾ ਸਮਾਂ : ਹੈਵਲੀਚੈੱਕ, ਐਰਬੈਨ ਅਤੇ ਨੈਮਕੋਵਾ, ਜੋ 1850ਵੇਂ ਦਹਾਕੇ ਵਿਚ ਆਪਣੀ ਪ੍ਰਾਪਤੀ ਦੇ ਸਿਖਰਾਂ ਤੇ ਸਨ, ਰੁਮਾਂਟਿਕ** ਪੜਾਅ ਅਤੇ ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚਕਾਰ ਇਕ ਪੁਲ ਵਾਂਗ ਸਨ। ਇਸ ਕਾਲ ਵਿਚ ਬਹੁਤ ਸਾਰੇ ਨਵੇਂ ਲੇਖਕ ਸਾਹਮਣੇ ਆਏ ਜਿਨ੍ਹਾਂ ਵਿਚ ਯਾਨ ਨੈਰੂਦਾ (Jan Neruda – 1824-81) ਅਤੇ ਵਿਟੈਜਸਲਾਵ ਹਾਲੇਕ (Vitezslav Halak – 1835-74) ਪ੍ਰਮੁੱਖ ਹਨ।

'ਮਾਜ' (Maj) ਗਰੁੱਪ ਦੇ ਲੇਖਕਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਨਾਵਲਕਾਰ 'ਕੈਰੋਲਿਨਾ ਸਵੇਤਲਾ' (1830-99) ਸੀ। ਇਸਨੇ ਆਪਣੇ ਨਾਵਲਾਂ ਵਿਚ ਪ੍ਰਾਗ ਦੇ ਸਮਾਜ ਅਤੇ ਉੱਤਰੀ ਬੋਹੀਮੀਆ ਦੇ ਪੇਂਡੂ ਇਲਾਕੇ ਨੂੰ ਰੁਮਾਂਟਿਕ ਢੰਗ ਨਾਲ ਚਿਤਰਿਆ ਹੈ ਪਰ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਵਿਚ ਵੀ ਇਸ ਲੇਖਕ ਨੇ ਬੜੀ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸਨੇ ਆਪਣੇ ਨਾਵਲਾਂ ਵਿਚ ਨੈਤਿਕ ਤੇ ਸਮਾਜਿਕ ਸਮੱਸਿਆਵਾਂ ਤੋਂ ਇਲਾਵਾ 19ਵੀਂ ਸਦੀ ਵਿਚ ਇਸਤਰੀ ਦੀ ਸਮਾਜਕ ਸਥਿਤੀ ਵਰਗੇ ਵਿਸ਼ਿਆਂ ਨੂੰ ਲਿਆ ਹੈ। 'ਮਾਜਾ' ਆਡੋਲਫ਼ ਹੇਡਕ (1835-1923) ਦਾ ਦੇਸ਼ ਭਗਤੀ ਵਾਲਾ ਸਾਹਿਤ ਅਜੇ ਤਾਈਂ ਪੜ੍ਹਿਆ ਜਾਂਦਾ ਹੈ। ਮਾਜ ਗਰੁੱਪ ਦੇ ਸਾਹਿਤਕਾਰਾਂ ਵਿਚੋਂ ਰੁਡੋਲਫ਼ ਮਾਇਰ (1837-65) ਮਾਜ ਦੀ ਤਰਜ਼ ਤੇ ਲਿਖਦਾ ਸੀ, ਭਾਵੇਂ ਉਹ ਬਹੁਤਾ ਕਾਮਯਾਬ ਨਹੀਂ ਹੋ ਸਕਿਆ।

1870ਵੇਂ ਤੇ 1880ਵੇਂ ਦਹਾਕਿਆਂ ਵਿਚ ਸਾਹਿਤ ਜੀਵਨ ਵਿਚ ਦੋ ਪ੍ਰਮੁੱਖ ਧਾਰਾਵਾਂ ਸਨ–ਜਿਨ੍ਹਾਂ ਬਾਰੇ ਦੋ ਮੈਗਜ਼ੀਨ **'Lumir ਤੇ Ruch'** ਪ੍ਰਚਾਰ ਕਰਦੇ ਸਨ।

ਇਸ ਕਾਲ ਦਾ ਪ੍ਰਮੁੱਖ ਕਵੀ ਜਾਰੋਸਲਾਫ਼ ਵ੍ਰਲਿਕੀ (Jaroslav Vrchlicky – 1853-1912) ਸੀ ਜੋ ਵਿਸ਼ਵ-ਹਿਤੈਸ਼ੀ ਝੁਕਾਵਾਂ ਵਾਲਾ ਕਵੀ ਸੀ। ਇਸਦੇ ਇਤਿਹਾਸਕ ਮਹਾਂਕਾਵਿ ਉੱਤਮ ਕਿਰਤਾਂ ਹਨ। ਇਸਨੇ ਬਹੁਤ ਸਾਰੇ ਅਨੁਵਾਦ ਕੀਤੇ, ਜਿਨ੍ਹਾਂ ਦਾ ਚੈੱਕ ਸਾਹਿਤ ਤੇ ਕਾਫ਼ੀ ਪ੍ਰਭਾਵ ਪਿਆ ਹੈ। ਇਸਤੋਂ ਇਲਾਵਾ ਵਿਸ਼ਵ-ਹਿਤੈਸ਼ੀ ਪ੍ਰਵਿਰਤੀ ਜੂਲੀਅਸ ਜ਼ੇਅਰ (Julius Zeyer – 1841-1901) ਦੀ ਕਵਿਤਾ ਤੇ ਨਾਵਲਾਂ ਵਿਚ ਬੜੀ ਪਰਬਲ ਹੈ।

19ਵੀਂ ਸਦੀ ਦੀ ਆਖ਼ਰੀ ਤਿਮਾਹੀ ਵਿਚ ਚੈੱਕ ਨਾਵਲ ਵਿਚ ਯਥਾਰਥ ਚਿਤਰਣ ਵੱਲ ਵਧੇਰੇ ਧਿਆਨ ਦਿੱਤਾ ਗਿਆ ਹੈ। ਇਹ ਪ੍ਰਵਿਰਤੀ ਦੋ ਮੁੱਖ ਇਤਿਹਾਸਕ ਨਾਵਲਕਾਰਾਂ–ਅਲਾੱਇਸ ਜਿਰਾਸੇਕ (Alois Jirasek – 1851-1930) ਅਤੇ ਜ਼ਿਕਮੰਡ ਵਿੰਟਰ (Zikmund Winter – 1846-1912) ਵਿਚ ਵੀ ਪ੍ਰਮੁੱਖ ਹੈ। ਜਿਰਾਸੇਕ ਦੇ ਪ੍ਰਸਿੱਧ ਨਾਵਲ 'C.L. Vek' ਅਤੇ 'Temno' ਹਨ ਅਤੇ ਵਿੰਟਰ ਦਾ 'Mistr Kampanus' ਇਕ ਉੱਤਮ ਕ੍ਰਿਤ ਹੈ।

ਬਹੁਤ ਸਾਰੇ ਨਾਵਲਕਾਰਾਂ ਨੇ ਆਪਣੇ ਸਮਕਾਲੀ ਜੀਵਨ ਨੂੰ ਚਿਤਰਣ ਦਾ ਯਤਨ ਕੀਤਾ ਹੈ। ਚੈੱਕ ਪੇਂਡੂ ਜੀਵਨ ਦੀ ਪੂਰੀ ਤਸਵੀਰ ਜਾਨ ਹਰਬੈਨ (Jan Herben – 1857-1937), ਕਾਰੈਲ ਵਾਕਲਾਫ਼ ਰਾਇਸ (Karel Va'clav Rais – 1859-1926) ਅਤੇ ਟੈਰੈਜ਼ਾ ਨੋਵਾਕੋਵਾ (Tereza Novakova – 1853-1912) ਦੇ ਨਾਵਲਾਂ ਵਿਚ ਦੇਖੀ ਜਾ ਸਕਦੀ ਹੈ। ਸ਼ਹਿਰੀ ਜੀਵਨ ਤੇ ਉਦਯੋਗੀਕਰਣ ਦੀਆਂ ਸਮੱਸਿਆਵਾਂ ਬਾਰੇ ਜੈਕਬ ਆਰਬੀਜ਼ (Jacub Arbes – 1840-1914) ਨੇ ਆਪਣੇ ਨਾਵਲਾਂ ਵਿਚ ਲਿਖਿਆ। 19ਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਕਵਿਤਾ ਵਿਚ ਕਈ ਪ੍ਰਵਿਰਤੀਆਂ ਉਜਾਗਰ ਹੋਣੀਆਂ ਸ਼ੁਰੂ ਹੋਈਆਂ। ਐਨਟੋਨਿਨ ਸੋਵਾ (1864-1928) ਨੇ ਸੁੰਦਰ ਗੀਤ ਤੇ ਛੰਦ ਮੁਕਤ ਕਵਿਤਾ ਲਿਖੀ। 20ਵੀਂ ਸਦੀ ਦੇ ਆਰੰਭ ਦੇ ਸਾਲਾਂ ਵਿਚ ਚੈੱਕ ਦੇ ਦੋ ਉੱਘੇ ਕਵੀਆਂ ਓਟਾਕਾਰ ਬ੍ਰੈਜ਼ੀਨਾ (Octakar Brezina – 1868-1958) ਅਤੇ ਪੀਟਰ ਬੈਜ਼ਰਚ (Petr Bezruc 1867-1958) ਪ੍ਰਕਾਸ਼ਿਤ ਹੋਈਆਂ। **1980 ਦੇ ਦਹਾਕੇ ਵਿਚ ਰਾਸ਼ਟਰੀ ਜਾਗ੍ਰਣ ਦੇ ਰੋਮਾਂਟਿਕ ਆਦਰਸ਼ਵਾਦੀ ਦਾ ਪ੍ਰਤੀਕਰਮ ਟੀ. ਜੀ. ਮਾਸਰਿਕ (T.G. Masaryk – 1850-1937)**

ਦੀਆਂ ਇਤਿਹਾਸਕ ਤੇ ਸਮਾਜ-ਸ਼ਾਸਤਰੀ ਰਚਨਾਵਾਂ ਵਿਚ ਦੇਖਿਆ ਜਾ ਸਕਦਾ ਹੈ। ਫ੍ਰੈਂਟੀਸੈਕ ਜ਼ੇਵਰ ਸਾਲਦਾ (Frantisek Xaver Salda – 1867-1937) ਦੀ ਸਾਹਿਤ ਆਲੋਚਨਾ ਬੜੇ ਉੱਚ ਪੱਧਰ ਦੀ ਹੈ।

1918 ਮਗਰੋਂ – 1918 ਵਿਚ ਸੁਤੰਤਰ ਚੈਕੋਸਲੋਵਾਕੀਆ ਰਾਜ ਦੀ ਸਥਾਪਤੀ ਨਾਲ ਚੈੱਕ ਸਾਹਿਤਕਾਰਾਂ ਲਈ ਨਵੀਆਂ ਸੰਭਾਵਨਾਵਾਂ ਉਜਾਗਰ ਹੋਈਆਂ। ਇਸ ਮਗਰੋਂ ਸਭ ਤੋਂ ਵਧੀਆ ਪ੍ਰਾਪਤੀ ਗੀਤ ਕਾਵਿ ਦੇ ਖੇਤਰ ਵਿਚ ਹੈ।

ਪ੍ਰੇਗ ਦੇ ਜੀਵਨ ਬਾਰੇ ਯਥਾਰਥਵਾਦੀ ਨਾਵਲ 1918 ਤੋਂ ਪਹਿਲਾਂ ਵੀ ਲਿਖੇ ਗਏ ਸਨ। ਪਰ ਇਸ ਕਾਲ ਵਿਚ ਵਿਆਖਿਆਤਮਕ ਗੱਦ ਨੇ ਆਪਣੀ ਸਿਖ਼ਰ ਨੂੰ ਛੂਹਿਆ। ਕਾਰਲ ਚਾਪੈਕ (Karel Capek – 1890-1938), ਈਵਾਨ ਓਲਬ੍ਰਾਕਟ (Ivan Olbracht – 1882-1952) ਅਤੇ ਵਲਾਡੀਸਲਾਵ ਵੈਂਚੂਰਾ (Valadislav Vancura – 1891-1942) ਇਸ ਸਮੇਂ ਦੇ ਪ੍ਰਸਿੱਧ ਲੇਖਕ ਸਨ। ਹੋਰ ਬਹੁਤ ਸਾਰੇ ਨਾਵਲਕਾਰਾਂ ਨੇ ਸਮਾਜਕ ਉਥਲ-ਪੁਥਲ ਸਮੇਂ ਨਿੱਜੀ ਅਤੇ ਰਾਸ਼ਟਰੀ ਸਮੱਸਿਆਵਾਂ ਬਾਰੇ ਲਿਖਿਆ। ਇਨ੍ਹਾਂ ਵਿਚੋਂ ਮੈਰੀ ਮੇਜਰੋਵਾ (Marie Majerova – 1882-1958), ਮੈਰੀ ਪੁਜਮਾਨੋਵ (Marie Pujmanova – 1893-1958) ਅਤੇ ਵੋਜਟੈਕ ਮਾਰਟੀਨੇਕ (Vojtech Martinek – 1887) ਪ੍ਰਸਿੱਧ ਹਨ। 1918 ਮਗਰੋਂ ਚੈੱਕ ਨਾਟਕ ਨੇ ਵੀ ਖ਼ੂਬ ਉੱਨਤੀ ਕੀਤੀ। ਕਾਰਲ ਚਾਪੈਕ ਦੇ ਆਦਰਸ਼ਵਾਦੀ ਤੇ ਵਿਅੰਗਾਤਮਕ ਨਾਟਕ ਬਹੁਤ ਪ੍ਰਸਿੱਧ ਹਨ।

1918 ਤੋਂ 1945 ਤੱਕ ਦੇ ਸਮੇਂ ਵਿਚ ਗੀਤ ਕਾਵਿ ਆਪਣੇ ਸਿਖ਼ਰਾਂ ਤੇ ਰਿਹਾ ਹੈ। ਅਜੋਕੇ ਸਮੇਂ ਚੈੱਕ ਸਾਹਿਤ ਵਿਚ ਚਾਰ ਸਾਹਿਤਕਾਰ ਜੋਜ਼ੈਫ ਹੋਰਾ (Josef Hora – 1891-1945), ਫ੍ਰੈਂਟੀਸੈਕ ਹਾਲਜ਼ (Frantisek Halas – 1901-1949), ਵਿਟੈਜ਼ਸਲਾਵ ਨੇਜ਼ਵਾਲ (Vitezslav Nazval – 1900-1958) ਅਤੇ ਜਾਰੋਸਲਾਵ ਸਾਈਫਰਟ (Jaroslav Seifert – 1901) ਬਹੁਤ ਪ੍ਰਸਿੱਧ ਹਨ।

**ਸਲੋਵਾਕ ਸਾਹਿਤ**—18ਵੀਂ ਸਦੀ ਤੱਕ ਚੈੱਕ ਨਾਲ ਮਿਲਦੀ ਜੁਲਦੀ ਸਲੋਵਾਕ ਉਪਭਾਸ਼ਾ ਨੂੰ ਸਾਹਿਤਕ ਭਾਸ਼ਾ ਸਥਾਪਤ ਕਰਨ ਲਈ ਕੋਈ ਨਿਯਮਬੱਧ ਯਤਨ ਨਹੀਂ ਕੀਤੇ ਗਏ ਸਨ। ਐਸ. ਐਸ. ਸੀਰਿਲ ਅਤੇ ਮੈਥੋਡੀਅਸ ਦੀਆਂ ਕ੍ਰਿਤਾਂ ਨੇ ਪੱਛਮੀ ਸਲੋਵਾਕੀਆ ਦੀ ਭਾਸ਼ਾ ਨੂੰ ਬਹੁਤ ਪ੍ਰਭਾਵਿਤ ਕੀਤਾ ਪਰ ਹੰਗਰੀ ਦੀ 9ਵੀਂ ਸਦੀ ਦੀ ਜਿੱਤ ਮਗਰੋਂ ਕਈ ਸਦੀਆਂ ਤੱਕ ਸਲੋਵਾਕੀਆ ਵਿਚ ਸਲਾਵੋਨਿਕ ਭਾਸ਼ਾ ਦੀ ਵਰਤੋਂ ਬਾਰੇ ਕੋਈ ਸੰਕੇਤ ਨਹੀਂ ਮਿਲਦੇ। ਮਗਰਲੇ ਮੱਧਕਾਲ ਵਿਚ ਚੈੱਕ ਨੂੰ ਹੀ ਕਾਨੂੰਨੀ ਤੇ ਪ੍ਰਬੰਧਕੀ ਮੰਤਵਾਂ ਲਈ ਵਰਤਿਆ ਜਾਂਦਾ ਰਿਹਾ ਹੈ। ਇਸ ਵਿਚ ਮਾੜਾ ਮੋਟਾ ਸਲੋਵਕ ਦਾ ਅੰਸ਼ ਹੁੰਦਾ ਸੀ। 18ਵੀਂ ਸਦੀ ਦੇ ਅੱਧ ਤੱਕ ਸਲੋਵਕ ਨੂੰ ਸਥਾਪਿਤ ਕਰਨ ਦਾ ਕੋਈ ਸੁਚੇਤ ਯਤਨ ਨਹੀਂ ਕੀਤਾ ਗਿਆ ਸੀ ਪਰ 18ਵੀਂ ਸਦੀ ਦੇ ਮੁੱਢ ਵਿਚ ਸਾਹਿਤਕ ਚੈੱਕ ਦੇ ਪਤਨ ਕਾਰਨ ਸਲੋਵਕ ਦਾ ਸਥਾਨਕ ਰੰਗਣ ਜ਼ੋਰ ਪਕੜ ਗਿਆ। ਕੈਥੋਲਿਕਾਂ ਤੇ ਕੈਲਵੀਨਿਸਟਾਂ ਨੇ ਆਪਣਾ ਧਾਰਮਕ ਕਾਰਜ ਸਲੋਵਕ ਭਾਸ਼ਾ ਵਿਚ ਕੀਤਾ। ਐਂਟਨ ਬਰਨੋਲਾਕ (Anton Bernolack – 1762-1813) ਨੇ ਪੱਛਮੀ ਸਲੋਵਕ ਵਿਚ ਇਕ ਵਿਆਕਰਣ (1790) ਤੇ 6 ਜਿਲਦਾਂ ਵਿਚ ਕੋਸ਼ (1825-27) ਪ੍ਰਕਾਸ਼ਿਤ ਕਰਵਾਇਆ। ਗੱਦ ਲੇਖਕ ਵਿਚ ਜਿਊਰੋ ਫਾਂਦਲੀ (Juro Fandli – 1750-1811) ਧਾਰਮਕ ਲੇਖਕਾਂ ਦੇ ਤੌਰ ਤੇ ਅਤੇ ਜੋਜ਼ੈਫ ਇਗਨਾਚ ਬਾਜਜ਼ਾ (Josef Ignac Bajza – 1755-1836) ਨਾਵਲਕਾਰ ਵਜੋਂ ਪ੍ਰਸਿੱਧ ਸਨ।

1840ਵੇਂ ਦਹਾਕੇ ਵਿਚ ਪ੍ਰਸਿੱਧ ਭਾਸ਼ਾ ਵਿਗਿਆਨੀ ਲੂੱਦੇਵਿਟ ਸਟੂਰ (Ludevit Stur – 1815-56) ਨੇ ਸਲੋਵਕ ਉਪ-ਭਾਸ਼ਾ ਅਪਣਾਈ ਜੋ ਕੇਂਦਰੀ ਉਪ-ਭਾਸ਼ਾਵਾਂ ਉੱਤੇ ਆਧਾਰਿਤ ਸੀ। ਇਹ ਭਾਸ਼ਾ ਝੱਟ ਹਰਮਨ ਪਿਆਰੀ ਹੋ ਗਈ ਅਤੇ ਉੱਘੇ ਕਵੀਆਂ ਨੇ ਇਸ ਨੂੰ ਅਪਣਾਇਆ। ਐਂਡਰੇਜ ਸਲਾਦਕੋਵਿਚ (Andrej Sladkovic – (820-70) ਨੇ ਰਾਸ਼ਟਰੀ ਮਹਾਂਕਾਵਿ 'Marina' ਲਿਖਿਆ, ਸਾਮੋਚਾਲ੍ਯਕਾ (Samo Chaleyoka – 1812-13) ਨੇ ਬਹੁਤ ਸੁੰਦਰ ਗੀਤ ਲਿਖੇ। ਇਸ ਕਾਲ ਦੇ ਰੋਮਾਂਟਿਕ ਲੇਖਕ ਜਾਨਕੋ ਕਰਾਲ (Janko Krel – 1822-76) ਨੇ ਮਹਾਂਕਾਵਿ, ਗੀਤ ਅਤੇ ਕਥਾ ਕਾਵਿ ਲਿਖੇ।

ਸਲੋਵਾਕ ਨਾਟਕ ਦੇ ਖੇਤਰ ਵਿਚ ਜਾਨ ਚਾਲੁਪਕਾ (Jan Chalupeka – 1791-1871) ਪ੍ਰਸਿੱਧ ਹੈ। ਜਾਨ ਪਾਲਾਰਿਕ (Jan Palarik – 1822-1870) ਨੇ ਵੀ ਨਵੀਂ ਸਾਹਿਤਕ ਭਾਸ਼ਾ ਵਿਚ ਕਈ ਸੁਖਾਂਤ ਰਚੇ।

ਸਲੋਵਾਕ ਸਾਹਿਤ ਦਾ ਮੁੱਖ ਵਿਕਸਿਤ ਰੂਪ ਗੀਤ ਸੀ ਅਤੇ ਹਵਾਈਜ਼ਡੋਸਲਾਵ (Hviezdoslav – 1849-1921) ਇਸ ਖੇਤਰ ਦੀ ਪ੍ਰਸਿੱਧ ਰਚਨਾ ਹੈ। ਆਪਣੀਆਂ ਮੂਲ ਕ੍ਰਿਤਾਂ ਤੋਂ ਇਲਾਵਾ ਉਸ ਨੇ ਅੰਗ੍ਰੇਜ਼ੀ, ਰੂਸੀ, ਜਰਮਨ ਤੇ ਹੰਗਰੀ ਭਾਸ਼ਾ ਵਿਚੋਂ ਸੁੰਦਰ ਅਨੁਵਾਦ ਕੀਤੇ। ਉਸ ਤੋਂ ਇਲਾਵਾ ਕਈ ਹੋਰ ਮਹੱਤਵਪੂਰਨ ਕਵੀ ਹੋਏ ਹਨ। ਸੰਨ 1918 ਤੋਂ ਮਗਰੋਂ ਸਲੋਵਕ ਸਾਹਿਤ ਆਪਣੇ ਜੋਬਨ ਤੇ ਆਇਆ ਅਤੇ ਸਭ ਤੋਂ ਵੱਧ ਸਫ਼ਲਤਾ ਗੀਤ ਕਾਵਿ ਨੂੰ ਮਿਲੀ। ਮਾਰਟਿਨ ਰਾਜ਼ਸ (Martin Razus – 1888-1937) ਅਤੇ ਜਾਂਕੋ ਜੈਸੇਂਸਕੀ (Janko Jasensky – 1873-1945) ਆਦਿ ਪ੍ਰਸਿੱਧ ਕਵੀ ਹੋਏ ਹਨ। ਨਾਵਲ ਦੇ ਖੇਤਰ ਵਿਚ ਤਿਮਰਾਵਾ (Timerava – 1867-1951) ਤੇ ਮੀਲੋ ਅਰਬਨ (Milo Urban – 1904) ਪ੍ਰਸਿੱਧ ਹਨ।

**ਚੈੱਕਮਾ** : ਇਹ ਦੱਖਣੀ ਅਫ਼ਰੀਕਾ ਦੇ ਪਹਾੜਾਂ ਵਿਚ ਉੱਤਰ ਵੱਲ ਜ਼ੈਮਬੀਜ਼ਿ ਤੱਕ ਮਿਲਨ ਵਾਲਾ ਇਕ ਕੇਪ ਬੈਬੂਨ ਬਣਮਾਨਸ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਪੇਪੀਓ ਕੋਮੈਟਸ (Papio Porcarius Comatus) ਹੈ। ਇਹ ਸਭ ਤੋਂ ਵੱਡਾ ਬੈਬੂਨ ਹੈ। ਪੁਰਾਣੀ ਦੁਨੀਆ ਦੇ ਇਸ ਸ਼ਕਤੀਸ਼ਾਲੀ ਬਾਂਦਰ ਦਾ ਰੰਗ ਕਾਲਾ ਜਿਹਾ ਸਲੇਟੀ ਹੁੰਦਾ ਹੈ ਜਿਸ ਵਿਚ ਵਾਲਾਂ ਉੱਤੇ ਪੀਲੇ ਚੱਕਰਾਂ ਕਰਕੇ ਹਰੇ ਰੰਗ ਦੀ ਭਾਹ ਪੈਂਦੀ ਹੈ। ਇਹ ਦੂਜੇ ਬੈਬੂਨਾਂ ਤੋਂ ਉਲਟ ਦਰਖ਼ਤਾਂ ਉੱਤੇ ਬਹੁਤ ਚੰਗੀ ਤਰ੍ਹਾਂ ਚੜ੍ਹ ਸਕਦਾ ਹੈ ਪਰੰਤੂ ਇਹ ਦੂਜੇ ਬੈਬੂਨਾਂ ਦੀ ਤਰ੍ਹਾਂ ਸਰਬ ਆਹਾਰੀ ਹੈ ਅਤੇ ਕਈ ਵਾਰੀ ਫ਼ਸਲਾਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

ਹ. ਪੁ.–ਐਨ. ਬ੍ਰਿ. 5:226

**ਚੈਕੋਸਲੋਵਾਕੀਆ** : ਯੂਰਪ ਮਹਾਂਦੀਪ ਦੇ ਮੱਧ ਵਿਚ ਸਥਿਤ ਇਹ ਦੇਸ਼ 1 ਜਨਵਰੀ, 1993 ਤੋਂ ਦੋ ਦੇਸ਼ਾਂ—ਚੈੱਕ ਅਤੇ ਸਲੋਵਾਕੀਆ ਵਿਚ ਵੰਡਿਆ ਗਿਆ ਹੈ। ਚੈੱਕ ਦੇਸ਼ ਦੀਆਂ ਹੱਦਾਂ ਪੱਛਮ ਵੱਲ ਜਰਮਨੀ, ਉੱਤਰ ਵੱਲ ਪੋਲੈਂਡ, ਪੂਰਬ ਵੱਲ ਸਲੋਵਾਕੀਆ ਅਤੇ ਦੱਖਣ ਵੱਲ ਆਸਟ੍ਰੀਆ ਨਾਲ ਲਗਦੀਆਂ ਹਨ। ਸਲੋਵਾਕੀਆ ਦੇਸ਼ ਦੀਆਂ ਹੱਦਾਂ ਉੱਤਰ-ਪੱਛਮ ਵੱਲ ਚੈੱਕ ਗਣਰਾਜ, ਉੱਤਰ ਵੱਲ ਪੋਲੈਂਡ, ਪੂਰਬ ਵੱਲ ਯੂਕਰੇਨ, ਦੱਖਣ ਵੱਲ ਹੰਗਰੀ ਅਤੇ ਦੱਖਣ-ਪੱਛਮ ਵੱਲ ਆਸਟ੍ਰੀਆ ਨਾਲ ਲਗਦੀਆਂ ਹਨ

ਚੈੱਕ ਗਣਰਾਜ ਦਾ ਕੁੱਲ ਰਕਬਾ 78,864 ਵ. ਕਿ. ਮੀ. ਅਤੇ ਆਬਾਦੀ 1,03,11,831 (1993) ਹੈ। ਸਲੋਵਾਕੀਆ ਦਾ ਕੁੱਲ ਰਕਬਾ 99,035 ਵ. ਕਿ. ਮੀ ਅਤੇ ਆਬਾਦੀ 53,00,000 (1992) ਹੈ। ਚੈਕ ਦੀ ਰਾਜਧਾਨੀ ਪ੍ਰਾਗ ਅਤੇ ਸਲੋਵਾਕੀਆ ਦੀ ਰਾਜਧਾਨੀ ਬਰੈਟਾਸਲਾਵਾ ਹੈ।

ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਧਰਾਤਲ ਪੱਖੋਂ ਚੈਕੋਸਲੋਵਾਕੀਆ ਨੂੰ ਤਿੰਨ ਮੁੱਖ ਭਾਗਾਂ ਬੋਹੀਮੀਆ ਦੀ ਪਠਾਰ, ਮਾਰੇਵੀਆ ਦਾ ਮੈਦਾਨ ਅਤੇ ਸਲੋਵਾਕੀਆ ਪਰਬਤੀ ਖੇਤਰ ਵਿਚ ਵੰਡਿਆ ਜਾ ਸਕਦਾ ਹੈ।

**1. ਬੋਹੀਮੀਆ ਦੀ ਪਠਾਰ**—ਇਹ ਪਠਾਰ ਚਾਰੋਂ ਪਾਸਿਓਂ ਪਰਬਤੀ ਸ਼੍ਰੇਣੀਆਂ ਨਾਲ ਘਿਰੀ ਹੋਈ ਹੈ। ਇਨ੍ਹਾਂ ਪਰਬਤਾਂ ਦੀ ਉਚਾਈ 450 ਮੀ. ਤੋਂ ਲੈ ਕੇ 1,500 ਮੀ. ਤੱਕ ਹੈ। ਇਸਦੇ ਉੱਤਰ ਪੱਛਮ ਵਾਲੇ ਪਾਸੇ ਓਰ ਪਰਬਤ ਹਨ। ਉੱਤਰ-ਪੂਰਬ ਵੱਲ ਕਰਕਾਨੌਸ਼ਾ ਪਹਾੜਾਂ ਦੀ ਸਨਐਸ਼ਕਾ ਸਿਖ਼ਰ 1,593 ਮੀ. ਉੱਚੀ ਹੈ। ਪਰਬਤ ਲੜੀ ਬੋਹੀਮੀਆ ਨੂੰ ਪੋਲੈਂਡ ਨਾਲੋਂ ਵੱਖ ਕਰਦੀ ਹੈ। ਇਸਨੂੰ ਸੂਡੀਟੀਜ਼ ਲੜੀ ਵੀ ਕਹਿੰਦੇ ਹਨ। ਮਾਰੇਵੀਆ ਪਰਬਤ ਜਿਹੜੇ ਦੱਖਣ-ਪੂਰਬ ਵੱਲ ਹਨ, ਕੋਈ ਖਾਸ ਉੱਚੇ ਨਹੀਂ ਹਨ। ਐਲਬ ਨਦੀ ਇਸ ਪਠਾਰੀ ਖੇਤਰ ਦਾ ਜਲ-ਨਿਕਾਸ ਕਰਦੀ ਹੈ ਅਤੇ ਜਿਹੜੀ ਬਾਅਦ ਵਿਚ ਉੱਤਰ-ਪੱਛਮ ਦਿਸ਼ਾ ਵੱਲ ਜਰਮਨੀ ਅੰਦਰ ਚਲੀ ਜਾਂਦੀ ਹੈ।

**2. ਮਾਰੇਵੀਆ ਦਾ ਮੈਦਾਨੀ ਖੇਤਰ**—ਇਹ ਦੇਸ਼ ਦੇ ਮਧਵਰਤੀ ਹਿੱਸੇ ਵਿਚ ਡੈਨਿਊਬ ਦੀ ਸਹਾਇਕ ਨਦੀ ਮਾਰਾਵਾ ਦਾ ਜਲ ਪ੍ਰਵਾਹ ਖੇਤਰ ਹੈ। ਇਹ ਮੈਦਾਨ ਦੱਖਣ-ਪੱਛਮ ਤੋਂ ਉੱਤਰ-ਪੂਰਬ ਵੱਲ ਫੈਲਿਆ ਹੋਇਆ ਹੈ ਤੇ ਪੱਛਮ ਵੱਲ ਬੋਹੀਮੀਆ ਪਰਬਤੀ ਖੇਤਰ ਵੱਲ ਇਸਦੀ ਉਚਾਈ ਵੱਧਦੀ ਜਾਂਦੀ ਹੈ। ਇਸਦੇ ਉੱਤਰ ਵਿਚ ਕਾਰਪੇਥੀਅਨ ਅਤੇ ਸੂਡੀਟੀਜ਼ ਪਰਬਤਾਂ ਦੇ ਵਿਚਕਾਰ ਮਾਰੇਵੀਅਨ ਦੱਰਾ ਹੈ ਜਿਹੜਾ ਦੱਖਣ ਵਿਚ ਡੈਨਿਊਬ ਦੇ ਮੈਦਾਨ ਤੋਂ ਉੱਤਰੀ ਸਾਈਲੀਸ਼ੀਆ ਵੱਲ ਜਾਣ ਦਾ ਇਕ ਮੁੱਖ ਮਾਰਗ ਹੈ।



**ਚੈਕ ਦੇ ਬੈਰੋਕ ਪ੍ਰਾਗ ਦਾ ਇਕ ਦ੍ਰਿਸ਼**

**3. ਸਲੋਵਾਕੀਆ ਪਰਬਤੀ ਖੇਤਰ**—ਇਹ ਕਾਰਪੇਥੀਅਨ ਪਰਬਤੀ ਲੜੀਆਂ ਦਾ ਪੱਛਮੀ ਹਿੱਸਾ ਹੈ। ਇਸ ਵਿਚ ਪੱਛਮੀ ਬੈਸਕਿਡਜ਼ ਅਤੇ ਟਾਟਰਾ ਪਰਬਤਾਂ ਦੀਆਂ ਜੰਗਲਾਂ ਨਾਲ ਢਕੀਆਂ ਲੜੀਆਂ ਹਨ। ਇਸ ਦੇ ਨਾਲ ਹੀ ਸਲੋਵਾਕੀਆ ਪਰਬਤ ਹਨ। ਇਹ ਸਾਰੇ ਪਰਬਤ ਪੱਛਮ ਤੋਂ ਪੂਰਬ ਵੱਲ ਫੈਲੇ ਹੋਏ ਹਨ। ਚੌੜੀਆਂ-ਚੌੜੀਆਂ ਘਾਟੀਆਂ ਹਨ। ਦੱਖਣੀ ਖੇਤਰ ਦੀ ਢਾਲ ਦੱਖਣ ਵੱਲ ਹੈ। ਇਥੇ ਡੈਨਿਊਬ ਦਰਿਆ ਦੇਸ਼ ਦੀ ਹੰਗਰੀ ਨਾਲ ਲੱਗਦੀ ਹੱਦ ਦੇ ਨਾਲ ਨਾਲ ਵੱਗਦਾ ਹੈ।

**ਮਿੱਟੀਆਂ**—ਇਥੋਂ ਦੀ 50 ਫ਼ੀਸਦੀ ਭੂਮੀ ਉੱਤੇ ਨਮੀ ਭਰਪੂਰ ਮਿੱਟੀਆਂ, 10 ਫ਼ੀਸਦੀ ਉੱਤੇ ਕਾਲੇ ਰੰਗ ਦੀਆਂ ਨਮੀ ਵਾਲੀਆਂ ਚਰਨੋਜ਼ੈਮ ਅਤੇ 20 ਫ਼ੀਸਦੀ ਉੱਪਰ ਵਧੀਆ ਕਿਸਮ ਦੀਆਂ ਭੂਰੀਆਂ ਮਿੱਟੀਆਂ ਵਿਛੀਆਂ ਹੋਈਆਂ ਹਨ। ਉੱਚੇ ਪਰਬਤਾਂ ਉੱਤੇ ਮਿੱਟੀ ਦੀਆਂ ਤਹਿਆਂ ਦੀ ਥਾਂ ਪੱਥਰਾਂ ਦੀਆਂ ਤਹਿਆਂ ਹਨ ਤੇ ਮੈਦਾਨਾਂ ਵਿਚ ਦਰਿਆਵਾਂ ਦੇ ਨਾਲ-ਨਾਲ ਜਲੋਢ ਮਿੱਟੀ ਦੇ ਨਿਖੇਪ ਹਨ।



**ਚੈਕੋਸਲੋਵਾਕੀਆ ਦੀ ਇਕ ਖ਼ੂਬਸੂਰਤ ਕੁੜੀ ਆਪਣੇ ਹੱਥਾਂ ਨਾਲ ਤਿਆਰ ਕੀਤੀ ਮੇਲੇ ਦੀ ਪੁਸ਼ਾਕ ਪਾਕੇ ਫ਼ਖ਼ਰ ਮਹਿਸੂਸ ਕਰਦੀ ਹੋਈ।**

**ਬਨਸਪਤੀ ਤੇ ਜੀਵ-ਜੰਤੂ**—ਦੇਸ਼ ਦਾ ਇਕ ਤਿਹਾਈ ਹਿੱਸਾ ਜੰਗਲਾਂ ਨਾਲ ਢਕਿਆ ਹੋਇਆ ਹੈ। ਇਥੇ ਪੱਛਮੀ-ਪੂਰਬੀ ਤੇ ਕੇਂਦਰੀ ਯੂਰਪ ਦੀ ਬਨਸਪਤੀ ਦੀ ਮਿਲੀ-ਜੁਲੀ ਬਨਸਪਤੀ ਵੇਖੀ ਜਾਂਦੀ ਹੈ। ਨੀਵੇਂ ਖੇਤਰਾਂ ਵਿਚ ਘਾਹ ਦੇ ਮੈਦਾਨ ਤੇ ਕਿਧਰੇ-ਕਿਧਰੇ ਸਰਕੰਡੇ, ਝਾੜੀਆਂ, ਤਿਪੱਤੀਆ ਰੁੱਖ ਮਿਲਦੇ ਹਨ। ਸਲੋਵਾਕੀਆ ਦਾ 80 ਫ਼ੀਸਦੀ ਖੇਤਰ ਜੰਗਲਾਂ ਨਾਲ ਢੱਕਿਆ ਹੋਇਆ ਹੈ, ਇਥੇ ਸਪਰੂਸ ਦੇ ਜੰਗਲ ਮਿਲਦੇ ਹਨ। ਪਰਬਤਾਂ ਦੀ ਬੰਜਰ ਭੂਮੀ ਉੱਤੇ ਭੋਜ ਬ੍ਰਿਛ, ਕੂੰਦਰ, ਫਰ, ਬੀਚ, ਬਲੂਤ, ਮੈਪਲ, ਖੇਰ ਐਲੱਮ ਦੇ ਦਰਖ਼ਤ ਮਿਲਦੇ ਹਨ।

ਪਰਬਤੀ ਜੰਗਲਾਂ ਵਿਚ ਹਿਰਨ, ਸਿਆਰ, ਬਘਿਆੜ ਅਤੇ ਭੂਰੇ ਰਿੱਛ ਪਾਏ ਜਾਂਦੇ ਹਨ। ਛੋਟੇ ਜਾਨਵਰਾਂ ਵਿਚ ਨਿਉਲੇ, ਲੂੰਬੜੀਆਂ, ਸੱਪ, ਕਸਤੂਰੀ, ਚੂਹੇ, ਗਾਲੜ੍ਹ ਆਦਿ ਜਾਨਵਰ ਵਰਨਣ-ਯੋਗ ਹਨ।

**ਜਲ-ਪ੍ਰਵਾਹ**—ਚੈਕੋਸਲੋਵਾਕੀਆ ਦਾ ਜਲ-ਨਿਕਾਸ ਮੁੱਖ ਤੌਰ ਤੇ ਦੋ ਦਰਿਆਵਾਂ ਡਨਿਊਬ (54%) ਅਤੇ ਐਲਬ (39%) ਰਾਹੀਂ ਹੀ ਹੁੰਦਾ ਹੈ। ਇਸਤੋਂ ਇਲਾਵਾ ਦਰਿਆ ਓਡਰ ਅਤੇ ਵਿਸਚੁਲਾ ਵੀ ਕੁੱਝ ਖੇਤਰ ਦਾ ਜਲ ਨਿਕਾਸ ਕਰਦੇ ਹਨ।

**ਜਲਵਾਯੂ**—ਇਥੋਂ ਦੀ ਜਲਵਾਯੂ ਸ਼ੀਤ-ਊਸ਼ਣ-ਖੰਡੀ ਹੈ ਪਰ ਇਸ ਜਲਵਾਯੂ ਵਾਲੇ ਖੰਡਾਂ ਨਾਲੋਂ ਇਥੇ ਤਾਪਮਾਨ ਦਰਮਿਆਨਾ ਤੇ ਵਰਖਾ ਵਧੇਰੇ ਹੁੰਦੀ ਹੈ। ਦੂਸਰਾ, ਇਥੋਂ ਦੇ ਧਰਾਤਲ ਵਖਰੇਵੇਂ ਦਾ ਜਲਵਾਯੂ ਤੇ ਵੀ ਪ੍ਰਭਾਵ ਵੇਖਿਆ ਜਾਂਦਾ ਹੈ। ਉੱਚੇ ਟਾਟਰਾ ਪਰਬਤਾਂ ਉੱਤੇ ਸਾਲਾਨਾ ਔਸਤ ਤਾਪਮਾਨ 3.7° ਸੈਂ. (24.5° ਫਾ.) ਹੁੰਦਾ ਹੈ। ਜੁਲਾਈ ਦਾ ਤਾਪਮਾਨ ਮੈਦਾਨਾਂ ਵਿਚ 20° ਸੈਂ. (68.0° ਫਾ.) ਹੁੰਦਾ ਹੈ। ਇਥੋਂ ਦੀ ਦੋ-ਤਿਹਾਈ ਤੋਂ ਵਧੇਰੇ ਵਰਖਾ ਬਸੰਤ ਅਤੇ ਗਰਮੀਆਂ ਵਿਚ ਹੁੰਦੀ ਹੈ ਪਰ ਸਭ ਤੋਂ ਜ਼ਿਆਦਾ ਜੁਲਾਈ ਵਿਚ ਤੇ ਘੱਟੋ-ਘੱਟ ਜਨਵਰੀ ਵਿਚ ਹੁੰਦੀ ਹੈ ਔਸਤ ਸਾਲਾਨਾ ਵਰਖਾ ਕੇਂਦਰੀ ਬੋਹੀਮੀਆ ਬੇਸਿਨਾਂ ਵਿਚ 45 ਸੈਂ. ਮੀ. ਤੇ ਕਾਰਪੇਥੀਅਨ ਪਰਬਤਾਂ ਲੜੀਆਂ ਦੇ ਕੁੱਝ ਹਿੱਸਿਆਂ ਉੱਤੇ 150 ਸੈਂ. ਮੀ. ਤੋਂ ਜ਼ਿਆਦਾ ਹੁੰਦੀ ਹੈ। ਸਮੁੱਚੇ ਦੇਸ਼ ਵਿਚ ਕੋਈ ਵੀ ਨਿਖੜਵਾਂ ਜਲਵਾਯੂ ਖੰਡ ਨਹੀਂ ਪਾਇਆ ਜਾਂਦਾ।

## ਇਤਿਹਾਸ

ਪੰਜਵੀਂ ਸਦੀ ਦੇ ਨੇੜੇ ਤੇੜੇ ਸਲਾਵ ਜਾਤੀਆਂ ਵਿਸਚਲਾ ਘਾਟੀ ਵਿਚੋਂ ਉੱਠ ਕੇ ਚੈਕੋਸਲੋਵਾਕੀਆ ਦੀ ਧਰਤੀ ਉੱਤੇ ਆ ਵਸੀਆਂ। ਸੱਤਵੀਂ ਸਦੀ ਵਿਚ ਇਥੇ ਰਾਜਨੀਤਿਕ ਜਾਗ੍ਰਿਤੀ ਆਈ। ਦਸਵੀਂ ਸਦੀ ਵਿਚ ਮਗਿਆਰ ਤੇ ਜਰਮਨ ਜਾਤੀਆਂ ਦੇ ਹਮਲਿਆਂ ਨੇ ਦੇਸ਼ ਦਾ ਇਤਿਹਾਸ ਹੀ ਬਦਲ ਦਿੱਤਾ। ਇਸੇ ਸਮੇਂ ਇਹ ਲੋਕ ਸਲੋਵਾਕ ਅਤੇ ਬੋਹੀਮੀਆ ਮਾਰੇਵੀਆ ਦੇ ਖੇਤਰਾਂ ਵਿਚ ਵੰਡੇ ਗਏ। 14ਵੀਂ ਸਦੀ ਵਿਚ ਲਕਜ਼ਮਬਰਗ ਵਿਚ ਬੋਹੀਮੀਆ ਰਾਜ ਕਾਇਮ ਹੋਇਆ। ਪ੍ਰਾਗ ਇਸ ਦੀ ਰਾਜਧਾਨੀ ਬਣਿਆ। 15ਵੀਂ, 16ਵੀਂ ਅਤੇ 17ਵੀਂ ਸਦੀ ਵਿਚ ਹੁਸਾਈ ਰਾਜਨੀਤਿਕ ਅਤੇ ਧਾਰਮਕ ਅੰਦੋਲਨ ਚੱਲਿਆ। ਸੰਨ 1526 ਵਿਚ ਬੋਹੀਮੀਆ ਵਿਚ ਹੈਪਸਬਰਗ ਰਾਜ ਦੀ ਸਥਾਪਨਾ ਹੋਈ ਪਰ ਇਨ੍ਹਾਂ ਪ੍ਰਦੇਸ਼ਾਂ ਵਿਚ ਫ਼ਰਾਂਸੀਸੀ ਕ੍ਰਾਂਤੀ ਨਾਲ ਪਹਿਲੋਂ ਹੀ ਜਾਗ੍ਰਿਤੀ ਆ ਚੁੱਕੀ ਸੀ, ਅੱਗੇ ਜਾ ਕੇ ਇਹੀ ਚੇਤਨਾ ਚੈਕੋਸਲੋਵਾਕੀਆ ਗਣਰਾਜ ਦੀ ਸਥਾਪਨਾ ਵਿਚ ਸਹਾਈ ਹੋਈ।

ਸਲਾਵੀ ਲਗਭਗ 1000 ਸਾਲ ਹੰਗਰੀ ਦੇ ਪ੍ਰਸ਼ਾਸਨ ਹੇਠ ਰਹੇ। 19ਵੀਂ ਸਦੀ ਦੌਰਾਨ ਹੀ ਬੁੱਧੀਜੀਵੀਆਂ ਅਤੇ ਮੱਧ ਵਰਗ ਲੋਕਾਂ ਦੇ ਰਚੇ ਸਾਹਿਤ ਸਦਕਾ ਇਨ੍ਹਾਂ ਲੋਕਾਂ ਨੇ ਆਪਣੇ ਹੱਕ ਮੰਗਣੇ ਸ਼ੁਰੂ ਕੀਤੇ। ਪਹਿਲੇ ਮਹਾਂਯੁੱਧ ਦੌਰਾਨ ਇਨ੍ਹਾਂ ਨੇ ਜਰਮਨਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਜਦੋਜਹਿਦ ਸ਼ੁਰੂ ਕਰ ਦਿੱਤੀ ਜਿਸ ਤੋਂ 28 ਅਕਤੂਬਰ, 1918 ਦੇ ਦਿਨ ਆਸਟ੍ਰੀਆ ਹੰਗਰੀ ਦੇ ਸਾਮਰਾਜਾਂ ਨੂੰ ਤੋੜ ਕੇ ਚੈਕ ਅਤੇ ਸਲੋਵਾਕ ਦੋ ਗਣਰਾਜਾਂ ਦੀ ਸਥਾਪਨਾ ਹੋਈ।

ਇਸ ਤੋਂ 2 ਦਿਨਾਂ ਮਗਰੋਂ ਸਲੋਵਾਕ ਦੀ ਨੈਸ਼ਨਲ ਕੌਂਸਲ ਨੇ ਚੈਕ ਨਾਲ ਮਿਲ ਜਾਣ ਦੀ ਪੇਸ਼ਕਸ਼ ਰੱਖੀ। 14 ਨਵੰਬਰ, 1918 ਨੂੰ ਚੈਕਸਲੋਵਾਕ ਨੈਸ਼ਨਲ ਅਸੈਂਬਲੀ ਨੇ ਦੋਵਾਂ ਨੂੰ ਮਿਲਾ ਕੇ ਟੀ. ਜੀ. ਮੈਸਾਰਿਕ ਦੀ ਪ੍ਰਧਾਨਗੀ ਹੇਠ ਨਵਾਂ ਗਣਰਾਜ ਕਾਇਮ ਕੀਤਾ। ਇਸ ਸਮੇਂ ਇਸ ਵਿਚ ਚੈਕ, ਸਲੋਵਾਕ, ਉਪਕਾਰਪੇਥੀਅਨ, ਰਿਊਥੀਨੀਆ ਨਾਂ ਦਾ ਖ਼ੁਦਮੁਖ਼ਤਾਰ ਪ੍ਰਾਂਤ ਵੀ ਸ਼ਾਮਲ ਸੀ। ਮਾਰਚ, 1939 ਵਿਚ ਜਰਮਨ ਪੱਖੀ ਸਲੋਵਾਕ ਸਰਕਾਰ ਨੇ ਸਲੋਵਾਕੀਆ ਨੂੰ ਆਜ਼ਾਦ ਐਲਾਨ ਕਰ ਦਿੱਤਾ ਅਤੇ ਜਰਮਨ ਗਣਰਾਜ ਨੇ ਚੈਕ ਖੇਤਰਾਂ ਵਿਚ ਬੋਹੀਮੀਆ ਅਤੇ ਮਾਰੇਵੀਆ, ਬਤੌਰ ਪ੍ਰੋਟੈਕਟੋਰੇਟ ਸ਼ਾਮਲ ਕਰ ਲਏ ਗਏ। ਸੰਨ 1945 ਤੱਕ ਇਨ੍ਹਾਂ ਦੋਵਾਂ ਉੱਤੇ ਜਰਮਨੀ ਦਾ ਕਬਜ਼ਾ ਰਿਹਾ। ਚੈਕੋਸਲੋਵਾਕੀਆ ਦਾ ਪੂਰਬੀ ਭਾਗ ਕਾਰਪੇਥੋ-ਰਿਊਥੀਨੀਆ ਜਿਹੜਾ 1939 ਤੋਂ ਹੰਗਰੀ ਵਿਚ ਸ਼ਾਮਲ ਸੀ, ਦੂਜਾ ਸੰਸਾਰ ਯੁੱਧ ਖ਼ਤਮ ਹੋਣ ਤੇ ਰੂਸ ਵਿਚ ਸ਼ਾਮਲ ਕਰ ਦਿੱਤਾ ਗਿਆ।

ਪ੍ਰੈਜ਼ੀਡੈਂਟ ਐਡੂਅਰਡ ਬੇਨੇ ਅਕਤੂਬਰ, 1938 ਵਿਚ ਆਪਣੇ ਅਹੁਦੇ ਤੋਂ ਤਿਆਗ-ਪੱਤਰ ਦੇ ਕੇ ਬਰਤਾਨੀਆ ਚਲਾ ਗਿਆ ਸੀ ਉੱਥੇ ਉਸਨੇ 'ਚੈਕੋਸਲੋਵਾਕੀਆ ਸਰਕਾਰ' ਨਾਂ ਦਾ ਸੰਘ ਬਣਾ ਲਿਆ ਤੇ ਜਦੋਂ 1945 ਵਿਚ ਚੈਕੋਸਲੋਵਾਕੀਆ ਆਜ਼ਾਦ ਹੋਇਆ ਤਾਂ ਬਰਤਾਨੀਆ ਦੀ ਸਰਕਾਰ ਨੇ ਇਥੋਂ ਦੇ ਸਾਮਵਾਦੀ (ਕਮਿਊਨਿਸਟ) ਨੇਤਾਵਾਂ ਨਾਲ ਕੌਂਸਿਕ ਸਮਝੌਤਾ ਕੀਤਾ। ਮਈ, 1946 ਦੀਆਂ ਆਮ ਚੋਣਾਂ ਵਿਚ ਕੰਮਿਊਨਿਸਟਾਂ ਨੂੰ ਲਗਭਗ 39 ਫ਼ੀਸਦੀ ਵੋਟਾਂ ਮਿਲੀਆਂ। ਇਨ੍ਹਾਂ ਦੇ ਨੇਤਾ ਗਾਟਵਾਲਟ ਨੇ ਹੋਰਨਾਂ ਪਾਰਟੀਆਂ ਨਾਲ ਮਿਲਕੇ ਸਰਕਾਰ ਕਾਇਮ ਕੀਤੀ ਜੋ 20 ਫ਼ਰਵਰੀ, 1948 ਤੱਕ ਸੱਤਾ ਵਿਚ ਰਹੀ।

ਸੰਨ 1968 ਵਿਚ ਉਦਾਰੀਕਰਣ ਦੇ ਦਬਾਅ ਦੇ ਨਤੀਜੇ ਵਜੋਂ ਸਟਾਲਿਨਵਾਦੀ ਨੇਤਾ ਐਨਟੋਨਿਨ ਨੋਵੋਟਨੀ ਅਤੇ ਉਸ ਦੇ ਸਾਥੀਆਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਕਮਿਊਨਿਸਟ ਪਾਰਟੀ ਨੇ ਵਿਆਪਕ ਸੁਧਾਰਾਂ ਸਬੰਧੀ ਇਕ 'ਐਕਸ਼ਨ ਪ੍ਰੋਗਰਾਮ' ਲਾਗੂ ਕੀਤਾ। ਮਈ ਅਤੇ ਅਗਸਤ, 1968 ਦੌਰਾਨ ਇਸ ਪ੍ਰੋਗਰਾਮ ਨੂੰ ਛੱਡਣ ਪ੍ਰਤੀ ਸੋਵੀਅਤ ਦਬਾਅ ਹੋਰ ਤੇਜ਼ ਕਰ ਦਿੱਤਾ ਗਿਆ ਅਤੇ ਅਖ਼ੀਰ ਵਿਚ ਵਾਰਸਾ ਪੈਕਟ ਨਾਲ ਸਬੰਧਤ ਫ਼ੌਜਾਂ ਨੇ 21 ਅਗਸਤ, 1968 ਨੂੰ ਚੈਕੋਸਲੋਵਾਕੀਆ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਚੈਕੋਸਲੋਵਾਕ ਸਰਕਾਰ ਨੂੰ ਮਜ਼ਬੂਰੀਵਸ 'ਨਾਰਮਲਾਈਜ਼ੇਸ਼ਨ' (ਅਜਿਹੀ ਨੀਤੀ ਜਿਸ ਅਨੁਸਾਰ ਬਹੁਤ ਸਾਰੇ ਸੁਧਾਰਾਂ ਨੂੰ ਤਿਆਗਣਾ) ਦੀ ਨੀਤੀ ਨੂੰ ਪ੍ਰਵਾਨ ਕਰਨਾ ਅਤੇ ਸੋਵੀਅਤ ਫ਼ੌਜਾਂ ਨੂੰ ਤੈਨਾਤ ਕਰਨ ਲਈ ਰਜ਼ਾਮੰਦ ਹੋਣਾ ਪਿਆ।

ਨਵੰਬਰ, 1989 ਵਿਚ ਸਿਆਸੀ ਸੁਧਾਰ ਲਿਆਉਣ ਸਬੰਧੀ ਵੱਡੇ ਪੈਮਾਨੇ ਤੇ ਮੁਜ਼ਾਹਰੇ ਕੀਤੇ ਗਏ। 17 ਨਵੰਬਰ ਨੂੰ ਮੁਜ਼ਾਹਰਿਆਂ ਨੂੰ ਖਤਮ ਕਰਨ ਲਈ ਸਰਕਾਰ ਵਲੋਂ ਕੀਤੀ ਗਈ ਹਿੰਸਕ ਕਾਰਵਾਈ ਉਪਰੰਤ ਕਮਿਊਨਿਸਟ ਨੇਤਾ ਨੇ ਅਸਤੀਫ਼ਾ ਦੇ ਦਿੱਤਾ। 30 ਨਵੰਬਰ ਨੂੰ ਫ਼ੈਡਰਲ ਅਸੈਂਬਲੀ ਨੇ ਕਮਿਊਨਿਸਟ ਪਾਰਟੀ ਦੇ ਸ਼ਾਸਨ ਚਲਾਉਣ ਦੇ ਇਕੋ ਇਕ ਅਧਿਕਾਰ ਨੂੰ ਖ਼ਤਮ ਕਰ ਦਿੱਤਾ ਅਤੇ 3 ਦਸੰਬਰ ਨੂੰ ਨਵੀਂ ਸਰਕਾਰ ਹੋਂਦ ਵਿਚ ਆਈ।

ਇਸ ਉਪਰੰਤ 10 ਦਸੰਬਰ ਨੂੰ ਇਕ ਹੋਰ ਸਰਕਾਰ ਸਥਾਪਿਤ ਕੀਤੀ ਗਈ। ਜੂਨ, 1992 ਦੀਆਂ ਚੋਣਾਂ ਵੇਲੇ ਵਲਾਦੀਮੀਰ ਮੈਸੀਅਰ (Vladimir Meciar) ਦੀ ਅਗਵਾਈ ਹੇਠ ਡੈਮੋਕਰੇਟਿਕ ਸਲੋਵਾਕੀਆ ਲਈ ਚਲਾਈ ਲਹਿਰ ਨੇ ਸਲੋਵਾਕ ਦੀ ਆਜ਼ਾਦੀ ਦੇ ਮਸਲੇ ਤੇ ਮੁਹਿੰਮ ਚਲਾਈ। 17 ਜੁਲਾਈ ਨੂੰ ਸਲੋਵਾਕ ਨੈਸ਼ਨਲ ਕੌਂਸਲ ਨੇ 24 ਵੋਟਾਂ ਦੇ ਮੁਕਾਬਲੇ 113 ਵੋਟਾਂ ਨਾਲ ਪ੍ਰਭੁਤਾ ਦੇ ਐਲਾਨ ਨੂੰ ਪ੍ਰਵਾਨ ਕੀਤਾ। 20 ਜੁਲਾਈ ਨੂੰ ਪ੍ਰੈਜ਼ੀਡੈਂਟ ਹੈਵਲ ਨੇ ਅਸਤੀਫ਼ਾ ਦੇ ਦਿੱਤਾ।

ਇਕ ਸਤੰਬਰ 1992 ਨੂੰ ਸਲੋਵਾਕ ਨੈਸ਼ਨਲ ਕੌਂਸਲ ਨੇ 16 ਵੋਟਾਂ ਦੇ ਮੁਕਾਬਲੇ 114 ਵੋਟਾਂ ਨਾਲ ਸੁਤੰਤਰ ਸਲੋਵਾਕੀਆ ਲਈ ਸੰਵਿਧਾਨ ਪ੍ਰਵਾਨ ਕੀਤਾ। 25 ਨਵੰਬਰ, 1992 ਨੂੰ ਫ਼ੈਡਰਲ ਅਸੈਂਬਲੀ ਨੇ ਚੈਕ ਅਤੇ ਸਲੋਵਾਕ ਫੈਡਰਲ ਰਿਪਬਲਿਕ ਨੂੰ ਬਰਖ਼ਾਸਤ ਕਰਨ ਸਬੰਧੀ ਵੋਟਾਂ ਪਾਈਆਂ ਅਤੇ 1 ਜਨਵਰੀ 1993 ਤੋਂ ਚੈਕ ਅਤੇ ਸਲੋਵਾਕ ਦੇ ਵੱਖਰੇ-ਵੱਖਰੇ ਦੇਸ਼ ਹੋਂਦ ਵਿਚ ਆ ਗਏ।

## ਆਰਥਿਕਤਾ

**ਕੁਦਰਤੀ ਸਾਧਨ**—ਕੁਦਰਤੀ ਸਾਧਨਾਂ ਵਿਚ ਕੋਲਾ ਵੱਡੀ ਮਾਤਰਾ ਵਿਚ ਮਿਲਦਾ ਹੈ ਅਤੇ ਇਸ ਵਿਚ ਚੰਗਾ ਕੋਲਾ ਕਾਫ਼ੀ ਮਿਕਦਾਰ ਵਿਚ ਹੁੰਦਾ ਹੈ। ਸੰਨ 1989 ਵਿਚ ਚੈਕ ਵਿਚ ਕੋਲੇ ਦਾ ਸਾਲਾਨਾ ਔਸਤ ਉਤਪਾਦਨ 2,50,70,000 ਟਨ ਤੋਂ ਵੀ ਵੱਧ ਸੀ। ਵਧੀਆ ਕੋਲਾ

(2,500,000 ਟਨ ਸਾਲਾਨਾ) ਪਲਜ਼ੈਨ ਬੇਸਿਨ ਵਿਚੋਂ ਮਿਲਦਾ ਹੈ। ਇਥੋਂ ਦਾ ਦੂਜਾ ਮਹੱਤਵਪੂਰਨ ਖਣਿਜ ਕੱਚਾ ਲੋਹਾ ਹੈ ਜਿਹੜਾ ਸਲੋਵਾਕ ਦੇ ਪਰਬਤੀ ਖੇਤਰਾਂ ਵਿਚੋਂ ਕੱਢਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਇਥੋਂ ਮੈਂਗਨੀਜ਼ ਅਤੇ ਤਾਂਬਾ ਵੀ ਕਾਫ਼ੀ ਮਿਲਦਾ ਹੈ। ਇਥੋਂ ਦੇ ਹੋਰ ਵਰਣਨਯੋਗ ਖਣਿਜ ਲੂਣ, ਗ੍ਰੇਫ਼ਾਈਟ, ਪੈਟਰੋਲ, ਯੂਰੇਨੀਅਮ, ਪਾਰਾ, ਸੁਰਮਾ ਅਤੇ ਕਲੀ ਹਨ। ਦੇਸ਼ ਦੀ ਸਮੁੱਚੀ ਊਰਜਾ ਸਪਲਾਈ ਵਿਚ ਪਣ-ਬਿਜਲੀ ਦਾ ਯੋਗਦਾਨ ਘੱਟ ਹੈ।

**ਖੇਤੀਬਾੜੀ**—ਦੇਸ਼ ਦੀ 60 ਫ਼ੀਸਦੀ ਭੂਮੀ ਉੱਤੇ ਖੇਤੀ ਕੀਤੀ ਜਾ ਸਕਦੀ ਹੈ ਅਤੇ ਵਾਹੀਯੋਗ ਖੇਤਰ ਦਾ ਬਹੁਤਾ ਹਿੱਸਾ ਵਾਹ ਲਿਆ ਗਿਆ ਹੈ ਪਰ ਬਾਕੀ ਹਿੱਸੇ ਉੱਤੇ ਚਰਾਂਦਾਂ ਅਤੇ ਝਾੜੀਆਂ ਮਿਲਦੀਆਂ ਹਨ। 1970 ਦੇ ਦਹਾਕੇ ਅੰਦਰ ਉਦਯੋਗਿਕ ਉੱਨਤੀ ਹੋਣ ਕਾਰਨ ਖੇਤੀਬਾੜੀ ਦੇ ਰੁਝੇਵਿਆਂ ਵਿਚ ਲੱਗੇ ਲੋਕਾਂ ਦੀ ਗਿਣਤੀ ਘਟ ਗਈ ਅਤੇ ਜ਼ਰਾਇਤੀ ਉਤਪਾਦਨ ਵੀ ਘਟੇ। ਅੱਜਕੱਲ੍ਹ ਇਥੇ ਸਹਿਕਾਰੀ ਖੇਤੀ ਹੁੰਦੀ ਹੈ। ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਦੇ ਮੁਕਾਬਲੇ ਇਥੇ ਮਸ਼ੀਨਰੀ ਅਤੇ ਖਾਦ ਦੀ ਵਰਤੋਂ ਵਧੇਰੇ ਹੁੰਦੀ ਹੈ। ਇਸੇ ਕਰਕੇ ਫ਼ਸਲਾਂ ਦਾ ਪ੍ਰਤੀ ਹੈਕ. ਉਤਪਾਦਨ ਜ਼ਿਆਦਾ ਹੁੰਦਾ ਹੈ।

ਇਥੋਂ ਦੀਆਂ ਦਰਿਆਈ ਵਾਦੀਆਂ ਉਪਜਾਊ ਹਨ ਜਿੱਥੇ ਕਣਕ, ਜੌਂ, ਚੁਕੰਦਰ, ਮੱਕੀ ਅਤੇ ਚਾਰੇ ਦੀਆਂ ਫ਼ਸਲਾਂ ਹੁੰਦੀਆਂ ਹਨ। ਪਰਬਤੀ ਖੇਤਰ ਉੱਤੇ ਰਾਈ, ਜਵੀ, ਆਲੂ ਦੀ ਕਾਸ਼ਤ ਹੁੰਦੀ ਹੈ। ਤਮਾਕੂ ਅਤੇ ਤੇਲਾਂ ਦੇ ਬੀਜ ਵੀ ਉਗਾਏ ਜਾਂਦੇ ਹਨ।

**ਸੱਨਅਤਾਂ**—ਉਂਜ ਤਾਂ ਆਸਟ੍ਰੀਆ ਹੰਗਰੀ ਸਾਮਰਾਜ ਵੇਲੇ ਤੋਂ ਹੀ ਇਥੇ ਕਾਰਖਾਨੇ ਲੱਗੇ ਹੋਏ ਹਨ ਪਰ 1955 ਤੋਂ 1970 ਦੇ ਸਮਿਆਂ ਵਿਚਕਾਰ ਸੱਨਅਤੀ ਉਤਪਾਦਨਾਂ ਵਿਚ ਬਹੁਤ ਵਾਧਾ ਹੋਇਆ ਹੈ। ਰਸਾਇਣਿਕ ਪਦਾਰਥ ਅਤੇ ਰਬੜ ਦੇ ਉਤਪਾਦਨ ਵਿਚ 350 ਫ਼ੀ ਸਦੀ, ਇੰਜੀਨੀਅਰਿੰਗ ਉਦਯੋਗਾਂ ਵਿਚ 250 ਫ਼ੀ ਸਦੀ ਵਾਧਾ ਹੋਇਆ ਹੈ। ਇਥੇ ਇਮਾਰਤੀ ਸਾਮਾਨ, ਘਰੇਲੂ ਵਸਤਾਂ, ਜੁੱਤੀਆਂ, ਕੱਪੜਾ, ਭੋਜਨ ਦੀਆਂ ਚੀਜ਼ਾਂ, ਸ਼ੀਸ਼ੇ ਦਾ ਸਾਮਾਨ ਆਦਿ ਬਣਦਾ ਹੈ। ਸਭ ਤੋਂ ਮਹੱਤਵਪੂਰਨ ਸੱਨਅਤ ਇੰਜੀਨੀਅਰੀ ਦੀ ਹੈ।

ਆਵਾਜਾਈ ਦੇ ਸਾਧਨ—ਦੇਸ਼ ਵਿਚ ਆਵਾਜਾਈ ਦਾ ਮੁੱਖ ਸਾਧਨ ਸੜਕਾਂ ਹਨ ਅਤੇ ਦੂਜਾ ਵੱਡਾ ਸਾਧਨ ਰੇਲਾਂ ਹਨ। ਸੰਨ 1945 ਵਿਚ 73,712 ਕਿ. ਮੀ. ਲੰਬੀਆਂ ਸੜਕਾਂ, ਅਤੇ 13,215 ਕਿ. ਮੀ. ਲੰਬੀਆਂ ਰੇਲ-ਪਟੜੀਆਂ ਸਨ। ਸੰਨ 1993 ਵਿਚ ਚੈਕ ਸਟੇਟ ਰੇਲ ਮਾਰਗਾਂ ਦੀ ਲੰਬਾਈ 9,451 ਕਿ. ਮੀ. ਸੀ ਜਿਨ੍ਹਾਂ ਵਿਚੋਂ 2579 ਕਿ. ਮੀ. ਤੇ ਬਿਜਲੀ ਨਾਲ ਚੱਲਣ ਵਾਲੀਆਂ ਰੇਲ-ਗੱਡੀਆਂ ਚੱਲਦੀਆਂ ਸਨ। ਸੰਨ 1993 ਵਿਚ ਸਲੋਵਾਕੀਆ ਵਿਚ ਰੇਲ ਮਾਰਗਾਂ ਦੀ ਲੰਬਾਈ 3660 ਕਿ. ਮੀ. ਸੀ ਜਿਨ੍ਹਾਂ ਵਿਚੋਂ 1,330 ਕਿ. ਮੀ. ਤੇ ਬਿਜਲੀ ਨਾਲ ਚੱਲਣ ਵਾਲੀਆਂ ਰੇਲ-ਗੱਡੀਆਂ ਚੱਲਦੀਆਂ ਸਨ। ਜਹਾਜ਼ਰਾਨੀ ਕੇਵਲ ਡੈਨਿਊਬ ਦਰਿਆ ਰਾਹੀਂ ਹੀ ਹੁੰਦੀ ਹੈ। ਦੇਸ਼ ਦੇ ਸਾਰੇ ਵੱਡੇ ਸ਼ਹਿਰ ਹਵਾਈ ਸੇਵਾਵਾਂ ਰਾਹੀਂ ਵੀ ਆਪਸ ਵਿਚ ਜੁੜੇ ਹੋਏ ਹਨ।

**ਵਪਾਰ**—ਚੈਕੋਸਲੋਵਾਕੀਆ ਦੇ ਵਪਾਰ ਦਾ ਬਹੁਤਾ ਲੈਣ-ਦੇਣ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਅਤੇ ਹੋਰ ਕਮਿਊਨਿਸਟ ਦੇਸ਼ਾਂ ਨਾਲ ਹੁੰਦਾ ਹੈ। 33 ਫ਼ੀਸਦੀ ਵਪਾਰ ਕੇਵਲ ਰੂਸ ਨਾਲ ਹੁੰਦਾ ਹੈ। ਇਸ ਤੋਂ ਇਲਾਵਾ ਪੋਲੈਂਡ, ਜਰਮਨੀ, ਆਸਟ੍ਰੀਆ ਤੇ ਬਰਤਾਨੀਆ ਨਾਲ ਵੀ ਹੁੰਦਾ ਹੈ।

## ਲੋਕ

ਯੂਰਪ ਦਾ ਇਹ ਖੇਤਰ ਬਹੁਤ ਪਹਿਲੋਂ ਤੋਂ ਵਸਿਆ ਆ ਰਿਹਾ ਹੈ। ਇਥੇ ਪੂਰਵ ਇਤਿਹਾਸਕ ਕਾਲ ਦੀ ਵਸੋਂ ਦੇ ਸਬੂਤ ਵੀ ਮਿਲੇ ਹਨ। ਇਥੋਂ ਦੇ ਲੋਕ ਰਲੀ ਮਿਲੀ ਨਸਲ ਦੇ ਹਨ। ਵੱਡੇ-ਵੱਡੇ ਸ਼ਹਿਰਾਂ ਵਿਚ ਵਸੋਂ ਬਹੁਤ ਹੀ ਸੰਘਣੀ ਹੈ।

**ਆਬਾਦੀ ਦੀ ਵੰਡ**—ਚੈਕ ਗਣਰਾਜ ਦੀ ਆਬਾਦੀ 1,03,11,831 (1993) ਅਤੇ ਸਲੋਵਾਕੀਆ ਦੀ 53,00,000 (1992) ਹੈ। ਨਸਲੀ ਵੰਡ ਦੇ ਆਧਾਰ 'ਤੇ ਇਸ ਵਿਚ 9,576,000 ਚੈਕ, 4,458,000 ਸਲੋਵਾਕ, 589,000 ਹੰਗਰੀ, 79,000 ਜਰਮਨ, 76,000 ਪੋਲੈਂਡੀ ਅਤੇ 59,000 ਯੂਕਰੇਨੀ ਅਤੇ ਰੂਸੀ ਹਨ। ਇਥੋਂ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਪਿੰਡਾਂ ਵਿਚ ਮਿਲਦੀ ਹੈ।

ਚੈਕ ਅਤੇ ਸਲੋਵਾਕ ਲੋਕਾਂ ਦੀਆਂ ਭਾਸ਼ਾਵਾਂ ਮਿਲਦੀਆਂ ਜੁਲਦੀਆਂ ਹਨ। ਇਹ ਸਲਾਵ ਭਾਸ਼ਾ ਗਰੁੱਪ ਨਾਲ ਹੀ ਸੰਬੰਧਤ ਹਨ। ਚੈਕ ਦੀ ਰਾਜਧਾਨੀ ਪ੍ਰਾਗ ਦੀ ਵਸੋਂ 121,14,772 (1990) ਹੈ ਅਤੇ ਸਲੋਵਾਕੀਆ ਦੀ ਰਾਜਧਾਨੀ ਬਰੈਟਾਸਲਾਵਾ ਦੀ ਵੱਸੋ 4,40,421(1990) ਹੈ ।

**ਸਿੱਖਿਆ**—ਦੇਸ਼ ਵਿਚ 3 ਤੋਂ 6 ਸਾਲ ਦੇ ਬੱਚਿਆਂ ਲਈ ਕਿੰਡਰਗਾਰਟਨ ਖੋਲ੍ਹੇ ਗਏ ਹਨ। 6 ਤੋਂ 15 ਸਾਲ ਦੇ ਬੱਚਿਆਂ ਦੀ ਵਿੱਦਿਆ ਮੁਫ਼ਤ ਅਤੇ ਲਾਜ਼ਮੀ ਹੈ। 9 ਸਾਲ ਦੀ ਮੁੱਢਲੀ ਪੜ੍ਹਾਈ ਮੁੱਕਣ ਉਪਰੰਤ 3 ਸਾਲ ਦੀ ਪੜ੍ਹਾਈ ਸੈਕੰਡਰੀ ਸਕੂਲਾਂ ਵਿਚ ਕਰਵਾਈ ਜਾਂਦੀ ਹੈ। ਉੱਚੀ ਵਿੱਦਿਆ ਲਈ ਯੂਨੀਵਰਸਿਟੀਆਂ ਹਨ। ਸੰਨ 1989-90 ਵਿਚ ਚੈਕ ਵਿਖੇ 36 ਉੱਚੀਆਂ ਵਿਦਿਅਕ ਸੰਸਥਾਵਾਂ ਅਤੇ 112 ਫੈਕਲਟੀਆਂ ਅਤੇ 5 ਯੂਨੀਵਰਸਿਟੀਆਂ ਸਨ। ਸਲੋਵਾਕੀਆ ਵਿਖੇ 2 ਯੂਨੀਵਰਸਿਟੀਆਂ ਹਨ।

**ਸਿਹਤ ਅਤੇ ਮਨੋਰੰਜਨ** : ਸਿਹਤ ਦੀਆਂ ਸਹੂਲਤਾਂ ਸਰਕਾਰ ਦੇ ਜ਼ਿੰਮੇ ਹਨ। ਲਗਭਗ 480 ਵਿਅਕਤੀਆਂ ਪਿੱਛੇ ਇਕ ਡਾਕਟਰ ਅਤੇ 1000 ਵਿਅਕਤੀਆਂ ਦੀ ਵਸੋਂ ਲਈ 8 ਮੰਜਿਆਂ ਦਾ ਹਸਪਤਾਲ ਉਪਲੱਬਧ ਹੈ। ਫ਼ੁਟਬਾਲ, ਹਾਕੀ ਅਤੇ ਸਕੀਇੰਗ ਇਥੋਂ ਦੀਆਂ ਹਰਮਨ ਪਿਆਰੀਆਂ ਖੇਡਾਂ ਹਨ। ਸੰਨ 1991 ਵਿਚ ਦੇਸ਼ ਵਿਚ 10,500,000 ਰੇਡੀਓ ਤੇ 5,720,000 ਟੈਲੀਵੀਜ਼ਨ ਸਨ।

## ਰਾਜ ਪ੍ਰਬੰਧ

ਪ੍ਰਬੰਧਕੀ ਢਾਂਚਾ—ਜੂਨ, 1994 ਵਿਚ ਚੈਕ ਨੈਸ਼ਨਲ ਕੌਂਸਲ ਵਿਚ ਅਜਿਹਾ ਵਿਧਾਨ ਮੰਡਲ ਸੀ ਜੋ ਫ਼ੈਡਰਲ ਚੈਕੋਸਲੋਵਾਕੀਆ ਦੀਆਂ ਚੈਕ ਰਿਪਬਲਿਕ ਮਾਮਲਿਆਂ ਸਬੰਧੀ ਜ਼ਿੰਮੇਵਾਰ ਸੀ। ਇਸ ਵਿਚ 200 ਮੈਂਬਰ ਸਨ ਜਿਹੜੇ ਕਿ ਅਨੁਪਾਤਿਕ ਪ੍ਰਤਿਨਿਧਤਾ ਦੁਆਰਾ ਚੁਣੇ ਜਾਂਦੇ ਸਨ। ਇਸੇ ਸਮੇਂ ਦੌਰਾਨ ਸਲੋਵਾਕ ਨੈਸ਼ਨਲ ਕੌਂਸਲ ਇਕ ਅਜਿਹਾ ਵਿਧਾਨ ਮੰਡਲ ਸੀ ਜੋ ਫ਼ੈਡਰਲ ਚੈਕੋਸਲੋਵਾਕੀਆ ਦੇ ਸਲੋਵਾਕੀਆ ਮਾਮਲਿਆਂ ਲਈ ਜ਼ਿੰਮੇਵਾਰ ਸੀ। ਇਸ ਵਿਚ 150 ਮੈਂਬਰ ਸਨ। ਸਲੋਵਾਕੀਆ ਵਿਚ ਇਕ ਸੰਵਿਧਾਨਕ ਅਦਾਲਤ ਵੀ ਹੈ ਜਿਸਦੇ ਜੱਜਾਂ ਨੂੰ ਆਮ ਕਰਕੇ ਪ੍ਰੈਜ਼ੀਡੈਂਟ ਨਾਮਜ਼ਦ ਕਰਦਾ ਹੈ। ਸਾਬਕਾ ਫ਼ੈਡਰਲ ਸਲੋਵਾਕ ਦੇ ਸਾਰੇ ਹੀ ਨਾਗਰਿਕਾਂ ਨੂੰ ਨਾਗਰਿਕਤਾ ਪ੍ਰਾਪਤ ਹੈ ਅਤੇ 5 ਸਾਲ ਤੋਂ ਰਹਿ ਰਹੇ ਵਾਸੀ ਵੀ ਨਾਗਰਿਕਤਾ ਪ੍ਰਾਪਤ ਕਰਨ ਲਈ ਬਿਨੈ-ਪੱਤਰ ਦੇ ਸਕਦੇ ਹਨ। ਸਲੋਵਾਕੀਆ ਸਰਕਾਰ ਚੈਕ ਵਾਸੀਆਂ ਨੂੰ ਦੂਹਰੀ ਨਾਗਰਿਕਤਾ ਵੀ ਪ੍ਰਦਾਨ ਕਰਦੀ ਹੈ। ਸਥਾਨਕ ਪ੍ਰਸ਼ਾਸਨ ਲਈ ਚੈਕ ਦੇ 7 ਖੰਡ ਅਤੇ ਸਲੋਵਾਕ ਦੇ 4 ਖੰਡ ਹਨ। ਰਾਜਧਾਨੀ ਪ੍ਰਾਗ ਅਤੇ ਬਰੈਟਸਲਾਵਾ ਦੇ ਵੀ ਵੱਖਰੇ ਖੰਡ ਹਨ। ਇਹ ਖੰਡ ਅੱਗੋਂ ਡਿਸਟ੍ਰਿਕਟਾਂ ਅਤੇ ਕਮਿਊਨਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਦਾ ਪ੍ਰਸ਼ਾਸਨ ਸਥਾਨਕ ਕਮੇਟੀਆਂ ਚਲਾਉਂਦੀਆਂ ਹਨ। ਇਥੋਂ ਦੀ ਸਿਆਸਤ ਵਿਚ ਸੰਨ 1948 ਤੋਂ ਕਮਿਊਨਿਸਟ ਪਾਰਟੀ ਸਰਗਰਮ ਹੈ।

**ਮਾਪ-ਤੋਲ ਪ੍ਰਣਾਲੀ** : ਮਾਪ-ਤੋਲ ਪ੍ਰਣਾਲੀ ਵਿਚ ਮੀਟ੍ਰਿਕ ਸਿਸਟਮ ਲਾਗੂ ਹੈ।

**ਕਰੰਸੀ**—ਦੋਹਾਂ ਦੇਸ਼ਾਂ ਦੀ ਕਰੰਸੀ ਦਾ ਨਾਂ ਕਾਰਨਾ ਹੈ। 10, 20, 50, 100 ਕਾਰਨਾਂ ਦੇ ਨੋਟ ਮਿਲਦੇ ਹਨ। ਕਾਰਨ ਵਿਚ 100 ਹਾਲਰ ਹੁੰਦੇ ਹਨ। 5, 10, 20 ਅਤੇ 50 ਹਾਲਰਾਂ ਦੇ ਸਿੱਕੇ ਹੁੰਦੇ ਹਨ।

**ਝੰਡਾ—**ਚੈਕ ਦੇ ਝੰਡੇ ਦੇ ਮੁੱਢ ਵਿਚ ਨੀਲੇ ਰੰਗ ਦੀ ਤਿਕੋਨ ਹੈ ਜਿਸ ਦੀ ਨੁਕਰ ਬਾਹਰਲੇ ਪਾਸੇ ਵੱਲ ਹੈ ਅਤੇ ਤਿਕੋਨ ਨਾਲ ਲੰਬੇ ਰੁਖ ਜੁੜਵੀਆਂ ਦੋ ਚਿੱਟੇ (ਉੱਪਰ) ਅਤੇ ਲਾਲ (ਹੇਠਾਂ) ਰੰਗ ਦੀਆਂ ਪੱਟੀਆਂ ਹਨ।

ਹ. ਪੁ—ਹਿੰ. ਵਿ. ਕੋ. 4:278; ਐਨ. ਬ੍ਰਿ. ਮੈ. 5:410; ਕੋਲ. ਐਨ. 6:14; ਐਨ. ਅਮੈ. 8:383; ਸਟੇ. ਯੀ. ਬੁ. 1993-94: 481, 1169; ਐਨ. ਬ੍ਰਿ. 6 :983

**ਚੈਕੋ, ਨਿਕੋਲਸ** : ਇਸ ਗਣਿਤਵੇਤਾ ਅਤੇ ਭੌਤਿਕ-ਵਿਗਿਆਨੀ ਦਾ ਜਨਮ ਅਲਬਾਨੀਆ ਦੇ ਈਪਾਈਰਸ ਗਣਰਾਜ ਵਿਚ ਹੋਟੋਵਾ ਵਿਖੇ 11 ਨਵੰਬਰ, 1910 ਨੂੰ ਹੋਇਆ। ਸੰਨ 1952 ਵਿਚ ਰੱਾਇਲ ਸੁਸਾਇਟੀ ਇੰਜੀਨੀਅਰ ਅਤੇ ਚਾਲਮਰ ਐਲੂਮਨੀ ਐਸੋਸੀਏਸ਼ਨ ਵੱਲੋਂ ਇਸਨੂੰ ਸਨਮਾਨਿਆ ਗਿਆ। 'Anglo-Saxon Universities' 1937-39, Emperor Anastasius I, 1940 ਅਤੇ Contribution 'a la' theorie de la diffraction, 1966 ਇਸ ਦੀਆਂ ਮੁੱਖ ਰਚਨਾਵਾਂ ਹਨ। ਇਨ੍ਹਾਂ ਤੋਂ ਬਿਨਾਂ ਆੱਰਗੈਨਿਕ ਯੋਗਿਕਾਂ ਦੁਆਰਾ ਪ੍ਰਕਾਸ਼-ਸੋਖਣ, ਜੁਮੈਟਰੱਈ ਅਤੇ ਇਲੈਕਟ੍ਰਾਨੀ ਆੱਪਟਿਕਸ, ਵਿਵਰਤਨ ਸਿੱਧਾਂਤ, ਕੁਆੱਟਸ ਮਕੈਨਿਕਸ ਦੀਆਂ ਬੁਨਿਆਦਾਂ, ਐਸਿੰਸਪਟੋਟਿਕ ਇੰਟੈਗਰੇਸ਼ਨ, ਸਪੈਸ਼ਲ ਫੰਕਸ਼ਨ ਅਤੇ ਅੰਸ਼ਿਕ ਡਿਫਰੈਂਸ਼ੀਅਲ ਸਮੀਕਰਨਾਂ ਉਪਰ ਵੀ ਇਸ ਨੇ ਖੋਜ ਕੀਤੀ ਅਤੇ ਇਨ੍ਹਾਂ ਉਪਰ ਕਈ ਰਚਨਾਵਾਂ ਲਿਖੀਆਂ।

ਹ. ਪੁ. -ਵ. ਹੂ. ਸਾ : 316

**ਚੈਖ਼ਵ, ਐਂਟਨ ਪਾਵਲੋਵਿਚ** : ਇਹ ਰਾਸ਼ਟਰੀ ਪੱਧਰ ਦਾ ਮਹਾਨ ਰੂਸੀ ਕਹਾਣੀਕਾਰ ਅਤੇ ਨਾਟਕਕਾਰ ਸੀ। ਇਸ ਦਾ ਜਨਮ 17 ਜਨਵਰੀ, 1860 ਨੂੰ ਤਾਗਾਨਰੋਕ ਸ਼ਹਿਰ ਵਿਚ ਇਕ ਦੁਕਾਨਦਾਰ ਦੇ ਘਰ ਹੋਇਆ। ਬਚਪਨ ਵਿਚ ਇਹ ਆਪਣੇ ਦੋ ਭਰਾਵਾਂ ਸਮੇਤ ਪੜ੍ਹਾਈ ਦੇ ਨਾਲ-ਨਾਲ ਦੁਕਾਨ ਦਾ ਕੰਮ ਵੀ ਕਰਦਾ ਸੀ। ਜਦ ਇਸ ਦਾ ਪਿਤਾ ਰਾਜਨੀਤੀ ਅਤੇ ਧਰਮ ਦੇ ਕੰਮਾਂ ਵਿਚ ਪੈ ਗਿਆ ਅਤੇ ਇਨ੍ਹਾਂ ਦੀ ਦੁਕਾਨ ਦਾ ਦਿਵਾਲਾ ਨਿਕਲ ਗਿਆ ਤਾਂ ਇਹ ਸਾਰਾ ਪਰਿਵਾਰ 1879 ਵਿਚ ਮਾਸਕੋ ਵਿਚ ਆ ਵਸਿਆ। ਮਾਸਕੋ ਵਿਚ ਇਸਨੇ 1879 ਤੋਂ 1884 ਤੱਕ ਮੈਡੀਕਲ ਦੀ ਪੜ੍ਹਾਈ ਕੀਤੀ। ਇਸੇ ਸਮੇਂ ਵਿਚ ਇਸ ਨੇ ਸੇਂਟ ਪੀਟਰਸਬਰਗ ਅਤੇ ਮਾਸਕੋ ਦੇ ਦੋ ਪ੍ਰਸਿੱਧ ਮੈਗਜ਼ੀਨਾਂ ਲਈ ਹਾਸ-ਵਿਅੰਗ ਦੀਆਂ ਕਹਾਣੀਆਂ ਲਿਖੀਆਂ।



ਐਂਟਨ ਪਾਵਲੋਵਿਚ ਚੈਖ਼ਵ

ਚੈਖ਼ਵ ਦਾ ਵਾਸਤਵਿਕ ਸਾਹਿਤਕ ਜੀਵਨ ਇਸ ਦੇ ਡਾਕਟਰ ਬਣਨ ਤੋਂ ਇਕ ਸਾਲ ਬਾਅਦ ਆਰੰਭ ਹੋਇਆ ਜਦੋਂ ਇਹ ਦਸੰਬਰ 1885 ਵਿਚ ਸੇਂਟ ਪੀਟਰਸਬਰਗ ਵਿਖੇ ਗਿਆ ਤਾਂ ਉੱਥੇ ਇਸ ਨੂੰ ਇਹ ਜਾਣਕੇ ਹੈਰਾਨੀ ਹੋਈ ਕਿ ਉੱਥੇ ਇਹ ਇਕ ਪ੍ਰਸਿੱਧ ਲੇਖਕ ਮੰਨਿਆ ਜਾਂਦਾ ਹੈ। ਰੋਜ਼ਾਨਾ ਅਖ਼ਬਾਰ 'Peterburgsbaya Iazeta' ਅਤੇ 'Novoye Vermya' ਵਿਚ ਇਸ ਦੀਆਂ ਕੁੱਝ ਪ੍ਰਸਿੱਧ ਕਹਾਣੀਆਂ ਪ੍ਰਕਾਸ਼ਿਤ ਹੋਈਆਂ।

23 ਸਾਲ ਦੀ ਉਮਰ ਵਿਚ ਇਸਨੂੰ ਖ਼ਾਨਦਾਨੀ ਬੀਮਾਰੀ ਟੀ. ਬੀ. ਹੋ ਗਈ। ਆਪਣੀ ਉਮਰ ਦੇ ਅਗਲੇ 20 ਵਰ੍ਹੇ ਇਸਨੂੰ ਇਸ ਬੀਮਾਰੀ ਨਾਲ ਘੋਲ ਕਰਨਾ ਪਿਆ।

ਸੰਨ 1886 ਵਿਚ ਇਸ ਦਾ ਪਹਿਲਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਸੰਨ 1887 ਵਿਚ ਪ੍ਰਕਾਸ਼ਿਤ ਇਸਦੇ ਪਹਿਲੇ ਨਾਟਕ 'ਇਵਾਨੋਵ' (Ivanov) ਨੇ ਇਸ ਨੂੰ ਨਾਟਕਕਾਰ ਦੇ ਰੂਪ ਵਿਚ ਸਥਾਪਿਤ ਕਰ ਦਿੱਤਾ। ਸੰਨ 1886 ਤੋਂ 1890 ਤੀਕ ਇਹ ਤਾਲਸਤਾਏ ਦੇ ਪ੍ਰਭਾਵ ਅਧੀਨ ਰਿਹਾ ਤੇ 1895 ਵਿਚ ਉਸ ਨੂੰ ਮਿਲਿਆ। ਸੰਨ 1890 ਵਿਚ ਇਸ ਨੇ 'ਸੁਖਾਲਿਨ ਦੀਪ' ਦੀ ਯਾਤਰਾ ਕੀਤੀ। ਉੱਥੇ ਇਹ ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਨੂੰ ਮਿਲਿਆ। ਉਨ੍ਹਾਂ ਦੀ ਦੁੱਖਾਂ ਭਰੀ ਹਾਲਤ ਦਾ ਵਰਣਨ ਇਸ ਨੇ ਆਪਣੀ ਪੁਸਤਕ 'ਦੀ ਆਈਲੈਂਡ ਆਫ਼ ਸੁਖਾਲਿਨ' (1893-94) ਵਿਚ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ ਅਤੇ ਹਰ ਰੂਸੀ ਨੂੰ ਇਸ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ। ਇਸ ਦੇ ਫ਼ਲਸਰੂਪ ਉੱਥੇ ਕਈ ਤਰ੍ਹਾਂ ਦੇ ਸੁਧਾਰ ਲਿਆਂਦੇ ਗਏ। ਸਿਹਤ ਦੀ ਖ਼ਰਾਬੀ ਕਾਰਣ ਇਹ ਕ੍ਰਿਮੀਆ ਵਿਚ ਯਾਲਟਾ ਵਿਖੇ ਰਹਿਣ ਲੱਗ ਪਿਆ। ਸੰਨ 1901 ਵਿਚ ਇਸ ਨੇ ਮਾਸਕੋ ਆਰਟ ਥੀਏਟਰ ਦੀ ਇਕ ਐਕਟ੍ਰੈਸ ਨਾਲ ਵਿਆਹ ਕਰ ਲਿਆ। ਆਪਣੀ ਪਿਛਲੀ ਜ਼ਿੰਦਗੀ ਵਿਚ ਚੈਖ਼ਵ ਡਰਾਮੇ ਦਾ ਸਥਾਪਕ ਬਣਿਆ। ਮਾਸਕੋ ਆਰਟ ਥੀਏਟਰ ਵਿਚ ਇਸ ਦੇ ਵਧੇਰੇ ਨਾਟਕ ਸਟੇਜ ਕੀਤੇ ਜਾਂਦੇ ਸਨ। ਸੰਨ 1902 ਵਿਚ ਇਸ ਨੂੰ ਰੂਸੀ ਅਕਾਦਮੀ ਵਲੋਂ ਸਨਮਾਨਿਤ ਕੀਤਾ ਗਿਆ ਪਰ ਜਦੋਂ ਇਹੋ ਉਪਾਧੀ ਗੋਰਕੀ ਨੂੰ ਦੇਣ ਲਈ ਜ਼ਾਰ ਨੇ ਨਾਂਹ ਕਰ ਦਿੱਤੀ ਤਾਂ ਇਸ ਨੇ ਰੋਸ ਵਜੋਂ ਆਪਣੀ ਉਪਾਧੀ ਵਾਪਸ ਕਰ ਦਿੱਤੀ।

ਸਿਹਤ ਵਧੇਰੇ ਖ਼ਰਾਬ ਹੋਣ ਕਾਰਣ ਇਹ ਜਰਮਨੀ ਦੇ ਸਿਹਤ ਅਫ਼ਜ਼ਾ ਸਥਾਨ ਬੇਡਨ ਵਾਈਲਰ (Badon Weiler) ਵਿਖੇ ਚਲਾ ਗਿਆ। ਉੱਥੇ ਹੀ 2 ਜੁਲਾਈ 1904 ਨੂੰ ਕੇਵਲ 44 ਸਾਲਾਂ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ।

ਚੈਖ਼ਵ ਦੀਆਂ ਕਹਾਣੀਆਂ ਨੂੰ ਤਿੰਨ ਸ਼੍ਰੇਣੀਆਂ ਜਾਂ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ। (1) ਬ੍ਰੈਡ ਐਂਡ ਬਟਰ ਕਾਲ (1880-86) ਇਸ ਸਮੇਂ ਵਿਚ ਚੈਖ਼ਵ ਨੇ ਹਾਸ-ਵਿਅੰਗ, ਸਮਾਜ ਦੀਆਂ ਅਸੰਗਤੀਆਂ, ਬੇਇਨਸਾਫ਼ੀਆਂ ਤੇ ਮਾਨਵ-ਕਸ਼ਟਾਂ ਬਾਰੇ ਸੈਂਕੜੇ ਕਹਾਣੀਆਂ ਲਿਖੀਆਂ। (2) ਤ਼ਾਲਸਤਾਏ ਦੇ ਪ੍ਰਭਾਵ ਅਧੀਨ ਇਹ ਆਪਣੀਆਂ ਸਮਾਜਕ ਅਤੇ ਕਲਾਤਮਕ ਜ਼ਿੰਮੇਵਾਰੀਆਂ ਪ੍ਰਤੀ ਵਧੇਰੇ ਸੁਚੇਤ ਹੋ ਗਿਆ। (3) ਕਲਾ ਪ੍ਰਤੀ ਇਸਦੀ ਪੂਰਨ ਸੁਤੰਤਰਤਾ ਦਾ ਕਾਲ (1891-1904) ।

ਚੈਖ਼ਵ ਨੇ ਲਗਭਗ 300 ਕਹਾਣੀਆਂ ਲਿਖੀਆਂ। ਇਸਦੀ ਪਹਿਲੀ ਕਹਾਣੀ 'ਏ ਲੈਟਰ ਟੂ ਏ ਲਰਨਡ ਫ੍ਰੈਂਡ' ਸੀ। ਇਸ ਦੀਆਂ ਕਹਾਣੀਆਂ ਦੇ ਅਨੁਵਾਦ ਹੋਰਾਂ ਭਾਸ਼ਾਵਾਂ ਵਿਚ ਵੀ ਹੋਏ। ਇਸ ਨੇ ਤਿੰਨ ਨਾਵਲ ਵੀ ਲਿਖੇ।

ਮੂਲ ਰੂਪ ਵਿਚ ਚੈਖ਼ਵ ਨਾਟਕਕਾਰ ਸੀ ਜਿਸ ਕਾਰਨ ਇਸ ਦੀ ਪ੍ਰਸਿੱਧੀ ਰੂਸ ਤੋਂ ਬਾਹਰ ਵੀ ਹੋਈ। ਇਸ ਦੇ ਨਾਟਕ ਅੰਗਰੇਜ਼ੀ ਵਿਚ ਵੀ ਅਨੁਵਾਦ ਹੋਏ। ਇਸਦੇ ਨਾਟਕਾਂ ਵਿਚੋਂ 'ਇਰਾਨੋਵ' (1896) 'ਅੰਕਲ ਵਾਨੀਆ' (1899), 'ਦੀ ਥ੍ਰੀ ਸਿਸਟਰਜ਼' (1900) ਅਤੇ 'ਦੀ ਚੈਰੀ ਆੱਰਚਰਡ' (1904) ਪ੍ਰਸਿੱਧ ਹਨ।

ਚੈਖ਼ਵ ਦਾ ਪ੍ਰਭਾਵ ਰੂਸੀ ਲੇਖਕਾਂ ਤੇ ਬਹੁਤ ਹੋਇਆ। ਯੂਰਪ, ਏਸ਼ੀਆ ਅਤੇ ਅਮਰੀਕਾ ਦੇ ਲੇਖਕ ਵੀ ਇਸ ਨੂੰ ਉੱਚ-ਕੋਟੀ ਦਾ ਲੇਖਕ ਮੰਨਦੇ ਹਨ। ਚੈਖ਼ਵ ਦੀਆਂ ਕਹਾਣੀਆਂ ਤੇ ਕਈ ਫ਼ਿਲਮਾਂ ਵੀ ਬਣੀਆਂ।

ਹ. ਪੁ.—ਐਨ. ਬ੍ਰਿ. 5:368; ਹਿੰ. ਵਿ. ਕੋ. 4:280

**ਚੈਂਗ ਹੁਆਂਗ** : ਚੀਨੀ ਭਾਸ਼ਾ ਵਿਚ ਇਸ ਸ਼ਬਦ ਦਾ ਅਰਥ ਦੀਵਾਰ ਅਤੇ ਖਾਈ ਜਾਂ ਖੰਦਕ ਤੋਂ ਹੈ। ਚੀਨੀ ਮਿਥਿਹਾਸ ਵਿਚ ਇਹ ਚੀਨ ਦੇ ਸ਼ਹਿਰਾਂ ਦਾ ਰੂਹਾਨੀ ਮੈਜਿਸਟ੍ਰੇਟ ਅਤੇ ਸਰਪ੍ਰਸਤੀ ਕਰਨ ਵਾਲਾ

ਦੇਵਤਾ ਹੈ। ਮੋਈਆਂ ਹੋਈਆਂ ਆਤਮਾਵਾਂ ਦੇਵਤੇ ਨੂੰ ਉਨ੍ਹਾਂ ਸਾਰੇ ਚੰਗੇ ਅਤੇ ਮਾੜੇ ਕੰਮਾਂ ਬਾਰੇ ਦੱਸਦੀਆਂ ਹਨ ਜੋ ਉਸਦੇ ਅਧਿਕਾਰ-ਖੇਤਰ ਵਿਚ ਵਾਪਰਦੇ ਹਨ, ਇਸ ਲਈ ਇਹ ਧਾਰਣਾ ਪ੍ਰਸਿੱਧ ਹੈ ਕਿ ਚੈਂਗ ਹੁਆਂਗ ਦੇ ਮੰਦਰ ਵਿਚ ਸ਼ਰਧਾ ਪੂਰਬਕ ਪ੍ਰਾਰਥਨਾ ਕਰਨ ਵਾਲੇ ਨੂੰ ਉਦਾਰਤਾ ਪੂਰਬਕ ਫਲ ਮਿਲਦਾ ਹੈ। ਸ਼ਾਹੀ ਮਾਨਤਾ ਪ੍ਰਾਪਤ ਹੋਣ ਕਰਕੇ ਚੈਂਗ ਹੁਆਂਗ ਦੀ ਪੂਜਾ-ਭਗਤੀ ਬਹੁਤ ਪ੍ਰਚਲਿਤ ਹੋ ਗਈ। ਸੰਨ 1382 ਵਿਚ ਸਰਕਾਰ ਨੇ ਇਸ ਦੇ ਮੰਦਰਾਂ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਲੋਕਾਂ ਨੂੰ ਉਨ੍ਹਾਂ ਦੇ ਸ਼ਹਿਰ ਦੇ ਰੱਖਿਅਕ ਲਈ ਭੇਟਾ ਚੜ੍ਹਾਉਣ ਦੇ ਆਦੇਸ਼ ਹੋਏ।



**ਚੈਂਗ ਹੁਆਂਗ ਦਾ ਤਾਂਬੇ ਦਾ ਬਣਿਆ ਇਕ ਬੁੱਤ**

ਪੁਰਾਣੇ ਸਮੇਂ ਤੋਂ ਸਥਾਨਕ ਅਫ਼ਸਰ ਨਵੇਂ ਅਹੁਦੇ ਤੇ ਜਾਣ ਤੋਂ ਪਹਿਲਾਂ ਚੈਂਗ ਹੁਆਂਗ ਦੀ ਰਹਿ-ਨੁਮਾਈ ਪ੍ਰਾਪਤ ਕਰਨ ਲਈ ਰਾਤ ਇਸ ਦੇ ਮੰਦਰ ਵਿਖੇ ਬਿਤਾਉਂਦੇ ਸਨ। ਕਾਨੂੰਨੀ ਸਮੱਸਿਆਵਾਂ ਉਤਪੰਨ ਹੋਣ ਤੇ ਅਫ਼ਸਰ ਲੋਕ ਮੰਦਰ ਵਿਚ ਇਸ ਦ੍ਰਿੜ੍ਹ ਵਿਸ਼ਵਾਸ ਨਾਲ ਆਉਂਦੇ ਸਨ ਕਿ ਚੈਂਗ ਹੁਆਂਗ ਉਨ੍ਹਾਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਨੂੰ ਸੁਪਨੇ ਰਾਹੀਂ ਦੱਸੇਗਾ। ਕੋਈ ਮੌਤ ਹੋ ਜਾਣ ਤੇ ਮ੍ਰਿਤਕ ਦੇ ਰਿਸ਼ਤੇਦਾਰ ਜਾਂ ਦੋਸਤ ਮੌਤ ਬਾਰੇ ਇੰਦਰਾਜ ਕਰਵਾਉਣ ਲਈ ਮੰਦਰ ਵਿਚ ਜਾਂਦੇ ਹਨ। ਸਾਲ ਵਿਚ ਇਕ ਜਾਂ ਦੋ ਵਾਰ ਚੈਂਗ ਹੁਆਂਗ ਦੀ ਮੂਰਤੀ ਨੂੰ ਸ਼ਹਿਰ ਦਾ ਮੁਆਇਨਾ ਕਰਵਾਉਣ ਲਈ ਗਲੀਆਂ ਵਿਚੋਂ ਲੈ ਜਾਇਆ ਜਾਂਦਾ ਹੈ। ਇਸ ਦੀ ਮੂਰਤੀ ਤੋਂ ਮੂਹਰੇ ਸਹਾਇਕ ਹੁੰਦੇ ਹਨ ਜਿਨ੍ਹਾਂ ਵਿਚ ਇਕ ਕਾਲੇ ਰੰਗ ਦੀ ਲੰਮੀ ਅਤੇ ਇਕ ਚਿੱਟੇ ਰੰਗ ਦੀ ਛੋਟੀ ਮੂਰਤ ਹੁੰਦੀ ਹੈ। ਇਹ ਦੋਵੇਂ ਰਾਤ ਦਿਨ ਸ਼ਹਿਰ ਉੱਤੇ ਨਿਗਰਾਨੀ ਰੱਖਦੇ ਹਨ। 6ਵੀਂ ਸਦੀ ਈਸਵੀ ਤੱਕ ਚੀਨ ਦੇ ਸਾਹਿਤ ਵਿਚ ਚੈਂਗ ਹੁਆਂਗ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ।

ਆਮ ਤੌਰ ਤੇ ਚੈਂਗ ਹੁਆਂਗ ਇਕ ਸਵਰਗਵਾਸੀ ਧਾਰਮਕ ਨਿਆਂ-ਅਧਿਕਾਰੀ ਹੁੰਦਾ ਸੀ ਜਿਸ ਨੂੰ ਪ੍ਰਾਚੀਨ ਸਮੇਂ ਵਿਚ ਆਪਣੇ ਫ਼ਿਰਕੇ ਦੇ ਲੋਕਾਂ ਦੀ ਸੇਵਾ ਕਰਨ ਕਰਕੇ ਦੇਵਤਾ ਸਰੂਪ ਮੰਨਿਆ ਜਾਣ ਲੱਗ ਪਿਆ।

ਹ. ਪੁ.–ਐਨ. ਬ੍ਰਿ. ਮਾ. 2:801

**ਚੈਂਚੂ** : ਇਹ ਦੱਖਣੀ ਭਾਰਤ ਦੇ ਲੋਕਾਂ ਦੀ ਇਕ ਜਾਤੀ ਹੈ ਜੋ ਆਮ ਕਰਕੇ ਆਂਧਰਾ ਪ੍ਰਦੇਸ਼ ਰਾਜ ਦੇ ਕੁਰਨੂਲ, ਗੁੰਟੂਰ ਅਤੇ ਮਹਿਬੂਬ ਨਗਰ ਜ਼ਿਲ੍ਹਿਆਂ ਵਿਚ ਆਬਾਦ ਹਨ ਅਤੇ ਇਨ੍ਹਾਂ ਦੀ ਗਿਣਤੀ ਲਗਭਗ 12,000 ਹੈ। ਇਹ ਲੋਕ ਇਲਾਕਾਈ ਭਾਸ਼ਾ ਤੇਲਗੂ ਦੀਆਂ ਕਈ ਉਪ-ਭਾਸ਼ਾਵਾਂ ਬੋਲਦੇ ਹਨ। ਇਨ੍ਹਾਂ ਦਾ ਦਰਮਿਆਨਾ ਕੱਦ, ਭੂਰੀ ਚਮੜੀ, ਘੁੰਘਰਾਲੇ ਭੂਰੇ ਜਾਂ ਕਾਲੇ ਵਾਲ ਅਤੇ ਆਂਧਰਾ ਦੇ ਕਿਸਾਨ ਵਰਗ ਦੇ ਲੋਕਾਂ ਨਾਲ ਮਿਲਦੇ-ਜੁਲਦੇ ਨੈਣ-ਨਕਸ਼ ਹਨ। ਇਨ੍ਹਾਂ ਦੇ ਘਰ ਉਸ ਖੇਤਰ ਦੇ ਆਮ ਕਿਸਾਨਾਂ ਵਰਗੇ ਸਿਰਕੀ ਤੇ ਗਾਰੇ ਦੇ ਬਣੇ ਹੁੰਦੇ ਹਨ ਪਰ ਇਹ ਬਰਾਦਰੀ ਕਰਕੇ ਬਾਕੀਆਂ ਨਾਲੋਂ ਵੱਖਰੇ ਹਨ। ਆਮ ਕਰਕੇ ਇਨ੍ਹਾਂ ਲੋਕਾਂ ਨੇ ਤੇਲਗੂ ਰਿਸ਼ਤਾ ਪ੍ਰਣਾਲੀ ਅਪਣਾਈ ਹੋਈ ਹੈ।

ਮਹਿਬੂਬ ਨਗਰ ਜ਼ਿਲ੍ਹੇ ਵਿਚ ਅਮਰਾਬਾਦ ਪਠਾਰ ਦੀਆਂ ਜੰਗਲਾਂ ਵਾਲੀਆਂ ਪਹਾੜੀਆਂ ਵਿਚ ਰਹਿਣ ਵਾਲੇ ਚੈਂਚੂ ਲੋਕਾਂ ਦੇ ਰਹਿਣ ਸਹਿਣ ਦਾ ਤੌਰ ਤਰੀਕਾ ਪੁਰਾਣੇ ਉਪ-ਟੱਪਰੀਵਾਸਾਂ ਵਰਗਾ ਹੈ ਅਤੇ ਇਹ ਲੋਕ ਆਪਣੀ ਖ਼ੁਰਾਕ ਦਾ 10 ਪ੍ਰਤਿਸ਼ਤ ਹਿੱਸਾ ਸ਼ਿਕਾਰ ਅਤੇ ਖਾਣ ਵਾਲੀਆਂ ਜੰਗਲੀ ਵਸਤਾਂ ਤੋਂ ਇਕੱਠਾ ਕਰਦੇ ਹਨ। ਤੀਰ-ਕਮਾਨ, ਸੂਆ, ਕੁਹਾੜਾ ਅਤੇ ਸਾਧਾਰਣ ਚਾਕੂ ਹੀ ਇਨ੍ਹਾਂ ਦੇ ਜ਼ਰੂਰੀ ਹਥਿਆਰ ਹਨ। ਆਮ ਕਰਕੇ ਇਹ ਪਰਿਵਾਰ ਆਪਣੇ ਸਥਾਈ ਘਰਾਂ ਨੂੰ ਛੱਡਕੇ ਆਪਣੇ ਪਿੰਡਾਂ ਦੇ ਖੇਤਰਾਂ ਵਿਚ ਹਫ਼ਤਿਆਂ ਬੱਧੀ ਖ਼ੁਰਾਕ ਇਕੱਤਰ ਕਰਨ ਵਿਚ ਘੁੰਮਦੇ ਰਹਿੰਦੇ ਹਨ। ਅਜਿਹੇ ਪਹਾੜੀ ਚੈਂਚੂ ਵਿਸ਼ੇਸ਼ ਕਰਕੇ ਵਿਅਕਤੀਗਤ ਸੁਭਾਉ ਦੇ ਹੁੰਦੇ ਹਨ। ਮੈਦਾਨੀ ਲੋਕਾਂ ਨਾਲ ਲੋਹੇ, ਕੱਪੜੇ ਅਤੇ ਅਨਾਜ ਬਦਲੇ ਟੋਕਰੀਆਂ, ਸ਼ਹਿਦ ਤੇ ਜੜ੍ਹੀ ਬੂਟੀਆਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਰਸਮੋ-ਰਿਵਾਜ ਬਹੁਤ ਘੱਟ ਅਤੇ ਸਾਧਾਰਣ ਹਨ। ਧਾਰਮਕ ਅਤੇ ਸਿਆਸੀ ਖ਼ਾਸੀਅਤ ਬਹੁਤ ਘੱਟ ਹੈ। ਔਰਤਾਂ ਦਾ ਰੁਤਬਾ ਮਰਦਾਂ ਦੇ ਬਰਾਬਰ ਦਾ ਹੈ ਅਤੇ ਵਿਆਹ ਸਿਆਣੀ ਉਮਰ ਵਿਚ ਹੀ ਹੁੰਦਾ ਹੈ।

ਬਹੁਤ ਸਾਰੇ ਚੈਂਚੂ ਅੱਜਕੱਲ੍ਹ ਘੁੰਮਣ ਫਿਰਨ ਦੇ ਜੀਵਨ ਨੂੰ ਤਿਆਗ ਕੇ ਖੇਤੀਬਾੜੀ ਅਤੇ ਜੰਗਲਾਂ ਵਿਚ ਮਜ਼ਦੂਰੀ ਕਰਨ ਲੱਗ ਪਏ ਹਨ। ਬਹੁਤ ਸਾਰੇ ਹਿੰਦੂ ਦੇਵਤਿਆਂ ਨੂੰ ਮੰਨਣ ਲੱਗ ਪਏ ਹਨ ਅਤੇ ਇਨ੍ਹਾਂ ਨੂੰ ਮੁਕਾਬਲਤਨ ਉੱਚੀ ਜਾਤੀ ਦੇ ਮੰਨਿਆ ਜਾਣ ਲੱਗ ਪਿਆ ਹੈ।

ਹ. ਪੁ.–ਐਨ.ਬ੍ਰਿ. 5:444 ; ਐਨ. ਬ੍ਰਿ. ਮਾ. 2:799

**ਚੈਜ਼ਲਡੇਨ, ਵਿਲੀਅਮ** : ਇਸ ਪ੍ਰਸਿੱਧ ਅੰਗਰੇਜ਼ ਸਰਜਨ ਦਾ ਜਨਮ ਸਮਰਥੀ, ਲਸਟਿਰਸ਼ਿਰ ਵਿਖੇ 19 ਅਕਤੂਬਰ, 1688 ਨੂੰ ਹੋਇਆ। ਇਹ ਪੁਰਾਣੇ ਸਮੇਂ ਵਿਚ ਬਹੁਤ ਪ੍ਰਸਿੱਧ ਅਤੇ ਤੇਜ਼ੀ ਨਾਲ ਅੱਪਰੇਸ਼ਨ ਕਰਨ ਵਾਲਾ ਮੰਨਿਆ ਜਾਂਦਾ ਸੀ। ਇਸਨੇ ਇਕ ਹੋਰ ਪ੍ਰਸਿੱਧ ਵਿਗਿਆਨੀ ਵਿਲਿਅਮ ਕੂਪਰ ਤੋਂ ਸਰੀਰ-ਸੰਰਚਨਾ ਸੰਬੰਧੀ ਗਿਆਨ ਪ੍ਰਾਪਤ ਕੀਤਾ ਅਤੇ 1713 ਵਿਚ ਆਪਣੀ ਲਿਖੀ ਪੁਸਤਕ 'ਐਨਾਟਮੀ ਆਫ਼ ਦੀ ਹਿਊਮਨ ਬਾਡੀ' ਛਪਵਾਈ। ਇਹ ਲੰਡਨ ਦੇ ਸੇਂਟ ਟਾੱਮਸ ਅਤੇ ਸੇਂਟ ਜਾਰਜ ਹਸਪਤਾਲਾਂ ਵਿਚ ਉੱਘੇ ਸਰਜਨ ਵਜੋਂ ਲੱਗਿਆ ਰਿਹਾ।

ਚੈਜ਼ਲਡੇਨ ਪੱਥਰੀ ਦੇ ਆਪਰੇਸ਼ਨ (1727) ਕਾਰਨ ਬਹੁਤ ਪ੍ਰਸਿੱਧ ਹੋਇਆ। ਇਕ ਬਨਾਵਟੀ ਪੁਤਲੀ ਬਣਾ ਕੇ ਕਈ ਕਿਸਮ ਦੇ ਅੰਨ੍ਹੇਪਣ ਦਾ ਇਲਾਜ ਕਰਕੇ ਇਸਨੇ ਅੱਖ ਸੰਬੰਧੀ ਚਿਕਿਤਸਾ ਵਿਚ ਵੀ ਬਹੁਤ ਵਾਧਾ ਕੀਤਾ। ਇਸਨੇ ਸਰ ਆਈਜ਼ਾਕ ਨਿਊਟਨ ਦੇ ਅਖ਼ੀਰਲੇ ਸਮੇਂ, ਬੀਮਾਰੀ ਵਿਚ ਉਸਦੀ ਬਹੁਤ ਸੇਵਾ ਕੀਤੀ। ਇਹ ਅਲੈਗਜ਼ਾਂਡਰ ਪੋਪ ਅਤੇ ਸਰ ਹਾਂਸ ਸਲੋਨ ਦਾ ਮਿੱਤਰ ਸੀ। ਇਸਦੀ ਬਾੱਥ ਵਿਖੇ 10 ਅਪ੍ਰੈਲ, 1752 ਨੂੰ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 5:455

**ਚੈਟ**: ਇਹ ਪੈਸੈਰੀਫਾੱਰਮੀਜ਼ ਵਰਗ ਅਤੇ ਪੈਸੈਰੀਜ਼ ਉਪ-ਵਰਗ ਦੇ ਅਨੇਕਾਂ ਗਾਉਣ ਵਾਲੇ ਪੰਛੀਆਂ ਨੂੰ ਕਿਹਾ ਜਾਂਦਾ ਹੈ। ਇਨ੍ਹਾਂ ਦਾ ਨਾਂ ਇਨ੍ਹਾਂ ਦੀਆਂ ਖਰਵੀਆਂ ਚਾਂ-ਚਾਂ ਦੀਆਂ ਆਵਾਜ਼ਾਂ ਕਰਕੇ ਪਿਆ ਹੈ।

ਆਸਟ੍ਰੇਲੀਅਨ ਚੈਟ ਐਪੱਥੀਏਨਿਊਰਾ ਪ੍ਰਜਾਤੀ ਵਿਚ ਸ਼ਾਮਲ ਕੀਤੇ ਗਏ ਹਨ ਜਿਸ ਨੂੰ ਆਮ ਤੌਰ ਤੇ ਮਾਲੂਰਿਡੀ ਕੁਲ ਵਿਚ ਰੱਖਿਆ ਜਾਂਦਾ ਹੈ ਪਰ ਕਈ ਵਿਗਿਆਨੀ ਇਸ ਨੂੰ ਇਕ ਵੱਖਰੀ ਉਪ ਕੁਲ ਐੱਪਥੀਏਨਿਊਰਿਨੀ ਵਿਚ ਵੀ ਰੱਖਦੇ ਹਨ। ਇਹ ਪੰਛੀ ਤਕਰੀਬਨ 13 ਸੈਂ. ਮੀ. ਲੰਮੇ ਹੁੰਦੇ ਹਨ ਅਤੇ ਦੱਖਣ ਵੱਲ ਘਾਹ ਫੂਸ ਵਾਲੇ ਖੁਲ੍ਹੇ ਮੈਦਾਨਾਂ ਵਿਚ ਟੱਪਰੀਵਾਸਾਂ ਵਾਂਗ ਰਹਿੰਦੇ ਹਨ। ਇਹ ਜ਼ਮੀਨ ਤੋਂ ਕੀੜੇ ਮਕੌੜੇ ਚੁਗ ਕੇ ਖਾਂਦੇ ਹਨ। ਚਿੱਟੇ-ਚਿਹਰੇ ਵਾਲਾ ਚੈਟ (Epthianura Albifrons) ਚਿੱਟੇ ਤੇ ਨੀਲੇ ਜਿਹੇ ਰੰਗ ਦਾ ਹੁੰਦਾ ਹੈ। ਨਰ ਦੀ ਗਰਦਨ ਤੋਂ ਛਾਤੀ ਤੱਕ **ਇਕ** ਕਾਲੀ ਧਾਰੀ ਹੁੰਦੀ ਹੈ।

ਉੱਤਰੀ ਅਮਰੀਕਾ ਦਾ ਪੀਲੀ ਛਾਤੀ ਵਾਲਾ ਚੈਟ ਪੰਛੀ (Icteria Virens) ਤਕਰੀਬਨ 19 ਸੈਂ. ਮੀ. ਲੰਮਾ ਹੁੰਦਾ ਹੈ। ਇਸਦਾ ਰੰਗ ਉੱਪਰੋਂ ਹਰਾ ਜਿਹਾ ਸਲੇਟੀ ਅਤੇ ਹੇਠਲੇ ਪਾਸੇ ਤੋਂ ਗੂੜ੍ਹਾ ਪੀਲਾ ਹੁੰਦਾ ਹੈ। ਅੱਖਾਂ ਦੁਆਲੇ ਚਿੱਟਾ ਚੱਕਰ ਹੁੰਦਾ ਹੈ। ਦੋਵੇਂ ਲਿੰਗ ਦੇਖਣ ਵਿਚ ਇਕੋ ਜਿਹੇ

ਲੱਗਦੇ ਹਨ। ਇਹ ਆਮ ਤੌਰ ਤੇ ਸੰਘਣੀ ਬਨਸਪਤੀ ਵਿਚ ਰਹਿੰਦੇ ਹਨ ਪਰ ਖੁਲ੍ਹੀਆਂ ਥਾਵਾਂ ਤੇ ਵੀ ਅੱਡੇ ਲਾ ਲੈਂਦੇ ਹਨ ਤੇ ਉੱਥੇ ਆਪਣੀਆਂ



ਚੈਟ

ਮਿਆਉਂ-ਮਿਆਉਂ ਚੁਰ ਅਤੇ ਸੀਟੀਆਂ ਵਰਗੀਆਂ ਆਵਾਜ਼ਾਂ ਕੱਢਦੇ ਹਨ।

ਹ. ਪੁ.—ਐਨ. ਬ੍ਰਿ. ਮਾ. 2:776

**ਚੈਟ–ਥਰੱਸ਼** : ਇਹ ਪੈਸੈਰੀਫੌਰਮੀਜ਼ ਵਰਗ ਦੀ ਟਰਡਿੱਡੀ ਕੁਲ ਦੇ ਗਾਉਣ ਵਾਲੇ ਪੰਛੀਆਂ ਦੀਆਂ ਤਕਰੀਬਨ 190 ਜਾਤੀਆਂ ਲਈ ਇਕ ਸਾਂਝਾ ਨਾਂ ਹੈ। ਇਹ ਪੰਛੀ ਅਸਲੀ ਜਾਂ ਟਿਪੀਕਲ ਥਰੱਸ਼ ਪੰਛੀਆਂ ਨਾਲੋਂ ਜ਼ਿਆਦਾ ਛੋਟੇ, ਪਤਲੀਆਂ ਲੱਤਾਂ ਵਾਲੇ ਅਤੇ ਜ਼ਿਆਦਾ ਰੰਗ-ਬਰੰਗੇ ਖੰਭਾਂ ਵਾਲੇ ਹੁੰਦੇ ਹਨ। ਇਨ੍ਹਾਂ ਦਾ ਨਾਂ ਇਨ੍ਹਾਂ ਦੀ ਖਰਵੀਂ ਚਾਂ-ਚਾਂ ਦੀ



ਚੈਟ-ਥਰੱਸ਼

ਆਵਾਜ਼ ਕਰਕੇ ਪਿਆ ਹੈ ਪਰ ਇਹ ਅਸਲ ਥਰੱਸ਼ ਪੰਛੀਆਂ ਦੀ ਆਵਾਜ਼ ਨਾਲੋਂ ਘੱਟ ਦਿਲ-ਖਿੱਚਵੀਂ ਹੁੰਦੀ ਹੈ।

ਇਹ ਪੰਛੀ ਸਾਰੀ ਦੁਨੀਆ ਵਿਚ ਮਿਲਦੇ ਹਨ ਪਰ ਊਸ਼ਣ-ਖੰਡੀ ਇਲਾਕਿਆਂ ਵਿਚ ਖ਼ਾਸ ਕਰਕੇ ਅਫ਼ਰੀਕਾ ਵਿਚ, ਇਹ ਬਹੁਤ ਹੀ ਆਮ ਮਿਲਣ ਵਾਲੇ ਪੰਛੀ ਹਨ। ਇਨ੍ਹਾਂ ਪੰਛੀਆਂ ਦੀ ਖ਼ਾਸ ਆਦਤ ਪਰ ਅਤੇ ਪੂਛ ਨਾਲ ਥੋੜ੍ਹੀ-ਥੋੜ੍ਹੀ ਦੇਰ ਮਗਰੋਂ ਝਟਕੇ ਮਾਰਨਾ ਹੈ। ਕਈ ਜਾਤੀਆਂ ਮਸਕੈਪਡੀ ਕੁਲ ਦੇ ਫਲਾਈ-ਕੈਚਰ ਜਾਂ ਸਿਲਵਾਈਡੀ ਕੁਲ ਦੇ ਵਾਰਬਲਰ ਪੰਛੀਆਂ ਵਾਂਗ ਵਰਤਾਉ ਕਰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਪੰਛੀ ਘੱਟ ਬਨਸਪਤੀ ਵਾਲੀਆਂ ਥਾਵਾਂ ਤੇ ਰਹਿਣਾ ਪਸੰਦ ਕਰਦੇ ਹਨ ਭਾਵੇਂ ਕੁਝ-ਕੁ ਖੁਲ੍ਹੇ ਖੇਤਾਂ ਅਤੇ ਬਾਗ਼ਾਂ ਵਿਚ ਵੀ ਰਹਿੰਦੇ ਹਨ। ਇਨ੍ਹਾਂ ਦੀਆਂ ਆਲ੍ਹਣੇ ਬਣਾਉਣ ਦੀਆਂ ਆਦਤਾਂ ਵਿਚ ਵੀ ਕਈ ਵਖਰੇਵੇਂ ਮਿਲਦੇ ਹਨ। ਇਹ ਜ਼ਿਆਦਾਤਰ ਖੁੱਲ੍ਹੇ ਆਲ੍ਹਣੇ ਹੀ ਬਣਾਉਂਦੇ ਹਨ, ਕਈ ਖੋੜਾਂ ਵਗੈਰਾ ਵਿਚ ਵੀ ਅੰਡੇ ਦਿੰਦੇ ਹਨ। ਇਹ ਤਕਰੀਬਨ 5 ਜਾਂ 6 ਅੰਡੇ ਦਿੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 2:782

**ਚੈਟਾਨੂਗਾ** : ਸੰਯੁਕਤ ਰਾਜ ਅਮਰੀਕਾ ਵਿਚ ਦੱਖਣੀ-ਪੂਰਬੀ ਟੈਨਿਸੀ ਰਾਜ ਦੀ ਹੈਮਿਲਟਨ ਕਾਉਂਟੀ ਦੀ ਸੀਟ ਹੈ ਅਤੇ ਟੈਨਿਸੀ ਵੈਲੀ ਅਥਾਰਿਟੀ ਪਾਵਰ ਸਿਸਟਮ ਦਾ ਸਦਰ-ਮੁਕਾਮ ਹੈ। ਚੈਟਾਨੂਗਾ ਆਪਣੀ ਇਤਹਾਸਿਕ ਮਹੱਤਤਾ ਅਤੇ ਸੈਰ-ਸਪਾਟੇ ਲਈ ਪ੍ਰਸਿੱਧ ਹੈ। ਸ਼ਹਿਰ ਦਾ ਆਲਾ-ਦੁਆਲਾ ਬੜਾ ਰਮਣੀਕ ਹੈ। ਇਸਦੇ ਪੂਰਬ ਵੱਲ 'ਮਿਸ਼ਨਰੀ ਮਾਊਂਟੇਨਜ਼' ਅਤੇ ਦੱਖਣ-ਪੱਛਮ ਵੱਲ 'ਲੁੱਕ ਆਊਟ ਮਾਊਂਟੇਨਜ਼' ਹਨ। ਦਰਿਆ ਦੇ ਕੰਢੇ ਵਸਿਆ ਹੋਣ ਕਾਰਨ ਸੈਲਾਨੀ ਇਥੇ ਆਮ ਆਉਂਦੇ ਰਹਿੰਦੇ ਹਨ। ਸ਼ਹਿਰ ਦੇ ਨੇੜੇ 44 ਮੀਟਰ (145 ਫੁੱਟ) ਉੱਚਾ ਇਕ ਝਰਨਾ ਵੀ ਹੈ। ਇਸ ਦੇ ਨੇੜੇ ਦੇ ਪੱਥਰਾਂ ਦੇ ਢੇਰਾਂ ਦੇ ਨਾਂ ਤੇ ਇਕ ਹਿੱਸੇ ਨੂੰ 'ਰਾਕ ਸਿਟੀ' ਵੀ ਕਿਹਾ ਜਾਂਦਾ ਹੈ। ਇਸ ਦੇ ਨੇੜੇ ਹੀ ਚਿਕਾਮੋਗਾ ਝੀਲ ਹੈ। ਟੈਨਿਸੀ ਵਾਦੀ ਯੋਜਨਾ ਦੇ ਬਣਨ ਨਾਲ ਇਸ ਸ਼ਹਿਰ ਦੀ ਮਹੱਤਤਾ ਬਹੁਤ ਵੱਧ ਗਈ ਹੈ।

ਇਥੋਂ ਦੀ ਆਰਥਿਕਤਾ ਦਾ ਮੂਲ ਆਧਾਰ ਸੈਰ ਸਪਾਟਾ ਉਦਯੋਗ ਹੈ ਪਰ ਇਸ ਤੋਂ ਇਲਾਵਾ ਇਥੇ ਲੋਹੇ ਅਤੇ ਕੋਲੇ ਦੀਆਂ ਖਾਣਾਂ ਹੋਣ ਕਾਰਨ ਅਤੇ ਤਾਪ ਅਤੇ ਕੋਲੇ ਤੋਂ ਊਰਜਾ ਪ੍ਰਾਪਤ ਹੋਣ ਨਾਲ ਅੱਜਕੱਲ੍ਹ ਇਥੇ ਸੱਨਅਤਾਂ ਵੀ ਉੱਨਤ ਹੋ ਰਹੀਆਂ ਹਨ। ਇਥੇ ਜ਼ਰਾਇਤੀ ਸੰਦ, ਕੱਪੜਾ, ਇਸਪਾਤ, ਫ਼ਰਨੀਚਰ, ਰਸਾਇਣ, ਮਿੱਟੀ ਦੀਆਂ ਪਾਈਪਾਂ, ਕਾਗਜ਼, ਦਵਾਈਆਂ ਆਦਿ ਤਿਆਰ ਹੁੰਦੀਆਂ ਹਨ।

ਚੈਟਾਨੂਗਾ ਦੀ ਤਰੱਕੀ ਬੀਮੇ ਦੇ ਕੰਮ ਅਤੇ ਵਸਤਾਂ ਦੀ ਵੰਡ ਦੇ ਕੇਂਦਰ ਵਜੋਂ ਵੀ ਕਾਫ਼ੀ ਹੋਈ ਹੈ। ਇਥੋਂ ਦੀਆਂ ਵਰਣਨਯੋਗ ਇਮਾਰਤਾਂ ਵਿਚ ਆਧੁਨਿਕ ਢੰਗ ਦਾ ਬਣਿਆ ਡਾਕਖਾਨਾ, ਕਚਹਿਰੀਆਂ, ਕਰੱਚਫੀਲਡ ਹਾਊਸ, ਪ੍ਰੈਜ਼ਬਾਈ-ਟੇਰੀਅਨ ਚਰਚ, ਓਕਸ ਮੈਮੋਰੀਅਲ ਟੈਂਪਲ, ਲਿਟਲ ਥੀਏਟਰ, ਸਿੰਫਨੀ ਆਰਕੈਸਟਰਾ ਅਤੇ ਕਈ ਹੋਰ ਥਾਵਾਂ ਮਨੋਰੰਜਨ ਦੇ ਕੇਂਦਰ ਹਨ। ਪਾਣੀ ਦੀਆਂ ਖੇਡਾਂ ਕਰਕੇ ਚਿਕਾਮੋਗਾ ਵੀ ਸੈਲਾਨੀਆਂ ਲਈ ਇਕ ਖਿੱਚ ਦਾ ਕੇਂਦਰ ਹੈ।

ਸ਼ਹਿਰ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਥੇ ਵਸੋਂ ਤੋਂ ਪਹਿਲਾਂ ਹੀ ਕਈ ਪਾਸਿਆਂ ਵੱਲੋਂ ਰਸਤੇ ਆਉਂਦੇ ਸਨ। ਸੰਨ 1776 ਤੋਂ ਪਿੱਛੋਂ ਸ਼ਹਿਰ ਵਾਲੀ ਥਾਂ ਤੇ ਚੈਰਾਕੀ ਕਬੀਲੇ ਦੇ ਲੋਕ ਆ ਕੇ ਵਸੇ ਜਿਹੜੇ ਮਗਰੋਂ ਲੁੱਕਆਊਟ ਪਰਬਤਾਂ ਦੇ ਪੱਛਮੀ ਖੇਤਰਾਂ ਵੱਲ ਚਲੇ ਗਏ। ਸੰਨ 1815 ਤੋਂ ਪਿੱਛੋਂ ਇਹ ਇਕ ਵਪਾਰਕ ਅੱਡੇ ਵਜੋਂ ਉੱਨਤ ਹੋਣ ਲੱਗ ਪਿਆ। ਉਸ ਵੇਲੇ ਇਸਨੂੰ 'ਰਾਸ ਲੈਂਡਿੰਗ' ਕਿਹਾ ਜਾਂਦਾ ਸੀ। ਸੰਨ 1817 ਤੋਂ 1838 ਤੱਕ ਇਥੇ ਬ੍ਰੇਨਰਡ ਮਿਸ਼ਨ ਕਾਇਮ ਹੋਇਆ। ਸੰਨ 1835 ਵਿਚ ਇਥੇ ਪਹਿਲੀ ਵੇਰ ਅੰਗਰੇਜ਼ ਆ ਕੇ ਵਸਣ ਲੱਗੇ। ਸੰਨ 1838 ਵਿਚ ਸ਼ਹਿਰ ਦਾ ਮੌਜੂਦਾ ਨਾਂ

ਣਨੂਗਾ ਪਿਆ। ਸੰਨ 1851 ਵਿਚ ਇਸਨੂੰ ਸ਼ਹਿਰ ਦਾ ਦਰਜਾ ਮਿਲ ਆ। ਪਿੱਛੋਂ ਇਹ ਆਵਾਜਾਈ ਦਾ ਕੇਂਦਰ ਵੀ ਬਣਿਆ ਰਿਹਾ। ਸੰਨ 63 ਦੀ ਖ਼ਾਨਾਜੰਗੀ ਵੇਲੇ ਇਹ ਇਕ ਫ਼ੌਜੀ ਛਾਉਣੀ ਵੀ ਸੀ। ਇਸੇ ਲ 23, 24, 25 ਨਵੰਬਰ ਨੂੰ ਇਥੇ ਇਕ ਮਹੱਤਵਪੂਰਨ ਲੜਾਈ ਵੀ ਈ ਸੀ।

ਆਬਾਦੀ–165,328 (1980)

35° 03′ ਉ. ਵਿਥ.; 85° 19′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 2:781 ; ਐਨ. ਅਮੈ. 6:355 ; ਵੈ. ਜਗ. ਡਿ.:245

**ਚੈਟਰਜੀ, ਸ਼ਰਤ ਚੰਦਰ** : ਬੰਗਾਲ ਦੇ ਇਸ ਉੱਘੇ ਾਹਿਤਕਾਰ ਅਤੇ ਸਮਾਜ ਸੁਧਾਰਕ ਦਾ ਜਨਮ 15 ਸਤੰਬਰ, 1876 ਨੂੰ ਦੇਵਾਨੰਦਾਪੁਰ ਵਿਖੇ ਹੋਇਆ। ਬੰਗਾਲੀ ਸਾਹਿਤ ਦੇ ਇਸ ਥੰਮ ਨੇ ਆਪਣੀਆਂ ਲਿਖਤਾਂ ਰਾਹੀਂ ਨਵੀਂ ਯੁਗ ਚੇਤਨਾ ਦੀ ਰਚਨਾ ਕੀਤੀ। ਸੰਨ 916 ਵਿਚ ਬੰਗਾਲ ਦੇ ਸਾਹਿਤਕ ਖੇਤਰ ਵਿਚ ਉਤਰਨ ਤੋਂ ਪਹਿਲਾਂ 12 ਸਾਲ ਤੱਕ ਇਸ ਨੇ ਰੰਗੂਨ ਵਿਖੇ ਅਕਾਊਂਟੈਂਟ ਜਨਰਲ ਦੇ ਦਫ਼ਤਰ ਵਿਚ ਨੌਕਰੀ ਕੀਤੀ ਸੀ।

ਸੰਨ 1907 ਵਿਚ ਜਦੋਂ ਇਹ 31 ਸਾਲ ਦਾ ਸੀ ਤਾਂ ਇਸ ਦਾ ਪਹਿਲਾ ਨਾਵਲ ਇਕ ਗੁਮਨਾਮ ਲੇਖਕ ਵਜੋਂ ਪ੍ਰਕਾਸ਼ਿਤ ਹੋਇਆ। 'ਭਾਰਤੀ' ਰਸਾਲੇ ਵਿਚ ਇਸ ਦੇ ਨਾਵਲ 'ਬੜੀ ਦੀਦੀ' ਦੀ ਪਹਿਲੀ ਕਿਸ਼ਤ ਪੜ੍ਹ ਕੇ ਰਾਬਿੰਦਰ ਨਾਥ ਟੈਗੋਰ ਬਹੁਤ ਪ੍ਰਭਾਵਿਤ ਹੋਏ। ਆਪਣੇ ਨਾਵਲਾਂ ਵਿਚ ਇਸਨੇ ਸਮਾਜ ਵਿਚ ਸੰਘਰਸ਼ ਕਰਦੇ ਆਮ ਲੋਕਾਂ ਨੂੰ ਆਪਣੇ ਵਿਸ਼ੇ ਬਣਾਇਆ ਹੈ। ਆਪਣੀਆਂ ਰਚਨਾਵਾਂ ਵਿਚ ਇਹ ਮਨੁੱਖ ਦੀ ਤੰਗ-ਸੋਚਣੀ ਨੂੰ ਭੰਡਦਾ, ਬ੍ਰਾਹਮਣ ਹੁੰਦੇ ਹੋਏ ਵੀ 'ਬ੍ਰਾਹਮਣ ਦੀ ਲੜਕੀ' ਵਿਚ ਕੱਟੜ ਬ੍ਰਾਹਮਣਵਾਦ ਤੇ ਚੋਟ ਕਰਦਾ ਅਤੇ ਕਮਜ਼ੋਰ ਅਤੇ ਮਜ਼ਲੂਮ ਵਰਗ ਨੂੰ ਜਾਗਰਤ ਹੋਣ ਦੀ ਪ੍ਰੇਰਣਾ ਦੇਂਦਾ ਹੋਇਆ ਨਜ਼ਰ ਆਉਂਦਾ ਹੈ।

ਇਸ ਦੀਆਂ ਕੁੱਝ ਹੋਰ ਪ੍ਰਸਿੱਧ ਰਚਨਾਵਾਂ ਵਿਚ 'ਬ੍ਰਾਹਮਣ ਦੀ ਲੜਕੀ', 'ਬਰਾਜ ਬਹੂ', 'ਸ੍ਰੀਕਾਂਤਾਂ' ਅਤੇ 'ਬੜੀ ਦੀਦੀ' ਆਦਿ ਸ਼ਾਮਲ ਹਨ।

ਇਹ ਇਕ ਪ੍ਰਮੁੱਖ ਸਮਾਜ ਸੁਧਾਰਕ ਵੀ ਸੀ। ਇਸਨੇ ਗੁਪਤ ਰੂਪ ਵਿਚ ਸੁਤੰਤਰਤਾ ਲਈ ਜੂਝ ਰਹੇ ਹਥਿਆਰਬੰਦ ਦੇਸ਼ ਭਗਤਾਂ ਦੀ ਸਹਾਇਤਾ ਕੀਤੀ ਅਤੇ ਪਲੇਗ ਦਾ ਸ਼ਿਕਾਰ ਹੋਏ ਬੇਸਹਾਰਿਆਂ ਨੂੰ ਸਹਾਰਾ ਦਿੱਤਾ। ਇਹ ਸਮਾਜ ਵੱਲੋਂ ਠੁਕਰਾਈਆਂ ਔਰਤਾਂ ਨੂੰ ਹੌਂਸਲਾ ਦਿੰਦਾ ਸੀ ਅਤੇ ਉਹ ਇਸਨੂੰ ਸਤਿਕਾਰ ਵਜੋਂ 'ਦਾਦਾ ਠਾਕੁਰ' ਕਹਿੰਦੀਆਂ ਸਨ। ਇਸ ਦੀਆਂ ਰਚਨਾਵਾਂ 'ਆਮ ਲੋਕ', 'ਵਿਲਾਸੀ' ਅਤੇ 'ਚਰਿੱਤਰਹੀਣ' ਸਮਾਜ ਸੁਧਾਰ ਦਾ ਇਕ ਵਧੀਆ ਨਮੂਨਾ ਹਨ। ਆਪਣੀਆਂ ਲਿਖਤਾਂ ਲਈ ਇਸਨੂੰ ਖ਼ਿਆਲੀ ਪਾਤਰਾਂ ਦੀ ਲੋੜ ਨਹੀਂ ਸੀ ਕਿਉਂਕਿ ਇਸ ਦਾ ਆਪਣਾ ਜੀਵਨ ਅਨੁਭਵ ਹੀ ਬਹੁਤ ਵਿਸ਼ਾਲ ਅਤੇ ਯਥਾਰਥਕ ਸੀ। ਇਹ ਨਵੀਆਂ ਸਮਾਜਕ ਕਦਰਾਂ-ਕੀਮਤਾਂ ਦਾ ਸਮਰਥੱਕ ਸੀ।

ਇਸ ਦੀਆਂ ਪੁਸਤਕਾਂ ਦੀ ਗਿਣਤੀ ਲੱਗਭੱਗ 44 ਹੈ। ਇਸ ਦੀ ਵੱਡਮੁਲੀ ਦੇਣ ਬਦਲੇ 1936 ਵਿਚ ਢਾਕਾ ਯੂਨੀਵਰਸਿਟੀ ਨੇ ਇਸ ਨੂੰ ਡਾਕਟਰ ਆਫ਼ ਲਿਟਰੇਚਰ ਦੀ ਡਿਗਰੀ ਨਾਲ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ 1923 ਵਿਚ ਕਲਕੱਤਾ ਯੂਨੀਵਰਸਿਟੀ ਨੇ ਇਸ ਨੂੰ ਮੌਲਿਕ ਲੇਖਕ ਵਜੋਂ ਸਭ ਤੋਂ ਵੱਡਾ ਇਨਾਮ 'ਜਗਤਾੱਰਿਨੀ ਗੋਲਡ ਮੈਡਲ' ਪ੍ਰਦਾਨ ਕੀਤਾ ਸੀ।

16 ਜਨਵਰੀ, 1938 ਨੂੰ ਕਲਕੱਤੇ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. - ਐਨ. ਇੰ. 1:241 ; ਪੰਜਾਬੀ ਟ੍ਰਿਬਿਊਨ

**ਚੈਟਰਜੀ, ਸ਼ਾਂਤੀ ਕੁਮਾਰ** : ਇਸ ਭਾਰਤੀ ਗਣਿਤਵੇਤਾ ਦਾ ਜਨਮ 5 ਨਵੰਬਰ, 1930 ਨੂੰ ਹਾਵੜਾ (ਕਲਕੱਤਾ) ਵਿਖੇ ਹੋਇਆ। ਸੰਨ 1953 ਵਿਚ ਕਲਕੱਤਾ ਯੂਨੀਵਰਸਿਟੀ ਤੋਂ ਸ਼ੁੱਧ ਗਣਿਤ ਵਿਚ ਐਮ. ਐਸ. ਸੀ. ਅਤੇ 1964 ਵਿਚ ਜਾਦਵਪੁਰ ਯੂਨੀਵਰਸਿਟੀ ਤੋਂ ਪੀ. ਐਚ. ਡੀ. ਕੀਤੀ। ਸੰਨ 1954 ਤੋਂ ਬੰਗਾਬਾਸੀ ਕਾਲਜ ਕਲਕੱਤਾ ਵਿਚ ਗਣਿਤ ਦਾ ਪ੍ਰੋਫ਼ੈਸਰ ਰਿਹਾ। ਇਸ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਸਭ ਤੋਂ ਪਹਿਲਾ ਇਨਾਮ (1966-67) ਪ੍ਰਾਪਤ ਕੀਤਾ। ਕਲਕੱਤਾ ਮੈਥਿਮੈਟੀਕਲ ਸੋਸਾਇਟੀ, ਇੰਡੀਅਨ ਸਾਇੰਸ ਕਾਂਗਰਸ, ਬੰਗੀਆ ਬਿਜਾਨਨ ਪਰੀਸ਼ਦ ਅਤੇ ਯੂਨੀਕ ਮੈਥਿਮੈਟਿਕ ਏ ਇਟੇਲੀਆਨਾ (Unique Mathematic a Italiana) ਦਾ ਮੈਂਬਰ ਹੈ। ਇਸ ਨੇ ਵਿਸ਼ਿਸ਼ਟ ਫੰਕਸ਼ਨਾਂ ਦੇ ਗੁਣਾਂ ਬਾਰੇ ਕਾਫ਼ੀ ਖੋਜ ਕੀਤੀ।

ਹ. ਪੁ. - ਵ. ਹੂ. ਸਾ. 324

**ਚੈਟਰਜੀ, ਜਯੋਤੀ ਭੂਸ਼ਨ** : ਇਸ ਭਾਰਤੀ ਫ਼ਿਜ਼ੀਸ਼ਨ ਦਾ ਜਨਮ 16 ਜਨਵਰੀ, 1919 ਨੂੰ ਕਲਕੱਤਾ ਵਿਖੇ ਹੋਇਆ। ਸੰਨ 1949 ਵਿਚ ਇਸ ਨੇ ਐਮ. ਡੀ. ਦੀ ਡਿਗਰੀ ਹਾਸਲ ਕੀਤੀ। ਸੰਨ 1944-54 ਤੱਕ ਇਹ ਇੰਡੀਅਨ ਕੌਂਸਲ ਆਫ਼ ਮੈਡੀਕਲ ਰੀਸਰਚ, ਸਕੂਲ ਆਫ਼ ਟ੍ਰੌਪੀਕਲ ਮੈਡੀਸਨ ਕਲਕੱਤਾ ਦਾ ਰੀਸਰਚ ਅਫ਼ਸਰ, 1955 ਵਿਚ ਹੀਮੈਟਾਲੋਜੀ ਦਾ ਪ੍ਰੋਫ਼ੈਸਰ, 1955 ਵਿਚ ਹੀ ਹੀਮੈਟਾਲੋਜੀ ਯੂਨਿਟ ਦਾ ਅਫ਼ਸਰ-ਇਨ-ਚਾਰਜ, 1966 ਵਿਚ ਸਕੂਲ ਆਫ਼ ਟ੍ਰੌਪੀਕਲ ਮੈਡੀਸਨ ਦਾ ਡਾਇਰੈਕਟਰ, 1964-65 ਵਿਚ ਇੰਟਰਨੈਸ਼ਨਲ ਸੁਸਾਇਟੀਜ਼ ਆਫ਼ ਹੀਮੈਟਾਲੋਜੀ, ਬਲੱਡ ਟ੍ਰਾਂਸਫਿਊਜ਼ਨ ਅਤੇ ਰੈਟੀਕੁਲੋ ਐਂਡ-ਥੀਲੀਅਲ ਦਾ ਕੌਂਸਲਰ ਅਤੇ ਇੰਡੀਅਨ ਸਾਇੰਟਿਫਿਕ ਕਾਂਗਰਸ ਦੇ ਮੈਡੀਕਲ ਅਤੇ ਵੈਟਰਨਰੀ ਸੈਕਸ਼ਨਾਂ ਦਾ ਪ੍ਰਧਾਨ ਰਿਹਾ।

ਇਸਨੇ ਕੋਟਸ ਮੈਡਲ (1958), ਬਰਕਲੀ ਮੈਡਲ (1964), ਅਮੀਰਚੰਦ ਪੁਰਸਕਾਰ (1964) ਅਤੇ ਮਿੰਟੋ ਮੈਡਲ (1965) ਹਾਸਲ ਕੀਤੇ। ਇਸ ਦੀ ਖੋਜ ਅਤੇ ਮੁੱਖ ਲਿਖਤਾਂ ਭਾਰਤ ਵਿਚ ਲੋਹਾ, ਫੌਲਿਕ ਐਸਿਡ ਅਤੇ ਵਿਟਾਮਿਨ ਬੀ$_{12}$ ਦੀ ਘਾਟ ਨਾਲ ਨਿਊਟਰੀਸ਼ਨਲ ਅਨੀਮੀਆ ਦੇ ਲੱਛਣਾਂ ਬਾਰੇ, ਬੰਗਾਲੀਆਂ ਵਿਚ Hb.E ਦੀ ਖੋਜ ਬਾਰੇ, Hb.E ਅਤੇ ਹੋਰ ਅਸਾਧਾਰਣ ਹੀਮੋਗਲੋਬਿਨਾਂ ਦੇ ਜਣਨਿਕ ਪਰਸਪਰ ਪ੍ਰਭਾਵਾਂ ਅਤੇ ਗਲੂਕੂ-6 ਫੌਸਫ਼ੇਟ ਡੀਹਾਈਡ੍ਰੋਜੀਨੇਸ ਦੀ ਘਾਟ ਬਾਰੇ ਹਨ।

ਹ. ਪੁ. - ਵ. ਹੂ. ਸਾ. 324

**ਚੈਟਰਜੀ, ਬਾਂਕਿਮ ਚੰਦਰ** : ਇਹ ਇਕ ਪ੍ਰਸਿੱਧ ਬੰਗਾਲੀ ਨਾਵਲਕਾਰ ਸੀ। ਇਸ ਨੇ ਯੂਰਪੀ ਲੀਹਾਂ ਉੱਤੇ ਭਾਰਤ ਵਿਚ ਗਲਪਕਾਰੀ ਦੀ ਇਕ ਨਵੀਂ ਸ਼ੈਲੀ ਪੈਦਾ ਕੀਤੀ। ਇਸ ਦਾ ਜਨਮ ਬੰਗਾਲ ਵਿਚ ਨਾਈਹਾਤੀ ਵਿਖੇ 27 ਜੂਨ 1838 ਨੂੰ ਇਕ ਕੱਟੜ ਬ੍ਰਾਹਮਣ ਪਰਿਵਾਰ ਵਿਚ ਹੋਇਆ। ਇਸਨੇ ਕਲਕੱਤਾ ਯੂਨੀਵਰਸਿਟੀ ਤੋਂ ਵਿੱਦਿਆ ਪ੍ਰਾਪਤ ਕੀਤੀ। ਇਹ ਆਈ. ਸੀ. ਐੱਸ. ਬਣ ਗਿਆ ਅਤੇ 1858 ਤੋਂ 1891 ਤੱਕ ਡਿਪਟੀ ਮੈਜਿਸਟ੍ਰੇਟ ਰਿਹਾ।

ਬਾਂਕਿਮ ਚੰਦਰ ਦੀਆਂ ਮੁੱਢਲੀਆਂ ਕਵਿਤਾਵਾਂ ਅਤੇ 1858 ਵਿਚ ਇਸਦੇ ਪਹਿਲੇ ਕਾਵਿ ਸੰਗ੍ਰਹਿ 'ਲਲਿਤਾ ਓ ਮਾਨਸ' ਛਪਣ ਤੋਂ ਮਗਰੋਂ ਇਸ ਦਾ ਪਹਿਲਾ ਪ੍ਰਸਿੱਧ ਬੰਗਲਾ ਨਾਵਲ 'ਦੁਰਗੇਸ਼ਨੰਦਿਨੀ' ਪ੍ਰਕਾਸ਼ਿਤ ਹੋਇਆ। ਇਸ ਨਾਲ ਬੰਗਲਾ ਨਾਵਲ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। 'ਕਪਾਲਕੁੰਡਲਾ' ਜੋ ਇਕ ਪਿਆਰ ਕਹਾਣੀ ਹੈ, 1866 ਵਿਚ ਪ੍ਰਕਾਸ਼ਿਤ ਹੋਈ। ਇਸ ਦੀ ਪਿੱਠ-ਭੂਮੀ ਭਿਆਨਕ ਤਾਂਤ੍ਰਿਕ ਕਿਰਿਆ ਕਰਮ ਹੈ। ਇਸ ਤੋਂ ਮਗਰੋਂ 1869 ਵਿਚ 'ਮ੍ਰੀਨਾਲਿਨੀ' ਪ੍ਰਕਾਸ਼ਿਤ ਹੋਇਆ ਜਿਸ ਵਿਚ ਬੰਗਾਲ ਉੱਤੇ ਪਹਿਲੇ ਮੁਸਲਮਾਨੀ ਹਮਲੇ ਦਾ ਹਾਲ ਦਰਜ ਹੈ। ਸੰਨ 1872 ਵਿਚ ਬਾਂਕਿਮ ਚੰਦਰ ਨੇ ਆਪਣਾ ਪ੍ਰਸਿੱਧ ਮੈਗਜ਼ੀਨ 'ਬੰਗ ਦਰਸ਼ਨ' ਕੱਢਣਾ ਸ਼ੁਰੂ ਕੀਤਾ। ਇਸ ਵਿਚ ਇਸ ਦੇ ਕਈ ਨਾਵਲ ਕਿਸ਼ਤਾਂ ਵਿਚ ਛਪੇ। ਇਸ ਨੇ ਆਪਣੇ ਨਾਵਲਾਂ ਵਿਚ ਵੱਖ-ਵੱਖ ਵਿਸ਼ੇ ਲਏ ਹਨ। ਇਸ ਦੇ ਕੁੱਝ ਪ੍ਰਸਿੱਧ ਨਾਵਲ 'ਬਿਸਬਰਿਕਸ' (1973), 'ਯੁਗਲੰਗੁਰੀਆ' (1874), 'ਰਾਧਾਰਾਣੀ' (1875), 'ਚੰਦ੍ਰਸ਼ੇਖਰ' (1875), 'ਕ੍ਰਿਸ਼ਨਕਾਂਤਰ ਉਇਕ' (1878), 'ਰਾਜਸਿੰਹ' (1881) 'ਅਨੰਦ ਮਠ' (1882) 'ਦੇਵੀ ਚੌਧਰਾਨੀ' (1884) ਅਤੇ ਸਭ ਤੋਂ ਅੰਤ ਵਿਚ ਲਿਖਿਆ 'ਸੀਤਾਰਾਮ' (1886) ਹਨ।

ਇਸ ਤੋਂ ਇਲਾਵਾ ਬਾਂਕਿਮ ਚੰਦਰ ਨੇ ਧਾਰਮਕ, ਇਤਿਹਾਸਿਕ, ਵਿਗਿਆਨਕ ਤੇ ਹੋਰ ਵਿਸ਼ਿਆਂ ਬਾਰੇ 'ਬੰਗ ਦਰਸ਼ਨ' ਵਿਚ ਬੇਸ਼ੁਮਾਰ ਨਿਬੰਧ ਪ੍ਰਕਾਸ਼ਿਤ ਕਰਵਾਏ। ਇਸ ਦੀਆਂ ਮਗਰੋਂ ਦੀਆਂ ਰਚਨਾਵਾਂ ਵਿਚ 'ਕਮਲਾਕੰਤਰ ਦਖਤਾਰ' (1885), 'ਕ੍ਰਿਸ਼ਨਾਚਰਿਤ' (1882) ਅਤੇ 'ਧਰਮ ਵੱਤਵ' (1888) ਸ਼ਾਮਲ ਹਨ।

ਬਾਂਕਿਮ ਚੰਦਰ ਦੇ ਸਮਕਾਲੀ ਇਸਨੂੰ ਪੈਗੰਬਰਾਂ ਵਾਂਗ ਸਮਝਦੇ ਸਨ। ਇਸਦੇ ਬਹਾਦਰ ਹਿੰਦੂ ਨਾਇਕ ਲੋਕਾਂ ਵਿਚ ਦੇਸ਼ ਪਿਆਰ ਦਾ ਸੁਨੇਹਾ ਦਿੰਦੇ ਹਨ। ਇਸ ਦੀਆਂ ਰਚਨਾਵਾਂ ਦਾ ਬੰਗਾਲੀਆਂ ਤੇ ਬੜਾ ਪ੍ਰਭਾਵ ਪਿਆ। ਇਸ ਨੇ ਰਾਸ਼ਟਰਵਾਦ ਤੇ ਹਿੰਦੂਵਾਦ ਦਾ ਸੁਮੇਲ ਕਰਕੇ ਇਨ੍ਹਾਂ ਸਿਧਾਂਤਾਂ ਦਾ ਪ੍ਰਚਾਰ ਕੀਤਾ। ਇਸਦੇ 'ਅਨੰਦ ਮੱਠ' ਨਾਵਲ ਵਿਚੋਂ ਲਿਆ ਗਿਆ 'ਬੰਦੇ ਮਾਤ੍ਰਮ' ਗੀਤ ਭਾਰਤ ਦੀ ਆਜ਼ਾਦੀ ਮਗਰੋਂ ਰਾਸ਼ਟਰੀ ਗੀਤ ਦੀ ਪਦਵੀ ਪ੍ਰਾਪਤ ਕਰ ਗਿਆ। ਇਸ ਦੀ ਮੌਤ 8 ਅਪ੍ਰੈਲ 1894 ਨੂੰ ਹੋਈ।

ਹ. ਪੁ. - ਐਨ. ਬ੍ਰਿ. 5:348 ; ਐਨ. ਬ੍ਰਿ. ਮਾ. 2:781 ; ਡਿ. ਨੈ. ਬਾ.

**ਚੈਟਰਟਨ ਟਾਮਸ** : ਅੰਗਰੇਜ਼ੀ ਦੇ ਇਸ ਪ੍ਰਸਿੱਧ ਤੇ ਸਭ ਤੋਂ ਛੋਟੀ ਉਮਰ ਦੇ ਕਵੀ ਦਾ ਜਨਮ ਬ੍ਰਿਸਟਲ ਵਿਖੇ 20 ਨਵੰਬਰ, 1752 ਨੂੰ ਇਕ ਗਰੀਬ ਸਕੂਲ ਅਧਿਆਪਕ ਦੇ ਘਰ ਹੋਇਆ। ਇਸ ਦਾ ਪਿਤਾ ਇਸ ਦੇ ਜਨਮ ਤੋਂ ਪਹਿਲਾਂ ਹੀ ਮਰ ਗਿਆ। ਇਸ ਦਾ ਬਚਪਨ ਬੜਾ ਦੁਖਮਈ ਸੀ ਅਤੇ ਪਹਿਲਾਂ ਪਹਿਲਾਂ ਇਹ ਪੜ੍ਹਨ ਵਿਚ ਬਹੁਤ ਢਿੱਲਾ ਸੀ ਪਰ ਇਸਦੇ ਸਾਥੀ ਬੱਚੇ ਇਸਨੂੰ ਆਪਣਾ ਸਰਦਾਰ ਮੰਨਦੇ ਸਨ। ਨਾਲ ਹੀ ਸੇਂਟ ਮੇਰੀ ਹੈਡਕਲਿਫ਼ ਚਰਚ ਵਿਚ ਇਸ ਦਾ ਚਾਚਾ ਪਾਦਰੀ ਸੀ। ਚਰਚ ਵਿਚ ਅਚਾਨਕ ਹੀ ਇਸ ਨੂੰ ਆਪਣੀ ਉਮਰ ਤੋਂ ਬਹੁਤ ਪਹਿਲਾਂ ਪੜ੍ਹਨਾ ਲਿਖਣਾ ਆ ਗਿਆ। ਉੱਥੇ ਹੀ ਇਸ ਨੇ ਖ਼ੂਬ ਲਿਖਣਾ ਅਰੰਭ ਕੀਤਾ। ਸੰਨ 1770 ਵਿਚ 17 ਸਾਲਾਂ ਦੀ ਉਮਰ ਵਿਚ ਹੀ ਇਸਦੀ ਮੌਤ ਹੋ ਗਈ ਅਤੇ ਇੰਨੇ ਥੋੜੇ ਜਿਹੇ ਸਮੇਂ ਵਿਚ ਇਸ ਨੇ ਕਵਿਤਾ ਦੇ 600 ਪੰਨਿਆਂ ਤੋਂ ਇਲਾਵਾ ਵਾਰਤਕ ਦੇ ਪੈਂਫਲਿਟ ਅਤੇ ਪੱਤਰ ਛਪਵਾਏ। ਸੱਤ ਸਾਲ ਦੀ ਉਮਰ ਵਿਚ ਕੋਲਸਟਨ ਸਕੂਲ ਵਿਚ ਦਾਖ਼ਲ ਹੋਇਆ ਜਿੱਥੇ ਇਸ ਨੇ ਅੰਗਰੇਜ਼ੀ ਤੋਂ ਸਿਵਾ ਹੋਰ ਕੋਈ ਭਾਸ਼ਾ ਨਹੀਂ ਸਿੱਖੀ। ਇਸ ਨੇ ਆਪਣਾ ਅਧਿਐਨ ਆਜ਼ਾਦਾਨਾ ਤੌਰ ਤੇ ਕੀਤਾ। 10 ਸਾਲਾਂ ਦੀ ਉਮਰ ਵਿਚ ਇਸ ਦੀ ਸਭ ਤੋਂ ਪਹਿਲੀ ਕਵਿਤਾ **'On the last Epiphany'** ਛਪੀ, ਜਿਹੜੀ ਕਿ ਬੜੀ ਵਿਦਵਤਾ ਭਰਪੂਰ ਸੀ। ਇਹ 11 ਸਾਲਾਂ ਦਾ ਸੀ, ਜਦੋਂ ਇਸ ਨੇ **'Elinowic and Juga'** ਨਾਂ ਦੀ 15ਵੀਂ ਸਦੀ ਦੀ ਪ੍ਰਾਚੀਨ ਕਵਿਤਾ ਦੇ ਖਰੜੇ ਨੂੰ ਤੋੜ ਮਰੋੜ ਕੇ ਨਵੇਂ ਰੂਪ ਵਿਚ ਪੇਸ਼ ਕੀਤਾ। ਇਸ ਦੀ ਬਹੁਤ ਵਾਹਵਾ ਹੋਈ ਅਤੇ ਇਸ ਨਾਲ ਇਸ ਦਾ ਹੌਂਸਲਾ ਬਹੁਤ ਵੱਧ ਗਿਆ ਅਤੇ ਪ੍ਰਾਚੀਨ ਲਿਖਤਾਂ ਨੂੰ ਨਵੇਂ ਰੂਪ ਵਿਚ ਪੇਸ਼ ਕਰਨਾ ਇਸ ਲਈ ਇਕ ਖ਼ੁਸ਼ੀ ਭਰੀ ਖੇਡ ਬਣ ਗਈ।

ਆਪਣੇ ਇਕੱਲਪੁਣੇ ਅਤੇ ਸੁਪਨਿਆਂ ਦੇ ਆਧਾਰ ਤੇ ਇਸ ਨੇ 15ਵੀਂ ਸਦੀ ਦੇ ਭੂਤਕਾਲ ਨੂੰ ਵਰਤਮਾਨ ਵਿਚ ਦੋ ਅਰਥੀ ਕਵਿਤਾ ਵਿਚ ਪੇਸ਼ ਕੀਤਾ। ਇਸ ਕਲਪਿਤ ਸੰਸਾਰ ਲਈ ਇਸ ਦਾ ਨਾਇਕ ਤੇ ਲੇਖਕ ਕਲਪਿਤ ਟੱਮਸ ਰਾਉਲੇ ਨਾਂ ਦਾ ਇਕ ਸਾਊ ਪਾਦਰੀ ਸੀ। ਸੰਨ 1767 ਵਿਚ ਇਹ ਬਰਿਸਟਨ ਵਿਖੇ ਇਕ ਅਟਾਰਨੀ ਪਾਸ ਕੰਮ ਸਿੱਖਣ ਲੱਗਾ। ਇਹ ਕੰਮ ਘਟੀਆ ਜਿਹਾ ਹੀ ਸੀ। ਇਸ ਲਈ ਇਹ ਆਪਣਾ ਵਧੇਰਾ ਸਮਾਂ ਲਿਖਣ ਵਿਚ ਹੀ ਲਗਾਉਂਦਾ। ਇਹ ਪੁਰਾਣੇ ਹੱਥ ਲਿਖਤ ਖਰੜਿਆਂ ਨੂੰ ਨਵੇਂ ਰੂਪ ਵਿਚ ਪੇਸ਼ ਕਰਦਾ। ਹੋਰੇਸ ਅਤੇ ਵਾਲਪੋਲ ਵਰਗੇ ਪ੍ਰਕਾਸ਼ਕ ਇਸ ਦੀ ਜਾਅਲਸਾਜ਼ੀ ਬਾਰੇ ਜਾਣ ਗਏ ਅਤੇ ਉਨ੍ਹਾਂ ਨੇ ਉਹ ਕਵਿਤਾਵਾਂ ਨਾ ਛਾਪੀਆਂ।

ਸੰਨ 1770 ਵਿਚ ਚੈਟਰਟਨ ਲੰਡਨ ਚਲਾ ਗਿਆ। ਉੱਥੇ ਇਸਨੇ ਇਕ ਪੜਛੱਤੀ ਤੇ ਰਹਿ ਕੇ ਬੇਸ਼ੁਮਾਰ ਵਿਅੰਗਾਤਮਕ ਕਵਿਤਾਵਾਂ ਅਤੇ ਪੈਂਫਲਿਟ ਲਿਖੇ। ਇਨ੍ਹਾਂ ਕਵਿਤਾਵਾਂ ਵਿਚ ਉਸ ਦੀ ਬਹੁਤ ਹੀ ਦਰਦ ਭਰੀ ਕਲਾ **'An Excelente Balade of Charitie'** ਵੀ ਸ਼ਾਮਲ ਸੀ। ਉਹ ਭੁੱਖਾ ਰਹਿੰਦਾ ਸੀ ਪਰ ਦੋਸਤਾਂ ਦਾ ਖਾਣਾ ਕਬੂਲ ਨਹੀਂ ਕਰਦਾ ਸੀ। ਅੰਤ ਆਪਣੀ ਗਰੀਬੀ ਤੋਂ ਤੰਗ ਆ ਕੇ 24 ਅਗਸਤ 1770 ਨੂੰ ਜ਼ਹਿਰ ਖਾ ਕੇ ਆਤਮਘਾਤ ਕਰ ਲਿਆ। ਇਸ ਦੀ ਮੌਤ ਮਗਰੋਂ ਇਸ ਦੀ ਪ੍ਰਸਿੱਧੀ ਸ਼ੁਰੂ ਹੋਈ।

ਹ. ਪੁ. –ਐਵ. ਐਨ. 3:318 ; ਐਨ. ਬ੍ਰਿ. ਮਾ. 2:781

**ਚੈਟਰਰ** : ਇਹ ਪੈਸੈਰੀਫ਼ੌਰਮੀਜ਼ ਵਰਗ ਦੇ ਟਿਰੈਨਾਈ ਉਪ-ਵਰਗ ਦੀ ਕੋਟਿੰਜਡੀ ਕੁਲ ਦੇ ਪੰਛੀਆਂ ਲਈ ਇਕ ਆਮ ਨਾਂ ਹੈ। ਇਹ ਪੰਛੀ ਦੱਖਣੀ ਅਤੇ ਉੱਤਰੀ ਅਮਰੀਕਾ ਦੇ ਜੰਗਲਾਂ ਵਿਚ ਮਿਲਦੇ ਹਨ ਅਤੇ ਮੁੱਖ ਤੌਰ ਤੇ ਫਲਾਂ ਤੇ ਆਹਾਰ ਕਰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਪ੍ਰਜਾਤੀਆਂ ਰੂਪੀਕੋਲਾ ਸੈਫ਼ੇਲੋਪਟੈਰਸ ਅਤੇ ਪ੍ਰੋਕਨੀਅਸ ਹਨ। ਰੂਪੀਕੋਲਾ ਪ੍ਰਜਾਤੀ ਦੇ ਮੁਰਗਾ ਨੁਮਾ ਪੰਛੀ ਆਮ ਤੌਰ ਤੇ ਚਟਾਨਾਂ ਵਿਚ ਰਹਿੰਦੇ ਹਨ। ਸੈਫ਼ੇਲੋਪਟੈਰਸ, ਛਤਰੀ ਵਰਗੇ ਜਦੋਂ ਕਿ ਪ੍ਰੋਕਨੀਅਸ ਪ੍ਰਜਾਤੀ ਦੇ ਪੰਛੀ ਘੰਟੀ ਵੱਜਣ ਵਰਗੀ ਆਵਾਜ਼ ਕੱਢਦੇ ਹਨ। ਰੂਪੀਕੋਲਾ ਪ੍ਰਜਾਤੀ ਦੇ ਮੁਰਗਿਆਂ ਦੇ ਖੰਭਾਂ ਦਾ ਰੰਗ ਸ਼ੋਖ ਚਮਕਦਾ ਲਾਲ ਜਾਂ ਸੰਤਰੀ ਹੁੰਦਾ ਹੈ। ਇਸ ਦੀ ਇਕ ਬੜੀ ਸ਼ਾਨਦਾਰ ਕਲਗੀ ਹੁੰਦੀ ਹੈ ਜਿਸ ਕਰਕੇ ਮਾਦਾ ਇਨ੍ਹਾਂ ਨੂੰ ਬੜੀ ਦੂਰ ਤੋਂ ਹੀ ਪਛਾਣ ਲੈਂਦੀਆਂ ਹਨ। ਬਦੇਸ਼ੀ ਚੈਟਰਰਾਂ ਵਿਚੋਂ ਪਾਮਪੱਡੋਅਰ ਚੈਟਰਰ (**Xipholena Pompadora**) ਪ੍ਰਮੁੱਖ ਹੈ। ਇਸ ਦੇ ਪਰ ਚਿੱਟੇ ਅਤੇ ਖੰਭ ਸ਼ੋਖ ਰਸ-ਭਰੀ ਰੰਗੇ ਅਤੇ ਵਾਲਾਂ ਵਰਗੇ ਹੁੰਦੇ ਹਨ।

ਹ. ਪੁ. –ਐਨ. ਬ੍ਰਿ. 5:348 ; ਟ੍ਰਾ. ਬ. : 27

**ਚੈਟਲ ਹੈਨਰੀ** : ਇਹ ਐਲਿਜ਼ਬੈੱਥ ਕਾਲ ਦਾ ਇਕ ਪ੍ਰਸਿੱਧ ਅੰਗਰੇਜ਼ੀ ਨਾਟਕਕਾਰ ਸੀ। ਇਸ ਦਾ ਜਨਮ 1560 ਈ. ਦੇ ਨੇੜੇ ਹੋਇਆ। ਇਸ ਨੇ ਇਕ ਪ੍ਰਕਾਸ਼ਕ ਦੇ ਤੌਰ ਤੇ ਕੰਮ ਅਰੰਭ ਕੀਤਾ ਅਤੇ ਇਸ ਦੌਰਾਨ ਕਈ ਵੱਡੇ-ਵੱਡੇ ਲੇਖਕਾਂ ਨਾਲ ਇਸ ਦੀ ਜਾਣ-ਪਛਾਣ ਹੋ ਗਈ। ਰਾਬਰਟ ਗ੍ਰੀਨ ਦੀ ਮੌਤ ਮਗਰੋਂ ਇਸ ਨੇ ਉਸ ਦੀ ਰਚਨਾ 'ਗ੍ਰੋਟਸਵਰਥ ਆਫ਼ ਵਿੱਟ' (1592) ਪ੍ਰਕਾਸ਼ਿਤ ਕੀਤੀ। ਇਸ ਪੁਸਤਕ ਵਿਚ ਸ਼ੈਕਸਪੀਅਰ ਨੂੰ ਖ਼ੂਬ ਭੰਡਿਆ ਗਿਆ ਸੀ। ਪਰ ਇਸ ਨੇ ਆਪਣੀ ਵਿਅੰਗਮਈ ਪੁਸਤਕ 'ਕਾਈਂਡ ਹਾਰਟਸ ਡ੍ਰੀਮ' ਵਿਚ ਇਸ ਨੂੰ ਖ਼ੂਬ ਸਲਾਹਿਆ। 1598 ਤੋਂ 1603 ਤੱਕ ਲਿਖੇ ਗਏ 49 ਨਾਟਕਾਂ ਵਿਚ ਇਸ ਦਾ ਹੱਥ ਸੀ। ਇਨ੍ਹਾਂ ਵਿਚੋਂ ਕੇਵਲ ਪੰਜ ਨਾਟਕ ਹੀ ਪ੍ਰਕਾਸ਼ਿਤ ਹੋਏ। ਇਨ੍ਹਾਂ ਪੰਜਾਂ ਵਿਚੋਂ ਇਕ ਨਾਟਕ 'ਦੀ ਟ੍ਰੈਜਡੀ ਆਫ਼ ਹੱਫ਼ਮੈਨ' ਇਸ ਦਾ ਆਪਣਾ ਲਿਖਿਆ ਹੋਇਆ ਹੈ। ਇਸ ਦੀ ਮੌਤ ਲਗਭਗ 1607 ਈ. ਵਿਚ ਹੋਈ।

ਹ. ਪੁ. - ਐਨ. ਬ੍ਰਿ. ਮਾ. 2

**ਚੈਟਾਹੂਚੀ** : ਇਹ ਸੰਯੁਕਤ ਰਾਜ ਅਮਰੀਕਾ ਦੇ ਜਾਰਜੀਆ ਰਾਜ ਦੇ ਉੱਤਰ-ਪੂਰਬੀ ਖੇਤਰ ਦਾ ਦਰਿਆ ਹੈ ਜੋ ਬਲਿਊ ਰਿੱਜ ਪਰਬਤਾਂ ਵਿਚੋਂ ਨਿਕਲਦਾ ਹੈ। ਆਪਣੇ ਸ੍ਰੋਤ ਤੋਂ ਪਹਿਲਾਂ ਇਹ ਪੱਛਮ ਵੱਲ ਫਿਰ ਦੱਖਣ ਵੱਲ ਵਹਿੰਦਾ ਹੋਇਆ ਜਾਰਜੀਆ ਅਤੇ ਐਲਾਬਾਮਾ ਵਿਚਕਾਰ ਅਤੇ ਫਿਰ ਜਾਰਜੀਆ ਅਤੇ ਫਲੋਰਿਡਾ ਵਿਚਕਾਰ ਹੱਦ ਬਣਾਉਂਦਾ ਹੋਇਆ ਅੱਗੇ ਚੈਟਾਹੂਚੀ ਸ਼ਹਿਰ ਨੇੜੇ 702 ਕਿ. ਮੀ. ਦਾ ਮਾਰਗ ਤੈਅ ਕਰਨ ਪਿੱਛੋਂ ਫਲਿੰਟ ਦਰਿਆ ਨਾਲ ਰਲ ਜਾਂਦਾ ਹੈ। ਇਥੇ ਇਸ ਦਾ ਨਾਂ ਐਪਾਲੈਚੀਕੋਲਾ ਪੈ ਜਾਂਦਾ ਹੈ। ਇਸ ਵਿਚ ਇਸ ਦੇ ਮੁਹਾਣੇ ਤੋਂ ਕੋਲੰਬਸ ਤੱਕ ਜਹਾਜ਼ਰਾਨੀ ਹੁੰਦੀ ਹੈ। ਕੋਲੰਬਸ ਦੇ ਉੱਤਰ ਵੱਲ ਬਾਰਲੈੱਟਫੈਰੀ ਅਤੇ ਗੋਟ ਰਾਕ ਦੋ ਬੰਨ੍ਹ ਬਣੇ ਹੋਏ ਹਨ। ਫਲਿੰਟ ਦਰਿਆ ਵਾਲੇ ਸੰਗਮ ਉੱਤੇ ਜ਼ਿਮ ਵੁੱਡਰਫ ਡੈਮ ਬਣਾਇਆ ਗਿਆ ਹੈ, ਇਸੇ ਡੈਮ ਕਰਕੇ ਸੈਮੀਨੋਲ ਝੀਲ ਬਣੀ ਹੋਈ ਹੈ।

ਇਸ ਦਰਿਆ ਤੋਂ ਪ੍ਰਭਾਵਿਤ ਹੋ ਕੇ ਸਿਡਨੀ ਲੇਨੀਅਰ (Sidney Laner) ਨੇ 'ਦੀ ਸਾਂਗ ਆਫ਼ ਦੀ ਚੈਟਾਹੂਚੀ' ਕਵਿਤਾ ਲਿਖੀ ਸੀ।

30° 52′ ਉ. ਵਿਥ. ; 84° 57′ ਪੱ. ਲੰਬ.

ਹ. ਪੁ. –ਐਨ. ਬ੍ਰਿ. ਮਾ. 2:780 ; ਐਨ. ਅਮੈ. 6.355

**ਚੈਟੀ** : ਇਹ ਜਰਮਨੀ ਦਾ ਇਕ ਕਬੀਲਾ ਸੀ। ਮੁੱਢ ਵਿਚ ਇਹ ਲੋਕ ਫੇਜ਼ਰ ਦਰਿਆ ਦੇ ਨਜ਼ਦੀਕ ਦੇ ਖੇਤਰ ਵਿਚ ਵੱਸੇ ਹੋਏ ਸਨ। ਪਹਿਲੀ ਈਸਵੀ ਵਿਚ ਇਸ ਕਬੀਲੇ ਦੇ ਲੋਕਾਂ ਨੇ ਰੋਮਨਾਂ ਦਾ ਤਕੜਾ

ਵਿਰੋਧ ਕੀਤਾ। ਇਸ ਸਮੇਂ ਇਹ ਲੋਕ ਆਪਣੇ ਮੁੱਢਲੇ ਸਥਾਨ ਤੋਂ ਆਪਣੇ ਕਈ ਗਵਾਂਢੀ ਕਬੀਲਿਆਂ ਨੂੰ ਹਰਾਉਂਦੇ ਹੋਏ ਟੋਰਸ ਪਹਾੜਾਂ ਨੂੰ ਪਾਰ ਕਰਕੇ ਮੇਨ ਦਰਿਆ ਦੀ ਵਾਦੀ ਤੱਕ ਵਸ ਗਏ। 83 ਈ. ਪੂ. ਵਿਚ ਡਾਮਿਸ਼ਨ (Domitian) ਬਾਦਸ਼ਾਹ ਨੇ ਇਨ੍ਹਾਂ ਨੂੰ ਇਥੋਂ ਵਾਪਸ ਕਰ ਦਿੱਤਾ ਪਰ ਇਹ ਰੋਮਨਾਂ ਨੂੰ ਲਗਾਤਾਰ ਤੰਗ ਕਰਦੇ ਰਹੇ। ਸੰਨ 89 ਵਿਚ ਅਪਰ ਜਰਮਨੀ ਦੇ ਇਕ ਬਾਗ਼ੀ ਗਵਰਨਰ ਨਾਲ ਰਲ ਕੇ ਇਨ੍ਹਾਂ ਨੇ ਸੰਨ 162,170 ਅਤੇ ਫਿਰ 213 ਵਿਚ ਕਈ ਵਾਰੀ ਰੋਮਨ ਖੇਤਰ ਨੂੰ ਲੁੱਟਿਆ। ਸ਼ਾਇਦ ਤੀਜੀ ਸਦੀ ਵਿਚ ਫਰੈਂਕ ਦੀ ਕੁਲੀਸ਼ਨ ਸਰਕਾਰ ਬਣਨ ਸਮੇਂ ਇਨ੍ਹਾਂ ਨੂੰ ਮਾਨਤਾ ਦੇ ਦਿੱਤੀ ਗਈ। ਆਧੁਨਿਕ ਜਰਮਨੀ ਦੇ ਹੇਸੀ ਖੇਤਰ ਦਾ ਨਾਂ ਚੈਟੀ ਕਬੀਲੇ ਤੋਂ ਹੀ ਬਣਿਆ ਹੈ।

ਹ. ਪੁ.–ਐਨ. ਬ੍ਰਿ. ਮਾ. 2:782 ; ਐਨ. ਬ੍ਰਿ. 5:350

**ਚੈਟੈਮ ਦੀਪ ਸਮੂਹ** : ਇਹ ਨਿਊਜ਼ੀਲੈਂਡ ਤੋਂ ਕੋਈ 800 ਕਿ. ਮੀ. ਦੂਰ ਪੂਰਬ ਵੱਲ ਦੱਖਣੀ ਸ਼ਾਂਤ ਮਹਾਂਸਾਗਰ ਵਿਚ ਇਕ ਦੀਪ ਸਮੂਹ ਹੈ ਜਿਸ ਦਾ ਰਕਬਾ 963 ਵ. ਕਿ. ਮੀ. ਅਤੇ ਆਬਾਦੀ 770 (1983) ਹੈ। ਇਸ ਦੀਪ ਸਮੂਹ ਵਿਚ 10 ਦੀਪ ਹਨ। ਇਹ ਸਾਰੇ ਦੀਪ ਜਵਾਲਾਮੁਖੀ ਕਿਸਮ ਦੇ ਹਨ ਪਰ ਚੂਨਾ ਪੱਥਰ ਵਾਲੇ ਖੇਤਰਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਕਿਸੇ ਸਮੇਂ ਨਿਊਜ਼ੀਲੈਂਡ ਦਾ ਭਾਗ ਰਹੇ ਹੋਣਗੇ। ਇਸ ਦੀਪ ਸਮੂਹ ਵਿਚ ਚੈਟੈਮ ਦੀਪ ਸਭ ਤੋਂ ਵੱਡਾ ਹੈ ਜਿਸ ਦਾ ਰਕਬਾ 902 ਵ. ਕਿ. ਮੀ. ਹੈ। ਇਹ ਸਮੁੰਦਰੀ ਸਤਹ ਤੋਂ 287 ਮੀ. ਉੱਚਾ ਹੈ ਅਤੇ ਇਸ ਦੇ ਲਗਭਗ ਪੰਜਵੇਂ ਭਾਗ ਵਿਚ ਮੂੰਗੇ ਵਾਲੀਆਂ ਝੀਲਾਂ ਹਨ। ਚੈਟੈਮ ਤੋਂ ਕੋਈ 21 ਕਿਲੋ ਮੀਟਰ ਦੂਰ ਇਕ ਹੋਰ ਪਿਥ ਨਾਂ ਦਾ ਦੀਪ ਹੈ ਜਿਸਦਾ ਰਕਬਾ 24 ਵਰਗ ਕਿਲੋਮੀਟਰ ਹੈ।

ਇਥੋਂ ਦੇ ਸਥਾਨਕ ਥਣਧਾਰੀ ਜੀਵ ਨਹੀਂ ਹਨ ਅਤੇ ਰੀਂਗ ਕੇ ਚੱਲਣ ਵਾਲੇ ਜੀਵ ਜੰਤੂ ਵੀ ਨਿਊਜ਼ੀਲੈਂਡ ਦੇ ਜੀਵ ਜੰਤੂਆਂ ਨਾਲ ਮਿਲਦੇ ਜੁਲਦੇ ਹਨ। ਇਥੋਂ ਦੀ ਅਸਲ ਜੰਗਲੀ ਬਨਸਪਤੀ ਵੀ ਨਹੀਂ ਰਹੀ, ਜਿਹੜੀ ਅੱਗ ਲਗਣ ਕਾਰਨ ਅਤੇ ਯੂਰਪੀਆਂ ਵੱਲੋਂ ਇਸ ਨੂੰ ਚਰਾਗਾਹਾਂ ਵਜੋਂ ਵਰਤਣ ਨਾਲ ਨਸ਼ਟ ਹੋ ਚੁੱਕੀ ਹੈ। ਇਥੋਂ ਦਾ ਜਲਵਾਯੂ ਠੰਢਾ ਅਤੇ ਸਿਲ੍ਹਾ ਹੈ। ਇਥੋਂ ਦਾ ਜੁਲਾਈ ਵਿਚ ਤਾਪਮਾਨ 7.4° ਸੈਂ. ਅਤੇ ਜਨਵਰੀ ਵਿਚ 14.2° ਸੈਂ. ਹੁੰਦਾ ਹੈ। ਇਥੇ ਸਾਲ ਵਿਚ ਅੰਦਾਜ਼ਨ 848 ਮਿ. ਮੀ. ਵਰਖਾ ਹੁੰਦੀ ਹੈ।

ਇਸ ਦੀਪ ਸਮੂਹ ਦੀ ਖੋਜ ਵਿਲੀਅਮ ਆਰ. ਬ੍ਰੋਟਨ ਨੇ 1791 ਵਿਚ 'ਚੈਟੈਮ' ਨਾਂ ਦੇ ਬਰਤਾਨਵੀ ਜਹਾਜ਼ ਉੱਪਰ ਤਾਹੀਟੀ ਨੂੰ ਜਾਣ ਸਮੇਂ ਕੀਤੀ ਸੀ। ਛੇਤੀ ਹੀ ਇਥੇ ਸੀਲ ਅਤੇ ਵ੍ਹੇਲ ਮੱਛੀ ਨੂੰ ਫੜਨ ਦਾ ਕਾਰੋਬਾਰ ਸ਼ੁਰੂ ਹੋ ਗਿਆ ਜਿਹੜਾ 1861 ਤੀਕ ਚੱਲਦਾ ਰਿਹਾ। ਇਸ ਪਿੱਛੋਂ 1865 ਵਿਚ ਇਥੇ ਭੇਡਾਂ ਪਾਲਣੀਆਂ ਸ਼ੁਰੂ ਕੀਤੀਆਂ ਗਈਆਂ। ਭਾਵੇਂ ਅਲੱਗ ਜਿਹਾ ਹੋਣ ਕਰਕੇ ਇਥੇ ਉਦਯੋਗ ਵਿਕਸਿਤ ਨਹੀਂ ਹੋ ਸਕਿਆ ਫਿਰ ਵੀ ਭੇਡਾਂ ਪਾਲਣਾ ਅਤੇ ਉੱਨ ਬਾਹਰ ਭੇਜਣਾ ਇਥੋਂ ਦੀ ਆਰਥਿਕਤਾ ਦਾ ਮੁੱਖ ਆਧਾਰ ਹੈ। ਇਸ ਤੋਂ ਇਲਾਵਾ ਲੋਕ ਮੱਛੀ ਫੜਨ ਦਾ ਕੰਮ ਵੀ ਕਰਦੇ ਹਨ। ਇਥੇ ਲਗਭਗ 10000 ਏਕੜ ਜ਼ਮੀਨ ਵਿਚ ਕੱਚਾ ਕੋਲਾ ਵੀ ਹੈ ਜਿਸ ਨੂੰ ਵਰਤੋਂ ਵਿਚ ਲਿਆਉਣ ਲਈ ਵਿਚਾਰ ਕੀਤੀ ਜਾ ਰਹੀ ਹੈ।

ਸੰਨ 1842 ਵਿਚ ਇਨ੍ਹਾਂ ਟਾਪੂਆਂ ਨੂੰ ਨਿਊਜ਼ੀਲੈਂਡ ਨਾਲ ਮਿਲਾ ਲਿਆ ਗਿਆ ਸੀ। ਇਥੋਂ ਦਾ ਪ੍ਰਬੰਧ ਸਥਾਨਕ ਕਮਿਸ਼ਨਰ ਵੱਲੋਂ ਚਲਾਇਆ ਜਾਂਦਾ ਹੈ। ਇਥੇ ਜ਼ਿਆਦਾ ਵਸੋਂ ਯੂਰਪੀਅਨਾਂ ਦੀ ਹੈ ਅਤੇ ਕੁਝ-ਕੁ ਮੈਯੂਰੀ ਵੀ ਰਹਿੰਦੇ ਹਨ।

ਹ. ਪੁ. -ਐਨ. ਬ੍ਰਿ. ਮਾ. 3:780

**ਚੈਡਵਿਕ, ਸਰ ਐਡਵਿਨ** : ਇੰਗਲੈਂਡ ਦੇ ਇਸ ਸਮਾਜ ਸੁਧਾਰਕ ਅਤੇ ਲੇਖਕ ਦਾ ਜਨਮ 24 ਜਨਵਰੀ, 1800 ਨੂੰ ਮਾਨਚੈਸਟਰ ਦੇ ਨੇੜੇ ਲਾਗਸਾਈਟ ਵਿਖੇ ਹੋਇਆ। ਇਸ ਨੇ ਆਪਣੀਆਂ ਲਿਖਤਾਂ ਵਿਚ ਇੰਗਲੈਂਡ ਵਿਚ ਸਫ਼ਾਈ ਦੇ ਸੁਧਾਰਾਂ ਅਤੇ ਸੰਬੰਧਿਤ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ।

ਸੰਨ 1832 ਵਿਚ ਚੈਡਵਿਕ ਨੂੰ ਰਾੱਇਲ ਕਮਿਸ਼ਨ ਵੱਲੋਂ ਗਰੀਬਾਂ ਸਬੰਧੀ ਕਾਨੂੰਨਾਂ ਵਿਚ ਸੁਧਾਰ ਕਰਨ ਲਈ ਇਕ ਪੜਤਾਲੀਆ ਵਜੋਂ ਨਿਯੁਕਤ ਕੀਤਾ ਗਿਆ ਸੀ। ਮਗਰੋਂ 1834 ਤੋਂ 1846 ਤੱਕ ਇਹ ਕਮਿਸ਼ਨ ਦਾ ਸਕੱਤਰ ਰਿਹਾ। ਇਕ ਸਹਿਯੋਗੀ ਦੀ ਮੱਦਦ ਨਾਲ ਇਸ ਨੇ ਸੰਨ 1834 ਦੀ ਰੀਪੋਰਟ ਚੈਡਰਿਕ, ਸਰਜੇਗਜ਼ ਦਾ ਖਰੜਾ ਤਿਆਰ ਕੀਤਾ ਜਿਸ ਦੇ ਸਿੱਟੇ ਵਜੋਂ ਇੰਗਲੈਂਡ ਵਿਚ ਸਿਹਤ ਬਚਾਉ ਅਤੇ ਸਮਾਜਕ ਸਮੱਸਿਆਵਾਂ ਦੀ ਨਿਗਰਾਨੀ ਲਈ ਕਾਨੂੰਨ ਬਣਿਆ ਅਤੇ ਰਾਸ਼ਟਰੀ ਪ੍ਰੋਗਰਾਮ ਆਰੰਭਿਆ ਗਿਆ।

ਇੰਗਲੈਂਡ ਨੂੰ ਸਿਹਤ ਅਤੇ ਸਫ਼ਾਈ ਦੇ ਮੰਤਵ ਲਈ ਛੋਟੀਆਂ ਛੋਟੀਆਂ ਸਥਾਨਕ ਇਕਾਈਆਂ ਵਿਚ ਵੰਡਣ ਦਾ ਸਿਹਰਾ ਚੈਡਵਿਕ ਦੇ ਸਿਰ ਬੱਝਦਾ ਹੈ।

ਮਗਰੋਂ 1848 ਤੋਂ 1854 ਤੱਕ ਚੈਡਵਿਕ ਬੋਰਡ ਆਫ਼ ਹੈਲਥ ਦਾ ਕਮਿਸ਼ਨਰ ਰਿਹਾ। ਇਸ ਸੇਵਾ ਦੌਰਾਨ ਇਸ ਦੀਆਂ ਕੋਸ਼ਿਸ਼ਾਂ ਨਾਲ ਸੰਨ 1848 ਦਾ 'ਪਬਲਿਕ ਹੈਲਥ ਐਕਟ' ਪਾਸ ਹੋਇਆ।

'ਰੀਪੋਰਟ ਆਨ ਐਨ ਐਨਕੁਐਰੀ ਇਨ ਟੂ ਦੀ ਸੈਨੇਟਰੀ ਕਾਂਡੀਸ਼ਨ ਆਫ਼ ਦੀ ਲੈਬਰਿੰਗ ਪਾਪੂਲੇਸ਼ਨ ਆਫ਼ ਗ੍ਰੇਟ ਬ੍ਰਿਟੇਨ' ਇਸ ਦੀਆਂ ਇਤਿਹਾਸਕ ਲਿਖਤਾਂ ਵਿਚੋਂ ਇਕ ਹੈ। 6 ਜੁਲਾਈ, 1890 ਨੂੰ ਸਰੇ ਵਿਚ ਈਸਟ ਸ਼ੀਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 2:705 ; ਚੈਂ. ਐਨ. 3:251

**ਚੈਡਵਿਕ, ਸਰ ਜੇਮਜ਼** : ਇੰਗਲੈਂਡ ਦੇ ਇਸ ਭੌਤਿਕ ਵਿਗਿਆਨੀ ਦਾ ਜਨਮ 20 ਅਕਤੂਬਰ, 1891 ਨੂੰ ਮਾਨਚੈਸਟਰ ਵਿਖੇ ਹੋਇਆ। ਮਾਨਚੈਸਟਰ ਤੋਂ ਵਿੱਦਿਆ ਪ੍ਰਾਪਤ ਕਰਨ ਉਪਰੰਤ 1911 ਤੋਂ ਮਗਰੋਂ ਲਗਭਗ 10 ਸਾਲ ਤੱਕ ਇਸ ਨੇ ਦੇਸ਼ ਬਦੇਸ਼ ਦੀਆਂ ਪ੍ਰਯੋਗਸ਼ਾਲਾਵਾਂ ਵਿਚ ਐਟਾਮਿਕ ਵਿਘਟਨ ਸਬੰਧੀ ਖੋਜਾਂ ਕੀਤੀਆਂ।

ਸੰਨ 1923 ਵਿਚ ਇਹ ਕੈਵੇਂਡਿਸ਼ ਪ੍ਰਯੋਗਸ਼ਾਲਾ ਵਿਚ ਸਹਾਇਕ ਡਾਇਰੈਕਟਰ ਅਤੇ 1935 ਵਿਚ ਲਿਵਰਪੂਲ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਰਿਹਾ। ਸੰਨ 1927 ਵਿਚ ਇਹ ਰਾੱਇਲ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ ਅਤੇ 1945 ਵਿਚ ਇਸਨੂੰ 'ਸਰ' ਦੀ ਉਪਾਧੀ ਮਿਲੀ।

ਸੰਨ 1930-32 ਵਿਚ ਬੋਥੇ ਅਤੇ ਬੈਕਰ ਨੇ ਬੈਰੀਲੀਅਮ ਉੱਤੇ ਐਲਫਾ ਕਣਾਂ ਦੀ ਬੁਛਾੜ ਪਾ ਕੇ ਇਹ ਸਿੱਧ ਕੀਤਾ ਕਿ ਬੈਰੀਲੀਅਮ ਉੱਤੇ ਇਨ੍ਹਾਂ ਕਣਾਂ ਦੇ ਟਕਰਾਉਣ ਨਾਲ ਸ਼ਕਤੀਸ਼ਾਲੀ ਕਿਰਨਾਂ ਨਿਕਲਦੀਆਂ ਹਨ। ਸੰਨ 1932 ਵਿਚ ਚੈਡਵਿਕ ਨੇ ਇਨ੍ਹਾਂ ਕਿਰਨਾਂ ਦੇ ਗੁਣਾਂ ਦੀ ਪਰਖ ਕਰਕੇ ਇਹ ਸਿੱਧ ਕੀਤਾ ਕਿ ਅਸਲ ਵਿਚ ਇਹ ਪ੍ਰਕਾਸ਼-ਕਿਰਨਾਂ ਗੈਮਾ ਕਿਸਮ ਦੀਆਂ ਨਹੀਂ ਹਨ ਸਗੋਂ ਇਹ ਛੋਟੇ-ਛੋਟੇ ਕਣਾਂ ਦੀ ਬੁਛਾੜ ਹੈ ਜਿਹੜੇ ਕਿ ਬਿਜਲਈ ਤੌਰ ਤੇ ਉਦਾਸੀਨ ਹਨ। ਇਨ੍ਹਾਂ ਕਣਾਂ ਦਾ ਭਾਰ ਪ੍ਰੋਟਾੱਨ ਦੇ ਭਾਰ ਦੇ ਬਰਾਬਰ ਹੁੰਦਾ ਹੈ। ਚੈਡਵਿਕ ਨੇ ਇਨ੍ਹਾਂ ਕਣਾਂ ਨੂੰ 'ਨਿਊਟ੍ਰਾੱਨ' ਆਖਿਆ। ਨਿਊਟ੍ਰਾੱਨ ਦੀ ਖੋਜ ਨਾਲ ਐਟਾਮਿਕ ਨਿਊਕਲੀਅਸ ਦੀ ਸਹੀ ਰਚਨਾ ਦਾ ਪਤਾ ਲੱਗਾ ਕਿ ਹੀਲੀਅਮ ਨਿਊਕਲੀਅਸ ਵਿਚ 2 ਪ੍ਰੋਟਾੱਨ ਤੇ ਨਿਊਟ੍ਰਾੱਨ ਹਨ ਅਤੇ ਲਿਥੀਅਮ ਦੇ ਨਿਊਕਲੀਅਸ ਵਿਚ 3 ਪ੍ਰੋਟਾੱਨ ਤੇ ਨਿਊਟ੍ਰਾੱਨ ਹਨ। ਐਟਾਮਿਕ ਵਿਘਟਨ ਅਤੇ ਐਟਾਮਿਕ ਵਿਖੰਡਨ ਦੇ ਪ੍ਰਯੋਗਾਂ ਲਈ ਨਿਊਟ੍ਰਾੱਨ ਵਿਸ਼ੇਸ਼ ਮਹੱਤਵਪੂਰਨ ਸਾਬਤ ਹੋਏ ਕਿਉਂਕਿ ਇਨ੍ਹਾਂ ਉੱਤੇ ਕੋਈ ਚਾਰਜ ਨਾ ਹੋਣ ਕਾਰਨ ਇਹ ਐਟਮ ਦੇ ਨਿਊਕਲੀਅਸ ਵਿਚ ਆਸਾਨੀ ਨਾਲ ਦਾਖ਼ਲ ਹੋ ਜਾਂਦੇ ਹਨ। ਨਿਊਟ੍ਰਾੱਨ ਦੀ ਖੋਜ ਲਈ ਸੰਨ 1935 ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਚੈਡਵਿਕ ਨੇ ਪ੍ਰਾਪਤ ਕੀਤਾ।

ਇਸਨੇ ਰੇਡੀਓ-ਐਕਟਿਵਤਾ ਅਤੇ ਇਸ ਨਾਲ ਸਬੰਧਤ ਸਮੱਸਿਆਵਾਂ ਦੀਆਂ ਖੋਜਾਂ ਬਾਰੇ ਕਈ ਖੋਜ ਪੱਤਰ ਛਾਪੇ। ਇਸ ਨੇ ਇਕ ਪੁਸਤਕ "Radiations From Radioactive Substances" (1930) ਵੀ ਲਿਖੀ।

ਹ. ਪੁ.–ਹਿੰ. ਵਿ. ਕੋ. 4:292 ; ਐਨ. ਬ੍ਰਿ. 5:229

**ਚੈਡਵਿਕ, ਜਾਰਜ ਵਾਈਟਫ਼ੀਲਡ** : ਇਹ ਸੰਯੁਕਤ ਰਾਜ ਅਮਰੀਕਾ ਦੇ ਨਿਊ ਇੰਗਲੈਂਡ ਗਰੁਪ ਦਾ ਸੰਗੀਤਕਾਰ ਸੀ ਜਿਸ ਦਾ ਸੰਗੀਤ ਯੂਰਪੀ ਰੋਮਾਂਸਵਾਦੀ ਪਰੰਪਰਾਵਾਂ ਉੱਤੇ ਆਧਾਰਤ ਹੈ। ਇਸ ਦਾ ਜਨਮ 13 ਨਵੰਬਰ, 1854 ਨੂੰ ਮਾਸਾਚੂਸੈੱਟਸ ਰਾਜ ਵਿਚ ਨਾਵੈੱਲ ਵਿਖੇ ਹੋਇਆ। ਸੰਗੀਤ ਦੀ ਸਿੱਖਿਆ ਇਸ ਨੇ ਪਹਿਲਾਂ ਬੋਸਟਨ ਵਿਚ ਅਤੇ ਫਿਰ ਜਰਮਨੀ ਵਿਚ ਪ੍ਰਾਪਤ ਕੀਤੀ। ਸੰਨ 1880 ਵਿਚ ਅਮਰੀਕਾ ਵਾਪਸ ਆਉਣ ਤੇ ਇਹ ਬੋਸਟਨ ਵਿਚ ਨਿਊ ਇੰਗਲੈਂਡ ਕਨਜ਼ਰਵੇਟਰੀ ਵਿਖੇ ਸੰਗੀਤ ਦਾ ਇਨਸਟਰਕਟਰ ਲੱਗ ਗਿਆ ਅਤੇ 1887 ਵਿਚ ਇਥੇ ਹੀ ਡਾਇਰੈਕਟਰ ਬਣ ਗਿਆ। 4 ਅਪ੍ਰੈਲ 1931 ਵਿਚ ਆਪਣੀ ਮੌਤ ਤੱਕ ਇਹ ਇਸੇ ਪਦ ਤੇ ਰਿਹਾ।



**ਜਾਰਜ ਵਾਈਟਫ਼ੀਲਡ ਚੈਡਵਿਕ**

ਚੈਡਵਿਕ ਦੀਆਂ ਸੰਗੀਤ ਰਚਨਾਵਾਂ ਵਿਚ ਤਿੰਨ ਸਿੰਫਨੀਆਂ, 'ਰਿਪ ਵਾਨ ਵਿੰਕਲ' (1879), 'ਥਾਲੀਆ' (1883) ਤੇ 'ਐਡੋਨੇਸ' (1898) ਵਰਗੇ ਕਈ ਗੀਤ ਨਾਟਕ, ਇਕ ਪਰਹਾਸ ਓਪੇਰਾ 'ਤਾਬਾਸਕੋ' (1894), ਕਈ ਸਹਿਗਾਨ ਗੀਤ ਅਤੇ ਆਰਗਨ-ਸੰਗੀਤ ਸ਼ਾਮਲ ਹਨ। 1897 ਵਿਚ ਇਸ ਨੇ ਇਕ ਪਾਠ-ਪੁਸਤਕ 'Harmony' ਵੀ ਪ੍ਰਕਾਸ਼ਤ ਕਰਵਾਈ।

ਹ. ਪੁ.-ਐਨ. ਬ੍ਰਿ. 5:228 ; ਐਨ. ਬ੍ਰਿ. ਮਾ. 2:705

**ਚੈਡਵਿਕ, ਫ੍ਰੈਂਚ ਐਂਸਰ** : ਇਹ ਅਮਰੀਕਾ ਦਾ ਜਲ ਸੈਨਾ ਅਧਿਕਾਰੀ ਅਤੇ ਇਕ ਪ੍ਰਸਿੱਧ ਇਤਿਹਾਸਕਾਰ ਸੀ। ਇਸ ਦਾ ਜਨਮ 29 ਫ਼ਰਵਰੀ, 1844 ਈ. ਨੂੰ ਮਾਰਗਨਟਾਊਨ ਵਿਖੇ ਹੋਇਆ।

ਚੈਡਵਿਕ ਫ੍ਰੈਂਚ ਐਂਸਰ 28 ਸਤੰਬਰ, 1861 ਈ. ਵਿਚ ਐਨਾਪਾਲਿਸ ਵਿਖੇ ਸੰਯੁਕਤ ਰਾਜ ਜਲ-ਸੈਨਾ ਅਕਾਡਮੀ ਵਿਚ ਦਾਖ਼ਲ ਹੋ ਗਿਆ। 1882 ਈ. ਵਿਚ ਲੰਦਨ ਵਿਖੇ ਸੰਯੁਕਤ ਰਾਜ ਜਲ ਸੈਨਾ ਦਾ ਰਾਜਦੂਤ ਸਹਿਕਾਰੀ ਬਣਿਆ। 1892 ਈ. ਵਿਚ ਨੇਵਲ ਇਨਟੈਲੀਜੈਂਸ ਦਫ਼ਤਰ ਦਾ ਮੁੱਖੀ ਬਣਿਆ ਅਤੇ 1898 ਈ. ਵਿਚ ਯੂ. ਐਸ. ਐਸ. ਦੀ ਪੁੱਛ-ਪੜਤਾਲ ਦੀ ਮੁੱਖ ਅਦਾਲਤ ਦਾ ਮੈਂਬਰ ਬਣਿਆ। 1893 ਈ. ਵਿਚ ਜਲ-ਸੈਨਾ ਦੇ ਸਾਜ਼-ਸਮਾਨ ਦੇ ਦਫ਼ਤਰ ਦਾ ਮੁੱਖੀ ਵੀ ਰਿਹਾ। ਇਨ੍ਹਾਂ ਸੇਵਾਵਾਂ ਦੌਰਾਨ ਚੈਡਵਿਕ ਨੇ ਜਲ ਸੈਨਾ ਨੂੰ ਉੱਚਾ ਚੁੱਕਣ ਵਿਚ ਕਾਫ਼ੀ ਯੋਗਦਾਨ ਪਾਇਆ।

ਇਸ ਤੋਂ ਉਪਰੰਤ ਚੈਡਵਿਕ ਨਿਊਯਾਰਕ ਦਾ ਫ਼ੌਜਦਾਰ ਬਣ ਗਿਆ। ਇਕ ਵਿਦਵਾਨ ਅਤੇ ਯੋਗ ਅਫ਼ਸਰ ਹੋਣ ਕਾਰਨ ਇਸਨੂੰ ਸਮੁੰਦਰੀ ਬੇੜੇ ਦੇ ਕਮਾਂਡਰ ਦਾ ਅਹੁਦਾ ਪ੍ਰਾਪਤ ਹੋ ਗਿਆ ਅਤੇ ਇਸ ਤੋਂ ਮਗਰੋਂ ਦੱਖਣੀ ਅੰਧ ਮਹਾਂ ਸਾਗਰ ਦੇ ਜਹਾਜ਼ਾਂ ਦੀ ਟੁਕੜੀ ਦੀ ਕਮਾਨ ਸੰਭਾਲੀ। ਚੈਡਵਿਕ 1900 ਈ. ਤੋਂ 1903 ਈ. ਤੱਕ ਜਲ-ਸੈਨਾ ਯੁੱਧ ਕਾਲਜ ਦਾ ਪ੍ਰਧਾਨ ਵੀ ਰਿਹਾ। 1905 ਈ. ਵਿਚ ਇਹ ਜਲ-ਸੈਨਾ ਨਾਇਕ ਦੇ ਅਹੁਦੇ ਤੋਂ ਰਿਟਾਇਰ ਹੋ ਗਿਆ।

ਚੈਡਵਿਕ ਅਮੈਰਿਕਨ ਨੇਸ਼ਨ ਸੀਰੀਜ਼ ਦੀ ਉਨ੍ਹੀਵੀਂ ਜਿਲਦ ਦਾ ਲੇਖਕ ਸੀ। ਇਸਨੇ 'ਕਾਜ਼ਜ਼ ਆਫ਼ ਸਿਵਲ ਵਾਰ' (1906), 'ਸਪੈਨਿਸ਼ ਅਮੈਰਿਕਨ ਵਾਰ' (1911) ਦੇ ਬਾਰੇ ਵਿਚ ਲਿਖਿਆ ਅਤੇ ਇਸ ਤੋਂ ਇਲਾਵਾ 'ਦੀ ਗ੍ਰੇਵਜ਼ ਪੇਪਰਜ਼ ਐਂਡ ਅਦਰ ਡਾਕੂਮੈਂਟਸ ਰੀਲੇਟਿੰਗ ਟੂ ਦੀ ਨੇਵਲ ਜਨਰੇਸ਼ਨਜ਼ ਆਫ਼ ਦੀ ਯਾਰਕਟਾਊਨ ਕੰਪੇਨ' (1916) ਦੀ ਸੰਪਾਦਨਾ ਕੀਤੀ। 27 ਜਨਵਰੀ, 1919 ਨੂੰ ਨਿਊਯਾਰਕ ਸ਼ਹਿਰ ਵਿਚ ਚੈਡਵਿਕ ਫ੍ਰੈਂਚ ਐਂਸਰ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 5:229 ; ਐਨ. ਅਮੇ. 6:243

**ਚੈਡਵਿਕ, ਫਲੋਰੈਂਸ** : ਇਹ ਅਮਰੀਕਾ ਦੀ ਲੰਬੀ ਦੂਰੀ ਤੱਕ ਤੈਰਨ ਵਾਲੀ ਪ੍ਰਸਿੱਧ ਤੈਰਾਕ ਸੀ। ਇਸ ਦਾ ਜਨਮ 9 ਨਵੰਬਰ, 1918 ਈ. ਨੂੰ ਸੈਨ ਡੀਏਗੋ (San Diego) ਵਿਚ ਹੋਇਆ। ਚੈਡਵਿਕ ਫਲੋਰੈਂਸ ਨੇ 6 ਸਾਲ ਦੀ ਉਮਰ ਵਿਚ ਤੈਰਨਾ ਸਿੱਖਿਆ।

10 ਸਾਲ ਦੀ ਉਮਰ ਵਿਚ ਇਹ ਸਭ ਤੋਂ ਪਹਿਲੀ ਬੱਚੀ ਸੀ ਜੋ ਸੈਨ ਡੀਏਗੋ ਦੀ 19 ਮੀਲ ਲੰਬੀ ਖਾੜੀ ਨੂੰ ਤੈਰਨ ਵਿਚ ਸਫ਼ਲ ਹੋਈ। 1950 ਈ. ਵਿਚ ਇਸਨੇ ਫ਼ਾਰਸ ਦੀ ਖਾੜੀ ਵਿਚ ਦੋ ਸਾਲ ਅਭਿਆਸ ਕੀਤਾ। ਇਸ ਉਪਰੰਤ ਇਸਨੇ ਇੰਗਲਿਸ਼ ਚੈਨਲ ਨੂੰ 13 ਘੰਟੇ 20 ਮਿੰਟ ਦੇ ਸਮੇਂ ਵਿਚ ਪਾਰ ਕਰਕੇ ਸੰਨ 1926 ਦੇ ਇਸਤਰੀਆਂ ਦੇ ਰਿਕਾਰਡ ਨੂੰ ਤੋੜਿਆ।

ਸੰਨ 1950 ਵਿਚ ਫ਼ਰਾਂਸ ਤੋਂ ਇੰਗਲੈਂਡ ਤੱਕ ਦੀ ਖਾੜੀ ਵਿਚ ਇੰਗਲੈਂਡ ਤੋਂ ਫ਼ਰਾਂਸ ਤੱਕ ਦੀ ਖਾੜੀ ਨੂੰ ਤੈਰਨ ਵਿਚ ਸਫ਼ਲਤਾ ਪ੍ਰਾਪਤ ਕਰਨ ਵਾਲੀ ਇਹ ਪਹਿਲੀ ਔਰਤ ਸੀ। ਇਸ ਤੋਂ ਇਲਾਵਾ ਇਹ ਪਹਿਲੀ ਔਰਤ ਸੀ ਜਿਸ਼ਨੇ ਇਸ ਖਾੜੀ ਦੀਆਂ ਦੋਹਾਂ ਦਿਸ਼ਾਵਾਂ ਵੱਲ ਤੈਰਨ ਵਿਚ ਕਾਮਯਾਬੀ ਹਾਸਲ ਕੀਤੀ। ਇਸਨੇ 1953 ਅਤੇ 1955 ਈ. ਵਿਚ ਦੁਬਾਰਾ ਫਿਰ ਇੰਗਲੈਂਡ ਤੋਂ ਫਰਾਂਸ ਤੱਕ ਤੈਰਨ ਵਿਚ ਸਫ਼ਲਤਾ ਪ੍ਰਾਪਤ ਕਰਕੇ ਰਿਕਾਰਡ ਕਾਇਮ ਕੀਤਾ।

ਹ. ਪੁ.-ਐਨ. ਅਮੇ. 6:243 ; ਐਨ. ਬ੍ਰਿ. 2:705

**ਚੈਡੂਬਾ ਦੀਪ** : ਖਾੜੀ ਬੰਗਾਲ ਵਿਚ ਇਹ ਟਾਪੂ ਲੋਅਰ ਬਰਮਾ ਦੇ ਅਰਾਕਾਨ ਮੰਡਲ ਦੇ ਚਾਉਕਪਯੂ ਡਿਸਟ੍ਰਿਕਟ ਦਾ ਹਿੱਸਾ ਹੈ ਜੋ ਅਰਾਕਾਨ ਤੱਟ ਉਪਰ ਟਾਉਂਗਅਪ ਤੋਂ 48 ਕਿ. ਮੀ. ਪੱਛਮ ਵੱਲ ਸਥਿਤ ਹੈ। ਚੈਡੂਬਾ ਜਲਡਮਰੂ ਇਸ ਟਾਪੂ ਨੂੰ ਰਾਮਰੀ ਟਾਪੂ ਤੋਂ ਵੱਖ ਕਰਦਾ ਹੈ। ਇਹ 32 ਕਿ. ਮੀ. ਲੰਬਾ ਅਤੇ 27 ਕਿ. ਮੀ. ਚੌੜਾ ਹੈ ਅਤੇ ਇਸ ਦਾ ਖੇਤਰਫਲ 523 ਵ. ਕਿ. ਮੀ. ਹੈ। ਚੈਡੂਬਾ ਬੰਗਾਲ ਤੋਂ ਆਉਣ ਵਾਲੇ ਇਤਿਹਾਸਕ ਸਾਹਿਲੀ ਵਪਾਰਕ ਰਸਤੇ ਉੱਤੇ ਇਕ ਠਹਿਰ ਸੀ ਜਿਸ ਨਾਲ ਲਗਭਗ ਪਹਿਲੀ ਸਦੀ ਈ. ਵਿਚ ਬਰਮਾ ਵਿਚ ਭਾਰਤੀ ਸੱਭਿਅਤਾ ਦਾ ਆਗਮਨ ਹੋਇਆ ਸੀ। ਬੁੱਧ ਧਰਮ ਵੀ ਇਸੇ ਰਸਤੇ ਇਥੇ ਆਇਆ ਅਤੇ ਈਸਟ ਇੰਡੀਆ ਕੰਪਨੀ ਨਾਲ ਸਭ ਤੋਂ ਪਹਿਲਾਂ ਸੰਪਰਕ ਵੀ ਇਥੇ ਹੀ ਹੋਇਆ। ਚਿਟਾਗਾਓਂ (ਬੰਗਲਾ ਦੇਸ਼) ਅਤੇ ਅਕਯਾਬ ਤੋਂ ਰੰਗੂਨ ਨੂੰ ਜਾਣ ਵਾਲੇ ਛੋਟੇ ਜਹਾਜ਼ ਇਸੇ ਦੀਪ ਦੇ ਵਿਚੋਂ ਦੀ ਹੋ ਕੇ ਜਾਂਦੇ ਹਨ। ਚੈਡੂਬਾ ਟਾਪੂ ਦੇ ਉੱਤਰ-ਪੂਰਬੀ ਤਟ ਉਪਰ ਚੈਡੂਬਾ ਨਾਂ ਦਾ ਪਿੰਡ ਚਾਉਕਪਯੂ (ਰਾਮਰੀ ਟਾਪੂ) ਨਾਲ ਸਟੀਮਰਾਂ ਨਾਲ ਜੁੜਿਆ ਹੋਇਆ ਹੈ। ਖੇਤੀਬਾੜੀ ਅਤੇ ਪਸ਼ੂ-ਪਾਲਣਾ ਇਥੋਂ ਦੇ ਆਰਥਿਕ ਕਿੱਤੇ ਹਨ। ਇਸ ਖੇਤਰ ਵਿਚ ਚਿੱਕੜਦਾਰ ਲਾਵੇ ਵਾਲੇ ਜਵਾਲਾਮੁਖੀ ਕੋਨ ਵਿਚੋਂ ਭਾਫ਼ ਅਤੇ ਗੰਧਕੀ ਧੂੰਆਂ ਨਿਕਲਦਾ ਹੈ ਜੋ ਥੋੜ੍ਹੀ ਬਹੁਤੀ

ਜਵਾਲਾਮੁਖੀ ਕਿਰਿਆ ਦਾ ਪ੍ਰਤੀਕ ਹੈ। ਇਥੇ ਗੈਸ ਅਤੇ ਤੇਲ-ਸਿੰਮਣ (Oil Seepages) ਹਨ।

18° 48′ ਉ. ਵਿਥ. ; 93° 38′ ਪੂ. ਲੰਬ.

ਹ. ਪੁ.-ਐਨ. ਬ੍ਰਿ. ਮਾ. 2:787

**ਚੈਤੰਨਯ, ਮਹਾਂਪ੍ਰਭੂ** : ਇਹ ਪੱਛਮੀ ਬੰਗਾਲ ਦੇ ਉੱਘੇ ਸੰਤ ਅਤੇ ਵਿਦਵਾਨ ਹੋਏ ਹਨ ਜੋ ਚੈਤੰਨਯ ਮਹਾਂਪ੍ਰਭੂ ਕਰਕੇ ਜਾਣੇ ਜਾਂਦੇ ਹਨ। ਇਨ੍ਹਾਂ ਦਾ ਜਨਮ ਪੱਛਮੀ ਬੰਗਾਲ ਦੇ ਨਵਦੀਪ ਜਾਂ ਨਾਦੀਆ ਨਗਰ ਵਿਚ ਫੱਗਣ ਦੀ ਪੂਰਨਮਾਸ਼ੀ 1486 ਈ. (ਸੰਮਤ 1542) ਨੂੰ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਸ੍ਰੀ ਜਗਨ ਨਾਥ ਤੇ ਉਪ ਨਾਂ ਪੁਰੰਦਰ ਮਿਸ਼ਰ ਤੇ ਮਾਤਾ ਦਾ ਨਾਂ ਸ਼ਚੀਦੇਵੀ ਸੀ। ਇਨ੍ਹਾਂ ਦਾ ਬਚਪਨ ਦਾ ਨਾਂ ਵਿਸ਼ੰਭਰ ਸੀ ਪਰ ਇਹ ਹੋਰ ਕਈ ਨਾਵਾਂ ਜਿਵੇਂ ਨਿਮਾਈ ਗੌਰ ਗੌਰਾਂਗ, ਗੌਰਹਰੀ ਨਾਲ ਵੀ ਪ੍ਰਸਿੱਧ ਸਨ। ਸੰਨਿਆਸ ਲੈਣ ਮਗਰੋਂ ਇਨ੍ਹਾਂ ਦਾ ਨਾਂ ਸ੍ਰੀ ਕ੍ਰਿਸ਼ਨ ਚੈਤੰਨਯ ਮਹਾਂਪ੍ਰਭੂ ਰੱਖਿਆ ਗਿਆ। ਬਚਪਨ ਤੋਂ ਹੀ ਇਨ੍ਹਾਂ ਵਿਚ ਅਲੌਕਿਕਤਾ ਦੇ ਲੱਛਣ ਦਿਖਾਈ ਦੇਣ ਲੱਗ ਪਏ ਸਨ ਪਰ ਫਿਰ ਵੀ ਇਹ ਬਹੁਤ ਚੰਚਲ ਸੁਭਾਅ ਵਾਲੇ ਸਨ। ਇਨ੍ਹਾਂ ਨੇ ਵੱਖ-ਵੱਖ ਵਿਦਵਾਨਾਂ ਪਾਸੋਂ ਕਈ ਕਿਸਮ ਦਾ ਗਿਆਨ ਪ੍ਰਾਪਤ ਕੀਤਾ ਅਤੇ ਅਖ਼ੀਰ ਵਿਦਿਆ-ਸਾਗਰ ਦੀ ਉਪਾਧੀ ਹਾਸਿਲ ਕੀਤੀ। ਸ਼ਾਸਤਰਾਂ ਦੇ ਅਰਥ ਕਰਨ ਵਿਚ ਇਹ ਬਹੁਤ ਨਿਪੁੰਨ ਸਨ। 16 ਸਾਲ ਦੀ ਉਮਰ ਵਿਚ ਇਨ੍ਹਾਂ ਨੇ ਆਪਣੀ ਪਾਠਸ਼ਾਲਾ ਖੋਲ੍ਹੀ ਤੇ ਵਿਆਕਰਣ ਪੜ੍ਹਾਉਣ ਲੱਗੇ। ਸੰਮਤ 1559 (1502-3 ਈ.) ਵਿਚ ਇਨ੍ਹਾਂ ਦਾ ਵਿਆਹ ਵਲਭਾਚਾਰੀਆ ਦੀ ਪੁੱਤਰੀ ਲਕਸ਼ਮੀ ਪ੍ਰਿਆ ਨਾਲ ਹੋਇਆ। ਸ੍ਰੀ ਮਾਧਵੇਂਦਰਪੁਰੀ ਦੇ ਚੇਲੇ ਈਸ਼ਵਰਪੁਰੀ ਦੀ ਯਾਤਰਾ ਦੌਰਾਨ ਕੁਝ ਦੇਰ ਨਾਦੀਆ ਠਹਿਰੇ। ਉਨ੍ਹਾਂ ਦੇ ਉਪਦੇਸ਼ਾਂ ਤੋਂ ਇਨ੍ਹਾਂ ਨੂੰ ਪ੍ਰੇਮ ਭਗਤੀ ਦੀ ਲਗਨ ਲੱਗੀ। ਇਨ੍ਹਾਂ ਦੀ ਪਹਿਲੀ ਪਤਨੀ ਦਾ ਦੇਹਾਂਤ ਹੋ ਗਿਆ। ਇਹ ਸਾਹਿਤ ਚਰਚਾ ਵਿਚ ਏਨੇ ਨਿਪੁੰਨ ਸਨ ਕਿ ਲੋਕ ਇਨ੍ਹਾਂ ਨੂੰ ਨਾਦੀਆ ਦਾ ਸ੍ਰੇਸ਼ਟ ਵਿਦਵਾਨ ਮੰਨਣ ਲੱਗ ਪਏ। 1504 ਈ. ਵਿਚ ਇਨ੍ਹਾਂ ਦਾ ਦੂਜਾ ਵਿਆਹ ਸਨਾਤਨ ਮਿਸਰ ਦੀ ਧੀ ਵਿਸ਼ਣੂ ਪ੍ਰਿਆ ਨਾਲ ਹੋਇਆ। ਇਸ ਤੋਂ ਦੂਜੇ ਸਾਲ ਇਹ ਗਯਾ ਗਏ। ਉੱਥੇ ਅਚਾਨਕ ਹੀ ਇਨ੍ਹਾਂ ਵਿਚ ਤਬਦੀਲੀ ਆ ਗਈ ਅਤੇ ਇਹ ਮਹਾਨ ਵਿਦਵਾਨ ਤੋਂ ਨਿਰਮਾਣ ਭਗਤ ਬਣ ਗਏ। ਹੁਣ ਇਹ ਭਗਤ ਦੇ ਰੂਪ ਵਿਚ ਪ੍ਰਸਿੱਧ ਹੋ ਗਏ ਅਤੇ ਨਾਦੀਆ ਵਿਚ ਹਰੀ ਨਾਮ ਕੀਰਤਨ ਤੋਂ ਭਗਵਤ ਭਗਤੀ ਦੀ ਸਿੱਖਿਆ ਤੇ ਪ੍ਰਚਾਰ ਕਰਨ ਵਿਚ ਲੱਗ ਪਏ। 1508 ਈ. (ਸੰਮਤ 1565) ਵਿਚ ਸ੍ਰੀ ਗੌਰ ਨੂੰ ਮਹਾਭਾਵ ਦਾ ਪ੍ਰਕਾਸ਼ ਹੋਇਆ ਅਤੇ ਇਹ ਭਗਵਤ ਅਵਤਾਰ ਮੰਨੇ ਜਾਣ ਲੱਗੇ। ਇਨ੍ਹਾਂ ਦੇ ਹਰੀਨਾਮ ਕੀਰਤਨ ਤੇ ਸ੍ਰੀ ਕ੍ਰਿਸ਼ਨ ਦੀ ਪ੍ਰੇਮ ਭਗਤੀ ਦਾ ਅਜਿਹਾ ਪ੍ਰਚਾਰ ਵਧਿਆ ਕਿ ਪੱਛਮੀ ਬੰਗਾਲ ਹੀ ਨਹੀਂ ਸਗੋਂ ਸਾਰੇ ਉੱਤਰੀ ਭਾਰਤ ਦਾ ਧਾਰਮਕ ਜਗਤ ਇਸ ਤੋਂ ਪ੍ਰਭਾਵਿਤ ਹੋ ਗਿਆ। ਇਨ੍ਹਾਂ ਨੇ ਲੀਲਾ ਸਥਾਨ ਲੱਭੇ ਤੇ ਉੱਥੇ ਰਹਿ ਕੇ ਪ੍ਰਚਾਰ ਕੀਤਾ। ਅਖ਼ੀਰ ਇਨ੍ਹਾਂ ਨੇ ਗ੍ਰਿਹਸਥ ਨੂੰ ਤਿਆਗਣ ਦਾ ਫ਼ੈਸਲਾ ਕਰ ਲਿਆ। 1509 ਵਿਚ ਇਨ੍ਹਾਂ ਨੇ ਕੇਸ਼ਵ ਭਾਰਤੀ ਪਾਸੋਂ ਸੰਨਿਆਸ ਦੀ ਦੀਖਿਆ ਲਈ ਅਤੇ ਇਨ੍ਹਾਂ ਦਾ ਨਾਂ ਸ੍ਰੀ ਕ੍ਰਿਸ਼ਨ ਚੈਤੰਨਯ ਪਿਆ। ਮਾਤਾ ਦੀ ਆਗਿਆ ਨਾਲ ਇਨ੍ਹਾਂ ਨੇ ਨੀਲਾਚਲ ਜਗਨਾਥਪੁਰੀ ਵਿਚ ਰਹਿਣਾ ਸਵੀਕਾਰ ਕਰ ਲਿਆ ਤੇ ਉੱਥੋਂ ਹੀ ਆਪਣੇ ਮਤ ਦਾ ਪ੍ਰਚਾਰ ਕਰਨ ਲੱਗੇ। ਬਹੁਤ ਸਾਰੇ ਵਿਦਵਾਨਾਂ ਨੂੰ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕਰਕੇ ਤੇ ਆਪਣੇ ਪੈਰੋਕਾਰ ਬਣਾ ਕੇ ਪ੍ਰਚਾਰ ਲਈ ਤਿਆਰ ਕੀਤਾ। ਆਪ ਫਿਰ ਦੱਖਣ ਦੀ ਯਾਤਰਾ ਨੂੰ ਨਿਕਲੇ ਤੇ ਦੋ ਸਾਲਾਂ ਵਿਚ ਯਾਤਰਾ ਪੂਰੀ ਕਰਕੇ ਤੇ ਧਰਮ ਪ੍ਰਚਾਰ ਕਰਕੇ ਵਾਪਸ ਨੀਲਾਚਲ ਪਹੁੰਚੇ। ਉੱਥੋਂ ਫਿਰ ਇਕ ਵਾਰ ਬੰਗਾਲ ਗਏ ਤੇ ਫ਼ਿਰ 1515 ਈ. ਵਿਚ ਬ੍ਰਜ ਦੀ ਯਾਤਰਾ ਕੀਤੀ। ਕਾਂਸ਼ੀ ਪ੍ਰਯਾਗ ਹੁੰਦੇ ਹੋਏ ਆਪ ਮਥੁਰਾ ਪੁੱਜੇ ਤੇ ਖੋਜ ਕਰਕੇ ਸਾਰੇ ਗੁਪਤ ਲੀਲਾ ਸਥਾਨਾਂ ਦੇ ਦਰਸ਼ਨ ਕੀਤੇ। ਧਰਮ ਪ੍ਰਚਾਰ ਕਰਕੇ ਤੇ ਵਿਦਵਾਨਾਂ ਨੂੰ ਆਪਣੇ ਮਤ ਵਿਚ ਲਿਆਉਣ ਮਗਰੋਂ ਵਾਪਸ ਨੀਲਾਚਲ ਆ ਗਏ। ਇਸ ਤਰ੍ਹਾਂ ਥਾਂ-ਥਾਂ ਜਾ ਕੇ ਇਨ੍ਹਾਂ ਨੇ ਪ੍ਰੇਮ ਭਗਤੀ ਦੀ ਪਵਿੱਤਰ ਧਾਰਾ ਸਾਰੇ ਭਾਰਤ ਵਿਚ ਚਲਾ ਦਿੱਤੀ ; ਭਾਵ ਹਰੀਕੀਰਤਨ ਨਾਲ ਸਾਰੇ ਵਾਤਾਵਰਣ ਨੂੰ ਪ੍ਰਭਾਵਿਤ ਕੀਤਾ। 1516 ਈ. ਦੇ ਅੰਤ ਵਿਚ ਵਾਪਸ ਆਉਣ ਮਗਰੋਂ 1533 ਈ. (1590 ਬਿ.) ਤੱਕ ਇਹ ਨੀਲਾਚਲ ਰਹੇ ਤੇ ਉਸੇ ਸਾਲ ਉੱਥੋਂ ਅਲੋਪ ਹੋ ਗਏ।

ਸ੍ਰੀ ਚੈਤੰਨਯ ਨੇ ਆਪ ਕਿਸੇ ਸੰਪ੍ਰਦਾਇ ਦੇ ਪ੍ਰਚਾਰ ਦੀ ਕਦੇ ਇੱਛਾ ਨਹੀਂ ਪ੍ਰਗਟ ਕੀਤੀ। ਕ੍ਰਿਸ਼ਨ ਭਗਤੀ ਤੱਤ, ਹਰੀਨਾਮ ਕੀਰਤਨ ਤੇ ਸਭ ਜੀਵਾਂ ਉਪਰ ਸਮਾਨ ਰੂਪ ਨਾਲ ਦਇਆ ਕਰਨਾ ਇਨ੍ਹਾਂ ਦੇ ਉਪਦੇਸ਼ ਦਾ ਸਾਰ ਸੀ। ਇਨ੍ਹਾਂ ਦੇ ਪੈਰੋਕਾਰਾਂ ਨੇ ਇਨ੍ਹਾਂ ਦੇ ਉਪਦੇਸ਼ ਨੂੰ ਬੜੇ ਸੁੰਦਰ ਰੂਪ ਵਿਚ ਪੇਸ਼ ਕੀਤਾ।

ਭਾਵੇਂ ਇਸ ਸੰਪ੍ਰਦਾਇ ਦਾ ਜਨਮ ਤੇ ਪ੍ਰਚਾਰ ਦਾ ਅਰੰਭ ਗੌੜ ਪ੍ਰਦੇਸ਼ ਵਿਚ ਹੋਇਆ ਫਿਰ ਵੀ ਇਸ ਦੇ ਤਾਤਵਿਕ ਤੇ ਦਾਰਸ਼ਨਿਕ ਵਿਵੇਚਨ ਦਾ ਕੰਮ ਵ੍ਰਿੰਦਾਵਨ ਤੋਂ ਹੀ ਸ਼ੁਰੂ ਹੋਇਆ। ਇਥੋਂ ਹੀ ਸਾਰੇ ਗ੍ਰੰਥ ਗੌੜ ਭੇਜੇ ਗਏ। ਇਸ ਸੰਪਰਦਾਇ ਦੇ ਸਫ਼ਲ ਪ੍ਰਚਾਰ ਦਾ ਮੂਲ ਕਾਰਨ ਚੈਤੰਨਯ ਮਹਾਂਪ੍ਰਭੂ ਅਤੇ ਉਨ੍ਹਾਂ ਦੇ ਚੇਲਿਆਂ ਦੀ ਵਿਦਵਤਾ ਭਰਪੂਰ ਆਡੰਬਰ ਰਹਿਤ ਨਿਰਮਲ ਭਗਤੀ ਭਾਵਨਾ ਸੀ ਅਤੇ ਤਿਆਗਪੂਰਨ ਜੀਵਨ ਸੀ ਜਿਸਤੋਂ ਜਨਤਾ ਬਹੁਤ ਪ੍ਰਭਾਵਿਤ ਹੋਈ।

ਹ. ਪੁ. -ਹਿੰ. ਵਿ. ਕੋ. 4:292

**ਚੈਨਪੁਰ** : ਭਾਰਤ ਦੇ ਬਿਹਾਰ ਰਾਜ ਵਿਚ ਸ਼ਾਹਬਾਦ ਜ਼ਿਲ੍ਹੇ ਦਾ ਇਕ ਕਸਬਾ ਹੈ ਜੋ ਭਭੂਆ ਉਪਮੰਡਲ ਤੋਂ ਲਗਭਗ 10 ਕਿ. ਮੀ. ਦੀ ਦੂਰੀ ਤੇ ਵਾਕਿਆ ਹੈ। ਇਥੇ ਸ਼ੇਰਸ਼ਾਹ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਬਖ਼ਤਿਆਰ ਖ਼ਾਂ ਦਾ ਮਕਬਰਾ ਹੈ। ਇਸ ਤੋਂ ਇਲਾਵਾ ਇਥੇ ਇਕ ਪ੍ਰਾਚੀਨ ਕਿਲਾ ਹੈ ਜਿਸਦੇ ਚਾਰੇ ਪਾਸੇ ਖਾਈ ਅਤੇ ਪੱਥਰ ਦੀ ਦੀਵਾਰ ਹੈ। ਕਿਲੇ ਅੰਦਰ ਇਕ ਪ੍ਰਸਿੱਧ ਹਿੰਦੂ ਮੰਦਰ ਹੈ ਜਿਸ ਵਿਚ ਹਰਸੂ ਬ੍ਰਹਮ ਸ਼ਿਲਾ ਦੀ ਪੂਜਾ ਹੁੰਦੀ ਹੈ।

25° 10′ ਉ. ਵਿਥ. ; 83° 30′ ਪੂ. ਲੰਬ.

ਹ. ਪੁ. -ਹਿੰ. ਵਿ. ਕੋ. 4:296

**ਚੈਨਲ ਦੀਪ ਸਮੂਹ** : ਇੰਗਲਿਸ਼ ਚੈਨਲ ਵਿਚ ਬਰਤਾਨਵੀ ਕ੍ਰਾਊਨ ਨਾਲ ਸਬੰਧਿਤ ਟਾਪੂਆਂ ਦਾ ਇਕ ਸਮੂਹ ਹੈ ਜੋ ਸੈਨ ਮਾਲੋ ਖਾੜੀ ਦੇ ਪ੍ਰਵੇਸ਼ ਦੁਆਰ ਉਪਰ ਇੰਗਲਿਸ਼ ਤੱਟ ਤੋਂ 130 ਕਿ. ਮੀ. ਦੱਖਣ ਵੱਲ ਵਾਕਿਆ ਹੈ। ਇਸ ਦੀਪ ਸਮੂਹ ਦਾ ਕੁੱਲ ਖੇਤਰਫਲ 194 ਵ. ਕਿ. ਮੀ. ਹੈ ਅਤੇ ਆਬਾਦੀ 1,35,000 (1982) ਹੈ। ਇਸ ਸਮੂਹ ਵਿਚ ਜਰਸੀ, ਗਰਨਜ਼ੀ, ਆਲਡਰਨੀ, ਸਾਰਕ, ਹਰਮ, ਬਰਾਸ਼ੂ, ਜ਼ਾਤੂ ਅਤੇ ਅਸਥਾਈ ਵਸੋਂ ਵਾਲੇ ਕੁੱਝ ਛੋਟੇ-ਛੋਟੇ ਟਾਪੂ ਸ਼ਾਮਲ ਹਨ।

ਚੈਨਲ ਟਾਪੂ ਹੀ ਕੇਵਲ ਨਾਰਮੰਡੀ ਦੀ ਪੁਰਾਣੀ ਡੱਚੀ ਦੇ ਹਿੱਸੇ ਹਨ ਜੋ ਅਜੇ ਤੱਕ ਬਰਤਾਨਵੀ ਕ੍ਰਾਊਨ ਨਾਲ ਸਬੰਧਿਤ ਹਨ ਅਤੇ ਨਾਰਮਨਾਂ ਦੀ ਜਿੱਤ ਵੇਲੇ ਤੋਂ ਉਸ ਨਾਲ ਜੁੜੇ ਹੋਏ ਹਨ। ਇਹ ਦੋ ਖ਼ੁਦਮੁਖ਼ਤਾਰ ਫ਼ਿਰਕਿਆਂ (Common Unities) ਜਰਸੀ ਦੇ ਬੇਲੀਵਿਕ (Bailiwick) ਅਤੇ ਗਰਨਜ਼ੀ ਦੇ ਬੇਲੀਵਿਕ ਵਿਚਕਾਰ ਵੰਡੇ ਹੋਏ ਹਨ। ਗਰਨਜ਼ੀ ਦੇ ਬੇਲੀਵਿਕ ਵਿਚ ਆਲਡਰਨੀ, ਸਾਰਕ, ਹਰਮ, ਬਰੈਸ਼ੂ, ਜੇਟੂ, ਲੀਹੂ ਅਤੇ ਬਰਹੂ ਵੀ ਸ਼ਾਮਲ ਹਨ। ਇਨ੍ਹਾਂ ਬੇਲੀਵਿਕਾਂ ਦਾ ਆਪਣਾ ਸੰਵਿਧਾਨ ਅਤੇ ਕਾਨੂੰਨ ਹਨ ਅਤੇ ਇਹ ਯੂ. ਕੇ. ਦਾ ਹਿੱਸਾ ਨਹੀਂ ਹਨ।

ਇਹ ਦੀਪ-ਸਮੂਹ ਆਪਣੀ ਕੁਦਰਤੀ ਸੁੰਦਰਤਾ ਲਈ ਬਹੁਤ ਪ੍ਰਸਿੱਧ ਹਨ। ਵਧੇਰੇ ਭਾਗ ਉੱਘੜ-ਦੁੱਘੜਾ ਅਤੇ ਦਰਮਿਆਨੀ ਉੱਚਾਈ ਵਾਲਾ ਹੈ। ਛੋਟੇ-ਛੋਟੇ ਨਦੀ ਨਾਲਿਆਂ ਦੀਆਂ ਖੜੀ ਢਾਲ ਵਾਲੀਆਂ ਵਾਦੀਆਂ ਬਹੁਤ ਹਨ, ਜਦੋਂ ਕਿ ਤੱਟ ਉੱਤੇ ਉੱਚੀਆਂ ਨੀਵੀਆਂ ਚਟਾਨਾਂ ਅਤੇ ਰੇਤਲੀਆਂ ਖਾੜੀਆਂ ਮੌਜੂਦ ਹਨ। ਇਥੋਂ ਦਾ ਜਲਵਾਯੂ ਬਹੁਤ

ਸੁਹਾਵਣਾ ਹੈ। ਬਸੰਤ ਅਤੇ ਗਰਮੀਆਂ ਵਿਚ ਖ਼ਾਸ ਕਰਕੇ ਧੁੱਪ ਵਾਲੇ ਦਿਨਾਂ ਨੂੰ ਇਥੋਂ ਦਾ ਨਜ਼ਾਰਾ ਹੋਰ ਵੀ ਦਿਲ ਖਿੱਚਵਾਂ ਹੁੰਦਾ ਹੈ। ਸਮੁੰਦਰ ਤਾਂ ਲਗਭਗ ਸਾਰੇ ਦਾ ਸਾਰਾ ਹੀ ਰੂਮ ਸਾਗਰ ਦੀ ਤਰ੍ਹਾਂ ਨੀਲਾ ਹੁੰਦਾ ਹੈ। ਜਰਸੀ ਵਿਚ ਔਸਤਨ ਸਾਲਾਨਾ ਵਰਖਾ ਲਗਭਗ 75 ਸੈਂ. ਮੀ. ਅਤੇ ਗਰਨਜ਼ੀ ਵਿਚ 10 ਕੁ ਸੈਂ. ਮੀ. ਜ਼ਿਆਦਾ ਹੁੰਦੀ ਹੈ।

ਇਸ ਦੀਪ ਸਮੂਹ ਵਿਚ ਪੰਛੀਆਂ ਦੀਆਂ ਬਹੁਤ ਪ੍ਰਜਾਤੀਆਂ ਮਿਲਦੀਆਂ ਹਨ। ਮੱਛੀਆਂ ਤਾਂ ਬਹੁਤਾਤ ਵਿਚ ਨਹੀਂ ਪਰ ਕੇਕੜਾ ਅਤੇ ਝੀਂਗਾ ਮੱਛੀ ਬਹੁਤ ਹੈ। ਜਰਸੀ ਤੇ ਗਰਨਜ਼ੀ ਵਿਚ ਹਰੇ ਰੰਗ ਦੀਆਂ ਕੋੜ੍ਹ-ਕਿਰਲੀਆਂ ; ਜਰਸੀ, ਗਰਨਜ਼ੀ, ਆਲਡਰਨੀ ਤੇ ਸਾਰਕ ਵਿਚ ਡੱਡੂ ਮਿਲਦੇ ਹਨ। ਕੁੰਡਲੀਏ ਸੱਪ, ਡੱਡੀਆਂ, ਕੰਧਾਂ ਦੀਆਂ ਕੋੜ੍ਹ-ਕਿਰਲੀਆਂ ਜਰਸੀ ਵਿਚ ਹੀ ਸੀਮਤ ਹਨ। ਥਣਧਾਰੀ ਜੀਵਾਂ ਵਿਚੋਂ ਜਰਸੀ ਵਿਚ ਲਾਲ ਗਾਲ੍ਹੜ ; ਜਰਸੀ ਅਤੇ ਗਰਨਜ਼ੀ ਵਿਚ ਨਿਓਲੇ ਅਤੇ ਝਾਹੇ ; ਜਰਸੀ ਅਤੇ ਆਲਡਰਨੀ ਵਿਚ ਛਛੂੰਦਰਾਂ ਅਤੇ ਖਰਗੋਸ਼ ਤਾਂ ਲਗਭਗ ਸਾਰੇ ਹੀ ਦੀਪਾਂ ਵਿਚ ਮਿਲਦੇ ਹਨ।

ਜਰਸੀ ਵਿਚ ਜਰਸੀ ਅਤੇ ਗਰਨਜ਼ੀ ਗਾਂਵਾਂ, ਆਲਡਰਨੀ ਤੇ ਸਾਰਕ ਵਿਚ ਗਰਨਜ਼ੀ ਗਾਂਵਾਂ ਵਿਸ਼ਵ ਭਰ ਵਿਚ ਜ਼ਿਆਦਾ ਦੁੱਧ ਦੇਣ ਲਈ ਪ੍ਰਸਿੱਧ ਹਨ। ਇਹ ਦੋਵੇਂ ਨਸਲਾਂ ਦੁਨੀਆ ਭਰ ਦੀਆਂ ਵੱਖ-ਵੱਖ ਥਾਵਾਂ ਨੂੰ ਬਰਾਮਦ ਕੀਤੀਆਂ ਜਾਂਦੀਆਂ ਹਨ। ਇਥੇ ਵਪਾਰਕ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਜਰਸੀ ਤੋਂ ਯੂ. ਕੇ. ਨੂੰ ਬਰਾਮਦ ਕਰਨ ਵਾਲੀਆਂ ਫ਼ਸਲਾਂ ਵਿਚ ਆਲੂ, ਟਮਾਟਰ, ਗੋਭੀ ਅਤੇ ਫੁੱਲ ਸ਼ਾਮਲ ਹਨ ਜਦੋਂ ਕਿ ਗਰਨਜ਼ੀ ਤੋਂ ਟਮਾਟਰ, ਅੰਗੂਰ ਅਤੇ ਫ਼ਲ ਬਰਾਮਦ ਕੀਤੇ ਜਾਂਦੇ ਹਨ। ਦਰਾਮਦ ਹੋਣ ਵਾਲੇ ਮਾਲ ਵਿਚ ਨਿਰਮਾਣ ਕੀਤੀਆਂ ਵਸਤਾਂ, ਖ਼ੁਰਾਕ, ਬਾਲਣ, ਖਾਦਾਂ, ਮੋਟਰ ਗੱਡੀਆਂ, ਇਮਾਰਤੀ ਸਾਜ਼ੋ-ਸਾਮਾਨ, ਸ਼ਰਾਬ, ਸਪਿਰਟ ਅਤੇ ਤੰਬਾਕੂ ਸ਼ਾਮਲ ਹਨ।

ਇਥੋਂ ਦੀ ਵਸੋਂ ਦਾ ਵਧੇਰੇ ਹਿੱਸਾ ਇਥੋਂ ਦੇ ਆਦਿ ਵਾਸੀ ਹਨ ਜਿਨ੍ਹਾਂ ਦੇ ਵੱਡੇ-ਵਡੇਰੇ ਸਦੀਆਂ ਤੋਂ ਇਥੇ ਰਹਿ ਰਹੇ ਹਨ ਪਰ ਫ਼ਰਾਂਸ, ਇੰਗਲੈਂਡ ਅਤੇ ਆਇਰਲੈਂਡ ਤੋਂ ਵੀ ਬਹੁਤ ਲੋਕ ਆ ਕੇ ਵੱਸ ਗਏ ਹਨ। ਰੋਮਨ ਕੈਥੋਲਿਕਾਂ ਨਾਲੋਂ ਪ੍ਰੋਟੈਸਟੈਂਟਾਂ ਦੀ ਗਿਣਤੀ ਜ਼ਿਆਦਾ ਹੈ। ਆਲਡਰਨੀ ਤੋਂ ਬਿਨਾਂ ਦੀਪ ਸਮੂਹ ਵਿਚ ਅੰਗਰੇਜ਼ੀ ਦੇ ਨਾਲ-ਨਾਲ ਪੁਰਾਣੀ ਨਾਰਮਨ ਫਰੈਂਚ ਉਪ-ਭਾਸ਼ਾ ਵੀ ਬੋਲੀ ਜਾਂਦੀ ਹੈ। ਫ਼ਰਾਂਸੀਸੀ ਭਾਸ਼ਾ ਦੀ ਵਰਤੋਂ ਜ਼ਿਆਦਾ ਨਹੀਂ ਹੈ।

ਇਥੋਂ ਦਾ ਰਾਜ-ਪ੍ਰਬੰਧ ਲੋਕਰਾਜੀ ਢੰਗ ਨਾਲ ਚੁਣੀਆਂ ਪਾਰਟੀ ਰਹਿਤ ਵਿਧਾਨ ਸਭਾਵਾਂ ਚਲਾਉਂਦੀਆਂ ਹਨ । ਜਰਸੀ, ਗਰਨਜ਼ੀ ਤੇ ਆਲਡਰਨੀ ਵਿਚ ਇਨ੍ਹਾਂ ਵਿਧਾਨ ਸਭਾਵਾਂ ਨੂੰ ਸਟੇਟਾਂ ਅਤੇ ਸਾਰਕ ਵਿਚ ਚੀਫ਼ ਪਲੀਜ਼ (Chief Pleas) ਕਿਹਾ ਜਾਂਦਾ ਹੈ। ਜਰਸੀ ਅਤੇ ਗਰਨਜ਼ੀ ਦੇ ਲੈਫ਼ਟੀਨੈਂਟ ਗਵਰਨਰ ਕ੍ਰਾਊਨ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ ਅਤੇ ਉਹ ਬਰਤਾਨਵੀ ਸ਼ਹਿਨਸ਼ਾਹ ਦੇ ਨਿੱਜੀ ਪ੍ਰਤੀਨਿਧ ਹੁੰਦੇ ਹਨ। ਇਨ੍ਹਾਂ ਨੂੰ ਵਿਧਾਨ ਸਭਾਵਾਂ ਵਿਚ ਬੈਠਣ ਅਤੇ ਬੋਲਣ ਦਾ ਹੱਕ ਹੈ ਪਰ ਵੋਟ ਨਹੀਂ ਪਾ ਸਕਦੇ। ਇਨ੍ਹਾਂ ਨੂੰ ਵੀਟੋ ਕਰਨ ਦਾ ਸੀਮਤ ਜਿਹਾ ਅਧਿਕਾਰ ਵੀ ਹੁੰਦਾ ਹੈ। ਜਰਸੀ ਅਤੇ ਗਰਨਜ਼ੀ ਦੇ ਬੇਲਿਫ਼ (Bailiffs) ਜਿਨ੍ਹਾਂ ਦੀ ਨਿਯੁਕਤੀ ਕ੍ਰਾਊਨ ਆਪ ਹੀ ਕਰਦਾ ਹੈ, ਉਨ੍ਹਾਂ ਦੀਆਂ ਦੀਆਂ ਸਟੇਟਾਂ ਅਤੇ ਸ਼ਾਹੀ ਅਦਾਲਤਾਂ ਦੇ ਪ੍ਰੈਜ਼ੀਡੈਂਟ ਹੁੰਦੇ ਹਨ। ਆਲਡਰਨੀ ਵਿਚ ਇਕ ਚੁਣਿਆ ਹੋਇਆ ਪ੍ਰੈਜ਼ੀਡੈਂਟ ਹੁੰਦਾ ਹੈ ਅਤੇ ਸਾਰਕ ਵਿਚ ਸਭ ਤੋਂ ਉੱਚੇ ਅਹੁਦੇ ਦਾ ਧਾਰਨੀ, ਜੇ ਉਹ ਆਦਮੀ ਹੋਵੇ ਤਾਂ ਉਸਨੂੰ ਸੇਨਅਰ (Seigneur) ਅਤੇ ਜੇ ਔਰਤ ਹੋਵੇ ਤਾਂ ਉਸਨੂੰ ਡੇਮ (Dame) ਕਹਿੰਦੇ ਹਨ। ਜਰਸੀ ਵਿਚ ਦਿਲਚਸਪ ਥਾਵਾਂ ਵਿਚ ਮਾਂਟ ਆਰਗੁਐਲ (Mont Orgueil) ਤੇ ਇਲਿਜ਼ਾਬੇਥ ਦੇ ਕਿਲੇ ਅਤੇ ਫਿਸ਼ਰਮੈਨਜ਼ ਚੈਪਲ ; ਗਰਨਜ਼ੀ ਵਿਚ ਕਾਰਨੈਟ ਕੈਸਲ (Cornet Castle) ਲਿਟਲ ਚੈਪਲ ਤੇ ਵਿਕਟਰ ਹਿਊਗੋ ਦਾ ਘਰ ਤੇ ਓਟਵਿਲ ਹਾਊਸ (Hauteville House) ; ਆਲਡਰਨੀ ਵਿਚ ਟੈਲੀਗ੍ਰਾਫ਼-ਬੇ (Telegraph Bay) ਅਤੇ ਸਾਰਕ ਵਿਚ ਸੇਨਅਰ (Seigneurie) ਸ਼ਾਮਲ ਹਨ।

ਆਲਡਰਨੀ ਦੇ ਇਕ ਛੋਟੇ ਜਿਹੇ ਕਸਬੇ ਸੇਂਟ ਐਨ. (St. Anne) ਦੀਆਂ ਗਲੀਆਂ ਪੱਥਰ ਦੀਆਂ ਹਨ। ਇਸੇ ਕਸਬੇ ਵਿਚ ਹੀ 9ਵੀਂ ਸਦੀ ਦਾ ਬਣਿਆ ਇਕ ਸੁੰਦਰ ਗਿਰਜਾਘਰ ਵੀ ਹੈ। ਸਾਰਕ ਟਾਪੂ, ਜਿਸਨੂੰ ਆਮ ਕਰਕੇ ਚੈਨਲ ਦੀਪ ਸਮੂਹ ਦਾ 'ਹੀਰਾ' ਕਿਹਾ ਜਾਂਦਾ ਹੈ, ਵਿਚ ਮੋਟਰ ਕਾਰਾਂ ਚਲਾਉਣ ਦੀ ਮਨਾਹੀ ਹੈ। ਇਸ ਦੀਪ ਨੂੰ ਸੈਲਾਨੀ ਜਾਂ ਤਾਂ ਪੈਦਲ ਚੱਲ ਕੇ ਜਾਂ ਘੋੜਾ ਗੱਡੀਆਂ ਵਿਚ ਬੈਠ ਕੇ ਵੇਖ ਸਕਦੇ ਹਨ। ਪੂਰਵ-ਇਤਿਹਾਸਕ ਕਾਲ ਦੇ ਖੰਡਰਾਤ ਬਹੁਤ ਹਨ। ਚੈਨਲ ਦੀਪ ਸਮੂਹ ਹੀ ਕੇਵਲ ਅਜਿਹਾ ਬਰਤਾਨਵੀ ਇਲਾਕਾ ਸੀ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨ ਦੇ ਕਬਜ਼ੇ ਵਿਚ ਆਇਆ ਸੀ। ਜੁਲਾਈ 1940 ਵਿਚ ਜਰਮਨ ਫ਼ੌਜਾਂ ਦਾ ਇਥੇ ਕਬਜ਼ਾ ਹੋਣ ਤੋਂ ਪਹਿਲਾਂ ਹਜ਼ਾਰਾਂ ਲੋਕ ਇਸ ਨੂੰ ਖਾਲੀ ਕਰਕੇ ਇੰਗਲੈਂਡ ਆ ਗਏ ਸਨ। ਜਰਮਨਾਂ ਨੇ ਇਸ ਦੀਪ ਸਮੂਹ ਵਿਚੋਂ 2000 ਬਰਤਾਨਵੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ। ਉਨ੍ਹਾਂ ਨੇ ਵਿਸ਼ਾਲ ਕਿਲਾਬੰਦੀਆਂ ਅਤੇ ਜਰਸੀ ਤੇ ਗਰਨਜ਼ੀ ਵਿਚ ਦੋ ਵੱਡੇ ਜ਼ਮੀਨਦੋਜ਼ ਹਸਪਤਾਲ ਬਣਾਉਣ ਲਈ ਆਪਣੇ ਦੇਸ਼ ਤੋਂ ਬਹੁਤ ਸਾਰੇ ਕੈਦੀ ਜਾਂ ਹੋਰ ਕਾਮੇ ਲਿਆਂਦੇ। ਮਈ, 1945 ਵਿਚ ਆਜ਼ਾਦ ਹੋਣ ਉਪਰੰਤ ਬਰਤਾਨਵੀ ਸਰਕਾਰ ਦੀ ਵਿੱਤੀ ਅਤੇ ਹੋਰ ਸਹਾਇਤਾ ਨਾਲ ਇਸਦੀ ਖ਼ੁਸ਼ਹਾਲੀ ਵਿਚ ਹੋਰ ਵਾਧਾ ਹੋਇਆ।

ਹ. ਪੁ. -ਐਨ. ਅਮੈ. 6:288 ; ਐਨ. ਬ੍ਰਿ. ਮਾ. 2:738

**ਚੈਨਿੰਗ, ਐਡਵਰਡ** : ਸੰਯੁਕਤ ਰਾਜ ਅਮਰੀਕਾ ਦੇ ਇਸ ਇਤਿਹਾਸਕਾਰ ਜਿਸਨੂੰ 1000 ਈ. ਤੋਂ ਲੈ ਕੇ ਸਿਵਲ ਵਾਰ (1861-65) ਤੱਕ ਆਪਣੇ ਦੇਸ਼ ਦੇ ਵਿਕਾਸ ਦਾ ਅਧਿਐਨ ਕਰਨ ਕਾਰਨ ਯਾਦ ਕੀਤਾ ਜਾਂਦਾ ਹੈ, ਦਾ ਜਨਮ ਮੈਸਾਚੂਸੈਟੱਸ ਰਾਜ ਦੀ ਡਾਰਚੈਸਟਰ ਕਾਊਂਟੀ ਵਿਚ 15 ਜੂਨ 1856 ਨੂੰ ਹੋਇਆ। ਇਸ ਦਾ ਪਿਤਾ ਵਿਲੀਅਮ ਐਲਰੀ ਚੈਨਿੰਗ ਇਕ ਪਾਦਰੀ ਸੀ। ਇਹ ਆਪਣੇ ਸਾਰੇ ਜੀਵਨ ਕਾਲ ਦੌਰਾਨ ਹਾਰਵਰਡ ਯੂਨੀਵਰਸਿਟੀ ਨਾਲ ਜੁੜਿਆ ਰਿਹਾ ਜਿਥੇ ਇਹ 1883 ਤੋਂ 1929 ਤੱਕ ਪੜ੍ਹਾਉਂਦਾ ਵੀ ਰਿਹਾ ਹੈ। ਇਸ ਦੇ ਬਹੁਤ ਸਾਰੇ ਵਿਦਿਆਰਥੀ ਬਾਅਦ ਵਿਚ ਵੱਡੇ-ਵੱਡੇ ਵਿਦਵਾਨ ਤੇ ਸਿਆਸਤਦਾਨ ਬਣੇ ਹਨ। ਇਸਨੇ ਸਮਾਜਿਕ ਡਾਰਵਿਨਵਾਦ ਤੋਂ ਪ੍ਰਭਾਵਿਤ ਹੋ ਕੇ ਵਿਸ਼ੇਸ਼-ਅਧਿਕਾਰਵਾਦ ਦੀ ਥਾਂ ਸ਼ਕਤੀਆਂ ਦੇ ਏਕੀਕਰਨ ਤੇ ਜ਼ੋਰ ਦਿੱਤਾ। ਸ਼ਹਿਰੀਕਰਨ ਅਤੇ ਆਵਾਜਾਈ ਦੀ ਅਹਿਮੀਅਤ ਉਪਰ ਜ਼ੋਰ ਦਿੰਦੇ ਹੋਏ ਇਸਨੇ ਆਪਣੇ ਪ੍ਰਸਿੱਧ ਸਾਥੀ ਫ਼ਰੈਡਰਿਕ ਜੈਕਸਨ ਟਰਨਰ ਦੇ ਸਥਾਪਤ ਥੀਸਿਸ ਨੂੰ ਚੈਲਿੰਜ ਕੀਤਾ। ਇਸਦਾ ਛੇ ਜਿਲਦਾਂ ਵਿਚ ਲਿਖਿਆ ਹੋਇਆ 'ਸੰਯੁਕਤ ਰਾਜ ਦਾ ਇਤਿਹਾਸ' ਅਮਰੀਕੀ ਇਤਿਹਾਸ ਨੂੰ ਇਕ ਵੱਡੀ ਦੇਣ ਹੈ।

ਹ. ਪੁ.-ਐਨ. ਬ੍ਰਿ. ਮਾ. 3:87

**ਚੈਨਿੰਗ, ਵਾਲਟਰ** : ਇਹ ਇਕ ਅਮਰੀਕੀ ਫ਼ਿਜ਼ੀਸ਼ੀਅਨ ਅਤੇ ਬੋਸਟਨ ਲਾਇੰਗ ਇਨ ਹਾਸਪਿਟਲ (1832) ਦੇ ਬਾਨੀਆਂ ਵਿਚੋਂ ਇਕ ਸੀ। ਜਣਨ ਸਮੇਂ ਬੇਹੋਸ਼ੀ (ਜਾਂ ਸੁੰਨ ਕਰਨ) ਲਿਆਉਣ ਲਈ ਈਥਰ ਦਾ ਇਸਤੇਮਾਲ ਕਰਨ ਵਾਲਾ (1847), ਇਹ ਸਭ ਤੋਂ ਪਹਿਲਾ ਵਿਗਿਆਨੀ ਸੀ।

ਇਸਦਾ ਜਨਮ 15 ਅਪ੍ਰੈਲ, 1786 ਨੂੰ ਨਿਊਪੋਰਟ ਆਰ. ਆਈ. ਵਿਖੇ ਹੋਇਆ। ਇਹ ਹਾਰਵਰਡ ਯੂਨੀਵਰਸਿਟੀ ਵਿਚ (1815) ਪ੍ਰਸੂਤ ਸਬੰਧੀ ਪਹਿਲਾ ਪ੍ਰੋਫ਼ੈਸਰ ਸੀ ਜਿਥੇ ਬਾਅਦ ਵਿਚ (1819-47) ਇਹ ਮੈਡੀਕਲ ਪ੍ਰੋਫ਼ੈਸਰ ਅਤੇ ਮੈਡੀਕਲ ਸਕੂਲ ਦਾ ਡੀਨ ਵੀ ਰਿਹਾ। ਇਸਨੇ ਮੈਸਾਚੂਸੈਟੱਸ ਮੈਡੀਕਲ ਸੁਸਾਇਟੀ ਲਈ ਕਈ ਅਹੁਦਿਆਂ ਤੇ ਕੰਮ ਕੀਤਾ ਅਤੇ 'ਨਿਊ ਇੰਗਲੈਂਡ ਜਨਰਲ ਆਫ਼ ਮੈਡੀਸਨ ਐਂਡ ਸਰਜਰੀ' ਦਾ

[-ਸੰਪਾਦਕ ਵੀ ਰਿਹਾ। ਇਸ ਦੀਆਂ ਲਿਖਤਾਂ ਵਿਚੋਂ ਪ੍ਰਸਿੱਧ 'ਟ੍ਰੀਟਿਜ਼ ; ਈਥਰਾਈਜ਼ੇਸ਼ਨ ਇਨ ਚਾਈਲਡ ਬਰਥ' (1848) ਹੈ।

27ਜੁਲਾਈ, 1876ਨੂੰ ਬੁਰਕਲਾਈਨ, ਮੈਸਾਚੂਸੈੱਟਸ ਵਿਖੇ ਇਸਦਾ ਂਤ ਹੋ ਗਿਆ।

ਹ. ਪੁ. -ਐਨ. ਬ੍ਰਿ. ਮਾ. 2:738

**ਚੈਨਿੰਗ, ਵਿਲੀਅਮ ਐਲਰੀ** : ਸੰਯੁਕਤ ਰਾਜ ਅਮਰੀਕਾ ਇਸ ਲੇਖਕ, ਸਦਾਚਾਰੀ ਵਿਅਕਤੀ ਅਤੇ ਸੰਗਤਵਾਦੀ ਦਾ ਜਨਮ ਮਪ੍ਰੈਲ, 1780ਈ. ਨੂੰ ਰੋਡ ਆਈਲੈਂਡ ਵਿਚ ਨਿਊਪੋਰਟ ਵਿਖੇ ਹੋਇਆ। ਹ ਅਦਵੈਤਵਾਦੀ ਪਾਦਰੀ ਸੀ। ਬਾਅਦ ਵਿਚ ਇਹ 'ਅਦਵੈਤਵਾਦੀ ਾਗੂ' ਦੇ ਤੌਰ ਤੇ ਪ੍ਰਸਿੱਧ ਹੋਇਆ। ਇਸਨੇ ਨਿਊਪੋਰਟ ਅਤੇ ਹਾਰਵਰਡ ਵਿਖੇ ਧਰਮ-ਸ਼ਾਸਤਰ ਸੰਬੰਧੀ ਵਿੱਦਿਆ ਪ੍ਰਾਪਤ ਕੀਤੀ ਅਤੇ ਜਲਦੀ ਹੀ ਮੈਸਾਚੂਸੈੱਟਸ ਰਾਜ ਵਿਚ ਕੈਂਬਰਿਜ ਵਿਖੇ ਅਤੇ ਅਨੇਕਾਂ ਹੋਰ ਚਰਚਾਂ ਵਿਚ ਸਫ਼ਲ ਪ੍ਰਚਾਰਕ ਰਿਹਾ। 1 ਜੂਨ 1803 ਈ. ਤੋਂ ਲੈ ਕੇ ਆਪਣੀ ਮੌਤ, ਅਰਥਾਤ 2 ਅਕਤੂਬਰ 1842ਈ. ਤੱਕ ਇਹ 'ਫ਼ੈਡਰਲ ਸਟਰੀਟ ਚਰਚ' ਬੋਸਟਨ ਵਿਖੇ ਪਾਦਰੀ ਰਿਹਾ। ਇਸਨੇ ਈਸਾਈ-ਮੱਤ ਦੇ ਕੱਟੜ ਸਿਧਾਂਤਾਂ ਦਾ ਖੰਡਨ ਕਰਕੇ ਨੈਤਿਕਤਾ, ਉਦਾਰਤਾ ਅਤੇ ਈਸਾਈਆਂ ਦੀਆਂ ਜ਼ਿੰਮੇਵਾਰੀਆਂ ਨੂੰ ਮਹੱਤਤਾ ਦਿੱਤੀ। ਇਹ ਇਕ ਮਸ਼ਹੂਰ ਬੁਲਾਰਾ ਬਣ ਗਿਆ।



**ਵਿਲੀਅਮ ਐਲਰੀ ਚੈਨਿੰਗ**

ਇਸ ਤੋਂ ਇਲਾਵਾ ਚੈਨਿੰਗ ਨੇ ਬੋਸਟਨ ਦੇ ਰਸਾਲਿਆਂ ਵਿਚ ਲੇਖ ਛਪਵਾ ਕੇ ਖ਼ੂਬ ਪ੍ਰਚਾਰ ਕੀਤਾ। ਉਸ ਦੀਆਂ ਬਹੁਤ ਸਾਰੀਆਂ ਹੱਥ-ਲਿਖਤਾਂ ਸੜ ਕੇ ਨਸ਼ਟ ਹੋ ਗਈਆਂ। ਚੈਨਿੰਗ ਦੀ ਸਮਾਜ ਨੂੰ ਦੇਣ ਸੰਬੰਧੀ ਬੜਾ ਕੁੱਝ ਲਿਖਿਆ ਗਿਆ ਹੈ।

ਹ. ਪੁ.-ਐਨ. ਬ੍ਰਿ. ਮਾ. 2:738; ਐਨ. ਅਮੇ. 6:290; ਐਨ. ਬ੍ਰਿ. 5:273

**ਚੈਪਸਟੋ** : ਵੇਲਜ਼ ਵਿਚ ਇਹ ਗਵੈਂਟ (Gwent) ਕਾਊਂਟੀ ਦੀ ਇਕ ਮੰਡੀ, ਦਰਿਆਈ ਬੰਦਰਗਾਹ ਅਤੇ ਇਤਿਹਾਸਕ ਗੜ੍ਹੀ ਹੈ ਜੋ ਦਰਿਆ ਵਾਈ ਦੇ ਪੱਛਮੀ ਕੰਢੇ ਤੇ ਦਰਿਆ ਸੈਵਰਨ ਤੇ ਵਾਈ ਦੇ ਸੰਗਮ ਦੇ ਨੇੜੇ ਵਾਕਿਆ ਹੈ। ਵਾਈ ਘਾਟੀ ਵਿਚ ਫ਼ੌਜੀ ਮਹੱਤਤਾ ਵਾਲੀ ਥਾਂ ਤੇ ਸਥਿੱਤ ਹੋਣ ਕਰਕੇ ਇਹ ਪੂਰਵ ਇਤਿਹਾਸਕ ਰੋਮਨ ਤੇ ਸੈਕਸਨ ਸਮਿਆਂ ਵਿਚ ਇਕ ਕਿਲਾਬੰਦ ਜਗ੍ਹਾ ਸੀ। 12ਵੀਂ ਸਦੀ ਵਿਚ ਚਟਾਨ ਦੇ ਵਧਾਓ ਉਪਰ ਇਕ ਨਾਰਮਨ ਕਿਲਾ ਉਸਾਰਿਆ ਗਿਆ। ਸ਼ਹਿਰ ਦੀ ਪ੍ਰਾਚੀਨ ਦੀਵਾਰ ਦੇ ਕੁੱਝ ਹਿੱਸੇ ਅਜੇ ਵੀ ਮੌਜੂਦ ਹਨ ਅਤੇ ਸੋਲ੍ਹਵੀਂ ਸਦੀ ਦੇ ਬਣੇ ਸ਼ਹਿਰ ਦੇ ਇਕ ਸ਼ਾਨਦਾਰ ਦਰਵਾਜ਼ੇ ਦੀ ਡਾਟ ਉਪਰਲੇ ਇਕ ਕਮਰੇ ਵਿਚ ਇਕ ਛੋਟਾ ਜਿਹਾ ਅਜਾਇਬ ਘਰ ਸਥਾਪਤ ਕੀਤਾ ਹੋਇਆ ਹੈ। 14ਵੀਂ ਅਤੇ 15ਵੀਂ ਸਦੀ ਦੌਰਾਨ ਜ਼ਿਲ੍ਹੇ ਦੇ ਦੁਆਲੇ ਸ਼ਹਿਰ ਦਾ ਵਿਕਾਸ ਕਾਫ਼ੀ ਹੋਇਆ ਅਤੇ 1524 ਵਿਚ ਇਸਨੂੰ ਇਕ ਚਾਰਟਰ ਪ੍ਰਦਾਨ ਕੀਤਾ ਗਿਆ। 19ਵੀਂ ਸਦੀ ਤੱਕ ਤਾਂ ਇਹ ਇਕ ਗਹਿਮਾ-ਗਹਿਮ ਬੰਦਰਗਾਹ ਹੁੰਦੀ ਸੀ। ਪਰ ਬਾਅਦ ਵਿਚ ਜਲ-ਮਾਰਗ ਦੇ ਘੱਟ ਡੂੰਘੇ ਅਤੇ ਤੰਗ ਹੋਣ ਕਾਰਨ ਇਸ ਵਿਚ ਵੱਡੇ-ਵੱਡੇ ਜਹਾਜ਼ ਚਲਣੋਂ ਰੁਕ ਗਏ। ਸ਼ਹਿਰ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਉਪਰ ਨਿਰਭਰ ਹੈ ਅਤੇ ਕੁਝ ਇੰਜੀਨੀਅਰਿੰਗ, ਸੜਕਾਂ ਬਣਾਉਣ ਵਾਲਾ ਮਸਾਲਾ ਤਿਆਰ ਕਰਨ ਅਤੇ ਬੁਰਸ਼ ਬਣਾਉਣ ਦੀਆਂ ਸਨਅਤਾਂ ਹਨ। ਇਥੇ ਪੀਅਰਸਫੀਲਡ ਪਾਰਕ ਵਿਚ ਇਕ ਪ੍ਰਸਿੱਧ ਬ੍ਰਿਟਿਸ਼ ਰੇਸ ਕੋਰਸ ਹੈ। ਲੰਡਨ ਤੋਂ ਆਉਂਦੀ ਐਮ.-4 ਜਰਨੈਲੀ ਸੜਕ, ਜੋ ਲਾਗਲੇ ਸੈਵਰਨ ਪੁਲ ਨੂੰ ਪਾਰ ਕਰਦੀ ਹੈ, ਇਸ ਸ਼ਹਿਰ ਦੇ ਨੇੜਿਉਂ ਦੀ ਲੰਘਦੀ ਹੈ। ਟਿਨਟਰਨ ਐਬੇ ਤੇ ਸਿਸਟਰਸੀਅਨ ਐਬੇ ਦੇ ਖੰਡਰਾਤ ਜਿਨ੍ਹਾਂ ਨੂੰ ਅੰਗਰੇਜ਼ ਕਵੀ ਵਰਡਜ਼ਵਰਥ ਨੇ ਮਸ਼ਹੂਰ ਕੀਤਾ, ਇਸ ਸ਼ਹਿਰ ਤੋਂ 6.4 ਕਿ. ਮੀ. ਉੱਤਰ ਵੱਲ ਵਾਕਿਆ ਹਨ।

51° 39′ ਉ. ਵਿਥ.; 2° 41′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 2:805

**ਚੈਪਟਰ ਹਾਊਸ** : ਚਰਚ ਨਾਲ ਸਬੰਧਿਤ ਇਹ ਇਕ ਇਮਾਰਤ (ਸਭਾ ਭਵਨ) ਹੁੰਦੀ ਹੈ ਜਿਸ ਵਿਚ ਕਾਰੋਬਾਰ ਦੇ ਸੰਬੰਧ ਵਿਚ ਪਾਦਰੀ-ਸੰਘ ਦੀ ਮੀਟਿੰਗ ਹੁੰਦੀ ਹੈ। ਚੈਪਟਰ ਹਾਊਸ ਵੱਖ-ਵੱਖ ਆਕਾਰਾਂ ਦੇ ਹੁੰਦੇ ਹਨ। ਕਈ ਚਾਰ, ਅੱਠ ਜਾਂ ਦਸ ਪਾਸਿਆਂ ਵਾਲੇ ਅਤੇ ਕਈ ਗੋਲ ਜਾਂ ਸਮਾਨਾਂਤਰ ਚਤੁਰਭੁਜ ਆਕਾਰ ਦੇ ਹੁੰਦੇ ਹਨ ਅਤੇ ਇਨ੍ਹਾਂ ਦੀ ਭਵਨ-ਉਸਾਰੀ ਕਲਾ ਆਮ ਕਰਕੇ ਵਰਣਨ ਯੋਗ ਹੁੰਦੀ ਹੈ।

ਮਹਾਂਦੀਪੀ ਚੈਪਟਰ ਹਾਊਸ ਆਕਾਰ ਵਿਚ ਸਦਾ ਹੀ ਚਤੁਰਭੁਜੀ ਹੁੰਦੇ ਹਨ। ਇੰਗਲਿਸ਼ ਚੈਪਟਰ ਹਾਊਸਾਂ ਵਿਚੋਂ ਸਭ ਤੋਂ ਪ੍ਰਸਿੱਧ ਨਿਮਨਲਿਖਤ ਹਨ : ਲਿੰਕਨ ਕੈਥੀਡ੍ਰਲ ਦਾ ਚੈਪਟਰ ਹਾਊਸ ਜੋ ਦਸ ਭੁਜਾ ਹੈ ਅਤੇ ਛੱਤ ਵਿਚਕਾਰਲੇ ਥੰਮ੍ਹ ਤੋਂ ਡਾਟਦਾਰ ਸਪਰਿੰਗਾਂ ਵਾਲੀ ਹੈ; ਸਾਲਜ਼ਬਰੀ ਕੈਥੀਡ੍ਰਲ ਦਾ ਚੈਪਟਰ ਹਾਊਸ ਵਧੀਆ ਸ਼ਿਲਪ ਕਲਾ ਵਾਲਾ ਅੱਠ-ਭੁਜਾ ਹੈ, ਵੇਲਜ਼ ਕੈਥੀਡ੍ਰਲ ਦਾ ਚੈਪਟਰ ਹਾਊਸ ਇੰਗਲੈਂਡ ਵਿਚ ਸਭ ਤੋਂ ਵਧੀਆ ਸਜਾਇਆ ਹੋਇਆ ਅੱਠ ਭੁਜਾ ਚੈਪਟਰ ਹਾਊਸ ਹੈ ; ਸਾਊਥ-ਵੈਲ ਮਿਨਸਟਰ ਦਾ ਚੈਪਟਰ ਹਾਊਸ ਅੱਠ ਬਾਹੀਆਂ ਵਾਲਾ ਹੈ, ਇਸ ਦੀ ਸੁੰਦਰ ਛੱਤ ਨੂੰ ਕਿਸੇ ਵੀ ਕੇਂਦਰੀ ਥੰਮ੍ਹ ਦਾ ਸਹਾਰਾ ਨਹੀਂ ਹੈ ਅਤੇ ਇਹ ਬਹੁਤ ਵਧੀਆ ਪ੍ਰਾਚੀਨ ਨਕਾਸ਼ੀ ਵਾਲਾ ਚੈਪਟਰ ਹਾਊਸ ਹੈ; ਯਾਰਕ ਮਿਨਸਟਰ ਅੱਠ ਭੁਜਾ ਹੈ ਅਤੇ ਸੁੰਦਰ ਸਜਾਵਟੀ ਕੰਮ ਦੀ ਮਿਸਾਲ ਪੇਸ਼ ਕਰਦਾ ਹੈ ਅਤੇ ਵੂਸਟਰ ਕੈਥੀਡ੍ਰਲ (Worcestor Cathedral) ਦਾ ਚੈਪਟਰ ਹਾਊਸ ਗੋਲ ਅਤੇ ਇਕੋ ਹੀ ਧੁਰੇ ਵਾਲਾ ਹੈ।

ਬ੍ਰਿਸਟਲ ਕੈਥੀਡ੍ਰਲ ਦਾ ਚੈਪਟਰ ਹਾਊਸ ਨਾਰਮਨ ਕਾਲ ਦਾ ਹੈ ਅਤੇ ਆਕਾਰ ਵਿਚ ਸਮਾਂਤਰ ਚਤੁਰਭੁਜ ਹੈ। ਗਲਾਸਟਰ ਅਤੇ ਕੈਂਟਰਬਰੀ ਕੈਥੀਡ੍ਰਲਾਂ ਦੇ ਚੈਪਟਰ ਹਾਊਸ ਵੀ ਸਮਾਂਤਰ ਚਤੁਰਭੁਜ ਆਕਾਰ ਦੇ ਹਨ। ਗਲਾਸਟਰ (Gloucestor) ਦਾ ਚੈਪਟਰ ਹਾਊਸ ਨਾਰਮਨ ਸਮੇਂ ਦਾ ਅਤੇ ਕੈਂਟਰਬਰੀ ਦੇ ਚੈਪਟਰ ਹਾਊਸ ਦਾ ਹੇਠਲਾ ਹਿੱਸਾ ਪਰਪੈਂਡੀਕੂਲਰ ਕਾਲ (14ਵੀਂ ਤੋਂ 15ਵੀਂ ਸਦੀ) ਦੇ ਪਹਿਲੇ ਹਿੱਸੇ ਦੌਰਾਨ ਮੁਕੰਮਲ ਹੋਇਆ ਸੀ।

ਹ. ਪੁ. -ਐਨ. ਅਮੇ. 6:300

**ਚੈਪਮੈਨ, ਜਾਰਜ** : ਇਹ ਅੰਗਰੇਜ਼ੀ ਨਾਟਕਕਾਰ ਤੇ ਕਵੀ ਸੀ ਜਿਸ ਦੇ ਹੋਮਰ ਦੇ ਅਨੁਵਾਦ ਨੂੰ ਅੰਗਰੇਜ਼ੀ ਦਾ ਸਟੈਂਡਰਡ ਅਨੁਵਾਦ ਮੰਨਿਆ ਜਾਂਦਾ ਹੈ। ਇਸ ਦਾ ਜਨਮ ਹਰਟ ਫੋਰਡਸ਼ਿਰ ਵਿਚ ਹਿਚਿਨ ਵਿਖੇ ਸ਼ਾਇਦ 1559 ਈ. ਵਿਚ ਹੋਇਆ। ਇਹ ਆਕਸਫੋਰਡ ਵਿਚ ਪੜ੍ਹਿਆ ਪਰ ਕੋਈ ਡਿਗਰੀ ਪ੍ਰਾਪਤ ਨਹੀਂ ਕੀਤੀ। ਸੰਨ 1585 ਤੱਕ ਇਸਨੇ



ਜਾਰਜ ਚੈਪਮੈਨ

ਲੰਡਨ ਵਿਖੇ ਇਕ ਅਮੀਰ ਵਿਅਕਤੀ ਸਰ ਰਾਲਫਸੈਡਲਰ ਪਾਸ ਨੌਕਰੀ ਵੀ ਕੀਤੀ ਸੀ। ਜਾਪਦਾ ਹੈ ਕਿ ਇਹ ਬੈਲਜੀਅਮ ਤੇ ਹਾਲੈਂਡ ਆਦਿ ਵੀ ਗਿਆ ਸੀ।

ਸੰਨ 1593 ਤੇ 1595 ਵਿਚ ਛਪੀਆਂ ਇਸ ਦੀਆਂ ਪਹਿਲੀਆਂ ਰਚਨਾਵਾਂ ਜੀਵਨ ਨੂੰ ਨਿਯਮਬੱਧ ਢੰਗ ਨਾਲ ਚਲਾਉਣ ਤੇ ਜ਼ੋਰ ਦਿੰਦੀਆਂ ਹਨ। ਸਰ ਵਾਲਟਰ ਰੈਲੇ ਦੀ ਪ੍ਰਸੰਸਾ ਵਿਚ ਲਿਖੀ ਇਸਦੀ ਕਵਿਤਾ ਜੰਗਜੂ ਨਾਇਕ ਦੇ ਗੁਣਾਂ ਨੂੰ ਬੜੀ ਖ਼ੂਬੀ ਨਾਲ ਉਭਾਰਦੀ ਹੈ। ਸੰਨ 1603 ਵਿਚ ਇਹ ਪ੍ਰਿੰਸ ਹੈਨਰੀ ਪਾਸ ਨੌਕਰ ਲੱਗ ਗਿਆ। 1605 ਵਿਚ ਇਸਨੂੰ ਬੈਨ ਜਾਨਸਨ ਸਮੇਤ 'ਈਸਟਵਰਡ ਹੋ' ਨਾਟਕ ਲਿਖਣ ਤੇ ਕੈਦ ਕੀਤਾ ਗਿਆ। ਬਾਦਸ਼ਾਹ ਜੇਮਜ਼ ਦੇ ਰਾਜ ਦੇ ਪਹਿਲੇ ਦਹਾਕੇ ਵਿਚ ਇਸਨੇ ਦਰਜਨ ਨਾਟਕ ਲਿਖੇ ਜਿਨਾਂ ਵਿਚੋਂ Bussyd' Ambois (1607) The Conspiracies and Tragedies of Charles Duke of Byron (1608) ਅਤੇ The Widdowes' Teares (1612) ਇਸ ਦੇ ਸ਼ਾਹਕਾਰ ਹਨ। ਸੰਨ 1611 ਵਿਚ ਇਸ ਨੇ ਹੋਮਰ ਦੇ 'Iliad' ਦਾ ਅਤੇ 1616 ਵਿਚ 'Odyssey' ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ। 12 ਮਈ 1634 ਨੂੰ ਲੰਡਨ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 5:280 ; ਐਨ. ਬ੍ਰਿ. ਮਾ. 2:746

**ਚੈਂਪਮੈਨ, ਫਰੈਂਗਕ ਮਿਕਲਰ** : ਇਹ ਇਕ ਅਮਰੀਕੀ ਪੰਛੀ-ਵਿਗਿਆਨੀ ਹੋਇਆ ਹੈ ਜਿਸਨੇ ਪੰਛੀਆਂ ਦੇ ਅਧਿਐਨ ਨੂੰ ਬਹੁਤ ਉਤਸਾਹ ਦਿੱਤਾ। ਇਸਦਾ ਜਨਮ 12 ਜੂਨ, 1864 ਨੂੰ ਈਗਲਵੁਡ, ਐਨ. ਜੇ. ਵਿਖੇ ਹੋਇਆ। ਨਿਊਯਾਰਕ ਦੇ ਅਮੈਰੀਕਨ ਮਿਊਜ਼ੀਅਮ ਆਫ਼ ਨੈਚੁਰਲ ਹਿਸਟਰੀ ਵਿਚ ਇਹ 1887 ਤੋਂ 1942 ਤੱਕ ਵੱਖ-ਵੱਖ ਅਹੁਦਿਆਂ ਤੇ ਕੰਮ ਕਰਦਾ ਰਿਹਾ।

ਸੰਨ 1887 ਤੋਂ ਬਾਅਦ ਹੀ ਇਸਨੇ ਸੀਤ ਊਸ਼ਣੀ ਅਤੇ ਊਸ਼ਣ ਖੰਡੀ ਅਮਰੀਕਾ ਵਿਚ ਘੁੰਮ ਫਿਰ ਕੇ ਉੱਥੋਂ ਦੇ ਪੰਛੀ ਇਕੱਠੇ ਕੀਤੇ ਅਤੇ ਉਨ੍ਹਾਂ ਦੀਆਂ ਤਸਵੀਰਾਂ ਖਿੱਚੀਆਂ। ਇਸਨੇ ਆਪਣੇ ਪ੍ਰਕਾਸ਼ਿਤ ਪੇਪਰਾਂ ਵਿਚ ਮੁੱਖ ਤੌਰ ਤੇ ਅਮਰੀਕੀ ਪੰਛੀਆਂ ਦੇ ਜੀਵਨ ਬਿਰਤਾਂਤ, ਭੂਗੋਲਿਕ ਵੰਡ ਅਤੇ ਸਿਸਟੇਮੈਟਿਕ ਸੰਬੰਧਾਂ ਦਾ ਜ਼ਿਕਰ ਕੀਤਾ ਹੈ ਅਤੇ 1911 ਤੋਂ ਬਾਅਦ ਇਸ ਨੇ ਆਰਡੀਅਨ (Ardean) ਪੰਛੀਆਂ ਦੇ ਬਾਰੇ ਕੰਮ ਕੀਤਾ। ਸੰਨ (1898-1935) ਵਿਚ ਇਹ 'ਬਰਡਲੋਰ' ਰਸਾਲੇ ਦਾ ਮੋਢੀ ਅਤੇ ਸੰਪਾਦਕ, (1911-14) ਅਮੈਰੀਕਨ ਆਰਨਿਥਾੱਲੋਜਿਸਟਾਂ ਦੀ ਯੂਨੀਅਨ ਦਾ ਪ੍ਰਧਾਨ ਅਤੇ (1910-18) ਐਕਸਪਲੋਰਰਜ਼ ਕਲੱਬ ਦਾ ਉਪ-ਪ੍ਰਧਾਨ ਰਿਹਾ। ਇਸਨੂੰ ਸਭ ਤੋਂ ਪਹਿਲਾ ਲੀਨੀਅਨ ਮੈਡਲ (1912), ਪਹਿਲਾ ਈਲੀਅਟ ਮੈਡਲ (1928) ਅਤੇ ਬੱਰੋਜ਼ (Burroughs) ਮੈਡਲ (1929) ਮਿਲਿਆ। ਸੰਨ 1913 ਵਿਚ ਬਰਾਊਨ ਯੂਨੀਵਰਸਿਟੀ ਪ੍ਰਾਵੀਡੈਂਸ ਨੇ ਇਸਨੂੰ ਡੀ. ਐੱਸ. ਸੀ. ਦੀ ਡਿਗਰੀ ਪ੍ਰਦਾਨ ਕੀਤੀ।

ਇਸ ਦੀਆਂ ਮੁੱਖ ਲਿਖਤਾਂ 'ਹੈਂਡਬੁੱਕ ਆਫ਼ ਬਰਡਜ਼ ਆਫ਼ ਈਸਟਰਨ ਨਾਰਥ ਅਮੈਰੀਕਾ' (1895), 'ਦੀ ਵਾਰਬਲਰ ਆਫ਼ ਨਾਰਥ ਅਮੈਰੀਕਾ' (1907) 'ਦੀ ਡਿਸਟਰੀਬਿਊਸ਼ਨ ਆਫ਼ ਬਰਡ ਲਾਈਫ਼ ਇਨ ਕੋਲੰਬੀਆ' (1917), 'ਬਰਡਜ਼ ਆਫ਼ ਦੀ ਊਰੂਬਾਬਾ ਵੈਲੀ, ਪੀਰੂ' (1921), 'ਦੀ ਡਿਸਟਰੀਬਿਊਸ਼ਨ ਆਫ਼ ਬਰਡ ਲਾਈਫ਼ ਇੰਨ ਐਕਵਾਡੋਰ' (1926) ਆਦਿ ਹਨ।

15 ਨਵੰਬਰ, 1945 ਨੂੰ ਨਿਊਯਾਰਕ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 5:279

**ਚੈਪਲ** : ਇਹ ਚਰਚ ਦਾ ਹਿੱਸਾ ਜਾਂ ਉਸ ਤੋਂ ਵੱਖਰਾ ਹਿੱਸਾ ਹੈ, ਜੋ ਈਸਾਈਆਂ ਦਾ ਇਕ ਵਿਸ਼ੇਸ਼ ਪੂਜਾ ਸਥਾਨ ਹੁੰਦਾ ਹੈ। ਮੁੱਢ ਵਿਚ ਇਹ ਨਾਂ (ਲਾਤੀਨੀ Capella = ਛੋਟਾ ਚੋਗਾ) ਉਸ ਮੰਦਰ ਲਈ ਰਖਿਆ ਜਾਂਦਾ ਸੀ ਜਿੱਥੇ ਸੇਂਟ ਮਾਰਟਿਨ ਦਾ ਚੋਗਾ ਜਾਂ ਕੋਈ ਹੋਰ ਨਿਸ਼ਾਨੀ ਰੱਖੀ ਜਾਂਦੀ ਸੀ। ਮਗਰੋਂ ਇਹ ਥਾਂ ਪੂਜਾ ਸਥਾਨ ਦਾ ਰੂਪ ਧਾਰ ਗਈ ਅਤੇ ਚਰਚ ਵਿਚ ਇਕ ਵੱਖਰੀ ਵਲਗਣ ਬਣ ਗਈ ਜਿੱਥੇ ਵਿਸ਼ੇਸ਼ ਸੰਤ ਦੀਆਂ ਕੋਈ ਨਿਸ਼ਾਨੀਆਂ ਰਖੀਆਂ ਜਾਂਦੀਆਂ। ਪਿੱਛੋਂ ਇਸ ਦੀ ਵਰਤੋਂ ਪੁਰਾਣੀਆਂ ਨਿਸ਼ਾਨੀਆਂ ਨੂੰ ਸੰਭਾਲਣ ਲਈ ਹੋਣ ਲੱਗੀ ਅਤੇ ਇਸ ਦੇ ਪਾਦਰੀ ਨੂੰ ਚੈਪਲਿਨ ਕਿਹਾ ਜਾਣ ਲੱਗਾ। ਫਿਰ ਇਹ ਸ਼ਬਦ ਮੁੱਖ ਗਿਰਜਾ ਘਰਾਂ ਨੂੰ ਛੱਡ ਕੇ ਸਾਰੇ ਪੂਜਾ ਅਸਥਾਨਾਂ, ਜਿਵੇਂ ਸ਼ਾਹੀ ਮਹਿਲਾਂ ਨਾਲ ਸਬੰਧਿਤ ਇਬਾਦਤ-ਖਾਨਿਆਂ ਲਈ ਵਰਤਿਆ ਜਾਣ ਲੱਗਾ। ਇਸ ਤਰ੍ਹਾਂ ਪੈਰਿਸ ਵਿਚ ਸ਼ਾਹੀ 'ਸੇਂਟ ਚੈਪਲ' 1248 ਵਿਚ ਸੇਂਟ ਲੂਈ ਨੇ ਪੁਰਾਤਨ 'ਕੰਡਿਆਂ ਦਾ ਤਾਜ' (Crown of Thorns) ਰੱਖਣ ਲਈ ਬਣਾਇਆ। ਅਗਲੀ ਸਦੀ ਵਿਚ ਫ਼ਰਾਂਸ ਦੇ ਰਾਜਕੁਮਾਰਾਂ, ਪਾਦਰੀਆਂ, ਮਹਾਂਪੁਰਖਾਂ, ਜਗੀਰਦਾਰਾਂ ਵੱਲੋਂ ਉੱਚੀ ਧਾਰਮਕ ਸਿੱਖਿਆ ਦੇਣ ਲਈ ਚੈਪਲ ਬਣਵਾਏ ਗਏ। ਨਿੱਜੀ ਘਰਾਂ ਵਿਚ ਚਰਚ ਅਧਿਕਾਰਾਂ ਦੀ ਰੱਖਿਆ ਲਈ ਲਾਈਸੈਂਸ ਦੀ ਲੋੜ ਹੁੰਦੀ ਸੀ। ਪਰੰਤੂ ਹੁਣ ਲਗਭਗ ਸਾਰੇ ਧਾਰਮਕ ਸਥਾਨਾਂ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ।

ਫਿਰ ਭੀ ਆਮ ਕਰਕੇ ਇਹ ਸ਼ਬਦ ਤਿੰਨ ਤਰ੍ਹਾਂ ਦੀਆਂ ਧਾਰਮਕ ਸੇਵਾ ਵਾਲੀਆਂ ਇਮਾਰਤਾਂ ਜਿਵੇਂ ਕਾਲਜ, ਯੂਨੀਵਰਸਿਟੀ ਜਾਂ ਹਸਪਤਾਲ, ਸੈਨਿਕ ਪੂਜਾ ਸਥਾਨ ਅਤੇ ਦਾਹ ਸੰਸਕਾਰ ਦੇ ਪ੍ਰਬੰਧ ਲਈ ਕਮਰੇ ਵਾਸਤੇ ਵਰਤਿਆ ਜਾਂਦਾ ਹੈ।

ਹ. ਪੁ. -ਐਨ. ਬ੍ਰਿ. 5:278

**ਚੈਪਲਿਨ, ਸਿਡ** : ਇਸ ਅੰਗਰੇਜ਼ ਨਾਵਲਕਾਰ ਅਤੇ ਕਹਾਣੀਕਾਰ ਦਾ ਜਨਮ 20 ਸਤੰਬਰ 1916 ਨੂੰ ਡਰਐਮ ਵਿਚ ਸ਼ਿਲਡਨ ਵਿਖੇ ਹੋਇਆ। ਇਸ ਨੇ ਇੰਗਲੈਂਡ ਦੇ ਕਸਬਿਆਂ ਅਤੇ ਛੋਟੇ ਸ਼ਹਿਰਾਂ ਵਿਚ ਕਿਰਤੀ-ਕਾਮਿਆਂ ਦੇ ਜੀਵਨ-ਚਰਿੱਤਰ ਨੂੰ ਪੇਸ਼ ਕੀਤਾ ਹੈ। ਸੰਨ 1931 ਤੋਂ 1950 ਦੇ ਦੌਰਾਨ ਖਾਣਾਂ ਵਿਚ ਕੰਮ ਕਰਦੇ ਹੋਏ ਇਸਨੇ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਪ੍ਰਾਪਤ ਕੀਤੀ। ਸੰਨ 1943 ਤੋਂ 1945 ਤੱਕ ਇਹ ਮਾਈਨਰਜ਼ ਫ਼ੈਡਰੇਸ਼ਨ ਆਫ਼ ਗ੍ਰੇਟ ਬ੍ਰਿਟੇਨ ਦਾ ਬ੍ਰਾਂਚ ਸਕੱਤਰ ਰਿਹਾ। ਸੰਨ 1950 ਵਿਚ ਇਸ ਨੂੰ ਕੋਲੇ ਸੰਬੰਧੀ ਪ੍ਰਕਾਸ਼ਨਾਵਾਂ ਲਈ ਅਤੇ ਨੈਸ਼ਨਲ ਕੋਲ ਬੋਰਡ ਦੇ ਲੋਕ ਸੰਪਰਕ ਵਿਭਾਗ ਵਿਚ ਲੇਖਕ ਵਜੋਂ ਨਿਯੁਕਤ ਕੀਤਾ ਗਿਆ।

'ਦੀ ਥਿਨ ਸੀਮ' (1950), 'ਦੀ ਡੇ ਆਫ਼ ਦੀ ਸਾਰਡੀਨ' (1961), 'ਦੀ ਵਾਚਰਜ਼ ਐਂਡ ਦੀ ਵਾਚਡ' (1962), 'ਸਾਮ ਇਨ ਦੀ ਮਾਰਨਿੰਗ' (1965) ਆਦਿ ਇਸਦੇ ਕੁੱਝ ਨਾਵਲ ਹਨ। 'ਦੀ ਲੀਪਿੰਗ ਲੈਂਡ' (1946) ਇਸ ਦੀਆਂ ਨਿੱਕੀਆਂ ਕਹਾਣੀਆਂ ਦਾ ਸੰਗ੍ਰਹਿ ਹੈ। 'ਦੀ ਸਮੈੱਲ ਆਫ਼ ਸੰਡੇ ਡਿੱਨਰ' (1971) ਸਿਡ ਦੇ ਲੇਖਾਂ ਦਾ ਸੰਗ੍ਰਹਿ ਹੈ।

ਹ. ਪੁ. -ਐਨ. ਬ੍ਰਿ. ਮਾ. 7:745

**ਚੈਪਲਿਨ, ਚਾਰਲਸ ਸਪੈਂਸਰ** : ਬਰਤਾਨੀਆ ਵਿਚ ਪੈਦਾ ਹੋਇਆ ਇਹ ਅਮਰੀਕੀ ਐਕਟਰ ਅਤੇ ਡਾਇਰੈਕਟਰ ਮੂਕ ਫਿਲਮਾਂ ਵਿਚ ਆਪਣੀ ਦਰਦ ਭਰੀ ਪਰ ਮਖ਼ੌਲੀਆ ਅਦਾਕਾਰੀ ਕਰਕੇ ਸੰਸਾਰ ਪ੍ਰਸਿੱਧ ਹੋਇਆ। ਇਸ ਦਾ ਪੂਰਾ ਨਾਂ ਸਰ ਚਾਰਲਸ ਸਪੈਂਸਰ ਚੈਪਲਿਨ ਸੀ।

ਚਾਰਲੀ ਚੈਪਲਿਨ ਦਾ ਜਨਮ 16 ਅਪ੍ਰੈਲ, 1889 ਨੂੰ ਲੰਡਨ ਵਿਚ ਹੋਇਆ। ਇਸਦੇ ਮਾਤਾ ਪਿਤਾ ਸਟੇਜੀ ਗਾਇਕ ਸਨ। ਉਨ੍ਹਾਂ ਨੇ ਇਸ

ਨੂੰ ਗਾਣ ਅਤੇ ਨੱਚਣ ਦੀ ਸਿੱਖਿਆ ਦਿੱਤੀ। ਅੱਠ ਸਾਲ ਦੀ ਉਮਰ ਵਿਚ ਹੀ ਇਹ ਸਟੇਜ ਤੇ ਆਉਣ ਲੱਗ ਪਿਆ ਸੀ। ਝੱਟ ਮਗਰੋਂ ਇਸਦੇ ਪਿਤਾ ਦੀ ਮੌਤ ਹੋ ਗਈ ਅਤੇ ਇਸਦੀ ਮਾਂ ਆਮ ਕਰਕੇ ਬੀਮਾਰ ਰਹਿਣ ਕਰਕੇ ਹਸਪਤਾਲ ਵਿਚ ਰਹਿੰਦੀ ਸੀ। ਇਸ ਲਈ ਚੈਪਲਿਨ ਦਾ ਮੁੱਢਲਾ ਜੀਵਨ ਬੋਰਡਿੰਗਾਂ ਅਤੇ ਯਤੀਮਖਾਨਿਆਂ ਵਿਚ ਹੀ ਬੀਤਿਆ। ਸੰਨ 1913 ਤੱਕ ਇਹ ਸਟੇਜ ਤੇ ਆਉਂਦਾ ਰਿਹਾ ਅਤੇ ਦਸੰਬਰ 1913 ਤੋਂ ਇਸ ਦਾ ਫ਼ਿਲਮੀ ਜੀਵਨ ਸ਼ੁਰੂ ਹੋਇਆ।



ਚਾਰਲੀ ਚੈਪਲਿਨ

ਸੰਨ 1914 ਵਿਚ ਆਪਣੀ ਦੂਜੀ ਫ਼ਿਲਮ 'ਕਿਡ ਆਟੋ ਰੇਸਿਜ਼ ਐਟ ਵੈਨਿਸ' ਸਮੇਂ ਚੈਪਲਿਨ ਆਪਣੀ ਨਿਵੇਕਲੀ ਕਿਸਮ ਦੀ ਪੋਸ਼ਾਕ ਪਾਉਣ ਲੱਗ ਪਿਆ। 1915 ਵਿਚ 'ਦੀ ਟ੍ਰੈਂਪ' ਨਾਂ ਦੀ ਪਿਕਚਰ ਮਗਰੋਂ ਇਸ ਦੀ ਦਰਦ ਅਤੇ ਸੋਜ਼ ਭਰੀ ਅਦਾਕਾਰੀ ਉੱਘੜ ਕੇ ਸਾਹਮਣੇ ਆਉਣ ਲੱਗੀ। ਇਸ ਦੀਆਂ ਕਾਮੇਡੀ ਫ਼ਿਲਮਾਂ ਵੀ ਬਹੁਤ ਹੀ ਪ੍ਰਸਿੱਧ ਹੋਣ ਲੱਗੀਆਂ। ਇਸਦੇ ਹੁਨਰ ਕਾਰਣ ਇਸ ਨੂੰ ਆਪਣੀਆਂ ਫ਼ਿਲਮਾਂ ਦਾ ਨਿਰਦੇਸ਼ਨ ਵੀ ਸੌਂਪਿਆ ਗਿਆ। ਇਸ ਦੀ ਆਮਦਨੀ ਦਿਨ-ਬ-ਦਿਨ ਬਹੁਤ ਵਧਦੀ ਹੀ ਗਈ। 1923 ਤੋਂ ਮਗਰੋਂ ਚੈਪਲਿਨ ਨੇ ਕੇਵਲ ਆਪਣੀ ਕੰਪਨੀ ਲਈ ਹੀ ਫ਼ਿਲਮਾਂ ਬਣਾਈਆਂ। ਚੈਪਲਿਨ ਦਾ ਚਰਿੱਤਰ ਇਸ ਦੀਆਂ ਫਿਲਮਾਂ 'ਈਜ਼ੀ ਸਟਰੀਟ' (1971), 'ਸ਼ੋਲਡਰ ਆਰਮ' (1918), 'ਦੀ ਕਿਡ' (1921), 'ਦੀ ਗੋਲਡ ਰਸ਼' (1925), 'ਸਿਟੀ ਲਾਈਟਸ' (1931) ਅਤੇ 'ਦੀ ਗ੍ਰੇਟ ਡਿਕਟੇਟਰ' (1940) ਆਦਿ ਵਿਚ ਉੱਘੜ ਕੇ ਸਾਹਮਣੇ ਆਉਂਦਾ ਹੈ। 1952 ਵਿਚ ਬਣੀ ਪਿਕਚਰ 'ਲਾਈਮ ਲਾਈਟ' ਇਸ ਦੀ ਸਵੈ-ਜੀਵਨੀ ਤੇ ਆਧਾਰਿਤ ਹੈ। ਚੈਪਲਿਨ ਦਾ ਜੀਵਨ ਸੁੱਖ ਚੈਨ ਵਾਲਾ ਨਹੀਂ ਸੀ। ਇਸ ਨੇ ਚਾਰ ਵਿਆਹ ਕਰਵਾਏ ਸਨ ਅਤੇ ਪਹਿਲੇ ਦੋ ਤਲਾਕਾਂ ਸਮੇਂ ਬੜਾ ਤੂਫ਼ਾਨ ਉਠ ਖੜਾ ਹੋਇਆ ਸੀ।

ਚੈਪਲਿਨ ਅਮਰੀਕੀ ਸ਼ਹਿਰੀ ਨਹੀਂ ਬਣਿਆ ਸੀ। ਇਸਦੀ ਫ਼ਿਲਮ 'Mousieur Verdoux' (1947) ਨੇ ਬਹੁਤ ਸਾਰੇ ਅਮਰੀਕਨਾਂ ਨੂੰ ਨਾਰਾਜ਼ ਕਰ ਦਿੱਤਾ ਸੀ। ਇਸ ਤੋਂ ਇਲਾਵਾ ਸਰਕਾਰ ਦੇ ਟੈਕਸਾਂ ਆਦਿ ਦੇ ਦਬਾ ਕਰਕੇ ਅਤੇ ਅਖ਼ਬਾਰਾਂ ਵਿਚ ਇਸ ਦੇ ਕਮਿਊਨਿਸਟ ਹੋਣ ਸੰਬੰਧੀ ਛਪਦੀਆਂ ਖ਼ਬਰਾਂ ਕਰਕੇ, ਆਖ਼ਰ, 1952 ਵਿਚ ਇਹ ਅਮਰੀਕਾ ਛੱਡ ਕੇ ਆਪਣੀ ਪਤਨੀ ਅਤੇ 6 ਬੱਚਿਆਂ ਸਮੇਤ ਜਨੇਵਾ ਚਲਾ ਗਿਆ। 1953 ਤੋਂ ਸਵਿਟਜ਼ਰਲੈਂਡ ਵਿਚ ਹੀ ਕੋਰਜ਼ੀਅਰ ਸੁਰ ਵੈਵੇ (Corsier-Sur-Vevey) ਵਿਖੇ ਰਹਿਣ ਲੱਗ ਪਿਆ। ਉੱਥੇ ਹੀ 25 ਦਸੰਬਰ, 1977 ਨੂੰ ਇਸ ਦੀ ਮੌਤ ਹੋ ਗਈ।

1957 ਵਿਚ ਚੈਪਲਿਨ ਨੇ ਲੰਡਨ ਵਿਚ 'ਦੀ ਕਿੰਗ ਇਨ ਨਿਊ ਯਾਰਕ' ਨਾਂ ਦੀ ਸੁਖਾਂਤ ਫ਼ਿਲਮ ਬਣਾਈ ਜਿਹੜੀ ਕਿ ਅਮਰੀਕੀ ਜੀਵਨ ਦੇ ਕਈ ਪੱਖਾਂ ਦਾ ਮਖੌਲ ਉਡਾਉਂਦੀ ਹੈ। 'ਏ ਕਾਊਂਟੈਸ ਫ੍ਰਾਮ ਹਾਂਗ ਕਾਂਗ' (1966) ਇਸਦੀ ਆਪਣੀ ਕੰਪਨੀ ਵੱਲੋਂ ਆਖ਼ਰੀ ਫ਼ਿਲਮ ਸੀ। ਮਾਰਲਨ ਬ੍ਰਾਂਡੋ ਅਤੇ ਸੋਫ਼ੀਆ ਲਾਰੈਂਨ ਇਸ ਦੇ ਨਾਇਕ ਨਾਇਕਾ ਸਨ। 1972 ਵਿਚ ਚੈਪਲਿਨ ਅਕੈਡਮੀ ਆਫ਼ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਿਜ਼ ਵੱਲੋਂ ਵਿਸ਼ੇਸ਼ ਇਨਾਮ ਪ੍ਰਾਪਤ ਕਰਨ ਲਈ ਅਮਰੀਕਾ ਗਿਆ ਸੀ। ਫ਼ਿਲਮੀ ਅਦਾਕਾਰੀ ਵਿਚ ਆਪਣੇ ਨਿਰਾਲੇ ਹੀ ਅੰਦਾਜ਼ ਕਾਰਣ ਚਾਰਲੀ ਚੈਪਲਿਨ ਦਾ ਨਾਂ ਇਕ ਉੱਘੇ ਕਮੇਡੀਅਨ ਵਜੋਂ ਸੰਸਾਰ ਭਰ ਵਿਚ ਪ੍ਰਸਿੱਧ ਹੈ।

ਹ. ਪੁ.-ਐਨ. ਬ੍ਰਿ. 5:279

**ਚੈਂਪਲੇਨ ਝੀਲ** : ਇਹ ਝੀਲ ਸੰਯੁਕਤ ਰਾਜ ਅਮਰੀਕਾ ਦੇ ਨਿਊਯਾਰਕ ਤੇ ਵਰਮਾਂਟ ਰਾਜ ਅਤੇ ਕੈਨੇਡਾ ਦੇ ਕਵਿਬੈੱਕ ਪ੍ਰਾਂਤ ਵਿਚਕਾਰ ਸਥਿਤ ਹੈ। ਨਿਊਯਾਰਕ ਅਤੇ ਵਰਮਾਂਟ ਰਾਜਾਂ ਵਿਚਕਾਰ ਤਾਂ ਇਹ ਸਰਹੱਦ ਦਾ ਕੰਮ ਕਰਦੀ ਹੈ ਅਤੇ ਉੱਤਰ ਵੱਲੋਂ ਲਗਭਗ 9 ਕਿ. ਮੀ. ਕੈਨੇਡਾ ਵਿਚ ਨੂੰ ਵਧੀ ਹੋਈ ਹੈ। ਇਸ ਦੀ ਵੱਧ ਤੋਂ ਵੱਧ ਲੰਬਾਈ ਲਗਭਗ 190 ਕਿ. ਮੀ., ਚੌੜਾਈ ਲਗਭਗ 92 ਮੀ. ਤੋਂ ਲੈ ਕੇ 18 ਕਿ. ਮੀ. ਤੱਕ ਅਤੇ ਡੂੰਘਾਈ ਲਗਭਗ 122 ਮੀ. ਹੈ। ਝੀਲ ਦਾ ਖੇਤਰਫਲ ਲਗਭਗ 1100 ਵ. ਕਿ. ਮੀ. ਹੈ। ਇਸ ਵਿਚ 50 ਤੋਂ ਵੀ ਵੱਧ ਛੋਟੇ-ਛੋਟੇ ਟਾਪੂ ਹਨ। ਝੀਲ ਦੇ ਪੂਰਬ ਵੱਲ ਗ੍ਰੀਨ ਮਾਊਂਟੇਨਜ਼ ਹਨ ਅਤੇ ਪੱਛਮ ਵਿਚ ਐਡਿਰਾਨ ਡੈਕ ਪਹਾੜ ਹਨ। ਉੱਤਰ ਵੱਲੋਂ ਇਸ ਵਿਚੋਂ ਰਿਸ਼ਾਲੂ ਦਰਿਆ ਨਿਕਲਦਾ ਹੈ ਜੋ ਸੇਂਟ ਲਾਰੈਂਸ ਦਾ ਸਹਾਇਕ ਦਰਿਆ ਹੈ। ਸ਼ੈਂਬਲੀ ਨਹਿਰ ਅਤੇ ਨਿਊਯਾਰਕ ਸਟੇਟ ਬਾਰਜ ਕੈਨਾਲ ਸਿਸਟਮ ਜੋ ਇਸ ਝੀਲ ਨਾਲ ਜੁੜਿਆ ਹੋਇਆ ਹੈ, ਵਿਚ ਨਿਊਯਾਰਕ ਸ਼ਹਿਰ ਅਤੇ ਮਾਂਟ੍ਰੀਅੱਲ ਵਿਚਕਾਰ ਹਾਊਸ ਬੋਟ (ਸ਼ਿਕਾਰੇ) ਅਤੇ ਛੋਟੀਆਂ ਕਿਸ਼ਤੀਆਂ ਚਲਦੀਆਂ ਹਨ। ਇਸ ਝੀਲ ਉਪਰ ਮੁੱਖ ਸ਼ਹਿਰ ਬਰਲਿੰਗਟਨ (ਵਰਮਾਂਟ) ਅਤੇ ਪਲੈਟਸਬਰਗ (ਨਿਊਯਾਰਕ) ਸਥਿਤ ਹਨ। ਨਿਊਯਾਰਕ ਰਾਜ ਵਿਚ ਕ੍ਰਾਊਨ ਪੁਆਇੰਟ ਵਿਖੇ ਝੀਲ ਤੇ ਇਕ ਸ਼ਾਹਰਾਹ ਪੁਲ ਹੈ ਜੋ ਨਿਊਯਾਰਕ ਅਤੇ ਵਰਮਾਂਟ ਨੂੰ ਮੇਲਦਾ ਹੈ। ਇਸੇ ਤਰ੍ਹਾਂ ਦੋ ਹੋਰ ਪੁਲ ਵੀ ਹਨ।

ਸੰਨ 1609 ਵਿਚ ਇਸ ਝੀਲ ਨੂੰ ਫ਼ਰਾਂਸੀਸੀ ਖੋਜੀ ਸੈਮੂਅਲ ਡੀ. ਚੈਂਪਲੇਨ ਨੇ ਲੱਭਿਆ ਸੀ। ਪ੍ਰਾਚੀਨ ਬਸਤੀਵਾਦੀ ਸਮਿਆਂ ਵੇਲੇ ਇਥੇ ਕਈ ਲੜਾਈਆਂ ਵੀ ਹੋਈਆਂ ਸਨ। ਕੈਨੇਡਾ ਅਤੇ ਅੰਗਰੇਜ਼ ਬਸਤੀਆਂ ਵਿਚਕਾਰ ਇਹ ਹਮਲਾ ਕਰਨ ਵਾਲਿਆਂ ਮੁੱਖ ਰਸਤਿਆਂ ਵਿਚੋਂ ਇਕ ਸੀ।

44°45′ ਉ. ਵਿਥ.; 73°15′ ਪੱ. ਲੰਬ.

ਹ. ਪੁ.-ਐਨ. ਅਮੈ. 6:274; ਐਨ. ਬ੍ਰਿ. ਮਾ. 2:725

**ਚੈਪੈਲ, ਵਿਲੀਅਮ** : ਇਹ ਅੰਗਰੇਜ਼ੀ ਸੰਗੀਤ-ਖੋਜ ਦਾ ਮੋਢੀ ਸੀ। ਇਸ ਦਾ ਜਨਮ 20 ਨਵੰਬਰ, 1809 ਨੂੰ ਲੰਡਨ ਵਿਚ ਹੋਇਆ। ਵਿਲੀਅਮ ਦੀ ਦਿਲਚਸਪੀ ਪੁਰਾਣੇ ਸੰਗੀਤ ਵਿਚ ਵਧੇਰੇ ਸੀ। ਇਸ ਨੇ ਮਿਊਜ਼ੀਕਲ ਐਂਟੀਕੁਏਰੀਅਨ ਸੁਸਾਇਟੀ ਦੀ ਸਥਾਪਨਾ ਵਿਚ ਮਦਦ ਕੀਤੀ। ਇਸ ਸੰਸਥਾ ਨੇ ਭੁਲਾਏ ਜਾ ਚੁੱਕੇ ਸੰਗੀਤਕਾਰਾਂ ਦੇ ਕੰਮ ਨੂੰ ਮੁੜ ਸੁਰਜੀਤ ਕੀਤਾ। ਇਸ ਦਾ ਕਾਵਿ-ਸੰਗ੍ਰਹਿ 'Collection of National English Airs' (1838-50) ਸੋਧ ਉਪਰੰਤ ਮੁੜ 'ਪਾਪੂਲਰ ਮਿਊਜ਼ਿਕ ਆਫ਼ ਦੀ ਓਲਡਨ ਟਾਈਮ' (1855-59) ਦੇ ਨਾਂ ਨਾਲ ਪ੍ਰਕਾਸ਼ਿਤ ਹੋਇਆ। ਇਸ ਦੀ ਇਹ ਪੁਸਤਕ ਪੁਰਾਣੇ ਅਤੇ ਪਰੰਪਰਾਗਤ ਗੀਤਾਂ ਦੀ ਗਾਈਡ ਵਜੋਂ ਕੰਮ ਦਿੰਦੀ ਹੈ। ਇਸ ਦੀ ਮੌਤ 20 ਅਗਸਤ, 1888 ਨੂੰ ਲੰਡਨ ਵਿਖੇ ਹੋਈ।

ਹ. ਪੁ. -ਐਨ. ਬ੍ਰਿ. 5:281

**ਚੈਫ਼ਿੰਚ** : ਇਹ ਪੈਸੈਰੀਫਾੱਰਮੀਜ਼ ਵਰਗ ਦੀ ਫ੍ਰਿੰਜਿਲਿੱਡ (Fringillidae) ਕੁਲ ਦਾ ਗਾਉਣ ਵਾਲਾ ਪੰਛੀ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਫ੍ਰਿੰਜਿਲਾ ਸਿਲੈਬਜ਼ (Fringilla coelebs) ਹੈ। ਇਹ ਪੰਛੀ ਯੂਰਪ ਅਤੇ ਉੱਤਰੀ ਅਮਰੀਕਾ ਤੋਂ ਮੱਧ ਏਸ਼ੀਆ ਤੱਕ ਦੇ ਬਾਗਾਂ ਅਤੇ ਫਾਰਮਾਂ ਵਿਚ ਮਿਲਦਾ ਹੈ ਅਤੇ ਪੱਛਮੀ ਯੂਰਪ ਵਿਚ ਇਹ ਆਮ ਮਿਲਣ ਵਾਲੇ ਫ਼ਿੰਚ ਪੰਛੀ ਹਨ। ਹੁਣ ਇਹ ਦੱਖਣੀ ਅਫ਼ਰੀਕਾ ਵਿਚ ਵੀ ਪਹੁੰਚ ਗਏ ਹਨ।

ਇਸਦਾ ਨਰ ਤਕਰੀਬਨ 15 ਸੈਂ. ਮੀ. ਲੰਬਾ ਹੁੰਦਾ ਹੈ। ਇਸ ਦੇ ਸਿਰ ਦਾ ਰੰਗ ਨੀਲਾ ਜਿਹਾ, ਢੂੰਗਾ (ਜਾਂ ਪੂੰਝਾ) ਪੀਲੇ ਜਿਹੇ ਹਰੇ ਰੰਗ



**ਚੈਫ਼ਿੰਚ**

ਦਾ ਅਤੇ ਚਿਹਰਾ ਅਤੇ ਛਾਤੀ ਪਿਆਜ਼ੀ ਜਾਂ ਜੰਗਾਲ ਵਰਗੇ ਰੰਗ ਦੇ ਹੁੰਦੇ ਹਨ। ਖੰਭਾਂ ਉੱਤੇ ਦੋ ਚਿੱਟੇ ਰੰਗ ਦੀਆਂ ਪ੍ਰਤੱਖ ਧਾਰੀਆਂ ਹੁੰਦੀਆਂ ਹਨ। ਮਾਦਾ ਬਾਦਾਮੀ ਜਿਹੇ ਰੰਗ ਦੀ ਹੁੰਦੀ ਹੈ ਪਰ ਉਸ ਉੱਤੇ ਵੀ ਨਰ ਦੀ ਤਰ੍ਹਾਂ ਚਿੱਟੇ ਨਿਸ਼ਾਨ ਹੁੰਦੇ ਹਨ। ਛੋਟੇ ਨਰ ਪਹਿਲੀ ਵਾਰ ਖੰਭ ਉਤਾਰਨ ਤੋਂ ਪਹਿਲਾਂ ਮਾਦਾ ਦੀ ਤਰ੍ਹਾਂ ਹੀ ਲਗਦੇ ਹਨ।

ਇਹ ਪੰਛੀ ਬਸੰਤ ਰੁੱਤ ਵਿਚ ਫੁੱਲਾਂ, ਛੋਟੀਆਂ-ਛੋਟੀਆਂ ਮੂਲੀਆਂ ਤੇ ਸ਼ਲਗਮਾਂ ਤੇ ਆਹਾਰ ਕਰਦੇ ਹਨ ਅਤੇ ਗਰਮੀਆਂ ਵਿਚ ਕੀੜੇ-ਮਕੌੜੇ ਅਤੇ ਉਨ੍ਹਾਂ ਦੇ ਲਾਰਵੇ ਖਾਂਦੇ ਹਨ, ਪੱਤਝੜ ਅਤੇ ਸਰਦੀਆਂ ਵਿਚ ਇਨ੍ਹਾਂ ਦੀ ਮੁੱਖ ਖ਼ੁਰਾਕ ਅਨਾਜ ਅਤੇ ਬੀਜ ਹੁੰਦੀ ਹੈ। ਇਹ ਆਪਣਾ ਆਲ੍ਹਣਾ ਛੋਟੇ-ਛੋਟੇ ਦਰਖ਼ਤਾਂ ਅਤੇ ਝਾੜੀਆਂ ਉੱਤੇ ਘਾਹ, ਖੰਭਾਂ, ਉੱਨ ਆਦਿ ਦਾ ਬਣਾਉਂਦੇ ਹਨ। ਇਸ ਵਿਚ ਇਹ ਪਿਲੱਤਣ ਤੇ ਨੀਲੇ ਜਿਹੇ ਰੰਗ ਦੇ 4 ਜਾਂ 5 ਅੰਡੇ ਦਿੰਦੇ ਹਨ ਜਿਨ੍ਹਾਂ ਉੱਤੇ ਵੈਂਗਣੀ ਲਾਲ ਰੰਗ ਦੇ ਧੱਬੇ ਅਤੇ ਧਾਰੀਆਂ ਹੁੰਦੀਆਂ ਹਨ। ਸਰਦੀਆਂ ਵਿਚ ਇਹ ਛੋਟੇ-ਛੋਟੇ ਝੁੰਡਾਂ ਵਿਚ ਫਿਰਦੇ ਹਨ ਜਿਹੜੇ ਆਮ ਤੌਰ ਤੇ ਸਿਰਫ਼ ਨਰ ਪੰਛੀਆਂ ਦੇ ਹੁੰਦੇ ਹਨ।

ਹ. ਪੁ. -ਐਨ. ਬ੍ਰਿ. ਮਾ. 2:706 ; ਐਨ. ਬ੍ਰਿ. 5:231

**ਚੈਫ਼ੀ, ਰੱਜਰ ਬਰੂਸ** : ਇਸ ਪੁਲਾੜ-ਯਾਤਰੀ ਦਾ ਜਨਮ 15 ਫ਼ਰਵਰੀ, 1935 ਨੂੰ ਗਰੈਂਡ ਰੈਪਿਡਜ਼, ਮਿਸ਼ੀਗਨ ਵਿਖੇ ਹੋਇਆ। ਇਹ ਅਪੋਲੋ-1 ਵਿਚ ਜਾਣ ਵਾਲੇ ਤਿੰਨ ਵਿਅਕਤੀਆਂ ਦੇ ਗਰੁੱਪ ਵਿਚੋਂ ਇਕ ਸੀ। ਇਹ ਅਪੋਲੋ ਜਿਸ ਨੂੰ 21 ਫ਼ਰਵਰੀ, 1967 ਨੂੰ ਪੁਲਾੜ ਵਿਚ ਛਡਿਆ ਜਾਣਾ ਸੀ, ਦੇ ਕੁੱਝ ਮੁੱਢਲੇ ਤਜਰਬਿਆਂ ਦੌਰਾਨ ਹੀ ਅੱਗ ਦੀ ਇਕ ਲਾਟ ਅਪੋਲੋ ਦੇ ਸਪੇਸ ਕੈਪਸੂਲ ਵਿਚ ਚਲੀ ਗਈ ਅਤੇ ਇਸ ਵਿਚ ਸਵਾਰ ਲੈਫਟੀਨੈਂਟ ਕਮਾਂਡਰ ਚੈਫ਼ੀ ਅਤੇ ਦੂਜੇ ਦੋਵੇਂ ਵਿਅਕਤੀ ਵਰਜਿਲ ਆਈ. ਗਰਿਸਮ ਅਤੇ ਐਡਵਰਡ ਐਚ. ਵ੍ਹਾਈਟ II ਮਾਰੇ ਗਏ। ਅਮਰੀਕਾ ਦੇ ਪੁਲਾੜ ਪ੍ਰੋਗਰਾਮ ਵਿਚ ਮਰਨ ਵਾਲੇ ਇਹ ਪਹਿਲੇ ਵਿਅਕਤੀ ਸਨ।

ਰੱਜਰ, ਚੈਫ਼ੀ, 1957 ਵਿਚ ਪਰਡਿਊ ਯੂਨੀਵਰਸਿਟੀ, ਲਾਫੇਐੱਟ, ਇੰਡੋਨੇਸ਼ੀਆ ਤੋਂ ਹਵਾਬਾਜ਼ੀ ਸਬੰਧੀ ਇੰਜੀਨੀਅਰਿੰਗ ਵਿਚ ਬੀ. ਐਸ. ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਨੇਵੀ ਵਿਚ ਪਾਇਲਟ ਬਣਿਆ।

ਇਸ ਦੀ ਮੌਤ 27 ਜਨਵਰੀ, 1967 ਨੂੰ ਕੇਪ ਕੈਨੇਡੀ ਵਿਖੇ ਹੋਈ।

ਹ. ਪੁ. -ਐਨ. ਬ੍ਰਿ. ਮਾ. 2:706

**ਚੈਂਬਰ ਆਫ਼ ਪ੍ਰਿੰਸਿਜ਼** : ਅੰਗਰੇਜ਼ੀ ਰਾਜ-ਕਾਲ ਦੌਰਾਨ ਇਹ ਭਾਰਤੀ ਰਿਆਸਤਾਂ ਦੇ ਸ਼ਹਿਜ਼ਾਦਿਆਂ ਦਾ ਇਕ ਮੰਡਲ (ਚੈਂਬਰ) ਹੁੰਦਾ ਸੀ। ਜਦੋਂ ਬ੍ਰਿਟਿਸ਼ ਕ੍ਰਾਊਨ ਨੇ ਭਾਰਤ ਸਰਕਾਰ ਦਾ ਪ੍ਰਬੰਧ ਆਪਣੇ ਅਧੀਨ ਲੈ ਲਿਆ ਤਾਂ ਭਾਰਤੀ ਸ਼ਹਿਜ਼ਾਦਿਆਂ ਦਾ ਦਿਲ ਜਿੱਤਣ ਲਈ ਅਤੇ ਉਨ੍ਹਾਂ ਨੂੰ ਦੇਸ਼ ਦੀ ਸਰਕਾਰ ਨਾਲ ਜੋੜਨ ਲਈ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਸੰਨ 1861 ਵਿਚ ਪਟਿਆਲੇ ਦੇ ਮਹਾਰਾਜੇ ਨੂੰ ਭਾਰਤੀ ਵਿਧਾਨ ਪਰਿਸ਼ਦ (Indian Legislative Counsel) ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਲਾਰਡ ਲਿਟਨ (1876-1880) ਨੇ ਭਾਰਤੀ ਪ੍ਰੀਵੀ ਕੌਂਸਲ (Indian Privy Council) ਜਿਸ ਵਿਚ ਹਿੰਦੁਸਤਾਨ ਦੀਆਂ ਵੱਡੀਆਂ-ਵੱਡੀਆਂ ਰਿਆਸਤਾਂ ਦੇ ਸ਼ਹਿਜ਼ਾਦੇ ਸ਼ਾਮਲ ਹੋਏ ਸਨ, ਭਾਰਤ ਦੇ ਵਾਇਸਰਾਇ ਨੂੰ ਸਲਾਹ-ਮਸ਼ਵਰਾ ਦੇਣ ਲਈ ਸਥਾਪਿਤ ਕਰਨ ਦਾ ਸੁਝਾਅ ਦਿੱਤਾ। ਲਾਰਡ ਕਰਜ਼ਨ (1899-1905) ਨੇ ਭਾਰਤ ਦੇ ਹੁਕਮਰਾਨ ਸ਼ਹਿਜ਼ਾਦਿਆਂ ਦੀ ਕੌਂਸਲ ਸਥਾਪਤ ਕਰਨ ਦੀ ਸਲਾਹ ਦਿੱਤੀ ਸੀ। ਲਾਰਡ ਮਿੰਟੋ (1905-1910) ਨੇ ਸਾਮਰਾਜੀ ਸਲਾਹਕਾਰ ਕੌਂਸਲ (Imperial Advisory Council) ਨੂੰ ਕਾਇਮ ਕਰਨ ਦੀ ਤਜਵੀਜ਼ ਰੱਖੀ ਸੀ। ਲਾਰਡ ਹਾਰਡਿੰਗ (1910-1916) ਨੇ ਰਿਆਸਤਾਂ ਵਿਚ ਉਚੇਰੀ ਵਿੱਦਿਆ ਦੇ ਪ੍ਰਸ਼ਨ ਨੂੰ ਵਿਚਾਰਨ ਲਈ ਭਾਰਤ ਦੇ ਸ਼ਹਿਜ਼ਾਦਿਆਂ ਦੀ ਇਕ ਕਾਨਫ਼ਰੰਸ ਬੁਲਾਈ। ਮਾਂਟੇਗੂ ਚੈਮਸਫੋਰਡ ਰਿਪੋਰਟ ਵਿਚ 'ਕੌਂਸਲ ਆਫ਼ ਪ੍ਰਿੰਸਿਜ਼' ਨਾਂ ਦੀ ਸਥਾਈ ਕੌਂਸਲ ਬਣਾਉਣ ਦਾ ਮਸ਼ਵਰਾ ਦਿੱਤਾ ਗਿਆ।

ਗੌਰਮਿੰਟ ਆਫ਼ ਇੰਡੀਆ ਐਕਟ-1919 ਦੇ ਪਾਸ ਹੋਣ ਤੋਂ ਤੁਰੰਤ ਪਿੱਛੋਂ ਹੀ ਅੰਗਰੇਜ਼ ਸਰਕਾਰ ਨੇ 'ਚੈਂਬਰ ਆਫ਼ ਪ੍ਰਿੰਸਿਜ਼' ਦੀ ਸਥਾਪਨਾ ਦਾ ਐਲਾਨ ਕਰ ਦਿੱਤਾ। ਇਸ ਚੈਂਬਰ ਦਾ ਉਦਘਾਟਨ 8 ਫ਼ਰਵਰੀ, 1921 ਨੂੰ ਇਕ ਸ਼ਾਹੀ ਐਲਾਨ ਰਾਹੀਂ ਕੀਤਾ ਗਿਆ। ਚੈਂਬਰ ਦੀ ਸਥਾਪਨਾ ਹੋਣ ਦੇ ਨਾਲ ਹੀ ਭਾਰਤੀ ਰਿਆਸਤਾਂ ਅਤੇ ਭਾਰਤ ਦੀ ਸਰਕਾਰ ਦੇ ਆਪਸੀ ਸਬੰਧਾਂ ਵਿਚਕਾਰ ਇਕ ਕਾਫ਼ੀ ਲੰਬਾ ਅਤੇ ਸਭ ਤੋਂ ਮਹੱਤਵਪੂਰਨ ਪੜਾਅ ਪੂਰਾ ਹੋ ਗਿਆ। ਇਸ ਚੈਂਬਰ ਵਿਚ ਕੁੱਲ 120 ਮੈਂਬਰ ਸਨ ਜਿਨ੍ਹਾਂ ਵਿਚੋਂ 12 ਮੈਂਬਰ 127 ਰਿਆਸਤਾਂ ਦੇ ਅਤੇ ਬਾਕੀ 108 ਮੈਂਬਰ ਆਪੋ ਆਪਣੀਆਂ ਰਿਆਸਤਾਂ ਦੀ ਨੁਮਾਇੰਦਗੀ ਕਰਦੇ ਸਨ। ਭਾਰਤ ਦੀਆਂ ਲਗਭਗ 327 ਬਦਕਿਸਮਤ ਰਿਆਸਤਾਂ ਨੂੰ ਤਾਂ ਬਿਲਕੁਲ ਤੁੱਛ ਜਿਹਾ ਸਮਝਕੇ ਇਸ ਚੈਂਬਰ ਵਿਚ ਉੱਕਾ ਹੀ ਪ੍ਰਤੀਨਿਧਤਾ ਨਾ ਦਿੱਤੀ ਗਈ। ਭਾਰਤ ਦੇ ਉੱਘੇ ਹਾਕਮਾਂ ਵਿਚੋਂ ਥੋੜ੍ਹੇ ਜਿਹੇ ਤਾਂ ਇਸ ਚੈਂਬਰ ਦੀਆਂ ਬਹਿਸਾਂ ਵਿਚ ਵੀ ਕਦੇ ਸ਼ਾਮਲ ਨਹੀਂ ਸਨ ਹੋਏ। ਆਮ ਕਰਕੇ ਇਸ ਚੈਂਬਰ ਦੀ ਸਾਲ ਵਿਚ ਇਕ ਵਾਰ ਇਕੱਤਰਤਾ ਹੁੰਦੀ ਸੀ ਅਤੇ ਇਸ ਦੀ ਪ੍ਰਧਾਨਗੀ ਭਾਰਤ ਦਾ ਵਾਇਸਰਾਇ ਕਰਦਾ ਹੁੰਦਾ ਸੀ। ਚੈਂਬਰ ਆਪਣੇ ਚਾਂਸਲਰ ਦੀ ਚੋਣ ਖ਼ੁਦ ਆਪ ਕਰਦੀ ਸੀ ਅਤੇ ਜਦੋਂ ਕਦੇ ਵਾਇਸਰਾਇ ਗ਼ੈਰਹਾਜ਼ਰ ਹੁੰਦਾ ਸੀ ਤਾਂ ਇਸ ਚੈਂਬਰ ਦੀ ਪ੍ਰਧਾਨਗੀ ਚਾਂਸਲਰ ਹੀ ਕਰਦਾ ਸੀ। ਚੈਂਬਰ ਦੀ ਸਥਾਈ ਕਮੇਟੀ, ਭਾਰਤੀ ਰਿਆਸਤਾਂ ਦੇ ਸਾਹਮਣੇ ਆਉਣ ਵਾਲੀਆਂ ਮੁਸ਼ਕਲਾਂ ਨੂੰ ਵਿਚਾਰਨ ਸਬੰਧੀ ਸਾਲ ਵਿਚ ਦੋ ਜਾਂ ਤਿੰਨ ਵਾਰ ਦਿੱਲੀ ਵਿਖੇ ਇਕੱਤਰਤਾ ਕਰਦੀ ਸੀ। ਸਥਾਈ ਕਮੇਟੀ ਹਰੇਕ ਸਾਲ ਆਪਣੀ ਰਿਪੋਟ ਚੈਂਬਰ ਆਫ਼ ਪ੍ਰਿੰਸਿਜ਼ ਅੱਗੇ ਪੇਸ਼ ਕਰਦੀ ਸੀ। ਰਿਆਸਤਾਂ ਦੇ ਸ਼ਹਿਜ਼ਾਦੇ ਚੈਂਬਰ ਦੇ ਦਿੱਲੀ ਵਿਖੇ ਹੋਣ ਵਾਲੇ ਸੈਸ਼ਨ ਵਿਚ ਸ਼ਾਮਲ ਹੋਣ ਸਮੇਂ ਆਪਸ ਵਿਚ ਵੀ ਗੈਰ ਰਸਮੀ ਜਿਹੀਆਂ ਕਾਨਫਰੰਸਾਂ ਕਰਦੇ।

ਇਹ ਚੈਂਬਰ ਇਕ ਵਿਚਾਰ-ਵਟਾਂਦਰੇ ਵਾਲੀ, ਮਸ਼ਵਰਾ ਕਰਨ ਵਾਲੀ ਅਤੇ ਸਲਾਹਕਾਰੀ ਸੰਸਥਾ ਸੀ। ਇਸ ਦੀ ਮਹੱਤਤਾ ਸਾਈਮਨ ਕਮਿਸ਼ਨ ਰਿਪੋਟ ਵਿਚ ਇਨ੍ਹਾਂ ਸ਼ਬਦਾਂ ਵਿਚ ਦਰਸਾਈ ਗਈ ਹੈ:

"ਚੈਂਬਰ ਆਫ਼ ਪ੍ਰਿੰਸਿਜ਼ ਦੀ ਸਥਾਪਨਾ ਕ੍ਰਾਊਨ ਅਤੇ ਰਿਆਸਤਾਂ ਵਿਚਕਾਰਲੇ ਸਬੰਧਾਂ ਦੇ ਵਿਕਾਸ ਵਿਚ ਇਕ ਮਹੱਤਵਪੂਰਨ ਪੜਾਅ ਦਾ ਆਰੰਭ ਕਰਦੀ ਹੈ ਕਿਉਂਕਿ ਇਸ ਵਿਚ ਪਹਿਲਾਂ ਵਾਲੀ ਨੀਤੀ ਨਾਲੋਂ ਇਕ ਵੱਖਰੀ ਠੋਸ ਗੱਲ ਸ਼ਾਮਲ ਹੈ ਜਿਸ ਅਨੁਸਾਰ ਕ੍ਰਾਊਨ ਦਾ ਉਦੇਸ਼ ਇਹ ਸੀ ਕਿ ਭਾਰਤ ਦੀਆਂ ਰਿਆਸਤਾਂ ਦੀ ਸਾਂਝੀ ਕਾਰਵਾਈ ਅਤੇ ਸਾਂਝੇ ਮਸ਼ਵਰੇ ਨੂੰ ਦਬਾਇਆ ਜਾਵੇ ਅਤੇ ਹਰੇਕ ਰਿਆਸਤ ਨੂੰ ਆਪਣੀਆਂ

ਤੁਆਂਦੀ ਰਿਆਸਤਾਂ ਨਾਲੋਂ ਇਕ ਵੱਖਰੀ ਇਕਾਈ ਸਮਝਿਆ ਜਾਵੇ। ਅਸਲ ਵਿਚ ਇਹ ਅਸੂਲ ਪਹਿਲਾਂ ਤੋਂ ਹੀ ਭਾਰਤ ਦੇ ਹੁਕਮਰਾਨ ਸ਼ਹਿਜ਼ਾਦਿਆਂ ਵਿਚਕਾਰ ਸਲਾਹ-ਮਸ਼ਵਰੇ ਅਤੇ ਮਿਲਵਰਤਨ ਦੇ ਵਿਚਾਰ ਨੂੰ ਪੱਕਾ ਕਰ ਰਿਹਾ ਸੀ ਪਰ ਇਹ ਮਗਰਲੀ ਧਾਰਨਾ ਚੈਂਬਰ ਆਫ਼ ਪ੍ਰਿੰਸਿਜ਼ ਦੀ ਸਥਾਪਨਾ ਹੋਣ ਤਕ ਕੋਈ ਸਥਾਈ ਸ਼ਕਲ ਧਾਰਨ ਨਾ ਕਰ ਸਕੀ। ਚੈਂਬਰ ਨੇ ਰਿਆਸਤ ਅਤੇ ਕ੍ਰਾਊਨ ਦੇ ਸਬੰਧਾਂ ਅਤੇ ਬ੍ਰਿਟਿਸ਼-ਇੰਡੀਆ ਨਾਲ ਸਬੰਧਿਤ ਹੋਰ ਮਹੱਤਵਪੂਰਨ ਮਾਮਲਿਆਂ ਨੂੰ ਸੰਪੂਰਨ ਵਿਚਾਰ ਵਟਾਂਦਰੇ ਯੋਗ ਬਣਾ ਦਿੱਤਾ।''

ਹ. ਪੁ.-ਬ੍ਰਿਟਿਸ਼ ਰੂਲ ਇੰਨ ਇੰਡੀਆ ਐਂਡ ਆਫ਼ਟਰ-ਵੀ. ਡੀ. ਮਹਾਜਨ:641

**ਚੈਂਬਰ, ਕਿੰਗਜ਼ (ਸ਼ਾਹੀ)** : ਇੰਗਲੈਂਡ ਦਾ ਇਹ ਇਕ ਬਹੁਤ ਪੁਰਾਣਾ ਸ਼ਾਹੀ ਆਫ਼ਿਸ ਹੁੰਦਾ ਸੀ ਜਿਹੜਾ ਸ਼ਾਹੀ ਘਰ ਦਾ ਹੀ ਇਕ ਹਿੱਸਾ ਹੁੰਦਾ ਸੀ। ਇਸ ਆਫ਼ਿਸ ਨੇ ਟਿਊਡਰ ਕਾਲ ਤਕ ਆਪਣੀ ਵਿੱਤੀ ਤੇ ਪ੍ਰਬੰਧਕੀ ਮਹੱਤਤਾ ਨੂੰ ਕਾਇਮ ਰੱਖੀ ਰੱਖਿਆ। ਮੂਲ ਰੂਪ ਵਿਚ ਇਹ ਪਹਿਲੇ ਐਂਗਲੋ ਸੈਕਸਨ ਬਾਦਸ਼ਾਹਾਂ ਦੀ ਇਕ ਸੱਚੀ-ਮੁੱਚੀ ਦੀ ਹੀ ਖ਼ਾਬਗਾਹ (ਸੌਣ ਦਾ ਕਮਰਾ) ਹੁੰਦੀ ਸੀ। ਖ਼ਾਬਗਾਹ ਦੇ ਨਾਲ ਹੀ ਤੋਸ਼ਾਖ਼ਾਨਾ ਹੁੰਦਾ ਸੀ। ਇਹ ਘਰ ਦੀ ਸਭ ਤੋਂ ਵੱਧ ਸੁਰੱਖਿਅਤ ਥਾਂ ਹੁੰਦੀ ਸੀ ਅਤੇ ਕੇਵਲ ਵਿਸ਼ਵਾਸ ਵਾਲੇ ਸ਼ਾਹੀ ਨੌਕਰ ਜਿਨ੍ਹਾਂ ਦੀ ਨਿਗਰਾਨੀ ਤੇ ਸੰਭਾਲ ਹੇਠ ਕੀਮਤੀ ਚੀਜ਼ਾਂ, ਜਵਾਹਰਾਤ, ਨਕਦੀ, ਪੋਸ਼ਾਕਾਂ, ਸਾਜ਼-ਸਾਮਾਨ, ਰਿਕਾਰਡ ਅਤੇ ਦਸਤਾਵੇਜ਼ ਵੀ ਹੁੰਦੇ ਸਨ, ਇਸ ਥਾਂ ਤੇ ਪੁੱਜ ਸਕਦੇ ਸਨ। ਬਾਦਸ਼ਾਹਾਂ ਦੇ ਸਾਧਨਾਂ ਦੇ ਵਿਕਾਸ ਨਾਲ ਨਕਦੀ ਅਤੇ ਹੋਰ ਬਹੁਮੁੱਲੀਆਂ ਚੀਜ਼ਾਂ ਲਈ ਹੋਰ ਮਾਲਖ਼ਾਨਿਆਂ ਜਾਂ ਖ਼ਜ਼ਾਨਿਆਂ ਦੀ ਤਲਾਸ਼ ਕਰਨੀ ਪਈ। ਸਭ ਤੋਂ ਪ੍ਰਸਿੱਧ ਮਾਲਖ਼ਾਨਾ ਬਾਦਸ਼ਾਹ ਕੈਨਿਊਟ (King Canute) ਦੇ ਰਾਜ-ਕਾਲ ਵੇਲੇ ਵਿਨਚੈਸਟਰ ਵਿਖੇ ਸਥਾਪਿਤ ਕੀਤਾ ਗਿਆ।

ਹੈਨਰੀ ਪਹਿਲੇ ਦੇ ਰਾਜ-ਕਾਲ ਸਮੇਂ ਖ਼ਾਬਗਾਹ ਖ਼ਾਸ ਦੀ ਦੇਖ ਭਾਲ ਡਿਉਢੀ ਦੇ ਸਰਦਾਰ ਦੇ ਅਧੀਨ ਹੁੰਦੀ ਸੀ ਪਰ ਕੁਰੀਆ ਖ਼ਾਬਗਾਹ ਜਿਹੜੀ ਕਈ ਸਰਦਾਰਾਂ ਦੇ ਡਿਉਢੀ ਅਧੀਨ ਸੀ, ਦਾ ਖ਼ਰਚਾ ਬਾਦਸ਼ਾਹ ਦੇ ਨਿੱਜੀ ਅਤੇ ਘਰ ਦੇ ਵਿੱਤੀ ਆਫ਼ਿਸ ਤੋਂ ਚਲਦਾ ਸੀ। ਇਹ ਅਦਾਇਗੀਆਂ ਪ੍ਰਾਪਤ ਕਰਦੀ, ਵੰਡਦੀ ਅਤੇ ਬਾਦਸ਼ਾਹ ਦਾ ਹੁਕਮ ਮੰਨਦੀ। ਬਾਰ੍ਹਵੀਂ ਸਦੀ ਦੇ ਬਹੁਤ ਹੀ ਸ਼ੁਰੂ ਵਿਚ ਜਾਂ 11ਵੀਂ ਸਦੀ ਦੇ ਅਖ਼ੀਰ ਵਿਚ ਇਕ ਤੀਜਾ ਵਿੱਤੀ ਆਫ਼ਿਸ ਹੋਂਦ ਵਿਚ ਆ ਗਿਆ ਜਿਸ ਦੇ ਲੇਖੇ-ਪਤੇ ਨੇ ਇਕ ਵੱਡੇ ਵਿੱਤੀ ਵਿਭਾਗ ਦਾ ਰੂਪ ਧਾਰਨ ਕਰ ਲਿਆ।

ਬਾਦਸ਼ਾਹ ਨੂੰ ਲਾਜ਼ਮੀ ਤੌਰ ਤੇ ਹੀ ਹਰ ਵਕਤ ਆਪਣੇ ਕੋਲ ਇਕ ਨਿੱਜੀ ਖ਼ਜ਼ਾਨੇ ਦੀ ਲੋੜ ਰਹਿੰਦੀ ਹੁੰਦੀ ਸੀ। ਆਪਣੇ ਦੌਰਿਆਂ ਦੌਰਾਨ ਕਈ ਵਾਰ ਉੱਚ ਕਰਜ਼ਿਆਂ ਦੀ ਅਦਾਇਗੀ ਆਪਣੇ ਨਿੱਜੀ ਖ਼ਜ਼ਾਨੇ ਵਿਚੋਂ ਵੀ ਕਰ ਸਕਦਾ ਸੀ। ਹੈਨਰੀ ਪਹਿਲੇ ਦੇ ਰਾਜ-ਕਾਲ ਵੇਲੇ ਕੁਝ ਕੁ ਚੈਂਬਰ-ਜਾਗੀਰਾਂ (Chambers-manors) ਆਪਣੇ ਮੁਨਾਫ਼ੇ ਸਿੱਧੇ ਹੀ ਚੈਂਬਰ ਵਿਚ ਜਮ੍ਹਾਂ ਕਰਵਾਉਂਦੀਆਂ ਸਨ। ਭਾਵੇਂ ਕੁਝ ਵੀ ਹੋਵੇ ਸਾਰੀ ਸਰਕਾਰੀ ਆਮਦਨ ਬਾਦਸ਼ਾਹ ਦੀ ਆਪਣੀ ਹੀ ਹੁੰਦੀ ਸੀ ਅਤੇ ਆਪਣੀ ਮਨ ਮਰਜ਼ੀ ਨਾਲ ਉਹ ਇਸ ਨੂੰ ਖ਼ਰਚ ਕਰ ਸਕਦਾ ਸੀ।

ਹੈਨਰੀ ਦੂਜੇ ਦੇ ਰਾਜ-ਕਾਲ ਵੇਲੇ ਜਾਂ ਇਸ ਤੋਂ ਪਹਿਲਾਂ ਇਸ ਚੈਂਬਰ ਨੇ ਪ੍ਰਬੰਧਕੀ ਕੰਮਾਂ ਕਾਰਜਾਂ ਤੋਂ ਇਲਾਵਾ ਹੋਰ ਵੀ ਕਈ ਕੰਮ ਸੰਭਾਲੇ ਹੋਏ ਸਨ। ਇਸ ਤਬਦੀਲੀ ਕਾਰਨ ਖ਼ਜ਼ਾਨਾ ਵਿਭਾਗ ਨੂੰ ਆਪਣੀ ਹੀ ਮੁਹਰ ਪ੍ਰਾਪਤ ਕਰਨੀ ਪਈ। ਹੈਨਰੀ ਤੀਜੇ ਦੀ ਲੰਬੀ ਨਾਬਾਲਗੀ ਵੇਲੇ ਦੇ ਹਾਲਾਤਾਂ ਨੇ ਪ੍ਰਬੰਧਕੀ ਢਾਂਚੇ ਵਿਚ ਬਹੁਤ ਹੀ ਤਬਦੀਲੀਆਂ ਲਿਆ ਦਿੱਤੀਆਂ ਕਿਉਂਕਿ ਕੋਈ ਵੀ ਬਾਦਸ਼ਾਹ ਆਪਣੀ ਨਾਬਾਲਗ ਉਮਰ ਵਿਚ ਆਪਣੇ ਬਹੁਤ ਅਧਿਕਾਰਾਂ ਦੀ ਵਰਤੋਂ ਨਹੀਂ ਸੀ ਕਰ ਸਕਦਾ। ਦਸੰਬਰ, 1230 ਤਕ ਹੈਨਰੀ ਤੀਜਾ ਤਾਂ ਆਪਣੀ ਪਰੀਵੀ ਮੁਹਰ (ਸਰਕਾਰੀ ਮੁਹਰ) ਵੀ ਨਹੀਂ ਸੀ ਪ੍ਰਾਪਤ ਕਰ ਸਕਿਆ। ਅਗਲੇ ਦੋ ਸਾਲਾਂ ਦੇ ਅੰਦਰ-ਅੰਦਰ ਇਹ ਮੁਹਰ ਚੈਂਬਰ ਦੀ ਨਿਗਰਾਨੀ ਥੱਲੇ ਜਾਣ ਦੀ ਬਜਾਏ ਤੋਸ਼ੇਖਾਨੇ ਥੱਲੇ ਚਲੀ ਗਈ। ਇਸ ਤਬਦੀਲੀ ਕਾਰਨ ਤੋਸ਼ੇਖਾਨੇ ਦੀ ਵਿੱਤੀ ਅਤੇ ਪ੍ਰਬੰਧਕੀ ਮਹੱਤਤਾ ਦਾ ਹੋਰ ਵੀ ਵਿਸਥਾਰ ਹੋਇਆ ਅਤੇ ਚੈਂਬਰ ਵਿਚ ਮੰਦਵਾੜਾ ਆਇਆ। ਐਡਵਰਡ ਦੂਜੇ ਦੇ ਰਾਜ-ਕਾਲ ਤਕ ਇਹ ਮੰਦਵਾੜਾ ਚਲਦਾ ਰਿਹਾ।

ਸੰਨ 1322 ਤੋਂ ਪਿੱਛੋਂ ਬਾਦਸ਼ਾਹਾਂ ਦੇ ਵਿਰੋਧੀਆਂ ਦੀਆਂ ਜ਼ਬਤ ਕੀਤੀਆਂ ਜ਼ਮੀਨਾਂ ਤੋਂ ਪ੍ਰਾਪਤ ਕੀਤੇ ਮੁਨਾਫ਼ੇ ਚੈਂਬਰ ਕੋਲ ਆ ਗਏ ਅਤੇ ਚੈਂਬਰ ਦੀ ਮਹੱਤਤਾ ਫਿਰ ਤੋਂ ਵਧਣੀ ਸ਼ੁਰੂ ਹੋ ਗਈ। ਇਸ ਵਿਵਸਥਾ ਨਾਲ ਚੈਂਬਰ ਕੋਲ ਵਿੱਤੀ ਸਾਧਨ ਕਾਫ਼ੀ ਇਕੱਠੇ ਹੋ ਗਏ।

ਐਡਵਰਡ ਦੂਜੇ ਨੂੰ ਗੱਦੀਓਂ ਲਾਹੁਣ ਅਤੇ ਐਡਵਰਡ ਤੀਜੇ ਦੀ ਨਾਬਾਲਗੀ ਵੇਲੇ ਦੇ ਹਾਲਾਤਾਂ ਨੇ ਤਾਂ ਚੈਂਬਰ ਵਿਚ ਫਿਰ ਮੰਦਵਾੜਾ ਪੈਦਾ ਕਰ ਦਿੱਤਾ। ਇਸ ਤੋਂ ਪਿੱਛੋਂ 1333 ਈ. ਤੋਂ ਫਿਰ ਲਗਭਗ ਵੀਹ ਸਾਲਾਂ ਤਕ ਧਾਰਮਕ ਜਾਗ੍ਰਤੀ ਰਹੀ। ਐਡਵਰਡ ਤੀਜੇ ਨੇ ਚੈਂਬਰ ਲਈ ਮੁੜ ਤੋਂ ਜ਼ਮੀਨਾਂ ਰਾਖਵੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਮਿਲਖ਼ਾਂ ਦਾ ਪ੍ਰਬੰਧ ਚੈਂਬਰ ਦੇ ਕੰਮ ਕਾਜ ਦਾ ਵੱਡਾ ਹਿੱਸਾ ਬਣ ਸਕੇ। ਇਸ ਕਾਰਜ ਦੀ ਦੂਜੀ ਚੈਂਬਰ ਮੁਹਰ (ਗ੍ਰਿਫਿਨ ਸੀਲ) ਨੇ ਬਹੁਤ ਸਹਾਇਤਾ ਕੀਤੀ। ਚੈਂਬਰ ਕੋਲ ਇੰਨੇ ਸਾਧਨਾਂ ਦੇ ਇਕੱਠੇ ਹੋ ਜਾਣ ਨਾਲ ਇਸਨੇ ਫ਼ਰਾਂਸ ਨਾਲ ਹੋਏ ਯੁੱਧਾਂ ਵਿਚ ਬਹੁਤ ਵਿੱਤੀ ਸਹਾਇਤਾ ਕੀਤੀ। ਚੈਂਬਰ ਦੇ ਇਤਿਹਾਸ ਦਾ ਇਹ ਪੜਾਅ-ਐਡਵਰਡ ਤੀਜੇ ਦੇ ਫ਼ੈਸਲੇ (20 ਜਨਵਰੀ, 1356) ਜਿਸ ਅਨੁਸਾਰ ਸਾਰੀਆਂ ਹੀ ਰਾਖਵੀਆਂ ਜ਼ਮੀਨਾਂ ਵਿੱਤ ਵਿਭਾਗ ਦੇ ਅਧੀਨ ਤਬਦੀਲ ਕੀਤੀਆਂ ਜਾਣੀਆਂ ਸਨ, ਨਾਲ ਖ਼ਤਮ ਹੋ ਗਿਆ। ਗ੍ਰਿਫਿਨ ਸੀਲ ਤੁਰੰਤ ਅਲੋਪ ਹੋ ਗਈ ਅਤੇ ਐਡਵਰਡ ਤੀਜੇ ਦੀ ਮੌਤ ਤੋਂ ਪਹਿਲਾਂ ਹੀ ਗੁਪਤ ਮੁਹਰ ਵੀ ਪੁਰਾਣੀ ਹੋ ਗਈ ਅਤੇ ਸਮਾਂ ਪਾ ਕੇ ਇਸ ਮੁਹਰ ਦੀ ਥਾਂ ਬਾਦਸ਼ਾਹ ਦੀ ਨਿੱਜੀ ਮੁਹਰ (ਛੋਟੀ ਮੁਹਰ) ਨੇ ਲੈ ਲਈ। ਸਿੱਟੇ ਵਜੋਂ ਚੈਂਬਰ ਦਾ ਰਾਜਸੀ ਪ੍ਰਬੰਧ ਵਿਚ ਅਸਰ ਕਾਫ਼ੀ ਘੱਟ ਗਿਆ।

ਹੈਨਰੀ ਛੇਵੇਂ ਦੇ ਰਾਜ-ਕਾਲ ਵੇਲੇ ਦੀਆਂ ਖ਼ਾਨਾ-ਜੰਗਾਂ ਤੋਂ ਪਿੱਛੋਂ ਵਿੱਤ ਨੂੰ ਫਿਰ ਤੋਂ ਸਥਾਪਿਤ ਕਰਨ ਦੀ ਲੋੜ ਪਈ। ਚੈਂਬਰ ਨੂੰ ਇਕ ਪ੍ਰਭਾਵਸ਼ਾਲੀ ਸਾਧਨ ਵਜੋਂ ਮੁੜ ਤੋਂ ਚਾਲੂ ਕਰਨ ਲਈ ਐਡਵਰਡ ਚੌਥੇ ਅਤੇ ਉਸਦੇ ਉੱਤਰਾਧਿਕਾਰੀਆਂ ਨੂੰ ਪਹਿਲ ਕਰਨ ਲਈ ਪ੍ਰੇਰਿਆ ਗਿਆ। ਬਹੁਤ ਸਾਰੀਆਂ ਸ਼ਾਹੀ ਜ਼ਮੀਨਾਂ (ਲੰਕਾਸਟਰ ਦੇ ਡਿਊਕ ਦੀ ਰਿਆਸਤ ਤੋਂ ਛੁਟ) ਐਡਵਰਡ ਚੌਥੇ ਦੇ ਚੈਂਬਰ ਅੱਗੇ ਜਵਾਬਦੇਹ ਹੁੰਦੀਆਂ ਸਨ। ਰਿਚਰਡ ਤੀਜੇ ਨੇ ਵੀ ਇਹੀ ਪੁਨਰ-ਉਥਾਨ ਜਾਰੀ ਰੱਖਿਆ।

ਹੈਨਰੀ ਸੱਤਵਾਂ ਤਾਂ ਇਸ ਪੁਨਰ-ਉਥਾਨ ਨੂੰ ਹੋਰ ਅੱਗੇ ਲੈ ਗਿਆ ਸੀ। ਹੈਨਰੀ ਸੱਤਵਾਂ ਚੈਂਬਰ ਦੇ ਖ਼ਜ਼ਾਨਚੀ ਦੇ ਲੇਖੇ ਦੀ ਨਿਗਰਾਨੀ ਬਹੁਤ ਨੇੜੇ ਤੋਂ ਕਰਿਆ ਕਰਦਾ ਸੀ ਅਤੇ ਲੇਖੇ ਦੀ ਪੜਤਾਲ ਕਾਂਸਲਰ ਕਰਦੇ ਸਨ। ਇਹੀ ਪ੍ਰਣਾਲੀ ਹੈਨਰੀ ਅੱਠਵੇਂ ਦੇ ਰਾਜ ਕਾਲ ਤਕ ਚਲਦੀ ਰਹੀ। ਸੰਨ 1530 ਦੇ ਵਿਚ ਹੋਰ ਵੀ ਕਈ ਕਿਸਮ ਦੇ ਵਿੱਤੀ ਅੰਗਾਂ ਦੀ ਸਥਾਪਨਾ ਨਾਲ ਚੈਂਬਰ ਦੇ ਸਾਧਨ ਅਤੇ ਇਸ ਦੀ ਪ੍ਰਧਾਨਤਾ ਕਾਫ਼ੀ ਘੱਟ ਗਈ। ਐਪਰ 1550 ਦੇ ਵਿਚ ਸਰਕਾਰੀ ਖ਼ਜ਼ਾਨੇ ਦੇ ਮਹੱਤਵਪੂਰਨ ਸੁਧਾਰ ਅਤੇ ਪੁਨਰ ਉੱਥਾਨ ਨੇ ਇਸ ਨੂੰ ਇਕ ਘਰੇਲੂ ਵਿਭਾਗ ਹੀ ਬਣਾ ਕੇ ਰੱਖ ਦਿੱਤਾ।

ਮੱਧ ਕਾਲ ਸਮੇਂ ਅਤੇ ਮਗਰਲੇ ਸਮਿਆਂ ਵਿਚ ਲਗਭਗ ਸਾਰੇ ਹੀ ਯੂਰਪ ਵਿਚ ਵਿੱਤੀ ਮਨੋਰਥਾਂ ਲਈ ਚੈਂਬਰਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਹਰੇਕ ਬਾਦਸ਼ਾਹ, ਹੁਕਮਰਾਨ ਸ਼ਹਿਜ਼ਾਦਿਆਂ, ਬਿਸ਼ਪਾਂ, ਐਬਟਾਂ, ਧਰਮ-ਨਿਰਪੱਖ ਰਈਸਾਂ ਆਦਿ ਨੇ ਆਪਣੇ ਵਿੱਤੀ ਮਨੋਰਥਾਂ ਲਈ ਇਕ ਚੈਂਬਰ ਵਿਕਸਿਤ ਕੀਤਾ ਹੋਇਆ ਸੀ ਅਤੇ ਹਰੇਕ ਚੈਂਬਰ ਦਾ ਆਪਣਾ

ਅੱਡਰਾ ਹੀ ਇਤਿਹਾਸ ਸੀ ਜਿਹੜਾ ਇੰਗਲੈਂਡ ਦੇ ਬਾਦਸ਼ਾਹਾਂ ਨਾਲੋਂ ਬਿਲਕੁਲ ਵੱਖਰਾ ਸੀ।

ਹ. ਪੁ. -ਐਨ. ਬ੍ਰਿ. 5:244

**ਚੈਂਬਰਜ਼, ਸਰ ਵਿਲੀਅਮ** : ਇਸ ਬ੍ਰਿਟਿਸ਼ ਭਵਨ ਨਿਰਮਾਤਾ ਦਾ ਜਨਮ 1726 ਨੂੰ ਸਵੀਡਨ ਵਿਚ ਗਾੱਟਬਰਗ ਵਿਖੇ ਹੋਇਆ। ਇੰਗਲੈਂਡ ਵਿਖੇ ਸਿੱਖਿਆ ਪ੍ਰਾਪਤ ਕਰਨ ਉਪਰੰਤ 16 ਸਾਲ ਦੀ ਉਮਰ ਵਿਚ ਇਹ ਸਵੀਡਿਸ਼ ਈਸਟ ਇੰਡੀਆ ਕੰਪਨੀ ਵਿਚ ਨੌਕਰੀ ਕਰਨ ਲੱਗਾ। ਕੈਨਟਾਨ ਦੀ ਯਾਤਰਾ ਨਾਲ ਚੀਨ ਨੇ ਇਸ ਨੂੰ ਡਿਜ਼ਾਈਨਜ਼ ਆਫ਼ ਚਾਈਨੀਜ਼ ਬਿਲਡਿੰਗਜ਼ (1751) ਪੁਸਤਕ ਲਈ ਸਮੱਗਰੀ ਸਪਲਾਈ ਕੀਤੀ। ਭਵਨ-ਨਿਰਮਾਣ ਕਲਾ ਦੀ ਪੜ੍ਹਾਈ ਲਈ ਪਹਿਲਾਂ ਪੈਰਿਸ ਤੇ ਫਿਰ ਰੋਮ ਗਿਆ। ਸੰਨ 1755 ਵਿਚ ਇੰਗਲੈਂਡ ਵਾਪਸ ਆ ਕੇ ਇਹ ਪਰਿੰਸ ਆਫ਼ ਵੇਲਜ਼ ਦਾ ਭਵਨ-ਨਿਰਮਾਣ ਕਲਾ ਸਬੰਧੀ ਨਿੱਜੀ ਅਧਿਆਪਕ ਲੱਗਾ। ਇਹ ਨੌਕਰੀ ਇਸ ਦੀ ਦਫ਼ਤਰੀ ਨੌਕਰੀ ਲਈ ਬਹੁਤ ਲਾਹੇਵੰਦ ਸਿੱਧ ਹੋਈ। ਇਸ ਨਾਲ ਇਸਦਾ ਨਾਂ ਭਵਨ-ਨਿਰਮਾਣ ਕਲਾ ਦੇ ਪਹਿਲੇ ਦੋ ਨਿਰੀਖਕਾਂ ਵਿਚ ਗਿਣਿਆ ਜਾਣ ਲੱਗਾ।

ਸੰਨ 1768 ਵਿਚ ਇਸਨੇ ਰਾਇਲ ਅਕੈਡਮੀ ਬਣਾਉਣ ਵਿਚ ਮਦਦ ਕੀਤੀ ਤੇ ਬਾਕੀ ਦੀ ਸਾਰੀ ਉਮਰ ਇਸ ਸੰਸਥਾ ਦਾ ਮੋਦੀ ਰਿਹਾ। ਸੰਨ 1770 ਵਿਚ ਸਵੀਡਨ ਦੇ ਰਾਜੇ ਤੋਂ ਨਾਈਟਹੁੱਡ ਆਫ਼ ਦੀ ਪੋਲਰ ਸਟਾਰ ਦਾ ਖ਼ਿਤਾਬ ਪ੍ਰਾਪਤ ਕਰਨ ਤੋਂ ਬਾਅਦ ਜਾਰਜ ਤੀਜੇ ਨੇ ਇਸਨੂੰ ਇੰਗਲਿਸ਼ ਨਾਈਟ ਦੀ ਪਦਵੀ ਦਿੱਤੀ।

ਇਸਦੇ ਸਰਬੋਤਮ ਕੰਮਾਂ ਵਿਚ ਸਮਰਸੈੱਟ ਹਾਊਸ ਲੰਡਨ, ਡਬਲਿਨ ਨੇੜੇ ਮੈਰੀਨੋ ਵਿਖੇ ਕੈਸੀਨੋ, ਕਿਊ ਪੈਲੇਸ, ਸਰੀ ਵਿਖੇ ਸਜਾਵਟੀ ਇਮਾਰਤਾਂ (ਸਮੇਤ ਪੈਗੋਡਾ) ਸ਼ਾਮਲ ਹਨ। ਇਹ ਇਕ ਅਜਿਹਾ ਭਵਨ-ਨਿਰਮਾਤਾ ਸੀ ਜਿਸਨੇ ਪੈਲੇਡੀਅਨ ਸ਼ੈਲੀ ਨੂੰ ਨਵਾਂ ਰੂਪ ਦੇਣ ਲਈ ਯੂਰਪੀਅਨ ਭਵਨ-ਨਿਰਮਾਣ ਕਲਾ ਦੇ ਗਿਆਨ ਦਾ ਬਹੁਤ ਪ੍ਰਯੋਗ ਕੀਤਾ। ਇਸਦੀ ਪ੍ਰਸਿੱਧ ਪੁਸਤਕ 'ਏ ਟ੍ਰੀਟਿਜ਼ ਆਨ ਸਿਵਲ ਆਰਕੀਟੈਕਟਰਾ' (1759) ਨੂੰ ਬਹੁਤ ਮਾਨਤਾ ਮਿਲੀ ਅਤੇ ਇਸਦਾ ਪ੍ਰਭਾਵ ਇੰਗਲੈਂਡ ਤੋਂ ਬਾਹਰ ਇਸਦੀ ਮੌਤ ਤੋਂ ਬਾਅਦ ਵੀ ਰਿਹਾ।

8 ਮਾਰਚ, 1796 ਨੂੰ ਇਸਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 5:253; ਐਨ. ਬ੍ਰਿ. ਮਾ. 2:719

**ਚੈਂਬਰਜ਼, ਰਾਬਰਟ** : ਸਕਾਟਲੈਂਡ ਦੇ ਇਸ ਪ੍ਰਕਾਸ਼ਕ ਅਤੇ ਲੇਖਕ ਦਾ ਜਨਮ 10 ਜੁਲਾਈ, 1802 ਨੂੰ ਪੀਬਲਜ਼ ਵਿਖੇ ਹੋਇਆ। ਸੰਨ 1813 ਵਿਚ ਇਹ ਆਪਣੇ ਪਰਿਵਾਰ ਨਾਲ ਐਡਿਨਬਰਾ ਵਿਖੇ ਚਲਾ ਗਿਆ। ਉਸ ਸ਼ਹਿਰ ਤੋਂ ਪ੍ਰਭਾਵਿਤ ਹੋ ਕੇ 1823 ਵਿਚ ਇਸ ਨੇ ਦੋ ਜਿਲਦਾਂ ਵਿਚ ਪੁਸਤਕ 'ਟ੍ਰੈਡੀਸ਼ਨਜ਼ ਆਫ਼ ਐਡਿਨਬਰਾ' ਲਿਖੀ। ਆਪਣੇ ਭਰਾ ਵਿਲੀਅਮ ਨਾਲ ਮਿਲ ਕੇ ਇਸ ਨੇ 'ਚੈਂਬਰਜ਼ ਜਰਨਲ' ਦੀ ਸੰਪਾਦਨਾ ਕੀਤੀ ਅਤੇ 1832 ਈ. ਵਿਚ ਇਕ ਪ੍ਰਕਾਸ਼ਨ-ਫ਼ਰਮ ਦੀ ਸਥਾਪਨਾ ਕੀਤੀ।

'ਵੇੱਸਟਿਜਿਜ਼ ਆਫ਼ ਦੀ ਨੈਚੁਰਲ ਹਿਸਟਰੀ ਆਫ਼ ਕ੍ਰਿਏਸ਼ਨ' (1843-1846) ਅਤੇ 'ਬੁਕ ਆਫ਼ ਡੇਜ਼' (1862-64) ਇਸ ਦੀਆਂ ਦੋ ਮਹੱਤਵਪੂਰਣ ਪੁਸਤਕਾਂ ਹਨ। ਆਪਣੇ ਭਰਾ ਸਹਿਤ ਇਹ ਚੈਂਬਰਜ਼ ਐਨਸਾਈਕਲੋਪੀਡੀਆ ਦਾ ਨਿਗਰਾਨ ਵੀ ਰਿਹਾ ਸੀ।

17 ਮਾਰਚ, 1871 ਨੂੰ ਸੇਂਟ ਐਂਡਰੀਊਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 2:719 ; ਐਨ. ਅਮੈ. 6:257

**ਚੈਂਬਰਲ, ਕਲਾਡ** : ਫ਼ਿਲਮਾਂ ਦੇ ਇਸ ਪ੍ਰਸਿੱਧ ਨਿਰਦੇਸ਼ਕ ਤੇ ਨਿਰਮਾਤਾ ਜਿਸ ਨੂੰ ਫ਼ਰਾਂਸ ਦਾ 'ਮਾਸਟਰ ਆਫ਼ ਦਾ ਮਿਸਟਰੀ ਥਰਿਲਰ' ਕਿਹਾ ਜਾਂਦਾ ਹੈ, ਦਾ ਜਨਮ 24 ਜੂਨ, 1930 ਨੂੰ ਪੈਰਿਸ ਵਿਖੇ ਹੋਇਆ। ਇਸਦੀ 'Le Beau Serge' (1958) ਇਕ ਬੜੀ ਪ੍ਰਸਿੱਧ ਫ਼ਿਲਮ ਸੀ ਜਿਸ ਦਾ ਲੇਖਕ ਅਤੇ ਨਿਰਮਾਤਾ ਚੈਂਬਰਲ ਹੀ ਸੀ। ਇਸੇ ਸਾਲ ਦੀ ਇਕ ਹੋਰ ਪ੍ਰਸਿੱਧ ਫ਼ਿਲਮ 'Les Consins' ਸੀ ਜਿਸ ਦਾ ਇਹ ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਸੀ। ਇਨ੍ਹਾਂ ਤੋਂ ਇਲਾਵਾ ਕਈ ਹੋਰ ਪ੍ਰਸਿੱਧ ਫ਼ਿਲਮਾਂ ਦਾ ਇਸਨੇ ਨਿਰਦੇਸ਼ਨ ਕੀਤਾ ਹੈ।

ਇਸ ਦੀਆਂ ਫ਼ਿਲਮਾਂ ਵਿਚ ਵਿਰੂਪ-ਕਲਾ ਕਿਰਤ (Igrotesque) ਰਾਹੀਂ ਮੋਹ ਲੈਣ ਦਾ ਢੰਗ, ਸਥਿਤੀ ਅਤੇ ਵਿਅੰਗਮਈ ਚਿੱਤਰਣ ਅਤੇ ਦੁਖਾਂਤ ਅਤੇ ਸੁਖਾਂਤ ਨੂੰ ਮਿਲਾਕੇ ਪੇਸ਼ ਕਰਨ ਦੇ ਤਰੀਕੇ ਤੋਂ ਇਸ ਉੱਤੇ ਅੰਗਰੇਜ਼ ਨਿਰਦੇਸ਼ਕ ਐਲਫਰੈੱਡ ਹਿਚਕਾੱਕ (Alfred Hitchock) ਦਾ ਪ੍ਰਭਾਵ ਦਿਸਦਾ ਹੈ। ਐਲਫਰੈੱਡ ਹਿਚਕਾੱਕ ਦੀ ਜੀਵਨੀ (1957) ਦਾ ਇਹ ਸਹਿ-ਲੇਖਕ ਵੀ ਸੀ।

ਸੰਨ 1960 ਦੇ ਪਿਛਲੇਰੇ ਸਾਲਾਂ ਵਿਚ ਇਸਨੇ ਹਾਲੀਵੁੱਡ ਵਿਚ ਦੋ ਫ਼ਿਲਮਾਂ 'The Champagne Murders' (1968) ਅਤੇ 'The Road to Corinth' (1968) ਨਿਰਦੇਸ਼ਤ ਕੀਤੀਆਂ।

ਹ. ਪੁ.-ਐਨ. ਬ੍ਰਿ. ਮਾ. 2:703

**ਚੈਂਬਰਲ ਦੀ ਭੱਠੀ** : ਵੇਖੋ, ਭੱਠੀ

**ਚੈਂਬਰਲਿਨ (ਆਰਥਰ) ਨੇਵਿਲੀ** : ਬਰਤਾਨੀਆ ਦੇ ਇਸ ਵਿਸ਼ਵ ਪ੍ਰਸਿੱਧ ਸਿਆਸਤਦਾਨ ਅਤੇ ਪ੍ਰਧਾਨ ਮੰਤਰੀ (1937-1940)



ਨੇਵਿਲੀ ਚੈਂਬਰਲਿਨ

ਦਾ ਜਨਮ 18 ਮਾਰਚ, 1869 ਨੂੰ ਬਰਮਿੰਘਮ ਵਿਖੇ ਹੋਇਆ। ਇਸ ਦੇ ਪਿਤਾ ਦਾ ਨਾਂ ਜੋਜ਼ਫ ਚੈਂਬਰਲਿਨ ਅਤੇ ਮਾਤਾ ਦਾ ਨਾਂ ਫ਼ਲੋਰੈਂਸ ਕੈਨਰਿਕ ਸੀ। ਵਧੇਰੇ ਕਰਕੇ ਇਸਦਾ ਨਾਂ ਇਸਦੀ ਜਰਮਨੀ ਪ੍ਰਤਿ ਤਿਆਰ ਕੀਤੀ 'ਸ਼ਾਂਤੀ' (Appeasement) ਦੀ ਨੀਤੀ ਨਾਲ ਜੋੜਿਆ ਜਾਂਦਾ ਹੈ। ਵਪਾਰਕ ਜੀਵਨ ਸ਼ੁਰੂ ਕਰਨ ਲਈ ਇਸ ਨੂੰ ਰਗਬੀ ਅਤੇ ਮੈਸਨ ਕਾਲਜ, ਬਰਮਿੰਘਮ ਵਿਖੇ ਸਿੱਖਿਆ ਦਿੱਤੀ ਗਈ। ਸੰਨ 1891 ਵਿਚ ਇਸ ਦੇ ਪਿਤਾ ਨੇ ਆਪਣੇ ਸਾਈਸਲ ਦੇ ਖੇਤਾਂ ਦਾ ਪ੍ਰਬੰਧ ਚਲਾਉਣ ਲਈ ਬਹਾਮਾਸ ਭੇਜਿਆ ਪਰ ਇਥੋਂ ਦਾ ਪ੍ਰਬੰਧ ਇਹ ਚੰਗੀ ਤਰ੍ਹਾਂ ਨਾ ਚਲਾ ਸਕਿਆ ਅਤੇ ਇੰਗਲੈਂਡ ਪਰਤ ਆਇਆ ਅਤੇ ਬਰਮਿੰਘਮ ਵਿਚ ਕਾਰੋਬਾਰ ਕਰਨ ਲਗ ਪਿਆ। ਸੰਨ 1911 ਵਿਚ ਇਹ ਸਿਟੀ ਕਾਂਸਲ ਦਾ ਮੈਂਬਰ ਅਤੇ 1915 ਈ. ਵਿਚ ਲਾਰਡ ਮੇਅਰ ਬਣਿਆ। ਅਗਲੇ ਹੀ ਸਾਲ ਰਾਸ਼ਟਰੀ ਸੇਵਾ ਦੇ ਡਾਇਰੈਕਟਰ ਜਨਰਲ ਦੇ ਰੂਪ ਵਿਚ ਸਿਆਸੀ ਰੰਗ ਮੰਚ ਤੇ ਪਹਿਲੀ ਵਾਰ ਆ ਚਮਕਿਆ। ਇਸ ਨੌਕਰੀ ਉੱਤੇ ਵੀ ਇਹ ਕੋਈ ਬਹੁਤਾ ਸਫ਼ਲ ਨਾ ਰਿਹਾ।

ਸੰਨ 1918 ਦੀਆਂ ਆਮ ਚੋਣਾਂ ਵਿਚ ਇਹ ਬਰਮਿੰਘਮ ਦੀ ਲੇਡੀਵੁੱਡ ਡਵੀਜ਼ਨ ਤੋਂ ਹਾਊਸ ਆਫ਼ ਕਾਮਨਜ਼ ਦਾ ਮੈਂਬਰ ਚੁਣਿਆ

ਗਿਆ। ਸੰਨ 1822 ਦੇ ਅਖ਼ੀਰ ਤੱਕ ਇਹ ਪੋਸਟ-ਮਾਸਟਰ ਜਨਰਲ ਬਣ ਗਿਆ ਅਤੇ ਬਾਰਾਂ ਮਹੀਨਿਆਂ ਦੇ ਅੰਦਰ-ਅੰਦਰ ਇਹ ਵਿੱਤ ਮੰਤਰੀ ਬਣ ਗਿਆ। ਸੰਨ 1924 ਵਿਚ ਜਦੋਂ ਬਾਲਡਵਿਨ ਦੂਜੀ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਤਾਂ ਇਸ ਨੂੰ ਸਿਹਤ ਮੰਤਰੀ ਨਿਯੁਕਤ ਕੀਤਾ ਗਿਆ। ਇਸ ਅਹੁਦੇ ਤੇ ਰਹਿੰਦਿਆਂ ਇਸ ਨੇ ਕਈ ਸਮਾਜਕ ਕਾਨੂੰਨ ਤਿਆਰ ਕਰਵਾਏ ਅਤੇ ਨਾਲ ਹੀ ਲੋਕਲ ਗੌਰਮਿੰਟ ਐਕਟ-1929 ਤਿਆਰ ਕਰਵਾਇਆ। ਸੰਨ 1929-31 ਦੀ ਲੇਬਰ ਸਰਕਾਰ ਵੇਲੇ ਇਹ ਵਿਰੋਧੀ ਪਾਰਟੀ ਵਿਚ ਰਿਹਾ ਅਤੇ ਇਸ ਉਪਰੰਤ ਇਹ ਦੇਸ਼ ਵਿਚ ਬਣੀ ਪਹਿਲੀ ਰਾਸ਼ਟਰੀ ਸਰਕਾਰ ਵਿਚ ਫਿਰ ਸਿਹਤ ਮੰਤਰੀ ਬਣਿਆ ਪਰ ਛੇਤੀ ਹੀ ਇਹ ਵਿੱਤ ਮੰਤਰੀ ਬਣ ਗਿਆ ਅਤੇ ਇਸ ਅਹੁਦੇ ਤੇ ਰਹਿੰਦਿਆਂ 1931 ਈ. ਦੇ ਸੰਕਟ ਤੋਂ ਬਾਅਦ ਰਾਸ਼ਟਰੀ ਵਿੱਤ ਨੂੰ ਸੁਧਾਰਨ ਵਿਚ ਬਹੁਤ ਪ੍ਰਸੰਸਾਯੋਗ ਸਫਲਤਾ ਪ੍ਰਾਪਤ ਕੀਤੀ। ਸੰਨ 1937 ਵਿਚ ਬਾਲਡਵਿਨ ਦੇ ਪ੍ਰਧਾਨ ਮੰਤਰੀ ਦੇ ਪਦ ਤੋਂ ਅਸਤੀਫਾ ਦੇ ਦੇਣ ਉਪਰੰਤ ਇਹ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ।

ਇਸ ਦੇ ਪ੍ਰਧਾਨਗੀ ਪਦ ਦੀ ਦੁਖਾਂਤ ਵਾਲੀ ਗੱਲ ਇਹ ਹੈ ਕਿ ਚੈਂਬਰਲਿਨ ਇਕ ਅਵੱਲ ਦਰਜੇ ਦਾ ਯੋਗ ਪ੍ਰਬੰਧਕ ਸੀ ਪਰ ਯੋਗ ਪ੍ਰਬੰਧ ਨਾਲੋਂ ਵੀ ਇਸ ਉੱਤੇ ਹੋਰ ਵੱਡੀ ਆਸ ਰੱਖੀ ਹੋਈ ਸੀ। ਅੰਤਰ-ਰਾਸ਼ਟਰੀ ਸਥਿਤੀ ਉਸਦੇ ਮਨ ਉੱਤੇ ਪਹਿਲਾਂ ਤੋਂ ਹੀ ਭਾਰੂ ਹੋ ਚੁੱਕੀ ਸੀ ਕਿਉਂਕਿ ਬਦੇਸ਼ੀ ਮਾਮਲਿਆਂ ਬਾਰੇ ਉਸ ਨੂੰ ਬਹੁਤ ਹੀ ਘੱਟ ਵਾਕਫ਼ੀਅਤ ਸੀ ਅਤੇ ਉਸਦੇ ਸਲਾਹਕਾਰ ਵੀ ਉਸਨੂੰ ਕੋਈ ਵਧੀਆ ਸਲਾਹ ਨਹੀਂ ਸਨ ਦਿੰਦੇ। ਉਸਨੇ ਤੀਜੀ ਸੰਸਦ (Third Reich) ਨਾਲ ਨਿਪਟਣ ਲਈ ਕੋਈ ਖ਼ਾਸ ਸਿਖਲਾਈ ਵੀ ਨਹੀਂ ਸੀ ਲਈ।

ਚੈਂਬਰਲਿਨ ਦੇ ਮੰਤਰੀ-ਮੰਡਲ ਦੇ ਹੋਂਦ ਵਿਚ ਆਉਣ ਨਾਲ ਹੀ ਸਪੇਨੀ ਖ਼ਾਨਾਜੰਗੀ ਅਤੇ ਚੀਨੀ-ਜਾਪਾਨੀ ਝਗੜੇ ਤੋਂ ਪੈਦਾ ਹੋਈਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਰੂਮ ਸਾਗਰ ਵਿਚ ਬਰਤਾਨੀਆ ਦੇ ਹਿੱਤਾਂ ਦੀ ਸੁਰੱਖਿਆ ਲਈ ਇਸ ਨੇ ਇਟਲੀ ਨਾਲ ਇਕ ਸੰਧੀ ਤੈਅ ਕੀਤੀ ਜਿਸ ਵਿਚ ਈਥੋਪੀਆ ਦੀ ਜਿੱਤ ਦੀ ਇਸ ਸ਼ਰਤ ਤੇ ਪੁਸ਼ਟੀ ਕੀਤੀ ਗਈ ਕਿ ਇਟਲੀ ਸਪੇਨ ਵਿਚੋਂ ਪਿਛਾਂਹ ਹਟ ਜਾਵੇਗਾ। ਸੰਨ 1938 ਵਿਚ ਇਸ ਨੇ ਇਟਲੀ, ਫ਼ਰਾਂਸ ਅਤੇ ਜਰਮਨੀ ਨਾਲ ਮਿਊਨਿਖ ਪੈਕਟ ਤੇ ਹਸਤਾਖ਼ਰ ਕੀਤੇ ਅਤੇ ਇਸ ਪੈਕਟ ਅਧੀਨ ਆਪਣੇ ਸਮੇਂ ਵਿਚ ਅਮਨ ਰੱਖਣ ਦੀ ਆਸ ਨਾਲ ਚੈਕੋਸਲੋਵਾਕੀਆ ਦੇ ਕੁਝ ਇਲਾਕੇ ਜਰਮਨੀ ਦੇ ਹਵਾਲੇ ਕਰ ਦਿੱਤੇ। ਛੇ ਮਹੀਨੇ ਮਗਰੋਂ ਐਡਾਲਫ਼ ਹਿਟਲਰ ਨੇ ਸਮਝੌਤਾ ਤੋੜ ਦਿੱਤਾ ਅਤੇ ਚੈਂਬਰਲਿਨ ਨੇ ਆਪਣੀ ਨੀਤੀ ਬਦਲਣ ਦੀ ਕੋਸ਼ਿਸ਼ ਕੀਤੀ ਅਤੇ ਪੁਰਜ਼ੋਰ ਸ਼ਬਦਾਂ ਵਿਚ ਕਿਹਾ ਕਿ ਇੰਗਲੈਂਡ ਹੁਣ ਜਰਮਨੀ ਦਾ ਹੋਰ ਹਮਲਾ ਨਹੀਂ ਹੋਣ ਦੇਵੇਗਾ। ਇਹ ਰੂਸ ਨਾਲ ਵੀ ਗਠ-ਜੋੜ ਕਰਨ ਤੋਂ ਅਸਮਰੱਥ ਹੀ ਰਿਹਾ। ਇਸ ਸਮੇਂ ਰੂਸ ਹੀ ਕੇਵਲ ਇਕੋ ਇਕ ਤਾਕਤ ਸੀ ਜੋ ਬਰਤਾਨੀਆ ਦੀ ਸਹਾਇਤਾ ਕਰਕੇ ਪੋਲੈਂਡ ਉਪਰੋਂ ਜਰਮਨੀ ਦੇ ਇਰਾਦਿਆਂ ਨੂੰ ਠੱਲ੍ਹ ਪਾ ਸਕਦੀ ਸੀ।

ਅਗਸਤ 1939 ਨੂੰ ਰੂਸੀ-ਜਰਮਨੀ ਸਮਝੌਤਾ ਹੋਇਆ ਜਿਸਦੇ ਨਤੀਜੇ ਵਜੋਂ ਜਰਮਨੀ ਪੋਲੈਂਡ ਉੱਤੇ ਆਰਾਮ ਨਾਲ ਹਮਲਾ ਕਰ ਸਕਦਾ ਸੀ। 3 ਸਤੰਬਰ 1939 ਨੂੰ ਚੈਂਬਰਲਿਨ ਨੂੰ ਆਪਣੇ ਦੇਸ਼ ਨੂੰ ਯੁੱਧ ਵਿਚ ਝੋਕਣਾ ਪਿਆ। ਅਗਲੇ ਛੇ ਮਹੀਨੇ ਵੀ ਇਹ ਪ੍ਰਧਾਨਗੀ ਪਦ ਤੇ ਰਿਹਾ। ਇਸ ਦੀਆਂ ਯੁੱਧ ਸਮੇਂ ਅਪਣਾਈਆਂ ਨੀਤੀਆਂ ਦੀ ਕਰੜੀ ਆਲੋਚਨਾ ਕੀਤੀ ਗਈ ਅਤੇ ਫ਼ਰਾਂਸ ਉੱਤੇ ਕੀਤੇ ਜਰਮਨੀ ਦੇ ਹਮਲੇ ਉਪਰੰਤ 10 ਮਈ, 1940 ਨੂੰ ਇਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਇਸ ਤੋਂ ਪਿੱਛੋਂ ਵਿਨਸਟਨ **ਚਰਚਿਲ** (ਮਗਰੋਂ ਸਰ ਵਿਨਸਟਨ ਚਰਚਿਲ) ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਅਤੇ ਚੈਂਬਰਲਿਨ 30 ਸਤੰਬਰ 1940 ਤੱਕ ਕਾਂਸਲ ਦਾ ਲਾਰਡ ਪ੍ਰੈਜ਼ੀਡੈਂਟ ਰਿਹਾ। ਬੀਮਾਰੀ ਕਾਰਨ ਕੁਝ ਹਫ਼ਤਿਆਂ ਪਿੱਛੋਂ ਹੀ ਇਸਦੀ ਮੌਤ ਹੋ ਗਈ।

ਹ. ਪੁ.–ਵੈ. ਬ. ਐਨ. 3 : 258 ; ਐਨ. ਅਮੈਂ. 6 : 259 ; ਐਨ. ਬ੍ਰਿ. ਮਾ. 2 : 717

**ਚੈਂਬਰਲਿਨ, ਸਰ (ਜੋਜ਼ਫ਼) ਆਸਟਿਨ** : ਬਰਤਾਨੀਆ ਦੇ ਇਸ ਨਾਮਵਰ ਸਿਆਸਤਦਾਨ ਅਤੇ ਬਦੇਸ਼ ਸਕੱਤਰ ਦਾ ਜਨਮ 16 ਅਕਤੂਬਰ, 1863 ਨੂੰ ਬਰਮਿੰਘਮ ਵਿਖੇ ਹੋਇਆ। ਬਦੇਸ਼ ਸਕੱਤਰ (1924 ਤੋਂ 1929) ਦੇ ਅਹੁਦੇ ਤੇ ਰਹਿੰਦਿਆਂ ਇਸ ਨੇ ਲੋਕਾਰਨੋ ਪੈਕਟ (1925) (ਕਈ ਸੰਧੀਆਂ ਦਾ ਇਕ ਸਮੂਹ ਜਿਸ ਦਾ ਮਨੋਰਥ ਜਰਮਨੀ ਨਾਲ ਪੈਦਾ ਹੋਣ ਵਾਲੇ ਕਿਸੇ ਸੰਭਾਵੀ ਸਰਹੱਦੀ ਝਗੜੇ ਨੂੰ ਟਾਲ ਕੇ ਪੱਛਮੀ ਯੂਰਪ ਵਿਚ ਅਮਨ ਸਥਾਪਤ ਕਰਨਾ ਸੀ) ਕਰਵਾਇਆ। ਇਸੇ ਪੈਕਟ ਕਾਰਨ ਹੀ ਇਸਨੂੰ ਸੰਯੁਕਤ ਰਾਜ ਦੇ ਵਾਈਸ ਪ੍ਰੈਜ਼ੀਡੈਂਟ ਚਾਰਲਸ ਗੇਟਸ ਡੇਵੀਜ਼ ਦੇ ਨਾਲ ਹੀ 1925 ਈ. ਦਾ ਨੋਬਲ ਪੀਸ ਪ੍ਰਾਈਜ਼ ਮਿਲਿਆ ਸੀ। ਦੋ ਮੌਕਿਆਂ (1922 ਅਤੇ 1923) ਤੇ ਇਸ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਨੂੰ ਵੀ ਠੁਕਰਾ ਦਿੱਤਾ ਸੀ।

ਇਹ ਵਿਸ਼ਵ ਪ੍ਰਸਿੱਧ ਸਿਆਸਤਦਾਨ ਜੋਜ਼ਫ ਲੇਨ ਦਾ ਸਭ ਤੋਂ ਵੱਡਾ ਪੁੱਤਰ ਅਤੇ ਆਉਣ ਵਾਲੇ ਸਮੇਂ ਵਿਚ ਬਣਨ ਵਾਲੇ ਪ੍ਰਧਾਨ ਮੰਤਰੀ ਨੈਵਿਲੀ ਚੈਂਬਰਲਿਨ ਦਾ ਮਤਰੇਆ ਭਰਾ ਸੀ। ਇਹ 1892 ਈ. ਵਿਚ ਹਾਊਸ ਆਫ਼ ਕਾਮਨਜ਼ ਦਾ ਮੈਂਬਰ, 1902 ਈ. ਵਿਚ ਪੋਸਟ ਮਾਸਟਰ ਜਨਰਲ ਅਤੇ 1903-05 ਈ. ਵਿਚ ਚਾਂਸਲਰ ਆਫ਼ ਐਕਸਚੈਕਰ ਬਣਿਆ। ਇਹ ਸਾਬਕਾ ਪ੍ਰਧਾਨ ਮੰਤਰੀ ਆਰਥਰ ਜੇਮਜ਼ ਪਿੱਛੋਂ ਕੰਜ਼ਰਵੇਟਿਵ ਪਾਰਟੀ ਦਾ ਲੀਡਰ (1911) ਬਣਨ ਲਈ ਇਕ ਜ਼ਬਰਦਸਤ ਉਮੀਦਵਾਰ ਸੀ ਪਰ ਮਗਰੋਂ ਬੋਨਰ ਲਾਅ (Bonar Law) ਦੇ ਹੱਕ ਵਿਚ ਇਹ ਪਿੱਛੇ ਹਟ ਗਿਆ। ਪਹਿਲੇ ਵਿਸ਼ਵ ਯੁੱਧ ਦੌਰਾਨ ਇਹ ਭਾਰਤ ਦਾ ਸੈਕਰੇਟਰੀ ਆਫ਼ ਸਟੇਟ (1915-17) ਅਤੇ (1918-19) ਵਿਚ ਯੁੱਧ ਮੰਤਰੀ ਮੰਡਲ ਦਾ ਮੈਂਬਰ ਰਿਹਾ। ਯੁੱਧ ਪਿੱਛੋਂ ਇਹ ਫਿਰ ਚਾਂਸਲਰ ਆਫ਼ ਐਕਸਚੈਕਰ (1919-21) ਅਤੇ ਲਾਰਡ ਪ੍ਰੀਵੀ ਸੀਲ (1921-22) ਰਿਹਾ। ਮਾਰਚ 1921 ਤੋਂ ਅਕਤੂਬਰ 1922 ਤੱਕ ਇਹ ਕੰਜ਼ਰਵੇਟਿਵ ਪਾਰਟੀ ਦਾ ਨੇਤਾ ਰਿਹਾ।

ਲੋਕਾਰਨੋ ਪੈਕਟ ਚੈਂਬਰਲਿਨ ਦੇ 62ਵੇਂ ਜਨਮ ਦਿਨ (16 ਅਕਤੂਬਰ 1925) ਵੇਲੇ, ਬਰਤਾਨੀਆ, ਫ਼ਰਾਂਸ, ਇਟਲੀ, ਬੈਲਜੀਅਮ ਅਤੇ ਜਰਮਨੀ ਨੇ ਤੈਅ ਕੀਤਾ ਸੀ। ਇਸ ਪੈਕਟ ਨਾਲ ਚੈਂਬਰਲਿਨ ਨੂੰ ਬਦੇਸ਼ ਸਕੱਤਰ ਵਜੋਂ ਬਹੁਤ ਵਡਿਆਈ ਮਿਲੀ। ਸਮੁੰਦਰੀ ਪਾਬੰਦੀਆਂ (ਅਗਸਤ 1927) ਉੱਤੇ ਹੋਈ ਜਨੀਵਾ ਕਾਨਫਰੰਸ ਦੀ ਅਸਫਲਤਾ ਅਤੇ ਬੇਲੋੜੀ ਗੁਪਤ ਐਂਗਲੋ-ਫ੍ਰੈਂਚ ਨਿਸ਼ਸਤਰੀਕਰਨ ਵਾਰਤਾਲਾਪ (ਜੁਲਾਈ 1928) ਦੀ ਅਸਫਲਤਾ ਤੋਂ ਬਾਅਦ ਇਸ ਦੀ ਲੋਕ-ਪ੍ਰਿਯਤਾ ਨੂੰ ਕਾਫ਼ੀ ਠੇਸ ਪਹੁੰਚੀ। ਇਸਨੇ ਜੂਨ 1929 ਵਿਚ ਸਟੈਨਲੇ ਬਾਲਡਵਿਨ ਦੀ ਦੂਜੀ ਵਜ਼ਾਰਤ ਵਿਚੋਂ ਆਪਣਾ ਅਹੁਦਾ ਛੱਡ ਦਿੱਤਾ ਅਤੇ ਫ਼ਿਰ ਥੋੜ੍ਹੇ ਜਿਹੇ ਚਿਰ ਲਈ ਅਗਸਤ-ਅਕਤੂਬਰ 1931 ਵਿਚ 'ਫ਼ਸਟ ਲਾਰਡ ਆਫ਼ ਐਡਮਿਰਲਟੀ' ਰਿਹਾ।

ਇਸ ਦੀ ਮੌਤ 16 ਮਾਰਚ, 1937 ਨੂੰ ਲੰਡਨ ਵਿਖੇ ਹੋਈ।

ਹ. ਪੁ.–ਐਨ. ਬ੍ਰਿ. ਮਾ. 2 : 716

**ਚੈਂਬਰਲਿਨ, ਟਾਮਸ ਕਰਾਊਡਰ** : ਸੰਯੁਕਤ ਰਾਜ ਦੇ ਇਸ ਪ੍ਰਸਿੱਧ ਭੂ-ਵਿਗਿਆਨੀ ਦਾ ਜਨਮ 25 ਸਤੰਬਰ, 1843 ਨੂੰ ਇਲੀਨਾਇ ਰਾਜ ਵਿਚ ਮਟੂਨ (Mattoon) ਵਿਖੇ ਹੋਇਆ। ਸੰਨ 1866 ਵਿਚ ਬਲਾਇਟ ਕਾਲਜ (Beloit College) ਤੋਂ ਗ੍ਰੈਜੂਏਸ਼ਨ ਕਰਨ ਅਤੇ ਮਿਸ਼ੀਗਨ ਯੂਨੀਵਰਸਿਟੀ ਤੋਂ ਹੋਰ ਸਿੱਖਿਆ ਪ੍ਰਾਪਤ ਕਰਨ ਉਪਰੰਤ ਇਹ ਵਿਸਕਾਨਸਨ ਰਾਜ ਵਿਚ ਸਟੇਟ ਨਾਰਮਲ ਸਕੂਲ, ਵਾਈਟ ਵਾਟਰ ਵਿਖੇ ਅਤੇ ਫਿਰ ਬਲਾਇਟ ਵਿਖੇ 1873 ਤੋਂ 1882 ਤੱਕ ਪ੍ਰੋਫ਼ੈਸਰ ਰਿਹਾ। ਬਲਾਇਟ ਵਿਖੇ ਹੀ ਇਸਨੇ ਅਤੀਤ ਭੂ-ਵਿਗਿਆਨਕ ਯੁੱਗਾਂ ਵਿਚ ਜਲਵਾਯੂ ਹਾਲਤਾਂ ਦੇ ਸਬੰਧ ਵਿਚ ਗਲੇਸ਼ਵਰੀ ਨਿਖੇਧਾਂ (Glacial Deposits) ਦੇ ਅਧਿਐਨ ਉਪਰ ਹੀ ਆਪਣੀ ਮਹਾਨ ਰਚਨਾ ਲਿਖਣੀ

ਆਰੰਭੀ ਸੀ। ਇਸੇ ਮਹਾਨ ਰਚਨਾ ਕਰਕੇ ਇਸ ਨੂੰ 1878 ਵਿਚ ਸਵਿਟਜ਼ਰਲੈਂਡ ਜਾਣਾ ਪਿਆ। ਚਾਰ ਜਿਲਦਾਂ ਵਿਚ, 'ਦੀ ਜੀਆਲੋਜੀ ਆਫ਼ ਵਿਸਕਾਨਸਨ' (1873-82) ਨਾਂ ਦੀ ਪੁਸਤਕ ਪ੍ਰਕਾਸ਼ਿਤ ਕਰਵਾਉਣ ਉਪਰੰਤ ਇਸਨੂੰ ਯੂਨਾਈਟਿਡ ਸਟੇਟਸ ਜੀਆਲੋਜੀਕਲ ਸਰਵੇ ਵਿਚ ਡਵੀਜ਼ਨ ਆਫ਼ ਗਲੇਸ਼ੀਅਲ ਜੀਆਲੋਜੀ ਦਾ ਮੁੱਖੀ ਨਿਯੁਕਤ ਕਰ ਦਿੱਤਾ ਗਿਆ। ਸੰਨ 1887 ਤੋਂ 1892 ਤੱਕ ਇਹ ਵਿਸਕਾਨਸਨ ਯੂਨੀਵਰਸਿਟੀ ਦਾ ਪ੍ਰੈਜ਼ੀਡੈਂਟ ਰਿਹਾ। ਸੰਨ 1892 ਤੋਂ 1919 ਤੱਕ (ਆਪਣੇ ਰਿਟਾਇਰ ਹੋਣ ਤੱਕ) ਇਹ ਸ਼ਿਕਾਗੋ ਯੂਨੀਵਰਸਿਟੀ ਵਿਚ ਭੂ-ਵਿਗਿਆਨ ਵਿਭਾਗ ਦਾ ਮੁਖੀ ਅਤੇ ਯੂਨੀਵਰਸਿਟੀ ਦੇ ਵਾਕਰ ਮਿਊਜ਼ਿਮ ਦਾ ਡਾਇਰੈਕਟਰ ਰਿਹਾ। ਇਸ ਨੇ 1893 ਵਿਚ 'ਜਰਨਲ ਆਫ਼ ਜੀਆਲੋਜੀ' ਦੀ ਸਥਾਪਨਾ ਕੀਤੀ ਅਤੇ 1922 ਈ. ਤੱਕ ਇਹ ਇਸ ਰਸਾਲੇ ਦਾ ਮੁੱਖ ਸੰਪਾਦਕ ਰਿਹਾ। ਥੋੜ੍ਹਾ ਚਿਰ ਪਿੱਛੋਂ ਇਹ ਕੁੰਡਲ-ਨੈਬੂਲਾ (Spiral-nebula) ਜਾਂ ਧਰਤੀ ਦੀ ਉਤਪਤੀ ਸਬੰਧੀ ਗ੍ਰਹਿ-ਅਣੂ ਉਪਕਲਪਣਾ (Planetsimal Hypothesis) ਖੋਜ-ਪੱਤਰ ਪ੍ਰਕਾਸ਼ਿਤ ਕਰਨ ਲੱਗ ਪਿਆ। ਸੰਨ 1916 ਵਿਚ ਇਸਨੇ ਆਪਣੇ ਸਭ ਤੋਂ ਮਹੱਤਵਪੂਰਨ ਅਧਿਐਨਾਂ ਵਿਚੋਂ 'ਦੀ ਔਰਿਜਨ ਆਫ਼ ਦੀ ਅਰਥ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਅਤੇ 1928 ਈ. ਵਿਚ ਆਪਣੀ ਅਖ਼ੀਰਲੀ ਰਚਨਾ 'ਦੀ ਟੂ ਸੋਲਰ ਫੈਮਲੀਜ਼' ਪ੍ਰਕਾਸ਼ਿਤ ਕੀਤੀ।

ਇਸਦੀ ਮੌਤ 15 ਨਵੰਬਰ, 1928 ਨੂੰ ਇਲੀਨਾਇ ਰਾਜ ਵਿਚ ਸ਼ਿਕਾਗੋ ਦੇ ਸਥਾਨ ਤੇ ਹੋਈ।

ਹ. ਪੁ.—ਐਨ. ਬ੍ਰਿ. ਮਾ. 2 : 718 ; ਐਨ. ਅਮੇ. 6 : 263

**ਚੈਂਬਰਲੇਨ, ਹਾਊਸਟਨ ਸਟੀਵਰਟ** : ਇਸ ਜਰਮਨ-ਪ੍ਰੇਮੀ ਅੰਗਰੇਜ਼ ਰਾਜਨੀਤਿਕ ਫ਼ਿਲਾਸਫਰ ਦਾ ਜਨਮ 9 ਸਤੰਬਰ, 1855 ਈ. ਨੂੰ ਹੈਂਪਸ਼ਿਰ ਵਿਚ ਸਾਊਸਸੀ ਵਿਖੇ ਹੋਇਆ। ਇਸਨੇ ਆਪਣੀ ਪੜ੍ਹਾਈ ਵਰਸੇਲਜ਼, ਜਨੇਵਾ ਅਤੇ ਵਿਐਨਾ ਵਿਚ ਕੀਤੀ। ਸੰਨ 1870 ਵਿਚ ਇਹ ਜਰਮਨੀ ਸਭਿਆਚਾਰ ਦੇ ਅਧਿਐਨ ਲਈ ਉਥੇ ਗਿਆ। ਇਸ ਅਧਿਐਨ ਤੋਂ ਇਸ ਨੇ ਇਹ ਸਿੱਟਾ ਕੱਢਿਆ ਕਿ ਯੂਰਪੀ ਸਭਿਅਤਾ ਨੂੰ ਜਰਮਨੀ ਦੀ ਬਹੁਤ ਜ਼ਿਆਦਾ ਦੇਣ ਹੈ। ਇਹ ਰਿਚਰਡ ਵੈਗਨਰ ਦਾ ਬੜਾ ਸ਼ਰਧਾਲੂ ਸੀ। ਇਸਨੇ ਉਸ ਦੀ ਜੀਵਨੀ ਅਤੇ ਨਾਟਕ ਬਾਰੇ ਪੁਸਤਕਾਂ ਛਪਵਾਈਆਂ। ਸੰਨ 1908 ਵਿਚ ਇਸ ਨੇ ਵੈਗਨਰ ਦੀ ਧੀ ਇਵਾ ਨਾਲ ਸ਼ਾਦੀ ਕਰਵਾਈ। ਉਹ ਇਸ ਦੀ ਦੂਸਰੀ ਪਤਨੀ ਸੀ।

ਚੈਂਬਰਲੇਨ ਦੀਆਂ ਮਗਰਲੀਆਂ ਪੁਸਤਕਾਂ 'ਟੇ ਕਾਂਟ' (1905) ਅਤੇ 'ਗੇਟੇ' (1912) ਬਾਰੇ ਹਨ। ਇਨ੍ਹਾਂ ਤੋਂ ਇਲਾਵਾ ਪਹਿਲੇ ਵਿਸ਼ਵ ਯੁੱਧ ਦੌਰਾਨ ਜਰਮਨੀ ਫ਼ੌਜ ਦੇ ਉਪਰਾਲੇ ਅਤੇ ਉਦੇਸ਼ਾਂ ਨਾਲ ਸਬੰਧਤ ਅਨੇਕਾਂ ਲੇਖ ਹਨ। ਸਵੈ-ਜੀਵਨੀ ਸਬੰਧੀ ਇਸ ਦੀਆਂ ਪੁਸਤਕਾਂ 'Lebenswege Meines Denkens' (1910) ਅਤੇ 'Rasse and Personlichkeit' (1925) ਸ਼ਾਮਲ ਹਨ। ਪਹਿਲੇ ਵਿਸ਼ਵ ਯੁੱਧ ਦੌਰਾਨ ਇਹ ਜਰਮਨੀ ਵਿਚ ਹੀ ਰਿਹਾ ਅਤੇ 1915 ਵਿਚ ਇਸ ਨੂੰ ਜਰਮਨੀ ਮਿਲਟਰੀ ਕ੍ਰਾਸ ਮਿਲਿਆ ਅਤੇ ਅਗਲੇ ਸਾਲ ਇਹ ਜਰਮਨੀ ਦਾ ਨਾਗਰਿਕ ਬਣ ਗਿਆ।

9 ਜਨਵਰੀ 1927 ਨੂੰ ਬਾਈਰੋਇਟ (Bayrewth) ਵਿਚ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 717, ; ਐਨ. ਬ੍ਰਿ. 5 : 246 ; ਐਨ. ਅਮੇ. 6:259

**ਚੈਂਬਰਲੇਨ, ਚਾਰਲਸ ਜੋਜ਼ਫ** : ਇਸ ਬਨਸਪਤੀ ਅਤੇ ਸੈੱਲ-ਵਿਗਿਆਨੀ ਦਾ ਜਨਮ 23 ਫ਼ਰਵਰੀ, 1863 ਨੂੰ ਸਲਵਿਨ, ਓਹਾਈਓ ਨੇੜੇ ਹੋਇਆ। ਸੰਨ 1888 ਵਿਚ ਇਸਨੇ ਓਬਰਲਿਨ ਕਾਲਜ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਸ਼ਿਕਾਗੋ ਯੂਨੀਵਰਸਿਟੀ ਤੋਂ 1897 ਵਿਚ ਪੀ. ਐਚ. ਡੀ. ਅਤੇ 1923 ਵਿਚ ਡੀ. ਐਸ. ਸੀ. ਕੀਤੀ। ਸੰਨ 1901 ਵਿਚ ਇਹ ਸ਼ਿਕਾਗੋ ਵਿਚ ਹੀ ਇਨਸਟੱਰਕਟਰ ਲਗ ਗਿਆ ਤੇ ਇਸ ਤੋਂ ਬਾਅਦ ਇਕ ਸਾਲ ਇਸਨੇ ਜਰਮਨੀ ਵਿਚ ਬੌਨ ਵਿਖੇ ਬਿਤਾਇਆ। ਸੰਨ 1901 ਵਿਚ ਸ਼ਿਕਾਗੋ ਵਾਪਸ ਆ ਕੇ ਸਹਾਇਕ ਪ੍ਰੋਫ਼ੈਸਰ ਤੇ 1911 ਵਿਚ ਐਸੋਸੀਏਟ ਪ੍ਰੋਫ਼ੈਸਰ ਲਗਾ। ਸੰਨ 1915 ਤੋਂ ਰਿਟਾਇਰ (1931) ਹੋਣ ਤੱਕ ਇਹ ਬਨਸਪਤੀ ਮਾੱਰਫਾੱਲੋਜੀ ਅਤੇ ਸੈੱਲ-ਵਿਗਿਆਨ ਭਾਗ ਵਿਚ ਪ੍ਰੋਫ਼ੈਸਰ ਲੱਗਾ ਰਿਹਾ।



ਚਾਰਲਸ ਜੋਜ਼ਫ, ਚੈਂਬਰਲੇਨ

ਸ਼ਿਕਾਗੋ ਯੂਨੀਵਰਸਿਟੀ ਦੀਆਂ ਬਨਸਪਤੀ ਵਿਗਿਆਨ ਦੀਆਂ ਪ੍ਰਯੋਗਸ਼ਾਲਾਵਾਂ ਦੇ ਆਯੋਜਨ ਦਾ ਬੁਨਿਆਦੀ ਕੰਮ ਚੈਂਬਰਲੇਨ ਨੇ ਹੀ ਕੀਤਾ ਤੇ ਸ਼ੁਰੂ ਤੋਂ ਹੀ ਇਹ ਇਨ੍ਹਾਂ ਪ੍ਰਯੋਗਸ਼ਾਲਾਵਾਂ ਦਾ ਇੰਚਾਰਜ ਰਿਹਾ। ਸਾਇਕੇਡਜ਼ ਦੀ ਮਾੱਰਫਾੱਲੋਜੀ ਅਤੇ ਜੀਵਨ-ਚੱਕਰ ਵਿਚ ਦਿਲਚਸਪੀ ਹੋਣ ਕਰਕੇ ਇਸਨੇ ਖੋਜ ਸਬੰਧੀ ਕਈ ਯਾਤਰਾਵਾਂ ਕੀਤੀਆਂ ਜਿਨ੍ਹਾਂ ਦੇ ਫਲਸਰੂਪ ਯੂਨੀਵਰਸਿਟੀ ਦੇ ਗ੍ਰੀਨ ਹਾਊਸ ਵਿਚ ਭਾਰੀ ਗਿਣਤੀ ਵਿਚ ਸਾਇਕੇਡਜ਼ ਜਮ੍ਹਾਂ ਹੋ ਗਏ। ਇਹ 1904, 1906, 1908 ਤੇ 1910 ਵਿਚ ਮੈਕਸੀਕੋ ਅਤੇ 1911-12 ਵਿਚ ਨਿਊਜ਼ੀਲੈਂਡ ਅਤੇ ਜਰਮਨੀ ਦੀ ਲੰਬੀ ਯਾਤਰਾ ਕਰਕੇ ਦੱਖਣੀ ਅਫ਼ਰੀਕਾ ਹੁੰਦਾ ਹੋਇਆ ਵਾਪਸ ਆਇਆ। ਸੰਨ 1914 ਅਤੇ 1922 ਵਿਚ ਇਸਨੇ ਕਿਊਬਾ ਤੋਂ ਸਾਇਕੇਡਜ਼ ਦੇ ਕਈ ਨਮੂਨੇ ਇਕੱਠੇ ਕੀਤੇ।

ਚੈਂਬਰਲੇਨ ਦੀਆਂ ਪ੍ਰਕਾਸ਼ਿਤ ਪੁਸਤਕਾਂ ਇਹ ਹਨ—ਮਾੱਰਫ਼ਾੱਲੋਜੀ ਆਫ਼ ਸਪੱਰਮੈਟੋਫ਼ਾਈਟਸ (1901), ਮਾੱਰਫਾੱਲੋਜੀ ਆਫ਼ ਐਨਜੀਓ-ਸਪਰਮਜ਼ (1903) ਅਤੇ ਮਾੱਰਫੱਾਲੋਜੀ ਆਫ਼ ਜਿਮਨੋਸਪਰਮਜ਼ (1910 ਤੇ ਦੂਜਾ ਐਡੀਸਨ 1917)। ਇਸਨੇ ਇਹ ਪੁਸਤਕਾਂ ਜੇ. ਐਮ. ਕੋਲਟਰ ਨਾਲ ਰਲ ਕੇ ਲਿਖੀਆਂ। ਇਨ੍ਹਾਂ ਤੋਂ ਇਲਾਵਾ ਮੈਥਡਜ਼ ਇਨ ਪਲਾਂਟ ਹਿਸਟਾੱਲੋਜੀ (1901 ਤੇ ਪੰਜਵਾਂ ਐਡੀਸ਼ਨ 1932) ਅਤੇ ਜਿਮਨੋਸਪਰਮਜ਼, ਸਟਰਕਚਰ ਐਂਡ ਐਵੋਲੂਸ਼ਨ (1935) ਇਸ ਦੀਆਂ ਹੋਰ ਪ੍ਰਕਾਸ਼ਿਤ ਪੁਸਤਕਾਂ ਹਨ।

5 ਫ਼ਰਵਰੀ 1943 ਨੂੰ ਸ਼ਿਕਾਗੋ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 246 ; ਐਨ. ਬ੍ਰਿ. ਮਾ. 2 : 716

**ਚੈਂਬਰਲੇਨ, ਵਿਲੀਅਮ** : ਇਸ ਅੰਗਰੇਜ਼ ਕਵੀ, ਡਾਕਟਰ ਅਤੇ ਸੈਨਿਕ ਦਾ ਜਨਮ 1619 ਈ. ਵਿਚ ਡੋਰਸਿਟਸ਼ਿਰ ਵਿਚ ਸ਼ੈਫਟਸਬਰੀ ਵਿਖੇ ਹੋਇਆ। ਸ਼ੈਫਟਸਬਰੀ ਵਿਖੇ ਹੀ ਇਸ ਨੇ ਡਾਕਟਰ ਵਜੋਂ ਪ੍ਰੈਕਟਿਸ ਕੀਤੀ। ਗ੍ਰਹਿ ਯੁੱਧ ਦੌਰਾਨ ਇਸਨੇ ਚਾਰਲਸ ਪਹਿਲੇ ਦਾ ਸਾਥ ਦਿੱਤਾ ਅਤੇ ਨਿਊਬਰੀ ਦੀ ਦੂਜੀ ਲੜਾਈ ਵਿਚ ਹਿੱਸਾ ਲਿਆ।

ਫਾਰੋਨਿਡਾ (1659) ਇਸ ਦੀ ਲੰਬੀ ਅਤੇ ਜਟਿਲ ਬੀਰ-ਗਾਥਾ ਹੈ। ਇਸ ਦਾ ਦੁਖਾਂਤ-ਸੁਖਾਂਤ, 'ਲਵਜ਼ ਵਿਕਟਰੀ' (1658) ਅਤੇ 'ਇੰਗਲੈਂਡਜ਼ ਜੁਬਲੀ' (1660) ਨਾਂ ਦੀ ਕਵਿਤਾ ਰਾਜਤੰਤਰਵਾਦ ਦਾ ਪ੍ਰਚਾਰ ਕਰਦੀਆਂ ਭਾਸਦੀਆਂ ਹਨ।

ਜਨਵਰੀ, 1689 ਵਿਚ ਸ਼ੈਫਟਸਬਰੀ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2 : 718 ; ਐਨ. ਬ੍ਰਿ. 5 : 250

**ਚੈਬਾਕਸਾਰੀ** : ਇਹ ਰੂਸ ਦੇ ਚੂਵਾਸ ਗਣਤੰਤਰ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਵੋਲਗਾ ਦਰਿਆ ਦੇ ਸੱਜੇ ਕੰਢੇ ਉਪਰ ਗੋਰਕੀ ਅਤੇ ਕਜ਼ਾਨ ਵਿਚਕਾਰ ਸਥਿਤ ਹੈ। ਇਹ ਸ਼ਹਿਰ ਭਾਵੇਂ 15ਵੀਂ ਸਦੀ ਦੇ ਮੱਧ ਤਕ ਹੋਂਦ ਵਿਚ ਆ ਚੁੱਕਾ ਸੀ ਅਤੇ 1555 ਵਿਚ ਇਥੇ ਇਕ ਕਿਲ੍ਹਾ ਵੀ ਬਣਾ ਦਿੱਤਾ ਗਿਆ ਸੀ ਪਰ ਫਿਰ ਵੀ ਕਾਫ਼ੀ ਸਮੇਂ ਤਕ ਇਹ ਸ਼ਹਿਰ ਅਣਗੌਲਿਆ ਹੀ ਰਿਹਾ। ਇਸ ਸ਼ਹਿਰ ਦਾ ਅਸਲ ਵਿਕਾਸ 1939 ਵਿਚ ਕਨਾਜ਼ ਤਕ ਰੇਲਵੇ ਪਹੁੰਚਣ ਨਾਲ ਹੀ ਹੋਇਆ ਹੈ। ਭਾਵੇਂ ਇਸ ਸ਼ਹਿਰ ਦਾ ਹੁਣ ਨਵੀਨ ਢੰਗ ਨਾਲ ਵਿਕਾਸ ਹੋ ਚੁੱਕਾ ਹੈ ਪਰ ਮੁਢਲੀ ਸ਼ਹਿਰੀ ਯੋਜਨਾ ਅਜੇ ਵੀ ਕਾਇਮ ਰੱਖੀ ਗਈ ਹੈ।

ਇਥੇ ਸੂਤੀ ਕੱਪੜੇ, ਵੱਡੇ ਟ੍ਰੈਕਟਰਾਂ ਅਤੇ ਵਾਹਣਾਂ ਦਾ ਸਾਮਾਨ ਤਿਆਰ ਹੁੰਦਾ ਹੈ। ਇਥੇ ਇਕ ਯੂਨੀਵਰਸਿਟੀ, ਅਧਿਆਪਕ ਸਿਖਲਾਈ ਸੰਸਥਾ ਅਤੇ ਖੇਤੀਬਾੜੀ ਸੰਸਥਾ ਵੀ ਹੈ।

ਆਬਾਦੀ–4,20,000 (1989)

ਹ. ਪੁ.–ਐਨ. ਬ੍ਰਿ. ਮਾ. 3 : 144

**ਚੈਬੀਚੇਵ, ਪੈਫਨੂਟੀ ਲਵੋਵਿਚ** : ਇਹ ਇਕ ਉੱਘਾ ਰੂਸੀ ਗਣਿਤਵੇਤਾ ਸੀ ਜਿਸਦਾ ਜਨਮ 26 ਮਈ, 1821 ਨੂੰ ਬੋਰੋਵਸਕ (Borovsk) ਵਿਖੇ ਹੋਇਆ। ਇਸਨੇ ਸੰਨ 1859 ਵਿਚ ਮਾਸਕੋ ਯੂਨੀਵਰਸਿਟੀ ਤੋਂ ਗਣਿਤ ਦੀ ਵਿਦਿਆ ਮੁਕੰਮਲ ਕੀਤੀ ਅਤੇ ਸੇਂਟ ਪੀਟਰਜ਼ਬਰਕ ਯੂਨੀਵਰਸਿਟੀ ਵਿਚ ਗਣਿਤ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਇਸੇ ਅਹੁਦੇ ਤੇ ਬਹੁਤ ਸਮਾਂ ਰਹਿ ਕੇ ਇਹ ਸੰਨ 1880 ਵਿਚ ਰਿਟਾਇਰ ਹੋ ਗਿਆ। ਸੰਨ 1860 ਵਿਚ ਇਕ ਉੱਘਾ ਸੰਵਾਦਦਾਤਾ ਵੀ ਬਣ ਗਿਆ ਅਤੇ 1874 ਵਿਚ ਇੰਸਟੀਚਿਊਟ ਆਫ਼ ਫ਼ਰਾਂਸ ਵਿਚ ਬਤੌਰ associe etsanger ਵੀ ਰਿਹਾ। ਲੰਡਨ ਦੀ ਪ੍ਰਸਿੱਧ ਰੱਾਇਲ ਸੁਸਾਇਟੀ ਦਾ ਇਹ ਉੱਘਾ ਵਿਦੇਸ਼ੀ ਮੈਂਬਰ ਸੀ।

ਇਸਨੇ ਗਣਿਤ ਦੇ ਖੇਤਰ ਵਿਚ ਅਭਾਜ ਸੰਖਿਆਵਾਂ ਬਾਰੇ ਬਹੁਤ ਖੋਜ ਕੀਤੀ, ਵਿਸ਼ੇਸ਼ ਤੌਰ ਤੇ ਉਨ੍ਹਾਂ ਸੰਖਿਆਵਾਂ ਸਬੰਧੀ ਜੋ ਇਕ ਖ਼ਾਸ ਪਰਿਬੰਧ ਤੋਂ ਹੇਠਾਂ ਸਨ। ਇਸਨੇ ਸੰਯੋਜਨ ਰਾਹੀਂ ਸਰਲਰੇਖੀ ਗਤੀ ਪ੍ਰਾਪਤ ਕਰਨ ਦੀ ਸਮੱਸਿਆ ਉਪਰ ਚੋਖਾ ਸਮਾਂ ਲਾਇਆ। 'ਚੈਬੀਚੇਵ ਦੀ ਸਮਾਂਤਰ ਗਤੀ' ਨਿਯਮ ਇਕ ਤਿੰਨ-ਬਾਰ ਸੰਯੋਜਨ (three-bar linkage) ਵਿਧੀ ਹੈ ਜੋ ਨਿਸ਼ਚਿਤ ਸਰਲ ਰੇਖੀ ਗਤੀ ਦੇ ਨਿਕਟਤਮ ਅਨੁਮਾਨ ਨੂੰ ਦਰਸਾਉਂਦੀ ਹੈ।

ਚੈਬੀਚੇਵ ਦੀਆਂ ਗਣਿਤ ਸਬੰਧੀ ਰਚਨਾਵਾਂ ਵਿਚ ਬਹੁਤ ਸਾਰੇ ਵਿਸ਼ਿਆਂ ਉਪਰ ਖੋਜ ਕੀਤੀ ਹੋਈ ਮਿਲਦੀ ਹੈ। ਇਨ੍ਹਾਂ ਵਿਚ ਸੰਭਾਵਿਕਤਾਵਾਂ (Probabilities) ਦੀ ਥਿਊਰੀ, ਦੋਘਾਤੀ ਸਮਘਾਤ (Quadratic Forms), ਲੰਬਕ ਫੰਕਸ਼ਨ, ਅਨੁਕਲਾਂ ਦੇ ਸਿੱਧਾਂਤ (TheoryofIntegrals), ਭੂਗੋਲਿਕ ਨਕਸ਼ਿਆਂ ਨੂੰ ਬਣਾਉਣ, ਆਇਤਨ ਦਾ ਪਰਿਕਲਨ (Computation of volumes) ਆਦਿ ਵਿਸ਼ੇ ਮੁੱਖ ਸਨ। ਇਸਨੇ ਆਪਣੀ ਖੋਜ ਉਪਰ ਅਧਾਰਤ ਇਕ ਪੁਸਤਕ 'Traite de Law theorie des nombres' ਵੀ ਪ੍ਰਕਾਸ਼ਿਤ ਕਰਵਾਈ। ਗਣਿਤ ਖੇਤਰ ਵਿਚ ਉੱਘਾ ਯੋਗਦਾਨ ਪਾਉਣ ਮਗਰੋਂ ਇਹ ਸੇਂਟ ਪੀਟਰਜ਼ਬਰਕ ਵਿਖੇ ਹੀ 8 ਦਸੰਬਰ, 1894 ਨੂੰ ਪਰਲੋਕ ਸਿਧਾਰ ਗਿਆ। ਇਸਦੇ ਖੋਜ ਪੱਤਰ ਆਦਿ ਇਕ ਫ਼ਰਾਂਸੀਸੀ ਪੁਸਤਕ Oeuvres (1899-1907) ਅਤੇ ਇਕ ਪੰਜ ਜਿਲਦਾਂ ਵਿਚ ਰੂਸੀ ਪੁਸਤਕ (1946-51) ਵਿਚ ਛਾਪੇ ਗਏ।

ਹ. ਪੁ.–ਐਨ. ਬ੍ਰਿ. 5 : 330

**ਚੈਮ** : ਵੀਅਤਨਾਮ ਅਤੇ ਕੰਬੋਡੀਆ ਦੀ ਇਕ ਕੌਮ ਨੂੰ ਚੈਮ ਕਿਹਾ ਜਾਂਦਾ ਹੈ। ਵੀਅਤਨਾਮ ਦੇ ਚੈਮ ਉੱਥੋਂ ਦੀ ਪ੍ਰਾਚੀਨ 'ਚੰਪਾ' ਨਾਮੀ ਸਲਤਨਤ ਵਿਚੋਂ ਬਾਕੀ ਦੇ ਹੁਣ ਤਕ ਜੀਉਂਦੇ ਵਸਨੀਕ ਹਨ। ਇਹ ਲੋਕ ਹੁਣ ਤਕ ਭਾਵੇਂ ਆਲੇ-ਦੁਆਲੇ ਦੇ ਹੋਰ ਵੀਅਤਨਾਮੀਆਂ ਨਾਲ ਪੂਰੀ ਤਰ੍ਹਾਂ ਰਚ-ਮਿਚ ਚੁੱਕੇ ਹਨ ਪਰ ਇਨ੍ਹਾਂ ਵਿਚੋਂ ਕੁਝ ਕੁ ਪਰਿਵਾਰ ਆਪਣੀ ਚੈਮ ਬੋਲੀ ਹੀ ਬੋਲਦੇ ਹਨ। ਇਹ ਲੋਕ ਸਰੀਰਕ ਪੱਖੋਂ ਮੱਧ-ਵਰਗੀ ਬਣਤਰ ਵਾਲੇ ਅਤੇ ਭੂਰੇ ਰੰਗ ਦੇ ਹਨ। ਚੌਲਾਂ ਦੀ ਖੇਤੀ ਕਰਦੇ ਹਨ ਅਤੇ ਆਪਣੇ ਪੈਰਾਂ ਤੇ ਆਪ ਖੜ੍ਹੇ ਹਨ। ਦੂਜੇ ਪਾਸੇ ਕੰਬੋਡੀਆ ਦੇ ਚੈਮ ਮਲਾਈਆਂ ਵਿਚ ਘੁਲੇ-ਮਿਲੇ ਹੋਏ ਹਨ। ਉਨ੍ਹਾਂ ਵਾਂਗ ਹੀ ਇਹ ਵੀ ਧਨਵਾਨ ਹਨ ਅਤੇ ਜ਼ਿਆਦਾ ਤਰ ਕੱਪੜੇ ਦੀ ਬੁਣਾਈ ਅਤੇ ਵਪਾਰ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਮਲਾਈਆਂ ਦੇ ਅਸਰ ਹੇਠ ਇਨ੍ਹਾਂ ਨੇ ਵੀ ਇਸਲਾਮ ਧਾਰਨ ਕੀਤਾ ਹੋਇਆ ਹੈ ਅਤੇ ਬੋਲੀ ਕੰਬੋਡੀਆ ਦੀ ਹੀ ਬੋਲਦੇ ਹਨ। ਇੰਨਾ ਕੁਝ ਹੋਣ ਦੇ ਬਾਵਜੂਦ ਚੈਮ ਲੋਕਾਂ ਵਿਚੋਂ ਕੁਝ ਕੁ ਮੌਲਿਕ ਰਵਾਇਤਾਂ ਦੀ ਝਲਕ ਜ਼ਰੂਰ ਮਿਲਦੀ ਹੈ। ਚੈਮ ਪਰਿਵਾਰ ਮਾਂ-ਪ੍ਰਧਾਨ ਹਨ ਅਤੇ ਮਾਂ ਦੀ ਜਾਇਦਾਦ ਹੀ ਵਿਰਾਸਤ ਵਿਚ ਵੰਡਦੇ ਹਨ।

ਹ. ਪੁ.–ਐਨ. ਬ੍ਰਿ. 5 : 244 ; ਐਨ. ਬ੍ਰਿ. ਮਾ. 2 : 716

**ਚੈਮਸਫਰਡ** : ਇੰਗਲੈਂਡ ਦੀ ਐਸਿਕਸ ਕਾਊਂਟੀ ਦਾ ਇਕ ਵਪਾਰਕ ਸ਼ਹਿਰ ਹੈ ਜਿਸਨੂੰ 1888 ਵਿਚ 'ਬਰੋ' ਦਾ ਦਰਜਾ ਪ੍ਰਾਪਤ ਹੋਇਆ। ਇਹ ਚੈਲਮਰ ਦਰਿਆ ਦੀ ਵਾਦੀ ਵਿਚ ਵਸਿਆ ਹੋਇਆ ਹੈ। ਸ਼ਹਿਰ ਵਿਚ ਮੌਜੂਦ ਪੁਰਾਣੀਆਂ ਯਾਦਗਾਰਾਂ ਇਸ ਨੂੰ ਮੂਲ ਰੂਪ ਵਿਚ ਸੀਜ਼ਰਾਮਾਗਾਸ (ਕਮਿਊਨ) ਦੇ ਰੋਮਨਾਂ ਦੀ ਬਸਤੀ ਹੋਣ ਦਾ ਸਬੂਤ ਦਿੰਦੀਆਂ ਹਨ। ਸੰਨ 1086 ਦੀ 'ਡੂਮਜ਼ਡੇ ਬੁੱਕ' ਵਿਚ ਇਸ ਦਾ ਨਾਂ ਸੈਲਮੇਰਸਫਰਟ (Celmeresfort) ਲਿਖਿਆ ਹੋਇਆ ਹੈ ਅਤੇ ਵਿਲੀਅਮ ਪਹਿਲੇ ਦੇ ਸਮੇਂ (1215) ਦੇ ਸਰਵੇਖਣ ਰਿਕਾਰਡ ਵਿਚ ਇਸ ਦਾ ਨਾਂ ਚੈਮਸਫਰਡ ਦਿੱਤਾ ਗਿਆ ਹੈ। ਉਸ ਸਮੇਂ ਇਹ ਨਗਰ ਐਸਿਕਸ ਦੇ ਟੈਕਸ ਇਕੱਠੇ ਕਰਨ ਦਾ ਕੇਂਦਰ ਸੀ। ਸੰਨ 1227 ਤੋਂ ਚੈਮਸਫਰਡ ਤਿਮਾਹੀ ਇਜਲਾਸਾਂ ਅਤੇ ਜੱਜਾਂ ਦੀਆਂ ਇਕੱਤਰਤਾਵਾਂ ਦਾ ਕੇਂਦਰ ਬਣਿਆ। ਸੰਨ 1914 ਵਿਚ ਇਹ ਸ਼ਹਿਰ ਧਰਮ ਪ੍ਰਚਾਰ ਲਈ ਬਿਸ਼ਪ-ਖੇਤਰ ਥਾਪਿਆ ਗਿਆ ਅਤੇ ਸੰਨ 1951 ਵਿਚ ਇਥੋਂ ਦਾ ਪੰਦਰ੍ਹਵੀਂ ਸਦੀ ਦਾ ਸੇਂਟ ਮੇਰੀ ਦਾ ਕਲੀਸਿਆਈ ਗਿਰਜਾ ਕੈਥਿਡ੍ਰਲ ਮਨੋਨੀਤ ਕੀਤਾ ਗਿਆ।

ਸ਼ਹਿਰ ਵਿਚ 1551 ਦਾ ਇਕ ਪ੍ਰਾਥਮਿਕ ਸਕੂਲ, ਜਿਸ ਦੀ ਬੁਨਿਆਦ ਐਡਵਰਡ ਛੇਵੇਂ ਨੇ ਰੱਖੀ ਸੀ, ਇਤਿਹਾਸਕ ਇਮਾਰਤਾਂ ਵਿਚੋਂ ਇਕ ਹੈ। ਇਸ ਤੋਂ ਬਿਨਾਂ ਇਕ ਕਾਊਂਟੀ ਦਾ ਅਜਾਇਬ ਘਰ, ਇਕ ਖੇਤੀਬਾੜੀ-ਮੰਡੀ ਅਤੇ ਅਨਾਜ-ਬਾਜ਼ਾਰ ਵੀ ਇਸ ਸ਼ਹਿਰ ਵਿਚ ਹਨ। ਹਲਕੀ ਇੰਜੀਨੀਅਰੀ ਅਤੇ ਪ੍ਰਸ਼ਾਸਨ ਇਸ ਇਲਾਕੇ ਦੇ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਦੇ ਹਨ ਪਰ ਕੁਝ ਉਦਯੋਗ ਖੇਤੀਬਾੜੀ ਤੇ ਵੀ ਨਿਰਭਰ ਹੈ। ਇਸ ਸ਼ਹਿਰ ਨੂੰ ਇਥੋਂ ਦੀ ਜੀ. ਮਾਰਕੋਨੀ ਦੀ ਵਾਇਰਲੈਸ ਟੈਲੀਗ੍ਰਾਫ਼ ਕੰਪਨੀ ਵਿਚੋਂ 23 ਫ਼ਰਵਰੀ, 1920 ਨੂੰ ਦੁਨੀਆ ਵਿਚ ਸਭ ਤੋਂ ਪਹਿਲੀ ਵਾਇਰਲੈਸ ਟੈਲੀਫ਼ੋਨ ਬ੍ਰਾਡਕਾਸਟਿੰਗ ਕੀਤੀ ਜਾਣ ਦਾ ਮਾਣ ਪ੍ਰਾਪਤ ਹੈ।

ਆਬਾਦੀ–1,52,418 (1991)

51° 44′ ਉ. ਵਿਥ.; 0° 28′ ਪੂ. ਲੰਬ

ਹ. ਪੁ.–ਐਨ. ਬ੍ਰਿ. ਮਾ. 2 : 791

**ਚੈਮਸਫਰਡ** : ਸੰਯੁਕਤ ਰਾਜ ਦੇ ਉੱਤਰ-ਪੂਰਬੀ ਮੈਸਾਚੂਸੈੱਟਸ ਦੀ ਮਿਡਲ ਸੈਕਸ ਕਾਉਂਟੀ ਦਾ ਇਕ ਸ਼ਹਿਰ ਹੈ ਜਿਹੜਾ ਲੋਵੈੱਲ ਦੇ ਬਰਾਬਰ ਵਾਕਿਆ ਹੈ। ਇਹ ਸ਼ਹਿਰ 1633 ਵਿਚ 'ਚੈਮਸਫਰਡ' ਨਾਂ ਹੇਠ ਐਸਿਕਸ ਵਿਚ ਵਸਾਇਆ ਗਿਆ ਅਤੇ 1655 ਵਿਚ ਨਿਗਮਤ ਕੀਤਾ ਗਿਆ। ਸੰਨ 1656 ਵਿਚ ਲੋਹੇ ਦੀ ਢਲਾਈ ਦੇ ਕਾਰਖਾਨਿਆਂ ਦੇ ਨਾਲ ਹੀ ਇਥੋਂ ਦੇ ਉਦਯੋਗ ਆਰੰਭ ਹੋਏ। 19ਵੀਂ ਸਦੀ ਦੇ ਆਰੰਭ ਵਿਚ ਜੰਗਲੀ ਲੱਕੜੀ, ਪਾਉਡਰ, ਟੈੱਕਸਟਾਈਲ ਅਤੇ ਗ੍ਰੇਨਾਈਟ ਦਾ ਉਤਪਾਦਨ ਸ਼ੁਰੂ ਹੋਇਆ। ਅੱਜਕੱਲ੍ਹ ਚੈਮਸਫਰਡ ਮੁੱਖ ਰੂਪ ਵਿਚ ਹਲਕੇ ਉਦਯੋਗਾਂ ਵਾਲਾ ਇਕ ਰਿਹਾਇਸ਼ੀ ਉਪ-ਨਗਰ ਹੈ।

ਸੰਨ 1657 ਵਿਚ ਚੈਮਸਫਰਡ ਯੂਨੀਟੇਰੀਅਨ ਚਰਚ ਦੇ ਇਕ ਮੁੱਢਲੇ ਪਾਦਰੀ ਜਾਨ ਫਿਸਕੇ ਨੇ 'Chelmsford Catechism' ਨਾਂ ਦੀ ਇਕ ਹੱਦ-ਬੰਦੀ ਕਾਪੀ ਤਿਆਰ ਕੀਤੀ ਜਿਹੜੀ ਨਿਊਯਾਰਕ ਦੀ ਪਬਲਿਕ ਲਾਇਬ੍ਰੇਰੀ ਵਿਚ ਮੌਜੂਦ ਹੈ। ਇਸ ਤੋਂ ਬਿਨਾਂ ਸੰਨ 1775 ਦੀ ਬੰਕਰ ਹਿੱਲ ਦੀ ਲੜਾਈ ਵਿਚ ਪਹਿਲੀ ਗੋਲੀ ਚਲਾਉਣ ਵਾਲਾ 'ਜੋਜ਼ਫ ਸਪਾਲਡ੍ਰਿੰਗ' ਇਸੇ ਸ਼ਹਿਰ ਦਾ ਜੰਮ-ਪਲ ਸੀ।

ਆਬਾਦੀ—31,174 (1980)

42° 36′ ਉ. ਵਿਥ.; 71° 21′ ਪੱ. ਲੰਬ.

ਹ ਪੂ.--ਐਨ. ਬ੍ਰਿ. ਮਾ. 2 : 791

**ਚੈਮਸਫਰਡ, ਫ੍ਰੈਡ੍ਰਿਕ ਜਾਨ ਨੇਪੀਅਰ ਥਸੀਜਰ** ਭਾਰਤ ਵਿਚ ਇਕ ਬਰਤਾਨਵੀ ਵਾਇਸਰਾਇ ਅਤੇ ਬਰਤਾਨੀਆ ਦਾ ਮੁੱਦਬਰ ਅਤੇ ਤੀਜਾ ਬੈਰਨ ਜਾਨਸ਼ੀਨ ਸੀ ਜਿਸਨੂੰ 1921 ਈ. ਵਿਚ ਪਹਿਲਾ 'ਵਾਈਕਾਊਂਟ' ਥਾਪਿਆ ਗਿਆ। 'ਨੇਪੀਅਰ ਥਸੀਜਰ ਦਾ ਜਨਮ 12 ਅਗਸਤ, 1868 ਨੂੰ ਹੋਇਆ। ਇਹ ਚੈਮਸਫਰਡ ਬੈਰਨ ਦੂਜੇ ਦਾ ਪੁੱਤਰ ਅਤੇ ਬੰਬਈ ਦੀ ਫ਼ੌਜ ਦੇ ਮੇਜਰ ਜਨਰਲ ਹੀਥ ਦਾ ਦੋਹਤਾ ਸੀ। ਸੰਨ 1905 ਵਿਚ ਇਹ ਆਪਣੇ ਪਿਤਾ ਦਾ ਉੱਤਰਾਧਿਕਾਰੀ ਬਣਿਆ ਅਤੇ ਕਵੀਨਜ਼ਲੈਂਡ ਰਾਜ ਦੇ ਗਵਰਨਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ। ਸੰਨ 1909 ਵਿਚ ਇਸਨੂੰ ਨਿਊ ਸਾਊਥ ਵੇਲਜ਼ ਦਾ ਗਵਰਨਰ ਬਣਾਇਆ ਗਿਆ। ਰਾਜਨੀਤਿਕ ਝਗੜਿਆਂ ਅਤੇ ਮਜ਼ਦੂਰਾਂ ਦੀ ਗੜਬੜ ਹੋਣ ਦੇ ਬਾਵਜੂਦ ਇਹ ਇਥੇ ਜਨਤਾ ਵਿਚ ਹਰਮਨ ਪਿਆਰਾ ਰਿਹਾ। ਇਸ ਦੇ ਨਾਲ-ਨਾਲ ਇਹ ਰਾਜਸੀ ਕਾਰਜਾਂ ਵਿਚ ਵੀ ਕਾਫ਼ੀ ਚੁਸਤ ਸੀ।



ਚੈਮਸਫਰਡ ਫ੍ਰੈਡ੍ਰਿਕ ਜਾਨ ਨੇਪੀਅਰ

ਸੰਨ 1912 ਵਿਚ ਇਸਨੂੰ 'ਨਾਈਟ' ਦੀ ਪਦਵੀ ਮਿਲੀ ਅਤੇ ਇਸ ਤੋਂ ਅਗਲੇ ਸਾਲ ਹੀ ਇਹ ਭਾਰਤ ਜਾ ਕੇ ਫੋਰਸੈਟਸ਼ਿਰ ਰਜਮੈਂਟ ਦੇ ਕਪਤਾਨ ਦੀ ਹੈਸੀਅਤ ਵਿਚ ਨੌਕਰੀ ਕਰਨ ਲਈ ਆਸਟ੍ਰੇਲੀਆ ਚਲਾ ਗਿਆ। ਪਹਿਲੇ ਵਿਸ਼ਵ ਯੁੱਧ ਦੌਰਾਨ ਇਸਨੇ ਬਹੁਤ ਮੱਲਾਂ ਮਾਰੀਆਂ ਅਤੇ ਹੈਰਾਨ ਕਰ ਦੇਣ ਵਾਲੀ ਤਰੱਕੀ ਕੀਤੀ। ਇਸੇ ਸਦਕਾ ਫ੍ਰੈਡ੍ਰਿਕ ਜਾਨ ਨੇਪੀਅਰ ਨੂੰ ਸੰਨ 1916 ਵਿਚ ਵਾਇਸਰਾਇ ਬਣਾ ਕੇ ਭਾਰਤ ਭੇਜਿਆ ਗਿਆ। ਇਸ ਸਮੇਂ ਭਾਰਤ ਵਿਚ ਕੌਮ ਪ੍ਰਸਤੀ ਦਾ ਜਜ਼ਬਾ ਪੂਰੇ ਜ਼ੋਰਾਂ ਤੇ ਸੀ। ਇਸੇ ਦੌਰਾਨ ਭਾਰਤ ਦੇ ਸਟੇਟ ਸਕੱਤਰ 'ਐਡਵਿਨ ਸੈਮੂਅਲ ਮਾਂਟੇਗੂ' ਨਾਲ ਮਿਲਕੇ ਤਿਆਰ ਕੀਤੀ ਸੁਧਾਰ ਰਿਪੋਰਟ ਅਨੁਸਾਰ ਇਸਨੇ ਸਰਕਾਰ ਵਿਚ ਭਾਰਤੀ ਨੁਮਾਇੰਦਿਆਂ ਦੀ ਗਿਣਤੀ ਵਧਾਉਣ ਲਈ ਸੁਝਾਅ ਪੇਸ਼ ਕੀਤੇ ਅਤੇ ਸਰਕਾਰ ਵੱਲੋਂ ਕੇਂਦਰੀ ਪ੍ਰਾਂਤਕ ਵਿਧਾਨ-ਮੰਡਲਾਂ ਦੇ ਵਿਸਤਾਰ ਵਿਚ ਵਾਧਾ ਕੀਤਾ ਗਿਆ। ਇਸਦੇ ਨਤੀਜੇ ਵਜੋਂ ਪ੍ਰਾਂਤਾਂ ਵਿਚ ਦੋ-ਅਮਲੀ ਰਾਜ (Diarchy) ਲਾਗੂ ਹੋਇਆ ਅਤੇ ਸਰਕਾਰ ਦੇ ਕੁਝ ਅਦਾਰੇ ਮੰਤਰੀ-ਮੰਡਲ ਦੇ ਮੰਤਰੀਆਂ ਨੂੰ ਸੌਂਪ ਕੇ ਬਾਕੀ ਦੇ ਸਿੱਧੇ ਗਵਰਨਰ ਦੇ ਅਧੀਨ ਰੱਖੇ ਗਏ। ਵਾਇਸਰਾਇ ਦੀ ਕਾਰਜਕਾਰੀ ਕੌਂਸਲ ਵਿਚ ਸੱਤ ਮੈਂਬਰਾਂ ਵਿਚੋਂ ਇਕ ਦੀ ਬਜਾਇ ਭਾਰਤੀ ਮੈਂਬਰਾਂ ਦੀ ਗਿਣਤੀ ਵਧਾ ਕੇ ਤਿੰਨ ਕਰ ਦਿੱਤੀ ਗਈ।

ਸੰਨ 1919 ਵਿਚ ਇਨ੍ਹਾਂ ਸੁਧਾਰਾਂ ਤੇ ਜਦੋਂ ਅਮਲ ਕੀਤਾ ਗਿਆ ਤਾਂ ਗੁਜਰਾਤ ਅਤੇ ਪੰਜਾਬ ਵਿਚ ਗੰਭੀਰ ਕਿਸਮ ਦੇ ਫ਼ਸਾਦ ਹੋਏ। ਇਸ ਤੇ ਚੈਮਸਫਰਡ ਨੇ ਰੋਲਟ ਐਕਟ ਲਾਗੂ ਕਰ ਦਿੱਤਾ ਅਤੇ ਕੌਮ ਪ੍ਰਸਤਾਂ ਵਿਰੁੱਧ ਕਾਰਵਾਈ ਕੀਤੀ। ਇਸ ਨਾਲ ਭਾਰਤੀਆਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਦੂਰ-ਦੂਰ ਤਾਈਂ ਗੜਬੜ ਪੈਦਾ ਹੋ ਗਈ ਜਿਸ ਨੂੰ ਦਬਾਉਣ ਲਈ ਪੰਜਾਬ ਵਿਚ ਮਾਰਸ਼ਲ ਲਾਅ ਲਾਗੂ ਕੀਤਾ ਗਿਆ ਅਤੇ ਚੈਮਸਫਰਡ ਦੇ ਅਖ਼ਤਿਆਰ ਸਬੰਧੀ ਸਵਾਲ ਉੱਠਿਆ। ਸੰਨ 1920 ਵਿਚ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਲਹਿਰ ਅਧੀਨ ਸੁਧਾਰ-ਕੌਂਸਲ ਦੀ ਪਹਿਲੀ ਚੋਣ ਕਰਨ ਲਈ ਭਾਰਤੀਆਂ ਵੱਲੋਂ ਬਾਈਕਾਟ ਕਰ ਦਿੱਤਾ ਗਿਆ। ਸੰਨ 1921 ਵਿਚ ਰਿਟਾਇਰ ਹੋਣ ਉਪਰੰਤ ਚੈਮਸਫਰਡ ਨੂੰ ਵਾਈਕਾਊਂਟ ਦੀ ਪਦਵੀ ਦਿੱਤੀ ਗਈ। ਸੰਨ 1924 ਵਿਚ ਰੈਮਸੇ ਮੈਕਡੋਨਾਲਡ ਦੀ ਲੇਬਰ ਸਰਕਾਰ ਵਿਚ ਜਲ-ਸੈਨਾ ਵਿਭਾਗ ਦਾ ਲਾਰਡ ਬਣਾਇਆ ਗਿਆ। ਅਖ਼ੀਰਲੇ ਦਿਨਾਂ ਵਿਚ ਇਹ ਮਾਈਨਰਜ਼ ਵੈਲਫੇਅਰ ਕਮੇਟੀ ਦਾ ਚੇਅਰਮੈਨ ਬਣਿਆ ਤੇ ਵਿਦਿਅਕ ਕਾਰਜਾਂ ਵਿਚ ਇਹ ਸਰਗਰਮੀ ਨਾਲ ਹਿੱਸਾ ਲੈਂਦਾ ਰਿਹਾ ਅਤੇ ਕਈ ਸਨਮਾਨ ਵੀ ਪ੍ਰਾਪਤ ਕੀਤੇ।

1 ਅਪ੍ਰੈਲ, 1933 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 791 ; ਚੈਂਬ ਐਨ. 3 : 311

**ਚੈਮੋਨੀ** : ਫ਼ਰਾਂਸ ਦੇ ਹਾਨ ਸਵੋਏ ਨਾਮੀ ਡਿਪਾਰਟਮੈਂਟ ਦੀ ਚੈਮੋਨੀ ਮਾਨ ਬਲਾਨ ਘਾਟੀ ਦਾ ਇਕ ਪਿੰਡ ਹੈ ਜਿਹੜਾ ਜਨੀਵਾ (ਸਵਿਟਜ਼ਰਲੈਂਡ) ਤੋਂ 62 ਕਿ. ਮੀ. ਦੱਖਣ-ਪੂਰਬ ਵੱਲ ਆਰਵ ਨਦੀ ਦੇ ਕੰਢੇ ਸਮੁੰਦਰੀ ਸਤ੍ਹਾ ਤੋਂ ਲ. 1000 ਮੀਟਰ ਦੀ ਉੱਚਾਈ ਤੇ ਵਸਿਆ ਹੋਇਆ ਹੈ। ਇਹ ਨਗਰ ਅਤੇ ਘਾਟੀ 19 ਕਿ. ਮੀ. ਲੰਬੀ ਅਤੇ 1 ਤੋਂ $2^1/_2$ ਕਿ. ਮੀ. ਤਕ ਚੌੜੀ ਹੈ। ਇਹ ਸਥਾਨ ਸਰਦੀਆਂ ਲਈ ਵਧੀਆ ਆਰਾਮਗਾਹ ਬਣਦਾ ਹੈ ਅਤੇ ਪਹਾੜੀ ਚੜ੍ਹਾਈ ਦਾ ਇਹ ਮੁੱਢਲਾ ਸਟੇਸ਼ਨ ਹੈ। ਆਲੇ-ਦੁਆਲਿਉਂ ਇਹ ਪਿੰਡ ਮਾਨ ਬਲਾਨ ਦੀਆਂ ਚੋਟੀਆਂ ਨਾਲ ਘਿਰਿਆ ਹੋਇਆ ਹੈ। 12ਵੀਂ ਸਦੀ ਵਿਚ ਦੋ ਅੰਗਰੇਜ਼ ਯਾਤਰੀਆਂ ਨੇ ਬਾਹਰਲੀ ਦੁਨੀਆ ਨੂੰ ਆਪਣੀਆਂ ਲਿਖਤਾਂ ਦੁਆਰਾ ਇਸ ਘਾਟੀ ਅਤੇ ਬਸਤੀ ਸਬੰਧੀ ਜਾਣਕਾਰੀ ਕਰਵਾਈ। ਸੰਨ 1775 ਤੋਂ ਪਿੱਛੋਂ ਇਹ ਵਾਦੀ ਪਰਬਤੀ ਚੜ੍ਹਾਈ ਕਰਨ ਵਾਲਿਆਂ ਵਿਚ ਮਸ਼ਹੂਰ ਹੋ ਗਈ।

ਜ਼ਮੀਨ ਬਹੁਤੀ ਜ਼ਰਖੇਜ਼ ਨਾ ਹੁੰਦਿਆਂ ਹੋਇਆਂ ਵੀ ਇਥੇ ਖੇਤੀ ਕੀਤੀ ਜਾਂਦੀ ਹੈ। ਜੌਂ, ਬਾਜਰਾ, ਸਣ, ਆਲੂ ਅਤੇ ਸਬਜ਼ੀਆਂ ਇਥੋਂ ਦੀਆਂ ਉਪਜਾਂ ਹਨ। ਇਸ ਤੋਂ ਬਿਨਾਂ ਸ਼ਹਿਦ ਦੀਆਂ ਮੱਖੀਆਂ ਅਤੇ ਪਸ਼ੂ ਪਾਲਣ

ਾ ਕਿੱਤਾ ਵੀ ਕਾਫ਼ੀ ਪ੍ਰਚੱਲਤ ਹੈ। ਕੱਪੜਾ ਬੁਣਨ, ਯਾਰਨ ਤਿਆਰ ਰਨ ਦਾ ਕੰਮ ਅਤੇ ਲੱਕੜ-ਤਰਾਸ਼ੀ ਦੇ ਕਿੱਤੇ ਵੀ ਕਾਫ਼ੀ ਪ੍ਰਚੱਲਤ ਹਨ।

ਇਥੇ ਸਰਦੀ ਰੁੱਤ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ ਤੇ 1974 ਦੀਆਂ ਸਰਦੀਆਂ ਦੀਆਂ ਓਲੰਪਿਕ ਖੇਡਾਂ ਵਿਚ ਵੀ ਇਸੇ ਥਾਨ ਨੂੰ ਚੁਣਿਆ ਗਿਆ।

45° 45′ ਉ. ਵਿਥ.; 6° 51′ ਪੂ. ਲੰਬ.

ਹ. ਪੁ.–ਕੋਲ. ਐਨ. 4 : 556 ; ਹਿੰ. ਵਿ. ਕੋ. 4 : 296 ; ਵੈਬ. ਜਗ. ਡਿ.

**ਚੇਯੂਰ**: ਤਾਮਿਲਨਾਡੂ ਰਾਜ (ਭਾਰਤ) ਵਿਚ ਚਿੰਗਲਪੇਟ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਮਦੁਰਤਕਾਮ ਸ਼ਹਿਰ ਤੋਂ 20 ਕਿ. ਮੀ. ਦੱਖਣ-ਪੂਰਬ ਵੱਲ ਵਾਕਿਆ ਹੈ। ਇਹ ਸ਼ਹਿਰ ਆਪਣੀ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਕਰਕੇ ਪ੍ਰਸਿੱਧ ਹੈ। ਇਸ ਸ਼ਹਿਰ ਵਿਚ ਕੈਲਾਸਨਾਥਰ, ਸੁਬਰਾਮਾਨਯ ਅਤੇ ਵਾਲ ਮਿਕਨਾਥਰ ਦੇ ਤਿੰਨ ਮੰਦਰ ਹਨ ਜਿਨ੍ਹਾਂ ਵਿਚ ਚੋਲਾ ਬੰਸ ਨਾਲ ਸਬੰਧਤ ਕਈ ਲਿਖਤਾਂ ਪਈਆਂ ਹਨ। ਇਥੇ ਹਰੇਕ ਵੀਰਵਾਰ ਮੇਲਾ ਲਗਦਾ ਹੈ।

ਆਬਾਦੀ–9,654 (1991)

12° 21′ ਉ. ਵਿਥ.; 80° ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 195

**ਚੈਰਕੈਸੀ** : ਪ੍ਰਾਂਤ—ਇਹ ਯੂਕਰੇਨ ਦਾ ਇਕ ਪ੍ਰਾਂਤ (ਖੇਤਰ) ਹੈ ਜਿਸ ਦਾ ਕੁੱਲ ਰਕਬਾ 20,900 ਵ. ਕਿ. ਮੀ. ਹੈ ਅਤੇ ਆਬਾਦੀ 15,30,900 ਅੰ. (1983) ਹੈ। ਇਹ ਖੇਤਰ ਦਰਿਆ ਨੀਪਰ ਦੇ ਦੋਹੀਂ ਪਾਸੀਂ ਫੈਲਿਆ ਹੋਇਆ ਹੈ। ਦਰਿਆ ਦੇ ਖੱਬੇ ਕੰਢੇ ਵਾਲਾ ਖੇਤਰ ਹੜ੍ਹਾਂ ਵਾਲੇ ਨੀਵੇਂ ਮੈਦਾਨਾਂ ਵਿਚ ਆਉਂਦਾ ਹੈ। ਦੂਜਾ ਸੱਜੇ ਕੰਢੇ ਵਾਲਾ ਪੱਛਮੀ ਭਾਗ ਪਹਾੜੀ ਢਲਾਣਾਂ ਉਪਰ 'ਨੀਪਰ' ਦੀਆਂ ਉੱਚ ਭੂਮੀਆਂ ਤੇ ਹੈ। ਇਹ ਭਾਗ ਪ੍ਰਾਂਤ ਦੇ ਪੂਰਬੀ ਭਾਗ ਨਾਲੋਂ ਵੱਡਾ ਹੈ ਅਤੇ ਵਾਦੀਆਂ ਦੇ ਖੁਰਣ ਕਰਕੇ ਬਣੀਆਂ ਦਰਾੜਾਂ ਕਾਰਨ ਬਹੁਤ ਹੀ ਕੱਟਿਆ ਵੱਢਿਆ ਹੈ। ਇਥੋਂ ਦੀ ਕੁਦਰਤੀ ਬਨਸਪਤੀ ਵਿਚ ਸਟੈਪੀ ਘਾਹ ਅਤੇ ਕਿਧਰੇ-ਕਿਧਰੇ ਬਣ ਦੇ ਦਰਖਤਾਂ ਦੇ ਝੁੰਡ ਹਨ ਪਰ ਹੁਣ ਇਹ ਬਨਸਪਤੀ ਹਲਾਂ ਨਾਲ ਵਾਹ ਕੇ ਸਾਫ਼ ਕਰ ਦਿੱਤੀ ਗਈ ਹੈ ਅਤੇ ਜ਼ਮੀਨ ਖੇਤੀਬਾੜੀ ਹੇਠ ਲਿਆਂਦੀ ਜਾ ਰਹੀ ਹੈ। ਇਹ ਖੇਤਰ ਖੇਤੀ ਪ੍ਰਧਾਨ ਹੈ। ਕਣਕ ਅਤੇ ਸ਼ਕਰਕੰਦੀ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਜੌਂ, ਮੱਕੀ, ਸੂਰਜਮੁਖੀ, ਤਮਾਕੂ ਅਤੇ ਸਣ ਵੀ ਇਥੋਂ ਦੀਆਂ ਮਹੱਤਵਪੂਰਨ ਫ਼ਸਲਾਂ ਗਿਣੀਆਂ ਜਾਂਦੀਆਂ ਹਨ। ਡੇਅਰੀ ਅਤੇ ਸੂਰ ਪਾਲਣ ਦਾ ਕੰਮ ਵੀ ਕਾਫ਼ੀ ਤਰੱਕੀ ਤੇ ਹੈ। ਇਸ ਇਲਾਕੇ ਦੇ ਉਦਯੋਗ ਜ਼ਿਆਦਾ ਕਰਕੇ ਪ੍ਰਾਂਤ ਦੇ ਸਦਰ-ਮੁਕਾਮ ਚੈਰਕੇਸੀ ਸ਼ਹਿਰ ਵਿਚ ਹੀ ਕੇਂਦਰਿਤ ਹਨ। ਛੋਟੇ-ਛੋਟੇ ਸ਼ਹਿਰਾਂ ਵਿਚ ਖੇਤੀਬਾੜੀ ਦੀਆਂ ਉਪਜਾਂ ਦੀ ਪ੍ਰਾਸੈਸਿੰਗ ਦੇ ਉਦਯੋਗ ਵਿਕਸਿਤ ਹਨ। ਵਾਲੂਤੀਨੋ (Valutino) ਦੀਆਂ ਖਾਣਾਂ ਵਿਚੋਂ ਥੋੜ੍ਹਾ ਬਹੁਤ ਲਿਗਨਾਈਟ ਵੀ ਕੱਢਿਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. ਮਾ. 2 : 806

**ਚੈਰਕੈਸੀ** : ਸ਼ਹਿਰ—ਯੂਕਰੇਨ ਦੇ ਚੈਰਕੈਸੀ ਪ੍ਰਾਂਤ ਦਾ ਸਦਰ-ਮੁਕਾਮ ਹੈ ਜਿਹੜਾ ਨੀਪਰ ਦਰਿਆ ਦੇ ਸੱਜੇ ਕੰਢੇ ਉਪਰ ਵਸਿਆ ਹੋਇਆ ਹੈ। ਸ਼ਹਿਰ ਦੀ ਬੁਨਿਆਦ 15ਵੀਂ ਸਦੀ ਵਿਚ ਰੱਖੀ ਗਈ। ਉਸ ਸਮੇਂ ਯੂਕਰੇਨ ਦਾ ਇਲਾਕਾ ਪੋਲੈਂਡ ਅਧੀਨ ਸੀ ਅਤੇ 1772 ਦੌਰਾਨ ਹੋਈ ਪਹਿਲੀ ਵੰਡ ਵਿਚ ਚੈਰਕੈਸੀ ਦਾ ਇਹ ਇਲਾਕਾ ਰੂਸ ਵਿਚ ਸ਼ਾਮਲ ਕੀਤਾ ਗਿਆ। ਸੰਨ 1795 ਵਿਚ ਇਸ ਬਸਤੀ ਨੂੰ ਸ਼ਹਿਰ ਦਾ ਦਰਜਾ ਮਿਲਿਆ। ਉੱਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਮਾਸਕੋ-ਉਡੀਸਾ ਰੇਲ-ਮਾਰਗ ਬਣਨ ਉਪਰੰਤ ਜਿਹੜਾ ਇਸ ਸ਼ਹਿਰ ਦੇ ਵਿਚੋਂ ਗੁਜ਼ਰਦਾ ਹੋਇਆ 'ਨੀਪਰ' ਪਾਰ ਜਾਂਦਾ ਸੀ, ਇਹ ਸ਼ਹਿਰ ਵਧਣ ਫੁੱਲਣ ਲੱਗਿਆ। ਸੰਨ 1960 ਵਿਚ ਰਸਾਇਣਿਕ ਵਸਤਾਂ, ਸੈਲੂਲੋਸ ਫ਼ਾਈਬਰ, ਨਾਈਟ੍ਰੋਜਨੀ ਖਾਦਾਂ, ਭੋਜਨ ਦੀ ਪ੍ਰਾਸੈਸਿੰਗ ਅਤੇ ਫ਼ਰਨੀਚਰ ਤਿਆਰ ਕਰਨ ਦੇ ਉਦਯੋਗ ਸਥਾਪਿਤ ਹੋਏ। ਇਸ ਨਾਲ 'ਚੈਰਕੈਸੀ' ਹੋਰ ਵੀ ਤੇਜ਼ੀ ਨਾਲ ਤਰੱਕੀ ਕਰਨ ਲਗਾ। ਇਥੇ ਇਕ ਟੀਚਰ ਟ੍ਰੇਨਿੰਗ ਸਕੂਲ ਵੀ ਹੈ।

ਆਬਾਦੀ–3,02,000 (1991 ਅੰ.)

49° 26′ ਉ. ਵਿਥ.; 32° 04′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 2 : 806

**ਚੈਰਨਾਵਤਸੀ** : ਪ੍ਰਾਂਤ—ਯੂਕਰੇਨ ਦਾ ਇਕ ਪ੍ਰਾਂਤ (ਖੇਤਰ) ਹੈ। ਇਸ ਦਾ ਰਕਬਾ 8,100 ਵ. ਕਿ. ਮੀ. ਤੇ ਆਬਾਦੀ 845,000 (1970) ਹੈ। ਇਹ ਕਾਰਪੇਨੀਅਨ ਪਹਾੜਾਂ ਦੀਆਂ ਚੋਟੀਆਂ ਤੋਂ ਲੈ ਕੇ ਸੈਰੈਤ ਅਤੇ ਪਰੂਤ ਦਰਿਆਵਾਂ ਤੋਂ ਪਾਰ ਅਗੇ ਨੀਸਤਰ ਦਰਿਆ ਤਕ ਫੈਲਿਆ ਹੋਇਆ ਹੈ। ਇਥੋਂ ਦੀਆਂ ਪਹਾੜੀਆਂ ਦੀਆਂ ਢਲਾਣਾਂ, ਬੀਰ, ਹਾਰਨਬੀਮ ਤੇ ਕਈ ਹੋਰ ਸਖ਼ਤ ਲਕੜੀ ਦੇ ਜੰਗਲਾਂ ਨਾਲ ਢਕੀਆਂ ਹੋਈਆਂ ਹਨ ਐਪਰ ਇਨ੍ਹਾਂ ਹੀ ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੇ ਕੋਨਧਾਰੀ ਤੇ ਐਲਪਾਈਨ ਕਿਸਮਾਂ ਦੇ ਜੰਗਲ ਮਿਲਦੇ ਹਨ।

ਇਹ ਖੇਤਰ 1940 ਵਿਚ ਬੂਕਾਵੀਨ ਦੇ ਉੱਤਰੀ ਹਿੱਸੇ ਵਿਚੋਂ ਬਣਾਈ ਗਈ ਸੀ ਜਦੋਂ ਰੁਮਾਨੀਆ ਨੇ ਉਸ ਇਲਾਕੇ ਸਮੇਤ ਹੀ ਬੈਸਾਰੇਬੀਆ ਦਾ ਇਲਾਕਾ ਰੂਸ ਵਿਚ ਸ਼ਾਮਲ ਕਰ ਦਿੱਤਾ ਸੀ। ਇਸ ਖੇਤਰ ਦਾ ਰਾਜਨੀਤਿਕ ਇਤਿਹਾਸ ਬਹੁਤ ਪੇਚੀਦਾ ਹੈ। ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਦੇਸ਼ਾਂ ਦਾ ਕਬਜ਼ਾ ਰਹਿਣ ਕਰਕੇ ਇਥੋਂ ਦੀ ਵਸੋਂ ਵਿਚ ਕਈ ਨਸਲਾਂ ਦੇ ਲੋਕ ਹਨ। ਬਹੁ ਗਿਣਤੀ ਭਾਵੇਂ ਯੂਕਰੇਨੀਆਂ ਦੀ ਹੀ ਹੈ ਪਰ ਰੂਸੀ, ਯਹੂਦੀ, ਪੋਲਿਸ਼, ਰੁਮਾਨੀ, ਹੰਗਰੀਆਈ ਅਤੇ ਮਾਲਡੇਵੀ ਵੀ ਕਾਫ਼ੀ ਗਿਣਤੀ ਵਿਚ ਹਨ।

ਇਥੋਂ ਦੇ ਲੋਕਾਂ ਦਾ ਮੁੱਖ ਪੇਸ਼ਾ ਖੇਤੀਬਾੜੀ ਹੈ। ਸੰਨ 1970 ਦੇ ਅੰਕੜਿਆਂ ਅਨੁਸਾਰ ਇਥੋਂ ਦੀ 60 ਫ਼ੀਸਦੀ ਵਸੋਂ ਪੇਂਡੂ ਸੀ ਤੇ ਉਪਜਾਊ ਦਰਿਆਈ ਵਾਦੀਆਂ ਵਿਚ ਰਹਿੰਦੀ ਸੀ। ਇਹ ਲੋਕ ਖੇਤਾਂ ਵਿਚ ਘਰ ਬਣਾ ਕੇ ਰਹਿੰਦੇ ਸਨ। ਕਣਕ, ਮੱਕੀ, ਚੁਕੰਦਰ ਅਤੇ ਸੂਰਜਮੁਖੀ ਇਥੋਂ ਦੀਆਂ ਮੁੱਖ ਉਪਜਾਂ ਹਨ। ਪਹਾੜੀ ਖੇਤਰਾਂ ਵਿਚ ਚਰਾਗਾਹਾਂ ਉੱਤੇ ਪਸ਼ੂ ਅਤੇ ਭੇਡਾਂ ਪਾਲੀਆਂ ਜਾਂਦੀਆਂ ਹਨ ਤੇ ਵਾਦੀਆਂ ਵਿਚ ਸੂਰ ਅਕਸਰ ਪਾਲੇ ਜਾਂਦੇ ਹਨ। ਇਥੋਂ ਦੇ ਸ਼ਹਿਰਾਂ ਵਿਚ ਲੱਕੜੀ ਚਰਾਈ ਤੇ ਜ਼ਰਾਇਤੀ ਉਪਜਾਂ ਤੇ ਆਧਾਰਤ ਉਦਯੋਗ ਧੰਦੇ ਉੱਨਤ ਹਨ। ਇਸ ਪ੍ਰਾਂਤ ਦੇ ਚੈਰਨਾਵਤਸੀ ਸ਼ਹਿਰ ਤੋਂ ਬਿਨਾਂ ਬਾਕੀ ਸਾਰੇ ਸ਼ਹਿਰ ਬਹੁਤ ਛੋਟੇ ਹਨ।

ਹ. ਪੁ.–ਐਨ. ਬ੍ਰਿ. ਮਾ. 2 : 807

**ਚੈਰਨਾਵਤਸੀ** : ਸ਼ਹਿਰ—ਯੂਕਰੇਨ ਦੇ ਚੈਰਨਾਵਤਸੀ ਪ੍ਰਾਂਤ ਦਾ ਮੁੱਖ ਸ਼ਹਿਰ ਅਤੇ ਪ੍ਰਸ਼ਾਸਕੀ ਕੇਂਦਰ ਹੈ ਜਿਹੜਾ ਕਾਰਪੇਥੀਅਨ ਤਲਹੱਟੀਆਂ ਵਿਚ ਦਰਿਆ ਪਰੂਤ ਦੇ ਸੱਜੇ ਪਾਸੇ 11 ਕਿ. ਮੀ. ਦੇ ਖੇਤਰ ਵਿਚ ਫੈਲਿਆ ਹੋਇਆ ਹੈ। ਅੱਜਕੱਲ੍ਹ ਸ਼ਹਿਰ ਦਾ ਵਿਕਾਸ ਦਰਿਆ ਦੇ ਖੱਬੇ ਪਾਸੇ ਵੱਲ ਵੀ ਹੋ ਰਿਹਾ ਹੈ। ਇਸ ਸ਼ਹਿਰ ਬਾਰੇ ਸਭ ਤੋਂ ਪਹਿਲਾਂ ਲਿਖਤੀ ਹਵਾਲਾ 1107 ਈ. ਦਾ ਮਿਲਦਾ ਹੈ ਜਿਸ ਅਨੁਸਾਰ ਇਹ ਪੋਲਿਸ਼-ਲਿਥੁਏਨੀਆ ਰਾਜ ਦਾ ਹਿੱਸਾ ਸੀ ਅਤੇ ਬੂਕਾਵੀਨਾ ਖੇਤਰ ਦਾ ਪ੍ਰਮੁੱਖ ਵਪਾਰਕ ਅਤੇ ਪ੍ਰਸ਼ਾਸਕ ਕੇਂਦਰ ਹੁੰਦਾ ਸੀ। 18ਵੀਂ ਸਦੀ ਵਿਚ ਇਹ ਤੁਰਕਾਂ ਕੋਲ ਤੇ ਇਸ ਪਿੱਛੋਂ ਆਸਟਰੀਆ-ਹੰਗਰੀ ਮੁਲਕਾਂ ਕੋਲ ਚਲਾ ਗਿਆ। ਪਹਿਲੇ ਮਹਾਂਯੁੱਧ ਪਿੱਛੋਂ ਇਹ ਰੋਮਾਨੀਆ ਨੂੰ ਦੇ ਦਿੱਤਾ ਗਿਆ ਅਤੇ 1940 ਈ. ਤੋਂ ਲੈ ਕੇ ਇਹ ਸੋਵੀਅਤ ਰੂਸ ਦੇ ਵਿਚ ਸ਼ਾਮਲ ਹੈ। ਮੁੱਢ ਤੋਂ ਹੀ ਇਹ ਇਕ ਮਸ਼ਹੂਰ ਵਪਾਰਕ ਖੇਤਰ ਰਿਹਾ ਹੈ। 20ਵੀਂ ਸਦੀ ਵਿਚ ਇਥੇ ਉਦਯੋਗਿਕ ਵਿਕਾਸ ਬੜੀ ਤੇਜ਼ੀ ਨਾਲ ਹੋਣ ਲੱਗਾ। ਅੱਜਕੱਲ੍ਹ ਇਥੇ ਊਨੀ ਅਤੇ ਸੂਤੀ ਕੱਪੜੇ ਬਣਾਉਣ, ਹਲਕੀਆਂ

ਇੰਜੀਨੀਅਰੀ ਵਸਤਾਂ ਬਣਾਉਣ, ਮੀਟ ਅਤੇ ਖੰਡ ਪ੍ਰਾਸੈੱਸ ਕਰਨ ਅਤੇ ਇਮਾਰਤੀ ਲਕੜੀ ਤਿਆਰ ਕਰਨ ਦੇ ਕਾਰਖਾਨੇ ਹਨ। ਉਦਯੋਗਿਕ ਸ਼ਹਿਰ ਦੇ ਨਾਲ-ਨਾਲ ਇਹ ਲਾਵਾਫ (Lvov) ਟਰਨੋਪਾਲ ਮਾਲਡੇਵੀਆ ਅਤੇ ਰੋਮਾਨੀਆ ਵੱਲ ਜਾਣ ਵਾਲੀਆਂ ਰੇਲਾਂ ਦਾ ਜੰਕਸ਼ਨ ਵੀ ਹੈ। ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ 1975 ਦੀ ਬਣੀ ਯੂਨੀਵਰਸਿਟੀ ਅਤੇ ਇਕ ਡਾਕਟਰੀ ਵਿਦਿਅਕ ਸੰਸਥਾ ਹੈ।

ਆਬਾਦੀ--2,59,000 (1980)

48° 18′ ਉ. ਵਿਥ.; 25° 56′ ਪੂ. ਲੰਬ.

ਹ. ਪੁ.--ਐਨ. ਬ੍ਰਿ. ਮਾ. 2 : 807

**ਚੈਰਨਿਕੋਵਸਕੀ, ਸੱਲ** : ਇਬਰਾਨੀ ਭਾਸ਼ਾ ਦੇ ਇਸ ਕਵੀ ਦਾ ਜਨਮ 20 ਅਗਸਤ, 1875 ਨੂੰ ਰੂਸ ਵਿਚ ਕ੍ਰੀਮੀਆ ਵਿਖੇ ਹੋਇਆ। ਇਸ ਦੀ ਭਾਸ਼ਾ ਅੰਜੀਲ ਨਾਲ ਮਿਲਦੀ ਜੁਲਦੀ ਹੈ। ਰੂਸ, ਜਰਮਨੀ ਅਤੇ ਫ਼ਿਲਿਸਤੀਨ ਤੋਂ ਇਲਾਵਾ ਪਿਆਰ ਅਤੇ ਸੁੰਦਰਤਾ ਇਸ ਦੀ ਕਵਿਤਾ ਦੇ ਵਿਸ਼ੇ ਹਨ। 14 ਸਾਲ ਦੀ ਉਮਰ ਤੋਂ ਲੈ ਕੇ ਆਪਣੀ ਮੌਤ ਤਕ ਇਸਨੇ ਕਮਾਲ ਦੀ ਕਵਿਤਾ ਰਚੀ। ਇਸ ਦੀਆਂ ਕ੍ਰਿਤਾਂ ਵਿਚ ਸੱਨਿਟ ਅਤੇ ਰੂਸ ਦੇ ਯਹੂਦੀ ਪਿੰਡਾਂ ਦੇ ਜੀਵਨ ਬਾਰੇ ਕਵਿਤਾ ਸ਼ਾਮਲ ਹੈ। ਇਸਨੇ 'ਇਲੀਅਡ' 'ਉਡੀਸੀ' ਆਦਿ ਵਰਗੀਆਂ ਮਹਾਨ ਪੁਸਤਕਾਂ ਅਤੇ ਸ਼ੇਕਸਪੀਅਰ, ਮੋਲੀਯੇਅਰ ਅਤੇ ਲਾਂਗਫੈਲੋ ਦੀਆਂ ਰਚਨਾਵਾਂ ਦੇ ਅਨੁਵਾਦ ਕੀਤੇ। ਇਸ ਦੀਆਂ ਕਵਿਤਾਵਾਂ ਵਿਚੋਂ ਰੋਮਾਂਚਵਾਦ ਅਤੇ ਯੂਨਾਨੀ ਸਭਿਆਚਾਰ ਦੀ ਝਲਕ ਪੈਂਦੀ ਹੈ। ਇਸਨੇ ਨਿੱਕੀਆਂ ਕਹਾਣੀਆਂ ਵੀ ਲਿਖੀਆਂ।

13 ਅਕਤੂਬਰ, 1943 ਨੂੰ ਯੂਰੋਸ਼ਲਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. ਮਾ. 2:807

**ਚੈਰਨੀਗਾਫ਼** : ਪ੍ਰਾਂਤ--ਯੂਕਰੇਨ ਦੀ ਇਕ ਪ੍ਰਾਂਤ ਹੈ ਜਿਸ ਦਾ ਖੇਤਰਫਲ 31,500 ਵ. ਕਿ. ਮੀ. ਅਤੇ ਆਬਾਦੀ 14,05,800 (1991) ਹੈ। ਇਹ ਨੀਵਾਂ ਜਿਹਾ ਮੈਦਾਨੀ ਖੇਤਰ ਹੈ। ਇਹ ਖੇਤਰ ਸਰਕੰਡੇ ਅਤੇ ਘਾਹ ਨਾਲ ਢਕਿਆ ਹੋਇਆ ਹੈ। ਪ੍ਰਾਂਤ ਦਾ ਦੱਖਣ ਵੱਲ ਦਾ ਖੇਤਰ ਬਾਲੂਤ, ਚੀੜ੍ਹ, ਹਾਰਨਬੀਮ ਅਤੇ ਸੈਂਪਲ ਦੇ ਦਰਖ਼ਤਾਂ ਹੇਠਾਂ ਹੈ। ਪ੍ਰਾਂਤ ਦੀ ਚਰਨੋਜੈਮ ਮਿੱਟੀਆਂ ਵਾਲੀ ਜ਼ਮੀਨ ਵਾਹੀਯੋਗ ਕਰ ਲਈ ਗਈ ਹੈ ਤੇ ਵਾਹੀਯੋਗ ਭੂਮੀ ਦੇ 2/3 ਹਿੱਸੇ ਉੱਤੇ ਅਨਾਜੀ ਫ਼ਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ। ਖੇਤੀਬਾੜੀ ਇਥੋਂ ਦੀ ਆਰਥਿਕਤਾ ਵਿਚ ਵਧੇਰੇ ਮਹੱਤਤਾ ਰੱਖਦੀ ਹੈ। ਚੁਕੰਦਰ, ਤਮਾਕੂ, ਮੱਕੀ ਅਤੇ ਆਲੂਆਂ ਦੀ ਪੈਦਾਵਾਰ ਵੀ ਕੀਤੀ ਜਾਂਦੀ ਹੈ। ਨਏਜ਼ਿਨ ਖੇਤਰ ਵਿਚ ਖੀਰੇ ਅਤੇ ਗੰਢਿਆਂ ਦੀ ਫ਼ਸਲ ਹੁੰਦੀ ਹੈ। ਉੱਤਰੀ ਖੇਤਰ ਵਿਚੋਂ ਸਿਲ੍ਹ ਵਾਲੀ ਜ਼ਮੀਨ ਨੂੰ ਵੀ ਕਾਸ਼ਤਕਾਰੀ ਬਣਾ ਲਿਆ ਗਿਆ ਹੈ। ਸੱਨਅਤਾਂ ਦੀ ਇਥੇ ਘਾਟ ਹੈ। ਚੈਰਨੀਗਾਫ਼ ਸ਼ਹਿਰ ਇਸ ਦਾ ਸੱਨਅਤੀ ਕੇਂਦਰ ਹੈ। ਛੋਟੇ ਸ਼ਹਿਰਾਂ ਵਿਚ ਜੰਗਲਾਂ ਤੋਂ ਪ੍ਰਾਪਤ ਲੱਕੜੀ ਅਤੇ ਜ਼ਰਾਇਤੀ ਉਤਪਾਦਨਾਂ ਦੀ ਪ੍ਰਾਸੈੱਸਿੰਗ ਕੀਤੀ ਜਾਂਦੀ ਹੈ। ਨਏਜ਼ਿਨ ਵਿਖੇ ਭੋਜਨ ਦੀਆਂ ਵਸਤਾਂ ਬਣਦੀਆਂ ਹਨ। ਪ੍ਰਾਂਤ ਵਿਚ ਜੁੱਤੀਆਂ, ਕੱਪੜੇ ਬਣਾਉਣ ਅਤੇ ਆਟਾ ਪੀਹਣ ਦਾ ਕੰਮ ਵੀ ਕੀਤਾ ਜਾਂਦਾ ਹੈ। ਪਰਿਲੂਕੀ ਨੇੜੇ ਪੈਟ੍ਰੋਲ ਵੀ ਕੱਢਿਆ ਜਾਂਦਾ ਹੈ। ਪਰਿਲੂਕੀ, ਨਏਜ਼ਿਲ ਅਤੇ ਚੈਰਨੋਗਾਫ਼ ਸ਼ਹਿਰ ਇਸ ਪ੍ਰਾਂਤ ਦੇ ਵੱਡੇ ਸ਼ਹਿਰ ਹਨ।

ਹ. ਪੁ.--ਐਨ. ਬ੍ਰਿ. ਮਾ. 2 : 806 ; ਕੋਲ. ਐਨ. 4 : 639

**ਚੈਰਨੀਗਾਫ਼** : ਸ਼ਹਿਰ--ਯੂਕਰੇਨ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦਾ ਸਦਰ-ਮੁਕਾਮ ਅਤੇ ਇਕ ਵੱਡਾ ਸ਼ਹਿਰ ਹੈ ਜਿਹੜਾ ਕੀਐੱਫ. ਸ਼ਹਿਰ ਤੋਂ 123 ਕਿ. ਮੀ. ਉੱਤਰ-ਉੱਤਰ-ਪੂਰਬ ਵੱਲ ਡੈਸਨਾ ਦਰਿਆ ਉੱਤੇ ਵਸਿਆ ਹੋਇਆ ਹੈ। ਪੁਰਾਤਤਵ ਵਿਗਿਆਨ ਅਨੁਸਾਰ ਇਹ ਸ਼ਹਿਰ 7ਵੀਂ ਸਦੀ ਵਿਚ ਵਸਿਆ ਹੋਇਆ ਸੀ ਪਰ ਸ਼ਹਿਰ ਸਬੰਧੀ ਪਹਿਲਾ ਵੇਰਵਾ 907 ਈ. ਤੋਂ ਮਿਲਦਾ ਹੈ। ਇਹ ਕੀਐਫੀਆਨ ਰੂਸ ਦਾ ਵੀ ਵੱਡਾ ਸ਼ਹਿਰ ਹੁੰਦਾ ਸੀ। ਇਥੋਂ ਦਾ ਸਪਾਸਕੀ ਗਿਰਜਾਘਰ 1024 ਈ. ਦਾ ਬਣਿਆ ਹੋਇਆ ਹੈ। ਗਿਆਰ੍ਹਵੀਂ ਸਦੀ ਵਿਚ ਇਹ ਚੈਰਨੀਗ੍ਰਾਫ਼ ਰਿਆਸਤ ਦੀ ਰਾਜਧਾਨੀ ਬਣਿਆ। ਮੰਗੋਲਾਂ ਨੇ 1240 ਈ. ਵਿਚ ਇਸ ਦਾ ਕੁਝ ਹਿੱਸਾ ਢਾਹ-ਢੇਰੀ ਕਰ ਦਿੱਤਾ। 14ਵੀਂ ਸਦੀ ਵਿਚ ਇਹ ਲਿਥੁਏਨੀਆ ਦੇ ਕਬਜ਼ੇ ਵਿਚ ਰਿਹਾ ਅਤੇ ਪਿੱਛੋਂ ਪੋਲੈਂਡ ਅਧੀਨ ਆ ਗਿਆ। ਸੰਨ 1686 ਵਿਚ ਇਸ ਉੱਤੇ ਰੂਸੀਆਂ ਦਾ ਕਬਜ਼ਾ ਹੋ ਗਿਆ। ਫਿਰ 13 ਸਤੰਬਰ, 1941 ਨੂੰ ਇਹ ਜਰਮਨੀ ਦੇ ਕਬਜ਼ੇ ਵਿਚ ਆ ਗਿਆ। ਸੰਨ 1943 ਤੋਂ ਹੁਣ ਤੀਕ ਇਹ ਰੂਸ ਵਿਚ ਸ਼ਾਮਲ ਹੈ। ਅੱਜਕੱਲ੍ਹ ਇਹ ਇਕ ਰੇਲਵੇ ਜੰਕਸ਼ਨ ਹੈ। ਇਥੇ ਬਣਾਉਟੀ ਰੇਸ਼ੇ ਤਿਆਰ ਕਰਨ, ਸੰਗੀਤ ਦੇ ਸਾਜ਼, ਭੋਜਨ ਦੀਆਂ ਵਸਤਾਂ ਆਦਿ ਤਿਆਰ ਕਰਨ ਦੇ ਕਾਰਖਾਨੇ ਹਨ। ਇਥੇ ਅਧਿਆਪਕ-ਸਿਖਲਾਈ ਸੰਸਥਾ ਅਤੇ ਕੀਐਫ ਤਕਨੀਕੀ ਸੰਸਥਾ ਦੀ ਇਕ ਬ੍ਰਾਂਚ ਵੀ ਸਥਾਪਿਤ ਹੈ।

ਆਬਾਦੀ--3,06,000 (1991)

51° 30′ ਉ. ਵਿਥ,; 31° 18′ ਪੂ. ਲੰਬ.

ਹ. ਪੁ.--ਐਨ. ਬ੍ਰਿ. ਮਾ. 2 : 806 ; ਵੈ. ਜਗ. ਡਿ. : 248

**ਚੈਰਿਪਾਵੈਟੱਸ** : ਰੂਸ ਦੇ ਉੱਤਰ-ਪੱਛਮ ਵਿਚ ਵਾਲਗਾਡਾ ਆਬਲਸਤ ਦਾ ਇਹ ਸ਼ਹਿਰ ਦਰਿਆ ਸ਼ੇਕਸਨਾਂ ਦੇ ਸੱਜੇ ਕੰਢੇ ਉਪਰ ਵਸਿਆ ਹੋਇਆ ਹੈ। ਇਸ ਜਗ੍ਹਾ ਆ ਕੇ ਇਹ ਦਰਿਆ ਵੋਲਗਾ ਦੇ ਰਾਈਬਿਸੇਕ ਨਾਮੀ ਜਲ-ਭੰਡਾਰ ਵਿਚ ਆ ਡਿਗਦਾ ਹੈ। ਸੰਨ 1955 ਵਿਚ ਇਥੇ ਇਕ ਲੋਹੇ ਅਤੇ ਇਸਪਾਤ ਦਾ ਉਦਯੋਗ ਸਥਾਪਿਤ ਕੀਤਾ ਗਿਆ। ਇਸ ਤੋਂ ਬਿਨਾਂ ਜਹਾਜ਼ ਤਿਆਰ ਕਰਨ, ਖਾਦਾਂ ਬਣਾਉਣ ਅਤੇ ਟਿੰਬਰ ਦਾ ਕੰਮ ਵੀ ਕਾਫ਼ੀ ਮਹੱਤਤਾ ਭਰਪੂਰ ਹੈ।

ਆਬਾਦੀ--315,900 (1991)

59° 08′ ਉ. ਵਿਥ. ; 37° 54′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 2 : 806

**ਚੈਰੀ** : ਸੀਤ ਊਸ਼ਣ ਖੰਡਾਂ ਵਿਚ ਬਹੁਤ ਜ਼ਿਆਦਾ ਉਗਾਇਆ ਜਾਣ ਵਾਲਾ ਫਲਦਾਰ ਰੁੱਖ ਹੈ। ਇਹ ਨਾਂ ਪਰੂਨਸ ਪ੍ਰਜਾਤੀ ਦੀਆਂ ਬਹੁਤ ਸਾਰੀਆਂ ਜਾਤੀਆਂ ਦੇ ਫਲਦਾਰ ਰੁੱਖਾਂ ਲਈ ਵੀ ਵਰਤਿਆ ਜਾਂਦਾ ਹੈ ਜੋ ਚੈਰੀ ਵਰਗੇ ਫਲ ਪੈਦਾ ਕਰਦੇ ਹਨ। ਚੈਰੀ ਫ਼ਲ ਹੋਰਨਾਂ ਸਟੋਨ ਫ਼ਲਾਂ ਨਾਲ ਸਬੰਧਿਤ ਹੈ ਕਿਉਂਕਿ ਇਸ ਦਾ ਇਕੋ ਇਕ ਬੀਜ ਇਕ ਸਖ਼ਤ ਖੋਲ ਵਿਚ ਹੁੰਦਾ ਹੈ। ਸਟੋਨ ਇਕ ਗੁੱਦੇਦਾਰ ਤੰਤੂ ਵਿਚ ਘਿਰਿਆ ਹੁੰਦਾ ਹੈ ਜੋ ਬਹੁਤ ਸਾਰੇ ਸਟੋਨ ਫ਼ਲਾਂ ਵਿਚ ਖਾਣ ਯੋਗ ਹੁੰਦਾ ਹੈ। ਇਸ ਦੇ ਸਟੋਨ ਤਕਰੀਬਨ ਗੋਲ ਅਤੇ ਕਾਫ਼ੀ ਹੱਦ ਤੱਕ ਹਮਵਾਰ ਹੁੰਦੇ ਹਨ। ਇਸੇ ਕਰਕੇ ਇਸ ਨੂੰ ਦੂਸਰੇ ਸਟੋਨ ਫਲਾਂ ਤੋਂ ਵਖਰਿਆਂ ਕਰਦੀਆਂ ਹਨ।

ਚੈਰੀ ਰੁੱਖਾਂ ਦੀ ਛਿੱਲ ਬਰਚ ਰੁੱਖਾਂ ਵਰਗੀ ਹੁੰਦੀ ਹੈ। ਇਨ੍ਹਾਂ ਦੇ ਚਿੱਟੇ ਜਾਂ ਗੁਲਾਬੀ ਫੁੱਲ ਝੁੰਡਾਂ ਵਿਚ ਲਗਦੇ ਹਨ ਜਿਨ੍ਹਾਂ ਤੇ ਬਾਅਦ ਵਿਚ ਲੰਮੀ ਡੰਡੀ ਵਾਲੇ ਫਲ ਲਗ ਜਾਂਦੇ ਹਨ। ਇਹ ਯੂਰੇਸ਼ੀਆ ਦੇ ਮੂਲ-ਸਥਾਨੀ ਹਨ ਅਤੇ ਈਸਾਈ ਕਾਲ ਤੋਂ ਪਹਿਲਾਂ ਦੇ ਕਾਸ਼ਤ ਕੀਤੇ ਜਾ ਰਹੇ ਹਨ।

**ਮਿੱਠੀ ਚੈਰੀ** (Prunus gvium) ਇਹ ਇਕ ਲੰਮਾ ਅਤੇ ਜ਼ਿਆਦਾ ਦੇਰ ਰਹਿਣ ਵਾਲਾ ਰੁੱਖ ਹੈ ਜਿਸ ਦੇ ਫਲ ਪੀਲੇ ਜਾਂ ਹਰੇ ਰੰਗ ਦੇ ਹੁੰਦੇ ਹਨ। ਸੰਯੁਕਤ ਰਾਜ ਅਮਰੀਕਾ ਵਿਚ ਇਸ ਦੀ ਕਾਸ਼ਤ ਸੀਮਿਤ ਹੀ ਹੈ ਅਤੇ ਇਹ ਨਿਊਯਾਰਕ, ਲੇਕ ਸਟੇਟਸ ਅਤੇ ਸ਼ਾਂਤ ਮਹਾਂਸਾਗਰੀ ਤੱਟ ਤੇ ਉਗਾਏ ਜਾਂਦੇ ਹਨ। ਇਥੇ ਇਸ ਦੀਆਂ ਕਰੀਬ 600 ਜਾਤੀਆਂ ਕਾਸ਼ਤ ਕੀਤੀਆਂ ਜਾਂਦੀਆਂ ਹਨ। ਇਹ ਤਾਜ਼ੇ ਫ਼ਲ ਵਜੋਂ ਹੀ ਖਾਧਾ ਜਾਂਦਾ ਹੈ।

**ਖੱਟੀ ਚੈਰੀ (Prunus cerasus)**—ਇਹ ਇਕ ਛੋਟਾ ਰੁੱਖ ਹੈ ਜਿਸ ਦੀ ਲੱਕੜ ਭਾਰੀ ਅਤੇ ਫ਼ਲ ਲਾਲ ਰੰਗ ਦੇ ਹੁੰਦੇ ਹਨ। ਇਹ



ਚੈਰੀ-

ਐਟਲਾਂਟਿਕ ਰਾਜਾਂ ਅਤੇ ਮਿਸਿਸਿਪੀ ਵਾਦੀ ਦੇ ਪੱਛਮੀ ਕਿਨਾਰੇ ਵਿਚ ਕਾਸ਼ਤ ਕੀਤਾ ਜਾਂਦਾ ਹੈ। ਨਿਊਯਾਰਕ, ਵਿਸਕਾਨੀਸਨ ਤੇ ਮਿਸ਼ੀਗਨ ਖੱਟੀ ਚੈਰੀ ਦੀ ਪੈਦਾਵਾਰ ਵਿਚ ਸਭ ਤੋਂ ਅੱਗੇ ਹਨ। ਇਸ ਦੇ ਫ਼ਲ ਡੱਬਿਆਂ ਵਿਚ ਬੰਦ ਕਰਕੇ ਅਤੇ ਠੰਢਾ ਰੱਖਕੇ ਬਾਹਰ ਭੇਜੇ ਜਾਂਦੇ ਹਨ। ਡੱਬਿਆਂ ਵਿਚ ਬੰਦ ਕਰਨ ਲਈ ਇਸ ਨੂੰ ਗੰਧਕ ਦੇ ਧੂੰਏਂ ਨਾਲ ਬਲੀਚ ਕੀਤਾ ਜਾਂਦਾ ਹੈ ਅਤੇ ਸੋਡੀਅਮ ਸਲਫਾਈਟ ਦੇ ਲੂਣ ਘੋਲ ਵਿਚ ਪਾ ਕੇ ਇਸ ਦੀ ਛਿੱਲ ਸਖ਼ਤ ਕੀਤੀ ਜਾਂਦੀ ਹੈ। ਇਸ ਦੀਆਂ ਲਗਭਗ 300 ਕਿਸਮਾਂ ਉਗਾਈਆਂ ਜਾਂਦੀਆਂ ਹਨ।

ਚੈਰੀ ਬਰਾਂਡੀ ਮੈਰੇਸ਼ੀਨੋ ਅਤੇ ਕਿਰਚਵੈਸਰ ਚੈਰੀ ਜੂਸ ਤੋਂ ਕਸ਼ੀਦ (ਕੱਢੀਆਂ) ਕੀਤੀਆਂ ਜਾਂਦੀਆਂ ਹਨ। ਮੈਰੇਸ਼ੀਨੋ ਚੈਰੀ ਡੈਲਮੇਸ਼ੀਆ ਵਿਚ ਉਗਾਈ ਜਾਂਦੀ ਹੈ। ਇਸ ਦਾ ਜੂਸ ਸ਼ਰਬਤ, ਚੈਰੀ ਸੀਡਾਰ ਅਤੇ ਜੈਲੀ ਆਦਿ ਬਣਾਉਣ ਵਿਚ ਵਰਤਿਆ ਜਾਂਦਾ ਹੈ। ਇਕ ਸਥਿਰ ਤੇਲ ਇਸ ਦੇ ਬੀਜਾਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ।

ਇਸ ਦੀ ਕਾਸ਼ਤ ਵਧੇਰੇ ਕਰਕੇ ਜਰਮਨੀ, ਇਟਲੀ ਅਤੇ ਦੱਖਣੀ ਯੂਰਪੀਅਨ ਦੇਸ਼ਾਂ ਵਿਚ ਕੀਤੀ ਜਾਂਦੀ ਹੈ। ਇਹ ਦੁਨੀਆਂ ਦੇ ਹੋਰਨਾਂ ਅਜਿਹੇ ਹਿੱਸਿਆਂ ਵਿਚ ਵੀ ਉਗਾਈ ਜਾਂਦੀ ਹੈ ਜਿਥੇ ਸਿਆਲ ਦਾ ਤਾਪਮਾਨ ਬਹੁਤ ਘੱਟ ਨਾ ਹੋਵੇ। ਚੈਰੀ ਫ਼ਲ ਉਨ੍ਹਾਂ ਇਲਾਕਿਆਂ ਵਿਚ ਚੰਗੇ ਨਹੀਂ ਰਹਿ ਸਕਦੇ ਜਿਥੇ ਗਰਮੀ ਦੀ ਰੁੱਤ ਵਿਚ ਤਾਪਮਾਨ ਅਤੇ ਨਮੀ ਬਹੁਤ ਜ਼ਿਆਦਾ ਹੁੰਦੀ ਹੋਵੇ। ਮਿੱਠੀ ਕਿਸਮ ਦੀ ਚੈਰੀ ਜਦ ਪੱਕਣ ਤੇ ਆਈ ਹੋਵੇ ਤਾਂ ਬਾਰਸ਼ ਪੈਣ ਨਾਲ ਇਸਦੇ ਫ਼ਲ ਫੁੱਟ ਜਾਂਦੇ ਹਨ। ਇਸੇ ਲਈ ਇਹ ਉਨ੍ਹਾਂ ਇਲਾਕਿਆਂ ਵਿਚ ਉਗਾਈ ਜਾਂਦੀ ਹੈ ਜਿਥੇ ਗਰਮੀ ਦੀ ਰੁੱਤ ਵਿਚ ਬਾਰਸ਼ ਘੱਟ ਹੁੰਦੀ ਹੈ ।

ਬਹੁਤ ਸਾਰੇ ਚੈਰੀ ਰੁੱਖਾਂ ਦੀ ਲੱਕੜ ਦਾ ਰੰਗ ਗੂੜ੍ਹਾ ਲਾਲ ਹੁੰਦਾ ਹੈ ਅਤੇ ਇਹ ਵਿਸ਼ੇਸ਼ ਕਰਕੇ ਸੁੰਦਰ ਫਰਨੀਚਰ ਬਣਾਉਣ ਲਈ ਸਲਾਹੀ ਜਾਂਦੀ ਹੈ।

ਹ. ਪੁ. -ਇ. ਬਾ: 392; ਐਨ. ਬ੍ਰਿ. 5 : 417

**ਚੈਰੀਬਾਨ** : ਇਹ ਇੰਡੋਨੇਸ਼ੀਆ ਦੇ ਪੱਛਮੀ ਜਾਵਾ ਪ੍ਰਾਂਤ ਦੀ ਇਕ ਰੀਜੈਂਸੀ ਹੈ ਜਿਹੜੀ ਜਾਵਾ ਸਾਗਰ ਤਟ ਉੱਤੇ ਵਾਕਿਆ ਹੈ। ਇਹ ਰੀਜੈਂਸੀ ਕਈ ਸਦੀਆਂ ਤੱਕ ਇਸਲਾਮ ਦਾ ਕੇਂਦਰ ਰਹੀ ਹੈ। ਇਸ ਦਾ ਉੱਤਰੀ ਅੱਧਾ ਹਿੱਸਾ ਪੱਧਰਾ ਪਰ ਦਲਦਲਾ ਹੈ ਜਦ ਕਿ ਦੱਖਣੀ ਅੱਧਾ ਭਾਗ ਪਹਾੜੀ ਹੈ। ਇਸ ਦੇ ਇਸੇ ਨਾਂ ਦੇ ਸ਼ਹਿਰ ਦੇ ਦੱਖਣ ਪੱਛਮ ਵੱਲ 3,078 ਮੀ. ਉੱਚਾ ਜਵਾਲਾਮੁਖੀ ਪਹਾੜ ਹੈ ਜਿਸ ਦੀਆਂ ਢਲਾਣਾਂ ਤੇ ਸਲਫਰ ਤੇ ਗਰਮ ਪਾਣੀ ਦੇ ਚਸ਼ਮੇ ਹਨ।

ਇਥੇ ਚਾਹ, ਚੌਲ, ਤਮਾਕੂ, ਤੇਲ ਦੇ ਬੀਜ, ਗੰਨਾ, ਸਿਨਕੋਨਾ, ਕਸਾਵਾ, ਮੂੰਗਫਲੀ ਅਤੇ ਦਾਲਾਂ ਦੀ ਕਾਸ਼ਤ ਹੁੰਦੀ ਹੈ। ਇਥੇ ਸਿਗਾਰ, ਮਸ਼ੀਨਾਂ ਦੇ ਪੁਰਜ਼ੇ, ਰਸਾਇਣਿਕ ਪਦਾਰਥ ਤੇ ਕੱਪੜੇ ਦੇ ਉਦਯੋਗ ਵੀ ਵਿਕਸਤ ਹਨ। ਕੁਨਿਨਗਾਨ ਖੇਤਰ ਘੋੜਿਆਂ ਦੀ ਨਸਲ ਲਈ ਪ੍ਰਸਿੱਧ ਹੈ। ਇਥੋਂ ਦਾ ਚੈਰੀਬਾਨ ਨਾਂ ਦਾ ਸ਼ਹਿਰ ਕਾਫ਼ੀ ਪ੍ਰਸਿੱਧ ਹੈ ਜਿਥੇ ਇਕ ਵੱਡਾ ਘਾਟ ਅਤੇ ਕਈ ਮਾਲ ਗੁਦਾਮ ਹਨ। ਇਹ ਸ਼ਹਿਰ ਰੇਲਵੇ ਅਤੇ ਛੋਟੇ ਜਿਹੇ ਹਵਾਈ ਅੱਡੇ ਰਾਹੀਂ ਦੂਸਰੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਸ ਦੇ ਬਿਲਕੁਲ ਦੱਖਣ ਵਿਚ ਲਿੰਗਯਾਟੀ ਨਾਂ ਦੇ ਸ਼ਹਿਰ ਵਿਚ 15 ਨਵੰਬਰ 1946 ਨੂੰ ਡੱਚ ਅਤੇ ਆਜ਼ਾਦ ਇੰਡੋਨੇਸ਼ੀਆ ਦੇ ਪ੍ਰਤਿਨਿਧਾਂ ਦੌਰਾਨ ਸੰਧੀ ਹੋਈ ਸੀ।

ਹ. ਪੁ.—ਐਨ. ਬ੍ਰਿ. ਮਾ. 3 : 329

**ਚੈਰੂਕੀ** : ਇਹ ਪੂਰਬੀ ਟੈਨਸੀ ਅਤੇ ਪੱਛਮੀ ਕੈਰੋਲੀਨਾ ਵਿਚ ਵੱਸੇ ਹੋਏ ਉੱਤਰੀ ਅਮਰੀਕੀ ਇੰਡੀਅਨ ਲੋਕ ਹਨ ਜਿਨ੍ਹਾਂ ਦਾ ਸਬੰਧ ਇਰਾਕਵਾਈ ਬੰਸ ਨਾਲ ਹੈ। ਪਹਿਲਾਂ-ਪਹਿਲ ਇਹ ਗ੍ਰੇਟ ਲੇਕਸ ਦੇ ਆਸ ਪਾਸ ਰਹਿੰਦੇ ਸਨ ਪਰ ਡੈਲਾਵੇਅਰਾਂ ਅਤੇ ਇਰਾਕਵਾਈਆਂ ਹੱਥੋਂ ਹਾਰਨ ਮਗਰੋਂ ਇਹ ਦੱਖਣ ਵੱਲ ਪਰਵਾਸ ਕਰ ਗਏ। ਸੰਨ 1650 ਵਿਚ ਇਨ੍ਹਾਂ ਦੀ ਵਸੋਂ ਲਗਭਗ 22,500 ਸੀ ਜਿਹੜੇ ਐਪਾਲੇਚਨ ਪਹਾੜੀਆਂ ਵਿਚ 100,000 ਵ. ਕਿ. ਮੀ. ਖੇਤਰ ਵਿਚ ਫੈਲੇ ਹੋਏ ਸਨ। ਮਗਰੋਂ ਇਥੇ ਫੈਲੀ ਇਕ ਮਹਾਂਮਾਰੀ ਕਾਰਨ ਇਨ੍ਹਾਂ ਦੀ ਗਿਣਤੀ ਕਾਫ਼ੀ ਘੱਟ ਗਈ।

ਚੈਰੂਕੀਆਂ ਦਾ ਰਹਿਣ ਸਹਿਣ ਅਤੇ ਸੰਸਕ੍ਰਿਤੀ ਦੱਖਣ-ਪੂਰਬ ਦੇ ਦੂਜੇ ਇੰਡੀਅਨਾਂ ਅਤੇ ਕਰੀਕ ਲੋਕਾਂ ਨਾਲ ਮਿਲਦੀ ਹੈ। ਇਨ੍ਹਾਂ ਦੀਆਂ ਦੋ ਲਾਲ ਅਤੇ ਸਫ਼ੈਦ ਰਾਜਨੀਤਿਕ ਸੰਸਥਾਵਾਂ ਸਨ। ਇਨ੍ਹਾਂ ਦੇ ਜੰਗਾਂ ਸਬੰਧੀ ਮਸਲਿਆਂ ਨੂੰ ਨਿਪਟਾਉਣ ਲਈ ਰੈੱਡ ਟਾਊਨਜ਼ ਅਤੇ ਅਮਨ ਦੌਰਾਨ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਵ੍ਹਾਈਟ ਟਾਊਨਜ਼ ਬਣਾਏ ਹੋਏ ਸਨ। ਰੈੱਡ ਟਾਊਨਜ਼ ਦੇ ਮੁਖੀ ਇਕ ਪ੍ਰਮੁੱਖ ਜੰਗੀ ਅਧਿਕਾਰੀ ਦੇ ਅਧੀਨ ਹੁੰਦੇ ਸਨ ਅਤੇ ਵ੍ਹਾਈਟ ਟਾਊਨਜ਼ ਦੇ ਅਧਿਕਾਰੀ ਪ੍ਰਮੁੱਖ ਅਮਨ ਅਧਿਕਾਰੀ ਦੇ ਅਧੀਨ ਸਨ। ਵ੍ਹਾਈਟ ਟਾਊਨਜ਼ ਵਿਚ ਗੁਨਾਹਗਾਰਾਂ ਨੂੰ ਸੁਧਾਰਨ ਲਈ ਸ਼ਰਨ ਦਿੱਤੀ ਜਾਂਦੀ ਸੀ ਅਤੇ ਜੰਗ ਸਬੰਧੀ ਸਾਰੀਆਂ ਰਸਮਾਂ ਰੈੱਡ ਟਾਊਨਜ਼ ਵਿਚ ਹੀ ਹੁੰਦੀਆਂ ਸਨ।

ਸੋਲ੍ਹਵੀਂ ਸਦੀ ਦੇ ਮੱਧ ਵਿਚ ਜਦੋਂ ਯੂਰਪੀਨਾਂ ਨੇ ਪਹਿਲੀ ਵਾਰ ਇਨ੍ਹਾਂ ਤੇ ਹਮਲਾ ਕੀਤਾ ਤਾਂ ਉਸ ਵੇਲੇ ਇਨ੍ਹਾਂ ਕੋਲ ਚਾਕੂ, ਕੁਹਾੜੇ ਅਤੇ ਛੈਣੀਆਂ ਆਦਿ ਪੱਥਰ ਦੇ ਕਈ ਤਰ੍ਹਾਂ ਦੇ ਹਥਿਆਰ ਸਨ। ਟੋਕਰੀਆਂ ਬੁਣਨਾ, ਭਾਂਡੇ ਬਣਾਉਣਾ ਅਤੇ ਮੱਕੀ, ਫਲੀਆਂ, ਕੱਦੂ ਜਾਤੀ ਦੀਆਂ ਸਬਜ਼ੀਆਂ ਆਦਿ ਦੀ ਕਾਸ਼ਤ ਕਰਨਾ ਇਨ੍ਹਾਂ ਦੇ ਮੁੱਖ ਪੇਸ਼ੇ ਸਨ। ਇਨ੍ਹਾਂ ਦੇ ਘਰ ਕਾਫ਼ੀ ਸਾਧਾਰਣ ਜਿਹੇ ਹੁੰਦੇ ਸਨ। ਆਮ ਚੈਰੂਕੀ ਸ਼ਹਿਰ ਵਿਚ 30 ਤੋਂ 60 ਤਕ ਘਰ ਅਤੇ ਇਕ ਕਾਂਸਲ ਸਭਾ ਘਰ, ਜਿਥੇ ਪਵਿੱਤਰ ਅੱਗ ਸਾਹਮਣੇ ਆਮ ਸਭਾਵਾਂ ਹੁੰਦੀਆਂ ਸਨ, ਬਣੇ ਹੋਏ ਹੁੰਦੇ ਸਨ।

ਸੰਯੁਕਤ ਰਾਜ ਦੀ ਆਜ਼ਾਦੀ ਦੀ ਜੰਗ ਦੇ ਦੌਰਾਨ ਹੋਈਆਂ ਕਈ ਜੰਗਾਂ ਅਤੇ ਸਮਝੌਤਿਆਂ ਨਾਲ ਜਾਰਜੀਆ, ਪੂਰਬੀ ਟੈਨਸੀ, ਪੱਛਮੀ, ਉੱਤਰੀ ਅਤੇ ਦੱਖਣੀ ਕੈਰੋਲੀਨਾ ਵਿਖੇ ਚੈਰੂਕੀ ਸੜ੍ਹਾ ਵਿਚ ਕਾਫ਼ੀ ਮੰਦਾ ਆਇਆ ਅਤੇ ਇਨ੍ਹਾਂ ਇਲਾਕਿਆਂ ਉਪਰ ਗੋਰਿਆਂ ਨੇ ਬਸਤੀਆਂ ਬਣਾ ਲਈਆਂ। 18ਵੀਂ ਸਦੀ ਦੇ ਸ਼ੁਰੂ ਤੀਕ ਚੈਰੂਕੀਆਂ ਦੇ ਬਰਤਾਨੀਆ ਨਾਲ ਵਪਾਰਕ ਅਤ ਫ਼ੌਜੀ ਸਬੰਧ ਚੰਗੇ ਬਣੇ ਰਹੇ।

ਸੰਨ 1773 ਵਿਚ ਆੱਗਸਟਾ ਦੀ ਸੰਧੀ ਹੋਈ ਜਿਸ ਅਧੀਨ ਚੈਰੂਕੀ ਅਤੇ ਕਰੀਕ ਇੰਡੀਅਨਾਂ ਦੇ ਕਹਿਣ ਤੇ ਜਾਰਜੀਆ ਵਿਚ ਇਨ੍ਹਾਂ ਕਬੀਲਿਆਂ ਦੀ 2,000,000 ਏਕੜ ਜ਼ਮੀਨ ਉਪਰ ਕਬਜ਼ਾ ਛਡਿਆ ਗਿਆ। ਸੰਨ 1775 ਵਿਚ ਸਿਕਾਮੋਰ ਸ਼ੋਲਜ਼ ਦੀ ਸੰਧੀ ਅਨੁਸਾਰ ਕੇਂਦਰੀ

ਕੈਟਕੀ ਵਿਚ ਇਨ੍ਹਾਂ ਨੂੰ ਜ਼ਮੀਨ ਵੇਚਣ ਲਈ ਮਜਬੂਰ ਕੀਤਾ ਗਿਆ। ਟਰਾਂਸਿਲਵੇਨੀਆ ਲੈਂਡ ਕੰਪਨੀ ਨਾਲ ਇਹ ਸਮਝੌਤਾ ਬਰਤਾਨਵੀ ਕਾਨੂੰਨ ਦੇ ਵਿਰੁੱਧ ਸੀ ਇਸ ਲਈ ਬਰਤਾਨੀਆ ਨੂੰ ਇਹ ਇਲਾਕਾ ਆਪਣੇ ਅਧੀਨ ਕਰਨ ਲਈ ਵਧੀਆ ਬਹਾਨਾ ਮਿਲ ਗਿਆ। ਇਸ ਖ਼ਤਰੇ ਨੂੰ ਭਾਸਦਿਆਂ ਹੋਇਆਂ ਪਹਿਲਾਂ ਚੈਰੂਕੀਆਂ ਨੇ ਬਾਦਸ਼ਾਹ ਦੀ ਹਮਾਇਤ ਕਰਨ ਦਾ ਐਲਾਨ ਕੀਤਾ।

ਜੁਲਾਈ 1776 ਵਿਚ ਚੈਰੂਕੀਆਂ ਨੇ ਡਰੈਗਿੰਗ ਕੈਨੋਈ (Dragging Canoe) ਦੀ ਕਮਾਨ ਹੇਠ ਉੱਤਰੀ ਕੈਰੋਲੀਨਾ ਵਿਚ ਸੰਯੁਕਤ ਰਾਜ ਦੇ ਕਬਜ਼ੇ ਵਾਲੇ ਦੋ ਕਿਲਿਆਂ ਉਪਰ ਹਮਲਾ ਕਰ ਦਿੱਤਾ ਪਰ ਇਨ੍ਹਾਂ ਨੂੰ ਅਸਫ਼ਲ ਹੋ ਕੇ ਵਾਪਸ ਪਰਤਣਾ ਪਿਆ। ਇਸ ਤੋਂ ਬਾਅਦ ਚੈਰੂਕੀ, ਚੌਕਟਾਓ ਅਤੇ ਕਰੀਕਾਂ ਵਲੋਂ ਸਰਹੱਦੀ ਸ਼ਹਿਰਾਂ ਤੇ ਲਗਾਤਾਰ ਹਮਲੇ ਹੋਣ ਲਗੇ ਪਰ ਇਨ੍ਹਾਂ ਨਾਲ ਇਨ੍ਹਾਂ ਦੀ ਤਾਕਤ ਕਾਫ਼ੀ ਘਟੀ। ਸੰਨ 1777 ਵਿਚ ਡਵਿਟ ਅਤੇ ਲਾਂਗ ਆਈਲੈਂਡ ਆਫ਼ ਹੋਲਸਟਨ ਦੀਆਂ ਸੰਧੀਆਂ ਨਾਲ ਇਥੇ ਸ਼ਾਂਤੀ ਸਥਾਪਿਤ ਹੋਈ।

ਸੰਨ 1780 ਵਿਚ ਇਨ੍ਹਾਂ ਦੇ ਹਮਲੇ ਮੁੜ ਸ਼ੁਰੂ ਹੋਏ। ਸੰਨ 1800 ਤੋਂ ਬਾਅਦ ਇਨ੍ਹਾਂ ਨੇ ਸੰਯੁਕਤ ਰਾਜ ਦੀ ਸਰਕਾਰ ਦੇ ਆਧਾਰ ਤੇ ਆਪਣੀ ਇਕ ਸਰਕਾਰ ਬਣਾਈ ਅਤੇ ਕਰੀਕਾਂ ਵਿਰੁੱਧ ਪ੍ਰੈਜ਼ੀਡੈਂਟ ਐਂਡਰਿਊ ਜੈਕਸਨ ਦੀ ਹਮਾਇਤ ਕੀਤੀ। ਖੇਤੀਬਾੜੀ, ਕਤਾਈ ਅਤੇ ਘਰ ਬਣਾਉਣ ਵਿਚ ਗੋਰਿਆਂ ਦੀ ਹੀ ਨਕਲ ਕੀਤੀ। ਸੰਨ 1821 ਵਿਚ ਇਨ੍ਹਾਂ ਨੇ ਆਪਣੀ ਚੈਰੂਕੀ ਭਾਸ਼ਾ ਦੀ ਅੱਖਰ ਮਾਲਾ ਬਣਾਈ। ਸਿੱਟੇ ਵਜੋਂ ਛੇਤੀ ਹੀ ਇਨ੍ਹਾਂ ਦੇ ਲੋਕ ਪੜ੍ਹ ਲਿਖ ਗਏ। ਇਨ੍ਹਾਂ ਨੇ ਇਕ ਲਿਖਤੀ ਸੰਵਿਧਾਨ ਅਪਣਾ ਲਿਆ ਅਤੇ ਈਸਾਈ ਧਰਮ ਗ੍ਰੰਥਾਂ ਦਾ ਆਪਣੀ ਭਾਸ਼ਾ ਵਿਚ ਅਨੁਵਾਦ ਵੀ ਕੀਤਾ। ਫ਼ਰਵਰੀ, 1828 ਵਿਚ ਚੈਰੂਕੀ ਫੌਨਿਕਸ ਨਾਉਂ ਦਾ ਪਹਿਲਾ ਅਖ਼ਬਾਰ ਨਿਕਲਣਾ ਸ਼ੁਰੂ ਹੋਇਆ।

ਗੋਰਿਆਂ ਦੀ ਬਸਤੀਆਂ ਬਣਾਉਣ ਦੀ ਲਾਲਸਾ ਨੇ ਇਨ੍ਹਾਂ ਨੂੰ ਜਾਰਜੀਆ ਵਿਚ ਬੇਘਰ ਕਰ ਦਿੱਤਾ। ਸੰਨ 1835 ਵਿਚ ਨਿਊ ਐਕੋਟਾ ਦੀ ਸੰਧੀ ਅਨੁਸਾਰ ਚੈਰੂਕੀ ਦੇ ਅਲਪਮਤ ਨੇ ਮਿਸਿਸਿਪੀ ਦਰਿਆ ਦੇ ਪੂਰਬੀ ਹਿੱਸੇ ਵਾਲੀ ਜ਼ਮੀਨ 5,000,000 ਡਾਲਰਾਂ ਵਿਚ ਸੰਯੁਕਤ ਰਾਜ ਨੂੰ ਵੇਚ ਦਿੱਤੀ। ਇਨ੍ਹਾਂ ਦੀ ਬਹੁਗਿਣਤੀ ਨੇ ਇਸ ਸਮਝੌਤੇ ਦਾ ਭਾਰੀ ਵਿਰੋਧ ਕੀਤਾ ਅਤੇ ਸੁਪਰੀਮ ਕੋਰਟ ਵਿਚ ਮੁਕੱਦਮਾ ਦਾਇਰ ਕਰ ਦਿੱਤਾ। ਕੋਰਟ ਨੇ ਇੰਡੀਅਨਾਂ ਦੇ ਹੱਕ ਵਿਚ ਫੈਸਲਾ ਦਿੱਤਾ ਅਤੇ ਐਲਾਨ ਕੀਤਾ ਕਿ ਜਾਰਜੀਆ ਦਾ ਕਿਸੇ ਕਿਸਮ ਦਾ ਵੀ ਇਨ੍ਹਾਂ ਲੋਕਾਂ ਦੀ ਜ਼ਮੀਨ ਉਪਰ ਕੋਈ ਅਧਿਕਾਰ ਨਹੀਂ ਹੈ। ਜਾਰਜੀਆ ਦੇ ਅਧਿਕਾਰੀਆਂ ਨੇ ਕੋਰਟ ਦੇ ਹੁਕਮ ਦੀ ਉਲੰਘਣਾ ਕੀਤੀ ਅਤੇ ਪ੍ਰੈਜ਼ੀਡੈਂਟ ਜੈਕਸਨ ਨੇ ਇਸ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ। ਸਿੱਟੇ ਵਜੋਂ 1830 ਦੇ ਇੰਡੀਅਨ ਰਿਮੂਵਲ ਐਕਟ ਅਨੁਸਾਰ ਫ਼ੌਜੀ ਮਦਦ ਨਾਲ ਚੈਰੂਕੀਆਂ ਉਪਰ ਕਾਫ਼ੀ ਤਸ਼ੱਦਦ ਹੋਏ। ਇਨ੍ਹਾਂ ਦੇ ਘਰ ਸਾੜੇ ਅਤੇ ਲੁੱਟੇ ਗਏ ਅਤੇ ਮਗਰੋਂ ਇਨ੍ਹਾਂ ਨੂੰ ਪੈਦਲ ਪੱਛਮ ਵੱਲ ਤੋਰ ਦਿੱਤਾ। ਇਸ ਘਟਨਾ ਨੂੰ ਇਤਿਹਾਸ ਵਿਚ 'ਟਰਾਇਲ ਆਫ਼ ਟੀਅਰਜ਼' ਦਾ ਨਾਉਂ ਦਿੱਤਾ ਗਿਆ। 116 ਦਿਨਾਂ ਦੀ ਇਸ ਯਾਤਰਾ ਵਿਚ 4,000 ਦੇ ਕਰੀਬ ਚੈਰੂਕੀ ਮਾਰੇ ਗਏ। ਬਾਕੀ ਦੇ ਆਪਣੇ ਨਵੇਂ ਰਿਹਾਇਸ਼ੀ ਸਥਾਨ ਓਕਲਾਹਾਮਾ ਪਹੁੰਚੇ। ਇਥੇ ਇਨ੍ਹਾਂ ਨਾਲ ਕਰੀਕ, ਚਿਕਾਸਾ ਅਤੇ ਚਾਕਟਾਓ ਲੋਕ ਵੀ ਰਲ ਗਏ। ਵੀਹਵੀਂ ਸਦੀ ਦੇ ਅੰਤ ਵਿਚ 47,000 ਦੇ ਕਰੀਬ ਚੈਰੂਕੀ ਓਕਲਾਹਾਮਾ ਵਿਚ ਰਹਿੰਦੇ ਸਨ।

ਹ. ਪੁ.–ਐਨ. ਬ੍ਰਿ. ਮਾ. 3 : 173

**ਚੈਰੇਪਨਿਨ, ਅਲੈਕਸਾਂਦਰ ਨਿਕੋਲੇਵਿਚ** : ਇਸ ਪ੍ਰਸਿੱਧ ਪਿਆਨੋ- ਵਾਦਕ ਅਤੇ ਸੰਗੀਤਕਾਰ ਦਾ ਜਨਮ 21 ਜਨਵਰੀ, 1899 ਨੂੰ ਸੇਂਟ ਪੀਟਰਜ਼ਬਰਗ (ਹੁਣ ਲੈਨਿਨਗ੍ਰਾਦ) ਵਿਖੇ ਹੋਇਆ। ਇਹ ਉੱਘੇ ਸੰਗੀਤਕਾਰ ਨਿਕੋਲਾਈ ਨਿਕੋਲੇਵਿਚ ਦਾ ਪੁੱਤਰ ਸੀ। ਇਸ ਨੇ ਤਿਫਲਿਸ ਅਤੇ ਬਾਅਦ ਵਿਚ ਪੈਰਿਸ ਸੰਗੀਤ-ਵਿਦਿਆਲੇ ਵਿਖੇ ਸਿੱਖਿਆ ਪ੍ਰਾਪਤ ਕੀਤੀ। ਸੰਨ 1937 ਵਿਚ ਇਸਨੇ ਚੀਨੀ ਪਿਆਨੋ-ਵਾਦਕ ਮਿੰਗ-ਲੀ ਨਾਲ ਵਿਆਹ ਕਰਵਾਇਆ ਅਤੇ ਬਾਅਦ ਵਿਚ ਇਸ ਨਾਲ ਮਿਲ ਕੇ ਕਈ ਸੰਗੀਤ ਪ੍ਰੋਗਰਾਮ ਪੇਸ਼ ਕੀਤੇ।

ਚੈਰੇਪਨਿਨ ਨੇ ਓਪੇਰੇ, ਬੈਲੇ, ਆਰਕੈਸਟਰੇ ਅਤੇ ਪਿਆਨੋ ਲਈ ਸੰਗੀਤ ਰਚਿਆ ਅਤੇ ਚੈਂਬਰ ਸੰਗੀਤ ਵੀ ਤਿਆਰ ਕੀਤਾ। ਇਸ ਦੀ ਸ਼ੈਲੀ ਵਿਚ ਰੋਮਾਂਸ ਅਤੇ ਆਧੁਨਿਕ ਤਜਰਬੇ ਦਾ ਸੁਮੇਲ ਹੈ। ਸੰਨ 1934 ਅਤੇ 1937 ਦੇ ਦੌਰਾਨ ਇਹ ਚੀਨ ਅਤੇ ਜਾਪਾਨ ਗਿਆ। ਜਾਪਾਨੀ ਅਤੇ ਚੀਨੀ ਸੰਗੀਤਕਾਰਾਂ ਦੀਆਂ ਕ੍ਰਿਤਾਂ ਨੂੰ ਪ੍ਰਕਾਸ਼ਿਤ ਕਰਨ ਲਈ ਇਸਨੇ ਟੋਕੀਓ ਵਿਖੇ ਇਕ ਫ਼ਰਮ ਦੀ ਸਥਾਪਨਾ ਕੀਤੀ। ਸੰਨ 1949 ਤੋਂ 1964 ਤਕ ਇਹ ਸੰਯੁਕਤ ਰਾਜ ਅਮਰੀਕਾ ਵਿਚ ਸ਼ਿਕਾਗੋ ਦੀ ਡੀ-ਪਾਲ ਯੂਨੀਵਰਸਿਟੀ ਵਿਖੇ ਅਧਿਆਪਕ ਰਿਹਾ।

ਇਸ ਦੀਆਂ ਕ੍ਰਿਤਾਂ ਵਿਚ ਓਪੇਰਾ 'ਏ ਫ਼ਾਰਮਰ ਐਂਡ ਦੀ ਨਿੰਫ ਬੈਲੇ' (La Femme et son ombre) –ਅੰਗਰੇਜ਼ੀ ਅਨੁਵਾਦ : ਵੂਮੈਨ ਐਂਡ ਹਰ ਸ਼ੈਡੋ ਪ੍ਰਸਿੱਧ ਹਨ।

29 ਸਤੰਬਰ, 1977 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2:806; ਐਨ. ਬ੍ਰਿ. ਮਾ. 9:854

**ਚੈਰੇਪਨਿਨ, ਨਿਕੋਲਾਈ ਨਿਕੋਲੇਵਿਚ** : ਸੰਗੀਤਕ ਨਾਟਾਂ, ਗੀਤਾਂ ਅਤੇ ਪਿਆਨੋ ਸੰਗੀਤ ਦੇ ਇਸ ਉੱਘੇ ਰੂਸੀ ਸੰਗੀਤਕਾਰ ਦਾ ਜਨਮ 14 ਮਈ, 1873 ਨੂੰ ਸੇਂਟ ਪੀਟਰਜ਼ਬਰਗ (ਹੁਣ ਲੈਨਿਨਗ੍ਰਾਦ) ਵਿਖੇ ਹੋਇਆ। ਕਾਨੂੰਨ ਦੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਇਸਨੇ ਸੇਂਟ ਪੀਟਰਜ਼ਬਰਗ ਸੰਗੀਤ ਵਿਦਿਆਲਾ ਵਿਖੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਇਸਨੇ ਇਮਪੀਰੀਅਲ ਓਪੇਰੇ ਦਾ ਸੰਚਾਲਨ ਕੀਤਾ। ਸੰਨ 1908 ਤੋਂ 1914 ਦੌਰਾਨ ਇਸਨੇ ਪੱਛਮੀ ਯੂਰਪ ਵਿਚ ਓਪੇਰੇ ਅਤੇ ਸੰਗੀਤ ਨਾਟਾਂ ਦਾ ਸੰਚਾਲਨ ਕੀਤਾ। ਫਿਰ ਇਸਨੇ ਪੈਰਿਸ ਦੇ ਇਕ ਸੰਗੀਤ ਵਿਦਿਆਲੇ ਦਾ ਵੀ ਨਿਰਦੇਸ਼ਨ ਕੀਤਾ।



**ਨਿਕੋਲਾਈ ਨਿਕੋਲੇਵਿਚ ਚੈਰੇਪਨਿਨ**

ਇਸ ਦੀਆਂ ਕ੍ਰਿਤਾਂ ਵਿਚ ਬੈਲੇ, ਸ਼੍ਰਿਫਨੀਆਂ, ਕਵਿਤਾਵਾਂ, ਪਿਆਨੋ ਅਤੇ ਗੀਤ ਸ਼ਾਮਲ ਹਨ।

26 ਜੂਨ, 1945 ਨੂੰ ਪੈਰਿਸ ਦੇ ਨੇੜੇ ਈਸੀ ਲੇਨੇ ਮੂਲਾਨੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2 : 806; ਐਨ. ਬ੍ਰਿ. ਮਾ. 9:854

**ਚੈਲ** : ਇਹ ਹਿਮਾਚਲ ਪ੍ਰਦੇਸ਼ (ਭਾਰਤ) ਦਾ ਇਕ ਪੁਰਾਣਾ ਪਹਾੜੀ ਸ਼ਹਿਰ ਹੈ ਜਿਹੜਾ ਇਸ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਦੇ ਦੱਖਣ ਵਿਚ ਸੜਕ ਰਾਹੀਂ 41 ਕਿ. ਮੀ. ਦੇ ਫ਼ਾਸਲੇ ਤੇ ਵਸਿਆ ਹੋਇਆ ਹੈ। ਸਮੁੰਦਰ ਤਲ ਤੋਂ ਇਸ ਦੀ ਉਚਾਈ 2,218 ਮੀ. ਹੈ। ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਇਹ ਸ਼ਹਿਰ ਪੰਜਾਬ ਦੀ ਰਿਆਸਤ ਪਟਿਆਲਾ ਵਿਚ ਸ਼ਾਮਲ

ਸੀ ਅਤੇ ਗਰਮੀਆਂ ਵਿਚ ਇਸਦਾ ਪੌਣ-ਪਾਣੀ ਬਹੁਤ ਹੀ ਖ਼ੁਸ਼ਗਵਾਰ ਹੋਣ ਕਰਕੇ ਇਸਨੂੰ ਰਿਆਸਤ ਦੀ ਗਰਮੀ ਰੁੱਤ ਦੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਸੀ।

ਆਰੰਭ ਵਿਚ ਚੈਲ ਕੈਥਲ ਰਾਜ ਦੇ ਅਧੀਨ ਸੀ। ਸੰਨ 1814 ਵਿਚ ਗੋਰਖਿਆਂ ਨੇ ਇਸ ਉਪਰ ਆਪਣਾ ਕਬਜ਼ਾ ਕੀਤਾ ਪਰ 1815 ਵਿਚ ਇਨ੍ਹਾਂ ਦੀ ਲੜਾਈ ਖ਼ਤਮ ਹੋਣ ਉਪਰੰਤ ਅੰਗਰੇਜ਼ੀ ਸਰਕਾਰ ਨੇ ਚੈਲ ਨੂੰ ਕੈਥਲ ਦੇ ਕੁਝ ਹੋਰ ਇਲਾਕੇ ਸਮੇਤ ਪਟਿਆਲਾ ਰਿਆਸਤ ਦੇ ਸਪੁਰਦ ਕਰ ਦਿੱਤਾ।

ਦਿਓਦਾਰ ਅਤੇ ਚੀਲ ਦੇ ਸੰਘਣੇ ਜੰਗਲਾਂ ਵਿਚਕਾਰ ਬਹੁਤ ਹੀ ਦ੍ਰਿਸ਼ ਭਰਪੂਰ ਅਤੇ ਸ਼ਾਂਤਮਈ ਵਾਤਾਵਰਨ ਵਾਲਾ ਇਹ ਸ਼ਹਿਰ ਰਾਜਗੜ੍ਹ, ਪਢੇਵਾ ਅਤੇ ਸਿਧਟਿੱਬਾਨ ਤਿੰਨ ਪਹਾੜੀ ਚੋਟੀਆਂ ਉਪਰ ਫੈਲਿਆ ਹੋਇਆ ਹੈ। ਬਲੱਸਮ ਅਤੇ ਮਹਾਂਸੂ ਪਰਬਤ ਚੋਟੀਆਂ ਇਨ੍ਹਾਂ ਦੇ ਆਸੇ ਪਾਸੇ ਹਨ। ਰਾਜਗੜ੍ਹ ਰਿੱਜ ਉਪਰ ਮਹਾਰਾਜਾ ਪਟਿਆਲਾ ਦਾ ਸੁੰਦਰ ਮਹਿਲ ਅਤੇ ਕਈ ਬੰਗਲੇ, ਬਿਜਲੀ-ਘਰ, ਪੁਲਿਸ-ਚੌਂਕੀ ਆਦਿ ਹਨ। ਇਸ ਪਹਾੜੀ ਤੋਂ ਕੁਝ ਹੇਠਾਂ ਵੱਲ ਛੋਟਾ ਜਿਹਾ ਚੈਲ-ਬਾਜ਼ਾਰ ਸ਼ਹਿਰੀਆਂ ਅਤੇ ਯਾਤਰੀਆਂ ਦੀਆਂ ਲੋੜਾਂ ਪੂਰਦਾ ਹੈ। ਬਾਜ਼ਾਰ ਅਤੇ ਰਿੱਜ ਉਪਰਲੀਆਂ ਇਮਾਰਤਾਂ ਵਿਚਕਾਰ ਇਕ ਕਲੱਬ ਅਤੇ ਟੈਨਿਸ-ਗਰਾਊਂਡ ਹੈ। ਇਹ ਗਰਾਊਂਡ ਸ਼ਹਿਰ ਦੀ ਸ਼ੋਭਾ ਵਧਾਉਂਦਾ ਦਿਖਾਈ ਦਿੰਦਾ ਹੈ। ਸਿੱਧ ਰਿੱਜ ਅਤੇ ਪਢੇਵਾ ਰਿੱਜ ਤਕ ਚੈਲ ਬਾਜ਼ਾਰ ਤੋਂ ਸਿੱਧੀ ਸੜਕ ਜਾਂਦੀ ਹੈ।

ਪਢੇਵਾ ਰਿੱਜ ਉਪਰ ਸਨੋ ਵਿਊ ਇਮਾਰਤ ਤੋਂ ਹਿਮਾਲਾ-ਪਰਬਤਾਂ ਦਾ ਦਿਲਕਸ਼ ਨਜ਼ਾਰਾ ਯਾਤਰੀਆਂ ਨੂੰ ਧੂਮ ਪਾਉਂਦਾ ਹੈ। ਇਥੇ ਅੰਗਰੇਜ਼ਾਂ ਸਮੇਂ ਰੈਜ਼ੀਡੈਂਟ ਦਾ ਨਿਵਾਸ ਹੁੰਦਾ ਸੀ। ਦੁਨੀਆ ਦਾ ਸਭ ਤੋਂ ਉੱਚਾਈ ਵਾਲਾ ਕ੍ਰਿਕਟ ਗਰਾਊਂਡ ਇਸੇ ਟੀਸੀ ਉਪਰ ਹੈ ਅਤੇ ਗਰਾਊਂਡ ਤੋਂ ਪਾਰ 2,218 ਮੀ. ਉੱਚਾ 'ਸਿੱਧ ਟਿੱਬਾ' ਰਿੱਜ ਹੈ। ਇਹ ਸਥਾਨ ਸ਼ਿਵਜੀ ਦੇ ਮੰਦਰ ਲਈ ਯਾਤਰੀਆਂ ਦੀ ਦਿਲਚਸਪੀ ਦਾ ਕਾਰਨ ਹੈ। ਸੰਨ 1960 ਤੋਂ ਮੱਧ-ਪ੍ਰਦੇਸ਼ ਵਾਲਾ ਕਿੰਗ ਜਾਰਜ ਸਕੂਲ ਚੈਲ ਵਿਖੇ ਸਿੱਧ ਟਿੱਬੇ ਉਪਰ ਬਣਾਇਆ ਗਿਆ ਹੈ ਤੇ ਕ੍ਰਿਕਟ ਗਰਾਊਂਡ ਦਾ ਪ੍ਰਬੰਧ ਵੀ ਉਦੋਂ ਤੋਂ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਜ਼ਿੰਮੇ ਹੈ। ਇਸ ਤੋਂ ਇਲਾਵਾ ਲੜਕੇ ਲੜਕੀਆਂ ਦੇ ਵੱਖੋ-ਵੱਖਰੇ ਸਕੂਲ ਵੀ ਇਸੇ ਹਿੱਸੇ ਵਿਚ ਹਨ। ਸਿੱਧ ਟਿੱਬੇ ਦੇ ਸ਼ਿਖ਼ਰ ਤੇ ਸੇਬਾਂ ਦਾ ਬਾਗ ਤੇ ਰਣਬੀਰ ਬਾਗ ਇਸਦੀ ਸ਼ੋਭਾ ਵਧਾਉਂਦੇ ਹਨ। ਇਕ ਬਾਗ ਚੈਲ-ਬਾਜ਼ਾਰ ਦੇ ਹੇਠਲੇ ਪਾਸੇ ਮਹੋਗ ਦੇ ਸਥਾਨ ਤੇ ਵੀ ਬਣਿਆ ਹੋਇਆ ਹੈ ਤਾਂ ਕਿ ਖ਼ਰੀਦੋ-ਫ਼ਰੋਖ਼ਤ ਕਰਨ ਸਮੇਂ ਲੋਕ ਕੁਝ ਸਮਾਂ ਉਥੇ ਬਿਤਾ ਸਕਣ।

ਬਲੱਸਮ ਰਿੱਜ ਤੋਂ ਪਾਰ ਮਹਾਰਾਜੇ ਦਾ ਇਕ ਬਾਗ ਹੈ ਜਿਸ ਵਿਚ ਉਸਦੀ ਆਪਣੇ ਲਈ ਬਣਾਈ ਇਕ ਬੜੀ ਸੁਹਣੀ ਝੁੱਗੀ ਅਤੇ ਇਕ 'ਇੰਦਰਾ ਹੋਲੀ ਡੇ ਹੋਮ' ਨਾਮੀ ਇਮਾਰਤ ਹੈ।

ਇਸ ਸਥਾਨ ਦੀਆਂ ਗਰਮੀਆਂ ਜਿਥੇ ਬਹੁਤ ਹੀ ਖ਼ੁਸ਼ਗਵਾਰ ਹਨ, ਸਰਦੀਆਂ ਇਸਦੇ ਉਲਟ ਬਹੁਤ ਠੰਢੀਆਂ ਹੋ ਜਾਂਦੀਆਂ ਹਨ ਤੇ ਬਰਫ਼ ਪੈਂਦੀ ਹੈ। ਆਲੇ-ਦੁਆਲੇ ਦੇ ਜੰਗਲਾਂ ਵਿਚ ਚੀਤਲ, ਕੱਕੜ (ਹਿਰਨ ਦੀ ਇਕ ਕਿਸਮ), ਕਸਤੂਰੀ, ਮਿਰਗ, ਚੀਤੇ ਅਤੇ ਰਿੱਛ ਮਿਲਦੇ ਹਨ। ਹਰ ਸਾਲ ਜੂਨ ਵਿਚ 'ਸਿੱਧ-ਬਾਬਾ ਮੇਲਾ' ਇਸੇ ਨਾਂ ਦੇ ਕਿਸੇ ਸਾਧ ਦੀ ਯਾਦ ਵਿਚ ਭਰਦਾ ਹੈ।

30° 58′ ਉ. ਵਿਥ. ; 77° 15′ ਪੂ. ਲੰਬ.

ਹ. ਪੁ.-ਪੰ. ਡਿਸ. ਸੈ. ਹੈਂ. ਬੁੱ.-ਸ਼ਿਮਲਾ 10; ਹਿੰ. ਵਿ. ਕੋ. 4 : 191; ਇੰਪ ਗ. ਇੰਡ. 10 : 121

**ਚੈਲਸੀ** : ਇਹ ਅਮਰੀਕਾ ਦੇ ਪੂਰਬੀ ਮੈਸਾਚੂਸੈੱਟਸ ਦੀ ਸਫ਼ਕ ਕਾਉਂਟੀ ਦਾ ਇਕ ਸ਼ਹਿਰ ਹੈ ਜੋ ਮਿਸਾਟਕ ਦਰਿਆ ਦੀ ਇਕ ਸਹਾਇਕ ਨਦੀ ਦੇ ਕੰਢੇ ਤੇ ਸਥਿਤ ਹੈ। ਇਥੋਂ ਚਾਰਲਸਟਾਊਨ ਜਾਣ ਲਈ ਤਿੰਨ ਪੁਲ ਬਣੇ ਹੋਏ ਹਨ। ਇਹ ਬੋਸਟਨ ਦਾ ਉੱਤਰ-ਪੂਰਬੀ ਰਿਹਾਇਸ਼ੀ ਉਪ-ਨਗਰ ਹੈ। ਸੰਨ 1624 ਵਿਚ ਇਸ ਦੀ ਵਿੱਨੀਸਿਮੈੱਟ (Winnisimmet) ਦੇ ਤੌਰ ਤੇ ਸਥਾਪਨਾ ਹੋਈ ਤੇ ਬਾਅਦ ਵਿਚ (1739 ਵਿਚ) ਇਸਦਾ ਨਾਂ ਬਦਲਕੇ ਲੰਡਨ ਦੇ ਚੈਲਸੀ ਦੇ ਨਾਂ ਤੇ ਰੱਖਿਆ ਗਿਆ। ਬੋਸਟਨ ਦੀ ਬੰਦਰਗਾਹ ਦੇ ਸਾਹਮਣੇ ਸ਼ਹਿਰ ਦਾ ਲਗਭਗ 5 ਕਿ. ਮੀ. ਦਾ ਤਟ ਨਾਲ ਲਗਦਾ ਹਿੱਸਾ ਮੁੱਖ ਤੌਰ ਤੇ ਥੋਕ ਵਿਕਰੀ ਦੇ ਤੇਲ ਦੇ ਪਲਾਟਾਂ ਨਾਲ ਭਰਪੂਰ ਹੈ। ਇਸ ਨੂੰ 1739 ਵਿਚ ਟਾਊਨ ਦਾ ਦਰਜਾ ਅਤੇ 1833 ਵਿਚ ਸ਼ਹਿਰ ਦਾ ਦਰਜਾ ਮਿਲਿਆ।

42° 24′ ਉ. ਵਿਥ.; 71° 02′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 2 : 792

**ਚੈੱਲਟਨਹੈਮ** : ਇਹ ਇੰਗਲੈਂਡ ਦੀ ਗਲਾਸਟਰਸ਼ਿਰ ਕਾਉਂਟੀ ਦਾ ਇਕ ਕਾਉਂਟੀ ਡਿਸਟਿਕਟ ਜਿਹੜਾ ਚੈੱਲਟ ਦਰਿਆ ਦੇ ਕੰਢੇ ਤੇ ਸਥਿਤ ਹੈ। ਚੈੱਲਟਨਹੈਮ ਵਿਚ 803 ਈ. ਵਿਚ ਵੀ ਗਿਰਜੇ ਦੀ ਹੋਂਦ ਬਾਰੇ ਪਤਾ ਲਗਦਾ ਹੈ। ਇਤਿਹਾਸ ਵਿਚ ਸ਼ਹਿਰ ਦਾ ਪਹਿਲਾਂ-ਪਹਿਲ 1223 ਵਿਚ ਜ਼ਿਕਰ ਆਉਂਦਾ ਹੈ ਜਦੋਂ ਮੰਡੀਆਂ ਮੇਲਿਆਂ ਆਦਿ ਦੇ ਮੁਨਾਫ਼ੇ ਅਤੇ ਇਥੇ ਦੇ 100 ਸੰਘੀ ਪ੍ਰਬੰਧਕੀ ਮੰਡਲ ਮੈਨਰ ਨੂੰ ਪਟੇ ਤੇ ਦਿੱਤੇ ਹੋਏ ਸਨ।

ਸੰਨ 1716 ਵਿਚ ਇਥੇ ਤਿੰਨ ਖਣਿਜੀ ਚਸ਼ਮਿਆਂ ਦਾ ਪਤਾ ਲੱਗਣ ਤੇ ਅਤੇ 1738 ਵਿਚ ਇਕ ਪੰਪ-ਘਰ (ਰੋਗ ਨਿਵਾਰਕ ਝਰਨੇ ਉਪਰ ਬਣਿਆ ਕਮਰਾ) ਦੀ ਉਸਾਰੀ ਦੀ ਸੰਭਾਵਨਾ ਕਰਕੇ ਇਥੋਂ ਦੇ ਲੋਕ ਸਮਾਜਕ ਪੱਖ ਤੋਂ ਇਕ ਦਮ ਤਰੱਕੀ ਕਰ ਗਏ। ਇਸ ਦੀ ਮਸ਼ਹੂਰੀ ਇਸ ਗੱਲ ਤੋਂ ਜ਼ਾਹਰ ਹੁੰਦੀ ਹੈ ਕਿ 1788 ਵਿਚ ਬਾਦਸ਼ਾਹ ਜਾਰਜ ਤੀਜਾ ਇਥੇ ਆਇਆ।

ਸ਼ਹਿਰ ਸਿੱਖਿਆ ਦਾ ਕੇਂਦਰ ਹੈ। ਸੰਨ 1841 ਦਾ ਬਣਿਆ ਚੈਲਟਨਹੈਮ ਕਾਲਜ, 1853 ਦਾ ਬਣਿਆ ਚੈਲੰਟਨਹੈਮ ਔਰਤਾਂ ਦਾ ਕਾਲਜ ਅਤੇ ਡੀਨ ਕਲੌਜ਼ ਸਕੂਲ (1886), ਗਰੈਮਰ ਸਕੂਲ ਅਤੇ ਟੀਚਰਜ਼ ਟਰੇਨਿੰਗ ਕਾਲਜ ਇਥੋਂ ਦੀਆਂ ਮੁੱਖ ਸਿੱਖਿਆ ਸੰਸਥਾਵਾਂ ਹਨ। ਇਸ ਤੋਂ ਇਲਾਵਾ ਸ਼ਹਿਰ ਵਿਚ ਇਕ ਓਪੇਰਾ ਘਰ ਅਤੇ ਇਕ ਸਿਵਲ ਨਾਟ-ਘਰ ਵੀ ਹੈ। ਦੂਜੇ ਸੰਸਾਰ ਯੁੱਧ ਤੋਂ ਬਾਅਦ ਸਮਕਾਲੀ ਬਰਤਾਨਵੀ ਸੰਗੀਤ ਅਤੇ ਸਾਹਿਤ ਦਾ ਸਾਲਾਨਾ ਮੇਲਾ ਵੀ ਸ਼ੁਰੂ ਕੀਤਾ ਗਿਆ।

ਸ਼ਹਿਰ ਵਿਚ ਕੁਝ ਹਲਕੇ ਉਦਯੋਗ ਵੀ ਹਨ।

ਆਬਾਦੀ–1,03,115 (1991)

51° 54′ ਉ. ਵਿਥ. ; 2° 04′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 2 : 792

**ਚੈੱਲਫੌਂਡ ਸੇਂਟ ਜਾਈਲਜ਼** : ਇਹ ਉੱਤਰ-ਪੱਛਮੀ ਲੰਡਨ ਵਿਚ ਇੰਗਲੈਂਡ ਦੀ ਬਕਿੰਗਮਸ਼ਿਰ ਦਾ ਇਕ ਪਿੰਡ ਹੈ। ਇਸ ਦੀ ਪੁਰਾਣੇ ਸਮੇਂ ਦੀ ਸੁੰਦਰਤਾ ਕਰਕੇ ਅਤੇ ਇਥੋਂ ਦੀ ਕੁਏਕਰ ਸਭਾ ਕਰਕੇ ਇਥੇ ਬਹੁਤ ਸਾਰੇ ਸੈਲਾਨੀ ਆਉਂਦੇ ਹਨ। ਇਥੇ ਇਕ ਪੁਰਾਣੀ ਝੌਂਪੜੀ ਨੂੰ ਅਜਾਇਬ ਘਰ ਦੇ ਰੂਪ ਵਿਚ ਸਾਂਭਿਆ ਹੋਇਆ ਹੈ। ਇਹ ਉਹ ਝੌਂਪੜੀ ਹੈ ਜਿਸ ਵਿਚ ਲੰਡਨ ਵਿਚ ਉਸ ਸਮੇਂ ਫੈਲੀ ਪਲੇਗ ਤੋਂ ਬਚਣ ਲਈ 1665-66 ਵਿਚ ਮਹਾਨ ਅੰਗਰੇਜ਼ ਕਵੀ ਜਾਨ ਮਿਲਟਨ ਰਿਹਾ ਸੀ ਤੇ ਉਸਨੇ ਆਪਣੀ ਮਸ਼ਹੂਰ ਪੁਸਤਕ 'ਪੈਰਾਡਾਈਜ਼ ਲੱਾਸਟ' ਇਥੇ ਹੀ ਪੂਰੀ ਕੀਤੀ ਸੀ। 17ਵੀਂ ਸਦੀ ਵਿਚ ਕੁਏਕਰ ਨਾਂ ਦੀ ਧਾਰਮਕ ਸਭਾ ਦੇ ਲੋਕ ਇਸਦੇ ਨਜ਼ਦੀਕ ਹੀ ਇਕੱਠੇ ਹੁੰਦੇ ਸਨ ਅਤੇ ਇਸ ਥਾਂ ਤੇ ਹੁਣ ਗਾਰਡਨ

ਹੋਸਟਲ ਹੈ। 'ਦੀ ਪ੍ਰੈਜ਼ੈਂਟ-ਡੇ' ਫ੍ਰੈਂਡਜ਼ ਨਾਮੀ ਇਕੱਤਰਤਾ ਘਰ 1688 ਵਿਚ ਬਣਾਇਆ ਗਿਆ। ਇਥੋਂ ਦੇ ਕਬਰਸਤਾਨ ਵਿਚ ਪੈਨਸਿਲਵੇਨੀਆ ਦੇ ਬਾਨੀ, ਵਿਲੀਅਮ ਪੈੱਨ ਦੀ ਅਤੇ ਹੋਰ ਕਈ ਕੁਏਕਰਾਂ ਦੀਆਂ ਸਮਾਧਾਂ ਹਨ।

51° 37′ ਉ. ਵਿਥ. ; 8° 34′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 2 :713

**ਚੈਲਯਾਬਿੰਸਕ** : ਪੱਛਮੀ ਕੇਂਦਰੀ ਰੂਸ ਦੀ ਇਹ ਇਕ ਆਬਲਸਤ ਹੈ ਜਿਸਨੇ ਯੂਰਾਲ ਪਰਬਤਾਂ ਦਾ ਪੂਰਬੀ ਘੇਰੇ ਤੇ 87,900 ਵ. ਕਿ. ਮੀ. (33,950 ਵ. ਮੀਲ) ਦਾ ਰਕਬਾ ਮੱਲਿਆ ਹੋਇਆ ਹੈ। ਇਥੋਂ ਦੀ ਕੁੱਲ ਵਸੋਂ, 35,12,000 (1983) ਹੈ। ਧੁਰ ਪੂਰਬ ਵਿਚ ਇਹ ਆਬਲਸਤ ਪੱਛਮੀ ਸਾਇਬੇਰੀਆਈ ਮੈਦਾਨ ਤਕ ਫੈਲੀ ਹੋਈ ਹੈ। ਉਚੇਰੇ ਪਹਾੜੀ ਇਲਾਕੇ ਚੀੜ੍ਹ, ਫ਼ਰ, ਸਪਰੂਸ ਅਤੇ ਭੋਜ-ਬਿਰਛ ਦੇ ਦਰਖ਼ਤਾਂ ਨਾਲ ਢੱਕੇ ਪਏ ਹਨ। ਆਬਲਸਤ ਦਾ ਹੇਠਲਾ ਪੂਰਬੀ ਭਾਗ ਸਟੈਪੀ ਵਿਚ ਪੈਂਦਾ ਹੈ ਅਤੇ ਉੱਤਰ ਵਿਚ ਭੋਜ-ਬਿਰਛ ਦੇ ਝੁੰਡ ਹਨ। ਯੂਰਾਲ ਉਦਯੋਗਿਕ ਖੇਤਰ ਵਿਚ ਇਹ ਆਬਲਸਤ ਕੱਚੇ ਲੋਹੇ, ਟਾਈਟੇਨੀਅਮ, ਨਿਕਲ, ਸੋਨੇ, ਲਿਗਨਾਈਟ, ਤਾਂਬੇ, ਜਿਸਤ ਅਤੇ ਕ੍ਰੋਮਾਈਟ ਵਰਗੇ ਖਣਿਜ ਪਦਾਰਥਾਂ ਨਾਲ ਭਰਪੂਰ ਹੈ। ਇਨ੍ਹਾਂ ਖਣਿਜ ਪਦਾਰਥਾਂ ਕਾਰਨ ਹੀ ਇਥੇ ਵੱਡੇ ਪੈਮਾਨੇ ਦੇ ਉਦਯੋਗ ਸਥਾਪਤ ਹੋਏ ਹਨ। ਮੈਗਨੀਟਾਗਾਰਸਕ ਚੈਲਯਾਬਿੰਸਕ, ਜ਼ਲਾਤਾਊਸਤ ਸਾਤਕਾ ਅਤੇ ਐਸ਼ਾ ਵਿਖੇ ਲੋਹੇ ਅਤੇ ਇਸਪਾਤ ਦੇ ਕਾਰਖ਼ਾਨੇ ਲੱਗੇ ਹੋਏ ਹਨ ਅਤੇ ਹੋਰਨਾਂ ਕਸਬਿਆਂ ਵਿਚ ਭਾਰੀ ਅਤੇ ਦਰਮਿਆਨੇ ਦਰਜੇ ਦੇ ਇੰਜੀਨੀਅਰੀ ਉਦਯੋਗ ਸਥਾਪਤ ਹਨ। ਇਥੋਂ ਦੇ ਰਸਾਇਣਿਕ ਉਦਯੋਗ ਬਹੁਤ ਮਹੱਤਵਪੂਰਨ ਹਨ। ਪੂਰਬੀ ਸਟੈਪ ਵਿਚ ਖੇਤੀਬਾੜੀ ਤੇ ਜ਼ੋਰ ਹੈ। ਕਣਕ ਇਥੋਂ ਦੀ ਮੁੱਖ ਫ਼ਸਲ ਹੈ ਪਰ ਸ਼ਹਿਰਾਂ ਲਈ ਆਲੂ ਅਤੇ ਹੋਰ ਕਈ ਸਬਜ਼ੀਆਂ ਵੀ ਉਗਾਈਆਂ ਜਾਂਦੀਆਂ ਹਨ। ਬੀਫ਼, ਦੁੱਧ ਦੇਣ ਵਾਲੇ ਪਸ਼ੂ ਅਤੇ ਭੇਡਾਂ ਦੀ ਆਰਥਿਕ ਮਹੱਤਤਾ ਬਹੁਤ ਹੈ।

ਹ. ਪੁ.–ਐਨ. ਬ੍ਰਿ. ਮਾ. 2 : 793

**ਚੈਲਿਸ, ਜੇਮਜ਼** : ਇਸ ਅੰਗਰੇਜ਼ ਪਾਦਰੀ ਅਤੇ ਖਗੋਲਵੇਤਾ ਦਾ ਜਨਮ 12 ਦਸੰਬਰ, 1803 ਨੂੰ ਐਸੈਕਸ ਵਿਚ ਬ੍ਰੇਨਟਰੀ ਵਿਖੇ ਹੋਇਆ। ਖਗੋਲੀ ਔਜ਼ਾਰਾਂ ਉਪਰ ਆਪਣੇ ਕੰਮ ਅਤੇ ਨੈਪਟਿਊਨ ਗ੍ਰਹਿ ਦੀ ਖੋਜ ਦੇ ਸਬੰਧ ਵਿਚ ਆਪਣੇ ਪ੍ਰੇਖਣਾਂ ਸਦਕਾ ਇਹ ਪ੍ਰਸਿੱਧ ਹੋਇਆ ਹੈ। ਟ੍ਰਿਨਿਟੀ ਕਾਲਜ, ਕੈਂਬਰਿਜ ਤੋਂ ਵਿੱਦਿਆ ਹਾਸਲ ਕਰਨ ਉਪਰੰਤ ਇਹ ਉੱਥੇ ਹੀ 1824 ਵਿਚ ਸਕਾਲਰ ਬਣ ਗਿਆ ਅਤੇ 1836 ਵਿਚ ਖਗੋਲ ਅਤੇ ਪ੍ਰਯੋਗਿਕ ਫ਼ਿਲਾਸਫ਼ੀ ਦਾ ਪਲੂਮੀਅਨ ਪ੍ਰੋਫ਼ੈਸਰ ਚੁਣਿਆ ਗਿਆ।

ਲਵੈਰੀਏ ਦੇ ਪਰਿਕਲਨ ਵਰਤ ਕੇ ਇਸ ਨੇ ਨੈਪਟਿਊਨ ਗ੍ਰਹਿ ਨੂੰ ਵੇਖਿਆ ਪਰ ਇਹ ਇਸ ਬਾਰੇ ਜਾਣਦਾ ਨਹੀਂ ਸੀ। ਇਸ ਗ੍ਰਹਿ ਪ੍ਰਤਿ ਇਸ ਦੇ ਸਿੱਟਿਆਂ ਤੋਂ ਕੁਝ ਹਫ਼ਤੇ ਪਹਿਲਾਂ ਹੀ 1846 ਵਿਚ ਬਰਲਿਨ ਵਿਚ ਇਸ ਗ੍ਰਹਿ ਬਾਰੇ ਐਲਾਨ ਹੋ ਗਿਆ। ਮੀਟੀਓਰੋਸਕੋਪ, ਸਮਾਂਤਰਕਾਰੀ ਨੇਤਰਿਕਾਂ ਅਤੇ ਟ੍ਰਾਂਜ਼ਿਟ ਰੀਡਿਊਸਰ ਦੀਆਂ ਮੁੱਖ ਈਜਾਦਾਂ ਹਨ। ਇਸਨੇ 225 ਗਣਿਤਕ, ਭੌਤਿਕ ਅਤੇ ਖਗੋਲੀ ਖੋਜ-ਪੱਤਰ ਛਪਵਾਏ ਅਤੇ ਇਸ ਤੋਂ ਇਲਾਵਾ ਇਸ ਦੀਆਂ ਖੋਜਾਂ ਦੇ ਮੁੱਖ ਸਿੱਟੇ Astronomical observations made at the observatory of Cambridge (1832-64) ਨਾਂ ਹੇਠ 12 ਜਿਲਦਾਂ ਵਿਚ ਛਪੇ।

ਇਸ ਦੀ ਮੌਤ 3 ਦਸੰਬਰ, 1882 ਨੂੰ ਕੈਂਬਰਿਜਸ਼ਿਰ ਵਿਚ ਕੈਂਬਰਿਜ ਵਿਖੇ ਹੋਈ।

ਹ. ਪੁ.–ਐਨ. ਬ੍ਰਿ. ਮਾ. 2 : 715 ; ਐਨ. ਅਮੈ. 6 : 259 ; ਵ. ਹੂ. ਸਾ. : 316

**ਚੈਲਿਨੀ, ਬੈਨਵੈਨੂਤੋ** : ਇਹ ਫ਼ਲੋਰੈਂਸ ਦਾ ਬਹੁਤ ਹੀ ਉੱਘਾ ਬੁੱਤਘਾੜਾ ਅਤੇ ਲੇਖਕ ਸੀ। ਇਸ ਦਾ ਜਨਮ ਇਕ ਨਵੰਬਰ, 1500 ਈ. ਨੂੰ ਫ਼ਲੋਰੈਂਸ ਵਿਖੇ ਹੋਇਆ। ਇਸ ਦੀ ਪ੍ਰਸਿੱਧੀ ਦਾ ਵੱਡਾ ਕਾਰਨ ਇਸ ਦੀ ਸਵੈ-ਜੀਵਨੀ ਹੈ ਜਿਹੜੀ ਪਹਿਲੋਂ-ਪਹਿਲ 1728 ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਇਸ ਨੇ ਆਪਣੇ ਅਤੇ ਆਪਣੇ ਸਮੇਂ ਬਾਰੇ ਬਹੁਤ ਸੁੰਦਰ ਢੰਗ ਨਾਲ ਲਿਖਿਆ ਹੈ।

ਚੈਲਿਨੀ ਕੇਵਲ ਇਕ ਉੱਚ ਪਾਏ ਦਾ ਕਾਰੀਗਰ ਹੀ ਨਹੀਂ ਸੀ ਸਗੋਂ ਇਕ ਉੱਤਮ ਬੁੱਤਘਾੜਾ ਵੀ ਸੀ। ਲਗਭਗ ਆਪਣੀਆਂ ਸਾਰੀਆਂ ਕ੍ਰਿਤਾਂ ਇਸ ਨੇ ਫ਼ਰਾਂਸ ਅਤੇ ਫ਼ਲੋਰੈਂਸ ਵਿਚ ਹੀ ਮੁਕੰਮਲ ਕੀਤੀਆਂ। ਫ਼ਲੋਰੈਂਸ ਵਿਚ ਬਣਾਇਆ ਗਿਆ 'Perseus' (1545-54) ਦਾ ਬੁੱਤ ਇਸ ਦੀ ਬਹੁਤ ਹੀ ਵਧੀਆ ਦੇਣ ਹੈ।



**ਬੈਨਵੈਨੂਤੋ ਚੈਲਿਨੀ ਦਾ ਬਣਾਇਆ ਕਾਂਸੀ ਦਾ ਇਕ ਬੁੱਤ**

ਚੈਲਿਨੀ ਦਾ ਪਿਤਾ ਇਸ ਨੂੰ ਸੰਗੀਤਕਾਰ ਬਣਾਉਣਾ ਚਾਹੁੰਦਾ ਸੀ ਪਰ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਸੁਨਿਆਰਾ ਕੰਮ ਕਰਨ ਤੋਂ ਨਾ ਹਟਿਆ। ਕਿਸੇ ਨਾਲ ਲੜਾਈ ਝਗੜਾ ਹੋਣ ਕਾਰਨ 1516 ਵਿਚ ਇਸ ਨੂੰ ਸਿਐਨਾ ਵਿਖੇ ਜਲਾਵਤਨ ਕਰ ਦਿੱਤਾ ਗਿਆ। ਸੰਨ 1517-18 ਵਿਚ ਵਾਪਸ ਫ਼ਲੋਰੈਂਸ ਪਰਤ ਕੇ ਫਿਰ ਇਹ ਰੋਮ ਚਲਾ ਗਿਆ। ਸੰਨ 1523 ਵਿਚ ਕਿਸੇ ਲੜਾਈ ਕਾਰਨ ਇਸ ਨੂੰ ਫ਼ਾਂਸੀ ਦੀ ਸਜ਼ਾ ਹੋਈ। ਇਹ ਰੋਮ ਭੱਜ ਗਿਆ। ਉੱਥੇ ਇਸ ਨੇ ਸਾਲਮਾਂਕਾ ਦੇ ਬਿਸ਼ਪ ਅਤੇ ਪੋਪ ਕਲੀਮੈਂਟ ਸੱਤਵੇਂ ਕੋਲ ਕੰਮ ਕੀਤਾ। ਸੰਨ 1527 ਵਿਚ ਇਹ ਰੋਮ ਦੀ ਸੁਰੱਖਿਆ ਲਈ ਲੜਿਆ ਪਰ ਰੋਮ ਦੀ ਹਾਰ ਹੋ ਜਾਣ ਕਾਰਨ ਫ਼ਲੋਰੈਂਸ ਪਰਤ ਗਿਆ। ਸੰਨ 1529 ਵਿਚ ਫਿਰ ਰੋਮ ਚਲਾ ਗਿਆ ਅਤੇ ਇਸ ਨੂੰ ਪੋਪ ਦੀ ਟਕਸਾਲ ਦਾ 'ਸਟੈਂਪ ਮਾਸਟਰ' ਨਿਯੁਕਤ ਕੀਤਾ ਗਿਆ। ਮਗਰੋਂ ਵੀ ਇਹ ਵਾਰੋ ਵਾਰੀ ਫ਼ਲੋਰੈਂਸ ਅਤੇ ਰੋਮ ਵਿਚ ਘੁੰਮਦਾ ਰਿਹਾ। ਇਸ ਦੌਰਾਨ ਇਕ ਵਾਰ ਕੁਝ ਸਮੇਂ ਲਈ ਇਹ ਫ਼ਰਾਂਸ ਵੀ ਗਿਆ। ਸੰਨ 1537 ਵਿਚ ਰੋਮ ਪਰਤਣ ਤੇ ਇਸ ਨੂੰ ਪੈਸੇ ਦੀ ਹੇਰਾ-ਫੇਰੀ ਲਈ ਦੋਸ਼ੀ ਠਹਿਰਾਇਆ ਗਿਆ ਅਤੇ ਕੈਦ ਕੀਤਾ ਗਿਆ। ਇਹ ਭੱਜ ਨਿਕਲਿਆ, ਫਿਰ ਫੜਿਆ ਗਿਆ ਪਰ 1939 ਵਿਚ ਫਰਾਰਾ ਦੇ ਕਾਰਡੀਨਲ ਨੇ ਇਸ ਨੂੰ ਛੁਡਾ ਦਿੱਤਾ। ਇਸ ਨੇ ਬਾਦਸ਼ਾਹਾਂ ਅਤੇ ਧਾਰਮਕ ਹਸਤੀਆਂ ਲਈ ਸੋਨੇ ਦੇ ਮੈਡਲ ਅਤੇ ਕੈਂਡਲ ਆਦਿ ਬਣਾ ਕੇ ਕਮਾਲ ਹਾਸਲ ਕੀਤਾ। ਇਨ੍ਹਾਂ ਵਿਚੋਂ ਕਈ ਕ੍ਰਿਤਾਂ ਪੁਨਰ-ਜਾਗ੍ਰਤੀ ਕਾਲ ਦੇ ਸੁਨਿਆਰੇ ਕੰਮ ਦੀ ਉੱਤਮ ਕਾਰੀਗਰੀ ਨੂੰ ਦਰਸਾਉਂਦੀਆਂ ਹਨ। ਵੱਖ-ਵੱਖ ਕਿਸਮ ਦੀਆਂ ਕ੍ਰਿਤਾਂ ਅਤੇ ਮੈਡਲਾਂ ਉੱਤੇ ਇਹ ਮਿਥਿਹਾਸ ਵਿਚੋਂ ਦ੍ਰਿਸ਼ਟਾਂਤ ਲੈ ਕੇ ਪੇਸ਼ ਕਰਦਾ ਸੀ।

ਸੰਨ 1545 ਵਿਚ ਚੈਲਿਨੀ ਦੇ ਪੈਰਿਸ ਤੋਂ ਫ਼ਲੋਰੈਂਸ ਪਰਤਣ ਤੇ ਕਾਸਿਮੋ ਡਮੈਡਿਚੀ ਨੇ ਇਸ ਨੂੰ ਕਾਂਸੀ ਵਿਚ 'ਪਰਸੀਅਸ' ਦਾ ਬੁੱਤ ਬਣਾਉਣ ਲਈ ਕਿਹਾ। ਇਸ ਨੇ ਸੰਗਮਰਮਰ ਵਿਚ 'ਅਪਾਲੋ' ਤੇ 'ਹਾਇਆ ਸਿੰਥ' (1546) ਅਤੇ 'ਨਾਰਸੀਸਸ' (1546-47) ਦੇ ਬੁੱਤ ਵੀ ਬਣਾਏ। ਸੰਨ 1563 ਵਿਚ ਇਸ ਨੇ ਫ਼ਲੋਰੈਂਸ ਦੀ ਅਕੈਡਮੀ ਲਈ ਸੀਲ ਬਣਾਈ ਜਿਸ ਦੇ ਦੋ ਡੀਜ਼ਾਈਨ ਬਰਤਾਨਵੀ ਅਤੇ ਮਿਊਨਿਖ ਦੇ ਅਜਾਇਬ ਘਰਾਂ ਵਿਚ ਪਏ ਹਨ।

ਸੰਨ 1558 ਤੋਂ 1562 ਦੇ ਵਿਚਕਾਰ ਚੈਲਿਨੀ ਨੇ ਆਪਣੀ ਸਵੈ-ਜੀਵਨੀ ਮੁਕੰਮਲ ਕੀਤੀ ਅਤੇ 1565 ਵਿਚ ਸੁਨਿਆਰੇ ਕੰਮ ਅਤੇ ਬੁੱਤਸਾਜ਼ੀ ਸਬੰਧੀ ਖੋਜ-ਗ੍ਰੰਥ ਲਿਖਿਆ। 13 ਫ਼ਰਵਰੀ, 1571 ਨੂੰ ਫਲੋਰੈਂਸ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮੈ. 3:1057; ਐਨ. ਅਮੈ.

**ਚੈਲੇਨਰ, ਰਿਚਰਡ** : ਇਹ ਇਕ ਅੰਗਰੇਜ਼ ਰੋਮਨ ਕੈਥੋਲਿਕ ਪਾਦਰੀ ਸੀ ਜਿਸ ਨੇ ਬਾਈਬਲ ਦੇ 'Reims Douai' ਅਨੁਵਾਦ ਦੀ



ਰਿਚਰਡ ਚੈਲੇਨਰ

ਸੋਧ ਕੀਤੀ। ਇਸ ਦਾ ਅਨੁਵਾਦ ਅੰਗਰੇਜ਼ ਕੈਥੋਲਿਕਾਂ ਵਿਚ ਪ੍ਰਮਾਣਿਕ ਮੰਨਿਆ ਗਿਆ। ਇਸ ਦਾ ਜਨਮ 29 ਸਤੰਬਰ 1619 ਨੂੰ ਸਸੈਕਸ ਵਿਚ ਲਿਊਇਸ ਵਿਖੇ ਹੋਇਆ। ਇਸ ਨੇ ਫ਼ਰਾਂਸ ਵਿਚ ਇੰਗਲਿਸ਼ ਕਾਲਜ ਡੂਏ ਤੋਂ ਵਿੱਦਿਆ ਪ੍ਰਾਪਤ ਕੀਤੀ। ਉੱਥੇ ਹੀ 1716 ਵਿਚ ਇਹ ਪਾਦਰੀ ਬਣਿਆ। ਸੰਨ 1720 ਵਿਚ ਇਹ ਧਰਮ ਸ਼ਾਸਤਰ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਸੰਨ 1730 ਵਿਚ ਇਸ ਨੂੰ ਲੰਡਨ ਭੇਜਿਆ ਗਿਆ ਜਿਥੇ ਕੈਥੋਲਿਕ ਲੋਕ ਬਹੁਤ ਘੱਟ ਸਨ ਅਤੇ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਸੀ। ਸੰਨ 1741 ਵਿਚ ਇਹ ਡੇਬਰਾ ਦਾ ਪਾਦਰੀ ਬਣਿਆ। ਸੰਨ 1758 ਵਿਚ ਇਸ ਨੂੰ ਲੰਡਨ ਜ਼ਿਲ੍ਹੇ ਦਾ ਵਿਕਾਰ (Vicar) ਥਾਪਿਆ ਗਿਆ ਅਤੇ ਇਸ ਨੇ ਕੈਥੋਲਿਕਾਂ ਦੀ ਗਿਣਤੀ ਵਿਚ ਵਾਧਾ ਕੀਤਾ।

ਇਸ ਨੇ ਵਾਦ-ਵਿਵਾਦ ਵਾਲੀਆਂ ਅਤੇ ਭਗਤੀ ਵਾਲੀਆਂ ਕਾਫ਼ੀ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ 'ਦੀ ਗਾਰਡਨ ਆਫ਼ ਦੀ ਸੋਲ' (1740), 'ਮੈਡੀਟੇਸ਼ਨਜ਼ ਫਾਰ ਐਵਰੀ ਡੇ ਆਫ਼ ਦੀ ਯੀਅਰ' (1753) 'ਮੈਮਰੀਜ਼ ਆਫ਼ ਮਿਸ਼ਨਰੀ ਪ੍ਰੀਸਟਸ' (1741-42) ਅਤੇ 'ਬ੍ਰਿਟੈਨੀਆ ਸੈਕਟਾ' ਸ਼ਾਮਲ ਹਨ।

12 ਜਨਵਰੀ, 1787 ਨੂੰ ਲੰਡਨ ਵਿਖੇ ਇਸ ਦੀ ਮੌਤ ਹੋਈ।

ਹ. ਪੁ.–ਐਨ. ਬ੍ਰਿ. 5 : 242; ਐਨ. ਬ੍ਰਿ. ਮਾ. 2 : 715

**ਚੈਲੈਂਜਰ ਮੁਹਿੰਮ** : ਇਹ ਸਮੁੰਦਰੀ-ਵਿਗਿਆਨ ਨਾਲ ਸਬੰਧਤ ਇਕ ਲੰਬੀ ਖੋਜ-ਯਾਤਰਾ ਸੀ ਜੋ ਬਰਤਾਨਵੀ ਜਲ-ਸੈਨਾ (ਬ੍ਰਿਟਿਸ਼ ਐਡਮਰਿਲਟੀ) ਅਤੇ ਰਾਇਲ ਸੁਸਾਇਟੀ ਦੇ ਸਾਂਝੇ ਯਤਨਾਂ ਨਾਲ 7 ਦਸੰਬਰ, 1872 ਤੋਂ 26 ਮਈ, 1876 ਦੌਰਾਨ ਕੀਤੀ ਗਈ। ਇਸ ਸਮੁੰਦਰੀ ਖੋਜ-ਮੁਹਿੰਮ ਵਿਚ 127,600 ਕਿ. ਮੀ. (68,890 ਨਾਉਟੀਕਲ ਮੀਲ) ਦੇ ਖੇਤਰ ਦਾ ਦੌਰਾ ਕੀਤਾ ਗਿਆ। ਇਸ HMS 'ਚੈਲੈਂਜਰ' ਨਾਮੀ 2,306 ਟਨ ਦੇ ਭਾਰ ਵਾਲੀ ਲੱਕੜੀ ਦੀ ਇਕ ਜੰਗੀ ਬੇੜੀ ਦੀ ਅਗਵਾਈ ਕੈਪਟਨ ਜਾਰਜ ਸਟਰਾਂਗ ਨੇਅਰਜ਼ ਨੇ ਕੀਤੀ ਅਤੇ ਸਰ ਚਾਰਲਸ ਵਾਈਵਿਲ ਟਾਮਸਨ ਨੇ ਵਿਗਿਆਨੀ ਸਟਾਫ ਦੀ ਦੇਖਭਾਲ ਕੀਤੀ। ਇਸ ਖੋਜ ਯਾਤਰਾ ਵਿਚ 362 ਸਟੇਸ਼ਨਾਂ 'ਤੇ ਪ੍ਰੇਖਣ ਕੀਤੇ ਗਏ, 492 ਡੂੰਘੀਆਂ ਜ਼ਿਆਦਾ ਗਹਿਰਾਈਆਂ ਤੱਕ ਅਤੇ 133 ਘੱਟ ਡੂੰਘਾਈਆਂ ਤੱਕ ਖੋਜਾਂ ਕੀਤੀਆਂ ਗਈਆਂ। ਚੈਲੈਂਜਰ ਖੋਜ ਮੁਹਿੰਮ ਵਿਚ ਸਮੁੰਦਰ ਦਾ ਤਾਪਮਾਨ, ਸਮੁੰਦਰੀ ਰੋਆਂ ਅਤੇ ਵੱਡੇ-ਵੱਡੇ ਸਮੁੰਦਰੀ ਬੇਸਨਾਂ ਦੀ ਡੂੰਘਾਈ ਅਤੇ ਤੱਟਾਂ ਬਾਰੇ ਖੋਜ ਕੀਤੀ ਗਈ। ਇਸ ਤੋਂ ਇਲਾਵਾ ਸਮੁੰਦਰੀ ਸਰਵੇਖਣ ਅਤੇ ਨਕਸ਼ੇ ਤਿਆਰ ਕਰਨ ਦਾ ਕੰਮ ਅਤੇ ਜੀਵ-ਵਿਗਿਆਨਕ ਖੋਜਾਂ ਵੀ ਕੀਤੀਆਂ ਗਈਆਂ। ਇਸ ਮੁਹਿੰਮ ਤੋਂ ਬਾਅਦ ਦੀਆਂ ਖੋਜ ਮੁਹਿੰਮਾਂ ਨੇ ਇਸ ਦੇ ਖੋਜ ਨਤੀਜਿਆਂ ਵਿਚ ਹੋਰ ਵਾਧਾ ਤਾਂ ਕੀਤਾ ਪਰ ਇਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਕਰ ਸਕੇ। ਚੈਲੈਂਜਰ ਦੇ ਕਾਰਜ ਖੇਤਰ ਅਤੇ ਇਸ ਦੀ ਪਰਿਪੂਰਨਤਾ ਨੇ ਸਮੁੰਦਰ ਹੇਠਲੇ ਖੋਜ-ਖੇਤਰ ਵਿਚ ਇਸ ਨੂੰ ਇਕ ਚਾਨਣ ਮੁਨਾਰਾ ਬਣਾ ਦਿੱਤਾ ਹੈ। ਇਸ ਮੁਹਿੰਮ ਦੀ ਰਿਪੋਰਟ 'ਦੀ ਚੈਲੈਂਜਰ ਰਿਪੋਰਟ' ਦੇ ਨਾਂ ਹੇਠ 1890 ਤੋਂ 1895 ਵਿਚਕਾਰ 50 ਜਿਲਦਾਂ ਵਿਚ ਛਾਪੀ ਗਈ। ਇਸ ਦੇ ਉਸ ਸਮੇਂ ਦੇ ਇਕੱਠੇ ਕੀਤੇ ਅੰਕੜਿਆਂ ਵਿਚੋਂ ਬਹੁਤ ਸਾਰੇ ਤਾਂ ਹੁਣ ਤੱਕ ਵੀ ਵਰਤੇ ਜਾਂਦੇ ਹਨ।

ਹ. ਪੁ.–ਐਨ. ਬ੍ਰਿ. ਮਾ. 2 : 714

**ਚੈਵੀਅਟ ਪਹਾੜੀਆਂ** : ਇੰਗਲੈਂਡ ਅਤੇ ਸਕਾਟਲੈਂਡ ਦੀ ਸਰਹੱਦ ਨਾਲ 50 ਕਿ.ਮੀ. (30 ਮੀਲ) ਤੋਂ ਵੱਧ ਇਲਾਕੇ ਵਿਚ ਫੈਲਿਆ ਇਹ ਇਕ ਪਹਾੜੀ ਖੇਤਰ ਹੈ। ਇਨ੍ਹਾਂ ਪਹਾੜੀਆਂ ਦੇ ਪੂਰਬ ਵਿਚ ਪ੍ਰਾਚੀਨ ਜਵਾਲਾਮੁਖੀ ਚਟਾਨਾਂ ਦਾ ਇਕ ਵੱਡਾ ਸਮੂਹ ਹੈ ਜੋ 816 ਮੀ. (2,676 ਫੁੱਟ) ਤੱਕ ਉੱਚਾ ਹੈ। ਇਹ ਸਿੱਧੀ ਢਲਾਣ ਵਾਲੀਆਂ ਗੋਲਦਾਰ ਪਹਾੜੀਆਂ ਹਨ। ਡੂੰਘੀਆਂ ਤੰਗ ਘਾਟੀਆਂ ਇਨ੍ਹਾਂ ਪਹਾੜੀਆਂ ਨੂੰ ਵੱਖ ਕਰਦੀਆਂ ਹਨ। ਇਥੇ ਪੂਰਬ ਇਤਿਹਾਸਕ ਵਸੋਂ ਦੇ ਬਹੁਤ ਪ੍ਰਮਾਣ ਮਿਲਦੇ ਹਨ। ਦੂਰ ਪੱਛਮ ਵਿਚ ਸਲੇਟੀ ਪੱਥਰ ਅਤੇ ਬਲੂਏ ਪੱਥਰ ਦੀਆਂ ਹੇਠਲੀਆਂ ਪਹਾੜੀਆਂ ਜਿਹੜੀਆਂ ਹਿਮਾਨੀ ਵਿਸਥਾਪਨ ਨਾਲ ਢੱਕੀਆਂ ਪਈਆਂ ਹਨ, ਪੀਟ-ਭਰਪੂਰ ਉਜਾੜਾਂ ਨੂੰ ਹੋਂਦ ਵਿਚ ਲਿਆਉਂਦੀਆਂ ਹਨ ਅਤੇ ਦੂਜੇ ਵਿਸ਼ਵ ਯੁੱਧ ਤੋਂ ਇਨ੍ਹਾਂ ਉਜਾੜਾਂ ਵਿਚ ਵਿਸਤ੍ਰਿਤ ਰੂਪ ਵਿਚ ਜੰਗਲ-ਉੱਨਤ ਕੀਤੇ ਗਏ ਹਨ। ਜੰਗੀ ਕਮਿਸ਼ਨ ਦੇ ਕੰਟਰੋਲ ਹੇਠਲੀ ਜ਼ਮੀਨ ਨੂੰ 1955 ਈ. ਵਿਚ ਨੈਸ਼ਨਲ ਜੰਗਲ ਪਾਰਕ ਬਣਾ ਦਿੱਤਾ ਗਿਆ ਅਤੇ ਇਸ ਤੋਂ ਵੀ ਵੱਧ ਕਰਬੇ ਦਾ ਨਾਂ ਨਾਰਥੰਬਰਲੈਂਡ ਨੈਸ਼ਨਲ ਪਾਰਕ ਰੱਖ ਦਿੱਤਾ ਗਿਆ।

55° 24′ ਉ. ਵਿਥ.; 2° 20′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 2 :818

**ਚੋਹਾ ਸਾਹਿਬ** : ਇਹ ਪਾਕਿਸਤਾਨ ਦੇ ਜ਼ਿਲ੍ਹਾ ਜਿਹਲਮ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਗੁਰਦੁਆਰਾ ਹੈ। ਇਹ ਅਸਥਾਨ ਥਾਣਾ ਦੀਨਾ ਦੇ ਪਿੰਡ ਰੋਹਤਾਸ ਤੋਂ ਉੱਤਰ ਵੱਲ ਪਹਾੜੀ ਦੇ ਹੇਠਾਂ ਸਥਿਤ ਹੈ ਅਤੇ ਰੇਲਵੇ ਸਟੇਸ਼ਨ ਦੀਨਾ ਤੋਂ ਲਗਭਗ 5 ਕਿਲੋਮੀਟਰ ਪੱਛਮ ਵਿਚ ਹੈ। ਇਕ ਭਗਰੂ ਨਾਂ ਦੇ ਸਿੱਖ ਦੀ ਬੇਨਤੀ ਤੇ ਗੁਰੂ ਸਾਹਿਬ ਨੇ ਇਸ ਥਾਂ ਤੇ ਪੱਥਰ ਚੁਕ ਕੇ ਜਲ ਦਾ ਪ੍ਰਵਾਹ ਜਾਰੀ ਕੀਤਾ ਸੀ। ਇਸ ਜਲ ਦੇ ਸੋਮੇ ਕੋਲ ਇਕ ਛੋਟਾ ਜਿਹਾ ਸਰੋਵਰ ਹੈ ਜਿਸ ਵਿਚ ਹਰ ਵੇਲੇ ਨਿਰਮਲ ਜਲ ਵਹਿੰਦਾ ਹੈ। ਇਸ ਨੂੰ 'ਚਸ਼ਮਾ ਸਾਹਿਬ' ਵੀ ਕਹਿੰਦੇ ਹਨ। ਚਸ਼ਮੇ ਤੋਂ ਪੂਰਬ ਵੱਲ ਦਰਬਾਰ ਬਣਿਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਨਾਂ ਜ਼ਮੀਨ ਲਗਵਾਈ ਸੀ। ਕੱਤਕ ਸੁਦੀ 15 ਨੂੰ ਇਥੇ ਮੇਲਾ ਲਗਦਾ ਹੈ।

ਹ. ਪੁ. -ਮ. ਕੋ. : 476

**ਚੋਕੋਨੱਇ ਵਿਟਜ਼, ਮਿਹਾਲੀ** : ਇਹ ਹੰਗਰੀ ਦਾ ਪ੍ਰਸਿੱਧ ਕਵੀ ਸੀ। ਇਸ ਦਾ ਜਨਮ 17 ਨਵੰਬਰ, 1773 ਨੂੰ ਡੈਬ੍ਰੇਸੈਨ (ਹੰਗਰੀ)

ਵਿਖੇ ਹੋਇਆ। ਇਸ ਨੂੰ ਆਪਣਾ ਸਾਰਾ ਜੀਵਨ ਅਸਾਧਾਰਣ ਔਕੜਾਂ ਦਾ ਮੁਕਾਬਲਾ ਕਰਨਾ ਪਿਆ। ਪਹਿਲਾਂ ਇਹ ਡੈਬ੍ਰੇਸੈਨ ਵਿਖੇ ਸਹਾਇਕ ਮਾਸਟਰ ਲੱਗਾ ਪਰ ਇਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਇਹ ਇਕ



ਮਿਹਾਲੀ ਚੋਕੋਨੌਇ ਵਿਟਜ਼

ਅਵਾਰਾ ਕਵੀ ਬਣ ਗਿਆ। ਇਸ ਨੇ ਇਕ ਅਮੀਰ ਕੁੜੀ ਜਿਸ ਦਾ ਇਸ ਦੀਆਂ ਕਵਿਤਾਵਾਂ ਵਿਚ 'ਲਿਲਾ' ਕਰਕੇ ਜ਼ਿਕਰ ਆਉਂਦਾ ਹੈ, ਖ਼ਾਤਰ ਪੱਕੀ ਨੌਕਰੀ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਇਸ ਨੂੰ ਇਕ ਛੋਟੇ ਕਸਬੇ ਵਿਚ ਪੱਕੀ ਨੌਕਰੀ ਮਿਲੀ ਤਾਂ ਉਸ ਸਮੇਂ ਤੱਕ ਉਸ ਕੁੜੀ ਦਾ ਵਿਆਹ ਹੋ ਚੁੱਕਾ ਸੀ। ਗਰੀਬੀ ਅਤੇ ਬੁਰੀ ਹਾਲਤ ਵਿਚ ਇਹ ਵਾਪਸ ਡੈਬ੍ਰੇਸੈਨ ਆ ਗਿਆ ਅਤੇ ਆਪਣੀਆਂ ਕਵਿਤਾਵਾਂ ਨੂੰ ਪ੍ਰਕਾਸ਼ਿਤ ਰੂਪ ਵਿਚ ਦੇਖਣ ਤੋਂ ਪਹਿਲਾਂ ਹੀ 28 ਜਨਵਰੀ, 1805 ਨੂੰ ਇਸ ਦੀ ਮੌਤ ਹੋ ਗਈ।

ਇਸ ਨੇ ਕਵਿਤਾ ਦੇ ਰੂਪ ਵੱਲ ਵੱਧ ਧਿਆਨ ਦਿੱਤਾ। ਇਹ ਹੰਗਰੀ ਦੇ ਛੰਦ ਸ਼ਾਸਤਰ ਦੇ ਮੁੱਢਲੇ ਸਿਧਾਂਤਕਾਰਾਂ ਵਿਚੋਂ ਇਕ ਸੀ। ਇਸ ਦੀ ਕਵਿਤਾ ਵਿਚ ਜਾਗ੍ਰਿਤੀ ਦਾ ਅੰਸ਼ ਪ੍ਰਧਾਨ ਹੈ। ਇਸ ਵਿਚ ਵਿਅੰਗ ਹੈ, ਭਾਵੁਕਤਾ ਹੈ। ਇਸ ਨੇ ਨਾਟਕ ਵੀ ਲਿਖੇ। ਇਸ ਨੇ ਹੰਗਰੀ ਸਾਹਿਤ ਦਾ ਪਹਿਲਾ ਗਜ਼ਾਹੀਆ ਮਹਾਂਕਾਵਿ 'Dorottye' (1804) ਲਿਖਿਆ, ਜਿਹੜਾ ਕਿ ਬਹੁਤ ਪ੍ਰਸਿੱਧ ਹੈ।

ਹ. ਪੁ.—ਐਨ. ਬ੍ਰਿ. 6 : 831; ਐਨ. ਬ੍ਰਿ. ਮਾ. 3 : 275

**ਚੋਪ** : ਇਹ ਵਿਆਹ ਦੀ ਫੁਲਕਾਰੀ ਹੈ। ਵਿਆਹ ਦੀਆਂ ਰੀਤਾਂ ਸਮਾਪਤ ਹੋਣ ਤੋਂ ਪਹਿਲਾਂ ਲੜਕੀ ਨੂੰ ਚੂੜਾ ਚੜ੍ਹਾਉਣ ਵੇਲੇ ਨਾਨੀ ਚੋਪ ਦੇਂਦੀ ਸੀ। ਪੁਰਾਤਨ ਵਿਚਾਰਾਂ ਦੇ ਲੋਕਾਂ ਵਿਚ ਇਹ ਰਸਮ ਅੱਜ ਵੀ ਪ੍ਰਚਲਤ ਹੈ।

ਚੋਪ ਸਾਧਾਰਣ ਫੁਲਕਾਰੀ ਤੋਂ ਵੱਡੀ ਹੁੰਦੀ ਹੈ ਅਤੇ ਇਸ ਦੀ ਕਢਾਈ ਵੀ ਇਕ ਖਾਸ ਗੁੰਝਲਦਾਰ ਤ੍ਰੋਪੇ ਨਾਲ ਕੀਤੀ ਜਾਂਦੀ ਹੈ। ਇਹ ਲਾਲ ਸੂਹੇ ਖੱਦਰ ਉਪਰ ਸੁਨਹਿਰੀ ਪੀਲੇ ਧਾਗੇ ਨਾਲ ਕੱਢੀ ਜਾਂਦੀ ਹੈ ਅਤੇ ਇਹ ਕਢਾਈ ਕੇਵਲ ਪੱਲਿਆਂ ਤੇ ਪਾਸਿਆਂ ਉੱਤੇ ਹੀ ਕੀਤੀ ਜਾਂਦੀ ਹੈ। ਇਸ ਕਢਾਈ ਵਿਚ ਤ੍ਰੋਪਾ ਬਹੁਤ ਨਿੱਕਾ ਹੁੰਦਾ ਹੈ ਅਤੇ ਕੱਪੜੇ ਉਪਰ ਚੌਰਸ ਜਾਂ ਗੋਲ ਫੇਰਾਂ ਵਿਚ ਬੂਟੇ ਪਾਏ ਜਾਂਦੇ ਹਨ।

ਚੋਪ ਕੁੜੀ ਦੇ ਵਿਆਹ ਦੀ ਇਕ ਖ਼ਾਸ ਚੀਜ਼ ਹੈ। ਕੁੜੀ ਦੀ ਨਾਨੀ ਅਤੇ ਮਾਂ ਆਦਿ ਚੋਪ ਕੱਢਣ ਵਿਚ ਬਹੁਤ ਫ਼ਖਰ ਮਹਿਸੂਸ ਕਰਦੀਆਂ ਸਨ। ਆਂਢ-ਗੁਆਂਢ ਅਤੇ ਕੁੜੀਆਂ ਇਕੱਠੀਆਂ ਹੋ ਕੇ ਇਸ ਮੌਕੇ ਤੇ ਪ੍ਰਾਰਥਨਾ ਕਰਦੀਆਂ, ਗੁੜ ਤੇ ਖੋਪਾ ਵੰਡਦੀਆਂ ਅਤੇ ਸਾਰੀਆਂ ਦੇ ਉਨ੍ਹਾਂ ਸੱਜੇ ਹੱਥ ਉੱਤੇ ਪਵਿੱਤਰ ਮੌਲੀ ਬੰਨ੍ਹਦੀਆਂ ਸਨ। ਇਸ ਪਿੱਛੋਂ ਇਸਤਰੀਆਂ ਢੋਲਕੀ ਦੀ ਤਾਲ ਉਪਰ ਸੁਹਾਗ ਦਾ ਗੀਤ ਛੇੜਦੀਆਂ ਅਤੇ ਨਾਨੀ ਚੋਪ ਉੱਤੇ ਪਹਿਲਾ ਤ੍ਰੋਪਾ ਭਰਦੀ ਸੀ। ਇਸ ਵੇਲੇ ਸਾਰੇ ਜਣੇ ਨਾਨੀ ਅਤੇ ਦੋਹਤੀ ਨੂੰ ਸ਼ੁਭ ਇਛਾਵਾਂ ਦੇਂਦੇ ਸਨ।

ਹ. ਪੁ.—ਪੰਜਾਬ -ਭਾ. ਵਿ. ਪੰ.

**ਚੋਪਦਾ** : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਜਲਗਾਓਂ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਧੁਲੀਆ ਤੋਂ ਲਗਭਗ 75 ਕਿ. ਮੀ. ਉੱਤਰ-ਪੂਰਬ ਵੱਲ ਤਾਪਤੀ ਦਰਿਆ ਦੇ ਸੱਜੇ ਕੰਢੇ ਤੋਂ ਲਗਭਗ 12 ਕਿ. ਮੀ. ਦੂਰੀ ਤੇ ਸਥਿਤ ਹੈ। ਇਹ ਕਾਫ਼ੀ ਪੁਰਾਣਾ ਵਸਿਆ ਹੋਇਆ ਹੈ ਅਤੇ ਇਥੇ ਦੇ ਕਿਲੇ ਦੇ ਖੰਡਰਾਤਾਂ ਤੋਂ ਲੱਗਦਾ ਹੈ ਕਿ ਇਹ ਮੁੱਢਲੇ ਹਿੰਦੂ ਰਾਜਿਆਂ ਅਧੀਨ ਕਾਫ਼ੀ ਮਹੱਤਤਾ ਵਾਲਾ ਥਾਂ ਰਿਹਾ ਹੋਵੇਗਾ। ਸੰਨ 1600 ਵਿਚ ਇਹ ਕਾਫ਼ੀ ਵਸੋਂ ਵਾਲਾ ਤੇ ਕਾਫ਼ੀ ਵੱਡਾ ਸ਼ਹਿਰ ਸੀ। ਇਥੇ ਰਾਮੇਸ਼ਵਰ ਦਾ ਮੰਦਰ ਸੀ ਜਿਸ ਦੀ ਯਾਤਰਾ ਲਈ ਹਿੰਦੂ ਲੋਕ ਬਹੁਤ ਦੂਰ-ਦੂਰ ਤੋਂ ਆਉਂਦੇ ਸਨ। ਸੰਨ 1820 ਵਿਚ ਸਿੰਧੀਆਂ ਨੇ ਇਸ ਨੂੰ ਬਰਤਾਨਵੀ ਸਰਕਾਰ ਨੂੰ ਦੇ ਦਿੱਤਾ ਤੇ 1837 ਵਿਚ ਇਸ ਕੋਲ ਵਾਪਿਸ ਆ ਗਿਆ ਪਰ 1844 ਵਿਚ ਇਹ ਫਿਰ ਤੋਂ ਬਰਤਾਨਵੀ ਸਰਕਾਰ ਅਧੀਨ ਆ ਗਿਆ। ਸ਼ਹਿਰ ਵਿਚ 1870 ਤੋਂ ਮਿਉਂਸਪਲ ਕਮੇਟੀ ਹੈ ਤੇ ਪੁਰਾਣੇ ਸਮੇਂ ਤੋਂ ਹੀ ਇਥੇ ਕਈ ਵਿੱਦਿਅਕ ਸੰਸਥਾਵਾਂ ਹਨ ਤੇ ਇਥੇ ਕਪਾਹ ਅਤੇ ਅਲਸੀ ਦਾ ਵਪਾਰ ਹੁੰਦਾ ਹੈ।

ਆਬਾਦੀ—49,234 (1991)

ਹ. ਪੁ.—ਇੰਪ. ਗ. ਇੰਡ. 10 : 327

**ਚੋਪੜਾ, ਜਗਮੋਹਨ** : ਪੰਜਾਬ (ਭਾਰਤ) ਦੇ ਇਸ ਚਿੱਤਰਕਾਰ ਦਾ ਜਨਮ 19 ਫ਼ਰਵਰੀ, 1935 ਨੂੰ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਸੰਨ 1958 ਵਿਚ ਇਸ ਨੇ ਫ਼ਾਈਨ ਆਰਟਸ ਵਿਚ ਡਿਪਲੋਮਾ ਹਾਸਿਲ ਕੀਤਾ। ਸੰਨ 1956 ਤੋਂ 1976 ਤੱਕ ਇਸ ਨੇ ਸਿੱਖਿਅਕ ਵਜੋਂ ਕੰਮ ਕੀਤਾ। ਇਹ ਚੰਡੀਗੜ੍ਹ ਦੇ ਆਰਟਸ ਕਾਲਜ ਦਾ ਪ੍ਰਿੰਸੀਪਲ ਅਤੇ ਸਰਕਾਰੀ ਮਿਊਜ਼ੀਅਮ ਅਤੇ ਆਰਟ ਗੈਲਰੀ ਦਾ ਡਾਇਰੈਕਟਰ ਰਹਿ ਚੁਕਿਆ ਹੈ।

ਸੰਨ 1958 ਤੋਂ 1976 ਤੱਕ ਨਵੀਂ ਦਿੱਲੀ ਵਿਚ ਕਾਲਜ ਆਫ਼ ਆਰਟਸ ਵਿਚ ਸੀਨੀਅਰ ਲੈਕਚਰਾਰ ਹੋਣ ਸਮੇਂ ਇਸਨੇ ਕਈ ਵਾਰੀ ਇਕੱਲਿਆਂ ਹੀ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਦਰਸ਼ਨੀਆਂ ਵਿਚ ਭਾਗ ਲਿਆ। ਇਹ ਕਈ ਕਲਾਤਮਕ ਅਤੇ ਸਭਿਆਚਾਰਕ ਸੰਸਥਾਵਾਂ ਦਾ ਮੈਂਬਰ ਹੈ। ਇਹ ਦਿੱਲੀ ਸ਼ਿਲਪੀ ਚਕ੍ਰ ਦਾ ਚੇਅਰਮੈਨ ਵੀ ਹੈ।

ਇਸ ਦੇ ਚਿੱਤਰ ਲਲਿਤ ਕਲਾ ਅਕਾਦਮੀ ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟ, ਰਾਸ਼ਟਰਪਤੀ ਭਵਨ, ਹੈਦਰਾਬਾਦ ਸਟੇਟ ਮਿਊਜ਼ੀਅਮ, ਰਾਜ ਨਿਵਾਸ ਦਿੱਲੀ ਆਦਿ ਦੀ ਸ਼ੋਭਾ ਵਧਾ ਰਹੇ ਹਨ। ਇਸਨੇ 1968 ਅਤੇ 1970 ਵਿਚ ਦੋ ਵਾਰ ਰਾਸ਼ਟਰੀ ਇਨਾਮ ਪ੍ਰਾਪਤ ਕੀਤਾ। ਇਸ ਤੋਂ ਇਲਾਵਾ, ਇਸ ਨੇ ਆਲ ਇੰਡੀਆ ਫਾਈਨ ਆਰਟਸ ਅਤੇ ਕ੍ਰਾਫਟ ਸੋਸਾਇਟੀ ਵੱਲੋਂ ਆਯੋਜਿਤ ਕੀਤੀਆਂ ਗਈਆਂ ਪ੍ਰਦਰਸ਼ਨੀਆਂ ਵਿਚ ਵੀ ਕਈ ਇਨਾਮ ਹਾਸਲ ਕੀਤੇ।

ਹ. ਪੁ. –ਨੈਸ਼ਨਲ ਆਨਰਜ਼ ਐਨ. ; ਇੰਡੀਆ ਹੂ. ਜ਼. ਹੂ 1982-83

**ਚੋਬੇ ਜਾਗੀਰਾਂ** : ਇਹ ਕੇਂਦਰੀ ਭਾਰਤ ਵਿਚ ਛੋਟੀਆਂ-ਛੋਟੀਆਂ ਸਨਦੀ ਜਾਗੀਰਾਂ ਦਾ ਇਕ ਸਮੂਹ ਸੀ ਜੋ ਬੁੰਦੇਲਖੰਡ ਵਿਚ ਰਾਜਨੀਤਿਕ ਏਜੰਟ ਦੇ ਅਧੀਨ ਸਨ। ਇਸ ਦੇ ਉੱਤਰ-ਪੂਰਬ ਅਤੇ ਪੱਛਮ ਵਿਚ ਬੰਦਾ ਜ਼ਿਲ੍ਹਾ ਅਤੇ ਦੱਖਣ ਵਿਚ ਬਰਾਉਂਦਾ ਇਸ ਦੀ ਸਰਹੱਦ ਬਣਾਉਂਦੇ ਸਨ। ਚੋਬੇ ਜਾਗੀਰਾਂ ਵਿਚ ਪੰਜ ਜਾਗੀਰਾਂ—ਪਾਲਦਿਓ,

ਪੋਹਰਾ, ਤਰਾਓਂ, ਭਾਈਸਾਉਂਦਾ ਅਤੇ ਕਾਮਤ-ਰਜਾਉਲਾ ਸ਼ਾਮਲ ਸਨ। ਇਨ੍ਹਾਂ ਦਾ ਕੁੱਲ ਖੇਤਰਫਲ 325 ਵ. ਕਿ. ਮੀ. ਸੀ। ਇਨ੍ਹਾਂ ਜਾਗੀਰਾਂ ਦੀ ਆਮਦਨ ਦਾ ਮੁੱਖ ਸਾਧਨ ਕੀਮਤੀ ਪੱਥਰਾਂ ਦੀ ਵਿਕਰੀ ਸੀ। ਇਨ੍ਹਾਂ ਵਿਚ ਆਬਾਦੀ ਦੀ ਔਸਤ ਘਣਤਾ 163 ਵਿਅਕਤੀ ਪ੍ਰਤੀ ਵਰਗ ਮੀਲ ਸੀ ਜਿਸ ਵਿਚ 94% ਆਬਾਦੀ ਹਿੰਦੂਆਂ ਦੀ ਅਤੇ ਬਾਕੀ ਅਧਿਆਤਮਵਾਦੀਆਂ ਅਤੇ ਮੁਸਲਮਾਨਾਂ ਦੀ ਸੀ।

ਇਨ੍ਹਾਂ ਜਾਗੀਰਾਂ ਦੇ ਮਾਲਕ ਜਿਝੋਟੀਆ (ਜਿਜਹੋਤੀਆ) ਬ੍ਰਾਹਮਣ ਸਨ ਜਿਨ੍ਹਾਂ ਨੂੰ ਚੋਬੇ ਕਿਹਾ ਜਾਂਦਾ ਸੀ। ਸ਼ੁਰੂ ਵਿਚ ਦਾਦਰੀ ਨਾਮੀ ਪਿੰਡ ਵਿਚ ਇਨ੍ਹਾਂ ਦੀ ਜ਼ਮੀਨ ਸੀ ਜੋ ਨਵਾਂ ਗਾਓਂ ਫ਼ੌਜੀ ਛਾਉਣੀ ਦੇ ਨਜ਼ਦੀਕ ਸੀ। ਫ਼ੌਜੀ ਸੇਵਾ ਵੱਲ ਇਨ੍ਹਾਂ ਦੇ ਕੁਦਰਤੀ ਝੁਕਾਅ ਕਾਰਨ ਇਹ ਮਸ਼ਹੂਰ ਹੋ ਗਏ ਅਤੇ ਪੰਨਾ ਦੇ ਰਾਜੇ, ਰਾਜਾ ਛੱਤਰਸਾਲ ਦੇ ਸਮੇਂ ਇਹ ਫ਼ੌਜ ਦੇ ਵੱਡੇ-ਵੱਡੇ ਅਹੁਦਿਆਂ ਤੇ ਪਹੁੰਚ ਗਏ। ਇਨ੍ਹਾਂ ਵਿਚੋਂ ਪਹਿਲੀਆਂ ਚਾਰ ਜਾਗੀਰਾਂ ਦੇ ਮਾਲਕ ਰਾਮ ਕਿਸ਼ਨ ਦੇ ਵਾਰਸਾਂ ਵਿਚੋਂ ਹਨ। ਰਾਮ ਕਿਸ਼ਨ ਪੰਨਾ ਦੇ ਰਾਜਾ ਹਿਰਦੇ ਸ਼ਾਹ ਸਮੇਂ ਕਾਲਿੰਜਰ ਦੇ ਕਿਲੇ ਦਾ ਗਵਰਨਰ ਸੀ। ਬੁੰਦੇਲ ਖੰਡ ਉੱਤੇ ਬਾਂਦਾ ਦੇ ਨਵਾਬ ਅਲੀ ਮੁਹੰਮਦ ਦੇ ਹਮਲਿਆਂ ਸਮੇਂ ਰਾਮ ਕਿਸ਼ਨ ਨੇ ਕਿਲੇ ਉੱਤੇ ਕਬਜ਼ਾ ਕਰ ਲਿਆ ਅਤੇ 10 ਸਾਲਾਂ ਤੱਕ ਨਵਾਬ ਦੇ ਸਾਰੇ ਹਮਲਿਆਂ ਦਾ ਡੱਟ ਕੇ ਮੁਕਾਬਲਾ ਕਰਦਾ ਰਿਹਾ। ਬਰਤਾਨਵੀ ਪ੍ਰਭਾਵ ਵਧਣ ਸਮੇਂ ਕਾਲਿੰਜਰ ਦੇ ਕਿਲੇ ਉੱਤੇ ਇਸ ਦੇ ਸੱਤ ਪੁੱਤਰਾਂ ਦਾ ਕਬਜ਼ਾ ਸੀ। ਬੇਸ਼ਕ ਇਹ ਲੋਕ ਪੰਨਾ ਰਾਜ ਦੇ ਬਗ਼ਾਵਤੀ ਵੀ ਸਨ ਪਰ ਬਰਤਾਨਵੀ ਸਰਕਾਰ ਨੇ ਆਪਣੀ ਸ਼ਾਂਤੀ ਸਥਾਪਨਾ ਦੀ ਨੀਤੀ ਨਾਲ ਆਪਣੀ ਸਰਪ੍ਰਸਤੀ ਹੇਠ ਇਨ੍ਹਾਂ ਨੂੰ 1812 ਵਿਚ ਕਿਲੇ ਅਤੇ ਨਾਲ ਲੱਗਦੀ ਸਾਰੀ ਜਾਇਦਾਦ ਦਾ ਮਾਲਕ ਬਣਾ ਦਿੱਤਾ ਪਰ ਇਨ੍ਹਾਂ ਦਾ ਵੱਡਾ ਭਰਾ ਫਿਰ ਵੀ ਬਰਤਾਨਵੀ ਸਰਕਾਰ ਨਾਲ ਪੂਰੀ ਤਰ੍ਹਾਂ ਅਮਨ ਨਾਲ ਰਿਹਾ। 16 ਜਨਵਰੀ, 1812 ਨੂੰ ਕਰਨਲ ਮਾਰਟਿਨਡੇਲ ਨੇ ਕਿਲੇ ਤੇ ਹਮਲਾ ਕਰ ਦਿੱਤਾ। ਭਾਵੇਂ ਇਸਦਾ ਹਮਲਾ ਕਾਮਯਾਬ ਨਾ ਹੋਇਆ ਪਰ ਦਰੀਆਓ ਸਿੰਘ ਇਸ ਗੱਲ ਤੇ ਅਧੀਨਗੀ ਮੰਨਣ ਨੂੰ ਤਿਆਰ ਹੋ ਗਿਆ ਕਿ ਉਸਦੇ ਪਰਿਵਾਰ ਨੂੰ ਹੋਰ ਜ਼ਮੀਨਾਂ ਦਿੱਤੀਆਂ ਜਾਣ। ਇਹ ਸ਼ਰਤਾਂ ਮੰਨ ਲਈਆਂ ਗਈਆਂ ਪਰ ਘਰ ਵਿਚ ਆਪਸੀ ਮੱਤਭੇਦ ਵਧ ਜਾਣ ਕਰਕੇ ਘਰ ਦੇ ਹਰ ਇਕ ਮੈਂਬਰ ਲਈ ਅਤੇ ਇਨ੍ਹਾਂ ਦੇ ਘਰੇਲੂ ਵਕੀਲ ਗੋਪਾਲ ਲਾਲ ਕਾਯਸਥ ਲਈ ਵੱਖ-ਵੱਖ ਸਨਦ ਦਿੱਤੀ ਗਈ। ਇਸ ਨਵੇਂ ਝਗੜੇ ਕਾਰਨ 1817 ਵਿਚ ਫਿਰ ਨਵਾਂ ਸਮਝੌਤਾ ਹੋਇਆ। ਸੰਨ 1862 ਵਿਚ ਜਾਗੀਰਾਂ ਨੂੰ ਜੱਦੀ ਸਨਦ ਬਣਾਇਆ ਗਿਆ ਜਿਸ ਅਨੁਸਾਰ ਅਸਲੀ ਜਾਂ ਮੁਤਬੰਨਾ ਵਾਰਸ ਨਾ ਹੋਣ ਦੀ ਹਾਲਤ ਵਿਚ ਉਸ ਜਾਗੀਰ ਨੂੰ ਬਾਕੀ ਸਾਰਿਆਂ ਜ਼ਿੰਦਾ ਭਰਾਵਾਂ ਵਿਚ ਬਰਾਬਰ-ਬਰਾਬਰ ਵੰਡ ਦਿੱਤਾ ਜਾਵੇਗਾ। ਇਸ ਤਰ੍ਹਾਂ 1817 ਦੀ ਸੰਧੀ ਅਨੁਸਾਰ ਬਣੇ 9 ਹਿੱਸੇ 1839 ਵਿਚ ਸੱਤ ਰਹਿ ਗਏ। ਸੰਨ 1864 ਵਿਚ ਕੇਵਲ ਪੰਜ ਅਤੇ 1855 ਵਿਚ ਕਤਲ ਹੋ ਜਾਣ ਤੇ ਇਹ ਕੇਵਲ 4 ਹਿੱਸਿਆਂ ਵਿਚ ਹੀ ਰਹਿ ਗਈ।

ਹ. ਪੁ.–ਇੰਪ. ਗ. ਇੰਡ. 10 : 183

**ਚੋਮਡੀ ਕੁਰਸ, ਅਲੈਗਜ਼ੈਂਡਰ** : ਇਹ ਹੰਗਰੀ ਦਾ ਯਾਤਰੀ ਤੇ ਭਾਸ਼ਾ ਵਿਗਿਆਨੀ ਸੀ। ਇਸ ਦਾ ਜਨਮ ਕੁਰਸ ਵਿਖੇ 4 ਅਪ੍ਰੈਲ, 1784 ਵਿਚ ਹੋਇਆ। ਵਿਦਿਆ ਪ੍ਰਾਪਤੀ ਮਗਰੋਂ 1820 ਵਿਚ ਇਹ ਮੈਗਯਾਰਾਂ ਦਾ ਮੂਲ ਲੱਭਣ ਲਈ ਪੂਰਬ ਵੱਲ ਚੱਲ ਪਿਆ। ਇਹ ਮਿਸਰ ਗਿਆ ਤੇ ਕੇਂਦਰੀ ਏਸ਼ੀਆ ਵਿਚੋਂ ਹੁੰਦਾ ਤਿੱਬਤ ਪਹੁੰਚਿਆ, ਜਿਥੇ ਇਸ ਨੇ ਬੋਧੀ ਮੱਠਾਂ ਵਿਚ ਰਹਿ ਕੇ 4 ਸਾਲ ਭਾਸ਼ਾ ਤੇ ਬੋਧੀ ਸਾਹਿਤ ਦਾ ਅਧਿਐਨ ਕੀਤਾ। ਤਿੱਬਤੀ ਭਾਸ਼ਾ ਦੇ ਗਿਆਨ ਕਾਰਨ ਇਸ ਨੂੰ ਬੰਗਾਲ ਦੀ ਏਸ਼ੀਐਟਿਕ ਸੁਸਾਇਟੀ ਦੀ ਲਾਇਬ੍ਰੇਰੀ, ਜਿਸ ਵਿਚ ਤਿੱਬਤੀ ਭਾਸ਼ਾ ਦੀਆਂ 1000 ਤੋਂ ਵੱਧ ਪੁਸਤਕਾਂ ਸਨ, ਨੌਕਰੀ ਮਿਲ ਗਈ। ਬਾਅਦ ਵਿਚ ਇਸ ਨੂੰ ਸਰਕਾਰੀ ਸਹਾਇਤਾ ਮਿਲ ਗਈ ਜਿਸ ਕਰਕੇ ਇਸ ਨੇ ਤਿੱਬਤੀਅਨ ਅੰਗਰੇਜ਼ੀ ਡਿਕਸ਼ਨਰੀ ਤੇ ਤਿੱਬਤੀਅਨ ਵਿਆਕਰਣ (1834) ਪ੍ਰਕਾਸ਼ਿਤ ਕੀਤੀ। ਇਸਨੇ ਪਵਿੱਤਰ ਬੋਧੀ ਗ੍ਰੰਥਾਂ ਦਾ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤਾ। ਹੰਗਰੀ ਦੀ ਸਰਕਾਰ ਨੇ ਇਸ ਨੂੰ ਪੈਨਸ਼ਨ ਲਗਾਈ ਜਿਹੜੀ ਇਸ ਨੇ ਭਾਰਤੀ ਲਾਇਬ੍ਰੇਰੀਆਂ ਲਈ ਪੁਸਤਕਾਂ ਖਰੀਦਣ ਲਈ ਵਰਤੀ। ਕਲਕੱਤੇ ਰਹਿ ਕੇ ਇਸ ਨੇ ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਸਿੱਖੀਆਂ। ਸੰਨ 1842 ਵਿਚ ਇਸ ਨੇ ਮੈਗਯਾਰਾਂ ਦੇ ਮੂਲ ਲੱਭਣ ਲਈ ਦੂਜੀ ਵਾਰੀ ਕੋਸ਼ਿਸ਼ ਆਰੰਭੀ ਪਰ 11 ਅਪ੍ਰੈਲ, 1842 ਨੂੰ ਦਾਰਜੀਲਿੰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 6 : 871

**ਚੋਰਡੀ** : ਮਾਟਾਕਾਓ ਭਾਸ਼ਾਈ ਪਰਿਵਾਰ ਦਾ ਦੱਖਣੀ ਅਮਰੀਕੀ-ਇੰਡੀਅਨ ਨਸਲ ਦਾ ਕਬੀਲਾ ਹੈ ਜਿਹੜਾ ਬੋਲੀਵੀਆ, ਅਰਜਨਟੀਨਾ, ਪੈਰਾਗਵੇ ਦੇ ਗ੍ਰੈਨ ਚਾਕੋ ਖੇਤਰ ਵਿਚ ਪਿਲਕਮਾਈਓ ਦਰਿਆਈ ਖੰਡ ਵਿਚ ਵਸਿਆ ਹੋਇਆ ਹੈ। ਇਨ੍ਹਾਂ ਦੀ ਗਿਣਤੀ ਕੋਈ 3000 ਹੈ। ਇਹ ਲੋਕ ਆਦਿ ਵਾਸੀ ਜਿਹੇ ਹਨ, ਜਿਹੜੇ ਖੇਤੀ ਕਰਕੇ ਤੇ ਮੱਛੀਆਂ ਫੜ ਕੇ ਆਪਣਾ ਨਿਰਬਾਹ ਕਰਦੇ ਹਨ। ਸ਼ਿਕਾਰ ਵੀ ਕਰਦੇ ਹਨ ਅਤੇ ਖਾਣ ਦੀਆਂ ਚੀਜ਼ਾਂ ਜੰਗਲਾਂ ਵਿਚੋਂ ਵੀ ਪ੍ਰਾਪਤ ਕਰਦੇ ਹਨ।

ਚੋਰਡੀ ਕਬੀਲੇ ਦੇ ਲੋਕਾਂ ਵਿਚ ਇਕੋ ਵਿਆਹ ਕਰਨ ਦਾ ਰਿਵਾਜ ਹੈ, ਲੜਕੀਆਂ ਆਪਣੇ ਵਰ ਆਪ ਚੁਣਦੀਆਂ ਹਨ। ਇਸ ਕਬੀਲੇ ਦੇ ਮੁੰਡੇ ਕੁੜੀਆਂ ਵਿਚ ਉੱਨਦਾਰ ਮੋਟੇ ਜਿਹੇ ਕੱਪੜੇ, ਜਿਨ੍ਹਾਂ ਉਪਰ ਕਢਾਈ ਕੱਢੀ ਹੁੰਦੀ ਹੈ, ਪਾਉਣ ਦਾ ਰਿਵਾਜ ਹੈ। ਤੀਰ ਇਸ ਕਬੀਲੇ ਦਾ ਜੰਗੀ ਹਥਿਆਰ ਹੈ। ਪਹਿਲੇ ਸਮਿਆਂ ਦੌਰਾਨ ਲੜਾਈਆਂ ਵਿਚ ਇਹ ਲੋਕ ਤੀਰ ਕਮਾਨਾਂ ਤੋਂ ਆਪਣੇ ਸਰੀਰ ਦਾ ਬਚਾਓ ਕਰਨ ਲਈ ਮੋਟੇ ਕੱਪੜੇ ਪਾਇਆ ਕਰਦੇ ਸਨ। ਇਹ ਲੋਕ ਮਿੱਟੀ ਦੇ ਭਾਂਡੇ, ਜਾਲ ਅਤੇ ਬੁਣੇ ਹੋਏ ਥੈਲੇ ਬਣਾਉਂਦੇ ਹਨ।

ਹ. ਪੁ.–ਐਨ. ਬ੍ਰਿ. 5 : 565

**ਚੋਰਲੂ** : ਇਹ ਯੂਰਪੀ ਤੁਰਕੀ ਦੇ ਏਡਰੀਆਨੋਪਲ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਚੋਰਲੂ ਦਰਿਆ ਦੇ ਖੱਬੇ ਕੰਢੇ ਤੇ ਵਸਿਆ ਹੋਇਆ ਹੈ। ਇਹ ਮਾਰਮੋਰਾ ਸਾਗਰ ਤੇ ਸਥਿਤ ਸਿਲਵਰੀ ਤੋਂ ਲਗਭਗ 36 ਕਿ ਮੀ. ਉੱਤਰ-ਪੂਰਬ ਅਤੇ ਇਸਤੰਬੋਲ ਤੋਂ ਰੇਲ ਰਾਹੀਂ ਲਗਭਗ 115 ਕਿ ਮੀ. ਦੀ ਦੂਰੀ ਤੇ ਸਥਿਤ ਇਸਤੰਬੋਲ ਏਡਰਨ ਰੇਲਵੇ ਦਾ ਇਕ ਵੱਡਾ ਸਟੇਸ਼ਨ ਹੈ। ਇਥੇ ਊਨੀ ਕੱਪੜੇ, ਦਰੀਆਂ ਅਤੇ ਗ਼ਲੀਚੇ ਬਣਦੇ ਹਨ। ਮੋਮਜਾਮਾ, ਕੱਪੜਾ, ਗ਼ਲੀਚੇ, ਪਸ਼ੂ, ਆਂਡੇ, ਮਾਸ, ਫਲ, ਸ਼ਰਾਬ, ਅਲਕੋਹਲ, ਚਮੜਾ ਅਤੇ ਹੱਡੀਆਂ ਆਦਿ ਦਾ ਇਥੋਂ ਨਿਰਯਾਤ ਕੀਤਾ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ. 4 : 297

**ਚੋਰ ਵਪਾਰ** : ਕਰਾਂ ਜਾਂ ਵਿਧਾਨਕ ਪ੍ਰਤੀਬੰਧਾਂ ਤੋਂ ਅੱਖ ਬਚਾ ਕੇ ਜਾਂ ਉਨ੍ਹਾਂ ਦੀ ਚੋਰੀ ਕਰਕੇ ਲਾਭ ਕਮਾਉਣ ਲਈ ਗ਼ੈਰ ਕਾਨੂੰਨੀ ਰੂਪ ਨਾਲ ਕਰੰਸੀ, ਵਸਤਾਂ ਜਾਂ ਵਿਅਕਤੀਆਂ ਦਾ ਕੀਤਾ ਗਿਆ ਆਯਾਤ, ਨਿਰਯਾਤ, ਅੰਤਰਦੇਸ਼ੀ ਜਾਂ ਅੰਤਰਪ੍ਰਾਂਤਕ ਵਪਾਰ (ਖ਼ਰੀਦਣ, ਵੇਚਣ ਦੀ ਪ੍ਰਕਿਰਿਆ) ਨੂੰ ਚੋਰ ਵਪਾਰ ਕਿਹਾ ਜਾਂਦਾ ਹੈ। ਸੁਖ-ਸਾਧਨ ਵਾਲੀਆਂ ਬਦੇਸ਼ੀ ਵਸਤਾਂ ਦੀ ਵਰਤੋਂ ਦੀ ਆਦਤ ਨੂੰ ਖ਼ਤਮ ਕਰਨ ਜਾਂ ਉਸ ਨੂੰ ਘਟਾਉਣ ਦੇ ਉਦੇਸ਼ ਨਾਲ ਬਦੇਸ਼ੀ ਮੁਦਰਾ ਦੇ ਘਾਟੇ ਜਾਂ ਉਸ ਦੇ ਸੰਕਟ ਤੋਂ ਛੁਟਕਾਰਾ ਪਾਉਣ ਲਈ ਰਾਸ਼ਟਰੀ ਉਤਪਾਦਨ ਨੂੰ ਵਧਾਉਣ ਲਈ, ਰਾਸ਼ਟਰੀ ਉਦਯੋਗਾਂ ਦੀ ਸੁਰੱਖਿਆ ਤੇ ਵਾਧਾ ਕਰਨ ਲਈ, ਰਾਸ਼ਟਰ ਦੀਆਂ ਆਰਥਿਕ ਯੋਜਨਾਵਾਂ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਬਦੇਸ਼ੀ ਵਪਾਰ-ਸੰਤੁਲਨ ਲਈ ਅਤੇ ਯੁੱਧ ਸਬੰਧੀ ਜਾਂ ਦੈਵੀ ਆਫ਼ਤਾਂ ਤੋਂ ਬਚਾਉ

ਆਦਿ ਲਈ ਖੁੱਲ੍ਹੇ ਵਪਾਰ ਉੱਤੇ ਕਰ ਜਾਂ ਪ੍ਰਤੀਬੰਧ ਲਾਇਆ ਜਾਂਦਾ ਹੈ। ਇਨ੍ਹਾਂ ਕਰਾਂ ਜਾਂ ਪ੍ਰਤੀਬੰਧਾਂ ਦੇ ਕਾਰਨ ਜਾਂ ਤਾਂ ਵਸਤੂਆਂ ਦਾ ਮੁੱਲ ਵੱਧ ਜਾਂਦਾ ਹੈ ਜਾਂ ਉਨ੍ਹਾਂ ਦੀ ਮੰਗ ਵੱਧ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਪ੍ਰਤੀਬੰਧਤ ਅਤੇ ਜ਼ਿਆਦਾ ਕਰ ਵਾਲੀਆਂ ਵਸਤਾਂ ਆਦਿ ਦੀ ਵਰਤੋਂ ਲਈ ਲੋਕਾਂ ਵਿਚ ਕੁਦਰਤੀ ਤੌਰ ਤੇ ਰੁਚੀ ਵੱਧ ਜਾਂਦੀ ਹੈ। ਚੋਰ ਵਪਾਰ ਵਿਚ ਕਰਾਂ ਦੀ ਚੋਰੀ ਕੀਤੀ ਜਾਂਦੀ ਹੈ, ਇਸ ਲਈ ਕਾਨੂੰਨੀ ਰੂਪ ਨਾਲ ਲਿਆਂਦੀਆਂ ਚੀਜ਼ਾਂ ਗ਼ੈਰ ਕਾਨੂੰਨੀ ਢੰਗ ਨਾਲ ਲਿਆਂਦੀਆਂ ਚੀਜ਼ਾਂ ਦੇ ਮੁਕਾਬਲੇ ਤੇ ਮਹਿੰਗੀਆਂ ਪੈਂਦੀਆਂ ਹਨ। ਇਸ ਲਾਭ ਦੇ ਕਾਰਨ, ਲੋਕ ਇਨ੍ਹਾਂ ਨੂੰ ਖਰੀਦਦੇ ਹਨ। ਜਿਨ੍ਹਾਂ ਵਸਤਾਂ ਦੇ ਲਿਆਉਣ ਲਿਜਾਣ ਉੱਤੇ ਪੂਰਾ ਜਾਂ ਸੀਮਤ ਪ੍ਰਤੀਬੰਧ ਹੈ ਉਹ ਵੀ ਗ਼ੈਰ-ਕਾਨੂੰਨੀ ਮਾਧਿਅਮ ਰਾਹੀਂ ਮਿਲ ਜਾਂਦੀਆਂ ਹਨ। ਇਸ ਲਈ ਅਜਿਹੀਆਂ ਅਣਉਪਲਬੱਧ ਵਸਤਾਂ ਨੂੰ ਲੋਕ ਆਦਤ ਜਾਂ ਅਜਿਹੀਆਂ ਵਸਤਾਂ ਦੀ ਵਰਤੋਂ ਦੇ ਪ੍ਰਦਰਸ਼ਨ ਦੀ ਸੁਭਾਵਕ ਮਨੁੱਖੀ ਕਮਜ਼ੋਰੀ ਕਾਰਨ ਜ਼ਿਆਦਾ ਮੁੱਲ ਦੇ ਕੇ ਅਤੇ ਕਾਨੂੰਨ ਭੰਗ ਕਰਕੇ ਵੀ ਖ਼ਰੀਦਣਾ ਪਸੰਦ ਕਰਦੇ ਹਨ ਅਤੇ ਇਸ ਗ਼ੈਰ-ਕਾਨੂੰਨੀ ਅਨੈਤਿਕ ਵਪਾਰ ਵਿਚ ਵਾਧਾ ਕਰਦੇ ਹਨ।

ਭਾਵੇਂ ਵਪਾਰ ਵਿਚ ਕਰ ਵਿਵਸਥਾ ਵਾਲੇ ਸਾਰੇ ਦੇਸ਼ਾਂ ਵਿਚ ਸਦਾ ਤੋਂ ਹੀ ਕਰਾਂ ਦੀ ਚੋਰੀ ਹੁੰਦੀ ਰਹੀ ਹੈ ਅਤੇ ਸੁਤੰਤਰ ਵਪਾਰ ਤੇ ਲੱਗੇ ਪ੍ਰਤੀਬੰਧਾਂ ਨੂੰ ਲੁਕ ਛਿਪ ਕੇ ਤੋੜਿਆ ਜਾਂਦਾ ਰਿਹਾ ਹੈ, ਤਾਂ ਵੀ ਇਸ ਦਾ ਗੰਭੀਰ ਵਿਗਿਆਨਕ ਅਧਿਐਨ ਉਨ੍ਹਾਂ ਦੇਸ਼ਾਂ ਵਿਚ ਹੁੰਦਾ ਚੱਲਿਆ ਆ ਰਿਹਾ ਹੈ ਜਿਥੇ ਆਧੁਨਿਕ ਉਦਯੋਗਿਕ ਵਿਵਸਥਾ ਦਾ ਵਿਕਾਸ ਹੋਇਆ। ਭਾਵੇਂ ਕੌਟਲਿਆ ਦੇ ਅਰਥ-ਸ਼ਾਸਤਰ ਵਿਚ ਕਰਾਂ ਦੀ ਚੋਰੀ ਲਈ ਦੰਡ ਵਿਧਾਨ ਦੀ ਵਿਵਸਥਾ ਹੈ ਅਤੇ ਭਾਰਤ ਦੇ ਮੱਧ ਕਾਲ ਦੇ ਇਤਿਹਾਸ ਵਿਚ ਵੀ ਕਰ ਚੋਰੀ ਲਈ ਦੰਡ ਵਿਧਾਨ ਦਾ ਵਰਣਨ ਕਿਤੇ-ਕਿਤੇ ਮਿਲ ਜਾਂਦਾ ਹੈ ਤਾਂ ਵੀ ਉਦਯੋਗਿਕ ਉੱਨਤੀ ਵਾਲੇ ਪਹਿਲੇ ਦੇਸ਼, ਇੰਗਲੈਂਡ ਦੇ ਆਰਥਿਕ ਇਤਿਹਾਸ ਵਿਚ 1168 ਈ. ਤੋਂ ਹੀ ਇਸ ਚੋਰ ਵਪਾਰ ਦਾ ਜ਼ਿਕਰ ਮਿਲਣਾ ਸ਼ੁਰੂ ਹੋਇਆ ਸੀ। ਇੰਗਲੈਂਡ ਨੇ ਉੱਨ ਦੇ ਬਦੇਸ਼ੀ ਵਪਾਰ ਤੇ ਬਾਰ੍ਹਵੀਂ ਸਦੀ ਵਿਚ ਪ੍ਰਤਿਬੰਧ ਲਗਾਇਆ। ਇਨ੍ਹਾਂ ਪ੍ਰਤੀਬੰਧਾਂ ਤੇ ਕਰਾਂ ਤੋਂ ਬਚਣ ਲਈ ਉੱਲੂ ਵਪਾਰ (Owling) ਚਲਾਇਆ ਜੋ ਰਾਤ ਦਾ ਵਪਾਰ ਸੀ। ਉਸ ਸਮੇਂ ਤੱਕ ਇਹ ਸ਼ੱਕ ਸੀ ਕਿ ਇਹ ਚੋਰੀ ਕਰ ਵਿਭਾਗ ਦੇ ਅਧਿਕਾਰੀ ਕਰਾਉਂਦੇ ਹਨ ਅਤੇ ਜੱਜਾਂ ਨੂੰ ਉਨ੍ਹਾਂ ਦੀ ਜਾਂਚ ਦਾ ਕੰਮ ਸੌਂਪਿਆ ਗਿਆ। ਇਹ ਵਪਾਰ ਸਦੀਆਂ ਤੱਕ ਇੰਗਲੈਂਡ ਦੇ ਦੱਖਣੀ ਤਟ ਤੋਂ ਚੱਲਿਆ ਅਤੇ ਵਪਾਰੀਆਂ ਦੇ ਨਾਲ-ਨਾਲ ਜਨਤਾ ਨੇ ਵੀ ਇਸ ਗ਼ੈਰ-ਕਾਨੂੰਨੀ ਕੰਮ ਵਿਚ ਯੋਗਦਾਨ ਦਿੱਤਾ।

ਯੂਰਪ ਦੇ ਉਦਯੋਗਿਕ ਅਤੇ ਵਪਾਰਕ ਕੇਂਦਰ ਦੇਸ਼ਾਂ ਦੇ ਤੱਥ ਦਾ ਸਹੀ-ਸਹੀ ਵੇਰਵਾ ਚੌਦ੍ਹਵੀਂ ਸਦੀ ਦੇ ਮੱਧ ਵਿਚ ਮਿਲਿਆ ਅਤੇ ਇਸ ਅਨੈਤਿਕ ਵਪਾਰ ਦੇ ਲਈ ਫਾਂਸੀ ਤੱਕ ਦਾ ਦੰਡ ਅਨੇਕ ਦੇਸ਼ਾਂ ਨੇ ਨਿਰਧਾਰਤ ਕੀਤਾ। ਜਦੋਂ ਵੀ ਕਰ ਵਧੇ ਜਾਂ ਖੁੱਲ੍ਹੇ ਵਪਾਰ ਤੇ ਪ੍ਰਤੀਬੰਧ ਲੱਗਿਆ ਤਾਂ ਫ਼ਰਾਂਸ, ਇੰਗਲੈਂਡ, ਸਪੇਨ, ਪੁਰਤਗਾਲ, ਹਾਲੈਂਡ, ਜਰਮਨੀ ਅਤੇ ਇਟਲੀ ਆਦਿ ਸਾਰੇ ਯੂਰਪੀ ਦੇਸ਼ਾਂ ਅਤੇ ਉਨ੍ਹਾਂ ਦੀਆਂ ਬਸਤੀਆਂ ਵਿਚ ਇਹ ਗ਼ੈਰ-ਕਾਨੂੰਨੀ ਵਪਾਰ ਤੇਜ਼ੀ ਨਾਲ ਚਲਦਾ ਰਿਹਾ। ਇੰਨਾ ਹੀ ਨਹੀਂ ਸਮੇਂ-ਸਮੇਂ ਤੇ ਦੁਸ਼ਮਣ ਦੇਸ਼ਾਂ ਨੇ ਇਸ ਵਪਾਰ ਰਾਹੀਂ ਆਰਥਿਕ ਸੰਤੁਲਨ ਵਿਗਾੜਨ ਲਈ ਮੱਦਦ ਕੀਤੀ ਅਤੇ ਅਜਿਹੇ ਵਪਾਰੀਆਂ ਤੋਂ ਜਾਸੂਸਾਂ ਦਾ ਕੰਮ ਲਿਆ। ਸੋ ਇਨ੍ਹਾਂ ਵਪਾਰੀਆਂ ਨੇ ਦੇਸ਼ ਧ੍ਰੋਹੀ ਦਾ ਕੰਮ ਵੀ ਕੀਤਾ ਹੈ। ਨੈਪੋਲੀਅਨ ਦੇ ਸਮੇਂ ਫ਼ਰਾਂਸ ਅਤੇ ਇੰਗਲੈਂਡ ਦੇ ਯੁੱਧ ਵਿਚ ਕੈਂਟ ਆਦਿ ਦੇ ਉਸ ਸਮੇਂ ਦੇ ਸਮਗਲਰਾਂ ਨੇ ਵੱਡੇ ਪੈਮਾਨੇ ਤੇ ਰਾਸ਼ਟਰੀ ਧ੍ਰੋਹ ਕੀਤਾ ਸੀ। ਇਹ ਗੱਲ ਕੇਵਲ ਬਦੇਸ਼ੀ ਵਪਾਰ ਦੇ ਖੇਤਰ ਵਿਚ ਹੀ ਪ੍ਰਗਟ ਨਹੀਂ ਹੋਈ ਬਲਕਿ ਫ਼ਰਾਂਸ ਅਤੇ ਹੋਰ ਦੇਸ਼ਾਂ ਵਿਚ ਦੇਸ਼ ਦੇ ਅੰਦਰ ਭਿੰਨ-ਭਿੰਨ ਪ੍ਰਾਂਤਾਂ ਅਤੇ ਰਾਜਾਂ ਵਿਚ ਵਸਤਾਂ ਉੱਤੇ ਲੱਗੇ ਕਰ ਦੀ ਅਸਮਾਨਤਾ ਜਾਂ ਉਨ੍ਹਾਂ ਉੱਤੇ ਲੱਗੇ ਆਵਾਜਾਈ ਸਬੰਧੀ ਪ੍ਰਤੀਬੰਧਾਂ ਦੇ ਕਾਰਨ ਦੇਸ਼ ਦੇ ਅੰਦਰ ਵੀ ਇਸ ਵਿਚ ਵਾਧਾ ਹੋਇਆ। ਕਰਾਂ ਦੀ ਚੋਰੀ ਦਾ ਇਹ ਕੰਮ 19ਵੀਂ ਸਦੀ ਵਿਚ ਫ਼ਰਾਂਸ ਵਿਚ ਅਤੇ 20ਵੀਂ ਸਦੀ ਵਿਚ ਭਾਰਤ ਵਿਚ ਸ਼ੁਰੂ ਹੋਇਆ। ਵਾਟਰਲੂ ਦੇ ਯੁੱਧ ਪਿੱਛੋਂ ਤਟ ਰੱਖਿਅਕਾਂ ਦੇ ਸਖ਼ਤ ਨਿਰੀਖਣ ਅਤੇ ਦੇਸ਼ਾਂ ਵਿਚ ਹੋਈਆਂ ਆਪਸੀ ਸੰਧੀਆਂ ਕਾਰਨ ਇਸ ਤੇ ਕਾਬੂ ਕਰਨ ਦਾ ਜਤਨ ਕੀਤਾ ਗਿਆ। ਇਸ ਦੇ ਨਾਲ ਹੀ ਅੰਤਰਾਸ਼ਟਰੀ ਵਪਾਰ ਵਿਚ ਕਰਾਂ ਨੂੰ ਘਟ ਕਰਨ ਦੀ ਪ੍ਰਵਿਰਤੀ ਅਪਣਾਈ ਗਈ। ਵਿਸ਼ਵ ਯੁੱਧਾਂ ਦਾ ਇਸ ਉੱਤੇ ਕਾਫ਼ੀ ਅਸਰ ਹੋਇਆ ਅਤੇ ਇਸ ਕਾਲੇ ਵਪਾਰ ਵਿਚ ਵਾਧਾ ਹੋਇਆ।

ਦੂਜੇ ਵਿਸ਼ਵ ਯੁੱਧ ਪਿੱਛੋਂ ਕਈ ਦੇਸ਼ ਆਜ਼ਾਦ ਹੋਏ। ਆਰਥਿਕ ਦ੍ਰਿਸ਼ਟੀ ਤੋਂ ਇਹ ਦੇਸ਼ ਪੁਨਰ-ਨਿਰਮਾਣ ਵਿਚ ਲੱਗੇ ਹੋਏ ਹਨ ਪਰ ਪੁਰਾਣੀ ਆਦਤ ਅਤੇ ਸ੍ਰੇਸ਼ਟ ਰਾਸ਼ਟਰੀ ਉਤਪਾਦਨ ਦੇ ਘਾਟੇ ਕਾਰਨ ਇਸ ਵਪਾਰ ਵਿਚ ਵਾਧਾ ਹੋ ਰਿਹਾ ਹੈ। ਇਸ ਵਪਾਰ ਵਿਚ ਕਈ ਵਾਰੀ ਸਰਕਾਰੀ ਕਰਮਚਾਰੀ ਅਤੇ ਇਥੋਂ ਤੱਕ ਕਿ ਰਾਜਦੂਤ ਵੀ ਮਦਦ ਕਰਦੇ ਹਨ। ਦੂਜੇ ਵਿਸ਼ਵ ਯੁੱਧ ਦੇ ਆਰੰਭ ਤੋਂ ਹੀ ਇਹ ਵਪਾਰ ਭਾਰਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਚਲ ਰਿਹਾ ਹੈ ਅਤੇ ਆਰਥਿਕ ਨਵ-ਨਿਰਮਾਣ ਵਿਚ ਯੋਜਨਾਬਧ ਢੰਗ ਨਾਲ ਲੱਗੇ ਸੁਤੰਤਰ ਭਾਰਤ ਨੂੰ ਤਾਂ ਸਮਗਲਰਾਂ ਨੇ ਸਵਰਗ ਹੀ ਸਮਝ ਰੱਖਿਆ ਹੈ। ਸੰਨ 1963 ਦਾ ਗੋਲਡ ਕੰਟਰੋਲ ਰੂਲ ਇਸ ਚੋਰ ਬਜ਼ਾਰ ਨੂੰ ਖ਼ਤਮ ਕਰਨ ਦਾ ਇਕ ਉਪਰਾਲਾ ਹੈ। ਭਾਰਤ ਦੀਆਂ ਹੱਦਾਂ ਦਾ ਅਨੇਕ ਦੇਸ਼ਾਂ ਨਾਲ ਲਗਦੇ ਹੋਣਾ, ਥੋੜ੍ਹੇ ਸਮੇਂ ਵਿਚ ਹੋਈ . ਇਸ ਦੀ ਆਰਥਿਕ ਪ੍ਰਗਤੀ ਅਤੇ ਯਾਤਰੀਆਂ ਨੂੰ ਦਿੱਤੀਆਂ ਜਾਂਦੀਆਂ ਵਿਸ਼ੇਸ਼ ਸਹੂਲਤਾਂ ਅਤੇ ਪ੍ਰਤੀਬੰਧਿਤ ਵਪਾਰ ਨੀਤੀ ਇਸ ਦੇ ਮੂਲ ਕਰਤੱਵ ਹਨ। ਵੱਖਰੇ-ਵੱਖਰੇ ਦੇਸ਼ਾਂ ਵਿਚ ਚੋਰ ਵਪਾਰ ਲਈ ਵੱਖ-ਵੱਖ ਸਜ਼ਾਵਾਂ ਹਨ ਜੋ ਸਮੇਂ-ਸਮੇਂ ਤੇ ਬਦਲਦੀਆਂ ਰਹਿੰਦੀਆਂ ਹਨ। ਕਮਿਊਨਿਸਟ ਦੇਸ਼ਾਂ ਵਿਚ ਸਮਗਲਿੰਗ ਲਈ ਮੌਤ ਜਾਂ ਦੇਸ਼ ਨਿਕਾਲਾ ਦੀ ਸਜ਼ਾ ਹੈ ਅਤੇ ਦੂਜੇ ਦੇਸ਼ਾਂ ਵਿਚ ਵੱਖ-ਵੱਖ ਸਮਾਨ ਦੀ ਜ਼ਬਤੀ, ਜੁਰਮਾਨਾ ਜਾਂ ਸਖ਼ਤ ਸਜ਼ਾ ਦੀ ਵਿਵਸਥਾ ਹੈ।

ਹ. ਪੁ.–ਹਿੰ. ਵਿ. ਕੋ. 4 : 301

**ਚੋਰੂਮ** : ਈਲ—ਇਹ ਉੱਤਰੀ ਕੇਂਦਰੀ ਤੁਰਕੀ ਦੀ ਇਕ ਈਲ (ਪ੍ਰਾਂਤ) ਹੈ। ਇਸ ਦਾ ਕੁੱਲ ਖੇਤਰਫਲ 12,820 ਵ. ਕਿ. ਮੀ. (4,950 ਵ. ਮੀਲ) ਹੈ ਅਤੇ ਆਬਾਦੀ 6,09,863 (1990) ਹੈ। ਕਿਸੇ ਸਮੇਂ ਇਹ ਹਿੱਤੀ ਸਾਮਰਾਜ ਦਾ ਹਿੱਸਾ ਸੀ। ਇਥੇ ਕਈ ਮਹੱਤਵਪੂਰਨ ਖੁਦਾਈ ਦੀਆਂ ਥਾਵਾਂ ਹਨ ਜਿਨ੍ਹਾਂ ਵਿਚ ਹੈਟਾਸੈਸ ਦੀ ਖੁਦਾਈ ਕੀਤੀ ਗਈ ਹੈ ਜੋ (1500–1210 ਈ. ਪੂ.) ਦੇ ਲਗਭਗ ਹਿਤੀ ਦੀ ਰਾਜਧਾਨੀ ਸੀ। ਇਸੇ ਤਰ੍ਹਾਂ ਬੋਗਾਜ਼ਕਾਇ ਦੇ ਉੱਤਰ ਵਿਚ ਅਲੈਕਵਾਯੁਕ ਦੇ ਸਥਾਨ ਤੇ ਤੁਰਕੀ ਦੇ ਪੁਰਾਤੱਤਵ ਵਿਭਾਗ ਨੇ 2000 ਈ. ਪੂ. ਦੇ ਲਗਭਗ ਪੁਰਾਣੇ ਮੀਨਾਰ ਲੱਭੇ ਹਨ। ਇਥੇ ਕੱਪੜਾ, ਸੀਮਿੰਟ ਅਤੇ ਤਾਂਬੇ ਦੇ ਛੋਟੇ-ਛੋਟੇ ਉਦਯੋਗ ਹਨ।

ਹ. ਪੁ.–ਐਨ. ਬ੍ਰਿ. ਮਾ. 3 : 171

**ਚੋਰੂਮ** : ਸ਼ਹਿਰ—ਇਹ ਉੱਤਰੀ ਕੇਂਦਰੀ ਤੁਰਕੀ ਦੇ ਇਸੇ ਨਾਂ ਦੀ ਈਲ (ਪ੍ਰਾਂਤ) ਦਾ ਸਦਰ-ਮੁਕਾਮ ਅਤੇ ਇਸ ਦਾ ਮੁੱਖ ਵਪਾਰਕ ਕੇਂਦਰ ਹੈ। ਇਹ ਕੇਂਦਰੀ ਅਨਾਤੋਲੀਆ ਤੋਂ ਕਾਲਾ ਸਾਗਰ ਤਟ ਨੂੰ ਜਾਣ ਵਾਲੇ ਪੁਰਾਣੇ ਵਪਾਰਕ ਮਾਰਗ ਤੇ ਸਥਿਤ ਹੈ ਜੋ ਇਥੋਂ ਦੀ ਹੱਥ ਖੱਡੀ ਦੇ ਕੱਪੜਿਆਂ, ਤਾਂਬੇ ਦੇ ਬਰਤਨਾਂ ਅਤੇ ਚਮੜੇ ਦੇ ਸਾਮਾਨ ਜਿਹੇ ਘਰੇਲੂ ਉਦਯੋਗਾਂ ਕਰਕੇ ਮਸ਼ਹੂਰ ਹੋਇਆ।

ਆਬਾਦੀ–1,16,810 (1990)

40° 33′ ਉ. ਵਿਥ.; 34° 58′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 3 : 171

**ਚੋਲ (ਰਾਜ ਬੰਸ)** : ਇਹ ਦੱਖਣੀ ਭਾਰਤ ਦੇ ਪ੍ਰਾਚੀਨ ਸ਼ਾਸਕ ਪਰਿਵਾਰਾਂ ਵਿਚੋਂ ਇਕ ਸੀ। ਚੋਲ ਸ਼ਬਦ ਦੀ ਉਤਪਤੀ ਬਾਰੇ ਭਿੰਨ-ਭਿੰਨ ਇਤਿਹਾਸਕਾਰਾਂ ਦੇ ਭਿੰਨ-ਭਿੰਨ ਵਿਚਾਰ ਹਨ ਪਰ ਇਹ ਸ਼ਬਦ ਇਸੇ ਨਾਂ ਤੇ ਰਾਜ ਬੰਸ ਅਧੀਨ ਪਰਜਾ ਤੇ ਅਧਿਕਾਰ ਖੇਤਰ ਲਈ ਵਰਤਿਆ ਜਾਂਦਾ ਰਿਹਾ ਹੈ। ਯਾਤਰੀ ਮੈਗਸਥਨੀਜ਼ ਦੀਆਂ ਲਿਖਤਾਂ ਤੇ ਅਸ਼ੋਕ ਦੇ ਸ਼ਿਲਾਲੇਖ ਵੀ ਉਸ ਸਮੇਂ ਚੋਲ-ਰਾਜ ਦੀ ਪੁਸ਼ਟੀ ਕਰਦੇ ਹਨ। ਇਸ ਦੇ ਪ੍ਰਾਰੰਭਕ ਇਤਿਹਾਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਨੌਵੀਂ ਸਦੀ ਤੱਕ ਦੱਖਣੀ ਭਾਰਤ ਦੇ ਅੰਧਰਾ ਤੇ ਪਲਵਾ ਸ਼ਾਸਕਾਂ ਨੇ ਇਨ੍ਹਾਂ ਨੂੰ ਦਬਾਈ ਰੱਖਿਆ ਪਰ ਇਸ ਸਦੀ ਦੇ ਅੰਤ ਵਿਚ ਚੋਲ ਰਾਜ ਸੰਗਠਿਤ ਰੂਪ ਵਿਚ ਉਭਰਿਆ ਤੇ ਪਲਵਾ ਰਾਜ ਨੂੰ ਬੁਰੀ ਤਰ੍ਹਾਂ ਹਰਾਇਆ ਜਿਸ ਨਾਲ ਦੱਖਣ ਵਿਚੋਂ ਪਲਵਾਂ ਦਾ ਪਹਿਲਾ ਦਬਦਬਾ ਬਿਲਕੁਲ ਹੀ ਖ਼ਤਮ ਹੋ ਗਿਆ। ਤੰਜੋਰ, ਚੋਲ ਬੰਸ ਦੇ ਕਬਜ਼ੇ ਵਿਚ ਆ ਗਿਆ ਤੇ ਇਸਨੂੰ ਚੋਲ ਰਾਜ ਦੀ ਰਾਜਧਾਨੀ ਬਣਾਇਆ। ਮਹਾਰਾਜਾ ਅਸ਼ੋਕ ਨੇ ਵੀ ਤੰਜੋਰ ਨੂੰ ਸੁਤੰਤਰ ਰਿਆਸਤ ਦੇ ਰੂਪ ਵਿਚ ਮਾਨਤਾ ਦਿੱਤੀ। ਪੈਰੀਪਲਸ (100 ਈ.) ਅਤੇ ਟਾਲਮੀ (200 ਈ.) ਦੇ ਭੂਗੋਲ ਵਿਚ ਚੋਲ ਰਾਜ ਦੀਆਂ ਬੰਦਰਗਾਹਾਂ ਅਤੇ ਅੰਤਰਦੇਸ਼ੀ ਸ਼ਹਿਰਾਂ ਦਾ ਜ਼ਿਕਰ ਆਉਂਦਾ ਹੈ। ਮਦਰਾਸ ਦੇ ਆਲੇ-ਦੁਆਲੇ ਦੇ ਕਈ ਜ਼ਿਲ੍ਹੇ ਅਤੇ ਕਰਨਾਟਕ (ਪੁਰਾਣੀ ਮੈਸੂਰ ਸਟੇਟ) ਰਾਜ ਦਾ ਕਾਫ਼ੀ ਹਿੱਸਾ ਇਸ ਬਾਦਸ਼ਾਹਤ ਵਿਚ ਸ਼ਾਮਲ ਸਨ।

ਇਸ ਬਾਦਸ਼ਾਹਤ ਦਾ ਅਸਲੀ ਸੰਸਥਾਪਕ ਪ੍ਰਾਂਤਕਾ ਪਹਿਲਾ ਮੰਨਿਆ ਜਾਂਦਾ ਹੈ। ਇਸਨੇ 907 ਤੋਂ 946 ਈ. ਦੌਰਾਨ ਰਾਜ ਕੀਤਾ। ਮਦੁਰਾ ਦੇ ਰਾਜੇ ਪਾਂਡਯਾ ਰਾਜ ਸਿੰਘਾਂ ਨੂੰ ਹਰਾਇਆ ਤੇ ਲੋਕਾਂ ਤੇ ਹਮਲਾ ਕਰਕੇ ਆਪਣੇ ਰਾਜ ਵਿਚ ਸ਼ਾਮਲ ਕੀਤਾ। ਇਸ ਪਿੱਛੋਂ ਪ੍ਰਾਂਤਕਾ ਦਾ ਪੁੱਤਰ ਰਾਜਾ ਦਿਤਯਾ ਗੱਦੀ ਤੇ ਬੈਠਾ। ਇਸਨੂੰ ਰਾਸ਼ਟਰਕੁਤਾ ਰਾਜਿਆਂ ਨੇ ਕਾਫ਼ੀ ਸਤਾਇਆ ਤੇ ਲੜਾਈ ਵਿਚ ਇਨ੍ਹਾਂ ਹੱਥੋਂ ਮਾਰਿਆ ਗਿਆ। ਇਸ ਤੇ ਰਾਇ ਰਾਜਾ ਚੋਲ-ਰਾਜ ਦੀ ਗੱਦੀ ਦਾ ਮਾਲਕ ਬਣਿਆ। ਇਹ ਇਸ ਬੰਸ ਦਾ ਸਭ ਤੋਂ ਮਹਾਨ ਬਾਦਸ਼ਾਹ ਹੋਇਆ ਹੈ। ਇਸਨੇ 985 ਤੋਂ 1012 ਈ. ਦੌਰਾਨ ਰਾਜ ਕੀਤਾ ਅਤੇ ਸਭ ਤੋਂ ਵੱਧ ਜਿੱਤਾਂ ਪ੍ਰਾਪਤ ਕਰਕੇ ਵਿਸ਼ਾਲ ਚੋਲ-ਰਾਜ ਦੀ ਸਥਾਪਨਾ ਕੀਤੀ। 12 ਵਰ੍ਹਿਆਂ ਦੀ ਹਕੂਮਤ ਦੌਰਾਨ ਇਸਨੇ ਵੈਂਗੀ ਦੇ ਚਾਲੂਕਿਆ, ਮਦੁਰਾ ਦੇ ਪਾਂਡਯਾ, ਮੈਸੂਰ ਦੇ ਗੰਗਾ ਰਾਜਿਆਂ ਨੂੰ ਹਰਾਇਆ ਤੇ ਮਾਲਾਬਾਰ ਤਟ ਦੇ ਪ੍ਰਮੁੱਖ ਸਰਦਾਰਾਂ ਦੀ ਸੁਤੰਤਰਤਾ ਭੰਗ ਕੀਤੀ। ਇਸ ਦੇ ਰਾਜ ਦੀਆਂ ਹੱਦਾਂ ਵਿਚ ਉੱਤਰ ਵਿਚ ਕਾਲਿੰਗਾ ਤੇ ਦੱਖਣ ਵਿਚ ਲੰਕਾ ਸ਼ਾਮਲ ਸਨ। ਰਾਇ ਰਾਜੇ ਨੇ ਆਪਣੇ ਸਮੇਂ ਵਿਚ ਹੀ ਆਪਣੀ ਜਲ-ਸੈਨਾ ਤਿਆਰ ਕੀਤੀ ਜਿਸ ਦੀ ਮਦਦ ਨਾਲ ਆਪਣੇ ਸਾਹਿਲੀ ਅਧਿਕਾਰ-ਖੇਤਰ ਸਮੁੰਦਰ ਦਾ ਕੰਟਰੋਲ ਸੰਭਾਲਿਆ। ਇਸ ਉਪਰੰਤ ਇੰਡੀਅਨ ਟਾਪੂਆਂ ਤੇ ਹਮਲੇ ਸ਼ੁਰੂ ਕੀਤੇ। ਤੰਜੋਰ ਵਿਖੇ ਇਸਨੇ ਸ਼ਿਵਜੀ ਦਾ ਰਾਜ-ਰਾਜੇਸ਼ਵਰ ਮੰਦਰ ਬਣਵਾਇਆ। ਇਸ ਦੀਆਂ ਕੰਧਾਂ ਉਪਰ ਆਪਣੀਆਂ ਪ੍ਰਾਪਤੀਆਂ ਬਾਰੇ ਉਕਰਵਾਇਆ। ਚੰਗੇ ਸ਼ਾਸਕ ਦੇ ਤੌਰ ਤੇ ਇਸਨੇ ਵਿਸ਼ੇਸ਼ ਕਰਕੇ ਭੌਂ ਮਾਲੀਏ ਸਬੰਧੀ ਆਪਣੀ ਸਾਰੀ ਰਿਆਸਤ ਦਾ ਸਰਵੇਖਣ ਵੀ ਕੀਤਾ।

ਸੰਨ 1012 ਵਿਚ ਸ਼ਹਿਜ਼ਾਦਾ ਰਾਜਿੰਦਰ ਚੋਲ ਪਹਿਲਾ, ਇਸ ਗੱਦੀ ਦਾ ਜਾਨਸ਼ੀਨ ਬਣਿਆ। ਇਸ ਨੇ ਆਪਣੇ ਪਿਤਾ ਦੀ ਖਾਹਿਸ਼ ਅਨੁਸਾਰ ਰਾਜ ਨੂੰ ਹਰ ਪੱਖੋਂ ਮਜ਼ਬੂਤ ਕੀਤਾ ਤੇ ਸਾਹਿਲੀ ਦੀਪ-ਸਮੂਹ, ਮਲਾਇਆ, ਪ੍ਰਾਇਦੀਪ ਅਤੇ ਆਲੇ-ਦੁਆਲਿਉਂ ਨਾਲ ਲੱਗਦੇ ਕਈ ਖੇਤਰਾਂ ਨੂੰ ਆਪਣੇ ਰਾਜ ਵਿਚ ਮਿਲਾ ਕੇ ਹੋਰ ਵਿਸ਼ਾਲ ਕੀਤਾ ਤੇ ਆਪਣੀਆਂ ਫ਼ੌਜਾਂ ਗੰਗਾ ਤੱਕ ਪਹੁੰਚਾ ਦਿੱਤੀਆਂ। ਇਸ ਤਰ੍ਹਾਂ ਇਹ ਚੋਲ ਰਾਜਿਆਂ ਵਿਚੋਂ ਸਭ ਤੋਂ ਵੱਡਾ ਜੇਤੂ ਰਾਜਾ ਮੰਨਿਆ ਗਿਆ। ਇਸ ਦੀ ਜਲ-ਸੈਨਾ ਨੇ ਲੰਕਾ ਦੀਪ-ਸਮੂਹ, ਮਾਲਦੀਵ ਤੇ ਨਿਕੋਬਾਰ ਦੀਪਾਂ ਤੇ ਕਬਜ਼ਾ ਕੀਤਾ।

ਸੰਨ 1042 ਵਿਚ ਇਸ ਦਾ ਪੁੱਤਰ ਰਾਜਾਧਿਰਾਜ, ਚੋਲ ਰਾਜ ਦਾ ਮਾਲਕ ਬਣਿਆ। ਇਸ ਦੇ ਰਾਜ ਕਾਲ ਵਿਚ ਕਈ ਬਗ਼ਾਵਤਾਂ ਹੋਈਆਂ ਪਰ ਬਾਗੀਆਂ ਨੂੰ ਸਿਆਣਪ ਨਾਲ ਦਬਾ ਦਿੱਤਾ ਗਿਆ। ਚਾਲੂਕਿਆ ਰਾਜਾ ਸੋਮੇਸ਼ਵਰ ਨਾਲ ਜੰਗ ਵਿਚ, ਕੋਪਾਂ ਦੇ ਸਥਾਨ ਤੇ ਰਾਜਾਧਿਰਾਜ ਮਾਰਿਆ ਗਿਆ ਤੇ ਮੈਦਾਨ-ਏ-ਜੰਗ ਵਿਚ ਹੀ ਇਸਦੇ ਛੋਟੇ ਭਰਾ ਰਾਜਿੰਦਰ ਦੇਵ (1050-63) ਦੀ ਤਾਜਪੋਸ਼ੀ ਹੋਈ। ਇਸ ਨੇ ਜੰਗ ਜਿੱਤ ਲਈ ਤੇ ਕਾਮਯਾਬੀ ਨਾਲ ਰਾਜ ਕੀਤਾ। ਇਸ ਪਿੱਛੋਂ ਵੀਰ ਰਾਜਿੰਦਰ ਵੀਰ ਕੇਸਰੀ ਗੱਦੀ ਤੇ ਬੈਠਾ। ਇਸਨੇ ਵੀ ਪੱਛਮੀ ਚਾਲੂਕਿਆ ਨੂੰ ਹਰਾ ਕੇ ਕੇਨਰਾ ਦੇ ਖੇਤਰ ਤੇ ਕਬਜ਼ਾ ਕੀਤਾ। ਇਸ ਉਪਰੰਤ ਅਧਿਰਾਜਿੰਦਰ ਦਾ ਗੱਦੀ ਤੇ ਬੈਠਦਿਆਂ ਹੀ ਕਤਲ ਹੋ ਗਿਆ ਤੇ ਪੂਰਬੀ ਚਾਲੂਕਿਆ ਰਾਜੇ ਨੇ ਚੋਲ ਰਾਜ ਸੰਭਾਲਿਆ। ਇਹ ਰਾਜਿੰਦਰ ਚੋਲ ਪਹਿਲੇ ਦਾ ਦੋਹਤਰਾ ਸੀ। ਇਸਨੇ 1070 ਤੋਂ 1118 ਤੱਕ ਰਾਜ ਕੀਤਾ। ਇਸ ਉਪਰੰਤ ਇਸ ਰਾਜ ਬੰਸ ਦਾ ਪਤਨ ਆਰੰਭ ਹੋ ਗਿਆ ਤੇ ਪਿੱਛੋਂ ਦੇ ਕਿਸੇ ਵੀ ਚੋਲ ਰਾਜੇ ਬਾਰੇ ਕੁਝ ਜਾਣਕਾਰੀ ਨਹੀਂ ਮਿਲਦੀ। ਰਾਜਿੰਦਰ ਚੋਲ ਇਸ ਬੰਸ ਦਾ ਅੰਤਲਾ ਰਾਜਾ ਸੀ ਜਿਹੜਾ 1267 ਤੱਕ ਆਜ਼ਾਦ ਸ਼ਹਿਜ਼ਾਦੇ ਦੀ ਹੈਸੀਅਤ ਵਿਚ ਰਿਹਾ।

ਹ. ਪੁ.–ਅ. ਹਿ. ਇੰਡ. -ਘੋਸ਼

**ਚੋਲਾ (ਉੱਤਰੀ)** : ਦੱਖਣੀ ਕੋਰੀਆ ਦੇ ਦੱਖਣ-ਪੱਛਮ ਵਿਚ ਉੱਤਰੀ ਚੋਲਾ ਨਾਂ ਦਾ ਪ੍ਰਾਂਤ ਹੈ ਜਿਸ ਦੇ ਉੱਤਰ ਵੱਲ ਚੁੰਗਚੋਂਗ, ਪੂਰਬ ਵੱਲ ਉੱਤਰੀ ਅਤੇ ਦੱਖਣੀ ਕੀਆਂਗਸਾਂਗ, ਦੱਖਣ ਵੱਲ ਚੋਲਾ ਪ੍ਰਾਂਤ ਅਤੇ ਪੱਛਮ ਵਿਚ ਪੀਲਾ ਸਾਗਰ ਹੈ। ਇਸ ਪ੍ਰਾਂਤ ਦਾ ਖੇਤਰਫਲ 8,051 ਵ. ਕਿ. ਮੀ. ਅਤੇ ਆਬਾਦੀ 20,70,000 (1990) ਹੈ। ਪ੍ਰਾਂਤ ਵਿਚ ਤਾਈਬੈਕ ਪਹਾੜਾਂ ਦੇ ਸਿਲਸਲੇ ਦੇ ਨਾਰਯਾਂਗ ਪਰਬਤ ਹਨ। ਪ੍ਰਾਂਤ ਦੇ ਪੂਰਬੀ ਹਿੱਸੇ ਵਿਚ ਪਠਾਰ ਹਨ ਅਤੇ ਪੱਛਮੀ ਹਿੱਸਾ ਮੈਦਾਨੀ ਹੈ ਜਿਸ ਵਿਚੋਂ ਸਾਮਜਿਨ ਮਾਂਕਯਾਂਗ, ਤਾਂਗਜਿਨ ਅਤੇ ਕੁਮ ਦਰਿਆ ਵਹਿੰਦੇ ਹਨ। ਦਰਿਆਵਾਂ ਵਿਚਲਾ ਖੇਤਰ ਉਪਜਾਊ ਹੈ ਜਿਥੇ ਚੌਲ, ਜੌਂ, ਕਪਾਹ, ਸਣ ਅਤੇ ਪੇਪਰ-ਮਲਬੇਰੀ ਉੱਗਦੀ ਹੈ, ਪਠਾਰ ਉੱਤੇ ਪਸ਼ੂ ਪਾਲੇ ਜਾਂਦੇ ਹਨ। ਸੰਨ 1960 ਤੋਂ ਪਿੱਛੋਂ ਦੇ ਸਾਲਾਂ ਵਿਚ ਹੋਨਾਮ ਸ਼ਾਹਰਾਹ ਦੇ ਬਣਨ ਨਾਲ ਪ੍ਰਾਂਤ ਦੀ ਰਾਜਧਾਨੀ ਜਾਨਜੂ ਇਰੀ ਅਤੇ ਕੁਨਸਾਨ ਵਿਚ ਸੱਨਅਤਾਂ ਉੱਨਤ ਹੋ ਰਹੀਆਂ ਹਨ।

ਹ. ਪੁ.–ਐਨ. ਬ੍ਰਿ. ਮਾ. 2 : 883

**ਚੋਲਾ (ਦੱਖਣੀ)** : ਦੱਖਣੀ ਕੋਰੀਆ ਦੇ ਧੁਰ ਦੱਖਣ-ਪੂਰਬ ਵੱਲ ਇਹ ਪ੍ਰਾਂਤ ਹੈ ਜਿਸ ਦੇ ਉੱਤਰ ਵੱਲ ਉੱਤਰੀ ਚੋਲਾ ਪ੍ਰਾਂਤ, ਪੂਰਬ ਵੱਲ ਕੀਆਂਗਸਾਂਗ, ਦੱਖਣ ਵੱਲ ਚੇਜੂ ਜਲ-ਡਮਰੂ ਅਤੇ ਪੱਛਮ ਵੱਲ ਪੀਲਾ ਸਾਗਰ ਹੈ। ਸਮੁੰਦਰ ਦੇ ਨਾਲ-ਨਾਲ ਫੈਲੇ ਇਸ ਪ੍ਰਾਂਤ ਦਾ ਖੇਤਰਫਲ 12,060 ਵ. ਕਿ. ਮੀ. ਅਤੇ ਆਬਾਦੀ 25,23,000 (1990) ਹੈ। ਇਸ ਦੀ ਤਟ ਰੇਖਾ ਉੱਤੇ 1,982 ਟਾਪੂ ਹਨ ਪਰ ਇਨ੍ਹਾਂ ਵਿਚੋਂ 1554 ਟਾਪੂਆਂ ਉੱਤੇ ਵਸੋਂ ਨਹੀਂ ਹੈ। ਸਮੁੰਦਰੀ ਪਾਣੀ ਵਿਚੋਂ ਮੱਛੀਆਂ ਫੜੀਆਂ ਜਾਂਦੀਆਂ ਹਨ। ਖ਼ਾਸ ਕਰਕੇ ਦੱਖਣੀ ਕੋਰੀਆ ਦੀ 50ਫ਼ੀ ਸਦੀ ਓਇਸਟਰ ਮੱਛੀ ਇਸੇ, ਪ੍ਰਾਂਤ ਨਾਲ ਲਗਦੇ ਸਮੁੰਦਰ ਵਿਚੋਂ ਫੜੀ ਜਾਂਦੀ ਹੈ। ਪ੍ਰਾਂਤ ਦੀ ਧਰਾਤਲ ਪਰਬਤੀ ਜਿਹੀ ਹੈ ਪਰ ਸਾਮਜਿਨ, ਯਾਂਗਸਾਨ ਅਤੇ ਤਾਮਜਿਨ ਦਰਿਆਵਾਂ ਦੇ ਨਾਲ-ਨਾਲ ਪੱਧਰਾ ਉਪਜਾਊ ਮੈਦਾਨੀ ਇਲਾਕਾ ਹੈ। ਮੈਦਾਨੀ ਇਲਾਕੇ ਵਿਚ ਸਾਲ ਵਿਚ 1200 ਮਿ. ਮੀ. ਔਸਤਨ ਵਰਖਾ ਹੁੰਦੀ ਹੈ ਅਤੇ ਇਥੋਂ ਦਾ ਤਾਪਮਾਨ 13° ਸੈਂ. ਤੋਂ 14° ਸੈਂ. ਹੁੰਦਾ ਹੈ। ਗਰਮ-ਤਰ ਜਲਵਾਯੂ ਕਰਕੇ ਇਥੇ ਚੌਲ, ਕਣਕ, ਜੌਂ, ਦਾਲਾਂ, ਆਲੂ, ਸਬਜ਼ੀਆਂ ਦੀ ਪੈਦਾਵਾਰ ਹੁੰਦੀ ਹੈ। ਕਪਾਹ, ਫਲ ਅਤੇ ਬਾਂਸ ਵੀ ਉੱਗਦੇ ਹਨ। ਸੰਨ 1960 ਤੋਂ ਪਿੱਛੋਂ ਪਹਾੜਾਂ ਉਪਰਲੇ ਖੇਤਰਾਂ ਉੱਤੇ ਪਸ਼ੂ ਵੀ ਪਾਲੇ ਜਾਂਦੇ ਹਨ। ਪ੍ਰਾਂਤ ਵਿਚ ਕੋਲਾ ਅਤੇ ਸੋਨਾ ਵੀ ਕੱਢਿਆ ਜਾਂਦਾ ਹੈ।

ਪ੍ਰਾਂਤ ਦੀ ਰਾਜਧਾਨੀ ਗਵਾਂਗਜ਼ੂ ਵਿਚ ਅਤੇ ਮਾਕਪੋ ਅਤੇ ਯੋਸੂ ਸ਼ਹਿਰਾਂ ਵਿਚ ਸੱਨਅਤਾਂ ਉੱਨਤ ਹਨ।

ਹ. ਪੁ.–ਐਨ. ਬ੍ਰਿ. ਮਾ. 2 : 883

**ਚੋਲਾ ਸਾਹਿਬ** : ਇਹ ਉਹ ਜਾਮਾ ਹੈ, ਜਿਸ ਨੂੰ ਸ੍ਰੀ ਗੁਰੂ ਸਾਹਿਬਾਨ ਦੇ ਸਰੀਰ ਨੂੰ ਸਪਰਸ਼ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਪ੍ਰਸਿੱਧ ਚੋਲਿਆਂ ਦਾ ਵੇਰਵਾ ਇਸ ਤਰ੍ਹਾਂ ਹੈ–

1. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੋਲਾ ਡੇਰਾ ਬਾਬਾ ਨਾਨਕ ਵਿਚ ਬੇਦੀ ਕਾਬੁਲੀ ਮੱਲ ਜੀ ਦੇ ਘਰ ਹੈ। ਇਸ ਉੱਤੇ ਕੁਰਾਨ ਦੀਆਂ ਆਯਤਾਂ ਅਤੇ ਖ਼ੁਦਾ ਦੀ ਮਹਿਮਾ ਕਸ਼ੀਦੇ ਨਾਲ ਕੱਢੀ ਹੋਈ ਹੈ। ਸਿੱਖ ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਗ਼ਦਾਦ ਗਏ ਤਾਂ ਇਹ ਚੋਲਾ ਉੱਥੋਂ ਦੇ ਹਾਕਮ ਇਸਮਾਈਲ ਸਫ਼ਵੀ ਨੇ ਭੇਟਾ ਕੀਤਾ ਸੀ। ਚੋਲਾ ਸਾਹਿਬ ਦੇ ਪੁਜਾਰੀ ਮਹੰਤ ਅਨੁਸਾਰ ਇਹ ਚੋਲਾ ਅਰਬ ਵਿਚ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ ਸੀ ਅਤੇ ਗੁਰੂ ਸਾਹਿਬ ਨੇ ਉਸ ਥਾਂ ਇਕ ਪ੍ਰੇਮੀ ਨੂੰ ਦੇ ਦਿੱਤਾ ਸੀ। ਬੇਦੀ ਕਾਬੁਲੀ ਮੱਲ ਜੀ ਨੂੰ ਸੁਪਨੇ ਵਿਚ ਇਸ਼ਾਰਾ ਹੋਇਆ ਤਾਂ ਉਹ ਖ਼ੁਦ ਅਰਬ ਜਾ ਕੇ ਚੋਲਾ ਲੈ ਕੇ ਆਇਆ ਸੀ।

ਅਸਲ ਵਿਚ ਅਰਬ, ਫ਼ਾਰਸ ਜਾਂ ਮਿਸਰ ਦੇ ਕਿਸੇ ਪ੍ਰੇਮੀ ਨੇ ਇਹ ਚੋਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੇਟਾ ਕੀਤਾ ਸੀ ਅਤੇ ਸੰਸਕ੍ਰਿਤ, ਅਰਬੀ ਆਦਿ ਸਾਰੀਆਂ ਬੋਲੀਆਂ ਨੂੰ ਬਰਾਬਰ ਜਾਣਨ ਵਾਲੇ ਸਾਰਗ੍ਰਾਹੀ ਜਗਤ ਗੁਰੂ ਨੇ ਸਾਦਿਕ ਦੀ ਭਾਵਨਾ ਅਨੁਸਾਰ ਚੋਲਾ ਅੰਗੀਕਾਰ ਕੀਤਾ ਸੀ। ਆਮ ਸੰਗਤ ਨੂੰ ਇਸ ਚੋਲਾ ਸਾਹਿਬ ਦੇ ਦਰਸ਼ਨ 21-22-23 ਫੱਗਣ ਨੂੰ ਕਰਾਏ ਜਾਂਦੇ ਹਨ।

2. ਅੰਮ੍ਰਿਤਸਰ ਵਿਚ ਕਿਲਾ ਭੰਗੀਆਂ, ਗਲੀ ਠਾਕੁਰ ਦੁਆਰੇ ਵਾਲੀ ਵਿਚ ਭਾਈ ਰਾਮ ਸਰਨ ਅਤੇ ਭਾਈ ਗਿਆਨ ਚੰਦ ਜੀ ਪੰਡਤਾਂ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋੜਾ ਅਤੇ ਚੋਲਾ ਹੈ, ਜੋ ਭਾਈ ਹੋਰਾਂ ਦੇ ਪੁੱਤਰ ਭਾਈ ਨੱਥੂ ਨੂੰ ਦਸਮੇਸ਼ ਜੀ ਨੇ ਅਨੰਦਪੁਰ ਵਿਖੇ ਬਖ਼ਸ਼ਿਆ ਸੀ।

3. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਚੋਲਾ ਰਿਆਸਤ ਨਾਭੇ ਦੇ ਰਾਜ ਭਵਨ ਦੇ ਗੁਰਦੁਆਰੇ 'ਸਿਰੋਪਾਉ ਸਾਹਿਬ' ਵਿਚ ਹੈ। ਕਲਗੀਧਰ ਜੀ ਦੀ ਅਪਾਰ ਕਿਰਪਾ ਨਾਲ ਹੁਕਮਨਾਮੇ ਸਮੇਤ ਇਹ ਚੋਲਾ ਬਾਬਾ ਤਿਲੋਕ ਸਿੰਘ ਜੀ (ਬਾਬੇ ਫੂਲ ਦਾ ਵੱਡਾ ਸਪੁੱਤਰ) ਰਾਮ ਸਿੰਘ ਜੀ (ਛੋਟਾ ਸਪੁੱਤਰ) ਨੂੰ ਬਖ਼ਸ਼ਿਆ ਗਿਆ। ਇਸ ਦੇ ਬਾਹਰ ਰੇਸ਼ਮੀ ਧਾਰੀਦਾਰ ਮਸਰੂ ਅਤੇ ਅੰਦਰ ਮਲਾਸੀਰੀ ਰੇਸ਼ਮੀ ਕੱਪੜਾ ਹੈ।

ਹ. ਪੁ.–ਮ. ਕੋ.

**ਚੋਲਾ**: ਦੱਰਾ—ਇਹ ਪੂਰਬੀ ਹਿਮਾਲਾ ਦੀ ਚੋਲਾ ਪਰਬਤ-ਲੜੀ ਵਿਚ ਇਕ ਦੱਰਾ ਹੈ ਜੋ ਸਮੁੰਦਰੀ ਸਤ੍ਹਾ ਤੋਂ ਲਗਭਗ 3,350 ਮੀ. ਦੀ ਉਚਾਈ ਤੇ ਸਥਿਤ ਹੈ। ਇਹ ਦੱਰਾ ਸਿੱਕਮ ਅਤੇ ਚੁਬੀ ਵਾਦੀ (ਤਿੱਬਤ) ਨੂੰ ਮਿਲਾਉਂਦਾ ਹੈ।

27° 25′ ਉ. ਵਿਥ. ; 88° 49′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 327

**ਚੋਲੂਟੇਕਾ** : ਡਿਪਾਰਟਮੈਂਟ–ਦੱਖਣੀ ਹਾਂਡੂਰਸ ਦਾ ਡਿਪਾਰਟਮੈਂਟ ਹੈ। ਦੱਖਣ ਅਤੇ ਪੂਰਬ ਵੱਲ ਨਿਕਾਰਾਗੁਆ, ਦੱਖਣ-ਪੱਛਮ ਵੱਲ ਫਾਨਸੇ ਖਾੜੀ ਹੈ। ਇਸ ਡਿਪਾਰਟਮੈਂਟ ਦੇ ਉੱਤਰੀ ਅਤੇ ਕੇਂਦਰੀ ਹਿੱਸੇ ਵਿਚ ਕੇਂਦਰੀ ਪਹਾੜਾਂ ਦੀਆਂ ਢਲਾਣਾਂ ਹਨ ਅਤੇ ਚੋਲਾਟੇਕਾ ਦਰਿਆ ਦੇ ਆਲੇ-ਦੁਆਲੇ ਨੀਵਾਂ ਅਤੇ ਸਵਾਨਾ ਘਾਹ ਨਾਲ ਢਕਿਆ ਹੋਇਆ ਖੇਤਰ ਹੈ। ਇਸ ਦਾ ਖੇਤਰਫਲ 4,211 ਵ. ਕਿ. ਮੀ. ਅਤੇ ਆਬਾਦੀ 295,488 (1988) ਹੈ। ਇਥੇ ਕਪਾਹ, ਸ਼ੀਸਮ ਲੱਕੜੀ, ਚਾਰੇ ਲਈ ਘਾਹ ਉੱਗਦਾ ਹੈ। ਭਾਵੇਂ ਇਥੇ ਕੋਈ ਰੇਲ-ਮਾਰਗ ਨਹੀਂ ਹੈ ਪਰ ਪੱਛਮ ਤੋਂ ਪੂਰਬ ਵੱਲ ਪੈਨ-ਅਮੈਰਿਕਨ ਹਾਈਵੇ ਇਸ ਵਿਚੋਂ ਲੰਘਦਾ ਹੈ। ਇਸੇ ਮਾਰਗ ਉੱਤੇ ਚੋਲੂਟੇਕਾ ਸ਼ਹਿਰ ਜੋ ਡਿਪਾਰਟਮੈਂਟ ਦਾ ਸਦਰ-ਮੁਕਾਮ ਹੈ, ਵਸਿਆ ਹੋਇਆ ਹੈ।

ਹ. ਪੁ.–ਐਨ. ਬ੍ਰਿ. ਮਾ. 2 : 883

**ਚੋਲੂਟੇਕਾ** : ਸ਼ਹਿਰ—ਦੱਖਣੀ ਹਾਂਡੂਰਸ ਵਿਚ ਇਸੇ ਨਾਂ ਦੇ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਸ਼ਾਂਤ ਮਹਾਂਸਾਗਰ ਨਾਲ ਲਗਦੇ ਸਾਹਿਲੀ ਖੇਤਰ ਵਿਚ ਚੋਲਾਟੇਕਾ ਦਰਿਆ ਉੱਤੇ ਅਮੈਰਿਕਨ ਸ਼ਾਹਰਾਹ ਉੱਤੇ ਵਾਕਿਆ ਹੈ। ਸ਼ਹਿਰ ਦੀ ਸਥਾਪਨਾ 1537 ਈ. ਵਿਚ ਕੀਤੀ ਗਈ ਸੀ ਅਤੇ 1845 ਵਿਚ ਸ਼ਹਿਰ ਦਾ ਦਰਜਾ ਮਿਲ ਗਿਆ ਸੀ। ਅੱਜਕਲ੍ਹ ਇਹ ਆਲੇ-ਦੁਆਲੇ ਦੇ ਜ਼ਰਾਇਤੀ ਉਤਪਾਦਨਾਂ ਦੀ ਮੰਡੀ, ਵਪਾਰਕ ਅਤੇ ਸੱਨਅਤੀ ਕੇਂਦਰ ਹੈ। ਇਥੇ ਦੁੱਧ ਲਈ ਡੇਅਰੀਆਂ, ਚਮੜਾ ਰੰਗਣ ਅਤੇ ਲੱਕੜੀ ਚੀਰਨ ਦਾ ਕੰਮ ਹੁੰਦਾ ਹੈ। ਫ਼ਰਨੀਚਰ, ਇੱਟਾਂ, ਟਾਈਲਾਂ, ਪੀਣ ਦੀਆਂ ਚੀਜ਼ਾਂ ਅਤੇ ਸਾਬਣ ਆਦਿ ਬਣਦਾ ਹੈ। ਇਹ ਆਸਪਾਸ ਦੇ ਹੋਰਨਾਂ ਸ਼ਹਿਰਾਂ ਅਤੇ ਗਵਾਂਢੀ ਦੇਸ਼ ਨਿਕਾਰਾਗੁਆ ਨਾਲ ਸੜਕਾਂ ਦੁਆਰਾ ਜੁੜਿਆ ਹੋਇਆ ਹੈ। ਇਥੇ ਹਵਾਈ ਅੱਡਾ ਵੀ ਹੈ।

ਆਬਾਦੀ–68,500 (1988)

13° 18′ ਉ. ਵਿਥ. ; 87° 12′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 2 : 883

**ਚੋਲੂਲਾ** : ਮੈਕਸੀਕੋ ਦਾ ਇਕ ਪ੍ਰਾਚੀਨ ਸ਼ਹਿਰ ਹੈ ਜਿਹੜਾ ਪੁਐਬੱਲਾ ਰਾਜ ਦੇ ਪੱਛਮ ਵਿਚ 10 ਕਿ. ਮੀ. ਦੀ ਦੂਰੀ ਤੇ ਕੇਂਦਰੀ ਪਠਾਰ ਉਪਰ ਵਾਕਿਆ ਹੈ।

ਐਜ਼ਟੈਕ ਲੋਕਾਂ ਦੇ ਆਉਣ ਤੋਂ ਪਹਿਲਾਂ ਇਹ ਟਾੱਲਟੈਕ ਸਭਿਅਤਾ ਦਾ ਮੁੱਖ ਕੇਂਦਰ ਸੀ ਅਤੇ ਸਪੇਨੀਆਂ ਦੇ ਹਮਲੇ ਸਮੇਂ ਇਥੋਂ ਦੀ ਵਸੋਂ 100,000 ਦੇ ਕਰੀਬ ਸੀ। ਸੰਨ 1519 ਵਿਚ ਕੌਰਟਸ ਨੇ ਇਥੋਂ ਦੇ ਲੋਕਾਂ ਦਾ ਵੱਡੇ ਪੈਮਾਨੇ ਤੇ ਕਤਲੇਆਮ ਕੀਤਾ ਅਤੇ 400 ਦੇ ਕਰੀਬ ਧਾਰਮਿਕ ਸਥਾਨ ਵੀ ਨਸ਼ਟ ਕੀਤੇ।

ਅੱਜਕੱਲ੍ਹ ਇਹ ਇਕ ਛੋਟਾ ਜਿਹਾ ਜ਼ਰਾਇਤੀ ਵਪਾਰਕ ਅਤੇ ਪਰਾਸੈੱਸਿੰਗ ਕੇਂਦਰ ਹੈ। ਭਵਨ ਨਿਰਮਾਣ ਕਲਾ ਦੇ ਨਾਯਾਬ ਨਮੂਨੇ ਇਥੇ ਅਜੇ ਵੀ ਕਾਇਮ ਹਨ। ਕਿਸੇ ਅਗਿਆਤ ਦੇਵਤੇ ਦੇ ਪਿਰਾਮਿਡ ਦੇ ਖੰਡਰ ਸ਼ਹਿਰ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਇਸ ਦੇ ਧੁਰ ਉਪਰ ਟਾੱਲਟੈਕ ਅਤੇ ਕੈੱਟਸਾਲਕੋਆਟਲ ਦਾ ਮੰਦਰ ਸਥਾਪਤ ਸੀ ਜਿਥੇ ਅੱਜਕਲ੍ਹ ਇਕ ਈਸਾਈ ਗਿਰਜੇ ਦੀ ਸਥਾਪਨਾ ਕਰ ਦਿੱਤੀ ਗਈ ਹੈ। ਆਕਾਸ਼ ਨੂੰ ਛੋਂਹਦੇ ਸਿਖਰਾਂ ਵਾਲੇ 70 ਤੋਂ ਵੀ ਵਧ ਦੂਜੇ ਹੋਰ ਗਿਰਜੇ ਵੀ ਹਨ।

ਹ. ਪੁ.–ਐਨ. ਅਮੈ. 6 : 626

**ਚੌਸਾ** : ਇਹ ਭਾਰਤ ਦੇ ਬਿਹਾਰ ਰਾਜ ਦੇ ਗਾਜ਼ੀਪੁਰ ਜ਼ਿਲ੍ਹੇ ਦਾ ਇਕ ਪਿੰਡ ਹੈ ਜੋ ਬਕਸਰ ਸ਼ਹਿਰ ਤੋਂ ਲਗਭਗ 6 ਕਿ. ਮੀ. ਪੱਛਮ ਵੱਲ ਕਰਮਾਨਾਸਾ ਨਦੀ ਦੇ ਪੂਰਬੀ ਕੰਢੇ ਤੇ ਵਸਿਆ ਹੋਇਆ ਹੈ। ਇਸ ਥਾਂ ਤੇ ਸ਼ੇਰ ਸ਼ਾਹ ਸੂਰੀ ਨੇ ਜੂਨ, 1539 ਵਿਚ ਬਾਦਸ਼ਾਹ ਹੁਮਾਯੂੰ ਨੂੰ ਹਰਾਇਆ ਸੀ ਤੇ ਹੁਮਾਯੂੰ ਆਪਣੇ ਕੁਝ ਸਾਥੀਆਂ ਸਮੇਤ ਗੰਗਾ ਪਾਰ ਕਰਕੇ ਭੱਜਣ ਵਿਚ ਸਫ਼ਲ ਹੋ ਗਿਆ ਪਰ ਇਸ ਦੇ 8,000 ਮੁਗ਼ਲ ਫ਼ੌਜੀ ਦਸਤੇ ਇਸ ਦੇ ਨਾਲ ਜਾਣ ਦੀ ਕੋਸ਼ਿਸ਼ ਵਿਚ ਖ਼ਤਮ ਹੋ ਗਏ।

25° 31′ ਉ. ਵਿਥ. ; 83° 51′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 196

**ਚੌਹਾਨ** : ਰਾਜਪੂਤਾਂ ਦਾ ਇਕ ਪ੍ਰਸਿੱਧ ਕਬੀਲਾ ਹੈ ਜਿਸਨੂੰ ਚਾਹਮਾਨ ਜਾਂ ਮਹੁਆਣ ਵੀ ਕਿਹਾ ਜਾਂਦਾ ਹੈ। ਇਹ ਇਨ੍ਹਾਂ ਦੀਆਂ

ਗਨੀਕੁਲਾਂ ਵਿਚੋਂ ਅਤੇ 36 ਹਾਕਮ ਨਸਲਾਂ ਵਿਚੋਂ ਇਕ ਹੈ। ਬਾਕੀ ਬੀਲਿਆਂ ਦੇ ਮੁਕਾਬਲੇ ਵਿਚ ਇਹ ਕਬੀਲਾ ਬਹੁਤ ਵੱਡਾ ਤੇ ਦੂਰ-ਦੂਰ ਕ ਫੈਲਿਆ ਹੋਇਆ ਹੈ। ਪੁਰਾਣੇ ਸਮਿਆਂ ਵਿਚ ਇਨ੍ਹਾਂ ਨੂੰ ਸੂਰਜਬੰਸੀ ਾਨਦਾਨ ਵਿਚੋਂ ਮੰਨਿਆ ਜਾਂਦਾ ਸੀ।

ਟਾਡ ਅਨੁਸਾਰ ਰਾਜਪੂਤਾਂ ਵਿਚੋਂ ਚੌਹਾਨ ਸਭ ਤੋਂ ਵਧ ਸੂਰਬੀਰ ਨ ਅਤੇ ਹਿੰਦੁਸਤਾਨ ਦਾ ਅੰਤਲਾ ਹਿੰਦੂ ਬਾਦਸ਼ਾਹ ਪ੍ਰਿਥਵੀ ਰਾਜ ਵੀ ਤਸੇ ਕਬੀਲੇ ਨਾਲ ਸਬੰਧਤ ਸੀ। ਦਿੱਲੀ ਦਾ ਤਖ਼ਤ ਸੰਭਾਲਣ ਤੋਂ ਪਹਿਲਾਂ ਤਹ ਅਜਮੇਰ ਅਤੇ ਸਾਂਭਰ ਉਪਰ ਰਾਜ ਕਰਦੇ ਸਨ। ਅੰਬਾਲਾ ਦੇ ਹਿਾਨਾਂ ਅਨੁਸਾਰ ਅਜਮੇਰ ਤੋਂ ਪਹਿਲਾਂ ਅਲਾਲ ਕੁੰਡੋਰ ਪੁਰੀ ਤੱਕ ਇਨ੍ਹਾਂ ਾ ਅਧਿਕਾਰ ਖੇਤਰ ਸੀ। ਦਿੱਲੀ ਵਿਚੋਂ ਕੱਢੇ ਜਾਣ ਤੇ ਇਹ ਲੋਕ ਜਮਨਾ ਾਰ ਮੁਰਾਦਾਬਾਦ ਵਿਚ ਸਾਂਭਲ ਤੱਕ ਪਹੁੰਚ ਗਏ ਅਤੇ ਅੰਬਾਲਾ ਤੇ ਰਨਾਲ ਜ਼ਿਲ੍ਹਿਆਂ ਵਿਚ ਟਿਕ ਗਏ।

ਅੰਬਾਲਾ ਜ਼ਿਲ੍ਹੇ ਦੇ ਚੌਹਾਨ ਆਪਣੇ ਆਪ ਨੂੰ ਬਚਾਸ ਗੋਤ ਨਾਲ ਬੰਧਤ ਤੇ ਸੂਰਜਬੰਸੀ ਤੁਖ਼ਮ ਵਿਚੋਂ ਦੱਸਦੇ ਹਨ। ਇਸ ਜ਼ਿਲ੍ਹੇ ਵਿਚ ਨ੍ਹਾਂ ਦੇ 169 ਪਿੰਡ ਹਨ। ਰਾਣਾ ਹੱਰਾ ਇਨ੍ਹਾਂ ਦਾ ਪੂਰਵਜ ਸੀ। ਇਸ ੇ ਰੋਰਨੀ, ਗੁਜਰੀ, ਜਾਟਨੀ ਅਤੇ ਹੁਜਾਮਨੀ ਦੀਆਂ ਕੁੱਖਾਂ ਤੋਂ ਜੰਮੇ ਚਾਰ ਜਾਇਜ਼ ਪੁੱਤਰ ਸਨ। ਹੁਜਾਮਨੀ ਦੇ ਪੁੱਤਰ 'ਕਵਾਲ ਰਾਜ' ਨੇ ਬਾਜਾਂ ੀ ਨੀਂਹ ਰੱਖੀ ਜਿਸ ਵਿਚ ਬਾਰਾਂ ਪਿੰਡ ਬੰਨ੍ਹੇ ਗਏ। ਭੱਧੀ ਜਾਟਨੀ ਦਾ ਤਰ ਸੀ। ਇਸ ਤੋਂ ਅਗਾਂਹ ਮੁਧਲ ਨਾਮੀ ਜਾਟ ਗੋਤ ਹੋਂਦ ਵਿਚ ਆਇਆ। ਥਾਨੇਸਰ ਅਤੇ ਸਹਾਰਨਪੁਰ ਦੇ ਇਲਾਕੇ ਵਿਚ ਇਨ੍ਹਾਂ ਦੇ ਦੋ ਰ੍ਹੇ ਹਨ।

ਕਰਨਾਲ ਪਰੰਪਰਾ ਅਨੁਸਾਰ ਰਾਣਾ ਹੱਰਾ ਦੀਆਂ ਦੋ ਰਾਜਪੂਤ ਾਣੀਆਂ ਅਤੇ ਪੰਜ ਰਖੇਲਾਂ ਰੋੜਨੀ, ਜਾਟਨੀ, ਜੋਗਨ, ਗੁਜਰੀ ਅਤੇ ਨੈਣ ਨ। ਨੈਣ ਦੇ ਉਤਰਾਧਿਕਾਰੀ ਮੁਸਤਫ਼ਾਬਾਦ ਜਗਾਧਰੀ ਦੇ ਰਾਜਪੂਤ ਨ। ਜਾਟਨੀ ਤੇ ਗੁਜਰੀ ਦੀ ਸੰਤਾਨ ਜਮਨਾ ਦੇ ਪੂਰਬ ਵੱਲ ਜਾ ਵੱਸੀ ੀ।

'ਰਾਨਥਾ' ਜਾਂ 'ਰਾਨਤਾ' ਰਾਣਾ ਹਰਰਾਇ ਦੀ ਬੁਢੇਪੇ ਦੀ ਔਲਾਦ ਸੀ ਤੇ ਇਸ ਦੀ ਜਾਇਦਾਦ ਉਪਰ ਇਸ ਦੇ ਮਤਰਏ ਭਰਾਵਾਂ ਨੇ ਕਾਫ਼ੀ ਝਗੜਾ ਵੀ ਕੀਤਾ। ਰਾਨਥਾ ਨੇ ਦਿੱਲੀ ਦੇ ਬਾਦਸ਼ਾਹ ਕੋਲ ਫ਼ਰਿਆਦ ਕੀਤੀ। ਬਾਦਸ਼ਾਹ ਦੇ ਪੁੱਛਣ ਤੇ ਰਾਨਥਾ ਦੀ ਮਾਂ ਨੇ ਦੱਸਿਆ ਕਿ ਉਸ ਨੇ ਡੋਲੇ ਵਿਚ ਬੈਠਿਆਂ ਹੀ ਰਾਣੇ ਨੂੰ ਕਾਮ-ਉਤੇਜਕ ਵਾਲੀ ਮੱਛੀ ਖਿਲਾਈ ਸੀ। ਇਸ ਤੇ ਬਾਦਸ਼ਾਹ ਨੇ ਫੈਸਲਾ ਕੀਤਾ ਕਿ ਜੇ ਰਾਨਥਾ ਦੇ ਪਸੀਨੇ ਵਿਚ ਮੱਛੀ ਦੀ ਗੰਧ ਆਵੇਗੀ ਤਾਂ ਉਹ ਜਾਇਜ਼ ਕਰਾਰ ਦਿੱਤਾ ਜਾਵੇਗਾ। ਰਾਨਥਾ ਇਸ ਸ਼ਰਤ ਤੇ ਪੂਰਾ ਉਤਰਿਆ ਤੇ ਆਪਣੇ ਪਿਤਾ ਦੀ ਜਾਇਦਾਦ ਦਾ ਹੱਕਦਾਰ ਬਣਿਆ। ਟਾਂਗਰੀ ਤੋਂ ਪਰੇ ਇਸ ਦੇ ਉਤਰਾਧਿਕਾਰੀ ਕੋਲੀ ਨਾਂ ਹੇਠ ਵੀ ਫੁੱਲੇ। ਰਾਨਥਾ ਦੇ ਇਕ ਉਤਰਾਧਿਕਾਰੀ ਸੁਭ ਮੱਲ ਦੇ ਪੁੱਤਰ ਤਿਲੋਕ ਚੰਦ ਨੇ ਚੌਹਾਨਾਂ ਦੇ ਵਸਾਏ 169 ਪਿੰਡਾਂ ਵਿਚੋਂ 84 ਪਿੰਡ ਜਿੱਤ ਕੇ ਆਪਣੇ ਕਬਜ਼ੇ ਹੇਠ ਕਰ ਲਏ ਤੇ ਇਨ੍ਹਾਂ ਨੂੰ ਚੌਰਾਸੀ ਦਾ ਨਾਂ ਦਿੱਤਾ। ਬਾਕੀ 85 ਪਿੰਡ ਇਸ ਦੇ ਦੂਜੇ ਭਰਾ ਮਾਨਕ ਚੰਦ ਨੇ ਖੋਹ ਲਏ ਤੇ ਉਨ੍ਹਾਂ ਨੂੰ 'ਪਚਾਸੀ' ਕਿਹਾ ਜਾਣ ਲੱਗਾ। ਸੰਨ 1700 ਦੇ ਲਗਭਗ ਤਿਲੋਕ ਚੰਦ ਦਾ ਅੱਠਵਾਂ ਅਨੁਵੰਸ਼ੀ ਜਗਜੀਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਵਿਰੋਧੀ ਬਣਿਆ। ਸੰਨ 1750 ਵਿਚ ਇਸ ਦਾ ਪੋਤਰਾ ਫਤੇ ਚੰਦ ਆਪਣੇ ਦੋ ਪੁੱਤਰਾਂ ਭੂਪ ਸਿੰਘ ਤੇ ਚੂਹੜ ਸਿੰਘ ਸਮੇਤ ਅਹਿਮਦ ਸ਼ਾਹ ਦੁੱਰਾਨੀ ਤੋਂ ਡਰ ਕੇ ਕੋਟਾਹਾ ਜਾ ਪਹੁੰਚੇ ਜਿਥੇ 70000 ਚੌਹਾਨਾਂ ਨੂੰ ਸਾਮਰਾਜੀ ਹਕੂਮਤ ਨੇ ਮੌਤ ਦੇ ਘਾਟ ਉਤਾਰ ਦਿੱਤਾ।

**ਹਿਸਾਰ ਦੇ ਚੌਹਾਨ** ਪਰਵਾਸੀ ਹਨ ਜਿਨ੍ਹਾਂ ਨੂੰ ਨਿਮਰਾਣ ਤੇ ਸਿਧਮੁੱਖ ਦੋ ਸ਼ਾਖਾਵਾਂ ਵਿਚ ਵੰਡਿਆ ਜਾ ਸਕਦਾ ਹੈ। ਨਿਮਰਾਣ ਚੌਹਾਨ ਰਾਜ ਸੰਗਤ ਦੀ ਸੰਤਾਨ ਹਨ, ਸੰਗਤ ਚਹੀੜ ਦਿਓ ਦਾ ਪੜੋਤਾ ਤੇ ਪ੍ਰਿਥਵੀ ਰਾਜ ਦਾ ਭਰਾ ਸੀ। ਅਗਾਂਹ ਫਿਰ 'ਨਿਮਰਾਣ' ਦੋ ਉਪ-ਸ਼ਾਖਾਵਾਂ ਰਾਠ ਤੇ ਬਿਘੋਤਾ, ਕਬੀਲਿਆਂ ਵਿਚ ਵੰਡੇ ਗਏ।

ਇਲੀਅਟ ਅਨੁਸਾਰ 'ਨਿਮਰਾਣ' ਦੋ ਨਹੀਂ ਸਗੋਂ ਚਾਰ ਕਬੀਲਿਆਂ ਰਾਠ, ਬਿਘੋਤਾ, ਢੰਢੋਤੀ ਅਤੇ ਚਾਂਦਵਾੜ ਵਿਚ ਵੰਡਿਆ ਗਿਆ। ਰਾਠ ਇਨ੍ਹਾਂ ਵਿਚੋਂ ਸਭ ਤੋਂ ਵੱਡਾ ਹੈ ਤੇ ਅਲਵਰ ਦੇ ਇਲਾਕੇ ਵਿਚ ਹੈ। ਨਾਰਨੌਲ ਤੇ ਪਟਿਆਲੇ ਜ਼ਿਲ੍ਹੇ ਵਿਚ ਵੀ ਰਾਠ ਲੋਕੀ ਆ ਵਸੇ ਹਨ। ਬਿਘੋਤਾ ਕਬੀਲਾ ਰਾਠਾਂ ਦੇ ਉੱਤਰ ਵੱਲ ਅਤੇ ਢੰਢੋਤੀ ਅਤੇ ਬਿਘੋਤਾ ਕਬੀਲੇ ਹਰਿਆਣੇ ਦੇ ਵਿਚਕਾਰਲੇ ਇਲਾਕੇ ਵਿਚ ਹਨ। ਇਨ੍ਹਾਂ ਦਾ ਬਾਰਾਥਾਲ ਇਲਾਕਾ ਬੀਕਾਨੇਰ ਵਿਚ ਸਿਧਮੁੱਖ ਦੇ ਨਜ਼ਦੀਕ (12 ਪਿੰਡਾਂ ਵਿਚ) ਹੈ।

ਦਿੱਲੀ ਸ਼ਹਿਰ ਦੇ ਦੱਖਣ ਵਿਚ ਵੀ ਚੌਹਾਨਾਂ ਦੇ ਕੁਝ ਪਿੰਡ ਮੌਜੂਦ ਹਨ ਅਤੇ ਸੋਨੀਪਤ ਤਹਿਸੀਲ ਵਿਚ ਜਖੌਲੀ ਦੇ ਨੇੜੇ ਇਨ੍ਹਾਂ ਦੀ ਇਕ ਛੋਟੀ ਜਿਹੀ ਬਸਤੀ ਹੈ। ਵਿਧਵਾ-ਵਿਆਹ ਦੀ ਰੀਤ ਅਪਣਾਉਣ ਕਰਕੇ ਬਾਕੀਆਂ ਨੇ ਸੋਨੀਪਤ ਦੇ ਚੌਹਾਨਾਂ ਨੂੰ ਜਾਤੀ ਵਿਚੋਂ ਛੇਕ ਦਿੱਤਾ ਹੈ ਪਰ ਇਹ ਲੋਕ ਆਪਣੇ ਬਾਕੀ ਦੇ ਕਬੀਲੇ ਵਾਲਿਆਂ ਨਾਲੋਂ ਜ਼ਿਆਦਾ ਚੰਗੇ ਵਾਹੀਕਾਰ ਸਿੱਧ ਹੋਏ ਹਨ। ਆਦਤ ਪੱਖੋਂ ਵੀ ਇਹ ਸਾਊ ਸੁਭਾਅ ਵਾਲੇ ਅਤੇ ਸਲੀਕਾ ਪਸੰਦ ਹਨ।

ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਕੇਂਦਰੀ ਤੇ ਪੱਛਮੀ ਜ਼ਿਲ੍ਹਿਆਂ ਵਿਚ ਇਨ੍ਹਾਂ ਨੂੰ ਰਾਜਪੂਤ ਜਾਂ ਜੱਟ ਨਾਂ ਹੇਠ ਵੱਖਰੇ ਢੰਗ ਨਾਲ ਸ਼੍ਰੇਣੀਬੱਧ ਕੀਤਾ ਗਿਆ ਹੈ। ਮਿੰਟਗੁਮਰੀ, ਸ਼ਾਹਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ ਇਨ੍ਹਾਂ ਦੇ ਵਾਹੀਕਾਰ ਕਬੀਲੇ ਹਨ।

ਬਹਾਵਲਪੁਰ ਦੇ ਚੌਹਾਨਾਂ ਦੇ ਖਾਲੀਮ, ਹਮਸ਼ੀਰ ਅਤੇ ਖਿੱਚੀ ਨਾਮੀ ਤਿੰਨ ਕਬੀਲੇ ਹਨ।

ਹਮਸ਼ੀਰਾ ਆਪਣੇ ਆਪ ਨੂੰ ਅਕਬਰ ਦੇ ਲੈਪਾਲਕ ਭਰਾ ਹਮਸਿਰ ਦੀ ਸੰਤਾਨ ਹੋਣ ਦਾ ਦਾਅਵਾ ਕਰਦੇ ਹਨ। ਇਸੇ ਤਰ੍ਹਾਂ ਖਿੱਚੀ 700 ਸਾਲ ਪਹਿਲਾਂ ਦੇ ਅਜਮੇਰ ਦੇ ਹਾਕਮ ਖਿੱਚੀ ਖਾਂ ਦੇ ਉਤਰਾਧਿਕਾਰੀ ਹਨ। ਇਹ ਗਿਣਤੀ ਵਿਚ ਕਾਫ਼ੀ ਥੋੜ੍ਹੇ ਹਨ। ਖੇਰਪੁਰ ਵਿਚ ਇਹ ਤਰਖਾਣਾ ਕੰਮ ਕਰਦੇ ਹਨ ਤੇ ਮੁਲਤਾਨ ਦੇ ਖਿੱਚੀ ਚੰਗੇ ਖਾਂਦੇ ਪੀਂਦੇ ਜ਼ਿਮੀਂਦਾਰ ਹਨ।

ਕਈ ਜੱਟ ਅਤੇ ਹੋਰ ਵੱਡੇ-ਵੱਡੇ ਕਬੀਲੇ ਵੀ ਆਪਣੇ ਆਪ ਨੂੰ ਚੌਹਾਨ ਰਾਜਪੂਤਾਂ ਦੀ ਸੰਤਾਨ ਹੋਣ ਦਾ ਦਾਅਵਾ ਕਰਦੇ ਹਨ। ਵਾਸਤਵ ਵਿਚ ਚੌਹਾਨ ਜਾਤੀ ਹਾਕਮ ਰਹਿਣ ਕਰਕੇ ਦੂਰ ਤੱਕ ਫੈਲੀ ਜਿਸ ਦੇ ਫ਼ਲਸਰੂਪ ਵਿਸੇਸ਼ ਕਰਕੇ ਪੰਜਾਬ ਦੀ ਹਰੇਕ ਵੱਡੀ ਤੋਂ ਵੱਡੀ ਜਾਤ ਵੀ ਚੌਹਾਨ ਸ਼ਾਖਾ ਤੋਂ ਬਿਨਾਂ ਨਹੀਂ ਮਿਲਦੀ।

ਹ. ਪੁ. -ਗਲਾ. ਟ੍ਰਾ. ਕਾ. 2 : 155 ; ਪੰ. ਕਾ.

**ਚੌਕਾ** : ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੀ ਇਕ ਨਦੀ ਹੈ ਜੋ ਖੇੜੀ ਦੇ ਸਥਾਨ ਤੇ ਸ਼ਾਰਦਾ ਨਦੀ ਵਿਚੋਂ ਉਸ ਦੀ ਇਕ ਸ਼ਾਖਾ ਦੇ ਤੌਰ ਤੇ ਨਿਕਲਦੀ ਹੈ। ਇਸ ਦੇ ਵਿਚ ਹੁਣ ਪਾਣੀ ਬਹੁਤਾ ਨਹੀਂ ਹੈ ਪਰ ਇਹ ਖੇੜੀ, ਸੀਤਾਪੁਰ ਅਤੇ ਬਾਰਾ ਬੰਨੀ ਆਦਿ ਸਥਾਨਾਂ ਤੋਂ ਨਿਕਲਦੀ ਹੋਈ ਕਾਫ਼ੀ ਲੰਬਾ ਸਫ਼ਰ ਤੈਅ ਕਰਦੀ ਹੈ ਅਤੇ ਬਹਰਮਘਾਟ ਦੇ ਨਜ਼ਦੀਕ ਘਾਗਰਾ ਨਦੀ ਵਿਚ ਮਿਲ ਜਾਂਦੀ ਹੈ। ਇਸ ਤੋਂ ਇਲਾਵਾ ਸ਼ਾਰਦਾ ਨਦੀ ਦੇ ਇਕ ਪੁਰਾਣੇ ਤਲ ਨੂੰ ਵੀ ਚੌਕਾ ਕਿਹਾ ਜਾਂਦਾ ਹੈ ਜੋ ਹੁਣ ਉਸ ਨਦੀ ਨੂੰ ਪੀਲੀਭੀਤ ਦੇ ਸਥਾਨ ਤੇ ਜਾ ਮਿਲਦੀ ਹੈ।

ਹ. ਪੁ.–ਇੰਪ. ਗ. ਇੰਡ. 10 : 183

**ਚੌਗਾੜ** : ਇਹ ਭਾਰਤ ਦੇ ਕੇਰਲਾ ਪ੍ਰਾਂਤ ਦੇ ਪਾਲਘਾਟ ਨਾਂ ਦੇ ਜ਼ਿਲ੍ਹੇ ਵਿਚ ਸਥਿਤ ਇਕ ਖੇਤਰ ਹੈ। ਇਥੋਂ ਦਾ ਮੁੱਖ ਧੰਦਾ ਖੇਤੀਬਾੜੀ ਹੈ। ਇਥੇ ਚੌਲ, ਨਾਰੀਅਲ ਤੇ ਦਾਲਾਂ ਦੀ ਖੇਤੀ ਕੀਤੀ ਜਾਂਦੀ ਹੈ। ਇਥੇ

ਵਰਖਾ ਵੀ ਕਾਫ਼ੀ ਹੁੰਦੀ ਹੈ ਤੇ ਮੌਸਮ ਸਾਲ ਭਰ ਇਕੋ ਜਿਹਾ ਹੀ ਰਹਿੰਦਾ ਹੈ। ਇਥੇ ਪਹਾੜੀ ਢਲਾਣਾਂ ਉੱਤੇ 100 ਵਿਅਕਤੀ ਪ੍ਰਤੀ ਵਰਗ ਮੀਲ ਦੇ ਹਿਸਾਬ ਨਾਲ ਰਹਿੰਦੇ ਹਨ।

ਹ. ਪੁ.–ਹਿੰ. ਵਿ. ਕੋ. 4 : 300

**ਚੌਟਾਂਗ** : ਇਹ ਭਾਰਤ ਦੇ ਹਰਿਆਣਾ ਰਾਜ ਦੇ ਅੰਬਾਲਾ ਅਤੇ ਕਰਨਾਲ ਜ਼ਿਲ੍ਹਿਆਂ ਦੀ ਇਕ ਨਦੀ ਹੈ ਜੋ ਸਰਸਵਤੀ ਦਰਿਆ ਤੋਂ ਕੁਝ ਕਿ. ਮੀ. ਦੱਖਣ ਵੱਲ ਮੈਦਾਨਾਂ ਵਿਚੋਂ ਹੀ ਨਿਕਲਦੀ ਹੈ ਤੇ ਕੁਝ ਦੂਰੀ ਤੱਕ ਸਰਸਵਤੀ ਦਰਿਆ ਦੇ ਨਾਲ-ਨਾਲ ਵਗਦੀ ਹੈ। ਬੈਲਛਾਪਾਰ ਦੇ ਨਜ਼ਦੀਕ ਦੋਵੇਂ ਨਦੀਆਂ ਪ੍ਰਤੱਖ ਤੌਰ ਤੇ ਰੇਤ ਵਿਚ ਇਕ ਦੂਜੀ ਨਾਲ ਮਿਲ ਜਾਂਦੀਆਂ ਹਨ ਪਰ ਅੱਗੇ ਜਾ ਕੇ ਦੋ ਵੱਖ-ਵੱਖ ਧਾਰਾਵਾਂ ਵਿਚ ਫਿਰ ਨਿਕਲ ਆਉਂਦੀਆਂ ਹਨ। ਇਥੋਂ ਚੌਟਾਂਗ ਜਮਨਾ ਦਰਿਆ ਦੇ ਬਰਾਬਰ ਵਗਦੀ ਹੈ ਤੇ ਫਿਰ ਪੱਛਮ ਦਿਸ਼ਾ ਵਿਚ ਹਾਂਸੀ ਅਤੇ ਹਿਸਾਰ ਵੱਲ ਮੁੜ ਜਾਂਦੀ ਹੈ। ਇਸ ਰਸਤੇ ਵਿਚ ਇਸ ਦਾ ਨਦੀ-ਤਲ ਪੱਛਮੀ ਜਮਨਾ ਨਹਿਰ ਦੀ ਹਿਸਾਰ ਸ਼ਾਖਾ ਲਈ ਧਾਰਾ ਬਣਾਉਂਦਾ ਹੈ। ਇਸ ਦੇ ਘੱਗਰ ਦਰਿਆ ਤੱਕ ਦੇ ਪੁਰਾਣੇ ਦਰਿਆਈ ਰਾਹ ਦੇ ਨਿਸ਼ਾਨ ਮਿਲਦੇ ਹਨ ਜਿਥੇ ਇਹ ਲਗਭਗ 400 ਕਿ. ਮੀ. ਦਾ ਸਫ਼ਰ ਤੈਅ ਕਰਕੇ ਬਠਨੇਅਰ ਤੋਂ ਥੋੜ੍ਹਾ ਹੇਠਾਂ ਕਰਕੇ ਬਾਹਨੀ ਦੇ ਸਥਾਨ ਤੇ ਇਸ ਵਿਚ ਮਿਲ ਜਾਂਦੀ ਸੀ ਪਰ ਹੁਣ ਇਸ ਦਾ ਵਹਾਓ ਮੁੱਖ ਤੌਰ ਤੇ ਸਾਰੇ ਦਾ ਸਾਰਾ ਨਹਿਰ ਵੱਲ ਬਦਲ ਦਿੱਤਾ ਹੋਇਆ ਹੈ।

ਹ. ਪੁ.–ਇੰਪ. ਗ. ਇੰਡ. 10 : 186

**ਚੌਥ** : ਪ੍ਰਾਚੀਨ ਭਾਰਤ ਵਿਚ ਮਾਲ ਗੁਜ਼ਾਰੀ ਦਾ ਚੌਥਾ ਹਿੱਸਾ ਪਰਗਨੇ ਦੇ ਸਰਦਾਰ ਨੂੰ ਬਾਦਸ਼ਾਹ ਵੱਲੋਂ ਮੁਆਫ਼ ਕਰ ਦਿੱਤਾ ਜਾਂਦਾ ਸੀ ਤਾਂ ਕਿ ਉਹ ਉਸ ਧਨ ਨਾਲ ਆਪਣੇ ਇਲਾਕੇ ਦੀ ਹਿਫ਼ਾਜ਼ਤ ਲਈ ਤੇ ਇਲਾਕੇ ਦੇ ਅੰਦਰ ਸ਼ਾਂਤੀ ਕਾਇਮ ਰੱਖਣ ਵਾਸਤੇ ਕੁਝ ਫ਼ੌਜ ਰੱਖ ਸਕੇ। ਮਾਲੀਏ ਦੀ ਇਸ ਮੁਆਫ਼ੀ ਨੂੰ 'ਚੌਥ' ਕਿਹਾ ਜਾਂਦਾ ਸੀ ਅਤੇ ਮੁਆਫ਼ੀਕਾਰ ਸਰਦਾਰ ਨੂੰ 'ਚੌਥਦਾਰ' ਕਿਹਾ ਜਾਂਦਾ ਸੀ।

ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀਆਂ ਦੌਰਾਨ ਭਾਰਤ ਵਿਚ ਵਿਸ਼ੇਸ਼ ਕਰਕੇ ਇਸ 'ਚੌਥ' ਦੀ ਮਹੱਤਤਾ ਉਨ੍ਹਾਂ ਪਰਗਨਿਆਂ ਜਾਂ ਜ਼ਿਲ੍ਹਿਆਂ ਵਿਚ ਸੀ ਜਿਥੇ ਮਰਾਠੇ ਹਾਕਮ ਆਪਣੀ ਸਰਦਾਰੀ ਕਾਇਮ ਕਰਨ ਜਾਂ ਜ਼ਬਰਦਸਤੀ ਲਾਂਘੇ ਦਾ ਹੱਕ ਸਮਝਦੇ ਸਨ। ਅਮਲੀ ਰੂਪ ਵਿਚ ਉਸ ਸਮੇਂ ਦੇ ਹਿੰਦੂ ਜਾਂ ਮੁਸਲਮਾਨ ਹਾਕਮ ਮਰਾਠਿਆਂ ਨੂੰ ਚੌਥ ਦਿੰਦੇ ਸਨ ਤਾਂ ਕਿ ਉਹ ਇਨ੍ਹਾਂ ਦੇ ਰਾਜ-ਖੇਤਰ ਵਿਚ ਤਬਾਹੀ ਨਾ ਮਚਾਉਣ ਅਤੇ ਇਨ੍ਹਾਂ ਦੇ ਰਾਜ-ਖੇਤਰ ਦੇ ਮਰਾਠਿਆਂ ਦੇ ਕਬਜ਼ੇ ਹੇਠ ਆਏ ਹਿੱਸੇ ਵਾਪਸ ਲਏ ਜਾ ਸਕਣ। ਦੂਜੇ ਪਾਸੇ ਮਰਾਠੇ ਇਸ ਚੌਥ ਨੂੰ ਹਿੰਦੂ ਜਾਂ ਮੁਸਲਮਾਨਾਂ ਦੇ ਰਾਜ ਖੇਤਰ ਨੂੰ ਹੋਰਨਾਂ ਹਮਲਿਆਂ ਤੋਂ ਬਚਾਉਣ ਦੇ ਮੰਤਵ ਲਈ ਕੀਤੀ ਜਾਣ ਵਾਲੀ ਅਦਾਇਗੀ ਸਮਝਦੇ ਸਨ ਪਰ ਹਿੰਦੂ ਜਾਂ ਮੁਸਲਮਾਨ ਸ਼ਹਿਜਾਦੇ 'ਚੌਥ' ਨੂੰ ਕਦੇ ਉਪਰੋਕਤ ਅਨੁਸਾਰ ਨਹੀਂ ਵਰਤ ਸਕੇ ਕਿਉਂਕਿ ਉਸ ਸਮੇਂ ਦੇ ਹਾਕਮ ਹਮੇਸ਼ਾਂ ਹੀ ਇਨ੍ਹਾਂ ਕੋਲੋਂ ਪੂਰਾ ਮਾਲੀਆ ਲੈਣ ਦੀ ਕੋਸ਼ਿਸ਼ ਕਰਦੇ ਸਨ। ਸਗੋਂ 'ਚੌਥ' ਇਨ੍ਹਾਂ ਚੌਥਦਾਰਾਂ ਲਈ ਮਾਲਗੁਜ਼ਾਰੀ ਤੋਂ ਬਿਨਾਂ ਉਨ੍ਹਾਂ ਉਪਰ ਵਾਧੂ ਦਾ ਬੋਝ ਸੀ। ਇਸਦੇ ਫਲਸਰੂਪ ਸਾਰੇ ਭਾਰਤ ਦੇ ਹਿੰਦੂ ਅਤੇ ਮੁਸਲਮਾਨਾਂ ਵਿਚ ਮਰਾਠਿਆਂ ਦੀ ਬਦਨਾਮੀ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2 : 142; ਮ. ਕੋ. 478

**ਚੌਧਰੀ, ਨਰਨਾਰਾਇਣ (ਸਨਖੋ)** : ਬਿਹਾਰ (ਭਾਰਤ) ਦੇ ਇਸ ਪ੍ਰਸਿੱਧ ਬੁੱਤਕਾਰ ਦਾ ਜਨਮ 25 ਫ਼ਰਵਰੀ, 1916 ਨੂੰ ਸੰਥਾਲ ਪਰਗਨਾ ਜ਼ਿਲ੍ਹੇ ਵਿਚ ਦਿਉਗੜ੍ਹ ਵਿਖੇ ਹੋਇਆ। ਬੀ. ਏ. ਉਪਰੰਤ ਫ਼ਾਈਨ ਆਰਟਸ ਵਿਚ ਡਿਪਲੋਮਾ ਪ੍ਰਾਪਤ ਕਰਨ ਮਗਰੋਂ, 1947 ਵਿਚ ਇਸ ਨੇ ਬੰਬਈ ਵਿਖੇ ਇਕ ਆਜ਼ਾਦ ਕਲਾਕਾਰ ਵਜੋਂ ਕੰਮ ਸ਼ੁਰੂ ਕੀਤਾ।

ਸੰਨ 1950 ਤੋਂ 1965 ਤੱਕ ਇਹ ਐਮ. ਐਸ. ਯੂਨੀਵਰਸਿਟੀ, ਬੜੌਦਾ ਦੇ ਬੁੱਤਕਾਰੀ ਵਿਭਾਗ ਦਾ ਰੀਡਰ ਅਤੇ ਮੁੱਖੀ ਰਿਹਾ। ਸੰਨ 1966-68 ਦੌਰਾਨ, ਫ਼ਾਈਨ ਆਰਟਸ ਦਾ ਸੀਨੀਅਰ ਪ੍ਰੋਫੈਸਰ ਅਤੇ ਡੀਨ ਅਤੇ ਫਿਰ 1968 ਤੋਂ 1970 ਤੱਕ ਬੁੱਤਕਾਰੀ ਵਿਭਾਗ ਦਾ ਪ੍ਰੋਫੈਸਰ ਅਤੇ ਮੁੱਖੀ ਰਿਹਾ।

ਇਸ ਨੇ ਭਾਰਤ ਦੀਆਂ ਕਈ ਵੱਡੀਆਂ-ਵੱਡੀਆਂ ਪ੍ਰਦਰਸ਼ਨੀਆਂ ਵਿਚ ਹਿੱਸਾ ਲਿਆ ਅਤੇ ਕਿੰਨੇ ਹੀ ਇਨਾਮ ਪ੍ਰਾਪਤ ਕੀਤੇ। ਬੰਬਈ ਅਤੇ ਦਿੱਲੀ ਵਿਖੇ ਇਸਨੇ ਇਕੱਲਿਆਂ ਹੀ ਪ੍ਰਦਰਸ਼ਨੀਆਂ ਲਗਾਈਆਂ। ਇਸਨੇ 1961 ਦੀ ਛੇਵੀਂ ਸਾਓ ਪੋਲੋ ਬਾਈਐਨੇਲ ਵਿਚ ਵੀ ਹਿੱਸਾ ਲਿਆ।

ਸੰਨ 1956 ਵਿਚ ਇਸ ਨੂੰ ਲਲਿਤ ਕਲਾ ਅਕਾਦਮੀ ਵੱਲੋਂ ਸਨਮਾਨਿਆ ਗਿਆ। ਉਸੇ ਸਾਲ ਇਸ ਨੂੰ ਅਕੈਡਮੀ ਦਾ ਮੈਂਬਰ ਬਣਾਇਆ ਗਿਆ ਅਤੇ 1974 ਵਿਚ ਸਕੱਤਰ ਚੁਣਿਆ ਗਿਆ।

ਹ. ਪੁ.–ਇੰਡੀਆ ਹੂਜ਼ ਹੂ ; ਐਨ. ਇੰ. 1 : 243; ਆਰਟਿਸਟ ਡਾਇਰੈਕਟਰੀ

**ਚੌਪਈ** : ਇਹ ਇਕ ਮਾਤ੍ਰਿਕ ਛੰਦ ਹੈ, ਇਸ ਨੂੰ ਚੌਪਈ ਜਾਂ ਚਤੁਸ਼ਪਦੀ ਵੀ ਕਿਹਾ ਜਾਂਦਾ ਹੈ। ਇਸ ਦੇ ਚਾਰ ਵਰਣ ਹੁੰਦੇ ਹਨ ਅਤੇ ਹਰ ਵਰਣ ਦੀਆਂ 15 ਮਾਤ੍ਰਾਵਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ ਅੱਠ ਤੇ ਦੂਜਾ ਸਤ ਤੇ ਅਤੇ ਅੰਤ ਵਿਚ ਗੁਰੂ ਲਘੂ ਹੁੰਦਾ ਹੈ। ਇਸ ਦਾ ਇੱਕ ਹੋਰ ਨਾਂ 'ਜਯਕਰੀ' ਵੀ ਹੈ।

ਜੇ ਪੰਦਰਾਂ ਮਾਤ੍ਰਾਵਾਂ ਦੀ ਚੌਪਈ ਦੇ ਅੰਤ ਵਿਚ ਜਗਣ ਹੋਵੇ ਤਾਂ ਇਸ ਨੂੰ 'ਗੁਪਾਲ' ਅਤੇ 'ਭੁਜੰਗਿਨੀ' ਨਾਂ ਦਿੱਤਾ ਜਾਂਦਾ ਹੈ। ਜੇਕਰ ਚੌਪਈ ਦੇ ਹਰ ਚਰਣ ਤੇ 16 ਮਾਤ੍ਰਾਵਾਂ ਹੋਣ ਅਤੇ ਅੰਤ ਵਿਚ ਗੁਰੂ ਹੋਵੇ ਤਾਂ ਉਹ 'ਰੂਪ-ਚੌਪਈ' ਅਖਵਾਉਂਦੀ ਹੈ। ਇਸ ਤਰ੍ਹਾਂ ਦੀ ਚੌਪਈ ਦੇ ਅੰਤ ਵਿਚ ਜਗਣ ਅਤੇ ਭਗਣ ਨਹੀਂ ਹੁੰਦੇ। 16 ਮਾਤ੍ਰਾ ਅਤੇ ਅੰਤ ਵਿਚ ਗੁਰੂ ਵਾਲੀ ਚੌਪਈ ਦਾ ਨਾਂ 'ਸ਼ੰਖਿਨੀ' ਹੈ। ਕਈ ਵਿਦਵਾਨਾਂ ਅਨੁਸਾਰ ਸ਼ੰਖਿਨੀ ਚੌਪਈ ਦੇ ਅੰਤ ਵਿਚ ਜਗਣ ਹੋਣਾ ਜ਼ਰੂਰੀ ਹੈ।

2. ਚੌਪਈ ਇਕ ਖ਼ਾਸ ਬਾਣੀ ਵੀ ਹੈ। ਚੌਪਈ ਛੰਦ ਵਿਚ ਰਚੀ ਗਈ ਹੋਣ ਕਰਕੇ ਇਸ ਦਾ ਇਹੋ ਨਾਂ ਹੈ। ਦਸਮ ਗ੍ਰੰਥ ਦੇ 405ਵੇਂ ਚਰਿਤ੍ਰ ਵਿਚ ਇਹ ਕਥਾ ਹੈ ਕਿ ਸਤਜੁਗ ਵਿਚ ਰਾਜਾ ਸਤਯਸੰਧ ਅਤੇ ਈਰਾਘਦਾੜ੍ਹ ਦਾਨਵ ਦਾ ਯੁੱਧ ਹੋਇਆ। ਦੋਹਾਂ ਦੇ ਸ਼ਸਤਰ ਨਾਲ ਜੋ ਅੱਗ ਦੀ ਲਾਟ ਨਿਕਲੀ, ਉਸ ਵਿਚੋਂ 'ਦੂਲਹਦੇਈ' ਨਾਂ ਦੀ ਇਕ ਇਸਤਰੀ ਹੋਂਦ ਵਿਚ ਆਈ। ਦੂਲਹਦੇਈ ਨੂੰ ਕੋਈ ਮਨਪਸੰਦ ਪਤੀ ਨਾ ਮਿਲਿਆ। ਇਸ ਕਾਰਨ ਉਸ ਨੇ ਬਹੁਤ ਭਾਰੀ ਤੱਪ ਕਰਕੇ ਦੁਰਗਾ (ਦੇਵੀ) ਨੂੰ ਪ੍ਰਸੰਨ ਕੀਤਾ। ਦੇਵੀ ਨੇ ਖੁਸ਼ ਹੋ ਕੇ ਉਸ ਨੂੰ ਵਰ ਦਿੱਤਾ ਕਿ ਅਕਾਲ ਤੇਰੇ ਨਾਲ ਵਿਆਹ ਕਰਾਵੇਗਾ। ਅਕਾਲ ਨੇ ਸੁਪਨੇ ਵਿਚ ਦੂਲਹਦੇਈ ਨੂੰ ਕਿਹਾ ਕਿ ਜੇ ਉਹ ਜੰਗ ਵਿਚ ਸ੍ਵਾਸਵੀਰਯ ਦਾਨਵ ਨੂੰ ਮਾਰੇਗੀ ਤਾਂ ਹੀ ਉਸ ਦੀ ਪਤਨੀ ਬਣ ਸਕੇਗੀ। ਦੂਲਹਦੇਈ ਨੇ ਦਾਨਵ ਨਾਲ ਘੋਰ ਯੁੱਧ ਕੀਤਾ। ਬਹੁਤ ਥੱਕ ਜਾਣ ਤੇ ਉਸ ਨੇ ਮਹਾਕਾਲ ਨੂੰ ਯਾਦ ਕੀਤਾ। ਦੂਲਹਦੇਈ ਦੀ ਸਹਾਇਤਾ ਲਈ ਮਹਾਕਾਲ ਨੇ ਮੈਦਾਨੇ-ਜੰਗ ਵਿਚ ਜ਼ਬਰਦਸਤ ਯੁੱਧ ਕੀਤਾ। ਮਹਾਕਾਲ ਅਤੇ ਦੂਲਹਦੇਈ ਦੋਹਾਂ ਨੇ ਮਿਲ ਕੇ ਸ੍ਵਾਸਵੀਰਯ ਦੀ ਸੈਨਾ ਦਾ ਨਾਸ਼ ਕਰ ਦਿੱਤਾ ਅਤੇ ਦਾਨਵ ਦਾ ਸਿੱਰ ਵੱਢ ਦਿੱਤਾ।

ਇਸ ਅਲੰਕਾਰਾਂ ਭਰੀ ਕਥਾ ਦੇ ਅੰਤ ਵਿਚ ਇਕ ਬੇਨਤੀ ਹੈ ਜਿਸ ਦਾ ਸਿਰਲੇਖ 'ਕਬਿਉਬਾਚ ਬੇਨਤੀ ਚੌਪਈ' ਹੈ। ਇਸ ਦਾ ਆਰੰਭ 'ਹਮਰੀ ਕਰੋ ਹਾਥ ਦੈ ਰੱਛਾ' ਤੋਂ ਹੁੰਦਾ ਹੈ। ਇਸ ਚੌਪਈ ਦਾ ਪਾਠ ਰਹਿਰਾਸ ਵਿਚ ਗੁਰਸਿੱਖ ਹਰ ਰੋਜ਼ ਕਰਦੇ ਹਨ।

ਹ. ਪੁ.–ਮ. ਕੋ.

**ਚੌਪਾ ਸਿੰਘ** : ਭਾਈ ਚਉਪਤਿ ਰਾਇ (ਚੌਪਾ ਸਿੰਘ) ਕੜਿਆਲਾ, ਜ਼ਿਲ੍ਹਾ ਜਿਹਲਮ (ਪਾਕਿਸਤਾਨ) ਦਾ ਰਹਿਣ ਵਾਲਾ ਛਿੱਬਰ ਬ੍ਰਾਹਮਣ ਸੀ। ਇਸ ਘਰਾਣੇ ਵਿਚ ਪਿਉ ਦਾਦੇ ਤੋਂ ਸਿੱਖੀ ਚਲੀ ਆ ਰਹੀ

ਸੀ। ਇਸ ਦਾ ਬਾਬਾ ਗੋਤਮ ਗੁਰੂ ਘਰ ਦਾ ਸ਼ਰਧਾਲੂ ਸੀ ਅਤੇ ਇਸ ਦਾ ਪਿਤਾ ਪੇਰਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਬੀਰ ਜੋਧੇ ਭਾਈ ਪ੍ਰਾਗੇ ਦਾ ਵੱਡਾ ਭਰਾ ਸੀ। ਭਾਈ ਪੇਰੇ ਨੇ ਬਚਪਨ ਵਿਚ ਹੀ ਚਉਪਤਿ ਨੂੰ ਗੁਰੂ ਹਰਿ ਰਾਇ ਜੀ ਦੀ ਭੇਟ ਚੜ੍ਹਾ ਦਿੱਤਾ। ਪ੍ਰਾਗੇ ਦਾ ਪੋਤਾ ਦਰਗਧ ਮੱਲ ਉਸ ਸਮੇਂ ਸੱਤਵੇਂ ਗੁਰੂ ਦਾ ਦੀਵਾਨ ਸੀ, ਇਸ ਪਿੱਛੋਂ ਦਰਗਹ ਮੱਲ ਦੇ ਭਤੀਜੇ ਭਾਈ ਸਤੀ ਦਾਸ ਅਤੇ ਭਾਈ ਮਤੀ ਦਾਸ ਇਸ ਖ਼ਾਨਦਾਨ ਵਿਚੋਂ ਹੋਏ, ਜਿਨ੍ਹਾਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕੀਤੀ।

ਚੌਪਾ ਸਿੰਘ ਨੂੰ ਚਾਰ ਗੁਰੂਆਂ ਦੀ ਲਗਾਤਾਰ ਸੰਗਤ ਕਰਨ ਦਾ ਮਾਣ ਮਿਲਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੂਰਬ ਵੱਲ ਦੇ ਦੌਰਿਆਂ ਸਮੇਂ ਇਹ ਨਾਲ ਹੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਬਚਪਨ ਵਿਚ ਖਿਡਾਉਂਦਾ ਰਿਹਾ ਸੀ। ਇਸ ਕਰਕੇ ਸਿੱਖ ਇਤਿਹਾਸ ਵਿਚ ਇਸ ਦਾ ਨਾਂ ਚੌਪਾ ਸਿੰਘ ਖਿਡਾਵਾ ਕਰਕੇ ਪ੍ਰਸਿੱਧ ਹੈ।

ਜਦੋਂ ਪਹਿਲੀ ਵਾਰੀ ਗੁਰੂ ਦਸ਼ਮੇਸ਼ ਜੀ ਨੇ ਚੇਤ 1754 ਬਿਕ੍ਰਮੀ ਨੂੰ ਖੰਡੇ ਦੀ ਪਾਹੁਲ ਤਿਆਰ ਕੀਤੀ, ਤਾਂ ਪਹਿਲਾਂ ਇਸ ਬਜ਼ੁਰਗ ਸਿੱਖ ਨੂੰ ਪਾਹੁਲ ਦਿੱਤੀ ਗਈ ਸੀ। ਗੁਰੂ ਜੀ ਇਸ ਦਾ ਵਿਸ਼ੇਸ਼ ਆਦਰ ਕਰਦੇ ਸਨ। ਫਿਰ ਆਪ ਜੀ ਨੇ ਇਸ ਨੂੰ ਸਿੱਖੀ ਦਾ ਰਹਿਤਨਾਮਾ ਲਿੱਖਣ ਲਈ ਹੁਕਮ ਦਿੱਤਾ। ਇਸ ਨੇ ਬਿਬੇਕੀ ਮੁਕਤੇ ਸਿੱਖਾਂ (ਰਾਮ ਸਿੰਘ, ਫਤੇ ਸਿੰਘ, ਦੇਵਾ ਸਿੰਘ, ਈਸ਼ਰ ਸਿੰਘ ਅਤੇ ਟਹਿਲ ਸਿੰਘ) ਦੀ ਸਹਾਇਤਾ ਨਾਲ ਇਹ ਰਹਿਤਨਾਮਾ ਲਿਖਿਆ। ਪੜ੍ਹੇ ਲਿਖੇ ਮੁਨਸ਼ੀ ਮੁਸਦੀ ਸਿੱਖਾਂ ਦੀ ਇਹ ਮੰਗ ਸੀ ਕਿ ਜੋ ਰਹਿਤ ਲਿਖੀ ਜਾਵੇ, ਉਸ ਦੀ ਪੁਸ਼ਟੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਮਾਣ ਜ਼ਰੂਰ ਦਿੱਤੇ ਜਾਣ। ਭਾਈ ਚੌਪਾ ਸਿੰਘ ਨੇ ਇਹ ਸ਼ਰਤ ਵੀ ਪੂਰੀ ਕੀਤੀ ਅਤੇ ਥਾਂ-ਥਾਂ ਤੁਕਾਂ ਦਰਜ ਕੀਤੀਆਂ। ਇਹ 'ਰਹਿਤਨਾਮਾ' ਹਜ਼ੂਰੀ ਕਰਕੇ ਪ੍ਰਸਿੱਧ ਹੈ। ਭਾਈ ਚੌਪਾ ਸਿੰਘ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਨੇ ਨਵੀਂ ਖਾਲਸਾ ਜਥੇਬੰਦੀ ਦਾ ਧਾਰਮਿਕ ਵਿਧਾਨ ਤਿਆਰ ਕਰਨ ਵਿਚ ਮੋਹਰੀ ਹਿੱਸਾ ਪਾਇਆ।

ਆਨੰਦਪੁਰ ਸਾਹਿਬ ਛੱਡਣ ਸਮੇਂ ਭਾਈ ਚੌਪਾ ਸਿੰਘ, ਮਾਮਾ ਕ੍ਰਿਪਾਲ ਚੰਦ ਅਤੇ ਮਾਤਾ ਸਾਹਿਬਾਨ ਨਾਲ ਦਿੱਲੀ ਚਲਿਆ ਗਿਆ ਅਤੇ ਉੱਥੇ ਕਾਫ਼ੀ ਸਮਾਂ ਰਿਹਾ। ਮਾਤਾ ਸੁੰਦਰੀ ਜੀ ਦੇ ਪਾਲਿਤ ਪੁੱਤਰ ਜੀਤ ਸਿੰਘ ਦੇ ਚੇਲਿਆਂ ਹੱਥੋਂ ਇਕ ਬੁੱਢਾ ਮੁਸਲਮਾਨ ਫ਼ਕੀਰ ਮਾਰਿਆ ਗਿਆ। ਮੁਗ਼ਲ ਹਾਕਮਾਂ ਨੇ ਬਹਾਨਾ ਬਣਾ ਕੇ ਮਾਤਾ ਜੀ ਕੋਲ ਰਹਿ ਰਹੇ 60 ਸਿੱਖਾਂ ਸਮੇਤ ਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਸ਼ਾਹੀ ਹੁਕਮ ਨਾਲ ਮਾਘ ਸੁਦੀ ਚੌਥ 1780 ਬਿ. ਨੂੰ ਸਭ ਨੂੰ ਕਤਲ ਕਰ ਦਿੱਤਾ ਗਿਆ। ਭਾਈ ਚੌਪਾ ਸਿੰਘ ਜੀ ਵੀ ਇਸੇ ਦਲ ਵਿਚ ਸ਼ਹੀਦ ਹੋ ਗਿਆ।

ਹ. ਪੁ.–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ–ਪਿਆਰਾ ਸਿੰਘ ਪਦਮ

**ਚੌਪਾਰਨ** : ਭਾਰਤ ਦੇ ਬਿਹਾਰ ਰਾਜ ਦੇ ਹਜ਼ਾਰੀਬਾਗ ਜ਼ਿਲ੍ਹੇ ਵਿਚ ਚਤਰਾ ਉਪਮੰਡਲ ਦਾ ਸ਼ਹਿਰ ਹੈ। ਇਥੇ ਸਕੂਲ, ਹਸਪਤਾਲ, ਡਾਕ-ਘਰ ਆਦਿ ਸਹੂਲਤਾਂ ਉਪਲਬੱਧ ਹਨ। ਜੀ. ਟੀ. ਰੋਡ ਉੱਤੇ ਸਥਿਤ ਹੋਣ ਕਾਰਨ ਇਹ ਕਾਫ਼ੀ ਮਹੱਤਵਪੂਰਨ ਹੈ।

ਹ. ਪੁ.–ਹਿੰ. ਵਿ. ਕੋ. 4 : 300

**ਚੌਮੂ** : ਇਹ ਭਾਰਤ ਦੇ ਰਾਜਸਥਾਨ ਰਾਜ ਦੇ ਜੈਪੁਰ ਜ਼ਿਲ੍ਹੇ ਦਾ ਪ੍ਰਮੁੱਖ ਸ਼ਹਿਰ ਹੈ ਜੋ ਜੈਪੁਰ ਸ਼ਹਿਰ ਤੋਂ ਉੱਤਰ ਵੱਲ ਲਗਭਗ 30 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਸ਼ਹਿਰ ਦੇ ਦੁਆਲੇ ਕੱਚੀ ਕੰਧ ਅਤੇ ਖਾਈ ਬਣੀ ਹੋਈ ਸੀ ਤੇ ਇਥੇ ਇਕ ਪੁਰਾਣਾ ਕਿਲਾ ਵੀ ਹੈ।

ਆਬਾਦੀ–38,523 (1991)

27° 10′ ਉ. ਵਿਥ. ; 75° 44′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 185

**ਚੌਰ** : ਹਿਮਾਚਲ ਪ੍ਰਦੇਸ਼ ਰਾਜ ਦੇ ਸਿਰਮੌਰ ਜ਼ਿਲ੍ਹੇ ਵਿਚ ਉਪ-ਹਿਮਾਲੀਆ ਪਰਬਤਾਂ ਦੀ 3,630 ਮੀ. (11,982 ਫੁੱਟ) ਉੱਚੀ ਸਿਖਰ ਹੈ। ਇਹ ਆਪਣੇ ਆਸ-ਪਾਸ ਦੇ ਪਰਬਤੀ ਖੇਤਰ ਵਿਚ ਸਭ ਤੋਂ ਉੱਚੀ ਹੈ। ਆਪਣੇ ਖਾਸ ਆਕਾਰ ਅਤੇ ਉਚਾਈ ਕਾਰਨ ਇਹ ਦੱਖਣ ਵਾਲੇ ਪਾਸਿਉਂ ਨੀਵੇਂ ਜਿਹੇ ਮੈਦਾਨੀ ਖੇਤਰ ਵਿਚੋਂ ਵਿਖਾਈ ਦਿੰਦੀ ਹੈ। ਇਸ ਸਿਖਰ ਦੇ ਉੱਤਰ ਵੱਲ ਬਰਫ਼ ਨਾਲ ਲੱਦੀਆਂ ਪਹਾੜੀਆਂ ਹਨ। ਇਨ੍ਹਾਂ ਪਰਬਤਾਂ ਉਪਰ ਬਰਫ਼ ਰੇਖਾ ਤੋਂ ਉਪਰਲੀ ਬਰਫ਼ ਗਰਮੀ ਦੇ ਮੌਸਮ ਵਿਚ ਪਿਘਲ ਕੇ ਹੇਠਾਂ ਆਉਂਦੀ ਰਹਿੰਦੀ ਹੈ। ਉੱਤਰ ਅਤੇ ਉੱਤਰ-ਪੂਰਬ ਵੱਲ ਦੀਆਂ ਪਰਬਤੀ ਢਲਾਣਾਂ ਉਪਰ ਦਿਓਦਾਰ ਅਤੇ ਕੋਨੀਫ਼ਰ ਜੰਗਲ ਅਤੇ ਹੇਠਲੀਆਂ ਗ੍ਰੇਨਾਈਟ ਚਟਾਨਾਂ ਉਪਰ ਸਦਾ ਬਹਾਰ ਝਾੜੀਆਂ, ਨੀਲਕੰਟ ਬੂਟੀਆਂ ਅਤੇ ਫਰਨਦਾਰ ਝਾੜੀਆਂ ਮਿਲਦੀਆਂ ਹਨ।

30° 52′ ਉ. ਵਿਥ. ; 77° 32′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 185

**ਚੌਰਾਸੀ** : ਇਹ ਭਾਰਤ ਦੇ ਗੁਜਰਾਤ ਰਾਜ ਦੇ ਸੂਰਤ ਜ਼ਿਲ੍ਹੇ ਦਾ ਇਕ ਤਾਅਲੁੱਕਾ ਹੈ ਤੇ ਇਸ ਦਾ ਕੁੱਲ ਖੇਤਰਫਲ 550 ਵ. ਕਿ. ਮੀ. ਦੇ ਲਗਭਗ ਹੈ। ਸੂਰਤ ਅਤੇ ਗਡੇਰ ਇਸ ਦੇ ਦੋ ਮੁੱਖ ਸ਼ਹਿਰ ਹਨ ਜਿਨ੍ਹਾਂ ਵਿਚੋਂ ਸੂਰਤ ਜ਼ਿਲ੍ਹੇ ਦਾ ਕੇਂਦਰ ਹੈ। ਦੋ ਤਿਹਾਈ ਤੋਂ ਵੱਧ ਲੋਕ ਸ਼ਹਿਰਾਂ ਵਿਚ ਰਹਿੰਦੇ ਹਨ।

21° 2′ ਤੋਂ 21° 17′ ਉ. ਵਿਥ.; 72° 42′ ਤੋਂ 72° 59′ ਪੂ. ਲੰਬ.

ਹ. ਪੁ.–ਹਿੰ. ਵਿ. ਕੋ. 4 : 300

**ਚੌਲ (ਚਾਵਲ)** : ਇਹ ਮਨੁੱਖੀ ਖ਼ੁਰਾਕ ਦਾ ਇਕ ਮੁੱਖ ਅੰਸ਼ ਹੈ ਜਿਸ ਨੂੰ ਦੁਨੀਆ ਦੀ ਲਗਭਗ ਅੱਧੀ ਵਸੋਂ ਭੋਜਨ ਲਈ ਵਰਤਦੀ ਹੈ। ਚੌਲ, ਕਣਕ ਤੋਂ ਵੀ ਵਧੇਰੇ ਕਾਰਬੋਹਾਈਡ੍ਰੇਟਾਂ ਦਾ ਸੋਮਾ ਹਨ। ਪੂਰਬ ਦੇ ਕੁਝ ਦੇਸ਼ਾਂ ਵਿਚ ਚੌਲਾਂ ਦੀ ਖਪਤ ਪ੍ਰਤੀ ਵਿਅਕਤੀ ਲਗਭਗ 100-200 ਕਿ. ਗ੍ਰਾਮ. ਪ੍ਰਤੀ ਸਾਲ ਤੋਂ ਵੀ ਵਧ ਹੈ। ਚੌਲ ਜ਼ਿਆਦਾਤਰ ਉਬਾਲ ਕੇ ਹੀ ਖਾਧੇ ਜਾਂਦੇ ਹਨ। ਕਾਫ਼ੀ ਹੱਦ ਤੱਕ ਚੌਲਾਂ ਦੀ ਵਰਤੋਂ ਨਾਸ਼ਤੇ ਵਜੋਂ ਕੀਤੀ ਜਾਂਦੀ ਹੈ। ਟੋਟਾ ਚੌਲ ਪਸ਼ੂਆਂ ਨੂੰ ਚਾਰਿਆ ਜਾਂਦਾ ਹੈ ਜਾਂ ਫਿਰ ਅਲਕੋਹਲੀ ਪਦਾਰਥਾਂ ਵਿਚ ਵਰਤ ਲਿਆ ਜਾਂਦਾ ਹੈ। ਸੂੜ੍ਹਾ ਪਸ਼ੂਆਂ ਨੂੰ ਚਾਰਿਆ ਜਾਂਦਾ ਹੈ ਅਤੇ ਫੱਕ ਬਾਲਣ ਅਤੇ ਸੈਲੂਲੋਸ ਲਈ ਵਰਤੀ ਜਾਂਦੀ ਹੈ।

ਚੌਲ ਝੋਨੇ ਦੇ ਪੌਦੇ ਤੋਂ ਪ੍ਰਾਪਤ ਹੁੰਦਾ ਹੈ। ਝੋਨੇ ਦੀ ਛੜਾਈ ਮਗਰੋਂ ਚੌਲਾਂ ਨੂੰ ਵੱਖ-ਵੱਖ ਢੰਗਾਂ ਰਾਹੀਂ ਵਰਤੋਂ ਲਈ ਤਿਆਰ ਕੀਤਾ ਜਾਂਦਾ ਹੈ। ਝੋਨੇ ਦੇ ਦਾਣੇ ਦੇ ਚਾਰ ਹਿੱਸੇ ਹੁੰਦੇ ਹਨ। ਝੋਨੇ ਦੀ ਛੜਾਈ ਦਾ ਮੁੱਖ ਮੰਤਵ ਮੁੰਜਰਾਂ ਤੋਂ ਇਸ ਦੇ ਬਾਹਰਲੇ ਹਿੱਸੇ ਅਲੱਗ ਕਰਨਾ ਹੁੰਦਾ ਹੈ ਅਤੇ ਇਹ ਵੀ ਖ਼ਿਆਲ ਰੱਖਿਆ ਜਾਂਦਾ ਹੈ ਕਿ ਝੋਨੇ ਦੇ ਬੀਜਾਂ ਨੂੰ ਕਈ ਕਿਸਮ ਦੀਆਂ ਛਾਣਨੀਆਂ ਵਿਚੋਂ ਛਾਣ ਕੇ ਵੱਖਰਾ ਕੀਤਾ ਜਾਵੇ। ਇਸ ਵਿਚੋਂ ਪਰਾਲੀ ਦੇ ਟੁਕੜੇ, ਘੱਟਾ ਅਤੇ ਹਲਕੇ ਪਦਾਰਥ ਹਵਾ ਦੇ ਬੁੱਲਿਆਂ ਦੁਆਰਾ ਉਡਾਏ ਜਾਂਦੇ ਹਨ। ਚੰਗੀ ਤਰ੍ਹਾਂ ਸਾਫ਼ ਹੋਇਆ ਝੋਨਾ ਛੜਾਈ ਵਾਲੀਆਂ ਮਸ਼ੀਨਾਂ ਵਿਚ ਚਲਾ ਜਾਂਦਾ ਹੈ ਜਿਥੇ ਛਿਲਕਾ ਨਰਮ ਹੋ ਜਾਂਦਾ ਹੈ। ਇਹ ਮਸ਼ੀਨਾਂ ਕਣਕ ਦੀ ਪਿਸਾਈ ਵਾਲੀਆਂ ਮਸ਼ੀਨਾਂ ਵਾਂਗ ਹੀ ਹੁੰਦੀਆਂ ਹਨ।

ਛਿਲਕਾ ਲੱਥੇ ਚੌਲਾਂ ਨੂੰ ਭੂਰੇ ਚੌਲ ਕਿਹਾ ਜਾਂਦਾ ਹੈ। ਇਨ੍ਹਾਂ ਦਾ ਇਹ ਰੰਗ ਸੂੜ੍ਹੇ ਦੇ ਭੂਰੇ ਰੰਗ ਕਾਰਨ ਹੋ ਜਾਂਦਾ ਹੈ। ਇਨ੍ਹਾਂ ਦੀ ਇਹ ਤਹਿ ਦੋ ਸ਼ੈਲਰਾਂ ਦੀ ਮਦਦ ਨਾਲ ਲਾਹੀ ਜਾਂਦੀ ਹੈ। ਪਹਿਲੇ ਪੜਾਅ ਵਿਚ ਸੂੜ੍ਹਾ ਅਲੱਗ ਹੋ ਜਾਂਦਾ ਹੈ। ਸ਼ੈਲਰਾਂ ਵਿਚੋਂ ਲੰਘ ਚੁੱਕੇ ਚੌਲ ਫਿਰ ਇਕ ਠੰਢਾ ਕਰਨ ਵਾਲੇ ਢੋਲ ਵਿਚੋਂ ਹੁੰਦੇ ਹੋਏ ਬਰੱਸ਼ ਮਸ਼ੀਨ ਵਿਚ ਆ

ਜਾਂਦੇ ਹਨ। ਬਰੱਸ਼ ਮਸ਼ੀਨ ਵਿਚ ਕਾਫ਼ੀ ਗਰਮਾਇਸ਼ ਪੈਦਾ ਹੋ ਜਾਂਦੀ ਹੈ ਅਤੇ ਚੌਲਾਂ ਦੇ ਵਹਾਉ ਦੇ ਉਲਟ ਚਲ ਰਹੀ ਹਵਾ ਦੀ ਲਹਿਰ ਦੁਆਰਾ ਠੰਢ ਪੈਦਾ ਕੀਤੀ ਜਾਂਦੀ ਹੈ। ਇਸ ਤੋਂ ਮਗਰੋਂ ਚੌਲ ਬਰੀਓਰਜ਼ ਰੀਲ ਵਿਚੋਂ ਲੰਘਦੇ ਹਨ ਜਿਥੇ ਛੋਟੇ-ਛੋਟੇ ਟੋਟੇ ਅਲੱਗ ਹੋ ਜਾਂਦੇ ਹਨ।

ਚੌਲਾਂ ਉੱਤੇ ਅਕਸਰ ਘੁੰਮ ਰਹੇ ਬਰਤਨਾਂ ਰਾਹੀਂ ਗਲੂਕੋਸ ਜਾਂ ਪਾਊਡਰ ਦੀ ਇਕ ਤਹਿ ਚੜ੍ਹਾਈ ਜਾਂਦੀ ਹੈ। ਇਸ ਤਹਿ ਨਾਲ ਇਨ੍ਹਾਂ ਦੀ ਚਮਕ ਵਧ ਜਾਂਦੀ ਹੈ। ਕਈ ਮੰਡੀਆਂ ਵਿਚ ਤਹਿ ਰਹਿਤ ਚੌਲ ਹੀ ਪਸੰਦ ਕੀਤੇ ਜਾਂਦੇ ਹਨ। ਇਸ ਲਈ ਇਹ ਤਹਿ ਸਾਰੇ ਚੌਲਾਂ ਉੱਤੇ ਚੜ੍ਹਾਉਣੀ ਜ਼ਰੂਰੀ ਨਹੀਂ। ਸਾਫ਼ ਕੀਤੇ ਚੌਲ ਮਸ਼ੀਨਾਂ ਦੀ ਸਹਾਇਤਾ ਨਾਲ ਗ੍ਰੇਡਿੰਗ ਕਰਕੇ ਮੰਡੀਆਂ ਵਿਚ ਵੇਚੇ ਜਾਂਦੇ ਹਨ।

ਹ. ਪੁ.–ਮੈਕ. ਐਨ. ਸ. ਟ. 11 : 562

**ਚੌਲਮੂਗਰਾ** : ਇਹ ਇਕ ਪ੍ਰਕਾਰ ਦਾ ਰੁੱਖ ਹੈ ਜਿਸ ਦਾ ਵਿਗਿਆਨਕ ਨਾਂ ਜਿਰਾਰਡੀਆਨ ਓਡੋਰੇਟਾ ਹੈ। ਇਹ ਰੁੱਖ ਸਿੱਕਮ, ਖਾਸੀਆ ਹਿਲਜ਼ ਅਤੇ ਚਿਟਾਗਾਂਗ ਵਿਚ ਮਿਲਦਾ ਹੈ। ਇਸ ਦੇ ਬੀਜਾਂ ਦੇ ਤੇਲ ਵਿਚ ਬਹੁਤ ਹੀ ਔਸ਼ਧੀਜਨਕ ਗੁਣ ਹਨ। ਹੋਰਨਾਂ ਪ੍ਰਜਾਤੀਆਂ ਦੇ ਰੁੱਖਾਂ ਜਿਵੇਂ **H. alcalae, H. anthelmintica, H. Verienata, H. Wightiana, Asteriostignis macrocarps** ਆਦਿ ਤੋਂ ਪ੍ਰਾਪਤ ਤੇਲਾਂ ਵਿਚ ਵੀ ਚੌਲਮੂਗਰਾ ਤੇਲ ਵਾਲੇ ਗੁਣ ਮਿਲਦੇ ਹਨ। ਭਾਰਤ ਵਿਚ ਚੌਲਮੂਗਰਾ ਤੇਲ ਦਾ ਮੁੱਖ ਸੋਮਾ **H. Wightiana** ਅਤੇ **T. Kurzi** ਹੈ। ਪਹਿਲੀ ਜਾਤੀ ਬਗੀਚਿਆਂ ਅਤੇ ਦੱਖਣੀ ਭਾਰਤ ਦੇ ਉਨ੍ਹਾਂ ਇਲਾਕਿਆਂ ਵਿਚ ਹੀ ਪੈਦਾ ਹੁੰਦੀ ਹੈ ਜਿਥੋਂ ਬੀਜ ਨੂੰ ਤਾਜ਼ਾ ਹੀ ਇਕੱਤਰ ਕੀਤਾ ਜਾ ਸਕਦਾ ਹੈ। ਦੂਸਰੀ ਜਾਤੀ ਉਨ੍ਹਾਂ ਥਾਵਾਂ ਤੇ ਪੈਦਾ ਹੁੰਦੀ ਹੈ ਜਿਥੇ ਬਰਸਾਤ ਦੀ ਰੁੱਤੇ ਇਸਦੇ ਬੀਜਾਂ ਨੂੰ ਇਕੱਠਾ ਕਰਨਾ ਮੁਸ਼ਕਿਲ ਹੁੰਦਾ ਹੈ। ਇਸੇ ਲਈ ਪਹਿਲੀ ਜਾਤੀ ਤੋਂ ਮਿਲਿਆ ਤੇਲ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।

ਚੌਲਮੂਗਰਾ ਆਯੁਰਵੈਦਿਕ ਮੈਡੀਸਨ ਵਿਚ ਕਈ ਸਦੀਆਂ ਤੋਂ ਕੋੜ੍ਹ ਦੇ ਇਲਾਜ ਲਈ ਵਰਤਿਆ ਜਾਂਦਾ ਰਿਹਾ ਹੈ। ਅੱਜਕੱਲ੍ਹ ਇਹ ਪੱਛਮੀ ਮੈਡੀਸਨ ਵਿਚ ਇਸੇ ਬੀਮਾਰੀ ਦੇ ਇਲਾਜ ਲਈ ਵਰਤਿਆ ਜਾਣ ਲੱਗ ਪਿਆ ਹੈ। ਬੁੱਧ ਧਰਮ ਦੇ ਸਾਹਿਤ ਤੋਂ ਵੀ ਇਸ ਗੱਲ ਦਾ ਪਤਾ ਲਗਦਾ ਹੈ ਕਿ ਜੇਕਰ ਚੌਲਮੂਗਰਾ ਦੇ ਕੱਚੇ ਬੀਜ ਖਾ ਲਏ ਜਾਣ ਤਾਂ ਕੋੜ੍ਹੀਆਂ ਦਾ ਕਾਫ਼ੀ ਸੁਧਾਰ ਹੋ ਜਾਂਦਾ ਸੀ। ਸੰਨ 1595 ਤੋਂ ਮਿਲਦੇ ਰਿਕਾਰਡਾਂ ਤੋਂ ਵੀ ਇਸ ਗੱਲ ਦਾ ਸਬੂਤ ਮਿਲਦਾ ਹੈ ਕਿ ਚੌਲਮੂਗਰਾ ਦੇ ਬੀਜਾਂ ਤੋਂ ਮਿਲਦਾ ਤੇਲ ਕੋੜ੍ਹ ਦੇ ਇਲਾਜ ਅਤੇ ਕਈ ਹੋਰ ਘਰੇਲੂ ਦਵਾ ਦਾਰੂ ਲਈ ਵਰਤਿਆ ਜਾਂਦਾ ਰਿਹਾ ਹੈ। ਮੁਸਲਮਾਨਾਂ ਦੇ ਇਕ ਪੁਰਾਣੇ ਮੈਟੀਰੀਆ ਮੈਡੀਕਾ ਮਖਜ਼ਨ ਅਲ ਅਦਵੀਆ ਵਿਚ ਵੀ ਬੀਜਾਂ ਦੀ ਵਰਤੋਂ ਦਾ ਜ਼ਿਕਰ 'ਚੌਲਮੂਗਰੀ' ਦੇ ਨਾਂ ਹੇਠ ਵਰਣਿਤ ਮਿਲਦਾ ਹੈ।

ਭਾਰਤ ਵਿਚ ਚਮੜੀ ਦੀਆਂ ਕਈ ਬੀਮਾਰੀਆਂ ਵਾਲੇ ਅਤੇ ਕੋੜ੍ਹ ਦੇ ਰੋਗੀਆਂ ਨੂੰ ਪਹਿਲਾਂ-ਪਹਿਲਾਂ ਚੌਲਮੂਗਰਾ ਦੇ ਬੀਜ ਅਤੇ ਤੇਲ ਸਿੱਧੇ ਹੀ ਮੂੰਹ ਰਾਹੀਂ ਦਿੱਤੇ ਜਾਂਦੇ ਸਨ ਪਰ ਇਸ ਰਾਹੀਂ ਉਛਾਲੀ ਜਾਂ ਉਲਟੀਆਂ ਆਉਣ ਲੱਗ ਜਾਂਦੀਆਂ ਹਨ ਅਤੇ ਬਹੁਤੀ ਦੇਰ ਤੱਕ ਇਹ ਤਰੀਕਾ ਜਾਰੀ ਨਹੀਂ ਰੱਖਿਆ ਜਾ ਸਕਦਾ। ਇਸ ਲਈ ਟੀਕੇ ਰਾਹੀਂ ਇਸ ਦੀ ਵਰਤੋਂ ਕੀਤੀ ਜਾਣ ਲੱਗ ਪਈ। ਥੋੜ੍ਹੇ ਚਿਰ ਤੋਂ ਮੂੰਹ ਰਾਹੀਂ ਦਵਾਈ ਦੇਣ ਦਾ ਤਰੀਕਾ ਮੁੜ ਉਨ੍ਹਾਂ ਕੋੜ੍ਹੀਆਂ ਲਈ ਚੰਗਾ ਸਮਝਿਆ ਜਾਣ ਲੱਗ ਪਿਆ ਹੈ ਜੋ ਕੋੜ੍ਹੀ-ਕੇਂਦਰਾਂ ਤੱਕ ਨਹੀਂ ਪਹੁੰਚ ਸਕਦੇ। ਇਸ ਦੇ ਜਲਣ ਪੈਦਾ ਕਰਨ ਦੇ ਅਸਰ ਨੂੰ ਘਟ ਕਰਨ ਲਈ ਇਸ ਨੂੰ ਕੇਰਾਟਿਨ ਕੈਪਸੂਲਾਂ ਵਿਚ ਦਿੱਤਾ ਜਾਣ ਲਗ ਪਿਆ ਸੀ।

ਹ. ਪੁ.–ਚੌ. ਇ. ਡ. ਇੰ : 414 ; ਗ. ਇ. ਮੈਂ. 4 : 129

**ਚੌਵੀਸ ਪਰਗਨਾ** : ਇਹ ਉੱਤਰ-ਪੂਰਬੀ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਦੋ ਜ਼ਿਲ੍ਹੇ–ਉੱਤਰੀ ਚੌਵੀਸ ਪਰਗਨਾ ਅਤੇ ਦੱਖਣੀ ਚੌਵੀਸ ਪਰਗਨਾਂ ਹਨ। ਸੰਨ 1986 ਤੋਂ ਪਹਿਲਾਂ ਇਹ ਇਕੋ ਜ਼ਿਲ੍ਹਾ ਸੀ। ਇਹ ਦੋਵੇਂ ਜ਼ਿਲ੍ਹੇ ਗੰਗਾ ਨਦੀ ਦੇ ਡੈਲਟੇ ਦੇ ਦੱਖਣ-ਪੱਛਮੀ ਕੋਨੇ ਉਪਰ, ਹੁਗਲੀ ਨਦੀ ਦੇ ਪੂਰਬੀ ਕੰਢੇ ਦੇ ਨਾਲ-ਨਾਲ 14,100 ਵ. ਕਿ. ਮੀ. ਦੇ ਰਕਬੇ ਉਪਰ ਫੈਲੇ ਹੋਏ ਹਨ। ਉੱਤਰੀ ਜ਼ਿਲ੍ਹੇ ਦੀ ਕੁੱਲ ਵਸੋਂ 72,81,881 ਅਤੇ ਦੱਖਣੀ ਜ਼ਿਲ੍ਹੇ ਦੀ 57,15,030 (1991) ਹੈ। ਇਹ ਖੇਤਰ ਸਮੁੰਦਰ ਵੱਲ ਨੂੰ ਹੌਲੀ-ਹੌਲੀ ਢਲਦਾ ਹੋਇਆ ਇਕ ਵਿਸ਼ਾਲ ਮੈਦਾਨ ਹੈ। ਇਨ੍ਹਾਂ ਜ਼ਿਲ੍ਹਿਆਂ ਦਾ ਨਾਂ ਇਸ ਵਿਚਲੇ 24 ਪਰਗਨਿਆਂ ਤੋਂ ਚੌਵੀਸ ਪਰਗਨਾਂ ਪਿਆ। ਇਹ 24 ਪਰਗਨੇ 1757 ਵਿਚ ਬੰਗਾਲ ਦੇ ਮੀਰ ਜ਼ਫ਼ਰ ਨਵਾਬ ਨੂੰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਸੌਂਪੇ ਸਨ।

ਜ਼ਿਲ੍ਹਿਆਂ ਦਾ ਦੱਖਣੀ ਖੇਤਰ ਸੰਘਣੇ ਜੰਗਲਾਂ ਨਾਲ ਭਰਪੂਰ ਹੈ ਅਤੇ ਇਸ ਖੇਤਰ ਵਿਚ ਵੱਡੀਆਂ-ਵੱਡੀਆਂ ਜਵਾਰ ਨਦੀਆਂ ਵਹਿੰਦੀਆਂ ਹਨ ਜਿਨ੍ਹਾਂ ਵਿਚੋਂ ਹੁਗਲੀ ਅਤੇ ਇਚਾਮਤੀ ਕਾਫ਼ੀ ਪ੍ਰਸਿੱਧ ਹਨ। ਜ਼ਿਲ੍ਹੇ ਦਾ ਉੱਤਰੀ ਹਿੱਸਾ ਕੇਂਦਰੀ ਬੰਗਾਲ ਦੇ ਉਪਰਲੇ ਡੈਲਟੇ ਦਾ ਹਿੱਸਾ ਹੈ ਜਿਸ ਵਿਚੋਂ ਪ੍ਰਾਚੀਨ ਸਮੇਂ ਦੌਰਾਨ ਵਹਿਣ ਵਾਲੀਆਂ ਨਦੀਆਂ ਸੁੱਕ ਰਹੀਆਂ ਹਨ।

ਇਥੋਂ ਦੇ ਨੀਵੇਂ ਦਲਦਲੀ ਹਿੱਸੇ ਵਿਚ ਮੌਸਮੀ ਬਾਰਸ਼ ਹੁੰਦੀ ਰਹਿੰਦੀ ਹੈ ਅਤੇ ਇਸ ਖੇਤਰ ਵਿਚ ਚੌਲ, ਪਟਸਨ, ਗੰਨਾ, ਫਲੀਆਂ, ਸਰ੍ਹੋਂ ਤੇ ਆਲੂ ਵਰਗੀਆਂ ਮੁੱਖ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਹੁਗਲੀ ਦੇ ਕੰਢੇ ਬਜਬਜ ਤੋਂ ਲੈ ਕੇ ਜ਼ਿਲ੍ਹੇ ਦੇ ਧੁਰ ਉੱਤਰ ਤੱਕ ਦਾ ਖੇਤਰ ਉਦਯੋਗਿਕ ਕਾਰਖ਼ਾਨਿਆਂ ਨਾਲ ਭਰਪੂਰ ਹੈ। ਇਥੇ ਭਾਰਤ ਦੇ ਸਭ ਤੋਂ ਵੱਡੇ ਪਟਸਨ ਦੇ ਕਾਰਖ਼ਾਨੇ ਅਤੇ ਰਸਾਇਣਿਕ ਉਤਪਾਦਨ ਦੇ ਕਾਰਖ਼ਾਨੇ ਸਥਾਪਿਤ ਹਨ।

ਉੱਤਰੀ ਜ਼ਿਲ੍ਹੇ ਦਾ ਸਦਰ-ਮੁਕਾਮ ਬਰਸਟ ਅਤੇ ਦੱਖਣੀ ਜ਼ਿਲ੍ਹੇ ਦਾ ਅਲੀਪੁਰ ਹੈ। ਸੰਨ 1947 ਵਿਚ ਕੁਝ ਖੇਤਰ ਹੋਰ ਹਾਸਲ ਕਰਕੇ ਇਸਨੂੰ ਵਿਸ਼ਾਲ ਕੀਤਾ ਗਿਆ। ਇਸ ਵਿਚ ਖ਼ਾਸ ਕਰਕੇ ਜੈਸੂਰ ਜ਼ਿਲ੍ਹੇ ਦੇ ਦੱਖਣ-ਪੱਛਮੀ ਹਿੱਸੇ ਸ਼ਾਮਲ ਕੀਤੇ ਗਏ ਸਨ ਜਦ ਕਿ ਬਾਕੀ ਦਾ ਹਿੱਸਾ ਪੂਰਬੀ ਪਾਕਿਸਤਾਨ (ਅਜੋਕੇ ਬੰਗਲਾ ਦੇਸ਼) ਵਿਚ ਚਲਾ ਗਿਆ ਸੀ।

ਹ. ਪੁ.–ਐਨ. ਬ੍ਰਿ. ਮਾ. 12 : 79

ਮਮਮਮ



ਛ : ਇਸ ਅੱਖਰ ਦਾ ਉਚਾਰਣ ਛੱਛਾ ਹੈ ਅਤੇ ਇਹ ਗੁਰਮੁਖੀ ਲਿਪੀ ਦਾ ਬਾਰ੍ਹਵਾਂ ਅੱਖਰ ਹੈ। ਇਹ ਅਘੋਸ਼ ਮਹਾਂਪ੍ਰਾਣ ਹੈ ਅਤੇ ਇਸ ਦੇ ਉਚਾਰਣ ਦਾ ਟਿਕਾਣਾ ਖਰ੍ਹਵੇ ਤਾਲੂ ਦਾ ਉਤਲਾ ਭਾਗ ਅਤੇ ਜੀਭ ਦਾ ਵਿਚਲਾ ਭਾਗ ਹੈ। ਇਹ ਚਵਰਗ (ਜਾਂ ਤਾਲੂ) ਦਾ ਦੂਜਾ ਵਰਣ ਹੈ। ਇਹ ਇਕ ਵਿਅੰਜਨ ਹੈ ਅਤੇ ਇਸ ਨੂੰ ਸਾਰੀਆਂ ਲਗਾਂ ਮਾਤਰਾਂ ਲਗਦੀਆਂ ਹਨ।

ਅਸ਼ੋਕ ਦੇ ਕਾਲ ਦੀਆਂ ਉਕਰਾਈਆਂ ਵਿਚ ਇਸ ਅੱਖਰ ਵਿਚ 'ਚ' ਅੱਖਰ ਦੀ ਅੱਧੇ ਦਾਇਰੇ ਵਾਲੀ ਘੁੰਡੀ ਪੂਰਾ ਦਾਇਰਾ ਬਣ ਜਾਂਦੀ ਹੈ ਅਤੇ ਇਕ ਖੜੀ ਲਕੀਰ ਇਸ ਨੂੰ ਅੱਧ ਵਿਚਾਲਿਓਂ ਦੋ ਹਿੱਸਿਆਂ ਵਿਚ ਵੰਡਦੀ ਹੈ। ਇਹ ਅੱਖਰ ਮੁਕਾਬਲਤਨ ਬਹੁਤ ਘੱਟ ਵਰਤੋਂ ਵਿਚ ਆਇਆ ਹੈ, ਇਸ ਲਈ ਇਸ ਦੇ ਬਦਲਵੇਂ ਰੂਪ ਘੱਟ ਹਨ, ਉਕੇਰਿਆਂ ਦੀ ਲਾਪਰਵਾਹੀ ਕਾਰਨ ਬਣਾਵਟ ਦੀਆਂ ਕੁਝ ਛੋਟੀਆਂ-ਛੋਟੀਆਂ ਭੁੱਲਾਂ ਵੇਖਣ ਵਿਚ ਆਈਆਂ ਹਨ, ਚਟਾਨਾਂ ਅਤੇ ਸਤੰਭਾਂ ਦੀਆਂ ਉਕਰਾਈਆਂ ਵਿਚ ਆਮ ਪ੍ਰਮਾਣਿਕ ਸਰੂਪ ਹੀ ਵਧੇਰੇ ਮਿਲਦਾ ਹੈ। ਜਦੋਂ ਉਕੇਰਾ ਅੱਧੇ ਦਾਇਰੇ ਨੂੰ ਲੰਮੇਰੇ ਰੂਪ ਵਿਚ ਉਕਰਦਾ ਹੈ ਅਤੇ ਦੂਜਾ ਅੱਧਾ ਦਾਇਰਾ ਉਕਰ ਕੇ ਅੱਖਰ ਨੂੰ ਸੰਪੂਰਨ ਕਰਦਾ ਹੈ ਤਾਂ ਸਰੂਪ ਬੇਤਰਤੀਬਾ ਜਿਹਾ ਬਣ ਜਾਂਦਾ ਹੈ। ਕਈ ਵਾਰੀ ਦੋਵੇਂ ਅੱਧ ਮਿਲ ਕੇ ਪਧਰੇ ਜਿਹੇ ਬਣ ਜਾਂਦੇ ਹਨ। ਇਕ ਹਾਲਤ ਵਿਚ ਤਾਂ ਅਜੀਬ ਜਿਹੀ ਸ਼ਕਲ ਬਣ ਗਈ ਹੈ, ਜਿਥੇ ਦੋਵੇਂ ਅੱਧ ਦੋ ਛੋਟੇ ਦਾਇਰੇ ਬਣ ਗਏ ਹਨ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਉਕੇਰੇ ਨੂੰ ਮਿਲੀ ਹੱਥ-ਲਿਖਤ ਦੇ ਕਾਰਨ ਹੋਇਆ ਹੋਵੇ। ਇਸ ਹਾਲਤ ਵਿਚ ਉਪਰਲੀ ਖੜੀ ਲਕੀਰ ਦੇ ਸਿਰ ਦਾ ਨੁੱਕਤਾ ਉਕੇਰੇ ਦੀ ਗਲਤੀ ਨਾਲ ਨਹੀਂ ਹੋਇਆ ਜਾਪਦਾ, ਇਥੇ ਪੱਧਰ ਵਿਚ ਕੋਈ ਨੁਕਸ ਸੀ। 'ਛ' ਅੱਖਰ ਦੇ ਸਰੂਪ ਵਿਚ ਮਗਰਲੀਆਂ ਸਦੀਆਂ ਵਿਚ ਬਹੁਤ ਘੱਟ ਤਬਦੀਲੀ ਆਈ ਹੈ। ਦੇਵਨਾਗਰੀ ਲਿਪੀ ਵਾਲੇ 'ਛ' ਦਾ ਹੁਣ ਦਾ ਸਰੂਪ ਮੂਲ ਰੂਪ ਦੇ ਬਹੁਤ ਨੇੜੇ ਦਾ ਹੈ। ਇਸਦਾ ਕਾਰਨ ਇਹੋ ਹੋ ਸਕਦਾ ਹੈ ਕਿ 'ਛ' ਅੱਖਰ ਦੀ ਵਰਤੋਂ ਭਾਰਤੀ ਭਾਸ਼ਾ ਵਿਚ ਬਹੁਤ ਘੱਟ ਹੋਈ ਹੈ ਅਤੇ ਇਸੇ ਲਈ ਇਸ ਦੇ ਵਿਚ ਤਬਦੀਲੀ ਹੋਣ ਦੇ ਸਬੱਬ ਘੱਟ ਹਨ।



ਇਸ ਅੱਖਰ ਦੇ ਕੁਝ ਵਿਸ਼ੇਸ਼ ਭਿੰਨ ਭਿੰਨ ਰੂਪ ਹੇਠਾਂ ਦਿੱਤੇ ਜਾਂਦੇ ਹਨ–



ਬੁਨਿਆਦ ਅਤੇ ਅੰਡਾਕਾਰ ਸਰੂਪ ਵਾਲਾ 'ਛ'

ਬੁਨਿਆਦ ਉੱਤੇ ਦੋ ਘੁੰਡੀਆਂ ਵਾਲਾ 'ਛ'

ਸਿਰੇ ਉੱਤੇ ਟਕ ਵਰਗੇ ਨਿਸ਼ਾਨ ਵਾਲਾ 'ਛ'

ਖੱਬੀ ਘੁੰਡੀ ਉੱਤੇ ਡੰਡੀ ਵਾਲਾ ਦੋ ਘੁੰਡੀਆਂ ਦਾ 'ਛ'

ਸੱਜੀ ਨਾਲੋਂ ਵੱਡੀ ਖੱਬੀ ਘੁੰਡੀ ਵਾਲਾ ਦੋ ਘੁੰਡੀਆਂ ਦਾ 'ਛ'

ਡੰਡੀ ਤੋਂ ਬਿਨਾਂ ਖੱਬੀ ਤਿਕੋਣੀ ਘੁੰਡੀ ਵਾਲਾ 'ਛ'

**ਚੌਥੀ ਸਦੀ ਈਸਵੀ ਤੋਂ** ਵਿਕਾਸ ਕਰਦੇ 'ਛ' ਦਾ ਸਰੂਪ ਪਿਛਲੇ ਪੰਨੇ **ਉੱਤੇ ਦਿੱਤੀ ਗਈ ਪੱਟੀ** ਵਿਚ ਦਰਸਾਇਆ ਗਿਆ ਹੈ :–

ਪੰਜਾਬ ਦੀਆਂ ਹੋਰ ਲਿਪੀਆਂ ਤੇ ਲਿਖਤਾਂ ਦਾ ਟਾਕਰਾ ਗੁਰਮੁਖੀ ਦੇ 'ਛ' ਅੱਖਰ ਨਾਲ ਹੇਠਾਂ ਦਿੱਤੀਆਂ ਸਾਰਣੀਆਂ ਅਨੁਸਾਰ ਹੈ–

| ਸ਼ਾਸਤਰੀ ਜਾਂ ਦੇਵਨਾਗਰੀ | ਲੰਡੇ | ਸ਼ਾਰਦਾ | ਗੁਰਮੁਖੀ | ਟਾਕਰੀ | ਪੁਰਾਣੇ ਅੱਖਰ ਬ੍ਰਾਹਮੀ ਵਗੈਰਾ |
|---|---|---|---|---|---|



| ਸਰਾਫੀ | ਉੱਚੀ ਲਿਪੀ | ਹੁਕਮਨਾਮੇ | ਗੁਰਮੁਖੀ |
|---|---|---|---|
| ਜ਼ਿਲ੍ਹਾ ਗੁਜਰਾਂਵਾਲਾ | | | |



ਹ.ਪੁ.–ਦੀ ਹਿਸਟਰੀ ਐਂਡ ਪੇਲੀਓਗ੍ਰਾਫ਼ੀ ਆਫ਼ ਮੌਰੀਅਨ ਬ੍ਰਾਹਮੀ ਸਕ੍ਰਿਪਟ-ਸੀ. ਐਸ. ਉਪਾਸਕ; ਇੰਡੀਅਨ ਪੇਲੀਓਗ੍ਰਾਫ਼ੀ-ਅਹਿਮਦ ਹਸਨ ਦਾਨੀ ; ਪ੍ਰਾ. ਲਿ. ਮਾ. ; ਲਿੰ. ਸ. ਇੰਡ ; ਗੁ. ਲਿ. ਜ. ਵਿ ; ਪੰਜਾਬੀ ਭਾਸ਼ਾ ਦਾ ਵਿਆਕਰਣ–ਦੁਨੀ ਚੰਦ੍ਰ।

–ਸੁਰਿੰਦਰ ਸਿੰਘ ਕੋਹਲੀ

**ਛਛਰੌਲੀ** : ਇਹ ਹਰਿਆਣਾ ਰਾਜ ਦੇ ਯਮਨਾਨਗਰ ਜ਼ਿਲ੍ਹੇ ਵਿਚ ਇਕ ਸ਼ਹਿਰ ਹੈ। ਪਹਿਲਾਂ ਇਹ ਰਿਆਸਤ ਕਲਸੀਆ ਦੀ ਰਾਜਧਾਨੀ ਹੁੰਦਾ ਸੀ। ਇਸ ਦੇ ਉੱਤਰ ਵੱਲ ਅੰਬਾਲਾ, ਦੱਖਣ ਵੱਲ ਜਗਾਧਰੀ ਤੇ ਪੱਛਮ ਵੱਲ ਨਰਾਇਣ ਗੜ੍ਹ ਹੈ। ਇਸ ਮਿਸਲ ਦਾ ਬਾਨੀ ਸਰਦਾਰ ਗੁਰਬਖ਼ਸ਼ ਸਿੰਘ ਸੀ ਜਿਹੜਾ ਪਿੰਡ ਕਲਸੀਆ, ਪਰਗਣਾ ਪੱਟੀ ਤੇ ਜ਼ਿਲ੍ਹਾ ਲਾਹੌਰ (ਹੁਣ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਇਹ ਕਰੋੜਾ ਸਿੰਘੀਆਂ ਦੇ ਸਰਦਾਰ ਬਘੇਲ ਸਿੰਘ ਦਾ ਸਾਥੀ ਸੀ। ਸਰਹਿੰਦ ਫਤਹਿ ਕਰਨ ਮਗਰੋਂ ਜਦੋਂ ਸਿੰਘਾਂ ਨੇ ਇਲਾਕੇ ਵੰਡੇ ਤਾਂ ਸਰਦਾਰ ਗੁਰਬਖ਼ਸ਼ ਸਿੰਘ ਨੂੰ ਬਸੀ ਤੇ ਛਛਰੌਲੀ ਆਦਿ ਦੇ ਇਲਾਕੇ ਮਿਲ ਗਏ ਤੇ ਇਸ ਦੇ ਪੁੱਤਰ ਜੋਧ ਸਿੰਘ ਨੇ ਇਲਾਕਾ ਹੋਰ ਵੀ ਵਧਾ ਲਿਆ ਅਤੇ ਨਰਾਇਣ ਗੜ੍ਹ ਦੀ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਵੀ ਸਾਥ ਦਿੱਤਾ।

ਭਾਰਤ ਆਜ਼ਾਦ ਹੋਣ ਸਮੇਂ ਉਸ ਸਮੇਂ ਦੇ ਰਾਜਾ ਕਰਨ ਸ਼ੇਰ ਸਿੰਘ ਵਲੋਂ ਯਾਦਵਿੰਦਰ ਸਿੰਘ ਨੇ 5 ਮਈ 1948 ਨੂੰ ਇਸ ਨੂੰ ਪੈਪਸੂ ਵਿਚ ਸ਼ਾਮਲ ਕਰਨ ਸਬੰਧੀ ਹਸਤਾਖਰ ਕੀਤੇ ਅਤੇ ਇਹ 20 ਅਗਸਤ, 1948 ਨੂੰ ਇਹ ਪੈਪਸੂ ਯੂਨੀਅਨ ਵਿਚ ਸ਼ਾਮਲ ਹੋ ਗਈ। ਇਸ ਦੇ ਇਵਜ਼ ਵਜੋਂ ਕਲਸੀਆ ਦੇ ਰਾਜਾ ਕਰਨ ਸ਼ੇਰ ਸਿੰਘ ਨੂੰ 65000 ਰੁਪਏ ਸਾਲਾਨਾ ਦਿੱਤੇ ਜਾਣ ਲੱਗ ਪਏ।

ਆਬਾਦੀ–7,330 (1991)

30°15' ਉ. ਵਿੱਥ.; 77° 25' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 196

**ਛਛੂੰਦਰ** : ਇਹ ਇਨਸੈਕਟੀਵੋਰਾ ਵਰਗ ਦੀ ਟੈਲਪਿਡੀ ਕੁਲ ਦੇ ਛੋਟੇ-ਛੋਟੇ ਖੁੱਡਵਾਸੀ ਤੇ ਕੀਟ-ਆਹਾਰੀ, ਥਣਧਾਰੀ ਪ੍ਰਾਣੀ ਹਨ। ਇਨ੍ਹਾਂ ਦੀਆਂ ਕੋਈ 22 ਜਾਤੀਆਂ ਹਨ। ਇਹ ਸਾਰੇ ਸ਼ੀਤ-ਊਸ਼ਣੀ ਯੂਰੇਸ਼ੀਆ ਅਤੇ ਉੱਤਰੀ ਅਮਰੀਕਾ ਵਿਚ ਮਿਲਦੇ ਹਨ।

ਇਨ੍ਹਾਂ ਦਾ ਸਰੀਰ ਛੋਟਾ ਤੇ ਗੋਲ ਜਿਹਾ, ਸਿਰ ਨੋਕਦਾਰ, ਪੂਛ ਲੱਤਾਂ ਅਤੇ ਅੱਖਾਂ ਛੋਟੀਆਂ ਹੁੰਦੀਆਂ ਹਨ (ਆਮ ਤੌਰ ਤੇ ਇਹ ਅੰਨ੍ਹੇ ਹੀ ਹੁੰਦੇ ਹਨ) ਅਤੇ ਬਹੁਤਿਆਂ ਵਿਚ ਬਾਹਰਲੇ ਕੰਨ ਵੀ ਨਹੀਂ ਹੁੰਦੇ। ਇਨ੍ਹਾਂ ਦੇ ਅਗਲੇ ਪੈਰਾਂ ਦੀਆਂ ਪੰਜ ਉਂਗਲਾਂ ਉੱਤੇ ਚੌੜੀਆਂ ਨਹੁੰਦਰਾਂ ਹੁੰਦੀਆਂ



ਹਨ ਜਿਹੜੀਆਂ ਮਿੱਟੀ ਪੁੱਟਣ ਲਈ ਅਤੇ ਤਰਨ ਵੇਲੇ ਪੈਡਲਾਂ ਦੀ ਤਰ੍ਹਾਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦੇ ਸਰੀਰ ਉੱਤੇ ਮਖ਼ਮਲੀ ਫ਼ਰ ਹੁੰਦੀ ਹੈ। ਇਹ ਸਾਲ ਵਿਚ ਇਕ ਜਾਂ ਦੋ ਵਾਰੀ ਖੁੱਡ ਵਿਚ 1-7 (ਆਮ ਤੌਰ ਤੇ 4) ਬੱਚੇ ਦਿੰਦੇ ਹਨ। ਇਨ੍ਹਾਂ ਵਿਚ 6-12 ਮਹੀਨੇ ਦੀ ਉਮਰ ਵਿਚ ਲਿੰਗੀ ਪ੍ਰੌਢਤਾ ਆ ਜਾਂਦੀ ਹੈ ਅਤੇ ਇਨ੍ਹਾਂ ਦਾ ਆਯੂ ਕਾਲ ਛੋਟਾ ਹੀ ਹੁੰਦਾ ਹੈ। (ਵਿਸਤਾਰ ਲਈ ਵੇਖੋ ਕੀਟ-ਆਹਾਰੀ ਪ੍ਰਾਣੀ)।

ਹ. ਪੁ.–ਐਨ. ਬ੍ਰਿ. ਮਾ. 6 : 975

**ਛੱਜੂ** : ਇਹ ਅੰਬਾਲਾ ਜ਼ਿਲ੍ਹੇ ਦੇ ਪੰਜੋਖੜਾ ਪਿੰਡ ਦਾ ਇਕ ਅਨਪੜ੍ਹ ਝੀਵਰ ਸੀ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਇਸ ਨੂੰ ਅਜਿਹਾ ਵਿਦਿਆ ਬਲ ਬਖ਼ਸ਼ਿਆ, ਜਿਸ ਤੋਂ ਇਸ ਨੇ ਪੰਡਤ ਲਾਲ ਚੰਦ ਨੂੰ, ਜੋ ਗੁਰੂ ਸਾਹਿਬ ਤੋਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਸੀ, ਗੀਤਾ ਦੇ ਅਰਥ ਸੁਣਾ ਕੇ ਸ਼ਾਸਤਰਾਂ ਵਿਚ ਨਿਰੁੱਤਰ ਕਰ ਦਿੱਤਾ।

ਹ. ਪੁ.–ਮ. ਕੋ. ; ਦੀ ਸਿੱਖ ਰਿਲੀਜਨ-ਮੈਕਾਲਿਫ਼

**ਛੱਜੂ (ਭਗਤ)** : ਇਹ ਇਕ ਭਗਤ ਸੀ ਜੋ ਲਾਹੌਰ ਦਾ ਰਹਿਣ ਵਾਲਾ ਅਤੇ ਭਾਟੀਆ ਜਾਤ ਦਾ ਸੀ। ਇਹ ਸਰਾਫ਼ੇ ਦਾ ਕੰਮ ਕਰਦਾ ਸੀ ਅਤੇ ਜਹਾਂਗੀਰ ਤੇ ਸ਼ਾਹਜਹਾਂ ਦਾ ਸਮਕਾਲੀ ਸੀ। ਜਿਥੇ ਇਸ ਦੀ ਦੁਕਾਨ ਸੀ, ਉੱਥੇ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਵਾ ਦਿੱਤਾ, ਜਿਹੜਾ ਹੁਣ ਮੇਯੋ ਹਸਪਤਾਲ ਕੋਲ ਰਤਨ ਚੰਦ ਦੀ ਸਰਾਂ ਦੇ ਦੱਖਣ ਵੱਲ ਹੈ। ਇਥੇ ਹੀ ਸੰਗਮਰਮਰ ਦੀ ਬਣੀ ਹੋਈ ਛੱਜੂ ਦੀ ਸਮਾਧ ਹੈ। ਇਸ ਥਾਂ ਦੇ ਪੁਜਾਰੀ ਦਾਦੂ ਪੰਥੀ ਸਾਧੂ ਹਨ। ਛੱਜੂ ਭਗਤ ਦਾ ਦੇਹਾਂਤ 1639 ਈ. (ਸੰਮਤ 1696) ਵਿਚ ਹੋਇਆ। ਛੱਜੂ ਭਗਤ ਦੇ ਅਸਥਾਨ ਨੂੰ ਲੋਕ ਛੱਜੂ ਭਗਤ ਦਾ ਚੁਬਾਰਾ ਆਖਦੇ ਹਨ। ਇਕ ਇਹੋ ਜਿਹਾ ਚੁਬਾਰਾ

ਤਾਲ ਮਹੱਲੇ ਵਿਚ ਵੀ ਪ੍ਰਸਿੱਧ ਹੈ,ਜਿਥੇ ਕਿ ਇਹ ਭਜਨ ਕਰਦਾ ਹੁੰਦਾ ਸੀ। ਛੱਜੂ ਪੰਥੀਆਂ ਦੇ ਨਿਯਮ ਹਿੰਦੂ ਅਤੇ ਮੁਸਲਮਾਨ ਧਰਮ ਦਾ ਮਿਲਗੋਭਾ ਹਨ। ਇਨ੍ਹਾਂ ਦੇ ਸ਼ਰਧਾਲੂ ਕੋਈ ਨਸ਼ਾ ਨਹੀਂ ਵਰਤਦੇ ਅਤੇ ਮਾਸ ਨਹੀਂ ਖਾਂਦੇ।

ਇਨ੍ਹਾਂ ਦਾ ਮੁੱਖ ਅਸਥਾਨ ਪਾਕਿਸਤਾਨ ਦੇ ਮਿੰਟਗੁਮਰੀ ਜ਼ਿਲ੍ਹੇ ਵਿਚ ਮਲਕਹੰਸ ਵਿਖੇ ਹੈ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾ ਰਹੇ ਸਨ ਤਾਂ ਤਿੰਨ ਹੋਰ ਭਗਤਾਂ ਸਮੇਤ (ਕਾਨ੍ਹਾ, ਸ਼ਾਹ ਹੁਸੈਨ, ਪੀਲੂ), ਛੱਜੂ ਵੀ ਆਪਣੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਉਣ ਲਈ ਲੈ ਕੇ ਗਿਆ ਪਰੰਤੂ ਗੁਰੂ ਜੀ ਨੇ ਇਨ੍ਹਾਂ ਭਗਤਾਂ ਦੀ ਬਾਣੀ ਗੁਰ ਸਿਧਾਂਤ ਦੇ ਅਨੁਕੂਲ ਨਾ ਦੇਖ ਕੇ ਦਰਜ ਨਹੀਂ ਕੀਤੀ।

ਹ. ਪੁ.–ਮ.ਕੋ.

**ਛੱਤ** : ਇਮਾਰਤ ਦੇ ਸਭ ਤੋਂ ਉਪਰਲੇ ਹਿੱਸੇ ਜਾਂ ਦੋ ਮੰਜ਼ਲਾਂ ਦੇ ਵਿਚਕਾਰਲੇ ਹਿੱਸੇ ਨੂੰ ਛੱਤ ਕਹਿੰਦੇ ਹਨ। ਸਭ ਤੋਂ ਉਪਰਲੀ ਛੱਤ ਮੌਸਮ ਦੇ ਪ੍ਰਭਾਵ ਤੋਂ ਬਚਣ ਲਈ ਬਣਾਈ ਹੁੰਦੀ ਹੈ ਜਦੋਂ ਕਿ ਵਿਚਕਾਰਲੀ ਛੱਤ ਹੇਠਲੀ ਮੰਜ਼ਲ ਉੱਤੇ ਛੱਤ ਦਾ ਅਤੇ ਉਪਰਲੀ ਮੰਜ਼ਲ ਲਈ ਫਰਸ਼ ਦਾ ਕੰਮ ਕਰਦੀ ਹੈ। ਛੱਤ ਥੰਮਲਿਆਂ ਜਾਂ ਦੀਵਾਰਾਂ ਉੱਤੇ ਟਿਕੀ ਹੁੰਦੀ ਹੈ। ਘਾਹ, ਫੂਸ, ਪੱਤੇ ਜਾਂ ਕਾਨਿਆਂ ਦੀ ਛੱਤ ਨੂੰ ਛੱਪਰ ਕਹਿੰਦੇ ਹਨ ਜਿਹੜੀ ਕਿ ਅਕਸਰ ਢਾਲਵੀਂ ਹੁੰਦੀ ਹੈ। ਮਿੱਟੀ, ਪੱਥਰ, ਲੱਕੜ, ਕੰਕਰੀਟ ਅਤੇ ਇੱਟਾਂ ਦੀ ਛੱਤ ਵਿਚ ਕੇਵਲ ਨਾਂ ਮਾਤਰ ਢਲਾਣ ਹੀ ਰੱਖੀ ਜਾਂਦੀ ਹੈ। ਬਹੁਤ ਉੱਚੇ ਥਾਂ ਲਈ ਵੀ ਛੱਤ ਸ਼ਬਦ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਵੇਂ ਪਾਮੀਰ ਦੇ ਉੱਚੇ ਮੈਦਾਨਾਂ ਨੂੰ "ਦੁਨੀਆ ਦੀ ਛੱਤ" ਕਿਹਾ ਜਾਂਦਾ ਹੈ।

ਗੁਫ਼ਾਵਾਂ ਵਿਚ ਰਹਿਣ ਵਾਲੇ ਆਦਿ ਮਨੁੱਖਾਂ ਨੂੰ ਪਹਾੜਾਂ ਵਿਚ ਗੁਫ਼ਾਵਾਂ ਕੱਟਣ ਲਈ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ। ਇਸ ਕਠਿਨ ਮਿਹਨਤ ਤੋਂ ਤੰਗ ਆ ਕੇ ਉਨ੍ਹਾਂ ਨੇ ਪੱਥਰਾਂ ਉੱਤੇ ਪੱਥਰ ਰੱਖ ਕੇ ਅਤੇ ਉੱਤੋਂ ਪੱਥਰਾਂ ਨਾਲ ਹੀ ਢੱਕ ਕੇ ਘਰ ਬਣਾਉਣੇ ਸ਼ੁਰੂ ਕੀਤੇ ਹੋਣਗੇ। ਪੁਰਾਣੇ 'ਡੋਲਮੇਨ' ਇਸੇ ਤਰ੍ਹਾਂ ਦੀ ਕੋਸ਼ਿਸ਼ ਦਾ ਹੀ ਸਿੱਟਾ ਸਨ। ਕਿਲਟਰਨਨ (ਡਬਲਿਨ) ਵਿਖੇ "ਦੈਤਯ ਕੀ ਸਮਾਧੀ" ਦੇ ਨਾਂ ਨਾਲ ਪ੍ਰਸਿੱਧ ਡੋਲਮੇਨ ਦੇਖਣ ਤੋਂ ਪਤਾ ਲੱਗਦਾ ਹੈ ਕਿ ਦੋ ਤਿੰਨ ਸਿੱਧੀਆਂ ਸਿੱਲਾਂ ਦੇ ਉੱਤੇ ਇਕ ਚਪਟੀ ਜਿਹੀ ਸਿੱਲ ਇਸ ਤਰ੍ਹਾਂ ਰੱਖੀ ਹੈ, ਜਿਵੇਂ ਦੀਵਾਰਾਂ ਉੱਤੇ ਛੱਤ ਟਿਕਾਈ ਹੋਵੇ।

**ਛੱਤਾਂ ਦੀਆਂ ਕਿਸਮਾਂ**—ਛੱਤਾਂ ਮੁੱਖ ਤੌਰ ਤੇ ਦੋ ਕਿਸਮਾਂ ਦੀਆਂ ਅਰਥਾਤ (ੳ) ਚੌਰਸ ਅਤੇ (ਅ) ਢਾਲਵੀਆਂ ਹੁੰਦੀਆਂ ਹਨ।

**(ੳ) ਚੌਰਸ ਛੱਤਾਂ**—ਚੌਰਸ ਛੱਤਾਂ ਆਮ ਤੌਰ ਤੇ ਪੱਕੀਆਂ ਸੀਮਿੰਟ, ਕੰਕਰੀਟ ਆਦਿ ਦੀਆਂ ਬਣਾਈਆਂ ਜਾਂਦੀਆਂ ਹਨ। ਚੰਗੀ ਮਿੱਟੀ ਨਾਲ ਕੱਚੀਆਂ ਚੌਰਸ ਛੱਤਾਂ ਵੀ ਆਮ ਵੇਖਣ ਵਿਚ ਆਉਂਦੀਆਂ ਹਨ। ਮਿੱਟੀ ਦੀਆਂ ਚੌਰਸ ਛੱਤਾਂ ਵਿਚ ਢਲਾਣ ਪੱਕੀਆਂ ਛੱਤਾਂ ਦੀ ਢਲਾਣ ਨਾਲੋਂ ਜ਼ਿਆਦਾ ਹੁੰਦੀ ਹੈ ਪਰੰਤੂ ਇੰਨੀ ਜ਼ਿਆਦਾ ਵੀ ਨਹੀਂ ਕਿ ਮਿੱਟੀ ਪਾਣੀ ਦੇ ਨਾਲ ਹੀ ਰੁੜ੍ਹ ਜਾਵੇ। ਸ਼ਤੀਰਾਂ ਜਾਂ ਬਾਲਿਆਂ (ਕੜੀਆਂ) ਉੱਤੇ ਪੱਥਰ ਦੇ ਚੌਕੇ, ਇੱਟਾਂ, ਲੱਕੜੀ ਦੇ ਫੱਟੇ, ਬਾਂਸ, ਸਰਕੜਾ ਜਾਂ ਖੜ ਆਦਿ ਕੋਈ ਵੀ ਚੀਜ਼ ਰੱਖ ਕੇ ਉਸ ਉੱਤੇ ਮਿੱਟੀ ਜਾਂ ਕੰਕਰੀਟ ਆਦਿ ਵਿਛਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਚੌਰਸ ਜਾਂ ਸਪਾਟ ਛੱਤ ਬਣਦੀ ਹੈ। ਪੱਕੀਆਂ ਛੱਤਾਂ ਵਿਚ ਸੀਮਿੰਟ ਕੰਕਰੀਟ ਦੇ ਮਸਾਲੇ ਵਿਚ ਲੋਹੇ ਦੀਆਂ ਸਲਾਖਾਂ ਪਾਈਆਂ ਜਾਂਦੀਆਂ ਹਨ ਤਾਂ ਜੋ ਇਸ ਤਰ੍ਹਾਂ ਬਣੀ ਸਿੱਲ ਵਿਚ ਲੋੜੀਂਦਾ ਤਣਾਉ ਪੈਦਾ ਕੀਤਾ ਜਾ ਸਕੇ। ਜਦੋਂ ਕਿਸੇ ਸਿੱਲ ਜਾਂ ਬੀਮ ਨੂੰ ਦੀਵਾਰਾਂ ਉੱਤੇ ਰੱਖਿਆ ਜਾਂਦਾ ਹੈ ਤਾਂ ਇਹ ਆਪਣੇ ਭਾਰ ਨਾਲ ਹੇਠਾਂ ਵੱਲ ਨੂੰ ਲਿਫਣ ਦੀ ਕੋਸ਼ਿਸ਼ ਕਰਦੀ ਹੈ। ਲੋਹੇ ਦੀਆਂ ਛੜਾਂ ਆਦਿ ਪਾ ਕੇ ਪ੍ਰਬਲਿਤ ਕੀਤੇ ਕੰਕਰੀਟ ਮਸਾਲੇ ਨਾਲ ਬਣੀ ਸਿੱਲ ਹੇਠਾਂ ਵੱਲ ਨਹੀਂ ਲਿਫਦੀ।

**(ਅ) ਢਾਲਵੀਆਂ ਛੱਤਾਂ**—ਵਧੇਰੇ ਵਰਖਾ ਵਾਲੇ ਇਲਾਕਿਆਂ ਵਿਚ ਅਕਸਰ ਢਾਲੂ ਛੱਤਾਂ ਬਣਾਈਆਂ ਜਾਂਦੀਆਂ ਹਨ। ਇਹ ਇਕੋ ਪਾਸੇ ਵੱਲ ਜਾਂ ਦੋਵੇਂ ਪਾਸਿਆਂ ਵੱਲ ਢਾਲੂ ਹੋ ਸਕਦੀਆਂ ਹਨ। ਜਿਸ ਛੱਤ ਦੇ ਇਕੋ ਪਾਸੇ ਵੱਲ ਢਲਾਣ ਹੋਵੇ ਉਸ ਨੂੰ 'ਟੇਕਦਾਰ' ਛੱਤ ਕਹਿੰਦੇ ਹਨ। ਜਿਹੜੀ ਛੱਤ ਵਿਚਕਾਰੋਂ ਉੱਚੀ ਹੋਵੇ ਤੇ ਦੋਵੇਂ ਪਾਸੇ ਢਾਲੂ ਤਲ ਹੋਣ ਉਸ ਨੂੰ ਤਿਕੋਨੀ ਛੱਤ ਕਿਹਾ ਜਾਂਦਾ ਹੈ। ਦੋਵੇਂ ਢਾਲੂ ਤਲਾਂ ਨੂੰ ਜੋੜਨ ਵਾਲੀ ਰੇਖਾ ਨੂੰ "ਕਾਣੀ" ਕਹਿੰਦੇ ਹਨ ਅਤੇ ਚਾਰੇ ਪਾਸੇ ਢਾਲੂ ਤਲਾਂ ਵਾਲੀ ਛੱਤ ਨੂੰ 'ਕਾਠੀ ਛੱਤ' ਕਹਿੰਦੇ ਹਨ। ਬਦੇਸ਼ਾਂ ਵਿਚ ਆਮ ਤੌਰ ਤੇ ਦੂਹਰੀਆਂ ਢਾਲ ਛੱਤਾਂ ਬਣਾਈਆਂ ਜਾਂਦੀਆਂ ਹਨ।

**ਛੱਤ ਦੀਆਂ ਕੈਂਚੀਆਂ**—ਇਕਹਿਰੀ ਢਾਲ ਵਾਲੀ ਛੱਤ ਬਣਾਉਣ ਲਈ ਇਸ ਹੇਠਾਂ ਇਕ ਪਾਸੇ ਦੀ ਦੀਵਾਰ ਦੀ ਉਚਾਈ ਜ਼ਿਆਦਾ ਰੱਖੀ ਜਾਂਦੀ ਹੈ ਪਰੰਤੂ ਜੇਕਰ ਉਚਾਈ ਸੀਮਤ ਰੱਖਣੀ ਹੋਵੇ ਤਾਂ ਦੋਹਾਂ ਪਾਸੇ ਢਾਲ ਬਣਾਉਣੀ ਜ਼ਰੂਰੀ ਹੋ ਜਾਂਦੀ ਹੈ। ਅਜਿਹੀਆਂ ਛੱਤਾਂ ਲਈ ਕੈਂਚੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕੈਂਚੀਆਂ ਦਬਾਉ ਅਨੁਸਾਰ ਲੱਕੜੀ, ਲੋਹੇ ਜਾਂ ਦੋਹਾਂ ਦੀਆਂ ਹੁੰਦੀਆਂ ਹਨ। ਲੋਹੇ ਦੀਆਂ ਕੈਂਚੀਆਂ ਵਿਚ ਇਕ ਜਾਂ ਵੱਧ ਐਂਗਲ, ਟੀ, ਚੈਨਲ ਜਾਂ ਆਈ ਸੈਕਸ਼ਨ ਲਗਾਏ ਜਾਂਦੇ ਹਨ, ਤਣਾਉ ਵਧਾਉਣ ਲਈ ਪੱਤੀ ਜਾਂ ਸਰੀਏ ਵੀ ਲਗਾਏ ਜਾ ਸਕਦੇ ਹਨ।

ਖਣ ਦੀ ਲੰਬਾਈ ਅਤੇ ਚੌੜਾਈ ਅਨੁਸਾਰ ਕੈਂਚੀਆਂ ਦੀ ਬਣਤਰ ਵੱਖੋ ਵੱਖਰੀ ਹੁੰਦੀ ਹੈ। ਇਨ੍ਹਾਂ ਦੇ ਤਿੰਨ ਮੁੱਖ ਹਿੱਸੇ ਹੁੰਦੇ ਹਨ—(ੳ) ਵੱਡੇ




**ਚਿੱਤਰ 1. ਕੈਂਚੀਆਂ ਵਾਲੀ ਛੱਤ**

ਬਾਲੇ ਜਾਂ ਕੜੀਆਂ ਜਿਨ੍ਹਾਂ ਉੱਤੇ ਦੂਜੇ ਦਾਅ ਛੋਟੇ ਬਾਲੇ ਜਾਂ ਕੜੀਆਂ (ਪਰਲਿਨ) ਰੱਖ ਕੇ ਛੱਤ ਪਾ ਦਿੱਤੀ ਜਾਂਦੀ ਹੈ। ਇਹ ਅਕਸਰ ਦਬਾਉ ਹੇਠ ਰਹਿੰਦੀਆਂ ਹਨ। (ਅ) ਵੱਡੀ ਤਾਨ ਜਾਂ ਹੇਠਲੀ ਤਾਨ ਜਿਹੜੀ ਮੁੱਖ ਕੜੀਆਂ ਦੇ ਹੇਠਲੇ ਸਿਰਿਆਂ ਨੂੰ ਬਾਹਰ ਵੱਲ ਫੈਲਣ ਤੋਂ ਰੋਕਦੀ ਹੈ। ਇਹ ਤਣਾਉ ਵਿਚ ਰਹਿੰਦੀਆਂ ਹਨ। (ੲ) ਵਿਚਕਾਰਲਾ ਭਾਗ ਜਿਹੜਾ ਬਣਤਰ ਅਨੁਸਾਰ ਦਬਾਉ ਜਾਂ ਤਣਾਉ ਵਿਚ ਰਹਿੰਦਾ ਹੈ। ਇਨ੍ਹਾਂ ਦੀ ਗਿਣਤੀ ਖਣ ਦੇ ਆਕਾਰ ਅਨੁਸਾਰ ਘੱਟ ਵੱਧ ਸਕਦੀ ਹੈ। ਦਬਾਉ ਹੇਠ ਰਹਿਣ ਵਾਲੇ ਅੰਗਾਂ ਨੂੰ "ਰੋਕਾਂ" ਕਹਿੰਦੇ ਹਨ। ਜਿਥੋਂ ਤੱਕ ਹੋ ਸਕੇ ਭਾਰ ਜੋੜਾਂ ਉੱਤੇ ਹੀ ਪਵੇ ਤਾਂ ਜੋ ਦਬਾਉ ਅਤੇ ਤਣਾਉ ਸਿੱਧਾ ਹੀ ਪਵੇ ਨਾ ਕਿ ਆੜੇ-ਦਾਅ। ਜੇਕਰ ਭਾਰ ਵਿਚਕਾਰ ਵੀ ਪੈਂਦਾ ਹੋਵੇ ਤਾਂ ਇਨ੍ਹਾਂ ਦੀ ਮੋਟਾਈ ਵੱਧ ਰੱਖੀ ਜਾਂਦੀ ਹੈ।

ਪ੍ਰਕਾਸ਼ ਪ੍ਰਬੰਧ ਲਈ ਖਣਾਂ ਦੀ ਲੰਬਾਈ ਅਤੇ ਉਪਯੋਗ ਨੂੰ ਮੁੱਖ ਰੱਖਦੇ ਹੋਏ ਅਨੇਕ ਪ੍ਰਕਾਰ ਦੀਆਂ ਕੈਂਚੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਛੋਟੀ ਤੋਂ ਛੋਟੀ ਕੈਂਚੀ 3.048 ਮੀ. (10 ਫੁੱਟ) ਅਤੇ ਵੱਡੀ ਤੋਂ ਵੱਡੀ 30.480 ਮੀ. (100 ਫੁੱਟ) ਤੱਕ ਹੋ ਸਕਦੀ ਹੈ। ਇਨ੍ਹਾਂ ਕੈਂਚੀਆਂ ਦਾ ਡਿਜ਼ਾਈਨ ਘਰਾਂ, ਦੁਕਾਨਾਂ, ਸ਼ੈੱਡਾਂ, ਵਰਕਸ਼ਾਪਾਂ, ਫ਼ੈਕਟਰੀਆਂ ਆਦਿ ਦੀਆਂ ਛੱਤਾਂ ਲਈ ਵੱਖੋ-ਵੱਖਰਾ ਹੁੰਦਾ ਹੈ। ਇਸੇ ਕਰਕੇ ਇਨ੍ਹਾਂ ਦੇ ਨਾਂ ਵੀ ਵੱਖੋ-ਵੱਖਰੇ ਰੱਖੇ ਹੋਏ ਹਨ।

ਕੈਂਚੀਆਂ ਦਾ ਸਿਧਾਂਤ ਇਹ ਹੈ ਕਿ ਸਮੁੱਚਾ ਫ੍ਰੇਮ ਵੱਧ ਤੋਂ ਵੱਧ ਤਿਕੋਨਾਂ ਵਿਚ ਵੰਡਿਆ ਜਾ ਸਕੇ ਕਿਉਂਕਿ ਤਿਕੋਨ ਦੀਆਂ ਭੁਜਾਵਾਂ ਦੀ ਲੰਬਾਈ ਬਦਲ ਜਾਣ ਨਾਲ ਤਿਕੋਨ ਦੀ ਸ਼ਕਲ ਨਹੀਂ ਬਦਲਦੀ। ਜਦੋਂ ਕਿ ਚਤੁਰਭੁਜ ਜਾਂ ਕੋਈ ਹੋਰ ਸੰਰਚਨਾ ਦੀਆਂ ਭੁਜਾਵਾਂ ਵਿਚ ਪ੍ਰਤਿਬਲਾਂ ਦੇ ਅਸਰ ਹੇਠ ਕੋਈ ਤਬਦੀਲੀ ਆ ਜਾਵੇ ਤਾਂ ਉਹ ਆਪਣੀ ਸ਼ਕਲ ਬਦਲ ਲੈਂਦੀਆਂ ਹਨ ਜਿਵੇਂ ਕਿ ਆਇਤ ਦੀ ਥਾਂ ਸਮਾਂਤਰ ਚਤੁਰਭੁਜ ਆਦਿ ਬਣ ਜਾਂਦੀ ਹੈ।

**ਛੱਤ ਸਮੱਗਰੀ**—ਛੱਤ ਸਮੱਗਰੀ ਦੀ ਸਹੀ ਵਰਤੋਂ ਢਾਲੂ ਛੱਤਾਂ ਵਿਚ ਵਿਸ਼ੇਸ਼ ਤੌਰ ਤੇ ਦਿਖਾਈ ਦਿੰਦੀ ਹੈ। ਘਾਹ, ਫੂਸ, ਪੱਤੇ ਆਰੰਭ ਕਾਲ ਤੋਂ ਹੀ ਛੱਪਰਾਂ ਲਈ ਇਸਤੇਮਾਲ ਕੀਤੇ ਜਾਂਦੇ ਹਨ। ਠੰਢ, ਤਾਪ ਆਦਿ ਤੋਂ ਬਚਾਉ ਕਰਨ ਲਈ ਇਹ ਬਹੁਤ ਹੀ ਸਸਤਾ ਸਾਧਨ ਸੀ। ਘਟ ਬਾਰਸ਼ ਵਾਲੇ ਖੇਤਰਾਂ ਵਿਚ ਅਮੀਰ ਆਦਮੀ ਵੀ ਛੱਤ ਉੱਤੇ ਹੋਰ



ਚਿੱਤਰ 2. ਫੂਸ ਦੀ ਝੁੱਗੀ

ਘਾਹ ਫੂਸ ਪਾ ਕੇ ਵਧੇਰੇ ਆਨੰਦ ਮਾਣਦੇ ਹਨ। ਅਜਿਹੀ ਛੱਤ ਵਿਚ ਡਰ ਸਿਰਫ ਇਹੀ ਹੁੰਦਾ ਹੈ ਕਿ ਅੱਗ ਨਾ ਲੱਗ ਜਾਵੇ।

ਖਪਰਿਆਂ ਵਾਲੀ ਛੱਤ ਨੂੰ ਖਪਰੈਲ ਕਹਿੰਦੇ ਹਨ। ਪਿੰਡਾਂ ਵਿਚ ਕੜੀਆਂ ਜਾਂ ਬਾਲਿਆਂ ਉੱਤੇ ਬਾਂਸ, ਖੜ, ਘਾਹ ਫੂਸ ਜਾਂ ਪਤਲੀ ਲੱਕੜ



ਚਿੱਤਰ 3. ਨਰਿਆਂ ਦੀ ਛੱਤ

ਪਾ ਕੇ ਉੱਤੇ ਖਪਰੇ ਵਿਛਾ ਦਿੱਤੇ ਜਾਂਦੇ ਹਨ ਪਰੰਤੂ ਚੰਗੀ ਛੱਤ ਲਈ ਲੱਕੜ ਦੇ ਫੱਟਿਆਂ ਨੂੰ ਕਿੱਲਾਂ ਨਾਲ ਬਾਲਿਆਂ ਜਾਂ ਕੜੀਆਂ ਉੱਤੇ ਜੋੜਕੇ ਉੱਤੇ ਖੱਪਰੇ ਵਿਛਾਏ ਜਾਂਦੇ ਹਨ। ਨਾਲੀ ਵਰਗੇ ਖੱਪਰਿਆਂ ਨੂੰ 'ਨਰੇ' ਕਿਹਾ ਜਾਂਦਾ ਹੈ। (ਚਿੱਤਰ 3) ਨਰੇ ਅਤੇ ਖਪਰੇ ਕਈ ਵਾਰੀ ਇਕੱਠੇ ਵੀ



ਚਿੱਤਰ 4. ਇਲਾਹਾਬਾਦੀ ਖਪਰਿਆਂ ਦੀ ਛੱਤ

ਵਰਤੇ ਜਾਂਦੇ ਹਨ। ਇਲਾਹਾਬਾਦੀ ਖਪਰੇ ਮਸ਼ੀਨਾਂ ਦੁਆਰਾ ਬਣੇ ਹੋਣ ਕਰਕੇ ਵਧੇਰੇ ਸੁੰਦਰ ਤੇ ਟਿਕਾਊ ਹੁੰਦੇ ਹਨ।

ਸਲੇਟ ਵੀ ਛੱਤਾਂ ਵਿਚ ਆਮ ਵਰਤੀ ਜਾਂਦੀ ਹੈ। ਇਹ ਸਮਅੰਗੀ, ਕਦੇ ਖ਼ਰਾਬ ਨਾ ਹੋਣ ਵਾਲਾ, ਤਹਿਦਾਰ ਖਣਿਜ ਪੱਥਰ ਹੁੰਦਾ ਹੈ ਜਿਹੜਾ ਪਤਲੀਆਂ-ਪਤਲੀਆਂ (1/16'') dl ^ % "pP Hº"VC} R%ç} G‹ ("Pº ^15)। ਛੋਟੀਆਂ ਸਲੇਟਾਂ ਵਾਲੀ ਛੱਤ ਦੀ ਢਲਾਣ ਵੱਡੀਆਂ ਸਲੇਟਾਂ ਵਾਲੀ ਛੱਤ ਦੇ ਮੁਕਾਬਲੇ ਵੱਧ ਰੱਖੀ ਜਾਂਦੀ ਹੈ। ਆਇਰਨ ਪਾਇਰਾਈਟ ਵਾਲੀਆਂ ਸਲੇਟਾਂ ਡਬ ਖੜੱਬੀਆਂ ਹੁੰਦੀਆਂ ਹਨ ਤੇ ਇਨ੍ਹਾਂ ਦਾ ਇਸਤੇਮਾਲ ਛੱਤਾਂ ਲਈ ਨਹੀਂ ਕਰਨਾ ਚਾਹੀਦਾ ਕਿਉਂਕਿ ਆਇਰਨ ਪਾਇਰਾਈਟ ਦੇ ਵਿਘਟਨ ਤੋਂ ਬਾਅਦ ਸਲੇਟਾਂ ਖੁਰ ਜਾਂਦੀਆਂ ਹਨ। ਰੇਤਲੇ ਪੱਥਰਾਂ ਨੂੰ ਵੀ ਸਲੇਟਾਂ ਦੀ ਤਰ੍ਹਾਂ ਚੌਕੇ ਬਣਾ ਕੇ ਛੱਤਾਂ ਲਈ ਉਪਯੋਗ ਕੀਤਾ ਜਾਂਦਾ ਹੈ। ਇੰਗਲੈਂਡ ਵਿਚ ਯਾਰਕਸ਼ਿਰ ਦੇ ਪੱਥਰ ਦੇ ਚੌਕੇ ਛੱਤਾਂ ਲਈ ਚੰਗੇ ਮੰਨੇ ਜਾਂਦੇ ਹਨ।



ਚਿੱਤਰ 5. ਸਲੇਟਾਂ ਦੀ ਛੱਤ

ਛੱਤਾਂ ਦੇ ਆਧੁਨਿਕ ਸਾਮਾਨ ਵਿਚ ਵਿਸ਼ੇਸ਼ ਪ੍ਰਕਾਰ ਦਾ ਕਾਗਜ਼, ਕਿਰਮਿਚ, ਤਾਰਕੋਲ ਵਿਚ ਡੁਬੋਇਆ ਹੋਇਆ ਨਮਦਾ ਅਤੇ ਅਨੇਕ ਪ੍ਰਕਾਰ ਦੇ ਗੱਤੇ ਆਦਿ ਵੀ ਛੱਤਾਂ ਲਈ ਵਰਤੇ ਜਾਂਦੇ ਹਨ। ਤਾਂਬਾ, ਜਿਸਤ, ਸਿੱਕਾ, ਐਲੂਮਿਨੀਅਮ, ਲੋਹੇ ਆਦਿ ਧਾਤਾਂ ਦੀਆਂ ਚਾਦਰਾਂ ਦੀ

ਰਤੋਂ ਆਮ ਹੁੰਦੀ ਹੈ। ਇਨ੍ਹਾਂ ਚਾਦਰਾਂ ਨੂੰ ਆਮ ਕਰਕੇ ਨਾਲੀਦਾਰ ਣਾਇਆ ਜਾਂਦਾ ਹੈ। (ਚਿੱਤਰ 6)



ਚਿੱਤਰ 6. ਨਾਲੀਦਾਰ ਚਾਦਰਾਂ ਦੀ ਛੱਤ

ਐਸਬੈਸੱਟਾਸ ਚਾਦਰਾਂ ਵੀ ਨਾਲੀਦਾਰ ਚਾਦਰਾਂ ਦੀ ਤਰ੍ਹਾਂ ਹੀ ਰਤੀਆਂ ਜਾਂਦੀਆਂ ਹਨ। ਇਹ ਠੰਢ ਅਤੇ ਗਰਮੀ ਨੂੰ ਧਾਤ ਦੀਆਂ ਾਦਰਾਂ ਨਾਲੋਂ ਵਧੇਰੇ ਰੋਕਦੀਆਂ ਹਨ ਪਰ ਛੇਤੀ ਭੁਰ ਜਾਂਦੀਆਂ ਹਨ। ਚੱਤਰ 7)



ਚਿੱਤਰ 7. ਐਸਬੈੱਸਟਾਸ ਚਾਦਰਾਂ ਦੀ ਛੱਤ

**ਗੋਲ ਛੱਤਾਂ**—ਮੁੱਢਲੇ ਕਾਲ ਦੀਆਂ ਗੋਲ ਛੱਤਾਂ 'ਐਸਕੀਮੋ' ਦੇ ਰਫ ਦੇ ਘਰ "ਇਗਲੂ" ਅਤੇ ਅਫਰੀਕਾ ਦੇ ਗਰਮ ਦੇਸ਼ਾਂ ਦੇ ਜ਼ੁਲੂ ਕਾਂ ਦੀਆਂ ਝੁੱਗੀਆਂ ਦੀਆਂ ਛੱਤਾਂ ਵਰਗੀਆਂ ਹੁੰਦੀਆਂ ਸਨ। ਲੱਕੜ ੀਆਂ ਗੋਲ ਛੱਤਾਂ ਠੀਕ ਨਹੀਂ ਰਹਿੰਦੀਆਂ, ਇਸੇ ਕਰਕੇ ਇਹ ਜ਼ਿਆਦਾਤਰ ਕੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਗੁੰਬਦ ਕਿਹਾ ਜਾਂਦਾ ਹੈ।

ਰੋਮ ਵਾਸੀਆਂ ਨੇ ਇੱਟਾਂ ਅਤੇ ਕੰਕਰੀਟ ਦੇ ਸੁੰਦਰ ਗੁੰਬਦ ਬਣਾਏ ਨ। ਇਨ੍ਹਾਂ ਵਿਚੋਂ ਅਗਰਿਪਾ ਦੁਆਰਾ 27 ਈ. ਪੂ. ਵਿਚ ਬਣਾਇਆ ਗਿਆ ਇਕ ਬਹੁਤ ਵੱਡਾ ਦੇਵ ਮੰਦਰ ਹੈ ਜੋ ਮਗਰੋਂ ਸਾਂਤਾ ਮਾਰੀਆ ਰੋਟੰਡਾ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬੀਜਾਪੁਰ ਦਾ ਗੋਲ ਗੁੰਬਦ ਸਾਦਗੀ ਅਤੇ ਭਵਨ ਉਸਾਰੀ ਕਲਾ ਦਾ ਅਜੀਬੋ ਗਰੀਬ ਨਮੂਨਾ ਹੈ। ਇਸ ਦਾ ਖੇਤਰਫਲ ਮਾਰੀਆ ਰੋਟੰਡਾ ਨਾਲੋਂ ਲਗਭਗ 196.00 ਵ. ਮੀ. (2,177 ਵ. ਫੁੱਟ) ਵੱਧ ਹੈ।

ਕੁਸਤੁਨਤੁਨੀਆ ਦੇ ਸੇਂਟ ਸੋਫ਼ੀਆ ਗਿਰਜਾ ਘਰ ਦੀ ਗੋਲ ਛੱਤ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਇਮਾਰਤ ਵਿਚ ਬਾਜ਼ਨਤੀਨੀ ਕਲਾ ਦਾ ਪੂਰਨ ਤੌਰ ਤੇ ਇਸਤੇਮਾਲ ਕੀਤਾ ਹੋਇਆ ਹੈ (ਚਿੱਤਰ 8)।



ਚਿੱਤਰ 8. ਸੇਂਟ ਸੋਫ਼ੀਆ (ਕੁਸਤੁਨਤੁਨੀਆ) ਦੀ ਛੱਤ

ਆਧੁਨਿਕ ਗੋਲ ਛੱਤਾਂ ਵਿਚ ਦਿੱਲੀ ਦੇ ਵਿਗਿਆਨ ਭਵਨ ਦੀ ਛੱਤ ਦਾ ਵਿਸ਼ੇਸ਼ ਸਥਾਨ ਹੈ, ਜਿਹੜੀ ਕਿ ਹਰ ਪੱਖੋਂ ਜਿਵੇਂ ਪ੍ਰਕਾਸ਼ ਮਜ਼ਬੂਤੀ, ਮੀਟਿੰਗ ਕਪੈਸਟੀ ਆਦਿ ਦੇ ਲਿਹਾਜ਼ ਨਾਲ ਪੁਖ਼ਤਾ ਹੈ।



ਚਿੱਤਰ 9. ਸੇਂਟ ਲੂਈਸ ਹਵਾਈ ਅੱਡੇ ਦੀ ਪ੍ਰਬੰਧਕੀ ਇਮਾਰਤ ਦੀ ਛੱਤ

**ਸ਼ੈੱਲ ਛੱਤਾਂ**—ਅੱਜਕੱਲ੍ਹ ਵੱਡੀਆਂ-ਵੱਡੀਆਂ ਛੱਤਾਂ ਕੰਕਰੀਟ ਦੇ ਸ਼ੈੱਲ ਦੀਆਂ ਹੀ ਬਣਾਈਆਂ ਜਾਂਦੀਆਂ ਹਨ। ਸੰਰਚਨਾ ਅਨੁਸਾਰ ਸ਼ੈੱਲ ਛੱਤਾਂ ਤਿੰਨ ਕਿਸਮਾਂ ਦੀਆਂ ਅਰਥਾਤ ਗੋਲ ਜਾਂ ਗੁੰਬਦਨੁਮਾ, ਬੇਲਣਾਕਾਰ ਅਤੇ ਅੰਡਾਕਾਰ ਹੋ ਸਕਦੀਆਂ ਹਨ। ਸ਼ੈੱਲ ਛੱਤਾਂ ਦੀ ਵਿਸ਼ੇਸ਼ਤਾ ਇਨ੍ਹਾਂ ਦੀ ਮੋਟਾਈ ਕਰਕੇ ਹੁੰਦੀ ਹੈ। ਇਨ੍ਹਾਂ ਛੱਤਾਂ ਦੀ ਮਜ਼ਬੂਤੀ ਇਨ੍ਹਾਂ ਦੇ ਵਿਸ਼ੇਸ਼ ਆਕਾਰਾਂ ਕਰਕੇ ਹੁੰਦੀ ਹੈ। ਕੁਸ਼ੀਨਗਰ (ਉੱਤਰ ਪ੍ਰਦੇਸ਼) ਵਿਚ ਨਿਵਾਰਨ ਬਿਹਾਰ (1956-57) ਦੀ ਲਗਭਗ 7.5 ਸੈਂ. ਮੀ. ਮੋਟੀ ਬੇਲਨਾਕਾਰ ਛੱਤ ਹੈ, ਜਿਸ ਦੇ ਵਿਚਕਾਰ ਲਗਭਗ 7.6 ਮੀ. ਵਿਆਸ ਵਾਲੀ ਇਕ ਵੱਡੀ ਖਿੜਕੀ ਵੀ ਹੈ। ਇਲਿਨਾਇ (ਅਮਰੀਕਾ) ਦੇ ਵੱਡੇ ਪ੍ਰਵੇਸ਼ ਦੁਆਰ ਦੀ ਸ਼ੈੱਲ ਛੱਤ ਗੋਲਾਕਾਰ ਹੈ ਜਿਸਦਾ ਵਿਆਸ ਲਗਭਗ 122 ਮੀ. (400

ਫੁੱਟ) ਹੈ। ਇਹ ਸ਼ਾਇਦ ਆਪਣੀ ਕਿਸਮ ਦੀ ਸਭ ਤੋਂ ਵੱਡੀ ਛੱਤ ਹੈ ਜਿਸ ਦੀ ਘਟ ਤੋਂ ਘਟ ਮੋਟਾਈ 9 ਸੈਂ. ਮੀ. ਹੈ।



**ਚਿੱਤਰ 10. ਕੰਕਰੀਟ ਦੇ ਪਤਲੇ ਸ਼ੈੱਲਾਂ ਦੀ ਮੁੜਵੀਆਂ ਪਲੇਟਾਂ ਦੀ ਛੱਤ**

ਬਿਟੂਮੈੱਨ ਜਾਂ ਐਸਫਾੱਲਟ ਦੀ ਤਹਿ ਛੱਤ ਉੱਤੇ ਵਿਛਾਉਣ ਨਾਲ ਛੱਤ 10 ਜਾਂ 15 ਸਾਲ ਤੱਕ ਜਲ ਰੋਕੂ ਬਣ ਜਾਂਦੀ ਹੈ। ਪ੍ਰਬਲਿਤ ਕੰਕਰੀਟ ਜਾਂ ਪ੍ਰਬਲਿਤ ਚਿਣਾਈ ਵਾਲੀਆਂ ਛੱਤਾਂ ਵਿਚ ਲੋੜੀਂਦੀ ਢਾਲ ਰੱਖਣ ਲਈ ਉਨ੍ਹਾਂ ਉੱਤੇ ਚੂਨੇ ਦੀ ਕੰਕਰੀਟ ਜਾਂ ਮਿੱਟੀ ਦਾ ਮਲਬਾ ਵਿਛਾਇਆ ਜਾਂਦਾ ਹੈ ਜਿਸ ਨਾਲ ਪਾਣੀ ਵੀ ਰੁਕ ਜਾਂਦਾ ਹੈ। ਜੇ ਕੰਕਰੀਟ ਜਾਂ ਮਿੱਟੀ ਦਾ ਮਲਬਾ ਵਿਛਾਉਣ ਤੋਂ ਪਹਿਲਾਂ ਛੱਤ ਉੱਤੇ ਬਿਟੂਮਨ ਦਾ ਇਕ ਕੋਟ ਫੇਰ ਦਿੱਤਾ ਜਾਵੇ ਤਾਂ ਛੱਤ ਦਾ ਜੀਵਨ-ਕਾਲ ਹੋਰ ਵੱਧ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ. 4 : 307; ਮੈਕ. ਐਨ. ਸ. ਟ. 11 : 620

**ਛੱਤ ਬੀੜ** : ਇਹ ਪੰਜਾਬ ਰਾਜ (ਭਾਰਤ) ਦੇ ਪਟਿਆਲਾ ਜ਼ਿਲ੍ਹੇ ਦਾ ਪੁਰਾਣਾ ਇਤਿਹਾਸਕ ਸਥਾਨ ਹੈ ਜਿਹੜਾ ਆਮ ਕਰਕੇ ਛੱਤ ਬਨੂੜ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਪਰ ਅਸਲ ਵਿਚ ਬਨੂੜ ਇਸ ਤੋਂ ਇਕ ਵੱਖਰਾ ਕਸਬਾ ਹੈ। ਛੱਤ, ਬਨੂੜ ਤੋਂ ਕੁਝ ਕਿਲੋਮੀਟਰ ਪੂਰਬ ਵਿਚ ਚੰਡੀਗੜ੍ਹ-ਪਟਿਆਲਾ ਸੜਕ ਉੱਤੇ ਚੰਡੀਗੜ੍ਹ ਤੋਂ 15 ਕਿ. ਮੀ. ਦੀ ਦੂਰੀ ਤੇ ਸਥਿਤ ਹੈ।

ਮੱਧ ਕਾਲ ਵਿਚ ਛੱਤ ਇਕ ਚੰਗੀ ਵੱਡੀ ਅਤੇ ਖ਼ੁਸ਼ਹਾਲ ਵਸੋਂ ਵਾਲਾ ਸਥਾਨ ਸੀ। ਇਸ ਦੀ ਬਹੁਤੀ ਇਤਿਹਾਸਕ ਪ੍ਰਸਿੱਧੀ ਪ੍ਰਿਥਵੀ ਰਾਜ ਚੌਹਾਨ ਕਰਕੇ ਹੈ। ਤਰਾਵੜੀ ਦੀ ਦੂਜੀ ਲੜਾਈ ਵਿਚ ਹਾਰ ਜਾਣ ਤੋਂ ਬਾਅਦ ਪ੍ਰਿਥਵੀ ਰਾਜ ਨੂੰ ਮਾਰ ਦੇਣ ਤੋਂ ਪਹਿਲਾਂ ਇਥੇ ਹੀ ਕੈਦ ਕੀਤਾ ਗਿਆ ਸੀ ਅਤੇ ਜਿਸ ਘਰ ਵਿਚ ਇਸ ਨੂੰ ਕੈਦੀ ਦੇ ਤੌਰ ਤੇ ਰੱਖਿਆ ਗਿਆ ਸੀ, ਉਸ ਦੀ ਛੱਤ ਲੋਹੇ ਦੀ ਸੀ ਅਤੇ ਇਸ ਦੀ ਮੋਟਾਈ 9 ਇੰਚ ਸੀ। ਰਵਾਇਤ ਹੈ ਕਿ ਪ੍ਰਿਥਵੀ ਰਾਜ ਚੌਹਾਨ 'ਸ਼ਬਦ ਵੇਦੀ ਬਾਣ' (ਬਿਨਾ ਦੇਖੇ ਆਵਾਜ਼ ਦੇ ਨਿਸ਼ਾਨੇ ਤੇ ਤੀਰ ਚਲਾਉਣਾ) ਚਲਾ ਸਕਦਾ ਸੀ। ਮੁਹੰਮਦ ਗੌਰੀ, ਜਿਸ ਨੇ ਪ੍ਰਿਥਵੀ ਰਾਜ ਨੂੰ ਕੈਦ ਕੀਤਾ ਹੋਇਆ ਸੀ, ਪ੍ਰਿਥਵੀ ਰਾਜ ਨੂੰ 'ਸ਼ਬਦ ਬੇਧੀ ਬਾਣ' ਚਲਾ ਕੇ ਦਿਖਾਣ ਲਈ ਕਿਹਾ ਜਿਸ ਤੇ ਇਸ ਦੇ ਕਮਰੇ ਦੇ ਬਾਹਰ ਇਕ ਆਵਾਜ਼ ਪੈਦਾ ਕੀਤੀ ਗਈ ਅਤੇ ਪ੍ਰਿਥਵੀ ਰਾਜ ਨੇ ਕਮਰੇ ਦੇ ਅੰਦਰੋਂ ਹੀ ਆਵਾਜ਼ ਦੀ ਦਿਸ਼ਾ ਵੱਲ ਤੀਰ ਛੱਡਿਆ ਜੋ ਲੋਹੇ ਦੀ 9 ਇੰਚ ਮੋਟੀ ਛੱਤ ਨੂੰ ਚੀਰਦਾ ਹੋਇਆ ਆਵਾਜ਼ ਪੈਦਾ ਕਰ ਰਹੇ ਨਿਸ਼ਾਨੇ ਤੇ ਜਾ ਲੱਗਿਆ। ਇਸ ਦੀ ਇਸ ਬਹਾਦਰੀ ਨੂੰ ਦੇਖਣ ਤੋਂ ਬਾਅਦ ਮੁਹੰਮਦ ਗੌਰੀ ਨੇ ਆਪਣਾ ਮਨ ਬਣਾ ਲਿਆ ਕਿ ਅਜਿਹੇ ਦੁਸ਼ਮਣ ਨੂੰ ਖ਼ਤਮ ਕਰਨਾ ਹੀ ਠੀਕ ਹੈ ਅਤੇ ਇਸ ਬਹਾਦਰ ਰਾਜਪੂਤ ਰਾਜੇ ਨੂੰ ਮਰਵਾ ਦਿੱਤਾ।

ਵਸੋਂ ਦਾ ਉਹ ਹਿੱਸਾ, ਜਿਥੇ ਉਪਰੋਕਤ ਘਟਨਾ ਵਾਪਰੀ ਸੀ, ਨੂੰ ਜਲਦੀ ਹੀ ਛੱਤ ਵਾਲਾ ਮੁਹੱਲਾ ਕਿਹਾ ਜਾਣ ਲੱਗਾ ਅਤੇ ਹੌਲੀ-ਹੌਲੀ ਪੂਰੀ ਆਬਾਦੀ ਨੂੰ ਹੀ ਛੱਤ ਕਿਹਾ ਜਾਣ ਲੱਗ ਪਿਆ। ਬਾਅਦ ਵਿਚ ਇਸ ਸਥਾਨ ਦੇ ਨਾਂ ਨਾਲੋਂ 'ਵਾਲਾ' ਸ਼ਬਦ ਵੀ ਲਹਿ ਗਿਆ ਅਤੇ ਹੁਣ ਇਸ ਨੂੰ ਕੇਵਲ 'ਛੱਤ' ਹੀ ਕਿਹਾ ਜਾਂਦਾ ਹੈ।

ਇਸ ਸਥਾਨ ਉੱਤੇ 1710 ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਕੁਝ ਸਮੇਂ ਲਈ ਕਬਜ਼ਾ ਕੀਤਾ, ਜਦੋਂ ਉਸ ਨੂੰ ਇੱਥੋਂ ਦੇ ਕੁਝ ਲੋਕਾਂ ਨੂੰ ਦਿੱਤੇ ਜਾਂਦੇ ਤਸੀਹਿਆਂ ਬਾਰੇ ਪਤਾ ਲੱਗਾ ਤਾਂ ਉਸ ਨੇ ਛੱਤ ਉੱਤੇ ਕਬਜ਼ਾ ਕਰਕੇ ਇਕ ਸਿੱਖ ਆਮਿਲ ਨੂੰ ਪ੍ਰਬੰਧਕ ਦੇ ਤੌਰ ਤੇ ਨਿਯੁਕਤ ਕਰ ਦਿੱਤਾ ਪਰ ਬਾਅਦ ਵਿਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਇਸ ਉੱਤੇ ਫਿਰ ਤੋਂ ਕਬਜ਼ਾ ਕਰ ਲਿਆ।

ਮਾਰਚ 1761 ਵਿਚ ਛੱਤ ਸਰਹੰਦ ਸੂਬੇ ਦਾ ਆਜ਼ਾਦ ਪਰਗਣਾ ਸੀ। ਸੰਨ 1764 ਵਿਚ ਸਿੱਖਾਂ ਨੇ ਸਰਹੰਦ ਸੂਬੇ ਉੱਤੇ ਕਬਜ਼ਾ ਕਰ ਲਿਆ ਅਤੇ ਛੱਤ ਦਾ ਪਰਗਣਾ ਬਨੂੜ ਪਰਗਣੇ ਸਮੇਤ ਸਿੰਘ ਪੁਰੀ ਦੇ ਸਿੱਖਾਂ ਨੂੰ ਦੇ ਦਿੱਤਾ। ਬਾਅਦ ਵਿਚ ਇਨ੍ਹਾਂ ਦੋਹਾਂ ਪਰਗਣਿਆਂ ਨੂੰ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਨੇ ਖ਼ਰੀਦ ਲਿਆ ਅਤੇ ਇਸ ਤੋਂ ਬਾਅਦ ਛੱਤ ਹਮੇਸ਼ਾ ਪੈਪਸੂ ਰਾਜ ਦੀ ਪਟਿਆਲਾ ਰਿਆਸਤ ਵਿਚ ਸ਼ਾਮਲ ਰਿਹਾ ਅਤੇ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਹੋ ਜਾਣ ਤੋਂ ਬਾਅਦ ਹੁਣ ਇਹ ਮੌਜੂਦਾ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਵਿਚ ਸ਼ਾਮਲ ਹੈ।

ਛੱਤ ਦੀ ਇਤਿਹਾਸਕ ਮਹੱਤਤਾ ਤੋਂ ਇਲਾਵਾ, ਅੱਜਕੱਲ੍ਹ ਇਸ ਦੀ ਮਹੱਤਤਾ ਇਸ ਦੇ ਬੀੜ ਵਾਲੇ ਬੀਆਬਾਨ ਖੇਤਰ ਵਿਚ 'ਮਹਿੰਦਰ ਮੋਹਨ ਚੌਧਰੀ ਜ਼ੂਆਲੋਜੀਕਲ ਪਾਰਕ' ਨਾਂ ਦੇ ਇਕ ਰਾਸ਼ਟਰੀ ਪੱਧਰ ਦੇ ਚਿੜੀਆਘਰ ਸਥਾਪਿਤ ਹੋਣ ਕਰਕੇ ਹੈ। ਦੇਸ਼ ਦਾ ਇਹ ਚਿੜੀਆਘਰ ਸ਼ੇਰਾਂ ਕਰਕੇ ਬਹੁਤ ਪ੍ਰਸਿੱਧ ਹੈ। ਇਸ ਵਿਚ ਖੁੱਲ੍ਹੇ ਫਿਰਦੇ ਸ਼ੇਰਾਂ ਨੂੰ ਉਨ੍ਹਾਂ ਦੇ ਕੋਲ ਜਾ ਕੇ ਵੇਖਣ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ। ਇਹੀ ਕਾਰਣ ਹੈ ਕਿ ਇਹ ਸਥਾਨ ਹੁਣ 'ਛੱਤ ਬੀੜ' ਦੇ ਨਾਂ ਨਾਲ ਮਸ਼ਹੂਰ ਹੈ।

**ਛਤਰਸਾਲ** : ਇਹ ਭਾਰਤ ਦੇ ਮੁਗ਼ਲ ਕਾਲ ਵੇਲੇ ਦਾ ਇਕ ਪ੍ਰਸਿੱਧ ਬੁੰਦੇਲ ਯੋਧਾ ਅਤੇ ਪੰਨਾ ਰਾਜ ਦਾ ਸੰਸਥਾਪਕ ਸੀ। ਇਸ ਦਾ ਜਨਮ ਮਈ, 1649 ਵਿਚ ਚੰਪਤਰਾਏ ਬੁੰਦੇਲਾ ਦੇ ਘਰ ਕਕਰ ਕਚਨਏ ਪਿੰਡ ਵਿਚ ਹੋਇਆ। ਇਹ ਉਸਦਾ ਚੌਥਾ ਪੁੱਤਰ ਸੀ। ਬਚਪਨ ਦਾ ਬਹੁਤਾ

ਸਮਾਂ ਇਸ ਨੇ ਸ਼ਸਤਰ ਚਲਾਉਣ, ਪਹਿਲਵਾਨੀ ਕਰਨ, ਯੁੱਧ ਅਤੇ ਘੋੜ ਸਵਾਰੀ ਸਿੱਖਣ ਵਿਚ ਲਗਾਇਆ। ਇਸ ਸਮੇਂ ਇਸ ਦੇ ਪਿਤਾ ਨੇ ਮੁਗ਼ਲਾਂ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ ਪਰ ਛਤਰਸਾਲ ਨੇ ਅਜਿਹੇ ਹਾਲਾਤ ਵਿਚ ਮੁਗ਼ਲਾਂ ਦਾ ਵਿਰੋਧ ਕਰਨ ਦੀ ਥਾਂ ਮੁਗ਼ਲ ਫ਼ੌਜ ਵਿਚ ਨੌਕਰੀ ਕਰਨਾ ਬਿਹਤਰ ਸਮਝਿਆ।

ਸਭ ਤੋਂ ਪਹਿਲਾਂ ਇਹ ਜੈ ਸਿੰਘ ਦੀ ਫ਼ੌਜ ਵਿਚ (1665) ਭਰਤੀ ਹੋਇਆ ਅਤੇ ਸੌ ਸਵਾਰ ਦਾ ਮਨਸਬਦਾਰ ਹੋਇਆ। ਸੰਨ 1667 ਦੇ ਅੰਤ ਵਿਚ ਇਸ ਦੀ ਮੁਲਾਕਾਤ ਸ਼ਿਵਾ ਜੀ ਨਾਲ ਪੂਨਾ ਵਿਖੇ ਹੋਈ ਅਤੇ 1668 ਵਿਚ ਇਹ ਬੁੰਧੇਲਖੰਡ ਵਾਪਸ ਆ ਕੇ ਸ਼ੁਭਕਰਣ ਬੁੰਧੇਲਾ ਨੂੰ ਮਿਲਿਆ। ਸੰਨ 1669 ਵਿਚ ਔਰੰਗਜ਼ੇਬ ਦੀ ਹਿੰਦੂ ਵਿਰੋਧੀ ਨੀਤੀ ਅਨੁਸਾਰ ਹਿੰਦੂ ਮੰਦਰਾਂ ਨੂੰ ਢਾਹੁਣ ਦਾ ਫ਼ਰਮਾਨ ਜਾਰੀ ਹੋਇਆ। ਇਸ ਅਨੁਸਾਰ ਫਿਦਾਈ ਖ਼ਾਂ ਓਰਛਾ ਵਿਖੇ ਮੰਦਰ ਢਾਹੁਣ ਲਈ ਆਇਆ ਤਾਂ ਛਤਰਸਾਲ ਨੇ ਉਸ ਨੂੰ ਚੰਗੀ ਹਾਰ ਦਿੱਤੀ। ਇਸ ਕਰਕੇ ਬੁੰਧੇਲਖੰਡ ਦੀ ਮੁਗ਼ਲ ਸ਼ਾਸਨ ਦੁਆਰਾ ਸਤਾਈ ਪਰਜਾ ਛਤਰਸਾਲ ਨੂੰ ਹਿੰਦੂ ਧਰਮ ਦਾ ਰੱਖਿਅਕ ਸਮਝਣ ਲਗ ਪਈ।

ਸੰਨ 1671 ਵਿਚ ਛਤਰਪਾਲ ਨੇ ਛੋਟੀ ਮੋਟੀ ਫ਼ੌਜ ਇਕੱਠੀ ਕਰਕੇ ਅਤੇ ਬਲਦਾਊ ਦੀ ਸਹਾਇਤਾ ਨਾਲ ਆਸ-ਪਾਸ ਦੇ ਪ੍ਰਦੇਸ਼ਾਂ ਨੂੰ ਲੁੱਟਣਾ ਅਤੇ ਚੌਥ ਵਸੂਲ ਕਰਨਾ ਸ਼ੁਰੂ ਕਰ ਦਿੱਤਾ। ਲਗਭਗ ਇਕ ਦਰਜਨ ਤੋਂ ਵਧ ਖੇਤਰਾਂ ਨੂੰ ਲੁੱਟਿਆ। ਇਸ ਤਰ੍ਹਾਂ ਕਰਨ ਨਾਲ ਇਥੋਂ ਮੁਗ਼ਲ ਸੱਤ੍ਹਾ ਇਕ ਕਿਸਮ ਦੀ ਖ਼ਤਮ ਜਿਹੀ ਹੋ ਗਈ ਅਤੇ ਇਥੋਂ ਦੇ ਬਹੁਤ ਸਾਰੇ ਜ਼ਿਮੀਂਦਾਰਾਂ ਅਤੇ ਜਾਗੀਰਦਾਰਾਂ ਨੇ ਛਤਰਸਾਲ ਦੇ ਨਾਲ ਰਲ ਜਾਣ ਕਰਕੇ ਇਸ ਦੀ ਫ਼ੌਜੀ ਤਾਕਤ ਵੀ ਕਾਫ਼ੀ ਵੱਧ ਗਈ। ਇਸ ਦਾ ਪਤਾ ਲੱਗਣ ਤੇ ਮੁਗ਼ਲ ਬਾਦਸ਼ਾਹ ਨੇ ਰੁਹੇਲ ਖ਼ਾਂ ਨੂੰ ਕਾਫ਼ੀ ਫ਼ੌਜ ਦੇ ਕੇ ਇਸ ਬਗ਼ਾਵਤ ਨੂੰ ਦਬਾਉਣ ਲਈ ਗੜ੍ਹਾਕੋਟਾ ਤੇ ਹਮਲਾ ਕਰਨ ਦਾ ਆਦੇਸ਼ ਦਿੱਤਾ ਪਰ ਉਹ ਵੀ ਬੁੰਧੇਲਾਂ ਦੇ ਸਾਹਮਣੇ ਟਿਕ ਨਾ ਸਕਿਆ ਤੇ ਕਾਫ਼ੀ ਨੁਕਸਾਨ ਉਠਾ ਕੇ ਵਾਪਸ ਮੁੜ ਗਿਆ। ਨਤੀਜੇ ਵਜੋਂ ਛਤਰਸਾਲ ਦੀ ਹਿੰਮਤ ਤੇ ਹੌਸਲਾ ਹੋਰ ਵੀ ਵਧ ਗਿਆ। ਇਸਨੇ ਨਰਵਰ ਤੋਂ ਓਰਛਾ ਦੇ ਨਾਲ ਲਗਦੇ ਹੋਰ ਵੀ ਕਈ ਖੇਤਰਾਂ ਨੂੰ ਲੁੱਟਿਆ। ਸੰਨ 1675 ਵਿਚ ਗੋਂਡ ਰਾਜੇ ਨੂੰ ਹਰਾ ਕੇ ਪੰਨਾ ਉੱਤੇ ਆਪਣਾ ਅਧਿਕਾਰ ਕਰ ਲਿਆ ਅਤੇ ਪੰਨਾ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਤੋਂ ਬਾਅਦ ਇਸ ਨੇ ਗਵਾਲੀਅਰ ਦੇ ਖੇਤਰਾਂ ਵਿਚ ਵੀ ਹਮਲੇ ਕੀਤੇ। ਹੁਣ ਇਸ ਦੀ ਸ਼ਕਤੀ ਤੇ ਸ਼ੋਭਾ ਦੂਰ-ਦੂਰ ਤੱਕ ਫੈਲ ਗਈ ਸੀ। ਬੁੰਧੇਲਖੰਡ ਦੇ ਲਗਭਗ 70 ਸਰਦਾਰ ਅਤੇ ਜ਼ਿਮੀਂਦਾਰ ਇਸ ਦੇ ਵੱਲ ਹੋ ਗਏ। ਇਸ ਸਮੇਂ ਯੁੱਧਾਂ ਤੋਂ ਅਲੱਗ ਰਹਿ ਕੇ ਇਸ ਨੇ ਆਪਣੀ ਫ਼ੌਜ ਦਾ ਨਵੇਂ ਸਿਰੇ ਤੋਂ ਸੰਗਠਨ ਕੀਤਾ। ਇਹ ਵੱਖ-ਵੱਖ ਸਮਿਆਂ ਉੱਤੇ ਮੁਗ਼ਲ ਬਾਦਸ਼ਾਹਾਂ ਔਰੰਗਜ਼ੇਬ, ਬਹਾਦਰ ਸ਼ਾਹ ਅਤੇ ਫ਼ਰਖ਼ੁਸਿਅਰ ਤੋਂ ਮੁਆਫ਼ੀ ਵੀ ਮੰਗਦਾ ਰਿਹਾ ਪਰ ਬਾਅਦ ਵਿਚ ਫਿਰ ਮੁਗ਼ਲ ਇਲਾਕਿਆਂ ਵਿਚ ਹੀ ਲੁੱਟ-ਮਾਰ ਵੀ ਕਰਦਾ ਰਿਹਾ। ਇਥੋਂ ਤੱਕ ਕਿ ਇਹ ਮਰਾਠਿਆਂ ਵਿਰੁੱਧ ਵੀ ਲੜਿਆ। ਸੰਨ 1710 ਵਿਚ ਸਿੱਖ ਆਗੂ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ (ਲੋਹਗੜ੍ਹ ਦੇ ਘੇਰੇ ਸਮੇਂ) ਬਹਾਦਰੀ ਦਿਖਾਉਣ ਕਰਕੇ ਮੁਗ਼ਲਾਂ ਵੱਲੋਂ ਪੁਰਸਕਾਰ ਦੇ ਰੂਪ ਵਿਚ ਇਸ ਨੂੰ ਇਕ ਕਲਗੀ ਦਿੱਤੀ ਗਈ। ਇਸ ਤਰ੍ਹਾਂ ਲਗਭਗ ਸਾਰਾ ਜੀਵਨ ਇਹ ਲੁੱਟ-ਮਾਰ ਅਤੇ ਯੁੱਧਾਂ ਦਾ ਜੀਵਨ ਬਤੀਤ ਕਰਦ ਰਿਹਾ। ਅੰਤ 4 ਦਸੰਬਰ, 1731 ਨੂੰ ਇਸ ਦਾ ਦਿਹਾਂਤ ਹੋ ਗਿਆ।

ਹ. ਪੁ.–ਹਿੰ. ਵਿ. ਕੋ. 4: 313

**ਛਤਰਪੁਰ :** ਰਿਆਸਤ—ਇਹ ਕੇਂਦਰੀ ਭਾਰਤ ਦੀ ਸਾਬਕਾ ਬੁੰਦੇਲਖੰਡ ਏਜੰਸੀ ਦੀ ਇਕ ਰਿਆਸਤ ਸੀ। ਇਸ ਦੇ ਉੱਤਰ ਵੱਲ ਯੂਨਾਈਟਿਡ ਪ੍ਰਾਵਿੰਸਿਜ਼ ਦਾ ਹਮੀਰਪੁਰ ਜ਼ਿਲ੍ਹਾ ਅਤੇ ਚਰਖਾਰੀ ਰਿਆਸਤ ਦਾ ਕੁਝ ਹਿੱਸਾ ਸੀ। ਪੂਰਬ ਵੱਲ ਕੇਨ ਦਰਿਆ ਸੀ ਜੋ ਇਸਨੂੰ ਅਜੈਗੜ੍ਹ ਅਤੇ ਪੰਨਾ ਰਿਆਸਤਾਂ ਤੋਂ ਵੱਖ ਕਰਦਾ ਸੀ। ਪੱਛਮ ਵੱਲ ਬਿਜਾਵਰ ਰਿਆਸਤ ਦਾ ਕੁਝ ਹਿੱਸਾ ਅਤੇ ਚਰਖਾਰੀ ਰਿਆਸਤ ਸੀ ਅਤੇ ਦੱਖਣ ਵੱਲ ਬਿਜਾਵਰ ਰਿਆਸਤ ਪੰਨਾ ਰਿਆਸਤ ਅਤੇ ਅੰਗਰੇਜ਼ਾਂ ਦਾ ਦਮੋਹ ਜ਼ਿਲ੍ਹਾ ਇਸ ਨਾਲ ਲਗਦੇ ਸਨ। ਇਸ ਦਾ ਕੁੱਲ ਖੇਤਰਫਲ 2862 ਵ. ਕਿ. ਮੀ. (1118 ਵ. ਮੀ.) ਸੀ ਜਿਸ ਵਿਚ 421 ਪਿੰਡ ਅਤੇ ਇਕ ਸ਼ਹਿਰ ਸ਼ਾਮਲ ਸੀ। ਰਿਆਸਤ ਦਾ ਬਹੁਤ ਹਿੱਸਾ ਪੱਧਰਾ ਮੈਦਾਨੀ ਸੀ। ਕੇਨ ਇਥੋਂ ਦਾ ਇਕੋ ਇਕ ਮਹੱਤਵਪੂਰਨ ਦਰਿਆ ਸੀ, ਉਰਮਲ ਤੇ ਕੁਤਰੀ ਇਸ ਦੀਆਂ ਦੋ ਸਹਾਇਕ ਨਦੀਆਂ ਸਨ ਜੋ ਸਾਰਾ ਸਾਲ ਵਗਦੀਆਂ ਰਹਿੰਦੀਆਂ ਸਨ।

ਰਿਆਸਤ ਦਾ ਬਹੁਤਾ ਹਿੱਸਾ ਬੁੰਦੇਲਖੰਡ ਨਾਇਸ (Gneiss) ਖੇਤਰ ਵਿਚ ਪੈਂਦਾ ਹੈ ਪਰ ਛਤਰਪੁਰ ਸ਼ਹਿਰ ਦੇ ਦੁਆਲੇ ਦਾ ਖੇਤਰ ਜਮਨਾ ਦਰਿਆ ਦੀ ਬੇਟ (Alluvial) ਵਿਚ ਪੈਂਦਾ ਹੈ। ਇਥੇ ਮਿਲਦੇ ਰੇਵਾ ਸ਼ੈੱਲ ਪੰਨਾ ਸ਼ੈੱਲ ਜਿਸ ਵਿਚ ਹੀਰੇ ਪਾਏ ਜਾਂਦੇ ਸਨ ਦੀ ਹੀ ਲਗਾਤਾਰ ਲੜੀ ਹੈ ਪਰ ਇਥੇ ਹੀਰਿਆਂ ਬਾਰੇ ਕੀਤੀ ਕਿਸੇ ਕਿਸਮ ਦੀ ਖੋਜ ਦਾ ਕੋਈ ਰਿਕਾਰਡ ਨਹੀਂ ਹੈ। ਇਥੋਂ ਦਾ ਜਲਵਾਯੂ ਮੁਅਤਦਿਲ ਅਤੇ ਵਰਖਾ ਦੀ ਸਾਲਾਨਾ ਔਸਤ 115 ਸੈਂ. ਮੀ. ਦੇ ਲਗਭਗ ਸੀ।

ਇਸ ਰਿਆਸਤ ਨੂੰ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਕੰਵਰ ਸੋਨੇ ਸ਼ਾਹ ਪਮਾਰ ਨੇ ਪੰਨਾ ਰਿਆਸਤ ਵਿਚੋਂ ਬਣਾਇਆ ਸੀ। ਉਸ ਸਮੇਂ ਰਾਜਾ ਹਿੰਦੂਪਤ ਇਸ ਪੰਨਾ ਰਿਆਸਤ ਦੀ ਜਾਗੀਰ ਦਾ ਮਾਲਕ ਸੀ। ਸੰਨ 1777 ਵਿਚ ਇਸ ਦੀ ਮੌਤ ਹੋ ਗਈ ਤੇ ਇਸ ਦੇ ਲੜਕੇ ਸਰਨਤ ਸਿੰਘ ਨੂੰ ਰਿਆਸਤ ਛੱਡਣ ਤੇ ਮਜਬੂਰ ਹੋਣਾ ਪਿਆ। ਇਸ ਦੀ ਮੌਤ ਸਮੇਂ ਇਸ ਦਾ ਲੜਕਾ ਨਾਬਾਲਗ ਸੀ। ਕੰਵਰ ਪਮਾਰ ਇਸ ਦਾ ਸੰਰਖਿਅਕ ਸੀ। ਇਸ ਗੱਲ ਦਾ ਫਾਇਦਾ ਉਠਾਉਂਦੇ ਹੋਏ 1785 ਵਿਚ ਸੋਨੇ ਸ਼ਾਹ ਪਮਾਰ ਨੇ ਇਸ ਦੀ ਜਾਗੀਰ ਤੇ ਕਬਜ਼ਾ ਕਰ ਲਿਆ ਅਤੇ ਮਰਹੱਟਿਆਂ ਦੇ ਹਮਲਿਆਂ ਸਮੇਂ ਉਸ ਨਾਜ਼ੁਕ ਸਮੇਂ ਦਾ ਲਾਭ ਉਠਾਉਂਦੇ ਹੋਏ ਇਸ ਵਿਚ ਉਸਨੇ ਹੋਰ ਵੀ ਬਹੁਤ ਸਾਰਾ ਖੇਤਰ ਸ਼ਾਮਲ ਕਰ ਲਿਆ। ਸੰਨ 1800 ਵਿਚ ਇਹ ਬੁੰਦੇਲਖੰਡ ਦੇ ਹੋਰ ਰਾਜਿਆਂ ਨਾਲ ਮਿਲਕੇ, ਬਾਂਦਾ ਦੇ ਨਵਾਬ ਅਲੀ ਬਹਾਦੁਰ ਦੇ ਕਰਦਾਇਕ ਬਣ ਗਏ। ਬੁੰਦੇਲਖੰਡ ਵਿਚ ਅੰਗਰੇਜ਼ਾਂ ਦਾ ਪ੍ਰਭਾਵ ਵੱਧ ਜਾਣ ਤੇ 1806 ਵਿਚ ਸੋਨੇ ਸ਼ਾਹ ਨੂੰ ਇਕ ਸੰਨਦ ਦਿਤੀ ਗਈ। ਜਿਸ ਨਾਲ ਇਸ ਦੀ ਰਿਆਸਤ ਦਾ ਕੁਝ ਹਿੱਸਾ ਇਸ ਦੇ ਕੋਲ ਹੀ ਰਹਿਣ ਦਿੱਤਾ ਗਿਆ ਅਤੇ ਛਤਰਪੁਰ ਦਾ ਸ਼ਹਿਰ ਤੇ ਬਾਕੀ ਜਾਇਦਾਦ ਅੰਗਰੇਜ਼ਾਂ ਨੇ ਆਪਣੇ ਕੋਲ ਲੈ ਲਈ। ਸੰਨ 1808 ਵਿਚ ਇਸ ਦੀ ਇਹ ਜਾਇਦਾਦ ਵੀ ਅੰਗਰੇਜ਼ਾਂ ਨੇ ਇਸ ਨੂੰ ਮੁੜ ਵਾਪਸ ਦੇ ਦਿੱਤੀ। ਸੰਨ 1816 ਵਿਚ ਸੋਨੇ ਸ਼ਾਹ ਦੀ ਮੌਤ ਹੋ ਗਈ ਅਤੇ ਇਸ ਦੀ ਇਹ ਰਿਆਸਤ ਇਸ ਦੇ ਪੰਜ ਪੁੱਤਰਾਂ ਵਿਚ ਵੰਡ ਦਿੱਤੀ ਗਈ। ਇਸ ਤੋਂ ਬਾਅਦ ਇਸ ਰਿਆਸਤ ਉੱਤੇ ਕਦੇ ਅੰਗਰੇਜ਼ਾਂ ਦਾ ਤੇ ਕਦੇ ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ ਸੋਨੇ ਸ਼ਾਹ ਦੇ ਵਾਰਸਾਂ ਦਾ ਕਬਜ਼ਾ ਰਹਿੰਦਾ ਰਿਹਾ।

ਇਥੋਂ ਦੇ ਬਹੁਤੇ ਲੋਕ ਖੇਤੀਬਾੜੀ ਕਰਦੇ ਸਨ ਜਿਸ ਵਿਚ ਤਿਲ, ਜੌਂ, ਜਵਾਰ, ਛੋਲੇ, ਕਣਕ ਅਤੇ ਕਪਾਹ ਆਦਿ ਪੈਦਾ ਕੀਤੀ ਜਾਂਦੀ ਸੀ। ਇਥੋਂ ਅਨਾਜ, ਤੇਲਾਂ ਵਾਲੇ ਬੀਜ, ਗਰਮ ਮਸਾਲੇ ਬਾਹਰ ਭੇਜੇ ਜਾਂਦੇ ਸਨ। ਬਰਤਾਨਵੀ ਕੱਪੜਾ, ਧਾਤਾਂ ਅਤੇ ਨਮਕ ਇਥੇ ਮੰਗਵਾਏ ਜਾਂਦੇ ਸਨ। ਪ੍ਰਬੰਧਕੀ ਪੱਖ ਤੋਂ ਰਿਆਸਤ ਨੂੰ ਚਾਰ ਤਹਿਸੀਲਾਂ ਵਿਚ ਵੰਡਿਆ ਹੋਇਆ ਸੀ। ਤਹਿਸੀਲਦਾਰ ਹੀ ਮੈਜਿਸਟਰੇਟ ਅਤੇ ਕਰ-ਅਧਿਕਾਰੀ ਦਾ ਕੰਮ ਕਰਦਾ ਸੀ। ਦੀਵਾਨੀ ਮੁਕੱਦਮਿਆਂ ਵਿਚ ਸਥਾਨਕ ਕਾਨੂੰਨ ਲਾਗੂ ਹੁੰਦਾ

ਸੀ ਪਰ ਫ਼ੌਜਦਾਰੀ ਮੁਕੱਦਮਿਆਂ ਵਿਚ ਆਮ ਤੌਰ ਤੇ ਬਰਤਾਨਵੀ ਕਾਨੂੰਨ ਹੀ ਲਾਗੂ ਸੀ। ਛਤਰਪੁਰ ਵਿਚ ਇਨ੍ਹਾਂ ਦੀ ਆਪਣੀ ਟਕਸਾਲ ਸੀ ਜਿਥੇ ਸ਼ਾਹੀ ਰੁਪੱਈਆ ਅਤੇ ਹੋਰ ਸਿੱਕੇ ਘੜੇ ਜਾਂਦੇ ਸਨ। ਸੰਨ 1882 ਤੋਂ ਅੰਗਰੇਜ਼ੀ ਸਿੱਕੇ ਕਾਨੂੰਨੀ ਤੌਰ ਤੇ ਲਾਗੂ ਕਰ ਦਿੱਤੇ ਗਏ। ਰਿਆਸਤ ਵਿਚ 1884 ਤੋਂ ਹਾਈ ਸਕੂਲ ਚਲਦਾ ਸੀ। ਇਸ ਤੋਂ ਇਲਾਵਾ 23 ਹੋਰ ਸਕੂਲ ਲੜਕਿਆਂ ਲਈ ਤੇ ਦੋ ਵੱਖ ਲੜਕੀਆਂ ਦੇ ਸਕੂਲ ਅਤੇ ਇਕ ਹਸਪਤਾਲ ਸੀ।

ਇਸ ਰਿਆਸਤ ਵਿਚ ਪੁਰਾਤੱਤਵ ਅਤੇ ਇਤਿਹਾਸਕ ਮਹੱਤਤਾ ਦੀਆਂ ਕਈ ਪੁਰਾਤਨ ਇਮਾਰਤਾਂ ਹਨ ਜਿਨ੍ਹਾਂ ਵਿਚ ਖਜੁਰਾਹੋ ਵਿਚ ਬਣੇ ਖ਼ੂਬਸੂਰਤ ਮੰਦਰ ਸ਼ਾਮਲ ਹਨ। ਇਸੇ ਤਰ੍ਹਾਂ ਇਥੋਂ ਦੇ ਇਕ ਪੁਰਾਣੇ ਸ਼ਹਿਰ ਮਉ (Mau) ਵਿਚ (ਜੋ ਛਤਰਪੁਰ ਸ਼ਹਿਰ ਤੋਂ 15 ਕਿ. ਮੀ. ਪੱਛਮ ਵਿਚ ਹੈ) ਵੀ ਕਈ ਪੁਰਾਣੀਆਂ ਇਮਾਰਤਾਂ ਹਨ ਜੋ ਮਹਾਰਾਜਾ ਚਤਰਸਾਲ (ਛਤਰਸਾਲ) ਦੇ ਸਮੇਂ ਦੀਆਂ ਬਣੀਆਂ ਹਨ। ਛਤਰਪੁਰ ਸ਼ਹਿਰ ਤੋਂ 30 ਕਿ. ਮੀ. ਦੱਖਣ-ਪੂਰਬ ਵੱਲ ਇਕ ਪੁਰਾਣੇ ਕਿਲੇ ਦੇ ਖੰਡਰ ਵੀ ਹਨ।

ਹ. ਪੁ. -ਇੰਪ. ਗ. ਇੰਡ. 10 : 199

**ਛਤਰਪੁਰ** : ਜ਼ਿਲ੍ਹਾ— ਇਹ ਕੇਂਦਰੀ ਭਾਰਤ ਦੇ ਮੱਧ-ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ ਤੇ ਇਸੇ ਨਾਂ ਦਾ ਸ਼ਹਿਰ ਇਥੋਂ ਦਾ ਸਦਰ-ਮੁਕਾਮ ਹੈ। ਇਤਿਹਾਸਕ ਪੱਖ ਤੋਂ ਇਸ ਜ਼ਿਲ੍ਹੇ ਵਿਚ ਸਾਬਕਾ ਛਤਰਪੁਰ ਰਿਆਸਤ ਅਤੇ ਅੱਠ ਹੋਰ ਸ਼ਾਹੀ ਰਿਆਸਤਾਂ ਦਾ ਖੇਤਰ ਸ਼ਾਮਲ ਹੈ। ਇਨ੍ਹਾਂ ਰਿਆਸਤਾਂ ਨੂੰ 1950 ਵਿਚ ਵਿੰਧੀਆ ਪ੍ਰਦੇਸ਼ ਵਿਚ ਅਤੇ 1956 ਵਿਚ ਮੱਧ ਪ੍ਰਦੇਸ਼ ਵਿਚ ਮਿਲਾ ਦਿੱਤਾ ਗਿਆ ਸੀ ਜਿਸ ਤੋਂ ਮੌਜੂਦਾ ਜ਼ਿਲ੍ਹਾ ਬਣਿਆ। ਜ਼ਿਲ੍ਹੇ ਦਾ ਕੁੱਲ ਖੇਤਰਫਲ 8,690 ਵ. ਕਿ. ਮੀ. (3355 ਵ. ਮੀਲ) ਅਤੇ ਆਬਾਦੀ 11,58,076 (1991) ਹੈ। ਇਹ ਧਸਾਨ ਅਤੇ ਕੇਨ ਦਰਿਆਵਾਂ ਦੇ ਵਿਚਕਾਰ ਪੈਂਦਾ ਇਕ ਉਪਜਾਊ ਮੈਦਾਨ ਹੈ। ਦੱਖਣੀ ਹਿੱਸੇ ਵਿਚ 450 ਮੀ. ਉੱਚੀਆਂ ਜੰਗਲੀ ਪਹਾੜੀਆਂ ਹਨ। ਉਰਮਲ ਅਤੇ ਕੁਤੁਰੀ ਕੇਨ ਦਰਿਆ ਦੀਆਂ ਸਹਾਇਕ ਨਦੀਆਂ ਹਨ। ਚੌਲ, ਕਣਕ, ਬਾਜਰਾ, ਕਪਾਹ, ਸੋਰਗਮ, ਜੌਂ ਅਤੇ ਤਿਲ ਇਥੋਂ ਦੀਆਂ ਮੁੱਖ ਫ਼ਸਲਾਂ ਹਨ।

ਜ਼ਿਲ੍ਹੇ ਵਿਚ ਪੁਰਾਤੱਤਵੀ ਮਹੱਤਤਾ ਵਾਲੇ ਕਈ ਇਤਿਹਾਸਕ ਸਥਾਨ ਹਨ ਜਿਨ੍ਹਾਂ ਵਿਚੋਂ ਰਾਜਗੜ੍ਹ ਕਿਲਾ ਅਤੇ ਮਹਿਲ ਜੋ ਛਤਰਪੁਰ ਸ਼ਹਿਰ ਤੋਂ 15 ਕਿ. ਮੀ. ਪੱਛਮ ਵੱਲ ਸਥਿਤ ਹਨ ਬਹੁਤ ਪ੍ਰਸਿੱਧ ਹਨ। ਕਲਾ ਪੱਖੋਂ ਜਗਤ ਪ੍ਰਸਿੱਧ ਖਜੁਰਾਹੋ ਦੇ ਮੰਦਰ ਵੀ ਇਸੇ ਜ਼ਿਲ੍ਹੇ ਵਿਚ ਹਨ। ਇਥੇ ਹੀ ਚੰਦੇਲ ਰਾਜਿਆਂ ਦੁਆਰਾ ਬਣਾਏ ਕਈ ਤਲਾਅ ਵੀ ਹਨ। ਨਾਉਗਾਂਗ ਇਥੋਂ ਦੀ ਖ਼ਰੀਦੋ ਫ਼ਰੋਖ਼ਤ ਦਾ ਮੁੱਖ ਕੇਂਦਰ ਹੈ।

ਹ. ਪੁ-ਐਨ. ਬ੍ਰਿ. ਮਾ. 3 : 186 ; ਹਿੰ. ਵਿ. ਕੋ. 4 : 313

**ਛਤਰਪੁਰ** : ਸ਼ਹਿਰ—ਇਹ ਕੇਂਦਰੀ ਭਾਰਤ ਦੇ ਮੱਧ-ਪ੍ਰਦੇਸ਼ ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਇਹ ਬਾਂਦਾ-ਸਾਗਰ-ਸੜਕ ਉੱਤੇ ਸਥਿਤ ਹੈ। ਸ਼ਹਿਰ ਦੀ ਸਥਾਪਨਾ 1707 ਵਿਚ ਛਤਰਸਾਲ ਨਾਮੀ ਇਕ ਬੁੰਦੇਲ ਰਾਜੇ ਨੇ ਕੀਤੀ ਸੀ ਜੋ ਕਈ ਸਾਲਾਂ ਤੱਕ ਮੁਗ਼ਲਾਂ ਦਾ ਡਟ ਕੇ ਮੁਕਾਬਲਾ ਕਰਦਾ ਰਿਹਾ ਸੀ। ਇਹ ਸ਼ਹਿਰ ਛਤਰਪੁਰ ਨਾਂ ਦੀ ਸਾਬਕਾ ਰਿਆਸਤ ਦਾ ਸਦਰ-ਮੁਕਾਮ ਸੀ। ਸੰਨ 1908 ਤੋਂ ਇਥੇ ਮਿਉਂਸਪਲਟੀ ਹੈ। ਸ਼ਹਿਰ ਦੇ ਵਿਚਕਾਰ ਰਾਜ ਮਹਿਲ ਅਤੇ ਹੋਰ ਕਈ ਚੰਗੀਆਂ ਇਮਾਰਤਾਂ ਬਣੀਆਂ ਹੋਈਆਂ ਹਨ। ਇਥੇ ਕਈ ਤਲਾਅ ਬਣੇ ਹੋਏ ਹਨ, ਜਿਨ੍ਹਾਂ ਵਿਚੋਂ ਰਾਵੀ ਤਲਾਅ ਮੁੱਖ ਹੈ। ਇਥੋਂ ਦੇ ਉਦਯੋਗਾਂ ਵਿਚ ਤਾਂਬੇ ਦੇ ਬਰਤਨ, ਲੱਕੜੀ ਦਾ ਸਾਮਾਨ ਅਤੇ ਸਾਬਣ ਬਣਾਉਣਾ ਆਦਿ ਸ਼ਾਮਲ ਹੈ।

ਸ਼ਹਿਰ ਵਿਚ ਇਕ ਅਜਾਇਬ-ਘਰ, ਇਕ ਆਧੁਨਿਕ ਕਿਸਮ ਦੀ ਅਫ਼ਸਰਾਂ ਦੀ ਕਲੋਨੀ ਅਤੇ ਅਵਦੇਸ਼ ਪ੍ਰਤਾਪ ਸਿੰਘ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਡਿਗਰੀ ਕਾਲਜ ਅਤੇ ਇਕ ਲਾਅ ਕਾਲਜ ਵੀ ਹੈ।

ਆਬਾਦੀ—75,594 (1991)

24° 55′ ਉ. ਵਿਥ. ; 79° 36′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 186 ; ਹਿੰ. ਵਿ. ਕੋ. 4 : 313

**ਛੱਤੀਸਗੜ੍ਹ ਦਾ ਮੈਦਾਨ** : ਇਹ ਭਾਰਤ ਦੇ ਕੇਂਦਰ ਵਿਚ ਮਹਾਂ ਨਦੀ ਦੇ ਉਪਰਲੇ ਪਾਸੇ ਦਾ ਦਰਿਆਈ ਮੈਦਾਨ ਹੈ ਜਿਹੜਾ 160 ਕਿ. ਮੀ. ਚੌੜਾ ਹੈ। ਇਸਦੇ ਉੱਤਰ ਵਿਚ ਛੋਟਾ ਨਾਗਪੁਰ ਪਠਾਰ, ਪੱਛਮ ਵਿਚ ਮੈਕਾਲਾ ਪਰਬਤ- ਲੜੀ, ਉੱਤਰ-ਪੂਰਬ ਵਿਚ ਰਾਇਗੜ੍ਹ ਪਹਾੜ, ਦੱਖਣ-ਪੂਰਬ ਵਿਚ ਰਾਏਪੁਰ-ਉੱਚ ਭੂਮੀ ਅਤੇ ਦੱਖਣ ਵਿਚ ਬਸਤਰ ਪਠਾਰ ਹਨ। ਇਹ ਵਿਸ਼ਾਲ ਮੈਦਾਨ ਚੌਲਾਂ ਅਤੇ ਅਨਾਜ ਦੀ ਉਪਜ ਲਈ ਬਹੁਤ ਢੁਕਵਾਂ ਹੈ। ਬਿਲਾਸਪੁਰ, ਰਾਇਗੜ੍ਹ, ਰਾਏਪੁਰ ਅਤੇ ਦੁਰਗ ਇਸ ਖੇਤਰ ਦੇ ਪ੍ਰਮੁੱਖ ਸ਼ਹਿਰ ਹਨ।

ਇਸ ਮੈਦਾਨੀ ਖੇਤਰ ਦਾ ਨਾਂ ਛੱਤੀਸਗੜ੍ਹ ਇਥੋਂ ਦੇ ਛੱਤੀ (36) ਕਿਲਿਆਂ ਤੋਂ ਪਿਆ। ਸਭ ਤੋਂ ਪਹਿਲਾਂ 'ਛੱਤੀਸਗੜ੍ਹ' ਸ਼ਬਦ ਹੇਹਾਯਾ (Haiheya) ਰਾਜ-ਬੰਸ ਦੇ ਅਧਿਕਾਰ ਖੇਤਰ ਲਈ ਵਰਤਿਆ ਗਿਆ। ਇਹ ਹੇਹਾਯਾ ਰਤਨਪੁਰ ਦੇ ਇਲਾਕੇ ਨਾਲ ਸਬੰਧਤ ਸਨ ਅਤੇ ਹੇਹਾਯਾ ਦੀ ਛੱਤੀਸਗੜ੍ਹ ਹਕੂਮਤ ਦੀ ਬੁਨਿਆਦ 750 ਦੇ ਲਗਭਗ ਰੱਖੀ ਗਈ। ਇਹ ਮੈਦਾਨੀ ਖੇਤਰ ਕਾਫ਼ੀ ਲੰਬੇ ਅਰਸੇ ਤੱਕ ਇਕ ਵੱਖਰੇ ਅਤੇ ਸੁਰੱਖਿਅਤ ਖੇਤਰ ਦੇ ਰੂਪ ਵਿਚ ਰਿਹਾ। ਅੰਗਰੇਜ਼ੀ ਰਾਜ ਦੌਰਾਨ ਛੱਤੀਸਗੜ੍ਹ ਦੇ ਅਧਿਕਾਰ-ਖੇਤਰ ਦੀਆਂ ਰਿਆਸਤਾਂ 14 ਜਗੀਰਦਾਰੀ ਰਜਵਾੜਿਆਂ ਦੇ ਰੂਪ ਵਿਚ ਇਕ ਸਬ-ਏਜੰਸੀ ਬਣੀ ਜਿਹੜੀ ਈਸਟਰਨ ਸਟੇਟਸ ਏਜੰਸੀ ਦੇ ਅਧੀਨ ਸੀ। ਰਾਏਪੁਰ ਨੂੰ ਇਸ ਏਜੰਸੀ ਦਾ ਸਦਰ-ਮੁਕਾਮ ਨਿਸ਼ਚਿਤ ਕੀਤਾ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 186

**ਛੱਤੀਸਗੜ੍ਹੀ ਭਾਸ਼ਾ ਅਤੇ ਸਾਹਿਤ** : ਛੱਤੀਸਗੜ੍ਹੀ ਪੂਰਬੀ ਹਿੰਦੀ ਦੀ ਇਕ ਉਪ ਬੋਲੀ ਹੈ। ਇਹ ਰਾਇਗੜ੍ਹ, ਸਰਗੁਜਾ, ਬਿਲਾਸਪੁਰ, ਰਾਏਪੁਰ, ਦੁਰਗ, ਜਬਲਪੁਰ ਅਤੇ ਬਸਤਰ ਆਦਿ ਵਿਚ ਬੋਲੀ ਜਾਂਦੀ ਹੈ। ਮੱਧ ਪ੍ਰਦੇਸ਼ ਦੇ ਛੱਤੀਸਗੜ੍ਹ ਖੇਤਰ ਦੀ ਇਹ ਭਾਸ਼ਾ ਹੈ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਇਸ ਖੇਤਰ ਵਿਚ 36 ਗੜ੍ਹ ਸਨ, ਇਸ ਲਈ ਇਸ ਦਾ ਨਾਂ ਛੱਤੀਸਗੜ੍ਹੀ ਪਿਆ। ਸੰਨ 1992 ਦੀ ਜਨਸੰਖਿਆ ਦੇ ਅਨੁਸਾਰ ਇਸ ਦੇ ਬੋਲਣ ਵਾਲਿਆਂ ਦੀ ਸੰਖਿਆ 1,09,00,000 ਸੀ, ਸੰਭਲਪੁਰ ਅਤੇ ਉਸ ਦੇ ਆਸਪਾਸ ਦੇ ਇਲਾਕੇ ਵਿਚ ਛੱਤੀਸਗੜ੍ਹੀ 'ਲਰੀਆ' ਕਹਾਉਂਦੀ ਹੈ। ਛੱਤੀਸਗੜ੍ਹੀ ਭਾਸ਼ਾ ਮਰਾਠੀ ਅਤੇ ਉੜੀਆ ਭਾਸ਼ਾਵਾਂ ਤੋਂ ਪ੍ਰਭਾਵਤ ਹੋਈ ਹੈ।

ਛੱਤੀਸਗੜ੍ਹੀ ਸਾਹਿਤ ਵਿਚ ਭਾਰਤੀ ਸੰਸਕ੍ਰਿਤੀ ਦੇ ਤੱਤ ਮੌਜੂਦ ਹਨ। ਇਸ ਸਾਹਿਤ ਵਿਚ ਅਨੇਕ ਲੋਕ-ਕਥਾਵਾਂ ਹਨ, ਜਿਨ੍ਹਾਂ ਦੇ ਮੂਲ ਭਾਵ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਛੱਤੀਸਗੜ੍ਹੀ ਪੰਵਾੜਾਂ ਦੇ ਪ੍ਰਬੰਧ ਗੀਤ ਕਿਸੇ ਨਾ ਕਿਸੇ ਕਹਾਣੀ ਤੇ ਆਧਾਰਤ ਹਨ। ਪੰਵਾੜਾਂ ਦਾ ਕੇਂਦਰ ਬਿੰਦੂ ਵਧੇਰੇ ਕਰਕੇ ਇਤਿਹਾਸਕ ਹੈ। ਵੀਰ-ਗਾਥਾਵਾਂ ਵਿਚ ਰਾਜਾ ਵੀਰ ਸਿੰਘ ਦੀ ਗਾਥਾ ਮਸ਼ਹੂਰ ਹੈ। ਕੁਝ ਗੀਤਾਂ ਵਿਚ ਦੇਵਤਿਆਂ ਦੀ ਸ਼ਕਤੀ ਦਾ ਵਰਣਨ ਹੈ। ਛੱਤੀਸਗੜ੍ਹੀ ਵਿਚ ਰੁੱਤਾਂ ਦੇ ਗੀਤ, ਨ੍ਰਿਤ-ਗੀਤ, ਸੰਸਕਾਰ-ਗੀਤ, ਧਾਰਮਿਕ-ਗੀਤ, ਬਾਲ-ਗੀਤ ਅਤੇ

ਹੋਰ ਕਈ ਤਰ੍ਹਾਂ ਦੇ ਗੀਤ ਮਿਲਦੇ ਹਨ। ਕਹਾਵਤਾਂ ਅੜ੍ਹੇ ਬੁਝਾਰਤਾਂ ਦੀ ਵੀ ਇਸ ਭਾਸ਼ਾ ਵਿਚ ਕੋਈ ਘਾਟ ਨਹੀਂ ਹੈ।

ਹ. ਪੁ.–ਹਿੰ. ਵਿ. ਕੋ. 4:313

**ਛੰਦ ਸ਼ਾਸਤਰ (ਭਾਰਤੀ)** : ਛੰਦ ਸ਼ਬਦ ਦੀ ਵਰਤੋਂ ਅਨੇਕ ਅਰਥਾਂ ਵਿਚ ਕੀਤੀ ਜਾਂਦੀ ਹੈ। 'ਛੰਦਸ' ਵੇਦ ਦਾ ਅਰਥ ਦੱਸਣ ਵਾਲਾ ਦੂਸਰਾ ਨਾਂ ਹੈ। ਸਾਧਾਰਣ ਤੌਰ ਤੇ ਵਰਣਾਂ ਅਤੇ ਮਾਤਰਾਵਾਂ ਦੀ ਗਾਈ ਜਾ ਸਕਣ ਵਾਲੀ ਅਵਸਥਾ ਨੂੰ ਛੰਦ ਕਿਹਾ ਜਾਂਦਾ ਹੈ। ਇਸੇ ਅਰਥ ਵਿਚ ਪਦ ਸ਼ਬਦ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਪਦ ਵਧੇਰੇ ਵਿਆਪਕ ਅਰਥ ਵਿਚ ਪ੍ਰਯੋਗ ਹੁੰਦਾ ਹੈ। ਭਾਸ਼ਾ ਵਿਚ ਸ਼ਬਦ ਅਤੇ ਸ਼ਬਦਾਂ ਵਿਚ ਵਰਣ ਅਤੇ ਸੁਰ ਹੁੰਦੇ ਹਨ। ਇਨ੍ਹਾਂ ਨੂੰ ਇਕ ਨਿਸ਼ਚਿਤ ਵਿਧਾਨ ਵਿਚ ਰੱਖਣ ਤੇ ਛੰਦ ਦਾ ਨਾਂ ਦਿੱਤਾ ਜਾਂਦਾ ਹੈ। ਇਸ ਨੂੰ ਪਿੰਗਲ ਸ਼ਾਸਤਰ ਵੀ ਕਿਹਾ ਜਾਂਦਾ ਹੈ। ਕੁਝ ਵਿਦਵਾਨ ਕਾਵਿ-ਸ਼ਾਸਤਰ ਤੋਂ ਛੰਦ ਸ਼ਾਸਤਰ ਨੂੰ ਵੱਖ ਮੰਨਦੇ ਹਨ।

ਛੰਦ ਦੋ ਪ੍ਰਕਾਰ ਦੇ ਹਨ–(1) ਵੈਦਿਕ, ਜਿਨ੍ਹਾਂ ਦਾ ਪ੍ਰਯੋਗ ਵੇਦਾਂ ਵਿਚ ਮਿਲਦਾ ਹੈ। ਇਨ੍ਹਾਂ ਵਿਚ ਹ੍ਰਸਵ, ਦੀਰਘ, ਪਲੁਤ ਅਤੇ ਸਵਰਿਤ ਚਾਰ ਪ੍ਰਕਾਰ ਦੇ ਸੁਰਾਂ ਦਾ ਵਿਚਾਰ ਕੀਤਾ ਗਿਆ ਹੈ। (2) ਲੌਕਿਕ ਛੰਦ, ਇਨ੍ਹਾਂ ਦਾ ਪ੍ਰਯੋਗ ਸਾਹਿਤ ਵਿਚ ਕੀਤਾ ਜਾਂਦਾ ਹੈ। ਵਾਸਤਵ ਵਿਚ ਲੌਕਿਕ ਛੰਦ ਉਹ ਛੰਦ ਹਨ, ਜਿਨ੍ਹਾਂ ਦੀ ਵਰਤੋਂ ਜਾਂ ਪ੍ਰਚਾਰ ਆਮ ਲੋਕ ਕਰਦੇ ਹਨ। ਇਹ ਛੰਦ ਕਿਸੇ ਨਿਸ਼ਚਿਤ ਨਿਯਮ ਤੇ ਆਧਾਰਿਤ ਨਹੀਂ ਹੁੰਦੇ ਸਗੋਂ ਵਧੇਰੇ ਕਰਕੇ ਤਾਲ ਅਤੇ ਲੈਅ ਤੇ ਹੀ ਆਧਾਰਿਤ ਹੁੰਦੇ ਹਨ। ਇਸ ਲਈ ਇਨ੍ਹਾਂ ਦੀ ਰਚਨਾ ਸਾਧਾਰਣ ਅਨਪੜ੍ਹ ਲੋਕ ਵੀ ਕਰ ਲੈਂਦੇ ਹਨ। ਇਨ੍ਹਾਂ ਲੌਕਿਕ-ਛੰਦਾਂ ਦੀ ਰਚਨਾ ਵਿਧੀ ਸਬੰਧੀ ਜੋ ਨਿਯਮ ਬਣਾਏ ਗਏ ਹਨ, ਉਸ ਪੱਧਤੀ ਨੂੰ 'ਛੰਦ-ਸ਼ਾਸਤਰ' ਕਹਿੰਦੇ ਹਨ।

ਛੰਦ-ਸ਼ਾਸਤਰ ਦੀ ਰਚਨਾ ਕਦੋਂ ਹੋਈ, ਇਸ ਸਬੰਧੀ ਕੋਈ ਨਿਸ਼ਚਿਤ ਵਿਚਾਰ ਨਹੀਂ ਦਿੱਤਾ ਜਾ ਸਕਦਾ। ਇਕ ਦੰਦ-ਕਥਾ ਅਨੁਸਾਰ ਮਹਾਂਰਿਸ਼ੀ ਬਾਲਮੀਕ ਸਭ ਤੋਂ ਪਹਿਲੇ ਕਵੀ ਹਨ ਅਤੇ ਉਨ੍ਹਾਂ ਦੀ ਰਾਮਾਇਣ, ਆਦਿ ਕਾਵਿ ਹੈ। ਜੇਕਰ ਇਸ ਨੂੰ ਸੱਚ ਮੰਨ ਲਿਆ ਜਾਵੇ, ਤਾਂ ਛੰਦ ਦੀ ਰਚਨਾ ਪਹਿਲਾਂ ਹੋਈ ਅਤੇ ਛੰਦ ਸ਼ਾਸਤਰ ਇਸ ਤੋਂ ਪਿੱਛੋਂ ਹੋਂਦ ਵਿਚ ਆਇਆ। ਬਾਲਮੀਕੀ ਰਾਮਾਇਣ ਵਿਚ ਅਨੁਸ਼ਟੁਪ ਛੰਦ ਦਾ ਪ੍ਰਯੋਗ ਤਾਂ ਬਹੁਤ ਜ਼ਿਆਦਾ ਹੋਇਆ ਹੀ ਹੈ, ਹੋਰ ਉਪਜਾਤੀ ਆਦਿ ਦਾ ਵੀ ਪ੍ਰਯੋਗ ਕਾਫ਼ੀ ਮਾਤਰਾ ਵਿਚ ਹੋਇਆ ਮਿਲਦਾ ਹੈ। ਇਕ ਹੋਰ ਦੰਦ ਕਥਾ ਇਹ ਹੈ ਕਿ ਛੰਦ ਸ਼ਾਸਤਰ ਦਾ ਆਦਿ ਕਰਤਾ ਭਗਵਾਨ ਸ਼ੇਸ਼ਨਾਗ ਹੈ। ਇਕ ਵਾਰ ਗਰੁੜ ਨੇ ਉਸ ਨੂੰ ਫੜ ਲਿਆ। ਸ਼ੇਸ਼ਨਾਗ ਨੇ ਕਿਹਾ ਕਿ ਮੇਰੇ ਪਾਸ ਇਕ ਵਿਦਿਆ ਹੈ, ਪਹਿਲਾਂ ਉਹ ਮੇਰੇ ਕੋਲੋਂ ਸਿੱਖ ਕੇ ਫਿਰ ਮੈਨੂੰ ਖਾ ਲੈਣਾ। ਵੱਖ-ਵੱਖ ਛੰਦਾਂ ਦੇ ਰਚਨਾ ਨਿਯਮ ਦੱਸਦੇ ਹੋਏ ਅੰਤ ਵਿਚ ਸ਼ੇਸ਼ ਨੇ 'ਭੁਜੰਗ ਪਰਯਾਤ' ਛੰਦ ਦਾ ਨਿਯਮ ਦੱਸਿਆ ਅਤੇ ਛੇਤੀ ਨਾਲ ਸਮੁੰਦਰ ਵਿਚ ਪ੍ਰਵੇਸ਼ ਕਰ ਗਿਆ। ਇਸ ਤੋਂ ਪਤਾ ਲਗਦਾ ਹੈ ਕਿ ਛੰਦ-ਸ਼ਾਸਤਰ ਇਕ ਦੈਵੀ ਵਿਦਿਆ ਦੇ ਰੂਪ ਵਿਚ ਪਰਗਟ ਹੋਇਆ। ਸੰਭਵ ਹੈ ਕਿ ਛੰਦ ਸ਼ਾਸਤਰ ਦੀ ਕਾਢ ਕੱਢਣ ਵਾਲਾ ਸ਼ੇਸ਼ ਨਾਂ ਦਾ ਕੋਈ ਵਿਦਵਾਨ ਹੋਵੇਗਾ। ਕਿਹਾ ਜਾਂਦਾ ਹੈ ਕਿ ਮਗਰੋਂ ਸ਼ੇਸ਼ਨਾਗ ਨੇ ਅਵਤਾਰ ਲੈ ਕੇ ਪਿੰਗਲਾ-ਚਾਰੀਆਂ ਦੇ ਰੂਪ ਵਿਚ ਛੰਦ ਸੂਤਰ ਦੀ ਰਚਨਾ ਕੀਤੀ, ਜਿਸ ਨੂੰ ਪਿੰਗਲ ਸ਼ਾਸਤਰ ਕਿਹਾ ਜਾਂਦਾ ਹੈ। ਇਹ ਗ੍ਰੰਥ ਸੂਤਰ ਸ਼ੈਲੀ ਵਿਚ ਲਿਖਿਆ ਗਿਆ ਹੈ ਅਤੇ ਇਸ ਸਮੇਂ ਤੱਕ ਉਪਲੱਬਧ ਹੈ। ਇਸ ਦੇ ਟੀਕੇ ਅਤੇ ਵਿਆਖਿਆਵਾਂ ਵੀ ਹੋ ਚੁੱਕੀਆਂ ਹਨ। ਇਹ ਹੀ ਛੰਦ ਸ਼ਾਸਤਰ ਦਾ ਸਭ ਤੋਂ ਪਹਿਲਾ ਗ੍ਰੰਥ ਮੰਨਿਆ ਜਾਂਦਾ ਹੈ। ਇਸ ਤੋਂ ਪਿੱਛੋਂ ਇਸ ਸ਼ਾਸਤਰ ਸਬੰਧੀ ਸੰਸਕ੍ਰਿਤ ਸਾਹਿਤ ਵਿਚ ਅਨੇਕ ਗ੍ਰੰਥਾਂ ਦੀ ਰਚਨਾ ਹੋਈ।

ਛੰਦ ਸ਼ਾਸਤਰ ਦੀ ਰਚਨਾ ਕਰਨ ਵਾਲਿਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ–ਇਕ ਆਚਾਰੀਆ ਸ਼੍ਰੇਣੀ ਜੋ ਛੰਦ-ਸ਼ਾਸਤਰ ਦਾ ਸ਼ਾਸਤਰੀ ਢੰਗ ਨਾਲ ਨਿਰੂਪਣ ਕਰਦੀ ਹੈ ਅਤੇ ਦੂਸਰੀ ਕਵੀ ਸ਼੍ਰੇਣੀ ਜੋ ਛੰਦ-ਸ਼ਾਸਤਰ ਤੇ ਵੱਖ-ਵੱਖ ਰਚਨਾਵਾਂ ਪੇਸ਼ ਕਰਦੀ ਹੈ। ਥੋੜ੍ਹੇ ਸਮੇਂ ਪਿੱਛੋਂ ਇਕ ਲੇਖਕ ਸ਼੍ਰੇਣੀ ਹੋਰ ਪ੍ਰਗਟ ਹੋਈ, ਜਿਨ੍ਹਾਂ ਵਿਚ ਅਜਿਹੇ ਲੇਖਕ ਆਉਂਦੇ ਹਨ, ਜੋ ਛੰਦਾਂ ਦੇ ਨਿਯਮਾਂ ਆਦਿ ਦੀ ਵਿਵੇਚਨਾ ਆਪਣੇ ਤੌਰ ਤੇ ਕਰਦੇ ਹਨ ਪਰੰਤੂ ਉਦਾਹਰਣ ਦੂਸਰੇ ਦੇ ਰਚੇ ਹੋਏ ਅੰਸ਼ਾਂ ਵਿਚੋਂ ਦਿੰਦੇ ਹਨ।

ਛੰਦ-ਸ਼ਾਸਤਰ ਸਬੰਧੀ ਮੁੱਖ ਤੌਰ ਤੇ ਦੋ ਗੱਲਾਂ ਵਿਚਾਰਨ ਵਾਲੀਆਂ ਹੁੰਦੀਆਂ ਹਨ–ਛੰਦਾਂ ਦੀ ਰਚਨਾ ਵਿਧੀ ਅਤੇ ਛੰਦ ਸਬੰਧੀ ਗਿਣਤੀ ਜਿਸ ਵਿਚ ਪ੍ਰਸਤਾਰ ਪਤਾਕਾ ਉਦਿਸ਼ਟ, ਨਸ਼ਟ ਆਦਿ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਦੀ ਮਦਦ ਨਾਲ ਨਿਸ਼ਚਿਤ ਸੰਖਿਆਤਮਕ ਵਰਣਾਂ ਅਤੇ ਮਾਤਰਾਂ ਵਾਲੇ ਛੰਦਾਂ ਦੀ ਸੰਖਿਆ ਆਦਿ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਛੰਦ-ਸ਼ਾਸਤਰ ਇਸੇ ਲਈ ਅਤਿਅੰਤ ਦਰੁਸਤ ਤੇ ਪੱਕਾ ਸ਼ਾਸਤਰ ਮੰਨਿਆ ਜਾਂਦਾ ਹੈ ਕਿਉਂਕਿ ਇਹ ਗਣਿਤ ਉੱਤੇ ਆਧਾਰਿਤ ਹੈ। ਛੰਦ-ਸ਼ਾਸਤਰ ਸਬੰਧੀ ਪੁਸਤਕਾਂ ਵਾਚਣ ਤੋਂ ਪਤਾ ਲੱਗਦਾ ਹੈ ਕਿ ਜਿਥੇ ਇਕ ਪਾਸੇ ਵਿਦਵਾਨ ਪ੍ਰਸਤਾਰ ਆਦਿ ਦੁਆਰਾ ਛੰਦਾਂ ਨੂੰ ਵਿਕਸਿਤ ਕਰਦੇ ਰਹੇ ਹਨ, ਉੱਥੇ ਦੂਜੇ ਪਾਸੇ ਕਵੀ ਲੋਕ ਆਪਣੇ ਵੱਲੋਂ ਛੰਦਾਂ ਵਿਚ ਕਈ ਤਰ੍ਹਾਂ ਦੀਆਂ ਅਦਲਾ-ਬਦਲੀਆਂ ਕਰਕੇ ਨਵੇਂ ਛੰਦਾਂ ਨੂੰ ਜਨਮ ਦਿੰਦੇ ਰਹੇ ਹਨ, ਜਿਹੜੇ ਕਿ ਸਮਾਂ ਪਾ ਕੇ ਛੰਦ-ਸ਼ਾਸਤਰ ਵਿਚ ਸ਼ਾਮਲ ਹੁੰਦੇ ਗਏ।

**ਛੰਦਾਂ ਦਾ ਵਰਗੀਕਰਣ**–ਛੰਦਾਂ ਦੀ ਵੰਡ ਵਰਣਾਂ ਅਤੇ ਮਾਤਰਾਵਾਂ ਦੇ ਆਧਾਰ ਤੇ ਕੀਤੀ ਗਈ ਹੈ। ਮੁੱਢ ਵਿਚ ਦੋ ਪ੍ਰਕਾਰ ਦੇ ਛੰਦ ਮੰਨੇ ਗਏ ਹਨ। ਵਰਣਿਕ ਅਤੇ ਮਾਤਰਿਕ। ਵਰਣਿਕ ਵ੍ਰਿੱਤਾਂ ਵਿਚ ਵਰਣਾਂ ਦੀ ਗਿਣਤੀ ਨਿਸ਼ਚਿਤ ਹੁੰਦੀ ਹੈ। ਇਸ ਦੀਆਂ ਵੀ ਅੱਗੇ ਦੋ ਕਿਸਮਾਂ ਹਨ। ਗਣਾਤਮਕ ਅਤੇ ਅਗਣਾਤਮਕ।

ਗਣਆਤਮਕ ਵਰਣਿਕ ਛੰਦਾਂ ਨੂੰ ਵ੍ਰਿੱਤ ਵੀ ਕਹਿੰਦੇ ਹਨ, ਇਨ੍ਹਾਂ ਦੀ ਰਚਨਾ ਤਿੰਨ ਲਘੂ ਅਤੇ ਦੀਰਘ ਗਣਾਂ ਦੇ ਆਧਾਰ ਤੇ ਹੁੰਦੀ ਹੈ। ਜੇਕਰ ਲਘੂ ਅਤੇ ਦੀਰਘ ਦੇ ਵਿਚਾਰ ਨਾਲ ਵਰਣਾਂ ਦੀ ਪ੍ਰਸਤਾਰ ਵਿਵਸਥਾ ਕੀਤੀ ਜਾਵੇ ਤਾਂ ਅੱਠ ਰੂਪ ਬਣਦੇ ਹਨ। ਇਨ੍ਹਾਂ ਨੂੰ ਹੀ 'ਅੱਠ ਗਣ' ਕਹਿੰਦੇ ਹਨ। ਇਨ੍ਹਾਂ ਵਿਚ ਭ, ਨ, ਮ, ਯ ਸ਼ੁਭ ਗਣ ਮੰਨੇ ਗਏ ਹਨ ਅਤੇ ਜ, ਰ, ਸ, ਤ ਅਸ਼ੁਭ ਮੰਨੇ ਗਏ ਹਨ। ਵਾਕ ਦੇ ਮੁੱਢ ਵਿਚ ਪਹਿਲੇ ਚਾਰ ਗਣਾਂ ਦੀ ਵਰਤੋਂ ਉਚਿੱਤ ਹੈ ਅਤੇ ਅੰਤਮ ਚਾਰ ਗਣਾਂ ਦੀ ਵਰਤੋਂ ਗਲਤ ਮੰਨੀ ਜਾਂਦੀ ਹੈ। ਜੇਕਰ ਅਸ਼ੁਭ ਗਣਾਂ ਨਾਲ ਆਰੰਭ ਹੋਣ ਵਾਲੇ ਛੰਦ ਦੀ ਹੀ ਵਰਤੋਂ ਕਰਨੀ ਜ਼ਰੂਰੀ ਹੋਵੇ, ਤਾਂ ਦੇਵਤਾਵਾਚੀ ਜਾਂ ਮੰਗਲਵਾਚੀ ਵਰਣ ਜਾਂ ਸ਼ਬਦ ਦੀ ਵਰਤੋਂ ਪਹਿਲੋਂ ਕਰਨੀ ਚਾਹੀਦੀ ਹੈ, ਇਸ ਨਾਲ ਗਣਦੋਸ਼ ਦੂਰ ਹੋ ਜਾਂਦਾ ਹੈ। ਇਨ੍ਹਾਂ ਗਣਾਂ ਵਿਚ ਦੋਸਤ, ਦੁਸ਼ਮਣ ਅਤੇ ਨਿਰਪੱਖ ਭਾਵ ਮੰਨਿਆ ਗਿਆ ਹੈ। ਛੰਦ ਦੇ ਮੁੱਢ ਵਿਚ ਦੋ ਗਣਾਂ ਦਾ ਮੇਲ ਮੰਨਿਆ ਗਿਆ ਹੈ। ਵਰਣਾਂ ਨੂੰ ਲਘੂ ਅਤੇ ਦੀਰਘ ਮੰਨੇ ਜਾਣ ਸਬੰਧੀ ਵੀ ਨਿਯਮ ਹੈ। ਲਘੂ ਸੁਰ ਜਾਂ ਇਕ ਮਾਤਰਾ ਵਾਲੇ ਵਰਣ ਲਘੂ ਜਾਂ ਹ੍ਰਸਵ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਵਿਚ ਇਕ ਮਾਤਰਾ ਮੰਨੀ ਗਈ ਹੈ। ਦੀਰਘ ਸੁਰਾਂ ਵਾਲੇ ਸੰਯੁਕਤ ਵਰਣਾਂ ਤੋਂ ਪਹਿਲੇ ਵਾਲਾ ਲਘੂ ਵਰਣ ਵੀ ਵਿਸਰਗ ਯੁਕਤ ਅਤੇ ਅਨੁਸਵਾਰ ਵਰਣ ਤੇ ਛੰਦ ਦਾ ਵਰਣ ਦੀਰਘ ਮੰਨਿਆ ਜਾਂਦਾ ਹੈ।

ਅਗਣਾਤਮਕ ਵਰਣਿਕ ਵ੍ਰਿਤ ਉਹ ਹਨ, ਜਿਨ੍ਹਾਂ ਵਿਚ ਗਣਾਂ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ, ਸਿਰਫ਼ ਵਰਣਾਂ ਦੀ ਨਿਸ਼ਚਿਤ ਸੰਖਿਆ ਦਾ ਹੀ ਖਿਆਲ ਕੀਤਾ ਜਾਂਦਾ ਹੈ। ਵਿਸ਼ੇਸ਼ ਮਾਤ੍ਰਿਕ ਛੰਦਾਂ ਵਿਚ ਕੇਵਲ ਮਾਤ੍ਰਾਵਾਂ ਦਾ ਹੀ ਵਿਚਾਰ ਕੀਤਾ ਜਾਂਦਾ ਹੈ ਅਤੇ ਇਹ ਇਕ ਵਿਸ਼ੇਸ਼ ਲੈਅ ਜਾਂ ਗਤੀ ਉੱਤੇ ਆਧਾਰਿਤ ਹੁੰਦੇ ਹਨ। ਇਸ ਲਈ ਇਹ ਛੰਦ ਲੈਅ ਪ੍ਰਧਾਨ ਹੁੰਦੇ ਹਨ।

ਛੰਦਾਂ ਦੀ ਵੰਡ ਮਾਤ੍ਰਾਵਾਂ ਅਤੇ ਵਰਣਾਂ ਦੀ ਚਰਣ ਭੇਦ ਸਬੰਧੀ ਵੱਖ-ਵੱਖ ਸੰਖਿਆਵਾਂ ਉੱਤੇ ਆਧਾਰਿਤ ਹੈ। ਇਸ ਤਰ੍ਹਾਂ ਛੰਦ ਸਮ, ਬਿਖਮ, ਅਰਧਸਮ ਹੁੰਦੇ ਹਨ। ਸਮ ਛੰਦਾਂ ਵਿਚ ਛੰਦ ਦੇ ਚਾਰੇ ਚਰਣਾਂ ਦੀ ਵਰਣਸੁਰ ਸੰਖਿਆ ਬਰਾਬਰ ਰਹਿੰਦੀ ਹੈ। ਅਰਧਸਮ ਵਿਚ ਪਹਿਲੇ, ਤੀਜੇ ਅਤੇ ਦੂਜੇ ਤੇ ਚੌਥੇ ਵਿਚ ਵਰਣਸੁਰ ਸੰਖਿਆ ਬਰਾਬਰ ਹੁੰਦੀ ਹੈ। ਬਿਖਮ ਛੰਦ ਦੇ ਚਾਰੇ ਚਰਣਾਂ ਵਿਚ ਵਰਣਾਂ ਅਤੇ ਸੁਰਾਂ ਦੀ ਸੰਖਿਆ ਬਰਾਬਰ ਨਹੀਂ ਹੁੰਦੀ। ਇਹ ਵਰਣ ਪਰਸਪਰ ਅਲੱਗ-ਅਲੱਗ ਹੁੰਦੇ ਹਨ। ਵਰਣਾਂ ਅਤੇ ਮਾਤ੍ਰਾਵਾਂ ਦੀ ਕੁਝ ਨਿਸ਼ਚਿਤ ਸੰਖਿਆ ਦੇ ਮਗਰੋਂ ਬਹੁ ਸੰਖਿਅਕ ਵਰਣਾਂ ਅਤੇ ਸੁਰਾਂ ਵਾਲੇ ਛੰਦਾਂ ਨੂੰ ਦੰਡਕ ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਛੰਦਾਂ ਦੀ ਵੰਡ ਹੋਰ ਢੰਗ ਨਾਲ ਵੀ ਕੀਤੀ ਜਾ ਸਕਦੀ ਹੈ—ਸੁਤੰਤਰ ਛੰਦ ਅਤੇ ਮਿਸ਼ਰਿਤ ਛੰਦ। ਸੁਤੰਤਰ ਛੰਦ ਵਿਚ ਇਕ ਹੀ ਛੰਦ ਵਿਸ਼ੇਸ਼ ਨਿਯਮ ਨਾਲ ਰਚਿਆ ਜਾਂਦਾ ਹੈ। ਮਿਸ਼ਰਿਤ ਛੰਦ ਦੋ ਕਿਸਮ ਦੇ ਹਨ : (1) ਜਿਨ੍ਹਾਂ ਵਿਚ ਦੋ ਛੰਦਾਂ ਦੇ ਚਰਣ ਇਕ ਦੂਜੇ ਨਾਲ ਮਿਲਾ ਦਿੱਤੇ ਜਾਂਦੇ ਹਨ। ਬਹੁਤਾ ਕਰਕੇ ਇਹ ਵੱਖ-ਵੱਖ ਦਿਸਦੇ ਹਨ ਪਰ ਕਦੇ-ਕਦੇ ਵੱਖ-ਵੱਖ ਨਹੀਂ ਵੀ ਦਿਸਦੇ। (2) ਜਿਨ੍ਹਾਂ ਵਿਚ ਦੋ ਸੁਤੰਤਰ ਛੰਦ ਆਪਣੇ-ਆਪਣੇ ਥਾਂ ਰੱਖੇ ਜਾਂਦੇ ਹਨ ਅਤੇ ਕਦੇ ਉਨ੍ਹਾਂ ਨੂੰ ਮਿਲਾਉਣ ਦਾ ਯਤਨ ਕੀਤਾ ਜਾਂਦਾ ਹੈ, ਜਿਵੇਂ ਕੁੰਡਲੀਆ ਛੰਦ ਇਕ ਦੋਹਾ ਅਤੇ ਚਾਰ ਪਦ ਰੋਲੇ ਦੇ ਮਿਲਾਉਣ ਨਾਲ ਬਣਦਾ ਹੈ। ਦੋਹਾ ਅਤੇ ਰੋਲਾ ਦੇ ਮਿਲਾਉਣ ਨਾਲ ਦੋਹੇ ਦੇ ਚੌਥੇ ਚਰਣ ਦੀ ਵਰਤੋਂ ਉਸ ਦੇ ਪਹਿਲੇ ਚਰਣ ਦੇ ਮੁੱਢ ਵਿਚ ਕੀਤੀ ਜਾਂਦੀ ਹੈ ਅਤੇ ਦੋਹੇ ਦੇ ਮੁੱਢਲੇ ਕੁਝ ਸ਼ਬਦ ਰੋਲੇ ਦੇ ਅੰਤ ਵਿਚ ਰੱਖੇ ਜਾਂਦੇ ਹਨ। ਦੂਜੀ ਕਿਸਮ ਦਾ ਮਿਸ਼ਰਿਤ ਛੰਦ 'ਛੱਪਾ' ਹੈ ਜਿਸ ਵਿਚ ਪਹਿਲਾਂ ਚਾਰ ਚਰਣ ਰੋਲੇ ਦੇ ਅਤੇ ਫਿਰ ਦੋ ਉੱਲਾਲਾ ਦੇ ਹੁੰਦੇ ਹਨ। ਇਸੇ ਲਈ ਇਸ ਨੂੰ ਸ਼ਟਪਦੀ ਜਾਂ ਛੱਪਾ (ਛੱਪਦ) ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਘੋਖਣ ਤੋਂ ਇਹ ਪਤਾ ਲਗਦਾ ਹੈ ਕਿ ਛੰਦਾਂ ਦਾ ਵਿਕਾਸ ਨਾ ਕੇਵਲ ਪ੍ਰਸਤਾਰ ਦੇ ਆਧਾਰ ਤੇ ਹੀ ਹੋਇਆ ਹੈ, ਸਗੋਂ ਕਵੀਆਂ ਦੁਆਰਾ ਛੰਦ ਮਿਸ਼ਰਣ ਵਿਧੀ ਦੇ ਆਧਾਰ ਤੇ ਵੀ ਹੋਇਆ ਹੈ। ਇਸੇ ਤਰ੍ਹਾਂ ਕੁਝ ਛੰਦ ਕਿਸੇ ਇਕ ਛੰਦ ਨੂੰ ਉੱਲਟਾ ਕਰਕੇ ਬਣੇ ਹਨ। ਜਿਵੇਂ ਦੋਹੇ ਦਾ ਉਲਟਾ ਰੂਪ ਸੋਰਠਾ ਹੈ। ਇੰਜ ਜਾਪਦਾ ਹੈ ਕਿ ਕਵੀਆਂ ਨੇ ਵਧੇਰੇ ਕਰਕੇ ਇਸੇ ਇਕ ਛੰਦ ਵਿਚ ਇਕ ਦੋ ਵਰਣ ਜਾਂ ਮਾਤ੍ਰਾਵਾਂ ਘਟਾ ਵਧਾ ਕੇ ਵੀ ਛੰਦ ਵਿਚ ਤਬਦੀਲੀ ਕਰਕੇ ਨਵਾਂ ਛੰਦ ਬਣਾਇਆ ਹੈ। ਇਹ ਛੰਦ ਪ੍ਰਸਤਾਰ ਦੇ ਘੇਰੇ ਵਿਚ ਆ ਸਕਦਾ ਹੈ।

ਲਘੂ ਛੰਦਾਂ ਨੂੰ ਛੱਡ ਕੇ ਵੱਡੇ ਛੰਦਾਂ ਦਾ ਇਕ ਚਰਣ ਜਦੋਂ ਇਕ ਵਾਰੀ ਵਿਚ ਪੂਰਾ ਨਹੀਂ ਪੜ੍ਹਿਆ ਜਾ ਸਕਦਾ, ਤਾਂ ਉਸ ਵਿਚ ਰਚਨਾ ਦੇ ਰੁਕਣ ਦਾ ਸਥਾਨ ਨਿਰਧਾਰਿਤ ਕੀਤਾ ਜਾਂਦਾ ਹੈ। ਇਸ ਠਹਿਰਾਉ ਨੂੰ 'ਯਤੀ' ਕਹਿੰਦੇ ਹਨ। ਯਤੀ ਦੇ ਹਿਸਾਬ ਨਾਲ ਛੰਦਾਂ ਦੀਆਂ ਫਿਰ ਦੋ ਕਿਸਮਾਂ ਮੰਨੀਆਂ ਜਾਂਦੀਆਂ ਹਨ— (1) ਯਤੀਆਤਮਕ—ਜਿਨ੍ਹਾਂ ਵਿਚ ਕੁਝ ਨਿਸ਼ਚਤ ਵਰਣਾਂ ਜਾਂ ਮਾਤ੍ਰਾਵਾਂ ਮਗਰੋਂ ਯਤੀ ਆਉਂਦੀ ਹੈ। ਇਹ ਛੰਦ ਆਮ ਕਰਕੇ ਲੰਮੇ ਹੁੰਦੇ ਹਨ ਜਿਵੇਂ ਦੋਹਾ, ਕਬਿਤ ਆਦਿ। (2) ਅਣ-ਯਤੀਆਤਮਕ—ਇਨ੍ਹਾਂ ਛੰਦਾਂ ਵਿਚ ਚੌਪਈ, ਦਰੁੱਤ, ਵਿਲੰਬਿਤ ਵਰਗੇ ਛੰਦ ਆਉਂਦੇ ਹਨ। ਯਤੀ ਦਾ ਵਿਚਾਰ ਕਰਦੇ ਹੋਏ ਗਣਆਤਮਕ ਵ੍ਰਿਤਾਂ ਵਿਚ ਗਣਾਂ ਦੇ ਵਿਚਕਾਰ ਵੀ ਯਤੀ ਰੱਖੀ ਗਈ ਹੈ ਜਿਵੇਂ ਮਾਲਿਨੀ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਯਤੀ ਦਾ ਉਦੇਸ਼ ਕੇਵਲ ਰਚਨਾ ਨੂੰ ਕੁਝ ਠਹਿਰਾਉ ਦੇਣਾ ਹੀ ਹੈ।

ਛੰਦ ਵਿਚ ਸੰਗੀਤ ਤੱਤ ਦੁਆਰਾ ਭਾਵਪੂਰਣ ਸੁੰਦਰਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਰਾਗ ਅਤੇ ਰਾਗਣੀਆਂ ਵਾਲੇ ਸਾਰੇ ਪਦ ਛੰਦਾਂ ਵਿਚ ਨਹੀਂ ਕਹੇ ਜਾ ਸਕਦੇ। ਇਸੇ ਲਈ 'ਗਾਨ' ਜਾਂ 'ਗੀਤ' ਨਾਂ ਨਾਲ ਕਿੰਨੇ ਹੀ ਪਦ ਰਚੇ ਜਾਂਦੇ ਹਨ। ਆਮ ਕਰਕੇ ਸੰਗੀਤਾਤਮਕ ਪਦਾਂ ਵਿਚ ਸੁਰ ਦੇ ਆਰੋਹ ਅਤੇ ਅਵਰੋਹ ਵਿਚ ਵਧੇਰੇ ਕਰਕੇ ਲਘੂ ਵਰਣ ਨੂੰ ਦੀਰਘ, ਦੀਰਘ ਨੂੰ ਲਘੂ ਅਤੇ ਅਲਪ ਲਘੂ ਵੀ ਕਰ ਲਿਆ ਜਾਂਦਾ ਹੈ। ਕਦੇ-ਕਦੇ ਹਿੰਦੀ ਦੇ ਛੰਦਾਂ ਵਿਚ ਦੀਰਘ 'ਏ' ਅਤੇ 'ਓ' ਵਰਗੇ ਸੁਰਾਂ ਦੇ ਲਘੂ ਰੂਪਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਹਿੰਦੀ ਵਿਚ ਛੰਦ ਸ਼ਾਸਤਰ ਸਬੰਧੀ ਜਗਨਨਾਥ ਪ੍ਰਸਾਦ ਭਾਨੂੰ ਦੀ ਪੁਸਤਕ 'ਛੰਦ ਪ੍ਰਭਾਕਰ' ਬਹੁਤ ਉੱਤਮ ਮੰਨੀ ਜਾਂਦੀ ਹੈ। ਪੰਜਾਬੀ ਵਿਚ ਲਿਖੀ ਪ੍ਰੋ. ਜੋਗਿੰਦਰ ਸਿੰਘ ਦੀ ਰਚਨਾ 'ਪਿੰਗਲ ਤੇ ਅਰੂਜ਼' ਇਕ ਮਹਤੱਵਪਰਨ ਰਚਨਾ ਹੈ। ਸੰਸਕ੍ਰਿਤ ਅਤੇ ਹਿੰਦੀ ਵਿਚ ਛੰਦ-ਸ਼ਾਸਤਰ ਸਬੰਧੀ ਕਿੰਨੀਆਂ ਹੀ ਪੁਸਤਕਾਂ ਉਪਲਬਧ ਹਨ।

ਹ. ਪੁ.—ਹਿੰ. ਵਿ. ਕੋ. 4:305

**ਛਪਰਾ** : ਇਹ ਉੱਤਰ ਪੂਰਬੀ ਭਾਰਤ ਦੇ ਬਿਹਾਰ ਰਾਜ ਦੇ ਸਾਰਨ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਘਾਗਰਾ ਅਤੇ ਗੰਗਾ ਨਦੀਆਂ ਦੇ ਸੰਗਮ ਦੇ ਨਜ਼ਦੀਕ ਕਰਕੇ ਘਾਗਰਾ ਨਦੀ ਦੇ ਉੱਤਰੀ ਕੰਢੇ ਤੇ ਵਸਿਆ ਹੋਇਆ ਹੈ। ਇਹ ਕਾਫ਼ੀ ਪੁਰਾਣਾ ਸਥਾਨ ਹੈ, ਇਸ ਗੱਲ ਦਾ ਸਬੂਤ ਇਸ ਦੇ ਆਸ-ਪਾਸ ਦੇ ਸਥਾਨਾਂ ਤੋਂ ਲੱਗਦਾ ਹੈ ਜਿਵੇਂ, ਇਸ ਦੇ ਦਹਿਆਵਾਂ ਮਹੱਲੇ ਵਿਚ ਦਧੀਚੀ ਰਿਸ਼ੀ ਦਾ ਆਸ਼ਰਮ ਸੀ ਇਸ ਤੋਂ ਪੰਜ ਮੀਲ ਪੱਛਮ ਵੱਲ ਰਿਵਿਲਗੰਜ ਹੈ ਜਿੱਥੇ ਗੌਤਮ ਰਿਸ਼ੀ ਦਾ ਆਸ਼ਰਮ ਦੱਸਿਆ ਜਾਂਦਾ ਹੈ ਅਤੇ ਇਸ ਥਾਂ ਤੇ ਕੱਤਕ ਦੀ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ। ਛਪਰਾ ਤੋਂ ਚਾਰ ਮੀਲ ਪੂਰਬ ਵੱਲ ਚਵਨਰਿਸ਼ੀ ਦਾ ਆਸ਼ਰਮ ਹੈ। ਛਪਰਾ ਤੋਂ ਲਗਭਗ 25 ਮੀਲ ਪੂਰਬ ਵੱਲ ਸੋਨਪੁਰ ਦਾ ਸਥਾਨ ਹੈ ਜੋ ਹਰੀਹਰ ਖੇਤਰ ਦੇ ਨਾਂ ਨਾਲ ਮਸ਼ਹੂਰ ਹੈ। ਇੱਥੇ ਗਜ ਅਤੇ ਗਰਾਹ ਦਾ ਪੌਰਾਣਿਕ ਯੁੱਧ ਦਾ ਹੋਣਾ ਦੱਸਿਆ ਜਾਂਦਾ ਹੈ। ਇੱਥੇ ਸ਼ਿਵ ਅਤੇ ਵਿਸ਼ਨੂੰ ਦੇ ਮੰਦਰ ਨਾਲ-ਨਾਲ ਹਨ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਇੱਥੇ ਮੇਲਾ ਲੱਗਦਾ ਹੈ ਜੋ ਮਹੀਨਿਆਂ ਬੱਧੀ ਚਲਦਾ ਹੈ। ਹੁਣ ਪੁਰਾਤੱਤਵ ਵਿਭਾਗ ਵੱਲੋਂ ਇੱਥੇ ਖੁਦਾਈ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਸ਼ਹਿਰ ਦੀ ਮਹੱਤਤਾ 18ਵੀਂ ਸਦੀ ਵਿਚ ਇੱਥੇ ਵਲੰਦੇਜ਼ੀਆ, ਪੁਰਤਗਾਲੀਆਂ, ਫ਼ਰਾਂਸੀਸੀਆਂ ਅਤੇ ਅੰਗਰੇਜ਼ਾਂ ਦੇ ਲੂਣ ਸਾਫ਼ ਕਰਨ ਦੇ ਕਾਰਖਾਨੇ ਲਗਾਉਣ ਨਾਲ ਹੋਈ। ਸੰਨ 1864 ਵਿਚ ਇੱਥੇ ਮਿਊਂਸਪਲਟੀ ਬਣਾਈ ਗਈ। ਸ਼ਹਿਰ ਰੇਲਾਂ ਅਤੇ ਸੜਕਾਂ ਦਾ ਮੁੱਖ ਕੇਂਦਰ ਹੋਣ ਦੇ ਨਾਲ-ਨਾਲ ਜ਼ਰਾਇਤੀ ਉਪਜਾਂ ਦੇ ਵਪਾਰ ਦਾ ਕੇਂਦਰ ਵੀ ਹੈ। ਲੂਣ ਸਾਫ਼ ਕਰਨਾ ਅਤੇ ਅਲਸੀ ਦਾ ਤੇਲ ਕੱਢਣਾ ਇੱਥੋਂ ਦੇ ਮੁੱਖ ਉਦਯੋਗ ਹਨ। ਸ਼ਹਿਰ ਵਿਚ ਕਈ ਪਾਰਕ ਹਨ। ਬਿਹਾਰ ਯੂਨੀਵਰਸਿਟੀ ਨਾਲ ਸਬੰਧਤ ਚਾਰ ਕਾਲਜ ਅਤੇ ਇਕ ਕਾਲਜ ਕਾਮੇਸ਼ਵਰਾ ਸਿੰਘ ਦਰਭੰਗਾ ਸੰਸਕ੍ਰਿਤ ਯੂਨੀਵਰਸਿਟੀ ਨਾਲ ਸਬੰਧਤ ਵੀ ਹੈ।

ਆਬਾਦੀ—1,36,877 (1991)

25° 50' ਉ. ਵਿਥ.; 84° 45' ਪੂ. ਲੰਬ.

ਹ. ਪੁ.—ਹਿੰ. ਵਿ. ਕੋ. 4: 317; ਐਨ. ਬ੍ਰਿ. ਮਾ. 3 : 96; ਇੰਪ. ਗ. ਇੰਡ. 10: 175

**ਛਪਾਈ (ਕੱਪੜਿਆਂ ਦੀ)** : ਸਾਡੇ ਪ੍ਰਾਚੀਨ ਗ੍ਰੰਥਾਂ ਵਿਚ ਚਿੱਤਰਲੇਖਾ, ਚਿਤਰਾਂਗਦਾ, ਰੰਗਸ਼ਾਲਾ ਆਦਿ ਸ਼ਬਦਾਂ ਦਾ ਪ੍ਰਯੋਗ ਇਹ ਸੂਚਿਤ ਕਰਦਾ ਹੈ ਕਿ ਸਜਾਵਟ ਪੱਖੋਂ ਰੰਗਾਂ ਦਾ ਇਸਤੇਮਾਲ ਭਾਰਤ ਵਿਚ ਬਹੁਤ ਪੁਰਾਣਾ ਹੈ। ਕੱਪੜੇ ਦੀ ਬੁਣਾਈ ਕਰਦੇ ਸਮੇਂ ਰੰਗੀਨ ਸੂਤ ਦੁਆਰਾ ਭਿੰਨ-ਭਿੰਨ ਪ੍ਰਕਾਰ ਦੇ ਰੰਗ-ਬਰੰਗੇ ਚਿੱਤਰ ਬਣਾਏ ਜਾਂਦੇ ਸਨ। ਇਸ ਤੋਂ ਬਾਅਦ ਇਸ ਨੂੰ ਛਪਾਈ ਦੁਆਰਾ ਰੰਗ-ਬਰੰਗੇ ਚਿੱਤਰਾਂ ਨਾਲ ਸੰਵਾਰਿਆ ਜਾਂਦਾ ਸੀ। ਪਲਿਨੀ ਅਨੁਸਾਰ 'ਰੰਗਾਈ ਛਪਾਈ' ਦੀ ਸ਼ੁਰੂਆਤ ਭਾਰਤ ਤੋਂ ਹੋ ਕੇ ਮਿਸਰ ਆਦਿ ਦੇਸ਼ਾਂ ਵਿਚ ਈਸਾ ਤੋਂ ਪਹਿਲਾਂ ਫੈਲ ਚੁੱਕੀ ਸੀ।

ਛੀਂਟ (ਕੱਪੜਾ), ਗਤ (ਧੱਬਾ), ਬੰਧਨੀ (ਗੰਢਾਂ ਪਾ ਕੇ ਕੱਪੜਾ ਰੰਗਣ ਦਾ ਢੰਗ) ਅਤੇ ਬਾਟਿਕ (ਕੱਪੜਿਆਂ ਨੂੰ ਠੇਕਣ ਦੀ ਇਕ ਕਲਾ) ਆਦਿ ਸ਼ਬਦ ਛਪਾਈ ਦੀ ਵਿਸ਼ੇਸ਼ ਕ੍ਰਿਆ ਦੇ ਸੂਚਕ ਹਨ। ਬੰਧਨੀ ਵਿਚ ਕੱਪੜੇ ਨੂੰ ਡੋਰੀ ਨਾਲ ਬੰਨ੍ਹ ਕੇ ਰੰਗ ਦੇ ਮਿਸ਼ਰਣ ਨਾਲ ਰੰਗਾਈ ਕੀਤੀ ਜਾਂਦੀ ਹੈ। ਬਾਟਿਕ ਵਿਚ ਮੋਮ ਅਤੇ ਬਰੋਜ਼ੇ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਕੱਪੜੇ ਉੱਤੇ ਰੰਗ ਦੀ ਬਹੁਤਾਤ ਹੁੰਦੀ ਹੈ। ਛੀਂਟ ਦੀ ਛਪਾਈ ਵਿਚ ਹੀ ਉਤਪਾਦਨ ਸਭ ਤੋਂ ਜ਼ਿਆਦਾ ਅਤੇ ਖ਼ਰਚ ਸਭ ਤੋਂ ਘੱਟ ਹੋ ਸਕਦਾ ਹੈ। ਇਹ ਕੱਪੜੇ ਆਮ ਕਰਕੇ ਸਭ ਤਰ੍ਹਾਂ ਦੇ ਨਿੱਜੀ ਰੁਚੀ ਅਨੁਸਾਰ ਅਤੇ ਆਕਰਸ਼ਕ ਹੁੰਦੇ ਹਨ। ਇਨ੍ਹਾਂ ਦੀ ਆਪਸੀ ਤੁਲਨਾ ਕਰਕੇ ਘਟੀਆ ਜਾਂ ਵਧੀਆ ਕਹਿਣਾ ਬਹੁਤ ਔਖਾ ਹੈ।

ਕੱਪੜੇ ਦੀ ਛਪਾਈ ਨੂੰ ਦੋ ਭਾਗਾਂ ਅਰਥਾਤ ਸਿਧਾਂਤ ਅਤੇ ਕਾਰਜ-ਪ੍ਰਣਾਲੀ ਵਿਚ ਵੰਡਿਆ ਜਾਂਦਾ ਹੈ। ਸਿਧਾਂਤ ਵਿਚ ਉਹ ਸਾਰੀਆਂ ਗੱਲਾਂ ਆ ਜਾਂਦੀਆਂ ਹਨ ਜਿਨ੍ਹਾਂ ਨਾਲ ਕੱਪੜੇ ਉੱਤੇ ਪੱਕਾ ਰੰਗ ਚੜ੍ਹਦਾ ਹੈ ਅਤੇ ਕਾਰਜ-ਪ੍ਰਣਾਲੀ ਵਿਚ ਉਪਕਰਣਾਂ ਦਾ ਪ੍ਰਯੋਗ ਅਤੇ ਅਸਲ ਉਤਪਾਦਨ ਆਦਿ ਸ਼ਾਮਲ ਹਨ।

ਸ਼ੁਰੂ ਵਿਚ ਕੁਦਰਤੀ ਰੰਗਾਂ ਨੂੰ ਰੰਗਾਈ ਜਾਂ ਛਪਾਈ ਲਈ ਵਰਤਿਆ ਜਾਂਦਾ ਸੀ। ਇਹ ਰੰਗ ਬਨਸਪਤੀ, ਖਣਿਜ ਸ੍ਰੋਤਾਂ ਅਤੇ ਜੰਤੂਆਂ ਤੋਂ ਪ੍ਰਾਪਤ ਕੀਤੇ ਜਾਂਦੇ ਸਨ। ਹਲਕੇ ਜਾਂ ਗਾੜ੍ਹੇ ਰੰਗਾਂ ਨੂੰ ਮਿਲਾ ਕੇ ਰੰਗ ਪੱਕਾ ਕਰਨ ਵਾਲੇ ਭਿੰਨ-ਭਿੰਨ ਪਦਾਰਥ ਮਿਲਾ ਕੇ ਸਤਰੰਗੀ ਪੀਂਘ (ਇੰਦਰ ਧਨੁੱਸ਼) ਦੇ ਸਾਰੇ ਰੰਗ ਪ੍ਰਾਪਤ ਕਰ ਲਏ ਜਾਂਦੇ ਸਨ। ਰੰਗਾਈ ਅਤੇ ਛਪਾਈ ਵਿਚ ਵਰਤੇ ਜਾਂਦੇ ਰੰਗਾਂ ਦਾ ਵਰਗੀਕਰਨ ਦੋ ਪ੍ਰਕਾਰ ਨਾਲ ਕੀਤਾ ਜਾਂਦਾ ਹੈ–ਇਕ, ਰੰਗਾਈ ਦੀ ਪ੍ਰਣਾਲੀ ਦੇ ਆਧਾਰ ਤੇ ਅਤੇ ਦੂਜਾ, ਰੰਗਾਂ ਵਿਚ ਰਸਾਇਣਿਕ ਸੰਯੋਗਾਂ ਦੇ ਆਧਾਰ ਤੇ। ਪਹਿਲੇ ਵਰਗੀਕਰਨ ਤੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਰੰਗ ਦੀ ਖਿੱਚ ਰੇਸ਼ੇ ਦੇ ਅਨੁਸਾਰ ਹੁੰਦੀ ਹੈ ਅਤੇ ਦੂਸਰੇ ਤੋਂ ਦਿੱਤੇ ਗਏ ਰੰਗ ਦੀ ਦਸ਼ਾ ਅਰਥਾਤ ਕੱਚਾ, ਪੱਕਾ, ਚਮਕੀਲਾ ਅਤੇ ਲਾਲ, ਨੀਲਾ, ਪੀਲਾ ਆਦਿ ਨਿਸ਼ਚਿਤ ਹੁੰਦੀ ਹੈ।

ਰੰਗਾਈ ਜਾਂ ਛਪਾਈ ਸਮੇਂ ਰੰਗ ਚੜ੍ਹਾਉਣ ਲਈ ਰੰਗ ਨੂੰ ਮਿਸ਼ਰਣ ਦੀ ਹਾਲਤ ਵਿਚ ਵਰਤਣਾ ਅਤੇ ਉਸ ਨੂੰ ਕਿਸੇ ਉਚਿੱਤ ਮਾਧਿਅਮ ਦੁਆਰਾ ਰੇਸ਼ੇ ਜਾਂ ਕੱਪੜੇ ਦੇ ਸੰਪਰਕ ਵਿਚ ਲਿਆਉਣਾ ਜ਼ਰੂਰੀ ਹੈ। ਰੰਗਾਈ ਵਿਚ ਪਾਣੀ ਅਤੇ ਛਪਾਈ ਵਿਚ ਲੇਸਦਾਰ ਰੰਗ ਦੇਣ ਵਾਲੇ ਪਦਾਰਥ ਵਰਤੇ ਜਾਂਦੇ ਹਨ। ਰੰਗ ਨੂੰ ਰੇਸ਼ੇ ਦੇ ਅੰਦਰ ਦਾਖ਼ਲ ਕਰਨ ਲਈ ਗਰਮੀ ਜਾਂ ਭਾਫ਼ ਦੇਣਾ ਅਤੇ ਕੁਝ ਹੋਰ ਕਿਰਿਆਵਾਂ ਵੀ ਕਰਨੀਆਂ ਪੈਂਦੀਆਂ ਹਨ ਜੋ ਰੰਗ ਦੀ ਬਣਾਵਟ ਆਦਿ ਦੀ ਸਮਾਨਤਾ ਤੇ ਨਿਰਭਰ ਕਰਦੀਆਂ ਹਨ। ਮਿਸ਼ਰਣ ਬਣਾਉਣ ਲਈ ਹਰ ਰੰਗ ਨੂੰ ਉਸ ਦੇ ਸਮਾਨ ਉਚਿੱਤ ਰਸਾਇਣ ਨੂੰ ਪਾਣੀ ਨਾਲ ਮਿਲਾ ਕੇ ਫੈਂਟਣਾ, ਚਲਾਉਣਾ, ਗਰਮ ਕਰਨਾ, ਉਬਾਲਣਾ ਅਤੇ ਕਦੇ ਠੰਢਾ ਕਰਨਾ ਪੈਂਦਾ ਹੈ। ਜ਼ਰੂਰੀ ਚੀਜ਼ਾਂ ਮਿਲਾ ਕੇ ਬਾਰੀਕ ਕੱਪੜੇ ਵਿਚੋਂ ਛਾਣ ਕੇ ਯੰਤਰਾਂ ਦੁਆਰਾ ਛਪਾਈ ਕੀਤੀ ਜਾਂਦੀ ਹੈ। ਨਮੀ ਦੇ ਸੰਯੋਗ ਨਾਲ ਰੰਗ ਸਬੰਧੀ ਕਿਰਿਆਵਾਂ ਕਿਰਿਆਸ਼ੀਲ ਹੋ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਰੇਸ਼ੇ ਉੱਤੇ ਰੰਗ ਚੜ੍ਹਦਾ ਜਾਂਦਾ ਹੈ। ਛਪਾਈ ਤੋਂ ਪਹਿਲਾਂ ਕੱਪੜਾ ਧੋਣਾ ਜ਼ਰੂਰੀ ਹੈ ਤਾਂ ਕਿ ਰੰਗ ਚੜ੍ਹ ਸਕੇ। ਛਪਾਈ ਮਗਰੋਂ ਸੁਕਾ ਕੇ ਰੰਗ ਉਡਾਉਣ ਲਈ ਅਵਕਰਨ, ਆੱਕਸੀਕਰਨ ਆਦਿ ਉਚਿੱਤ ਕਿਰਿਆਵਾਂ ਵੀ ਕਰਨੀਆਂ ਪੈਂਦੀਆਂ ਹਨ। ਸਭ ਤੋਂ ਮਗਰੋਂ ਸਾਬਣ ਦੇ ਉਬਲਦੇ ਪਾਣੀ ਨਾਲ ਧੋ ਕੇ ਲੇਸਦਾਰ, ਗ਼ੈਰ-ਜ਼ਰੂਰੀ ਮਸਾਲੇ ਅਤੇ ਕਿਰਿਆ-ਰਹਿਤ ਰੰਗ ਕੱਢ ਦਿੱਤੇ ਜਾਂਦੇ ਹਨ। ਫਿਰ ਕੱਪੜਾ ਸੁਕਾਇਆ ਅਤੇ ਸਜਾਇਆ ਜਾਂਦਾ ਹੈ।

ਲੇਸਦਾਰ ਪਦਾਰਥ (ਮਾਵਾ) ਹੋਰ ਮਸਾਲਿਆਂ ਸਮੇਤ ਰੰਗ ਨੂੰ ਬੰਨ੍ਹ ਕੇ ਰੱਖਦੇ ਹਨ। ਇਸ ਕੰਮ ਲਈ ਬਬੂਲ ਜਾਂ ਹੋਰ ਗੂੰਦ, ਕਣਕ ਦਾ ਆਟਾ ਜਾਂ ਸਟਾਰਚ, ਮੱਕੀ ਦਾ ਸਟਾਰਚ ਅਤੇ ਬ੍ਰਿਟਿਸ਼ ਗਮ ਆਦਿ ਲੇਸਦਾਰ ਪਦਾਰਥ ਪਾਣੀ ਨਾਲ ਪਕਾ ਕੇ ਵਰਤੇ ਜਾਂਦੇ ਹਨ। ਅਲਸ਼ੀਅਨ ਰੰਗਾਂ ਨਾਲ ਗੂੰਦ ਨਹੀਂ ਵਰਤੀ ਜਾਂਦੀ ਇਨ੍ਹਾਂ ਨਾਲ ਮੈਦੇ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਪਿਗਮੈਂਟ (ਵਰਣਕ) ਰੰਗਾਂ ਨਾਲ ਏਕਰਾਪਨ ਏ, ਇਮਲਸ਼ਨ ਮਾਵਾ ਵਧੇਰੇ ਲਾਹੇਵੰਦ ਸਿੱਧ ਹੋਇਆ ਹੈ।

ਛਪਾਈ ਤੋਂ ਪਹਿਲਾਂ ਕੱਪੜੇ ਦੀ ਤਿਆਰੀ ਲਈ ਰੰਗ-ਕੱਟਣ ਤੋਂ ਪਹਿਲਾਂ ਕੁਝ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਰੋਏਂ ਝੁਲਸਾ ਕੇ ਕੱਪੜੇ ਦੇ ਉੱਭਰੇ ਹੋਏ ਰੋਏਂ, ਫਾਲਤੂ ਚਿਪਟੇ ਹੋਏ ਧਾਗੇ ਆਦਿ ਨਸ਼ਟ ਕਰ ਦਿੱਤੇ ਜਾਂਦੇ ਹਨ। ਇਹ ਕਿਰਿਆ ਕੱਪੜੇ ਦੇ ਇਕ ਜਾਂ ਦੋਵੇਂ ਪਾਸੇ ਇਕ ਜਾਂ ਦੋ ਵਾਰੀ ਕੀਤੀ ਜਾ ਸਕਦੀ ਹੈ। ਇਸ ਦੇ ਸਾਧਨ ਪਲੇਟ, ਰੋਲਰ ਅਤੇ ਗੈਸ ਲਾਟ ਝੁਲਸਣ ਹਨ। ਇਨ੍ਹਾਂ ਤਿੰਨਾਂ ਵਿਚੋਂ ਗੈਸ ਲਾਟ ਝੁਲਸਣ ਵਿਧੀ ਵਧੇਰੇ ਉਪਯੋਗੀ ਹੈ। ਇਸ ਤੋਂ ਮਗਰੋਂ ਤਾਣੇ ਉੱਤੇ ਲਾਏ ਗਏ ਮਾਵੇ ਨੂੰ ਉਤਾਰਨ ਦੀ ਕਿਰਿਆ ਕੀਤੀ ਜਾਂਦੀ ਹੈ। ਮਾਵਾ ਸਾੜ ਕੇ ਕੱਢਿਆ ਜਾਂਦਾ ਹੈ। ਸਿਰਫ਼ ਪਾਣੀ, ਲੂਣਾ ਪਾਣੀ ਜਾਂ ਤੇਜ਼ਾਬੀ ਪਾਣੀ ਵਿਚ ਮਾਲ ਨੂੰ 24 ਘੰਟੇ ਭਿਉਂ ਕੇ ਰੱਖਣ ਨਾਲ ਮਾਵਾ ਸੜ ਜਾਂਦਾ ਹੈ। ਇਸ ਤਰ੍ਹਾਂ ਸਮਾਂ ਜ਼ਿਆਦਾ ਲਗਦਾ ਹੈ ਇਸ ਲਈ ਅੱਜਕਲ੍ਹ ਇਸ ਮੰਤਵ ਲਈ ਬਨਸਪਤੀ ਅਤੇ ਜੀਵ-ਜੰਤੂ ਦੋਹਾਂ ਤਰ੍ਹਾਂ ਦੇ ਪਦਾਰਥ ਵਰਤੇ ਜਾਂਦੇ ਹਨ। ਆਈ. ਸੀ. ਆਈ. ਕੰਪਨੀ ਦੁਆਰਾ ਪੇਸ਼ ਕੀਤੇ ਡਿਕੈਟੇਜ਼ ਅਤੇ ਸੀਬਾ ਕੰਪਨੀ ਦਾ ਰੈਪਿਡੇਜ ਅਜਿਹੇ ਹੀ ਪਦਾਰਥ ਹਨ।

ਮਾਵਾ ਲਹਿ ਜਾਣ ਮਗਰੋਂ ਕੁਦਰਤੀ ਮੋਮ, ਪੈਕਟਿਕ ਪਦਾਰਥ ਅਤੇ ਪ੍ਰੋਟੀਨ ਕੱਪੜੇ ਉਪਰ ਰਹਿ ਜਾਂਦੇ ਹਨ। ਇਨ੍ਹਾਂ ਨੂੰ ਕੱਢਣ ਲਈ ਮਾਲ ਨੂੰ ਦਾਹਕ (ਮਿੱਠੇ) ਸੋਡੇ, ਕੱਪੜੇ ਧੋਣ ਵਾਲੇ ਸੋਡੇ, ਸਾਬਣ ਆਦਿ ਨਾਲ 8-10 ਘੰਟੇ ਤੱਕ ਭੱਠੀ ਵਿਚ ਦਬਾਉ ਦੇ ਕੇ ਉਬਾਲਿਆ ਜਾਂਦਾ ਹੈ ਅਤੇ ਧੋ ਕੇ ਤੇਜ਼ਾਬੀ ਬਣਾਉਣਾ ਅਤੇ ਹੋਰ ਰਸਾਇਣਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਹਰੇਕ ਕਿਰਿਆ ਬਾਅਦ ਪਾਣੀ ਨਾਲ ਚੰਗੀ ਤਰ੍ਹਾਂ ਧੋਤਾ ਜਾਂਦਾ ਹੈ। ਅੰਤ ਵਿਚ ਗੁਲਨਾਰੀ ਰੰਗ ਜਾਂ ਰੋਗਨ ਤੇਲ ਦੇ ਮਿਸ਼ਰਣ ਵਿਚ ਉਬਾਲ ਕੇ ਗਰਮ ਪਾਣੀ ਨਾਲ ਧੋ ਦੇਣ ਨਾਲ ਰੰਗ ਨਿਰਵਿਘਨ ਅਤੇ ਗੂੜ੍ਹਾ ਚੜ੍ਹਦਾ ਹੈ। ਕੱਪੜੇ ਉੱਤੇ ਛਪਾਈ ਦੇ ਦੋ ਪੱਖ ਹੁੰਦੇ ਹਨ–ਇਕ ਤਾਂ ਛਪਾਈ ਵਿਧੀ ਜਾਂ ਸਾਧਨ ਅਤੇ ਦੂਸਰਾ ਰੰਗਣ ਦੀਆਂ ਵਿਧੀਆਂ ਜਾਂ ਰਵਾਇਤਾਂ।

**ਛਪਾਈ ਦੀਆਂ ਵਿਧੀਆਂ**— ਕੱਪੜੇ ਉੱਤੇ ਛੀਂਟ ਦੀ ਛਪਾਈ ਹੇਠ ਲਿਖੇ ਢੰਗਾਂ ਨਾਲ ਕੀਤੀ ਜਾਂਦੀ ਹੈ–(1) ਹੱਥ ਠੱਪਿਆਂ ਨਾਲ, (2) ਮਸ਼ੀਨ ਦੁਆਰਾ ਠੱਪਿਆਂ ਨਾਲ, (3-ੳ) ਸਟੈਂਸਿਲ ਦੀ ਛਪਾਈ, (3-ਅ) ਸਕਰੀਨ ਦੀ ਛਪਾਈ, (4) ਤਾਂਬੇ ਦੀਆਂ ਖੁਦੀਆਂ ਹੋਈਆਂ ਚਾਦਰਾਂ ਤੋਂ ਛਾਪੇ ਦੀ ਛਪਾਈ ਅਤੇ (5) ਬੇਲਨ ਛਪਾਈ।

**ਹੱਥ-ਠੱਪੇ**—ਇਹ ਲੱਕੜੀ ਦੇ, ਤਾਂਬੇ ਦੇ, ਲੱਕੜੀ ਦੇ ਠੱਪਿਆਂ ਵਿਚ ਤਾਂਬੇ ਦੀਆਂ ਪੱਤੀਆਂ ਲੱਗੇ ਅਤੇ ਬਹੁਰੰਗੇ ਹੋ ਸਕਦੇ ਹਨ। ਲੱਕੜੀ ਦੇ ਠੱਪੇ ਪੱਕੀ ਅਤੇ ਕਮਾਈ ਹੋਈ ਲੱਕੜੀ ਦੇ ਬਣਾਏ ਜਾਂਦੇ ਹਨ ਅਤੇ

ਇਨ੍ਹਾਂ ਦੀ ਚੌੜਾਈ ਲਗਭਗ 15 ਸੈਂ. ਮੀ. ਅਤੇ ਲੰਬਾਈ 20 ਸੈਂ. ਮੀ. ਹੁੰਦੀ ਹੈ। ਇਨ੍ਹਾਂ ਵਿਚ ਖੁਦਾਈ ਕਰਨ ਵਿਚ ਦੇਰ ਲੱਗਦੀ ਹੈ, ਜਲਦੀ ਘਸ ਜਾਂਦੇ ਹਨ ਅਤੇ ਮਿਹਨਤ ਵੀ ਜ਼ਿਆਦਾ ਕਰਨੀ ਪੈਂਦੀ ਹੈ। ਇਸ ਵਿਧੀ ਦਾ ਲਾਭ ਇਹ ਹੈ ਕਿ ਕੱਪੜਾ ਭਾਵੇਂ ਕਿੰਨਾ ਵੀ ਲੰਬਾ-ਚੌੜਾ ਹੋਵੇ ਉਸ ਉੱਤੇ ਛਪਾਈ ਕੀਤੀ ਜਾ ਸਕਦੀ ਹੈ। ਲੱਕੜੀ ਦੀ ਆਇਤਾਕਾਰ ਥਾਲੀ ਜਿਸ ਦੇ ਥੱਲੇ ਹੇਠ ਰਬੜ ਦੀ ਚਾਦਰ ਲੱਗੀ ਹੁੰਦੀ ਹੈ, ਵਿਚ ਰੰਗ ਲਿਆ ਜਾਂਦਾ ਹੈ। ਇਸ ਵਿਚ ਲੋੜੀਂਦੀ ਸਮਗਰੀ, ਮਿਸ਼ਰਿਤ ਰੰਗ ਦੀ ਲੇਵੀ ਭਰ ਦਿੱਤੀ ਜਾਂਦੀ ਹੈ। ਇਸ ਉਪਰ ਬਾਂਸ ਦੀਆਂ ਪਤਲੀਆਂ ਤੀਲੀਆਂ ਦਾ ਬਣਿਆ ਇਕ ਢਾਂਚਾ ਰੱਖ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਢਾਂਚੇ ਦੇ ਬਰਾਬਰ ਸਣ, ਟਾਟ ਜਾਂ ਕੰਬਲ ਦੇ ਟੁਕੜੇ ਨਾਲ ਢਕ ਦਿੱਤਾ ਜਾਂਦਾ ਹੈ। ਇਨ੍ਹਾਂ ਸਭ ਦੇ ਉਪਰ ਟਾਟ ਦੇ ਬਰਾਬਰ ਇਕ ਮਲਮਲ ਦਾ ਟੁਕੜਾ ਵਿਛਾ ਦਿੱਤਾ ਜਾਂਦਾ ਹੈ। ਟਾਟ ਅਤੇ ਮਲਮਲ ਨੂੰ ਰੰਗ ਦੇ ਪੇਸਟ ਵਿਚ ਭਿਉਂ ਕੇ ਅਤੇ ਆਮ ਵਾਂਗ ਨਿਚੋੜ ਕੇ ਤੇ ਫਿਰ ਚੰਗੀ ਤਰ੍ਹਾਂ ਖੋਲ੍ਹ ਕੇ ਇਸ ਤਰ੍ਹਾਂ ਵਿਛਾਉਣਾ ਚਾਹੀਦਾ ਹੈ ਕਿ ਉਹ ਸੁੰਗੜਨ ਨਾ। ਇਸ ਤਰ੍ਹਾਂ ਵਿਛੀ ਹੋਈ ਗੱਦੀ ਉੱਤੇ ਸੌਖਿਆਂ ਹੀ ਅੱਗੇ ਪਿੱਛੇ ਬਦਲ ਕੇ ਠੱਪੇ ਵਿਚ ਦੋ ਵਾਰ ਰੰਗ ਲਾ ਕੇ, ਫਿਰ ਕੱਪੜੇ ਉੱਤੇ ਲਾਉਣਾ ਚਾਹੀਦਾ ਹੈ।

**ਸਟੈਂਸਿਲ ਦੀ ਛਪਾਈ—**ਕਾਗਜ਼ ਉਪਰ ਚਿੱਤਰ ਬਣਾ ਕੇ ਬੱਚੇ ਉਸ ਨੂੰ ਇਸ ਤਰ੍ਹਾਂ ਕੱਟਦੇ ਹਨ ਕਿ ਚਿੱਤਰ ਦੇ ਸੁਰਾਖ਼ਾਂ ਤੋਂ ਬੁਰਸ਼ ਦੁਆਰਾ ਰੰਗ ਪਾਇਆ ਜਾਵੇ ਤਾਂ ਜੋ ਹੇਠਾਂ ਰੱਖੇ ਦੂਸਰੇ ਕਾਗਜ਼ ਜਾਂ ਕੱਪੜੇ ਉੱਤੇ ਅਜਿਹਾ ਹੀ ਚਿੱਤਰ ਬਣ ਜਾਵੇ। ਇਸ ਕਲਾ ਨੂੰ ਸਟੈਂਸਿਲ ਕੱਟਣਾ ਅਤੇ ਇਸ ਕਿਸਮ ਦੀ ਛਪਾਈ ਨੂੰ 'ਸਟੈਂਸਿਲ ਦੀ ਛਪਾਈ' ਕਹਿੰਦੇ ਹਨ। ਕਾਗਜ਼ ਦੀ ਸਟੈਂਸਿਲ ਟਿਕਾਊ ਨਹੀਂ ਹੁੰਦੀ ਇਸ ਲਈ ਕੱਪੜੇ ਦੀ ਛਪਾਈ ਵਿਚ ਤਾਂਬੇ ਦੀ ਸਟੈਂਸਿਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬੁਰਸ਼ ਦੀ ਥਾਂ ਏਅਰੋਗ੍ਰਾਫ਼ ਗਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਗਨ ਵਿਚ ਇਕ ਰੰਗ ਦੀ ਪਿਆਲੀ ਅਤੇ ਦੂਸਰੀ ਹਵਾ ਨਲੀ ਹੁੰਦੀ ਹੈ ਜਿਸ ਨਾਲ ਹਵਾ ਦਬਾਉ ਨਾਲ ਆਉਂਦੀ ਹੈ। ਜਦੋਂ ਟ੍ਰਿਗਰ ਨੂੰ ਦੱਬਿਆ ਜਾਂਦਾ ਹੈ ਤਾਂ ਹਵਾ ਅੱਗੇ ਵੱਧ ਕੇ ਰਿਸਦੇ ਹੋਏ ਰੰਗ ਪੇਸਟ ਨਾਲ ਮਿਲਦੀ ਹੈ ਅਤੇ ਇਕ ਬਾਰੀਕ ਨੋਜ਼ਲ ਤੋਂ ਫੁਹਾਰੇ ਦੇ ਰੂਪ ਵਿਚ ਰੰਗ ਦੇ ਨਾਲ ਸਟੈਂਸਿਲ ਉਪਰ ਪੈਂਦੀ ਹੈ ਅਤੇ ਚਿੱਤਰ ਦੇ ਛੇਕਾਂ ਵਿਚੋਂ ਹੋ ਕੇ ਕੱਪੜੇ ਉੱਤੇ ਉਸੇ ਵਰਗਾ ਚਿੱਤਰ ਬਣਾਉਂਦੀ ਹੈ। ਇਕ-ਇਕ ਚਿੱਤਰ ਵਿਚ ਦਸ ਬਾਰਾਂ ਰੰਗ ਸੌਖਿਆਂ ਹੀ ਲਾਏ ਜਾ ਸਕਦੇ ਹਨ। ਇਸ ਢੰਗ ਵਿਚ ਰੰਗ ਦੀ ਭਾਹ ਹਲਕੀ ਤੋਂ ਹਲਕੀ ਅਤੇ ਗੂੜ੍ਹੀ ਤੋਂ ਗੂੜ੍ਹੀ ਕੀਤੀ ਜਾ ਸਕਦੀ ਹੈ।

**ਸਕਰੀਨ ਦੀ ਛਪਾਈ—** ਸਟੈਂਸਿਲ ਦਾ ਵਿਕਸਿਤ ਰੂਪ ਸਕਰੀਨ ਹੈ, ਇਹ ਜਾਲੀ ਤੋਂ ਬਣਾਈ ਜਾਂਦੀ ਹੈ। ਰੇਸ਼ਮੀ ਕੱਪੜਾ, ਆਰਕੰਡੀ, ਤਾਂਬੇ ਦੀਆਂ ਤਾਰਾਂ ਦੀ ਜਾਲੀ, ਆਧੁਨਿਕ ਟੈਰੀਲੀਨ ਜਾਂ ਨਾਈਲੱਨ ਆਦਿ ਸਕਰੀਨ ਬਣਾਉਣ ਦੇ ਕੰਮ ਆਉਂਦੇ ਹਨ। ਕੁਝ ਰੰਗਾਂ ਦੀ ਪੇਸਟ ਵਿਚ ਦਾਹਕ ਸੋਡਾ ਪੈਂਦਾ ਹੈ, ਜਿਸ ਨਾਲ ਰੇਸ਼ਮ ਦਾ ਕੱਪੜਾ ਹੌਲੀ-ਹੌਲੀ ਗਲ ਜਾਂਦਾ ਹੈ। ਜਾਲੀ ਜਾਂ ਕੱਪੜੇ ਨੂੰ ਲੱਕੜੀ ਦੇ ਆਇਤਾਕਾਰ ਸਾਂਚੇ ਵਿਚ ਖਿੱਚ ਕੇ ਲਾਇਆ ਜਾਂਦਾ ਹੈ। ਲੱਕੜੀ ਦੀਆਂ ਛੋਟੀਆਂ-ਛੋਟੀਆਂ ਤੀਲੀਆਂ ਲਾ ਕੇ ਚਾਰੇ ਪਾਸੇ ਖਾਂਚਿਆਂ ਵਿਚ ਚੰਗੀ ਤਰ੍ਹਾਂ ਕਸ ਦਿੱਤਾ ਜਾਂਦਾ ਹੈ। ਇਸ ਆਇਤਾਕਾਰ ਦੀਵਾਰ ਦੀ ਉਚਾਈ ਲਗਭਗ 7.5 ਸੈਂ. ਮੀ. ਹੁੰਦੀ ਹੈ। ਇਹ 1.25 ਸੈਂ. ਮੀ. ਮੋਟੀ ਅਤੇ 15 ਸੈਂ. ਮੀ. ਲੰਬੀ ਹੁੰਦੀ ਹੈ। ਆਇਤ ਦੀ ਚੌੜਾਈ ਲਗਭਗ 1.2 ਮੀ. ਹੋ ਸਕਦੀ ਹੈ। ਡਿਜ਼ਾਈਨ (ਅਭਿਕਲਪ) ਨੂੰ ਜਾਲੀ ਉੱਤੇ ਦਰਖ਼ਤ ਦੇ ਬਰੋਜ਼ੇ ਜਾਂ ਸੈਲੂਲੋਸ ਲੈਕਰ ਨਾਲ ਇਸ ਤਰ੍ਹਾਂ ਬਣਾਇਆ ਜਾਂਦਾ ਹੈ ਕਿ ਜਿੱਥੇ ਚਿੱਤਰ ਹੋਵੇ ਉੱਥੇ ਸੈਲੂਲੋਸ ਲੈਕਰ ਨਾ ਲੱਗੇ ਅਤੇ ਬਾਕੀ ਸਾਰੇ ਥਾਂ ਇਸ ਨਾਲ ਭਰ ਜਾਣ। ਇਸ ਤਰ੍ਹਾਂ ਬਣਾਈ ਸਕਰੀਨ ਉੱਤੇ ਜਦੋਂ ਰੰਗ ਪਾ ਕੇ ਰਬੜ ਦੇ ਨਪੀੜਕ ਨਾਲ ਰੰਗ ਅੱਗੇ ਪਿੱਛੇ ਖਿੱਚਿਆ ਜਾਵੇਗਾ ਤਾਂ ਰੰਗ ਚਿੱਤਰ ਵਿਚ ਖਿੱਚੇ ਹੋਏ ਥਾਵਾਂ ਨੂੰ ਪਾਰ ਕਰਕੇ ਕੱਪੜੇ ਉੱਤੇ ਪਹੁੰਚ ਜਾਵੇਗਾ। ਇਸ ਤਰ੍ਹਾਂ ਸਕਰੀਨ ਦੀ ਛਪਾਈ ਕੀਤੀ ਜਾਂਦੀ ਹੈ। ਭਾਰਤੀ ਕੱਪੜੇ ਦੀਆਂ ਮਿੱਲਾਂ ਵਿਚ ਖ਼ਾਸ ਕਰਕੇ ਬਣਾਵਟੀ ਰੇਸ਼ਮ ਜਾਂ ਰੇਆੱਨ ਬਣਦੀ ਹੈ। ਰੇਸ਼ਮ ਦੀ ਛਪਾਈ ਲਈ ਸਕਰੀਨ ਦਾ ਉਪਯੋਗ ਜ਼ਿਆਦਾ ਕੀਤਾ ਜਾਂਦਾ ਹੈ ਕਿਉਂਕਿ ਰੋਲਰ ਪ੍ਰਿੰਟਿੰਗ ਮਸ਼ੀਨ ਉੱਤੇ ਇਸ ਨੂੰ ਆਸਾਨੀ ਨਾਲ ਛਾਪਿਆ ਜਾ ਸਕਦਾ ਹੈ। ਅਹਿਮਦਾਬਾਦ, ਬਨਾਰਸ ਅਤੇ ਬੰਬਈ ਵਿਚ ਸਕਰੀਨ ਦੀ ਛਪਾਈ ਘਰੇਲੂ ਧੰਦਿਆਂ ਵਿਚ ਵੀ ਕਾਫ਼ੀ ਪ੍ਰਚੱਲਤ ਹੈ। ਜਾਪਾਨ ਅਤੇ ਸਵਿਟਜ਼ਰਲੈਂਡ ਇਸ ਛਪਾਈ ਦੇ ਕੇਂਦਰ ਹਨ। ਇਸ ਉੱਤੇ ਰੋਲਰ ਛਪਾਈ ਨਾਲੋਂ ਵਧੇਰੇ ਖ਼ਰਚ ਆਉਂਦਾ ਹੈ।

ਇਸ ਛਪਾਈ ਲਈ ਬਹੁਤ ਥੋੜ੍ਹੇ ਸਮੇਂ ਵਿਚ ਹੀ ਭਿੰਨ-ਭਿੰਨ ਕਿਸਮ ਦੀਆਂ ਮਸ਼ੀਨਾਂ ਬਣ ਗਈਆਂ ਹਨ ਜਿਨ੍ਹਾਂ ਨਾਲ ਛਪਾਈ ਕੱਪੜੇ ਦੇ ਦੋਵੇਂ ਪਾਸੇ ਜਾਂ ਦੋ ਕੱਪੜਿਆਂ ਉੱਤੇ ਇਕੋ ਸਮੇਂ ਕੀਤੀ ਜਾ ਸਕਦੀ ਹੈ। ਇਸ ਵਿਧੀ ਵਿਚ ਸਾਰੇ ਅਮਲ ਸਵੈ-ਚਾਲਿਤ ਯੰਤਰਾਂ ਨਾਲ ਹੁੰਦੇ ਹਨ। ਚਾਲਕ ਅਤੇ ਮਾਹਿਰ ਮਸ਼ੀਨ ਦੀ ਗਤੀ ਤੇ ਰੰਗ, ਪੇਸਟ ਆਦਿ ਦਾ ਲੋੜੀਂਦਾ ਕੰਟਰੋਲ ਅਤੇ ਅਨੁਕੂਲਤਾ ਬਣਾਈ ਰੱਖਦੇ ਹਨ। ਮਸ਼ੀਨ ਦੁਆਰਾ ਹੱਥ ਦੀ ਛਪਾਈ ਨਾਲੋਂ 10 ਗੁਣਾਂ ਕੱਪੜਾ ਓਨੇ ਸਮੇਂ ਵਿਚ ਹੀ ਛਾਪਿਆ ਜਾ ਸਕਦਾ ਹੈ।

**ਬੇਲਨ ਛਪਾਈ-ਵਿਧੀ ਜਾਂ ਸਲਿੰਡਰ-ਛਪਾਈ—**ਇਹ ਅੱਜਕਲ੍ਹ ਦੀ ਛੀਂਟ ਦੀ ਛਪਾਈ ਜਾਂ ਸਭ ਤੋਂ ਆਧੁਨਿਕ ਅਤੇ ਪੂਰੀ ਤਰ੍ਹਾਂ ਸਫ਼ਲ ਸਾਧਨ ਹੈ। ਇਸ ਯੰਤਰ ਦੀ ਕਾਢ 1785 ਈ. ਦੇ ਲਗਭਗ ਬੈੱਲ ਨਾਮੀ ਇਕ ਅੰਗਰੇਜ਼ ਨੇ ਕੀਤੀ ਭਾਵੇਂ ਇਸ ਤੋਂ ਪਹਿਲਾਂ ਫ਼ਰਾਂਸ ਅਤੇ ਹੋਰ ਦੇਸ਼ਾਂ ਵਿਚ ਵੀ ਇਸ ਦਾ ਸਰੂਪ ਸੋਚ ਲਿਆ ਗਿਆ ਸੀ ਅਤੇ ਇਸ ਉੱਤੇ ਕੁਝ ਪ੍ਰਯੋਗ ਵੀ ਕੀਤੇ ਗਏ ਸਨ ਪਰੰਤੂ ਸਫ਼ਲਤਾ ਕੇਵਲ ਬੈੱਲ ਨੂੰ ਹੀ ਪ੍ਰਾਪਤ ਹੋਈ। ਇਸ ਯੰਤਰ ਵਿਚ ਉਹ ਸਾਰੇ ਅੰਗ ਹਨ ਜੋ ਛਪਾਈ ਲਈ ਲੋੜੀਂਦੇ ਹਨ। ਇਸ ਵਿਚ ਮੇਜ਼ ਦੀ ਥਾਂ ਸਲਿੰਡਰ ਅਤੇ ਠੱਪਿਆਂ ਦੀਆਂ ਗੱਦੀਆਂ ਦੀ ਥਾਂ ਰੰਗ-ਥਾਲੀ ਅਤੇ ਲੱਕੜੀ ਦੇ ਠੱਪਿਆਂ ਦੀ ਥਾਂ ਤਾਂਬੇ ਦੇ ਬੇਲਨ ਹੁੰਦੇ ਹਨ।

ਲੋਹੇ ਦੇ ਸਲਿੰਡਰ ਉੱਤੇ ਲਚਕੀਲਾਪਨ ਲਿਆਉਣ ਲਈ ਇਕ ਊਨੀ ਫ਼ਲਾਲੈਨ ਜਾਂ ਫ਼ਲਾਲੈਨ ਦੀ ਕਮੀ ਸਮੇਂ ਧੋਤੀ ਹੋਈ ਦਸੂਤੀ ਲਪੇਟ ਕੇ ਇਕ ਊਨੀ ਕੰਬਲ ਲਗਾਇਆ ਜਾਂਦਾ ਹੈ। ਇਸ ਦੇ ਦੋਵੇਂ ਸਿਰੇ ਮਿਲਾ ਕੇ ਸਿਉਂ ਦਿੱਤੇ ਜਾਂਦੇ ਹਨ, ਜਿਸ ਨਾਲ ਇਸ ਵਿਚ ਸਿਰਾ ਨਹੀਂ ਹੁੰਦਾ ਅਤੇ ਲਗਭਗ 36.5 ਮੀ. ਲੰਬਾ ਹੁੰਦਾ ਹੈ। ਇਸ ਦੇ ਉੱਤੇ ਧੋਤੀ ਹੋਈ ਕੋਰੀ ਮਾਰਕੀਨ ਹੁੰਦੀ ਹੈ। ਇਨ੍ਹਾਂ ਸਭਨਾਂ ਦੀ ਚੌੜਾਈ ਬੇਲਨ ਦੇ ਬਰਾਬਰ ਪਰ ਬੈਕ ਗ੍ਰੇ ਛੱਪਣ ਵਾਲੇ ਕੱਪੜੇ ਤੋਂ ਕੁਝ ਵੱਡੀ ਹੁੰਦੀ ਹੈ। ਸਭ ਤੋਂ ਉਪਰ ਛੱਪਣ ਵਾਲਾ ਕੱਪੜਾ ਹੁੰਦਾ ਹੈ। ਤਾਂਬੇ ਦੇ ਬੇਲਨ, ਜਿਨ੍ਹਾਂ ਉੱਤੇ ਡਿਜ਼ਾਇਨ ਬਣੇ ਹੁੰਦੇ ਹਨ, ਸਲਿੰਡਰ ਨੂੰ ਦਬਾਉਂਦੇ ਹੋਏ ਕੱਪੜੇ ਦੇ ਨਾਲ ਘੁੰਮਦੇ ਹਨ ਅਤੇ ਰੰਗ-ਥਾਲੀ ਵਿਚ ਫਿਰਦੇ ਹੋਏ ਬੇਲਨ ਨਾਲ ਰੰਗ ਮਿਲਦਾ ਹੈ। ਉਦੋਂ ਉਸ ਦੀਆਂ ਦਬੀਆਂ ਹੋਈਆਂ ਜਾਂ ਖੁਦੀਆਂ ਹੋਈਆਂ ਥਾਵਾਂ ਵਿਚ ਰੰਗ ਭਰ ਜਾਂਦਾ ਹੈ ਅਤੇ ਬੇਲਨ ਵਿਚ ਸਭ ਥਾਂ ਰੰਗ ਲੱਗ ਜਾਂਦਾ ਹੈ। ਕੱਪੜੇ ਦੇ ਪਹਿਲੇ ਬੇਲਨ ਉੱਤੇ ਇਕ ਪੈਨੀ ਛੁਰੀ ਲੱਗੀ ਹੁੰਦੀ ਹੈ। ਇਹ ਅਣ-ਲੋੜੀਂਦੇ ਰੰਗ ਨੂੰ ਕੱਢ ਕੇ ਚਿਕਨੇ ਧਰਾਤਲ ਨੂੰ ਬਿਲਕੁਲ ਸਾਫ਼ ਕਰ ਦਿੰਦੀ ਹੈ। ਦਬਾਉ ਪੈਣ ਨਾਲ ਕੱਪੜਾ ਦੱਬੀਆਂ ਥਾਵਾਂ ਵਿਚ ਸਥਿਤ ਰੰਗ ਨੂੰ ਲੈ ਕੇ ਛਪਾਈ ਦੀ ਕਿਰਿਆ ਪੂਰੀ ਕਰਦਾ ਹੈ। ਕੱਪੜੇ ਉੱਤੇ ਲੱਗੇ ਧਾਗੇ ਆਦਿ ਛਪਾਈ ਬੇਲਨ ਉੱਤੇ ਲੱਗ ਜਾਂਦੇ ਹਨ। ਉਨ੍ਹਾਂ ਨੂੰ ਕੱਢਣ ਲਈ ਦੂਜੇ ਪਾਸੇ ਕੁੰਦ ਛੁਰੀ ਹੁੰਦੀ ਹੈ। ਮਸ਼ੀਨ 'ਚੋਂ ਕੱਪੜਾ ਕੱਢ ਕੇ ਗਰਮ ਕੀਤੇ ਕਮਰੇ ਵਿਚ ਜਾਂ ਭਾਫ਼ ਨਾਲ ਗਰਮ ਕੀਤੇ ਹੋਏ ਸੁਕਾਉਣ ਵਾਲੇ ਸਲਿੰਡਰਾਂ ਉੱਤੇ ਕੀਤੀ ਜਾਂਦੀ ਹੈ। ਚਲਦੇ-ਚਲਦੇ ਕੱਪੜਾ ਸਖ਼ਤ ਹੋ ਜਾਂਦਾ ਹੈ ਅਤੇ ਇਸ ਨੂੰ ਧੋ ਕੇ ਸਾਫ਼ ਕਰ ਲਿਆ ਜਾਂਦਾ ਹੈ। ਕੱਪੜੇ ਉੱਤੇ ਲੱਗੇ ਰੰਗ ਵਿਚ ਕਮੀ ਜਾਂ ਉਸ ਦਾ ਵਿਕਾਸ ਇਕ ਖ਼ਾਸ

ਕਿਸਮ ਦੇ ਕਮਰੇ ਜਿਸ ਵਿੱਚ ਭਾਫ਼ ਭਰੀ ਹੁੰਦੀ ਹੈ, ਵਿਚ ਕੀਤਾ ਜਾਂਦਾ ਹੈ। ਕਮਰੇ ਅੰਦਰ ਕੱਪੜਾ ਤਾਂਬੇ ਦੇ ਫਿਰਦੇ ਹੋਏ ਬੇਲਨਾਂ ਉੱਤੇ ਚਲਦਾ ਹੈ ਅਤੇ 3 ਮਿੰਟ ਤੋਂ 10 ਮਿੰਟ ਤੱਕ ਉਸ ਦੇ ਅੰਦਰ ਰੱਖਿਆ ਜਾਂਦਾ ਹੈ। ਛਪਿਆ ਹੋਇਆ ਕੱਪੜਾ ਭਾਵੇਂ ਹੱਥ-ਠੱਪਿਆਂ ਦਾ, ਸਟੈਂਸਿਲ, ਸਕਰੀਨ ਜਾਂ ਰੋਲਰ ਮਸ਼ੀਨ ਦਾ ਹੋਵੇ, ਸਾਰੇ ਇਨ੍ਹਾਂ ਬੇਲਨਾਂ ਉੱਤੇ ਚਲਾ ਕੇ ਵਿਕਸਿਤ ਕੀਤੇ ਜਾ ਸਕਦੇ ਹਨ।

ਉਪਰ ਦੇ ਕਮਰੇ ਤੋਂ ਕੱਢ ਕੇ ਕੱਪੜਾ ਧੋਣ ਵਾਲੀ ਮਸ਼ੀਨ ਤੇ ਲਿਜਾਇਆ ਜਾਂਦਾ ਹੈ। ਇਸ ਮਸ਼ੀਨ ਵਿਚ ਪੰਜ ਜਾਂ ਛੇ ਡੱਬੇ ਜਿਹੇ ਬਣੇ ਹੁੰਦੇ ਹਨ। ਅੱਗੇ ਇਕ ਛੋਟਾ ਡੱਬਾ ਸਟੇਨਲੈੱਸ ਸਟੀਲ ਦਾ ਹੁੰਦਾ ਹੈ ਜਿਸ ਵਿਚ ਲੋੜ ਅਨੁਸਾਰ ਤੇਜ਼ਾਬ ਆਦਿ ਪਾਇਆ ਹੁੰਦਾ ਹੈ। ਬਾਕੀਆਂ ਵਿਚ ਸਿਰਫ਼ ਪਾਣੀ, ਗਰਮ ਪਾਣੀ, ਸੋਡਾ ਬਾਈਸਲਫ਼ਾਈਟ, ਸਾਬਣ ਦਾ ਪਾਣੀ ਜਾਂ ਹੋਰ ਮਸਾਲਿਆਂ ਦਾ ਮਿਸ਼ਰਣ ਲਿਆ ਜਾਂਦਾ ਹੈ। ਛਪਾਈ ਵਾਲੇ ਇਨ੍ਹਾਂ ਨੂੰ ਆਪਣੀ-ਆਪਣੀ ਰੁਚੀ ਮੁਤਾਬਿਕ ਵਰਤਦੇ ਹਨ। ਅੰਤ ਵਿਚ ਸਾਫ਼ ਪਾਣੀ ਨਾਲ ਧੋ ਕੇ ਕੱਪੜਾ ਸੁਕਾਇਆ ਜਾਂਦਾ ਹੈ।

ਤਾਂਬੇ ਦੇ ਬੇਲਨਾਂ ਉੱਤੇ ਖੁਦਾਈ ਹੱਥ ਨਾਲ ਛੈਣੀ ਹਥੌੜੀ ਦੁਆਰਾ ਡਾਈ ਤੇ ਮਿਲ ਨਾਲ ਅਤੇ ਪੈਂਟੋਗ੍ਰਾਫ ਤੇ ਫ਼ੋਟੋਜ਼ਿੰਕੋ ਵਿਧੀ ਨਾਲ ਬੇਲਨ ਉੱਤੇ ਚਿੱਤਰ ਬਣਾ ਕੇ ਨਾਈਟ੍ਰਿਕ ਐਸਿਡ ਨਾਲ ਕਟਾਈ ਕੀਤੀ ਜਾਂਦੀ ਹੈ। ਹਰ ਰੰਗ ਲਈ ਇਕ ਬੇਲਨ ਲਿਆ ਜਾਂਦਾ ਹੈ। ਇਸ ਤਰ੍ਹਾਂ ਕੱਪੜੇ ਉੱਤੇ ਚਾਰ ਰੰਗ ਲਗਾਉਣ ਲਈ ਵੱਖ-ਵੱਖ ਚਾਰ ਬੇਲਨ ਲੈਣੇ ਪੈਂਦੇ ਹਨ। ਜ਼ਿਆਦਾਤਰ ਰੋਲਰ ਛਪਾਈ ਜ਼ਿਆਦਾ ਵਰਤੀ ਜਾਂਦੀ ਹੈ ਕਿਉਂਕਿ ਇਸ ਵਿਚ ਸਮਾਂ ਘੱਟ ਅਤੇ ਉਤਪਾਦਨ ਵਧੇਰੇ ਹੁੰਦਾ ਹੈ। ਜ਼ਿਆਦਾ ਤੋਂ ਜ਼ਿਆਦਾ 18 ਰੰਗ ਛਾਪਣ ਵਾਲੀ ਮਸ਼ੀਨ ਵੀ ਬਣ ਗਈ ਹੈ।

**ਛਪਾਈ ਦੀਆਂ ਵੰਨਗੀਆਂ**—ਛਪਾਈ ਦੇ ਮੁਢਲੇ ਕਾਲ ਵਿਚ ਸਾਧਨਾਂ ਉੱਤੇ ਬਹੁਤਾ ਨਿਰਭਰ ਕੀਤਾ ਜਾਂਦਾ ਸੀ ਪਰੰਤੂ ਅਜੋਕੇ ਸਮੇਂ ਵਿਚ ਰੰਗ ਅਤੇ ਰੰਗਾਈ ਵਿਚ ਲਗਾਤਾਰ ਵਿਕਾਸ ਹੋਣ ਨਾਲ ਉਨ੍ਹਾਂ ਢੰਗਾਂ ਨੂੰ ਵੰਡ ਦਾ ਆਧਾਰ ਬਣਨਾ ਪੈਂਦਾ ਹੈ ਜਿਨ੍ਹਾਂ ਦੁਆਰਾ ਛਪਾਈ ਵਿਚ ਕੱਪੜੇ ਉੱਤੇ ਰੰਗ ਖਿਲਦਾ ਜਾਂ ਸਥਾਪਿਤ ਕੀਤਾ ਜਾਂਦਾ ਹੈ। ਰਸਾਇਣਿਕ ਅਤੇ ਯੰਤ੍ਰਿਕ ਕਿਰਿਆਵਾਂ ਦੇ ਆਧਾਰ ਤੇ ਇਨ੍ਹਾਂ ਵਿਧੀਆਂ ਨੂੰ ਵੱਖ-ਵੱਖ ਵਰਗਾਂ ਵਿਚ ਰੱਖਿਆ ਜਾਂਦਾ ਹੈ ਜੋ ਹਰੇਕ ਲਈ ਭਿੰਨ-ਭਿੰਨ ਹੁੰਦੀਆਂ ਹਨ। ਇਨ੍ਹਾਂ ਨੂੰ ਹੀ ਛਪਾਈ ਦੀਆਂ ਵੰਨਗੀਆਂ ਕਿਹਾ ਜਾਂਦਾ ਹੈ। ਭਾਫ਼ ਛਪਾਈ, ਰੰਗ ਛਪਾਈ ਅਤੇ ਰੰਗ-ਕਾਟ ਛਪਾਈ ਇਸ ਦੀਆਂ ਉਦਾਹਰਣਾਂ ਹਨ।

**ਭਾਫ਼ ਦੀ ਛਪਾਈ ਪ੍ਰਥਾ**—ਇਹ ਅੱਜਕਲ੍ਹ ਸਭ ਤੋਂ ਵਧੇਰੇ ਪ੍ਰਚਲਿਤ ਪ੍ਰਥਾ ਹੈ। ਇਸ ਵਿਚ ਉਹ ਰੰਗ ਹੀ ਵਰਤੇ ਜਾਂਦੇ ਹਨ ਜਿਨ੍ਹਾਂ ਦੀ ਰੰਗਣ ਵਾਲੇ ਕੱਪੜੇ ਪ੍ਰਤੀ ਸਿੱਧੀ ਖਿੱਚ ਹੈ ਜਾਂ ਜਿਹੜੇ ਰਸਾਇਣਿਕ ਪਦਾਰਥਾਂ ਦੇ ਯੋਗਿਕਾਂ ਦੁਆਰਾ ਇਸ ਤਰ੍ਹਾਂ ਦੀ ਖਿੱਚ ਉਤਪੰਨ ਕਰ ਸਕਦੇ ਹਨ। ਉਦਾਹਰਣ ਵਜੋਂ ਤੇਜ਼ਾਬੀ ਅਤੇ ਕ੍ਰੋਮ ਰੰਗਸਥਾਪਕ (ਰੰਗ ਪੱਕਾ ਕਰਨ ਵਾਲਾ ਪਦਾਰਥ) ਅਤੇ ਬਰਾਬਰ ਦਾ ਖਾਰਾ ਨੀਲਾ ਅਤੇ ਵੈਟ ਰੰਗ ਊਨੀ ਤੇ ਰੇਸ਼ਮੀ ਕੱਪੜਿਆਂ ਉੱਤੇ ਪ੍ਰਤੱਖ, ਗੰਧਕੀ, ਵੈਟ, ਮਿਸ਼ਰਿਤ ਵੈਟ ਰੰਗ ਜਾਂ ਵੈਟ ਰੰਗਾਂ ਦੇ ਲਿਊਕੋ ਐੱਸਟਰ, ਐਜ਼ੋਇਕ, ਜਿਨ੍ਹਾਂ ਵਿਚ ਬੀਟਾ-ਨੈੱਫ਼ਥਾਲ, (B-Naphthal) ਨੈੱਫ਼ਥਾਲ ਏ. ਐੱਸ. ਰੈਪਿਡਫਾਸਟ, ਰੈਪਿਡੋਜਨ ਅਤੇ ਰੈਪਿਡੋਜ਼ਾੱਲ ਵੀ ਸ਼ਾਮਲ ਹਨ ਅਤੇ ਐਨਿਲੀਨ ਕਾਲਾ, ਐਲਿਜ਼ਰੀਨ ਕ੍ਰੋਮ ਰੰਗਸਥਾਪਕ ਆਦਿ ਸਾਰੇ ਬਨਸਪਤੀ ਰੰਗ ਜੋ ਰੰਗਸਥਾਪਕ ਦੁਆਰਾ ਕੱਪੜੇ ਉੱਤੇ ਚਾੜ੍ਹੇ ਜਾਂਦੇ ਹਨ, ਸੂਤੀ ਕੱਪੜੇ ਜਾਂ ਮਿਲਦੇ ਗੁਣਾਂ ਵਾਲੇ ਰੇਆੱਨ ਲਈ ਉਚਿੱਤ ਹਨ। ਰੰਗਸਥਾਪਕ ਉਹ ਰਸਾਇਣਿਕ ਪਦਾਰਥ ਹੈ ਜਿਸ ਦੀ ਰੇਸ਼ੇ ਅਤੇ ਰੰਗ ਦੋਹਾਂ ਪ੍ਰਤੀ ਖਿੱਚ ਹੁੰਦੀ ਹੈ। ਜਦੋਂ ਇਹ ਆਮ ਕੱਪੜੇ ਉੱਤੇ ਸਥਾਪਿਤ ਹੋ ਜਾਂਦਾ ਹੈ ਤਾਂ ਰੰਗ ਨੂੰ ਵੀ ਚੜ੍ਹਾ ਲੈਂਦਾ ਹੈ। ਇਸ ਵਰਗ ਦੇ ਰੰਗਾਂ ਵਿਚ ਕੱਪੜੇ ਪ੍ਰਤੀ ਸਿੱਧੀ ਖਿੱਚ ਨਹੀਂ ਹੁੰਦੀ। ਰੰਗਸਥਾਪਕ ਅਤੇ ਸਮਾਨ ਖਾਰੇ ਰੰਗ ਭਾਵੇਂ ਸੂਤੀ ਰੇਸ਼ੇ ਉੱਤੇ ਸਿੱਧੇ ਨਹੀਂ ਚੜ੍ਹਦੇ ਤਾਂ ਵੀ ਇਨ੍ਹਾਂ ਨੂੰ ਇਸ ਪ੍ਰਥਾ ਵਿਚ ਸ਼ਾਮਲ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਰੰਗਾਂ ਨੂੰ ਕੁਝ ਅਜਿਹੇ ਰਸਾਇਣਿਕ ਪਦਾਰਥਾਂ ਨਾਲ ਛਾਪਿਆ ਜਾਂਦਾ ਹੈ ਜਿਨ੍ਹਾਂ ਦਾ ਰੰਗਸਥਾਪਕ ਪਹਿਲਾਂ ਕਿਰਿਆ ਰਹਿਤ ਹੁੰਦਾ ਹੈ ਪਰੰਤੂ ਭਾਫ਼ ਲੱਗਣ ਨਾਲ ਕਿਰਿਆਸ਼ੀਲ ਹੋ ਕੇ ਰੰਗਸਥਾਪਕ ਅਤੇ ਰੰਗ ਦੋਵੇਂ ਨਾਲੋ ਨਾਲ ਰੇਸ਼ੇ ਉੱਤੇ ਚੜ੍ਹ ਜਾਂਦੇ ਹਨ। ਇਸ ਪ੍ਰਥਾ ਵਿਚ ਵਰਤੇ ਜਾਂਦੇ ਰੰਗਾਂ ਨੂੰ ਵਰਤਣ ਦਾ ਢੰਗ ਵੀ ਭਿੰਨ-ਭਿੰਨ ਵਰਗ ਦੇ ਰੰਗਾਂ ਅਨੁਸਾਰ ਵੱਖ-ਵੱਖ ਹੁੰਦਾ ਹੈ। ਉਦਾਹਰਣ ਵਜੋਂ ਪ੍ਰਤੱਖ ਰੰਗਾਂ ਨਾਲ ਸੋਡਾ ਫ਼ਾੱਸਫ਼ੇਟ, ਕੁੰਡ ਰੰਗਾਂ ਨਾਲ ਅਵਕਰਨੀ ਪਦਾਰਥ (ਜਿਵੇਂ ਸੋਡੀਅਮ ਸਲਫ਼ਾੱਕਸੀਲੇਟ ਫ਼ਾੱਰਮ-ਐਲਡਿਹਾਈਡ ਜਾਂ ਆਈ. ਸੀ. ਆਈ. ਦੁਆਰਾ ਬਣਾਇਆ ਫ਼ਾੱਰਮੋਸਲ) ਅਤੇ ਖਾਰ ਵਰਗੇ ਪੋਟਾਸ਼ੀਅਮ ਕਾਰਬੋਨੇਟ ਰੰਗ ਨੂੰ ਵਧੀਆ ਰੂਪ ਦੇਣ ਲਈ ਜ਼ਰੂਰੀ ਹੈ।

ਇਸ ਪ੍ਰਥਾ ਵਿਚ ਭਾਫ਼ ਦਾ ਮਹੱਤਵ ਮੁੱਖ ਹੈ। ਐਜ਼ੋਇਕ ਰੰਗਾਂ ਨੂੰ ਛੱਡ ਕੇ ਬਾਕੀ ਸਭ ਰੰਗਾਂ ਨਾਲ ਭਾਫ਼ ਦੇਣਾ ਜ਼ਰੂਰੀ ਹੈ। ਐਜ਼ੋਇਕ ਦੇ ਰੈਪਿਡੋਜ਼ਾੱਲ ਨੂੰ ਵੀ ਭਾਫ਼ ਦੇ ਕੇ ਵਿਕਸਿਤ ਕੀਤਾ ਜਾਂਦਾ ਹੈ। ਰੈਪਿਡੋਜਨ ਰੰਗਾਂ ਨੂੰ ਤੇਜ਼ਾਬੀ ਭਾਫ਼ ਨਾਲ ਸਾਧਿਆ ਜਾਂਦਾ ਹੈ। ਰੈਪਿਡਫਾਸਟ ਰੰਗਾਂ ਦੀ ਛਪਾਈ ਤੋਂ ਪਿੱਛੋਂ ਕੱਪੜੇ ਨੂੰ ਦੋ ਤਿੰਨ ਵਾਰ ਹਵਾ ਵਿਚ ਲਟਕਾ ਕੇ, ਭਾਫ਼ ਦੇ ਕੇ ਜਾਂ ਉਬਲਦੇ ਹੋਏ ਹਲਕੇ ਕਾਰਬਨੀ ਤੇਜ਼ਾਬ ਦੇ ਮਿਸ਼ਰਣ ਵਿਚ ਪਾਇਆ ਜਾ ਸਕਦਾ ਹੈ। ਰੰਗ ਅਤੇ ਉਸ ਦੇ ਨਾਲ ਆਪਣੇ ਆਪ ਉਤਪੰਨ ਹੋਏ ਰਸਾਇਣਿਕ ਪਦਾਰਥ ਗਾੜ੍ਹੇ ਪਦਾਰਥ ਵਿਚ ਮਿਲਾ ਕੇ ਕੱਪੜੇ ਉੱਤੇ ਹੱਥ ਠੱਪੇ, ਸਕਰੀਨ, ਸਟੈਂਸਿਲ ਜਾਂ ਰੋਲਰ ਪ੍ਰਿੰਟਿੰਗ ਯੰਤਰ ਨਾਲ ਛਾਪ ਦਿੱਤੇ ਜਾਂਦੇ ਹਨ। ਮਗਰੋਂ ਕੱਪੜੇ ਨੂੰ ਸੁਕਾ ਕੇ ਘਰੇਲੂ ਵਾਸ਼ਪ ਯੰਤਰ ਵਿਚ ਇਕ ਘੰਟੇ ਤੱਕ ਅਤੇ ਤੇਜ਼ ਭਾਫ਼ ਵਾਲੇ ਕਮਰੇ ਵਿਚ ਤਿੰਨ ਤੋਂ ਲੈ ਕੇ ਸੱਤ ਮਿੰਟ ਤੱਕ ਭਾਫ਼ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਕੱਪੜੇ ਉੱਤੇ ਰੰਗ ਚੜ੍ਹਾ ਕੇ ਫਿਰ ਉਸ ਨਾਲ ਲਿਪਟਿਆ ਰੰਗ ਸਾਬਣ ਨਾਲ ਕੱਢ ਦਿੱਤਾ ਜਾਂਦਾ ਹੈ। ਕਈ ਵਾਰੀ ਇਸ ਤੋਂ ਪਹਿਲਾਂ ਕੁੰਡ ਰੰਗਾਂ ਵਿਚ ਆੱਕਸੀਕਰਨ ਅਤੇ ਬੇਸਿਕ ਰੰਗਾਂ ਵਿਚ ਸਥਾਈਕਰਨ ਕਿਰਿਆ ਕਰ ਲੈਣਾ ਜ਼ਰੂਰੀ ਹੈ, ਨਹੀਂ ਤਾਂ ਰੰਗ ਫਿੱਕਾ ਚੜ੍ਹੇਗਾ ਅਤੇ ਪੱਕਾ ਵੀ ਨਹੀਂ ਹੋਵੇਗਾ।

**ਛਪਾਈ ਦੀ ਰੰਗਾਈ ਪ੍ਰਥਾ**— ਇਹ ਆਪਣੇ ਦੇਸ਼ ਦੀ ਸਭ ਤੋਂ ਪੁਰਾਣੀ ਛਪਾਈ ਪ੍ਰਥਾ ਹੈ ਜਿਹੜੀ ਕੁਝ ਸਮਾਂ ਪਹਿਲਾਂ ਸੰਸਾਰ ਦੇ ਅਨੇਕ ਦੇਸ਼ਾਂ ਵਿਚ ਪੂਰੀ ਤਰ੍ਹਾਂ ਪ੍ਰਚੱਲਤ ਸੀ। ਅੱਜ ਵੀ "ਰਾਮਨਾਮੀ" ਕੱਪੜੇ ਦੀ ਛਪਾਈ ਮਥਰਾ ਅਤੇ ਇਸ ਦੇ ਆਸਪਾਸ ਦੇ ਜ਼ਿਲ੍ਹਿਆਂ ਵਿਚ ਇਸੇ ਢੰਗ ਨਾਲ ਕੀਤੀ ਜਾਂਦੀ ਹੈ। ਛਪਾਈ ਤੋਂ ਪਹਿਲਾਂ ਕੱਪੜੇ ਉੱਤੇ ਰੰਗਸਥਾਪਕ ਲਾਇਆ ਜਾਂਦਾ ਹੈ। ਰੰਗਸਥਾਪਕ ਨੂੰ ਉਚਿੱਤ ਰਸਾਇਣਿਕ ਪਦਾਰਥਾਂ ਨਾਲ ਕਿਰਿਆ ਰਹਿਤ ਕਰਕੇ ਕੱਪੜੇ ਉੱਤੇ ਸਥਾਪਿਤ ਕਰਨ ਮਗਰੋਂ ਇਸ ਨੂੰ ਧੋਇਆ ਜਾਂਦਾ ਹੈ। ਫਿਰ ਗਿੱਲੀ ਹਾਲਤ ਵਿਚ ਹੀ ਰੰਗਣ ਵਾਲੇ ਭਾਂਡੇ ਵਿਚ ਉਚਿੱਤ ਢੰਗ ਨਾਲ ਲੋੜੀਂਦਾ ਰੰਗ ਚਾੜ੍ਹਿਆ ਜਾਂਦਾ ਹੈ। ਰੰਗਸਥਾਪਕ ਡਿਜ਼ਾਈਨ ਅਨੁਸਾਰ ਲਾਇਆ ਜਾਂਦਾ ਹੈ। ਚਾਰ ਰੰਗਾਂ ਦੇ ਡਿਜ਼ਾਈਨ ਲਈ ਚਾਰ ਰੰਗਸਥਾਪਕ ਲਾਉਣੇ ਪੈਂਦੇ ਹਨ ਕਿਉਂਕਿ ਰੰਗ ਕੇਵਲ ਰੰਗਸਥਾਪਕ ਸਥਾਨ ਉੱਤੇ ਹੀ ਚੜ੍ਹਦਾ ਹੈ। ਇਨ੍ਹਾਂ ਦਾ ਲੇਪ ਰੰਗਹੀਨ ਹੁੰਦਾ ਹੈ, ਇਸ ਲਈ ਨੀਲ ਦੀ ਵਰਤੋਂ ਪਾਰਦਰਸ਼ਕ ਵਜੋਂ ਕੀਤੀ ਜਾਂਦੀ ਹੈ।

ਬਨਸਪਤ ਰੰਗਕ ਪਦਾਰਥਾਂ ਵਿਚ ਮਜੀਠ ਅਤੇ ਆਲ ਦੀ ਵਰਤੋਂ ਇਸ ਛਪਾਈ ਵਿਚ ਜ਼ਰੂਰੀ ਹੈ। ਅੱਜਕਲ੍ਹ ਮਜੀਠ ਦੀ ਥਾਂ ਸੰਸ਼ਲਿਸ਼ਟ ਐਲਿਜ਼ਰੀਨ ਵਰਤੀ ਜਾਂਦੀ ਹੈ। ਇਨ੍ਹਾਂ ਰੰਗਕ ਪਦਾਰਥਾਂ ਨਾਲ ਮਿਲਕੇ ਫਟਕੜੀ ਲਾਲ ਰੰਗ, ਸੋਡੀਅਮ ਬਾਈਕ੍ਰੋਮੇਟ ਤੇ ਸਟੈਨਸ ਕਲੋਰਾਈਡ ਨਾਰੰਗੀ ਰੰਗ ਅਤੇ ਹੀਰਾ ਕਸੀਸ ਵੈਂਗਣੀ ਰੰਗ ਤੇ ਕਾਲਾ ਰੰਗ ਉਤਪੰਨ

ਕਰਦੇ ਹਨ। ਫਟਕੜੀ ਅਤੇ ਹੀਰਾ ਕਸੀਸ ਨੂੰ ਮਿਲਾ ਕੇ ਉਨਾਭੀ ਰੰਗਤ ਤੋਂ ਲੈ ਕੇ ਕਸੀਸ ਵਧਾਉਣ ਨਾਲ ਚਾਕਲੇਟ ਰੰਗ ਤੱਕ ਪ੍ਰਾਪਤ ਕੀਤਾ ਜਾ ਸਕਦਾ ਹੈ। ਰੰਗਸਥਾਪਕ ਛਪਾਈ ਮਗਰੋਂ ਰੰਗਾਈ ਕਰਕੇ ਅਤੇ ਸਾਬਣ ਨਾਲ ਧੋ ਕੇ ਸੁਕਾਇਆ ਜਾਂਦਾ ਹੈ। ਇਹ ਰੰਗ ਰੌਸ਼ਨੀ ਅਤੇ ਧੁਆਈ ਆਦਿ ਲਈ ਚੰਗੇ ਪੱਕੇ ਹੁੰਦੇ ਹਨ ਅਤੇ ਇਨ੍ਹਾਂ ਦੀ ਚਮਕ ਵੀ ਵਧੀਆ ਹੁੰਦੀ ਹੈ। ਇਸ ਪ੍ਰਥਾ ਵਿਚ ਕੁਝ ਵਿਸ਼ੇਸ਼ ਕਿਰਿਆਵਾਂ ਲਈ ਕਠੋਰ ਪਾਣੀ ਲਾਹੇਵੰਦ ਹੈ ਪਰੰਤੂ ਆਮ ਲਈ ਹਾਨੀਕਾਰਕ ਹੈ।

**ਰੰਗ-ਕਾਟ ਛਪਾਈ—** ਇਸ ਛਪਾਈ ਵਿਚ ਪਹਿਲਾਂ ਕੱਪੜੇ ਨੂੰ ਕਿਸੇ ਰੰਗ ਵਿਚ ਆਮ ਵਾਂਗ ਰੰਗਣਾ ਹੁੰਦਾ ਹੈ। ਇਸ ਕਿਰਿਆ ਤੋਂ ਬਾਅਦ ਕੱਪੜੇ ਉੱਤੇ ਡਿਜ਼ਾਈਨ ਅਨੁਸਾਰ ਰੰਗ-ਕਾਟ ਲਾਇਆ ਜਾਂਦਾ ਹੈ। ਸੁਕਾ ਕੇ ਭਾਫ਼ ਦਿੱਤੀ ਜਾਂਦੀ ਹੈ, ਘਰੇਲੂ ਭਾਫ਼ ਯੰਤਰ ਵਿਚ ਇਕ ਘੰਟਾ ਅਤੇ ਚਲਦੀ ਭਾਫ਼ ਵਾਲੇ ਕਮਰੇ ਵਿਚ ਤਿੰਨ ਤੋਂ ਦਸ ਮਿੰਟ ਸਮਾਂ ਦਿੱਤਾ ਜਾਂਦਾ ਹੈ। ਇਸੇ ਦੌਰਾਨ ਰੰਗ-ਕਾਟ ਕਿਰਿਆ ਪੂਰੀ ਹੁੰਦੀ ਹੈ। ਇਸ ਤੋਂ ਬਾਅਦ ਮਾਲ ਨੂੰ ਬਾਹਰ ਕੱਢ ਕੇ ਹਵਾ ਵਿਚ ਸੁਕਾ ਕੇ ਆੱਕਸੀਕਰਨ ਆਦਿ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਆਖੀਰ ਵਿਚ ਸਾਬਣ ਨਾਲ ਧੋ ਕੇ ਕੱਪੜੇ ਨੂੰ ਚੰਗੀ ਤਰ੍ਹਾਂ ਸਾਫ਼ ਕਰ ਦਿੱਤਾ ਜਾਂਦਾ ਹੈ। ਕੱਪੜਾ ਰੰਗੀਨ ਹੁੰਦਾ ਹੈ। ਜੇਕਰ ਇਕੱਲੇ ਰੰਗ-ਕਾਟ ਦੀ ਹੀ ਵਰਤੋਂ ਕੀਤੀ ਜਾਵੇਗੀ ਤਾਂ ਰੰਗੀਨ ਪਿੱਠ-ਭੂਮੀ ਉੱਤੇ ਚਿੱਟੇ ਡਿਜ਼ਾਇਨ ਹੋਣਗੇ ਜਿਹੜੇ ਗੋਲ ਬੂੰਦਾਂ ਦੀ ਤਰ੍ਹਾਂ ਦਿਖਣਗੇ। ਇਸ ਨੂੰ ਚਿੱਟਾ ਕਟਾਉ ਕਿਹਾ ਜਾਵੇਗਾ। ਰੰਗੀਨ ਕਟਾਉ ਲਈ ਕਟਾਉਕਾਰਕ ਵਿਚ ਅਜਿਹੇ ਰੰਗਕ ਪਦਾਰਥ ਉੱਚਿਤ ਅਨੁਪਾਤ ਵਿਚ ਮਿਲਾ ਦਿੱਤੇ ਜਾਂਦੇ ਹਨ ਜੋ ਕੱਪੜੇ ਦੇ ਰੰਗ ਨੂੰ ਵਾਸ਼ਪਣ ਵਿਚ ਕੱਟ ਦੇਣ।

ਕਟਾਉਕਾਰਕ ਤਿੰਨ ਤਰ੍ਹਾਂ ਦੇ ਹੁੰਦੇ ਹਨ। ਇਕ ਤਾਂ ਆੱਕਸੀਕਾਰਕ ਜਿਵੇਂ ਬਾਈਕ੍ਰੋਮੇਟ, ਨਾਈਟ੍ਰੇਟ, ਕਲੋਰੇਟ, ਬ੍ਰੋਮੇਟ ਆਦਿ। ਇਨ੍ਹਾਂ ਦੇ ਅਸਰ ਨੂੰ ਵਧਾਉਣ ਲਈ ਆੱਕਸੀਜਨ ਵਾਹਕਾਂ ਜਾਂ ਉਤਪ੍ਰੇਰਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦੂਸਰੇ ਕਟਾਉ ਪਦਾਰਥ ਅਵਕਾਰਕ ਹੁੰਦੇ ਹਨ ਜਿਵੇਂ ਸਟੈਨਸ ਕਲੋਰਾਈਡ, ਹਾਈਡ੍ਰੋਸਲਫਾਈਟ ਅਤੇ ਸਲਫੌਕਸੀਲੇਟ ਫ਼ਾੱਰਮ ਐਲਡਿਹਾਈਡ ਅਤੇ ਆਈ. ਸੀ. ਆਈ. ਦੀ ਬਣੀ ਵਪਾਰਕ ਫ਼ਾੱਰਮੋਸਲ ਜਾਂ ਆਈ. ਜੀ. ਮਾਰਕ ਰੰਗੋਲਾਈਟ ਸੀ ਆਦਿ। ਇਨ੍ਹਾਂ ਦੇ ਅਸਰ ਨੂੰ ਵਧਾਉਣ ਲਈ ਐਂਥਰਾਕੁਇਨੋਨ ਲੇਪ ਅਤੇ ਲਿਊਕੋਟ੍ਰੋਪ ਡਬਲਯੂ ਨੂੰ ਕਟਾਉ ਕਾਰਕ ਵਿਚ ਮਿਲਾਉਣਾ ਪੈਂਦਾ ਹੈ। ਤੀਜੀ ਕਿਸਮ ਦੇ ਕਟਾਉ ਪਦਾਰਥ ਤੇਜ਼ਾਬ ਹੁੰਦੇ ਹਨ ਜਿਹੜੇ ਆਮ ਕਰਕੇ ਖਣਿਜ ਰੰਗਾਂ ਦੀ ਕਟਾਈ ਲਈ ਹੀ ਵਰਤੇ ਜਾਂਦੇ ਹਨ।

**ਪ੍ਰਤਿਰੋਧ ਛਪਾਈ ਪ੍ਰਥਾ**—ਇਸ ਵਿਧੀ ਵਿਚ ਕੱਪੜੇ ਉੱਤੇ ਪ੍ਰਤਿਰੋਧ ਕਾਰਕ ਪਹਿਲਾਂ ਹੀ ਲਾ ਲਿਆ ਜਾਂਦਾ ਹੈ ਅਤੇ ਮਗਰੋਂ ਸੁਕਾਉਣ ਬਾਅਦ ਰੰਗਾਈ ਕੀਤੀ ਜਾਂਦੀ ਹੈ। ਪ੍ਰਤਿਰੋਧੀ ਥਾਵਾਂ ਛੱਡ ਕੇ ਬਾਕੀ ਸਾਰੇ ਕੱਪੜੇ ਉੱਤੇ ਰੰਗ ਚੜ੍ਹ ਜਾਂਦਾ ਹੈ। ਪ੍ਰਤਿਰੋਧਕ ਵਿਚ ਰੰਗ ਮਿਲਾ ਕੇ ਚਿਤਰਿਆ ਜਾਣ ਅਤੇ ਝਟ ਰੰਗਾਈ ਕਰਨ ਨਾਲ ਰੰਗੀਨ ਪ੍ਰਤਿਰੋਧਨ ਪ੍ਰਾਪਤ ਹੁੰਦਾ ਹੈ। ਇਹ ਪ੍ਰਤਿਰੋਧਕ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਤਾਂ ਯੰਤ੍ਰਿਕ ਜਿਹੜੇ ਅਪਰਵਰਤਿਤ ਭੌਤਿਕ ਰੂਪ ਤੋਂ ਬਿਨਾਂ ਕਿਸੇ ਤਬਦੀਲੀ ਵਿਚ ਕੰਮ ਆਉਂਦੇ ਹਨ ਜਿਵੇਂ ਮੋਮ, ਬਰੋਜ਼ਾ, ਚੀਨੀ-ਮਿੱਟੀ, ਜਿਸਤ ਆੱਕਸਾਈਡ, ਚਰਬੀ, ਬੇਰੀਅਮ ਸਲਫ਼ੇਟ ਆਦਿ। ਬਾਟਿਕ ਅਤੇ ਬੰਧਨੀ ਦੀ ਛਪਾਈ ਇਸੇ ਸ਼੍ਰੇਣੀ ਵਿਚ ਆਉਂਦੀ ਹੈ ਪਰ ਇਨ੍ਹਾਂ ਪਦਾਰਥਾਂ ਨੂੰ ਰਸਾਇਣਿਕ ਪ੍ਰਤਿਰੋਧਕਾਂ ਦੇ ਨਾਲ ਵੀ ਮਿਲਾਇਆ ਜਾਂਦਾ ਹੈ। ਰਸਾਇਣਿਕ ਪ੍ਰਤਿਰੋਧਕ ਚਾਰ ਕਿਸਮ ਦੇ ਹੁੰਦੇ ਹਨ—(1) ਅਣਕਾਰਕ ਜਿਵੇਂ ਸੋਡੀਅਮ ਜਾਂ ਪੋਟਾਸ਼ੀਅਮ ਸਲਫ਼ਾਈਟ, ਸੋਡੀਅਮ ਜਾਂ ਪੋਟਾਸ਼ੀਅਮ ਬਾਈਸਲਫ਼ਾਈਟ, ਸਨੈਟਸ ਕਲੋਰਾਈਡ ਹਾਈਡ੍ਰੋਸਲਫ਼ਾਈਟ ਫੱਰਮੋਸਲ ਆਦਿ, (2) ਆੱਕਸੀਕਾਰਕ, ਜਿਵੇਂ ਅਮੋਨੀਆ ਕਲੋਰੇਟ, ਸੋਡਾ ਬਾਈਕ੍ਰੋਮੇਟ, ਸੋਡੀਅਮ ਕਲੋਰੇਟ, ਅਮੋਨੀਅਮ, ਵੈਨਡੇਟ ਆਦਿ, (3) ਖਾਰ, ਜਿਵੇਂ ਦਾਹਕ ਸੋਡਾ, ਸੋਡਾ ਐਸ਼ ਅਤੇ ਪੋਟਾਸ਼ੀਅਮ ਕਾਰਬੋਨੇਟ ਆਦਿ ਅਤੇ (4) ਤੇਜ਼ਾਬ ਜਿਵੇਂ ਸਿਟ੍ਰਿਕ ਟਾਰਟਰਿਕ, ਟੈਨਿਕ ਅਤੇ ਆੱਕਸੈਲਿਕ ਐਸਿਡ। ਇਨ੍ਹਾਂ ਤੋਂ ਇਲਾਵਾ ਕੁਝ ਅਜਿਹੇ ਧਾਤੂ-ਲੂਣ ਵੀ ਹੁੰਦੇ ਹਨ ਜੋ ਭਾਫ਼ ਵਿਚ ਵਿਘਟਿਤ ਹੋ ਕੇ ਤੇਜ਼ਾਬ ਬਣਾਉਂਦੇ ਹਨ। ਜੇ ਪ੍ਰਤਿਰੋਧਕ ਚਿੱਟਾ ਹੋਵੇ ਤਾਂ ਕੱਪੜੇ ਨੂੰ ਸੁਕਾ ਕੇ ਪੈਡਿੰਗ ਦੁਆਰਾ ਇਸ ਤਰ੍ਹਾਂ ਰੰਗਦੇ ਹਨ ਕਿ ਕੱਪੜਾ ਕੇਵਲ ਦੋਹਾਂ ਬੇਲਨਾਂ ਵਿਚੋਂ ਦੀ ਜਾਂਦਾ ਹੈ ਅਤੇ ਹੇਠਲੇ ਰੋਲਰ ਉੱਤੇ ਇਕ ਕੱਪੜਾ ਲਪੇਟ ਦਿੱਤਾ ਜਾਂਦਾ ਹੈ।

ਐਨਿਲੀਨ ਵਾਲੇ ਮਾਲ ਨੂੰ ਭਾਫ਼ ਦੇ ਕੇ ਸਾਧਾਰਣ ਆੱਕਸੀਕਰਨ ਮਗਰੋਂ ਪਾਣੀ ਤੇ ਸਾਬਣ ਆਦਿ ਨਾਲ ਸਾਫ਼ ਕੀਤਾ ਜਾਂਦਾ ਹੈ। ਜਦੋਂ ਪ੍ਰਤਿਰੋਧਕ ਵਿਚ ਵੈਟ ਰੰਗ ਮਿਲਿਆ ਹੋਵੇ ਤਾਂ ਛਪਾਈ ਤੋਂ ਬਾਅਦ ਉਸ ਨੂੰ ਭਾਫ਼ ਦੇ ਕੇ ਸਥਾਈ ਕਰ ਲੈਣਾ ਚਾਹੀਦਾ ਹੈ। ਇਸ ਤੋਂ ਮਗਰੋਂ ਜੇ ਐਨਿਲੀਨ ਕਾਲੇ ਰੰਗ ਦਾ ਹੋਵੇ ਤਾਂ ਉਸ ਅਨੁਸਾਰ ਰੰਗਣ ਵਾਲੇ ਬਰਤਨ ਵਿਚ ਸੰਜੋਗਾਂ ਨਾਲ ਪੈਡਿੰਗ ਆਦਿ ਕਰਕੇ ਬਾਕੀ ਕਿਰਿਆਵਾਂ ਕਰਨੀਆਂ ਪੈਂਦੀਆਂ ਹਨ।

ਯੰਤ੍ਰਿਕ ਪ੍ਰਤਿਰੋਧਕਾਂ ਦੀ ਵਰਤੋਂ ਸੁਤੰਤਰ ਰੂਪ ਨਾਲ ਬੰਧਨੀ ਅਤੇ ਬਾਟਿਕ ਦੀ ਛਪਾਈ ਵਿਚ ਹੁੰਦੀ ਹੈ। ਬੰਧਨੀ ਵਿਚ ਕੱਪੜੇ ਨੂੰ ਡਿਜ਼ਾਈਨ ਅਨੁਸਾਰ ਸਿਰਫ਼ ਪਤਲੀ ਡੋਰੀ ਨਾਲ ਬੰਨ੍ਹ ਕੇ ਰੰਗਾਈ ਕੀਤੀ ਜਾਂਦੀ ਹੈ। ਕਈ ਰੰਗ ਲਾਉਣ ਲਈ ਇਹ ਕਿਰਿਆ ਕਈ ਵਾਰ ਵਿਚ ਪੂਰੀ ਕੀਤੀ ਜਾਂਦੀ ਹੈ। ਜਦੋਂ ਰੰਗਾਈ ਠੰਢੇ ਵਿਚ ਕਰਨੀ ਹੋਵੇ ਤਾਂ ਰੱਸੀ ਨੂੰ ਮੋਮ ਲਾ ਕੇ ਜਲ-ਸਹਿ ਬਣਾ ਲਿਆ ਜਾਂਦਾ ਹੈ। ਉੱਚਿਤ ਰੰਗਾਈ ਦੇ ਢੰਗਾਂ ਨਾਲ ਰੰਗਾਈ ਕੀਤੀ ਜਾਂਦੀ ਹੈ। ਇਸ ਪ੍ਰਥਾ ਦੀ ਵਰਤੋਂ ਜੈਪੁਰ, ਜੋਧਪੁਰ ਆਦਿ ਰਾਜਸਥਾਨੀ ਸ਼ਹਿਰਾਂ ਵਿਚ ਵਧੇਰੇ ਕੀਤੀ ਜਾਂਦੀ ਹੈ। ਪ੍ਰਸਿੱਧ ਜੈਪੁਰੀ ਸਾੜ੍ਹੀਆਂ ਇਸੇ ਢੰਗ ਨਾਲ ਰੰਗੀਆਂ ਜਾਂਦੀਆਂ ਹਨ।

**ਬਾਟਿਕ**—ਸ਼ਾਇਦ ਇਹ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਵਾਰਤਿਕ' ਤੋਂ ਬਣਿਆ ਹੈ ਜਿਸ ਦਾ ਅਰਥ ਬੱਤੀ ਹੁੰਦਾ ਹੈ। ਇਸ ਕਿਰਿਆ ਵਿਚ ਵਰਤੀ ਜਾਂਦੀ ਮੋਮਬੱਤੀ ਦੇ ਅਧਾਰ ਤੇ ਇਹ ਨਾਂ ਪਿਆ ਹੈ। ਕੱਪੜੇ ਨੂੰ ਮੋਮ ਲਾ ਕੇ ਬੱਤੀ ਵਾਂਗ ਲਪੇਟ ਕੇ ਰੰਗਾਈ ਲਈ ਝੁਰੜੀਆਂ ਪਾਈਆਂ ਜਾਂਦੀਆਂ ਹਨ। ਇਸ ਢੰਗ ਨਾਲ ਛਪਿਆ ਕੱਪੜਾ ਬੜਾ ਦਿੱਲ-ਖਿੱਚਵਾਂ ਅਤੇ ਸੋਹਣਾ ਹੁੰਦਾ ਹੈ। ਵਪਾਰਕ ਕੱਪੜੇ ਛਪ ਕੇ ਜਾਵਾ, ਸੁਮਾਟਰਾ ਆਦਿ ਵਿਚ ਤਿਆਰ ਹੁੰਦੇ ਹਨ, ਭਾਰਤ ਵਿਚ ਨਹੀਂ।

ਇਸ ਛਪਾਈ ਵਿਚ ਰੰਗ ਨੂੰ ਕੱਪੜੇ ਉੱਤੇ ਪਹੁੰਚਣ ਤੋਂ ਰੋਕਣ ਲਈ ਮੋਮ, ਰਾਲ, ਚੌਲ, ਮੈਦੇ ਜਾਂ ਨਿਸ਼ਾਸਤੇ ਦੀ ਲੇਵੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪਦਾਰਥ ਠੰਢੇ ਹੋ ਕੇ ਜੰਮ ਕੇ ਪ੍ਰਤਿਰੋਧਕ ਦਾ ਕੰਮ ਕਰਦੇ ਹਨ। ਇਨ੍ਹਾਂ ਨੂੰ ਕੱਪੜੇ ਉੱਤੇ ਭਿੰਨ-ਭਿੰਨ ਢੰਗਾਂ ਨਾਲ ਲਾਇਆ ਜਾਂਦਾ ਹੈ। ਇਨ੍ਹਾਂ ਢੰਗਾਂ ਵਿਚੋਂ ਪ੍ਰਚੱਲਤ ਤਾਂਬੇ ਦਾ ਇਕ ਛੋਟਾ ਗੜਵਾ ਹੁੰਦਾ ਹੈ ਜਿਸ ਵਿਚ ਕਈ ਪਤਲੀਆਂ ਟੇਢੀਆਂ ਟੂਟੀਆਂ (ਫੁਹਾਰੇ) ਹੁੰਦੀਆਂ ਹਨ। ਇਸ ਨਾਲ ਕੱਪੜੇ ਉੱਤੇ ਬਹੁਤ ਬਾਰੀਕੀ ਨਾਲ ਮੋਮ ਦੁਆਰਾ ਚਿੱਤਰ ਬਣਾਇਆ ਜਾ ਸਕਦਾ ਹੈ। ਕਈ ਵਾਰੀ ਕੂਚੀਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਕਈ ਵਾਰ ਕੱਪੜੇ ਉੱਤੇ ਮੋਮ ਲਾ ਕੇ ਸੂਈ ਨਾਲ ਛੇਕ ਕਰਦੇ ਹੋਏ ਚਿੱਤਰ ਬਣਾਏ ਜਾਂਦੇ ਹਨ। ਭਿੰਨ ਭਿੰਨ ਕਿਸਮ ਦੀ ਸੈਂਟੀਸਿਲਾਂ ਦੀ ਮੱਦਦ ਨਾਲ ਵੀ ਚਿੱਤਰ ਬਣਾਏ ਜਾਂਦੇ ਹਨ। ਅੱਜਕਲ੍ਹ ਲੱਕੜੀ ਦੇ ਠੱਪਿਆਂ ਵਿਚ ਤਾਂਬੇ ਦੀਆਂ ਪੱਤੀਆਂ ਲਾ ਕੇ ਉਤਪਾਦਨ ਵਧਾਉਣ ਦੀ ਕੋਸ਼ਿਸ਼ ਸਫ਼ਲ ਰਹੀ ਹੈ। ਇਨ੍ਹਾਂ ਉਪਕਰਣਾਂ ਨੂੰ ਰੰਗਾਈ ਕਿਰਿਆ ਦਾ ਮੁੱਢਲਾ ਸਾਧਨ ਕਿਹਾ ਜਾ ਸਕਦਾ ਹੈ। ਰੰਗਾਈ ਕਈ ਵਾਰੀਆਂ ਵਿਚ ਪੂਰੀ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਵਾਰ-ਵਾਰ ਹੁੰਦੀ ਹੈ। ਕਦੇ-ਕਦੇ ਇਕ ਵਾਰ ਰੰਗਣ ਤੋਂ ਬਾਅਦ ਉਸ ਥਾਂ ਕੂਚੀ ਨਾਲ ਮੋਮ ਭਰਿਆ ਜਾਂਦਾ ਹੈ ਤਾਂ ਕਿ ਉਥੇ ਰੰਗ ਨਾ ਪਹੁੰਚ ਸਕੇ। ਫਿਰ ਰੰਗਾਈ ਦੀ ਕਿਰਿਆ ਵੀ ਦੁਹਰਾਈ ਜਾਂਦੀ ਹੈ।

ਪੁਰਾਣੇ ਸਮੇਂ ਵਿਚ ਰੰਗਾਈ ਲਈ ਸਿਰਫ਼ ਬਨਸਪਤੀ ਰੰਗ ਹੀ ਉਪਲੱਬਧ ਸਨ ਨਾ ਕਿ ਮੋਮ ਘੁਲੇ। ਇਸ ਖ਼ਿਆਲ ਨਾਲ ਰੰਗਾਈ ਠੰਢੇ ਵਿਚ ਹੀ ਕੀਤੀ ਜਾਂਦੀ ਸੀ। ਨੀਲ ਦੀਆਂ ਅਨੇਕ ਕਿਸਮਾਂ ਅਤੇ ਮਜੀਠ ਆਦਿ ਇਸੇ ਤਰ੍ਹਾਂ ਕੰਮ ਵਿਚ ਲਿਆਏ ਜਾਂਦੇ ਸਨ। ਮੋਮ ਵਗੈਰਾ ਨਾਲ ਅਲੰਕਾਰਿਤਾ ਮਗਰੋਂ ਰੰਗਾਈ ਦਾ ਢੰਗ ਉਹੀ ਹੈ ਜੋ ਆਮ ਕੱਪੜੇ ਲਈ। ਸੁਤੰਤਰ ਰੂਪ ਨਾਲ ਜਾ ਕਈ ਬਨਸਪਤੀਆਂ ਦੇ ਮਿਸ਼ਰਣ ਨਾਲ ਬਹੁਰੰਗੀਆਂ ਸ਼ੇਡਾਂ ਬਣਾਈਆਂ ਜਾਂਦੀਆਂ ਸਨ। ਫਿਰ ਵੀ ਇਹ ਰੰਗਤਾਂ ਭਾਹਾਂ ਵਿਚ ਸੀਮਿਤ ਸਨ। ਅੱਜਕਲ੍ਹ ਸੰਸ਼ਲਿਸ਼ਟ ਨੀਲ ਅਤੇ ਐਲਿਜ਼ਰੀਨ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਹੁਣ ਕਈ ਉਪਯੁਕਤ ਸੰਸ਼ਲਿਸ਼ਟ ਰੰਗਕ ਪਦਾਰਥਾਂ ਜਿਵੇਂ ਐਜ਼ੋਇਕ ਆਦਿ ਨੂੰ ਵੀ ਇਸ ਛਪਾਈ ਦੀ ਰੰਗਾਈ ਵਿਚ ਵਰਤਿਆ ਜਾਣ ਲੱਗ ਪਿਆ ਹੈ। ਵਧੇਰੇ ਕਰਕੇ ਬਨਸਪਤੀ ਰੰਗ ਰੌਸ਼ਨੀ ਅਤੇ ਧੁਆਈ ਵਿਚ ਕੱਚੇ ਹੁੰਦੇ ਹਨ। ਇਸ ਕਾਰਨ ਕਰਕੇ ਵੀ ਨਵੇਂ ਰੰਗਾਂ ਨੂੰ ਜ਼ਿਆਦਾ ਅਪਣਾਇਆ ਜਾਂਦਾ ਹੈ। ਇਨ੍ਹਾਂ ਦੀਆਂ ਰੰਗਾਈ ਕਿਰਿਆਵਾਂ ਵਧੇਰੇ ਆਸਾਨ ਹੁੰਦੀਆਂ ਹਨ।

ਬਾਟਿਕ ਕਟਾਉ ਵਿਚ ਪੋਟਾਸ਼ੀਅਮ ਪਰਮੈਂਗਨੇਟ ਦੀ ਰੀਤੀ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਕੱਪੜੇ ਨੂੰ ਨੀਲ ਵਿਚ ਰੰਗ ਕੇ ਧੋਣ ਤੇ ਸੁਕਾਉਣ ਮਗਰੋਂ ਡਿਜ਼ਾਈਨ ਅਨੁਸਾਰ ਮੋਮ ਲਾਇਆ ਜਾਂਦਾ ਹੈ। ਨਾਲ ਦੀ ਨਾਲ ਆੱਕਸੀਕਾਰਕ ਕਟਾਉ ਕਰਕੇ ਹਾਈਡ੍ਰੋ ਸਲਫ਼ਾਈਟ ਆਫ਼ ਸੋਡਾ ਦੇ ਪਤਲੇ ਮਿਸ਼ਰਣ ਵਿਚ ਪਾਉਣ ਉਪਰੰਤ ਧੋਇਆ ਜਾਂਦਾ ਹੈ। ਜਿਨ੍ਹਾਂ ਥਾਵਾਂ ਤੇ ਮੋਮ ਲੱਗਾ ਹੁੰਦਾ ਹੈ ਉੱਥੋਂ ਦਾ ਕੱਪੜਾ ਨੀਲਾ ਰਹਿੰਦਾ ਹੈ ਅਤੇ ਬਾਕੀ ਸਫ਼ੈਦ।

ਸ਼ੁਰੂ ਵਿਚ ਇਹ ਛਪਾਈ ਪ੍ਰਥਾ ਬੜੇ ਘਰਾਂ ਵਿਚ ਸਮਾਂ ਗੁਜ਼ਾਰਨ ਦਾ ਇਕ ਸਾਧਨ ਸੀ ਪਰੰਤੂ ਮਗਰੋਂ ਖ਼ਾਸ ਕਰਕੇ ਜਾਵਾ ਵਿਚ ਘਰੇਲੂ ਧੰਦੇ ਦੇ ਰੂਪ ਵਿਚ ਬੜੀ ਵੱਡੀ ਮਾਤਰਾ ਵਿਚ ਪ੍ਰਚੱਲਤ ਹੋ ਗਿਆ।

**ਧਾਤੂ ਦੀ ਛਪਾਈ ਪ੍ਰਥਾ**—ਜ਼ਰੀ ਦੀ ਬੁਣਾਈ ਵਿਚ ਸੋਨੇ ਚਾਂਦੀ ਦੀਆਂ ਤਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਕੱਪੜਿਆਂ ਦਾ ਮੁੱਲ ਬਹੁਤ ਜ਼ਿਆਦਾ ਹੁੰਦਾ ਹੈ। ਛਪਾਈ ਦੁਆਰਾ ਇਸ ਕਮੀ ਨੂੰ ਪੂਰੀ ਕਰਨ ਲਈ ਛੀਂਬਿਆਂ ਨੇ ਧਾਤੂ-ਚੂਰਨ ਕੰਮ ਵਿਚ ਲਿਆਂਦਾ ਹੈ। ਇਹ ਚੂਰਨ ਸੋਨੇ, ਚਾਂਦੀ, ਬਨਾਵਟੀ ਸੋਨੇ ਅਤੇ ਐਲੂਮਿਨੀਅਮ ਆਦਿ ਚਮਕਦਾਰ ਧਾਤਾਂ ਦੇ ਹੁੰਦੇ ਹਨ। ਇਨ੍ਹਾਂ ਨੂੰ ਕੱਪੜੇ ਉੱਤੇ ਚਿਪਕਾਉਣ ਲਈ ਲਿਥੋਫ਼ੇਨ, ਕੁਦਰਤੀ ਅਤੇ ਸੰਸ਼ਲਿਸ਼ਟ ਰਾਲ, ਰੋਗਨ, ਅਲਸੀਦਾ ਉਬਾਲਿਆ ਤੇਲ, ਵਾਰਨਿਸ਼ ਅਤੇ ਸੈਲੂਲੋਸ ਲੈਕਰ ਆਦਿ ਚੇਪਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੱਪੜੇ ਦੀ ਰੰਗਾਈ ਕਰਕੇ ਸੁਕਾਉਣ ਮਗਰੋਂ ਉਸ ਉੱਤੇ ਤਾਂਬੇ ਜਾਂ ਪੱਤਲ ਦੇ ਠੱਪਿਆਂ ਨਾਲ ਚੇਪਕ ਦਾ ਸਾਪੇਖੀ ਡਿਜ਼ਾਈਨ ਲਾਇਆ ਜਾਂਦਾ ਹੈ। ਇਸ ਦੇ ਉਪਰ ਪਤਲੇ ਕੱਪੜੇ ਦੀ ਪੋਟਲੀ ਵਿਚ ਬੰਨ੍ਹ ਕੇ ਧਾਤੂ-ਚੂਰਨ ਨੂੰ ਹੌਲੀ-ਹੌਲੀ ਛਿੜਕਿਆ ਜਾਂਦਾ ਹੈ। ਇਸ ਤਰ੍ਹਾਂ ਚੇਪਕ ਉੱਤੇ ਧਾਤੂ-ਚੂਰਨ ਲਗਾ ਕੇ ਕੱਪੜੇ ਨੂੰ ਦੋ-ਤਿੰਨ ਦਿਨ ਧੁੱਪ ਅਤੇ ਛਾਂ ਵਿਚ ਲਟਕਾਉਣ ਨਾਲ ਚੇਪਕ ਸੁੱਕ ਜਾਂਦਾ ਹੈ ਅਤੇ ਚੂਰਨ ਸਥਾਈ ਹੋ ਕੇ ਪੱਕਾ ਹੋ ਜਾਂਦਾ ਹੈ।

ਅੱਜਕਲ੍ਹ ਇਨ੍ਹਾਂ ਚੇਪਕਾਂ ਦੀ ਥਾਂ ਅਜਿਹੇ ਪਦਾਰਥ ਲਏ ਜਾਂਦੇ ਹਨ ਜਿਨ੍ਹਾਂ ਤੋਂ ਕੱਪੜੇ ਉੱਤੇ ਸੰਸ਼ਲਿਸ਼ਟ ਬਰੋਜ਼ਾ ਬਣ ਜਾਂਦਾ ਹੈ ਜਿਵੇਂ ਕਿ ਫ਼ੀਨੋਲ ਅਤੇ ਫ਼ੌਰਮ-ਐਲਡਿਹਾਈਡ, ਸੋਡੀਅਮ ਐਸੀਟੇਟ ਨਾਲ। ਇਨ੍ਹਾਂ ਦੇ ਅਸਰ ਨੂੰ ਵਧੇਰੇ ਸਥਾਈ ਬਣਾਉਣ ਲਈ ਇਨ੍ਹਾਂ ਵਿਚ ਥੋੜ੍ਹੀ ਜਿਹੀ ਸੈਰੀਕੋਸ (ਇਕ ਸੀਪਾਈਲ ਸ਼ੈਲੂਲੋਸ ਯੋਗਿਕ) ਵੀ ਮਿਲਾ ਦਿੱਤੀ ਜਾਂਦੀ ਹੈ। ਭਾਫ਼ ਦੇਣ ਨਾਲ ਜੋ ਮਿਸ਼ਰਿਤ ਬਰੋਜ਼ਾ ਬਣਦਾ ਹੈ ਉਸ ਵਿਚ ਸਾਬਣ ਦੀ ਧੁਆਈ ਲਈ ਧਾਤੂ-ਚੂਰਨ ਬਹੁਤ ਪੱਕੇ ਸਥਾਪਿਤ ਹੋ ਜਾਂਦੇ ਹਨ।

ਅੱਜਕਲ੍ਹ ਉਪਰ ਦੱਸੇ ਸਿਧਾਂਤ ਦੇ ਆਧਾਰ ਤੇ ਹੀ ਫਲਾਕ ਛਪਾਈ ਦਾ ਆਵਿਸ਼ਕਾਰ ਹੋਇਆ ਹੈ। ਇਸ ਵਿਚ ਧਾਤੂ-ਚੂਰਨ ਦੀ ਥਾਂ ਰੂੰ, ਉੱਨ, ਰੇਸ਼ਮ ਅਤੇ ਰੇਅਨ ਦੇ ਇਕ ਜਾਂ ਦੋ ਮਿ. ਮੀ. ਲੰਬੇ ਅਤੇ ਲੋੜ ਅਨੁਸਾਰ ਛੋਟੇ ਜਾਂ ਵੱਡੇ ਟੁਕੜੇ ਕੱਟ ਕੇ ਕੱਪੜੇ ਉੱਤੇ ਚਿਪਕਾਏ ਜਾਂਦੇ ਹਨ। ਪੋਟਲੀ ਜਾਂ ਹੋਰ ਕਿਸੇ ਸਾਧਨ ਦੁਆਰਾ ਰੇਸ਼ਾ ਚੂਰਨ ਨੂੰ ਛਿੜਕ ਕੇ ਪਾਰਦਰਸ਼ੀ ਕੱਪੜਾ-ਭੂਮੀ ਜਿਵੇਂ, ਆਰਕੰਡੀ ਜਾਂ ਨਾਈਲਾੱਨ ਉੱਤੇ, ਇਸ ਦੀ ਛਪਾਈ ਬਹੁਤ ਸੋਹਣੀ ਅਤੇ ਦਿਲ ਖਿੱਚਵੀਂ ਹੁੰਦੀ ਹੈ। ਮਸ਼ੀਨ ਦੁਆਰਾ ਕੱਪੜੇ ਨਾਲ 90° ਦਾ ਕੋਣ ਬਣਾਉਂਦੇ ਹੋਏ ਰੇਸ਼ਿਆਂ ਅਰਥਾਤ ਵੱਡੇ ਟੁਕੜਿਆਂ ਨੂੰ ਖੜ੍ਹੇ ਲਾਉਣ ਦਾ ਰਿਵਾਜ ਵੀ ਚੱਲ ਪਿਆ ਹੈ। ਅਜਿਹੇ ਕੱਪੜੇ ਨੂੰ ਪਾਈਲ ਫ਼ੈਬਰਿਕ ਕਹਿੰਦੇ ਹਨ। ਇਹ ਦੇਖਣ ਵਿਚ ਗਲੀਚੇ ਦੇ ਕੱਪੜੇ ਵਰਗਾ ਹੁੰਦਾ ਹੈ ਉਸ ਵਿਚ ਚੁੰਬਕੀ ਖਿੱਚ ਹੁੰਦੀ, ਜਿਸ ਦੇ ਸੰਪਰਕ ਵਿਚ ਆਉਣ ਵਾਲਾ ਰੇਸ਼ਾ ਸਮੂਹ ਕੱਪੜੇ ਵਿਚ ਖੜ੍ਹਾ ਲੱਗ ਜਾਂਦਾ ਹੈ ਅਤੇ ਉੱਥੇ ਚੇਪਕ ਪਦਾਰਥ ਦੀ ਪੂਰਵ ਹੋਂਦ ਨਾਲ ਖੜ੍ਹਾ ਸਥਿਰ ਹੋ ਕੇ ਪੱਕਾ ਹੋ ਜਾਂਦਾ ਹੈ। ਇਸ ਕਲਾ ਵਿਚ ਵਰਤੋਂ ਵਾਲੇ ਚੇਪਕ ਆਧੁਨਿਕ ਹੁੰਦੇ ਹਨ ਅਤੇ ਇਹ ਸਾਬਣ ਦੀ ਧੁਆਈ ਲਈ ਤਾਂ ਪੱਕੇ ਹੁੰਦੇ ਹੀ ਹਨ ਪਰੰਤੂ ਵਧੇਰੇ ਖੁਸ਼ਕ ਧੁਆਈ ਲਈ ਵੀ ਪੱਕੇ ਹੁੰਦੇ ਹਨ। ਰੇਸ਼ੇ, ਰੇਸ਼ਿਆਂ ਦੇ ਟੁਕੜੇ ਜਾਂ ਚੂਰਨ ਚਿੱਟੇ ਅਤੇ ਰੰਗੀਨ ਕੰਮ ਲਈ ਵਰਤੇ ਜਾਂਦੇ ਹਨ। ਚਮੜੇ ਦੇ ਚੂਰਨ ਨੂੰ ਵੀ ਇਸੇ ਤਰ੍ਹਾਂ ਚਿਪਕਾ ਕੇ ਭਿੰਨ-ਭਿੰਨ ਤਰ੍ਹਾਂ ਦੀਆਂ ਸੁੰਦਰ ਅਤੇ ਆਕਰਸ਼ਕ ਵਸਤਾਂ ਵਪਾਰਕ ਪੱਧਰ ਤੇ ਬਣਾਈਆਂ ਜਾਂਦੀਆਂ ਹਨ। ਐਲੂਮਿਨੀਅਮ ਦੇ ਚੂਰਨ ਨੂੰ ਇਸੇ ਤਰੀਕੇ ਨਾਲ ਛਾਪ ਕੇ ਅੱਗ ਬੁਝਾਉਣ ਵਾਲੇ ਕਰਮਚਾਰੀਆਂ ਦੇ ਵਡਮੁੱਲੇ ਕੱਪੜੇ ਬਣਾਏ ਜਾਂਦੇ ਹਨ।

ਛਪਾਈ ਦੇ ਜਿਨ੍ਹਾਂ ਢੰਗਾਂ ਦਾ ਉਪਰ ਵਰਣਨ ਕੀਤਾ ਗਿਆ ਹੈ ਉਤਪਾਦਨ ਅਤੇ ਵਪਾਰਕ ਪੱਖੋਂ ਇਹੋ ਹੀ ਮਹੱਤਵਪੂਰਨ ਹਨ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਢੰਗ ਜਿਵੇਂ ਉਭਾਰ ਪ੍ਰਥਾ, ਜੋ ਰਸਾਇਣਿਕ ਪਦਾਰਥਾਂ ਦੇ ਅਵਖੇਪਣ ਦੁਆਰਾ ਹੁੰਦੀ ਹੈ, ਕ੍ਰੀਪਾਨ ਪ੍ਰਥਾ, ਜੋ ਦਾਹਕ ਸੋਡੇ ਦੇ ਮਰਸਰੀਕਰਨ ਸ਼ਕਤੀ ਦੀ ਘਣਤਾ ਤੋਂ ਪ੍ਰਾਪਤ ਹੁੰਦੀ ਹੈ ਅਤੇ ਧਾਰੀ ਦੀ ਛਪਾਈ, ਜੋ ਬ੍ਰੋਕੇਡ ਵਰਗੇ ਕੱਪੜੇ ਲਈ ਵੀ ਪ੍ਰਚਲਿਤ ਹੈ।

ਉਪਰੋਕਤ ਪ੍ਰਥਾਵਾਂ ਵਿਚ ਵਰਤੇ ਜਾਂਦੇ ਯੋਗਿਕਾਂ ਨੂੰ ਪਕਾਉਣ ਅਤੇ ਬਣਾਉਣ ਆਦਿ ਲਈ ਜਦੋਂ ਉਤਪਾਦਨ ਵੱਡੀ ਮਾਤਰਾ ਵਿਚ ਕੀਤਾ ਜਾਂਦਾ ਹੈ ਤਾਂ ਰੰਗਕ-ਪਦਾਰਥ ਮਿਸ਼ਰਣ ਬਰਤਨ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਦੋ-ਦੋ ਜਾਂ ਜ਼ਿਆਦਾ ਕੜਾਹੇ ਹੁੰਦੇ ਹਨ, ਜਿਨ੍ਹਾਂ ਵਿਚ ਭਾਫ਼ ਨਾਲ ਗਰਮ ਕਰਨ ਅਤੇ ਪਾਣੀ ਨਾਲ ਠੰਢਾ ਕਰਨ ਦਾ ਸਾਧਨ ਹੁੰਦਾ ਹੈ। ਇਨ੍ਹਾਂ ਵਿਚ ਯੋਗਾਂ ਨੂੰ ਚਲਾਉਣ ਲਈ ਵਿਲੋੜਕ ਵੀ ਲੱਗੇ ਹੁੰਦੇ ਹਨ। ਇਹ ਬਰਤਣ ਆਪਣੀ ਜਗ੍ਹਾ ਤੇ ਹੁੰਦੇ ਹੋਏ ਵੀ ਯੋਗਾਂ ਨੂੰ ਬਾਹਰ ਕੱਢਣ ਲਈ ਉਲਟੇ ਵੀ ਕੀਤੇ ਜਾ ਸਕਦੇ ਹਨ। ਇਕ ਵਾਰ ਵਿਚੋਂ ਲਗਭਗ 100 ਪਾਉਂਡ ਮਾੜੀ ਜਾਂ ਲੇਵੀ ਬਣਾਈ ਜਾ ਸਕਦੀ ਹੈ।

ਉਪਰ ਦੱਸੀਆਂ ਪ੍ਰਥਾਵਾਂ ਵਿਚ ਰੇਸ਼ੇ ਅਨੁਸਾਰ ਉਚਿਤ ਰੰਗ ਅਤੇ ਯੋਗਿਕ ਲੈ ਕੇ ਸੂਤੀ, ਊਨੀ, ਰੇਸ਼ਮੀ, ਅਤੇ ਰੇਅਨ ਸਭ ਤਰ੍ਹਾਂ ਦੇ ਕੱਪੜੇ ਛਾਪੇ ਜਾ ਸਕਦੇ ਹਨ। ਦਾਹਕ ਖਾਰਾਂ ਦੀ ਵਰਤੋਂ ਊਨੀ ਅਤੇ ਰੇਸ਼ਮੀ ਕੱਪੜਿਆਂ ਲਈ ਨਹੀਂ ਕੀਤੀ ਜਾਂਦੀ। ਇਨ੍ਹਾਂ ਦਾ ਮਾਧਿਅਮ ਹਮੇਸ਼ਾਂ ਤੇਜ਼ਾਬੀ ਜ਼ਰੂਰੀ ਹੈ। ਛਪਾਈ ਵਿਚ ਰੰਗਾਈ ਵਾਂਗ ਰੰਗ ਚੜ੍ਹਾਉਣਾ ਮੁੱਖ ਉਦੇਸ਼ ਹੁੰਦਾ ਹੈ। ਇਸ ਲਈ ਯੋਗਿਕ ਅਜਿਹਾ ਬਣਾਉਣਾ ਚਾਹੀਦਾ ਹੈ ਜਿਸ ਨਾਲ ਨਾ ਦਿਸਣਯੋਗ ਰੇਸ਼ੇ ਉੱਤੇ ਵੀ ਪੂਰਾ ਰੰਗ ਚੜ੍ਹ ਜਾਵੇ। ਯੋਗਿਕ ਵਿਚ ਰਸਾਇਣਿਕ ਤਰਲਾਂ ਦੀ ਮਾਤਰਾ ਘੱਟ ਜਾਂ ਵੱਧ ਕਰਨਾ ਛਪਾਈ ਕਰਨ ਵਾਲੇ ਦੀ ਇੱਛਾ ਅਨੁਸਾਰ ਹੋ ਸਕਦਾ ਹੈ। ਇਕ ਰਸਾਇਣਿਕ ਪਦਾਰਥ ਦੀ ਅਣਹੋਂਦ ਵਿਚ ਉਸ ਵਰਗੇ ਗੁਣਾਂ ਵਾਲੇ ਕਿਸੇ ਹੋਰ ਰਸਾਇਣਿਕ ਤਰਲ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰੰਤੂ

ਮੂਲ ਸਿਧਾਂਤ ਇਹ ਹੈ ਕਿ ਰੰਗ ਦੇ ਮਿਸ਼ਰਣ, ਖਿਚਾਉਪਨ ਅਤੇ ਉਸ ਦੇ ਸਥਾਈਪਨ ਆਦਿ ਵਿਚ ਫ਼ਰਕ ਨਹੀਂ ਆਉਣਾ ਚਾਹੀਦਾ।

ਹ. ਪੁ.–ਹਿੰ. ਵਿ. ਕੋ. 4 : 317

**ਛਪਾਰ ਦਾ ਮੇਲਾ** : ਛਪਾਰ, ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦਾ ਇਕ ਮਸ਼ਹੂਰ ਪਿੰਡ ਹੈ ਜੋ ਅਹਿਮਦਗੜ੍ਹ ਤੋਂ 2 ਕਿ. ਮੀ. ਅਤੇ ਲੁਧਿਆਣੇ ਤੋਂ 20 ਕੁ ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਪਿੰਡ ਦਾ ਮੇਲਾ ਪੰਜਾਬ ਦੇ ਖ਼ਾਸ ਮੇਲਿਆਂ ਜਿਵੇਂ ਮੁਕਤਸਰ ਦੀ ਮਾਘੀ, ਜਰਗ ਦਾ ਮੇਲਾ, ਅੰਮ੍ਰਿਤਸਰ ਦੀ ਦੀਵਾਲੀ, ਜਗਰਾਵਾਂ ਦੀ ਰੌਸ਼ਨੀ ਅਤੇ ਸੋਢਲ ਦਾ ਮੇਲਾ ਆਦਿ ਵਿਚੋਂ ਇਕ ਹੈ। ਇਹ ਮੇਲਾ ਦੇਸੀ ਮਹੀਨੇ ਭਾਦੋਂ ਦੀ ਚਾਨਣੀ ਚੌਦਸ ਨੂੰ ਪਿੰਡ ਦੀ ਦੱਖਣੀ ਗੁੱਠ ਵਿਚ ਟਾਹਲੀਆਂ ਦੇ ਝੁੰਡ ਵਿਚ ਬਣੀ ਗੁੱਗੇ ਦੀ ਮਾੜੀ ਤੇ ਲਗਦਾ ਹੈ। ਇਹ ਮੇਲਾ ਪੰਜਾਬ ਦਾ ਸਚਿੱਤਰ ਰੂਪ ਪੇਸ਼ ਕਰਦਾ ਹੈ। ਇਸ ਮੇਲੇ ਵਿਚ ਹਰ ਧਰਮ ਅਤੇ ਜਾਤ ਦੇ ਲੋਕ ਆਉਂਦੇ ਹਨ ਅਤੇ ਗੁੱਗੇ ਦੀ ਉੱਚੀ ਬਣੀ ਮਾੜੀ ਵਿਚੋਂ ਸੱਤ-ਸੱਤ ਵਾਰ ਮਿੱਟੀ ਕੱਢਦੇ ਹਨ। ਗੁੱਗੇ ਦੇ ਮੰਦਰ ਵਿਚ ਹਰ ਸਮੇਂ ਸੱਪ ਦੇ ਡੰਗੇ ਹੋਏ ਜਾਂ ਸੱਪਾਂ ਤੋਂ ਪੀੜਤ ਲੋਕ ਬੈਠੇ ਹੋਏ ਵਿਖਾਈ ਦਿੰਦੇ ਹਨ। ਇਹ ਲੋਕ ਇਸ ਰੋਗ ਤੋਂ ਛੁਟਕਾਰਾ ਪਾਉਣ ਦੀ ਆਸ ਵਿਚ ਇਥੇ ਆਉਂਦੇ ਹਨ। ਇਸ ਤੋਂ ਇਲਾਵਾ ਮੇਲੇ ਦੀ ਰੌਣਕ ਇਕ ਅਲੱਗ ਜਿਹੀ ਅਤੇ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ।

ਚੌਦਸ ਦੇ ਪੂਰਨ ਚੰਦ ਦੀ ਚਾਨਣੀ ਰਾਤ ਵਿਚ ਛਪਾਰ ਦੇ ਟਿੱਬਿਆਂ ਉੱਤੇ ਲਗਭਗ ਦੋ ਕਿਲੋਮੀਟਰ ਤੱਕ ਲੱਗੀਆਂ ਤੰਬੂਆਂ ਦੀਆਂ ਦੁਕਾਨਦਾਰਾਂ ਦੀਆਂ ਰੰਗ-ਬਰੰਗੀਆਂ ਹੱਟੀਆਂ, ਰਾਜਸੀ ਪਾਰਟੀਆਂ ਅਤੇ ਸਰਕਾਰ ਦੇ ਕਈ ਮਹਿਕਮਿਆਂ ਦੇ ਚੰਦੋਏ, ਸਰਕਸ ਪਾਰਟੀਆਂ ਦੇ ਸਾਏਬਾਨ, ਸਿਨੇਮਾ-ਟਾਕੀ, ਵੱਡੇ-ਵੱਡੇ ਬਿਜਲੀ ਨਾਲ ਚਲਦੇ ਝੂਲੇ ਅਤੇ ਕਈ ਕਿਸਮ ਦੇ ਜਾਦੂ-ਤਮਾਸ਼ਿਆਂ ਵਾਲੇ ਜੰਗਲ ਵਿਚ ਮੰਗਲ ਦੇ ਉਹ ਨਜ਼ਾਰੇ ਪੇਸ਼ ਕਰਦੇ ਹਨ ਕਿ ਵੱਡੇ-ਵੱਡੇ ਸ਼ਹਿਰ ਵੀ ਭੁੱਲ ਜਾਂਦੇ ਹਨ। ਲੋਕ ਚਾਲ੍ਹੀ-ਚਾਲ੍ਹੀ, ਪੰਜਾਹ-ਪੰਜਾਹ ਕਿ. ਮੀ. ਤੋਂ ਦੋ-ਦੋ ਦਿਨਾਂ ਜੋਗੀ ਚੂਰੀ, ਪੰਜੀਰੀ ਜਾਂ ਮਿੱਠੀਆਂ ਰੋਟੀਆਂ ਆਦਿ ਲੜ ਬੰਨ੍ਹ ਕੇ ਆਪੋ ਆਪਣੀ ਪਸੰਦ ਜਾਂ ਹਾਣ ਦੇ ਸਾਥੀਆਂ ਦੀਆਂ ਢਾਣੀਆਂ ਬਣਾ ਕੇ ਆਉਂਦੇ ਹਨ। ਮੇਲੇ ਵਿਚ ਪਹੁੰਚਦੇ ਹੀ 'ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼' ਵਾਲੀ ਗੱਲ ਬਣ ਜਾਂਦੀ ਹੈ। ਸਭ ਤੋਂ ਪਹਿਲਾਂ ਤਾਂ ਗੁੱਗੇ ਦੇ ਭਗਤਾਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਗੁੱਗੇ ਪੀਰ ਦੀ ਮਾੜੀ ਤੇ ਜਾ ਕੇ ਮਿੱਟੀ ਕੱਢਣ ਤੋਂ ਪਹਿਲਾਂ ਮੂੰਹ ਜੂਠਾ ਨਹੀਂ ਕਰਦੇ। ਇਨ੍ਹਾਂ ਦੀ ਹੀ ਭਾਉ-ਭਗਤੀ ਦੀ ਉਪਜ ਇਹ ਮੇਲਾ ਹੈ।

ਗੁੱਗਾ ਇਕ ਚੌਹਾਨ ਰਾਜਪੂਤ ਸੀ। ਇਸ ਦਾ ਪਿਉ ਜੈਮਲ ਬੀਕਾਨੇਰ ਦਾ ਰਾਜਾ ਸੀ ਤੇ ਇਸ ਦੀ ਮਾਂ ਬਾਛਲ ਸੀ। ਗੁੱਗੇ ਦਾ ਜਨਮ ਗੁਰੂ ਗੋਰਖ ਨਾਥ ਦੇ ਵਰ ਨਾਲ ਹੋਇਆ ਸੀ, ਜਿਸ ਲਈ ਬਾਛਲ ਨੇ ਬਾਰਾਂ ਸਾਲ ਗੋਰਖ ਨਾਥ ਦੀ ਤਪੱਸਿਆ ਕੀਤੀ ਸੀ ਪਰ ਗੁੱਗੇ ਦੇ ਪਿਉ ਜੈਮਲ ਨੂੰ ਇਸ ਦੀ ਮਾਂ ਦੇ ਆਚਰਣ ਤੇ ਸ਼ੱਕ ਹੋ ਜਾਣ ਕਰਕੇ ਉਸ ਨੇ ਗੁੱਗੇ ਨੂੰ ਸਵੀਕਾਰ ਨਾ ਕੀਤਾ ਅਤੇ ਆਪਣੇ ਮਹਿਲਾਂ ਵਿਚ ਨਾ ਵੜਨ ਦਿਤਾ। ਇਸ ਦੀ ਮਾਂ ਨੇ ਬਹੁਤ ਮਿੰਨਤਾਂ ਕੀਤੀਆਂ ਪਰ ਗੁੱਗੇ ਦੀ ਦਾਦੀ ਨਾ ਮੰਨੀ। ਅੰਤ ਗੁੱਗਾ ਜਦੋਂ ਜਵਾਨ ਹੋਇਆ ਤਾਂ ਧੱਕੇ ਨਾਲ ਹੀ ਮਹਿਲਾਂ ਵਿਚ ਆ ਵੜਿਆ ਅਤੇ ਇਸ ਦੀ ਕੁੜਮਾਈ 'ਸਿਲੀਅਰ' ਨਾਂ ਦੀ ਇਕ ਖ਼ੂਬਸੂਰਤ ਲੜਕੀ ਨਾਲ ਹੋ ਗਈ ਜਿਸ ਕਰਕੇ ਗੁੱਗੇ ਦੀ ਮਾਸੀ ਦੇ ਲੜਕੇ ਇਸ ਨਾਲ ਖਾਰ ਖਾਣ ਲੱਗੇ ਅਤੇ ਉਨ੍ਹਾਂ ਨੇ ਜ਼ਬਰਦਸਤੀ ਇਸ ਦੀ ਮੰਗ ਤੁੜਵਾ ਦਿਤੀ। ਇਸ ਤੇ ਗੁੱਗੇ ਨੇ ਅਰਾਧਨਾ ਕੀਤੀ ਅਤੇ ਇਸ ਦੀ ਸਹਾਇਤਾ ਲਈ ਨਾਗ (ਸੱਪ) ਆ ਗਏ। ਉਨ੍ਹਾਂ ਦੀ ਸਹਾਇਤਾ ਨਾਲ ਗੁੱਗੇ ਦਾ ਸਿਲੀਅਰ ਨਾਲ ਵਿਆਹ ਹੋ ਗਿਆ ਅਤੇ ਇਸ ਦੀ ਮਾਸੀ ਦੇ ਦੋਵੇਂ ਪੁੱਤਰ ਲੜਾਈ ਵਿਚ ਮਾਰੇ ਗਏ। ਇਸ ਕਰਕੇ ਗੁੱਗੇ ਦੀ ਮਾਂ ਬਹੁਤ ਨਰਾਜ਼ ਹੋਈ ਕਿ ਉਸ ਦੀ ਭੈਣ ਨੂੰ ਨਪੁੱਤੀ ਕਰ ਦਿੱਤਾ ਹੈ। ਗੁੱਗੇ ਤੋਂ ਮਾਂ ਦੇ ਵੈਣ ਨਾ ਝੱਲ ਹੋਏ ਅਤੇ ਉਸ ਨੇ ਧਰਤੀ ਵਿਚ ਗਰਕ ਹੋਣਾ ਚਾਹਿਆ ਪਰ ਧਰਤੀ ਨੇ ਕਿਹਾ, "ਤੂੰ ਹਿੰਦੂ ਹੈਂ, ਮੈਂ ਤਾਂ ਮੁਸਲਮਾਨ ਨੂੰ ਹੀ ਥਾਂ ਦੇ ਸਕਦੀ ਹਾਂ।" ਗੁੱਸੇ ਵਿਚ ਆਏ ਗੁੱਗੇ ਨੇ ਹਾਜੀ ਰਤਨ (ਜਿਸ ਦਾ ਬਠਿੰਡੇ ਕੋਲ ਅਸਥਾਨ ਹੈ) ਪਾਸੋਂ ਇਸਲਾਮ ਮੱਤ ਧਾਰਨ ਕਰ ਲਿਆ। ਕਹਿੰਦੇ ਹਨ ਧਰਤੀ ਨੇ ਅਜਿਹੀ ਵਿਰਲ ਦਿੱਤੀ ਕਿ ਗੁੱਗਾ ਘੋੜੇ ਸਮੇਤ ਧਰਤੀ ਵਿਚ ਸਮਾ ਗਿਆ। ਗੁੱਗੇ ਦੀ ਇਸ ਸਾਰੀ ਕਥਾ ਨੂੰ ਪੰਜਾਬ ਦੇ ਲੋਕ-ਗੀਤਾਂ ਵਿਚ ਗਾਇਆ ਗਿਆ ਹੈ।

ਕਹਿੰਦੇ ਹਨ ਕਿ ਗੁੱਗੇ ਦੀ ਕਿਸੇ ਹੋਰ ਮਾੜੀ ਤੋਂ ਮਿੱਟੀ ਲਿਆ ਕੇ ਛਪਾਰ ਵਾਲੀ ਮਾੜੀ ਕਾਇਮ ਕੀਤੀ ਗਈ ਹੈ। ਆਮ ਲੋਕਾਂ ਨੂੰ ਗੁੱਗੇ ਬਾਰੇ ਕੋਈ ਜਾਣਕਾਰੀ ਨਹੀਂ ਤੇ ਨਾ ਹੀ ਇਹ ਪਤਾ ਹੈ ਕਿ ਉਸ ਦੀ ਪੂਜਾ ਕਿਉਂ ਕੀਤੀ ਜਾਂਦੀ ਹੈ। ਲੋਕਾਂ ਦਾ ਖ਼ਿਆਲ ਹੈ ਕਿ ਸਾਰਿਆਂ ਸੱਪਾਂ ਵਿਚ ਗੁੱਗੇ ਦੀ ਰੂਹ ਕੰਮ ਕਰਦੀ ਹੈ। ਇਸ ਲਈ ਗੁੱਗੇ ਪੀਰ ਦੀ ਖ਼ੁਸ਼ੀ ਲਈ ਮਾੜੀ ਤੇ ਮਿੱਟੀ ਕੱਢੀ ਜਾਂਦੀ ਹੈ। ਮਿੱਟੀ ਕੱਢਣਾ ਸ਼ਾਇਦ ਧਰਤੀ ਵਿਚ ਸਣੇ ਘੋੜੇ ਦੇ ਅਲੋਪ ਹੋਏ ਗੁੱਗੇ ਦੀ ਖੋਜ ਕਰਨਾ ਹੈ ਜਾਂ ਸੱਪਾਂ ਦੇ ਲੇਟਣ ਲਈ ਥਾਂ ਪੋਲੀ ਕਰਨਾ ਹੁੰਦਾ ਹੈ। ਇਹ ਵੀ ਰਵਾਇਤ ਹੈ ਕਿ ਸੱਪ ਆਪ ਖੁੱਡ ਨਹੀਂ ਪੁੱਟਦਾ ਸਗੋਂ ਪੁੱਟੀ ਪੁਟਾਈ ਖੁੱਡ ਦਾ ਮਾਲਕ ਬਣ ਜਾਂਦਾ ਹੈ ਅਤੇ ਇਹ ਵੀ ਰਵਾਇਤ ਹੈ ਕਿ ਜਿਥੇ ਚੰਗਾ ਕਲਾਧਾਰੀ ਸੱਪ ਰਹਿੰਦਾ ਹੋਵੇ ਉੱਥੇ ਧਰਤੀ ਉਸ ਨੂੰ ਰੱਖਣ ਲਈ ਉਪਰ ਨੂੰ ਉਭਰ ਕੇ ਵਰਮੀ ਬਣ ਜਾਂਦੀ ਹੈ। ਸੋ ਕੋਈ ਵੀ ਕਾਰਨ ਹੋਵੇ ਛਪਾਰ ਦੇ ਮੇਲੇ ਸਮੇਂ ਗੁੱਗੇ ਦੀ ਮਿੱਟੀ ਕੱਢਣ ਲਈ ਇਸ ਮਾੜੀ ਦੇ ਚਾਰੇ ਪਾਸੇ ਮਿੱਟੀ ਕੱਢਣ ਵਾਲੇ ਭਗਤਾਂ ਦੀ ਐਨੀ ਭੀੜ ਹੁੰਦੀ ਹੈ ਕਿ ਕਈਆਂ ਨੂੰ ਉੱਥੇ ਬੈਠਣ ਲਈ ਥਾਂ ਨਹੀਂ ਲੱਭਦੀ। ਕਈ ਗਾਰੜੂ (ਸੱਪ ਦੀ ਜ਼ਹਿਰ ਚੂਸਣ ਵਾਲੇ) ਆਪਣੇ ਸੱਪਾਂ ਨੂੰ ਪਟਾਰੀ ਵਿਚ ਪਾ ਕੇ ਚੌਂਕੀ ਭਰ ਰਹੇ ਹੁੰਦੇ ਹਨ। ਕਈ ਹੋਰ ਸੇਵਕ ਟੱਬਰਾਂ ਵਾਲੇ ਆਪਣੀਆਂ ਸੁੱਖਾਂ ਲਾਹੁਣ ਵੀ ਆਏ ਹੁੰਦੇ ਹਨ। ਮਾੜੀ ਦਾ ਮੁੱਖ ਪੁਜਾਰੀ ਇਸ ਦਿਨ ਆਪਣੇ ਆਪ ਨੂੰ ਖ਼ਾਸ ਵੇਸ ਵਿਚ ਸਜਾਉਂਦਾ ਹੈ। ਇਸ ਦਿਨ ਪਿੰਡਾਂ ਦੇ ਮਜ਼੍ਹਬੀ ਲੋਕ-ਘੁੱਟਵੀਂ ਤੇ ਲਾਹਮ੍ਹਾਂ ਤੋਂ ਚੌੜੀ ਢੋਡ (ਤਉਰ੍ਹ) ਅਤੇ ਮੋਰਾਂ ਦੇ ਖੰਭਾਂ ਵਾਲੇ ਝੰਡੇ ਲੈ ਕੇ ਪਿੰਡ-ਪਿੰਡ ਤੋਂ ਉਗਰਾਹੀ ਲਈ ਫਿਰਦੇ ਇਥੇ ਪਹੁੰਚ ਜਾਂਦੇ ਹਨ ਅਤੇ ਮਾੜੀ ਉੱਤੇ ਇਨ੍ਹਾਂ ਮੋਰ ਦੇ ਖੰਭਾਂ ਨਾਲ ਸ਼ਿੰਗਾਰੇ ਝੰਡਿਆਂ ਨੇ ਆਪਣਾ ਹੀ ਰੰਗ ਬੰਨ੍ਹਿਆ ਹੁੰਦਾ ਹੈ। ਇਸ ਤਰ੍ਹਾਂ ਇਕ ਪਾਸੇ ਤਾਂ ਗੁੱਗੇ ਦੀਆਂ ਭੇਟਾਂ ਜਿਵੇਂ—

"ਗੁੱਗੇ ਰਾਜੇ ਦੇ ਦਰਬਾਰ, ਜਿਥੇ ਧਰੇ ਨਗਾਰੇ ਚਾਰ,
ਚੌਹੀ ਕੁੰਟੀ ਤੇਰਾ ਰਾਜ ਪਰਜਾ ਵਸੇ ਸੁਖਾਲੀ ਹੈ।"

ਦੇ ਤਰਾਨੇ, ਡੂੰਘੇ ਹੁੰਗਾਰੇ-ਭਰੇ ਤੋੜਿਆਂ ਵਿਚ ਟੁੱਟ ਰਹੇ ਹੁੰਦੇ ਹਨ, ਦੂਜੇ ਪਾਸੇ ਵੱਡਾ ਭਗਤ ਆਪਣੇ ਆਪ ਤੇ ਮਦਹੋਸ਼ੀ ਦੀ ਦਸ਼ਾ ਧਾਰਨ ਕਰਕੇ 'ਹਾਲ ਪਿਆ' ਦੀ ਅਗੰਮੀ ਪਹੁੰਚ ਦਿਖਾ ਰਿਹਾ ਹੁੰਦਾ ਹੈ। ਆਪਣੇ ਹੱਥਾਂ ਵਿਚ ਲੋਹੇ ਦੀਆਂ ਛੜੀਆਂ ਫੜ ਕੇ ਆਪ ਹੀ ਆਪਣੇ ਜਿਸਮ ਨੂੰ ਕਪਾਹ ਵਾਂਗ ਤੁੰਬ ਕੇ ਗੁੱਗੇ ਜ਼ਾਹਰ ਪੀਰ ਦੀ ਕਰਾਮਾਤ ਲੋਕਾਂ ਨੂੰ ਦਿਖਾ ਰਿਹਾ ਹੁੰਦਾ ਹੈ। ਗੁੱਗੇ ਦੇ ਘਸਾਰੀ ਭਗਤਾਂ ਦਾ ਮੇਲਾ ਤਾਂ ਇੰਨਾ ਹੀ ਹੁੰਦਾ ਹੈ ਪਰ ਇਸ ਨਾਲੋਂ ਕਿਤੇ ਵੱਧ ਪੰਜਾਬ ਦੇ ਸਭਿਆਚਾਰ ਦੇ ਰਸੀਏ ਆਪਣੇ ਕਲਾਮਈ ਹੁੰਨਰਾਂ ਦੇ ਕਰਤਬ ਵਿਖਾ ਰਹੇ ਹੁੰਦੇ ਹਨ।

ਗਿੱਧਾ, ਪੰਜਾਬੀ ਸਭਿਆਚਾਰ ਨੂੰ ਛਪਾਰ ਦੇ ਮੇਲੇ ਦੀ ਦੇਣ ਹੈ। ਜੇਕਰ ਕਿਸੇ ਨੇ ਪੰਜਾਬ ਦੇ ਗਿੱਧੇ ਦੀਆਂ ਬੋਲੀਆਂ ਦਾ ਅਸਲਾ ਦੇਖਣਾ ਹੋਵੇ, ਉਸ ਲਈ ਛਪਾਰ ਦੇ ਮੇਲੇ ਜਾਣਾ ਜ਼ਰੂਰੀ ਹੈ ਜਿਥੇ ਪਿੰਡ ਦੀਆਂ ਢਾਣੀਆਂ ਦੇ ਜੱਥੇ ਆਪਣੇ ਵੱਖੋ-ਵੱਖਰੇ ਕਿਸਮਾਂ ਦੇ ਲਿਬਾਸਾਂ ਤੇ ਸ਼ਿੰਗਾਰਾਂ ਅਤੇ ਸਾਜ਼ਾਂ ਨਾਲ ਸਜੇ ਮੇਲੇ ਦੀਆਂ ਭੀੜਾਂ ਨੂੰ ਚੀਰਦੇ ਬੱਕਰੇ ਬੁਲਾਉਂਦੇ, ਭਬਕਾਰਦੇ ਫਿਰ ਰਹੇ ਹੁੰਦੇ ਹਨ। ਜਿੱਥੇ ਕਿਤੇ ਟਾਹਲੀਆਂ ਦਾ ਝੁੰਡ ਦਿੱਸਿਆ ਜਾਂ ਬਾਜ਼ਾਰ ਦਾ ਚੌਂਕ ਆਇਆ ਜਾਂ ਕਿਧਰੇ ਦੂਜੇ ਪਿੰਡ ਦੀਆਂ

ਦੀ ਢਾਣੀ ਲੰਘਦੀ ਵੇਖੀ ਬਸ ਉਥੇ ਹੀ ਆਪਣੀ ਕਲਾ ਦੀ ਪਰਦਰਸ਼ਨੀ ਲਈ ਅਖਾੜਾ ਗੱਡ ਦਿੱਤਾ। ਪੀਰਾਂ, ਫ਼ਕੀਰਾਂ, ਦੇਵੀ ਮਾਤਾ ਅਤੇ ਗੁਰੂਆਂ ਦੀ ਅਰਾਧਨਾ ਕਰਨ ਦੇ ਪਿੱਛੋਂ ਲੜੀਦਾਰ ਬੋਲੀਆਂ ਸ਼ੁਰੂ ਹੋ ਜਾਂਦੀਆਂ ਹਨ। ਮੰਗਲਾਚਰਨ ਤੋਂ ਪਿੱਛੋਂ ਦੂਜੀ ਚੀਜ਼ ਹਰ ਢਾਣੀ ਦੇ ਸਾਹਮਣੇ ਆਪਣੇ ਪਿੰਡ ਦੇ ਮੁੰਡਿਆਂ ਦੀ ਸਿਫ਼ਤ ਕਰਨਾ ਹੁੰਦੀ ਸੀ ਜਿਵੇਂ :–

ਸਾਡੇ ਪਿੰਡ ਦੇ ਮੁੰਡੇ ਵੇਖ ਲਓ, ਜਿਉਂ ਟਾਹਲੀ ਦੇ ਪਾਵੇ,

. . . . . . . . . . . . . . . . . .

ਫਿਰ ਛਪਾਰ ਦੇ ਮੇਲੇ ਦਾ ਜੱਸ ਦੱਸਣ ਲਈ ਬੋਲੀ ਪਾਈ ਜਾਂਦੀ ਹੈ ਜਿਵੇਂ–

"ਆਰੀ ਆਰੀ ਆਰੀ :–
ਮੇਲਾ ਤਾਂ ਛਪਾਰ ਲੱਗਦਾ, ਜਿਹੜਾ ਲਗਦਾ ਜਗਤ ਤੋਂ ਭਾਰੀ।"

ਇਸ ਤਰ੍ਹਾਂ ਅਖ਼ੀਰਲੀ ਤੁਕ ਨੂੰ ਵਾਰ-ਵਾਰ ਦੁਹਰਾਉਂਦੀ ਇਹ ਗਿੱਧਾ ਪਾਰਟੀ ਬੱਕਰਾ ਬੁਲਾ ਕੇ ਆਸ ਪਾਸ ਖੜ੍ਹੇ ਹੋਏ ਲੋਕਾਂ ਦੀ ਭੀੜ ਨੂੰ ਚੀਰ ਕੇ ਅਗਲੇ ਪੜਾਉ ਤੇ ਜਾ ਖੜ੍ਹਦੀ ਹੈ। ਫਿਰ ਉਸ ਥਾਂ ਤੇ ਜਾ ਕੇ ਆਪਣੀ ਵਾਕਫ਼ੀ ਅਤੇ ਗਿਆਨ ਦੇ ਪ੍ਰਗਟਾਵੇ ਦੀ ਬੋਲੀ ਪਾਈ ਜਾਂਦੀ ਹੈ–

ਬੀਕਾਨੇਰ ਚੋਂ ਉਠ ਲਿਆਂਦਾ ਦੇ ਕੇ ਰੋਕ ਪਚਾਸੀ
ਸ਼ਹਿਣੇ ਦੇ ਵਿਚ ਝਾਂਜਰ ਬਣਦੀ, ਮੁਕਸਰ ਬਣਦੀ ਕਾਠੀ
ਭਾਈ ਬਖਤੌਰੇ ਬਣਦੇ ਟਾਕੂਏ, ਰੱਲੇ ਬਣੇ ਗੰਡਾਸੀ
ਰੌਤਿਆਂ ਦੇ ਵਿਚ ਬਣਦੇ ਕੂੰਡੇ, ਸ਼ਹਿਰ ਭਦੌੜ ਦੀ ਚਾਟੀ
ਹਿੰਮਤ ਪੁਰੇ ਦੀਆਂ ਬਣੀਆਂ ਕਹੀਆਂ, ਕਾਸਾਪੁਰ ਦੀ ਦਾਤੀ
ਚੜ੍ਹਜਾ ਬੋਤੇ ਤੇ ਮੰਨ ਲੈ ਭੌਰ ਦੀ ਆਖੀ।
ਚੜ੍ਹ ਜਾ ਬੋਤੇ ਤੇ..........।

ਸੋ ਇਸ ਤਰ੍ਹਾਂ ਇਕ ਪਾਸੇ ਇਉਂ ਗੱਭਰੂਆਂ ਦੀਆਂ ਢਾਣੀਆਂ ਖੜਦੁੰਬ ਮਚਾ ਰਹੀਆਂ ਹੁੰਦੀਆਂ ਹਨ, ਦੂਜੇ ਪਾਸੇ ਰਾਤਾਂ ਨੂੰ ਜਲਸਿਆਂ ਵਿਚ ਨਚਾਰ ਪੈਲਾਂ ਪਾ ਰਹੇ ਹੁੰਦੇ ਹਨ ਪਰ ਅੱਜ ਕੱਲ੍ਹ ਇਹ ਮੇਲਾ ਨਵੀਂ ਰੰਗਤ ਫੜ ਗਿਆ ਹੈ। ਹੁਣ ਇਸ ਮੇਲੇ ਵਿਚ ਰਾਜਨੀਤਕ ਕਾਨਫ਼ਰੰਸਾਂ ਵੱਲੋਂ ਆਪਣਾ ਪ੍ਰਚਾਰ ਵੀ ਬਹੁਤ ਜ਼ੋਰਾਂ-ਸ਼ੋਰਾਂ ਨਾਲ ਕੀਤਾ ਜਾਂਦਾ ਹੈ। ਅਲੱਗ-ਅਲੱਗ ਰਾਜਨੀਤਕ ਦਲ ਆਪਣੀਆਂ ਸਟੇਜਾਂ ਤੋਂ ਲੋਕਾਂ ਨੂੰ ਇਕੱਠੇ ਕਰਨ ਲਈ ਹਾਸ-ਰਸੀਏ ਤੇ ਲੋਕ-ਗਾਇਕਾਂ ਨੂੰ ਬੁਲਾ ਕੇ ਰੌਣਕ ਵਿਚ ਹੋਰ ਵਾਧਾ ਕਰਦੇ ਹਨ। ਅੱਜ ਕੱਲ੍ਹ ਸਰਕਾਰ ਵੱਲੋਂ ਮੇਲੇ ਵਿਚ ਲੋਕਾਂ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਜਿਵੇਂ ਡਾਕਟਰੀ, ਬਿਜਲੀ, ਪਾਣੀ ਦਾ ਵਧੀਆ ਪ੍ਰਬੰਧ ਕੀਤਾ ਜਾਂਦਾ ਹੈ। ਸਪੈਸ਼ਲ ਬੱਸਾਂ ਵੀ ਚਲਾਈਆਂ ਜਾਂਦੀਆਂ ਹਨ।

ਦੁਕਾਨਾਂ ਵਾਲਿਆਂ ਨੂੰ ਇਸ ਮੇਲੇ ਤੇ ਚੋਖੀ ਖੱਟੀ ਕਰਾਈ ਜਾਂਦੀ ਹੈ। ਖਾਣ-ਪੀਣ ਦੀਆਂ ਸ਼ਹਿਰੀ ਤੇ ਪੇਂਡੂ ਦੋਵੇਂ ਕਿਸਮਾਂ ਦੀਆਂ ਚੀਜ਼ਾਂ ਤੋਂ ਇਲਾਵਾ, ਡੰਗਰਾਂ ਲਈ ਘੁੰਗਰਾਲ, ਬੋਤਿਆਂ ਦੀਆਂ ਝਾਂਜਰਾਂ, ਡਾਂਗਾਂ, ਖੇਤੀਬਾੜੀ ਤੇ ਆਪੋ ਆਪਣੇ ਪੇਸ਼ੇ ਲਈ ਲੋੜੀਂਦੇ ਸੰਦ, ਬੱਚਿਆਂ ਲਈ ਖੇਡ-ਖਿਡੌਣੇ ਤੇ ਮਠਿਆਈਆਂ ਵਗੈਰਾ ਵੀ ਖ਼ਰੀਦੀਆਂ ਜਾਂਦੀਆਂ ਹਨ ਇਸ ਤਰ੍ਹਾਂ ਤਿੰਨ ਦਿਨ ਦੇ ਇਸ ਮੇਲੇ ਵਿਚੋਂ ਲੋਕ ਰੁਖ਼ਸਤ ਹੁੰਦੇ ਹਨ।

ਅੱਜ ਕੱਲ੍ਹ ਇਹ ਮੇਲਾ ਇਕ ਟੂਰਨਾਮੈਂਟ ਦਾ ਰੂਪ ਵੀ ਧਾਰਨ ਕਰ ਗਿਆ ਹੈ ਜਿਥੇ ਹਰ ਕਿਸਮ ਦੀਆਂ ਖੇਡਾਂ, ਬੈਲ-ਗੱਡੀਆਂ ਦੀ ਦੌੜ ਆਦਿ ਵੀ ਕਰਵਾਈ ਜਾਂਦੀ ਹੈ।

ਹ. ਪੁ.–ਪੰਜਾਬ–ਐੱਮ. ਐੱਸ. ਰੰਧਾਵਾ ; 197 : ਪੰ. ਡਿ. 24 : 9 : 1988

**ਛਲ–ਛਪਾਉ (ਕੈਮਾਫਲਾਜ)** : ਇਹ ਦੁਸ਼ਮਣ ਨੂੰ ਉਨ੍ਹਾਂ ਸਾਰੀਆਂ ਜਾਣਕਾਰੀਆਂ ਤੋਂ ਵਾਂਝਿਆਂ ਰੱਖਣ ਦੀ ਇਕ ਵਿਧੀ ਹੈ ਜਿਨ੍ਹਾਂ ਤੋਂ ਉਹ ਲੜਾਈ ਦੌਰਾਨ ਲਾਭ ਉਠਾ ਸਕਦਾ ਹੋਵੇ। ਇਸ ਵਿਗਿਆਨਕ ਵਿਧੀ ਵਿਚ ਕੁਦਰਤੀ ਅਤੇ ਬਣਾਉਟੀ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਪੁਰਾਤਨ ਕਾਲ ਤੋਂ ਹੀ ਹੁੰਦੀ ਆਈ ਹੈ।

ਇਸ ਵਰਤੋਂ ਨਾਲ ਹਾਰ ਨੂੰ ਜਿੱਤ ਵਿਚ ਬਦਲਣ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਕਿ ਈਸਾ ਤੋਂ 1,200 ਸਾਲ ਪਹਿਲਾਂ ਟ੍ਰਾਇ ਦੇ ਘੇਰੇ ਵਿਚ ਫਸੇ ਯੂਨਾਨੀਆਂ ਵੱਲੋਂ ਕੀਤੀ ਛਲ-ਛਪਾਉ ਦੀ ਵਰਤੋਂ ਇਸ ਦੀ ਸੁੰਦਰ ਉਦਾਹਰਣ ਹੈ। ਪ੍ਰਕਿਰਤੀ ਵਿਚ ਵੀ ਇਸ ਦੇ ਰੂਪ ਵੇਖੇ ਜਾ ਸਕਦੇ ਹਨ, ਜਿਵੇਂ ਕਿ ਫ਼ਸਲਾਂ ਦੀਆਂ ਹਰੇ ਰੰਗ ਦੀਆਂ ਸੁੰਡੀਆਂ, ਹਰਾ ਟਿੱਡਾ, ਗਿਰਗਿਟ, ਬਰਫ਼ਾਨੀ ਰਿੱਛ ਆਦਿ ਦਾ ਰੰਗ ਬਿਲਕੁਲ ਆਲੇ-ਦੁਆਲੇ ਨਾਲ ਮਿਲਦਾ ਜੁਲਦਾ ਹੁੰਦਾ ਹੈ। ਆਧੁਨਿਕ ਯੁੱਗ ਵਿਚ ਕੈਮਾਫਲਾਜ ਯੁੱਧ ਕਲਾ ਦਾ ਇਕ ਜ਼ਰੂਰੀ ਅੰਗ ਬਣ ਚੁੱਕਾ ਹੈ। ਦੂਜੇ ਵਿਸ਼ਵ ਯੁੱਧ ਤੱਕ ਹਵਾਈ ਹਮਲਿਆਂ ਵਿਚ ਵਿਕਾਸ ਹੋਣ ਕਰਕੇ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਇਸ ਕਲਾ ਵਿਚ ਸਾਰੀਆਂ ਹੀ ਲਾਹੇਵੰਦ ਕਾਰਵਾਈਆਂ ਸ਼ਾਮਲ ਹਨ ਜਿਵੇਂ ਕਿ ਹਵਾਈ ਪ੍ਰੇਖਣ, ਫੋਟੋਗ੍ਰਾਫ਼ੀ, ਬੰਬਾਰੀ ਤੋਂ ਬਚਾਉ ਆਦਿ। ਦੁਸ਼ਮਣ ਨੂੰ ਸਹੀ ਅੰਕੜਿਆਂ ਦੀ ਜਾਣਕਾਰੀ ਤੋਂ ਅਣਜਾਣ ਰੱਖਣਾ, ਫ਼ੌਜ, ਗੱਡੀਆਂ, ਤੋਪਾਂ, ਟੈਂਕਾਂ ਤੇ ਫ਼ੌਜੀ ਟਿਕਾਣਿਆਂ, ਕਾਰਖਾਨਿਆਂ ਆਦਿ ਨੂੰ ਛੁਪਾਉਣਾ ਅਤੇ ਸੁਰੱਖਿਅਤ ਰੱਖਣਾ ਛਲ-ਛਪਾਉ ਦੇ ਮੁੱਖ ਕੰਮ ਹਨ।

ਸਫ਼ਲ ਛਲ-ਛਪਾਉ ਲਈ ਵੱਖ-ਵੱਖ ਸਥਿਤੀਆਂ ਅਤੇ ਦ੍ਰਿਸ਼ਾਂ ਵਿਚ ਇਕਰੂਪਤਾ ਨੂੰ ਮੱਦੇ-ਨਜ਼ਰ ਰੱਖਿਆ ਜਾਂਦਾ ਹੈ। ਦੂਜੇ ਵਿਸ਼ਵ ਯੁੱਧ ਦੇ ਦਿਨਾਂ ਵਿਚ ਇੰਗਲੈਂਡ ਦੀ ਸਰਕਾਰ ਨੇ ਨਕਲੀ ਸ਼ਹਿਰ ਅਤੇ ਹਵਾਈ ਅੱਡੇ ਤਿਆਰ ਕਰਵਾਏ ਸਨ ਜਿਸ ਨਾਲ ਦੁਸ਼ਮਣ ਦੇ ਵਧੇਰੇ ਹਵਾਈ



ਅਮਰੀਕੀ ਫ਼ੌਜ ਦਾ ਇਕ ਛਲ-ਛਪਾਉ ਸੰਚਾਰ ਕੇਂਦਰ

ਹਮਲੇ ਅਸਲੀ ਸਥਾਨਾਂ ਨਾਲੋਂ ਇਨ੍ਹਾਂ ਸਥਾਨਾਂ ਉੱਤੇ ਹੋਏ। ਹਵਾਈ ਮੈਦਾਨਾਂ ਦਾ ਛਲ-ਛਪਾਉ ਇਕ ਵਿਸ਼ੇਸ਼ ਕਲਾ ਹੈ। ਹਵਾਈ ਪੱਟੀ ਨੂੰ ਆਲੇ-ਦੁਆਲੇ ਦੀ ਜ਼ਮੀਨ ਦੇ ਰੰਗ ਰੂਪ ਅਨੁਸਾਰ ਰੰਗ ਦਿੱਤਾ ਜਾਂਦਾ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਮੌਸਮ

ਅਨੁਸਾਰ ਜ਼ਮੀਨ ਦਾ ਰੰਗ ਬਦਲਣ ਤੇ ਪੱਟੀ ਦਾ ਰੰਗ ਬਦਲਣ ਦੀ ਲੋੜ ਵੀ ਪੈਂਦੀ ਹੈ। ਲੜਾਈ ਦੌਰਾਨ ਫ਼ੌਜੀ ਵਰਦੀਆਂ, ਟਰੱਕਾਂ, ਟੈਂਕਾਂ ਅਤੇ ਤੋਪਾਂ ਨੂੰ ਧਰਾਤਲ ਅਨੁਸਾਰ ਰੰਗ ਦਿੱਤਾ ਜਾਂਦਾ ਹੈ ਜਾਂ ਟਾਹਣੀਆਂ, ਝਾੜੀਆਂ ਦੇ ਜਾਲ ਨਾਲ ਢੱਕ ਦਿੱਤਾ ਜਾਂਦਾ ਹੈ। ਦੁਸ਼ਮਣ ਉੱਤੇ ਹਮਲਾ ਕਰਨ ਸਮੇਂ ਧੂੰਏ ਦੀ ਸਕਰੀਨ (ਓਹਲਾ) ਦੀ ਵਰਤੋਂ ਅਤਿ ਜ਼ਰੂਰੀ ਹੈ।

ਇਸੇ ਸਿਧਾਂਤ ਅਨੁਸਾਰ, ਮੈਦਾਨਾਂ ਵਿਚ ਫ਼ੌਜੀਆਂ ਦੀ ਵਰਦੀ ਦਾ ਰੰਗ ਖਾਕੀ-ਹਰਾ ਅਤੇ ਬਰਫ਼ਾਨੀ ਪਹਾੜਾਂ ਵਿਚ ਚਿੱਟਾ ਹੁੰਦਾ ਹੈ। ਫ਼ੌਜ ਨੂੰ ਅਜਿਹੇ ਪਿਛੋਕੜ ਵਿਚ ਖੜ੍ਹਾ ਕੀਤਾ ਜਾਂਦਾ ਹੈ ਜਿਥੇ ਉਸ ਦੀ ਸਥਿਤੀ ਵਾਤਾਵਰਣ ਦੇ ਅਨੁਕੂਲ ਹੋਵੇ। ਇਸ ਤਰ੍ਹਾਂ ਕਰਨ ਨਾਲ ਬਿਨਾਂ ਕਿਸੇ ਉਚੇਚ ਦੇ ਸੈਨਾ ਨੂੰ ਦੁਸ਼ਮਣ ਦੀ ਨਜ਼ਰ ਤੋਂ ਛੁਪਾਇਆ ਜਾ ਸਕਦਾ ਹੈ। ਛਲ-ਛਪਾਉ ਵਿਚ ਉੱਚੀ ਆਵਾਜ਼ ਜਾਂ ਖੜਕਾ ਕਰਨ ਦੀ ਮਨਾਹੀ ਵੀ ਜ਼ਰੂਰੀ ਹੈ। ਫ਼ੌਜਾਂ ਨੂੰ ਤਿਤਰ-ਬਿਤਰ ਕਰਨਾ ਵੀ ਛਲ-ਛਪਾਉ ਵਿਚ ਸਹਾਈ ਹੁੰਦਾ ਹੈ ਕਿਉਂਕਿ ਇਸ ਤਰ੍ਹਾਂ ਫ਼ੌਜੀ ਟਿਕਾਣਿਆਂ ਦੀ ਪਛਾਣ ਕਰਨੀ ਬਹੁਤ ਕਠਿਨ ਹੋ ਜਾਂਦੀ ਹੈ।

ਇਸ ਸਭ ਕੁਝ ਦੇ ਬਾਵਜੂਦ ਇਸ ਕਲਾ ਨਾਲ ਫ਼ੌਜ ਦੇ ਵੱਡੇ ਤੇ ਪੱਕੇ ਟਿਕਾਣਿਆਂ, ਨਦੀਆਂ, ਨਾਲਿਆਂ, ਸੜਕਾਂ, ਸਟੇਡੀਅਮਾਂ ਆਦਿ ਨੂੰ ਫੋਟੋਗ੍ਰਾਫੀ ਜਾਂ ਹਵਾਈ ਪ੍ਰੇਖਣ ਤੋਂ ਛੁਪਾਉਣਾ ਅਸੰਭਵ ਹੈ। ਇਸ ਲਈ ਇਨ੍ਹਾਂ ਦੀ ਉਸਾਰੀ ਸਮੇਂ ਹੀ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

ਦੂਜੇ ਵਿਸ਼ਵ ਯੁੱਧ ਵਿਚ ਹਮਲਾ ਕਰਨ ਵਾਲੇ ਦੀ ਦ੍ਰਿਸ਼ਟੀ ਨੂੰ ਧੋਖਾ ਦਿੱਤਾ ਜਾਂਦਾ ਸੀ ਪਰ ਇਸ ਯੁੱਗ ਵਿਚ ਰਡਾਰ ਆਦਿ ਉਪਕਰਣਾਂ ਦੇ ਹੋਂਦ ਵਿਚ ਆਉਣ ਨਾਲ ਇਸ ਕਲਾ ਦੀ ਵਰਤੋਂ ਕਰਕੇ ਬਚਣਾ ਮੁਸ਼ਕਿਲ ਹੈ ਅਤੇ ਇਸ ਵਿਧੀ ਵਿਚ ਹੋਰ ਵਿਕਾਸ ਲਿਆਉਣ ਦੀ ਅਤਿਅੰਤ ਲੋੜ ਹੈ।

ਸਮੁੰਦਰ ਵਿਚ ਵਪਾਰਕ ਜਹਾਜ਼ਾਂ ਉੱਤੇ ਭੜਕੀਲਾ ਰੰਗ ਕਰਕੇ ਦੁਸ਼ਮਣ ਨੂੰ ਜਹਾਜ਼ ਦੀ ਦਿਸ਼ਾ ਅਤੇ ਰਫ਼ਤਾਰ ਦੇ ਸਬੰਧ ਵਿਚ ਭੁਲੇਖਾ ਪਾਇਆ ਜਾਂਦਾ ਹੈ। ਜੰਗੀ ਜਹਾਜ਼ਾਂ ਨੂੰ ਵਪਾਰਕ ਜਹਾਜ਼ਾਂ ਦਾ ਰੰਗ-ਰੂਪ ਦੇ ਕੇ ਪਣ-ਡੁੱਬੀਆਂ ਨੂੰ ਧੋਖਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪਣ-ਡੁੱਬੀ ਭੁਲੇਖਾ ਖਾ ਕੇ ਜਦੋਂ ਸਮੁੰਦਰੀ ਤਲ ਤੇ ਆਉਂਦੀ ਹੈ ਤਾਂ ਉਸ ਉੱਤੇ ਗੋਲਾਬਾਰੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਸ ਛਲ-ਛਪਾਉ ਵਿਚ ਮੁੱਖ ਤੌਰ ਤੇ ਦੋ ਵਿਧੀਆਂ ਅਰਥਾਤ ਮਹੱਤਵਪੂਰਨ ਵਸਤਾਂ ਨੂੰ ਛੁਪਾਉਣਾ ਅਤੇ ਨਕਲੀ ਟਿਕਾਣੇ ਬਣਾ ਕੇ ਦੁਸ਼ਮਣ ਦੀ ਸ਼ਕਤੀ ਨੂੰ ਨਸ਼ਟ ਕਰਨਾ ਸ਼ਾਮਲ ਹਨ।

ਹ. ਪੁ.–ਹਿੰ. ਵਿ. ਕੋ. 4 : 316 ; ਐਨ. ਬ੍ਰਿ. ਮਾ. 2 : 486

**ਛਾਉਣੀ** : ਸੈਨਾ ਜਾਂ ਫ਼ੌਜ ਦੀਆਂ ਟੁਕੜੀਆਂ ਨੂੰ ਮੌਸਮ-ਸਹਿ (ਜਿਸ ਉਪਰ ਮੌਸਮ ਦਾ ਅਸਰ ਨਾ ਹੁੰਦਾ ਹੋਵੇ) ਪਨਾਹਗਾਹਾਂ (ਜਿਵੇਂ ਕਿ ਪ੍ਰਾਈਵੇਟ ਘਰ ਜਾਂ ਦੂਸਰੀਆਂ ਹੋਰ ਇਮਾਰਤਾਂ) ਜਿਹੜੀਆਂ ਕਿ ਫ਼ੌਜ ਨੂੰ ਪਨਾਹ ਦੇਣ ਦੇ ਮੰਤਵ ਲਈ ਲਈਆਂ ਜਾਂਦੀਆਂ ਹਨ, ਛਾਉਣੀ ਬਣਾਉਣਾ ਅਤੇ ਇਸ ਤਰ੍ਹਾਂ ਦੀ ਉਸਾਰੀ ਜਾਂ ਸੰਰਚਨਾ ਮੱਲਣ ਨੂੰ ਛਾਉਣੀ ਕਿਹਾ ਜਾਂਦਾ ਹੈ।

ਪੁਰਾਣੇ ਸਮੇਂ ਜਦੋਂ ਇਕ ਯੂਰਪੀ ਫ਼ੌਜ ਸਰਗਰਮ ਅੱਪਰੇਸ਼ਨਾਂ ਦੀ ਕਮਾਨ ਵਿਚ ਵਿਰੋਧੀ ਦਲਾਂ ਵੱਲੋਂ ਅਚਾਨਕ ਹਮਲਾ ਕਰਨ ਅਤੇ ਬਚਾਉਣ ਲਈ ਉਸ ਨੂੰ ਕਾਫ਼ੀ ਦੂਰ ਲਿਜਾਇਆ ਜਾਂਦਾ ਸੀ ਅਤੇ ਜੇ ਲੰਬੀ ਮੁਹਿੰਮ ਚਲਾਉਣ ਸਮੇਂ ਥੱਕ ਜਾਂਦੇ ਤਾਂ ਇਨ੍ਹਾਂ ਨੂੰ ਨੇੜੇ ਦੇ ਪਿੰਡਾਂ ਵਿਚ ਵਕਤੀ ਆਰਾਮ ਦਿੱਤਾ ਜਾਂਦਾ ਸੀ। ਇਸੇ ਨੂੰ ਉਦੋਂ ਛਾਉਣੀ ਕਹਿ ਦਿੱਤਾ ਜਾਂਦਾ ਸੀ। ਉੱਨੀਵੀਂ ਸਦੀ ਦੇ ਮੱਧ ਤੱਕ ਇਸ ਤਰ੍ਹਾਂ ਦੇ ਪੱਕੇ ਸੰਗਠਨ ਕੇਵਲ ਭਾਰਤ ਵਿਚ ਅੰਗਰੇਜ਼ੀ ਫ਼ੌਜਾਂ ਦੇ ਕਬਜ਼ੇ ਹੇਠ ਸਨ। ਇਹ ਆਮ ਕਰਕੇ ਮੂਲ ਨਿਵਾਸੀਆਂ ਦੀਆਂ ਬਸਤੀਆਂ ਦੇ ਚੁਗਿਰਦੇ ਤੋਂ ਕੁਝ ਫ਼ਾਸਲੇ ਤੇ ਹੁੰਦੀਆਂ ਸਨ।

ਪਹਿਲੇ ਵਿਸ਼ਵ ਯੁੱਧ ਵਿਚ ਫ਼ਰਾਂਸ ਉੱਤੇ ਹਵਾਈ ਚੜ੍ਹਾਈ ਕਰਨ ਤੋਂ ਪਹਿਲਾਂ ਸਿਖਲਾਈ ਦੌਰਾਨ ਅਮਰੀਕਨ ਫ਼ੌਜ ਨੂੰ ਛਾਉਣੀਆਂ ਵਿਚ ਪਨਾਹ ਦੇਣ ਦੇ ਮੰਤਵ ਲਈ ਬੜੀ ਤੇਜ਼ੀ ਨਾਲ ਇਕੋ ਡਿਜ਼ਾਈਨ ਦੇ ਲੱਕੜੀ ਦੇ ਦੋ-ਦੋ ਮੰਜ਼ਲੇ ਮਕਾਨ ਬਣਾਏ ਗਏ ਸਨ।

ਯੁੱਧ ਤੋਂ ਬਾਅਦ ਇਨ੍ਹਾਂ ਵਿਚੋਂ ਜ਼ਿਆਦਾਤਰ ਸਥਾਨ ਵੇਚ ਦਿੱਤੇ ਗਏ ਜਾਂ ਉਂਝ ਹੀ ਛੱਡ ਦਿੱਤੇ ਗਏ। ਇਸ ਲਈ ਜਦੋਂ ਦੂਸਰੇ ਵਿਸ਼ਵ ਯੁੱਧ ਦੀ ਅਮਰੀਕਨ ਫ਼ੌਜ ਇਕੱਠੀ ਹੋਣੀ ਸ਼ੁਰੂ ਹੋ ਗਈ ਤਾਂ ਟਿਕਾਣਿਆਂ ਦਾ ਨਵਾਂ ਸਮੂਹ ਪ੍ਰਾਪਤ ਕਰਨਾ ਪਿਆ ਅਤੇ ਸੰਰਚਨਾ ਦਾ ਕੰਮ ਤੇਜ਼ ਕੀਤਾ ਗਿਆ।

ਹ. ਪੁ.–ਐਨ. ਬ੍ਰਿ. 4 : 773

**ਛਾਇਆਵਾਦ** : ਇਹ ਇਕ ਨਵੀਂ ਕਿਸਮ ਦੀ ਕਾਵਿ-ਧਾਰਾ ਹੈ ਜਿਹੜੀ ਅੰਗਰੇਜ਼ੀ ਦੇ ਰੋਮਾਂਟਿਕ ਕਵੀਆਂ ਅਤੇ ਬੰਗਾਲ ਦੇ ਕਵੀ ਰਾਬਿੰਦਰ ਨਾਥ ਟੈਗੋਰ ਦੀ ਕਾਵਿ-ਧਾਰਾ ਦੇ ਢੰਗ ਦੀਆਂ ਜਾਂ ਉਸ ਤੋਂ ਪ੍ਰਭਾਵਿਤ ਹੋਈ ਸੀ। ਕਈ ਆਲੋਚਕ ਇਹ ਮੰਨਦੇ ਹਨ ਕਿ ਪੁਰਾਤਨ ਸਿੱਧਾਂ ਦੀ ਛਾਇਆ ਭਾਸ਼ਾ ਸੀ ਜਿਸ ਵਿਚ ਵਿਸ਼ੇਸ਼ ਪ੍ਰਤੀਕਾਂ ਰਾਹੀਂ ਭਾਵ ਦੱਸਿਆ ਜਾਂਦਾ ਸੀ। ਅਸਪਸ਼ਟਤਾ ਦੇ ਕਾਰਨ ਇਸ ਨਵੇਂ ਕਾਵਿ ਨੂੰ ਛਾਇਆਵਾਦ ਕਿਹਾ ਗਿਆ। ਮੁੱਢ ਵਿਚ ਕਈ ਵਿਦਵਾਨਾਂ ਦਾ ਵਿਚਾਰ ਸੀ ਕਿ ਰਹੱਸਵਾਦ ਅਤੇ ਛਾਇਆਵਾਦ ਇਕ ਹੀ ਗੱਲ ਹੈ। ਮਗਰੋਂ ਰਹੱਸਵਾਦ ਨੂੰ ਮਿਸਟੀਸਿਜ਼ਮ ਦਾ ਅਤੇ ਛਾਇਆਵਾਦ ਨੂੰ ਰੋਮਾਂਟੀਸਿਜ਼ਮ ਦਾ ਸੂਚਕ ਮੰਨਿਆ ਜਾਣ ਲੱਗਾ। ਡਾ. ਨਗੇਂਦਰ ਅਨੁਸਾਰ ਛਾਇਆਵਾਦ ਇਕ ਵਿਸ਼ੇਸ਼ ਪ੍ਰਕਾਰ ਦੀ ਭਾਵ ਪ੍ਰਣਾਲੀ ਹੈ, ਜੀਵਨ ਬਾਰੇ ਇਕ ਭਾਵਾਤਮਕ ਦ੍ਰਿਸ਼ਟੀਕੋਣ ਹੈ। ਇਸ ਦ੍ਰਿਸ਼ਟੀਕੋਣ ਦਾ ਕਾਰਨ ਹੈ, ਨਵੇਂ ਜੀਵਨ ਦੇ ਸੁਪਨਿਆਂ ਅਤੇ ਅਰਮਾਨਾਂ ਦਾ ਘੋਲ- ਮੇਲ। ਛਾਇਆਵਾਦੀ ਪ੍ਰਵਿਰਤੀ ਦਾ ਪ੍ਰਗਟਾਉ ਪ੍ਰਤੀਕਾਂ ਤੇ ਸੰਕੇਤਾਂ ਰਾਹੀਂ ਹੁੰਦਾ ਹੈ।

**ਪਿਛੋਕੜ**—ਛਾਇਆਵਾਦੀ ਕਵਿਤਾ ਦੇ ਕੁਝ ਗੁਣ-ਵਿਸ਼ੇਸ਼ ਪੁਰਾਤਨ ਸਾਹਿਤ ਵਿਚ ਵੀ ਮਿਲ ਜਾਂਦੇ ਹਨ। ਵੇਦ ਵਿਚ ਊਸ਼ਾ, ਸੰਧਿਆ, ਅਗਨੀ, ਵਰੁਣ, ਸੂਰਜ, ਚੰਨ, ਯਮ, ਯਮੀ ਆਦਿ ਦੀ ਸੂਖ਼ਮ ਸੱਤਾ ਦਾ ਵਰਣਨ ਆਇਆ ਹੈ। ਉਪਨਿਸ਼ਦਾਂ ਦੀ ਕਾਵਿ-ਸ਼ੈਲੀ ਵਿਚ ਸਥੂਲ ਵਸਤੂਆਂ ਦਾ ਰਾਗਾਤਮਕ ਵਰਣਨ ਆਇਆ ਹੈ।

ਸਿੱਧਾਂ ਤੇ ਜੋਗੀਆਂ ਦੇ ਸ਼ਬਦਾਂ ਵਿਚ ਵੀ ਕਿਤੇ-ਕਿਤੇ ਕੁਝ ਛਾਇਆਵਾਦੀ ਗੁਣ ਲੱਭ ਜਾਂਦੇ ਹਨ। ਬਾਬਾ ਫਰੀਦ ਦੇ ਸਲੋਕ 'ਫਰੀਦਾ ਗੋਰ ਨਿਮਾਣੀ ਸਤ ਕਰੇ ਨਿਘਰਿਆ ਘਰਿ ਆਉ, ਸਰਪਰ ਐਥੇ ਆਵਣਾ ਮਰਣਹੁ ਨਾ ਡਰਿਆਹੁ' ਵਿਚ ਛਾਇਆਵਾਦੀ ਸ਼ੈਲੀ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਵਿਚ ਵੀ ਕਿਤੇ-ਕਿਤੇ ਚਿੰਨ੍ਹਵਾਦੀ ਪ੍ਰਯੋਗ ਅਤੇ ਮਾਨਵੀਕਰਣ ਦੇ ਉਦਾਹਰਣ ਮਿਲ ਜਾਂਦੇ ਹਨ—

> 'ਮੈਂ ਰੋਵੰਦੀ ਸਭੁ ਜਗ ਰੁੰਨਾ, ਰੁਨੜੇ ਵਣਹੁ ਪੰਖੇਰੂ,
> ਇਕ ਨਾ ਰੁੰਨਾ ਮੇਰੇ ਤਨਕਾ ਬਿਰਹਾ ਜਿਨ ਹਉਪਿਰਹੁ ਵਿਛੋੜੀ'
>
> (ਗੁਰੂ ਨਾਨਕ ਦੇਵ ਜੀ)

ਛਾਇਆਵਾਦੀ ਕਾਵਿ ਵਿਚ ਕੋਮਲ ਸ਼ਬਦਾਵਲੀ ਕਥਨੀ ਦੀ ਵਿਚਿੱਤਰਤਾ ਅਤੇ ਕੋਮਲ ਬਿਆਨੀ ਇੰਨੀ ਵਧੀਕ ਹੁੰਦੀ ਹੈ ਕਿ ਬਹੁਤ ਸਾਰੇ ਆਲੋਚਕ ਛਾਇਆਵਾਦ ਨੂੰ ਕੇਵਲ ਨਵੀਂ ਸ਼ੈਲੀ ਮਾਤਰ ਸਮਝਦੇ ਰਹੇ ਹਨ। ਹਿੰਦੀ ਛਾਇਆਵਾਦ ਦੇ ਪ੍ਰਮੁੱਖ ਕਵੀ, ਜੈ ਸ਼ੰਕਰ ਪ੍ਰਸਾਦ ਨੇ ਇਸ ਦੇ ਕਲਾ ਪੱਖ ਤੇ ਪ੍ਰਕਾਸ਼ ਪਾਉਂਦਿਆਂ ਦੱਸਿਆ ਹੈ ਕਿ ਧੁਨੀ ਆਤਮਿਕਤਾ ਚਿੰਨ੍ਹਾਂ ਦੀ ਵਰਤੋਂ, ਸੁੰਦਰ ਪ੍ਰਤੀਕ ਵਿਧਾਨ ਬਾਂਕਾਪਣ ਅਤੇ ਆਪਣਾ ਅਨੁਭਵ ਛਾਇਆਵਾਦ ਦੇ ਗੁਣ-ਵਿਸ਼ੇਸ਼ ਹਨ।

ਸ਼ੈਲੇ, ਕਾੱਲਰਿਜ, ਕੀਟਸ ਆਦਿ ਅੰਗਰੇਜ਼ੀ ਕਵੀਆਂ ਦੀਆਂ ਰਚਨਾਵਾਂ ਤੋਂ ਸਾਡੇ ਕਵੀਆਂ ਨੇ ਸ਼ਬਦ ਚਿੱਤਰ ਉਸਾਰਨ ਦੀ ਕਲਾ ਵਧੇਰੇ ਸਿੱਖੀ ਹੈ। ਅੰਗਰੇਜ਼ੀ ਕਵਿਤਾ ਦੇ ਡੂੰਘੇ ਅਧਿਐਨ ਕਰਕੇ ਪ੍ਰੋ. ਪੂਰਨ ਸਿੰਘ ਨੇ ਸ਼ਬਦ ਚਿੱਤਰਾਂ ਅਤੇ ਅਲੰਕਾਰਾਂ ਦੀ ਵਰਤੋਂ ਵਧੀਕ ਕੀਤੀ ਹੈ। ਸੂਫ਼ੀਆਂ ਦੇ ਕਲਾਮ ਅਤੇ ਗੁਰਬਾਣੀ ਨੇ ਸੰਜੋਗ/ਵਿਜੋਗ ਦੇ ਮਨ ਖਿੱਚਵੇਂ ਭਾਵ-ਚਿੱਤਰਾਂ ਰਾਹੀਂ ਪੰਜਾਬੀ ਬੋਲੀ ਨੂੰ ਪਹਿਲਾਂ ਹੀ ਅਮੀਰ ਬਣਾ ਦਿੱਤਾ ਸੀ। ਭਾਈ ਗੁਰਦਾਸ, ਪ੍ਰੋ. ਪੂਰਨ ਸਿੰਘ ਅਤੇ ਪ੍ਰੀਤਮ ਸਿੰਘ ਸਫ਼ੀਰ ਨੇ ਗੁਰਬਾਣੀ ਦੀ ਸ਼ਬਦਾਵਲੀ ਤੋਂ ਚੋਖਾ ਲਾਭ ਉਠਾਇਆ ਹੈ। ਛਾਇਆਵਾਦੀ ਕਾਵਿ ਵਿਚ ਸੂਖਮ ਭਾਵਾਂ ਦਾ ਪ੍ਰਗਟਾਉ ਸਥੂਲ ਵਸਤੂਆਂ ਰਾਹੀਂ ਅਤੇ ਸਥੂਲ ਵਸਤੂਆਂ ਦਾ ਪ੍ਰਗਟਾਉ ਸੂਖਮ ਭਾਵਾਂ ਰਾਹੀਂ ਕੀਤਾ ਗਿਆ ਹੈ। ਉਰਦੂ ਦੀ ਗ਼ਜ਼ਲ ਸ਼ੈਲੀ ਦਾ ਪ੍ਰਭਾਵ ਵੀ ਪੰਜਾਬੀ ਰੋਮਾਂਚਿਕ ਕਾਵਿ ਜਾਂ ਛਾਇਆਵਾਦੀ ਕਾਵਿ ਉੱਤੇ ਚੋਖਾ ਪਿਆ ਹੈ। ਫ਼ਾਰਸੀ ਦੇ ਔਖੇ ਸ਼ਬਦਾਂ ਕਰਕੇ ਭਾਵ ਦਾ ਸਾਧਾਰਣੀਕਰਣ ਠੀਕ ਨਹੀਂ ਹੋ ਸਕਿਆ। ਅੰਗਰੇਜ਼ੀ ਕਾਵਿ ਦੇ ਛਾਇਆਵਾਦੀ ਕਾਵਿ ਨੇ ਛੰਦਾ-ਬੰਦੀ ਵਿਚ ਬਹੁਰੂਪਤਾ ਅਤੇ ਰੌਚਕਤਾ ਦਰਸਾਉਣ ਦਾ ਯਤਨ ਕੀਤਾ ਹੈ। ਪੁਰਾਣੇ ਗਿਣੇ-ਮਿੱਥੇ ਛੰਦ ਤਾਂ ਹੌਲੀ-ਹੌਲੀ ਰਿਵਾਜੋਂ ਬਾਹਰ ਹੋ ਗਏ। ਸੰਗੀਤ ਦੇ ਪ੍ਰੇਮੀ ਕਵੀਆਂ ਨੇ ਲੋਕ ਗੀਤਾਂ ਦੀ ਧਾਰਨਾ ਅਪਨਾ ਲਈ। ਅੰਗਰੇਜ਼ੀ ਦੇ ਪ੍ਰਭਾਵ ਅਤੇ ਟੈਗੋਰ ਦੀ ਸ਼ੈਲੀ ਨੇ ਸਿਰਖੰਡੀ ਛੰਦ ਦਾ ਰਿਵਾਜ ਵਧਾ ਦਿੱਤਾ। ਪ੍ਰੋ. ਪੂਰਨ ਸਿੰਘ ਤੋਂ ਮਗਰੋਂ ਹੋਰ ਕੋਈ ਕਵੀ ਸੈਲਾਨੀ ਛੰਦ ਨੂੰ ਉਨੇ ਸੁਹਜ ਸੁਆਦ ਨਾਲ ਨਹੀਂ ਨਿਭਾ ਸਕਿਆ।

ਛਾਇਆਵਾਦੀ ਰਚਨਾ ਵਿਚ ਆਸ਼ਾਵਾਦੀ ਪੱਖ ਨੂੰ ਭਾਈ ਵੀਰ ਸਿੰਘ ਤੋਂ ਵਧੇਰੇ ਪ੍ਰੋ. ਪੂਰਨ ਸਿੰਘ ਜੀ ਨੇ ਉਜਾਗਰ ਕੀਤਾ ਹੈ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਵਿਧਾਤਾ ਸਿੰਘ ਤੀਰ ਆਦਿ ਕਵੀਆਂ ਨੇ ਨਿਰਾਸ਼ਾਵਾਦੀ ਪੱਖ ਉਪਰ ਵਧੇਰੇ ਲਿਖਿਆ ਹੈ ਅਤੇ ਹਨੇਰਾ, ਦੁੱਖ ਜਾਂ ਬੇਬਸੀ ਦੇ ਚਿੱਤਰ ਬਹੁਤ ਦਿੱਤੇ ਹਨ। ਸੰਤੋਖ ਤੇ ਤ੍ਰਿਪਤੀ ਨਾ ਹੋਣ ਕਰਕੇ ਇਸ ਦੁੱਖ ਭਰੇ ਸੰਸਾਰ ਨੂੰ ਭੁਲਾ ਦੇਣ ਜਾਂ ਇਸ ਤੋਂ ਨੱਠ ਕੇ ਉਜਾੜ ਵਿਚ ਜਾਂ ਸੁਪਨਿਆਂ ਦੇ ਜਗਤ ਵਿਚ ਰਹਿਣ ਦੀ ਭਾਵਨਾ ਪਲਾਇਨਵਾਦ ਨਾਲ ਵੀ ਜਾ ਮਿਲਦੀ ਹੈ। ਇਸੇ ਕਰਕੇ ਪ੍ਰਗਤੀਵਾਦੀ ਅਲੋਚਕਾਂ ਨੇ ਛਾਇਆਵਾਦ ਨੂੰ ਪਲਾਇਨਵਾਦ ਦਾ ਇਕ ਰੂਪ ਮੰਨਿਆ ਹੈ।

**ਭਵਿੱਖ**—ਹਿੰਦੀ ਦੇ ਪ੍ਰਮੁੱਖ ਛਾਇਆਵਾਦੀ ਕਵੀ ਸੁਮਿਤ੍ਰਾ ਨੰਦਨ ਪੰਤ ਨੇ ਆਪਣੇ ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਇਸ ਵਿਸ਼ੇ ਤੇ ਇਉਂ ਲਿਖਿਆ ਹੈ, 'ਛਾਇਆਵਾਦ ਵਿਚ ਹੁਣ ਭਵਿੱਖ ਲਈ ਨਵੇਂ ਤੇ ਉਪਯੋਗੀ ਆਦਰਸ਼, ਨਵੀਂ ਭਾਵਨਾ ਦੀ ਸੁੰਦਰਤਾ ਅਤੇ ਨਵੇਂ ਵਿਚਾਰਾਂ ਦਾ ਰਸ ਨਹੀਂ ਰਿਹਾ। ਉਹ ਕਾਵਿ ਦੀ ਥਾਂ ਅਲੰਕਾਰ-ਭਰਿਆ ਸੰਗੀਤ ਬਣ ਗਿਆ ਹੈ।'

ਲਿਖਣ ਤੇ ਬੋਲਣ ਦੀ ਆਜ਼ਾਦੀ ਨੇ ਕਵੀਆਂ ਦੀ ਅਸਪਸ਼ਟਤਾ ਕਿਸੇ ਹੱਦ ਤੱਕ ਮਿਟਾ ਦਿੱਤੀ ਹੈ, ਜਨਤਾਵਾਦ ਨੇ ਕਵੀ ਦੀ 'ਮੈਂ' ਨੂੰ ਜਨਤਾ ਦੀ 'ਮੈਂ' ਬਣਾ ਦਿੱਤਾ ਹੈ। ਇਹੋ ਕਾਰਨ ਹੈ ਕਿ ਕਲ੍ਹ ਦੇ ਛਾਇਆਵਾਦੀ ਜਾਂ ਰੋਮਾਂਸਵਾਦੀ ਕਵੀਆਂ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ ਆਦਿ ਨੇ ਪ੍ਰਗਤੀਵਾਦ ਵੱਲ ਮੋੜਾ ਪਾਇਆ।

ਛਾਇਆਵਾਦ ਨੇ ਭਾਵਨਾ, ਵਿਸ਼ੇ, ਅਨੁਭਵ, ਛੰਦ ਅਤੇ ਭਾਸ਼ਾ ਵਿਚ ਇਕ ਕ੍ਰਾਂਤੀ ਲਿਆਂਦੀ ਸੀ ਪਰ ਉਸ ਦਾ ਸੰਪਰਕ ਸਮਾਜ ਨਾਲੋਂ ਹਟ ਗਿਆ ਹੈ। ਹੁਣ ਮਨੁੱਖਤਾ ਅਤੇ ਸਮਾਜ ਤੋਂ ਪਰੇ ਸੱਚੀ ਸੁੰਦਰਤਾ ਦੀ ਕਲਪਨਾ ਕਰਨਾ ਵੀ ਕਠਨ ਹੋ ਗਿਆ ਹੈ।

ਛਾਇਆਵਾਦ ਆਪਣਾ ਰਾਗ ਗਾ ਚੁੱਕਾ ਹੈ ਪਰ ਇਸ ਦੀ ਗੂੰਜ ਚਿਰ ਤੱਕ ਸੁਣਾਈ ਦਿੰਦੀ ਰਹੇਗੀ।

ਹ. ਪੁ.–ਸਾਹਿਤ ਮੰਥਨ-ਸੀਤਾ ਰਾਮ ਬਾਹਰੀ ; ਹਿੰ. ਸਾ. ਕੋ.

**ਛਾਤਾ** : ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਮਥੁਰਾ ਜ਼ਿਲ੍ਹੇ ਵਿਚ ਇਸੇ ਨਾਂ ਦੀ ਤਹਿਸੀਲ ਦਾ ਸਦਰ ਮੁਕਾਮ ਹੈ ਜੋ ਆਗਰੇ ਤੋਂ ਦਿੱਲੀ ਜਾਣ ਵਾਲੀ ਸੜਕ ਉੱਤੇ ਆਗਰੇ ਤੋਂ 90 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਸ਼ਹਿਰ ਦੀ ਵਿਸ਼ੇਸ਼ਤਾ ਇਸ ਦੀ ਇਕ ਕਿਲੇ ਨੁਮਾ ਸਰਾਂ ਕਰਕੇ ਹੈ ਲ. 5 ਹੈਕ. (12 ਏਕੜ) ਵਿਚ ਫੈਲੀ ਹੋਈ ਹੈ। ਦੋ ਖੁਲ੍ਹੇ ਵੱਡੇ-ਵੱਡੇ ਦਰਵਾਜ਼ਿਆਂ ਵਾਲੀ ਇਸ ਸਰਾਂ ਨੂੰ ਸ਼ੇਰ ਸ਼ਾਹ ਸੂਰੀ ਜਾਂ ਅਕਬਰ ਦੇ ਰਾਜ ਕਾਲ ਵਿਚ ਬਣਾਇਆ ਗਿਆ ਸੀ। ਇਸ ਦੇ ਅੰਦਰ ਹੁਣ ਕਈ ਛੋਟੇ-ਛੋਟੇ ਕੱਚੇ ਘਰ ਬਣੇ ਹੋਏ ਹਨ। ਸੰਨ 1857 ਦੇ ਗਦਰ ਸਮੇਂ ਇਸ ਸਰਾਂ ਉੱਤੇ ਬਾਗ਼ੀਆਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੇ ਇਸ ਦੇ ਅੰਦਰ ਜਾਣ ਲਈ ਇਸ ਦੀ ਇਕ ਗੁੰਮਟੀ ਨੂੰ ਉਡਾ ਦਿੱਤਾ ਸੀ। ਇਸ ਤੋਂ ਇਲਾਵਾ ਇਥੇ ਮੁੱਢ ਤੋਂ ਹੀ ਸਥਾਨਕ ਵਪਾਰ ਧੰਦਾ ਹੁੰਦਾ ਰਿਹਾ ਹੈ। ਸ਼ਹਿਰ ਦਾ ਪ੍ਰਬੰਧ 1856 ਦੇ ਐਕਟ 20 ਅਨੁਸਾਰ ਹੁੰਦਾ ਸੀ।

ਆਬਾਦੀ—16,370 (1991)

27° 44′ ਉ. ਵਿਥ. ; 77° 31′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 197 ; ਹਿੰ. ਵਿ. ਕੋ. 4 : 325

**ਛਾਤਾ ਫ਼ੌਜ** : ਇਹ ਫ਼ੌਜ ਅਜਿਹੇ ਸੈਨਿਕਾਂ ਦੀ ਬਣੀ ਹੁੰਦੀ ਹੈ ਜਿਨ੍ਹਾਂ ਨੂੰ ਹਵਾਈ ਜਹਾਜ਼ਾਂ ਦੁਆਰਾ ਦੁਸ਼ਮਣ ਦੀ ਫ਼ੌਜ ਦੀਆਂ ਸਫਾਂ



ਪੈਰਾਸ਼ੂਟ ਬੰਨ੍ਹੇ ਛਾਤਾ ਸੈਨਿਕ

ਦੇ ਪਿੱਛੇ ਜਾਂ ਕਈ ਵਾਰੀ ਹੋਰ ਮਹੱਤਵਪੂਰਣ ਟਿਕਾਣਿਆਂ ਤੇ ਪੈਰਾਸ਼ੂਟ ਦੀ ਮੱਦਦ ਨਾਲ ਧਰਤੀ ਉੱਤੇ ਲੜਨ ਲਈ ਜਾਂ ਆਪਣਾ ਅਧਿਕਾਰ ਜਮਾਉਣ ਲਈ ਉਤਾਰਿਆ ਜਾਂਦਾ ਹੈ। ਹਵਾਈ ਜਹਾਜ਼ਾਂ ਵਿਚ ਸਵਾਰ ਹੁੰਦੇ ਸਮੇਂ ਪੈਰਾਸ਼ੂਟਾਂ ਦੀਆਂ ਇਹ ਗਠੜੀਆਂ ਇਨ੍ਹਾਂ ਸੈਨਿਕਾਂ ਦੇ ਸਰੀਰ ਉੱਤੇ ਫੀਤਿਆਂ ਦੁਆਰਾ ਬੰਨ੍ਹੀਆਂ ਹੁੰਦੀਆਂ ਹਨ। ਨਿਸ਼ਚਿਤ ਥਾਂ ਤੇ ਪਹੁੰਚ ਕੇ, ਹਵਾਈ ਜਹਾਜ਼ ਵਿਚੋਂ ਕੁੱਦਣ ਨਾਲ ਜਾਂ ਕਿਸੇ ਹੋਰ ਤਰ੍ਹਾਂ, ਇਕ ਡੋਰੀ ਦੇ ਖਿੱਚੇ ਜਾਣ ਨਾਲ ਇਹ ਗਠੜੀਆਂ ਖੁਲ੍ਹ ਜਾਂਦੀਆਂ ਹਨ ਅਤੇ ਪੈਰਾਸ਼ੂਟ ਦੀ ਛੱਤਰੀ ਫੈਲ ਕੇ ਡਿੱਗਦੇ ਹੋਏ ਸੈਨਿਕ ਦੀ ਗਤੀ ਨੂੰ ਹੌਲੀ ਕਰ ਦਿੰਦੀ ਹੈ।

ਪਹਿਲੇ ਵਿਸ਼ਵ-ਯੁੱਧ ਵਿਚ ਕੁਝ ਸੈਨਿਕ ਕੰਮਾਂ ਲਈ ਪੈਰਾਸ਼ੂਟ ਦੀ ਵਰਤੋਂ ਕੀਤੀ ਗਈ ਸੀ। ਰੂਸ ਨੇ 1930 ਈ. ਦੀ ਲੜਾਈ ਵਿਚ ਇਸ ਦੀ ਵਰਤੋਂ ਕਰਕੇ ਵੇਖੀ ਪਰ ਇਸ ਦੀ ਆਮ ਵਰਤੋਂ ਲਈ ਰੂਸ ਨੂੰ 6 ਸਾਲ ਲੱਗ ਗਏ। ਇਟਲੀ ਨੇ ਵੀ ਲਗਭਗ ਇਸ ਸਮੇਂ ਛਾਤਾ ਫ਼ੌਜ ਤਿਆਰ ਕੀਤੀ। ਸੰਨ 1940 ਵਿਚ ਜਰਮਨੀ ਨੇ ਨੀਦਰਲੈਂਡਜ਼ ਉੱਤੇ ਹਮਲਾ ਕਰਨ ਵਿਚ ਛਾਤਾ ਫ਼ੌਜ ਵਰਤੀ। ਜਰਮਨ ਦੀ ਪੂਰਨ ਵਿਕਸਿਤ ਛਾਤਾ ਫ਼ੌਜ ਦੇ ਇਕ ਡਵੀਜ਼ਨ ਵਿਚ ਲਗਭਗ 6,700 ਸੈਨਿਕ ਹੁੰਦੇ ਹਨ। ਦੂਸਰੇ ਵਿਸ਼ਵ

**ਯੁੱਧ** ਵਿਚ ਜਰਮਨੀ ਨੇ ਇਸ ਤਰ੍ਹਾਂ ਦੀ ਫ਼ੌਜ ਤਿਆਰ ਕੀਤੀ, ਜਿਸ ਨਾਲ **ਦੂ**ਸਰੇ ਦੇਸ਼ਾਂ ਦਾ ਧਿਆਨ ਵੀ ਇਸ ਵੱਲ ਹੋ ਗਿਆ ਅਤੇ ਇਨ੍ਹਾਂ ਨੇ ਵੀ **ਇਸ** ਤਰ੍ਹਾਂ ਦੀਆਂ ਫ਼ੌਜਾਂ ਤਿਆਰ ਕੀਤੀਆਂ।



ਕੁੱਦਦਾ ਹੋਇਆ ਛਾਤਾ ਸੈਨਿਕ



**ਧਰਤੀ ਉੱਤੇ ਉਤਰਨਾ**

**ਅੰਗਰੇਜ਼ਾਂ ਨੇ ਵੀ ਛਾਤਾ ਫ਼ੌਜ ਬਣਾਈ। ਇਨ੍ਹਾਂ ਨੇ ਅਜਿਹੇ ਪੈਰਾਸ਼ੂਟ ਤਿਆਰ ਕੀਤੇ ਜਿਹੜੇ** ਸੈਨਿਕ ਦੇ ਜਹਾਜ਼ ਵਿਚੋਂ ਕੁੱਦਣ **ਨਾਲ ਆਪ ਹੀ** ਖੁੱਲ੍ਹ ਜਾਂਦੇ ਸਨ। ਇਨ੍ਹਾਂ ਪੈਰਾਸ਼ੂਟਾਂ ਦਾ ਵਿਆਸ 8.534 ਮੀ. (28 ਫੁੱਟ) ਹੁੰਦਾ ਸੀ। ਭਿੰਨ-ਭਿੰਨ ਪ੍ਰਕਾਰ ਦੇ ਸਾਮਾਨਾਂ ਜਾਂ **ਭਾਰੀਆਂ ਵਸਤਾਂ ਨੂੰ** ਧਰਤੀ ਉੱਤੇ ਉਤਾਰਨ ਲਈ 0.610 ਮੀ. (2 ਫੁੱਟ) **ਵਿਆਸ ਤੋਂ ਲੈ ਕੇ** 18.288 ਮੀ. (60 ਫੁੱਟ) ਵਿਆਸ ਤੱਕ ਵਾਲੀਆਂ ਛੱਤਰੀਆਂ ਵਰਤੀਆਂ ਜਾਂਦੀਆਂ ਸਨ। ਟੈਂਕ, ਤੋਪਾਂ ਅਤੇ ਸੁਰੱਖਿਆ ਕਿਸ਼ਤੀਆਂ (ਲਾਈਫ ਬੋਟ) ਉਤਾਰਨ ਲਈ ਕਈ ਵੱਡੇ ਤੰਬੂਆਂ ਦੇ ਝੁੰਡਾਂ ਵਾਲੇ ਪੈਰਾਸ਼ੂਟ ਵਰਤੇ ਜਾਂਦੇ ਸਨ। ਛਾਤਾ ਸੈਨਿਕਾਂ ਨੂੰ ਲੋੜੀਂਦੇ ਸਥਾਨ ਤੇ ਪਹੁੰਚਾਉਣ ਲਈ ਗਲਾਈਡਰ ਵੀ ਵਰਤੇ ਜਾਂਦੇ ਹਨ। ਕਰਟਿਸ ਸੀ-47 ਦੇ ਢੰਗ ਵਾਲਾ ਹਵਾਈ ਜਹਾਜ਼ 36 ਛਾਤਾ ਸੈਨਿਕਾਂ ਦੇ ਨਾਲ-ਨਾਲ ਤੋਪ, ਟੈਂਕ ਅਤੇ ਕਈ ਤਰ੍ਹਾਂ ਦੀਆਂ ਫ਼ੌਜੀ ਗੱਡੀਆਂ ਲੱਦੇ ਹੋਏ ਦੋ ਗਲਾਈਡਰਾਂ ਨੂੰ ਵੀ ਉਡਾ ਕੇ ਲੈ ਜਾਂਦਾ ਹੈ। ਪੈਰਾਸ਼ੂਟ, ਗਲਾਈਡਰ ਅਤੇ ਹਵਾਈ ਜਹਾਜ਼ ਇਨ੍ਹਾਂ ਤਿੰਨਾਂ ਤੋਂ ਬਿਨਾਂ ਛਾਤਾ ਸੈਨਿਕ ਨੂੰ ਲੈ ਜਾਣ ਲਈ ਹਾਲੇ ਤਕ ਕੋਈ ਹੋਰ ਸਾਧਨ ਵਿਕਸਿਤ ਨਹੀਂ ਹੋ ਸਕਿਆ।

ਛਾਤਾ-ਫ਼ੌਜਾਂ ਥਲ-ਸੈਨਾ ਦੀ ਮੱਦਦ ਨਾਲ ਇਕ ਮਿਥੀ ਸਕੀਮ ਅਨੁਸਾਰ ਹੀ ਆਪਣਾ ਕੰਮ ਪੂਰਾ ਕਰਦੀਆਂ ਹਨ। ਇਨ੍ਹਾਂ ਦੇ ਉਪਯੋਗ ਵਿਚ ਹਵਾ ਦੇ ਰੁੱਖ ਦੀ ਬਹੁਤ ਮਹਾਨਤਾ ਹੈ। ਦੀਪਾਂ ਉੱਤੇ ਹਮਲਾ ਕਰਨ ਅਤੇ ਸੁਰੱਖਿਅਤ ਸਥਾਨਾਂ ਉੱਤੇ ਅਧਿਕਾਰ ਜਮਾਉਣ ਵਿਚ ਛਾਤਾ ਫ਼ੌਜ ਦਾ ਵਿਸ਼ੇਸ਼ ਉਪਯੋਗ ਹੈ।

ਹ. ਪੁ.–ਹਿੰ. ਵਿ. ਕੋ. 4 : 315

**ਛਾਂਦੋਗਯ ਉਪਨਿਸ਼ਦ** : ਇਹ ਸਾਮਵੇਦ ਦੇ ਛਾਂਦੋਗਯ ਬ੍ਰਾਹਮਣ ਦਾ ਇਕ ਭਾਗ ਹੈ। ਇਹ ਸਭ ਤੋਂ ਪੁਰਾਣੇ ਦਸ ਉਪਨਿਸ਼ਦਾਂ ਵਿਚੋਂ ਨੌਵਾਂ ਹੈ ਅਤੇ ਸਭ ਤੋਂ ਵੱਡਾ ਹੈ। ਇਸ ਦੇ ਅੱਠ ਭਾਗਾਂ ਵਿਚ ਹਰੇਕ ਵਿਚ ਇਕ ਇਕ ਅਧਿਆਇ ਹੈ। ਇਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :–

| ਅਧਿਆਇ | ਖੰਡ | ਮੰਤਰ |
|---|---|---|
| 1 | 13 | 113 |
| 2 | 24 | 81 |
| 3 | 19 | 110 |
| 4 | 17 | 79 |
| 5 | 24 | 89 |
| 6 | 16 | 69 |
| 7 | 26 | 50 |
| 8 | 15 | 62 |

ਬ੍ਰਹਮ-ਗਿਆਨ ਦੇ ਲਈ ਪ੍ਰਸਿੱਧ ਛਾਂਦੋਗਯ ਉਪਨਿਸ਼ਦ ਦੀ ਪਰੰਪਰਾ ਵਿਚ ਅੱਠਵੇਂ ਅਧਿਆਇ ਅਨੁਸਾਰ ਇਸ ਦਾ ਪ੍ਰਵਚਨ ਬ੍ਰਹਮਾ ਨੇ ਪਰਜਾਪਤੀ ਨੂੰ, ਪਰਜਾਪਤੀ ਨੇ ਮਨੂੰ ਨੂੰ ਅਤੇ ਮਨੂੰ ਨੇ ਆਪਣੇ ਪੁੱਤਰਾਂ ਨੂੰ ਕੀਤਾ। ਇਸ ਤਰ੍ਹਾਂ ਇਸ ਦਾ ਜਗਤ ਵਿਚ ਵਿਸਥਾਰ ਹੋਇਆ। ਇਸ ਉਪਨਿਸ਼ਦ ਦਾ ਵਿਸ਼ਾ ਸੰਨਿਆਸ ਪ੍ਰਧਾਨ ਹੈ ਜੋ ਅੱਠਵੇਂ ਅਧਿਆਇ ਦੇ ਸੱਤਵੇਂ ਖੰਡ ਵਿਚ ਪਰਜਾਪਤੀ ਵੱਲੋਂ ਇੰਦਰ ਨੂੰ ਦਿੱਤੇ ਗਏ ਪਹਿਲੇ ਮੰਤਰ ਦੇ ਉਪਦੇਸ਼ ਤੋਂ ਸਪਸ਼ਟ ਹੈ ਕਿ ਇਸ ਦੇ ਪਹਿਲੇ ਦੋ ਭਾਗਾਂ ਵਿਚ ਵਿਆਹ ਆਦਿ ਸੰਸਕਾਰਾਂ ਦਾ ਵਰਣਨ ਹੈ। ਇਸ ਵਿਚ ਓਅੰ ਦੀ ਵਿਆਖਿਆ, ਯੱਗਾਂ ਦੀ ਵਿਧੀ ਅਤੇ ਆਤਮ-ਵਿੱਦਿਆ ਦਾ ਵਰਣਨ ਹੈ।

**ਇਸ** ਉਪਨਿਸ਼ਦ ਦੇ ਮੁੱਖ ਵਿਚਾਰ ਇਸ ਤਰ੍ਹਾਂ ਹਨ–ਸ੍ਰਿਸ਼ਟੀ ਦੇ ਆਰੰਭ ਸਮੇਂ ਕੇਵਲ ਇਕੋ ਅਤੇ ਅਦਵੈਤ ਸੱਤ ਸੀ, ਜਿਸ ਤੋਂ ਅਸੱਤ ਦੀ ਉੱਤਪਤੀ ਹੋਈ। ਤੈਤਰੀਯ ਉਪਨਿਸ਼ਦ ਵਿਚ ਅਸੱਤ ਤੋਂ ਸੱਤ ਦੀ ਉੱਤਪਤੀ ਹੋਈ ਦੱਸੀ ਗਈ ਹੈ ਪਰ ਸ਼ਬਦਾਂ ਵਿਚ ਵਿਭਿੰਨਤਾ ਹੋਣ ਦੇ ਬਾਵਜੂਦ, ਦੋਹਾਂ ਦਾ ਅਰਥ ਇਕੋ ਹੀ ਹੈ। ਇਸ ਸੱਤ ਨੂੰ ਹੀ 'ਬ੍ਰਹਮ' ਕਿਹਾ ਜਾਂਦਾ ਹੈ, ਜਿਸ ਨੇ ਇਕ ਤੋਂ ਅਨੇਕ ਹੋਣ ਦੀ ਇੱਛਾ ਨਾਲ ਸ੍ਰਿਸ਼ਟੀ ਦੀ ਰਚਨਾ ਕਰਕੇ ਉਸ ਵਿਚ ਜੀਵ-ਰੂਪ ਵਿਚ ਪ੍ਰਵੇਸ਼ ਕੀਤਾ।

ਇਸ ਉਪਨਿਸ਼ਦ ਵਿਚ ਪੰਜ ਤਨਮਾਤ੍ਰਾ ਅਤੇ ਪੰਜ ਮਹਾਂਭੂਤਾਂ ਦਾ ਵਰਣਨ ਨਹੀਂ ਆਉਂਦਾ, ਸਗੋਂ ਤੇਜ਼, ਜਲ ਅਤੇ ਪ੍ਰਿਥਵੀ ਇਨ੍ਹਾਂ ਮੂਲ ਤੱਤਾਂ ਦੇ ਮਿਸ਼ਰਣ ਨਾਲ ਸ੍ਰਿਸ਼ਟੀ ਦਾ ਨਿਰਮਾਣ ਹੋਇਆ ਮੰਨਿਆ ਗਿਆ ਹੈ।

ਛੇਵੇਂ ਅਧਿਆਇ ਦੇ ਅੱਠਵੇਂ ਖੰਡ ਅਤੇ ਸੋਲ੍ਹਵੇਂ ਮੰਤਰ ਵਿਚ ਇਸ ਸਿਧਾਂਤ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਅਸਲ ਵਿਚ ਸਾਰੇ ਜੀਵਾਂ ਵਿਚ ਜੋ ਆਤਮਾ ਹੈ, ਉਹ ਬ੍ਰਹਮ ਹੀ ਹੈ। ਇਸੇ ਸਿਧਾਂਤ ਨੂੰ ਇਸ ਉਪਨਿਸ਼ਦ ਦੇ ਮਹਾਵਾਕ 'ਤਤਵਮਸੀ' ਵਿਚ ਦਰਸਾਇਆ ਗਿਆ ਹੈ ਅਤੇ ਜਿਸ ਤਰ੍ਹਾਂ ਨਦੀਆਂ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੀ ਬਣ ਜਾਂਦੀਆਂ ਹਨ ਅਤੇ ਆਪਣੀ ਸੱਤਾ ਨੂੰ ਨਹੀਂ ਜਾਣਦੀਆਂ, ਉਸੇ ਤਰ੍ਹਾਂ ਸ੍ਰਿਸ਼ਟੀ ਦੇ ਸਾਰੇ ਜੀਵ ਆਤਮ-ਸਰੂਪ ਨੂੰ ਭੁੱਲੇ ਹੋਏ ਹਨ।

ਛਾਂਦੋਗਯ ਉਪਨਿਸ਼ਦ ਸਬੰਧੀ ਸ਼ੰਕਰਚਾਰੀਆ ਦੇ ਟੀਕੇ ਨੂੰ ਉੱਤਮ ਮੰਨਿਆ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ ; ਮ. ਕੋ.

**ਛਾਪਰੀ** : ਇਹ ਭਾਰਤ ਦੇ ਪੰਜਾਬ ਰਾਜ ਦੇ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨਤਾਰਨ ਵਿਚ ਇਕ ਇਤਿਹਾਸ ਪਿੰਡ ਹੈ। ਇਥੇ ਇਕ ਪ੍ਰੇਮੀ ਸਿੱਖ ਭਾਈ 'ਹੇਮਾ' ਦੀ ਛੱਪਰੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਵਾਸ ਕੀਤਾ ਹੈ ਅਤੇ "ਭਲੀ ਸੁਹਾਵੀ ਛਾਪਰੀ ਜਾ ਮਹਿਗੁਨ ਗਾਏ" (ਸੂਹੀ ਮ: ੫) ਸ਼ਬਦ ਉਚਾਰਿਆ।

ਇਸ ਸਥਾਨ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਵੀ ਆਏ ਸਨ। ਬਾਅਦ ਵਿਚ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਜੀ ਨੇ ਇਥੇ ਚਰਨ ਪਾਏ ਸਨ। ਇਹ ਥਾਂ ਤਰਨਤਾਰਨ ਰੇਲਵੇ ਸਟੇਸ਼ਨ ਤੋਂ 16 ਕਿ.ਮੀ. ਦੂਰ ਉੱਤਰ ਪੱਛਮ ਵੱਲ ਹੈ।

ਹ. ਪੁ.–ਮ. ਕੋ. : 489

**ਛਾਬਦਾ, ਬਾਲ** : ਇਸ ਚਿੱਤਰਕਾਰ ਦਾ ਜਨਮ 18 ਮਾਰਚ, 1923 ਨੂੰ ਹੋਇਆ। ਸੰਨ 1958 ਵਿਚ ਇਸ ਨੇ ਚਿੱਤਰਕਾਰੀ ਕਰਨੀ ਸ਼ੁਰੂ ਕੀਤੀ। ਸੰਨ 1960 ਤੋਂ 1966 ਤੱਕ ਇਸ ਨੇ ਕਲਾ ਦੀਆਂ ਕੌਮਾਂਤਰੀ ਨੁਮਾਇਸ਼ਾਂ ਵਿਚ ਭਾਗ ਲਿਆ। ਸੰਨ 1961 ਵਿਚ ਇਸ ਨੇ ਜਾਪਾਨ ਵਿਚ ਅਤੇ 1965 ਈ. ਵਿਚ ਸੰਯੁਕਤ ਰਾਜ ਅਮਰੀਕਾ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਨ 1961 ਵਿਚ ਇਸ ਨੇ 'ਟੋਕੀਓ ਗਵਰਨਰ ਐਵਾਰਡ' ਪ੍ਰਾਪਤ ਕੀਤਾ। ਆਪਣੀਆਂ ਤਸਵੀਰਾਂ 'ਦੀ ਗ੍ਰੇਸਿਜ਼' ਅਤੇ 'ਲਵ ਦਾਈ ਨੇਬਰ ਐਜ਼ ਦਾਈ ਸੈਲਫ' ਲਈ ਇਸ ਨੂੰ ਲਲਿਤ ਕਲਾ ਅਕਾਦਮੀ ਵੱਲੋਂ ਕ੍ਰਮਵਾਰ 1965 ਅਤੇ 1966 ਈ. ਵਿਚ ਇਨਾਮ ਮਿਲਿਆ।

ਹ. ਪੁ.–ਇੰਡੀਆ ਹੂਜ਼. ਹੂ. 1982 ; ਨੈਸ਼ਨਲ ਆਨਰਜ਼ ਐਨ ; ਆਰਟਿਸਟ ਡਾਇਰੈਕਟਰੀ

**ਛਾਬਰਾ** : ਇਹ ਅਣਵੰਡੇ ਭਾਰਤ ਵਿਚ ਰਾਜਪੂਤਾਨਾ ਪ੍ਰਾਂਤ ਵਿਚ ਮੱਧ-ਭਾਰਤ ਦੇ ਪਰਗਨਿਆਂ ਵਿਚੋਂ ਇਕ ਸੀ। ਕੁਝ ਵਿਸ਼ੇਸ਼ ਕਾਰਨਾਂ ਕਰਕੇ ਇਸ ਖੇਤਰ ਨੂੰ ਗਵਾਲੀਅਰ ਦੇ ਰੈਜ਼ੀਡੈਂਟ ਦੇ ਰਾਜਨੀਤਕ ਅਧਿਕਾਰ ਖੇਤਰ ਵਿਚ ਸ਼ਾਮਲ ਕਰ ਦਿੱਤਾ ਗਿਆ। ਇਸ ਦਾ ਕੁੱਲ ਰਕਬਾ 799 ਵ. ਕਿ. ਮੀ. (312 ਵ. ਮੀਲ) ਸੀ। ਇਹ ਖੇਤਰ ਇਕ ਤਿਕੋਣੀ ਜਿਹੀ ਸ਼ਕਲ ਵਿਚ ਸੀ ਜਿਸਨੂੰ ਕੁਦਰਤੀ ਤੌਰ ਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ–ਅਗਵਾੜ, ਮੁੰਜਵਾੜ ਤੇ ਪਿਛਵਾੜ। ਇਨ੍ਹਾਂ ਵਿਚੋਂ ਅਗਵਾੜ ਵਾਲਾ ਹਿੱਸਾ ਪੱਧਰੀ ਭੂਮੀ ਵਾਲਾ ਜ਼ਰਖੇਜ਼ ਹੈ ਜਦ ਕਿ ਦੂਜੇ ਦੋਵੇਂ ਹਿੱਸੇ ਘਣੇ ਜੰਗਲਾਂ ਵਾਲੇ ਪਹਾੜੀ ਸਿਲਸਿਲਿਆਂ ਨਾਲ ਭਰਪੂਰ ਹਨ। ਪਾਰਬਤੀ ਨਦੀ ਅਤੇ ਇਸ ਦੀ ਸਹਾਇਕ ਨਦੀ ਅੰਧੇਰੀ ਇਸ ਖੇਤਰ ਵਿਚ ਵਹਿਣ ਵਾਲੀਆਂ ਮੁੱਖ ਨਦੀਆਂ ਹਨ। ਇਹ ਦੋਵੇਂ ਹੀ ਇਸ ਖੇਤਰ ਦੀ ਅੰਤਰ-ਭੂਮੀ ਵਿਚ ਨਹੀਂ ਜਾਂਦੀਆਂ ਸਗੋਂ ਪਾਰਬਤੀ ਇਸ ਖੇਤਰ ਦੀ ਪੂਰਬੀ ਤੇ ਉੱਤਰੀ ਹੱਦ ਦੇ ਨਾਲ-ਨਾਲ ਵਹਿੰਦੀ ਹੈ ਅਤੇ ਅੰਧੇਰੀ ਨਦੀ ਪੱਛਮ ਵੱਲ ਹੱਦਬੰਦੀ ਕਰਦੀ ਹੈ।

ਛਾਬਰਾ ਸ਼ਹਿਰ ਇਸਦਾ ਸਦਰ-ਮੁਕਾਮ ਹੁੰਦਾ ਸੀ। ਇਸ ਵਿਚ 185 ਪਿੰਡ ਸ਼ਾਮਲ ਸਨ। ਚਮਾਰ, ਧਾਕਰ, ਬ੍ਰਾਹਮਣ ਅਤੇ ਦੋਧਾ ਜਾਤਾਂ ਦੇ ਲੋਕ ਇਸ ਖੇਤਰ ਦੇ ਮੂਲ ਵਸਨੀਕ ਸਨ। ਛਾਬਰਾ ਪਰਗਨੇ ਵਿਚ ਖਿੱਚੀ ਚੌਹਾਨ ਰਾਜਪੂਤ ਸਭ ਤੋਂ ਪਹਿਲਾਂ ਆ ਕੇ ਆਬਾਦ ਹੋਏ ਮੰਨੇ ਜਾਂਦੇ ਹਨ। ਸੰਨ 1295 ਵਿਚ ਇਸ ਕਬੀਲੇ ਦੇ ਮੁਖੀ ਗੁੱਗਲ ਸਿੰਘ ਨੇ 'ਗੁਗੌੜ' ਦੇ ਕਿਲੇ ਦੀ ਨੀਂਹ ਰੱਖੀ। ਉਸ ਸਮੇਂ 'ਗੁਗੌੜ' ਇਸ ਇਲਾਕੇ ਦਾ ਮੁੱਖ ਸ਼ਹਿਰ ਹੁੰਦਾ ਸੀ। ਅਠਾਰਵੀਂ ਸਦੀ ਦੇ ਅੰਤ ਤੀਕ ਇਹ ਜਸਵੰਤ ਰਾਓ ਹੋਲਕਰ ਦੇ ਕਬਜ਼ੇ ਹੇਠ ਆਇਆ ਅਤੇ 1816 ਈ. ਵਿਚ ਅਮੀਰ ਖ਼ਾਂ ਦੇ ਹੱਥਾਂ ਵਿਚ ਚਲਾ ਗਿਆ। ਸੰਨ 1817 ਦੀ ਸੰਧੀ ਅਨੁਸਾਰ ਬ੍ਰਿਟਿਸ਼ ਸਰਕਾਰ ਨੇ ਇਹ ਇਲਾਕਾ ਪੱਕੇ ਤੌਰ ਤੇ ਅਮੀਰ ਖ਼ਾਂ ਨੂੰ ਦੇ ਦਿੱਤਾ।

ਕਣਕ, ਜਵਾਰ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਮੱਕੀ, ਛੋਲੇ ਤੇ ਸੂਰਜਮੁਖੀ ਦੀ ਵੀ ਥੋੜ੍ਹੀ ਬਹੁਤ ਖੇਤੀ ਹੁੰਦੀ ਹੈ। ਸੰਤਰਾ ਇਸ ਇਲਾਕੇ ਦਾ ਸਭ ਤੋਂ ਵਧ ਮਹੱਤਵਪੂਰਨ ਫਲ ਹੈ।

ਹ. ਪੁ.–ਇੰਪ. ਗ. ਇੰਡ. 10 : 195

**ਛਾਬਰਾ** : ਸ਼ਹਿਰ–ਇਹ ਭਾਰਤ ਦੇ ਰਾਜਸਥਾਨ ਰਾਜ ਦੇ ਕੋਟੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਪਹਿਲਾਂ ਅਣਵੰਡੇ ਭਾਰਤ ਦੀ 'ਸੈਂਟਰਲ ਇੰਡੀਆ ਏਜੰਸੀ' ਦੀ ਰਾਜਪੂਤਾਨਾ ਖੇਤਰ ਦੀ ਟੌਂਕ ਰਿਆਸਤ ਦੇ ਛਾਬਰਾ ਪਰਗਨੇ ਦਾ ਸਦਰ-ਮੁਕਾਮ ਸੀ। ਇਥੇ 15ਵੀਂ ਸਦੀ ਦਾ ਬਣਿਆ ਹੋਇਆ ਇਕ ਕਿਲਾ ਵੀ ਮੌਜੂਦ ਹੈ ਜਿਸ ਨੂੰ ਖਿੱਚੀ (Khichis) ਹਾਕਮਾਂ ਦਾ ਬਣਵਾਇਆ ਖ਼ਿਆਲ ਕੀਤਾ ਜਾਂਦਾ ਹੈ। 20ਵੀਂ ਸਦੀ ਦੇ ਆਰੰਭ ਤੱਕ ਇਥੇ ਇਕ ਡਾਕਘਰ, ਇਕ ਛੋਟੀ ਜੇਲ੍ਹ, ਦੇਸੀ ਸਕੂਲ, ਡਿਸਪੈਂਸਰੀ ਆਦਿ ਵਰਗੀਆਂ ਰੋਜ਼ਾਨਾ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਸਨ।

ਆਬਾਦੀ–16,384 (1991)

24° 39′ ਉ. ਵਿਥ.; 76° 52′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 10 : 196

**ਛਾਲਾ (ਦਾਹ)** : ਛਾਲਾ, ਫੋੜਾ ਜਾਂ ਦਾਹ, ਚਮੜੀ ਅਤੇ ਇਸ ਦੇ ਹੇਠਾਂ ਊਤਕਾਂ ਦੀ ਇਕ ਤੇਜ਼ ਸਥਾਨਕ ਉੱਤੇਜਨਾ, ਹੈ ਜੋ ਇਕ ਖ਼ਾਸ ਕਿਸਮ ਦੇ ਬੈਕਟੀਰੀਆ ਸਟੈਫੀਲੋਕਾੱਕਸ ਆਰਿਅਸ ਦੀ ਲਾਗ ਕਾਰਨ ਹੋ ਜਾਂਦੀ ਹੈ।

ਛਾਲਾ ਸ਼ਬਦ ਚਮੜੀ ਦੀਆਂ ਕਈ ਕਿਸਮ ਦੀਆਂ ਤਪਤ-ਖੰਡੀ ਲਾਗਾਂ ਲਈ ਵਰਤਿਆ ਜਾਂਦਾ ਹੈ ਪਰੰਤੂ ਆਮ ਤੌਰ ਤੇ ਇਹ ਸਟੈਫੀਲੋਕਾੱਕਲ ਲਾਗਾਂ ਲਈ ਹੀ ਵਰਤਿਆ ਜਾਂਦਾ ਹੈ। ਇਹ ਲਾਗ ਵਾਲਾਂ ਦੀਆਂ ਖੋੜਾਂ ਦੇ ਨਾਲ ਲਗਦੀਆਂ ਚਰਬੀ-ਗ੍ਰੰਥੀਆਂ ਤੋਂ ਆਰੰਭ ਹੁੰਦੀ ਹੈ। ਜਦੋਂ ਉੱਤੇਜਨਾ ਦਾ ਅਹਿਸਾਸ ਸ਼ੁਰੂ ਹੁੰਦਾ ਹੈ ਤਾਂ ਛਾਲਾ ਆਕਾਰ ਵਿਚ ਵਧਣ ਲਗ ਜਾਂਦਾ ਹੈ ਅਤੇ ਲਾਲੀ ਆ ਜਾਂਦੀ ਹੈ। ਇਸਦੇ ਨਾਲ ਹੀ ਸੋਜ ਅਤੇ ਦਰਦ ਵੀ ਸ਼ੁਰੂ ਹੋ ਜਾਂਦਾ ਹੈ। ਇਹ ਅਕਸਰ ਵਾਲਾਂ ਦੇ ਮੁਸਾਮ ਰਸਤੇ ਸੁਭਾਵਕ ਤੌਰ ਤੇ ਆਪਣੇ ਆਪ ਹੀ ਰਿਸਣ ਲਗ ਜਾਂਦਾ ਹੈ।

ਜਿਨ੍ਹਾਂ ਛਾਲਿਆਂ ਦੇ ਸਮੂਹ ਵਿਚ ਕਈ ਵਾਲਾਂ ਦੀਆਂ ਖੋੜਾਂ ਨੂੰ ਲਾਗ ਲਗੀ ਹੋਵੇ ਉਸ ਨੂੰ ਮਾਸਖੋਰਾ ਫੋੜਾ ਕਿਹਾ ਜਾਂਦਾ ਹੈ। ਇਹ ਬੁੱਢੇ ਅਤੇ ਕਮਜ਼ੋਰ ਇਨਸਾਨਾਂ ਵਿਚ ਕਾਫ਼ੀ ਖਤਰਨਾਕ ਸਿੱਧ ਹੋ ਸਕਦਾ ਹੈ। ਕਈ ਜਵਾਨ ਅਤੇ ਸਿਹਤਮੰਦ ਇਨਸਾਨਾਂ ਵਿਚ ਬਿਨਾਂ ਕਾਰਨ ਹੀ ਫੋੜੇ ਨਿਕਲਦੇ ਰਹਿੰਦੇ ਹਨ।

ਹ. ਪੁ.–ਐਨ. ਬ੍ਰਿ. 3 : 858 ; ਐਨ. ਬ੍ਰਿ. 20 : 753

**ਛਿਹਰਟਾ** : ਇਹ ਭਾਰਤ ਦੇ ਪੰਜਾਬ ਰਾਜ ਦੇ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਉਪ-ਨਗਰ ਹੈ ਜਿਹੜਾ ਅੰਮ੍ਰਿਤਸਰ ਸ਼ਹਿਰ ਤੋਂ 7 ਕਿ. ਮੀ. ਦੇ ਫਾਸਲੇ ਤੇ ਅੰਮ੍ਰਿਤਸਰ ਤੋਂ ਅਟਾਰੀ ਜਾਣ ਵਾਲੀ ਸੜਕ

ਉਪਰ ਵਾਕਿਆ ਹੈ। ਇਸ ਸ਼ਹਿਰ ਦਾ ਨਾਂ ਉਸ ਖੂਹ ਤੋਂ ਪਿਆ ਹੈ ਜਿਸਦੇ ਛੇ-ਵਿੱਢ (ਛੇ ਹਲਟ) ਸਨ। ਇਹ ਖੂਹ ਇਥੋਂ ਦੇ ਇਤਿਹਾਸਕ ਗੁਰਦੁਆਰੇ ਵਿਚ ਹੈ।ਇਹ ਗੁਰਦੁਆਰਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਣਵਾਇਆ। ਸਿੱਖਾਂ ਦਾ ਵਿਸ਼ਵਾਸ ਹੈ ਕਿ ਕੋਈ ਵੀ ਸੰਤਾਨ ਦੀ ਇੱਛੁਕ ਔਰਤ ਇਸ ਜਗ੍ਹਾ ਸ਼ਰਧਾਪੂਰਵਕ ਇਸ਼ਨਾਨ ਕਰਨ ਉਪਰੰਤ ਆਪਣੀ ਇੱਛਾ ਪੂਰੀ ਕਰ ਸਕਦੀ ਹੈ। ਜਨਵਰੀ ਫ਼ਰਵਰੀ ਮਹੀਨੇ ਬਸੰਤ ਪੰਚਮੀ ਦੇ ਦਿਨ ਇਥੇ ਭਾਰੀ ਇਕੱਠ ਹੁੰਦਾ ਹੈ। ਦੂਰੋਂ-ਦੂਰੋਂ ਸੰਗਤਾਂ ਇਸ ਪਵਿੱਤਰ ਖੂਹ ਤੇ ਇਸ਼ਨਾਨ ਕਰਨ ਲਈ ਆਉਂਦੀਆਂ ਹਨ ਤੇ ਆਪਣੀਆਂ ਮੁਰਾਦਾਂ ਪੂਰੀਆਂ ਕਰਦੀਆਂ ਹਨ। ਅੱਜਕਲ੍ਹ ਛੇ ਹਲਟਾਂ ਦੀ ਥਾਂ ਪਾਣੀ ਕੱਢਣ ਲਈ ਮੋਟਰ ਲਗੀ ਹੋਈ ਹੈ ਅਤੇ ਖੂਹ ਦਾ ਪਾਣੀ ਬਾਹਰ ਇਕ ਤਲਾਅ ਵਿਚ ਆ ਕੇ ਇਕੱਠਾ ਹੁੰਦਾ ਰਹਿੰਦਾ ਹੈ। ਛਿਹਰਟਾ ਤੋਂ 2 1/2 ਕਿ. ਮੀ. ਦੇ ਫ਼ਾਸਲੇ ਤੇ ਵਡਾਲੀ ਗੁਰ ਸਥਾਨ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ ਸੀ। ਹਰ ਸਾਲ ਬਸੰਤ ਪੰਚਮੀਂ ਵਾਲੇ ਦਿਨ ਇਥੇ ਵੀ ਭਾਰੀ ਮੇਲਾ ਲਗਦਾ ਹੈ।

ਅਜੋਕਾ ਸ਼ਹਿਰ ਦੂਜੇ ਦਰਜੇ ਦਾ ਮਿਊਂਸਪਲ ਸ਼ਹਿਰ ਹੈ। ਇਥੇ ਦੋ ਹਾਈ ਸਕੂਲ, ਇਕ ਸਰਕਾਰੀ ਪਾਲਿਟੈਕਨਿਕ ਇੰਸਟੀਚਿਊਟ, ਇਕ ਮਿਊਂਸਪਲ ਹਸਪਤਾਲ, ਇਕ ਡੰਗਰਾਂ ਦਾ ਹਸਪਤਾਲ, ਡਾਕ ਤੇ ਤਾਰ ਘਰ ਅਤੇ ਟੈਲੀਫ਼ੋਨ ਐਕਸਚੇਂਜ ਵਰਗੀਆਂ ਸੰਸਥਾਵਾਂ ਸਥਾਪਿਤ ਹਨ। ਇਨ੍ਹਾਂ ਸੰਸਥਾਵਾਂ ਤੋਂ ਬਿਨਾਂ ਇਥੇ ਕਈ ਛੋਟੇ-ਵੱਡੇ ਉਦਯੋਗ ਵਿਕਸਿਤ ਹਨ ਜਿਥੇ ਅਨੇਕਾਂ ਉੱਤਪਾਦ ਪ੍ਰਾਪਤ ਹੁੰਦੇ ਹਨ।

ਹ. ਪੁ.–ਗ. ਇੰਡ. (ਅੰਮ੍ਰਿਤਸਰ) 1989

**ਛਿੱਕ** : ਇਹ ਨੱਕ ਅਤੇ ਮੂੰਹ ਵਿਚੋਂ ਬਹੁਤ ਜ਼ੋਰ ਨਾਲ ਹਵਾ ਬਾਹਰ ਕੱਢਣ ਅਤੇ ਇਸ ਦੇ ਨਾਲ ਹੀ ਇਹ ਸਵਾਸੀ ਇੱਛਾ ਵਿਰੋਧੀ ਪਰਤਵੀਂ ਕਿਰਿਆ ਹੈ। ਨੱਕ ਦੀ ਲੇਸਦਾਰ ਝਿੱਲੀ ਵਿਚ ਖ਼ਤਮ ਹੋਣ ਵਾਲੀਆਂ ਨਸਾਂ ਦੇ ਸਿਰਿਆਂ ਦੀ ਖਰਖਰੀ ਕਾਰਨ ਜਾਂ ਆੱਪਟਿਕ ਨਸ ਦੀ ਤੇਜ਼ ਰੌਸ਼ਨੀ ਨਾਲ ਹੋਈ ਉੱਤੇਜਨਾ ਕਾਰਨ ਛਿੱਕ ਆਉਂਦੀ ਹੈ। ਇਹ ਖਰਖਰੀ ਕਈ ਕਾਰਨਾਂ ਕਰਕੇ ਹੋ ਸਕਦੀ ਹੈ ਜਿਵੇਂ ਨੱਕ ਦੀ ਲੇਸਦਾਰ ਝਿੱਲੀ ਦੀ ਸੋਜ, ਜਿਸ ਨਾਲ ਛਿੱਕਾਂ ਆਉਣ ਦੇ ਨਾਲ ਹੀ ਅਕਸਰ ਜ਼ੁਕਾਮ ਹੋ ਜਾਂਦਾ ਹੈ ; ਨੱਕ ਵਿਚ ਓਪਰੇ ਕਣ, ਜੋ ਫੁੱਲ ਜਾਂ ਤੇਜ਼ ਸੁਗੰਧਿਤ ਵਸਤੂਆਂ ਸੁੰਘਣ ਕਾਰਨ ਨੱਕ ਅੰਦਰ ਚਲੇ ਜਾਂਦੇ ਹਨ, ਜਾਂ ਕਿਸੇ ਕਿਸਮ ਦੀ ਅਲਰਜੀ ਦਾ ਹੋਣਾ। ਛਿੱਕ ਮਾਰਨ ਸਮੇਂ ਜੋ ਹਵਾ ਬਾਹਰ ਕੱਢੀ ਜਾਂਦੀ ਹੈ ਉਸ ਨਾਲ ਹੋਰਨਾਂ ਨੂੰ ਵੀ ਲਾਗ ਲਗ ਸਕਦੀ ਹੈ।

ਕਈ ਵਾਰ ਛਿੱਕਾਂ ਦਾ ਦੌਰਾ ਜਿਹਾ ਵੀ ਪੈਂਦਾ ਹੈ। ਆਮ ਤੌਰ ਤੇ ਜਦੋਂ ਕੋਈ ਇਨਸਾਨ ਛਿੱਕ ਮਾਰਦਾ ਹੈ ਜਾਂ ਤਾਂ ਉਹ ਪ੍ਰਮਾਤਮਾ ਨੂੰ ਯਾਦ ਕਰਦਾ ਹੈ ਜਾਂ ਫਿਰ 'ਪ੍ਰਮਾਤਮਾ ਤੁਹਾਨੂੰ ਚੰਗੇ ਭਾਗ ਲਾਵੇ' ਕਿਹਾ ਜਾਂਦਾ ਹੈ।

ਹ. ਪੁ.–ਐਨ. ਬ੍ਰਿ. 20 : 853

**ਛਿੰਦਵਾੜਾ** : ਜ਼ਿਲ੍ਹਾ—ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ ਜਿਸ ਦਾ ਖੇਤਰਫਲ 11,825 ਵ. ਕਿ. ਮੀ. ਅਤੇ ਆਬਾਦੀ 15,68,702 (1991) ਹੈ। ਇਸੇ ਹੀ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਭੂਗੋਲਿਕ ਤੌਰ ਤੇ ਜ਼ਿਲ੍ਹੇ ਦੇ ਉੱਤਰ-ਪੱਛਮ ਵੱਲ ਪਹਾੜ ਅਤੇ ਦੱਖਣ ਵੱਲ ਨਾਗਪੁਰ ਮੈਦਾਨ ਹਨ। ਪੂਰਾ ਜ਼ਿਲ੍ਹਾ ਸਤਪੁੜਾ ਲੜੀਆਂ ਦੇ ਮੱਧਵਰਤੀ ਪਠਾਰ ਉੱਤੇ ਹੈ ਅਤੇ ਇਸ ਪਠਾਰ ਦੀ ਢਲਾਣ ਨਾਗਪੁਰ ਮੈਦਾਨ ਵੱਲ ਹੈ। ਮੈਦਾਨ ਦੀ ਔਸਤ ਉਚਾਈ 666 ਮੀ. (2000 ਫੁੱਟ) ਹੈ ਜਿਹੜੀ ਉੱਤਰ-ਪੱਛਮ ਵੱਲ ਵਧਦੀ ਜਾਂਦੀ ਹੈ। ਇਥੇ ਕਈ ਸਿਖਰਾਂ ਦੀ ਉਚਾਈ 1,121 ਮੀ. (3,700 ਫੁੱਟ) ਤੋਂ ਵੀ ਉੱਤੇ ਹੋ ਜਾਂਦੀ ਹੈ। ਕਨਹਾਨ, ਪੈਂਚ, ਕੁਲਬੇਹੜਾ ਅਤੇ ਜਾਮ ਇਸ ਵਿਚੋਂ ਦੀ ਵਗਣ ਵਾਲੇ ਦਰਿਆ ਹਨ। ਨਰਬਦਾ ਦੀਆਂ ਸ਼ਾਖਾਵਾਂ ਉੱਤਰ ਦੇ ਪਹਾੜਾਂ ਉੱਤੋਂ ਅਤੇ ਕਨਹਾਨ ਉੱਤਰ-ਪੱਛਮ ਵੱਲੋਂ ਨਿਕਲਦੀਆਂ ਹਨ। ਚਟਾਨਾਂ ਦੀ ਬਣਤਰ ਪੱਖੋਂ ਇਹ ਜ਼ਿਲ੍ਹਾ ਦੱਖਣੀ ਪਠਾਰਾਂ ਦੀਆਂ ਲਾਵੇ ਦੀਆਂ ਚਟਾਨਾਂ ਦਾ ਬਣਿਆ ਹੋਇਆ ਹੈ। ਚਟਾਨਾਂ ਹੇਠਾਂ ਕੋਲੇ ਦੀਆਂ ਖਾਣਾਂ ਵੀ ਕਈਆਂ ਥਾਵਾਂ ਤੇ ਹਨ।

ਜ਼ਿਲ੍ਹੇ ਦੀਆਂ ਪਰਬਤਾਂ ਦੀਆਂ ਢਲਾਣਾਂ ਜੰਗਲਾਂ ਨਾਲ ਢੱਕੀਆਂ ਹੋਈਆਂ ਹਨ। ਟੀਕ, ਸਾਜ ਅਤੇ ਸਾਲ ਦੀ ਲੱਕੜ ਇਨ੍ਹਾਂ ਜੰਗਲਾਂ ਵਿਚੋਂ ਮਿਲਦੀ ਹੈ।

ਜ਼ਿਲ੍ਹੇ ਦਾ ਜਲਵਾਯੂ ਠੰਢਾ ਅਤੇ ਸਿਹਤ-ਅਫ਼ਜ਼ਾ ਹੈ। ਗਰਮੀ ਕਦੇ ਵੀ ਜ਼ਿਆਦਾ ਨਹੀਂ ਹੁੰਦੀ, ਵਰਖਾ ਸਮੇਂ ਗਰਮੀ ਦਾ ਮੌਸਮ ਸੁਹਾਵਣਾ ਹੁੰਦਾ ਹੈ। ਪੰਚਮਰੀ ਦਾ ਮੌਸਮ ਕਾਫ਼ੀ ਠੰਢਾ ਹੁੰਦਾ ਹੈ। ਕਾਲੀ ਅਤੇ ਲਾਲ ਮਿੱਟੀ ਵਾਲੇ ਖੇਤਰ ਵਿਚ ਕਪਾਹ ਦੀ ਕਾਸ਼ਤ ਕੀਤੀ ਜਾਂਦੀ ਹੈ। ਕਪਾਹ, ਕਣਕ, ਤਿਲ, ਸਣ ਆਦਿ ਇਥੋਂ ਦੀਆਂ ਖਾਸ ਉਪਜਾਂ ਹਨ। ਪਠਾਰ ਉੱਤੇ ਪਸ਼ੂ ਪਾਲਣ ਦਾ ਕਿੱਤਾ ਵੀ ਪ੍ਰਚੱਲਤ ਹੈ। ਜ਼ਿਲ੍ਹੇ ਵਿਚ ਮੈਂਗਨੀਜ਼, ਬਾਕਸਾਈਟ, ਸੰਗਮਰਮਰ ਅਤੇ ਕੋਲਾ ਖਾਣ ਦੀ ਖੁਦਾਈ ਵੀ ਹੁੰਦੀ ਹੈ। ਇਥੋਂ ਦੀਆਂ ਸੱਨਅਤਾਂ ਵਿਚ ਕਪਾਹ ਵੇਲ੍ਹਣ, ਰੇਸ਼ਮੀ ਕੱਪੜਾ ਬਣਾਉਣ, ਤੇਲ ਕੱਢਣ ਅਤੇ ਲੱਕੜੀ ਦੀ ਚਿਰਾਈ ਦਾ ਕੰਮ ਹੁੰਦਾ ਹੈ।

ਜ਼ਿਲ੍ਹੇ ਦੀ ਬਹੁਤੀ ਵਸੋਂ ਮੈਦਾਨੀ ਖੇਤਰ ਵਿਚ ਹੈ। 75 ਫ਼ੀਸਦੀ ਵਸੋਂ ਹਿੰਦੂਆਂ ਦੀ ਹੈ ਅਤੇ ਬਾਕੀ ਗੋਂਡਾ ਅਤੇ ਹੋਰਨਾਂ ਆਦਿਵਾਸੀ ਕਬੀਲਿਆਂ ਦੀ ਹੈ। ਇਥੋਂ ਦੇ ਵਰਣਨਯੋਗ ਸ਼ਹਿਰਾਂ ਵਿਚ ਸਦਰ-ਮੁਕਾਮ ਛਿੰਦਵਾੜਾ ਤੋਂ ਇਲਾਵਾ ਸੌਸਰ ਦਿਉਗੜ੍ਹ, ਲੋਧੀਖੇਰਾ ਅਤੇ ਮੋਹਗਾਉਂ ਹਨ।

ਹ. ਪੁ.–ਇੰਪ. ਗ. ਇੰਡ. 10 : 204 ; ਐਨ. ਬ੍ਰਿ. 5 : 477 ; ਐਨ. ਬ੍ਰਿ. ਮਾ. 2 : 820 ; ਹਿੰ. ਵਿ. ਕੋ. 4 : 327

**ਛਿੰਦਵਾੜਾ** : ਸ਼ਹਿਰ—ਮੱਧ ਪ੍ਰਦੇਸ਼ (ਭਾਰਤ) ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਮਹਾਰਾਸ਼ਟਰ ਰਾਜ ਦੇ ਨਾਗਪੁਰ ਸ਼ਹਿਰ ਤੋਂ 112 ਕਿ. ਮੀ. ਉੱਤਰ-ਪੱਛਮ ਵੱਲ ਸਤਪੁੜਾ ਪਰਬਤ ਉੱਤੇ 666 ਮੀ. ਦੀ ਉਚਾਈ ਤੇ ਵਾਕਿਆ ਹੈ। ਇਸ ਸ਼ਹਿਰ ਨੂੰ ਬੰਗਾਲ-ਨਾਗਪੁਰ ਰੇਲਵੇ ਲਾਈਨ ਨਾਲ ਜੋੜਨ ਲਈ 1905 ਈ. ਵਿਚ ਇਥੇ ਛੋਟੀ ਰੇਲਵੇ ਲਾਈਨ ਬਣਾਈ ਗਈ। ਸ਼ਹਿਰ ਦਾ ਪੌਣ-ਪਾਣੀ ਬੜਾ ਸੁਹਾਵਣਾ ਅਤੇ ਸਿਹਤ-ਅਫ਼ਜ਼ਾ ਹੈ। ਇਸ ਸ਼ਹਿਰ ਦੀ ਸਥਾਪਨਾ ਰਤਨ ਰਘੂਵੰਸੀ ਰਾਜੇ ਨੇ ਕੀਤੀ ਸੀ। ਇਸ ਦਾ ਨਾਂ ਇਥੋਂ ਦੇ ਖਜੂਰ ਦੇ ਦਰਖਤਾਂ ਜਿਨ੍ਹਾਂ ਨੂੰ 'ਛਿੰਦ' ਕਹਿੰਦੇ ਹਨ, ਦੇ ਨਾਂ ਤੇ ਪਿਆ। ਇਥੇ 1867 ਈ. ਤੋਂ ਮਿਉਂਸਪਲਟੀ ਕਾਇਮ ਹੈ। ਇਹ ਵਪਾਰ ਦਾ ਕੇਂਦਰ ਵੀ ਹੈ। ਇਥੇ ਮਿੱਟੀ ਦੇ ਭਾਂਡੇ, ਸਿਲਕ, ਦਸਤਕਾਰੀ ਦੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਇਥੇ ਸਾਗਰ ਵਿਸ਼ਵ ਵਿਦਿਆਲਿਆ ਨਾਲ ਸਬੰਧਤ ਕਾਲਜ ਸਥਾਪਿਤ ਹੈ।

ਆਬਾਦੀ—96,858 (1991)

20° 04′ ਉ. ਵਿਥ. ; 78° 67′ ਪੂ. ਲੰਬ.

ਹ. ਪ.–ਇੰਪ. ਗ. ਇੰਡ. 10 : 214

**ਛਿਬਰਾਮਊ** : ਇਹ ਭਾਰਤ ਦੇ ਉੱਤਰ-ਪ੍ਰਦੇਸ਼ ਰਾਜ ਵਿਚ ਫ਼ਰੁਖ਼ਾਬਾਦ ਜ਼ਿਲ੍ਹੇ ਦਾ ਇਕ ਪ੍ਰਾਚੀਨ ਸ਼ਹਿਰ ਹੈ ਜਿਹੜਾ ਗ੍ਰੈਂਡ ਟਰੰਕ ਰੋਡ ਉਪਰ ਵਾਕਿਆ ਹੈ। ਫ਼ਰੁਖ਼ਾਬਾਦ ਸ਼ਹਿਰ ਨਾਲ ਇਹ ਸ਼ਹਿਰ ਇਕ ਸੜਕ ਨਾਲ ਮਿਲਿਆ ਹੋਇਆ ਹੈ। ਅਜੋਕਾ ਛਿਬਰਾਮਊ ਸ਼ਹਿਰ ਇਸੇ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ ਜਦੋਂ ਕਿ ਮੁਗ਼ਲ ਬਾਦਸ਼ਾਹ ਅਕਬਰ ਦੇ ਰਾਜ-ਕਾਲ ਸਮੇਂ ਇਸ ਸ਼ਹਿਰ ਨੂੰ ਪਰਗਨੇ ਦਾ ਕਾਰਜ-ਕੇਂਦਰੀ ਸ਼ਹਿਰ ਹੋਣ ਦਾ ਮਾਣ ਹਾਸਲ ਸੀ।

ਆਬਾਦੀ—35,585 (1991)

20° 9′ ਉ. ਵਿਥ. ; 79° 31′ ਪੂ. ਲੰਬ.

ਹ. ਪੁ.–ਹਿੰ. ਵਿ. ਕੋ. 4 : 331

**ਛਿਮਤੂਈਪੂਈ** : ਇਹ ਭਾਰਤ ਦੇ ਮਿਜ਼ੋਰਮ ਰਾਜ ਦਾ ਇਕ ਜ਼ਿਲ੍ਹਾ ਹੈ ਜਿਹੜਾ 4,000 ਵ. ਕਿ. ਮੀ. ਦੇ ਰਕਬੇ ਵਿਚ ਫੈਲਿਆ ਹੋਇਆ ਹੈ। ਇਸ ਦੀ ਆਬਾਦੀ 99,876 (1991) ਹੈ। ਜ਼ਿਲ੍ਹੇ ਦੇ ਉੱਤਰ ਵਿਚ ਲੰਗਲੀ ਜ਼ਿਲ੍ਹਾ ; ਦੱਖਣ ਪੂਰਬ ਵਿਚ ਮੀਆਂਮਾਰ ਅਤੇ ਪੱਛਮ ਵਿਚ ਬੰਗਲਾ ਦੇਸ਼ ਹੱਦਬੰਦੀ ਕਰਦਾ ਹੈ। ਇਹ ਪਹਾੜੀ ਖੇਤਰ ਹੈ। ਇਸ ਖੇਤਰ ਦੇ ਪਹਾੜ ਰੂਪ ਵਿਚ ਉੱਤਰ ਤੋਂ ਦੱਖਣੀ ਦਿਸ਼ਾ ਵਿਚ ਸਮਾਨਾਂਤਰ ਲੜੀਆਂ ਦੇ ਰੂਪ ਵਿਚ ਜਾਂਦੇ ਹਨ। ਤੇਜ਼ ਚਾਲ ਵਾਲੀਆਂ ਥੇਗਾ ਆਦਿ ਨਦੀਆਂ ਦੇ ਦੱਰੇ ਇਨ੍ਹਾਂ ਸਮਾਨਾਂਤਰ ਲੜੀਆਂ ਨੂੰ ਵੱਖ ਕਰਦੇ ਹਨ। ਜ਼ਿਲ੍ਹੇ ਦੇ ਉੱਤਰ-ਪੂਰਬ ਵਿਚ ਮਿਜ਼ੋਰਮ ਖੇਤਰ ਦਾ ਸਭ ਤੋਂ ਉੱਚੀ ਚੋਟੀ ਬਲੂ ਮਾਉਂਟੇਨ (2,157 ਮੀ.) ਹੈ। ਸਾਰੇ ਪਹਾੜ ਉਪ-ਊਸ਼ਣ ਖੰਡੀ ਜੰਗਲਾਂ ਨਾਲ ਢੱਕੇ ਹੋਏ ਹਨ।

ਮਿਜ਼ੋਰਮ ਰਾਜ ਵਿਚ ਲੁਸਾਈ, ਰਿਆਂਗ, ਲਖੇਰ ਅਤੇ ਪੋਵੀ ਨਸਲਾਂ ਤੇ ਕਬੀਲੇ ਵੱਸਦੇ ਹਨ। ਇਹ ਲੋਕ ਤਿਬਤੀ-ਬਰ੍ਹਮੀ ਬੋਲੀ ਦੀ ਉਪ-ਭਾਸ਼ਾ ਬੋਲਦੇ ਹਨ। ਇਨ੍ਹਾਂ ਦਾ ਗੁਜ਼ਾਰਾ ਵਾਹੀ ਉਪਰ ਨਿਰਭਰ ਹੈ। ਮੱਕੀ, ਕਪਾਹ, ਤਮਾਕੂ ਅਤੇ ਹਰੀਆਂ ਸਬਜ਼ੀਆਂ ਇਨ੍ਹਾਂ ਦੀਆਂ ਮੁੱਖ ਫਸਲਾਂ ਹਨ। ਸਿੱਧੀਆਂ ਢਲਾਣਦਾਰ ਦਰਿਆਈ ਵਾਦੀਆਂ ਗਰਮ ਤੇ ਸਿਲ੍ਹੇ ਮੌਸਮ ਕਾਰਨ ਵਸੋਂ ਲਈ ਹਾਨੀਕਾਰਕ ਹਨ। ਇਸ ਕਰਕੇ ਇਸ ਇਲਾਕੇ ਦੇ ਪਿੰਡ ਪਹਾੜਾਂ ਦੀਆਂ ਟੀਸੀਆਂ ਉਪਰ ਵਸੇ ਹੋਏ ਹਨ।

ਪਹਾੜਾਂ ਵਿਚੋਂ ਲੋਹੇ ਦੀ ਕੱਚੀ ਧਾਤ, ਚੀਕਣੀ ਮਿੱਟੀ, ਚੂਨਾ ਪੱਥਰ ਅਤੇ ਗ੍ਰੇਫਾਈਟ ਇਥੋਂ ਪ੍ਰਾਪਤ ਹੋਣ ਵਾਲੇ ਖਣਿਜ ਪਦਾਰਥ ਹਨ। ਲੱਕੜੀ ਚੀਰਨ ਵਾਲੇ ਆਰੇ, ਤੇਲ ਤੇ ਚੌਲ ਸਾਫ਼ ਕਰਨ ਦੇ ਕਾਰਖ਼ਾਨੇ, ਬਾਂਸ ਦਾ ਕੰਮ ਅਤੇ ਇੱਟਾਂ ਬਣਾਉਣਾ ਇਥੋਂ ਦੇ ਉਦਯੋਗ ਹਨ।

ਸਇਹਾ ਇਸ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਇਹ ਜ਼ਿਲ੍ਹੇ ਦੇ ਉੱਤਰ-ਪੂਰਬੀ ਹਿੱਸੇ ਵਿਚ ਵਾਕਿਆ ਹੈ। ਇਥੋਂ ਲੰਗੁਲੀ ਅਤੇ ਆਈਜ਼ਾਲ ਸ਼ਹਿਰਾਂ ਨੂੰ ਪੱਕੀਆਂ ਸੜਕਾਂ ਜਾਂਦੀਆਂ ਹਨ ਅਤੇ ਬਾਕੀ ਸਾਰੇ ਜ਼ਿਲ੍ਹੇ ਵਿਚ ਆਵਾਜਾਈ ਲਈ ਡੰਡੀਆਂ ਤੇ ਕੱਚੇ ਰਸਤੇ ਬਣੇ ਹੋਏ ਹਨ।

ਹ. ਪੁ.–ਐਨ. ਬ੍ਰਿ. ਮਾ. 3 : 86

**ਛੀਂਟਾਂਵਾਲਾ** : ਇਹ ਪੰਜਾਬ (ਭਾਰਤ) ਦੇ ਜ਼ਿਲ੍ਹਾ ਸੰਗਰੂਰ ਦਾ ਇਕ ਕਾਫ਼ੀ ਪੁਰਾਣਾ ਅਤੇ ਇਤਿਹਾਸਕ ਪਿੰਡ ਹੈ ਜਿਹੜਾ ਰਾਜਪੁਰਾ ਬਠਿੰਡਾ ਰੇਲ-ਮਾਰਗ ਉਪਰ ਨਾਭਾ ਸ਼ਹਿਰ ਤੋਂ 14 ਕਿ. ਮੀ. ਪੱਛਮ ਵੱਲ ਵਸਿਆ ਹੋਇਆ ਹੈ। ਛੀਂਟਾਂਵਾਲੇ ਦਾ ਅਸਲ ਨਾਂ ਮਨਸੂਰ ਪੁਰ ਸੀ ਜਿਹੜਾ ਇਥੋਂ ਦੇ ਬਾਨੀ ਮਨਸੂਰ ਅਲੀ ਖ਼ਾਨ ਦੇ ਨਾਂ ਤੇ ਪਿਆ। ਮਨਸੂਰ ਅਲੀ ਖ਼ਾਨ ਅਸਲ ਵਿਚ ਰਾਜਪੂਤ ਘਰਾਣੇ ਦਾ ਜੰਮ-ਪਲ ਸੀ ਪਰ ਮੁਗ਼ਲਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਹੀ ਇਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਧਰਮ ਕਬੂਲ ਕੀਤਾ। ਸੰਨ 19ਵੀਂ ਸਦੀ ਦੇ ਆਰੰਭ ਵਿਚ ਮਨਸੂਰ ਪੁਰ ਦੇ ਛੀਂਬਿਆਂ ਦੀਆਂ ਛਾਪੀਆਂ ਜਾਂਦੀਆਂ ਛੀਂਟਾਂ ਦੂਰ-ਦੂਰ ਤਾਈਂ ਮਸ਼ਹੂਰ ਹੋ ਗਈਆਂ ਸਨ ਜਿਸ ਕਰਕੇ ਮਨਸੂਰ ਪੁਰ ਦਾ ਨਾਂ ਛੀਂਟਾਂਵਾਲਾ ਹੀ ਪ੍ਰਸਿੱਧ ਹੋ ਗਿਆ।

ਛੀਂਟਾਂਵਾਲੇ ਦਾ ਸਭ ਤੋਂ ਪਹਿਲਾਂ ਲਿਖਤੀ ਜ਼ਿਕਰ ਮਿਨਹਾਜੁ-ਸਰਾਜ ਦੀ ਪੁਸਤਕ 'ਤਬਕਾਤਿ ਨਾਸਿਰੀ' ਵਿਚ ਮਿਲਦਾ ਹੈ, ਜਿਸ ਅਨੁਸਾਰ 1236 ਈ. ਵਿਚ ਗ਼ੁਲਾਮ ਘਰਾਣੇ ਦੇ ਬਾਦਸ਼ਾਹ ਇਲਤੁਤਮਸ਼ ਦੇ ਬੇਟੇ ਰੁਕਨੁੱਦੀਨ ਨੇ ਘੁੜਾਮ ਪਿੰਡ ਵਾਲੇ ਪਾਸੇ ਧਾਵਾ ਬੋਲਣ ਸਮੇਂ ਮਨਸੂਰ ਪੁਰ, ਪਿੰਡ ਦੇ ਨੇੜੇ ਆਪਣੇ ਬਾਗ਼ੀ ਅਫ਼ਸਰਾਂ ਨੂੰ ਹਰਾਇਆ ਤੇ ਇਸ ਤੇ ਉਨ੍ਹਾਂ ਬਾਗੀ ਅਫਸਰਾਂ ਨੇ ਮਨਸੂਰਪੁਰ ਦੇ ਨੇੜੇ ਹੀ ਇਕੱਤਰ ਹੋ ਕੇ ਰੁਕਨੁੱਦੀਨ ਦੀ ਭੈਣ, ਜਿਹੜੀ ਦਿੱਲੀ ਦੇ ਤਖ਼ਤ ਤੇ ਬੈਠਣ ਵਾਲੀ ਸੀ, ਨਾਲ ਗੱਲਬਾਤ ਕਰਨ ਦੀ ਵਿਧੀ ਸੋਚੀ ਅਤੇ ਉਸ ਨਾਲ ਜਾ ਰਲੇ। ਰੁਕਨੁੱਦੀਨ ਦੀ ਭੈਣ ਸੁਲਤਾਨਾ ਬੇਗਮ ਨੇ ਤਖ਼ਤ ਤੇ ਬੈਠਦਿਆਂ ਹੀ ਆਪਣੇ ਭਰਾ ਨੂੰ ਬੰਦੀ ਬਣਾ ਕੇ ਕੈਦ ਕਰ ਲਿਆ।

ਫਿਰ ਸੁਲਤਾਨ ਨਾਸਿਰੁੱਦੀਨ ਮਹਿਮੂਦ ਦੇ ਰਾਜ ਕਾਲ (1246 ਤੋਂ 1266) ਸਮੇਂ ਬਾਣ-ਖ਼ਾਨ ਨਾਮੀ ਪ੍ਰਸਿੱਧ ਅਫ਼ਸਰ ਵੀ ਛੀਂਟਾਂਵਾਲੇ ਦਾ ਹੀ ਜੰਮ-ਪਲ ਸੀ। ਉਸਨੇ ਗਿਆਸੁੱਦੀਨ ਨੂੰ ਮੁੜ ਆਪਣੇ ਅਹੁਦੇ ਤੇ ਬਹਾਲ ਕਰਨ ਦੇ ਉਦੇਸ਼ ਨਾਲ ਤੁਰਕਾਂ ਅਤੇ ਮਲਿਕ ਦੀ ਪਾਰਟੀ ਅਪਣਾਈ ਅਤੇ 1255 ਈ. ਵਿਚ ਸੁਲਤਾਨ ਨਾਸਿਰੁੱਦੀਨ ਅਤੇ ਉਸਦੇ ਅਫ਼ਸਰਾਂ ਵਿਚਕਾਰ ਸਮਝੌਤਾ ਹੋ ਜਾਣ ਤੇ ਗਿਆਸੁੱਦੀਨ ਨੂੰ ਮੁੜ ਦਿੱਲੀ ਦਾ ਵਜ਼ੀਰ ਬਣਾ ਦਿੱਤਾ ਗਿਆ। ਇਸ ਪਿੱਛੋਂ (1351 ਤੋਂ 1388 ਦੌਰਾਨ) ਤਾਰੀਖ਼ਿ ਮੁਬਾਰਕ ਸ਼ਾਹੀ ਵਿਚ ਵੀ ਇਸ ਦੇ ਲਿਖਾਰੀ ਨੇ ਮਨਸੂਰ ਪੁਰ ਦਾ ਜ਼ਿਕਰ ਕੀਤਾ ਹੈ। ਇਸ ਵਿਚ ਫ਼ਿਰੋਜ਼ਸ਼ਾਹ ਨੇ ਸਿਰਮੌਰ ਦੀਆਂ ਪਹਾੜੀਆਂ ਨੂੰ ਕੱਟ ਕੇ ਸਰਸੇ ਦੇ ਸਤਲੁਜ ਦਰਿਆ ਵਿਚ ਡਿਗਣ ਵਾਲੇ ਪਾਣੀ ਨੂੰ ਮੋੜ ਕੇ ਸਲੀਮਾ ਨਦੀ ਵਿਚ ਪਾਉਣ ਲਈ ਨਹਿਰ ਬਣਵਾਈ ਤਾਂ ਕਿ ਸਰਹਿੰਦ, ਮਨਸੂਰ ਪੁਰ ਵਿਚੋਂ ਦੀ ਲੰਘਦੀ ਹੋਈ ਨਦੀ ਸਾਰਾ ਸਾਲ ਚੱਲਦੀ ਰਹੇ ਤੇ ਇਸ ਇਲਾਕੇ ਦੀ ਸਿੰਜਾਈ ਲਈ ਪਾਣੀ ਮਿਲਦਾ ਰਹੇ। ਸੰਨ 1420-21 ਦੌਰਾਨ ਸੱਯਦ ਖਿਜ਼ਰ ਖ਼ਾਨ ਨੇ ਤੁਗਨ ਨਾਮੀ ਤੁਰਕੀ ਗ਼ੁਲਾਮ ਫ਼ੌਜੀ ਅਫ਼ਸਰ ਨੇ ਪਾਇਲ ਤੋਂ ਲੈ ਕੇ ਮਨਸੂਰ ਪੁਰ ਤਕ ਦਾ ਇਲਾਕਾ ਲੁੱਟਿਆ।

ਪੰਦਰ੍ਹਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨਸੂਰ ਪੁਰ ਵਿਖੇ ਚੰਦਨ ਦਾਸ ਖੱਤਰੀ ਦੇ ਚੁਬਾਰੇ ਵਿਚ ਮੁਕਾਮ ਕੀਤਾ। ਇਹ ਚੁਬਾਰਾ ਭਾਵੇਂ ਹੁਣ ਨਹੀਂ ਰਿਹਾ ਪਰ ਸਿੱਖਾਂ ਨੇ ਇਸ ਜਗ੍ਹਾ ਇਤਿਹਾਸਕ ਗੁਰਦਵਾਰਾ ਬਣਾ ਦਿੱਤਾ। ਸੰਨ 1761 ਵਿਚ ਮਨਸੂਰ ਪੁਰ ਪਰਗਣੇ ਦੇ ਰੂਪ ਵਿਚ ਪਟਿਆਲੇ ਦੇ ਮਹਾਰਾਜਾ ਆਲਾ ਸਿੰਘ ਦੇ ਰਾਜ ਵਿਚ ਸ਼ਾਮਲ ਸੀ, ਇਸ ਨਾਲ 23 ਪਿੰਡ ਸ਼ਾਮਲ ਸਨ। ਫਿਰ 1806 ਈ. ਵਿਚ ਨਾਭੇ ਅਤੇ ਪਟਿਆਲਾ ਰਿਆਸਤਾਂ ਵਿਚਕਾਰ ਸਮਝੌਤਾ ਕਰਵਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਮਨਸੂਰ ਪੁਰ ਦੇ ਸਥਾਨ ਨੂੰ ਮਹੱਤਤਾ ਦਿੱਤੀ।

ਇਥੇ ਇਕ ਮਾਘੀ ਰਾਮ ਵੇਦਾਂਤੀ ਦਾ ਮੰਦਰ ਹੈ। ਮਾਘੀ ਰਾਮ 'ਆਪੋ ਆਪ' ਨਾਮੀ ਸੰਪਰਦਾਇ ਦਾ ਮੋਢੀ ਸੀ।

ਛੀਂਟਾਂਵਾਲੇ ਪਿੰਡ ਦੀ ਜ਼ਿਆਦਾ ਵਸੋਂ ਮੁਗ਼ਲ ਮੁਸਲਮਾਨਾਂ ਦੀ ਸੀ ਜਿਹੜੇ ਵੱਡੇ-ਵੱਡੇ ਅਹੁਦਿਆਂ ਤੇ ਲੱਗੇ ਹੋਏ ਸਨ ਤੇ ਸ਼ਾਹੀ ਖ਼ਾਨਦਾਨਾਂ ਨਾਲ ਸਬੰਧ ਰੱਖਦੇ ਸਨ। ਦੇਸ਼ ਦੀ ਵੰਡ ਸਮੇਂ ਇਹ ਲੋਕ ਪਾਕਿਸਤਾਨ ਚਲੇ ਗਏ ਅਤੇ ਹੁਣ ਇਥੇ ਉਧਰੋਂ ਆਏ ਜੱਟ ਜ਼ਿਮੀਂਦਾਰ ਵੱਸ ਰਹੇ ਹਨ।

ਹ. ਪੁ.–ਪੰ. : 522

**ਛੀਤ ਸਵਾਮੀ** : ਛੀਤ ਸਵਾਮੀ ਹਿੰਦੀ ਦਾ ਇਕ ਚੰਗਾ ਕਵੀ, ਨਿਪੁੰਨ ਸੰਗੀਤਕਾਰ ਅਤੇ ਗੁਣ ਭਰਪੂਰ ਵਿਅਕਤੀ ਸੀ, ਜਿਸ ਦੀ ਗਿਣਤੀ ਅਸ਼ਟਛਾਪ ਕਵੀਆਂ ਵਿਚ ਕੀਤੀ ਜਾਂਦੀ ਹੈ। ਇਹ ਵੈਸ਼ਨਵ ਭਗਤ ਸੀ। ਇਸ ਦਾ ਜਨਮ (1572 ਬਿਕਰਮੀ) ਦੇ ਲਗਭਗ ਹੋਇਆ ਸੀ। ਇਹ ਵਿੱਠਲਨਾਥ ਜੀ ਦਾ ਚੇਲਾ ਸੀ। ਇਸ ਦੇ ਮਾਤਾ-ਪਿਤਾ ਬਾਰੇ ਕੁਝ ਪਤਾ ਨਹੀਂ। ਇਸ ਨੂੰ ਸਵਾਮੀ ਦੀ ਪਦਵੀ ਗੋਸਵਾਮੀ ਵਿੱਠਲਨਾਥ ਜੀ ਨੇ ਦਿੱਤੀ, ਜੋ ਅੱਜ ਤੱਕ ਇਸ ਦੇ ਬੰਸ ਨਾਲ ਜੁੜੀ ਆਉਂਦੀ ਹੈ। ਰਾਜਾ ਬੀਰਬਲ ਇਸ ਦਾ ਅਨਿੰਨ ਭਗਤ ਸੀ। ਛੀਤ ਸਵਾਮੀ ਦੀ ਕੋਈ ਵਿਸ਼ੇਸ਼ ਕ੍ਰਿਤ ਨਹੀਂ ਮਿਲਦੀ। ਇਸ ਦੇ ਫੁਟਕਲ ਪਦ ਹੀ ਲੋਕਾਂ ਦੀ ਜ਼ਬਾਨ ਤੇ ਚੜ੍ਹੇ ਹੋਏ ਹਨ। ਵਿਸੇਸ਼ ਉੱਤਸਵਾਂ ਤੇ ਗਾਏ ਜਾਣ ਵਾਲੇ ਇਸ ਦੇ ਹੱਥ-ਲਿਖਤ ਗ੍ਰੰਥ ਵੀ ਮਿਲਦੇ ਹਨ। ਇਨ੍ਹਾਂ ਵਿਚੋਂ 'ਨਿਤ ਕੀਰਤਨ', 'ਵਰਸ਼ਓਤਸਵ' ਅਤੇ 'ਸੰਤਧਮਾਰ' ਮਿਲਦੇ ਹਨ। ਕੀਰਤਨ ਰਚਨਾਵਾਂ ਵਿਚ ਸੰਗੀਤ ਦੀ ਸੁੰਦਰਤਾ, ਤਾਲ ਅਤੇ ਲੈਅ ਦਾ ਮਿੱਠਾ ਮਿਸ਼ਰਣ ਦੇਖਿਆ ਜਾ ਸਕਦਾ ਹੈ।

ਹ. ਪੁ.–ਹਿੰ. ਵਿ. ਕੋ. ; ਹਿੰ. ਸਾ. ਇਤਿ.

**ਛੂਈਖਦਾਨ** : ਇਹ ਪੁਰਾਣੇ ਸਮੇਂ ਦੌਰਾਨ ਭਾਰਤ ਦੇ ਮੱਧ-ਪ੍ਰਦੇਸ਼ ਪ੍ਰਾਂਤ ਵਿਚ ਇਕ ਰਾਜ ਸੀ ਜਿਸ ਦਾ ਕੁੱਲ ਰਕਬਾ 395 ਵ. ਕਿ. ਮੀ. (154 ਵ. ਮੀਲ) ਸੀ। ਇਸੇ ਨਾਂ ਦਾ ਸ਼ਹਿਰ ਇਸ ਰਾਜ ਦਾ ਸਦਰ ਮੁਕਾਮ ਸੀ ਅਤੇ ਇਹ ਸ਼ਹਿਰ ਰਾਜਨੰਦਗਾਉਂ ਦੇ ਰੇਲਵੇ ਸਟੇਸ਼ਨ ਦੇ ਦੱਖਣ ਪੂਰਬ ਵਿਚ ਲਗਭਗ 50 ਕਿ. ਮੀ. ਦੇ ਫ਼ਾਸਲੇ ਤੇ ਹੈ। ਇਸ ਰਾਜ ਵਿਚ ਕੁੱਲ 107 ਪਿੰਡ ਸਨ। ਇਸ ਖੇਤਰ ਦਾ ਨਾਂ ਛੂਈਖਦਾਨ ਇਸ ਖੇਤਰ ਦੇ ਚਿੱਟੇ ਰੰਗ ਦੀ ਭੋਂ ਦੇ ਖਤਾਨਾਂ ਕਾਰਨ ਪਿਆ ਜਾਪਦਾ ਹੈ। ਇਹ ਭੂਮੀ ਕਾਫ਼ੀ ਉਪਜਾਊ ਹੈ। ਕੋਧਰਾ ਇਸ ਖੇਤਰ ਦੀ ਪ੍ਰਮੁੱਖ ਫ਼ਸਲ ਹੈ। ਇਸ ਤੋਂ ਇਲਾਵਾ ਕਣਕ ਅਤੇ ਚੌਲ ਦੀ ਖੇਤੀ ਹੁੰਦੀ ਹੈ।

ਹ. ਪੁ.–ਹਿੰ. ਵਿ. ਕੋ. 4 : 332

**ਛੂਛਕ** : ਇਹ ਪੰਜਾਬ ਦੇ ਸਭਿਆਚਾਰਕ ਰਸਮਾਂ-ਰਿਵਾਜਾਂ ਵਿਚੋਂ ਇਕ ਹੈ। ਜਿਸ ਦਾ ਸਬੰਧ ਜਨਮ ਸਮੇਂ ਦੇ ਸੰਸਕਾਰਾਂ ਨਾਲ ਜੁੜਿਆ ਹੋਇਆ ਹੈ। ਕੁਝ ਵਿਦਵਾਨਾਂ ਨੇ ਇਸ ਸ਼ਬਦ ਦਾ ਸਬੰਧ ਸੂਤਕ ਨਾਲ ਮੰਨਿਆ ਹੈ ਅਤੇ ਕੁਝ ਇਸ ਦੇ ਸ਼ਾਬਦਿਕ ਅਰਥ ਦੇ ਵਿਸਥਾਰ ਵਿਚ ਜਾਂਦੇ ਹੋਏ ਇਸ ਦਾ ਸਬੰਧ ਪਲੇਠੀ ਦੇ ਬੱਚੇ ਦੇ ਪੈਦਾ ਹੋਣ ਤੋਂ ਬਾਅਦ ਖਾਸ ਤੌਰ ਤੇ ਮੁੰਡੇ ਦੇ ਜਨਮ ਤੋਂ ਬਾਅਦ ਜੱਚਾ ਦੇ ਪੇਕਿਆਂ ਵੱਲੋਂ ਉਸ ਲਈ ਉਸ ਦੇ ਬੱਚੇ ਅਤੇ ਉਸ ਦੇ ਸਹੁਰਿਆਂ ਲਈ ਸਨਮਾਨ ਦੇ ਤੌਰ ਤੇ ਦਿੱਤੀ ਜਾਣ ਵਾਲੀ ਸਾਮੱਗਰੀ ਆਦਿ ਨਾਲ ਜੋੜਦੇ ਹਨ।

ਨਵੇਂ ਬਾਲ ਦੀ ਆਮਦ ਬੇਸ਼ਕ ਬੱਚੇ ਦੇ ਦਾਦਕਿਆਂ ਅਤੇ ਨਾਨਕਿਆਂ ਦੋਹਾਂ ਲਈ ਖੁਸ਼ੀ ਦਾ ਮੌਕਾ ਹੁੰਦਾ ਹੈ ਪਰ ਸਮਾਜਕ ਤੌਰ ਤੇ ਕੁੜੀ ਨਾਲੋਂ ਮੁੰਡੇ ਦੇ ਜਨਮ ਤੇ ਵਧੇਰੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸੂਤਕ ਸਮੇਂ ਜੱਚਾ ਆਪਣੇ ਪੇਕੇ-ਘਰ ਹੋਵੇ ਜਾਂ ਸਹੁਰੇ ਘਰ ਪਰ ਛੂਛਕ ਦੀ ਰਸਮ ਅਦਾ ਕਰਨੀ ਉਸਦੇ ਪੇਕਿਆਂ ਲਈ ਜ਼ਰੂਰੀ ਹੈ। ਜੇਕਰ ਜੱਚਾ ਆਪਣੇ ਪੇਕੇ ਘਰ ਹੋਵੇ ਤਾਂ ਮੁੰਡਾ ਜੰਮਣ ਤੇ ਬਹੁਤ ਸਾਰੇ ਇਲਾਕਿਆਂ ਵਿਚ ਇਸ ਦਿਨ ਮੁੰਡੇ ਦੇ ਦਾਦਕਿਆਂ ਨੂੰ ਨਾਈ ਦੇ ਹੱਥ ਦੂਬ, ਖੰਮ੍ਹਣੀ ਅਤੇ ਭੇਲੀ ਭੇਜੀ ਜਾਂਦੀ ਹੈ। ਅੱਗੋਂ ਭੇਲੀ ਦੇ ਬਦਲੇ ਉਹ ਆਪਣੀ ਨੂੰਹ ਲਈ ਗਹਿਣਾ, ਕੱਪੜੇ ਅਤੇ ਨਾਈ ਤੇ ਦਾਈ ਨੂੰ ਤਿਉਰ ਆਦਿ ਭੇਜਦੇ ਹਨ। ਉਂਜ ਭੇਲੀ ਪਹੁੰਚਣ ਤੇ ਮੁੰਡੇ ਦੇ ਨਾਨਕਿਆਂ ਵੱਲੋਂ ਛੂਛਕ ਭੇਜਣ ਦਾ ਰਿਵਾਜ ਆਮ ਹੈ। ਕਈ ਇਲਾਕਿਆਂ ਵਿਚ ਛੂਛਕ ਭੇਜਣ ਦਾ ਰਿਵਾਜ ਕੂਆ ਪੁਜਾਈ (ਇਕ ਹੋਰ ਰਸਮ) ਤੋਂ ਪਹਿਲਾਂ ਹੈ ਤੇ ਕਈ ਥਾਈਂ ਛੂਛਕ ਉਸ ਸਮੇਂ ਦਿੱਤੀ ਜਾਂਦੀ ਹੈ ਜਦੋਂ ਮਾਂ ਬੱਚੇ ਨੂੰ ਲੈ ਕੇ ਪਹਿਲੀ ਵਾਰੀ ਆਪਣੇ ਸਹੁਰਿਆਂ ਨੂੰ ਜਾਂਦੀ ਹੈ ਜਾਂ ਬੱਚੇ ਸਮੇਤ ਪੇਕੇ ਹੋ ਕੇ ਪਹਿਲੀ ਵਾਰੀ ਸਹੁਰੇ ਪਰਤਦੀ ਹੈ ਤਾਂ ਪੇਕਿਆਂ ਵੱਲੋਂ ਉਸ ਨੂੰ ਚਾਰ-ਪੰਜ ਸੂਟ, ਬੱਚੇ ਲਈ ਗਹਿਣਾ, ਕਪੜੇ, ਬਿਸਤਰਾ, ਬਰਤਨ ਅਤੇ ਖਿਡੌਣੇ ਅਤੇ ਸੱਸ, ਨਨਾਣਾਂ, ਪਤੀ, ਸਹੁਰੇ, ਦੇਵਰ, ਜੇਠ ਅਤੇ ਕਈ ਵਾਰੀ ਪਤੀ ਦੇ ਨਾਨਕੇ ਤੇ ਦਾਦਕਿਆਂ ਲਈ ਕੱਪੜੇ ਆਦਿ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਛੂਛਕ ਵਿਚ ਪਹਿਲਾਂ ਚਰਖਾ ਅਤੇ ਪੀੜ੍ਹਾ ਆਦਿ ਦੇਣ ਦਾ ਰਿਵਾਜ ਵੀ ਸੀ ਪਰ ਅਜੋਕੇ ਸਮੇਂ ਵਿਚ ਚਰਖੇ-ਪੀੜ੍ਹੇ ਆਦਿ ਦੀ ਥਾਂ ਹੁਣ ਸਟੀਲ ਦੀ ਅਲਮਾਰੀ, ਟੈਲੀਵਿਜ਼ਨ, ਸਕੂਟਰ ਜਾਂ ਹੋਰ ਚੀਜ਼ਾਂ ਦਿੱਤੀਆਂ ਜਾਣ ਲਗੀਆਂ ਹਨ। ਛੂਛਕ ਵਿਚ ਵੀ ਦਹੇਜ ਵਿਚ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ ਦੀ ਸੂਚੀ ਵਾਂਗ ਕੋਈ ਅੰਤ ਨਹੀਂ ਰਿਹਾ। ਕਈ ਵਾਰੀ ਇਸ ਮੌਕੇ ਤੇ ਲੜਕੀ ਦੇ ਪੇਕਿਆਂ ਵੱਲੋਂ ਵਿਆਹ ਸਮੇਂ ਦਹੇਜ ਦੇ ਘਾਟੇ ਨੂੰ ਪੂਰਾ ਕਰਨ ਦਾ ਵੀ ਯਤਨ ਕੀਤਾ ਜਾਂਦਾ ਹੈ।

ਹ. ਪੁ.–ਪੰਜਾਬ-ਰੰਧਾਵਾ : 165 ; ਪੰ. ਟ੍ਰਿ. 27 : 27/3/84

**ਛੇਂਦੀਪਦਾ** : ਇਹ ਭਾਰਤ ਦੇ ਉੜੀਸਾ ਰਾਜ ਦੇ ਢੇਂਕਾਨਾਲ ਜ਼ਿਲ੍ਹੇ ਵਿਚ ਸਥਿਤ ਇਕ ਨਗਰ ਹੈ, ਜਿਹੜਾ ਅਨੁਗੁਲ ਸ਼ਹਿਰ ਤੋਂ ਉੱਤਰ-ਪੱਛਮ-ਉੱਤਰ ਵਿਚ 32 ਕਿ. ਮੀ. ਦੇ ਫ਼ਾਸਲੇ ਤੇ ਵਸਿਆ ਹੋਇਆ ਹੈ। ਇਹ ਸਥਾਨ ਸਮੁੰਦਰੀ ਸਤ੍ਹਾ ਤੋਂ 152 ਮੀਟਰ ਉੱਚਾ, ਕੁੰਮਿਰਾ ਨਦੀ ਦੇ ਖੱਬੇ ਕੰਢੇ ਉਪਰ ਹੈ। ਇਥੋਂ ਅਨੁਗੁਲ ਤੱਕ ਪੱਕੀ ਸੜਕ ਜਾਂਦੀ ਹੈ।

21° 5′ ਉ. ਵਿਥ.; 84° 50′ ਪੂ. ਲੰਬ.

ਹ. ਪੁ.–ਹਿੰ. ਵਿ. ਕੋ. 4 : 333

**ਛੈਣੀ** : ਇਹ ਧਾਤਾਂ ਨੂੰ ਕੱਟਣ ਅਤੇ ਛਿੱਲਣ ਲਈ ਵਰਤਿਆ ਜਾਣ ਵਾਲਾ ਇਕ ਸਖ਼ਤ ਸੰਦ ਜਾਂ ਔਜ਼ਾਰ ਹੈ। ਛੈਣੀਆਂ ਹਾਈ ਕਾਰਬਨ ਸਟੀਲ ਦੇ ਸਰੀਏ ਨੂੰ ਗਰਮ ਕਰਕੇ ਕੁੱਟ ਕੇ ਜਾਂ ਫੋਰਜਿੰਗ ਕਰਕੇ ਲੋੜੀਂਦੀ ਸ਼ਕਲ ਜਾਂ ਆਕਾਰ ਦੀਆਂ ਬਣਾਈਆਂ ਜਾਂਦੀਆਂ ਹਨ। ਸ਼ਕਲ ਵਰਗਾਕਾਰ, ਛੇ ਭੁਜੀ ਜਾਂ ਅੱਠ ਭੁਜੀ ਬਣਾਈ ਜਾਂਦੀ ਹੈ। ਫੋਰਜਿੰਗ ਤੋਂ ਬਾਅਦ ਸਾਣ ਉੱਤੇ ਇਨ੍ਹਾਂ ਦਾ ਮੂੰਹ ਬਣਾ ਕੇ ਉਸ ਨੂੰ ਸਖ਼ਤ ਬਣਾਇਆ ਜਾਂਦਾ ਹੈ। ਨਰਮ ਧਾਤਾਂ ਕੱਟਣ ਲਈ ਘੱਟ ਅਤੇ ਸਖ਼ਤ ਧਾਤਾਂ ਕੱਟਣ ਲਈ ਇਸ ਨੂੰ ਵਧੇਰੇ ਕਠੋਰ ਬਣਾਇਆ ਜਾਂਦਾ ਹੈ।

ਕਿਸਮਾਂ– ਕੰਮ ਦੇ ਲਿਹਾਜ਼ ਨਾਲ ਛੈਣੀਆਂ ਮੁੱਖ ਤੌਰ ਤੇ ਦੋ ਕਿਸਮਾਂ ਅਰਥਾਤ ਅੱਗ ਨਾਲ ਕੰਮ ਕਰਨ ਵਾਲੀਆਂ ਤੇ ਠੰਢੇ ਕੰਮ ਵਾਲੀਆਂ ਛੈਣੀਆਂ ਹਨ। ਅੱਗ ਵਾਲੇ ਕੰਮ ਲਈ ਵਰਤੀਆਂ ਜਾਣ ਵਾਲੀਆਂ ਗਰਮ ਛੈਣੀਆਂ ਦੇ ਨਾਲ ਹੈਂਡਲ ਜਾਂ ਹੱਥਾ ਲੱਗਾ ਹੁੰਦਾ ਹੈ ਜਦੋਂ ਕਿ ਦੂਜੀ ਕਿਸਮ ਦੀਆਂ ਛੈਣੀਆਂ ਵਿਚ ਹੱਥਾ ਨਹੀਂ ਹੁੰਦਾ। ਗਰਮ ਛੈਣੀਆਂ ਲੋਹਾਰੇ ਕੰਮ ਲਈ ਅਤੇ ਠੰਢੀਆਂ ਛੈਣੀਆਂ ਵਰਕਸ਼ਾਪਾਂ ਵਿਚ ਵਰਤੀਆਂ ਜਾਂਦੀਆਂ ਹਨ। ਠੰਢੀਆਂ ਛੈਣੀਆਂ ਵਿਚੋਂ ਕੁਝ ਵਿਸ਼ੇਸ਼ ਕਿਸਮਾਂ ਨਿਮਨ ਅਨੁਸਾਰ ਹਨ–

**1. ਫ਼ਲੈਟ ਜਾਂ ਚਪਟੀ ਛੈਣੀ**—ਇਸ ਛੈਣੀ ਦਾ ਪ੍ਰਯੋਗ ਸਭ ਤੋਂ ਵਧ ਕੀਤਾ ਜਾਂਦਾ ਹੈ ਜਿਸ ਦੀ ਲੰਬਾਈ ਆਮ ਕਰਕੇ 15 ਸੈਂ. ਮੀ. ਤੋਂ 20 ਸੈਂ. ਮੀ. ਦੇ ਲਗਭਗ ਰੱਖੀ ਜਾਂਦੀ ਹੈ। ਇਨ੍ਹਾਂ ਨਾਲ ਧਾਤਾਂ ਦੀਆਂ ਸ਼ੀਟਾਂ ਤੇ ਪਲੇਟਾਂ ਕੱਟਣ, ਝਿਰੀਆਂ ਪਾਉਣ, ਸਰੀਏ ਕੱਟਣ ਅਤੇ ਛਿਲਾਈ ਕਰਨ ਦਾ ਕੰਮ ਕੀਤਾ ਜਾਂਦਾ ਹੈ। ਇਨ੍ਹਾਂ ਦੇ ਮੂੰਹ ਦੀ ਚੌੜਾਈ 1.6 ਸੈਂ. ਮੀ. ਤੋਂ 3.5 ਸੈਂ. ਮੀ. ਤੱਕ ਰੱਖੀ ਜਾਂਦੀ ਹੈ।

**2. ਕਰਾਸ-ਕੱਟ ਛੈਣੀ**—ਇਨ੍ਹਾਂ ਛੈਣੀਆਂ ਦੀ ਵਰਤੋਂ ਪੁੱਲੀਆਂ ਜਾਂ ਸ਼ਾਫਟਾਂ ਵਿਚ ਕੀ-ਵੇਜ਼ ਕੱਟਣ ਲਈ ਕੀਤੀ ਜਾਂਦੀ ਹੈ। ਇਨ੍ਹਾਂ ਦੀ ਲੰਬਾਈ 10 ਸੈਂ. ਮੀ. ਤੋਂ ਲੈ ਕੇ 40 ਸੈਂ. ਮੀ. ਤੱਕ ਅਤੇ ਮੂੰਹ ਦੀ ਚੌੜਾਈ 3 ਮਿ. ਮੀ. ਤੋਂ 12 ਮਿ. ਮੀ. ਤੱਕ ਰੱਖੀ ਜਾਂਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਨੂੰ ਛਿੱਲਣ ਅਤੇ ਝਿਰੀਆਂ ਪਾਉਣ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ।

**3. ਗੋਲ ਨੱਕੀ ਛੈਣੀ**—ਇਸ ਛੈਣੀ ਦੀ ਵਰਤੋਂ ਗੋਲ ਕਿਨਾਰਿਆਂ ਦੀ ਸਫ਼ਾਈ ਕਰਨ ਅਤੇ ਬੈਰਿੰਗਾਂ ਵਿਚ ਤੇਲ ਦੇਣ ਵਾਲੀਆਂ ਝਿਰੀਆਂ ਪਾਉਣ ਲਈ ਕੀਤੀ ਜਾਂਦੀ ਹੈ।

**4. ਡਾਇਮੰਡ ਮੂੰਹੀ ਛੈਣੀ**—ਇਸ ਛੈਣੀ ਦੀ ਵਰਤੋਂ ਪੁਰਜ਼ਿਆਂ ਦੇ ਅੰਦਰੂਨੀ ਖੂੰਜਿਆਂ, ਨੁੱਕਰਾਂ ਅਤੇ ਝਿਰੀਆਂ ਆਦਿ ਨੂੰ ਸਾਫ਼ ਕਰਨ ਲਈ ਕੀਤੀ ਜਾਂਦੀ ਹੈ।

**5. ਸਾਈਡ ਕਟਿੰਗ ਛੈਣੀ**—ਇਸ ਛੈਣੀ ਦੀ ਵਰਤੋਂ ਸਮਕੋਨੀ ਤਲਾਂ ਅਤੇ ਕਾਟਰਾਂ ਲਈ ਬਣਾਏ ਗਏ ਸੁਰਾਖਾਂ ਦੀ ਸਫ਼ਾਈ ਲਈ ਕੀਤੀ ਜਾਂਦੀ ਹੈ।

ਹ. ਪੁ.–ਵ. ਟੈ. 1

**ਛੋਟਾ ਨਾਗਪੁਰ** : ਭਾਰਤ ਦੇ ਬਿਹਾਰ ਰਾਜ ਦਾ ਇਕ ਪ੍ਰਸਿੱਧ ਭੂਗੋਲਿਕ ਖੰਡ ਹੈ। ਇਸ ਖੇਤਰ ਦੇ ਪੂਰਬਵੱਲ ਪੱਛਮੀ ਬੰਗਾਲ ਰਾਜ ਦੇ, ਮੇਦਿਨਾਪੁਰ, ਬਾਂਕੁੜਾ ਅਤੇ ਪੁਰਲੀਆ ਦੇ ਜ਼ਿਲ੍ਹੇ, ਦੱਖਣ ਵੱਲ ਮੱਧ ਪ੍ਰਦੇਸ਼ ਅਤੇ ਉੜੀਸਾ ਰਾਜ ਦੇ ਜ਼ਿਲ੍ਹੇ ਪੱਛਮ ਵੱਲ ਉੱਤਰ ਪ੍ਰਦੇਸ਼ ਰਾਜ ਦੇ ਮਿਰਜ਼ਾਪੁਰ ਜ਼ਿਲ੍ਹੇ ਅਤੇ ਉੱਤਰ ਵੱਲ ਦੱਖਣੀ ਬਿਹਾਰ ਦੇ ਮੈਦਾਨ ਹਨ। ਇਸ ਦਾ ਕੁੱਲ ਖੇਤਰਫਲ 65,509 ਵ. ਕਿ. ਮੀ. ਹੈ। ਇਸ ਵੱਖਰੇ ਜਿਹੇ

ਭੂਗੋਲਿਕ ਖੰਡ ਦੀ ਆਮ ਬਣਤਰ ਪਠਾਰੀ ਹੈ ਪਰ ਪਹਾੜੀਆਂ ਅਤੇ ਘਾਟੀਆਂ ਵੀ ਇਸ ਵਿਚ ਮਿਲਦੀਆਂ ਹਨ। ਭੂਗੋਲਿਕ ਤੌਰ ਤੇ ਇਹ ਗੰਗਾ ਅਤੇ ਸੋਨ ਨਦੀਆਂ ਤੋਂ ਲੈ ਕੇ ਦੱਖਣ ਵਿਚ ਮਹਾਂਨਦੀ ਤੱਕ ਫੈਲਿਆ ਹੋਇਆ ਭਾਰਤੀ ਪ੍ਰਾਇਦੀਪ ਦਾ ਇਕ ਹਿੱਸਾ ਹੈ ਜਿਸਦੀ ਔਸਤਨ ਉੱਚਾਈ 1,060 ਮੀ. (3,500 ਫੁੱਟ) ਹੈ। ਪੱਛਮੀ ਬੰਗਾਲ ਨੇੜੇ ਇਸ ਦੀ ਉੱਚਾਈ ਘਟਦੀ ਹੋਈ ਸਿਰਫ਼ 212 ਮੀ. (700 ਫੁੱਟ) ਹੀ ਰਹਿ ਜਾਂਦੀ ਹੈ ਪਰ ਕਈ ਥਾਵਾਂ ਤੇ ਔਸਤਨ ਉੱਚਾਈ ਨਾਲੋਂ ਕਿਤੇ ਜ਼ਿਆਦਾ ਉੱਚੀਆਂ ਪਹਾੜੀਆਂ ਵੇਖੀਆਂ ਜਾ ਸਕਦੀਆਂ ਹਨ। ਪਾਰਸਨਾਥ ਪਹਾੜੀ ਸਮੁੰਦਰ ਤਲ ਤੋਂ 1,360 ਮੀ. (4,500 ਫੁੱਟ) ਉਚੀ ਹੈ। ਇਸ ਪਠਾਰ ਉੱਤੋਂ ਕਈ ਨਦੀਆਂ ਵਗਦੀਆਂ ਹਨ ਜਿਹੜੀਆਂ ਉੜੀਸਾ ਦੀਆਂ ਨਦੀਆਂ ਨਾਲ ਮਿਲ ਕੇ ਖਾੜੀ ਬੰਗਾਲ ਵਿਚ ਜਾ ਡਿੱਗਦੀਆਂ ਹਨ। ਦਮੋਦਰ ਨਦੀ ਇਸ ਦੇ ਵਿਚਕਾਰਲੇ ਹਿੱਸੇ ਵਿਚੋਂ ਦੀ ਪੱਛਮ ਤੋਂ ਪੂਰਬ ਵੱਲ ਵਗਦੀ ਹੋਈ ਹੁੱਗਲੀ ਨਦੀ ਨਾਲ ਮਿਲ ਜਾਂਦੀ ਹੈ। ਇਥੋਂ ਦੇ ਦਰਿਆਵਾਂ ਦੀਆਂ ਘਾਟੀਆਂ ਵਿਚ ਅਨੇਕਾਂ ਜਲ- ਪ੍ਰਪਾਤ ਹਨ, ਜਿਨ੍ਹਾਂ ਕਰਕੇ ਇਸ ਖੇਤਰ ਦਾ ਕੁਦਰਤੀ ਦ੍ਰਿਸ਼ ਕਾਫ਼ੀ ਮਨਮੋਹਣਾ ਹੋ ਜਾਂਦਾ ਹੈ।

ਛੋਟਾ ਨਾਗਪੁਰ ਪਠਾਰ ਉੱਤੇ ਕਿਸੇ ਸਮੇਂ ਕੁਦਰਤੀ ਬਨਸਪਤੀ ਦੀ ਭਰਮਾਰ ਹੁੰਦੀ ਸੀ, ਪਰ ਅੱਜਕੱਲ੍ਹ ਜੰਗਲਾਂ ਨੂੰ ਸਾਫ਼ ਕਰਵਾ ਕੇ ਭੂਮੀ ਨੂੰ ਵਾਹ ਲਿਆ ਗਿਆ ਹੈ। ਹਾਲੇ ਵੀ ਇਥੇ ਕਾਫ਼ੀ ਜੰਗਲ ਬਾਕੀ ਹਨ ਜਿਨ੍ਹਾਂ ਵਿਚੋਂ ਵਧੀਆ ਲੱਕੜੀ ਮਿਲਦੀ ਹੈ। ਜੰਗਲਾਂ ਤੋਂ ਰੇਸ਼ਮ ਅਤੇ ਲਾਖ ਵੀ ਹਾਸਲ ਕੀਤੀ ਜਾਂਦੀ ਹੈ। ਜੰਗਲਾਂ ਵਿਚ ਜੰਗਲੀ ਜਾਨਵਰ ਕਾਫ਼ੀ ਹਨ। ਪਹਿਲਾਂ ਇਥੇ ਚੀਤਾ, ਸ਼ੇਰ, ਰਿੱਛ ਆਦਿ ਕਾਫ਼ੀ ਸਨ ਪਰ ਹੁਣ ਘੱਟ ਰਹਿ ਗਏ ਹਨ। ਆਬਾਦੀ ਵਧਣ ਕਾਰਨ ਇਥੋਂ ਦੇ ਜਾਨਵਰ ਘਣੇ ਜੰਗਲ ਵਾਲੇ ਖੇਤਰ ਵਿਚ ਹੀ ਮਿਲਦੇ ਹਨ।

ਛੋਟਾ ਨਾਗਪੁਰ ਵਾਲਾ ਹਿੱਸਾ ਭਾਰਤ ਦੀ ਸ਼ਿਲਪਸ਼ਾਲਾ ਅਖਵਾਉਂਦਾ ਹੈ। ਸ਼ਿਲਪਸ਼ਾਲਾ ਦੇ ਲਈ ਬਿਜਲੀ, ਕੋਲਾ ਅਤੇ ਲੋਹਾ ਜ਼ਰੂਰੀ ਵਸਤਾਂ ਹੁੰਦੀਆਂ ਹਨ। ਇਨ੍ਹਾਂ ਤਿੰਨਾਂ ਦੀ ਇਥੇ ਭਰਮਾਰ ਹੈ। ਭਾਰਤ ਦਾ ਬਹੁਤਾ ਕੋਲਾ ਇਥੋਂ ਦੀਆਂ ਖਾਣਾਂ ਵਿਚੋਂ ਮਿਲਦਾ ਹੈ। ਦਮੋਦਰ ਘਾਟੀ ਵਿਚ ਕੋਲੇ ਦੀਆਂ ਖਾਣਾਂ ਮਿਲਦੀਆਂ ਹਨ। ਇਥੋਂ ਮਿਲਦਾ ਕੋਲਾ ਵਧੀਆ ਕਿਸਮ ਦਾ ਹੁੰਦਾ ਹੈ। ਪਠਾਰ ਦੇ ਦਰਿਆਵਾਂ ਦੇ ਪਾਣੀ ਤੋਂ ਅੱਜਕੱਲ੍ਹ ਬਿਜਲੀ ਪੈਦਾ ਕੀਤੀ ਜਾਣ ਲਗ ਪਈ ਹੈ। ਪਣ ਬਿਜਲੀ ਦੀ ਸਹੂਲਤ, ਕੋਲੇ ਅਤੇ ਲੋਹੇ ਦੀ ਭਰਮਾਰ ਕਾਰਨ ਇਥੇ ਸੱਨਅਤੀ ਵਿਕਾਸ ਸੰਭਵ ਹੋਇਆ ਹੈ। ਹਜ਼ਾਰੀਬਾਗ ਜ਼ਿਲ੍ਹਾ ਅਬਰਕ ਦੇ ਉੱਤਪਾਦਨ ਲਈ ਸੰਸਾਰ ਭਰ ਵਿਚ ਮਸ਼ਹੂਰ ਹੈ। ਤਾਂਬਾ, ਚੂਨਾ, ਪੱਥਰ, ਬਾਕਸਾਈਟ, ਲੋਹਾ, ਐਸਬੈਸਟਾਸ ਅਤੇ ਫ਼ਾਸਫ਼ੇਟ ਖਾਦਾਂ ਦੇ ਨਿਰਮਾਣ ਵਿਚ ਵਰਤਿਆ ਜਾਣ ਵਾਲਾ ਐਪੇਟਾਈਟ ਖਣਿਜ ਇਥੋਂ ਦੇ ਹੋਰ ਖਣਿਜ ਹਨ। ਇਨ੍ਹਾਂ ਖਣਿਜਾਂ ਸਦਕਾ ਅਨੇਕਾਂ ਕਾਰਖ਼ਾਨੇ ਇਸ ਖੇਤਰ ਵਿਚ ਖੋਲ੍ਹੇ ਗਏ ਹਨ। ਇਨ੍ਹਾਂ ਵਿਚੋਂ ਜਮਸ਼ੇਦਪੁਰ ਦਾ ਲੋਹੇ ਦਾ ਕਾਰਖ਼ਾਨਾ, ਸਿੰਦਰੀ ਦਾ ਨਾਈਟ੍ਰੋਜਨ ਖਾਦ ਨਿਰਮਾਣ ਵਾਲਾ ਕਾਰਖ਼ਾਨਾ, ਰਾਂਚੀ ਵਿਚ ਇੰਜੀਨੀਅਰਿੰਗ ਸਾਮਾਨ ਬਣਾਉਣ ਦਾ ਕਾਰਖ਼ਾਨਾ, ਬੋਕਾਰੋ ਦਾ ਲੋਹੇ ਅਤੇ ਇਸਪਾਤ ਦਾ ਕਾਰਖ਼ਾਨਾ, ਡਾਲਮੀਆ ਨਗਰ ਦਾ ਕਾਗਜ਼ ਅਤੇ ਲੁਗਦੀ ਦਾ ਕਾਰਖ਼ਾਨਾ ਅਤੇ ਅਨੇਕਾਂ ਹੋਰ ਪ੍ਰਸਿੱਧ ਕਾਰਖ਼ਾਨੇ ਇਥੇ ਸਥਾਪਿਤ ਹਨ।

ਛੋਟਾ ਨਾਗਪੁਰ ਵਿਚ ਹਿੰਦੂ ਅਤੇ ਮੁਸਲਮਾਨਾਂ ਤੋਂ ਇਲਾਵਾ ਆਦਿਵਾਸੀ ਵੀ ਵੱਸੇ ਹੋਏ ਹਨ। ਆਦਿਵਾਸੀਆਂ ਦੇ ਕਈ ਫ਼ਿਰਕੇ ਹਨ ਜਿਨ੍ਹਾਂ ਦੀ ਆਪਣੀ ਆਪਣੀ ਬੋਲੀ ਹੈ ਅਤੇ ਰਸਮ ਰਿਵਾਜਾਂ ਵਿਚ ਵੀ ਕਾਫ਼ੀ ਅੰਤਰ ਹੈ। ਆਦਿਵਾਸੀਆਂ ਦੀ ਬੋਲੀ ਤਾਂ ਆਪਣੀ ਹੈ ਪਰ ਕੋਈ ਵੱਖਰੀ ਲਿਪੀ ਨਹੀਂ ਹੈ। ਅੰਗਰੇਜ਼ਾਂ ਨੇ ਇਥੇ ਰੋਮਨ ਲਿੱਪੀ ਦਾ ਪ੍ਰਚਾਰ ਕੀਤਾ ਸੀ ਪਰ ਆਜ਼ਾਦੀ ਪਿੱਛੋਂ ਦੇਵਨਾਗਰੀ ਲਿੱਪੀ ਇਥੇ ਪ੍ਰਚੱਲਤ ਕੀਤੀ ਗਈ ਹੈ।

ਅੱਜਕੱਲ੍ਹ ਇਸ ਪਠਾਰ ਉੱਤੇ ਕਾਰਖ਼ਾਨਿਆਂ ਦੇ ਖੁੱਲ੍ਹਣ ਨਾਲ ਆਵਾਜਾਈ ਲਈ ਰੇਲ-ਮਾਰਗਾਂ ਦੀ ਸਹੂਲਤ ਉਪਲੱਬਧ ਹੈ। ਕਲਕੱਤਾ ਤੋਂ ਪਠਾਰ ਉਪਰੋਂ ਦੀ ਹੁੰਦੀ ਹੋਈ ਰੇਲ ਪੱਟੜੀ ਉੱਤਰ ਵਲ ਪਟਨਾ ਜਾਂਦੀ ਹੈ। ਇਸੇ ਤਰ੍ਹਾਂ ਕਈ ਹੋਰ ਰੇਲ ਪਟੜੀਆਂ ਛੋਟਾ ਨਾਗਪੁਰ ਨੂੰ ਪਾਰ ਕਰਕੇ ਦੱਖਣ ਅਤੇ ਪੱਛਮ ਦੇ ਸ਼ਹਿਰਾਂ ਵੱਲ ਜਾਂਦੀਆਂ ਹਨ।

ਹ. ਪੁ.–ਐਨ. ਬ੍ਰਿ. ਮਾ. 3 : 269; ਹਿੰ. ਵਿ. ਕੋ. 5 : 334

**ਛੋਟਾ ਨਾਨਕਿਆਣਾ** : ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਅਸਥਾਨ ਹੈ। ਇਹ ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ, ਤਹਿਸੀਲ ਡਸਕਾ ਤੇ ਪਿੰਡ ਸੀਓਕੇ ਦੇ ਦੱਖਣ-ਪੱਛਮ ਵਿਚ ਇਕ ਕਿਲੋਮੀਟਰ ਦੇ ਫ਼ਾਸਲੇ ਤੇ ਸਥਿਤ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ, ਉਦੋਂ ਇਸ ਪਿੰਡ ਦਾ ਨਾਂ ਭਾਰੋਵਾਲ ਸੀ। ਗੁਰੂ ਸਾਹਿਬ ਰੂਪ ਨਾਂ ਦੇ ਇਕ ਸਿੱਖ ਉੱਤੇ ਬਹੁਤ ਖੁਸ਼ ਸਨ। ਉਹ ਗੁਰੂ ਜੀ ਪ੍ਰਤੀ ਸ਼ਰਧਾ ਰੱਖਦਾ ਸੀ। ਸੋ ਉਸ ਸਿੱਖ ਦਾ ਪ੍ਰੇਮ ਦੇਖ ਕੇ ਗੁਰੂ ਜੀ ਕੁਝ ਸਮਾਂ ਇਥੇ ਠਹਿਰੇ ਸਨ। ਫਿਰ ਇਥੇ ਗੁਰਦੁਆਰਾ ਬਣਾਇਆ ਗਿਆ। ਗੁਰਦੁਆਰੇ ਦੇ ਨਾਂ 16 ਘੁਮਾਉਂ ਜ਼ਮੀਨ ਹੈ। ਸਿਆਲਕੋਟ ਸਟੇਸ਼ਨ ਤੋਂ ਇਹ ਗੁਰਦੁਆਰਾ 20 ਕਿਲੋਮੀਟਰ ਦੱਖਣ ਵੱਲ ਹੈ।

ਹ. ਪੁ.–ਮ. ਕੋ.

**ਛੋਟੀ ਸਾਦੜੀ** : ਇਹ ਭਾਰਤ ਦੇ ਰਾਜਸਥਾਨ ਰਾਜ ਦੇ ਜ਼ਿਲ੍ਹਾ ਚਿਤੌੜਗੜ੍ਹ ਦਾ ਇਕ ਪੁਰਾਣਾ ਸ਼ਹਿਰ ਹੈ। ਇਥੋਂ ਦੀ ਸਾਬਕਾ ਰਿਆਸਤ ਉਦੇਪੁਰ ਸਮੇਂ ਇਹ ਸ਼ਹਿਰ ਛੋਟੀ ਸਾਦੜੀ ਨਾਮਕ ਜ਼ਿਲ੍ਹੇ ਦਾ ਪ੍ਰਮੁੱਖ ਕਾਰਜ-ਕੇਂਦਰ ਸੀ। ਇਹ ਸ਼ਹਿਰ ਉਦੇਪੁਰ ਸ਼ਹਿਰ ਦੇ ਪੂਰਬ-ਦੱਖਣ ਵਿਚ 105 ਕਿ. ਮੀ. (66 ਮੀਲ) ਦੇ ਫਾਸਲੇ ਤੇ ਵਸਿਆ ਹੋਇਆ ਹੈ। ਇਥੋਂ ਦੀ ਕਾਲੀ ਮਿੱਟੀ ਕਪਾਹ ਦੀ ਉਪਜ ਲਈ ਢੁੱਕਵੀਂ ਹੈ। ਇਥੇ ਬੀਮਾਰਾਂ ਦੇ ਇਲਾਜ ਲਈ ਇਕ ਹਸਪਤਾਲ ਅਤੇ ਬੱਚਿਆਂ ਦੀ ਪੜ੍ਹਾਈ ਲਈ ਇਕ ਸਕੂਲ ਵੀ ਹੈ।

24° 23′ ਉ. ਵਿਥ.; 72° 43′ ਪੂ. ਲੰਬ.

ਹ. ਪੁ.–ਹਿੰ. ਵਿ. ਕੋ. 4 : 335

**ਛੋਟੂ ਰਾਮ, ਸਰ** : ਇਹ ਭਾਰਤ ਦਾ ਇਕ ਪ੍ਰਸਿੱਧ ਸਿਆਸਤਦਾਨ ਸੀ। ਇਸ ਦਾ ਜਨਮ 24 ਨਵੰਬਰ, 1881 ਨੂੰ ਜ਼ਿਲ੍ਹਾ ਰੋਹਤਕ ਵਿਚ ਗੜ੍ਹੀ ਸਾਂਪਲਾ ਵਿਖੇ ਚੌਧਰੀ ਸੁਖੀ ਰਾਮ ਜਾਟ ਦੇ ਘਰ ਹੋਇਆ। ਇਸ ਦਾ ਅਸਲੀ ਨਾਂ ਰਾਮ ਰਿਛਪਾਲ ਸੀ ਪਰ ਆਪਣੇ ਭਰਾਵਾਂ ਵਿਚੋਂ ਸਭ ਤੋਂ ਛੋਟਾ ਹੋਣ ਕਾਰਨ ਇਸ ਦੇ ਨਾਉਂ ਨਾਲ ਛੋਟੂ ਸ਼ਬਦ ਜੁੜ ਗਿਆ ਅਤੇ ਮਗਰੋਂ ਇਹ ਨਾਮ ਪ੍ਰਸਿੱਧ ਹੋ ਗਿਆ। ਸੰਨ 1905 ਵਿਚ ਸੇਂਟ ਸਟੀਫਨ ਕਾਲਜ, ਦਿੱਲੀ ਤੋਂ ਬੀ.ਏ. ਪਾਸ ਕੀਤੀ ਅਤੇ ਕਲਾਂਕੰਕਰ (Kalankankar) ਰਿਆਸਤ ਦੇ ਰਾਜਾ ਰਾਮ ਪਾਲ ਸਿੰਘ ਦੇ ਨਿੱਜੀ ਸਹਾਇਕ ਸਕੱਤਰ ਵਜੋਂ ਸੇਵਾ ਕੀਤੀ। ਇਸ ਤੋਂ ਪਿੱਛੋਂ ਕਾਨੂੰਨ ਕਾਲਜ, ਲਾਹੌਰ ਵਿਚ ਵਿੱਦਿਆ ਪ੍ਰਾਪਤੀ ਦੇ ਨਾਲ-ਨਾਲ ਰਾਗਮਹਲ ਹਾਈ ਸਕੂਲ, ਲਾਹੌਰ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਸੰਨ 1911 ਵਿਚ ਕਾਨੂੰਨ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਪਹਿਲਾਂ ਆਗਰਾ ਅਤੇ ਫਿਰ ਰੋਹਤਕ ਵਿਖੇ ਵਕਾਲਤ ਕੀਤੀ। ਸੰਨ 1916 ਵਿਚ ਇਸ ਦਾ ਨਾਂ ਰੋਹਤਕ ਦੇ ਮੰਨੇ-ਪ੍ਰਮੰਨੇ ਵਕੀਲਾਂ ਵਿਚ ਗਿਣਿਆ ਜਾਣ ਲਗਾ। ਇਹ ਕੁਚਲੇ ਅਤੇ ਲੁੱਟ ਦੇ ਸ਼ਿਕਾਰ ਹੋਏ ਵਰਗ ਅਤੇ ਖ਼ਾਸ ਕਰਕੇ ਕਿਸਾਨਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਾ ਇਕ ਮਹਾਨ ਨੇਤਾ ਸੀ। ਇਸ ਨੇ ਡਿਕਟ੍ਰਿਕਟ ਬੋਰਡ ਬਣਾ ਕੇ ਜਾਟ ਐਸੋਸੀਏਸ਼ਨਾਂ ਸਥਾਪਿਤ ਕੀਤੀਆਂ। ਸੰਨ 1916 ਵਿਚ ਉਰਦੂ ਵਿਚ 'ਜਾਟ ਗਜ਼ਟ' ਨਾਂ ਦਾ ਇਕ ਹਫ਼ਤਾਵਾਰੀ ਅਖ਼ਬਾਰ ਜਾਰੀ ਕਰਕੇ ਪੇਂਡੂ ਲੋਕਾਂ ਦੀ ਮਦਦ ਕੀਤੀ। ਉਨ੍ਹਾਂ ਵਿਚ ਏਕਤਾ ਦੀ ਭਾਵਨਾ ਪੈਦਾ ਕਰਨ ਅਤੇ ਉਨ੍ਹਾਂ ਦੀਆਂ ਹੱਕੀ ਮੰਗਾਂ ਲਈ ਆਵਾਜ਼

ਸਰਕਾਰ ਤੱਕ ਪਹੁੰਚਾਣ ਦਾ ਯਤਨ ਕੀਤਾ। ਸੰਨ 1917 ਵਿਚ ਜ਼ਿਲ੍ਹਾ ਕਾਂਗਰਸ ਕਮੇਟੀ, ਰੋਹਤਕ ਦਾ ਪ੍ਰੈਜ਼ੀਡੈਂਟ ਬਣਿਆ ਅਤੇ ਲਗਾਤਾਰ ਤਿੰਨ ਸਾਲ ਇਸੇ ਅਹੁਦੇ ਤੇ ਰਿਹਾ। 30 ਮਾਰਚ, 1919 ਨੂੰ ਮਹਾਤਮਾ ਗਾਂਧੀ ਵੱਲੋਂ ਚਲਾਏ ਸਤਿਆਗ੍ਰਹਿ ਅੰਦੋਲਨ ਵਿਚ ਸ਼ਾਮਲ ਹੋ ਗਿਆ। ਗੌੜ ਕਰਨ ਤਲਾਬ ਵਿਖੇ ਇਕ ਪਬਲਿਕ ਮੀਟਿੰਗ ਵਿਚ ਦਿੱਤੇ ਭਾਸ਼ਨ ਨੂੰ ਉਥੋਂ (ਰੋਹਤਕ) ਦੇ ਸੈਸ਼ਨ ਜੱਜ ਨੇ ਇਸ ਦੀ ਤਕਰੀਰ ਨੂੰ ਰਾਜ ਧ੍ਰੋਹੀ ਕਰਾਰ ਦਿੱਤਾ ਅਤੇ ਇਸ ਦਾ ਵਕਾਲਤ ਲਸੰਸ ਕੈਂਸਲ ਕਰਨ ਸਬੰਧੀ ਨੋਟਿਸ ਜਾਰੀ ਕੀਤਾ ਪਰ ਅੰਤ ਨੂੰ ਛੋਟੂ ਰਾਮ ਕੇਸ ਜਿੱਤ ਗਿਆ। ਰਾਜਨੀਤੀ ਵਿਚ ਇਹ ਅੱਗੇ ਨਾਲੋਂ ਵੀ ਵੱਧ ਭਾਗ ਲੈਣ ਲਗਾ। ਰੋਹਤਕ ਵਿਚ ਡਾ. ਸਤਿਆਪਾਲ ਨੂੰ ਜੀ ਆਇਆਂ ਕਹਿਣ ਵਾਲੀ ਸਵਾਗਤੀ ਕਮੇਟੀ ਦਾ ਪ੍ਰੈਜ਼ੀਡੈਂਟ ਬਣਿਆ ਅਤੇ ਕਾਂਗਰਸ ਕਾਨਫ਼ਰੰਸ ਵਿਚ ਸਰਕਾਰ ਵਿਰੁੱਧ ਗੱਲਾਂ ਕੀਤੀਆਂ ਜਿਨ੍ਹਾਂ ਤੇ ਗੁੱਸਾ ਖਾ ਕੇ ਡਿਪਟੀ ਕਮਿਸ਼ਨਰ, ਰੋਹਤਕ ਨੇ ਛੋਟੂ ਰਾਮ ਨੂੰ ਤੁਰੰਤ ਜਲਾਵਤਨ ਕਰਨ ਲਈ ਸਰਕਾਰ ਅੱਗੇ ਸਿਫ਼ਾਰਸ਼ ਕੀਤੀ। ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਲੋਕਾਂ ਵਿਚ ਇਸ ਦੀ ਲੋਕਪ੍ਰਿਯਤਾ ਨੂੰ ਵੇਖਦੇ ਹੋਏ ਅਤੇ ਅਮਨ ਤੇ ਕਾਨੂੰਨ ਦੇ ਸੰਭਾਵੀ ਖ਼ਤਰੇ ਨੂੰ ਧਿਆਨ ਮਾਰਦਿਆਂ ਇਸ ਨੂੰ ਜਲਾਵਤਨ ਕਰਨ ਦੀ ਤਜਵੀਜ਼ ਰੱਦ ਕਰ ਦਿੱਤੀ ਗਈ। ਸੰਨ 1920 ਵਿਚ ਇਸ ਦੇ ਨਾ ਮਿਲਵਰਤਨ ਅੰਦੋਲਨ ਸਬੰਧੀ ਮੁੱਦੇ ਤੇ ਕਾਂਗਰਸ ਨਾਲ ਸਬੰਧ ਵਿਗੜ ਗਏ ਅਤੇ ਇਸ ਨੇ ਕਾਂਗਰਸ ਦਾ ਸਾਥ ਛੱਡ ਦਿੱਤਾ।

ਡਵੀਜ਼ਨ ਅਤੇ ਜ਼ਿਲ੍ਹਾ ਸਿਆਸੀ ਕਾਨਫਰੰਸਾਂ ਵਿਚ ਛੋਟੂ ਰਾਮ ਦੀ ਮੁੱਖ ਦਲੀਲ ਇਹੀ ਸੀ ਕਿ ਆਖਰਕਾਰ ਨੂੰ ਨਾ-ਮਿਲਵਰਤਨ ਲਹਿਰ ਨੇ ਕਾਨੂੰਨ ਦੀ ਉਲੰਘਣਾ ਕਰਨੀ ਹੈ ਅਤੇ ਨਾਲ ਹੀ ਸਾਰੇ ਟੈਕਸਾਂ ਨੂੰ ਅਦਾ ਨਹੀਂ ਕਰਨਾ ਪਰ ਇਸ ਦਾ ਭਾਵ ਹੋਵੇਗਾ ਕੁਚਲੇ ਹੋਏ ਦੇਹਾਤੀ ਲੋਕਾਂ ਦੀ ਮੁਕੰਮਲ ਤਬਾਹੀ।

ਛੋਟੂ ਰਾਮ 1923 ਈ. ਵਿਚ ਸਥਾਪਿਤ ਹੋਈ ਯੂਨੀਅਨਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ ਸੀ। ਇਸ ਪਾਰਟੀ ਨੇ ਪੰਜਾਬ ਦੀ ਸਿਆਸਤ ਵਿਚ ਬੜਾ ਉੱਘਾ ਰੋਲ ਅਦਾ ਕੀਤਾ ਅਤੇ 'ਦੀ ਡੈਬਟਰ ਪ੍ਰੋਟੈਕਸ਼ਨ ਐਕਟ', 'ਦੀ ਰਜਿਸਟ੍ਰੇਸ਼ਨ ਆਫ਼ ਮਨੀ ਲੈਂਡਿੰਗ ਐਕਟ', 'ਦੀ ਰੈਸਟੋਰੇਸ਼ਨ ਆਫ਼ ਮਾਰਗੇਜਡ ਲੈਂਡਜ਼ ਐਕਟ', 'ਦੀ ਪੰਜਾਬ ਐਗਰੀਕਲਚਰਲ ਪਰੋਡਿਊਸ ਮਾਰਕਟਿੰਗ ਬਿਲਜ਼' ਆਦਿ ਐਕਟਾਂ ਅਤੇ ਬਿਲਾਂ ਨੂੰ ਪਾਸ ਕਰਵਾਉਣ ਦਾ ਜ਼ਰੀਆ ਬਣੀ। ਲਗਭਗ ਇਹ ਪੰਦਰਾਂ ਸਾਲ ਪੰਜਾਬ ਵਿਧਾਨ ਸਭਾ ਦਾ ਮੈਂਬਰ ਅਤੇ 1926-31 ਵਿਚ ਵਿਧਾਨ ਸਭਾ ਵਿਚ ਯੂਨੀਅਨਿਸਟ ਪਾਰਟੀ ਦਾ ਲੀਡਰ ਰਿਹਾ। ਸੰਨ 1936 ਵਿਚ ਵਿਧਾਨ ਸਭਾ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ।

ਦੂਜੇ ਵਿਸ਼ਵ ਯੁੱਧ ਦੌਰਾਨ ਕੀਤੀਆਂ ਸੇਵਾਵਾਂ ਦਾ ਸਨਮਾਨ ਕਰਦਿਆਂ ਇਸ ਨੂੰ ਅੰਗਰੇਜ਼ ਸਰਕਾਰ ਨੇ 'ਰਾਓ ਸਾਹਿਬ' ਦਾ ਖ਼ਿਤਾਬ ਪ੍ਰਦਾਨ ਕੀਤਾ।

ਸੰਨ 1945 ਵਿਚ ਇਸ ਦੀ ਮੌਤ ਹੋ ਗਈ। ਉਸ ਵੇਲੇ ਇਹ ਮਾਲ ਮੰਤਰੀ ਦੇ ਅਹੁਦੇ ਤੇ ਸੀ। ਇਹ ਜੀਵਨ-ਭਰ ਇਕ ਧਰਮ-ਨਿਰਪੱਖ ਵਿਅਕਤੀ ਰਿਹਾ। ਇਹ ਕਦੇ ਵੀ ਕਿਸੇ ਵਿਅਕਤੀ ਨਾਲ ਜ਼ਾਤ ਅਤੇ ਧਰਮ ਦੇ ਆਧਾਰ ਤੇ ਭੇਦ ਭਾਵ ਨਹੀਂ ਕਰਦਾ ਸੀ। ਇਕ ਕਿਸਾਨ ਦੇ ਜੀਵਨ ਵਿਚ ਦਿਲਚਸਪੀ ਰੱਖਣ ਤੋਂ ਇਲਾਵਾ ਇਸ ਨੇ ਮੁੱਖ ਤੌਰ ਤੇ ਪ੍ਰਾਈਵੇਟ ਉਦਮ ਦੇ ਹੱਥਾਂ ਵਿਚੋਂ ਦੀ ਵੱਡੇ ਪੈਮਾਨੇ ਤੇ ਉਦਯੋਗੀਕਰਨ ਲਿਆਉਣ ਦਾ ਵੀ ਸਮਰਥਨ ਕੀਤਾ। ਘਰੇਲੂ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ। ਭਾਰਤ ਦੀ ਬਟਵਾਰਾ ਕਰਨ ਦੀ ਮੰਗ ਦਾ ਇਹ ਤਕੜਾ ਵਿਰੋਧੀ ਸੀ।

ਹ. ਪੁ.–ਡਿਕ. ਨੈ. ਬ. ਇ. 1 : 302 ; ਪੰਜਾਬ, ਪਾਸਟ ਐਂਡ ਪ੍ਰੈਜ਼ੈਂਟ–ਅਪ੍ਰੈਲ 1978 ਲੜੀ ਨੰ: 23

**ਛੋਲੇ** : ਇਹ ਇਕ ਪ੍ਰਸਿੱਧ ਫਲੀਦਾਰ ਫ਼ਸਲ ਹੈ। ਇਸ ਨੂੰ ਕਈ ਹੋਰ ਦੇਸ਼ਾਂ ਵਿਚ ਗਾਰਬੈਂਜ਼ੋ, ਸਪੈਨਿਸ਼ ਪੀ, ਇਜਪਸ਼ੀਅਨ ਪੀ ਜਾਂ ਬੰਗਾਲ ਗਰੈਮ ਵੀ ਕਿਹਾ ਜਾਂਦਾ ਹੈ। ਇਹ ਦਾਲਾਂ ਵਾਲੀ ਫ਼ਸਲ ਵਜੋਂ ਮੁੱਖ ਤੌਰ ਤੇ ਦੱਖਣੀ ਯੂਰਪ, ਮਿਸਰ ਅਤੇ ਪੱਛਮੀ ਏਸ਼ੀਆ ਤੋਂ ਲੈ ਕੇ ਭਾਰਤ ਤੱਕ ਉਗਾਈ ਜਾਂਦੀ ਹੈ। ਇਹ ਇਕ ਸਾਲੀ ਬੂਟੇ ਹਨ ਜਿਨ੍ਹਾਂ ਦੀਆਂ ਸ਼ਾਖਾਵਾਂ ਵਿੰਗ-ਤੜਿੰਗੀਆਂ ਹੁੰਦੀਆਂ ਹਨ। ਭਰੀ ਹੋਈ ਫਲੀ ਜੋ 2 ਸੈਂ. ਮੀ. ਤੋਂ 4 ਸੈਂ. ਮੀ. ਤੱਕ ਲੰਬੀ ਹੁੰਦੀ ਹੈ, ਉਸ ਵਿਚ ਦੋ ਬੀਜ ਹੁੰਦੇ ਹਨ। ਐਲਫਾਸ ਡੇ, ਕੈਂਡੋਲ ਆਪਣੀ ਪੁਸਤਕ 'ਆਰਿਜਿਨ ਆਫ਼ ਕਲਟੀਵੇਟਡ ਪਲਾਂਟਸ' ਵਿਚ ਇਹ ਸੁਝਾਅ ਦਿੰਦਾ ਹੈ ਕਿ ਇਹ ਪੌਦੇ ਕੋਕੇਸਸ ਦੇ ਦੱਖਣੀ ਹਿੱਸਿਆਂ ਤੋਂ ਪਰਸ਼ੀਆ ਦੇ ਉੱਤਰ ਵਿਚ ਜੰਗਲੀ ਰੂਪ ਵਿਚ ਉਗਦੇ ਸਨ।

ਭਾਰਤ ਵਿਚ ਇਹ ਦਾਲਾਂ ਵਾਲੀਆਂ ਫ਼ਸਲਾਂ ਵਿਚੋਂ ਸਭ ਤੋਂ ਪੁਰਾਣੀ ਤੇ ਪ੍ਰਸਿੱਧ ਫ਼ਸਲ ਹੈ। ਇਸ ਫ਼ਸਲ ਤੋਂ ਵੇਸਣ, ਆਟਾ, ਦਲੀ ਹੋਈ ਜਾਂ ਸਾਬਤ ਛੋਲਿਆਂ ਦੀ ਦਾਲ, ਭੁੱਜੇ ਹੋਏ ਜਾਂ ਪਕਾਏ ਹੋਏ ਛੋਲੇ, ਲੂਣ ਵਾਲੀਆਂ ਜਾਂ ਮਿੱਠੀਆਂ ਭਾਜੀਆਂ ਅਤੇ ਹਰੇ ਪੱਤੇ ਜਾਂ ਸਬਜ਼ੀ ਵਜੋਂ ਕਈ ਪ੍ਰਕਾਰ ਦੇ ਪਦਾਰਥ ਪ੍ਰਾਪਤ ਕੀਤੇ ਜਾਂਦੇ ਹਨ।

ਇਸ ਫ਼ਸਲ ਦੀ ਕਾਸ਼ਤ ਲਈ ਭਾਰਤ ਦੇ ਉੱਤਰੀ ਹਿੱਸੇ ਵਿਚ ਹਲਕੀ ਕਛਾਰੀ ਭੋਂ ਹੀ ਚੁਣੀ ਜਾਂਦੀ ਹੈ ਜੋ ਕਣਕ ਉਗਾਉਣ ਲਈ ਜ਼ਿਆਦਾ ਲਾਹੇਵੰਦ ਨਹੀਂ ਹੁੰਦੀ। ਕਾਬਲੀ ਛੋਲਿਆਂ (ਛੋਲਿਆਂ ਦੀ ਹੀ ਇਕ ਕਿਸਮ K-4, ਜੋ ਜ਼ਿਆਦਾ ਉੱਤਰ ਪ੍ਰਦੇਸ਼ ਵਿਖੇ ਉਗਾਈ ਜਾਂਦੀ ਹੈ) ਲਈ ਵਧੇਰੇ ਚੰਗੇਰੀ ਜ਼ਮੀਨ ਦੀ ਲੋੜ ਪੈਂਦੀ ਹੈ। ਦੱਖਣ ਅਤੇ ਬੰਬਈ-ਦੱਖਣ ਖੇਤਰ ਵਿਚ ਇਹ ਕਪਾਹ ਵਾਲੀਆਂ ਜ਼ਮੀਨਾਂ ਤੇ ਕਾਸ਼ਤ ਕੀਤੀ ਜਾਂਦੀ ਹੈ।

ਇਸ ਫ਼ਸਲ ਦੀ ਕਾਸ਼ਤ ਜ਼ਿਆਦਾਤਰ ਖ਼ੁਸ਼ਕੀ ਵਾਲੀਆਂ ਜ਼ਮੀਨਾਂ ਤੇ ਹਾੜੀ ਵਿਚ ਕੀਤੀ ਜਾਂਦੀ ਹੈ। ਇਸੇ ਵਕਤ ਕਈ ਵਾਰ ਇਹ ਬਾਕਾਇਦਾ ਸਿੰਜਾਈ ਜਾਂ ਘੱਟ ਸਿੰਜਾਈ ਵਾਲੀ ਫ਼ਸਲ ਵਜੋਂ ਵੀ ਉਗਾਈ ਜਾਂਦੀ ਹੈ। ਇਸ ਦੀ ਬਿਜਾਈ ਵੇਲੇ, ਫੁੱਲ ਪੈਣ ਅਤੇ ਦਾਣੇ ਪੈਣ ਵਾਲੀਆਂ ਹਾਲਤਾਂ ਸਮੇਂ ਜ਼ਿਆਦਾ ਬਾਰਸ਼ ਹੋਣ ਨਾਲ ਬਹੁਤ ਨੁਕਸਾਨ ਪਹੁੰਚ ਸਕਦਾ ਹੈ। ਬਹੁਤ ਜ਼ਿਆਦਾ ਠੰਢ ਅਤੇ ਕੋਹਰਾ (ਕੱਕਰ) ਵੀ ਇਸ ਲਈ ਹਾਨੀਕਾਰਕ ਹੁੰਦਾ ਹੈ। ਇਹ ਫ਼ਸਲ ਇਕੱਲੀ ਜਾਂ ਕਈ ਹੋਰ ਫ਼ਸਲਾਂ ਨਾਲ ਵੀ ਬੀਜੀ ਜਾਂਦੀ ਹੈ ਜਿਵੇਂ ਕਣਕ, ਜੌਂ, ਅਲਸੀ ਆਦਿ। ਇਸ ਫ਼ਸਲ ਦੀ ਬਿਜਾਈ ਵੇਲੇ ਜ਼ਮੀਨ ਦੀ ਤਿਆਰੀ ਲਈ ਬਹੁਤ ਮਿਹਨਤ ਨਹੀਂ ਕੀਤੀ ਜਾਂਦੀ ਅਤੇ ਇਸ ਫ਼ਸਲ ਨੂੰ ਰੂੜੀ ਵੀ ਘੱਟ ਹੀ ਪਾਈ ਜਾਂਦੀ ਹੈ ਪਰ ਇਹ ਫ਼ਸਲ ਫ਼ੌਸਫ਼ੈਟਿਕ ਖਾਦ ਨੂੰ ਬਹੁਤ ਮੰਨਦੀ ਹੈ। ਲਗਭਗ 500 ਗ੍ਰਾ. ਫ਼ੌਸਫ਼ੋਰਸ (P205 ਦੇ ਰੂਪ ਵਿਚ) ਦੇ ਪਾਉਣ ਨਾਲ ਦਾਣਿਆਂ ਦਾ ਝਾੜ ਲਗਭਗ 3 ਕਿ. ਗ੍ਰਾ. ਵਧ ਜਾਂਦਾ ਹੈ। ਇਸ ਫ਼ਸਲ ਨੂੰ 11.5 ਕਿ. ਗ੍ਰਾ. ਫ਼ੌਸਫ਼ੋਰਸ (P205) ਤੇ 2.5 ਕਿ. ਗ੍ਰਾ. ਨਾਈਟ੍ਰੋਜਨ ਪਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਬਿਜਾਈ ਅਕਤੂਬਰ ਦੇ ਅੱਧ ਜਾਂ ਨਵੰਬਰ ਵਿਚ ਛੱਟੇ ਨਾਲ ਜਾਂ ਕਤਾਰਾਂ ਵਿਚ ਕੀਤੀ ਜਾਂਦੀ ਹੈ। ਪੰਜਾਬ ਰਾਜ ਵਿਚ ਬੀਜ ਦਰ ਲਗਭਗ 10 ਕਿ. ਗ੍ਰਾ. ਤੋਂ 15. ਕਿ. ਗ੍ਰਾ. ਮਹਾਰਾਸ਼ਟਰ ਵਿਚ 18-24 ਕਿ. ਗ੍ਰਾ. ਅਤੇ ਮੱਧ ਭਾਰਤ ਵਿਚ 30-40 ਕਿ. ਗ੍ਰਾ. ਪ੍ਰਤਿ ਏਕੜ ਦੇ ਹਿਸਾਬ ਰੱਖੀ ਜਾਂਦੀ ਹੈ। ਇਸ ਫ਼ਸਲ ਵਿਚ ਜੜ੍ਹੀ-ਬੂਟੀਆਂ ਦਾ ਨਾਸ਼ ਕਰਨ ਲਈ ਘੱਟ ਹੀ ਉਦਮ ਕੀਤੇ ਜਾਂਦੇ ਹਨ ਕਿਉਂਕਿ ਆਮ ਤੌਰ ਤੇ ਇਹ ਫ਼ਸਲ ਜੰਗਲੀ ਜੜ੍ਹੀ ਬੂਟੀਆਂ ਦਾ ਵਾਧਾ ਰੋਕਦੀ ਹੀ ਹੈ। ਬਹੁਤ ਜ਼ਿਆਦਾ ਔੜ ਦੇ

ਦਿਨਾਂ ਵਿਚ ਜੇਕਰ ਪਾਣੀ ਮੁਹੱਈਆ ਹੋ ਸਕੇ ਤਾਂ ਇਕ ਜਾਂ ਦੋ ਵਾਰ ਸਿੰਜਾਈ ਕਰ ਦਿੱਤੀ ਜਾਂਦੀ ਹੈ। ਬੂਟਿਆਂ ਦਾ ਜੇਕਰ ਬਹੁਤ ਜ਼ਿਆਦਾ ਵਾਧਾ ਹੋ ਜਾਵੇ ਤਾਂ ਇਨ੍ਹਾਂ ਦੀਆਂ ਸਿਖਰਾਂ ਮਸਲ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਹੋਰ ਨਵੀਆਂ ਸ਼ਾਖਾਵਾਂ ਨਾ ਨਿਕਲ ਸਕਣ।

ਇਹ ਫ਼ਸਲ ਤਕਰੀਬਨ 120-150 ਦਿਨਾਂ ਵਿਚ ਪੱਕ ਜਾਂਦੀ ਹੈ। ਜਦ ਪੱਤੇ ਲਾਲ ਭੂਰੇ ਹੋ ਜਾਣ ਤਾਂ ਪੌਦੇ ਪੁੱਟ ਲਏ ਜਾਂਦੇ ਹਨ। ਕੁਝ ਚਿਰ ਫ਼ਸਲ ਨੂੰ ਸੁਕਾਉਣ ਤੋਂ ਬਾਅਦ ਇਸ ਨੂੰ ਝਾੜ ਲਿਆ ਜਾਂਦਾ ਹੈ। ਇਕ ਏਕੜ ਵਿਚ ਦਾਣਿਆਂ ਦਾ ਝਾੜ ਲਗਭਗ 230 ਤੋਂ 270 ਕਿ. ਗ੍ਰਾ. ਅਤੇ ਚਾਰਾ ਲਗਭਗ 360 ਤੋਂ 450 ਕਿ. ਗ੍ਰਾ. ਤਕ ਮਿਲ ਜਾਂਦਾ ਹੈ। ਸਿੰਜਾਈ ਵਾਲੀਆਂ ਹਾਲਤਾਂ ਵਿਚ ਝਾੜ ਆਮ ਤੌਰ ਤੇ ਲਗਭਗ 680 ਤੋਂ 900 ਕਿ. ਗ੍ਰਾ. ਤਕ ਵੀ ਮਿਲ ਜਾਂਦਾ ਹੈ।

ਭਾਰਤ ਵਿਚ ਇਸ ਫ਼ਸਲ ਦੀ ਕਾਸ਼ਤ ਲਗਭਗ 23.7 ਮਿਲੀਅਨ ਏਕੜ ਖੇਤਰ ਵਿਚ ਕੀਤੀ ਜਾਂਦੀ ਹੈ ਅਤੇ ਝਾੜ ਪ੍ਰਤੀ ਸਾਲ ਲਗਭਗ 5.7 ਮਿਲੀਅਨ ਮੀ. ਟਨ ਮਿਲਦਾ ਹੈ। ਇਸ ਫ਼ਸਲ ਦਾ 90% ਖੇਤਰ ਉੱਤਰੀ ਭਾਰਤ ਵਿੱਚ ਹੀ ਹੈ ਅਤੇ ਝਾੜ ਦਾ 95% ਇਸੇ ਸਾਲ ਤੋਂ ਹੀ ਮਿਲਦਾ ਹੈ।

ਅਨਾਜ ਵਿਚ ਵਰਤੋਂ ਤੋਂ ਇਲਾਵਾ ਇਸ ਫ਼ਸਲ ਦੀ ਵਰਤੋਂ ਔਸ਼ਧੀਜਨਕ ਗੁਣਾਂ ਕਰਕੇ ਵੀ ਕੀਤੀ ਜਾਂਦੀ ਹੈ। ਪੁੰਗਰ ਰਹੇ ਬੀਜਾਂ ਦੀ ਵਰਤੋਂ ਸਕਰਵੀ ਨਾਂ ਦੀ ਦੰਦਾਂ ਦੀ ਇਕ ਬੀਮਾਰੀ ਵਿਚ ਕੀਤੀ ਜਾਂਦੀ ਹੈ। ਹਰੇ ਪੱਤਿਆਂ ਤੋਂ ਸੈਲਿਕ ਅਤੇ ਆੱਕਸੈਲਿਕ ਐਸਿਡ ਪ੍ਰਾਪਤ ਕੀਤੇ ਜਾਂਦੇ ਹਨ, ਜੋ ਪੇਟ ਆਂਦਰਾਂ ਦੇ ਨੁਕਸਾਂ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ। ਭਿਉਂਏ ਹੋਏ ਬੀਜ ਅਤੇ ਛਿਲਕੇ ਘੋੜਿਆਂ ਨੂੰ ਚਾਰੇ ਜਾਂਦੇ ਹਨ। ਇਨ੍ਹਾਂ ਦੀ ਵਰਤੋਂ ਪਸ਼ੂਆਂ ਦੇ ਦਾਣੇ ਵਜੋਂ ਵੀ ਕੀਤੀ ਜਾਂਦੀ ਹੈ। ਇਸ ਦੇ ਪੌਦਿਆਂ ਤੋਂ ਤਿਆਰ ਕੀਤਾ ਤੇਜ਼ਾਬੀ ਰਿਸਾਉ ਬਾਧਕ ਦੇ ਤੌਰ ਤੇ, ਬਦਹਜ਼ਮੀ ਠੀਕ ਕਰਨ, ਕਬਜ਼ ਹਟਾਉਣ ਅਤੇ ਸੱਪ ਦੇ ਕੱਟਣ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ।

ਹ. ਪੁ.–ਹੈ. ਐ. 189 : ਐਨ. ਬ੍ਰਿ. 10 : 664; ਗ. ਇੰ. ਮੈ. ਪ : 63

**ਛੌਅ** : ਇਹ ਬਿਹਾਰ ਦੀ ਪੁਰਾਣੀ ਰਿਆਸਤ ਸਰਾਏਕੇਲਾ ਦਾ ਇਕ ਲੋਕ-ਨਾਚ ਹੈ। ਇਹ ਰਿਆਸਤ ਪਹਿਲਾਂ ਉੜੀਸਾ ਵਿਚ ਸੀ। ਛੌਅ ਤੋਂ ਭਾਵ 'ਮੁਖੌਟੇ' ਤੋਂ ਹੈ। ਇਹ ਨਾਚ ਸਿਰਫ਼ ਆਦਮੀ ਹੀ ਨੱਚਦੇ ਹਨ। ਇਸ ਨਾਚ ਨੂੰ ਬਸੰਤ ਰੁੱਤ ਵਿਚ ਸ਼ਿਵ-ਸ਼ਕਤੀ ਦੇ ਮਿਲੇ-ਜੁਲੇ ਰੂਪ ਅਰਥਾਤ ਅਧਨਾਰੀ ਸਵਰ ਦੀ ਪੂਜਾ ਨਮਿਤ ਕੀਤਾ ਜਾਂਦਾ ਹੈ।

ਸਰਾਏਕੇਲਾ ਦੇ ਸ਼ਾਸਕ ਸ਼ੁਰੂ ਤੋਂ ਹੀ ਇਸ ਨਾਚ ਦੇ ਪ੍ਰਮੁੱਖ ਸਰਪਰਸਤ ਰਹੇ ਹਨ। ਸ਼ਾਹੀ ਪਰਿਵਾਰ ਦੇ ਹਰ ਮੈਂਬਰ ਦਾ ਇਸ ਨਾਚ ਵਿਚ ਨਿਪੁੰਨ ਹੋਣਾ ਜ਼ਰੂਰੀ ਸੀ। ਕੋਈ ਵੀ ਰਾਜਕੁਮਾਰ ਉਸ ਸਮੇਂ ਤੱਕ ਗੱਦੀ ਤੇ ਨਹੀਂ ਬੈਠ ਸਕਦਾ ਸੀ ਜਦੋਂ ਤੱਕ ਕਿ ਉਹ ਇਸ ਕਲਾ ਵਿਚ ਮਹਾਰਤ ਨਾ ਹਾਸਲ ਕਰ ਲਵੇ। ਇਸ ਨਾਚ ਵਿਚ ਹਰ ਨਰਤਕ ਮੁਖੌਟਾ ਪਾਉਂਦਾ ਹੈ ਅਤੇ ਹਰ ਮੁਖੌਟਾ ਦੇਵੀਆਂ ਅਤੇ ਦੇਵਤਿਆਂ, ਅਪੱਛਰਾਂ, ਦੈਂਤਾਂ, ਰਿਸ਼ੀਆਂ, ਯੋਧਿਆਂ, ਮਨੁੱਖੀ ਆਚਰਣ ਆਦਿ ਨੂੰ ਪੇਸ਼ ਕਰਦਾ ਹੈ ਅਰਥਾਤ ਨਰਤਕ ਮਿਥਿਹਾਸਕ ਕਹਾਣੀਆਂ ਤੋਂ ਇਲਾਵਾ, ਇਤਿਹਾਸਕ ਅਤੇ ਰੋਜ਼ਾਨਾ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਪੇਸ਼ ਕਰਦੇ ਹਨ।

ਇਸ ਨਾਚ ਦੇ ਕਈ ਰੂਪ ਹਨ ਜਿਵੇਂ ਸ਼ਿਵ ਤਾਂਡਵ, ਚੰਦ੍ਰਾਭਾਗਾ, ਮਯੂਰ, ਗਦਾ-ਯੁੱਧ, ਫ਼ੁੱਲ ਬਸੰਤ, ਮੇਘਦੂਤ ਆਦਿ।

ਹ. ਪੁ.–ਐਨ. ਇੰ. : 249 ; ਦੀ ਡਾਂਸ ਇਨ ਇੰਡੀਆ-ਈਨਾਕਸ਼ੀ ਭਵਾਂਨੀ ਡਾਂਸ ਡਾਇਲੈਕਟਸ ਆਫ਼ ਇੰਡੀਆ-ਰਾਗਨੀ ਦੇਵੀ

¤¤¤¤



ਜਾਪਾਨ ਦੇ ਸ਼ਹਿਰ ਕੋਬੇ ਵਿਖੇ ਇਕ ਰਵਾਇਤੀ ਨਾਚ ਪੇਸ਼ ਕਰਦੀਆਂ ਗੀਸ਼ਾ ਮੁਟਿਆਰਾਂ

# ਜ

**ਜ** : ਇਸ ਅੱਖਰ ਦਾ ਉਚਾਰਣ ਜੱਜਾ ਹੈ। ਇਹ ਗੁਰਮੁਖੀ ਲਿਪੀ ਦਾ ਤੇਰ੍ਹਵਾਂ ਅੱਖਰ ਹੈ। ਇਹ ਘੋਸ਼ ਅਲਪ ਪ੍ਰਾਣ ਹੈ ਅਤੇ ਇਸ ਦੇ ਉਚਾਰਣ ਦਾ ਟਿਕਾਣਾ ਖਰਵੇਂ ਤਾਲੂ ਦਾ ਉੱਤਲਾ ਭਾਗ ਅਤੇ ਜੀਭ ਦਾ ਵਿਚਲਾ ਭਾਗ ਹੈ। ਇਹ ਚਵਰਗ ਦਾ ਤੀਜਾ ਵਰਣ ਹੈ। ਇਹ ਇਕ ਵਿਅੰਜਨ ਹੈ ਅਤੇ ਇਸ ਨੂੰ ਸਾਰੀਆਂ ਲਗਾਂ ਮਾਤਰਾਂ ਲੱਗਦੀਆਂ ਹਨ।

ਇਹ ਅੱਖਰ ਟਾਕਰੀ ਲਿਪੀ ਵਿਚ ਵੀ ਆਉਂਦਾ ਹੈ। ਡੇਢ ਹਜ਼ਾਰ ਵਰ੍ਹੇ ਪੁਰਾਣੀ ਸਿੱਧ ਲਿਪੀ ਦੀ ਵਰਣਮਾਲਾ ਦੇ ਗੁਰਮੁਖੀ ਕ੍ਰਮ ਵਿਚ ਇਸ ਦਾ 24ਵਾਂ ਸਥਾਨ ਹੈ। ਛੰਦ ਸ਼ਾਸਤਰ ਵਿਚ ਇਹ ਜਗਣ ਦਾ ਸੂਚਕ ਜਾਂ ਸੰਖੇਪ ਹੈ। ਇਹ ਸ਼ਬਦਾਂ ਦੇ ਪਿੱਛੇ ਆ ਕੇ 'ਉੱਤਪੰਨ ਹੋਇਆ' ਦੇ ਅਰਥ ਦਰਸਾਉਂਦਾ ਹੈ ਜਿਵੇਂ—ਅੰਡਜ, ਜੇਰਜ, ਦੇਸ਼ਜ, ਜਲਜ ਆਦਿ।

ਅਰਬੀ ਫ਼ਾਰਸੀ ਦੇ ਅਸਰ ਕਰਕੇ 'ਜ਼' ਧੁਨੀ ਵੀ ਪੰਜਾਬੀ ਵਿਚ ਸ਼ਾਮਲ ਹੋਈ ਹੈ। ਪੰਜਾਬੀ ਵਿਚ ਇਹ 'ਯ' ਦੀ ਥਾਂ ਤੇ ਵੀ ਆਉਂਦਾ ਹੈ ਜਿਵੇਂ—ਜਮ, ਜੁਗ, ਜੋਗ ਆਦਿ ਸ਼ਬਦਾਂ ਵਿਚ ਪਰ ਕਦੇ-ਕਦੇ ਇਸ ਨੂੰ 'ਦ' ਦੀ ਥਾਂ ਤੇ ਵੀ ਵਰਤਿਆ ਜਾਂਦਾ ਹੈ, ਜਿਵੇਂ ਜਸਰਥ (ਦਸਰਥ)। ਅਲੱਗ-ਅਲੱਗ ਲਿਪੀਆਂ ਵਿਚ ਇਸ ਨੂੰ ਅਲੱਗ-ਅਲੱਗ ਤਰ੍ਹਾਂ ਉਚਾਰਿਆ ਜਾਂਦਾ ਹੈ, ਜਿਵੇਂ

| ਪੰਜਾਬੀ | ਅਪਭ੍ਰੰਸ਼, | ਪ੍ਰਾਕ੍ਰਿਤ | ਸੰਸਕ੍ਰਿਤ |
|---|---|---|---|
| ਜ | ਜੋ | ਜੁ | ਯਦ |

ਅਸ਼ੋਕ ਦੀਆਂ ਉਕਰਾਈਆਂ ਵਿਚ 'ਜ' ਅੱਖਰ ਆਮ ਤੌਰ ਤੇ ਦੋ ਅੱਧੇ ਦਾਇਰਿਆਂ ਦੇ ਸਰੂਪ ਵਾਲਾ ਹੈ, ਜਿਹੜੇ ਇਕ ਦੂਜੇ ਦੇ ਉੱਤੇ ਰੱਖੇ ਗਏ ਹਨ। ਇਸ ਦੀ ਵਰਤੋਂ ਆਮ ਹੋਣ ਕਰਕੇ ਇਸ ਦੇ ਸਰੂਪ ਵੀ ਬਹੁਤ ਸਾਰੇ ਹਨ। ਜਰਨਲ ਕਨਿੰਘਮ ਨੇ ਇਸ ਅੱਖਰ ਤੇ 'ਯ' ਅੱਖਰ ਵਿਚ ਇਕ ਸਮਾਨਤਾ ਦਰਸਾਈ ਹੈ ਅਤੇ ਇਨ੍ਹਾਂ ਦੋਹਾਂ ਅੱਖਰਾਂ ਨੂੰ ਇਕ ਗਰੁਪ ਵਿਚ ਰੱਖਿਆ ਗਿਆ ਹੈ ਪਰ ਇਨ੍ਹਾਂ ਦੀਆਂ ਵੱਖ-ਵੱਖ ਦਿਸ਼ਾਵਾਂ ਵਾਲੇ ਪੱਖ ਵੱਲ ਧਿਆਨ ਨਹੀਂ ਦਿੱਤਾ, ਜਿਹੜੀ ਇਨ੍ਹਾਂ ਦੀ ਬਨਾਵਟ ਸਬੰਧੀ ਬਹੁਤ ਮਹੱਤਵਪੂਰਨ ਹੈ। 'ਜ' ਦਾ ਮੂੰਹ ਸੱਜੇ ਪਾਸੇ ਵੱਲ ਹੈ ਅਤੇ 'ਯ' ਦਾ ਉਪਰ ਵੱਲ। ਨਾਲ ਹੀ 'ਯ' ਦੀ ਵਿਚਕਾਰਲੀ ਲਕੀਰ ਹਮੇਸ਼ਾ ਲੰਮੀ ਹੁੰਦੀ ਹੈ ਪਰ 'ਜ' ਦੇ ਸਬੰਧ ਵਿਚ ਅਜਿਹਾ ਨਹੀਂ ਹੈ। ਕਨਿੰਘਮ ਨੇ ਇਸ ਸਮਾਨਤਾ ਨੂੰ ਹੋਰ ਪ੍ਰਬਲ ਬਣਾਉਣ ਲਈ ਇਨ੍ਹਾਂ ਅੱਖਰਾਂ ਦੇ ਮੁੱਢ ਬਾਰੇ ਗੱਲ ਬਣਾਈ ਹੈ। ਉਸ ਦਾ ਵਿਚਾਰ ਹੈ ਕਿ ਅਸ਼ੋਕ ਦੇ ਸਮੇਂ ਦੀ ਲਿਪੀ ਦੇ ਇਹ ਦੋਵੇਂ ਅੱਖਰ ਸਪਸ਼ਟ ਤੌਰ ਤੇ 'ਯੋਨੀ' ਦਾ ਨਿਰੂਪਣ ਹਨ।

| | | | |
|---|---|---|---|
| | ਅੱਜ ਦੀ ਗੁਰਮੁਖੀ | | ਜ |
| ਗੁਪਤ ਲਿਪੀ | ਅਲਾਹਾਬਾਦ | ( 375 ਈ. ) | [illegible] |
| | ਬਾਵਰ | ( 400-500 ਈ. ) | [illegible] |
| | ਮੰਦਸੋਰ | ( 532 ਈ. ) | [illegible] |
| ਕੁਟਿਲ ਲਿਪੀ | ਹੋਰਯੁਜੀ | ( 500-550 ਈ. ) | [illegible] |
| | ਹਰਸ਼ ਸਮੇਂ ਦੀ ਲਿਖਤ | ( 606-647 ਈ. ) | [illegible] |
| | ਮੇਰੂ ਵਰਮਾ ਚੰਬਾ | ( 800 ਈ. ) | [illegible] |
| | ਬਖਸ਼ਾਲੀ | ( 800 ਈ. ) | |
| ਸ਼ਾਰਦਾ ਲਿਪੀ | ਸਰਾਹਾਂ | ( 10 ਵੀਂ ਸਦੀ ) | [illegible] |
| | ਸ਼ੁੰਗਲ | ( 11 ਵੀਂ ਸਦੀ ) | [illegible] |
| | ਕਲੈਤ ( 11 ਵੀਂ ਸਦੀ ) ਬੈਜਨਾਥ | ( 1204 ਈ. ) | [illegible] |
| | ਕੁੱਲੂ | ( 1559 ਈ. ) | [illegible] |
| | ਸ਼ਕੁੰਤਲਾ | ਖਰੜਾ ( 16 ਵੀਂ ਸਦੀ ) | [illegible] |
| | ਸ਼ਾਰਦਾ | ( ਮੌਜੂਦਾ ) | [illegible] |
| | ਟਾਕਰੀ | | [illegible] |
| | ਲੰਡੇ | | [illegible] |
| | ਡੋਗਰੀ | | [illegible] |
| ਗੁਰਮੁਖੀ ਲਿਪੀ | ਪੋਥੀਆਂ ਬਾਬਾ ਮੋਹਨ ਜੀ | ( 1559-1574 ਈ. ) | [illegible] |
| | ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ | (16 ਵੀਂ ਸਦੀ) | [illegible] |
| | ਸਾਖੀ ਵਲਾਇਤ ਵਾਲੀ | ( 17 ਵੀਂ ਸਦੀ ) | [illegible] |
| | ਦਸ਼ਮੇਸ਼ ਦਾ ਸ਼ਿਕਸਤਾ | ( ਲਗਭਗ 18 ਵੀਂ ਸਦੀ ) | [illegible] |
| | ਪਾਦਰੀਆਂ ਵਾਲਾ ਟਾਈਪ | ( 1850 ਈ. ) | ਜ |

ਉਪਰੋਕਤ ਵਰਣਿਤ 'ਜ' ਦਾ ਪ੍ਰਮਾਣਿਕ ਸਰੂਪ ਅਸ਼ੋਕ ਦੇ ਸਮੇਂ ਦੀਆਂ ਲਗਭਗ ਸਭ ਉਕਰਾਈਆਂ ਵਿਚ ਮਿਲਦਾ ਹੈ। ਕਿਤੇ-ਕਿਤੇ ਥੋੜ੍ਹੀ ਭਿੰਨਤਾ ਵੀ ਵਿਖਾਈ ਦਿੰਦੀ ਹੈ। ਇਹ ਭਿੰਨਤਾ ਉਦੋਂ ਹੋਂਦ ਵਿਚ ਆਈ, ਜਦੋਂ ਉਕੇਰੇ ਨੇ ਦੋ ਅੱਧੇ ਦਾਇਰੇ ਇਕ ਦੂਜੇ ਦੇ ਉੱਤੇ ਰੱਖਣ ਦੀ ਥਾਂ ਇਕ ਮੋੜ ਨਾਲ ਉਨ੍ਹਾਂ ਵਿਚ ਵਿੱਥ ਪਾ ਦਿੱਤੀ। ਇਕ ਹਾਲਤ ਵਿਚ ਤਾਂ ਉਕੇਰੇ ਦੀ ਲਾਪਰਵਾਹੀ ਸਪੱਸ਼ਟ ਹੈ, ਜਿਥੇ ਉਪਰਲਾ ਅੱਧਾ ਦਾਇਰਾ ਇਕ ਕੋਣ ਵਰਗਾ ਬਣਾ ਦਿੱਤਾ ਗਿਆ, ਜਦੋਂ ਕਿ ਹੇਠਲਾ ਬਾਕਾਇਦਾ ਇਕ ਅੱਧੇ ਦਾਇਰੇ ਦੇ ਰੂਪ ਵਿਚ ਰਿਹਾ। ਇਕ ਹਾਲਤ ਵਿਚ ਹੇਠਲਾ ਭਾਗ ਅੱਧੇ ਦਾਇਰੇ ਦੀ ਥਾਂ ਇਕ ਖੜੀ ਲਕੀਰ ਬਣਾ ਦਿੱਤਾ ਗਿਆ, ਜਿਸ ਦੇ ਉਪਰਲੇ ਸਿਰੇ ਵਿਚ ਮੋੜ ਪਾ ਦਿੱਤਾ ਗਿਆ। ਕਿਤੇ ਤਾਂ ਦੋਹਾਂ ਅੱਧੇ ਦਾਇਰਿਆਂ ਨੂੰ ਕੋਣਾਂ ਦਾ ਸਰੂਪ ਦੇ ਦਿੱਤਾ ਗਿਆ। ਇਕ ਦੋ ਹਾਲਤਾਂ ਵਿਚ ਤਾਂ 'ਜ' ਅੱਖਰ ਰੋਮਨ ਲਿਪੀ ਦਾ 'E' ਅੱਖਰ ਲਗਦਾ ਹੈ। ਪ੍ਰਮਾਣਿਕ ਸਰੂਪ ਨਾਲੋਂ ਜਿਹੜੇ ਵੀ ਹੋਰ ਫ਼ਰਕ ਮਿਲਦੇ ਹਨ, ਉਹ ਦੋ ਗੱਲਾਂ ਕਰਕੇ ਹੀ ਹੋਏ ਜਾਪਦੇ ਹਨ : ਇਕ ਉਕੇਰੇ ਦੀ ਲਾਪਰਵਾਹੀ ਅਤੇ ਦੂਜਾ ਕਾਹਲੀ ਨਾਲ ਲਿਖੀ ਹੋਈ ਹੱਥ-ਲਿਖਤ ਦੀ ਹੂ-ਬ-ਹੂ ਨਕਲ ਕਰਨ ਕਰਕੇ।

ਇਸ ਅੱਖਰ ਦੇ ਕੁਝ ਵਿਸ਼ੇਸ਼ ਰੂਪ ਹੇਠਾਂ ਦਿੱਤੇ ਗਏ ਹਨ :–

 ਰੋਮਨ ਅੱਖਰ E ਦੀਆਂ ਬਾਹਵਾਂ ਵਾਲਾ 'ਜ'

 ਦੋ ਖ਼ਮਾਂ ਵਾਲਾ 'ਜ'

 ਤਿੰਨ ਬਾਹਵਾਂ ਵਾਲਾ 'ਜ' ਜਿਸ ਦੀ ਹੇਠਲੀ ਬਾਂਹ ਹੇਠਾਂ ਵੱਲ ਝੁਕੀ ਹੋਈ ਹੈ।

 ਤਿੰਨ ਬਾਹਵਾਂ ਵਾਲਾ 'ਜ' ਜਿਸ ਦੀ ਉਪਰਲੀ ਬਾਂਹ ਸਿਰੇ ਦੇ ਨਿਸ਼ਾਨ ਨਾਲ ਜਾ ਜੁੜੀ ਹੈ ਅਤੇ ਹੇਠਲੀਆਂ ਦੋ ਬਾਹਵਾਂ ਹੇਠਾਂ ਵੱਲ ਝੁਕੀਆਂ ਹੋਈਆਂ ਹਨ।

 ਉੱਤਰੀ 'ਜ' ਦਾ ਦੁਮਦਾਰ ਸਰੂਪ

 ਦੱਖਣੀ 'ਜ' ਦਾ ਟੱਕ ਵਾਲਾ ਸਰੂਪ

ਚੌਥੀ ਸਦੀ ਈਸਵੀ ਤੋਂ 'ਜ' ਦੇ ਭਿੰਨ-ਭਿੰਨ ਸਰੂਪ ਪਿੱਛੇ ਦਿੱਤੀ ਪੱਟੀ ਵਿਚ ਪਹਿਲਾਂ ਹੀ ਦਰਸਾਏ ਜਾ ਚੁੱਕੇ ਹਨ।

ਪੰਜਾਬ ਦੀਆਂ ਹੋਰ ਲਿਪੀਆਂ ਤੇ ਲਿਖਤਾਂ ਦਾ ਟਾਕਰਾ ਗੁਰਮੁਖੀ ਦੇ 'ਜ' ਅੱਖਰ ਨਾਲ ਹੇਠਾਂ ਦਿੱਤੀਆਂ ਸਾਰਣੀਆਂ ਅਨੁਸਾਰ ਹੈ–

ਸ਼ਾਸਤਰੀ ਜਾਂ ਦੇਵਨਾਗਰੀ | ਲੰਡੇ | ਸ਼ਾਰਦਾ | ਗੁਰਮੁਖੀ | ਟਾਕਰੀ | ਪੁਰਾਣੇ ਅੱਖਰ ਬ੍ਰਹਮੀ ਵਗੈਰਾ



ਸਰਾਫੀ ਜ਼ਿਲ੍ਹਾ ਗੁਜਰਾਂਵਾਲਾ | ਉੱਚੀ ਲਿਪੀ | ਹੁਕਮਨਾਮੇ | ਭੱਟਛਰੀ ਲਿਪੀ 15ਵੀਂ 16ਵੀਂ ਸਦੀ | ਗੁਰਮੁਖੀ



ਹ. ਪੁ.–ਦੀ ਹਿਸਟਰੀ ਆਫ਼ ਪੇਲੀਉਗ੍ਰਾਫੀ ਆਫ਼ ਮੌਰੀਅਨ ਬ੍ਰਹਮੀ ਸਕ੍ਰਿਪਟ–ਸੀ. ਐਸ. ਉਪਸਕ

**ਜਸਗਾਮ** : ਇਹ ਮੁਸਲਮਾਨ ਰਾਜਪੂਤਾਂ ਦਾ ਇਕ ਕਬੀਲਾ ਹੈ ਜਿਹੜਾ ਮਰੀ ਪਰਬਤਾਂ ਵਿਚਕਾਰ ਵਸਿਆ ਹੋਇਆ ਹੈ। ਇਹ ਕਬੀਲਾ ਵੀ ਢੰਡ ਅਤੇ ਖਤਰਿਲਾਂ ਵਾਂਗ ਆਪਣੇ ਆਪ ਨੂੰ ਇਕ ਮਨਾਫ਼ (Manaf) ਨਾਮੀ ਫ਼ਕੀਰ ਦੀ ਸੰਤਾਨ ਦੱਸਦੇ ਹਨ। ਇਨ੍ਹਾਂ ਦਾ ਵਡੇਰਾ ਜ਼ਹੀਰ (ਜਿਹੜਾ 'ਮਨਾਫ਼' ਦਾ ਉੱਤਰਾਧਿਕਾਰੀ ਸੀ) ਅਰਬ ਤੋਂ ਕਹੂਟਾ ਦੇ ਸਥਾਨ ਦੇ ਨਜ਼ਦੀਕ ਆ ਕੇ ਵਸਿਆ ਅਤੇ ਗੱਖੜ ਹਕੂਮਤ ਨੇ ਇਨ੍ਹਾਂ ਨੂੰ ਮਰੀ ਦਾ ਇਲਾਕਾ ਦੇ ਦਿੱਤਾ।

ਹ. ਪੁ.–ਗਲਾ. ਟ੍ਰਾ. ਕਾ. 2 : 357

**ਜਸਤਿਨ (ਪਹਿਲਾ)** : ਇਸ ਉੱਘੇ ਬਾਜ਼ਨਤੀਨੀ ਬਾਦਸ਼ਾਹ ਦਾ ਜਨਮ 450 ਵਿਚ ਮਕਦੂਨੀਆ ਵਿਚ ਬੈਦਰੀਆਨਾ (Bederiana) ਵਿਖੇ ਇਕ ਸਾਧਾਰਣ ਇਲੀਰੀਆਈ ਕਿਸਾਨ ਪਰਿਵਾਰ ਵਿਚ ਹੋਇਆ। ਅੱਲ੍ਹੜ ਉਮਰੇ ਇਹ ਸੂਰ ਚਰਾਇਆ ਕਰਦਾ ਸੀ। 20 ਸਾਲ ਦੀ ਉਮਰ ਵਿਚ ਇਹ ਕੁਸਤੁਨਤੁਨੀਆ ਚਲਾ ਗਿਆ ਜਿਥੇ ਇਹ ਆਪਣੀ ਲਿਆਕਤ ਸਦਕਾ ਜਲਦੀ ਹੀ ਮਹਿਲ ਦੀ ਗਾਰਦ ਦਾ ਕਾਊਂਟ ਨਿਯੁਕਤ ਹੋ ਗਿਆ। ਇਹ ਤਤਕਾਲੀ ਬਾਜ਼ਨਤੀਨੀ ਬਾਦਸ਼ਾਹ ਐਨਾਸਟੇਸ਼ੀਅਸ ਪਹਿਲੇ ਦੇ ਕਾਫ਼ੀ ਨਜ਼ਦੀਕ ਸੀ।

9 ਜੁਲਾਈ 518 ਨੂੰ ਬਾਦਸ਼ਾਹ ਐਨਾਸਟੇਸ਼ੀਅਸ ਦੀ ਮੌਤ ਉਪਰੰਤ ਇਹ ਤਖ਼ਤ ਤੇ ਬੈਠਾ। ਇਸਨੇ ਆਪਣੇ ਪੂਰਵਜਾਂ ਦੀ ਨੀਤੀ ਦੇ ਉਲਟ ਸਨਾਤਨੀ ਈਸਾਈ ਮੱਤ ਦੀ ਜ਼ੋਰਦਾਰ ਹਮਾਇਤ ਕੀਤੀ। ਸੰਨ 518-19 ਵਿਚ ਇਸ ਨੇ ਸੁਭਾਵਾਦੀਆਂ ਜਿਹੜੇ ਈਸਾ ਵਿਚ ਮਨੁੱਖੀ ਅਤੇ ਦੈਵੀ ਸੁਭਾ ਦੀ ਏਕਤਾ ਨੂੰ ਮੰਨਣ ਵਾਲੇ ਸਨ, ਦਾ ਕਤਲੇਆਮ ਕੀਤਾ ਅਤੇ ਨਾਲ ਹੀ ਰੋਮ ਦੇ ਪੋਪ ਦੀ ਵੀ ਹਮਾਇਤ ਪ੍ਰਾਪਤ ਕਰ ਲਈ ਅਤੇ ਇੰਜ ਚਰਚ ਦੇ ਵਖਰੇਵੇਂ ਨੂੰ ਸਮਾਪਤ ਕਰ ਦਿੱਤਾ। ਸੰਨ 523 ਵਿਚ ਏਰੀਅਸਵਾਦ ਵਿਰੁਧ ਇਕ ਫ਼ਰਮਾਨ ਜਾਰੀ ਕੀਤਾ। ਜਸਤਿਨ ਦੇ ਅਜਿਹਾ ਕਰਨ ਤੇ ਇਟਲੀ ਦਾ ਏਰੀਆਈ ਆਸਟਰਗੱਥ ਬਾਦਸ਼ਾਹ ਥੀਉਡਰਿਕ ਕਾਫ਼ੀ ਨਰਾਜ਼ ਹੋਇਆ ਅਤੇ ਉਸਨੇ ਪੋਪ ਜਾਨ ਪਹਿਲੇ ਨੂੰ ਕਾਨਸਟੈਂਟਨੋਪਲ ਜਾ ਕੇ ਇਸ ਫ਼ਰਮਾਨ ਨੂੰ ਰੱਦ ਕਰਵਾਉਣ ਲਈ ਮਜਬੂਰ ਕੀਤਾ। ਸਿੱਟੇ ਵਜੋਂ ਜਸਤਿਨ ਨੇ ਏਰੀਆਈਆਂ ਨੂੰ ਥੋੜ੍ਹੀਆਂ ਜਿਹੀਆਂ ਸਹੂਲਤਾਂ ਦੇ ਦਿੱਤੀਆਂ ਪਰ ਬਾਦਸ਼ਾਹ ਥੀਉਡਰਿਕ ਇਨ੍ਹਾਂ ਨਾਲ ਸੰਤੁਸ਼ਟ ਨਾ ਹੋਇਆ।

ਪੂਰਬ ਵਿਚ ਪ੍ਰਸ਼ਾਅ ਨਾਲ ਸ਼ੁਰੂ ਹੋਏ ਸੰਘਰਸ਼ ਕਾਰਣ ਜਸਤਿਨ ਲਈ ਇਹ ਜ਼ਰੂਰੀ ਹੋ ਗਿਆ ਕਿ ਇਕ ਤਾਂ ਲਾਸਿਕਾ ਉਪਰ ਕੰਟਰੋਲ ਕੀਤਾ ਜਾਵੇ ਅਤੇ ਦੂਜੇ ਇਥੋਪੀਆ ਨਾਲ ਸਮਝੌਤਾ ਕਰਕੇ ਅਰਬ ਵਿਚ ਪ੍ਰਸ਼ਾਅ ਦੀ ਦਖ਼ਲ-ਅੰਦਾਜ਼ੀ ਨੂੰ ਰੋਕਿਆ ਜਾਵੇ। ਉੱਤਰੀ ਸਰਹੱਦਾਂ ਵਲੋਂ ਸਲਾਵਾਂ ਨੇ ਡੈਨਿਊਬ ਦਰਿਆ ਪਾਰ ਕਰਕੇ ਬਲਕਾਨ ਪਰਾਵਿੰਸਾਂ ਵਿਚ ਗੜਬੜ ਸ਼ੁਰੂ ਕੀਤੀ ਹੋਈ ਸੀ ਜਿਸ ਨੂੰ ਦਬਾਉਣ ਵਿਚ ਜਸਤਿਨ ਨੂੰ ਅਸਫ਼ਲਤਾ ਹੀ ਮਿਲੀ।

ਜਸਤਿਨ ਦੀ ਆਪਣੀ ਕੋਈ ਔਲਾਦ ਨਹੀਂ ਸੀ। ਇਸ ਲਈ ਇਸਨੇ ਆਪਣੇ ਭਾਣਜਿਆਂ ਅਤੇ ਵਿਸ਼ੇਸ਼ ਕਰਕੇ ਜਸਤਿਨੀਅਨ ਦੀ ਵਿਦਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਆਪਣੇ ਅੰਤਮ ਸਾਲਾਂ ਵਿਚ ਉਸਨੂੰ ਆਪਣੇ ਨਾਲ ਸਹਿ-ਬਾਦਸ਼ਾਹ ਵੀ ਐਲਾਨ ਕੀਤਾ।

1 ਅਗਸਤ 527 ਨੂੰ ਜਸਤਿਨ ਦੀ ਮੌਤ ਹੋ ਗਈ।

ਹ. ਪੁ.–ਐਨ ਬ੍ਰਿ. ਮਾ. 6 : 662 ; ਐਨ. ਅਮੇ. 16 : 244

**ਜਸਤਿਨੀਅਨ (ਪਹਿਲਾ)** : **ਇਹ ਇਕ ਉੱਘਾ ਅਤੇ ਮਿਹਨਤੀ ਬਾਜ਼ਨਤੀਨੀ ਬਾਦਸ਼ਾਹ ਸੀ ਜਿਸ ਦਾ ਜਨਮ 483 ਈ. ਵਿਚ ਡਾਰਡੇਨੀਆ (Dardania) ਵਿਚ ਟੌਰੇਜ਼ੀਅਮ (Tauresium) ਵਿਖੇ**

ਇਕ ਕਿਸਾਨ ਪਰਿਵਾਰ ਵਿਚ ਹੋਇਆ। ਇਸ ਦੇ ਮੁੱਢਲੇ ਜੀਵਨ ਬਾਰੇ ਵਧੇਰੇ ਵੇਰਵਾ ਪ੍ਰਾਪਤ ਨਹੀਂ ਹੈ। ਛੋਟੀ ਉਮਰੇ ਹੀ ਇਹ ਆਪਣੇ ਮਾਮੇ ਜਸਤਿਨ ਪਹਿਲੇ ਕੋਲ ਕੁਸਤੁਨਤੁਨੀਆ ਚਲਾ ਗਿਆ। ਇਥੇ ਇਸ ਨੇ ਚੰਗੀ ਸਿੱਖਿਆ ਹਾਸਲ ਕੀਤੀ। ਸੰਨ 518 ਵਿਚ ਜਸਤਿਨ ਪਹਿਲਾ ਬਾਦਸ਼ਾਹ ਬਣ ਗਿਆ ਜਿਹੜਾ ਜਸਤਿਨੀਅਨ ਤੋਂ ਕਾਫ਼ੀ ਪ੍ਰਭਾਵਿਤ ਸੀ। ਜਸਤਿਨ ਦੀ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਜਸਤਿਨੀਅਨ ਨੂੰ ਕਾਨੂੰਨੀ ਤੌਰ ਤੇ ਗੋਦ ਲੈ ਲਿਆ ਅਤੇ ਉਸ ਨੂੰ ਮਹੱਤਵਪੂਰਨ ਅਹੁਦੇ ਸੌਂਪੇ। ਸੰਨ 525 ਵਿਚ ਜਸਤਿਨੀਅਨ ਨੂੰ ਸੀਜ਼ਰ ਦਾ ਖ਼ਿਤਾਬ ਹਾਸਲ ਹੋਇਆ ਅਤੇ ਆਗਟਸ ਦੇ ਅਹੁਦੇ ਨਾਲ ਸਹਿ-ਬਾਦਸ਼ਾਹ ਬਣਾਇਆ ਗਿਆ। 1 ਅਗਸਤ, 527 ਨੂੰ ਬਾਦਸ਼ਾਹ ਜਸਤਿਨ ਦੀ ਮੌਤ ਉਪਰੰਤ ਇਸ ਨੇ ਪੂਰੀ ਤਰ੍ਹਾਂ ਹਕੂਮਤ ਸੰਭਾਲ ਲਈ।

ਬਾਦਸ਼ਾਹ ਬਣਨ ਤੋਂ ਬਾਅਦ ਇਸ ਦੀਆਂ ਫ਼ੌਜਾਂ ਨੇ ਪ੍ਰਸ਼ਾਅ ਦੇ ਬਾਦਸ਼ਾਹ ਕਵਧ ਪਹਿਲੇ ਨੂੰ ਹਰਾ ਦਿੱਤਾ। ਸੰਨ 532 ਵਿਚ ਕਵਧ ਦੇ ਵਾਰਸ ਖੋਸਰਾ ਪਹਿਲੇ ਨੇ 532 ਈ. ਵਿਚ ਇਸ ਨਾਲ ਸੰਧੀ ਕਰ ਲਈ। ਇਸ ਸੰਧੀ ਨਾਲ ਵਧੇਰੇ ਲਾਭ ਬਾਜ਼ਨਤੀਨੀ ਬਾਦਸ਼ਾਹ ਨੂੰ ਹੀ ਹੋਏ। ਪ੍ਰਸ਼ਾਅ ਨੇ ਲਾਜ਼ੀਕਾ ਉਪਰ ਜਸਤਿਨੀਅਨ ਦੀ ਪ੍ਰਭੁੱਤਾ ਸਵੀਕਾਰ ਕਰ ਲਈ। ਬਦਲੇ ਵਿਚ ਜਸਤਿਨੀਅਨ ਨੇ ਪ੍ਰਸ਼ਾਅ ਨੂੰ ਸੋਨੇ ਦੇ 11,00 ਪੌਂਡ ਦਿੱਤੇ। ਪੂਰਬੀ ਸਰਹੱਦਾਂ ਨੂੰ ਛੱਡ ਕੇ ਬਾਕੀ ਹਿੱਸਿਆਂ ਵੱਲ ਇਸ ਦੀ ਬਦੇਸ਼ ਨੀਤੀ ਨੂੰ ਅਸਫ਼ਲ ਹੀ ਮੰਨਿਆ ਜਾਂਦਾ ਹੈ।

ਜਸਤਿਨੀਅਨ ਆਪਣੇ ਦੇਸ਼ ਦੇ ਅੰਦਰੂਨੀ ਮਾਮਲਿਆਂ ਨੂੰ ਸੁਲਝਾਉਣ ਵਿਚ ਕਾਫ਼ੀ ਸਫ਼ਲ ਰਿਹਾ। ਇਹ ਆਪ ਇਕ ਸਫ਼ਲ ਸਾਹਿਤਕਾਰ ਅਤੇ ਵਿਧਾਨਕਾਰ ਸੀ। ਇਸ ਨੇ ਕਾਨੂੰਨ ਸਬੰਧੀ ਚੋਖਾ ਅਧਿਐਨ ਕਰਨ ਮਗਰੋਂ 528 ਈ. ਵਿਚ ਸ਼ਾਹੀ ਸੰਵਿਧਾਨ ਦਾ ਨਵਾਂ ਕੋਡ ਤਿਆਰ ਕਰਨ ਲਈ ਇਕ ਕਮਿਸ਼ਨ ਦੀ ਸਥਾਪਨਾ ਕੀਤੀ ਜਿਸ ਨੂੰ 'ਕੋਡੈਕਸ ਕਾਨਸਟੀਟਯੂਸ਼ਨਮ' ਨਾਉਂ ਨਾਲ ਜਾਣਿਆ ਜਾਂਦਾ ਹੈ। ਸੰਨ 529 ਵਿਚ ਇਸ ਨੂੰ ਪ੍ਰਕਾਸ਼ਿਤ ਕੀਤਾ ਗਿਆ। ਸੰਨ 530 ਵਿਚ ਦੂਜਾ ਕਮਿਸ਼ਨ ਨਿਯੁਕਤ ਹੋਇਆ ਜਿਸਨੇ 'ਡਾਈਜੈਸਟ' ਨਾਉਂ ਦੀ ਪੁਸਤਕ ਤਿਆਰ ਕੀਤੀ।

ਜਸਤਿਨੀਅਨ ਨੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਕੇ ਆਪਣੇ ਦੇਸ਼ਵਾਸੀਆਂ ਦੀ ਭਲਾਈ ਲਈ ਕਦਮ ਚੁਕਿਆ। ਪ੍ਰਾਂਤਕ ਗਵਰਨਰ ਬਣਨ ਲਈ ਉਸ ਸਮੇਂ ਦੇ ਅਮੀਰ ਲੋਕ ਇਸ ਅਹੁਦੇ ਨੂੰ ਪੈਸੇ ਨਾਲ ਖਰੀਦਣ ਲਗ ਪਏ ਸਨ। ਸਭ ਤੋਂ ਅਹਿਮ ਸੁਧਾਰ ਜਿਹੜਾ ਜਸਤਿਨੀਅਨ ਨੇ ਕੀਤਾ ਉਹ ਇਸ ਅਹੁਦੇ ਦੀ ਵਿਕਰੀ ਨੂੰ ਖ਼ਤਮ ਕਰਨ ਦਾ ਸੀ। ਸ਼ਹਿਰਾਂ ਦੀ ਸੁਰੱਖਿਆ ਵਾਸਤੇ ਇਕ ਵਿਸ਼ੇਸ਼ ਅਫ਼ਸਰ ਤੈਨਾਤ ਕੀਤਾ ਜਾਣ ਲੱਗਾ, ਸਾਰੇ ਪ੍ਰਾਂਤਕ ਢਾਂਚੇ ਨੂੰ ਪੁਨਰ-ਗਠਿਤ ਕੀਤਾ। ਕੱਚੇ ਮਾਲ ਦੀ ਵਿੱਕਰੀ ਤੇ ਸਰਕਾਰ ਦਾ ਏਕਾਧਿਕਾਰ ਕਾਇਮ ਕੀਤਾ ਗਿਆ। ਨਵੇਂ ਭਵਨਾਂ ਦੇ ਨਿਰਮਾਣ ਵੱਲ ਬਾਦਸ਼ਾਹ ਦੀ ਵਿਸ਼ੇਸ਼ ਰੁਚੀ ਸੀ। ਮੱਠ, ਯਤੀਮਖ਼ਾਨੇ, ਰਿਹਾਇਸ਼ਗਾਹਾਂ ਅਤੇ ਗਿਰਜਿਆਂ ਦਾ ਨਿਰਮਾਣ ਕਰਵਾਇਆ। ਭੂਚਾਲ ਨਾਲ ਤਬਾਹ ਹੋਏ ਸ਼ਹਿਰਾਂ ਨੂੰ ਮੁੜ ਵਸਾਇਆ।

ਆਪਣੇ ਰਾਜ ਦੇ ਅੰਤਲੇ ਸਾਲਾਂ ਵਿਚ ਇਸ ਨੂੰ ਕੁਝ ਕੁ ਧਾਰਮਿਕ ਮਸਲਿਆਂ ਦਾ ਸਾਹਮਣਾ ਕਰਨਾ ਪਿਆ।

14 ਨਵੰਬਰ, 565 ਵਿਚ ਕੁਸਤੁਨਤੁਨੀਆ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 6 : 663

**ਜਸਤਿਨੀਅਨ (ਦੂਜਾ)** : ਹੈਰਾਕਲੀ ਆਈ ਸਲਤਨਤ ਦੇ ਇਸ ਅੰਤਮ ਬਾਜ਼ਨਤੀਨੀ ਬਾਦਸ਼ਾਹ ਦਾ ਜਨਮ 669 ਈ. ਵਿਚ ਹੋਇਆ। ਇਸ ਦੇ ਮੁੱਢਲੇ ਜੀਵਨ ਬਾਰੇ ਵੇਰਵਾ ਪ੍ਰਾਪਤ ਨਹੀਂ ਹੈ। ਸਤੰਬਰ, 685 ਵਿਚ ਆਪਣੇ ਪਿਤਾ ਕਾਨਸਟੈਨਟਾਈਨ ਚੌਥੇ ਦੀ ਮੌਤ ਉਪਰੰਤ 16 ਸਾਲ ਦੀ ਉਮਰ ਵਿਚ ਇਹ ਬਾਦਸ਼ਾਹ ਬਣਿਆ। ਇਹ ਚਾਹੇ ਕਠੋਰ ਸੁਭਾਅ ਵਾਲਾ ਤਾਨਾਸ਼ਾਹ ਸੀ ਪਰ ਇਸ ਵਿਚ ਇਕ ਯੋਗ ਸ਼ਾਸਕ ਵਾਲੇ ਕਈ ਗੁਣ ਮੌਜੂਦ ਸਨ।

ਆਪਣੇ ਰਾਜ ਕਾਲ ਦੇ ਆਰੰਭ ਵਿਚ ਇਸ ਨੇ ਸਭ ਤੋਂ ਪਹਿਲਾਂ ਅਰਬਾਂ ਨਾਲ ਇਕ ਸਮਝੌਤਾ ਕੀਤਾ ਜਿਸ ਅਨੁਸਾਰ ਉਨ੍ਹਾਂ ਨੇ ਨਾ ਸਿਰਫ਼ ਇਸ ਨੂੰ ਦੇਣ ਵਾਲੇ ਖਿਰਾਜ ਦੀ ਰਕਮ ਨੂੰ ਹੀ ਵਧਾਇਆ ਸਗੋਂ ਸਾਈਪਰਸ, ਆਰਮੀਨੀਆ ਅਤੇ ਜਾਰਜੀਆ ਉਪਰ ਇਸ ਦੀ ਪ੍ਰਮੁੱਖਤਾ ਨੂੰ ਵੀ ਮੰਨ ਲਿਆ। ਸੰਨ 688-89 ਵਿਚ ਇਸ ਨੇ ਸਲਾਵਾਂ ਅਧੀਨ ਦੇ ਥ੍ਰੇਸ ਅਤੇ ਮਕਦੂਨੀਆ ਦੇ ਇਲਾਕਿਆਂ ਉਪਰ ਕਬਜ਼ਾ ਕਰਕੇ ਬਹੁਤ ਸਾਰੇ ਸਲਾਵਾਂ ਨੂੰ ਬਾਜ਼ਨਤੀਨੀ ਫ਼ੌਜ ਵਿਚ ਸ਼ਾਮਲ ਕਰ ਲਿਆ ਅਤੇ ਕਈਆਂ ਨੂੰ ਏਸ਼ੀਆ ਕੋਚਕ ਵਿਚ ਬਤੌਰ ਫ਼ੌਜੀ-ਕਿਸਾਨ ਆਬਾਦ ਕੀਤਾ। ਇਸ ਦੀ ਸਾਈਪਰਸੀ ਨੀਤੀ ਅਰਬਾਂ ਨੂੰ ਪਸੰਦ ਨਾ ਆਈ। ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੇ 691-92 ਵਿਚ ਇਸ ਦੀਆਂ ਪੂਰਬੀ ਸਰਹੱਦਾਂ ਤੇ ਚੜ੍ਹਾਈ ਕਰ ਕੇ ਬਾਜ਼ਨਤੀਨੀ ਫ਼ੌਜਾਂ ਨੂੰ ਸਬਾਸਟੋਪਾੱਲਿਸ ਵਿਖੇ ਹਾਰ ਦੇ ਕੇ ਇਨ੍ਹਾਂ ਅਧੀਨ ਆਏ ਆਰਮੀਨੀਆਈ ਖੇਤਰਾਂ ਉਪਰ ਵੀ ਆਪਣਾ ਕਬਜ਼ਾ ਕਰ ਲਿਆ।

ਆਪਣੇ ਰਾਜ ਵਿਚ ਜਸਤਿਨੀਅਨ ਨੇ ਕਵਿਨੀਸੈਕਜ਼ਟ (Quinisext) ਕਾਂਸਲ ਸੱਦੀ ਜਿਸ ਵਿਚ ਪਹਿਲਾਂ ਹੋਈਆਂ ਪੰਜਵੀਂ ਅਤੇ ਛੇਵੀਂ ਵਿਸ਼ਵ ਵਿਆਪੀ ਕਾਂਸਲਾਂ ਦੇ ਸਿਧਾਂਤਕ ਫਤਵਿਆਂ ਵਿਚ ਵਾਧਾ ਕਰਨ ਦਾ ਆਦੇਸ਼ ਦਿੱਤਾ। ਪੋਪ ਸਰਜੀਅਸ ਪਹਿਲੇ ਨੇ ਇਨ੍ਹਾਂ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਬਾਦਸ਼ਾਹ ਅਤੇ ਪੋਪ ਦਾ ਆਪਸੀ ਸਬੰਧ ਤਨਾਉਪੂਰਣ ਹੋ ਗਿਆ।

ਬਾਦਸ਼ਾਹ ਦੀ ਕਠੋਰ ਨੀਤੀ ਅਤੇ ਇਸ ਦੇ ਵਿੱਤ ਕਰਮਚਾਰੀਆਂ ਵਲੋਂ ਕੀਤੀ ਗਈ ਲੋਕਾਂ ਦੀ ਲੁੱਟ-ਖਸੁਟ ਦੇ ਸਿੱਟੇ ਵਜੋਂ ਸੰਨ 695 ਵਿਚ ਬਾਦਸ਼ਾਹ ਵਿਰੁੱਧ ਬਗਾਵਤ ਹੋ ਗਈ ਅਤੇ ਇਕ ਨਵੇਂ ਬਾਦਸ਼ਾਹ ਦਾ ਐਲਾਨ ਕਰ ਦਿੱਤਾ ਗਿਆ। ਜਸਤਿਨੀਅਨ ਨੂੰ ਫੜ ਕੇ ਬਾਗੀਆਂ ਨੇ ਇਸਦਾ ਨੱਕ ਕੱਟ ਦਿੱਤਾ ਜਿਸ ਕਾਰਨ ਇਸ ਨੂੰ ਰਾਈਨੋਮੀਟਸ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਫੇਰ ਇਸ ਨੂੰ ਦੇਸ਼ ਨਿਕਾਲਾ ਦੇ ਕੇ ਕਰੀਮਿਆਈ ਪ੍ਰਾਇਦੀਪ ਕੈਰਸਨ ਵਿਖੇ ਭੇਜ ਦਿੱਤਾ।

ਕਈ ਸਾਲ ਬਾਅਦ ਇਸ ਨੂੰ ਸੂਹ ਮਿਲੀ ਕਿ ਬਾਦਸ਼ਾਹ ਟਾਈਬੀਰੀਅਸ ਦੂਜਾ ਇਸ ਨੂੰ ਗ੍ਰਿਫ਼ਤਾਰ ਕਰਨ ਦੀ ਯੋਜਨਾ ਬਣਾ ਰਿਹਾ ਹੈ ਤਾਂ ਇਹ ਇਥੋਂ ਭੱਜ ਨਿਕਲਿਆ ਅਤੇ ਹੈਰਾਕਲੀਅਨਾਂ ਦੇ ਮਿੱਤਰ ਖ਼ਜ਼ਾਰਾਂ ਦੇ ਖ਼ਾਨ ਕੋਲ ਜਾ ਪਨਾਹ ਲਈ ਜਿਥੇ ਇਸ ਦਾ ਵਿਆਹ ਖ਼ਾਨ ਦੀ ਭੈਣ ਨਾਲ ਹੋਇਆ। ਇਸ ਰਿਸ਼ਤੇ ਦੇ ਜਲਦੀ ਹੀ ਮਗਰੋਂ ਬਾਜ਼ਨਤੀਨੀ ਬਾਦਸ਼ਾਹ ਨੇ ਖ਼ਾਨ ਨੂੰ ਲਾਲਚ ਦੇ ਕੇ ਜਸਤਿਨੀਅਨ ਨੂੰ ਮਾਰ ਦੇਣ ਲਈ ਰਾਜ਼ੀ ਕਰ ਲਿਆ। ਜਸਤਿਨੀਅਨ ਨੂੰ ਆਪਣੀ ਪਤਨੀ ਕੋਲੋਂ ਇਸ ਗੱਲ ਦੀ ਸੂਹ ਮਿਲੀ ਅਤੇ ਇਹ ਭੱਜ ਕੇ ਬਲਗਾਰ ਰਾਜ ਵਿਚ ਚਲਾ ਗਿਆ। ਉਥੋਂ ਦੇ ਖ਼ਾਨ ਦੀ ਮੱਦਦ ਨਾਲ ਜਸਤਿਨੀਅਨ ਨੇ ਫ਼ੌਜ ਲੈ ਕੇ ਕੁਸਤੁਨਤੁਨੀਆ ਉੱਤੇ ਚੜ੍ਹਾਈ ਕੀਤੀ ਅਤੇ ਸੰਨ 705 ਵਿਚ ਇਕ ਵਾਰੀ ਮੁੜ ਆਪਣਾ ਗੁਆਚਾ ਤਖ਼ਤ ਹਾਸਲ ਕਰ ਲਿਆ।

ਇਸ ਕਾਲ ਦੌਰਾਨ ਇਸ ਨੇ ਪੋਪ ਨਾਲ ਆਪਣੇ ਸਬੰਧਾਂ ਨੂੰ ਸੁਧਾਰਿਆ ਜਿਸ ਦੇ ਸਿੱਟੇ ਵਜੋਂ 710-11 ਵਿਚ ਪੋਪ ਕਾਨਸਟੈਨਟਾਈਨ ਇਸ ਕੋਲ ਕੁਸਤੁਨਤੁਨੀਆ ਆਇਆ। ਬਾਦਸ਼ਾਹ ਦੇ ਮਨ ਵਿਚ ਆਪਣੇ

ਾਣੇ ਵਿਰੋਧੀਆਂ ਤੋਂ ਬਦਲਾ ਲੈਣ ਦੀ ਪ੍ਰਬਲ ਇੱਛਾ ਸੀ ਜਿਸ ਕਾਰਨ ਸ ਨੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਮਰਵਾ ਦਿੱਤਾ। ਇਸ ਨਾਲ ਇਹ ਪਣੇ ਕਈ ਹਮਾਇਤੀਆਂ ਦੀ ਹਮਦਰਦੀ ਗੁਆ ਬੈਠਾ।

ਸੰਨ 711 ਵਿਚ ਖਜ਼ਾਰਾਂ ਦੀ ਮੱਦਦ ਨਾਲ ਕੈਰਸਨ ਵਿਚ ਇਸ ਰੁੱਧ ਬਗਾਵਤ ਹੋ ਗਈ। ਇਕ ਆਰਮੀਨੀਆਈ ਨੂੰ ਬਾਦਸ਼ਾਹ ਐਲਾਨ ਤ ਦਿੱਤਾ ਜਿਸ ਨੇ ਫਿਲਿਪੀਕਸ ਦੇ ਨਾਉਂ ਨਾਲ ਰਾਜ ਕੀਤਾ। ਇਸ ; ਅਗਵਾਈ ਹੇਠਾਂ ਫ਼ੌਜਾਂ ਨੇ ਕੁਸਤੁਨਤੁਨੀਆ ਉਪਰ ਕਬਜ਼ਾ ਕਰ ਆ ਅਤੇ ਸੰਨ 711 ਵਿਚ ਜਸਤਿਨੀਅਨ ਦੂਜੇ ਨੂੰ ਇਸ ਦੇ ਪਰਿਵਾਰ ਮੇਤ ਏਸ਼ੀਆ ਕੋਚਕ ਵਿਚ ਮਾਰ ਦਿੱਤਾ।

ਹ. ਪੁ.–ਐਨ. ਬ੍ਰਿ. ਮਾ. 6 : 665

**ਜਸਦਾਨ** : ਰਿਆਸਤ— ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਲ ਵੇਲੇ ਕਾਠੀਆਵਾੜ ਪੁਲਿਟੀਕਲ ਏਜੰਸੀ, ਬੰਬਈ ਵਿਚ ਇਹ ਇਕ ਆਸਤ ਹੁੰਦੀ ਸੀ। ਇਸ ਦਾ ਕੁਲ ਰਕਬਾ 725 ਵ. ਕਿ. ਮੀ. (283 . ਮੀਲ) ਸੀ। ਕਾਠੀਆਵਾੜ ਵਿਚ ਇਹ ਤੀਜੇ-ਵਰਗ ਦੀ ਰਿਆਸਤ ਦੀ ਸੀ। ਇਸ ਹੀ ਰਿਆਸਤ ਦੇ ਮੁੱਖ ਸ਼ਹਿਰ ਦਾ ਨਾਂ ਸ਼ਾਇਦ ਸਵਾਮੀ ਸਤਨਾ (Swami Chastane) ਜਿਹੜਾ ਕਿ ਕਸਤ੍ਰਪਾ ਖ਼ਾਨਦਾਨ Kshatrapa Dynasty) ਦੇ ਸਭ ਤੋਂ ਪਹਿਲੇ ਹਾਕਮਾਂ ਵਿਚੋਂ ਇਕ ਸੀ, ਨਾਂ ਤੇ ਪਿਆ ਹੋਵੇ। ਜੂਨਾਗੜ੍ਹ ਦੇ ਗੌਰੀਆਂ ਦੇ ਰਾਜ-ਕਾਲ ਦੌਰਾਨ ਥੇ ਇਕ ਬਹੁਤ ਮਜ਼ਬੂਤ ਕਿਲਾ ਉਸਾਰਿਆ ਗਿਆ ਅਤੇ ਇਸ ਕਸਬੇ ਾ ਨਾਂ ਗੌਰੀਗੜ੍ਹ ਹੁੰਦਾ ਸੀ। ਮਗਰੋਂ ਇਹ ਖੇੜਦੀ (Kherdi) ਦੇ ਖੁਮਾਣਾਂ Khumans) ਦੇ ਹੱਥਾਂ ਵਿਚ ਚਲਾ ਗਿਆ ਅਤੇ 1665 ਦੇ ਨੇੜੇ-ਤੇੜੇ ਾਚਰਾਂ (Khachars) ਦੀ ਲੱਖਣੀ (Lakhani) ਸ਼ਾਖਾ ਦੇ ਬਾਨੀ-ਲੱਖਾ ਾਦਰ ਦੇ ਪੋਤਰੇ ਵਿਕਾ ਖਾਚਰ ਨੇ ਜੱਸਾ ਖੁਮਾਣ ਤੋਂ ਜਿੱਤ ਕੇ ਆਪਣੇ ਧੀਨ ਕਰ ਲਿਆ। ਵਜ਼ਾਸੁਰ ਖਾਚਰ (Vajsur Khachar) ਜੋ ਕਿ ਕ ਬਹੁਤ ਸ਼ਕਤੀਸ਼ਾਲੀ ਮੁਖੀ ਸੀ ਅਤੇ ਜਿਸ ਨੇ ਆਪਣੇ ਰਾਜਕਾਲ ਲੇ ਢੰਢੂਕਾ (Dhandhuka) ਅਤੇ ਕੈਂਬੇ ਤਕ ਦੇ ਆਲੇ-ਦੁਆਲੇ ਦੇ ਲਾਕੇ ਨੂੰ ਬਲੈਕਮੇਲ ਕਰਨ ਲਈ ਇਕ ਪਾਲ (Pal) ਜਾਂ ਕਲੇਮ ਸਥਾਪਤ ਤਾ ਹੋਇਆ ਸੀ, ਇਸ ਕਸਬਾ ਭਾਓਨਗਰ (Bhaunagar) ਅਧੀਨ ਲਾ ਗਿਆ। ਬਾਅਦ ਵਿਚ ਜਸਦਾਨ ਉਪਰ ਨਵਾਂ ਨਗਰ ਦੇ ਜਾਮ Jam) ਨੇ ਕਬਜ਼ਾ ਕਰ ਲਿਆ ਪਰ ਜਾਮ ਜਸਜੀ (Jam Jasaji) ਦੇ ਆਹ ਦੇ ਮੌਕੇ ਤੇ ਇਹ ਸ਼ਹਿਰ ਵਜਸੂਰ ਖਾਚਰ ਨੂੰ ਮੋੜ ਦਿੱਤਾ ਗਿਆ। ਨ 1807-8 ਵਿਚ ਵਜਸੂਰ ਖਾਚਰ ਨੇ ਅੰਗਰੇਜ਼ਾਂ ਅਤੇ ਗਾਇਕਵਾੜ Gaikwar) ਨਾਲ ਸਮਝੌਤਾ ਕਰ ਲਿਆ।

ਹ. ਪੁ.–ਇੰਪ. ਗ. ਇੰਡ. : 14 : 66

**ਜਸਦਾਨ** : ਸ਼ਹਿਰ—ਭਾਰਤ ਦੇ ਗੁਜਰਾਤ ਰਾਜ ਵਿਚ ਇਹ ਕ ਪੁਰਾਣਾ ਸ਼ਹਿਰ ਹੈ ਜਿਹੜਾ ਅਟਕੋਟ ਦੇ ਲ. 6 ਕਿ. ਮੀ. ੱਤਰ-ਪੂਰਬ ਵੱਲ ਅਤੇ ਕੋਟੜਾ ਪਿੱਥਾ ਤੋਂ ਲ. 10 ਕਿ. ਮੀ. ਉੱਤਰ ਲ ਨੂੰ ਸਥਿਤ ਹੈ। ਪਹਿਲਾਂ ਇਹ ਸ਼ਹਿਰ ਇਸੇ ਹੀ ਨਾਂ ਦੀ ਰਿਆਸਤ ੀ ਰਾਜਧਾਨੀ ਹੁੰਦਾ ਸੀ। ਪ੍ਰਾਚੀਨਤਾ ਪੱਖੋਂ ਇਹ ਬਹੁਤ ਪ੍ਰਸਿੱਧੀ ਵਾਲਾ ਹਿਰ ਹੈ ਅਤੇ ਸੰਭਵ ਹੈ ਕਿ ਇਸ ਸ਼ਹਿਰ ਦਾ ਨਾਂ ਕਸ਼ਤ੍ਰੋਪਾ ਖ਼ਾਨਦਾਨ ਦੂਜੇ ਹਾਕਮ ਸਵਾਮੀ ਚੇਸ੍ਰਤਨਾ ਦੇ ਨਾਂ ਪਿਛੇ ਪਿਆ ਹੋਵੇ। ਜੂਨਾਗੜ੍ਹ ਗੌਰੀਆਂ ਦੇ ਰਾਜ-ਕਾਲ ਦੌਰਾਨ ਇਥੇ ਇਕ ਮਜ਼ਬੂਤ ਕਿਲਾ ਬਣਾਇਆ ਆ ਸੀ ਅਤੇ ਇਸ ਸ਼ਹਿਰ ਦਾ ਨਾਂ ਉਸ ਵੇਲੇ ਗੌਰੀਗੜ੍ਹ ਹੁੰਦਾ ਸੀ। ਕ ਬਹੁਤ ਵਧੀਆ ਸੜਕ ਇਸ ਸ਼ਹਿਰ ਨੂੰ ਵਿੰਚੀਆ ਨਾਲ ਜੋੜਦੀ ।

ਆਬਾਦੀ—28,088 (1991)

22° 5' ਉ. ਵਿਥ.; 71° 20' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 66

**ਜਸਪਤਿ ਰਾਇ ਦੀਵਾਨ** : ਇਹ ਕਲਾਨੋਰ ਦਾ ਰਹਿਣ ਵਾਲਾ ਇਕ ਖੱਤਰੀ ਸੀ ਜੋ ਸੂਬਾ ਲਾਹੌਰ (ਯਹੀਆਖ਼ਾਨ) ਦੇ ਦੀਵਾਨ ਲਖਪਤਿ ਰਾਇ ਦਾ ਭਰਾ ਸੀ। ਪਹਿਲਾਂ ਇਹ ਜਲੰਧਰ ਦਾ ਹਾਕਮ ਸੀ ਬਾਅਦ ਵਿਚ ਲਾਹੌਰ ਦਾ ਸੂਬੇਦਾਰ ਜ਼ਕਰੀਆ ਖ਼ਾਨ ਨੇ ਇਸ ਨੂੰ ਏਮਨਾਬਾਦ ਦੇ ਇਕ ਛੋਟੇ ਜਿਹੇ ਪਰਗਨੇ ਦਾ ਦੀਵਾਨ ਬਣਾ ਦਿੱਤਾ ਅਤੇ ਇਸ ਦੀ ਥਾਂ ਅਦੀਨਾਬੇਗ ਨੂੰ ਜਲੰਧਰ ਦਾ ਹਾਕਮ ਬਣਾ ਦਿੱਤਾ, ਜਿਸ ਤੋਂ ਜਸਪਤਰਾਇ ਅਤੇ ਅਦੀਨਾਬੇਗ ਵਿਚ ਵਿਰੋਧ ਪੈਦਾ ਹੋ ਗਿਆ। ਇਸ ਸਮੇਂ ਸਿੱਖ ਵੀ ਮੁੜ ਸੰਗਠਿਤ ਹੋ ਰਹੇ ਸਨ। ਸਿੱਖਾਂ ਤੋਂ ਤੰਗ ਆ ਕੇ ਲਾਹੌਰ ਦੇ ਯਹੀਆ ਖ਼ਾਨ ਨੇ ਦੀਵਾਨ ਲਖਪਤਿ ਰਾਇ ਨੂੰ ਸਿੱਖਾਂ ਨਾਲ ਸਖ਼ਤੀ ਨਾਲ ਪੇਸ਼ ਆਉਣ ਦਾ ਹੁਕਮ ਦਿੱਤਾ। ਲਖਪਤਿ ਰਾਏ ਨੇ ਸਿੱਖਾਂ ਨੂੰ ਰਾਵੀ ਦੇ ਬੀੜ ਵਿਚੋਂ ਅੱਗੇ ਧੱਕ ਦਿੱਤਾ ਅਤੇ ਸਿੱਖਾਂ ਨੇ ਏਮਨਾਬਾਦ ਵੱਲ ਗੁਰਦਵਾਰਾ ਰੋੜੀ ਸਾਹਿਬ ਵਿਚ ਆ ਡੇਰੇ ਲਗਾਏ ਪਰ ਇਥੋਂ ਜਸਪਤਿ ਰਾਇ ਨੇ ਸਿੱਖਾਂ ਨੂੰ ਇਕਦਮ ਕੂਚ ਕਰ ਜਾਣ ਲਈ ਕਿਹਾ ਜਿਸ ਤੇ ਸਿੱਖਾਂ ਨੇ ਇਸ ਨੂੰ ਕਿਹਾ ਕਿ ਹਿੰਦੂ ਹੋਣ ਦੇ ਨਾਤੇ ਤੇਰੇ ਨਾਲ ਸਾਡੀ ਕੋਈ ਦੁਸ਼ਮਣੀ ਨਹੀਂ ਹੈ ਤੇ ਅਸੀਂ ਆਪਣਾ ਲੰਗਰ ਛਕਣ ਤੋਂ ਬਾਅਦ ਇਥੋਂ ਚਲੇ ਜਾਵਾਂਗੇ। ਜਿਸ ਤੇ ਜਸਪਤਿ ਰਾਏ ਨੇ, ਜੋ ਬਹੁਤ ਬੋਲ ਵਿਗਾੜ ਸੀ, ਸਿੱਖਾਂ ਨੂੰ ਕਿਹਾ ਕਿ ਮੈਂ ਤੁਹਾਡਾ ਬੀਜ ਖ਼ਤਮ ਕਰਨ ਨੂੰ ਫਿਰਦਾ ਹਾਂ ਤੇ ਇਸ ਲਈ ਮੇਰੇ ਅਤੇ ਸਿੱਖਾਂ ਵਿਚਕਾਰ ਦੁਸ਼ਮਣੀ ਨਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਉਸ ਨੇ ਇਨ੍ਹਾਂ ਸਿੰਘਾਂ ਦਾ ਅਤੇ ਵਿਸਾਖੀ ਤੇ ਆਏ ਹੋਏ ਹੋਰ ਸਿੰਘਾਂ ਦਾ ਇਕ ਘੜੀ ਲਈ ਵੀ ਰਹਿਣਾ ਨਾ ਸਹਾਰਿਆ ਅਤੇ ਫਿਰ ਉਠਾਉਣ ਲਈ ਸਿਪਾਹੀ ਭੇਜੇ ਪਰ ਸਿੰਘ ਨਾ ਉੱਠੇ। ਅੰਤ ਸੌ ਸਵਾਰ ਪਿਆਦਾ ਨਾਲ ਲੈ ਕੇ ਹਾਥੀ ਉੱਤੇ ਚੜ੍ਹ ਕੇ ਆਪ ਆ ਗਿਆ ਤੇ ਸਿੰਘਾਂ ਨੂੰ ਬੁਰਾ ਭਲਾ ਕਹਿਣ ਲੱਗਾ। ਸਿੰਘ ਕੁਝ ਚਿਰ ਤਾਂ ਚੁੱਪ ਰਹੇ ਫਿਰ ਸ. ਚੜ੍ਹਤ ਸਿੰਘ ਨੇ ਲਲਕਾਰਾ ਮਾਰਿਆ ਤੇ ਇਸ ਤਰ੍ਹਾਂ ਇਸ ਦੇ ਸਿਪਾਹੀ ਸਿੰਘਾਂ ਦੇ ਨਾਲ ਟਕਰਾਉਣ ਲੱਗੇ ਪਰ ਇਨ੍ਹਾਂ ਦੇ ਅੱਗੇ ਠਹਿਰ ਨਾ ਸਕੇ ਤੇ ਇਸ ਦੇ ਸਾਰੇ ਸਾਥੀ ਭੱਜ ਉੱਠੇ। ਸਿੰਘ ਹੱਲਾ ਕਰਕੇ ਸ਼ਹਿਰ ਵਿਚ ਜਾ ਵੜੇ ਤੇ ਜਾਂਦਿਆਂ ਹੀ ਪਹਿਲਾਂ ਜਸਪਤਿ ਰਾਇ ਵੱਲ ਕੂਚ ਕੀਤਾ ਅਤੇ ਬਦੋਂ ਕੀ ਗੁਸਾਈਆਂ ਕੋਲ (ਜ਼ਿਲ੍ਹਾ ਗੁਜਰਾਂਵਾਲਾ) ਨੀਬਾਰੂ ਸਿੰਘ ਨਾਮੀ ਇਕ ਸਿੰਘ ਨੇ ਜਸਪਤਿ ਰਾਇ ਦੇ ਹਾਥੀ ਦੀ ਪੂਛ ਨੂੰ ਫੜ ਕੇ ਹਾਥੀ ਉੱਤੇ ਚੜ੍ਹ ਕੇ ਤਲਵਾਰ ਦੇ ਇਕੋ ਵਾਰ ਨਾਲ ਜਸਪਤਿ ਰਾਇ ਦਾ ਸਿਰ ਧੜ ਤੋਂ ਲਾਹ ਕੇ ਲੈ ਆਇਆ। ਇਹ ਘਟਨਾ ਮਾਰਚ, 1746 ਦੀ ਹੋਈ ਦੱਸੀ ਜਾਂਦੀ ਹੈ। ਬਾਅਦ ਵਿਚ ਜਸਪਤਿ ਰਾਇ ਦੇ ਗੁਰੂ ਬਾਵਾ ਕਿਰਪਾ ਰਾਮ ਗੁਸਾਈ ਨੇ 500 ਰੁਪਏ ਦੇ ਕੇ ਸਿੰਘਾਂ ਤੋਂ ਇਸਦਾ ਸਿਰ ਵਾਪਸ ਲੈ ਕੇ ਸਸਕਾਰ ਕੀਤਾ।

ਹ. ਪੁ.–ਮ. ਕੋ ; ਹਿ. ਆਫ਼. ਪੰ. ਲਤੀਫ਼ ; ਤਵਾਰੀਖ, ਭਾਗ 11–ਗਿ. ਗਿਆਨ ਸਿੰਘ ; ਐਂਡ. ਸ. ਹਿ. ਪੰ.

**ਜਸਪੁਰ** : ਰਿਆਸਤ—ਭਾਰਤ ਦੀਆਂ ਪੂਰਬੀ ਰਿਆਸਤਾਂ ਵਿਚੋਂ ਇਹ ਇਕ ਸਾਬਕਾ ਰਿਆਸਤ ਹੁੰਦੀ ਸੀ ਜਿਸ ਦੇ ਉੱਤਰ ਅਤੇ ਪੱਛਮ ਵੱਲ ਸਰਗੁਜਾ ਰਿਆਸਤ, ਪੂਰਬ ਵੱਲ ਬੰਗਾਲ ਦਾ ਰਾਂਚੀ ਜ਼ਿਲ੍ਹਾ ਅਤੇ ਦੱਖਣ ਵੱਲ ਗਾਂਗਪੁਰ, ਉਦੇਪੁਰ ਅਤੇ ਰਾਏਗੜ੍ਹ ਲਗਦੇ ਸਨ। ਇਸ ਦਾ ਕੁੱਲ ਰਕਬਾ 5,987 ਵ. ਕਿ. ਮੀ. (1,948 ਵ. ਮੀਲ) ਹੁੰਦਾ ਸੀ। ਸੰਨ 1905 ਤੱਕ ਬੰਗਾਲ ਦੀ ਛੋਟੀ ਨਾਗਪੁਰ ਨਾਂ ਦੀ ਰਿਆਸਤ ਵੀ ਇਸ ਰਿਆਸਤ ਵਿਚ ਸ਼ਾਮਲ ਹੁੰਦੀ ਸੀ। ਜਸਪੁਰ ਨਗਰ (ਜਗਦੀਸ਼ਪੁਰ) ਨਾਂ ਦਾ ਸ਼ਹਿਰ ਇਸ ਰਿਆਸਤ ਦੀ ਰਾਜਧਾਨੀ ਹੁੰਦਾ ਸੀ।

ਸੰਨ 1818 ਵਿਚ ਮਾਧੋ ਜੀ ਭੌਂਸਲੇ ਨਾਲ ਹੋਏ ਅੰਤਰਿਮ ਸਮਝੌਤੇ ਅਨੁਸਾਰ ਜਸਪੁਰ ਰਿਆਸਤ ਨੂੰ ਅੰਗਰੇਜ਼ੀ ਸਰਕਾਰ ਵਿਚ ਸ਼ਾਮਲ ਕਰ

ਲਿਆ ਗਿਆ ਸਮਝਿਆ ਜਾਂਦਾ ਰਿਹਾ। ਸੰਨ 1899 ਵਿਚ ਇਸ ਖ਼ਿਰਾਜ ਦੀ ਰਕਮ 1250 ਰੁਪਏ ਮੁਕਰਰ ਕੀਤੀ ਗਈ। ਦੇਸ਼ ਦੀ ਵੰਡ ਉਪਰੰਤ ਭਾਰਤੀ ਰਿਆਸਤਾਂ ਦੇ ਪੁਨਰ ਗਠਨ ਸਮੇਂ ਇਸ ਨੂੰ ਭਾਰਤ ਦੇ ਮਧ ਪ੍ਰਦੇਸ਼ ਰਾਜ ਵਿਚ ਸ਼ਾਮਲ ਕਰ ਲਿਆ ਗਿਆ।

ਹ. ਪੁ.–ਇੰਪ. ਗ. ਇੰਡ. 14 : 67

**ਜਸਪੁਰ** : ਸ਼ਹਿਰ–ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਨੈਨੀਤਾਲ ਜ਼ਿਲ੍ਹੇ ਦੀ ਕਾਸ਼ੀਪੁਰ ਤਹਿਸੀਲ ਦਾ ਇਹ ਇਕ ਕਸਬਾ ਹੈ। ਇਸ ਸ਼ਹਿਰ ਦਾ ਅਜੇ ਹੁਣੇ-ਹੁਣੇ ਹੀ ਵਿਕਾਸ ਹੋਇਆ ਹੈ। ਇਥੋਂ ਦੀ ਵਧੇਰੇ ਵਸੋਂ ਮੁਸਲਮਾਨ ਜੁਲਾਹਿਆਂ ਦੀ ਹੈ। ਇਥੇ ਸੂਤੀ ਕੱਪੜਾ ਕਾਫ਼ੀ ਮਾਤਰਾ ਵਿਚ ਤਿਆਰ ਹੁੰਦਾ ਹੈ। ਇਸ ਤੋਂ ਇਲਾਵਾ ਖੰਡ ਅਤੇ ਇਮਾਰਤੀ ਲੱਕੜੀ ਦਾ ਵੀ ਇਥੇ ਥੋੜ੍ਹਾ ਜਿਹਾ ਵਪਾਰ ਹੁੰਦਾ ਹੈ।

ਆਬਾਦੀ–30,811 (1991)

29° 17′ ਉ. ਵਿਥ.; 78° 50′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 70

**ਜਸਬੀਰ ਸਿੰਘ, ਭਾਈ** : ਗੁਰਬਾਣੀ ਦੇ ਇਸ ਕੀਰਤਨੀਏ ਦਾ ਜਨਮ 4 ਫ਼ਰਵਰੀ, 1949 ਨੂੰ ਸ. ਹਰਿਭਜਨ ਸਿੰਘ ਦੇ ਘਰ ਪਟਿਆਲਾ ਵਿਖੇ ਹੋਇਆ। ਗੁਰਬਾਣੀ ਦੇ ਮਧੁਰ ਕੀਰਤਨ ਕਰਨ ਵਿਚ ਇਸ ਦੀ ਨਵੇਕਲੀ ਥਾਂ ਹੈ। ਇਸ ਦੇ ਕੀਰਤਨ ਦੀ ਧੀਮੀ ਸੁਰ, ਮਿੱਠੀ ਲੈਅ ਅਤੇ ਰਸਭਿੰਨਾ ਪ੍ਰਵਾਹ ਸਰੋਤਿਆਂ ਨੂੰ ਮੰਤਰ-ਮੁਗਧ ਕਰਕੇ ਉੱਚ ਅਧਿਆਤਮਕ ਮੰਡਲਾਂ ਵਿਚ ਲੈ ਜਾਣ ਦੇ ਸਮੱਰਥ ਹੈ।



ਭਾਈ ਜਸਬੀਰ ਸਿੰਘ

ਗੁਰਬਾਣੀ ਦੇ ਸ਼ੁੱਧ ਉਚਾਰਣ, ਸਥਿਤੀ ਦੇ ਅਨੁਕੂਲ ਸ਼ਬਦ ਗਾਇਨ, ਢੁੱਕਵੇਂ ਪ੍ਰਮਾਣ ਤੇ ਪ੍ਰਸੰਗ, ਸੰਗੀਤ ਦੀ ਡੂੰਘੀ ਸੋਝੀ, ਇਸ ਦੇ ਕੀਰਤਨ ਦੇ ਮੀਰੀ ਗੁਣ ਹਨ। ਸ਼ਬਦ ਅਤੇ ਰਾਗ ਦੇ ਇਸ ਅਗੰਮੀ ਪ੍ਰਵਾਹ ਤੋਂ ਸਰੋਤਿਆਂ ਨੂੰ ਆਪਣੇ ਜੀਵਨ ਵਿਚ ਪਾਕੀਜ਼ਗੀ ਲਿਆਉਣ ਅਤੇ ਆਪਣੇ ਅਸਲੇ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਸਮਾਜ ਪ੍ਰਤੀ ਇਸ ਦੀਆਂ ਵੱਡਮੁੱਲੀਆਂ ਸੇਵਾਵਾਂ ਕਾਰਨ ਭਾਸ਼ਾ ਵਿਭਾਗ, ਪੰਜਾਬ ਵਲੋਂ ਸੰਨ 1988 ਵਿਚ ਇਸ ਨੂੰ ਸ਼੍ਰੋਮਣੀ ਰਾਗੀ ਪੁਰਸਕਾਰ ਦੇ ਕੇ ਸਨਮਾਨਿਆ ਗਿਆ।

ਹ. ਪੁ.–ਸ਼੍ਰ. ਸਾ. ਸਨ. ਸਮਾ. 1988–ਭਾ. ਵਿ. ਪੰ.

**ਜਸਰੋਟ** : ਇਹ ਜਮਵਾਲ ਰਾਜਪੂਤਾਂ ਦਾ ਇਕ ਸ਼ਾਹੀ ਗੋਤ ਹੈ। ਜਸਰੋਟ ਨਾਂ ਜਸਰੋਟਾ ਨਾਂ ਦੇ ਇਕ ਸ਼ਹਿਰ ਪਿਛੇ ਪਿਆ, ਜਿਹੜਾ ਇਸ ਖ਼ਾਨਦਾਨ ਦੀ ਹਕੂਮਤ ਸਮੇਂ ਉਨ੍ਹਾਂ ਦੀ ਰਾਜਧਾਨੀ ਬਣਿਆ ਅਤੇ ਰਿਆਸਤ ਦਾ ਨਾਂ ਵੀ ਸ਼ਹਿਰ ਦੇ ਨਾਂ ਤੇ ਹੀ ਜਸਰੋਟਾ ਰੱਖਿਆ ਗਿਆ। ਜਸਰੋਟਿਆਂ ਦੀ ਰਿਆਸਤ ਕਾਫ਼ੀ ਖੁਸ਼ਹਾਲ ਸੀ।

ਜਸਰੋਟ ਖ਼ਾਨਦਾਨ ਜੰਮੂ ਦੇ ਰਾਜ-ਘਰਾਣਿਆਂ ਵਿਚੋਂ ਸਭ ਤੋਂ ਪੁਰਾਣਾ ਹੈ। ਰਿਆਸਤ ਜਸਰੋਟ ਤੇਰ੍ਹਵੀਂ ਸਦੀ ਦੌਰਾਨ ਹੋਂਦ ਵਿਚ ਆਈ। ਰਾਜਾ ਕਰਨ ਦੇਵ ਨੇ, ਜਿਹੜਾ ਜੰਮੂ ਦੇ ਰਾਜਾ ਭੁਜ ਦਾ ਤੀਜਾ ਪੁੱਤਰ ਸੀ, ਰਿਆਸਤ ਦਾ ਮੁੱਢ ਬੰਨ੍ਹਿਆ ਅਤੇ ਰਾਜਧਾਨੀ ਜਸਰੋਟਾ ਰੱਖੀ। ਜਸਰੋਟ ਰਾਜਾ ਭੋਬੂ ਅਕਬਰ ਦੇ ਬਾਗੀਆਂ ਵਿਚੋਂ ਮੋਢੀ ਸੀ। ਇਸਨੇ ਮੁਸਲਮਾਨ ਫ਼ੌਜ ਨੂੰ ਕਾਫ਼ੀ ਨੁਕਸਾਨ ਪੁਚਾਇਆ।

ਰਾਜਾ ਸੁਖਦੇਵ, ਜਿਸ ਨੇ ਨਦੌਣ ਦੀ ਜੰਗ ਵਿਚ ਸਿੰਘਾਂ ਦੇ ਵਿਰੁੱਧ ਰਾਜਾ ਭੀਮ ਚੰਦ ਦੀ ਮਦਦ ਕੀਤੀ ਸੀ, ਜਸਰੋਟ ਖ਼ਾਨਦਾਨ ਵਿਚੋਂ ਹੀ ਸੀ।

ਸੰਨ 1834 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਹ ਰਿਆਸਤ ਰਾਜਾ ਧਿਆਨ ਸਿੰਘ ਨੂੰ ਜਾਗੀਰ ਦੇ ਰੂਪ ਵਿਚ ਸੌਂਪ ਦਿੱਤੀ ਅਤੇ ਪ੍ਰਾਚੀਨ ਕੁਲ ਨੂੰ ਖੇਤਰ ਵਿਚੋਂ ਕੱਢ ਦਿੱਤਾ ਗਿਆ। ਅੱਜਕਲ੍ਹ ਇਸ ਖ਼ਾਨਦਾਨ ਦੇ ਉੱਤਰਾਧਿਕਾਰੀ ਨਗਰੋਟਾ (ਜੰਮੂ) ਦੇ ਨੇੜੇ ਖ਼ਾਨਪੁਰ ਵਿਖੇ ਰਹਿ ਰਹੇ ਹਨ।

ਹ. ਪੁ.–ਮ. ਕੋ. ; ਗਲਾ. ਟ੍ਰਾ. ਕਾ. 2 : 357; ਹਿੰ. ਪੰ. ਹਿ. ਸਟੇਟਸ 2 : 566

**ਜਸਰੋਟਾ** : ਰਿਆਸਤ– ਇਹ ਪੁਰਾਣੀਆਂ ਪਹਾੜੀ ਬਾਈਧਾਰ ਰਿਆਸਤਾਂ ਵਿਚੋਂ ਇਕ ਰਿਆਸਤ ਸੀ ਜਿਹੜੀ ਡੁੱਗਰ ਦੇ ਹਲਕੇ ਵਿਚ ਦਰਿਆ ਰਾਵੀ ਦੇ ਪੱਛਮ ਵੱਲ ਉਪਰਲੀਆਂ ਸ਼ਿਵਾਲਕ ਪਹਾੜੀਆਂ ਵਿਚ ਸਥਿਤ ਸੀ। ਇਸ ਰਿਆਸਤ ਦੇ ਦੱਖਣ ਵਿਚ ਕਾਰਾਈਧਾਰ ਪਰਬਤੀ-ਲੜੀ ਹੈ ਜਿਹੜੀ ਜਸਰੋਟ ਰਿਆਸਤ ਨੂੰ ਉੱਤਰ ਵੱਲੋਂ ਬਜੋਹਲੀ, ਭਾਦੂ ਅਤੇ ਮਾਨਕੋਟ ਰਿਆਸਤਾਂ ਨਾਲੋਂ ਵੱਖ ਕਰਦੀ ਹੈ। ਇਸ ਦੇ ਪੂਰਬ ਵਿਚ ਲੱਖਣਪੁਰ, ਦੱਖਣ ਵਿਚ ਮੈਦਾਨੀ ਇਲਾਕਾ ਅਤੇ ਪੱਛਮ ਵੱਲ ਰਿਆਸਤ ਸਾਂਬਾ ਹੈ। ਜਸਰੋਟ ਰਿਆਸਤ ਦੀ ਰਾਜਧਾਨੀ ਜਸਰੋਟਾ ਸ਼ਹਿਰ ਹੈ ਜਿਸ ਦੇ ਨਾਂ ਉਪਰ ਇਸ ਰਿਆਸਤ ਅਤੇ ਇਥੋਂ ਦੇ ਰਾਜ-ਘਰਾਣੇ ਦਾ ਨਾਂ ਪਿਆ। ਜਸਰੋਟਾ ਸ਼ਹਿਰ ਕਰਾਈਧਾਰ ਪੋਰਬਤਾਂ ਦੇ ਬਾਹਰ ਦੱਖਣੀ ਪਾਸੇ ਵੱਲ ਵਸਿਆ ਹੋਇਆ ਹੈ। ਰਿਆਸਤ ਜਸਰੋਟਾ ਇਨ੍ਹਾਂ ਰਾਜਿਆਂ ਦੇ ਰਾਜ ਦੌਰਾਨ ਇਕ ਖੁਸ਼ਹਾਲ ਰਿਆਸਤ ਸੀ। ਇਸ ਰਾਜ ਖੇਤਰ ਦੀ ਭੂਮੀ ਮੈਦਾਨੀ ਇਲਾਕੇ ਦੇ ਬਿਲਕੁਲ ਨਾਲ ਲਗਦੀ ਹੋਣ ਕਰਕੇ ਕਾਫ਼ੀ ਜ਼ਰਖੇਜ਼ ਸੀ ਅਤੇ ਜਸਰੋਟਾ ਦਾ ਸ਼ਕਤੀਸ਼ਾਲੀ ਹੋਣਾ ਕੁਦਰਤੀ ਸੀ।

ਜਸਰੋਟਾ ਦਾ ਰਾਜ-ਘਰਾਣਾ ਹੋਰ ਰਿਆਸਤੀ ਰਾਜ-ਕੁਲਾਂ ਵਾਂਗ ਹੀ ਮੂਲ ਰੂਪ ਵਿਚ ਜੰਮੂ ਦੇ ਸ਼ਾਹੀ ਖ਼ਾਨਦਾਨ ਵਿਚੋਂ ਸੀ। ਤੇਰ੍ਹਵੀਂ ਸਦੀ ਦੌਰਾਨ ਦੀ ਇਹ ਮੁੱਢਲੀ ਰਿਆਸਤ ਛੋਟੇ-ਛੋਟੇ ਪਹਾੜੀ ਰਾਜਵਾੜਿਆਂ ਵਿਚੋਂ ਪੁਰਾਣੀ ਜਾਪਦੀ ਹੈ। ਭੁਜ-ਦੇਵ ਅਣਵੰਡੀ ਰਿਆਸਤ ਜੰਮੂ ਦਾ ਅਖ਼ੀਰਲਾ ਰਾਜਾ ਸੀ। ਇਸ ਦੇ ਚਾਰ ਪੁੱਤਰ ਸਨ। ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਮਾਨਕੋਟੀਆ ਖ਼ਾਨਦਾਨ ਦਾ ਬਾਨੀ ਹੋਇਆ, ਦੂਜਾ ਜੰਮੂ ਦਾ ਰਾਜਾ ਬਣ ਗਿਆ, ਤੀਜਾ 'ਕਰਨ ਦੇਵ' ਜਿਸ ਲਈ ਜਸਰੋਟਾ ਦਾ ਇਲਾਕਾ ਬਾਕੀ ਰਹਿ ਗਿਆ ਸੀ ਜਸਰੋਟ ਦੇ ਨਾਲ ਲਗਦੇ ਰਾਜਿਆਂ ਦੇ ਇਲਾਕੇ ਮਿਲਾ ਕੇ ਨਵੀਂ ਰਿਆਸਤ ਦਾ ਰਾਜਾ ਬਣ ਗਿਆ। ਬਾਅਦ ਵਿਚ ਜਸਰੋਟਾ ਸ਼ਹਿਰ ਨੂੰ ਰਾਜਧਾਨੀ ਬਣਾਉਣ ਕਾਰਨ ਇਸ ਘਰਾਣੇ ਦਾ ਨਾਂ ਜਸਰੋਟੀਆ ਅਤੇ ਰਿਆਸਤ ਦਾ ਨਾਂ ਜਸਰੋਟਾ ਚੱਲਿਆ। ਜਸਰੋਟਾ ਨਗਰ ਦੀ ਨੀਂਹ ਕਿਉਂਕਿ ਜਸ-ਦੇਵ ਨੇ ਰੱਖੀ ਸੀ ਇਸ ਲਈ ਇਸ ਦਾ ਨਾਂ ਜਸਰੋਟਾ ਰੱਖਿਆ ਗਿਆ।

ਜਸਰੋਟਾ ਬਾਰੇ ਸੰਸਕ੍ਰਿਤ ਸਾਹਿਤ ਵਿਚ ਤਾਂ ਕੁਝ ਨਹੀਂ ਮਿਲਦਾ ਪਰ ਅਕਬਰ ਦੇ ਸਮੇਂ ਦੇ ਮੁਸਲਿਮ ਇਤਿਹਾਸ ਵਿਚ ਦੋ ਕੁ ਵਾਰੀ ਇਸ ਦਾ ਜ਼ਿਕਰ ਆਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਰਿਆਸਤ ਦਾ ਥੋੜ੍ਹਾ-ਬਹੁਤ ਸਬੰਧ ਜੰਮੂ ਨਾਲ ਹਮੇਸ਼ਾ ਹੀ ਰਿਹਾ। ਅਕਬਰਨਾਮਾ ਅਤੇ ਮਾਅਸਿਰ-ਉਲ-ਉਮਰ ਪੁਸਤਕਾਂ ਵਿਚ ਵੀ ਇਹ ਮੁਗ਼ਲ ਸਲਤਨਤ ਦੀਆਂ ਦੇ ਵੱਡੀਆਂ ਵਿਰੋਧੀ ਪਹਾੜੀ ਰਿਆਸਤਾਂ ਵਿਚੋਂ ਰਿਹਾ ਹੈ।

ਇਸ ਰਿਆਸਤ ਦਾ ਮੁੱਢ 13ਵੀਂ ਸਦੀ ਦੌਰਾਨ ਬੱਝਿਆ ਅਤੇ 1834 ਤਕ ਇਕ ਦੂਜੇ ਤੋਂ ਬਾਅਦ ਇਸ ਦੇ ਕੁੱਲ ਸਤਾਈ ਰਾਜੇ । ਇਸ ਰਿਆਸਤ ਦੇ ਮੁੱਢਲੇ ਇਤਿਹਾਸ ਬਾਰੇ ਕਿਤੇ ਕੋਈ ਵਿਸ਼ੇਸ਼ :ਕਾਰੀ ਨਹੀਂ ਮਿਲਦੀ। ਕਰਮ-ਦੇਵ, ਬੀਰ ਦੇਵ, ਕਾਲੂ-ਦੇਵ, ਲੇ-ਦੇਵ, ਬਲਾਰ-ਦੇਵ, ਕਲਸ-ਦੇਵ ਅਤੇ ਪ੍ਰਤਾਪ-ਦੇਵ ਆਦਿ ਦੇ ਹੀ ਮੁੱਢਲੇ ਜਸਰੋਟ ਰਾਜਿਆਂ ਵਿਚੋਂ ਮਿਲਦੇ ਹਨ।

ਰਾਜਾ ਪ੍ਰਤਾਪ-ਦੇਵ ਅਤੇ ਇਸ ਦੇ ਭਰਾ ਸੰਗਰਾਮ-ਦੇਵ ਵਿਚਕਾਰ ਮੱਤਭੇਦ ਹੋ ਜਾਣ ਕਰਕੇ ਰਿਆਸਤ ਜਸਰੋਟ ਦਾ ਖੇਤਰ ਦੋ ਹਿੱਸਿਆਂ ‍ ਵੰਡਿਆ ਗਿਆ, ਜਿਸ ਦੇ ਫ਼ਲਸਰੂਪ ਇਕ ਨਵੀਂ ਸਟੇਟ ਹੋਂਦ ਵਿਚ ਈ। ਇਸ ਰਿਆਸਤ ਦੀ ਰਾਜਧਾਨੀ 'ਲਖਣਪੁਰ' ਵਿਖੇ ਸਥਾਪਤ ੀ ਗਈ ਅਤੇ ਇਸ ਕਰਕੇ ਰਿਆਸਤ ਦਾ ਨਾਂ ਵੀ ਲਖਣਪੁਰ ਪਿਆ। ਣਪੁਰ ਦੀ ਪੱਛਮੀ ਹੱਦ ਰਾਵੀ ਦਰਿਆ ਦੀ ਸਹਾਇਕ ਨਦੀ 'ਉਝ' ਿਆ ਗਿਆ। ਰਾਜੇ ਦੀ ਰਿਹਾਇਸ਼ ਲਈ ਲਖਣਪੁਰ ਵਿਚ ਅਤੇ ਥੀਨ । ਇਕ ਟਿੱਲੇ ਉਪਰ ਕਿਲੇ ਬਣਵਾਏ ਗਏ। ਇਸ ਲਈ ਇਸ ਰਿਆਸਤ ਾਜਾ ਸੰਗਰਾਮ-ਦੇਵ ਦੇ ਸਮਕਾਲੀ ਇਤਿਹਾਸ ਵਿਚ ਕਿਧਰੇ-ਕਿਧਰੇ ; ਰਿਆਸਤ ਵੀ ਕਿਹਾ ਗਿਆ ਹੈ। ਇਨ੍ਹਾਂ ਦੋਹਾਂ ਥਾਵਾਂ ਤੇ ਬਣਾਏ ਲ਼ਿਆਂ ਦੇ ਖੰਡਰਾਤ ਅਜੇ ਵੀ ਮੌਜੂਦ ਹਨ।

ਪਰਤਾਪ ਦੇਵ ਤੋਂ ਬਾਅਦ ਜਤਰ-ਦੇਵ, ਅਤਰ-ਦੇਵ ਜਾਂ ਅਟਲ ;, ਸੁਲਤਾਨ-ਦੇਵ, ਸਗਤ-ਦੇਵ, ਦੌਲਤ-ਦੇਵ ਅਤੇ ਭਾਬੂ-ਦੇਵ ਜਿਆ ਦੇ ਤੌਰ ਤੇ ਗੱਦੀ-ਨਸ਼ੀਨ ਹੋਏ। ਇਨ੍ਹਾਂ ਵਿਚੋਂ ਰਾਜਾ ਭਾਬੂ-ਦੇਵ ਅਕਬਰ ਦੇ ਸਮੇਂ ਦਾ ਵਿਰੋਧੀ ਰਾਜਾ ਦੱਸਿਆ ਗਿਆ ਹੈ। ਸੰਨ 38-89 ਦੌਰਾਨ ਜੰਮੂ ਤੋਂ ਲੈ ਕੇ ਜਸਵਾਨ ਤਕ ਦੀਆਂ ਸਾਰੀਆਂ ਪਹਾੜੀ ਾਸਤਾਂ ਨੇ ਬਗ਼ਾਵਤ ਕੀਤੀ ਪਰ ਇਸ ਬਗਾਵਤ ਨੂੰ ਦਬਾਅ ਦਿੱਤਾ ਆ। ਇਸ ਤੋਂ ਛੇ ਕੁ ਸਾਲ ਪਿਛੋਂ ਦੁਬਾਰਾ ਫਿਰ ਇਨ੍ਹਾਂ ਹੀ ਰਾਜਿਆਂ ਬਗਾਵਤ ਕੀਤੀ ਜਿਸ ਦੀ ਅਗਵਾਈ ਰਾਜਾ ਭਾਬੂ ਨੇ ਕੀਤੀ। ਸ਼ਾਹੀ ਾਂ ਨੇ ਕਾਫ਼ੀ ਜਦੋ-ਜਹਿਦ ਉਪਰੰਤ ਜੰਮੂ ਉਪਰ ਕਬਜ਼ਾ ਕਰ ਲਿਆ। ਾ ਉਪਰੰਤ ਇਹ ਪੂਰਬ ਵੱਲ ਵਧਿਆ ਤੇ ਸਾਂਭਾ ਦੇ ਸਥਾਨ ਤੇ ਆ ਲਖਣਪੁਰ ਦੇ ਰਾਜਾ ਬਲਭਦਰ ਅਤੇ ਜਸਰੋਟਾ ਦੇ ਰਾਜਾ ਭਾਬੂ ਨੂੰ ਥਿਆਰ ਸੁੱਟਣੇ ਪਏ। ਇਸ ਤੋਂ ਪਿਛੋਂ ਜਸਰੋਟਾ ਤੇ ਕਬਜ਼ਾ ਕਰਨ ਲਈ ਮੁਗ਼ਲ ਫ਼ੌਜਾਂ ਨੂੰ ਰਾਜਾ ਭਾਬੂ ਦੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਾ ਟਾਕਰਾ ਕਰਨਾ ਪਿਆ ਅਤੇ ਘਮਸਾਣ ਦੀ ਲੜਾਈ ਹੋਈ।

ਭਾਬੂ-ਦੇਵ ਤੋਂ ਪਿਛੋਂ ਭੁਜ-ਦੇਵ, ਫਤਹਿ-ਦੇਵ, ਤੇਜ-ਦੇਵ, ਣ-ਦੇਵ, ਜਗਦੇਵ, ਸੁਖਦੇਵ ਅਤੇ ਧਰੁਵ-ਦੇਵ ਕ੍ਰਮਵਾਰ ਹੋਏ। ਇਨ੍ਹਾਂ ਤੋ ਵੀ ਕੋਈ ਵਿਸ਼ੇਸ਼ ਘਟਨਾ ਦਾ ਪਤਾ ਨਹੀਂ ਹੈ। ਫਿਰ ਕਿਰਾਲ-ਦੇਵ ਰਤਨ-ਦੇਵ ਹੋਏ। ਰਤਨਦੇਵ ਜੰਮੂ ਦੇ ਰਾਜਾ ਰਣਜੀਤ ਦੇਵ ਦਾ ਕਾਲੀ (1750 ਈ.) ਸੀ।

ਅੰਦਾਜ਼ਾ ਲਗਾਇਆ ਜਾਂਦਾ ਹੈ ਕਿ 18ਵੀਂ ਸਦੀ ਦੇ ਪਹਿਲੇ ਅੱਧ । ਮੁਗ਼ਲ ਤਾਕਤ ਦੇ ਘਟਣ ਨਾਲ ਪੰਜਾਬ ਉਪਰ ਅਹਿਮਦ-ਸ਼ਾਹ ਾਨੀ ਦਾ ਕਬਜ਼ਾ ਹੋ ਗਿਆ ਅਤੇ ਬਸੋਹਲੀ ਵਰਗੀਆਂ ਪਹਾੜੀ ਾਸਤਾਂ ਵਾਂਗ 'ਜਸਰੋਟਾ' ਵੀ ਕਾਫ਼ੀ ਹੱਦ ਤਕ ਜੰਮੂ ਰਾਜ-ਅਧਿਕਾਰ ; ਆ ਗਈ। 18ਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਸਿੱਖਾਂ ਨੇ ਇਸ ਾਸਤ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੱਗੋਂ ਪਹਾੜੀ ਮੁਖੀਆਂ ਨੇ ਵੀ ਨ੍ਹਾਂ ਦੀਆਂ ਲੜਾਈਆਂ ਵਿਚ ਭਾੜੇ ਦੇ ਸਿਪਾਹੀਆਂ ਵਜੋਂ ਲੜਨ ਦੀ ਕਸ਼ ਕਰ ਦਿੱਤੀ। ਇਸ ਤਰ੍ਹਾਂ ਸਿੱਖਾਂ ਨੇ ਆਪਣੇ ਪੈਰ ਇਨ੍ਹਾਂ ਰਿਆਸਤਾਂ ਚ ਵੀ ਟਿਕਾ ਲਏ। ਸੰਨ 1744 ਤੋਂ ਲੈ ਕੇ 1783 ਦੌਰਾਨ ਜਸਰੋਟਾ ਤੇ ਚੰਬਾ, ਬਸੋਹਲੀ ਤੇ ਜੰਮੂ ਤਕ ਸਿੱਖਾਂ ਵਲੋਂ ਹਮਲੇ ਹੋਏ। ਖ਼ਿਆਲ ਪਠਾਨਕੋਟ ਦੇ ਕਾਬਜ਼ ਹਮਲਾਵਰਾਂ ਵਿਚੋਂ ਘਨ੍ਹਈਆ ਮਿਸਲ ਦੇ ਦਾਰਾਂ ਨੇ ਸਭ ਤੋਂ ਪਹਿਲਾਂ ਹੱਲਾ ਕੀਤਾ।

ਇਸ ਦੌਰਾਨ (19ਵੀਂ ਸਦੀ ਦੇ ਸ਼ੁਰੂ ਤਕ) ਜਸਰੋਟਾ ਰਿਆਸਤ ਦੀ ਗੱਦੀ ਤੇ ਭਾਗ ਸਿੰਘ, ਅਜੈਬ ਸਿੰਘ ਤੇ ਲਾਲ ਸਿੰਘ ਬੈਠੇ। ਸੰਨ 1801 ਤਕ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਬਣਿਆ ਤੇ ਸੰਨ 1808 ਵਿਚ ਇਹ ਜਸਰੋਟਾ ਵੱਲ ਵਧਿਆ ਤਾਂ ਜਸਰੋਟਾ ਸਰਦਾਰਾਂ ਨੇ ਅੱਗੋਂ ਧੀਰਜ ਭਾਅ ਨਾਲ ਨਜ਼ਰਾਨਾ ਭੇਟ ਕੀਤਾ। ਇਸੇ ਤਰ੍ਹਾਂ ਬਾਕੀ ਦੀਆਂ ਰਿਆਸਤਾਂ ਵੀ ਸਿੱਖ ਤਾਕਤ ਦੇ ਕਬਜ਼ੇ ਹੇਠ ਆ ਗਈਆਂ। ਦੇਸਾ ਸਿੰਘ ਮਜੀਠਾ ਨੂੰ ਪਹਾੜੀ ਖੇਤਰ ਦਾ ਨਾਜ਼ਮ ਥਾਪਿਆ ਗਿਆ। ਬਸੋਹਲੀ, ਭਾਦੂ ਤੇ ਮਾਨਕੋਟ ਇਲਾਕੇ ਵੀ ਉਸ ਦੇ ਅਧੀਨ ਹੀ ਆ ਗਏ।

ਇਸ ਸਮੇਂ ਜਸਰੋਟਾ ਦਾ ਰਾਜਾ ਰਣਬੀਰ ਸਿੰਘ ਸੀ ਜਿਸ ਦੀ ਮੌਤ ਪਿਛੋਂ ਉਸ ਦੇ ਕੋਈ ਬੇਟਾ ਨਾ ਹੋਣ ਕਰਕੇ ਉਸ ਦਾ ਛੋਟਾ ਭਰਾ ਭੂਰੀ ਸਿੰਘ ਰਾਜਾ ਬਣਿਆ। ਇਹ ਜਸਰੋਟਾ ਖ਼ਾਨਦਾਨ ਦਾ ਅੰਤਲਾ ਰਾਜਾ ਸੀ ਅਤੇ ਪੂਰੀ ਤਰ੍ਹਾਂ ਸਿੱਖਾਂ ਦੇ ਅਧੀਨ ਰਿਹਾ।

ਸੰਨ 1828 ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਸਿੱਖ ਵਜ਼ੀਰ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਰਾਜਾ ਬਣਾ ਕੇ ਇਥੇ ਭੇਜਿਆ ਗਿਆ ਅਤੇ ਜਸਰੋਟਾ ਰਿਆਸਤ ਇਸ ਨੂੰ ਜਗੀਰ ਦੇ ਤੌਰ ਤੇ ਦੇ ਦਿੱਤੀ ਗਈ।

ਹ. ਪੁ.–ਹਿਸਟਰੀ ਆਫ਼ ਦੀ ਪੰਜਾਬ ਹਿਲ ਸਟੇਟਸ 2 : 566

**ਜਸਵੰਤ ਸਾਗਰ** : ਇਹ ਵਾਸਤਵ ਵਿਚ ਰਾਜਪੂਤਾਨੇ (ਭਾਰਤ) ਵਿਚ ਵਹਿਣ ਵਾਲੀ ਇਕ ਨਦੀ ਹੈ, ਜਿਸ ਦਾ ਪਾਣੀ ਨਮਕੀਨ ਹੈ। ਇਸੇ ਕਰਕੇ ਇਸ ਨੂੰ 'ਲੂਣੀ' ਵੀ ਕਿਹਾ ਜਾਂਦਾ ਹੈ। ਇਹ ਨਦੀ ਅਜਮੇਰ ਸ਼ਹਿਰ ਦੇ ਦੱਖਣ-ਪੱਛਮ ਵਾਲੇ ਪਾਸੇ ਦੇ ਪਹਾੜਾਂ ਵਿਚੋਂ ਨਿਕਲਦੀ ਹੈ। ਆਰੰਭ ਵਿਚ ਇਸ ਦਾ ਨਾਂ 'ਸਾਗਰਮਤੀ' ਹੈ ਅਤੇ ਗੋਬਿੰਦਗੜ੍ਹ ਪਾਰ ਕਰਨ ਉਪਰੰਤ ਇਹ ਸਰਸਤੀ ਨਦੀ ਨਾਲ ਜਾ ਮਿਲਦੀ ਹੈ ਜਿਹੜੀ ਪੁਸ਼ਕਰ ਨਾਂ ਦੀ ਪਵਿੱਤਰ ਝੀਲ ਵਿਚੋਂ ਆਉਂਦੀ ਹੈ। ਇਨ੍ਹਾਂ ਦੇ ਸੰਗਮ ਦੇ ਸਥਾਨ ਤੋਂ ਇਸ ਨਦੀ ਦਾ ਨਾਂ 'ਲੂਣੀ' ਪ੍ਰਚੱਲਤ ਹੈ। ਜੋਧਪੁਰ ਦੇ ਇਲਾਕੇ ਵਿਚੋਂ ਦੀ ਹੁੰਦੀ ਹੋਈ ਇਹ ਪੱਛਮੀ ਤੇ ਦੱਖਣ-ਪੱਛਮੀ ਦਿਸ਼ਾ ਵੱਲ ਜਾਂਦੀ ਹੈ। ਅੰਤ ਵਿਚ ਖਾੜੀ ਕੱਛ ਤਕ ਇਕ ਦਲਦਲੀ ਮੈਦਾਨ ਵਿਚ ਗਵਾਚ ਜਾਂਦੀ ਹੈ। ਇਸ ਦਾ ਇਹ ਸਫ਼ਰ 320 ਕਿ. ਮੀ. ਲੰਬਾ ਹੈ। ਅਜਮੇਰ ਅਤੇ ਅਬੂ ਦੇ ਵਿਚਕਾਰ ਸਥਿਤ ਅਰਾਵਲੀ ਪਰਬਤਾਂ ਦੀਆਂ ਪੱਛਮੀ ਢਲਾਣਾਂ ਤੋਂ ਆਉਣ ਵਾਲੇ ਬਰਸਾਤੀ ਨਾਲੇ ਵੀ ਇਸ ਨਦੀ ਵਿਚ ਆ ਮਿਲਦੇ ਹਨ। ਜੋਧਪੁਰ ਦੇ ਦੱਖਣੀ ਇਲਾਕੇ ਲਈ ਇਹ ਨਦੀ ਇਕ ਵਰ ਹੈ। ਮਾਰਵਾੜੀਆਂ ਵਿਚ ਇਹ ਕਹਾਵਤ ਪ੍ਰਚੱਲਤ ਹੈ ਕਿ ਇਸ ਇਲਾਕੇ ਦੀ ਅੱਧੀ ਪੈਦਾਵਾਰ (ਖ਼ਾਸ ਕਰਕੇ ਅਨਾਜ) ਦਰਿਆ ਲੂਣੀ ਵਲੋਂ ਦਿੱਤਾ ਹੋਇਆ ਤੋਹਫ਼ਾ ਹੈ।

ਬਹੁਤ ਸਾਰੇ ਹਿੱਸੇ ਲਈ ਤਾਂ ਇਹ ਸਿਰਫ਼ ਬਰਸਾਤੀ ਨਦੀ ਹੈ ਅਤੇ ਇਸ ਦੇ ਖੁਸ਼ਕ ਤਲ ਉਪਰ ਗਰਮ ਮਹੀਨਿਆਂ ਵਿਚ ਖ਼ਰਬੂਜ਼ੇ ਖੱਖੜੀਆਂ ਅਤੇ ਸਿੰਘਾੜੇ ਬਹੁਤ ਹੁੰਦੇ ਹਨ। ਨਦੀ ਦੇ ਕੰਢੇ ਡੇਢ ਮੀਟਰ ਤੋਂ ਲੈ ਕੇ ਪੰਜ-ਛੇ ਮੀਟਰ ਤਕ ਉੱਚੇ ਹਨ ਅਤੇ ਇਹ ਝਾੜੀਆਂ ਨਾਲ ਲੱਦੇ ਹੋਏ ਹਨ। ਬਹੁਤ ਜ਼ਿਆਦਾ ਹੜ੍ਹਾਂ ਸਮੇਂ ਮਲਾਨੀ ਅਤੇ ਸਾਂਚੋਰ ਜ਼ਿਲ੍ਹਿਆਂ ਵਿਚ ਜਾ ਕੇ ਨਦੀ ਦਾ ਪਾਣੀ ਕਾਬੂ ਤੋਂ ਬਾਹਰ ਹੋ ਜਾਂਦਾ ਹੈ ਤੇ ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਹੈ ਪਰ ਅਜਿਹਾ ਹੁੰਦਾ ਬਹੁਤ ਘੱਟ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਲੂਣੀ ਦਾ ਸਥਾਨਕ ਨਾਂ ਰੈੱਲ ਹੈ। ਇਸ ਖੇਤਰ ਵਿਚ ਕਣਕ ਤੇ ਜੌਂ ਦੀ ਵਧੀਆ ਖੇਤੀ ਹੁੰਦੀ ਹੈ।

ਇਹ ਦਰਿਆ ਆਪਣੇ ਹੀ ਲੋਰ ਵਿਚ ਅਤੇ ਬੇਨਿਯਮਾਂ ਚੱਲਣ ਵਾਲਾ ਹੈ। ਇਸੇ ਕਰਕੇ ਜੇਕਰ ਇਸ ਦਾ ਇਕ ਕੰਢਾ ਲੋਕਾਂ ਲਈ ਆਨੰਦ ਦਾ ਸ੍ਰੋਤ ਹੈ ਤਾਂ ਦੂਜਾ ਕੰਢਾ ਉਨ੍ਹਾਂ ਲਈ ਬਿਪਤਾ ਖੜ੍ਹੀ ਕਰਨ ਵਾਲਾ ਸਾਬਤ ਹੁੰਦਾ ਹੈ। ਬਾਲੋਤਰਾ ਤਕ ਇਸ ਦਾ ਪਾਣੀ ਮਿੱਠਾ ਹੈ ਪਰ ਇਸ ਤੋਂ ਅੱਗੇ ਜਾਂਦਾ-ਜਾਂਦਾ ਇਹ ਨਮਕੀਨ ਤੇ ਹੋਰ ਨਮਕੀਨ ਹੁੰਦਾ ਜਾਂਦਾ

ਹੈ ਅਤੇ ਖਾੜੀ ਕੱਛ ਤਕ ਬਹੁਤ ਹੀ ਲੂਣਾ ਹੋ ਜਾਂਦਾ ਹੈ। ਲੂਣੀ ਦੀਆਂ ਤਿੰਨੇ ਸ਼ਾਖਾਵਾਂ ਗਾੜ੍ਹੇ ਲੂਣੇ ਪਾਣੀ ਦੇ ਜ਼ਖੀਰੇ ਹਨ। ਬਿਲਾੜਾਂ ਸ਼ਹਿਰ ਦੇ ਨਜ਼ਦੀਕ ਲੂਣੀ ਉਪਰ ਬੰਨ੍ਹ ਬਣਾਉਣ ਨਾਲ ਪਾਣੀ ਦਾ ਇਹ ਭੰਡਾਰ ਭਾਰਤ ਦੀਆਂ ਬਣਾਉਟੀ ਝੀਲਾਂ ਵਿਚੋਂ ਸਭ ਤੋਂ ਵੱਡੀ ਝੀਲ ਬਣ ਗਈ ਹੈ ਜਿਸਨੂੰ ਜਸਵੰਤ ਸਾਗਰ ਕਿਹਾ ਜਾਂਦਾ ਹੈ। ਇਹ ਨਾਂ ਜੋਧਪੁਰ ਦੇ ਭੂਤਪੂਰਵ ਚੀਫ਼ ਦੇ ਨਾਂ ਤੇ ਰੱਖਿਆ ਗਿਆ ਸੀ।

ਪਾਣੀ ਨਾਲ ਭਰੀ ਹੋਈ ਇਹ ਝੀਲ ਲ. 12,000 ਏਕੜ ਭੋਂ ਦੇ ਰਕਬੇ ਨੂੰ ਸਿੰਜ ਸਕਣ ਦੇ ਸਮਰੱਥ ਹੈ। ਇਸ ਦਾ ਬੰਨ੍ਹ (3328 ਵ.ਕਿ.ਮੀ.) ਉਪਰ ਫੈਲਿਆ ਹੋਇਆ ਹੈ, ਪਾਣੀ ਨਾਲ ਭਰੇ ਹੋਣ ਉਪਰੰਤ ਇਸ ਦੀ ਸਤ੍ਹਾ ਦਾ ਖੇਤਰਫਲ 56 ਵ.ਕਿ.ਮੀ. ਹੁੰਦਾ ਹੈ ਤੇ 3800 ਕਰੋੜ ਘਣ ਫੁੱਟ ਪਾਣੀ ਇਸ ਝੀਲ ਵਿਚ ਸਮਾ ਸਕਦਾ ਹੈ। ਇਸ ਦੀ ਵੱਧ ਤੋਂ ਵੱਧ ਡੂੰਘਾਈ 12.2 ਮੀ. ਹੈ।

ਹ. ਪੁ.–ਇੰਪ. ਗ. ਇੰਡ 16 : 211

**ਜਸਵੰਤ ਸਿੰਘ** : ਇਹ ਜੋਧਪੁਰ ਦੇ ਰਾਜਾ ਰਾਜ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ। 25 ਮਈ, 1638 ਨੂੰ ਬਾਰਾਂ ਸਾਲ ਦੀ ਉਮਰ ਵਿਚ ਇਹ ਗੱਦੀ ਤੇ ਬੈਠਾ। ਇਸ ਨੇ ਸ਼ਾਹ ਜਹਾਂ ਦੇ ਸਮੇਂ ਫ਼ੌਜਦਾਰ ਦੇ ਅਹੁਦੇ ਤੇ ਕੰਮ ਕੀਤਾ। ਸੰਨ 1648 ਵਿਚ ਇਸ ਨੇ ਕੰਧਾਰ ਨੂੰ ਘੇਰ ਕੇ ਕਿਲੇ ਤੇ ਕਬਜ਼ਾ ਕਰ ਲਿਆ। ਸੰਨ 1665 ਵਿਚ ਇਸ ਨੂੰ ਮਹਾਰਾਜਾ ਦੀ ਪਦਵੀ ਮਿਲੀ। ਸ਼ਾਹਜਹਾਨ ਦੇ ਬੀਮਾਰ ਹੋਣ ਤੇ ਰਾਜ ਅਧਿਕਾਰ ਲਈ ਉਸ ਦੇ ਪੁੱਤਰਾਂ ਵਿਚ ਲੜਾਈ ਸਮੇਂ ਦਾਰਾ ਸ਼ਿਕੋਹ ਨੇ ਬਾਦਸ਼ਾਹ ਨੂੰ ਕਹਿ ਕੇ ਜਸਵੰਤ ਸਿੰਘ ਦਾ ਮਨਸਬ 7,000 ਜ਼ਾਤ ਅਤੇ 7,000 ਸਵਾਰ ਕਰਵਾਇਆ ਅਤੇ ਇਸ ਤੋਂ ਇਲਾਵਾ ਇਕ ਲੱਖ ਰੁਪਿਆ ਅਤੇ ਮਾਲਵੇ ਦੀ ਸੂਬੇਦਾਰੀ ਦੇ ਕੇ ਔਰੰਗਜ਼ੇਬ ਵਿਰੁੱਧ ਭੇਜਿਆ ਸੀ। ਧਰਮਤ ਨਾਮੀ ਸਥਾਨ ਤੇ ਇਸ ਲੜਾਈ ਦੌਰਾਨ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਕੌੜੇ ਵਿਚ ਸ਼ਾਹਸੁਜ਼ਾ ਅਤੇ ਔਰੰਗਜ਼ੇਬ ਦੇ ਯੁੱਧ ਸਮੇਂ ਇਸ ਨੇ ਔਰੰਗਜ਼ੇਬ ਦੀ ਫ਼ੌਜ ਦਾ ਕਾਫ਼ੀ ਨੁਕਸਾਨ ਕੀਤਾ ਅਤੇ ਜੋਧਪੁਰ ਚਲਾ ਗਿਆ। ਸ਼ਾਹਸੁਜ਼ਾ ਯੁੱਧ ਵਿਚ ਹਾਰ ਗਿਆ। ਔਰੰਗਜ਼ੇਬ ਨੂੰ ਜਸਵੰਤ ਸਿੰਘ ਉੱਤੇ ਕਾਫ਼ੀ ਗੁੱਸਾ ਆਇਆ ਪਰ ਰਾਜਾ ਜੈ ਸਿੰਘ ਦੇ ਵਿਚ ਪੈ ਜਾਣ ਕਾਰਨ ਔਰੰਗਜ਼ੇਬ ਨੇ ਚੰਗੇ ਸਬੰਧ ਸਥਾਪਿਤ ਕਰਨਾ ਹੀ ਠੀਕ ਸਮਝਿਆ। ਸੰਨ 1659 ਵਿਚ ਇਸ ਨੂੰ ਗੁਜਰਾਤ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਪਰ ਕੁਝ ਸਮੇਂ ਬਾਅਦ ਇਸ ਦੀ ਥਾਂ ਤੇ ਮਹਾਵਤ ਖਾਂ ਨੂੰ ਨਿਯੁਕਤ ਕਰ ਦਿੱਤਾ।

ਸੰਨ 1670 ਵਿਚ ਜਸਵੰਤ ਸਿੰਘ ਨੂੰ ਦੁਬਾਰਾ ਗੁਜਰਾਤ ਦਾ ਸੂਬੇਦਾਰ ਬਣਾ ਦਿੱਤਾ ਅਤੇ 1673 ਈ. ਵਿਚ ਬਾਦਸ਼ਾਹੀ ਫੁਰਮਾਨ ਮਿਲਣ ਤੇ ਇਹ ਕਾਬਲ ਚਲਾ ਗਿਆ। ਇਸ ਨੂੰ ਜਮਰੌਦ ਦਾ ਫ਼ੌਜਦਾਰ ਬਣਾ ਕੇ ਭੇਜਿਆ ਗਿਆ ਜਿਥੇ 28 ਨਵੰਬਰ, 1738 ਈ. ਵਿਚ ਜਸਵੰਤ ਸਿੰਘ ਦੀ ਮੌਤ ਹੋ ਗਈ।

ਇਸ ਦੀ ਮੌਤ ਉਪਰੰਤ ਔਰੰਗਜ਼ੇਬ ਨੇ ਇਸ ਦੀ ਸੰਤਾਨ ਨੂੰ ਮੁਸਲਮਾਨ ਬਣਾਉਣਾ ਚਾਹਿਆ ਪਰੰਤੂ ਚਤੁਰ ਰਾਣੀ ਅਤੇ ਅਹਿਲਕਾਰਾਂ ਦੇ ਯਤਨਾਂ ਨਾਲ ਇਸ ਦਾ ਪਰਿਵਾਰ ਦਿੱਲੀ ਤੋਂ ਭੱਜ ਗਿਆ। ਸ਼ਾਹੀ ਫ਼ੌਜ ਨੇ ਪਿੱਛਾ ਕਰਕੇ ਸਾਰਿਆਂ ਨੂੰ ਮਾਰ ਦਿੱਤਾ। ਸਿਰਫ਼ ਟਿੱਕਾ ਅਜੀਤ ਸਿੰਘ ਅਤੇ ਉਸ ਦੀ ਮਾਤਾ ਲੁਕ ਕੇ ਬਚ ਗਏ। ਔਰੰਗਜ਼ੇਬ ਦੀ ਮੌਤ ਤੋਂ ਬਾਅਦ 1711 ਈ. ਵਿਚ ਅਜੀਤ ਸਿੰਘ ਨੂੰ ਜੋਧਪੁਰ ਰਿਆਸਤ ਵਾਪਸ ਮਿਲ ਗਈ।

ਮਹਾਰਾਜਾ ਜਸਵੰਤ ਸਿੰਘ ਬੜਾ ਬੀਰ ਅਤੇ ਸਾਹਸੀ ਸੀ। ਉਸ ਨੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਵੀ ਕੀਤੀ। ਭਾਸ਼ਾ ਭੂਸ਼ਨ, ਅਨੁਭਵ ਪ੍ਰਕਾਸ਼, ਅਨੰਦ ਵਿਲਾਸ, ਸਿਧਾਂਤ ਬੋਧ, ਸਿਧਾਂਤ ਸਾਰ ਆਦਿ ਇਸ ਦੇ ਗ੍ਰੰਥ ਪ੍ਰਸਿੱਧ ਹਨ। ਜਸਵੰਤ ਸਿੰਘ ਦੇ ਹਿਰਦੇ ਵਿਚ ਹਿੰਦੂਆਂ ਪ੍ਰਤੀ ਪ੍ਰੇਮ ਦੀ ਭਾਵਨਾ ਭਰਪੂਰ ਸੀ, ਜੋ ਔਰੰਗਜ਼ੇਬ ਨੂੰ ਪਸੰਦ ਨਹੀਂ ਸੀ। ਇਹੀ ਕਾਰਨ ਹੈ ਕਿ ਜਸਵੰਤ ਸਿੰਘ ਦੇ ਮਰਨ ਤੇ ਔਰੰਗਜ਼ੇਬ ਨੇ ਕਿਹਾ ਸੀ ਕਿ ਅੱਜ ਕੁਫ਼ਰ ਦਾ ਦਰਵਾਜ਼ਾ ਟੁਟ ਗਿਆ ਹੈ। ਹਿੰਦੂਆਂ ਦੇ ਮਨਾਂ ਵਿਚ ਵੀ ਜਸਵੰਤ ਸਿੰਘ ਪ੍ਰਤੀ ਆਦਰ ਸੀ। ਇਸੇ ਕਰਕੇ ਉਸ ਦੀ ਮੌਤ ਤੋਂ ਬਾਅਦ ਔਰੰਗਜ਼ੇਬ ਨੇ ਜੋਧਪੁਰ ਨੂੰ ਹੜਪ ਕਰਨ ਅਤੇ ਉਥੋਂ ਦੇ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹਿਆ ਤਾਂ ਸਾਰੇ ਰਾਜਸਥਾਨ ਵਿਚ ਬਗਾਵਤ ਖੜ੍ਹੀ ਹੋ ਗਈ, ਇਥੋਂ ਹੀ ਰਾਜਪੂਤ ਯੁੱਧ ਦੀ ਸ਼ੁਰੂਆਤ ਹੁੰਦੀ ਹੈ।

ਹ. ਪੁ.–ਮ. ਕੋ. 496 ; ਹਿੰ. ਵਿ. ਕੋ. 4 : 433

**ਜਸਵੰਤ ਸਿੰਘ, ਰਾਜਾ** : ਇਹ ਨਾਭੇ ਦਾ ਰਾਜਾ ਸੀ ਜਿਸ ਦਾ ਜਨਮ ਫੂਲਵੰਸੀ ਰਾਜਾ ਹਮੀਰ ਸਿੰਘ ਨਾਭਾ ਦੀ ਰਾਣੀ ਰਾਜ ਕੌਰ ਦੇ ਉੱਦਰ ਤੋਂ 1775 ਈ. ਵਿਚ ਪਿੰਡ ਬਡਬਰ ਵਿਖੇ ਹੋਇਆ।

ਇਹ ਰਾਜਾ ਹਮੀਰ ਸਿੰਘ ਦੀ ਮੌਤ ਉਪਰੰਤ ਅੱਠ ਵਰ੍ਹੇ ਦੀ ਉਮਰ ਵਿਚ 1783 ਈ. ਵਿਚ ਗੱਦੀ ਤੇ ਬੈਠਾ। ਨਾਬਾਲਗ ਹੋਣ ਕਾਰਨ ਇਸ ਦੀ ਮਤਰੇਈ ਮਾਂ ਦੇਸੋ ਨੇ ਰਾਜ-ਪ੍ਰਬੰਧ ਦੀ ਵਾਗਡੋਰ ਸੰਭਾਲੀ। ਉਹ ਆਪਣੀ ਮੌਤ ਤਕ ਰਾਜ ਕਰਦੀ ਰਹੀ। ਮਾਈ ਦੇਸੋ ਬੜੀ ਧਰਮਾਤਮਾ ਅਤੇ ਨੀਤੀ ਵਿਚ ਨਿਪੁੰਨ ਸੀ।

ਰਾਜਾ ਜਸਵੰਤ ਸਿੰਘ ਬੜਾ ਦੂਰਅੰਦੇਸ਼ੀ ਅਤੇ ਸਿਆਣਾ ਰਾਜਾ ਸੀ। ਇਹ ਅੰਗਰੇਜ਼ਾਂ ਨਾਲ ਦੋਸਤੀ ਗੰਢਣ ਦੇ ਹੱਕ ਵਿਚ ਨਹੀਂ ਸੀ ਕਿਉਂਕਿ ਇਹ ਮਹਾਰਾਜਾ ਰਣਜੀਤ ਸਿੰਘ ਦਾ ਪੱਖ ਪੂਰਦਾ ਸੀ। ਸੰਨ 1806 ਦੇ ਸਤਲੁਜ ਪਾਰ ਹਮਲੇ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਨਾਭੇ ਨੂੰ ਕੋਟ ਬਸੀਆ, ਤਲਵੰਡੀ, ਜਗਰਾਓਂ ਆਦਿ ਪਰਗਣਿਆਂ ਵਿਚੋਂ 26,690 ਰੁਪਏ ਸਲਾਨਾ ਦੇ 31 ਪਿੰਡ ਤੇ ਪਰਗਣਾ ਘੁੰਗਰਾਣਾ ਵਿਚੋਂ 3,340 ਰੁਪਏ ਸਲਾਨਾ ਦੇ ਸੱਤ ਪਿੰਡ ਦਿੱਤੇ। ਸ਼ੇਰੇ ਪੰਜਾਬ ਦੀ ਸਤਲੁਜ ਪਾਰ ਆਖ਼ਰੀ ਮੁਹਿੰਮ ਵਿਚ ਵੀ ਰਾਜਾ ਜਸਵੰਤ ਸਿੰਘ ਨਾਭਾ ਉਸ ਦੇ ਨਾਲ ਸੀ ਪਰ 1809 ਈ. ਵਿਚ ਮਾਲਵੇ ਦੀਆਂ ਬਾਕੀ ਰਿਆਸਤਾਂ ਅੰਗਰੇਜ਼ਾਂ ਦੀ ਰੱਖਿਆ ਵਿਚ ਜਾਣ ਸਮੇਂ ਨਾਭਾ ਵੀ ਨਾਲ ਹੀ ਚਲਾ ਗਿਆ ਅਤੇ ਉਸ ਦਿਨ ਤੋਂ ਇਸ ਦੇ ਲਾਹੌਰ ਨਾਲੋਂ ਸਬੰਧ ਟੁਟ ਗਏ।

ਰਾਜਾ ਜਸਵੰਤ ਸਿੰਘ ਦਾ ਆਪਣੇ ਵੱਡੇ ਪੁਤਰ ਰਣਜੀਤ ਸਿੰਘ ਨਾਲ ਲੜਾਈ ਝਗੜਾ ਰਿਹਾ। ਅੰਤ 17 ਜੂਨ 1832 ਈ. ਵਿਚ ਇਸ ਦੇ ਪੁੱਤਰ ਰਣਜੀਤ ਸਿੰਘ ਦੀ ਮੌਤ ਹੋ ਗਈ। ਇਹ ਬੜਾ ਪ੍ਰਜਾ-ਪਾਲਕ ਸੀ ਜਿਸ ਨੇ ਲੋਕ ਭਲਾਈ ਦੇ ਅਨੇਕ ਕੰਮ ਕੀਤੇ। ਇਸ ਤੋਂ ਇਲਾਵਾ ਵੱਡੇ-ਵੱਡੇ ਵਿਦਵਾਨਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਕੋਲ ਰੱਖਣਾ ਵੀ ਇਸ ਦਾ ਮੁੱਖ ਕੰਮ ਸੀ।

22 ਮਈ, 1840 ਨੂੰ ਛਿਆਹਠ ਸਾਲ ਦੀ ਉਮਰ ਵਿਚ ਨਾਭੇ ਵਿਖੇ ਇਸ ਦਾ ਵੀ ਦੇਹਾਂਤ ਹੋ ਗਿਆ। ਇਸ ਤੋਂ ਬਾਅਦ ਦੇਵਿੰਦਰ ਸਿੰਘ ਇਸ ਦਾ ਉੱਤਰਾਧਿਕਾਰੀ ਬਣਿਆ।

ਹ. ਪੁ.–ਮ. ਕੋ. : 496

**ਜਸਵੰਤ ਸਿੰਘ (ਖੁਦਾ ਸਿੰਘ)** : ਇਸ ਦਾ ਜਨਮ ਭਾਦੋਂ ਸੰਮਤ 1843 ਨੂੰ ਕਰਨਾਲ ਜ਼ਿਲ੍ਹੇ ਦੇ ਸਯਾਮਗੜ੍ਹ ਪਿੰਡ ਵਿਚ ਭਾਈ ਨੱਥਾ ਸਿੰਘ ਦੇ ਘਰ ਮਾਤਾ ਸੁਖਦੇਈ ਦੀ ਕੁੱਖੋਂ ਹੋਇਆ। ਅੰਮ੍ਰਿਤ ਛਕਣ ਵੇਲੇ ਇਸ ਦਾ ਨਾਉਂ ਜਸਵੰਤ ਸਿੰਘ ਰੱਖਿਆ ਗਿਆ। ਇਹ ਉੱਚਾ ਲੰਮਾਂ ਭਰਵੇਂ ਕੱਦ ਦਾ ਸੁੰਦਰ ਅਤੇ ਚਤੁਰ ਨੌਜਵਾਨ ਸੀ। ਇਸ ਦਾ ਵਿਆਹ ਚੰਦ ਕੌਰ ਨਾਲ ਹੋਇਆ।

ਸਿਰਕੱਢ ਵਿਅਕਤੀਆਂ ਦੀ ਸਲਾਹ ਨਾਲ ਜਸਵੰਤ ਸਿੰਘ ਨੂੰ ਕਰਨਾਲ ਜ਼ਿਲ੍ਹੇ ਵਿਚ ਸਥਿਤ ਕੁਰੜੀ ਦਾ ਥਾਣੇਦਾਰ ਬਣਾ ਦਿੱਤਾ ਗਿਆ। ਇਸ ਅਹੁਦੇ ਉੱਤੇ ਰਹਿੰਦੇ ਹੋਏ ਇਸ ਨੇ ਡਾਕੂਆਂ ਅਤੇ ਚੋਰਾਂ ਦੇ ਧੰਦੇ ਦਾ ਨਾਮੋ-ਨਿਸ਼ਾਨ ਖਤਮ ਕਰਕੇ ਇਲਾਕੇ ਵਿਚ ਸ਼ਾਂਤੀ ਦਾ ਵਾਤਾਵਰਣ ਪੈਦਾ ਕਰ ਦਿੱਤਾ।

ਬਾਅਦ ਵਿਚ ਜਸਵੰਤ ਸਿੰਘ, ਬਾਬਾ ਭਾਗ ਸਿੰਘ ਕੁਰੀ ਵਾਲੇ, ਾਬਾ ਸਾਹਿਬ ਸਿੰਘ ਊਨਾ ਨਿਵਾਸੀ ਅਤੇ ਬਾਬਾ ਬੀਰ ਸਿੰਘ ਨੌਰੰਗਾਬਾਦ ਲਿਆਂ ਦੇ ਸੰਪਰਕ ਵਿਚ ਆਉਣ ਨਾਲ ਸੰਤ ਬਣ ਗਏ। ਜਸਵੰਤ ਿੰਘ ਦੀ ਆਵਾਜ਼ ਬੜੀ ਸੁਰੀਲੀ ਸੀ। ਇਨ੍ਹਾਂ ਦੀ ਗੁਰਬਾਣੀ ਦਾ ਪਾਠ ਣ ਕੇ ਪੱਥਰ ਜਿਹੇ ਦਿਲ ਵੀ ਪਿਘਲ ਜਾਂਦੇ ਸਨ।

ਬਾਬਾ ਜਸਵੰਤ ਸਿੰਘ ਜੀ ਗੁਰੂ ਦੇ ਪੂਰਨ ਭਗਤ ਸਨ। ਆਪ ਨੇ ਲਤਾਨ, ਪੰਜਾ ਸਾਹਿਬ, ਹਜਰੋ ਖੈਰਾਬਾਦ, ਨੌਸ਼ਹਿਰਾ, ਪਸ਼ੌਰ, ਲਾਲਾਬਾਦ, ਕਾਬਲ, ਬੁਖਾਰਾ ਆਦਿ ਅਸਥਾਨਾਂ ਤੇ ਗੁਰਮਤਿ ਦਾ ਚਾਰ ਕਰਕੇ ਬਹੁਤ ਸਾਰੇ ਲੋਕਾਂ ਵਿਚ ਪ੍ਰਮਾਤਮਾ ਪ੍ਰਤੀ ਲਗਨ ਪੈਦਾ ੀਤੀ।

ਆਪ ਜੀ ਦਾ ਚਾਟੜਾ ਆਪ ਨੂੰ ਖੁਦਾ ਆਖਿਆ ਕਰਦਾ ਸੀ ਸ ਕਰਕੇ ਇਨ੍ਹਾਂ ਨੂੰ ਖੁਦਾ ਸਿੰਘ ਆਖਿਆ ਜਾਣ ਲੱਗ ਪਿਆ। 'ਚੇਲੀਆਂ ਾਲਾ' ਦੀ ਲੜਾਈ ਮਗਰੋਂ ਸ਼ੱਕ ਦੀ ਹਾਲਤ ਵਿਚ ਅੰਗਰੇਜ਼ਾਂ ਨੇ ਇਸ ਕੈਦ ਕਰ ਲਿਆ ਪਰ ਸਾਧੂ ਸਮਝ ਕੇ ਰਿਹਾ ਕਰ ਦਿੱਤਾ।

ਜਸਵੰਤ ਸਿੰਘ ਨੇ ਆਪਣੀ ਉਮਰ ਦੇ ਰਹਿੰਦੇ ਸਾਲ ਗੁਰੂ ਰਾਮ ਾਸ ਜੀ ਦੇ ਜਨਮ ਸਥਾਨ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਦੀਵਾਨ ਾਨੇ ਵਿਚਕਾਰ ਇਕ ਧਰਮਸ਼ਾਲਾ ਵਿਚ ਬਤੀਤ ਕੀਤੇ। ਇਹ ਸਥਾਨ ਾਹੌਰ ਵਿਚ ਚੂੰਨਾਮੰਡੀ ਵਿਖੇ ਸਥਿਤ ਹੈ। ਇਥੇ ਰਹਿੰਦੇ ਹੋਏ ਹੀ 1861 ੀ. (ਸੰਮਤ 1918) ਨੂੰ ਆਪ ਦਾ ਦਿਹਾਂਤ ਹੋ ਗਿਆ।

ਹ. ਪੁ.—ਮ. ਕੋ. : 382

**ਜਸਵੰਤ (ਗਿੱਲ) ਡਾ.** : ਪੰਜਾਬ ਦੀ ਇਸ ਉੱਘੀ ਾਹਿਤਕਾਰ ਦਾ ਜਨਮ 20 ਮਈ, 1921 ਨੂੰ ਬਲੋਚਿਸਤਾਨ ਦੇ ਕੋਇਟਾ ਹਿਰ (ਪਾਕਿਸਤਾਨ) ਵਿਖੇ ਸ. ਕਪੂਰ ਸਿੰਘ ਦੇ ਘਰ ਹੋਇਆ। ਐਮ. ੀ. ਬੀ. ਐਸ. ਪਾਸ ਕਰਕੇ ਇਸ ਨੇ ਡਾਕਟਰੀ ਦਾ ਕਿੱਤਾ ਅਪਣਾਇਆ।



ਡਾ. ਜਸਵੰਤ ਗਿੱਲ

ਡਾਕਟਰੀ ਦੇ ਨਾਲ-ਨਾਲ ਮੁੱਢ ਤੋਂ ਹੀ ਇਸ ਦੀ ਰੁਚੀ ਸਾਹਿਤ ਵਿਚ ਵੀ ਰਹੀ ਹੈ। ਇਸ ਨੇ ਨਸ਼ਤਰ ਅਤੇ ਕਲਮ ਦੋਹਾਂ ਨਾਲ ਮਨੁੱਖੀ ਮਨ ਅਤੇ ਸਰੀਰ ਦੀ ਇਕ ਸੁਰ ਸਾਂਝ ਉੱਤੇ ਆਧਾਰਿਤ ਨਰੋਏ ਸਮਾਜ ਦੀ ਉਸਾਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨੇ ਮਰਦ ਅਤੇ ਔਰਤ ਦੇ ਸਰੀਰਕ ਸਾਂਝ ਦੇ ਨਾਲ-ਨਾਲ ਉਨ੍ਹਾਂ ਦੇ ਮਾਨਸਿਕ ਅਤੇ ਆਤਮਿਕ ਸਬੰਧਾਂ ਦਾ ਖ਼ੂਬਸੂਰਤ ਢੰਗ ਨਾਲ ਵਰਣਨ ਕੀਤਾ ਹੈ। ਡਾ. ਜਸਵੰਤ ਗਿੱਲ ੀਆਂ ਆਪਣੀਆਂ ਰਚਨਾਵਾਂ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਤੇ ਾਹਿਤਕ ਸੁਹਜ-ਸੁਆਦ ਦਾ ਸੁਮੇਲ ਬਣਿਆ ਰਹਿੰਦਾ ਹੈ। ਅਰੋਗਤਾ ਾਰਗ, ਨਾਰੀ ਅਰੋਗਤਾ, ਰੋਗਾਂ ਦੀ ਕਹਾਣੀ, ਪਾਚਣ ਪ੍ਰਣਾਲੀ, ਬਾਲ ੇਸ, ਬਹੂ ਬੇਟੀਆਂ ਦੇ ਨਾਂ, ਵਿਆਹੀ ਮੁਟਿਆਰ ਦੀ ਅਗਵਾਈ, ਬਾਲ ਹਾਣੀਆਂ ਆਦਿ ਇਸ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਹਨ। ਇਸ ੀਆਂ ਕਈ ਰਚਨਾਵਾਂ ਨੂੰ ਪੁਰਸਕਾਰ ਮਿਲ ਚੁੱਕੇ ਹਨ। ਸੰਨ 1969 ਵਿਚ ੁਸਤਕ 'ਬਹੂ ਬੇਟੀਆਂ ਦੇ ਨਾਂ' ਉੱਤੇ ਇਸ ਨੂੰ ਯੂਨੈਸਕੋ ਵਲੋਂ ਪਹਿਲਾਂ ਇਨਾਮ ਪ੍ਰਾਪਤ ਹੋਇਆ। 'ਆਪਣੇ ਬਾਲ ਨੂੰ ਸਮਝੋ' ਸਮੇਤ ਇਸ ਨੇ ਕੁਝ ਪੁਸਤਕਾਂ ਦਾ ਸਫ਼ਲ ਅਨੁਵਾਦ ਵੀ ਕੀਤਾ ਹੈ। ਇਸ ਤੋਂ ਇਲਾਵਾ, ਇਸ ਦੇ ਪ੍ਰੀਤ ਲੜੀ, ਆਰਸੀ, ਹੇਮ ਜੋਤੀ, ਕੌਮੀ ਏਕਤਾ ਅਤੇ ਅਨੇਕ ਅਖ਼ਬਾਰਾਂ ਵਿਚ ਸਿਹਤ ਵਿਗਿਆਨ ਸਬੰਧੀ ਲੇਖ ਛਪਦੇ ਰਹਿੰਦੇ ਹਨ।

ਸਾਹਿਤਕ ਖੇਤਰ ਵਿਚ ਇਸ ਦੇ ਉੱਘੇ ਯੋਗਦਾਨ ਸਦਕਾ ਭਾਸ਼ਾ ਵਿਭਾਗ, ਪੰਜਾਬ ਨੇ 1988 ਵਿਚ ਇਸ ਨੂੰ ਸ਼੍ਰੋਮਣੀ ਲੇਖਕ ਵਜੋਂ ਸਨਮਾਨਿਤ ਕੀਤਾ।

ਹ. ਪੁ.—ਸ਼੍ਰ. ਸਾ. ਸਨ. ਸਮਾ—1988

**ਜਸਵੰਤ ਨਗਰ** : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਇਟਾਵਾ ਜ਼ਿਲ੍ਹੇ ਵਿਚ ਇਹ ਇਕ ਸ਼ਹਿਰ ਹੈ ਜਿਹੜਾ ਪੂਰਬੀ ਭਾਰਤੀ ਰੇਲਵੇ ਉਪਰ ਸਥਿਤ ਹੈ। ਇਸ ਸ਼ਹਿਰ ਦਾ ਨਾਂ ਮੈਨ ਪੁਰੀ ਤੋਂ ਆਏ ਇਕ ਕਾਯਸਥ (Kayasth) ਜਸਵੰਤ ਰਾਏ ਜਿਹੜਾ 1715 ਵਿਚ ਇਥੇ ਆਣ ਵਸਿਆ ਸੀ, ਦੇ ਨਾਂ ਪਿਛੇ ਰੱਖਿਆ ਗਿਆ ਸੀ। 19 ਮਈ, 1857 ਨੂੰ ਤੀਜੀ ਨੇਟਿਵ ਕੈਵਲਰੀ ਦੇ ਬਾਗੀਆਂ ਨੇ ਇਸ ਸ਼ਹਿਰ ਦੇ ਪੱਛਮ ਵੱਲ ਨੂੰ ਪੈਂਦੇ ਇਕ ਛੋਟੇ ਜਿਹੇ ਹਿੰਦੂ ਮੰਦਰ ਉਪਰ ਕਬਜ਼ਾ ਕਰ ਲਿਆ ਸੀ। ਬਾਗੀਆਂ ਨੂੰ ਮੋਰਚੇ ਵਿਚੋਂ ਬਾਹਰ ਕੱਢਣ ਲਈ ਇਕ ਬਹੁਤ ਭਾਰੀ ਹਮਲਾ ਕੀਤਾ ਗਿਆ ਜਿਸ ਵਿਚ ਜਾਇੰਟ ਮੈਜਿਸਟ੍ਰੇਟ ਦੇ ਮੱਥੇ ਵਿਚ ਸੱਟ ਵੱਜੀ। ਕਿਸੇ ਸਮੇਂ ਇਸ ਸ਼ਹਿਰ ਵਿਚ ਮਿਊਂਸਪਲਟੀ ਹੋਇਆ ਕਰਦੀ ਸੀ। ਇਥੇ ਊਨੀ ਧਾਗਾ, ਪਸ਼ੂਆਂ, ਦੇਹਾਤੀ ਉਪਜਾਂ ਦਾ ਬਹੁਤ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਇਥੋਂ ਘਿਉ ਅਤੇ ਖਰਵਾ (Kharua) ਕਪੜਾ ਜਿਹੜਾ ਕਿ ਇਥੇ ਬਹੁਤ ਤਿਆਰ ਕੀਤਾ ਜਾਂਦਾ ਹੈ, ਬਾਹਰ ਭੇਜਿਆ ਜਾਂਦਾ ਹੈ। ਇਥੇ ਪਿੱਤਲ ਦੀਆਂ ਸਜਾਵਟੀ ਵਸਤਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਹਿੰਦੂਆਂ ਦੀਆਂ ਧਾਰਮਕ ਰਸਮਾਂ ਵਿਚ ਵਰਤਣ ਵਾਲੀਆਂ ਵਸਤਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ।

29° 17′ ਉ. ਵਿਥ. ; 78° 50′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 70

**ਜਸਵਾਲ** : ਇਹ ਰਾਜਪੂਤਾਂ ਦੀ ਇਕ ਮਹੱਤਵਪੂਰਨ ਸ਼ਾਖਾ ਹੈ ਜਿਸ ਵਿਚੋਂ ਕਈ ਤ੍ਰਿਗਾਰਤਾ ਦੀ ਗੱਦੀ ਤੇ ਬੈਠੇ ਤੇ ਰਾਜ ਕੀਤਾ। ਇਸ ਬੰਸ ਦਾ ਨਾਂ ਹੁਸ਼ਿਆਰਪੁਰ ਦੇ ਜਸਵਾਨ ਦੂਨ ਦੇ ਨਾਂ ਤੇ ਪਿਆ ਲਗਦਾ ਹੈ ਅਤੇ ਇਨ੍ਹਾਂ ਦਾ ਮੂਲ ਸਥਾਨ ਭੀਰ ਜਸਵਾਨ ਕਿਹਾ ਜਾ ਸਕਦਾ ਹੈ। ਇਸ ਜਗ੍ਹਾ ਇਮਾਰਤਾਂ ਦੇ ਖੰਡਰਾਤ ਪੁਰਾਣੇ ਖੂਹ ਅਤੇ ਫੁਹਾਰੇ ਇਨ੍ਹਾਂ ਦੇ ਪੁਰਾਤਨ ਦਬ-ਦਬਾਅ ਦੀ ਸਾਖੀ ਭਰਦੇ ਹਨ। 'ਜੈਕਾਰੀਆ' ਰੁਤਬੇ ਕਰਕੇ ਇਨ੍ਹਾਂ ਨੂੰ ਅਜੇ ਵੀ ਵਡਿਆਇਆ ਜਾਂਦਾ ਹੈ। ਸੰਨ 1596 ਵਿਚ ਜਸਵਾਲਾਂ ਨੂੰ ਫ਼ੌਜ ਦੇ ਮਾਲਕ ਜ਼ਿਮੀਂਦਾਰ ਵੀ ਕਿਹਾ ਗਿਆ। ਸਾਮਰਾਜੀ ਹਾਕਮਾਂ ਲਈ ਵੀ ਇਹ ਕਈ ਵਾਰ ਮੁਸੀਬਤ ਬਣੇ।

ਬਾਈਧਾਰ ਪਹਾੜੀ ਰਾਜਿਆਂ ਵਿਚੋਂ ਜਸਵਾਲ ਦਾ ਰਾਜਾ ਕੇਸਰੀ ਚੰਦ ਵੀ ਇਸੇ ਬੰਸ ਵਿਚੋਂ ਸੀ। ਇਹ ਅਨੰਦਪੁਰ ਦੀ ਜੰਗ ਵਿਚ ਭਾਈ ਉਦੇ ਸਿੰਘ ਹੱਥੋਂ ਮਾਰਿਆ ਗਿਆ। ਭਾਈ ਉਦੇ ਸਿੰਘ ਨੇ ਜਸਵਾਲੀਏ ਦਾ ਸਿਰ ਆਪਣੇ ਨੇਜ਼ੇ ਤੇ ਟੰਗ ਕੇ ਦਸਵੇਂ ਪਾਤਸ਼ਾਹ ਦੇ ਹਜ਼ੂਰ ਲਿਆਂਦਾ ਸੀ।

ਹ. ਪੁ.—ਗਲਾ. ਟ੍ਰਾ. ਕਾ. 2 : 357 : ਮ. ਕੋ. : 896,496

**ਜੱਸਾ ਸਿੰਘ, ਆਹਲੂਵਾਲੀਆ** : ਵੇਖੋ ਆਹਲੂਵਾਲੀਆ, ਜੱਸਾ ਸਿੰਘ।

**ਜੱਸਾ ਸਿੰਘ, ਰਾਮਗੜ੍ਹੀਆ** : ਵੇਖੋ ਰਾਮਗੜ੍ਹੀਆ, ਜੱਸਾ ਸਿੰਘ।

**ਜੱਸੀ (ਬੱਗਵਾਲੀ)** : ਇਹ ਬਠਿੰਡਾ ਜ਼ਿਲ੍ਹੇ ਦਾ ਇਕ ਇਤਿਹਾਸਕ ਪਿੰਡ ਹੈ ਜਿਹੜਾ ਸੰਗਤ ਰੇਲਵੇ ਸਟੇਸ਼ਨ ਤੋਂ 5 ਕਿ. ਮੀ

ਦੱਖਣ ਵੱਲ ਸਥਿਤ ਹੈ। ਇਸ ਸਥਾਨ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਣ ਪਾਏ ਸਨ। ਇਥੋਂ ਦੇ ਗੁਰਦਵਾਰੇ ਕੋਲ ਬਣੇ ਤਲਾਅ ਵਿਚੋਂ ਜਦੋਂ ਗੁਰੂ ਜੀ ਨੀਲੇ ਵਸਤਰਾਂ ਸਮੇਤ ਘੋੜੇ ਉੱਤੇ ਸਵਾਰ ਹੋ ਕੇ ਲੰਘੇ ਸਨ ਤਾਂ ਉਨ੍ਹਾਂ ਦਾ ਸਾਰਾ ਲਿਬਾਸ ਬੱਗਾ ਹੋ ਗਿਆ, ਜਿਸ ਕਾਰਨ ਗੁਰੂ ਜੀ ਨੇ ਇਸ ਤਲਾਅ ਦਾ ਨਾਮ 'ਬੱਗ ਸਰ' ਰੱਖ ਦਿੱਤਾ। ਇਥੋਂ ਦੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਗੁੜ ਭੇਟਾ ਕੀਤਾ ਸੀ, ਜਿਸ ਤੇ ਗੁਰੂ ਜੀ ਨੇ ਕਿਹਾ--

ਜੱਸੀ ਆਇ ਚਲੇ ਗੁੜ ਖਾਇ।

ਇਥੋਂ ਦੇ ਗੁਰਦਵਾਰਾ ਸਾਹਿਬ ਦੇ ਨਾਉਂ ਉੱਤੇ ਸੱਠ ਵਿੱਘੇ ਜ਼ਮੀਨ ਪਿੰਡ ਪਥਰਾਲੇ ਵਿਚ, ਵੀਹ ਵਿੱਘੇ ਜੱਸੀ ਪਿੰਡ ਵਿਚ ਅਤੇ ਸਾਢੇ ਚਾਰ ਸੌ ਵਿੱਘੇ ਝਿੜੀ ਪਿੰਡ ਵਿਚ ਹੈ। ਇਸ ਤੋਂ ਇਲਾਵਾ 160 ਰੁਪਿਆ ਸਲਾਨਾ ਪਟਿਆਲੇ ਵਲੋਂ ਦਿੱਤੇ ਜਾਂਦੇ ਸਨ।

ਹ. ਪੁ.--ਮ. ਕੋ. : 497

**ਜੱਸੋ** : ਅੰਗਰੇਜ਼ੀ ਸਾਮਰਾਜ ਸਮੇਂ ਭਾਰਤ ਦੀ ਸੈਂਟਰਲ ਇੰਡੀਆ ਏਜੰਸੀ ਦੇ ਬਘੇਲਖੰਡ ਸਿਆਸੀ ਅਧਿਕਾਰ ਵਿਚ ਇਹ ਇਕ ਛੋਟੀ ਜਿਹੀ ਸਨਦ ਰਿਆਸਤ (Sanad State) ਹੁੰਦੀ ਸੀ। ਇਸ ਦੇ ਉੱਤਰ, ਪੂਰਬ ਅਤੇ ਦੱਖਣ ਵੱਲ ਨਾਗੋਦ (Nagod) ਰਿਆਸਤ ਅਤੇ ਪੱਛਮ ਵੱਲ ਅਜੈਗੜ੍ਹ ਰਿਆਸਤ ਲਗਦੀ ਸੀ। ਇਸ ਦਾ ਕੁੱਲ ਰਕਬਾ 184 ਵ. ਕਿ. ਮੀ. (72 ਵ. ਮੀਲ) ਸੀ ਅਤੇ ਇਸ ਵਿਚ 60 ਪਿੰਡ ਹੁੰਦੇ ਸਨ। ਇਥੋਂ ਦਾ ਜਾਗੀਰਦਾਰ ਇਕ ਬੁੰਧੇਲਾ ਰਾਜਪੂਤ ਹੁੰਦਾ ਸੀ ਜੋ ਛਤਰ ਸਾਲ (ਪੰਨਾ ਰਿਆਸਤ ਦੇ ਬਾਨੀ) ਦੀ ਸੰਤਾਨ ਵਿਚੋਂ ਸੀ। ਛਤਰ ਸਾਲ ਦੀ ਮੌਤ ਉਪਰੰਤ ਜੱਸੋ ਅਤੇ ਬੰਧੋਰਾ ਦੀਆਂ ਜਾਗੀਰਾਂ ਉਸ ਦੇ ਚੌਥੇ ਪੁੱਤਰ ਭਾਰਤੀ ਚੰਦ ਦੇ ਸਪੁਰਦ ਕਰ ਦਿੱਤੀਆਂ ਜਿਸ ਨੇ ਆਪਣੇ ਭਰਾ ਜਗਤ ਰਾਜ (ਜੈਤਪੁਰ ਦਾ ਮੁੱਖੀ) ਦੇ ਅਧੀਨ ਇਨ੍ਹਾਂ ਜਾਗੀਰਾਂ ਦਾ ਪ੍ਰਬੰਧ ਸੰਭਾਲੀ ਰੱਖਿਆ। ਭਾਰਤੀ ਚੰਦ ਨੇ ਬੰਧੋਰਾ ਦੀ ਜਾਗੀਰ ਦੀ ਵਸੀਅਤ ਆਪਣੇ ਸਭ ਤੋਂ ਵੱਡੇ ਪੁੱਤਰ ਦੁਰਜਨ ਸਿੰਘ ਦੇ ਨਾਂ ਅਤੇ ਜੱਸੋ ਦੀ ਜਾਗੀਰ ਆਪਣੇ ਦੂਜੇ ਪੁੱਤਰ ਹਰੀ ਸਿੰਘ ਨੂੰ ਵਸੀਅਤ ਕਰ ਦਿੱਤੀ। ਦੁਰਜਨ ਸਿੰਘ ਤੋਂ ਪਿਛੋਂ ਉਸ ਦਾ ਪੁੱਤਰ ਮੇਦਨੀ ਸਿੰਘ ਜਾਗੀਰ ਦਾ ਮਾਲਕ ਬਣਿਆ। ਮੇਦਨੀ ਸਿੰਘ ਔਤ ਹੀ ਮਰ ਗਿਆ। ਨਤੀਜੇ ਵਜੋਂ ਬੰਧੋਰਾ ਜਾਗੀਰ ਨੂੰ ਜੱਸੋ ਜਾਗੀਰ ਵਿਚ ਸ਼ਾਮਲ ਕਰ ਦਿੱਤਾ ਗਿਆ। ਉਨ੍ਹੀਵੀਂ ਸਦੀ ਦੇ ਆਰੰਭ ਵਿਚ ਇਹ ਜਾਗੀਰ ਬਾਂਦਾ ਦੇ ਅਲੀ ਬਹਾਦੁਰ ਦੇ ਹੱਥਾਂ ਵਿਚ ਚਲੀ ਗਈ। ਅਲੀ ਬਹਾਦਰ ਨੇ ਇਹ ਜਾਗੀਰ ਪਦ-ਅਧਿਕਾਰੀ ਚੇਤ ਸਿੰਘ ਦੇ ਇਕ ਬਾਗੀ ਨੌਕਰ ਗੋਪਾਲ ਸਿੰਘ ਨੂੰ ਸੌਂਪ ਦਿੱਤੀ। ਫਿਰ ਵੀ ਗੋਪਾਲ ਸਿੰਘ ਨੇ ਚੇਤ ਸਿੰਘ ਦੇ ਨਬਾਲਗ ਪੁੱਤਰ ਮੂਰਤ ਸਿੰਘ ਦੇ ਦਾਅਵੇ ਦੀ ਹਮਾਇਤ ਕੀਤੀ। ਬਰਤਾਨਵੀ ਸਰਦਾਰੀ ਦੇ ਸਥਾਪਿਤ ਹੋ ਜਾਣ ਤੇ ਜੱਸੋ ਰਿਆਸਤ ਨੂੰ ਅਜੈਗੜ੍ਹ ਰਿਆਸਤ ਦੇ ਮਾਤਹਿਤ ਹੀ ਮੰਨਿਆ ਜਾਂਦਾ ਰਿਹਾ ਅਤੇ ਸੰਨ 1807 ਦੀ ਸਨਦ ਦੁਆਰਾ ਅਜੈਗੜ੍ਹ ਦੇ ਮੁਖੀ ਨੂੰ ਮਿਲਿਆ ਕੋਟਨਾ ਪਰਗਨਾ ਵੀ ਜੱਸੋ ਰਿਆਸਤ ਵਿਚ ਸ਼ਾਮਲ ਹੁੰਦਾ ਸੀ। ਇਸ ਸਬੰਧ ਵਿਚ ਇਤਰਾਜ਼ ਵੀ ਉਠਾਇਆ ਗਿਆ ਅਤੇ ਜਦੋਂ ਇਹ ਮਾਮਲਾ ਹਵਾਲੇ ਲਈ ਅੰਗਰੇਜ਼ ਸਰਕਾਰ ਅੱਗੇ ਪੇਸ਼ ਕੀਤਾ ਗਿਆ ਤਾਂ ਆਖਰ ਨੂੰ ਇਹ ਫੈਸਲਾ ਕੀਤਾ ਗਿਆ ਕਿ ਅਜੈਗੜ੍ਹ ਦੀ ਅਧਿਰਾਜਤਾ ਤਾਂ ਕੇਵਲ ਨਾਮਾਤਰ ਹੀ ਹੋਇਆ ਕਰਦੀ ਸੀ। ਸੰਨ 1816 ਵਿਚ ਮੂਰਤ ਸਿੰਘ ਨੂੰ ਇਕ ਵੱਖਰੀ ਸਨਦ ਦੀ ਮਨਜ਼ੂਰੀ ਦਿੱਤੀ ਗਈ ਜਿਸ ਵਿਚ ਉਸ ਦੀ ਜੱਸੋ ਰਿਆਸਤ ਦੀ ਸੁਤੰਤਰ ਮਾਲਕੀ ਦੀ ਪੁਸ਼ਟੀ ਕਰ ਦਿੱਤੀ ਗਈ। ਮੂਰਤ ਸਿੰਘ ਉਪਰੰਤ 1888 ਈ. ਵਿਚ ਜਗਤ ਰਾਜ ਸਿੰਘ ਜੱਸੋ ਰਿਆਸਤ ਦਾ ਮੁਖੀ ਬਣਿਆ ਪਰ 1899 ਵਿਚ ਉਸ ਨੂੰ ਰਿਆਸਤ ਦੇ ਪ੍ਰਬੰਧ ਵਿਚ ਸਰਗਰਮ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ।

ਹ. ਪੁ.--ਇੰਪ. ਗ. ਇੰਡ. 14 : 69

**ਜਸੋਧਾ ਨੰਦਨ** : ਇਹ ਪੰਜਾਬੀ ਵਾਰ ਲੇਖਕ ਹੈ। 'ਲਵਕੁਸ਼ ਦੀ ਵਾਰ' ਇਸ ਦੀ ਇਕੋ ਇਕ ਵਾਰ ਹੈ। ਇਸ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਵਾਰ ਦਾ ਕਿਸੇ ਰਾਮ ਕਿਸ਼ਨ ਵਿਆਸ ਦਾ 1761 ਈ. (1818 ਬਿ.) ਵਿਚ ਨਕਲ ਕੀਤਾ ਹੱਥ-ਲਿਖਤ ਖਰੜਾ ਮਿਲਦਾ ਹੈ। ਇਸ ਤੋਂ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਇਹ ਲੇਖਕ ਅਠਾਰ੍ਹਵੀਂ ਸਦੀ ਦੇ ਪਹਿਲੇ ਚਰਣ ਵਿਚ ਹੋਇਆ ਹੋਵੇਗਾ। ਇਸ ਦੀ ਬੋਲੀ ਤੋਂ ਇਸ ਦੇ ਮੁਲਤਾਨ ਵਾਸੀ ਹੋਣ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

ਵਾਰ ਵਿਚ ਰਾਮਾਇਣ ਦੀ ਛੇਕੜਲੀ ਰਵਾਇਤੀ ਕਹਾਣੀ ਬਿਆਨ ਕੀਤੀ ਗਈ ਹੈ। ਅਯੋਧਿਆ ਦੇ ਧੋਬੀ ਦਾ ਆਪਣੀ ਵਹੁਟੀ ਨੂੰ ਘਰੋਂ ਕੱਢਣ ਅਤੇ ਰਾਮ ਚੰਦਰ ਜੀ ਨੂੰ ਤਾਹਨੇ ਮਾਰਨ ਉਪਰੰਤ, ਅਯੁਧਿਆ ਪਤੀ ਨੇ ਆਪਣੀ ਪਤਨੀ ਸੀਤਾ ਨੂੰ ਬਨਵਾਸ ਭੇਜ ਦਿੱਤਾ। ਸੀਤਾ ਬਾਲਮੀਕ ਦੀ ਕੁਟੀਆ ਵਿਚ ਜਾ ਰਹੀ, ਜਿੱਥੇ ਲਵ ਤੇ ਕੁਸ਼ ਦਾ ਜਨਮ ਹੋਇਆ। ਅਸ਼ਵਮੇਧ ਯੱਗ ਸਮੇਂ ਜਦੋਂ ਲਵ ਅਤੇ ਕੁਸ਼ ਨੇ ਰਾਮ ਚੰਦਰ ਜੀ ਦਾ ਘੋੜਾ ਫੜ ਲਿਆ, ਉਦੋਂ ਉਨ੍ਹਾਂ ਨੂੰ ਪਕੜਨ ਲਈ ਯੋਧੇ ਭੇਜੇ ਗਏ ਪਰ ਉਨ੍ਹਾਂ ਨੂੰ ਯੁੱਧ ਕਰਨਾ ਪਿਆ। ਇਸੇ ਲੜਾਈ ਦਾ ਇਸ ਵਾਰ ਵਿਚ ਵਰਣਨ ਹੈ। ਜਦੋਂ ਯੋਧੇ ਹਾਰ ਗਏ ਤਾਂ ਲਛਮਣ ਨੂੰ ਭੇਜਿਆ ਗਿਆ। ਉਹ ਵੀ ਉਨ੍ਹਾਂ ਹੱਥੋਂ ਹਾਰ ਗਿਆ। ਅਖ਼ੀਰ, ਰਾਮ ਚੰਦਰ ਜੀ ਆਪ ਆਏ ਤਾਂ ਭੇਦ ਖੁੱਲ੍ਹ ਗਿਆ। ਇਸ ਤਰ੍ਹਾਂ ਸੀਤਾ ਦੀ ਰਾਜ ਮਹਿਲਾਂ ਵਿਚ ਵਾਪਸੀ ਹੋਈ।

ਇਹ ਵਾਰ 88 ਪਉੜੀਆਂ ਵਿਚ ਲਿਖੀ ਗਈ ਹੈ। ਹਰ ਪਉੜੀ ਵਿਚ ਤੁਕਾਂ ਦੀ ਗਿਣਤੀ 7 ਤੋਂ ਲੈ ਕੇ 18 ਤਕ ਹੈ। ਇਹ ਸਿਰਖੰਡੀ ਛੰਦ ਵਿਚ ਹੈ। ਆਰੰਭ ਵਿਚ ਅਕਾਲ ਉਸਤਤ ਹੈ।

ਕਵੀ ਵਡੇਰੀ ਉਮਰ ਦਾ ਜਾਪਦਾ ਹੈ, ਕਿਉਂਕਿ ਉਸ ਨੇ ਬਹੁਤ ਸਾਰੀਆਂ ਅਮਰ ਸਚਾਈਆਂ ਨਗੀਨਿਆਂ ਵਾਂਗ ਇਸ ਵਾਰ ਵਿਚ ਜੜੀਆਂ ਹਨ। ਪੰਜਾਬੀ ਵਿਚ ਇਹ ਪਹਿਲੀ ਵਾਰ ਹੈ, ਜੋ ਸੰਸਕ੍ਰਿਤ ਮਹਾਕਾਵਿ ਦੇ ਪਾਤਰਾਂ ਨਾਲ ਸਬੰਧਤ ਹੈ।

ਹ. ਪੁ.--ਪੰ. ਸਾ. ਇਤ.--ਭਾ. ਵਿ. ਪੰ.

**ਜਹੱਨਮ** : ਵੇਖੋ, ਨਰਕ

**ਜਹਾਂਆਰਾ** : ਇਹ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੀ ਸਭ ਤੋਂ ਵੱਡੀ ਲੜਕੀ ਸੀ ਜਿਸ ਦਾ ਜਨਮ ਉਸ ਦੀ ਪਿਆਰੀ ਬੇਗਮ ਮੁਮਤਾਜ਼ ਮਹਲ ਦੀ ਕੁੱਖੋਂ 23 ਮਾਰਚ, 1614 ਈ. ਨੂੰ ਹੋਇਆ। ਇਹ ਪਾਤਸ਼ਾਹ ਬੇਗਮ ਜਾਂ ਬੇਗਮ ਸਾਹਿਬ ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ। ਇਸ ਨੇ ਸਤੀ ਉੱਨਿਸਾ ਖ਼ਾਨ ਦੀ ਦੇਖ-ਰੇਖ ਵਿਚ ਸਿਖਿਆ ਹਾਸਲ ਕੀਤੀ। ਜਹਾਂਆਰਾ ਨੇ ਫ਼ਾਰਸੀ ਗਦ ਅਤੇ ਪਦ ਤੋਂ ਇਲਾਵਾ, ਵੈਦਿਕ ਸਿਖਿਆ ਵੀ ਪ੍ਰਾਪਤ ਕੀਤੀ।

ਸ਼ਾਹਜਹਾਂ ਦੇ ਦਿਲ ਵਿਚ ਜਹਾਂਆਰਾ ਪ੍ਰਤੀ ਆਦਰ ਦੀ ਭਾਵਨਾ ਸੀ। 7 ਜੂਨ, 1631 ਈ. ਵਿਚ ਮੁਮਤਾਜ਼ ਮਹਲ ਦੀ ਮੌਤ ਮਗਰੋਂ ਅਗਲੇ 27 ਸਾਲਾਂ ਵਿਚ ਬਾਦਸ਼ਾਹ ਨੇ ਮੁਸ਼ਕਲ ਸਮੇਂ ਜਹਾਂਆਰਾਂ ਤੋਂ ਹੀ ਸਲਾਹ ਲਈ। ਮਾਰਚ, 1644 ਈ. ਵਿਚ ਅੱਗ ਨਾਲ ਝੁਲਸ ਜਾਣ ਕਾਰਨ ਇਸ ਨੂੰ ਮੌਤ ਨਾਲ ਘੋਰ ਸੰਘਰਸ਼ ਕਰਨਾ ਪਿਆ।

44 ਸਾਲ ਦੀ ਉਮਰ ਤਕ ਇਸ ਨੇ ਸੁੱਖਮਈ ਜੀਵਨ ਬਤੀਤ ਕੀਤਾ। ਭਾਰਤ ਦੇ ਦੂਜੇ ਭਾਗਾਂ ਦੇ ਅਧੀਨ ਸ਼ਾਸਕ, ਮੁਗ਼ਲ ਸਾਮਰਾਜ ਦੇ ਅਧੀਨ ਰਾਜਕੁਮਾਰ, ਸ਼ਾਹੀ ਪਰਿਵਾਰ ਦੇ ਮੈਂਬਰ ਅਤੇ ਰਾਜ ਦੇ ਹੋਰ ਅਮੀਰ ਵਿਅਕਤੀ ਬਿਪਤਾ ਸਮੇਂ ਇਸ ਦੀ ਸਲਾਹ ਲੈਂਦੇ ਸਨ। ਇਸ ਨੇ ਆਪਣੀ ਅਮੀਰੀ ਅਤੇ ਪ੍ਰਭਾਵ ਦਾ ਪ੍ਰਯੋਗ ਸਦਾ ਦੂਜਿਆਂ ਦੇ ਦੁੱਖ ਦੂਰ ਕਰਨ ਲਈ ਕੀਤਾ। ਸ਼ਾਹੀ ਪਰਿਵਾਰ ਵਿਚ ਇਸ ਨੇ ਸ਼ਾਂਤੀਦੂਤ ਦੇ ਤੌਰ



**ਨੂਰ-ਉਦ-ਦੀਨ ਮੁਹੰਮਦ ਜਹਾਂਗੀਰ**

ਤੇ ਕੰਮ ਕੀਤਾ। ਇਸ ਦੇ ਭਰਾਵਾਂ ਨੇ ਵੀ ਔਖੇ ਸਮੇਂ ਇਸ ਕੋਲ ਹੀ ਆਪਣਾ ਦੁੱਖ ਸਾਂਝਾ ਕੀਤਾ।

ਸੰਨ 1647 ਜਹਾਂਆਰਾ ਲਈ ਇਮਤਿਹਾਨ ਦਾ ਸਾਲ ਬਣਕੇ ਆਇਆ ਜਦੋਂ ਇਸ ਦੇ ਚੌਹਾਂ ਭਰਾਵਾਂ ਵਿਚ ਰਾਜਗੱਦੀ ਲਈ ਖਿਚੋਤਾਣ ਪੈਦਾ ਹੋ ਗਈ। ਇਸ ਨੇ ਦਾਰਾ ਸ਼ਿਕੋਹ ਨੂੰ ਹੀ ਗੱਦੀ ਦਾ ਸਹੀ ਵਾਰਸ ਸਮਝਿਆ ਸੀ ਜਿਸਨੂੰ ਸ਼ਾਹਜਹਾਂ ਨੇ ਵੀ ਚੁਣ ਰੱਖਿਆ ਸੀ। ਪਰਮਤ ਦੇ ਯੁੱਧ ਤੋਂ ਬਾਅਦ ਜਹਾਂਆਰਾ ਨੇ ਔਰੰਗਜ਼ੇਬ ਨੂੰ ਖ਼ੱਤ ਲਿਖਕੇ ਸੁਲ੍ਹਾ ਕਰਵਾਉਣ ਦਾ ਯਤਨ ਕੀਤਾ ਪਰ ਅਸਫਲ ਰਹੀ। ਸਾਮੂਗੜ੍ਹ ਵਿਖੇ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਦਾਰਾ ਸ਼ਿਕੋਹ ਦਿੱਲੀ ਵੱਲ ਭੱਜ ਗਿਆ।

ਔਰੰਗਜ਼ੇਬ ਨੇ ਆਪਣੇ ਪਿਤਾ ਨੂੰ ਆਗਰੇ ਦੇ ਕਿਲੇ ਵਿਚ ਕੈਦ ਕਰ ਲਿਆ। ਜਹਾਂਆਰਾ ਨੇ 10 ਜੂਨ, 1658 ਨੂੰ ਔਰੰਗਜ਼ੇਬ ਅਤੇ ਮੁਰਾਦ ਬਖਸ਼ ਨੂੰ ਮਿਲਕੇ ਮੁਗਲ ਸਾਮਰਾਜ ਦੀ ਚਾਰੇ ਭਰਾਵਾਂ ਵਿਚ ਸ਼ਾਂਤੀ ਪੂਰਵਕ ਵੰਡ ਦਾ ਪ੍ਰਸਤਾਵ ਪੇਸ਼ ਕੀਤਾ ਪਰ ਅਸਫਲ ਰਹੀ। ਸ਼ਾਹਜਹਾਂ ਦੇ ਔਰੰਗਜ਼ੇਬ ਦੁਆਰਾ ਬੰਦੀ ਬਣਾਏ ਜਾਣ ਤੇ ਜਹਾਂਆਰਾ ਨੇ ਆਪਣੇ ਪਿਤਾ ਦਾ ਹੀ ਸਾਥ ਦਿੱਤਾ। ਸਾਢੇ ਸੱਤ ਸਾਲ ਇਸ ਨੇ ਆਪਣੇ ਪਿਤਾ ਦੀ ਸੇਵਾ ਕੀਤੀ।

ਆਪਣੇ ਜੀਵਨ ਦੀ ਪ੍ਰਸਿੱਧੀ ਦੌਰਾਨ ਹੀ ਜਹਾਂਆਰਾ ਲਾਹੌਰ ਦੇ ਸੰਤ ਮੀਆਂ ਮੀਰ ਦੀ ਸ਼ਰਧਾਲੂ ਬਣ ਗਈ ਸੀ। ਇਸ ਨੇ ਸ਼ੇਖ ਮੁਇਨੁਦੀਨ ਚਿਸ਼ਤੀ ਦੇ ਜੀਵਨ ਅਤੇ ਉਸ ਦੇ ਉਪਦੇਸ਼ਾਂ ਦਾ ਅਧਿਐਨ ਕੀਤਾ ਅਤੇ ਫ਼ਾਰਸੀ ਵਿਚ ਮੁਨੀਸ-ਉਲ-ਅਖਾਹ ਨਾਂ ਹੇਠ ਇਕ ਛੋਟਾ ਜਿਹਾ ਲੇਖ ਵੀ ਲਿਖਿਆ।

6 ਸਤੰਬਰ, 1681 ਈ. ਨੂੰ ਜਹਾਂਆਰਾ ਦਾ ਇੰਤਕਾਲ ਹੋ ਗਿਆ ਅਤੇ ਦਿੱਲੀ ਵਿਖੇ ਇਸ ਨੂੰ ਦਫ਼ਨਾ ਦਿੱਤਾ ਗਿਆ।

ਹ. ਪੁ.–ਹਿੰ. ਵਿ. ਕੋ. 4 : 437

**ਜਹਾਂਸੋਜ਼ ਅਲਾਊਦੀਨ** : ਇਹ ਗੁਰੀਦ ਬਾਦਸ਼ਾਹ ਅਤੇ ਕਵੀ ਸੀ। ਕੁਤੁਬੁੱਦੀਨ ਮੁਹੰਮਦ ਅਤੇ ਸੈਫ਼ੁਦੀਨ ਸੂਰੀ ਇਸ ਦੇ ਭਰਾ ਸਨ, ਜਿਹੜੇ ਇਕ ਦੂਜੇ ਤੋਂ ਬਾਅਦ ਗਜ਼ਨੀ ਜਿੱਤਣ ਸਬੰਧੀ ਕੀਤੀ ਲੜਾਈ ਵਿਚ ਮਾਰੇ ਗਏ ਸਨ। ਇਨ੍ਹਾਂ ਦੇ ਮਰਨ ਪਿੱਛੋਂ ਅਲਾਉਦੀਨ ਨੇ ਆਪਣੇ ਭਰਾਵਾਂ ਦਾ ਬਦਲਾ ਲੈਣ ਦੇ ਉਦੇਸ਼ ਨਾਲ ਗਜ਼ਨੀ ਉਪਰ ਹਮਲਾ ਕਰ ਦਿੱਤਾ। ਲਗਾਤਾਰ ਤਿੰਨ ਵਾਰ ਹਾਰ ਖਾਣ ਉਪਰੰਤ, ਇਸ ਨੇ 1151 ਵਿਚ ਗਜ਼ਨੀ ਨੂੰ ਜਿੱਤ ਲਿਆ ਅਤੇ ਕ੍ਰੋਧ ਵਸ ਹੋ ਕੇ ਇਸ ਨੇ ਗਜਨੀ ਸ਼ਹਿਰ ਨੂੰ ਬੇਰਹਿਮੀ ਨਾਲ ਤਬਾਹ ਕੀਤਾ, ਜਿਸ ਕਰਕੇ ਆਲਾਉਦੀਨ ਕਾਫ਼ੀ ਬਦਨਾਮ ਹੋਇਆ। ਇਸ ਤੋਂ ਇਕ ਸਾਲ ਪਿੱਛੋਂ ਅਲਾਉਦੀਨ ਨੇ ਪੰਜਾਬ ਵਿਚ ਸੰਜਰ ਵਿਰੁੱਧ ਚੜ੍ਹਾਈ ਕਰ ਦਿੱਤੀ ਅਤੇ ਹੈਰਾਤ ਦੇ ਨੇੜੇ ਆ ਕੇ ਹਾਰ ਖਾਧੀ। ਇਥੋਂ ਆਜ਼ਾਦ ਹੋ ਕੇ ਇਹ ਫਿਰਾਜ਼ ਕੋਹ ਚਲਾ ਗਿਆ, ਜਿਥੇ ਇਹ ਅੰਤਲੇ ਦਿਨ ਤਾਈਂ ਸ਼ਾਸਕ ਦੇ ਰੂਪ ਵਿਚ ਰਿਹਾ। ਅੰਤ ਨੂੰ 1161 ਵਿਚ ਸਦਾ ਦੀ ਨੀਂਦ ਸੌਂ ਗਿਆ।

ਹ. ਪੁ.–ਹਿੰ. ਵਿ. ਕੋ. 4 : 438

**ਜਹਾਂਗੀਰ** : ਇਹ ਮੁਗ਼ਲ ਸਲਤਨਤ ਦਾ ਚੌਥਾ ਬਾਦਸ਼ਾਹ ਅਤੇ ਸ਼ਹਿਨਸ਼ਾਹ ਅਕਬਰ ਦਾ ਪੁੱਤਰ ਸੀ। ਇਸ ਦਾ ਜਨਮ 30 ਅਗਸਤ, 1569 ਨੂੰ ਅਕਬਰ ਦੀ ਹਿੰਦੂ ਰਾਣੀ ਜੋਧਾ ਬਾਈ ਦੀ ਕੁੱਖੋਂ, ਫ਼ਤਹਿਪੁਰ ਸੀਕਰੀ ਵਿਖੇ, ਉਥੋਂ ਦੇ ਹੀ ਪ੍ਰਸਿੱਧ ਸੂਫ਼ੀ ਫ਼ਕੀਰ ਖਵਾਜਾ ਸਲੀਮ ਚਿਸ਼ਤੀ ਦੀ ਬਖ਼ਸ਼ਿਸ਼ ਨਾਲ ਹੋਇਆ, ਜਿਸ ਕਰਕੇ ਇਸ ਦਾ ਨਾਉਂ ਵੀ ਸਲੀਮ ਹੀ ਰੱਖਿਆ ਗਿਆ। ਸ਼ਹਿਜ਼ਾਦੇ ਸਲੀਮ ਦੀ ਪਾਲਣਾ ਵੱਧ ਤੋਂ ਵੱਧ ਧਿਆਨ ਅਤੇ ਪਿਆਰ ਨਾਲ ਕੀਤੀ ਗਈ ਅਤੇ ਬੜੇ ਯੋਗ ਉਸਤਾਦਾਂ ਤੋਂ ਇਸ ਨੂੰ ਫ਼ਾਰਸੀ, ਤੁਰਕੀ, ਅਰਬੀ, ਹਿੰਦੀ, ਗਣਿਤ, ਇਤਿਹਾਸ, ਭੂਗੋਲ ਅਤੇ ਵਿਗਿਆਨ ਆਦਿ ਦੀ ਸਿੱਖਿਆ ਦਿਵਾਈ ਗਈ। ਅਕਬਰ ਦੇ ਦਰਬਾਰ ਦੇ ਨੌਂ ਰਤਨਾਂ ਵਿਚੋਂ ਮਹਾਨ ਵਿਦਵਾਨ ਅਬਦੁਰ ਰਹੀਮ ਖ਼ਾਨਾਖ਼ਾਨ ਨੇ ਸਲੀਮ ਨੂੰ ਆਪਣੀ ਵਿਦਵਤਾ ਨਾਲ ਕਾਫ਼ੀ ਪ੍ਰਭਾਵਿਤ ਕੀਤਾ। ਇਸੇ ਦੀ ਦੇਖ-ਰੇਖ ਹੇਠ ਇਸ ਨੇ ਫ਼ਾਰਸੀ ਵਿਚ ਕਵਿਤਾ ਸਿਰਜਣੀ ਸਿੱਖੀ ਅਤੇ ਹਿੰਦੀ ਗੀਤਾਂ ਦਾ ਆਨੰਦ ਮਾਣਿਆ। ਵਿੱਦਿਆ ਦੇ ਨਾਲ-ਨਾਲ ਬਾਦਸ਼ਾਹ ਅਕਬਰ ਨੇ ਆਪਣੇ ਸਲੀਮ ਦੀ ਉਚਿਤ ਫ਼ੌਜੀ ਸਿਖਲਾਈ ਦਾ ਵੀ ਚੰਗਾ ਪ੍ਰਬੰਧ ਕੀਤਾ। ਸੰਨ 1577 ਵਿਚ ਇਸ ਨੂੰ ਦਸ ਹਜ਼ਾਰੀ ਅਤੇ 1585 ਵਿਚ ਬਾਰਾਂ ਹਜ਼ਾਰੀ ਦੇ ਖ਼ਿਤਾਬ ਨਾਲ ਸਨਮਾਨਿਆ ਗਿਆ। ਸੰਨ 1581 ਵਿਚ 12 ਸਾਲ ਦੀ ਨਿੱਕੀ ਉਮਰੇ ਹੀ ਸਲੀਮ ਨੂੰ ਇਕ ਫ਼ੌਜੀ ਟੁਕੜੀ ਦੀ ਕਮਾਨ ਦੇ ਕੇ ਕਾਬਲ ਦੀ ਮੁਹਿੰਮ ਤੇ ਤੋਰਿਆ ਗਿਆ।

13 ਫ਼ਰਵਰੀ, 1585 ਵਿਚ, ਸਲੀਮ ਦਾ ਵਿਆਹ ਆਪਣੇ ਮਾਮੇ ਅੰਬਰ ਦੇ ਰਾਜੇ ਭਗਵਾਨ ਮਾਨ ਦਾਸ ਦੀ ਲੜਕੀ ਮਨਬਾਈ ਨਾਲ ਦੋਵੇਂ ਹਿੰਦੂ ਅਤੇ ਮੁਸਲਮਾਨੀ ਰਹੁ ਰੀਤਾਂ ਨਾਲ ਹੋਇਆ। ਬਾਅਦ ਵਿਚ ਜਿਸ ਦੀ ਕੁੱਖੋਂ ਸ਼ਹਿਜ਼ਾਦੇ ਖ਼ੁਸਰੋ ਨੇ ਜਨਮ ਲਿਆ। ਬਾਦਸ਼ਾਹ ਬਣਨ ਦੀ ਪ੍ਰਬਲ ਲਾਲਸਾ ਕਾਰਨ ਸਲੀਮ ਨੇ 1599 ਵਿਚ ਆਪਣੇ ਪਿਤਾ ਸ਼ਹਿਨਸ਼ਾਹ ਅਕਬਰ ਦੇ ਵਿਰੁੱਧ ਬਗਾਵਤ ਕਰ ਦਿੱਤੀ ਅਤੇ ਅਜਮੇਰ ਤੋਂ ਸ਼ਾਹ ਬਾਜ਼ਖਾਨ ਦਾ ਧਨ ਲੁੱਟਦਾ ਹੋਇਆ ਆਗਰੇ ਵੱਲ ਵਧਿਆ ਪਰ ਇਹ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕਿਆ। ਅਕਬਰ ਦੱਖਣ ਵਿਚੋਂ ਵਾਪਸ ਆ ਗਿਆ ਅਤੇ ਇਸ ਦੀ ਬਗਾਵਤ ਨੂੰ ਦਬਾ ਕੇ ਸਲੀਮ ਨੂੰ ਅਲਾਹਾਬਾਦ ਭੇਜ ਦਿੱਤਾ ਗਿਆ ਅਤੇ ਇਸ ਦੀਆਂ ਹਰਕਤਾਂ ਉੱਤੇ ਨਜ਼ਰ ਰੱਖਣ ਲਈ ਅਕਬਰ ਨੇ ਅਬੁਲ ਫ਼ਜ਼ਲ ਨੂੰ ਇਸ ਦੇ ਨਾਲ ਭੇਜਿਆ ਪਰ ਛੇਤੀ ਹੀ ਇਸ ਦਾ ਕਤਲ ਕਰਵਾ ਦਿੱਤਾ। ਸਲੀਮ ਕਿਉਂਕਿ ਮੁਗ਼ਲ ਖ਼ਾਨਦਾਨ ਦਾ ਇਕਲੌਤਾ ਵਾਰਸ ਸੀ, ਇਸ ਲਈ ਬਾਦਸ਼ਾਹ ਅਕਬਰ ਨੂੰ ਬਾਰ-ਬਾਰ ਇਸ ਦੀਆਂ ਗਲਤੀਆਂ ਨਜ਼ਰ-ਅੰਦਾਜ਼ ਕਰਨੀਆਂ ਪਈਆਂ।

3 ਨਵੰਬਰ, 1605 ਵਿਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਅਤੇ ਸਲੀਮ ਨੂਰ-ਉਦ-ਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ ਗਾਜ਼ੀ ਦੇ ਨਾਉਂ ਨਾਲ ਮੁਗ਼ਲੀਆ ਤਖ਼ਤ ਤੇ ਬੈਠਾ। ਤਖ਼ਤ ਸੰਭਾਲਣ ਮਗਰੋਂ ਬਾਦਸ਼ਾਹ ਜਹਾਂਗੀਰ ਨੇ ਆਪਣੇ ਨਾਉਂ ਦੇ ਸਿੱਕੇ ਜਾਰੀ ਕੀਤੇ ਅਤੇ ਬਹੁਤ ਸਾਰੇ ਕੈਦੀਆਂ ਨੂੰ ਰਿਹਾ ਕਰ ਦਿੱਤਾ। ਰਾਜ ਵਿਚ ਸੁਧਾਰ ਕਰਨ ਲਈ ਇਸ ਨੇ 12 ਸ਼ਾਨਦਾਰ ਫ਼ਰਮਾਨ ਜਾਰੀ ਕੀਤੇ ; ਤਮਗਾ, ਮੀਰ ਬਾਹਰੀ ਜਿਹੇ ਕਰਾਂ ਦਾ ਖ਼ਾਤਮਾ ਕੀਤਾ, ਸੜਕਾਂ ਦੇ ਕੰਢੇ ਸਰਾਵਾਂ, ਮਸੀਤਾਂ ਅਤੇ ਖੂਹਾਂ ਦਾ ਨਿਰਮਾਣ ਕਰਵਾਇਆ, ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਨੂੰ ਬਣਾਉਣ ਅਤੇ ਵੇਚਣ ਤੇ ਪਾਬੰਦੀ ਲਾ ਦਿੱਤੀ, ਨੱਕ, ਕੰਨ ਕੱਟਣ ਜਿਹੀਆਂ ਅਣ-ਮਨੁੱਖੀ ਸਜ਼ਾਵਾਂ ਬੰਦ ਕਰ ਦਿੱਤੀਆਂ, ਕਿਸਾਨਾਂ ਦੀ ਜ਼ਮੀਨ ਅਤੇ ਸਰਕਾਰੀ ਅਫ਼ਸਰਾਂ ਵੱਲੋਂ ਜ਼ਬਰਦਸਤੀ ਕਬਜ਼ਾ ਕਰਨ ਦਾ ਅਧਿਕਾਰ ਰੱਦ ਕਰ ਦਿੱਤਾ, ਗਰੀਬ ਜਨਤਾ ਦੇ ਇਲਾਜ ਲਈ ਸ਼ਹਿਰਾਂ ਵਿਚ ਮੁਫ਼ਤ ਹਸਪਤਾਲ ਖੋਲ੍ਹ ਦਿੱਤੇ ਗਏ। ਅਕਬਰ ਦੇ ਸਮੇਂ ਦੇ ਸਾਰੇ ਪੁਰਾਣੇ ਅਫ਼ਸਰਾਂ ਅਤੇ ਜਾਗੀਰਦਾਰਾਂ ਨੂੰ ਆਪਣੇ ਦਰਬਾਰ ਵਿਚ ਮਾਨਤਾ ਦਿੱਤੀ। ਆਗਰੇ ਦੇ ਕਿਲ੍ਹੇ ਦੇ ਸ਼ਾਹ ਬਰੇਜ ਦੀਆਂ ਜਮਨਾ ਦੇ ਕੰਢੇ ਗੱਡੇ ਹੋਏ ਇਕ ਪੱਥਰ ਦੇ ਸਤੰਭ ਦਰਮਿਆਨ 4 ਮਣ ਭਾਰ ਦੀਆਂ ਸੱਠ ਘੰਟੀਆਂ ਅਤੇ ਇਕ ਸੋਨੇ ਦੀ ਜੰਜ਼ੀਰ ਵਾਲਾ ਫ਼ਰਿਆਦੀ ਘੰਟਾ ਲਗਵਾਇਆ, ਤਾਂ ਜੋ ਕੋਈ ਵੀ ਫ਼ਰਿਆਦੀ ਕਿਸੇ ਵੀ ਵੇਲੇ ਆ ਕੇ ਉਹ ਘੰਟਾ ਵਜਾ ਕੇ ਆਪਣੀ ਫਰਿਆਦ ਬਾਦਸ਼ਾਹ ਨੂੰ ਸੁਣਾ ਸਕੇ।

ਸੰਨ 1606 ਵਿਚ ਇਸ ਦੇ ਵੱਡੇ ਲੜਕੇ ਖੁਸਰੋ ਨੇ ਇਸ ਦੇ ਵਿਰੁੱਧ ਬਗਾਵਤ ਕਰ ਦਿੱਤੀ ਅਤੇ ਆਪਣੀ ਸਫ਼ਲਤਾ ਲਈ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਵੀ ਆਇਆ। ਖੁਸਰੋ ਦੀ ਬਗ਼ਾਵਤ ਨਾਕਾਮਯਾਬ ਰਹੀ। ਇਹ ਪਕੜਿਆ ਗਿਆ ਅਤੇ ਕੈਦੀ ਬਣਾ ਲਿਆ ਗਿਆ। ਮੁਸਲਮਾਨਾਂ ਦੀ ਹਮਦਰਦੀ ਹਾਸਲ ਕਰਨ ਲਈ, ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਅਤੇ ਖੁਸਰੋ ਦੀ ਬਗ਼ਾਵਤ ਦੌਰਾਨ ਉਸ ਦੀ ਮਦਦ ਕਰਨ ਤੇ, ਬਦਲਾ ਲੈਣ ਲਈ ਇਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਕੜ ਲਿਆ ਅਤੇ ਬੇਰਹਿਮੀ ਨਾਲ ਲਾਹੌਰ ਵਿਖੇ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ। ਇਸ ਗੱਲ ਦੀ ਪੁਸ਼ਟੀ ਜਹਾਂਗੀਰ ਨੇ ਆਪਣੀ ਆਤਮ-ਕਥਾ ਤੁਜ਼ਕੇ-ਜਹਾਂਗੀਰੀ, ਵਿਚ ਵੀ ਕੀਤੀ ਹੈ। ਇਸ ਦੇ ਸਿੱਟੇ ਵਜੋਂ ਸਿੱਖ ਕੌਮ ਜਹਾਂਗੀਰ ਦੀ ਦੁਸ਼ਮਣ ਹੋ ਗਈ ਅਤੇ ਇਸ ਤੋਂ ਬਦਲਾ ਲੈਣ ਲਈ ਉਤਾਰੂ ਹੋ ਗਈ।

ਕੰਧਾਰ ਆਪਣੀ ਸੈਨਿਕ ਮਹੱਤਵ ਵਾਲੀ ਸਥਿਤੀ ਅਤੇ ਵਪਾਰਕ ਮਹੱਤਤਾ ਕਾਰਨ ਮੁਗ਼ਲ ਸਲਤਨਤ ਲਈ ਕਾਫ਼ੀ ਮਹੱਤਵਪੂਰਨ ਰਿਹਾ ਹੈ। ਬਾਬਰ ਨੇ ਇਸ ਉਪਰ ਆਪਣਾ ਕਬਜ਼ਾ ਕੀਤਾ ਪਰ 1558 ਵਿਚ ਹਮਾਯੂੰ ਦੀ ਮੌਤ ਮਗਰੋਂ ਇਹ ਮੁਗਲਾਂ ਦੇ ਹੱਥੋਂ ਨਿਕਲ ਗਿਆ। ਸੰਨ 1594 ਵਿਚ ਅਕਬਰ ਨੇ ਇਸ ਨੂੰ ਮੁੜ ਆਪਣੇ ਰਾਜ ਦਾ ਹਿੱਸਾ ਬਣਾ ਲਿਆ। ਅਕਬਰ ਦੀ ਮੌਤ ਤੋਂ ਬਾਅਦ ਛੇਤੀ ਹੀ ਸ਼ਹਿਜ਼ਾਦਾ ਖੁਸਰੋ ਦੀ ਬਗਾਵਤ ਦਾ ਪਰਸ਼ੀਆ ਦੇ ਸ਼ਾਹ ਅੱਬਾਸ ਨੇ ਪੂਰਾ ਫਾਇਦਾ ਉਠਾਇਆ ਅਤੇ ਕੰਧਾਰ ਤੇ ਹਮਲਾ ਕਰ ਦਿੱਤਾ। ਜਹਾਂਗੀਰ ਨੇ ਕੰਧਾਰ ਦੇ ਮੁਗ਼ਲੀਆ ਗਵਰਨਰ ਸ਼ਾਹ ਬੇਗ ਖ਼ਾਨ ਨੂੰ ਵੇਲੇ ਸਿਰ ਫ਼ੌਜੀ ਮਦਦ ਪਹੁੰਚਾ ਕੇ ਕੰਧਾਰ ਨੂੰ ਆਪਣੇ ਕਬਜ਼ੇ ਵਿਚੋਂ ਨਿਕਲਣ ਤੋਂ ਬਚਾ ਲਿਆ। ਉਥੋਂ ਦੇ ਲੋਕਾਂ ਵੱਲ ਇਸ ਨੇ ਆਪਣਾ ਨਿੱਜੀ ਧਿਆਨ ਦਿੱਤਾ ਅਤੇ ਉਨ੍ਹਾਂ ਨੂੰ ਚੁੰਗੀ ਕਰ ਤੋਂ ਨਿਜਾਤ ਦਿੱਤੀ। ਰਾਜਧਾਨੀ ਵਿਚੋਂ ਬਾਦਸ਼ਾਹ ਦੀ ਗ਼ੈਰ ਹਾਜ਼ਰੀ ਨੇ ਸ਼ਹਿਜ਼ਾਦਾ ਖੁਸਰੋ ਨੂੰ ਮੁੜ ਤਖ਼ਤ ਤੇ ਬਿਠਾਉਣ ਦੀ ਸਾਜ਼ਸ਼ ਰਚੀ ਪਰ ਸ਼ਹਿਜ਼ਾਦਾ ਖੁਰਮ ਨੇ ਇਸ ਦੀ ਸੂਹ ਜਹਾਂਗੀਰ ਕੋਲ ਪਹੁੰਚਾਈ ਅਤੇ ਇੰਜ ਸਾਜ਼ਸ਼ ਨੂੰ ਨਾਕਾਮਯਾਬ ਕਰ ਦਿੱਤਾ। ਖੁਸਰੋ ਨੂੰ ਮੁੜ ਕੈਦ ਕਰ ਲਿਆ ਗਿਆ ਅਤੇ ਅੰਨ੍ਹਾ ਕਰ ਦਿੱਤਾ ਗਿਆ।

ਸੰਨ 1609 ਵਿਚ ਪੱਛਮ ਤੋਂ ਸਰ ਟਾਮਸ ਰੋ ਨੇ ਆ ਕੇ ਪੱਛਮ ਨਾਲ ਵਪਾਰ ਕਰਨ ਦੀ ਸਹਿਮਤੀ ਬਾਦਸ਼ਾਹ ਪਾਸੋਂ ਲਈ ਅਤੇ 1615 ਵਿਚ ਇੰਗਲੈਂਡ ਦੇ ਜੇਮਜ਼ ਪਹਿਲੇ ਨੇ ਆਪਣਾ ਰਾਜਦੂਤ ਇਸ ਦੇ ਦਰਬਾਰ ਵਿਚ ਭੇਜਿਆ।

ਸੰਨ 1611 ਵਿਚ ਜਹਾਂਗੀਰ ਨੇ ਮਿਰਜ਼ਾ ਗਿਆਸ ਬੇਗ ਦੀ ਧੀ ਅਤੇ ਬੰਗਾਲ ਦੇ ਫ਼ੌਜਦਾਰ ਸ਼ੇਰ ਅਫਗਾਨ ਦੀ ਵਿਧਵਾ ਮਿਹਰ ਉੱਲ ਨਿਸਾ ਨਾਲ ਨਿਕਾਹ ਕਰ ਲਿਆ। ਬਾਅਦ ਵਿਚ ਇਸ ਨੂੰ ਨੂਰ ਮਹਲ ਅਤੇ ਫੇਰ ਨੂਰ ਜਹਾਨ ਦਾ ਖਿਤਾਬ ਦਿੱਤਾ। ਸੰਨ 1613 ਵਿਚ ਨੂਰ ਜਹਾਨ ਨੂੰ 'ਬਾਦਸ਼ਾਹ ਬੇਗਮ' ਦਾ ਖਿਤਾਬ ਮਿਲਿਆ। ਸੰਨ 1614 ਵਿਚ ਜਹਾਂਗੀਰ ਨੇ ਮੇਵਾੜ ਵਿਚ ਰਾਜਪੂਤਾਂ ਦੀ ਤਾਕਤ ਦਾ ਪੂਰੀ ਤਰ੍ਹਾਂ ਖ਼ਾਤਮਾ ਕਰ ਦਿੱਤਾ। ਬਾਦਸ਼ਾਹ ਜਹਾਂਗੀਰ ਉਪਰ ਨੂਰ ਜਹਾਨ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ। ਹੌਲੀ-ਹੌਲੀ ਬਾਦਸ਼ਾਹ ਆਪ ਵਿਲਾਸਤਾ ਵਿਚ ਡੁਬਦਾ ਗਿਆ ਅਤੇ ਰਾਜ ਦਾ ਸਾਰਾ ਕੰਮ ਨੂਰਜਹਾਂ ਨੇ ਆਪਣੇ ਹੱਥਾਂ ਵਿਚ ਲੈ ਲਿਆ। ਸਿੱਕਿਆਂ ਉੱਪਰ ਬਾਦਸ਼ਾਹ ਦੇ ਨਾਉਂ ਦੇ ਨਾਲ ਬੇਗਮ ਨੂਰਜਹਾਂ ਦਾ ਨਾਮ ਵੀ ਆਉਣ ਲੱਗਾ। ਮਲਕਾ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਦਰਬਾਰ ਵਿਚ ਉੱਚੇ ਅਹੁਦੇ ਪ੍ਰਦਾਨ ਕੀਤੇ। ਨੂਰਜਹਾਂ ਵਲੀ ਅਹਿਦ ਸ਼ਹਿਜ਼ਾਦਾ ਖ਼ੁਰਮ ਦੀ ਥਾਂ ਜਹਾਂਗੀਰ ਦੇ ਛੋਟੇ ਪੁੱਤਰ ਅਤੇ (ਸ਼ੇਰ ਅਫ਼ਗਾਨ ਤੋਂ ਹੋਈ ਆਪਣੀ ਲੜਕੀ ਦੇ ਪਤੀ) ਆਪਣੇ ਜੁਆਈ ਸ਼ਹਿਰਯਾਰ ਨੂੰ ਤਖ਼ਤ ਤੇ ਬਿਠਾਉਣਾ ਚਾਹੁੰਦੀ ਸੀ। ਅਜਿਹੀਆਂ ਸਾਜ਼ਸ਼ਾਂ ਕਾਰਨ ਖ਼ੁਰਮ ਨੇ 1623 ਵਿਚ ਬਗਾਵਤ ਕਰ ਦਿੱਤੀ। ਸੰਨ 1626 ਵਿਚ ਦੋਹਾਂ ਧਿਰਾਂ ਵਿਚਕਾਰ ਸਮਝੌਤਾ ਹੋ ਗਿਆ ਅਤੇ ਬਗ਼ਾਵਤ ਦਬਾ ਦਿੱਤੀ ਗਈ। ਸੰਨ 1622 ਵਿਚ ਕੰਧਾਰ ਵਿਚ ਮੁੜ ਵਿਦਰੋਹ ਹੋਇਆ ਪਰ ਇਸੇ ਵੇਲੇ ਸ਼ਹਿਜ਼ਾਦਾ ਖ਼ੁਰਮ ਵਲੋਂ ਬਗ਼ਾਵਤ ਹੋਣ ਨਾਲ ਕੰਧਾਰ ਮੁਗ਼ਲ ਸਾਮਰਾਜ ਦੇ ਹੱਥੋਂ ਨਿਕਲ ਗਿਆ।

ਸੰਨ 1626 ਵਿਚ ਨੂਰਜਹਾਂ ਦੀਆਂ ਨੀਤੀਆਂ ਤੋਂ ਤੰਗ ਆ ਕੇ ਸੈਨਾਪਤੀ ਮਹਾਬਤ ਖ਼ਾਨ ਨੇ ਬਗ਼ਾਵਤ ਕੀਤੀ ਅਤੇ ਜਹਾਂਗੀਰ ਨੂੰ ਕੈਦ ਕਰ ਲਿਆ। ਅਜਿਹੇ ਨਾਜ਼ੁਕ ਹਾਲਾਤ ਵਿਚ ਨੂਰਜਹਾਂ ਨੇ ਆਪ ਫ਼ੌਜ ਦੀ ਕਮਾਨ ਸੰਭਾਲੀ ਪਰ ਮਹਾਬਤ ਖ਼ਾਨ ਦੇ ਹੱਥੋਂ ਹਾਰ ਗਈ ਅਤੇ ਆਪਣੇ ਪਤੀ ਨਾਲ ਹੀ ਕੈਦ ਕਰ ਦਿੱਤੀ ਗਈ। ਚਲਾਕੀ ਨਾਲ ਇਹ ਜਹਾਂਗੀਰ ਨੂੰ ਵੀ ਜੇਲ੍ਹ ਵਿਚੋਂ ਕੱਢਣ ਵਿਚ ਸਫ਼ਲ ਹੋ ਗਈ ਅਤੇ ਬਾਹਰ ਆ ਕੇ ਇਸ ਨੇ ਮਹਾਬਤ ਖ਼ਾਨ ਦੀ ਬਗ਼ਾਵਤ ਨੂੰ ਨਾ-ਕਾਮਯਾਬ ਕਰ ਦਿੱਤਾ।

ਮਾਰਚ, 1627 ਵਿਚ ਬਾਦਸ਼ਾਹ ਜਹਾਂਗੀਰ ਆਪਣੀ ਕਮਜ਼ੋਰ ਸਿਹਤ ਨੂੰ ਸੁਧਾਰਣ ਲਈ ਕਸ਼ਮੀਰ ਚਲਾ ਗਿਆ। ਬਹੁਤ ਸਾਰੇ ਪੱਛਮੀ/ਬਦੇਸ਼ੀ ਇਤਿਹਾਸਕਾਰਾਂ ਨੇ ਜਹਾਂਗੀਰ ਨੂੰ ਇਕ ਲਾਈਲੱਗ, ਜਰਵਾਣਾ, ਵਿਲਾਸੀ, ਸ਼ਰਾਬੀ, ਔਰਤ ਦਾ ਰਸੀਆ ਅਤੇ ਇਕ ਨਾ-ਕਾਮਯਾਬ ਬਾਦਸ਼ਾਹ ਵਜੋਂ ਬਿਆਨਿਆ ਹੈ ਪਰ ਦੂਜੇ ਪਾਸੇ ਹਿੰਦੁਸਤਾਨੀ ਇਤਿਹਾਸਕਾਰ ਇਸ ਨੂੰ ਇਕ ਨਿਆਂ-ਪਸੰਦ, ਸਾਊ ਅਤੇ ਪ੍ਰਭਾਵਸ਼ਾਲੀ ਬਾਦਸ਼ਾਹ ਮੰਨਦੇ ਹਨ ਜਿਸ ਨੇ ਕਿ ਨਿਆਂ-ਪੂਰਬਕ ਅਤੇ ਖੁੱਲ੍ਹ-ਦਿਲੀ ਨਾਲ ਰਾਜ ਕੀਤਾ। ਇਹ ਇਕ ਵਿਦਵਾਨ, ਸਭਿਅ, ਦਿਲਕਸ਼ ਅਤੇ ਖ਼ੁਸ਼-ਮਿਜ਼ਾਜ ਸ਼ਖ਼ਸੀਅਤ ਦਾ ਮਾਲਕ ਸੀ। ਇਸ ਦੀ ਲਿਖੀ ਆਤਮਕਥਾ 'ਤੁਜ਼ਕੇ ਜਹਾਂਗੀਰੀ' ਇਸ ਦੀ ਵਿਦਵਤਾ ਦੀ ਜਿਉਂਦੀ ਜਾਗਦੀ ਮਿਸਾਲ ਹੈ। ਕੁਦਰਤੀ ਚੀਜ਼ਾਂ ਨਾਲ ਇਸ ਨੂੰ ਅਥਾਹ ਪਿਆਰ ਸੀ। ਇਸੇ ਲਈ ਇਸ ਨੇ ਕਈ ਬਾਗ਼ ਲਗਵਾਏ। ਕਸ਼ਮੀਰ ਦੇ ਨਿਸ਼ਾਤ ਅਤੇ ਸ਼ਾਲਾਮਾਰ ਬਾਗ਼ ਇਸ ਦੀ ਮੂੰਹ ਬੋਲੀ ਤਸਵੀਰ ਹਨ। ਚਿੱਤਰਕਾਰੀ ਅਤੇ ਸੰਗੀਤ ਨੂੰ ਇਸ ਦੇ ਦਰਬਾਰ ਵਿਚ ਰੱਜਵਾਂ ਮਾਣ ਅਤੇ ਉੱਤਸ਼ਾਹ ਮਿਲਿਆ। ਚਿੱਤਰਕਾਰੀ ਵਿਚ ਬਾਦਸ਼ਾਹ ਨੂੰ ਆਪ ਵੀ ਨਿਪੁੰਨਤਾ ਹਾਸਲ ਸੀ। ਭਵਨ ਨਿਰਮਾਣਕਾਰੀ ਨੂੰ ਵੀ ਜਹਾਂਗੀਰ ਨੇ ਅੱਖੋਂ ਓਹਲੇ ਨਹੀਂ ਕੀਤਾ। ਸਿਕੰਦਰਾ ਵਿਖੇ ਬਾਦਸ਼ਾਹ ਅਕਬਰ ਦਾ ਮਕਬਰਾ ਇਸ ਦੀ ਨਿਰਮਾਣ-ਕਲਾ ਦਾ ਸੁੰਦਰ ਨਮੂਨਾ ਹੈ। ਲਾਹੌਰ ਵਿਖੇ ਇਕ ਸ਼ਾਨਦਾਰ ਮਸਜਿਦ ਦਾ ਵੀ ਨਿਰਮਾਣ ਕੀਤਾ ਗਿਆ।

ਕਈ ਇਤਿਹਾਸਕਾਰ ਜਹਾਂਗੀਰ ਨੂੰ ਇਕ ਅਯਾਸ਼ ਬਾਦਸ਼ਾਹ ਮੰਨਦੇ ਹਨ ਅਤੇ ਉਨ੍ਹਾਂ ਦਾ ਇਹ ਵੀ ਖ਼ਿਆਲ ਹੈ ਕਿ ਉਹ ਪੂਰੀ ਤਰ੍ਹਾਂ ਨੂਰਜਹਾਂ ਦੇ ਪ੍ਰਭਾਵ ਹੇਠ ਸੀ। ਇਨ੍ਹਾਂ ਬਾਰੇ ਨਿਰਣੈ-ਪੂਰਬਕ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਗੱਲਾਂ ਉਸ ਦੇ ਚਰਿੱਤਰ ਨੂੰ ਧੁੰਦਲਾ ਜ਼ਰੂਰ ਕਰਦੀਆਂ ਹਨ। ਧਾਰਮਿਕ ਮਾਮਲਿਆਂ ਵਿਚ ਵੀ ਇਹ ਵਧੇਰੇ ਕੱਟੜ ਨਹੀਂ ਸੀ। ਮੁਸਲਮਾਨਾਂ ਦੀ ਹਮਾਇਤ ਹਾਸਲ ਕਰਨ ਲਈ ਅਤੇ ਸ਼ਹਿਜ਼ਾਦਾ ਖ਼ੁਸਰੋ ਨੂੰ ਉਨ੍ਹਾਂ ਦੀ ਨਜ਼ਰ ਵਿਚ ਗਿਰਾਉਣ ਲਈ ਹੀ ਇਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਅਜਿਹਾ ਕੱਟੜ ਅਤੇ ਨਿਰਦਈ ਸਲੂਕ ਕੀਤਾ। ਜਹਾਂਗੀਰ ਚਾਹੇ ਇਕ ਸਫ਼ਲ ਬਾਦਸ਼ਾਹ, ਰਾਜ ਪ੍ਰਬੰਧਕ ਅਤੇ ਯੋਗ ਸੈਨਾਪਤੀ ਸੀ ਪਰ ਇਕ ਸੂਝਵਾਨ ਸਿਆਸਤਦਾਨ ਨਹੀਂ ਸੀ। ਇਸ ਵਿਚ ਆਪਣੇ ਪਿਤਾ ਵਰਗੀ ਪ੍ਰਤਿਭਾ ਅਤੇ ਆਦਰਸ਼ਾਂ ਦੀ ਘਾਟ ਸੀ।

ਸੰਨ 1627 ਵਿਚ ਕਸ਼ਮੀਰ ਤੋਂ ਵਾਪਸ ਲਾਹੌਰ ਪਰਤਦਿਆਂ ਇਹ ਜ਼ਿਆਦਾ ਬੀਮਾਰ ਹੋ ਗਿਆ ਅਤੇ ਭਿੰਬਰ ਵਿਖੇ ਇਸ ਦੀ 7 ਨਵੰਬਰ, 1627 ਨੂੰ 58 ਸਾਲ ਦੀ ਉਮਰ ਵਿਚ ਮੌਤ ਹੋ ਗਈ। ਲਾਹੌਰ ਨੇੜੇ ਸ਼ਾਹਦਰੇ ਦੇ ਇਕ ਸੁੰਦਰ ਬਾਗ਼ ਵਿਚ ਇਸ ਨੂੰ ਦਫ਼ਨਾਇਆ ਗਿਆ ਜਿਸ ਉਪਰ ਬੇਗਮ ਨੂਰਜਹਾਂ ਨੇ ਇਕ ਸੁੰਦਰ ਮਕਬਰਾ ਬਣਵਾਇਆ।

ਹ. ਪੁ. -ਦੀ ਮੁਗ਼ਲ ਇੰਪਾਇਰ—ਡਾ. ਏ. ਐਲ. ਸ੍ਰੀ ਵਾਸਤਵਾ : 526; ਐਨ. ਅਮੈ. 15 : 666 ; ਐਨ. ਬ੍ਰਿ. ਮਾ. 6 : 471 ; ਹਿੰ. ਵਿ. ਕੋ. 4 : 437 ; ਏ. ਸਿੰਪਲ ਹਿਸਟਰੀ ਆਫ਼ ਮੀਡੀਵਲ ਇੰਡੀਆ—ਫੋਰ ਆਥਰਜ਼ : 182

**ਜਹਾਂਗੀਰ ਖ਼ਾਨ** : ਇਸ ਉੱਘੇ ਤਬਲਾਵਾਦਕ ਦਾ ਜਨਮ 1864 ਵਿਚ ਬਨਾਰਸ ਵਿਖੇ ਹੋਇਆ। ਇਹ ਪਹਿਲਾ ਤਬਲਾਵਾਦਕ ਸੀ, ਜਿਸ ਨੂੰ 1959 ਵਿਚ ਰਾਸ਼ਟਰਪਤੀ ਅਵਾਰਡ ਪ੍ਰਾਪਤ ਹੋਇਆ। ਇਸੇ ਸਾਲ ਹੀ ਸੰਗੀਤ ਨਾਟਕ ਅਕਾਦਮੀ ਨੇ ਇਸ ਨੂੰ 'ਪ੍ਰਮੁੱਖ ਵਾਦਕ' ਦਾ ਖ਼ਿਤਾਬ ਦੇ ਕੇ ਸਨਮਾਨਿਤ ਕੀਤਾ। ਇਹ ਪਹਿਲਾ ਕਲਾਕਾਰ ਸੀ, ਜਿਸ ਨੂੰ ਇੰਦਰਾ ਸੰਗੀਤ ਯੂਨੀਵਰਸਿਟੀ ਨੇ ਸੰਗੀਤ ਦੀ ਡਾਕਟਰੇਟ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ।

11 ਮਈ, 1976 ਨੂੰ ਇੰਦੌਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਇੰ. 1 : 516

**ਜਹਾਂਗੀਰ ਦੀ ਅਦਲ ਦੀ ਜ਼ੰਜੀਰ** : ਮੁਗ਼ਲ ਸਮਰਾਟ ਅਕਬਰ ਦੇ ਬੇਟੇ ਤੇ ਭਾਰਤ ਵਿਚ 1605 ਤੋਂ 1627 ਤਕ ਰਾਜ ਕਰਨ ਵਾਲੇ ਇਸ ਇਨਸਾਫ਼ ਪਸੰਦ ਬਾਦਸ਼ਾਹ ਦਾ ਜਨਮ 30 ਅਗਸਤ, 1569 ਨੂੰ ਹੋਇਆ ਸੀ। ਇਨਸਾਫ਼ ਕਰਨ ਸਮੇਂ ਇਹ ਅਮੀਰ ਤੇ ਗਰੀਬ ਵਿਚਕਾਰ ਕੋਈ ਫ਼ਰਕ ਨਹੀਂ ਸਮਝਦਾ ਸੀ। ਕਿਹਾ ਜਾਂਦਾ ਹੈ ਕਿ ਸਜ਼ਾ ਦੇਣ ਸਮੇਂ ਇਹ ਸ਼ਹਿਜ਼ਾਦਿਆਂ ਨਾਲ ਵੀ ਆਮ ਜਨਤਾ ਵਰਗਾ ਸਲੂਕ ਕਰਦਾ ਸੀ। ਇਹ ਅਕਸਰ ਕਿਹਾ ਕਰਦਾ ਸੀ ਕਿ 'ਹੇ ਅੱਲਾ ਮੈਨੂੰ ਇਹੋ ਜਿਹੀ ਸੁਮੱਤ ਬਖ਼ਸ਼ ਕਿ ਮੈਂ ਇਨਸਾਫ਼ ਕਰਨ ਸਮੇਂ ਅਮੀਰ ਤੇ ਗ਼ਰੀਬ ਵਿਚ ਫ਼ਰਕ ਨਾ ਕਰ ਸਕਾਂ।' ਇਸ ਗੱਲ ਦੀ ਪੁਸ਼ਟੀ ਇਸ ਦੀ ਸਵੈ-ਜੀਵਨੀ ਅਤੇ ਸਮਕਾਲੀ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਵੀ ਹੋ ਜਾਂਦੀ ਹੈ ਕਿ ਉਹ ਇਨਸਾਫ਼ ਕਰਨ ਸਮੇਂ ਹਮੇਸ਼ਾ ਨਿਰਪੱਖ ਰਹਿੰਦਾ ਸੀ। ਸਜ਼ਾਏ ਮੌਤ ਦਾ ਹੁਕਮ ਉਸ ਨੇ ਆਪਣੇ ਕੋਲ ਰੱਖਿਆ ਹੋਇਆ ਸੀ।

ਇਸ ਨੇ ਹਰ ਫ਼ਰਿਆਦੀ ਨੂੰ ਸਿੱਧੇ ਆਪਣੇ ਕੋਲ ਆਉਣ ਦੀ ਆਗਿਆ ਦਿੱਤੀ ਹੋਈ ਸੀ ਤੇ ਇਸ ਮੰਤਵ ਲਈ ਇਸ ਨੇ ਫ਼ਰਿਆਦੀਆਂ ਦੇ ਇਕੱਠੇ ਹੋਣ ਲਈ ਜਮਨਾ ਦਰਿਆ ਦੇ ਕੰਢੇ ਸੜਕ ਉੱਤੇ ਇਕ ਚੌਕੀ ਵੀ ਬਣਾਈ ਹੋਈ ਸੀ। ਇਸ ਚੌਕੀ ਤੋਂ ਆਗਰੇ ਦੇ ਕਿਲੇ ਵਿਚ ਸ਼ਾਹ ਬੁਰਜ ਤਕ ਇਕ ਸੋਨੇ ਦੀ ਜ਼ੰਜੀਰ ਬੰਨ੍ਹੀ ਹੋਈ ਸੀ ਤੇ ਉਸ ਨਾਲ ਘੰਟੀਆਂ ਲਗਾਈਆਂ ਹੋਈਆਂ ਸਨ। ਇਹ ਜ਼ੰਜੀਰ 30 ਗਜ਼ ਲੰਮੀ ਸੀ ਤੇ ਇਸ ਦਾ ਵਜ਼ਨ ਚਾਰ ਮਣ ਸੀ। ਜਦੋਂ ਵੀ ਕੋਈ ਫ਼ਰਿਆਦੀ ਇਸ ਜ਼ੰਜੀਰ ਨੂੰ ਖਿੱਚਦਾ ਸੀ ਤਾਂ ਘੰਟੀਆਂ ਵੱਜਣ ਲੱਗ ਜਾਂਦੀਆਂ ਸਨ। ਘੰਟੀਆਂ ਦੀ ਆਵਾਜ਼ ਸੁਣ ਕੇ ਇਹ ਉਸ ਫ਼ਰਿਆਦੀ ਨੂੰ ਬੁਲਾ ਲੈਂਦਾ ਸੀ ਤੇ ਉਸ ਦੀ ਗੱਲ ਧਿਆਨ ਨਾਲ ਸੁਣ ਕੇ ਉਸ ਦੀ ਫ਼ਰਿਆਦ ਦਾ ਤੁਰੰਤ ਨਿਪਟਾਰਾ ਕਰ ਦਿੰਦਾ ਸੀ। ਇਸੇ ਜ਼ੰਜੀਰ ਨੂੰ ਜਹਾਂਗੀਰ ਦੀ ਅਦਲ ਦੀ ਜ਼ੰਜੀਰ ਕਰਕੇ ਜਾਣਿਆ ਜਾਂਦਾ ਹੈ।

ਹ. ਪੁ.—ਭਾਰਤ ਦਾ ਮੁਗ਼ਲ ਇਤਿਹਾਸ : 292,95

**ਜਹਾਂਗੀਰਾਬਾਦ** : ਇਹ ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਬੁਲੰਦ-ਸ਼ਹਿਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਬੁਲੰਦ ਸ਼ਹਿਰ ਤੋਂ ਲਗਭਗ 22 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਸ਼ਹਿਰ ਨੂੰ ਅਨੂਪ ਸ਼ਹਿਰ ਦੇ ਬਾਨੀ ਅਨੂਪਰਾਇ ਨੇ ਬਾਦਸ਼ਾਹ ਜਹਾਂਗੀਰ ਦੇ ਨਾਉਂ ਤੇ ਵਸਾਇਆ ਸੀ। ਸ਼ਹਿਰ ਵਿਚ ਇਕ ਚੰਗੀ ਪ੍ਰਫੁੱਲਤ ਅਨਾਜ ਮੰਡੀ ਹੈ। ਇਥੇ ਸੂਤੀ ਕੱਪੜੇ ਦੀ ਛਪਾਈ ਦਾ ਕੰਮ ਹੁੰਦਾ ਹੈ ਜਿਸ ਵਿਚ ਵਧੀਆ ਕਿਸਮ ਦੀਆਂ ਚਾਦਰਾਂ, ਪਲੰਘਪੋਸ਼, ਪਰਦਿਆਂ ਦਾ ਕੱਪੜਾ ਅਤੇ ਹੋਰ ਕੱਪੜਾ ਆਦਿ ਤਿਆਰ ਕੀਤਾ ਜਾਂਦਾ ਹੈ।

ਆਬਾਦੀ—37,981 (1991)

28° 24′ ਉ. ਵਿਥ. ; 78° 6′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 13 : 378

**ਜਹਾਜ਼, ਸਮੁੰਦਰੀ** : ਸਮੁੰਦਰੀ ਆਵਾਜਾਈ ਜਾਂ ਦੂਜੇ ਮੁਲਕਾਂ ਦੀ ਯਾਤਰਾ ਲਈ ਪ੍ਰਾਚੀਨ ਕਾਲ ਤੋਂ ਹੀ ਵੱਡੀਆਂ-ਵੱਡੀਆਂ ਕਿਸ਼ਤੀਆਂ ਦਾ ਇਸਤੇਮਾਲ ਹੁੰਦਾ ਆ ਰਿਹਾ ਹੈ। ਇਹ ਕਿਸ਼ਤੀਆਂ ਲੱਕੜ ਦੀਆਂ ਬਣੀਆਂ ਹੁੰਦੀਆਂ ਸਨ ਪਰ ਅਜੋਕੇ ਵਿਗਿਆਨਕ ਯੁੱਗ ਵਿਚ ਬਹੁਤ ਵੱਡੇ, ਆਰਾਮਦੇਹ, ਲੋਹੇ ਦੇ ਬਣੇ ਅਤੇ ਇੰਜਣਾਂ ਨਾਲ ਚੱਲਣ ਵਾਲੇ ਸਮੁੰਦਰੀ ਜਹਾਜ਼ ਬਣਾਏ ਗਏ ਹਨ। ਇਸ ਖੇਤਰ ਵਿਚ ਨਿਰੰਤਰ ਵਿਕਾਸ ਹੋ ਰਿਹਾ ਹੈ।

**ਆਧੁਨਿਕ ਜਹਾਜ਼ਾਂ ਦਾ ਵਰਗੀਕਰਨ**

ਜਹਾਜ਼ ਨੂੰ ਜਿਸ ਕੰਮ ਲਈ ਇਸਤੇਮਾਲ ਕਰਨਾ ਹੈ, ਉਸ ਅਨੁਸਾਰ ਹੀ ਉਸ ਦਾ ਡਿਜ਼ਾਈਨ ਤੇ ਨਿਰਮਾਣ ਕੀਤਾ ਜਾਂਦਾ ਹੈ। ਕੰਮ ਦੇ ਆਧਾਰ ਉੱਤੇ ਜਹਾਜ਼ਾਂ ਦਾ ਵਰਗੀਕਰਨ ਹੇਠ ਅਨੁਸਾਰ ਕੀਤਾ ਜਾਂਦਾ ਹੈ—

**ਢੋਆ-ਢੁਆਈ ਤੇ ਆਵਾਜਾਈ ਜਹਾਜ਼**

**(ੳ) ਯਾਤਰੂ ਜਹਾਜ਼**—ਇਹ ਜਹਾਜ਼ ਦੁਨੀਆ ਦੀ ਇਕ ਬੰਦਰਗਾਹ ਤੋਂ ਦੂਜੀ ਬੰਦਰਗਾਹ ਤੱਕ ਯਾਤਰੀਆਂ ਨੂੰ ਲੈ ਜਾਣ ਅਤੇ ਲਿਆਉਣ ਦਾ ਕੰਮ ਕਰਦੇ ਹਨ। ਇਨ੍ਹਾਂ ਰਾਹੀਂ ਸਾਮਾਨ ਬਹੁਤ ਘੱਟ ਢੋਇਆ ਜਾਂਦਾ ਹੈ ਕਿਉਂਕਿ ਇਸ ਦੇ ਵਧੇਰੇ ਹਿੱਸੇ ਵਿਚ ਸਵਾਰੀਆਂ ਦੇ ਠਹਿਰਨ ਅਤੇ ਆਰਾਮ ਲਈ ਹਰ ਕਿਸਮ ਦਾ ਪ੍ਰਬੰਧ ਕੀਤਾ ਹੁੰਦਾ ਹੈ (ਚਿੱਤਰ 1) ਇਨ੍ਹਾਂ ਦੀ ਰਫ਼ਤਾਰ 14 ਤੋਂ 30 ਨੱਟ ਮੀਲ (ਜਾਂ ਸਿਰਫ਼ ਨੱਟ) ਤੱਕ ਹੁੰਦੀ ਹੈ (ਇਕ ਨੱਟ = 1852 ਮੀਟਰ)।




ਚਿੱਤਰ 1. ਯਾਤਰੂ ਜਹਾਜ਼

**(ਅ) ਵਪਾਰੀ ਜਹਾਜ਼**—ਇਹ ਆਮ ਕਰਕੇ ਹਲਕਾ ਤੇ ਛੋਟਾ ਮੋਟਾ ਮਾਲ ਢੋਣ ਦਾ ਕੰਮ ਕਰਦੇ ਹਨ, ਭਾਵ ਇਨ੍ਹਾਂ ਵਿਚ ਬਹੁਤ ਘੱਟ ਸਵਾਰੀਆਂ ਦੇ ਠਹਿਰਨ ਦਾ ਪ੍ਰਬੰਧ ਹੁੰਦਾ ਹੈ। ਸਮਾਨ ਦੀ ਚੜ੍ਹਾਈ

ਉੱਤਰਾਈ ਲਈ ਇਨ੍ਹਾਂ ਉੱਤੇ ਕਰੇਨਾਂ ਲੱਗੀਆਂ ਹੁੰਦੀਆਂ ਹਨ (ਚਿੱਤਰ 2)। ਇਨ੍ਹਾਂ ਦੀ ਰਫ਼ਤਾਰ 10 ਤੋਂ 15 ਨਾੱਟ ਤੱਕ ਹੁੰਦੀ ਹੈ।




**ਚਿੱਤਰ 2. ਵਪਾਰੀ ਜਹਾਜ਼**

**(ੲ) ਮਾਲ ਜਹਾਜ਼**—ਇਨ੍ਹਾਂ ਦਾ ਨਿਰਮਾਣ ਅਕਸਰ ਭਾਰੀ ਸਾਮਾਨ ਦੀ ਢੋਆ-ਢੁਆਈ ਕਰਨ ਲਈ ਕੀਤਾ ਜਾਂਦਾ ਹੈ। ਖੁਲ੍ਹੇ ਮਾਲ ਜਿਵੇਂ ਅਨਾਜ, ਕੋਲਾ, ਧਾਤਾਂ ਆਦਿ ਨੂੰ ਡੈੱਕ ਉਪਰ ਬਣੇ ਵੱਡੇ-ਵੱਡੇ ਗੋਦਾਮਾਂ ਵਿਚ ਭਰਕੇ ਢੱਕਣ ਬੰਦ ਕਰ ਦਿੱਤਾ ਜਾਂਦਾ ਹੈ, ਬੰਨ੍ਹਿਆ ਹੋਇਆ ਸਾਮਾਨ ਗੋਦਾਮਾਂ ਵਿਚ ਚਿਣ ਦਿੱਤਾ ਜਾਂਦਾ ਹੈ। ਸਾਮਾਨ ਉਤਾਰਨ ਤੋਂ ਬਾਅਦ ਅਜਿਹੇ ਜਹਾਜ਼ ਹਲਕੇ ਹੋ ਜਾਂਦੇ ਹਨ, ਇਸ ਲਈ ਉਨ੍ਹਾਂ ਦੇ ਢੋਡਾਈ ਵਾਲੇ ਪਾਸੇ ਬਣੇ ਖਾਸ ਖਾਨਿਆਂ ਵਿਚ ਮਿੱਟੀ, ਰੋੜੀ, ਪਾਣੀ ਆਦਿ ਭਰ ਦਿੱਤਾ ਜਾਂਦਾ ਹੈ ਤਾਂ ਜੋ ਸਮੁੰਦਰ ਵਿਚ ਇਹ ਠੀਕ ਤਰ੍ਹਾਂ ਤੈਰਦੇ ਰਹਿ ਸਕਣ। ਇਸ ਕਿਰਿਆ ਨੂੰ ਨੀਰਮ ਤਰਨ ਕਹਿੰਦੇ ਹਨ (ਚਿੱਤਰ 3)। ਇਨ੍ਹਾਂ ਦੀ ਰਫ਼ਤਾਰ ਆਮ ਕਰਕੇ 10 ਤੋਂ 15 ਨਾੱਟ ਦੇ ਵਿਚਕਾਰ ਹੁੰਦੀ ਹੈ।




**ਚਿੱਤਰ 3. ਮਾਲ ਜਹਾਜ਼**

**(ਸ) ਟੈਂਕੀ ਜਹਾਜ਼ ਜਾਂ ਟੈਂਕਰ**—ਇਨ੍ਹਾਂ ਰਾਹੀਂ ਪੈਟਰੋਲ, ਬਾਲਣ, ਤੇਲ, ਸੀਰਾ ਆਦਿ ਢੋਇਆ ਜਾਂਦਾ ਹੈ। ਇਨ੍ਹਾਂ ਉੱਤੇ ਅਕਸਰ ਟੈਂਕੀਆਂ ਬਣੀਆਂ ਹੁੰਦੀਆਂ ਹਨ ਅਤੇ ਤਰਲਾਂ ਨੂੰ ਕੱਢਣ ਲਈ ਥਾਂ ਥਾਂ ਪੰਪ ਵੀ ਲੱਗੇ ਹੁੰਦੇ ਹਨ। ਇਨ੍ਹਾਂ ਜਹਾਜ਼ਾਂ ਵਿਚ ਇੰਜਣ ਸਭ ਤੋਂ ਪਿਛਲੇ ਭਾਗ ਵਿਚ ਲਗਾਇਆ ਜਾਂਦਾ ਹੈ ਤਾਂ ਜੋ ਪੈਟਰੋਲ ਆਦਿ ਨੂੰ ਅੱਗ ਨਾ ਲੱਗ ਜਾਵੇ। ਇਨ੍ਹਾਂ ਉੱਤੇ ਕੋਈ ਕਰੇਨ ਨਹੀਂ ਹੁੰਦੀ ਸਗੋਂ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਇਕ ਲੰਬਾ ਪੁਲ ਬਣਿਆ ਹੁੰਦਾ ਹੈ ਤਾਂ ਜੋ, ਜੇਕਰ ਸਮੁੰਦਰ




**ਚਿੱਤਰ 4. ਟੈਂਕੀ ਜਹਾਜ਼ ਜਾਂ ਟੈਂਕਰ**

ਦੀਆਂ ਲਹਿਰਾਂ ਦਾ ਪਾਣੀ ਡੈੱਕ ਉੱਤੇ ਆ ਵੀ ਜਾਵੇ ਤਾਂ ਜਹਾਜ਼ ਦੇ ਕਾਮੇ ਇਧਰ ਉੱਧਰ ਆ ਜਾ ਸਕਣ (ਚਿੱਤਰ 4)। ਇਨ੍ਹਾਂ ਦੀ ਰਫ਼ਤਾਰ 10 ਤੋਂ 20 ਨਾੱਟ ਤੱਕ ਹੁੰਦੀ ਹੈ।

**ਜੰਗ ਨਾਲ ਸਬੰਧਤ ਜਹਾਜ਼**

**(ੳ) ਜੰਗੀ ਜਹਾਜ਼**—ਇਨ੍ਹਾਂ ਉੱਤੇ ਵੱਡੀਆਂ ਵੱਡੀਆਂ ਤੋਪਾਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਦੀ ਰਫ਼ਤਾਰ ਵਧੇਰੇ ਹੋਣ ਕਰਕੇ ਅਤੇ ਚਾਰੇ ਪਾਸਿਆਂ ਉੱਤੇ ਮੋਟੀਆਂ ਚਾਦਰਾਂ ਦੀ ਤਹਿ ਚੜ੍ਹੀ ਹੋਣ ਕਰਕੇ ਇਨ੍ਹਾਂ ਦੀ ਚੈਸੀ ਉੱਤੇ ਬਹੁਤਾ ਪ੍ਰਤਿਬਲ ਪੈਂਦਾ ਹੈ। ਇਨ੍ਹਾਂ ਦੇ ਠੀਕ ਵਿਚਕਾਰਲੇ ਹਿੱਸੇ ਵਿਚ ਚਿਮਨੀ ਦੇ ਚਾਰੇ ਪਾਸੇ ਬਾਕੀ ਜ਼ਰੂਰੀ ਹਿੱਸੇ ਬਣਾ ਦਿੱਤੇ ਜਾਂਦੇ ਹਨ ਤਾਂ ਕਿ ਇਸ ਉੱਤੇ ਲੱਗੀਆਂ ਤੋਪਾਂ ਦੇ ਗੋਲਿਆਂ ਦੇ ਰਸਤੇ ਵਿਚ ਕਿਸੇ ਕਿਸਮ ਦੀ ਰੁਕਾਵਟ ਨਾ ਆਵੇ (ਚਿੱਤਰ 5)। ਇਨ੍ਹਾਂ ਦੀ ਲੰਬਾਈ 183 ਮੀ. ਤੋਂ 275 ਮੀ. ਦੇ ਵਿਚਕਾਰ ਹੁੰਦੀ ਹੈ ਅਤੇ ਪਾਣੀ ਦਾ ਵਿਸਥਾਪਨ ਲਗਭਗ 30 ਤੋਂ 50 ਹਜ਼ਾਰ ਮੀ. ਟਨ ਦੇ ਵਿਚਕਾਰ ਹੁੰਦਾ ਹੈ।




**ਚਿੱਤਰ 5. ਜੰਗੀ ਜਹਾਜ਼**

**(ਅ) ਹਵਾਈ ਜਹਾਜ਼ ਕੈਰੀਅਰ**—ਇਨ੍ਹਾਂ ਦੇ ਸਮਤਲ ਡੈੱਕ ਉੱਤੇ ਅਨੇਕਾਂ ਪ੍ਰਕਾਰ ਦੇ ਬੰਬ, ਰਾਕਿਟ, ਤਾਰਪੀਡੋ ਅਤੇ ਸਮੁੰਦਰੀ ਸੁਰੰਗਾਂ ਰੱਖੀਆਂ ਹੁੰਦੀਆਂ ਹਨ ਤਾਂ ਜੋ ਇਥੋਂ ਹੀ ਉਡਾਣਾਂ ਭਰਕੇ ਦੁਸ਼ਮਣ ਉੱਤੇ ਦੂਰ ਦੂਰ ਤੱਕ ਹਮਲਾ ਕਰ ਸਕਣ। ਇਨ੍ਹਾਂ ਜਹਾਜ਼ਾਂ ਉੱਤੇ ਸਵੈ-ਰੱਖਿਆ ਲਈ ਵੀ ਕੁਝ ਤੋਪਾਂ ਲੱਗੀਆਂ ਹੁੰਦੀਆਂ ਹਨ ਪਰੰਤੂ ਫਿਰ ਇਹ ਜਹਾਜ਼ ਵੱਡੀਆਂ ਵੱਡੀਆਂ ਜੰਗੀ ਤੋਪਾਂ ਦੇ ਪਹਿਰੇ ਥੱਲੇ ਹੀ ਕੰਮ ਕਰਦੇ ਹਨ (ਚਿੱਤਰ 6)। ਇਨ੍ਹਾਂ ਜਹਾਜ਼ਾਂ ਦਾ ਪਾਣੀ ਵਿਸਥਾਪਨ ਲਗਭਗ 20 ਤੋਂ 50 ਹਜ਼ਾਰ ਮੀ. ਟਨ ਹੁੰਦਾ ਹੈ ਅਤੇ ਲੰਬਾਈ 213 ਮੀ. ਤੋਂ 305 ਮੀ. ਦੇ ਵਿਚਕਾਰ ਹੁੰਦੀ ਹੈ।




**ਚਿੱਤਰ 6. ਹਵਾਈ ਜਹਾਜ਼ ਕੈਰੀਅਰ**

**(ੲ) ਬੇੜਾ ਨਾਸ਼ਕ ਜਹਾਜ਼**—ਇਨ੍ਹਾਂ ਜਹਾਜ਼ਾਂ ਦਾ ਕੰਮ ਦੁਸ਼ਮਣ ਦੀਆਂ ਪਨਡੁੱਬੀਆਂ ਤੋਂ ਵੱਡੇ ਵੱਡੇ ਲੜਾਕੇ ਜਹਾਜ਼ਾਂ ਦੀ ਰੱਖਿਆ ਅਤੇ ਤਾਰਪੀਡੋ ਨਾਲ ਦੁਸ਼ਮਣਾਂ ਉੱਤੇ ਹਮਲਾ ਕਰਨ ਦੇ ਨਾਲ ਨਾਲ ਆਪਣੇ



**ਚਿੱਤਰ 7. ਬੇੜਾ ਨਾਸ਼ਕ ਜਹਾਜ਼**

ਜੰਗੀ ਬੇੜੇ ਦੇ ਅੱਗੇ ਅੱਗੇ ਸੂਹ ਲੈਣਾ ਹੈ। ਆਕਾਰ ਵਿਚ ਛੋਟੇ ਹੋਣ ਕਰਕੇ ਸਾਫ਼ ਮੌਸਮ ਵਿਚ ਤਾਂ ਇਹ ਬਹੁਤ ਤੇਜ਼ ਰਫ਼ਤਾਰ ਨਾਲ ਚਲ

ਸਕਦੇ ਹਨ ਪਰੰਤੂ ਤੂਫ਼ਾਨੀ ਮੌਸਮ ਵਿਚ ਬੜੀ ਸਾਵਧਾਨੀ ਰੱਖਣੀ ਪੈਂਦੀ ਹੈ (ਚਿੱਤਰ 7)। ਇਨ੍ਹਾਂ ਦੀ ਲੰਬਾਈ ਲਗਭਗ 110 ਮੀ. ਅਤੇ ਪਾਣੀ ਦਾ ਵਿਸਥਾਪਨ 2500 ਤੋਂ 3000 ਮੀ. ਟਨ ਤੱਕ ਹੁੰਦਾ ਹੈ।

**(ਸ) ਪਨਡੁੱਬੀਆਂ**—ਪਨਡੁੱਬੀਆਂ ਦੁਸ਼ਮਣ ਦੇ ਜੰਗੀ ਜਹਾਜ਼ਾਂ, ਮਾਲ ਜਹਾਜ਼ਾਂ ਅਤੇ ਸੈਨਾ ਦੀ ਆਵਾਜਾਈ ਵਾਲੇ ਜਹਾਜ਼ਾਂ ਉੱਤੇ ਲੁਕ ਛੁਪਕੇ ਹਮਲੇ ਕਰਕੇ ਉਨ੍ਹਾਂ ਨੂੰ ਪਰੇਸ਼ਾਨ ਕਰਦੀਆਂ ਹਨ ਜਾਂ ਨੁਕਸਾਨ ਪਹੁੰਚਾਉਂਦੀਆਂ ਹਨ। ਇਹ ਪਾਣੀ ਦੇ ਅੰਦਰ ਚੁੱਭੀ ਮਾਰਕੇ ਆਪਣੇ ਜੰਗੀ ਬੇੜੇ ਤੋਂ ਬਹੁਤ ਅੱਗੇ ਦੂਰ ਤੱਕ ਜਾ ਕੇ ਉਥੋਂ ਦੀ ਸੂਹ ਲੈ ਆਉਂਦੀਆਂ ਹਨ (ਚਿੱਤਰ 8)। ਇਨ੍ਹਾਂ ਦੀ ਲੰਬਾਈ ਲਗਭਗ 45 ਮੀ. ਤੋਂ 90 ਮੀ. ਅਤੇ ਪਾਣੀ ਦਾ ਵਿਸਥਾਪਨ 250 ਤੋਂ 4500 ਮੀ. ਟਨ ਦੇ ਵਿਚਕਾਰ ਹੁੰਦਾ ਹੈ।




**ਚਿੱਤਰ 8. ਪਨਡੁੱਬੀ**

**(ਹ) ਸੁਰੰਗ ਨਿਵਾਰਕ ਜਹਾਜ਼**—ਇਹ ਜਹਾਜ਼ ਦੁਸ਼ਮਣ ਦੁਆਰਾ ਵਿਛਾਈਆਂ ਗਈਆਂ ਵਿਸਫ਼ੋਟਕ ਸਮੁੰਦਰੀ ਸੁਰੰਗਾਂ ਨੂੰ ਆਪਣੇ ਜੰਗੀ ਬੇੜੇ ਦੇ ਅੱਗੇ ਅੱਗੇ ਰਹਿ ਕੇ ਸਾਫ਼ ਕਰਦੀਆਂ ਰਹਿੰਦੀਆਂ ਹਨ। ਆਪਣੇ ਬਚਾਉ ਲਈ ਇਨ੍ਹਾਂ ਉੱਤੇ ਕੁਝ ਤੋਪਾਂ ਵੀ ਲੱਗੀਆਂ ਹੁੰਦੀਆਂ ਹਨ (ਚਿੱਤਰ 9)। ਇਨ੍ਹਾਂ ਦਾ ਪਾਣੀ ਵਿਸਥਾਪਨ ਲਗਭਗ 750 ਤੋਂ 1200 ਮੀ. ਟਨ ਤੱਕ ਅਤੇ ਲੰਬਾਈ 45 ਮੀ. ਤੋਂ 70 ਮੀ. ਹੁੰਦੀ ਹੈ।




**ਚਿੱਤਰ 9 : ਸੁਰੰਗ ਨਿਵਾਰਕ ਜਹਾਜ਼**

**(ਕ) ਕਰੂਜ਼ਰ ਜਾਂ ਗਸ਼ਤੀ ਜਹਾਜ਼**—ਜੰਗੀ ਜਹਾਜ਼ਾਂ ਨਾਲੋਂ ਛੋਟੇ ਹੋਣ ਦੇ ਬਾਵਜੂਦ ਇਹ ਹਰੇਕ ਤਰ੍ਹਾਂ ਦੀ ਜੰਗ ਵਿਚ ਸੁਤੰਤਰਤਾ ਪੂਰਵਕ ਹਿੱਸਾ ਲੈ ਸਕਦੇ ਹਨ। ਇਨ੍ਹਾਂ ਵਿਚ ਹਮਲਾ ਕਰਨ ਅਤੇ ਪੈਂਤਰਾ ਬਦਲਣ ਦਾ ਗੁਣ ਹੁੰਦਾ ਹੈ ਭਾਵ ਇਨ੍ਹਾਂ ਦੀ ਗਤੀ ਕਾਫ਼ੀ ਜ਼ਿਆਦਾ ਹੁੰਦੀ ਹੈ। ਇਨ੍ਹਾਂ ਦੀਆਂ ਟਰੇਟਾਂ ਉੱਤੇ ਦਰਮਿਆਨੀ ਕਿਸਮ ਦੀਆਂ ਤੋਪਾਂ ਲੱਗੀਆਂ ਹੁੰਦੀਆਂ ਹਨ ਜਿਹੜੀਆਂ ਹਰ ਇਕ ਮੌਸਮ ਵਿਚ ਠੀਕ ਤਰ੍ਹਾਂ ਕੰਮ ਕਰਦੀਆਂ ਹਨ (ਚਿੱਤਰ 10)। ਇਨ੍ਹਾਂ ਦੀ ਲੰਬਾਈ 137 ਮੀ. ਤੋਂ 215 ਮੀ. ਅਤੇ ਪਾਣੀ ਦਾ ਵਿਸਥਾਪਨ ਲਗਭਗ 4000 ਤੋਂ 16000 ਮੀ. ਟਨ ਦੇ ਵਿਚਕਾਰ ਹੁੰਦਾ ਹੈ।




**ਚਿੱਤਰ 10. ਗਸ਼ਤੀ ਜਹਾਜ਼ ਜਾਂ ਕਰੂਜ਼ਰ ਜਹਾਜ਼**

**(ਖ) ਹੋਰ ਜਹਾਜ਼**—ਉਪਰੋਕਤ ਜਹਾਜ਼ਾਂ ਤੋਂ ਇਲਾਵਾਂ ਦੁਸ਼ਮਣ ਦਾ ਨੁਕਸਾਨ ਕਰਨ ਵਾਲੀਆਂ ਸੁਰੰਗਾਂ ਵਿਛਾਉਣ ਲਈ ਵੀ ਜਹਾਜ਼ ਬਣਾਏ ਜਾਂਦੇ ਹਨ। ਸੁਰੰਗਾਂ ਵਿਛਾਉਣ ਦਾ ਕੰਮ ਹਵਾਈ ਜਹਾਜ਼ਾਂ, ਜੰਗੀ ਜਹਾਜ਼ਾਂ ਅਤੇ ਪਨਡੁੱਬੀਆਂ ਨਾਲ ਵੀ ਕੀਤਾ ਜਾ ਸਕਦਾ ਹੈ। ਸਮੁੰਦਰੀ ਬੇੜਿਆਂ ਦੇ ਨਾਲ ਜੰਗੀ ਸਾਮਾਨ ਅਤੇ ਤੇਲ ਪਹੁੰਚਾਉਣ ਜਾਂ ਸੈਨਾ ਦੀ ਆਵਾਜਾਈ ਵਾਲੇ ਜਹਾਜ਼ ਵੀ ਹੁੰਦੇ ਹਨ।

**ਤਟਵਰਤੀ ਅਤੇ ਜਹਾਜ਼ਰਾਨੀ ਕਿਸ਼ਤੀਆਂ**—ਇਸ ਵਰਗ ਵਿਚ ਡੁੱਬ ਰਹੇ ਜਹਾਜ਼ਾਂ ਨੂੰ ਬਾਹਰ ਕੱਢਣ ਵਾਲੇ ਜਹਾਜ਼ ਸਮੁੰਦਰੀ ਤਾਰਾਂ ਵਿਛਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਵਾਲੇ ਜਹਾਜ਼, ਤਟਵਰਤੀ ਯਾਤਰੀਆਂ ਵਾਲੇ ਛੋਟੇ ਜਹਾਜ਼, ਭੋਜਨ ਸਾਮੱਗਰੀ ਲੈ ਜਾਣ ਵਾਲੇ ਜਹਾਜ਼ ਜਾਲ ਖਿੱਚਣ ਵਾਲੀਆਂ ਕਿਸ਼ਤੀਆਂ ਅਤੇ ਪੱਤਣੀ ਬੇੜੀਆਂ ਆਦਿ ਸ਼ਾਮਲ ਹਨ।

**ਜਹਾਜ਼ੀ ਢਾਂਚੇ ਦੇ ਮੁੱਖ ਹਿੱਸੇ**—ਇਹ ਚਿੱਤਰ 11 ਵਿਚ ਠੀਕ ਢੰਗ ਰਾਹੀ ਦਰਸਾਏ ਗਏ ਹਨ। ਜਹਾਜ਼ ਦਾ ਥੱਲਾ ਲੋਹੇ ਜਾਂ ਢਲਵੇਂ ਸਟੀਲ ਤੋਂ ਤਿੰਨ ਤਰੀਕਿਆਂ ਨਾਲ ਬਣਾਇਆ ਜਾਂਦਾ ਹੈ, ਭਾਵ ਇਕਹਿਰੀਆਂ ਮੋਟੀਆਂ ਛੜਾਂ, ਚਪਟੀਆਂ ਪੱਟੀਆਂ ਅਤੇ ਪਲੇਟਾਂ ਰਾਹੀਂ। ਇਹੋ ਹੀ ਸਭ ਤੋਂ ਹੇਠਲਾ ਮੂਲ ਹਿੱਸਾ ਹੈ ਜਿਸ ਦੇ ਸਹਾਰੇ ਬਾਕੀ ਦਾ ਸਮੁੱਚਾ ਢਾਂਚਾ ਖੜ੍ਹਾ ਰਹਿੰਦਾ ਹੈ।

ਜਹਾਜ਼ ਦੇ ਪੇਂਦੇ ਨੂੰ ਉੱਤਲੇ ਹਿੱਸੇ ਨਾਲ ਜੋੜਨ ਵਾਲੀਆਂ ਸ਼ਤੀਰੀਆਂ ਅਨੇਕਾਂ ਪ੍ਰਕਾਰ ਦੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚ ਜਿਹੜਾ ਪ੍ਰਮੁੱਖ ਹੁੰਦਾ ਹੈ ਉਹ ਜਹਾਜ਼ ਦੇ ਪੇਂਦੇ ਦੀ ਮੱਧ ਰੇਖਾ ਉੱਤੇ ਖੜ੍ਹੇ ਦਾਅ ਲਗਾਇਆ ਜਾਂਦਾ ਹੈ। ਇਹ ਸਭ ਸਮੁੱਚੇ ਪੇਂਦੇ ਨੂੰ ਸਹਾਰਾ ਦੇਂਦੇ ਹਨ। ਜਹਾਜ਼ ਦੇ ਥੱਲੇ ਦੇ ਅਗਲੇ ਸਿਰੇ ਨੂੰ ਮੱਲ ਜੋੜ ਰਾਹੀਂ ਉਪਰ ਚੁੱਕਿਆ ਹੁੰਦਾ ਹੈ, ਜਿਹੜਾ ਕਿ ਢਾਲਵੇਂ ਸਟੀਲ ਦਾ ਬਣਾ ਕੇ ਜੋੜਿਆ ਜਾਂਦਾ ਹੈ। ਇਸ ਨੂੰ ਪਿਛਲਾ ਭਾਗ ਕਿਹਾ ਜਾਂਦਾ ਹੈ। ਇਸ ਵਿਚ ਸ਼ਤੀਰੀਆਂ ਨਾਲ ਖਾਨੇ ਬਣਾ ਕੇ ਬਾਹਰੋਂ ਚੰਗੀ ਤਰ੍ਹਾਂ ਪਲੇਟਾਂ ਮੇਲ ਕੇ ਜੜ੍ਹ ਦਿੱਤੀਆਂ ਜਾਂਦੀਆਂ ਹਨ। ਪਿਛਲੇ ਪਾਸੇ ਵੱਲ ਜਿਹੜਾ ਖੜ੍ਹਾ ਭਾਗ ਹੁੰਦਾ ਹੈ ਉਹ ਵੀ ਇਸੇ ਤਰ੍ਹਾਂ ਜੋੜਿਆ ਜਾਂਦਾ ਹੈ। ਇਸ ਨੂੰ ਪਿਛਲਾ ਸਤੰਭ ਜਾਂ ਖੰਬਾ ਕਹਿੰਦੇ ਹਨ। ਰੇਡਾਰ ਨੂੰ ਸਹਾਰਾ ਦੇਣ ਲਈ ਅਤੇ ਤਿੰਨ ਪ੍ਰੋਪੈਲਰਾਂ ਵਾਲੇ ਜਹਾਜ਼ ਵਿਚ ਵਿਚਕਾਰਲੇ ਪ੍ਰੋਪੈਲਰ ਦੇ ਘੁੰਮਣ ਲਈ ਵੀ ਇਸ ਵਿਚ ਥਾਂ ਰੱਖੀ ਹੁੰਦੀ ਹੈ। ਜਹਾਜ਼ ਦੇ ਸਮੁੱਚੇ ਢਾਂਚੇ ਦੀ ਬਣਤਰ ਐਂਗਲ ਆਇਰਨ ਅਤੇ ਫੱਟੀਆਂ ਜਾਂ ਪੱਤੀਆਂ ਤੋਂ ਬਣੇ ਪਿੰਜਰੇ ਵਾਲੀ ਹੁੰਦੀ ਹੈ। ਇਹ ਪਿੰਜਰੇ ਦੂਹਰੇ ਹੁੰਦੇ ਹਨ, ਇਕ ਅੰਦਰਵਾਰ ਤੇ ਦੂਜਾ ਬਾਹਰਵਾਰ। ਇਨ੍ਹਾਂ ਨੂੰ ਆਪਸ ਵਿਚ ਜੋੜਨ ਦੀ ਵਿਧੀ ਚਿੱਤਰ ਵਿਚ ਦਰਸਾਈ ਗਈ ਹੈ। ਜਿਨ੍ਹਾਂ ਥਾਵਾਂ ਉੱਤੇ ਜਹਾਜ਼ ਦਾ ਹੇਠਲਾ ਫਲੋਰ ਜਾਂ ਫਰਸ਼ ਟਿਕਦਾ ਹੈ, ਉਹ ਬਾਹਰਲੇ ਅਤੇ ਅੰਦਰਲੇ ਪਿੰਜਰਿਆਂ ਦੇ ਵਿਚਕਾਰ

ਖੜ੍ਹੇ ਦਾਅ ਲਗਾਏ ਜਾਂਦੇ ਹਨ। ਇਨ੍ਹਾਂ ਦੇ ਸਦਕਾ ਹੀ ਪੇਂਦਾ ਬਹੁਤ



ਚਿੱਤਰ 11. ਜਹਾਜ਼ ਦਾ ਥੱਲਾ

ਮਜ਼ਬੂਤ ਬਣ ਜਾਂਦਾ ਹੈ। ਜਹਾਜ਼ ਦੇ ਦੋਨੋਂ ਪਾਸਿਆਂ ਦੇ ਪਿੰਜਰਿਆਂ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਦੇ ਵਿਚਕਾਰ ਲੰਬੀਆਂ ਪੱਤੀਆਂ ਜਾਂ ਸ਼ਤੀਰੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਲੰਬੀਆਂ ਪੱਤੀਆਂ ਜਹਾਜ਼ ਦੇ ਪਿੰਜਰ ਤੋਂ ਐਂਗਲ ਪਲੇਟਾਂ ਦੇ ਨਾਲ ਰਿਬਟਾਂ ਰਾਹੀਂ ਜੜ੍ਹ ਦਿੱਤੀਆਂ ਜਾਂਦੀਆਂ ਹਨ। ਸੰਪੂਰਨ ਜਹਾਜ਼ ਦਾ ਪਿੰਜਰ ਕਈ ਭਾਗਾਂ ਵਿਚ ਬਣਾ ਕੇ, ਹਰ ਇਕ ਦੇ ਉਪਰਲੇ ਸਿਰੇ ਉੱਤੇ ਵੀ ਇਕ ਸ਼ਤੀਰੀ ਲਗਾ ਦਿੱਤੀ ਜਾਂਦੀ ਹੈ ਜਿਹੜੀ ਉਪਰਲੇ ਡੈੱਕ ਨੂੰ ਸਹਾਰਾ ਦਿੰਦੀ ਹੈ।



ਚਿੱਤਰ 12. ਖੰਭਿਆਂ ਵਾਲਾ ਢਾਂਚਾ

ਜਿਹੜੇ ਜਹਾਜ਼ਾਂ ਵਿਚ ਇਕ ਤੋਂ ਵੱਧ ਡੈੱਕ ਹੁੰਦੇ ਹਨ, ਉਨ੍ਹਾਂ ਵਿਚ ਹਰ ਇਕ ਡੈੱਕ ਨੂੰ ਸੰਭਾਲਣ ਲਈ ਹਰ ਇਕ ਭਾਗ ਵਿਚ ਇਕ ਇਕ ਸ਼ਤੀਰੀ ਲਗਾਈ ਜਾਂਦੀ ਹੈ। ਉਪਰਲੀ ਡੈੱਕ ਸਾਰੀ ਦੀ ਸਾਰੀ ਸਟੀਲ ਦੀਆਂ ਪਲੇਟਾਂ ਦੀ ਬਣੀ ਹੁੰਦੀ ਹੈ ਅਤੇ ਉਸ ਉੱਤੇ ਲੱਕੜ ਦੇ ਤਖ਼ਤੇ ਜੜ ਦਿੱਤੇ ਜਾਂਦੇ ਹਨ। ਹੇਠਲੇ ਡੈੱਕ ਲੱਕੜ ਦੇ ਫੱਟਿਆਂ ਦੇ ਹੀ ਬਣਾਏ ਜਾਂਦੇ ਹਨ। ਕੁਝ ਜਹਾਜ਼ਾਂ ਵਿਚ ਹੇਠਲੇ ਡੈੱਕ ਵੀ ਸਟੀਲ ਦੀਆਂ ਪਲੇਟਾਂ ਦੇ ਹੀ ਬਣਾਏ ਜਾਂਦੇ ਹਨ। ਜਹਾਜ਼ ਦੇ ਪਿੰਜਰੇ ਦੀਆਂ ਆਡੇ-ਦਾਅ ਸ਼ਤੀਰੀਆਂ ਦੇ ਵਿਚਕਾਰ ਉਨ੍ਹਾਂ ਨੂੰ ਮਜ਼ਬੂਤੀ ਦੇਣ ਲਈ ਸਟੀਲ ਦਾ ਇਕ ਇਕ ਖੰਭਾ ਲਗਾ ਦਿੱਤਾ ਜਾਂਦਾ ਹੈ। ਜਿਨ੍ਹਾਂ ਜਹਾਜ਼ਾਂ ਦੀ ਚੌੜਾਈ ਵਧੇਰੇ ਹੁੰਦੀ ਹੈ ਉਨ੍ਹਾਂ ਦੇ ਵਿਚਕਾਰ ਵਾਲੇ ਖੰਭੇ ਦੇ ਦੋਨੋਂ ਪਾਸੇ ਇਕ ਖੰਭਾ ਹੋਰ ਲਗਾ ਦਿੱਤਾ ਜਾਂਦਾ ਹੈ। ਮਾਲ ਢੋਣ ਵਾਲੇ ਜਹਾਜ਼ਾਂ ਦੇ ਗੋਦਾਮਾਂ ਵਿਚ ਵਧੇਰੇ ਖੁਲ੍ਹੀ ਥਾਂ ਦੀ ਲੋੜ ਪੈਂਦੀ ਹੈ, ਉਨ੍ਹਾਂ ਵਿਚ ਖੰਭਿਆਂ ਦੀ ਥਾਂ ਹੋਰ ਅਨੇਕਾਂ ਵਿਧੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਚਿੱਤਰ (12) ਵਿਚ ਅਜਿਹਾ ਇਕ ਖੰਭਾ ਲਗਾਇਆ ਗਿਆ ਜਦੋਂ ਕਿ ਚਿੱਤਰ (13) ਵਿਚ ਕੋਈ ਵੀ ਖੰਭਾ ਨਹੀਂ ਲਗਾਇਆ ਗਿਆ।



ਚਿੱਤਰ 13. ਖੰਭੇ ਰਹਿਤ ਢਾਂਚਾ

**ਨਿਤਲ-ਪੱਟੀ**—ਇਹ ਜਹਾਜ਼ ਦੀ ਬਾਹਰਲੀ ਸਤ੍ਹਾ ਤੋਂ ਬਾਹਰ ਵੱਲ ਨਿਕਲੀ ਹੁੰਦੀ ਹੈ। ਇਨ੍ਹਾਂ ਕਰਕੇ ਜਹਾਜ਼ ਦੇ ਖੋਲ ਦੇ ਰਿੜ੍ਹਨ ਵਿਚ ਕਾਫ਼ੀ ਰੁਕਾਵਟ ਹੁੰਦੀ ਹੈ। ਇਨ੍ਹਾਂ ਨਾਲ ਰਿੜ੍ਹਨ ਗਤੀ ਬਿਲਕੁਲ ਤਾਂ ਨਹੀਂ ਰੁਕਦੀ ਪਰੰਤੂ ਕਾਫ਼ੀ ਘੱਟ ਜਾਂਦੀ ਹੈ, ਜਹਾਜ਼ ਦੇ ਪੇਂਦੇ ਉੱਤੇ ਪੂਰੀ ਲੰਬਾਈ ਵਿਚ ਸਟੀਲ ਦੀਆਂ ਪਲੇਟਾਂ ਨੂੰ ਬ੍ਰੈਕਟਾਂ ਰਾਹੀਂ ਜੜ ਕੇ ਸਮੁੰਦਰੀ ਜਹਾਜ਼ ਦੇ ਡੱਬਿਆਂ ਵਿਚਕਾਰਲੀ ਕੰਧ ਬਣਾ ਕੇ ਪਾਣੀ ਰੋਕੂ ਕਮਰੇ ਬਣਾਏ ਜਾਂਦੇ ਹਨ। ਇਨ੍ਹਾਂ ਦੀ ਉਚਾਈ ਦੂਹਰੇ ਥੱਲੇ ਵਾਲੇ ਪੇਂਦੇ ਤੋਂ ਲੈ ਕੇ ਸਮੁੰਦਰੀ ਪਾਣੀ ਦੀ ਸਤ੍ਹਾ ਤੱਕ ਹੁੰਦੀ ਹੈ। ਜਦੋਂ ਕਿਸੇ ਹਾਦਸੇ ਨਾਲ ਜਹਾਜ਼ ਦੀ ਸਤ੍ਹਾ ਵਿਚ ਕਿਸੇ ਥਾਂ ਸੁਰਾਖ਼ ਹੋ ਜਾਂਦਾ ਹੈ ਤਾਂ ਸਮੁੰਦਰੀ ਪਾਣੀ ਕੇਵਲ ਉਸ ਦੇ ਨਾਲ ਵਾਲੇ ਕਮਰੇ ਵਿਚ ਭਰਦਾ ਹੈ ਅਤੇ ਬਾਕੀ ਸਾਰਾ ਜਹਾਜ਼ ਬਚਿਆ ਰਹਿੰਦਾ ਹੈ। ਕਈ ਵਾਰੀ ਜਹਾਜ਼ ਦੀ ਲੰਬਾਈ ਵਾਲੇ ਪਾਸੇ ਲੱਦੇ ਹੋਏ ਮਾਲ ਦਾ ਸੰਤੁਲਨ ਠੀਕ ਕਰਨ ਲਈ ਕਿਸੇ ਇਕ

ਕਮਰੇ ਵਿਚ ਜਾਣ ਬੁਝਕੇ ਪਾਣੀ ਭਰ ਦਿੱਤਾ ਜਾਂਦਾ ਹੈ। ਕਈ ਪੁਰਾਣੇ




**ਚਿੱਤਰ 14. ਛੱਤ ਵਾਲਾ ਦਰਵਾਜ਼ਾ**

ਜਹਾਜ਼ਾਂ ਵਿਚ ਤਾਂ ਇਹ ਕਮਰੇ ਇਸ ਤਰ੍ਹਾਂ ਬਣੇ ਹੁੰਦੇ ਸਨ ਕਿ ਇਨ੍ਹਾਂ ਦੀਆਂ ਛੱਤਾਂ ਉੱਤੇ ਇਕ ਤੋਂ ਦੂਜੇ ਕਮਰੇ ਵਿਚ ਜਾਣ ਲਈ ਸੁਰਾਖ਼ ਰੱਖੇ




**ਚਿੱਤਰ 15. ਦੀਵਾਰ ਵਾਲਾ ਦਰਵਾਜ਼ਾ**

ਹੁੰਦੇ ਸਨ (ਚਿੱਤਰ 14)। ਅਜੋਕੇ ਆਧੁਨਿਕ ਜਹਾਜ਼ਾਂ ਦੀਆਂ ਦੀਵਾਰਾਂ ਵਿਚ ਹੀ ਦਰਵਾਜ਼ੇ ਲਗਾ ਦਿੱਤੇ ਜਾਂਦੇ ਹਨ (ਚਿੱਤਰ 15)। ਇਹ ਸੁਰਾਖ਼ ਅਤੇ ਦਰਵਾਜ਼ੇ ਰਬੜ ਦੀਆਂ ਪੱਟੀਆਂ ਅਤੇ ਕਲੈਂਪ ਲਗਾਕੇ ਬਿਲਕੁਲ ਪਾਣੀ ਸਹਿ ਬਣਾਏ ਜਾਂਦੇ ਹਨ।

ਵਪਾਰਕ ਜਹਾਜ਼ ਵਿਚ ਵੱਧ ਤੋਂ ਵੱਧ ਤਿੰਨ ਡੈੱਕ ਹੁੰਦੇ ਹਨ। ਇਕ ਡੈੱਕ ਵਾਲੇ ਜਹਾਜ਼ ਦੀ ਥੱਲੇ ਤੋਂ ਡੈੱਕ ਤੱਕ ਉਚਾਈ 4. 572 ਮੀ. (15 ਫੁੱਟ), ਦੋ ਡੈੱਕ ਵਾਲੇ ਜਹਾਜ਼ ਦੀ 7. 315 ਮੀ. (24 ਫੁੱਟ) ਅਤੇ ਤਿੰਨ ਡੈੱਕ ਵਾਲੇ ਜਹਾਜ਼ ਦੀ 10.668 ਮੀ. (35 ਫੁੱਟ) ਦੇ ਲਗਭਗ ਹੁੰਦੀ ਹੈ।

**ਜਹਾਜ਼ਾਂ ਦੀ ਬਾਹਰਲੀ ਸਤ੍ਹਾ**—ਇਹ ਸਟੀਲ ਦੀਆਂ ਚਾਦਰਾਂ ਦੀ ਬਣੀ ਹੁੰਦੀ ਹੈ। ਇਸ ਦੀ ਮੋਟਾਈ ਜਹਾਜ਼ ਦੀ ਕਿਸਮ ਅਨੁਸਾਰ, ਉਸ ਵਿਚ ਭਰੇ ਜਾਣ ਵਾਲੇ ਮਾਲ ਅਤੇ ਜਿਸ ਭਾਗ ਵਿਚ ਇਹ ਲੱਦਿਆ ਜਾਂਦਾ ਹੈ, ਉਸ ਥਾਂ ਦੇ ਪਾਣੀ ਦੇ ਦਬਾਉ ਦੇ ਅਨੁਪਾਤ ਨਾਲ ਨਿਰਧਾਰਤ ਕੀਤੀ ਜਾਂਦੀ ਹੈ। ਜਹਾਜ਼ ਦੇ ਪੇਂਦੇ ਅਤੇ ਫ਼੍ਰੇਮ ਦੇ ਹੇਠਲੀਆਂ ਪਲੇਟਾਂ, ਜਿਨ੍ਹਾਂ ਨੂੰ ਪੇਰਜ ਵੀ ਕਹਿੰਦੇ ਹਨ, ਸਭ ਤੋਂ ਮੋਟੀਆਂ ਰੱਖੀਆਂ ਜਾਂਦੀਆਂ ਹਨ। ਮੰਦਾਨ ਅਤੇ ਕੁਦਾਸ ਦੇ ਨੇੜੇ ਦੀਆਂ ਪਲੇਟਾਂ ਵੀ ਕਾਫ਼ੀ ਮੋਟੀਆਂ ਹੁੰਦੀਆਂ ਹਨ। ਇਨ੍ਹਾਂ ਦੀ ਵੱਧ ਤੋਂ ਵੱਧ ਮੋਟਾਈ 25 ਮਿ. ਮੀ. (1 ਇੰਚ) ਹੁੰਦੀ ਹੈ। ਸਤ੍ਹਾ ਪਲੇਟਾਂ ਦੀ ਮੋਟਾਈ ਇਕ ਇੰਚ ਦੇ 20 ਵੇਂ ਭਾਗ ਦੇ ਬਰਾਬਰ ਰੱਖੀ ਜਾਂਦੀ ਹੈ।

**ਜਹਾਜ਼ ਦੀ ਚੌੜਾਈ**—ਜਹਾਜ਼ ਦੇ ਵਿਚਕਾਰਲੇ ਹਿੱਸੇ ਵਿਚ ਹੇਠਲੇ ਪਾਸੇ ਵੱਲ ਸਭ ਤੋਂ ਵੱਧ ਚੌੜਾਈ ਹੁੰਦੀ ਹੈ। ਉਪਰ ਵੱਲ ਨੂੰ ਇਹ ਚੌੜਾਈ ਲਗਾਤਾਰ ਘਟਦੀ ਜਾਂਦੀ ਹੈ। ਜਹਾਜ਼ ਦੇ ਵਿਚਕਾਰਲੇ ਭਾਗ ਦਾ ਝੁਕਾਅ ਜਹਾਜ਼ ਦੇ ਵੱਖ ਵੱਖ ਹਿੱਸਿਆਂ ਦੇ ਨਾਂ ਚਿੱਤਰ (16) ਵਿਚ ਦਰਸਾਏ ਗਏ ਹਨ।

**ਸਵਾਰੀ ਜਹਾਜ਼**—ਚਿੱਤਰ (17) ਵਿਚ ਇਕ ਵੱਡੇ ਯਾਤਰੀ ਜਹਾਜ਼ ਦੇ ਵੱਖ ਵੱਖ ਡੈੱਕਾਂ ਦਾ ਵਿਵਰਣ ਦਿਖਾਇਆ ਗਿਆ ਹੈ। ਇਨ੍ਹਾਂ ਵਿਚ ਉਸ ਦਾ ਮੁੱਖ ਢਾਂਚਾ, ਦੋਹਰਾ ਪਿੰਜਰਾ ਅਤੇ ਲੰਬੀਆਂ ਪੱਟੀਆਂ ਆਦਿ ਵਿਚਕਾਰਲੀ ਡੈੱਕ ਤੱਕ ਹੀ ਪਹੁੰਚਦੀਆਂ ਹਨ। ਜਹਾਜ਼ ਦਾ ਉਪਰਲਾ ਡੈੱਕ ਜਿਸ ਉਪਰ ਚਹਿਲਕਦਮੀ ਕੀਤੀ ਜਾ ਸਕਦੀ ਹੈ ਅਤੇ ਕਿਸ਼ਤੀ ਡੈੱਕ ਦੀ ਉਸਾਰੀ ਆਮ ਕਰਕੇ ਉਪਰਲੇ ਢਾਂਚੇ ਦੇ ਰੂਪ ਵਿਚ ਉਪਰਲੇ ਅਤੇ ਖੁਲ੍ਹੇ ਡੈੱਕ ਉੱਤੇ ਕੀਤੀ ਜਾਂਦੀ ਹੈ। ਵੱਡੇ ਯਾਤਰੀ ਜਹਾਜ਼, ਮਾਲ ਜਹਾਜ਼ ਦੇ ਲਿਹਾਜ਼ ਨਾਲ ਵਧੇਰੇ ਭਾਰੀ ਹੋਣ ਦੇ ਨਾਲ ਨਾਲ ਸਮੁੰਦਰੀ ਸਤ੍ਹਾ ਤੋਂ ਉੱਚੇ ਤਰਦੇ ਹਨ। ਇਨ੍ਹਾਂ ਨੂੰ ਵਧੇਰੇ ਮਜ਼ਬੂਤੀ ਅਤੇ ਸਾਵਧਾਨੀ ਨਾਲ ਬਣਾਉਣਾ ਪੈਂਦਾ ਹੈ ਤਾਂ ਜੋ ਦੁਰਘਟਨਾ ਹੋਣ ਤੇ ਵੀ ਸਮੁੰਦਰੀ ਪਾਣੀ ਇਨ੍ਹਾਂ ਦੇ ਅੰਦਰ ਨਾ ਜਾ ਸਕੇ।

**ਜੰਗੀ ਜਹਾਜ਼ਾਂ ਦੀ ਬਣਾਵਟ**—ਤਾਰਪੀਡੋ ਕਿਸ਼ਤੀਆਂ ਅਤੇ ਜੰਗੀ ਜਹਾਜ਼ਾਂ ਦੇ ਪਿੰਜਰਾਂ ਦੀ ਬਣਾਵਟ ਵੀ ਉਸੇ ਢੰਗ ਦੀ ਹੁੰਦੀ ਹੈ ਜਿਸ ਤਰ੍ਹਾਂ ਸਵਾਰੀ ਜਹਾਜ਼ਾਂ ਦੀ ਪਰੰਤੂ ਇਨ੍ਹਾਂ ਨੂੰ ਇੰਨਾ ਮਜ਼ਬੂਤ ਬਣਾਇਆ ਜਾਂਦਾ ਹੈ ਕਿ ਵੱਡੇ ਵੱਡੇ ਇੰਜਣਾਂ ਦੀ ਚਾਲ, ਤੋਪਾਂ ਦੇ ਧਮਾਕੇ



**ਜਹਾਜ਼ੀ ਪਰਿਭਾਸ਼ਾਵਾਂ**

**ਚਿੱਤਰ 16. ਜਹਾਜ਼ ਦੇ ਭਾਗਾਂ ਦੇ ਨਾਂ**

ਅਤੇ ਹੋਰ ਕੰਪਨਾਂ ਦੇ ਪ੍ਰਭਾਵ ਆਸਾਨੀ ਨਾਲ ਸਹਾਰ ਸਕਣ। ਇਨ੍ਹਾਂ ਦੇ ਥੱਲਿਆਂ ਨੂੰ ਚਪਟੀਆਂ ਪਲੇਟਾਂ ਤੋਂ ਤਿਆਰ ਕਰਕੇ, ਇਸ ਦੇ ਅਗਲੇ ਅਤੇ ਪਿਛਲੇ ਸਿਰਿਆਂ ਨੂੰ ਕੁਦਾਸ ਦੀਆਂ ਝਿਰੀਆਂ ਵਿਚ ਫਸਾ ਕੇ ਮੋੜ ਦਿੱਤਾ ਜਾਂਦਾ ਹੈ। ਫਿਰ ਇਨ੍ਹਾਂ ਨੂੰ ਮੱਲ ਜੋੜ ਰਾਹੀਂ ਪੱਕਾ ਕਰ ਦਿੱਤਾ ਜਾਂਦਾ ਹੈ। ਥੱਲੇ ਦੀਆਂ ਬਾਹਰਲੀਆਂ ਅਤੇ ਅੰਦਰਲੀਆਂ ਪਲੇਟਾਂ ਨੂੰ ਪਿੰਜਰੇ ਦੇ ਨਾਲ ਟੱਕਰ ਜੋੜ ਜਾਂ ਬੱਟ ਜੋੜ ਨਾਲ ਕਸ ਦਿੱਤਾ ਜਾਂਦਾ ਹੈ ਅਤੇ ਸਤ੍ਹਾ ਦੀਆਂ ਪਲੇਟਾਂ ਨੂੰ ਹੇਠਾਂ ਥੱਲੇ ਨਾਲ ਜੜ ਦਿੱਤਾ ਜਾਂਦਾ ਹੈ। ਹਥਿਆਰਾਂ ਦੇ ਗੋਦਾਮਾਂ ਅਤੇ ਯੰਤਰਾਂ ਦੀ ਉਚਾਈ ਦੀ ਸਤ੍ਹਾ ਤੱਕ ਬਚਾਉ ਲਈ ਸਟੀਲ ਦੀਆਂ ਪਲੇਟਾਂ ਲਗਾ ਦਿੱਤੀਆਂ ਜਾਂਦੀਆਂ ਹਨ। ਸਭ ਤੋਂ ਅਗਲੀ ਦੀਵਾਰ ਅਤੇ ਪਿਛਲੇ ਹਿੱਸੇ ਦੇ ਵਿਚਕਾਰੋਂ ਜਹਾਜ਼ ਦਾ ਕਾਟ-ਚਿੱਤਰ ਦਿਖਾਇਆ ਗਿਆ ਹੈ ਜਿਸ ਨਾਲ ਇਸ ਦੀ ਬਣਾਵਟ ਦਾ ਕਾਫ਼ੀ ਗਿਆਨ ਹੋ ਜਾਂਦਾ ਹੈ। ਚਿੱਤਰ (18) ਵਿਚ ਫ਼ਾਇਰ-ਟਿਊਬ ਜਾਂ ਅਗਨੀ ਪਾਈਪ ਬਾਇਲਰ ਲਗਾਉਣ ਦੀ ਵਿਧੀ ਦੱਸੀ ਗਈ ਹੈ।



ਚਿੱਤਰ 17. ਜਹਾਜ਼ ਦੇ ਡੈੱਕ



ਚਿੱਤਰ 18. ਫਾਇਰ ਟਿਊਬ ਜਾਂ ਅਗਨੀ ਪਾਈਪ ਲਗਾਉਣ ਦੀ ਵਿਧੀ



ਚਿੱਤਰ 19.

ਚਿੱਤਰ 19: ਵਿਚ ਕ੍ਰਮਵਾਰ ਸਵਾਰੀਆਂ ਦੇ ਰਹਿਣ ਦੀ ਥਾਂ, ਮਾਲ ਅਤੇ ਜੰਗੀ ਸਾਮਾਨ ਆਦਿ ਲਈ ਵਿਸ਼ੇਸ਼ ਹਿੱਸਿਆਂ ਦਾ ਵਰਣਨ ਕੀਤਾ ਗਿਆ ਹੈ।

ਹ. ਪੁ. -ਹਿੰ. ਵਿ. ਕੋ. 4 : 438

**ਜਹਾਜ਼ਗੜ੍ਹ** : ਇਸਨੂੰ ਹੁਸੈਨਗੰਜ ਵੀ ਕਿਹਾ ਜਾਂਦਾ ਹੈ। ਇਹ ਭਾਰਤ ਦੇ ਹਰਿਆਣਾ ਰਾਜ ਵਿਚ ਜ਼ਿਲ੍ਹਾ ਰੋਹਤਕ ਦਾ ਇਕ ਪਿੰਡ ਹੈ ਜਿਸ ਦੀ ਨੀਂਹ ਜਾਰਜ ਟਾਮਸ ਨੇ ਰੱਖੀ। ਇਸਨੂੰ ਕਈ ਵਾਰੀ ਜਹਾਜ਼ਗੜ੍ਹ ਵੀ ਕਹਿ ਦਿੱਤਾ ਜਾਂਦਾ ਸੀ। ਜਾਰਜ ਟਾਮਸ ਨੇ ਝੱਜਰ ਅਤੇ ਬੇਰੀ ਨਗਰਾਂ ਨੂੰ ਦਬਾਉਣ ਲਈ ਇਕ ਕਿਲਾ ਬਣਵਾਇਆ। ਇਸ ਕਿਲੇ ਨੂੰ ਲੂਈ ਬਾਰਕੁਈਨ ਦੇ ਅਧੀਨ ਮਰਾਠਾ ਫ਼ੌਜ ਨੇ ਘੇਰ ਕੇ ਕਬਜ਼ਾ ਕੀਤਾ। ਸਾਲ ਵਿਚ ਦੋ ਵਾਰੀ ਪਸ਼ੂਆਂ ਦੀ ਮੰਡੀ ਲੱਗਣ ਕਰਕੇ ਵੀ ਇਹ ਆਲੇ-ਦੁਆਲੇ ਦੇ ਇਲਾਕੇ ਵਿਚ ਮਸ਼ਹੂਰ ਹੈ।

28° 37' ਉ. ਵਿਥ.; 76° 36' ਪੂ. ਲੰਬ.

ਹ. ਪੁ.-ਪੰਜਾਬ ਡਿਸਟ੍ਰਿਕਟ ਸੋਸ਼ਲ ਹੈਂਡਬੁੱਕ (ਰੋਹਤਕ ਜ਼ਿਲ੍ਹਾ) ਇੰਪ. ਗ. ਇੰਡ. .12. 210

**ਜਹਾਜ਼ਪੁਰ**: ਇਹ ਭਾਰਤ ਦੇ ਰਾਜਸਥਾਨ ਰਾਜ ਦੇ ਬੂੰਦੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਦਿਓਲੀ ਛਾਉਣੀ ਤੋਂ ਲਗਭਗ 10 ਕਿ. ਮੀ. ਦੱਖਣ-ਪੱਛਮ ਵੱਲ ਸਥਿਤ ਹੈ। ਕਿਸੇ ਸਮੇਂ ਇਹ ਭਾਰਤ ਦੀ ਸਾਬਕਾ ਰਿਆਸਤ ਉਦੇਪੁਰ (ਰਾਜਪੂਤਾਨਾ) ਦੀ ਉੱਤਰ-ਪੱਛਮੀ ਨੁਕਰ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੁੰਦਾ ਸੀ। ਸ਼ਹਿਰ ਦੇ ਸਾਹਮਣੇ ਕਰਕੇ ਇਕ ਪਹਾੜੀ ਚੋਟੀ ਉੱਤੇ ਇਕ ਵੱਡਾ ਅਤੇ ਮਜ਼ਬੂਤ ਕਿਲਾ ਹੈ। ਇਹ ਕਿਲਾ ਕਿਸੇ ਸਮੇਂ ਇਕ ਦੱਰੇ ਦੀ, ਜਿਹੜਾ ਕਿ ਇਕ ਮਹੱਤਵਪੂਰਨ ਪੂਰਬੀ ਰਸਤਾ ਸੀ, ਦੀ ਰਖਵਾਲੀ ਕਰਦਾ ਸੀ। ਕਿਲੇ ਦੁਆਲੇ ਦੋ ਫਸੀਲਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਦੁਆਲੇ ਖਾਈਆਂ ਹਨ।

ਇਤਿਹਾਸਿਕ ਪੱਖ ਤੋਂ ਕਿਹਾ ਜਾਂਦਾ ਹੈ ਕਿ ਇਹ ਸ਼ਹਿਰ ਪਹਿਲਾਂ ਰਾਣਾ ਪਰਤਾਪ ਕੋਲ ਸੀ ਅਤੇ 1567 ਦੇ ਲਗਭਗ ਬਾਦਸ਼ਾਹ ਅਕਬਰ ਨੇ ਇਸ ਉੱਤੇ ਕਬਜ਼ਾ ਕਰਕੇ ਕੁਝ ਸਾਲਾਂ ਬਾਅਦ ਇਹ ਸ਼ਹਿਰ ਜਾਗੀਰ ਵਜੋਂ ਰਾਣਾ ਦੇ ਛੋਟੇ ਭਰਾ ਜਗਪਾਲ ਨੂੰ ਦੇ ਦਿੱਤਾ। ਅਠਾਰ੍ਹਵੀਂ ਸਦੀ ਵਿਚ ਇਹ ਥੋੜ੍ਹੀ ਦੇਰ ਲਈ ਸ਼ਾਹਪੁਰ ਦੇ ਰਾਜੇ ਦੇ ਅਧੀਨ ਵੀ ਰਿਹਾ ਅਤੇ 1806 ਵਿਚ ਇਸ ਉੱਤੇ ਕੋਟੇ ਦੇ ਮਸ਼ਹੂਰ ਦੀਵਾਨ ਜ਼ਾਲਮ ਸਿੰਘ ਦਾ ਕਬਜ਼ਾ ਹੋ ਗਿਆ। ਸੰਨ 1819 ਵਿਚ ਬਰਤਾਨਵੀ ਸਰਕਾਰ ਨੇ ਇਹ ਰਿਆਸਤ ਉਦੇਪੁਰ ਨੂੰ ਵਾਪਸ ਦਿੱਤਾ ਗਿਆ।

25° 37' ਉ. ਵਿਥ.: 75° 17' ਪੂ. ਲੰਬ.

ਹ. ਪੁ. -ਇੰਪ. ਗ. ਇੰਡ. 13 : 379; ਹਿੰ. ਵਿ. ਕੋ. 4: 451

**ਜਹਾਜ਼ਰਾਨੀ** : ਸਮੁੰਦਰੀ ਜਾਂ ਹਵਾਈ ਜਹਾਜ਼ ਨੂੰ ਇਕ ਥਾਂ ਤੋਂ ਦੂਜੀ ਥਾਂ ਇਕ ਯੋਗ ਰਸਤੇ ਰਾਹੀਂ ਲਿਜਾਣ ਅਤੇ ਕਿਸੇ ਵਿਸ਼ੇਸ਼ ਪਲ ਤੇ ਇਨ੍ਹਾਂ ਦੀ ਸਥਿਤੀ ਦਾ ਪਤਾ ਲਗਾਉਣ ਦੀ ਕਲਾ ਜਾਂ ਹੁਨਰ ਨੂੰ ਜਹਾਜ਼ਰਾਨੀ ਕਿਹਾ ਜਾਂਦਾ ਹੈ। ਸਮੁੰਦਰੀ ਜਹਾਜ਼ਰਾਨੀ ਲਈ ਇਕ ਚਾਰਟ ਅਤੇ ਕੰਪਾਸ ਦੀ ਜ਼ਰੂਰਤ ਪੈਂਦੀ ਹੈ। ਕੰਪਾਸ ਦੀ ਕਾਢ ਤੋਂ ਪਹਿਲਾਂ ਸਮੁੰਦਰੀ ਜਹਾਜ਼ ਪਾਣੀ ਵਿਚ ਇੰਨੀ ਦੂਰੀ ਤੱਕ ਹੀ ਜਾਂਦੇ ਸਨ ਕਿ ਉਨ੍ਹਾਂ ਨੂੰ ਧਰਤੀ ਦਿੱਸਦੀ ਰਹੇ।

ਦੋ ਥਾਵਾਂ ਵਿਚਲੇ ਜਲ ਮਾਰਗ ਦਾ ਪਤਾ ਲਗਾਉਣ ਲਈ ਗਲੋਬ ਦੇ ਵੱਖ-ਵੱਖ ਭਾਗਾਂ ਉੱਤੇ ਚਾਰਟ ਵਾਹੇ ਜਾ ਚੁੱਕੇ ਹਨ। ਕਿਸੇ ਜਹਾਜ਼ ਦੀ ਮੌਜੂਦਾ ਸਥਿਤੀ ਤੇ ਉਸ ਦੀ ਮੰਜ਼ਿਲ ਦੀ ਸਥਿਤੀ ਇਸ ਚਾਰਟ ਉੱਤੇ ਅੰਕਿਤ ਉਸ ਦਾ ਪਥ ਵਾਹਿਆ ਜਾਂਦਾ ਹੈ। ਇਸ ਪਥ ਦੀ ਦਿਸ਼ਾ ਦਾ ਗਿਆਨ ਚਾਰਟ ਉੱਤੇ ਲੱਗੇ ਕੰਪਾਸ ਦੇ ਨਿਸ਼ਾਨਾਂ ਤੋਂ ਲਗਾਇਆ ਜਾਂਦਾ ਹੈ। ਜੇਕਰ ਧਰਤੀ ਵਿਖਾਈ ਦਿੰਦੀ ਹੋਵੇ ਤਾਂ ਉਸ ਉਪਰ ਚਾਨਣ ਮੁਨਾਰੇ ਜਾਂ ਕਿਸੇ ਗਿਰਜੇ ਦੀ ਕਲਸ ਉੱਤੇ ਲੱਗੇ ਦਿਸ਼ਾ ਸੂਚਕ ਨਾਲ ਕੰਪਾਸ ਦੀ ਦਿਸ਼ਾ ਮੇਲ ਕੇ ਦਿਸ਼ਾ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਅਜਿਹੀਆਂ ਇਮਾਰਤਾਂ ਆਦਿ ਨੂੰ ਚਾਰਟ ਉੱਤੇ ਦਰਸਾਇਆ ਹੁੰਦਾ ਹੈ।

ਜਦੋਂ ਜਹਾਜ਼ ਤੋਂ ਧਰਤੀ ਵਿਖਾਈ ਨਾ ਦਿੰਦੀ ਹੋਵੇ ਤਾਂ ਜਹਾਜ਼ ਦੀ ਸਥਿਤੀ ਦਾ ਅੰਦਾਜ਼ਾ ਉਸ ਦੁਆਰਾ ਆਪਣੀ ਮੂਲ ਸਥਿਤੀ ਤੋਂ ਤੈਅ ਕੀਤੀ ਜਨ ਮਾਰਗੀ ਦੂਰੀ ਤੋਂ ਲਗਾਇਆ ਜਾਂਦਾ ਹੈ ਅਤੇ ਫਿਰ ਇਹ ਦੂਰੀ ਚਾਰਟ ਉੱਤੇ ਪਲਾਟ ਕਰ ਦਿੱਤੀ ਜਾਂਦੀ ਹੈ। ਅਜਿਹੀ ਅੰਦਾਜ਼ਨ ਸਥਿਤੀ ਨੂੰ ਅਖਗੋਲੀ ਨਿਰਧਾਰਣ ਕਿਹਾ ਜਾਂਦਾ ਹੈ। ਜੇਕਰ ਲਹਿਰਾਂ, ਤੂਫਾਨਾਂ, ਹਵਾ, ਮੌਸਮ ਅਤੇ ਹੋਰ ਚੀਜ਼ਾਂ ਦੇ ਪ੍ਰਭਾਵ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ ਤਾਂ ਇਸ ਨੂੰ ਅਨੁਮਾਨਿਤ ਸਥਿਤੀ ਕਿਹਾ ਜਾਂਦਾ ਹੈ।

ਜਦੋਂ ਧਰਤੀ ਵਿਖਾਈ ਨਾ ਦਿੰਦੀ ਹੋਵੇ ਤਾਂ ਜਹਾਜ਼ ਦੀ ਸਹੀ ਸਥਿਤੀ ਆਕਾਸ਼ੀ ਪਿੰਡਾਂ ਦੇ ਅਧਿਐਨ ਦੁਆਰਾ ਪਤਾ ਕੀਤੀ ਜਾਂਦੀ ਹੈ। ਤਾਰੇ ਜਾਂ ਹੋਰ ਗ੍ਰਹਿਆਂ ਆਦਿ ਦੇ ਨਿਰੀਖਣ ਤੋਂ ਜਹਾਜ਼ ਦੀ ਸਹੀ ਸਥਿਤੀ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਇਹ ਨਿਰੀਖਣ ਆਮ ਕਰਕੇ ਸਵੇਰੇ ਅਤੇ ਸ਼ਾਮ ਦੀ ਮੱਧਮ ਰੌਸ਼ਨੀ ਵਿਚ ਕੀਤੇ ਜਾਂਦੇ ਹਨ।

ਮੱਧ-ਕਾਲੀਨ ਯੁੱਗ ਤੋਂ ਜਹਾਜ਼ਰਾਨੀ ਕਲਾ ਕਾਫ਼ੀ ਵਿਕਸਿਤ ਹੋਈ ਹੈ। ਪ੍ਰਮੁੱਖ ਖੋਜਾਂ ਵਿਚ ਜਹਾਜ਼ਰਾਨੀ ਕੰਪਾਸ (12 ਵੀਂ ਸਦੀ), ਮਰਕੇਟਰ ਚਾਰਟ (1569), ਡੇਵੀਸਨ-ਕੁਆਡਰੈਂਟ (1600), ਐਡਮੰਡ ਗੁੰਥਰ ਦੁਆਰਾ ਲਾਗੇਰਿਥਮ ਦੀ ਵਰਤੋਂ 1620 ਆਦਿ ਸ਼ਾਮਲ ਹਨ।

ਇਨ੍ਹਾਂ ਪ੍ਰੇਖਣਾਂ ਲਈ ਸੈੱਕਸਟੈਂਟ ਅਤੇ ਗਰੀਨਵਿਚ ਟਾਈਮ ਦੱਸਣ ਵਾਲੇ ਕੋਲੋਮੀਟਰ ਵਰਤੇ ਜਾਂਦੇ ਹਨ। ਪ੍ਰਕਾਸ਼ੀ ਪਿੰਡਾਂ ਦੀ ਉਚਾਈ ਦੀ ਮਿਣਤੀ ਸੈੱਕਸਟੈਂਟ ਨਾਲ ਕੀਤੀ ਜਾਂਦੀ ਹੈ ਅਤੇ ਨਾਲ ਹੀ ਘੜੀ ਤੋਂ ਸਮਾਂ ਵੀ ਨੋਟ ਕਰ ਲਿਆ ਜਾਂਦਾ ਹੈ।

**ਜਹਾਜ਼ਰਾਨੀ, ਹਵਾਈ**—ਹਵਾਈ ਜਹਾਜ਼ਰਾਨੀ ਅਤੇ ਸਮੁੰਦਰੀ ਜਹਾਜ਼ਰਾਨੀ ਦੇ ਨਿਯਮ ਇਕੋ ਹੀ ਹਨ ਪਰੰਤੂ ਇਨ੍ਹਾਂ ਉੱਤੇ ਪ੍ਰਭਾਵ ਪਾਉਣ ਵਾਲੇ ਤੱਤ ਵੱਖੋ ਵੱਖਰੇ ਹਨ। ਹਵਾਈ ਜਹਾਜ਼ ਦੀ ਰਫ਼ਤਾਰ ਸਮੁੰਦਰੀ ਜਹਾਜ਼ਾਂ ਨਾਲੋਂ ਜ਼ਿਆਦਾ ਹੁੰਦੀ ਹੈ ਜਿਸ ਕਰਕੇ ਮਿਣਤੀ ਵਿਚ ਵਧੇਰੇ ਸ਼ੁੱਧਤਾ ਦਾ ਹੋਣਾ ਜ਼ਰੂਰੀ ਹੈ। ਹਵਾਈ ਜਹਾਜ਼ਰਾਨੀ ਵਿਚ ਚਟਾਨਾਂ ਅਤੇ ਘਟ ਡੂੰਘੀਆਂ ਰੇਤਲੀਆਂ ਥਾਵਾਂ ਆਦਿ ਦਾ ਖਤਰਾ ਨਹੀਂ ਹੁੰਦਾ, ਇਸ ਲਈ ਹਵਾਈ ਜਹਾਜ਼ ਦੀ ਸਥਿਤੀ ਦੀ ਮਹੱਤਤਾ ਸਮੁੰਦਰੀ ਜਹਾਜ਼ ਦੀ ਸਥਿਤੀ ਜਿੰਨੀ ਨਹੀਂ ਸਗੋਂ ਹਵਾਈ ਜਹਾਜ਼ ਵਿਚ ਸਮੇਂ ਦੀ ਸ਼ੁੱਧਤਾ ਵਧੇਰੇ ਮਹੱਤਵਪੂਰਨ ਹੈ। ਹਵਾਈ ਜਹਾਜ਼ਰਾਨੀ ਲਈ ਆਮ ਕਰਕੇ ਕੰਪਾਸ ਵਿਚਲਨ ਸੰਕੇਤਕ ਘੁੰਮਣ ਦਿਸ਼ਾ ਸੂਚਕ ਅਤੇ ਵੈਕਟਰ ਤ੍ਰਿਭੁਜ ਲਈ ਕੈਲਕੂਲੇਟਰ ਵਰਤੇ ਜਾਂਦੇ ਹਨ। ਇਨ੍ਹਾਂ ਯੰਤਰਾਂ ਦੀ ਸਹਾਇਤਾ ਨਾਲ ਹਵਾਈ ਜਹਾਜ਼ ਦਾ ਸਹੀ ਮਾਰਗ ਰੱਖਿਆ ਜਾਂਦਾ ਹੈ। ਹਵਾਈ ਰਫ਼ਤਾਰ ਕੰਪਿਊਟਰ ਹਵਾ ਰਫ਼ਤਾਰ ਸੂਚਕ ਗਰਾਊਂਡ ਰਫ਼ਤਾਰ ਦੇ ਪ੍ਰੇਖਣ ਲਈ ਦ੍ਰਿਸ਼ਟੀ ਸੀਮਾ ਯੰਤਰ ਦਾ ਉਚਾਈ ਮਾਪਕ ਯੰਤਰ ਅਤੇ ਉਚਾਈ ਕੰਪਿਊਟਰ ਨਾਲ ਇਕੱਠੇ ਹੀ ਪ੍ਰਯੋਗ ਕਰਕੇ ਸਮੁੰਦਰੀ ਤਲ ਤੋਂ ਉਚਾਈ ਦਾ ਪਤਾ ਲਗਾਇਆ ਜਾਂਦਾ ਹੈ। ਇਸ ਦਾ ਹਿਸਾਬ ਨਕਸ਼ੇ ਤੋਂ ਲਾਇਆ ਜਾਂਦਾ ਹੈ। ਇਨ੍ਹਾਂ ਯੰਤਰਾਂ ਦੀ ਸਹਾਇਤਾ ਨਾਲ ਤਹਿ ਕੀਤੀ ਦੂਰੀ ਕੱਢੀ ਜਾਂਦੀ ਹੈ। ਕੰਪਾਸ ਦੀ ਸਹਾਇਤਾ ਨਾਲ ਲੋੜੀਂਦੀ ਦਿਸ਼ਾ ਰੱਖੀ ਜਾਂਦੀ ਹੈ ਜਿਸ ਦਾ ਗਿਆਨ ਨਕਸ਼ੇ ਤੋਂ ਹੁੰਦਾ ਰਹਿੰਦਾ ਹੈ। ਉਚਾਈ ਮਾਪਕ ਯੰਤਰ ਨਾਲ ਹਵਾਈ ਜਹਾਜ਼ ਦੀ ਭੂਮੀ ਤਲ ਤੋਂ ਉਚਾਈ ਅਤੇ ਸੈੱਕਸਟੈਂਟ ਨਾਲ ਸੂਰਜ, ਚੰਦ ਅਤੇ ਤਾਰਿਆਂ ਦੀ ਸਥਿਤੀ ਦਾ ਪਤਾ ਲਗਾ ਕੇ ਭੂਗੋਲਿਕ ਸਥਿਤੀ ਨਿਰਧਾਰਤ ਕੀਤੀ ਜਾਂਦੀ ਹੈ। ਇਕ ਘੜੀ ਦੀ ਸਹਾਇਤਾ ਨਾਲ ਗਰੀਨਵਿਚ ਮੀਨ ਟਾਈਮ (GMT) ਮਿਣਿਆ ਜਾਂਦਾ ਹੈ, ਜਿਸ ਨਾਲ ਹਵਾਈ ਜਹਾਜ਼ ਦੀ ਸਥਿਤੀ ਦਾ ਪਤਾ ਲਗਦਾ ਹੈ। ਅੱਜਕਲ੍ਹ ਜਹਾਜ਼ ਦੀ ਸਥਿਤੀ ਦਾ ਪਤਾ ਰੇਡਾਰ ਨਾਲ ਲਗਾਇਆ ਜਾਂਦਾ ਹੈ। ਰੇਡਾਰ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੂੰ ਦਿਨ ਰਾਤ ਹਰ ਵੇਲੇ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਉੱਤੇ ਮੌਸਮ ਆਦਿ ਦਾ ਵੀ ਕੋਈ ਪ੍ਰਭਾਵ ਨਹੀਂ ਹੁੰਦਾ।

**ਜਹਾਜ਼ਰਾਨੀ ਥਲ**—ਧਰਤੀ ਉੱਤੇ ਚੱਲਣ ਵਾਲੀਆਂ ਗੱਡੀਆਂ ਦੀ ਜਹਾਜ਼ਰਾਨੀ ਆਮ ਕਰਕੇ ਨਕਸ਼ਿਆਂ ਅਤੇ ਕੰਪਾਸ ਨਾਲ ਕੀਤੀ ਜਾਂਦੀ ਹੈ। ਅਜਿਹਾ ਕਰਨ ਦੀ ਲੋੜ ਰੇਗਿਸਤਾਨਾਂ ਵਿਚ ਪੈਂਦੀ ਹੈ ਜਿਥੇ ਰੇਤ ਹੀ ਰੇਤ ਵਿਖਾਈ ਦਿੰਦੀ ਹੈ। ਦੂਜੇ ਸੰਸਾਰ ਯੁੱਧ ਵਿਚ ਇਸ ਜਹਾਜ਼ਰਾਨੀ ਦਾ ਇਸਤੇਮਾਲ ਬਹੁਤ ਹੀ ਮਸ਼ੀਨੀਕ੍ਰਿਤ ਸੀ। ਇਹ ਹਵਾਈ ਅਤੇ ਸਮੁੰਦਰੀ ਜਹਾਜ਼ਰਾਨੀ ਨਾਲੋਂ ਬਹੁਤ ਹੀ ਸੌਖੀ ਹੈ ਕਿਉਂਕਿ ਆਮ ਕਰਕੇ ਜਾਣੇ ਪਛਾਣੇ ਚਿੰਨ੍ਹ ਮਿਲਦੇ ਰਹਿੰਦੇ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਸਥਿਤੀ ਦਾ ਪਤਾ ਲਗਦਾ ਰਹਿੰਦਾ ਹੈ।

ਹ. ਪੁ. -ਨਿਊ. ਯੂ. ਐਨ. 11 : 5990 ; ਵ. ਯੂ. ਐਨ. 10 : 3445

**ਜਹਾਜ਼ਰਾਨੀ-ਐਕਟ** : ਵਪਾਰਕ ਸੁਰੱਖਿਆ, ਸਹਾਇਤਾ ਅਤੇ ਕੌਮੀ ਉਪਨਿਵੇਸ਼ਕ ਹਿੱਤਾਂ ਲਈ ਇੰਗਲੈਂਡ ਦੀ ਪਾਰਲੀਮੈਂਟ ਦੁਆਰਾ ਬਣਾਏ ਗਏ ਕਾਨੂੰਨਾਂ ਨੂੰ ਜਹਾਜ਼ਰਾਨੀ ਐਕਟ ਦਾ ਨਾਂ ਦਿੱਤਾ ਗਿਆ ਹੈ। ਸਭ ਤੋਂ ਪਹਿਲਾਂ ਜਹਾਜ਼ਰਾਨੀ ਐਕਟ 1381 ਵਿਚ ਇੰਗਲੈਂਡ ਵਿਚ ਪਾਸ ਕੀਤਾ ਗਿਆ। ਇਹ ਕਾਨੂੰਨ ਰਿਚਰਡ ਦੂਜੇ, ਹੈਨਰੀ ਸੱਤਵੇਂ ਅਤੇ ਐਲਿਜ਼ਬੈੱਥ ਪਹਿਲੀ ਦੇ ਰਾਜ ਕਾਲ ਤੱਕ ਪ੍ਰਚੱਲਤ ਰਹੇ ਪਰੰਤੂ 1651 ਦਾ ਕਰਾਮਵੈੱਲ ਨੈਵੀਗੇਸ਼ਨ ਐਕਟ ਪਹਿਲਾ ਵਿਸਤ੍ਰਿਤ ਐਕਟ ਸੀ। ਇਹ ਐਕਟ ਡੱਚ ਦੇ ਬਹੁਤੇ ਮੁਨਾਫ਼ੇ ਵਾਲੇ ਵਪਾਰ ਦੇ ਵਿਰੋਧ ਵਿਚ ਬਣਾਇਆ ਗਿਆ, ਜਿਸ ਅਧੀਨ ਅੰਗਰੇਜ਼ੀ ਬੰਦਰਗਾਹਾਂ ਉੱਤੇ ਅੰਗਰੇਜ਼ੀ ਜਹਾਜ਼ਾਂ ਤੋਂ ਬਿਨਾਂ ਕਿਸੇ ਹੋਰ ਜਹਾਜ਼ ਰਾਹੀਂ ਬਾਹਰੋਂ ਸਾਮਾਨ ਲਿਆਉਣ ਉੱਤੇ ਪਾਬੰਦੀ ਲਗਾਈ ਗਈ ਸੀ। ਅੰਗਰੇਜ਼ੀ ਵਸਤਾਂ ਦੀ ਬਰਾਮਦ ਲਈ ਕੇਵਲ ਅੰਗਰੇਜ਼ਾਂ ਦੇ ਜਹਾਜ਼ ਹੀ ਵਰਤੇ ਜਾ ਸਕਦੇ ਸਨ। ਇਸ ਨਾਲ ਅੰਗਰੇਜ਼ੀ ਜਹਾਜ਼ਰਾਨੀ ਨੂੰ ਬਹੁਤ ਲਾਭ ਹੋਇਆ ਪਰੰਤੂ ਦਰਾਮਦ ਹੋਈਆਂ ਵਸਤਾਂ ਦੀਆਂ ਕੀਮਤਾਂ ਵੱਧ ਗਈਆਂ ਅਤੇ ਡੱਚਾਂ ਨਾਲ ਲੜਾਈ ਪੈ ਗਈ। 1660 ਅਤੇ 1663 ਦੇ ਐਕਟਾਂ ਅਧੀਨ ਅੰਗਰੇਜ਼ੀ ਜਹਾਜ਼ਾਂ ਨੂੰ ਛੱਡ ਕੇ ਬਾਕੀਆਂ ਉੱਤੇ ਉਪਨਿਵੇਸ਼ਕ ਵਪਾਰ ਕਰਨ ਦੀ ਮਨਾਹੀ ਲਗਾ ਦਿੱਤੀ। ਇਹ ਮਨਾਹੀ ਅਮਰੀਕਨ ਉਪਨਿਵੇਸ਼ੀ ਲੋਕਾਂ ਲਈ ਕਈ ਔਕੜਾਂ ਦਾ ਕਾਰਨ ਬਣ ਗਈ। ਪਾਰਲੀਮੈਂਟ ਨੇ 1719 ਵਿਚ ਉਪਨਿਵੇਸ਼ੀ ਲੋਕਾਂ ਦੁਆਰਾ ਉਤਪਾਦਨ ਅਦਾਰਿਆਂ ਦੇ ਵਿਕਾਸ ਉੱਤੇ ਪਾਬੰਦੀ ਲਗਾਉਣ ਵਾਲਾ ਐਕਟ ਪਾਸ ਕੀਤਾ ਤਾਂ ਜੋ ਸਥਾਨਕ ਉਦਯੋਗਾਂ ਦਾ ਵਿਕਾਸ ਹੋ ਸਕੇ। ਸੰਨ 1798 ਵਿਚ ਫ਼ਰਾਂਸ ਅਤੇ ਅਮਰੀਕਾ ਵਿਚ ਜਹਾਜ਼ਰਾਨੀ ਸਬੰਧੀ ਨਵੀਂ ਪਾਲਸੀ ਬਣਾਈ ਗਈ ਜਿਸ ਅਧੀਨ ਦੁਤਰਫ਼ੀ ਵਪਾਰਕ ਆਵਾਜਾਈ ਦਾ ਐਲਾਨ ਕੀਤਾ ਗਿਆ। ਸੰਯੁਕਤ ਰਾਜ ਦਾ ਸੰਵਿਧਾਨ ਬਣ ਜਾਣ ਤੋਂ ਬਾਅਦ 1789 ਵਿਚ ਦਰਾਮਦ ਕਰ ਅਤੇ ਭਾਰ ਕਰ ਲਾਗੂ ਕੀਤੇ ਗਏ ਜਿਸ ਨਾਲ ਸੰਯੁਕਤ ਰਾਜ ਦੀ ਅਮਲੀ ਤੌਰ ਤੇ ਮੁਕੰਮਲ ਮੁਖ਼ਤਿਆਰੀ ਹੋ ਗਈ। ਇਸ ਦੇ ਸਿੱਟੇ ਵਜੋਂ ਇੰਗਲੈਂਡ ਦੇ ਜਹਾਜ਼ਰਾਨੀ ਕਾਨੂੰਨਾਂ ਵਿਚ ਸੋਧ ਹੋਈ ਅਤੇ ਅੰਤ 1824 ਵਿਚ ਵਰਜਿਤ ਜਹਾਜ਼ਰਾਨੀ ਕਾਨੂੰਨ ਬਣਾਏ ਗਏ। ਸੰਨ 1849 ਤੋਂ 1854 ਵਿਚ ਇਸ ਐਕਟ ਦੀ ਮੁੜ ਸੋਧ ਹੋਈ ਜਿਸ ਨਾਲ ਬੰਦਰਗਾਹਾਂ ਉੱਤੇ ਹੋਣ ਵਾਲੇ ਵਪਾਰ ਨੂੰ ਵੀ ਸੁਤੰਤਰਤਾ ਦੇ ਦਿੱਤੀ ਗਈ।

ਹ. ਪੁ. -ਵ. ਯੂ. ਐਨ. 11 : 3446; ਨਿਊ. ਯੂ. ਐਨ. 11 : 5991; ਐਨ. ਬ੍ਰਿ. 16 : 147

**ਜਹਾਦ** : ਮੁਸਲਮ ਮੱਤ ਵਿਚ ਇਸਲਾਮੀ ਕਾਨੂੰਨ ਅਨੁਸਾਰ ਵਿਸ਼ੇਸ਼ ਹਾਲਤਾਂ ਵਿਚ ਕਾਫ਼ਰਾਂ ਨਾਲ ਜੰਗ ਕਰਨਾ ਜਾਇਜ਼ ਦੱਸਿਆ ਗਿਆ ਹੈ ਅਤੇ ਇਸ ਨੂੰ ਜਹਾਦ ਦੀ ਸੰਗਿਆ ਦਿੱਤੀ ਗਈ ਹੈ। ਦੂਸਰੇ ਸ਼ਬਦਾਂ ਵਿਚ ਜਹਾਦ ਵਿਧਰਮੀਆਂ ਤੇ ਕਾਫ਼ਰਾਂ ਨਾਲ ਯੁੱਧ ਕਰਨਾ ਹੈ, ਇਸ ਲਈ ਇਸ ਨੂੰ ਧਰਮ ਯੁੱਧ ਕਿਹਾ ਗਿਆ ਹੈ। ਇਸਲਾਮ ਧਰਮ ਦੇ

ਧਾਰਮਿਕ ਗਰੰਥ ਕੁਰਾਨ ਸ਼ਰੀਫ਼ ਵਿਚ ਜਹਾਦ ਦੀ ਆਗਿਆ ਪ੍ਰਾਪਤ ਹੈ।

ਇਸਲਾਮ ਧਰਮ ਦੇ ਸ਼ੀਆ ਫ਼ਿਰਕੇ ਅਨੁਸਾਰ ਕਿਸੇ ਪੈਗ਼ੰਬਰ ਜਾਂ ਵਲੀ ਪੈਗ਼ੰਬਰ ਦੇ ਹੁਕਮ ਤੋਂ ਬਿਨਾ ਜਹਾਦ ਨਹੀਂ ਹੋ ਸਕਦਾ ਪਰ ਇਸ ਧਰਮ ਦੇ ਸੁੰਨੀ ਫ਼ਿਰਕੇ ਦੇ ਮੁਸਲਮਾਨਾਂ ਅਨੁਸਾਰ ਜਹਾਦ ਲਈ ਕਿਸੇ ਨਬੀ ਜਾਂ ਇਮਾਮ ਦੇ ਹੁਕਮ ਦੀ ਸ਼ਰਤ ਜ਼ਰੂਰੀ ਨਹੀਂ ਹੈ।

ਜਹਾਦ ਦੋ ਪ੍ਰਕਾਰ ਦਾ ਹੈ :

**(ੳ) ਜਹਾਦ ਅਸਗਰ**—ਇਸ ਤੋਂ ਭਾਵ ਹੈ ਇਸਲਾਮ ਦੀ ਸ਼ਰ੍ਹਾ ਅਨੁਸਾਰ ਕਾਫ਼ਰਾਂ ਨਾਲ ਜੰਗ ਕਰਨਾ।

**(ਅ) ਜਹਾਦ ਅਕਬਰ**—ਇਸ ਤੋਂ ਭਾਵ ਹੈ ਮਨੁੱਖੀ ਮਨ ਦੀਆਂ ਖਾਹਿਸ਼ਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਨਾਲ ਸੰਘਰਸ਼ ਕਰਨਾ।

ਹ. ਪੁ. -ਮੁਹਜ਼ ਬੁਲੂਗਾਤ 4 : 38; ਮ. ਕੋ 1498; ਡਿ. ਆ. ਇ.

**ਜਹਾਂਦਰ ਸ਼ਾਹ** : ਇਹ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਦੂਜੇ ਪੁੱਤਰ ਬਹਾਦਰ ਸ਼ਾਹ ਦਾ ਵੱਡਾ ਪੁੱਤਰ ਸੀ। ਇਸਦਾ ਜਨਮ 10 ਮਈ, 1661 ਨੂੰ ਹੋਇਆ। ਪਿਤਾ ਦੀ ਮੌਤ ਮਗਰੋਂ ਗੱਦੀ ਪ੍ਰਾਪਤ ਕਰਨ ਲਈ ਇਸਨੂੰ ਆਪਣੇ ਭਰਾਵਾਂ ਨਾਲ ਜੰਗ ਕਰਨੀ ਪਈ ਅਤੇ ਜੰਗ ਮਗਰੋਂ 29 ਮਾਰਚ, 1712 ਨੂੰ ਲਾਹੌਰ ਵਿਖੇ ਗੱਦੀ ਤੇ ਬੈਠਾ। ਜਹਾਂਦਰ ਸ਼ਾਹ ਇਕ ਜ਼ਾਲਮ ਬਾਦਸ਼ਾਹ ਸੀ। ਸੰਨ 1713 ਵਿਚ ਫ਼ਰੁੱਖ਼ਸੀਅਰ ਨੇ ਇਸ ਨੂੰ ਮਾਰ ਦਿੱਤਾ ਅਤੇ ਆਪ ਗੱਦੀ ਤੇ ਬੈਠ ਗਿਆ।

ਹ. ਪੁ.-ਮ. ਕੋ. : 498

**ਜਹਾਨ ਖ਼ਾਨ** : ਇਹ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਦਾ ਫ਼ੌਜਦਾਰ ਅਤੇ ਮੰਤਰੀ ਸੀ। ਇਸ ਤੋਂ ਪਹਿਲਾਂ ਜਹਾਨ ਖ਼ਾਨ ਅਹਿਮਦ ਸ਼ਾਹ ਅਬਦਾਲੀ ਦਾ ਸੈਨਾਪਤੀ ਵੀ ਰਿਹਾ।

ਸੰਨ 1748 ਵਿਚ ਅਹਿਮਦ ਸ਼ਾਹ ਅਬਦਾਲੀ ਅਤੇ ਮੀਰ ਮੰਨੂ ਵਿਚਕਾਰ ਲੜਾਈ ਦੌਰਾਨ ਲਾਹੌਰ ਉੱਤੇ ਕਬਜ਼ੇ ਸਮੇਂ ਜਹਾਨ ਖ਼ਾਨ ਦੀ ਫ਼ੌਜ ਨੂੰ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ। ਸੰਨ 1753 ਵਿਚ ਜਦੋਂ ਤੈਮੂਰ ਲਾਹੌਰ ਦਾ ਸੂਬੇਦਾਰ ਬਣਿਆ ਤਾਂ ਅਹਿਮਦ ਸ਼ਾਹ ਅਬਦਾਲੀ ਨੇ ਜਹਾਨ ਖ਼ਾਂ ਨੂੰ ਉਸਦਾ ਨਾਇਬ ਅਤੇ ਸੈਨਾਪਤੀ ਮੁਕਰਰ ਕੀਤਾ। ਅਬਦਾਲੀ ਨੇ 10,000 ਦੀ ਫ਼ੌਜ ਜਹਾਨ ਖ਼ਾਨ ਦੇ ਹਵਾਲੇ ਕੀਤੀ। ਜਹਾਨ ਖ਼ਾਨ ਨੇ ਲਾਹੌਰ ਦਾ ਰਾਜ ਪ੍ਰਬੰਧ ਸੁਧਾਰਨ ਤੋਂ ਬਾਅਦ ਸਿੱਖਾਂ ਵੱਲ ਆਪਣਾ ਧਿਆਨ ਦਿੱਤਾ। ਜਹਾਨ ਖ਼ਾਨ ਤੋਂ ਤੰਗ ਆ ਕੇ ਸਿੱਖ ਜੰਗਲਾਂ ਅਤੇ ਪਹਾੜਾਂ ਵਿਚ ਚਲੇ ਗਏ।

ਇਸ ਉਪਰੰਤ ਜਹਾਨ ਖ਼ਾਨ ਨੇ ਖ਼ੁਦ ਇਕ ਵਿਸ਼ਾਲ ਫ਼ੌਜ ਦੀ ਮਦਦ ਨਾਲ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਬਾਬਾ ਗੁਰਬਖ਼ਸ਼ ਸਿੰਘ ਜੀ ਥੋੜ੍ਹੇ ਜਿਹੇ ਸਾਥੀਆਂ ਨਾਲ ਜਹਾਨ ਖ਼ਾਨ ਦੀ ਫ਼ੌਜ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ। ਜਹਾਨ ਖਾਨ ਨੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ। ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ। ਬਹੁਤ ਸਾਰੇ ਗੁਰਦੁਆਰੇ ਢਹਿ-ਢੇਰੀ ਕਰ ਦਿੱਤੇ ਗਏ ਅਤੇ ਇਨ੍ਹਾਂ ਵਿਚ ਰਹਿੰਦੇ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ।

ਦਮਦਮਾ ਸਾਹਿਬ ਵਿਚ ਇਸ ਦੁਖਦਾਈ ਘਟਨਾ ਦੀ ਖ਼ਬਰ ਮਿਲਣ ਤੇ ਸੰਤ ਸਿਪਾਹੀ ਬਾਬਾ ਦੀਪ ਸਿੰਘ ਜੀ, ਜੋ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਲਿਖ ਰਹੇ ਸਨ, ਆਪਣੀ ਕਲਮ ਨੂੰ ਰੱਖ ਕੇ ਤਲਵਾਰ ਹੱਥ ਵਿਚ ਫੜ ਸ਼ਹੀਦੀ ਪਾਉਣ ਲਈ ਸਿੰਘਾਂ ਦੇ ਇਕ ਜੱਥੇ ਨਾਲ ਅੰਮ੍ਰਿਤਸਰ ਲਈ ਰਵਾਨਾ ਹੋ ਗਏ। ਤਰਨ ਤਾਰਨ ਵਿਖੇ ਹੋਰ ਸਿੰਘ ਮਿਲ ਜਾਣ ਤੇ ਦਸ ਹਜ਼ਾਰ ਦੀ ਗਿਣਤੀ ਹੋ ਗਈ।

11 ਨਵੰਬਰ, 1757 ਨੂੰ ਅੰਮ੍ਰਿਤਸਰ ਤੋਂ ਥੋੜ੍ਹੀ ਦੂਰ ਗੋਲਵਾੜ ਦੇ ਸਥਾਨ ਉੱਤੇ ਦੋਹਾਂ ਧਿਰਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ ਜੋ ਕਿ ਅੰਮ੍ਰਿਤਸਰ ਪ੍ਰਕਰਮਾ ਵਿਚ ਜਾ ਕੇ ਖ਼ਤਮ ਹੋਈ। ਬਾਬਾ ਦੀਪ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਸਿੱਖ ਜਹਾਨ ਖ਼ਾਨ ਦੀ ਫ਼ੌਜ ਨਾਲ ਲੜਦੇ ਹੋਏ ਸ਼ਹੀਦ ਹੋ ਗਏ।

ਬਾਅਦ ਵਿਚ ਸਿੱਖਾਂ ਅਤੇ ਮਰਹੱਟਿਆਂ ਦੀ ਸਾਂਝੀ ਫ਼ੌਜ ਨੇ ਜਹਾਨ ਖ਼ਾਨ ਨੂੰ ਲਾਹੌਰ ਵਿਚੋਂ ਭਜਾ ਕੇ ਬਹੁਤ ਸਾਰੇ ਅਫ਼ਗਾਨਾਂ ਨੂੰ ਫੜ ਕੇ ਉਨ੍ਹਾਂ ਤੋਂ ਹੀ ਅੰਮ੍ਰਿਤਸਰ ਦਾ ਸਰੋਵਰ ਸਾਫ਼ ਕਰਵਾਇਆ। ਸੰਨ 1759 ਵਿਚ ਜਹਾਨ ਖ਼ਾਨ ਨੂੰ ਸਿੱਖਾਂ ਅਤੇ ਸ਼ਾਹ ਜੀ ਮਰਹੱਟਿਆਂ ਦੀ ਸਾਂਝੀ ਤਾਕਤ ਅੱਗੇ ਗੋਡੇ ਟੇਕਣੇ ਪਏ।

ਸੰਨ 1762 ਵਿਚ ਅਫ਼ਗਾਨਿਸਤਾਨ ਦੀ ਬਗਾਵਤ ਸਮੇਂ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਸੈਨਾਪਤੀ ਜਹਾਨ ਖ਼ਾਨ ਨੂੰ ਪਿਸ਼ਾਵਰ ਤੋਂ ਸਿੰਧ ਤੱਕ ਦਾ ਪ੍ਰਦੇਸ਼ ਸੰਭਾਲਿਆ।

ਸੰਨ 1764 ਵਿਚ ਸਿੱਖਾਂ ਦੁਆਰਾ ਲਾਹੌਰ ਨੂੰ ਘੇਰੇ ਜਾਣ ਦੀ ਖ਼ਬਰ ਸੁਣ ਕੇ ਅਹਿਮਦ ਸ਼ਾਹ ਨੇ ਆਪਣੇ ਸੈਨਾਪਤੀ ਜਹਾਨ ਖਾਨ ਨੂੰ ਹੀ ਪੰਜਾਬ ਵੱਲ ਭੇਜਿਆ। ਸਿਆਲਕੋਟ ਨੇੜੇ ਜਹਾਨਖਾਨ ਅਤੇ ਸਿੱਖਾਂ ਵਿਚਕਾਰ ਲੜਾਈ ਦੌਰਾਨ ਜਹਾਨ ਖ਼ਾਨ ਦਾ ਘੋੜਾ ਗੋਲੀ ਵੱਜਣ ਨਾਲ ਜਹਾਨ ਖ਼ਾਨ ਸਮੇਤ ਧਰਤੀ ਉੱਤੇ ਡਿੱਗ ਪਿਆ। ਸਿੱਖਾਂ ਨੇ ਸੋਚਿਆ ਕਿ ਜਹਾਨ ਖ਼ਾਨ ਵੀ ਮਰ ਗਿਆ ਹੈ ਪਰੰਤੂ ਮੌਕਾ ਬਚਾ ਕੇ ਜਹਾਨ ਖਾਨ ਪਿਸ਼ਾਵਰ ਵੱਲ ਦੌੜ ਗਿਆ।

ਸੰਨ 1765 ਵਿਚ ਵੀ ਜਹਾਨ ਖ਼ਾਨ ਨੂੰ ਨਿਹੰਗ ਸਿੰਘਾਂ ਦੇ ਤੁਰਨਾ ਦਲ ਅਤੇ ਬੁੱਢਾ ਦਲ ਦੀ ਸਮੁੱਚੀ ਸ਼ਕਤੀ ਦਾ ਮੁਕਾਬਲਾ ਕਰਨਾ ਪਿਆ। ਸੰਨ 1766 ਵਿਚ ਅੰਮ੍ਰਿਤਸਰ ਵਿਖੇ ਜਹਾਨ ਖਾਂ ਸਿੱਖਾਂ ਹੱਥੋਂ ਹਾਰ ਗਿਆ।

ਆਪਣੀ ਹਾਰ ਦਾ ਬਦਲਾ ਲੈਣ ਲਈ 17 ਜਨਵਰੀ, 1767 ਨੂੰ 15000 ਦੀ ਫ਼ੌਜ ਨਾਲ ਜਹਾਨ ਖਾਨ ਨੇ ਅੰਮ੍ਰਿਤਸਰ ਵਿਖੇ ਸਿੱਖਾਂ ਉੱਤੇ ਹਮਲਾ ਕਰ ਦਿੱਤਾ ਪਰੰਤੂ ਕੁਝ ਘੰਟਿਆਂ ਦੀ ਖ਼ੂਨੀ ਲੜਾਈ ਤੋਂ ਮਗਰੋਂ ਜਹਾਨ ਖਾਨ ਹਾਰ ਖਾ ਕੇ ਭੱਜ ਗਿਆ।

ਅੰਤ 1769 ਵਿਚ ਅਹਿਮਦ ਸ਼ਾਹ ਅਬਦਾਲੀ ਦੇ ਆਖਰੀ ਸਮੇਂ 14 ਮਾਰਚ, 1770 ਨੂੰ ਜਹਾਨ ਖ਼ਾਨ ਸਿੱਖਾਂ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ।

ਹ. ਪੁ. -ਗ. ਆਫ. ਸਿ. ਪਾ. ਇ. ਪੰ. -ਸ. ਸ. ਸੀਤਲ ; ਮ. ਕੋ. : 498

**ਜਹਾਨਾਬਾਦ** : ਬਿਹਾਰ ਰਾਜ (ਭਾਰਤ) ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਇਹ ਸ਼ਹਿਰ ਮੋਰਹਰ ਤੇ ਜਮਨਾ ਨਦੀਆਂ ਦੇ ਸੰਗਮ ਤੇ 'ਪਟਨਾ ਗਯਾ' ਮਾਰਗ ਉਪਰ ਸਥਿਤ ਹੈ। ਪਟਨਾ ਤੋਂ ਗਯਾ ਜਾਣ ਵਾਲੀ 'ਪੂਰਬੀ ਭਾਰਤ ਰੇਲਵੇ' ਵੀ ਇਸ ਸ਼ਹਿਰ ਦੇ ਨਾਲੋਂ ਦੀ ਹੀ ਲੰਘਦੀ ਹੈ। ਪਹਿਲੇ ਸਮਿਆਂ ਵਿਚ ਇਹ ਨਗਰ ਬੁਣਾਈ-ਦਸਤਕਾਰੀ ਲਈ ਖਾਸ ਤੌਰ ਤੇ ਮਸ਼ਹੂਰ ਸੀ। ਸੰਨ 1760 ਵਿਚ ਈਸਟ ਇੰਡੀਆ ਕੰਪਨੀ ਦੀ ਪਟਨਾ ਵਾਲੀ ਸੈਂਟਰਲ ਫੈਕਟਰੀ ਨਾਲ ਸ਼ਾਮਲ ਕੀਤੀਆਂ ਜਾਣ ਵਾਲੀਆਂ ਅੱਠਾਂ ਸ਼ਾਖਾਵਾਂ ਵਿਚ ਸ਼ਾਮਲ ਕੀਤਾ ਗਿਆ।

ਉੱਨ੍ਹੀਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਇਸ ਨਗਰ ਵਿਚ ਕੋਈ 700 ਕੁ ਘਰ ਸਨ ਅਤੇ ਇਥੇ ਕੱਪੜਾ ਅਤੇ ਸ਼ੋਰਾ ਤਿਆਰ ਕਰਨ ਦੇ ਕਾਰਖਾਨੇ ਸਨ। ਫਿਰ ਸੂਤੀ ਕੱਪੜਾ ਤਿਆਰ ਕਰਨ ਦੀ ਥਾਂ ਇਥੇ 'ਮਾਨਚੈਸਟਰ ਗੁੱਡਜ਼' ਦਾ ਕੰਮ ਜ਼ੋਰਾਂ ਤੇ ਚੱਲਿਆ ਪਰ ਇਥੋਂ ਦੇ ਸਥਾਨਕ ਜੁਲਾਹੇ ਨੇੜੇ ਤੇੜੇ ਹੀ ਰਹਿੰਦੇ ਰਹੇ। ਬਾਅਦ ਵਿਚ ਜਹਾਨਾਬਾਦ ਨੂੰ ਆਪਣੇ ਜ਼ਿਲ੍ਹੇ ਦੇ ਵਪਾਰਕ ਨਗਰ ਦੇ ਤੌਰ ਤੇ ਜਾਣਿਆ ਜਾਣ ਲੱਗਾ। ਇਥੋਂ ਦਾ ਮੁੱਖ ਵਪਾਰ ਅਨਾਜ, ਤੇਲ ਵਾਲੇ ਬੀਜ ਅਤੇ ਯੂਰਪੀ ਫੈਂਸੀ ਸਾਮਾਨ ਨਾਲ ਸਬੰਧਤ ਸੀ। ਹੌਲੀ ਹੌਲੀ ਇਥੇ ਸਾਧਾਰਣ ਸਰਕਾਰੀ ਦਫ਼ਤਰ ਸਥਾਪਿਤ ਹੋਏ। ਅੱਜਕੱਲ੍ਹ ਇਥੇ ਕਚਹਿਰੀ, ਹਸਪਤਾਲ ਅਤੇ

ਇਕ ਕਾਲਜ ਮੌਜੂਦ ਹੈ। ਗਯਾ ਨੂੰ ਜਾਣ ਵਾਲੀ ਦੱਖਣੀ ਬਿਹਾਰ ਰੇਲਵੇ ਦਾ ਇਹ ਸਟੇਸ਼ਨ ਹੈ।

ਆਬਾਦੀ–52,332 (1991)

25° 20′ ਉ. ਵਿਥ.; 85° 10′ ਪੂ. ਲੰਬ.

ਹ. ਪੂ. ਹਿੰ. ਵਿ. ਕੋ. 4: 451; ਇੰਪ. ਗ. ਇੰਡ. 13 : 378

**ਜ਼ਹਿਰ** : ਜ਼ਹਿਰ, ਵਿਸ਼, ਵਿਹੁ ਜਾਂ ਜ਼ਹਿਰੀਲੀਆਂ ਦਵਾਈਆਂ ਉਹ ਪਦਾਰਥ ਹਨ ਜਿਹੜੇ ਖਾਧੇ ਜਾਣ ਤੇ ਜਾਂ ਲਹੂ ਵਿਚ ਦਾਖ਼ਲ ਹੋਣ ਤੇ ਸਿਹਤ ਨੂੰ ਹਾਨੀ ਪਹੁੰਚਾਉਂਦੇ ਜਾਂ ਘਾਤਕ ਅਸਰ ਕਰਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਉਹ ਜ਼ਹਿਰੀ ਰਿਸਾਉ ਹਨ ਜਿਹੜੇ ਕੁਝ ਪ੍ਰਾਣੀਆਂ ਦੇ ਵਿਸ਼ੇਸ਼ ਗਲੈਂਡਾਂ ਵਿਚੋਂ ਹੀ ਨਿਕਲਦੇ ਹਨ ਅਤੇ ਦੂਜੇ ਪ੍ਰਾਣੀਆਂ ਨੂੰ ਡੰਗ ਮਾਰ ਕੇ ਜਾਂ ਖਾਧੇ ਜਾਣ ਤੇ ਉਨ੍ਹਾਂ ਦੇ ਸਰੀਰ ਵਿਚ ਦਾਖ਼ਲ ਹੁੰਦੇ ਹਨ ਅਤੇ ਆਪਣਾ ਅਸਰ ਕਰਦੇ ਹਨ।

### ਜ਼ਹਿਰਾਂ ਦੀ ਕਿਰਿਆ

ਜ਼ਹਿਰਾਂ ਜਾਂ ਜ਼ਹਿਰੀਲੀਆਂ ਦਵਾਈਆਂ ਦਾ ਅਸਰ ਸਥਾਨਕ ਹੁੰਦਾ ਹੈ ਜਾਂ ਲਹੂ ਵਿਚ ਮਿਲ ਕੇ ਇਹ ਸਾਰੇ ਅੰਗਾਂ ਤੇ ਅਸਰ ਕਰਦੀਆਂ ਹਨ। ਜ਼ਹਿਰ ਦੀ ਕਿਰਿਆ ਤੇ ਅਸਰ ਕਰਨ ਵਾਲੀਆਂ ਕੁਝ ਹਾਲਤਾਂ ਹੇਠ ਲਿਖੀਆਂ ਹਨ :–

**ਜ਼ਹਿਰ ਦੀ ਮਾਤਰਾ**—ਕਈ ਬੀਮਾਰੀਆਂ ਦੇ ਇਲਾਜ ਲਈ ਕੁਝ ਜ਼ਹਿਰੀਲੀਆਂ ਦਵਾਈਆਂ ਦੇਣੀਆਂ ਪੈਂਦੀਆਂ ਹਨ। ਜੇਕਰ ਦਵਾਈ ਦੀ ਖ਼ੁਰਾਕ ਲੋੜ ਨਾਲੋਂ ਜ਼ਿਆਦਾ ਲੈ ਲਈ ਜਾਵੇ ਤਾਂ ਜ਼ਹਿਰ ਘਾਤਕ ਵੀ ਹੋ ਸਕਦੀ ਹੈ ਪਰ ਕੁਝ ਕੁ ਜ਼ਹਿਰੀਲੀਆਂ ਦਵਾਈਆਂ ਨੂੰ ਛੱਡ ਕੇ ਆਰਸੇਨਿਕ ਐਸਿਡ ਅਤੇ ਟਾਰਟਾਰ ਵਾਧੂ ਦਵਾਈ ਉਲਟੀ ਆਦਿ ਨਾਲ ਬਾਹਰ ਨਿਕਲ ਜਾਂਦੀ ਹੈ।

**ਆਦਤ**—ਕਈ ਵਾਰ ਕਿਸੇ ਜ਼ਹਿਰੀਲੀ ਦਵਾਈ ਦਾ ਵਾਰ ਵਾਰ ਸੇਵਨ ਕਰਨ ਨਾਲ ਸਰੀਰ ਵਿਚ ਉਸ ਨੂੰ ਬਰਦਾਸ਼ਤ ਕਰਨ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਉਸ ਦੀ 'ਘਾਤਕ ਖ਼ੁਰਾਕ' ਲੈਣ ਨਾਲ ਵੀ ਕੋਈ ਖਾਸ ਫ਼ਰਕ ਨਹੀਂ ਪੈਂਦਾ।

**ਸੁਭਾਅ ਦੀ ਵਿਲੱਖਣਤਾ**—ਕਈ ਮਨੁੱਖਾਂ ਦਾ ਸਰੀਰ ਕੁਝ ਖਾਸ ਦਵਾਈਆਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਦਵਾਈ ਦੀ ਆਮ ਖ਼ੁਰਾਕ ਵੀ ਉਨ੍ਹਾਂ ਤੇ ਗੰਭੀਰ ਜਾਂ ਘਾਤਕ ਅਸਰ ਕਰ ਸਕਦੀ ਹੈ ਜਿਵੇਂ ਮਾਰਫ਼ੀਨ, ਕੋਕੇਨ, ਕੁਨੀਨ, ਆਇਓਡੀਨ, ਬ੍ਰੋਮੀਨ ਆਦਿ।

**ਉਮਰ**—ਬਾਲਗਾਂ ਨਾਲੋਂ ਬੱਚਿਆਂ ਉੱਤੇ ਜ਼ਹਿਰੀਲੀਆਂ ਚੀਜ਼ਾਂ ਦਾ ਅਸਰ ਜ਼ਿਆਦਾ ਹੁੰਦਾ ਹੈ ਅਤੇ ਫ਼ਾਰਮਾਕੌਲੋਜੀਕਲ ਨਿਯਮ ਅਨੁਸਾਰ ਬੱਚਿਆਂ ਲਈ ਦਵਾਈ ਦੀ ਖ਼ੁਰਾਕ ਨਿਸ਼ਚਿਤ ਕੀਤੀ ਹੁੰਦੀ ਹੈ ਪਰ ਮਾਰਫ਼ੀਨ, ਅਫ਼ੀਮ ਅਤੇ ਇਨ੍ਹਾਂ ਵਿਚ ਬਣਾਈਆਂ ਦਵਾਈਆਂ ਦੀ ਮਾਤਰਾ ਨਿਯਮਾਂ ਦੇ ਹਿਸਾਬ ਨਾਲ ਦੱਸੀ ਮਾਤਰਾ ਤੋਂ ਵੀ ਜ਼ਿਆਦਾ ਜ਼ਹਿਰੀਲੀ ਹੁੰਦੀ ਹੈ। ਇਸੇ ਤਰ੍ਹਾਂ ਬੱਚੇ ਬੈਲਾਡੋਨਾ ਵਿਚ ਤਿਆਰ ਕੀਤੀਆਂ ਦਵਾਈਆਂ ਨੂੰ ਬਾਲਗਾਂ ਤੋਂ ਵੀ ਜ਼ਿਆਦਾ ਚੰਗੀ ਤਰ੍ਹਾਂ ਸਹਾਰ ਸਕਦੇ ਹਨ।

**ਸਿਹਤ**—ਜ਼ਹਿਰੀਲੀਆਂ ਦਵਾਈਆਂ ਦਾ ਅਸਰ ਮਨੁੱਖ ਦੀ ਸਿਹਤ ਤੇ ਵੀ ਨਿਰਭਰ ਕਰਦਾ ਹੈ। ਥੋੜ੍ਹੀ ਜਿਹੀ ਖ਼ੁਰਾਕ ਜਿਸ ਨਾਲ ਇਕ ਤਕੜੇ ਸਰੀਰ ਵਾਲਾ ਮਰੀਜ਼ ਤਾਂ ਰਾਜ਼ੀ ਹੋ ਜਾਂਦਾ ਹੈ ਪਰ ਉਹੀ ਖ਼ੁਰਾਕ ਇਕ ਮਾੜੇ ਸਰੀਰ ਵਾਲੇ ਮਰੀਜ਼ ਤੇ ਘਾਤਕ ਅਸਰ ਕਰ ਸਕਦੀ ਹੈ। ਬੀਮਾਰੀਆਂ ਵਿਚ ਜਿਹੜੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਉਹ ਜ਼ਿਆਦਾ ਕਰਕੇ ਜ਼ਹਿਰੀਲੀਆਂ ਹੁੰਦੀਆਂ ਹਨ ਅਤੇ ਇਹ ਮਲ ਤਿਆਗ ਅੰਗਾਂ ਤੇ ਸਭ ਤੋਂ ਜ਼ਿਆਦਾ ਅਸਰ ਕਰਦੀਆਂ ਹਨ। ਜੇ ਮਲ ਤਿਆਗ ਅੰਗ ਤਕੜੇ ਹੋਣ ਤਾਂ ਕਈ ਪੀੜਾਂ ਨੂੰ ਘਟਾਉਣ ਲਈ ਦਿੱਤੀਆਂ ਜਾਣ ਵਾਲੀਆਂ ਨਸ਼ੀਲੀਆਂ ਦਵਾਈਆਂ ਦਾ ਅਸਰ ਇਨ੍ਹਾਂ ਤੇ ਘਟ ਹੀ ਹੁੰਦਾ ਹੈ

**ਜ਼ਹਿਰ ਖਾਣ ਦਾ ਤਰੀਕਾ**—ਜੇ ਕੋਈ ਜ਼ਹਿਰ ਤਰਲ ਰੂਪ ਵਿਚ ਮੂੰਹ ਰਾਹੀਂ ਖਾਧੀ ਜਾਵੇ ਤਾਂ ਇਸ ਦਾ ਅਸਰ ਜ਼ਿਆਦਾ ਹੁੰਦਾ ਹੈ ਜਦੋਂ ਕਿ ਅਘੁਲਣਸ਼ੀਲ ਗੋਲੀਆਂ ਆਦਿ ਜਾਂ ਕਿਸੇ ਹੋਰ ਰੂਪ ਵਿਚ ਖਾਣ ਤੇ ਇਹ ਅਸਰ ਘਟ ਹੁੰਦਾ ਹੈ। ਦੂਜਾ ਜੇ ਪੇਟ ਖਾਲੀ ਹੋਵੇ ਤਾਂ ਇਸ ਦਾ ਅਸਰ ਜ਼ਿਆਦਾ ਤੇ ਜਲਦੀ ਹੁੰਦਾ ਹੈ ਤੇ ਜੇ ਜ਼ਹਿਰ ਘੁਲਣਸ਼ੀਲ ਰੂਪ ਵਿਚ ਹੋਵੇ ਤਾਂ ਅਸਰ ਹੋਰ ਵੀ ਜਲਦੀ ਹੁੰਦਾ ਹੈ। ਜੇ ਗੈਸ ਜਾਂ ਵਾਸ਼ਪਾਂ ਦੇ ਰੂਪ ਵਿਚ ਇਹ ਸਾਹ ਰਾਹੀਂ ਅੰਦਰ ਚਲੀ ਜਾਵੇ ਜਾਂ ਨਾੜਾਂ ਵਿਚ ਟੀਕੇ ਆਦਿ ਰਾਹੀਂ ਦਿੱਤੀ ਜਾਵੇਂ ਤਾਂ ਇਸ ਦਾ ਅਸਰ ਸਭ ਤੋਂ ਜਲਦੀ ਹੁੰਦਾ ਹੈ। ਯੋਨੀ ਜਾਂ ਰੈਕਟਮ ਦੀ ਮਿਊਕਸ ਝਿੱਲੀ ਤੇ ਜ਼ਹਿਰ ਦਾ ਘਾਤਕ ਅਸਰ ਹੁੰਦਾ ਹੈ।

**ਰਸਾਇਣਿਕ ਸੰਯੋਗ**—ਕਈ ਪਦਾਰਥ ਕੁਝ ਸੰਯੋਜਨਾਂ ਵਿਚ ਬਹੁਤ ਜ਼ਹਿਰੀਲੇ ਹੁੰਦੇ ਹਨ। ਕਈਆਂ ਵਿਚ ਬਿਲਕੁਲ ਨਹੀਂ। ਇਸੇ ਤਰ੍ਹਾਂ ਕਿਸੇ ਦਵਾਈ ਦੇ ਅੰਸ਼ ਵੱਖਰੇ ਤੌਰ ਤੇ ਤਾਂ ਜ਼ਹਿਰੀਲਾ ਅਸਰ ਕਰਦੇ ਹਨ ਪਰ ਇਕੱਠੇ ਹੋ ਕੇ ਉਨ੍ਹਾਂ ਦਾ ਜ਼ਹਿਰੀਲਾਪਣ ਖਤਮ ਹੋ ਜਾਂਦਾ ਹੈ।

**ਸਮੁੱਚਾ ਪ੍ਰਭਾਵ**—ਕਈ ਪਦਾਰਥ ਜਿਵੇਂ ਪਾਰਾ, ਕਾਰਬਨ ਮਾਨੋ-ਆੱਕਸਾਈਡ ਸਿੱਕਾ ਆਦਿ ਸਰੀਰ ਵਿਚੋਂ ਬਹੁਤ ਹੌਲੀ ਖਾਰਜ ਹੁੰਦੇ ਹਨ ਤੇ ਇਸ ਤਰ੍ਹਾਂ ਸਰੀਰ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ। ਜੇ ਲਗਾਤਾਰ ਇਨ੍ਹਾਂ ਪਦਾਰਥਾਂ ਦੀ ਥੋੜ੍ਹੀ ਥੋੜ੍ਹੀ ਮਾਤਰਾ ਦਾ ਵੀ ਸੇਵਨ ਕੀਤਾ ਜਾਵੇ ਤਾਂ ਕਿਸੇ ਵੀ ਸਮੇਂ ਇਹ ਆਪਣਾ ਜ਼ਹਿਰੀਲਾ ਅਸਰ ਸ਼ੁਰੂ ਕਰ ਦਿੰਦੇ ਹਨ।

### ਜ਼ਹਿਰ-ਪ੍ਰਭਾਵ ਦੀ ਤਸ਼ਖ਼ੀਸ ਅਤੇ ਇਲਾਜ

**ਜ਼ਹਿਰ ਪ੍ਰਭਾਵ ਦੇ ਲੱਛਣ**—ਜ਼ਹਿਰ ਖਾਣ ਤੋਂ ਬਾਅਦ ਪੈਦਾ ਹੋਏ ਲੱਛਣ ਕਈ ਵਾਰੀ ਬੀਮਾਰੀ ਦੇ ਲੱਛਣਾਂ ਨਾਲ ਹੋਰ ਵੀ ਉਭਰ ਆਉਂਦੇ ਹਨ ਜਿਵੇਂ ਆਰਸੈਨਿਕ ਜ਼ਹਿਰ ਪ੍ਰਭਾਵ ਦੇ ਲੱਛਣ ਹੈਜ਼ੇ ਜਾਂ ਜੀਵਾਣੂਆਂ ਰਾਹੀਂ ਹੋਏ ਜ਼ਹਿਰੀਲੇ ਭੋਜਨ ਦੇ ਅਸਰ ਕਰਕੇ ਪੈਦਾ ਹੋਏ ਲੱਛਣਾਂ ਨਾਲ ਮਿਲਦੇ ਕਾਫ਼ੀ ਹਨ। ਫ਼ਰਕ ਸਿਰਫ਼ ਉਲਟੀ, ਟੱਟੀ, ਪਿਸ਼ਾਬ ਆਦਿ ਵਿਚ ਆਰਸੈਨਿਕ ਮਿਲਣ ਕਰਕੇ ਪਤਾ ਲਗਦਾ ਹੈ।

**ਮ੍ਰਿਤਕ ਸਰੀਰ ਦਾ ਮੁਆਇਨਾ**—ਕਿਸੇ ਜ਼ਹਿਰੀਲੇ ਪਦਾਰਥ ਦੇ ਖਾਣ ਨਾਲ ਕੋਈ ਮੌਤ ਦੇ ਸ਼ੱਕ ਵਿਚ ਮ੍ਰਿਤਕ ਦੇ ਅੰਗਾਂ ਦਾ ਮੁਆਇਨਾ ਕੀਤਾ ਜਾਂਦਾ ਹੈ ਅਤੇ ਇਸ ਵਿਚ ਮਿਲੇ ਚਿੰਨ੍ਹਾਂ ਤੋਂ ਜ਼ਹਿਰ ਦੀ ਕਿਸਮ, ਉਸ ਦੇ ਖਾਣ ਦਾ ਢੰਗ ਅਤੇ ਖ਼ੁਰਾਕ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

**ਇਲਾਜ**—ਵੱਖ-ਵੱਖ ਜ਼ਹਿਰਾਂ ਦੇ ਇਲਾਜ ਉਨ੍ਹਾਂ ਦੀ ਕਿਸਮ ਤੇ ਨਿਰਭਰ ਕਰਦੇ ਹਨ। ਮਿਹਦੇ ਦੀ ਸਫ਼ਾਈ ਰਾਹੀਂ ਜ਼ਹਿਰ ਇਕਦਮ ਕੱਢਣੀ ਚਾਹੀਦੀ ਹੈ ਤੇ ਵਿਹੁ ਮਾਰ ਦਵਾਈ ਸਰੀਰ ਵਿਚ ਦਾਖ਼ਲ ਕਰਨੀ ਚਾਹੀਦੀ ਹੈ। ਕੋਸੇ ਲੂਣੇ ਪਾਣੀ ਨਾਲ ਕੋਲੱਨ ਵੱਡੀ ਆਂਦਰ ਦੇ ਇਕ ਹਿੱਸੇ ਦੀ ਸਫ਼ਾਈ ਕਰਨ ਨਾਲ ਆਂਦਰਾਂ ਰਾਹੀਂ ਵੀ ਜ਼ਹਿਰ ਕੱਢੀ ਜਾਂਦੀ ਹੈ।

### ਵੱਖ-ਵੱਖ ਜ਼ਹਿਰਾਂ ਦੇ ਗੁਣ

ਜ਼ਹਿਰਾਂ ਨੂੰ ਉਨ੍ਹਾਂ ਦੇ ਗੁਣਾਂ ਜਿਵੇਂ ਰਸਾਇਣਕ ਬਣਤਰ, ਸਰੀਰ ਉੱਤੇ ਉਨ੍ਹਾਂ ਦੀ ਕਿਰਿਆ, ਭੌਤਿਕ ਗੁਣ ਆਦਿ ਦੇ ਆਧਾਰ ਤੇ ਹੇਠ ਲਿਖੀਆਂ ਪੰਜ ਕਿਸਮਾਂ ਵਿਚ ਵੰਡਿਆ ਗਿਆ ਹੈ :–

**ਖੋਰਕ ਜ਼ਹਿਰਾਂ**—ਖੋਰਕ ਜ਼ਹਿਰਾਂ ਦੇ ਸਰੀਰ ਦੇ ਅੰਦਰ ਜਾਂਦੇ ਹੀ ਨਾਲ ਦੀ ਨਾਲ ਗੰਭੀਰ ਲੱਛਣ ਨਜ਼ਰ ਆਉਣ ਲੱਗ ਜਾਂਦੇ ਹਨ।

ਇਨ੍ਹਾਂ ਨਾਲ ਮੂੰਹ, ਗਲੇ ਅਤੇ ਈਸੋਫੇਗਸ (ਗ੍ਰਸ ਨਲੀ) ਵਿਚ ਜਲਣ ਦੇ ਨਾਲ ਮਿਹਦੇ ਅਤੇ ਆਂਦਰਾਂ ਵਿਚ ਦਰਦ ਹੁੰਦੀ ਹੈ। ਜਲਦੀ ਹੀ ਉਲਟੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਉਲਟੀ ਵਿਚ ਲਹੂ ਹੁੰਦਾ ਹੈ ਜਿਸ ਦਾ ਰੰਗ ਜ਼ਹਿਰ ਕਰਕੇ ਬਦਲ ਜਾਂਦਾ ਹੈ ਅਤੇ ਬਲਗਮੀ ਝਿੱਲੀ ਦੇ ਟੁਕੜੇ ਵੀ ਆਮ ਤੌਰ ਤੇ ਹੁੰਦੇ ਹਨ। ਜੇ ਇਨ੍ਹਾਂ ਜ਼ਹਿਰਾਂ ਦੀ ਖ਼ੁਰਾਕ ਘਾਤਕ ਖ਼ੁਰਾਕ ਜਿੰਨੀ ਹੋਵੇ ਅਤੇ ਜਲਦੀ ਹੀ ਵਿਹੁ ਮਾਰ ਦਵਾਈ ਨਾਲ ਇਲਾਜ ਨਾ ਕੀਤਾ ਜਾਵੇ ਤਾਂ 24 ਘੰਟੇ ਦੇ ਅੰਦਰ ਅੰਦਰ ਮੌਤ ਹੋ ਜਾਂਦੀ ਹੈ।

ਖੋਰਕ ਜ਼ਹਿਰਾਂ ਵਿਚ ਖੋਰਕ ਅਕਾਰਬਨੀ ਤੇਜ਼ਾਬ, ਗੰਧਕ ਦਾ ਤੇਜ਼ਾਬ, ਲੂਣ ਦਾ ਤੇਜ਼ਾਬ, ਸ਼ੋਰੇ ਦਾ ਤੇਜ਼ਾਬ ਆਦਿ ਕਾਸਟਿਕ ਖਾਰਾਂ, ਕਾਸਟਿਕ ਪੋਟਾਸ਼, ਕਾਸਟਿਕ ਸੋਡਾ, ਅਮੋਨੀਆ ਆਦਿ, ਅਤੇ ਖੋਰਕ ਕਾਰਬਨੀ ਤੇਜ਼ਾਬ-ਕਾਰਬਾੱਲਿਕ ਤੇਜ਼ਾਬ ਆਦਿ ਆਉਂਦੇ ਹਨ।

**ਜਲਣ ਅਤੇ ਸੋਜਸ਼ ਪੈਦਾ ਕਰਨ ਵਾਲੀਆਂ ਜ਼ਹਿਰਾਂ**—ਇਹ ਜ਼ਹਿਰਾਂ ਬਲਗਮੀ ਝਿੱਲੀਆਂ ਉੱਤੇ ਸਿੱਧਾ ਅਸਰ ਕਰਕੇ ਸੋਜਸ਼ ਪੈਦਾ ਕਰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਜ਼ਹਿਰਾਂ ਖ਼ਾਸ ਅੰਗਾਂ ਤੇ ਆਪਣਾ ਅਸਰ ਕਰਨ ਤੋਂ ਇਲਾਵਾ ਮਿਹਦੇ ਅਤੇ ਆਂਦਰਾਂ ਵਿਚ ਜਲਣ ਵੀ ਪੈਦਾ ਕਰਦੀਆਂ ਹਨ ਉਦਾਹਰਣ ਵਜੋਂ ਆੱਕਸੈਲਿਕ ਤੇਜ਼ਾਬ ਦਿਲ ਅਤੇ ਨਾੜੀ ਸਿਸਟਮ ਤੇ ਜ਼ਿਆਦਾ ਅਸਰ ਕਰਦਾ ਹੈ ਅਤੇ ਇਸ ਦੇ ਨਾਲ ਹੀ ਗਲੇ, ਗ੍ਰਸ-ਨਲੀ, ਮਿਹਦੇ ਅਤੇ ਆਂਦਰਾਂ ਵਿਚ ਜਲਣ ਤੇ ਦਰਦ ਪੈਦਾ ਕਰਦਾ ਹੈ। ਇਸੇ ਤਰ੍ਹਾਂ ਆਰਨਿਕ ਦਿਲ, ਗੁਰਦੇ ਅਤੇ ਹੋਰ ਅੰਗਾਂ ਉੱਤੇ ਅਸਰ ਕਰਨ ਦੇ ਨਾਲ ਨਾਲ ਆਂਦਰਾਂ ਤੇ ਪੇਟ ਵਿਚ ਬਹੁਤ ਦਰਦ ਪੈਦਾ ਕਰਦਾ ਹੈ। ਇਸ ਨਾਲ ਟੱਟੀਆਂ ਤੇ ਉਲਟੀਆਂ ਸ਼ੁਰੂ ਹੋ ਜਾਂਦੀਆਂ ਹਨ। ਐਂਟੀਮਨੀ, ਜਿਸਤ ਦੇ ਲੂਣ, ਬੇਰੀਅਮ ਦੇ ਲੂਣ, ਕ੍ਰੋਮੇਟ, ਮਰਕਿਊਰਿਕ ਕਲੋਰਾਈਡ ਆਦਿ ਇਸ ਦੀਆਂ ਹੋਰ ਉਦਾਹਰਣਾਂ ਹਨ।

**ਸਰਬਾਂਸੀ ਜ਼ਹਿਰਾਂ**—ਇਹ ਉਹ ਜ਼ਹਿਰਾਂ ਹਨ ਜਿਹੜੀਆਂ ਨਾੜੀ ਸਿਸਟਮ ਜਾਂ ਸਰੀਰ ਦੇ ਹੋਰ ਅੰਗਾਂ ਜਿਵੇਂ ਦਿਲ, ਜਿਗਰ, ਗੁਰਦੇ ਆਦਿ ਤੇ ਅਸਰ ਕਰਦੀਆਂ ਹਨ। ਇਨ੍ਹਾਂ ਦਾ ਖੋਰਕ ਜਾਂ ਜਲਣ ਪੈਦਾ ਕਰਨ ਵਾਲਾ ਕੋਈ ਅਸਰ ਨਹੀਂ ਹੁੰਦਾ। ਇਸ ਗਰੁੱਪ ਵਿਚ ਬਨਸਪਤ-ਜ਼ਹਿਰਾਂ ਜਾਂ ਉਨ੍ਹਾਂ ਦੇ ਐੱਲਕੋਲਾਇਡ, ਹਾਈਡ੍ਰੋਸਾਇਆਨਿਕ ਤੇਜ਼ਾਬ ਅਤੇ ਇਸ ਦੇ ਲੂਣ, ਕਲੋਰਲ, ਕਲੋਰੋਫਾਰਮ, ਅਲਕੋਹਲ ਈਥਰ, ਨੀਂਦਜਨਕ ਦਵਾਈਆਂ ਜਿਵੇਂ ਵੈਰੋਨਲ, ਸਲਫੋਨਲ ਆਦਿ ਹਨ। ਕੁਝ ਜ਼ਹਿਰਾਂ ਜਿਗਰ ਤੇ ਅਸਰ ਕਰਕੇ ਯਰਕਾਨ ਪੈਦਾ ਕਰਦੀਆਂ ਹਨ (ਜਿਵੇਂ ਟੈਟ੍ਰਾਕਲੋਰ ਈਥੇਨ); ਟ੍ਰਾਈਨਾਈਟ੍ਰੋ ਟਾਲੂਈਨ, ਪਿਕਰਿਕ ਐਸਿਡ ਆਦਿ)।

**ਗੈਸੀ ਜ਼ਹਿਰਾਂ ਅਤੇ ਜੰਗੀ ਗੈਸਾਂ**—ਇਨ੍ਹਾਂ ਵਿਚ ਕਾਰਬਨ ਮਾੱਨੋ-ਆੱਕਸਾਈਡ, ਕਾਰਬਨ ਡਾਈ-ਆੱਕਸਾਈਡ ਕਲੋਰੀਨ, ਹਾਈ-ਡ੍ਰੋਜਨ, ਸਲਫਾਈਡ ਆਦਿ ਜ਼ਹਿਰੀਲੀਆਂ ਗੈਸਾਂ ਆਉਂਦੀਆਂ ਹਨ।

ਜੰਗੀ ਗੈਸਾਂ ਨੂੰ ਚਾਰ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ :–

1. ਜਿਗਰ ਵਿਚ ਜਲਣ ਪੈਦਾ ਕਰਨ ਵਾਲੀਆਂ ਗੈਸਾਂ,
2. ਨੱਕ ਵਿਚ ਜਲਣ ਪੈਦਾ ਕਰਨ ਵਾਲੀਆਂ ਗੈਸਾਂ,
3. ਅੱਖਾਂ ਵਿਚ ਜਲਣ ਪੈਦਾ ਕਰਨ ਵਾਲੀਆਂ ਗੈਸਾਂ,
4. ਚਮੜੀ ਵਿਚ ਜਲਣ ਪੈਦਾ ਕਰਨ ਵਾਲੀਆਂ ਗੈਸਾਂ।

ਜ਼ਹਿਰੀਲੇ ਭੋਜਨ

ਭੋਜਨ ਜ਼ਹਿਰਬਾਦ ਟਰਮ ਆਮ ਤੌਰ ਤੇ ਅਜਿਹੀਆਂ ਬੀਮਾਰੀਆਂ ਲਈ ਵਰਤੀ ਜਾਂਦੀ ਹੈ ਜੋ ਅਜਿਹਾ ਭੋਜਨ ਜਿਸ ਵਿਚ ਰਸਾਇਣਿਕ, ਬਨਸਪਤ ਜਾਂ ਜੀਵਾਂ ਦੇ ਜ਼ਹਿਰ ਅਤੇ ਕੁਝ ਵਿਸ਼ੇਸ਼ ਰੋਗਾਣੂਆਂ ਜਾਂ ਉਨ੍ਹਾਂ ਦੇ ਜ਼ਹਿਰ ਮਿਲੇ ਹੋਣ, ਖਾਣ ਤੋਂ ਬਾਅਦ ਉੱਤਪੰਨ ਹੁੰਦੀਆਂ ਹਨ। ਜ਼ਹਿਰੀਲੀਆਂ ਖੁੰਬਾਂ ਜਾਂ ਸੈੱਲ ਫਿਸ਼ ਜਿਨ੍ਹਾਂ ਵਿਚ ਰੋਗਜਨਕ ਜੀਵਾਣੂ ਹੋਣ ਜ਼ਹਿਰੀਲੇ ਭੋਜਨ ਗਿਣੇ ਜਾਂਦੇ ਹਨ।

**ਜ਼ਹਿਰੀਲੇ ਰਿਸਾਉ**—ਇਹ ਰਿਸਾਉ ਕਈ ਪ੍ਰਾਣੀਆਂ ਦੀਆਂ ਕੁਝ ਵਿਸ਼ਿਸ਼ਟ ਗਿਲਟੀਆਂ ਵਿਚੋਂ ਨਿਕਲਦੇ ਹਨ। ਕਈ ਵਾਰ ਇਹ ਰਿਸਾਉ ਚਮੜੀ ਜਾਂ ਕਿਊਟਿਕਲ ਦੇ ਵੀ ਹੁੰਦੇ ਹਨ। ਕਿਸੇ ਦੂਜੇ ਪ੍ਰਾਣੀ ਵਿਚ ਜ਼ਹਿਰ ਦੰਦਾਂ, ਕੰਡਿਆਂ ਆਦਿ ਰਾਹੀਂ ਪਹੁੰਚ ਜਾਂਦਾ ਹੈ।

ਕੁਝ ਰਿਸਾਉ ਮੂੰਹ ਰਾਹੀਂ ਖਾਣ ਨਾਲ ਜ਼ਹਿਰੀਲੇ ਹੁੰਦੇ ਹਨ ਅਤੇ ਜੇ ਚਮੜੀ ਜਾਂ ਬਲਗਮੀ ਝਿੱਲੀਆਂ ਉੱਤੇ ਪੈਣ ਤਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਪਰ ਬਹੁਤਿਆਂ ਦਾ ਅਸਰ ਤਾਂ ਹੀ ਹੁੰਦਾ ਹੈ ਜੇ ਉਹ ਚਮੜੀ ਦੇ ਅੰਦਰ ਜਾਂ ਹੇਠਲੇ ਟਿਸ਼ੂਆਂ ਵਿਚ ਦਾਖ਼ਲ ਹੋਣ। ਇਨ੍ਹਾਂ ਨਾਲ ਛਾਲੇ ਪੈ ਜਾਂਦੇ ਹਨ, ਬਹੁਤ ਜ਼ਿਆਦਾ ਸੋਜਸ਼ ਤੋਂ ਬਾਅਦ ਟਿਸ਼ੂ ਵਿਚ ਵਿਗਾੜ ਆਦਿ ਆ ਜਾਂਦਾ ਹੈ। ਪੱਠਿਆਂ ਵਿਚ ਖਿੱਚ ਪੈਂਦੀ ਹੈ ਅਤੇ ਸੰਵੇਦਨ ਵਿਚ ਵਿਗਾੜ ਆ ਜਾਂਦੇ ਹਨ। ਇਨ੍ਹਾਂ ਦੇ ਸਰਬਾਂਸੀ ਅਸਰਾਂ ਵਿਚ ਸਥਾਨਕ ਜਾਂ ਵਿਸਤ੍ਰਿਤ ਹੀਮੋਰੈਜ, ਲਹੂ ਸੈੱਲਾਂ ਦਾ ਖ਼ਰਾਬ ਹੋਣਾ ਤੇ ਲਹੂ ਦਾ ਘਟ ਜਾਂ ਬਹੁਤ ਛੇਤੀ ਛੇਤੀ ਜੰਮਣਾ ਆਦਿ ਹਨ। ਨਾੜੀ ਸਿਸਟਮ ਉੱਤੇ ਪ੍ਰਭਾਵਾਂ ਵਿਚ ਘਬਰਾਹਟ, ਕੜਵੱਲ, ਉਲਟੀਆਂ-ਟੱਟੀਆਂ ਆਦਿ ਹਨ।

ਪ੍ਰਾਣੀਆਂ ਦੇ ਬਹੁਤੇ ਫ਼ਾਈਲਮਾਂ ਵਿਚ ਜ਼ਹਿਰੀਲੀਆਂ ਜਾਤੀਆਂ ਹੁੰਦੀਆਂ ਹਨ ਪਰ ਇਨ੍ਹਾਂ ਵਿਚ ਮਨੁੱਖ ਲਈ ਬਹੁਤ ਘਟ ਹਾਨੀਕਾਰਕ ਹਨ ਜਿਵੇਂ ਇਲੈਪਡੀ ਅਤੇ ਵਾਈਪਰਿਡੀ ਕੁਲਾਂ ਦੇ ਸੱਪ, ਕੁਝ ਅਠੂੰਹੇ ਅਤੇ ਮੱਕੜੀਆਂ, ਕਈ ਸਮਾਜਕ ਕੀੜੇ (ਸ਼ਹਿਦ ਦੀਆਂ ਮੱਖੀਆਂ, ਭਰਿੰਡਾਂ, ਕੀੜੀਆਂ) ਕੁਝ ਜੈਲੀ ਫਿਸ਼ਾਂ ਆਦਿ। ਇਨ੍ਹਾਂ ਤੋਂ ਇਲਾਵਾ ਸਮੁੰਦਰੀ ਅਰਚਿਨ, ਕੰਨ-ਖਜੂਰੇ, ਬਹੁਤੀਆਂ ਮੱਕੜੀਆਂ ਅਤੇ ਅਠੂੰਹੇ ਕੁਝ ਚਿੱਚੜ ਅਤੇ ਮਾਈਟਾਂ, ਬਹੁਤੇ ਕੀੜੇ, ਜ਼ਹਿਰਲੇ ਕੰਡਿਆਂ ਵਾਲੀਆਂ ਮੱਛੀਆਂ ਤੇ ਕੁਝ ਸ਼ੱਪ ਅਜਿਹੇ ਜ਼ਹਿਰੀਲੇ ਪ੍ਰਾਣੀ ਹਨ ਜਿਹੜੇ ਮਨੁੱਖ ਨੂੰ ਬਹੁਤ ਘੱਟ ਜਾਂ ਬਿਲਕੁਲ ਹੀ ਨੁਕਸਾਨ ਨਹੀਂ ਪਹੁੰਚਾਉਂਦੇ। ਜ਼ਹਿਰੀਲੇ ਚਮੜੀ ਰਿਸਾਵਾਂ ਵਾਲੇ ਜਲ-ਥਲੀ ਜੀਵ, ਜ਼ਹਿਰੀਲੀਆਂ ਕਿਰਲੀਆਂ ਅਤੇ ਜ਼ਹਿਰੀਲੇ ਥਣਧਾਰੀ ਪ੍ਰਾਣੀ ਜੀਵ-ਵਿਗਿਆਨ ਲਈ ਮਹੱਤਵਪੂਰਨ ਪ੍ਰਾਣੀ ਹਨ।

ਜ਼ਹਿਰੀਲੇ ਰਿਸਾਵਾਂ ਰਾਹੀਂ ਪੈਦਾ ਹੋਏ ਜ਼ਹਿਰ ਪ੍ਰਭਾਵ ਦੇ ਮੁੱਖ ਇਲਾਜ ਇਹ ਹਨ–(1) ਜਿਸ ਜਗ੍ਹਾ ਤੇ ਜ਼ਹਿਰ ਦਾਖ਼ਲ ਹੁੰਦੀ ਹੈ ਉਸੇ ਥਾਂ ਤੇ ਇਸ ਨੂੰ ਰੋਕ ਲੈਣਾ। ਅਜਿਹਾ ਉਸ ਥਾਂ ਨੂੰ ਬੰਨ੍ਹ ਦੇਣ ਜਾਂ ਸੁੰਨ ਕਰ ਦੇਣ ਨਾਲ ਹੁੰਦਾ ਹੈ ਅਤੇ ਫਿਰ ਚੀਰਾ ਦੇਣ ਅਤੇ ਚੂਸਣ ਨਾਲ ਜ਼ਹਿਰ ਕੱਢ ਦਿੱਤੀ ਜਾਂਦੀ ਹੈ, (2) ਜ਼ਹਿਰ ਪ੍ਰਭਾਵ ਤੋਂ ਮੁਕਤ ਸੀਰਮ ਰਾਹੀਂ ਉਸ ਦਾ ਅਸਰ ਖ਼ਤਮ ਕਰਨ ਨਾਲ ਅਤੇ (3) ਵਿਰੋਧੀ ਪ੍ਰਭਾਵ ਵਾਲੀਆਂ ਦਵਾਈਆਂ ਦੇਣ ਨਾਲ ਅਤੇ (4) ਲਹੂ ਬਦਲਣ ਅਤੇ ਪੀੜਾਹਾਰੀ ਆਦਿ ਤਰੀਕਿਆਂ ਰਾਹੀਂ।

ਡੰਗ ਮਾਰਨ ਵਾਲੇ ਸਮੁੰਦਰੀ ਪ੍ਰਾਣੀਆਂ ਵਿਚੋਂ ਕੁਝ ਕੁ ਦੇ ਇਲਾਜ ਇਸ ਤਰ੍ਹਾਂ ਹਨ। ਸੀਲੈਂਟਰੇਟਾ, ਐਨੇਲਿਡਾਂ ਅਤੇ ਇਕਾਈਨੋਡਰਮੇਟਾ ਦੇ ਸਪੱਰਸ਼ਕਾਂ, ਕਰੜੇ ਵਾਲਾਂ, ਕੰਡਿਆਂ ਜਾਂ ਪੈਡੀਸਿਲੇਰਿਈ ਰਾਹੀਂ ਡੰਗ ਲਗਦਾ ਹੈ। ਇਨ੍ਹਾਂ ਨੂੰ ਡੰਗ ਵਾਲੀ ਥਾਂ ਤੇ ਤੌਲੀਆ, ਰੇਤ ਜਾਂ ਕੋਈ ਹੋਰ ਅਜਿਹੀ ਵਸਤੂ ਰਗੜ ਕੇ ਇਕ ਦਮ ਹਟਾ ਲੈਣਾ ਚਾਹੀਦਾ ਹੈ ਅਤੇ ਉਸ ਥਾਂ ਤੇ ਅਲਕੋਹਲ ਜਾਂ ਤੇਲ ਆਦਿ ਲਗਾ ਦੇਣਾ ਚਾਹੀਦਾ ਹੈ।

ਮੱਛੀ ਦੇ ਕੰਡੇ ਨਾਲ ਹੋਏ ਜ਼ਖ਼ਮ ਉੱਤੇ ਚੀਰਾ ਦੇ ਕੇ ਜ਼ਖ਼ਮ ਵਾਲੀ ਥਾਂ ਵੱਡੀ ਕਰ ਲੈਣੀ ਚਾਹੀਦੀ ਹੈ ਤਾਂ ਕਿ ਉਸ ਵਿਚੋਂ ਜ਼ਹਿਰ ਚੂਸੀ ਜਾ ਸਕੇ। ਜ਼ਹਿਰ ਨੂੰ ਫੈਲਣ ਤੋਂ ਰੋਕਣ ਲਈ ਜ਼ਖ਼ਮ ਦੇ ਨੇੜੇ ਜਿਹੇ ਕਸ ਕੇ ਪੱਟੀ ਬੰਨ੍ਹ ਦੇਣੀ ਚਾਹੀਦੀ ਹੈ। ਜ਼ਖ਼ਮ ਵਾਲੀ ਥਾਂ ਨੂੰ ਗਰਮ ਪਾਣੀ ਵਿਚ (ਜਿਨ੍ਹਾਂ ਗਰਮ ਸਹਾਰਿਆਂ ਜਾ ਸਕੇ) ਘੰਟਾ ਕੁ ਰੱਖਣ ਨਾਲ ਵੀ ਕਹਿੰਦੇ ਹਨ ਕਿ ਜ਼ਹਿਰ ਦਾ ਅਸਰ ਖ਼ਤਮ ਹੋ ਜਾਂਦਾ ਹੈ। ਸਟਿੰਗ ਰੇ ਦੇ

ਾਰਬ ਜਾਂ ਕੈਟ ਫਿਸ਼ ਦੇ ਕੰਡਿਆਂ ਆਦਿ ਰਾਹੀਂ ਬਣੇ ਜ਼ਖਮਾਂ ਨੂੰ ਕੋਈ ਾਗ ਲੱਗਣ ਤੋਂ ਬਚਾਉਣ ਲਈ ਇਕ ਦਮ ਠੰਢੇ ਨਮਕੀਨ ਪਾਣੀ ਨਾਲ ਦੇਣਾ ਚਾਹੀਦਾ ਹੈ। ਸੈਫ਼ੈਲੋਪੋਡਾ ਦੇ ਡੰਗ ਦਾ ਵੀ ਮੱਛੀਆਂ ਦੇ ਡੰਗ ਾਲਾ ਹੀ ਇਲਾਜ ਹੈ।

ਜ਼ਹਿਰੀਲੇ ਸਮੁੰਦਰੀ ਸੱਪਾਂ ਦੇ ਡੱਸੇ ਜਾਣ ਤੇ ਵੀ ਦੂਜੇ ਸੱਪਾਂ ਵਾਂਗ ਸ ਕੇ ਪੱਟੀ ਬੰਨ੍ਹਣੀ ਅਤੇ ਵਿਹੁਮਾਰ ਦਵਾਈ ਦੇਣੀ ਚਾਹੀਦੀ ਹੈ। ਚੀਰਾ ਕੇ ਜ਼ਹਿਰ ਚੂਸਣ ਵਾਲੇ ਤਰੀਕੇ ਦਾ ਇਥੇ ਕੋਈ ਅਸਰ ਨਹੀਂ ਹੈ। ਾਵੇਂ ਕਿਸੇ ਥਾਂ ਤੇ ਜ਼ਹਿਰੀਲੇ ਸਮੁੰਦਰੀ ਪ੍ਰਾਣੀਆਂ ਦੀ ਹੋਂਦ ਦਾ ਪਤਾ ਗਾਉਣਾ ਮੁਸ਼ਕਿਲ ਹੈ ਪਰ ਫਿਰ ਵੀ ਕੁਝ ਸਾਵਧਾਨੀਆਂ ਵਰਤੀਆਂ ਾ ਸਕਦੀਆਂ ਹਨ ਜਿਵੇਂ ਤਲ ਤੋਂ ਉਪਰ ਦੇ ਪਾਣੀ ਨੂੰ ਥੋੜ੍ਹਾ ਜਿਹਾ ਲਾ ਕੇ ਦੇਖ ਲੈਣਾ ਜਾਂ ਕਿਸੇ ਸੋਟੀ ਆਦਿ ਨਾਲ ਗਾਰੇ ਨੂੰ ਹਿਲਾ ਕੇ ਖ ਲੈਣਾ ਨਾਲ ਉਸ ਵਿਚ ਦਬੇ ਸਟਿੰਗ ਰੇ ਵਰਗੇ ਪ੍ਰਾਣੀਆਂ ਦਾ ਪਤਾ ਗ ਸਕਦਾ ਹੈ। ਇਸੇ ਤਰ੍ਹਾਂ ਜੈਲੀ ਫ਼ਿਸ਼ਾਂ ਜਾਂ ਫ਼ਾਈਸੇਲੀਆ ਦੇ ਨੇੜੇ ਹੀਂ ਜਾਣਾ ਚਾਹੀਦਾ ਕਿਉਂਕਿ ਇਨ੍ਹਾਂ ਦੇ ਸਪਰਸ਼ਕ ਕਾਫ਼ੀ ਦੂਰ ਤੱਕ ਲੇ ਹੁੰਦੇ ਹਨ। ਸਮੁੰਦਰੀ ਕੰਢਿਆਂ ਤੇ ਪਏ ਮਰੇ ਹੋਏ ਇਨ੍ਹਾਂ ਜੀਵਾਂ ਨੂੰ ੀ ਹੱਥ ਨਹੀਂ ਲਗਾਉਣਾ ਚਾਹੀਦਾ ਕਿਉਂਕਿ ਮਰਨ ਤੋਂ ਕਾਫ਼ੀ ਚਿਰ ਾਅਦ ਤੱਕ ਵੀ ਇਨ੍ਹਾਂ ਵਿਚ ਜ਼ਹਿਰ ਰਹਿੰਦੀ ਹੈ। ਕੋਨ ਵਰਗੇ ਸੈੱਲਾਂ ; ਹੱਥ ਨਹੀਂ ਲਗਾਉਣਾ ਚਾਹੀਦਾ, ਖਾਸ ਕਰਕੇ ਕੋਨ ਵਾਲੇ ਹਿੱਸੇ ਤੇ। ਹਿਰੀਲੀਆਂ ਮੱਛੀਆਂ ਅਤੇ ਸਟਾਰ ਫ਼ਿਸ਼ਾਂ ਸਮੁੰਦਰੀ ਕੁਕੰਬਰਾਂ ਆਦਿ ; ਸਿੱਧੇ ਹੱਥ ਨਾਲ ਨਹੀਂ ਫੜਨਾ ਚਾਹੀਦਾ।

ਸਟਿੰਗ ਰੇ ਅਤੇ ਕੈਟ ਫਿਸ਼ ਡੰਗ ਅਤੇ ਖੰਭੜੇ ਹਟਾਉਣ ਤੋਂ ਾਅਦ, ਪਕਾ ਕੇ ਖਾਧੀਆਂ ਜਾ ਸਕਦੀਆਂ ਹਨ। ਉਬਾਲਣ ਨਾਲ ਜ਼ਹਿਰ ਾ ਅਸਰ ਖ਼ਤਮ ਹੋ ਜਾਂਦਾ ਹੈ।

ਇਨ੍ਹਾਂ ਸਮੁੰਦਰੀ ਪ੍ਰਾਣੀਆਂ ਦੀਆਂ ਜ਼ਹਿਰਾਂ ਨੂੰ ਕਈ ਤਰ੍ਹਾਂ ਇਸਤੇਮਾਲ ਵੀ ਕੀਤਾ ਜਾਂਦਾ ਹੈ, ਜਿਵੇਂ ਟੈਟ੍ਰੋਡੋਟਾੱਕਸਿਨ ਜਾਪਾਨ ਵਿਚ ਰਮੀਨਲ ਕੈਂਸਰ ਦੇ ਦਰਦ ਨੂੰ ਘਟਾਉਣ ਲਈ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਸੈਫ਼ਲੋਟਾੱਕਸਿਨ ਲਹੂ ਨੂੰ ਜੰਮਣ ਤੋਂ ਰੋਕਦੀ ਹੈ। ਹਾਈਪਰਟੈਨਸ਼ਨ ਠੀਕ ਕਰਨ ਲਈ ਸੈਕਸੀਟਾੱਕਸਿਨ ਵਧੀਆ ਦਵਾਈ ਹੈ। ਹੈਲੋਸਫ਼ੈਰਿਨ ਵਧੀਆ ਐਂਟੀਬਾਇਓਟਿਕ ਹੈ। ਹਾਲੋਥੂਰਿਨ ਆਰ. ਐਨ. ਏ. ਦੇ ਸੰਸ਼ਲੇਸ਼ਣ ਤੇ ਅਸਰ ਪਾਉਂਦੀ ਤੇ ਕਈ ਰੋਲ ਅਦਾ ਕਰਦੀ ਹੈ। ਕੈਂਸਰ ਦੇ ਇਲਾਜ ਵਿਚ ਵੀ ਇਹ ਮਹੱਤਵਪੂਰਨ ਸਿੱਧ ਹੋ ਸਕਦੀ ਹੈ।

ਹ. ਪੁ. -ਐਨ. ਬ੍ਰਿ. 18:98; ਐਨ. ਬ੍ਰਿ. 23: 69; ਸਾ. ਟ੍ਰ. ਜੂਨ 77: 26

**ਜ਼ਹਿਰਬਾਦ:** ਇਹ ਰੋਗ ਦੂਸ਼ਿਤ ਤੱਤ ਯੁਕਤ ਭੋਜਨ ਸੇਵਨ ਕਰਨ ਨਾਲ ਹੁੰਦਾ ਹੈ। ਇਨ੍ਹਾਂ ਤੱਤਾਂ ਵਿਚ ਮੁੱਖ ਹਨ—ਕੁਦਰਤੀ ਤੌਰ ਤੇ ਪੌਦਿਆਂ ਅਤੇ ਜਾਨਵਰਾਂ ਵਿਚ ਮਿਲਣ ਵਾਲੇ ਜ਼ਹਿਰ ਰਸਾਇਣਿਕ ਗੁਣਾਂ ਵਾਲੇ ਜ਼ਹਿਰ, ਜੋ ਭੋਜਨ ਨੂੰ ਲਾਗਦਾਰ ਬਣਾਉਂਦੇ ਹਨ ਅਤੇ ਸੂਖਮ ਜੀਵ, ਵਿਸ਼ੇਸ਼ ਤੌਰ ਤੇ ਬੈਕਟੀਰੀਆ ਅਤੇ ਉਨ੍ਹਾਂ ਦੇ ਜ਼ਹਿਰੀਲੇ ਰਿਸਾਅ। ਗੰਭੀਰ ਕਿਸਮ ਦੀ ਜ਼ਹਿਰਬਾਦ ਵਾਲੀਆਂ ਹਾਲਤਾਂ ਦਾ ਆਮਤੌਰ ਤੇ ਕਾਰਣ ਬੈਕਟੀਰੀਆ ਹੀ ਮੰਨਿਆ ਗਿਆ ਹੈ। ਰਸਾਇਣਿਕ ਕਿਸਮ ਦੀਆਂ ਜ਼ਹਿਰਾਂ ਵਿਚ ਉੱਲੀਨਾਸ਼ਕਾਂ ਅਤੇ ਕੀਟਨਾਸ਼ਕਾਂ ਵਿਚ ਵਰਤੀਆਂ ਜਾਣ ਵਾਲੀਆਂ ਭਾਰੀ ਧਾਤਾਂ ਹਨ ਜੋ ਜ਼ਹਿਰਬਾਦ ਦਾ ਕਾਰਨ ਬਣਦੀਆਂ ਹਨ। ਇਸ ਤਰ੍ਹਾਂ ਜ਼ਹਿਰਬਾਦ ਦੀਆਂ ਕਿਸਮਾਂ ਨੂੰ ਦੋ ਕਿਸਮ ਦੇ ਰੋਗਾਂ ਵਿਚ ਵੰਡਿਆ ਗਿਆ ਹੈ (1) ਲਾਗ : ਜਿਸ ਵਿਚ ਕਿਸੇ ਜੀਵਿਤ ਬੈਕਟੀਰੀਆ ਦਾ ਰੋਗ ਅਤੇ ਲਾਗ ਸ਼ੁਰੂ ਕਰਨ ਲਈ ਹੋਣਾ ਜ਼ਰੂਰੀ ਹੈ। (2) ਨਸ਼ਾ : ਜਿਸ ਵਿਚ ਬੈਕਟੀਰੀਆ ਦੇ ਰਿਸਾਅ ਜ਼ਿੰਮੇਵਾਰ ਹੁੰਦੇ ਹਨ।

ਸਾਲਮੋਨੇਲਾ (Salmonella) ਇਕ ਅਜਿਹਾ ਨਾਂ ਹੈ ਜੋ ਬੈਕਟੀਰੀਆ ਦੇ ਇਕ ਗਰੁੱਪ ਲਈ ਵਰਤਿਆ ਜਾਂਦਾ ਹੈ, ਜਿਸ ਵਿਚ ਲਗਭਗ 200 ਤੋਂ ਵੱਧ ਕਿਸਮਾਂ ਆਉਂਦੀਆਂ ਹਨ ਅਤੇ ਇਹ ਪੈਰਾਟਾਈਫਾਇਡ ਬੈਕਟੀਰੀਆ ਵੀ ਅਖਵਾਉਂਦੇ ਹਨ। ਇਨ੍ਹਾਂ ਵਿਚ ਕੁਝ ਇਕ ਕਿਸਮਾਂ 1888 ਵਿਚ ਵੀ ਜ਼ਹਿਰਬਾਦ ਦੇ ਕਾਰਣ ਵਜੋਂ ਜ਼ਿੰਮੇਵਾਰ ਮੰਨੀਆਂ ਗਈਆਂ। ਸਾਲਮੋਨੇਲਾ ਗਰੁੱਪ ਦੇ ਬੈਕਟੀਰੀਆ ਟਾਈਫ਼ਾਈਡ ਬੈਕਟੀਰੀਆ ਦੇ ਅਕਾਰ ਅਤੇ ਗੁਣਾਂ ਵਾਲੇ ਹੀ ਹੁੰਦੇ ਹਨ। ਇਹ ਕੇਵਲ ਮਨੁੱਖ ਵਿਚ ਹੀ ਨਹੀਂ ਸਗੋਂ ਜਾਨਵਰਾਂ ਦੀਆਂ ਆਂਦਰ-ਨਲੀਆਂ ਵਿਚ ਵੀ ਵਧਦੇ ਮਿਲੇ ਹਨ। ਇਹ ਬੈਕਟੀਰੀਆ ਮਨੁੱਖ ਵਿਚ ਟਾਈਫ਼ਾਇਡ ਵਰਗਾ ਇਕ ਰੋਗ ਪੈਦਾ ਕਰਦੇ ਹਨ ਜਦੋਂ ਕਿ ਹੋਰ ਕਿਸਮਾਂ ਪੇਟ ਵਿਚ ਆਂਦਰਾਂ ਦੇ ਰੋਗ ਪੈਦਾ ਕਰਦੀਆਂ ਹਨ।

ਜੀਵਾਂ ਦੇ ਸਰੀਰ ਵਿਚ ਪ੍ਰਵੇਸ਼ ਹੋਣ ਤੋਂ ਬਾਅਦ 7 ਤੋਂ 72 ਘੰਟੇ ਦੇ ਅੰਦਰ ਜ਼ਹਿਰਬਾਦ ਸ਼ੁਰੂ ਹੁੰਦਾ ਹੈ। ਸ਼ੁਰੂ ਵਿਚ ਜੀਅ ਕੱਚਾ ਹੋਣਾ, ਉਲਟੀ ਆਉਣੀ, ਪੇਟ ਦਰਦ ਅਤੇ ਪੇਚਿਸ਼ ਆਦਿ ਲੱਛਣ ਸਪੱਸ਼ਟ ਤੌਰ ਤੇ ਸਾਹਮਣੇ ਆਉਂਦੇ ਹਨ। ਸ਼ੁਰੂ ਵਿਚ ਸਿਰ ਦਰਦ ਅਤੇ ਕਾਂਬਾ ਲੱਗਣ ਦੇ ਚਿੰਨ੍ਹ ਵੀ ਦਿਸਦੇ ਹਨ, ਨਾਲ ਹੀ ਪੇਟ ਵਿਚ ਵਾਰ-ਵਾਰ ਦਰਦ ਅਤੇ ਪੇਚਿਸ਼ ਸ਼ੁਰੂ ਹੋ ਜਾਂਦੀ ਹੈ। ਪਖਾਨੇ ਵਿਚ ਪਾਣੀ ਜ਼ਿਆਦਾ ਹੁੰਦਾ ਹੈ ਅਤੇ ਬਦਬੂਦਾਰ ਹੁੰਦਾ ਹੈ। ਗੰਭੀਰ ਹਾਲਤਾਂ ਵਿਚ ਤੇਜ਼ ਬੁਖ਼ਾਰ, ਅਕੜਾਅ, ਪੇਸ਼ੀਆਂ ਵਿਚ ਕਮਜ਼ੋਰੀ, ਬੇਹੋਸ਼ੀ ਅਤੇ ਪਿਆਸ ਵਰਗੇ ਲੱਛਣ ਮਹਿਸੂਸ ਹੁੰਦੇ ਹਨ। ਇਸ ਬੀਮਾਰੀ ਵਿਚ ਦੌਰਾਨ ਖ਼ੂਨ ਵਿਚ ਚਿੱਟੇ ਸੈੱਲਾਂ ਦੀ ਗਿਣਤੀ ਬਹੁਤ ਵਧ ਜਾਂਦੀ ਹੈ। ਰੋਗੀ ਦੀ ਸਿਹਤ ਅਨੁਸਾਰ ਇਸ ਬੀਮਾਰੀ ਦੀ ਗੰਭੀਰਤਾ ਵਧ ਜਾਂ ਘਟ ਹੋ ਸਕਦੀ ਹੈ ਅਤੇ ਠੀਕ ਹੋਣ ਵਿਚ ਕੁਝ ਘੰਟੇ ਤੋਂ ਲੈ ਕੇ ਹਫ਼ਤੇ ਤੱਕ ਦਾ ਸਮਾਂ ਲਗ ਸਕਦਾ ਹੈ।

ਵਿਸ਼ਵਭਰ ਦੇ ਸਭਿਅਕ ਦੇਸ਼ਾਂ ਵਿਚ ਇਸ ਕਿਸਮ ਦੇ ਬੈਕਟੀਰੀਆ ਤੋਂ ਜ਼ਹਿਰਬਾਦ ਆਮ ਮਿਲਦਾ ਹੈ। ਇਸ ਰੋਗ ਦੀ ਲਾਗ ਪੀੜਤ ਜਾਨਵਰਾਂ ਤੋਂ ਪ੍ਰਾਪਤ ਭੋਜਨ ਜਾਂ ਭੋਜਨ ਦੀ ਤਿਆਰੀ ਜਾਂ ਸੰਭਾਲ ਸਮੇਂ ਦੂਸ਼ਿਤ ਹੋਣ ਕਾਰਨ ਲਗਦੀ ਹੈ। ਦੂਸ਼ਿਤ ਭੋਜਨ ਦੀ ਕੋਈ ਵਿਸ਼ੇਸ਼ ਜਾਂ ਭੈੜੀ ਗੰਧ ਨਹੀਂ ਹੁੰਦੀ। ਅਜਿਹੀ ਲਾਗ ਦਾ ਇਲਾਜ ਸਟ੍ਰੈਪਟੋਮਾਈਸਿਨ ਅਤੇ ਕਲੋਰੋਮਾਈਸਿਟਿਨ ਵਰਗੇ ਐਂਟੀਬਾਇਅਟਿਕ ਨਾਲ ਕੀਤਾ ਜਾਂਦਾ ਹੈ।

ਸਟ੍ਰੈਪਟੋਕਾੱਕਸ ਫੀਕੇਲਿਸ ਇਹ ਹੋਰ ਅਜਿਹਾ ਹੀ ਬੈਕਟੀਰੀਆ ਹੈ, ਜਿਸ ਨਾਲ ਲਾਗ 1924 ਤੋਂ ਹੁੰਦੀ ਆਈ ਹੈ। ਇਹ ਬੈਕਟੀਰੀਆ ਸਿਹਤਮੰਦ ਇਨਸਾਨ ਅਤੇ ਜਾਨਵਰਾਂ ਦੀਆਂ ਆਂਦਰਾਂ ਵਿਚ ਮਿਲਦਾ ਹੈ। ਇਸ ਕਿਸਮ ਦੀ ਜ਼ਹਿਰਬਾਦ ਵਿਚ ਲੱਛਣ ਬਹੁਤੇ ਗੰਭੀਰ ਨਹੀਂ ਹੁੰਦੇ। ਜੀਅ ਕੱਚਾ ਹੋਣਾ, ਉਲਟੀ ਆਉਣੀ, ਪੇਟ ਵਿਚ ਦਰਦ ਅਤੇ ਪੇਚਿਸ਼ ਵਰਗੇ ਲੱਛਣ ਸਾਹਮਣੇ ਆਉਂਦੇ ਹਨ। ਇਹ ਦੂਸ਼ਿਤ ਭੋਜਨ ਖਾਣ ਤੋਂ ਲਗਭਗ 5 ਤੋਂ 18 ਘੰਟੇ ਦੇ ਸਮੇਂ ਅੰਦਰ ਸ਼ੁਰੂ ਹੋ ਜਾਂਦਾ ਹੈ ਅਤੇ 24 ਘੰਟੇ ਦੇ ਅੰਦਰ ਹੀ ਠੀਕ ਵੀ ਹੋ ਜਾਂਦਾ ਹੈ। ਇਹ ਰੋਗ ਆਮ ਤੌਰ ਤੇ ਦੁੱਧ ਅਤੇ ਦੁੱਧ ਤੋਂ ਤਿਆਰ ਕੀਤੇ ਪਦਾਰਥਾਂ ਤੋਂ ਹੁੰਦਾ ਹੈ। ਮੀਟ, ਅੰਡੇ ਅਤੇ ਕ੍ਰੀਮ ਵਾਲੀਆਂ ਚੀਜ਼ਾਂ ਤੋਂ ਵੀ ਇਹ ਰੋਗ ਲੱਗ ਜਾਂਦਾ ਹੈ।

ਸਟੈਫ਼ਾਈਲੋਕਾੱਕਸ ਇਕ ਅਜਿਹਾ ਹੀ ਹੋਰ ਬੈਕਟੀਰੀਆ ਹੈ ਜੋ ਹਵਾ, ਮਿੱਟੀ, ਮਨੁੱਖ ਦੀ ਚਮੜੀ, ਨੱਕ ਅਤੇ ਗਲ ਵਿਚ ਆਮ ਮਿਲਦਾ ਹੈ। ਇਹ ਇਕ ਥਾਂ ਝੁੰਡ ਜਾਂ ਗਰੁੱਪ ਵਿਚ ਵਧਦੇ ਹਨ। ਜਿਨ੍ਹਾਂ ਹਾਲਾਤਾਂ ਵਿਚ ਟਾਇਫ਼ਾਈਡ ਦੇ ਬੈਕਟੀਰੀਆ ਨੂੰ ਮਾਰਿਆ ਜਾਂ ਨਸ਼ਟ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਸਟੈਫ਼ਾਈਲੋਕਾੱਕਸ ਬਹੁਤ ਤੇਜ਼ੀ ਨਾਲ ਵਧਦੇ ਹਨ। ਇਹ ਬੈਕਟੀਰੀਆ ਜੋ ਰਿਸਾਅ ਪੈਦਾ ਕਰਦੇ ਹਨ ਉਹ ਜ਼ਹਿਰਬਾਦ ਦਾ ਕਾਰਣ ਬਣਦਾ ਹੈ। ਨਮਕ ਅਤੇ ਚੀਨੀ ਨੂੰ ਭੋਜਨ ਵਿਚ ਮਿਲਾਣ ਨਾਲ ਟਾਇਫਾਇਡ ਬੈਕਟੀਰੀਆ ਨੂੰ ਨਸ਼ਟ ਕੀਤਾ ਜਾਂਦਾ ਹੈ ਪਰ ਨਾਲ ਹੀ ਇਹ ਦੋਵੇਂ ਮਾਧਿਅਮ ਸਟੈਫ਼ਾਈਲੋਕਾੱਕਸ ਬੈਕਟੀਰੀਆ ਨੂੰ ਤੇਜ਼ੀ ਨਾਲ ਵਧਣ ਵਿਚ ਸਹਾਈ ਹੁੰਦੇ ਹਨ। ਇਸ ਲਈ ਉਹ ਵਸਤਾਂ ਜੋ ਭੋਜਨ ਦੀ

ਸੰਭਾਲ ਲਈ ਸੁਰੱਖਿਅਕ ਵਜੋਂ ਵਰਤੀਆਂ ਜਾਂਦੀਆਂ ਹਨ ਉਹ ਇਸ ਰੋਗ ਦੇ ਬੈਕਟੀਰੀਆ ਨੂੰ ਵਧਣ ਵਿਚ ਸਹਾਈ ਹੁੰਦੀਆਂ ਹਨ। ਇਸ ਬੈਕਟਰੀਆ ਦੀ ਭੋਜਨ ਵਿਚ ਹੋਂਦ ਸਬੰਧੀ ਸੁਆਦ ਜਾਂ ਗੰਧ ਤੋਂ ਪਤਾ ਨਹੀਂ ਲਗਾਇਆ ਜਾ ਸਕਦਾ। ਇਸ ਕਿਸਮ ਨਾਲ ਹੋਈ ਜ਼ਹਿਰਬਾਦ ਬਹੁਤ ਹਲਕੀ ਹੁੰਦੀ ਹੈ ਅਤੇ ਜੀਅ ਕੱਚਾ ਹੋਣ ਨਾਲ ਉਲਟੀਆਂ ਆਉਣ ਦੇ ਲੱਛਣ ਵੀ ਦਿਖਾਈ ਦਿੰਦੇ ਹਨ। ਇਹ ਰੋਗ ਵੀ ਦੁੱਧ ਤੋਂ ਪ੍ਰਾਪਤ ਵਸਤਾਂ, ਮੀਟ, ਬੇਕਰੀ ਦੀਆਂ ਵਸਤਾਂ ਆਦਿ ਚੀਜ਼ਾਂ ਦੇ ਖਾਣ ਨਾਲ ਸ਼ੁਰੂ ਹੁੰਦਾ ਹੈ। ਦੂਸ਼ਤ ਭੋਜਨ ਖਾਣ ਦੇ ਇਕ ਤੋਂ ਪੰਜ ਘੰਟੇ ਅੰਦਰ ਲੱਛਣ ਪ੍ਰਗਟ ਹੋ ਜਾਂਦੇ ਹਨ ਅਤੇ ਪੇਟ ਦਰਦ ਅਤੇ ਪੇਚਿਸ਼ ਲਗਣ ਬਾਅਦ ਛੇਤੀ ਹੀ ਠੀਕ ਹੋ ਜਾਂਦੇ ਹਨ। ਗੰਭੀਰ ਹਾਲਤਾਂ ਵਿਚ ਰੋਗੀ ਦੇ ਸਰੀਰ ਵਿਚ ਅਕੜਾਅ ਅਤੇ ਕਮਜ਼ੋਰੀ ਆ ਜਾਂਦੀ ਹੈ, ਉਲਟੀ ਅਤੇ ਪਖ਼ਾਨੇ ਵਿਚ ਖੂਨ ਆ ਸਕਦਾ ਹੈ। ਕੁਝ ਦਿਨਾਂ ਵਿਚ ਹੀ ਆਰਾਮ ਆ ਜਾਂਦਾ ਹੈ ਅਤੇ ਇਸ ਰੋਗ ਕਾਰਨ ਮੌਤ ਦੀ ਦਰ ਬਹੁਤ ਘਟ ਹੈ। ਇਸ ਰੋਗ ਵਿਚ ਬੁਖ਼ਾਰ ਵੀ ਘਟ ਹੁੰਦਾ ਹੈ ਅਤੇ ਆਮ ਕਰਕੇ ਕਈ ਮਨੁੱਖ ਦੂਸ਼ਿਤ ਭੋਜਨ ਖਾਣ ਉਪਰੰਤ ਵੀ ਬੀਮਾਰ ਨਹੀਂ ਹੁੰਦੇ। ਭੋਜਨ ਖਾਣ ਤੋਂ ਪਹਿਲਾਂ ਹੀ ਬੈਕਟੀਰੀਆ ਦੁਆਰਾ ਪੈਦਾ ਕੀਤਾ ਜ਼ਹਿਰੀਲਾ ਮਾਦਾ ਭੋਜਨ ਵਿਚ ਮੌਜੂਦ ਹੁੰਦਾ ਹੈ। ਇਹ ਵੀ ਪ੍ਰਯੋਗਾਂ ਰਾਹੀਂ ਦੇਖਿਆ ਗਿਆ ਹੈ ਕਿ ਦੂਸ਼ਿਤ ਭੋਜਨ ਨੂੰ 30 ਮਿੰਟ ਤੱਕ ਉਬਾਲਣ ਉਪਰੰਤ ਵੀ ਇਹ ਜ਼ਹਿਰੀਲਾ ਮਾਦਾ ਨਸ਼ਟ ਨਹੀਂ ਹੁੰਦਾ। ਰੋਗੀ ਨੂੰ ਇਲਾਜ ਵਜੋਂ ਤਰਲ ਪਦਾਰਥ ਬਹੁਤ ਮਾਤਰਾ ਵਿਚ ਦਿੱਤਾ ਜਾਂਦਾ ਹੈ। ਕੋਈ ਵਿਸ਼ੇਸ਼ ਦਵਾਈ ਇਸਦੇ ਇਲਾਜ ਲਈ ਵਰਤੀ ਨਹੀਂ ਜਾਂਦੀ। ਭੋਜਨ ਦੀ ਚੰਗੀ ਸੰਭਾਲ ਨਾਲ ਹੀ ਇਸ ਰੋਗ ਤੋਂ ਬਚਿਆ ਜਾ ਸਕਦਾ ਹੈ।

ਇਕ ਹੋਰ ਅਜਿਹੇ ਜੀਵਾਣੂ ਕਲਾਸਟ੍ਰੀਡੀਅਮ ਬਾਟਿਉਲਿਨਮ ਕਾਰਨ ਵੀ ਮਨੁੱਖ ਅਤੇ ਜਾਨਵਰਾਂ ਵਿਚ ਜ਼ਹਿਰਬਾਦ ਹੋ ਜਾਂਦਾ ਹੈ। ਡੱਬੀਆਂ ਵਿਚ ਬੰਦ ਭੋਜਨ ਖਾਣ ਨਾਲ ਇਹ ਰੋਗ ਸ਼ੁਰੂ ਹੁੰਦਾ ਹੈ। ਖਾਣ ਵਾਲੇ ਪਦਾਰਥ ਜੇ ਕੁਝ ਨਿੱਘੇ ਵਾਤਾਵਰਣ ਵਿਚ ਪੈਕ ਕੀਤੇ ਜਾਣ, ਇਸ ਰੋਗ ਦੇ ਜੀਵਾਣੂਆਂ ਦੇ ਵਧਣ ਲਈ ਬਹੁਤ ਵਧੀਆ ਮਾਧਿਅਮ ਹਨ। ਇਸ ਕਿਸਮ ਦੇ ਜ਼ਹਿਰਬਾਦ ਵਿਚ ਅਚਾਨਕ ਹੀ ਲੱਛਣ ਪ੍ਰਗਟ ਹੁੰਦੇ ਹਨ ਅਤੇ ਕੁਝ ਸਮੇਂ ਅੰਦਰ ਹੀ ਰੋਗੀ ਦੀ ਮੌਤ ਹੋ ਜਾਂਦੀ ਹੈ। ਇਕ ਰੋਗੀ ਤਾਂ ਤਿੰਨ ਦਿਨ ਦੇ ਥੋੜ੍ਹੇ ਸਮੇਂ ਵਿਚ ਹੀ ਮਰ ਗਿਆ। ਪ੍ਰਮੁੱਖ ਲੱਛਣਾਂ ਵਿਚ ਰੋਗੀ ਦੇ ਦਿਮਾਗ ਉਪਰ ਅਸਰ ਹੁੰਦਾ ਹੈ, ਹਰ ਚੀਜ਼ ਦੋ ਨਜ਼ਰ ਆਉਂਦੀਆਂ ਹਨ, ਬੋਲਣ ਅਤੇ ਚੀਜ਼ ਲੰਘਾਉਣ ਵਿਚ ਤਕਲੀਫ਼ ਮਹਿਸੂਸ ਹੁੰਦੀ ਹੈ। ਇਸਦੇ ਨਾਲ ਹੀ ਸਾਹ ਲੈਣ ਵਿਚ ਵੀ ਕਾਫ਼ੀ ਔਖ ਹੁੰਦੀ ਹੈ। ਸਾਹ ਬੰਦ ਹੋਣ ਨਾਲ ਹੀ ਮੌਤ ਵੀ ਹੋ ਜਾਂਦੀ ਹੈ। ਰੋਗੀਆਂ ਵਿਚ ਪੇਟ ਖਰਾਬ ਹੋਣ, ਜੀਅ ਕੱਚਾ ਹੋਣ ਅਤੇ ਉਲਟੀ ਆਉਣ ਦੇ ਲੱਛਣ ਵੀ ਦਿਖਾਈ ਦਿੰਦੇ ਹਨ। ਇਸ ਰੋਗ ਲਈ ਕੋਈ ਵਿਸ਼ੇਸ਼ ਇਲਾਜ ਜਾਂ ਦਵਾਈ ਨਹੀਂ ਹੈ। ਜਿਸ ਭੋਜਨ ਵਿਚ ਇਹ ਬੈਕਟੀਰੀਆ ਮੌਜੂਦ ਹੋਣ ਉਸਦਾ ਸਵਾਦ ਅਤੇ ਗੰਧ ਬਹੁਤ ਭੈੜੀ ਹੁੰਦੀ ਹੈ ਅਤੇ ਕਈ ਵਾਰ ਡੱਬੀਆਂ ਫੁੱਲ ਜਾਂਦੀਆਂ ਹਨ। ਅਜਿਹੇ ਭੋਜਨ ਨੂੰ ਖਾਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

ਭੋਜਨ ਦੀ ਬਕਾਇਦਾ ਸੰਭਾਲ ਅਤੇ ਸਫ਼ਾਈ ਨਾਲ ਕੁਝ ਹੱਦ ਤੱਕ ਇਸ ਰੋਗ ਤੋਂ ਬਚਿਆ ਜਾ ਸਕਦਾ ਹੈ।

ਹ. ਪੁ.-ਐਨ. ਬ੍ਰਿ. 9: 451; ਐਨ. ਬ੍ਰਿ. ਮਾ. 4: 219

**ਜ਼ਹਿਰੀਲੇ ਪ੍ਰਾਣੀ** : ਜ਼ਹਿਰੀਲੇ ਪ੍ਰਾਣੀ ਜਲੀ ਅਤੇ ਥਲੀ ਦੋਹਾਂ ਤਰ੍ਹਾਂ ਦਾ ਜੀਵਨ ਜਿਉਣ ਵਾਲੇ ਮਿਲਦੇ ਹਨ। ਸਮੁੰਦਰਾਂ ਵਿਚ ਅਨੇਕਾਂ ਕਿਸਮਾਂ ਦੇ ਜ਼ਹਿਰੀਲੇ ਪ੍ਰਾਣੀ ਮਿਲਦੇ ਹਨ। ਪਾਣੀ ਦੀ ਸਤ੍ਹਾ ਦੇ ਹੇਠਾਂ ਸਮੁੰਦਰਾਂ ਵਿਚ ਅਸੰਖਾਂ ਇਹੋ ਜਿਹੇ ਜ਼ਹਿਰੀਲੇ ਪ੍ਰਾਣੀ ਵੀ ਰਹਿੰਦੇ ਹਨ ਜਿਨ੍ਹਾਂ ਦੀ ਜ਼ਹਿਰ ਇਕ ਮਿੰਟ ਤੋਂ ਵੀ ਘਟ ਦੇ ਵਕਫ਼ੇ ਵਿਚ ਮਨੁੱਖ ਦੀ ਜਾਨ ਲੈ ਸਕਦੀ ਹੈ। ਭੋਜਨ, ਬਾਲਣ ਅਤੇ ਖਣਿਜਾਂ ਦੀ ਖੋਜ ਵਿਚ ਸਮੁੰਦਰਾਂ ਦੀ ਛਾਣ-ਬੀਣ ਕਰਨ ਵਾਲੇ ਗੋਤਾਖੋਰਾਂ ਦੀ ਜਾਣ-ਪਛਾਣ ਇਨ੍ਹਾਂ ਪ੍ਰਾਣੀਆਂ ਨਾਲ ਵੀ ਹੁੰਦੀ ਰਹਿੰਦੀ ਹੈ। ਇਨ੍ਹਾਂ ਵਿਚੋਂ ਬਹੁਤੀਆਂ ਪ੍ਰਤਖ ਅਤੇ ਕਈ ਅਦਿੱਖ (ਬਹੁਤ ਸੂਖ਼ਮ) ਕਿਸਮਾਂ ਵੀ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਜ਼ਹਿਰ ਦਾ ਅਸਰ ਕੰਨਾਂ ਅਤੇ ਬੁਲ੍ਹਾਂ ਵਰਗੇ ਨੰਗਿਆਂ ਹਿੱਸਿਆਂ ਉੱਤੇ ਹੋ ਜਾਂਦਾ ਹੈ।

ਸਮੁੰਦਰੀ ਪ੍ਰਾਣੀ ਕਈ ਰੂਪਾਂ ਆਕਾਰਾਂ ਦੇ ਅਤੇ ਕਈ ਤਰ੍ਹਾਂ ਦਾ ਜੀਵਨ ਬਿਤਾਉਣ ਵਾਲੇ ਹਨ। ਇਹ ਸਮੁੰਦਰ ਦੇ ਵੱਖ ਵੱਖ ਹਿੱਸਿਆਂ ਵਿਚ, ਵੱਖ ਵੱਖ ਡੂੰਘਾਈਆਂ ਤੇ ਮਿਲਦੇ ਹਨ ਅਤੇ ਇਸੇ ਡੂੰਘਾਈ ਤੇ ਅਧਾਰ ਤੇ ਤੱਟੀ ਪੈਲੈਜਿਕ, ਤੈਰਦੀਆਂ, ਨਿਤਲ ਸਥਿਤ ਅਤੇ ਵਿਤਲੀ ਜਾਂ ਸਮੁੰਦਰੀ ਤਲ ਤੇ ਰਹਿਣ ਵਾਲੀਆਂ ਕਿਸਮਾਂ ਵਿਚ ਵੰਡੇ ਜਾ ਸਕਦੇ ਹਨ।

**ਬਿਨਾਂ ਜ਼ਹਿਰ ਅਪਰੇਟਸ ਵਾਲੇ ਜ਼ਹਿਰੀਲੇ ਪ੍ਰਾਣੀ**

| ਨਾਂ | ਜ਼ਹਿਰ ਦਾ ਕਾਰਨ | ਜ਼ਹਿਰ ਦਾ ਅਸਰ |
|---|---|---|
| ਪ੍ਰੋਟੋਜ਼ੋਨ–ਇਕ ਸੈੱਲੇ ਪ੍ਰਾਣੀ | | |
| ਡਾਈਨੋਫਲੈਜੈਲੇਟ (Gymnodinium brevis) | ਅਗਿਆਤ | ਨੱਕ ਅਤੇ ਗਲੇ ਦੀਆਂ ਬਲਗ਼ਮੀ ਝਿੱਲੀਆਂ ਵਿਚ ਜਲਨ, ਨਿੱਛਾਂ, ਖੰਘ, ਸਾਹ ਦੀ ਤਕਲੀਫ਼। |
| ਡਾਈਨੋਫਲੈਜੈਲੇਟ (Gonyculax catedtnelta) | ਅਧਰੰਗ ਕਰਨ ਵਾਲੀ ਸੈੱਲ ਫ਼ਿਸ਼ ਜ਼ਹਿਰ, ਸੈਕਸੀ-ਟਾੱਕਸਿਨ ($C_{10}H_{15}N_7O_3 2HCL$) | ਬੁਲ੍ਹ, ਜੀਭ, ਚਿਹਰੇ ਤੋਂ ਸ਼ੁਰੂ ਹੋ ਕੇ ਸਾਰੇ ਸਰੀਰ ਵਿਚ ਫੈਲਣ ਵਾਲੀ ਜਲਣ ਅਤੇ ਸੁੰਨਤਾ, ਕਮਜ਼ੋਰੀ, ਜੋੜਾਂ ਦੇ ਦਰਦ, ਜ਼ਿਆਦਾ ਪਿਆਸ ਲੱਗਣਾ, |
| ਡਾਈਨੋਫਲੈਜੈਲੇਟ (Gonyculax tamarensis) | ਉਪਰਲੇ ਵਾਲਾ | ਨਿਗਲਣ ਵਿਚ ਤਕਲੀਫ਼ ਪੱਠਿਆਂ ਦਾ ਅਧਰੰਗ ਤੇ ਮੌਤ, ਉਨ੍ਹਾਂ ਸੈੱਲ ਫ਼ਿਸ਼ਾਂ ਨੂੰ ਖਾਣ ਨਾਲ ਹੁੰਦੀ ਹੈ ਜਿਹੜੀਆਂ ਇਨ੍ਹਾਂ ਡਾਈਨੋਫਲੈਜੈਲੇਟਾਂ ਤੇ ਆਹਾਰ ਕਰਦੀਆਂ ਹਨ। |

**ਨਾਈਡੇਰੀਅਨ–ਜੈਲੀ ਫ਼ਿਸ਼, ਸਮੁੰਦਰੀ ਐਨੀਮੋਨ ਆਦਿ**

| | | |
|---|---|---|
| ਸਮੁੰਦਰੀ ਐਨੀਮੋਨ (Radianthus Paumotensis) | ਜ਼ਹਿਰ ਅਗਿਆਤ | ਮਤਲੀ, ਉਲਟੀਆਂ, ਪੇਟ ਦਰਦ, ਯਰਕਾਨ, ਥਕਾਵਟ, ਕੋਮਾ ਤੇ ਮੌਤ। ਸਮੁੰਦਰੀ ਐਨੀਮੋਨ ਦੀ ਇਹ ਜਾਤੀ ਕੱਚੀ ਜਾਂ ਪਕਾ ਕੇ, ਕਿਸੇ ਸੂਰਤ ਵਿਚ ਵੀ ਖਾਣ ਤੇ ਜ਼ਹਿਰੀਲੀ ਹੈ। |

**ਇਕਾਈਨੋਡਰਮ–ਸਟਾਰ ਫ਼ਿਸ਼ਾਂ, ਸਮੁੰਦਰੀ ਕੁਕੰਬਰ ਆਦਿ।**

| | | |
|---|---|---|
| ਸਮੁੰਦਰੀ ਕੁਕੰਬਰ (Holothuria sps.) | ਹਾਲੋਥੂਰਿਨ | ਇਨ੍ਹਾਂ ਦੀ ਜ਼ਹਿਰ ਦੇ ਅਸਰ ਬਾਰੇ ਪੱਕਾ ਪਤਾ ਨਹੀਂ ਲੱਗਿਆ, ਜ਼ਹਿਰੀਲੀਆਂ ਅਤੇ ਜ਼ਹਿਰਹੀਣ ਜਾਤੀਆਂ ਵਿਚ ਪਹਿਚਾਣ ਕਰਨੀ ਔਖੀ ਹੈ। |

**ਮੌਲਸਕ–ਅੱਠਬਾਹੇ, ਸੁਕਾਇਡ, ਸ਼ੈੱਲ ਫ਼ਿਸ਼ ਆਦਿ**

| | | |
|---|---|---|
| ਕੈਲੀਫ਼ੋਰਨੀਆ ਮੱਸਲ (Mytilus Californianns) | ਅਧਰੰਗ ਕਰਨ ਵਾਲੀ ਸ਼ੈੱਲ ਫ਼ਿਸ਼ | ਡਾਈਨੋਫਲੈਜੈਲੇਟਾਂ ਵਾਲੇ ਅਸਰ |



ਡੰਗਣ ਵਾਲੇ ਹਾਈਡਰਾਇਡ



ਡੰਗਣ ਵਾਲੇ ਹਾਈਡਰਾਇਡ



ਸਟਿੰਗਿੰਗ ਐਂਟ



ਪਫਰ



ਆਕਟੋਪਸ



ਕਟਲ ਫਿਸ਼



ਕੇਕੜਾ



ਲਾਇਨ ਫਿਸ਼



ਸਟੋਨ ਫਿਸ਼



ਸਪੀਡਰ (ਲੋਕਸ)

| | | |
|---|---|---|
| ਬਟਰ ਕਲੇਮ (Saxidomus giganteus) | ਜ਼ਹਿਰ, ਸੈਕਸੀ-ਟਾੱਕਸਿਨ ਕੈਲੀ-ਫ਼ੋਰਨੀਆ ਮੱਸਲ ਵਾਲਾ | — |
| ਸਰਫ਼ ਕਲੇਮ (Spisula solidissima) | ਉਪਰਲੇ ਵਾਲਾ | — |
| ਵ੍ਹੈਲੱਕ (Neptunea sps.) | ਟੈਟ੍ਰਾਮੀਨ | ਮਤਲੀ, ਉਲਟੀਆਂ, ਟੱਟੀਆਂ, ਕਮਜ਼ੋਰੀ, ਚੱਕਰ ਆਉਣੇ, ਫ਼ੋਟੋਫੋਬੀਆ, ਨਜ਼ਰ ਠੀਕ ਨਾ ਰਹਿਣੀ, ਮੂੰਹ ਸੁਕਣਾ, ਵ੍ਹੈਲੱਕ ਦੀਆਂ ਲੁਆਬ ਗਲੈਂਡਾਂ ਵਿਚ ਜ਼ਹਿਰ ਹੁੰਦੀ ਹੈ। |
| ਟਰਬਨ ਸ਼ੈੱਲ (Turbo argyrostoma) | ਸੀਗਵਾਟਾੱਕਸਿਨ ਵਰਗੀ ਜ਼ਹਿਰ | ਟੱਟੀਆਂ ਲਗਣੀਆਂ, ਲੱਤਾਂ ਵਿਚ ਕਮਜ਼ੋਰੀ, ਥਕਾਵਟ, ਠੰਢਾ ਪਾਣੀ ਪੀਣ ਨਾਲ ਦਰਦ ਜਿਹਾ ਉਠਣਾ। |
| ਕੈਲਿਸਟਾ ਸ਼ੈੱਲ ਫਿਸ਼ (Callista brevisiphonata) | ਹਿਸਟਾਮੀਨ ਕੋਲੀਨ ਵਰਗੀ ਚੀਜ਼, | ਚਿਹਰੇ ਦਾ ਲਾਲ ਹੋਣਾ, ਖ਼ੁਰਕ, ਚਮੜੀ ਵਿਚ ਸੂਈਆਂ ਜਿਹੀਆਂ ਚੁੱਭਣੀਆਂ, ਛਾਤੀ ਵਿਚ ਖਿੱਚ ਪੈਣੀ, ਪੇਟ ਦਰਦ, ਮਤਲੀ, ਸਾਹ ਲੈਣ ਵਿਚ ਤਕਲੀਫ਼, ਦਮੇ ਦੇ ਦੌਰੇ, ਅਧਰੰਗ, ਮੂੰਹ ਵਿਚ ਜ਼ਿਆਦਾ ਥੁੱਕ ਆਉਣਾ, ਜੀਭ ਤੇ ਗਲ ਦਾ ਸੁੰਨ ਹੋਣਾ, ਤਕਰੀਬਨ 10 ਦਿਨਾਂ ਵਿਚ ਮਨੁੱਖ ਮੁੜ ਕੇ ਠੀਕ ਹੁੰਦਾ ਹੈ। |
| ਜਾਪਾਨੀ ਡੋਸੀਨੀਆ (Dosinia Japanica) | ਵਿਨੈੱਰੁਪਿਨ | — |
| ਜਾਪਾਨੀ ਲਿਟਲਨੈੱਕ ਕੱਕਲ (Tapes Semidecussata) | ਜਾਪਾਨੀ ਡੋਸੀਨੀਆ ਵਾਲੇ | ਮਤਲੀ, ਉਲਟੀਆਂ, ਘਬਰਾਹਟ, ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਚਮੜੀ ਦਾ ਹੈਮਰੇਜ, ਜਿਗਰ ਦਾ ਵਧ ਜਾਣਾ, ਗਸ਼ੀ, ਕੋਮਾ, ਮੌਤ। |

**ਆਰਥ੍ਰੋਪੋਡ-ਕੇਕੜੇ, ਮੱਕੜੀਆਂ ਆਦਿ**

| | | |
|---|---|---|
| ਤੱਟੀ ਕੇਕੜਾ (Demania toxica) | ਅਗਿਆਤ | ਮਤਲੀ, ਉਲਟੀਆਂ, ਟੱਟੀਆਂ, ਪੱਠਿਆਂ ਦਾ ਕਮਜ਼ੋਰ ਹੋ ਜਾਣਾ, ਸਾਹ ਲੈਣ ਵਿਚ ਤੇ ਬੋਲਣ ਵਿਚ ਤਕਲੀਫ਼, |
| ਕੇਕੜਾ (Zozymus aeneus) | ਟੈਟ੍ਰੋਡੋਟਾੱਕਸਿਨ ਵਰਗੀ ਜ਼ਹਿਰ | ਥੁੱਕ ਦਾ ਜ਼ਿਆਦਾ ਬਣਨਾ, ਪੱਠਿਆਂ ਦਾ ਅਧਰੰਗ, ਕੜਵੱਲ, ਮੌਤ। |
| ਕੇਕੜਾ (Eriphia sebana) | ਉਪਰਲੇ ਕੇਕੜੇ ਵਰਗਾ | ਮੂੰਹ ਵਿਚ ਝੁਣਝੁਣੀ, ਮਤਲੀ, ਉਲਟੀਆਂ, ਪੱਠਿਆਂ ਦਾ ਅਧਰੰਗ, ਕੋਮਾ, ਕੜਵੱਲ, ਮੌਤ। |
| ਏਸ਼ੀਆਈ ਹਾਰਸ ਸ਼ੂ ਕੇਕੜਾ (Tachypleus tridentatus) | ਅਗਿਆਤ | ਚੱਕਰ ਆਉਣੇ, ਸਿਰ ਦਰਦ, ਮਤਲੀ, ਉਲਟੀਆਂ, ਪੇਟ ਦਰਦ, ਦਿਲ ਦਾ ਜ਼ੋਰ ਜ਼ੋਰ ਨਾਲ ਧੜਕਣਾ, ਬੁਲ੍ਹਾਂ ਦਾ ਸੁੰਨ ਹੋਣਾ, ਪੱਠਿਆਂ ਦਾ ਅਧਰੰਗ, ਜ਼ਿਆਦਾ ਥੁੱਕ ਬਣਨਾ, ਬੇਹੋਸ਼ੀ ਮੌਤ। |

**ਮੱਛੀਆਂ-ਸ਼ਾਰਕ ਈਲ ਆਦਿ**

| | | |
|---|---|---|
| ਗਰੀਨਲੈਂਡ ਸ਼ਾਰਕ (Somniosus microcephalus) | ਅਗਿਆਤ, ਮਾਸ ਜ਼ਹਿਰੀਲਾ, ਜਿਗਰ ਵਿਚ ਘਾਤਕ ਜ਼ਹਿਰ | ਮਤਲੀ, ਉਲਟੀਆਂ, ਟੱਟੀਆਂ, ਪੇਟ ਦਰਦ, ਜੀਭ ਗਲੇ ਅਤੇ ਗ੍ਰਸ-ਨਲੀ ਵਿਚ ਜਲਣ ਅਤੇ ਝੁਣਝੁਣੀ, ਪੱਠਿਆਂ ਵਿਚ ਕੜਵੱਲ, ਸਾਹ ਲੈਣ ਵਿਚ ਤਕਲੀਫ਼, ਕੋਮਾ, ਮੌਤ। |
| ਮਾਰੇ ਈਲ (Gymnothorax javanicus) | ਸੀਗਵਾਟਾੱਕਸਿਨ | ਲੱਛਣ ਇਕ ਦਮ ਜਾਂ ਹੌਲੀ ਹੌਲੀ ਪ੍ਰਤੱਖ ਹੁੰਦੇ ਹਨ, ਬੁਲ੍ਹ, ਜੀਭ, ਗਲੇ ਵਿਚ ਝੁਣਝੁਣੀ ਤੇ ਫਿਰ ਸੁੰਨਤਾ। |
| ਨੀਲੀ ਕ੍ਰਿਵੈਲੀ (Ceranx melampygus) | ਮੱਰੇ ਈਲ ਵਰਗੀ | ਮਤਲੀ, ਉਲਟੀਆਂ, ਪੇਟ ਵਿਚ ਵੱਟ ਪੈਣੇ, ਪੱਠਿਆਂ ਦੀ ਕਮਜ਼ੋਰੀ, ਅਧਰੰਗ, ਕੜਵੱਲ, ਦੰਦ ਹਿਲਣੇ। |
| ਲਾਲ ਸਨੈਪਰ (Lutjanus bohar) | ਉਪਰਲੇ ਵਰਗੀ | ਨਜ਼ਰ ਵਿਚ ਫ਼ਰਕ, ਚਮੜੀ ਦਾ ਲਾਲ ਹੋਣਾ, ਗਰਮ ਚੀਜ਼ਾਂ ਠੰਢੀਆਂ ਅਤੇ ਠੰਢੀਆਂ ਗਰਮ ਲਗਣੀਆਂ, ਕੋਮਾ, ਤਕਰੀਬਨ 12% ਕੇਸਾਂ ਵਿਚ ਮੌਤ ਹੋ ਜਾਂਦੀ ਹੈ। |
| ਧੱਬੇਦਾਰ ਗਰੂਪਰ (Cephelophalis argus) | ਉਪਰਲੇ ਵਰਗੀ | — |
| ਲਾਲ ਖੰਭੜਿਆਂ ਵਾਲੀ ਗਰੂਪਰ (Mycteroperca venenosa) | ਉਪਰਲੇ ਵਰਗੀ | — |
| ਐਂਪਰਰ ਸਮੁੰਦਰੀ ਬੱਸ (Variolalouti) | ਉਪਰਲੇ ਵਰਗੀ | — |
| ਗ੍ਰੇਟ ਬੈਰਾਕਿਊਡਾ (Sphyraena barracuda) | ਉਪਰਲੇ ਵਰਗੀ | — |
| ਟ੍ਰਿਗਰ ਫਿਸ਼ (Balistes ventula) | ਉਪਰਲੇ ਵਰਗੀ | — |
| ਟਰੰਕ ਫਿਸ਼ (Lactoria cornutus) | ਉਪਰਲੇ ਵਰਗੀ | — |

| | | |
|---|---|---|
| **ਥ੍ਰੈੱਡ ਹੈਰਿੰਗ (Clupanodon thrissa)** | ਕਲੂਪੀਆਟੱਕ-ਸਿਨ | ਮਤਲੀ, ਉਲਟੀਆਂ, ਪੇਟ ਦਰਦ, ਥੁੱਕ ਜ਼ਿਆਦਾ ਬਣਨਾ, ਸੁੰਨਤਾ, ਪੱਠਿਆਂ ਦਾ ਅਧਰੰਗ, ਕੜਵੱਲ, ਕੋਮਾ, 50% ਕੇਸਾਂ ਵਿਚ ਮੌਤ, ਜ਼ਹਿਰ ਦਾ ਅਸਰ ਇਕ ਦਮ ਹੁੰਦਾ ਹੈ। |
| **ਅੰਧ ਮਹਾਸਾਗਰੀ ਥ੍ਰੈੱਡ ਹੈਰਿੰਗ (Opisthonema oglimum)** | ਥ੍ਰੈੱਡ ਹੈਰਿੰਗ ਵਰਗੀ | – |
| **ਲਾਲ-ਕੰਨਾਂ ਵਾਲੀ ਸਾਰਡੀਨ (Harengula humeralis)** | ਉਪਰਲੀ ਵਰਗੀ | ਟੱਟੀਆਂ ਤੇ ਨਾਲ ਦਰਦ ਹੋਣਾ |
| **ਕੈਸਟਰ-ਆਇਲ ਫਿਸ਼ (Ruvettus pretiosus)** | ਇਲੀਇਕ ਐਸਿਡ | ਤੇਜ਼ ਐਲਰਜੀ ਵਰਗੇ ਲੱਛਣ, ਕੌੜੀਆਂ ਮਿਰਚਾਂ ਵਰਗਾ ਸੁਆਦ, ਸਿਰ ਦਰਦ, ਗਰਦਨ ਦੀਆਂ ਲਹੂ-ਵਹਿਣੀਆਂ ਵਿਚ ਚੀਸਾਂ ਪੈਣੀਆਂ, ਮਤਲੀ, ਉਲਟੀਆਂ ਬਹੁਤ ਖ਼ੁਰਕ; ਤਕਰੀਬਨ 8-12 ਘੰਟਿਆਂ ਬਾਅਦ ਠੀਕ ਹੁੰਦਾ ਹੈ। |
| **ਸਕਿਪਜੈਕ ਟਿਊਨਾ (Euthynus pelamis)** | ਸਾਰੀਨ (Saurine) | – |
| **ਨੀਲੇ ਖੰਭੜਿਆਂ ਵਾਲੀ ਟਿਊਨਾਂ (Thunnus thynnus)** | ਸਾਰੀਨ (Saurine) | – |
| **ਮਾਰੂ ਪਫ਼ਰ (Arothron hispidus)** | ਟ੍ਰੈਟੋਡੋਟੱਕਸਿਨ | ਬੁਲ੍ਹਾਂ ਤੇ ਜੀਭ ਵਿਚ ਝੁਣਝੁਣੀ, ਸਾਰੇ ਸਰੀਰ ਦਾ ਸੁੰਨ ਹੋਣਾ, ਜ਼ਿਆਦਾ ਥੁੱਕ ਬਣਨਾ, ਮੋਟਰ ਨਾੜੀਆਂ ਦਾ ਤਾਲਮੇਲ ਖ਼ਤਮ ਹੋਣਾ, ਪੱਠਿਆਂ ਦਾ ਅਧਰੰਗ, ਨਿਗਲਣ ਵਿਚ ਤਕਲੀਫ਼, ਕਮਜ਼ੋਰੀ, ਮਤਲੀ, ਉਲਟੀਆਂ, ਕੜਵੱਲ ; 60% ਕੇਸਾਂ ਵਿਚ ਮੌਤ। |
| **ਚਿੱਟੇ ਧੱਬਿਆਂ ਵਾਲੀ ਪਫ਼ਰ (Arothron meleagris)** | ਉਪਰਲੀ ਵਰਗੀ | – |

**ਜਲ-ਥਲੀ ਜੀਵ**

| | | |
|---|---|---|
| ਕੈਲੀਫੋਰਨੀਆਂ ਨਿਊਟ (Taricha torosa) | ਟੈਰੀਕੈਟੱਕਸਿਨ, ਅੰਡੇ ਜ਼ਹਿਰੀਲੇ ਹੁੰਦੇ ਹਨ। | ਅਗਿਆਤ |

**ਰੀਂਗਣੇ ਪ੍ਰਾਣੀ**

| | | |
|---|---|---|
| ਹਾਕਬਿਲ ਟਰਟਲ (ਕੱਛੂ) (Eretmochelys imbricata) | ਕੀਲੋਨੀਟੱਕ-ਸਿਨ, ਮਾਸ ਵਿਚ ਜ਼ਹਿਰ ਹੁੰਦੀ ਹੈ। | ਮਤਲੀ, ਉਲਟੀਆਂ, ਟੱਟੀਆਂ, ਬੁਲ੍ਹਾਂ, ਜੀਭ, ਮੂੰਹ ਵਿਚ ਜਲਣ, ਛਾਤੀ ਵਿਚ ਖਿੱਚ ਪੈਣੀ, ਨਿਗਲਣ ਵਿਚ ਤਕਲੀਫ਼, ਜ਼ਿਆਦਾ ਥੁੱਕ ਬਣਨਾ, ਮੂੰਹ ਵਿਚੋਂ ਬਦਬੂ ਆਉਣੀ, ਚਮੜੀ ਦਾ ਲਾਲ ਹੋਣਾ, ਜਿਗਰ ਦਾ ਵਧ ਜਾਣਾ, ਕੋਮਾ, ਮੌਤ (ਮੌਤ-ਦਰ ਜ਼ਿਆਦਾ ਹੈ)। |

**ਥਣਧਾਰੀ ਪ੍ਰਾਣੀ**

| | | |
|---|---|---|
| ਸੇ ਵੇਲ੍ਹ (Balaenoptera borealis) | ਅਗਿਆਤ, ਜਿਗਰ ਵਿਚ ਜ਼ਹਿਰ ਹੁੰਦੀ ਹੈ। | ਬਹੁਤ ਸਿਰਦਰਦ, ਗਰਦਨ ਵਿਚ ਦਰਦ, ਫ਼ੋਟੋਫੋਬੀਆ, ਮੂੰਹ ਤੇ ਚਿਹਰੇ ਦੇ ਆਲੇ ਦੁਆਲੇ ਚਮੜੀ ਦਾ ਫਟਣਾ, ਮੂੰਹ ਲਾਲ ਹੋਣਾ। |
| ਚਿੱਟੀ ਵੇਲ੍ਹ (Delphinapterus) | ਅਗਿਆਤ, ਮਾਸ ਜ਼ਹਿਰੀਲਾ ਹੁੰਦਾ ਹੈ। | – |
| ਧ੍ਰੁਵੀ ਰਿੱਛ (Thalarctos maritimus) | ਵਿਟਾਮਿਨ ਏ ਅਤੇ ਹੋਰ ਜ਼ਹਿ-ਰੀਲੇ ਪਦਾਰਥ | ਦਰਦ ਨਾਲ ਸਿਰ ਫਟਦਾ ਜਾਣਾ, ਮਤਲੀ, ਉਲਟੀਆਂ ਟੱਟੀਆਂ, ਪੇਟ ਦਰਦ, ਚੱਕਰ ਆਉਣੇ, ਖਿੱਝ ਆਉਣੀ ਪੱਠਿਆਂ ਵਿਚ ਕੜਵੱਲ, ਨਜ਼ਰ ਵਿਚ ਫ਼ਰਕ, ਕੋਮਾ; ਕਦੀ ਕਦਾਈ ਮੌਤ ਦੇ ਕੇਸ ਵੀ ਮਿਲਦੇ ਹਨ। |

**ਜ਼ਹਿਰ-ਅਪਰੇਟਸ ਵਾਲੇ ਪ੍ਰਾਣੀ**

**ਨਾਈਡੇਰੀਅਨ**

| | | |
|---|---|---|
| ਫ਼ਾਇਰ ਕੋਰਲ (Millepora sps.) | ਅਗਿਆਤ | ਚਮੜੀ ਵਿਚ ਜਲਣ, ਸੂਈਆਂ ਚੁੱਭਣ ਵਰਗਾ ਅਹਿਸਾਸ। |
| ਪੋਰਟੁਗੀਜ਼ ਮੈਨ-ਆਫ਼-ਵਾਰ (Physalia sps.) | ਟੈਟ੍ਰਾਮੀਨ, | ਤੇਜ਼ ਡੰਗ, ਝੁਣਝੁਣੀ ਜਾਂ ਜਲਣ ਜਿਹੀ ਹੋਣੀ। |
| | 5-ਹਾਈਡ੍ਰੌਕਸੀ ਟ੍ਰਿਪਟੈਮੀਨ | ਲਾਲ ਹੋ ਕੇ ਸੁੱਜ ਜਾਣਾ, ਚਮੜੀ ਉਤੇ ਛਾਲੇ ਜਿਹੇ ਬਣਨਾ, ਸਦਮਾ, ਬੇਹੋਸ਼ੀ ਕਦੀ ਕਦਾਈਂ ਮੌਤ। |
| ਸੀ ਵਾਸਪ (Chironex fleckeri) | ਕਾਰਡੀਓਟਾਕਸਿਨ | ਇਕ ਦਮ ਤੇਜ਼ ਡੰਗ ਲੱਗਣ ਵਾਂਗ ਦਰਦ ਹੋਣਾ, ਜਿਥੇ ਕਿਤੇ ਵੀ ਸਪੱਰਸ਼ਕ ਛੋਹ ਜਾਣ, ਉਥੋਂ ਦੀ ਚਮੜੀ ਲਾਲ ਤੇ ਨਿਰਜੀਵ ਹੋ ਜਾਣੀ, ਵੱਡੇ ਵੱਡੇ ਚੱਕਰਾਂ ਵਰਗੇ ਨਿਸ਼ਾਨ ਪੈ ਜਾਣੇ ਤੇ ਉਥੋਂ ਚਮੜੀ ਸਖ਼ਤ ਤੇ ਨਿਰਜੀਵ ਹੋ ਜਾਣੀ, ਚੱਕਰ ਆਉਣੇ, ਲਹੂ ਗੇੜ ਵਿਚ ਰੁਕਾਵਟ ਪੈਣਾ, ਸਾਹ ਲੈਣ ਵਿਚ ਤਕਲੀਫ਼, ਬਹੁਤੇ |

| | | |
|---|---|---|
| | | ਕੇਸਾਂ ਵਿਚ ਜਲਦੀ ਹੀ ਮੌਤ ਹੋ ਜਾਂਦੀ ਹੈ। |
| ਮੁੰਦਰੀ ਐਨੀ-ਨ (Actinia quina) | ਅਗਿਆਤ | ਜਲਣ, ਸੂਈਆਂ ਚੁੱਭਣੀਆਂ, ਖ਼ੁਰਕ, ਸੋਜਸ਼, ਲਾਲੀ, ਨਾਸੂਰ ਬਣਨਾ, ਮਤਲੀ, ਉਲਟੀਆਂ, ਮਨ ਉਦਾਸ ਜਿਹਾ ਰਹਿਣਾ। |
| | **ਮੌਲਸਕ** | |
| ਰੋਨਸੈਲ (Conus sps.) | ਕੁਆਟਰਨਰੀ ਅਮੋਨੀਆ ਯੋਗਿਕ | ਜਿਸ ਥਾਂ ਤੇ ਜ਼ਹਿਰ ਦਾਖ਼ਲ ਹੁੰਦੀ ਹੈ ਉਹ ਪੀਲੀ ਜਾਂ ਚਿੱਟੀ ਪੈ ਜਾਂਦੀ ਹੈ ਤੇ ਉਸ ਦੇ ਆਸ ਪਾਸ ਦੀ ਥਾਂ ਨੀਲੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਸੂਈਆਂ ਜਿਹੀਆਂ ਚੁੱਭਣੀਆਂ ਜਾਂ ਜਲਣ ਹੋਣੀ, ਚੀਜ਼ਾਂ ਧੁੰਦਲੀਆਂ ਦਿਸਣੀਆਂ, ਬੋਲ ਨਾ ਸਕਣਾ, ਨਿਗਲਣ ਵਿਚ ਤਕਲੀਫ਼, ਮਤਲੀ, ਬਹੁਤ ਕਮਜ਼ੋਰੀ, ਕੋਮਾ; ਕਈ ਕੇਸਾਂ ਵਿਚ ਮੌਤ। |
| ਧੱਬੇਦਾਰ ਅਠ-ਬਾਹਾ (Octopus maculosus) | ਸੈਫ਼ੈਲੋਟਾੱਕਸਿਨ | ਤੇਜ਼ ਜਲਣ ਵਾਲੀ ਦਰਦ, ਮੂੰਹ ਅਤੇ ਜੀਭ ਦਾ ਸੁੰਨ ਹੋਣਾ, ਧੁੰਦਲਾ ਦਿਸਣਾ, ਸਪੱਰਸ਼ ਸ਼ਕਤੀ ਦਾ ਖ਼ਤਮ ਹੋਣਾ, ਬੋਲਣ ਅਤੇ ਨਿਗਲਣ ਵਿਚ ਤਕਲੀਫ਼, ਲੱਤਾਂ ਦਾ ਅਧਰੰਗ, ਮਤਲੀ, ਬੈਚੇਨੀ, ਕੋਮਾ, ਬਹੁਤੇ ਕੇਸਾਂ ਵਿਚ ਮੌਤ। |
| | **ਕੀੜੇ** | |
| ਕਿਸਿੰਗ ਬਗ (Triatoma sps.) | ਅਗਿਆਤ | ਡੰਗ ਦਾ ਦਰਦ ਨਹੀਂ ਹੁੰਦਾ, ਬਾਅਦ ਵਿਚ ਖ਼ਾਰਸ਼ ਸ਼ੁਰੂ ਹੁੰਦੀ ਹੈ, ਮਤਲੀ, ਦਿਲ ਦਾ ਧੱਕ ਧੱਕ ਕਰਨਾ, ਲਾਲੀ; ਸ਼ਾਗਾਸ ਬੀਮਾਰੀ ਫੈਲਾਉਂਦੇ ਹਨ। |
| ਹਾੱਕ ਮੱਥ (Acantho sphinx guessfelotti) | ਅਗਿਆਤ | ਇਕ ਦਰਦ ਕਰਦੀ ਝਰੀਟ ਜਿਹੀ ਪੈ ਜਾਂਦੀ ਹੈ। |
| ਪਤੰਗ (Anaphe sps.) | ਅਗਿਆਤ | ਮਾਦਾ ਪਤੰਗਾ ਅੰਡੇ ਦੇਣ ਸਮੇਂ ਸੀਟੀ ਜਾਂ ਵਾਲ ਝਾੜਦੀ ਹੈ, ਇਹ ਵਾਲ ਪ੍ਰਜਣਨ ਰੁੱਤ ਵਿਚ ਬਹੁਤ ਜ਼ਿਆਦਾ ਹੋ ਜਾਂਦੇ ਹਨ ਤੇ ਹਵਾ ਵਿਚ ਝੜੇ ਜਾਂਦੇ ਹਨ, ਇਹ ਡਰਮੈਟਾਈਟਸ ਬੀਮਾਰੀ ਪੈਦਾ ਕਰਦੇ ਹਨ, ਵਾਲਾਂ ਵਿਚ ਜ਼ਹਿਰ ਹੁੰਦੀ ਹੈ। |
| ਪੱਸ ਕੈਟਰਪਿਲਰ (Megalopyge sps.) | ਅਗਿਆਤ | ਵਾਲਾਂ ਤੋਂ ਡੰਗ ਲਗਦਾ ਹੈ, ਵਾਲ ਛੋਹ ਜਾਣ ਤੇ ਜਲਣ, ਦਰਦ, ਖ਼ੁਰਕ ਪੈਦਾ ਹੋਣਾ, ਛਾਲਾ ਬਣਨਾ, ਲਾਲੀ, ਮਤਲੀ, ਬੁਖ਼ਾਰ, ਸੁੰਨਤਾ, ਸੋਜਸ਼ ਅਤੇ ਅਧਰੰਗ |
| | | ਤਕਰੀਬਨ 6 ਦਿਨ ਵਿਚ ਠੀਕ ਹੁੰਦਾ ਹੈ। |
| ਸ਼ਹਿਦ ਦੀ ਮੱਖੀ (Apis sps.) | ਨਿਊਰੋਟਾੱਕਸਿਨ, ਹੀਮੋਲਿਟਕ, ਮੈਲਿਟਿਨ, ਫ਼ਾੱਸਫ਼ੋਲਾਈਪੇਜ਼ ਏ ਆਦਿ | ਡੰਗ ਵਾਲੀ ਥਾਂ ਤੋਂ ਬਹੁਤ ਦਰਦ ਜਾਂ ਜਲਣ ਹੁੰਦੀ ਹੈ, ਉਹ ਥਾਂ ਚਿੱਟੀ ਪੈ ਜਾਂਦੀ ਹੈ ਤੇ ਆਲੇ-ਦੁਆਲੇ ਲਾਲੀ ਆ ਜਾਂਦੀ ਹੈ ਤੇ ਖ਼ੁਰਕ ਹੁੰਦੀ ਹੈ, ਲਗਭਗ 24 ਘੰਟੇ ਵਿਚ ਇਹ ਲੱਛਣ ਅਲੋਪ ਹੋ ਜਾਂਦੇ ਹਨ, ਤੇਜ਼ ਡੰਗ ਦੀ ਹਾਲਤ ਵਿਚ ਸੋਜਸ਼ ਲਾਲੀ, ਸਦਮਾ, ਬੈਚੇਨੀ, ਉਲਟੀਆਂ, ਦਿਲ ਦਾ ਤੇਜ਼ ਤੇਜ਼ ਧੜਕਣਾ, ਸਾਹ ਲੈਣ ਵਿਚ ਤਕਲੀਫ਼, ਕੰਬਣੀ, ਕੋਮਾ ਅਤੇ ਮੌਤ। |
| ਭੌਰਾ (Bombus sps.) | ਸ਼ਹਿਦ ਦੀ ਮੱਖੀ ਵਰਗੀ | ਸ਼ਹਿਦ ਦੀ ਮੱਖੀ ਵਾਂਗ |
| ਤਖਾਣੀ ਮੱਖੀ (Xylocopa sps.) | ਸ਼ਹਿਦ ਦੀ ਮੱਖੀ ਵਰਗੀ | ਸ਼ਹਿਦ ਦੀ ਮੱਖੀ ਵਰਗਾ, ਡੰਗ ਘਾਤਕ ਵੀ ਸਿੱਧ ਹੋ ਸਕਦਾ ਹੈ। |
| ਭਰਿੰਡ (Polistes sps.) | ਸ਼ਹਿਦ ਦੀ ਮੱਖੀ ਵਰਗੀ | |
| ਹਾਰਨੈੱਟ (Vespula sps.) | ਉਪਰਲੇ ਵਰਗੀ ; ਐਸਿਟਿਲਕੋਲੀਨ | ਕੱਟ ਵੀ ਤੇ ਡੰਗ ਵੀ ਸਕਦੀਆਂ ਹਨ, ਡੰਗ ਸ਼ਹਿਦ ਦੀ ਮੱਖੀ ਵਰਗਾ ਪਰ ਜ਼ਿਆਦਾ ਦਰਦ ਕਰਨ ਵਾਲਾ ਹੁੰਦਾ ਹੈ ਤੇ ਘਾਤਕ ਵੀ ਹੋ ਸਕਦਾ ਹੈ। |
| ਭਰਿੰਡ (Polistes sps. Vespa sps.) | ਸ਼ਹਿਦ ਦੀ ਮੱਖੀ ਵਰਗੀ ਤੇ ਐਸਿਟਿਲਕੋਲੀਨ | ਡੰਗ ਸ਼ਹਿਦ ਦੀ ਮੱਖੀ ਵਰਗਾ ਪਰ ਹਾਰਨੈੱਟ ਤੋਂ ਘੱਟ ਦਰਦ ਵਾਲਾ, ਘਾਤਕ ਵੀ ਹੋ ਸਕਦਾ ਹੈ। |
| ਮਖ਼ਮਲੀ ਕੀੜੀ (Dasymutilla sps.) | ਭਰਿੰਡ ਦੀ ਜ਼ਹਿਰ ਵਰਗੀ | ਭਰਿੰਡਾਂ ਦੇ ਡੰਗਾਂ ਵਾਂਗ। |
| ਹਾਰਵੈਸਟਰ ਕੀੜੀ (Pogonomyrmex sps) | ਫ਼ਾਰਮਿਕ ਐਸਿਡ ਹੀਮੋਲਿਟਿਕ, ਫ਼ਾੱਸਫ਼ੋਲਾਇਪੇਜ਼ ਏ ਆਦਿ | ਇਕ ਦਮ ਬਹੁਤ ਤੇਜ਼ ਜਲਣ, ਦਰਦ, ਡੰਗ ਵਾਲੀ ਥਾਂ ਚਿੱਟੀ ਤੇ ਪਾਸਿਆਂ ਦੀ ਲਾਲ ਹੋ ਜਾਣੀ, ਛਾਲਾ, ਬੁਖ਼ਾਰ, ਖ਼ੁਰਕ, ਚਮੜੀ ਦਾ ਹੈਮਰੇਜ। |
| ਅਗਨੀ ਕੀੜੀ (Solenopsis sps.) | ਉਪਰਲੀ ਵਰਗੀ | ਉਪਰਲੀ ਵਾਂਗ। |
| ਪੋਨੇਰਾਈਨ ਕੀੜੀ (Paraponera clavata) | ਉਪਰਲੀ ਵਰਗੀ | – |
| | **ਮੱਕੜੀਆਂ** | |
| ਬਰਾਊਨ ਸਪਾਈਡਰ (Loxoceles sps.) | ਸਾਈਟੋਟਾੱਕਸਿਨ, ਹੀਮੋਲਿਟਿਕ ਆਦਿ | ਕੱਟਣ ਨਾਲ ਡੰਗ ਵਰਗਾ ਅਹਿਸਾਸ ਹੋਣਾ ਜਾਂ ਜਲਣ ਅਤੇ ਦਰਦ ਹੋਣਾ, ਕੱਟ ਵਾਲੀ ਥਾਂ ਚਿੱਟੀ ਤੇ ਪਾਸਿਆਂ ਦੀ ਲਾਲ ਹੋ ਜਾਣੀ, ਛਾਲਾ ਬਣਨਾ, |

| | | |
|---|---|---|
| | | ਚਮੜੀ ਅਤੇ ਅੰਦਰਲੇ ਅੰਗਾਂ ਦਾ ਹੈਮਰੇਜ ਹੋ ਜਾਣਾ, ਨਾਸੂਰ ਬਣਨਾ, ਉਲਟੀਆਂ, ਬੁਖ਼ਾਰ, ਕੜਵੱਲ, ਕਦੀ ਕਦਾਈਂ ਮੌਤ। |
| **ਬਲੈਕ ਵਿਡੋ** (Latrodectus sps.) | ਨਿਊਰੋਟਾੱਕਸਿਨ | ਕੱਟਣ ਵਾਲੀ ਥਾਂ ਦਾ ਕਈ ਵਾਰ ਦਰਦ ਵੀ ਕਰਨਾ, ਉਸ ਥਾਂ ਤੇ ਦੋ ਛੋਟੇ-ਛੋਟੇ ਲਾਲ ਬਿੰਦੂ ਬਣਨਾ, ਥਾਂ ਦਾ ਸੁੱਜਣਾ, ਪੇਟ ਲੱਤਾਂ, ਛਾਤੀ ਅਤੇ ਪਿੱਠ ਵਿਚ ਸਖ਼ਤ ਪੀੜ ਤੇ ਕੜ੍ਹਵਲ ਪੈਣੇ, 12-48 ਘੰਟੇ ਤੱਕ ਰਹਿੰਦਾ ਹੈ, ਮਤਲੀ, ਪਸੀਨਾ, ਸਾਹ ਦੀ ਤਕਲੀਫ਼, ਬੁਖ਼ਾਰ, ਬੇਚੈਨੀ, ਸੁੰਨਤਾ, ਕੰਬਣੀ ਆਦਿ ਤਕਰੀਬਨ 4% ਘਾਤਕ ਕੇਸ। |
| **ਟਰੈਚੁਲਾ** (Dugesiella sps. and Lycosa sps.) | ਵੱਖ ਵੱਖ ਜ਼ਹਿਰਾਂ ਪਰ ਆਮ ਤੌਰ ਤੇ ਹਲਕੀਆਂ ਹੀ | ਜ਼ਹਿਰ ਦਾ ਅਸਰ ਘੱਟ ਹੀ ਹੁੰਦਾ ਹੈ, ਕੱਟਣ ਦਾ ਦਰਦ ਆਮ ਤੌਰ ਤੇ ਪਿੰਨ ਚੁੱਭਣ ਦੇ ਬਰਾਬਰ ਜਿਹਾ ਹੀ ਹੁੰਦਾ ਹੈ। |
| | **ਅਠੂੰਹੇਂ** | |
| **ਅਠੂੰਹਾਂ** (Centruroides sps., Tityus sps., Leiurus sps.) | ਨਿਊਰੋਟਾੱਕਸਿਨ, ਕਾਰਡੀਓਟਾੱਕਸਿਨ, ਹਾਮੋਲਿਟਿਕ, ਲੈਸੀਥੀਨੇਸ ਆਦਿ | ਵੱਖ ਵੱਖ ਜਾਤੀਆਂ ਦੇ ਵੱਖ ਵੱਖ ਲੱਛਣ ਪ੍ਰਤੱਖ ਹੁੰਦੇ ਹਨ, ਪੂਛ ਤੋਂ ਡੰਗਣ ਨਾਲ ਇਕ ਦਮ ਤੇਜ਼ ਜਲਣ ਪੈਦਾ ਹੋਣਾ, ਸੋਜਸ਼, ਪਸੀਨਾ, ਬੇਚੈਨੀ, ਥੁੱਕ ਆਉਣਾ, ਉਲਟੀਆਂ, ਘਬਰਾਹਟ, ਪੇਟ ਤੇ ਛਾਤੀ ਵਿਚ ਦਰਦ, ਸੁੰਨਤਾ, ਸਾਹ ਦੀ ਤਕਲੀਫ਼, ਕੜਵੱਲ, ਮੌਤ, ਮੌਤ-ਦਰ ਕਾਫ਼ੀ ਜ਼ਿਆਦਾ ਹੈ। |
| | **ਇਕਾਈਨੋਡਰਮ** | |
| ਕਰਾਊਨ-ਆਫ਼-ਥਾੱਰਨਜ਼ ਸਟਾਰ-ਫਿਸ਼ (Acanthaster planci) | ਅਗਿਆਤ | ਦਰਦ ਕਰਨ ਵਾਲਾ ਜ਼ਖ਼ਮ, ਲਾਲੀ, ਸੋਜਸ਼, ਉਲਟੀਆਂ, ਸੁੰਨਤਾ ਅਤੇ ਅਧਰੰਗ। |
| ਲੰਬੇ ਕੰਡਿਆਂ ਵਾਲਾ ਸਮੁੰਦਰੀ ਅਰਚਿਨ (Diadema setosum) | ਅਗਿਆਤ | ਇਕ ਦਮ ਤੇਜ਼ ਜਲਣ, ਲਾਲੀ, ਸੋਜਸ਼, ਸੁੰਨਤਾ ਅਤੇ ਪੱਠਿਆਂ ਦਾ ਅਧਰੰਗ। |
| ਸਮੁੰਦਰੀ ਅਰਚਿਨ (Toxopneustes pileolus) | ਅਗਿਆਤ | ਇਕ ਦਮ ਤੇਜ਼, ਫੈਲਦੀ ਹੋਈ ਦਰਦ, ਬੇਹੋਸ਼ੀ, ਸੁੰਨਤਾ ਪੱਠਿਆਂ ਦਾ ਅਧਰੰਗ, ਸਾਹ ਦੀ ਤਕਲੀਫ਼, ਕਦੀ ਕਦਾਈਂ ਮੌਤ। |
| | **ਸ਼ਾਰਕ ਅਤੇ ਰੇ ਮੱਛੀਆਂ** | |
| ਸਟਿੰਗ ਰੇ (Dasyatis sps.) | ਸਟਿੰਗ ਰੇ ਜ਼ਹਿਰ, ਕਾਰਡੀਓ ਟਾੱਕਸਿਨ, ਕੈਮਿਸਟਰੀ ਅਗਿਆਤ | ਜ਼ਖ਼ਮ ਵਿਚੋਂ ਬਹੁਤ ਤੇਜ਼ ਦਰਦ ਉਠਣਾ, ਲਹੂ ਦੇ ਦਬਾਉ ਦਾ ਘਟ ਜਾਣਾ ਮਤਲੀ, ਉਲਟੀਆਂ, ਲਹੂ ਗੇੜ ਵਿਚ ਰੁਕਾਵਟ, ਪੱਠਿਆਂ ਦਾ ਅਧਰੰਗ, ਕਦੀ ਕਦਾਈਂ ਮੌਤ |
| | **ਹੱਡਲ ਮੱਛੀਆਂ** | |
| ਵੀਵਰ ਫਿਸ਼ (Trachinus draco) | ਵੀਵਰ ਫਿਸ਼ ਜ਼ਹਿਰ, ਕੈਮਿਸਟਰੀ ਅਗਿਆਤ | ਦਰਦ, ਜਲਣ, ਦਰਦ ਫੈਲਦੇ ਜਾਣਾ ਤੇ ਰੋਗੀ ਦਾ ਦਰਦ ਨਾਲ ਕਰਾਹ ਉਠਣਾ, ਸੁਰਤ ਨਾ ਰਹਿਣਾ, ਜ਼ਖ਼ਮ ਦੇ ਦੁਆਲੇ ਦੀ ਥਾਂ ਸੁੰਨ ਹੋ ਜਾਣੀ, ਇਸ ਤੋਂ ਇਲਾਵਾ ਸੋਜਸ਼ ਲਾਲੀ, ਮਤਲੀ, ਸਾਹ ਦੀ ਤਕਲੀਫ਼, ਕੜਵੱਲ ਅਤੇ ਮੌਤ। |
| ਸਕਾੱਰਪੀਅਨ ਫਿਸ਼ (Scorpaena sps.) | ਸਕਾੱਰਪੀਅਨ ਫਿਸ਼ ਜ਼ਹਿਰ, ਕੈਮਿਸਟਰੀ ਅਗਿਆਤ | ਡੰਗ ਦਰਦ ਭਰਿਆ ਹੁੰਦਾ ਹੈ, ਇਕ ਦਮ ਇੰਨੀ ਜ਼ਿਆਦਾ ਦਰਦ ਹੋਣਾ ਕਿ ਬੰਦੇ ਦਾ ਕੁਰਲਾ ਉਠਣਾ, ਲਾਲੀ, ਸੋਜਸ਼, ਸੁਰਤ ਦਾ ਖੋ ਬੈਠਣਾ, ਜ਼ਖ਼ਮ ਤੇ ਛਾਲਾ ਬਣ ਜਾਣਾ, ਅਧਰੰਗ, ਲਹੂ ਗੇੜ ਵਿਚ ਰੁਕਾਵਟ, ਕੜਵੱਲ, ਮਤਲੀ, ਬਚੈਨੀ, ਸਾਹ ਦੀ ਤਕਲੀਫ਼, ਕਦੀ ਕਦਾਈਂ ਮੌਤ। |
| ਸਟੋਨ ਫਿਸ਼ (Synanceja sps.) | ਸਟੋਨ ਫਿਸ਼ ਜ਼ਹਿਰ, ਕੈਮਿਸਟਰੀ ਅਗਿਆਤ | ਡੰਗ ਦਰਦ ਭਰਿਆ, ਦੂਜੀਆਂ ਸਕਾੱਰਪੀਅਨ ਮੱਛੀਆਂ ਵਾਲੇ ਲੱਛਣ ਪਰ ਜ਼ਿਆਦਾ ਖ਼ਤਰਨਾਕ। |
| | **ਰੀਂਗਣੇ ਪ੍ਰਾਣੀ** | |
| ਗਿਲਾ ਮੋਨਸਟਰ (Heloderma suspectum) | ਹੀਲੋਡਰਮਾ ਜ਼ਹਿਰ, ਮੁੱਖ ਤੌਰ ਤੇ ਨਿਊਰੋਟਾੱਕਸਿਨ | ਕੱਟਣ ਵਾਲੀ ਥਾਂ ਤੇ ਦਰਦ, ਸੋਜਸ਼, ਕਮਜ਼ੋਰੀ, ਕੰਨਾਂ ਵਿਚ ਸ਼ਾਂ ਸ਼ਾਂ ਦੀ ਆਵਾਜ਼ ਆਉਣੀ, ਮਤਲੀ, ਸਾਹ ਦੀ ਤਕਲੀਫ਼, ਲਹੂ ਗੇੜ ਵਿਚ ਰੁਕਾਵਟ, ਮੌਤ ਵੀ ਹੋ ਸਕਦੀ ਹੈ। |
| ਸੱਪ | (ਸੱਪਾਂ ਦੇ ਵਿਸਥਾਰ ਲਈ ਵੇਖੋ ਸੱਪ) | — |
| | **ਥਣਧਾਰੀ ਪ੍ਰਾਣੀ** | |
| ਡੱਕ-ਬਿਲਡ ਪਲੈਟੀਪਸ (Ornithohynchus anatinus) | ਪ੍ਰੋਟੀਏਸ ਅਤੇ ਹੋਰ ਐਨਜ਼ਾੱਈਮ | ਇਕ ਦਮ ਤੇਜ਼ ਦਰਦ, ਸੋਜਸ਼, ਡੰਗ ਵਾਲੀ ਥਾਂ ਦਾ ਲਾਲ ਹੋ ਜਾਣਾ, ਬੇਹੋਸ਼ੀ, ਜ਼ਖ਼ਮ ਦੇ ਦੁਆਲੇ ਸੁੰਨਤਾ, ਬੇਚੈਨੀ, ਮੌਤ ਨਹੀਂ ਹੁੰਦੀ। |
| ਛੋਟੀ ਪੂਛ ਵਾਲੇ ਸ਼੍ਰੂ (Blarina brevicauda) | ਨਿਊਰੋਟਾੱਕਸਿਨ, ਪ੍ਰੋਟੀਓਲਿਟਿਕ | ਕੱਟ ਵਾਲੀ ਥਾਂ ਤੇ ਦਰਦ ਤੇ ਲਾਲੀ, ਇਕ ਦਮ ਦਰਦ ਦਾ ਵਧਣਾ, ਕਈ ਦਿਨ ਬਾਅਦ ਠੀਕ ਹੁੰਦਾ ਹੈ। |
| ਸੋਲੈਨੋਡਾਨ (Solenodon paradoxus) | ਉਪਰਲੇ ਵਰਗੀ | — |
| ਯੂਰਪੀ ਪਾਣੀ ਦਾ ਸ਼੍ਰੂ (Neomys fodiens) | ਉਪਰਲੇ ਵਰਗੀ | — |

ਜ਼ਹਿਰੀਲੇ ਸਮੁੰਦਰੀ ਪ੍ਰਾਣੀਆਂ ਦੀ ਵੰਡ-1 ਲਾਈਟੋਕਾਰਪਸ, 2 ਕੋਨਸ, 3 ਬ੍ਰਿਸਲ ਵਰਮ (Eurythoe), 4 ਸਮੁੰਦਰੀ ਐਨੀਮੋਨ, 5 ਬ੍ਰਿਟਲ ਸਟਾਰ, 6 ਸਮੁੰਦਰੀ ਅਰਚਿਨ, 7 ਸਟਾਰ ਫਿਸ਼, 8 ਔਠਬਾਹੇ, 9 ਕਾਈਰਾਪਸੈਲਮਸ, 10 ਮੂਨ ਜੈਲੀ ਫਿਸ਼, 11 ਟੋਡ ਫਿਸ਼, 12 ਸਮੁੰਦਰੀ ਸੱਪ, 13 ਬਟਰਫਲਾਈ ਫਿਸ਼, 14 ਸਕੋਰਪੀਅਨ ਫਿਸ਼, 15 ਰੈਬਿਟ ਫਿਸ਼, 16 ਕਟਲ ਫਿਸ਼, 17 ਸਕੁਇਡ 18 ਸਰਜਨ ਫਿਸ਼, 19 ਟ੍ਰਿਗਰ ਫਿਸ਼, 20 ਸਟਿੰਗ ਰੇ।

ਇਨ੍ਹਾਂ ਵੱਖ ਵੱਖ ਥਾਵਾਂ ਤੇ ਰਹਿਣ ਵਾਲੇ ਪ੍ਰਾਣੀਆਂ ਵਿਚ ਆਹਾਰ ਅਤੇ ਨਿਵਾਸ ਸਥਾਨਾਂ ਲਈ ਸੰਘਰਸ਼ ਸ਼ੁਰੂ ਹੋਇਆ ਅਤੇ ਉਹ ਵੱਖ ਵੱਖ ਕਿਸਮ ਦਾ ਜੀਵਨ ਜਿਉਣ ਲੱਗੇ। ਉਨ੍ਹਾਂ ਦੇ ਸਰੀਰ ਦੇ ਅੰਦਰ ਜ਼ਹਿਰੀਲਾ ਮਾਦਾ ਪੈਦਾ ਹੋਇਆ ਜਿਹੜਾ ਸ਼ਾਇਦ ਸਵੈ-ਰੱਖਿਆ ਦਾ ਹੀ ਇਕ ਸਾਧਨ ਸੀ।

ਜ਼ਹਿਰੀਲੇ ਪ੍ਰਾਣੀ ਦੋ ਕਿਸਮਾਂ ਦੇ ਹਨ। ਇਕ ਉਹ ਜਿਨ੍ਹਾਂ ਦੇ ਸਰੀਰ ਵਿੱਚ ਜ਼ਹਿਰ ਬਣਦੀ ਹੈ ਅਤੇ ਖਾਣ ਤੇ ਉਨ੍ਹਾਂ ਦੀ ਜ਼ਹਿਰ ਦਾ ਅਸਰ ਮਹਿਸੂਸ ਹੁੰਦਾ ਹੈ ਅਤੇ ਦੂਜੇ ਉਹ ਜਿਹੜੇ ਆਪਣੀ ਜ਼ਹਿਰ ਨੂੰ ਇਕ ਖ਼ਾਸ ਅਪਰੇਟਸ ਜਾਂ ਬਣਤਰ ਰਾਹੀਂ ਦੂਜਿਆਂ ਵਿਚ ਦਾਖ਼ਲ ਕਰਦੇ ਹਨ।

(ਡੰਗ ਮਾਰਨ ਵਾਲੇ ਸਮੁੰਦਰੀ ਪ੍ਰਾਣੀਆਂ ਦੇ ਇਲਾਜ, ਇਨ੍ਹਾਂ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਜ਼ਹਿਰਾਂ ਦੇ ਇਸਤੇਮਾਲ ਦੇ ਵਿਸਥਾਰ ਲਈ ਵੇਖੋ 'ਜ਼ਹਿਰ')

ਹ. ਪੁ. -ਸ. ਟ੍ਰ. ਜੂਨ 77 : 26 ; ਐਨ. ਬ੍ਰਿ. ਮੈ. 14 : 606

**ਜ਼ਹਿਰੀਲੇ ਪੌਦੇ** : ਇਹ ਅਜਿਹੇ ਪੌਦੇ ਹਨ ਜੋ ਪਸ਼ੂਆਂ ਜਾਂ ਮਨੁੱਖਾਂ ਦੁਆਰਾ ਜੇਕਰ ਖਾ ਲਏ ਜਾਣ ਜਾਂ ਇਨ੍ਹਾਂ ਨੂੰ ਛੂਹ ਲਿਆ ਜਾਵੇ ਤਾਂ ਇਹ ਮਾੜਾ ਅਸਰ ਪੈਦਾ ਕਰ ਸਕਦੇ ਹਨ। ਸਾਰੀਆਂ ਜਾਤੀਆਂ ਨੁਕਸਾਨਦਾਇਕ ਨਹੀਂ ਹਨ, ਕੁਝ ਜਾਤੀਆਂ ਆਮ ਹਾਲਤਾਂ ਵਿਚ ਜ਼ਹਿਰੀਲੀਆਂ ਹਨ ਜਦੋਂ ਕਿ ਕੁਝ ਕੁ ਜਾਤੀਆਂ ਵਿਸ਼ੇਸ਼ ਹਾਲਤਾਂ ਵਿਚ ਹੀ ਜ਼ਹਿਰੀਲੀਆਂ ਹਨ। ਇਨ੍ਹਾਂ ਪੌਦਿਆਂ ਵਿਚ ਜ਼ਹਿਰੀਲਾ ਮਾਦਾ ਵਿਸ਼ੇਸ਼ ਥਾਂ ਤੇ ਹੀ ਹੁੰਦਾ ਹੈ।

**ਜ਼ਹਿਰੀਲੇ ਮਾਦੇ ਦੀਆਂ ਕਿਸਮਾਂ**—ਕਿਸੇ ਵੀ ਪੌਦੇ ਦਾ ਜ਼ਹਿਰੀਲਾਪਣ ਕਾਰਬਾਨਿਕ ਯੋਗਿਕਾਂ ਦੇ ਚਾਰ ਗਰੁੱਪਾਂ ਵਿਚੋਂ ਕਿਸੇ ਇਕ ਦੀ ਹੋਂਦ ਕਾਰਨ ਹੁੰਦਾ ਹੈ, ਜਿਵੇਂ ਐਲਕੇਲਾਇਡ ਗਲਾਕੋਸਾਇਡ, ਬਰੋਜ਼ੇ ਜਾਂ ਕਾਰਬਾਨਿਕ ਤੇਜ਼ਾਬ ਆਦਿ।

**ਸਰੀਰਕ ਅਸਰ ਕਿਰਿਆ ਦੀਆਂ ਕਿਸਮਾਂ**: ਜ਼ਹਿਰੀਲੇ ਪੌਦੇ ਉਨ੍ਹਾਂ ਵਿਚਲੇ ਸਰੀਰਕ ਅਸਰ ਕਿਰਿਆਵਾਂ ਦੇ ਆਧਾਰ ਤੇ ਵੰਡੇ ਜਾ ਸਕਦੇ ਹਨ। ਇਨ੍ਹਾਂ ਦੀਆਂ ਕੁਝ ਉਦਾਹਰਣਾਂ ਇਸ ਤਰ੍ਹਾਂ ਹਨ (1) ਖ਼ੂਨ ਤੇ ਅਸਰ ਕਰਨ ਵਾਲੇ ਜ਼ਹਿਰ, ਜਿਵੇਂ ਪਰੂਨਸ ਪ੍ਰਜਾਤੀ ਦੀਆਂ ਜਾਤੀਆਂ, ਕੈਸਟਰ ਬੀਨਜ਼ ਦੇ ਬੀਜ (2) ਨਾੜੀਆਂ ਤੇ ਅਸਰ ਕਰਨ ਵਾਲੇ ਜ਼ਹਿਰ, ਜਿਵੇਂ ਜ਼ਹਿਰੀਲੀਆਂ ਖੁੰਬਾਂ, ਜਿਮਸਨ ਵੀਡ (ਧਤੂਰਾ) ਅਤੇ ਹੈਨਬੇਨ (3) ਪੇਸ਼ੀਤੰਤਰ (ਨਿਊਰੋ-ਮਸਕੁਲਰ) ਜ਼ਹਿਰ, ਜਿਵੇਂ ਅਰਗਟ, ਫਾਕਸਮਲੋਵ ਅਤੇ ਕਿਉਰੇਰ ਆਦਿ ਤੇ ਪੇਸ਼ੀਆਂ ਤੇ ਅਸਰ ਕਰਨ ਵਾਲੇ ਜ਼ਹਿਰ ਜਿਵੇਂ ਵੀਰੇਡਰਮ ਅਤੇ (4) ਚਮੜੀ ਉੱਤੇ ਖੁਰਕ ਪੈਦਾ ਕਰਨ ਵਾਲੇ ਜ਼ਹਿਰ ਜਿਵੇਂ ਜ਼ਹਿਰੀਲੀ ਆਈ ਵੀ, ਪਾਰਸਨਿਪ, ਸਰ੍ਹੋਂ, ਜ਼ਹਿਰੀਲੀ ਲੱਕੜ ਅਤੇ ਯੂਫੋਰਬੀਆ ਮਾਰਜੀਨੇਟਾ ਆਦਿ।

**ਛੂਹਣ ਨਾਲ ਜ਼ਹਿਰੀਲਾ ਅਸਰ ਪੈਦਾ ਕਰਨ ਵਾਲੇ ਪੌਦੇ**—ਚਮੜੀ ਵਿਚ ਜ਼ਹਿਰ ਪੈਦਾ ਹੋਣਾ ਜਾਂ ਖੁਰਕ ਅਜਿਹੇ ਜ਼ਹਿਰਾਂ ਕਾਰਨ ਹੀ ਹੁੰਦਾ ਹੈ। ਇਸ ਤਰ੍ਹਾਂ ਦੀ ਪ੍ਰਤਿਕਿਰਿਆ ਮਾਮੂਲੀ ਜਿਹੀ ਖੁਰਾਕ ਤੋਂ ਦਰਦਨਾਕ ਸੋਜ਼, ਜਿਸ ਵਿਚ ਪਾਣੀ ਵਾਲੇ ਮੋਹਕੇ ਜਿਹੇ ਪੈਦਾ ਹੋ ਜਾਂਦੇ ਹਨ, ਕਈ ਦਿਨਾਂ ਜਾਂ ਹਫ਼ਤਿਆਂ ਤੱਕ ਰਹਿ ਸਕਦੀ ਹੈ। ਬਹੁਤ ਸਾਰੇ ਪੌਦਿਆਂ ਵਿਚ ਜੋ ਇਸ ਤਰ੍ਹਾਂ ਦੀ ਪ੍ਰਤਿਕਿਰਿਆ ਪੈਦਾ ਕਰਦੇ ਹਨ ਜ਼ਹਿਰੀਲਾ ਮਾਦਾ ਬਰੋਜ਼ੇ ਵਰਗਾ ਜਾਂ ਦੋਧਕ ਰਸ, ਇਕੱਠਾ ਹੋਇਆ ਰਹਿੰਦਾ ਹੈ। ਜ਼ਹਿਰ ਵਾਲੇ ਲੱਛਣਾਂ ਦੀ ਗੰਭੀਰਤਾ ਰੋਗੀ ਦੀ ਗ੍ਰਹਿਣਸ਼ੀਲਤਾ ਅਤੇ ਜ਼ਹਿਰੀਲੇ ਮਾਦੇ ਨਾਲ ਛੂਹ ਦੀ ਦਰ ਤੇ ਨਿਰਭਰ ਕਰਦੀ ਹੈ।



ਜ਼ਹਿਰੀਲੀ ਆਈਵੀ

ਚਮੜੀ ਦੇ ਖੁਰਕ ਕਰਨ ਵਾਲੇ ਪੌਦਿਆਂ ਵਿਚ ਐਨਾਕਾਰਡੀਏਸੀ, ਯੂਫੋਰਬੀਏਸੀ ਨੈਟਲਜ਼ ਅਤੇ ਕੁਝ ਹੋਰ ਪੌਦੇ ਸ਼ਾਮਲ ਹਨ। ਐਨਾਕਾਰ-ਡੀਏਸੀ ਕੁਲ ਦੇ ਮੈਂਬਰ ਪੌਦੇ ਜਿਵੇਂ ਜ਼ਹਿਰੀਲੀ ਆਈ ਵੀ ਅਤੇ ਜ਼ਹਿਰੀਲਾ ਓਕ, ਜ਼ਹਿਰੀਲਾ ਸੁਮੈਕ ਤੇ ਜ਼ਹਿਰੀਲੀ ਡੌਗਵੁਡ ਅਤੇ ਜਾਪਾਨੀ ਲੈਕੁਅਰ ਰੁੱਖ ਜੋ ਸੀਤ ਖੰਡਾਂ ਵਿਚ ਮਿਲਦੇ ਹਨ।

ਯੂਫੋਰਬੀਏਸੀ ਕੁਲ ਦੇ ਕੁਝ ਪੌਦੇ ਛੂਹਣ ਤੇ ਜ਼ਹਿਰੀਲੇ ਮਾਦੇ ਕਾਰਨ ਖੁਰਕ ਪੈਦਾ ਕਰਦੇ ਹਨ ਜੋ ਛੂਹੇ ਜਾਣ ਵਾਲੇ ਵਿਅਕਤੀ ਦੀ ਗ੍ਰਹਿਣਸ਼ੀਲਤਾ ਤੇ ਨਿਰਭਰ ਕਰਦੀ ਹੈ। ਇਨ੍ਹਾਂ ਪੌਦਿਆਂ ਵਿਚ ਯੂਫੋਰਬੀਆ ਦੀਆਂ ਕਈ ਜਾਤੀਆਂ ਜਿਸ ਵਿਚ ਯੂਫੋਰਬੀਆ ਮਾਰਜੀਨੈਟਾ (Snow-on-the mountains) ਵੀ ਸ਼ਾਮਲ ਹੈ, ਦੇ ਪੱਤਿਆਂ ਦੇ ਸਿਰੇ ਚਿੱਟੇ ਹੁੰਦੇ ਹਨ।

ਕੁਝ ਪੌਦੇ ਜ਼ਹਿਰ ਰਹਿਤ ਪਰ ਕੰਡੇ ਚੁੱਭਣ ਵਾਂਗ ਥੋੜ੍ਹੇ ਸਮੇਂ ਵਾਲੀ ਖੁਰਕ ਪੈਦਾ ਕਰਦੇ ਹਨ। ਇਨ੍ਹਾਂ ਨੂੰ ਬਿੱਛੂ ਬੂਟੀ ਕਿਹਾ ਜਾਂਦਾ ਹੈ। ਇਨ੍ਹਾਂ ਪੌਦਿਆਂ ਤੇ ਤਿੱਖੇ, ਚਮਕੀਲੇ, ਗਿਲਟੀਮਈ ਵਾਲ ਹੁੰਦੇ ਹਨ ਜੋ ਅੰਦਰੋਂ ਇਕ ਖੁਰਕ ਪੈਦਾ ਕਰ ਸਕਣ ਵਾਲੇ ਪਦਾਰਥ ਨਾਲ ਭਰੇ ਹੁੰਦੇ ਹਨ। ਇਹ ਵਾਲਾਂ ਦੇ ਛਿੱਲੇ ਜਾਣ ਨਾਲ ਚਮੜੀ ਵਿਚ ਦਾਖ਼ਲ ਹੋ ਜਾਂਦੇ ਹਨ।

ਬਹੁਤ ਕਿਸਮਾਂ ਦੇ ਹੋਰ ਵੀ ਪੌਦੇ ਛੂਹਣ ਨਾਲ ਖੁਰਕ ਦਾ ਅਹਿਸਾਸ ਪੈਦਾ ਕਰਦੇ ਹਨ ਜਿਵੇਂ ਜੰਗਲੀ ਪਾਰਸਨਿਪ, ਕਈ ਤਰ੍ਹਾਂ ਦੇ ਪਰਾਈਲਮਰੋਜ਼ ਅਤੇ ਕਈ ਤਰ੍ਹਾਂ ਦੀਆਂ ਬੂਟੀਆਂ ਸ਼ਾਮਲ ਹਨ। ਬਕਵੀਟ ਫ਼ੁੱਲਾਂ ਤੋਂ ਤਿਆਰ ਕੀਤਾ ਭੋਜਨ ਵੀ ਕਈ ਵਿਅਕਤੀਆਂ ਵਿਚ ਖੁਰਕ ਪੈਦਾ ਕਰ ਸਕਦਾ ਹੈ।

**ਖਾਣ ਨਾਲ ਜ਼ਹਿਰ ਪੈਦਾ ਕਰਨ ਵਾਲੇ ਪੌਦੇ**—ਬਹੁਤ ਸਾਰੇ ਪੌਦੇ ਜੋ ਖਾਧੇ ਜਾਣ ਉਪਰੰਤ ਜ਼ਹਿਰੀਲੇ ਹੁੰਦੇ ਹਨ ਜ਼ਰੂਰੀ ਨਹੀਂ ਕਿ ਉਹ ਸੁਆਦਲੇ ਹੀ ਹੋਣ, ਸਿਵਾਇ ਬੱਚਿਆਂ ਦੇ ਖਾਧੇ ਜਾਣ ਨਾਲ। ਬਦਕਿਸਮਤੀ ਨਾਲ ਪ੍ਰੌਢ ਵਿਅਕਤੀਆਂ ਦੇ ਖਾਧੇ ਜਾਣ ਨਾਲ ਜ਼ਹਿਰ ਪੈਦਾ ਹੋਣ ਦਾ ਕੁਝ ਅੰਸ਼ ਹੀ ਬੱਚਿਆਂ ਵਾਸਤੇ ਜ਼ਹਿਰੀਲਾ ਹੋ ਸਕਦਾ ਹੈ। ਇਨ੍ਹਾਂ ਪੌਦਿਆਂ ਨੂੰ ਇਨ੍ਹਾਂ ਵਿਚਲੇ ਹਿੱਸਿਆਂ ਵਿਚ ਮਿਲਣ ਵਾਲੇ ਜ਼ਹਿਰ ਦੇ ਆਧਾਰ ਤੇ ਹੀ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

**ਜੜ੍ਹਾਂ**—ਹੇਠ ਲਿਖੇ ਪੌਦਿਆਂ ਦੀਆਂ ਜੜ੍ਹਾਂ ਜੇਕਰ ਖਾਧੀਆਂ ਜਾਣ ਤਾਂ ਇਹ ਗੰਭੀਰ ਜਾਂ ਘਾਤਕ ਅਸਰ ਪੈਦਾ ਕਰ ਸਕਦੀਆਂ ਹਨ (1) ਐਰੀਸੀਮਾ (Jack in the pulpit), ਪੌਦੇ ਦੇ ਪ੍ਰਕੰਦ ਵਿਚ ਕੈਲਸ਼ੀਅਮ ਆਕਸੈਲੇਟ ਹੁੰਦਾ ਹੈ ਅਤੇ ਜੇਕਰ ਇਸ ਨੂੰ ਕੱਚੇ ਹੀ ਖਾਧਾ ਜਾਵੇ ਤਾਂ ਇਸ ਨਾਲ ਮੂੰਹ ਦੀ ਝਿੱਲੀ ਵਿਚ ਸੋਜ਼ ਆ ਜਾਂਦੀ ਹੈ। (2) ਜਿਗੈਡੇਨਸ,

ਇਸ ਦੇ ਪਤਰਕੰਦ ਵਿਚ ਜ਼ਹਿਰੀਲਾ ਜਿਗੈਡੇਨੀਲ ਐੱਲਕੇਲਾਇਡ ਹੁੰਦਾ ਹੈ ਜੋ ਕਈ ਵਾਰੀ ਬੱਚਿਆਂ ਦੁਆਰਾ ਖਾਧਾ ਜਾ ਸਕਦਾ ਹੈ (3) ਆਰਥੀਨੋਗੈਲਮ (Star-of-Bethlehem) ਦੇ ਸਾਰੇ ਹਿੱਸੇ ਹੀ ਜ਼ਹਿਰੀਲੇ ਹੁੰਦੇ ਹਨ ਅਤੇ ਇਨ੍ਹਾਂ ਪਤਰਕੰਦਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਪਰ੍ਹੇ ਹੀ ਰੱਖਿਆ ਜਾਣਾ ਚਾਹੀਦਾ ਹੈ (4) ਐਮੈਰੇਲਿਸ ਦੇ ਪਤਰਕੰਦ ਵੀ ਜ਼ਹਿਰੀਲੇ ਹੁੰਦੇ ਹਨ, ਜਿਨ੍ਹਾਂ ਵਿਚ ਜ਼ਹਿਰੀਲੇ ਐੱਲਕੇਲਾਇਡ ਹੁੰਦੇ ਹਨ (5) ਕਿਊਟਾ (Warter hemlock) ਦੀਆਂ ਜੜ੍ਹਾਂ ਵਿਚ ਇਕ ਜ਼ਹਿਰੀਲਾ ਬਰੋਜ਼ਾ ਹੁੰਦਾ ਹੈ ਜਿਸ ਦੇ ਖਾਣ ਨਾਲ ਘਾਤਕ ਜ਼ਹਿਰੀਲਾ ਅਸਰ ਪੈਦਾ ਹੋ ਸਕਦਾ ਹੈ (6) ਆਲੂ ਉਨ੍ਹਾਂ ਹਾਲਤਾਂ ਵਿਚ ਜ਼ਹਿਰੀਲਾ ਹੋ ਸਕਦਾ ਹੈ ਜਦੋਂ ਇਹ ਜ਼ਮੀਨੀ ਸਤ੍ਹਾ ਤੇ ਉੱਗਿਆ ਹੋਵੇ ਅਤੇ ਸੂਰਜ ਦੀ ਰੌਸ਼ਨੀ ਨਾਲ ਇਸ ਦਾ ਰੰਗ ਹਰਾ ਹੋ ਗਿਆ ਹੋਵੇ, ਇਸੇ ਲਈ ਹਰੇ ਰੰਗ ਦੇ ਆਲੂ ਨਹੀਂ ਖਾਧੇ ਜਾਣੇ ਚਾਹੀਦੇ।

**ਕਰੂੰਬਲਾਂ ਅਤੇ ਪੱਤੇ**—ਹੇਠ ਲਿਖੇ ਪੌਦਿਆਂ ਦੀਆਂ ਕਰੂੰਬਲਾਂ ਅਤੇ ਪੱਤਿਆਂ ਵਿਚ ਜ਼ਹਿਰੀਲਾ ਮਾਦਾ ਹੋ ਸਕਦਾ ਹੈ (1) ਪੋਕਵੀਡ; ਇਸ ਦੀਆਂ ਨਵੀਆਂ ਕਰੂੰਬਲਾਂ ਜਿਨ੍ਹਾਂ ਨੂੰ ਪੋਥਰਬ ਵਾਂਗ ਪਕਾਇਆ ਜਾਂਦਾ ਹੈ, ਖਾਣ ਯੋਗ ਹੁੰਦੀਆਂ ਹਨ, ਪਰ ਪਕਾਉਣ ਸਮੇਂ ਪਿਛੇ ਰਹਿ ਗਿਆ ਪਾਣੀ ਕੱਢ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਤਾਜ਼ੇ ਪਾਣੀ ਨਾਲ ਬਦਲ ਦੇਣਾ ਚਾਹੀਦਾ ਹੈ ਤਾਂ ਕਿ ਜ਼ਹਿਰੀਲਾ ਮਾਦਾ ਬਾਹਰ ਨਿਕਲ ਸਕੇ (2) ਜ਼ਹਿਰੀਲਾ ਹੈਮਲੋਕ; ਜਦ ਬੱਚੇ ਇਸ ਦੇ ਪੱਤੇ ਜਾਂ ਤਣਾ ਖਾ ਲੈਂਦੇ ਹਨ ਤਾਂ ਇਸ ਨਾਲ ਜ਼ਹਿਰੀਲਾ ਅਸਰ ਪੈਦਾ ਹੋ ਸਕਦਾ ਹੈ (3) ਫੂਲਜ਼ਪਾਰਸਲੇ; ਇਕ ਸਾਲੀ ਪੌਦਾ ਜਿਸ ਨੂੰ ਗਾਰਡਨ ਪਾਰਸਲੇ ਸਮਝਕੇ ਖਾ ਲਿਆ ਜਾਂਦਾ ਹੈ, ਖਾਧੇ ਜਾਣ ਉਪਰੰਤ ਇਹ ਘਾਤਕ ਅਸਰ ਪੈਦਾ ਕਰ ਸਕਦਾ ਹੈ (4) ਟੈਂਸੀ (Tanacetum Vunlgare); ਇਸ ਦੇ ਪੱਤਿਆਂ ਤੋਂ ਤਿਆਰ ਕੀਤੀ ਚਾਹ ਜ਼ਹਿਰੀਲੀ ਹੁੰਦੀ ਹੈ ਅਤੇ ਇਸ ਦੀ ਅਧਿਕ ਖ਼ੁਰਾਕ ਘਾਤਕ ਵੀ ਹੋ ਸਕਦੀ ਹੈ।

**ਫ਼ੁੱਲ**—ਭਾਵੇਂ ਜ਼ਹਿਰੀਲੇ ਪੌਦਿਆਂ ਦੇ ਫ਼ੁੱਲ ਜਾਣ ਬੁਝ ਕੇ ਨਹੀਂ ਖਾਧੇ ਜਾਂਦੇ ਪਰ ਫਿਰ ਵੀ ਟਾਈਗਰ ਲਿੱਲੀ ਦੇ ਫ਼ੁੱਲ ਜਾਂ ਅੱਖਾਂ ਜੇਕਰ ਬੱਚੇ ਖਾ ਜਾਣ ਤਾਂ ਇਨ੍ਹਾਂ ਨਾਲ ਘਾਤਕ ਨਤੀਜੇ ਨਿਕਲ ਸਕਦੇ ਹਨ, ਕਿਉਂਕਿ ਇਨ੍ਹਾਂ ਦੇ ਪਰਾਗ ਕੋਸ਼ਾਂ ਵਿਚ ਇਕ ਐੱਲਕੇਲਾਇਡ ਹੁੰਦਾ ਹੈ ਜੋ ਦੂਸਰੇ ਲਿੱਲੀ ਪੌਦਿਆਂ ਵਿਚ ਨਹੀਂ ਮਿਲਦਾ।

**ਫ਼ਲ ਅਤੇ ਬੀਜ**—ਹੇਠ ਦਿੱਤੇ ਫ਼ਲ ਅਤੇ ਬੀਜਾਂ ਵਿਚ ਜ਼ਹਿਰੀਲਾ ਮਾਦਾ ਹੋ ਸਕਦਾ ਹੈ ਅਤੇ ਇਹ ਕਿਸੇ ਵੀ ਹਾਲਤ ਵਿਚ ਖਾਧੇ ਨਹੀਂ ਜਾਣੇ ਚਾਹੀਦੇ (1) ਬੈਲਬੈਰੀ ਇਕ ਬਹੁ-ਸਾਲੀ ਝਾੜੀ ਹੈ ਜਿਸ ਉਪਰ ਚਮਕੀਲੇ ਲਾਲ ਜਾਂ ਚਿੱਟੇ ਰੰਗ ਦੀਆਂ ਬੈਰੀਆਂ ਲਗਦੀਆਂ ਹਨ। ਇਹ ਲਗਭਗ 1.25ਸੈਂ. ਮੀ. ਆਕਾਰ ਦੀਆਂ ਹੁੰਦੀਆਂ ਹਨ ਅਤੇ ਸੁਆਦਲੀਆਂ ਨਹੀਂ ਹੁੰਦੀਆਂ। ਇਨ੍ਹਾਂ ਵਿਚ ਦਰਮਿਆਨੇ ਦਰਜੇ ਦੀ ਜ਼ਹਿਰ ਹੁੰਦੀ ਹੈ। (2) ਬੈਲਾਡੋਨਾ ਇਕ ਬਹੁ-ਸਾਲੀ ਪੌਦਾ ਹੈ ਜਿਸ ਦੇ ਘੰਟੀ ਨੁਮਾ ਭੱਦੇ ਜਾਮਨੀ ਰੰਗ ਦੇ ਫ਼ੁੱਲ ਅਤੇ ਕਾਲੀਆਂ ਬੈਰੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਜਾਮਨੀ ਰੰਗ ਦਾ ਰਸ ਨਿਕਲਦਾ ਹੈ। ਇਸ ਦੇ ਹਰ ਹਿੱਸੇ ਵਿਚ ਇਕ ਜ਼ਹਿਰੀਲਾ ਐੱਲਕੇਲਾਇਡ ਹਾਇਓਸਾਇਐਮੀਨ ਹੁੰਦਾ ਹੈ। (3) ਬਿਟਰਸਵੀਟ (Celastrus) ਇਕ ਸਖ਼ਤ ਲੱਕੜ ਵਾਲੀ ਵੇਲ ਹੈ ਅਤੇ ਪਤਝੜ ਰੁੱਤ ਵਿਚ ਸੰਤਰੀ ਲਾਲ ਰੰਗ ਦੇ ਬੈਰੀ ਵਰਗੇ ਫ਼ੁੱਲ ਪੈਦਾ ਕਰਦੀ ਹੈ, ਜੋ ਸਜਾਵਟ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦੇ ਕਿਰਮਚੀ ਗੁੱਦੇ ਵਿਚ ਇਕ ਦਰਮਿਆਨਾ, ਮਿੱਠਾ ਅਤੇ ਭੈੜੇ ਸੁਆਦ ਵਾਲਾ ਜ਼ਹਿਰੀਲਾ ਪਦਾਰਥ ਸੀਲੈਸਟਰਿਨ ਹੁੰਦਾ ਹੈ। (4) ਮਕੋਅ ਲਗਭਗ 2 ਸੈ. ਮੀ ਇਕ-ਸਾਲੀ ਝਾੜੀ ਨੁਮਾ ਪੌਦਾ ਹੈ ਜਿਸ ਵਿਚ ਹੇਠਾਂ ਨੂੰ ਡਿੱਗੇ ਹੋਏ ਕਾਲੇ ਗੋਲਾਕਾਰ ਫ਼ਲ ਹੁੰਦੇ ਹਨ, ਜਿਨ੍ਹਾਂ ਦੇ ਅੱਧ ਪੱਕੇ ਫ਼ਲ ਜ਼ਹਿਰੀਲੇ ਹੁੰਦੇ ਹਨ ਜਦ ਕਿ ਪੱਕਿਆ ਹੋਇਆ ਫ਼ਲ ਖਾਣ ਯੋਗ ਹੁੰਦਾ ਹੈ। (5) ਧਰੇਕ (ਡੇਕ) ਉਸ਼ਣ ਖੰਡੀ ਖੇਤਰਾਂ ਦਾ ਇਕ ਰੁੱਖ ਹੈ ਜਿਸ ਤੇ ਖ਼ੁਸ਼ਬੂਦਾਰ ਜਾਮਨੀ ਰੰਗ ਦੇ ਫ਼ੁੱਲ ਲਗਦੇ ਹਨ ਤੇ ਫਿਰ ਹਲਕੇ ਪੀਲੇ ਰੰਗ ਦੇ ਫ਼ਲ ਬਣ ਜਾਂਦੇ ਹਨ। ਇਸ ਦੇ ਗੁੱਦੇ ਵਿਚ ਅਧਰੰਗ ਪੈਦਾ ਕਰਨ ਵਾਲਾ ਇਕ ਜ਼ਹਿਰ ਹੁੰਦਾ ਹੈ। (6) ਡੈਫਨ; ਇਕ ਛੋਟੀ ਝਾੜੀ ਹੈ ਜਿਸ ਉਪਰ ਬਹਾਰ



**ਬਿਟਰਸਵੀਟ**

ਰੁੱਤ ਵਿਚ ਖ਼ੁਸ਼ਬੂਦਾਰ ਚਮਕੀਲੇ ਫ਼ੁੱਲ ਲਗਦੇ ਹਨ ਤੇ ਫਿਰ ਸੰਤਰੀ ਜਾਂ ਲਾਲ ਰੰਗ ਦੇ ਬੈਰੀ ਵਰਗੇ ਫ਼ਲ ਬਣ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤ ਥੋੜ੍ਹੇ ਫ਼ਲ ਬੱਚਿਆਂ ਵਿਚ ਘਾਤਕ ਅਸਰ ਪੈਦਾ ਕਰ ਦਿੰਦੇ ਹਨ। (7) ਇਗਲਿਸ਼ ਆਈਵੀ (Hedera helix); ਇਕ ਸਦਾ ਬਹਾਰ ਵੇਲ ਹੈ ਜਿਸ ਉਪਰ ਕਾਲੇ ਜਾਂ ਸੰਤਰੀ ਰੰਗ ਦੀਆਂ ਬੈਰੀਆਂ ਲਗਦੀਆਂ ਹਨ ਜੋ ਕਈ ਵਾਰ ਬੱਚੇ ਖਾ ਜਾਂਦੇ ਹਨ (8) ਈਉਨਿਮਸ ਪੌਦੇ ਦੇ ਲਾਲ ਰੰਗ ਦੇ ਕੈਪਸੂਲ ਅਤੇ ਬੀਜਾਂ ਵਿਚ ਦਰਮਿਆਨਾ ਜ਼ਹਿਰ ਹੁੰਦਾ ਹੈ (9) ਯੂਰਪੀਅਨ ਬਿਟਰਸਵੀਟ ਇਕ ਉਪਰ ਚੜ੍ਹਾਈ ਜਾਣ ਵਾਲੀ ਵੇਲ ਹੈ ਜਿਸ ਉਪਰ ਚਿੱਟੇ ਰੰਗ ਦੇ ਫ਼ੁੱਲ ਲਗਦੇ ਹਨ ਅਤੇ ਫਿਰ ਚਮਕੀਲੇ ਲਾਲ ਰੰਗ ਦੀਆਂ ਬੈਰੀਆਂ ਲਗਦੀਆਂ ਹਨ। ਇਨ੍ਹਾਂ ਵਿਚ ਦਰਮਿਆਨਾ ਜ਼ਹਿਰੀਲਾ ਐੱਲਕੇਲਾਇਡ ਸੋਲੇਨੀਨ ਹੁੰਦਾ ਹੈ। (10) ਹੈਨਬਨ ਇਕ ਕਾਫ਼ੀ ਸਾਖ਼ਾਵਾਂ ਵਾਲਾ ਪੌਦਾ ਹੈ ਜਿਸ ਦੇ ਫ਼ਲ ਵਿਚ ਇਕ ਐੱਲਕੇਲਾਇਡ ਹਾਇਓਸਾਇਐਮੀਨ ਹੁੰਦਾ ਹੈ (12) ਹੌਲੀ (Ilex); ਆਕਰਸ਼ਿਕ ਲਾਲ, ਪੀਲੇ ਜਾਂ ਕਾਲੇ ਰੰਗ ਦੀਆਂ ਬੈਰੀਆਂ ਪੈਦਾ ਕਰਦਾ ਹੈ, ਜੋ ਕੁਝ ਹੱਦ ਤੱਕ ਜ਼ਹਿਰੀਲੀਆਂ ਹੁੰਦੀਆਂ ਹਨ। (12) ਜੈਰੂਸਲਮ ਚੈਰੀ ਆਮ ਤੌਰ ਤੇ ਸਜਾਵਟੀ ਪੌਦੇ ਵਜੋਂ ਗਮਲਿਆਂ ਵਿਚ ਉਗਾਇਆ ਜਾਂਦਾ ਹੈ। ਇਸ ਦੇ ਫ਼ਲ ਗੋਲਾਕਾਰ ਬੈਰੀ ਦੇ ਰੂਪ ਵਿਚ ਹੁੰਦੇ ਹਨ। ਇਨ੍ਹਾਂ ਫ਼ਲਾਂ ਵਿਚ ਕਾਫ਼ੀ ਜ਼ਹਿਰੀਲੇ ਪਦਾਰਥ ਹੁੰਦੇ ਹਨ (13) ਧਤੂਰਾ ਇਕ-ਸਾਲੀ ਜੰਗਲੀ ਬੂਟੀ ਹੈ ਜਿਸ ਦੇ ਚਮਕੀਲੇ ਚਿੱਟੇ ਜਾਂ ਜਾਮਨੀ ਰੰਗ ਦੇ ਫ਼ੁੱਲ ਹੁੰਦੇ ਹਨ। ਇਹ ਫ਼ੁੱਲ 7.5 ਸੈਂ. ਮੀ. ਤੋਂ 15 ਸੈਂ. ਮੀ. ਤੱਕ ਲੰਬੇ ਹੁੰਦੇ ਹਨ ਜਿਨ੍ਹਾਂ ਤੇ ਫਿਰ ਕੰਡੇਦਾਰ ਫ਼ਲੀ ਪੈਦਾ ਹੁੰਦੀ ਹੈ। ਅੱਧ-ਪੱਕੀਆਂ ਫ਼ਲੀਆਂ ਅਤੇ ਬੀਜ ਬਹੁਤ ਜ਼ਿਆਦਾ ਘਾਤਕ ਹੁੰਦੇ ਹਨ (14) ਸੈਨਚਿਨੀਅਲ ਟ੍ਰੀ (Hippomane mancinella) ਇਕ ਛੋਟਾ ਉਪ-ਊਸ਼ਣ ਰੁੱਖ ਹੈ ਜੋ ਯੂਫੋਰਬੀਏਸੀ ਕੁਲ ਨਾਲ ਸਬੰਧਤ ਹੈ, ਇਸ ਵਿਚੋਂ ਇਕ ਦੋਧਕ ਰਸ ਨਿਕਲਦਾ ਹੈ। ਇਸ ਦੇ ਬੈਰੀ ਵਰਗੇ ਫ਼ਲ ਜ਼ਹਿਰੀਲੇ ਹੁੰਦੇ ਹਨ (15) ਮੈਟਰੀਮੋਨੀਵਾਈਨ (Lycium helimifolium); ਸੋਲੇਨੇਸੀ ਕੁਲ ਦੀ ਇਕ ਵੇਲ ਹੈ। ਇਸ ਉਪਰ ਕੁਝ ਕੁ ਕੰਢੇ ਵੀ ਹੁੰਦੇ ਹਨ। ਇਸ ਦੇ ਫ਼ਲਾਂ ਵਿਚ ਇਕ ਜ਼ਹਿਰੀਲਾ ਐੱਲਕੇਲਾਇਡ ਹੁੰਦਾ ਹੈ (16) ਮੇਐਪਲ ਚਰਾਗਾਹਾਂ ਦੀ ਇਕ ਬੂਟੀ ਹੈ ਜਿਸ ਦੇ ਪੱਤੇ ਛਤਰੀ-ਨੁਮਾ ਹੁੰਦੇ ਹਨ ਇਸ ਦੇ ਬੈਰੀਨੁਮਾ ਫ਼ਲ ਖਾਣ ਯੋਗ ਹੁੰਦੇ ਹਨ ਪਰ ਅੱਧ ਪੱਕੇ ਹਰੇ ਫ਼ਲ ਜ਼ਹਿਰੀਲੇ ਵੀ ਹੋ ਸਕਦੇ ਹਨ। (17) ਮਿਸਟਲੈਟੋ ਇਕ ਸਦਾ-ਬਹਾਰ

ਪੌਦਾ ਹੈ ਜੋ ਦਰਖ਼ਤਾਂ ਤੇ ਪਰਜੀਵੀ ਪੌਦਿਆਂ ਵਜੋਂ ਰਹਿੰਦੇ ਹਨ। (18) ਪੋਕੀਵੀਡ ਵਿਚ ਇਕ ਜ਼ਹਿਰੀਲਾ ਸੈਪੋਨਿਲ ਅਤੇ ਐੱਲਕੇਲਾਇਡ ਹੁੰਦੇ ਹਨ (20) ਪਰੀਵੈਟ (**Ligustrum**) ਇਕ ਤਰ੍ਹਾਂ ਦੀ ਵਾੜ ਦੇ ਕੰਮ ਆਉਣ ਵਾਲਾ ਪੌਦਾ ਹੈ ਜਿਸ ਦੇ ਚਿੱਟੇ ਫੁੱਲਾਂ ਤੋਂ ਬਣੇ ਫ਼ਲਾਂ ਵਿਚ ਜ਼ਹਿਰੀਲਾ ਪਦਾਰਥ ਹੁੰਦਾ ਹੈ ਜੋ ਬੱਚਿਆਂ ਲਈ ਘਾਤਕ ਹੋ ਸਕਦਾ ਹੈ।

**ਖੁੰਬਾਂ—**ਮਨੁੱਖ ਵਿਚ ਖੁੰਬਾਂ ਆਮ ਤੌਰ ਤੇ ਜ਼ਹਿਰੀਲਾ ਅਸਰ ਪੈਦਾ ਕਰ ਸਕਦੀਆਂ ਹਨ। ਬਹੁਤ ਸਾਰੀਆਂ ਖੁੰਬਾਂ ਵਿਚ ਜ਼ਹਿਰੀਲੇ ਐੱਲਕੇਲਾਇਡ ਜਿਵੇਂ ਮਸਕੇਰੀਨ ਅਗੇਰੀਸ਼ੀਨ ਅਤੇ ਵੈਲੀਨ ਵਰਗੀਆਂ ਜ਼ਹਿਰੀਲੀਆਂ ਕਿਸਮਾਂ ਦੀ ਪਛਾਣ ਕਿਸੇ ਨਿਪੁੰਨ ਵਿਅਕਤੀ ਦੁਆਰਾ ਹੀ ਕੀਤੀ ਜਾਣੀ ਚਾਹੀਦੀ ਹੈ।

**ਪਸ਼ੂਆਂ ਵਿਚ ਜ਼ਹਿਰੀਲਾ ਅਸਰ ਪੈਦਾ ਕਰਨ ਵਾਲੇ ਪੌਦੇ—**ਵੱਖ ਵੱਖ ਦੇਸ਼ਾਂ ਅਤੇ ਖੇਤਰਾਂ ਵਿਚ ਬਹੁਤ ਕਿਸਮਾਂ ਦੇ ਪੌਦੇ ਹਨ, ਜੋ ਜੇਕਰ ਪਸ਼ੂਆਂ ਦੁਆਰਾ ਖਾ ਲਏ ਜਾਣ ਤਾਂ ਜ਼ਹਿਰੀਲਾ ਅਸਰ ਪੈਦਾ ਕਰ ਸਕਦੇ ਹਨ। ਇਨ੍ਹਾਂ ਵਿਚ ਕਾਕਲਬਰ, ਮਕੋਅ, ਵਾਟਰ ਹੈਮਲਾਕ, ਦੋਧਕ ਬੂਟੀ, ਸਨੀਜ਼ਵੀਡ, ਜਿਮਸਨ ਵੀਡ ਅਤੇ ਲੋਕੋਵੀਡ ਆਦਿ ਸ਼ਾਮਲ ਹਨ।

ਹ. ਪੁ.-ਐਨ. ਬ੍ਰਿ. 18 : 104

**ਜ਼ਕਰੀਆ ਖ਼ਾਨ** : ਇਹ ਅਬਦੁਲ ਸਮਦ ਖ਼ਾਂ ਦਾ ਪੁੱਤਰ ਅਤੇ ਸ਼ਾਹ ਨਵਾਜ਼ ਦਾ ਪਿਤਾ ਸੀ। ਇਸਨੂੰ ਖ਼ਾਨ ਬਹਾਦਰ ਦਾ ਖ਼ਿਤਾਬ ਹਾਸਲ ਸੀ। ਖ਼ਾਲਸੇ ਇਸਨੂੰ ਖ਼ਾਨੂੰ ਦੇ ਨਾਮ ਨਾਲ ਸੱਦਦੇ ਸਨ।

ਜ਼ਕਰੀਆ ਖ਼ਾਨ ਨੇ ਜੰਮੂ ਦੇ ਫ਼ੌਜਦਾਰ ਦੇ ਰੂਪ ਵਿਚ ਕੰਮ ਕੀਤਾ। ਇਸ ਨੇ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਲਈ ਪੂਰਾ ਤਾਣ ਲਗਾਇਆ। ਬੰਦਾ ਬਹਾਦਰ ਨੂੰ ਇਸੇ ਦੀ ਨਿਗਰਾਨੀ ਵਿਚ ਕੈਦੀ ਬਣਾ ਕੇ ਦਿੱਲੀ ਲਿਜਾਇਆ ਗਿਆ ਸੀ। ਇਸ ਦੀ ਬਹਾਦਰੀ ਨੂੰ ਮੁੱਖ ਰੱਖ ਕੇ 1726 ਈ. ਵਿਚ ਇਸ ਨੂੰ ਪੰਜਾਬ ਦਾ ਗਵਰਨਰ ਬਣਾਇਆ ਗਿਆ।

ਇਸ ਦੇ ਗਵਰਨਰ ਬਣਨ ਨਾਲ ਸਿੱਖਾਂ ਉੱਤੇ ਕਠੋਰਤਾ ਦਾ ਸਮਾਂ ਆ ਗਿਆ। ਇਸ ਨੇ ਪਹਾੜਾਂ ਵਿਚ ਲੁਕੇ ਸਿੱਖਾਂ ਨੂੰ ਲੱਭ ਕੇ ਲਿਆਉਣ ਲਈ ਪਰਬਤੀ ਸੈਨਾ ਤਿਆਰ ਕੀਤੀ। ਇਸ ਦੇ ਸਿਪਾਹੀ ਸਿੱਖਾਂ ਨੂੰ ਲੱਭ ਕੇ ਇਸ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਲਾਹੌਰ ਵਿਚ ਦਰਵਾਜ਼ੇ ਦੇ ਬਾਹਰ ਲਿਆ ਕੇ ਕਤਲ ਕਰ ਦਿੰਦੇ ਸਨ। ਇਸ ਥਾਂ ਨੂੰ ਸੀਸ ਗੰਜ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਜ਼ਕਰੀਆਂ ਖ਼ਾਨ ਨੇ ਸਿੱਖਾਂ ਦਾ ਨੱਕ ਵਿਚ ਦਮ ਕਰਨ ਲਈ ਸਿੱਖਾਂ ਦੇ ਸਿਰਾਂ ਉਪਰ ਇਨਾਮ ਰੱਖ ਦਿੱਤਾ ਅਤੇ ਇਨ੍ਹਾਂ ਦੇ ਸਿਰਾਂ ਦਾ ਇਕ ਗੁੰਬਦ ਜਿਹਾ ਖੜ੍ਹਾ ਕਰ ਦਿੱਤਾ। ਨਤੀਜੇ ਵਜੋਂ ਸਿੱਖਾਂ ਵਿਚ ਹਲਚਲ ਮੱਚ ਗਈ।

ਸਿੱਖਾਂ ਨੇ ਲੁਕ ਛਿਪ ਕੇ ਸ਼ਾਹੀ ਫ਼ੌਜ ਅਤੇ ਖਜ਼ਾਨੇ ਨੂੰ ਕਈ ਵਾਰ ਲੁਟਿਆ ਜਿਸ ਨਾਲ ਜ਼ਕਰੀਆ ਖ਼ਾਨ ਸੋਚਾਂ ਵਿਚ ਪੈ ਗਿਆ। ਉਸਨੇ ਸਿੱਖਾਂ ਨੂੰ ਕੁਚਲਣ ਲਈ ਨਵੀਂ ਨੀਤੀ ਅਪਨਾਈ। ਉਸਨੇ ਮੁਸਲਮਾਨਾਂ ਨੂੰ ਧਰਮ ਦੇ ਨਾਂ ਤੇ ਸਿੱਖਾਂ ਵਿਰੁੱਧ ਭੜਕਾ ਦਿੱਤਾ। ਜਹਾਦ ਦਾ ਨਾਹਰਾ ਲਗਾ ਕੇ ਸੱਯਦ, ਮੁਗ਼ਲ, ਪਠਾਣ, ਗੁੱਜਰ ਅਤੇ ਰਾਜਪੂਤਾਂ ਨੂੰ ਲਾਹੌਰ ਵਿਚ ਹੈਦਰੀ ਝੰਡੇ ਥੱਲੇ ਇਕੱਠੇ ਕਰ ਲਿਆ। ਸਿੱਖਾਂ ਨੇ ਵੀ ਆਪਣੇ ਆਪ ਨੂੰ ਚੰਗੀ ਤਰ੍ਹਾਂ ਸੰਗਠਿਤ ਕਰ ਲਿਆ। ਮਿਲੋਵਾਲ ਦੇ ਨੇੜੇ ਹੈਦਰੀ ਫ਼ੌਜ ਨਾਲ ਸਿੱਖਾਂ ਦੀ ਸਿੱਧੀ ਟੱਕਰ ਹੋ ਗਈ। ਸਿੱਖਾਂ ਨੇ ਹੈਦਰੀ ਫ਼ੌਜ ਨੂੰ ਨੱਕ ਨਾਲ ਚਣੇ ਚਬਾਏ ਤੇ ਹੈਦਰੀ ਝੰਡੇ ਨੂੰ ਸਾੜ ਦਿੱਤਾ। ਜ਼ਕਰੀਆ ਖ਼ਾਨ ਦੀ ਇਹ ਯੋਜਨਾ ਵੀ ਮਿੱਟੀ ਵਿਚ ਮਿਲ ਗਈ।

ਇਸ ਤੋਂ ਮਗਰੋਂ ਜ਼ਕਰੀਆਂ ਖ਼ਾਨ ਨੇ ਸਿੱਖਾਂ ਨਾਲ ਸੰਧੀ ਕਰਨਾ ਹੀ ਉਚਿੱਤ ਸਮਝਿਆ। ਉਸਨੇ ਸਿੱਖਾਂ ਨੂੰ ਦੀਪਾਲਪੁਰ, ਕੰਗਨਵਾਲ ਅਤੇ ਝੱਬਾਲ ਦੇ ਇਲਾਕੇ ਵਿਚ ਜਾਗੀਰ ਦੇ ਕੇ ਉਨ੍ਹਾਂ ਦੇ ਨੇਤਾ ਕਪੂਰ ਸਿੰਘ ਨੂੰ ਨਵਾਬ ਦੀ ਉਪਾਧੀ ਦਿੱਤੀ। ਪਰ ਬਾਅਦ ਵਿਚ ਸਿੱਖਾਂ ਦੀਆਂ ਜਾਗੀਰਾਂ ਜ਼ਬਤ ਕਰਕੇ ਮੁੜ ਤੋਂ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਦਿਵਾਲੀ ਦੇ ਮੌਕੇ ਤੇ ਲਖਪਤ ਰਾਇ ਨੂੰ ਭੇਜ ਕੇ ਫ਼ੌਜ ਦੀ ਮਦਦ ਨਾਲ ਬਹੁਤ ਸਾਰੇ ਸਿੱਖਾਂ ਨੂੰ ਕਤਲ ਕਰਵਾ ਦਿੱਤਾ। ਇਸ ਤੋਂ ਇਲਾਵਾ ਸਿੱਖਾਂ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਵਾਲੇ ਸਾਰੇ ਰਾਹਾਂ ਤੇ ਫ਼ੌਜ ਤਾਇਨਾਤ ਕਰ ਦਿੱਤੀ।

ਨਾਦਰ ਸ਼ਾਹ ਦੇ ਇਨ੍ਹਾਂ ਸ਼ਬਦਾਂ ਨੇ ਕਿ ਪੰਜਾਬ ਉੱਤੇ ਇਕ ਦਿਨ ਸਿੱਖਾਂ ਦਾ ਰਾਜ ਹੋਵੇਗਾ, ਜ਼ਕਰੀਆ ਖ਼ਾਨ ਅੰਦਰ ਘਬਰਾਹਟ ਪੈਦਾ ਕਰ ਦਿੱਤੀ। ਸਿੱਟੇ ਵਜੋਂ ਉਸਨੇ ਸਿੱਖਾਂ ਉੱਤੇ ਹੋਰ ਵੀ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਪਰ ਕੁਝ ਵੀ ਹੋਵੇ, ਜ਼ਕਰੀਆ ਖ਼ਾਨ ਆਪਣੇ ਜਿਉਂਦੇ ਜੀ ਸਿੱਖਾਂ ਦੀ ਇਸ ਬਹਾਦਰ ਕੌਮ ਦੀ ਸ਼ਕਤੀ ਨੂੰ ਕੁਚਲਣ ਵਿਚ ਅਸਮਰਥ ਰਿਹਾ। ਇਸੇ ਸੰਘਰਸ਼ ਦੌਰਾਨ 1 ਜੁਲਾਈ, 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ।

ਹ. ਪੁ.-ਮ. ਕੋ.; 498; ਏ. ਹਿ. ਆਫ਼. ਸਿ. —ਖੁਸ਼ਵੰਤ ਸਿੰਘ

**ਜ਼ਕਾ ਉੱਲਾ**: ਇਹ ਉਰਦੂ ਦਾ ਵਿਦਵਾਨ ਅਧਿਆਪਕ ਅਤੇ ਵਾਰਤਕ ਲਿਖਾਰੀ ਸੀ। ਇਸ ਦਾ ਜਨਮ 1832 ਈ. ਵਿਚ ਦਿੱਲੀ ਵਿਖੇ ਹੋਇਆ। ਜ਼ਕਾ ਉੱਲਾ ਪੜ੍ਹਾਈ ਖ਼ਤਮ ਕਰ ਕੇ ਉਸੇ ਕਾਲਜ ਵਿਚ ਹੀ ਗਣਿਤ ਦਾ ਪ੍ਰੋਫ਼ੈਸਰ ਬਣ ਗਿਆ। ਕੁਝ ਸਮੇਂ ਮਗਰੋਂ ਇਹ ਆਗਰਾ ਕਾਲਜ ਵਿਚ ਉਰਦੂ, ਫ਼ਾਰਸੀ ਪੜ੍ਹਾਉਣ ਲੱਗ ਪਿਆ। ਫਿਰ ਇਹ ਸਕੂਲਾਂ ਦਾ ਇਨਸਪੈਕਟਰ ਬਣ ਗਿਆ। ਆਪਣੀ ਯੋਗਤਾ ਕਾਰਨ ਇਹ ਸੈਂਟਰਲ ਕਾਲਜ, ਅਲਾਹਾਬਾਦ ਵਿਚ ਅਰਬੀ, ਫ਼ਾਰਸੀ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ ਜਿਥੇ 15 ਸਾਲ ਪੜ੍ਹਾਉਣ ਉਪਰੰਤ ਇਹ ਰਿਟਾਇਰ ਹੋਇਆ।

ਜ਼ਕਾ ਉੱਲਾ ਨੂੰ ਮੁੱਢ ਤੋਂ ਹੀ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ। ਆਪਣੀ ਸਾਰੀ ਨੌਕਰੀ ਦੇ ਦੌਰਾਨ, ਸਗੋਂ ਰਿਟਾਇਰ ਹੋ ਕੇ ਮਰਨ ਸਮੇਂ ਤਕ ਵੀ, ਇਹ ਕੁਝ ਨਾ ਕੁਝ ਲਿਖਦਾ ਹੀ ਰਿਹਾ। ਇਸ ਨੇ ਵਿਦਿਆ ਦੇ ਹਰ ਖੇਤਰ ਅਰਥਾਤ ਹਿਸਾਬ, ਭੂਗੋਲ, ਰਾਜਨੀਤੀ ਅਤੇ ਸਦਾਚਾਰ ਵਿਚ ਆਪਣੀ ਕਲਮ ਅਜ਼ਮਾਈ। ਇਸ ਦੀਆਂ ਲਿਖੀਆਂ ਪੁਸਤਕਾਂ ਦੀ ਗਿਣਤੀ 143 ਦਸੀ ਜਾਂਦੀ ਹੈ। ਇਨ੍ਹਾਂ ਵਿਚੋਂ ਵਧੇਰੇ ਪੁਸਤਕਾਂ ਅਨੁਵਾਦਿਤ ਹਨ। ਦਸ ਜਿਲਦਾਂ ਵਿਚ ਲਿਖੀ ਹੋਈ ਇਸ ਦੀ 'ਤਾਰੀਖ਼ ਹਿੰਦੁਸਤਾਨ' ਬਹੁਤ ਹੀ ਉੱਤਮ ਕਿਰਤ ਹੈ।

ਜ਼ਕਾ ਉੱਲਾ ਦੀ ਵਾਰਤਕ ਬੜੀ ਸਰਲ ਅਤੇ ਸਾਦਾ ਹੈ, ਜਿਸ ਵਿਚ ਰਵਾਨੀ ਬਹੁਤ ਹੈ ਪਰ ਕੁਝ ਹੱਦ ਤਕ ਇਸ ਵਿਚ ਫਿਕਾਪਨ ਵੀ ਹੈ। ਇਸ ਦੀਆਂ ਪੁਸਤਕਾਂ ਬੜੀਆਂ ਪ੍ਰਸਿੱਧ ਹੋਈਆਂ। ਅੰਗਰੇਜ਼ ਸਰਕਾਰ ਨੇ ਇਸ ਨੂੰ ਬੜੀ ਦਾਦ ਦਿੱਤੀ ਅਤੇ ਇਸ ਨੂੰ 'ਖ਼ਾਨ ਬਹਾਦਰ' ਅਤੇ 'ਸ਼ਮਸੁਲ ਉਲਮਾ' ਦੇ ਨਾਲ ਪੰਦਰਾਂ ਸੌ ਰੁਪਏ ਦਾ ਇਨਾਮ ਵੀ ਦਿੱਤਾ।

ਹ. ਪੁ.-ਤਾਰੀਖ਼ ਅਦਬ ਉਰਦੂ-ਸੱਯਦ ਇਅਜਾਜ਼ ਹੁਸੈਨ

**ਜ਼ਕਾਤ (ਜਗਾਤ)**: ਆਪਣੇ ਧਨ ਮਾਲ ਵਿਚੋਂ ਧਰਮ ਅਰਥ ਕੰਮਾਂ ਲਈ ਜੋ ਹਿੱਸਾ ਕਢਿਆ ਜਾਂਦਾ ਹੈ, ਇਸਲਾਮੀ ਮੱਤੇ ਅਨੁਸਾਰ, ਉਸਨੂੰ 'ਜ਼ਕਾਤ' ਕਿਹਾ ਜਾਂਦਾ ਹੈ। 'ਜ਼ਕਾਤ' ਸ਼ਬਦ ਦਾ ਅਰਥ ਹੈ 'ਸ਼ੁੱਧੀ' ਜਾਂ 'ਪਵਿੱਤਰਤਾ'। ਇਸ ਲਈ ਜ਼ਕਾਤ ਦੇਣ ਨਾਲ ਧਨ ਮਾਲ ਪਵਿੱਤਰ ਹੋ ਜਾਂਦਾ ਹੈ। ਕੁਰਾਨ ਸ਼ਰੀਫ਼ ਦੀ ਸੂਰਤ ਬਕਰ, ਆਇਤ 43 ਵਿਚ ਜ਼ਕਾਤ ਦੇਣ ਨੂੰ ਧਾਰਮਿਕ ਨਿਯਮ ਦਸਿਆ ਗਿਆ ਹੈ।

ਜਿਹੜਾ ਧਨ ਮਾਲ ਇਕ ਵਰ੍ਹਾ ਕਬਜ਼ੇ ਵਿਚ ਰਹੇ ਉਸ ਦੀ ਜ਼ਕਾਤ ਦੇਣੀ ਜ਼ਰੂਰੀ ਹੈ ਇਸ ਤੋਂ ਘੱਟ ਸਮੇਂ ਤੇ ਨਹੀਂ। ਹਦੀਸਾਂ ਵਿਚ ਹਰੇਕ ਮਾਲ ਉਪਰ ਵੱਖਰੀ ਵੱਖਰੀ ਜ਼ਕਾਤ ਦੱਸੀ ਗਈ ਹੈ, ਜਿਵੇਂ ਜੇ ਕਿਸੇ ਪਾਸ ਚਾਰ ਊਠ ਹੋਣ ਤਾਂ ਉਸ ਉਪਰ ਜ਼ਕਾਤ ਨਹੀਂ, ਪਰ ਪੰਜ ਊਠਾਂ ਦੇ ਮਾਲਕ ਨੂੰ ਇਕ ਭੇਡ ਜਾਂ ਬੱਕਰਾ ਹਰ ਸਾਲ ਜ਼ਕਾਤ ਦੇਣਾ ਚਾਹੀਦਾ ਹੈ। ਦਸ ਊਠਾਂ ਵਾਲੇ ਨੂੰ ਦੋ ਅਤੇ ਚਾਲੀ ਵਾਲੇ ਨੂੰ ਚਾਰ ਬੱਕਰੇ ਦੇਣੇ ਚਾਹੀਦੇ ਹਨ। ਇਵੇਂ ਹੀ ਤੀਹਾਂ ਤੋਂ ਘੱਟ ਗਊ। ਮੱਝਾ ਉੱਤੇ ਕੋਈ ਜ਼ਕਾਤ ਨਹੀਂ। ਤੀਹਾਂ ਦੇ ਮਾਲਕ ਨੂੰ ਹਰ ਸਾਲ ਇਕ ਵਰ੍ਹੇ ਦੀ ਉਮਰ ਦਾ ਵੱਛਾ ਜ਼ਕਾਤ ਵਿਚ ਦੇਣਾ ਚਾਹੀਦਾ ਹੈ। ਘੋੜਿਆਂ ਦੀ ਕੀਮਤ ਲਾ ਕੇ ਉਸ ਉਪਰ ਪੰਜ ਫ਼ੀ ਸਦੀ ਜ਼ਕਾਤ ਹੈ ਪਰ ਜੋ ਘੋੜੇ ਜੰਗ ਦੇ ਕੰਮ ਆਉਣ

ਜਾਂ ਗੱਡੀਆਂ ਵਿਚ ਜੋਤੇ ਜਾਣ, ਉਨ੍ਹਾਂ ਉੱਤੇ ਕੋਈ ਜ਼ਕਾਤ ਨਹੀਂ। ਇਵੇਂ ਹੀ ਚਾਂਦੀ, ਸੋਨੇ ਅਤੇ ਘਰ ਦੇ ਸਾਮਾਨ ਉੱਤੇ (ਜੋ ਵਰਤੋਂ ਵਿਚ ਨਹੀਂ ਆਉਂਦਾ) ਵੱਖ-ਵੱਖ ਦਰਾਂ ਉੱਤੇ ਜ਼ਕਾਤ ਦੱਸੀ ਗਈ ਹੈ। ਮੋਟੇ ਤੌਰ ਤੇ ਸਾਲ ਮਗਰੋਂ ਕੁੱਲ ਆਮਦਨ ਦਾ ਚਾਲੀਵਾਂ ਹਿੱਸਾ ਰੱਬ ਦੇ ਨਾਂ ਦੇਣ ਦਾ ਵਿਧਾਨ ਹੈ।

ਜ਼ਕਾਤ ਦਾ ਮਾਲ ਸੱਤ ਥਾਵਾਂ ਤੇ ਖਰਚੇ ਜਾਣ ਬਾਰੇ ਲਿਖਿਆ ਹੈ:–(ੳ) ਫ਼ਕੀਰਾਂ ਲਈ (ਅ) ਅਨਾਥਾਂ ਲਈ (ੲ) ਜ਼ਕਾਤ ਇਕੱਠਾ ਕਰਨ ਵਾਲਿਆਂ ਲਈ (ਸ) ਗ਼ੁਲਾਮਾਂ ਨੂੰ ਆਜ਼ਾਦ ਕਰਾਉਣ ਲਈ, (ਹ) ਕਰਜ਼ਦਾਰਾਂ ਲਈ, (ਕ) ਖ਼ੁਦਾ ਦੇ ਨਾਂ ਅਥਵਾ ਧਰਮ ਯੁੱਧ ਲਈ ਅਤੇ (ਖ) ਮੁਸਾਫ਼ਰਾਂ ਲਈ।

ਹ. ਪੁ.-ਮ. ਕੋ. ; ਜਾਮਾ ਏ ਲੁਗਾਤ

**ਜਕਾਰਤਾ** : ਇੰਡੋਨੇਸ਼ੀਆ ਦੀ ਰਾਜਧਾਨੀ ਅਤੇ ਇਸ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਦੇਸ਼ ਦਾ ਵੱਡਾ ਸੱਨਅਤੀ, ਵਪਾਰਕ, ਵਿਦਿਅਕ ਕੇਂਦਰ ਵੀ ਹੈ। ਇੰਡੋਨੇਸ਼ੀਆ ਗਣਰਾਜ ਦਾ ਹਿੱਸਾ ਬਣਨ ਤੋਂ ਪਹਿਲੋਂ ਇਸਨੂੰ ਬਾਟੇਵੀਆ ਅਤੇ ਜਕਾਰਤਾ ਕਹਿੰਦੇ ਸਨ ਤੇ ਇਹ ਡੱਚਾਂ ਅਧੀਨ ਈਸਟ ਇੰਡੀਜ਼ ਬਸਤੀ ਦੀ ਰਾਜਧਾਨੀ ਹੁੰਦਾ ਸੀ। ਇਹ ਉਸ ਵੇਲੇ ਵੀ ਬੜਾ ਮਸ਼ਹੂਰ ਹੋਇਆ ਕਰਦਾ ਸੀ। ਮੌਜੂਦਾ ਵਿਸ਼ੇਸ਼ ਰਾਜਧਾਨੀ ਖੇਤਰ ਬਣਾਇਆ ਗਿਆ ਹੈ। ਮੈਟਰੋਪਾਲਿਟਨ ਖੇਤਰ ਸਮੇਤ ਇਸ ਦਾ ਖੇਤਰਫਲ 590 ਵ. ਕਿ. ਮੀ. ਅਤੇ ਆਬਾਦੀ 6,556,000 (1981) ਹੈ।

ਸ਼ਹਿਰ ਦੀ ਸਥਾਪਨਾ ਕੋਈ 5ਵੀਂ ਸਦੀ ਵਿਚ ਹੋਈ ਸੀ। ਇਹ ਸ਼ਹਿਰ ਜਕਾਰਤਾ ਦੀ ਖਾੜੀ ਉੱਤੇ ਚਿਲੀਆਂਗ ਦਰਿਆ ਦੇ ਮੁਹਾਣੇ ਵਾਲੀ ਥਾਂ ਤੇ ਵਸਾਇਆ ਗਿਆ ਸੀ ਜਿਥੇ ਇਹ ਅੱਜ ਵੀ ਵਸਿਆ ਹੋਇਆ ਹੈ। ਪਰ ਇਸ ਦਾ ਅਸਲੀ ਇਤਿਹਾਸ 1527 ਈ. ਤੋਂ ਮਿਲਿਆ ਹੈ। ਇਸ ਦੌਰਾਨ ਬਾਨਟਾਮ ਦੇ ਸੁਲਤਾਨ ਨੇ ਪੁਰਤੇਗਜ਼ੀਆਂ ਨੂੰ ਹਰਾ ਕੇ ਜਕਾਰਤਾ ਨਾਂ ਦਾ ਸ਼ਹਿਰ ਵਸਾਇਆ ਸੀ ਜਿਸਨੂੰ 1610 ਈ. ਵਿਚ ਡੱਚ ਸੈਲਾਨੀ ਅਤੇ ਪ੍ਰਸ਼ਾਸਕ ਜਰਨੈਲ ਪੀਟਰ ਬਾਥ (Pieter Both) ਨੇ ਡੱਚ ਈਸਟ ਇੰਡੀਜ਼ ਕੰਪਨੀ ਦਾ ਸਦਰ ਮੁਕਾਮ ਬਣਾਉਣ ਲਈ ਚੁਣ ਲਿਆ। ਪਿਛੋਂ 1618 ਈ. ਵਿਚ ਜੈਨ ਪੀਟਰਜ਼ੂਨ ਕੋਅਨ (Jan Pieterszoon Coen) ਨੇ ਇਥੇ ਇਕ ਕਿਲਾ ਬਣਵਾਇਆ। ਸੰਨ 1619 ਵਿਚ ਇਹ ਸ਼ਹਿਰ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਇਸੇ ਸਾਲ ਦੇ ਪਿਛਲੇ ਦਿਨਾਂ ਵਿਚ ਕੋਅਨ ਨੇ ਇਸਨੂੰ ਜਿੱਤ ਲਿਆ। ਇਨ੍ਹਾਂ ਨੇ ਇਸਦਾ ਨਾਂ 'ਬਾਟੇਵੀਆ' ਰੱਖ ਦਿੱਤਾ। ਇਸ ਪਿਛੋਂ ਇਹ ਡੱਚਾਂ ਦੀ ਬਸਤੀ ਈਸਟ ਇੰਡੀਜ਼ ਦੀ ਰਾਜਧਾਨੀ ਬਣਿਆ। ਪਰ ਜਿੰਨੀ ਤੇਜ਼ੀ ਨਾਲ ਸ਼ਹਿਰ ਦਾ ਵਿਕਾਸ ਹੋ ਰਿਹਾ ਸੀ, ਉਸੇ ਤਰ੍ਹਾਂ ਇਸ ਦੀ ਗਿਰਾਵਟ ਦੇ ਦਿਨ ਆ ਗਏ। ਸ਼ਹਿਰ ਵਿਚ 1699 ਈ. ਵਿਚ ਐਸਾ ਭੁਚਾਲ ਆਇਆ ਜਿਸ ਨਾਲ ਚਿਲੀਆਂਗ ਦਰਿਆ ਦੇ ਪਾਣੀ ਵਿਚ ਮਿੱਟੀ ਦੇ ਢੇਰ ਤੇ ਮਲਬਾ ਡਿਗਣ ਨਾਲ ਦਰਿਆ ਦਾ ਰੁਖ ਬਦਲ ਗਿਆ, ਜਿਸ ਕਰਕੇ ਹੜ੍ਹ ਆ ਗਿਆ। ਹੜ੍ਹਾਂ ਦੇ ਪਾਣੀ ਨਾਲ ਸ਼ਹਿਰ ਵਿਚ ਰਹਿਣਾ ਵੀ ਔਖਾ ਹੋ ਗਿਆ। ਆਮ ਹਾਲਤਾਂ ਵਿਚ ਸਫਾਈ ਆਦਿ ਵਗੈਰਾ ਵੀ ਨਾ ਰਹੀ। ਇਸ ਤੋਂ ਬਾਅਦ ਵੀ 100 ਸਾਲ ਤਕ ਇਥੇ ਸਫ਼ਾਈ ਜਾਂ ਹੋਰ ਹਾਲਤਾਂ ਵਿਚ ਕੋਈ ਤਬਦੀਲੀ ਨਾ ਆਈ ਜਿਸ ਤੋਂ ਤੰਗ ਆ ਕੇ 19ਵੀਂ ਸਦੀ ਵਿਚ ਪੁਰਾਣੇ ਸ਼ਹਿਰ ਦੇ ਨਾਲ ਹੀ ਉਚੀ ਜਿਹੀ ਜਗ੍ਹਾ ਉੱਤੇ ਦੱਖਣ ਵਾਲੇ ਪਾਸੇ ਨਵੇਂ ਸ਼ਹਿਰ ਦੀ ਵਿਉਂਤ ਕੀਤੀ ਗਈ। ਇਹੋ ਨਵਾਂ ਸ਼ਹਿਰ ਜਾਂ ਅੱਪਰ ਸਿਟੀ ਸੀ ਜਿਥੇ ਸਰਕਾਰੀ ਇਮਾਰਤਾਂ, ਰਿਹਾਇਸ਼ਾਂ ਵਗੈਰਾ ਦਾ ਪ੍ਰਬੰਧ ਕੀਤਾ ਗਿਆ। ਸੰਨ 1877 ਵਿਚ ਇਥੋਂ 6.4 ਕਿ. ਮੀ. ਦੂਰ ਤਾਨਜੁੰਗ ਪ੍ਰੀਆਕ (Tandjong Priok) ਵਿਖੇ ਇਕ ਬੰਦਰਗਾਹ ਵੀ ਬਣਾਈ ਗਈ ਜਿਥੇ ਜਹਾਜ਼ ਖੜ੍ਹੇ ਕੀਤੇ ਜਾ ਸਕਦੇ ਸਨ। ਨਵੇਂ ਸ਼ਹਿਰ ਦੀ ਉਸਾਰੀ ਨਾਲ ਇਸ ਦੀ ਮਹੱਤਤਾ ਫਿਰ ਵਧਣ ਲਗੀ।

ਦੂਜੇ ਮਹਾਂਯੁੱਧ ਦੌਰਾਨ ਇਹ ਇਤਿਹਾਦੀਆਂ ਦਾ ਫ਼ੌਜੀ ਅੱਡਾ ਸੀ। 5 ਮਾਰਚ, 1942 ਨੂੰ ਇਸ ਉੱਤੇ ਜਾਪਾਨੀਆਂ ਨੇ ਕਬਜ਼ਾ ਕਰ ਲਿਆ। 17 ਅਗਸਤ, 1945 ਨੂੰ ਇੰਡੋਨੇਸ਼ੀਆ ਦੇ ਗਣਰਾਜ ਬਣਨ ਵੇਲੇ ਇਸਨੂੰ ਇਸੇ ਗਣਰਾਜ ਵਿਚ ਸ਼ਾਮਲ ਕੀਤਾ ਗਿਆ ਤੇ ਇਸਨੂੰ 'ਜਕਾਰਤਾ' ਦਾ ਨਾਂ ਦਿੱਤਾ ਗਿਆ।

ਨਵੇਂ ਅਤੇ ਪੁਰਾਣੇ ਸ਼ਹਿਰ ਦੇ ਦੋ ਹਿੱਸੇ ਹਨ। ਨਵਾਂ ਸ਼ਹਿਰ ਉੱਚੀ ਥਾਂ ਉੱਤੇ ਅਤੇ ਪੁਰਾਣਾ ਨੀਵੀਂ ਜਗ੍ਹਾ ਉੱਤੇ ਵਸਿਆ ਹੋਇਆ ਹੈ। ਪੁਰਾਣਾ ਸ਼ਹਿਰ ਡੱਚਾਂ ਦਾ ਹੋਣ ਕਰਕੇ ਉਨ੍ਹਾਂ ਅਨੁਸਾਰ ਹੀ ਉਸਾਰਿਆ ਹੋਇਆ ਹੈ ਜਿਸ ਵਿਚ ਅਣਗਿਣਤ ਨਹਿਰਾਂ ਹਨ। ਇਹ ਵਪਾਰਕ ਅਤੇ ਸਨਅਤੀ ਕੇਂਦਰ ਹੈ। ਇਹ ਰਿਹਾਇਸ਼ ਲਈ ਵਧੀਆ ਨਾ ਹੋਣ ਕਰਕੇ ਵਪਾਰਕ ਕੇਂਦਰ ਹੀ ਬਣਿਆ ਰਿਹਾ ਹੈ।

ਨਵੇਂ ਸ਼ਹਿਰ ਦੀ ਉਸਾਰੀ ਬੜੇ ਵਧੀਆ ਢੰਗ ਨਾਲ ਕੀਤੀ ਹੋਈ ਹੈ। ਇਸ ਵਿਚ ਸਾਰੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ। ਇਥੇ ਚੌੜੀਆਂ ਸੜਕਾਂ ਹਨ ਜਿਨ੍ਹਾਂ ਦੇ ਆਸਪਾਸ ਦਰਖ਼ਤ ਲਾਏ ਹੋਏ ਹਨ। ਸ਼ਹਿਰ ਦੇ ਮੱਧ ਵਿਚ 10 ਵ. ਕਿ. ਮੀ. ਦੇ ਖੇਤਰ ਨੂੰ ਇੰਡੀਪੈਂਡੈਂਟ ਸੁਕੇਅਰ ਕਹਿੰਦੇ ਹਨ। ਇਸ ਖੇਤਰ ਵਿਚ ਰੇਲਵੇ ਸਟੇਸ਼ਨ, ਟੈਲੀਫ਼ੂਨ ਕੇਂਦਰ, ਸਰਕਾਰੀ ਹੋਟਲ, ਗਵਰਨਰ ਜਨਰਲ ਲਈ ਬਣਾਇਆ ਮਹਿਲ ਜਿਸਨੂੰ ਅੱਜਕੱਲ੍ਹ 'ਪ੍ਰੈਜ਼ੀਡੈਂਸ਼ਲ ਪੈਲੇਸ' ਕਹਿੰਦੇ ਹਨ, ਵੀ ਹੈ।



**ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਿਖੇ ਪ੍ਰੈਜ਼ੀਡੈਂਟ ਦਾ ਮਹਿਲ**

ਇਥੇ ਕਚਹਿਰੀਆਂ, ਯੂਨੀਵਰਸਿਟੀਆਂ, ਮੌਸਮ ਸਬੰਧੀ ਪ੍ਰਯੋਗ-ਸ਼ਾਲਾ, ਨੈਸ਼ਨਲ ਅਕੈਡਮੀ, ਲਾਇਬਰੇਰੀ, ਅਜਾਇਬ ਘਰ ਆਦਿ ਵੀ ਬਣੇ ਹੋਏ ਹਨ। ਸ਼ਹਿਰ ਵਿਚ ਆਵਾਜਾਈ ਦੇ ਸਾਧਨ ਵੀ ਬੜੇ ਵਧੀਆ ਹਨ। ਰੇਲਾਂ ਸੜਕਾਂ ਇਸਨੂੰ ਜਾਵਾ ਟਾਪੂ ਦੇ ਹੋਰ ਸ਼ਹਿਰਾਂ ਨਾਲ ਜੋੜਦੀਆਂ ਹਨ। ਇਥੋਂ ਦੀ ਬੰਦਰਗਾਹ ਸਾਰੇ ਇੰਡੋਨੇਸ਼ੀਆ ਵਿਚ ਸਭ ਤੋਂ ਵੱਡੀ ਬੰਦਰਗਾਹ ਹੈ। ਪੱਛਮੀ ਜਾਵਾ ਦਾ ਸਾਰਾ ਨਿਰਯਾਤ ਇਸੇ ਬੰਦਰਗਾਹ ਤੋਂ ਹੁੰਦਾ ਹੈ ਅਤੇ ਇਥੋਂ ਹੀ ਆਯਾਤ ਵੀ ਹੁੰਦਾ ਹੈ। ਇਥੇ ਅੰਤਰ ਰਾਸ਼ਟਰੀ ਹਵਾਈ ਅੱਡਾ ਵੀ ਹੈ। ਇਸ ਤੋਂ ਇਲਾਵਾ ਇਥੇ ਹੋਰ ਵੀ ਬਹੁਤ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਬਿਜਲੀ ਪਾਣੀ ਵਰਗੀਆਂ ਸਹੂਲਤਾਂ ਵੀ ਹਨ। ਸਿਹਤ ਦੀ ਸਹੂਲਤ ਲਈ 3 ਵੱਡੇ ਹਸਪਤਾਲ, 40 ਜਨਰਲ



**ਜਾਵਾ ਵਿਚ ਜਕਾਰਤਾ ਦੀ ਮੁੱਢਲੀ ਬਸਤੀ**

ਹਸਪਤਾਲ ਹਨ। ਬੰਦਰਗਾਹ ਦਾ ਵੱਖਰਾ ਹਸਪਤਾਲ ਹੈ। 50 ਪਰਿਵਾਰ ਨਿਯੋਜਨ ਕਲਿਨਿਕ ਵੀ ਹਨ।

ਸਿੱਖਿਆ ਵਾਸਤੇ ਵੀ ਬੱਚਿਆਂ ਦੇ ਸਕੂਲ, ਮਦੱਰਸੇ ਜਾਂ ਧਰਮ ਬਾਰੇ ਸਿੱਖਿਆ ਦੇਣ ਵਾਲੇ ਅਤੇ ਸੈਕੰਡਰੀ ਸਕੂਲ ਸਥਾਪਿਤ ਹਨ। ਕਿੱਤਾ ਸਿਖਲਾਈ ਅਤੇ ਹੋਰ ਖ਼ਾਸ ਸਕੂਲ ਅਤੇ ਫ਼ੈਕਲਟੀਆਂ ਵਗੈਰਾ ਵੀ ਸਥਾਪਿਤ ਹਨ।

ਹ. ਪੁ.-ਐਨ. ਬ੍ਰਿ. ਮੈ. 5 : 920 ; ਕੋਲ. ਐਨ. 3 : 124

**ਜ਼ਖ਼ਮ** : ਸਰੀਰ ਦੇ ਕਿਸੇ ਵੀ ਟਿਸ਼ੂ ਦੀ ਨਿਰੰਤਰਤਾ ਦੇ ਟੁੱਟਣ ਨੂੰ ਜ਼ਖ਼ਮ ਦਾ ਨਾਂ ਦਿੱਤਾ ਜਾਂਦਾ ਹੈ। ਜ਼ਖ਼ਮ ਦੋ ਤਰੀਕਿਆਂ ਨਾਲ ਹੋ ਸਕਦਾ ਹੈ, ਇਕ ਤਾਂ ਕੋਈ ਸੱਟ-ਚੋਟ ਲੱਗਣ ਨਾਲ ਅਤੇ ਦੂਜਾ ਚੀਰ ਫਾੜ (ਸਰਜਰੀ) ਕਰਨ ਨਾਲ। ਸੱਟ ਲਗਣ ਵਾਲਾ ਜ਼ਖ਼ਮ ਸਿੱਧਾ (ਉਸੇ ਥਾਂ ਤੇ) ਜਾਂ ਅਸਿੱਧਾ (ਸੱਟ ਕਿਧਰੇ ਲੱਗੇ ਤੇ ਜ਼ਖ਼ਮ ਕਿਧਰੇ ਹੋਏ) ਦੋ ਤਰ੍ਹਾਂ ਦਾ ਹੋ ਸਕਦਾ ਹੈ। ਅਸਿੱਧਾ ਜ਼ਖ਼ਮ ਕਿਸੇ ਇਕ ਟਿਸ਼ੂ ਤੱਕ ਹੀ ਸੀਮਿਤ ਨਹੀਂ ਰਹਿੰਦਾ। ਹੱਡੀ ਵਗੈਰਾ ਟੁੱਟਣ ਦੇ ਜ਼ਖ਼ਮ ਅਸਿੱਧੇ ਤਰੀਕੇ ਦੇ ਜ਼ਖ਼ਮ ਹਨ। ਇਸ ਨਾਲ ਪੱਠਿਆਂ, ਲਹੂ ਵਹਿਣੀਆਂ, ਲਿਗਾਮੈਂਟ, ਨਾੜੀਆਂ ਆਦਿ ਨੂੰ ਵੀ ਸੱਟ ਲਗਦੀ ਹੈ। ਸਿੱਧੇ ਕਿਸਮ ਦੇ ਜ਼ਖ਼ਮ ਚਾਕੂ, ਗੋਲੀ ਆਦਿ ਲਗਣ ਨਾਲ ਹੁੰਦੇ ਹਨ। ਅਜਿਹੇ ਜ਼ਖ਼ਮਾਂ ਵਿਚ ਸਿਰਫ਼ ਚਮੜੀ ਉੱਤੇ ਸੱਟ ਜਾਂ ਝਰੀਟ ਪੈਂਦੀ ਹੈ ਜਾਂ ਕਈ ਵਾਰੀ ਅੰਦਰਲੇ ਅੰਗਾਂ ਤੇ ਵੀ ਲਗਦੇ ਹਨ ਪਰ ਬਾਹਰੋਂ ਦੇਖਣ ਵਿਚ ਉਨ੍ਹਾਂ ਦਾ ਕੋਈ ਪਤਾ ਨਹੀਂ ਲਗਦਾ। ਇਸ ਦੂਜੀ ਕਿਸਮ ਦੇ ਜ਼ਖ਼ਮਾਂ ਨੂੰ ਬੰਦ ਕਿਸਮ ਵੀ ਕਿਹਾ ਜਾਂਦਾ ਹੈ ਅਤੇ ਇਸ ਵਿਚ ਜੀਵਾਣੂਆਂ ਦੇ ਦਾਖ਼ਲ ਹੋ ਕੇ ਸਥਾਨਕ ਜਾਂ ਆਮ ਲਾਗ ਫ਼ੈਲਾਉਣ ਦਾ ਕੋਈ ਡਰ ਨਹੀਂ ਹੁੰਦਾ।

ਖੁਲ੍ਹੇ ਕਿਸਮ ਦੇ ਜ਼ਖ਼ਮਾਂ ਨੂੰ ਕਈ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਵੰਡ ਦਾ ਅਧਾਰ ਹੇਠ ਲਿਖਿਆਂ ਵਿਚੋਂ ਕੋਈ ਵੀ ਹੋ ਸਕਦਾ ਹੈ: (1) ਬਾਹਰੀ ਦਿੱਖ ਜਿਵੇਂ ਕਿ ਝਰੀਟ ਚੀਰ, ਮੋਰੀ, ਸਾੜ ਆਦਿ (2) ਜ਼ਖ਼ਮ ਦੀ ਡੂੰਘਾਈ ਅਤੇ ਹੇਠਲੇ ਅੰਗਾਂ ਉੱਤੇ ਅਸਰ ਜਿਵੇਂ ਗੁੰਝਲਦਾਰ ਫ਼੍ਰੈਕਚਰ, ਦਿਲ, ਦਿਮਾਗ, ਫ਼ੇਫੜੇ, ਮਸਾਨੇ, ਜਿਗਰ, ਆਂਦਰਾਂ, ਸੁਖਮਨਾ ਆਦਿ ਵਿਚ ਛੇਦ, ਅਤੇ (3) ਉਸ ਵਿਚ ਲਾਗ ਲੱਗਣ ਜਾਂ ਜ਼ਹਿਰ ਫੈਲਣ ਦੀ ਸੰਭਾਵਨਾ।

ਖੁਲ੍ਹੇ ਕਿਸਮ ਦੇ ਜ਼ਖ਼ਮਾਂ ਵਿਚੋਂ ਲਹੂ ਵੀ ਨਿਕਲਦਾ ਹੈ ਅਤੇ ਕਈ ਵਾਰੀ ਤਾਂ ਇੰਨਾ ਲਹੂ ਨਿਕਲਦਾ ਹੈ ਕਿ ਆਮ ਆਦਮੀ ਵੇਖ ਕੇ ਡਰ ਜਾਂਦਾ ਹੈ। ਇਸ ਕਿਸਮ ਦੇ ਜ਼ਖ਼ਮਾਂ ਦੇ ਇਲਾਜ ਲਈ ਪਹਿਲਾਂ ਕਿਸੇ ਜੀਵਾਣੂ ਰਹਿਤ ਕੀਤੀ ਪੱਟੀ ਜਾਂ ਰੂੰ ਨਾਲ ਜ਼ਖ਼ਮ ਨੂੰ ਢੱਕ ਕੇ, ਉਸ ਦੇ ਆਸ-ਪਾਸ ਦੀ ਚਮੜੀ ਤੋਂ ਵਾਲ ਸਾਫ਼ ਕਰਕੇ, ਉਸ ਨੂੰ ਜੀਵਾਣੂ ਰਹਿਤ ਪਾਣੀ ਅਤੇ ਚਿੱਟੇ ਸਾਬਣ ਨਾਲ ਘੱਟੋ ਘੱਟ ਦਸ ਮਿੰਟ ਲਈ ਧੋਣਾ ਚਾਹੀਦਾ ਹੈ। ਜ਼ਖ਼ਮ ਵਿਚ ਕਈ ਵਾਰ ਕੋਈ ਲਾਗ ਵੀ ਲੱਗ ਜਾਂਦੀ ਹੈ। ਜੇ ਲਾਗ ਸਥਾਨਕ ਹੀ ਫੋੜੇ ਦੀ ਸ਼ਕਲ ਵਿਚ ਹੋਵੇ ਤਾਂ ਇਸ ਵਿਚੋਂ ਪੀਕ ਕੱਢਣੀ ਪੈਂਦੀ ਹੈ ਅਤੇ ਫਿਰ ਇਹ ਜ਼ਖ਼ਮ ਹੇਠਾਂ ਤੋਂ ਭਰਨਾ ਸ਼ੁਰੂ ਹੁੰਦਾ ਹੈ। ਇਸ ਨਾਲ ਕੋਈ ਵਿਗਾੜ ਜਾਂ ਦਾਗ ਵੀ ਰਹਿ ਸਕਦਾ ਹੈ।

ਚੀਰੇ ਆਦਿ ਨਾਲ ਹੋਏ ਜ਼ਖ਼ਮਾਂ ਵਿਚ ਸਰੀਰ ਦੀ ਕੁਝ ਚਰਬੀ ਆਦਿ ਵੀ ਬਾਹਰ ਨਿਕਲ ਜਾਂਦੀ ਹੈ। ਹਾਲਾਤ ਅਨੁਸਾਰ ਇਸ ਘਾਟੇ ਨੂੰ ਢੁੱਕਵੀਂ ਚਮੜੀ ਦੀ ਗਰਾਫ਼ਟਿੰਗ ਕਰਕੇ ਪੂਰਾ ਕੀਤਾ ਜਾ ਸਕਦਾ ਹੈ, ਜਾਂ ਫਿਰ ਇਸ ਥਾਂ ਤੇ ਅੰਗੂਰ ਆ ਜਾਣ ਤੋਂ ਬਾਅਦ ਨਵੀਂ ਚਮੜੀ ਲਗਾ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਸੜਨ ਨਾਲ ਬਣੇ ਜ਼ਖ਼ਮਾਂ ਨੂੰ ਸਰੀਰ ਦੇ ਦੂਜੇ ਹਿੱਸਿਆਂ ਤੋਂ ਲਈ ਚਮੜੀ ਰਾਹੀਂ ਢਕਿਆ ਜਾਂਦਾ ਹੈ।

ਜ਼ਖ਼ਮ ਵਿਚ ਲਾਗ ਲੱਗਣ ਤੋਂ ਬਚਾਉਣ ਲਈ ਪ੍ਰਤਿ ਜੀਵ ਦਵਾਈਆਂ ਜਾਂ ਸਲਫ਼ਾ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਹ. ਪੁ. -ਐਨ. ਬ੍ਰਿ. 23 : 300

**ਜਗਜੀਤ ਸਿੰਘ ਆਨੰਦ**: ਵੇਖੋ ਆਨੰਦ, ਜਗਜੀਤ ਸਿੰਘ

**ਜਗਜੀਤ ਸਿੰਘ ਨਾਮਧਾਰੀ, ਸਤਿਗੁਰੂ** : ਇਹ ਨਾਮਧਾਰੀ ਸੰਪ੍ਰਦਾ ਦੇ ਵਰਤਮਾਨ ਮੁੱਖੀ ਹਨ। ਇਨ੍ਹਾਂ ਦਾ ਜਨਮ 20 ਨਵੰਬਰ, 1920 ਨੂੰ ਸਤਿਗੁਰੂ ਪ੍ਰਤਾਪ ਸਿੰਘ ਦੇ ਘਰ ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ (ਪੰਜਾਬ) ਵਿਖੇ ਹੋਇਆ। ਆਪ ਅਜੇ ਚਾਰ ਸਾਲਾਂ ਦੇ ਹੀ ਸਨ ਕਿ ਆਪ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਇਸ ਲਈ ਆਪ ਦਾ ਪਾਲਣ ਪੋਸ਼ਣ ਅਤੇ ਸਿੱਖਿਆ-ਦੀਖਿਆ ਆਦਿ ਦੀ ਸਾਰੀ ਜ਼ਿੰਮੇਵਾਰੀ ਗੁਰੂ ਪਿਤਾ ਅਤੇ ਉਨ੍ਹਾਂ ਦੇ ਸਿੱਖ ਸੇਵਕਾਂ ਨੇ ਹੀ ਨਿਭਾਈ।


ਸਤਿਗੁਰੂ ਜਗਜੀਤ ਸਿੰਘ

ਪ੍ਰਚੱਲਤ ਮਰਿਆਦਾ ਅਨੁਸਾਰ ਆਪ ਨੇ ਬਚਪਨ ਤੋਂ ਹੀ ਅੰਮ੍ਰਿਤ ਵੇਲੇ ਕੇਸੀ ਇਸ਼ਨਾਨ, ਭਜਨ ਸਿਮਰਨ ਅਤੇ ਬਾਣੀ ਦੇ ਪਾਠ ਦੇ ਕਰੜੇ ਸੰਜਮ ਨੂੰ ਧਾਰਨ ਕੀਤਾ। ਨਾਮਧਾਰੀ ਤਹਿਰੀਕ ਨੇ ਕਿਉਂਕਿ ਬਦੇਸ਼ੀ ਸਿੱਖਿਆ ਦਾ ਆਰੰਭ ਤੋਂ ਹੀ ਬਾਈਕਾਟ ਕੀਤਾ ਹੋਇਆ ਸੀ, ਇਸ ਲਈ ਆਪ ਦੀ ਸਾਰੀ ਸਿੱਖਿਆ-ਦੀਖਿਆ ਸ੍ਰੀ ਭੈਣੀ ਸਾਹਿਬ ਮਹਾ ਵਿਦਿਆਲਾ ਦੁਆਰਾ ਹੀ ਸੰਪੂਰਨ ਹੋਈ। ਆਪ ਜੀ ਦਾ ਪਹਿਲਾ ਵਿਆਹ ਬੀਬੀ ਰਾਜਿੰਦਰ ਕੌਰ, ਸਪੁੱਤਰੀ ਸ. ਊਧਮ ਸਿੰਘ ਨਾਲ 1942 ਈ.ਵਿਚ ਹੋਇਆ। ਡੇਢ ਸਾਲ ਬਾਅਦ ਹੀ ਪਹਿਲੀ ਪਤਨੀ ਦੇ ਅਕਾਲ ਚਲਾਣੇ ਪਿੱਛੋਂ ਦੂਜੀ ਸ਼ਾਦੀ ਬੀਬੀ ਚੰਦ ਕੌਰ ਸਪੁੱਤਰੀ ਸੰਤ ਸਰਵਣ ਸਿੰਘ ਬਾਜਾਖ਼ਾਨਾ (ਬਠਿੰਡਾ) ਨਾਲ 1945 ਈ. ਵਿਚ ਹੋਈ। ਆਪ ਜੀ ਦੀ ਇਕੋ ਇਕ ਸੰਤਾਨ ਬੀਬੀ ਸਾਹਿਬ ਕੌਰ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹਾਂਤ (22-23ਅਗਸਤ, 1959) ਸਮੇਂ ਹੀ ਆਪ ਦੀ ਇੱਛਾ ਅਨੁਸਾਰ, ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰੂ-ਪਦ ਗ੍ਰਹਿਣ ਕਰ ਲਿਆ। 10 ਸਤੰਬਰ, 1959 ਨੂੰ ਆਪ ਜੀ ਦੀ ਦਸਤਾਰਬੰਦੀ ਦਾ ਵਿਸ਼ੇਸ਼ ਸਮਾਗਮ ਹੋਇਆ। ਆਪ ਜੀ ਦੀ ਅਗਵਾਈ ਕਾਰਨ ਨਾਮਧਾਰੀ ਸੰਪ੍ਰਦਾ ਨੇ ਅਨੇਕ ਦਿਸ਼ਾਵਾਂ ਵਿਚ ਸਮੂਹਕ ਤੇ ਨਿਜੀ ਰੂਪ ਵਿਚ ਪ੍ਰਗਤੀ ਦੀਆਂ ਕਈ ਮੰਜ਼ਲਾਂ ਤੈਅ ਕੀਤੀਆਂ ਹਨ। ਬਦੇਸ਼ਾਂ ਵਿਚ ਵੱਸਦੇ ਆਪਣੇ ਅਨੇਕਾਂ ਪੈਰੋਕਾਰਾਂ ਨੂੰ ਦਰਸ਼ਨ ਦੇਣ ਲਈ ਆਪ ਨੇ ਕਿੰਨੀ ਵਾਰੀ ਥਾਈਲੈਂਡ, ਸਿੰਗਾਪੁਰ, ਹਾਂਗਕਾਂਗ, ਜਾਪਾਨ, ਕੀਨੀਆ, ਯੂਗੰਡਾ, ਤਨਜ਼ਾਨੀਆ, ਯੂ. ਏ. ਈ., ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰ ਯੂਰਪੀ ਦੇਸ਼ਾਂ ਦਾ ਭ੍ਰਮਣ ਕੀਤਾ ਹੈ।

ਸਤਿਗੁਰੂ ਜਗਜੀਤ ਸਿੰਘ ਦੇ ਕੁਝ ਵਿਸ਼ੇਸ਼ ਕਾਰਜਾਂ ਦਾ ਵਰਣਨ ਇਸ ਪ੍ਰਕਾਰ ਹੈ :–

ਧਾਰਮਿਕ ਉੱਨਤੀ ਦੇ ਕਾਰਜ (ੳ) ਨਿਰੰਤਰ ਭਜਨ ਵਰਨੀਆਂ (ਅਰਥਾਤ ਦੋ-ਦੋ ਘੰਟੇ ਦੀ ਰੌਲ ਨਾਲ ਵਿਅਕਤੀਆਂ ਵੱਲੋਂ ਦਿਨ ਰਾਤ ਲਗਾਤਾਰ ਚੌ-ਅੱਖਰੇ 'ਵਹਿਗੁਰੂ' ਸ਼ਬਦ ਦਾ ਜਾਪ ਕਰਨਾ) ਵਿਚ ਵਾਧਾ।

(ਅ) ਸ੍ਰੀ ਆਦਿ-ਗ੍ਰੰਥ ਸਾਹਿਬ ਜੀ ਦੇ ਦੋ ਵਾਰ ਸਵਾ ਲੱਖ ਪਾਠ ਕਰਵਾਏ (20.1.1975) ਨਾਮਧਾਰੀਆਂ ਲਈ ਅੱਜਕੱਲ੍ਹ ਹਰ ਘਰ ਹਰ ਮਹੀਨੇ ਇਕ ਪਾਠ ਕਰਨ ਦਾ ਆਦੇਸ਼ ਹੈ।

(ੲ) ਬਦੇਸ਼ੀ ਜਿਵੇਂ ਬੈਂਕਾਕ (ਥਾਈਲੈਂਡ), ਨੈਰੋਬੀ (ਕੀਨੀਆ), ਦਾਰਾਸਲਾਮ (ਤਨਜ਼ਾਨੀਆ), ਲੰਡਨ ਅਤੇ ਬਰਮਿੰਘਮ (ਇੰਗਲੈਂਡ) ਆਦਿ ਵਿਚ ਨਾਮਧਾਰੀ ਧਰਮਸ਼ਾਲਾਵਾਂ ਦੀ ਸਥਾਪਨਾ।

(ਸ) ਸਤਿਗੁਰੂ ਜੀ ਦੀ ਅਗਵਾਈ ਵਿਚ ਹਰ ਸਾਲ ਸਤੰਬਰ/ਅਕਤੂਬਰ ਵਿਚ ਇਕ ਮਹੀਨੇ ਦਾ ਜਪ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਵਿਚ ਦੇਸ਼ਾਂ, ਬਦੇਸ਼ਾਂ ਤੋਂ ਸਾਧ ਸੰਗਤ ਆ ਕੇ ਸ਼ਾਮਲ ਹੁੰਦੀ ਹੈ।

ਇਹ ਕੇਵਲ ਧਾਰਮਿਕ ਰਹਿਨੁਮਾ ਹੀ ਨਹੀਂ ਇਹ ਸਗੋਂ ਆਪਣੇ ਸਿੱਖ ਸੇਵਕਾਂ ਵਿਚ ਉਸਾਰੂ ਕਾਰਜਾਂ, ਉਦਯੋਗਾਂ, ਵਿਗਿਆਨਕ ਖੇਤੀ, ਬਾਗ਼ਬਾਨੀ ਅਤੇ ਪਸ਼ੂ ਪਾਲਣ ਵੱਲ ਉਚੇਰਾ ਧਿਆਨ ਦਿੰਦੇ ਹਨ। ਸਭਿਆਚਾਰਕ ਖੇਤਰ ਵਿਚ ਵੀ ਆਪ ਨੇ ਭਰਪੂਰ ਹਿੱਸਾ ਪਾਇਆ ਹੈ। ਆਪ ਜੀ ਨੇ ਸ੍ਰੀ ਭੈਣੀ ਸਾਹਿਬ ਦੇ ਸਥਾਨ ਤੇ ਪੰਜਾਬੀ ਕਾਨਫ਼ਰੰਸ (1960) ਅਤੇ ਅੰਮ੍ਰਿਤਸਰ ਵਿਖੇ ਹੋਲੇ-ਮੁਹੱਲੇ ਸਮੇਂ ਪੰਜਾਬੀ ਕਾਨਫ਼ਰੰਸ (24.3.70) ਕਰਵਾਈ। ਇਸੇ ਉਦੇਸ਼ ਲਈ 'ਸਤਿਜੁਗ' ਸਪਤਾਹਕ ਪੱਤਰ ਤੋਂ ਇਲਾਵਾ ਕੁਝ ਸਮੇਂ ਲਈ 'ਨਵਾਂ ਹਿੰਦੁਸਤਾਨ' ਦੈਨਿਕ, 'ਸ਼ਤਾਬਦੀ ਨਿਊਜ਼' ਮਾਸਕ ਅਤੇ ਫਿਰ 'ਵਰਿਆਮ', 'ਨਿਰੀਖਿਅਕ' ਅਤੇ ਹਿੰਦੀ 'ਯੁੱਗ ਮਰਿਆਦਾ' ਆਦਿ ਪੱਤਰਾਂ ਨੂੰ ਆਪ ਦੀ ਸਰਪ੍ਰਸਤੀ ਪ੍ਰਾਪਤ ਹੋਈ।

ਸਤਿਗੁਰੂ ਜੀ ਨੇ ਬਿਰਧਾਂ ਦੀ ਸੰਭਾਲ ਵਾਸਤੇ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਬਿਰਧ-ਸ਼ਾਲਾਵਾਂ ਦੀ ਸਥਾਪਨਾ ਕੀਤੀ ਹੈ ਅਤੇ ਰੋਗੀਆਂ ਦੇ ਕੁਦਰਤੀ ਇਲਾਜ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਆਪ ਜੀ ਨੇ ਸਦਾ ਉਦਾਰਤਾ, ਸਹਿਨਸ਼ੀਲਤਾ ਅਤੇ ਹਰ ਸਮੱਸਿਆ ਬਾਰੇ ਉਸਾਰੂ ਅਤੇ ਨੈਤਿਕ ਦ੍ਰਿਸ਼ਟੀਕੋਣ ਕਾਇਮ ਰੱਖਿਆ ਹੈ।

ਹ. ਪੁ.-ਸਤਿਗੁਰੂ ਜਗਜੀਤ ਸਿੰਘ, ਇਕ ਪਰਿਵਰਤਨ (1978)—ਪ੍ਰੀਤਮ ਸਿੰਘ ਕਵੀ—ਸ੍ਰੀ ਭੈਣੀ ਸਾਹਿਬ (1978)-ਪ੍ਰੀਤਮ ਸਿੰਘ ਕਵੀ: 'ਸਤਿਜੁਗ' ਸਪਤਾਹਕ ਦਾ ਸ਼ਰਧਾਜਲੀ ਅੰਕ (1959); 'ਸਤਿਜੁਗ' ਸਪਤਾਹਕ ਦਾ ਸ਼ਰਫ ਅਫ਼ਰੀਕਾ ਅੰਕ (1959); ਸਤਿਗੁਰੂ ਪ੍ਰਤਾਪ ਸਿੰਘ ਜੀ (1972) — ਡਾ. ਕਰਮ ਸਿੰਘ ਕਪੂਰ; ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ (1959) — ਸੰਤ ਇੰਦਰ ਸਿੰਘ ਚੱਕਰਵਰਤੀ ; ਨਾਮਧਾਰੀ ਨਿਤਨੇਮ, 'ਵਰਿਆਮ' ਮਾਸਿਕ ਜਲੰਧਰ ਦਾ ਸਤਿਗੁਰੂ ਜਗਜੀਤ ਸਿੰਘ ਅੰਕ।

—ਕਿਰਪਾਲ ਸਿੰਘ ਕਸੇਲ

**ਜਗਜੀਵਨ ਰਾਮ (ਬਾਬੂ)** : ਭਾਰਤ ਦਾ ਇਕ ਉੱਘਾ ਸਿਆਸਤਦਾਨ ਸੀ ਜਿਹੜਾ ਲਗਭਗ ਵੀਹ ਸਾਲ ਵੱਖ-ਵੱਖ ਵਿਭਾਗਾਂ ਦਾ ਕੇਂਦਰੀ ਵਜ਼ਾਰਤ ਵਿਚ ਮੰਤਰੀ ਰਿਹਾ। ਇਸ ਦਾ ਜਨਮ 5 ਅਪ੍ਰੈਲ, 1908 ਨੂੰ ਬਿਹਾਰ ਰਾਜ ਵਿਚ ਚਾਂਦਵਾ (Chandwa) ਪਿੰਡ ਵਿਖੇ ਇਕ ਸਾਧਾਰਣ ਹਰੀਜਨ ਪਰਿਵਾਰ ਵਿਚ ਹੋਇਆ। ਇਸ ਦਾ ਪਿਤਾ ਸ਼ੋਭੀ ਰਾਮ ਖੇਤੀਬਾੜੀ ਕਰਦਾ ਸੀ। 8 ਸਾਲ ਦੀ ਉਮਰ ਵਿਚ ਹੀ ਇਸ ਦਾ ਵਿਆਹ ਹੋ ਗਿਆ। ਮੁੱਢਲੀ ਵਿਦਿਆ ਪਿੰਡ ਦੇ ਸਥਾਨਕ ਸਕੂਲ ਵਿਚੋਂ ਅਤੇ ਮੈਟ੍ਰਿਕ ਹਾਈ ਸਕੂਲ ਤੋਂ ਹਾਸਲ ਕਰਨ ਤੋਂ ਬਾਅਦ ਬਿਰਲਾ ਵਜ਼ੀਫਾ ਪ੍ਰਾਪਤ ਕਰਕੇ ਇਸ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਫਿਰ ਕਲਕੱਤਾ ਯੂਨੀਵਰਸਿਟੀ ਤੋਂ ਉੱਚ ਵਿਦਿਆ ਹਾਸਲ ਕੀਤੀ। ਪੰਡਤ ਮਦਨ ਮੋਹਨ ਮਾਲਵੀਆ ਦੇ ਵਿਚਾਰਾਂ ਦਾ ਇਸ ਉੱਪਰ ਡੂੰਘਾ ਪ੍ਰਭਾਵ ਪਿਆ। ਮਹਾਤਮਾ ਗਾਂਧੀ ਵੱਲੋਂ ਚਲਾਏ ਗਏ ਅਸਹਿਯੋਗ ਅੰਦੋਲਨ ਨੇ ਜਗਜੀਵਨ ਰਾਮ ਨੂੰ ਰਾਜਨੀਤੀ ਵਿਚ ਹਿੱਸਾ ਪਾਉਣ ਲਈ ਪ੍ਰੇਰਿਆ। ਰਾਜਨੀਤੀ ਵਿਚ ਆਉਣ ਮਗਰੋਂ ਇਸਨੇ ਅਨੁਸੂਚਿਤ ਅਤੇ ਪਛੜੀਆਂ ਜਾਤਾਂ ਨੂੰ ਵਿਕਸਿਤ ਕਰਨ ਲਈ ਬੜੇ ਜਤਨ ਕੀਤੇ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕਾਂਗਰਸ ਨਾਲ ਕੰਮ ਕਰਦਿਆਂ ਇਸਨੂੰ ਕਈ ਵਾਰੀ ਜੇਲ੍ਹ ਵੀ ਜਾਣਾ ਪਿਆ। 2 ਸਤੰਬਰ, 1946 ਵਿਚ ਜਦੋਂ ਕਾਂਗਰਸ ਨੇ ਕੇਂਦਰੀ ਵਜ਼ਾਰਤ ਵਿਚ ਸ਼ਾਮਲ ਹੋਣ ਦਾ ਨਿਸ਼ਚਾ ਕੀਤਾ ਤਾਂ ਜਗਜੀਵਨ ਰਾਮ ਨੂੰ ਵੀ ਕਾਂਗਰਸੀ ਵਜ਼ਾਰਤ ਵਿਚ ਲਿਆ ਗਿਆ। ਉਮਰ ਵਿਚ ਸਭ ਤੋਂ ਛੋਟਾ ਹੋਣ ਦੇ ਬਾਵਜੂਦ ਇਸਨੇ ਛੇ ਸਾਲ ਤੱਕ ਕਿਰਤ ਮੰਤਰੀ ਵਜੋਂ ਬੜੀ ਯੋਗਤਾ ਨਾਲ ਕੰਮ ਕੀਤਾ। ਕਿਰਤ ਮੰਤਰੀ ਵਜੋਂ ਕੰਮ ਕਰਦਿਆਂ ਇਸਨੇ ਦੋ ਮਹੱਤਵਪੂਰਨ ਐਕਟ 'ਐਮਪਲਾਈ ਸਟੇਟ ਇਨਸ਼ੋਰੈਂਸ' ਅਤੇ 'ਪ੍ਰਾਵੀਡੈਂਟ ਫੰਡ ਐਕਟ' ਪਾਸ ਕਰਵਾ ਕੇ ਕਿਰਤੀਆਂ ਲਈ ਸਮਾਜਕ ਸੁਰੱਖਿਆ ਦਾ ਨੀਂਹ-ਪੱਥਰ ਰੱਖਿਆ। ਇਸ ਨੇ 'ਇੰਡੀਅਨ ਫੈਕਟਰੀ ਐਕਟ ਅਤੇ' ਇੰਡੀਅਨ ਮਾਈਨਜ਼ ਐਕਟ' ਦੀ ਸੁਧਾਈ ਕਰਵਾਈ। ਡੌਕਾਂ ਤੇ ਕੰਮ ਕਰਦੇ ਮਜ਼ਦੂਰਾਂ ਦੀ ਨੌਕਰੀ ਸੁਰੱਖਿਅਤ ਕੀਤੀ। ਇੰਜ ਦੇਸ਼ ਭਰ ਦੇ ਕਿਰਤੀਆਂ ਦੀਆਂ ਸਮੱਸਿਆਵਾਂ ਦਾ ਇਸਨੇ ਯੋਗਤਾ ਅਤੇ ਹਮਦਰਦੀ ਭਰੇ ਰਵੱਈਏ ਨਾਲ ਨਿਪਟਾਰਾ ਕੀਤਾ।

ਸੰਨ 1952 ਵਿਚ ਇਸਨੇ ਸੰਚਾਰ ਮੰਤਰੀ ਦਾ ਅਹੁਦਾ ਸੰਭਾਲਿਆ। ਇਸ ਕਾਲ ਵਿਚ ਇਸਨੇ 2000 ਤੋਂ ਉਪਰ ਆਬਾਦੀ ਵਾਲੇ ਹਰ ਪਿੰਡ ਵਿਚ ਇਕ ਡਾਕਖ਼ਾਨਾ ਖੁਲ੍ਹਵਾਉਣ ਦਾ ਅਹਿਮ ਫੈਸਲਾ ਲਿਆ। ਹਰ ਤਹਿਸੀਲ ਸ਼ਹਿਰ ਵਿਚ ਇਕ ਤਾਰ-ਘਰ ਖੁਲ੍ਹਵਾਇਆ। ਸੰਨ 1956 ਵਿਚ ਰੇਲਵੇ ਮੰਤਰੀ ਬਣਿਆ। ਸੰਨ 1962 ਵਿਚ ਕਾਮਰਾਜ ਯੋਜਨਾ ਅਧੀਨ ਇਸਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸੰਨ 1967-70 ਦੌਰਾਨ ਖ਼ੁਰਾਕ ਅਤੇ ਖੇਤੀਬਾੜੀ ਮੰਤਰੀ ਬਣਿਆ। ਇਸ ਕਾਲ ਦੌਰਾਨ ਜ਼ਰਾਇਤੀ ਉਤਪਾਦਨ ਵਿਚ ਕਾਫ਼ੀ ਵਾਧਾ ਹੋਇਆ। ਚੀਨੀ ਸਬੰਧੀ ਨੀਤੀ ਨੂੰ ਵੀ ਵਧੇਰੇ ਉਦਾਰ ਬਣਾਇਆ। ਇਸ ਨਾਲ ਚੀਨੀ ਦੀ ਕੀਮਤ ਵਿਚ ਗਿਰਾਵਟ ਆਈ। ਟਰੈਕਟਰਾਂ ਦੇ ਆਯਾਤ ਦਾ ਕੌਮੀਕਰਨ ਕੀਤਾ।

ਸੰਨ 1970 ਵਿਚ ਰੱਖਿਆ ਮੰਤਰੀ ਵਜੋਂ ਅਹੁਦਾ ਸੰਭਾਲਿਆ। ਇਸ ਕਾਲ ਦੌਰਾਨ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਣ ਵਾਲੀ ਜੰਗ ਵਿਚ ਇਸਨੇ ਚੰਗੀਆਂ ਜੰਗੀ ਨੀਤੀਆਂ ਅਪਣਾ ਕੇ ਆਪਣੇ ਹੌਸਲੇ ਅਤੇ ਦਲੇਰੀ ਦਾ ਸਬੂਤ ਦਿੱਤਾ। ਬੰਗਲਾ ਦੇਸ਼ ਵਿਚ ਨਵ-ਨਿਰਮਿਤ ਮੁਕਤੀ ਬਹਿਣੀ ਦੀ ਇਸਨੇ ਖੁਲ੍ਹਮ-ਖੁਲ੍ਹੀ ਹਿਮਾਇਤ ਕੀਤੀ। ਜੰਗ ਤੋਂ ਬਾਅਦ ਫ਼ਰਵਰੀ, 1972 ਵਿਚ ਇਸਨੇ ਫ਼ੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਸਬੰਧੀ ਇਕ ਨਵੀਂ ਯੋਜਨਾ ਦਾ ਐਲਾਨ ਕੀਤਾ ਜਿਸ ਅਨੁਸਾਰ ਕਮਿਸ਼ਨਡ ਅਫ਼ਸਰਾਂ ਦੀਆਂ ਵਿਧਵਾਵਾਂ ਨੂੰ ਉਨ੍ਹਾਂ ਦੇ ਪਤੀ ਦੀ ਕੁੱਲ ਮਾਸਕ ਆਮਦਨ ਦਾ 3/4 ਹਿੱਸਾ ਪੈਨਸ਼ਨ ਵਜੋਂ ਉਸ ਅਫ਼ਸਰ ਦੀ ਰਹਿੰਦੀ ਨੌਕਰੀ ਸਮੇਂ ਤੱਕ ਦਿੱਤਾ ਗਿਆ। ਫ਼ੌਜੀਆਂ ਦੇ ਪਰਿਵਾਰਾਂ ਨੂੰ ਸੈਨਕ ਹਸਪਤਾਲਾਂ ਵਿਚ ਮੁਫ਼ਤ ਇਲਾਜ ਮੁਹੱਈਆ ਕੀਤਾ ਗਿਆ। ਲੜਾਈ ਵਿਚ ਸ਼ਹੀਦ ਹੋਏ ਜਾਂ ਅਪਾਹਜ ਸਿਪਾਹੀਆਂ ਦੇ ਬੱਚਿਆਂ ਨੂੰ ਪਹਿਲੇ ਡਿਗਰੀ ਕੋਰਸ ਤੱਕ ਮੁਫ਼ਤ ਵਿਦਿਆ ਦਿੱਤੀ ਗਈ। ਇਨ੍ਹਾਂ ਗੱਲਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਇਕ ਸੀਨੀਅਰ ਅਫ਼ਸਰ ਦੀ ਨਿਗਰਾਨੀ ਹੇਠ ਕੇਂਦਰੀ ਸੰਗਠਨ ਦੀ ਸਥਾਪਨਾ ਕਰਵਾਈ। ਆਧੁਨਿਕ ਤਕਨੀਕ ਨਾਲ ਨਵੇਂ ਹਥਿਆਰ ਬਣਵਾਏ ਅਤੇ ਇਨ੍ਹਾਂ ਦੀ ਸਿਖਲਾਈ ਲਈ ਵਿਸ਼ੇਸ਼ ਪ੍ਰਬੰਧ ਕਰਵਾਏ।

ਅਕਤੂਬਰ, 1974 ਵਿਚ ਇਹ ਫਿਰ ਖ਼ੁਰਾਕ ਅਤੇ ਖੇਤੀਬਾੜੀ ਮੰਤਰੀ ਬਣਿਆ। ਇਸ ਕਾਲ ਦੌਰਾਨ ਦੇਸ਼ ਦਾ ਵਾਧੂ ਅਨਾਜ ਬਾਹਰਲੇ ਦੇਸ਼ਾਂ ਨੂੰ ਨਿਰਯਾਤ ਕੀਤਾ ਗਿਆ।

ਜੁਲਾਈ 15, 1979 ਨੂੰ ਮੋਰਾਰ ਜੀ ਦੇਸਾਈ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ। ਇਸ ਵੇਲੇ ਜਗਜੀਵਨ ਰਾਮ ਜਨਤਾ ਪਾਰਲੀਮੈਂਟਰੀ ਪਾਰਟੀ ਦਾ ਨੇਤਾ ਚੁਣਿਆ ਗਿਆ। ਇਸ ਦੇ ਨਾਲ ਹੀ ਇਹ ਲੋਕ ਸਭਾ ਵਿਚ ਵਿਰੋਧੀ ਧੜੇ ਦੇ ਨੇਤਾ ਵਜੋਂ ਨਾਮਜ਼ਦ ਹੋਇਆ।

ਸੰਨ 1981 ਵਿਚ ਇਸ ਦਾ ਕਾਂਗਰਸ 'ਯੂ' ਨਾਲ ਮੱਤਭੇਦ ਹੋ ਗਿਆ। ਸਿੱਟੇ ਵਜੋਂ ਇਸ ਨੇ ਕਾਂਗਰਸ 'ਜੇ' ਦੀ ਸਥਾਪਨਾ ਕੀਤੀ। ਆਪਣੇ ਅੰਤਮ ਸਮੇਂ ਤੱਕ ਇਹ ਆਪਣੀਆਂ ਰਾਜਨੀਤਕ ਸਰਗਰਮੀਆਂ ਵਿਚ ਮਸਰੂਫ਼ ਰਿਹਾ।

6 ਜੁਲਾਈ, 1986 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.-ਜਗਜੀਵਨ ਰਾਮ—ਸਿੰਬਲ ਆਫ਼ ਸੋਸ਼ਲ ਚੇਂਜ; ਅਭਿੰਨਦਨ ਗ੍ਰੰਥ

**ਜਗਤ ਸਿੰਘ** : ਗਦਰ ਲਹਿਰ ਦੇ ਉੱਘੇ ਸ਼ਹੀਦ ਜਗਤ ਸਿੰਘ ਉਰਫ਼ ਜੈ ਸਿੰਘ ਦਾ ਜਨਮ ਲਾਹੌਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਵਿਖੇ ਹੋਇਆ ਜਿਹੜਾ ਕਿ ਅੱਜਕੱਲ੍ਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ। ਜਗਤ ਸਿੰਘ ਇਥੋਂ ਦੇ ਇਕ ਬੜੇ ਇਜ਼ਤਦਾਰ ਜ਼ਿਮੀਂਦਾਰ ਅਰੂੜ ਸਿੰਘ ਦਾ ਲੜਕਾ ਸੀ। ਬਦੇਸ਼ ਜਾਣ ਤੋਂ ਪਹਿਲਾਂ ਜਗਤ ਸਿੰਘ ਨੇ ਇੰਡੀਅਨ ਆਰਮੀ ਦੇ 35 ਨੰਬਰ ਰਸਾਲੇ ਵਿਚ ਨੌਕਰੀ ਕੀਤੀ। ਪਰ ਕੁਝ ਸਮੇਂ ਬਾਅਦ ਇਸ

ਨੇ ਅੱਕ ਕੇ ਫ਼ੌਜ ਦੀ ਨੌਕਰੀ ਛੱਡ ਦਿੱਤੀ। ਇਕ ਦਲੇਰ ਵਿਅਕਤੀ ਹੋਣ ਕਰਕੇ ਇਸ ਨੇ ਘਰ ਰਹਿਣਾ ਪਸੰਦ ਨਾ ਕੀਤਾ ਅਤੇ ਚੀਨ ਚਲਾ ਗਿਆ। ਇਥੇ ਇਸਨੇ ਕੁਝ ਸਮੇਂ ਲਈ ਸੰਤਰੀ ਦੀ ਨੌਕਰੀ ਕੀਤੀ। ਕੁਝ ਸਮੇਂ ਬਾਅਦ ਇਹ ਕੈਨੇਡਾ ਚਲਾ ਗਿਆ। ਇਥੇ ਇਹ ਇਕ ਮਿਲ ਵਿਚ ਨੌਕਰੀ ਤੇ ਲੱਗ ਗਿਆ।

ਕੈਨੇਡਾ ਦੇ ਆਜ਼ਾਦ ਵਾਤਾਵਰਣ ਤੋਂ ਪ੍ਰਭਾਵਤ ਹੋ ਕੇ ਇਸ ਅੰਦਰ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਭਾਵਨਾ ਜਾਗੀ। ਫਿਰ 1933 ਵਿਚ ਇਸ ਨੇ ਗਦਰ ਪਾਰਟੀ ਦੇ ਸੰਗਠਨ ਵੱਲ ਧਿਆਨ ਦਿੱਤਾ।

ਸੰਨ 1914 ਵਿਚ ਜਦੋਂ ਪਹਿਲਾਂ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਅਮਰੀਕਾ ਵਿਚੋਂ ਗਦਰੀਆਂ ਨੇ ਭਾਰਤ ਵਿਚ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਦੇ ਇਰਾਦੇ ਨਾਲ ਆਜ਼ਾਦੀ ਘੁਲਾਟੀਆਂ ਦੇ ਜੱਥੇ ਭੇਜਣ ਦਾ ਫ਼ੈਸਲਾ ਕੀਤਾ। ਜਗਤ ਸਿੰਘ ਪਹਿਲੇ ਜਥਿਆਂ ਵਿਚੋਂ ਇਕ ਜੱਥੇ ਨਾਲ ਆਇਆ। ਜੱਥੇ ਦੇ ਇਹ ਮੈਂਬਰ ਪੁਲਿਸ ਦੇ ਸ਼ਿਕੰਜੇ ਵਿਚੋਂ ਬਚ ਗਏ ਅਤੇ ਤੁਰੰਤ ਕ੍ਰਾਂਤੀਕਾਰੀ ਕੰਮ ਵਿਚ ਜੁਟ ਗਏ। ਪਰੰਤੂ ਇਹ ਆਪਣੇ ਯਤਨਾਂ ਵਿਚ ਪੂਰੀ ਤਰ੍ਹਾਂ ਸਫ਼ਲ ਨਾ ਹੋ ਸਕੇ ਅਤੇ ਇਨ੍ਹਾਂ ਦੀਆਂ ਕਾਰਵਾਈਆਂ ਦੇ ਬਹੁਤ ਸਾਰੇ ਗੁਪਤ ਕੇਂਦਰਾਂ ਉੱਤੇ ਪੁਲਿਸ ਨੇ ਕਬਜ਼ਾ ਕਰ ਲਿਆ। ਪਰ ਫਿਰ ਵੀ ਇਹ ਨਿਡਰ ਰਹੇ ਅਤੇ ਇਨ੍ਹਾਂ ਨੇ ਆਪਣੇ ਕੰਮ ਨੂੰ ਜਾਰੀ ਰੱਖਣ ਲਈ ਕਾਫ਼ੀ ਹੌਸਲੇ ਵਾਲੇ ਵਿਅਕਤੀਆਂ ਨੂੰ ਲਾਹੌਰ ਸ਼ਹਿਰ ਤੋਂ ਬਾਹਰ ਭੇਜਣ ਦਾ ਫ਼ੈਸਲਾ ਕੀਤਾ। ਜਗਤ ਸਿੰਘ ਨੂੰ ਵੀ ਹੋਰ ਵਿਅਕਤੀਆਂ ਨਾਲ ਇਸ ਕੰਮ ਲਈ ਚੁਣਿਆ ਗਿਆ। ਜਦੋਂ ਇਹ ਅਤੇ ਇਸਦੇ ਸਾਥੀ ਲਾਹੌਰ ਵਿਚੋਂ ਇਕ ਟਾਂਗੇ ਵਿਚ ਬੈਠ ਕੇ ਜਾ ਰਹੇ ਸਨ ਤਾਂ ਅਚਾਨਕ ਹੀ ਕੁਝ ਪੁਲਿਸ ਦੇ ਆਦਮੀਆਂ ਨੇ ਟਾਂਗਾ ਰੋਕ ਲਿਆ ਅਤੇ ਟਾਂਗੇ ਦੇ ਸਾਰੇ ਮੁਸਾਫ਼ਰਾਂ ਨੂੰ ਤਲਾਸ਼ੀ ਅਤੇ ਜਾਂਚ-ਪੜਤਾਲ ਲਈ ਆਪਣੇ ਨਾਲ ਨੇੜੇ ਦੇ ਪੁਲਿਸ ਸਟੇਸ਼ਨ ਜਾਣ ਲਈ ਕਿਹਾ। ਗਦਰੀਆਂ ਕੋਲ ਪਿਸਤੌਲ ਸਨ ਅਤੇ ਇਨ੍ਹਾਂ ਨੇ ਪੁਲਿਸ ਦੇ ਆਦਮੀਆਂ ਦੇ ਹੁਕਮ ਦੀ ਪਾਲਣਾ ਕਰਨ ਦੀ ਬਜਾਏ ਉਨ੍ਹਾਂ ਵਿਚੋਂ ਕੁਝ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਜਗਤ ਸਿੰਘ ਦੇ ਇਕ ਸਾਥੀ ਨੂੰ ਮੌਕੇ ਤੇ ਫੜ ਲਿਆ ਗਿਆ। ਜਗਤ ਸਿੰਘ ਨੇ ਖ਼ੁਦ ਬਚ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਜਲਦੀ ਹੀ ਇਸ ਨੂੰ ਘੇਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ। 'ਫ਼ਸਟ ਲਾਹੌਰ ਕਾਨਸਪੀਰੇਸੀ' ਕੇਸ ਅਧੀਨ ਇਸ ਉੱਤੇ ਮੁਕੱਦਮਾ ਚਲਾਇਆ ਗਿਆ, ਜਿਸ ਵਿਚ ਇਸ ਨੂੰ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਲਾ ਦਿੱਤਾ ਗਿਆ।

ਜਗਤ ਸਿੰਘ ਸਦਾ ਕ੍ਰਾਂਤੀਕਾਰੀ ਕੰਮਾਂ ਵਿਚ ਰੁੱਝਿਆ ਰਿਹਾ। ਇਸ ਨੇ ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਸਿਆਸੀ ਡਾਕਿਆਂ ਵਿਚ ਹਿੱਸਾ ਲਿਆ, ਬੰਬ ਤਿਆਰ ਕਰਨ ਵਿਚ ਮਦਦ ਕੀਤੀ ਅਤੇ ਸਰਗੋਧਾ ਵਿਖੇ ਭਾਰਤੀ ਫ਼ੌਜਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ। ਇਹ ਆਪਣੇ ਨਰੋਏ ਸਰੀਰ ਅਤੇ ਨਿਡਰ ਸੁਭਾਅ ਕਰਕੇ ਪ੍ਰਸਿੱਧ ਸੀ।

ਹ. ਪੁ.-ਐਮ. ਫ੍ਰੀ. ਫਾ. ਪੰ. : 134

**ਜਗਤਜੀਤ ਸਿੰਘ ਮਹਾਰਾਜਾ** : ਇਹ ਕਪੂਰਥਲੇ ਦੇ ਰਾਜਾ ਖੜਕ ਸਿੰਘ ਦਾ ਪੁੱਤਰ ਸੀ ਜੋ 24 ਨਵੰਬਰ, 1872 ਨੂੰ ਪੈਦਾ ਹੋਇਆ। ਬਚਪਨ ਵਿਚ ਹੀ ਪਿਤਾ ਦੀ ਮੌਤ ਤੋਂ ਪਿੱਛੋਂ 5 ਵਰ੍ਹੇ ਦੀ ਉਮਰ ਵਿਚ 16 ਅਕਤੂਬਰ, 1877 ਨੂੰ ਗੱਦੀ ਤੇ ਬੈਠਾ। ਨਾਬਾਲਗ ਹੋਣ ਕਾਰਨ ਰਿਆਸਤ ਦਾ ਰਾਜ ਪ੍ਰਬੰਧ ਪੰਜਾਬ ਕਮਿਸ਼ਨ ਦੇ ਇਕ ਅਧਿਕਾਰੀ ਨੂੰ ਸੌਂਪਿਆ ਗਿਆ।

ਸੰਨ 1890 ਨੂੰ ਬਾਲਗ ਹੋਣ ਤੇ ਅੰਗਰੇਜ਼ ਸਰਕਾਰ ਦੁਆਰਾ ਰਾਜ ਦੇ ਪੂਰੇ ਹੱਕ ਹੱਥ ਵਿਚ ਲੈ ਕੇ ਕਪੂਰਥਲਾ ਰਿਆਸਤ ਦਾ ਕੰਮ-ਕਾਜ ਸੰਭਾਲ ਲਿਆ। ਮਹਾਰਾਜਾ ਜਗਤਜੀਤ ਸਿੰਘ ਇਕ ਸੂਝਵਾਨ ਰਾਜਾ ਸੀ। ਉਸਨੇ ਉਦਯੋਗ ਅਤੇ ਵਿਦਿਆ ਦੇ ਖੇਤਰ ਵਿਚ ਕਾਫ਼ੀ ਯੋਗਦਾਨ ਪਾਇਆ। ਬਹੁਤ ਸਾਰੇ ਸਕੂਲ ਅਤੇ ਕਾਰਖ਼ਾਨਿਆਂ ਦੀ ਸਥਾਪਨਾ ਕੀਤੀ। ਇਸ ਨੂੰ ਇਮਾਰਤਾਂ ਬਣਵਾਉਣ ਦਾ ਬਹੁਤ ਸ਼ੌਕ ਸੀ। ਉਸਨੇ ਰਾਜ-ਮਹਿਲ, ਕਚਹਿਰੀਆਂ, ਦਰਬਾਰ ਹਾਲ, ਗੁਰਦਵਾਰਾ, ਮਸਜਿਦ ਆਦਿ ਇਮਾਰਤਾਂ ਦੀ ਉਸਾਰੀ ਕਰਵਾਈ, ਜੋ ਕਿ ਵੇਖਣਯੋਗ ਹਨ। ਮਹਾਰਾਜਾ ਜਗਜੀਤ ਸਿੰਘ ਪੰਜਾਬੀ, ਅੰਗਰੇਜ਼ੀ, ਫ਼ਰਾਂਸੀਸੀ, ਹਿੰਦੀ, ਫ਼ਾਰਸੀ, ਉਰਦੂ ਆਦਿ ਭਾਸ਼ਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ।

15 ਅਗਸਤ, 1947 ਨੂੰ ਭਾਰਤ ਆਜ਼ਾਦ ਹੋਣ ਉਪਰੰਤ ਕਪੂਰਥਲਾ ਰਿਆਸਤ ਪੈਪਸੂ ਵਿਚ ਸ਼ਾਮਲ ਹੋ ਗਈ। 20 ਅਗਸਤ, 1948 ਨੂੰ ਮਹਾਰਾਜਾ ਜਗਤਜੀਤ ਸਿੰਘ ਨੂੰ ਸਦਾ ਲਈ ਯੂਨੀਅਨ ਦਾ ਉਪ ਰਾਜਪ੍ਰਮੁੱਖ ਬਣਾ ਦਿੱਤਾ ਗਿਆ। ਭਾਰਤ ਸਰਕਾਰ ਨੇ ਇਸ ਦਾ ਸਾਲਾਨਾ ਭੱਤਾ ਦੋ ਲੱਖ ਸੱਤਰ ਹਜ਼ਾਰ ਰੁਪਏ ਨਿਸ਼ਚਿਤ ਕਰ ਦਿੱਤਾ। ਇਸ ਦੀ ਆਪਣੀ ਜਾਇਦਾਦ ਉੱਤੇ ਵੀ ਇਸ ਦਾ ਆਪਣਾ ਹੱਕ ਰਹਿਣ ਦਿੱਤਾ ਗਿਆ।

ਮਹਾਰਾਜਾ ਦਾ ਪੂਰਾ ਖ਼ਿਤਾਬ-ਹਿਜ਼ ਹਾਈਨੈਸ ਕਰਨੈਲ ਫ਼ਰਜ਼ੰਦੇ ਦਿਲਬੰਦ ਰਸੀਖੁਲ ਇਤਕਾਦ ਦੌਲਤੇ ਇੰਗਲਿਸ਼ੀਆ ਰਾਜਾਏ ਰਾਜਗਾਨ ਮਹਾਰਾਜਾ ਜਗਤਜੀਤ ਸਿੰਘ ਜੀ ਸੀ. ਐੱਸ. ਆਈ. ਜੀ. ਸੀ. ਆਈ. ਈ. ਜੀ. ਬੀ. ਈ ਵਾਲੀਏ ਕਪੂਰਥਲਾ ਸੀ।

ਮਹਾਰਾਜਾ ਜਗਤਜੀਤ ਸਿੰਘ ਨੂੰ ਸੈਰ ਸਪਾਟੇ ਦਾ ਬਹੁਤ ਸ਼ੌਕ ਸੀ ਤੇ ਹਿੰਦੁਸਤਾਨ ਦੇ ਮਹਾਰਾਜਿਆਂ ਵਿਚੋਂ ਦੁਨੀਆ ਦੀ ਸਭ ਤੋਂ ਵੱਧ ਸੈਰ ਸ਼ਾਇਦ ਇਸੇ ਨੇ ਹੀ ਕੀਤੀ।

ਮਹਾਰਾਜਾ ਦੇ ਪੰਜ ਲੜਕੇ--ਪਰਮਜੀਤ ਸਿੰਘ, ਮਹੀਜੀਤ ਸਿੰਘ, ਅਮਰਜੀਤ ਸਿੰਘ, ਕਰਮਜੀਤ ਸਿੰਘ ਅਤੇ ਜੀਤ ਸਿੰਘ—ਹਨ।

19 ਜੂਨ, 1949 ਨੂੰ ਇਸ ਦੀ ਮੌਤ ਤੋਂ ਪਿਛੋਂ ਪਰਮਜੀਤ ਸਿੰਘ ਨੂੰ ਮਹਾਰਾਜੇ ਦਾ ਖ਼ਿਤਾਬ ਮਿਲਿਆ।

ਹ. ਪੁ. -ਮ. ਕੋ. 499; ਸਿ. ਮਿ.

**ਜਗਤਾ** : ਇਸ ਨਾਂ ਦੇ ਤਿੰਨ ਵਿਅਕਤੀ ਹੋਏ ਹਨ। ਪਹਿਲਾ ਬੁਰਹਾਨਪੁਰ ਦਾ ਵਸਨੀਕ ਜੋ ਛੇਵੇਂ ਸਤਿਗੁਰੂ ਦਾ ਸਿੱਖ ਸੀ। ਇਹ ਮਹਾਨ ਯੋਧਾ ਅਤੇ ਆਤਮ ਗਿਆਨੀ ਸੀ।

ਬ੍ਰਾਹਮਣ ਜਾਤੀ ਤੋਂ ਸਿੱਖ ਬਣੇ ਹੋਏ ਮਸੰਦ ਦਾ ਨਾਂ ਵੀ ਜਗਤਾ ਸੀ। ਇਹ ਲਾਹੌਰ ਦਾ ਰਹਿਣ ਵਾਲਾ ਸੀ। ਮਸੰਦਾਂ ਨੂੰ ਡੰਡ ਦੇਣ ਸਮੇਂ ਦਸ਼ਮੇਸ਼ ਪਿਤਾ ਜੀ ਨੇ ਇਸ ਨੂੰ ਬਖ਼ਸ਼ ਦਿੱਤਾ ਸੀ।

ਭਾਈ ਫੇਰੂ ਸੱਚੀ ਦਾੜ੍ਹੀ ਦੇ ਪੋਤੇ ਚੇਲੇ ਸੰਤ ਦਾ ਨਾਂ ਵੀ ਜਗਤਾ ਸੀ। ਇਹ ਵੱਡੀ ਕਰਣੀ ਵਾਲਾ ਹੋਇਆ।

ਹ. ਪੁ.-ਮ. ਕੋ.



ਡਾ. ਜਗਤਾਰ

**ਜਗਤਾਰ, ਡਾ.** : ਪੰਜਾਬ ਦੇ ਇਸ ਕਵੀ, ਆਲੋਚਕ ਅਤੇ ਅਧਿਆਪਕ ਦਾ ਜਨਮ 6 ਜੂਨ, 1935 ਨੂੰ ਸ. ਨੱਥਾ ਸਿੰਘ ਦੇ ਘਰ ਰਾਜਗੋਮਾਲ, ਜ਼ਿਲ੍ਹਾ ਜਲੰਧਰ ਵਿਚ ਹੋਇਆ।

ਛੋਟੀਆਂ ਕਵਿਤਾਵਾਂ ਦੇ ਮਾਹਰ ਡਾ. ਜਗਤਾਰ ਦੀ ਰਚਨਾ ਵਿਚ ਕਾਵਿ ਦੇ ਸੂਹਜ ਵਿਚਾਰ ਦੀ ਸੁਹਿਰਦਤਾ ਤੇ ਬਿਆਨ ਦੀ ਪੁਖ਼ਤਗੀ ਦਾ ਸੁਮੇਲ ਹੈ। ਆਪਣੀਆਂ ਰਚਨਾਵਾਂ ਵਿਚ ਇਸ ਨੇ ਬੌਧਿਕਤਾ ਤੇ ਵਿਅੰਗ ਨੂੰ ਕਾਵਿ ਦੇ ਸੂਹਜ ਨਾਲ ਗੁੰਨ੍ਹ ਕੇ ਸਮਾਜਿਕ ਬੁਰਾਈਆਂ ਤੇ ਅਨਿਆਂ ਤੇ ਗਹਿਰੀ ਚੋਟ ਕੀਤੀ ਹੈ ਅਤੇ ਆਦਰਸ਼ ਸਮਾਜ ਦੀ ਕਾਮਨਾ ਕੀਤੀ ਹੈ।

ਡਾ. ਜਗਤਾਰ ਦੀਆਂ ਕਾਵਿ ਰਚਨਾਵਾਂ ਪੰਜਾਬੀ ਕਵਿਤਾ ਦੀ ਪਰੰਪਰਾ ਤੋਂ ਆਧੁਨਿਕਤਾ, ਵਿਸ਼ਾਦ ਤੋਂ ਬੌਧਿਕਤਾ ਅਤੇ ਸੁਹਜ ਤੋਂ ਸੁਚੱਜੀ ਜੀਵਨ ਪ੍ਰੇਰਨਾ ਤੱਕ ਦੇ ਵਿਕਾਸ ਦੀਆਂ ਅਕੱਸੀ ਹਨ। ਪ੍ਰਯੋਗ ਤੇ ਪ੍ਰਗਤੀਵਾਦੀ ਵਿਚਾਰਧਾਰਾ ਮਗਰੋਂ ਮਾਨਵਵਾਦ ਨਾਲ ਜੁੜ ਕੇ ਲਿਖੀ ਇਸ ਦੀ ਵਿਚਾਰ-ਪ੍ਰਧਾਨ ਕਵਿਤਾ ਨੂੰ ਪੰਜਾਬੀ ਪਾਠਕਾਂ ਨੇ ਮਾਣਿਆ ਤੇ ਸਲਾਹਿਆ ਹੈ।

ਡਾ. ਜਗਤਾਰ ਨੇ ਪਾਕਿਸਤਾਨ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦਾ ਵੀ ਡੂੰਘਾ ਅਧਿਐਨ ਕੀਤਾ ਹੈ ਅਤੇ ਕਈ ਰਚਨਾਵਾਂ ਦਾ ਫ਼ਾਰਸੀ ਲਿਪੀ ਤੋਂ ਗੁਰਮੁਖੀ ਵਿਚ ਲਿਪੀਅੰਤਰਣ ਕੀਤਾ ਹੈ।

ਰੁੱਤਾਂ ਰਾਂਗਲੀਆਂ, ਤਲਖੀਆਂ ਰੰਗੀਨੀਆਂ, ਦੁੱਧ ਪੱਥਰੀ, ਅਧੂਰਾ ਆਦਮੀ, ਲਹੂ ਦੇ ਨਕਸ਼, ਛਾਂਗਿਆ ਰੁੱਖ, ਸ਼ੀਸ਼ੇ ਦਾ ਜੰਗਲ, ਜਜ਼ੀਰਿਆਂ ਵਿਚ ਘਿਰਿਆ ਸਮੁੰਦਰ, ਜਗਤਾਰ ਦੀਆਂ ਮੂਲ ਕਿਰਤਾਂ ਹਨ। ਇਨ੍ਹਾਂ ਤੋਂ ਇਲਾਵਾ ਇਸ ਨੇ ਦੁੱਖ ਦਰਿਆਓ ਪਾਰ ਦੇ, ਚਿੱਟਾ ਘਾਹ, ਧੁਆਂਖੀਆਂ ਧੁੱਪਾਂ, ਸੂਫ਼ੀ ਕਾਵਿ ਤੇ ਉਸ ਦਾ ਪਿਛੋਕੜ ਤੇ ਪਾਕਿਸਤਾਨੀ ਕਵਿਤਾ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ। ਭਾਈ ਵੀਰ ਸਿੰਘ ਸੰਦਰਭ ਕੋਸ਼ ਤੇ ਹੀਰ ਦਮੋਦਰ ਇਸ ਦੇ ਖੋਜ ਗ੍ਰੰਥ ਹਨ। ਸਾਂਝ, ਆਖਿਆ ਫ਼ਰੀਦ ਨੇ, ਕੁਕਨੂਸ ਅਤੇ ਸੂਰਜ ਗ੍ਰਹਿਣ ਤੇ ਦੁਆਬਾ ਦਾ ਇਸ ਨੇ ਲਿਪੀਅੰਤਰਣ ਕੀਤਾ ਹੈ। 'ਰਾਤ ਦੀ ਰਾਤ' ਇਸ ਦੀ ਅਨੁਵਾਦਿਤ ਰਚਨਾ ਹੈ।

ਡਾ. ਜਗਤਾਰ ਨੂੰ ਸਾਹਿਤ ਸਮੀਖਿਆ ਬੋਰਡ, ਜਲੰਧਰ (1962) ਢੁੱਡੀਕੇ ਟ੍ਰਸਟ (1981), ਪੰਜਾਬ ਆਰਟ ਕੌਂਸਲ, ਚੰਡੀਗੜ੍ਹ (1981) ਅਤੇ ਸਭਿਆਚਾਰਕ ਕੇਂਦਰ, ਹੁਸ਼ਿਆਰਪੁਰ (1984) ਵਲੋਂ ਪੁਰਸਕਾਰ ਪ੍ਰਦਾਨ ਕੀਤੇ ਜਾ ਚੁੱਕੇ ਹਨ।

ਪੰਜਾਬ ਸਰਕਾਰ ਨੇ ਭਾਸ਼ਾ ਵਿਭਾਗ ਰਾਹੀਂ ਡਾ. ਜਗਤਾਰ ਨੂੰ ਸਾਲ 1991 ਦਾ ਸ਼ੋਮਣੀ ਪੰਜਾਬੀ ਕਵੀ ਘੋਸ਼ਿਤ ਕਰਕੇ ਸਨਮਾਨਿਤ ਕੀਤਾ ਹੈ।

ਹ. ਪੁ -ਸੁਵੀਨਰ ਸਾ. ਸਨ. ਸਮਾ.—1991

**ਜਗਤਿਆਲ** : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਕਰੀਮ ਨਗਰ ਜ਼ਿਲ੍ਹੇ ਦਾ ਇਕ ਪੁਰਾਣਾ ਸ਼ਹਿਰ ਹੈ। ਸ਼ਹਿਰ ਦੇ ਉੱਤਰ ਵੱਲ ਜ਼ਫ਼ਰ-ਉੱਦ-ਦੌਲਾ ਦੁਆਰਾ 1747 ਈ. ਦਾ ਬਣਵਾਇਆ ਇਕ ਕਿਲਾ ਹੈ। ਸ਼ਹਿਰ ਵਿਚ ਰੇਸ਼ਮ ਦੀਆਂ ਸਾੜ੍ਹੀਆਂ, ਰੁਮਾਲ ਅਤੇ ਦੁਪੱਟੇ ਬਣਾਏ ਜਾਂਦੇ ਹਨ।

ਆਬਾਦੀ—67,591 (1991)

18° 48′ ਉ. ਵਿਥ.; 78° 55′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 13 : 377

**ਜਗਤੁਲਾ** : ਇਹ ਭਾਉ ਗੋਤ ਦਾ ਇਕ ਗੁੱਜਰ ਸਰਦਾਰ ਸੀ। ਇਹ ਆਨੰਦਪੁਰ ਸਾਹਿਬ ਦੇ ਸਥਾਨ ਤੇ ਪਹਾੜੀ ਰਾਜਿਆ ਨਾਲ ਮਿਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਕਰਨ ਲਈ ਆਇਆ ਸੀ। ਲੜਾਈ ਦੌਰਾਨ ਇਹ ਸਾਹਿਬ ਸਿੰਘ ਨਾਮੀ ਸਿੱਖ ਦੀ ਗੋਲੀ ਦਾ ਸ਼ਿਕਾਰ ਹੋਇਆ।

ਹ. ਪੁ.-ਮ. ਕੋ. :499

**ਜਗਦਲਪੁਰ** : ਮੱਧ ਪ੍ਰਦੇਸ਼ (ਭਾਰਤ) ਦੇ ਬਸਤਰ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਇਹ ਦਰਿਆ ਇੰਦਰਾਵਤੀ ਦੇ ਬਿਲਕੁਲ ਦੱਖਣ ਵਿਚ ਵਸਿਆ ਹੋਇਆ ਹੈ। ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਇਹ ਸ਼ਹਿਰ ਸੜਕਾਂ ਦੁਆਰਾ ਰਾਏਪੁਰ ਅਤੇ ਕਾਨਕੇਰ ਨਾਲ ਜੁੜਿਆ ਹੋਇਆ ਹੈ। ਇਥੇ ਖੇਤੀਬਾੜੀ ਦੀਆਂ ਉਪਜਾਂ ਦੀ ਭਾਰੀ ਮੰਡੀ ਹੈ। ਇਥੇ ਚਾਵਲ ਅਤੇ ਤੇਲ ਕੱਢਣ ਦੇ ਕੁਝ ਕਾਰਖ਼ਾਨੇ ਵੀ ਹਨ। ਇਸਨੂੰ ਕਈ ਵਾਰ ਬਸਤਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਬਸਤਰ ਨਾਮੀ ਇਕ ਪੁਰਾਣੀ ਸ਼ਾਹੀ ਰਿਆਸਤ ਦਾ ਸਦਰ-ਮੁਕਾਮ ਸੀ। ਇਥੇ ਰਵੀਸ਼ੰਕਰ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਵੀ ਹੈ।

ਆਬਾਦੀ-84,578 (1991)

19° 04′ ਉ. ਵਿਥ.; 82° 02′ ਪੂ. ਲੰਬ.

ਹ. ਪੁ.-ਐਨ ਬ੍ਰਿ. ਮਾ. 5: 499

**ਜਗਦੀਸ਼ ਚੰਦਰ** : ਪੰਜਾਬ ਦੇ ਇਸ ਹਿੰਦੀ ਕਹਾਣੀਕਾਰ, ਨਾਵਲਕਾਰ ਅਤੇ ਸੰਪਾਦਕ ਦਾ ਜਨਮ ਪਹਿਲੀ ਸਤੰਬਰ, 1927 ਨੂੰ ਹੋਇਆ। ਸੰਨ 1954 ਵਿਚ ਇਸ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐੱਮ. ਏ. ਪਾਸ ਕੀਤੀ। 31 ਅਗਸਤ, 1985 ਨੂੰ ਇਹ ਭਾਰਤ ਸਰਕਾਰ ਦੀ ਕੇਂਦਰੀ ਸੂਚਨਾ ਸੇਵਾ ਤੋਂ ਇਕ ਸੀਨੀਅਰ ਅਧਿਕਾਰੀ ਵਜੋਂ ਰਿਟਾਇਰ ਹੋਇਆ।



ਜਗਦੀਸ਼ ਚੰਦਰ

ਜਗਦੀਸ਼ ਚੰਦਰ ਨੂੰ ਮੁੱਢ ਤੋਂ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ। ਸੰਨ 1950 ਵਿਚ ਇਸ ਨੇ ਉਰਦੂ ਵਿਚ 'ਪੁਰਾਨੇ ਘਰ' ਨਾਂ ਦੀ ਨਿੱਕੀ ਕਹਾਣੀ ਅਤੇ ਪੰਜਾਬੀ ਵਿਚ 'ਉਡੀਕਾਂ' ਨਾਂ ਦਾ ਨਾਟਕ ਛਪਵਾ ਕੇ ਆਪਣਾ ਸਾਹਿਤਕ ਜੀਵਨ ਆਰੰਭ ਕੀਤਾ। ਸੰਨ 1955 ਤੋਂ ਇਸ ਨੇ ਨਾਵਲ ਲਿਖਣੇ ਆਰੰਭ ਕਰ ਦਿੱਤੇ। ਹੁਣ ਤਕ ਇਸਦੇ 7 ਨਾਵਲ, ਇਕ ਕਹਾਣੀ ਸੰਗ੍ਰਹਿ ਅਤੇ ਦੋ ਨਾਟਕ ਛਪ ਚੁੱਕੇ ਹਨ। 'ਧਰਤੀ ਧਨ ਨਾ ਅਪਨਾ' (1972) 'ਆਧਾ ਪੁਲ (1973) ਅਤੇ 'ਕਭੀ ਨਾ ਛੋਡੇ ਖੇਤ' (1976), ਇਸ ਦੇ ਪ੍ਰਸਿੱਧ ਨਾਵਲ ਹਨ ਅਤੇ 'ਪਹਿਲੀ ਰਪਟ' (1981) ਕਹਾਣੀ ਸੰਗ੍ਰਹਿ ਹੈ। 'ਕਭੀ ਨਾ ਛੋਡੇ ਖੇਤ' (1985) ਇਸੇ ਨਾਂ ਦੇ ਨਾਵਲ ਤੇ ਆਧਾਰਿਤ ਨਾਟਕ ਹੈ। 'ਨੇਤਾ ਕਾ ਜਨਮ' ਅਤੇ 'ਇਨਾਮ' ਇਸ ਦੇ ਹੋਰ ਨਾਟਕ ਹਨ। ਇਸ ਦੀਆਂ ਕਈ ਪੁਸਤਕਾਂ ਦੇ ਅਨੁਵਾਦ ਕਈ ਭਾਰਤੀ ਅਤੇ ਬਦੇਸ਼ੀ ਭਾਸ਼ਾਵਾਂ ਵਿਚ ਹੋ ਚੁੱਕੇ ਹਨ। 'ਧਰਤੀ ਧਨ ਨਾ ਅਪਨਾ' ਦਾ ਅਨੁਵਾਦ ਰੂਸੀ ਅਤੇ ਜਰਮਨ ਭਾਸ਼ਾਵਾਂ ਵਿਚ ਹੋ ਚੁੱਕਾ ਹੈ। ਇਸ ਤੋਂ ਇਲਾਵਾ ਇਸ ਦਾ ਉਰਦੂ ਅਨੁਵਾਦ ਲਾਹੌਰ ਤੋਂ ਹੋ ਚੁੱਕਾ ਹੈ ਅਤੇ ਪੰਜਾਬੀ ਅਨੁਵਾਦ ਭਾਸ਼ਾ ਵਿਭਾਗ, ਪੰਜਾਬ ਵਲੋਂ ਛਪਵਾਇਆ ਜਾ ਚੁੱਕਾ ਹੈ। 'ਆਧਾ ਪੁਲ' ਦਾ ਅਨੁਵਾਦ ਵੀ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਹੋ ਚੁੱਕਾ ਹੈ।

ਇਸ ਦੀਆਂ ਕਈ ਪੁਸਤਕਾਂ ਯੂਨੀਵਰਸਿਟੀ ਅਤੇ ਕਾਲਜਾਂ ਦੇ ਹੰਦੀ ਕੋਰਸਾਂ ਵਿਚ ਲੱਗੀਆਂ ਹੋਈਆਂ ਹਨ। ਇਸ ਨੇ ਆਪਣੀਆਂ ਉੱਚ ਗਾਏ ਦੀ ਕਿਰਤਾਂ ਲਈ ਕਿੰਨੇ ਹੀ ਵਡਮੁੱਲੇ ਪੁਰਸਕਾਰ ਪ੍ਰਾਪਤ ਕੀਤੇ ਹਨ। ਸੰਨ 1981 ਵਿਚ ਭਾਸ਼ਾ ਵਿਭਾਗ ਨੇ ਇਸ ਨੂੰ ਸ਼੍ਰੋਮਣੀ ਸਾਹਿਤਕਾਰ (ਹਿੰਦੀ) ਵਜੋਂ ਸਨਮਾਨਿਆ। ਪੰਜਾਬ ਅਤੇ ਕੇਂਦਰੀ ਸਰਕਾਰ ਦੇ ਕਈ ਹੋਰ ਇਨਾਮਾਂ ਤੋਂ ਇਲਾਵਾ ਕਿੰਨੀਆਂ ਹੀ ਸਾਹਿਤਕ ਸੰਸਥਾਵਾਂ ਨੇ ਵੀ ਵੱਖ-ਵੱਖ ਸਮਿਆਂ ਤੇ ਇਸ ਦੀ ਸਾਹਿਤਕ ਦੇਣ ਦਾ ਮੁੱਲ ਪਾਉਂਦਿਆਂ ਇਸ ਦਾ ਸਨਮਾਨ ਕੀਤਾ ਹੈ।

11 ਅਪ੍ਰੈਲ, 1996 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. –ਬਾਇਓਡ੍ਰੈਟਾ ਸ੍ਰੀ ਜਗਦੀਸ਼ ਚੰਦਰ

**ਜਗਦੀਸ਼ਪੁਰ** : ਇਹ ਭਾਰਤ ਦੇ ਮੱਧ-ਪ੍ਰਦੇਸ਼ ਰਾਜ ਦੇ ਰਾਏਗੜ੍ਹ ਜ਼ਿਲ੍ਹੇ ਦਾ ਇਕ ਪੁਰਾਣਾ ਸ਼ਹਿਰ ਹੈ ਅਤੇ ਕਿਸੇ ਸਮੇਂ ਜਸਪੁਰ ਰਿਆਸਤ ਦਾ ਸਦਰ ਮੁਕਾਮ ਹੁੰਦਾ ਸੀ ਅਤੇ ਹੁਣ ਵੀ ਕਈ ਵੇਰ ਇਸਨੂੰ ਜਸਪੁਰ ਕਿਹਾ ਜਾਂਦਾ ਹੈ। ਉਸ ਸਮੇਂ ਇਥੇ ਇਕ ਡਿਸਪੈਂਸਰੀ ਅਤੇ ਇਕ ਜੇਲ੍ਹ ਬਣੀ ਹੋਈ ਸੀ। ਹੁਣ ਡਿਸਪੈਂਸਰੀ ਦੀ ਜਗ੍ਹਾ ਹਸਪਤਾਲ ਬਣ ਗਿਆ ਹੈ ਅਤੇ ਕੁਝ ਸਕੂਲ ਵੀ ਇਥੇ ਖੋਲ੍ਹੇ ਗਏ ਹਨ। ਜਗਦੀਸ਼ਪੁਰ ਤੋਂ ਰਾਏਗੜ੍ਹ ਤਕ ਸੜਕ ਜਾਂਦੀ ਹੈ। ਜਿਸ ਨਾਲ ਆਵਾਜਾਈ ਵਿਚ ਕੋਈ ਤੰਗੀ ਨਹੀਂ ਰਹੀ।

ਆਬਾਦੀ–14,788 (1991)

22° 53′ਉ. ਵਿਥ.; 84° 8′ ਪੂ. ਲੰਬ.

ਹ. ਪੁ. –ਇੰਪ. ਗ. ਇੰਡ 14; 69; ਹਿੰ. ਵਿ ਕੋ 4: 433

**ਜਗਨ ਨਾਥ ਆਜ਼ਾਦ** : ਵੇਖੋ, ਆਜ਼ਾਦ, ਜਗਨ ਨਾਥ

**ਜਗਨਨਾਥ (ਮੰਦਰ)** : ਜਗਨਨਾਥ ਦਾ ਅਰਥ ਸੰਸਾਰ ਦਾ ਸਵਾਮੀ ਹੈ। ਇਹ ਵਿਸ਼ਨੂੰ ਜਾਂ ਕ੍ਰਿਸ਼ਨ ਜੀ ਦਾ ਇਕ ਵਿਸ਼ੇਸ਼ ਰੂਪ ਹੈ। ਉੜੀਸਾ ਵਿਚ ਪੁਰੀ ਇਸ ਦੀ ਪੂਜਾ ਦਾ ਮੁੱਖ ਕੇਂਦਰ ਹੈ। ਪਿਛਲੀਆਂ ਕਈ ਸਦੀਆਂ ਤੋਂ ਜਗਨਨਾਥ ਦੀ ਵਰਤੋਂ ਜਗਨਨਾਥ ਮੰਦਰ ਵਿਚ ਸਥਿਤ ਮੂਰਤੀਆਂ ਲਈ ਕੀਤੀ ਜਾਂਦੀ ਹੈ। ਭੁਵਨੇਸ਼ਵਰ ਨੂੰ ਜਗਨਨਾਥ ਪੁਰੀ ਜਾਂ



ਭਗਵਾਨ ਜਗਨਨਾਥ, ਸੁਭੱਦਰਾ ਅਤੇ ਬਲਭੱਦਰ

ਪੁਰਸ਼ੋਤਮ ਖੇਤਰ ਕਿਹਾ ਜਾਂਦਾ ਹੈ। ਇਸ ਮੰਦਰ ਨੂੰ ਕਲਿੰਗ ਦੇ ਗੰਗਵੰਸ਼ੀ ਰਾਜਾ ਚੋਡਰੰਗ ਨੇ 1100 ਈ. ਦੇ ਆਸਪਾਸ ਬਣਵਾਇਆ ਸੀ। ਧਵਜ ਅਤੇ ਵਿਸ਼ਨੂੰ ਚੱਕਰ ਵਾਲੇ 192 ਫੁੱਟ ਉੱਚੇ ਇਸ ਮੰਦਰ ਵਿਚ ਜਗਨਨਾਥ ਤੋਂ ਇਲਾਵਾ ਬਲਰਾਮ ਅਤੇ ਸੁਭੱਦਰਾ ਦੀਆਂ ਵੀ ਮੂਰਤੀਆਂ ਹਨ। ਇਸ ਮੰਦਰ ਦੇ ਆਸ-ਪਾਸ 100 ਤੋਂ ਵੱਧ ਮੰਦਰ ਹਨ। ਇਸ ਤੋਂ ਇਲਾਵਾ ਇਸ ਨੂੰ ਬੰਗਾਲ ਅਤੇ ਭਾਰਤ ਦੀਆਂ ਹੋਰਨਾਂ ਥਾਵਾਂ ਤੇ ਵੀ ਪੂਜਿਆ ਜਾਂਦਾ ਹੈ।

ਪੁਰੀ ਵਿਖੇ ਜੇਠ ਤੇ ਹਾੜ ਦੇ ਮਹੀਨਿਆਂ ਵਿਚ ਲਗਣ ਵਾਲੇ 'ਸਨਾਨ ਯਾਤਰਾ' ਅਤੇ 'ਰਥ-ਯਾਤਰਾ' ਨਾਂ ਦੇ ਉਤਸਵਾਂ ਵਿਚ ਸਾਰੇ ਦੇਸ਼ ਤੋਂ ਯਾਤਰੀ ਵਿਸ਼ੇਸ਼ ਤੌਰ ਤੇ ਆਉਂਦੇ ਹਨ। ਪਹਿਲੇ ਉਤਸਵ ਵਿਚ ਮੂਰਤੀ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ। ਦੂਜੇ ਉਤਸਵ ਵਿਚ ਮੂਰਤੀ ਨੂੰ ਬਲਰਾਮ ਅਤੇ ਸੁਭੱਦਰਾ ਨਾਲ ਰਥ ਵਿਚ ਰੱਖ ਕੇ ਲਿਆਂਦਾ ਜਾਂਦਾ ਹੈ। ਉਸ ਰਥ ਨੂੰ ਸ਼ਰਧਾਲੂ ਬੜੀ ਸ਼ਰਧਾ ਨਾਲ ਖਿੱਚਦੇ ਹਨ। ਰਥ ਯਾਤਰਾ ਦਾ ਪਰਵ ਹਾੜ ਸੁਦੀ ਦੂਜ ਨੂੰ ਹੁੰਦਾ ਹੈ। ਇਸ ਮੰਦਰ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਛੂਤ-ਛਾਤ ਦੇ ਭਾਵ ਨੂੰ ਤਿਆਗ ਕੇ ਸਾਰੇ ਲੋਕ ਮੰਦਰ ਦਾ ਪ੍ਰਸ਼ਾਦ ਗ੍ਰਹਿਣ ਕਰਦੇ ਹਨ।

ਜਗਨਨਾਥ ਸਬੰਧੀ ਅਨੇਕ ਵਿਸ਼ਵਾਸ ਪ੍ਰਚੱਲਤ ਹਨ ਜੋ ਹੋਰਨਾਂ ਹਿੰਦੂ ਮੰਦਰਾਂ ਤੋਂ ਭਿੰਨ ਹਨ। ਇਨ੍ਹਾਂ ਤੋਂ ਬੁੱਧ ਧਰਮ ਦਾ ਪ੍ਰਭਾਵ ਸਪੱਸ਼ਟ ਹੁੰਦਾ ਹੈ। ਇਕ ਵਿਸ਼ਵਾਸ ਇਹ ਹੈ ਕਿ ਜਗਨਨਾਥ ਦੀ ਮੂਰਤੀ ਦੇ ਅੰਦਰ ਅਸਥੀਆਂ ਦੀ ਇਕ ਪਟਾਰੀ ਹੈ, ਜਿਸਨੂੰ ਸਮੇਂ ਸਮੇਂ (ਹੁਣ ਹਰ 12 ਸਾਲਾਂ ਮਗਰੋਂ) ਨਵੀਂ ਮੂਰਤੀ ਵਿਚ ਸਥਾਪਿਤ ਕੀਤਾ ਜਾਂਦਾ ਹੈ। ਇਹ ਅਸਥੀਆਂ ਕ੍ਰਿਸ਼ਨ ਭਗਵਾਨ ਦੀਆਂ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਸੁਰਗਵਾਸ ਹੋਣ ਉਪਰੰਤ ਕਿਸੇ ਭਲੇ ਮਨੁੱਖ ਨੇ ਸਾਂਭ ਲਿਆ ਦਸਿਆ ਜਾਂਦਾ ਹੈ। ਵਿਸ਼ਨੂੰ ਭਗਵਾਨ ਦੀ ਪ੍ਰੇਰਨਾ ਨਾਲ ਰਾਜੇ ਇੰਦਰ ਦਯੁਮਨ ਨੇ ਜਗਨਨਾਥ ਦੀ ਮੂਰਤੀ ਭਗਵਾਨ ਵਿਸ਼ਵਕਰਮਾ ਤੋਂ ਤਿਆਰ ਕਰਵਾ ਕੇ ਉਸ ਵਿਚ ਇਹ ਅਸਥੀਆਂ ਸਾਂਭ ਦਿੱਤੀਆਂ ਪਰ ਭਾਰਤੀ ਇਤਿਹਾਸ ਵਿਚ ਬੁੱਧ ਦੀਆਂ ਅਸਥੀਆਂ ਵਾਂਗ ਕ੍ਰਿਸ਼ਨ ਜੀ ਦੀਆਂ ਅਸਥੀਆਂ ਸਾਂਭਣ ਦੀ ਕੋਈ ਪਰੰਪਰਾ ਨਹੀਂ ਹੈ। ਸੰਭਵ ਹੈ ਕਿ ਆਧੁਨਿਕ ਜਗਨਨਾਥ ਮੰਦਰ ਦੇ ਸਥਾਨ ਤੇ ਪ੍ਰਾਚੀਨ ਸਮੇਂ ਵਿਚ ਕੋਈ ਬੁੱਧ ਸਤੂਪ ਹੁੰਦਾ ਹੋਵੇ, ਜਿਸ ਦੀਆਂ ਮੂਲ ਅਸਥੀਆਂ ਜਗਨਨਾਥ ਦੀ ਮੂਰਤੀ ਵਿਚ ਸਥਾਪਿਤ ਕਰ ਦਿੱਤੀਆਂ ਗਈਆਂ ਹੋਣ।

ਹ. ਪੁ. –ਹਿੰ. ਮਿ. ਕੋ; ਹਿੰ. ਵਿ. ਕੋ. 4 : 352

**ਜਗਨਨਾਥਨ ਕੇ. ਵੀ.** : ਇਸ ਤਮਿਲ ਸਾਹਿਤਕਾਰ ਦਾ ਜਨਮ 11 ਅਪ੍ਰੈਲ, 1906 ਨੂੰ ਤਿਰੁਚੀ ਜ਼ਿਲ੍ਹੇ ਵਿਚ ਕ੍ਰਿਸ਼ਨਾਰਾਇਆ -ਪੁਰਮ ਵਿਖੇ ਹੋਇਆ। ਇਸ ਨੇ ਮਹਾਮਹੋਪਾ ਧਿਆਏ ਡਾ. ਯੂ. ਵੀ. ਸਵਾਮੀਨਾਥ ਆਇਰ ਦੀ ਸਰਪ੍ਰਸਤੀ ਹੇਠ 1927 ਤੋਂ 1942 ਈ. ਤੱਕ ਖੋਜ ਕਾਰਜ ਕੀਤਾ। ਇਸ ਨੇ 200 ਤੋਂ ਵੀ ਵੱਧ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਹਨ, ਜਿਨ੍ਹਾਂ ਵਿਚ ਕਹਾਣੀਆਂ (10 ਜਿਲਦਾਂ), ਸਾਹਿਤਕ ਤੇ ਧਾਰਮਕ ਲੇਖ, ਪੁਰਾਤਨ ਸਾਹਿਤ ਤੇ ਭਾਸ਼ਾ ਦੀ ਸਾਹਿਤਕ ਪੜਚੋਲ ਅਤੇ ਲੋਕ ਗੀਤਾਂ ਸਬੰਧੀ ਲੇਖ ਅਤੇ ਕਵਿਤਾਵਾਂ ਸ਼ਾਮਲ ਹਨ। ਸੰਨ 1968 ਵਿਚ ਇਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਇਸਨੂੰ ਸੀ. ਪੀ. ਰਾਮਾ ਸਵਾਮੀ ਆਇਰ ਮੈਡਲ ਅਤੇ ਰਾਜਾ ਅਨਾਮਲਾਈ ਚੈਟੀਆਰ ਯਾਦਗਾਰੀ ਇਨਾਮ ਵੀ ਦਿੱਤੇ ਗਏ ਹਨ। ਇਹ ਕਿੰਨੀਆਂ ਹੀ ਸੰਸਥਾਵਾਂ ਨਾਲ ਸਬੰਧਤ ਹੈ।

ਸੰਨ 1935 ਤੋਂ ਇਹ ਮਦਰਾਸ ਤੋਂ ਛਪ ਰਹੇ ਰਸਾਲੇ ਕਲਾਈਮਾਵਲ ਦੇ ਸੰਪਾਦਕ ਵਜੋਂ ਕੰਮ ਕਰ ਰਿਹਾ ਹੈ।

ਹ. ਪੁ.–ਇੰਡੀਆ ਹੂਜ਼ ਹੂ 1985

**ਜੰਗਨਾਮਾ** : ਜੰਗਨਾਮਾ ਫ਼ਾਰਸੀ ਦਾ ਇਕ ਅਜਿਹਾ ਕਾਵਿ ਰੂਪ ਹੈ, ਜਿਸ ਵਿਚ ਕਿਸੇ ਯੁੱਧ ਦਾ ਵਰਣਨ ਵਿਸਥਾਰ ਸਹਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਇਤਿਹਾਸ ਦਾ ਵੀ ਉਤਨਾ ਹੀ ਮਹੱਤਵਪੂਰਨ ਅੰਗ ਹੈ ਜਿਤਨਾ ਕਿ ਸਾਹਿਤ ਦਾ।

ਜੰਗਨਾਮੇ ਵਿਚ ਕਿਸੇ ਸੱਚੀ ਘਟਨਾ ਨੂੰ ਪੇਸ਼ ਕੀਤਾ ਜਾਂਦਾ ਹੈ, ਇਸ ਦੇ ਪਾਤਰ ਲਹੂ ਮਾਸ ਦੇ ਪੁਤਲੇ ਹੁੰਦੇ ਹਨ, ਕਾਲਪਨਿਕ ਨਹੀਂ ਹੁੰਦੇ। ਇਸ ਵਿਚ ਵਾਰ ਦੇ ਉਲਟ ਨਾਇਕ ਦਾ ਜਸ ਗਾਇਨ ਕਰਨਾ ਕਵੀ ਦਾ ਮਨੋਰਥ ਨਹੀਂ ਹੁੰਦਾ, ਇਸ ਵਿਚ ਨਾਇਕ ਦੇ ਨਾਲ ਨਾਲ ਹੋਰ ਵਿਅਕਤੀਆਂ ਨੂੰ ਵੀ ਪੂਰਾ ਪੂਰਾ ਮਹੱਤਵ ਦਿੱਤਾ ਜਾਂਦਾ ਹੈ। ਇਸ ਵਿਚ ਇਤਿਹਾਸਕ ਪੱਖ ਦਾ ਪੂਰਾ ਪੂਰਾ ਧਿਆਨ ਰੱਖਿਆ ਜਾਂਦਾ ਹੈ।

ਪੰਜਾਬੀ ਵਿਚ ਸਭ ਤੋਂ ਪੁਰਾਣਾ ਜੰਗਨਾਮਾ ਗੁਰੂ ਗੋਬਿੰਦ ਸਿੰਘ ਕ੍ਰਿਤ 'ਅਣੀ ਰਾਇ' ਮਿਲਦਾ ਹੈ। ਇਸ ਦੀ ਲਿਪੀ ਗੁਰਮੁਖੀ ਹੈ, ਪਰ ਬੋਲੀ ਬ੍ਰਜ ਦੇ ਨੇੜੇ ਹੀ ਹੈ।

ਠੇਠ ਪੰਜਾਬੀ ਵਿਚ ਪਹਿਲਾ ਜੰਗਨਾਮਾ ਇਮਾਮ ਹੁਸੈਨ ਸਬੰਧੀ 'ਰੋਜ਼ਾਤੁਲ ਸ਼ੋਹਦਾ' ਰੁੱਕਨਦੀਨ ਲਾਹੌਰੀ ਨੇ 1724 ਈ. ਵਿਚ ਲਿਖਿਆ ਪਰ ਇਸ ਖੇਤਰ ਵਿਚ ਪਹਿਲੀ ਪ੍ਰਸਿੱਧੀ ਮੁਕਬਲ ਨੂੰ 'ਜੰਗਨਾਮਾ ਮੁਕਬਲ' ਲਿਖਣ ਤੇ ਮਿਲੀ। ਇਸ ਵਿਚ ਹਸਨ ਹੁਸੈਨ ਦੀ ਸ਼ਹਾਦਤ ਦਾ ਬਹੁਤ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ। ਕਰਬਲਾ ਦੀ ਘਟਨਾ ਨੂੰ ਹਾਮਦ ਨੇ 'ਜੰਗ ਹਾਮਦ' ਨਾਂ ਦੇ ਕੇ 1778 ਈ. ਵਿਚ ਲਿਖਿਆ ਜੋ ਕਰੁਣਾ-ਰਸ ਪ੍ਰਧਾਨ ਰਚਨਾ ਹੈ। ਪੰਜਾਬੀ ਵਿਚ ਸਭ ਤੋਂ ਉੱਤਮ ਤੇ ਪੰਜਾਬ ਨਾਲ ਸਬੰਧਤ ਜੰਗਨਾਮਾ ਸ਼ਾਹ ਮੁਹੰਮਦ ਦਾ ਹੈ। ਉਸ ਨੇ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਨੂੰ ਬੜੇ ਭਾਵ ਪੂਰਨ ਢੰਗ ਨਾਲ ਬਿਆਨ ਕੀਤਾ ਹੈ। ਇਹ ਬੈਂਤ ਛੰਦ ਵਿਚ ਲਿਖਿਆ ਹੋਇਆ ਹੈ। ਕਵੀ ਨਿਹਾਲ ਸਿੰਘ ਨੇ 'ਜੰਗਨਾਮਾ ਲਾਹੌਰ' ਵਿਚ ਇਸ ਘਟਨਾ ਨੂੰ ਬੜੇ ਵਾਸਤਵਿਕ ਢੰਗ ਨਾਲ ਅੰਕਿਤ ਕੀਤਾ ਹੈ। ਖ਼ਜ਼ਾਨ ਸਿੰਘ ਦਾ 'ਜੰਗਨਾਮਾ ਦਿੱਲੀ' 1857 ਈ. ਦੇ ਗਦਰ ਨਾਲ ਸਬੰਧਤ ਹੈ। ਇਸ ਤਰ੍ਹਾਂ ਪੰਜਾਬੀ ਵਿਚ ਲਿਖੇ ਕੁਝ ਜੰਗਨਾਮੇ ਮਿਲਦੇ ਹਨ ਜਿਨ੍ਹਾਂ ਵਿਚ ਇਤਿਹਾਸਕ ਘਟਨਾਵਾਂ ਦਾ ਬੜੇ ਕਰੁਣਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ।

**ਜੰਗ ਬਹਾਦੁਰ ਸਿੰਘ** : ਇਹ ਪੰਜਾਬੀ ਦਾ ਪ੍ਰਸਿੱਧ ਪੱਤਰਕਾਰ ਹੋਇਆ ਹੈ ਜਿਸ ਨੂੰ ਪੰਜਾਬ ਸਰਕਾਰ ਨੇ ਭਾਸ਼ਾ ਵਿਭਾਗ, ਪੰਜਾਬ ਦੇ ਸਾਲ 1988 ਦੇ ਸਾਲਾਨਾ ਸਨਮਾਨ ਸਮਾਗਮ ਸਮੇਂ ਸ਼੍ਰੋਮਣੀ



ਜੰਗ ਬਹਾਦੁਰ ਸਿੰਘ

ਪੰਜਾਬੀ ਪੱਤਰਕਾਰ ਵਜੋਂ ਸਨਮਾਨਿਆ ਸੀ। ਇਸ ਦਾ ਜਨਮ 10 ਅਕਤੂਬਰ, 1915 ਨੂੰ ਲਾਹੌਰ (ਪਾਕਿਸਤਾਨ) ਵਿਚ ਸ. ਅਮਰ ਸਿੰਘ ਸ਼ੇਰ-ਇ-ਪੰਜਾਬ ਦੇ ਘਰ ਹੋਇਆ। ਸੰਨ 1948 ਤੋਂ ਇਸਨੇ ਉਰਦੂ ਸਪਤਾਹਿਕ 'ਸ਼ੇਰ-ਇ-ਪੰਜਾਬ' ਅਤੇ 1971 ਤੋਂ ਆਪਣੀ ਮੌਤ ਤਕ ਪੰਜਾਬੀ ਮਾਸਿਕ 'ਪੰਜਾਬੀ ਡਾਈਜੈਸਟ' ਤੇ 'ਸਿਨੇ ਡਾਈਜੈਸਟ' ਦੀ ਸੰਪਾਦਨਾ ਕੀਤੀ।

ਸ. ਜੰਗ ਬਹਾਦਰ ਸਿੰਘ ਆਪਣੀ ਨਿੱਡਰ ਅਤੇ ਨਿਰਪੱਖ ਪੱਤਰਕਾਰੀ ਲਈ ਪ੍ਰਸਿੱਧ ਰਿਹਾ ਹੈ। ਛਪਾਈ ਦੇ ਪੱਖੋਂ ਵੀ ਇਸ ਦੇ ਪੱਤਰ ਪੰਜਾਬੀ ਵਿਚ ਬਹੁਤ ਉੱਚਾ ਦਰਜਾ ਰੱਖਦੇ ਸਨ। ਇਸ ਦੇ ਸੰਪਾਦਕੀ ਨੋਟ ਅਤੇ ਵਿਸ਼ੇਸ਼ ਕਾਲਮ 'ਕਲਮਜ਼ਰ' ਪਾਠਕਾਂ ਵੱਲੋਂ ਬਹੁਤ ਸਲਾਹੇ ਗਏ ਹਨ। ਇਸ ਦੀ ਲਿਖਤ ਵਿਚ ਰਵਾਨੀ ਅਤੇ ਸ਼ਬਦਾਂ ਦੀ ਚੋਣ ਬੜੀ ਸੰਜਮ ਭਰੀ ਹੁੰਦੀ ਹੈ।

ਹ. ਪੁ.—ਸੁਵੀਨਰ ਸਨ. ਸਮਾ 1988—ਭਾ. ਵਿ. ਪੰ.

**ਜੰਗਮ** : ਸ਼ੈਵ ਮਤ ਦਾ ਇਹ ਫ਼ਿਰਕਾ ਜੋਗੀਆਂ ਦੀ ਇਕ ਸ਼ਾਖ ਹੈ। ਇਸ ਫ਼ਿਰਕੇ ਦੇ ਲੋਕ ਸਿਰ ਤੇ ਸੱਪ ਦੀ ਸ਼ਕਲ ਦੀ ਰੱਸੀ ਅਤੇ ਧਾਤੂ ਦਾ ਚੰਦਰਮਾ ਪਾਉਂਦੇ ਹਨ। ਕੰਨਾਂ ਵਿਚ ਇਹ ਮੁੰਦ੍ਰਾਂ ਦੀ ਥਾਂ ਪਿੱਤਲ ਦੇ ਫੁੱਲ ਮੋਰ ਪੰਖਾਂ ਨਾਲ ਧਾਰਨ ਕਰਦੇ ਹਨ। ਇਸ ਫ਼ਿਰਕੇ ਦੇ ਜੋਗੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ—ਪਹਿਲਾ ਧਤਸਥਲ ਅਰਥਾਤ ਫ਼ਿਰਕੂ ਅਤੇ ਦੂਜਾ ਗੁਰਸਥਲ ਅਰਥਾਤ ਗ੍ਰਿਹਸਤੀ।

ਹ. ਪੁ. -ਮ. ਕੋ.

**ਜਗਮੋਹਨ ਸਿੰਘ (ਠਾਕੁਰ)** : ਵਿਜੈ ਰਾਘਵਗੜ੍ਹ (ਮੱਧ ਪ੍ਰਦੇਸ਼) ਦੇ ਇਸ ਰਾਜਕੁਮਾਰ ਅਤੇ ਆਪਣੇ ਸਮੇਂ ਦੇ ਉੱਘੇ ਵਿਦਵਾਨ ਦਾ ਜਨਮ ਸਾਵਨ ਸੁਦੀ ਚੌਦਵੀ ਸੰਮਤ 1914 (ਸੰਨ 1857) ਨੂੰ ਹੋਇਆ। ਇਸ ਨੇ ਕਾਸ਼ੀ ਵਿਖੇ ਵਿਦਿਆ ਪ੍ਰਾਪਤ ਕੀਤੀ ਅਤੇ ਇਥੇ ਹੀ ਇਸ ਦਾ ਮੇਲ ਭਾਰਤੇਂਦੂ ਅਤੇ ਹੋਰ ਉੱਘੇ ਸਾਹਿਤਕਾਰਾਂ ਨਾਲ ਹੋਇਆ। ਇਸ ਨੂੰ ਹਿੰਦੀ ਤੋਂ ਇਲਾਵਾ ਸੰਸਕ੍ਰਿਤ ਅਤੇ ਅੰਗਰੇਜ਼ੀ ਸਾਹਿਤ ਦੀ ਚੰਗੀ ਜਾਣਕਾਰੀ ਸੀ। ਇਸ ਦੀਆਂ ਰਚਨਾਵਾਂ ਵਿਚ ਨਵੀਆਂ ਅਤੇ ਪੁਰਾਣੀਆਂ ਦੋਹਾਂ ਤਰ੍ਹਾਂ ਦੀਆਂ ਕਾਵਿ-ਪ੍ਰਵਿਰਤੀਆਂ ਮਿਲਦੀਆਂ ਹਨ।

'ਪ੍ਰੇਮ ਸੰਪਤੀ ਲਤਾ' (1885) 'ਸਯਾਮਾ ਲਤਾ' ਅਤੇ 'ਸਯਾਮਾ ਸਰੋਜਨੀ' (1886) ਇਸ ਦੀਆਂ ਕਵਿਤਾਵਾਂ ਦੇ ਤਿੰਨ ਪ੍ਰਸਿੱਧ ਸੰਗ੍ਰਹਿ ਹਨ। ਇਸ ਤੋਂ ਇਲਾਵਾ ਇਸ ਨੇ ਕਾਲੀਦਾਸ ਦੇ 'ਮੇਘਦੂਤ' ਦਾ ਅਨੁਵਾਦ ਬ੍ਰਜਭਾਸ਼ਾ ਵਿਚ ਕਬਿੱਤ ਅਤੇ ਸਵੱਯਾ ਵਿਚ ਕੀਤਾ ਹੈ।

ਇਹ ਆਪਣੇ ਸਮੇਂ ਦਾ ਉੱਘਾ ਗੱਦ ਲੇਖਕ ਵੀ ਸੀ। 'ਸ਼ਯਾਮਾ ਸਵਪਨ' ਇਸ ਦੀ ਪ੍ਰਮੁੱਖ ਗੱਦ ਰਚਨਾ ਹੈ। ਇਸ ਵਿਚ ਗੱਦ ਅਤੇ ਪਦ ਦੋਹਾਂ ਦੀ ਹੀ ਵਰਤੋਂ ਕੀਤੀ ਗਈ ਹੈ, ਪਰ ਗੱਦ ਦੀ ਤੁਲਨਾ ਵਿਚ ਪਦ ਦੀ ਮਾਤਰਾ ਘੱਟ ਹੈ। ਇਸ ਨੂੰ ਇਕ ਭਾਵਪ੍ਰਧਾਨ ਨਾਵਲ ਕਿਹਾ ਜਾ ਸਕਦਾ ਹੈ। ਇਸ ਵਿਚ ਚਰਿੱਤਰ-ਚਿੱਤਰਣ ਤੇ ਜ਼ੋਰ ਨਹੀਂ ਦਿੱਤਾ ਗਿਆ, ਸਗੋਂ ਪ੍ਰਕਿਰਤੀ ਅਤੇ ਪ੍ਰੇਮ ਭਰਪੂਰ ਜੀਵਨ ਦਾ ਹੀ ਚਿੱਤਰ ਅੰਕਿਤ ਕੀਤਾ ਗਿਆ ਹੈ।

ਛਾਇਆਵਾਦ ਯੁੱਗ ਤੋਂ ਬਹੁਤ ਸਮਾਂ ਪਹਿਲਾਂ ਹੀ ਇਸ ਦੀਆਂ ਰਚਨਾਵਾਂ ਵਿਚ ਮਾਨਵੀ ਸੁੰਦਰਤਾ ਨੂੰ ਪ੍ਰਾਕਿਰਤਕ ਸੁੰਦਰਤਾ ਦੇ ਪ੍ਰਸੰਗ ਵਿਚ ਵੇਖਣ ਦਾ ਸੰਕੇਤ ਮਿਲਦਾ ਹੈ। ਇਸੇ ਕਾਰਨ ਹੀ ਇਸ ਦੀਆਂ ਰਚਨਾਵਾਂ ਵਿਚ 'ਹਿੰਦੀ ਕਾਵਿ ਵਿਚ ਨਵੇਂ ਵਿਧਾਨ' ਦੀ ਝਲਕ ਮਿਲਦੀ ਹੈ।

ਸੰਨ 1899 ਵਿਚ 42 ਸਾਲ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.-ਹਿੰ. ਵਿ. ਕੋ. 4 : 353; ਹਿੰ. ਸਾ. ਕੋ. 2: 188

**ਜਗਯਾਪੇਟ** : ਇਹ ਆਂਧਰਾ ਪ੍ਰਦੇਸ਼ ਰਾਜ (ਭਾਰਤ) ਦੇ ਕ੍ਰਿਸ਼ਨਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ। ਇਸ ਦਾ ਪੁਰਾਣਾ ਨਾ ਬੈਟਾਵੋਲੂ ਸੀ ਪਰ

ਬਾਅਦ ਵਿਚ ਇਥੋਂ ਦੇ ਇਕ ਸਰਦਾਰ ਨੇ ਆਪਣੇ ਇਸ ਸ਼ਹਿਰ ਦਾ ਅਜੋਕਾ ਨਾਂ ਰੱਖਿਆ। ਇਸ ਸਰਦਾਰ ਨੇ ਹੀ ਸ਼ਹਿਰ ਦੇ ਦੁਆਲੇ ਦੀਵਾਰ ਬਣਵਾਈ ਅਤੇ ਵਪਾਰੀਆਂ ਨੂੰ ਇਥੇ ਵੱਸਣ ਲਈ ਪ੍ਰੇਰਿਆ। ਸ਼ਹਿਰ ਵਿਚ ਰੇਸ਼ਮੀ ਕੱਪੜਾ ਬੁਣਨ ਦਾ ਛੋਟੇ ਪੱਧਰ ਦਾ ਉਦਯੋਗ ਹੈ। ਉਨ੍ਹੀਵੀਂ ਸਦੀ ਦੇ ਅੰਤ ਵਿਚ ਇਥੇ 66 ਫੁੱਟ ਘੇਰੇ ਦਾ ਇਕ ਬੋਧੀ ਸਤੂਪ ਮਿਲਿਆ ਜਿਸ ਦੇ ਦੁਆਲੇ ਸੰਗ-ਤਰਾਸੀ ਦੀਆਂ ਮੂਰਤੀਆਂ ਵੀ ਸਨ।

ਆਬਾਦੀ—36,122 (1991)

16° 54′ ਉ. ਵਿਥ.; 80° ਪੂ. ਲੰਬ.

ਹ. ਪੁ.-ਇੰਪ. ਗ. ਇੰਡ. 13: 377

**ਜਗਰਾਉਂ** : ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੀ ਇਸੇ ਹੀ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ। ਇਹ ਸ਼ਹਿਰ ਲੁਧਿਆਣਾ ਫ਼ਿਰੋਜ਼ਪੁਰ ਸੜਕ ਉੱਤੇ ਲੁਧਿਆਣਾ ਸ਼ਹਿਰ ਤੋਂ 42 ਕਿ. ਮੀ. ਦੱਖਣ-ਪੱਛਮ ਵੱਲ ਵਾਕਿਆ ਹੈ। ਰਾਏ ਕਮਾਲੁੱਦੀਨ ਨੇ 1648 ਈ. ਵਿਚ ਇਸ ਸ਼ਹਿਰ ਨੂੰ ਲਾਪੇ ਸ਼ਾਹ ਨਾਉਂ ਦੇ ਇਕ ਮੁਸਲਮਾਨ ਫ਼ਕੀਰ ਦੀ ਥਾਂ ਤੇ ਆਬਾਦ ਕੀਤਾ ਸੀ। ਸ਼ਹਿਰ ਦੀਆਂ ਸੜਕਾਂ ਦੀ ਨਿਸ਼ਾਨਦੇਹੀ ਫ਼ਕੀਰ ਨੇ ਆਪ ਕੀਤੀ ਸੀ। ਸ਼ਹਿਰ ਦਾ ਨਾਂ ਜਿਗਰਾ ਨਾਉਂ ਦੇ ਇਕ ਰਾਜਪੂਤ ਦੇ ਨਾਂ ਉੱਤੇ ਰੱਖਿਆ ਗਿਆ। ਮੁਗ਼ਲ-ਕਾਲ ਵਿਚ ਸ਼ਹਿਰ ਦੇ ਦੁਆਲੇ ਚਾਰ-ਦੀਵਾਰੀ ਸੀ ਜਿਸ ਦੇ ਛੇ ਦਰਵਾਜ਼ੇ ਸਨ। ਰਾਏ ਕਮਾਲੁੱਦੀਨ ਦੇ ਪੁੱਤਰ ਕਲਾ ਰਾਏ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ 3 ਜਨਵਰੀ, 1705 ਨੂੰ ਮਾਛੀਵਾੜੇ ਤੋਂ ਉੱਚ ਦੇ ਪੀਰ ਦੇ ਰੂਪ ਵਿਚ ਆਏ ਸਨ। ਕਲਾ ਰਾਏ ਨੇ ਗੁਰੂ ਸਾਹਿਬ ਦੀ ਤਨ, ਮਨ, ਧਨ ਨਾਲ ਸੇਵਾ ਕੀਤੀ ਅਤੇ ਨੂਰਾ ਮਾਹੀ ਨਾਮੀ ਇਕ ਨਿੱਜੀ ਦੂਤ ਭੇਜ ਕੇ ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦਾ ਪਤਾ ਕੀਤਾ। ਇਸ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਸਾਹਿਬ ਨੇ ਇਸਨੂੰ ਇਕ ਖੜਗ, ਇਕ ਪੋਥੀ ਰੱਖਣ ਦੀ ਰਿਹਲ ਅਤੇ ਇਕ ਗੰਗਾ ਸਾਗਰ (ਟੂਟੀ ਵਾਲਾ ਲੋਟਾ) ਬਖ਼ਸ਼ਿਆ ਸੀ।

ਸੰਨ 1867 ਵਿਚ ਇਥੇ ਮਿਊਂਸਪਲਟੀ ਬਣੀ। ਸੰਨ 1905 ਤੋਂ ਇਥੇ ਅਨਾਜ ਮੰਡੀ ਬਣੀ ਹੋਈ ਹੈ। ਜਿਸ ਵਿਚ ਹੁਣ 100 ਤੋਂ ਵੱਧ ਆੜ੍ਹਤ ਦੀਆਂ ਦੁਕਾਨਾਂ ਹਨ। ਇਥੇ ਕਣਕ, ਕਪਾਹ ਅਤੇ ਖੰਡ ਗੁੜ ਆਦਿ ਦਾ ਵਪਾਰ ਹੁੰਦਾ ਹੈ। ਸ਼ਹਿਰ ਵਿਚ ਕਪਾਹ ਵੇਲਣ ਦੀਆਂ ਚਾਰ ਵੱਡੀਆਂ ਮਿਲਾਂ ਹਨ। ਦੰਦ-ਖੰਡ ਦੀਆਂ ਨਕਾਸ਼ੀਆਂ ਹੋਈਆਂ ਚੀਜ਼ਾਂ ਅਤੇ ਬਿਲੀਅਰਡ ਦੀਆਂ ਗੇਂਦਾਂ ਬਣਾਉਣ ਦਾ ਕੰਮ ਇਥੇ ਕਾਫ਼ੀ ਪਹਿਲਾਂ ਤੋਂ ਹੁੰਦਾ ਸੀ। ਜਗਰਾਉਂ ਨੂੰ ਪੀਰਾਂ ਦਾ ਸ਼ਹਿਰ ਕਿਹਾ ਜਾ ਸਕਦਾ ਹੈ ਕਿਉਂਕਿ ਇਥੇ ਕਈ ਪ੍ਰਸਿੱਧ ਪੀਰਾਂ ਦੇ ਮਕਬਰੇ ਹਨ ਜਿਵੇਂ ਪੀਰ ਮੋਹਕਮ ਦੀਨ, ਬੰਦੀ ਸ਼ਾਹ, ਖੀਵਾ ਸ਼ਾਹ, ਚੁੱਪ ਸ਼ਾਹ ਅਤੇ ਜ਼ਾਹਿਰ ਵਲੀ ਸ਼ਾਹ ਆਦਿ ਦੇ। ਇਨ੍ਹਾਂ ਪੀਰਾਂ ਦੀਆਂ ਮਜ਼ਾਰਾਂ ਤੇ ਹਰ ਸਾਲ ਮੇਲੇ ਲਗਦੇ ਹਨ। ਪਰ ਪੀਰ ਮੋਹਕਮ ਦੀਨ ਦੀ ਦਰਗਾਹ ਤੇ 13 ਤੋਂ 15 ਫਗਣ (ਫ਼ਰਵਰੀ ਦੇ ਮੱਧ) ਵਿਚ ਤਿੰਨ ਦਿਨਾਂ ਲਈ ਭਾਰੀ ਮੇਲਾ ਲਗਦਾ ਹੈ ਜਿਸ ਵਿਚ 25,000 ਤੋਂ ਵੱਧ ਦਾ ਇਕੱਠ ਹੁੰਦਾ ਹੈ। ਇਸ ਨੂੰ ਮੇਲਾ ਰੌਸ਼ਨੀ ਕਹਿੰਦੇ ਹਨ ਤੇ ਇਹ ਪੰਜਾਬ ਦੇ ਤਿੰਨ ਵੱਡੇ ਮੇਲਿਆਂ ਵਿਚੋਂ ਇਕ ਹੈ। ਇਥੋਂ ਤਕ ਕਿ 'ਜਗਰਾਵਾਂ ਦੀ ਰੌਸ਼ਨੀ' ਦਾ ਜ਼ਿਕਰ ਪੰਜਾਬ ਦੇ ਲੋਕ ਗੀਤਾਂ ਵਿਚ ਵੀ ਆਉਂਦਾ ਹੈ :

ਆਰੀ ਆਰੀ ਆਰੀ
ਵਿਚ ਜਗਰਾਵਾਂ ਦੇ ਲਗਦੀ ਰੌਸ਼ਨੀ ਭਾਰੀ

ਇਸ ਮੇਲੇ ਦਾ ਮੁੱਢ ਪੈਨਿਆਂ ਵਾਲੇ ਫ਼ਕੀਰ ਦੀ ਕਬਰ ਉੱਤੇ ਮਨੋਕਾਮਨਾ ਪੂਰੀਆਂ ਹੋਣ ਵਾਲਿਆਂ ਦੀਆਂ ਚੌਕੀਆਂ ਭਰਨ ਤੋਂ ਹੋਇਆ। ਫ਼ਕੀਰ ਦੀ ਕਬਰ ਉਤੇ ਕਿਉਂਕਿ ਚਰਾਗ ਜਗਾਏ ਜਾਂਦੇ ਸਨ ਇਸ ਲਈ ਇਸ ਦਾ ਨਾਂ ਰੌਸ਼ਨੀ ਦਾ ਮੇਲਾ ਪੈ ਗਿਆ। ਹੁਣ ਵੀ ਇਸ ਪੀਰ ਦੇ ਭਗਤਾਂ ਨੂੰ ਜਦੋਂ ਹਾਲ ਪੈਂਦਾ ਹੈ ਤਾਂ ਹਰ ਕਿਸਮ ਦੀਆਂ ਪੁੱਛਾਂ ਦਸਦੇ ਹਨ ਅਤੇ ਪੀਰ ਦੀ ਕਬਰ ਉੱਤੋਂ ਸੁੱਖਾਂ ਹੁਣ ਵੀ ਸੁੱਖੀਆਂ ਜਾਂਦੀਆਂ ਹਨ ਤੇ ਬਰ ਆਉਂਦੀਆਂ ਹਨ। ਦੂਸਰੇ ਦਿਨ ਆਮ ਲੋਕਾਂ ਦਾ ਇਕੱਠ ਜੁੜਦਾ ਤੇ ਸੁੱਖਾਂ ਚੜ੍ਹਾਈਆਂ ਜਾਂਦੀਆਂ ਹਨ ਫਿਰ ਪੀਰਾਂ ਦੀਆਂ ਭੇਟਾਂ ਗਾਉਣ ਵਾਲੇ ਗਵੱਈਏ, ਕਲੀਆਂ ਵਾਲੇ ਤੇ ਗਿੱਧੇ ਵਾਲੇ ਸਭ ਪਹੁੰਚ ਜਾਂਦੇ ਹਨ ਤੇ ਇਸ ਮੇਲੇ ਉੱਤੇ ਚੰਗੇ ਪਹਿਲਵਾਨਾਂ ਦੇ ਟਿਕਟਾਂ ਉੱਤੇ ਘੋਲ ਵੀ ਕਰਵਾਏ ਜਾਂਦੇ ਹਨ।

ਉਪਰੋਕਤ ਤੋਂ ਇਲਾਵਾ ਜਗਰਾਉਂ ਤੋਂ 5 ਕਿ. ਮੀ. ਦੀ ਦੂਰੀ ਤੇ ਕਲੇਰਾਂ ਪਿੰਡ ਦੇ ਨੇੜੇ ਗੁਰਦੁਵਾਰਾ ਨਾਨਕਸਰ ਹੈ ਜਿਸ ਦੀ ਸੇਵਾ ਸੰਤ ਬਾਬਾ ਨੰਦ ਸਿੰਘ ਜੀ ਦੇ ਚੇਲੇ ਸੰਤ ਈਸ਼ਰ ਸਿੰਘ ਜੀ ਨੇ ਕਰਵਾਈ ਸੀ। ਇਥੇ 11 ਤੋਂ 13 ਭਾਦੋਂ, (ਅਗਸਤ ਦੇ ਤੀਜੇ ਹਫ਼ਤੇ) ਦੀਵਾਨ ਸਜਦੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਪਹੁੰਚਦੇ ਹਨ।

ਉਪਰੋਕਤ ਤੋਂ ਇਲਾਵਾ ਜਗਰਾਵਾਂ ਵਿਚ ਕਈ ਪੁਰਾਣੀਆਂ ਇਤਿਹਾਸਕ ਇਮਾਰਤਾਂ ਦੇ ਖੰਡਰਾਤ ਵੀ ਹਨ। ਸ਼ਹਿਰ ਵਿਚ ਲਾਜਪਤ ਰਾਏ ਮੈਮੋਰੀਅਲ ਡਿਗਰੀ ਕਾਲਜ, ਗੌਰਮਿੰਟ ਜੂਨੀਅਰ ਬੇਸਿਕ ਕੋ-ਐਜੂਕੇਸ਼ਨਲ ਟਰੇਨਿੰਗ ਸਕੂਲ, ਸਰਕਾਰੀ ਹਾਈ ਸਕੂਲ ਲੜਕੀਆਂ ਲਈ ਤੇ ਇਕ ਸਰਕਾਰੀ ਹਾਇਰ ਸੈਕੰਡਰੀ ਸਕੂਲ ਲੜਕਿਆਂ ਦਾ; ਦੋ ਮਿਡਲ ਸਕੂਲ, ਪੰਜ ਪ੍ਰਾਇਮਰੀ ਸਕੂਲ, ਇਕ ਸਾਇੰਸ ਐਂਡ ਰਿਸਰਚ ਕਾਲਜ ਜਿਹੀਆਂ ਵਿਦਿਅਕ ਸੰਸਥਾਵਾਂ ਅਤੇ ਸਿਵਲ ਹਸਪਤਾਲ, ਮੈਟਰਨਟੀ ਹਸਪਤਾਲ, ਡੰਗਰਾਂ ਦਾ ਹਸਪਤਾਲ, ਅਤੇ ਇਕ ਸਿਵਲ ਰੈਸਟ ਹਾਊਸ ਹਨ। ਇਥੇ ਲਾਜਪਤ ਰਾਏ ਮੈਮੋਰੀਅਲ ਲਾਇਬਰੇਰੀ ਜਗਰਾਉਂ ਮਿਉਂਸਪਲ ਕਲਬ, ਪੁਲਿਸ ਸਟੇਸ਼ਨ, ਤਿੰਨ ਡਾਕ ਘਰ, ਇਕ ਤਾਰ ਘਰ ਇਕ ਟੈਲੀਫ਼ੂਨ ਐਕਸਚੇਂਜ ਵੀ ਹੈ। ਇਥੇ ਹਰ ਮਹੀਨੇ ਡੰਗਰਾਂ ਦੀ ਮੰਡੀ ਲਗਦੀ ਹੈ। ਇਥੇ ਇਕ ਕੋਲਡ ਸਟੋਰ ਅਤੇ ਪੀ. ਡਬਲਯੂ. ਡੀ. ਦੇ ਕਈ ਵੱਡੇ-ਵੱਡੇ ਅਨਾਜ ਦੀ ਸੰਭਾਲ ਲਈ ਗੋਦਾਮ ਵੀ ਹਨ।

ਆਬਾਦੀ-47,372 (1991)

37° 47′ ਉ. ਵਿਥ.; 75° 28′ ਪੂ. ਲੰਬ.

—ਹ. ਪੁ.-ਇੰਪ ਗ. ਇੰਡ. 13 : 377; ਡਿ. ਸੈ. ਹੈ ਬੁ. ਲੁਧਿਆਣਾ ਜ਼ਿਲ੍ਹਾ; ਗਜ਼ ਆਫ਼ ਇੰਡ. ਪੰ. ਸਟੇ ; ਲੁਧਿਆਣਾ ਜ਼ਿਲ੍ਹਾ; ਸਰਵੇ ਪੁਸਤਕ ਰਾਏਕੋਟ ਭਾ. ਵਿ. ਪੰ; ਪੰ. ਟ੍ਰਿ. 26 ਫ਼ਰ. 1984; ਮ. ਕੋ. ਹਿੰ; ਵਿ. ਕੋ. 4; ਪੰਜਾਬ—ਐੱਮ. ਐੱਸ. ਰੰਧਾਵਾ

**ਜੰਗਲ ਅਤੇ ਜੰਗਲਾਤ** : ਉਹ ਸਾਰੀਆਂ ਜ਼ਮੀਨਾਂ ਜਿਥੇ ਬਨਸਪਤੀ ਉੱਗੀ ਹੋਵੇ, ਰੁੱਖ ਬਹੁਤ ਜ਼ਿਆਦਾ ਅਤੇ ਕਿਸੇ ਵੀ ਆਕਾਰ ਦੇ ਹੋਣ ਅਤੇ ਇਨ੍ਹਾਂ ਰੁੱਖਾਂ ਤੋਂ ਲੱਕੜੀ ਮਿਲ ਸਕੇ ਜਾਂ ਇਨ੍ਹਾਂ ਕਾਰਨ ਜਲਵਾਯੂ ਜਾਂ ਪਾਣੀ ਤੇ ਅਸਰ ਪੈਂਦਾ ਹੋਵੇ, ਉਨ੍ਹਾਂ ਨੂੰ ਜੰਗਲ ਕਿਹਾ ਜਾਂਦਾ ਹੈ। ਜੰਗਲਾਂ ਰਾਹੀਂ ਜ਼ਮੀਨ ਦੇ ਖ਼ੁਰਨ ਨੂੰ ਰੋਕਿਆ ਜਾ ਸਕਦਾ ਹੈ। ਜੰਗਲ ਜ਼ਮੀਨਾਂ ਉੱਤੇ ਪੈਣ ਵਾਲੀ ਜ਼ੋਰਦਾਰ ਬਾਰਸ਼ ਨੂੰ ਰੋਕਣ ਵਿਚ ਵੀ ਸਹਾਈ ਹੁੰਦਾ ਹੈ। ਰੁੱਖਾਂ ਤੋਂ ਡਿੱਗੇ ਅਤੇ ਗਲ-ਸੜ ਰਹੇ ਪੱਤੇ ਅਤੇ ਟਾਹਣੀਆਂ ਨਾਲ ਹੇਠਲੀ ਜ਼ਮੀਨ ਹੋਰ ਵੀ ਮੁਸਾਮਦਾਰ ਹੋ ਜਾਂਦੀ ਹੈ ਅਤੇ ਇਸ ਨਾਲ ਪਾਣੀ ਦਾ ਜ਼ਖ਼ੀਰਾ ਜ਼ਿਆਦਾ ਅਸਰਦਾਇਕ ਬਣ ਜਾਂਦਾ ਹੈ। ਜ਼ਮੀਨ ਉਪਰ ਪੱਤਿਆਂ ਰਾਹੀਂ ਜੋ ਤਹਿ ਬਣਦੀ ਹੈ ਉਸ ਨਾਲ ਜ਼ਮੀਨੀ ਸਤ੍ਹਾ ਤੋਂ ਪਾਣੀ ਦਾ ਨਿਕਾਸ ਹੌਲੀ ਹੋ ਜਾਂਦਾ ਹੈ ਅਤੇ ਪਾਣੀ ਜ਼ਮੀਨ ਵਿਚ ਹੌਲੀ ਹੌਲੀ ਜਜ਼ਬ ਹੋ ਜਾਂਦਾ ਹੈ। ਇਸ ਤੋਂ ਵੀ ਵੱਧ ਜੰਗਲ ਦੇ ਰੁੱਖਾਂ ਦੀਆਂ ਜੜ੍ਹਾਂ ਜ਼ਮੀਨ ਦੀ ਪਕੜ ਨੂੰ ਵੀ ਮਜ਼ਬੂਤ ਬਣਾਉਂਦੀਆਂ ਹਨ।

ਜੰਗਲਾਂ ਵਿਚ ਕਈ ਪ੍ਰਕਾਰ ਦੇ ਮਨੋਰੰਜਨ ਜਿਵੇਂ ਸ਼ਿਕਾਰ ਕਰਨਾ, ਮੱਛੀ ਪਕੜਨਾ, ਪਿਕਨਿਕ ਮਨਾਉਣਾ, ਕੈਂਪ ਲਗਾਉਣਾ ਆਦਿ ਵੀ ਕੀਤੇ ਜਾਂਦੇ ਹਨ।

ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਜੰਗਲ ਦੁਨੀਆ ਦੇ 33 ਪ੍ਰਤਿਸ਼ਤ ਹਿੱਸੇ ਵਿਚ ਸਨ। ਇਨ੍ਹਾਂ ਵਿਚ 62 ਪ੍ਰਤਿਸ਼ਤ ਹਿੱਸੇ ਤੱਕ ਮਨੁੱਖ

ਦੀ ਪਹੁੰਚ ਸੀ ਅਤੇ ਇਸ ਖੇਤਰ ਦਾ 54 ਪ੍ਰਤਿਸ਼ਤ ਹਿੱਸਾ ਅਸਲ ਵਰਤੋਂ ਹੇਠ ਸੀ। ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਜੰਗਲਾਂ ਅਧੀਨ ਖੇਤਰ ਦਾ ਵੇਰਵਾ ਹੇਠਾਂ ਦਿੱਤੀ ਸਾਰਨੀ ਤੋਂ ਸਪਸ਼ਟ ਹੈ :–

| ਖੇਤਰ | ਦੁਨੀਆ ਦੇ ਜੰਗਲੀ ਖੇਤਰ ਦਾ ਪ੍ਰਤਿਸ਼ਤ ਹਿੱਸਾ | ਜੰਗਲਾਂ ਅਧੀਨ ਖੇਤਰ ਦਾ ਪ੍ਰਤਿਸ਼ਤ ਹਿੱਸਾ |
|---|---|---|
| ਯੂਰਪ | 3 | 30 |
| ਰੂਸ | 26 | 51 |
| ਉੱਤਰੀ ਅਮਰੀਕਾ | 17 | 39 |
| ਲਾਤੀਨੀ ਅਮਰੀਕਾ | 23 | 46 |
| ਅਫ਼ਰੀਕਾ | 17 | 25 |
| ਏਸ਼ੀਆ | 12 | 19 |
| ਸ਼ਾਂਤ ਮਹਾਂ ਸਾਗਰੀ ਖੇਤਰ | 2 | 11 |
| ਦੁਨੀਆ | 100 | 33 |

ਬਣਤਰ ਦੇ ਹਿਸਾਬ ਨਾਲ ਦੁਨੀਆ ਦੇ ਜੰਗਲਾਂ ਨੂੰ ਦੋ ਵੱਡੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਜਿਵੇਂ ਕੋਨੀਫ਼ਰ ਜਾਂ ਨਰਮ ਲੱਕੜ ਵਾਲੇ ਅਤੇ ਚੌੜੇ ਪੱਤਿਆ ਵਾਲੇ ਜਾਂ ਸਖ਼ਤ ਲੱਕੜ ਵਾਲੇ। ਇਨ੍ਹਾਂ ਵਿਚੋਂ ਕਈ ਰੁੱਖਾਂ ਦੀ ਲੱਕੜ ਕੋਨੀਫ਼ਰ ਰੁੱਖਾਂ ਤੋਂ ਵੀ ਸਖ਼ਤ ਹੁੰਦੀ ਹੈ। ਚੌੜੇ ਪੱਤਿਆਂ ਵਾਲੇ ਰੁੱਖ ਅੱਗੋਂ ਦੋ ਹਿੱਸਿਆਂ ਅਰਥਾਤ ਸੀਤ-ਖੰਡੀ ਅਤੇ ਊਸ਼ਣ-ਖੰਡੀ ਸਖ਼ਤ ਲੱਕੜ ਵਾਲੇ ਰੁੱਖਾਂ ਵਿਚ ਵੰਡੇ ਹੋਏ ਹਨ। ਦੁਨੀਆ ਵਿਚ ਸਮੁੱਚੇ ਤੌਰ ਤੇ ਚੌੜੇ ਪੱਤਿਆਂ ਵਾਲੇ ਰੁੱਖਾਂ ਦੀ ਭਰਮਾਰ ਹੈ ਜਦੋਂ ਕਿ ਉੱਤਰੀ ਅਰਧ-ਗੋਲੇ ਵਿਚ ਕੋਨੀਫ਼ਰ ਰੁੱਖ ਜ਼ਿਆਦਾ ਹਨ। ਲਾਤੀਨੀ ਅਮਰੀਕਾ ਵਿਚ ਕੋਨੀਫ਼ਰ ਰੁੱਖਾਂ ਦੀ ਘਾਟ ਹੈ ਜਦੋਂ ਕਿ ਅਫ਼ਰੀਕਾ ਵਿਚ ਇਹ ਬਿਲਕੁਲ ਹੀ ਨਹੀਂ ਮਿਲਦੇ। ਭਾਵੇਂ ਕੋਨੀਫ਼ਰ ਰੁੱਖ ਜੰਗਲ ਅਧੀਨ ਖੇਤਰ ਦਾ ਇਕ ਤਿਹਾਈ ਹਿੱਸਾ ਹਨ ਪਰ ਫਿਰ ਵੀ ਵਰਤੋਂ ਵਿਚ ਲੱਕੜੀ ਦਾ ਅੱਧਾ ਹਿੱਸਾ ਕੋਨੀਫ਼ਰ ਰੁੱਖਾਂ ਤੋਂ ਹੀ ਪ੍ਰਾਪਤ ਕੀਤਾ ਜਾਂਦਾ ਹੈ।

ਅਜੋਕੇ ਸਮੇਂ ਵਿਚ ਜੰਗਲਾਤ ਪੂਰਨ ਰੂਪ ਵਿਚ ਇਕ ਪੇਸ਼ੇ ਦਾ ਰੂਪ ਧਾਰਨ ਕਰ ਚੁੱਕਾ ਹੈ ਜਿਸ ਲਈ ਕਾਫ਼ੀ ਸਿੱਖਿਆ ਦੀ ਲੋੜ ਮਹਿਸੂਸ ਹੁੰਦੀ ਹੈ। ਅਜੋਕੇ ਜੰਗਲਾਤ ਦੇ ਦੋ ਮੁੱਖ ਪਹਿਲੂ ਹਨ। ਬਹੁਪੱਖੀ ਵਰਤੋਂ ਅਤੇ ਜਾਇਜ਼ ਝਾੜ ਉਪਲਬਧ ਹੋਣਾ। ਬਹੁ-ਪੱਖੀ ਵਰਤੋਂ ਦਾ ਮਤਲਬ ਹੈ ਕਿ ਕਿਸੇ ਵੀ ਦਿੱਤੇ ਗਏ ਖੇਤਰ ਦਾ ਇਸ ਤਰ੍ਹਾਂ ਪ੍ਰਬੰਧ ਕਰਨਾ ਕਿ ਉਥੋਂ ਲੱਕੜੀ ਦੀ ਪੈਦਾਵਾਰ, ਜਲ ਵਿਭਾਜਕ ਸੁਰੱਖਿਆ ਅਤੇ ਮਨੋਰੰਜਨ ਆਦਿ ਮਿਲ ਸਕੇ। ਜਾਇਜ਼ ਝਾੜ ਦਾ ਅਰਥ ਜੰਗਲਾਂ ਤੋਂ ਕਿਸੇ ਹੱਦ ਤਕ ਵਧ ਰਹੀ ਆਬਾਦੀ ਲਈ ਲੱਕੜੀ ਪ੍ਰਾਪਤ ਕਰਨਾ ਹੈ। ਇਨ੍ਹਾਂ ਪਹਿਲੂਆਂ ਦੀ ਪੂਰਤੀ ਲਈ ਜੰਗਲਾਂ ਦਾ ਪ੍ਰਬੰਧ ਜ਼ਰੂਰੀ ਹੋ ਜਾਂਦਾ ਹੈ।

ਭਾਰਤ ਵਿਚ ਜੰਗਲਾਤ ਦੀ ਸ਼ੁਰੂਆਤ 19ਵੀਂ ਸਦੀ ਦੇ ਅੱਧ ਤੋਂ ਜਦੋਂ ਬਰਤਾਨੀਆ ਨੇ ਇਥੇ ਇੰਪੀਰੀਅਲ ਫ਼ਾਰੈੱਸਟ ਡਿਪਾਰਟਮੈਂਟ ਦਾ ਸੰਗਠਨ ਕੀਤਾ, ਗਿਣੀ ਜਾਂਦੀ ਹੈ। ਉਸ ਸਮੇਂ ਜੰਗਲਾਂ ਨੂੰ ਰਾਖਵੇਂ ਖੇਤਰ ਕਰਾਰ ਦਿੱਤਾ ਜਾਂਦਾ ਸੀ, ਕਿਉਂਕਿ ਇਨ੍ਹਾਂ ਦੀ ਕੌਮੀ ਆਰਥਿਕਤਾ ਵਿਚ ਕਾਫ਼ੀ ਮਹਾਨਤਾ ਸੀ। ਇੰਡੀਅਨ ਫ਼ਾਰੈੱਸਟ ਐਕਟ, 1927 ਦੇ ਪਾਸ ਕੀਤੇ ਜਾਣ ਨਾਲ ਵੀ ਜੰਗਲਾਂ ਨੂੰ ਸੁਰੱਖਿਅਤ ਨਹੀਂ ਸੀ ਕੀਤਾ ਜਾ ਸਕਿਆ। ਸੰਨ 1952 ਵਿਚ ਇਕ ਨਵੀਂ ਪਾਲਿਸੀ ਅਖ਼ਤਿਆਰ ਕੀਤੀ ਗਈ ਜਿਸ ਅਧੀਨ ਗ਼ੈਰ ਸਰਕਾਰੀ ਜੰਗਲ, ਸਰਕਾਰ ਦੀ ਦੇਖ-ਭਾਲ ਵਿਚ ਆ ਗਏ ਅਤੇ ਚਾਲੂ ਯੋਜਨਾਵਾਂ ਨਾਲ ਇਨ੍ਹਾਂ ਦਾ ਪ੍ਰਬੰਧ ਕੀਤਾ ਜਾਣਾ ਲੱਗਾ। ਹੁਣ ਇਨ੍ਹਾਂ ਜੰਗਲਾਂ ਦੀ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗ ਪਿਆ ਹੈ। ਸੰਨ 1978 ਵਿਚ ਡੇਹਰਾਦੂਨ ਵਿਚ 'ਫ਼ਾਰੈੱਸਟ ਰੇਂਜਰ ਸਕੂਲ' ਅਤੇ ਬਾਅਦ ਵਿਚ 'ਫ਼ਾਰਸੈੱਟ ਰਿਸਰਚ ਇੰਸਟੀਚਿਊਟ ਅਤੇ ਕਾਲਜ ਦੀ ਸਥਾਪਨਾ ਨਾਲ ਜੰਗਲਾਤ ਦੀ ਪੜ੍ਹਾਈ ਅਤੇ ਖੋਜ ਦਾ ਕੰਮ ਹੋਰ ਵੀ ਆਧੁਨਿਕ ਲੀਹਾਂ ਤੇ ਚੱਲਣ ਲੱਗ ਪਿਆ ਹੈ।

ਜੰਗਲਾਂ ਦੀਆਂ ਕਿਸਮਾਂ

ਭਾਰਤ ਵਿਚ ਜੰਗਲਾਂ ਦੀਆਂ ਕਈ ਕਿਸਮਾਂ ਮਿਲਦੀਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :–

**1. ਤਪਤ-ਖੰਡੀ ਤਰ ਸਦਾਬਹਾਰ ਜੰਗਲ**—ਇਹ ਜੰਗਲ ਬਹੁਤ ਉੱਚੇ, ਸੰਘਣੇ ਅਤੇ ਬਹੁਤ ਪਰਤਾਂ ਵਾਲੇ ਹਨ। ਇਹ ਜ਼ਿਆਦਤਰ ਪੱਛਮੀ ਘਾਟ ਦੇ ਪੱਛਮੀ ਕਿਨਾਰੇ ਅਤੇ ਆਸਾਮ ਦੇ ਉਪਰਲੇ ਖੇਤਰ ਤੋਂ ਦੱਖਣ ਪੱਛਮੀ ਸਿਰੇ ਤੋਂ ਕਛਾਰ ਰਾਹੀਂ ਹੁੰਦੇ ਹੋਏ ਅੰਡੇਮਾਨ ਤੱਕ ਪਹੁੰਚ ਜਾਂਦੇ ਹਨ ਅਤੇ ਇਨ੍ਹਾਂ ਵਿਚ ਮੁੱਖ ਜਾਤੀਆਂ ਗੁਰਜਨ, ਚਿੱਟਾ ਦਿਆਰ, ਜਾਮਨ, ਬੈਂਤ, ਐਂਗਾਰ, ਮੂਲੀ ਬਾਂਸ ਅਤੇ ਧੂਪ ਆਦਿ ਹਨ।

**2. ਤਪਤ-ਖੰਡੀ ਨੀਮ ਸਦਾਬਹਾਰ ਜੰਗਲ**—ਇਸ ਤਰ੍ਹਾਂ ਦੇ ਜੰਗਲ ਪੱਛਮੀ ਤੱਟ, ਆਸਾਮ, ਪੂਰਬੀ ਹਿਮਾਲਿਆ ਦੀਆਂ ਨੀਵੀਆਂ ਢਲਾਣਾਂ, ਉੜੀਸਾ ਅਤੇ ਅੰਡੇਮਾਨ ਵਿਚ ਮਿਲਦੇ ਹਨ। ਇਨ੍ਹਾਂ ਦਰਖ਼ਤਾਂ ਦੇ ਮੁੱਢ ਬਹੁਤ ਭਾਰੇ, ਛਿੱਲ ਮੋਟੀ ਤੇ ਖੁਰਦਰੀ ਹੁੰਦੀ ਹੈ। ਇਸ ਕਿਸਮ ਦੇ ਜੰਗਲਾਂ ਵਿਚ ਮਿਲਣ ਵਾਲੇ ਰੁੱਖਾਂ ਵਿਚ ਸਿੰਬਲ, ਭਾਰਤੀ ਚੈਸਟਨਟ, ਚੰਪਾ, ਅੰਬ, ਕੁਸਮ ਅਤੇ ਕੰਡੇਦਾਰ ਬਾਂਸ ਆਦਿ ਸ਼ਾਮਲ ਹਨ।

**3. ਤਪਤ-ਖੰਡੀ ਤਰ ਪਤਝੜੀ ਜੰਗਲ**—ਇਹ 40 ਮੀ. ਜਾਂ ਇਸ ਤੋਂ ਵੱਧ ਉੱਚੇ ਰੁੱਖਾਂ ਵਾਲੇ ਜੰਗਲ ਹਨ ਜਿਨ੍ਹਾਂ ਦੇ ਮੁੱਢ ਬਹੁਤ ਭਾਰੇ ਹੁੰਦੇ ਹਨ। ਇਹ ਜੰਗਲ ਅੰਡੇਮਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਮੈਸੂਰ ਅਤੇ ਕੇਰਲਾ ਵਿਚ ਮਿਲਦੇ ਹਨ। ਇਨ੍ਹਾਂ ਜੰਗਲਾਂ ਵਿਚ ਬਦਾਮ, ਧੂਪ, ਕੋਕੋ, ਸਾਗਵਾਨ, ਸਿੰਬਲ, ਆਮਲਾ, ਕੁਸਮ, ਸਾਲ, ਜਾਮਨ ਆਦਿ ਰੁੱਖ ਜ਼ਿਆਦਾ ਹੁੰਦੇ ਹਨ।

**4. ਲਿਟੋਰਲ ਅਤੇ ਸਵੈਂਪ ਜੰਗਲ**—ਇਹ ਆਮ ਤੌਰ ਤੇ ਸਦਾ ਬਹਾਰ ਰੁੱਖ ਹਨ ਜੋ ਨਮੀ ਵਾਲੇ ਇਲਾਕਿਆਂ ਨਾਲ ਸਬੰਧਤ ਹਨ ਅਤੇ ਸਮੁੰਦਰ ਦੇ ਤੱਟ ਅਤੇ ਮੁਹਾਣਿਆਂ ਦੇ ਦਲਦਲੀ ਇਲਾਕਿਆਂ ਵਿਚ ਪਾਏ ਜਾਂਦੇ ਹਨ। ਇਨ੍ਹਾਂ ਜੰਗਲਾਂ ਵਿਚ ਸੁੰਦਰੀ ਐਂਗਾਰ, ਭੇਂਦੀ, ਕਿਉੜਾ ਅਤੇ ਨਿਪਾ ਆਦਿ ਰੁੱਖ ਮਿਲਦੇ ਹਨ।

**5. ਊਸ਼ਣ-ਖੰਡੀ ਖ਼ੁਸ਼ਕ ਪਤਝੜੀ ਜੰਗਲ**—ਇਨ੍ਹਾਂ ਜੰਗਲਾਂ ਵਿਚ ਕਈ ਕਿਸਮ ਦੀਆਂ ਜਾਤੀਆਂ ਮਿਲਦੀਆਂ ਹਨ ਜੋ ਲਗਭਗ ਸਾਰੀਆਂ ਹੀ ਪਤਝੜੀ ਹਨ। ਖ਼ਾਸ ਕਰਕੇ ਖ਼ੁਸ਼ਕ ਮੌਸਮ ਵਿਚ ਕਈ ਤਾਂ ਬਹੁਤ ਸਾਰਾ ਸਮਾਂ ਪੱਤਿਆਂ ਤੋਂ ਬਿਨਾਂ ਹੀ ਰਹਿੰਦੀਆਂ ਹਨ। ਇਨ੍ਹਾਂ ਰੁੱਖਾਂ ਦੀ ਉਚਾਈ 20 ਮੀ. ਤੱਕ ਵੀ ਹੋ ਸਕਦੀ ਹੈ। ਇਹ ਜੰਗਲ ਰਾਜਸਥਾਨ, ਪੱਛਮੀ ਘਾਟ ਅਤੇ ਬੰਗਾਲ ਤੋਂ ਇਲਾਵਾ ਹਿਮਾਲਾ ਦੀਆਂ ਨਿਵਾਣਾਂ ਤੋਂ ਲੈ ਕੇ ਕੇਪ ਕਾਮਰਿਨ ਤੱਕ ਮਿਲਦੇ ਹਨ। ਇਨ੍ਹਾਂ ਰੁੱਖਾਂ, ਵਿਚ ਸਾਗਵਾਨ, ਅਮਲਤਾਸ, ਲੈਂਡੀ ਸਧਾਰਨ ਬਾਂਸ, ਸਾਲ ਅਤੇ ਖ਼ੈਰ ਆਦਿ ਰੁੱਖ ਸ਼ਾਮਲ ਹਨ।

**6. ਊਸ਼ਣ-ਖੰਡੀ ਕੰਡੇਦਾਰ ਜੰਗਲ**—ਇਸ ਪ੍ਰਕਾਰ ਦੇ ਜੰਗਲ ਵਿਚ ਨੀਵੇਂ ਫਲੀਦਾਰ ਅਤੇ ਨੀਵੀਆਂ ਸ਼ਾਖਾਵਾਂ ਵਾਲੇ ਕੰਡੇਦਾਰ ਰੁੱਖ ਅਤੇ ਝਾੜੀਆਂ ਸ਼ਾਮਲ ਹਨ। ਇਸ ਤਰ੍ਹਾਂ ਦੇ ਜੰਗਲ ਦੱਖਣੀ ਪੰਜਾਬ, ਰਾਜਸਥਾਨ, ਉੱਤਰੀ ਗੰਗਾ ਦੇ ਮੈਦਾਨ, ਦੱਖਣੀ ਪਠਾਰ ਅਤੇ ਨੀਵੇਂ ਤੱਟਵਰਤੀ ਭਾਰਤੀ ਇਲਾਕੇ ਵਿਚ ਮਿਲਦੇ ਹਨ। ਇਨ੍ਹਾਂ ਰੁੱਖਾਂ ਵਿਚੋਂ ਪ੍ਰਮੁੱਖ ਖ਼ੈਰ, ਨਿੰਮ, ਸੰਦਲ, ਕਿੱਕਰ, ਪਲਾਸ ਅਤੇ ਅੱਕ ਹਨ।

**7. ਊਸ਼ਣ-ਖੰਡੀ, ਖ਼ੁਸ਼ਕ ਸਦਾਬਹਾਰ ਜੰਗਲ**—ਇਹ ਨੀਵੇਂ ਰੁੱਖਾਂ ਵਾਲੇ ਜੰਗਲ ਹਨ, ਜਿਨ੍ਹਾਂ ਦੀ ਉਚਾਈ 12 ਮੀ. ਤੱਕ ਹੁੰਦੀ ਹੈ। ਇਨ੍ਹਾਂ ਰੁੱਖਾਂ ਦੇ ਪੱਤੇ ਸਖ਼ਤ ਅਤੇ ਸਦਾਬਹਾਰ ਹੁੰਦੇ ਹਨ। ਇਹ ਕੇਵਲ ਕਰਨਾਟਕ ਤੱਟ ਤੱਕ ਹੀ ਸੀਮਿਤ ਹਨ ਜਿਥੇ ਗਰਮੀਆਂ ਵਿਚ ਵੀ ਬਾਰਸ਼ ਹੁੰਦੀ ਹੈ। ਪ੍ਰਮੁੱਖ ਤੌਰ ਤੇ ਇਨ੍ਹਾ ਵਿਚ ਜਾਮਨ, ਖਿਰਨੀ, ਰੀਠਾ, ਕੋਕੋ, ਇਮਲੀ, ਨਿੰਮ, ਛੋਟਾ ਪਾਸ ਆਦਿ ਸ਼ਾਮਲ ਹਨ।

**8. ਉਪ-ਊਸ਼ਣ-ਖੰਡੀ ਚੌੜੇ ਪੱਤਿਆਂ ਵਾਲੇ ਪਹਾੜੀ ਜੰਗਲ**—ਇਹ ਭਰਵੇਂ ਜੰਗਲ ਹਨ, ਜਿਨ੍ਹਾਂ ਵਿਚ ਸਦਾਬਹਾਰ ਰੁੱਖ ਬਹੁਤ ਜ਼ਿਆਦਾ ਗਿਣਤੀ ਵਿਚ ਹਨ। ਇਹ ਜੰਗਲ ਬੰਗਾਲ, ਆਸਾਮ ਦੀਆਂ ਨੀਵੀਆਂ ਢਲਾਣਾਂ ਅਤੇ ਹੋਰ ਇਲਾਕੇ ਜਿਵੇਂ ਖ਼ਾਸੀ, ਨੀਲਗਿਰੀ, ਮਹਾਬਲੇਸ਼ਵਰ ਆਦਿ ਵਿਚ ਮਿਲਦੇ ਹਨ। ਇਨ੍ਹਾਂ ਜੰਗਲਾਂ ਵਿਚ ਜਾਮਨ, ਮੈਚੀਲਸ, ਮੀਲੀਓਸਮਾ, ਸੈਲਟਿਸ ਆਦਿ ਰੁੱਖ ਮੁੱਖ ਤੌਰ ਤੇ ਮਿਲਦੇ ਹਨ।

**9. ਉਪ-ਊਸ਼ਣ ਖੰਡੀ ਪਾਈਨ ਜੰਗਲ**—ਇਨ੍ਹਾਂ ਜੰਗਲਾਂ ਵਿਚ ਜ਼ਿਆਦਾਤਰ ਚੀੜ੍ਹ ਪਾਈਨ ਦੇ ਰੁੱਖ ਮਿਲਦੇ ਹਨ ਜੋ ਕਈ ਵਾਰ ਅੱਗ ਦੀ ਲਪੇਟ ਵਿਚ ਆ ਚੁੱਕੇ ਹਨ। ਇਹ ਉੱਤਰ-ਪੱਛਮੀ ਹਿਮਾਲਿਆ ਤੇ 1000-1800 ਮੀ. ਦੀ ਉਚਾਈ ਤੱਕ ਮਿਲਦੇ ਹਨ। ਕਸ਼ਮੀਰ ਵਿਚ ਇਹ ਜੰਗਲ ਨਹੀਂ ਮਿਲਦੇ, ਜਿਸ ਦਾ ਕਾਰਨ ਬਹੁਤ ਘੱਟ ਦੱਖਣ-ਪੱਛਮੀ ਮਾਨਸੂਨ ਹੋ ਸਕਦਾ ਹੈ। ਖ਼ਾਸੀ, ਮਨੀਪੁਰ ਅਤੇ ਨਾਗਾ ਪਹਾੜੀਆਂ ਵਿਚ ਖ਼ਾਸੀਆਂ, ਪਾਈਨ ਰੁੱਖ ਆਦਿ ਪਾਏ ਜਾਂਦੇ ਹਨ। ਰੁੱਖਾਂ ਦੀ ਜ਼ਿਆਦਾ ਗਿਣਤੀ ਚੀੜ੍ਹ, ਜਾਮਨ, ਓਕ ਅਤੇ ਰੋਡੋਡੈਂਨਰਾੱਨ ਦੀ ਹੀ ਹੈ।



ਜੰਗਲ ਅਤੇ ਜੰਗਲਾਤ

**10. ਉਪ-ਊਸ਼ਣ ਖੰਡੀ ਖ਼ੁਸ਼ਕ ਸਦਾਬਹਾਰ ਜੰਗਲ**—ਇਹ ਜੰਗਲ ਪੱਛਮੀ ਹਿਮਾਲਿਆ ਅਤੇ ਭੱਬਰ ਵਿਚ 1,000 ਮੀ. ਦੀ ਉਚਾਈ ਤੱਕ ਮਿਲਦੇ ਹਨ। ਇਨ੍ਹਾਂ ਜੰਗਲਾਂ ਵਿਚ ਛੋਟੇ ਸਦਾ ਬਹਾਰ ਰੁੱਖ ਅਤੇ ਝਾੜੀਆਂ ਸ਼ਾਮਲ ਹਨ। ਇਨ੍ਹਾਂ ਜੰਗਲਾਂ ਵਿਚ ਜੈਤੂਨ, ਕਿੱਕਰ ਅਤੇ ਪਿਸਤੇ ਵਰਗੇ ਰੁੱਖ ਮਿਲਦੇ ਹਨ।

**11. ਪਹਾੜੀ ਤਰ ਸੀਤ-ਖੰਡੀ ਜੰਗਲ**—ਇਹ ਸਦਾਬਹਾਰ ਜੰਗਲ ਮਦਰਾਸ ਅਤੇ ਕੇਰਲਾ ਦੀਆਂ ਉੱਚੀਆਂ ਪਹਾੜੀਆਂ ਵਿਚ 150 ਮੀ. ਦੀ ਉਚਾਈ ਤੋਂ ਉਪਰ ਵੱਲ ਨੂੰ ਪੂਰਬੀ ਹਿਮਾਲਿਆ ਅਤੇ ਬੰਗਾਲ, ਆਸਾਮ ਤੇ ਨੇਫ਼ਾ ਵਿਚ 1800 ਤੋਂ 3000 ਮੀ. ਦੀ ਉਚਾਈ ਤੱਕ ਪਾਏ ਜਾਂਦੇ ਹਨ। ਇਨ੍ਹਾਂ ਰੁੱਖਾਂ ਦੀ ਵਿਸ਼ੇਸ਼ਤਾ ਗੋਲ ਅਤੇ ਸਖ਼ਤ ਪੱਤੇ, ਟਹਿਣੀਆਂ, ਘਾਸ, ਫ਼ਰਨ ਅਤੇ ਐਪੀਫਾਈਟਸ ਹਨ, ਜਿਨ੍ਹਾਂ ਨਾਲ ਇਹ ਰੁੱਖ ਭਰੇ ਹੁੰਦੇ ਹਨ। ਇਨ੍ਹਾਂ ਦੇ ਤਣੇ ਕਾਫ਼ੀ ਮੋਟੇ ਹੁੰਦੇ ਹਨ। ਪ੍ਰਮੁੱਖ ਰੁੱਖ ਮੈਗਨੋਲੀਆ, ਬਰਚ, ਭਾਰਤੀ ਚੈਸਟਨਟ, ਅਤੇ ਮੈਚੀਲਸ ਹਨ।

**12. ਹਿਮਾਲਿਆ ਦੇ ਤਰ ਨਮੀ ਵਾਲੇ ਸੀਤ-ਖੰਡੀ ਜੰਗਲ**—ਇਹ ਜ਼ਿਆਦਾਤਰ ਕੋਨੀਫ਼ਰ ਰੁੱਖਾਂ ਦੇ ਜੰਗਲ ਹਨ ਜਿਨ੍ਹਾਂ ਦੀ ਉਚਾਈ 30-50 ਮੀ. ਤੱਕ ਹੁੰਦੀ ਹੈ ਤੇ ਇਨ੍ਹਾਂ ਥੱਲੇ ਮਾਸ ਅਤੇ ਫ਼ਰਨ ਆਦਿ ਉਗੇ ਰਹਿੰਦੇ ਹਨ। ਇਹ ਜੰਗਲ ਹਿਮਾਲਿਆ ਦੀ ਪੂਰੀ ਲੰਬਾਈ ਦੇ ਨਾਲ ਨਾਲ ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਉੱਤਰ ਪ੍ਰਦੇਸ਼, ਦਾਰਜੀਲਿੰਗ ਅਤੇ ਸਿੱਕਮ ਵਿਚ 1,500 ਤੋਂ 3,300 ਮੀ. ਦੀ ਉਚਾਈ ਤੱਕ ਮਿਲਦੇ ਹਨ। ਇਨ੍ਹਾਂ ਜੰਗਲਾਂ ਵਿਚ ਮਿਲਣ ਵਾਲੇ ਰੁੱਖਾਂ ਵਿਚ ਓਕ, ਫ਼ਰ, ਦਿਓਦਾਰ, ਚੈਸਟਨਟ, ਮੈਪਲ, ਚੀੜ੍ਹ, ਕੈਲ ਆਦਿ ਰੁੱਖ ਸ਼ਾਮਲ ਹਨ।

**13. ਹਿਮਾਲਿਆ ਦੇ ਖ਼ੁਸ਼ਕ ਊਸ਼ਣ-ਖੰਡੀ ਜੰਗਲ**—ਇਨ੍ਹਾਂ ਜੰਗਲਾਂ ਵਿਚ ਵੀ ਜ਼ਿਆਦਾਤਰ ਕੋਨੀਫ਼ਰ ਦਰਖ਼ਤ ਅਤੇ ਮਾਰੂਥਲੀ ਝਾੜੀਆਂ ਮਿਲਦੀਆਂ ਹਨ। ਇਹ ਹਿਮਾਲਿਆ ਦੇ ਅੰਦਰੂਨੀ ਭਾਗਾਂ ਵਿਚ ਮਿਲਦੇ ਹਨ ਜਿਥੇ ਦੱਖਣ-ਪੱਛਮੀ ਮਾਨਸੂਨ ਬਹੁਤ ਘੱਟ ਹੁੰਦੀ ਹੈ। ਇਸ ਖੇਤਰ ਵਿਚ ਲਦਾਖ਼, ਲਾਹੌਰ, ਚੰਬਾ, ਗੜ੍ਹਵਾਲ ਅਤੇ ਸਿੱਕਮ ਇਲਾਕੇ ਸ਼ਾਮਲ ਹਨ। ਇਥੇ ਪਾਏ ਜਾਣ ਵਾਲੇ ਰੁੱਖਾਂ ਵਿਚ ਚਿਲਗੋਜ਼ਾ, ਦਿਓਦਾਰ, ਓਕ, ਮੈਪਲ ਅਤੇ ਜ਼ੈਤੂਨ ਮੁੱਖ ਹਨ।

**14. ਨੀਮ ਐਲਪਾਈਨ ਜੰਗਲ**—ਇਹ ਹਿਮਾਲਿਆ ਪਰਬਤ ਦੇ ਰੁੱਖਾਂ ਵਾਲੇ ਜੰਗਲਾਂ ਦੇ ਉਪਰਲੇ ਹਿੱਸਿਆਂ ਵਿਚ ਐਲਪਾਈਨ ਸਕੱਰਬ ਅਤੇ ਘਾਹ ਵਾਲੇ ਮੈਦਾਨਾਂ ਵਿਚ ਮਿਲਦੇ ਹਨ। ਇਨ੍ਹਾਂ ਜੰਗਲਾਂ ਦੇ ਰੁੱਖ ਸੰਘਣੇ ਤੋਂ ਛੋਟੇ ਕੱਦ ਦੇ ਹੁੰਦੇ ਹਨ। ਇਥੇ ਮਿਲਣ ਵਾਲੇ ਰੁੱਖ ਫ਼ਰ, ਕੈਲ, ਚੀੜ੍ਹ ਦੀ ਵੰਨਗੀ ਦਾ ਇਕ ਰੁੱਖ ਸਪਰੂਸ, ਰੋਡੋਡੈਂਨਰਾੱਨ, ਆਲੂਚਾ ਅਤੇ ਯਿਊ ਹਨ।

**15. ਨਮੀ ਵਾਲੇ ਐਲਪਾਈਨ ਸਕੱਰਬ**—ਇਹ ਹਿਮਾਲਿਆ ਪਰਬਤ ਦੀ ਸਾਰੀ ਲੰਬਾਈ ਵਿਚ 3,000 ਮੀ. ਤੋਂ ਉਪਰ ਦੀ ਉਚਾਈ ਤੇ ਮਿਲਦੇ ਹਨ। ਇਨ੍ਹਾਂ ਜੰਗਲਾਂ ਵਿਚ ਬਰਚ, ਰੋਡੋਡੈਂਨਰਾੱਨ, ਬੈਰਬੈਰਿਸ, ਹਨੀ ਸਕਲ, ਛੋਟੇ ਸਦਾ ਬਹਾਰ ਰੁੱਖ ਸ਼ਾਮਲ ਹਨ।

**16. ਖ਼ੁਸ਼ਕ ਐਲਪਾਈਨ ਸਕੱਰਬ**—ਇਹ ਰੁੱਖ 3500 ਮੀ. ਦੀ ਉਚਾਈ ਤੋਂ ਉਪਰ ਮਿਲਦੇ ਹਨ, ਜਿਥੇ ਜ਼ਿਆਦਾਤਰ ਮਾਰੂਥਲੀ ਤੇ ਮਧਰੀਆਂ ਝਾੜੀਆਂ ਹੀ ਹੁੰਦੀਆਂ ਹਨ ਜਿਵੇਂ ਜੂਨੀਪਰ, ਹਨੀ ਸਕਲ, ਆਰਟੀ ਮਿਜ਼ੀਆ ਅਤੇ ਪੋਐਨਟਿਲਾ ਆਦਿ।

**ਜੰਗਲਾਤੀ ਸੋਮੇ**—ਜੰਗਲਾਂ ਤੋਂ ਮਿਲਣ ਵਾਲੀਆਂ ਬਹੁਤ ਸਾਰੀਆਂ ਉਪਜਾਂ ਵਿਚੋਂ ਲੱਕੜੀ ਸਭ ਤੋਂ ਵੱਧ ਮਹੱਤਵਪੂਰਨ ਹੈ। ਆਰਥਿਕ ਤੌਰ ਤੇ ਇਸ ਦੀ ਵਰਤੋਂ ਇਮਾਰਤੀ ਲੱਕੜੀ, ਸੈਲੂਲੋਜ਼, ਪਦਾਰਥ, ਬਾਲਣ ਤੇ ਚਾਰਕੋਲ ਲਈ ਕੀਤੀ ਜਾਂਦੀ ਹੈ। ਇਕ ਅਨੁਮਾਨ ਅਨੁਸਾਰ ਟਿੰਬਰ ਲੱਕੜ ਦੀ ਮੰਗ 1980 ਈ. ਵਿਚ 22.90 ਮਿਲੀਅਨ ਘਣ ਮੀ. ਤੱਕ ਰੱਖੀ ਗਈ ਸੀ। ਜੰਗਲਾਂ ਦੇ ਬਹੁਤ ਜ਼ਿਆਦਾ ਕੱਟੇ ਜਾਣ ਨਾਲ ਅਤੇ ਨਵੇਂ ਦਰਖ਼ਤਾਂ ਦੇ ਹੌਲੀ ਹੌਲੀ ਵਧਣ ਨਾਲ ਲੋੜ ਅਤੇ ਸਪਲਾਈ ਵਿਚ ਪਾੜ ਵਧਣ ਦੀ ਸੰਭਾਵਨਾ ਹੋ ਸਕਦੀ ਹੈ, ਜਿਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੰਗਲਾਂ ਤੋਂ ਪ੍ਰਾਪਤ ਹੋਣ ਵਾਲੇ ਸੋਮਿਆਂ ਦੀ ਸੰਭਾਲ ਅਤੇ ਵਰਤੋਂ ਕਿਸੇ ਯੋਗ ਤਰੀਕੇ ਨਾਲ ਕੀਤੀ ਜਾਵੇ ਤਾਂ ਜੋ ਇਨ੍ਹਾਂ ਤੋਂ ਮਿਲਣ ਵਾਲੇ ਆਰਥਿਕ ਅਤੇ ਲੋੜੀਂਦੇ ਸੋਮੇ ਕਾਇਮ ਰਹਿ ਸਕਣ। ਜੰਗਲਾਂ ਤੋਂ ਮਿਲਣ ਵਾਲੀਆਂ ਹੋਰ ਉਪਜਾਂ ਵਿਚ ਜਾਨਵਰ, ਸਬਜ਼ੀਆਂ ਅਤੇ ਖਣਿਜ ਪਦਾਰਥ ਹਨ। ਇਨ੍ਹਾਂ ਵਿਚ ਕੁਝ ਕੁ ਤਾਂ ਬਹੁਤ ਹੀ ਕੀਮਤੀ ਹਨ ਉਦਾਹਰਣ ਵਜੋਂ ਬਾਂਸ, ਲੰਬੇ ਰੇਸ਼ੇਦਾਰ ਪਦਾਰਥ ਦਾ ਇਕੋ ਇਕ ਸੋਮਾ ਹੈ ਜਿਸ ਤੋਂ ਭਾਰਤ ਦੇ ਮੈਦਾਨਾਂ ਵਿਚ ਕਾਗਜ਼ ਬਣਾਇਆ ਜਾਂਦਾ ਹੈ। ਕਈ ਉਪਜਾਂ, ਬਾਹਰਲੇ ਦੇਸ਼ਾਂ ਤੋਂ ਧਨ ਕਮਾਉਣ ਦਾ ਸਾਧਨ ਵੀ ਬਣਦੀਆਂ ਹਨ, ਜਿਵੇਂ ਕਰੋਇਆ-ਗੂੰਦ, ਸੰਦਲ ਦੀ ਲੱਕੜੀ ਅਤੇ ਇਸ ਦਾ ਤੇਲ ਤੇ ਲਾਖ਼ ਆਦਿ, ਚੀਲ੍ਹ ਦੇ ਦਰਖ਼ਤਾਂ ਤੋਂ ਬਰੋਜ਼ਾ ਰੋਜ਼ਿਨ ਅਤੇ ਮੁਸ਼ਕ ਕਾਫ਼ੂਰ ਪ੍ਰਾਪਤ ਕੀਤਾ ਜਾਂਦਾ ਹੈ। ਕਈ ਪ੍ਰਕਾਰ ਦੇ ਰੇਸ਼ੇ ਵੀ

ਦਰਖ਼ਤਾਂ ਤੋਂ ਹੀ ਪ੍ਰਾਪਤ ਕੀਤੇ ਜਾਂਦੇ ਹਨ। ਇਸ ਤਰ੍ਹਾਂ ਫੌਲਸ ਸਿੰਬਲ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਘਾਹ ਦੀਆਂ ਬਹੁਤ ਸਾਰੀਆਂ ਕਿਸਮਾਂ ਵਿਚੋਂ ਬਾਂਸ ਸਭ ਤੋਂ ਪ੍ਰਸਿੱਧ ਹੈ ਜਿਸ ਦੀਆਂ 100 ਜਾਤੀਆਂ ਭਾਰਤੀ ਜੰਗਲਾਂ ਵਿਚ ਪਾਈਆਂ ਜਾਂਦੀਆਂ ਹਨ। ਜੰਗਲਾਂ ਤੋਂ ਹੀ ਕਈ ਪ੍ਰਕਾਰ ਦੀਆਂ ਦਵਾਈਆਂ ਵੀ ਪ੍ਰਾਪਤ ਹੁੰਦੀਆਂ ਹਨ। ਸੁਪ੍ਰਸਿੱਧ ਇਲਾਇਚੀ, ਮਾਲਾਬਾਰ ਅਤੇ ਕਨਾਰਾ ਦੇ ਸਦਾ ਬਹਾਰ ਜੰਗਲਾਂ ਵਿਚ ਬਹੁ-ਸਾਲੀ ਝਾੜੀ ਤੋਂ ਪ੍ਰਾਪਤ ਕੀਤੀ ਜਾਂਦੀ ਹੈ।

**ਜੰਗਲੀ ਜੀਵਨ**—ਜੰਗਲੀ ਜੀਵਨ ਜੰਗਲਾਂ ਦਾ ਇਕ ਅਟੁੱਟ ਹਿੱਸਾ ਹੈ। ਭਾਰਤ ਦੇ ਜੰਗਲੀ ਜੀਵਨ ਵਿਚ ਬੇਹੱਦ ਕੁਦਰਤੀ ਸੁਹੱਪਣ ਅਤੇ ਵੰਨ-ਸੁਵੰਨਤਾ ਭਰੀ ਹੋਈ ਹੈ। ਗੁਜਰਾਤ ਦੇ ਜੰਗਲਾਂ ਵਿਚ ਸ਼ੇਰ ਅਤੇ ਪਤਝੜੀ ਜੰਗਲਾਂ ਵਿਚ ਸਾਂਬਰ ਚੀਤਲ, ਨੀਲਗਾਂ, ਚਿੰਕਾਰਾ ਅਤੇ ਬਲੈਕਬੱਕ ਬਹੁਤ ਜ਼ਿਆਦਾ ਗਿਣਤੀ ਵਿਚ ਮਿਲਦੇ ਹਨ। ਗਰਮ ਜਲਵਾਯੂ ਵਾਲੇ ਜੰਗਲਾਂ ਵਿਚੋਂ ਕਈ ਕਿਸਮ ਦੇ ਸੱਪ ਜਿਵੇਂ ਫਨੀਅਰ, ਕਰੇਟ ਅਤੇ ਅਜਗਰ ਆਦਿ ਮਿਲਦੇ ਹਨ। ਭਾਰਤੀ ਜੰਗਲ ਖ਼ੂਬਸੂਰਤ ਪੰਛੀਆਂ ਨਾਲ ਵੀ ਭਰਪੂਰ ਹਨ। ਜੰਗਲੀ ਜੀਵਨ ਇਕ ਕੌਮੀ ਸਰਮਾਇਆ ਹੈ। ਇਹ ਜਿਥੇ ਖ਼ੂਬਸੂਰਤੀ ਦੇ ਕਲਾਤਮਕ ਸੰਭਵ ਦੀ ਪੂਰਤੀ ਕਰਦਾ ਹੈ ਉਥੇ ਇਹ ਸੈਲਾਨੀ ਵਪਾਰ ਨੂੰ ਵੀ ਵਧਾਉਣ ਲਈ ਮੱਦਦ ਕਰਦਾ ਹੈ (ਵਿਸਥਾਰ ਲਈ ਵੇਖੋ ਜੰਗਲੀ ਜੀਵ ਸੁਰੱਖਿਆ)।

**ਜੰਗਲਾਂ ਦਾ ਪ੍ਰਬੰਧ**—ਜੰਗਲਾਂ ਦਾ ਯੋਗ ਪ੍ਰਬੰਧ ਕਰਨ ਲਈ ਜੰਗਲਾਤ ਦੇ ਮਹਿਕਮੇ ਵਿਚ ਕੰਮ ਕਰਨ ਵਾਲੇ ਹਰੇਕ ਕਾਮੇ ਨੂੰ ਜੰਗਲਾਤ ਦੇ ਸਾਰੇ ਵਿਸ਼ਿਆਂ ਅਤੇ ਇਸ ਨਾਲ ਸਬੰਧਿਤ ਵਿਗਿਆਨਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਜੰਗਲਾਤ ਲਾਉਣ ਵਾਲੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਆਮਦਨ ਦਾ ਇਕ ਸੋਮਾ ਛੱਡ ਜਾਂਦੇ ਹਨ। ਇਸ ਲਈ ਇਨ੍ਹਾਂ ਦੇ ਦੇਖ ਭਾਲ, ਇਨ੍ਹਾਂ ਦੀ ਕਟਾਈ, ਨਵੇਂ ਦਰਖ਼ਤ ਲਗਾਉਣ ਅਤੇ ਇਨ੍ਹਾਂ ਨੂੰ ਕਈ ਤਰ੍ਹਾਂ ਦੇ ਮਾਰੂ ਹਮਲਿਆਂ ਤੋਂ ਬਚਾਉਣਾ ਇਕ ਮੁੱਖ ਕਰੱਤਵ ਬਣ ਜਾਂਦਾ ਹੈ। ਪ੍ਰਬੰਧਕੀ ਪਲਾਨ ਵਿਚ ਇਕ ਸਥਾਨਕ ਕਾਮਾ ਇਕ ਦਸਤਾਵੇਜ਼ ਤੇ ਸਾਰੀ ਪਲਾਨ ਉਲੀਕਦਾ ਹੈ, ਜਿਸ ਵਿਚ ਉਸ ਦੀਆਂ ਲੋੜਾਂ ਜਿਵੇਂ ਵੱਧ ਤੋਂ ਵੱਧ ਉਪਜ ਜੋ ਘੱਟ ਤੋਂ ਘੱਟ ਕੀਮਤ ਤੇ ਪ੍ਰਾਪਤ ਕੀਤੀ ਜਾ ਸਕੇ, ਧਿਆਨ ਗੋਚਰ ਰੱਖੀ ਜਾਂਦੀ ਹੈ। ਜੰਗਲ ਪੂਰੇ ਹੋਣ ਵਿਚ ਬਹੁਤ ਵਰ੍ਹੇ ਲਗ ਜਾਂਦੇ ਹਨ। ਇਸ ਲਈ ਇਹ ਵੀ ਖ਼ਿਆਲ ਰੱਖਿਆ ਜਾਂਦਾ ਹੈ ਕਿ ਕੋਈ ਵੀ ਅਣਗਹਿਲੀ ਆਉਣ ਵਾਲੀ ਉਪਜ ਤੇ ਮਾਰੂ ਅਸਰ ਨਾ ਪਾ ਸਕੇ।

**ਜੰਗਲਾਂ ਦੀ ਸੁਰੱਖਿਆ**—ਜੰਗਲ ਇਕ ਬਹੁਤ ਅਣਮੁੱਲਾ ਧਨ ਹੈ। ਜੇਕਰ ਇਸ ਵੱਲ ਯੋਗ ਧਿਆਨ ਨਾ ਦਿੱਤਾ ਜਾਵੇ ਤਾਂ ਇਹ ਬਹੁਤ ਛੇਤੀ ਖ਼ਤਮ ਜਾਂ ਨਸ਼ਟ ਹੋ ਸਕਦਾ ਹੈ। ਜੰਗਲਾਂ ਨੂੰ ਨੁਕਸਾਨ ਪਹੁੰਚਾਣ ਵਾਲੀਆਂ ਏਜੰਸੀਆਂ ਵਿਚ ਅਣਬੰਧੇਜੀ ਚਰਾਗਾਹੀ, ਜੰਗਲੀ ਜਾਨਵਰਾਂ ਦੁਆਰਾ ਚਰਨਾ, ਕੀੜੇ ਮਕੌੜੇ, ਉੱਲੀਆਂ ਅਤੇ ਅੱਗਾਂ ਦੁਆਰਾ ਛੋਟੇ ਪੌਦਿਆਂ ਦਾ ਨਸ਼ਟ ਹੋ ਜਾਣਾ ਸ਼ਾਮਲ ਹਨ। ਕੁਦਰਤੀ ਬਲਾਵਾਂ ਜਿਵੇਂ ਹਨੇਰੀ, ਬਰਫ਼ ਜਾਂ ਅਸਮਾਨੀ ਬਿਜਲੀ ਤੋਂ ਨੁਕਸਾਨ ਜ਼ਿਆਦਾ ਨਹੀਂ ਹੁੰਦਾ ਪਰ ਹੜ੍ਹ ਜੰਗਲਾਂ ਦਾ ਕਾਫ਼ੀ ਨੁਕਸਾਨ ਕਰ ਜਾਂਦੇ ਹਨ, ਖ਼ਾਸ ਕਰਕੇ ਜੇ ਪਾਣੀ ਛੇਤੀ ਨਾ ਹਟੇ। ਭੋਂ ਦੇ ਖੁਰਨ ਨਾਲ ਵੀ ਜੰਗਲਾਂ ਦਾ ਕਾਫ਼ੀ ਨੁਕਸਾਨ ਹੋ ਜਾਂਦਾ ਹੈ। ਇਨ੍ਹਾਂ ਸਭ ਅਲਾਮਤਾਂ ਤੋਂ ਜੰਗਲਾਂ ਨੂੰ ਬਚਾਉਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ ਜਿਨ੍ਹਾਂ ਦੀ ਜ਼ਿੰਮੇਵਾਰੀ ਪੂਰਨ ਤੌਰ ਤੇ ਜੰਗਲਾਤ ਦੇ ਮਹਿਕਮੇ ਦੀ ਹੁੰਦੀ ਹੈ। ਕਈ ਤਰ੍ਹਾਂ ਦੇ ਕਾਨੂੰਨ ਪਾਸ ਕਰਕੇ ਸਰਕਾਰ ਸਮੇਂ ਸਮੇਂ ਜੰਗਲਾਤ ਦੇ ਅਫ਼ਸਰਾਂ ਨੂੰ ਜੰਗਲਾਂ ਦੀ ਸੁਰੱਖਿਆ ਪ੍ਰਤਿ ਅਧਿਕਾਰ ਦਿੰਦੀ ਹੈ।

**ਜੰਗਲਾਤੀ ਉਦਯੋਗ**—ਜੰਗਲਾਂ ਦੀ ਉਪਜ ਨੂੰ ਸਭ ਤੋਂ ਲਾਭਦਾਇਕ ਤੇ ਯੋਗ ਤਰੀਕੇ ਨਾਲ ਕੱਟਣ ਅਤੇ ਇਨ੍ਹਾਂ ਨੂੰ ਖ਼ਰੀਦਾਰਾਂ ਜਾਂ ਵਰਤਣ ਵਾਲਿਆਂ ਤੱਕ ਬਦਲਣ ਵਿਚ ਜਾਂ ਰੇਸ਼ਮ ਦੇ ਕੀੜੇ ਆਦਿ ਪਾਲਣ ਜਿਹੇ ਉਦਯੋਗ ਬਹੁਤ ਮਹੱਤਵਪੂਰਨ ਹਨ। ਜੰਗਲਾਂ ਤੋਂ ਮਿਲਣ ਵਾਲੀ ਉਪਜ ਨੂੰ ਮਨੁੱਖ ਦੀ ਵਰਤੋਂ ਲਈ ਕਈ ਤਰੀਕਿਆਂ ਨਾਲ ਤਿਆਰ ਕੀਤਾ ਜਾਂਦਾ ਹੈ। ਇਸ ਉਪਜ ਵਿਚ ਪਲਪ, ਕਾਗਜ਼, ਪਲਾਈਵੁੱਡ, ਪਾਰਟੀਕਲ ਬੋਰਡ, ਫਾਈਬਰ ਬੋਰਡ, ਮਾਚਸ, ਬਰੋਜ਼ਾ ਤੇ ਤਾਰਪੀਨ, ਕੱਥਾ, ਲਾਖ, ਸੰਦਲ ਦੀ ਲੱਕੜੀ, ਰੇਲਵੇ ਸਲੀਪਰ, ਟੈਂਡੂ ਲੀਵਜ਼ ਆਦਿ ਸ਼ਾਮਲ ਹਨ। ਭਾਰਤ ਵਿਚ ਪ੍ਰਤੀ ਵਿਅਕਤੀ ਕਾਗਜ਼ ਦੀ ਖ਼ਪਤ 1.4 ਕਿ. ਗ੍ਰਾ. ਹੈ। ਭਾਰਤ ਵਿਚ ਪਲਾਈਵੁੱਡ, ਸਾਗਵਾਨ, ਰੋਜ਼-ਵੁੱਡ, ਅਖਰੋਟ ਅਤੇ ਚੰਪਾ ਆਦਿ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪਾਰਟੀਕਲ ਬੋਰਡ ਵਿਚ ਸ਼ੀਟ ਹੁੰਦੀ ਹੈ ਜੋ ਲੱਕੜੀ ਜਾਂ ਲਿਗਨੋ ਸੈਲੂਲੋਜ਼ਿਕ ਦੇ ਕਣਾਂ ਨੂੰ ਕਿਸੇ ਕਾਰਬਨੀ ਜੋੜਕ ਜਿਵੇਂ ਯੂਰੀਆ ਫ਼ਾਰਮਐਲਡਿਹਾਈਡ ਜਾਂ ਫੀਨੋਲ ਫਾਰਮਐਲਡਿਹਾਈਡ ਬਰੋਜ਼ੇ ਆਦਿ ਨਾਲ ਜੋੜਕੇ ਤਿਆਰ ਕੀਤੀ ਜਾਂਦੀ ਹੈ। ਫਾਈਬਰ ਬੋਰਡ ਰੇਸ਼ੇ ਵਰਗੇ ਪਤਲੇ ਪਦਾਰਥ ਤੋਂ ਤਿਆਰ ਕੀਤਾ ਜਾਂਦਾ ਹੈ। ਭਾਰਤ ਵਿਚ ਇਸ ਬੋਰਡ ਨੂੰ ਤਿਆਰ ਕਰਨ ਵਾਲੀਆਂ ਤਿੰਨ ਫੈਕਟਰੀਆਂ ਹਨ ਜਿਨ੍ਹਾਂ ਦੀ ਕੁੱਲ ਸਮਰੱਥਾ ਲਗਭਗ 40,000 ਮੀ. ਟਨ ਹੈ। ਮਾਚਸ ਬਣਾਉਣ ਵਾਲੇ ਉਦਯੋਗ ਵਿਚ 2.75 ਲੱਖ ਘਣ ਮੀਟਰ ਮਾਚਸ ਲੱਕੜ ਦੀ ਖ਼ਪਤ ਹੁੰਦੀ ਹੈ। ਇਸ ਮੰਤਵ ਲਈ ਜ਼ਿਆਦਾਤਰ ਸਿੰਬਲ ਦੀ ਲੱਕੜ ਵਰਤੀ ਜਾਂਦੀ ਹੈ। ਜਦੋਂ ਚੀੜ੍ਹ ਦੇ ਰੁੱਖਾਂ ਦੀ ਛਿੱਲ ਵਿਚ ਟਕੋਰ ਲਾਈ ਜਾਂਦੀ ਹੈ ਤਾਂ ਇਸ ਵਿਚੋਂ ਰੇਜ਼ਿਨ ਪ੍ਰਾਪਤ ਹੁੰਦਾ ਹੈ ਜਿਸ ਨੂੰ ਕਸ਼ੀਦਣ ਉਪਰੰਤ 25 ਪ੍ਰਤੀਸ਼ਤ ਤਾਰਪੀਨ ਅਤੇ 75 ਪ੍ਰਤੀਸ਼ਤ ਬਰੋਜ਼ਾ ਪ੍ਰਾਪਤ ਹੁੰਦਾ ਹੈ। ਲਾਖ ਕਈ ਪ੍ਰਕਾਰ ਦੇ ਰੁੱਖਾਂ ਉੱਪਰ ਰਹਿਣ ਵਾਲਿਆਂ ਕੀੜਿਆਂ ਰਾਹੀਂ ਪੈਦਾ ਕੀਤੇ ਰਸ ਤੋਂ ਤਿਆਰ ਹੁੰਦੀ ਹੈ। ਭਾਰਤ ਦੁਨੀਆ ਦੀ ਲਾਖ ਦੀ 70 ਪ੍ਰਤੀਸ਼ਤ ਮੰਗ ਪੂਰੀ ਕਰਦਾ ਹੈ। ਸੰਦਲ ਦੀ ਲੱਕੜ ਉਕਰਾਈ ਕਰਨ ਅਤੇ ਇਸ ਤੋਂ ਮਿਲਣ ਵਾਲੇ ਤੇਲ ਲਈ ਦੁਨੀਆ ਭਰ ਵਿਚ ਪ੍ਰਸਿੱਧ ਹੈ। ਭਾਰਤ ਤੋਂ ਲਗਭਗ 1,00,000 ਕਿ. ਗ੍ਰਾ. ਸੰਦਲ ਦੀ ਲੱਕੜ ਬਾਹਰਲੇ ਦੇਸ਼ਾਂ ਨੂੰ ਭੇਜੀ ਜਾਂਦੀ ਹੈ। ਲੱਕੜ ਦੀ ਮਹੱਤਵਪੂਰਨ ਵਰਤੋਂ ਰੇਲਵੇ ਸਲੀਪਰਾਂ ਵਿਚ ਵੀ ਕੀਤੀ ਜਾਂਦੀ ਹੈ। ਵੱਡੀਆਂ ਲਾਈਨਾਂ (ਬਰਾਡ ਗੇਜ) ਲਈ 19 ਪ੍ਰਤੀਸ਼ਤ ਛੋਟੀਆਂ ਲਾਈਨਾਂ (ਮੀਟਰ ਗੇਜ) ਲਈ 17 ਪ੍ਰਤੀਸ਼ਤ ਅਤੇ ਤੰਗ ਲਾਈਨਾਂ (ਨੈਰੋ ਗੇਜ) ਲਈ 72 ਪ੍ਰਤੀਸ਼ਤ ਲੱਕੜ ਖ਼ਪਤ ਹੋ ਜਾਂਦੀ ਹੈ। ਟੈਂਡੂ ਪੱਤੇ ਤੰਬਾਕੂ ਨੂੰ ਲਪੇਟ ਕੇ ਬੀੜੀਆਂ ਬਣਾਉਣ ਵਿਚ ਵਰਤੇ ਜਾਂਦੇ ਹਨ। ਇਹ ਮੱਧ ਪ੍ਰਦੇਸ਼ ਅਤੇ ਉੜੀਸਾ ਰਾਜਾਂ ਵਿਚਲੇ ਜੰਗਲਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ।

ਹ. ਪੁ.-ਐਨ. ਬ੍ਰਿ. 9:613, ਫ਼ਾਰੈੱਸਟਸ ਐਂਡ ਫ਼ਾਰੈਸਟਰੀ -ਕੇ.ਪੀ. ਸੈਗਰੀਆ

**ਜਗਲਾਂ** : ਇਹ ਕਰਨਾਲ ਜ਼ਿਲ੍ਹੇ ਵਿਚ ਵੱਸੇ ਹੋਏ ਜਾਟਾਂ ਦਾ ਇਕ ਗੋਤ ਹੈ। ਜਗਲਾਂ ਇਨ੍ਹਾਂ ਦਾ ਵੱਡ-ਵਡੇਰਾ ਸੀ ਜਿਹੜਾ ਜੈਪੁਰ ਦਾ ਜੰਮਪਲ ਸੀ। ਇਸਰਾਨਾ ਵਿਖੇ 'ਜਗਲਾਂ' ਦਾ ਇਕ ਮੰਦਰ ਬਣਿਆ ਹੋਇਆ ਹੈ ਜਿਥੇ ਜਾ ਕੇ ਜਗਲਾਂ ਗੋਤ ਦੇ ਮੁੱਢਲੇ ਬਾਰਾਂ ਦੇ ਬਾਰਾਂ ਪਿੰਡ ਜਾਂ ਕੁੱਲ ਥਾਪਾ ਆਪਣੇ ਪਿੱਤਰ ਦੀ ਪੂਜਾ ਕਰਦੇ ਹਨ। ਇਨ੍ਹਾਂ 12 ਪਿੰਡਾਂ ਨੂੰ ਸਮੁੱਚੇ ਰੂਪ ਵਿਚ ਨੌਲਥਾ ਦਾ ਬਾਰ੍ਹਾ ਵੀ ਕਹਿੰਦੇ ਹਨ। ਇਹ ਲੋਕ ਆਪਣੇ ਪਿੱਤਰ ਦੀ ਪੂਜਾ ਆਪਣੇ ਪਿੰਡ ਦੇ ਮੰਦਰ ਵਿਚ ਵੀ ਕਰਦੇ ਹਨ। ਜਿਸਨੂੰ ਦੇਹ ਕਹਿੰਦੇ ਹਨ। ਇਸ ਮੰਦਰ ਦੇ ਆਲੇ-ਦੁਆਲੇ ਹਮੇਸ਼ਾ ਕੈਮ ਦੇ ਦਰਖ਼ਤਾਂ ਦਾ ਝੁਰਮਟ ਉਗਾਇਆ ਜਾਂਦਾ ਹੈ। ਜਗਲਾਂ ਦੇ ਘਰ ਵਿਆਹੀ ਹਰ ਵਹੁਟੀ ਕਿਸੇ ਵੀ ਕੈਮ ਦੇ ਦਰਖ਼ਤ ਦੇ ਕੋਲੋਂ ਦੀ ਲੰਘਣ ਸਮੇਂ ਆਪਣੇ ਸਹੁਰਿਆਂ ਦਾ ਵਡੇਰਾ ਸਮਝ ਕੇ ਘੁੰਡ ਕੱਢਦੀ ਹੈ।

ਜੀਂਦ ਦੇ ਜਗਲਾਂ ਗੋਤੀ ਆਪਣੇ ਆਪ ਨੂੰ ਹਿਸਾਰ ਦੇ ਜਗਲਾਂ ਦੇ ਸੰਸਥਾਪਕ ਜਾਗੂ ਦੀ ਸੰਤਾਨ ਕਹਾਉਂਦੇ ਹਨ।

ਹ. ਪੁ.-ਗਲਾ. ਟ੍ਰਾ. ਕਾ. 2: 339

**ਜੰਗਲੀ ਜੀਵ–ਸੁਰੱਖਿਆ** : ਸੁਰੱਖਿਆ ਤੋਂ ਭਾਵ ਕੁਦਰਤੀ ਾਰਾਂ ਦੀ ਨਾ ਕੇਵਲ ਰੱਖਿਆ ਤੇ ਸੰਭਾਲ ਹੈ ਸਗੋਂ ਉਨ੍ਹਾਂ ਦਾ ਸੁਚੱਜਾ ਤੇਮਾਲ ਵੀ ਕਰਨਾ ਹੈ। ਜੰਗਲੀ ਜੀਵ ਸੁਰੱਖਿਆ ਤੋਂ ਅਰਥ ਜੀਵਾਂ ਵਿਸਤ੍ਰਿਤ ਗਰੁੱਪ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ। ਇਸ ਗਰੁੱਪ ; ਥਣਧਾਰੀ ਪ੍ਰਾਣੀ, ਪੰਛੀ, ਮੱਛੀਆਂ, ਰੀਂਗਣੇ ਪ੍ਰਾਣੀ, ਜਲ-ਥਲੀ ਣ, ਆਰਥ੍ਰੋਪੋਡ (ਜਿਵੇਂ ਲੋਬਸਟਰ) ਅਤੇ ਮੋਲਸਕ (ਜਿਵੇਂ ਸਿੱਪੀਆਂ) ! ਪੌਦੇ ਵੀ ਸ਼ਾਮਲ ਹਨ।

ਜਿਉਂ ਜਿਉਂ ਮਨੁੱਖ ਨੇ ਆਪਣੇ ਵਾਤਾਵਰਣ ਨੂੰ ਕੰਟਰੋਲ ਕਰਨਾ ਖਿਆ, ਉਸ ਨੇ ਪ੍ਰਾਣੀਆਂ ਅਤੇ ਪੌਦਿਆਂ ਦੇ ਕੁਦਰਤੀ ਸਮੂਹਾਂ ਦੇ ਲਨ ਵਿਚ ਵਿਘਨ ਪਾ ਦਿੱਤਾ। ਅਜਿਹਾ ਉਸ ਨੇ ਉਨ੍ਹਾਂ ਦੇ ਨਿਵਾਸ ਾਨਾਂ ਨੂੰ ਨਸ਼ਟ ਕਰਕੇ ਅਤੇ ਕਈ ਜਾਤੀਆਂ ਨੂੰ ਬਿਲਕੁਲ ਖ਼ਤਮ ਕਰ : ਨਾਲ ਕੀਤਾ। ਪਿਛਲੇ 2,000 ਸਾਲਾਂ ਵਿਚ ਸੰਸਾਰ ਵਿਚ ਸਿਰਫ਼ ਧਾਰੀ ਪ੍ਰਾਣੀਆਂ ਦੀਆਂ ਕੋਈ 106 ਕਿਸਮਾਂ (ਜਾਤੀਆਂ ਅਤੇ ਉਪ ਤੀਆਂ) ਲੁਪਤ ਹੋ ਚੁੱਕੀਆਂ ਹਨ। ਇਨ੍ਹਾਂ ਦਾ ਤਕਰੀਬਨ ਦੋ- ਤਿਹਾਈ ਜਾ 19ਵੀਂ ਸਦੀ ਦੇ ਮੱਧ ਤੋਂ ਅਤੇ ਬਹੁਤੀਆਂ 20 ਵੀ ਸਦੀ ਦੇ ਸ਼ੁਰੂ ਲੁਪਤ ਹੋ ਰਹੀਆਂ ਹਨ। ਇਨ੍ਹਾਂ ਲੁਪਤ ਹੋ ਚੁੱਕੇ ਪ੍ਰਾਣੀਆਂ ਤੋਂ ਇਲਾਵਾ ਣੀਆਂ ਅਤੇ ਪੌਦਿਆਂ ਦੀਆਂ ਬਹੁਤੀਆਂ ਹੋਰ ਕਿਸਮਾਂ ਵੀ ਲੁਪਤ ਹੋ ਿਆਂ ਹਨ ਜਾਂ ਉਨ੍ਹਾਂ ਨੂੰ ਅਜਿਹਾ ਖ਼ਤਰਾ ਬਣਿਆ ਹੋਇਆ ਹੈ। ਸਿਰਫ਼ ਜਾਇੰਬ ਘਰਾਂ ਵਿਚ ਮਰੇ ਹੋਏ ਜੀਵਾਂ ਜਾਂ ਚਿੜੀਆ ਘਰਾਂ ਵਿਚ ਬੰਦ ਕੇ ਰਖੇ ਜਾਨਵਰਾਂ ਨਾਲ ਹੀ ਕੰਮ ਨਹੀਂ ਸਰਦਾ ਸਗੋਂ ਹਰੇਕ ਪ੍ਰਾਣੀ ਪਣੇ ਕੁਦਰਤੀ ਵਾਤਾਵਰਣ ਵਿਚ ਹੀ ਵਿਚਰਦਾ ਚੰਗਾ ਲਗਦਾ ਹੈ ਤੇ ਉਥੇ ਹੀ ਉਹੀ ਚੰਗੀ ਤਰ੍ਹਾਂ ਵੱਧ ਫੁਲ ਸਕਦਾ ਹੈ।

ਜੰਗਲੀ ਜੀਵ ਸੁਰੱਖਿਆ ਦਾ ਸੰਕਲਪ ਤਿੰਨ ਸਟੇਜਾਂ ਵਿਚ ਕਸਿਤ ਹੁੰਦਾ ਹੈ–(1) ਨਿੱਜੀ ਪੱਧਰ ਤੇ ਹਰੇਕ ਜਾਤੀ ਨੂੰ, ਖ਼ਾਸ ਤੌਰ ਸ਼ਿਕਾਰ ਕੀਤੀਆਂ ਜਾਣ ਵਾਲੀਆਂ ਕਿਸਮਾਂ ਨੂੰ ਸੁਰੱਖਿਆ ਪ੍ਰਦਾਨ ਨਾ, (2) ਇਨ੍ਹਾਂ ਦੇ ਨਿਵਾਸ ਸਥਾਨਾਂ ਦੀ ਰੱਖਿਆ, ਅਤੇ (3) ਗਿਆਨਕ ਸੁਰੱਖਿਆ, ਜਿਸ ਦਾ ਮਤਲਬ ਹੈ ਨਿਵਾਸ-ਸਥਾਨਾਂ ਦੀ ਵ ਵਿਗਿਆਨਕ ਪ੍ਰਫੁਲਤਾ ਨੂੰ ਕਾਇਮ ਰੱਖਣਾ ਤੇ ਵਧਾਉਣਾ।

ਜੰਗਲੀ ਜੀਵਾਂ ਨੂੰ ਦੋ ਮੁੱਖ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਇਕ ਵਿਚ ਸ਼ਿਕਾਰ ਕੀਤੀਆਂ ਜਾਣ ਵਾਲੀਆਂ ਕਿਸਮਾਂ ਨੂੰ ਅੱਗੋਂ ਵੱਡੇ ਧਾਰੀ ਪ੍ਰਾਣੀ, ਛੋਟੇ ਥਣਧਾਰੀ ਪ੍ਰਾਣੀ, ਫ਼ਰ ਵਾਲੇ ਪ੍ਰਾਣੀ, ਪਹਾੜੀ ਗੀ, ਬੇਲਿਆਂ ਦੇ ਪੰਛੀ ਅਤੇ ਪਾਣੀ ਵਿਚ ਰਹਿਣ ਵਾਲੀਆਂ ਬਤੱਖਾਂ, ਰਗਾਬੀਆਂ ਆਦਿ ਵਿਚ ਵੰਡਿਆ ਜਾਂਦਾ ਹੈ। ਦੂਜੇ ਗਰੁੱਪ ਵਿਚ ਉਹ ਧਾਰੀ ਪ੍ਰਾਣੀ ਅਤੇ ਪੰਛੀ ਆਉਂਦੇ ਹਨ, ਜਿਨ੍ਹਾਂ ਦੀ ਸ਼ਿਕਾਰ ਦੇ ਪੱਖੋਂ ਤੀ ਮਹੱਤਤਾ ਨਹੀਂ।

ਜੰਗਲੀ ਜੀਵ, ਮਨੁੱਖ ਦੀ ਕਈ ਤਰ੍ਹਾਂ ਨਾਲ ਮੱਦਦ ਵੀ ਕਰਦੇ ! ਹਨ। ਉਦ ਬਿਲਾਵ ਤੋਂ ਬਹੁਤ ਕੀਮਤੀ ਫ਼ਰ ਪ੍ਰਾਪਤ ਹੁੰਦੀ ਹੈ। ਰਨਾ ਭੈਂਸਾ ਤੋਂ ਬਹੁਤੇ ਲੋਕ ਕੁੱਲੀ, ਗੁੱਲੀ ਅਤੇ ਜੁੱਲੀ ਦੀਆਂ ਲੋੜਾਂ ਗੀਆਂ ਕਰਦੇ ਹਨ। ਅਸੰਖਾਂ ਪੰਛੀਆਂ ਨੂੰ ਉਨ੍ਹਾਂ ਦੇ ਖੰਭ ਪ੍ਰਾਪਤ ਕਰਨ ਤੀ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਕਈਆਂ ਤੋਂ ਅੰਡੇ ਪ੍ਰਾਪਤ ਕੀਤੇ ਦੇ ਰਹੇ ਹਨ। ਇਸੇ ਤਰ੍ਹਾਂ ਕਬੂਤਰ, ਬਟੇਰੇ, ਬੱਤਖਾਂ, ਮੁਰਗਾਬੀਆਂ ਾਦਿ ਦਾ ਸ਼ਿਕਾਰ ਮਾਰਕੀਟ ਵਿਚ ਇਨ੍ਹਾਂ ਦੀ ਮਹੱਤਤਾ, ਕਰਕੇ ਕੀਤਾ ਦਾ ਰਿਹਾ ਹੈ। ਸ਼ਿਕਾਰ ਮਨੁੱਖ ਦੇ ਮਨ ਪਰਚਾਵੇ ਦਾ ਵੀ ਇਕ ਸਾਧਨ

ਕੁਦਰਤ ਦਾ ਇਕੱਲੋਜੀਕਲ (ਪਰਿਸਥਿਤਿਕ) ਸੰਤੁਲਨ ਰੱਖਣ ਚ ਵੀ ਜੰਗਲੀ ਜੀਵ ਬਹੁਤ ਮਹੱਤਵਪੂਰਨ ਹਿੱਸਾ ਪਾਉਂਦੇ ਹਨ। ਜਦੋਂ ਸੇ ਥਾਂ ਤੋਂ ਸ਼ਿਕਾਰਖੋਰ ਪਸ਼ੂ ਪੰਛੀ ਮਾਰ ਦਿੱਤੇ ਜਾਣ ਤਾਂ ਉਸ ਖੇਤਰ ਚ ਕਈ ਅਜਿਹੀਆਂ ਹਾਨੀਕਾਰਕ ਕਿਸਮਾਂ (ਜਿਵੇਂ ਕੁਤਰਨ ਪ੍ਰਾਣੀ) ਦੀ ਗਿਣਤੀ ਬਹੁਤ ਵੱਧ ਜਾਵੇਗੀ ਜਿਨ੍ਹਾਂ ਉੱਤੇ ਪਹਿਲਾਂ ਉੱਪਰੋਕਤ ਜੀਵ ਆਹਾਰ ਕਰਦੇ ਰਹੇ ਹੋਣ। ਕਈ ਪੰਛੀ ਨਦੀਨਾਂ ਦੇ ਬੀਜਾਂ ਅਤੇ ਕਈ ਹਾਨੀਕਾਰਕ ਕੀੜਿਆਂ ਉੱਤੇ ਆਹਾਰ ਕਰਦੇ ਹਨ। ਕਈ ਪਸ਼ੂ ਅਤੇ ਪੰਛੀ ਪੌਦਿਆਂ ਦੇ ਬੀਜਾਂ ਅਤੇ ਨਟਾਂ ਦੇ ਪਸਾਰ ਵਿਚ ਵੀ ਸਹਾਇਤਾ ਕਰਦੇ ਹਨ।

**ਸੁਰੱਖਿਆ ਔਕੜਾਂ**—ਜੰਗਲੀ ਜੀਵਾਂ ਅਤੇ ਪੰਛੀਆਂ ਦੇ ਲੁਪਤ ਹੋਣ ਦੇ ਕਈ ਕਾਰਨਾਂ ਵਿਚੋਂ ਮੁੱਖ ਦੋ ਹਨ, ਇਕ ਤਾਂ ਅਨੁਕੂਲ ਵਾਤਾਵਰਣ ਦਾ ਖ਼ਤਮ ਹੋਣਾ ਅਤੇ ਜੰਗਲਾਂ, ਦਲਦਲਾਂ ਅਤੇ ਹਰੇ ਭਰੇ ਮੈਦਾਨਾਂ ਦਾ ਮਨੁੱਖ ਦੁਆਰਾ ਖ਼ਤਮ ਕਰਨਾ (ਜਿਵੇਂ ਕਿ ਬੀੜ ਦੀਆਂ ਮੁਰਗੀਆਂ ਅਤੇ ਦੰਦ ਖੰਡੀ ਚੁੰਝ ਵਾਲੇ ਕਠਫੋੜੇ ਉਨ੍ਹਾਂ ਦੇ ਵਾਤਾਵਰਣ ਵਿਚ ਤਬਦੀਲੀ ਹੋਣ ਕਰਕੇ ਲੁਪਤ ਹੋ ਗਏ ਹਨ) ਤੇ ਦੂਜਾ ਕਾਰਨ ਜ਼ਿਆਦਾ ਸ਼ਿਕਾਰ ਕਰਕੇ ਜਾਂ ਫੜ ਕੇ ਕਿਸੇ ਜਾਤੀ ਨੂੰ ਖ਼ਤਮ ਕਰ ਦੇਣਾ ਹੈ। ਮੱਝਾਂ ਦੇ ਵੱਗ ਅਤੇ ਭੂਰੇ ਰੰਗ ਦੇ ਵੱਡੇ ਰਿੱਛ ਜ਼ਿਆਦਾ ਸ਼ਿਕਾਰ ਰਾਹੀਂ ਖ਼ਤਮ ਹੋ ਗਏ ਅਤੇ ਉਦ ਬਿਲਾਵ ਜ਼ਿਆਦਾ ਪਕੜਨ ਕਰਕੇ ਘੱਟ ਗਏ ਹਨ।

ਜੰਗਲੀ ਜੀਵ-ਸੁਰੱਖਿਆ ਬਾਰੇ ਸਿੱਖਿਆ ਦੇਣ ਦਾ ਕੰਮ ਵੱਖ ਵੱਖ ਦੇਸ਼ਾਂ ਵਿਚ ਵੱਖ ਵੱਖ ਤਰੀਕਿਆਂ ਨਾਲ ਹੁੰਦਾ ਹੈ।

**ਜੰਗਲੀ ਜੀਵ ਅਤੇ ਆਧੁਨਿਕ ਸਮਾਜ**—ਜੰਗਲੀ ਜੀਵਨ ਦੇ ਮਨੁੱਖ ਨੂੰ ਕਈ ਲਾਭ ਹਨ ਜਿਵੇਂ ਕੁਦਰਤ ਦਾ ਅਧਿਐਨ ਕਰਨਾ, ਮਨੋਰੰਜਨ ਲਈ ਸ਼ਿਕਾਰ ਖੇਡਣਾ, ਮੱਛੀਆਂ ਪਕੜਨਾ, ਫ਼ੋਟੋਗ੍ਰਾਫ਼ੀ ਕਰਨੀ ਅਤੇ ਕੁਦਰਤੀ ਨਜ਼ਾਰਿਆਂ ਵਿਚ ਦਿਲ ਬਹਿਲਾਉਣਾ। ਇਸ ਕੰਮ ਲਈ ਕੁਦਰਤ ਦੇ ਕਾਦਰਾਂ, ਸੈਲਾਨੀਆਂ ਅਤੇ ਸ਼ਿਕਾਰੀਆਂ ਲਈ ਬੀੜਾਂ, ਨੈਸ਼ਨਲ ਪਾਰਕ ਅਤੇ ਜੰਗਲੀ ਜੀਵਨ ਦੇ ਵਿਗਿਆਨਕ ਅਧਿਐਨ ਲਈ ਕੁਦਰਤੀ ਸੁਰੱਖਿਆ ਸਾਧਨ ਹਨ ਪਰ ਬਹੁਤ ਜ਼ਿਆਦਾ ਸ਼ਿਕਾਰ ਜਾਂ ਮੱਛੀਆਂ ਪਕੜਣ ਦੇ ਸ਼ੌਕ ਪੂਰੇ ਕਰਨ ਕਾਰਨ ਜੀਵਾਂ ਦੀਆਂ ਕਈ ਕਿਸਮਾਂ ਬਿਲਕੁਲ ਲੁਪਤ ਹੀ ਹੋ ਗਈਆਂ ਹਨ।

**ਸ਼ਿਕਾਰ ਦਾ ਪ੍ਰਬੰਧ**—ਸ਼ਿਕਾਰ ਦਾ ਪ੍ਰਬੰਧ ਜਾਂ ਗੇਮ ਮੈਨੇਜਮੈਂਟ ਇਕ ਅਜਿਹੀ ਕਲਾ ਹੈ ਜਿਸ ਰਾਹੀਂ ਕਿਸੇ ਥਾਂ ਤੇ ਉੱਨੀ ਮਾਤਰਾ ਵਿਚ ਸ਼ਿਕਾਰ ਕੀਤੇ ਜਾਣ ਵਾਲੇ ਪਸ਼ੂ ਪੰਛੀ ਪੈਦਾ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਮਨ ਪਰਚਾਵੇ ਲਈ ਸ਼ਿਕਾਰ ਕੀਤਾ ਜਾ ਸਕੇ ਅਤੇ ਉਹ ਬਿਲਕੁਲ ਖ਼ਤਮ ਵੀ ਨਾ ਹੋਣ। ਕੁਝ ਖ਼ਾਸ ਰੁੱਤਾਂ ਅਤੇ ਦਿਨਾਂ ਲਈ ਉਨ੍ਹਾਂ ਪਸ਼ੂ ਪੰਛੀਆਂ ਦੇ ਸ਼ਿਕਾਰ ਦੀ ਮਨਾਹੀ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਪ੍ਰਜਣਨ ਹੋ ਰਿਹਾ ਹੋਵੇ, ਇਸ ਕੰਮ ਲਈ ਤਜਰਬੇਕਾਰ ਜੀਵ-ਵਿਗਿਆਨੀ ਰੱਖੇ ਜਾਂਦੇ ਹਨ ਜਿਹੜੇ ਉਸ ਮਿੱਟੀ ਦੇ ਉਪਜਾਊਪਣ ਦੀ ਜਾਂਚ ਕਰ ਸਕਣ, ਜਿਸਦਾ ਅਸਰ ਉਨ੍ਹਾਂ ਪ੍ਰਾਣੀਆਂ ਦੀ ਖ਼ੁਰਾਕ ਤੇ ਪੈਂਦਾ ਹੈ।

**ਸ਼ਿਕਾਰ ਦੀਆਂ ਕਿਸਮਾਂ**—ਸ਼ਿਕਾਰ ਕਰਨ ਵਾਲੀਆਂ ਕਿਸਮਾਂ ਦੀ ਕਈ ਤਰ੍ਹਾਂ ਨਾਲ ਸ਼੍ਰੇਣੀ-ਵੰਡ ਕੀਤੀ ਜਾਂਦੀ ਹੈ ਜਿਵੇਂ ਪ੍ਰਵਾਸੀ ਅਤੇ ਸਥਾਨਕ (ਵਾਸੀ) ਕਿਸਮਾਂ ਦੇ ਆਧਾਰ ਤੇ ਜਾਂ ਉਨ੍ਹਾਂ ਦੇ ਨਿਵਾਸ-ਸਥਾਨਾਂ ਦੇ ਅਧਾਰ ਤੇ। ਨਿਵਾਸ-ਸਥਾਨਾਂ ਦੇ ਅਧਾਰ ਤੇ ਇਨ੍ਹਾਂ ਪ੍ਰਾਣੀਆਂ ਨੂੰ ਕਈ ਗਰੁੱਪਾਂ ਵਿਚ ਵੰਡਿਆ ਗਿਆ ਹੈ, ਜਿਵੇਂ ਪਹਾੜਾਂ ਤੇ ਮਿਲਣ ਵਾਲੇ ਪ੍ਰਾਣੀ (ਗਲਹਿਰੀ, ਖ਼ਰਗੋਸ਼, ਬਟੇਰਾ, ਤਿੱਤਰ, ਚਕੋਰ ਆਦਿ); ਜੰਗਲਾਂ ਵਿਚ ਮਿਲਣ ਵਾਲੇ ਪ੍ਰਾਣੀ (ਹਿਰਨ, ਰਿੱਛ, ਟਰਕੀ, ਵਣ-ਤਿੱਤਰ ਆਦਿ); ਉਜਾੜਾਂ (ਬੀਆਬਾਨ) ਵਿਚ ਮਿਲਣ ਵਾਲੇ ਪ੍ਰਾਣੀ (ਬਾਰਾਂਸਿੰਗਾ, ਰੇਂਡੀਅਰ ਆਦਿ) ਅਤੇ ਪ੍ਰਵਾਸੀ ਪੰਛੀ (ਬੱਤਖਾਂ, ਮੁਰਗਾਬੀਆਂ, ਹੰਸ ਆਦਿ)।

**ਪੰਛੀਆਂ ਦੀ ਸੁਰੱਖਿਆ**—ਪੰਛੀਆਂ ਦੀ ਸੁਰੱਖਿਆ ਕਈ ਮਨੋਰਥਾਂ ਕਰਕੇ ਸ਼ੁਰੂ ਹੋਈ ਹੈ ਜਿਵੇਂ ਖਾਣ ਜਾਂ ਸ਼ਿਕਾਰ ਆਦਿ ਲਈ ਅਤੇ ਖੇਤੀਬਾੜੀ ਲਈ ਫ਼ਾਇਦੇਮੰਦ ਪੰਛੀਆਂ ਦੀ ਗਿਣਤੀ ਵਧਾਉਣਾ। ਉਨ੍ਹੀਵੀਂ ਸਦੀ ਦੇ ਮੱਧ ਤੋਂ ਪੰਛੀਆਂ ਨੂੰ ਮਾਰਨ ਜਾਂ ਪਿੰਜਰੇ ਵਿਚ ਪਾਉਣ ਆਦਿ ਵਰਗੇ ਜ਼ੁਲਮਾਂ ਵਿਰੁੱਧ ਅਤੇ ਪੰਛੀਆਂ ਲਈ (ਖ਼ਾਸ ਕਰਕੇ ਗਾਉਣ

ਵਾਲੇ ਪੰਛੀਆਂ ਲਈ) ਲੋਕਾਂ ਦੀਆਂ ਭਾਵਨਾਵਾਂ ਜਾਗਰਤ ਕਰਕੇ ਇਸ ਕੰਮ ਨੂੰ ਉਤਸ਼ਾਹ ਮਿਲਿਆ ਹੈ।

ਜੰਗਲੀ ਜੀਵਾਂ ਵਿਚੋਂ ਪੰਛੀਆਂ ਦੀ ਸੁਰੱਖਿਆ ਦੇ ਕੰਮ ਨੂੰ ਬਹੁਤ ਮਹੱਤਤਾ ਮਿਲੀ ਹੈ। ਇਨ੍ਹਾਂ ਦੀ ਸੁਰੱਖਿਆ ਸਬੰਧੀ ਵੱਖ ਵੱਖ ਦੇਸ਼ਾਂ ਵਿਚ ਵੱਖ ਵੱਖ ਕਾਨੂੰਨ ਵੀ ਪਾਸ ਕੀਤੇ ਹੋਏ ਹਨ। ਅੰਤਰ-ਰਾਸ਼ਟਰੀ ਪੱਧਰ ਤੇ ਵੀ ਇਨ੍ਹਾਂ ਨੂੰ ਸੁਰੱਖਿਆ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

**ਪੰਛੀਆਂ ਦੇ ਅਸਥਾਈ ਪੜਾਵਾਂ ਦੀ ਚੋਣ ਅਤੇ ਪ੍ਰਬੰਧ**—ਪੰਛੀਆਂ ਲਈ ਇਨ੍ਹਾਂ ਪੜਾਵਾਂ ਦੀ ਚੋਣ ਕਈ ਮੰਤਵਾਂ ਲਈ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਪ੍ਰਜਣਨ ਸਮੇਂ, ਪ੍ਰਵਾਸ ਸਮੇਂ, ਰਸਤੇ ਵਿਚ ਅਟਕਣ ਲਈ ਜਾਂ ਸਰਦੀਆਂ ਦੇ ਟਿਕਾਣਿਆਂ ਤੇ ਪਿੱਛਾ ਕਰਨ ਜਾਂ ਬੇਚੈਨ ਕਰਨ ਤੋਂ ਰੱਖਿਆ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਕਈ ਵਾਰੀ ਇਨ੍ਹਾਂ ਲਈ ਬਣਾਉਟੀ ਨਿਵਾਸ ਸਥਾਨ ਬਣਾ ਕੇ ਇਨ੍ਹਾਂ ਨੂੰ ਉਨ੍ਹਾਂ ਥਾਵਾਂ ਤੇ ਵੀ ਲਿਜਾਇਆ ਜਾਂਦਾ ਹੈ ਜਿਥੇ ਪਹਿਲਾਂ ਇਹ ਨਹੀਂ ਹੁੰਦੇ ਸਨ ਅਤੇ ਉਥੇ ਲੋਕਾਂ ਨੂੰ ਜੰਗਲੀ ਜੀਵਨ ਨੂੰ ਕਾਫ਼ੀ ਨਜ਼ਦੀਕ ਤੋਂ ਵੇਖਣ ਦਾ ਮੌਕਾ ਮਿਲਦਾ ਹੈ। ਖੋਜੀਆਂ, ਫ਼ੋਟੋਗ੍ਰਾਫ਼ਰ ਅਤੇ ਪੰਛੀਆਂ ਦੀ ਆਵਾਜ਼ ਰਿਕਾਰਡ ਕਰਨ ਵਾਲਿਆਂ ਲਈ ਵੀ ਪ੍ਰਬੰਧ ਕੀਤਾ ਜਾਂਦਾ ਹੈ ਪਰ ਨਾਲ ਦੀ ਨਾਲ ਇਨ੍ਹਾਂ ਪੰਛੀਆਂ ਦੀ ਸੁਰੱਖਿਆ ਦਾ ਧਿਆਨ ਵੀ ਪੂਰਾ ਰੱਖਿਆ ਜਾਂਦਾ ਹੈ।

ਪੰਛੀਆਂ ਦੇ ਇਨ੍ਹਾਂ ਅੱਡਿਆਂ ਦੀ ਰੱਖਿਆ ਦਾ ਪ੍ਰਬੰਧ ਕਈ ਸੁਸਾਇਟੀਆਂ ਵੀ ਕਰਦੀਆਂ ਹਨ ਪਰ ਕੇਂਦਰੀ ਅਤੇ ਸਥਾਨਕ ਸਰਕਾਰਾਂ ਅਤੇ ਕਈ ਹੋਰ ਏਜੰਸੀਆਂ ਵੀ ਇਹ ਪ੍ਰਬੰਧ ਕਰਦੀਆਂ ਹਨ।

## ਸਮੁੰਦਰੀ ਪ੍ਰਾਣੀਆਂ ਅਤੇ ਮੱਛੀਆਂ ਦੀ ਸੁਰੱਖਿਆ

ਸਿਰਫ਼ ਤੱਟੀ ਇਲਾਕਿਆਂ ਨੂੰ ਛੱਡ ਕੇ ਸਮੁੰਦਰ ਸਭ ਦੇਸ਼ਾਂ ਦੇ ਸਾਂਝੇ ਹਨ ਅਤੇ ਇਸ ਕਰਕੇ ਸਮੁੰਦਰੀ ਮੱਛੀਆਂ ਦੀ ਸੁਰੱਖਿਆ ਦਾ ਕੰਮ ਅੰਤਰ-ਰਾਸ਼ਟਰੀ ਸਮਝੌਤੇ ਨਾਲ ਹੋ ਸਕਦਾ ਹੈ, ਪਰ ਜਦੋਂ ਜ਼ਿਆਦਾ ਸਰਕਾਰਾਂ ਨੇ ਸਾਂਝਾਂ ਕੰਮ ਕਰਨਾ ਹੋਵੇ ਤਾਂ ਸੁਰੱਖਿਆ ਦੇ ਕੰਮ ਵਿਚ ਜ਼ਿਆਦਾ ਔਕੜਾਂ ਪੇਸ਼ ਆਉਂਦੀਆਂ ਹਨ। ਅੰਤਰ-ਰਾਸ਼ਟਰੀ ਪੱਧਰ ਤੇ ਸੁਰੱਖਿਆ ਵੇਲ੍ਹ, ਸੀਲ, ਹੋਰ ਸਮੁੰਦਰੀ ਥਣਧਾਰੀ ਪ੍ਰਾਣੀਆਂ, ਲੂਣੇ ਪਾਣੀ ਦੀਆਂ ਮੱਛੀਆਂ ਤੇ ਅਲੂਣੇ ਪਾਣੀ ਦੀਆਂ ਮੱਛੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ।

**ਵੇਲ੍ਹ**—ਇਨ੍ਹਾਂ ਦੀ ਪ੍ਰਜਣਨ ਦਰ ਬਹੁਤ ਘੱਟ ਹੋਣ ਕਰਕੇ ਇਨ੍ਹਾਂ ਪ੍ਰਾਣੀਆਂ ਦੇ ਲੁਪਤ ਹੋਣ ਦਾ ਡਰ ਬਹੁਤ ਜ਼ਿਆਦਾ ਹੈ। ਇਹ ਪ੍ਰਾਣੀ ਇਕ-ਇਕ ਜਾਤੀ ਕਰਕੇ, ਵੱਖ ਵੱਖ ਖੇਤਰਾਂ ਵਿਚੋਂ ਲਗਾਤਾਰ ਲੁਪਤ ਹੁੰਦੇ ਆ ਰਹੇ ਹਨ ਪਰ ਇਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਵੀ ਮੁਸ਼ਕਲ ਕੰਮ ਹੈ। ਦੱਖਣੀ ਹਿਮ ਮਹਾਂਸਾਗਰ ਵਿਚ ਬੈਲੀਨ ਵੇਲ੍ਹਾਂ ਦੇ ਬਿਲਕੁਲ ਖ਼ਤਮ ਹੋ ਜਾਣ ਤੇ ਵੱਖ-ਵੱਖ ਦੇਸ਼ਾਂ ਨੇ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਇਨ੍ਹਾਂ ਦੇ ਬਚਾਉ ਲਈ ਕਈ ਫ਼ੈਸਲੇ ਕੀਤੇ ਗਏ ਹਨ। ਇੰਟਰਨੈਸ਼ਨਲ ਵੇਲ੍ਹਿੰਗ ਕਮਿਸ਼ਨ (I.W.C) ਬਣਾਇਆ ਗਿਆ ਜਿਹੜਾ ਇਨ੍ਹਾਂ ਦੀ ਸੁਰੱਖਿਆ ਸਬੰਧੀ ਫ਼ੈਸਲੇ ਕਰਦਾ ਹੈ।

ਇਨ੍ਹਾਂ ਪ੍ਰਾਣੀਆਂ ਨੂੰ ਸੁਰੱਖਿਅਤ ਰੱਖਣ ਦੇ ਕਈ ਤਰੀਕੇ ਹਨ ਜਿਵੇਂ ਕੁਝ ਜਾਤੀਆਂ ਨੂੰ ਪੂਰੀ ਤਰ੍ਹਾਂ ਸੁਰੱਖਿਆ ਪ੍ਰਦਾਨ ਕਰਨੀ, ਇਨ੍ਹਾਂ ਦੇ ਬੱਚਿਆਂ ਅਤੇ ਦੁੱਧ ਚੁੰਘਾਉਂਦੀਆਂ ਮਾਦਾ ਦੀ ਰੱਖਿਆ, ਸੁਰੱਖਿਅਤ ਖੇਤਰ ਬਣਾਉਣੇ, ਮਰੇ ਹੋਏ ਪ੍ਰਾਣੀਆਂ ਦਾ ਨਿਰੀਖਣ ਕਰਨਾ ਅਤੇ ਇਨ੍ਹਾਂ ਦੇ ਸ਼ਿਕਾਰ ਤੇ ਪਾਬੰਦੀ ਲਗਾਉਣਾ ਆਦਿ।

**ਸੀਲ**—ਸੀਲ ਮੱਛੀਆਂ ਦਾ ਪ੍ਰਜਣਨ ਧਰਤੀ ਤੇ ਹੁੰਦਾ ਹੈ, ਇਸ ਲਈ ਇਨ੍ਹਾਂ ਦੇ ਸ਼ਿਕਾਰ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਪ੍ਰਜਣਨ ਬਹੁਤ ਤੇਜ਼ ਹੋਣ ਕਰਕੇ ਇਨ੍ਹਾਂ ਦੇ ਲੁਪਤ ਹੋਣ ਦਾ ਡਰ ਘੱਟ ਹੈ। ਇਨ੍ਹਾਂ ਲਈ ਬਣਾਇਆ ਕਮਿਸ਼ਨ ਸੀਲ ਮੱਛੀਆਂ ਬਾਰੇ ਖੋਜ ਅਤੇ ਇਸ ਦੇ ਸ਼ਿਕਾਰ ਨੂੰ ਨਿਯੰਤਰਿਤ ਕਰਦਾ ਹੈ।

**ਹੋਰ ਸਮੁੰਦਰੀ ਥਣਧਾਰੀ ਪ੍ਰਾਣੀ**—ਵੇਲ੍ਹ ਅਤੇ ਸੀਲ ਤੋਂ ਇਲਾਵਾ ਕੁਝ ਹੋਰ ਸਮੁੰਦਰੀ ਥਣਧਾਰੀ ਪ੍ਰਾਣੀ ਵੀ ਘਟਦੇ ਜਾ ਰਹੇ ਹਨ ਜਿਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੀ ਲੋੜ ਹੈ ਜਿਵੇਂ ਉੱਤਰੀ ਸ਼ਾਂਤ ਮਹਾਂਸਾਗਰ ਦਾ ਸਮੁੰਦਰੀ ਊਦ ਬਿਲਾਵ, ਧ੍ਰੁਵੀ ਰਿੱਛ, ਮੈਨਾਟੀ ਅਤੇ ਡੂੰਗਾਂਗ ਪ੍ਰਾਣੀਆਂ ਨੂੰ ਵੀ ਇਨ੍ਹਾਂ ਦੇ ਨਿਵਾਸ ਸਥਾਨਾਂ ਦੇ ਬਹੁਤੇ ਖੇਤਰਾਂ ਵਿਚ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ 'ਦੀ ਇੰਟਰਨੈਸ਼ਨਲ ਯੂਨੀਅਨ ਫ਼ਾਰ ਦੀ ਕੰਨਜ਼ਰਵੇਸ਼ਨ ਆਫ਼ ਨੇਚਰ ਐਂਡ ਨੈਚੂਰਲ ਰਿਸੋਰਸਿਜ' ਇਨ੍ਹਾਂ ਅਤੇ ਹੋਰ ਪ੍ਰਾਣੀਆਂ ਦਾ ਖ਼ਿਆਲ ਰੱਖਦੀ ਹੈ।

**ਲੂਣੇ ਪਾਣੀ ਦੀਆਂ ਮੱਛੀਆਂ**—ਥਣਧਾਰੀ ਪ੍ਰਾਣੀਆਂ ਦੀ ਬਨਿਸਪਤ ਮੱਛੀਆਂ ਦੇ ਲੁਪਤ ਹੋਣ ਦਾ ਡਰ ਘੱਟ ਹੈ। ਇਸ ਲਈ ਇਨ੍ਹਾਂ ਦੇ ਸੁਰੱਖਿਆ ਨਿਯਮਾਂ ਵਿਚ ਮੱਛੀ ਫੜਨ ਤੇ ਪਾਬੰਦੀ ਘੱਟ ਲਗਾਈ ਜਾਂਦੀ ਹੈ। ਇਨ੍ਹਾਂ ਦੀ ਸੁਰੱਖਿਆ ਵਿਚ ਮੱਛੀ ਫੜਨ ਦਾ ਸਾਲਾਨਾ ਕੋਟਾ ਨਿਸ਼ਚਿਤ ਕਰਨਾ, ਬੰਦ ਰੁੱਤਾਂ ਨਿਸ਼ਚਿਤ ਕਰਨਾ, ਸੁਰੱਖਿਅਤ ਖੇਤਰ (ਜਿਥੇ ਛੋਟੀਆਂ ਮੱਛੀਆਂ ਹੋਣ), ਜਾਲ ਦਾ ਆਕਾਰ ਨਿਸ਼ਚਿਤ ਕਰਨਾ (ਜਿਸ ਵਿਚੋਂ ਛੋਟੀਆਂ ਮੱਛੀਆਂ ਲੰਘ ਸਕਣ) ਅਤੇ ਉਨ੍ਹਾਂ ਸਾਧਨਾਂ ਦੀ ਵਰਤੋਂ ਦੀ ਮਨਾਹੀ, ਜਿਨ੍ਹਾਂ ਨਾਲ ਇਨ੍ਹਾਂ ਨੂੰ ਨੁਕਸਾਨ ਪਹੁੰਚਦਾ ਹੈ ਆਦਿ ਸ਼ਾਮਲ ਹਨ।

**ਅਲੂਣੇ ਪਾਣੀ ਦੀਆਂ ਮੱਛੀਆਂ**—ਅਲੂਣੇ ਪਾਣੀ ਦੀਆਂ ਮੱਛੀਆਂ ਦਾ ਸ਼ਿਕਾਰ ਸ਼ੌਕ ਅਤੇ ਵਪਾਰ ਲਈ ਬਹੁਤ ਕੀਤਾ ਜਾਂਦਾ ਹੈ। ਕਿਉਂਕਿ ਇਨ੍ਹਾਂ ਵਿਚੋਂ ਕੁਝ ਹੀ ਕਿਸਮਾਂ ਦੀਆਂ ਮੱਛੀਆਂ ਨੂੰ ਫੜਿਆ ਜਾਂਦਾ ਹੈ, ਇਸ ਲਈ ਸਿਰਫ਼ ਉਨ੍ਹਾਂ ਨੂੰ ਹੀ ਸੁਰੱਖਿਆ ਪ੍ਰਦਾਨ ਕਰਨ ਦੀ ਲੋੜ ਹੈ।

## ਪੌਦਿਆਂ ਦੀ ਸੁਰੱਖਿਆ

ਪੌਦਿਆਂ ਦੀ ਸੁਰੱਖਿਆ ਵਿਚ ਇਨ੍ਹਾਂ ਦੀਆਂ ਜਾਤੀਆਂ ਜਾਂ ਪੌਦਿਆਂ ਦੇ ਸਮੂਹਾਂ ਨੂੰ ਉਨ੍ਹਾਂ ਦੀ ਸੁੰਦਰਤਾ, ਥੁੜ੍ਹਾ ਜਾਂ ਵਿਗਿਆਨ ਦੇ ਪੱਖ ਤੋਂ ਮਹੱਤਤਾ ਲਈ ਸੰਭਾਲਣਾ ਸ਼ਾਮਲ ਹੈ। ਜੰਗਲਾਂ ਦੀ ਸੁਰੱਖਿਆ ਇਸ ਤੋਂ ਵੱਖ ਹੈ, ਇਸ ਵਿਚ ਜੰਗਲਾਂ ਨੂੰ ਉਨ੍ਹਾਂ ਦੀ ਵਪਾਰਕ ਪੱਖ ਤੋਂ ਮਹੱਤਤਾ ਲਈ ਸੰਭਾਲਣਾ ਸ਼ਾਮਲ ਹੈ। ਮਹੱਤਵਪੂਰਨ ਜੰਗਲੀ ਪੌਦਿਆਂ ਨੂੰ ਸੁਰੱਖਿਆ ਹੇਠ ਲਿਖੇ ਤਿੰਨ ਤਰੀਕਿਆਂ ਨਾਲ ਪ੍ਰਦਾਨ ਕੀਤੀ ਜਾਂਦੀ ਹੈ :–

**ਸੁਰੱਖਿਆ ਕਾਨੂੰਨ**—ਪੌਦਿਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਇਕ ਤਰੀਕਾ ਸੁਰੱਖਿਆ ਕਾਨੂੰਨ ਬਣਾਉਣਾ ਹੈ। ਇਸ ਕਾਨੂੰਨ ਦੇ ਅੰਤਰਗਤ ਉਨ੍ਹਾਂ ਇਲਾਕਿਆਂ ਵਿਚ, ਜਿਥੇ ਕਾਨੂੰਨ ਲਾਗੂ ਹੋਣ, ਸੁਰੱਖਿਆ ਪ੍ਰਦਾਨ ਕਰਨ ਵਾਲੇ ਪੌਦਿਆਂ ਦੀ ਚੋਰੀ, ਕਾਂਟ ਛਾਂਟ, ਉਨ੍ਹਾਂ ਨੂੰ ਖ਼ਰਾਬ ਕਰਨ ਜਾਂ ਵੇਚਣ ਦੀ ਮਨਾਹੀ ਹੈ।

**ਸੁਰੱਖਿਅਤ ਖੇਤਰ ਨਿਸ਼ਚਿਤ ਕਰਨੇ**—ਸੁਰੱਖਿਆ ਪ੍ਰਦਾਨ ਕਰਨ ਦਾ ਦੂਜਾ ਤਰੀਕਾ ਇਹ ਹੈ ਜਿਸ ਦੇ ਅੰਤਰਗਤ ਇਕੱਲੀ ਇਕੱਲੀ ਜਾਤੀ ਦੀ ਥਾਂ ਕੁਝ ਖ਼ਾਸ ਖੇਤਰ ਜਾਂ ਪੱਟੀ ਨੂੰ ਸਾਂਝੀ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਤੇ ਇਨ੍ਹਾਂ ਖੇਤਰਾਂ ਨੂੰ ਜੰਗਲੀ ਫ਼ੁੱਲ ਸੁਰੱਖਿਅਤ ਖੇਤਰ, ਕੁਦਰਤੀ ਭੰਡਾਰ, ਵਿਗਿਆਨਕ ਖੇਤਰ, ਕੁਦਰਤੀ ਖੇਤਰ ਆਦਿ ਦੇ ਨਾਂ ਦਿੱਤੇ ਜਾਂਦੇ ਹਨ। ਇਸ ਤਰੀਕੇ ਦਾ ਇਕ ਫ਼ਾਇਦਾ ਤਾਂ ਇਹ ਹੈ ਕਿ ਉਹ ਪੌਦੇ ਜਿਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੈ, ਉਨ੍ਹਾਂ ਦੇ ਨਿਵਾਸ ਸਥਾਨਾਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਅਤੇ ਦੂਜਾ ਪੌਦੇ ਮਿਲੀਆਂ-ਜੁਲੀਆਂ ਕਿਸਮਾਂ ਦੇ ਸਮੂਹਾਂ ਵਿਚ ਉਗਦੇ ਹਨ ਅਤੇ ਉਸ ਸਾਰੇ ਸਮੂਹ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ।

**ਬੋਟੈਨੀਕਲ ਗਾਰਡਨ (ਬਨਸਪਤੀ ਬਗ਼ੀਚੇ)**—ਪੌਦਿਆਂ ਦੀ ਸੁਰੱਖਿਆ ਦਾ ਤੀਜਾ ਤਰੀਕਾ ਕਿਸੇ ਜਾਤੀ ਦੀ ਖ਼ਾਸ ਜਣਨਿਕ ਬਣਤਰ ਨੂੰ ਜਿਉਂਦਾ ਰੱਖਣਾ ਹੈ। ਇਸ ਨਾਲ ਕਿਸੇ ਦੁਰਲੱਭ ਪੌਦਾ ਜਾਤੀ ਦੇ ਜਰਮ ਪਲਾਜ਼ਮ ਦੀ ਖ਼ਾਸ ਮਹੱਤਤਾ ਕਰਕੇ ਉਸ ਨੂੰ ਲੁਪਤ ਹੋ ਜਾਣ ਤੋਂ ਬਚਾਇਆ ਜਾ ਸਕਦਾ ਹੈ। ਇਨ੍ਹਾਂ ਕਿਸਮਾਂ ਨੂੰ ਖ਼ਾਸ ਬੋਟੈਨੀਕਲ ਥਾਵਾਂ ਤੇ ਜਿਵੇਂ ਵਾਤਾਵਰਨਕ ਹਾਲਤਾਂ ਅਨੁਕੂਲ ਹੋਣ, ਉਥੇ ਉਗਾਇਆ ਜਾਂਦਾ ਹੈ। ਇਨ੍ਹਾਂ ਥਾਵਾਂ ਨੂੰ ਬੋਟੈਨੀਕਲ ਗਾਰਡਨ ਕਿਹਾ ਜਾਂਦਾ ਹੈ।

ਹ. ਪ੍ਰ.-ਐਨ. ਬ੍ਰਿ. 23 : 600; ਚੈਂਬ. ਐਨ. 14: 562; ਮੈਕ. ਐਨ. ਸ. ਟ. 14: 490

**ਜੰਗਲੀ ਫ਼ੁੱਲ** : ਬਹੁਤ ਸਾਰੇ ਦਿਲਖਿੱਚਵੇਂ ਰੰਗਦਾਰ ਫ਼ੁੱਲ ਮਨੁੱਖ ਦੀ ਮਦਦ ਤੋਂ ਬਿਨਾਂ ਹੀ ਉੱਗ ਜਾਂਦੇ ਹਨ। ਆਮ ਤੌਰ ਤੇ ਇਹ ਉਨ੍ਹਾਂ ਖੇਤਰਾਂ ਦੇ ਹੀ ਮੂਲ ਸਥਾਨੀ ਹਨ, ਜਿਥੇ ਇਹ ਪੈਦਾ ਹੁੰਦੇ ਹਨ ਜਾਂ ਇਨ੍ਹਾਂ ਨੂੰ ਹੋਰਨਾਂ ਜ਼ਮੀਨਾਂ ਤੋਂ ਲਿਆ ਕੇ ਵੀ ਸ਼ਾਮਲ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਹਵਾਈ ਦੀਪ-ਸਮੂਹ ਦੇ ਚਮਕੀਲੇ ਫ਼ੁੱਲ ਜੋ ਉਸ ਜਗ੍ਹਾ ਦੇ ਵਿਸ਼ੇਸ਼ ਫ਼ੁੱਲ ਹਨ, ਊਸ਼ਣ-ਖੰਡੀ ਅਤੇ ਉਪ-ਊਸ਼ਣ-ਖੰਡੀ ਖੇਤਰਾਂ ਦੇ ਸਥਾਨਕੀ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਫ਼ੁੱਲ ਕਾਸ਼ਤ ਕਰਨ ਦੇ ਮੰਤਵ ਨਾਲ ਹੀ ਲਿਜਾਏ ਗਏ ਸਨ ਪਰ ਹਵਾਈ ਦੀਪ-ਸਮੂਹ ਦੇ ਗਰਮ ਅਤੇ ਤਰ ਜਲਵਾਯੂ ਵਿਚ ਇਹ ਬਹੁਤ ਜ਼ਿਆਦਾ ਫੈਲ ਗਏ ਅਤੇ ਇਨ੍ਹਾਂ ਦੇ ਇਸ ਤਰ੍ਹਾਂ ਫੈਲਣ ਨਾਲ ਉਥੋਂ ਦੀਆਂ ਕਈ ਸਥਾਨਕ ਕਿਸਮਾਂ ਅਲੋਪ ਹੋ ਗਈਆਂ ਤੇ ਸਥਾਨਕੀ ਫ਼ੁੱਲ ਸਿਰਫ਼ ਉੱਚੇ ਪਹਾੜਾਂ ਦੀਆਂ ਚੋਟੀਆਂ ਤੱਕ ਹੀ ਸੀਮਿਤ ਰਹਿ ਗਏ। ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਦੀਆਂ ਨੀਵੀਆਂ ਜ਼ਮੀਨਾਂ ਤੇ ਬਹੁਤੇ ਫ਼ੁੱਲਦਾਰ ਪੌਦੇ ਸਥਾਨਕੀ ਹੀ ਹਨ ਜਦੋਂ ਕਿ ਇਨ੍ਹਾਂ ਵਿਚੋਂ ਬਹੁਤੇ ਹੋਰਨਾਂ ਦੇਸ਼ਾਂ ਜਾਂ ਪ੍ਰਾਇਦੀਪਾਂ ਤੋਂ ਲਿਆਂਦੇ ਗਏ ਹਨ। ਜਦੋਂ ਕਦੇ ਵੀ ਜੰਗਲ ਵਿਚ ਲਗਣ ਵਾਲੀ ਅੱਗ ਨਾਲ ਸਥਾਨਕੀ ਪੌਦੇ ਸੜ ਜਾਂਦੇ ਸਨ ਤਾਂ ਹੋਰਨਾਂ ਇਲਾਕਿਆਂ ਤੋਂ ਆਉਣ ਵਾਲੀਆਂ ਕਿਸਮਾਂ ਇਨ੍ਹਾਂ ਉੱਪਰ ਹਾਵੀ ਹੋ ਜਾਂਦੀਆਂ ਸਨ। ਉੱਤਰੀ ਯੂਰਪ ਵਿਚ ਮਸ਼ਹੂਰ ਬਟਰਕਪ (**Ranunculus acris**) ਪੱਥਰ ਯੁਗ ਵਿਚ ਹੋਰ ਵੀ ਵਿਕਸਿਤ ਹੋ ਗਈ ਕਿਉਂਕਿ ਇਸ ਦੇ ਉੱਗਣ ਲਈ ਲੋੜੀਂਦੀਆਂ ਹਾਲਤਾਂ ਜੋ ਮਨੁੱਖ ਦੁਆਰਾ ਪੈਦਾ ਕੀਤੀਆਂ ਗਈਆਂ, ਉਹ ਇਸ ਕਿਸਮ ਲਈ ਜ਼ਿਆਦਾ ਮਾਫ਼ਕ ਸਨ। ਦੋ ਕਿਸਮਾਂ ਜੋ ਉੱਤਰੀ ਸੰਯੁਕਤ ਰਾਜ ਅਮਰੀਕਾ ਵਿਚ ਸ਼ਾਮਲ ਕੀਤੀਆਂ ਗਈਆਂ ਸਨ, ਹੌਲੀ ਹੌਲੀ ਸਾਰੇ ਹੀ ਪ੍ਰਾਇਦੀਪ ਵਿਚ ਫ਼ੈਲ ਗਈਆਂ। ਇਨ੍ਹਾਂ ਵਿਚੋਂ ਇਕ ਵੀਹਵੀਂ ਸਦੀ ਵਿਚ ਵਾਸ਼ਿੰਗਟਨ ਰਾਜ ਵਿਚ ਬਹੁਤ ਪ੍ਰਸਿੱਧ ਹੋਈ।

**ਰੰਗ ਅਤੇ ਆਕਾਰ**—ਜੰਗਲੀ ਫ਼ੁੱਲਾਂ ਨੂੰ ਪਹਿਲਾਂ ਰੰਗ ਅਤੇ ਦੂਜੇ ਨੰਬਰ ਤੇ ਆਕਾਰ ਲਈ ਸਲਾਹਿਆ ਜਾਂਦਾ ਹੈ। ਫ਼ੁੱਲਾਂ ਉਪਰ ਵਰਣਕ ਦੀਆਂ ਅਨੇਕ ਕਿਸਮਾਂ ਮਿਲਦੀਆਂ ਹਨ। ਐਂਥੋਸਾਇਨਿਨ ਵਰਣਕ ਉਦਾਹਰਣ ਦੇ ਤੌਰ ਤੇ ਪੂਰੇ ਲਾਲ ਤੋਂ ਪੂਰੇ ਨੀਲੇ ਰੰਗ ਦੇ ਮਿਲਦੇ ਹਨ। ਇਹ ਪਾਣੀ ਵਿਚ ਘੁਲਣਸ਼ੀਲ ਹਨ ਅਤੇ ਇਹ ਸੈੱਲ ਸੈਪ ਦੇ ਘੋਲ ਵਿਚ ਪਏ ਹੁੰਦੇ ਹਨ।

ਭਾਵੇਂ ਕੁਦਰਤੀ ਤੌਰ ਤੇ ਫ਼ੁੱਲਾਂ ਦਾ ਰੰਗ ਬਹੁਤ ਭਿੰਨ ਹੁੰਦਾ ਹੈ ਪਰ ਫਿਰ ਵੀ ਇਹ ਚੋਣ ਅਤੇ ਦੋਗਲਾਕਰਨ ਵਿਧੀ ਨਾਲ ਵਿਕਸਿਤ ਕੀਤੇ ਜਾਂਦੇ ਹਨ। ਪਹਿਲਾਂ ਕਾਸ਼ਤ ਕੀਤੇ ਗਏ ਗੁਲਾਬ ਨਾਲ, ਗੁਲਾਬੀ ਜਾਂ ਚਿੱਟੇ ਰੰਗਾਂ ਦੇ ਹੁੰਦੇ ਸਨ ਜੋ ਆਸਾਨੀ ਨਾਲ ਮਿਲ ਸਕਦੇ ਸਨ। ਬਹੁਤ ਸਾਰੇ ਨਵੇਂ ਰੰਗ ਉਦਾਹਰਣ ਵਜੋਂ ਤਾਲਿਸਮਾਨ ਗੁਲਾਬ ਦੇ ਲਾਲ ਅਤੇ ਪੀਲੇ ਗੁਲਾਬ ਥੋੜ੍ਹੇ ਸਮੇਂ ਵਿਚ ਹੀ ਬਹੁਤ ਦੂਰ ਦੇ ਖੇਤਰਾਂ ਤੋਂ ਲਿਆ ਕੇ ਹੀ ਸੰਭਵ ਹੋ ਸਕੇ ਹਨ। ਕਾਸ਼ਤ ਕੀਤੇ ਜਾਂਦੇ ਕਾਮੇਲੀਆ ਦੇ ਰੰਗ ਵੀ ਗੁਲਾਬ ਵਾਂਗ ਹੀ ਸਨ ਜਦੋਂ ਕਿ ਪੀਲਾ ਰੰਗ ਨਹੀਂ ਸੀ ਸ਼ਾਮਲ ਕੀਤਾ ਗਿਆ ਅਤੇ ਹੁਣ ਬਾਗ਼ਬਾਨੀ ਮਾਹਿਰ ਪੀਲੇ ਰੰਗ ਦੀਆਂ ਜੰਗਲੀ ਕਿਸਮਾਂ ਦੀ ਭਾਲ ਵਿਚ ਹਨ।

ਜੰਗਲੀ ਫ਼ੁੱਲਾਂ ਦਾ ਆਕਾਰ ਬਹੁਤ ਜ਼ਿਆਦਾ ਅਧਿਐਨ ਮੰਗਦਾ ਹੈ। ਵੱਡੇ ਫ਼ੁੱਲਾਂ ਦਾ ਅਧਿਐਨ ਨੰਗੀ ਅੱਖ ਨਾਲ ਕੀਤਾ ਜਾ ਸਕਦਾ ਹੈ। ਬਹੁਤ ਸੋਹਣੀਆਂ ਰਚਨਾਤਮਕ ਵੰਨਗੀਆਂ ਵਡਦਰਸ਼ੀ ਸ਼ੀਸ਼ੇ ਜਾਂ ਖੁਰਦਬੀਨ ਦੀ ਮੱਦਦ ਨਾਲ ਦੇਖੀਆਂ ਜਾ ਸਕਦੀਆਂ ਹਨ। ਬਹੁਤ ਛੋਟੇ ਤੇ ਸੁੰਦਰ ਫ਼ੁੱਲਾਂ ਵਿਚ ਗੂਜ਼ਫੁੱਟ ਅਤੇ ਲੈਂਬਜ਼ ਕੁਆਰਟਰ, ਨੈਟਲਜ਼, ਪਲੇਨਟੇਨਜ਼, ਗਾਜਰ ਰਸ਼ਜ਼ ਸੈਜਜ਼ ਅਤੇ ਘਾਹ ਆਦਿ ਸ਼ਾਮਲ ਹਨ।

**ਭੂਗੋਲਿਕ ਵੰਡ**—ਫ਼ੁੱਲਦਾਰ ਪੌਦਿਆਂ ਦੀਆਂ ਕਰੀਬ 175,000 ਜਾਤੀਆਂ ਹਨ ਜਿਨ੍ਹਾਂ ਵਿਚੋਂ ਹਜ਼ਾਰਾਂ ਜੰਗਲੀ ਫ਼ੁੱਲਾਂ ਦੀ ਵੰਡ ਊਸ਼ਣ-ਖੰਡੀ ਅਤੇ ਉਪ-ਊਸ਼ਣ-ਖੰਡੀ ਦੋਹਾਂ ਅਰਧ ਗੋਲਿਆਂ ਦੇ ਵਿਚਕਾਰ, ਉੱਤਰੀ ਅਤੇ ਦੱਖਣੀ ਅਰਧ ਗੋਲੇ, ਸੀਤ ਖੇਤਰ, ਆਰਕਟਿਕ ਅੰਟਾਰਕਟਿਕ ਅਤੇ ਪਹਾੜਾਂ ਦੀਆਂ ਚੋਟੀਆਂ ਦੀਆਂ ਲੜੀਆਂ, ਜੋ ਦੱਖਣ ਵੱਲ ਜਾਂਦੀਆਂ ਹਨ ਆਦਿ ਭਾਗਾਂ ਵਿਚ ਕੀਤੀ ਜਾਂਦੀ ਹੈ। ਵੰਡ ਦੇ ਇਹ ਵੱਡੇ ਖੇਤਰ ਪਲੈਨੇਟਰੀ ਵਿੰਡਜ਼ ਆਪਸ ਵਿਚ ਸਬੰਧਿਤ ਹਨ।

ਉੱਤਰੀ ਅਮਰੀਕਾ ਵਿਚ ਬਨਸਪਤੀ ਦੇ ਨੌਂ ਵੱਡੇ ਖੇਤਰ ਹਨ, ਜਿਨ੍ਹਾਂ ਵਿਚੋਂ ਹਰੇਕ ਖੇਤਰ ਵਿਚ ਵਿਸ਼ੇਸ਼ ਜੰਗਲੀ ਫ਼ੁੱਲ ਮਿਲਦੇ ਹਨ ਜੋ ਦੂਸਰੇ ਅੱਠ ਖੇਤਰਾਂ ਨਾਲੋਂ ਵਖਰੇ ਹੁੰਦੇ ਹਨ। ਇਹ ਖੇਤਰ ਇਸ ਤਰ੍ਹਾਂ ਹਨ :—

**ਬੋਰੀਅਲ ਐਲਪਾਈਨ ਖੇਤਰ**—ਇਹ ਖੇਤਰ ਪਹਾੜਾਂ ਦੀ ਬਿਰਛ ਸੀਮਾ ਤੋਂ ਉਪਰ ਅਤੇ ਇਸ ਤੋਂ ਪਿਛੇ ਉੱਤਰ ਵੱਲ ਹੈ। ਇਹ ਖੇਤਰ ਅਸਲ ਵਿਚ ਟੁੰਡਰਾ ਦਾ ਮੈਦਾਨ ਹੈ ਜਿਥੇ ਬਹੁਤ ਸਾਰੇ ਰੰਗਦਾਰ ਜੰਗਲੀ ਫ਼ੁੱਲ ਜੁਲਾਈ ਅਤੇ ਅਗਸਤ ਦੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਪੈਦਾ ਹੁੰਦੇ ਹਨ। ਇਥੇ ਪੈਦਾ ਹੋਣ ਵਾਲੀਆਂ ਬਹੁਤ ਸਾਰੀਆਂ ਜਾਤੀਆਂ ਬਾਕੀ ਦੁਨੀਆ ਵਿਚ ਵੀ ਬਿਰਛ ਸੀਮਾ ਦੇ ਉੱਤਰ ਵੱਲ ਮਿਲਦੀਆਂ ਹਨ।

**ਉੱਤਰੀ ਜੰਗਲ ਖੇਤਰ**—ਬਿਰਛ ਸੀਮਾ ਦੇ ਦੱਖਣ ਵੱਲ ਇਸ ਖੇਤਰ ਵਿਚ ਕੋਨੀਫ਼ਰ ਜੰਗਲ ਹਨ। ਇਸ ਖੇਤਰ ਵਿਚ ਕੈਨੇਡਾ ਦਾ ਵੱਡਾ ਹਿੱਸਾ, ਸੰਯੁਕਤ ਰਾਜ ਅਮਰੀਕਾ ਦਾ ਕੁਝ ਹਿੱਸਾ ਅਤੇ ਨਿਊ ਇੰਗਲੈਂਡ ਦਾ ਉੱਤਰੀ ਹਿੱਸਾ ਸ਼ਾਮਲ ਹਨ। ਇਸ ਤਰ੍ਹਾਂ ਦੇ ਜੰਗਲ ਉੱਤਰੀ ਯੂਰਪ ਜਿਵੇਂ ਸਕਾਟਲੈਂਡ ਅਤੇ ਸਕੈਂਡੇਨੇਵੀਆ ਵਿਚ ਵੀ ਮਿਲਦੇ ਹਨ।

**ਚਟਾਨੀ ਪਰਬਤਾਂ ਵਾਲਾ ਜੰਗਲੀ ਖੇਤਰ**—ਉੱਤਰੀ ਅਮਰੀਕਾ ਦੇ ਚਟਾਨੀ ਪਹਾੜਾਂ ਦਾ ਇਹ ਕੋਨੀਫ਼ਰ ਜੰਗਲਾਂ ਵਾਲਾ ਹਿੱਸਾ ਹੈ। ਇਸ ਵਿਚ ਬਰਸਾਤ ਹੋਣ ਨਾਲ ਬਹੁਤ ਸਾਰੇ ਜੰਗਲੀ ਫ਼ੁੱਲ ਪੈਦਾ ਹੋ ਜਾਂਦੇ ਹਨ ਜੋ ਕੈਲਿਫ਼ੋਰਨੀਆ ਖੇਤਰ ਤੋਂ ਵੱਖਰੇ ਹੁੰਦੇ ਹਨ।

**ਸ਼ਾਂਤ ਮਹਾਂਸਾਗਰੀ ਉੱਤਰ-ਪੱਛਮੀ ਖੇਤਰ**—ਇਹ ਅਲਾਸਕਾ ਦੇ ਦੱਖਣੀ ਤੱਟ, ਬ੍ਰਿਟਿਸ਼ ਕੋਲੰਬੀਆ ਦੀਆਂ ਢਲਾਣਾਂ ਅਤੇ ਸ਼ਾਂਤ ਮਹਾਂ ਸਾਗਰੀ ਉੱਤਰ-ਪੱਛਮੀ ਹਿੱਸੇ ਦਾ ਬਹੁਤ ਵੱਡਾ ਕੋਨੀਫ਼ਰ ਜੰਗਲਾਂ ਵਾਲਾ ਖੇਤਰ ਹੈ। ਇਸ ਖੇਤਰ ਵਿਚ ਪੈਦਾ ਹੋਣ ਵਾਲੇ ਜੰਗਲੀ ਫ਼ੁੱਲਾਂ ਨੂੰ ਘੱਟ ਤਾਪਮਾਨ ਚਾਹੀਦਾ ਹੈ ਅਤੇ ਇਹ ਜ਼ਿਆਦਾਤਰ ਸਰਦੀਆਂ ਵਿਚ ਹੋਣ ਵਾਲੀ ਬਾਰਸ਼ ਤੇ ਨਿਰਭਰ ਕਰਦੇ ਹਨ।

**ਪੱਛਮੀ ਜੰਗਲੀ ਖੇਤਰ**—ਇਸ ਖੇਤਰ ਵਿਚ ਕੋਲੰਬੀਆ ਦਰਿਆ ਦਾ ਮੁਹਾਣਾ, ਬ੍ਰਿਟਿਸ਼ ਕੋਲੰਬੀਆ ਦਾ ਦੱਖਣੀ ਮੱਧ ਹਿੱਸਾ, ਕੈਲਿਫ਼ੋਰਨੀਆ ਤੇ ਐਰੀਜ਼ੋਨਾ ਦੇ ਓਕ ਜੰਗਲ ਆਦਿ ਹਿੱਸੇ ਸ਼ਾਮਲ ਹਨ। ਇਸ ਖੇਤਰ ਵਿਚ ਬਹੁਤ ਸਾਰੇ ਜੰਗਲੀ ਫ਼ੁੱਲ ਮਿਲਦੇ ਹਨ ਅਤੇ ਕਾਸ਼ਤਕਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਉੱਤਰੀ ਅਮਰੀਕਾ ਦੇ ਜੰਗਲੀ ਫ਼ੁੱਲ ਸ਼ਾਨ ਜ਼ੁਆਕਿਨ ਆਬਾਦੀ ਵਿਚ ਮਿਲਦੇ ਸਨ।

**ਦੱਖਣ-ਪੱਛਮੀ ਮਾਰੂਥਲੀ ਖੇਤਰ**—ਇਹ ਮਾਰੂਥਲੀ ਖੇਤਰ ਪਾਮ, ਸਪਰਿੰਗਜ਼, ਕੈਲਿਫੋਰਨੀਆ ਤੋਂ ਸੇਂਟ ਜਾਰਜ, ਊਟਾਰ, ਦੱਖਣੀ



ਯੂਰਪ ਅਤੇ ਏਸ਼ੀਆ ਮਾਈਨਰ ਦੇ ਜੰਗਲਾਂ ਵਿਚ ਮਿਲਣ ਵਾਲਾ ਜੰਗਲੀ ਪੈਂਜ਼ੀ ਫੁੱਲ



ਉੱਤਰੀ ਅਮਰੀਕਾ ਦੇ ਪੂਰਬੀ ਅਤੇ ਮੱਧ ਪੱਛਮੀ ਜੰਗਲਾਂ ਅਤੇ ਤਰ ਚਰਾ-ਗਾਹਾਂ ਵਿਚ ਟਰਕਸ ਕੈਪ ਲਿੱਲੀ ਫੁੱਲ



ਉੱਤਰੀ ਅਮਰੀਕਾ ਦਾ ਜੰਗਲੀ ਪੈਟਰਿਜਬੈਰੀ ਫੁੱਲ



ਉੱਤਰੀ ਅਮਰੀਕਾ ਦੇ ਪੂਰਬੀ ਜੰਗਲਾਂ ਵਿਚ ਮਿਲਣ ਵਾਲਾ ਕਾਰਡੀਨਲ ਫੁੱਲ

ਨਿਊ ਮੈਕਸੀਕੋ ਅਤੇ ਟੈਕਸਾਸ ਦੇ ਪੱਛਮੀ ਹਿੱਸੇ ਤੱਕ ਫੈਲਿਆ ਹੋਇਆ ਹੈ। ਸਰਦੀਆਂ ਵਿਚ ਭਾਰੀ ਬਾਰਸ਼ ਹੋਣ ਤੋਂ ਬਾਅਦ ਇਸ ਮਾਰੂਥਲ ਦਾ ਪੱਛਮੀ ਹਿੱਸਾ ਰੰਗਦਾਰ ਫ਼ੁੱਲਾਂ ਨਾਲ ਭਰ ਜਾਂਦਾ ਹੈ।



**ਦੱਖਣੀ ਕੈਲਿਫ਼ੋਰਨੀਆ ਦੇ ਮਾਰੂਥਲ ਵਿਚ ਉੱਗੇ ਹੋਏ ਈਵਨਿੰਗ ਪ੍ਰਾਈਮਰੋਜ਼ ਫ਼ੁੱਲ**



**ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਤਰ ਨੀਵੀਆਂ ਜ਼ਮੀਨਾਂ ਵਿਚ ਮਿਲਣ ਵਾਲੇ ਮਾਰਸ਼ ਮੇਰੀਗੋਲਡ ਫ਼ੁੱਲ**

**ਪੂਰਬੀ ਜੰਗਲੀ ਖੇਤਰ**—ਇਸ ਖੇਤਰ ਵਿਚ ਜ਼ਿਆਦਾਤਰ ਸਦਾ ਬਹਾਰ ਜੰਗਲ ਹਨ ਜੋ ਨੈੱਬਰਾਸਕਾ ਦੇ ਪੂਰਬ ਤੋਂ ਐਟਲਾਂਟਿਕ ਸਾਗਰ ਵਿਚ ਮਿਲਦੇ ਹਨ। ਉੱਤਰੀ ਅਮਰੀਕਾ ਦਾ ਇਹ ਇਕੱਲਾ ਹੀ ਵਿਸ਼ਾਲ ਬਨਸਪਤੀ ਖੇਤਰ ਹੈ। ਇਸ ਵਿਚ ਅਣਗਣਿਤ ਜੰਗਲੀ ਫ਼ੁੱਲ ਮਿਲਦੇ ਹਨ।

**ਉਪ-ਊਸ਼ਣੀ ਖੇਤਰ**—ਕੈਰਿਬੀਅਨ ਦੀਪ ਸਮੂਹਾਂ ਦੇ ਉਪ-ਊਸ਼ਣੀ ਜੰਗਲ, ਦਲਦਲੀ ਖੇਤਰ ਵਿਚ ਦੱਖਣੀ ਟੈਕਸਾਸ ਅਤੇ ਦੱਖਣੀ ਫਲੋਰਿਡਾ ਵਿਚ ਮਿਲਦੇ ਹਨ। ਇਸ ਖੇਤਰ ਦੇ ਵਿਸ਼ੇਸ਼ ਫ਼ੁੱਲ ਬਰੋਮਿਲੀਆ ਕੁਲ ਦੇ ਮੈਂਬਰ ਹਨ।

**ਜੰਗਲੀ ਫ਼ੁੱਲਾਂ ਦੀਆਂ ਪ੍ਰਮੁੱਖ ਕਿਸਮਾਂ**—ਹੇਠ ਲਿਖੀਆਂ ਜੰਗਲੀ ਫ਼ੁੱਲਾਂ ਦੀਆਂ ਕਿਸਮਾਂ ਸਾਰੇ ਉੱਤਰੀ ਅਮਰੀਕਾ ਅਤੇ ਬਹੁਤ ਸਾਰੀਆਂ ਯੂਰਪ ਅਤੇ ਉੱਤਰੀ ਏਸ਼ੀਆ ਵਿਚ ਮਿਲਦੀਆਂ ਹਨ। ਇਹ ਕਿਸਮਾਂ ਇਸ ਤਰ੍ਹਾਂ ਹਨ; ਐਰੋਹੈਡਜ਼, ਈਵਨਿੰਗ, ਪ੍ਰਾਈਮਰੋਜ਼ ਫਲੈਗ ਜਾਂ ਆਈਰਿਸ, ਸੇਜ, ਵਾਟਰ ਹੋਰਹਾਊਡ, ਸੂਰਜਮੁਖੀ, ਆਇਰਨ ਵੀਡ, ਵਾਟਰ ਲਿੱਲੀਜ਼ ਅਤੇ ਸੈਂਡਵਰਟਸ ਆਦਿ।

ਕੁਝ ਕੁ ਕਿਸਮਾਂ ਬਹੁਤ ਜ਼ਿਆਦਾ ਪਸਾਰ ਕਰ ਚੁੱਕੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਉੱਤਰੀ ਅਤੇ ਉੱਤਰ ਸ਼ੀਤ-ਖੰਡੀ ਜਾਤੀਆਂ ਹਨ ਜਿਵੇਂ ਐਵਨਜ਼ ਬਲੂ ਆਈਡ ਗਰਾਸਿਜ਼, ਕੈਲੀਪਸੋਸ, ਕੈਚਫਲਾਈਜ਼, ਕਲਾਵਰਜ਼, ਲੇਡੀ ਸਲਿਪਰਜ਼, ਮਾਰਸ਼ ਮੈਰੀਗੋਲਡ, ਸੈਕਸੀਫਰੇਜ਼ਸ, ਮਟਰ ਅਤੇ ਜੰਗਲੀ ਅਦਰਕ ਆਦਿ।

ਹੇਠ ਦਿੱਤੀਆਂ ਕਿਸਮਾਂ ਊਸ਼ਣ ਖੰਡੀ ਅਤੇ ਗਰਮ ਖੇਤਰ ਵਿਚ ਮਿਲਦੀਆਂ ਹਨ ਜਿਵੇਂ ਬਟਰਫਲਾਈ ਪੀਜ਼, ਕਪਾਹ, ਧਤੂਰਾ, ਇਸ਼ਕਪੇਚਾ, ਵਰਬੀਨਾ ਸਪਰਜ਼ਸ਼ ਅਤੇ ਜੰਗਲੀ ਫ਼ਲੀਆਂ ਆਦਿ।

ਕੁਝ ਕੁ ਜੰਗਲੀ ਫ਼ੁੱਲਾਂ ਦੀਆਂ ਕਿਸਮਾਂ ਸੰਯੁਕਤ ਰਾਜ ਅਮਰੀਕਾ ਦੇ ਪੱਛਮੀ 'ਜੰਗਲਾਂ ਅਤੇ ਝਾੜੀਆਂ ਵਾਲੇ ਖੇਤਰਾਂ ਵਿਚ ਮਿਲਦੀਆਂ ਹਨ, ਜਿਵੇਂ ਕਰੀਮ ਕਪ ਡੂਡਲੀਐਸ, ਹਾਲੀ ਹਾਕਸ, ਰੈੱਡ ਮੇਡਜ਼, ਵਿੰਡ ਪੌਪੀਜ਼ ਗਿਲੀਐਸ, ਕਮਲ ਫ਼ੁੱਲ, ਜੰਗਲੀ ਬਕਵੀਟ, ਲਿਊਪਾਈਨਜ਼ ਗਲੋਬ ਮੈਲੋਜ਼, ਮਾਰੂਥਲੀ ਲਿੱਲੀ, ਪਾਈਪਵਰਟਸ ਅਤੇ ਥੌਂਗ ਮੌਸਜ਼ ਆਦਿ।

**ਸੰਭਾਲ**—ਖੇਤੀਬਾੜੀ ਅਤੇ ਪਸ਼ੂ ਪਾਲਣ ਦੇ ਸ਼ੁਰੂ ਹੋਣ ਤੋਂ ਲੈ ਕੇ ਯੂਰਪ, ਏਸ਼ੀਆ ਅਤੇ ਅਫ਼ਰੀਕਾ ਦੇ ਕਈ ਹਿੱਸਿਆਂ ਵਿਚ ਬਨਸਪਤੀ ਜ਼ਿਆਦਾ ਚਰਾਂਦ ਨਾਲ ਖ਼ਤਮ ਹੋ ਗਈ ਜਾਂ ਆਕ੍ਰਮਣਸ਼ੀਲ ਜੰਗਲੀ ਪੌਦਿਆਂ ਨੇ ਇਸ ਦੀ ਥਾਂ ਲੈ ਲਈ। ਇਨ੍ਹਾਂ ਵਿਚੋਂ ਕੁਝ ਪੌਦੇ ਕੁਦਰਤੀ ਚੋਣ ਨਾਲ ਹਾਈਬ੍ਰਿਡ ਪੌਦਿਆਂ ਵਜੋਂ ਉਤਪੰਨ ਹੋਏ। ਕਈ ਪੌਦੇ ਅਚਾਨਕ ਹੀ ਕਿਸੇ ਖੇਤਰ ਵਿਚ ਸ਼ਾਮਲ ਹੋ ਗਏ ਅਤੇ ਭੈੜੀਆਂ ਹਾਲਤਾਂ ਵਿਚ ਵੀ ਬਚੇ ਰਹੇ। ਕੈਲਿਫੋਰਨੀਆ ਵਿਚ ਈਸਾਈ ਪਾਦਰੀਆਂ ਦੇ ਨਾਲ ਲਿਆਂਦੀਆਂ ਗਈਆਂ ਭੇਡਾਂ ਨੇ ਨਾ ਕੇਵਲ ਬਨਸਪਤੀ ਨੂੰ ਚਰ ਕੇ ਹਾਨੀ ਪਹੁੰਚਾਈ ਸਗੋਂ ਭੇਡਾਂ ਦੀ ਉੱਨ ਨਾਲ ਕਈ ਰੂਮ ਸਾਗਰੀ ਖੇਤਰ ਦੇ ਜੰਗਲੀ ਪੌਦਿਆਂ ਦੇ ਬੀਜ ਵੀ ਲੱਗੇ ਹੋਏ ਇਸ ਖੇਤਰ ਵਿਚ ਪਹੁੰਚ ਗਏ। ਇਨ੍ਹਾਂ ਨਾਲ ਬਹੁਤ ਸਾਰੀਆਂ ਨੀਵੀਆਂ ਜ਼ਮੀਨਾਂ ਭਰ ਗਈਆਂ ਅਤੇ ਖੇਤੀਬਾੜੀ ਦੇ ਚਰਾਂਦ ਨਾਲ ਜਿਨ੍ਹਾਂ ਚਿਰ ਤੱਕ ਨਵਾਂ ਸੰਤੁਲਨ ਕਾਇਮ ਨਹੀਂ ਹੋਇਆ, ਉਨ੍ਹਾਂ ਚਿਰ ਤੱਕ ਇਹ ਦੂਸਰੀ ਬਨਸਪਤੀ ਤੇ ਹਾਵੀ ਰਹੇ। ਇਸੇ ਤਰ੍ਹਾਂ ਹੀ ਹਵਾਈ ਦੀਪ-ਸਮੂਹ ਤੇ ਹੋਰਨਾਂ ਇਲਾਕਿਆਂ ਵਿਚ ਹੁੰਦਾ ਰਿਹਾ। ਜਿਉਂ-ਜਿਉਂ ਸ਼ਹਿਰ ਵਧਦੇ ਗਏ ਪੇਂਡੂ ਇਲਾਕੇ ਸੀਮਿਤ ਹੁੰਦੇ ਗਏ ਅਤੇ ਜੰਗਲ ਅਲੋਪ ਹੁੰਦੇ ਗਏ। ਕੈਨੇਡਾ ਅਤੇ ਅਮਰੀਕਾ ਵਿਚ ਕਈ ਇਲਾਕੇ ਸੁਰੱਖਿਅਤ ਰਖੇ ਗਏ ਹਨ, ਪਰੰਤੂ ਜੰਗਲੀ ਫ਼ੁੱਲਾਂ ਦੇ ਵਿਸ਼ੇਸ਼ ਖੇਤਰ ਸੁਰੱਖਿਅਤ ਨਹੀਂ ਰਹਿ ਸਕੇ। ਇਨ੍ਹਾਂ ਇਲਾਕਿਆਂ ਦੀ ਸੁੰਦਰਤਾ ਸਭਿਅਤਾ ਦੀ ਤਰੱਕੀ ਦੇ ਨਾਲ ਨਾਲ ਇਨ੍ਹਾਂ ਦੀ ਸੰਭਾਲ ਦੀ ਵੀ ਮੰਗ ਕਰਦੀ ਹੈ।

ਹ. ਪੁ. -ਐਨ. ਬ੍ਰਿ. 23 : 599

**ਜੱਗਾ, ਜਗਤ ਸਿੰਘ** : ਇਸ ਉੱਘੇ ਗਾਇਕ ਦਾ ਜਨਮ ਸ. ਸੋਹਣ ਸਿੰਘ ਦੇ ਘਰ ਪਾਕਿਸਤਾਨ ਦੇ ਸ਼ੇਖ਼ੂਪੁਰੇ ਜ਼ਿਲ੍ਹੇ ਦੇ ਪਿੰਡ ਰਤੋਕੀ ਵਿਖੇ ਹੋਇਆ। ਇਹ ਇਕ ਮਸ਼ਹੂਰ ਡਾਕੂ ਸੀ। ਕਿਸੇ ਡਾਕੇ ਦੇ ਮੁੱਕਦਮੇ ਦੀ ਸਜ਼ਾ ਦੌਰਾਨ ਜੇਲ੍ਹ ਅਧਿਕਾਰੀਆਂ ਨੇ ਕਿਸੇ ਮੌਕੇ ਤੇ ਜਦੋਂ ਇਸ ਦਾ ਗਾਣਾ ਸੁਣਿਆ ਤਾਂ ਉਹ ਇਸ ਦੀ ਕਲਾ ਅਤੇ ਸੁਰ ਤੇ ਮੁਗਧ ਹੋ ਗਏ। ਸੂਝਵਾਨ ਜੇਲ੍ਹ ਅਧਿਕਾਰੀਆਂ ਨੇ ਆਪਣੇ ਉਪਰਲੇ ਅਫ਼ਸਰਾਂ ਨੂੰ ਇਸ ਦੀ ਕਲਾ ਬਾਰੇ ਰੀਪੋਰਟ ਦਿੱਤੀ। ਇਹ ਗੱਲ ਏਨੀ ਉੱਚ ਪੱਧਰ ਤੇ ਪੁੱਜ ਗਈ ਕਿ ਇਸ ਤੋਂ ਅਗਾਂਹ ਨੂੰ ਡਾਕੇ ਨਾ ਮਾਰਨ ਦਾ ਇਕਰਾਰ ਲੈ ਕੇ ਰਿਹਾ ਕਰ ਦਿੱਤਾ ਗਿਆ। ਇਸ ਘਟਨਾ ਨੇ ਇਸ ਦੇ ਜੀਵਨ ਦਾ ਰੁਖ ਬਦਲ ਦਿੱਤਾ। ਜੇਲ੍ਹ ਤੋਂ ਰਿਹਾ ਹੁੰਦੇ ਹੀ ਇਸ ਨੇ ਲਾਲ ਚੰਦ ਯਮਲਾ ਜੱਟ ਪਾਸੋਂ ਸੰਗੀਤ ਦੀ ਤਾਲੀਮ ਲਈ।


ਜਗਤ ਸਿੰਘ ਜੱਗਾ

ਜੱਗੇ ਨੇ ਕਈ ਫ਼ਿਲਮਾਂ ਲਈ ਗਾਇਆ ਹੈ ਅਤੇ ਬਦੇਸ਼ਾਂ ਵਿਚ ਵੀ ਆਪਣੀ ਕਲਾ, ਸੰਗੀਤ ਤੇ ਗਲੇ ਦੇ ਜੌਹਰ ਦੀ ਧਾਂਕ ਬਿਠਾਈ ਹੈ।

ਹ. ਪੁ. –ਪੰਜਾਬੀ ਸੰਗੀਤਕਾਰ

**ਜਗਾਧਰੀ** : ਹਰਿਆਣਾ ਰਾਜ (ਭਾਰਤ) ਦੇ ਅੰਬਾਲਾ ਜ਼ਿਲ੍ਹੇ ਵਿਚ ਜਗਾਧਰੀ ਤਹਿਸੀਲ ਦਾ ਸਦਰ-ਮੁਕਾਮ ਹੈ। ਇਹ ਅੰਬਾਲਾ ਤੋਂ 59 ਕਿ. ਮੀ. ਦੱਖਣ-ਪੂਰਬ ਵੱਲ ਅਤੇ ਯਮਨਾ ਨਗਰ ਰੇਲਵੇ ਸਟੇਸ਼ਨ ਤੋਂ ਕੋਈ 5 ਕਿ. ਮੀ. ਉੱਤਰ-ਪੂਰਬ ਵੱਲ ਵਾਕਿਆ ਹੈ। ਜਗਾਧਰੀ ਅਤੇ ਯਮਨਾ ਨਗਰ ਇੰਨੇ ਵੱਧ ਗਏ ਹਨ ਕਿ ਹੁਣ ਇਕ ਦੂਜੇ ਵਿਚ ਹੀ ਰਲ ਮਿਲ ਗਏ ਹਨ। ਇਹ ਸ਼ਹਿਰ ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਰਾਜਾ ਦੇ ਪ੍ਰਵੇਸ਼ ਦੁਆਰਾਂ ਉੱਤੇ ਸਥਿਤ ਹਨ। ਸਹਾਰਨਪੁਰ ਅਤੇ ਹਰਦੁਆਰ ਵੱਲ ਜਾਂਦੇ ਲੋਕ ਅਕਸਰ ਇਥੇ ਭਾਂਡਿਆਂ ਦੀ ਖਰੀਦੋ-ਫਰੋਖ਼ਤ ਲਈ ਰੁਕਦੇ ਹਨ। ਇਨ੍ਹਾਂ ਦੋਵਾਂ ਸ਼ਹਿਰਾਂ ਦਾ ਰੇਲਵੇ ਸਟੇਸ਼ਨ ਇਕੋ ਹੀ ਹੈ। ਅੱਜਕੱਲ੍ਹ ਇਹ ਆਲੇ ਦੁਆਲੇ ਦੇ ਹੋਰਨਾਂ ਸ਼ਹਿਰਾਂ ਨਾਲ ਰੇਲਾਂ ਅਤੇ ਸੜਕਾਂ ਰਾਹੀਂ ਜੁੜਿਆ ਹੋਇਆ ਹੈ।

ਸ਼ਹਿਰ ਦਾ ਪੁਰਾਣਾ ਨਾਂ 'ਗੰਗਾਧਾਰੀ' ਹੁੰਦਾ ਸੀ ਜਿਹੜਾ ਹੌਲੀ ਹੌਲੀ ਵਿਗੜ ਕੇ ਜਗਾਧਰੀ ਪੈ ਗਿਆ। ਕਿਹਾ ਜਾਂਦਾ ਹੈ ਕਿ ਗੰਗਾ ਕਿਸੇ ਜ਼ਮਾਨੇ ਸ਼ਹਿਰ ਦੇ ਨੇੜਿਓਂ ਲੰਘਦੀ ਸੀ ਤੇ ਸ਼ਹਿਰ ਦੀ ਉਸਾਰੀ ਖਾਤਰ ਉਸ ਦਾ ਪਾਣੀ ਵਰਤਿਆ ਗਿਆ ਸੀ। ਇਸ ਦੀ ਮਹੱਤਤਾ ਸਿੱਖ ਰਾਜਾ ਰਾਇ ਸਿੰਘ ਦੀ ਜਿੱਤ ਨਾਲ ਵਧੀ ਜਿਸਨੇ ਇਹ ਸ਼ਹਿਰ ਜਿੱਤ ਕੇ ਵਪਾਰੀ ਵਰਗ ਨੂੰ ਇਥੇ ਰਹਿਣ ਲਈ ਪ੍ਰੇਰਿਆ। ਬਾਅਦ ਵਿਚ ਨਾਦਰ ਸ਼ਾਹ ਨੇ ਸ਼ਹਿਰ ਨੂੰ ਉਜਾੜ ਦਿੱਤਾ ਪਰ ਰਾਜਾ ਰਾਇ ਸਿੰਘ ਨੇ 1783 ਈ. ਵਿਚ ਫਿਰ ਵਸਾ ਦਿੱਤਾ। ਸੰਨ 1829 ਵਿਚ ਇਸਨੂੰ ਅੰਗਰੇਜ਼ਾਂ ਨੇ ਆਪਣੇ ਅਧੀਨ ਕਰ ਲਿਆ। ਸੰਨ 1867 ਤੋਂ ਇਥੇ ਮਿਉਂਸਪਲਟੀ ਕਾਇਮ ਹੈ। ਇਥੇ ਮਿਸ਼ਨ ਹਸਪਤਾਲ, ਸ਼ਿਵ ਮੰਦਰ ਟ੍ਰਸਟ ਹਸਪਤਾਲ, ਸ਼ਿੰਭੂ ਮੱਲ ਧਰਮ ਅਰਥ ਔਸ਼ਧਾਲਯਾ ਅਤੇ ਡੰਗਰਾਂ ਦਾ ਹਸਪਤਾਲ ਆਦਿ ਹਨ। ਸਿੱਖਿਆ ਲਈ ਲੜਕੀਆਂ ਦਾ ਕਾਲਜ, ਦੋ ਹਾਇਰ ਸੈਕੰਡਰੀ ਸਕੂਲ, 7 ਪ੍ਰਾਇਮਰੀ ਸਕੂਲ, ਸੰਸਕ੍ਰਿਤ ਸਨਾਤਨ ਧਰਮ ਵਿਦਿਆਲਾ ਅਤੇ ਦੋ ਕੰਨਿਆਂ ਪਾਠਸ਼ਾਲਾਵਾਂ ਹਨ। ਸ਼ਹਿਰ ਦੀਆਂ ਹੋਰ ਵਰਣਨਯੋਗ ਥਾਵਾਂ ਵਿਚ ਗੌੜੀ ਸ਼ੰਕਰ ਮੰਦਰ ਅਤੇ ਦੇਵੀ ਭਵਨ ਹਨ।

ਜਗਾਧਰੀ ਸ਼ਹਿਰ ਵਿਚ ਭਾਂਡਿਆਂ ਦੀ ਸੱਨਅਤ ਬਹੁਤ ਉੱਨਤ ਹੈ। ਕਿਸੇ ਸਮੇਂ ਭਾਂਡਿਆਂ ਲਈ ਮੁਰਾਦਾਬਾਦ ਮਸ਼ਹੂਰ ਹੁੰਦਾ ਸੀ ਪਰ ਅੱਜਕੱਲ੍ਹ ਦੂਰ ਦੂਰ ਤੱਕ ਜਗਾਧਰੀ ਦੇ ਬਣੇ ਭਾਂਡੇ ਜਾਂਦੇ ਹਨ। ਇਥੋਂ ਤੱਕ ਕਿ ਬਦੇਸ਼ਾਂ ਵਿਚ ਵੀ ਜਗਾਧਰੀ ਦੀ ਇਹ ਸੱਨਅਤ ਸ਼ਹਿਰ ਜਿੰਨੀ ਹੀ ਪੁਰਾਣੀ ਹੈ। ਸ਼ੁਰੂ ਵਿਚ ਇਸ ਸੱਨਅਤ ਨੇ ਪਿੱਤਲ, ਤਾਂਬੇ ਅਤੇ ਕਾਂਸੀ ਦੇ ਬਰਤਨ, ਮੰਦਰਾਂ ਦੇ ਘੰਟੇ ਅਤੇ ਬੈਲ ਗੱਡੀਆਂ ਲਈ ਘੁੰਗਰੂ ਤਿਆਰ ਕਰਨੇ ਆਰੰਭ ਕੀਤੇ ਸਨ ਪਰ ਹੁਣ ਇਹ ਇਨ੍ਹਾਂ ਤੋਂ ਇਲਾਵਾ ਸਟੇਨਲੈਸ ਸਟੀਲ ਦੇ ਭਾਂਡੇ ਬਣਾਉਣ ਦਾ ਉੱਘਾ ਕੇਂਦਰ ਹੈ। ਇਥੋਂ ਲਗਭਗ 15 ਕਰੋੜ ਰੁਪਏ ਦੀਆਂ ਪਿੱਤਲ ਅਤੇ ਕਾਂਸੀ ਦੀਆਂ ਚਾਦਰਾਂ ਸਾਰੇ ਦੇਸ਼ ਨੂੰ ਸਪਲਾਈ ਕੀਤੀਆਂ ਜਾਂਦੀਆਂ ਹਨ। ਸ਼ਹਿਰ ਦੀ ਕੁੱਲ ਆਬਾਦੀ ਵਿਚੋਂ 20,000 ਵਿਅਕਤੀ ਧਾਤ ਸੱਨਅਤ ਨਾਲ ਜੁੜੇ ਹੋਏ ਹਨ। ਸ਼ਹਿਰ ਵਿਚ 600 ਤੋਂ ਵੱਧ ਰਜਿਸਟਰਡ ਕਾਰਖ਼ਾਨੇ ਹਨ। ਇਨ੍ਹਾਂ ਤੋਂ ਇਲਾਵਾ ਲਗਭਗ 2,000 ਛੋਟੀਆਂ ਦਸਤਕਾਰੀ ਇਕਾਈਆਂ ਵੀ ਹਨ। 10,000 ਵਿਅਕਤੀ ਇਨ੍ਹਾਂ ਇਕਾਈਆਂ ਵਿਚ ਕੰਮ ਕਰ ਰਹੇ ਹਨ। ਸ਼ਹਿਰ ਵਿਚ 5,000 ਠਠਿਆਰ ਹਨ ਜਿਹੜੇ ਭਾਂਡਿਆਂ ਤੇ ਪਰਾਤਾਂ ਉੱਤੇ ਗੀਟੇ ਲਾਉਣ ਦਾ ਕੰਮ ਕਰਦੇ ਹਨ ਅਤੇ ਨਾਂ ਵੀ ਉੱਕਰਦੇ ਹਨ।

ਆਬਾਦੀ –67,386 (1991)

30° 10′ ਉ. ਵਿਥ.; 77° 18′ ਪੂ. ਲੰਬ.

ਹ. ਪੁ.-ਇੰਪ. ਗ. ਇੰਡ 13 : 375; ਪੰਜਾਬੀ ਟ੍ਰਿਬਿਊਨ 5 ਜੁਲਾਈ 1982; ਸੈਂਸਸ ਆਫ਼ ਇੰਡੀਆ–1961 (ਅੰਬਾਲਾ ਡਿਸਟ੍ਰਿਕਟ)

**ਜਗਾਧਰੀ ਰੇਲਵੇ ਵਰਕਸ਼ਾਪ** : ਜਗਾਧਰੀ ਅਤੇ ਯਮਨਾ ਨਗਰ ਸ਼ਹਿਰਾਂ ਦਾ ਇਕ ਹਿੱਸਾ ਜਗਾਧਰੀ ਰੇਲਵੇ ਵਰਕਸ਼ਾਪ ਵੀ ਹੈ ਜੋ ਇਨ੍ਹਾਂ ਸ਼ਹਿਰਾਂ ਤੋਂ 8 ਕਿ. ਮੀ. ਦੂਰ ਅੰਬਾਲਾ-ਸਹਾਰਨਪੁਰ ਰੇਲ ਲਾਈਨ ਉੱਤੇ ਵਾਕਿਆ ਹੈ। ਇਹ ਛੋਟਾ ਜਿਹਾ ਕਸਬਾ ਹੀ ਹੈ ਜੋ ਰੇਲਵੇ ਵਰਕਸ਼ਾਪ ਕਾਰਨ ਮਸ਼ਹੂਰ ਹੈ। ਇਥੋਂ ਦੀ ਰੇਲਵੇ ਵਰਕਸ਼ਾਪ ਵਿਚ ਰੇਲ ਗੱਡੀਆਂ ਦੇ ਡੱਬਿਆਂ ਅਤੇ ਇੰਜਨਾਂ ਦੀ ਮੁਰੰਮਤ ਆਦਿ ਕੀਤੀ ਜਾਂਦੀ ਹੈ। ਇਸ ਕਾਲੋਨੀ ਵਿਚ ਵਸੋਂ ਲਗਾਤਾਰ ਵਧਦੀ ਜਾ ਰਹੀ ਹੈ। ਰੇਲ ਵਿਭਾਗ ਵਲੋਂ ਬਣਾਏ ਮਕਾਨਾਂ ਅਤੇ ਵਧੀਆ ਕੋਠੀਆਂ ਤੋਂ ਇਲਾਵਾ ਇਥੇ ਲੋਕਾਂ ਨੇ ਨਿੱਜੀ ਜ਼ਮੀਨਾਂ ਖਰੀਦ ਕੇ ਮਕਾਨ ਉਸਾਰੇ ਹੋਏ ਹਨ। ਕਾਲੋਨੀ ਦੀਆਂ ਆਮ ਲੋੜਾਂ ਦੀ ਪੂਰਤੀ ਲਈ ਮਾਰਕਿਟ ਅਤੇ ਹੋਰ ਸਭ ਸਹੂਲਤਾਂ ਸਰਕਾਰ ਵੱਲੋਂ ਹੀ ਮੁਹੱਈਆ ਹਨ। ਪ੍ਰਾਈਵੇਟ ਸਕੂਲ, ਸਰਕਾਰੀ ਹਾਇਰ ਸਕੰਡਰੀ ਸਕੂਲ ਅਤੇ ਰੇਲ ਵਿਭਾਗ ਵੱਲੋਂ ਬਣਾਇਆ ਵਧੀਆ ਹਸਪਤਾਲ ਮੌਜੂਦ ਹੈ। ਇਥੇ ਗੁਰਦੁਆਰਾ ਅਤੇ ਮੰਦਰ ਵੀ ਹੈ।

ਆਬਾਦੀ-8,022 (1991).

**ਜੰਗੀ ਅਪਰਾਧ** : ਫ਼ੌਜੀਆਂ ਜਾਂ ਹੋਰਨਾਂ ਵਿਅਕਤੀਆਂ ਵੱਲੋਂ ਕੀਤੇ ਗਏ ਅਜਿਹੇ ਕੰਮ, ਜਿਨ੍ਹਾਂ ਲਈ ਦੁਸ਼ਮਣਾਂ ਦੁਆਰਾ ਫੜੇ ਜਾਣ ਤੇ ਸਜ਼ਾ ਦਿੱਤੀ ਜਾ ਸਕਦੀ ਹੈ, ਜੰਗੀ ਅਪਰਾਧ ਕਹੇ ਜਾਂਦੇ ਹਨ। ਅੰਤਰਰਾਸ਼ਟਰੀ ਕਾਨੂੰਨ ਵਿਰੁੱਧ ਕੀਤੇ ਗਏ ਅਜਿਹੇ ਕੰਮ, ਜਿਹੜੇ ਅਪਰਾਧੀ ਦੇ ਆਪਣੇ ਦੇਸ਼ ਦੇ ਕਾਨੂੰਨ ਵਿਰੁੱਧ ਹੋਣ, ਵੀ ਜੰਗੀ ਅਪਰਾਧ ਅਧੀਨ ਆਉਂਦੇ ਹਨ ਜਿਵੇਂ ਕਿ ਵਿਅਕਤੀਗਤ ਲਾਭ ਲਈ ਕੀਤੀ ਗਈ ਲੁੱਟਮਾਰ ਜਾਂ ਹੱਤਿਆ ਅਤੇ ਦੁਸ਼ਮਣ ਦੇਸ਼ ਵੱਲੋਂ ਜਾਂ ਉਸ ਦੇ ਆਦੇਸ਼ ਤੇ ਕੀਤੇ ਗਏ ਅਪਰਾਧ।

**ਜੰਗੀ ਅਪਰਾਧ ਦੀਆਂ ਕਿਸਮਾਂ**—ਜੰਗੀ ਅਪਰਾਧਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :–

1. ਹਥਿਆਰਬੰਦ ਫ਼ੌਜਾਂ ਵੱਲੋਂ ਸਥਾਪਿਤ ਜੰਗੀ ਨਿਯਮਾਂ ਦੀ ਉਲੰਘਣਾ,

2. ਅਜਿਹੇ ਵਿਅਕਤੀਆਂ ਦੁਆਰਾ ਹਥਿਆਰਬੰਦ ਬਗਾਵਤ ਜਿਹੜੇ ਦੁਸ਼ਮਣ ਫ਼ੌਜੀ ਨਾ ਹੋਣ;

3. ਜਾਸੂਸੀ ਅਤੇ ਜੰਗ ਸਬੰਧੀ ਵਿਸ਼ਵਾਸਘਾਤ, ਅਤੇ

4. ਲੁੱਟਮਾਰ ਦੇ ਕੰਮ।

**ਸਥਾਪਿਤ ਜੰਗੀ ਨਿਯਮਾਂ ਦੀ ਉਲੰਘਣਾ**

1. ਜ਼ਹਿਰੀਲੇ ਜਾਂ ਹੋਰ ਕਾਰਨਾਂ ਕਰ ਕੇ ਵਰਜਿਤ ਅਸਤਰ ਸ਼ਸਤਰਾਂ ਅਤੇ ਗੈਸ ਦੀ ਵਰਤੋਂ।

2. ਰੋਗੀ ਅਤੇ ਜ਼ਖ਼ਮੀ ਫ਼ੌਜੀਆਂ ਅਤੇ ਨਿਹੱਥੇ ਸ਼ਰਨਾਰਥੀਆਂ ਦੀ ਹੱਤਿਆ ਜਾਂ ਉਨ੍ਹਾਂ ਨੂੰ ਜ਼ਖ਼ਮੀ ਕਰਨਾ।

3. ਛਲ ਘਾਤ ਕਰਨਾ ਜਾਂ ਛਲ-ਘਾਤੀ ਦੀ ਨਿਯੁਕਤੀ ਕਰਨਾ।

4. ਵਿਸ਼ਵਾਸਘਾਤ ਦੀ ਭਾਵਨਾ ਨਾਲ ਸ਼ਰਨ ਦੇਣ ਲਈ ਬੇਨਤੀ ਕਰਨਾ ਜਾਂ ਉਸੇ ਇਰਾਦੇ ਨਾਲ ਰੋਗੀ ਜਾਂ ਜ਼ਖ਼ਮੀ ਹੋਣ ਦਾ ਬਹਾਨਾ ਕਰਨਾ।

5. ਜੰਗੀ ਕੈਦੀਆਂ, ਜ਼ਖ਼ਮੀਆਂ ਜਾਂ ਰੋਗੀਆਂ ਨਾਲ ਬੁਰਾ ਵਰਤਾਉ ਕਰਨਾ ਅਤੇ ਉਨ੍ਹਾਂ ਦਾ ਨਿੱਜੀ ਧਨ ਖੋਹ ਲੈਣਾ।

6. ਦੁਸ਼ਮਣ ਦੇਸ਼ ਦੇ ਨਿਰਦੋਸ਼ ਗ਼ੈਰ-ਫ਼ੌਜੀ ਵਿਅਕਤੀਆਂ ਨੂੰ ਮਾਰਨਾ, ਜ਼ਖ਼ਮੀ ਕਰਨਾ ਅਤੇ ਉਨ੍ਹਾਂ ਦੀ ਨਿੱਜੀ ਸੰਪਤੀ ਨੂੰ ਖੋਹ ਲੈਣਾ ਜਾਂ ਬਰਬਾਦ ਕਰਨਾ।

7. ਜਿੱਤੇ ਹੋਏ ਦੇਸ਼ਾਂ ਦੇ ਲੋਕਾਂ ਨੂੰ ਫ਼ੌਜ ਦੀ ਸਥਿੱਤੀ ਅਤੇ ਉਨ੍ਹਾਂ ਦੇ ਬਚਾਉ ਸਬੰਧੀ ਦੱਸਣ ਲਈ ਮਜਬੂਰ ਕਰਨਾ।

8. ਲੜਾਈ ਦੇ ਮੈਦਾਨ ਵਿਚ ਮਾਰੇ ਗਏ ਫ਼ੌਜੀਆਂ ਪ੍ਰਤੀ ਭੈੜਾ ਵਰਤਾਉ ਅਤੇ ਉਨ੍ਹਾਂ ਦੇ ਸਰੀਰ ਤੋਂ ਕੀਮਤੀ ਚੀਜ਼ਾਂ ਜਾਂ ਧਨ ਅਤੇ ਹਥਿਆਰਾਂ ਦਾ ਉਤਾਰਨਾ।

9. ਅਜਾਇਬ-ਘਰ, ਹਸਪਤਾਲ, ਗਿਰਜੇ, ਸਕੂਲ ਆਦਿ ਦੀ ਜਾਇਦਾਦ ਨੂੰ ਬਰਬਾਦ ਕਰਨਾ ਜਾਂ ਆਪਣੇ ਅਧਿਕਾਰ ਵਿਚ ਲੈਣਾ।

10. ਅਸੁਰੱਖਿਅਤ ਖੁਲ੍ਹੇ ਸ਼ਹਿਰਾਂ ਤੇ ਹਮਲਾ, ਘੇਰਾ, ਗੋਲਾਬਾਰੀ, ਅਸੁਰੱਖਿਅਤ ਸਥਾਨਾਂ ਤੇ ਸਮੁੰਦਰੀ ਜਹਾਜ਼ਾਂ ਦੁਆਰਾ ਗੋਲਾਬਾਰੀ ਕਰਨਾ, ਗ਼ੈਰਫ਼ੌਜੀ ਆਬਾਦੀ ਨੂੰ ਭੈਭੀਤ ਕਰਨ ਲਈ ਹਵਾਈ ਗੋਲਾਬਾਰੀ ਕਰਨਾ।

11. ਬਚਾਉ ਕਰਨ ਵਾਲੇ ਸ਼ਹਿਰਾਂ ਦੇ ਇਤਿਹਾਸਕ ਸਤੂਪਾਂ, ਹਸਪਤਾਲਾਂ ਅਤੇ ਧਰਮ, ਕਲਾ ਤੇ ਵਿਗਿਆਨ ਨਾਲ ਸਬੰਧਤ ਇਮਾਰਤਾਂ ਤੇ ਵਿਸ਼ੇਸ਼ ਸੰਕੇਤ ਹੋਣ ਦੇ ਬਾਵਜੂਦ ਵੀ ਗੋਲਾਬਾਰੀ ਕਰਨਾ।

12. ਦੁਸ਼ਮਣਾਂ ਦੇ ਜਹਾਜ਼ਾਂ ਦੁਆਰਾ ਝੰਡਾ ਝੁਕਾ ਕੇ ਆਤਮ ਸਮਰਪਣ ਦੇ ਸੰਕੇਤ ਕਰਨ ਤੇ ਵੀ ਹਮਲਾ ਕਰਨਾ ਜਾਂ ਉਨ੍ਹਾਂ ਨੂੰ ਡੁਬਾਉਣਾ ਜਾਂ ਨਿਰੀਖਣ ਦੀ ਮੰਗ ਕੀਤੇ ਬਿਨਾਂ ਉਨ੍ਹਾ ਦੇ ਮਾਲ ਤੇ ਹੱਲਾ ਬੋਲਣਾ।

13. ਹਸਪਤਾਲੀ ਜਹਾਜ਼ਾਂ ਤੇ ਹਮਲਾ ਕਰਨਾ ਜਾਂ ਉਨ੍ਹਾਂ ਨੂੰ ਬੰਦੀ ਬਣਾਉਣਾ।

14. ਲੜਾਈ ਦੇ ਦੌਰਾਨ ਦੁਸ਼ਮਣਾਂ ਦੀ ਵਰਦੀ ਦਾ ਪ੍ਰਯੋਗ ਕਰਨਾ।

15. ਜੰਗਬੰਦੀ ਦੇ ਝੰਡਿਆਂ ਵਾਲੇ ਵਾਹਣਾਂ ਤੇ ਹਮਲਾ ਕਰਨਾ।

16. ਸੰਧੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨਾ।

ਉੱਚ-ਅਧਿਕਾਰੀਆਂ ਦੇ ਆਦੇਸ਼ ਬਚਾਉ ਦੀ ਇਹ ਦਲੀਲ ਨਹੀਂ ਮੰਨੀ ਜਾਂਦੀ ਕਿ ਜੰਗ ਵਿਚ ਰੁਝੀ ਸਰਕਾਰ ਜਾਂ ਉਸ ਦੇ ਕਿਸੇ ਕਮਾਂਡਰ ਦੇ ਆਦੇਸ਼ ਤੇ ਕਿਸੇ ਨੇ ਕੋਈ ਅਪਰਾਧ ਕੀਤਾ ਹੈ। ਕਦੇ ਕਦੇ ਸਥਿਤੀ ਇਹੋ ਜਿਹੀ ਹੋ ਜਾਂਦੀ ਹੈ ਜਦੋਂ ਇਕ ਪਾਸੇ ਤਾਂ ਫ਼ੌਜੀ ਆਪਣੇ ਕਮਾਂਡਰ ਦੀ ਆਗਿਆ ਪਾਲਣ ਲਈ ਮਜਬੂਰ ਹੁੰਦਾ ਹੈ ਪਰ ਦੂਜੇ ਪਾਸੇ ਉਸੇ ਆਗਿਆ ਦੀ ਅਨੁਚਿਤਤਾ ਦੀ ਸਮਝ ਹੀ ਨਾ ਆਵੇ ਅਤੇ ਉਹ ਆਪਣੇ ਕਮਾਂਡਰ ਦੀ ਆਗਿਆ ਦੀ ਪਾਲਣਾ ਕਰੇ। ਯੁੱਧ ਦੇ ਨਿਯਮ ਵਧੇਰੇ ਕਰਕੇ ਅਸਪੱਸ਼ਟ ਹੁੰਦੇ ਹਨ। ਇਹ ਵੀ ਸੰਭਵ ਹੈ ਕਿ ਕੋਈ ਆਦੇਸ਼ ਮੰਨਣ ਯੋਗ ਨਾ ਹੁੰਦੇ ਹੋਏ ਵੀ ਬਦਲੇ ਦੀ ਭਾਵਨਾ ਕਾਰਨ ਮੰਨਣ ਯੋਗ ਬਣ ਜਾਏ। ਇਸ ਸਥਿਤੀ ਵਿਚ ਇਹੋ ਜਿਹੇ ਕੰਮ ਨੂੰ ਜੰਗੀ ਅਪਰਾਧ ਨਹੀਂ ਮੰਨਿਆ ਜਾਂਦਾ। ਫਿਰ ਵੀ ਮੁੱਖ ਸਿਧਾਂਤ ਇਹ ਹੈ ਕਿ ਫ਼ੌਜੀ ਆਪਣੇ ਕਮਾਂਡਰ ਦੀ ਕਾਨੂੰਨੀ ਆਗਿਆ ਮੰਨਣ ਲਈ ਹੀ ਪਾਬੰਦ ਹੈ। ਇਸ ਲਈ ਜੇ ਉਹ ਯੁੱਧ ਦੇ ਨਿਸ਼ਚਿਤ ਨਿਯਮਾਂ ਦੇ ਵਿਰੁੱਧ ਆਪਣੇ ਉੱਚ ਅਧਿਕਾਰੀ ਦੀ ਆਗਿਆ ਦਾ ਪਾਲਣ ਕਰਦਾ ਹੈ ਤਾਂ ਵੀ ਉਹ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦਾ। ਇਸ ਜ਼ਿੰਮੇਵਾਰੀ ਨੂੰ ਉੱਚ-ਅਧਿਕਾਰੀ ਤੱਕ ਸੀਮਿਤ ਕਰਨ ਦਾ ਅਰਥ ਤਾਂ ਰਾਜ ਦੇ ਮੁਖੀ ਨੂੰ ਇਹ ਜ਼ਿੰਮੇਵਾਰੀ ਸੌਂਪਣਾ ਹੋਵੇਗਾ ਪਰ ਅੰਤਰਾਸ਼ਟਰੀ ਅਤੇ ਸਥਾਨਕ ਕਾਨੂੰਨ ਦੋਹਾਂ ਅਨੁਸਾਰ ਇੰਜ ਕਰਨਾ ਚਰਚਾ ਦਾ ਵਿਸ਼ਾ ਹੈ।

ਅੰਤਰਰਾਸ਼ਟਰੀ ਫ਼ੌਜੀ ਅਦਾਲਤ ਨੇ ਆਪਣੇ ਚਾਰਟਰ (ਸੰਨ 1945) ਵਿਚ ਉੱਚ-ਅਧਿਕਾਰੀ ਦੇ ਆਦੇਸ਼ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ। ਅੱਠਵੇਂ ਅਨੁਛੇਦ ਵਿਚ ਕਿਹਾ ਗਿਆ ਹੈ "ਇਹ ਦਲੀਲ ਕਿ ਅਪਰਾਧੀ ਨੇ ਆਪਣੀ ਸਰਕਾਰ ਜਾਂ ਆਪਣੇ ਉੱਚ-ਅਧਿਕਾਰੀ ਦੀ ਆਗਿਆ ਨਾਲ ਕੋਈ ਕੰਮ ਕੀਤਾ ਹੈ, ਉਸ ਨੂੰ ਉਸ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰ ਸਕਦੀ, ਪਰ ਅਦਾਲਤ ਦੇ ਵਿਚਾਰ ਅਨੁਸਾਰ ਜੇਕਰ ਨਿਆਂ ਦੀ ਅਜਿਹੀ ਮੰਗ ਹੋਵੇ ਤਾਂ ਦੰਡ ਦੀ ਕਠੋਰਤਾ ਨੂੰ ਘੱਟ ਕਰਨ ਲਈ ਉਕਤ ਦਲੀਲ ਤੇ ਵਿਚਾਰ ਕੀਤਾ ਜਾ ਸਕਦਾ ਹੈ।"

ਨੂਰਮਬਰਗ (ਜਰਮਨੀ) ਦੀ ਅਦਾਲਤ ਨੇ ਨਾਜ਼ੀ ਅਧਿਕਾਰੀਆਂ ਦੁਆਰਾ ਪੇਸ਼ ਕੀਤੀ ਇਸ ਦਲੀਲ ਨੂੰ ਕਿ ਉਨ੍ਹਾਂ ਨੇ ਉੱਚ ਅਧਿਕਾਰੀ ਦੇ ਆਦੇਸ਼ ਦੀ ਪਾਲਣਾ ਕੀਤੀ ਹੈ, ਅਸਵੀਕਾਰ ਕਰਦੇ ਹੋਏ ਕਿਹਾ ਕਿ ਜਾਣ ਬੁਝ ਕੇ ਕੀਤੇ ਗਏ ਅਮਾਨਵੀ ਅਪਰਾਧਾਂ ਅਰਥਾਤ ਗੈਸ ਚੈਂਬਰ ਵਿਚ ਬੰਦ ਕਰਕੇ ਯਹੂਦੀਆਂ ਦਾ ਸ਼ਰਵਨਾਸ਼ ਕਰਨ ਅਤੇ ਗ਼ੈਰ-ਫ਼ੌਜੀਆਂ ਦੀ ਨਿਰਦਈ ਹੱਤਿਆ ਕਰਨ ਆਦਿ ਲਈ ਦੰਡ ਦੀ ਕਠੋਰਤਾ ਨੂੰ ਘੱਟ ਕਰਨ ਦੇ ਮੰਤਵ ਲਈ ਵੀ ਉਕਤ ਦਲੀਲ ਤੇ ਵਿਚਾਰ ਹੀ ਨਹੀਂ ਕੀਤਾ ਜਾ ਸਕਦਾ। ਦਸੰਬਰ, 1946 ਵਿਚ ਸੰਯੁਕਤ ਰਾਸ਼ਟਰ ਸੰਘ ਨੇ ਸਰਬਸੰਮਤੀ ਨਾਲ ਇਸ ਸਿਧਾਂਤ ਦੀ ਪੁਸ਼ਟੀ ਕੀਤੀ।

**ਅਧੀਨ-ਅਧਿਕਾਰੀਆਂ ਲਈ ਕਮਾਂਡਰ ਦੀ ਜ਼ਿੰਮੇਵਾਰੀ**—ਜੇਕਰ ਜਿੱਤੇ ਹੋਏ ਦੇਸ਼ ਦੇ ਨਿਵਾਸੀਆ ਜਾਂ ਜੰਗੀ ਕੈਦੀਆਂ ਉੱਤੇ ਫ਼ੌਜੀ ਜਾਂ ਹੇਠਲੇ ਦਰਜੇ ਦੇ ਫ਼ੌਜੀ ਅਫ਼ਸਰ ਅਤਿਆਚਾਰ ਕਰਨ ਤਾਂ ਕਮਾਂਡਰ ਦੀ ਜ਼ਿੰਮੇਵਾਰੀ ਦਾ ਸਵਾਲ ਪੈਦਾ ਹੁੰਦਾ ਹੈ। ਜੇ ਕਮਾਂਡਰ ਦੇ ਸਪੱਸ਼ਟ ਆਦੇਸ਼ ਨਾਲ ਅਜਿਹਾ ਕੀਤਾ ਗਿਆ ਹੋਵੇ ਜਾਂ ਇਸ ਨੂੰ ਰੋਕਣ ਜਾਂ ਦਬਾਉਣ ਦੀ ਕੋਈ ਕੋਸ਼ਿਸ਼ ਕਮਾਂਡਰ ਵੱਲੋਂ ਨਾ ਕੀਤੀ ਗਈ ਹੋਵੇ ਤਾਂ ਇਹ ਜ਼ਿੰਮੇਵਾਰੀ ਕਮਾਂਡਰ ਤੇ ਆਉਂਦੀ ਹੈ ਕਿ ਉਸ ਨੇ ਉਕਤ ਅਤਿਆਚਾਰ ਕਰਨ ਦੀ ਪਰਵਾਨਗੀ ਦਿੱਤੀ ਜਾਂ ਉਸ ਨੂੰ ਕੀਤੇ ਜਾਣ ਲਈ ਸ਼ਹਿ ਦਿਤੀ। ਇਸੇ ਸਿਧਾਂਤ ਅਨੁਸਾਰ 1946 ਈ: ਵਿਚ ਅਮਰੀਕੀ ਮਿਲਟਰੀ ਕਮਿਸ਼ਨ ਨੇ ਦੂਜੇ ਮਹਾਂਯੁੱਧ ਦੇ ਦੌਰਾਨ ਫ਼ਿਲਪੀਨ ਵਿਚ ਜਾਪਾਨੀ ਫ਼ੌਜੀਆਂ ਦੁਆਰਾ ਕੀਤੀ ਗਈ ਜ਼ਿਆਦਤੀ ਲਈ ਜਾਪਾਨੀ ਕਮਾਂਡਰ

ਯਾਮਾਸ਼ੀਟਾ ਨੂੰ ਪ੍ਰਾਣ ਦੰਡ ਦਿੱਤਾ ਸੀ, ਹਾਲਾਂ ਕਿ ਉਸ ਨੇ ਆਪਣੇ ਬਚਾਉ ਲਈ ਕਿਹਾ ਸੀ ਕਿ ਆਵਾਜਾਈ ਦੇ ਸਾਧਨ ਖ਼ਤਮ ਹੋ ਜਾਣ ਕਾਰਨ ਉਹ ਆਪਣੇ ਫ਼ੌਜੀਆਂ ਤੇ ਕੰਟਰੋਲ ਨਹੀਂ ਸੀ ਰੱਖ ਸਕਿਆ। ਜੇਕਰ ਹਾਰੇ ਹੋਏ ਦੇਸ਼ ਦੇ ਵਾਸੀ ਜੇਤੂ ਫ਼ੌਜੀਆਂ ਦਾ ਮੁਕਾਬਲਾ ਕਰਨ ਤਾਂ ਉਨ੍ਹਾਂ ਦੀ ਸਥਿਤੀ ਫ਼ੌਜੀਆਂ ਵਾਲੀ ਨਹੀਂ ਮੰਨੀ ਜਾਵੇਗੀ, ਪਰ ਅੰਤਰਰਾਸ਼ਟਰੀ ਵਿਧਾਨ ਦੀ ਪਰੰਪਰਾ ਅਨੁਸਾਰ ਉਨ੍ਹਾਂ ਨੂੰ ਜੰਗੀ ਅਪਰਾਧੀਆਂ ਦੇ ਰੂਪ ਵਿਚ ਦੰਡ ਦਿੱਤਾ ਜਾ ਸਕਦਾ ਹੈ।

ਅੰਤਰਰਾਸ਼ਟਰੀ ਕਾਨੂੰਨ ਕਿਸੇ ਪੱਖ ਦੁਆਰਾ ਜਾਸੂਸੀ ਕਰਨ ਅਤੇ ਰਾਜ ਧਰੋਹ ਨੂੰ ਜੰਗੀ ਅਪਰਾਧ ਵਜੋਂ ਮਾਨਤਾ ਦਿੰਦਾ ਹੈ, ਪਰ ਵਿਰੋਧੀ ਪੱਖ ਨੂੰ ਅਧਿਕਾਰ ਹੈ ਕਿ ਉਹ ਇਸ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦੇਵੇ। ਇਸੇ ਅਨੁਸਾਰ ਦੂਜੇ ਮਹਾਂਯੁੱਧ ਦੇ ਦੌਰਾਨ ਜਰਮਨੀ ਦੇ ਨਾਜ਼ੀ ਹਾਕਮਾਂ ਨੇ ਬਰਤਾਨਵੀ ਨਾਗਰਿਕ ਐਮਰੀ ਨੂੰ ਆਕਾਸ਼ਬਾਣੀ ਦੁਆਰਾ ਬਰਤਾਨੀਆ ਵਿਰੁੱਧ ਪ੍ਰਚਾਰ ਕਰਨ ਦੇ ਕੰਮ ਲਈ ਨਿਯੁਕਤ ਕੀਤਾ ਸੀ ਪਰ ਬਰਤਾਨਵੀ ਫ਼ੌਜ ਦੇ ਜਰਮਨੀ ਉੱਤੇ ਕਬਜ਼ਾ ਹੋ ਜਾਣ ਮਗਰੋਂ, ਐਮਰੀ ਨੂੰ ਬਰਤਾਨਵੀ ਅਦਾਲਤ ਨੇ ਮੌਤ ਦੀ ਸਜ਼ਾ ਦਿੱਤੀ।

ਹ. ਪੁ. -ਹਿੰ. ਵਿ. ਕੋ. 9 : 474

**ਜੰਗੀ ਹਵਾਈ ਜਹਾਜ਼** : ਪਹਿਲੇ ਸੰਸਾਰ ਯੁੱਧ ਦੇ ਅੱਧ ਤੱਕ ਜੰਗੀ ਹਵਾਈ ਜਹਾਜ਼ ਦੀ ਲੋੜ ਕੇਵਲ ਫ਼ੌਜ ਦੀ ਉਡਾਉਣ ਦੀ ਯੋਗਤਾ ਤੱਕ ਹੀ ਸੀ। ਜਦੋਂ ਵੀ ਇਹ ਕਾਮਯਾਬ ਹੋ ਜਾਂਦੀ ਤਾਂ ਇਸ ਤਰ੍ਹਾਂ ਅਕਸਰ ਰਸਾਲਾ ਜਾਂ ਸਕਾਊਟ ਜੋ ਫ਼ੌਜ ਲਈ ਜਾਸੂਸੀ ਦਾ ਕੰਮ ਕਰਦੇ ਸਨ, ਉਨ੍ਹਾਂ ਨੂੰ ਬਦਲਿਆ ਜਾ ਸਕਦਾ ਸੀ। ਫ਼ੌਜੀ ਨੇਤਾਵਾਂ ਨੇ ਇਸ ਗੱਲ ਦਾ ਬਹੁਤ ਜਲਦੀ ਪਤਾ ਲਗਾਇਆ ਕਿ ਜੰਗੀ ਹਵਾਈ ਜਹਾਜ਼ ਤੋਂ ਕੇਵਲ ਫ਼ੌਜ ਲਈ ਜਾਸੂਸੀ ਕੰਮ ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਨ ਕੰਮ ਲਏ ਜਾ ਸਕਦੇ ਹਨ। ਇਸ ਲਈ ਵਿਸ਼ੇਸ਼ ਟੀਚਿਆਂ ਲਈ ਖ਼ਾਸ ਕਿਸਮ ਦੇ ਜਹਾਜ਼ਾਂ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ।

ਫ਼ੌਜ, ਜਲ ਸੈਨਾ ਜਾਂ ਹਵਾਈ ਫ਼ੌਜ ਲਈ ਵਰਤੇ ਜਾਂਦੇ ਜੰਗੀ ਹਵਾਈ ਜਹਾਜ਼ਾਂ ਨੂੰ ਆਮ ਤੌਰ ਤੇ ਹੇਠਲੀ ਸ਼੍ਰੇਣੀ ਵੰਡ ਵਿਚ ਸ਼੍ਰੇਣੀ ਬੱਧ ਕੀਤਾ ਜਾ ਸਕਦਾ ਹੈ। 1. ਹਵਾ ਵਿਚ ਲੜਨ ਵਾਲੇ ਜਹਾਜ਼ 2. ਹਵਾ ਤੋਂ ਜ਼ਮੀਨ ਤੇ ਹਮਲਾ ਅਤੇ ਹੋਰ ਮੱਦਦ ਕਰਨ ਵਾਲੇ 3. ਹਵਾ ਤੋਂ ਜ਼ਮੀਨ ਤੇ ਬੰਬਾਰੀ ਕਰਨ ਵਾਲੇ 4. ਜਾਸੂਸੀ ਜਹਾਜ਼ 5. ਢੋਅ-ਢੁਆਈ ਵਾਲੇ ਜਹਾਜ਼, 6. ਟ੍ਰੇਨਿੰਗ ਜਹਾਜ਼, ਅਤੇ 7. ਕੁਝ ਹੋਰ ਵਿਸ਼ੇਸ਼ ਜਹਾਜ਼ ਜਿਨ੍ਹਾਂ ਵਿਚ ਖੋਜ ਦਾ ਕੰਮ ਵੀ ਕੀਤਾ ਜਾਂਦਾ ਹੈ।

**ਭਾਰਤੀ ਜੰਗੀ ਹਵਾਈ ਜਹਾਜ਼**—ਉਪਰ ਦਿੱਤੀ ਗਈ ਸ਼੍ਰੇਣੀ ਵੰਡ ਅਨੁਸਾਰ ਹਵਾਈ ਫ਼ੌਜ ਕੋਲ ਜੰਗੀ ਹਵਾਈ ਜਹਾਜ਼ਾਂ ਦੇ 45ਸੁਕੈਡਰਨ ਹਨ, ਜਿਨ੍ਹਾਂ ਵਿਚ ਲੜਾਕੂ, ਲੜਾਕੂ ਅਤੇ ਬੰਬਾਰੀ ਕਰਨ ਵਾਲੇ, ਲੜਾਕੂ ਅਤੇ ਦੁਸ਼ਮਣ ਦੇ ਜਹਾਜ਼ਾਂ ਨੂੰ ਰੋਕਣ ਵਾਲੇ, ਬੰਬਾਰੀ ਕਰਨ ਵਾਲੇ, ਢੋਅ-ਢੁਆਈ ਅਤੇ ਸੈਨਿਕ ਯੋਜਨਾਬੰਦੀ ਵਿਚ ਮੱਦਦ ਕਰਨ ਵਾਲੇ ਜੰਗੀ ਹਵਾਈ ਜਹਾਜ਼ ਸ਼ਾਮਲ ਹਨ। ਲੜਾਕੂ ਹਵਾਈ ਜਹਾਜ਼ਾਂ ਵਿਚ SU-7, ਹੰਟਰ, ਨੈਟ, ਅਜੀਤ, ਮਿਗ-21 ਅਤੇ HF-24 ਹਨ ਜਦੋਂ ਕਿ ਬੰਬਾਰੀ ਕਰਨ ਵਾਲੇ ਜਹਾਜ਼ ਜ਼ਿਆਦਾਤਰ ਕੈਨਬਰਾ ਹਨ। ਢੋਅ-ਢੁਆਈ ਵਾਲੇ ਜਹਾਜ਼ AN-12, ਡਕੋਟਾ, ਫੇਅਰਚਾਈਲਡ ਪੈਕਟ, ਕੈਰੀਬੂਜ਼, ਓਟਰਜ਼, TU-124 ਅਤੇ ਭਾਰਤ ਵਿਚ ਹੀ ਬਣਨ ਵਾਲੇ HS-748 ਜਹਾਜ਼ ਸ਼ਾਮਲ ਹਨ। ਹੈਲੀਕਾਪਟਰ, ਜੋ ਹੋਰਨਾਂ ਮਦਦਗਾਰੀ ਕੰਮਾਂ ਤੋਂ ਇਲਾਵਾ, ਜੰਗ ਦੇ ਮੈਦਾਨ ਵਿਚ ਬੜੀ ਅਹਿਮ ਭੂਮਿਕਾ ਨਿਭਾ ਰਹੇ ਹਨ ਉਨ੍ਹਾਂ ਦੀਆਂ ਕਿਸਮਾਂ ਇਸ ਪ੍ਰਕਾਰ ਹਨ—MI-4, MI-8, ਚੀਤਾ ਅਤੇ ਚੇਤਕ ਆਦਿ। HT-2 ਬੇਸਿਕ ਟ੍ਰੇਨਰ, HJT-16 (ਕਿਰਨ) ਜੈਟ ਟ੍ਰੇਨਰ ਅਤੇ HS-748 ਢੋਅ-ਢੁਆਈ ਵਾਲੇ ਜਹਾਜ਼ ਟ੍ਰੇਨਿੰਗ ਦੇ ਕੰਮ ਲਈ ਵਰਤੇ ਜਾਂਦੇ ਹਨ। ਸੰਨ 1974 ਵਿਚ ਇਕ ਹੋਰ ਕਿਸਮ ਦਾ ਜੰਗੀ ਹਵਾਈ ਜਹਾਜ਼ ਜੈਗੁਅਰ ਵੀ ਹਵਾਈ ਫ਼ੌਜ ਵਿਚ ਸ਼ਾਮਲ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਸੀ। ਹੋ ਸਕਦਾ ਹੈ ਇਹ ਹਵਾਈ ਜਹਾਜ਼ ਹੰਟਰ ਅਤੇ ਕੈਨਬਰਾ ਜਹਾਜ਼ਾਂ ਦੀ ਥਾਂ ਲੈ ਲਵੇ।

ਜੈਗੁਅਰ ਹਵਾਈ ਜਹਾਜ਼ ਵਿਚ ਕਈ ਵਿਸ਼ੇਸ਼ਤਾਈਆਂ ਹਨ, ਜਿਨ੍ਹਾਂ ਕਰਕੇ ਇਸ ਹਵਾਈ ਜਹਾਜ਼ ਨੂੰ ਭਾਰਤੀ ਸੁਰੱਖਿਆ ਦੇ ਅਹਿਮ ਕੰਮ ਲਈ ਪਹਿਲ ਦਿੱਤੀ ਜਾ ਰਹੀ ਹੈ, ਕਿਉਂਕਿ ਇਹ ਆਵਾਜਾਈ ਦੀ ਗਤੀ ਤੋਂ ਤੇਜ਼ ਰਫ਼ਤਾਰ ਨਾਲ ਉੱਡ ਸਕਦਾ ਹੈ। ਇਸ ਵਿਚ ਕਾਫ਼ੀ ਭਾਰ ਢੋਣ ਅਤੇ ਕਾਫ਼ੀ ਦੂਰ ਤੱਕ ਜਾਣ ਦੀ ਸਮਰੱਥਾ ਹੈ। ਇਹ ਬਹੁਤ ਘੱਟ ਜਗ੍ਹਾ ਤੋਂ ਉੱਡ ਅਤੇ ਥੱਲੇ ਉੱਤਰ ਸਕਦਾ ਹੈ। ਇਹ ਉਨ੍ਹਾਂ ਹਵਾਈ ਪੱਟੜੀਆਂ ਤੋਂ ਵੀ ਉੱਡਣ ਦੇ ਯੋਗ ਹੈ ਜੋ ਬੇਸ਼ੱਕ ਪੂਰੀ ਤਰ੍ਹਾਂ ਤਿਆਰ ਵੀ ਨਾ ਹੋਣ। ਇੰਜਣ ਲੱਗੇ ਹੋਣ ਕਰਕੇ ਇਹ ਜ਼ਿਆਦਾ ਵਿਸ਼ਵਾਸ ਯੋਗ ਹੈ।

ਹ. ਪੁ. -ਐਨ. ਬ੍ਰਿ. 1: 488 ; ਇੰ-79: 35; ਰਿ. ਜਨਵਰੀ-81



ਦੂਜੇ ਸੰਸਾਰ ਯੁੱਧ ਦੌਰਾਨ ਵਰਤੇ ਗਏ ਕੁਝ ਜੰਗੀ ਜਹਾਜ਼ਾਂ ਦਾ ਦਸਤਾ

**ਜੰਗੀ ਕੈਦੀ** : ਜੰਗ ਕਰ ਰਹੀਆਂ ਫ਼ੌਜਾਂ ਦੁਆਰਾ, ਜੰਗ ਦੌਰਾਨ ਕੈਦ ਕੀਤੇ ਵਿਅਕਤੀਆਂ ਨੂੰ 'ਜੰਗੀ ਕੈਦੀ' ਕਿਹਾ ਜਾਂਦਾ ਹੈ। ਇਸ ਪਰਿਭਾਸ਼ਾ ਨੂੰ ਜੇਕਰ ਫ਼ੌਜੀ ਮਹੱਤਤਾ ਪੱਖੋਂ ਵੇਖਿਆ ਜਾਵੇ ਤਾਂ ਕੇਵਲ ਉਨ੍ਹਾਂ ਕੈਦ ਕੀਤੇ ਵਿਅਕਤੀਆਂ ਨੂੰ ਹੀ, ਜੋ ਖੁਲ੍ਹੇ ਤੌਰ ਤੇ ਹਮਲਾਵਰਾਂ ਵਿਰੁੱਧ ਹਥਿਆਰ ਚੁੱਕ ਕੇ ਮੁਕਾਬਲਾ ਕਰਨ ਅਤੇ ਨਿਯਮਿਤ ਫ਼ੌਜ ਜਾਂ ਗੁਰੀਲਾ ਸਮੂਹ ਨਾਲ ਸਬੰਧਤ ਹੋਣ, ਜੰਗੀ ਕੈਦੀ ਕਹਿਣਾ ਠੀਕ ਹੋਵੇਗਾ।

ਪੁਰਾਣਾ ਇਤਿਹਾਸ—ਪੁਰਾਤਨ ਕਾਲ ਵਿਚ ਕਿਸੇ ਵਿਅਕਤੀ ਨੂੰ ਕੈਦ ਕੀਤੇ ਜਾਣ ਦਾ ਕੋਈ ਰਿਵਾਜ ਨਹੀਂ ਸੀ। ਹਾਰੇ ਹੋਏ ਵਿਅਕਤੀ ਨੂੰ ਜੰਗ ਦੇ ਮੈਦਾਨ ਵਿਚ ਹੀ ਜਾਨੋ ਮਾਰ ਦਿੱਤਾ ਜਾਂਦਾ ਸੀ ਜਾਂ ਮਗਰੋਂ ਦੇਵਤਿਆਂ ਅੱਗੇ ਬਲੀ ਚੜ੍ਹਾ ਦਿੱਤਾ ਜਾਂਦਾ ਸੀ। ਹਾਰੀ ਹੋਈ ਫ਼ੌਜ ਜਾਂ

ਤਾਂ ਮੈਦਾਨ ਵਿਚੋਂ ਨੱਠ ਜਾਂਦੀ ਸੀ ਜਾਂ ਉਥੇ ਹੀ ਮਰ ਮਿਟ ਜਾਂਦੀ ਸੀ। ਇਸ ਤਰ੍ਹਾਂ ਹਾਰੀ ਕੌਮ ਜਾਂ ਕਬੀਲੇ ਦੀ ਹੋਂਦ ਜੇਤੂ ਫ਼ੌਜ ਦੀ ਰਹਿਮ ਦਿਲੀ ਤੇ ਪੂਰੀ ਤਰ੍ਹਾਂ ਨਿਰਭਰ ਹੁੰਦੀ ਸੀ। ਕਈ ਵਾਰੀ ਹਾਰੇ ਦੁਸ਼ਮਣ ਨੂੰ ਡਰਾਉਣ ਲਈ ਕਤਲੇਆਮ ਵੀ ਕੀਤਾ ਜਾਂਦਾ ਸੀ।

ਸਮਾਂ ਬੀਤਣ ਨਾਲ ਜੇਤੂ ਫ਼ੌਜ ਦੇ ਦਿਲ ਵਿਚ ਰਹਿਮ ਪੈਦਾ ਹੋਣਾ ਸ਼ੁਰੂ ਹੋਇਆ। ਦੁਸ਼ਮਣ ਨੂੰ ਕੈਦ ਕਰਕੇ ਪਿਛੋਂ ਉਸਦੇ ਰੁਤਬੇ ਅਨੁਸਾਰ ਮੁਆਵਜ਼ਾ ਲੈ ਕੇ ਛੱਡਣ ਦਾ ਰਿਵਾਜ ਚਲ ਪਿਆ। ਕੁਝ ਵਿਸ਼ੇਸ਼ ਸਥਿਤੀਆਂ ਜਿਵੇਂ ਕਿ ਧਰਮ ਯੁੱਧ ਵਿਚ ਦੁਸ਼ਮਣ ਨੂੰ ਜੇਕਰ ਉਹ ਜੇਤੂ ਫ਼ੌਜ ਦੇ ਧਰਮ ਵਿਚ ਵਿਸ਼ਵਾਸ ਨਾ ਰੱਖਦਾ ਹੋਵੇ, ਮਾਰਨਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਸੀ। ਮਗਰੋਂ ਜੂਲੀਅਸ ਸੀਜ਼ਰ ਦੇ ਸਮੇਂ ਕੈਦੀ ਨੂੰ ਕੁਝ ਵਿਸ਼ੇਸ਼ ਹਾਲਤਾਂ ਵਿਚ ਰੋਮ ਦੀ ਸਲਤਨਤ ਵਿਚ ਇਕ ਆਜ਼ਾਦ ਵਿਅਕਤੀ ਵਜੋਂ ਰਹਿਣ ਦਾ ਹੱਕ ਦੇ ਦਿੱਤਾ ਜਾਂਦਾ ਸੀ।

ਜਿਉਂ ਜਿਉਂ ਜੰਗ ਦਾ ਤਰੀਕਾ ਬਦਲਦਾ ਗਿਆ, ਕੈਦੀਆਂ ਅਤੇ ਹਾਰੀ ਕੌਮ ਜਾਂ ਕਬੀਲੇ ਦੇ ਮੈਂਬਰਾਂ ਨਾਲ ਜੇਤੂ ਫ਼ੌਜਾਂ ਦਾ ਵਰਤਾਉ ਵੀ ਬਦਲਦਾ ਗਿਆ। ਮੱਧ ਕਾਲ ਵਿਚ ਗ਼ੁਲਾਮ ਬਣਾਉਣ ਦਾ ਰਿਵਾਜ ਤਾਂ ਘਟਦਾ ਗਿਆ ਪਰ ਮੁਆਵਜ਼ਾ ਲੈ ਕੇ ਕੈਦੀ ਛੱਡਣ ਦਾ ਰਿਵਾਜ ਬਹੁਤ ਵੱਧ ਗਿਆ। ਇਹ ਪ੍ਰਥਾ ਯੂਰਪ ਵਿਚ 17ਵੀਂ ਸਦੀ ਤੱਕ ਪ੍ਰਚੱਲਤ ਰਹੀ। ਹਾਰੀ ਕੌਮ ਵਿਚਲੇ ਗ਼ੈਰ-ਫ਼ੌਜੀ ਵਿਅਕਤੀਆਂ ਨੂੰ ਅਕਸਰ ਕੈਦ ਨਹੀਂ ਕੀਤਾ ਜਾਂਦਾ ਸੀ।

ਜੰਗ ਵਿਚ ਭਾੜੇ ਦੇ ਸਿਪਾਹੀਆਂ ਦੀ ਵਰਤੋਂ ਨੇ ਕੈਦੀਆਂ ਲਈ ਇਕ ਸੁਖਾਵਾਂ ਮਾਹੌਲ ਪੈਦਾ ਕਰ ਦਿੱਤਾ। ਜੇਤੂ ਫ਼ੌਜਾਂ ਨੂੰ ਡਰ ਪੈਦਾ ਹੋ ਗਿਆ ਸੀ ਕਿ ਹੋ ਸਕਦਾ ਹੈ ਕਿ ਅਗਲੀ ਜੰਗ ਵਿਚ ਉਹ ਖ਼ੁਦ ਕੈਦੀ ਬਣ ਜਾਣ ਤੇ ਅੱਜ ਦਾ ਹਾਰਿਆ ਦੁਸ਼ਮਣ ਉਨ੍ਹਾਂ ਨਾਲ ਵੀ ਉਹੋ ਜਿਹਾ ਹੀ ਵਰਤਾਉ ਕਰੇ ਜਿਵੇਂ ਕਿ ਉਹ ਅੱਜ ਉਸ ਨਾਲ ਕਰ ਰਹੇ ਹਨ।

16ਵੀਂ ਸਦੀ ਦੇ ਅੰਤਮ ਸਾਲਾਂ ਵਿਚ ਕੈਦੀਆਂ ਦੀ ਸਥਿਤੀ ਵਿਚ ਭਾਰੀ ਤਬਦੀਲੀ ਆਈ। ਰਾਜਨੀਤਕ ਅਤੇ ਕਾਨੂੰਨੀ ਚਿੰਤਕਾਂ ਨੇ ਜੰਗ ਦੇ ਕਾਨੂੰਨਾਂ ਅਤੇ ਕੈਦੀਆਂ ਨੂੰ ਰਾਹਤ ਦੇਣ ਸਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ। ਹਿਊਗੋ ਗੋਸ਼ੀਅਸ ਇਨ੍ਹਾਂ ਵਿਚਾਰਵਾਨਾਂ ਵਿਚੋਂ ਬਹੁਤ ਪ੍ਰਸਿੱਧ ਸੀ। ਉਸ ਨੇ ਆਪਣੀ ਪੁਸਤਕ 'ਆਨ ਦੀ ਲਾਅ ਆਫ਼ ਵਾਰ ਐਂਡ ਪੀਸ' (1625) ਵਿਚ ਇਸ ਗੱਲ ਤੇ ਜ਼ੋਰ ਦਿੱਤਾ ਕਿ ਹਾਰੇ ਦੁਸ਼ਮਣ ਨੂੰ ਗ਼ੁਲਾਮ ਬਣਾਉਣਾ ਜੇਤੂ ਫ਼ੌਜ ਦਾ ਹੱਕ ਹੈ ਪਰ ਦੁਸ਼ਮਣ ਦੇ ਕੈਦੀ ਨੂੰ ਆਪਣੀ ਫ਼ੌਜ ਦੇ ਕੈਦੀ ਬਦਲੇ ਜਾਂ ਮੁਆਵਜ਼ਾ ਲੈ ਕੇ ਛੱਡ ਦੇਣਾ ਚਾਹੀਦਾ ਹੈ। ਇਸ ਪਿਛੋਂ ਕਈ ਹੋਰ ਵਿਚਾਰਵਾਨਾਂ ਨੇ ਕੁਝ ਅਜਿਹੇ ਹੀ ਵਿਚਾਰ ਪ੍ਰਗਟ ਕਰਕੇ ਜੰਗੀ ਕੈਦੀਆਂ ਦੀ ਸਥਿਤੀ ਵਿਚ ਸੁਧਾਰ ਲਿਆਉਣ ਦੇ ਇਰਾਦੇ ਨਾਲ ਕਈ ਤਰ੍ਹਾਂ ਦੇ ਸਿਧਾਂਤ ਪੇਸ਼ ਕੀਤੇ। ਅਜਿਹਾ ਹੀ ਇਕ ਸਿਧਾਂਤ, ਜਿਸ ਨੂੰ 'ਕੈਦੀਆਂ ਦੇ ਨਿਪਟਾਰੇ ਲਈ ਰੁਸੋ ਅਤੇ ਉਸ ਦੇ ਸਾਥੀ ਵਿਚਾਰਵਾਨਾਂ ਨੇ ਪੇਸ਼ ਕੀਤਾ।

ਅਮਰੀਕੀ ਇਨਕਲਾਬ ਦੌਰਾਨ ਕੈਦੀਆਂ ਨਾਲ ਵਰਤਾਉ ਲਈ ਬਣਾਏ ਨਿਯਮਾਂ ਦੀ ਪੂਰੀ ਪੂਰੀ ਪਾਲਣਾ ਨਾ ਕੀਤੀ ਗਈ। ਬਰਤਾਨਵੀ ਫ਼ੌਜਾਂ ਕਦੇ ਕਦੇ ਕੈਦੀਆਂ ਨਾਲ ਬਹੁਤ ਸਖ਼ਤ ਵਰਤਾਉ ਕਰਦੀਆਂ ਸਨ। ਇਕ ਮੌਕੇ ਤੇ ਜਨਰਲ ਜਾਰਜ ਵਾਸ਼ਿੰਗਟਨ ਨੇ ਜਨਰਲ ਥਾਮਸ ਸੇਜ ਨੂੰ ਚਿਤਾਵਨੀ ਦਿਤੀ "ਜਿਹੋ ਜਿਹਾ ਵਰਤਾਉ ਤੁਹਾਡੀਆਂ ਫ਼ੌਜਾਂ ਸਾਡੇ ਕੈਦੀਆਂ ਨਾਲ ਕਰਨਗੀਆਂ, ਉਹੋ ਜਿਹਾ ਵਰਤਾਉ ਤੁਸੀਂ ਆਪਣੇ ਕੈਦੀਆਂ ਨਾਲ ਕੀਤੇ ਜਾਣ ਦੀ ਆਸ ਸਾਡੇ ਪਾਸੋਂ ਰੱਖੋ।" ਇਸ ਚਿਤਾਵਨੀ ਨੇ 'ਜੰਗੀ ਕੈਦੀਆਂ' ਦੀ ਸਥਿਤੀ ਵਿਚ ਬਹੁਤ ਸੁਧਾਰ ਲਿਆਂਦਾ।

19ਵੀਂ ਸਦੀ ਦੇ ਮੱਧ ਤੱਕ ਇਹ ਗੱਲ ਸਪੱਸ਼ਟ ਹੋ ਗਈ ਕਿ ਜੰਗੀ ਕੈਦੀਆਂ ਨਾਲ ਵਰਤਾਉ ਦੇ ਸਬੰਧ ਵਿਚ ਪ੍ਰਵਾਨਤ ਸਿਧਾਂਤ ਬਣਾਉਣੇ ਬਹੁਤ ਜ਼ਰੂਰੀ ਹਨ ਅਤੇ ਸਾਰੇ ਸੰਸਾਰ ਵਿਚ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਨੈਤਿਕਤਾ ਦਾ ਇਕ ਜ਼ਰੂਰੀ ਅੰਗ ਹੈ। ਸੰਨ 1863 ਵਿਚ ਅਜਿਹੇ ਹੀ ਕੁਝ ਸਿਧਾਂਤਾਂ ਨੂੰ ਸੰਖੇਪ ਰੂਪ ਵਿਚ ਇਕੱਠੇ ਕਰਕੇ ਫਰਾਂਸਿਸ ਲੀਬਰ ਦੁਆਰਾ ਇਕ ਕੋਡ ਤਿਆਰ ਕੀਤਾ ਗਿਆ। ਸੰਨ 1874 ਵਿਚ ਬ੍ਰੱਸਲਜ਼ (ਬੈਲਜੀਅਮ) ਵਿਖੇ 15 ਯੂਰੀਪਨ ਦੇਸ਼ਾਂ ਦੇ ਪ੍ਰਤੀਨਿਧੀਆਂ ਵੱਲੋਂ ਸਿਧਾਂਤਾਂ ਦਾ ਇਕ ਖਰੜਾ ਤਿਆਰ ਕੀਤਾ ਗਿਆ ਪਰ ਇਹ ਲਾਗੂ ਨਾ ਹੋ ਸਕਿਆ। ਮਗਰੋਂ 1899 ਅਤੇ 1907 ਵਿਚ ਹੇਗ (ਨੀਦਰਲੈਂਡਜ਼) ਵਿਖੇ ਅਤੇ ਫਿਰ 1929 ਈ. ਵਿਚ ਜਨੇਵਾ ਵਿਖੇ ਅੰਤਰਰਾਸ਼ਟਰੀ ਕਾਨਫਰੰਸਾਂ ਕਰਕੇ ਜੰਗੀ ਕੈਦੀਆਂ ਸਬੰਧੀ ਕੁਝ ਨਿਯਮ ਬਣਾਏ ਗਏ, ਜਿਨ੍ਹਾਂ ਨੂੰ ਕੁਝ ਹੱਦ ਤੱਕ ਅੰਤਰਰਾਸ਼ਟਰੀ ਕਾਨੂੰਨ ਦੁਆਰਾ ਪ੍ਰਵਾਨਗੀ ਦੇ ਦਿੱਤੀ ਗਈ। ਦੂਜੇ ਵਿਸ਼ਵ ਯੁੱਧ ਦੌਰਾਨ ਜੰਗੀ ਕੈਦੀਆਂ ਨਾਲ ਕਿਸੇ ਮੁਲਕ ਵਿਚ ਤਾਂ ਬਹੁਤ ਹੀ ਚੰਗਾ ਵਰਤਾਉ ਕੀਤਾ ਗਿਆ ਅਤੇ ਕਿਸੇ ਮੁਲਕ ਵਿਚ ਬਹੁਤ ਹੀ ਜ਼ਾਲਮਾਨਾ। ਅੰਤਰਰਾਸ਼ਟਰੀ ਰੈੱਡ ਕਰਾਸ ਨੇ ਕੈਦੀਆਂ ਦੀ ਹਰ ਸੰਭਵ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ।

**ਜਨੀਵਾ ਕਨਵੈਨਸ਼ਨ (1949)**—ਦੂਜੇ ਵਿਸ਼ਵ-ਯੁੱਧ ਦੀ ਸਮਾਪਤੀ ਮਗਰੋਂ ਜਨੀਵਾ ਕਨਵੈਨਸ਼ਨ, 1929 ਈ. ਦੇ ਨਿਯਮਾਂ ਦੀ ਸੋਧ ਕੀਤੀ ਗਈ। ਜੰਗ ਦੌਰਾਨ ਕੈਦ ਕੀਤੀ ਗਈ ਰਜ਼ਾਕਾਰ ਫ਼ੌਜ ਨੂੰ ਵੀ 'ਜੰਗੀ ਕੈਦੀ' ਦੀ ਪਰਿਭਾਸ਼ਾ ਅਧੀਨ ਹੀ ਲਿਆਂਦਾ ਗਿਆ ਅਤੇ ਇਸ ਦੇ ਨਾਲ ਹੀ ਫ਼ੌਜ ਦੇ ਨਾਲ ਜੰਗ ਦੇ ਮੈਦਾਨ ਵਿਚ ਜਾਣ ਵਾਲੇ ਸਿਵਲੀਅਨ ਅਮਲੇ ਨੂੰ ਵੀ 'ਜੰਗੀ ਕੈਦੀ' ਮੰਨ ਲਿਆ ਗਿਆ। ਇਸ ਕਨਵੈਨਸ਼ਨ ਰਾਹੀਂ ਜੰਗੀ ਕੈਦੀਆਂ ਨੂੰ ਮਾਰਨ ਜਾਂ ਉਨ੍ਹਾਂ ਉੱਤੇ ਦਵਾਈਆਂ ਦੀ ਵਰਤੋਂ ਜਾਂ ਜੀਵ-ਵਿਗਿਆਨਕ ਤਜਰਬੇ ਕਰਨ ਦੀ ਮਨਾਹੀ ਕਰ ਦਿੱਤੀ ਗਈ। ਜੰਗੀ ਕੈਦੀਆਂ ਤੋਂ ਬਦਲਾ ਲੈਣਾ ਮਨ੍ਹਾਂ ਸੀ। ਕਿਸੇ ਵੀ ਜੰਗੀ ਕੈਦੀ ਨੂੰ ਫੜੇ ਜਾਣ ਤੇ ਕੇਵਲ ਉਸ ਦਾ ਨਾਂ, ਜਨਮ ਦੀ ਮਿਤੀ ਸੇਵਾ ਨੰਬਰ ਅਤੇ ਅਹੁਦਾ ਹੀ ਪੁਛਿਆ ਜਾ ਸਕਦਾ ਸੀ। ਜੰਗੀ ਕੈਦੀ ਨੂੰ ਉਸ ਦੀ ਕੌਮ, ਭਾਸ਼ਾ ਅਤੇ ਰਸਮਾਂ ਵਾਲੇ ਦੂਜੇ ਕੈਦੀਆਂ ਨਾਲ ਰੱਖਣਾ ਅਤੇ ਖਾਣਾ ਤੇ ਕੱਪੜਾ ਦੇਣਾ ਜੇਤੂ ਫ਼ੌਜ ਦੀ ਜ਼ਿੰਮੇਵਾਰੀ ਸੀ।

ਜੰਗੀ ਕੈਦੀਆਂ ਦਾ ਸਮੇਂ ਸਮੇਂ ਡਾਕਟਰੀ ਮੁਆਇਨਾ ਕਰਾਉਣਾ ਅਤੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦੇਣਾ ਜੇਤੂ ਫ਼ੌਜ ਦਾ ਫ਼ਰਜ਼ ਸੀ। ਕੈਦੀਆਂ ਨੂੰ ਧਾਰਮਕ ਅਤੇ ਹੋਰ ਸਰੀਰਕ ਕਿਰਿਆ ਕਰਨ ਦੀ ਖੁਲ੍ਹ ਸੀ। ਫ਼ੌਜੀ ਅਫ਼ਸਰਾਂ ਨੂੰ ਛੱਡ ਕੇ ਹੋਰ ਰੈਗੂਲਰ ਫ਼ੌਜੀਆਂ ਨੂੰ ਕੈਦੀ ਹੋਣ ਦੀ ਸੂਰਤ ਵਿਚ ਉਨ੍ਹਾਂ ਸਾਰੇ ਕੰਮਾਂ ਵਿਚ ਲਗਾਇਆ ਜਾ ਸਕਦਾ ਸੀ ਜਿਹੜੇ ਜੰਗ ਨਾਲ ਸਿੱਧੇ ਤੌਰ ਤੇ ਸਬੰਧਤ ਨਾ ਹੋਣ ਅਤੇ ਅਜਿਹੇ ਕੰਮ ਬਦਲੇ ਉਨ੍ਹਾਂ ਨੂੰ ਅਦਾਇਗੀ ਕੀਤੀ ਜਾਂਦੀ ਸੀ।

**ਕੋਰੀਆ ਦੀ ਜੰਗ**—ਕੋਰੀਆ ਦੀ ਜੰਗ ਦਾ ਜੰਗੀ ਕੈਦੀਆਂ ਸਬੰਧੀ ਬਣਾਏ ਨਿਯਮਾਂ ਉੱਤੇ ਬਹੁਤ ਅਸਰ ਹੋਇਆ। ਇਸ ਵਿਚ ਅਮਰੀਕੀ ਫ਼ੌਜਾਂ ਨੇ ਲਗਭਗ 120,000 ਚੀਨੀ ਅਤੇ ਉੱਤਰੀ ਕੋਰੀਆ ਦੇ ਫ਼ੌਜੀ ਕੈਦੀ ਬਣਾ ਲਏ। ਜੰਗ ਦੀ ਸਮਾਪਤੀ ਤੇ ਜੰਗੀ ਕੈਦੀਆਂ ਦੀ ਵਾਪਸੀ ਲਈ ਇਕ ਵਿਸਤ੍ਰਿਤ ਕੋਡ ਤਿਆਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ਪਰਤਣ ਜਾਂ ਜੇ ਉਹ ਚਾਹੁਣ, ਜੇਤੂ ਮੁਲਕ ਵਿਚ ਹੀ ਰਹਿਣ ਦੀ ਆਗਿਆ ਦਿੱਤੀ ਗਈ। ਇਸ ਤਰ੍ਹਾਂ ਕੋਰੀਆ ਦੀ ਜੰਗ ਵਿਚ ਜੰਗੀ ਕੈਦੀਆਂ ਦੀ ਮਹੱਤਤਾ ਬਹੁਤ ਵੱਧ ਗਈ ਅਤੇ ਉਨ੍ਹਾਂ ਦੀ ਸਥਿਤੀ ਵਿਚ ਬਹੁਤ ਸੁਧਾਰ ਹੋਇਆ।

ਹ. ਪੁ. -ਐਨ. ਬ੍ਰਿ. 18: 562; ਐਨ. ਅਮੈ. 22: 604

**ਜੰਗੀ ਜਹਾਜ਼ (ਸਮੁੰਦਰੀ)**: ਸਮੁੰਦਰੀ ਜੰਗੀ ਜਹਾਜ਼ ਵਿਚ ਹਮਲੇ ਅਤੇ ਸੁਰੱਖਿਆ ਦੋਵਾਂ ਦਾ ਪ੍ਰਬੰਧ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਇਨ੍ਹਾਂ ਨੂੰ 'ਸ਼ਿਪ ਆਫ਼ ਦੀ ਲਾਈਨ' ਕਿਹਾ ਜਾਂਦਾ ਸੀ। ਆਧੁਨਿਕ ਜੰਗੀ ਜਹਾਜ਼ 18ਵੀਂ ਸਦੀ ਦੇ ਦੋ ਡੈੱਕ 74 ਬੰਦੂਕਾਂ ਵਾਲੇ ਜੰਗੀ ਜਹਾਜ਼

ਤੋਂ ਉਤਪੰਨ ਹੋਇਆ ਹੈ। ਇਨ੍ਹਾਂ ਜਹਾਜ਼ਾਂ ਵਿਚ ਭਾਫ਼ ਪ੍ਰੋਪਲਸ਼ਨ ਦੀ ਸਭ ਤੋਂ ਪਹਿਲਾਂ 1850 ਈ. ਵਿਚ ਵਰਤੋਂ ਕੀਤੀ ਗਈ, ਪ੍ਰੰਤੂ ਉਸ ਸਮੇਂ ਇਸ ਦਾ ਉਪਯੋਗ ਕੇਵਲ ਸਹਾਇਕ ਦੇ ਤੌਰ ਤੇ ਕੀਤਾ ਜਾਂਦਾ ਸੀ। ਪਹਿਲੇ ਸੰਸਾਰ ਯੁੱਧ (1914-18) ਤੱਕ ਸਾਰੇ ਵੱਡੇ ਵੱਡੇ ਜਹਾਜ਼ ਭਾਫ਼ ਨਾਲ ਚਲਦੇ ਸਨ। ਬੰਦੂਕਾਂ ਅਤੇ ਹੋਰ ਲੜਾਕੇ ਹਥਿਆਰ ਖ਼ਾਸ ਤੌਰ ਤੇ ਤਾਰਪੀਡੋ ਦੀ ਪ੍ਰਭਾਵਕਤਾ ਵਿਚ ਲਗਾਤਾਰ ਵਾਧੇ ਨਾਲ ਬਕਤਰਾਂ ਦੀ ਉੱਨਤੀ ਕਰਨਾ ਜ਼ਰੂਰੀ ਹੋ ਗਿਆ ਸੀ। ਜੰਗੀ ਜਹਾਜ਼ਾਂ ਦੀ ਬਣਤਰ ਵਿਚ ਵੀ ਲੜਾਈ ਦੇ ਨਵੇਂ ਹਥਿਆਰਾਂ ਨਾਲ ਤਬਦੀਲੀ ਆਉਂਦੀ ਰਹੀ।

ਸੰਨ 1782 ਵਿਚ ਜਿਬਰਾਲਟਰ ਵਿਖੇ ਵਰਤੀਆਂ ਗਈਆਂ ਫਲੋਟਿੰਗ ਬੈਟਰੀਆਂ ਨੂੰ ਸਭ ਤੋਂ ਪਹਿਲੇ ਬਕਤਰਬੰਦ ਜੰਗੀ ਜਹਾਜ਼ ਕਿਹਾ ਜਾ ਸਕਦਾ ਹੈ। ਇਨ੍ਹਾਂ ਬਕਤਰਬੰਦ ਜੰਗੀ ਸਮੁੰਦਰੀ ਜਹਾਜ਼ਾਂ ਦਾ ਡਿਜ਼ਾਈਨ ਨਿਊ ਜਰਸੀ ਦੇ ਕਰਨਲ ਜਾੱਨ ਸਟੀਵਨ ਨੇ 1807 ਈ. ਵਿਚ ਕੀਤਾ ਸੀ। ਇਟਲੀ ਅਤੇ ਇੰਗਲੈਂਡ ਨੇ ਤੁਰੰਤ ਇਸ ਤੋਂ ਬਾਅਦ ਬਕਤਰਬੰਦ ਜੰਗੀ ਜਹਾਜ਼ ਬਣਾ ਲਏ ਅਤੇ 1861 ਈ. ਵਿਚ ਸੰਯੁਕਤ ਰਾਜ ਨੇ ਬਕਤਰਬੰਦ ਜੰਗੀ ਜਹਾਜ਼ਾਂ ਨੂੰ ਕਮਿਸ਼ਨ ਕਰ ਲਿਆ। ਇਨ੍ਹਾਂ ਵਿਚੋਂ ਮੋਨੀਟਰ ਪ੍ਰਮੁੱਖ ਸੀ। ਇਹ ਪਹਿਲਾ ਜਹਾਜ਼ ਸੀ ਜਿਸ ਉੱਤੇ ਘੁੰਮਣਸ਼ੀਲ ਤੋਪ ਬੀੜਨ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਜੰਗੀ ਜਹਾਜ਼ ਨੇ 9 ਮਾਰਚ, 1862 ਨੂੰ ਹੈਪਟਨ ਰੋਜ਼ ਰੋਡਜ਼ ਵਿਖੇ ਅਮਰੀਕਾ ਦੀ ਸਿਵਲ ਵਾਰ ਸਮੇਂ ਮੇਰੀਮਾਕ ਨਾਮੀ ਬਕਤਰਬੰਦ ਜੰਗੀ ਜਹਾਜ਼ ਦਾ ਸਫ਼ਲਤਾ ਪੂਰਵਕ ਮੁਕਾਬਲਾ ਕੀਤਾ, ਜਿਹੜੀ ਕਿ ਬਰਤਰਬੰਦ ਜੰਗੀ ਜਹਾਜ਼ਾਂ ਦੀ ਪਹਿਲੀ ਲੜਾਈ ਮੰਨੀ ਜਾਂਦੀ ਹੈ। ਛੇਤੀ ਹੀ ਘੁੰਮਣਸ਼ੀਲ ਤੋਪ ਬੀੜਨ ਵਾਲੇ ਪ੍ਰਬੰਧ ਵਾਲੇ ਬਕਤਰਬੰਦ ਜੰਗੀ ਜਹਾਜ਼ ਆਮ ਹੋ ਗਏ ਸਨ। ਡਰੈੱਡਨਾਟ ਨਾਮੀ ਅੰਗਰੇਜ਼ੀ ਜਹਾਜ਼ ਵਿਚ 1905 ਈ. ਵਿਚ ਇਕਸਾਰ ਬੋਰ ਵਾਲੀਆਂ ਵੱਡੀਆਂ ਬੰਦੂਕਾਂ ਲਗਾਉਣ ਨਾਲ ਜੰਗੀ ਜਹਾਜ਼ਾਂ ਦੇ ਡਿਜ਼ਾਇਨ ਵਿਚ ਇਨਕਲਾਬ ਆ ਗਿਆ। ਡਰੈੱਡਨਾਟ ਜਹਾਜ਼ ਦੀ ਸਮਰੱਥਾ ਲਗਭਗ 17,900 ਮੀ. ਟਨ ਸੀ ਅਤੇ ਇਸ ਵਿਚ ਵਰਤੇ ਜਾਂਦੇ ਹਥਿਆਰ 30 ਸੈ. ਮੀ. ਵਾਲੀਆਂ ਦਸ ਬੰਦੂਕਾਂ ਸਨ। ਮਗਰੋਂ ਇਸ ਦਾ ਸਥਾਨ ਵਧੇਰੇ ਸ਼ਕਤੀਮਾਨ ਜੰਗੀ ਜਹਾਜ਼ਾਂ ਸੁਪਰ ਡਰੈੱਡਨਾਟ ਨੇ ਲੈ ਲਿਆ।

ਸੰਯੁਕਤ ਰਾਜ ਦੀ ਜਲ ਸੈਨਾ ਵਿਚ ਜੰਗੀ ਜਹਾਜ਼ਾਂ ਦੀ ਸਮਰੱਥਾ ਲਗਭਗ 30,000 ਮੀ. ਟਨ ਤੋਂ ਲੈ ਕੇ ਲਗਭਗ 45,000 ਮੀ. ਟਨ ਤੱਕ ਹੈ। ਇਨ੍ਹਾਂ ਦੀ ਸ਼ਕਤੀ 30,000 ਤੋਂ ਲੈ ਕੇ 200,000 ਹਾਰਸ ਪਾਵਰ ਤੱਕ ਹੈ, ਜਿਸ ਨਾਲ ਇਨ੍ਹਾਂ ਨੂੰ 30 ਨਾਟ ਜਾਂ ਇਸ ਤੋਂ ਵੱਧ ਗਤੀ ਦਿਤੀ ਜਾ ਸਕਦੀ ਹੈ। ਇਨ੍ਹਾਂ ਦੇ ਅਸਲੇ ਵਿਚ 12 ਤੋਂ 20 ਤੱਕ 14 ਇੰਚ (35.6 ਸੈਂ ਮੀ.) ਜਾਂ 16 ਇੰਚ (40.6 ਸੈਂ. ਮੀ.) ਬੋਰ ਵਾਲੀਆਂ ਬੰਦੂਕਾਂ ਦੇ ਨਾਲ ਹਵਾਮਾਰ ਬੰਦੂਕਾਂ ਵੀ ਅੱਜਕੱਲ੍ਹ ਬਹੁਤ ਸਾਰੇ ਆਧੁਨਿਕ ਜੰਗੀ ਜਹਾਜ਼ਾਂ ਉੱਤੇ ਹਵਾਮਾਰ ਲੱਗੇ ਹੁੰਦੇ ਹਨ। ਇਨ੍ਹਾਂ ਉੱਤੇ ਫ਼ੌਜੀਆਂ ਦੀ ਗਿਣਤੀ ਲਗਭਗ 1350 ਤੋਂ 1500 ਆਦਮੀਆਂ ਤੱਕ ਹੁੰਦੀ ਹੈ।

ਬਾਦਬਾਨੀ ਜੰਗੀ ਜਹਾਜ਼ਾਂ ਦੇ ਸਮੇਂ ਇਨ੍ਹਾਂ ਦਾ ਮੁਲਾਂਕਣ ਇਨ੍ਹਾਂ ਉੱਤੇ ਲੱਗੀਆਂ ਤੋਪਾਂ ਦੀ ਗਿਣਤੀ ਅਨੁਸਾਰ ਪਹਿਲੇ ਤੋਂ ਲੈ ਕੇ ਛੇਵੇਂ ਦਰਜੇ ਵਿਚ ਕੀਤਾ ਜਾਂਦਾ ਹੈ। ਪਹਿਲੇ ਤਿੰਨ ਜਾਂ ਚਾਰ ਦਰਜਿਆਂ ਵਾਲੇ ਜੰਗੀ ਜਹਾਜ਼ ਇੰਨੇ ਸ਼ਕਤੀਮਾਨ ਹੁੰਦੇ ਸਨ ਕਿ ਇਨ੍ਹਾਂ ਨੂੰ ਜੰਗੀ ਰੇਖਾ ਵਿਚਕਾਰ ਰੱਖਿਆ ਜਾਂਦਾ ਸੀ। ਇਨ੍ਹਾਂ ਦੀਆਂ ਬੰਦੂਕਾਂ ਕਤਾਰਾਂ ਵਿਚ ਦੋ ਜਾਂ ਤਿੰਨ ਡੈੱਕਾਂ ਉੱਤੇ ਦਰਜੇ ਦੇ ਅਨੁਸਾਰ ਲੱਗੀਆਂ ਹੁੰਦੀਆਂ ਸਨ। ਬਾਦਬਾਨੀ ਜਹਾਜ਼ ਦੇ ਸਮੇਂ ਤੋਂ ਬਾਅਦ ਪਹਿਲੇ ਦਰਜੇ ਦੇ ਜਹਾਜ਼ਾਂ ਉੱਤੇ 100 ਤੋਂ 130 ਤੱਕ, ਦੂਜੇ ਦਰਜੇ ਦੇ ਜਹਾਜ਼ਾ ਉੱਤੇ 65 ਤੋਂ 80 ਤੱਕ ਅਤੇ ਚੌਥੇ ਦਰਜੇ ਦੇ ਜਹਾਜ਼ਾਂ ਉੱਤੇ 50 ਤੋਂ 64 ਤੱਕ ਬੰਦੂਕਾਂ ਲੱਗੀਆਂ ਹੁੰਦੀਆਂ ਹਨ।

ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਜੰਗੀ ਜਹਾਜ਼ ਭੂਤਕਾਲੀ ਜੰਗੀ ਸਾਧਨ ਹਨ ਕਿਉਂਕਿ ਅੱਜਕੱਲ੍ਹ ਹਵਾਈ ਤਾਕਤ ਵਾਲੇ ਜੰਗੀ ਜਹਾਜ਼ ਦੁਸ਼ਮਣਾਂ ਦੇ ਕਿਸੇ ਕਿਸਮ ਦੇ ਜਹਾਜ਼ਾਂ ਦਾ ਮੁਕਾਬਲਾ ਕਰ ਸਕਦੇ ਹਨ। ਸਮੁੰਦਰੀ ਜੰਗ ਦੌਰਾਨ ਇਨ੍ਹਾਂ ਦੇ ਨਾਲ ਤਬਾਹ ਕਰਨ ਵਾਲੇ ਅਤੇ ਹਵਾਮਾਰ ਲੱਗੇ ਹੁੰਦੇ ਹਨ। ਪਹਿਲੀ ਤਰ੍ਹਾਂ ਦੇ ਜਹਾਜ਼ਾਂ ਉੱਤੇ ਵਧੇਰੇ ਫ਼ੌਜ ਹੋਣ ਕਰਕੇ ਬੰਬਾਰੀ ਵਧੇਰੇ ਕਰ ਸਕਦੇ ਹਨ ਅਤੇ ਦੂਜੀ ਤਰ੍ਹਾਂ ਦੇ ਜਹਾਜ਼ਾਂ ਨਾਲ ਦੁਸ਼ਮਣ ਦੇ ਹਵਾਈ ਜਹਾਜ਼ਾਂ ਦਾ ਮੁਕਾਬਲਾ ਕਰ ਸਕਦੇ ਹਨ ਅਤੇ ਅਮਲੀ ਤੌਰ ਤੇ ਜੰਗ ਵਿਚ ਸਹਾਈ ਹੁੰਦੇ ਹਨ।

ਹ. ਪੁ. -ਵ.ਯੂ. ਐਨ. 2: 599; ਚੈਂਬ. ਐਨ. 2: 161

**ਜੰਗੀਪੁਰ** : ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਮੁਰਸ਼ਦਾਬਾਦ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੇ ਉਪ ਮੰਡਲ ਦਾ ਸਦਰ ਮੁਕਾਮ ਹੈ ਜਿਹੜਾ ਭਾਗੀਰਥੀ ਦਰਿਆ ਉਤੇ ਵਸਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਦੀ ਨੀਂਹ ਮੁਗ਼ਲ ਸ਼ਹਿਨਸ਼ਾਹ ਜਹਾਂਗੀਰ ਨੇ ਰੱਖੀ ਸੀ। ਅੰਗਰੇਜ਼ੀ ਸਾਮਰਾਜ ਦੇ ਆਰੰਭ ਵਿਚ ਇਹ ਰੇਸ਼ਮ ਦੇ ਵਪਾਰ ਦਾ ਇਕ ਮਹੱਤਵਪੂਰਨ ਕੇਂਦਰ ਹੁੰਦਾ ਸੀ ਅਤੇ ਨਾਲ ਹੀ ਕੰਪਨੀ ਦੀਆਂ ਤਜਾਰਤੀ ਰੈਜ਼ੀਡੈਂਸੀਆਂ ਵਿਚੋਂ ਇਕ ਰੈਜ਼ੀਡੈਂਸੀ ਦਾ ਠਿਕਾਣਾ ਹੁੰਦਾ ਸੀ। ਅਜੇ ਵੀ ਇਸ ਸ਼ਹਿਰ ਦੇ ਗੁਆਂਢ ਵਿਚ ਬਹੁਤ ਸਾਰੇ ਅਟੇਰਨ-ਘਰ ਮੌਜੂਦ ਹਨ। ਭਾਗੀਰਥੀ ਦਰਿਆ ਦੇ ਮੂੰਹ ਤੇ ਸਥਿਤ ਹੋਣ ਕਾਰਨ, ਇਸ ਦਰਿਆ ਦੇ ਨਾਲ ਨਾਲ ਦੀ ਅੱਗੇ ਜਾਣ ਵਾਲੀਆਂ ਕਿਸ਼ਤੀਆਂ ਤੋਂ ਇਹ ਟੋਲ ਟੈਕਸ ਇਕੱਠਾ ਕਰਨ ਵਾਲਾ ਮੁੱਖ ਸਥਾਨ ਵੀ ਹੈ। ਸੰਨ 1869 ਵਿਚ ਇਥੇ ਮਿਊਨਿਸਿਪਲ ਕਮੇਟੀ ਸਥਾਪਿਤ ਕੀਤੀ ਗਈ। ਆਰੰਭ ਵਿਚ ਉਪ-ਮੰਡਲ ਦੇ ਸਾਰੇ ਦਫ਼ਤਰ ਹੀ ਦਰਿਆ ਭਾਗੀਰਥੀ ਦੇ ਖੱਬੇ ਕੰਢੇ ਤੇ ਹੁੰਦੇ ਸਨ। ਪਰ ਦਰਿਆ ਦਾ ਵਹਿਣ ਬਦਲ ਜਾਣ ਕਾਰਨ ਇਹ ਸਾਰੇ ਦਫ਼ਤਰ ਦਰਿਆ ਦੇ ਸੱਜੇ ਕੰਢੇ ਉਪਰ ਸਥਾਪਿਤ ਕਰ ਦਿਤੇ ਗਏ ਹਨ। ਦਰਿਆ ਦੇ ਇਸ ਹਿੱਸੇ ਨੂੰ ਰਘੁਨਾਥਗੰਜ ਕਿਹਾ ਜਾਂਦਾ ਹੈ।

24° 28′ ਉ. ਵਿਥ.; 88′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 56

**ਜੰਗੀਰ ਸਿੰਘ, ਜੋਗਾ** : ਪੰਜਾਬ ਦੇ ਇਸ ਉੱਘੇ ਆਜ਼ਾਦੀ ਘੁਲਾਟੀਏ ਦਾ ਜਨਮ 11 ਅਕਤੂਬਰ, 1908 ਵਿਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੋਗਾ ਵਿਚ ਸਰਦਾਰ ਉੱਤਮ ਸਿੰਘ ਚਹਿਲ ਦੇ ਘਰ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਵਿਚੋਂ ਪ੍ਰਾਪਤ ਕਰਨ ਉਪਰੰਤ ਜੰਗੀਰ ਸਿੰਘ ਬਠਿੰਡੇ ਦੇ ਰਾਜਿੰਦਰਾ ਹਾਈ ਸਕੂਲ ਵਿਚ ਦਾਖ਼ਲ ਹੋ ਗਿਆ। ਦਸਵੀਂ ਦਾ ਇਮਤਿਹਾਨ ਹੋਣ ਤੋਂ ਦੋ ਮਹੀਨੇ ਪਹਿਲਾਂ ਇਸਨੇ ਪੜ੍ਹਾਈ ਛੱਡ ਦਿਤੀ ਅਤੇ ਮਹਾਤਮਾ ਗਾਂਧੀ ਦੇ ਨਾਲ ਨਾ ਮਿਲਵਰਤਨ ਅੰਦੋਲਨ ਵਿਚ ਸ਼ਾਮਲ ਹੋ ਗਿਆ। ਵਿਦੇਸ਼ੀ ਕੱਪੜੇ ਦੀਆਂ ਦੁਕਾਨਾਂ ਅੱਗੇ ਧਰਨਾ ਦੇਣ ਦੇ ਦੋਸ਼ ਵਿਚ 25 ਹੋਰ ਸਾਥੀਆਂ ਸਮੇਤ ਇਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ ਅਤੇ ਲਾਹੌਰ ਸੈਂਟਰਲ ਜੇਲ੍ਹ ਵਿਚ ਇਨ੍ਹਾਂ ਨੂੰ ਛੇ ਮਹੀਨੇ ਦੀ ਸਜ਼ਾ ਦਿਤੀ ਗਈ। ਰਿਹਾਈ ਤੋਂ ਬਾਅਦ ਇਹ ਉਸ ਸਮੇਂ ਜ਼ੋਰ ਸ਼ੋਰ ਨਾਲ ਚੱਲ ਰਹੀ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ। ਜੈਤੋ ਦੇ ਮੋਰਚੇ ਵਿਚ ਇਸ ਨੇ ਅਹਿਮ ਹਿੱਸਾ ਪਾਇਆ। ਜਲਦੀ ਹੀ ਇਹ ਕਾਫ਼ੀ ਪ੍ਰਸਿੱਧ ਹੋ ਗਿਆ ਅਤੇ ਪਟਿਆਲਾ ਸਟੇਟ ਦੇ ਅਕਾਲੀ ਜਥੇ ਦਾ ਜਨਰਲ ਸਕੱਤਰ ਬਣ ਗਿਆ। ਬਾਅਦ ਵਿਚ ਸੇਵਾ ਸਿੰਘ ਠੀਕਰੀ ਵਾਲੇ ਦੀ ਨਜ਼ਰਬੰਦੀ ਵਿਰੁੱਧ ਪੰਜਾਬ ਸਟੇਟ ਵਿਚ ਸ਼ੁਰੂ ਹੋਏ ਜ਼ੋਰਦਾਰ ਅੰਦੋਲਨ ਦੀ ਅਗਵਾਈ ਕੀਤੀ। ਇਸ ਨੇ ਪੰਜਾਬ ਸਟੇਟ ਦੇ ਤਿੰਨ ਹੋਰ ਉਮੀਦਵਾਰਾਂ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਲੱਕਤਾ ਸੈਸ਼ਨਾਂ ਵਿਚ ਭਾਗ ਲਿਆ।

**ਜਗੇੜਾ** : ਇਹ ਭਾਰਤ ਦੇ ਪੰਜਾਬ ਰਾਜ ਵਿਚ ਜ਼ਿਲ੍ਹਾ ਲੁਧਿਆਣਾ ਦਾ ਇਕ ਪਿੰਡ ਹੈ ਜੋ ਅਹਿਮਦਗੜ੍ਹ ਰੇਲਵੇ ਸਟੇਸ਼ਨ ਤੋਂ

ਢਾਈ ਕਿਲੋ ਮੀਟਰ ਦੀ ਦੂਰੀ ਤੇ ਵਾਕਿਆ ਹੈ। ਪਿੰਡ ਦੇ ਨੇੜੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ।

ਹ. ਪੁ. -ਮ. ਕੋ. : 500

**ਜੱਜ** : ਅਦਾਲਤ ਵਿਚ ਨਿਆਂ ਕਰਨ ਲਈ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਅਧਿਕਾਰੀਆਂ ਨੂੰ ਜੱਜ ਕਿਹਾ ਜਾਂਦਾ ਹੈ। ਇਹ ਅਧਿਕਾਰੀ ਦੇਸ਼ ਦੀਆਂ ਅਦਾਲਤਾਂ ਵਿਚ ਕਾਨੂੰਨ ਨੂੰ ਲਾਗੂ ਕਰਨ ਅਤੇ ਇਸ ਦੀ ਸਹੀ ਵਿਆਖਿਆ ਦਾ ਜ਼ਿੰਮੇਵਾਰ ਹੁੰਦਾ ਹੈ। ਇਸ ਦੀ ਸਹਾਇਤਾ ਲਈ ਜਿਊਰੀ ਵੀ ਨਿਯੁਕਤ ਹੁੰਦੀ ਹੈ। ਜੱਜ ਸਜ਼ਾ ਸੁਣਾਉਂਦਾ ਹੈ ਅਤੇ ਅਦਾਲਤ ਦੇ ਫ਼ੈਸਲੇ ਨੂੰ ਰਿਕਾਰਡ ਕਰਦਾ ਹੈ।

ਜੱਜਾਂ ਦੀ ਨਿਯੁਕਤੀ ਸਬੰਧੀ ਵੱਖ ਵੱਖ ਦੇਸ਼ਾਂ ਵਿਚ ਵੱਖ-ਵੱਖ ਨਿਯਮ ਬਣਾਏ ਗਏ ਹਨ। ਆਮ ਨਿਯਮ ਇਹ ਹੈ ਕਿ ਜੱਜਾਂ ਦੀ ਨਿਯੁਕਤੀ ਨਿਸਚਿਤ ਸਮੇਂ ਲਈ ਜਾਂ ਨਿਸਚਿਤ ਉਮਰ ਤਕ ਹੁੰਦੀ ਹੈ ਜਿਸ ਪਿਛੋਂ ਉਨ੍ਹਾਂ ਨੂੰ ਰਿਟਾਇਰ ਕਰ ਦਿੱਤਾ ਜਾਂਦਾ ਹੈ।

ਜੱਜ ਲਈ ਨਿਰਪੱਖ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਜੇ ਇਹ ਸਾਬਤ ਹੋ ਜਾਵੇ ਕਿ ਕੋਈ ਜੱਜ ਕਿਸੇ ਇਕ ਧਿਰ ਵਿਚ ਦਿਲਚਸਪੀ ਰੱਖਦਾ ਹੈ ਤਾਂ ਉਸ ਨੂੰ ਉਸ ਮੁਕੱਦਮੇ ਵਿਚ ਫੈਸਲਾ ਦੇਣ ਲਈ ਨਿਯੁਕਤ ਨਹੀਂ ਕੀਤਾ ਜਾ ਸਕਦਾ। ਰਿਟਾਇਰ ਹੋਣ ਪਿੱਛੋਂ ਜੱਜ ਉਸ ਅਦਾਲਤ ਵਿਚ ਜਿਥੇ ਉਹ ਆਪ ਜੱਜ ਰਿਹਾ ਹੋਵੇ, ਵਕਾਲਤ ਨਹੀਂ ਕਰ ਸਕਦਾ। ਉਹ ਆਪਣੇ ਦੁਆਰਾ ਦਿਤੇ ਠੀਕ ਜਾਂ ਗਲਤ ਕਿਸੇ ਫੈਸਲੇ ਲਈ ਕਿਸੇ ਧਿਰ ਨੂੰ ਜੁਆਬਦੇਹ ਨਹੀਂ ਹੁੰਦਾ। ਹਰ ਜੱਜ ਨੂੰ ਅਦਾਲਤ ਦੇ ਸੈਸ਼ਨ ਦੌਰਾਨ ਕੀਤੀ ਗਈ ਅਦਾਲਤ ਦੀ ਮਾਨਹਾਨੀ ਲਈ ਸਜ਼ਾ ਦੇਣ ਦਾ ਅਧਿਕਾਰ ਹੁੰਦਾ ਹੈ।

ਜ਼ਿਲ੍ਹਾ ਅਦਾਲਤ, ਸੈਸ਼ਨ ਅਦਾਲਤ, ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਵੱਖ-ਵੱਖ ਦਰਜੇ ਦੇ ਜੱਜ ਹੁੰਦੇ ਹਨ। ਛੋਟੀ ਅਦਾਲਤ ਦਾ ਜੱਜ ਤਰੱਕੀ ਦੇ ਕੇ ਵੱਡੀ ਅਦਾਲਤ ਵਿਚ ਭੇਜਿਆ ਜਾ ਸਕਦਾ ਹੈ।

ਹ. ਪੁ. -ਐਨ. ਬ੍ਰਿ. 13: 125; ਐਨ. ਬ੍ਰਿ. ਮਾ. 5: 626; ਐਨ. ਅਮੈ. 16: 231

**ਜਜਮਾਨੀ ਸਿਸਟਮ** : ਇਹ ਭਾਰਤ ਦੇ ਪੇਂਡੂ ਭਾਈਚਾਰੇ ਵਿਚ ਵੱਖ-ਵੱਖ ਜਾਤਾਂ ਦੇ ਪਰਿਵਾਰਾਂ ਵਿਚਕਾਰ ਸਮਾਜਿਕ ਅਤੇ ਆਰਥਕ ਪੱਧਰ ਤੇ ਸਥਾਪਿਤ ਇਕ ਪ੍ਰਣਾਲੀ ਹੈ। ਇਸ ਅਨੁਸਾਰ ਇਕ ਪਰਿਵਾਰ ਹੀ ਦੂਜੇ ਪਰਿਵਾਰ ਦੀਆਂ ਖ਼ਾਸ ਖ਼ਾਸ ਨਿਸਚਿਤ ਸੇਵਾਵਾਂ ਕਰਦਾ ਹੈ। ਇਨ੍ਹਾਂ ਸੇਵਾਵਾਂ ਵਿਚ ਰਸਮਾਂ ਕਰਨ ਦਾ ਪ੍ਰਬੰਧ, ਨਾਈ ਦਾ ਕੰਮ (ਹਜਾਮਤ ਆਦਿ) ਜਾਂ ਜ਼ਮੀਨ ਲਈ ਮਜ਼ਦੂਰੀ ਕਰਨੀ ਆਦਿ ਸ਼ਾਮਲ ਹਨ। ਪਰਿਵਾਰਾਂ ਦੇ ਇਹ ਸਬੰਧ ਪੁਸ਼ਤ ਦਰ ਪੁਸ਼ਤ ਚਲਦੇ ਰਹਿੰਦੇ ਹਨ ਅਤੇ ਸੇਵਾਵਾਂ ਬਦਲੇ ਅਦਾਇਗੀ ਨਕਦੀ ਦੀ ਥਾਂ ਆਮ ਤੌਰ ਤੇ ਫਸਲ ਵਿਚੋਂ ਨਿਸਚਿਤ ਹਿੱਸੇ ਦੇ ਰੂਪ ਵਿਚ ਦਿਤੀ ਜਾਂਦੀ ਹੈ। ਜਿਸ ਪਰਿਵਾਰ ਦੀ ਸੇਵਾ ਕੀਤੀ ਜਾਂਦੀ ਹੈ ਉਸਨੂੰ ਜਜਮਾਨ ਕਿਹਾ ਜਾਂਦਾ ਹੈ। ਇਹ ਸ਼ਬਦ ਸੰਸਕ੍ਰਿਤ ਦੇ ਸ਼ਬਦ ਯਜਮਾਨ ਤੋਂ ਆਇਆ ਹੈ, ਜਿਸ ਦਾ ਮਤਲਬ ਬਲੀ ਦਾ ਇਕ ਪ੍ਰਤਿਰੂਪ ਹੁੰਦਾ ਹੈ ਜਿਹੜਾ ਰਸਮਾਂ ਅਦਾ ਕਰਨ ਲਈ ਪੁਜਾਰੀ ਨਿਯੁਕਤ ਕਰੇ। ਇਸ ਤਰ੍ਹਾਂ ਕੰਮੀ ਪਰਿਵਾਰ ਨੂੰ ਜਜਮਾਨੀ ਕਿਹਾ ਜਾਂਦਾ ਹੈ।

ਇਕ ਹੋਰ ਧਿਆਨ ਗੋਚਰੇ ਕਰਨ ਵਾਲੀ ਗੱਲ ਇਹ ਹੈ ਕਿ ਕੋਈ ਵੀ ਜਜਮਾਨ ਪਰਿਵਾਰ ਖ਼ੁਦ ਵੀ ਕਿਸੇ ਹੋਰ ਪਰਿਵਾਰ ਲਈ ਜਜਮਾਨੀ ਕਰ ਸਕਦਾ ਹੈ ਜਿਸ ਲਈ ਇਹ ਕੋਈ ਹੋਰ ਵਿਸ਼ੇਸ਼ ਸੇਵਾਵਾਂ ਕਰਦਾ ਹੋਵੇ ਤੇ ਉਸ ਕੋਲੋਂ ਇਹ ਬਦਲੇ ਵਿਚ ਹੋਰ ਕਿਸੇ ਕਿਸਮ ਦੀ ਸੇਵਾ ਲੈਂਦਾ ਹੋਵੇਗਾ।

ਹ. ਪੁ. -ਐਨ. ਬ੍ਰਿ. ਮਾ. 5: 503

**ਜੱਜਾ** : ਇਹ ਜੱਟਾਂ ਦਾ ਇਕ ਗੋਤ ਹੈ ਜਿਸ ਦਾ ਮੂਲ ਸਥਾਨ ਸਿਆਲਕੋਟ (ਪਾਕਿਸਤਾਨ) ਹੈ। ਇਹ ਆਪਣੇ ਆਪ ਨੂੰ ਸੂਰਜਬੰਸੀ ਰਾਜਪੂਤਾਂ ਦੀ ਔਲਾਦ ਕਹਿੰਦੇ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦਾ ਇਕ ਜਾਮ ਨਾਮੀ ਪਿੱਤਰ ਮੁਲਤਾਨ ਤੋਂ ਉੱਠ ਕੇ ਸਿਆਲਕੋਟ ਦੀ ਪਸਰੂਰ ਤਹਿਸੀਲ ਵਿਚ ਆ ਕੇ ਵਸਿਆ। ਉਸ ਦੇ ਜਾਜ ਅਤੇ ਜਠੌਲ ਨਾਂ ਦੇ ਦੋਹਾਂ ਬੇਟਿਆਂ ਨੇ ਇਸ ਇਲਾਕੇ ਵਿਚ ਆਪਣੇ ਪਿੰਡ ਬੰਨ੍ਹੇ। 'ਪੋਸਲਾ' ਗੋਤ ਦੇ ਮਰਾਸੀ, 'ਬੱਧਰ' ਗੋਤ ਦੇ ਬ੍ਰਾਹਮਣ, 'ਖੋਖਰ' ਗੋਤ ਦੇ ਨਾਈ ਇਨ੍ਹਾਂ ਦੇ ਲਾਗੀ ਹਨ। ਸਿਆਲਕੋਟ ਦੀ ਰਵਾਇਤ ਅਨੁਸਾਰ ਜੱਜਾ ਜਠੋਲਾ ਨਾਲੋਂ ਵੱਖ ਹਨ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਕਿਸਾਨ ਜਾਤੀ ਨੂੰ ਵੀ ਜੱਜ ਕਹਿੰਦੇ ਹਨ।

ਹ. ਪੁ. -ਗਲਾ. ਟ੍ਰਾ. ਕਾ. 2: 349; ਮ. ਕੋ. 501

**ਜਜ਼ੀਆ ਅਤੇ ਖ਼ਰਾਜ** : ਇਸਲਾਮੀ ਵਿਧਾਨ ਦੇ ਨਿਯਮਾਂ ਅਨੁਸਾਰ ਗ਼ੈਰ-ਮੁਸਲਮਾਨਾਂ ਉਤੇ ਲਾਏ ਜਾਣ ਵਾਲੇ ਇਹ ਦੋ ਮੁੱਖ ਕਰ ਹਨ। ਮੁਸਲਮਾਨਾਂ ਉਤੇ ਦੋ ਵਿਸ਼ੇਸ਼ ਕਰ ਜ਼ਕਾਤ ਅਤੇ ਉਸ਼ਰ ਹੁੰਦੇ ਸਨ। ਜਜ਼ੀਆ ਪ੍ਰਤੀ ਵਿਅਕਤੀ ਹੈ ਜੋ ਜ਼ਕਾਤ ਤੋਂ ਬਿਲਕੁਲ ਵਖਰਾ ਹੈ। ਅਸਲ ਵਿਚ ਇਹ ਜ਼ਮੀਨ ਨੂੰ ਛੱਡ ਕੇ ਹੋਰ ਜਾਇਦਾਦ ਉਤੇ ਲਗਣ ਵਾਲਾ ਕਰ ਹੈ। ਹਰੇਕ ਗ਼ੈਰ-ਮੁਸਲਮਾਨ ਬਾਲਗ ਨੂੰ ਜੋ ਸਰੀਰਕ ਤੌਰ ਤੇ ਬਿਲਕੁਲ ਹੀ ਅਸਮਰੱਥ ਜਾਂ ਨਿਰਧਨ ਨਹੀ ਹੈ, ਜਜ਼ੀਆ ਦੇਣਾ ਪੈਂਦਾ ਸੀ। ਇਸ ਕਰ ਲਈ ਸਿਰਫ਼ ਤਿੰਨ ਦਰਾਂ ਨਿਰਧਾਰਤ ਸਨ—ਨਿਰਧਨਾਂ ਨੂੰ 12 ਦਿਰਮ, ਮੱਧ ਵਰਗ ਨੂੰ 24 ਦਿਰਮ ਅਤੇ ਧਨਵਾਨਾਂ ਨੂੰ 48 ਦਿਰਮ ਸਾਲਾਨਾ ਦੇਣਾ ਪੈਂਦਾ ਸੀ। ਖ਼ਰਾਜ ਅਤੇ ਉਸ਼ਰ ਲਗਭਗ ਇਕੋ ਜਿਹੇ ਹਨ। ਇਹ ਦੋਵੇਂ ਕਰ ਜ਼ਮੀਨ ਉਤੇ ਹਨ ਪਰ ਖ਼ਰਾਜ ਦੀਆਂ ਦਰਾਂ ਉਸ਼ਰ ਨਾਲੋਂ ਹਮੇਸ਼ਾ ਜ਼ਿਆਦਾ ਰਹੀਆਂ ਹਨ। ਇਸ ਤਰ੍ਹਾਂ ਜਦੋਂ ਉਸ਼ਰ ਵਿਚ ਇਕ ਮੁਸਲਮਾਨ ਨੂੰ ਆਪਣੀ ਭੂਮੀ ਦੀ ਪੈਦਾਵਾਰ ਦਾ 1/10 ਦੇਣਾ ਪੈਂਦਾ ਸੀ ਤਾਂ ਕਿਸੇ ਗ਼ੈਰ-ਮੁਸਲਮਾਨ ਵਲੋਂ ਦਿਤਾ ਜਾਣ ਵਾਲਾ ਖ਼ਰਾਜ ਉਸ ਦੀ ਪੈਦਾਵਾਰ ਦੇ 1/5 ਤੋਂ ਘੱਟ ਨਹੀਂ ਹੋ ਸਕਦਾ, ਪਰ ਇਹ ਅੱਧੇ ਜਾਂ ਦੋ ਤਿਹਾਈ ਤੋਂ ਵੱਧ ਵੀ ਨਹੀਂ ਹੋਣਾ ਚਾਹੀਦਾ।

ਇਹ ਅਸਲ ਵਿਚ ਮਨੋਕਲਪਿਤ ਅਤੇ ਭਾਵਨਾਤਮਕ ਕਰ ਵਿਵਸਥਾ ਹੈ ਅਤੇ ਸਮੇਂ ਸਮੇਂ ਖ਼ੁਦ ਮੁਸਲਮਾਨਾਂ ਨੂੰ ਵੀ ਇਸ ਵਿਚ ਹੁੰਦੀ ਹੇਰਾਫੇਰੀ ਨੂੰ ਮੰਨਣਾ ਪਿਆ। ਮੁਸਲਮਾਨਾਂ ਦਾ ਉਸ਼ਰ (ਨਾ ਕਿ ਖ਼ਰਾਜ) ਦੇਣ ਦਾ ਅਧਿਕਾਰ ਇਸ ਸਿਧਾਂਤ ਨਾਲ ਘਟਾ ਦਿੱਤਾ ਗਿਆ ਕਿ ਜੇ ਕਿਸਾਨ ਮੁਸਲਮਾਨ ਹੈ ਤਾਂ ਵੀ ਉਸ ਨੂੰ ਉਸ ਜ਼ਮੀਨ ਉਤੇ ਖ਼ਰਾਜ ਦੇਣਾ ਪਵੇਗਾ ਜੋ ਮੁਸਲਮਾਨਾਂ ਦੇ ਪੂਰਵ ਕਾਲ ਦੀਆਂ ਖੋਦੀਆਂ ਹੋਈਆਂ ਨਹਿਰਾਂ ਨਾਲ ਸਿੰਜੀ ਜਾਂਦੀ ਹੈ, ਜਾਂ ਉਹ ਜ਼ਮੀਨ ਕਿਸੇ ਅਜਿਹੇ ਗ਼ੈਰ-ਮੁਸਲਮਾਨ ਪਾਸ ਸੀ ਜੋ ਖ਼ਰਾਜ ਅਦਾ ਕਰਦਾ ਸੀ ਜਾਂ ਜੋ ਖ਼ਰਾਜੀ ਜ਼ਮੀਨ ਨਾਲ ਲਗਦੀ ਹੈ। ਇਨ੍ਹਾਂ ਹਾਲਤਾਂ ਵਿਚ ਮੁਸ਼ਕਲ ਨਾਲ ਹੀ ਕੋਈ ਮੁਸਲਮਾਨ ਖ਼ਰਾਜ ਤੋਂ ਛੁਟਕਾਰਾ ਪਾਉਂਦਾ ਹੋਵੇਗਾ।

ਅਮਲੀ ਤੌਰ ਤੇ ਇਸਲਾਮ ਦੀਆਂ ਆਰੰਭਕ ਸਦੀਆਂ ਵਿਚ ਇਹ ਕਰ ਵਿਵਸਥਾ ਹੋਰ ਵੀ ਰਹੱਸਮਈ ਸੀ। ਅਸਲ ਵਿਚ ਬੇਨੇਸਨ ਦਾ ਵਿਚਾਰ ਸੀ ਕਿ ਜਜ਼ੀਆ ਅਤੇ ਖ਼ਰਾਜ ਮੂਲ ਰੂਪ ਵਿਚ ਇਕ ਹੀ ਕਰ ਦੇ ਨਾਂ ਹਨ, ਜੋ ਗ਼ੈਰ-ਮੁਸਲਿਮ ਸਮੂਹ ਉਤੇ ਇੱਕਠਾ ਹੀ ਲਾਇਆ ਜਾਂਦਾ ਸੀ। ਅੱਠਵੀਂ ਸਦੀ ਦੇ ਅੱਧ ਤੋਂ ਕੁਝ ਸਮਾਂ ਪਹਿਲਾਂ ਹੀ ਇਹ ਕਰ ਪਹਿਲੀ ਵਾਰੀ ਅੱਡ-ਅੱਡ ਰੂਪ ਵਿਚ ਲਾਏ ਗਏ। ਵਰਤਮਾਨ ਵਿਚ ਕੀਤੀ ਗਈ ਖੋਜ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਭਾਵੇਂ ਦੋਵੇਂ ਸ਼ਬਦ ਭਾਵ ਜਜ਼ੀਆ ਅਤੇ ਖ਼ਰਾਜ, ਪੂਰਵ ਕਾਲ ਵਿਚ ਇਕ ਦੂਜੇ ਦੇ ਬਦਲ ਸਨ, ਫਿਰ ਵੀ ਇਹ ਕਰ ਅਰਬਾਂ ਦੀਆਂ ਮੁੱਢਲੀਆਂ ਜਿੱਤਾਂ ਦੇ ਸਮੇਂ ਤੋਂ ਪ੍ਰਤੀ ਵਿਅਕਤੀ ਭੂਮੀ ਕਰ ਤੋਂ ਅੱਲਗ ਕਿਸਮ ਦਾ ਹੁੰਦਾ ਸੀ, ਕਿਉਂਕਿ ਇਹ ਸਾਸਾਨੀ ਅਤੇ ਬਾਜ਼ਨਤੀਨੀ ਸਾਮਰਾਜਾਂ ਵਿਚ ਪ੍ਰਚੱਲਤ ਸੀ, ਪਰ ਜਜ਼ੀਆ ਦੀਆਂ

ਦਰਾਂ ਕਿਸੇ ਤਰ੍ਹਾਂ ਵੀ ਇਕੋ ਜਿਹੀਆਂ ਨਹੀਂ ਸਨ। ਇਉਂ ਜਾਪਦਾ ਹੈ ਕਿ ਇਸਲਾਮ ਦੇ ਆਰੰਭ ਦੇ ਦਿਨਾਂ ਵਿਚ ਇਹ ਗ਼ੈਰ-ਕਿਸਾਨਾਂ ਉਤੇ ਲਾਇਆ ਜਾਣ ਵਾਲਾ ਇਕ ਅਲਗ ਕਰ ਸੀ।

ਮੱਧ ਕਾਲੀ ਭਾਰਤ ਵਿਚ ਖ਼ਰਾਜ ਦੀ ਵਰਤੋਂ ਸਦਾ 'ਮਾਲ' ਜਾਂ ਭੂਮੀ ਕਰ ਦੇ ਸਮਾਨਾਰਥਕ ਰੂਪ ਵਿਚ ਕੀਤੀ ਗਈ। ਜਾਪਦਾ ਹੈ ਕਿ ਲਗਾਨ ਦੀਆਂ ਦਰਾਂ ਦੇ ਸਬੰਧ ਵਿਚ ਮੁਸਲਮਾਨ ਅਤੇ ਗ਼ੈਰ-ਮੁਸਲਮਾਨ ਕਿਸਾਨਾਂ ਵਿਚ ਕੋਈ ਪੱਖਪਾਤ ਨਹੀਂ ਹੋਇਆ। ਇਸ ਦੇ ਉਲਟ ਜਜ਼ੀਆ ਦਾ ਆਪਣਾ ਇਤਿਹਾਸ ਹੈ। ਪਹਿਲੀ ਵਾਰੀ ਇਹ ਮੁਹੰਮਦ ਬਿਨ ਕਾਸਿਮ ਨੇ ਸਿੰਧ ਦੀ ਜਿੱਤ ਸਮੇਂ (ਸੰਨ 712-13) ਲਾਇਆ। ਦਿੱਲੀ ਦੇ ਸੁਲਤਾਨਾਂ ਨੇ ਇਸ ਨੂੰ ਚਾਲੂ ਰੱਖਿਆ ਅਤੇ ਫ਼ਿਰੋਜ਼ ਸ਼ਾਹ ਤੁਗ਼ਲਕ (ਸੰਨ 1351-88) ਨੇ ਇਸ ਨੂੰ ਬ੍ਰਾਹਮਣਾਂ ਤੇ ਵੀ ਲਾ ਦਿਤਾ, ਜਿਨ੍ਹਾਂ ਨੂੰ ਹੁਣ ਤਕ ਛੋਟ ਸੀ। ਸੰਨ 1564 ਵਿਚ ਅਕਬਰ ਨੇ ਜਜ਼ੀਆ ਲੈਣਾ ਬੰਦ ਕਰ ਦਿੱਤਾ। ਸੰਨ 1679 ਵਿਚ ਜਦੋਂ ਔਰੰਗਜ਼ੇਬ ਨੇ ਇਸ ਨੂੰ ਦੁਬਾਰਾ ਲਾਇਆ ਤਾਂ ਇਸ ਦੀ ਵਸੂਲੀ ਦਾ ਪ੍ਰਬੰਧ ਇਕ ਖ਼ਾਸ ਮਹੱਤਵਪੂਰਨ ਢੰਗ ਨਾਲ ਕੀਤਾ ਗਿਆ। ਕੇਵਲ ਉਨ੍ਹਾਂ ਲੋਕਾਂ ਨੂੰ ਛੱਡ ਕੇ ਜੋ ਕਾਨੂੰਨ ਅਨੁਸਾਰ ਜਜ਼ੀਏ ਤੋਂ ਮੁਕਤ ਸਨ, ਸਾਰੇ ਸ਼ਹਿਰੀ ਅਤੇ ਪੇਂਡੂ ਗ਼ੈਰ-ਮੁਸਲਮਾਨਾਂ ਨੂੰ ਜਜ਼ੀਆ ਦੇਣਾ ਪੈਂਦਾ ਸੀ। ਇਸ ਦੀ ਵਸੂਲੀ ਨਾਲ ਲੋਕਾਂ ਨੂੰ ਬਹੁਤ ਕਸ਼ਟ ਹੋਇਆ ਅਤੇ ਭ੍ਰਿਸ਼ਟਾਚਾਰ ਫੈਲਿਆ। ਸੰਨ 1713 ਵਿਚ ਫ਼ੱਰੁਖ਼ਸੀਅਰ ਨੇ ਇਸ ਉਤੇ ਰੋਕ ਲਾ ਦਿਤੀ ਅਤੇ ਅੰਤ ਵਿਚ ਮੁਹੰਮਦ ਸ਼ਾਹ ਨੇ 1719 ਈ. ਵਿਚ ਇਸ ਨੂੰ ਖ਼ਤਮ ਕਰ ਦਿੱਤਾ।

ਹ. ਪੂ. -ਹਿੰ. ਵਿ. ਕੋ. 4: 492

**ਜਜ਼ੀਰਾ** : ਅਫ਼ਰੀਕਾ ਮਹਾਦੀਪ ਵਿਚ ਨੀਲ ਦਰਿਆ ਅੰਦਰ ਜਜ਼ੀਰੇ ਦੀ ਸ਼ਕਲ ਦਾ ਇਕ ਖ਼ੇਤਰ ਹੈ ਜਿਸ ਕਰਕੇ ਇਸ ਦਾ ਨਾਂ ਹੀ ਜਜ਼ੀਰਾ ਪੈ ਗਿਆ ਹੈ।

ਇਹ ਤਿਕੋਣੇ ਆਕਾਰ ਦਾ ਖੇਤਰ ਸੂਡਾਨ ਗਣਰਾਜ ਵਿਚ ਬਲੂ ਅਤੇ ਵਾਈਟ ਨੀਲ ਦਰਿਆਵਾਂ ਦੇ ਵਿਚਕਾਰ, ਖਰਤੂਮ ਦੇ ਸਥਾਨ ਤੇ ਇਨ੍ਹਾਂ ਦੇ ਸੰਗਮ ਤੋਂ ਦੱਖਣ ਵਲ 13° 30' ਉ. ਵਿੱਥ ਉਤੇ ਸਥਿਤ ਹੈ। ਜਜ਼ੀਰਾ ਸਮੁੰਦਰੀ ਤਲ ਤੋਂ 385 ਮੀ. (1300 ਫੁੱਟ) ਉੱਚਾ ਚੀਕਣੀ ਮਿੱਟੀ ਵਾਲਾ ਮੈਦਾਨ ਹੈ। ਇਸ ਮੈਦਾਨ ਦੀ ਸਿੰਜਾਈ ਸਰਾਸਰ 'ਸੇਨਾਰ ਬੰਨ' ਤੇ ਨਿਰਭਰ ਹੈ। ਪਹਿਲਾਂ ਪਹਿਲ ਇਸ ਬੰਨ ਨੂੰ ਮੈਕਵਾਰ ਨਾਂ ਦਿਤਾ ਜਾਂਦਾ ਸੀ। ਇਹ ਬੰਨ 1922-25 ਦੌਰਾਨ ਬਣਾਇਆ ਗਿਆ। ਇਸ ਖੇਤਰ ਵਿਚ ਲੰਬੇ ਰੇਸ਼ਿਆਂ ਵਾਲੀ ਕਪਾਹ ਵਰਗੀ ਕੀਮਤੀ ਫਸਲ ਹੁੰਦੀ ਹੈ ਅਤੇ ਇਸ ਤੋਂ ਇਲਾਵਾ ਚਾਰਾ ਤੇ ਬਾਜਰਾ ਵੀ ਬੀਜਿਆ ਜਾਂਦਾ ਹੈ। 'ਜਜ਼ੀਰੇ' ਦੀ ਸਿੰਚਾਈ ਸਕੀਮ ਨੂੰ ਚਲਾਉਣ ਲਈ ਸੂਡਾਨੀ ਸਰਕਾਰ ਇਥੋਂ ਦੇ ਬੰਨ੍ਹ ਦੇ ਬਣਾਉਣ ਦੀ ਅਤੇ ਉਸਦੀ ਸੰਭਾਲ ਦੀ ਜ਼ਿੰਮੇਵਾਰ ਹੈ। ਇਸ ਤੋਂ ਬਿਨਾ ਮੁੱਖ ਸਿੰਜਾਈ ਨਹਿਰਾਂ ਬਣਾਉਣ ਦਾ ਜ਼ਿੰਮਾ ਵੀ ਇਸੇ ਦੇ ਸਿਰ ਹੈ। ਕਪਾਹ ਦੀ ਫਸਲ ਦੀ ਵੱਟਕ ਦਾ 40% ਸਰਕਾਰ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ ਅਤੇ 20% ਬੋਰਡ ਆਪ ਰੱਖਦਾ ਹੈ, ਜਿਸ ਨਾਲ ਉਪਜ ਦੀ ਢੋਆ-ਢੁਆਈ, ਕਪਾਹ ਵੇਲਣ ਅਤੇ ਮੰਡੀਕਰਣ ਵਰਗੀਆਂ ਸਹੂਲਤਾਂ ਮੁਹੱਈਆ ਕਰਦਾ ਹੈ। ਬਾਕੀ ਦੀ 40% ਵਟਕ ਕਪਾਹ ਉਗਾਉਣ ਵਾਲੇ ਕਾਸ਼ਤਕਾਰਾਂ ਤੇ ਚੁਗਣ ਵਾਲਿਆਂ ਨੂੰ ਦੇ ਦਿਤਾ ਜਾਂਦਾ ਹੈ। ਕਿਸੇ ਵੀ ਕਾਸ਼ਤਕਾਰ ਨੂੰ ਕਾਸ਼ਤ ਲਈ ਦਿੱਤਾ ਜਾਣ ਵਾਲਾ ਖੇਤ ਨਿਸ਼ਚਿਤ ਕੀਤੀ ਵਾਰੀ ਅਨੁਸਾਰ 40 ਏਕੜ ਦੇ ਲਗਭਗ ਹੁੰਦਾ ਹੈ। ਇਹ ਕਾਸ਼ਤਕਾਰ ਜਜ਼ੀਰੇ ਦੇ ਪੁਰਾਣੇ ਜ਼ਿਮੀਦਾਰਾਂ ਦੀ ਹੀ ਸੰਤਾਨ ਹਨ ਅਤੇ ਸਰਕਾਰ ਇਨ੍ਹਾਂ ਨੂੰ ਆਪਣੀਆਂ ਜੱਦੀ ਜ਼ਮੀਨਾਂ ਦਾ ਲਗਾਨ ਵੀ ਦਿੰਦੀ ਹੈ। ਪਹਿਲੇ ਵਾਹੀਕਾਰ ਵਾਹੀ ਦਾ ਕੰਮ ਬਾਰਸ਼ ਦੇ ਆਸਰੇ ਹੀ ਕਰਦੇ ਸਨ। ਅੱਜਕੱਲ੍ਹ ਕਪਾਹ ਦੀ ਉਪਜ ਬਹੁਤ ਵੱਧ ਗਈ ਹੈ। ਉਂਜ ਵੀ ਲੰਬੇ ਰੇਸ਼ਿਆਂ ਵਾਲੀ ਵਧੀਆ ਕਿਸਮ ਦੀ ਕਪਾਹ ਬੀਜੀ ਜਾਂਦੀ ਹੈ। ਸੇਨਾਰ ਬੰਨ ਤੋਂ ਬਿਨਾਂ ਇਥੇ ਹੋਰ ਵੀ ਬੰਨ੍ਹ ਬਣਾਏ ਜਾ ਚੁੱਕੇ ਹਨ। 'ਵਾਡ ਮੈਡੇਨੀ' ਜਜ਼ੀਰੇ ਦਾ ਮੁੱਖ ਸ਼ਹਿਰ ਹੈ ਅਤੇ ਬਲੂ ਪ੍ਰਾਵਿੰਸ ਦੀ ਰਾਜਧਾਨੀ ਹੈ।

ਹ. ਪੂ. -ਐਨ. ਬ੍ਰਿ. 10: 378

**ਜੰਜੀਰਾ** : ਰਿਆਸਤ—ਪੱਛਮੀ ਭਾਰਤ ਦੇ ਬੰਬਈ ਰਾਜ ਵਿਚ ਇਹ ਕੋਲਾਬਾ ਨਾਂ ਦੀ ਪੁਲਿਟੀਕਲ ਏਜੰਸੀ ਦੇ ਅੰਦਰ ਇਕ ਸਾਬਕਾ ਰਿਆਸਤ ਹੁੰਦੀ ਸੀ। ਕਾਠੀਆਵਾੜ ਵਿਚ ਪੈਂਦੇ ਜਾਫ਼ਰਬਾਦ ਨੂੰ ਛੱਡ ਕੇ ਇਸ ਰਿਆਸਤ ਦਾ ਕੁੱਲ ਰਕਬਾ 830 ਵ. ਕਿ. ਮੀ. (324 ਵ. ਮੀਲ) ਸੀ। ਜੰਜੀਰਾ ਨਾਂ ਅਰਬੀ ਭਾਸ਼ਾ ਦੇ ਸ਼ਬਦ 'ਜਜ਼ੀਰਾ' (ਟਾਪੂ) ਦਾ ਹੀ ਵਿਗੜਿਆ ਰੂਪ ਹੈ। ਇਸੇ ਹੀ ਨਾਂ ਦਾ ਪਿੰਡ ਇਸ ਰਿਆਸਤ ਦੀ ਰਾਜਧਾਨੀ ਸੀ। ਸੰਨ 1489 ਦੇ ਨੇੜੇ ਤੇੜੇ ਐਬੇਸੀਨੀਆ ਤੋਂ ਇਕ ਆਦਮੀ ਵਪਾਰੀ ਦੇ ਭੇਸ ਵਿਚ ਆਇਆ ਅਤੇ ਅਹਿਮਦ ਨਗਰ ਦੇ ਇਕ ਨਿਜ਼ਾਮ ਦੀ ਸ਼ਾਹੀ ਨੌਕਰੀ ਕਰਨ ਲੱਗ ਪਿਆ। ਇਸੇ ਦੌਰਾਨ ਇਕ ਵੇਰਾਂ ਉਸਨੇ ਰਾਮ ਪਟੇਲ ਨਾਂ ਦੇ ਇਕ ਕੋਲੀ ਕਪਤਾਨ ਤੋਂ ਬਾਹਰੋਂ ਆਏ ਜਹਾਜ਼ ਤੋਂ 300 ਬਕਸਿਆਂ ਨੂੰ ਲਾਹੁਣ ਦੀ ਇਜਾਜ਼ਤ ਲੈ ਲਈ। ਇਨ੍ਹਾਂ ਸਾਰੇ ਬਕਸਿਆਂ ਵਿਚ ਇਕ-ਇਕ ਸਿਪਾਹੀ ਬੰਦ ਕੀਤਾ ਹੋਇਆ ਸੀ। ਜਹਾਜ਼ ਵਿਚੋਂ ਉਤਰਨ ਉਪਰੰਤ ਬਕਸਿਆਂ ਵਿਚੋਂ ਬਾਹਰ ਨਿਕਲ ਕੇ ਸਾਰੇ ਸਿਪਾਹੀਆਂ ਨੇ ਜੰਜੀਰਾ ਦੀਪ ਅਤੇ ਡੰਡਾ ਰਾਜਪੁਰੀ ਨਾਂ ਦੇ ਕਿਲੇ ਉਪਰ ਇਕ ਦਮ ਕਬਜ਼ਾ ਕਰ ਲਿਆ। ਇਸ ਤੋਂ ਪਿਛੋਂ ਇਹ ਦੀਪ ਬੀਜਾਪੁਰ ਦੇ ਬਾਦਸ਼ਾਹ ਦੇ ਇਲਾਕਿਆਂ ਦਾ ਹਿੱਸਾ ਬਣ ਗਿਆ। ਮਰਹੱਟਾ ਸ਼ਾਸਕ ਸ਼ਿਵਾ ਜੀ ਦੇ ਵੇਲੇ, ਦੱਖਣੀ ਕੋਨਕਨ ਦੀ ਹਕੂਮਤ ਬੀਜਾਪੁਰ ਦੇ ਬੇੜੇ ਦੇ ਐਡਮਿਰਲ ਦੇ ਹੀ ਅਧੀਨ ਰਹੀ। ਜਦੋਂ ਸ਼ਿਵਾ ਜੀ ਨੇ ਐਡਮਿਰਲ ਉਪਰ ਹਮਲਾ ਕਰ ਦਿਤਾ ਤਾਂ ਉਸਦਾ ਮਾਲਕ ਉਸਦੀ ਸਹਾਇਤਾ ਲਈ ਉਥੇ ਨਾ ਅੱਪੜ ਸਕਿਆ। ਇਸ ਦੇ ਨਤੀਜੇ ਵਜੋਂ 1670 ਈ. ਵਿਚ ਸੀਦੀ ਨੇ ਆਪਣੀਆਂ ਸੇਵਾਵਾਂ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਦੇ ਪੇਸ਼ ਕਰ ਦਿਤੀਆਂ। ਜੰਜੀਰਾ ਦੇ ਇਤਿਹਾਸ ਵਿਚ ਸਭ ਤੋਂ ਵੱਧ ਵੇਖਣ ਯੋਗ ਗੱਲ ਇਹ ਹੈ ਕਿ ਪੱਛਮੀ ਭਾਰਤ ਦੀਆਂ ਰਿਆਸਤਾਂ ਜਿਨ੍ਹਾਂ ਉਤੇ ਮਰਹੱਟੇ ਅਕਸਰ ਪੂਰੀਆਂ ਤਿਆਰੀਆਂ ਨਾਲ ਹਮਲੇ ਕਰਦੇ ਰਹਿੰਦੇ ਸਨ, ਵਿਚੋਂ ਕੇਵਲ ਇਹੋ ਇਕੋ ਇਕ ਰਿਆਸਤ ਸੀ, ਜਿਸ ਨੂੰ ਮਰਹੱਟਿਆਂ ਨੇ ਜਿੱਤਣਾ ਆਪਣੀ ਇੱਜ਼ਤ ਦਾ ਸਵਾਲ ਬਣਾਇਆ ਹੋਇਆ ਸੀ ਅਤੇ ਇਹ ਰਿਆਸਤ ਮਰਹੱਟਿਆਂ ਦੇ ਹਮਲਿਆਂ ਨੂੰ ਪੂਰੀ ਕਾਮਯਾਬੀ ਨਾਲ ਮੋੜਵਾਂ ਜਵਾਬ ਦਿੰਦੀ ਰਹੀ ਸੀ। ਸ਼ਿਵਾ ਜੀ ਦੇ ਵਾਰ ਵਾਰ ਹਮਲਿਆਂ ਉਪਰੰਤ 1682 ਈ. ਵਿਚ ਸ਼ਿਵਾ ਜੀ ਦੇ ਪੁੱਤਰ ਸੰਭਾ ਜੀ ਨੇ ਇਸ ਨੂੰ ਫਿਰ ਜਿੱਤਣ ਦੀ ਕੋਸ਼ਿਸ਼ ਕੀਤੀ। ਸੰਭਾ ਜੀ ਨੇ ਇਸ ਦੇ ਦੀਪ ਨੂੰ ਘੇਰਾ ਪਾ ਲਿਆ ਅਤੇ ਇਸ ਘੇਰੇ ਵਿਚ ਉਸਨੇ ਪੱਥਰਾਂ ਦੇ ਇਕ ਚੌੜੇ ਬੰਨ੍ਹ ਰਾਹੀਂ ਇਸ ਦੀਪ ਨੂੰ ਮੁੱਖ ਭੂਮੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਪਰ ਸੰਭਾ ਜੀ ਦੀ ਇਹ ਸਕੀਮ ਨਾਕਾਮਯਾਬ ਰਹੀ ਅਤੇ ਹਮਲਿਆਂ ਵਿਚ ਆਪਣੀਆਂ ਫ਼ੌਜਾਂ ਦਾ ਭਾਰੀ ਨੁਕਸਾਨ ਵੀ ਕਰਵਾਇਆ। ਸੰਨ 1733 ਵਿਚ ਪੇਸ਼ਵਾ ਅਤੇ ਐਂਗਰੀਆ ਦੇ ਸਾਂਝੇ ਹਮਲੇ ਦਾ ਵੀ ਜੰਜੀਰਾ ਉਪਰ ਗ਼ੈਰਮਾਮੂਲੀ ਅਸਰ ਪਿਆ। ਮਰਹੱਟਿਆਂ ਉਪਰੰਤ ਅੰਗਰੇਜ਼ ਕੋਨਕਨ ਦੇ ਮਾਲਕ ਬਣੇ ਪਰ ਉਨ੍ਹਾਂ ਨੇ ਵੀ ਇਸ ਦੀਪ ਦੇ ਅੰਦਰੂਨੀ ਰਾਜ ਪ੍ਰਬੰਧ ਵਿਚ ਦਖ਼ਲ ਦੇਣ ਤੋਂ ਪਾਸਾ ਹੀ ਵੱਟੀ ਰੱਖਿਆ।

ਇਥੋਂ ਦਾ ਸਰਦਾਰ ਸੁੰਨੀ ਮੁਸਲਮਾਨ ਅਤੇ ਨਸਲ ਪੱਖੋਂ ਇਕ ਸੀਦੀ ਜਾਂ ਐਬੇਸੀਨੀ ਹੁੰਦੀ ਸੀ ਅਤੇ ਉਸ ਕੋਲ ਨਵਾਬ ਦਾ ਖ਼ਿਤਾਬ ਅਤੇ ਇਕ ਸੱਨਦ ਹੁੰਦੀ ਸੀ ਜਿਸ ਦੇ ਤਹਿਤ ਉਸਨੂੰ ਮੁਸਲਮਾਨ ਕਾਨੂੰਨ ਅਨੁਸਾਰ ਉੱਤਰਾਧਿਕਾਰੀ ਚੁਣਨ ਦਾ ਅਖ਼ਤਿਆਰ ਹੁੰਦਾ ਸੀ ਅਤੇ ਨਵਾਬ ਕਿਸੇ ਕਿਸਮ ਦਾ ਖ਼ਰਾਜ ਵੀ ਨਹੀਂ ਦਿੰਦਾ ਸੀ। ਸੰਨ 1868 ਤੱਕ ਇਸ ਰਿਆਸਤ ਨੂੰ ਅਸਾਧਾਰਣ ਆਜ਼ਾਦੀ ਪ੍ਰਾਪਤ ਸੀ ਅਤੇ ਉਦੋਂ ਕੋਈ ਪੁਲਿਟੀਕਲ ਏਜੰਟ ਵੀ ਨਹੀਂ ਸੀ ਹੁੰਦਾ। ਇਸੇ ਸਾਲ ਦੇ ਹੀ ਨੇੜੇ ਤੇੜੇ, ਇਥੋਂ ਦੇ ਸਰਦਾਰ ਦਾ ਰਾਜ ਪ੍ਰਬੰਧ ਪੁਲਿਸ, ਫ਼ੌਜਦਾਰੀ ਨਿਆਂ ਦੇ ਖੇਤਰ

ਤੁਚ ਬਹੁਤ ਮਾੜਾ ਹੋ ਗਿਆ ਜਿਸ ਕਰਕੇ ਰਾਜ ਪ੍ਰਬੰਧ ਇਕ ਪੁਲਿਟੀਕਲ ਜੰਟ ਨੂੰ ਸੌਂਪ ਦਿੱਤਾ ਗਿਆ। ਅੰਗਰੇਜ਼ ਸਰਕਾਰ ਅਤੇ ਇਥੋਂ ਦੀ ਰਿਆਸਤ ਦਾ ਆਪਸੀ ਸੰਪਰਕ 1870 ਈ: ਦੀ ਸੰਧੀ ਦੇ ਅਨੁਸਾਰ ਹੀ ਚਲਦਾ ਰਿਹਾ। ਦੇਸ਼ ਦੀ ਵੰਡ ਉਪਰੰਤ ਭਾਰਤੀ ਰਿਆਸਤਾਂ ਦਾ ਪੁਨਰ ਗਠਨ ਕੀਤਾ ਗਿਆ ਅਤੇ ਇਸ ਰਿਆਸਤ ਨੂੰ ਦੇਸ਼ ਦੇ ਮੌਜੂਦਾ ਰਾਜ ਮਹਾਰਾਸ਼ਟਰ ਵਿਚ ਸ਼ਾਮਲ ਕਰ ਦਿੱਤਾ ਗਿਆ।

ਹ. ਪੁ.-ਇੰਪ. ਗ. ਇੰਡ 14: 57

**ਜੰਜੀਰਾ** : ਸ਼ਹਿਰ—ਭਾਰਤ ਦੀ ਇਸੇ ਹੀ ਨਾਂ ਦੀ ਇਕ ਸਾਬਕਾ ਰਿਆਸਤ ਦੀ ਇਹ ਰਾਜਧਾਨੀ ਸੀ ਜਿਹੜਾ ਬੰਬਈ ਦੀਪ ਦੇ ਲ. 70 ਕਿ. ਮੀ. (45 ਮੀਲ) ਦੱਖਣ ਵੱਲ ਸਥਿਤ ਹੈ। ਰਾਜਪੁਰੀ ਪ੍ਰਵੇਸ਼ ਦੁਆਰ ਤੇ ਪੈਂਦੇ ਇਕ ਦੀਪ ਉਤੇ ਜੰਜੀਰਾ ਕਿਲਾ ਹੈ ਜਿਹੜਾ ਪੂਰਬ ਵੱਲੋਂ ਮੁੱਖ ਭੂਮੀ ਤੋਂ ਲ. 1 ਕਿ. ਮੀ. ਪੱਛਮ ਵੱਲੋਂ ਮੁੱਖ ਭੂਮੀ ਤੋਂ ਲ. 2 ਕਿ. ਮੀ. ਦੇ ਫਾਸਲੇ ਤੇ ਸਥਿਤ ਹੈ। ਕਿਲੇ ਦੀਆਂ ਕੰਧਾਂ ਇਕ ਦਮ ਪਾਣੀ ਵਿਚੋਂ ਲ. 15 ਮੀ. (50 ਫੁੱਟ) ਤੋਂ ਉੱਚੀਆਂ ਕਿੰਗਰੇਦਾਰ ਬਣੀਆਂ ਹੋਈਆਂ ਹਨ। ਕੰਧਾਂ ਵਿਚ ਸੁਰੱਖਿਆ ਦਰਵਾਜ਼ੇ ਬਣੇ ਹੋਏ ਸਨ। ਬੁਰਜਾਂ ਵਿਚ ਅਤੇ ਕੰਧਾਂ ਉੱਤੇ 10 ਤੋਪਾਂ ਬੀੜੀਆਂ ਰਹਿੰਦੀਆਂ ਸਨ। ਕਿਲੇ ਦੇ ਅੰਦਰ ਨਵੰਬਰ ਦੇ ਮਹੀਨੇ ਮੁਸਲਮਾਨਾਂ ਦਾ ਇਕ ਭਾਰੀ ਮੇਲਾ ਲਗਦਾ ਹੈ। ਨਾਲਵੇਲ ਅੰਤਰੀਪ ਉੱਤੇ ਕਿਲੇ ਦੇ ਲ. 3 ਕਿ. ਮੀ. (2 ਮੀਲ) ਪੱਛਮ ਵੱਲ ਇਕ ਚਾਨਣ ਮੁਨਾਰਾ ਬਣਿਆ ਹੋਇਆ ਹੈ ਜਿਸਦੀ ਰੌਸ਼ਨੀ ਨਾਲ ਡੁੱਬੀ ਹੋਈ ਚੋਰ ਕਾਸਾ ਨਾਮੀ ਚਟਾਨ ਦਾ ਤੁਰੰਤ ਪਤਾ ਲਗਦਾ ਰਹਿੰਦਾ ਹੈ।

18° 18′ ਉ. ਵਿਥ.; 73° ਪੂ. ਲੰਬ

ਹ. ਪੁ.-ਇੰਪ. ਗ. ਇੰਡ. 14: 61

**ਜੰਜੂਆ** : ਇਹ ਇਕ ਰਾਜਪੂਤ ਕਬੀਲਾ ਹੈ ਜਿਸ ਨੇ ਸਾਰੀ ਹੀ ਸਾਲਟ ਰੇਂਜ ਮੱਲੀ ਹੋਈ ਸੀ। ਦੱਖਣ-ਪੱਛਮੀ ਪੰਜਾਬ ਵਿਚ ਬਹਾਵਲਪੁਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਇਨ੍ਹਾਂ ਲੋਕਾਂ ਦੇ ਸਦਰ-ਮੁਕਾਮ ਸਨ। ਕਿਹਾ ਜਾਂਦਾ ਹੈ ਕਿ ਬਹਾਵਲਪੁਰ ਵਿਚ ਇਹ ਗੱਖੜਾਂ ਦਾ ਇਕ ਕਬੀਲਾ ਹੈ। ਇਸ ਕਬੀਲੇ ਦੇ ਲੋਕ ਕੋਈ ਬਹੁਤੀ ਗਿਣਤੀ ਵਿਚ ਨਹੀਂ ਹਨ। ਕਿਸੇ ਵੇਲੇ ਜੰਜੂਆ ਕਬੀਲੇ ਨੇ ਲਗਭਗ ਸਾਰੇ ਦਾ ਸਾਰਾ ਹੀ ਸਾਲਟ ਰੇਂਜ ਮੱਲਿਆ ਹੋਇਆ ਸੀ ਪਰ ਹੌਲੀ ਹੌਲੀ ਇਨ੍ਹਾਂ ਨੂੰ ਗੱਖੜਾਂ ਨੇ ਉੱਤਰ ਵੱਲੋਂ ਅਤੇ ਅਵਾਨਾਂ ਨੇ ਪੱਛਮ ਵੱਲੋਂ ਕੱਢ ਦਿਤਾ ਅਤੇ ਇਨ੍ਹਾਂ ਕੋਲ ਰੇਂਜ ਦੇ ਕੇਂਦਰੀ ਅਤੇ ਪੂਰਬੀ ਹਿੱਸੇ ਹੀ ਕਬਾਇਲੀ ਇਲਾਕੇ ਦੇ ਰੂਪ ਵਿਚ ਰਹਿ ਗਏ। ਇਸ ਖੇਤਰ ਵਿਚ ਇਨ੍ਹਾਂ ਦੀ ਸਮਾਜਕ ਸ਼ਾਨ ਅਜੇ ਵੀ ਪੂਰੀ ਹੈ। ਸਮਾਜ ਵਿਚ ਗੱਖੜਾਂ ਤੋਂ ਪਿਛੋਂ ਕੇਵਲ ਇਨ੍ਹਾਂ ਦਾ ਹੀ ਨੰਬਰ ਆਉਂਦਾ ਹੈ। ਇਨ੍ਹਾਂ ਨੂੰ 'ਰਾਜਾ' ਕਹਿ ਕੇ ਸਬੰਧੋਤ ਕੀਤਾ ਜਾਂਦਾ ਹੈ। ਜੰਜੂਆ ਕਬੀਲੇ ਦੀ ਉਤਪਤੀ ਬਾਰੇ ਅਨੇਕਾਂ ਹੀ ਵਰਣਨ ਸਾਹਮਣੇ ਆਏ ਹਨ।

ਮੁਗ਼ਲ ਸ਼ਹਿਨਸ਼ਾਹ ਬਾਬਰ ਅਨੁਸਾਰ ਜੂਡ ਦੀ ਪਹਾੜੀ ਉਪਰ ਇਕੋ ਹੀ ਸਾਂਝੀ ਪੀੜ੍ਹੀ ਦੇ ਦੋ ਕਬੀਲਿਆਂ ਜੂਡ ਅਤੇ ਜੰਜੂਹਾ ਦਾ ਕਬਜ਼ਾ ਹੁੰਦਾ ਸੀ। ਜੰਜੂਹੇ ਗੱਖੜਾਂ ਦੇ ਬਹੁਤ ਪੁਰਾਣੇ ਵੈਰੀ ਸਨ। ਬਾਬਰ ਨੇ ਇਹ ਰਿਕਾਰਡ ਕੀਤਾ ਹੈ ਕਿ ਉਨ੍ਹਾਂ ਦੇ ਮੁੱਖੀ ਨੂੰ 'ਰਾਏ' (ਇਹ ਉਹੀ ਖ਼ਿਤਾਬ ਸੀ ਜਿਸਨੂੰ ਖੋਖਰ ਅਤੇ ਗੱਖੜ ਵੀ ਵਰਤਦੇ ਸਨ) ਦਾ ਖ਼ਿਤਾਬ ਮਿਲਦਾ ਸੀ ਅਤੇ ਉਸਦੇ ਛੋਟੇ ਭਰਾਵਾਂ ਅਤੇ ਇਕ ਰਾਏ ਦੇ ਪੁੱਤਰਾਂ ਨੂੰ ਮਲਿਕ ਕਹਿ ਕੇ ਸੰਬੋਧਤ ਕੀਤਾ ਜਾਂਦਾ ਸੀ।

ਇਕ ਆਧੁਨਿਕ ਵਰਣਨ ਅਨੁਸਾਰ ਰਾਜਾ ਮੱਲ ਰਠੌੜ ਦੇ ਵਿਰਿਆਲ, ਜੋਧਾ, ਖਾਖਾ, ਤਰਨੌਲੀ, ਦੂਚਰ ਅਤੇ ਪੀਰ ਕਾਲਾ ਛੇ ਪੁੱਤਰ ਸਨ। ਵਿਰਿਆਲ ਅਤੇ ਜੋਧੇ ਦੀ ਸੰਤਾਨ ਆਪਸ ਵਿਚ ਵਿਆਹ ਕਰਵਾਉਂਦੀ ਹੈ ਅਤੇ ਉਨ੍ਹਾਂ ਦੀਆਂ ਬਸਤੀਆਂ ਵੀ ਨਾਲੋ ਨਾਲ ਹਨ। ਦੂਜਿਆਂ ਚਾਰ ਪੁੱਤਰਾਂ ਦੀ ਸੰਤਾਨ ਆਪਸ ਵਿਚ ਵਿਆਹ ਨਹੀਂ ਕਰਵਾਉਂਦੀ। ਭਰਾਵਾਂ ਵਿਚ ਪੈਦਾ ਹੋਏ ਝਗੜਿਆ ਕਾਰਨ, ਇਹ ਖਿੰਡ-ਪੁੰਡ ਗਏ ਅਤੇ ਇਕ ਦੂਜੇ ਨਾਲੋਂ ਵੱਖਰੇ ਹੋ ਗਏ ਅਤੇ ਇਨ੍ਹਾਂ ਦੇ ਪਰਿਵਾਰ ਆਪਣੇ ਆਪ ਨੂੰ ਨਵੇਕਲੇ ਮੰਨਣ ਲੱਗ ਪਏ। ਬਹੁਤ ਸਾਰੇ ਪਰਿਵਾਰ ਕਈ ਦਸਤਕਾਰੀਆਂ ਵਿਚ ਰੁੱਝ ਗਏ। ਇਸ ਤਰ੍ਹਾਂ ਜੰਜੂਆ ਗੋਤ ਤੇਲੀਆਂ, ਲੋਹਾਰਾਂ, ਤਰਖਾਣਾਂ ਅਤੇ ਮੁਸਲੀਆਂ ਵਿਚ ਵੀ ਮਿਲਦੀ ਹੈ। ਘੁੰਮਣ, ਗੰਜਿਆਲ, ਭਕਰਿਆਲ, ਨਥਿਆਲ, ਬਾਂਥ, ਬਸੋਇਆ ਅਤੇ ਹੋਰ ਜੱਟ ਵੀ ਜੰਜੂਆ ਜੱਦ ਵਿਚੋਂ ਹੀ ਹਨ।

ਛੋਟੇ ਚਾਰ ਕਬੀਲੇ ਤਾਂ ਸਗੋਤੀ ਵਿਆਹ ਕਰ ਲੈਂਦੇ ਹਨ ਅਤੇ ਕਬੀਲੇ ਤੋਂ ਬਾਹਰ ਵਿਆਹ ਕਰਵਾਉਣਾ ਬਦਨਾਮੀ ਵਾਲੀ ਗੱਲ ਸਮਝੀ ਜਾਂਦੀ ਹੈ। ਵਿਧਵਾ ਦੇ ਦੁਬਾਰਾ ਵਿਆਹ ਤੇ ਪੂਰੀ ਪਾਬੰਦੀ ਲਾਈ ਗਈ ਹੈ। ਉਨ੍ਹਾਂ ਦੇ ਰੀਤ-ਰਿਵਾਜ ਤਾਂ ਬਿਲਕੁਲ ਜ਼ਿੱਬਾ ਵਾਲੇ ਹੀ ਹਨ। ਇਸ ਕਬੀਲੇ ਦੇ ਇਕ ਮਿਰਾਸੀ ਦੁਆਰਾ ਦੱਸੇ ਕੁਰਸੀਨਾਮੇ ਵਿਚ ਇਹ ਕਬੀਲਾ ਰਾਜਾ ਮਲ ਦੀ ਸੰਤਾਨ ਹੈ। ਇਕ ਹੋਰ ਕੁਰਸੀਨਾਮੇ ਅਨੁਸਾਰ ਇਹ ਜੈਪਾਲ, ਜਿਸਨੇ 900 ਸਾਲ ਪਹਿਲਾਂ ਮਹਿਮੂਦ ਗਜ਼ਨਵੀ ਦਾ ਨੰਦਨਾ ਦੇ ਸਥਾਨ ਤੇ ਟਾਕਰਾ ਕੀਤਾ ਸੀ, ਦੀ ਸੰਤਾਨ ਹਨ। ਬਾਬਰ ਨੇ ਨਿਸ਼ਚੇ ਹੀ ਉਨ੍ਹਾਂ ਨੂੰ ਪੁਰਾਣੇ ਸਮੇਂ ਤੋਂ ਸਾਲਟ ਰੇਂਜ ਪਹਾੜੀਆਂ ਅਤੇ ਨਿਲਾਬ ਅਤੇ ਭੇੜਾ ਵਿਚਕਾਰ ਪੈਂਦੇ ਇਲਾਕੇ ਦਾ ਸ਼ਾਸਕ ਦੱਸਿਆ ਹੈ। ਬਾਬਰ ਨੇ ਮਲਿਕ ਹਸਤ, ਜੰਜੂਆ ਨੂੰ ਸੋਹਾਂ ਦੇ ਗੁਆਂਢ ਵਿਚ ਪੈਂਦੇ ਇ (Ies) ਅਤੇ uluses ਦਾ ਹਾਕਮ ਦੱਸਿਆ ਹੈ। ਸ਼ਾਸਕਾਂ ਦੀ ਹੈਸੀਅਤ ਵਜੋਂ ਜੂਡਾਂ ਅਤੇ ਜੰਜੂਹਿਆਂ ਨੇ ਮਨ ਮਰਜ਼ੀ ਦੀ ਬਜਾਏ ਨਿਸ਼ਚਿਤ ਰਿਵਾਜਾਂ ਅਨੁਸਾਰ ਹੀ ਰਾਜ ਕੀਤਾ ਅਤੇ ਹਰੇਕ ਪਸ਼ੂ ਪਿਛੇ ਇਕ ਸ਼ਾਹ-ਰੁਖੀ ($2\frac{1}{2}$ ਰੁਪਏ) ਸਾਲਾਨਾ ਅਤੇ ਹਰੇਕ ਵਿਆਹ ਤੋਂ 7 ਸ਼ਾਹ-ਰੁਖੀਆਂ ਉਗਰਾਹੀਆਂ ਗਈਆਂ।

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੰਜੂਏ ਤਾਂ ਵਧੇਰੇ ਕਰਕੇ ਦਸੂਹੇ ਦੇ ਉੱਤਰ-ਪੂਰਬ ਵਿਚ ਕਾਫ਼ੀ ਗਿਣਤੀ ਵਿਚ ਵਸਦੇ ਹਨ। ਕਿਹਾ ਜਾਂਦਾ ਹੈ ਕਿ ਬਡਲਾ ਦੇ ਬਿਹਾਲ ਵੀ ਜੰਜੂਆਂ ਦੀ ਹੀ ਇਕ ਅੱਲ ਹਨ ਜਿਸ ਦਾ ਨਾਂ ਤਪਾ ਕਮਾਹੀ ਵਿਚ ਪੈਂਦੇ ਬੀਟਾ ਨਾਂ ਦੇ ਪਿੰਡ ਪਿਛੋਂ ਹੀ ਪਿਆ ਹੈ। ਬਾਹ ਤੋਂ ਭਾਵ ਹੈ ਬਸਤੀ ਅਤੇ ਇੰਜ ਜਾਪਦਾ ਹੈ ਕਿ ਜੰਜੂਆਂ ਦੇ ਪਿੰਡ ਅਕਸਰ ਬਾਹ ਸ਼ਬਦ ਦੇ ਨਾਲ ਹੀ ਸ਼ੁਰੂ ਹੁੰਦੇ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਜੰਜੂਏ ਦੱਸਦੇ ਹਨ ਕਿ ਉਹ ਹਸਤਨਾਪੁਰ ਤੋਂ ਉੱਠ ਕੇ ਰਾਵਲਪਿੰਡੀ ਜਾਂ ਜੇਹਲਮ ਵਿਚ ਪੈਂਦੇ ਗੜ੍ਹ ਮਖਿਆਲਾ ਵਿਚ ਗਏ ਸਨ ਅਤੇ ਫਿਰ ਮੁਸਲਮਾਨਾਂ ਦੇ ਜਬਰ ਤੋਂ ਬਚਣ ਲਈ ਰਾਜਾ ਸਹਿਜ ਪਾਲ (ਰਾਜਾ ਜੋਧ ਦੀ ਅੱਠਵੀਂ ਪੀੜ੍ਹੀ) ਅਧੀਨ ਬਡਲਾ ਵਿਖੇ ਪਹੁੰਚੇ ਸਨ। ਰਾਜਾ ਸਾਹਿਬ ਪਾਲ ਦੇ ਪੁੱਤਰ ਪਹਾੜ ਸਿੰਘ ਕੋਲ ਬਡਲਾ ਦੇ ਆਲੇ ਦੁਆਲੇ ਦੇ 132 ਪਿੰਡ ਹੁੰਦੇ ਸਨ। ਇਸ ਜ਼ਿਲ੍ਹੇ ਦੇ ਜੰਜੂਏ ਆਪਣੇ ਆਪ ਨੂੰ ਡੋਗਰਾਂ ਦੇ ਰਾਣੇ ਹੋਣ ਦਾ ਦਾਅਵਾ ਕਰਦੇ ਹਨ। ਇਨ੍ਹਾਂ ਵਿਚ ਉਸਦੇ ਬਰਨਾਰ ਜਾਂ ਬਾਹ ਅਟਾਂ ਦੇ ਪਿੰਡ ਵਿਚ ਬੋੜ੍ਹਾਂ ਦੇ ਦਰਖਤ ਹੇਠਾਂ ਟਿੱਕਾ ਲਾਇਆ ਜਾਂਦਾ ਹੈ। ਭਾਵੇਂ ਬਡਲਾ (ਬਾਰ ਜਾਂ ਬੋੜ੍ਹਵਾਲਾ) ਪਿੰਡ ਨੂੰ ਵੀ ਮੇਹਰ ਬਟੋਲੀ (ਬਡਲਾ ਦੇ ਨੇੜੇ ਇਕ ਪਿੰਡ) ਦੇ ਇਕੱਠੇ ਹੋਏ ਡੋਗਰਾਂ ਵਿਚ ਆਪਣੀ ਸ਼ਾਨ ਦਾ ਪੂਰਾ ਮਾਨ ਹੈ। ਡੋਗਰ ਇਕ ਘੋੜਾ ਅਤੇ ਦੁਸ਼ਾਲਾ ਅਤੇ ਬਿਹਾਲ 1 ਜਾਂ 2 ਰੁਪਏ ਦੀ ਨਜ਼ਰ ਅਦਾ ਕਰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਆਪਣੀਆਂ ਲੜਕੀਆਂ ਦੀ ਸ਼ਾਦੀ ਕੇਵਲ ਡਡਵਾਲਾਂ, ਜਿਨ੍ਹਾਂ ਨੂੰ ਉਹ ਪਹਿਲੇ ਦਰਜੇ ਦੇ ਰਾਜਪੂਤ ਮੰਨਦੇ ਹਨ, ਵਿਚ ਹੀ ਕਰਦੇ ਹਨ।

ਹ. ਪੁ. -ਗਲਾ. ਟ੍ਰਾ. ਕਾ. 2 : 353

**ਜੱਟ** : ਭਾਰਤ ਦੀ ਇਕ ਮਹੱਤਵਪੂਰਨ ਜਾਤ ਹੈ। ਆਮ ਕਰਕੇ ਜੱਟ ਪੰਜਾਬ ਵਿਚ ਖੇਤੀਬਾੜੀ ਕਰਨ ਵਾਲੇ ਸਿੱਖ ਕਿਸਾਨਾਂ ਨੂੰ ਹੀ ਸਮਝਿਆ ਜਾਂਦਾ ਹੈ ਪਰ ਅਸਲ ਵਿਚ ਜੱਟ ਮੁਸਲਮਾਨ ਵੀ ਹਨ ਅਤੇ

ਹਿੰਦੂ ਵੀ ਅਤੇ ਇਹ ਪਾਕਿਸਤਾਨ ਵਿਚ ਤੇ ਭਾਰਤ ਦੇ ਹੋਰਨਾਂ ਰਾਜਾਂ ਵਿਚ ਵੀ ਵਸਦੇ ਹਨ। ਜੱਟਾਂ ਦੇ ਮੂਲ ਬਾਰੇ ਇਤਿਹਾਸਕਾਰਾਂ ਦੀ ਰਾਇ ਵੱਖ-ਵੱਖ ਹੈ। ਮੇਜਰ ਟੋਡ, ਜਿਸਨੇ ਭਾਰਤੀ ਜਾਤਾਂ ਸਬੰਧੀ ਕਈ ਖੋਜਾਂ ਕੀਤੀਆਂ ਹਨ, ਅਤੇ ਜਨਰਲ ਕੰਨਿਘਮ ਵਰਗੇ ਖੋਜੀ ਜੱਟਾਂ ਨੂੰ ਇੰਡੋਸਿਥੀਅਨ ਵਰਗ ਦੇ ਲੋਕਾਂ ਵਿਚੋਂ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਲੋਕ ਈਸਾ ਤੋਂ ਇਕ ਸੌ ਸਾਲ ਪਹਿਲਾਂ ਮੰਡ ਕਬੀਲੇ ਨਾਲ ਸਿੰਧ ਰਾਹੀਂ ਪੰਜਾਬ ਵਿਚ ਦਾਖ਼ਲ ਹੋਏ। ਹੌਲੀ ਹੌਲੀ ਇਨ੍ਹਾਂ ਨੇ ਲਗਭਗ ਸਾਰੀ ਸਿੰਧ ਘਾਟੀ ਤੇ ਕਬਜ਼ਾ ਕਰ ਲਿਆ। ਮਗਰੋਂ ਇਹ ਦੂਜੇ ਇਲਾਕਿਆਂ ਉਪਰ ਵੀ ਕਾਬਜ਼ ਹੁੰਦੇ ਗਏ ਅਤੇ ਇੰਜ ਮੁਸਲਮਾਨਾਂ ਦੇ ਹਮਲਿਆਂ ਤੋਂ ਪਹਿਲਾਂ ਇਹ ਸਾਰੇ ਭਾਰਤ ਵਿਚ ਫੈਲ ਚੁਕੇ ਸਨ। ਗਿਆਰ੍ਹਵੀਂ ਸਦੀ ਦੇ ਆਰੰਭ ਵਿਚ ਇਥੇ ਇਨ੍ਹਾਂ ਨੇ ਪੂਰੀ ਤਰ੍ਹਾਂ ਆਪਣੇ ਪੈਰ ਪੱਕੇ ਕਰ ਲਏ ਸਨ।

ਮੇਜਰ ਟੋਡ ਜੱਟਾਂ ਨੂੰ ਪ੍ਰਸਿੱਧ ਰਾਜਪੂਤ ਕਬੀਲਿਆਂ ਵਿਚੋਂ ਇਕ ਕਬੀਲਾ ਮੰਨਦਾ ਹੈ। ਪਰ ਜਨਰਲ ਕਨਿੰਘਮ ਇਸ ਮੱਤ ਨਾਲ ਸਹਿਮਤ ਨਹੀਂ। ਉਸ ਅਨੁਸਾਰ ਜੱਟ ਉੱਤਰ-ਪੱਛਮੀ ਖੇਤਰ ਤੋਂ ਆਉਣ ਵਾਲੇ ਸਿਥੀਅਨਾਂ ਦੀ ਹੀ ਔਲਾਦ ਹਨ ਪਰ ਡੀਲ ਡੌਲ ਅਤੇ ਨੈਣ ਨਕਸ਼ ਇਕੋ ਜਿਹੇ ਹੋਣ ਕਾਰਨ ਰਾਜਪੂਤ ਅਤੇ ਜੱਟ ਦੋਵੇਂ ਇਕੋ ਨਸਲ ਦੇ ਹੀ ਦੋ ਵਰਗ ਲਗਦੇ ਹਨ ਅਤੇ ਇਨ੍ਹਾਂ ਨੂੰ ਆਪਸ ਵਿਚ ਨਿਖੇੜਨਾ ਕਾਫ਼ੀ ਔਖਾ ਹੈ। ਮਾਨ, ਹੇਰ ਅਤੇ ਭੁੱਲਰ ਆਪਣੇ ਆਪ ਨੂੰ ਰਾਜਪੂਤਾਂ ਨਾਲੋਂ ਨਿਖੇੜਦੇ ਹਨ ਅਤੇ ਆਪਣੇ ਆਪ ਨੂੰ ਹੀ ਅਸਲੀ ਜੱਟ ਮੰਨਦੇ ਹਨ। ਇਨ੍ਹਾਂ ਦੇ ਮੂਲ ਬਾਰੇ ਕਈ ਵਿਦਵਾਨਾਂ ਦਾ ਇਹ ਮੱਤ ਵੀ ਹੈ ਕਿ ਇਨ੍ਹਾਂ ਦੀ ਉਤਪਤੀ ਸ਼ਿਵ ਜੀ ਦੀਆਂ 'ਜਟਾਂ' ਵਿਚੋਂ ਹੋਈ। ਦੱਖਣ-ਪੂਰਬੀ ਇਲਾਕਿਆਂ ਦੇ ਜੱਟ ਦੋ ਵਰਗਾਂ ਵਿਚ ਵੰਡੇ ਹੋਏ ਹਨ। ਇਕ ਸ਼ਿਵਗੋਤਰੀ, ਜੋ ਆਪਣਾ ਸਬੰਧ ਸ਼ਿਵ ਜੀ ਨਾਲ ਮੰਨਦੇ ਹਨ, ਅਤੇ ਦੂਜੇ ਕਸਬਗੋਤਰੀ ਜੋ ਆਪਣੇ ਆਪ ਨੂੰ ਰਾਜਪੂਤਾਂ ਨਾਲ ਸਬੰਧਤ ਮੰਨਦੇ ਹਨ।

ਪੰਜਾਬ ਦੇ ਜੱਟਾਂ ਦੇ ਕਈ ਰਸਮਾਂ ਰਿਵਾਜਾਂ ਤੋਂ ਇਸ ਬਾਰੇ ਵਿਸ਼ਵਾਸ ਹੁੰਦਾ ਹੈ ਕਿ ਇਹ ਆਰੀਆ ਮੂਲ ਦੇ ਨਹੀਂ ਹਨ। ਸਿੱਖਾਂ ਦੇ ਰਾਜਕਾਲ ਸਮੇਂ ਜੱਟ ਲੋਕ ਰਾਜਪੂਤਾਂ ਉਪਰ ਹਾਵੀ ਰਹੇ ਅਤੇ ਆਪਣੇ ਆਪ ਨੂੰ ਜੱਟ ਸਿੱਖ ਹੀ ਅਖਵਾਉਂਦੇ ਸਨ। ਖੇਤੀਬਾੜੀ ਕਰਨ ਵਾਲੇ ਤਬਕੇ ਨੂੰ ਅਕਸਰ ਜੱਟ ਕਿਹਾ ਜਾਣ ਲੱਗਾ। ਪੰਜਾਬ ਦੇ ਲੋਕਾਂ ਵਿਚੋਂ ਜੱਟ ਹਰ ਪੱਖੋਂ ਮਹੱਤਵ ਰੱਖਦੇ ਹਨ। ਇਹ ਰਾਜਪੂਤਾਂ ਨਾਲੋਂ ਗਿਣਤੀ ਵਿਚ ਵੱਧ ਹਨ ਅਤੇ ਪੰਜਾਬ ਵਿਚ ਸਿੱਖ ਰਾਜ ਤੋਂ ਪਹਿਲਾਂ ਬਹੁਤਾ ਕਰਕੇ ਇਨ੍ਹਾਂ ਦੇ ਸਰਦਾਰ ਹੀ ਵੱਖ ਵੱਖ ਥਾਵਾਂ ਤੇ ਰਾਜ ਕਰਦੇ ਸਨ। ਇਹ ਮਿਹਨਤੀ, ਮਜ਼ਬੂਤ ਅਤੇ ਦ੍ਰਿੜ ਨਿਸ਼ਚੇ ਵਾਲੇ ਮਨੁਖ ਮੰਨੇ ਜਾਂਦੇ ਹਨ। ਇਹ ਆਪਣੇ ਆਪ ਨੂੰ ਜ਼ਿਮੀਂਦਾਰ ਵੀ ਕਹਿੰਦੇ ਹਨ। ਇਨ੍ਹਾਂ ਵਿਚ ਵਿਧਵਾ ਵਿਆਹ ਦੀ ਪ੍ਰਥਾ ਆਮ ਹੈ। ਪੰਜਾਬ ਦੀ ਜੱਟ ਜਾਤ ਦੱਖਣ ਦੀ ਜਾਟ ਜਾਤ ਨਾਲੋਂ ਬਿਲਕੁਲ ਵੱਖਰੀ ਹੀ ਹੈ।

ਜੱਟ ਨਾ ਸਿਰਫ਼ ਪੰਜਾਬ ਵਿਚ ਹੀ ਰਹਿੰਦੇ ਹਨ ਸਗੋਂ ਸਿੰਧ ਦੇ ਖੇਤਰ ਵਿਚ ਵੀ ਇਹ ਬਹੁ-ਗਿਣਤੀ ਵਿਚ ਰਹਿੰਦੇ ਹਨ। ਬੀਕਾਨੇਰ, ਜੈਸਲਮੇਰ, ਮਾਰਵਾੜ, ਗੰਗਾ, ਜਮੁਨਾ ਦਰਿਆ ਦੀਆਂ ਉਪਰਲੀਆਂ ਵਾਦੀਆਂ ਕੇਂਦਰੀ ਜ਼ਿਲ੍ਹੇ ਅਤੇ ਡੇਰਾਜਾਤ ਦੇ ਇਲਾਕੇ ਵਿਚ ਵੀ ਬਹੁ ਗਿਣਤੀ ਇਨ੍ਹਾਂ ਦੀ ਹੀ ਹੈ। ਪੂਰਬੀ ਪੰਜਾਬ ਦੇ ਜੱਟ ਸਤਲੁਜ ਵਾਦੀ ਦੇ ਉਪਰ ਤਕ ਪਹੁੰਚ ਗਏ ਹਨ ਅਤੇ ਬੀਕਾਨੇਰ ਤੋਂ ਵੀ ਸਿੱਧੇ ਹੀ ਮਾਲਵੇ ਦੇ ਇਲਾਕੇ ਵਿਚ ਆ ਵਸੇ ਹਨ। ਡੇਰਾ ਗਾਜ਼ੀ ਖ਼ਾਨ ਦੇ ਇਲਾਕੇ ਵਿਚ ਮਾਛੀ ਜਾਂ ਮੱਛੀਆਂ ਫੜਨ ਵਾਲੇ ਲੋਕ ਵੀ ਆਪਣੇ ਆਪ ਨੂੰ ਜੱਟ-ਮਾਛੀ ਆਖਦੇ ਹਨ।

ਤਹੀਮ, ਭੁੱਟਾ, ਲੰਗਾਹ, ਛੀਨਾ, ਸਮਰਾ ਆਦਿ ਜੱਟ ਗੋਤ ਪੱਛਮੀ ਮੈਦਾਨੀ ਇਲਾਕਿਆਂ ਵਿਚ ਮਿਲਦੇ ਹਨ। ਸਿੰਧ ਅਤੇ ਲੋਅਰ ਚਨਾਬ ਦੇ ਜੱਟ ਖੇਤੀ ਕਰਦੇ ਹਨ, ਪਰ ਪੱਛਮੀ ਮੈਦਾਨਾਂ ਦੇ ਜੱਟ ਅਰਾਈਆਂ ਆਦਿ ਤੋਂ ਖੇਤੀ ਦਾ ਕੰਮ ਕਰਵਾਉਂਦੇ ਹਨ ਅਤੇ ਆਪ ਵਧੇਰੇ ਧਿਆਨ ਪਸ਼ੂ ਪਾਲਣ ਵੱਲ ਹੀ ਲਾਉਂਦੇ ਹਨ। ਅਪਰ ਸਿੰਧ ਦੇ ਇਲਾਕੇ ਵਿਚ ਜੱਟ ਨੂੰ ਹਿੰਦਕੀ ਵੀ ਆਖਦੇ ਹਨ। ਸਿੰਧ ਤੋਂ ਪਾਰ ਦੇ ਇਲਾਕਿਆਂ ਵਿਚ ਜੱਟਾਂ ਜਾਂ ਹਿੰਦਕੀਆਂ ਵਿਚ ਰਾਜਪੂਤ ਅਤੇ 'ਅਵਾਨ' ਲੋਕ ਵੀ ਰਲੇ ਮਿਲੇ ਹਨ। ਸਾਲਟ ਰੇਂਜ ਖੇਤਰ ਵਿਚ ਹਰ ਖੇਤੀ ਕਰਨ ਵਾਲੇ, ਭਾਵੇਂ ਉਹ ਹਿੰਦੂ ਮੂਲ ਦਾ ਹੈ ਜਾਂ ਮੁਸਲਮਾਨ ਮੂਲ ਦਾ, ਨੂੰ 'ਜੱਟ' ਹੀ ਸਮਝਿਆ ਜਾਂਦਾ ਹੈ ਪਰ ਇਨ੍ਹਾਂ ਵਿਚ ਅਵਾਨ, ਗਾਖੜ ਪਠਾਣ, ਸੱਯਦ, ਕੁਰੈਸ਼ੀ ਅਤੇ ਰਾਜਪੂਤਾਂ ਨੂੰ ਸ਼ੁਮਾਰ ਨਹੀਂ ਕੀਤਾ ਜਾਂਦਾ।

ਸੰਨ 1947 ਤੋਂ ਪਹਿਲਾਂ ਅਣਵੰਡੇ ਪੰਜਾਬ ਦੇ ਗੁਜਰਾਤ, ਗੁਜਰਾਂਵਾਲਾ ਅਤੇ ਸਿਆਲਕੋਟ ਜ਼ਿਲ੍ਹਿਆਂ ਵਿਚ ਜੱਟਾਂ ਦੀਆਂ ਕਈ ਗੋਤਾਂ ਸਨ। ਇਨ੍ਹਾਂ ਵਿਚ ਕੁਝ ਰਾਜਪੂਤਾਂ ਵਿਚੋਂ ਨਿਕਲਣ ਦੇ ਬਾਵਜੂਦ ਵੀ ਜੱਟਾਂ ਵਿਚ ਹੀ ਗਿਣੇ ਜਾਂਦੇ ਹਨ। ਧਨਿਆਲ, ਭਖਰਾਲ, ਜੰਜੂਆ, ਮਿਨਹਾਸ ਆਦਿ ਗੋਤ ਅਜਿਹੇ ਹੀ ਗੋਤ ਹਨ।

ਜੱਟਾਂ ਅਤੇ ਰਾਜਪੂਤਾਂ ਵਿਚ ਆਪਸੀ ਮਤ-ਭੇਦ ਖਾਲਸੇ ਦੀ ਸਿਰਜਣਾ ਤੋਂ ਬਾਅਦ ਹੀ ਆਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਜਾਤ-ਪਾਤ ਦਾ ਅੰਤਰ ਖ਼ਤਮ ਕਰਕੇ ਖ਼ਾਲਸਾ ਪੰਥ ਬਣਾਇਆ ਤਾਂ ਰਾਜਪੂਤ ਇਸ ਗੱਲ ਨਾਲ ਸਹਿਮਤ ਨਹੀਂ ਸਨ, ਜਦੋਂ ਕਿ ਬਹੁ-ਗਿਣਤੀ ਵਿਚ ਜੱਟ ਇਸ ਪੰਥ ਦੇ ਸ਼ਰਧਾਲੂ ਸਨ। ਸਿੱਟੇ ਵਜੋਂ ਇਹੀ ਰਾਜਪੂਤ ਖਾਲਸਾ ਰਾਜ ਸਮੇਂ ਜੱਟਾਂ ਦੀ ਈਰਖ਼ਾ ਅਤੇ ਨਫ਼ਰਤ ਦੇ ਪਾਤਰ ਬਣੇ।

ਪੱਛਮੀ ਇਲਾਕਿਆਂ ਵਿਚ ਸਿਆਲਕੋਟ ਦੇ ਜੱਟ ਹੀ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਪ੍ਰਾਚੀਨ ਰਸਮ ਰਿਵਾਜ ਕਾਇਮ ਰੱਖੇ। ਦਿਓ, ਸਰਾਇ, ਗੋਰਾਇਆ, ਕਾਹਲੋਂ ਅਤੇ ਘੁੰਮਣ ਗੋਤ ਸਿਆਲਕੋਟ, ਗੁਰਦਾਸਪੁਰ ਅਤੇ ਗੁਜਰਾਂਵਾਲਾ ਜ਼ਿਲ੍ਹਿਆਂ ਵਿਚ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਕੁਝ ਸਾਹੀ, ਹਿੰਜਰਾ, ਬਾਜਵਾ ਆਦਿ ਗੋਤ ਵੀ ਇਸੇ ਇਲਾਕੇ ਦੇ ਹਨ। ਇਨ੍ਹਾਂ ਤੋਂ ਇਲਾਵਾ ਗਰੇਵਾਲ, ਢਿਲੋਂ, ਸੰਧਾਵਾਲੀਆ, ਸੇਖੋਂ ਵੀ ਜੱਟਾਂ ਦੀਆਂ ਮਸ਼ਹੂਰ ਗੋਤਾਂ ਹਨ।

ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ, ਸਤਲੁਜ ਦੇ ਉਪਰੀ ਹਿੱਸੇ ਅਤੇ ਪੂਰਬੀ ਮੈਦਾਨਾਂ ਵਿਚ ਰਹਿਣ ਵਾਲੇ ਕੁਝ ਕੁ ਜੱਟ ਕਬੀਲਿਆਂ ਦਾ ਪੰਜਾਬ ਦੇ ਇਤਿਹਾਸ ਵਿਚ ਆਪਣਾ ਹੀ ਯੋਗਦਾਨ ਹੈ। ਇਥੋਂ ਦੇ ਇਕ ਉੱਘੇ ਗੋਤ ਸਿੱਧੂ-ਬਰਾੜ, ਜੋ ਆਪਣਾ ਮੂਲ ਰਾਜਪੂਤਾਂ ਨੂੰ ਮੰਨਦੇ ਸਨ, ਹੁਣ ਜੱਟ ਹੀ ਅਖਵਾਉਂਦੇ ਹਨ। ਪਟਿਆਲਾ, ਨਾਭਾ ਅਤੇ ਜੀਂਦ ਦਾ ਸ਼ਾਹੀ ਪਰਿਵਾਰ ਇਸੇ ਹੀ ਗੋਤ ਨਾਲ ਸਬੰਧਤ ਹੈ। ਵਿਰਕ ਇਕ ਅਜਿਹਾ ਗੋਤ ਹੈ, ਜੋ ਹੁਣ ਵੀ ਰਾਜਪੂਤਾਂ ਨੂੰ ਹੀ ਆਪਣਾ ਮੂਲ ਮੰਨਦਾ ਹੈ। ਇਹ ਲੋਕ ਮਿਹਨਤੀ, ਦ੍ਰਿੜ ਨਿਸ਼ਚੇ ਵਾਲੇ ਅਤੇ ਸਖ਼ਤ ਜੀਵਨ ਬਤੀਤ ਕਰਨ ਵਾਲੇ ਮੰਨ ਜਾਂਦੇ ਹਨ।

ਲਾਹੌਰ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿਚ ਰਹਿਣ ਵਾਲੇ ਜੱਟਾਂ ਵਿਚੋਂ ਗਿੱਲ ਇਕ ਉੱਘਾ ਗੋਤ ਹੈ। ਸਿੱਖ ਰਾਜ ਸਮੇਂ ਇਨ੍ਹਾਂ ਨੂੰ ਕਾਫ਼ੀ ਪ੍ਰਸਿੱਧੀ ਹਾਸਲ ਹੋਈ।

ਮਾਨ ਜੱਟਾਂ ਦਾ ਇਕ ਹੋਰ ਉੱਘਾ ਗੋਤ ਹੈ। ਭੁੱਲਰ, ਮਾਨ, ਹੇਰ, ਓੜੀ, ਬੱਲ, ਪੰਨੂ, ਮਾਹਲ, ਔਲਖ, ਧਾਰੀਵਾਲ, ਸਰਾਂ, ਮਾਂਗਟ, ਢੀਂਡਸਾ, ਚਹਿਲ ਆਦਿ ਇਸ ਇਲਾਕੇ ਦੇ ਕੁਝ ਹੋਰ ਉੱਘੇ ਗੋਤ ਹਨ।

ਰੰਧਾਵਾ, ਕੰਗ, ਸੋਹਲ, ਬੂਟਾ, ਬੈਂਸ, ਅਠਵਾਲ ਆਦਿ ਗੋਤ ਅੰਬਾਲੇ ਤੋਂ ਗੁਰਦਾਸਪੁਰ ਤੱਕ ਦੇ ਪਹਾੜਾਂ ਦੀ ਤਰਾਈ ਵਾਲੇ ਇਲਾਕਿਆਂ ਵਿਚ ਮਿਲਦੇ ਹਨ। ਸਿੱਖ ਇਲਾਕਿਆਂ ਵਿਚ ਜੱਟਾਂ ਦੀ ਵਧੇਰੇ ਮਾਨਤਾ ਹੋਣ ਕਾਰਨ ਇਹ ਆਪਣੇ ਆਪ ਨੂੰ ਰਾਜਪੂਤ ਨਹੀਂ ਅਖਵਾਉਂਦੇ ਸਨ। ਮੰਜ ਇਕ ਅਜਿਹਾ ਗੋਤ ਹੈ, ਜੋ ਗੁਰਦਾਸਪੁਰ ਵਿਚ ਮਿਲਦਾ ਹੈ ਅਤੇ ਇਸ ਵਿਚ ਜੱਟ ਅਤੇ ਰਾਜਪੂਤ ਦੋਵੇਂ ਹੀ ਮਿਲਦੇ ਹਨ।

ਜਮੁਨਾ ਦਰਿਆ ਦੇ ਨੇੜੇ ਦੇ ਜ਼ਿਲ੍ਹਿਆਂ ਜੀਂਦ, ਰੋਹਤਕ ਅਤੇ ਸਾਰ ਵਿਚ ਮਿਲਦੇ ਜੱਟ ਕਬੀਲੇ ਜਾਟ ਅਖਵਾਉਂਦੇ ਹਨ। ਇਹ ਲੋਕ ਾਮ ਤੌਰ ਤੇ ਹਿੰਦੂ ਧਰਮ ਨੂੰ ਮੰਨਦੇ ਹਨ। ਇਨ੍ਹਾਂ ਦੇ ਰਸਮ-ਰਿਵਾਜ ਨ੍ਹਾਂ ਨੂੰ ਬੀਕਾਨੇਰ ਤੋਂ ਇਥੇ ਆ ਕੇ ਵਸਿਆ ਦਰਸਾਉਂਦੇ ਹਨ। ਇਹ ਕ ਵੀ ਖੇਤੀ ਕਰਦੇ ਹਨ ਅਤੇ ਇਨ੍ਹਾਂ ਨਾਲ ਇਨ੍ਹਾਂ ਦੀਆਂ ਔਰਤਾਂ ਤੀ ਦੇ ਕੰਮ ਵਿਚ ਪੂਰੀ ਮੱਦਦ ਕਰਦੀਆਂ ਹਨ। ਗੁੱਜਰ, ਅਹੀਰ ਆਦਿ ਤਾਂ ਵਿਚ ਵਿਧਵਾ ਵਿਆਹ ਦੀ ਰਸਮ ਆਮ ਪ੍ਰਚੱਲਤ ਹੈ। ਅਟਵਾਲ, ਗਰ, ਜਾਖੜ, ਸੰਗਵਾਨ, ਦੇਹੀਆ, ਗੋਲੀਆ, ਰਥੀ, ਅਹਿਲਾਵਤ, ਸਵਾਸ, ਧਨਕਰ, ਬੈਹਨੀਵਾਲ, ਨੈਕ ਆਦਿ ਇਨ੍ਹਾਂ ਦੇ ਕੁਝ ਗੋਤ ਹੋਰ ਨ ਜੋ ਦੱਖਣ-ਪੂਰਬੀ ਜ਼ਿਲ੍ਹਿਆਂ ਵਿਚ ਆਮ ਮਿਲਦੇ ਹਨ।

ਹ. ਪੁ. -ਗ. ਟ੍ਰਾ. ਕਾ. 357; ਪੰ. ਕਾ. 97

**ਜਟਾਯੂ** : ਰਾਮਾਇਣ ਅਨੁਸਾਰ ਇਕ ਪੰਛੀ ਸੀ ਜਿਹੜਾ ਵਿਸ਼ਨੂ ੇ ਪੰਛੀ ਗਰੁੜ ਦਾ ਪੁੱਤਰ ਅਤੇ ਗਿਰਝਾਂ ਦਾ ਰਾਜਾ ਸੀ। ਪੁਰਾਣਾਂ ਮਨੁਸਾਰ ਇਹ ਸਯੇਨੀ ਦੇ ਉੱਤਰ ਤੋਂ ਸੂਰਜ ਦੇ ਰਥਵਾਸੀ ਅਰੁਣ ਦਾ ਪੁੱਤਰ, ਜੈ ਸੰਪਾਤੀ ਦਾ ਭਰਾ ਅਤੇ ਗਿਰਝਾਂ ਦਾ ਰਾਜਾ ਸੀ। ਇਹ ਦਸਰਥ ਦਾ ਮਿੱਤਰ ਅਤੇ ਰਾਮ ਦਾ ਸਹਾਇਕ ਸੀ। ਸੀਤਾਹਰਣ ਸਮੇਂ ਇਸ ਨੇ ਰਾਵਣ ਨਾਲ ਘੋਰ ਯੁੱਧ ਕੀਤਾ ਸੀ। ਰਾਵਣ ਦੇ ਖੜਗ ਨਾਲ ਜਟਾਯੂ ਜ਼ਖ਼ਮੀ ਹੋ ਕੇ ਜ਼ਮੀਨ ਤੇ ਡਿਗ ਪਿਆ। ਜਦ ਰਾਮਚੰਦਰ ਜੀ ਸੀਤਾ ਦੀ ਭਾਲ ਵਿਚ ਫਿਰ ਰਹੇ ਸਨ ਤਾਂ ਇਸ ਨੇ ਸੀਤਾਹਰਣ ਦਾ ਪ੍ਰਸੰਗ ਸੁਣਾ ਕੇ ਪ੍ਰਾਣ ਤਿਆਗੇ। ਰਾਮ ਤੇ ਲਕਸ਼ਮਣ ਨੇ ਇਸ ਦਾ ਕਿਰਿਆ ਕਰਮ ਕੀਤਾ ਤਾਂ ਜੋ ਇਸ ਦੀ ਆਤਮਾ ਸਵਰਗ ਦੇ ਆਨੰਦ ਨੂੰ ਪ੍ਰਾਪਤ ਕਰ ਲਵੇ। ਪੁਰਾਣਾਂ ਅਨੁਸਾਰ ਜਦੋਂ ਰਾਜਾ ਦਸ਼ਰਥ ਸ਼ਨੀ ਕੋਲੋਂ ਸੀਤਾ ਨੂੰ ਛਡਾਉਣ ਲਈ ਗ੍ਰਹਿਣ ਵਿਚ ਗਿਆ ਤਾਂ ਉਸ ਦਾ ਰਥ ਸ਼ਨੀ ਦੀ ਅੱਖ ਦੀ ਰੌਸ਼ਨੀ ਨਾਲ ਸੜ ਗਿਆ, ਪਰ ਜਟਾਯੂ ਨੇ ਡਿਗਦੇ ਰਾਜੇ ਨੂੰ ਫੜ ਕੇ ਬਚਾ ਲਿਆ। ਪਦਮ ਪੁਰਾਣ ਅਨੁਸਾਰ ਦਸ਼ਰਥ ਨੇ ਇਕ ਵਾਰੀ ਕਾਲ ਪੈਣ ਕਰਕੇ ਸ਼ਨੀ ਉਤੇ ਧਾਵਾ ਬੋਲ ਦਿੱਤਾ ਸੀ। ਜਦੋਂ ਉਹ ਅਤੇ ਉਸਦਾ ਰਥ ਸਵਰਗ ਤੋਂ ਥੱਲੇ ਸੁੱਟੇ ਗਏ ਤਾਂ ਜਟਾਯੂ ਨੇ ਇਸ ਨੂੰ ਬੋਚ ਲਿਆ।

ਹ. ਪੁ. -ਮ. ਕੋ; ਹਿੰ. ਮਿ. ਕੋ.

**ਜਟਿੰਗਾ** : ਭਾਰਤ ਦੇ ਅਸਾਮ ਰਾਜ ਦਾ ਇਹ ਇਕ ਦਰਿਆ ਹੈ ਜੋ ਉੱਤਰੀ ਕੱਛਾਰ ਪਹਾੜੀਆਂ ਵਿਚ ਹਾਫ਼ਲਾਂਗ ਦੇ ਨੇੜਿਓਂ ਨਿਕਲਦਾ ਹੈ ਅਤੇ ਲ. 60 ਕਿ. ਮੀ. ਲੰਬਾ ਹੈ। ਸੋਮੇ ਤੋਂ ਪੱਛਮ ਅਤੇ ਦੱਖਣ ਦੇ ਰੁਖ ਵਗਦਾ ਹੋਇਆ ਬਰਕ ਦਰਿਆ ਵਿਚ ਜਾ ਡਿਗਦਾ ਹੈ। ਮੈਦਾਨਾਂ ਵਿਚ ਇਹ ਦਰਿਆ ਚਾਹ ਦੇ ਕਈਆਂ ਬਾਗਾਂ ਦੇ ਨੇੜਿਓਂ ਦੀ ਲੰਘਦਾ ਹੈ। ਵਰਖਾ ਰੁੱਤ ਵੇਲੇ ਕੱਛਾਰ ਪਹਾੜੀਆਂ ਦੇ ਪੈਰਾਂ ਵਿਚ ਸਥਿਤ ਬਾਲਾਚਰਾ ਸਥਾਨ ਤਕ ਇਸ ਵਿਚ ਇਕ ਛੋਟਾ ਸਟੀਮਰ ਚਲਦਾ ਹੈ। ਇਸ ਦਰਿਆ ਉਤੇ ਕੋਈ ਵੀ ਪੁਲ ਨਹੀਂ ਬਣਾਇਆ ਗਿਆ ਅਤੇ ਇਸ ਦਰਿਆ ਨੂੰ ਪੰਜ ਥਾਂ ਬੇੜੀਆਂ ਰਾਹੀਂ ਪਾਰ ਕੀਤਾ ਜਾਂਦਾ ਹੈ ਅਤੇ ਮੁੱਖ ਤੌਰ ਤੇ ਇਸ ਨੂੰ ਵਪਾਰਕ ਰਸਤੇ ਵਜੋਂ ਵਰਤਿਆ ਜਾਂਦਾ ਹੈ। ਬਰਖ਼ਲਾ ਬਾਜ਼ਾਰ ਬਾਲਾਚਰਾ ਅਤੇ ਡਾਮਚਰਾ ਰੇਲਵੇ ਸਟੇਸ਼ਨ ਇਸ ਦਰਿਆ ਦੇ ਕੰਢੇ ਉਪਰ ਸਥਿੱਤ ਪ੍ਰਸਿੱਧ ਥਾਵਾਂ ਹਨ।

ਹ. ਪੁ. -ਇੰਪ. ਗ. ਇੰਡ. 14: 71

**ਜਟਿੰਗਾ ਰਾਮੇਸ਼ਵਰ** : ਇਹ ਭਾਰਤ ਦੇ ਕਰਨਾਟਕ ਰਾਜ ਵਿਚ ਬੰਗਲੌਰ ਖੰਡ ਦੇ ਚਿਤ੍ਰਦੁਰਗ ਜ਼ਿਲ੍ਹੇ ਵਿਚ ਇਕ 1057ਮੀ. (3469 ਫੁੱਟ) ਉੱਚੀ ਪਹਾੜੀ ਹੈ। ਇਹ ਉਨ੍ਹਾਂ ਸਥਾਨਾਂ ਵਿਚੋਂ ਇਕ ਹੈ ਜਿਥੇਂ ਬਾਦਸ਼ਾਹ ਅਸ਼ੋਕ ਦੇ ਫ਼ੁਰਮਾਨ ਮਿਲੇ ਹਨ। ਇਹ ਪਹਾੜੀ ਲੰਬਾਈ ਦੇ ਰੁਖ ਨੂੰ ਹੈ ਜਿਸ ਦੇ ਪੱਛਮੀ ਸਿਰੇ ਉੱਤੇ ਰਾਮੇਸ਼ਵਰ ਦਾ ਪੁਰਾਣਾ ਮੰਦਰ ਹੈ। ਇਸ ਦੇ ਨਾਂ ਉਪਰ ਹੀ ਇਸ ਦਾ ਨਾਂ ਪਿਆ ਹੈ। ਮੰਦਰ ਦੀ ਅਜੋਕੀ ਇਮਾਰਤ 962 ਈ: ਵਿਚ ਖੜ੍ਹੀ ਕੀਤੀ ਗਈ ਸ਼ੀ।

14° 50′ ਉ. ਵਿਥ.; 76° 51′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14 : 72

**ਜੱਟੂ** : ਇਹ ਇਕ ਰਾਜਪੂਤ ਕਬੀਲਾ ਹੈ ਜਿਸਨੂੰ ਤਨਵਰ ਵੀ ਕਿਹਾ ਜਾਂਦਾ ਹੈ। ਕਦੇ ਇਸੇ ਕਬੀਲੇ ਦਾ ਹਿਸਾਰ ਦੇ ਸਾਰੇ ਹੀ ਇਲਾਕੇ ਉਪਰ ਕਬਜ਼ਾ ਸੀ ਅਤੇ ਹੁਣ ਵੀ ਇਸ ਜ਼ਿਲ੍ਹੇ ਦੇ ਬਹੁਤ ਸਾਰੇ ਹਿੱਸੇ ਵਿਚ ਅਤੇ ਰੋਹਤਾਸ ਤੇ ਜੀਂਦ ਦੇ ਨਾਲ ਲਗਦੇ ਇਲਾਕਿਆਂ ਵਿਚ ਮੌਜੂਦ ਹਨ। ਮਹਾਨ ਚੌਹਾਨ 'ਬਿਸਾਲਦੇਓ' ਦੁਆਰਾ ਦਿੱਲੀ ਦੇ ਤਨਵਰ ਰਾਜੇ' ਅਨੰਗਪਾਲ ਦੂਜੇ ਨੂੰ ਹਰਾਉਣ ਉਪਰੰਤ ਤਨਵਰ ਖ਼ਾਨਦਾਨ ਦਿੱਲੀ ਤੋਂ ਜੈਪੁਰ ਦੇ ਉੱਤਰ ਵਿਚ ਸ਼ੇਖਾਵਤੀ ਦੇਸ਼ ਵਿਚ ਪੈਂਦੇ ਜਲੋਪਤਨ ਦੇ ਸਥਾਨ ਤੇ ਵਸਿਆ। ਇਥੇ ਅਨੰਗਪਾਲ ਦੇ ਬੰਸ ਵਿਚੋਂ ਦਲ ਰਾਮ ਰਾਜ ਕਰਦਾ ਸੀ। ਉਸਦੇ ਪੁੱਤਰ ਜੈਰਤ ਨੇ ਤਨਵਰ ਰਾਜ ਨੂੰ ਜੈਪੁਰ ਵਿਚ ਬਾਗੜ ਦੇ ਇਲਾਕੇ ਤੱਕ ਫੈਲਾਇਆ। ਇਸ ਇਲਾਕੇ ਨੂੰ ਅਜੇ ਵੀ ਤਨਵਰਵਤੀ ਕਿਹਾ ਜਾਂਦਾ ਹੈ।

ਵਾਸਤਵ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਰਿਆਣੇ ਦੇ ਤਨਵਰ ਤਿੰਨ ਕਬੀਲਿਆਂ ਵਿਚ ਵੰਡੇ ਹੋਏ ਹਨ। ਇਨ੍ਹਾਂ ਦੇ ਜਾਨਸ਼ੀਨ ਤਿੰਨ ਭਰਾ ਜੱਟੂ, ਰਘੂ ਅਤੇ ਸਤਰੌਲਾ ਹੋਏ। ਇਨ੍ਹਾਂ ਵਿਚੋਂ ਜੱਟੂ ਬਾਕੀਆਂ ਨਾਲੋਂ ਵੱਡਾ ਸੀ ਅਤੇ ਕਾਫ਼ੀ ਪ੍ਰਸਿੱਧ ਹੋਇਆ। ਇਸਨੇ ਭਿਵਾਨੀ ਤੋਂ ਅਗਰੋਹਾ ਤਕ ਰਾਜ ਕੀਤਾ। ਜੱਟੂ ਰੋਹਤਕ ਦੇ ਪਨਵਾਰਾਂ ਦੇ ਜੱਦੀ ਦੁਸ਼ਮਣ ਸਨ। ਮਹਿਮ ਦੇ ਟਿੱਬਿਆਂ ਦੀ ਉਨ੍ਹਾਂ ਵਿਚ ਹੱਦ ਨਿਸ਼ਚਿਤ ਕੀਤੀ ਹੋਈ ਸੀ ਜਿਸਨੂੰ ਅਜੇ ਵੀ ਜੱਟੂ ਪਨਵਾਰ ਕਾ ਦੌਲਾ ਜਾਂ ਜੱਟੂ ਪਨਵਾਰ ਹੱਦ ਕਿਹਾ ਜਾਂਦਾ ਹੈ। ਕਰਨਾਲ ਵਿਚ ਜੱਟੂ ਆਪਣੇ ਆਪ ਨੂੰ ਚੌਹਾਨ ਵੀ ਦੱਸਦੇ ਹਨ।

ਜੱਟੂ ਜੈਰਾਤ ਨਾਉਂ ਦੇ ਤਨਵਰ ਦਾ ਬੇਟਾ ਸੀ। ਜਨਮ ਤੋਂ ਹੀ ਉਸ ਦੇ ਸਿਰ ਉਪਰ ਜਟਾਂ ਹੋਣ ਕਰਕੇ ਨਾਂ ਜੱਟੂ ਪੈ ਗਿਆ। ਇਸ ਦਾ ਪੁੱਤਰ ਸਰਸਾ ਚਲਾ ਗਿਆ ਜਿਥੇ ਇਸਨੇ ਸਿਰੋਹਾ ਰਾਜਪੂਤ ਕੰਵਰਪਾਲ ਦੀ ਲੜਕੀ ਨਾਲ ਸ਼ਾਦੀ ਕਰਵਾ ਲਈ। ਕਿਹਾ ਜਾਂਦਾ ਹੈ ਕਿ ਇਹ ਲੜਕੀ ਮਹਾਨ ਪੀਰ ਗੁੱਗੇ ਦੀ ਭੈਣ ਸੀ। ਜੱਟੂ ਦੇ ਪੁੱਤਰ ਸਿੱਧ ਅਤੇ ਹਰਪਾਲ ਨੇ ਰਾਜਲੀ ਅਤੇ ਗੁਰਾਨਾ ਪਿੰਡ ਦੀ ਸਥਾਪਨਾ ਕੀਤੀ। ਮੁਸਲਮਾਨਾਂ ਨੇ ਚੌਹਾਨ ਪਿੰਡਾਂ ਦੀ ਸਥਾਪਨਾ ਕੀਤੀ। ਮੁਸਲਮਾਨਾਂ ਨੇ ਚੌਹਾਨ ਰਾਇ ਪਿਥੌਰਾ ਦੀ ਹਾਰ ਪਿਛੋਂ ਜੱਟੂਆਂ ਨੇ ਅਗਰੋਹਾ, ਹਾਂਸੀ, ਹਿਸਾਰ ਤੇ ਭਿਵਾਨੀ ਉਪਰ ਆਪਣਾ ਕਬਜ਼ਾ ਕਰ ਲਿਆ। ਤਿੰਨਾਂ ਭਰਾਵਾਂ (ਜੱਟੂ, ਰਘੂ ਤੇ ਸਤਰੌਲਾ) ਨੇ ਹਾਂਸੀ ਦੇ ਪਰਗਨੇ ਨੂੰ ਤਿੰਨ ਤੱਪਿਆਂ ਵਿਚ ਵੰਡਿਆ। ਤਿੰਨਾਂ ਤਪਿਆਂ ਦਾ ਨਾਂ ਇਨ੍ਹਾਂ ਤਿੰਨਾਂ ਦੇ ਨਾਂ ਤੇ ਰੱਖਿਆ ਗਿਆ। ਇਨ੍ਹਾਂ ਦੇ ਇਕ ਉੱਤਰਾਧਿਕਾਰੀ, ਉਮਰ ਸਿੰਘ ਨੇ ਤੋਸ਼ਾਮ ਤੇ ਕਬਜ਼ਾ ਕੀਤਾ ਤੇ ਇਸ ਪਿਛੋਂ ਇਸ ਇਲਾਕੇ ਦਾ ਨਾਂ ਉਮਰੇਨ ਤਪਾ ਪਿਆ ਅਤੇ ਭਿਵਾਨੀ ਦੇ ਇਲਾਕੇ ਨੂੰ ਬਚਵਾਂ ਤਪਾ ਕਿਹਾ ਜਾਣ ਲੱਗਾ। ਸਿਵਾਨੀ ਵਿਖੇ ਜੱਟੂ ਦੇ ਉੱਤਰਾਧਿਕਾਰੀ ਨੂੰ ਰਾਇ ਦਾ ਖ਼ਿਤਾਬ ਦਿੱਤਾ ਗਿਆ, ਤਲਵੰਡੀ ਵਾਲੇ ਨੂੰ ਰਾਣਾ ਅਤੇ ਕੁਲਹੇੜੀ ਵਾਲੇ ਨੂੰ ਚੋਧਰੀ ਦਾ ਖ਼ਿਤਾਬ ਮਿਲਿਆ। ਸੰਨ 1857 ਵਿਚ ਇਨ੍ਹਾਂ ਸਭ ਨੇ ਆਪਣੇ ਪੁਰਾਣੇ ਖ਼ਿਤਾਬ ਫਿਰ ਧਾਰਨ ਕਰ ਲਏ ਪਰ ਹਰਪਾਲ (ਜੱਟੂ ਦੇ ਇਕ ਪੁੱਤਰ) ਦੇ ਜਾਨਸ਼ੀਨ ਦੇ ਉੱਤਰਾਧਿਕਾਰੀ ਅੰਗਰੇਜ਼ਾਂ ਪ੍ਰਤਿ ਵਫ਼ਾਦਾਰ ਰਹੇ ਪਰ ਜੱਟੂ ਦੇ ਇਕ ਹੋਰ ਪੁੱਤਰ ਜੋ ਸਾਧ, ਦੇ ਉੱਤਰਾਧਿਕਾਰੀਆਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿਤਾ।

ਕਿਹਾ ਜਾਂਦਾ ਹੈ ਕਿ ਜੱਟੂ, ਰਘੂ ਅਤੇ ਸਤਰੌਲਾ ਆਪੋ ਵਿਚ ਵਿਆਹ ਸ਼ਾਦੀਆਂ ਨਹੀਂ ਕਰਦੇ। ਜੱਟੂਆਂ ਵਿਚੋਂ ਅੱਧੇ ਕੁ ਹਿੰਦੂ ਹਨ ਤੇ ਬਾਕੀ ਦੇ ਮੁਸਲਮਾਨ ਹਨ। ਗੁੜਗਾਓਂ ਦੇ ਜੱਟੂ ਆਪਣੇ ਆਪ ਨੂੰ ਜੱਟੂਸਾਨ ਕਹਿੰਦੇ ਹਨ।

ਹ. ਪੁ. -ਗਲਾ. ਟ੍ਰਾ. ਕਾ : 378

**ਜਡਸਨ, ਐਡਵਰਡ ਜੈਨ ਕੈਰਲ** : ਇਸ ਲੇਖਕ ਦਾ ਜਨਮ 20 ਮਾਰਚ, 1823 ਨੂੰ ਸਟੈਮਫ਼ਰਡ, ਨਿਊਯਾਰਕ ਵਿਖੇ ਹੋਇਆ। ਇਹ 19ਵੀਂ ਸਦੀ ਦੇ ਅੰਤ ਵਿਚ ਪ੍ਰਸਿੱਧ ਹੋਏ ਬਾਜ਼ਾਰੀ ਨਾਵਲਾਂ ਦਾ ਮੋਢੀ ਸੀ। ਆਪਣੀਆਂ ਸ਼ੁਰੂ ਦੀਆਂ ਕਹਾਣੀਆਂ ਵਿਚ ਇਸ ਨੇ ਆਪਣੇ ਜੀਵਨ ਦੀਆਂ ਭੈੜੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ। ਇਸ ਨੇ ਸੰਯੁਕਤ ਰਾਜ ਦੀ ਜਲ ਸੈਨਾ ਦੇ ਕੈਬਿਨ ਬੁਆਇ ਵਜੋਂ ਕੰਮ ਸ਼ੁਰੂ ਕੀਤਾ। ਸੈਮੀਨੋਲ ਯੁੱਧ ਵਿਚ ਭਾਗ ਲੈਣ ਲਈ ਅਤੇ ਪੱਛਮ ਦਾ ਸਫ਼ਰ ਕਰਨ ਲਈ 1844 ਈ. ਵਿਚ ਇਸਨੇ ਨੌਕਰੀ ਛੱਡ ਦਿੱਤੀ। ਇਸ ਨੇ 'ਨਿਕਰਬੋਕਰ ਮੈਗਜ਼ੀਨ' ਲਈ ਕਹਾਣੀਆਂ ਲਿਖੀਆਂ ਅਤੇ 1844 ਈ. ਵਿਚ ਸਿਨਸਿਨਾਟੀ ਵਿਖੇ 'ਨੈਡ ਬੰਟਲਾਈਨਜ਼ ਮੈਗਜ਼ੀਨ' ਦੀ ਸਥਾਪਨਾ ਕੀਤੀ। ਬਾਅਦ ਵਿਚ ਨਸ਼ਵੀਲ ਜਾ ਕੇ ਇਸ ਨੇ ਇਕ ਸਨਸਨੀਖੇਜ਼ ਪਰਚਾ 'ਨੈਡ ਬੰਟਲਾਈਨਜ਼ ਓਨ' ਕਢਿਆ। ਸੰਨ 1849 ਵਿਚ ਇਸਨੇ ਨਿਊਯਾਰਕ ਦੇ ਐਸਟਰ ਪਲੇਸ ਵਿਖੇ ਹੋਏ ਦੰਗੇ ਦੀ ਅਗਵਾਈ ਕੀਤੀ ਅਤੇ ਇਕ ਸਾਲ ਲਈ ਕੈਦ ਹੋ ਗਿਆ। ਇਹ ਨੋ-ਨਥਿੰਗ ਪਾਰਟੀ ਦਾ ਮਹੱਤਵਪੂਰਨ ਪ੍ਰਬੰਧਕ ਸੀ। ਸੰਨ 1852 ਵਿਚ ਸੇਂਟ ਲੂਈ ਵਿਖੇ ਹੋਏ ਚੋਣ ਦੰਗਿਆਂ ਵਿਚ ਹਿੱਸਾ ਲੈਣ ਦਾ ਦੋਸ਼ ਇਸ ਤੇ ਲਗਾਇਆ ਗਿਆ। ਘਰੇਲੂ ਯੁੱਧ ਦੌਰਾਨ ਇਹ ਯੂਨੀਅਨ ਫ਼ੌਜ ਵਿਚ ਸ਼ਾਮਲ ਹੋਇਆ ਪਰ ਸ਼ਰਾਬਖੋਰੀ ਕਾਰਨ 1864 ਈ. ਵਿਚ ਇਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਸੰਨ 1871 ਵਿਚ ਸਟੈਮਫ਼ਰਡ ਜਾ ਕੇ ਇਸ ਨੇ ਕਈ ਕਲਪਿਤ ਕਥਾਵਾਂ ਲਿਖੀਆਂ ਅਤੇ ਇਥੇ ਹੀ 16 ਜੁਲਾਈ, 1886 ਨੂੰ ਇਸ ਦੀ ਮੌਤ ਹੋ ਗਈ।

ਇਸ ਨੇ ਕੋਡੀ ਲਈ ਇਕ ਨਾਟਕ 'ਦੀ ਸ਼ਕਾਊਟਸ ਆਫ਼ ਦੀ ਪਲੇਨਜ਼' (1872) ਲਿਖਿਆ, ਜੋ ਉਸ ਦੇ ਜੀਵਨ ਤੇ ਹੀ ਆਧਾਰਿਤ ਹੈ। 'ਦੀ ਮਿਸਟਰੀਜ਼ ਐਂਡ ਮਿਜ਼ਰੀਜ਼ ਆਫ਼ ਨਿਊਯਾਰਕ' (1848), 'ਨੈਡ ਬੰਟਲਾਈਨ ਲਾਈਫ਼ ਯਾਰਨ' (1848), 'ਕੋਮਾਚੇਜ ਡਰੀਮ' (1860), 'ਦੀ ਰੇਜ਼ਰ' (1870), 'ਬਫਲੋ ਬਿਲਜ਼ ਫਸਟ ਟ੍ਰਾਇਲ' (1888) ਆਦਿ ਇਸ ਦੀਆਂ ਹੋਰ ਕੁਝ ਪ੍ਰਸਿੱਧ ਰਚਨਾਵਾਂ ਹਨ।

ਹ. ਪੂ. -ਐਨ. ਬ੍ਰਿ. ਮਾ. 5: 627; ਐਨ. ਬ੍ਰਿ. 13 : 126

**ਜੰਡ ਸਾਹਿਬ** : ਜੰਡ ਦਾ ਹਰ ਉਹ ਦਰਖਤ, ਜਿਸ ਹੇਠ ਦਸ ਸਤਿਗੁਰਾਂ ਵਿਚੋਂ ਕੋਈ ਇਕ ਬਿਰਾਜੇ ਹੋਣ, ਸਿੱਖਾਂ ਲਈ ਇਕ ਪਵਿੱਤਰ ਅਸਥਾਨ ਬਣ ਗਿਆ ਹੈ ਅਤੇ ਉਥੇ ਗੁਰਦੁਆਰੇ ਬਣ ਗਏ ਹਨ। ਅਜਿਹੇ ਗੁਰਦੁਆਰਿਆਂ ਵਿਚੋਂ ਕੁਝ ਕੁ ਦਾ ਵਰਣਨ ਹੇਠਾਂ ਦਿੱਤਾ ਜਾਂਦਾ ਹੈ।

(1) ਪਿੰਡ ਗੁੰਮਟੀ ਤੋਂ ਉੱਤਰ-ਪੱਛਮੀ ਵੱਲ 3.2 ਕਿ. ਮੀ. ਤੇ ਉਹ ਜੰਡ ਹੈ, ਜਿਸ ਉਤੇ ਤੁਕਲਾਣੀ ਨਿਵਾਸੀ ਭਾਈ ਰੂਪੇ ਨੇ ਪਾਣੀ ਦਾ ਕੂਨ੍ਹਾ ਲਟਕਾਇਆ ਸੀ ਅਤੇ ਪ੍ਰੇਮ ਦੀ ਖਿੱਚ ਨਾਲ ਦੁਪਹਿਰ ਵੇਲੇ ਡਰੋਲੀ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੱਦ ਕੇ ਜੰਡ ਹੇਠ ਬਿਠਾ ਕੇ ਠੰਢਾ ਜਲ ਛਕਾਇਆ ਸੀ। ਇਸ ਥਾਂ ਮਹਾਰਾਜਾ ਹੀਰਾ ਸਿੰਘ ਜੀ ਨੇ ਗੁਰਦੁਆਰਾ ਬਣਵਾਇਆ ਸੀ। ਸਤਵੰਜਾ ਘੁਮਾਓ ਜ਼ਮੀਨ ਰਿਆਸਤ ਨਾਭਾ ਵੱਲੋਂ ਮੁਆਫ਼ ਸੀ।

(2) ਜ਼ਿਲ੍ਹਾ ਰੂਪਨਗਰ ਵਿਚ ਚਮਕੌਰ ਸਾਹਿਬ ਤੋਂ 6 ਕਿ. ਮੀ. ਉੱਤਰ-ਪੱਛਮ ਵੱਲ ਇਕ ਜੰਡ ਹੈ, ਜਿਸ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਤੋਂ ਨਿਕਲ ਕੇ ਕੁਝ ਸਮਾਂ ਠਹਿਰੇ ਸਨ। ਇਥੇ ਗੁਰਦੁਆਰਾ ਬਣਿਆ ਹੋਇਆ ਹੈ। 827 ਵਿਘੇ ਜ਼ਮੀਨ ਸਿੰਘ ਦੇ ਸਮੇਂ ਤੋਂ ਗੁਰਦੁਆਰੇ ਨਾਲ ਹੈ। ਇਸ ਦੇ ਨਾਲ ਵੱਸਦੇ ਪਿੰਡ ਦਾ ਨਾਂ ਵੀ ਜੰਡ ਸਾਹਿਬ ਹੋ ਗਿਆ ਹੈ। ਇਹ ਸਥਾਨ ਰੇਲਵੇ ਸਟੇਸ਼ਨ ਦੋਰਾਹੇ ਤੋਂ 35.2 ਕਿ. ਮੀ. ਪੂਰਬ ਵੱਲ ਹੈ।

(3) ਜ਼ਿਲ੍ਹਾ ਹੁਸ਼ਿਆਰਪੁਰ, ਪਿੰਡ ਲਹਿਲੀ ਕਲਾਂ ਤੋਂ ਪੂਰਬ ਵੱਲ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਅਸਥਾਨ ਹੈ। ਇਥੇ ਇਕ ਜੰਡ ਨਾਲ ਘੋੜਾ ਬੰਨ੍ਹਿਆ ਸੀ। ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਹੈ। ਇਹ ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ 13 ਕੁ ਕਿ. ਮੀ. ਦੱਖਣ ਵੱਲ ਹੈ। ਇਸ ਨਾਲ 27 ਕਨਾਲ ਜ਼ਮੀਨ ਹੈ।

(4) ਜ਼ਿਲ੍ਹਾ ਫਰੀਦਕੋਟ ਪਿੰਡ ਥੇਹੜੀ ਤੋਂ ਇਕ ਫ਼ਰਲਾਂਗ ਪੂਰਬ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਦਸਮੇਸ਼ ਜੀ ਨੇ ਜਿਨ੍ਹਾਂ ਜੰਡਾਂ ਨਾਲ ਸ਼ਸਤਰ-ਵਸਤਰ ਝੁਲਾਏ ਸਨ, ਉਹ ਤਿੰਨ ਜੰਡ ਮੌਜੂਦ ਹਨ। ਇਨ੍ਹਾਂ ਦੇ ਵਿਚਕਾਰ ਮੰਜੀ ਸਾਹਿਬ ਹੈ। ਨਾਲ ਹੀ ਸੁੰਦਰ ਗੁਰਦੁਆਰਾ ਹੈ। ਇਸ ਥਾਂ ਬਾਲਕ ਨਾਥ ਜੋਗੀ ਨੇ ਗੁਰੂ ਸਾਹਿਬ ਦਾ ਉਪਦੇਸ਼ ਲੈ ਕੇ ਮਨ ਸ਼ਾਂਤ ਕੀਤਾ।

(5) ਪਿੰਡ ਦੇਹਰੀਵਾਲਾ ਕਲਾਂ ਤੋਂ ਡੇਢ ਕੁ ਕਿ. ਮੀ. ਦੱਖਣ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਥੇ ਜੰਡ ਹੇਠ ਗੁਰੂ ਜੀ ਬਰਾਜੇ ਸਨ। ਗੁਰਦੁਆਰੇ ਕੋਲ 25 ਘੁਮਾ ਜ਼ਮੀਨ ਗਹਿਣੇ ਲਈ ਹੋਈ ਸੀ। ਇਹ ਥਾਂ ਰੇਲਵੇ ਸਟੇਸ਼ਨ ਫ਼ਰੀਦਕੋਟ ਤੋਂ 16 ਕਿ. ਮੀ. ਪੱਛਮ ਵੱਲ ਹੈ।

ਹ. ਪੂ. -ਮ. ਕੋ : 539

**ਜੰਡਾਲੀ** : ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੀ ਪਾਇਲ ਉਪ-ਤਹਿਸੀਲ ਵਿਚ ਇਕ ਪਿੰਡ ਹੈ ਜਿਸ ਦੀ ਮਹੱਤਤਾ ਇਥੋਂ ਦੇ ਇਤਿਹਾਸਕ ਗੁਰਦੁਆਰੇ ਕਰਕੇ ਹੈ। ਇਹ ਪਿੰਡ ਰੇਲਵੇ ਸਟੇਸ਼ਨ ਚਾਵਾ ਪਾਇਲ ਤੋਂ ਲਗਭਗ 9 ਕਿ. ਮੀ. ਦੀ ਦੂਰੀ ਅਤੇ ਘੁੱਦਾ ਪਿੰਡ ਤੋਂ 6 ਕਿ. ਮੀ. ਦੂਰ ਹੈ। ਇਸੇ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੁਝ ਸਮੇਂ ਲਈ ਬਿਰਾਜੇ ਸਨ। ਗੁਰਦੁਆਰੇ ਦੇ ਨਾਂ ਪਿੰਡ ਵੱਲੋਂ ਕੁਝ ਜ਼ਮੀਨ ਲਗਾਈ ਗਈ ਹੈ। ਇਥੇ ਹੀ ਗੁਰੂ ਘਰ ਦੇ ਪ੍ਰੇਮੀ ਮਹਾਂ ਸਿੰਘ ਨੇ ਖੂਹ ਵੀ ਲਗਵਾਇਆ ਸੀ। ਪਿੰਡ ਪੱਕੀ ਸੜਕ ਨਾਲ ਜੁੜਿਆ ਹੋਇਆ ਹੈ। ਪਿੰਡ ਵਿਚ ਪ੍ਰਾਇਮਰੀ ਸਕੂਲ ਤੇ ਹੈਲਥ ਸੈਂਟਰ ਵੀ ਹਨ।

ਹ. ਪੂ. -ਮ. ਕੋ : 539

**ਜੰਡਿਆਲਾ** : ਇਹ ਭਾਰਤ ਦੇ ਪੰਜਾਬ ਰਾਜ ਦੇ ਜ਼ਿਲ੍ਹਾ ਜਲੰਧਰ ਦੀ ਫਿਲੌਰ ਤਹਿਸੀਲ ਦਾ ਇਕ ਪੁਰਾਣਾ ਕਸਬਾ ਹੈ ਜਿਹੜਾ ਕਦੇ ਮਿਊਂਸਪਲ ਨਗਰ ਵੀ ਹੁੰਦਾ ਸੀ। ਸੰਨ 1872 ਵਿਚ ਆਬਾਦੀ ਦੇ ਘੱਟ ਜਾਣ ਕਾਰਨ ਤੇ ਨਗਰ ਦੀ ਵਿਸ਼ੇਸ਼ਤਾ ਵਿਚ ਕਮੀ ਆ ਜਾਣ ਕਰਕੇ ਮਿਊਂਸਪਲਟੀ ਤੋੜ ਦਿੱਤੀ ਗਈ। ਇਥੇ ਇਕ ਪ੍ਰਾਈਵੇਟ ਡਿਗਰੀ ਕਾਲਜ ਵੀ ਹੈ।

31° 34' ਉ. ਵਿਥ.; 75° 37' ਪੂ. ਲੰਬ.

ਹ. ਪੂ. -ਇੰਪ. ਗ. ਇੰਡ. 14 : 55

**ਜੰਡਿਆਲਾ ਗੁਰੂ** : ਭਾਰਤ ਦੇ ਪਾਕਿਸਤਾਨ ਨਾਲ ਲਗਦੇ ਪੰਜਾਬ ਰਾਜ ਦੇ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਦਾ ਇਹ ਇਕ ਸ਼ਹਿਰ ਹੈ ਜੋ ਸ਼ੇਰ ਸ਼ਾਹ ਸੂਰੀ ਮਾਰਗ–1 ਉੱਤੇ ਅੰਮ੍ਰਿਤਸਰ ਸ਼ਹਿਰ ਤੋਂ ਲ. 18 ਕਿ. ਮੀ. (11 ਮੀਲ) ਦੀ ਦੂਰੀ ਤੇ ਸਥਿਤ ਹੈ। ਸਿੱਖਾਂ ਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਬਾਬਾ ਹੰਦਾਲ ਜੀ (ਜਿਸਨੇ ਸ਼ਾਇਦ ਨਿਰੰਜਨੀਆ ਮਤ ਦੀ ਨੀਂਹ ਰੱਖੀ ਸੀ) ਵੀ ਇਸੇ ਸ਼ਹਿਰ ਵਿਚ ਹੀ ਪੈਦਾ ਹੋਇਆ ਸੀ। ਬਾਬਾ ਹੰਦਾਲ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਸਾਹਿਬ ਅਤੇ ਪੱਕਾ ਸਰੋਵਰ ਅੱਜ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਭਾਰੀ ਮੇਲਾ ਭਰਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਇਕ ਵਿਸ਼ੇਸ਼ ਲੱਛਣ ਹੈ ਕਿ ਇਥੇ ਨਿਰੰਤਰ ਰੂਪ ਵਿਚ ਸਾਰਾ ਸਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਲਾਪ ਹੁੰਦਾ ਰਹਿੰਦਾ ਹੈ। ਇਸੇ ਸ਼ਹਿਰ ਵਿਚ ਜਿਓਤੀਸਰ ਨਾਂ ਦਾ ਇਕ ਹੋਰ ਗੁਰਦੁਆਰਾ ਸਾਹਿਬ ਹੈ। ਇਸ ਤੋਂ ਇਲਾਵਾ ਜੈਨੀਆਂ ਦੇ ਵੀ ਇਸ ਸ਼ਹਿਰ ਵਿਚ ਤਿੰਨ ਮੰਦਰ ਬਣੇ ਹੋਏ ਹਨ। ਸ਼ਹਿਰ ਦੇ ਦੁਆਲੇ ਇਕ ਗੋਲ ਸੜਕ ਹੈ ਜਿਸ ਦੇ ਸੱਤ ਦਰਵਾਜ਼ੇ ਹਨ। ਇਥੋਂ ਦੇ ਜੈਨੀ ਲੋਕ ਆਮ

ਕਰਕੇ ਵਪਾਰ ਵਿਚ ਹੀ ਲੱਗੇ ਹੋਏ ਹਨ। ਇਹ ਸ਼ਹਿਰ ਪਿੱਤਲ ਦੇ ਭਾਂਡਿਆਂ ਲਈ ਪੰਜਾਬ-ਭਰ ਵਿਚ ਪ੍ਰਸਿੱਧ ਹੈ। ਇਸ ਤੋਂ ਇਲਾਵਾ ਸ਼ਹਿਰ ਵਿਚ ਅਤੇ ਇਸ ਦੇ ਆਲੇ ਦੁਆਲੇ ਝੋਨਾ ਛੜਨ ਦੇ ਕਈ ਸ਼ੈਲਰ ਲੱਗੇ ਹੋਏ ਹਨ। ਸ਼ਹਿਰ ਦੇ ਸਾਰੇ ਬਾਜ਼ਾਰ ਪੱਕੇ ਹਨ। ਲੜਕੇ ਅਤੇ ਲੜਕੀਆਂ ਦੇ ਵੱਖ ਵੱਖ ਹਾਇਰ ਸੈਕੰਡਰੀ ਸਕੂਲਾਂ ਤੋਂ ਇਲਾਵਾ ਬੇਸਿਕ ਟ੍ਰੇਨਿੰਗ ਸਕੂਲ ਵੀ ਹੈ।

ਗੁਰੂ ਆਕਿਲ ਦਾਸ, ਹਿੰਦਾਲੀ ਮਹੰਤ ਵੀ ਇਸੇ ਹੀ ਜੰਡਿਆਲੇ ਦਾ ਰਹਿਣ ਵਾਲਾ ਸੀ ਜਿਸਨੇ ਅਹਿਮਦ ਸ਼ਾਹ ਅਬਦਾਲੀ ਨਾਲ ਰਲ ਕੇ ਸਿੱਖਾਂ ਤੇ ਬਹੁਤ ਜ਼ੁਲਮ ਕਰਵਾਏ ਸਨ ਅਤੇ ਅਖ਼ੀਰ ਸਿੱਖਾਂ ਹੱਥੋਂ ਹੀ ਆਪਣੇ ਕੁਕਰਮਾਂ ਕਾਰਨ ਸੋਧਿਆ ਗਿਆ ਸੀ।

ਆਬਾਦੀ-19,293 (1991)

31° 34′ ਉ. ਵਿਥ.; 75° 2′ ਪੂ. ਲੰਬ.

ਹ. ਪੁ. -ਡਿ. ਸੈ. ਹੈਂ. ਬੁ.—ਅੰਮ੍ਰਿਤਸਰ ; ਮ. ਕੋ. 94; ਰਾਈਜ਼ ਆਫ਼ ਦਾ ਸਿਖ ਪਾਵਰ ਇਨ ਦਾ ਪੰਜਾਬ-ਸੋਹਣ ਸਿੰਘ ਸੀਤਲ

**ਜੰਡੋਲਾ** : ਪਾਕਿਸਤਾਨ ਵਿਚ ਉੱਤਰੀ-ਪੱਛਮੀ ਸੀਮਾ ਪ੍ਰਾਂਤ ਦਾ ਸ਼ਹਿਰ ਹੈ ਜਿਹੜਾ ਟੈਂਕ ਜੈਮ ਨਦੀ ਦੇ ਸੱਜੇ ਕੰਢੇ ਵੱਸਿਆ ਹੋਇਆ ਹੈ।

32° 20′ ਉ. ਵਿਥ.; 70° 9′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 55

**ਜਣਨ ਸਿਸਟਮ** : ਜਣਨ, ਜਿਸ ਨੂੰ ਪ੍ਰਜਣਨ ਜਾਂ ਪੁਨਰ ਉਤਪਤੀ ਵੀ ਕਹਿੰਦੇ ਹਨ, ਉਹ ਕਿਰਿਆ (ਵਿਧੀ) ਹੈ ਜਿਸ ਰਾਹੀਂ ਜਿਉਂਦੇ ਜੀਵ ਆਪਣੇ ਪ੍ਰਤਿਰੂਪ ਪੈਦਾ ਕਰਦੇ ਹਨ। ਸਦੀਆਂ ਤੱਕ ਤਜਰਬੇ ਕਰਨ ਅਤੇ ਨਿਰੀਖਣ ਤੋਂ ਇਹ ਸਿੱਧ ਹੋ ਗਿਆ ਸੀ ਕਿ ਜਿਉਂਦੇ ਜੀਵ ਆਪਣੇ ਵਰਗੇ ਹੀ ਦੂਜੇ ਜੀਵਾਂ ਤੋਂ ਪੈਦਾ ਹੁੰਦੇ ਹਨ। ਇਸ ਸਿੱਧਾਂਤ ਨੂੰ 'ਜੀਵੋਂ-ਜੀਵ ਉਤਪਤੀ' ਜਾਂ 'ਜਾਤੀ ਦੀ ਜਣਨਿਕ ਨਿਰੰਤਰਤਾ' ਕਹਿੰਦੇ ਹਨ। ਜੀਵ ਆਪਣੇ ਮਾਪਿਆਂ ਤੋਂ ਵਿਰਸੇ ਵਿਚ ਜੋ ਗੁਣ ਪ੍ਰਾਪਤ ਕਰਦੇ ਹਨ, ਉਸ ਨੂੰ ਜੀਵਨ ਬਿਰਤਾਂਤ ਕਹਿੰਦੇ ਹਨ।

### ਲਿੰਗੀ ਜੀਵਨ—ਬਿਰਤਾਂਤ

**ਮਨੁੱਖ ਵਿਚ ਜੀਵਨ ਚੱਕਰ**—ਮਨੁੱਖੀ ਜੀਵਨ-ਬਿਰਤਾਂਤ ਦਾ ਸਾਧਾਰਣ ਜਿਹਾ ਪਹਿਲੂ ਇਸ ਤਰ੍ਹਾਂ ਹੈ: ਨਰ ਅਤੇ ਮਾਦਾ, ਦੋਨਾਂ ਦੇ ਬਾਲਗ਼ਾਂ ਦੇ ਸਰੀਰ ਵਿਚ ਯੁਗਮਿਤ ਜਣਨ ਗਲੈਂਡ (ਪਤਾਲੂ ਅਤੇ ਅੰਡਕੋਸ਼) ਹੁੰਦੇ ਹਨ। ਇਹ ਗਲੈਂਡ ਸ਼ੁਕ੍ਰਾਣੂ ਅਤੇ ਅੰਡ ਸੈੱਲ ਬਣਾਉਂਦੇ ਹਨ, ਜਿਨ੍ਹਾਂ ਵਿਚ ਅਗਲੀ ਪੀੜ੍ਹੀ ਦਾ ਵੰਸ਼ਿਕ ਢਾਂਚਾ ਹੁੰਦਾ ਹੈ। ਦੋਨੋਂ ਮਾਪਿਆਂ ਦੇ ਜਣਨ-ਸੈੱਲਾਂ ਦੇ ਮਿਲਣ ਨਾਲ ਜ਼ਾਈਗੋਟ ਬਣਦਾ ਹੈ। ਜ਼ਾਈਗੋਟ ਨਿਸ਼ੇਚਿਤ ਅੰਡਾ ਹੁੰਦਾ ਹੈ, ਜਿਸ ਵਿਚ ਬੜੀ ਜਲਦੀ ਕਈ ਤਬਦੀਲੀਆਂ ਆਉਂਦੀਆਂ ਹਨ। ਇਨ੍ਹਾਂ ਦਾ ਅਧਿਐਨ ਭਰੂਣ-ਵਿਗਿਆਨ ਹੇਠਾਂ ਕੀਤਾ ਜਾਂਦਾ ਹੈ।

ਸੰਖੇਪ ਤੌਰ ਤੇ ਇਹ ਤਬਦੀਲੀਆਂ ਇਸ ਤਰ੍ਹਾਂ ਹਨ; ਜ਼ਾਈਗੋਟ ਵਾਰ ਵਾਰ ਵੰਡੀਣ ਤੋਂ ਬਾਅਦ ਸੈੱਲਾਂ ਦੀ ਇਕ ਖੋਖਲੀ ਗੇਂਦ ਦੀ ਤਰ੍ਹਾਂ ਬਣ ਜਾਂਦੀ ਹੈ। ਇਸ ਨੂੰ ਬਲਾਸਟੂਲਾ ਕਹਿੰਦੇ ਹਨ। ਇਹ ਤਰਲ ਨਾਲ ਭਰਿਆ ਬਲਾਸਟੂਲਾ (ਜਿਸ ਨੂੰ ਥਣਧਾਰੀਆਂ ਵਿਚ ਬਲਾਸਟੋਸਿਸਟ ਕਹਿੰਦੇ ਹਨ) ਬੱਚੇਦਾਨੀ ਵਿਚ ਜਾਂ ਅੰਡਕੋਸ਼ ਤੋਂ ਬਾਹਰ ਤੱਕ ਜਾਣ ਵਾਲੀ ਨਲੀ ਦੇ ਹੇਠਲੇ ਹਿੱਸੇ ਵਿਚ ਚਲਾ ਜਾਂਦਾ ਹੈ। ਬੱਚੇਦਾਨੀ ਦੀ ਦੀਵਾਰ (ਭਿੱਤੀ ਜਾਂ ਇਸ ਦੇ ਬਰਾਬਰ ਦੀ ਕਿਸੇ ਹੋਰ ਥਾਂ) ਨਾਲ ਜੁੜਨ ਤੋਂ ਬਾਅਦ ਹੀ ਇਸ ਦਾ ਅੱਗੋਂ ਹੋਰ ਵਿਕਾਸ ਹੁੰਦਾ ਹੈ। ਇਹ ਜੋੜ (ਜਾਂ ਸੰਪਰਕ) ਸਥਾਪਿਤ ਕਰਨ ਲਈ ਬਲਾਸਟੋਸਿਸਟ ਦੇ ਬਾਹਰਲੇ ਸੈੱਲ ਆਪਣੇ ਰਿਸਾਉ ਰਾਹੀਂ ਬੱਚੇਦਾਨੀ ਦੀ ਅੰਦਰਲੀ ਤਹਿ ਦੇ ਸੈੱਲਾਂ ਨੂੰ ਖੋਰਦੇ ਹਨ। ਇਸ ਸਮੇਂ ਦੌਰਾਨ ਬਲਾਸਟੂਲਾ ਹੋਰ ਵੱਡਾ ਹੁੰਦਾ ਰਹਿੰਦਾ ਹੈ ਅਤੇ ਇਸ ਦੇ ਅੰਦਰ ਕਈ ਹੋਰ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਤੇ ਹੁਣ ਇਹ ਗੈਸਟਰੂਲਾ ਕਹਾਉਂਦਾ ਹੈ। ਹੋਰ ਤਬਦੀਲੀਆਂ ਤੋਂ ਬਾਅਦ ਅਖ਼ੀਰ ਸੁਰੱਖਿਅਤ ਝਿੱਲੀਆਂ ਵਿਚ ਘਿਰਿਆ ਤਿੰਨ ਤਹਿਆਂ ਵਾਲਾ ਭਰੂਣ ਬਣਦਾ ਹੈ। ਭਰੂਣ ਤੋਂ ਬਾਹਰਲਾ ਟਿਸ਼ੂ ਬੱਚੇਦਾਨੀ ਦੀ ਦੀਵਾਰ ਨਾਲ ਮਿਲ ਕੇ ਇਕ ਆਰਜ਼ੀ ਅੰਗ ਬਣਾਉਂਦਾ ਹੈ ਜਿਸ ਨੂੰ ਔਲ ਕਹਿੰਦੇ ਹਨ। ਇਸ ਔਲ ਰਾਹੀਂ ਭਰੂਣ ਅਤੇ ਮਾਂ ਦੇ ਸਰੀਰ ਦੇ ਵਿਚਕਾਰ ਸਬੰਧ ਬਣਦਾ ਹੈ।

ਭਰੂਣ ਦੀਆਂ ਤਿੰਨ ਜਰਮ ਤਹਿਆਂ, ਐੱਕਟੋਡਰਮ, ਮੀਜ਼ੋਡਰਮ ਅਤੇ ਐਂਡੋਡਰਮ ਹੁੰਦੀਆਂ ਹਨ। ਇਨ੍ਹਾਂ ਤਹਿਆਂ ਵਿਚ ਤਬਦੀਲੀਆਂ ਆਉਣ ਨਾਲ ਸੁਰੱਖਿਅਤ ਝਿੱਲੀਆਂ ਦੇ ਅੰਦਰ ਭਰੂਣ ਦਾ ਧੁਰਾ ਬਣਦਾ ਹੈ। ਇਸ ਧੁਰੇ ਤੋਂ ਨਿਊਰਲ ਟਿਊਬ ਇਸ ਦੇ ਹੇਠਾਂ ਪਈ ਨੋਟੋਕਾਰਡ ਅਤੇ ਇਨ੍ਹਾਂ ਦੋਨਾਂ ਦੇ ਪਾਸਿਆਂ ਤੇ ਮੀਜ਼ੋਡਰਮਲ ਸੋਮਾਈਟ ਜਾਂ ਖੰਡ ਬਣਦੇ ਹਨ। ਜਰਮ ਤਹਿਆਂ ਦੀਆਂ ਸਥਾਨਕ ਤਬਦੀਲੀਆਂ ਨਾਲ ਅੰਗ ਬਣਦੇ ਹਨ।

ਅੰਡੇ ਦੇ ਨਿਸ਼ੇਚਨ ਤੋਂ ਛੇ ਹਫ਼ਤੇ ਬਾਅਦ ਸਾਰੇ ਅੰਗਾਂ ਦੇ ਚਿੰਨ੍ਹ ਬਣ ਚੁੱਕੇ ਹੁੰਦੇ ਹਨ। ਇਸ ਤੋਂ ਬਾਅਦ ਸਿਰਫ਼ ਆਕਾਰ ਵਿਚ ਵਾਧਾ ਹੁੰਦਾ ਹੈ। ਨਿਸ਼ੇਚਨ ਤੋਂ ਤਕਰੀਬਨ ਦਸ-ਮਹੀਨਿਆਂ ਤੋਂ ਬਾਅਦ ਨਵਾਂ ਜੀਵ ਸੁਤੰਤਰ ਜੀਵਨ ਬਤੀਤ ਕਰਨ ਦੇ ਯੋਗ ਹੋ ਜਾਂਦਾ ਹੈ ਤੇ ਜਨਮ ਲੈ ਲੈਂਦਾ ਹੈ। ਜਨਮ ਤੋਂ ਬਾਅਦ ਬੱਚਾ ਸ਼ਿਸ਼ੂ, ਬਾਲਪਨ, ਕਿਸ਼ੋਰ ਆਦਿ ਅਵਸਥਾਵਾਂ ਵਿਚੋਂ ਲੰਘਦਾ ਹੈ। ਜਦੋਂ ਜੀਵ ਦੇ ਪਰਿਵਰਤਨ ਦੀ ਦਰ ਸਿਖ਼ਰ ਤੇ ਪਹੁੰਚ ਜਾਂਦੀ ਹੈ (ਭਾਵੇਂ ਕੁਝ ਅੰਗ ਹਮੇਸ਼ਾ ਵਧਦੇ ਰਹਿੰਦੇ ਹਨ) ਤਾਂ ਲਿੰਗੀ-ਪ੍ਰੌਢਤਾ ਦਾ ਸਮਾਂ ਸ਼ੁਰੂ ਹੋ ਚੁੱਕਾ ਹੁੰਦਾ ਹੈ ਅਤੇ ਜੀਵ ਨਵੀਂ ਪੀੜ੍ਹੀ ਦੇ ਮਾਪੇ ਬਣਨ ਦੇ ਯੋਗ ਹੋ ਚੁੱਕੇ ਹੁੰਦੇ ਹਨ। ਇਸ ਤਰ੍ਹਾਂ ਚੱਕਰ ਪੂਰਾ ਹੋ ਜਾਂਦਾ ਹੈ। ਪ੍ਰੌਢਤਾ ਤੋਂ ਬਾਅਦ ਬੁੱਢਾਪੇ ਅਤੇ ਮੌਤ ਨਾਲ ਕਿਸੇ ਇਕ ਜੀਵ ਦਾ ਜੀਵਨ ਬਿਰਤਾਂਤ ਪੂਰਾ ਹੋ ਜਾਂਦਾ ਹੈ।

**ਪ੍ਰਾਣੀਆਂ ਅਤੇ ਪੌਦਿਆਂ ਵਿਚ ਜੀਵਨ ਚੱਕਰ**—ਪ੍ਰਾਣੀ ਅਤੇ ਬਨਸਪਤੀ ਜਗਤ ਵਿਚ ਲਿੰਗੀ ਜੀਵਨ ਚੱਕਰ ਸਮਝਣ ਲਈ ਮਨੁੱਖ ਦੇ ਕੁਝ ਖ਼ਾਸ ਪਹਿਲੂਆਂ ਦਾ ਬਿਆਨ ਕਰਨਾ ਜ਼ਰੂਰੀ ਹੋ ਜਾਂਦਾ ਹੈ।

**ਪਿਤਰੀ ਸੁਰੱਖਿਆ**—ਮਨੁੱਖ ਵਿਚ ਵੀ ਬਾਕੀ ਥਣਧਾਰੀ ਪ੍ਰਾਣੀਆਂ ਦੀ ਤਰ੍ਹਾਂ ਨਵੇਂ ਬਣ ਰਹੇ ਜੀਵ ਨੂੰ ਕਦਮ ਕਦਮ ਤੇ ਪਿਤਰੀ ਸੁਰੱਖਿਆ ਮਿਲਦੀ ਹੈ। ਜਦੋਂ ਨਿਸ਼ੇਚਤ ਅੰਡੇ ਵਿਚ ਬਹੁਤ ਜ਼ਿਆਦਾ ਤਬਦੀਲੀਆਂ ਆ ਰਹੀਆਂ ਹੁੰਦੀਆਂ ਹਨ ਅਤੇ ਇਸ ਨੂੰ ਸੱਟਾਂ ਵਗੈਰਾਂ ਲੱਗਣ ਦਾ ਜ਼ਿਆਦਾ ਡਰ ਹੁੰਦਾ ਹੈ ਤਾਂ ਉਸ ਵਕਤ ਇਹ ਮਾਦਾ ਦੀਆਂ ਜਣਨ ਨਲੀਆਂ ਵਿਚ ਰਹਿੰਦਾ ਹੈ। ਇਸੇ ਤਰ੍ਹਾਂ ਬੀਜ ਵਾਲੇ ਪੌਦਿਆਂ ਵਿਚ ਨਿਸ਼ੇਚਤ ਅੰਡਾ ਭਰੂਣ ਥੈਲੀ, ਬੀਜ ਆਵਰਣ ਅਤੇ ਅੰਡਕੋਸ਼ ਦੀ ਦੀਵਾਰ ਦੇ ਅੰਦਰ ਸੁਰੱਖਿਅਤ ਰਹਿੰਦਾ ਹੈ। ਬਹੁਤੇ ਪ੍ਰਾਣੀਆਂ ਵਿਚ ਬੱਚਾ ਉਦੋਂ ਤੱਕ ਮਾਂ ਦੇ ਗਰਭ ਵਿਚ ਰਹਿੰਦਾ ਹੈ ਜਦੋਂ ਤੱਕ ਉਹ ਪੂਰੀ ਤਰ੍ਹਾਂ ਹਿੱਲਣ ਜੁੱਲਣ ਅਤੇ ਆਹਾਰ ਪ੍ਰਾਪਤ ਕਰਨ ਯੋਗ ਨਹੀਂ ਹੋ ਜਾਂਦਾ। ਨਵਾਂ ਜੀਵ ਅੰਡੇ ਦੀ ਜ਼ਰਦੀ ਦੇ ਰੂਪ ਵਿਚ ਤਿਆਰ ਖ਼ੁਰਾਕ ਪ੍ਰਾਪਤ ਕਰਦਾ ਹੈ। ਉੱਚ ਪੱਧਰੀ ਥਣਧਾਰੀਆਂ ਵਿਚ ਔਲ ਰਾਹੀਂ ਮਾਂ ਦਾ ਭਰੂਣ ਤੱਕ ਆਹਾਰ ਪਹੁੰਚਾਉਣ ਲਈ ਸਬੰਧ ਬਣਿਆ ਹੁੰਦਾ ਹੈ।

ਇਸੇ ਤਰ੍ਹਾਂ ਸਮੁੰਦਰੀ ਘੋੜੇ, ਕੁਝ ਕ੍ਰਸਟਸ਼ੀਅਨ, ਇਕਾਈਨੋਡਰਮ ਆਦਿ ਵਿਚ ਅੰਡ-ਪਾਊਚ, ਗੰਡੋਇਆਂ ਵਿਚ ਕੋਕੂਨ ਬਣਨ ਅਤੇ ਪੰਛੀਆਂ ਅਤੇ ਮੱਛੀਆਂ ਵਿਚ ਘਰ ਬਣਾਉਣਾ ਅਤੇ ਉਨ੍ਹਾਂ ਦੀ ਦੇਖ-ਭਾਲ ਕਰਨਾ ਵੀ ਸੁਰੱਖਿਆ ਦੇ ਹੀ ਸਾਧਨ ਹਨ। ਸਮਾਜਕ ਕੀੜਿਆਂ ਵਿਚ ਵੀ ਬੱਚਿਆਂ ਦੀ ਪੂਰੀ ਦੇਖ-ਭਾਲ ਕੀਤੀ ਜਾਂਦੀ ਹੈ।

**ਨਾਜ਼ੁਕ ਹਾਲਤਾਂ**—ਬਹੁਤੇ ਪ੍ਰਾਣੀਆਂ ਦੀ ਜ਼ਿੰਦਗੀ ਵਿਚ ਕੁਝ ਨਾਜ਼ੁਕ ਹਾਲਤਾਂ ਦੀ ਬਹੁਤ ਮਹੱਤਤਾ ਹੁੰਦੀ ਹੈ ਜਿਵੇਂ ਔਲ ਵਾਲੇ ਪ੍ਰਾਣੀਆਂ ਵਿਚ ਭਰੂਣ ਦਾ ਬੱਚੇਦਾਨੀ ਦੀ ਭਿੱਤੀ ਨਾਲ ਜੁੜਨਾ, ਕਈ ਪ੍ਰਾਣੀਆਂ ਵਿਚ ਵਿਕਾਸ ਲਈ ਕਾਰਜਹੀਣ ਕਾਲ ਦਾ ਖ਼ਤਮ ਹੋਣਾ, ਕੀੜਿਆਂ ਵਿਚ ਸੁਸਤ ਅਵਸਥਾ ਜਾਂ ਪਰਜੀਵੀਆਂ ਵਿਚ ਕਿਸੇ ਉਚਿਤ ਪਰਪੋਸ਼ੀ ਦਾ ਮਿਲਣਾ ਆਦਿ ਅਜਿਹੀਆਂ ਨਾਜ਼ੁਕ ਹਾਲਤਾਂ ਹਨ ਜਿਥੇ ਆ ਕੇ ਪ੍ਰਾਣੀ ਦਾ ਵਿਕਾਸ ਰੁਕ ਜਾਂਦਾ ਹੈ।

**ਲਾਰਵਾ ਅਵਸਥਾਵਾਂ**—ਰੀੜ੍ਹਧਾਰੀ ਪ੍ਰਾਣੀਆਂ ਵਿਚ ਖ਼ਾਸ ਕਰਕੇ ਜਲ-ਥਲੀ ਜੀਵਾਂ ਦੇ ਜੀਵਨ ਬਿਰਤਾਂਤ ਵਿਚ ਇਕ ਹੋਰ ਵਿਭਿੰਨਤਾ ਮਿਲਦੀ ਹੈ। ਇਨ੍ਹਾਂ ਵਿਚ ਜ਼ਾਈਗੋਟ ਦਾ ਵਿਕਾਸ ਸਰੀਰ ਤੋਂ ਬਾਹਰ, ਅਣ-ਸੁਰੱਖਿਅਤ ਹਾਲਤ ਵਿਚ ਹੁੰਦਾ ਹੈ ਅਤੇ ਇਸ ਤੋਂ ਇਕ ਸੁਤੰਤਰ ਲਾਰਵਾ ਬਣਦਾ ਹੈ। ਇਹ ਲਾਰਵਾ ਮਾਪਿਆਂ ਤੋਂ ਬਿਲਕੁਲ ਅੱਡਰਾ (ਡੱਡੂ ਅਤੇ ਡੱਡੂਏ ਵਿਚ ਟੈਡਪੋਲ) ਅਤੇ ਜਲੀ ਜੀਵਨ ਬਿਤਾਉਣ ਵਾਲਾ ਹੁੰਦਾ ਹੈ। ਕਾਫ਼ੀ ਖਾਣ-ਪੀਣ ਅਤੇ ਵਧਣ ਤੋਂ ਬਾਅਦ ਕਾਇਆ ਬਦਲੀ ਰਾਹੀਂ ਇਹ ਬਾਲਗ਼ ਹਾਲਤ ਵਿਚ ਪਰਿਵਰਤਨ ਹੁੰਦਾ ਹੈ। ਅੰਡੇ ਅਤੇ ਬਾਲਗ਼ ਦੇ ਵਿਚਕਾਰ ਇਕ ਜਾਂ ਜ਼ਿਆਦਾ ਲਾਰਵਾ ਅਵਸਥਾਵਾਂ ਬਹੁਤੇ ਸਮੁੰਦਰੀ ਰੀੜ੍ਹ ਰਹਿਤ ਪ੍ਰਾਣੀਆਂ ਵਿਚ ਆਮ ਮਿਲਦੀਆਂ ਹਨ।

ਆਰਥਰੋਪੋਡ ਪ੍ਰਾਣੀ (ਜਿਨ੍ਹਾਂ ਦੇ ਸਰੀਰ ਦੇ ਬਾਹਰ ਇਕ ਸਖ਼ਤ ਬਾਹਰਲਾ ਪਿੰਜਰ ਹੁੰਦਾ ਹੈ) ਕਈ ਲਾਰਵਾ ਜਾਂ ਨਿੰਫ ਅਵਸਥਾਵਾਂ ਵਿਚੋਂ ਲੰਘਦੇ ਹਨ ਅਤੇ ਹਰੇਕ ਲਾਰਵਾ ਅਵਸਥਾ ਕੁੰਜ ਉਤਾਰਣ ਨਾਲ ਖ਼ਤਮ ਹੋ ਜਾਂਦੀ ਹੈ। ਉੱਚ ਪੱਧਰੀ ਕੀੜਿਆਂ ਵਿਚ ਕੁੰਜ ਉਤਾਰਣ ਦੌਰਾਨ ਕਈ ਮਹੱਤਵਪੂਰਨ ਤਬਦੀਲੀਆਂ ਵੀ ਆਉਂਦੀਆਂ ਹਨ, ਜਿਵੇਂ ਇਕ ਚੁਸਤ ਲਾਰਵੇ (ਕੈਟਰਪਿਲਰ ਜਾਂ ਗਰੱਬ) ਤੋਂ ਨਿਸ਼ੇਚਨ ਪਿਊਪਾ ਅਤੇ ਫਿਰ ਇਸ ਤੋਂ ਪਰਾਂ ਵਾਲਾ ਲਿੰਗੀ ਪ੍ਰੌਢ ਬਾਲਗ਼ ਬਣਦਾ ਹੈ।

ਕਈ ਪਰਜੀਵੀ ਚਪਟੇ ਵਰਮਾਂ ਵਿਚ ਲਾਰਵਾ ਅਵਸਥਾਵਾਂ ਦੀ ਇਕ ਲੜੀ ਚਲਦੀ ਹੈ ਅਤੇ ਹਰੇਕ ਲਾਰਵਾ ਇਕ ਵਖਰੇ ਪਰਪੋਸ਼ੀ ਤੋਂ ਆਹਾਰ ਪ੍ਰਾਪਤ ਕਰਦਾ ਹੈ। ਕਈਆਂ ਵਿਚ ਪੀਡੋਜੈਨਿਸਿਸ ਵੀ ਮਿਲਦਾ ਹੈ, ਜਿਨ੍ਹਾਂ ਵਿਚ ਲਾਰਵੇ ਵਿਚ ਹੀ ਲਿੰਗੀ ਪ੍ਰੌਢਤਾ ਆ ਜਾਂਦੀ ਹੈ।

**ਹਰਮੈਫ੍ਰੋਡਿਟਿਜ਼ਮ**—ਪ੍ਰਾਣੀਆਂ ਅਤੇ ਪੌਦਿਆਂ ਦੋਨਾਂ ਵਿਚੋਂ ਹੀ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਦੋਵੇਂ ਲਿੰਗ ਇਕੋ ਜੀਵ ਵਿਚ ਹੀ ਮਿਲਦੇ ਹਨ। ਪਰ ਇਨ੍ਹਾਂ ਵਿਚੋਂ ਬਹੁਤਿਆਂ ਵਿਚ ਸਵੈ-ਨਿਸ਼ੇਚਨ ਨਹੀਂ ਹੁੰਦਾ। ਕਈ ਸਨੇਲ ਅਤੇ ਦੋ ਵਾਲਵੀ ਮੌਲਸਕਾਂ ਵਿਚ ਇਕੋ ਹਰਮੈਫ੍ਰੋਡਿਟਿਕ ਗਲੈਂਡ ਹੁੰਦੀ ਹੈ ਜਿਸ ਦੇ ਫ਼ਾਲੀਕਲਾਂ ਵਿਚ ਪਹਿਲਾਂ ਸ਼ੁਕ੍ਰਾਣੂ ਅਤੇ ਫਿਰ ਅੰਡੇ ਬਣਦੇ ਹਨ।

**ਨਿਸ਼ੇਚਨ ਰਹਿਤ ਉਤਪਤੀ**—ਇਹ ਤਰੀਕਾ ਬਹੁਤਾ ਕਰਕੇ ਰੀੜ੍ਹ ਰਹਿਤ ਪ੍ਰਾਣੀਆਂ ਵਿਚ ਮਿਲਦਾ ਹੈ ਜਿਥੇ ਅੰਡਾ ਸ਼ੁਕ੍ਰਾਣੂ ਤੋਂ ਬਿਨਾਂ ਹੀ ਕਿਰਿਆਸ਼ੀਲ ਹੋ ਜਾਂਦਾ ਹੈ। ਰੋਟੀਫਰਾਂ ਅਤੇ ਜਲ-ਪਿੱਸੂਆਂ ਵਿਚ ਗਰਮੀਆਂ ਵਿਚ ਨਿਸ਼ੇਚਨ ਰਹਿਤ ਉਤਪਤੀ ਰਾਹੀਂ ਜਣਨ ਹੁੰਦਾ ਹੈ ਪਰ ਸਰਦੀਆਂ ਅਤੇ ਅਣਅਨੁਕੂਲ ਹਾਲਤਾਂ ਵਿਚ ਪੈਦਾ ਹੋਏ ਅੰਡਿਆਂ ਦਾ ਨਿਸ਼ੇਚਨ ਹੋਣਾ ਜ਼ਰੂਰੀ ਹੁੰਦਾ ਹੈ ਅਤੇ ਉਹ ਆਰਾਮ ਦੀ ਅਵਸਥਾ ਵੀ ਧਾਰਨ ਕਰਦੇ ਹਨ।

## ਅਲਿੰਗੀ ਜਣਨ

**ਇਕ-ਸੈੱਲੀ ਜੀਵ**—ਇਕ ਸੈੱਲ ਵਾਲੇ ਜੀਵਾਂ ਵਿਚ ਜਣਨ ਸੈੱਲ ਵਿਭਾਜਨ ਦੇ ਤਰੀਕੇ ਨਾਲ ਹੁੰਦਾ ਹੈ, ਜਿਨ੍ਹਾਂ ਇਕ-ਸੈੱਲੀ ਜੀਵਾਂ ਵਿਚ ਲਿੰਗੀ ਜਣਨ ਹੁੰਦਾ ਵੀ ਹੈ, ਉਥੇ ਇਸ ਦਾ ਮਕਸਦ ਜ਼ਰੂਰੀ ਜੀਵਾਂ ਦੀ ਗਿਣਤੀ ਵਿਚ ਵਾਧਾ ਕਰਨਾ ਨਹੀਂ ਹੁੰਦਾ, ਸਗੋਂ ਇਨ੍ਹਾਂ ਵਿਚ ਨਿਸ਼ੇਚਨ ਦਾ ਕੰਮ ਵੰਸ਼ਿਕ ਵਿਭਿੰਨਤਾਵਾਂ ਨੂੰ ਵਧਾਉਣਾ ਹੁੰਦਾ ਹੈ।

**ਬਹੁ-ਸੈੱਲੀ ਪੌਦੇ**—ਇਨ੍ਹਾਂ ਵਿਚ ਅਲਿੰਗੀ ਜਣਨ ਦੋ ਤਰੀਕਿਆਂ ਨਾਲ ਹੁੰਦਾ ਹੈ, ਇਕ ਕਿਸਮ ਤਾਂ ਬੀਜਾਣੂ ਪੀੜ੍ਹੀ ਦਾ ਅਲਿੰਗੀ ਜਣਨ ਹੈ। ਇਸ ਵਿਚ ਸਪੋਰ (ਬੀਜਾਣੂ) ਬਣਦੇ ਹਨ ਜਿਹੜੇ ਸਿੱਧੇ ਹੀ ਗੈਮੀਟੋਫਾਈਟ ਪੌਦਿਆਂ ਵਿਚ ਵਿਕਸਿਤ ਹੋ ਜਾਂਦੇ ਹਨ।

ਦੂਜਾ ਤਰੀਕਾ ਕਾਇਆ ਪ੍ਰਜਣਨ ਦਾ ਹੈ। ਵੈਸਕੂਲਰ ਪੌਦਿਆਂ ਵਿਚ ਕੰਦ, ਸਟੋਲਾਨ, ਪੱਤਰ ਕੰਦ, ਅੱਖ, ਪ੍ਰਕੰਦ ਅਤੇ ਰਨਰ ਆਦਿ ਤਰੀਕਿਆਂ ਰਾਹੀਂ ਹੁੰਦਾ ਹੈ। ਇਹ ਹਿੱਸੇ ਕੁਝ ਖ਼ਾਸ ਰਾਖਵੇਂ ਸੈੱਲਾਂ ਤੋਂ ਬਣਦੇ ਹਨ। ਇਹ ਰਾਖਵੇਂ ਸੈੱਲ ਖ਼ਾਸ ਟਿਸ਼ੂ ਗਰੁੱਪਾਂ ਵਿਚ ਸਥਿਤ ਹੁੰਦੇ ਹਨ, ਜਿਨ੍ਹਾਂ ਨੂੰ ਵਿਭਾਜਨਯੋਗ ਟਿਸ਼ੂ ਕਹਿੰਦੇ ਹਨ। ਨਾਲ ਵੈਸਕੂਲਰ ਪੌਦਿਆਂ ਵਿਚ ਅਲਿੰਗੀ ਜਣਨ ਜੈਮੀ ਰਾਹੀਂ ਹੁੰਦਾ ਹੈ। ਇਹ ਜੈਮੀ ਬਿਲਕੁਲ ਵੱਖਰੇ ਟਿਸ਼ੂ ਭਾਗਾਂ ਵਿਚ ਸਥਿਤ ਨਹੀਂ ਹੁੰਦੇ।

**ਬਹੁ-ਸੈੱਲੀ ਪ੍ਰਾਣੀ**—ਇਨ੍ਹਾਂ ਵਿਚ ਅਲਿੰਗੀ ਜਣਨ ਕਈ ਤਰੀਕਿਆਂ ਰਾਹੀਂ ਹੁੰਦਾ ਹੈ। ਡੰਡੀ ਰਹਿਤ ਕਾਲੋਨੀਅਲ ਕਿਸਮਾਂ ਜਿਵੇਂ ਸਪੰਜ, ਸੀਲੈਂਟਰੇਟ, ਪਾਲਿਪ ਅਤੇ ਟਿਊਨਿਕੇਟ ਆਦਿ ਵਿਚ ਟਹਿਣੀਆਂ, ਸਟੋਲਾਨ ਜਾਂ ਬਡਿੰਗ ਦੇ ਤਰੀਕੇ ਨਾਲ ਜਣਨ ਹੁੰਦਾ ਹੈ। ਨਿਮਨ ਪੱਧਰ ਪ੍ਰਾਣੀਆਂ ਵਿਚ ਕੁਝ ਰਾਖਵੇਂ ਸੈੱਲਾਂ ਤੋਂ ਬਿਨਾਂ ਹੋਰ ਦੂਜੇ ਸੈੱਲ ਵੀ ਆਪਣੀ ਖ਼ਾਸੀਅਤ ਛੱਡ ਕੇ ਨਵਾਂ ਜੀਵ ਪੈਦਾ ਕਰਨ ਵਿਚ ਹਿੱਸਾ ਪਾ ਸਕਦੇ ਹਨ। ਐਨੇਲਿਡਾਂ ਅਤੇ ਚਪਟੇ ਵਰਮਾਂ ਵਿਚ ਜਣਨ ਆਂਡੇਖੰਡਨ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਰਾਖਵੇਂ ਸੈੱਲਾਂ ਨੂੰ ਨੀਓਬਲਾਸਟ ਕਹਿੰਦੇ ਹਨ। ਜੇ ਪ੍ਰਾਣੀ ਦੇ ਸਰੀਰ ਦਾ ਕੋਈ ਅੰਗ ਕਿਸੇ ਤਰ੍ਹਾਂ ਖ਼ਰਾਬ ਹੋ ਜਾਵੇ ਜਾਂ ਕਟ ਜਾਵੇ ਤਾਂ ਇਹ ਰਾਖਵੇਂ ਸੈੱਲ ਪੁਨਰ ਜਣਨ ਰਾਹੀਂ ਉਸ ਹਿੱਸੇ ਨੂੰ ਮੁੜਕੇ ਬਣਾ ਦਿੰਦੇ ਹਨ।

ਕੁਝ ਰੀੜ੍ਹ ਰਹਿਤ ਗਰੁੱਪਾਂ ਵਿਚ ਅਲਿੰਗੀ ਜਣਨ ਕੁਝ ਸੁਰੱਖਿਅਤ ਤਰੀਕਿਆਂ ਦੇ ਸਹਿਯੋਗ ਨਾਲ ਹੁੰਦਾ ਹੈ ਜਿਨ੍ਹਾਂ ਰਾਹੀਂ ਉਹ ਅਣਅਨੁਕੂਲੇ ਹਾਲਾਤਾਂ ਵਿਚੋਂ ਲੰਘ ਸਕਦੇ ਹਨ। ਜੈਮਿਊਲ ਅਤੇ ਸਟੈਟੋਬਲਾਸਟ ਸੈੱਲ ਦੇ ਗੱਰੁਪ ਹੁੰਦੇ ਹਨ ਜਿਹੜੇ ਕਾਰਜਹੀਣ ਹਾਲਤਾਂ ਕੱਟ ਲੈਂਦੇ ਹਨ।

## ਨਰ ਦੇ ਜਣਨ-ਅੰਗ

ਨਰ ਦੇ ਬਾਹਰਲੇ ਜਣਨ ਅੰਗਾਂ ਵਿਚ ਇਕ ਨਰ-ਇੰਦਰੀ (ਮੈਥੁਨ ਅੰਗ) ਅਤੇ ਪਤਾਲੂ ਪੋਟਲੀ ਆਉਂਦੇ ਹਨ। ਪਤਾਲੂ ਪੋਟਲੀ ਦੇ ਅੰਦਰ ਪਤਾਲੂ ਹੁੰਦੇ ਹਨ ਜਿਨ੍ਹਾਂ ਵਿਚ ਸ਼ੁਕ੍ਰਾਣੂ ਬਣਦੇ ਹਨ। ਇਹ ਸ਼ੁਕ੍ਰਾਣੂ ਇਕ ਵਲਦਾਰ, ਨਲੀਨੁਮਾ ਅੰਗ ਐਪੀਡਿਡੀਮਿਸ ਵਿਚ ਇਕੱਠੇ ਹੁੰਦੇ ਹਨ। ਇਹ ਐਪੀਡਿਡੀਮਿਸ ਪਤਾਲੂ ਦੀ ਸਤ੍ਹਾ ਨਾਲ ਲੱਗਿਆ ਹੁੰਦਾ ਹੈ। ਇਸ ਵਿਚੋਂ ਸ਼ੁਕ੍ਰਾਣੂ (ਜਰਮ-ਸੈੱਲ) ਡਕਟਸ ਡੈਫ਼ਰੈਂਸ ਅਤੇ ਨਰ-ਇੰਦਰੀ ਦੇ ਮੂਤਰ-ਮਾਰਗ ਰਾਹੀਂ ਲੰਘਦੇ ਹਨ ਜਿਥੋਂ ਇਹ ਮਾਦਾ ਦੇ ਜਣਨ ਟਰੈਕਟ ਵਿਚ ਜਾਂਦੇ ਹਨ। ਵੀਰਜ ਥੈਲੀਆਂ ਪ੍ਰਾਸਟੇਟ ਗਲੈਂਡ ਅਤੇ ਕਾਊਪਰ ਗਲੈਂਡ ਜਣਨ ਮਾਰਗਾਂ ਵਿਚ ਖੁਲ੍ਹਦੀਆਂ ਹਨ ਅਤੇ ਇਨ੍ਹਾਂ ਦੇ ਰਿਸਾਉ, ਵੀਰਜ ਦੀ ਮਾਤਰਾ ਨੂੰ ਵਧਾਉਂਦੇ ਹਨ ਅਤੇ ਸ਼ੁਕ੍ਰਾਣੂਆਂ ਦੀ ਆਵਾਜਾਈ ਵਿਚ ਸਹਾਇਤਾ ਕਰਦੇ ਹਨ।

**ਨਰ-ਇੰਦਰੀ**—ਇਹ ਇਰੈਕਟਾਈਲ ਟਿਸ਼ੂ ਦੇ ਤਿੰਨ ਸਿਲਿੰਡਰਾਂ ਦੀ ਬਣੀ ਹੁੰਦੀ ਹੈ ਜਿਸ ਦੇ ਉੱਤੇ ਚਮੜੀ ਅਤੇ ਚਮੜੀ ਥਲਵੇਂ ਟਿਸ਼ੂ ਦੀ ਤਹਿ ਹੁੰਦੀ ਹੈ। ਇਨ੍ਹਾਂ ਤਿੰਨ ਸਿਲਿੰਡਰਾਂ ਵਿਚੋਂ ਦੋ ਕਾਰਪਸ ਕੈਵਰ ਨੋਸਾ ਨਾਲ ਨਾਲ ਤੇ ਤੀਜਾ ਕਾਰਪਸ ਸਪੰਜਿਓਸਮ ਇਨ੍ਹਾਂ ਦੇ ਹੇਠਾਂ ਸਥਿਤ ਹੁੰਦਾ ਹੈ। ਇੰਦਰੀ ਦੇ ਮੁੱਢ ਵਿਚ ਦੋਵੇਂ ਕਾਰਪਸ ਕੈਵਰ-ਨੋਸਾ ਦੇ ਪਿਛਲੇ ਸਿਰੇ ਵੱਖ ਹੋ ਕੇ ਪਿਊਬਿਕ ਆਰਕ ਨਾਲ ਜੁੜੇ ਹੁੰਦੇ ਹਨ। ਇਨ੍ਹਾਂ ਦੋਨਾਂ ਦੇ ਵਿਚਕਾਰ ਕਾਰਪਸ ਸਪੰਜਿਓਸਮ ਦਾ ਪਿਛਲਾ ਫੁਲਿਆ ਹੋਇਆ ਸਿਰਾ ਹੁੰਦਾ ਹੈ। ਇਸ ਦਾ ਇਕ ਸਿਰਾ ਵੱਡਾ ਤੇ ਘੰਟੀ-ਨੁਮਾ ਫੁੱਲਿਆ ਹੁੰਦਾ ਹੈ, ਜਿਸ ਨੂੰ ਗਲੈਂਸ ਕਹਿੰਦੇ ਹਨ, ਇੰਦਰੀ ਦਾ ਸਿਰਾ ਬਣਾਉਂਦਾ ਹੈ। ਕਾਰਪਸ ਸਪੰਜਿਓਸਮ ਦੀ ਸਾਰੀ ਲੰਬਾਈ ਦੇ ਅੰਦਰ

ਮੂਤਰ-ਮਾਰਗ ਹੁੰਦਾ ਹੈ। ਇਹ ਬਾਹਰ ਗਲੈਂਸ ਦੇ ਸਿਰੇ ਤੇ ਇਕ ਚੀਰ ਰਾਹੀਂ ਖੁਲ੍ਹਦਾ ਹੈ ਜਿਸ ਨੂੰ ਬਾਹਰਲਾ ਦੁਆਰ ਕਹਿੰਦੇ ਹਨ। ਇੰਦਰੀ ਦੇ ਵਿਚੋਂ ਲੰਘਦੇ ਮੂਤਰ-ਮਾਰਗ ਵਿਚੋਂ ਮੂਤਰ ਅਤੇ ਵੀਰਜ ਦੋਵੇਂ ਲੰਘਦੇ ਹਨ। ਇੰਦਰੀ ਦੀ ਚਮੜੀ ਬਹੁਤ ਢਿਲੀ ਜਿਹੀ ਹੁੰਦੀ ਹੈ। ਸਿਰੇ ਦੇ ਨੇੜੇ ਇਹ ਇਕ ਤਹਿ ਬਣਾਉਂਦੀ ਹੈ ਜਿਸ ਨੂੰ ਪ੍ਰੀਪਿਊਸ (ਸੁਪਾਰੂ ਨੂੰ ਢਕਣ ਵਾਲਾ ਮਾਸ) ਕਹਿੰਦੇ ਹਨ, ਇਹ ਗਲੈਂਸ ਦੇ ਬਹੁਤੇ ਹਿੱਸੇ ਨੂੰ ਢਕਦਾ ਹੈ।

ਮੈਥੁਨ ਸਮੇਂ ਨਰ ਇੰਦਰੀ ਰਾਹੀਂ ਸ਼ੁਕ੍ਰਾਣੂ ਮਾਦਾ ਦੇ ਜਣਨ ਟਰੈਕਟ ਵਿਚ ਜਾਂਦੇ ਹਨ ਪਰ ਉਹ ਜਗ੍ਹਾ ਜਿਥੇ ਦਾਖ਼ਲ ਕੀਤੇ ਜਾਂਦੇ ਹਨ, ਵੱਖ ਵੱਖ ਜਾਤੀਆਂ ਵਿਚ ਵੱਖ ਵੱਖ ਹੁੰਦੀ ਹੈ। ਘੋੜੇ ਵਿਚ ਇਹ ਬੱਚੇਦਾਨੀ ਦੇ ਮੂੰਹ ਵਿਚੋਂ ਲੰਘ ਕੇ ਸਿੱਧੇ ਬੱਚੇਦਾਨੀ ਵਿਚ ਹੀ ਦਾਖ਼ਲ ਕੀਤੇ ਜਾਂਦੇ ਹਨ, ਗਾਵਾਂ ਮੱਝਾਂ ਅਤੇ ਭੇਡਾਂ ਵਿਚ ਇਹ ਬੱਚੇਦਾਨੀ ਦੇ ਮੂੰਹ ਦੇ ਸਿਰੇ ਤੇ ਹੀ ਛੱਡ ਦਿੱਤੇ ਜਾਂਦੇ ਹਨ। ਨਰ-ਇੰਦਰੀ ਤੋਂ ਅਤੇ ਬੱਚੇਦਾਨੀ ਦੇ ਮੂੰਹ ਦੀ ਕਿਸਮ ਤੋਂ ਪਤਾ ਲਗਾਇਆ ਜਾ ਸਕਦਾ ਹੈ ਕਿ ਕਿਸ ਜਾਤੀ ਵਿਚ ਕਿਹੜਾ ਤਰੀਕਾ ਅਪਣਾਇਆ ਜਾਂਦਾ ਹੈ।

**ਪਤਾਲੂ ਪੋਟਲੀ**—ਇਹ ਚਮੜੀ ਦੀ ਬਣੀ ਇਕ ਪੋਟਲੀ ਜਾਂ ਥੈਲੀ ਜਿਹੀ ਹੁੰਦੀ ਹੈ ਜਿਹੜੀ ਦੋ ਹਿੱਸਿਆਂ ਵਿਚ ਵੰਡੀ ਹੁੰਦੀ ਹੈ। ਹਰੇਕ ਹਿੱਸੇ ਵਿਚ ਇਕ ਪਤਾਲੂ, ਐਪੀਡਿਡੀਮਿਸ ਅਤੇ ਪਤਾਲੂ ਕਾਰਡ ਦਾ ਕੁਝ ਹਿੱਸਾ ਹੁੰਦਾ ਹੈ। ਪੋਟਲੀ ਦੀ ਚਮੜੀ ਉੱਤੇ ਦੂਰ ਦੂਰ ਸਥਿਤ ਕੁਝ ਵਾਲ ਅਤੇ ਚੰਗੀਆਂ ਵਿਕਸਿਤ ਥੰਧਿਆਈ ਅਤੇ ਪਸੀਨਾ ਗਲੈਂਡ ਹੁੰਦੇ ਹਨ।

ਭਰੂਣ ਦੇ ਪਰਿਵਰਧਨ ਸਮੇਂ ਪਤਾਲੂ ਪੋਟਲੀਆਂ ਪੇਟ-ਭਿੱਤੀ ਤੋਂ ਇਕ ਜੋੜਾ ਥੈਲੀਆਂ ਜਿਹੇ ਉਭਾਰਾਂ ਦਾ ਉਠਦਾ ਹੈ ਅਤੇ ਪਤਾਲੂ ਪੇਟ ਖੋੜ ਵਿਚ ਵਿਕਸਿਤ ਹੋ ਕੇ ਬਾਅਦ ਵਿਚ ਇਨ੍ਹਾਂ ਥੈਲੀਆਂ ਵਿਚ ਜਾਂਦੇ ਹਨ। ਜੇ ਪਤਾਲੂ, ਪਤਾਲੂ ਪੋਟਲੀ ਵਿਚ ਨਾ ਜਾਣ ਤਾਂ ਪ੍ਰਾਣੀ ਬਾਂਝ ਰਹਿੰਦਾ ਹੈ ਕਿਉਂਕਿ ਦੇਹ ਭਿੱਤੀ ਦਾ ਉੱਚਾ ਤਾਪਮਾਨ ਸ਼ੁਕ੍ਰਾਣੂ ਬਣਨ ਵਿਚ ਰੁਕਾਵਟ ਪਾਉਂਦਾ ਹੈ। ਪਤਾਲੂਆਂ ਦੇ ਨਾਲ ਜਿਹੜੀਆਂ ਵਹਿਣੀਆਂ, ਨਾੜੀਆਂ ਅਤੇ ਡਕਟਸ ਰੈਫ਼ਰੈਂਸ ਵੀ ਆਉਂਦੇ ਹਨ ਉਨ੍ਹਾਂ ਨੂੰ ਪਤਾਲੂ ਕਾਰਡ ਕਹਿੰਦੇ ਹਨ। ਜਿਨ੍ਹਾਂ ਰਸਤਿਆਂ ਰਾਹੀਂ ਇਹ ਜਾਂਦੇ ਹਨ ਉਨ੍ਹਾਂ ਨੂੰ ਚੱਡਾ ਨਾਲੀਆਂ ਕਹਿੰਦੇ ਹਨ। ਪੇਟ ਭਿੱਤੀ ਦੀਆਂ ਤਹਿਆਂ ਵੀ ਨਾਲ ਹੀ ਪੋਟਲੀ ਵਿਚ ਚਲੀਆਂ ਜਾਂਦੀਆਂ ਹਨ ਅਤੇ ਇਹ ਪਤਾਲੂ ਅਤੇ ਕਾਰਡਾਂ ਦਾ ਕੱਜਣ ਬਣਦੀਆਂ ਹਨ। ਪਤਾਲੂ-ਪੋਟਲੀ ਦਾ ਤਾਪਮਾਨ ਦੇਹ ਖੋੜ ਤੋਂ ਘੱਟ ਹੁੰਦਾ ਹੈ ਅਤੇ ਜੋ ਕਿ ਇਹ ਤਾਪ ਨੂੰ ਨਿਯਮਿਤ ਕਰਨ ਦਾ ਕੰਮ ਕਰਦੀ ਹੈ।




**ਚਿੱਤਰ 1. ਡਾਇਗਰਾਮੈਟਿਕ ਲੰਬਕਾਰੀ ਕਾਟ, ਨਰ ਜਣਨ ਅੰਗਾਂ ਦੇ ਸਬੰਧ ਦਰਸਾਉਂਦੀ ਹੋਈ।**

**ਪਤਾਲੂ**—ਇਹ ਦੋ ਆਵਸ਼ਕ ਨਰ ਜਣਨ-ਅੰਗ ਹਨ। ਹਰੇਕ ਪਤਾਲੂ 4-5 ਸੈਂ. ਮੀ. ਲੰਬਾ ਤੇ 2.5-3 ਸੈਂ. ਮੀ. ਚੌੜਾ ਅਤੇ ਅੰਡਾਕਾਰ ਸ਼ਕਲ ਦਾ ਹੁੰਦਾ ਹੈ। ਹਰੇਕ ਪਤਾਲੂ ਦੁਆਲੇ ਸੰਘਣਾ, ਰੇਸ਼ੇਦਾਰ ਕੈਪਸਿਊਲ ਟਿਊਨਿਕਾ ਐਲਬਿਊਜਿਨੀਆ ਹੁੰਦਾ ਹੈ ਜਿਸ ਤੋਂ ਪਤਲੀਆਂ ਪਤਲੀਆਂ ਭਿੱਤੀਆਂ ਅੰਦਰ ਜਾ ਕੇ ਪਤਾਲੂ ਨੂੰ ਕੋਈ 250 ਦੇ ਲਗਭਗ ਛੋਟੇ ਛੋਟੇ ਖਾਨਿਆਂ ਵਿਚ ਵੰਡ ਦਿੰਦੀਆਂ ਹਨ। ਹਰੇਕ ਖਾਨੇ ਵਿਚ 1-3 ਬਹੁਤ ਜ਼ਿਆਦਾ ਵਲ੍ਹੇਟੀਆਂ ਸੈਮਨਿਫਰਸ ਨਲਿਕਾਵਾਂ ਹੁੰਦੀਆਂ ਹਨ, ਇਹ ਫਿਰ ਸਿੱਧੀਆਂ ਨਲਿਕਾਵਾਂ ਨਾਲ ਜੁੜਦੀਆਂ ਹਨ ਅਤੇ ਇਹ ਅੱਗੋਂ ਹੋਰ ਨਲਕੀਆਂ ਜਾਂ ਸੰਚਾਰ ਨਲਿਕਾਵਾਂ ਨਾਲ ਜੁੜਦੀਆਂ ਹਨ। ਸੈਮਨਿਫਰਸ ਨਲਿਕਾਵਾਂ ਵਿਚ ਬਣੇ ਸ਼ੁਕ੍ਰਾਣੂ ਸਿੱਧੀਆਂ ਅਤੇ ਸੰਚਾਰ ਨਲਕੀਆਂ ਵਿਚੋਂ ਲੰਘ ਕੇ 15-20 ਹੋਰ ਛੋਟੀਆਂ ਨਿਕਾਸ ਵਹਿਣੀਆਂ ਰਾਹੀਂ, (ਜਿਨ੍ਹਾਂ ਨੂੰ ਸ਼ੁਕ੍ਰਾਣੂ ਨਿੱਕੀਆਂ ਵਹਿਣੀਆਂ ਕਹਿੰਦੇ ਹਨ) ਐਪੀਡਿਡੀਮਿਸ ਵਿਚ ਜਾਂਦੇ ਹਨ। ਸ਼ੁਕ੍ਰਾਣੂ ਐਪੀਡਿਡੀਮਿਸ ਦੇ ਅਗਲੇ ਹਿੱਸੇ ਵਿਚੋਂ ਜਲਦੀ ਨਾਲ ਗੁਜ਼ਰ ਕੇ ਪਿਛਲੇ ਹਿੱਸੇ ਵਿਚ ਇਕੱਠੇ ਹੋ ਜਾਂਦੇ ਹਨ ਅਤੇ ਇਥੇ ਹੀ ਇਹ ਪ੍ਰੌਢ ਹੁੰਦੇ ਹਨ। (ਜੇ ਸ਼ੁਕ੍ਰਾਣੂ ਸਿੱਧੇ ਹੀ ਪਤਾਲੂਆਂ ਵਿਚੋਂ ਲੈ ਲਏ ਜਾਣ ਤਾਂ ਇਹ ਨਿਸ਼ੇਚਨ ਕਰਨ ਦੇ ਅਸਮਰੱਥ ਹੁੰਦੇ ਹਨ)।

ਹਰੇਕ ਸ਼ੁਕ੍ਰਾਣੂ ਇਕ ਬਹੁਤ ਜ਼ਿਆਦਾ ਗਤੀਸ਼ੀਲ ਸੈੱਲ ਹੁੰਦਾ ਹੈ, ਜਿਸ ਦੇ ਸਿਰ, ਮੱਧ ਪੀਸ ਅਤੇ ਲੰਬੀ ਪੂਛ, ਤਿੰਨ ਹਿੱਸੇ ਹੁੰਦੇ ਹਨ। ਪੂਛ ਜਾਂ ਫ਼ਲੈਜੈਲਮ, ਬਹੁਤ ਤੇਜ਼ ਛਾਟਾਵੱਤ ਗਤੀਆਂ ਰਾਹੀਂ ਸੈੱਲ ਨੂੰ ਅਗੇ ਧਕਦੀ ਹੈ। ਇਕ ਆਦਮੀ ਆਪਣੇ ਜਣਨ ਕਾਲ ਦੌਰਾਨ ਕੋਈ 400,000,000,000 ਦੇ ਕਰੀਬ ਸ਼ੁਕ੍ਰਾਣੂ ਕੱਢਦਾ ਹੈ। ਇਕ ਵਾਰ ਕੱਢੇ ਵੀਰਜ ਵਿਚ ਕਈ ਸੌ ਮਿਲੀਅਨ ਸ਼ੁਕ੍ਰਾਣੂ ਹੁੰਦੇ ਹਨ ਪਰ ਜੇ ਨਿਸ਼ੇਚਨ ਹੁੰਦਾ ਹੈ ਤਾਂ ਸਿਰਫ਼ ਇਕ ਸ਼ੁਕ੍ਰਾਣੂ ਹੀ ਆਂਡੇ ਦੇ ਅੰਦਰ ਦਾਖ਼ਲ ਹੁੰਦਾ ਹੈ। ਇਸ ਸ਼ੁਕ੍ਰਾਣੂ ਦੇ ਸਿਰ ਦੇ ਨਿਊਕਲੀਅਸ ਵਿਚ ਹੀ ਪਿਤਾ ਵਾਲਾ ਸਾਰਾ ਵੰਸ਼ਿਕ ਮਾਦਾ ਸਿਮਟਿਮ ਹੁੰਦਾ ਹੈ।

ਸੈਮਨਿਫਰੱਸ ਨਲਿਕਾਵਾਂ ਦੇ ਵਿਚਕਾਰ ਸਥਿਤ ਇੰਟਰਸਟਿਸ਼ੈਲ ਟਿਸ਼ੂ ਦੇ ਸੈੱਲ ਨਰ ਲਿੰਗ ਹਾਰਮੋਨ ਰਿਸਾਉਂਦੇ ਹਨ (ਵੇਖੋ ਹਾਰਮੋਨ)।

**ਐਪੀਡਿਡੀਮਿਸ**—ਇਹ ਪਤਾਲੂ ਦੇ ਪਿਛਲੇ ਪਾਸੇ ਤੇ ਸਥਿਤ ਇਕ ਸਖ਼ਤ ਤੇ ਲੰਬੀ ਜਿਹੀ ਬਣਤਰ ਹੁੰਦੀ ਹੈ। ਉਪਰਲੇ ਸਿਰੇ ਤੇ ਇਹ ਵੱਡੀ ਹੋਈ ਹੁੰਦੀ ਹੈ ਤੇ ਸਿਰ ਕਹਾਉਂਦੀ ਹੈ, ਜਦੋਂ ਕਿ ਹੇਠਲਾ ਸਿਰਾ ਛੋਟਾ ਹੁੰਦਾ ਹੈ ਅਤੇ 'ਪੂਛ' ਕਹਾਉਂਦਾ ਹੈ। ਐਪੀਡਿਡੀਮਿਸ ਤਕਰੀਬਨ 4.5 ਤੋਂ 6 ਮੀ. ਲੰਬੀ ਨਲੀ ਹੁੰਦੀ ਹੈ ਤੇ ਇਸ ਵਿਚ ਬਹੁਤ ਸਾਰੇ ਸ਼ੁਕ੍ਰਾਣੂ ਇਕੱਠੇ ਹੋ ਸਕਦੇ ਹਨ। ਖ਼ਿਆਲ ਹੈ ਕਿ ਇਸ ਦੀ ਅੰਦਰਲੀ ਤਹਿ ਇਕ ਰਿਸਾਉ ਕੱਢਦੀ ਹੈ, ਜਿਹੜਾ ਸ਼ੁਕ੍ਰਾਣੂ ਨੂੰ ਆਹਾਰ ਦਿੰਦਾ ਹੈ।

**ਡਕਟਸ ਡੈਫ਼ਰੈਂਸ**—ਇਸ ਨੂੰ ਵਾਸ ਡੈਫਰੈਂਸ ਵੀ ਕਹਿੰਦੇ ਹਨ ਅਤੇ ਇਹ ਐਪੀਡਿਡੀਮਿਸ ਦੀ ਨਲੀ ਨਾਲ ਹੀ ਨਿਰੰਤਰ ਚਲਦੀ ਹੈ। ਇਹ ਉਸ ਦੇ ਪੂਛ ਵਾਲੇ ਸਿਰੇ ਤੋਂ ਪ੍ਰਾਸਟੇਟ ਦੇ ਪਿਛਲੇ ਪਾਸੇ ਤੱਕ ਜਾਂਦੀ ਹੈ ਜਿਥੇ ਇਹ ਵੀਰਜ ਥੈਲੀ ਵੀ ਵਹਿਣੀ ਨਾਲ ਮਿਲ ਕੇ ਛੁੱਟਣ ਨਿਕਾਸ ਵਹਿਣੀ ਬਣਾਉਂਦੀ ਹੈ। ਪ੍ਰੱਸਟੇਟ ਕੋਲ ਦੋਨੋਂ ਪਾਸਿਆਂ ਦੀਆਂ ਵਾਸ ਡੈਫਰੈਂਸ ਮਿਲ ਜਾਂਦੀਆਂ ਹਨ।

ਵੀਰਜ ਥੈਲੀ ਤੋਂ ਪਹਿਲਾਂ ਡਕਟਸ ਡੈਫ਼ਰੈਂਸ ਚੌੜੀ ਹੋ ਕੇ ਡਕਟਸ ਡੈਫ਼ਰੈਂਸ ਦਾ ਐਪੂਲਾ ਬਣਾਉਂਦੀ ਹੈ ਜਿਸ ਦੇ ਲਿਊਮੈਨ ਦੀਆਂ ਬਾਹਰ ਵੱਲ ਕਈ ਜੇਬਾਂ ਜਿਹੀਆਂ ਬਣੀਆਂ ਹੁੰਦੀਆਂ ਹਨ। ਵੀਰਜ ਨਿਕਲਣ ਤੋਂ ਪਹਿਲਾਂ ਇਕ ਵਾਰ ਵਿਚ ਬਾਹਰ ਜਾਣ ਵਾਲੇ ਸ਼ੁਕ੍ਰਾਣੂ ਇਸ ਐਪੂਲਾ ਵਿਚ ਆ ਜਾਂਦੇ ਹਨ।

**ਵੀਰਜ-ਥੈਲੀ ਅਤੇ ਛੁੱਟਣ ਨਿਕਾਸ-ਵਹਿਣੀ**—ਇਹ ਡਕਟਸ ਡੈਫ਼ਰੈਂਸ ਦੇ ਦੋ ਥੈਲੀਆਂ ਵਰਗੇ ਉਪ-ਅੰਗ ਹਨ ਜਿਹੜੇ ਇਨ੍ਹਾਂ ਦੇ ਪਾਸਿਆਂ ਤੇ ਸਮਾਂਤਰ ਪਏ ਹੁੰਦੇ ਹਨ ਅਤੇ ਮੂਤਰ-ਮਸਾਨੇ ਦੇ ਪਿਛਲੇ ਪਾਸੇ ਨਾਲ ਜੁੜੇ ਹੁੰਦੇ ਹਨ। ਹਰੇਕ ਥੈਲੀ ਤਕਰੀਬਨ 10-12 ਸੈਂ. ਮੀ. ਲੰਬੀ ਪਤਲੀ ਭਿੱਤੀ ਵਾਲੀ ਨਲੀ ਹੁੰਦੀ ਹੈ ਜਿਹੜੀ ਆਪਣੇ ਆਪ ਉੱਤੇ ਲਿਪਟੀ ਪਈ ਹੁੰਦੀ ਹੈ। ਮੁੱਖ ਨਲੀ ਵਿਚੋਂ ਅਨੇਕਾਂ ਡਾਈਵਰਟੀਕੁਲਾ ਨਿਕਲਦੇ ਹਨ। ਵੀਰਜ ਥੈਲੀ ਦੀ ਨਿਕਾਸ ਵਹਿਣੀ ਹਰੇਕ ਪਾਸੇ ਤੇ ਡਕਟਸ ਡੈਫਰੈਂਸ ਨਾਲ ਮਿਲ ਕੇ ਛੁੱਟਣ ਨਿਕਾਸ-ਵਹਿਣੀ ਬਣਾਉਂਦੀ ਹੈ। ਇਹ ਦੋਨੋਂ ਛੁੱਟਣ ਨਿਕਾਸ ਵਹਿਣੀਆਂ, ਪਤਲੀ ਭਿੱਤੀ ਵਾਲੀਆਂ ਅਤੇ ਤੰਗ ਨਲੀਆਂ, ਪ੍ਰਾਸਟੇਟ ਗਲੈਂਡ ਵਿਚੋਂ ਨਾਲ ਨਾਲ ਲੰਘਦੀਆਂ ਹੋਈਆਂ ਮੂਤਰ-ਮਾਰਗ ਵਿਚ ਖੁਲ੍ਹਦੀਆਂ ਹਨ।

**ਪ੍ਰਾਸਟੇਟ**—ਇਹ ਮੂਤਰ ਮਸਾਨੇ ਦੇ ਹੇਠਾਂ ਸਥਿਤ ਗਲੈਂਡ ਹੈ। ਇਸ ਵਿਚੋਂ ਮੂਤਰ-ਮਾਰਗ ਅਤੇ ਛੁੱਟਣ ਨਿਕਾਸ ਵਹਿਣੀਆਂ ਲੰਘਦੀਆਂ ਹਨ। ਇਹ ਗਲੈਂਡ ਮੀਨਾਰ ਦੀ ਸ਼ਕਲ ਦੀ ਹੁੰਦੀ ਹੈ ਇਹ ਇਕ ਸੰਘਣੇ ਰੇਸ਼ੇਦਾਰ ਕੈਪਸਿਊਲ ਵਿਚ ਲਿਪਟੇ ਗਲੈਂਡਦਾਰ ਟਿਸ਼ੂ ਦੀ ਬਣੀ ਹੁੰਦੀ ਹੈ। ਸੂਖ਼ਮਦਰਸ਼ੀ ਹੇਠਾਂ ਦੇਖਿਆਂ ਪਤਾ ਲਗਦਾ ਹੈ ਕਿ ਇਹ 30-50 ਸ਼ਾਖਾਵਾਂ ਵਾਲੀਆਂ ਗਲੈਂਡਾਂ ਦੀ ਬਣੀ ਹੁੰਦੀ ਹੈ ਜਿਹੜੀਆਂ 16-20 ਸੂਖ਼ਮ ਨਿਕਾਸ ਵਹਿਣੀਆਂ ਨਾਲ ਜੁੜਦੀਆਂ ਹਨ। ਪ੍ਰਾਸਟੈਟਿਕ ਮੂਤਰ-ਮਾਰਗ ਵਿਚ ਖੁਲ੍ਹਦੀਆਂ ਹਨ। ਇਸ ਦਾ ਰਿਸਾਉ ਪਤਲਾ, ਦੁਧੀਆ ਰੰਗ ਦਾ, ਹਲਕਾ ਖਾਰਾ ਤੇ ਇਕ ਖ਼ਾਸ ਗੰਧ ਵਾਲਾ ਹੁੰਦਾ ਹੈ। ਬਿਰਧ ਅਵਸਥਾ ਵਿਚ ਇਹ ਗਲੈਂਡ ਆਮ ਤੌਰ ਤੇ ਜ਼ਿਆਦਾ ਵੱਡੀ ਹੋ ਜਾਂਦੀ ਹੈ ਅਤੇ ਪਿਸ਼ਾਬ ਦੀ ਤਕਲੀਫ਼ ਪੈਦਾ ਕਰ ਦਿੰਦੀ ਹੈ।

**ਕਾਊਪਰ ਗਲੈਂਡ**—ਇਹ ਗਲੈਂਡਾਂ ਮੂਤਰ-ਮਾਰਗ ਦੇ ਹਰੇਕ ਪਾਸੇ ਮੂਤਰ ਡਾਇਆਫ੍ਰਾਮ ਵਿਚ ਸਥਿਤ ਹੁੰਦੀਆਂ ਹਨ। ਇਨ੍ਹਾਂ ਦਾ ਵਿਆਸ ਤਕਰੀਬਨ 5 ਮਿ. ਮੀ. ਹੁੰਦਾ ਹੈ ਅਤੇ ਇਨ੍ਹਾਂ ਦੀਆਂ ਨਿਕਾਸ ਵਹਿਣੀਆਂ ਮੂਤਰ-ਮਾਰਗ ਵਿਚ ਖੁਲ੍ਹਦੀਆਂ ਹਨ। ਇਹ ਇਕ ਲੇਸਦਾਰ ਰਿਸਾਉ ਕੱਢਦੀਆਂ ਹਨ ਜਿਸ ਦਾ ਕੰਮ ਸ਼ਾਇਦ ਚਿਕਨਾ ਕਰਨ ਦਾ ਹੈ।

## ਮਾਦਾ ਦੇ ਜਣਨ-ਅੰਗ

**ਬਾਹਰਲੇ**—ਮਾਦਾ ਦੇ ਬਾਹਰਲੇ ਜਣਨ-ਅੰਗਾਂ ਵਿਚ ਭਗ ਆਉਂਦੀ ਹੈ। ਇਸ ਦੇ ਦੁਆਰ ਦੇ ਪਾਸਿਆਂ ਤੇ ਲੇਬੀਆ ਮੇਜਰਾ ਹੁੰਦੇ ਹਨ, ਇਹ ਚਮੜੀ ਦੀਆਂ ਦੋ ਉਭਰਵੀਆਂ ਗੋਲ ਜਿਹੀਆਂ ਪਰਤਾਂ ਹੁੰਦੀਆਂ ਹਨ। ਇਨ੍ਹਾਂ ਉੱਪਰ ਵਿਰਲੇ ਵਿਰਲੇ ਵਾਲ ਹੁੰਦੇ ਹਨ, ਜੋ ਮੱਧ ਲਾਈਨ ਤੇ ਆਪਸ ਵਿਚ ਜੁੜ ਜਾਂਦੇ ਹਨ ਅਤੇ ਇਸ ਤਰ੍ਹਾਂ ਬਾਕੀ ਦੇ ਬਾਹਰਲੇ ਜਣਨ-ਅੰਗ ਇਨ੍ਹਾਂ ਦੇ ਹੇਠ ਲੁਕੇ ਹੁੰਦੇ ਹਨ।

ਅੰਗਾਂ ਦੀ ਤਰਤੀਬ ਤੇ ਸਬੰਧ ਦਰਸਾਉਂਦੀ ਹੋਈ ਲੇਬੀਆ ਮੇਜਰਾ ਦੇ ਵਿਚਕਾਰ ਚਮੜੀ ਦੀਆਂ ਲਟਕਦੀਆਂ ਹੋਈਆਂ ਦੋ ਪਰਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਲੇਬੀਆ ਮਾਈਨੋਰ ਕਹਿੰਦੇ ਹਨ। ਇਨ੍ਹਾਂ ਦੇ ਵਿਚਕਾਰ ਇਕ ਅੰਡਾਕਾਰ ਆਕਾਰ ਦਾ ਦਬਿਆ ਹੋਇਆ ਡੂੰਘ ਹੁੰਦਾ ਹੈ ਜਿਸ ਨੂੰ ਵੈਸਟਿਬਿਊਲ (ਦੁਆਰ) ਕਹਿੰਦੇ ਹਨ। ਅਗਲੇ ਪਾਸੇ ਵੱਲ ਲੇਬੀਆ ਮਾਈਨਰਾ ਆਪਸ ਵਿਚ ਜੁੜਕੇ ਇਕੋ ਹੋਏ ਹੁੰਦੇ ਹਨ ਅਤੇ ਇਹ ਚਮੜੀ ਦੀ ਇਕ ਪਤਲੀ ਜਿਹੀ ਪਰਤ ਬਣਾਉਂਦੇ ਹਨ ਜਿਸ ਨੂੰ ਸਪਾਰੂ ਨੂੰ ਢਕਣ ਵਾਲਾ ਮਾਸ ਜਾਂ ਪ੍ਰੀਪਿਊਸ ਕਹਿੰਦੇ ਹਨ ਅਤੇ ਜਿਸ ਦੇ ਹੇਠਾਂ ਸੰਵੇਦਨਸ਼ੀਲ ਕਲਾਈਟੋਰਿਸ ਹੁੰਦਾ ਹੈ। ਵੈਸਟਿਬਿਊਲ ਦੇ ਹੇਠਾਂ ਅਤੇ ਇਸ ਵਿਚ ਖੁਲ੍ਹਦਾ ਹੋਇਆ, ਮੂਤਰ-ਮਾਰਗ ਹੁੰਦਾ ਹੈ ਜਿਹੜਾ ਮੂਤਰ ਮਸਾਨੇ ਦਾ ਰਸਤਾ ਹੈ, ਅਤੇ ਯੋਨੀ ਹੁੰਦੀ ਹੈ, ਜਿਹੜੇ ਰੇਸ਼ੇਦਾਰ ਪੱਠਿਆਂ ਦੀ ਬਣੀ ਇਕ ਨਲੀ ਹੈ ਜਿਸ ਵਿਚ ਮੈਥੁਨ ਸਮੇਂ ਨਰ ਇੰਦਰੀ ਪ੍ਰਵੇਸ਼ ਕਰਦੀ ਹੈ। ਕੁਆਰੀਆਂ ਕੁੜੀਆਂ ਦੀ ਯੋਨੀ ਦਾ ਰਸਤਾ ਇਕ ਬਲਗਮੀ ਝਿੱਲੀ, ਕੁਆਰਪਤ ਜਾਂ ਕੁਆਰ ਝਿੱਲੀ ਰਾਹੀਂ ਤੰਗ ਹੋਇਆ ਹੁੰਦਾ ਹੈ।

**ਅੰਦਰਲੇ ਜਣਨ-ਅੰਗ**—ਅੰਦਰਲੇ ਜਣਨ ਅੰਗਾਂ ਵਿਚ ਅੰਡਕੋਸ਼ ਅਤੇ ਨਲੀ-ਆਕਾਰ ਦੇ ਅੰਗ ਆਉਂਦੇ ਹਨ ਜਿਹੜੇ ਯੋਨੀ ਦੇ ਦੁਆਰ ਉੱਤੇ ਬਾਹਰ ਨਾਲ ਜੁੜਦੇ ਹਨ। ਅੰਡਕੋਸ਼ਾਂ ਵਿਚ ਅੰਡਾਣੂ ਜਾਂ ਅੰਡਸੈੱਲ ਬਣਦੇ ਹਨ ਅਤੇ ਇਹ ਮਹੀਨਾਵਾਰ ਇਕ ਇਕ ਕਰਕੇ ਛੁੱਟਦੇ ਰਹਿੰਦੇ ਹਨ। ਅੰਡਕੋਸ਼ਾਂ ਦੇ ਬਿਲਕੁਲ ਨਾਲ ਸੱਜੀ ਅਤੇ ਖੱਬੀ ਅੰਡ-ਨਿਕਾਸ ਵਹਿਣੀ ਵਿਚ ਅੰਡਾਣੂ ਪ੍ਰਵੇਸ਼ ਕਰਦੀ ਹੈ। ਜੇ ਭੋਗ (ਜਾਂ ਮੈਥੁਨ) ਹੋ ਜਾਵੇ ਤਾਂ ਅੰਡਾਣੂ ਦਾ ਇਕ ਸ਼ੁਕ੍ਰਾਣੂ ਰਾਹੀਂ ਨਿਸ਼ੇਚਨ ਹੋ ਜਾਂਦਾ ਹੈ, ਜੋ ਅੰਡ ਨਿਕਾਸ ਵਹਿਣੀ ਦੇ ਉਪਰਲੇ ਹਿੱਸੇ ਤੱਕ ਪਹੁੰਚ ਚੁੱਕੇ ਹੁੰਦੇ ਹਨ। ਇਹ ਨਿਸ਼ੇਚਿਤ ਅੰਡਾ ਫਿਰ ਇਸ ਵਹਿਣੀ ਰਾਹੀਂ ਹੇਠਾਂ ਬੱਚੇਦਾਨੀ ਦੀ ਖੋੜ ਤੱਕ ਪਹੁੰਚ ਜਾਂਦਾ ਹੈ। ਇਥੇ ਇਹ ਬੱਚੇਦਾਨੀ ਦੀ ਭਿੱਤੀ ਨਾਲ ਜੁੜ ਜਾਂਦਾ ਹੈ ਅਤੇ ਜਨਮ ਤੱਕ ਆਹਾਰ ਲੈਂਦਾ ਤੇ ਵਿਕਸਿਤ ਹੁੰਦਾ ਰਹਿੰਦਾ ਹੈ। ਬੱਚੇਦਾਨੀ ਦਾ ਹੇਠਲਾ ਸਿਰਾ ਯੋਨੀ ਦੇ ਉਪਰਲੇ ਹਿੱਸੇ ਤੱਕ ਪਹੁੰਚਦਾ ਹੈ। ਬੱਚੇਦਾਨੀ ਦੀ ਫੈਲੀ ਹੋਈ ਗਰਦਨ ਅਤੇ ਯੋਨੀ ਮਿਲਕੇ

ਜਨਮ-ਨਲੀ ਬਣਾਉਂਦੇ ਹਨ ਜਿਸ ਰਾਹੀਂ ਗਰਭ-ਸਮਾਂ ਖ਼ਤਮ ਹੋਣ ਤੇ ਬੱਚਾ ਬਾਹਰ ਆਉਂਦਾ ਹੈ।

**ਅੰਡਕੋਸ਼**—ਥਣਧਾਰੀ ਪ੍ਰਾਣੀਆਂ ਵਿਚ ਦੋਨੋਂ ਪਾਸੇ ਇਕ ਇਕ ਅੰਡਕੋਸ਼ ਹੁੰਦਾ ਹੈ (ਪੰਛੀਆਂ ਵਿਚ ਸਿਰਫ਼ ਖੱਬੇ ਪਾਸੇ ਦਾ ਅੰਡਕੋਸ਼ ਹੀ ਕੰਮ ਕਰਦਾ ਹੈ)। ਹਰੇਕ ਅੰਡਕੋਸ਼ ਇਕ ਵੱਡੇ ਬਦਾਮ ਜਿਨ੍ਹਾ ਹੁੰਦਾ ਹੈ ਜਿਸ ਦੀ ਬਾਹਰਲੀ ਤਹਿ ਤੇ ਝੁਰੜੀਆਂ ਪਈਆਂ ਹੁੰਦੀਆਂ ਹਨ। ਇਸ ਦੀ ਸਤ੍ਹਾ ਕਿਊਬਾਇਡ ਸੈੱਲਾਂ ਦੀ ਇਕ ਤਹਿ, ਜਣਨ-ਐਪੀਥੀਲੀਅਮ ਰਾਹੀਂ ਢੱਕੀ ਹੁੰਦੀ ਹੈ। ਸਤ੍ਹਾ ਦੇ ਨੇੜੇ ਹੀ ਬਹੁਤ ਸਾਰੇ ਸੂਖ਼ਮ ਅੰਡਸੈੱਲ ਹੁੰਦੇ ਹਨ ਜਿਹੜੇ ਜਨਮ ਤੋਂ ਪ੍ਰੋਢ ਹੋਣ ਤੱਕ ਸਿੱਥਲ ਰਹੇ ਹੁੰਦੇ ਹਨ। ਹਰੇਕ ਦੁਆਲੇ ਚਪਟੇ ਹੋਏ ਪੋਟਲੀ-ਸੈੱਲਾਂ ਦੀ ਤਹਿ ਹੁੰਦੀ ਹੈ। ਅੰਡਾਣੂ ਆਪਣੀ ਤਹਿ ਸਮੇਤ, ਮੁਢਲਾ ਫ਼ਾਲੀਕਲ ਕਹਾਉਂਦਾ ਹੈ। ਇਕ ਜਵਾਨ (ਬਾਲਗ) ਮਾਦਾ ਦੇ ਹਰੇਕ ਅੰਡਕੋਸ਼ ਵਿਚ ਕੋਈ 200,000 ਦੇ ਲਗਭਗ ਅਜਿਹੇ ਫ਼ਾਲੀਕਲ ਹੁੰਦੇ ਹਨ ਜਿਹੜੇ ਜਨਮ ਤੋਂ ਪਹਿਲਾਂ ਹੀ ਨਿਸ਼ਚਿਤ ਹੋ ਜਾਂਦੇ ਹਨ ਅਤੇ ਉਮਰ ਵਧਣ ਨਾਲ ਲਗਾਤਾਰ ਘਟਦੇ ਰਹਿੰਦੇ ਹਨ। ਸਮੇਂ ਸਮੇਂ ਤੇ ਇਨ੍ਹਾਂ ਵਿਚ ਕੁਝ ਫ਼ਾਲੀਕਲ ਵਿਕਸਿਤ ਹੁੰਦੇ ਰਹਿੰਦੇ ਹਨ। ਅੰਡਾਣੂ ਦਾ ਵਾਧਾ ਹੌਲੀ ਹੌਲੀ ਪਰ ਪੋਟਲੀ ਸੈੱਲਾਂ ਦਾ ਵਿਭਾਜਨ ਤੇਜ਼ ਤੇਜ਼ ਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਅੰਡਾਣੂ ਦੇ ਦੁਆਲੇ ਇਕ ਮੋਟੀ ਸੈੱਲਮਈ ਤਹਿ ਬਣ ਜਾਂਦੀ ਹੈ। ਪੋਟਲੀ-ਸੈੱਲਾਂ ਦੇ ਵਿਚਕਾਰ ਤਰਲ ਇਕੱਠਾ ਹੁੰਦਾ ਰਹਿੰਦਾ ਹੈ ਅਤੇ ਇਕ ਮੱਧ ਖੋੜ ਹੌਲੀ ਹੌਲੀ ਵਿਕਸਿਤ ਹੁੰਦੀ ਰਹਿੰਦੀ ਹੈ। ਇਸ ਬਣਤਰ ਨੂੰ ਹੁਣ ਗ੍ਰਾਫ਼ੀ ਫਾਲੀਕਲ ਕਹਿੰਦੇ ਹਨ। ਇਸ ਦੇ ਅੰਦਰ ਅੰਡਾਣੂ ਅਤੇ ਇਸ ਦੇ ਬਿਲਕੁਲ ਨਾਲ ਲਗਦੇ ਸੈੱਲਾਂ ਦੀ ਭਿੱਤੀ ਤੋਂ ਤਰਲ ਵਾਲੀ ਖੋੜ ਤੱਕ ਇਕ ਗੁੰਬਦ ਵਰਗਾ ਵਧਾਅ ਬਣਦਾ ਹੈ। ਹਰੇਕ ਅੰਡ ਉਤਸਰਜਨ ਚੱਕਰ ਦੌਰਾਨ ਇਨ੍ਹਾਂ ਵਿਚੋਂ ਇਕ ਵੱਡਾ ਹੋ ਕੇ ਇਕ ਅੰਡਾਣੂ ਛੱਡਦਾ ਹੈ। ਮਾਹਵਾਰੀ ਸ਼ੁਰੂ ਹੋਣ ਤੋਂ ਤਕਰੀਬਨ 14 ਦਿਨ ਬਾਅਦ ਅੰਡਾਣੂਆਂ ਦਾ ਨਿਕਲਣਾ ਸ਼ੁਰੂ ਹੁੰਦਾ ਹੈ। ਅੰਡਾਣੂ ਨਿਕਲਣ ਤੋਂ ਬਾਅਦ ਫ਼ਾਲੀਕਲ ਦੇ ਸੈੱਲ ਵੱਡੇ ਹੋ ਕੇ ਪਹਿਲਾਂ ਤਰਲ ਨਾਲ ਭਰੀ ਥਾਂ ਨੂੰ ਭਰ ਦਿੰਦੇ ਹਨ। ਹੁਣ ਇਸ ਫ਼ਾਲੀਕਲ ਨੂੰ ਕਾਰਪਸ ਲਿਊਟੀਅਮ ਜਾਂ ਪੀਲੀ ਬਾਡੀ ਕਹਿੰਦੇ ਹਨ। ਜੇ ਮਾਦਾ ਗਰਭਵਤੀ ਹੋ ਜਾਵੇ ਤਾਂ ਇਹ ਕਾਰਪਸ ਲਿਊਟੀਅਮ ਸਾਰੇ ਸਮੇਂ ਜਾਂ ਗਰਭ-ਕਾਲ ਦੇ ਸ਼ੁਰੂ ਦੇ ਸਮੇਂ (ਘੋੜੀ, ਔਰਤ) ਤੱਕ ਰਹਿੰਦਾ ਹੈ ਪਰ ਜੇ ਗਰਭ ਨਾ ਹੋਵੇ ਤਾਂ ਇਹ ਟੁੱਟ-ਭੱਜ ਜਾਂਦਾ ਹੈ। ਸਿਰਫ਼ ਕਿਸੇ ਖ਼ਾਸ ਸਟੇਜ ਤੇ ਹੀ ਬਹੁਤ ਜ਼ਿਆਦਾ ਫਾਲੀਕਲ ਵਿਕਸਿਤ ਹੁੰਦੇ ਹਨ ਅਤੇ ਫਿਰ ਟੁੱਟ-ਭੱਜ ਜਾਂਦੇ ਹਨ। ਇਨ੍ਹਾਂ ਦੀ ਟੁੱਟ-ਭਜ ਤੋਂ ਪਹਿਲਾਂ ਇਨ੍ਹਾਂ ਦੇ ਸੈੱਲ ਮਾਦਾ ਲਿੰਗ ਹਾਰਮੋਨ ਬਣਾਉਂਦੇ ਹਨ। ਜਨਮ ਸਮੇਂ ਅੰਡਕੋਸ਼ਾਂ ਵਿਚ ਬਣੇ ਹਜ਼ਾਰਾਂ ਮੁਢਲੇ ਫ਼ਾਲੀਕਲਾਂ ਵਿਚੋਂ ਔਰਤ ਦੇ ਸਾਰੇ ਜਣਨ ਕਾਲ ਦੌਰਾਨ ਕੋਈ 400 ਤੋਂ ਵੀ ਘੱਟ ਪ੍ਰੋਢ ਅੰਡਾਣੂ ਪੈਦਾ ਕਰਦੇ ਹਨ।

**ਅੰਡ-ਨਿਕਾਸ-ਵਹਿਣੀਆਂ**—ਇਹ ਤਕਰੀਬਨ 10-13 ਸੈਂ. ਮੀ. ਲੰਬੀ ਅਣਇੱਛਤ ਪੱਠਿਆਂ ਦੀ ਬਣੀ ਇਕ ਨਲੀ ਹੁੰਦੀ ਹੈ ਜਿਹੜੀ ਪਾਸਿਆਂ ਵੱਲ ਅੰਡਕੋਸ਼ ਤੋਂ ਬੱਚੇਦਾਨੀ ਤੱਕ ਜਾਂਦੀ ਹੈ। ਇਸ ਦੀ ਅੰਦਰਲੀ ਤਹਿ ਇਕ ਬਹੁਤ ਵਲਦਾਰ ਬਲਗ਼ਮੀ ਝਿੱਲੀ ਦੀ ਹੁੰਦੀ ਹੈ। ਅੰਡਕੋਸ਼ ਦੇ ਨੇੜੇ ਇਸ ਦਾ ਖੁੱਲ੍ਹਾ ਸਿਰਾ ਇਕ ਪਤਲੀ ਭਿੱਤੀ ਵਾਲੀ ਪੀਕ ਵਰਗਾਂ ਬਣਿਆ ਹੁੰਦਾ ਹੈ, ਜਿਸ ਨੂੰ ਇਨਫੰਡੀਬੁਲਮ ਕਹਿੰਦੇ ਹਨ। ਇਸ ਦੇ ਸਿਰੇ ਤੋਂ ਕਈ ਪਤਲੇ, ਲੰਬੇ ਵਾਧਰੇ ਨਿਕਲੇ ਹੁੰਦੇ ਹਨ, ਜਿਨ੍ਹਾਂ ਨੂੰ ਫ਼ਿੰਬਰੀਆਂ ਕਹਿੰਦੇ ਹਨ, ਇਨ੍ਹਾਂ ਵਿਚੋਂ ਕਈ ਅੰਡਕੋਸ਼ ਨਾਲ ਜੁੜੇ ਹੁੰਦੇ ਹਨ। ਅੰਡ-ਨਿਕਾਸ ਵਹਿਣੀ ਦਾ ਆਕਾਰ ਅਤੇ ਸਥਿਤੀ ਇਸ ਦੀ ਪੇਸ਼ੀਮਈ ਭਿੱਤੀ ਦੇ ਸੁੰਘੜਾਉ ਨਾਲ ਬਦਲਦੀ ਰਹਿੰਦੀ ਹੈ। ਇਹ ਅੰਡ ਉਤਸਰਜਨ ਸਮੇਂ ਸਭ ਤੋਂ ਜ਼ਿਆਦਾ ਕਿਰਿਆਸ਼ੀਲ ਹੁੰਦੀ ਹੈ। ਇਸ ਕਰਕੇ ਇਸ ਦਾ ਇਨਫੰਡੀਬੁਲਮ ਬਿਲਕੁਲ ਅੰਡਕੋਸ਼ ਦੇ ਨਾਲ ਪਹੁੰਚਿਆ ਹੁੰਦਾ ਹੈ ਅਤੇ ਅੰਡਾਣੂ ਸਿੱਧਾ ਉਸ ਵਿਚ ਚਲਾ ਜਾਂਦਾ ਹੈ। ਜਦੋਂ ਇਹ ਵਹਿਣੀ




ਚਿੱਤਰ 2 : ਡਾਇਗਰਾਮੈਟਿਕ ਲੰਬਕਾਰੀ ਕਾਟ, ਔਰਤ ਦੇ ਜਣਨ ਅੰਗ

ਗਰਭਕੋਸ਼ ਭਿੱਤੀ ਵਿਚੋਂ ਗੁਜ਼ਰਦੀ ਹੈ ਤਾਂ ਉਦੋਂ ਇਸ ਦਾ ਰਸਤਾ ਬਹੁਤ ਤੰਗ ਹੋਇਆ ਹੁੰਦਾ ਹੈ।

**ਬੱਚੇਦਾਨੀ**—ਆਮ ਹਾਲਤ ਵਿਚ ਬੱਚੇਦਾਨੀ ਆਕਾਰ ਅਤੇ ਸ਼ਕਲ ਵਿਚ ਇਕ ਚਪਟੀ ਹੋਈ ਨਾਸ਼ਪਾਤੀ ਵਰਗੀ ਲਗਦੀ ਹੈ ਜਿਸ ਦਾ ਡੰਡੀ ਵਾਲਾ ਸਿਰਾ ਯੋਨੀ ਵੱਲ ਹੁੰਦਾ ਹੈ। ਇਸ ਦੀ ਬਾਡੀ ਨੂੰ ਕਾੱਰਪਸ ਯੂਟਰੀ ਕਹਿੰਦੇ ਹਨ। ਇਹ ਅੱਗੇ ਵੱਲ ਮੁੜੀ ਹੋਈ ਤੇ ਮੂਤਰ ਮਸਾਨੇ ਦੇ ਉੱਪਰ ਪਈ ਹੁੰਦੀ ਹੈ। ਇਸ ਦੀ ਭਿੱਤੀ ਮੋਟੀ ਤੇ ਅਛਿੱਛਤ ਪੱਠਿਆਂ ਦੀ ਬਣੀ ਹੁੰਦੀ ਹੈ। ਇਸ ਦੀ ਅੰਦਰਲੀ ਤਹਿ, ਨੂੰ ਐਡਮੀਟਰੀਅਮ ਵਹਿਣੀਆਂ ਅਤੇ ਬੱਚੇਦਾਨੀ (ਪਿਛਲੇ ਸਿਰੇ ਤੋਂ ਦਿਸਦੀਆਂ ਹੋਈਆਂ) ਸੱਜੀ ਵਹਿਣੀ ਅਤੇ ਬੱਚੇਦਾਨੀ ਇਸ ਤਰ੍ਹਾਂ ਉਲੀਕੀਆਂ ਗਈਆਂ ਹਨ ਕਿ ਵਹਿਣੀ ਦੀ ਨਲੀ ਅਤੇ ਬੱਚੇਦਾਨੀ ਦੀ ਖੋੜ ਦਿਸਦੀ ਹੈ। ਬਿੰਦੂ

**ਔਰਤ ਵਿਚ ਜਣਨ-ਕੰਮ**—ਬਚਪਨ ਵਿਚ ਔਰਤ ਦੇ ਜਣਨ-ਅੰਗ ਕੋਈ ਕੰਮ ਨਹੀਂ ਕਰਦੇ ਪਰ ਅਲ੍ਹੜ ਅਵਸਥਾ (8-12 ਸਾਲ) ਸ਼ੁਰੂ ਹੁੰਦੇ ਪਿਟੂਈਟਰੀ ਗਲੈਂਡ ਦੇ ਹਾਰਮੋਨਾਂ ਨਾਲ ਅੰਡਕੋਸ਼ ਕਿਰਿਆਸ਼ੀਲ ਹੋ ਕੇ ਵੱਡੀ ਗਿਣਤੀ ਵਿਚ ਫ਼ਾਲੀਕਲ ਬਣਾਉਣੇ ਸ਼ੁਰੂ ਕਰ ਦਿੰਦੇ ਹਨ ਜਿਹੜੇ ਫਿਰ ਓਵੇਰੀਅਨ ਹਾਰਮੋਨ ਰਿਸਾਉਂਦੇ ਹਨ। ਇਹ ਹਾਰਮੋਨ ਲਹੂ ਧਾਰਾ ਵਿਚ ਜਾ ਕੇ ਜਣਨ ਟਰੈਕਟ ਦੇ ਸਾਰੇ ਹਿੱਸਿਆ ਦੇ ਪਰਿਵਰਧਨ ਨੂੰ ਉਤੇਜਿਤ ਕਰਦਾ ਹੈ। ਇਸ ਤੋਂ ਇਲਾਵਾ ਹੱਡਲ ਪੈਲਵਿਸ, ਛਾਤੀ, ਵਾਲ ਅਤੇ ਚਰਬੀ ਵੀ ਵਧਣੇ ਸ਼ੁਰੂ ਹੋ ਜਾਂਦੇ ਹਨ। ਹਾਰਮੋਨਾਂ ਦੇ ਬਹੁਤ ਰਿਸਾਉ ਕਾਰਨ ਬੱਚੇਦਾਨੀ ਦੀ ਅੰਦਰਲੀ ਤਹਿ ਵਿਚੋਂ ਲਹੂ ਵਗਣਾ ਸ਼ੁਰੂ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਪਹਿਲੀ ਮਾਹਵਾਰੀ ਸ਼ੁਰੂ ਹੁੰਦੀ ਹੈ।

**ਹਾਰਮੋਨਲ ਕੰਟਰੋਲ ਜਣਨ**—ਅੰਗਾਂ ਦਾ ਕੰਮ ਹਾਰਮੋਨਾਂ (ਲਹੂ-ਗੇੜ ਵਿਚ ਚੱਕਰ ਕਟਦੇ ਰਸਾਇਣਿਕ ਪਦਾਰਥ) ਰਾਹੀਂ ਕੰਟਰੋਲ




**(A) ਮਨੁੱਖੀ ਅੰਡਕੋਸ਼, ਅੰਡਨਿਕਾਸ; (B) ਅੰਡਕੋਸ਼ ਵਿਚ ਪ੍ਰੌਢ ਫ਼ਾਲੀਕਲ ਜਿਸ ਦੀ ਭਿੱਤੀ ਵਿਚ ਅੰਡਸੈੱਲ ਲੱਗਿਆ ਹੋਇਆ ਹੈ; (c) ਅੰਡਾਣੂ ਤੇ ਫ਼ਾਲੀਕਲ ਦੀ ਕਾਟ ਕਾ ਦ੍ਰਿਸ਼ ਵੱਡਾ ਕੀਤਾ ਹੋਇਆ।**

ਅੰਕਿਤ ਤਹਿ ਅੰਡਾਣੂ ਦਾ ਰਸਤਾ ਅੰਡਕੋਸ਼ ਤੋਂ ਵਹਿਣੀ ਵਿਚੋਂ ਹੁੰਦਾ ਬੱਚੇਦਾਨੀ ਤੱਕ ਦਰਸਾਉਂਦਾ ਹੈ।

ਜਿਹੜੀ ਨਿਸ਼ੇਚਿਤ ਅੰਡਾਣੂ ਪਕੜਨ ਅਤੇ ਟਿਕਾਣੇ ਰੱਖਣ ਲਈ ਖ਼ਾਸ ਤਰ੍ਹਾਂ ਅਨੁਕੂਲਿਤ ਇਕ ਬਲਗਮੀ ਝਿਲੀ ਹੁੰਦੀ ਹੈ। ਬਾਹਰਲੀ ਸਤਹ ਉੱਤੇ ਸਿਲੀਆਮਈ ਅਤੇ ਰਿਸਾਵੀ ਸੈੱਲਾਂ ਦੀ ਇਕ ਤਹਿ ਹੁੰਦੀ ਹੈ। ਬੱਚੇਦਾਨੀ ਦੁਆਰ ਖੋੜ ਬਲਗਮੀ ਝਿੱਲੀ ਇਕ ਪਰਤ ਰਾਹੀਂ ਤੰਗ ਹੋਈ ਹੁੰਦੀ ਹੈ ਤੇ ਇਸ ਵਿਚ ਅਸੰਖਾਂ ਬਲਗਮ ਰਿਸਾਉਣ ਵਾਲੀਆਂ ਗਿਲਟੀਆਂ ਖੁਲ੍ਹਦੀਆਂ ਹਨ।

ਅੰਡਕੋਸ਼, ਅੰਡ-ਨਿਕਾਸ ਵਹਿਣੀਆਂ ਅਤੇ ਬੱਚੇਦਾਨੀ ਸਾਰਿਆਂ ਨੂੰ ਜੋੜਕਾਂ ਰਾਹੀਂ ਸਹਾਰਾ ਮਿਲਿਆ ਹੁੰਦਾ ਹੈ, ਜਿਹੜੀਆਂ ਕਿ ਇਨ੍ਹਾਂ ਦੀ ਹਿਲਜੁਲ ਅਤੇ ਗਰਭ ਸਮੇਂ ਬੱਚੇਦਾਨੀ ਦੇ ਫੈਲਨ ਵਿਚ ਵੀ ਸਹਾਇਤਾ ਕਰਦੀਆਂ ਹਨ।

ਹੁੰਦਾ ਹੈ (ਵੇਖੋ ਹਾਰਮੋਨ)।

**ਪ੍ਰੌਢਤਾ**—ਛੋਟੀ ਉਮਰ ਵਿਚ ਪ੍ਰਾਣੀਆਂ ਦੇ ਜਣਨ-ਅੰਗ ਵੀ ਉਸੇ ਦਰ ਨਾਲ ਵਧਦੇ ਹਨ ਜਿਸ ਨਾਲ ਬਾਕੀ ਦਾ ਸਾਰਾ ਸਰੀਰ, ਪਰ ਮੁਟਿਆਰ ਉਮਰ ਵਿਚ ਆ ਕੇ ਜਦੋਂ ਜਣਨ ਹਾਰਮੋਨ ਆਪਣਾ ਕੰਮ ਸ਼ੁਰੂ ਕਰਦੇ ਹਨ ਤਾਂ ਜਣਨ-ਅੰਗ ਬਾਕੀ ਦੇ ਸਾਰੇ ਸਰੀਰ ਨਾਲੋਂ ਬਹੁਤ ਜਲਦੀ ਵਧਣ ਲਗਦੇ ਹਨ।

## ਬੱਚੇ ਦਾ ਪੈਦਾ ਹੋਣਾ

**ਜਣਨ-ਸ਼ਕਤੀ ਮਾਦਾ**—ਮਾਦਾ ਵਿਚ ਜਣਨ-ਸ਼ਕਤੀ ਜਣਨ ਕਿਰਿਆ ਦੌਰਾਨ ਤਿੰਨ ਮੁੱਖ ਸਟੇਜਾਂ ਤੇ ਕੰਟਰੋਲ ਕੀਤੀ ਜਾਂਦੀ ਹੈ, (1) ਦਿੱਤੇ ਹੋਏ ਅੰਡਿਆਂ ਦੀ ਗਿਣਤੀ, (2) ਇਨ੍ਹਾਂ ਵਿਚੋਂ ਨਿਸ਼ੇਚਿਤ ਹੋਏ ਅੰਡੇ, ਅਤੇ (3) ਨਿਸ਼ੇਚਿਤ ਅੰਡਿਆਂ ਦੀ ਗਿਣਤੀ ਜਿਨ੍ਹਾਂ ਵਿਚੋਂ ਬੱਚੇ ਬਣ ਜਾਂਦੇ ਹਨ।

ਇਨ੍ਹਾਂ ਵਿਚੋਂ ਪਹਿਲੀ ਸਟੇਜ ਲਹੂ-ਧਾਰਾ ਵਿਚ FSH ਹਾਰਮੋਨ ਦੀ ਮਾਤਰਾ ਤੇ ਨਿਰਭਰ ਕਰਦਾ ਹੈ। ਜਿਵੇਂ ਆਮ ਤੌਰ ਤੇ ਇਕ ਖਰਗੋਸ਼

ਹਰੇਕ ਅੰਡਕੋਸ਼ ਵਿਚੋਂ ਤਕਰੀਬਨ ਪੰਜ ਅੰਡੇ ਛੱਡਦਾ ਹੈ ਪਰ ਜੇ ਇਸ ਦਾ ਇਕ ਜਾਂ ਡੇਢ ਅੰਡਕੋਸ਼ ਕੱਢ ਦਿੱਤਾ ਜਾਵੇ ਤਾਂ ਵੀ ਇਹ ਦਸ ਅੰਡੇ ਛੱਡ ਦਿੰਦਾ ਹੈ। ਸੋ ਅੰਡਿਆਂ ਦਾ ਛੱਡਣਾ ਅੰਡਕੋਸ਼ਾਂ ਵਿਚ ਅੰਡਿਆਂ ਦੀ ਗਿਣਤੀ ਤੇ ਨਹੀਂ ਸਗੋਂ ਲਹੂ ਧਾਰਾ ਵਿਚ ਚੱਕਰ ਕਟਦੇ FSH ਹਾਰਮੋਨ ਤੇ ਨਿਰਭਰ ਕਰਦੀ ਹੈ। ਹਰੇਕ ਐਸਟ੍ਰਸ ਵਿਚ ਛੱਡੇ ਅੰਡਿਆਂ ਦੀ ਗਿਣਤੀ ਬੰਸ ਲੱਛਣ ਹੈ ਅਤੇ ਇਸ ਨੂੰ ਆਹਾਰ ਅਤੇ ਸਹੀ ਚੋਣ ਨਾਲ ਬਦਲਿਆ ਜਾ ਸਕਦਾ ਹੈ। ਕਈ ਪ੍ਰਾਣੀਆਂ ਵਿਚ ਸਿਰਫ਼ ਕਿਸੇ ਖ਼ਾਸ ਪ੍ਰਜਣਨ ਰੁੱਤ ਵਿਚ ਹੀ ਅੰਡੇ ਬਣਦੇ ਹਨ। ਇਨ੍ਹਾਂ ਤੋਂ ਇਲਾਵਾ ਦਿਨ ਦੀ ਰੌਸ਼ਨੀ ਦਾ ਵੀ ਇਸ ਤੇ ਪ੍ਰਭਾਵ ਪੈਂਦਾ ਹੈ।

ਦੂਜੀ ਸਟੇਜ ਵਿਚ ਬਹੁਤ ਕਰਕੇ ਅੰਡਾ ਛੱਡਣ ਦੇ ਸਮੇਂ ਅਤੇ ਮੈਥੁਨ ਦੇ ਸਮੇਂ ਵਿਚਕਾਰ ਬਹੁਤਾ ਸਬੰਧ ਹੁੰਦਾ ਹੈ ਕਿਉਂਕਿ ਅੰਡੇ ਅਤੇ ਸ਼ੁਕ੍ਰਾਣੂ ਦੋਨਾਂ ਦਾ ਆਯੂਕਾਲ ਮਾਦਾ ਦੇ ਜਣਨ ਟਰੈਕਟ ਵਿਚ ਛੋਟਾ ਹੀ ਹੁੰਦਾ ਹੈ।

ਤੀਜੀ ਸਟੇਜ ਉੱਤੇ ਕਈ ਕਾਰਕਾਂ ਦਾ ਪ੍ਰਭਾਵ ਪੈਂਦਾ ਹੈ; ਜਿਵੇਂ ਕਿ ਕਈ ਬੀਮਾਰੀਆਂ ਕਰਕੇ ਗਰਭ ਪਾਤ, ਭਰੂਣ ਦੀ ਕੁਰੂਪਤਾ ਜਾਂ ਮੌਤ ਅਤੇ ਬੱਚੇਦਾਨੀ ਦੇ ਰਿਸਾਵਾਂ ਦੀ ਘਾਟ ਹੈ ਜਿਨ੍ਹਾਂ ਕਰਕੇ ਨਿਸ਼ੇਚਿਤ ਅੰਡਾ ਜਲਦੀ ਹੀ ਮਰ ਜਾਂਦਾ ਹੈ।

**ਨਰ**—ਬਹੁਤੇ ਪੰਛੀਆਂ ਅਤੇ ਕੁਝ ਥਣਧਾਰੀਆਂ ਨੂੰ ਛੱਡ ਕੇ ਬਾਕੀ ਦੇ ਨਰ ਪ੍ਰਾਣੀਆਂ ਵਿਚ ਕੋਈ ਖ਼ਾਸ ਜਣਨ ਰੁੱਤ ਨਹੀਂ ਹੁੰਦੀ। ਨਰ ਵਿਚ ਘੱਟ ਸ਼ੁਕ੍ਰਾਣੂਆਂ ਦੇ ਬਣਨ ਦੇ ਕਈ ਕਾਰਨ ਹੋ ਸਕਦੇ ਹਨ। ਕਈ ਵਾਰ ਬੁਖ਼ਾਰ ਕਾਰਨ ਵੀ ਇਨ੍ਹਾਂ ਦੀ ਗਿਣਤੀ ਆਰਜ਼ੀ ਤੌਰ ਤੇ ਘੱਟ ਜਾਂਦੀ ਹੈ। ਐਪੀਡਿਡੀਮਿਸ ਦੇ ਬੰਦ ਹੋ ਜਾਣ ਤੇ ਵੀ ਸ਼ੁਕ੍ਰਾਣੂ ਆਉਣੇ ਬੰਦ ਹੋ ਜਾਂਦੇ ਹਨ। ਹਾਰਮੋਨ ਆਦਿ ਦੇਣ ਨਾਲ ਸ਼ੁਕ੍ਰਾਣੂਆਂ ਦੀ ਗਿਣਤੀ ਵਧਾਈ ਨਹੀਂ ਜਾ ਸਕਦੀ। ਜਿਹਾ ਕਿ ਅੰਡੇ ਨੂੰ ਨਿਸ਼ੇਚਿਤ ਕਰਨ ਲਈ ਲੋੜੀਂਦੇ ਸ਼ੁਕ੍ਰਾਣੂਆਂ ਤੋਂ ਜ਼ਿਆਦਾ ਪੈਦਾ ਹੁੰਦੇ ਹਨ, ਇਸ ਤਰ੍ਹਾਂ ਫ਼ਾਲਤੂ ਦੇ ਸ਼ੁਕ੍ਰਾਣੂਆਂ ਨੂੰ ਇਕੱਠਾ ਕਰਕੇ ਉੱਚਿਤ ਹਾਲਤਾਂ ਵਿਚ ਰੱਖ ਕੇ ਹੋਰ ਮਾਦਾ ਨੂੰ ਬਣਾਉਟੀ ਵੀਰਜ ਸੇਚਨ ਨਾਲ ਬੱਚਿਆਂ ਦੀ ਗਿਣਤੀ ਵਧਾਈ ਜਾ ਸਕਦੀ ਹੈ। ਇਸ ਤਰ੍ਹਾਂ ਚੰਗੀ ਨਸਲ ਦੇ ਜ਼ਿਆਦਾ ਬੱਚੇ ਪੈਦਾ ਕਰਨ ਵਿਚ ਇਹ ਤਰੀਕਾ ਸਹਾਈ ਹੁੰਦਾ ਹੈ।

**ਗਰਭ**—ਵੱਖ-ਵੱਖ ਜਾਤੀਆਂ ਦਾ ਗਰਭ ਕਾਲ ਵੱਖ ਵੱਖ ਹੁੰਦਾ ਹੈ, ਚੂਹੀ ਵਿਚ 19 ਦਿਨਾਂ ਤੋਂ, ਏਸ਼ੀਆਈ ਹਥਣੀ ਵਿਚ 21 ਮਹੀਨੇ ਤੱਕ ਦੀਆਂ ਭਿੰਨਤਾਵਾਂ ਮਿਲਦੀਆਂ ਹਨ। ਕੁਝ ਕੁ ਨੂੰ ਛੱਡ ਕੇ, ਆਮ ਤੌਰ ਤੇ ਜਿਉਂ ਜਿਉਂ ਵੱਡੇ ਆਕਾਰ ਦੀ ਜਾਤੀ ਵੱਲ ਜਾਂਦੇ ਜਾਈਏ ਗਰਭ ਕਾਲ ਵਧਦਾ ਜਾਂਦਾ ਮਿਲਦਾ ਹੈ। ਇਹ ਜਨਮ ਸਮੇਂ ਬੱਚੇ ਦੀ ਹਾਲਤ (ਵਿਕਾਸ ਦੀ ਹਾਲਤ) ਤੇ ਵੀ ਨਿਰਭਰ ਕਰਦਾ ਹੈ।

ਆਮ ਤੌਰ ਤੇ ਗਰਭ ਦੇ ਅੰਦਰ ਬੱਚੇ ਦੇ ਆਹਾਰ ਪ੍ਰਾਪਤ ਕਰਨ ਦੇ ਤਰੀਕੇ ਦੇ ਆਧਾਰ ਤੇ ਗਰਭ ਕਾਲ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਸਟੇਜ, ਜਿਸ ਨੂੰ ਬਲਾਸਟੋਸਿਸਟ ਸਟੇਜ ਕਹਿੰਦੇ ਹਨ, ਅੰਡਾ ਬੱਚੇਦਾਨੀ ਦੀ ਖੋੜ ਵਿਚ ਸੁਤੰਤਰ ਹੁੰਦਾ ਹੈ ਅਤੇ ਇਹ ਬੱਚੇਦਾਨੀ ਦੀਆਂ ਗਲੈਂਡਾਂ ਤੋਂ ਆਹਾਰ ਪ੍ਰਾਪਤ ਕਰਦਾ ਹੈ। ਕਈ ਨਿਸ਼ੇਚਿਤ ਅੰਡੇ ਇਸ ਹਾਲਤ ਵਿਚ ਮਰ ਜਾਂਦੇ ਹਨ। ਦੂਜੀ ਸਟੇਜ, ਜਿਸ ਨੂੰ ਭਰੂਣ ਸਟੇਜ ਕਹਿੰਦੇ ਹਨ, ਇਸ ਵਿਚ ਭਰੂਣ ਬੱਚੇਦਾਨੀ ਦੀ ਭਿੱਤੀ ਨਾਲ ਜੁੜ ਜਾਂਦਾ ਹੈ ਅਤੇ ਇਹ ਝਿੱਲੀਆਂ ਦੇ ਬਾਹਰਲੇ (ਟ੍ਰੋਫੋਬਲਾਸਟਿਕ) ਸੈੱਲਾਂ ਰਾਹੀਂ ਆਹਾਰ ਪ੍ਰਾਪਤ ਕਰਦਾ ਹੈ ਜਿਹੜੇ ਇਸ ਨੂੰ ਮਾਂ ਦੇ ਟਿਸ਼ੂ ਤੋਂ ਚੂਸਦੇ ਹਨ। ਇਸ ਹਾਲਤ ਵਿਚ ਔਲ ਦਾ ਆਕਾਰ ਵਧਦਾ ਹੈ ਤੇ ਪੂਰਾ ਵੱਧ ਚੁੱਕਦਾ ਹੈ। ਜੁੜਵੇਂ ਬੱਚਿਆਂ ਦੀ ਹਾਲਤ ਵਿਚ ਦੋ ਔਲ ਵੱਖ-ਵੱਖ ਵਧਦੇ ਹਨ। ਤੀਜੀ ਹਾਲਤ ਵਿਚ ਔਲ ਰਾਹੀਂ ਆਹਾਰ ਪ੍ਰਾਪਤ ਕੀਤਾ ਜਾਂਦਾ ਹੈ। ਆਕਸੀਜਨ ਅਤੇ ਭੋਜਨ ਮਾਂ ਦੀ ਲਹੂ ਧਾਰਾ ਤੋਂ ਭਰੂਣ ਦੀ ਲਹੂ ਧਾਰਾ ਵੱਲ ਅਤੇ ਮਲਮੂਤਰ ਇਸ ਤੋਂ ਉਲਟ ਦਿਸ਼ਾ ਵੱਲ ਚਲਦਾ ਹੈ। ਕਾਰਡ ਵਿਚਲੀਆਂ ਲਹੂ-ਵਹਿਣੀਆਂ ਭਰੂਣ ਦੀ ਧੁੰਨੀ ਨਾਲ ਜੁੜੀਆਂ ਹੁੰਦੀਆਂ ਹਨ।

ਜਿਉਂ ਜਿਉਂ ਬੱਚਾ ਪੈਦਾ ਹੋਣ ਦਾ ਸਮਾਂ ਨੇੜੇ ਆਉਂਦਾ ਹੈ, ਇਕ ਹਾਰਮੋਨ ਰਿਲੈਕਸਿਨ ਦਾ ਅਸਰ ਸ਼ੁਰੂ ਹੁੰਦਾ ਜਾਂਦਾ ਹੈ। ਇਸ ਦੇ ਅਸਰ ਨਾਲ ਜੋੜਕੇ ਟਿਸ਼ੂ ਨਰਮ ਪੈ ਜਾਂਦਾ ਹੈ ਤੇ ਭਰੂਣ ਦਾ ਰਸਤਾ ਸੌਖਾ ਹੁੰਦਾ ਜਾਂਦਾ ਹੈ। ਇਸੇ ਸਮੇਂ ਐਸਟ੍ਰੋਜਨ ਹਾਰਮੋਨ ਦੇ ਅਸਰ ਨਾਲ ਬੱਚੇਦਾਨੀ ਦਾ ਮੂੰਹ ਹੌਲੀ ਹੌਲੀ ਖੁਲ੍ਹਦਾ ਜਾਂਦਾ ਹੈ। ਆਕਸੀਟੋਸਿਨ ਬੱਚੇਦਾਨੀ ਦੀਆਂ ਜੰਮਣ-ਪੀੜਾਂ ਨੂੰ ਉਤੇਜਿਤ ਕਰਦਾ ਹੈ ਜਿਹੜੀਆਂ ਤੇਜ਼ ਹੁੰਦੀਆਂ ਜਾਂਦੀਆਂ ਹਨ, ਇਸੇ ਸਮੇਂ ਯੋਨੀ ਵੱਡੀ ਹੋ ਜਾਂਦੀ ਹੈ ਅਤੇ ਬੱਚਾ ਜਨਮ ਲੈ ਲੈਂਦਾ ਹੈ।

ਬੱਚੇ ਦੇ ਜਨਮ ਤੋਂ ਬਾਅਦ ਬੱਚੇਦਾਨੀ ਦੀਆਂ ਮੋਟੀਆਂ ਪੇਸ਼ੀਦਾਰ ਭਿੱਤੀਆਂ ਵਿਚ ਅੰਤਰ-ਸੁਗੇੜ ਹੁੰਦਾ ਹੈ ਅਤੇ ਮਾਹਵਾਰੀ ਚੱਕਰ ਫਿਰ ਸ਼ੁਰੂ ਹੋ ਜਾਂਦਾ ਹੈ। ਕਈ ਜਾਤੀਆਂ ਵਿਚ ਇਹ ਚੱਕਰ ਬੱਚੇ ਨੂੰ ਦੁੱਧ ਚੁੰਘਾਉਣ ਦੇ ਸਮੇਂ ਸ਼ੁਰੂ ਹੋ ਜਾਂਦਾ ਹੈ ਤੇ ਕਈਆਂ ਵਿਚ ਦੁੱਧ ਛੁਡਾਉਣ ਤੋਂ ਬਾਅਦ ਸ਼ੁਰੂ ਹੁੰਦਾ ਹੈ।

ਹ. ਪੁ. -ਐਨ. ਬ੍ਰਿ. 19 : 157

**ਜਤ ਜਤਿਨ** : ਇਹ ਬਿਹਾਰ ਦਾ ਇਕ ਲੋਕ-ਨਾਚ ਹੈ ਜਿਸ ਨੂੰ ਮਿਥਿਲਾ ਖੇਤਰ ਦੀਆਂ ਔਰਤਾਂ ਨੱਚਦੀਆਂ ਹਨ। ਇਹ ਨਾਚ ਦੋ ਪ੍ਰੇਮੀਆਂ-ਜਤ ਅਤੇ ਜਤਿਨ ਦੀ ਰੋਮਾਂਚਕ ਕਹਾਣੀ ਤੇ ਆਧਾਰਿਤ ਹੈ। ਇਹ ਪ੍ਰੇਮੀ ਜੋੜਾ ਅਲੱਗ-ਅਲੱਗ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਧੋਖੇਬਾਜ਼ ਮਲਾਹ, ਸੁੰਦਰੀ ਜਤਿਨ ਨੂੰ ਅਗਵਾ ਕਰ ਲੈਂਦਾ ਹੈ। ਅਖ਼ੀਰ ਵਿਚ ਮਲਾਹ ਕੋਲੋਂ ਉਸ ਨੂੰ ਛੁਡਾ ਲਿਆ ਜਾਂਦਾ ਹੈ ਅਤੇ ਇਹ ਸੁਖਾਂਤ ਵਿਚ ਬਦਲ ਜਾਂਦਾ ਹੈ।

ਇਸ ਨਾਚ ਵਿਚ ਨੌਜਵਾਨ ਕੁੜੀਆਂ ਅਤੇ ਔਰਤਾਂ ਬਰਸਾਤ ਦੇ ਦਿਨੀਂ ਚੰਨ-ਚਾਨਣੀਆਂ ਰਾਤਾਂ ਵਿਚ ਵਿਹੜਿਆਂ ਵਿਚ ਇਕੱਠੀਆਂ ਹੋ ਕੇ ਅੱਧੀ ਰਾਤ ਤੋਂ ਲੈ ਕੇ ਸਵੇਰ ਤੱਕ ਇਕ ਵੱਡਾ ਸਾਰਾ ਦਾਇਰਾ ਬਣਾ ਕੇ ਇਸ ਦੌਰਾਨ ਢੋਲ ਦੀ ਥਾਪ ਤੇ ਗਾਉਂਦੀਆਂ ਹੋਈਆਂ ਘੇਰੇ ਵਿਚ ਨੱਚਦੀਆਂ ਹਨ। ਇਸ ਨਾਚ ਵਿਚ ਕਦਮਾਂ ਅਤੇ ਸਰੀਰ ਦੀ ਹਰਕਤ ਮੱਠੀ ਮੱਠੀ ਹੁੰਦੀ ਹੈ। ਨ੍ਰਤਕੀਆਂ ਭਾਵਪੂਰਨ ਨਕਲਾਂ ਰਾਹੀਂ ਉਕਤ ਕਹਾਣੀ ਨੂੰ ਦਰਸਾਉਂਦੀਆਂ ਹਨ। ਨਾਚ ਦੇ ਸਿਖ਼ਰ ਤੇ ਪਹੁੰਚਣ ਤੇ ਕਹਾਣੀ ਦੀ ਉਹ ਦਰਦਨਾਕ ਘਟਨਾ ਦਰਸਾਈ ਜਾਂਦੀ ਹੈ ਜਦੋਂ ਮਲਾਹ ਜਤਿਨ ਨੂੰ ਅਗਵਾ ਕਰਦਾ ਹੈ। ਇਕ ਨਰਤਕੀ ਘੇਰੇ ਨੂੰ ਤੋੜ ਕੇ ਆਪਣਾ ਹੱਥ ਨਾਇਕਾ ਵੱਲ ਅੱਗੇ ਨੂੰ ਵਧਾਉਂਦੀ ਹੈ ਜਿਵੇਂ ਕਿ ਉਸ ਨੂੰ ਧੂਹ ਕੇ ਲਿਜਾ ਰਹੀ ਹੋਵੇ। ਇਹ ਨਰਤਕੀ ਉਸ ਮਾਂਝੀ ਦੀ ਨਕਲ ਕਰਦੀ ਹੈ ਜਿਸ ਨੇ ਜਤਿਨ ਨੂੰ ਅਗਵਾ ਕੀਤਾ ਸੀ। ਨਾਚ ਦਾ ਅੰਤ ਸੁਹਾਵਣਾ ਹੁੰਦਾ ਹੈ ਤੇ ਜਤਿਨ ਨੂੰ ਛੁਡਾ ਲਿਆ ਜਾਂਦਾ ਹੈ।

ਹ. ਪੁ. -ਐਨ. ਇੰ. 1: 530; ਡਾਂਸ ਇਨ ਇੰਡੀਆ-ਈਨਾਕਸ਼ੀ ਭਵਾਨੀ

**ਜਤਪੋਲ** : ਭਾਰਤ ਦੀ ਹੈਦਰਾਬਾਦ ਨਾਂ ਦੀ ਇਕ ਸਾਬਕਾ ਰਿਆਸਤ ਵਿਚ ਇਹ ਇਕ ਖ਼ਿਰਾਜ ਦੇਣ ਵਾਲੀ ਜਾਗੀਰ ਹੁੰਦੀ ਸੀ ਅਤੇ ਇਸ ਵਿਚ 89 ਪਿੰਡ ਸ਼ਾਮਲ ਸਨ। ਜਾਗੀਰ ਦਾ ਕੁੱਲ ਰਕਬਾ ਲ. 489 ਵ. ਕਿ. ਮੀ. (191 ਵ. ਮੀਲ) ਹੁੰਦਾ ਸੀ।

ਸ਼ਿਲਾਲੇਖਾਂ ਤੋਂ ਪਤਾ ਲਗਦਾ ਹੈ ਕਿ 1243 ਈ. ਵਿਚ ਅਨਾਪੋਤ ਨਯਾਡੂ ਨੇ ਇਸ ਜਾਗੀਰ ਨੂੰ ਅਤੇ ਨਾਲ ਹੀ ਪੰਗਾਲ ਅਤੇ ਹੋਰਨਾਂ ਕਿਲਿਆਂ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ ਸੀ। ਉਸ ਦੇ ਇਲਾਕੇ ਪੂਰਬ ਵੱਲ ਸ੍ਰੀਸਿਲ ਤੱਕ, ਪੱਛਮ ਵੱਲ ਕੋਟਾ ਅਤੇ ਸਗੂਰ ਤੱਕ ਉੱਤਰ

ਵੱਲ ਦੇਵਰ ਕੌਂਡਾ ਤੱਕ ਫੈਲੇ ਹੁੰਦੇ ਸਨ ਅਤੇ ਦੱਖਣ ਵੱਲੋਂ ਇਹ ਇਲਾਕੇ ਕਿਸਤਨਾ ਦਰਿਆ ਦੁਆਰਾ ਘਿਰੇ ਹੁੰਦੇ ਸਨ। ਉਸਦੇ ਉੱਤਰਾਧਿਕਾਰੀਆਂ ਨੇ ਵੀ ਕਈ ਸਦੀਆਂ ਤੱਕ ਰਾਜ ਕੀਤਾ। ਅਠਾਰ੍ਹਵੀਂ ਸਦੀ ਦੀ ਅਖ਼ੀਰਲੀ ਤਿਮਾਹੀ ਵਿਚ ਰਾਜਾ ਜਗਨ ਨਾਥ ਰਾਓ, ਜਿਸ ਦਾ ਕੋਈ ਆਪਣਾ ਪੁੱਤਰ ਨਹੀਂ ਸੀ, ਨੇ ਪਾਖਾਲ ਦੇ ਰਾਓ ਖ਼ਾਨਦਾਨ ਦੇ ਲਛਮ ਰਾਓ ਨਾਂ ਦੇ ਇਕ ਕੰਵਰ ਨੂੰ ਆਪਣਾ ਮੁਤਬੰਨਾ ਬਣਾ ਲਿਆ। ਸੰਨ 1831 ਵਿਚ ਲਛਮ ਰਾਓ ਨੇ ਜਤਪੋਲ ਪਰਗਨਾ 70,000 ਰੁਪਏ ਦੇ ਨਿਸ਼ਚਿਤ ਠੇਕੇ ਤੇ ਨਿਜ਼ਾਮ ਕੋਲੋਂ ਲੈ ਲਿਆ। ਇਸ ਤੋਂ ਪਿਛੋਂ ਲਛਮ ਰਾਓ ਨੇ ਵੈਂਕਟਾਗਿਰੀ ਦੇ ਰਾਜੇ ਦੇ ਛੋਟੇ ਭਰਾ ਵੈਂਕਟਾ ਲਛਮ ਰਾਓ ਨੂੰ ਗੋਦ ਲੈ ਲਿਆ ਅਤੇ ਲਛਮ ਰਾਓ ਦੀ ਮੌਤ ਉਪਰੰਤ ਉਹੀ ਇਸ ਜਾਗੀਰ ਦਾ ਮਾਲਕ ਬਣਿਆ। ਪਹਿਲਾਂ ਰਾਜੇ ਦਾ ਸਦਰ-ਮੁਕਾਮ ਜਤਪੋਲ ਵਿਖੇ ਹੁੰਦਾ ਸੀ ਪਰ ਮਗਰੋਂ ਰਾਜਾ ਕੋਲ੍ਹਾਪੁਰ ਵਿਖੇ ਰਹਿਣ ਲੱਗ ਪਿਆ ਸੀ।

ਹ. ਪੁ. -ਇੰਪ. ਗ. ਇੰਡ. 14 : 72

**ਜੰਤਰ-ਮੰਤਰ** : ਜੰਤਰ-ਮੰਤਰ ਇਕ ਪੁਰਾਤਨ ਖਗੋਲੀ ਪ੍ਰੇਖਣਸ਼ਾਲਾ ਹੈ ਜਿਹੜੀ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਸਥਿਤ ਹੈ। ਇਸ ਨੂੰ ਜੈਪੁਰ ਦੇ ਮਹਾਰਾਜਾ ਸਵਾਇ ਜੈ ਸਿੰਘ ਦੂਜੇ (1699-1743) ਨੇ ਬਣਵਾਇਆ ਸੀ। ਖਗੋਲ ਵਿਗਿਆਨ ਦੇ ਵਿਕਾਸ ਵਿਚ ਜੈ ਸਿੰਘ ਦੀ ਇਹ ਇਕ ਮੁੱਖ ਦੇਣ ਹੈ। ਜੈ ਸਿੰਘ ਇਕ ਚੰਗਾ ਖਗੋਲ-ਵਿਗਿਆਨੀ ਸੀ ਜਿਸ ਨੇ ਦਿੱਲੀ, ਉਜੈਨ, ਵਾਰਾਨਸੀ, ਜੈਪੁਰ ਅਤੇ ਮਥੁਰਾ ਵਿਚ ਪੰਜ ਖਗੋਲੀ ਪ੍ਰੇਖਣਸ਼ਾਲਾਵਾਂ ਸਥਾਪਿਤ ਕੀਤੀਆਂ।

ਦਿੱਲੀ ਦੀ ਇਸ ਪ੍ਰੇਖਣਸ਼ਾਲਾ 'ਜੰਤਰ-ਮੰਤਰ' ਦੀ ਉਸਾਰੀ ਕਦੋਂ ਹੋਈ, ਇਸ ਬਾਰੇ ਕਾਫੀ ਮਤ-ਭੇਦ ਹਨ। ਪੰਡਤ ਗੋਕਲ ਚੰਦ ਅਨੁਸਾਰ ਇਸ ਦੀ ਉਸਾਰੀ 1710 ਈ. ਵਿਚ ਹੋਈ, ਜਦੋਂ ਕਿ ਸੱਯਦ ਅਹਿਮਦ ਖ਼ਾਨ ਨੇ ਇਸ ਦਾ ਸਮਾਂ 1724 ਈ. ਦੱਸਿਆ ਹੈ। ਸਵਾਇ ਜੈ ਸਿੰਘ ਨੇ ਉਸ ਸਮੇਂ ਵਰਤੀਆਂ ਜਾਂਦੀਆਂ ਖਗੋਲੀ ਸਾਰਣੀਆਂ ਵਿਚ ਤਰੁੱਟੀਆਂ ਦੂਰ ਕਰਕੇ ਨਵੀਆਂ ਸਾਰਣੀਆਂ ਤਿਆਰ ਕੀਤੀਆਂ, ਜਿਨ੍ਹਾਂ ਨੂੰ ਬਾਦਸ਼ਾਹ ਮੁਹੰਮਦ ਸ਼ਾਹ ਦੇ ਨਾਂ ਤੇ 'ਜਿਜ ਮੁਹੰਮਦ ਸ਼ਾਹੀ' ਆਖਿਆ ਜਾਂਦਾ ਹੈ। ਉਸ ਨੇ ਇਕ ਨਵੀਂ ਰਾਜਧਾਨੀ ਸਥਾਪਿਤ ਕੀਤੀ, ਜਿਸ ਦਾ ਨਾਂ ਜੈ ਨਗਰ ਜਾਂ ਜੈਪੁਰ ਰੱਖਿਆ ਗਿਆ। ਉਸ ਸਮੇਂ ਇਹ ਸ਼ਹਿਰ, ਗਿਆਨ ਪ੍ਰਾਪਤ ਕਰਨ ਦਾ ਇਕ ਚੰਗਾ ਕੇਂਦਰ ਬਣ ਚੁੱਕਾ ਸੀ।

ਜੰਤਰ ਮੰਤਰ ਵਿਚ ਪੱਥਰ ਦੇ ਬਣੇ ਹੋਏ ਛੇ ਯੰਤਰ ਹਨ। ਜੈ ਸਿੰਘ ਨੇ ਪਿੱਤਲ ਦੇ ਬਣੇ ਹੋਏ ਯੰਤਰਾਂ ਦੀ ਥਾਂ ਇੱਟਾਂ ਪੱਥਰਾਂ ਦੇ ਵੱਡੇ ਵੱਡੇ ਯੰਤਰ ਬਣਵਾਏ, ਜਿਨ੍ਹਾਂ ਤੋਂ ਖਗੋਲੀ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਸੀ। ਇਨ੍ਹਾਂ ਯੰਤਰਾਂ ਦਾ ਆਕਾਰ ਵੱਖੋ ਵਖਰਾ ਹੈ। ਕਈ ਤਾਂ ਕੁਝ ਮੀ. ਉੱਚੇ ਹੀ ਹਨ ਅਤੇ ਕਈਆਂ ਦੀ ਉਚਾਈ ਲਗਭਗ 27.5 ਮੀ. (90 ਫੁਟ) ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਡਾ 'ਸਮਰਾਟ ਯੰਤਰ' ਹੈ। ਸਿਧਾਂਤੱਕ ਪਖੋਂ ਇਹ ਸਭ ਤੋਂ ਸਰਲ ਕਿਸਮ ਦੀਆਂ ਧੁੱਪ-ਘੜੀਆਂ ਵਿਚੋਂ ਇਕ ਹੈ। ਦੂਜਾ ਯੰਤਰ 'ਜੈ ਪ੍ਰਕਾਸ਼' ਹੈ, ਜਿਹੜਾ ਦੋ ਅਵਤਲ ਅਰਧ ਗੋਲਿਆਂ ਦਾ ਬਣਿਆ ਹੋਇਆ ਹੈ ਅਤੇ ਸਮਰਾਟ ਯੰਤਰ ਦੇ ਦੱਖਣ ਵੱਲ ਸਥਿਤ ਹੈ। 'ਜੈ ਪ੍ਰਕਾਸ਼' ਦੇ ਦੱਖਣ ਵਿਚ 'ਰਾਮ ਯੰਤਰ' ਹੈ, ਜਿਹੜਾ ਦੋ ਵੱਡੀਆਂ ਵੱਡੀਆਂ ਗੋਲਾਕਾਰ ਇਮਾਰਤਾਂ ਦਾ ਬਣਿਆ ਹੋਇਆ ਹੈ। ਇਹ ਇਮਾਰਤਾਂ ਇਕ ਦੂਜੇ ਦੀਆਂ ਪੂਰਕ ਹਨ। ਸਮਾਰਾਟ ਯੰਤਰ ਦੇ ਉੱਤਰ-ਪੱਛਮੀ ਭਾਗ ਵਿਚ 'ਮਿਸਰ ਯੰਤਰ' ਹੈ। ਇਸਨੂੰ 'ਮਿਸ਼ਰ ਯੰਤਰ' ਵੀ ਆਖਿਆ ਜਾਂਦਾ ਹੈ ਕਿਉਂਕਿ ਇਸ ਦੀ ਇਕੋ ਇਮਾਰਤ ਵਿਚ ਚਾਰ ਵੱਖੋ ਵੱਖਰੇ ਯੰਤਰ ਹਨ। ਇਨ੍ਹਾਂ ਵਿਚੋਂ 'ਨਿਯਤ ਚੱਕਰ ਯੰਤਰ' ਵੀ 'ਸਮਰਾਟ ਯੰਤਰ' ਵਾਂਗ ਇਕ ਧੁੱਪ-ਘੜੀ ਹੀ ਹੈ। ਇਸ ਦੇ ਦੋਵੇਂ ਪਾਸਿਆਂ ਤੇ ਦੋ ਦਰਜਿਆਂ ਵਿਚ ਵੰਡੇ ਹੋਏ ਅਰਧ-ਚੱਕਰ ਹਨ। ਇਨ੍ਹਾਂ ਨੂੰ ਮੈਰੀਡੀਅਨ ਉਚਾਈ ਮਾਪਣ ਲਈ ਵਰਤਿਆ ਜਾਂਦਾ ਹੈ। ਮਿਸ਼ਰ ਯੰਤਰ ਦੇ ਦੱਖਣ-ਪੱਛਮੀ ਪਾਸੇ ਵੱਲ ਸਥਿਤ ਦੋ ਥੰਮ੍ਹ ਸਾਲ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਛੋਟਾ ਦਿਨ ਪਤਾ ਕਰਨ ਵਿਚ ਮਦਦ ਕਰਦੇ ਹਨ। ਦਸੰਬਰ ਦੇ ਮਹੀਨੇ ਵਿਚ ਇਕ ਥੰਮ੍ਹ ਦਾ ਪਰਛਾਵਾਂ ਦੂਜੇ ਉਤੇ ਪੈਂਦਾ ਹੈ, ਜਦੋਂ ਕਿ ਜੂਨ ਵਿਚ ਇਹ ਪਰਛਾਵਾਂ ਨਹੀਂ ਪੈਂਦਾ।

ਜੰਤਰ-ਮੰਤਰ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਨਵੰਬਰ, 1982 ਵਿਚ ਭਾਰਤ ਵਿਚ ਹੋਈਆਂ ਨੌਵੀਆਂ ਏਸ਼ੀਆਈ ਖੇਡਾਂ ਵਿਚ ਜੰਤਰ ਮੰਤਰ ਨੂੰ ਹੀ ਇਕ ਸਮਾਰਕ ਚਿੰਨ੍ਹ ਵਜੋਂ ਰੱਖਿਆ ਗਿਆ ਸੀ।

ਹ. ਪੁ. -ਦਿੱਲੀ-ਹਿਸਟਰੀ ਐਂਡ ਪਲੇਸਿਜ਼ ਆਫ਼ ਇੰਟਰੈਸਟ : 151

**ਜਤੋਈ** : ਪਾਕਿਸਤਾਨ ਦੇ ਮੁਲਤਾਨ ਮੰਡਲ ਵਿਚ ਮੁਜ਼ੱਫਰਗੜ੍ਹ ਜ਼ਿਲ੍ਹੇ ਦੀ ਅਲੀਪੁਰ ਨਾਂ ਦੀ ਤਹਿਸੀਲ ਵਿਚ ਪੈਂਦਾ ਇਹ ਇਕ ਪਿੰਡ ਹੈ ਜਿਹੜਾ ਅਲੀਪੁਰ ਕਸਬੇ ਦੇ 18 ਕਿ. ਮੀ. (11 ਮੀਲ) ਉੱਤਰ-ਪੱਛਮ ਵੱਲ ਵੱਸਿਆ ਹੋਇਆ ਹੈ। ਸਥਾਨਕ ਰਵਾਇਤ ਅਨੁਸਾਰ ਇਸ ਪਿੰਡ ਦੀ ਨੀਹ, ਸ਼ਹਿਨਸ਼ਾਹ ਅਕਬਰ ਦੇ ਰਾਜ-ਕਾਲ ਵੇਲੇ ਮੀਰ ਬਜਾਰ ਖ਼ਾਨ ਨੇ ਰੱਖੀ ਸੀ। 19ਵੀਂ ਸਦੀ ਦੇ ਅਖ਼ੀਰ ਵਿਚ ਸਿੰਧ ਦਰਿਆ ਅਸਲੀ ਸ਼ਹਿਰ ਨੂੰ ਰੁੜ੍ਹਾ ਕੇ ਲੈ ਗਿਆ ਪਰ ਮੌਜੂਦਾ ਟਿਕਾਣੇ ਉਤੇ ਇਹ ਸ਼ਹਿਰ ਛੇਤੀ ਹੀ ਮੁੜ ਉਸਾਰ ਲਿਆ ਗਿਆ। ਕੁਝ ਸਮੇਂ ਲਈ ਜਤੋਈ ਬਹਾਵਲਪੁਰ ਦੇ ਅਧੀਨ ਵੀ ਰਿਹਾ ਪਰ ਦੀਵਾਨ ਸਾਵਣ ਮੱਲ ਨੇ ਇਸ ਨੂੰ ਸਿੱਖ ਰਾਜ ਵਿਚ ਸ਼ਾਮਲ ਕਰ ਲਿਆ। ਮੂਲ ਰਾਜ ਵਿਰੁੱਧ ਹੋਈ ਲੜਾਈ ਵੇਲੇ ਜਤੋਈ ਪਿੰਡ ਦੇ ਲੋਕਾਂ ਨੇ ਸਿੱਖ ਹਕੂਮਤ ਤੋਂ ਆਜ਼ਾਦ ਹੋ ਕੇ ਅੰਗਰੇਜ਼ਾਂ ਦੀ ਪੂਰੀ ਸੇਵਾ ਕੀਤੀ।

29° 31′ ਉ. ਵਿਥ; 70° 51′ ਪੂ. ਲੰਬ.

ਹ. ਪੁ. -ਇੰਪ. ਗ. ਇੰਡ 14: 72

**ਜਤੌਲੀ** : ਭਾਰਤ ਦੇ ਹਿਮਾਚਲ ਪ੍ਰੇਦਸ਼ ਰਾਜ ਦੇ ਊਨਾ ਜ਼ਿਲ੍ਹੇ ਦਾ ਇਕ ਇਤਿਹਾਸਕ ਪਿੰਡ ਹੈ। ਇਥੇ ਦਸਵੀਂ ਪਾਤਸ਼ਾਹੀ ਦਾ 'ਦਮਦਮਾ ਸਾਹਿਬ' ਗੁਰਦੁਆਰਾ ਹੈ। ਇਥੇ ਹੀ ਗੁਰੂ ਸਾਹਿਬ ਦੀ ਤਾਜਪੋਸ਼ੀ ਹੋਈ ਸੀ। ਇਸੇ ਸਥਾਨ ਤੋਂ ਗੁਰੂ ਸਾਹਿਬ ਹੋਲੇ ਮਹੱਲੇ ਵਾਲੇ ਦਿਨ ਉਪਦੇਸ਼ ਦੇਂਦੇ ਸਨ ਅਤੇ ਸੰਗਤਾਂ ਤੋਂ ਭੇਟਾ ਸਵੀਕਾਰ ਕਰਦੇ ਸਨ।

ਹ. ਪੁ. -ਮ. ਕੋ. : 502

**ਜਥ** : ਭਾਰਤ ਦੇ ਮਹਾਰਾਸ਼ਟਰ ਰਾਜ ਦਾ ਸ਼ਹਿਰ ਹੈ ਜਿਹੜਾ ਸਤਾਰਾ ਸ਼ਹਿਰ ਤੋਂ 147 ਕਿ. ਮੀ. ਦੱਖਣ-ਪੂਰਬ ਵੱਲ, ਬੈਲਗਾਓਂ ਤੋਂ 152 ਕਿ. ਮੀ. ਉੱਤਰ-ਪੂਰਬ ਵੱਲ, ਅਤੇ ਪੂਨੇ ਤੋਂ 240 ਕਿ. ਮੀ. ਦੱਖਣ-ਪੂਰਬ ਵੱਲ ਸਥਿਤ ਹੈ। ਸ਼ਹਿਰ ਵਿਚ ਮਿਊਂਸਪਲਟੀ ਸਥਾਪਿਤ ਹੈ।

17° 3′ ਉ. ਵਿਥ.; 75° 16′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14 : 71

**ਜੰਦਰਾ** : ਇਹ ਇਕ ਉਹ ਮਸ਼ੀਨੀ ਯੰਤਰ ਹੈ ਜਿਹੜਾ ਕਿਸੇ ਵਸਤੂ ਜਾਂ ਵਿਅਕਤੀ ਦੀ ਸੁਰੱਖਿਆ ਲਈ ਦਰਵਾਜ਼ੇ ਆਦਿ ਨੂੰ ਲਗਾਉਣ ਲਈ ਵਰਤਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਚਾਬੀ ਜਾਂ ਕੋਡ ਨੰਬਰ ਨਾਲ ਕੀਤੀ ਜਾਂਦੀ ਹੈ।

**ਇਤਿਹਾਸ**—ਜੰਦਰੇ ਦੀ ਕਾਢ ਪੂਰਬੀ ਦੇਸ਼ਾਂ ਵਿਚ ਸਭ ਤੋਂ ਪਹਿਲਾਂ ਹੋਈ ਮੰਨੀ ਜਾਂਦੀ ਹੈ। ਸਭ ਤੋਂ ਪੁਰਾਣੀ ਜੰਦਰੇ ਦੀ ਕਿਸਮ 'ਇਜਿਪਸ਼ੀਅਨ ਲਾਕ' ਹੈ ਜੋ ਲਗਭਗ 4,000 ਸਾਲ ਪੁਰਾਣਾ ਮੰਨਿਆ ਜਾਂਦਾ ਹੈ ਅਤੇ ਇਸ ਦੀ ਹੋਂਦ ਦੇ ਸਬੂਤ ਨਿਨਵੇ ਨੇੜੇ ਖੋਰਸਾਬਾਦ ਦੇ ਮਹਿਲ ਦੇ ਖੰਡਰਾਂ ਵਿਚ ਮਿਲੇ ਹਨ। ਇਸ ਜੰਦਰੇ ਵਿਚ ਇਕ ਵੱਡਾ ਲਕੜੀ ਦਾ ਸਿੱਧਾ ਟੁਕੜਾ ਹੁੰਦਾ ਹੈ ਜਿਸ ਦੇ ਵਿਚਕਾਰ ਉਪਰਲੇ ਪਾਸੇ ਵੱਲ ਮੋਰੀਆਂ ਹੁੰਦੀਆਂ ਹਨ। ਦਰਵਾਜ਼ੇ ਉਪਰ ਇਕ ਹੋਰ ਢਿੱਲੀਆਂ ਪਿੰਨਾਂ ਵਾਲਾ ਕਬਜ਼ਾ ਹੁੰਦਾ ਹੈ ਜਿਸ ਵਿਚੋਂ ਪਿੰਨਾਂ ਮੋਰੀਆਂ ਵਿਚ ਡਿੱਗ ਕੇ ਕਬਜ਼ੇ ਨਾਲ ਪਕੜ ਬਣਾ ਦਿੰਦੀਆਂ ਹਨ। ਇਸ ਜੰਦਰੇ ਦੀ ਚਾਬੀ

ਇਕ ਲੱਕੜ ਦੇ ਟੁਕੜੇ ਦੀ ਬਣੀ ਹੁੰਦੀ ਹੈ ਜਿਸ ਉਪਰ ਬਰਸ਼ ਵਾਂਗ ਦੰਦੇ ਲੱਗੇ ਹੁੰਦੇ ਹਨ। ਇਹ ਦੰਦੇ ਜੰਦਰੇ ਅੰਦਰ ਬਣੀਆਂ ਮੋਰੀਆਂ ਅਤੇ




**ਚਿੱਤਰ 1. ਪੁਰਾਤਨ ਜੰਦਰੇ**
**(ੳ) ਪੁਰਾਤਨ ਮਿਸਰੀ ਲਾੱਕ; (ਅ) ਵਾਰਡਿਡ ਜੰਦਰਾ ਅਤੇ ਚਾਬੀ ; (ਦ) ਬੈਰਨ ਟੰਬਲਰ ਲਾੱਕ; (ਸ) ਬ੍ਰਾਮਾ ਲਾੱਕ**

ਪਿੰਨਾਂ ਦੇ ਡਿਜ਼ਾਈਨ ਅਨੁਸਾਰ ਬਣਾਏ ਜਾਂਦੇ ਹਨ। ਇਸ ਚਾਬੀ ਨੂੰ ਜੰਦਰੇ ਅੰਦਰ ਫਸਾ ਕੇ ਜ਼ਰਾ ਕੁ ਘੁੰਮਾਇਆ ਜਾਂਦਾ ਹੈ ਅਤੇ ਮੋਰੀਆਂ ਵਿਚ ਫਸੇ ਪਿੰਨ ਉਪਰ ਚੁੱਕੇ ਜਾਂਦੇ ਹਨ ਜਿਸ ਨਾਲ ਜੰਦਰਾ ਖੁਲ੍ਹ ਜਾਂਦਾ ਹੈ ਅਤੇ ਦਰਵਾਜ਼ਾ ਵੀ ਖੋਲ੍ਹ ਸਕਦੇ ਹਾਂ (ਚਿੱਤਰ 1 ੳ)। ਅਜਿਹੇ ਜੰਦਰੇ ਜਾਪਾਨ, ਨਾਰਵੇ, ਮਿਸਰ, ਜ਼ੰਜ਼ੀਬਾਰ ਅਤੇ ਭਾਰਤ ਵਿਚ ਅਜੇ ਤੀਕ ਵੀ ਮਿਲਦੇ ਹਨ। ਇਸ ਕਿਸਮ ਦੇ ਜੰਦਰੇ ਵਿਚ ਪਿੰਨਾਂ ਦੇ ਹੇਠਾਂ ਡਿਗਣ ਨਾਲ ਜੰਦਰਾ ਬੰਦ ਹੋਣ ਦੇ ਸਿੱਧਾਂਤ ਨੂੰ ਮੁੱਖ ਰੱਖ ਕੇ ਅਜੋਕੇ 'ਯੇਲ ਲਾਕ' ਬਣਾਏ ਗਏ ਹਨ।

ਯੂਨਾਨੀ ਲੋਕਾਂ ਵਿਚ ਵਰਤਿਆ ਜਾਣ ਵਾਲਾ ਇਕ ਪੁਰਾਣਾ ਯੰਤਰ ਇਸ ਕਿਸਮ ਦਾ ਸੀ ਜਿਸ ਵਿਚ ਦਾਤੀਨੁਮਾ ਲੋਹੇ ਦੀ ਚਾਬੀ ਨਾਲ ਚਿਟਕਣੀ ਖੋਲ੍ਹੀ ਜਾਂਦੀ ਸੀ। ਇਸ ਚਾਬੀ ਦਾ ਖ਼ੂਬਸੂਰਤ ਲਕੜੀ ਦਾ ਹੱਥਾ ਹੁੰਦਾ ਸੀ। ਇਸ ਚਾਬੀ ਨੂੰ ਦਰਵਾਜ਼ੇ ਵਿਚ ਬਣੀ ਇਕ ਮੋਰੀ ਵਿਚ ਫਸਾ ਕੇ ਜ਼ਰਾ ਕੁ ਘੁੰਮਾਇਆ ਜਾਂਦਾ ਸੀ ਅਤੇ ਦਾਤੀਨੁਮਾ ਚਾਬੀ ਦੀ ਨੋਕ ਨਾਲ ਚਿਟਕਣੀ ਨੂੰ ਪਿਛਾਂਹ ਵੱਲ ਖਿੱਚ ਲਿਆ ਜਾਂਦਾ ਸੀ। ਇਹ ਜੰਦਰੇ ਸੁਰੱਖਿਆ ਪੱਖੋਂ ਕਾਮਯਾਬ ਨਹੀਂ ਸਨ। ਰੋਮਨ ਲੋਕਾਂ ਨੇ ਜੰਦਰੇ ਅਤੇ ਚਾਬੀ ਦੋਹਾਂ ਲਈ ਧਾਤ ਦੀ ਵਰਤੋਂ ਕੀਤੀ। ਜੰਦਰੇ ਲਈ ਲੋਹਾ ਅਤੇ ਚਾਬੀ ਲਈ ਕਾਂਸੀ ਦੀ ਵਰਤੋਂ ਕੀਤੀ ਗਈ। ਰੋਮਨ ਲੋਕਾਂ ਨੇ ਜੰਦਰੇ ਵਿਚ ਅਜਿਹੇ ਵਾਧਰਿਆਂ ਦੀ ਖੋਜ ਕੀਤੀ ਜੋ ਚਾਬੀ ਵਿਚ ਉਸੇ ਡਿਜ਼ਾਈਨ ਨਾਲ ਬਣਾਏ ਜਾਂਦੇ ਸਨ ਅਤੇ ਕੇਵਲ ਇਕ ਚਾਬੀ ਨਾਲ ਹੀ ਜੰਦਰਾ ਖੁਲ੍ਹਦਾ ਸੀ। ਸਦੀਆਂ ਤੱਕ ਇਨ੍ਹਾਂ ਵਾਧਰਿਆ ਦੀ ਜੰਦਰਿਆਂ ਵਿਚ ਸੁਰੱਖਿਆ ਪਖੋਂ ਵਰਤੋਂ ਹੁੰਦੀ ਰਹੀ ਅਤੇ ਇਹ ਜੰਦਰੇ ਦੇ ਡਿਜ਼ਾਈਨ ਵਾਲੀ ਚਾਬੀ ਨਾਲ ਹੀ ਖੁਲ੍ਹਦੇ ਸਨ। (ਚਿੱਤਰ 1 ਅ) ਰੋਮਨ ਲੋਕਾਂ ਨੇ




**ਚਿੱਤਰ 2. ਯੇਲ ਲਾੱਕ**




**ਚਿੱਤਰ 3. ਕੰਬੀਨੇਸ਼ਨ ਸੇਫ਼ ਲਾੱਕ**

ਚਾਬੀਆਂ ਦੇ ਆਕਾਰ ਵੀ ਬਹੁਤ ਛੋਟੇ ਕਰ ਦਿੱਤੇ ਤਾਂ ਜੋ ਉਹ ਆਸਾਨੀ ਨਾਲ ਸੰਭਾਲੀਆਂ ਜਾ ਸਕਣ। ਕੁਝ ਇਕ ਚਾਬੀਆਂ ਤਾਂ ਇਤਨੀਆਂ ਛੋਟੀਆਂ ਮਿਲੀਆਂ ਹਨ ਕਿ ਇਹ ਹੱਥ ਵਿਚ ਮੁੰਦਰੀ ਵਾਂਗ ਪਹਿਨੀਆਂ ਜਾ ਸਕਦੀਆਂ ਹਨ। ਰੋਮਨ ਅਤੇ ਚੀਨੀ ਲੋਕਾਂ ਨੇ ਦੂਰ ਪੂਰਬ ਤੱਕ ਵਰਤੇ ਜਾਣ ਵਾਲੇ ਪੈਡ ਲਾਕ ਦੀ ਖੋਜ ਕੀਤੀ।

ਮੱਧ ਯੁਗ ਵਿਚ ਜੰਦਰੇ ਅਤੇ ਚਾਬੀਆਂ ਬਹੁਤ ਮਿਹਨਤ ਨਾਲ ਬਣਾਏ ਜਾਣ ਲਗੇ। ਜਰਮਨ ਕਾਰੀਗਰਾਂ ਨੇ ਬੜੀ ਕੁਸ਼ਲਤਾ ਨਾਲ ਧਾਤ ਦੇ ਜੰਦਰੇ ਬਣਾਏ। ਜੰਦਰੇ ਦੇ ਘੁੰਮਣ ਵਾਲੇ ਹਿੱਸੇ ਬਹੁਤ ਯੋਗਤਾ ਅਤੇ ਬਰੀਕੀ ਨਾਲ ਬਣਾਏ ਜਾਂਦੇ ਸਨ ਅਤੇ ਚਾਬੀਆਂ ਤਾਂ ਕਲਾ ਦਾ ਇਕ ਨਮੂਨਾ ਹੀ ਸਨ। ਸੁਰੱਖਿਆ ਲਈ ਜੰਦਰੇ ਵਿਚ ਬਣੀ ਚਾਬੀ ਲਈ ਮੋਰੀ ਨੂੰ ਪਤਲੇ ਸ਼ਟਰ ਨਾਲ ਢਕ ਦਿੱਤਾ ਜਾਂਦਾ ਸੀ ਜਾਂ ਲੁਕਵੀਂ ਥਾਂ ਬਣਾਇਆ ਜਾਂਦਾ ਸੀ। ਅਠਾਰ੍ਹਵੀਂ ਸਦੀ ਵਿਚ ਫ਼ਰਾਂਸ ਦੇ ਜੰਦਰੇ ਅਤੇ ਚਾਬੀਆਂ ਬਹੁਤ ਪ੍ਰਸਿੱਧ ਹੋਏ।

**ਵਿਕਾਸ**—ਸੰਨ 1778 ਵਿਚ ਇੰਗਲੈਂਡ ਦੇ ਰਾਬਰਟ ਬੈਰਟ ਨੇ ਜੰਦਰੇ ਨੂੰ ਸੁਰੱਖਿਆ ਪੱਖੋਂ ਮਜ਼ਬੂਤੀ ਦੇਣ ਲਈ ਪਹਿਲੀ ਵਾਰ ਗੰਭੀਰਤਾ ਨਾਲ ਯਤਨ ਕੀਤਾ ਅਤੇ 'ਟੰਬਲਰ ਲਾਕ' ਦੀ ਕਾਢ ਕੱਢੀ। ਟੰਬਲਰ ਇਕ ਅਜਿਹਾ ਲੀਵਰ ਹੁੰਦਾ ਹੈ ਜੋ ਚਿਟਕਣੀ ਦੇ ਵਿਚਕਾਰ ਬਣੀ ਥਾਂ ਵਿਚ ਫਸ ਕੇ ਉਸਨੂੰ ਹਿਲਣ ਤੋਂ ਰੋਕਦਾ ਹੈ ਅਤੇ ਜਦੋਂ ਤੀਕ ਇਸਦੇ ਡਿਜ਼ਾਈਨ ਦੀ ਚਾਬੀ ਨਾਲ ਲੀਵਰ ਉਪਰ ਨਾ ਚੁਕਿਆ ਜਾਵੇ, ਕੁੰਡੀ ਨਹੀਂ ਖੁਲ੍ਹਦੀ। ਬੈਰਨ ਜੰਦਰੇ ਵਿਚ ਦੋ ਲੀਵਰ ਹੁੰਦੇ ਸਨ (ਚਿੱਤਰ 1 ੲ), ਜੋ ਚਾਬੀ ਨਾਲ ਚੁਕੇ ਜਾਂਦੇ ਸਨ ਅਤੇ ਫਿਰ ਚਿਟਕਣੀ ਖੁਲ੍ਹਦੀ ਸੀ। ਇਸ ਜੰਦਰੇ ਦੇ ਲੀਵਰ ਸਿੱਧਾਂਤ ਨੂੰ ਮੁੱਖ ਰੱਖ ਕੇ ਹੀ ਅਜੋਕੇ ਲੀਵਰ ਜੰਦਰੇ ਬਣਾਏ ਜਾਂਦੇ ਹਨ। ਸੰਨ 1818 ਵਿਚ ਪੋਰਸ ਮਾਊਥ, ਇੰਗਲੈਂਡ ਨਿਵਾਸੀ ਜੇਰੇਮ ਚਬ ਨੇ ਇਸ ਕਿਸਮ ਵਿਚ ਕੁਝ ਹੋਰ ਸੁਧਾਰ ਕੀਤੇ।

ਸੰਨ 1784 ਵਿਚ ਬੈਰਨ ਅਤੇ ਚਬ ਦੇ ਜੰਦਰਿਆਂ ਵਿਚਕਾਰ ਇੰਗਲੈਂਡ ਦੇ ਜੋਜ਼ਫ਼ ਬ੍ਰਾਮਾ ਨੇ ਇਕ ਬਹੁਤ ਹੀ ਸਫ਼ਲ ਜੰਦਰੇ ਦੀ ਖੋਜ ਕੀਤੀ। ਇਕ ਵੱਖਰੇ ਸਿੱਧਾਂਤ ਨਾਲ, ਹਲਕੀ ਜਿਹੀ ਚਾਬੀ ਵਾਲਾ ਇਕ

ਸਫਲ ਜੰਦਰਾ ਬਣਾਇਆ। ਇਹ ਸੁਰੱਖਿਆ ਪੱਖੋਂ ਵੀ ਸਫ਼ਲ ਸੀ। ਬ੍ਰਾਮਾ ਅਤੇ ਇਸਦੇ ਸਹਾਇਕ ਹੈਨਰੀ ਮੋਡਸਲੀ ਨੇ ਕਈ ਮਸ਼ੀਨਾਂ ਨਾਲ ਪਹਿਲੀ ਵਾਰ ਇਨ੍ਹਾਂ ਜੰਦਰਿਆਂ ਦੇ ਪੁਰਜ਼ੇ ਤਿਆਰ ਕੀਤੇ। ਇਸ ਜੰਦਰੇ ਦੀ ਚਾਬੀ ਧਾਤ ਦੀ ਇਕ ਲੰਬੀ ਨਲੀ ਹੁੰਦੀ ਸੀ ਜਿਸ ਦੇ ਸਿਰੇ ਉੱਤੇ ਲੰਬੇ ਦਾਅ ਟੱਕ ਲਗੇ ਹੁੰਦੇ ਸਨ। ਜਦ ਤੱਕ ਸਹੀ ਟੱਕ ਵਾਲੀ ਚਾਬੀ ਜੰਦਰੇ ਵਿਚ ਨਾ ਪਵੇ, ਇਹ ਖੁਲ੍ਹ ਨਹੀਂ ਸੀ ਸਕਦਾ। (ਚਿੱਤਰ 1 ਸ)। ਇਨ੍ਹਾਂ ਜੰਦਰਿਆਂ ਦੀ ਸੁਰੱਖਿਆ ਸਬੰਧੀ ਬ੍ਰਾਮਾ ਦਾ ਵਿਸ਼ਵਾਸ ਇਤਨਾ ਦ੍ਰਿੜ੍ਹ ਸੀ ਕਿ ਉਸਨੇ ਲੰਡਨ ਵਿਚ ਆਪਣੀ ਇਕ ਦੁਕਾਨ ਵਿਚ ਇਸ ਜੰਦਰੇ ਨੂੰ ਖੋਲ੍ਹਣ ਵਾਲੇ ਲਈ 200 ਪਾਊਂਡ ਦੇ ਇਨਾਮ ਦੀ ਸ਼ਰਤ ਰੱਖੀ। ਲਗਭਗ ਪੰਜਾਹ ਵਰ੍ਹੇ ਤੀਕ ਇਸਨੂੰ ਕੋਈ ਨਹੀਂ ਖੋਲ੍ਹ ਸਕਿਆ ਪਰ 1851 ਈ. ਵਿਚ ਇਕ ਸੁੱਚਜੇ ਅਮਰੀਕਨ ਜੰਦਰੇ ਸਾਜ਼ ਨੇ ਇਸਨੂੰ ਕੁਸ਼ਲਤਾ ਨਾਲ ਖੋਲ੍ਹ ਕੇ ਇਹ ਇਨਾਮ ਹਾਸਲ ਕੀਤਾ।

ਉੱਨ੍ਹੀਵੀਂ ਸਦੀ ਦੇ ਮੱਧ ਵਿਚ ਉਦਯੋਗਾਂ ਵਿਚ ਤਰੱਕੀ ਹੋਣ ਨਾਲ ਹੀ ਜੰਦਰਿਆਂ ਦੀ ਮੰਗ ਵੀ ਇਕਦਮ ਵੱਧ ਗਈ। ਬ੍ਰਾਮਾ ਜਾਂ ਲੀਵਰ ਦੇ ਸਿੱਧਾਤਾਂ ਨੂੰ ਮੁੱਖ ਰੱਖ ਕੇ ਹੀ ਜੰਦਰਿਆਂ ਦੇ ਉਦਯੋਗ ਨੇ ਬਹੁਤ ਤਰੱਕੀ ਕੀਤੀ। ਰਾਬਰਟ ਨੇਵੈਲ ਦਾ ਪੈਰੋਟਾਪਟਿਕ ਲਾਕ, ਨਿਊ ਯਾਰਕ ਦੀ ਡੇ ਐਂਡ ਨੇਵੈਲ ਕੰਪਨੀ ਨੇ ਤਿਆਰ ਕੀਤਾ ਜੋ ਲੰਡਨ ਵਿਚ 1851 ਈ. ਦੀ 'ਗ੍ਰੇਟ ਐਗਜ਼ੀਬਿਸ਼ਨ' ਵਿਚ ਵਿਖਾਇਆ ਗਿਆ ਅਤੇ ਹੁਣ ਤੀਕ ਇਸਨੂੰ ਕੋਈ ਖੋਲ੍ਹ ਨਹੀਂ ਸਕਿਆ।

ਸੰਨ 1848 ਵਿਚ ਇਕ ਅਮਰੀਕਨ ਲੀਨਸ ਯੇਲ ਨੇ ਇਸ ਖੇਤਰ ਵਿਚ ਵੱਡਾ ਯੋਗਦਾਨ ਪਾਇਆ ਅਤੇ ਇਜਿਪਸ਼ੀਅਨ ਸਿੱਧਾਂਤ ਉਤੇ ਪਿੰਨ ਟੰਬਲਰ ਲਾਕ ਦੀ ਕਾਢ ਕੱਢੀ। ਅਗੇ ਚਲ ਕੇ 1860 ਈ. ਵਿਚ ਇਸ ਦੇ ਲੜਕੇ ਨੇ 'ਯੇਲ ਸਿਲਿੰਡਰ ਲਾਕ' ਦੀ ਕਾਢ ਕੱਢੀ ਜੋ ਅਜੋਕੇ ਸਮੇਂ ਵਿਚ ਸਭ ਤੋਂ ਵੱਧ ਪ੍ਰਚੱਲਤ ਜੰਦਰਾ ਮੰਨਿਆ ਜਾਂਦਾ ਹੈ।

ਸੰਨ 1870 ਵਿਚ ਅਮਰੀਕਾ ਵਿਚ ਚੋਰੀ ਬਹੁਤ ਵੱਧ ਜਾਣ ਕਾਰਨ ਸੁਰੱਖਿਆ ਵਜੋਂ ਤਿਜੋਰੀਆਂ ਅਤੇ ਤਹਿਖ਼ਾਨਿਆਂ ਵਿਚ ਅਜਿਹੇ ਜੰਦਰੇ ਲਗਾਏ ਗਏ, ਜੋ ਨਾਲ ਲੱਗੀ ਘੜੀ ਉਪਰ ਸੈੱਟ ਕੀਤੇ ਟਾਈਮ ਤੇ ਹੀ ਖੁਲ੍ਹਦੇ ਸਨ। ਅਜਿਹਾ ਜੰਦਰਾ 1873 ਈ. ਵਿਚ ਜੇਮਜ਼ ਸਾਰਜੈਂਟ ਨੇ ਰਾਜੈਸਟਰ, ਨਿਊਯਾਰਕ ਵਿਖੇ ਤਿਆਰ ਕੀਤਾ। ਸਤਾਰ੍ਹਵੀਂ ਸਦੀ ਦੇ ਆਰੰਭ ਵਿਚ ਇਕ ਨਵੀਂ ਕਿਸਮ ਦਾ ਜੰਦਰਾ ਇੰਗਲੈਂਡ ਵਿਚ ਤਿਆਰ ਕੀਤਾ ਗਿਆ ਜਿਸ ਵਿਚ ਅੱਖਰਾਂ ਜਾਂ ਨੰਬਰਾਂ ਨਾਲ ਕੋਈ ਸ਼ਬਦ ਨਿਸ਼ਚਿਤ ਕੀਤਾ ਜਾਂਦਾ ਸੀ ਅਤੇ ਇਕ ਧੁਰੇ ਦੁਆਲੇ ਕੁਝ ਅਜਿਹੇ ਰਿੰਗ ਹੁੰਦੇ ਸਨ ਜਿਨ੍ਹਾਂ ਨੂੰ ਘੁਮਾਉਣ ਨਾਲ ਨਿਸ਼ਚਿਤ ਸ਼ਬਦ ਬਣਦਾ ਸੀ ਅਤੇ ਜੰਦਰਾ ਖੁਲ੍ਹ ਜਾਂਦਾ ਸੀ। ਇਹ ਜੰਦਰੇ ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਸੇਫ਼ ਜਾਂ ਬੈਂਕ ਆਦਿ ਦੇ ਖ਼ਜ਼ਾਨੇ ਲਈ ਵਰਤੇ ਜਾਂਦੇ ਸਨ। ਸੁਰੱਖਿਆ ਪੱਖੋਂ ਇਹ ਜੰਦਰੇ ਬਹੁਤ ਸਫ਼ਲ ਸਿੱਧ ਹੋਏ। ਅਜਿਹੇ ਜੰਦਰੇ ਵਿਚ ਜੇਕਰ ਚਾਰ ਰਿੰਗ ਹੋਣ ਅਤੇ ਹਰ ਇਕ ਉਪਰ 100 ਨੰਬਰ ਹੋਣ ਤਾਂ ਲਗਭਗ 100,000,000 ਨੰਬਰ ਬਣ ਸਕਦੇ ਹਨ। ਇਸ ਕਿਸਮ ਦੇ ਜੰਦਰੇ ਵਿਚ ਰਿੰਗ ਘੁਮਾਉਣ ਨਾਲ ਅਸਲ ਵਿਚ ਇਨ੍ਹਾਂ ਰਿੰਗਾਂ ਉਪਰ ਬਣੇ ਟੱਕ ਇਕ ਲਾਈਨ ਵਿਚ ਆ ਜਾਂਦੇ ਹਨ ਅਤੇ ਕੁੰਡੀ ਖੁਲ੍ਹ ਜਾਂਦੀ ਹੈ।

ਕਿਸੇ ਵੀ ਵੱਡੀ ਇਮਾਰਤ ਜਾਂ ਹੋਟਲ ਆਦਿ ਦੇ ਮੈਨੇਜਰ ਲਈ ਇਕ 'ਮਾਸਟਰ ਕੀ' ਰੱਖਣੀ ਬਹੁਤ ਜ਼ਰੂਰੀ ਹੁੰਦੀ ਹੈ ਤਾਂ ਜੋ ਉਹ ਹਰ ਕਮਰਾ ਖੋਲ੍ਹ ਸਕੇ। ਇਸ ਕੰਮ ਨੂੰ ਸੁਖਾਲਾ ਬਣਾਉਣ ਲਈ ਜੰਦਰੇ ਵਿਚ ਦੋ ਮੋਰੀਆਂ ਰੱਖੀਆਂ ਜਾਂਦੀਆਂ ਹਨ, ਇਕ ਉਸੇ ਡਿਜ਼ਾਈਨ ਦੀ ਚਾਬੀ ਲਈ ਅਤੇ ਦੂਜੀ ਮਾਸਟਰ ਕੀ ਲਈ। ਇਹ ਵੀ ਹੋ ਸਕਦਾ ਹੈ ਕਿ ਮਾਸਟਰ ਕੀ, ਜੰਦਰੇ ਦੀ ਖ਼ਾਸ ਚਾਬੀ ਵਾਲੀ ਮੋਰੀ ਵਿਚੋਂ ਵੀ ਲੱਗ ਜਾਵੇ।

**ਅਜੋਕੇ ਜੰਦਰੇ ਅਤੇ ਸੇਫ**—ਸੁਰੱਖਿਆ ਪੱਖੋਂ ਹੀ ਜੰਦਰਿਆਂ ਦੇ ਬਣਾਉਣ ਵਿਚ ਪਿਛਲੇ ਬਹੁਤ ਵਰ੍ਹਿਆਂ ਤੋਂ ਲਗਾਤਾਰ ਤਬਦੀਲੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਤਬਦੀਲੀਆਂ ਦੇ ਬਾਵਜੂਦ ਵੀ ਬ੍ਰਾਮਾ, ਯੇਲ, ਲੀਵਰ ਅਤੇ ਕੰਬੀਨੇਸ਼ਨ ਜੰਦਰੇ ਹੀ ਬਹੁਤੇ ਪ੍ਰਚੱਲਤ ਹਨ। ਸਵਿਟਜ਼ਰਲੈਂਡ ਦਾ ਪ੍ਰਸਿੱਧ 'ਕਾਬਾ ਜੰਦਰਾ' ਵੀ ਯੇਲ ਸਿੱਧਾਂਤ ਉਪਰ ਹੀ ਆਧਾਰਿਤ ਹੈ ਪਰ ਇਸ ਵਿਚ ਇਸਦੀ ਚਾਬੀ ਇਕ ਪੱਧਰੀਆਂ ਪਰਤਾਂ ਵਾਲੀ ਹੁੰਦੀ ਹੈ ਜਿਸ ਵਿਚ ਵਿਸ਼ੇਸ਼ ਡਿਜ਼ਾਈਨ ਨਾਲ ਡੂੰਘ ਬਣੇ ਹੁੰਦੇ ਹਨ ਜੋ ਜੰਦਰੇ ਅੰਦਰ ਪਿੰਨਾਂ ਉਪਰ ਦਬਾਉ ਪਾ ਕੇ ਜੰਦਰਾ ਖੋਲ੍ਹ ਦਿੰਦੇ ਹਨ। ਫ਼ਿਨਲੈਂਡ ਦਾ ਐਬਲੌਏ ਜੰਦਰਾ ਵੀ ਇਕ ਕੰਬੀਨੇਸ਼ਨ ਜੰਦਰਾ ਹੈ ਜਿਸ ਵਿਚ ਰਿੰਗਾਂ ਨੂੰ ਬਾਰੀ ਬਾਰੀ ਘੁਮਾਉਣ ਦੀ ਬਜਾਇ, ਚਾਬੀ ਨਾਲ ਇਕੋ ਵਾਰੀ ਘੁਮਾ ਕੇ ਨਿਸ਼ਚਿਤ ਸ਼ਬਦ ਜਾਂ ਨੰਬਰ ਬਣਾ ਲਿਆ ਜਾਂਦਾ ਹੈ, ਜਿਸ ਨਾਲ ਜੰਦਰਾ ਖੁੱਲ੍ਹ ਜਾਂਦਾ ਹੈ।

ਇਕ ਹੋਰ ਕਿਸਮ ਚੁੰਬਕੀ ਜੰਦਰਿਆਂ ਦੀ ਹੈ ਜਿਸ ਵਿਚ ਚਾਬੀ ਵਿਚ ਕੋਈ ਵੀ ਟੱਕ ਜਾਂ ਡੂੰਘ ਨਹੀਂ ਹੁੰਦੇ ਸਗੋਂ ਚਾਬੀ ਵਿਚ ਛੋਟੇ ਛੋਟੇ ਚੁੰਬਕ ਲੱਗੇ ਹੁੰਦੇ। ਹਨ। ਜਦੋਂ ਜੰਦਰੇ ਦੇ ਪਿੰਨਾਂ ਨੂੰ ਚੁੰਬਕੀ ਸ਼ਕਤੀ ਨਾਲ ਧੱਕ ਕੇ ਉਪਰ ਚੁੱਕ ਦਿਤਾ ਜਾਂਦਾ ਹੈ ਅਤੇ ਜੰਦਰੇ ਦਾ ਸਿਲਿੰਡਰ ਘੁਮਣ ਲਈ ਸੁਤੰਤਰ ਹੋ ਜਾਂਦਾ ਹੈ।

ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਚੋਰਾਂ ਦੇ ਜੰਦਰੇ ਖੋਲ੍ਹਣ ਦਾ ਡਰ ਘੱਟ ਗਿਆ ਕਿਉਂਕਿ ਇਸ ਸਮੇਂ ਦੌਰਾਨ ਵਿਸਫੋਟਕ ਪਦਾਰਥਾਂ ਨਾਲ ਜੰਦਰੇ ਤੋੜਨ ਦੀ ਵਿਧੀ ਸਾਹਮਣੇ ਆ ਚੁੱਕੀ ਸੀ। ਇਸ ਡਰ ਦੇ ਘਟਣ ਨਾਲ ਜੰਦਰੇ ਦੇ ਉਦਯੋਗ ਵਿਚ ਕਾਫ਼ੀ ਗਿਰਾਵਟ ਆਈ। ਸੇਫ਼ ਅਤੇ ਖ਼ਜ਼ਾਨੇ ਦੇ ਜੰਦਰੇ ਖੋਲ੍ਹਣ ਦੀ ਬਜਾਇ ਧਮਾਕੇ ਨਾਲ ਤੋੜ ਦਿੱਤੇ ਜਾਂਦੇ ਸਨ। ਇਕ ਹੋਰ ਤਰੀਕਾ ਜੋ ਚੋਰਾਂ ਨੇ ਅਪਣਾਇਆ ਉਹ ਇਹ ਸੀ ਕਿ ਬਿਜਲੀ ਦੇ ਸੇਕ ਜਾਂ ਆਕਸੀਐਸੀਟਿਲੀ ਅੱਗ ਨਾਲ ਤਿਜੋਰੀ ਦੀ ਪਲੇਟਿੰਗ ਜਾਂ ਜੋੜ ਪਿਘਲਾ ਕੇ ਉਸਨੂੰ ਖੋਲ੍ਹ ਲਿਆ ਜਾਂਦਾ ਸੀ। ਇਸ ਵਿਧੀ ਵਿਚ ਸਮਾਂ ਬਹੁਤ ਜ਼ਿਆਦਾ ਲੱਗ ਜਾਂਦਾ ਸੀ ਅਤੇ ਜੰਦਰੇ ਬਣਾਉਣ ਵਾਲਿਆਂ ਨੇ ਵੀ ਇਸ ਤੋਂ ਬਚਾਉ ਵਜੋਂ ਠੋਸ ਧਾਤਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ।

ਹ. ਪੁ. -ਐਨ. ਬ੍ਰਿ. ਮਾ. 7: 433

**ਜੰਦਵੜੀ** : ਭਾਰਤ ਦੇ ਪੰਜਾਬ ਰਾਜ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦਾ ਇਕ ਇਤਿਹਾਸਕ ਕਸਬਾ ਹੈ ਜਿਹੜਾ ਗੜ੍ਹਸ਼ੰਕਰ ਰੇਲਵੇ ਸਟੇਸ਼ਨ ਤੋਂ 32 ਕਿ. ਮੀ. ਦੂਰ ਹੈ। ਇਥੇ ਬਾਬਾ ਗੁਰਦਿੱਤਾ ਜੀ ਦਾ ਗੁਰਦੁਆਰਾ ਹੈ। ਇਸੇ ਸਥਾਨ ਉਤੇ ਬਾਬਾ ਜੀ ਨੇ ਇਕ ਮਰੀ ਹੋਈ ਗਾਂ ਜਿਵਾਈ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਥੇ ਵਿਰਾਜੇ ਸਨ।

ਹ. ਪੁ. -ਮ. ਕੋ. : 421

**ਜਨਕ** : ਇਹ ਮਿਥਲਾ ਦਾ ਰਾਜਾ ਸੀ। ਜਦੋਂ ਇਸ ਤੋਂ ਪਹਿਲੇ ਰਾਜੇ ਨਿਮੀ ਦੀ ਜਾਨਸ਼ੀਨ ਤੋਂ ਬਿਨਾਂ ਮੌਤ ਹੋ ਗਈ ਤਾਂ ਰਿਸ਼ੀਆਂ ਨੇ ਉਸ ਦੇ ਸਰੀਰ ਨੂੰ ਰਗੜ ਕੇ ਉਸ ਵਿਚੋਂ ਇਕ ਰਾਜਕੁਮਾਰ ਪੈਦਾ ਕੀਤਾ, ਜਿਸ ਦਾ ਨਾਂ ਉਨ੍ਹਾਂ ਨੇ ਜਨਕ ਰੱਖਿਆ। ਇਹ ਸੀਤਾ ਦੇ ਪਿਤਾ ਰਾਜਾ ਜਨਕ ਤੋਂ ਵੀਹ ਪੀੜ੍ਹੀਆਂ ਪਹਿਲਾਂ ਹੋਇਆ ਸੀ।

**ਜਨਕ** : ਇਹ ਵਿਦੇਹ ਦਾ ਰਾਜਾ ਤੇ **ਸੀਤਾ** ਦਾ ਪਿਤਾ ਸੀ, ਜੋ ਆਪਣੇ ਵਿਸ਼ਾਲ ਗਿਆਨ, ਸ਼ੁਭ ਕਾਰਜਾਂ ਤੇ ਪਵਿੱਤਰਤਾ ਕਾਰਨ ਬਹੁਤ ਪ੍ਰਸਿੱਧ ਸੀ। ਇਸ ਨੂੰ ਸ਼ੀਰ ਧਵਜ 'ਹਲ ਦੇ ਝੰਡੇ ਵਾਲਾ' ਵੀ ਕਹਿੰਦੇ ਹਨ ਕਿਉਂਕਿ ਇਸ ਦੀ ਪੁੱਤਰੀ ਸੀਤਾ, ਇਸ ਦੇ ਹੱਲ ਚਲਾਉਣ ਸਮੇਂ ਸਿਆੜ ਦੇ ਹੇਠੋਂ ਉਦੋਂ ਪੈਦਾ ਹੋਈ ਸੀ, ਜਦੋਂ ਰਾਜਾ ਸੰਤਾਨ ਦੀ ਪ੍ਰਾਪਤੀ ਲਈ ਯੱਗ ਕਰਨ ਵਾਸਤੇ ਧਰਤੀ ਵਾਹ ਰਿਹਾ ਸੀ। ਯਗਵਾਲਕਯ ਰਿਸ਼ੀ ਇਸ ਦਾ ਪ੍ਰੋਹਿਤ ਤੇ ਸਲਾਹਕਾਰ ਸੀ। ਇਸ ਨੇ ਬ੍ਰਾਹਮਣਾਂ ਦੇ ਵਿਖਾਵਿਆਂ

ਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਤੇ ਪ੍ਰੋਹਿਤਾਂ ਦੇ ਦਖ਼ਲ ਤੋਂ ਬਿਨਾਂ ਗ ਕਰਨ ਦੇ ਅਧਿਕਾਰ ਨੂੰ ਦ੍ਰਿੜਾਇਆ। ਅਖ਼ੀਰ ਇਹ ਇਸ ਮਿਸ਼ਨ ਚ ਸਫ਼ਲ ਹੋ ਗਿਆ। ਇਹ ਆਪਣੇ ਪਵਿੱਤਰ ਤੇ ਨੇਕ ਜੀਵਨ ਕਾਰਨ ਹਮਣ ਬਣ ਗਿਆ ਤੇ ਇਸ ਦੀ ਗਿਣਤੀ ਰਾਜ-ਰਿਸ਼ੀਆਂ ਵਿਚ ਕੀਤੀ ਦੀ ਸੀ। ਆਖਿਆ ਜਾਂਦਾ ਹੈ ਕਿ ਇਸ ਨੇ ਤੇ ਇਸ ਦੇ ਪ੍ਰੋਹਿਤ ਗਵਾਲਕਯ ਨੇ ਹੀ ਬੁੱਧ ਧਰਮ ਲਈ ਰਾਹ ਤਿਆਰ ਕੀਤਾ ਸੀ।

ਜਨਕ ਪਾਸ ਸ਼ਿਵ ਦਾ ਭਾਰੀ ਧਨੁੱਸ਼ ਸੀ। ਰਾਮ ਚੰਦਰ ਜੀ ਨੇ ਸ ਧਨੁੱਸ਼ ਨੂੰ ਤੋੜਨ ਦੀ ਸ਼ਰਤ ਪੂਰੀ ਕਰਕੇ ਸਵੰਬਰ ਵਿਚ ਸੀਤਾ ਜੀ ਵਰਿਆ ਸੀ।

ਜਨਕ ਦੀ ਵਧੇਰੇ ਕਰਕੇ ਨੇਪਾਲੀ ਰਿਆਸਤ, ਵਿਦੇਹ ਅੱਜ ਦੇ ੱਤਰੀ ਬਿਹਾਰ ਦੀ ਤਿਰਹਟ ਡਵੀਜ਼ਨ ਵਿਚ ਹੈ। ਇਸ ਦੀ ਰਾਜਧਾਨੀ ਥਲਾ ਦਾ ਨਾਂ ਹੁਣ ਜਨਕਪੁਰਾ ਹੈ ਜੋ 12 ਵੀ ਤੋਂ 16 ਵੀਂ ਸਦੀ ਤੱਕ ਵਿੱਦਿਆ ਦਾ ਪ੍ਰਸਿੱਧ ਕੇਂਦਰ ਰਿਹਾ ਹੈ।

ਹ. ਪੁ. -ਹਿੰ. ਵਿ. ਕੋ; ਹਿੰ. ਮਿ. ਕੋ.

**ਜਨਜੇਰੋ** : ਇਹ ਦੱਖਣ-ਪੱਛਮੀ ਇਥੋਪੀਆ ਦੇ ਕਾਫ਼ਾ ਪ੍ਰਾਵਿੰਸ ਵਚ ਇਕ ਛੋਟੀ ਜਿਹੀ ਆਜ਼ਾਦ ਬਾਦਸ਼ਾਹਤ ਸੀ, ਜਿਸ ਦੀ ਹਕੂਮਤ ਜਦਾਮਾ ਖ਼ਾਨਦਾਨ ਦੇ ਹੱਥ ਸੀ। ਇਹ ਬਾਦਸ਼ਾਹਤ ਦੇ ਦੱਖਣ-ਪੂਰਬ ਵਚ ਓਮੋ ਅਤੇ ਗਿਬੇ ਦਰਿਆਵਾਂ ਵਿਚਕਾਰ ਸਥਿਤ ਸੀ। ਸੰਨ 1894 ਵਚ ਇਸ ਨੂੰ ਇਥੋਪੀਅਨਾਂ ਨੇ ਜਿੱਤ ਲਿਆ ਅਤੇ ਸਿਦਾਮਾ ਦੀ ਆਜ਼ਾਦ ਸੀਅਤ ਖ਼ਤਮ ਹੋ ਗਈ। ਇਸ ਤੋਂ ਪਹਿਲਾਂ 1613 ਈ. ਵਿਚ ਸਿਰਫ਼ ਏਕੋ ਹੀ 'ਫ਼ਾਦਰ ਫ਼ਰਨੈਂਡੀਜ਼' ਨਾਮੀ ਯੂਰਪੀ ਇਸ ਬਾਦਸ਼ਾਹਤ ਵਿਚ ਗਿਆ ਸੀ।

ਇਨ੍ਹਾਂ ਵਿਚੋਂ ਖੇਤੀ ਕਰਨ ਵਾਲੇ ਲੋਕ ਆਪਣੇ ਆਪ ਨੂੰ ਯਾਮਾ ਕਹਾਉਂਦੇ ਹਨ। ਜਨਜੇਰੋ ਨਾਂ ਐਮਹਾਰਿਕ 'Zenjaro' ਸ਼ਬਦ ਤੋਂ ਪਿਆ ਜਸ ਦਾ ਮਤਲਬ ਲੰਗੂਰ ਹੁੰਦਾ ਹੈ। ਮੈਨੋਐਲ ਦਾ ਆਲਮੀਦਾ (Manoel le Almeida) ਫ਼ਰਨੈਂਡੀਜ਼ ਦੀ ਯਾਤਰਾ ਦਾ ਵਰਣਨ ਕਰਦਿਆਂ ਦੱਸਦਾ ੈ ਕਿ ਇਥੋਂ ਦੇ ਲੋਕਾਂ ਵਿਚ ਬਹੁਤ ਸਾਰੇ ਉਜੱਡ ਕਿਸਮ ਅਤੇ ਅਜੀਬ ਜਹੇ ਰਸਮੋ-ਰਿਵਾਜ ਪ੍ਰਚੱਲਤ ਸਨ। ਇਥੋਂ ਦਾ ਬਾਦਸ਼ਾਹ ਜਾਦੂਗਰ ਅਤੇ ਆਪ ਹੁਦਰਾ ਸੀ, ਜਿਸਨੇ ਬਹੁਤ ਹੀ ਜ਼ਿਆਦਾ ਅਧਿਕਾਰੀ ਨਿਯੁਕਤ ਕੀਤੇ ਹੋਏ ਸਨ।

ਹ. ਪੁ. -ਐਨ. ਬ੍ਰਿ. 12: 873

**ਜਨ–ਨਾਸ਼** : ਇਸ ਸ਼ਬਦ ਦੀ ਵਰਤੋਂ ਜੀਵਾਂ ਦੇ ਸਮੂਹਿਕ ਨਾਸ਼ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਇਸ ਦੇ ਅੰਗਰੇਜ਼ੀ ਰੂਪ Genocide' ਨੂੰ ਘੜਨ ਦਾ ਸਿਹਰਾ ਪੋਲੈਂਡ ਮੂਲ ਦੇ ਅਮਰੀਕੀ ਵਿਦਵਾਨ ਰੈਫੇਲ ਲੈਮਕਿਨ ਦੇ ਸਿਰ ਹੈ। ਦੂਜੇ ਵਿਸ਼ਵ-ਯੁੱਧ ਦੌਰਾਨ ਹੋਏ ਜਨ ਨਾਸ਼ ਅਤੇ ਇਸ ਤੋਂ ਪਿਛੋ 'ਨੂਰਨਬਰਗ ਮੁਕੱਦਮੇ' ਦੇ ਸਿੱਟਿਆਂ ਨੇ ਸਾਰੇ ਵਿਸ਼ਵ ਦੇ ਰਾਸ਼ਟਰਾਂ ਨੂੰ ਇਸ ਸਬੰਧੀ ਅੰਤਰ-ਰਾਸ਼ਟਰੀ ਪੱਧਰ ਤੇ ਕਾਨੂੰਨ ਬਣਾਉਣ ਲਈ ਮਜਬੂਰ ਕਰ ਦਿੱਤਾ।

ਸੰਨ 1946 ਵਿਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਇਸ ਗੱਲ ਦੀ ਪ੍ਰੋੜ੍ਹਤਾ ਕਰ ਦਿੱਤੀ ਕਿ ਜਨ-ਨਾਸ਼ ਅੰਤਰ-ਰਾਸ਼ਟਰੀ ਕਾਨੂੰਨ ਦੀ ਦ੍ਰਿਸ਼ਟੀ ਤੋਂ ਇਕ ਜੁਰਮ ਹੈ, ਜਿਸ ਦੀ ਸਾਰੀ ਦੁਨੀਆ ਨਿਖੇਧੀ ਕਰਦੀ ਹੈ ਅਤੇ ਇਸ ਦੇ ਕਸੂਰਵਾਰਾਂ ਨੂੰ ਸਜ਼ਾ ਦਿਤੀ ਜਾ ਸਕਦੀ ਹੈ।

ਇਸ ਤੋਂ ਦੋ ਸਾਲ ਪਿਛੋਂ 9 ਦਸੰਬਰ, 1948 ਨੂੰ ਜਨਰਲ ਅਸੈਂਬਲੀ ਨੇ ਜਨ-ਨਾਸ਼ ਦੇ ਜੁਰਮ ਦੀ ਰੋਕ-ਥਾਮ ਅਤੇ ਸਜ਼ਾ ਸਬੰਧੀ ਕਨਵੈਨਸ਼ਨ ਦੀ ਪ੍ਰੋੜ੍ਹਤਾ ਕਰ ਦਿਤੀ, ਜੋ 12 ਜਨਵਰੀ, 1951 ਤੋਂ ਲਾਗੂ ਹੋ ਗਈ। ਇਸ ਕਨਵੈਨਸ਼ਨ ਦੇ ਮੈਂਬਰ ਰਾਜਾਂ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਅਮਨ ਜਾਂ ਜੰਗ ਕਿਸੇ ਸਮੇਂ ਵੀ ਜਨ-ਨਾਸ਼ ਅੰਤਰ-ਰਾਸ਼ਟਰੀ ਕਾਨੂੰਨ ਵਿਚ ਜੁਰਮ ਹੈ, ਜਿਸਨੂੰ ਰੋਕਣ ਅਤੇ ਇਸ ਲਈ ਸਜ਼ਾ ਦੇਣ ਦਾ ਜ਼ਿੰਮਾ ਉਹ ਲੈਂਦੇ ਹਨ।

ਕੁਝ ਗ਼ੈਰ-ਇਨਸਾਨੀ ਕੰਮ ਅੰਤਰ-ਰਾਸ਼ਟਰੀ ਜੁਰਮ ਹਨ ਜਿਵੇਂ ਕਿ ਇਨਸਾਨੀਅਤ ਵਿਰੁੱਧ ਜੁਰਮ, ਜੇ ਕਰ ਇਹ ਅਮਨ ਭੰਗ ਕਰਨ ਜਾਂ ਜੰਗ ਸ਼ੁਰੂ ਕਰਨ ਦੇ ਸਬੰਧ ਵਿਚ ਹੋਣ। ਇਨ੍ਹਾਂ ਨੂੰ ਅੰਤਰ-ਰਾਸ਼ਟਰੀ ਜੁਰਮ ਕਿਹਾ ਜਾਵੇਗਾ। ਜਨ-ਨਾਸ਼ ਦੀ ਪਰਿਭਾਸ਼ਾ ਅਧੀਨ ਕਿਸੇ ਜੁਰਮ ਨੂੰ ਜੰਗ ਦੀ ਤਿਆਰੀ ਲਈ ਜਾਂ ਜੰਗ ਦੌਰਾਨ ਕੀਤੇ ਜਾਣ ਦੀ ਕੋਈ ਸ਼ਰਤ ਨਹੀਂ। ਜਨ-ਨਾਸ਼ ਸਬੰਧੀ ਕਨਵੈਸ਼ਨ ਵਿਚ ਜਨ-ਨਾਸ਼ ਦੇ ਘੇਰੇ ਵਿਚ ਨਿਮਨ ਸਾਰੇ ਕਾਰਜ ਆ ਜਾਂਦੇ ਹਨ।

1. ਕਿਸੇ ਗਰੁੱਪ ਦੇ ਮੈਂਬਰ ਨੂੰ ਮਾਰਨਾ, 2. ਕਿਸੇ ਗਰੁੱਪ ਦੇ ਮੈਂਬਰਾਂ ਨੂੰ ਗੰਭੀਰ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ, 3. ਕਿਸੇ ਗਰੁੱਪ ਨੂੰ ਪੂਰੇ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਸਮਾਪਤ ਕਰਨਾ, 4. ਕਿਸੇ ਗਰੁੱਪ ਵਿਚ ਪੈਦਾਇਸ਼ ਰੋਕਣ ਲਈ ਉਪਾਅ ਠੋਸਣੇ, ਅਤੇ 5 ਕਿਸੇ ਗਰੁੱਪ ਦੇ ਬੱਚਿਆਂ ਨੂੰ ਜ਼ਬਰਦਸਤੀ ਦੂਜੇ ਗਰੁੱਪ ਵਿਚ ਬਦਲਣਾ।

ਇਸ ਸਬੰਧੀ ਅਸਿੱਧੇ ਜਾਂ ਸਿੱਧੇ ਕੰਮਾਂ ਨੂੰ ਅੰਤਰ ਰਾਸ਼ਟਰੀ ਕਾਨੂੰਨ ਵਿਚ ਜੁਰਮ ਮੰਨਿਆ ਜਾਵੇਗਾ।

ਹ. ਪੁ -ਐਨ. ਬ੍ਰਿ. 10 : 108 ; ਐਨ. ਅਮੇ. 12: 404

**ਜਨਮ ਅਸ਼ਟਮੀ** : ਵੇਖੋ, ਕ੍ਰਿਸ਼ਨ ਅਸ਼ਟਮੀ

**ਜਨਮ ਸਾਖੀ** : ਕਿਸੇ ਮਹਾਂਪੁਰਖ ਦੇ ਆਤਮਕ ਤੇ ਅਧਿਆਤਮਕ ਜੀਵਨ ਚਰਿਤਰ ਨੂੰ ਪੇਸ਼ ਕਰਨ ਵਾਲੀ ਰਚਨਾ ਨੂੰ ਜਨਮ ਸਾਖੀ ਆਖਿਆ ਜਾਂਦਾ ਹੈ। ਪੰਜਾਬੀ ਵਿਚ ਇਹ ਸਾਹਿਤ ਰੂਪ ਸ੍ਰੀ ਗੁਰੂ ਨਾਨਕ ਦੇ ਆਗਮਨ ਨਾਲ ਆਇਆ, ਜਿਸ ਕਾਰਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੀ ਜੀਵਨ-ਕਥਾ ਦਾ ਪ੍ਰਯਾਇ ਬਣ ਗਿਆ ਹੈ। ਇਸ ਵਿਚ ਸਤਿਗੁਰੂ ਦੇ ਜੀਵਨ ਦੀਆਂ ਘਟਨਾਵਾਂ ਤੇ ਬਚਨਾਂ ਨੂੰ ਅਜਿਹੇ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਜਗਿਆਸੂ ਸਹਿਜ ਸੁਭਾ ਉਨ੍ਹਾਂ ਵਿਚ ਦੱਸੇ ਉਪਦੇਸ਼ਾਂ ਨੂੰ ਗ੍ਰਹਿਣ ਕਰਕੇ ਆਪਣੇ ਅਧਿਆਤਮਕ ਤੇ ਨੈਤਿਕ ਪ੍ਰਸ਼ਨਾਂ ਦਾ ਹਲ ਲੱਭ ਲੈਂਦਾ ਹੈ ਤੇ ਉਚੇਰਾ ਧਾਰਮਿਕ ਜੀਵਨ ਬਤੀਤ ਕਰਨ ਲਈ ਯਤਨਸ਼ੀਲ ਹੋ ਜਾਂਦਾ ਹੈ। ਸਾਧਾਰਣ ਰੂਪ ਵਿਚ ਸਾਖੀਆਂ ਜਾਂ ਗੋਸ਼ਟਾਂ ਨੂੰ ਜੀਵਨ ਦੇ ਵਿਕਾਸ ਕ੍ਰਮ ਵਿਚ ਪਰੋਇਆ ਜਾਂਦਾ ਹੈ, ਪਰ ਕਈ ਵਾਰ ਕ੍ਰਮ ਦੀ ਉਲੰਘਣਾ ਹੋਈ ਵੀ ਮਿਲ ਜਾਂਦੀ ਹੈ ਤੇ ਕਈ ਸਾਖੀਆਂ ਵਿਚ ਸ੍ਰੀ ਗੁਰੂ ਨਾਨਕ ਜੀ ਦੀ ਬਾਣੀ ਤੋਂ ਇਲਾਵਾ ਹੋਰ ਗੁਰੂ ਸਾਹਿਬਾਨ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੋੜੀ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ 15ਵੀਂ ਸਦੀ ਦੇ ਯੁਗ-ਪੁਰਸ਼ ਹੋਏ ਹਨ ਜਿਨ੍ਹਾਂ ਨੇ ਕੁਰਾਹੇ ਪਏ ਲੋਕਾਂ ਨੂੰ ਸੱਚਾ ਮਾਰਗ ਵਿਖਾਇਆ। ਦੇਸ਼ ਦੀ ਧਾਰਮਿਕ, ਸਦਾਚਾਰਕ, ਰਾਜਨੀਤਕ ਤੇ ਸਮਾਜਿਕ ਸਭ ਪ੍ਰਕਾਰ ਦੀ ਹਾਲਤ ਬੜੀ ਨਿਰਾਸ਼ਾਜਨਕ ਸੀ, ਜਿਸ ਨੂੰ ਭਲੀ ਭਾਂਤ ਸਮਝਣ ਮਗਰੋਂ ਸਤਿਗੁਰੂ ਨੇ ਲੋਕਾਂ ਦੇ ਸਦਾਚਾਰਕ ਪੱਧਰ ਨੂੰ ਉੱਚਾ ਚੁੱਕਿਆ ਤੇ ਆਪਣੇ ਸਰਲ ਤੇ ਸਪੱਸ਼ਟ ਉਦੇਸ਼ਾਂ ਕਾਰਨ ਉਹ ਲੋਕਾਂ ਦੇ ਮਨਾ ਤੇ ਰਾਜ ਕਰਨ ਲੱਗੇ। ਇਨ੍ਹਾਂ ਜਨਮ ਸਾਖੀਆਂ ਵਿਚ ਉਨ੍ਹਾਂ ਦੀਆਂ ਯਾਦਾਂ, ਬਚਨ ਤੇ ਜੀਵਨ ਦੀਆਂ ਘਟਨਾਵਾਂ ਨੂੰ ਸ਼ਰਧਾਲੂਆਂ ਨੇ ਲਿਖਿਆ ਹੈ।

ਪੁਰਾਤਨ ਜਨਮ ਸਾਖੀ ਦਾ ਸੰਪਾਦਨ ਭਾਈ ਵੀਰ ਸਿੰਘ ਨੇ ਕੀਤਾ। ਪਹਿਲੀ ਵਾਰ ਇਹ 1923 ਈ. ਵਿਚ ਪ੍ਰਕਾਸ਼ਿਤ ਹੋਈ। ਸਭ ਤੋਂ ਪੁਰਾਣੀ ਹੋਣ ਕਾਰਨ ਇਸ ਨਾਲ ਪੁਰਾਤਨ ਵਿਸ਼ੇਸ਼ਣ ਲਗਾ ਦਿੱਤਾ ਗਿਆ। ਇਸ ਦੀਆਂ ਦੋ ਆਧਾਰ ਪੋਥੀਆ ਸਨ। ਪਹਿਲੀ ਵਲਾਇਤ ਵਾਲੀ ਜਨਮ ਸਾਖੀ ਜੋ ਐੱਚ. ਟੀ. ਕੋਲ ਬੁਰਕ ਨੇ ਲੱਭੀ ਸੀ ਤੇ ਹੁਣ ਇਹ ਇੰਡੀਆ ਆਫ਼ਿਸ ਲਾਇਬਰੇਰੀ ਵਿਚ ਸੁਰੱਖਿਅਤ ਹੈ। ਦੂਸਰੀ ਪੋਥੀ ਪ੍ਰੋ. ਗੁਰਮੁਖ ਸਿੰਘ ਨੂੰ 1884 ਈ. ਵਿਚ ਹਾਫ਼ਜ਼ਾਬਾਦ ਤੋਂ ਪ੍ਰਾਪਤ ਹੋਈ ਸੀ। ਇਨ੍ਹਾਂ ਦੋਹਾਂ ਦੇ ਪਾਠਾਂ ਦੀ ਤੁਲਨਾ ਕਰ ਕੇ ਭਾਈ ਵੀਰ ਸਿੰਘ ਨੇ ਪੁਰਾਤਨ

ਜਨਮ ਸਾਖੀ ਦਾ ਸੰਪਾਦਨ ਕੀਤਾ। ਜੁਗਾਵਲੀ ਦੇ ਆਧਾਰ ਤੇ ਇਸ ਦਾ ਸਮਾਂ 1635 ਈ. ਨਿਸ਼ਚਿਤ ਕੀਤਾ ਗਿਆ ਹੈ, ਪਰ ਅਜੋਕੀ ਖੋਜ ਅਨੁਸਾਰ ਇਹ ਇਸ ਪੋਥੀ ਦੇ ਉਤਾਰੇ ਦਾ ਸਮਾਂ ਹੈ। ਇਸ ਤੋਂ ਸਹਿਜੇ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਕਾਫ਼ੀ ਪਹਿਲਾਂ ਲਿਖੀ ਗਈ ਹੋਵੇਗੀ।

ਇਸ ਜਨਮ ਸਾਖੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਈ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੋੜੇ ਗਏ ਹਨ, ਜਿਸ ਤੋਂ ਇਹ ਅਨੁਮਾਨ ਲਗਦਾ ਹੈ ਕਿ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੱਦੀ ਤੇ ਬਿਰਾਜਣ ਭਾਵ 1588 ਈ. ਤੋਂ ਮਗਰੋਂ ਲਿਖੀ ਗਈ ਹੋਵੇਗੀ।

ਇਸ ਦਾ ਕਰਤਾ ਕੋਣ ਹੈ? ਇਸ ਬਾਰੇ ਕੋਈ ਪ੍ਰਮਾਣ ਉਪਲੱਬਧ ਨਹੀਂ ਹੈ, ਜਿਸ ਕਾਰਨ ਵਿਦਵਾਨਾਂ ਨੇ ਅਨੁਮਾਨ ਹੀ ਲਗਾਏ ਹਨ ਜਿਵੇਂ ਕੋਈ ਤੁਲੰਬਾ ਨਿਵਾਸੀ ਉੱਪਲ ਖਤਰੀ ਨੂੰ ਤੇ ਕੋਈ ਨਾਥ ਯੋਗੀ ਨੂੰ ਇਸ ਦਾ ਕਰਤਾ ਮੰਨਦਾ ਹੈ। ਭਾਸ਼ਾ ਤੋਂ ਜਾਪਦਾ ਹੈ ਕਿ ਇਸ ਦਾ ਲੇਖਕ ਪੋਠੋਹਾਰ ਦਾ ਹੋਵੇਗਾ। ਸਰ ਅਤਰ ਸਿੰਘ ਭਦੌੜੀਏ ਨੇ ਉਸ ਦਾ ਨਾਮ ਸੇਵਾਦਾਸ ਦੱਸਿਆ ਹੈ। ਕੁਝ ਵਿਦਵਾਨ ਇਸ ਨੂੰ ਠੀਕ ਮੰਨਦੇ ਹਨ।

ਇਸ ਵਿਚ ਕੁੱਲ 57 ਸਾਖੀਆਂ ਹਨ ਜਿਨ੍ਹਾਂ ਵਿਚ ਸਤਿਗੁਰੂ ਦੇ ਬਚਪਨ ਤੋਂ ਲੈ ਕੇ ਬ੍ਰਹਮਲੀਨ ਹੋਣ ਤੱਕ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਬੜੀ ਸੰਕੋਚਵੀ ਸ਼ੈਲੀ ਵਿਚ ਲਿਖਿਆ ਗਿਆ ਹੈ। ਇਸ ਰਚਨਾ ਉਤੇ ਪੌਰਾਣਿਕ ਪ੍ਰਭਾਵ ਬੜਾ ਸਪਸ਼ਟ ਹੈ, ਜਿਸ ਕਾਰਨ ਆਲੌਕਿਕਤਾ ਦੀ ਪ੍ਰਧਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ।

ਦੂਸਰੀ ਮਹੱਤਵਪੂਰਨ ਜਨਮ ਸਾਖੀ ਹੈ 'ਆਦਿ ਸਾਖੀਆਂ' ਜਾਂ 'ਜਨਮ ਪੱਤਰੀ ਬਾਬੇ ਨਾਨਕ ਦੀ।' ਇਸ ਦਾ ਸੰਪਾਦਨ ਡਾ. ਪਿਆਰ ਸਿੰਘ ਨੇ ਕੀਤਾ ਹੈ। ਇਸ ਵਿਚ ਤਕਰੀਬਨ 51 ਸਾਖੀਆਂ ਹਨ। ਇਨ੍ਹਾਂ ਤੇ ਪੁਰਾਤਨ ਜਨਮ ਸਾਖੀ ਦਾ ਪ੍ਰਭਾਵ ਬੜਾ ਸਪਸ਼ਟ ਹੈ।

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਕਿਰਤ ਮਿਹਰਬਾਨ ਦੋ ਭਾਗਾਂ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਦੇ ਪਹਿਲੇ ਭਾਗਾਂ ਵਿਚ ਸੋਢੀ ਮਿਹਰਬਾਨ ਵਾਲੀ 'ਸਚਖੰਡ ਪੋਥੀ' ਸੰਪਾਦਿਤ ਹੋਈ ਹੈ ਤੇ ਦੂਜੇ ਭਾਗ ਵਿਚ ਚਤੁਰਭੁਜ ਦੀ ਪੋਥੀ ਸੰਕਲਤ ਕੀਤੀ ਗਈ ਹੈ। ਪਹਿਲੀ ਰਚਨਾ ਮਿਹਰਬਾਨ ਦੀ ਹੈ, ਜੋ 1639 ਈ. ਤੋਂ ਪਹਿਲਾਂ ਹੋਈ ਸੀ, ਕਿਉਂਕਿ ਇਸ ਸਾਲ ਵਿਚ ਉਸ ਦੀ ਮੌਤ ਹੋਈ ਸੀ ਤੇ ਦੂਜੀ ਪੋਥੀ ਦੀ ਰਚਨਾ ਅੰਦਰਲੀ ਗਵਾਹੀ ਅਨੁਸਾਰ 1650 ਈ. ਅਤੇ 1651 ਈ. ਵਿਚ ਹੋਈ। ਇਹ ਜਨਮ ਸਾਖੀਆਂ ਪ੍ਰਿਥਵੀ ਚੰਦ ਦੀ ਸੰਤਾਨ ਨਾਲ ਸਬੰਧਤ ਹਨ ਤੇ 17ਵੀਂ ਸਦੀ ਦੇ ਅੱਧ ਤੱਕ ਸੰਪੂਰਨ ਹੋ ਚੁੱਕੀਆਂ ਸਨ।

'ਸਚਖੰਡ' ਪੋਥੀ ਦੀ ਅੰਤਿਮ ਟੂਕ ਅਨੁਸਾਰ ਇਸ ਵਿਚ 167 ਗੋਸ਼ਟਾਂ ਸਨ, ਜਿਨ੍ਹਾਂ ਵਿਚੋਂ 14 ਪ੍ਰਾਪਤ ਨਹੀਂ ਹਨ। ਹਰਿ ਜੀ ਪੋਥੀ ਵਿਚ 61 ਅਤੇ ਚਤੁਰਭੁਜ ਪੋਥੀ ਵਿਚ 74 ਗੋਸ਼ਟਾਂ ਹਨ। ਸੱਚ ਖੰਡ ਪੋਥੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਕਰਤਾਰਪੁਰ ਦੇ ਨਿਵਾਸ ਕਾਲ ਤੋਂ ਪਹਿਲਾਂ ਦੀਆਂ ਘਟਨਾਵਾਂ ਚਿਤਰੀਆਂ ਗਈਆਂ ਹਨ। ਇਨ੍ਹਾਂ ਸਾਖੀਆਂ ਨੂੰ ਗੋਸ਼ਟੀਆਂ ਕਹਿਣਾ ਜ਼ਿਆਦਾ ਉਚਿਤ ਹੈ। ਇਨ੍ਹਾਂ ਵਿਚ ਜੀਵਨੀ ਦੀ ਥਾਂ ਬਾਣੀ ਦੇ ਅਰਥ ਲਿਖਣ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ।

ਇਸ ਦੀਆਂ ਬਹੁਤੀਆਂ ਸਾਖੀਆਂ ਪੁਰਾਤਨ ਜਨਮ ਸਾਖੀ ਨਾਲ ਮਿਲਦੀਆਂ ਹਨ। ਕਈ ਸਾਖੀਆਂ ਜੋ ਸੰਖਿਪਤ ਰੂਪ ਵਿਚ ਪੁਰਾਤਨ ਜਨਮ ਸਾਖੀ ਵਿਚ ਆਈਆਂ ਹਨ, ਉਨ੍ਹਾਂ ਨੂੰ ਵਿਸਤ੍ਰਿਤ ਰੂਪ ਵਿਚ ਚਿਤਰਿਆ ਗਿਆ ਹੈ। ਇਨ੍ਹਾਂ ਜਨਮ ਸਾਖੀਆਂ ਵਿਚ ਗੁਰਬਾਣੀ ਦੀ ਵਿਆਖਿਆ, ਗੁਰੂ ਆਸ਼ੇ ਦੀ ਥਾਂ ਆਪਣੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਹੈ, ਜਿਸ ਉਪਰ ਸਰਗੁਣਵਾਦੀ ਪ੍ਰਵਿਰਤੀਆਂ ਦਾ ਪ੍ਰਭਾਵ ਸਪਸ਼ਟ ਹੈ, ਜਿਸ ਕਾਰਨ ਕਈ ਗੱਲਾਂ ਗੁਰਮਤਿ ਦੇ ਪ੍ਰਤੀਕੂਲ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਜਨਮ ਸਾਖੀ ਭਾਈ ਬਾਲਾ, ਸਿੱਖ ਸੰਗਤਾਂ ਵਿਚ ਸਭ ਤੋਂ ਵੱਧ ਪ੍ਰਚੱਲਤ ਤੇ ਪ੍ਰਸਿੱਧ ਰਹੀ ਹੈ। ਇਸ ਦੀਆਂ ਸਭ ਤੋਂ ਵੱਧ ਹੱਥ ਲਿਖਤਾਂ ਮਿਲਦੀਆਂ ਹਨ ਤੇ ਪ੍ਰਕਾਸ਼ਿਤ ਰੂਪ ਵਿਚ ਵੀ ਕਈ ਐਡੀਸ਼ਨਾਂ ਦੇਖਣ ਨੂੰ ਮਿਲਦੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰਕਾਸ਼ਕਾਂ ਨੇ ਸਭ ਤੋਂ ਵੱਡੀ ਜਨਮ ਸਾਖੀ ਬਣਾਉਣ ਲਈ ਕਈ ਵਾਧੇ ਕਰ ਦਿੱਤੇ ਹਨ। ਇਸ ਜਨਮ ਸਾਖੀ ਦਾ ਸ਼ੁੱਧ ਸਰੂਪ ਪ੍ਰਾਪਤ ਨਹੀਂ ਹੈ। ਇਸ ਵਿਚ ਹੰਦਾਲੀਆਂ ਨੇ ਕਈ ਅਜਿਹੀਆਂ ਕਥਾਵਾਂ/ਸਾਖੀਆਂ ਪਾ ਦਿਤੀਆਂ ਹਨ, ਜਿਨ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦਾ ਚਰਿਤਰ ਦੂਸ਼ਿਤ ਬਣ ਗਿਆ ਹੈ ਤੇ ਨਾਲ ਹੀ ਹੰਦਾਲ ਨੂੰ ਵੱਡਾ ਸਿੱਧ ਕਰਨ ਲਈ ਉਸ ਦੀ ਪ੍ਰਤਿਸ਼ਠਾ ਵਧਾਉਣ ਵਾਲੀਆਂ ਸਾਖੀਆਂ ਅੰਕਿਤ ਕਰ ਦਿੱਤੀਆਂ ਗਈਆਂ ਹਨ। ਇਸ ਦੀ ਉਥਾਨਕਾ ਵਿਚ ਇਹ ਲਿਖਿਆ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਪਾਸੋਂ ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਜੀਵਨ ਕਥਾਵਾਂ ਸੁਣੀਆਂ, ਜਿਨ੍ਹਾਂ ਨੂੰ ਪੈੜੇ ਮੋਖੇ ਨੇ ਲਿਖਤੀ ਰੂਪ ਦਿੱਤਾ। ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ 'ਕਤਕ ਕਿ ਵਿਸਾਖ' ਪੁਸਤਕ ਵਿਚ ਇਸ ਜਨਮ ਸਾਖੀ ਦੀ ਬੜੀ ਕਾਟਵੀਂ ਆਲੋਚਨਾ ਕਰਦਿਆ ਇਸ ਨੂੰ ਗੁਰੂ ਜੀ ਨੂੰ ਬਦਨਾਮ ਕਰਨ ਲਈ ਹੰਦਾਲੀਆਂ ਦੀ ਸਾਜ਼ਸ਼ ਮੰਨਿਆ ਹੈ। ਆਪ ਅਨੁਸਾਰ 'ਬਾਲਾ' ਕੋਈ ਵਿਅਕਤੀ ਹੋਇਆ ਹੀ ਨਹੀਂ। ਇਹ ਕੇਵਲ ਕਲਪਨਾ ਹੈ। ਇਸ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਇਹ 1640 ਈ. ਦੇ ਆਸ ਪਾਸ ਦੀ ਰਚਨਾ ਸਿੱਧ ਹੁੰਦੀ ਹੈ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਾਂ ਹੈ।

ਇਸ ਵਿਚ 75 ਤੋਂ 100 ਤੱਕ ਸਾਖੀਆਂ ਉਪਲੱਬਧ ਹਨ, ਜਿਨ੍ਹਾਂ ਤੇ ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ ਆਦਿ ਦਾ ਪ੍ਰਭਾਵ ਸਪੱਸ਼ਟ ਹੈ। ਇਸ ਜਨਮ ਸਾਖੀ ਵਿਚ ਅਲੌਕਿਕਤਾ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਇਸ ਕਾਰਨ ਇਤਿਹਾਸ ਪੱਖੋਂ ਇਹ ਬੜੀ ਕਮਜ਼ੋਰ ਰਚਨਾ ਹੈ।

ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਜਿਸ ਨੂੰ 'ਗਿਆਨ ਰਤਨਾਵਲੀ' ਆਖਿਆ ਜਾਂਦਾ ਹੈ, ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਹੈ। ਇਸ ਦੀ ਉਥਾਨਕਾ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਕੁਝ ਮਨਮਤੀਆਂ ਨੇ ਕੁਝ ਅਸ਼ੋਭਨੀਕ ਗੱਲਾਂ ਗੁਰੂ ਨਾਨਕ ਦੇ ਨਾਮ ਨਾਲ ਜੋੜ ਦਿੱਤੀਆਂ ਹਨ ਤੇ ਜਨਮ ਸਾਖੀਆਂ ਵਿਚ ਰਲਾ ਪੈ ਗਿਆ ਹੈ, ਜਿਨ੍ਹਾਂ ਨੂੰ ਪੜ੍ਹ ਕੇ ਸਿੱਖਾਂ ਵਿਚ ਵਿਸ਼ਵਾਸ ਘਟਦਾ ਹੈ। ਇਸ ਨੂੰ ਦੂਰ ਕਰਨ ਲਈ ਭਾਈ ਮਨੀ ਸਿੰਘ ਨੂੰ ਸਿੱਖਾਂ ਨੇ ਬੇਨਤੀ ਕੀਤੀ। ਇਸ ਤੋਂ ਸਪਸ਼ਟ ਹੈ ਕਿ ਇਸ ਜਨਮ ਸਾਖੀ ਲਿਖੇ ਜਾਣ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਸ਼ੁੱਧ ਜੀਵਨੀ ਲਿਖਣਾ ਹੈ।

ਆਧੁਨਿਕ ਖੋਜ ਅਨੁਸਾਰ ਇਹ ਜਨਮ ਸਾਖੀ ਭਾਈ ਮਨੀ ਸਿੰਘ ਦੀ ਲਿਖੀ ਹੋਈ ਨਹੀਂ, ਸਗੋਂ ਭਾਈ ਮਨੀ ਸਿੰਘ ਪਾਸੋਂ ਭਾਈ ਗੁਰਬਖ਼ਸ਼ ਸਿੰਘ ਤੇ ਉਸ ਪਾਸੋਂ ਭਾਈ ਸੂਰਤ ਸਿੰਘ ਨੇ ਸੁਣ ਕੇ ਲਿਖੀ ਹੈ। ਇਹ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਮਾਤਰ ਨਹੀਂ ਹੈ, ਸਗੋਂ ਹੋਰ ਬਹੁਤ ਸਾਰੀਆਂ ਸਾਖੀਆਂ ਵਧਾ ਲਈਆਂ ਹਨ। ਇਸ ਵਿਚ ਕੁੱਲ 225 ਸਾਖੀਆਂ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹੋਏ ਸੱਤ ਗੁਰੂ ਸਾਹਿਬਾਨ ਨਾਲ ਸਬੰਧਤ ਸਾਖੀਆਂ ਵੀ ਸ਼ਾਮਲ ਹਨ। ਇਸ ਜਨਮ ਸਾਖੀ ਦੇ ਅਧਿਐਨ ਤੋਂ ਜਾਪਦਾ ਹੈ ਕਿ ਲੇਖਕ ਨੇ ਬਾਲੇ ਵਾਲੀ ਜਨਮ ਸਾਖੀ ਤੇ ਮਿਹਰਬਾਨ ਵਾਲੀ ਜਨਮ ਸਾਖੀ ਤੋਂ ਕਾਫ਼ੀ ਲਾਭ ਉਠਾਇਆ ਹੈ। ਇਸ ਸਾਰੀ ਜਨਮ ਸਾਖੀ ਵਿਚ ਕੋਈ ਅਜਿਹੀ ਗੱਲ ਨਹੀਂ ਹੈ, ਜੋ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਦੇ ਵਿਰੁੱਧ ਹੋਵੇ। ਇਸ ਵਿਚ ਸ਼ਰਧਾਲੂਆਂ ਦੇ ਪ੍ਰਸ਼ਨਾਂ ਦੇ ਉੱਤਰ, ਹੋਰ ਮਤਾਂ ਮਤਾਂਤਰਾਂ ਬਾਰੇ ਜਾਣਕਾਰੀ ਤੇ ਗੁਰਬਾਣੀ ਦੇ ਟੀਕੇ ਵੀ ਦਰਜ ਹਨ, ਜਿਸ ਕਾਰਨ ਇਸ ਦਾ ਮਹੱਤਵ ਬਹੁਤ ਵੱਧ ਜਾਂਦਾ ਹੈ।

ਇਕ ਜਨਮ ਸਾਖੀ ਕਬੀਰ ਜੀ ਦੀ ਮਿਲਦੀ ਹੈ, ਜਿਸ ਦੀ ਨਕਲ ਟਰਲ ਪਬਲਿਕ ਲਾਇਬਰੇਰੀ, ਪਟਿਆਲਾ ਵਿਚ ਸੁਰੱਖਿਅਤ ਹੈ। ਇਸ ੜਚ 25 ਸਾਖੀਆਂ ਹਨ। ਇਸ ਦਾ ਉੱਤਾਰਾ 1683 ਈ. (ਸੰਮਤ 1740) ੜਚ ਕੀਤਾ ਗਿਆ ਸੀ। ਇਸ ਲਈ ਇਹ ਸਤਾਰ੍ਹਵੀਂ ਸਦੀ ਦੀ ਰਚਨਾ ਨੀ ਗਈ ਹੈ। ਇਸ ਦੇ ਲੇਖਕ ਬਾਰੇ ਕੋਈ ਪਤਾ ਨਹੀਂ ਹੈ। ਭਾਸ਼ਾ-ਸ਼ੈਲੀ ਇਹ ਮਿਹਰਬਾਨ ਸੰਪ੍ਰਦਾਇ ਨਾਲ ਜੁੜ ਸਕਦੀ ਹੈ।

ਇਨ੍ਹਾਂ ਜਨਮ ਸਾਖੀਆਂ ਦੇ ਇਤਿਹਾਸਕ ਮਹੱਤਵ ਬਾਰੇ ਵਿਦਵਾਨਾਂ ੜਚ ਮੱਤ-ਭੇਦ ਹੈ। ਇਨ੍ਹਾਂ ਵਿਚ ਸ਼ਰਧਾਲੂਆਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਚਮਤਕਾਰੀ, ਰਿਧੀਆਂ-ਸਿਧੀਆਂ ਦਾ ਸੁਆਮੀ, ਪਰਮਾਤਮਾ ਦਾ ਸਰੂਪ ਾਦਿ ਦੇ ਰੂਪ ਵਿਚ ਚਿਤਰਿਆ ਹੈ, ਜਿਸ ਕਾਰਨ ਇਸ ਵਿਚ ਬਹੁਤ ਾਰੇ ਅਣਇਤਿਹਾਸਕ, ਅਲੌਕਿਕ ਤੇ ਕਰਾਮਾਤੀ ਅੰਸ਼ ਪਾਏ ਗਏ ਹਨ। ਨ੍ਹਾਂ ਜਨਮ ਸਾਖੀਆਂ ਉਤੇ ਪੌਰਾਣਿਕ ਸਾਹਿਤ ਦਾ ਪ੍ਰਭਾਵ ਬੜਾ ਹੀ ਪਸ਼ਟ ਹੈ ਪਰ ਫਿਰ ਵੀ ਜਦੋਂ ਵਿਦਵਾਨ ਸ੍ਰੀ ਗੁਰੂ ਨਾਨਕ ਸਾਹਿਬ ਦੀ ੀਵਨੀ ਜਾਂ ਵਿਅਕਤਿਤਵ ਬਾਰੇ ਵਿਚਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਇਸ ਤ੍ਰੋਤ ਤੋਂ ਹੀ ਸਹਾਇਤਾ ਲੈਣੀ ਪੈਂਦੀ ਹੈ। ਜੇਕਰ ਸਾਵਧਾਨੀ ਨਾਲ ਇਨ੍ਹਾਂ ਾ ਅਧਿਐਨ ਕੀਤਾ ਜਾਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਾਫ਼ੀ ਾਮੱਗਰੀ ਮਿਲ ਸਕਦੀ ਹੈ, ਜਿਸ ਦੇ ਆਧਾਰ ਉੱਤੇ ਉਨ੍ਹਾਂ ਦੀ ਜੀਵਨੀ ਲਖੀ ਜਾ ਸਕਦੀ ਹੈ।

ਸਾਹਿਤਕ ਪੱਖੋਂ ਇਹ ਜਨਮ ਸਾਖੀਆਂ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਨਾਲ ਪੰਜਾਬੀ ਵਾਰਤਕ ਦਾ ਆਰੰਭ ਹੁੰਦਾ ਹੈ। ਕਵਿਤਾ ਦੇ ਨਾਲ ਵਾਰਤਕ ਵਿਚ ਵੀ ਸਾਹਿਤ ਲਿਖੇ ਜਾਣ ਦੀ ਪਿਰਤ ਇਨ੍ਹਾਂ ਜਨਮ ਸਾਖੀਆਂ ਨੂੰ ਦੇਖ ਕੇ ਪੈ ਗਈ। ਇਨ੍ਹਾਂ ਜਨਮ ਸਾਖੀਆਂ ਦੀ ਬੋਲੀ ਸਾਧ-ਭਾਸ਼ਾ ਹੈ ਜੋ ਲਗਭਗ ਸਾਰੇ ਭਾਰਤ ਦੇ ਸਾਧੂ ਸਮਾਜ ਵਿਚ ਵਰਤੀ, ਬੋਲੀ ਤੇ ਸਮਝੀ ਜਾਂਦੀ ਸੀ। ਇਸ ਕਾਰਨ ਇਨ੍ਹਾਂ ਦਾ ਪ੍ਰਚਾਰ ਹੋਰ ਸੂਬਿਆਂ ਵਿਚ ਵੀ ਹੋਇਆ।

ਇਨ੍ਹਾਂ ਜਨਮ ਸਾਖੀਆਂ ਨਾਲ ਪੰਜਾਬੀ ਜੀਵਨੀ-ਸਾਹਿਤ ਦਾ ਮੁੱਢ ਬੱਝਦਾ ਹੈ, ਭਾਵੇਂ ਇਹ ਅਜੋਕੇ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਸਫ਼ਲ ਜੀਵਨੀਆਂ ਨਹੀਂ ਹਨ। ਇਨ੍ਹਾਂ ਵਿਚ ਵਧੀਆ ਕਹਾਣੀਆਂ, ਗੋਸ਼ਟਾਂ ਤੇ ਟੀਕਾ ਸਾਹਿਤ ਦੇ ਬੀਜ ਵੇਖੇ ਜਾ ਸਕਦੇ ਹਨ ਜੋ ਬਾਅਦ ਵਿਚ ਬੋਹੜ ਬ੍ਰਿਛ ਦਾ ਰੂਪ ਧਾਰਨ ਕਰ ਗਏ।

ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਜਨਮ ਸਾਖੀਆਂ ਆਪਣੇ ਆਪ ਵਿਚ ਪੂਰਨ ਸਾਹਿਤ ਹਨ। ਇਨ੍ਹਾਂ ਦੁਆਰਾ ਅਨੇਕ ਸਾਹਿਤ ਰੂਪਾਂ ਤੇ ਧਾਰਾਵਾਂ ਦਾ ਵੀ ਸਫ਼ਲ ਵਿਕਾਸ ਹੋਇਆ ਹੈ। ਜਿਥੇ ਇਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਕਥਾਵਾਂ ਦਰਜ ਹਨ, ਉਥੇ ਗੁਰਮਤਿ, ਵੇਦਾਂਤ, ਸੂਫ਼ੀ ਸਿਧਾਂਤ ਦਾ ਸੰਗ੍ਰਹਿ ਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਦੇ ਪਰਮਾਰਥ ਅਤੇ ਸਾਧਨਾ ਮਾਰਗ ਦਾ ਵਿਸਤ੍ਰਿਤ ਵਿਸ਼ਲੇਸ਼ਣ ਅਤੇ ਸਾਹਿਤਕ ਪੱਖੋਂ ਵਾਰਤਕ ਤੇ ਕਵਿਤਾ, ਗੋਸ਼ਟ, ਜੀਵਨ, ਟੀਕਾਕਾਰੀ ਆਦਿ ਕਈ ਸੁੰਦਰ ਸਾਹਿਤ ਰੂਪਾਂ ਦਾ ਵਿਕਾਸ ਹੋਇਆ ਹੈ।

ਹ. ਪੁ. -ਸਾਹਿਤ ਸੌਰਭ–ਡਾਕਟਰ ਰਤਨ ਸਿੰਘ ਜੱਗੀ; ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ-ਡਾ: ਤਰਲੋਚਨ ਸਿੰਘ ਬੇਦੀ।

**ਜਨਮਤ** : ਆਧੁਨਿਕ ਰਾਜਨੀਤਕ ਭਾਸ਼ਾ ਵਿਚ ਇਸ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਫ਼ਰਾਂਸ ਵਿਚ ਹੋਇਆ। ਇਹ ਲਾਤੀਨੀ ਭਾਸ਼ਾ ਦੇ ਸ਼ਬਦਾਂ ਪਲੇਬਿਸ (Plebis) ਅਤੇ ਸਿਟਮ (Scitum) ਦੇ ਮੇਲ ਤੋਂ ਬਣਿਆ ਹੈ ਜਿਸ ਦਾ ਅਰਥ ਕ੍ਰਮਵਾਰ ਜਨਤਾ ਅਤੇ ਆਦੇਸ਼ ਹੈ। ਇਸ ਦਾ ਸਬੰਧ ਕੇਵਲ ਰਾਜਨੀਤਕ ਮਹੱਤਵ ਦੀਆਂ ਸਮੱਸਿਆਵਾਂ ਨਾਲ ਹੈ। ਇਹ ਉਹ ਸਾਧਨ ਹੈ ਜਿਸ ਰਾਹੀਂ ਕਿਸੇ ਮਹੱਤਵ ਪੂਰਨ ਰਾਜਨੀਤਕ ਸਮੱਸਿਆ ਦਾ ਹੱਲ ਸਥਾਈ ਰਾਜਨੀਤਕ ਸਥਿਤੀ ਦੀ ਸਥਾਪਨਾ ਦੇ ਉਦੇਸ਼ ਨਾਲ ਜਨਤਾ ਦੇ ਪ੍ਰਤੱਖ ਵੋਟ ਰਾਹੀਂ ਕੀਤਾ ਜਾਂਦਾ ਹੈ। ਕਿਸੇ ਰਾਜ ਜਾਂ ਇਸ ਦੇ ਕਿਸੇ ਭਾਗ ਜਾਂ ਕਿਸੇ ਰਾਸ਼ਟਰੀ ਅਲਪ ਸੰਖਿਅਕ ਵਰਗ ਦੇ ਰਾਜਨੀਤਕ ਭਵਿੱਖ ਬਾਰੇ ਵਿਚਾਰ ਕਰਨ ਜਾਂ ਕਿਸੇ ਹੋਰ ਮਹੱਤਵ ਪੂਰਨ ਰਾਜਨੀਤਕ ਪ੍ਰਸ਼ਨ ਨੂੰ ਹੱਲ ਕਰਨ ਲਈ ਜਨਮਤ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਸੰਨ 1804 ਵਿਚ ਸਭ ਤੋਂ ਪਹਿਲਾਂ ਜਨਮਤ ਦਾ ਪ੍ਰਯੋਗ ਨੈਪੋਲੀਅਨ ਨੇ ਆਪਣੇ ਆਪ ਨੂੰ ਫ਼ਰਾਂਸ ਦਾ ਸਮਰਾਟ ਐਲਾਨ ਕਰਨ ਲਈ ਕੀਤਾ। ਸੰਨ 1935 ਵਿਚ ਜ਼ਾਰ ਦਾ ਪ੍ਰਦੇਸ਼ ਜਨਮਤ ਦੇ ਆਧਾਰ ਤੇ ਹੀ ਜਰਮਨੀ ਦੇ ਹੱਥਾਂ ਵਿਚ ਚਲਾ ਗਿਆ ਸੀ। ਹਿਟਲਰ ਨੇ ਵੀ ਜਨਮਤ ਰਾਹੀਂ ਆਪਣੀ ਨਿਰੰਕੁਸ਼ਤਾ ਨੂੰ ਸਹੀ ਰੂਪ ਦੇਣ ਦਾ ਯਤਨ ਕੀਤਾ ਸੀ। ਭਾਰਤ ਦੀ ਵੰਡ ਸਮੇਂ ਉੱਤਰ-ਪੱਛਮੀ ਸੀਮਾ ਪ੍ਰਾਂਤ ਦੇ ਭਾਗ ਦਾ ਫ਼ੈਸਲਾ ਵੀ ਜਨਮਤ ਰਾਹੀਂ ਹੀ ਕੀਤਾ ਗਿਆ ਸੀ।

ਜਨਮਤ ਦਾ ਪ੍ਰਯੋਗ ਸਫ਼ਲਤਾਪੂਰਬਕ ਲੋਕਤੰਤਰ ਦਾ ਅੰਤ ਕਰਨ ਲਈ ਵੀ ਕੀਤਾ ਜਾ ਸਕਦਾ ਹੈ।

ਹ. ਪੁ. -ਹਿੰ. ਵਿ. ਕੋ. 4: 366

**ਜਨਮੇਜਾ** : ਵੇਦ ਤੇ ਪੁਰਾਣ ਸਾਹਿਤ ਵਿਚ ਅਨੇਕ ਜਨਮੇਜਿਆਂ ਦਾ ਹਵਾਲਾ ਮਿਲਦਾ ਹੈ, ਜਿਨ੍ਹਾਂ ਵਿਚੋਂ ਇਸ ਨਾਮ ਦੇ ਪ੍ਰਮੁੱਖ ਵਿਅਕਤੀ ਹੇਠ ਲਿਖੇ ਹਨ। ਇਨ੍ਹਾਂ ਤੋਂ ਇਲਾਵਾ ਜਨਮੇਜਾ ਨਾਮੀ ਨਾਗ ਵੀ ਹੈ।

ਇਕ ਜਨਮੇਜਾ ਪੁਰੂ ਦਾ ਪੁੱਤਰ ਸੀ, ਜਿਸ ਦਾ ਦੂਸਰਾ ਨਾਮ ਪ੍ਰਵੀਰ ਹੈ। ਦੂਸਰਾ ਜਨਮੇਜਾ ਅਸ਼ਵਵਾਨ ਕੁਮਾਰ ਪਰੀਕਸ਼ਿਤ ਦੇ ਬੰਸ ਵਿਚ ਪੈਦਾ ਹੋਇਆ, ਜਿਸ ਦੇ ਪੁੱਤਰ ਦਾ ਨਾਂ ਧ੍ਰਿਤਰਾਸ਼ਟਰ ਸੀ। ਉਸ ਨੇ ਇੰਦ੍ਰੋਤ ਮੁਨੀ ਤੋਂ ਗਿਆਨ ਪ੍ਰਾਪਤ ਕੀਤਾ ਸੀ।

ਤੀਸਰਾ ਜਨਮੇਜਾ ਭਰਤਬੰਸੀ ਮਹਾਰਾਜ ਕੁਰੂ ਦੁਆਰਾ ਵਾਹਿਨੀ ਦੇ ਗਰਭ ਤੋਂ ਪੈਦਾ ਹੋਇਆ ਸੀ। ਇਸ ਤੋਂ ਇਲਾਵਾ ਹੋਰ ਜਨਮੇਜਿਆਂ ਦਾ ਵੀ ਉਲੇਖ ਮਿਲਦਾ ਹੈ।

ਪਰੀਕਸ਼ਿਤ ਤੇ ਭਦਰਾਵਤੀ ਦਾ ਪੁੱਤਰ ਪਾਂਡਵ ਜਨਮੇਜਾ ਪੁਰਾਣ ਵਿਚ ਬਹੁਤ ਪ੍ਰਸਿੱਧ ਹੈ। ਉਸ ਨੇ ਕੁਰੂਕਸ਼ੇਤਰ ਵਿਚ ਬਹੁਤ ਲੰਮੇ ਸਮੇਂ ਤੱਕ ਯੱਗ ਕੀਤਾ ਸੀ। ਪ੍ਰਸਿੱਧ ਸਰਪ ਯੱਗ ਉਸ ਨੇ ਹੀ ਕੀਤਾ ਸੀ। ਇਸ ਦੀ ਬੇਨਤੀ ਤੇ ਵਿਆਸ ਦੀ ਆਗਿਆ ਨਾਲ ਵੈਸ਼ਪਾਇਣ ਨੇ ਮਹਾਂ ਭਾਰਤ ਦੇ ਯੁੱਧ ਦੀ ਕਥਾ ਸੁਣਾਈ ਸੀ।

ਇਸ ਤੋਂ ਇਲਾਵਾ ਪੁਰਾਣਾਂ ਵਿਚ ਹੋਰ ਜਨਮੇਜਿਆਂ ਦਾ ਵਰਣਨ ਵੀ ਮਿਲਦਾ ਹੈ, ਜਿਵੇਂ ਪਹਿਲਾ ਜਨਮੇਜਾ ਭਲਾਟ ਦਾ ਪੁੱਤਰ ਦੱਸਿਆ ਗਿਆ ਹੈ, ਜਿਸ ਨੇ ਨੀਪਾਂ ਨੂੰ ਜਮ ਤੋਂ ਬਚਾਇਆ ਸੀ। ਦੂਜਾ ਰਾਜਰਿਸ਼ੀ ਸੋਮਦੱਤ ਦਾ ਪੁੱਤਰ ਸੀ। ਇਨਸੈਂਟ ਇੰਡੀਅਨ ਹਿਸਟਾਰੀਕਲ ਟ੍ਰੈਡੀਸ਼ਨ ਵਿਚ ਤਿੰਨ ਜਨਮੇਜਿਆਂ ਬਾਰੇ ਵਿਸਤ੍ਰਿਤ ਵਿਵੇਚਨ ਮਿਲਦਾ ਹੈ–ਪੁਰੂ ਪੁੱਤਰ ਜਨਮੇਜਾ ਅਤੇ ਦੋ ਪਰੀਕਸ਼ਿਤ ਪੁੱਤਰ ਜਨਮੇਜੇ। ਪ੍ਰਸਿੱਧ ਪਰੀਕਸ਼ਿਤ ਜਨਮੇਜੇ ਤੋਂ ਇਲਾਵਾ ਹੋਰ ਪੁਰਾਣੇ ਪਰੀਕਸ਼ਿਤ ਜਨਮੇਜੇ ਵੀ ਸਨ। ਇਨ੍ਹਾਂ ਦਾ ਮਹਾਂਭਾਰਤ ਵਿਚ ਸੰਕੇਤ ਹੈ।

ਜਨਮੇਜੇ ਵੈਦਿਕ ਸਾਹਿਤ ਵਿਚ ਵੀ ਪ੍ਰਸਿੱਧ ਸਨ। ਸ਼ਤਪਥ ਬ੍ਰਾਹਮਣ ਵਿਚ ਕਿਹਾ ਗਿਆ ਹੈ ਕਿ ਇੰਦ੍ਰੋਤ ਨੇ ਪਰੀਕਸ਼ਿਤ ਜਨਮੇਜੇ ਲਈ ਯੱਗ ਕੀਤਾ ਸੀ। ਉਸੇ ਤਰ੍ਹਾਂ ਐਤਰੇਯ ਬ੍ਰਾਹਮਣ ਵਿਚ ਕਿਹਾ ਗਿਆ ਹੈ ਕਿ ਭਾਵਸੁਯ ਨੇ ਪਰੀਕਸ਼ਿਤ ਜਨਮੇਜੇ ਲਈ ਯੱਗ ਕੀਤਾ ਸੀ। ਅਥਰਵ ਵੇਦ ਗੋਪਥ ਬ੍ਰਾਹਮਣ ਵਿਚ ਵੀ ਜਨਮੇਜਾ ਪਰੀਕਸ਼ਿਤ ਦਾ ਵਰਣਨ ਹੈ।

ਕੁਰੂ ਬੰਸੀ, ਰਾਜਾ ਜਨਮੇਜਾ ਸੱਪਾਂ ਦਾ ਵੈਰੀ ਸੀ, ਕਿਉਂਕਿ ਇਸ ਦੇ ਪਿਤਾ ਪਰੀਕਸ਼ਿਤ ਨੂੰ ਤਕਸ਼ਕ ਨੇ ਡਸ ਲਿਆ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ ਸਰਪ ਮੇਧ ਯੱਗ ਰਚਿਆ, ਜਿਸ ਵਿਚ ਅਨੰਤ ਸਰਪ ਭਸਮ ਹੋ

ਗਏ। ਅਖ਼ੀਰ ਇਸ ਨੇ ਆਸਤੀਕ ਰਿਸ਼ੀ ਦੀ ਗੱਲ ਮੰਨ ਕੇ ਸਰਪ ਯੱਗ ਬੰਦ ਕੀਤਾ ਤੇ ਤਕਸ਼ਕ ਦੀ ਜਾਨ ਬਖ਼ਸ਼ੀ।

ਹ. ਪੁ. -ਹਿੰ. ਵਿ. ਕੋ. 4 : 361; ਮ. ਕੋ. : 504

**ਜਨਰਲ ਸਟਾਫ਼** : ਫ਼ੌਜ ਵਿਚ ਅਫ਼ਸਰਾਂ ਦਾ ਇਕ ਸਮੂਹ ਜਿਹੜਾ ਕਿਸੇ ਡਵੀਜਨ ਜਾਂ ਵੱਡੀ ਯੂਨਿਟ ਦੇ ਕਮਾਂਡ ਨੂੰ ਫ਼ੌਜ ਸਬੰਧੀ ਨੀਤੀਆਂ ਬਣਾਉਣ, ਹਟਾਉਣ ਜਾਂ ਲਾਗੂ ਕਰਨ ਵਿਚ ਉਸਦੀ ਮਦਦ ਕਰਦਾ ਹੈ, ਨੂੰ ਜਨਰਲ ਸਟਾਫ਼ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਆਮ ਤੌਰ ਤੇ ਇਸ ਦੇ ਸਥਾਪਨਾ ਕਾਰਜਾਤਮਕ ਵਿਧੀ ਤੇ ਵੱਖ-ਵੱਖ ਪ੍ਰਬੰਧਕੀ ਵਿਭਾਗਾਂ ਜਿਵੇਂ ਸਿਖਲਾਈ, ਖੁਫ਼ੀਆ, ਸੈਨਿਕ ਕਾਰਵਾਈਆਂ ਅਤੇ ਯੋਜਨਾਵਾਂ ਆਦਿ ਲਈ ਕੀਤੀ ਜਾਂਦੀ ਹੈ। ਬਹੁਤ ਸਾਰੇ ਦੇਸ਼ਾਂ ਵਿਚ ਲਗਭਗ ਇਹੋ ਜਿਹਾ ਪਰ ਵਧੇਰੇ ਵਿਸਤ੍ਰਿਤ ਸੰਗਠਤ ਸਟਾਫ਼ ਪ੍ਰਮੁੱਖ ਕਮਾਂਡਰ ਦੀ ਸਹਾਇਤਾ ਕਰਦਾ ਹੈ। ਜਨਰਲ ਸਟਾਫ਼ ਵਿਚ ਮਾਹਿਰ ਅਤੇ ਵਧੇਰੇ ਯੋਗ ਅਫ਼ਸਰਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਤਕਨੀਕੀ ਮਾਹਰ ਫ਼ੌਜੀ ਅਫ਼ਸਰਾਂ ਨਾਲੋਂ ਇਨ੍ਹਾਂ ਵਿਚ ਭਿੰਨਤਾ ਹੁੰਦੀ ਹੈ।

ਹ. ਪੁ. -ਐਨ. ਬ੍ਰਿ. ਮਾ. 5: 174

**ਜਨਰਲ ਸਟੋਰ** : ਸ਼ਹਿਰਾਂ ਤੋਂ ਦੂਰ ਸਥਿੱਤ ਬਸਤੀਆਂ ਜਾਂ ਦਿਹਾਤੀ ਲੋਕਾਂ ਦੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਬਣਾਏ ਪਰਚੂਨ ਦੇ ਭੰਡਾਰ ਜਾਂ ਸਟੋਰ ਨੂੰ ਆਮ ਬੋਲੀ ਵਿਚ ਜਨਰਲ ਸਟੋਰ ਕਿਹਾ ਜਾਂਦਾ ਹੈ। 19ਵੀਂ ਸਦੀ ਵਿਚ ਖ਼ਾਸ ਕਰਕੇ ਸੰਯੁਕਤ ਰਾਜ ਵਿਚ ਦਿਹਾਤੀ ਲੋਕਾਂ ਦੀਆਂ ਸਹੂਲਤਾਂ ਲਈ ਜਨਰਲ ਸਟੋਰ ਖੁਲ੍ਹੇ। ਇਨ੍ਹਾਂ ਸਟੋਰਾਂ ਵਿਚ ਖਾਧ-ਖੁਰਾਕ ਦੀ ਸਾਮਗਰੀ ਤੋਂ ਲੈ ਕੇ ਕਪੜਾ, ਲੀੜਾ, ਭਾਂਡੇ ਆਦਿ ਸਭ ਲੋੜੀਦੀਆਂ ਵਸਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਕਿਸਾਨਾਂ ਕੋਲ ਨਕਦ ਪੈਸੇ ਦੀ ਘਾਟ ਹੋਣ ਕਰਕੇ ਕਈ ਵਾਰੀ ਵਸਤੂ-ਵਟਾਂਦਰੇ ਦਾ ਢੰਗ ਵੀ ਅਪਨਾ ਲਿਆ ਜਾਂਦਾ। ਹੌਲੀ ਹੌਲੀ ਕਿਸਾਨਾਂ ਦੀਆਂ ਵਧਦੀਆਂ ਲੋੜਾਂ ਦੇ ਨਾਲ ਨਾਲ ਜਨਰਲ ਸਟੋਰ ਦੀ ਸਮੱਗਰੀ ਵਿਚ ਖੇਤੀ ਨਾਲ ਸਬੰਧਤ ਸੰਦ ਅਤੇ ਛੋਟੀਆਂ-ਮੋਟੀਆਂ ਮਸ਼ੀਨਾਂ ਵੀ ਆਉਣ ਲੱਗੀਆ। ਜਿਉਂ ਜਿਉਂ ਸਮਾਂ ਤਰੱਕੀ ਕਰਦਾ ਗਿਆ ਖੇਤੀਬਾੜੀ ਵਿਚ ਅਤੇ ਆਮ ਲੋਕਾਂ ਦੀਆਂ ਲੋੜਾਂ ਵਿਚ ਵਾਧਾ ਹੁੰਦਾ ਗਿਆ ਅਤੇ ਫ਼ਲਸਰੂਪ ਜਨਰਲ ਸਟੋਰਾਂ ਦੀ ਵਸਤੂ ਸਮਰੱਥਾ ਵੀ ਵਧਦੀ ਗਈ ਇਥੋਂ ਤੱਕ ਕਿ ਵਰਕਸ਼ਾਪ ਦਾ ਕੰਮ ਤੇ ਵੱਡੀਆਂ ਵੱਡੀਆਂ ਮਸ਼ੀਨਾਂ ਵੀ ਮੁਹੱਈਆ ਹੋਣ ਲੱਗੀਆਂ।

ਇਥੇ ਹੀ ਬੱਸ ਨਹੀਂ ਜਨਰਲ ਸਟੋਰ ਆਪਣੇ ਆਲੇ-ਦੁਆਲੇ ਦੇ ਲੋਕਾਂ ਅਤੇ ਸਮਾਜਕ ਭਾਈਚਾਰੇ ਲਈ ਗੱਲ-ਬਾਤ ਕਰਨ ਦਾ ਕੇਂਦਰ ਵੀ ਬਣਿਆ। ਸੌਦਾ ਲੈਣ ਆਏ ਲੋਕੀ ਆਪੋ ਵਿਚ ਅਨੇਕਾਂ ਪ੍ਰਕਾਰ ਦੇ ਵਿਸ਼ਿਆਂ ਉੱਪਰ ਵਿਚਾਰ ਕਰਦੇ ਸਨ। ਕਈ ਵਾਰੀ ਸਟੋਰ ਦਾ ਇੰਚਾਰਜ ਵੀ ਇਕ ਦੂਜੇ ਦੀ ਖ਼ਬਰ ਸਾਰ ਲਈ ਕਾਫ਼ੀ ਮਹੱਤਵਪੂਰਣ ਭੂਮਿਕਾ ਅਦਾ ਕਰਨ ਲੱਗਾ।

ਸੰਯੁਕਤ ਰਾਜ ਦੇ ਪਰਚੂਨ ਵਪਾਰ ਦੇ ਇਤਿਹਾਸ ਵਿਚ ਜਨਰਲ ਸਟੋਰ ਕੁਝ ਅਰਸੇ ਬਾਅਦ ਵਪਾਰਕ ਕੇਂਦਰ ਦਾ ਰੂਪ ਧਾਰਨ ਕਰ ਗਏ। 20ਵੀਂ ਸਦੀ ਤੱਕ ਵੱਖਰੀਆਂ ਵਸਤਾਂ ਲਈ ਵਿਸ਼ੇਸ਼ ਜਨਰਲ ਸਟੋਰ ਵੀ ਹੋਂਦ ਵਿਚ ਆ ਗਏ। ਫਿਰ ਵਿਭਾਗੀ ਪੱਧਰ ਤੇ ਵੱਖਰੇ ਵੱਖਰੇ ਜਨਰਲ ਸਟੋਰ ਖੁਲ੍ਹਣੇ ਸ਼ੁਰੂ ਹੋਏ ਅਤੇ ਅੰਤ ਨੂੰ ਇਨ੍ਹਾਂ ਦੀ ਜਗ੍ਹਾ ਸੁਪਰ ਮਾਰਕਿਟਾਂ ਨੇ ਲੈ ਲਈ, ਜਿਸ ਦੇ ਨਾਲ ਮੁਢਲੇ ਜਨਰਲ ਸਟੋਰਾਂ ਦੀ ਮਹੱਤਤਾ ਘੱਟ ਗਈ।

ਹ. ਪੁ. -ਐਨ. ਬ੍ਰਿ. ਮਾ. 4: 462

**ਜਨਵਰੀ** : ਇਹ ਗ੍ਰੈਗੋਰੀਅਨ ਕਲੰਡਰ ਅਨੁਸਾਰ ਸਾਲ ਦਾ ਪਹਿਲਾ ਮਹੀਨਾ ਹੈ। ਇਸ ਵਿਚ 31 ਦਿਨ ਹੁੰਦੇ ਸਨ। ਜਨਵਰੀ ਦਾ ਸਬੰਧ ਰੋਮਨ ਦੇਵਤਾ, ਜੈਨਸ ਨਾਲ ਜੋੜਿਆ ਜਾਂਦਾ ਹੈ ਜਿਸ ਦੇ ਨਾਉਂ ਦਾ ਅਰਥ 'ਦਰਵਾਜ਼ਾ' ਹੈ ਅਤੇ ਜਿਸਨੂੰ 'ਸ਼ੁਰੂਆਤ' ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਮਹੀਨੇ ਦੀ ਇਸ ਕਾਰਨ ਧਾਰਮਿਕ ਮਹੱਤਤਾ ਵੀ ਹੈ। ਆਦਿ ਕਾਲ ਵਿਚ ਇਹ ਸਾਲ ਦਾ ਗਿਆਰ੍ਹਵਾਂ ਮਹੀਨਾ ਸੀ ਜਿਸਨੂੰ 700 ਈ. ਪੂ. ਮੁਢਲੇ 10 ਮਾਸੀ ਰੋਮਨ ਕਲੰਡਰ, ਜਿਹੜਾ ਸ਼ੁਰੂ ਹੀ ਮਾਰਚ ਦੇ ਮਹੀਨੇ ਤੋਂ ਹੁੰਦਾ ਸੀ, ਵਿਚ ਜੋੜਿਆ ਗਿਆ।

153 ਈ. ਪੂ. ਪਹਿਲੀ ਜਨਵਰੀ ਨੂੰ ਜਦੋਂ ਨਵੇਂ ਰੋਮਨ ਕਾਂਸਲਾਂ ਨੇ ਆਪਣਾ ਕੰਮਕਾਜ ਸੰਭਾਲਿਆ ਤਾਂ ਇਸਨੂੰ ਰੋਮਨ ਸਿਵਲ ਸਾਲ ਦੀ ਸ਼ੁਰੂਆਤ ਤਸਲੀਮ ਕੀਤਾ ਗਿਆ।

ਮੱਧ ਕਾਲੀ ਯੂਰਪ ਵਿਚ ਗ਼ੈਰ-ਈਸਾਈ ਰੀਤਾਂ ਨੂੰ ਮਨਸੂਖ਼ ਕਰਨ ਹਿਤ ਈਸਾਈ ਪੁਰਬ ਤੋਂ ਹੀ ਨਵਾਂ ਸਾਲ ਗਿਣਿਆ ਜਾਂਦਾ ਸੀ। 18ਵੀਂ ਸਦੀ ਦੇ ਮੱਧ ਤੀਕ ਇੰਗਲੈਂਡ ਅਤੇ ਸਵੀਡਨ ਨੇ ਪਹਿਲੀ ਜਨਵਰੀ ਨੂੰ ਨਵਾਂ ਸਾਲ ਤਸਲੀਮ ਨਾ ਕੀਤਾ ਮਗਰੋਂ ਇਨ੍ਹਾਂ ਨੇ ਗ੍ਰੈਗੋਰੀਅਨ ਕਲੰਡਰ ਨੂੰ ਅਪਣਾਇਆ ਤਾਂ ਪਹਿਲੀ ਜਨਵਰੀ ਨਵੇਂ ਸਾਲ ਦਾ ਪਹਿਲਾ ਮਹੀਨਾ ਮੰਨ ਲਿਆ ਗਿਆ ਅਤੇ ਇਸ ਦਿਨ ਨੂੰ ਵਿਸ਼ੇਸ਼ ਤੌਰ ਤੇ ਮਨਾਇਆ ਜਾਣ ਲੱਗਾ। ਉੱਤਰੀ ਗੋਲਾਰਧ ਵਿਚ ਜਨਵਰੀ ਸਰਦੀਆਂ ਦਾ ਮਹੀਨਾ ਹੈ ਜਿਸ ਨੂੰ ਐਂਗਲੋ-ਸੈਕਸਨੀ ਲੋਕ ਵੁਲਫ਼ ਮੰਥ ਵੀ ਕਹਿੰਦੇ ਹਨ। ਫ਼ਰਾਂਸੀਸੀ ਕ੍ਰਾਂਤੀਕਾਰੀ ਕਲੰਡਰ ਵਿਚ ਇਸਨੂੰ ਨੀਵੋਜ਼ ਅਰਥਾਤ 'ਬਰਫ਼ਬਾਰੀ ਦਾ ਮਹੀਨਾ' ਅਤੇ ਪਲੁਵੀਓਜ਼ ਅਰਥਾਤ 'ਬਰਸਾਤ ਦਾ ਮਹੀਨਾ' ਕਿਹਾ ਗਿਆ ਹੈ। ਇਸ ਮਹੀਨੇ ਵਿਚ ਜਨਮੇ ਵਿਅਕਤੀਆਂ ਲਈ ਗਾਰਟ/ਯਾਕੂਤ ਪੱਥਰ ਪਾਉਣਾ ਸ਼ੁਭ ਮੰਨਿਆ ਜਾਂਦਾ ਹੈ। ਗੁਲ ਚਾਂਦਨੀ ਇਸ ਮਹੀਨੇ ਦਾ ਖ਼ੂਬਸੂਰਤ ਫ਼ੁੱਲ ਹੈ।

ਹ. ਪੁ. -ਐਨ. ਅਮੈ. 15: 693

**ਜਨੀਵਾ-ਕਾਨਫ਼ਰੰਸਾਂ** : ਸਵਿਟਜ਼ਰਲੈਂਡ ਦੇ ਵਿਸ਼ਵ ਪ੍ਰਸਿੱਧ ਸ਼ਹਿਰ, ਜਨੀਵਾ ਵਿਖੇ ਅੰਤਰ-ਰਾਸ਼ਟਰੀ ਮਾਮਲਿਆਂ ਨੂੰ ਸੁਲਝਾਉਣ ਲਈ 1932-34 ਅਤੇ 1954 ਵਿਚ ਹੋਈਆਂ ਦੋ ਵੱਡੀਆਂ ਕਾਨਫ਼ਰੰਸਾਂ ਹਨ। ਪਹਿਲੀ ਕਾਨਫ਼ਰੰਸ ਵਿਸ਼ਵ ਵਿਚ ਨਿਸ਼ਸਤ੍ਰੀਕਰਨ ਬਾਰੇ ਅਤੇ ਦੂਜੀ ਕਾਨਫ਼ਰੰਸ ਕੋਰੀਆ ਅਤੇ ਹਿੰਦ-ਚੀਨੀ ਝਗੜਿਆਂ ਨੂੰ ਨਿਪਟਾਉਣ ਬਾਰੇ ਹੋਈ।

ਨਿਸ਼ਸਤ੍ਰੀਕਰਨ ਦੇ ਸਬੰਧ ਵਿਚ ਇਸ ਪਹਿਲੀ ਕਾਨਫ਼ਰੰਸ ਦੀ ਆਰੰਭਕ ਮੀਟਿੰਗ 2 ਫ਼ਰਵਰੀ, 1932 ਨੂੰ ਬਰਤਾਨੀਆ ਦੇ ਬਦੇਸ਼ ਸਕੱਤਰ, ਆਰਥਰ ਹੈਂਡਰਸਨ ਦੀ ਪ੍ਰਧਾਨਗੀ ਹੇਠਾਂ ਹੋਈ ਅਤੇ ਇਸ ਵਿਚ ਦੁਨੀਆ ਦੇ 59 ਦੇਸ਼ਾਂ ਦੇ ਪ੍ਰਤਿਨਿਧੀਆਂ ਨੇ ਹਿੱਸਾ ਲਿਆ। ਬਰਤਾਨੀਆ ਅਤੇ ਸੰਯੁਕਤ ਰਾਜ ਨੇ ਆਕਰਮਣਕਾਰੀ ਹਥਿਆਰਾਂ ਤੇ ਰੋਕ ਲਾਉਣ ਜਾਂ ਉਨ੍ਹਾਂ ਦੀ ਕਟੌਤੀ ਕਰਨ ਦੀ ਹਿਮਾਇਤ ਤਾਂ ਕੀਤੀ ਪਰ ਇਹ ਦੋਵੇਂ ਦੇਸ਼ ਇਸ ਗੱਲ ਤੇ ਸਹਿਮਤ ਨਾ ਹੋ ਸਕੇ ਕਿ ਕਿਹੜੇ ਕਿਹੜੇ ਹਥਿਆਰ ਆਕਰਮਣਕਾਰੀ ਹਥਿਆਰਾਂ ਵਿਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਜਰਮਨ ਦੀ ਬਰਾਬਰੀ ਸਬੰਧੀ ਕੀਤੀ ਮੰਗ ਅਤੇ ਫ਼ਰਾਂਸ ਦੁਆਰਾ ਇਕ ਸਮੂਹਿਕ ਸੰਗਠਨ ਰਾਹੀਂ ਅੰਤਰ-ਰਾਸ਼ਟਰੀ ਪੱਧਰ ਤੇ ਗਾਰੰਟੀਸ਼ੁਦਾ ਸਲਾਮਤੀ ਸਬੰਧੀ ਕੀਤੀ ਅੜੀ ਨੇ ਇਸ ਕਾਨਫ਼ਰੰਸ ਵਿਚ ਅੜਿੱਕਾ ਹੀ ਡਾਹ ਦਿਤਾ। ਸਾਰੀਆਂ ਗੱਲਾਂ-ਬਾਤਾਂ ਉਥੇ ਦੀਆਂ ਉਥੇ ਹੀ ਰਹਿ ਗਈਆਂ। 14 ਅਕਤੂਬਰ, 1933 ਨੂੰ ਐਡਾਲਫ਼ ਹਿਟਲਰ (30 ਜਨਵਰੀ, 1930 ਤੋਂ ਜਰਮਨੀ ਦਾ ਚਾਂਸਲਰ) ਨਾ ਕੇਵਲ ਕਾਨਫ਼ਰੰਸ ਵਿਚ ਭਾਗ ਲੈਣ ਤੋਂ ਹੀ ਪਿਛੇ ਹਟਿਆ ਸਗੋਂ ਉਸ ਨੇ ਲੀਗ ਆਫ਼ ਨੇਸ਼ਨਜ਼ ਤੋਂ ਵੀ ਪਾਸਾ ਵੱਟ ਲਿਆ। 29 ਮਈ, 1934 ਨੂੰ ਜਰਮਨ ਦੀ ਸ਼ਮੂਲੀਅਤ ਤੋਂ ਬਿਨਾਂ ਫਿਰ ਇਹ ਕਾਨਫ਼ਰੰਸ ਇਕ ਓਪਰੇ ਜਿਹੇ ਢੰਗ ਨਾਲ ਕੀਤੀ ਗਈ। 11 ਜੂਨ 1934 ਨੂੰ ਇਹ ਕਾਨਫ਼ਰੰਸ ਅਣਮਿਥੇ ਸਮੇਂ ਲਈ ਅੱਗੇ ਪਾ ਦਿੱਤੀ ਗਈ।

ਜਨੀਵਾ-ਕਾਨਫ਼ਰੰਸ (1954) ਕੋਰੀਆਈ ਯੁੱਧ ਦੇ ਟਿਕ-ਟਿਕਾਅ ਲਈ ਅਤੇ ਹਿੰਦ-ਚੀਨੀ ਖੇਤਰ ਦੀ ਸਮੱਸਿਆ ਨੂੰ ਹੱਲ ਕਰਨ ਲਈ

ਬੁਲਾਈ ਗਈ ਸੀ ਜਿਥੇ ਫ਼ਰਾਂਸੀਸੀ ਫ਼ੌਜਾਂ ਵੀਅਤ ਮਿੰਨ੍ਹ ਦੇ ਵਿਰੁੱਧ ਇਕ ਘਾਟੇ ਵਾਲੀ ਲੜਾਈ ਲੜ ਰਹੀਆਂ ਸਨ।

ਇਹ ਕਾਨਫ਼ਰੰਸ 26 ਅਪ੍ਰੈਲ, 1954 ਨੂੰ ਆਰੰਭ ਹੋਈ ਸੀ ਜਿਸ ਵਿਚ ਸੰਯੁਕਤ ਰਾਜ ਅਮਰੀਕਾ, ਰੂਸ, ਬਰਤਾਨੀਆ, ਫ਼ਰਾਂਸ, ਦੱਖਣੀ ਅਤੇ ਉੱਤਰੀ ਕੋਰੀਆ, ਕਮਿਊਨਿਸਟ ਚੀਨ ਅਤੇ ਦੱਖਣੀ ਅਫਰੀਕਾ. ਨੂੰ ਛੱਡ ਕੇ ਬਾਕੀ ਦੇ ਉਹਨਾਂ ਸਾਰੇ ਦੇਸ਼ਾਂ ਦੇ, ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਦੇ ਕੋਰੀਆ ਵਿਚ ਕੀਤੇ ਉਪਰਾਲਿਆਂ ਵਿਚ ਯੋਗਦਾਨ ਪਾਇਆ ਸੀ, ਦੇ ਪ੍ਰਤਿਨਿਧੀਆਂ ਨੇ ਹਿੱਸਾ ਲਿਆ।

ਕੋਰੀਆ ਦੇ ਏਕੀਕਰਨ ਬਾਰੇ ਦੱਖਣੀ ਕੋਰੀਆ ਦੇ ਬਦੇਸ਼ ਮੰਤਰੀ ਪਯੁਨ ਯੁੰਗ ਤਾਈ ਵੱਲੋਂ ਅਤੇ ਉਸਦੇ ਕੋਰੀਆਈ ਵਿਰੋਧੀ ਜਰਨੈਲ ਲੈਮ ਦੂਜੇ ਵੱਲੋਂ 27 ਅਪ੍ਰੈਲ ਨੂੰ ਕਾਨਫ਼ਰੰਸ ਅੱਗੇ ਕਈ ਯੋਜਨਾਵਾਂ ਰੱਖੀਆਂ ਗਈਆਂ। ਉੱਤਰੀ ਕੋਰੀਆਈ ਸਰਕਾਰ ਨੇ ਸਰਬ ਕੋਰੀਆਈ ਚੋਣਾਂ ਕਰਵਾਉਣ ਅਤੇ ਬਦੇਸ਼ੀ ਦਖ਼ਲ-ਅੰਦਾਜ਼ੀ ਨੂੰ ਰੋਕਣ ਦਾ ਮਤਾ ਪੇਸ਼ ਕੀਤਾ। ਦੱਖਣੀ ਕੋਰੀਆ ਨੇ ਸਾਰੇ ਕੋਰੀਆ ਵਿਚ ਚੋਣਾਂ ਕਰਵਾਉਣ ਦੀ ਬਜਾਇ ਕੇਵਲ ਉੱਤਰ ਵਿਚ ਹੀ ਚੋਣਾਂ ਕਰਵਾਉਣ ਦੀ ਤਜਵੀਜ਼ ਪੇਸ਼ ਕੀਤੀ ਅਤੇ ਸੰਯੁਕਤ ਰਾਜ ਨੇ ਇਸ ਤਜਵੀਜ਼ ਦਾ ਸਮਰਥਨ ਕੀਤਾ। ਇਸ ਵਿਚ ਕੁਝ ਇਤਿਹਾਦੀ ਦੇਸ਼ਾਂ ਨੇ ਤਾਂ ਚੁੱਪ ਹੀ ਵੱਟੀ ਰੱਖੀ ਪਰ ਹੋਰਨਾਂ ਦੇਸ਼ਾਂ, ਵਿਸ਼ੇਸ਼ ਤੌਰ ਤੇ ਬ੍ਰਿਟਿਸ਼ ਕਾਮਨਵੈਲਥ, ਨੇ ਤਾਂ ਸਰਬ ਕੋਰੀਆਈ ਦੀਆਂ ਆਜ਼ਾਦ ਚੋਣਾਂ ਦੀ ਮੰਗ ਕੀਤੀ। ਬਰਤਾਨੀਆ ਅਤੇ ਸੋਵੀਅਤ ਬਦੇਸ਼ ਮੰਤਰੀਆਂ ਵੱਲੋਂ ਕਈ ਹੋਰ ਤਜਵੀਜ਼ਾਂ ਰੱਖਣ ਦੇ ਬਾਵਜੂਦ ਵੀ ਇਹ ਸਾਰੀ ਗੱਲ-ਬਾਤ ਕਿਸੇ ਸਿੱਟੇ ਤੇ ਪੁੱਜਣ ਤੋਂ ਪਹਿਲਾਂ ਹੀ 15 ਜੂਨ ਨੂੰ ਖ਼ਤਮ ਹੋ ਗਈ।

ਹਿੰਦ-ਚੀਨੀ ਵਾਰਤਾਲਾਪ ਵਿਚ ਦੁਨੀਆ ਦੇ ਵੱਡੇ ਚਾਰ ਦੇਸ਼ਾਂ– ਸੰਯੁਕਤ ਰਾਜ, ਰੂਸ, ਬਰਤਾਨੀਆ ਅਤੇ ਫ਼ਰਾਂਸ–ਦੇ ਨੁਮਾਇੰਦਿਆਂ ਤੋਂ ਇਲਾਵਾ ਕਮਿਊਨਿਸਟ ਚੀਨ, ਤਿੰਨ ਸਹਿਯੋਗੀ ਦੇਸ਼ਾਂ ਵੀਅਤਨਾਮ, ਕੰਬੋਡੀਆ ਅਤੇ ਲਾਓਸ ਅਤੇ ਵੀਅਤ ਮਿੰਨ੍ਹ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। 8 ਮਈ, 1954 ਨੂੰ ਸ਼ੁਰੂ ਹੋਈ ਡੂੰਘੀ ਗੱਲਬਾਤ ਤੋਂ ਬਾਅਦ 21 ਜੁਲਾਈ ਨੂੰ ਫ਼ਰਾਂਸ, ਵੀਅਤਨਾਮ, ਲਾਓਸ ਅਤੇ ਕੰਬੋਡੀਆ ਦੇ ਪ੍ਰਤਿਨਿਧੀਆਂ ਵਿਚ ਅਖ਼ੀਰ ਨੂੰ ਸਮਝੌਤਾ ਹੋ ਗਿਆ ਅਤੇ ਇਸ ਸਮਝੌਤੇ ਅਧੀਨ ਮੁੱਖ ਤਹਿ ਕੀਤੀਆਂ ਗੱਲਾਂ ਇਹ ਸਨ :–

1. 17ਵੀਂ ਉੱਤਰੀ ਸਮਾਂਤਰ (ਜੋ ਵੀਅਤਨਾਮ ਨੂੰ ਪੂਰਨ ਰੂਪ ਵਿਚ ਦੋ ਹਿੱਸਿਆਂ ਵਿਚ ਵੰਡਦੀ ਹੈ) ਦੇ ਨਾਲ-ਨਾਲ ਯੁੱਧ-ਬੰਦੀ ਲਕੀਰ ਖਿੱਚੀ ਜਾਵੇ।

2. ਇਸ ਲਕੀਰ ਤੋਂ ਆਪੋ ਆਪਣੇ ਪਾਸੇ ਵੱਲ 300 ਦਿਨਾਂ ਦੇ ਅੰਦਰ-ਅੰਦਰ ਆਪਣੀਆਂ ਫ਼ੌਜਾਂ ਨੂੰ ਪਿਛਾਂਹ ਹਟਾਇਆ ਜਾਵੇ।

3. ਦੇਸ਼ ਨੂੰ ਇਕ ਮੁੱਠ ਕਰਨ ਲਈ 20 ਜੁਲਾਈ, 1956 ਤੋਂ ਪਹਿਲਾਂ ਪਹਿਲਾਂ ਸਾਰੇ ਵੀਅਤਨਾਮ ਵਿਚ ਚੋਣਾਂ ਕਰਵਾਈਆਂ ਜਾਣ।

4. ਕਮਿਊਨਿਸਟ ਅਤੇ ਗੁਰੀਲੇ ਲਾਓਸ ਅਤੇ ਕੰਬੋਡੀਆ ਨੂੰ ਖਾਲੀ ਕਰ ਦੇਣ ਜਿਥੇ ਕਿ 1955 ਈ. ਵਿਚ ਆਜ਼ਾਦ ਚੋਣਾਂ ਕਰਵਾਈਆਂ ਜਾਣੀਆਂ ਹਨ ਅਤੇ ਜਿਥੇ ਲਾਓਸ ਅਤੇ ਕੰਬੋਡੀਆ ਦੀਆਂ ਸਰਕਾਰਾਂ ਦੀ ਬੇਨਤੀ ਕਰਨ ਤੇ ਫ਼ਰਾਂਸੀਸੀ ਫ਼ੌਜਾਂ ਤਾਇਨਾਤ ਕੀਤੀਆਂ ਜਾ ਸਕਣ।

5. ਵੰਡ-ਲਕੀਰ ਨੂੰ ਕਿਸੇ ਵੀ ਸੂਰਤ ਵਿਚ ਇਕ ਰਾਜਨੀਤਕ ਜਾਂ ਇਲਾਕਾਈ ਸਰਹੱਦ ਦੇ ਤੌਰ ਤੇ ਨਾ ਸਮਝਿਆ ਜਾਵੇ। ਅੰਤਰ-ਰਾਸ਼ਟਰੀ ਨਿਗਰਾਨੀ ਹੇਠ ਹੋਈਆਂ ਚੋਣਾਂ ਵਾਲੀ ਸ਼ਰਤ ਤਾਂ ਬਹੁਤ ਹੀ ਮਹੱਤਤਾ ਵਾਲੀ ਸੀ। ਇਸ ਨੇ ਵੀਅਤ ਮਿੰਨ੍ਹ ਨੂੰ ਦੇਸ਼ ਦੇ ਉੱਤਰੀ ਅੱਧ ਵਿਚ ਆਪਣੀਆਂ ਫ਼ੌਜਾਂ ਨੂੰ ਆਰਜ਼ੀ ਰੂਪ ਵਿਚ ਮੁੜ ਇਕੱਠਾ ਕਰਨ ਪ੍ਰਤਿ ਸਹਿਮਤੀ ਵਿਖਾਉਣ ਲਈ ਪ੍ਰੇਰਿਆ। ਕਾਨਫ਼ਰੰਸ ਦੇ ਮੌਕੇ ਤੇ ਵੀਅਤ ਮਿੰਨ੍ਹ ਦਾ ਵੀਅਤਨਾਮ ਦੇ 3/4 ਹਿੱਸੇ ਤੇ ਕੰਟ੍ਰੋਲ ਸੀ ਅਤੇ ਇਸ ਦੀ ਫ਼ੌਜ ਦੀ ਵੀ ਫ਼ਰਾਂਸੀਸੀ ਫ਼ੌਜ ਉੱਪਰ ਪੂਰੀ ਚੜ੍ਹਤ ਸੀ।

ਇਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਵਾਲੇ 9 ਦੇਸ਼ਾਂ ਵਿਚੋਂ 8 ਦੇਸ਼ਾਂ ਨੇ ਤਾਂ ਸਮਝੌਤਿਆਂ ਲਈ ਜ਼ਵਾਬਦੇਹ ਹੋਣ ਲਈ ਸਹੁੰ ਖਾਧੀ ਐਪਰ ਸੰਯੁਕਤ ਰਾਜ ਨੇ ਇਹ ਸਪਸ਼ਟ ਤੌਰ ਤੇ ਕਹਿ ਦਿਤਾ ਕਿ ਇਹ ਇਨ੍ਹਾਂ ਸਮਝੌਤਿਆਂ ਨਾਲ ਕੋਈ ਬੱਝਿਆ ਹੋਇਆ ਨਹੀਂ ਹੈ ਪਰ ਇਹ ਉਨ੍ਹਾਂ ਸਾਰੇ ਮੁਲਕਾਂ ਵਿਚ ਜਿਹੜੇ ਆਪਣੀ ਮਰਜ਼ੀ ਦੇ ਖਿਲਾਫ਼ ਇਕ ਦੂਜੇ ਦੇ ਨਾਲ ਵੰਡੇ ਹੋਏ ਹਨ, ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਆਜ਼ਾਦ ਚੋਣਾਂ ਰਾਹੀਂ ਏਕਤਾ ਲਿਆਉਣ ਲਈ ਉਪਰਾਲੇ ਕਰਦਾ ਰਹੇਗਾ। ਸੰਯੁਕਤ ਰਾਜ ਦੀ ਸਰਕਾਰ ਨੇ ਦੱਖਣੀ ਵੀਅਤਨਾਮ ਵਿਚ ਇਕ ਵਖਰਾ ਕਮਿਊਨਿਸਟ ਵਿਰੋਧੀ ਰਾਜ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਲੈ ਲਈ ਅਤੇ 1956 ਈ. ਵਿਚ ਜਦੋਂ ਦੱਖਣੀ ਵੀਅਤਨਾਮ ਦੇ ਪ੍ਰੈਜ਼ੀਡੈਂਟ ਨਗੋ ਡਿਨ੍ਹ ਡੀਮ (Ngo Dihh Diem) ਨੇ ਸਮੁੱਚੇ ਵੀਅਤਨਾਮ ਵਿਚ ਚੋਣਾਂ ਕਰਵਾਉਣ ਤੋਂ ਨਾਂਹ ਕਰ ਦਿਤੀ, ਜਿਹੜੀਆਂ ਕਿ ਉਸਨੇ ਉੱਤਰੀ ਵੀਅਤਨਾਮੀ ਸਰਕਾਰ ਦੀ ਸਲਾਹ ਨਾਲ ਕਰਵਾਉਣੀਆਂ ਸਨ, ਤਾਂ ਸੰਯੁਕਤ ਰਾਜ ਨੇ ਪ੍ਰੈਜ਼ੀਡੈਂਟ ਨਗੋ ਡਿਨ ਡੀਮ ਦਾ ਪੂਰਾ ਸਾਥ ਦਿੱਤਾ।

ਹ. ਪੁ. -ਐਨ. ਬ੍ਰਿ. ਮਾ. 4 : 465

**ਜਨੀਵਾ** : ਕੈਨਟਨ—ਦੱਖਣ-ਪੱਛਮੀ ਸਵਿਟਜ਼ਰਲੈਂਡ ਦੀ ਕੈਨਟਨ ਹੈ. ਜਿਸ ਦਾ ਖੇਤਰਫਲ 282 ਵ. ਕਿ. ਮੀ. ਅਤੇ ਆਬਾਦੀ 378,849 (1991) ਹੈ। ਕੈਨਟਨ ਦੀ ਰਾਜਧਾਨੀ ਜਨੀਵਾ ਨਾਂ ਦਾ ਸ਼ਹਿਰ ਹੈ। ਇਹ ਜੂਰਾ ਅਤੇ ਐਲਪਸ ਪਰਬਤਾਂ ਦਰਮਿਆਨ ਸਥਿੱਤ ਹੈ। ਦੋਵੇਂ ਪਾਸੇ ਪਰਬਤ ਅਤੇ ਵਿਚਕਾਰ ਜਨੀਵਾ ਝੀਲ ਇਸ ਦੀ ਖ਼ੂਬਸੂਰਤੀ ਵਿਚ ਵਾਧਾ ਕਰਦੇ ਹਨ। ਝੀਲ ਨੇ ਕੋਈ 30 ਵ. ਕਿ. ਮੀ. ਖੇਤਰ ਮੱਲਿਆ ਹੋਇਆ ਹੈ। ਪਰਬਤੀ ਖੇਤਰ ਹੋਣ ਕਾਰਨ ਇਥੋਂ ਦੀ ਜਲਵਾਯੂ ਸਿਹਤ ਲਈ ਬਹੁਤ ਚੰਗੀ ਹੈ। ਬਾਗ, ਬਗੀਚਿਆਂ ਦੀ ਵੀ ਭਰਮਾਰ ਹੈ। ਭੇਡਾਂ, ਬੱਕਰੀਆਂ, ਗਊਆਂ, ਘੋੜੇ ਆਦਿ ਪਸ਼ੂ ਪਾਲਣਾ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਹੈ। ਇਥੇ ਇਮਾਰਤੀ ਪੱਥਰ, ਰੇਤ ਪੱਥਰ ਅਤੇ ਸਲੇਟ ਪੱਥਰ ਵੀ ਮਿਲਦੇ ਹਨ।

ਕੈਨਟਨ ਦਾ ਜਲ-ਨਿਕਾਸ ਰੋਨ੍ਹ ਦਰਿਆ ਰਾਹੀਂ ਹੁੰਦਾ ਹੈ। ਇਹ ਪੂਰਬ ਤੋਂ ਪੱਛਮ ਵੱਲ ਵਗਦਾ ਹੋਇਆ ਅੱਗੇ ਦੱਖਣ-ਪੱਛਮ ਦੀ ਦਿਸ਼ਾ ਅਖ਼ਤਿਆਰ ਕਰ ਲੈਂਦਾ ਹੈ। ਮੋਨ ਬਲਾਂਕ ਪਰਬਤਾਂ ਵਿਚੋਂ ਨਿਕਲਣ ਵਾਲੀ ਆਰਨ ਨਦੀ ਜਨੀਵਾ ਸ਼ਹਿਰ ਵਿਚ ਰੋਨ੍ਹ ਨਾਲ ਮਿਲ ਜਾਂਦੀ ਹੈ।

ਜਨੀਵਾ ਕੈਨਟਨ ਨੂੰ 1815 ਈ. ਵਿਚ ਸਵਿਸ ਕਨਫੈਡਰੇਸ਼ਨ ਵਿਚ ਸ਼ਾਮਲ ਕੀਤਾ ਗਿਆ ਸੀ ਤੇ ਪਿਛੋਂ 1815-16 ਈ. ਵਿਚ ਦੱਖਣ-ਪੂਰਬ ਅਤੇ ਉੱਤਰ ਦੇ ਖੇਤਰ ਇਸ ਵਿਚ ਸ਼ਾਮਲ ਕਰ ਦਿੱਤੇ ਸਨ। ਇਥੋਂ ਦੀ ਵਸੋਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਕੈਨਟਨ ਦੀ ਆਬਾਦੀ ਬੜੀ ਸੰਘਣੀ ਹੈ। ਇਥੇ ਪ੍ਰਤੀ ਵ. ਕਿ. ਮੀ. ਵਿਚ 1,175 ਵਿਅਕਤੀ ਰਹਿੰਦੇ ਹਨ।

ਹ. ਪੁ. -ਐਨ. ਬ੍ਰਿ. 10 : 96

**ਜਨੀਵਾ** : ਝੀਲ–ਯੂਰਪ ਵਿਚ ਇਹ ਸਭ ਤੋਂ ਵੱਡੀ ਐਲਪਾਈਨ ਝੀਲ ਹੈ ਜਿਹੜੀ ਦੱਖਣ-ਪੱਛਮੀ ਸਵਿਟਜ਼ਰਲੈਂਡ ਅਤੇ ਦੱਖਣ-ਪੂਰਬੀ ਫ਼ਰਾਂਸ ਦੇ ਓਤ ਸਵਾਇ ਡਿਪਾਰਟਮੈਂਟ ਵਿਚਕਾਰ ਸਥਿਤ ਹੈ। ਪ੍ਰਾਚੀਨ ਲੇਖਕਾਂ ਨੇ ਇਸ ਨੂੰ ਲੇਕਸ ਲੀਮਾਨਸ ਦਾ ਨਾਂ ਦਿੱਤਾ ਹੈ ਪਰ ਸੋਲ੍ਹਵੀਂ ਸਦੀ ਤੋਂ ਅਠਾਰ੍ਹਵੀਂ ਸਦੀ ਤੱਕ ਇਹ 'ਲੇਕ ਡੀ ਜਨੀਵ' ਨਾਂ ਨਾਲ ਜਾਣੀ ਜਾਂਦੀ ਰਹੀ ਅਤੇ ਇਸ ਉਪਰੰਤ ਇਸ ਦਾ ਨਾਂ ਲੈਕ ਲੀਮਾਨ ਪ੍ਰਚੱਲਤ ਹੋਇਆ। ਸਮੁੰਦਰੀ ਸਤ੍ਹਾ ਤੋਂ ਇਹ ਝੀਲ 372 ਮੀ. ਦੀ ਉਚਾਈ ਤੇ ਅਤੇ 581 ਵ. ਕਿ. ਮੀ. ਦੇ ਰਕਬੇ ਵਿਚ ਫੈਲੀ ਹੋਈ ਹੈ,

ਜਿਸ ਵਿਚੋਂ 348 ਵ. ਕਿ. ਮੀ. ਦਾ ਰਕਬਾ ਸਵਿਟਜ਼ਰਲੈਂਡ ਵਿਚ ਅਤੇ ਬਾਕੀ ਦਾ ਫ਼ਰਾਂਸ ਵਿਚ ਆਉਂਦਾ ਹੈ। ਫ਼ਰਾਂਸ ਵਾਲਾ ਹਿੱਸਾ ਇਸ ਝੀਲ ਦਾ ਦੱਖਣੀ ਕੰਢਾ ਬਣਾਉਂਦਾ ਹੈ ਅਤੇ ਇਸ ਦਾ ਪੱਛਮੀ ਕੰਢਾ ਜਨੀਵਾ ਦੀਆਂ ਸਵਿਸ ਕੈਨਟਨਾਂ ਅਤੇ ਪੂਰਬੀ ਵਾਲੇਸ ਦੀਆਂ ਕੈਨਟਨਾਂ ਨਾਲ ਲਗਦਾ ਹੈ।

ਇਹ ਝੀਲ ਆਕਾਰ ਵਿਚ ਨਵੇਂ ਚੰਨ ਦੀ ਸ਼ਕਲ ਵਿਚ ਹੈ। ਦਰਿਆ ਰੋਨ੍ਹ ਇਸ ਝੀਲ ਵਿਚ ਪੂਰਬੀ ਸਿਰੇ ਦੇ ਵਿਚਕਾਰ ਦਾਖ਼ਲ ਹੁੰਦਾ ਹੈ ਅਤੇ ਪੱਛਮੀ ਸਿਰੇ ਤੋਂ ਸ਼ਹਿਰ ਜਨੀਵਾ ਰਾਹੀਂ ਬਾਹਰ ਨਿਕਲਦਾ ਹੈ। ਇਸ ਝੀਲ ਦੀ ਵੱਧ ਤੋਂ ਵੱਧ ਚੌੜਾਈ 12.5 ਕਿ. ਮੀ. ਹੈ ਅਤੇ ਔਸਤ ਚੌੜਾਈ 8 ਕਿ. ਮੀ. ਹੈ। ਪੂਰਬੀ ਸਿਰੇ ਤੋਂ ਲੈ ਕੇ ਪੱਛਮ ਵੱਲ ਜਨੀਵਾ ਸ਼ਹਿਰ ਤਕ ਝੀਲ ਦੀ ਲੰਬਾਈ 72 ਕਿ. ਮੀ. (45 ਮੀਲ) ਹੈ ਅਤੇ ਇਸ ਦੀ ਵੱਧ ਤੋਂ ਵੱਧ ਗਹਿਰਾਈ 1,017 ਫ਼ੁੱਟ ਹੈ, ਜਦ ਕਿ ਔਸਤਨ ਗਹਿਰਾਈ 500 ਫ਼ੁੱਟ ਹੈ। ਪਰੋਮੈਂਥ ਜਲ ਡਮਰੂ ਝੀਲ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਝੀਲ ਦਾ ਪਾਣੀ ਅਸਾਧਾਰਣ ਤੌਰ ਤੇ ਨੀਲਾ ਹੈ। ਗਰਮੀਆਂ ਵਿਚ ਝੀਲ ਦੇ ਪਾਣੀ ਦਾ ਚੜ੍ਹਾਅ ਵੱਧ ਤੋਂ ਵੱਧ ਹੁੰਦਾ ਹੈ ਅਤੇ ਇਸ ਸਮੇਂ ਪਾਣੀ ਦੀ ਸਤਹ ਤੇ ਲਹਿਰਾਂ ਉਠਦੀਆਂ ਹਨ ਜਿਨ੍ਹਾਂ ਨੂੰ ਸੇਸ਼ਜ਼ (seiches) ਕਹਿੰਦੇ ਹਨ। ਇਹ ਲਹਿਰਾਂ ਲੰਬਕਾਰੀ ਅਤੇ ਲੇਟਵੇਂ ਰੁੱਖ ਹੁੰਦੀਆਂ ਹਨ। ਇਸ ਪ੍ਰਕਿਰਿਆ ਦੌਰਾਨ ਝੀਲ ਦਾ ਸਾਰੇ ਦਾ ਸਾਰਾ ਪਾਣੀ ਇਕ ਲੈਅ ਵਿਚ ਇਕ ਕਿਨਾਰੇ ਤੋਂ ਦੂਜੇ ਤੱਕ ਝੋਲੇ ਖਾਂਦਾ ਹੈ। ਇਸ ਦੇ ਫ਼ਲਸਰੂਪ ਕੁਝ ਮਿੰਟਾਂ ਲਈ ਜਨੀਵਾ ਵਿਖੇ ਪਾਣੀ ਦਾ ਪੱਧਰ 2 ਤੋਂ 5 ਫ਼ੁੱਟ ਤੱਕ ਉਚਾ ਹੋ ਜਾਂਦਾ ਹੈ। ਝੀਲ ਉੱਪਰੋਂ ਕਈ ਤੇਜ਼ ਹਵਾਵਾਂ ਵੱਖਰੀਆਂ ਵੱਖਰੀਆਂ ਦਿਸ਼ਾਵਾਂ ਵੱਲੋਂ ਗੁਜ਼ਰਦੀਆਂ ਹਨ ਜਿਨ੍ਹਾਂ ਨੂੰ ਵੱਖਰੇ ਵੱਖਰੇ ਹੀ ਨਾਂ ਦਿਤੇ ਹੋਏ ਹਨ। ਹਨ੍ਹੇਰੀ ਵਾਲੀਆਂ ਹਵਾਵਾਂ ਆਰਵ ਅਤੇ ਡਰਾਂਸ ਵਾਦੀਆਂ ਤੋਂ ਆਉਂਦੀਆਂ ਹਨ। ਝੀਲ ਜਨੀਵਾ ਵਿਚ ਸਵਿਟਜ਼ਰਲੈਂਡ ਦੀਆਂ ਹੋਰਾਂ ਝੀਲਾਂ ਦੇ ਮੁਕਾਬਲੇ ਵਿਚ ਮੱਛੀਆਂ ਬਹੁਤ ਘੱਟ ਗਿਣਤੀ ਵਿਚ ਮਿਲਦੀਆਂ ਹਨ। ਮੱਛੀਆਂ ਦੀਆਂ ਸਿਰਫ਼ 20 ਕੁ ਕਿਸਮਾਂ ਹਨ, ਜਿਨ੍ਹਾਂ ਵਿਚੋਂ ਫੈਰਾ ਜਾਂ ਕੋਰਾਗੋਨਸ ਫੈਰਾ ਮੁੱਖ ਹਨ। ਸੰਨ 1823 ਤੋਂ ਇਸ ਝੀਲ ਵਿਚ ਸਟੀਮਰ ਚੱਲਣੇ ਸ਼ੁਰੂ ਹੋਏ ਅਤੇ ਬਾਅਦ ਵਿਚ ਝੀਲ ਦੇ ਨਾਲ ਨਾਲ ਰੇਲ-ਮਾਰਗ ਬਣੇ ਜਿਹੜੇ ਇਸ ਦੇ ਆਲੇ-ਦੁਆਲੇ ਦੇ ਸਿਹਤਅਫ਼ਜ਼ਾ ਸਥਾਨਾਂ ਨੂੰ ਮਿਲਾਉਂਦੇ ਹਨ। ਜਨੀਵਾ ਦੀ ਬੰਦਰਗਾਹ ਵਿਚ ਗ੍ਰੇਨਾਈਟ ਦੀਆਂ ਦੋ ਚਟਾਨਾਂ ਝੀਲ ਵਾਲੇ ਪਾਸੇ ਅੱਗੇ ਵਧੀਆਂ ਹੋਈਆਂ ਹਨ ਜਿਨ੍ਹਾਂ ਦਾ ਨਾਂ Pierres du Nition (ਜਿਸਨੂੰ ਨੈਪਚੂਨ ਦਾ ਪੂਜਾ-ਸਥਾਨ ਸਮਝਿਆ ਜਾਂਦਾ ਹੈ) ਰਖਿਆ ਗਿਆ। ਇਨ੍ਹਾਂ ਵਿਚੋਂ ਨੀਵੇਂ ਪੱਥਰ ਨੂੰ ਸਵਿਟਜ਼ਰਲੈਂਡ ਦੇ ਤਿਕੋਣ ਆਕਾਰ ਦਾ ਆਧਾਰ ਸਮਝਿਆ ਜਾਂਦਾ ਹੈ। ਇਸ ਦੇ ਤੱਟ ਤੇ ਪੂਰਵ-ਇਤਿਹਾਸਕ ਕਾਲ ਦੇ ਰਿਹਾਇਸ਼ੀ ਸਥਾਨ ਪਾਏ ਗਏ ਹਨ। ਇਸਦੇ ਉੱਤਰੀ ਕੰਢੇ ਦਾ ਪਿਛਵਾੜਾ ਸ਼ਰਾਬ ਦੇ ਉਤਪਾਦਨ ਲਈ ਪ੍ਰਸਿੱਧ ਹੈ। ਜਨੀਵਾ ਅਤੇ ਲਾਸੇਨ ਇਸ ਦੇ ਤੱਟ ਤੇ ਵਸੇ ਪ੍ਰਸਿੱਧ ਸ਼ਹਿਰ ਹਨ।

46° 25′ ਉ. ਵਿਥ.; 6° 30′ ਪੂ. ਲੰਬ.

ਹ. ਪੁ. -ਐਨ. ਬ੍ਰਿ. 10 : 19 ; ਕੋਲ. ਐਨ. 8: 325

**ਜਨੀਵਾ** : ਸ਼ਹਿਰ : ਇਹ ਅੰਤਰ ਰਾਸ਼ਟਰੀ ਪ੍ਰਸਿੱਧੀ ਵਾਲਾ ਸਵਿਟਜ਼ਰਲੈਂਡ ਦਾ ਇਕ ਇਤਿਹਾਸਕ ਸ਼ਹਿਰ ਹੈ ਅਤੇ ਯੂਰਪ ਦੀਆਂ ਮਿਉਂਸਪਲਟੀਆਂ ਵਿਚੋਂ ਸਭ ਤੋਂ ਵੱਧ ਆਕਰਸ਼ਕ ਸ਼ਹਿਰ ਹੈ। ਮਨੁੱਖਤਾ ਦੀ ਭਲਾਈ ਸਬੰਧੀ ਕਾਰਵਾਈਆਂ ਦਾ ਇਕ ਅਹਿਮ ਕੇਂਦਰ ਹੈ। ਇਹ ਇਸੇ ਨਾਂ ਦੇ ਕੈਨਟਨ ਦੀ ਰਾਜਧਾਨੀ ਹੈ। ਇਹ ਸ਼ਹਿਰ ਜਨੀਵਾ ਝੀਲ ਦੇ ਧੁਰ ਦੱਖਣ-ਪੱਛਮੀ ਸਿਰੇ ਉੱਪਰ ਰੋਨ੍ਹ ਦਰਿਆ ਦੀ ਵਾਦੀ ਵਿਚ ਵਸਿਆ ਹੋਇਆ ਹੈ। ਪ੍ਰਸਿੱਧ ਅੰਤਰਰਾਸ਼ਟਰੀ ਕਾਨਫ਼ਰੰਸਾਂ ਅਤੇ ਸਾਲਸੀਆਂ ਇਸੇ ਸ਼ਹਿਰ ਵਿਚ ਹੁੰਦੀਆਂ ਰਹੀਆਂ ਹਨ। ਇਸ ਤੋਂ ਛੁੱਟ ਇਹ ਸ਼ਹਿਰ ਲੰਬੇ ਅਰਸੇ ਤੋਂ ਬੁੱਧੀਜੀਵੀਆਂ, ਵਿਗਿਆਨ ਅਤੇ ਦਰਸ਼ਨ ਦੇ ਕੇਂਦਰ ਦੇ ਤੌਰ ਤੇ ਵੀ ਜਾਣਿਆ ਜਾਂਦਾ ਰਿਹਾ ਹੈ।

ਪੂਰਵ-ਇਤਿਹਾਸਕ ਕਾਲ ਦੌਰਾਨ ਪੱਥਰਾਂ ਨਾਲ ਇਸ ਨੂੰ ਕਾਫ਼ੀ ਵੱਡੇ ਸ਼ਹਿਰ ਦੇ ਰੂਪ ਵਿਚ ਉਸਾਰਿਆ ਗਿਆ। ਉਸ ਸਮੇਂ ਦੀਆਂ ਕੁਝ ਇਮਾਰਤਾਂ ਝੀਲ ਦੇ ਪੱਛਮੀ ਸਿਰੇ ਵੱਲ ਰੋਨ੍ਹ ਦਰਿਆ ਦੇ ਕੰਢੇ ਕੋਲ ਦੇਖਣ ਵਿਚ ਆਉਂਦੀਆਂ ਹਨ। ਪਿਛੋਂ ਇਸ ਸ਼ਹਿਰ ਦੇ ਵਸਨੀਕ ਜਨੀਵਾ ਝੀਲ ਦੇ ਖੱਬੇ ਕੰਢੇ ਦੇ ਪਹਾੜਾਂ ਉੱਪਰ ਜਾ ਵਸੇ।

ਇਹ ਸ਼ਹਿਰ ਕੋਈ 2,000 ਵਰ੍ਹਿਆਂ ਤੋਂ ਪਹਿਲਾਂ ਵੀ ਇਕ ਘੁੱਗ ਵੱਸਦਾ ਸ਼ਹਿਰ ਸੀ। ਜੂਲੀਅਸ ਸੀਜ਼ਰ ਨੇ ਆਪਣੇ 'ਡੀ ਬੈਲੋ ਗੈਲੀਕੋ' ਵਿਚ 58 ਈ. ਪੂ. ਦੌਰਾਨ ਸਵਿਟਜ਼ਰਲੈਂਡ ਵਾਸੀਆਂ ਦਾ ਰਸਤਾ ਬੰਦ ਕਰਨ ਲਈ ਦਰਿਆ ਰੋਨ੍ਹ ਦੇ ਇਕ ਪੁਲ ਦੀ ਤਬਾਹੀ ਦਾ ਵਰਣਨ ਕਰਦਿਆਂ ਇਸ ਸ਼ਹਿਰ ਦਾ ਜ਼ਿਕਰ ਵੀ ਕੀਤਾ ਹੈ। ਇਸ ਪਿਛੋਂ ਇਸ ਖੇਤਰ ਨੂੰ ਮੈਕਸਿਮਾ ਸਿਕੁਐਨਰਮ (Maxima Sequanorum) ਨਾਂ ਦੇ ਰੋਮਨ ਸੂਬੇ ਵਿਚ ਸ਼ਾਮਲ ਕੀਤਾ ਗਿਆ ਅਤੇ 534 ਈ. ਵਿਚ ਇਹ ਸ਼ਹਿਰ ਫ਼ਰੈਂਕਾਂ ਦੇ ਸ਼ਾਸਨ ਅਧੀਨ ਆਇਆ। ਸੰਨ 888 ਵਿਚ ਜੂਰਾ ਪਰਬਤਾਂ ਦੇ ਪੂਰਬ ਵਿਚ ਕੈਰੋਲਿਨੀਅਨ ਸਾਮਰਾਜ ਦੇ ਖੰਡਰਾਤਾਂ ਉੱਪਰ ਦੂਜੀ ਵਾਰੀ ਬਰਗੰਡੀ ਰਾਜ ਸਥਾਪਿਤ ਹੋਣ ਸਮੇਂ ਜਨੀਵਾ ਇਸ ਦੇ ਮੁੱਖ ਸ਼ਹਿਰਾਂ ਵਿਚੋਂ ਸੀ। ਸੰਨ 1032 ਵਿਚ ਜਰਮਨੀ ਦੇ ਕੋਨਾਰਟ ਦੂਜੇ ਨੇ ਇਸ ਉੱਪਰ ਕਬਜ਼ਾ ਕਰਕੇ ਬਿਸ਼ਪ ਨੂੰ ਇਥੋਂ ਦਾ ਕਰਤਾ-ਧਰਤਾ ਥਾਪਿਆ। ਸੰਨ 1162 ਵਿਚ ਇਥੋਂ ਦੇ ਬਿਸ਼ਪ ਨੂੰ ਰੋਮ ਦੀ ਪਵਿੱਤਰ ਸ਼ਹਿਨਸ਼ਾਹੀਅਤ ਦੇ ਪ੍ਰਿੰਸ ਦਾ ਰੁਤਬਾ ਦਿੱਤਾ ਗਿਆ ਜਿਸ ਦੇ ਸਿੱਟੇ ਵਿਚ ਇਸ ਨੂੰ ਵੀ ਹੋਰਨਾ ਬਿਸ਼ਪ ਪ੍ਰਿੰਸਾਂ ਦੀ ਬਰਾਬਰੀ ਮਿਲੀ।

ਤੇਰ੍ਹਵੀਂ ਸਦੀ ਦੇ ਅੰਤ ਤੀਕ ਜਨੀਵਾ ਦੇ ਲੋਕਾਂ ਨੇ ਮਿਲ ਕੇ ਇਥੇ ਇਕ ਮਿਉਂਸਪਲ ਸੰਸਥਾ ਕਾਇਮ ਕੀਤੀ ਤੇ ਇਸੇ ਦੌਰਾਨ ਹੀ ਕਾਊਂਟ ਆਫ਼ ਸੇਵਾਇ ਨੇ ਜਨੀਵਾ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਥੋਂ ਦੇ ਨਾਗਰਿਕਾਂ ਨੇ ਵੀ ਬਿਸ਼ਪ ਨਾਲ ਝਗੜਾ ਹੋ ਜਾਣ ਕਰਕੇ ਸੇਵਾਇ ਦੇ ਕਾਊਂਟ ਦਾ ਪੱਖ ਪੂਰਿਆ, ਜਿਸ ਕਰਕੇ ਇਹ ਸ਼ਹਿਰ ਅਤੇ ਬਿਸ਼ਪ ਦਾ ਕਿਲਾ ਅਤੇ ਸਾਰੀ ਦੀ ਸਾਰੀ ਅਦਾਲਤ ਸੇਵਾਇ ਕਾਊਂਟ 'ਐਮਾਡੀਅਸ' ਦੇ ਕਬਜ਼ੇ ਹੇਠ ਆ ਗਈ। ਸੰਨ 1401 ਵਿਚ ਐਮਾਡੀਅਸ ਅੱਠਵੇਂ (ਸੇਵਾਇ) ਨੇ ਜਨੀਵਾ ਦੀ ਕਾਉਂਟੀ ਹੀ ਖਰੀਦ ਲਈ ਜਿਸ ਨੇ ਇਥੋਂ ਪਹਿਲਾਂ ਚਲੇ ਆ ਰਹੇ ਹਾਕਮਾਂ ਦਾ ਬੰਸ ਖਤਮ ਕਰ ਦਿੱਤਾ। ਸੰਨ 1522 ਤੱਕ ਇਹ ਖੇਤਰ ਸੇਵਾਇ ਦੀ ਹਕੂਮਤ ਹੇਠ ਰਿਹਾ। ਲਗਾਤਾਰ ਗ਼ੁਲਾਮੀ ਵਿਚ ਰਹਿੰਦੇ ਜਨੀਵਾ ਵਾਸੀ ਅੰਤ ਨੂੰ ਸੇਵਾਇ ਦੇ ਡਿਊਕ ਦੀ ਪ੍ਰਧਾਨਗੀ ਤੋਂ ਕਾਹਲੇ ਪੈ ਗਏ ਤੇ ਉਨ੍ਹਾਂ ਨੇ ਇਸ ਤੋਂ ਖਹਿੜਾ ਛੁਡਵਾਉਣ ਲਈ ਸਵਿਟਜ਼ਰਲੈਂਡ ਦੀ ਸਰਕਾਰ ਕੋਲੋਂ ਮਦਦ ਮੰਗੀ। ਸੰਨ 1530 ਵਿਚ ਸਵਿਸ ਸਰਕਾਰ ਨੇ ਡਿਊਕ ਤੋਂ ਜ਼ਬਰਦਸਤੀ ਸੇਂਟ ਜੂਲੀਅਸ ਸੰਧੀ (1603) ਉੱਪਰ ਹਸਤਾਖ਼ਰ ਕਰਵਾ ਲਏ, ਜਿਸ ਵਿਚ ਇਹ ਸ਼ਰਤ ਰੱਖੀ ਕਿ ਉਹ ਜਨੀਵਾ ਦੇ ਲੋਕਾਂ ਨੂੰ ਤੰਗ ਨਹੀਂ ਕਰੇਗਾ। ਇਸ ਤਰ੍ਹਾਂ ਜਨੀਵਾ ਵਿਚ ਸ਼ਾਂਤੀ ਦਾ ਦੌਰ ਆਰੰਭ ਹੋਇਆ ਅਤੇ ਜਨੀਵਾ ਦੀਆਂ ਕੈਨਟਨਾਂ ਵਿਚ ਇਕ ਕਾਨੂੰਨੀ ਸਬੰਧ ਕਾਇਮ ਹੋਇਆ।

ਸੰਨ 1735 ਵਿਚ ਜਨੀਵਾ ਵਿਖੇ ਧਾਰਮਿਕ ਸੁਧਾਰ ਆਰੰਭ ਹੋਇਆ। ਸੰਨ 1794 ਵਿਚ ਸਰਕਾਰ ਤੋੜ ਕੇ ਨੈਸ਼ਨਲ ਕਨਵੈਨਸ਼ਨ ਨਿਸਚਿਤ ਕੀਤੀ ਅਤੇ ਇਕ ਭੈਦਾਇਕ ਹਕੂਮਤ ਹੋਂਦ ਵਿਚ ਆਈ। ਇਸ ਤੋਂ ਚਾਰ ਸਾਲ ਪਿਛੋਂ ਜਨੀਵਾ ਸ਼ਹਿਰ ਨੂੰ ਡੂ ਲੀਮਾਨ ਦੇ ਡਿਪਾਰਟਮੈਂਟ ਦੇ ਰੂਪ ਵਿਚ ਫ਼ਰਾਂਸ ਨਾਲ ਜੋੜਿਆ ਗਿਆ ਅਤੇ 1814 ਈ. ਵਿਚ ਵੀਆਨਾ ਦੇ ਸੰਮੇਲਨ ਉਪਰੰਤ ਆਜ਼ਾਦ ਹੋਣ ਤਕ ਇਹ ਖੇਤਰ ਫ਼ਰਾਂਸ ਦੇ ਅਧੀਨ ਹੀ ਰਿਹਾ। ਸੰਨ 1815 ਵਿਚ ਜਨੀਵਾ ਸ਼ਹਿਰ ਸਵਿਟਜ਼ਰਲੈਂਡ ਦੀ ਕਨਫ਼ੈਡਰੇਸ਼ਨ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਪਹਿਲੇ ਸੰਸਾਰ ਜੰਗ ਉਪਰੰਤ ਇਸ ਸ਼ਹਿਰ ਨੂੰ 'ਲੀਗ ਆਫ਼ ਨੇਸ਼ਨਜ਼' ਦੇ ਕਾਰਜ ਖੇਤਰ ਦਾ ਮੁਕਾਮ ਨਿਯਤ ਕੀਤਾ ਤੇ 1814 ਈ. ਦੇ ਸੰਵਿਧਾਨ ਅਨੁਸਾਰ

ਜਨੀਵਾ ਸ਼ਹਿਰ ਅਤੇ ਕੈਨਟਨ ਦੀ ਸਾਂਝੀ ਸਰਕਾਰ ਸਥਾਪਿਤ ਹੋਈ ਪਰ ਸ਼ਹਿਰ ਨੂੰ ਮਿਊਂਸਪਲ ਰੂਪ ਵਿਚ ਅਜ਼ਾਦੀ ਨਾ ਮਿਲੀ। ਜੇਮਜ਼ ਜੀਨ ਜੈਕ ਫੇਜ਼ੀ ਦੀ ਕ੍ਰਾਂਤੀ ਉਪਰੰਤ 21 ਮਈ, 1847 ਨੂੰ ਜਨਤਕ ਵੋਟਾਂ ਦੇ ਆਧਾਰ ਤੇ ਜ਼ਿਆਦਾ ਉਦਾਰ ਸੰਵਿਧਾਨ ਸਥਾਪਿਤ ਹੋਇਆ।

ਸੰਨ 1934 ਦੌਰਾਨ ਲੇਬਰ ਆਫਿਸ ਅਤੇ ਲੀਗ ਦੇ ਅਧਿਕਾਰੀਆਂ ਦੇ ਇਥੋਂ ਚਲੇ ਜਾਣ ਕਰਕੇ ਸ਼ਹਿਰ ਦੀ ਅਮੀਰੀ ਨੂੰ ਕਾਫ਼ੀ ਧੱਕਾ ਲੱਗਿਆ। ਸੰਨ 1942 ਤੱਕ ਜਨੀਵਾ ਦੇ 11% ਮਕਾਨ ਖਾਲੀ ਪਏ ਦਿਖਾਈ ਦੇਣ ਲੱਗੇ।

ਦੂਜੇ ਵਿਸ਼ਵ-ਯੁੱਧ ਪਿੱਛੋਂ ਜਨੀਵਾ ਦੇ ਹਾਲਾਤ ਵਿਚ ਕਾਫ਼ੀ ਸੁਧਾਰ ਆਇਆ। ਆਬਾਦੀ ਕਾਫ਼ੀ ਵਧੀ ਅਤੇ ਬੇਰੋਜ਼ਗਾਰੀ ਵੀ ਖ਼ਤਮ ਹੋ ਗਈ। ਸੰਨ 1947 ਦੌਰਾਨ ਅੰਤਰ-ਰਾਸ਼ਟਰੀ ਮਜ਼ਦੂਰ ਸੰਗਠਨ ਦਾ ਸਕੱਤਰੇਤ ਮੁੜ ਜਨੀਵਾ ਵਿਖੇ ਲੈ ਆਂਦਾ ਗਿਆ। 'ਵਿਸ਼ਵ ਸਿਹਤ ਸੰਗਠਨ' ਵੀ ਇਸ ਸ਼ਹਿਰ ਵਿਚ ਸਥਾਪਿਤ ਕੀਤਾ ਗਿਆ। ਇਸ ਤੋਂ ਬਿਨਾਂ ਇਥੇ ਹੋਰ ਵੀ ਬਹੁਤ ਸਾਰੀਆਂ ਅੰਤਰ-ਰਾਸ਼ਟਰੀ ਸੰਸਥਾਵਾਂ ਸਥਾਪਤ ਹੋਈਆਂ। ਇਥੋਂ ਤੱਕ ਕਿ 1955 ਈ. ਵਿਚ ਵੀਅਤਨਾਮ ਸਬੰਧੀ ਹੋਣ ਵਾਲੀ ਏਸ਼ੀਆਈ ਕਾਨਫਰੰਸ ਤੇ ਜਨੀਵਾ ਸਿਖ਼ਰ ਸੰਮੇਲਨ (1955) ਲਈ ਵੀ ਇਸੇ ਸ਼ਹਿਰ ਨੂੰ ਚੁਣਿਆ ਗਿਆ। ਸੰਨ 1958 ਵਿਚ ਨਿਊਕਲੀਅਰ ਹਥਿਆਰ ਟੈਸਟਬੰਦੀ ਸਬੰਧੀ ਸੰਯੁਕਤ ਰਾਜ ਅਮਰੀਕਾ ਅਤੇ ਬਰਤਾਨੀਆ ਵਿਚਕਾਰ ਗੱਲਬਾਤ ਲਈ ਵੀ ਇਹੋ ਸਥਾਨ ਠੀਕ ਸਮਝਿਆ ਗਿਆ।



**ਜਨੀਵਾ ਝੀਲ ਦੇ ਕੰਢੇ ਵਸਿਆ ਜਨੀਵਾ ਸ਼ਹਿਰ ਜਿਸਨੂੰ ਰੋਨ੍ਹ ਦਰਿਆ ਦੋ ਹਿੱਸਿਆਂ ਵਿਚ ਵੰਡਦਾ ਹੈ।**

ਦਰਿਆ ਰੋਨ੍ਹ ਅੱਠਾਂ ਪੁਲਾਂ ਦੇ ਹੇਠਾਂ ਦੀ ਵਹਿੰਦਾ ਹੋਇਆ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਦਰਿਆ ਦੇ ਖੱਬੇ ਕੰਢੇ ਸ਼ਹਿਰ ਦਾ ਦੱਖਣੀ ਹਿੱਸਾ ਹੈ ਜਿਥੇ ਜਨੀਵਾ ਪਹਿਲਾਂ ਵੱਸਿਆ ਸੀ। ਇਸ ਸ਼ਹਿਰ ਦੀਆਂ ਸਿਵਲੀਅਨ ਇਮਾਰਤਾਂ ਹਨ। 12ਵੀਂ ਸਦੀ ਦਾ ਸੇਂਟ ਪੀਅਰਜ਼ ਦਾ ਮੁੱਖ ਗਿਰਜਾ ਇਨ੍ਹਾਂ ਵਿਚੋਂ ਸਭ ਤੋਂ ਉੱਚੀ ਥਾਂ ਤੇ ਬਣਿਆ ਹੋਇਆ ਹੈ। ਪ੍ਰਾਚੀਨ ਸ਼ਹਿਰ ਦੇ ਮੋੜ-ਘੋੜ ਜਿਹੇ ਵਾਲੇ ਰਸਤੇ ਉੱਪਰ 17ਵੀਂ ਅਤੇ 18ਵੀਂ ਸਦੀ ਦੇ ਬਣੇ ਕਈ ਬਹੁਤ ਸੁੰਦਰ ਮਕਾਨ ਅਜੇ ਵੀ ਮੌਜੂਦ ਹਨ। ਇਨ੍ਹਾਂ ਵਿਚ ਹੀ 'ਜੀਨ ਜੈਕ ਰੂਸੋ' ਦਾ ਜਨਮ ਅਸਥਾਨ ਹੈ। 'ਸਿਟੀ ਹਾਲ', ਜਿਸਨੂੰ ਹੋਟੇਲ ਡੀ ਵਿਲ ਕਿਹਾ ਜਾਂਦਾ ਹੈ, ਪੁਨਰ ਜਾਗਰਤੀ ਸਮੇਂ ਦੀ ਇਕ ਇਮਾਰਤ ਹੈ। ਇਸੇ ਤਰ੍ਹਾਂ 16ਵੀਂ ਸਦੀ ਦੀ ਪਟੜੀ ਹੈ ਜਿਹੜੀ ਪੌੜਸਾਂਗ ਦੀ ਥਾਂ ਸੁਕੋਅਰ ਟਾਵਰ ਦੇ ਸਿਖਰ ਤੱਕ ਜਾਂਦੀ ਹੈ। 8ਵੀਂ ਤੇ 12ਵੀਂ ਸਦੀ ਦੀਆਂ ਇਮਾਰਤਾਂ ਵੀ ਵੇਖਣਯੋਗ ਹਨ। ਚੌਧਵੀਂ ਸਦੀ ਦਾ 'ਨਾਟਰ ਡੇਮ ਲਾ ਨੇਵ (Notre Dame-La-Neuve) ਦਾ ਗਿਰਜਾ ਜਾਨ ਨਾਕਸ (Knox) ਦੇ ਧਰਮ ਪ੍ਰਚਾਰ ਲਈ ਪ੍ਰਸਿੱਧ ਸੀ। ਇਥੇ ਹੀ ਜਾਨ ਕਲੇਵਿਲ ਅਤੇ ਥੀਓਡੋਰ ਬੈਜ਼ਾ ਵੀ ਜਾਇਆ ਕਰਦੇ ਸਨ। ਇਥੋਂ ਦੀ ਕਾਨੂੰਨੀ ਅਦਾਲਤਾਂ ਦੀ ਸ਼ਾਨਦਾਰ ਇਮਾਰਤ 1707 ਈ. ਵਿਚ ਹਸਪਤਾਲ ਦੇ ਮੰਤਵ ਲਈ ਉਸਾਰੀ ਗਈ ਸੀ। ਇਥੋਂ ਦੇ ਇਤਿਹਾਸਕ ਅਜਾਇਬ ਘਰ ਨੇ ਜਨੀਵਾ ਅਤੇ ਸਵਿਟਜ਼ਰਲੈਂਡ ਦੀਆਂ ਮਾਅਰਕੇ ਦੀਆਂ ਪੇਂਟਿਗਾਂ ਤੇ ਹੋਰ ਵੰਨ-ਸੁਵੰਨੀਆਂ ਕਲਾ-ਕਿਰਤਾਂ ਸੰਭਾਲੀਆਂ ਹੋਈਆਂ ਹਨ।

ਪਹਾੜ ਦੇ ਹੇਠਾਂ ਆ ਕੇ ਝੀਲ ਦੇ ਕੰਢੇ ਪ੍ਰਾਚੀਨ 'ਪਲੇਸ ਡੀ ਮੋਲਾਰਡ' (Place-de-Molard) ਨਾਂ ਦੀ ਬੰਦਰਗਾਹ ਦਾ ਮੱਧ ਕਾਲੀਨ ਟਾਵਰ ਹਾਲੇ ਵੀ ਪੁਰਾਣੀ ਯਾਦ ਦਿਵਾਉਂਦਾ ਹੈ।

ਦਰਿਆ ਦੇ ਦੂਜੇ ਕੰਢੇ 18ਵੀਂ ਤੇ 19ਵੀਂ ਸਦੀਆਂ ਦੌਰਾਨ ਸਥਾਪਿਤ ਕੀਤੇ ਗਏ ਉਦਯੋਗਾਂ ਦਾ ਕੇਂਦਰ, ਪਲੇਸ ਦੀ ਕਾਟੇਂਸ (Place de Countance) ਹੈ। ਇਹ ਅਨੈਮਲ, ਜੇਵਰ, ਘੜੀਆਂ ਦੇ ਨਿਰਮਾਣ ਲਈ ਪ੍ਰਸਿੱਧ ਹੈ।

ਦਰਿਆ ਰੋਨ੍ਹ ਦੇ ਉੱਤਰੀ ਕੰਢੇ ਦੇ ਨਾਲ ਨਾਲ ਲੀਗ ਆਫ਼ ਨੇਸ਼ਨਜ਼ ਦਾ ਸਭ ਤੋਂ ਪਹਿਲਾਂ ਸਥਾਨ 'ਨੈਸ਼ਨਲ ਹੋਟਲ' ਹੈ। 'ਐਵਨਿਯੂ ਡੀ ਲਾ ਪੇਇਕਸ' ਦੇ ਵਿਸ਼ਾਲ ਸਥਾਨ ਤੇ 1925 ਈ. ਦੀ ਬਣੀ ਹੋਈ ਇੰਟਰਨੈਸ਼ਨਲ ਬਿਲਡਿੰਗ ਦੇਖਣ-ਯੋਗ ਹੈ। ਸ਼ਹਿਰ ਵਿਚ ਬਹੁਤ ਸੋਹਣੇ ਸੋਹਣੇ ਕਈ ਪਾਰਕ ਹਨ। ਬਨਸਪਤੀ ਵਿਗਿਆਨਕ ਬਾਗ ਵੀ ਇਸੇ ਪਾਸੇ ਹਨ। ਇਨ੍ਹਾਂ ਦੇ ਬਿਲਕੁਲ ਸਾਹਮਣੇ ਪਾਸੇ ਝੀਲ ਦੇ ਪਾਰ 1864-69 ਈ. ਦੌਰਾਨ ਬਣਾਇਆ ਗਿਆ ਇਕ ਯਾਦਗਾਰੀ ਥੰਮ੍ਹ ਹੈ। ਇਹ ਥੰਮ੍ਹ ਜਨੀਵਾ ਕੈਨਟਨ ਦੇ ਸਵਿਸ ਕਨਫੈਡਰੇਸ਼ਨ ਵਿਚ ਸ਼ਾਮਲ ਹੋਣ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਗੱਲ ਕੀ ਜਨੀਵਾ ਦੀਆਂ ਪ੍ਰਾਚੀਨ ਅਤੇ ਨਵੀਨ ਯੁਗ ਦੀਆਂ ਵਸਤਾਂ ਤੇ ਇਮਾਰਤਾਂ ਆਦਿ ਆਪਣੇ ਆਪ ਵਿਚ ਇਕ ਰਹੱਸ ਹਨ। ਜਨੀਵਾ ਸ਼ਹਿਰ ਭਾਵੇਂ ਸਵਿਸ ਦੇ ਸਭਿਆਚਾਰਕ ਜੀਵਨ ਦਾ ਕੇਂਦਰ ਅਤੇ ਅੰਤਰਰਾਸ਼ਟਰੀ ਸ਼ਹਿਰਾਂ ਦਾ ਸਦਰ-ਮੁਕਾਮ ਹੀ ਜ਼ਿਆਦਾ ਮੰਨਿਆ ਜਾਂਦਾ ਹੈ ਪਰ ਉਦਯੋਗ ਦੇ ਪੱਖੋਂ ਵੀ ਇਹ ਕਿਸੇ ਗੱਲੋਂ ਘੱਟ ਨਹੀਂ। ਘੜੀਆਂ ਇਥੋਂ ਦਾ ਮੁੱਖ ਉਦਯੋਗਕ ਉਤਪਾਦਨ ਹੈ। ਜੇਵਰ ਤੇ ਅਨੈਮਲ ਤੋਂ ਬਿਨਾਂ ਬਿਜਲੀ ਮਸ਼ੀਨਾਂ, ਵਾਟਰ ਟਰਬਾਈਨਾਂ, ਡਾਕਟਰੀ ਔਜ਼ਾਰ ਆਦਿ ਵੀ ਇਥੋਂ ਦੇ ਵਿਕਸਿਤ ਉਦਯੋਗ ਹਨ। ਕਈ ਤਰ੍ਹਾਂ ਦੇ ਰਸਾਇਣਕ ਤੇ ਪ੍ਰਿੰਟਿੰਗ ਉਦਯੋਗ ਅਤੇ ਸ਼ਾਹੂਕਾਰ ਦਾ ਧੰਦਾ ਵੀ ਇਥੇ ਪ੍ਰਫੁੱਲਤ ਹੈ। ਇਥੋਂ ਦੇ ਵੱਡੇ ਵੱਡੇ ਅਤੇ ਮਸ਼ਹੂਰ ਹੋਟਲ ਸ਼ਹਿਰ ਦੀ ਆਰਥਿਕਤਾ ਦਾ ਇਕ ਚੰਗਾ ਸਾਧਨ ਹਨ।

ਜਨੀਵਾ ਤੋਂ ਸਵਿਟਜ਼ਰਲੈਂਡ ਦੇ ਸਾਰੇ ਮਹੱਤਵਪੂਰਨ ਥਾਵਾਂ ਨੂੰ ਰੇਲ-ਮਾਰਗ ਜਾਂਦੇ ਹਨ। ਇਥੇ ਹਵਾਈ ਸੇਵਾਵਾਂ ਅੰਤਰਰਾਸ਼ਟਰੀ ਪੱਧਰ ਤੇ ਸਥਾਪਿਤ ਹਨ। ਇਥੋਂ ਦਾ ਹਵਾਈ ਅੱਡਾ ਸਵਿਟਜ਼ਰਲੈਂਡ ਦੇ ਸਭ ਤੋਂ ਵੱਡੇ ਅੱਡਿਆਂ ਵਿਚੋਂ ਹੈ। ਇਥੋਂ ਝੀਲ ਦੇ ਸਵਿਸ ਤੇ ਫ਼ਰਾਂਸ ਵਾਲੇ ਪਾਸਿਆਂ ਨੂੰ ਸਟੀਮਰ ਜਾਂਦੇ ਹਨ। ਜਨੀਵਾ ਵਿਖੇ 150 ਤੋਂ ਵੱਧ ਅੰਤਰ ਰਾਸ਼ਟਰੀ ਸੰਸਥਾਵਾਂ ਦੇ ਸਦਰ-ਮੁਕਾਮ ਸਥਾਪਿਤ ਹਨ ਜਿਨ੍ਹਾਂ ਤੋਂ ਇਸ ਸ਼ਹਿਰ ਦੇ ਅੰਤਰ-ਰਾਸ਼ਟਰੀ ਸਬੰਧਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਥੋਂ ਦੀ ਜਨੀਵਾ ਯੂਨੀਵਰਸਿਟੀ ਵੀ ਵਿਸ਼ਵ-ਪ੍ਰਸਿੱਧੀ ਦੀ ਸੰਸਥਾ ਹੈ ਜਿਸ ਵਿਚ ਲਗਭਗ 8,000 ਵਿਦਿਆਰਥੀ ਪੜ੍ਹਦੇ ਹਨ ਅਤੇ ਇਨ੍ਹਾਂ ਵਿਚੋਂ ਅੱਧ ਤੋਂ ਜ਼ਿਆਦਾ ਵਿਦਿਆਰਥੀ ਬਦੇਸ਼ੀ ਹਨ।

ਆਬਾਦੀ–167,200 (1990)

46° 12′ ਉ. ਵਿਥ.; 6° 09′ ਪੂ. ਲੰਬ.

ਹ. ਪੁ. -ਐਨ. ਬ੍ਰਿ. 10 :112

**ਜਨੇਊ** : ਹਿੰਦੂ ਧਰਮ ਅਨੁਸਾਰ ਜਨੇਊ ਪਾਉਣਾ ਉੱਨਾ ਹੀ ਜ਼ਰੂਰੀ ਹੈ, ਜਿੰਨਾ ਸਿੱਖ ਧਰਮ ਵਿਚ ਅੰਮ੍ਰਿਤਧਾਰੀ ਮਨੁੱਖ ਲਈ ਕਿਰਪਾਨ ਧਾਰਨ ਕਰਨੀ। ਹਿੰਦੂ ਮੱਤ ਦੇ ਸ਼ਾਸਤਰਾਂ ਵਿਚ ਜਨੇਊ ਬਣਾਉਣ ਦੀ ਵਿਧੀ ਇਸ ਤਰ੍ਹਾਂ ਹੈ–ਸਭ ਤੋਂ ਪਹਿਲਾਂ ਵੇਦ ਮੰਤਰ ਪੜ੍ਹ ਕੇ ਖੇਤ ਵਿਚੋਂ ਕਪਾਹ ਲੈਣੀ ਹੁੰਦੀ ਹੈ ਫਿਰ ਉਸ ਦੀ ਰੂੰ ਨੂੰ ਹੱਥਾਂ ਨਾਲ ਕੱਢ ਕੇ, ਖੂਹ ਦੀ ਮਣ ਉੱਤੇ ਬੈਠ ਕੇ ਲਾਟੂ ਫੇਰ ਕੇ ਸੂਤ ਕੱਤਣਾ ਹੁੰਦਾ ਹੈ। ਖੂਹ ਵਿਚ ਲਟਕਾਇਆ ਹੋਇਆ ਲਾਟੂ ਆਪਣੇ ਚੱਕਰ ਨਾਲ ਧਾਗੇ ਨੂੰ ਵਟਦਾ ਹੈ ਅਤੇ ਜਦੋਂ ਸੂਤ ਜਨੇਊ ਦੀ ਮਿਣਤੀ ਜਿੰਨਾ ਲੰਬਾ ਹੋ ਜਾਂਦਾ ਹੈ ਤਾਂ ਧਾਗੇ ਨੂੰ ਤੀਹਰਾ ਕਰਕੇ ਡੋਰ ਵਟਣੀ ਹੁੰਦੀ ਹੈ। ਅਜਿਹੀਆਂ ਡੋਰਾਂ ਦਾ ਇਕ ਅਗਰ ਹੁੰਦਾ ਹੈ ਤੇ ਦੋ ਅਗਰਾਂ ਦਾ ਇਕ ਜਨੇਊ ਬਣਦਾ ਹੈ ਜੋ ਦ੍ਵਿਜਾਂ ਦੇ ਪਹਿਨਣ ਯੋਗ ਹੁੰਦਾ ਹੈ। ਇਹ ਖੱਬੇ ਮੋਢੇ ਤੇ ਪਹਿਨ ਕੇ ਸੱਜੀ ਵਖੀ ਵੱਲ ਲਟਕਾਇਆ ਜਾਂਦਾ ਹੈ। ਪਿਤਰੀ ਕਰਮ ਕਰਨ ਵੇਲੇ ਸੱਜੇ ਮੋਢੇ ਤੇ ਪਹਿਨਿਆ ਜਾਂਦਾ ਹੈ।

ਮੰਨੂ ਦੇ ਮੱਤ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਹ ਦਾ, ਖਤਰੀ ਦਾ ਸਣ ਦਾ ਅਤੇ ਵੈਸ਼ ਦਾ ਮੀਢੇ ਦੀ ਉੱਨ ਦਾ ਹੋਣਾ ਚਾਹੀਦਾ ਹੈ। ਜਨੇਊ ਦੇ ਸੰਸਕਾਰ ਸਮੇਂ ਬ੍ਰਾਹਮਣ ਨੂੰ ਕਾਲੇ ਹਿਰਨ ਦੀ, ਖਤਰੀ ਨੂੰ ਲਾਲ ਮਿਰਗ ਦੀ ਅਤੇ ਵੈਸ਼ ਨੂੰ ਬੱਕਰੇ ਦੀ ਖੱਲ ਪਹਿਨਣੀ ਚਾਹੀਦਾ ਹੈ। ਇਸ ਤੋਂ ਬਿਨਾਂ ਬ੍ਰਾਹਮਣ ਨੂੰ ਬਿਲ ਜਾਂ ਪਲਾਹ ਦਾ, ਖਤਰੀ ਨੂੰ ਬੋਹੜ ਦਾ ਅਤੇ ਵੈਸ਼ ਨੂੰ ਪੀਲੂ ਦਾ ਡੰਡਾ ਧਾਰਨ ਕਰਨਾ ਚਾਹੀਦਾ ਹੈ। ਗਰਭ ਤੋਂ ਲੈ ਕੇ ਬ੍ਰਾਹਮਣ ਦਾ ਅੱਠਵੇ, ਖੱਤਰੀ ਦਾ ਗਿਆਰ੍ਹਵੇਂ ਅਤੇ ਵੈਸ਼ ਦਾ ਬਾਰ੍ਹਵੇਂ ਵਰ੍ਹੇ ਜਨੇਊ-ਸੰਸਕਾਰ ਹੋਣਾ ਚਾਹੀਦਾ ਹੈ।

ਨਾਰਦ ਦੇ ਮੱਤ ਅਨੁਸਾਰ, ਬ੍ਰਾਹਮਣ ਦਾ ਬਸੰਤ ਰੁਤ ਵਿਚ, **ਖੱਤਰੀ** ਦਾ ਹੁਨਾਲ ਅਤੇ ਵੈਸ਼ ਦਾ ਪਤਝੜ ਦੀ ਰੁੱਤੇ ਜਨੇਊ ਸੰਸਕਾਰ ਹੋਣਾ ਚਾਹੀਦਾ ਹੈ।

ਹ. ਪੁ. -ਗੁਰਮਤਿ ਮਾਰਤੰਡ : 109; ਮ. ਕੋ. : 505

**ਜਨੋਆ** : ਇਹ ਉੱਤਰ-ਪੱਛਮੀ ਇਟਲੀ ਦੇ ਲਗਿਉਰੀਆ ਖੇਤਰ ਦੇ ਜਨੋਆ ਪ੍ਰਾਂਤ ਦੀ ਰਾਜਧਾਨੀ ਅਤੇ ਇਕ ਪ੍ਰਸਿੱਧ ਬੰਦਰਗਾਹ ਹੈ ਜਿਹੜੀ ਇਕ ਵੱਡੀ ਖਾੜੀ ਦੇ ਸਾਹਿਲ ਉੱਪਰ ਲੰਬਾਰਡ ਮੈਦਾਨ ਦੇ ਨਜ਼ਦੀਕ 238 ਵ. ਕਿ. ਮੀ. ਦੇ ਰਕਬੇ ਤੇ ਆਬਾਦ ਹੈ। ਇਸ ਬੰਦਰਗਾਹ ਦਾ ਜਾਨੂਆ ਗੇਟ ਰੋਮਨ ਦੇਵਤਾ ਜੇਨਸ ਦੇ ਨਾਂ ਤੇ ਬਣਾਇਆ ਗਿਆ ਹੈ ਤੇ ਜਾਪਦਾ ਹੈ ਕਿ ਸ਼ਾਇਦ ਇਸੇ ਕਰਕੇ ਸ਼ਹਿਰ ਦਾ ਨਾਂ ਵੀ ਜਨੋਆ ਪਿਆ ਹੋਵੇ। ਇਸ ਦੀ ਇਤਿਹਾਸਕ ਮਹੱਤਤਾ ਮੱਧ ਕਾਲ ਸਮੇਂ ਵਿਚ ਰੂਮ ਸਾਗਰੀ ਖੰਡ ਦੇ ਪ੍ਰਸਿੱਧ ਵਪਾਰਕ ਕੇਂਦਰ ਵਜੋਂ ਹੈ।

ਪ੍ਰਾਚੀਨ ਸਮੇਂ ਦੌਰਾਨ ਇਸ ਸਥਾਨ ਉੱਪਰ ਇਸੇ ਖੇਤਰ ਵਿਚ ਵਸਦੇ ਲਗਿਊਰੀਅਨ ਜਾਤੀ ਦੇ ਲੋਕਾਂ ਨੇ ਆਪਣੀ ਸੁਰੱਖਿਆ ਲਈ ਕਿਲਾ ਬਣਾਇਆ ਅਤੇ ਪੰਜਵੀਂ ਤੇ ਚੌਥੀ ਈ. ਪੂ. ਦੌਰਾਨ ਢੁਕਵੀਂ ਕੁਦਰਤੀ ਸਥਿਤੀ ਸਦਕਾ ਇਸ ਨੂੰ ਵਪਾਰਕ ਕੇਂਦਰ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ ਅਤੇ ਇਸ ਬੰਦਰਗਾਹ ਰਾਹੀਂ ਇਤਰੂਰੀਆਈ (Etruscan) ਫੋਨੀਸੀਆਈ ਅਤੇ ਯੂਨਾਨੀ ਲੋਕਾਂ ਨਾਲ ਵਪਾਰਕ ਸਬੰਧ ਕਾਇਮ ਹੋ ਗਏ। ਤੀਜੀ ਸਦੀ ਈ. ਪੂ. ਵਿਚ ਇਹ ਪ੍ਰਾਵੇਨਸ (Provence) ਖੇਤਰ ਨੂੰ ਜਾਣ ਵਾਲੇ ਸਾਹਿਲੀ ਮਾਰਗ ਉੱਪਰ ਰੋਮਨਾਂ ਦਾ ਮੁੱਖ ਸਟੇਸ਼ਨ ਸੀ। ਰੋਮਨ ਸਾਮਰਾਜ ਦੇ ਖਤਮ ਹੋਣ ਉਪਰੰਤ ਛੇਵੀਂ ਸਦੀ ਦੇ ਮੱਧ ਦੌਰਾਨ ਜਨੋਆ ਵਿਖੇ ਲੁਟ-ਮਾਰ ਕਰਨ ਵਾਲੇ ਬਾਰਬਰੀਆਂ ਨੂੰ ਹਰਾ ਕੇ ਬਿਜ਼ੰਤੀਨੀ ਜਰਨੈਲ, ਬੈਲਿਸੇਰੀਅਸ ਨੇ ਆਪਣਾ ਕਬਜ਼ਾ ਕਰ ਲਿਆ। ਸੰਨ 643 ਵਿਚ ਲੰਬਾਰਡੀ ਅਤੇ ਬਿਜ਼ੰਤੀਨਾਂ ਵਿਚਕਾਰ ਹੋਈ ਲੜਾਈ ਦੌਰਾਨ ਸ਼ਹਿਰ ਦੀ ਦੀਵਾਰ ਢਾਹ ਦਿੱਤੀ ਗਈ ਤੇ ਇਥੇ ਦਾ ਵਪਾਰ ਬਿਲਕੁਲ ਹੀ ਠੱਪ ਹੋ ਗਿਆ। ਫਿਰ ਵੀ ਦਸਵੀਂ ਸਦੀ ਦੌਰਾਨ ਬਾਰਬਰੀਆਂ ਵੱਲੋਂ ਬਾਰਬਾਰ ਜਨੋਆ ਤੇ ਹਮਲੇ ਕਰਨ ਉਪਰੰਤ ਅਸੁਰੱਖਿਅਤ ਹੋਣ ਦੇ ਬਾਵਜੂਦ ਵੀ ਇਥੇ ਥੋੜ੍ਹੀ ਬਹੁਤ ਸ਼ਹਿਰੀ ਜ਼ਿੰਦਗੀ ਕਾਇਮ ਰਹੀ ਅਤੇ ਸਮੁੰਦਰ ਪਾਰ ਵਪਾਰ ਵੀ ਬੰਦ ਨਾ ਹੋਇਆ। ਕਾਰਸਿਕਾ ਸਾਰਡੀਨੀਆ ਸਿਸਲੀ ਅਤੇ ਬੈਲੀਐਰਿਕ (Balearic) ਦੇ ਮੁਸਲਮਾਨਾਂ ਦੇ ਵਾਰ ਵਾਰ ਹੱਲੇ ਕਰਨ ਕਰਕੇ ਜਨੋਆ ਦੇ ਸਥਾਨਕ ਨੋਬਲ (ਅਮੀਰ ਘਰਾਣੇ) ਪੀਸਾ ਨਾਲ ਮਿਲ ਗਏ ਤੇ ਜਨੋਆ ਦੇ ਮਛੇਰਿਆਂ ਤੇ ਕਿਸਾਨਾਂ ਦੇ ਆਗੂ ਬਣ ਕੇ ਦੁਸ਼ਮਣ ਦਾ ਮੁਕਾਬਲਾ ਕਰਨ ਲੱਗੇ। ਗਿਆਰ੍ਹਵੀਂ ਸਦੀ ਪਿਛੋਂ ਜਨੋਆ ਵਾਸੀਆਂ ਨੇ ਲੁਟ ਖਸੁਟ ਦਾ ਧਨ ਨੈਪਲਜ਼, ਸਿਸਲੀ, ਸਪੇਨ ਤੇ ਉੱਤਰੀ ਅਫ਼ਰੀਕਾ ਵਿਚ ਨਵੇਂ ਦਾਓ ਪੇਚਾਂ ਤੇ ਲਗਾਉਣਾ ਸ਼ੁਰੂ ਕਰ ਦਿੱਤਾ। ਸੰਨ 1097 ਤੋਂ ਪਿਛੋਂ ਇਨ੍ਹਾਂ ਧਰਮ ਯੁੱਧਾਂ ਵਿਚ ਕਾਫ਼ੀ ਹਿੱਸਾ ਪਾਇਆ ਜਿਸ ਦੇ ਫ਼ਲਸਰੂਪ ਜਨੋਆ ਵਾਸੀਆਂ ਨੂੰ ਲਾਹੇਵੰਦ ਸਮੁੰਦਰੀ ਵਪਾਰ ਸਬੰਧੀ ਬੇਸ਼ੁਮਾਰ ਮੌਕੇ ਮਿਲਣ ਲੱਗੇ ਤੇ ਸੀਰੀਆਈ ਤੇ ਬਿਜ਼ੰਤੀਨੀ ਬੰਦਰਗਾਹਾਂ ਉੱਪਰ ਜਨੋਆ ਨੂੰ ਵਪਾਰਕ ਸਹੂਲਤਾਂ ਵੀ ਮੁਹੱਈਆ ਹੋ ਗਈਆਂ। ਹੌਲੀ ਹੌਲੀ ਜਨੋਆ ਵਾਸੀਆਂ ਨੇ ਸਾਹਿਲ ਦੇ ਪੂਰਬ ਤੇ ਪਛਮੀ ਪਾਸਿਆਂ ਵੱਲ ਆਪਣਾ ਵਪਾਰਕ ਘੇਰਾ ਵਧਾ ਲਿਆ। ਅੰਤਰ-ਭੂਮੀ ਵਿਚ ਆਪਣੇ ਕੰਮ ਕਾਰ ਸਥਾਪਿਤ ਕੀਤੇ ਅਤੇ ਥੋੜ੍ਹੇ ਸਥਾਨਕ ਉਤਪਾਦਨ ਨੂੰ ਭੋਜਨ ਸਾਮੱਗਰੀ ਤੇ ਕੱਚੇ ਮਾਲ ਦੀ ਦਰਾਮਦ ਨਾਲ ਹੋਰ ਵਧਾਇਆ। ਆਪਣੀ ਲਗਨ ਸਦਕਾ ਜਨੋਆ ਵਾਸੀ ਸਮੁੰਦਰੀ ਜਹਾਜ਼ ਬਣਾਉਣ, ਜਹਾਜ਼ਰਾਨੀ, ਉਦਯੋਗਿਕ ਤੇ ਬੈਂਕਿੰਗ ਤਕਨੀਕਾਂ ਵਿਚ ਨਵੀਆਂ ਕਾਢਾਂ ਕਢਣ ਵਾਲੇ ਤੇ ਮਾਹਿਰ ਬਣ ਗਏ।

ਸੰਨ 1860 ਤੱਕ ਜਨੋਆ ਨੇ ਫ਼ਰਾਂਸ ਦੀ ਬੰਦਰਗਾਹ ਮਾਰਸੇਲਜ਼ ਦੇ ਟਾਕਰੇ ਤੇ ਸੰਗਠਤ ਨਵੀਨ ਇਟਲੀ ਦੀ ਮੁੱਖ ਬੰਦਰਗਾਹ ਦਾ ਰੂਪ ਧਾਰ ਲਿਆ। ਉੱਤਰੀ ਇਟਲੀ ਦੇ ਸਮੁੰਦਰੀ ਜਹਾਜ਼ ਨਿਰਮਾਣ, ਰੇਲਵੇ ਨਿਰਮਾਣ ਵਰਗੇ ਵੱਡੇ ਵੱਡੇ ਉਦਯੋਗਾਂ ਕਾਰਨ ਜਨੋਆ ਇਕ ਭਾਰੀ ਉਦਯੋਗਿਕ ਕੇਂਦਰ ਬਣ ਗਿਆ। ਉੱਤਰੀ ਇਟਲੀ ਦਾ ਮੁੱਖ ਉਦਯੋਗਿਕ ਸ਼ਹਿਰ ਹੋਣ ਕਾਰਨ ਇਥੋਂ ਦੀ ਵਸੋਂ ਇੰਨੀ ਤੇਜ਼ੀ ਨਾਲ ਵਧੀ ਕਿ 1871 ਵਿਚ 130,000 ਤੋਂ 1960 ਦੇ ਦਹਾਕੇ ਵਿਚ 800,000 ਹੋ ਗਈ।

ਇਥੋਂ ਦੀ ਪ੍ਰਸਿੱਧ ਯੂਨੀਵਰਸਿਟੀ ਤੋਂ ਇਲਾਵਾ ਇਥੇ ਹੋਰ ਵੀ ਕਈ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਕਾਰਨ ਇਹ ਆਧੁਨਿਕ ਸ਼ਹਿਰਾਂ ਦੀ ਗਿਣਤੀ ਵਿਚ ਆਉਂਦਾ ਹੈ।

ਸੰਨ 1945 ਵਿਚ ਇਥੇ ਜਰਮਨਾਂ ਵਿਰੁੱਧ ਬਗ਼ਾਵਤ ਹੋਈ। ਦੂਜੇ ਸੰਸਾਰ ਯੁੱਧ ਦੌਰਾਨ ਹੋਇਆ ਭਾਰੀ ਨੁਕਸਾਨ ਪੂਰਾ ਕੀਤਾ ਗਿਆ ਅਤੇ ਜਨੋਆ ਫਿਰ ਇਟਲੀ ਦਾ ਇਕ ਸ਼ਹਿਰ ਬਣ ਗਿਆ।

ਜਨੋਆ ਬੰਦਰਗਾਹ ਤੋਂ ਚੌਲ, ਸ਼ਰਾਬ, ਜੈਤੂਨ ਦਾ ਤੇਲ, ਰੇਸ਼ਮ, ਸਾਮਗਰੀ, ਮੂੰਗਾ, ਪੇਪਰ ਮੈਕਰੋਨੀ ਬਰਾਮਦ ਹੁੰਦੇ ਹਨ। ਲੋਹਾ, ਇਸਪਾਤ, ਟੈਕਸਟਾਈਲ ਨਿਰਮਾਣ ਅਜੋਕੇ ਉਦਯੋਗ ਹਨ।

ਸੇਨ ਲੋਰੈਂਜੋ ਦਾ ਮੁੱਖ ਗਿਰਜਾ (16ਵੀਂ ਸਦੀ), ਪਾਲਾਟਟਸੋ ਡੋਰੀਆ (Palazzo Doria) ਦੀ ਡਾਰਜ਼ ਅਕਾਦਮੀ ਆਫ਼ ਫ਼ਾਈਨ ਆਰਟਸ ਆਦਿ ਵੇਖਣ ਵਾਲੀਆਂ ਮਸ਼ਹੂਰ ਥਾਵਾਂ ਹਨ। ਇਨ੍ਹਾਂ ਤੋਂ ਇਲਾਵਾ ਇਸ ਸ਼ਹਿਰ ਨੂੰ ਦੁਨੀਆ ਦੇ ਪ੍ਰਸਿੱਧ ਖੋਜੀ, ਕ੍ਰਿਸਟਾਫ਼ਰ ਕੋਲੰਬਸ ਦਾ ਜਨਮ ਸਥਾਨ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਆਬਾਦੀ–7,01,032 (1991)

44° 25′ ਉ. ਵਿਥ.; 8° 57′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮੈ. 7: 1016; ਐਨ. ਬ੍ਰਿ. ਮਾ. 5: 182

**ਜਪੁ ਜੀ** : ਜਪੁ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਤਕ੍ਰਿਸ਼ਟ ਰਚਨਾ ਹੈ ਜਿਸ ਦੀ ਗੰਭੀਰਤਾ ਵਿਸ਼ੇ ਦੀ ਮਹਾਨਤਾ ਤੇ ਉਪਦੇਸ਼ਾਤਮਕ ਸਵਰ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਸਥਾਨ ਦਿੱਤਾ ਗਿਆ ਹੈ ਤੇ ਸਿੱਖ ਰਹਿਤਨਾਮਿਆਂ ਵਿਚ ਇਸ ਨੂੰ ਸਿੱਖਾਂ ਦੇ ਨਿੱਤਨੇਮ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਬਾਣੀ ਵਿਚ ਸਿੱਖ ਧਰਮ ਦੇ ਮੂਲ ਸਿਧਾਂਤ ਤੇ ਦਾਰਸ਼ਨਿਕ ਮਾਨਤਾਵਾਂ ਸਪਸ਼ਟ ਰੂਪ ਵਿਚ ਆ ਗਈਆਂ ਹਨ। ਇਸ ਨੂੰ ਆਦਿ ਗ੍ਰੰਥ ਦਾ ਸਾਰ ਆਖਣਾ ਅਣਉੱਚਿਤ ਨਹੀਂ ਹੋਵੇਗਾ। ਇਸ ਦੀ ਵਿਆਖਿਆ ਸਾਰਾ ਆਦਿ ਗ੍ਰੰਥ ਹੈ।

ਇਸ ਦੇ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਇਸ ਬਾਣੀ ਦੀ ਰਚਨਾ ਕੀਤੀ। ਇਸ ਵਿਚ ਉਨ੍ਹਾਂ ਨੇ ਆਪਣੇ ਜੀਵਨ-ਅਨੁਭਵਾਂ ਨੂੰ ਬੜੇ ਸਪਸ਼ਟ ਢੰਗ ਨਾਲ ਵਿਅਕਤ ਕੀਤਾ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਚਾਰੇ ਉਦਾਸੀਆਂ ਮਗਰੋਂ ਕਰਤਾਰਪੁਰ ਰਹਿ ਕੇ ਗ੍ਰਿਹਸਥ ਜੀਵਨ ਬਤੀਤ ਕਰਨ ਲੱਗੇ ਤਾਂ ਉਸ ਸਮੇਂ ਇਹ ਬਾਣੀ ਰਚੀ ਗਈ।

ਇਸ ਬਾਣੀ ਦੇ ਕਈ ਨਾਮ ਪੁਰਾਤਨ ਹੱਥ ਲਿਖਤ ਆਦਿ ਗ੍ਰੰਥ ਦੀਆਂ ਬੀੜਾਂ ਵਿਚ ਮਿਲਦੇ ਹਨ ਜਿਵੇਂ ਜਪੁ, ਜਪੁ ਜੀ, ਜਪੁ ਨੀਸਾਣੁ ਆਦਿ, ਪਰ ਜਪੁ ਇਸ ਦਾ ਮੂਲ ਨਾਮ ਹੈ।

ਜਪੁ ਜੀ ਦਾ ਆਰੰਭ ਮੂਲ ਮੰਤਰ ਨਾਲ ਹੁੰਦਾ ਹੈ ਜਿਸ ਵਿਚ ਗੁਰਮਤਿ ਅਨੁਸਾਰ ਪਰਮਾਤਮਾ ਦਾ ਸਰੂਪ ਨਿਸਚਿਤ ਕੀਤਾ ਗਿਆ ਹੈ ਜਿਵੇਂ ਉਹ ਇਕ ਹੈ। ਉਸ ਦੀ ਹੋਂਦ ਸਤਿ ਹੈ। ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਉਸ ਦੀ ਸਮਰੱਥ ਤੇ ਚੇਤੰਨ ਸ਼ਖ਼ਸੀਅਤ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਉਹ ਨਿਰਭੈ ਤੇ ਨਿਰਵੈਰ ਹੈ। ਕਾਲ ਰਹਿਤ ਹੈ, ਜਨਮ ਮਰਨ ਤੋਂ ਪਰੇ ਹੈ, ਉਹ ਆਪਣੇ ਆਪ ਤੋਂ ਹੋਣ ਵਾਲਾ ਹੈ। ਉਸ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਸੁਤੰਤਰ ਰਚਨਾ ਹੈ ਜਿਸ ਦਾ ਜਪੁ ਜੀ ਨਾਲ ਸਬੰਧ ਨਹੀਂ ਹੈ ਕਿਉਂਕਿ ਇਹ ਆਦਿ ਗ੍ਰੰਥ ਵਿਚ ਕਈ ਥਾਂ ਤੇ ਆਉਂਦਾ ਹੈ। ਜਪੁ ਜੀ ਇਸ ਮੂਲ ਮੰਤਰ ਦੀ ਵਿਆਖਿਆ ਹੈ।

ਇਸ ਦੀਆਂ 38 ਪਉੜੀਆਂ ਤੇ ਦੋ ਸਲੋਕ ਹਨ। ਇਨ੍ਹਾਂ ਚਾਲੀਆਂ ਦੇ ਚਾਰ-ਚਾਰ ਦੇ 10 ਗੁੱਟ ਹਨ ਤੇ ਇਨ੍ਹਾਂ ਦੇ ਆਧਾਰ ਤੇ ਵਿਸ਼ੇ ਦੀ ਉਸਾਰੀ ਕੀਤੀ ਗਈ ਹੈ। ਪਹਿਲਾ ਗੁੱਟ ਇਕ ਸਲੋਕ ਤੇ ਤਿੰਨ ਪੌੜੀਆਂ ਦਾ ਹੈ। ਇਸ ਵਿਚ ਸਤਿ ਸਰੂਪ ਪਰਮਾਤਮਾ ਦੀ ਹਰ ਸਥਿਤੀ ਵਿਚ ਅਮਰਤਾ ਦੱਸ ਕੇ ਸਾਧਕ ਦੇ ਮਨ ਵਿਚ ਉਸ ਦੀ ਪ੍ਰਾਪਤੀ ਲਈ ਉਤਸੁਕਤਾ ਦੀ ਭਾਵਨਾ ਜਗਾਈ ਗਈ ਹੈ ਤੇ ਸਾਧਕ ਨੂੰ ਦੱਸਿਆ ਗਿਆ ਹੈ ਕਿ ਪਰਮਾਤਮਾ ਦੇ ਹੁਕਮ ਤੇ ਰਜ਼ਾ ਵਿਚ ਚੱਲਣਾ ਹੀ ਉੱਚਿਤ ਹੈ। ਤੀਸਰੀ ਪਉੜੀ ਵਿਚ ਪਰਮਾਤਮਾ ਦੇ ਗੁਣ ਗਾਉਣ ਦਾ ਮਹੱਤਵ ਦਸਿਆ ਹੈ।

ਦੂਸਰੇ ਗੁੱਟ (4-7) ਵਿਚ ਪਰਮ ਸਤਿ ਦੀ ਪ੍ਰਾਪਤੀ ਸਬੰਧੀ ਗੁਰਮਤਿ ਸਿਧਾਂਤ ਦਾ ਮੂਲ ਦਿੱਤਾ ਗਿਆ ਹੈ। 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।। ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।।' ਇਸ ਤੋਂ ਇਲਾਵਾ ਮੂਰਤੀ-ਪੂਜਾ, ਤੀਰਥ-ਇਸ਼ਨਾਨ, ਕਰਮ-ਕਾਂਡ ਤੇ ਯੋਗ ਮੱਤ ਦੁਆਰਾ ਉਮਰ ਵਧਾਉਣ ਦੀ ਵਿਧੀ ਦਾ ਖੰਡਨ ਕਰਕੇ ਪਰਮਾਤਮਾ ਦੇ ਗੁਣ ਗਾਉਣ ਲਈ ਉਪਦੇਸ਼ ਦਿੱਤਾ ਗਿਆ ਹੈ। ਤੀਸਰੇ ਗੁੱਟ (8-11) ਵਿਚ ਸ੍ਰਵਣ ਸਾਧਨਾ ਵਿਧੀ ਨੂੰ ਅਪਣਾਉਣ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਚੌਥੇ ਗੁੱਟ (12-15) ਵਿਚ ਮੰਨਣ ਸਾਧਨਾ ਪੱਧਤੀ ਦੇ ਮਹੱਤਵ ਤੇ ਪ੍ਰਕਾਸ਼ ਪਾਇਆ ਗਿਆ ਹੈ। ਇਨ੍ਹਾਂ ਦੋਹਾਂ ਸਾਧਨਾਂ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੰਜਵੇਂ ਗੁੱਟ (16-19) ਵਿਚ ਸ੍ਰਵਣ ਤੇ ਮੰਨਣ ਉਪਰੰਤ ਮਨੁੱਖ 'ਪੰਚ' ਦੀ ਪ੍ਰਧਾਨ ਅਧਿਆਤਮਕ ਅਵੱਸਥਾ ਪ੍ਰਾਪਤ ਕਰਦਾ ਹੈ। ਪਰਮਾਤਮਾ ਦੀ ਅਨੰਤਤਾ ਨੂੰ ਦੇਖ ਕੇ ਵਿਸਮਾਦ ਵਿਚ ਆ ਕੇ 'ਪੰਚ' ਵਿਅਕਤੀ ਵੀ ਸਚਾਈ ਨੂੰ ਪ੍ਰਾਪਤ ਕਰਦਾ ਹੋਇਆ ਆਤਮ ਸਮਰਪਣ ਕਰ ਦਿੰਦਾ ਹੈ।

ਛੇਵੇਂ ਗੁੱਟ (20-23) ਵਿਚ ਪਰਮਾਤਮਾ ਦੇ ਨਾਮ ਨੂੰ ਹੀ ਸਰਬ ਪਾਪ ਨਾਸ਼ਕ ਮੰਨਿਆ ਹੈ। ਇਸ ਮਗਰੋਂ ਸ੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ ਸਬੰਧੀ ਪ੍ਰਚਲਿਤ ਮੱਤਾਂ ਦਾ ਖੰਡਨ ਕਰਕੇ ਇਹ ਕਿਹਾ ਹੈ ਕਿ ਇਸ ਬਾਰੇ ਸਿਵਾਏ ਪਰਮਾਤਮਾ ਦੇ ਕਿਸੇ ਹੋਰ ਨੂੰ ਨਹੀਂ ਪਤਾ। ਸੱਤਵੇਂ ਗੁੱਟ (24-27) ਵਿਚ ਪਰਮਾਤਮਾ ਦੀ ਮਹਾਨਤਾ ਤੇ ਅਨੰਤਤਾ ਅਤੇ ਉਸ ਦੇ ਹੁਕਮ ਤੇ ਇੱਛਾ ਤੇ ਪ੍ਰਕਾਸ਼ ਪਾਉਂਦਿਆਂ ਹੋਇਆਂ, ਉਸ ਨੂੰ ਸਰਵ-ਸ਼ਕਤੀ ਮਾਨ ਆਖਿਆ ਗਿਆ ਹੈ। ਅੱਠਵੇਂ ਗੁੱਟ (28-31) ਵਿਚ ਸੰਸਾਰ ਦੇ ਸਾਰੇ ਪ੍ਰਚਲਿਤ ਧਰਮਾਂ ਦੇ ਬਾਹਰੀ ਪਖੰਡਾਂ ਤੇ ਕਰਮ-ਕਾਂਡਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਦੀ ਨਿਖੇਧੀ ਕਰਕੇ ਉਨ੍ਹਾਂ ਦੇ ਮੁਕਾਬਲੇ ਸਤਿ ਦੀ ਪ੍ਰਾਪਤੀ ਲਈ ਸੰਤੋਖ, ਸਾਧਨਾ ਤੇ ਧਿਆਨ ਦੁਆਰਾ ਮਨ ਵੱਸ ਕਰਨ ਦਾ ਸੁਝਾਅ ਦਿੱਤਾ ਹੈ। ਨੌਵੇਂ ਗੁੱਟ (32-35) ਵਿਚ ਜਗਿਆਸੂ ਦੀ ਪ੍ਰਵਿਰਤੀ ਨੂੰ ਅੰਤਰ-ਮੁਖੀ ਬਣਾ ਕੇ ਉਸ ਨੂੰ ਸਾਧਨਾਂ ਦੀਆਂ ਅਸਲੀ ਪੌੜੀਆਂ ਤੇ ਚੜ੍ਹ ਕੇ ਪਰਮਾਤਮਾ ਨਾਲ ਇਕ-ਮਿਕ ਹੋਣ ਲਈ ਆਖਿਆ ਗਿਆ ਹੈ। ਇਥੇ ਪੰਜ ਖੰਡਾਂ ਦਾ ਜ਼ਿਕਰ ਆਇਆ ਹੈ। ਇਹ ਪੰਜ ਖੰਡ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੌਲਿਕ ਦੇਣ ਹਨ। ਸੂਫ਼ੀਆਂ ਦੀਆਂ ਚਾਰ ਅਵੱਸਥਾਵਾਂ ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ ਅਤੇ ਪੰਜ ਲੋਕਾਂ ਨਾਸੂਤ, ਮਲਕੂਤ, ਜਬਰੂਤ, ਲਾਹੂਤ ਤੇ ਹਾਹੂਤ ਤੋਂ ਇਹ ਖੰਡ ਵੱਖ ਹਨ। ਭਾਰਤੀ ਦਰਸ਼ਨ ਦੀਆਂ ਚਾਰ ਅਵੱਸਥਾਵਾਂ ਜਾਗ੍ਰਿਤ, ਸਵਪਨ, ਸੁਖੋਪਤੀ ਤੇ ਤੁਰੀਆ ਨਾਲ ਇਨ੍ਹਾਂ ਦੀ ਕੋਈ ਸਾਂਝ ਨਹੀਂ ਹੈ। ਸਭ ਤੋਂ ਪਹਿਲਾ 'ਧਰਮ ਖੰਡ' ਹੈ। ਇਸ ਵਿਚ ਧਰਤੀ ਨੂੰ ਧਰਮਸਾਲ ਕਿਹਾ ਗਿਆ ਹੈ। ਇਥੇ ਕਰਮਾਂ ਅਨੁਸਾਰ ਪਾਪੀਆਂ ਤੇ ਪੁੰਨੀਆਂ ਦੀ ਜਾਂਚ ਹੁੰਦੀ ਹੈ। 'ਗਿਆਨ ਖੰਡ' ਦੂਸਰੀ ਅਵੱਸਥਾ ਹੈ, ਇਸ ਵਿਚ ਗਿਆਨ ਦੀ ਪ੍ਰਧਾਨਤਾ ਰਹਿੰਦੀ ਹੈ। ਤੀਸਰੀ ਅਵੱਸਥਾ ਹੈ 'ਸਰਮ ਖੰਡ'। ਇਸ ਵਿਚ ਉਦਮ, ਤਪੱਸਿਆ ਤੇ ਸਾਧਨਾ ਨੂੰ ਪ੍ਰਧਾਨਤਾ ਮਿਲੀ ਹੈ। ਇਸ ਖੰਡ ਵਿਚ ਸਾਧਕ ਹਰ ਪ੍ਰਕਾਰ ਦੀ ਤਪੱਸਿਆ ਸਾਧ ਕੇ ਆਪਣੇ ਆਪ ਨੂੰ ਸ਼ੁੱਧ ਕਰਦਾ ਹੈ। ਇਸ ਖੰਡ ਦੀ ਸਥਿਤੀ ਦਾ ਵਰਣਨ ਨਹੀਂ ਹੋ ਸਕਦਾ। ਚੌਥੀ ਅਵੱਸਥਾ 'ਕਰਮ ਖੰਡ' ਹੈ। ਇਥੇ ਕਰਮ ਦਾ ਅਰਥ ਪਰਮਾਤਮਾ ਦੀ ਕਿਰਪਾ ਹੈ। ਇਸ ਵਿਚ ਪਰਮਾਤਮਾ ਦੀ ਸ਼ਕਤੀ ਦੀ ਪ੍ਰਧਾਨਤਾ ਰਹਿੰਦੀ ਹੈ। ਇਸ ਖੰਡ ਵਿਚ ਅਧਿਆਤਮਕ ਜੋਧੇ ਤੇ ਸੂਰਬੀਰ ਨਿਵਾਸ ਕਰਦੇ ਹਨ। ਉਨ੍ਹਾਂ ਵਿਚ ਪ੍ਰਭੂ ਵਿਆਪਕ ਰਹਿੰਦਾ ਹੈ। ਇਹ ਲੋਕ ਮੌਤ ਰਹਿਤ ਹੋ ਜਾਂਦੇ ਹਨ। ਪੰਜਵਾਂ ਖੰਡ 'ਸੱਚ ਖੰਡ' ਹੈ। ਇਸ ਵਿਚ ਨਿਰੰਕਾਰ ਵਸਦਾ ਹੈ। ਇਸ ਵਿਚ ਅਨੰਤ ਖੰਡ, ਬ੍ਰਹਿਮੰਡ ਹਨ ਜਿਹੜੇ ਪ੍ਰਭੂ ਦੇ ਹੁਕਮ ਵਿਚ ਆਪਣੇ ਆਪਣੇ ਕੰਮ-ਕਾਜਾਂ ਵਿਚ ਲੱਗੇ ਹੋਏ ਹਨ। ਇਥੇ ਬੈਠ ਕੇ ਪ੍ਰਮਾਤਮਾ ਆਪਣੀ ਸਾਰੀ ਰਚਨਾ ਨੂੰ ਵੇਖਦਾ ਤੇ ਖੁਸ਼ ਹੁੰਦਾ ਹੈ। ਦਸਵੇਂ ਗੁੱਟ (36 - 38 +ਸਲੋਕ) ਵਿਚ ਧਰਮ, ਕਰਮ ਤੇ ਸੱਚ ਨਾਮੀ ਖੰਡਾਂ ਦਾ ਵੇਰਵਾ ਦਿੰਦਿਆ ਹੋਇਆ ਸੁਨਿਆਰੇ ਦੀ ਦੁਕਾਨ ਦੇ ਰੂਪਕ ਦੁਆਰਾ ਸੱਚੀ ਟਕਸਾਲ ਦਾ ਚਿਤਰਣ ਕੀਤਾ ਗਿਆ ਹੈ ਤੇ ਅੰਤਿਮ ਸਲੋਕ ਵਿਚ ਨਾਮ ਜਪਣ ਵਾਲਿਆਂ ਨੂੰ ਪ੍ਰਾਪਤ ਹੋਣ ਵਾਲੇ ਸੁੱਖਾਂ ਦਾ ਜ਼ਿਕਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿਚ ਇਹ ਮੂਲ ਵਿਸ਼ਾ ਲਿਆ ਹੈ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਅਤੇ ਇਸ ਦਾ ਬੜਾ ਸੰਖੇਪ ਉੱਤਰ ਦਿੱਤਾ ਹੈ—'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਅਤੇ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'। ਸੋ ਆਪਣੇ ਵਿਚਾਰ ਅੰਕਿਤ ਕਰਦਿਆਂ ਨਾਮ ਸਾਧਨਾ ਦੁਆਰਾ ਹੋਣ ਵਾਲੀ ਪ੍ਰਾਪਤੀ ਦਾ ਇਉਂ ਵਰਣਨ ਕੀਤਾ ਹੈ—

'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।।

ਜਪੁ ਜੀ ਵਿਚਾਰ ਪ੍ਰਧਾਨ ਬਾਣੀ ਹੈ ਕਿਉਂਕਿ ਸਮੁੱਚੇ ਭਾਰਤੀ ਦਰਸ਼ਨ ਨੂੰ ਅਤੇ ਖ਼ਾਸ ਕਰਕੇ ਉਪਨਿਸ਼ਦ ਤੇ ਗੀਤਾ ਦਰਸ਼ਨ ਦੇ ਲਗਭਗ ਸਾਰੇ ਮੁੱਖ ਪੱਖਾਂ ਨੂੰ ਇਸ ਸੰਖਿਪਤ ਰਚਨਾ ਵਿਚ ਸਮੋਇਆ ਗਿਆ ਹੈ। ਜੇਕਰ ਇਹ ਆਖ ਲਿਆ ਜਾਵੇ ਕਿ ਗੁਰੂ ਨਾਨਕ ਸਾਹਿਬ ਨੇ ਕੁੱਜੇ ਵਿਚ ਸਮੁੰਦਰ ਬੰਦ ਕਰ ਵਿਖਾਇਆ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ। ਗੁਰੂ ਨਾਨਕ ਸਾਹਿਬ ਦਾਰਸ਼ਨਿਕ ਹੁੰਦਿਆਂ ਹੋਇਆਂ ਇਕ ਪ੍ਰਬੀਨ ਕਲਾਕਾਰ ਵੀ ਹਨ ਕਿਉਂਕਿ ਆਪਣੇ ਸੂਖ਼ਮ ਤੋਂ ਸੂਖ਼ਮ ਵਿਚਾਰ ਨੂੰ ਸਹਿਜੇ ਹੀ ਪਰਗਟ ਕਰ ਵਿਖਾਇਆ ਹੈ। ਜਪੁ ਜੀ ਇਕ ਦਾਰਸ਼ਨਿਕ ਰਚਨਾ ਹੋਣ ਦੇ ਨਾਲ-ਨਾਲ ਇਕ ਉੱਚ ਪਧਰ ਦੀ ਸਾਹਿਤਕ ਰਚਨਾ ਵੀ ਹੈ।

ਜਪੁ ਜੀ ਦੀ ਸਾਰੀ ਰਚਨਾ ਛੰਦਾਂ ਵਿਚ ਹੈ। ਗੁਰੂ ਨਾਨਕ ਸਾਹਿਬ ਨੇ ਛੰਦਾਂ-ਬੰਦੀ ਦੇ ਜੋ ਤਜਰਬੇ ਇਸ ਰਚਨਾ ਵਿਚ ਕੀਤੇ ਹਨ, ਉਹ ਹੋਰ ਕਿਸੇ ਰਚਨਾ ਵਿਚ ਨਹੀਂ ਕੀਤੇ। ਜਪੁ ਜੀ ਦੀਆਂ ਬਹੁਤੀਆਂ ਪਉੜੀਆਂ ਛੋਟੇ ਬਹਿਰ ਵਿੱਚ ਹਨ। ਜਪੁ ਜੀ ਵਿਚ ਭਾਵੇਂ ਪ੍ਰਧਾਨ ਛੰਦ ਦੋਹਿਰਾ, ਚੌਪਈ ਤੇ ਤਾਟੰਕ ਹਨ ਪਰ ਜੇਕਰ ਧਿਆਨ ਨਾਲ ਵੇਖੀਏ ਤਾਂ ਇਨ੍ਹਾਂ ਨਾਲ ਲਗਭਗ ਇੰਨੀ ਵਾਰ ਹੀ ਇਨ੍ਹਾਂ ਦਾ ਤੋਲ ਛੋਟਾ ਕਰਕੇ, ਲੰਬਾ ਕਰਕੇ ਜਾਂ ਕੋਈ ਹੋਰ ਤੋਲ ਰਲਾ ਕੇ ਖੁਲ੍ਹ ਲਈ ਗਈ ਹੈ। ਬਿਨਾਂ ਕਈ ਹੋਰ ਛੰਦ ਵੀ ਜਪੁ ਜੀ ਵਿਚ ਵਰਤੇ ਗਏ ਹਨ।

ਜਪੁ ਜੀ ਗੁਰੂ ਨਾਨਕ ਕਾਲ ਦੀ ਪੰਜਾਬੀ ਬੋਲੀ ਵਿਚ ਹੈ। ਮਹਾਤਮਾ ਬੁੱਧ ਵਾਂਗ ਗੁਰੂ ਨਾਨਕ ਸਾਹਿਬ ਨੇ ਵੀ ਲੋਕਾਂ ਦੀ ਬੋਲੀ ਵਿਚ ਆਪਣਾ ਸੰਦੇਸ਼ ਦਿੱਤਾ ਤਾਂ ਕਿ ਜਨ-ਸਾਧਾਰਨ ਬਿਨਾਂ ਕਿਸੇ ਦੀ ਸਹਾਇਤਾ ਦੇ ਇਹ ਵਿਚਾਰ ਸਮਝ ਕੇ ਉਚੇਰਾ ਜੀਵਨ ਬਤੀਤ ਕਰਨ ਲਈ ਯਤਨਸ਼ੀਲ ਹੋ ਸਕਣ। ਗੁਰੂ ਨਾਨਕ ਸਾਹਿਬ ਨੇ ਜਪੁ ਜੀ ਵਿਚ ਪਹਿਲੀ ਵਾਰ ਪੰਜਾਬੀ ਬੋਲੀ ਤੋਂ ਇੰਨਾ ਔਖਾ ਕੰਮ ਲੈ ਕੇ ਇਸ ਦੀ ਸਮਰੱਥਾ ਨੂੰ ਉਜਾਗਰ ਕੀਤਾ ਹੈ।

ਇਸ ਦੀ ਬੋਲੀ ਉੱਤੇ ਸਾਧ ਭਾਸ਼ਾ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਵਿਚ ਬ੍ਰਿਜਭਾਸ਼ਾ ਦੀ ਮਿੱਸ ਹੈ ਪਰ ਸਮੁੱਚੇ ਰੂਪ ਵਿਚ ਵੇਖਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਪੰਜਾਬੀ ਦੀ ਰਚਨਾ ਹੈ। ਇਸ ਨੂੰ ਸਫ਼ਲ ਨਿਬੰਧ ਕਾਵਿ ਆਖਿਆ ਜਾ ਸਕਦਾ ਹੈ।

ਹ. ਪੁ.—ਗੁਰੂ ਨਾਨਕ, ਵਿਅਕਤੀਤਵ ਕ੍ਰਿਤਤਵ ਔਰ ਚਿੰਤਨ—ਡਾ. ਰਤਨ ਸਿੰਘ ਜੱਗੀ; ਜਪੁ ਜੀ ਇਕ ਤੁਲਨਾਤਮਕ ਅਧਿਐਨ—ਡਾ. ਦਲੀਪ ਸਿੰਘ ਦੀਪ

**ਜ਼ਫ਼ਰ ਖ਼ਾਂ** : ਇਹ ਉਰਦੂ ਸਾਹਿਤ ਵਿਚ ਪ੍ਰਸਿੱਧ ਨਾਵਲਕਾਰ ਅਤੇ ਵਾਰਤਕ ਲਿਖਾਰੀ ਹੋਇਆ ਹੈ ਜਿਹੜਾ 'ਜ਼ਿਮੀਂਦਾਰ' ਅਖ਼ਬਾਰ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾਉਣ ਲਈ ਜ਼ਿੰਮੇਵਾਰ ਸੀ। ਇਸ ਨੇ ਜਿਹੜੀ ਗੱਲ ਕਹਿਣੀ ਹੁੰਦੀ ਸੀ, ਉਸ ਨੂੰ ਬਹੁਤ ਸੁਹਣੇ ਸ਼ਬਦਾਂ ਅਤੇ ਬੜੇ ਚੰਗੇ ਢੰਗ ਨਾਲ ਸਮਝਾ ਸਕਦਾ ਸੀ। ਇਸ ਨੂੰ ਮਾਲੀ, ਸਿਆਸੀ ਅਤੇ ਕਾਨੂੰਨੀ ਗੱਲਾਂ ਦੇ ਹਰ ਪਹਿਲੂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਸੀ। ਐਡੀਟਰ ਹੋਣ ਦੇ ਨਾਤੇ ਇਹ ਆਪਣੇ ਅਖ਼ਬਾਰ ਵਿਚ ਸਾਇੰਸ, ਧਰਮ ਅਤੇ ਕਵਿਤਾ ਨੂੰ ਵੀ ਥਾਂ ਦਿੰਦਾ ਸੀ। ਦੇਸ਼ ਅਤੇ ਕੌਮ ਦੇ ਲਾਭ ਲਈ ਇਸ ਨੇ ਕਿੰਨੇ ਹੀ ਸੁਧਾਰਵਾਦੀ ਲੇਖ ਲਿਖੇ। ਆਰਥਿਕ ਮਸਲਿਆਂ ਬਾਰੇ ਇਸ ਨੇ ਪੱਛਮੀ ਵਿਦਵਾਨਾਂ ਦੇ ਲੇਖਾਂ ਨੂੰ ਉਰਦੂ ਵਿਚ ਉਲਥਾ ਕੇ ਛਾਪਿਆ।

ਆਪਣੇ ਨਾਵਲਾਂ ਵਿਚ ਜ਼ਫ਼ਰ ਖ਼ਾਂ ਨੇ ਘਰੇਲੂ ਜੀਵਨ ਨੂੰ ਅਸਲੀ ਅਤੇ ਸਹੀ ਰੂਪ ਵਿਚ ਪੇਸ਼ ਕੀਤਾ ਹੈ। ਇਸ ਨੇ ਰੋਜ਼ਾਨਾ ਜ਼ਿੰਦਗੀ ਅਤੇ ਸ਼ਰੀਫ਼ ਘਰਾਂ ਦੀ ਰਹਿਣੀ-ਬਹਿਣੀ ਬੜੇ ਸੁੰਦਰ ਢੰਗ ਨਾਲ ਬਿਆਨ ਕੀਤੀ ਹੈ। ਮਨੁੱਖੀ ਅਨੁਭਵਾਂ ਦੀ ਇਸ ਨੇ ਸਹੀ ਸ਼ਬਦਾਂ ਵਿਚ ਤਰਜਮਾਨੀ ਕੀਤੀ ਹੈ। ਇਸ ਨੇ ਫ਼ਾਰਸੀ ਤਰਕੀਬਾਂ, ਅਰਬੀ ਫ਼ਾਰਸੀ ਸ਼ਬਦਾਵਲੀ ਅਤੇ ਢੁਕਵੇਂ ਮੁਹਾਵਰਿਆਂ ਨੂੰ ਬੜੀ ਸਿਆਣਪ ਨਾਲ ਵਰਤਿਆ ਹੈ ਪਰ ਕਦੇ ਕਦੇ ਜੋਸ਼ ਵਿਚ ਆ ਕੇ ਇਸ ਕੋਲੋਂ ਅਜਿਹੇ ਸ਼ਬਦ ਜਾਂ ਵਾਕ ਵੀ ਲਿਖੇ ਜਾਂਦੇ ਸਨ ਜਿਹੜੇ ਬੋਲੀ ਤੇ ਵੀ ਭਾਰੂ ਹੁੰਦੇ ਸਨ ਅਤੇ ਲੋਕਾਂ ਨੂੰ ਵੀ ਪਸੰਦ ਨਹੀਂ ਆਉਂਦੇ ਸਨ।

ਜ਼ਫ਼ਰ ਅਲੀ ਖ਼ਾਂ ਨੇ ਕੁਝ ਕਵਿਤਾ ਵੀ ਲਿਖੀ ਹੈ। ਇਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਬਹਾਰਿਸਤਾਨ' ਹੈ। ਕਵਿਤਾਵਾਂ ਵਧੇਰੇ ਕਰਕੇ ਰਾਜਨੀਤਕ ਅਤੇ ਧਾਰਮਿਕ ਹਨ। ਕਵਿਤਾ ਵਿਚ ਵਿਚਾਰਾਂ ਦੀ ਸਪਸ਼ਟਤਾ ਬਿਆਨ ਵਿਚ ਤੇਜ਼ੀ ਅਤੇ ਢੁਕਵੀਆਂ ਤਸ਼ਬੀਹਾਂ ਦੀ ਵਰਤੋਂ ਬੜੀ ਖ਼ੂਬੀ ਨਾਲ ਕੀਤੀ ਗਈ ਹੈ।

ਇਸ ਦੀ ਮੌਤ 1956 ਵਿਚ ਹੋਈ।

ਹ. ਪੁ. -ਤਾਰੀਖ਼ ਅਦਬ ਉਰਦੂ-ਸੱਯਦ ਇਅਜਾਜ਼ ਹੁਸੈਨ

**ਜ਼ਫ਼ਰਨਾਮਾ** : ਜ਼ਫ਼ਰਨਾਮਾ ਫ਼ਾਰਸੀ ਜ਼ਬਾਨ ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ 1705 ਈ: ਵਿਚ ਲਿਖੀ ਹੋਈ ਜਿੱਤ-ਚਿੱਠੀ ਹੈ। ਫ਼ਾਰਸੀ ਉਸ ਸਮੇਂ ਸਰਕਾਰੀ ਜ਼ਬਾਨ ਸੀ ਅਤੇ ਬਾਦਸ਼ਾਹ ਨਾਲ ਚਿੱਠੀ-ਪੱਤਰ ਇਸੇ ਭਾਸ਼ਾ ਵਿਚ ਹੁੰਦਾ ਸੀ।

ਗੁਰੂ ਜੀ ਵੱਲੋਂ ਲਿਖੇ ਪੱਤਰ ਦਾ ਇਕ ਇਕ ਸ਼ੇਅਰ ਅਣਖ, ਸਵੈਮਾਨ ਤੇ ਪ੍ਰਭੂ-ਵਿਸ਼ਵਾਸ ਨੂੰ ਜਗਾਉਂਦਾ ਹੈ। ਇਸੇ ਕਲਾਮਈ ਬਾਣੀ ਦਾ ਪ੍ਰਭਾਵ ਸੀ ਕਿ ਭਾਰਤ ਦੇ ਕਿਰਤੀ ਕਿਸਾਨ, ਮੁਗ਼ਲ ਸਾਮਰਾਜ ਦੇ ਖ਼ਿਲਾਫ਼ ਉੱਠ ਖਲੋਤੇ ਅਤੇ ਸਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਿਚ ਸਫ਼ਲ ਹੋਏ।

ਜ਼ਫ਼ਰਨਾਮੇ ਦੇ ਬੈਂਤਾਂ ਵਿਚ 111 ਸ਼ੇਅਰ ਹਨ। ਇਸ ਦੇ ਦੋ ਭਾਗ ਹਨ—ਮੰਗਲ ਅਤੇ ਦਾਸਤਾਨੀ। ਇਹ ਚਿੱਠੀ ਦਿੱਲੀ ਦੇ ਸ਼ਹਿਨਸ਼ਾਹ ਨੂੰ ਇਕ ਕਰੜੀ ਵੰਗਾਰ ਵਜੋਂ ਲਿਖੀ ਗਈ ਸੀ। ਸੰਨ 1705 ਵਿਚ ਜਦੋਂ ਇਹ ਚਿੱਠੀ ਲਿਖੀ ਗਈ ਸੀ, ਉਦੋਂ ਅਨੰਦਪੁਰ ਦੀ ਸ਼ਾਨ-ਸ਼ੌਕਤ ਖ਼ਤਮ ਹੋ ਚੁੱਕੀ ਸੀ। ਗੁਰੂ ਸਾਹਿਬ ਦਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ ਸੀ, ਖ਼ਾਲਸਾਈ ਫ਼ੌਜਾਂ ਤਿੱਤਰ ਬਿੱਤਰ ਹੋ ਗਈਆਂ ਸਨ ਅਤੇ ਦਸਮੇਸ਼ ਜੀ ਬੇ-ਸਰੋ ਸਾਮਾਨੀ ਦੀ ਹਾਲਤ ਵਿਚ ਸਨ। ਅਜਿਹੇ ਸਮੇਂ ਮਾਲਵੇਂ ਦੇ ਰੇਤਲੇ ਪਿੰਡ ਦੀਨਾ-ਕਾਂਗੜ ਤੋਂ ਆਪ ਜੀ ਦਾ ਫ਼ਤਹਿ ਦੇ ਸਿਰਲੇਖ ਹੇਠ ਪੱਤਰ ਲਿਖਣਾ, ਮਾਨਸਿਕ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਉਸ ਸਮੇਂ ਦੇ ਵਿਸ਼ਾਲ ਮੁਗ਼ਲ ਸਾਮਰਾਜ ਦੇ ਸਮਰਾਟ ਨੂੰ ਖਰੀਆਂ ਖਰੀਆਂ ਸੁਣਾਉਣਾ, ਉਸ ਦੇ ਅਤਿਆਚਾਰੀ ਕਾਰਨਾਮਿਆਂ ਦਾ ਵਰਣਨ ਕਰਨਾ ਅਤੇ ਅਹਿਲਕਾਰਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਰਦਾ ਫ਼ਾਸ਼ ਕਰਨਾ ਨਿਰਭੈ ਅਤੇ ਨਿਡਰਤਾ ਦੀ ਮੂੰਹ ਬੋਲਦੀ ਮਿਸਾਲ ਹੈ।

ਚਿੱਠੀ ਦਾ ਆਰੰਭ ਮਰਿਆਦਾ ਮੁਤਾਬਕ ਅਕਾਲਪੁਰਖ ਦੀ ਅਰਾਧਨਾ ਨਾਲ ਕੀਤਾ ਗਿਆ ਹੈ। ਪਹਿਲੇ 12 ਸ਼ੇਅਰਾਂ ਵਿਚ ਰੱਬ ਨੂੰ ਕਰੀਮ, ਰਾਜ਼ਕ ਤੇ ਰਹੀਮ ਜਿਹੀਆਂ ਸਿਫ਼ਤਾਂ ਦੁਆਰਾ ਨਮਸਕਾਰਿਆ ਗਿਆ ਹੈ। ਫਿਰ ਔਰੰਗਜ਼ੇਬ ਦੇ ਅਹਿਲਕਾਰਾਂ ਦੀ ਦਗ਼ੇਬਾਜ਼ੀ, ਫ਼ਰੇਬ ਅਤੇ ਬੇਜ਼ੁਬਾਨੀ ਨੂੰ ਨੰਗਿਆਂ ਕੀਤਾ ਗਿਆ ਹੈ। ਚਮਕੌਰ ਦੀ ਜੰਗ ਬਾਰੇ ਜ਼ਿਕਰ ਕਰਦਿਆਂ ਗੁਰੂ ਸਾਹਿਬ ਨੇ ਲਿਖਿਆ ਹੈ, ਇਹ ਕੋਈ ਜੰਗ ਹੈ ਕਿ ਚਾਲ੍ਹੀ ਭੁੱਖੇ ਸਿੱਖਾਂ ਉੱਤੇ ਲੱਖਾਂ ਦੀ ਗਿਣਤੀ ਵਿਚ ਮੁਲਖਈਆ ਟੁੱਟ ਕੇ ਪੈ ਜਾਏ :

ਗੁਰਸਨਾ : ਚਿ: ਕਾਰੇ ਕੁਨਦ ਚਿਹਲ ਨਰ।<br>
ਕਿ ਦਹ ਲਕ ਬਰਾਯਦ ਬਰੂ ਬੇਖ਼ਬਰ। ੧੯ (ਜ਼ਫ਼ਰਨਾਮਾ)

ਤਲਵਾਰ ਫੜਨ ਦੀ ਮਜਬੂਰੀ ਦਾ ਜ਼ਿਕਰ ਕਰਦਿਆਂ ਦਸਮ ਪਾਤਸ਼ਾਹ ਫ਼ਰਮਾਉਂਦੇ ਹਨ ਕਿ ਜਦੋਂ ਕਸਮਾਂ ਨੂੰ ਤੋੜ ਕੇ ਤੇ ਬਚਨਾਂ ਨੂੰ ਭੰਗ ਕਰਕੇ ਹਮਲਾਵਰ ਢੀਠ ਤੇ ਅਤਿਆਚਾਰੀ ਬਣ ਜਾਏ, ਤਾਂ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿੰਦਾ।

ਚੁ ਕਾਰ ਅਜ਼ ਹਮ : ਹੀਲਤੇ ਦਰਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ। ੨੨ (ਜ਼ਫ਼ਰਨਾਮਾ)

ਆਪਣੇ ਬੱਚਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ 'ਮਾਸੂਮ ਬੱਚਿਆਂ ਦਾ ਕਤਲ ਕੀ ਕੋਈ ਮਰਦਾਨਗੀ ਹੈ? ਆਪਣੇ ਵੱਲ ਇਸ਼ਾਰਾ ਕਰਕੇ ਫ਼ੁਰਮਾਉਂਦੇ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਅਸੀਂ ਅੱਗ ਦੀ ਭੱਠੀ ਵਾਂਗ ਦਹਿਕ ਰਹੇ ਹਾਂ ਜਿਸ ਵਿਚ ਜ਼ੁਲਮ ਸੜ ਕੇ ਸਵਾਹ ਹੋ ਜਾਵੇਗਾ।

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ। ੧੯ (ਜ਼ਫ਼ਰਨਾਮਾ)

ਬਾਦਸ਼ਾਹ ਨੂੰ ਤਾੜਨਾ ਦਿੰਦਿਆਂ ਆਪ ਲਿਖਦੇ ਹਨ, 'ਮੈਂ ਇਹ ਨਹੀਂ ਜਾਣਦਾ ਸਾਂ ਕਿ ਤੁਸੀਂ ਇਕਰਾਰ ਤੋੜਨ ਵਾਲੇ ਹੋ, ਈਮਾਨ ਤੋਂ ਖ਼ਾਲੀ ਹੋ, ਰੱਬ ਤੇ ਰਸੂਲ ਉਤੇ ਯਕੀਨ ਨਹੀਂ ਰਖਦੇ' ਅਤੇ ਨਾਲ ਹੀ ਪ੍ਰੇਰਨਾ ਵਜੋਂ ਕਹਿੰਦੇ ਹਨ ਕਿ ਜੋ ਆਦਮੀ ਈਮਾਨ ਵਾਲਾ ਹੁੰਦਾ ਹੈ ਉਹ ਕਦੇ ਕੀਤੇ ਵਾਅਦੇ ਤੋਂ ਨਹੀਂ ਫਿਰਦਾ।

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ।
ਕਿ ਦੌਲਤ ਪ੍ਰਸਤਸਤੇ ਈਮਾਂ ਫ਼ਿਗਨ। ੪੫ (ਜ਼ਫ਼ਰਨਾਮਾ)

ਅੱਗੇ ਚੱਲ ਕੇ ਗੁਰੂ ਸਾਹਿਬ ਨੇਕ ਮਰਦ ਦੀ ਨਿਸ਼ਾਨੀ ਦੱਸਦਿਆਂ ਕਹਿੰਦੇ ਹਨ ਕਿ ਉਸ ਦੇ ਦਿਲ ਵਿਚ ਜੋ ਕੁਝ ਹੁੰਦਾ ਹੈ, ਉਹ ਜ਼ਬਾਨ ਉੱਤੇ ਆਉਂਦਾ ਹੈ ਅਤੇ ਉਹ ਆਪਣੇ ਕੰਮਾਂ ਵਿਚ ਕਦੇ ਕਾਹਲਾ ਨਹੀਂ ਪੈਂਦਾ ਕਿਉਂਕਿ ਉਤਾਵਲਾਪਨ ਤੇ ਤੇਜ਼ੀ ਸ਼ੈਤਾਨੀਅਤ ਦਾ ਦੂਜਾ ਨਾਂ ਹੈ। ਆਪਣੇ ਬਾਰੇ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਬਾਦਸ਼ਾਹ ਤੈਨੂੰ ਤਾਂ ਹਕੂਮਤ ਤੇ ਫ਼ੌਜਾਂ ਉੱਤੇ ਭਰੋਸਾ ਹੈ ਪਰ ਸਾਡਾ ਤਕੀਆ ਕੇਵਲ ਅਕਾਲ-ਪੁਰਖ ਹੈ ਅਤੇ ਇਸੇ ਸਦਕਾ ਸਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ।

ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ।
ਕਿ ਬਖ਼ਸ਼ਿੰਦਗੀ ਕਾਰਿ ਬਖਸ਼ਿੰਦ : ਓਸਤ।
(ਜ਼ਫ਼ਰਨਾਮਾ)

ਜ਼ਫ਼ਰਨਾਮੇ ਦੀ ਜ਼ੁਬਾਨ ਫ਼ਾਰਸੀ ਹੈ। ਬੋਲੀ ਬਹੁਤ ਠੇਠ, ਸਰਲ ਤੇ ਜ਼ੋਰਦਾਰ ਹੈ। ਚਿੱਠੀ ਦੀ ਵਡਿਆਈ ਇਸ ਗੱਲ ਤੋਂ ਜਾਣੀ ਜਾ ਸਕਦੀ ਹੈ ਕਿ ਜਦੋਂ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੇ ਇਹ ਔਰੰਗਜ਼ੇਬ ਨੂੰ ਦਿੱਤੀ ਤਾਂ ਉਹ ਪਸ਼ੇਮਾਨੀ ਤੇ ਪਛਤਾਵੇ ਦਾ ਸ਼ਿਕਾਰ ਹੋ ਗਿਆ। ਅਨੁਮਾਨ ਹੈ ਕਿ ਜੇ ਔਰੰਗਜ਼ੇਬ ਥੋੜ੍ਹੇ ਦਿਨਾਂ ਵਿਚ ਹੀ ਕਾਲਵਸ ਨਾ ਹੁੰਦਾ ਤਾਂ ਚਿੱਠੀ ਦੇ ਪ੍ਰਭਾਵ ਨੇ ਉਸ ਦੇ ਅਤਿਵਾਦੀ ਵਤੀਰੇ ਵਿਚ ਜ਼ਰੂਰ ਹੀ ਤਬਦੀਲੀ ਲਿਆ ਦੇਣੀ ਸੀ।

ਹ. ਪੂ.-ਪੰ. ਸਾ. ਇਤਿ -ਭਾ. ਵਿ. ਪੰ; ਦਸਮ ਗਰੰਥ ਰੂਪ ਤੇ ਰਸ-ਡਾ. ਤਾਰਨ ਸਿੰਘ ; ਜ਼ਫ਼ਰਨਾਮਾ -ਭਾ. ਵਿ. ਪੰ.

**ਜ਼ਫ਼ਰ, ਬਹਾਦੁਰ ਸ਼ਾਹ** : ਇਹ ਮੁਗ਼ਲੀਆ ਸਲਤਨਤ ਦਾ ਅਖ਼ੀਰਲਾ ਬਾਦਸ਼ਾਹ ਅਤੇ ਉਰਦੂ ਦਾ ਇਕ ਆਲ੍ਹਾ ਸ਼ਾਇਰ ਸੀ। ਇਸ ਦਾ ਮੁਢਲਾ ਨਾਉਂ ਸੁਰਾਜ-ਉੱਦ-ਦੀਨ ਸੀ ਪਰ ਇਹ ਵਧੇਰੇ ਪ੍ਰਸਿੱਧ ਬਹਾਦੁਰ ਸ਼ਾਹ ਜ਼ਫ਼ਰ ਦੇ ਨਾਂ ਨਾਲ ਹੋਇਆ। ਇਸ ਦਾ ਜਨਮ 24 ਅਕਤੂਬਰ, 1775 ਨੂੰ ਦਿੱਲੀ ਵਿਖੇ ਲਾਲ ਕਿਲੇ ਵਿਚ ਬਾਦਸ਼ਾਹ ਅਕਬਰ ਸ਼ਾਹ ਦੂਜੇ ਦੇ ਘਰ ਉਸਦੀ ਹਿੰਦੂ ਮਲਕਾ, ਲਾਲ ਬਾਈ ਦੀ ਕੁੱਖੋਂ ਹੋਇਆ। ਨਿੱਕੀ ਉਮਰੇ ਹੀ ਇਸਨੂੰ ਕਵਿਤਾ ਲਿਖਣ ਵਿਚ ਬੜੀ ਰੁਚੀ ਸੀ। ਸਭ ਤੋਂ ਪਹਿਲਾਂ ਮੀਰ ਇਜ਼ਤੇ ਅੱਲਾ ਇਸ਼ਕ ਨੇ ਇਸ ਦੀਆਂ ਕਾਵਿ ਰਚਨਾਵਾਂ ਸੋਧੀਆਂ। ਫਿਰ 'ਜ਼ਫ਼ਰ' ਸ਼ਾਹ ਨਸੀਰ ਪਾਸੋਂ ਸਲਾਹ ਲੈਣ ਲੱਗਾ। ਮੀਰ ਕਾਜ਼ਮ ਹੁਸੈਨ ਬੇਕਰਾਰ ਤੋਂ ਬਾਅਦ ਇਸ ਕਵੀ ਬਾਦਸ਼ਾਹ ਦਾ ਉਸਤਾਦ ਬਣਨ ਦਾ ਮਾਣ ਸ਼ੇਖ ਮੁਹੰਮਦ ਇਬਰਾਹੀਮ 'ਜ਼ੌਕ' ਨੂੰ ਹਾਸਲ ਹੋਇਆ। ਕਵਿਤਾ ਦੇ ਨਾਲ ਨਾਲ ਬਹਾਦਰ ਸ਼ਾਹ ਨੇ ਵਿਦਿਆ ਲਈ ਵੀ ਵਿਸ਼ੇਸ਼ ਰੁਚੀ ਵਿਖਾਈ। ਇਸਤੋਂ ਇਲਾਵਾ ਤੀਰ ਅਤੇ ਤਲਵਾਰ ਚਲਾਉਣ, ਨਿਸ਼ਾਨਾ ਲਾਉਣ, ਬਾਂਕ ਬਿਨੌਟ, ਗਤਕਾਬਾਜ਼ੀ ਅਤੇ ਸ਼ਾਹ ਸਵਾਰੀ ਵਿਚ ਵੀ ਇਸ ਨੇ ਚੜ੍ਹਦੀ ਉਮਰੇ ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਇਨ੍ਹਾਂ ਤੋਂ ਬਿਨਾਂ ਸਮੇਂ ਦੀ ਰੁਚੀ ਅਨੁਸਾਰ ਜ਼ਫ਼ਰ ਨੂੰ ਬਟੇਰਬਾਜ਼ੀ, ਮੁਰਗ਼ਬਾਜ਼ੀ ਅਤੇ ਕਬੂਤਰਬਾਜ਼ੀ ਦਾ ਵੀ ਸ਼ੌਕ ਸੀ।



ਬਹਾਦੁਰ ਸ਼ਾਹ ਜ਼ਫ਼ਰ

ਜ਼ਫ਼ਰ ਦਾ ਪਿਤਾ ਅਕਬਰ ਸ਼ਾਹ ਦੂਜਾ ਆਪਣੇ ਪੁੱਤਰ ਜਹਾਂਗੀਰ ਨੂੰ ਵਲੀਅਹਦ ਬਣਾਉਣਾ ਚਾਹੁੰਦਾ ਸੀ। ਜਦੋਂ ਅੰਗਰੇਜ਼ਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਅਕਬਰ ਸ਼ਾਹ ਨੇ ਗੁੱਸੇ ਵਿਚ ਆਖਿਆ ਕਿ ਜ਼ਫ਼ਰ ਉਸ ਦਾ ਪੁੱਤਰ ਹੀ ਨਹੀਂ ਹੈ। 'ਜ਼ਫ਼ਰ' ਦੇ ਦਿਲ ਨੂੰ ਇਸ ਗੱਲ ਨਾਲ ਭਾਰੀ ਧੱਕਾ ਪੁੱਜਾ ਪਰ ਇਹ ਰੱਬ ਤੋਂ ਡਰਨ ਵਾਲਾ ਅਤੇ ਉਸ ਉੱਪਰ ਪੂਰਾ ਸਿਦਕ ਰੱਖਣ ਵਾਲਾ ਸੀ। ਸੰਨ 1821 ਵਿਚ ਜਦੋਂ ਬਹੁਤ ਜ਼ਿਆਦਾ ਸ਼ਰਾਬ ਪੀਣ ਕਾਰਨ ਜਹਾਂਗੀਰ ਦੀ ਮੌਤ ਹੋ ਗਈ ਤਾਂ ਅੰਗਰੇਜ਼ਾਂ ਨੇ ਇਕ ਦਮ ਬਹਾਦੁਰ ਸ਼ਾਹ ਨੂੰ ਯੁਵਰਾਜ ਕਰਾਰ ਦੇ ਦਿੱਤਾ। 28 ਸਤੰਬਰ, 1837 ਨੂੰ ਆਪਣੇ ਪਿਤਾ ਦੀ ਮੌਤ ਮਗਰੋਂ ਇਹ ਦਿੱਲੀ ਦੇ ਤਖ਼ਤ ਤੇ ਬੈਠਿਆ ਪਰ ਇਹ ਬਾਦਸ਼ਾਹੀ ਸਿਰਫ਼ ਨਾਂਮਾਤਰ ਦੀ ਹੀ ਸੀ ਕਿਉਂਕਿ ਉਸ ਸਮੇਂ ਮੁਗ਼ਲ ਹਕੂਮਤ ਸਿਰਫ਼ ਲਾਲ ਕਿਲੇ ਦੇ ਵਾਗਲੇ ਅੰਦਰ ਹੀ ਸੀਮਿਤ ਹੋ ਕੇ ਰਹਿ ਗਈ ਸੀ। ਲਾਲ ਕਿਲੇ ਤੋਂ ਬਾਹਰ ਹਕੂਮਤ ਈਸਟ ਇੰਡੀਆ ਕੰਪਨੀ ਦੀ ਸੀ।

ਭਾਵੇਂ ਹੋਸ਼ ਸੰਭਾਲਦੇ ਹੀ ਜ਼ਫ਼ਰ ਨੇ ਆਪਣੇ ਆਲੇ-ਦੁਆਲੇ ਐਸ਼ੋ ਆਰਾਮ ਦੇ ਸਾਮਾਨ ਅਤੇ ਸੁਖਾਂ ਦੇ ਸਾਧਨ ਵੇਖੇ ਸਨ ਪਰ ਪਿਊ ਦੇ ਨਿੱਘ-ਵਿਹੂਣੇ ਸਲੂਕ, ਹਿੰਦੁਸਤਾਨ ਵਿਚ ਮੁਗ਼ਲ ਸਲਤਨਤ ਦੀ ਗਿਰਾਵਟ ਅਤੇ ਸਮੇਂ ਦੇ ਪੱਛਾਂ ਨੇ ਇਸ ਨੂੰ ਦੀਨਦਾਰ ਅਤੇ ਖ਼ੁਦਾ-ਤਰਸ ਬਣਾ ਦਿੱਤਾ ਸੀ। ਇਹ ਫ਼ਕੀਰ-ਤਬੀਅਤ ਵਿਰਦ ਦਾ ਹਾਮੀ ਅਤੇ ਸੂਫ਼ੀ ਸੁਭਾਅ ਵਾਲਾ ਸੀ।

ਸੰਨ 1857 ਵਿਚ ਮੇਰਠ ਦੀ ਦੇਸੀ ਫ਼ੌਜ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਬਗ਼ਾਵਤ ਕਰ ਦਿੱਤੀ। ਉਥੋਂ ਕੁਝ ਫ਼ੌਜੀਆਂ ਨੇ ਆ ਕੇ ਮਈ ਦੇ ਦੂਜੇ ਹਫ਼ਤੇ ਵਿਚ ਦਿੱਲੀ ਉੱਤੇ ਕਬਜ਼ਾ ਕਰ ਲਿਆ ਅਤੇ ਬਹਾਦੁਰ ਸ਼ਾਹ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਐਲਾਨ ਕਰ ਦਿੱਤਾ ਪਰ ਇਹ ਕਠਪੁਤਲੀ ਬਾਦਸ਼ਾਹਤ ਸਿਰਫ਼ 4 ਮਹੀਨੇ ਹੀ ਰਹੀ। ਸਤੰਬਰ ਵਿਚ ਅੰਗਰੇਜ਼ਾਂ ਨੇ ਦੇਸੀ ਫ਼ੌਜ ਨੂੰ ਹਾਰ ਦੇ ਕੇ ਮੁੜ ਦਿੱਲੀ ਸ਼ਹਿਰ ਅਤੇ ਨਾਲ ਲਾਲ ਕਿਲੇ ਉਪਰ ਕਬਜ਼ਾ ਕਰ ਲਿਆ। ਬਹਾਦੁਰ ਸ਼ਾਹ ਭੱਜ ਕੇ ਹੁਮਾਯੂੰ ਦੇ ਮਕਬਰੇ ਵਿਚ ਜਾ ਲੁਕਿਆ। ਮੁਖ਼ਬਰ ਦੇ ਖ਼ਬਰ ਦੇਣ ਉੱਤੇ ਅਤੇ ਮਿਰਜ਼ਾ ਇਲਾਹੀ

ਬਖ਼ਸ਼ ਦੇ ਸਮਝਾਉਣ ਤੇ ਕਿ ਉਸ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਬਾਦਸ਼ਾਹ ਨੇ ਆਪਣੇ ਆਪ ਨੂੰ ਹਡਸਨ ਦੇ ਹਵਾਲੇ ਕਰ ਦਿੱਤਾ। ਬਹਾਦੁਰ ਸ਼ਾਹ ਨੂੰ ਫੜ ਕੇ ਜ਼ੀਨਤਬਾੜੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਨਜ਼ਰਬੰਦੀ ਦੌਰਾਨ ਬਾਦਸ਼ਾਹ ਨੂੰ ਸਿਰਫ਼ ਪੰਜ ਰੁਪਏ ਪ੍ਰਤੀ ਦਿਨ ਮਿਲਦੇ ਸਨ।

ਅੰਗਰੇਜ਼ਾਂ ਨੇ ਮੁਲਕ ਵਿਚ ਆਪਣੇ ਪੈਰ ਜਮਾ ਕੇ ਸਰ ਜਾਨ ਲਾਰੰਸ ਦੀ ਮਨਜ਼ੂਰੀ ਨਾਲ ਬਹਾਦੁਰ ਸ਼ਾਹ ਵਿਰੁੱਧ ਮੁਕੱਦਮਾ ਦਾਇਰ ਕਰ ਦਿੱਤਾ। 21 ਜਨਵਰੀ, 1858 ਨੂੰ ਬਾਦਸ਼ਾਹ ਇਕ ਫ਼ੌਜੀ ਕਮਿਸ਼ਨ ਅੱਗੇ ਪੇਸ਼ ਹੋਇਆ। ਬਾਦਸ਼ਾਹ ਉਪਰ ਫ਼ੌਜੀ ਬਾਗ਼ੀਆਂ ਦੀ ਸਹਾਇਤਾ ਕਰਨ; ਸ਼ਹਿਜ਼ਾਦਾ ਮਿਰਜ਼ਾ ਮੁਗ਼ਲ ਅਤੇ ਹੋਰਨਾਂ ਲੋਕਾਂ ਨੂੰ ਅੰਗਰੇਜ਼ੀ ਹਕੂਮਤ ਵਿਰੁੱਧ ਭੜਕਾਉਣ ਅਤੇ ਜੰਗ ਲਈ ਹੱਲਾਸ਼ੇਰੀ ਦੇਣ; ਅੰਗਰੇਜ਼ੀ ਹਕੂਮਤ ਦੀ ਪਰਜਾ ਹੁੰਦਿਆਂ ਹੋਇਆਂ ਆਪਣੀ ਬਾਦਸ਼ਾਹਤ ਦਾ ਐਲਾਨ ਕਰਨ ਤੇ ਹਕੂਮਤ ਵਿਰੁੱਧ ਜੰਗ ਕਰਨ; 49 ਈਸਾਈਆਂ ਨੂੰ ਕਤਲ ਕਰਵਾਉਣ ਅਤੇ ਕਾਤਲਾਂ ਦੀ ਸਹਾਇਤਾ ਆਦਿ ਕਰਨ ਦੇ ਦੋਸ਼ ਲਾਏ ਗਏ।

ਅੰਤ ਵਿਚ ਬਾਦਸ਼ਾਹ ਨੇ ਇਹ ਬਿਆਨ ਦਿੱਤਾ ਕਿ ਉਹ ਅਜਿਹਾ ਕਰਨ ਲਈ ਮਜਬੂਰ ਸੀ ਅਤੇ ਬਾਗ਼ੀਆਂ ਦਾ ਬੰਦੀ ਸੀ। 9 ਮਾਰਚ, 1858 ਨੂੰ ਮੁਕੱਦਮੇ ਦਾ ਫ਼ੈਸਲਾ ਹੋਇਆ। ਇਸ ਅਨੁਸਾਰ ਜ਼ਫ਼ਰ ਉਪਰ ਈਸਟ ਇੰਡੀਆ ਕੰਪਨੀ ਨਾਲ ਗਦਾਰੀ ਕਰਨ ਦਾ ਦੋਸ਼ ਲਾ ਕੇ ਇਸਨੂੰ ਮੌਤ ਦਾ ਭਾਗੀ ਦੱਸਿਆ ਗਿਆ। ਕਮਿਸ਼ਨ ਨੇ ਇਹ ਫ਼ੈਸਲਾ ਸਰ ਜਾਨ ਲਾਰੰਸ ਨੂੰ ਭੇਜਿਆ ਜਿਸਨੇ ਆਪਣੀਆਂ ਸਿਫ਼ਾਰਸ਼ਾਂ ਸਹਿਤ ਇਸਨੂੰ ਅੱਗੇ ਕੇਂਦਰੀ ਸਰਕਾਰ ਕੋਲ ਕਲਕੱਤੇ ਭੇਜ ਦਿੱਤਾ। ਅੰਤਮ ਹੁਕਮ ਇਹ ਹੋਇਆ ਕਿ ਬਾਦਸ਼ਾਹ ਨੂੰ ਜਲਾਵਤਨ ਕਰਕੇ ਰੰਗੂਨ ਭੇਜਿਆ ਜਾਵੇ। ਬਾਦਸ਼ਾਹ ਦੀ ਮਲਕਾ ਜ਼ੀਨਤ ਮਹਲ ਅਤੇ ਸ਼ਹਿਜ਼ਾਦਾ ਜਵਾਂ ਬਖ਼ਤ ਨੂੰ ਨਾਲ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ।

7 ਅਕਤੂਬਰ, 1858 ਨੂੰ ਬਹਾਦੁਰ ਸ਼ਾਹ ਨੂੰ ਭਾਰੀ ਪਹਿਰੇ ਹੇਠ ਦਿੱਲੀ ਤੋਂ ਲੈ ਜਾਇਆ ਗਿਆ। ਲੋਕਾਂ ਨੇ ਭਾਰੀ ਮਨ ਨਾਲ ਆਪਣੇ ਬਾਦਸ਼ਾਹ ਨੂੰ ਵਿਦਾਇਗੀ ਦਿੱਤੀ। ਸੰਨ 1858 ਦੇ ਅੰਤ ਤੱਕ ਬਹਾਦੁਰ ਸ਼ਾਹ ਰੰਗੂਨ (ਬਰਮਾ) ਪਹੁੰਚ ਗਿਆ। ਜਹਾਜ਼ ਤੋਂ ਉਤਰਦੇ ਨੂੰ ਹੀ ਬੰਦੀ ਬਣਾ ਕੇ ਵਾਈਲਡ ਰੋਡ ਤੇ ਲੱਕੜੀ ਦੇ ਇਕ ਦੁਮੰਜ਼ਲੇ ਬੰਗਲੇ ਵਿਚ ਠਹਿਰਾਇਆ ਗਿਆ ਜਿਸ ਦੇ ਚਾਰੇ ਪਾਸੇ ਸਖ਼ਤ ਪਹਿਰਾ ਲਾਇਆ ਹੋਇਆ ਸੀ ਜੋ ਇਸ ਦੇ ਅੰਤਲੇ ਸਾਹਾਂ ਤੱਕ ਕਾਇਮ ਰਿਹਾ।

ਇਥੇ ਜ਼ਫ਼ਰ ਨੇ ਬੜੇ ਤੰਗੀ ਭਰੇ ਦਿਨ ਕੱਟੇ। ਇਸਨੂੰ ਸਿਰਫ਼ 600 ਰੁਪਏ ਮਹੀਨੇ ਭੱਤੇ ਵਜੋਂ ਦਿੱਤੇ ਜਾਂਦੇ ਸਨ। ਅਤਿਅੰਤ ਤੰਗੀ ਦੇ ਦਿਨ ਇਸ ਨੇ ਮਲਕਾ ਦੇ ਗਹਿਣੇ ਵੇਚ ਕੇ ਕੱਟੇ। ਜਲਾਵਤਨੀ ਦੇ ਦਿਨਾਂ ਵਿਚ ਇਹ ਕਦੀ ਵੀ ਆਪਣੇ ਬੰਗਲੇ ਤੋਂ ਬਾਹਰ ਨਾ ਨਿਕਲਿਆ। ਇਸ ਦੌਰਾਨ ਇਸਨੇ ਕਈ ਗ਼ਜ਼ਲਾਂ ਲਿਖੀਆਂ ਜਿਨ੍ਹਾਂ ਵਿਚੋਂ ਇਸ ਦੀ ਮਾਨਸਿਕ ਹਾਲਤ ਦਾ ਪਤਾ ਲਗਦਾ ਹੈ।

ਇਕ ਅਮੁਕ ਅਜ਼ਾਬ ਅਤੇ ਹੱਡਾਂ ਨੂੰ ਸਾੜਨ ਵਾਲਾ ਗ਼ਮ ਇਸ ਦੀ ਸ਼ਾਇਰੀ ਦਾ ਪ੍ਰੇਰਕ ਬਣਿਆ। ਇਸ ਅੱਗ ਵਿਚ ਭੁਜਦਿਆਂ ਇਸਨੇ ਜੋ ਸ਼ੇਅਰ ਕਹੇ ਉਹ ਇਸਨੂੰ ਇਕ ਮਹਾਨ ਕਰੁਣਾਮਈ ਪਾਤਰ ਦੇ ਰੂਪ ਵਿਚ ਪੇਸ਼ ਕਰਦੇ ਹਨ।

ਬੰਦੀਖ਼ਾਨਾ ਅਤੇ ਉਸਦੀਆਂ ਕੰਧਾਂ ਬਹਾਦੁਰ ਸ਼ਾਹ ਦੀ ਸ਼ਾਇਰੀ ਦਾ ਇਕ ਅੰਗ ਹਨ ਜਿਸ ਵਿਚ ਬੇੜੀਆਂ ਤੇ ਜ਼ੰਜੀਰਾਂ ਦੀ ਛਣਕਾਰ ਪਰਗਟ ਹੁੰਦੀ ਹੈ :–

"ਜ਼ਫ਼ਰ ਕਿਸ ਤਰਹ ਕੂਇ ਯਾਰ ਮੇਂ ਜਾਊਂ ਕੀ ਪਾਓਂ ਮੇ
ਮਿਰੇ ਹਰ ਏਕ ਮੌਜੇ ਅਸ਼ਕ ਨੇ ਜ਼ੰਜੀਰ ਡਾਲੀ ਹੈ।"

"ਜ਼ਫ਼ਰ" ਦੀ ਸ਼ਾਇਰੀ ਵਿਚ ਕਫ਼ਸ, ਆਸ਼ਯਾਂ, ਸਯਾਦ ਅਤੇ ਅੰਦਲੀਬ ਆਦਿ ਬਿੰਬਾਂ ਦਾ ਕਾਫ਼ੀ ਜ਼ਿਕਰ ਹੈ ਪਰ ਇਹ ਹੋਰਨਾਂ ਉਰਦੂ ਸ਼ਾਇਰਾਂ ਵਾਂਗ ਰਵਾਇਤੀ ਨਹੀਂ ਹੈ। ਇਸ ਦੀ ਸ਼ਾਇਰੀ ਦੇ ਇਸ ਹਿੱਸੇ ਨੂੰ ਮਰਸੀਆ ਵੀ ਕਿਹਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਸ ਦੀ ਸ਼ਾਇਰੀ ਵਿਚ ਦਰਵੇਸ਼ੀ ਦਾ ਅੰਸ਼ ਵੀ ਕਾਫ਼ੀ ਹੈ। ਸ਼ਾਇਰੀ ਦਾ ਇਹ ਹਿੱਸਾ ਬੜਾ ਸੁੰਦਰ ਅਤੇ ਉੱਚੇ ਭਾਵਾਂ ਵਾਲਾ ਹੈ। 'ਜ਼ਫ਼ਰ' ਨੇ ਹਿੰਦੀ ਅਤੇ ਪੰਜਾਬੀ ਵਿਚ ਵੀ ਕਵਿਤਾਵਾਂ ਲਿਖੀਆਂ।

ਕੋਈ ਕਿਸੇ ਦਾ ਮੀਤ ਨਹੀਂ,
ਸਭ ਅਪਣੀ ਗਰਜ਼ ਦੇ ਮੀਤ।
'ਸ਼ੌਕ-ਰੰਗ' ਅੱਛਾ ਕੀਨਾ ਹਮ ਨੇ,
ਕੀ ਨਾ ਕਿਸੀ ਸੇ ਪੀਤ।

ਅੰਤਲੇ ਦਿਨਾਂ ਵਿਚ ਬਾਦਸ਼ਾਹ ਨੂੰ ਅਧਰੰਗ ਹੋ ਗਿਆ ਅਤੇ ਇਸੇ ਬੀਮਾਰੀ ਦੇ ਕਾਰਨ 7 ਨਵੰਬਰ 1862 ਨੂੰ 82 ਸਾਲ ਦੀ ਉਮਰ ਵਿਚ ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਹੋ ਗਈ। ਇਸ ਦੀ ਦੇਹ ਨੂੰ ਬੰਗਲੇ ਦੇ ਇਹਾਤੇ ਵਿਚ ਦਫ਼ਨ ਕਰਕੇ ਉਸ ਉਪਰ ਕੱਚੀ ਕਬਰ ਬਣਾਈ ਗਈ। ਬਾਅਦ ਵਿਚ ਇਹ ਇਹਾਤਾ ਇਕ ਯੂਰਪੀਨ ਨੂੰ ਪੱਟੇ ਤੇ ਦੇ ਦਿੱਤਾ ਗਿਆ। ਕਬਰ ਦੇ ਲਾਗੇ ਉਸ ਨੇ ਘੋੜੇ ਸਿਧਾਉਣ ਦੀ ਥਾਂ ਬਣਾਈ ਜਿਸ ਨਾਲ ਛੇਤੀ ਹੀ ਬਾਦਸ਼ਾਹ ਅਤੇ ਮਗਰੋਂ ਜ਼ੀਨਤ ਮਹਲ ਦੀਆਂ ਬਣੀਆਂ ਕਬਰਾਂ ਦੇ ਨਿਸ਼ਾਨ ਮਿਟ ਗਏ। ਜ਼ਫ਼ਰ ਦਾ ਆਪਣਾ ਕਿਹਾ ਕਲਾਮ ਇਕ ਵੇਰਾਂ ਤਾਂ ਭਵਿੱਖ ਬਾਣੀ ਬਣ ਗਿਆ।

"ਪਸਿ ਮਰਗ ਕਬਰ ਪਰ ਐ 'ਜ਼ਫ਼ਰ'
ਕੋਈ ਫ਼ਾਤਿਹ ਭੀ ਕਹਾਂ ਪੜ੍ਹੇ
ਵੁਹ ਜੋ ਟੂਟੀ ਕਬਰ ਕਾ ਥਾ ਨਿਸ਼ਾਂ
ਉਸੇ ਠੋਕਰੋਂ ਸੇ ਉੜਾ ਦਿਯਾ।"

ਵਰਤਮਾਨ ਸਦੀ ਦੇ ਮੁੱਢ ਵਿਚ ਕਬਰ ਦੀ ਥਾਂ ਦਾ ਪਤਾ ਲਾਇਆ ਗਿਆ ਅਤੇ ਨਵੇਂ ਸਿਰਿਓਂ ਕਬਰ ਬਣਾ ਕੇ ਉਸ ਉੱਤੇ ਲੌਹ ਲਾਈ ਗਈ। ਇਸ ਦੇ ਸੱਜੇ ਪਾਸੇ ਹੀ ਮਲਕਾ ਜ਼ੀਨਤ ਮਹਲ ਦੀ ਕਬਰ ਵੀ ਦੁਬਾਰਾ ਬਣਾ ਦਿੱਤੀ ਗਈ।

ਬਾਦਸ਼ਾਹ ਦਾ ਆਪਣੀ ਜਲਾਵਤਨੀ ਅਤੇ ਵਤਨ ਤੋਂ ਦੂਰ ਰਹਿਣ ਦਾ ਗ਼ਮ ਬੜਾ ਡੂੰਘਾ ਸੀ। ਮੌਤ ਮਗਰੋਂ ਵਤਨ ਦੀ ਮਿੱਟੀ ਵੀ ਨਸੀਬ ਵਿਚ ਨਾ ਹੋਣ ਦੇ ਅਹਿਸਾਸ ਨੇ ਇਸ ਗ਼ਮ ਵਿਚ ਹੋਰ ਵੀ ਵਾਧਾ ਕਰ ਦਿੱਤਾ।

"ਹੈ ਕਿਤਨਾ ਬਦਨਸੀਬ 'ਜ਼ਫ਼ਰ' ਦਫ਼ਨ ਕੇ ਲਿਯੇ
ਦੋ ਗ਼ਜ਼ ਜ਼ਮੀਂ ਭੀ ਮਿਲ ਨ ਸਕੀ ਕੂਏ ਯਾਰ ਮੇਂ।

ਬਾਦਸ਼ਾਹ ਦਾ ਇਹ ਸ਼ੇਅਰ ਉਸ ਦੇ ਮਨ ਦੀ ਅਵੱਸਥਾ ਨੂੰ ਬਿਆਨ ਕਰਦਾ ਹੈ।

ਹ. ਪੁ. -ਕਲਾਮਿ ਜ਼ਫ਼ਰ -ਭਾ. ਵਿ. ਪੰ.

**ਜ਼ਫ਼ਰਵਾਲ** : ਇਹ ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ ਵਿਚ ਇਸੇ ਨਾਂ ਦੀ ਤਹਿਸੀਲ ਦਾ ਸਦਰਮੁਕਾਮ ਹੈ ਜਿਹੜਾ ਦੇਗ ਦਰਿਆ ਦੇ ਪੂਰਬੀ ਕੰਢੇ ਤੇ ਵਸਿਆ ਹੋਇਆ ਹੈ। ਸ਼ਹਿਰ ਦਾ ਨਾਂ ਜ਼ਫ਼ਰ ਖ਼ਾਂ ਨਾਮੀ ਇਕ ਬਾਜਵਾ ਜੱਟ ਦੇ ਨਾਂ ਤੇ ਪਿਆ ਦੱਸਿਆ ਜਾਂਦਾ ਹੈ ਜਿਸ ਨੇ ਅੱਜ ਤੋਂ ਕੋਈ 500 ਸਾਲ ਪਹਿਲਾਂ ਇਸ ਦੀ ਨੀਂਹ ਰੱਖੀ। ਵਣਜ ਪੱਖੋਂ ਇਸ ਸਥਾਨ ਦੀ ਭਾਵੇਂ ਕੋਈ ਖ਼ਾਸ ਮਹੱਤਤਾ ਨਹੀਂ ਸੀ ਪਰ ਅਮਰੀਕਾ ਦੇ ਪ੍ਰੈਸਬੀਟਰੀ ਸੰਘ ਦਾ ਮਿਸ਼ਨਰੀ ਪੜਾਅ ਹੋਣ ਕਰਕੇ ਮਸ਼ਹੂਰ ਹੋਇਆ। ਸੰਨ 1867 ਵਿਚ ਇਥੇ ਮਿਉਂਸਪਲਟੀ ਸਥਾਪਿਤ ਹੋਈ। ਅੰਗਰੇਜ਼ਾਂ ਵੇਲੇ

ਇਥੇ ਇਕ ਐਂਗਲੋ ਵਰਨੈਕੂਲਰ ਮਿਡਲ ਸਕੂਲ ਨਗਰ ਪਾਲਿਕਾ ਵੱਲੋਂ ਚਲਾਇਆ ਗਿਆ ਅਤੇ ਇਕ ਸਰਕਾਰੀ ਡਿਸਪੈਂਸਰੀ ਵੀ ਖੋਲ੍ਹੀ ਗਈ।

32° 20′ ਉ. ਵਿਥ.; 74° 55′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 24: 427

**ਜ਼ਫ਼ਰਾਬਾਦ** : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿਚ ਜੌਨਪੁਰ ਜ਼ਿਲ੍ਹੇ ਦੀ ਜੌਨਪੁਰ ਤਹਿਸੀਲ ਦਾ ਛੋਟਾ ਜਿਹਾ ਸ਼ਹਿਰ ਹੈ। ਇਹ ਸ਼ਹਿਰ ਗੋਮਤੀ ਨਦੀ ਦੇ ਸੱਜੇ ਕੰਢੇ ਜੌਨਪੁਰ ਤੋਂ ਦੱਖਣ-ਪੂਰਬ ਵੱਲ 8 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਹ ਪ੍ਰਾਚੀਨ ਇਤਿਹਾਸਕ ਸ਼ਹਿਰ ਹੈ ਜਿਸ ਦਾ ਪੁਰਾਣਾ ਨਾਂ ਮਨੈਚ ਹੋਇਆ ਕਰਦਾ ਸੀ। ਇਥੇ ਅਸਨੀ ਅਤੇ ਰਾਤਾਗੜ੍ਹ ਨਾਂ ਦੇ ਕਿਲੇ ਕਾਇਮ ਸਨ। ਸੰਨ 1019 ਵਿਚ ਮਹਿਮੂਦ ਗਜ਼ਨੀ ਦੇ ਹੱਲੇ ਪਿੱਛੋਂ ਲਗਭਗ 170 ਸਾਲਾਂ ਤੀਕ ਇਹ ਕਨੌਜ ਸਾਮਰਾਜ ਦਾ ਹਿੱਸਾ ਰਿਹਾ। ਸੰਨ 1194 ਵਿਚ ਇਹ ਮੁਹੰਮਦ ਬਿਨ ਕਾਸਿਮ ਦੇ ਕਬਜ਼ੇ ਹੇਠ ਆ ਗਿਆ। ਸੰਨ 1321 ਵਿਚ ਗਿਆਸੁਦੀਨ ਤੁਗ਼ਲਕ ਨੇ ਆਪਣੇ ਲੜਕੇ ਜ਼ਫ਼ਰ ਨੂੰ ਭਾਰੀ ਫ਼ੌਜ ਦੇ ਕੇ ਰਾਜਪੂਤਾਂ ਨੂੰ ਕੁਚਲਣ ਲਈ ਭੇਜਿਆ ਪਰ ਦੱਸਿਆ ਜਾਂਦਾ ਹੈ ਕਿ ਲੜਾਈ ਲੜਨ ਦੀ ਬਜਾਏ ਹਿੰਦੂ ਅਤੇ ਇਸਲਾਮ ਧਰਮ ਦੇ ਗੁਣ ਅਤੇ ਔਗਣਾਂ ਤੇ ਬਹਿਸ ਹੋਈ ਜਿਸ ਵਿਚ ਰਾਜਪੂਤ ਮੁਖੀ ਹਾਰ ਗਿਆ ਅਤੇ ਉਹ ਆਪ ਹੀ ਮੁਸਲਮਾਨ ਬਣ ਗਿਆ। ਇਸ ਤਰ੍ਹਾਂ ਜ਼ਫ਼ਰ ਇਥੋ ਦਾ ਗਵਰਨਰ ਬਣ ਗਿਆ ਅਤੇ ਸ਼ਹਿਰ ਦਾ ਨਾਂ ਬਦਲ ਕੇ ਜ਼ਫ਼ਰਾਬਾਦ ਹੀ ਰੱਖ ਦਿੱਤਾ ਗਿਆ। ਸ਼ਹਿਰ ਦੇ ਆਸ ਪਾਸ ਪ੍ਰਾਚੀਨ ਮਸਜਿਦਾਂ ਅਤੇ ਹੋਰ ਇਮਾਰਤਾਂ ਦੇ ਥੇਹ ਵੇਖਣ ਨੂੰ ਮਿਲਦੇ ਹਨ। ਅਸਨੀ ਅਤੇ ਰਾਤਾਗੜ੍ਹ ਦੇ ਕਿਲੇ ਵੀ ਵਿਸ਼ਾਲ ਥੇਹਾਂ ਵਿਚ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਦੇ ਨਾਲ ਹੀ ਮਜ਼ਾਰਾਂ ਨਾਲ ਭਰਿਆ 'ਸ਼ਹੀਦਾਂ ਦਾ ਮੈਦਾਨ' ਹੈ ਜਿਥੇ ਇਨ੍ਹਾਂ ਕਿਲਿਆਂ ਦੀ ਰਾਖੀ ਕਰਦੇ ਇਹ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚੋਂ ਸ਼ੇਖ ਬਚਨ ਦੀ ਮਸਜਿਦ, ਜਿਹੜੀ 1371 ਜਾਂ 1321 ਈ: ਵਿਚ ਕਿਸੇ ਬੋਧੀ ਮੰਦਰ ਨੂੰ ਢਾਹ ਕੇ ਬਣਾਈ ਗਈ ਸੀ, ਵਰਣਨਯੋਗ ਹੈ।

ਆਬਾਦੀ—7,982 (1991)

25° 42′ ਉ. ਵਿਥ.; 82° 44′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 24: 426

**ਜ਼ਫੂ** : ਇਹ ਚੀਨ ਦੇ ਸ਼ਾਨਡੁੰਗ ਪ੍ਰਾਂਤ ਦੇ ਉੱਤਰੀ ਤਟ ਦਾ ਇਕ ਬੰਦਰਗਾਹੀ ਸ਼ਹਿਰ, ਕਾਉਂਟੀ ਪੱਧਰ ਦੀ ਮਿਉਂਸਪਲਟੀ ਅਤੇ ਯੈਨਤਾਈ Yen tai (ti-ch'v) ਖੇਤਰ ਦਾ ਪ੍ਰਬੰਧਕੀ ਕੇਂਦਰ ਹੈ। ਲਗਭਗ ਤੀਜੀ ਈ. ਪੂ. ਵਿਚ ਇਸ ਦਾ ਨਾਂ ਯੈਨਤਾਈ ਸੀ। ਇਹ ਇਸ ਸਾਹਿਲ ਦੀਆਂ ਡੂੰਘੀਆਂ ਬੰਦਰਗਾਹਾਂ ਵਿਚੋਂ ਹੈ। ਜ਼ਫੂ ਬੇਸ਼ਕ ਪਹਿਲਾਂ ਤੋਂ ਹੀ ਸੰਧੀ ਅਨੁਸਾਰ, ਵਿਦੇਸ਼ੀ ਵਪਾਰ ਲਈ ਖੁਲ੍ਹੇ ਤੌਰ ਤੇ ਬੰਦਰਗਾਹ ਹੈ ਪਰ ਇਥੇ ਕੋਈ ਬਿਦੇਸ਼ੀ ਬਸਤੀਆਂ ਨਹੀਂ ਹਨ।

ਸੰਨ 1863 ਵਿਚ ਇਹ ਬੰਦਰਗਾਹ ਬਦੇਸ਼ੀ ਵਪਾਰ ਲਈ ਖੋਲ੍ਹੀ ਗਈ ਸੀ। ਇਸ ਤੋਂ ਤਿੰਨ ਸਾਲ ਪਹਿਲਾਂ ਫ਼ਰਾਂਸੀਸੀ ਤੇ ਬਰਤਾਨਵੀ ਸਮੁੰਦਰੀ ਸੈਨਾ ਦੀਆਂ ਟੁਕੜੀਆਂ ਵੀ ਇਥੇ ਵਪਾਰ ਕਰਦੀਆਂ ਰਹੀਆਂ ਹਨ। ਪੱਛਮੀ ਵਪਾਰੀਆਂ ਨੇ ਤਾਂ ਜਲਦੀ ਹੀ ਹੈਟਾਂ ਵਾਸਤੇ ਵੱਟੀਆਂ ਹੋਈਆਂ ਰੱਸੀਆਂ, ਪੂੰਗੀਦਾ (ਰੇਸ਼ਮੀ) ਕੱਪੜਾ, ਟਸਰ ਦੇ ਰੇਸ਼ਮੀ ਧਾਗੇ ਅਤੇ ਔਰਤਾਂ ਦੇ ਵਾਲਾਂ ਤੇ ਲਗਾਉਣ ਵਾਲੀਆਂ ਜਾਲੀਆਂ ਦੀ ਬਰਾਮਦ ਸ਼ੁਰੂ ਕਰ ਦਿੱਤੀ ਦੂਜੇ ਪਾਸੇ ਯੂਰਪੀ ਪ੍ਰਚਾਰਕਾਂ ਨੇ ਬਰਾਮਦ ਦੇ ਮੰਤਵ ਨੂੰ ਮੁੱਖ ਰੱਖਦਿਆਂ ਹੋਇਆਂ ਲੇਸਾਂ ਬਣਾਉਣ ਤੇ ਸੂਈ ਦੇ ਕੰਮ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ।

ਜ਼ਫੂ ਬੰਦਰਗਾਹ ਦਾ ਇਹ ਖੇਤਰ ਸੇਬ, ਨਾਸ਼ਪਤੀ ਤੇ ਅੰਗੂਰਾਂ ਦੀ ਫ਼ਸਲ ਲਈ ਮਸ਼ਹੂਰ ਹੈ। ਪੱਛਮੀ ਮਿਸ਼ਨਰੀਆਂ ਨੇ ਇਥੋਂ ਦੀਆਂ ਖੇਤਰੀ ਫ਼ਸਲਾਂ ਵਿਚ ਵੀ ਕਾਫ਼ੀ ਬਿਹਤਰੀ ਲਿਆਂਦੀ ਹੈ। ਅੰਗੂਰਾਂ ਦੀ ਸ਼ਰਾਬ ਦੇ ਉਦਯੋਗ ਨੂੰ ਸਥਾਪਿਤ ਕਰਨ ਵਿਚ ਵੀ ਮਦਦ ਕੀਤੀ ਹੈ। ਹੁਣ ਵੀ ਇਹ ਉਦਯੋਗ ਪ੍ਰਫੁੱਲਤ ਹੋ ਰਿਹਾ ਹੈ। ਕਈ ਸਾਲ ਤੱਕ ਤਾਂ ਸੰਯੁਕਤ ਰਾਜ ਦੇ ਸਮੁੰਦਰੀ ਸੈਨਿਕ ਅਤੇ ਬਾਹਰਲੇ ਯਾਤਰੀਆਂ ਲਈ 'ਜ਼ਫੂ' ਇਕ ਮਸ਼ਹੂਰ ਸੈਰਗਾਹ ਦੇ ਤੌਰ ਤੇ ਵੀ ਬਹੁਤ ਮਸ਼ਹੂਰ ਰਹੀ। ਇਥੋਂ ਖਾੜੀ ਚੀਲੀ ਦੇ ਪਾਰ ਆਨਦੁੰਸ ਅਤੇ ਜਾਪਾਨ ਨਾਲ ਵੀ ਕਾਫ਼ੀ ਵਪਾਰ ਕੀਤਾ ਜਾਂਦਾ ਸੀ। ਸੰਨ 1956 ਤੱਕ ਜ਼ਫੂ ਅਤੇ ਇਸਦੇ ਅੰਦਰਲੇ ਇਲਾਕਿਆਂ ਵਿਚ ਢੋਆ-ਢੁਆਈ ਲਈ ਆਮ ਤੌਰ ਤੇ ਖੱਚਰਾਂ ਤੇ ਛਕੜੇ ਵਰਤੇ ਜਾਂਦੇ ਸਨ। ਕਦੇ ਕਦਾਈ, ਮਾਲ ਮੋਟਰ-ਟਰੱਕਾਂ ਰਾਹੀਂ ਵੀ ਇਕ ਜਗ੍ਹਾਂ ਤੋਂ ਦੂਜੀ ਜਗ੍ਹਾ ਪਹੁੰਚਾਇਆ ਜਾਂਦਾ ਸੀ। ਇਸ ਪਿੱਛੋਂ ਚਿੰਗਦੇਉ-ਜੀਨਾਨ ਨਾਮੀ ਇਕ ਰੇਲ ਮਾਰਗ ਤਿਆਰ ਕੀਤਾ ਗਿਆ। ਅੰਤਰੀਵੀ ਭਾਗਾਂ ਨੂੰ ਭੇਜੀ ਜਾਣ ਵਾਲੀ ਜਿਣਸ ਅਤੇ ਮੱਛੀ ਆਦਿ ਰੇਲ ਰਾਹੀਂ ਜਾਣੀ ਸ਼ੁਰੂ ਹੋ ਗਈ। ਇਸ ਤੋਂ ਬਿਨ੍ਹਾਂ ਸਮੁੰਦਰੀ ਸੈਨਾ ਦੀ ਸਪਲਾਈ ਵੀ ਇਸੇ ਰਾਹੀਂ ਕੀਤੀ ਜਾਣ ਲੱਗੀ।

ਹ. ਪੁ. -ਐਨ. ਬ੍ਰਿ. 5.367; ਕੋਲ. ਐਨ ; ਐਨ. ਬ੍ਰਿ. ਮਾ. 2: 789

**ਜ਼ਬਤੀ (ਜ਼ਬਤ)** : ਇਹ ਭੂਮੀ ਤੇ ਕਰ ਲਗਾਉਣ ਦੀ ਇਕ ਪ੍ਰਣਾਲੀ ਹੈ। ਇਹ ਪ੍ਰਣਾਲੀ ਪੈਮਾਇਸ਼ ਉੱਤੇ ਆਧਾਰਿਤ ਹੈ। ਭਾਰਤ ਵਿਚ ਇਹ ਪ੍ਰਣਾਲੀ ਮੁਗ਼ਲਾਂ ਅਤੇ ਸੂਰ ਬਾਦਸ਼ਾਹਾਂ ਦੇ ਸਮੇਂ ਹੋਂਦ ਵਿਚ ਆਈ। ਇਸ ਨੂੰ ਆਮ ਤੌਰ ਤੇ ਜ਼ਬਤੀ ਪਰ ਕਦੀ ਕਦੀ 'ਜਰੀਬ' ਜਾਂ 'ਅਮਲ-ਇ-ਜਰੀਬ' ਵੀ ਕਿਹਾ ਜਾਂਦਾ ਹੈ। ਅਬੁਲ ਫ਼ਜ਼ਲ ਅਨੁਸਾਰ ਸ਼ੇਰਸ਼ਾਹ ਸੂਰੀ (1540-45) ਅਤੇ ਇਸਲਾਮ ਸ਼ਾਹ (1545-54) ਨੇ ਇਸ ਪ੍ਰਣਾਲੀ ਨੂੰ ਪ੍ਰਚੱਲਤ ਕੀਤਾ ਸੀ। ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਮੁੱਢ ਵਿਚ ਹੀ ਖੜ੍ਹੀ ਫ਼ਸਲ ਦੇ ਅੰਦਾਜ਼ੇ ਅਨੁਸਾਰ ਪ੍ਰਤੀ ਵਿੱਘਾ, ਦਰ ਨਿਸ਼ਚਿਤ ਕਰ ਦਿੱਤੀ ਜਾਂਦੀ ਸੀ ਨਾ ਕਿ ਫ਼ਸਲ ਦੀ ਕਟਾਈ ਵੇਲੇ। ਮਾਪੀ ਹੋਈ ਭੂਮੀ ਤੇ ਲਗਾਨ ਦੀ ਦਰ ਇਕ-ਤਿਹਾਈ ਸੀ। ਪਹਿਲਾਂ ਇਹ ਕਰ ਜਿਨਸ ਦੀ ਸ਼ਕਲ ਵਿਚ ਲਿਆ ਜਾਂਦਾ ਸੀ ਪਰ ਮਗਰੋਂ ਪ੍ਰਚੱਲਤ ਕੀਮਤਾਂ ਦੇ ਆਧਾਰ ਤੇ ਬਣਦੀ ਜਿਨਸ ਦੀ ਕੀਮਤ ਨਕਦ ਲੈ ਲਈ ਜਾਂਦੀ ਸੀ। ਭ੍ਰਿਸ਼ਟਾਚਾਰ ਦੀ ਕਿਉਂਕਿ ਗੁੰਜਾਇਸ਼ ਰਹਿੰਦੀ ਸੀ ਇਸ ਲਈ ਅਕਬਰ (1556-1605) ਨੇ ਇਹ ਨਕਦੀ ਵਿਚ ਹੀ ਲਾਗੂ ਕੀਤਾ। ਉਪਜ ਅਤੇ ਤਤਕਾਲੀਨ ਦਸ ਸਾਲਾਂ ਦੀਆਂ ਪ੍ਰਚੱਲਤ ਕੀਮਤਾਂ ਦਾ ਨਿਰੀਖਣ ਕਰਨ ਉਪਰੰਤ ਅਲੱਗ-ਅਲੱਗ ਫ਼ਸਲਾਂ ਲਈ ਹਰ ਖੇਤਰ ਵਿਚ ਪ੍ਰਤੀ ਵਿੱਘਾ ਨਕਦ ਲਗਾਨ (ਦਸਤੂਰ) ਲਾਗੂ ਹੁੰਦਾ ਸੀ। ਜ਼ਬਤੀ ਵਿਚ ਲਗਾਨ, ਬੀਜੀ ਹੋਈ ਜ਼ਮੀਨ ਨੂੰ ਦਸਤੂਰ ਨਾਲ ਗੁਣਾ ਕਰਕੇ ਨਕਦ ਨਿਰਧਾਰਿਤ ਕੀਤਾ ਜਾਂਦਾ ਸੀ। ਲਗਾਨ ਨਿਰਧਾਰਿਤ ਕਰਨ ਲਈ ਧਰਤੀ ਦੀ ਮਿਣਤੀ ਹਰ ਸਾਲ ਨਹੀਂ ਕੀਤੀ ਜਾਂਦੀ ਸੀ, ਸਗੋਂ ਪਿਛਲੇ ਸਾਲਾਂ ਦੀ ਮਿਣਤੀ ਨੂੰ ਹੀ ਆਧਾਰ ਮੰਨ ਲਿਆ ਜਾਂਦਾ ਸੀ।

ਸ਼ੇਰਸ਼ਾਹ ਨੇ ਜ਼ਬਤ ਪੱਧਤੀ ਨੂੰ ਮੁਲਤਾਨ ਅਤੇ ਬੰਗਾਲ ਨੂੰ ਛੱਡ ਕੇ ਆਪਣੇ ਸਾਰੇ ਰਾਜ ਵਿਚ ਲਾਗੂ ਕੀਤਾ। ਅਕਬਰ ਦੇ ਸਮੇਂ ਇਸ ਪੱਧਤੀ ਦਾ ਹੋਰ ਵਿਕਾਸ ਹੋਇਆ। ਮੁਰਸ਼ਿਦ ਕੁਲੀ ਖ਼ਾਂ (1652-58) ਦੇ ਸਮੇਂ ਦੱਖਣ ਦੇ ਮੁਗ਼ਲ ਪ੍ਰਾਂਤਾਂ ਅਤੇ ਔਰੰਗਜ਼ੇਬ (1656-1707) ਸਮੇਂ ਉੱਤਰੀ ਭਾਰਤ ਵਿਚ ਇਸ ਪੱਧਤੀ ਦਾ ਵਿਕਾਸ ਹੋਇਆ। ਮੁਗ਼ਲ ਸਾਮਰਾਜ ਦੇ ਪਤਨ ਸਮੇਂ ਇਸ ਪੱਧਤੀ ਵਿਚ ਜਾਂ ਤਾਂ ਤਬਦੀਲੀਆਂ ਕਰ ਦਿੱਤੀਆਂ ਗਈਆਂ ਜਾਂ ਇਸ ਨੂੰ ਛੱਡ ਦਿੱਤਾ ਗਿਆ ਪਰ ਕੁਝ ਸਮਾਂ ਪਹਿਲਾਂ ਤੱਕ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ 'ਜ਼ਬਤੀ ਲਗਾਨ' ਦਾ ਰਿਵਾਜ ਸੀ। ਇਹ ਲਗਾਨ ਕੁਝ ਫ਼ਸਲਾਂ ਤੇ ਬੀਜੀ ਹੋਈ ਜ਼ਮੀਨ ਦੇ ਆਧਾਰ ਤੇ ਨਕਦ ਵਸੂਲ ਕੀਤਾ ਜਾਂਦਾ ਸੀ।

ਹ. ਪੁ.-ਹਿੰ. ਵਿ. ਕੋ. 4: 387

**ਜੰਬਰ** : ਪਾਕਿਸਤਾਨ ਦੇ ਪੰਜਾਬ ਸੂਬੇ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਚੂਣੀਆਂ ਅਤੇ ਥਾਣਾ ਛਾਂਗਾਮਾਂਗਾ ਦਾ ਇਕ ਇਤਿਹਾਸਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਛਾਂਗਾਮਾਂਗਾ ਤੋਂ 8 ਕਿ. ਮੀ. (5 ਮੀਲ) ਦੀ ਦੂਰੀ ਤੇ ਸਥਿਤ ਹੈ। ਇਸ ਥਾਂ ਤੇ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰੇਮੇ ਨਾਂ ਦੇ ਇਕ ਸਿੱਖ ਦਾ ਪ੍ਰੇਮ ਅਤੇ ਸ਼ਰਧਾ ਵੇਖ ਕੇ ਆਏ ਸਨ। ਕਹਿੰਦੇ ਹਨ ਕਿ ਜਦੋਂ ਗੁਰੂ ਸਾਹਿਬ ਇਥੇ ਬਿਰਾਜੇ ਸਨ ਤਾਂ ਉਨ੍ਹਾਂ ਨੇ ਕਿਦਾਰ ਸਾਮਦੂ, ਮੁਕੰਦਾ ਤੁਲਸਾ, ਲਾਲੂ ਅਤੇ ਕਈ ਹੋਰਨਾਂ ਦਾ ਜੀਵਨ ਹੀ ਬਦਲ ਦਿੱਤਾ ਸੀ ਅਤੇ ਉਹ ਸਿੱਖ ਧਰਮ ਦੇ ਪੱਕੇ ਪੈਰੋਕਾਰ ਬਣ ਗਏ ਸਨ। ਇਸ ਥਾਂ ਤੇ ਦੋ ਥੰਮ੍ਹ ਹਨ ਜਿਨ੍ਹਾਂ ਨੂੰ 'ਦੁਖਨਿਵਾਰਨ' ਕਹਿੰਦੇ ਹਨ। ਸ਼ਰਧਾਲੂ ਲੋਕਾਂ ਦਾ ਵਿਸ਼ਵਾਸ ਹੈ ਕਿ ਇਨ੍ਹਾਂ ਨੂੰ ਛੂਹਣ ਨਾਲ ਦੁੱਖ ਦਰਦ ਦੂਰ ਹੋ ਜਾਂਦੇ ਹਨ। ਗੁਰੂ ਸਾਹਿਬ ਦੀ ਪਵਿੱਤਰ ਯਾਦ ਵਿਚ ਇਥੇ ਇਕ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਂ 165 ਘੁਮਾਉਂ (ਇਕ ਹੋਰ ਲੇਖਕ ਅਨੁਸਾਰ ਲਗਭਗ 150 ਏਕੜ) ਜ਼ਮੀਨ ਲੱਗੀ ਹੋਈ ਹੈ।

ਹ. ਪੁ.–ਮ. ਕੋ. : 540; ਸਿ. ਸ੍ਰ. ਵੈ. ਪਾਕਿ. -ਖ਼ਾਨ ਮੁਹੰਮਦ ਵਲੀਉੱਲਾਖ਼ਾਨ

**ਜਬਰ-ਜਨਾਹ** : ਕਿਸੇ ਔਰਤ ਦੇ ਜਬਰੀ ਸਤ-ਭੰਗ ਕਰਨ ਜਾਂ ਉਸ ਦੇ ਅਪਹਰਣ ਨੂੰ ਜਬਰ-ਜਨਾਹ ਕਿਹਾ ਜਾਂਦਾ ਹੈ। ਜੇਕਰ ਔਰਤ ਨਾਬਾਲਗ ਹੋਵੇ ਅਤੇ ਉਸ ਦੀ ਸਹਿਮਤੀ ਵੀ ਹੋਵੇ ਤਾਂ ਵੀ ਜਬਰ-ਜਨਾਹ ਨੂੰ ਅਪਰਾਧ ਸਮਝਿਆ ਜਾਂਦਾ ਹੈ।

ਮੁੱਢ ਕਦੀਮ ਤੋਂ ਹੀ ਜਬਰ-ਜਨਾਹ ਸਾਰੇ ਸਮਾਜਾਂ ਵਿਚ ਘ੍ਰਿਣਾਯੋਗ ਅਪਰਾਧ ਮੰਨਿਆ ਜਾਂਦਾ ਰਿਹਾ ਹੈ। ਹਜ਼ਰਤ ਮੂਸਾ ਦੇ ਕਾਨੂੰਨ ਵਿਚ ਕਿਸੇ ਮੰਗੀ ਹੋਈ ਕੁੜੀ ਨਾਲ ਜਬਰ-ਜਨਾਹ ਕਰਨ ਲਈ ਮੌਤ ਦੀ ਸਜ਼ਾ ਦਾ ਵਿਧਾਨ ਸੀ। ਜੇਕਰ ਕੁੜੀ ਕੁਆਰੀ ਹੋਵੇ ਤਾਂ ਉਨ੍ਹਾਂ ਦੇ ਕਾਨੂੰਨ ਅਨੁਸਾਰ ਜਬਰ-ਜਨਾਹ ਕਰਨ ਵਾਲੇ ਨੂੰ ਭਾਰੀ ਜੁਰਮਾਨਾ ਉਸ ਕੁੜੀ ਦੇ ਪਿਤਾ ਨੂੰ ਦੇਣਾ ਪੈਂਦਾ ਸੀ ਅਤੇ ਉਸੇ ਕੁੜੀ ਨਾਲ ਵਿਆਹ ਵੀ ਕਰਨਾ ਪੈਂਦਾ ਸੀ। ਰੋਮਨ ਕਾਨੂੰਨ ਵਿਚ ਇਸੇ ਅਪਰਾਧ ਲਈ ਮੌਤ ਦੀ ਸਜ਼ਾ ਨਿਸ਼ਚਿਤ ਸੀ। ਪੁਰਾਤਨ ਹਿੰਦੂ ਕਾਨੂੰਨ ਵਿਚ ਲਿੰਗਕ ਅਪਰਾਧਾਂ ਲਈ ਬਹੁਤ ਸਾਰੀਆਂ ਸਜ਼ਾਵਾਂ ਦੱਸੀਆਂ ਗਈਆਂ ਹਨ।

ਮੁਢਲੇ ਅੰਗਰੇਜ਼ੀ ਕਾਨੂੰਨ ਵਿਚ ਜਬਰ-ਜਨਾਹ ਨੂੰ ਘੋਰ ਅਪਰਾਧ ਮੰਨਿਆ ਜਾਂਦਾ ਸੀ ਜਿਸ ਦੀ ਸਜ਼ਾ ਮੌਤ ਸੀ। ਅੰਗ੍ਰੇਜ਼ੀ ਕਾਨੂੰਨ ਅਨੁਸਾਰ ਅੱਜਕੱਲ੍ਹ ਇਸ ਅਪਰਾਧ ਦੀ ਸਜ਼ਾ ਉਮਰ-ਕੈਦ ਹੈ।

ਸੰਯੁਕਤ ਰਾਜ ਅਮਰੀਕਾ ਵਿਚ ਜਬਰ-ਜਨਾਹ ਦੀ ਸਜ਼ਾ ਬਹੁਤ ਸਖ਼ਤ ਸੀ। ਅਮਰੀਕਾ ਦੇ ਕੁਝ ਰਾਜਾਂ ਵਿਚ ਇਸ ਅਪਰਾਧ ਦੀ ਸਜ਼ਾ ਮੌਤ ਅਤੇ ਕੁਝ ਰਾਜਾਂ ਵਿਚ ਉਮਰ-ਕੈਦ ਸੀ। ਹੁਣ ਵੀ ਅਮਰੀਕਾ ਦੇ ਕਾਨੂੰਨ ਵਿਚ ਇਸ ਅਪਰਾਧ ਲਈ 40 ਸਾਲ, 60 ਸਾਲ ਜਾਂ 90 ਸਾਲ ਦੀ ਕੈਦ ਅਤੇ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

ਭਾਰਤੀ ਦੰਡ-ਸੰਘਤਾ ਦੀ ਧਾਰਾ 375 ਜਬਰ-ਜਨਾਹ ਨੂੰ ਪਰਿਭਾਸ਼ਿਤ ਕਰਦੀ ਹੈ ਅਤੇ ਧਾਰਾ 376 ਇਸ ਅਪਰਾਧ ਲਈ ਸਜ਼ਾ ਦਸਦੀ ਹੈ ਜਿਸ ਅਨੁਸਾਰ ਇਸ ਦੇ ਅਪਰਾਧੀ ਨੂੰ ਉਮਰ ਕੈਦ ਤੱਕ ਹੋ ਸਕਦੀ ਹੈ ਅਤੇ ਇਸ ਦੇ ਨਾਲ ਜੁਰਮਾਨਾ ਵੀ ਹੋ ਸਕਦਾ ਹੈ ਪਰ ਆਮ ਤੌਰ ਤੇ ਸਜ਼ਾ ਸੱਤ ਸਾਲ ਤੱਕ ਹੀ ਕੀਤੀ ਜਾਂਦੀ ਹੈ।

ਹ. ਪੁ.–ਦੀ ਟ੍ਰਿਬਿਊਨ, ਜੁਲਾਈ 30, 1981

**ਜਬਲ ਸਮਰ** : ਇਹ ਉੱਤਰੀ ਸਊਦੀ ਅਰਬ ਦਾ ਇਕ ਪਹਾੜੀ ਖੰਡ ਹੈ ਜਿਸ ਦੇ ਦੱਖਣ ਵੱਲ ਅਲ ਕਾਸਿਮ ਪ੍ਰਾਂਤ, ਪੱਛਮ ਵੱਲ ਹੈਜਾਜ਼, ਪੂਰਬ ਵੱਲ ਐਸ. ਸਰਕੀਆ ਅਤੇ ਹਦੂਦ ਐਸ਼ ਸ਼ਮਾਲੀਆ ਵਾਕਿਆ ਹਨ ਜਿਹੜੇ ਸਊਦੀ ਅਰਬ ਨੂੰ ਈਰਾਨ ਨਾਲੋਂ ਉੱਤਰ ਵੱਲੋਂ ਵੱਖ ਕਰਦੇ ਹਨ। ਇਥੇ ਬਹੁਤ ਦੇਰ ਤੱਕ ਸਾਮਰ ਕਬੀਲਾ ਰਹਿੰਦਾ ਰਿਹਾ ਹੈ। ਸੰਨ 1834 ਤੋਂ 1921 ਤੱਕ ਇਥੇ ਇਬਨ ਰਾਸਹਿਦ ਖ਼ਾਨਦਾਨ ਦਾ ਰਾਜ ਰਿਹਾ। ਸੰਨ 1932 ਵਿਚ ਸਊਦੀ ਅਰਬ ਦੇ ਰਾਜ ਬਣਨ ਤਕ ਇਥੇ ਪੂਰਬੀ ਸਾਊਦ-ਖ਼ਾਨਦਾਨ, ਰਾਸਹਿਦ ਸ਼ਾਸਕਾਂ ਅਤੇ ਮੱਕੇ ਦੇ ਸ਼ਰੀਫ਼ਾਂ ਵਿਚਕਾਰ ਝਗੜਾ ਹੁੰਦਾ ਰਿਹਾ। ਇਥੋਂ ਦੇ ਮੁੱਖ ਸ਼ਹਿਰ ਹੀਲ ਦੇ ਨਖ਼ਲਿਸਤਾਨ ਅਤੇ ਫੇਦ ਹਨ।

ਹ. ਪੁ.–ਐਨ. ਬ੍ਰਿ. ਮਾ. 6 : 451

**ਜੱਬਲਪੁਰ** : ਮੰਡਲ–ਮੱਧ ਪ੍ਰਦੇਸ਼ ਰਾਜ (ਭਾਰਤ) ਦਾ ਇਕ ਪ੍ਰਸ਼ਾਸਕੀ ਖੰਡ ਹੈ ਜਿਸ ਵਿਚ ਜੱਬਲਪੁਰ, ਬਾਲਾਘਾਟ, ਛਿੰਦਵਾੜਾ, ਦਮੋਹ, ਮਾਂਡਲਾ, ਨਰਸਿੰਹਪੁਰ ਸਾਗਰ ਅਤੇ ਸਿਓਨੀ ਜ਼ਿਲ੍ਹੇ ਸ਼ਾਮਿਲ ਕੀਤੇ ਗਏ ਹਨ। ਖੇਤਰਫਲ 75,927 ਵ. ਕਿ. ਮੀ. ਅਤੇ ਵਸੋਂ 73,49,779 (1971) ਹੈ।

ਇਹ ਪਹਾੜੀ ਖੇਤਰ ਹੈ ਜਿਸ ਦੇ ਉੱਤਰ ਵਿਚ ਵਿੰਧਿਆਚਲ ਅਤੇ ਸਤਪੁੜਾ ਪਠਾਰ ਹਨ।

ਹ. ਪੁ.–ਐਨ. ਬ੍ਰਿ. ਮਾ. 5 : 485; ਹਿੰ. ਵਿ. ਕੋ. 4: 386

**ਜੱਬਲਪੁਰ** : ਜ਼ਿਲ੍ਹਾ–ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਜ਼ਿਲ੍ਹਾ ਹੈ ਜਿਸ ਦਾ ਖੇਤਰਫਲ 10,164 ਵ. ਕਿ. ਮੀ. ਅਤੇ ਆਬਾਦੀ 26,49,962 (1991) ਹੈ।

ਧਰਾਤਲ ਪਖੋਂ ਇਸ ਜ਼ਿਲ੍ਹੇ ਵਿਚ ਮੈਦਾਨ ਅਤੇ ਪਰਬਤ ਦੋਵੇਂ ਹੀ ਵੇਖਣ ਨੂੰ ਮਿਲਦੇ ਹਨ। ਨਰਬਦਾ ਦਰਿਆ ਪੱਛਮ ਵੱਲੋਂ ਦੀ ਜ਼ਿਲ੍ਹੇ ਵਿਚ ਦਾਖ਼ਲ ਹੁੰਦਾ ਹੈ। ਨਰਬਦਾ ਦਰਿਆ ਦੇ ਨੇੜੇ ਮਾਰਬਲ ਚਟਾਨਾਂ ਹਨ। ਨਰਬਦਾ ਵਾਦੀ ਦੇ ਪੱਛਮੀ ਹਿੱਸੇ ਨੂੰ ਹਵੇਲੀ ਦਾ ਮੈਦਾਨ ਕਹਿੰਦੇ ਹਨ। ਇਹ ਜ਼ਿਲ੍ਹੇ ਦਾ ਬਹੁਤ ਉਪਜਾਊ ਮੈਦਾਨ ਹੈ। ਜ਼ਿਲ੍ਹੇ ਦੇ ਉੱਤਰੀ ਹਿੱਸੇ ਵਿਚ ਸੋਨ ਬੇਸਿਨ ਹੈ। ਸੋਨ ਅਤੇ ਨਰਬਦਾ ਬੇਸਿਨਾਂ ਨੂੰ ਸੋਨ-ਕੇਨ ਜਲ-ਨਿਖੇੜ ਇਕ ਦੂਜੇ ਨਾਲੋਂ ਵੱਖ ਕਰਦਾ ਹੈ। ਭਾਨਡੇਰ ਪਰਬਤ ਲੜੀ ਇਸ ਜ਼ਿਲ੍ਹੇ ਨੂੰ ਦਮੋਹ ਨਾਲੋਂ ਵੱਖ ਕਰਦੀ ਹੈ।

ਜ਼ਿਲ੍ਹੇ ਦੀ ਜਲਵਾਯੂ ਸੁਹਾਵਣੀ ਹੈ। ਇਸ ਜ਼ਿਲ੍ਹੇ ਦੀਆਂ ਮਿੱਟੀਆਂ ਉਪਜਾਊ ਹਨ। ਇਥੇ ਕਾਲੀ ਮਿੱਟੀ, ਰੇਤਲੀ ਮਿੱਟੀ ਅਤੇ ਰੇਤਲੀ-ਕਾਲੀ ਮਿੱਟੀ ਪਾਈ ਜਾਂਦੀ ਹੈ। ਇਥੋਂ ਦੀਆਂ ਉਪਜਾਊ ਮਿੱਟੀਆਂ ਵਿਚ ਕਣਕ, ਝੋਨਾ, ਛੋਲੇ, ਤਿਲਹਨ, ਜਵਾਰ ਦੀ ਪੈਦਾਵਾਰ ਹੁੰਦੀ ਹੈ। ਜ਼ਿਲ੍ਹੇ ਵਿਚ ਖਣਿਜ ਵੀ ਕਾਫ਼ੀ ਮਿਲਦੇ ਹਨ। ਇਥੇ ਦੇ ਮਾਰਬਲ ਪਹਾੜਾਂ ਵਿਚ ਸੰਗਮਰਮਰ ਮਿਲਦਾ ਹੈ। ਸਿਹੋਰਾ ਤਹਿਸੀਲ ਵਿਚ ਲੋਹਾ, ਗੋਸਲਪੁਰ ਵਿਚ ਮੈਂਗਨੀਜ਼, ਸਲੀਮਨਾਬਾਦ ਵਿਚ ਸੋਨਾ ਅਤੇ ਤਾਂਬਾ, ਮੁੜਵਾਰਾ ਤਹਿਸੀਲ ਵਿਚ ਚੂਨੇ ਦਾ ਪੱਥਰ ਅਤੇ ਬਾਕਸਾਈਟ ਮਿਲਦੇ ਹਨ। ਜ਼ਿਲ੍ਹਾ ਸੱਨਅਤਾਂ ਪੱਖੋਂ ਵੀ ਉੱਨਤ ਹੈ। ਇਥੋਂ ਦੀਆਂ ਸੱਨਅਤਾਂ ਵਿਚ ਸੀਮਿੰਟ, ਰਸਾਇਣ, ਕੱਚ, ਚੀਨੀ ਮਿੱਟੀ ਦੇ ਭਾਂਡੇ, ਸ਼ਸਤਰ ਗੋਲਾ-ਬਰੂਦ, ਰੰਗ-ਰਬੜ ਆਦਿ ਬਣਾਉਣਾ ਸ਼ਾਮਲ ਹੈ। ਇਥੇ ਸੰਗਮਰਮਰ ਦੀਆਂ ਖ਼ੂਬਸੂਰਤ ਚੀਜ਼ਾਂ ਵੀ ਬਣਦੀਆਂ ਹਨ। ਜੱਬਲਪੁਰ ਸ਼ਹਿਰ ਹੀ ਜ਼ਿਲ੍ਹੇ ਦੀ ਰਾਜਧਾਨੀ ਹੈ ਅਤੇ ਜ਼ਿਲ੍ਹੇ ਦਾ ਸਿਖਿਅਕ ਕੇਂਦਰ ਵੀ ਹੈ। ਇਥੇ ਯੂਨੀਵਰਸਿਟੀ, ਤਕਨੀਕੀ, ਕਲਾ, ਜ਼ਰਾਇਤ, ਵਿਗਿਆਨ, ਚਿਕਿਤਸਾ, ਪਸ਼ੂ-ਚਕਿਤਸਾ, ਧਰਮ ਆਦਿ ਵਿਸ਼ਿਆਂ ਦੀ ਉਚੇਰੀ ਵਿਦਿਆ ਲਈ ਸੰਸਥਾਵਾਂ ਸਥਾਪਿਤ ਹਨ। ਮੁੜਵਾਰਾ ਜ਼ਿਲ੍ਹੇ ਦਾ ਵਪਾਰਕ ਸ਼ਹਿਰ ਹੈ।

ਜੱਬਲਪੁਰ ਜ਼ਿਲ੍ਹੇ ਦਾ ਇਤਿਹਾਸ ਬਹੁਤ ਪੁਰਾਣਾ ਹੈ। ਜੱਬਲਪੁਰ ਸ਼ਹਿਰ ਵਿਚ ਪੁਰਾਣੇ ਥੇਹ ਦਿਲਚਸਪੀ ਦਾ ਕੇਂਦਰ ਹਨ। ਜੱਬਲਪੁਰ ਸ਼ਹਿਰ ਨੇੜੇ ਤੇਵਾੜ ਕਸਬਾ ਕਿਸੇ ਸਮੇਂ ਤ੍ਰਿਪੁਰਾ ਜਾਂ ਕਰਨਬੇਲ ਨਾਂ ਦਾ ਰਾਜਧਾਨੀ ਸ਼ਹਿਰ ਹੁੰਦਾ ਸੀ। ਇਹ ਚੇਦੀ ਬੰਸੀ ਰਾਜਿਆਂ ਦੀ ਰਾਜਧਾਨੀ ਸੀ। ਇਨ੍ਹਾਂ ਰਾਜਿਆਂ ਨੇ ਈਸਵੀ ਸੰਮਤ ਸ਼ੁਰੂ ਹੋਣ ਵਾਲੇ ਸਾਲਾਂ ਵਿਚ ਇਥੇ ਰਾਜ ਕੀਤਾ। ਇਨ੍ਹਾਂ ਦੇ ਰਾਜ ਦੀਆਂ ਪਹਿਲੀਆਂ ਪੰਜ-ਛੇ ਸਦੀਆਂ ਬਾਰੇ ਭਾਵੇਂ ਪੂਰੀ ਜਾਣਕਾਰੀ ਤਾਂ ਨਹੀਂ ਮਿਲੀ ਪਰ ਚੌਧਵੀਂ ਤੋਂ ਬਾਰ੍ਹਵੀਂ ਸਦੀ ਤੱਕ

ਦੇ ਸਾਰੇ ਵੇਰਵੇ ਤੱਥ ਮੌਜੂਦ ਹਨ। ਕਈਆਂ ਥਾਵਾਂ ਤੇ ਇਨ੍ਹਾਂ ਬਾਰੇ ਕਈ ਕੁਝ ਉੱਕਰਿਆ ਹੋਇਆ ਮਿਲਿਆ ਹੈ। ਨੌਵੀਂ ਤੋਂ ਬਾਰ੍ਹਵੀਂ ਸਦੀ ਵਿਚ ਚੇਦੀ ਬੰਸ ਦੇ ਕੋਈ 18 ਰਾਜੇ ਹੋਏ ਜਿਨ੍ਹਾਂ ਨੇ ਨਰਬਦਾ ਦੀ ਉਪਰਲੀ ਵਾਦੀ ਉੱਤੇ ਰਾਜ ਕੀਤਾ। 12ਵੀਂ ਸਦੀ ਤੋਂ ਬਾਅਦ ਬਘੇਲਖੰਡ ਜਾ ਰੀਵਾ ਦੇ ਰਾਜਿਆਂ ਦੀ ਉੱਨਤੀ ਹੋਣ ਨਾਲ ਚੇਦੀਆਂ ਦਾ ਗਿਰਾਵਟ ਦਾ ਸਮਾਂ ਆ ਗਿਆ। ਇਸੇ ਕਰਕੇ ਇਸ ਤੋਂ ਬਾਅਦ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਮਿਲਦਾ। 15ਵੀਂ ਸਦੀ ਤੋਂ ਪਿੱਛੋਂ ਇਹ ਇਲਾਕਾ ਗੋਂਡਾ ਦੀ ਸਲਤਨਤ ਵਿਚ ਸ਼ਾਮਲ ਕਰ ਲਿਆ ਗਿਆ। ਇਸ ਦੌਰਾਨ ਇਨ੍ਹਾਂ ਦੀ ਰਾਜਧਾਨੀ 'ਗੜ੍ਹਾ' ਸੀ। ਸੰਨ 1781 ਵਿਚ ਮਰਾਠਿਆਂ ਨੇ ਗੌਂਡ ਰਾਜ ਨੂੰ ਆਪਣੇ ਨਾਲ ਮਿਲਾ ਲਿਆ। ਫਿਰ 1798 ਈ. ਵਿਚ ਇਹ ਭੋਂਸਲਾ ਰਾਜਿਆਂ ਅਧੀਨ ਆ ਗਿਆ। ਸੰਨ 1818 ਵਿਚ ਇਨ੍ਹਾਂ ਖੇਤਰਾਂ ਉੱਤੇ ਬਰਤਾਨੀਆ ਦਾ ਅਧਿਕਾਰ ਹੋ ਗਿਆ। ਉਸ ਸਮੇਂ ਤੋਂ ਭਾਰਤ ਦੀ ਆਜ਼ਾਦੀ ਤੱਕ ਇਹ ਬਰਤਾਨੀਆ ਹੇਠ ਰਹੇ। ਪਿੱਛੋਂ ਇਹ ਮੱਧ ਪ੍ਰਦੇਸ਼ ਦਾ ਜ਼ਿਲ੍ਹਾ ਬਣ ਗਿਆ।

ਇਹ ਜ਼ਿਲ੍ਹਾ ਰੇਲਾਂ ਅਤੇ ਸੜਕਾਂ ਦਾ ਕੇਂਦਰ ਵੀ ਹੈ। ਭਾਰਤ ਦੇ ਹੋਰਨਾਂ ਸ਼ਹਿਰਾਂ ਨਾਲ ਇਹ ਰੇਲਾਂ, ਸੜਕਾਂ ਤੇ ਹਵਾਈ ਮਾਰਗਾਂ ਰਾਹੀਂ ਜੁੜਿਆ ਹੋਇਆ ਹੈ। ਬੰਬਈ-ਕਲੱਕਤਾ ਰੇਲਵੇ ਲਾਈਨ ਜੱਬਲਪੁਰ ਸ਼ਹਿਰ ਵਿਚੋਂ ਲੰਘਦੀ ਹੈ।

ਹ. ਪੁ.–ਹਿੰ. ਵਿ. ਕੋ. 4: 386; ਇੰਪ. ਗ. ਇੰਡ. 14: 206; ਐਨ. ਬ੍ਰਿ. ਮਾ. 5: 485

**ਜੱਬਲਪੁਰ** : ਸ਼ਹਿਰ—ਭਾਰਤ ਦੇ ਮੱਧ ਪ੍ਰਦੇਸ਼ ਰਾਜ ਵਿਚ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰਮੁਕਾਮ ਹੈ ਅਤੇ ਰਾਜ ਦਾ ਇਕ ਬਹੁਤ ਵੱਡਾ ਸ਼ਹਿਰ ਅਤੇ ਕਾਫ਼ੀ ਵੱਡੀ ਫ਼ੌਜੀ ਛਾਉਣੀ ਹੈ। ਇਹ ਸ਼ਹਿਰ ਰੇਲਾਂ ਦਾ ਜੰਕਸ਼ਨ ਹੈ ਅਤੇ ਬੰਬਈ-ਕਲੱਕਤਾ ਰੇਲ-ਮਾਰਗ ਉੱਤੇ ਸਥਿਤ ਹੈ।

ਸ਼ਹਿਰ ਦੇ ਆਲੇ-ਦੁਆਲੇ ਨੀਵੀਆਂ ਪਹਾੜੀਆਂ ਹਨ ਅਤੇ ਨਰਬਦਾ ਦਰਿਆ ਇਸ ਤੋਂ ਕੋਈ 9.6 ਕਿ. ਮੀ. ਦੂਰ ਵਗਦਾ ਹੈ। ਇਨ੍ਹਾਂ ਪਹਾੜੀਆਂ ਉੱਤੇ ਕਈ ਬਾਗ ਇਸ ਦੀ ਖ਼ੂਬਸੂਰਤੀ ਵਿਚ ਵਾਧਾ ਕਰਦੇ ਹਨ। ਇਥੋਂ ਦੀ ਜਲਵਾਯੂ ਬੜੀ ਮੁਅਤਦਿਲ ਹੈ। ਇਨ੍ਹਾਂ ਪਹਾੜੀਆਂ ਵਿਚੋਂ ਇਕ ਪਹਾੜੀ ਉੱਤੇ 1100 ਈ. ਦਾ ਬਣਿਆ 'ਮਦਨ ਮਹਿਲ' ਨਾਂ ਦਾ ਕਿਲਾ ਹੈ। ਇਸੇ ਕਿਲੇ ਵਾਲੀ ਥਾਂ ਤੇ ਗੋਂਡ ਬੰਸੀ ਰਾਜਿਆਂ ਦੀ ਰਾਜਧਾਨੀ ਜਿਸ ਦਾ ਨਾਂ ਗੜ੍ਹਾ ਸੀ, ਗੋਂਡਾਂ ਦੇ ਰਾਜ-ਕਾਲ ਵਿਚ ਬਣਾਈ ਗਈ ਸੀ। 16ਵੀਂ ਸਦੀ ਵਿਚ ਰਾਜਧਾਨੀ ਗੜ੍ਹਾ ਦੀ ਬਜਾਏ ਮਾਂਡਲਾ ਵਿਖੇ ਬਣਾ ਲਈ ਗਈ ਜਿਸ ਤੋਂ ਸ਼ਹਿਰ ਦੀ ਮਹੱਤਤਾ ਪਹਿਲੋਂ ਨਾਲੋਂ ਘੱਟ ਗਈ ਪਰ 1781 ਵਿਚ ਮਰਾਠਿਆਂ ਦਾ ਰਾਜ ਕਾਇਮ ਹੋਣ ਨਾਲ ਉਨ੍ਹਾਂ ਨੇ ਆਪਣੀ ਰਾਜਧਾਨੀ ਫਿਰ ਜੱਬਲਪੁਰ ਸ਼ਹਿਰ ਨੂੰ ਬਣਾ ਲਿਆ। ਇਸ ਤੋਂ ਬਾਅਦ ਬਰਤਾਨੀਆ ਦੇ ਕਬਜ਼ਾ ਕਰਨ ਪਿੱਛੋਂ ਇਹ ਨਰਬਦਾ ਅਤੇ ਖੇਤਰਾਂ ਦੀ ਵੀ ਰਾਜਧਾਨੀ ਬਣਿਆ। ਸੰਨ 1864 ਤੋਂ ਇਥੇ ਮਿਉਂਸਪਲਟੀ ਸਥਾਪਿਤ ਹੈ। ਅੱਜਕੱਲ੍ਹ ਇਹ ਸ਼ਹਿਰ ਸਿਰਫ ਪ੍ਰਸ਼ਾਸਕੀ ਕੇਂਦਰ ਹੀ ਨਹੀਂ; ਸਗੋਂ ਜ਼ਿਲ੍ਹੇ ਦਾ ਸੱਨਅਤੀ ਅਤੇ ਸਿੱਖਿਅਕ ਕੇਂਦਰ ਵੀ ਹੈ। ਇਥੇ ਫ਼ੌਜੀ ਛਾਉਣੀ ਹੋਣ ਕਾਰਨ ਫ਼ੌਜ ਦੀਆਂ ਲੋੜਾਂ ਦਾ ਸਾਮਾਨ, ਗੋਲਾ-ਬਾਰੂਦ, ਅਸਲਾ, ਬੰਦੂਕਾਂ ਆਦਿ ਬਣਦੀਆਂ ਹਨ। ਇਥੇ ਇਕ ਯੂਨੀਵਰਸਿਟੀ ਇੰਜੀਨੀਅਰਿੰਗ ਕਾਲਜ, ਪੌਲੀਟੈਕਨਿਕ, ਚਿਕਿਤਸਾ, ਪਸ਼ੂ-ਚਿਕਿਤਸਾ, ਵਿਗਿਆਨ, ਵਣਜ ਆਦਿ ਨਾਲ ਸਬੰਧਤ ਵਿਦਿਅਕ ਸੰਸਥਾਵਾਂ ਕਾਇਮ ਹਨ। ਸ਼ਹਿਰ ਵਿਚ ਸਿਹਤ ਅਤੇ ਹੋਰ ਵੀ ਸਹੂਲਤਾਂ ਉਪਲੱਬਧ ਕੀਤੀਆਂ ਗਈਆਂ ਹਨ।

ਆਬਾਦੀ–7,64,586 (1991)

23° 10' ਉ. ਵਿਥ.; 79° 57' ਪੂ. ਲੰਬ

ਹ. ਪੁ.–ਇੰਪ. ਗ. ਇੰਡ.14:217; ਐਨ. ਬ੍ਰਿ. ਮਾ. 5:485; ਹਿੰ. ਵਿ. ਕੋ.4:387

**ਜਬਾੜ੍ਹਾ** : ਇਹ ਚਿਹਰੇ ਦਾ ਇਕ ਹਿੱਸਾ ਹੈ ਜੋ ਮੂੰਹ ਦੇ ਆਲੇ ਦੁਆਲੇ ਹੱਡੀਆਂ, ਪੇਸ਼ੀਆਂ ਅਤੇ ਤੰਤੂਆਂ ਨਾਲ ਬਣਿਆ ਹੁੰਦਾ ਹੈ। ਉਪਰਲੇ ਅਤੇ ਹੇਠਲੇ ਜਬਾੜ੍ਹੇ ਨੂੰ ਰਲਾ ਕੇ ਜਬਾੜ੍ਹਾ ਕਹਿੰਦੇ ਹਨ ਅਤੇ ਇਹ ਦੋਵੇਂ ਸਿਰ ਦੇ ਪਿਛਲੇ ਪਾਸੇ ਵੱਲ ਆਪਸ ਵਿਚ ਮਿਲਦੇ ਹਨ। ਉਪਰਲਾ ਜਬਾੜ੍ਹਾ ਦੋ ਵੱਖ ਵੱਖ ਹੱਡੀਆਂ ਨਾਲ ਬਣਿਆ ਹੁੰਦਾ ਹੈ ਜਿਨ੍ਹਾਂ ਨੂੰ ਸੱਜਾ ਅਤੇ ਖੱਬਾ ਮੈਕਸਿਲਾ ਕਿਹਾ ਜਾਂਦਾ ਹੈ ਅਤੇ ਇਹ ਵਿਚਕਾਰਲੀ ਰੇਖਾ ਉਪਰ ਆਪਸ ਵਿਚ ਮਿਲਦੇ ਹਨ। ਹੇਠਲਾ ਜਬਾੜ੍ਹਾ ਜਾਂ ਮੈਂਡੀਬਲ, ਇਕ ਹੱਡੀ ਨਾਲ ਬਣਿਆ ਹੁੰਦਾ ਹੈ। ਐਲਵੀਓਲਰ ਜਾਂ ਖੋੜਾਂ ਹਰ ਜਬਾੜ੍ਹੇ ਦਾ ਉਹ ਹਿੱਸਾ ਹੈ ਜਿਸ ਵਿਚ ਦੰਦ ਲੱਗੇ ਹੁੰਦੇ ਹਨ। ਖੋੜਾਂ ਤੋਂ ਛੁੱਟ, ਮੈਕਸਿਲਾ ਬਣਤਰ ਵਿਚ ਮੈਂਡੀਬਲ ਨਾਲੋਂ ਹਲਕਾ ਹੁੰਦਾ ਹੈ।

ਜਬਾੜ੍ਹੇ ਦੀ ਹੱਡੀ ਟੁੱਟਣ ਤੇ ਇਸ ਦਾ ਇਲਾਜ ਬਹੁਤ ਸੀਮਿਤ ਹੈ ਅਤੇ ਡਾਕਟਰੀ ਸਹਾਇਤਾ ਨਾਲ ਹੀ ਇਹ ਠੀਕ ਹੋ ਸਕਦਾ ਹੈ। ਹੇਠਲੇ ਜਬਾੜ੍ਹੇ ਦੀ ਹੱਡੀ ਜੇਕਰ ਟੁੱਟ ਜਾਵੇ ਤਾਂ ਇਸ ਨੂੰ ਹੌਲੀ ਹੌਲੀ ਉਪਰ ਚੁੱਕਿਆ ਜਾਂਦਾ ਹੈ ਤਾਂ ਜੋ ਦਰਦ ਘੱਟ ਤੋਂ ਘੱਟ ਹੋਵੇ ਅਤੇ ਹੇਠਲੇ ਦੰਦ ਉਪਰਲੇ ਦੰਦਾਂ ਦੀ ਸੇਧ ਵਿਚ ਆ ਜਾਣ। ਇਸ ਤੋਂ ਬਾਅਦ ਜਬਾੜ੍ਹੇ ਨੂੰ ਪੱਟੀ ਬੰਨ੍ਹ ਕੇ ਸਿਰ ਨਾਲ ਕਸ ਦਿੱਤਾ ਜਾਂਦਾ ਹੈ। ਪੱਟੀ ਬੰਨ੍ਹਣ ਦੌਰਾਨ ਜਾਂ ਮਗਰੋਂ ਜੇਕਰ ਉਲਟੀ ਆ ਜਾਵੇ ਤਾਂ ਪੱਟੀ ਖੋਲ੍ਹ ਕੇ ਜਬਾੜ੍ਹੇ ਨੂੰ ਉਸੇ ਥਾਂ ਫੜ ਕੇ ਰੱਖਿਆ ਜਾਂਦਾ ਹੈ। ਉਲਟੀ ਹੋ ਜਾਣ ਉਪਰੰਤ ਦੁਬਾਰਾ ਪੱਟੀ ਬੰਨ੍ਹ ਦਿੱਤੀ ਜਾਂਦੀ ਹੈ।

ਮੈਂਡੀਬਲ ਅਤੇ ਖੋਪੜੀ ਦੇ ਟੈਂਪੋਰਲ ਜਾਂ ਪੁੜਪੁੜੀ ਭਾਗ ਦੇ ਜੋੜ ਵਿਚ ਟਾਂਸਿਲ ਸੁੱਜਣ ਨਾਲ ਕਾਫ਼ੀ ਸੋਜ ਆ ਜਾਂਦੀ ਹੈ। ਇਹ ਸੋਜ ਮੂੰਹ ਦੇ ਕਿਸੇ ਵੀ ਹਿੱਸੇ ਵਿਚ ਸੋਜ ਹੋਣ ਕਾਰਨ ਹੋ ਸਕਦੀ ਹੈ। ਇਸ ਨਾਲ ਮੂੰਹ ਖੋਲ੍ਹਣ ਵਿਚ ਕਾਫ਼ੀ ਤਕਲੀਫ਼ ਹੁੰਦੀ ਹੈ। ਇਸ ਜੋੜ ਵਿਚ ਅਸਥੀ-ਗਠੀਏ (osteoarthritis) ਕਾਰਨ ਵੀ ਸੋਜ ਹੋ ਜਾਂਦੀ ਹੈ।

ਟੈਟਨਸ ਦੀ ਬੀਮਾਰੀ ਵਿਚ ਅਚਾਨਕ ਹੀ ਜਬਾੜ੍ਹਾ ਹਿੱਲਣ ਤੋਂ ਅਸਮਰੱਥ ਹੋ ਜਾਂਦਾ ਹੈ ਅਤੇ ਇਸ ਹਾਲਤ ਨੂੰ ਟ੍ਰਿਸਮਸ ਕਿਹਾ ਜਾਂਦਾ ਹੈ। ਕਦੀ ਕਦਾਈਂ ਦੌਰੇ ਵਾਂਗ ਇਹ ਜਬਾੜ੍ਹਾ ਹਿੱਲਣੋਂ ਅਸਮਰੱਥ ਹੋਣ ਦੀ ਹਾਲਤ ਵਿਚ ਦੰਦਾਂ ਵਿਚ ਖਰਾਬੀ ਜਾਂ ਹੋਰ ਕਾਰਨਾਂ ਨਾਲ ਵੀ ਹੋ ਜਾਂਦਾ ਹੈ। ਐਕ੍ਰੋਮਿਗੇਲੀ ਅਸਾਧਾਰਣਤਾ ਦੀ ਹਾਲਤ ਵਿਚ ਜਬਾੜ੍ਹਾ ਬਹੁਤ ਵੱਡਾ ਅਤੇ ਉੱਭਰਵਾਂ ਹੁੰਦਾ ਹੈ। ਇਕ ਹੋਰ ਅਸਾਧਾਰਣਤਾ ਜਿਸ ਨੂੰ 'ਪੈਰਟ ਜਾਅ' ਕਿਹਾ ਜਾਂਦਾ ਹੈ, ਵਿਚ ਉਪਰਲਾ ਜਬਾੜ੍ਹਾ ਬਾਹਰ ਵੱਲ ਵੱਧ ਜਾਂਦਾ ਹੈ।

ਹ. ਪੁ.–ਮੈ. ਐਂਡ ਹੈ. ਐਨ. 3: 817

**ਜੰਬੁਸਰ** : ਭਾਰਤ ਦੇ ਗੁਜਰਾਤ ਰਾਜ ਦੇ ਭੜੋਂਚ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੇ ਤਅੱਲੁਕੇ ਦਾ ਸਦਰ-ਮੁਕਾਮ ਹੈ ਜੋ ਧਾਧਰ ਦਰਿਆ ਤੋਂ 9 ਕਿ. ਮੀ. (5 ਮੀਲ) ਉੱਤਰ ਵੱਲ ਅਤੇ ਭੜੋਂਚ ਸ਼ਹਿਰ ਤੋਂ 45 ਕਿ. ਮੀ. (27 ਮੀਲ) ਦੇ ਫਾਸਲੇ ਤੇ ਸਥਿਤ ਹੈ। ਸਭ ਤੋਂ ਪਹਿਲਾਂ 1775 ਈ. ਵਿਚ ਇਸ ਸ਼ਹਿਰ ਨੂੰ ਅੰਗਰੇਜ਼ਾਂ ਨੇ ਆਪਣੇ ਅਧੀਨ ਕੀਤਾ ਸੀ ਅਤੇ 1783 ਈ. ਵਿਚ ਮਰਹੱਟਿਆਂ ਦੇ ਹੱਥਾਂ ਵਿਚ ਜਾਣ ਤੋਂ ਪਹਿਲਾਂ ਇਹ ਅੰਗਰੇਜ਼ਾਂ ਦੇ ਕਬਜ਼ੇ ਵਿਚ ਹੀ ਰਿਹਾ। ਪੂਨਾ ਸੰਧੀ (1817 ਈ.) ਅਧੀਨ ਇਹ ਆਖ਼ਿਰ ਨੂੰ ਅੰਗਰੇਜ਼ਾਂ ਦੇ ਸਪੁਰਦ ਕਰ ਦਿੱਤਾ ਗਿਆ। ਸ਼ਹਿਰ ਦੇ ਉੱਤਰ ਵੱਲ ਨੂੰ ਨਾਗੇਸ਼ਵਰ (ਨਾਗ-ਦੇਵਤਾ) ਨਾਲ ਸਬੰਧਤ ਇਕ ਬਹੁਤ ਵੱਡੀ ਝੀਲ ਹੈ ਜਿਸ ਦੇ ਕੰਢਿਆਂ ਉਪਰ ਸੰਘਣੇ ਦਰੱਖਤ ਹਨ। ਮੁੱਖ ਤੌਰ ਤੇ ਪਾਣੀ ਦੀ ਸਪਲਾਈ ਇਸੇ ਤਲਾਬ ਤੋਂ ਹੀ ਹੁੰਦੀ ਹੈ। ਸੰਨ 1775 ਤੋਂ 1783 ਤੱਕ ਜਦੋਂ ਇਸ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੁੰਦਾ ਸੀ ਤਾਂ

ਇਸ ਸ਼ਹਿਰ ਵਿਚ ਮਿਸਟਰ ਕ੍ਰੈਲੰਡਰ ਨੇ ਇਕ ਬਹੁਤ ਮਜ਼ਬੂਤ ਕਿਲਾ ਬਣਾਇਆ ਸੀ। ਇਸ ਕਿਲੇ ਵਿਚ ਸਰਕਾਰੀ ਖ਼ਜ਼ਾਨਾ, ਸਿਵਲ ਅਦਾਲਤਾਂ ਅਤੇ ਹੋਰ ਕਈ ਸਰਕਾਰੀ ਦਫ਼ਤਰ ਹਨ।

ਸੰਨ 1856 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਕੀਤੀ ਗਈ। ਪਿਛਲੇ ਸਮਿਆਂ ਵਿਚ ਵੀ ਇਹ ਵਪਾਰ ਦਾ ਇਕ ਚੰਗਾ ਕੇਂਦਰ ਸੀ ਅਤੇ ਉਸ ਸਮੇਂ ਨੀਲ ਨਿਰਯਾਤ ਦੀ ਮੁੱਖ ਵਸਤੂ ਹੁੰਦਾ ਸੀ। ਸੰਨ 1861 ਵਿਚ ਰੇਲਵੇ ਦੇ ਚਾਲੂ ਹੋ ਜਾਣ ਨਾਲ ਟੰਕਾਰੀ ਦੇ ਸਥਾਨ ਤੇ ਸਮੁੰਦਰੀ ਰਸਤਿਓਂ ਹੋਣ ਵਾਲਾ ਕਾਰੋਬਾਰ ਕਾਫ਼ੀ ਘੱਟ ਗਿਆ। ਦੂਜੇ ਪਾਸੇ ਜੰਬੂਸਰ ਬੰਬਈ, ਬੜੌਦਾ ਅਤੇ ਕੇਂਦਰੀ ਭਾਰਤੀ ਰੇਲਵੇ ਤੇ ਪੈਂਦੇ ਪਾਲੇਜ ਨਾਂ ਦੇ ਸਟੇਸ਼ਨ ਤੋਂ ਲ. 30 ਕਿ. ਮੀ. ਦੀ ਦੂਰੀ ਤੇ ਹੋਣ ਕਰਕੇ ਅਤੇ ਜੰਬੂਸਰ ਨੂੰ ਪਾਲੇਜ ਅਤੇ ਭੜੌਚ ਤੱਕ ਸੜਕਾਂ ਨਿਕਲ ਜਾਣ ਕਾਰਨ, ਪਹਿਲਾਂ ਤੋਂ ਸਮੁੰਦਰੀ ਰਸਤਿਓਂ ਹੋਣ ਵਾਲੇ ਵਪਾਰ ਦੀ ਥਾਂ ਥਲੀ ਵਪਾਰ ਨੇ ਲੈ ਲਈ।

ਇਥੇ ਕਪਾਹ ਵੇਲਣ ਦੇ ਕਈ ਕਾਰਖਾਨੇ ਹਨ। ਇਥੇ ਚਮੜਾ ਰੰਗਣ ਅਤੇ ਸੂਤੀ ਕਪੜੇ ਦੀ ਠਪਾਈ ਦਾ ਚੰਗਾ ਕੰਮ ਹੁੰਦਾ ਹੈ। ਇਸ ਤੋਂ ਇਲਾਵਾ ਇਥੇ ਹਾਥੀ ਦੰਦ ਦੇ ਬਾਜ਼ੂਬੰਦ ਅਤੇ ਖਿਡੌਣੇ ਵੀ ਤਿਆਰ ਕੀਤੇ ਜਾਂਦੇ ਹਨ।

ਆਬਾਦੀ—31,561 (1991)

22° 3′ ਉ. ਵਿਥ.; 72° 48′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14: 44

**ਜੰਬੂਦੀਪ** : ਭਾਗਵਤ ਅਨੁਸਾਰ ਧਰਤੀ ਦੇ ਸਤ ਦੀਪਾਂ ਵਿਚੋਂ ਇਕ ਦੀਪ ਹੈ ਜੋ ਖਾਰੇ ਸਮੁੰਦਰ ਨਾਲ ਘਿਰਿਆ ਹੋਇਆ ਹੈ। ਇਸ ਦੇ ਨਾਂ ਦੇ ਕਾਰਨ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਵਿਚ ਇਕ ਬਹੁਤ ਵੱਡਾ ਜਾਮਣ (ਜੰਬੂ) ਬ੍ਰਿਛ ਹੈ। ਇਸ ਨੂੰ ਹਾਥੀ ਜਿਡੀ ਜਾਮਣ ਲਗਦੀ ਹੈ। ਜਦ ਜਾਮਣਾਂ ਪੱਕ ਕੇ ਡਿਗਦੀਆਂ ਹਨ ਤਾਂ ਉਨ੍ਹਾਂ ਦੇ ਰਸ ਤੋਂ ਜੰਬੂ ਨਦੀ ਵਹਿੰਦੀ ਹੈ। ਇਸ ਦੀਪ ਦਾ ਵਿਸਥਾਰ ਇਕ ਲੱਖ ਯੋਜਨ ਹੈ। ਇਸ ਦੇ ਨੌਂ ਖੰਡ ਨੌਂ ਹਜ਼ਾਰ ਯੋਜਨ ਦੇ ਦੱਸੇ ਜਾਂਦੇ ਹਨ। ਨੌਂ ਖੰਡ ਇਹ ਹਨ :—ਇਲਾਵ੍ਰਿਤ, ਰਸਯਕ, ਹਿਰਣਮਯ, ਕੁਰੁਵਰਸ, ਹਰਿਵਰਸ਼, ਕਿੰਪੁਰੁਸ਼, ਭਾਰਤ ਭਦ੍ਰਾਸ਼ਵ ਅਤੇ ਕੇਤੁਮਾਲ। ਵਿਦਵਾਨਾਂ ਦੀ ਕਲਪਨਾ ਅਨੁਸਾਰ ਏਸ਼ੀਆ ਮਹਾਂਦੀਪ ਹੀ ਜੰਬੂਦੀਪ ਹੈ।

ਹ. ਪੁ.—ਮ. ਕੋ. : 540

**ਜਬੂਟੀ** (Djibouti) : ਇਹ ਅਫ਼ਰੀਕਾ ਮਹਾਂਦੀਪ ਵਿਚ ਜਬੂਟੀ ਰਿਪਬਲਿਕ ਦੀ ਇਕ ਬੰਦਰਗਾਹ ਅਤੇ ਰਾਜਧਾਨੀ ਹੈ ਜਿਹੜੀ ਖਾੜੀ ਤਜੂਰਾ ਦੇ ਦੱਖਣੀ ਸਾਹਿਲ ਉਪਰ ਸਥਿਤ ਹੈ। ਅਦਨ ਤੋਂ ਦੱਖਣ-ਪੱਛਮੀ ਦਿਸ਼ਾ ਵਿਚ ਇਹ ਕੋਈ 240 ਕੁ. ਕਿ. ਮੀ. (150 ਮੀਲ) ਦੇ ਫ਼ਾਸਲੇ ਤੇ ਹੈ। ਇਹ ਸ਼ਹਿਰ ਤਜੂਰਾ, ਸਪੈਂਟ ਅਤੇ ਮੈਰਾਬਾਊਟ ਤਿੰਨ ਪਠਾਰਾਂ ਉਪਰ ਵਸਿਆ ਹੋਇਆ ਹੈ ਜਿਹੜੀਆਂ ਘਾਟਾਂ ਰਾਹੀਂ ਆਪਸ ਵਿਚ ਜੁੜੀਆਂ ਹੋਈਆਂ ਹਨ। ਜਬੂਟੀ ਪਠਾਰ ਵਿਚ ਮੈਨਿਲਿਕ ਸੁਕੇਅਰ ਵਿਖੇ ਸਰਕਾਰੀ ਮਹਿਲ ਹੈ। ਸ਼ਹਿਰ ਦੀਆਂ ਸਫੈਦ ਰੰਗ ਦੀਆਂ ਇਮਾਰਤਾਂ ਪ੍ਰਤੱਖ ਰੂਪ ਵਿਚ ਇਸ ਦੀ ਖੁਸ਼ਹਾਲੀ ਦਾ ਪ੍ਰਗਟਾਵਾ ਕਰਦੀਆਂ ਹਨ। ਪੁਰਾਣੇ ਅਤੇ ਨਵੀਨ ਯੁੱਗ ਦੀਆਂ ਇਮਾਰਤਾਂ ਅਤੇ ਇਥੋਂ ਦੀਆਂ ਛਾਂਦਾਰ ਸੜਕਾਂ ਦੇ ਸਦਾਬਹਾਰ ਦਰਖ਼ਤ ਸ਼ਹਿਰ ਦੀ ਸ਼ਾਨ ਵਿਚ ਹੋਰ ਵੀ ਵਾਧਾ ਕਰਦੇ ਹਨ। ਮੁੱਖ ਭੂਮੀ ਦੇ ਨਾਲ ਹੀ ਇਕ ਖੇਤਰ ਉਪਰ ਕੈਮਲ ਮਾਰਕਿਟ ਹੋਰ ਵੀ ਦ੍ਰਿਸ਼ਮਈ ਨਜ਼ਾਰਾ ਪੇਸ਼ ਕਰਦੀ ਹੈ। ਇਸ ਦਾ ਵੀਹਵੀਂ ਸਦੀ ਦੌਰਾਨ ਹੀ ਨਵੀਨੀਕਰਨ ਕੀਤਾ ਗਿਆ ਹੈ। ਜ਼ਮੀਨ ਦੋਜ਼ ਐਂਬੁਲੀ ਨਾਂ ਦਾ ਪਾਣੀ ਦਾ ਚਸ਼ਮਾ, ਸ਼ਹਿਰ ਨੂੰ ਪਾਣੀ ਮੁਹੱਈਆ ਕਰਦਾ ਹੈ।

ਨਸਲ ਅਤੇ ਭਾਸ਼ਾ ਪੱਖੋਂ ਜਬੂਟੀ ਵਿਚ ਭਿੰਨ ਭਿੰਨ ਪ੍ਰਕਾਰ ਦੇ ਲੋਕ ਵਸਦੇ ਹਨ। ਇਨ੍ਹਾਂ ਵਿਚ ਡਾਨਾਕਿਲ ਦੇ ਆਰ, ਸੋਮਾਲੀਆਂ ਦੇ ਟੀਸਾ, ਗਾਡਾਬੁਰਸੀ ਤੇ ਇਸਾਕ, ਅਰਬੀ ਯਹੂਦੀ ਅਤੇ ਏਸ਼ੀਆਈ ਲੋਕ ਸ਼ਾਮਲ ਹਨ। ਇਨ੍ਹਾਂ ਦੇ ਮੁਕਾਬਲੇ ਵਿਚ ਫ਼ਰਾਂਸੀਸੀ, ਯੂਨਾਨੀ ਤੇ ਯੂਰਪੀ ਜਾਤੀਆਂ ਦੇ ਹੋਰ ਵੀ ਲੋਕ ਕੋਈ ਘੱਟ ਗਿਣਤੀ ਵਿਚ ਨਹੀਂ ਹਨ।

ਜਬੂਟੀ ਬੰਦਰਗਾਹ ਖੁੱਲ੍ਹੀ ਡੂਲ੍ਹੀ ਤੇ ਧਰਤੀ ਨਾਲ ਘਿਰੀ ਹੋਈ ਹੈ। ਦੂਜੇ ਸੰਸਾਰ-ਜੰਗ ਉਪਰੰਤ ਇਸ ਬੰਦਰਗਾਹ ਨੂੰ ਵਿਕਸਿਤ ਕੀਤਾ ਗਿਆ। ਇਥੇ ਬਹੁਤ ਸਾਰੇ ਘਾਟ ਹਨ ਅਤੇ ਕੋਈ ਡੇਢ ਕਿ. ਮੀ. ਦੀ ਲੰਬਾਈ ਵਿਚ ਜਹਾਜ਼ਾਂ ਦੇ ਖੜ੍ਹੇ ਕਰਨ ਲਈ ਗੋਦੀਆਂ ਬਣੀਆਂ ਹੋਈਆਂ ਹਨ। ਇਥੇ ਮਾਡਰਨ ਯੁੱਗ ਦੀਆਂ ਸਾਰੀਆਂ ਬੰਦਰਗਾਹੀ ਸਹੂਲਤਾਂ ਮੁਹੱਈਆ ਹਨ—ਜਿਵੇਂ ਕੋਲੇ ਦਾ ਡਿਪੂ ਜਿਥੇ 30,000 ਟਨ ਕੋਲਾ ਰੱਖਿਆ ਜਾ ਸਕਦਾ ਹੈ ਤੇ ਤੇਲ ਜਮ੍ਹਾਂ ਕਰਨ ਲਈ ਵੱਡੇ ਸਟੋਰ ਆਦਿ। ਜਬੂਟੀ ਵਿਚ ਸਮੁੰਦਰ ਦੇ ਪਾਣੀ ਤੋਂ ਲੂਣ ਤਿਆਰ ਕਰਨ ਦਾ ਉਦਯੋਗ ਹੀ ਮੁੱਖ ਰੂਪ ਵਿਚ ਵਿਕਸਿਤ ਹੈ। ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਦੀ ਅਰਥ-ਵਿਵਸਥਾ ਬੰਦਰਗਾਹ ਦੇ ਕਾਰਜ-ਕ੍ਰਮ ਉਪਰ ਨਿਰਭਰ ਹੈ। ਇਥੋਂ ਜਹਾਜ਼ ਤੇਲ ਆਦਿ ਲੈਂਦੇ ਹਨ ਅਤੇ ਉਨ੍ਹਾਂ ਲਈ ਇਹ ਮਾਲ ਸਪਲਾਈ ਕਰਨ ਦਾ ਅੱਡਾ ਵੀ ਹੈ। ਸੰਨ 1949 ਵਿਚ ਇਸ ਨੇ ਇਕ ਸੁਤੰਤਰ ਬੰਦਰਗਾਹ ਦਾ ਰੂਪ ਧਾਰਨ ਕੀਤਾ ਅਤੇ ਉਦੋਂ ਤੋਂ ਹੀ ਇਥੋਂ ਦੀ ਕਰੰਸੀ ਜਬੂਟੀ ਫ਼ਰੈਂਕ ਪ੍ਰਚੱਲਤ ਹੋਈ ਅਤੇ ਇਹ ਆਸਾਨੀ ਨਾਲ ਸੰਯੁਕਤ ਰਾਜ ਅਮਰੀਕਾ ਦੇ ਡਾਲਰਾ ਵਿਚ ਬਦਲੀ ਜਾ ਸਕਦੀ ਹੈ। ਸੰਨ 1919 ਵਿਚ ਜਬੂਟੀ ਤੋਂ ਅਦੀਸ ਅਬਾਬਾ ਤਕ 780 ਕਿ. ਮੀ. ਲੰਬੀ ਸੜਕ ਕੱਢੀ ਗਈ ਜਿਸ ਰਾਹੀਂ ਇਥੋਪੀਆ ਦਾ ਲਗਭਗ ਸਾਰਾ ਤਜਾਰਤੀ ਸਮਾਨ ਬੰਦਰਗਾਹ ਤੱਕ ਜਾਂਦਾ ਹੈ।

ਆਬਾਦੀ—7,000 (1991)

11° 36′ ਉ. ਵਿਥ.; 43° 09′ ਪੂ. ਲੰਬ.

ਹ. ਪੁ.—ਐਨ. ਬ੍ਰਿ. 7: 523; ਐਨ. ਬ੍ਰਿ. ਮਾ. 3 : 590

**ਜੰਬੂਨਾਥਨ, ਐੱਮ. ਆਰ.** : ਤਾਮਿਲ ਅਤੇ ਸੰਸਕ੍ਰਿਤ ਦੇ ਇਸ ਵਿਦਵਾਨ ਅਤੇ ਸਮਾਜ ਸੁਧਾਰਕ ਦਾ ਜਨਮ 1896 ਈ. ਵਿਚ ਹੋਇਆ। ਇਸ ਨੇ ਯਜੁਰ ਵੇਦ, ਸਾਮ ਵੇਦ ਅਤੇ ਅਥਰਵ ਵੇਦ ਦਾ ਤਾਮਿਲ ਵਿਚ ਅਨੁਵਾਦ ਕੀਤਾ। ਇਸ ਦੀ ਮੌਤ ਸਮੇਂ ਰਿਗਵੇਦ ਦਾ ਅਨੁਵਾਦਿਤ ਖਰੜਾ ਤਿਆਰ ਸੀ। ਇਸ ਤੋਂ ਇਲਾਵਾ ਇਸ ਨੇ 19 ਪੁਸਤਕਾਂ ਅਤੇ ਅੰਗਰੇਜ਼ੀ ਅਤੇ ਤਾਮਿਲ ਵਿਚ ਕਿੰਨੇ ਹੀ ਲੇਖ ਵੀ ਲਿਖੇ ਸਨ।

ਸਮਾਜ ਸੁਧਾਰਕ ਵਜੋਂ ਇਸ ਨੇ 50 ਸਾਲ ਪਹਿਲਾਂ, ਉੱਤਰੀ ਬੰਬਈ ਦੇ ਧਾਰਵੀ ਖੇਤਰ ਦੇ ਚੰਗੜ-ਮਹੱਲੇ ਵਿਚ ਗਰੀਬ ਲੋਕਾਂ ਲਈ ਇਕ ਤਾਮਿਲ ਸਕੂਲ ਦੀ ਸਥਾਪਨਾ ਕੀਤੀ। 19 ਦਸੰਬਰ, 1974 ਨੂੰ ਬੰਬਈ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਇੰ. 1: 525

**ਜੰਭਰ** : ਪਾਕਿਸਤਾਨ ਦੇ ਸੂਬਾ ਪੰਜਾਬ ਦੇ ਜ਼ਿਲ੍ਹਾ ਲਾਹੌਰ, ਤਹਿਸੀਲ ਚੂਹਣੀਆਂ, ਥਾਣਾ ਸਰਾਇ ਮੁਗ਼ਲ ਦਾ ਇਹ ਇਕ ਪ੍ਰਸਿੱਧ ਪਿੰਡ ਹੈ ਜੋ ਰੇਲਵੇ ਸਟੇਸ਼ਨ ਛਾਂਗਾਮਾਂਗਾ ਤੋਂ 8 ਕਿ. ਮੀ. (5 ਮੀਲ) ਉੱਤਰ ਵੱਲ ਪੈਂਦਾ ਹੈ। ਇਸ ਪਿੰਡ ਵਿਚ ਪੰਜਵੇਂ ਗੁਰੂ ਜੀ ਦਾ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਜੰਭਰ ਅਤੇ ਜਾਤ੍ਰੀ ਨਾਂ ਦੇ ਦੋ ਭਰਾ ਸਨ। ਦੋਵੇਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਸਨ। ਆਪਣੀ ਜ਼ਮੀਨ ਦੀ ਹੱਦ-ਕਾਇਮ ਕਰਨ ਸਬੰਧੀ ਉਨ੍ਹਾਂ ਵਿਚਕਾਰ

ਝਗੜਾ ਛਿੜ ਪਿਆ। ਜਾਤ੍ਰੀ ਦਾ ਧੜਾ ਜੰਭਰ ਦੇ ਧੜੇ ਦੇ ਮੁਕਾਬਲੇ ਤੇ ਕਾਫੀ ਕਮਜ਼ੋਰ ਸੀ। ਝਗੜੇ ਵਿਚ ਜਾਤ੍ਰੀ ਦੇ ਦੋ ਆਦਮੀ ਵੀ ਮਰ ਗਏ। ਆਖਰ ਨੂੰ ਦੋਵੇਂ ਧਿਰਾਂ ਗੁਰੂ ਜੀ ਪਾਸ ਪੁੱਜੀਆਂ ਅਤੇ ਝਗੜਾ ਨਿਪਟਾਉਣ ਲਈ ਉਨ੍ਹਾਂ ਅਗੇ ਬੇਨਤੀ ਕੀਤੀ। ਗੁਰੂ ਜੀ ਨੇ ਦੋਹਾਂ ਧਿਰਾਂ ਨੂੰ ਆਪਣੇ ਆਪਣੇ ਹੱਕ ਤੇ ਕਾਇਮ ਕਰ ਦਿੱਤਾ। ਇਨ੍ਹਾਂ ਦੋਹਾਂ ਭਰਾਵਾਂ ਨੇ ਆਪਣੇ ਨਾਂ ਪਿਛੇ ਜੰਭਰ ਅਤੇ ਜਾਤ੍ਰੀ ਨਾਂ ਦੇ ਦੋ ਪਿੰਡ ਆਬਾਦ ਕੀਤੇ।

ਇਥੋਂ ਦਾ ਗੁਰਦੁਆਰਾ ਸਾਹਿਬ ਬਹੁਤ ਸੁੰਦਰ ਹੈ।

ਹ. ਪੁ–ਮ. ਕੋ. : 540

**ਜਮਸ਼ੇਦ ਜੀ ਜੀਜੀ ਭਾਈ (ਸਰ)** : ਭਾਰਤ ਦੇ ਇਸ ਪ੍ਰਸਿੱਧ ਮਾਨਵ-ਪ੍ਰੇਮੀ ਅਤੇ ਵਪਾਰੀ ਦਾ ਜਨਮ 15 ਜੁਲਾਈ, 1783 ਈ. ਨੂੰ ਮਹਾਰਾਸ਼ਟਰ ਪ੍ਰਾਂਤ ਵਿਚ ਇਕ ਸਾਧਾਰਣ ਪਰਿਵਾਰ ਵਿਚ ਹੋਇਆ। ਸਿੱਖਿਆ ਦਾ ਕੋਈ ਠੀਕ ਪ੍ਰਬੰਧ ਨਾ ਹੋਣ ਕਰਕੇ ਬਾਰ੍ਹਾਂ ਸਾਲ ਦੀ ਉਮਰ ਵਿਚ ਇਹ ਆਪਣੇ ਮਾਮੇ ਦੇ ਖਾਲੀ ਬੋਤਲਾਂ ਵੇਚਣ ਦੇ ਕਾਰੋਬਾਰ ਵਿਚ ਲਗ ਗਿਆ। ਜੱਦੋ-ਜਹਿਦ ਤੋਂ ਮਗਰੋਂ ਕਾਰੋਬਾਰੀ ਸੂਝ ਸਦਕਾ ਇਹ ਬਹੁਤ ਖ਼ੁਸ਼ਹਾਲ ਹੋ ਗਿਆ। ਇਸ ਨੇ ਨਾ ਕੇਵਲ ਆਪਣੇ ਕਾਰੋਬਾਰ ਵਿਚ ਹੀ ਸਗੋਂ ਆਪਣੇ ਨਿਜੀ ਅਤੇ ਸਮਾਜਕ ਜੀਵਨ ਵਿਚ ਬੜਾ ਨਾਮਣਾ ਖੱਟਿਆ। ਪਿਤਾ ਕੋਲੋਂ ਰਿਸ਼ਤੇਦਾਰਾਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦੀ ਹਦਾਇਤ ਇਸ ਨੇ ਸਦਾ ਆਪਣੇ ਪੱਲੇ ਬੰਨ੍ਹੀ ਰੱਖੀ।

ਕਾਰੋਬਾਰ ਲਈ ਨਵੀਆਂ ਲੀਹਾਂ ਅਪਣਾਈਆਂ ਅਤੇ 30 ਸਾਲ ਦੀ ਉਮਰ ਤੋਂ ਪਹਿਲਾਂ ਹੀ ਚੀਨ ਵੱਲ ਪੰਜ ਸਮੁੰਦਰੀ ਸਫ਼ਰ ਕੀਤੇ। ਇਨ੍ਹਾਂ ਸਫਰਾਂ ਨੇ ਇਸ ਦੇ ਵਿਸ਼ਵ ਗਿਆਨ ਵਿਚ ਕਾਫ਼ੀ ਵਾਧਾ ਕੀਤਾ ਅਤੇ ਨਾਲ ਹੀ ਵਪਾਰਕ ਤਰੀਕਿਆਂ ਦਾ ਬਹੁਤ ਸਾਰਾ ਤਜਰਬਾ ਪ੍ਰਾਪਤ ਕੀਤਾ ਜਿਸ ਨਾਲ ਇਸ ਦੀ ਪ੍ਰੇਖਣ, ਸੂਝ ਅਤੇ ਵਪਾਰਕ ਸੂਖਮ ਦ੍ਰਿਸ਼ਟੀ ਹੋਰ ਤੇਜ਼ ਹੋ ਗਈ। ਛੇਤੀ ਹੀ ਇਹ ਮਾਲੋਮਾਲ ਹੋ ਗਿਆ। ਇਸ ਦਾ ਪਹਿਲਾ ਸਮੁੰਦਰੀ ਸਫ਼ਰ ਅਤੇ ਖ਼ਾਸ ਕਰਕੇ ਚੌਥਾ ਸਫ਼ਰ ਸਭ ਤੋਂ ਵਧੇਰੇ ਮਾੜਾ ਸਾਬਤ ਹੋਇਆ। ਜਿਸ ਸਮੁੰਦਰੀ ਜ਼ਹਾਜ਼ ਰਾਹੀਂ ਇਹ ਸਫ਼ਰ ਕਰ ਰਿਹਾ ਸੀ, ਫਰਾਂਸੀਸੀਆਂ ਨੇ ਕਬਜ਼ੇ 'ਚ ਲੈ ਲਿਆ ਅਤੇ ਇਸ ਦਾ ਸਾਰਾ ਸਾਜ਼ੋ ਸਾਮਾਨ ਖੋਹ ਕੇ ਇਸ ਨੂੰ ਕੇਪ ਆਫ਼ ਗੁਡ ਹੋਪ ਵਿਖੇ ਛੱਡ ਦਿੱਤਾ। ਕੁਝ ਪਰਉਪਕਾਰੀ ਇਸ ਨੂੰ ਕਲਕੱਤੇ ਲੈ ਆਏ ਅਤੇ ਛੇਤੀ ਹੀ ਇਹ ਆਪਣੇ ਪਰਿਵਾਰ ਨੂੰ ਬੰਬਈ ਜਾ ਮਿਲਿਆ। ਸੰਨ 1807 ਵਿਚ ਇਸ ਨੇ ਮੁੜ ਚੀਨ ਵੱਲ ਸਮੁੰਦਰੀ ਸਫ਼ਰ ਸ਼ੁਰੂ ਕਰ ਦਿੱਤਾ ਜੋ ਬਹੁਤ ਲਾਹੇਵੰਦ ਰਿਹਾ ਅਤੇ ਇਸ ਨੇ ਕਾਫ਼ੀ ਧਨ ਕਮਾਇਆ। ਅਸੂਲਾਂ ਅਤੇ ਵਿਸ਼ਵ-ਵਿਆਪੀ ਮਾਨਵ ਪ੍ਰੇਮ ਕਾਰਨ ਇਸ ਨੂੰ 'ਫ਼ਰੀਡਮ ਆਫ਼ ਦੀ ਸਿਟੀ ਆਫ਼ ਲੰਡਨ' ਦਾ ਸਨਮਾਨ ਮਿਲਿਆ। ਸੰਨ 1857 ਵਿਚ ਮਹਾਰਾਣੀ ਨੇ ਇਸ ਨੂੰ ਬੈਰੋਨੇਟ ਬਣਾ ਦਿੱਤਾ।

ਪਾਰਸੀ ਭਾਈਚਾਰੇ ਵਿਚ ਸੁਧਾਰ ਲਿਆਉਣ ਵਾਲਾ ਇਹ ਪਹਿਲਾ ਵਿਅਕਤੀ ਸੀ। ਇਸ ਨੇ ਪਾਦਰੀ ਵਰਗ ਦੇ ਗਲਬੇ ਦੀ ਵਿਰੋਧਤਾ ਕੀਤੀ ਅਤੇ ਪਾਰਸੀ ਪੰਚਾਇਤਾਂ ਲੋਕ ਰਾਜੀ ਲੀਹਾਂ ਉੱਤੇ ਚਲਾਉਣ ਦਾ ਸਮਰਥਨ ਕੀਤਾ। ਇਸ ਨੇ ਔਰਤਾਂ ਦੀ ਆਜ਼ਾਦੀ ਅਤੇ ਸਿੱਖਿਆ ਲਈ ਸਿਰਤੋੜ ਯਤਨ ਕੀਤੇ। ਪ੍ਰਬੰਧਕੀ ਸੁਧਾਰ ਕਰਨ, ਸਰਕਾਰੀ ਨੌਕਰੀਆਂ ਵਿਚ ਹਿੰਦੁਸਤਾਨੀਆਂ ਨੂੰ ਉਚਿਤ ਹਿੱਸਾ ਦੁਆਉਣ ਅਤੇ ਨਾਵਾਜਬ ਕਰ ਹਟਾਉਣ ਸਬੰਧੀ ਆਵਾਜ਼ ਵੀ ਇਸ ਨੇ ਉਠਾਈ। ਬੰਬਈ ਦੇ ਕੁਝ ਪਤਵੰਤਿਆਂ ਦੀ ਜਿਊਰੀ ਵਿਚ ਹਿੰਦੁਸਤਾਨੀਆਂ ਦੀ ਨਿਯੁਕਤੀ ਬਾਰੇ 1829 ਵਿਚ ਭੇਜੀ ਅਰਜ਼ੀ ਕਾਰਨ ਹੀ ਇਸ ਨੂੰ ਜਿਊਰੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਸੰਨ 1814 ਵਿਚ ਇਸ ਨੇ ਆਪਣਾ ਸਮੁੰਦਰੀ ਜਹਾਜ਼ ਖਰੀਦ ਲਿਆ ਅਤੇ ਹੌਲੀ ਹੌਲੀ ਬੇੜੇ ਦਾ ਵਿਸਥਾਰ ਕਰ ਲਿਆ।

ਵਪਾਰਕ ਤੀਖਣਤਾ ਤੋਂ ਇਲਾਵਾ ਜਮਸ਼ੇਦ ਜੀ ਦੇ ਦਿਲ ਵਿਚ ਹੋਰਨਾਂ ਲੋਕਾਂ ਪ੍ਰਤੀ ਬਹੁਤ ਹਮਦਰਦੀ ਸੀ। ਇਸ ਨੇ ਹੜ੍ਹ-ਰਾਹਤ, ਖੂਹਾਂ ਅਤੇ ਬੰਨ੍ਹਾਂ, ਸੜਕਾਂ ਤੇ ਸੜਕਾਂ ਦੀਆਂ ਪਟੜੀਆਂ ਅਤੇ ਪੁਲਾਂ ਦੀ ਉਸਾਰੀ ਲਈ ਬੜਾ ਦਾਨ ਦਿੱਤਾ। ਇਸ ਤੋਂ ਇਲਾਵਾ ਇਸ ਨੇ ਹਸਪਤਾਲ, ਡਿਸਪੈਂਸਰੀਆਂ, ਵਿੱਦਿਅਕ ਸੰਸਥਾਵਾਂ, ਆਰਾਮ-ਘਰ, ਪਸ਼ੂਆਂ ਲਈ ਸੁਰੱਖਿਅਤ ਘਰ ਬਣਵਾਏ ਅਤੇ ਮੁਥਾਜਾਂ ਤੇ ਅਪਾਹਜਾਂ ਲਈ ਕੇਂਦਰ ਸ਼ੁਰੂ ਕੀਤੇ। ਇਸ ਦੇ ਲੋਕ-ਹਿਤੈਸ਼ੀ ਕੰਮਾਂ ਕਾਰਨ ਹੀ 1842 ਈ. ਵਿਚ ਇਸ ਨੂੰ ਨਾ ਸਿਰਫ਼ 'ਸਰ' ਦੇ ਖ਼ਿਤਾਬ ਨਾਲ ਸਨਮਾਨਿਆ ਗਿਆ ਸਗੋਂ ਮਹਾਰਾਣੀ ਵਿਕਟੋਰੀਆ ਵੱਲੋਂ ਹੀਰੇ ਜੜਿਆ ਸੋਨੇ ਦਾ ਤਮਗ਼ਾ ਵੀ ਦਿੱਤਾ ਗਿਆ। ਅਜਿਹਾ ਸਨਮਾਨ ਪ੍ਰਾਪਤ ਕਰਨ ਵਾਲਾ ਇਹ ਪਹਿਲਾ ਹਿੰਦੁਸਤਾਨੀ ਸੀ। ਸੰਨ 1834 ਵਿਚ ਇਹ 'ਜਸਟਿਸ ਆਫ਼ ਪੀਸ' ਬਣਿਆ। ਸੰਨ 1842 ਵਿਚ ਸਰਕਾਰ ਵੱਲੋਂ ਲੂਣ ਕਰ ਵਧਾਏ ਜਾਣ ਦੀ ਵਿਰੋਧਤਾ ਵਿਚ ਇਸ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਰਾਮ ਦੀਆਂ ਵਸਤਾਂ ਤੇ ਕਰ ਲਾਉਣ ਦੀ ਸਿਫਾਰਸ਼ ਕੀਤੀ। ਅਗਸਤ 1852 ਵਿਚ ਬੰਬਈ ਐਸੋਸੀਏਸ਼ਨ ਨਾਂ ਦੀ ਪਹਿਲੀ ਸਿਆਸੀ ਐਸੋਸੀਏਸ਼ਨ ਦਾ ਇਸ ਨੂੰ ਪਹਿਲਾ ਆਨਰੇਰੀ ਪ੍ਰੈਜ਼ੀਡੈਂਟ ਚੁਣਿਆ ਗਿਆ।

ਇਹ 1827 ਵਿਚ 'ਨੇਟਿਵ ਐਜੂਕੇਸ਼ਨ ਸੁਸਾਇਟੀ' ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ, 1842 ਵਿਚ ਬੋਰਡ ਆਫ਼ ਐਜੂਕੇਸ਼ਨ ਦਾ ਮੈਂਬਰ ਅਤੇ 1857 ਵਿਚ ਬੰਬਈ ਯੂਨੀਵਰਸਿਟੀ ਸੈਨੇਟ ਦਾ ਮੈਂਬਰ ਬਣਿਆ। ਜਮਸ਼ੇਦ ਜੀ ਕਈ ਅਖ਼ਬਾਰਾਂ ਤੇ ਰਸਾਲਿਆਂ ਦੀ ਵੀ ਸਹਾਇਤਾ ਕਰਦਾ ਰਿਹਾ।

ਸੰਨ 1859 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਡਿਕ. ਨੈ. ਬਾਇ. 2:231

**ਜਮਸ਼ੇਦਪੁਰ** : ਇਹ ਟਾਟਾਨਗਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਭਾਰਤ ਦੇ ਬਿਹਾਰ ਪ੍ਰਦੇਸ਼ ਦੇ ਸਿੰਘਭੂਮ ਜ਼ਿਲ੍ਹੇ ਦਾ ਇਸਪਾਤ ਤਿਆਰ ਕਰਨ ਵਾਲਾ ਇਕ ਪ੍ਰਸਿੱਧ ਸ਼ਹਿਰ ਹੈ ਅਤੇ ਰਾਜ ਦਾ ਦੂਜਾ ਵੱਡਾ ਸ਼ਹਿਰ ਹੈ। ਇਹ ਸ਼ਹਿਰ ਕਲਕੱਤੇ ਦੇ ਪੱਛਮ-ਉੱਤਰ-ਪੱਛਮ ਵੱਲ 200 ਕਿ. ਮੀ. ਦੀ ਵਿਥ ਤੇ ਬੰਬਈ-ਨਾਗਪੁਰ-ਕਲਕੱਤੇ ਰੇਲ ਮਾਰਗ ਤੇ ਵਸਿਆ ਹੋਇਆ ਹੈ। ਖਾਣਾਂ ਦੇ ਭੰਡਾਰ, ਛੋਟੇ ਨਾਗਪੁਰ ਦੇ ਦੱਖਣ-ਪੂਰਬੀ ਸਿਰੇ ਦੇ ਬਿਲਕੁਲ ਨਜ਼ਦੀਕ ਰੇਲ ਅਤੇ ਸੜਕ-ਮਾਰਗਾਂ ਦਾ ਇਥੇ ਵੱਡਾ ਜੰਕਸ਼ਨ ਹੈ। ਜਮਸ਼ੇਦਪੁਰ ਆਧੁਨਿਕ ਢੰਗ ਨਾਲ ਉਸਾਰਿਆ ਵਿਉਂਤਬੱਧ ਅਤੇ ਖੁਲ੍ਹਾ-ਡੁਲ੍ਹਾ ਇਕ ਉਦਯੋਗਿਕ ਸ਼ਹਿਰ ਹੈ. ਇਸ ਨੇ ਸੁਬਰਨਰੇਖਾ ਅਤੇ ਖਰਕਾਈ ਨਦੀਆਂ ਵਿਚਕਾਰਲੀ ਦੁਆਬ ਦਾ 63.81 ਵ. ਕਿ. ਮੀ. ਦਾ ਰਕਬਾ ਮੱਲਿਆ ਹੋਇਆ ਹੈ। ਇਸੇ ਥਾਂ ਤੇ ਬਹੁਤ ਹੀ ਵਧੀਆ ਪਾਰਕ ਹੈ। ਇਹ ਸ਼ਹਿਰ 1907 ਈ. ਵਿਚ ਇਕ ਭਾਰਤੀ ਉਦਯੋਗਪਤੀ ਦੋਰਾਬਜੀ ਜਮਸ਼ੇਦ ਜੀ ਟਾਟਾ ਨੇ ਇਕ ਦਿਹਾਤੀ ਇਲਾਕੇ ਵਿਚ ਵਧਾਇਆ ਸੀ. ਪਰ 'ਟਾਟਾ ਆਇਰਨ ਐਂਡ ਸਟੀਲ ਵਰਕਸ' ਦੀ ਸਥਾਪਨਾ ਨਾਲ ਸ਼ਹਿਰ ਨੇ ਬਹੁਤ ਤੇਜ਼ੀ ਨਾਲ ਤਰੱਕੀ ਕੀਤੀ। ਇਥੇ ਆਇਰਨ ਤੇ ਸਟੀਲ ਦਾ ਕੰਮ ਅਤੇ ਇਸ ਦੇ ਨਾਲ ਸਬੰਧਤ ਕਈ ਹੋਰ ਉਦਯੋਗ ਜਿਵੇਂ ਲੋਕੋਮੋਟਿਵ, ਟਿਨ ਪਲੇਟ, ਖੇਤੀਬਾੜੀ ਦੇ ਸੰਦ, ਕੇਬਲ ਅਤੇ ਸਟੀਲ ਵਾਇਰ ਅਤੇ ਲੋਹੇ ਦੇ ਐਨਮਲਿਤ ਬਰਤਨ ਆਦਿ ਉਦਯੋਗ ਸਥਾਪਿਤ ਹੋ ਗਏ। ਹੋਰਨਾਂ ਵਿਦਿਅਕ ਸੰਸਥਾਵਾਂ ਤੋਂ ਬਿਨਾਂ ਇਥੇ ਇਕ ਮੈਡੀਕਲ ਕਾਲਜ ਵੀ ਹੈ।

ਅੱਜਕੱਲ੍ਹ ਇਹ ਲੋਹੇ ਅਤੇ ਇਸਪਾਤ ਦੇ ਉਤਪਾਦਨ ਵਿਚ ਭਾਰਤ ਦਾ ਮੁੱਖ ਸ਼ਹਿਰ ਹੈ। ਇਸ ਤੋਂ ਇਲਾਵਾ ਇਥੇ ਗੱਡੀਆਂ ਨੂੰ ਜੋੜਨ, ਰੇਲ-ਇੰਜਣ ਦਾ ਸਾਮਾਨ, ਖੇਤੀਬਾੜੀ ਦੇ ਔਜ਼ਾਰ ਅਤੇ ਝਾਲ ਫ਼ੇਰਨ ਆਦਿ ਕੰਮਾਂ ਨਾਲ ਸਬੰਧਤ ਕਾਰਖ਼ਾਨੇ ਹਨ।

ਇਹ ਨੈਸ਼ਨਲ ਮੈਟਾਲਰਜੀਕਲ ਲੈਬਾਰਟਰੀ ਦਾ ਵੀ ਸਥਾਨ ਹੈ।

ਆਬਾਦੀ–7,51,368 (1991)

22° 48′ ਉ. ਵਿਥ.; 86° 11′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5: 513

**ਜਮਖੰਡੀ** : ਰਿਆਸਤ—ਇਹ ਕੋਲ੍ਹਾਪੁਰ ਦੇ ਪੁਲੀਟੀਕਲ ਏਜੰਟ ਅਤੇ ਦੱਖਣੀ ਮਰਹੱਟਾ ਇਲਾਕੇ ਵਿਚ ਇਕ ਸਾਬਕਾ ਰਿਆਸਤ ਹੁੰਦੀ ਸੀ। ਰਿਆਸਤ ਦਾ ਕੁੱਲ ਰਕਬਾ 1,342 ਵ. ਕਿ. ਮੀ. (524 ਵ. ਮੀਲ) ਸੀ। ਪੇਸ਼ਵਾ ਨੇ ਇਹ ਰਿਆਸਤ ਪਤਵਰਧਨ ਖ਼ਾਨਦਾਨ ਦੇ ਇਕ ਮੈਂਬਰ ਨੂੰ ਬਖਸ਼ੀ ਸੀ। ਸੰਨ 1808 ਵਿਚ ਇਹ ਰਿਆਸਤ ਦੋ ਹਿੱਸਿਆਂ ਵਿਚ ਵੰਡ ਦਿੱਤੀ ਗਈ। ਇਨ੍ਹਾਂ ਵਿਚੋਂ ਇਕ ਹਿੱਸਾ ਤਸਗਾਓਂ (Tasgaon), ਵਾਰਸ ਨਾ ਹੋਣ ਦੇ ਕਾਰਨ 1848 ਈ. ਵਿਚ ਅੰਗਰੇਜ਼ਾਂ ਅਧੀਨ ਚਲਾ ਗਿਆ ਜਦੋਂ ਕਿ ਦੂਜਾ ਹਿੱਸਾ ਜਮਖੰਡੀ ਰਿਆਸਤ ਬਣ ਗਿਆ। ਇਸ ਰਿਆਸਤ ਦੀ 87 ਪ੍ਰਤਿਸ਼ਤ ਵਸੋਂ ਹਿੰਦੂਆਂ ਦੀ ਅਤੇ 10 ਪ੍ਰਤਿਸ਼ਤ ਮੁਸਲਮਾਨਾਂ ਦੀ ਹੁੰਦੀ ਸੀ। ਰਿਆਸਤ ਵਿਚ 8 ਕਸਬੇ (ਮੁੱਖ ਕਸਬਾ ਜਮਖੰਡੀ) ਅਤੇ 79 ਪਿੰਡ ਸਨ। ਮਰੀਗੁੜੀ ਨਾਂ ਦੇ ਪਿੰਡ ਕੋਲ ਇਕ ਬਹੁਤ ਵਧੀਆ ਕਿਸਮ ਦਾ ਨਰਮ ਪੱਥਰ ਮਿਲਿਆ ਸੀ। ਕਪਾਹ, ਕਣਕ ਅਤੇ ਦਾਲਾਂ ਦੀਆਂ ਆਮ ਕਿਸਮਾਂ ਅਤੇ ਬਾਜਰਾ ਇਥੋਂ ਦੀਆਂ ਮੁੱਖ ਫ਼ਸਲਾਂ ਸਨ। ਮੋਟਾ ਸੂਤੀ ਕੱਪੜਾ ਅਤੇ ਦੇਸੀ ਕੰਬਲ ਤਿਆਰ ਕੀਤੇ ਜਾਂਦੇ ਸਨ। ਰਿਆਸਤ ਦਾ ਮੁਖੀ ਬ੍ਰਾਹਮਣ ਜਾਤ ਦਾ ਸੀ ਅਤੇ ਉਹ ਦੱਖਣੀ ਮਰਹੱਟਾ ਇਲਾਕੇ ਵਿਚੋਂ ਪਹਿਲੇ ਦਰਜੇ ਦਾ ਸਰਦਾਰ ਹੁੰਦਾ ਸੀ। ਉਸ ਕੋਲ ਮੁਤਬੰਨਾ ਬਣਾਉਣ ਦੀ ਸਨਦ (Sanad of adoption) ਹੁੰਦੀ ਸੀ ਅਤੇ ਉੱਤਰਾਧਿਕਾਰ ਜੇਠਾ-ਅਧਿਕਾਰ ਦੇ ਨਿਯਮ ਅਨੁਸਾਰ ਚਲਦਾ ਸੀ।

ਹ. ਪੁ.–ਇੰਪ. ਗ. ਇੰਡ. 14: 46

**ਜਮਖੰਡੀ** : ਸ਼ਹਿਰ—ਭਾਰਤ ਦੇ ਕਰਨਾਟਕ ਰਾਜ ਦੇ ਬੀਜਾਪੁਰ ਜ਼ਿਲ੍ਹੇ ਵਿਚ ਇਹ ਇਕ ਸ਼ਹਿਰ ਹੈ ਜੋ ਬੈਲਗਾਓਂ ਸ਼ਹਿਰ ਤੋਂ 113 ਕਿ. ਮੀ. (70 ਮੀਲ) ਉੱਤਰ-ਪੂਰਬ ਵੱਲ ਅਤੇ ਕੋਲ੍ਹਾਪੁਰ ਸ਼ਹਿਰ ਤੋਂ 110 ਕਿ. ਮੀ. (68 ਮੀਲ) ਪੂਰਬ ਵੱਲ ਵਾਕਿਆ ਹੈ। ਪਹਿਲਾਂ ਇਹ ਸ਼ਹਿਰ ਇਸੇ ਹੀ ਨਾਂ ਦੀ ਇਕ ਸਾਬਕਾ ਰਿਆਸਤ ਦਾ ਰਾਜਧਾਨੀ ਸ਼ਹਿਰ ਹੁੰਦਾ ਸੀ। ਸ਼ਹਿਰ ਵਿਚ ਸੈਂਆਂ ਦੀ ਗਿਣਤੀ ਵਿਚ ਖੱਡੀਆਂ ਲੱਗੀਆਂ ਹੋਈਆਂ ਹਨ। ਰੇਸ਼ਮ ਦੇ ਕੱਪੜੇ ਦਾ ਕਾਫ਼ੀ ਵਪਾਰ ਹੁੰਦਾ ਹੈ। ਉਮਾ ਰਾਮੇਸ਼ਵਰ ਦੇਵਤੇ ਦੇ ਸਨਮਾਨ ਵਿਚ ਇਥੇ ਹਰ ਸਾਲ 6 ਦਿਨ ਮੇਲਾ ਲਗਦਾ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪੁੱਜਦੇ ਹਨ।

ਆਬਾਦੀ–48,143 (1991)

16° 30′ ਉ. ਵਿਥ.; 75° 22′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 47

**ਜ਼ਮਜ਼ਮ** : ਮੱਕੇ ਵਿਚ ਕਾਬੇ ਦੇ ਪਾਸ ਇਕ ਖੂਹ ਹੈ ਜਿਸ ਨੂੰ ਪਵਿੱਤਰ ਮੰਨਿਆ ਗਿਆ ਹੈ। ਇਸ ਦੇ ਨਾਮ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਜਦੋਂ ਇਬਰਾਹੀਮ ਦੀ ਵਹੁਟੀ, ਹਾਜਰਹ ਆਪਣੇ ਪੁੱਤਰ ਇਸਮਾਈਲ ਸਮੇਤ ਪਿਆਸੀ ਇਸ ਖੂਹ ਦੇ ਪਾਸ ਆਈ ਤਾਂ ਉਸ ਨੇ ਪਾਣੀ ਦੇਖ ਕੇ ਪੁੱਤਰ ਨੂੰ ਪੁਕਾਰਿਆ 'ਠਹਿਰ, ਠਹਿਰ' ਮਿਸਰ ਦੀ ਭਾਸ਼ਾ ਵਿਚ 'ਜ਼ਮ' ਦਾ ਅਰਥ ਠਹਿਰਨਾ ਹੈ। ਕਈ ਕਹਿੰਦੇ ਹਨ ਕਿ 'ਜ਼ਮ' ਦਾ ਅਰਥ ਭਰਨਾ ਹੈ। ਇਸ ਖੂਹ ਦੀ ਥਾਂ ਤੇ ਪਹਿਲਾਂ ਅਗਲੀ ਪੂਜਕਾਂ ਦਾ ਕੁੰਡ ਸੀ ਪਰ ਹਾਜਰਹ ਤੇ ਇਸਮਾਈਲ ਪਿਆਸ ਨਾਲ ਬਿਹਬਲ ਹੋ ਕੇ ਜਦੋਂ ਇਸ ਪਾਸ ਆਏ ਅਤੇ ਪਾਣੀ ਨਾ ਦੇਖ ਕੇ ਨਿਰਾਸ ਹੋਏ ਤੇ ਖ਼ੁਦਾ ਅਗੇ ਅਰਦਾਸ ਕੀਤੀ ਕਿ ਕਿਰਪਾ ਕਰਕੇ ਇਸ ਨੂੰ ਜਲ ਨਾਲ ਭਰ ਦਿਉ। ਇਉਂ ਇਸ ਵਿਚ ਪਾਣੀ ਭਰ ਗਿਆ ਜਿਸ ਨਾਲ ਮਾਂ-ਪੁੱਤਰ ਨੇ ਆਪਣੀ ਪਿਆਸ ਬੁਝਾਈ।

ਹਾਜੀ ਲੋਕ ਜ਼ਮਜ਼ਮ ਦਾ ਪਾਣੀ ਪੀਣਾ ਪਵਿੱਤਰ ਕਰਮ ਮੰਨਦੇ ਹਨ। ਕਈ ਇਸ ਖੂਹ ਦੇ ਜਲ ਨਾਲ ਰੋਜ਼ੇ ਖੋਲ੍ਹਦੇ ਹਨ। ਇਸ ਖੂਹ ਦਾ ਪਾਣੀ ਸ਼ੀਸ਼ੀਆਂ ਵਿਚ ਦੇਸ਼ ਦੇਸ਼ਾਂਤਰਾਂ ਵਿਚ ਜਾਂਦਾ ਹੈ। ਇਹ ਪਾਣੀ ਖਾਰਾ ਤੇ ਬਹੁਤ ਭਾਰਾ ਹੈ। ਮਰਨ ਸਮੇਂ ਪ੍ਰਾਣੀ ਦੇ ਮੂੰਹ ਵਿਚ ਜ਼ਮਜ਼ਮ ਦਾ ਪਾਣੀ ਪਾਉਣਾ ਵੀ ਮੁਸਲਮਾਨਾਂ ਵਿਚ ਪਵਿੱਤਰ ਕਰਮ ਹੈ।

ਹ. ਪੁ.–ਮ. ਕੋ. : 507

**ਜ਼ਮਜ਼ਮਾ ਤੋਪ (ਭੰਗੀਆਂ ਦੀ ਤੋਪ)** : ਸੰਨ 1761 ਦੀ ਬਣੀ ਇਕ ਤੋਪ ਹੈ ਜੋ ਸਿੱਖ ਰਾਜ ਸਮੇਂ ਲਾਹੌਰ ਵਿਚ ਢਾਲੀ ਗਈ। ਇਸ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਪ੍ਰਧਾਨ ਮੰਤਰੀ ਸ਼ਾਹ ਵਲੀ ਖ਼ਾਂ ਦੀਆਂ ਹਦਾਇਤਾਂ ਅਨੁਸਾਰ ਸ਼ਾਹ ਨਜ਼ੀਰ ਨੇ 1761 ਈ. ਵਿਚ ਢਾਲਿਆ। ਇਸ ਦੇ ਢਾਲਣ ਦੀ ਤਾਰੀਖ ਇਸ ਦੇ ਉਪਰ ਲਿਖੇ ਨਾਮ ਪੀਕਰੇ ਅਜ਼ਦਹਾਏ ਆਤਿਸ਼ ਬਾਰ ਤੋਂ ਪਤਾ ਲਗਦਾ ਹੈ। ਅਬਜ਼ਦ ਦੇ ਹਿਸਾਬ ਨਾਲ ਇਸ ਦਾ 1174 ਹਿਜਰੀ ਅਰਥਾਤ 1761 ਈ. ਬਣਦਾ ਹੈ।

ਅਹਿਮਦ ਸ਼ਾਹ ਅਬਦਾਲੀ ਪਾਣੀਪਤ ਵਿਚ ਅਫ਼ਗਾਨਾਂ ਨੂੰ ਹਰਾਉਣ ਮਗਰੋਂ ਕਾਬਲ ਨੂੰ ਜਾਂਦੇ ਸਮੇਂ ਇਹ ਤੋਪ ਲਾਹੌਰ ਦੇ ਸੂਬੇਦਾਰ ਖਵਾਜਾ ਉਬੈਦ ਖ਼ਾਂ ਕੋਲ ਛੱਡ ਗਿਆ ਕਿਉਂਕਿ ਇੰਨੀ ਭਾਰੀ ਤੋਪ ਨੂੰ ਨਾਲ ਲਿਜਾਣਾ ਸੰਭਵ ਨਹੀਂ ਸੀ। ਇਸ ਦੇ ਨਾਲ ਇਕ ਹੋਰ ਢਾਲੀ ਤੋਪ ਉਹ ਨਾਲ ਲੈ ਗਿਆ ਜੋ ਚਨਾਬ ਦੇ ਰਸਤੇ ਵਿਚ ਹੀ ਕਿਧਰੇ ਗੁੰਮ ਗਈ। ਜ਼ਮਜ਼ਮਾ ਤੋਪ ਨੂੰ ਬਣਾਉਣ ਲਈ ਜਿੰਨਾ ਤਾਂਬਾ ਅਤੇ ਪਿੱਤਲ ਵਰਤਿਆ ਗਿਆ ਸੀ, ਬਾਰੇ ਇਹ ਮੱਤ ਪ੍ਰਚਲਿਤ ਹੈ ਕਿ ਇਸ ਸਾਮਾਨ ਨੂੰ ਹਿੰਦੂਆਂ ਉਪਰ ਲਾਏ ਜਜ਼ੀਏ ਤੋਂ ਇਕੱਠਾ ਕਰਕੇ ਖਰੀਦਿਆ ਗਿਆ ਸੀ।

ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਨੇ ਜਦੋਂ ਉਬੈਦ ਖ਼ਾਂ ਦੇ ਅਸਲੇਖ਼ਾਨੇ ਨੂੰ ਲੁੱਟਿਆ ਤਾਂ ਇਹ ਤੋਪ ਉਸਦੇ ਹੱਥ ਲੱਗੀ। ਹਰੀ ਸਿੰਘ ਭੰਗੀ ਇਹ ਤੋਪ ਆਪਣੇ ਨਾਲ ਅੰਮ੍ਰਿਤਸਰ ਲੈ ਆਇਆ ਪਰ ਕੁਝ ਇਤਿਹਾਸਕਾਰ ਇਸ ਮੱਤ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਅਨੁਸਾਰ 1764 ਈ. ਵਿਚ ਜਦੋਂ ਲਹਿਣਾ ਸਿੰਘ ਅਤੇ ਗੁੱਜਰ ਸਿੰਘ ਭੰਗੀ ਨੇ ਲਾਹੌਰ ਤੇ ਕਬਜ਼ਾ ਕੀਤਾ ਤਾਂ ਇਹ ਤੋਪ ਉਸ ਵੇਲੇ ਉਨ੍ਹਾਂ ਦੇ ਹੱਥ ਲੱਗੀ। ਦੋ ਕੁ ਦਿਨਾਂ ਮਗਰੋਂ ਜਦੋਂ ਚੜ੍ਹਤ ਸਿੰਘ ਸ਼ੁਕਰਚੱਕੀਆ ਭੰਗੀਆਂ ਨੂੰ ਲਾਹੌਰ ਜਿੱਤਣ ਦੀ ਵਧਾਈ ਦੇਣ ਆਇਆ ਤਾਂ ਉਸ ਨੇ ਇਸ਼ਾਰੇ ਵਿਚ ਕਿਹਾ ਕਿ ਉਸ ਨੂੰ ਵੀ ਲੁੱਟ ਦਾ ਹਿੱਸਾ ਮਿਲਣਾ ਚਾਹੀਦਾ ਹੈ। ਭੰਗੀ ਸਰਦਾਰ ਇਸ ਇਸ਼ਾਰੇ ਨੂੰ ਭਾਂਪ ਗਏ ਕਿ ਸ਼ੁਕਰਚੱਕੀਏ ਸਰਦਾਰ ਦਾ ਇਸ਼ਾਰਾ ਜ਼ਮਜ਼ਮਾ ਤੋਪ ਵੱਲ ਹੈ ਅਤੇ ਇਹ ਤੋਪ ਗੁਜਰਾਂਵਾਲੇ ਪੁਚਾਈ ਗਈ। ਇਥੋਂ ਇਹ ਤੋਪ ਅਹਿਮਦ ਖ਼ਾਂ ਡੱਲੇ ਦੇ ਹੱਥ ਲੱਗੀ ਅਤੇ ਇਹ ਇਸ ਨੂੰ ਆਪਣੇ ਨਵੇਂ ਬਣਾਏ ਕਿਲ੍ਹੇ ਅਹਿਮਦਨਗਰ ਨੂੰ ਲੈ ਗਿਆ। ਇਥੇ ਇਸ ਤੋਪ ਪਿੱਛੇ ਇਸ ਦੀ ਆਪਣੇ ਭਰਾ ਪੀਰ ਮੁਹੰਮਦ ਨਾਲ ਲੜਾਈ ਹੋਈ। ਇਸ ਲੜਾਈ ਵਿਚ ਇਕ ਪੁੱਤਰ ਪੀਰ ਮੁਹੰਮਦ ਦਾ ਅਤੇ ਦੋ ਪੁੱਤਰ ਅਹਿਮਦ ਖ਼ਾਂ ਦੇ ਮਾਰੇ ਗਏ। ਪੀਰ ਮੁਹੰਮਦ ਨੇ ਆਪਣੀ ਮਦਦ ਲਈ ਗੁੱਜਰ ਸਿੰਘ ਭੰਗੀ ਨੂੰ ਬੁਲਾਇਆ। ਗੁੱਜਰ ਸਿੰਘ ਨੇ ਅਹਿਮਦ ਖ਼ਾਂ ਨੂੰ ਘੇਰਾ ਪਾ ਲਿਆ ਅਤੇ ਉਸ ਨੂੰ ਇਕ ਦਿਨ ਅਤੇ ਇਕ ਰਾਤ ਵਿਚ ਹੀ ਬੜਾ ਔਖਾ ਕਰ ਦਿੱਤਾ। ਅਖ਼ੀਰ ਅਹਿਮਦ ਖ਼ਾਂ ਨੇ ਭੰਗੀ ਸਰਦਾਰ ਨੂੰ

ਤੋਪ ਦੇਣੀ ਮੰਨ ਲਈ। ਗੁੱਜਰ ਸਿੰਘ ਨੇ ਇਹ ਤੋਪ ਪੀਰ ਮੁਹੰਮਦ ਨੂੰ ਦੇਣ ਦੀ ਥਾਂ ਤੇ ਗੁਜਰਾਤ ਪੁਚਾ ਦਿੱਤੀ ਅਤੇ ਮੁੜ ਆਪਣੇ ਕਬਜ਼ੇ ਹੇਠ ਕਰ ਲਈ। ਇਥੇ ਇਹ ਤੋਪ ਦੋ ਸਾਲ ਤੱਕ ਰਹੀ ਅਤੇ ਇਕ ਮੁਹਿੰਮ ਵੇਲੇ ਭੰਗੀਆਂ ਨੇ ਇਸ ਤੋਪ ਨੂੰ ਸ਼ੁਕਰਚੱਕੀਆਂ ਵਿਰੁੱਧ ਵੀ ਇਸਤੇਮਾਲ ਕੀਤਾ। ਇਸ ਲੜਾਈ ਵਿਚ ਭੰਗੀਆਂ ਦੀ ਹਾਰ ਹੋਈ ਅਤੇ ਤੋਪ ਸ਼ੁਕਰਚੱਕੀਆਂ ਦੇ ਹੱਥ ਆ ਗਈ।

ਸੰਨ 1772 ਵਿਚ ਚੜ੍ਹਤ ਸਿੰਘ ਦੇ ਇਕ ਹੋਰ ਵਿਰੋਧੀ ਚੱਠੇ ਸਰਦਾਰ ਨੇ ਸ਼ੁਕਰਚੱਕੀਆਂ ਨਾਲ ਲੜਾਈ ਕਰਨ ਮਗਰੋਂ ਇਸ ਤੋਪ ਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਰਾਮਨਗਰ ਲੈ ਗਿਆ। ਇਥੇ ਅਗਲੇ ਸਾਲ ਝੰਡਾ ਸਿੰਘ ਭੰਗੀ ਨੇ ਮੁਲਤਾਨ ਤੋਂ ਵਾਪਸ ਆਉਂਦਿਆਂ ਇਸ ਤੋਪ ਨੂੰ ਆਪਣੇ ਕਬਜ਼ੇ ਵਿਚ ਕਰਕੇ ਅੰਮ੍ਰਿਤਸਰ ਪਹੁੰਚਾ ਦਿੱਤਾ।

ਸੰਨ 1802 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ ਅਤੇ ਇਸ ਤੋਪ ਨੂੰ ਆਪਣੇ ਕੋਲ ਬੜੀ ਸ਼ਾਨ ਨਾਲ ਰੱਖਿਆ। ਇਸ ਨੂੰ ਡਸਕਾ, ਕਸੂਰ, ਸੁਜਾਨਪੁਰ, ਵਜ਼ੀਰਾਬਾਦ ਅਤੇ ਮੁਲਤਾਨ ਦੀਆਂ ਮੁਹਿੰਮਾ ਸਮੇਂ ਵਰਤਿਆ। ਸੰਨ 1818 ਵਿਚ ਮੁਲਤਾਨ ਦੀ ਮੁਹਿੰਮ ਵੇਲੇ ਇਸ ਤੋਪ ਨੂੰ ਕਾਫ਼ੀ ਨੁਕਸਾਨ ਹੋਇਆ ਅਤੇ ਇਸ ਨੂੰ ਸ਼ਹਿਰ ਦੇ ਦਿੱਲੀ ਗੇਟ ਰੱਖਿਆ ਗਿਆ ਜਿਥੇ ਇਹ 1860 ਈ. ਤੱਕ ਰਹੀ। ਬਾਅਦ ਵਿਚ ਇਸ ਨੂੰ ਲਾਹੌਰ ਅਜਾਇਬ ਘਰ ਸਾਹਮਣੇ ਰੱਖਿਆ ਗਿਆ ਜਿਥੇ ਇਹ ਅੱਜ ਵੀ ਮੌਜੂਦ ਹੈ।

ਹ. ਪੁ.—ਰੀ. ਫੈ. ਨੋ. ਪੰ. : 458; ਸਿ. ਮਿ : 41 ; ਪੰ. 298; ਰਣਜੀਤ ਸਿੰਘ ਮਹਾਰਾਜਾ ਆਫ਼ ਦੀ ਪੰਜਾਬ-ਖੁਸ਼ਵੰਤ ਸਿੰਘ : 124

**ਜਮਦਗਨੀ** : ਇਹ ਭਾਰਗਵ ਰਿਸ਼ੀ ਰਿਚੀਕ ਅਤੇ ਸਤਿਆਵਤੀ ਦਾ ਪੁੱਤਰ ਸੀ। ਜਮਦਗਨੀ ਦੀ ਮਾਤਾ ਸਤਿਆਵਤੀ ਖਤਰੀ ਬੰਸ ਦੇ ਗਾਧੀ ਨਾਂ ਦੇ ਰਾਜੇ ਦੀ ਪੁੱਤਰੀ ਸੀ। ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਇਕ ਸਮੇਂ ਰਿਚੀਕ ਰਿਸ਼ੀ ਨੇ ਆਪ ਤਪ ਦੇ ਪ੍ਰਭਾਵ ਨਾਲ ਇਕ ਦੈਵੀ ਭੋਜਨ ਤਿਆਰ ਕੀਤਾ ਜਿਸ ਦੇ ਖਾਣ ਤੋਂ ਬ੍ਰਾਹਮਣ ਦੀਆਂ ਸਿਫ਼ਤਾਂ ਵਾਲਾ ਪੁੱਤਰ ਹੋਵੇ। ਉਸ ਨੇ ਉਸੇ ਵੇਲੇ ਇਕ ਹੋਰ ਆਹਾਰ ਤਿਆਰ ਕਰਕੇ ਸਤਿਆਵਤੀ ਦੀ ਮਾਤਾ ਨੂੰ ਵੀ ਦਿੱਤਾ ਜਿਸ ਦੇ ਅਸਰ ਨਾਲ ਯੋਧਾ ਪੁੱਤਰ ਜਨਮੇ। ਇਨ੍ਹਾਂ ਮਾਵਾਂ ਧੀਆਂ ਨੇ ਉਹ ਆਹਾਰ ਆਪਸ ਵਿਚ ਬਦਲ ਲਏ। ਇਸ ਲਈ ਰਿਚੀਕ ਦਾ ਪੁੱਤਰ ਜਮਦਗਨੀ ਤਾਂ ਯੋਧਾ ਹੋਇਆ ਤੇ ਗਾਧੀ ਖੱਤਰੀ ਦਾ ਪੁੱਤਰ ਵਿਸ਼ਵਾ ਮਿੱਤਰ ਬ੍ਰਾਹਮਣ ਹੋਇਆ (ਪੁਰਾਣ ਕਥਾ ਹੈ ਕਿ ਜਮਦਗਨੀ ਦੇ ਪਿਤਾ ਦੇ ਵਰਦਾਨ ਕਰਕੇ ਯੋਧਾ ਦੇ ਗੁਣ ਪੁੱਤਰ ਦੀ ਥਾਂ ਪੋਤੇ ਪਰਸ਼ੂਰਾਮ ਨੂੰ ਮਿਲ ਗਏ।)

ਮਹਾਂਭਾਰਤ ਵਿਚ ਲਿਖਿਆ ਹੈ ਕਿ ਜਮਦਗਨੀ ਨੇ ਜਦ ਸਾਰੇ ਵੇਦਾਂ ਦਾ ਅਭਿਆਸ ਕਰ ਲਿਆ ਤਾਂ ਸੂਰਜਵੰਸ਼ੀ 'ਰੇਣੁ' ਜਾਂ 'ਪ੍ਰਸੇਨਜਿਤਾ' ਰਾਜੇ ਪਾਸ ਗਿਆ ਅਤੇ ਉਸ ਦੀ ਕੰਨਿਆ ਰੇਣੁਕਾ ਮੰਗੀ। ਰਾਜੇ ਨੇ ਉਸ ਨੂੰ ਕੰਨਿਆ ਦੇ ਦਿੱਤੀ ਜਿਸ ਦੇ ਉਦਰ ਤੋਂ ਜਮਦਗਨੀ ਦੇ ਪੰਜ ਪੁੱਤਰ ਹੋਏ—ਰੁਮਨਾਨ, ਸੁਸ਼ੇਣ, ਵਹੁ, ਵਿਸ਼ਾਵਹੁ ਅਤੇ ਪਰਸ਼ੂਰਾਮ।

ਜਮਦਗਨੀ ਦੇ ਰਹਿਣ ਦਾ ਥਾਂ ਗਾਜੀਪੁਰ ਜ਼ਿਲ੍ਹੇ ਵਿਚ 'ਜਮਾਨੀਆ' ਨਾਂ ਨਾਲ ਪ੍ਰਸਿੱਧ ਹੈ ਜੋ ਜਮਦਗਨੀਯ ਤੋਂ ਵਿਗੜ ਕੇ ਬਣਿਆ ਹੈ।

ਜਮਦਗਨੀ ਨੂੰ ਕਾਰਤਵੀਰਜ ਦੇ ਪੁੱਤਰਾਂ ਨੇ ਮਾਰ ਦਿੱਤਾ ਜੋ ਕਿ ਇਸ ਪਾਸੋਂ ਕਾਮਧੇਨ ਗਊ ਦਾ ਵੱਛਾ ਖੋਹਣਾ ਚਾਹੁੰਦੇ ਸਨ। ਆਪਣੇ ਪਿਤਾ ਦਾ ਬਦਲਾ ਲੈਣ ਲਈ ਹੀ ਪਰਸ਼ੂਰਾਮ ਨੇ ਧਰਤੀ ਤੋਂ ਖਤਰੀਆਂ ਦਾ ਨਾਸ਼ ਕਰਨ ਦੀ ਸੰਹੁ ਖਾਧੀ ਸੀ।

ਹ. ਪੁ.—ਮ. ਕੋ.; ਹਿੰ. ਵਿ. ਕੋ. 4

**ਜਮਨਾ (ਬੰ. ਦੇਸ਼)** : ਬ੍ਰਹਮਪੁੱਤਰ ਦੇ ਹੇਠਲੇ ਹਿੱਸੇ ਦਾ ਨਾਂ ਹੀ ਜਮਨਾ ਹੈ। ਬੰਗਲਾ ਦੇਸ਼ ਵਿਚ ਜਿਥੋਂ ਬ੍ਰਹਮਪੁਤਰ ਦਾਖ਼ਲ ਹੁੰਦਾ ਹੈ ਉਥੋਂ ਲੈ ਕੇ ਇਸ ਦੇ ਗੰਗਾ ਨਾਲ ਸੰਗਮ ਤੱਕ ਦੇ ਹਿੱਸੇ ਨੂੰ ਜਮਨਾ ਕਿਹਾ ਜਾਂਦਾ ਹੈ ਅਤੇ ਤਕਰੀਬਨ ਤਕਰੀਬਨ ਇਹ ਦੱਖਣ ਦੇ ਰੁਖ ਹੀ ਵਗਦੀ ਹੈ। ਇਸ ਵਿਚ ਹੜ੍ਹਾਂ ਦੇ ਪਾਣੀ ਨਾਲ ਮਿੱਟੀ ਵੀ ਜਮ੍ਹਾ ਹੋ ਜਾਂਦੀ ਹੈ। ਆਲੇ-ਦੁਆਲੇ ਦੇ ਨਵੀਂ ਮਿੱਟੀ ਦੇ ਉਪਜਾਊ ਮੈਦਾਨ ਵਿਚ ਸਣ ਦੀ ਪੈਦਾਵਾਰ ਹੁੰਦੀ ਹੈ। ਬੰਗਲਾ ਦੇਸ਼ ਦਾ ਇਹ ਹਿੱਸਾ ਬਹੁਤ ਹੀ ਉਪਜਾਊ ਹੈ।

ਬ੍ਰਹਮਪੁੱਤਰ ਦੇ ਅਸਲੀ ਮਾਰਗ ਤੋਂ ਇਹ ਨਦੀ ਕਾਫ਼ੀ ਦੇਰ ਬਾਅਦ ਹੋਂਦ ਵਿਚ ਆਈ ਹੈ ਕਿਉਂਕਿ 18ਵੀਂ ਸਦੀ ਦੇ ਅਖ਼ੀਰ ਵਿਚ ਮੇਜਰ ਰੈਨੈਲ ਨੇ ਬੰਗਾਲ ਦਾ ਜਿਹੜਾ ਨਕਸ਼ਾ ਤਿਆਰ ਕੀਤਾ ਸੀ, ਉਸ ਵਿਚ ਬ੍ਰਹਮਪੁੱਤਰ ਇਸ ਦੇ ਦੱਖਣ-ਪੂਰਬ ਵਿਚ ਮੈਮਨ ਸਿੰਘ ਅਤੇ ਭੈਰੋਂ ਬਜ਼ਾਰ ਜ਼ਿਲ੍ਹਿਆਂ ਵਿਚ ਵਗਦਾ ਵਿਖਾਇਆ ਗਿਆ ਹੈ ਪਰ ਉਸ ਤੋਂ ਕੁਝ ਚਿਰ ਬਾਅਦ ਦੇ ਨਕਸ਼ਿਆਂ ਵਿਚ ਇਹ ਮਾਰਗ ਨਾ-ਮਾਤਰ ਜਿਹਾ ਵਿਖਾਈ ਦਿੰਦਾ ਹੈ ਅਤੇ ਬ੍ਰਹਮਪੁੱਤਰ ਦਾ ਮੁੱਖ ਮਾਰਗ, ਜਮਨਾ ਰਾਹੀਂ ਵੀ ਵਿਖਾਇਆ ਗਿਆ ਹੈ।

18ਵੀਂ ਸਦੀ ਵਿਚ ਇਸ ਨੂੰ ਕੋਨਾਇ-ਜਨਾਇ ਕਹਿੰਦੇ ਸਨ। ਬ੍ਰਹਮਪੁੱਤਰ ਦਰਿਆ ਇਸ ਦੇ ਨੇੜੇ ਵਗਦਾ ਸੀ। ਹੌਲੀ ਹੌਲੀ ਹੜ੍ਹਾਂ ਦੀ ਲਪੇਟ ਕਾਰਨ ਬ੍ਰਹਮਪੁੱਤਰਾ, ਕੋਨਾਇ-ਜਨਾਇ ਨਾਲ ਹੀ ਮਿਲ ਗਿਆ। ਉਸ ਦਾ ਵਹਿਣ ਤੇ ਇਸ ਛੋਟੀ ਨਦੀ ਦਾ ਪੇਟਾ ਇਕੋ ਹੋ ਗਿਆ ਅਤੇ ਫਿਰ ਉਸ ਦੀ ਥਾਂ ਇਹ ਨਦੀ ਲੈ ਗਈ। ਉਦੋਂ ਤੋਂ ਇਹ ਜਮਨਾ ਅਖਵਾਉਂਦੀ ਹੈ। ਇਸ ਵਿਚ ਕਈ ਹੋਰ ਛੋਟੀਆਂ ਨਦੀਆਂ ਵੀ ਡਿਗਦੀਆਂ ਹਨ। ਛੋਟੀਆਂ ਨਦੀਆਂ ਸਮੇਟਣ ਪਿੱਛੋਂ ਗੋਆਲੰਡੋ ਘਾਟ ਨੇੜੇ ਇਹ ਗੰਗਾ ਨਾਲ ਰਲ ਜਾਂਦੀ ਹੈ ਅਤੇ ਇਸ ਪਿੱਛੋਂ ਇਸ ਨੂੰ ਪਦਮਾ ਨਾਂ ਨਾਲ ਸੱਦਿਆ ਜਾਂਦਾ ਹੈ। ਚਾਂਦਪੁਰ ਨੇੜੇ ਇਹ ਮੇਘਨਾ ਵਿਚ ਰਲ ਜਾਂਦੀ ਹੈ। ਮੇਘਨਾ ਐਸਚੁਅਰੀ ਦੇ ਰਾਹੀਂ ਹੀ ਖਾੜੀ ਬੰਗਾਲ ਵਿਚ ਜਾ ਡਿਗਦੀ ਹੈ।

ਹ. ਪੁ.—ਇੰਪ. ਗ. ਇੰਡ. 14: 54; ਐਨ. ਬ੍ਰਿ. ਮੈ. 3: 105

**ਜਮਨਾ (ਭਾ.)** : ਵੇਖੋ, ਯਮਨਾ

**ਜਮਨੋਤਰੀ** : ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿਚ ਇਕ ਪ੍ਰਸਿੱਧ ਮੰਦਰ ਹੈ ਜਿਹੜਾ ਬੰਦਰਪੁੰਛ ਨਾਂ ਦੀ ਚੋਟੀ ਦੇ ਪੱਛਮੀ ਹਿੱਸੇ ਉੱਤੇ, ਸਮੁੰਦਰੀ ਸਤ੍ਹਾ ਤੋਂ ਲ. 3,300 ਮੀ. (ਲ. 10,800 ਫੁੱਟ) ਦੀ ਉਚਾਈ ਤੇ ਵਾਕਿਆ ਹੈ। ਜਿਸ ਗਲੇਸ਼ੀਅਰ ਤੋਂ ਜਮਨਾ ਨਿਕਲਦੀ ਹੈ ਉਹ ਇਸ ਤੋਂ 6 ਕੁ. ਕਿ. ਮੀ. ਹੀ ਉਤਾਂਹ ਰਹਿ ਜਾਂਦਾ ਹੈ। ਮੰਦਰ ਲੱਕੜ ਦੇ ਇਕ ਛੋਟੇ ਜਿਹੇ ਢਾਂਚੇ ਵਿਚ ਬਣਿਆ ਹੋਇਆ ਹੈ ਅਤੇ ਇਸ ਵਿਚ ਜਮਨਾ ਦੇਵੀ ਦੀ ਮੂਰਤੀ ਸਥਾਪਿਤ ਹੈ। ਇਸ ਦੇ ਨੇੜੇ ਹੀ ਗਰਮ ਪਾਣੀ ਦੇ ਚਸ਼ਮੇ ਹਨ ਜਿਥੋਂ ਪਾਣੀ 90° ਸੈਂ ਤਾਪਮਾਨ ਤੇ ਨਿਕਲਦਾ ਹੈ। ਹਰ ਸਾਲ ਗਰਮੀਆਂ ਵਿਚ ਅਨੇਕਾਂ ਹੀ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਆਉਂਦੇ ਹਨ।

31° 1′ ਉ. ਵਿਥ.; 78° 28′ ਪੂ. ਲੰਬ

ਹ. ਪੁ.—ਇੰਪ. ਗ. ਇੰਡ. 14: 51

**ਜਮਰੌਦ** : ਇਹ ਦੋ ਸ਼ਬਦਾਂ ਜਮ ਅਤੇ ਰੌਦ ਦੇ ਜੋੜ ਤੋਂ ਬਣਿਆ ਹੈ। ਜਮ ਅਫ਼ਰੀਦੀਆਂ ਦੇ ਇਕ ਪਿੰਡ ਦਾ ਨਾਂ ਸੀ ਅਤੇ ਰੌਦ ਅਫ਼ਰੀਦੀ ਪਸ਼ਤੋ ਵਿਚ ਪਾਣੀ ਦੇ ਕੱਠੇ (ਚਸ਼ਮੇ ਦੀ ਤੇਜ ਧਾਰਾ) ਨੂੰ ਕਹਿੰਦੇ ਹਨ ਭਾਵ ਕੱਠੇ ਤੇ ਵੱਸਿਆ ਪਿੰਡ। ਪਾਕਿਸਤਾਨ ਦੇ ਉੱਤਰ ਪੱਛਮੀ ਸਰਹੱਦੀ ਸੂਬੇ ਵਿਚ ਪਿਸ਼ਾਵਰ ਮੰਡਲ ਦੀ ਖ਼ੈਬਰ ਏਜੰਸੀ ਵਿਚ ਇਕ ਇਤਿਹਾਸਕ ਸ਼ਹਿਰ ਅਤੇ ਛਾਉਣੀ ਹੈ। ਖ਼ੈਬਰ ਦੱਰੇ ਦੇ ਪ੍ਰਵੇਸ਼ ਦੁਆਰ ਤੇ ਸਮੁੰਦਰੀ ਤਲ ਤੋਂ 510 ਮੀ. (1,670 ਫੁੱਟ) ਦੀ ਉਚਾਈ ਉੱਤੇ ਸਥਿਤ ਹੈ। ਇਹ ਸ਼ਹਿਰ ਸੜਕ ਅਤੇ ਰੇਲ ਦੁਆਰਾ ਪਿਸ਼ਾਵਰ ਸ਼ਹਿਰ ਅਤੇ ਅਫ਼ਗਾਨ ਸਰਹੱਦ ਦੇ ਨਾਲ ਪੈਂਦੇ ਇਕ ਦੱਰੇ ਰਾਹੀਂ ਲੰਡੀ ਕੋਤਲ ਨਾਲ ਜੁੜਿਆ ਹੋਇਆ ਹੈ। ਜਮਰੌਦ ਤੋਂ ਤੋਰਖ਼ਮ (ਅਫ਼ਗਾਨ ਸਰਹੱਦ) ਤੱਕ ਪੱਕੀ ਸੜਕ ਜਾਂਦੀ ਹੈ। ਖ਼ੈਬਰ ਟੋਲ-ਟੈਕਸ ਇਥੇ ਹੀ ਇਕੱਠਾ ਕੀਤਾ ਜਾਂਦਾ ਹੈ। ਇਥੇ ਇਕ ਬਹੁਤ ਵੱਡੀ ਸਰਾਂ ਵੀ ਹੈ। ਸ਼ਹਿਰ ਦੇ ਨੇੜੇ ਹੀ ਸੰਗਮਰਮਰ ਪੱਥਰ ਦੀਆਂ ਕੁਝ ਖਾਣਾਂ ਹਨ। ਪਹਿਲਾਂ ਇਕ ਸਾਬਕਾ ਖ਼ੈਬਰ ਰਾਈਫਲਜ਼ ਦਾ ਹੈੱਡਕੁਆਰਟਰ ਵੀ ਹੋਇਆ ਕਰਦਾ ਸੀ।

ਜਮਰੌਦ ਦਾ ਨਾਂ ਸਰਦਾਰ ਹਰੀ ਸਿੰਘ ਨਲਵੇ ਕਰਕੇ ਵੀ ਪ੍ਰਸਿੱਧ ਹੈ ਜਿਸ ਨੇ ਇਸ ਨੂੰ ਅਸਲ ਵਿਚ ਵਸਾਇਆ ਅਤੇ ਇਸੇ ਥਾਂ ਜੰਗ ਵਿਚ ਲੜਦੇ ਹੋਈ ਸ਼ਹੀਦੀ ਪ੍ਰਾਪਤ ਕੀਤੀ। ਜਮਰੌਦ ਸ਼ਹਿਰ ਦੀ ਪ੍ਰਸਿੱਧੀ ਇਥੋਂ ਦੇ ਕਿਲੇ ਕਾਰਨ ਵੀ ਹੈ ਜਿਹੜਾ ਦੂਰੋਂ ਇਕ ਜੰਗੀ ਜਹਾਜ਼ ਵਾਂਗ ਨਜ਼ਰ ਆਉਂਦਾ ਹੈ।

ਪਿਸ਼ਾਵਰ ਸੂਬੇ ਦੇ ਮਾਲੀਏ ਅਤੇ ਮੁਲਕੀ ਦੇ ਪ੍ਰਬੰਧ ਉਪਰੰਤ ਜਦੋਂ ਸ. ਹਰੀ ਸਿੰਘ ਨਲਵੇ ਨੂੰ 1836 ਈ. (ਸੰਮਤ 1893) ਵਿਚ ਕੁਝ ਵਿਹਲ ਮਿਲੀ ਤਾਂ ਉਹ ਆਪਣੇ ਕੁਝ ਵਿਚਾਰਵਾਨ ਸਰਦਾਰਾਂ ਅਤੇ ਫ਼ੌਜਾਂ ਨਾਲ ਖ਼ੈਬਰ ਦੱਰੇ ਵੱਲ ਗਿਆ। ਪਹੁੰਚਣ ਉਪਰੰਤ ਉਸ ਨੇ ਕਾਬਲ ਤੋਂ ਪਿਸ਼ਾਵਰ ਵੱਲ ਨੂੰ ਆਉਣ ਵਾਲੇ ਰਸਤਿਆਂ ਅਤੇ ਦਰਿਆਵਾਂ ਦਾ ਦੂਰ-ਦ੍ਰਿਸ਼ਟੀ ਨਾਲ ਮੁਆਇਨਾ ਕੀਤਾ। ਕਾਫ਼ੀ ਵਿਚਾਰ ਕਰਨ ਉਪਰੰਤ ਉਸ ਨੇ ਇਥੇ ਥੇਹ ਦੀ ਚੋਣ ਕੀਤੀ। ਉਸ ਸਮੇਂ ਇਸ ਥੇਹ ਉੱਤੇ ਇਕ ਕੱਚੀ ਗੜ੍ਹੀ ਬਣੀ ਹੋਈ ਸੀ ਜਿਹੜੀ ਜਮਰੌਦ ਦੇ ਨਾਂ ਨਾਲ ਮਸ਼ਹੂਰ ਸੀ। ਉਸ ਨੇ ਇਸ ਸਥਾਨ ਤੇ ਇਕ ਬਹੁਤ ਵੱਡਾ ਤੇ ਮਜ਼ਬੂਤ ਕਿਲਾ ਬਣਾਉਣ ਦਾ ਫੈਸਲਾ ਕੀਤਾ। ਇਸੇ ਦਿਨ ਤੋਂ ਹੀ ਦੋ ਰਜਮੰਟਾਂ ਬੇਲਦਾਰਾਂ ਦੀਆਂ, ਕਈ ਹਜ਼ਾਰ ਮਜ਼ਦੂਰ, ਰਾਜ ਅਤੇ ਕਾਰੀਗਰ ਸੱਦੇ ਗਏ। ਇਸ ਤੋਂ ਇਲਾਵਾ ਬਹੁਤ ਸਾਰੇ ਪੱਥਰ ਅਤੇ ਉਸਾਰੀ ਦੀ ਸਾਮੱਗਰੀ ਵੀ ਜਮ੍ਹਾ ਕੀਤੀ ਗਈ। 17 ਅਕਤੂਬਰ 1836 ਈ. (1 ਕਤਕ ਸੰਮਤ 1893) ਦੀ ਸਵੇਰ ਨੂੰ ਸ. ਹਰੀ ਸਿੰਘ ਨਲਵੇ ਨੇ ਇਕ ਵਿਸ਼ਾਲ ਫ਼ੌਜੀ ਇਕੱਠ ਦੀ ਹਾਜ਼ਰੀ ਵਿਚ ਅਰਦਾਸਾ ਸੋਧ ਕੇ ਇਸ ਕਿਲੇ ਦੀ ਬੁਨਿਆਦ ਰੱਖੀ। ਤੋਪਾਂ ਦੀ ਸਲਾਮੀ ਦਿੱਤੀ ਗਈ ਅਤੇ ਫ਼ੌਜੀ ਵਾਜਿਆਂ ਨੇ ਆਪਣੇ ਕਮਾਲ ਵਿਖਾਏ। ਇਸ ਉਪਰੰਤ ਕਿਲੇ ਦੀ ਉਸਾਰੀ ਦਾ ਕੰਮ ਬੜੇ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਿਆ। ਦਿਨ ਰਾਤ ਦੀ ਘਾਲਣਾ ਸਦਕਾ 1 ਮਹੀਨਾ 25 ਦਿਨਾਂ ਉਪਰੰਤ ਇਹ ਕਿਲਾ ਮੁਕੰਮਲ ਹੋ ਗਿਆ। ਕਿਲੇ ਦੀਆਂ ਕੰਧਾਂ ਚਾਰ-ਚਾਰ ਗਜ਼ ਚੌੜੀਆਂ ਅਤੇ ਬਾਰਾਂ-ਬਾਰਾਂ ਗਜ਼ ਉੱਚੀਆਂ ਰੱਖੀਆਂ ਗਈਆਂ ਜਿਸ ਵਿਚ ਦੂਹਰੇ ਦਰਵਾਜ਼ੇ ਲਾਏ ਗਏ। ਇਸੇ ਸਮੇਂ ਕਿਲੇ ਦੀ ਡੱਠਣੀ (ਚੱਠ) ਬੜੇ ਭਾਰੀ ਫ਼ੌਜੀ ਸਨਮਾਨਾਂ ਨਾਲ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਸਰਦਾਰ ਹਰੀ ਸਿੰਘ ਨਲਵੇ ਨੇ ਇਸ ਕਿਲੇ ਦਾ ਨਾਂ 'ਫਤਹਿਗੜ੍ਹ' ਰੱਖਿਆ ਅਤੇ ਇਸ ਵਿਚ 800 ਪੈਦਲ ਜਵਾਨ, 200 ਸਵਾਰ, 80 ਤੋਪਖ਼ਾਨੇ ਦੇ ਗੋਲੰਦਾਜ਼, 10 ਵੱਡੀਆਂ ਤੋਪਾਂ ਅਤੇ 12 ਹਲਕੀਆਂ ਤੋਪਾਂ ਰੱਖਣ ਦਾ ਹੁਕਮ ਜਾਰੀ ਕੀਤਾ। ਆਪਣੇ ਕਾਬਲ ਅਤੇ ਵਿਸ਼ਵਾਸਪਾਤਰ ਨਾਇਬ ਸ. ਮਹਾਂ ਸਿੰਘ ਮੀਰਪੁਰੀਏ ਨੂੰ ਹਜ਼ਾਰੇ ਤੋਂ ਵਾਪਸ ਬੁਲਾ ਕੇ ਜਮਰੌਦ ਦੇ ਕਿਲੇ ਦਾ ਕਿਲੇਦਾਰ ਅਤੇ ਸਰਹੱਦਦਾਰ ਦਾ ਉੱਚਾ ਰੁਤਬਾ ਪ੍ਰਦਾਨ ਕਰਕੇ ਇਥੇ ਨਿਯੁਕਤ ਕੀਤਾ।

ਕਿਲੇ ਅੰਦਰ ਹਾਜ਼ਰ ਫ਼ੌਜ ਲਈ ਪਾਣੀ ਦੀ ਸਪਲਾਈ ਜਮਰੌਦ ਦੇ ਕੱਠੇ ਜਿਹੜਾ ਖ਼ੈਬਰ ਦੱਰੇ ਵਿਚੋਂ ਨਿਕਲਕੇ ਜਮਰੌਦ ਦੇ ਕਿਲੇ ਦੇ ਨੇੜਿਓਂ ਲੰਘਦਾ ਸੀ, ਤੋਂ ਹੁੰਦੀ ਸੀ। ਇਸ ਕੱਠੇ ਦੇ ਪਾਣੀ ਨੂੰ ਜਾਰੀ ਰੱਖਣ ਦੀ ਜ਼ਿੰਮੇਵਾਰੀ ਦੱਰਾ ਖ਼ੈਬਰ ਦੇ ਅਫ਼ਰੀਦੀਆਂ ਦੇ ਜ਼ਿੰਮੇ ਲਾਈ ਗਈ ਸੀ ਅਤੇ ਅਤੇ ਉਨ੍ਹਾਂ ਨੂੰ ਇਸ ਸੇਵਾ ਦੇ ਬਦਲੇ 1200 ਰੁਪਏ ਜਾਗੀਰ ਵਜੋਂ ਦਿੱਤੇ ਜਾਂਦੇ ਸਨ। ਹੰਗਾਮੀ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ ਕਿਲੇ ਦੇ ਅੰਦਰ ਇਕ ਵੱਡਾ ਸਾਰਾ ਖੂਹ ਪੁਟਵਾਇਆ ਗਿਆ ਤਾਂ ਕਿ ਕਿਲੇ ਅੰਦਰਲੀ ਫ਼ੌਜ ਦੀ ਪਾਣੀ ਦੀ ਲੋੜ ਨੂੰ ਅੰਦਰ ਹੀ ਪੂਰਾ ਕੀਤਾ ਜਾ ਸਕੇ। ਇਸੇ ਤਰ੍ਹਾਂ ਹੀ ਕਿਲੇ ਅੰਦਰ ਰਾਸ਼ਨ ਦਾ ਭਾਰੀ ਜ਼ਖੀਰਾ ਅਤੇ ਗੋਲੀ-ਸਿੱਕਾ ਵੀ ਰਖਵਾ ਦਿੱਤਾ ਤਾਂ ਕਿ ਸੰਕਟ ਵੇਲੇ ਅੰਦਰੋਂ ਹੀ ਫ਼ੌਜਾਂ ਦਾ ਗੁਜ਼ਾਰਾ ਹੋ ਸਕੇ। ਸਰਦਾਰ ਹਰੀ ਸਿੰਘ ਨਲਵੇ ਨੇ ਜਮਰੌਦ ਦੇ ਕਿਲੇ ਦੇ ਨੇੜੇ ਹੀ ਪਠਾਣਾਂ ਨਾਲ ਹੋਏ ਘਮਸਾਣ ਯੁੱਧ ਵਿਚ 13 ਵੈਸਾਖ ਸੰਮਤ 1894 ਨੂੰ ਸ਼ਹੀਦੀ ਪਾਈ ਸੀ ਅਤੇ ਉਨ੍ਹਾਂ ਦੀ ਸਮਾਧ ਵੀ ਇਸੇ ਕਿਲੇ ਅੰਦਰ ਹੈ। ਦੂਜੇ ਅਫ਼ਗਾਨ ਯੁੱਧ (1878-79) ਵੇਲੇ ਇਹ ਕਿਲਾ ਅੰਗਰੇਜ਼ਾਂ ਦੀ ਇਕ ਸਰਹੱਦੀ ਚੌਕੀ ਵਜੋਂ ਹੋਰ ਵੀ ਮਹੱਤਵਪੂਰਨ ਹੋ ਗਿਆ ਅਤੇ ਤੀਰਾਹ ਦੀ ਮੁਹਿੰਮ (1897-98 ਈ.) ਦੌਰਾਨ ਜਦੋਂ ਅਫ਼ਰੀਦੀ ਕਬਾਇਲੀਆਂ ਨੇ ਅੰਗਰੇਜ਼ਾਂ ਵਿਰੁੱਧ ਧਰਮ-ਯੁੱਧ ਛੇੜ ਦਿੱਤਾ ਸੀ ਤਾਂ ਅੰਗਰੇਜ਼ਾਂ ਨੇ ਇਸ ਨੂੰ ਆਪਣੀਆਂ ਫ਼ੌਜੀ ਕਾਰਵਾਈਆਂ ਦਾ ਅੱਡਾ ਬਣਾਇਆ ਸੀ।

34° 6' ਉ. ਵਿਥ.; 71° 23' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 52; ਐਨ. ਬ੍ਰਿ. ਮਾ. 5: 513; ਜੀਵਨ ਬ੍ਰਿਤਾਂਤ ਸਰਦਾਰ ਹਰੀ ਸਿੰਘ ਨਲੂਆ–ਬਾਬਾ ਪ੍ਰੇਮ ਸਿੰਘ ਹੋਤੀ

**ਜਮਰੌਦ ਦੀ ਲੜਾਈ** : ਸਿੱਖਾਂ ਅਤੇ ਅਫ਼ਗ਼ਾਨਾਂ ਵਿਚਕਾਰ ਸੰਨ 1837 ਵਿਚ ਲੜੀ ਗਈ ਇਕ ਇਤਿਹਾਸਕ ਅਤੇ ਮਹੱਤਵਪੂਰਨ ਲੜਾਈ ਹੈ ਜਿਸ ਵਿਚ ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦਾ ਮੈਦਾਨੇ ਜੰਗ ਦਾ ਜੇਤੂ ਅਤੇ ਵਿਸ਼ਵ-ਪ੍ਰਸਿੱਧ ਜਰਨੈਲ, ਸਰਦਾਰ ਹਰੀ ਸਿੰਘ ਨਲਵਾ ਉਨ੍ਹਾਂ ਕੋਲੋਂ ਸਦਾ ਲਈ ਖੁੱਸ ਗਿਆ ਅਤੇ ਖਾਲਸਾ ਰਾਜ ਦੀਆਂ ਦੱਰਾ ਖ਼ੈਬਰ ਵਾਲੇ ਪਾਸਿਓਂ ਜੜ੍ਹਾਂ ਵੀ ਖੋਖਲੀਆਂ ਹੋ ਗਈਆਂ।

ਸਰਦਾਰ ਹਰੀ ਸਿੰਘ ਨੇ ਸੂਬਾ ਪਿਸ਼ਾਵਰ ਦੀ ਵਾਗ-ਡੋਰ ਸੰਭਾਲਣ ਉਪਰੰਤ 1836 ਈ. ਵਿਚ ਜਮਰੌਦ ਦਾ ਕਿਲਾ ਬਣਵਾਇਆ ਅਤੇ ਪਿਸ਼ਾਵਰ ਤੋਂ ਜਮਰੌਦ ਦੇ ਕਿਲੇ ਨੂੰ ਜਾਣ ਵਾਲੀ ਸੜਕ ਦੀ ਰਾਖੀ ਲਈ ਪਿਸ਼ਾਵਰ ਅਤੇ ਜਮਰੌਦ ਵਿਚਕਾਰ ਇਕ ਹੋਰ ਛੋਟਾ ਕਿਲਾ, ਬੁਰਜ ਹਰੀ ਸਿੰਘ ਬਣਵਾਇਆ। ਇਸ ਤੋਂ ਇਲਾਵਾ ਕਿਲਾ ਬਾੜਾ, ਕਿਲਾ ਮਿਚਨੀ (ਕਾਬਲ ਦੇ ਕੰਢੇ), ਸ਼ੰਕਰਗੜ੍ਹ, ਕੱਚੀ ਗੜ੍ਹੀ ਆਦਿ ਕਿਲੇ ਵੀ ਬਣਵਾਏ। ਇਨ੍ਹਾਂ ਸਾਰਿਆਂ ਕਿਲਿਆਂ ਅੰਦਰ ਉਸ ਨੇ ਲੋੜੀਂਦੀ ਫ਼ੌਜ ਤੈਨਾਤ ਕੀਤੀ ਅਤੇ ਇਨ੍ਹਾਂ ਕਿਲਿਆਂ ਨੂੰ ਆਪਣੇ ਵਫ਼ਾਦਾਰ ਕਿਲੇਦਾਰਾਂ ਨੂੰ ਸੌਂਪਣ ਉਪਰੰਤ ਆਪ ਪਿਸ਼ਾਵਰ ਪਰਤ ਆਇਆ।

ਸ਼ੇਰੇ ਪੰਜਾਬ ਮਾਰਚ, 1837 ਦੇ ਪਹਿਲੇ ਹਫਤੇ ਆਪਣੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਵਿਚ ਅਤੇ ਫਿਰ ਅੰਗਰੇਜ਼ ਪ੍ਰਾਹੁਣਿਆਂ ਆਦਿ ਨੂੰ ਲਾਹੌਰੋਂ ਵਿਦਾ ਕਰਨ ਵਿਚ ਰੁੱਝੇ ਹੋਏ ਸਨ। ਇਧਰ ਸਰਦਾਰ ਹਰੀ ਸਿੰਘ ਕਿਲਿਆਂ ਆਦਿ ਦੀਆਂ ਤਿਆਰੀਆਂ ਦੇ ਨਾਲ ਨਾਲ ਸਰਹੱਦੀ ਸੂਬੇ ਦੀਆਂ ਨੀਹਾਂ ਹੋਰ ਪੱਕੀਆਂ ਕਰ ਰਿਹਾ ਸੀ। ਉਧਰ ਕਾਬਲ ਵਿਚ ਘਬਰਾਹਟ ਦੇ ਬੱਦਲ ਮੰਡਰਾ ਰਹੇ ਸਨ। ਕਿਲਿਆਂ ਦੇ ਬਣਨ ਅਤੇ ਫ਼ੌਜੀ ਤਿਆਰੀਆਂ ਨੂੰ ਵੇਖ ਕੇ ਅਫ਼ਗਾਨਿਸਤਾਨ ਦੇ ਹਾਕਮਾਂ ਨੂੰ ਇਹ ਡਰ ਖਾ ਰਿਹਾ ਸੀ ਕਿ ਜਲਾਲਾਬਾਦ ਅਤੇ ਕਾਬਲ ਨੂੰ ਸਿੱਖ ਰਾਜ ਵਿਚ ਰਲਾਉਣ ਦੇ ਮਨਸੂਬੇ ਬਣਾਏ ਜਾ ਰਹੇ ਸਨ। ਅਮੀਰ ਦੋਸਤ ਮੁਹੰਮਦ ਖ਼ਾਨ ਸਰਦਾਰ ਹਰੀ ਸਿੰਘ ਹੋਰਾਂ ਦੇ ਹੱਥੋਂ ਪਹਿਲਾਂ ਵੀ ਰਣਭੂਮੀ ਵਿਚ ਤਿੰਨ ਵਾਰ ਹਾਰ ਖਾ ਚੁੱਕਾ ਸੀ। ਸਿੱਖ ਫ਼ੌਜਾਂ ਤੋਂ ਬਚਣ ਲਈ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਇਕ ਬਹੁਤ ਵੱਡੀ ਲੜਾਈ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਅਫ਼ਗਾਨਿਸਤਾਨ ਦੇ ਘਰ ਘਰ ਜਾ ਕੇ ਇਸ ਲੜਾਈ ਲਈ ਲੋਕਾਂ ਅੰਦਰ ਨਵਾਂ ਜੋਸ਼ ਭਰ ਦਿੱਤਾ। ਉਸ ਨੇ ਗਾਜ਼ੀਆਂ ਦੇ ਇਕ ਭਾਰੀ ਇਕੱਠ ਵਿਚ ਇਸਲਾਮ ਲਈ ਆਪਣੇ ਪੰਜਾਂ ਪੁੱਤਰਾਂ—ਮੁਹੰਮਦ ਅਫ਼ਜ਼ਲ ਖ਼ਾਨ, ਮੁਹੰਮਦ ਅਕਬਰ ਖ਼ਾਨ, ਗ਼ੁਲਾਮ ਹੈਦਰ ਖ਼ਾਨ, ਮੁਹੰਮਦ ਆਜ਼ਮ ਖ਼ਾਨ ਅਤੇ ਮੁਹੰਮਦ ਅਕਰਮ ਖ਼ਾਨ ਦੀਆਂ ਜ਼ਿੰਦਗੀਆਂ ਵੀ ਕੁਰਬਾਨ ਕਰ ਦੇਣ ਲਈ ਇਕ ਜਜ਼ਬਾਤੀ ਭਾਸ਼ਣ ਦਿੱਤਾ। ਅਫ਼ਗਾਨੀ ਮਾਵਾਂ ਨੇ ਇਸ ਭਾਸ਼ਣ ਤੋਂ ਪ੍ਰੇਰਿਤ ਹੋ ਕੇ ਆਪਣੇ ਨੌਜਵਾਨ ਪੁੱਤਰਾਂ ਨੂੰ ਅਮੀਰ ਅੱਗੇ ਪੇਸ਼ ਕਰ ਦਿੱਤਾ। ਇਸ ਜਹਾਦ ਵਿਚ ਗਰੀਬ ਘਰਾਂ ਦੇ ਨੌਜਵਾਨਾਂ ਤੋਂ ਇਲਾਵਾ ਸ਼ਾਹੀ ਖ਼ਾਨਦਾਨਾਂ ਵਿਚੋਂ ਨਵਾਬ ਸ਼ਹਿਜ਼ਾਦੇ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਸ ਤੋਂ ਇਲਾਵਾ ਮੀਰ ਆਲਮ ਖ਼ਾਨ ਬਿਜੌਰੀ, ਕੁੰਨੜ ਪੁਸਤ ਤੋਂ ਸੱਯਦ ਬਾਬਾ ਆਪਣੇ ਹਜ਼ਾਰਾਂ ਚੇਲਿਆਂ ਸਣੇ ਅਤੇ ਸਆਦਤ ਖ਼ਾਨ ਆਪਣੇ ਭਾਰੀ ਲਸ਼ਕਰਾਂ ਸਮੇਤ ਕਾਬਲ ਪੁੱਜ ਗਏ।

ਅਮੀਰ ਦੋਸਤ ਮੁਹੰਮਦ ਖ਼ਾਨ ਨੇ ਇੰਨਾ ਪ੍ਰਬੰਧ ਕਰਨ ਦੇ ਬਾਵਜੂਦ ਵੀ ਆਪਣੇ ਸ਼ਹਿਜ਼ਾਦਿਆਂ ਦੀ ਸਹਾਇਤਾ ਲਈ ਆਪਣੇ ਇਕ ਪੁਰਾਣੇ ਅਹਿਲਕਾਰ, ਮਿਰਜ਼ਾ ਅਬਦੁਲ ਸੱਮੀ ਖ਼ਾਨ ਨੂੰ ਚੁਣਿਆ।

ਕਾਬਲ ਤੋਂ ਫ਼ੌਜਾਂ ਦਾ ਕਿਸੇ ਵੇਲੇ ਵੀ ਹਮਲਾ ਹੋ ਸਕਦਾ ਸੀ। ਸਰਦਾਰ ਹਰੀ ਸਿੰਘ ਨੇ ਫ਼ੌਜੀ ਇਮਦਾਦ ਲਈ 11 ਮਾਰਚ 1837 ਤੋਂ 17 ਅਪ੍ਰੈਲ 1837 ਤੱਕ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਕਈ ਅਰਜ਼ੀਆਂ ਭੇਜੀਆਂ। ਇਨ੍ਹਾਂ ਅਰਜ਼ੀਆਂ ਉਪਰ ਮਹਾਰਾਜਾ ਸਾਹਿਬ ਵੱਲੋਂ ਹੁਕਮ ਵੀ ਜਾਰੀ ਹੋਏ ਪਰ ਰਾਜਾ ਧਿਆਨ ਸਿੰਘ ਦੀ ਰੋਕ-ਟੋਕ ਕਾਰਨ ਇਹ ਹੁਕਮ ਲਾਗੂ ਨਾ ਹੋ ਸਕੇ।

ਅਮੀਰ ਦੋਸਤ ਮੁਹੰਮਦ ਖ਼ਾਨ ਲਾਹੌਰ ਦਰਬਾਰ ਦੀ ਇਸ ਕਮਜ਼ੋਰੀ ਤੋਂ ਗੁਲਾਬ ਸਿੰਘ ਆਦਿ ਡੋਗਰਿਆਂ ਰਾਹੀਂ ਅਤੇ ਡਾ. ਹਰਲਨ (ਜਿਸ ਕੋਲੋਂ ਮਹਾਰਾਜਾ ਸਾਹਿਬ ਨੇ ਲਕਵੇ ਦਾ ਇਲਾਜ ਕਰਵਾਉਣਾ ਚਾਹਿਆ ਸੀ) ਰਾਹੀਂ ਪਹਿਲਾਂ ਹੀ ਜਾਣੂ ਸੀ।

15 ਅਪ੍ਰੈਲ 1837 ਨੂੰ ਅਮੀਰ ਨੇ ਆਪਣੀ ਫ਼ੌਜ ਦੋ ਹਿੱਸਿਆਂ ਵਿਚ ਵੰਡ ਦਿੱਤੀ। ਉਸ ਨੇ ਇਕ ਪਾਸੇ ਤਾਂ ਆਪਣੇ ਭਰਾ (ਸੁਲਤਾਨ ਮੁਹੰਮਦ ਖ਼ਾਨ) ਦਾ ਇਲਾਕਾ ਆਪਣੇ ਅਧੀਨ ਕਰਨ ਲਈ, ਹਾਜੀ ਖ਼ਾਨ ਕਾਕੜ ਨੂੰ ਕੁਝ ਮੁਲਖਈ ਫ਼ੌਜਾਂ ਦੇ ਕੇ ਹਸਤ ਨਗਰ ਵੱਲ ਨੂੰ ਤੋਰ ਦਿੱਤਾ ਪਰ ਅਗੋਂ ਸਰਦਾਰ ਲਹਿਣਾ ਸਿੰਘ ਸੰਧਾਵਲੀਏ ਨਾਲ ਉਸ ਦੀ ਟੱਕਰ ਹੋਣ ਕਾਰਨ ਉਹ ਇਸ ਇਲਾਕੇ ਵਿਚ ਆਪਣੇ ਪੈਰ ਜਮਾ ਨਾ ਸਕਿਆ। ਦੂਜੇ ਪਾਸੇ 30 ਹਜ਼ਾਰ ਫ਼ੌਜ ਤੇ ਮੁਲਖਈਆਂ ਦੇ ਲਸ਼ਕਰ (ਜਿਹੜੇ ਵਧੇਰੇ ਕਰਕੇ ਸਵਾਰ ਸਨ), 40 ਵੱਡੀਆਂ ਤੋਪਾਂ ਅਤੇ ਭਾਰੀ ਜੰਗੀ ਸਾਮਾਨ ਅਤੇ ਸਾਰੇ ਸ਼ਾਹੀ ਘਰਾਣਿਆਂ ਦੇ ਆਦਮੀ ਦੱਰਾ ਖ਼ੈਬਰ ਵੱਲ ਕੂਚ ਕਰ ਆਏ। ਦੱਰਾ ਖ਼ੈਬਰ ਉਤੇ ਪਹੁੰਚ ਕੇ ਜਮਰੌਦ ਦੇ ਕਿਲੇ ਨੂੰ ਹਥਿਆਉਣ ਲਈ ਅਮੀਰ ਨੇ ਆਪਣੇ ਪੰਜਾਂ ਪੁੱਤਰਾਂ ਨੂੰ ਕਮਾਨ ਸੰਭਾਲੀ।

ਜਮਰੌਦ ਉੱਤੇ ਨਾ ਕੇਵਲ ਅਮੀਰ ਦੋਸਤ ਮੁਹੰਮਦ ਦੇ ਪੁੱਤਰਾਂ ਨੇ ਹੀ ਚੜ੍ਹਾਈ ਕੀਤੀ ਸਗੋਂ ਮਿਰਜ਼ਾ ਅਬਦੁਲ ਸੱਮੀ ਖ਼ਾਨ ਦੇ ਮਸ਼ਵਰੇ ਨਾਲ ਅਮੀਰ ਕਾਬਲ ਨੇ ਹੋਰ ਵੀ ਬਹੁਤ ਸਾਰੀ ਫ਼ੌਜ ਭੇਜੀ ਅਤੇ ਫਿਰ ਸੱਮੀ ਖ਼ਾਨ ਦੀਆਂ ਅਰਜ਼ੀਆਂ ਤੇ ਹੋਰ ਜਿੰਨੇ ਵੀ ਫ਼ੌਜੀ ਸਾਮਾਨ ਦੀ ਲੋੜ ਹੁੰਦੀ, ਉਹ ਕਾਬਲੋਂ ਨਿਰੰਤਰ ਰੂਪ ਵਿਚ ਆਉਂਦੀ ਰਹੀ ਪਰ ਇਧਰ ਸਰਦਾਰ ਹਰੀ ਸਿੰਘ ਦੀਆਂ ਲਾਹੌਰ ਵਿਖੇ ਤਾਕੀਦੀ ਅਰਜ਼ੀਆਂ ਪੁੱਜਣ ਦੇ ਬਾਵਜੂਦ ਵੀ ਉਥੋਂ ਨਾ ਤਾਂ ਕੋਈ ਠੀਕ ਉੱਤਰ ਹੀ ਆਇਆ ਅਤੇ ਨਾ ਹੀ ਫ਼ੌਜਾਂ ਪਹੁੰਚੀਆਂ। ਵੱਡੇ ਰੁਝੇਵਿਆਂ ਕਾਰਨ ਮਹਾਰਾਜਾ ਰਣਜੀਤ ਸਿੰਘ ਧਿਆਨ ਸਿੰਘ ਡੋਗਰੇ ਦੀ ਸਲਾਹ ਅਨੁਸਾਰ ਸਰਦਾਰ ਹਰੀ ਸਿੰਘ ਦੀਆਂ ਪਿਸ਼ਾਵਰੋਂ ਲਿਖੀਆਂ ਚਿੱਠੀਆਂ ਉੱਤੇ ਤੁਰੰਤ ਫ਼ੌਜ ਭੇਜਣ ਦਾ ਹੁਕਮ ਜਾਰੀ ਤਾਂ ਕਰ ਦਿੰਦੇ ਸਨ ਪਰ ਅਸਲੀਅਤ ਤੋਂ ਬੇਖ਼ਬਰ ਰਹੇ। ਸਗੋਂ ਆਪ ਦੀਵਾਨ ਮੂਲ ਰਾਜ ਅਤੇ ਰਾਜਾ ਗੁਲਾਬ ਸਿੰਘ ਦਾ ਜਾਗੀਰੀ ਝਗੜਾ ਨਿਪਟਾਉਣ ਝੰਗ ਚਲੇ ਗਏ ਅਤੇ ਫਿਰ 20 ਵੈਸਾਖ ਨੂੰ ਗੁਜਰਾਤ ਜਾ ਪਹੁੰਚੇ। ਏਧਰ ਜਮਰੌਦ ਦੀ ਲੜਾਈ ਤੇਜ਼ ਹੋਣ ਕਾਰਨ ਸਰਦਾਰ ਮਹਾਂ ਸਿੰਘ ਮੀਰਪੁਰੀਏ (ਜਮਰੌਦ ਕਿਲੇ ਦਾ ਕਿਲੇਦਾਰ) ਦਾ ਨੱਕ ਵਿਚ ਦਮ ਆਉਣ ਲੱਗਾ। ਮਹਾਰਾਜਾ ਸਾਹਿਬ ਦੇ ਇਸ ਸਰਕਾਰੀ ਦੌਰੇ ਦੌਰਾਨ ਸਰਦਾਰ ਹਰੀ ਸਿੰਘ ਦੀਆਂ ਲਾਹੌਰ ਨੂੰ ਭੇਜੀਆਂ ਅਰਜ਼ੀਆਂ ਵਿਅਰਥ ਹੀ ਰੁਲਦੀਆਂ ਰਹੀਆਂ। ਦੂਜੇ ਪਾਸੇ ਅਫ਼ਗਾਨੀ ਫ਼ੌਜਾਂ ਦੱਰਾ ਖੈਬਰ ਤੇ ਪਹੁੰਚ ਗਈਆਂ ਅਤੇ ਖ਼ਾਲਸਾ ਫ਼ੌਜਾਂ ਨਾਲ ਇਕਾ-ਦੁੱਕਾ ਝੜੱਪਾਂ ਵੀ ਸ਼ੁਰੂ ਕਰ ਦਿੱਤੀਆਂ। ਅਫ਼ਗਾਨ ਕਮਾਂਡਰ ਇਨ ਚੀਫ਼ ਸੱਮੀ ਨੇ ਅਫ਼ਗਾਨੀ ਫ਼ੌਜਾਂ ਪਿਸ਼ਾਵਰ ਦੇ ਵੱਖ-ਵੱਖ ਨਾਕਿਆਂ ਤੇ ਬਿਠਾ ਦਿੱਤੀਆਂ ਅਤੇ ਪਹਿਲਾਂ ਦੇ ਮੁਕਾਬਲੇ ਹੁਣ ਤੇਜ਼ੀ ਨਾਲ ਹਮਲੇ ਹੋਣੇ ਸ਼ੁਰੂ ਹੋ ਗਏ। ਭਾਵੇਂ ਖ਼ਾਲਸਾ ਫ਼ੌਜਾਂ ਦੀ ਗਿਣਤੀ ਘੱਟ ਸੀ ਫਿਰ ਵੀ ਅਫ਼ਗਾਨਾਂ ਨੂੰ ਪਿੱਛੇ ਹੀ ਹਟਣਾ ਪਿਆ। ਅਖ਼ੀਰੀ ਅਫ਼ਗਾਨ ਫ਼ੌਜਾਂ ਨੇ ਜਮਰੌਦ ਨੂੰ ਘੇਰਾ ਪਾ ਲਿਆ। ਦੂਜੇ ਪਾਸੇ ਉਨ੍ਹਾਂ ਸਾਹਮਣੇ ਸਿੱਖ ਫ਼ੌਜ ਦੀ ਗਿਣਤੀ ਤਾਂ ਸੀ ਹੀ 800 ਅਤੇ ਅਜੇ ਜਮਰੌਦ ਦਾ ਕਿਲਾ ਵੀ ਇੰਨਾ ਮਜ਼ਬੂਤ ਨਹੀਂ ਸੀ ਕਿ ਦੁਸ਼ਮਨ ਦੀ ਮਾਰ ਤੋਂ ਬਾਹਰ ਹੁੰਦਾ ਪਰ ਫਿਰ ਵੀ ਸਰਦਾਰ ਮਹਾਂ ਸਿੰਘ ਕਿਲੇ ਅੰਦਰੋਂ ਅਫ਼ਗਾਨਾਂ ਨਾਲ ਟੱਕਰ ਲੈਣ ਲਈ ਪੂਰੀ ਤਰ੍ਹਾਂ ਤਿਆਰ ਹੋ ਗਿਆ।

21 ਅਪ੍ਰੈਲ 1837 ਨੂੰ ਸੱਮੀ ਖ਼ਾਨ ਦੀ ਤਜਵੀਜ਼ ਅਨੁਸਾਰ ਜਮਰੌਦ ਉੱਤੇ ਬੜੀ ਤੇਜ਼ੀ ਨਾਲ ਪਹਿਲਾ ਹਮਲਾ ਕੀਤਾ ਗਿਆ। ਆਪਣੀਆਂ ਤੋਪਾਂ ਅਤੇ ਬੰਦੂਕਾਂ ਦੇ ਗੋਲੇ-ਗੋਲੀਆਂ ਦਾ ਮੀਂਹ ਵਰ੍ਹਾਉਂਦੇ ਹੋਏ ਇਕ ਦਮ ਜਮਰੌਦ ਦੇ ਕਿਲੇ ਦੇ ਦਰਵਾਜ਼ੇ ਅੱਗੇ ਜਾ ਪਹੁੰਚੇ ਪਰ ਅਗੋਂ ਸਿੰਘਾਂ ਨੇ ਵੀ ਕਿਲੇ ਦੀਆਂ ਬੁਰਜੀਆਂ ਤੋਂ ਬੰਦੂਕਾਂ ਦੀਆਂ ਗੋਲੀਆਂ ਅਤੇ ਤੋਪਾਂ ਦੇ ਗੋਲਿਆਂ ਨਾਲ ਦੁਸ਼ਮਣਾਂ ਦਾ ਮੂੰਹ ਮੋੜ ਦਿੱਤਾ ਅਤੇ ਆਖ਼ਰ ਨੂੰ ਹਜ਼ਾਰਾਂ ਜਵਾਨ ਮਰਵਾ ਕੇ ਅਫ਼ਗਾਨ ਕਿਲੇ ਤੋਂ ਪਿਛਾਂਹ ਹਟ ਗਏ।

ਇਸ ਉਪਰੰਤ ਸੱਮੀ ਖ਼ਾਨ ਨੇ ਆਪਣੇ ਮਾਤਹਿਤ ਅਫ਼ਗਾਨ ਸਰਦਾਰਾਂ ਨੂੰ ਮੁੜ ਇਕੱਠਾ ਕਰਕੇ ਸਲਾਹ-ਮਸ਼ਵਰਾ ਕੀਤਾ। ਪਹਿਲਾਂ ਤਾਂ ਉਸ ਨੇ 21 ਅਪ੍ਰੈਲ ਨੂੰ ਆਪਣੇ ਸਿਪਾਹੀਆਂ ਦੀਆਂ ਲਾਸ਼ਾਂ ਇੱਕਠੀਆਂ ਕਰਵਾ ਕੇ ਵੱਖ-ਵੱਖ ਥਾਵਾਂ ਤੇ ਦਫ਼ਨਾਈਆਂ ਅਤੇ ਫਿਰ 28 ਅਪ੍ਰੈਲ ਨੂੰ ਸਵੇਰੇ ਹੀ ਬੜੇ ਜ਼ੋਰਾਂ ਸ਼ੋਰਾਂ ਨਾਲ ਕਿਲਾ ਜਮਰੌਦ ਤੇ ਦੂਜਾ ਹਮਲਾ ਕੀਤਾ। ਅਫ਼ਗਾਨਾਂ ਨੇ ਇਹ ਹਮਲਾ ਪੂਰੀਆਂ ਤਿਆਰੀਆਂ ਨਾਲ ਕੀਤਾ ਸੀ ਅਤੇ

ਆਪਣੀਆਂ ਤੋਪਾਂ ਵੀ ਥਾਉਂ ਥਾਈਂ ਸਿੱਧੀਆਂ ਹੀ ਕਿਲੇ ਵੱਲ ਬੀੜੀਆਂ ਹੋਈਆਂ ਸਨ। ਅੰਦਰੋਂ ਸਰਦਾਰ ਮਹਾਂ ਸਿੰਘ ਵੀ ਪੂਰੇ ਹੌਂਸਲੇ ਵਿਚ ਕਮਾਨ ਕਰ ਰਿਹਾ ਸੀ। ਅਫ਼ਗਾਨਾਂ ਦੀਆਂ ਤੋਪਾਂ ਨੇ ਕਿਲੇ ਦਾ ਬਾਹਰ ਵਾਲਾ ਇਕ ਪਾਸਾ ਤਾਂ ਤੋੜ ਦਿੱਤਾ ਪਰ 30 ਹਜ਼ਾਰ ਦੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਅਫ਼ਗਾਨ ਫ਼ੌਜਾਂ ਕਿਲੇ ਅੰਦਰ ਦਾਖ਼ਲ ਹੋਣ ਦਾ ਹੌਂਸਲਾ ਨਾ ਕਰ ਸਕੀਆਂ। ਕੋਈ ਹੋਰ ਪੇਸ਼ ਨਾ ਚਲਦੀ ਵੇਖ ਕੇ ਅਫ਼ਗਾਨਾਂ ਨੇ ਕਿਲੇ ਦਾ ਘੇਰਾ ਹੋਰ ਤਕੜਾ ਕਰ ਦਿੱਤਾ ਤੇ ਬਾਹਰੋਂ ਖ਼ੈਬਰ ਦੇ ਕੱਠੇ (ਨਾਲੇ) ਵਿਚੋਂ ਕਿਲੇ ਵੱਲ ਨੂੰ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਅਤੇ ਕੁਝ ਫ਼ੌਜ ਜਮਰੌਦ ਤੋਂ ਇਕ ਮੀਲ ਪਿਸ਼ਾਵਰ ਵੱਲ ਭੇਜ ਕੇ ਉਧਰੋਂ ਖਾਲਸਾ ਫ਼ੌਜਾਂ ਦਾ ਰਾਹ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕਿ ਜਮਰੌਦ ਦੇ ਕਿਲੇ ਅੰਦਰ ਘਿਰੇ ਸਿੱਖ ਸਿਪਾਹੀਆਂ ਨੂੰ ਬਾਹਰੋਂ ਮੱਦਦ ਨਾ ਮਿਲ ਸਕੇ।

ਕਿਲਾ ਜਮਰੌਦ ਦੇ ਘੇਰੇ ਨੂੰ ਵੇਖ ਕੇ ਬੀਬੀ ਹਰਸਰਨ ਕੌਰ ਨੇ ਸਰਦਾਰ ਮਹਾਂ ਸਿੰਘ ਅਗੇ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਸਰਦਾਰ ਮਹਾਂ ਸਿੰਘ ਇਹ ਚੰਗੀ ਤਰ੍ਹਾਂ ਸਮਝ ਚੁੱਕਿਆ ਸੀ ਕਿ ਲਾਹੌਰ ਤੋਂ ਪਿਸ਼ਾਵਰ ਨੂੰ ਕੋਈ ਮੱਦਦ ਨਹੀਂ ਪਹੁੰਚ ਸਕਦੀ ਅਤੇ ਸਾਰੇ ਰਸਤੇ ਵੀ ਬੰਦ ਹੋ ਗਏ ਹਨ। ਆਪਣੇ ਸਾਰੇ ਹਾਲਾਤ ਤੋਂ ਜਾਣੂ ਕਰਵਾਉਣ ਲਈ ਉਸ ਨੇ ਬੀਬੀ ਹਰਸਰਨ ਕੌਰ ਨੂੰ ਇਕ ਚਿੱਠੀ ਦੇ ਕੇ ਸ. ਹਰੀ ਸਿੰਘ ਨਲਵੇ ਪਾਸ ਪਿਸ਼ਾਵਰ ਭੇਜਿਆ। ਸਰਦਾਰ ਹਰੀ ਸਿੰਘ ਵੀ ਲਾਹੌਰ ਤੋਂ ਆਉਣ ਵਾਲੀਆਂ ਫ਼ੌਜਾਂ ਨੂੰ ਬੜੀ ਤਾਂਘ ਨਾਲ ਉਡੀਕ ਰਿਹਾ ਸੀ ਪਰ ਲਾਹੌਰੋਂ ਕੋਈ ਸੁਰ-ਜੁਆਬ ਨਾ ਆਉਣ ਕਰਕੇ ਅਤੇ ਜਮਰੌਦ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਇਧਰ ਤਾਂ ਸਰਦਾਰ ਮਹਾਂ ਸਿੰਘ ਨੂੰ ਤੁਰੰਤ ਮੱਦਦ ਭੇਜਣ ਦਾ ਭਰੋਸਾ ਦਿੱਤਾ ਅਤੇ ਕਿਲੇ ਦਾ ਪਾੜ ਬੰਦ ਕਰਨ ਲਈ 500 ਮਾਸ਼ਕੀ ਪਾਣੀ ਦੀਆਂ ਮਸ਼ਕਾਂ ਦੇ ਕੇ ਜ਼ਬਰਦਸਤ ਫ਼ੌਜੀ ਪਹਿਰੇ ਹੇਠ ਜਮਰੌਦ ਭੇਜੇ ਅਤੇ ਉਧਰ ਲਾਹੌਰ ਦਰਬਾਰ ਨੂੰ ਹਾਲਾਤ ਦਾ ਅਹਿਸਾਸ ਕਰਵਾਉਣ ਲਈ ਦੋ ਖ਼ਤ ਘੱਲੇ।

ਪਹਿਲਾ ਖ਼ਤ ਸ. ਹਰੀ ਸਿੰਘ ਨਲਵੇ ਨੇ 21 ਅਪ੍ਰੈਲ 1837 ਨੂੰ ਭੇਜਿਆ ਜਿਸ ਵਿਚ ਦੱਸਿਆ ਕਿ ਜਮਰੌਦ ਦੇ ਕਿਲੇ ਨੂੰ ਦੁਸ਼ਮਣ ਨੇ ਘੇਰਾ ਪਾ ਲਿਆ ਹੈ ਅਤੇ ਦੁਸ਼ਮਣ ਦੇ ਗੋਲਿਆਂ ਨਾਲ ਕਿਲੇ ਦੇ ਬੁਰਜ ਢਹਿ ਰਹੇ ਹਨ। ਦੁਸ਼ਮਣ ਦੀ ਫ਼ੌਜ ਜਮਰੌਦ ਤੋਂ ਅਗੇ ਪਿਸ਼ਾਵਰ ਵੱਲ ਵਧ ਆਈ ਹੈ ਤੇ ਉਸ ਨੇ ਕਿਲੇ ਵਿਚ ਪਾਣੀ ਦੀ ਆਵਾਜਾਈ ਰੋਕ ਦਿੱਤੀ ਹੈ। ਦਾਸ 29 ਅਪ੍ਰੈਲ ਨੂੰ ਸਿੱਖ ਸਿਪਾਹੀਆਂ ਦੀ ਸਹਾਇਤਾ ਵਾਸਤੇ ਜਮਰੌਦ ਪਹੁੰਚ ਰਿਹਾ ਹੈ। ਦੂਜਾ ਖ਼ਤ ਉਨ੍ਹਾਂ 28 ਅਪ੍ਰੈਲ ਨੂੰ ਲਾਹੌਰ ਵੱਲ ਭੇਜਿਆ। ਜਿਸ ਵਿਚ ਉਨ੍ਹਾਂ ਲਿਖਿਆ ਕਿ ਅਫ਼ਗਾਨਾਂ ਦੀ ਲਗਾਤਾਰ ਗੋਲਾਬਾਰੀ ਕਰਨ ਕਰਕੇ ਕਿਲੇ ਦੀ ਇਕ ਪਾਸੇ ਦੀ ਕੰਧ ਢਹਿ ਗਈ ਹੈ ਪਰ ਸਰਦਾਰ ਮਹਾਂ ਸਿੰਘ ਮੀਰ ਪੁਰੀਆ ਕਿਲੇ ਵਿਚ ਹੌਂਸਲੇ ਨਾਲ ਡਟਿਆ ਹੋਇਆ ਹੈ ਜਿਸ ਦੀਆਂ ਤੋਪਾਂ ਦੇ ਕਈ ਅਫ਼ਗਾਨ ਸਰਦਾਰ ਵੀ ਸ਼ਿਕਾਰ ਹੋ ਗਏ ਹਨ ਜਿਨ੍ਹਾਂ ਦੀਆਂ ਲਾਸ਼ਾਂ ਵੀ ਉਸ ਨੇ ਉਨ੍ਹਾਂ ਨੂੰ ਨਹੀਂ ਚੁੱਕਣ ਦਿੱਤੀਆਂ। ਇਸ ਪਿੱਛੋਂ ਸਰਦਾਰ ਹਰੀ ਸਿੰਘ ਨੇ ਆਪਣੇ ਮਾਤਹਿਤ ਸਾਰੇ ਅਹਿਲਕਾਰਾਂ ਨੂੰ ਪਿਸ਼ਾਵਰ ਦੀ ਰਾਖੀ ਕਰਨ ਲਈ ਕਿਹਾ ਅਤੇ ਅਗੋਂ ਸਿੰਘਾਂ ਨੇ ਵੀ ਉਸ ਦੇ ਬੋਲਾਂ ਤੇ ਹੱਸ ਕੇ ਫੁੱਲ ਚੜ੍ਹਾਏ। ਉਨ੍ਹਾਂ ਕੌਮ ਖ਼ਾਤਰ ਜਾਨ ਵਾਰਨ ਦਾ ਪ੍ਰਣ ਕੀਤਾ।

ਇਸ ਸਮੇਂ ਸਰਦਾਰ ਹਰੀ ਸਿੰਘ ਨੇ ਹਸ਼ਤ ਨਗਰ ਦੇ ਸਥਾਨ ਤੇ ਬੈਠੇ ਲਹਿਣਾ ਸਿੰਘ ਸੰਧਾਵਾਲੀਏ ਨੂੰ ਆਪਣੀ ਸਹਾਇਤਾ ਭੇਜਣ ਦਾ ਸੁਨੇਹਾ ਭੇਜਿਆ ਪਰ ਲਹਿਣਾ ਸਿੰਘ ਅਜਿਹਾ ਕਰਨ ਤੋਂ ਮਜਬੂਰ ਸੀ ਕਿਉਂਕਿ ਉਥੇ ਹਾਜ਼ੀ ਖ਼ਾਨ ਕਾਕੜ ਆਪਣੀਆਂ ਫ਼ੌਜਾਂ ਨਾਲ ਸਾਰੇ ਰਸਤੇ ਰੋਕੀ ਬੈਠਾ ਸੀ ਅਤੇ ਲੜਾਈ ਝਗੜਾ ਬਹੁਤ ਵਧਿਆ ਹੋਇਆ ਸੀ। ਸਰਦਾਰ ਹਰੀ ਸਿੰਘ ਦੇ ਇਹ ਖ਼ਤ ਅਤੇ ਸੂਬਾ ਪਿਸ਼ਾਵਰ ਦੀਆਂ ਖਬਰਾਂ ਜੋ ਅਪ੍ਰੈਲ ਦੇ ਅਖ਼ੀਰ ਵਿਚ ਸ਼ੇਰੇ ਪੰਜਾਬ ਕੋਲ ਚਨਿਓਟ ਦੇ ਸਥਾਨ ਤੇ ਪੁੱਜੀਆਂ, ਬਾਰੇ ਸੁਣ ਕੇ ਮਹਾਰਾਜਾ ਸਾਹਿਬ ਨੇ ਤੁਰੰਤ ਚੜ੍ਹਾਈ ਕਰਨ ਦਾ ਹੁਕਮ ਕੀਤਾ ਕਿ ਕੌਰ ਨੌਨਿਹਾਲ ਸਿੰਘ ਦੇ ਕਮਾਨ ਹੇਠ ਸਰਦਾਰ ਸ਼ਾਮ ਸਿੰਘ ਅਟਾਰੀ, ਸਰਦਾਰ ਲਹਿਣਾ ਸਿੰਘ ਮਜੀਠੀਆ, ਜਰਨਲ ਅਲਾਰਡ, ਵੈਂਤੂਰਾ, ਕਰੋਟ. ਸਰਦਾਰ ਤੇਜ ਸਿੰਘ ਆਪਣੀਆਂ ਪਲਟਣਾਂ ਨਾਲ, ਗੁੱਲੂ ਖ਼ਾਨ, ਤੋਪਖਾਨੇ ਵਾਲਾ ਜਮਾਦਾਰ ਖੁਸ਼ਹਾਲ ਸਿੰਘ ਸਵਾਰਾਂ ਅਤੇ ਅਰਦਲੀਆ ਦੀਆਂ ਫ਼ੌਜਾਂ ਸਮੇਤ, ਘੋੜ ਸਵਾਰ ਦੀਆਂ ਖ਼ਾਸ ਫ਼ੌਜਾਂ ਅਤੇ ਜੰਮੂ ਵਾਲਾ ਰਾਜਾ ਗੁਲਾਬ ਸਿੰਘ ਪਿਸ਼ਾਵਰ ਵੱਲ ਨੂੰ ਤੇਜ਼ੀ ਨਾਲ ਕੂਚ ਕਰਨ। ਇਸੇ ਹੁਕਮ ਵਿਚ ਹੀ ਇਹ ਵੀ ਕਿਹਾ ਗਿਆ ਕਿ ਘੋੜ-ਸਵਾਰਾਂ ਦੀਆਂ ਫ਼ੌਜਾਂ ਹਰ ਰੋਜ਼ 28 ਕੋਹ ਅਤੇ ਪੈਦਲ ਫ਼ੌਜਾਂ ਹਰ ਰੋਜ਼ 15 ਕੋਹ ਵਾਟ ਤੈਅ ਕਰਨ ਪਰ ਇਸ ਮੁਹਿੰਮ ਦੇ ਪਛੜਕੇ ਦਿੱਤੇ ਗਏ ਹੁਕਮ ਸਾਰੇ ਦੇ ਸਾਰੇ ਅੰਞਾਈ ਹੀ ਗਏ। ਜੇ ਇਹ ਫ਼ੌਜਾਂ ਦੋ ਹਫਤੇ ਪਹਿਲਾਂ ਤੋਰੀਆਂ ਜਾਂਦੀਆਂ ਤਾਂ ਇਸ ਲੜਾਈ ਦਾ ਇਤਿਹਾਸ ਹੋਰ ਹੀ ਹੋਣਾ ਸੀ।

ਸਰਦਾਰ ਹਰੀ ਸਿੰਘ ਨੇ ਵੇਖਿਆ ਕਿ ਲਾਹੌਰੋਂ ਹੁਣ ਫ਼ੌਜੀ ਸਹਾਇਤਾ ਪੁੱਜਣ ਦੀ ਕੋਈ ਆਸ ਨਹੀਂ। ਉਸ ਨੇ ਪਿਸ਼ਾਵਰ ਦੇ ਸਥਾਨ ਤੇ ਬੈਠੀ ਆਪਣੀ ਥੋੜ੍ਹੀ ਜਿਹੀ ਫ਼ੌਜ ਇਕੱਠੀ ਕਰ ਲਈ। ਇਸ ਫ਼ੌਜ ਵਿਚ ਫ਼ੌਜਿ ਆਈਨ ਦੇ 1000 ਘੋੜ ਸਵਾਰ, 6000 ਪੈਦਲ ਸਿਪਾਹੀ ਤੇ 6000 ਫ਼ੌਜਿ ਗ਼ੈਰ ਆਈਨ ਦੇ ਸੂਰਬੀਰ ਸਨ। ਇਸ ਤੋਂ ਇਲਾਵਾ 20 ਤੋਪਾਂ ਤੇ ਹੋਰ ਕਾਫ਼ੀ ਜੰਗੀ ਸਾਮਾਨ (ਗੋਲਾ, ਬਾਰੂਦ ਤੇ ਰਾਸ਼ਨ ਆਦਿ) ਸੀ। ਇਹ ਸਾਰੇ ਸਿੱਖ ਸਿਪਾਹੀ ਕੌਮ ਦੇ ਪਰਖੇ ਹੋਏ ਯੋਧੇ ਸਨ। ਸਰਦਾਰ ਹਰੀ ਸਿੰਘ ਨਲਵੇ ਨੇ ਇਹ ਸਾਰੀ ਫ਼ੌਜ ਆਪਣੀ ਕਮਾਨ ਹੇਠ ਲੈ ਕੇ 28 ਅਪ੍ਰੈਲ ਨੂੰ ਜਮਰੌਦ ਵੱਲ ਚੜ੍ਹਾਈ ਕਰ ਦਿੱਤੀ ਅਤੇ ਦੂਜੇ ਦਿਨ ਇਹ ਸਾਰਾ ਲਸ਼ਕਰ ਜਮਰੌਦ ਪੁੱਜ ਗਿਆ। ਸ. ਹਰੀ ਸਿੰਘ ਦੇ ਜਮਰੌਦ ਪੁੱਜਣ ਦੀ ਖ਼ਬਰ ਨੇ ਲੜਾਈ ਦੀ ਹਵਾ ਹੀ ਬਦਲ ਕੇ ਰੱਖ ਦਿੱਤੀ। ਇਕ ਪਾਸੇ ਤਾਂ ਕਿਲੇ ਅੰਦਰ ਘਿਰੇ ਸਿੱਖ ਸਿਪਾਹੀਆਂ ਦੇ ਆਪਣੇ ਹਰਮਨ ਪਿਆਰੇ ਜਰਨੈਲ ਹਰੀ ਸਿੰਘ ਦੇ ਪੁੱਜਣ ਦੀ ਖਬਰ ਸੁਣ ਕੇ ਹੌਂਸਲੇ ਬੁਲੰਦ ਹੋ ਗਏ ਅਤੇ ਦੂਜੇ ਪਾਸੇ ਅਫ਼ਗਾਨ ਹਰੀ ਸਿੰਘ ਨਲਵੇ ਦਾ ਨਾਂ ਸੁਣ ਕੇ ਦਿਲ ਛੱਡ ਗਏ।

ਭਾਵੇਂ ਮੋਰਚਿਆਂ ਵਿਚ ਤੈਨਾਤ ਪਠਾਣਾਂ ਦੀਆਂ ਬੰਦੂਕਾਂ ਪਹਿਲਾਂ ਹੀ ਦਗ ਰਹੀਆਂ ਸਨ ਅਤੇ ਬਹੁਤ ਭਾਰੀ ਫ਼ੌਜਾਂ ਸਣੇ ਜੰਗੀ ਤੋਪਾਂ ਲੜਾਈ ਲਈ ਤਿਆਰ ਸਨ ਪਰ ਸਰਦਾਰ ਹਰੀ ਸਿੰਘ ਦਾ ਨਾਂ ਉਨ੍ਹਾਂ ਲਈ ਇਕ ਬਹੁਤ ਵੱਡਾ ਹਊਆ ਸੀ। ਰਣਭੂਮੀ ਵਿਚ ਪਹੁੰਚਦਿਆਂ ਸਾਰ ਹੀ ਸਰਦਾਰ ਹਰੀ ਸਿੰਘ ਨੇ ਅਜਿਹਾ ਤਕੜਾ ਹਮਲਾ ਕੀਤਾ ਕਿ ਸਾਰੀਆਂ ਦੀਆਂ ਸਾਰੀਆਂ ਹੀ ਅਫ਼ਗਾਨ ਫ਼ੌਜਾਂ ਰਣਤੱਤੇ ਨੂੰ ਛੱਡਣ ਲਈ ਤਿਆਰ ਹੋ ਗਈਆਂ। ਨਵਾਬ ਜਬਾਰ ਖ਼ਾਨ ਅਤੇ ਸਮਸੁੱਦੀਨ ਖ਼ਾਨ ਦੇ ਦਖ਼ਲ ਦੇਣ ਤੇ ਬੜੀ ਮੁਸ਼ਕਲ ਨਾਲ ਰੁਕੀਆਂ। ਕਵੀ ਕਾਨ੍ਹ ਸਿੰਘ ਬੰਗਾ ਦੇ ਅਨੁਸਾਰ ਇਕ ਜਵਾਨ ਪਠਾਣ ਨੇ ਸਰਦਾਰ ਹਰੀ ਸਿੰਘ ਨੂੰ ਲਲਕਾਰਨ ਦਾ ਹੌਂਸਲਾ ਕੀਤਾ ਜਿਸਦੇ ਜਵਾਬ ਵਿਚ ਸਰਦਾਰ ਨੇ ਪਹਿਲੇ ਵਾਰ ਹੀ ਪਠਾਣ ਦਾ ਸਿਰ ਵੇਲ ਨਾਲੋਂ ਕੱਦੂ ਵਾਂਗੂੰ ਵੱਖ ਕਰ ਦਿੱਤਾ। ਫਿਰ ਸਰਦਾਰ ਹੁਕਮ ਸਿੰਘ ਨੂੰ ਦੁਸ਼ਮਣ ਦੇ ਟਾਕਰੇ ਲਈ ਅੱਗੇ ਵਧਣ ਲਈ ਕਿਹਾ ਗਿਆ। ਹੁਕਮ ਸਿੰਘ ਨੇ ਬਹੁਤ ਬਹਾਦਰੀ ਵਿਖਾਈ ਅਤੇ ਕਈ ਪਠਾਣ ਮੌਤ ਦੇ ਘਾਟ ਉਤਾਰ ਦਿੱਤੇ ਤੇ ਅੰਤ ਨੂੰ ਆਪ ਵੀ ਸ਼ਹੀਦ ਹੋ ਗਿਆ।

30 ਅਪ੍ਰੈਲ, 1837 ਨੂੰ ਦੋਹਾਂ ਪਾਸਿਆਂ ਵਲੋਂ ਜੰਗ ਦੇ ਮਾਰੂ ਵਜੇ ਅਤੇ ਜੰਗ ਬੜੇ ਜੋਸ਼ ਨਾਲ ਸ਼ੁਰੂ ਹੋ ਗਿਆ। ਆਰੰਭ ਵਿਚ ਦੋਹਾਂ ਪਾਸਿਆਂ ਵਲੋਂ ਬਹੁਤ ਜੰਮਵੀਂ ਲੜਾਈ ਹੋਈ ਜਿਸ ਵਿਚ ਸੈਂਕੜੇ ਯੋਧੇ ਜਾਨਾਂ ਵਾਰ ਗਏ। ਇਸ ਤੋਂ ਪਿੱਛੋਂ ਦਿਨ ਦੇ ਲਗਭਗ ਦੋ ਵਜੇ ਸਰਦਾਰ ਹਰੀ ਸਿੰਘ ਨੇ ਪੂਰੀਆਂ ਤਿਆਰੀਆਂ ਨਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲੰਦ

ਤਾ ਅਤੇ ਦੁਸ਼ਮਣਾਂ ਦੀਆਂ ਫ਼ੌਜਾਂ ਤੇ ਬਾਜ ਵਾਗੂੰ ਜਾ ਝਪਟਿਆ। ਸਿੱਖ ਧਿਆਂ ਦੇ ਅਗੇ ਜਿਹੜਾ ਵੀ ਦੁਸ਼ਮਣ ਆਇਆ ਜਮਪੁਰੀ ਸਿਧਾ ਦਿੱਤਾ ਆ। ਮੁਹੰਮਦ ਅਕਬਰ ਖ਼ਾਨ ਇਸ ਹਮਲੇ ਦੇ ਆਰੰਭ ਵਿਚ ਹੀ ਪਣੀਆਂ ਫ਼ੌਜਾਂ ਸਮੇਤ ਤਿੱਤਰ ਹੋ ਗਿਆ ਸੀ। ਇਸ ਸਥਿਤੀ ਵਿਚ ਫ਼ਗਾਨਾਂ ਨੂੰ ਭਾਜੜਾਂ ਪੈ ਗਈਆਂ। ਸਿੱਖਾਂ ਨੇ ਉਨ੍ਹਾਂ ਦਾ ਦੂਰ ਤੱਕ ਪਿੱਛਾ ਤਾ। ਉਨ੍ਹਾਂ ਦੀਆਂ 14 ਤੋਪਾਂ ਵੀ ਹਥਿਆ ਲਈਆਂ। ਦੱਰਾ ਖ਼ੈਬਰ ਦੀ ੜਾਈ ਵਿਚ ਸਿੱਖਾਂ ਦੀ ਇਹ ਪਹਿਲੀ ਜਿੱਤ ਸੀ।

ਸਰਦਾਰ ਹਰੀ ਸਿੰਘ ਜਮਰੌਦ ਦੀ ਜੰਗ ਦਾ ਮੋਢੀ ਹੋਣ ਕਰਕੇ ਖ ਫ਼ੌਜਾਂ ਦੇ ਨਾਲ ਨਾਲ ਸੀ। ਸਿੱਖਾਂ ਦੀ ਇਸ ਸਮੇਂ ਫ਼ਤਹਿਯਾਬੀ ਤਾਂ ਗਈ ਅਤੇ ਦੂਰ ਤੱਕ ਦੱਰਾ ਖ਼ੈਬਰ ਦਾ ਮੈਦਾਨ ਵੀ ਦੁਸ਼ਮਣ ਤੋਂ ਸਾਫ ਗਿਆ ਸੀ ਪਰ ਇਸ ਜਿੱਤ ਨੂੰ ਸੰਭਾਲਣ ਦੀ ਥਾਂ ਕੁਝ ਕੁ ਸਿੱਖ ਪਾਹੀ ਦੁਸ਼ਮਣ ਦਾ ਮਾਲ ਲੁੱਟਣ ਲੱਗ ਪਏ ਅਤੇ ਸਰਦਾਰ ਹਰੀ ਘ ਇਕ ਪਾਸੇ ਇਕੱਲਾ ਹੀ ਘੋੜੇ ਤੇ ਸਵਾਰ ਹੋਇਆ ਇਹ ਸਭ-ਕੁਝ ਖ ਰਿਹਾ ਸੀ। ਦੂਜੇ ਪਾਸਿਓਂ ਅਮੀਰਜ਼ਾਦਾ ਮੁਹੰਮਦ ਅਫ਼ਜ਼ਲ ਖ਼ਾਨ ਤੇ ਨਵਾਬ ਸ਼ਮਸੁੱਦੀਨ ਖ਼ਾਨ ਬਰਕਜ਼ਈ ਦੇ ਕੁਝ ਲੁਕੇ ਹੋਏ ਸਿਪਾਹੀਆਂ ਅਚਾਨਕ ਹੀ ਗੋਲੀ ਚਲਾ ਦਿੱਤੀ। ਪਹਿਲੀ ਗੋਲੀ ਤਾਂ ਸਰਦਾਰ ਹਰੀ ਘ ਦੇ ਪੱਟ ਵਿਚ ਵਜੀ ਅਤੇ ਦੂਜੀ ਗੋਲੀ ਉਨ੍ਹਾਂ ਦੀ ਛਾਤੀ ਵਿਚ ਜੇਹੀ ਖੁਭੀ ਕਿ ਸਰੀਰ ਦੇ ਦੋ ਇੰਚ ਅੰਦਰ ਜਾ ਧਸੀ। ਇਸ ਤਰ੍ਹਾਂ ਲ਼ੀ ਲੱਗਣ ਨਾਲ ਸਰਦਾਰ ਹਰੀ ਸਿੰਘ ਘੋੜੇ ਤੇ ਹੀ ਬੇਹੋਸ਼ ਹੋ ਗਿਆ। ਖ ਸਿਪਾਹੀਆਂ ਨੇ ਆਪਣੇ ਸਰਦਾਰ ਨੂੰ ਤੁਰੰਤ ਜਮਰੌਦ ਦੇ ਕਿਲੇ ਚ ਪਹੁੰਚਾ ਦਿੱਤਾ ਅਤੇ ਉਥੇ ਉਨ੍ਹਾਂ ਦੀ ਮਲ੍ਹਮ ਪੱਟੀ ਹੋਣ ਲੱਗ ਪਈ। ਪਣਾ ਅਖ਼ੀਰਲਾ ਸਮਾਂ ਨੇੜੇ ਆਉਣ ਦਾ ਅਹਿਸਾਸ ਹੁੰਦਿਆਂ ਇਸ ਾਨ ਜਰਨੈਲ ਨੇ ਸਰਦਾਰ ਮਹਾਂ ਸਿੰਘ ਨੂੰ ਹਦਾਇਤ ਕੀਤੀ ਕਿ ਉਸ ਮੌਤ ਨੂੰ ਲਾਹੌਰ ਤੋਂ ਫ਼ੌਜੀ ਇਮਦਾਦ ਪੁੱਜਣ ਤੱਕ ਗੁਪਤ ਰੱਖਿਆ ਵੇ। ਇਹ ਕਹਿ ਕੇ ਸਰਦਾਰ ਹਰੀ ਸਿੰਘ ਅਕਾਲ ਚਲਾਣਾ ਕਰ ਗਏ।

ਜਦੋਂ ਦੱਰਾ ਖ਼ੈਬਰ ਵਿਚੋਂ ਸਿੱਖ ਸਿਪਾਹੀ ਵਾਪਸ ਆ ਗਏ ਤਾਂ ਫ਼ਗਾਨਾਂ ਦੇ ਹੌਂਸਲੇ ਫਿਰ ਇਕ ਦਮ ਬੁਲੰਦ ਹੋ ਗਏ ਅਤੇ ਉਨ੍ਹਾਂ ਨੇ ਲਾ ਕਰਕੇ ਮੁੜ ਹਾਰਿਆ ਹੋਇਆ ਮੈਦਾਨ ਆਪਣੇ ਕਬਜ਼ੇ ਵਿਚ ਲੈ ਆ ਅਤੇ ਸਿੱਖਾਂ ਨਾਲ ਫਿਰ ਲੜਾਈ ਕਰਨ ਲਈ ਜਮਰੌਦ ਤੇ ਾਬਾਰੀ ਸ਼ੁਰੂ ਕਰ ਦਿੱਤੀ। ਇਸ ਹਾਲਤ ਵਿਚ ਲੜਾਈ ਤਾਂ ਉਹ ਛੇੜ ਪਰ ਅਗੇ ਵਧਣ ਦਾ ਹੌਂਸਲਾ ਨਾ ਕੀਤਾ। ਸਰਦਾਰ ਮਹਾਂ ਸਿੰਘ ੜਪੁਰੀਏ ਨੇ ਬਹੁਤ ਸਿਆਣਪ ਨਾਲ ਸਰਦਾਰ ਹਰੀ ਸਿੰਘ ਦੀ ਮੌਤ ਗੁਪਤ ਰੱਖਿਆ ਅਤੇ ਕਿਸੇ ਹੋਰ ਯੋਧੇ ਦਾ ਨਾਂ ਲੈ ਕੇ ਉਸ ਦੀ ਦੇਹ ਸਸਕਾਰ ਕਰ ਦਿੱਤਾ।

ਇਧਰ ਮਹਾਰਾਜਾ ਰਣਜੀਤ ਸਿੰਘ ਨੂੰ ਗੁਜਰਾਤ ਅੱਪੜ ਕੇ 4 ੀ, 1837 ਨੂੰ ਸਰਦਾਰ ਹਰੀ ਸਿੰਘ ਦੇ ਜਮਰੌਦ ਦੇ ਨੇੜੇ ਜ਼ਖ਼ਮੀ ਹੋਣ ਖਬਰ ਮਿਲੀ। ਜਦੋਂ ਕਿ ਰਾਜਾ ਧਿਆਨ ਸਿੰਘ ਕੋਲ ਉਸੇ ਵੇਲੇ ਦਾਰ ਹਰੀ ਸਿੰਘ ਦੇ ਸ਼ਹੀਦ ਹੋਣ ਦੀ ਖਬਰ ਵੀ ਪੁੱਜ ਚੁੱਕੀ ਸੀ ਰ ਨੂੰ ਰਾਜਾ ਧਿਆਨ ਸਿੰਘ ਨੇ ਬੜੀ ਹੁਸ਼ਿਆਰੀ ਨਾਲ ਗੁਪਤ ਰੱਖਿਆ ਹੈ ਮਹਾਰਾਜਾ ਸਾਹਿਬ ਅੱਗੇ ਸੱਚਾ ਬਣਨ ਲਈ ਫ਼ੌਜਾਂ ਲੈ ਕੇ ਤੁਰੰਤ ਰੌਦ ਵੱਲ ਕੂਚ ਕਰ ਦਿੱਤਾ।

ਇਸ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਗੁਜਰਾਤ ਤੋਂ ਕੂਚ ਕੇ ਜਦੋਂ ਦਰਿਆ ਜਿਹਲਮ ਲੰਘ ਕੇ ਤੀਜੇ ਦਿਨ 6 ਮਈ, 1837 ਨੂੰ ਤਾਸ ਦੇ ਸਥਾਨ ਤੇ ਪੁੱਜੇ ਤਾਂ ਸਰਦਾਰ ਹਰੀ ਸਿੰਘ ਦੀ ਸ਼ਹੀਦੀ ਦੀ ਰ ਉਨ੍ਹਾਂ ਨੂੰ ਸੁਣਾਈ ਗਈ। ਸ਼ੇਰੇ ਪੰਜਾਬ ਆਪਣੇ ਪੁਰਾਣੇ ਅਹਿਲਕਾਰ ੇ ਲਾਸਾਨੀ ਯੋਧੇ ਦੀ ਯਾਦ ਵਿਚ ਧਾਹਾਂ ਮਾਰ ਮਾਰ ਰੋਇਆ। ਕਈ ਤਿਹਾਸਕਾਰਾਂ ਅਨੁਸਾਰ ਹਰੀ ਸਿੰਘ ਦੀ ਸ਼ਹੀਦੀ ਦੀ ਗੱਲ ਰਾਜਾ ਆਨ ਸਿੰਘ ਨੇ ਮਹਾਰਾਜੇ ਨੂੰ ਲਾਹੌਰ ਦੇ ਕਿਲੇ ਅੰਦਰ ਹੀ ਸੁਣਾਈ ਸੀ ਜਦੋਂ ਉਹ ਸਵੇਰੇ ਦਾਤਣ ਕਰਕੇ ਮੂੰਹ ਹੱਥ ਧੋ ਰਹੇ ਸਨ ਇਹ ਖਬਰ ਸੁਣਨ ਸਾਰ ਹੀ ਮਹਾਰਾਜੇ ਨੇ ਹਥਲਾ ਗੜਵਾ ਧਿਆਨ ਸਿੰਘ ਦੇ ਮੂੰਹ ਤੇ ਮਾਰਿਆ।

11 ਮਈ 1837 ਨੂੰ ਸਤਵੇਂ ਦਿਨ ਜਦੋਂ ਰਾਜਾ ਧਿਆਨ ਸਿੰਘ ਹੋਰਨਾਂ ਸਰਦਾਰਾਂ ਸਮੇਤ ਪਿਸ਼ਾਵਰ ਅਪੜਿਆ ਤੇ ਰਾਜਾ ਗੁਲਾਬ ਸਿੰਘ (ਜੋ ਉਸ ਤੋਂ ਪਹਿਲਾਂ ਚਨਿਓਟ ਸਥਾਨ ਤੋਂ ਤੁਰਿਆ ਸੀ) ਆਪਣੇ ਸਰਦਾਰਾਂ ਨਾਲ ਬੜੀ ਹੌਲੀ ਹੌਲੀ ਨੌਵੇਂ ਦਿਨ ਅਟਕ ਦਰਿਆ ਕੋਲ ਆ ਪੁੱਜਾ, ਤੇ ਸ਼ੇਰੇ ਪੰਜਾਬ ਦੀਆਂ ਫ਼ੌਜਾਂ ਦੀ ਚੜ੍ਹਾਈ ਦੀ ਖਬਰ ਸੁਣਦਿਆਂ ਸਾਰ ਅਫ਼ਗਾਨਾਂ ਨੇ ਜਮਰੌਦ ਦਾ ਘੇਰਾ ਛੱਡ ਦਿੱਤਾ ਅਤੇ ਕਾਬਲ ਨੂੰ ਭੱਜ ਨਿਕਲੇ ਪਰ ਉਥੇ ਪਹੁੰਚਦਿਆਂ ਦਾ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਜੋਤੂਆਂ ਵਾਲਾ ਸੁਆਗਤ ਕੀਤਾ ਕਿਉਂਕਿ ਉਸ ਮਹਾਨ ਜਰਨੈਲ ਜਿਸ ਦੇ ਹੱਥੋਂ ਅਫ਼ਗਾਨਾਂ ਨੂੰ ਆਪਣਾ ਕਾਲ ਨਜ਼ਰ ਆ ਰਿਹਾ ਸੀ, ਇਸ ਜੰਗ ਵਿਚ ਇਸ ਦੁਨੀਆ ਤੋਂ ਸਦਾ ਲਈ ਉੱਠ ਗਿਆ ਸੀ।

ਇਸ ਉਪਰੰਤ ਜਦੋਂ ਰਾਜਾ ਧਿਆਨ ਸਿੰਘ ਜਮਰੌਦ ਪੁੱਜਾ ਤਾਂ ਉਥੇ ਦੁਸ਼ਮਣ ਦਾ ਕੋਈ ਵੀ ਸਿਪਾਹੀ ਮੌਜੂਦ ਨਹੀਂ ਸੀ। ਰਾਜਾ ਧਿਆਨ ਸਿੰਘ ਨੇ ਉਸ ਸਮੇਂ ਮਹਾਰਾਜਾ ਪਾਸ ਇਕ ਅਰਜ਼ੀ ਭੇਜੀ ਕਿ ਪਿਸ਼ਾਵਰ ਦੀ ਮੁਹਿੰਮ ਸਰ ਕਰ ਲਈ ਗਈ ਹੈ, ਇਥੋਂ ਦਾ ਪ੍ਰਬੰਧ ਚਲਾਉਣ ਲਈ ਨਵਾਂ ਗਵਰਨਰ ਨਿਯੁਕਤ ਕੀਤਾ ਜਾਵੇ। ਇਸ ਅਰਜ਼ੀ ਪੁੱਜਣ ਤੇ ਮਹਾਰਾਜਾ ਸਾਹਿਬ ਨੇ ਪਹਿਲਾਂ ਸਰਦਾਰ ਤੇਜ ਸਿੰਘ ਤੇ ਫਿਰ ਜਰਨਲ ਅਬੂਤੇਲਾ ਨੂੰ ਹਾਕਮ ਨਿਯੁਕਤ ਕੀਤਾ।

ਹ. ਪੁ.–ਸਰਦਾਰ ਹਰੀ ਸਿੰਘ ਨਲਵਾ–ਸਮਸ਼ੇਰ ਸਿੰਘ ਅਸ਼ੋਕ; ਜੀਵਨ ਬ੍ਰਿਤਾਂਤ ਸਰਦਾਰ ਹਰੀ ਸਿੰਘ ਨਲਵਾ–ਪ੍ਰੇਮ ਸਿੰਘ ਹੋਤੀ (ਬਾਬਾ)

**ਜਮਲਾਮਡੁਗੂ** : ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਵਿਚ ਕੁੱਡਾਪਾ ਨਾਂ ਦੇ ਜ਼ਿਲ੍ਹੇ ਵਿਚ, ਇਸੇ ਹੀ ਨਾਂ ਦੇ ਉਪ-ਮੰਡਲ ਅਤੇ ਤਅੱਲੁਕੇ ਦਾ ਸਦਰ-ਮੁਕਾਮ ਹੈ ਜਿਹੜਾ ਪੈਨਰ ਦਰਿਆ ਦੇ ਖੱਬੇ ਕੰਢੇ ਉੱਤੇ ਸਥਿਤ ਹੈ। ਵਪਾਰਕ ਪਖੋਂ ਇਹ ਇਕ ਗਹਿਮਾ-ਗਹਿਮੀ ਵਾਲਾ ਕੇਂਦਰ ਹੈ। ਇਥੋਂ ਨੀਲ ਅਤੇ ਕਪਾਹ ਭਾਰੀ ਮਾਤਰਾ ਵਿਚ ਬਾਹਰ ਭੇਜੀ ਜਾਂਦੀ ਹੈ। ਖੱਡੀਆਂ ਉੱਤੇ ਕਪੜਾ ਵੀ ਤਿਆਰ ਕੀਤਾ ਜਾਂਦਾ ਹੈ। ਮਈ ਮਹੀਨੇ ਵਿਚ ਇਥੇ ਨਰਪੁਰਸਵਾਮੀ ਰੱਥ-ਤਿਉਹਾਰ ਮਨਾਇਆ ਜਾਂਦਾ ਹੈ ਜ਼ਿਹੜਾ ਕੋਈ 10 ਦਿਨ ਚਲਦਾ ਰਹਿੰਦਾ ਹੈ। ਨੇੜੇ ਦੇ ਪਿੰਡਾਂ ਦੇ ਲੋਕ ਇਸ ਤਿਉਹਾਰ ਵਿਚ ਸ਼ਾਮਲ ਹੁੰਦੇ ਹਨ। ਇਹ ਸ਼ਹਿਰ ਲੰਡਨ ਮਿਸ਼ਨਰੀ ਸੋਸਾਇਟੀ ਦਾ ਵੀ ਟਿਕਾਣਾ ਹੈ।

ਆਬਾਦੀ–32,468 (1991)

$14^{\circ}$ 51′ ਉ. ਵਿਥ.; $78^{\circ}$ 14′ ਪੂ. ਲੰਬ

ਹ. ਪੁ.–ਇੰਪ. ਗ. ਇੰਡ. 14 : 49

**ਜਮਲਾਰਜਨ** : ਇਸ ਤੋਂ ਭਾਵ ਅਰਜੁਨ (ਕਊ) ਬਿਰਛ ਦੇ ਜੋੜੇ (ਯਮਲ) ਤੋਂ ਹੈ। ਭਾਗਵਤ ਵਿਚ ਕਥਾ ਹੈ ਕਿ ਕੁਬੇਰ ਦਾ ਪੁੱਤਰ ਨਲਕੂਵਰ ਅਤੇ ਉਸ ਦਾ ਭਾਈ ਮਣਿਗਰੀਵ ਕੈਲਾਸ਼ ਪਾਸ ਗੰਗਾ ਦੇ ਕਿਨਾਰੇ ਨਿਰਲੱਜ ਹੋਏ ਇਸਤਰੀਆਂ ਦੇ ਨਾਲ ਕ੍ਰੀੜਾ ਕਰਦੇ ਸਨ। ਇਸ ਤੇ ਨਾਰਦ ਨੇ ਸਰਾਪ ਦਿੱਤਾ ਕਿ ਤੁਸੀਂ ਬਿਰਛ ਹੋ ਕੇ ਮਾਤ ਲੋਕ ਵਿਚ ਰਹੋ। ਇਸ ਲਈ ਇਹ ਦੋਵੇਂ ਅਰਜਨ (ਕਊ) ਬਿਰਛ ਬਣ ਕੇ ਬ੍ਰਜ ਭੂਮੀ ਵਿਚ ਪੈਦਾ ਹੋਏ। ਕ੍ਰਿਸ਼ਨ ਜੀ ਨੇ ਬਾਲ ਅਵਸਥਾ ਵਿਚ ਇਨ੍ਹਾਂ ਬਿਰਛਾਂ ਦੇ ਜੋੜੇ ਨੂੰ ਉੱਖਲੀ ਫਸਾ ਕੇ ਤੋੜਿਆ ਅਤੇ ਦੋਵੇਂ ਭਾਈ ਸਰਾਪ ਤੋਂ ਛੁਟਕਾਰਾ ਪਾ ਕੇ ਦੇਵ ਲੋਕ ਨੂੰ ਗਏ।

ਹ. ਪੁ.–ਮ. ਕੋ. : 508

**ਜਮਵਾਲ** : ਇਹ ਪੁਰਾਤਨ ਪੰਜਾਬ ਦੇ ਮਿੰਟਗੁਮਰੀ ਅਤੇ ਸਿਆਲਕੋਟ ਵਿਚ ਵੱਸਣ ਵਾਲੀ ਹਿੰਦੂ ਰਾਜਪੂਤਾਂ ਦੀ ਇਕ ਜਾਤੀ ਹੈ। ਇਥੇ ਇਨ੍ਹਾਂ ਦੇ ਮੁੱਢ ਬਾਰੇ ਦੋ ਵੇਰਵੇ ਮਿਲਦੇ ਹਨ। ਇਨ੍ਹਾਂ ਦੇ ਮਰਾਸੀਆਂ

ਮੁਤਾਬਕ ਇਹ ਸੂਰਜਬੰਸੀ ਰਾਜਪੂਤਾਂ ਵਿਚੋਂ ਹਨ ਤੇ ਇਨ੍ਹਾਂ ਦੇ ਵਡੇਰੇ ਅਗਨੀਗਰ ਨੇ ਅਯੁੱਧਿਆ ਤੋਂ ਰਚਨਾ ਦੁਆਬ ਵਿਚ ਪਰਵਾਸ ਕੀਤਾ ਤੇ ਇਸ ਦੇ ਪੁੱਤਰ ਜੰਮੂ ਨੇ ਚੰਦਾ ਰਿਹਾਸ ਨਾਮੀ ਇਕ ਰਾਜੇ ਨੂੰ ਹਰਾ ਕੇ ਜੰਮੂ ਸ਼ਹਿਰ ਦੀ ਨੀਂਹ ਰੱਖੀ ਜਿਸ ਤੋਂ ਇਨ੍ਹਾਂ ਦਾ ਨਾਉਂ ਜਮਵਾਲ ਪ੍ਰਚੱਲਤ ਹੋਇਆ। ਇਨ੍ਹਾਂ ਦੇ ਮਿਲਹਨ ਮਿਨਹਾਸ ਨਾਮੀ ਇਕ ਮੁਖੀ ਨੇ ਖੇਤੀਬਾੜੀ ਕਰਨੀ ਸ਼ੁਰੂ ਕੀਤੀ ਅਤੇ ਇਸ ਤੋਂ ਮਿਨਹਾਸ ਗੋਤ ਸ਼ੁਰੂ ਹੋਇਆ। ਇਨ੍ਹਾਂ ਬਾਰੇ ਮਿਲਦੇ ਦੂਜੇ ਵੇਰਵੇ ਅਨੁਸਾਰ ਇਨ੍ਹਾਂ ਦਾ ਵਡੇਰਾ ਭਾਗਦੱਤ ਅਯੁੱਧਿਆ ਤੋਂ ਕਸ਼ਮੀਰ ਹੁੰਦਾ ਹੋਇਆ, ਮੌਜੂਦਾ ਮਾਨਕੋਟ ਵਾਲੀ ਥਾਂ ਤੇ ਆ ਵਸਿਆ। ਇਸ ਦੇ ਜਾਂਨਸ਼ੀਨ, ਜੰਮੂ ਨੇ ਆਪਣੇ ਨਾਂ ਦੀ ਇਕ ਆਜ਼ਾਦ ਰਿਆਸਤ ਸਥਾਪਿਤ ਕੀਤੀ। ਇਸ ਦੀ ਚੌਥੀ ਪੀੜ੍ਹੀ ਦੇ ਜੋਗਰਾਜ ਨੇ ਲਗਭਗ 474 ਸੰਮਤ ਵਿਚ ਰਾਜ ਕੀਤਾ ਅਤੇ ਉਸੇ ਤੋਂ ਦਿਓ ਖ਼ਾਨਦਾਨ ਸ਼ੁਰੂ ਹੋਇਆ।

ਹ. ਪੁ.–ਏ ਗਲਾਸਰੀ ਆਫ਼ ਦੀ ਟ੍ਰਾਈਬਜ਼ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨੌ. ਵੇ. ਫ. ਪ੍ਰਾਵਿੰਸ 2:352

**ਜਮਾਂਦਰੂ–ਨਿਸ਼ਾਨ** : ਚਮੜੀ ਉਪਰ ਇਕ ਸੀਮਿਤ ਘੇਰੇ ਵਾਲਾ ਨਵਾਂ ਵਾਧਾ ਹੈ ਜਿਸ ਦਾ ਮੂਲ ਜਮਾਂਦਰੂ ਹੀ ਹੁੰਦਾ ਹੈ। ਇਸ ਦਾ ਵਿਗਿਆਨਕ ਨਾਂ ਨੀਵਸ ਹੈ। ਇਹ ਜਨਮ ਸਮੇਂ ਹੀ ਜਾਂ ਬਾਅਦ ਵਿਚ ਵੀ ਹੋ ਸਕਦਾ ਹੈ। ਇਹ ਆਮ ਤੌਰ ਤੇ ਚਿਹਰੇ ਉਪਰ ਹੁੰਦਾ ਹੈ। ਜਮਾਂਦਰੂ ਨਿਸ਼ਾਨ ਕਈ ਤਰ੍ਹਾਂ ਦੇ ਤੰਤੂਆਂ ਜਾਂ ਤੰਤੂ ਮਿਸ਼ਰਨਾਂ ਦੇ ਹੁੰਦੇ ਹਨ। ਆਮ ਤੌਰ ਤੇ ਮਿਲਣ ਵਾਲੀਆਂ ਕਿਸਮਾਂ ਵਾਸਕੁਲਰ ਤੰਤੂ ਅਤੇ ਪਿਗਮੈਂਟਡ ਨੀਵੀਂ (ਮੋਹਕਾ) ਹੀ ਹੁੰਦੀਆਂ ਹਨ।

ਰਗਦਾਰ ਜਮਾਂਦਰੂ ਨਿਸ਼ਾਨ ਜੋ ਛੋਟੀਆਂ ਖ਼ੂਨ-ਨਾੜੀਆਂ ਜਾਂ ਲਿੰਫ ਨਾੜੀਆਂ ਦੇ ਵੱਡੇ ਹੋਣ ਨਾਲ ਪੈਦਾ ਹੁੰਦੇ ਹਨ, ਉਹ ਪੱਧਰੇ ਅਤੇ ਲਾਲ ਰੰਗ ਦੀ ਪੁਰਤਗਾਲੀ ਸ਼ਰਾਬ ਦੇ ਰੰਗ ਵਾਲੇ ਵੀ ਹੋ ਸਕਦੇ ਹਨ। ਇਹ ਅਕਸਰ ਚਿਹਰੇ ਤੇ ਹੀ ਨਜ਼ਰ ਆਉਂਦੇ ਹਨ ਜਿਥੋਂ ਇਹ ਵਿਚਕਾਰਲੀ ਜਗ੍ਹਾ ਤੱਕ ਪਹੁੰਚ ਸਕਦੇ ਹਨ ਜਾਂ ਇਹ ਕਿਸੇ ਸਿਰੇ ਜਾਂ ਸਰੀਰ ਦੇ ਅੱਧੇ ਹਿੱਸੇ ਤੱਕ ਵੀ ਫੈਲ ਸਕਦੇ ਹਨ। ਚਿਹਰੇ ਤੇ ਇਸ ਤਰ੍ਹਾਂ ਦੇ ਨਿਸ਼ਾਨ ਮਨਿੰਨਜ਼ ਦੇ ਰਗਦਾਰ ਨੀਵੀਂ ਨਾਲ ਜਾਂ ਇੰਟਰਾਕਰੇਨੀਅਲ ਨਾਲ ਜੁੜੇ ਹੁੰਦੇ ਹਨ ਜੋ ਲਹੂ ਦੇ ਜ਼ਿਆਦਾ ਦਬਾਉ ਨਾਲ ਕੜਵਲਾਂ ਜਾਂ ਅਧਰੰਗ ਆਦਿ ਹਾਲਤਾਂ ਪੈਦਾ ਕਰ ਸਕਦੇ ਹਨ। ਕਿਸੇ ਸਿਰੇ ਤੋਂ ਪੈਦਾ ਹੋਣ ਵਾਲੇ ਜਮਾਂਦਰੂ-ਨਿਸ਼ਾਨ ਵਿਸ਼ੇਸ਼ ਕਰਕੇ ਹੇਠਲੇ ਸਿਰੇ ਤੇ ਜਮਾਂਦਰੂ-ਨਿਸ਼ਾਨ, ਸਿਰੇ ਦੇ ਵਡੇ ਹੋਣ ਨਾਲ ਜੁੜੇ ਹੁੰਦੇ ਹਨ ਇਸ ਲਈ ਇਹ ਅਸਰ ਰਹਿਤ ਲਤ ਨਾਲੋਂ ਵੱਡੀ ਅਤੇ ਲੰਬੀ ਹੋ ਜਾਂਦੀ ਹੈ।

ਕਈ ਹੋਰ ਰਗਦਾਰ ਜਮਾਂਦਰੂ ਨਿਸ਼ਾਨ ਚਮੜੀ ਦੀ ਸਤ੍ਹਾ ਤੋਂ ਉਪਰ ਉੱਭਰੇ ਹੁੰਦੇ ਹਨ। ਪਹਿਲੀ ਉਮਰ ਵਿਚ ਇਨ੍ਹਾਂ ਵਿਚ ਵਧਣ ਦਾ ਝੁਕਾਉ ਹੁੰਦਾ ਹੈ ਅਤੇ ਫਿਰ ਇਕ ਦਮ ਹੀ ਇਹ ਆਕਾਰ ਵਿਚ ਛੋਟੇ ਹੋ ਕੇ ਮਿਟ ਜਾਂਦੇ ਹਨ। ਕਈ ਹਾਲਤਾਂ ਵਿਚ ਇਸ ਤਰ੍ਹਾਂ ਨਹੀਂ ਹੁੰਦਾ ਅਤੇ ਇਹ ਕਾਫ਼ੀ ਵੱਡੇ ਹੋ ਜਾਂਦੇ ਹਨ, ਇਨ੍ਹਾਂ ਵਿਚ ਨਾਸੂਰ ਬਣ ਜਾਂਦੇ ਹਨ ਅਤੇ ਕਈ ਤਰ੍ਹਾਂ ਦੀਆਂ ਗੁੰਝਲਾਂ ਪੈਦਾ ਕਰ ਸਕਦੇ ਹਨ।

ਜਮਾਂਦਰੂ-ਨਿਸ਼ਾਨ ਕਈ ਤਰ੍ਹਾਂ ਦੀਆਂ ਨਾੜੀ ਚਿਕਨਾਹਟ ਅਤੇ ਜੋੜਕ ਤੰਤੂ ਦੇ ਬਣੇ ਹੁੰਦੇ ਹਨ ਅਤੇ ਇਹ ਸ਼ਾਇਦ ਸ਼ਕਲ ਵੀ ਵਿਗਾੜ ਸਕਦੇ ਹਨ। ਜਮਾਂਦਰੂ-ਨਿਸ਼ਾਨਾਂ ਦੇ ਲਟਕਦੇ ਹੋਏ ਵਾਧੇ ਇਨ੍ਹਾਂ ਦੇ ਅਸਰ ਹੇਠ ਆਏ ਹਿੱਸਿਆਂ ਵਿਚ ਭੱਦੇ ਵਾਧੇ ਪੈਦਾ ਕਰ ਸਕਦੇ ਹਨ ਜਾਂ ਕਈ ਜਮਾਂਦਰੂ-ਨੁਕਸਾਂ ਨਾਲ ਜੁੜੇ ਹੁੰਦੇ ਹਨ।

ਹ. ਪੁ.–ਐਨ. ਬ੍ਰਿ. 3: 708

**ਜਮਾਂਦਾਰ ਖ਼ੁਸ਼ਹਾਲ ਸਿੰਘ** : ਇਹ ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਮੇਰਠ ਜ਼ਿਲ੍ਹੇ ਵਿਚ ਸਾਬਕਾ ਸਰਹੌਣਾ ਪਰਗਣੇ ਦੇ ਏਟਟਰੀ ਜਾ ਇਕਰੀ ਪਿੰਡ ਦੇ ਹਰਗੋਬਿੰਦ ਨਾਮੀ ਇਕ ਗਰੀਬ ਬ੍ਰਾਹਮਣ ਦਾ ਲੜਕਾ ਸੀ। ਇਹ ਸੰਨ 1810 (1807 ਮ. ਕੋ.) ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਧੌਕਲ ਸਿੰਘ ਦੀ ਪਲਟਣ ਵਿਚ ਪੰਜ ਰੁਪਏ ਮਹੀਨਾ ਤੇ ਸਿਪਾਹੀ ਭਰਤੀ ਹੋਇਆ ਸੀ। ਇਸ ਦੀ ਸੁਰੀਲੀ ਆਵਾਜ਼ ਸੁਣ ਕੇ ਅਤੇ ਸੁੰਦਰ ਡੀਲ ਡੌਲ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਕਿਹਾ ਚੰਗਾ ਹੁੰਦਾ ਜੇਕਰ ਇਹ ਜਵਾਨ ਸਿੰਘ ਹੁੰਦਾ। ਇਸ ਉਪਰੰਤ ਇਹ ਸਿੰਘ ਸਜ ਕੇ ਖ਼ੁਸ਼ਹਾਲੇ ਤੋਂ ਖ਼ੁਸ਼ਹਾਲ ਸਿੰਘ ਬਣ ਗਿਆ। ਇਸ ਤਰ੍ਹਾਂ ਮਹਾਰਾਜੇ ਦੀ ਕਿਰਪਾ ਦਾ ਪਾਤਰ ਬਣ ਗਿਆ ਅਤੇ ਮਹਾਰਾਜੇ ਦੀ ਡਿਓਢੀ ਦਾ ਜਮਾਂਦਾਰ ਸਥਾਪਿਤ ਕੀਤਾ ਗਿਆ। ਮਹਾਰਾਜੇ ਦੇ ਘਰ ਦਾ ਸਾਰਾ ਪ੍ਰਬੰਧ ਵੀ ਇਸ ਦੇ ਹੱਥ ਵਿਚ ਦਿੱਤਾ ਗਿਆ। ਬਾਅਦ ਵਿਚ ਤਰੱਕੀ ਕਰਦਾ ਕਰਦਾ ਇਹ 1833 ਵਿਚ ਥੋੜ੍ਹੀ ਦੇਰ ਲਈ ਕਸ਼ਮੀਰ ਦਾ ਗਵਰਨਰ ਵੀ ਰਿਹਾ। ਬਾਅਦ ਵਿਚ ਇਸ ਨੇ ਆਪਣੇ ਭਰਾ ਰਾਮਲਾਲ ਨੂੰ ਸਿੰਘ ਸਜਾ ਕੇ ਰਾਮ ਸਿੰਘ ਅਤੇ ਭਤੀਜੇ ਤੇਜੂ ਨੂੰ ਤੇਜ ਸਿੰਘ ਬਣਾ ਲਿਆ ਸੀ। ਸੰਨ 1844 ਵਿਚ ਇਸ ਦਾ ਲਾਹੌਰ ਵਿਖੇ ਦੇਹਾਂਤ ਹੋਇਆ।

ਹ. ਪੁ.–ਤਵਾ. ਗੁ. ਖ਼ਾ. 2 : 326; 346, 377; ਮ. ਕੋ.; ਸਿ. ਸ਼੍ਰਾ ਵੈ. ਪਾਕਿ : 53

**ਜ਼ਮਾਨ ਸ਼ਾਹ** : ਇਹ ਗ਼ਜ਼ਨੀ ਅਤੇ ਕਾਬਲ ਦਾ ਬਾਦਸ਼ਾਹ ਸੀ ਜਿਹੜਾ ਅਹਿਮਦਸ਼ਾਹ ਅਬਦਾਲੀ ਦਾ ਪੋਤਾ ਅਤੇ ਤੈਮੂਰ ਸ਼ਾਹ ਦਾ ਪੰਜਵਾਂ ਪੁੱਤਰ ਸੀ। ਇਹ ਪੰਜਾਬ ਨੂੰ ਆਪਣੀ ਜੱਦੀ ਜਾਇਦਾਦ ਸਮਝਦਾ ਸੀ। ਸੰਨ 1793 ਵਿਚ ਕਾਬਲ ਦੇ ਸਿੰਘਾਸਨ ਤੇ ਬੈਠਦੇ ਹੀ ਇਹ ਪੰਜਾਬ ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰਨ ਲੱਗਾ ਪਰ ਅਸਲ ਵਿਚ ਇਹ ਪੰਜਾਬ ਦੇ ਸਿੱਖਾਂ ਦੀ ਸ਼ਕਤੀ ਬਾਰੇ ਅਣਜਾਣ ਸੀ।

27 ਨਵੰਬਰ, 1798 ਈ. ਵਿਚ ਜ਼ਮਾਨ ਸ਼ਾਹ ਨੇ ਚੌਥੀ ਵਾਰ ਪੰਜਾਬ ਤੇ ਹਮਲਾ ਕੀਤਾ। ਇਸ ਵਾਰ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਥਿਤੀ ਕਾਫ਼ੀ ਮਜ਼ਬੂਤ ਹੋ ਗਈ ਸੀ ਅਤੇ ਉਸ ਨੇ ਜ਼ਮਾਨ ਸ਼ਾਹ ਦਾ ਡਟ ਕੇ ਮੁਕਾਬਲਾ ਕੀਤਾ। ਅੰਤ ਜ਼ਮਾਨ ਸ਼ਾਹ ਨੇ ਮਹਾਰਾਜੇ ਅੱਗੇ ਹਥਿਆਰ ਸੁੱਟ ਦਿੱਤੇ ਅਤੇ ਉਸ ਨਾਲ ਸੰਧੀ ਕਰ ਲਈ। ਸੰਧੀ ਕਰਨ ਉਪਰੰਤ ਜ਼ਮਾਨ ਸ਼ਾਹ ਨੂੰ ਫਿਰ ਕਾਬਲ ਮੁੜਨਾ ਪਿਆ ਕਿਉਂਕਿ ਉਸ ਦੇ ਭਰਾ ਮਹਿਮੂਦ ਸ਼ਾਹ ਨੇ ਦੁਬਾਰਾ ਫਿਰ ਬਗ਼ਾਵਤ ਕਰ ਦਿੱਤੀ ਸੀ। ਇਸ ਸਮੇਂ ਜਿਹਲਮ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ। ਦਰਿਆ ਨੂੰ ਪਾਰ ਕਰਦੇ ਸਮੇਂ ਜ਼ਮਾਨ ਸ਼ਾਹ ਦੀਆਂ ਬਹੁਤ ਸਾਰੀਆਂ ਤੋਪਾਂ ਦਰਿਆ ਵਿਚ ਖੁੱਭ ਗਈਆਂ। ਕਿਹਾ ਜਾਂਦਾ ਹੈ ਕਿ ਬਾਅਦ ਵਿਚ ਉਸ ਦੇ ਅਰਜ਼ ਕਰਨ ਤੇ ਮਹਾਰਾਜਾ ਰਣਜੀਤ ਸਿੰਘ ਨੇ 15 ਤੋਪਾਂ ਦਰਿਆ ਵਿਚੋਂ ਕਢਵਾ ਕੇ ਕਾਬਲ ਭੇਜ ਦਿੱਤੀਆਂ। ਇਸ ਉਪਕਾਰ ਦੇ ਬਦਲੇ ਜ਼ਮਾਨ ਸ਼ਾਹ ਨੇ ਰਣਜੀਤ ਸਿੰਘ ਨੂੰ ਪੰਜਾਬ ਤੇ ਰਾਜ ਕਰਨ ਦੀ ਆਗਿਆ ਦੇ ਦਿੱਤੀ। ਅੰਗਰੇਜ਼ਾਂ ਨੂੰ ਮਹਾਰਾਜਾ ਰਣਜੀਤ ਸਿੰਘ ਤੇ ਜ਼ਮਾਨ ਸ਼ਾਹ ਦੀ ਮਿੱਤਰਤਾ ਤੋਂ ਭੈਅ ਆਉਣ ਲੱਗਾ। ਇਸ ਕਰਕੇ ਉਨ੍ਹਾਂ ਨੇ ਯੂਸਫ਼ ਅਲੀ ਨੂੰ ਮਹਾਰਾਜਾ ਰਣਜੀਤ ਸਿੰਘ ਕੋਲ ਜ਼ਮਾਨ ਸ਼ਾਹ ਵਿਰੁੱਧ ਭੜਕਾਉਣ ਲਈ ਭੇਜਿਆ ਪਰ ਯੂਸਫ਼ ਅਲੀ ਦੇ ਪੰਜਾਬ ਪਹੁੰਚਣ ਤੋਂ ਪਹਿਲਾ ਹੀ ਜ਼ਮਾਨ ਸ਼ਾਹ ਨੂੰ ਕਾਬਲ ਦੇ ਸਿੰਘਾਸਨ ਤੋਂ ਉਤਾਰ ਦਿੱਤਾ ਗਿਆ ਸੀ। ਇਸ ਨੇ ਸੱਤ ਸਾਲ ਰਾਜ ਕੀਤਾ।

ਸੰਨ 1800 ਵਿਚ ਇਸਦੇ ਭਰਾ ਮਹਿਮੂਦ ਸ਼ਾਹ ਨੇ ਇਸ ਦੀਆਂ ਅੱਖਾਂ ਕਢਵਾ ਕੇ ਇਸ ਨੂੰ ਬਹੁਤ ਦੁਖੀ ਕੀਤਾ ਪਰ ਉਹ ਜ਼ਮਾਨ ਸ਼ਾਹ ਤੋਂ ਕੋਹਿਨੂਰ ਹੀਰਾ ਪ੍ਰਾਪਤ ਨਾ ਕਰ ਸਕਿਆ ਜੋ ਕਿ ਬਾਅਦ ਵਿਚ ਉਸ ਨੇ ਆਪਣੇ ਦੂਜੇ ਭਰਾ ਸ਼ਾਹ ਸ਼ੁਜਾ ਨੂੰ ਦੇ ਦਿੱਤਾ।

ਜ਼ਮਾਨ ਸ਼ਾਹ ਲੁਧਿਆਣੇ ਚਲਾ ਗਿਆ ਅਤੇ ਈਸਟ ਇੰਡੀਆ ਕੰਪਨੀ ਦਾ ਪੈਨਸ਼ਨੀਆ ਬਣ ਗਿਆ।

ਹ. ਪੁ.–ਮ. ਕੋ. 508; ਰ. ਸਿੰ. ਮ. ਆ. ਪੰ.–ਖ਼ੁਸ਼ਵੰਤ ਸਿੰਘ

**ਜ਼ਮਾਨਤ** : ਜ਼ਮਾਨਤ ਸ਼ਬਦ ਦਾ ਅਰਥ ਜ਼ਿੰਮੇਵਾਰੀ ਹੈ। ਭਾਵੇਂ ਉਹ ਜ਼ਿੰਮੇਵਾਰੀ ਕਿਸੇ ਵਿਅਕਤੀ ਦੀ ਆਪਣੇ ਆਪ ਵੱਲੋਂ ਲਈ ਗਈ ਹੋਵੇ ਤੇ ਭਾਵੇਂ ਦੂਜੇ ਆਦਮੀ ਨੇ ਕਿਸੇ ਵੱਲੋਂ ਆਪਣੀ ਜ਼ਿੰਮੇਵਾਰੀ ਦਿੱਤੀ ਹੋਵੇ। ਸੋ ਕੁਝ ਹਾਲਤਾਂ ਵਿਚ ਕਿਸੇ ਦੋਸ਼ੀ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਨਿਜੀ ਜ਼ਮਾਨਤ ਤੇ ਅਤੇ ਜਾਂ ਫਿਰ ਕਿਸੇ ਹੋਰ ਵਿਅਕਤੀ

ਵਲੋਂ ਦਿੱਤੀ ਜ਼ਮਾਨਤ ਤੇ ਛਡਿਆ ਜਾ ਸਕਦਾ ਹੈ। ਜੇਕਰ ਕੋਈ ਆਦਮੀ ਕਿਸੇ ਦੋਸ਼ ਦਾ ਅਪਰਾਧੀ ਹੈ ਤਾਂ ਉਸ ਨੂੰ ਪੁਲਿਸ ਦਾ ਅਧਿਕਾਰੀ ਜਾਂ ਅਦਾਲਤ ਜ਼ਮਾਨਤ ਲੈ ਕੇ ਮੁਕੱਦਮਾ ਚਲਣ ਦੇ ਸਮੇਂ ਦੌਰਾਨ ਛੱਡ ਦਿੰਦੀ ਹੈ।

ਜ਼ਮਾਨਤ ਦੀਆਂ ਕੁਝ ਸ਼ਰਤਾਂ ਇਸ ਤਰ੍ਹਾਂ ਹੁੰਦੀਆਂ ਹਨ ਕਿ ਜ਼ਮਾਨਤ ਤੇ ਛਡਿਆ ਗਿਆ ਵਿਅਕਤੀ ਹਰ ਪੇਸ਼ੀ ਤੇ ਅਦਾਲਤ ਵਿਚ ਹਾਜ਼ਰ ਹੁੰਦਾ ਰਹੇਗਾ। ਜੇਕਰ ਉਹ ਕਿਸੇ ਪੇਸ਼ੀ ਤੇ ਅਦਾਲਤ ਦੇ ਸਾਹਮਣੇ ਪੇਸ਼ ਨਹੀਂ ਹੁੰਦਾ ਤਾਂ ਉਸ ਦੀ ਜ਼ਮਾਨਤ ਜ਼ਬਤ ਕੀਤੀ ਜਾਂਦੀ ਹੈ। ਭਾਵ ਦੋਸ਼ੀ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ ਤੇ ਜਿੰਨੀ ਰਕਮ ਦੀ ਜ਼ਮਾਨਤ ਦਿੱਤੀ ਹੁੰਦੀ ਹੈ ਉਸ ਦੀ ਵਸੂਲੀ ਲਈ ਕਾਰਵਾਈ ਆਰੰਭ ਕਰ ਦਿੱਤੀ ਜਾਂਦੀ ਹੈ। ਜ਼ਮਾਨਤ ਆਮ ਤੌਰ ਤੇ ਜ਼ਮਾਨਤੀ ਦੀ/ਜਾਇਦਾਦ ਦੀ ਲਈ ਜਾਂਦੀ ਹੈ ਜਿਸ ਦਾ ਵੇਰਵਾ ਜ਼ਮਾਨਤਨਾਮੇ ਵਿਚ ਦਰਜ ਕੀਤਾ ਜਾਂਦਾ ਹੈ। ਜ਼ਮਾਨਤਨਾਮੇ ਵਿਚ ਦਰਜ ਸੰਪਤੀ ਦੀ ਕੀਮਤ ਵੀ ਵਿਖਾਈ ਜਾਂਦੀ ਹੈ। ਜ਼ਮਾਨਤਨਮੇ ਨੂੰ ਦੋ ਗਵਾਹਾਂ ਦੁਆਰਾ ਤਸਦੀਕ ਕਰਨਾ ਵੀ ਜ਼ਰੂਰੀ ਹੁੰਦਾ ਹੈ। ਦੋਹਾਂ ਗਵਾਹਾਂ ਵਿਚੋਂ ਇਕ ਗਵਾਹ ਪਿੰਡ ਦਾ ਨੰਬਰਦਾਰ ਜਾਂ ਫਿਰ ਸ਼ਹਿਰ ਦੀ ਸੂਰਤ ਵਿਚ ਨਗਰਪਾਲਿਕਾ ਦਾ ਮੈਂਬਰ ਹੋਣਾ ਚਾਹੀਦਾ ਹੈ ਜੋ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਜ਼ਮਾਨਤੀ ਕੋਲ ਜ਼ਮਾਨਤਨਾਮੇ ਵਿਚ ਦਰਜ ਕੀਤੀ ਜਾਇਦਾਦ ਮੌਜੂਦ ਹੈ। ਇਸ ਤੋਂ ਇਲਾਵਾ ਜ਼ਮਾਨਤਨਾਮੇ ਦੇ ਨਾਲ ਇਕ ਬਿਆਨ ਹਲਫ਼ੀਆ ਜ਼ਮਾਨਤੀ ਤੋਂ ਵੀ ਲਿਆ ਜਾਂਦਾ ਹੈ ਕਿ ਉਹ ਜ਼ਮਾਨਤਨਾਮੇ ਵਿਚ ਦਰਜ ਸੰਪਤੀ ਦਾ ਮਾਲਕ ਹੈ ਅਤੇ ਮੁਕੱਦਮਾ ਮੁੱਕਣ ਤੱਕ ਉਹ ਜ਼ਮਾਨਤ ਵਿਚ ਦਰਜ ਜਾਇਦਾਦ ਨੂੰ ਖੁਰਦ-ਬੁਰਦ ਨਹੀਂ ਕਰੇਗਾ।

ਜੇਕਰ ਮੁਕੱਦਮਾ ਚਲਣ ਦੇ ਦੌਰਾਨ ਜ਼ਮਾਨਤੀ ਨੂੰ ਇਹ ਗੱਲ ਪ੍ਰਤੀਤ ਹੋ ਜਾਂਦੀ ਹੈ ਕਿ ਦੋਸ਼ੀ ਜਾਂ ਜਿਸ ਆਦਮੀ ਦੀ ਉਸ ਨੇ ਜ਼ਮਾਨਤ ਦਿੱਤੀ ਹੈ, ਉਹ ਅਦਾਲਤ ਵਿਚ ਹਾਜ਼ਰ ਨਹੀਂ ਹੋਵੇਗਾ ਤਾਂ ਉਹ ਦੋਸ਼ੀ ਨੂੰ ਪਹਿਲਾਂ ਹੀ ਅਦਾਲਤ ਵਿਚ ਹਾਜ਼ਰ ਕਰਕੇ ਆਪਣੀ ਜ਼ਮਾਨਤ ਵਾਪਸ ਲੈ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਦੋਸ਼ੀ ਨੂੰ ਨਵੀਂ ਜ਼ਮਾਨਤ ਦੇਣ ਲਈ ਕਿਹਾ ਜਾਂਦਾ ਹੈ ਤੇ ਜੇਕਰ ਦੋਸ਼ੀ ਨਵੀਂ ਜ਼ਮਾਨਤ ਦੇਣ ਤੋਂ ਅਸਮਰੱਥਾ ਜ਼ਾਹਰ ਕਰਦਾ ਹੈ ਤਾਂ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ।

ਇਸ ਤੋਂ ਬਿਨਾਂ ਜ਼ਾਬਤਾ ਫ਼ੌਜਦਾਰੀ 1973ਦੀ ਧਾਰਾ 438ਅਨੁਸਾਰ ਅਦਾਲਤ, ਜਿਨ੍ਹਾਂ ਵਿਚ ਕੇਵਲ ਸੈਸ਼ਨ ਜੱਜ, ਹਾਈ ਕੋਰਟ ਅਤੇ ਸੁਪਰੀਮ ਕੋਰਟ ਸ਼ਾਮਲ ਹਨ, ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰੀ ਤੋਂ ਪਹਿਲਾਂ ਹੀ ਜ਼ਮਾਨਤ ਤੇ ਛੱਡਣ ਦਾ ਹੁਕਮ ਦੇ ਸਕਦੀਆਂ ਹਨ। ਇਸ ਧਾਰਾ ਦੀ ਵਰਤੋਂ ਆਮ ਤੌਰ ਤੇ ਉਦੋਂ ਕੀਤੀ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਨੂੰ ਇਹ ਡਰ ਜਾਂ ਭੈਅ ਹੋਵੇ ਕਿ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਨ ਪਿੱਛੋਂ ਮਾਰ ਕੁਟ ਕਰੇਗੀ। ਇਸ ਤਰ੍ਹਾਂ ਦੀ ਜ਼ਮਾਨਤ ਵਾਸਤੇ ਇਹ ਵੀ ਸ਼ਰਤ ਹੈ ਕਿ ਅਪਰਾਧ ਨਾ ਕਾਬਲੇ ਜ਼ਮਾਨਤ ਹੋਣਾ ਚਾਹੀਦਾ ਹੈ। ਆਮ ਤੌਰ ਤੇ ਕਿਸੇ ਵਿਅਕਤੀ ਨੂੰ ਬਿਨਾਂ ਗ੍ਰਿਫ਼ਤਾਰੀ ਦਿੱਤੇ ਜ਼ਮਾਨਤ ਤੇ ਹੇਠ ਲਿਖੀਆ ਸ਼ਰਤਾਂ ਅਨੁਸਾਰ ਹੀ ਛੱਡਿਆ ਜਾਂਦਾ ਹੈ :—

1. ਜਦੋਂ ਪੁਲਿਸ ਉਸ ਵਿਅਕਤੀ ਨੂੰ ਮੁਕੱਦਮੇ ਸਬੰਧੀ ਪੁਛ-ਗਿੱਛ ਕਰਨਾ ਚਾਹੇ ਤਾਂ ਉਸ ਦਾ ਪੁਲਿਸ ਕੋਲ ਪੇਸ਼ ਹੋਣਾ ਜ਼ਰੂਰੀ ਹੈ ਪਰ ਪੁਲਿਸ ਉਸ ਨੂੰ ਦਿਨ ਦੇ ਸਮੇਂ ਹੀ ਬੁੱਲਾ ਕੇ ਪੁਛ ਗਿੱਛ ਕਰ ਸਕਦੀ ਹੈ।

2. ਦੋਸ਼ੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਿਸੇ ਅਜਿਹੇ ਵਿਅਕਤੀ ਦੇ ਕਾਰਜ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਬਣੇਗਾ ਜਾਂ ਦਖ਼ਲ ਨਹੀਂ ਦੇਵੇਗਾ ਜੋ ਮੁਕੱਦਮੇ ਸਬੰਧੀ ਜਾਣਕਾਰੀ ਰੱਖਦਾ ਹੈ ਅਤੇ ਉਹ ਜਾਣਕਾਰੀ ਪੁਲਿਸ ਜਾਂ ਅਦਾਲਤ ਨੂੰ ਦੇਣਾ ਚਾਹੁੰਦਾ ਹੈ।

3. ਦੋਸ਼ੀ ਅਦਾਲਤ ਦੀ ਮਨਜ਼ੂਰੀ ਤੋਂ ਬਿਨਾਂ ਦੇਸ਼ ਛੱਡ ਕੇ ਬਾਹਰ ਨਹੀਂ ਜਾਵੇਗਾ।

ਇਸ ਤੋਂ ਬਿਨਾਂ ਜ਼ਾਬਤਾ ਦੀਵਾਨੀ ਵਿਚ ਵੀ ਜ਼ਮਾਨਤ ਸਬੰਧੀ ਕੁਝ ਵਿਸ਼ੇਸ਼ ਉਪਬੰਧ ਹਨ, ਜਿਵੇਂ ਕਿ ਜੇਕਰ ਅਦਾਲਤ ਵਿਚ ਪਈ ਰਕਮ, ਜਿਸ ਦੇ ਸਬੰਧ ਵਿਚ ਅਦਾਲਤ ਵਿਚ ਅਜੇ ਮੁਕੱਦਮਾ ਚਲਦਾ ਹੈ ਤੇ ਇਕ ਧਿਰ ਨੂੰ ਉਹ ਰਕਮ ਦੇਣੀ ਹੋਵੇ ਤਾਂ ਆਮ ਤੌਰ ਤੇ ਅਦਾਲਤ ਜ਼ਮਾਨਤ ਲੈ ਕੇ ਉਹ ਰਕਮ ਦੇਣ ਦਾ ਹੁਕਮ ਕਰਦੀ ਹੈ। ਇਸ ਦਾ ਮੰਤਵ ਇਹ ਹੁੰਦਾ ਹੈ ਕਿ ਜੇਕਰ ਹੋਰ ਕੋਈ ਦਾਅਵੇਦਾਰ ਇਸ ਰਕਮ ਨੂੰ ਜਾਂ ਜਾਇਦਾਦ ਨੂੰ ਕਲੇਮ ਕਰਦਾ ਹੈ ਤਾਂ ਫਿਰ ਜ਼ਮਾਨਤੀ ਅਤੇ ਉਸ ਆਦਮੀ ਨੂੰ, ਜਿਸ ਨੂੰ ਰਕਮ ਜਾਂ ਜਾਇਦਾਦ ਦਿੱਤੀ ਗਈ ਹੈ, ਵਾਪਸ ਅਦਾਲਤ ਵਿਚ ਜਮ੍ਹਾਂ ਕਰਾਉਣ ਲਈ ਹੁਕਮ ਦਿੱਤਾ ਜਾਂਦਾ ਹੈ ਤਾਂ ਕਿ ਉਹ ਰਕਮ ਜਾਂ ਜਾਇਦਾਦ ਨੂੰ ਕਲੇਮ ਕਰਨ ਵਾਲੇ ਨੂੰ ਦਿੱਤੀ ਜਾ ਸਕੇ।

ਇਸ ਤੋਂ ਇਲਾਵਾ ਜੇ ਦੀਵਾਨੀ ਅਦਾਲਤ ਕਿਸੇ ਵਿਅਕਤੀ ਨੂੰ ਕਿਸੇ ਤਰ੍ਹਾਂ ਦੀ ਹੁਕਮ ਬੰਦੀ ਕਰਦੀ ਹੈ ਤਾਂ ਵੀ ਉਸ ਨੂੰ ਜ਼ਮਾਨਤ ਦੇਣ ਲਈ ਕਿਹਾ ਜਾ ਸਕਦਾ ਹੈ। ਜਿਵੇਂ ਕਿ ਕਿਸੇ ਵਿਅਕਤੀ ਨੇ ਅਦਾਲਤ ਵਿਚ ਮੁਕੱਦਮਾ ਕੀਤਾ ਹੈ ਤਾਂ ਉਹ ਦਾਅਵੇ ਦੇ ਨਾਲ ਇਕ ਬਿਨੈ ਪੱਤਰ ਦਿੰਦਾ ਹੈ ਕਿ ਉਸ ਦੀ ਮਲਕੀਅਤੀ ਜਾਇਦਾਦ ਤੋਂ ਉਸ ਨੂੰ ਬੇਦਖ਼ਲ ਨਾ ਕੀਤਾ ਜਾਵੇ ਤਾਂ ਅਦਾਲਤ ਉਸ ਨੂੰ ਜ਼ਮਾਨਤ-ਬੰਦੀ ਦਾ ਹੁਕਮ ਦੇ ਦਿੰਦੀ ਹੈ ਕਿ ਜੇਕਰ ਉਸ ਦਾ ਮੁਕੱਦਮਾ ਖਾਰਜ ਹੋ ਗਿਆ ਤਾਂ ਝਗੜੇ ਵਾਲੀ ਜਾਇਦਾਦ ਨੂੰ ਨਾਜਾਇਜ਼ ਵਰਤਣ ਦੇ ਬਦਲੇ ਵਿਚ ਉਸ ਨੂੰ ਏਨੀ ਰਕਮ ਦੂਜੀ ਧਿਰ ਨੂੰ ਦੇਣੀ ਪਵੇਗੀ ਜਿਸ ਦਾ ਹੱਕ ਉਸ ਜਾਇਦਾਦ ਤੇ ਬਣਦਾ ਹੈ। ਕਈ ਵਾਰੀ ਅਦਾਲਤ ਨਕਦ ਰਕਮ ਦੀ ਜ਼ਮਾਨਤ ਵੀ ਮੰਗ ਲੈਂਦੀ ਹੈ ਤੇ ਕਈ ਵਾਰੀ ਬੈਂਕ ਗਰੰਟੀ ਵੀ ਲਈ ਜਾਂਦੀ ਹੈ।

ਜ਼ਮਾਨਤੀ ਅਤੇ ਜਿਸ ਵਿਅਕਤੀ ਦੀ ਜ਼ਮਾਨਤ ਦਿੱਤੀ ਗਈ ਹੋਵੇ ਦੋਹਾਂ ਦੀ ਸਾਂਝੀ ਅਤੇ ਵਿਅਕਤੀਗਤ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜ਼ਮਾਨਤ ਦੀਆਂ ਸ਼ਰਤਾਂ ਅਨੁਸਾਰ ਜ਼ਮਾਨਤ ਦੀ ਪਾਲਣਾ ਕਰਨ। ਇਸ ਵਾਸਤੇ ਜ਼ਮਾਨਤੀ ਤੇ ਦੂਜੇ ਵਿਅਕਤੀ ਨੇ ਵੀ, ਜਿਸ ਦੀ ਜ਼ਮਾਨਤ ਕੀਤੀ ਜਾਂਦੀ ਹੈ, ਇਕੱਲੇ ਤੌਰ ਤੇ ਅਤੇ ਸਾਂਝੇ ਤੌਰ ਤੇ ਵੀ ਜ਼ਮਾਨਤ-ਨਾਮੇ ਦੀ ਪਾਲਣਾ ਕਰਨੀ ਹੁੰਦੀ ਹੈ।

—ਕਪੂਰ ਸਿੰਘ ਚੀਮਾ

**ਜ਼ਮਾਨੀਆ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਗਾਜ਼ੀਪੁਰ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਪੂਰਬੀ ਰੇਲਵੇ ਦੇ ਜ਼ਮਾਨੀਆ ਸਟੇਸ਼ਨ ਤੋਂ ਉੱਤਰ-ਪੂਰਬ ਵਿਚ 31 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਸ਼ਹਿਰ ਦੀ ਸਥਾਪਨਾ 1560 ਈ. ਵਿਚ ਅਲੀਕੁਲੀ ਖ਼ਾਨ ਨੇ ਕੀਤੀ ਸੀ। ਉਸੇ ਦੇ ਖ਼ਿਤਾਬ ਖ਼ਾਨ ਜ਼ਮਾਨ ਦੇ ਉੱਤੇ ਸ਼ਹਿਰ ਦਾ ਇਹ ਨਾਂ ਰੱਖਿਆ ਗਿਆ। ਸ਼ਹਿਰ ਦੀ ਸਥਾਪਨਾ ਤੋਂ 200 ਸਾਲ ਮਗਰੋਂ ਫ਼ਜ਼ਲ ਅਲੀ ਨੇ ਸ਼ਹਿਰ ਨੂੰ ਸਾੜ ਫੂਕ ਦਿੱਤਾ ਤੇ ਇਹ ਕਾਫ਼ੀ ਸਾਲ ਉਜੜਿਆ ਹੀ ਰਿਹਾ। ਸ਼ਹਿਰ ਦੇ ਦੱਖਣ-ਪੂਰਬ ਵਿਚ ਥੇਹਾਂ ਵਿਚੋਂ 6 ਮੀ. ਉੱਚਾ ਥੰਮ੍ਹ ਵੀ ਵੇਖਣ ਨੂੰ ਮਿਲਦਾ ਹੈ ਪਰ ਇਸ ਉਪਰ ਕੁਝ ਵੀ ਉਕਰਿਆ ਹੋਇਆ ਨਹੀਂ ਮਿਲਦਾ ਜਿਸ ਤੋਂ ਸ਼ਹਿਰ ਬਾਰੇ ਕੋਈ ਹੋਰ ਮਹੱਤਵਪੂਰਨ ਜਾਣਕਾਰੀ ਮਿਲ ਸਕੇ। ਇਥੇ ਖੰਡ ਤੇ ਚੌਲਾਂ ਦਾ ਵਪਾਰ ਹੁੰਦਾ ਹੈ।

ਆਬਾਦੀ—21,803 (1991)

25° 23' ਉ. ਵਿਥ.; 83° 34' ਪੂ. ਲੰਬ.

ਹ. ਪੁ. -ਇੰਪ. ਗ. ਇੰਡ 24 : 428

**ਜ਼ਮਾਰੀ** : ਇਹ ਪਠਾਣਾਂ ਦੀ ਇਕ ਜਾਤੀ ਹੈ। ਇਹ ਜ਼ਿਆਦਾ ਕਰਕੇ ਬਲੋਚਿਸਤਾਨ (ਪਾਕਿ.) ਵਿਚ ਹੀ ਰਹਿੰਦੇ ਹਨ। ਮੀਆਨੀ ਵਿਚੋਂ ਹੋਣ ਕਰਕੇ ਇਹ ਲੋਕ ਜਾਫਿਰ ਅਤੇ ਲੂਨੀ ਪਠਾਣਾਂ ਨਾਲ ਸਬੰਧਤ ਹਨ। ਮਿਜ਼ਰੀ ਇਨ੍ਹਾਂ ਦੀ ਇਕ ਉਪ ਜਾਤੀ ਹੈ। ਇਹ ਲੋਕ ਮੁੱਖ ਤੌਰ ਤੇ ਸੁਲੇਮਾਨ

ਪਰਬਤ ਦੀ ਚੋਟੀ ਤੋਂ ਲੈ ਕੇ ਇਸ ਲੜੀ ਦੀਆਂ ਬਾਹਰਲੀਆਂ ਪਹਾੜੀਆਂ ਦੇ ਪੱਛਮ ਵੱਲ ਦੇ ਖੇਤਰ ਵਿਚ ਵਸੇ ਹੋਏ ਹਨ।

ਹ. ਪੁ.-ਏ. ਗ. ਟ੍ਰਾ. ਕਾ.

**ਜਮਾਲਘੋਟਾ** : ਇਹ ਯੂਫ਼ੋਰਬੀਏਸੀ ਕੁਲ ਨਾਲ ਸਬੰਧਤ ਛੋਟੇ ਆਕਾਰ ਦਾ ਇਕ ਸਦਾਬਹਾਰ ਰੁੱਖ ਹੈ ਜਿਸ ਦਾ ਬਨਸਪਤੀ ਵਿਗਿਆਨਕ ਨਾਂ ਕਰੋਟੋਨ ਟਿਗਲੀਅਮ ਹੈ। ਇਸ ਨੂੰ ਅੰਗਰੇਜ਼ੀ ਵਿਚ ਕਰੋਟੋਨ ਕਹਿੰਦੇ ਹਨ। ਇਸ ਰੁੱਖ ਦੀਆਂ ਨਵੀਆ ਸ਼ਾਖਾਵਾਂ ਬਹੁਤ ਜ਼ਿਆਦਾ ਲੂੰਦਾਰ ਹੁੰਦੀਆਂ ਹਨ। ਇਸ ਦੇ ਪੱਤੇ ਲੰਬੂਤਰੇ, ਤਿੱਖੇ ਸਿਰੇ ਵਾਲੇ ਅਤੇ ਡੰਡੀਦਾਰ ਹੁੰਦੇ ਹਨ। ਇਸ ਦੇ ਪੱਤਿਆਂ ਦਾ ਰੰਗ ਹਰਾ, ਤਾਂਬੇ ਅਤੇ ਸੰਤਰੀ ਰੰਗਾ ਹੁੰਦਾ ਹੈ। ਇਸ ਦੇ ਫੁੱਲ ਗੁੱਛਿਆਂ ਵਿਚ ਲਗਦੇ ਹਨ ਜੋ 5 ਤੋਂ 7.5 ਸੈਂ. ਮੀ. ਤੱਕ ਲੰਬੇ ਹੋ ਸਕਦੇ ਹਨ। ਇਸ ਦੇ ਕੈਪਸਿਊਲ 2.5 ਸੈਂ. ਮੀ. ਲੰਬੇ, ਚਿੱਟੇ ਅਤੇ ਅੰਡਾਕਾਰ ਹੁੰਦੇ ਹਨ।

ਇਹ ਰੁੱਖ ਆਸਾਮ, ਬੰਗਾਲ ਅਤੇ ਘਾਟਾਂ ਦੇ ਜ਼ਿਆਦਾ ਬਾਰਸ਼ ਵਾਲੇ ਜੰਗਲਾਂ ਤੋਂ ਲੈ ਕੇ ਪਠਾਰ ਦੇ ਦੱਖਣੀ ਹਿੱਸੇ ਤੱਕ ਕੁਦਰਤੀ ਤੌਰ ਤੇ ਉਗਿਆ ਜਾਂ ਕਾਸ਼ਤ ਕੀਤਾ ਮਿਲਦਾ ਹੈ।

ਇਸ ਰੁੱਖ ਦੇ ਸਾਰੇ ਹਿੱਸਿਆਂ ਵਿਚ ਹੀ ਔਸ਼ਧੀਜਨਕ ਗੁਣ ਹੁੰਦੇ ਹਨ ਪਰੰਤੂ ਮੁੱਖ ਤੌਰ ਤੇ ਇਸ ਦੇ ਬੀਜ ਹੀ ਇਸ ਮੰਤਵ ਲਈ ਵਰਤੇ ਜਾਂਦੇ ਹਨ। ਸਾਰੇ ਹਿੱਸਿਆਂ ਵਿਚ ਹੀ ਬਹੁਤ ਤੇਜ਼ ਜੁਲਾਬ ਲਿਆਉਣ ਵਾਲੇ ਗੁਣ ਹਨ। ਇਸ ਦੀ ਲੱਕੜੀ ਜਿਸ ਦਾ ਡਾਕਟਰੀ ਨਾਂ ਲਿਗਨਮ ਪੈਵੀਨੀ ਹੈ, ਵਿਚ ਪਿਸ਼ਾਬ, ਉਲਟੀ ਅਤੇ ਪਸੀਨਾ ਲਿਆਉਣ ਵਾਲੇ ਗੁਣ ਹਨ। ਇਸ ਦੀ ਬਾਰੀਕ ਕੀਤੀ ਹੋਈ ਜੜ੍ਹ ਵਿਚ ਬਹੁਤ ਤੇਜ਼ ਜੁਲਾਬ ਲਿਆਉਣ ਦੀ ਸਮਰੱਥਾ ਹੁੰਦੀ ਹੈ ਜਿਸ ਦੀ ਵਰਤੋਂ ਜਲੋਧਰ ਅਤੇ ਗਰਭਪਾਤ ਵਿਚ ਵੀ ਕੀਤੀ ਜਾਂਦੀ ਹੈ।

ਇਸ ਦੇ ਬੀਜ ਅਤੇ ਬੀਜਾਂ ਤੋਂ ਕੱਢੇ ਤੇਲ ਵਿਚ ਵੀ ਬਹੁਤ ਤੇਜ਼ ਜੁਲਾਬ ਲਿਆਉਣ ਵਾਲੇ ਗੁਣ ਹਨ। ਇਥੋਂ ਤੱਕ ਕਿ 10 ਤੋਂ 20 ਬੀਜ ਵੀ ਇਕ ਘੋੜੇ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਇਸ ਦੇ ਬੀਜ ਦੀ ਵਰਤੋਂ ਅੰਦਰੂਨੀ ਤੌਰ ਤੇ ਇਸ ਦੇ ਛਿਲਕੇ ਅਤੇ ਭਰੂਣ ਨੂੰ ਹਟਾਕੇ ਅਤੇ ਦੋ ਜਾ ਤਿੰਨ ਵਾਰੀ ਬੀਜ ਦੇ ਬਾਕੀ ਬਚੇ ਹਿੱਸੇ ਨੂੰ ਦੁੱਧ ਵਿਚ ਤ੍ਰੇਬਾਲਣ ਤੋਂ ਬਾਅਦ ਕੀਤੀ ਜਾਣੀ ਚਾਹੀਦੀ ਹੈ। ਇਕ ਵਕਤ ਇਕ ਜਾਂ ਵੱਧ ਤੋਂ ਵੱਧ ਦੋ ਬੀਜ ਜੋ ਦੋ ਗਰੇਨ ਤੋਂ ਵੱਧ ਨਾ ਹੋਣ, ਸ਼ਹਿਦ ਨਾਲ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਤਿਆਰ ਕੀਤੀ ਦਵਾਈ ਲਕਵਾ, ਮਨੋਰੋਗ, ਕੜਵੱਲਾਂ, ਸਖ਼ਤ ਕਬਜ਼, ਪੇਟ ਵਿਚਲੇ ਕੀੜੇ, ਜਲੋਧਰ, ਪੇਟ ਦੀਆਂ ਰੁਧੀਆਂ ਹੋਈਆਂ ਆਂਦਰਾਂ, ਅਫ਼ਾਰਾ ਅਤੇ ਗਠੀਏ ਵਿਚ ਦਿੱਤੀ ਜਾਂਦੀ ਹੈ। ਬਹੁਤ ਥੋੜ੍ਹੀ ਮਾਤਰਾ ਅਦਰਕ ਦੇ ਕਾੜ੍ਹੇ ਨਾਲ ਬੱਚਿਆਂ ਨੂੰ ਖੰਘ ਦੇ ਇਲਾਜ ਲਈ ਦਿੱਤੀ ਜਾਂਦੀ ਹੈ। ਭੁਜ ਰਹੇ ਬੀਜਾਂ ਤੋਂ ਨਿਕਲਿਆ ਹੋਇਆ ...ਿਆ ਦਮੇ ਦੇ ਫਿਟ ਹਟਾਉਣ ਲਈ ਸਿਫ਼ਾਰਿਸ਼ ਕੀਤਾ ਜਾਂਦਾ ਹੈ। ਇਸ ਦੇ ਬੀਜ ਸ਼ਹਿਦ ਅਤੇ ਪਾਣੀ ਨਾਲ ਮਿਲਾ ਕੇ ਬਣਾਈ ਗਈ ਪੁਲਟਿਸ ਕਠੋਰ ਕਛਾਰੀ ਜਾਂ ਗਿਲਟੀ ਉਪਰ ਲਗਾਈ ਜਾਂਦੀ ਹੈ।

ਜਮਾਲਘੋਟਾ ਦੇ ਬੀਜਾਂ ਤੋਂ ਕੱਢੇ ਤੇਲ ਵਿਚ ਵੀ ਬਹੁਤ ਔਸ਼ਧੀਜਨਕ ਗੁਣ ਹਨ। ਇਸ ਦੀ ਵਰਤੋਂ ਆਮ ਕਰਕੇ ਮਰੋੜਾਂ ਵਾਲੇ ਹੈਜ਼ੇ, ਸਖ਼ਤ ਕਬਜ਼ ਅਤੇ ਉਨ੍ਹਾਂ ਹਾਲਤਾਂ ਵਿਚ ਕੀਤੀ ਜਾਂਦੀ ਹੈ, ਜਿਥੇ ਹੋਰ ਦਵਾਈਆਂ ਅਸਰਦਾਇਕ ਸਿੱਧ ਨਾ ਹੋਈਆਂ ਹੋਣ। ਇਸ ਤੇਲ ਦੀ ਵਰਤੋ ਬੜੀ ਸਾਵਧਾਨੀ ਨਾਲ ਕਰਨੀ ਲੋੜੀਂਦੀ ਹੈ। ਇਸ ਤੇਲ ਦੀ ਵਰਤੋਂ ਸਾਧਾਰਣ ਤੌਰ ਤੇ ਨਹੀਂ ਕਰਨੀ ਚਾਹੀਦੀ। ਤੇਲ ਆਮ ਤੌਰ ਤੇ ਖੰਡ ਦੀ ਇਕ ਟਿੱਕੀ ਵਿਚ ਇਕ ਜਾਂ ਦੋ ਤੁਪਕੇ ਪਾ ਕੇ ਖਾਧਾ ਜਾਂਦਾ ਹੈ। ਜੇਕਰ ਇਸਦੇ ਮਾੜੇ ਅਸਰ ਪੈਦਾ ਹੋ ਜਾਣ ਤਾਂ ਨਿੰਬੂ ਦਾ ਰਸ ਪੀਣ ਨਾਲ ਆਰਾਮ ਮਿਲ ਸਕਦਾ ਹੈ।

ਬਾਹਰੀ ਤੌਰ ਤੇ ਤੇਲ ਦੀ ਵਰਤੋਂ ਇਕ ਉਤੇਜਕ ਵਜੋਂ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਦਮਾ, ਖੰਘ, ਅਧਰੰਗ, ਗਠੀਆ, ਜੋੜਾਂ ਦਾ ਪੁਰਾਣਾ ਦਰਦ, ਨਾੜੀ ਦਰਦ, ਗਿਲਟੀਆਂ ਆਦਿ ਰੋਗਾਂ ਵਿਚ ਵੀ ਕੀਤੀ ਜਾਂਦੀ ਹੈ। ਇਹ ਲੇਪ ਇਕ ਹਿੱਸਾ ਕਰੋਟੋਨ ਤੇਲ, ਸੱਤ ਜਾਂ ਦੱਸ ਹਿੱਸੇ ਸਰ੍ਹੋਂ, ਗਿਰੀ, ਜੈਤੂਨ, ਮਿੱਠਾ ਜਾਂ ਕਿਸੇ ਹੋਰ ਤੇਲ ਨਾਲ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ। ਵਾਲਾਂ ਨੂੰ ਵਧਾਉਣ ਲਈ ਵੀ ਇਹ ਲਾਭਦਾਇਕ ਹੈ, ਇਸ ਲਈ ਇਕ ਹਿੱਸਾ ਕਰੋਟੋਨ ਤੇਲ ਅਤੇ ਜੈਤੂਨ ਤੇਲ ਦੇ 99 ਹਿੱਸੇ ਮਿਲਾ ਕੇ ਵਾਲਾਂ ਨੂੰ ਵਧਾਉਣ ਵਾਲਾ ਤੇਲ ਤਿਆਰ ਕੀਤਾ ਜਾਂਦਾ ਹੈ।

ਹ. ਪੁ.-ਮੈ. ਪ. ਇੰ. ਪਾ: 96

**ਜਮਾਲਪੁਰ (ਬੰ. ਦੇਸ਼)** : ਬੰਗਲਾ ਦੇਸ਼ ਦੇ ਮੈਮਨ ਸਿੰਘ ਨਾਂ ਦੇ ਜ਼ਿਲ੍ਹੇ ਵਿਚ ਇਹ ਇਕ ਸ਼ਹਿਰ ਹੈ ਜਿਹੜਾ ਬ੍ਰਹਮਪੁੱਤਰ ਦੇ ਪੱਛਮੀ ਕੰਢੇ ਉਪਰ ਵੱਸਿਆ ਹੋਇਆ ਹੈ। ਇਹ ਸੜਕ ਅਤੇ ਰੇਲ ਰਾਹੀਂ ਨਾਸੀਰਾਬਾਦ ਨਾਲ ਜੁੜਿਆ ਹੈ। ਸੰਨ 1869 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਕੀਤੀ ਗਈ ਸੀ। ਗਦਰ ਤੋਂ ਪਹਿਲਾਂ ਇਹ ਸ਼ਹਿਰ ਇਕ ਫ਼ੌਜੀ ਅੱਡਾ ਵੀ ਹੁੰਦਾ ਸੀ। ਇਥੇ ਸਰਕਾਰੀ ਇਮਾਰਤਾਂ ਕਾਫ਼ੀ ਹਨ। ਇਥੋਂ ਦੀ ਉਪ-ਜੇਲ੍ਹ ਜਿਹੜੀ ਕਿਸੇ ਸਮੇਂ ਅਸਲਾਖਾਨਾ ਹੁੰਦੀ ਸੀ, ਪੁਰਾਤਨ ਕਾਲ ਦੀ ਨਿਗਰ ਰਾਜਗੀਰੀ ਦਾ ਵਧੀਆ ਨਮੂਨਾ ਹੈ।

24° 56′ ਉ. ਵਿਥ.; 89° 56′ ਪੂ. ਲੰਬ.

ਹ. ਪੁ. - ਇੰਪ. ਗ. ਇੰਡ. 14:43

**ਜਮਾਲਪੁਰ (ਭਾ.)** : ਭਾਰਤ ਦੇ ਬਿਹਾਰ ਰਾਜ ਦੇ ਮੁੰਘੇਰ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜਿਹੜਾ ਪੂਰਬੀ ਭਾਰਤੀ ਰੇਲਵੇ ਦੀ ਲੂਪ ਲਾਈਨ ਉੱਤੇ, ਕਲਕੱਤੇ ਤੋਂ 470 ਕਿ. ਮੀ. (290 ਮੀਲ) ਦੇ ਫ਼ਾਸਲੇ ਤੇ ਵਾਕਿਆ ਹੈ। ਇਹ ਪੂਰਬੀ ਭਾਰਤੀ ਰੇਲਵੇ ਲੋਕੋਮੋਟਿਵ (ਰੇਲ-ਇੰਜਣ) ਵਿਭਾਗ ਦਾ ਸਦਰ ਮੁਕਾਮ ਹੈ ਅਤੇ ਇਥੇ ਭਾਰਤ ਦੀਆਂ ਬਹੁਤ ਵੱਡੀਆਂ ਵਰਕਸ਼ਾਪਾਂ ਹਨ। ਇਥੇ ਰੇਲ ਇੰਜਣ ਬਣਾਏ ਜਾਂਦੇ ਹਨ ਅਤੇ ਹਰੇਕ ਕਿਸਮ ਦੀ ਰੇਲਵੇ ਸਾਮੱਗਰੀ ਕੁਟੀਣਯੋਗ ਲੋਹੇ, ਢਲਾਈ ਦੇ ਲੋਹੇ ਅਤੇ ਫੌਲਾਦ ਦੇ ਰੂਪ ਵਿਚ ਤਿਆਰ ਕੀਤੀ ਜਾਂਦੀ ਹੈ। ਸ਼ਹਿਰ ਦੀ ਸਥਿਤੀ ਖੜਗਪੁਰ ਪਹਾੜੀ ਦੀ ਤਲਹੱਟੀ ਵਿਚ ਹੋਣ ਕਾਰਨ, ਇਥੋਂ ਦਾ ਕੁਦਰਤੀ ਦ੍ਰਿਸ਼ ਬਹੁਤ ਹੀ ਦਿਲਟੁੰਬਵਾਂ ਹੈ। ਇਥੋਂ ਰੇਲਵੇ ਦੀ ਇਕ ਸ਼ਾਖਾ ਮੁੰਘੇਰ ਤੱਕ ਜਾਂਦੀ ਹੈ ਜੋ ਜ਼ਿਲ੍ਹੇ ਦਾ ਮੁੱਖ ਨਗਰ ਹੈ। ਰੇਲਵੇ ਦਾ ਇਕ ਉੱਚ-ਵਿਦਿਆਲਾ ਵੀ ਇਥੇ ਹੈ। ਸੰਨ 1862 ਵਿਚ ਇਸ ਸ਼ਹਿਰ ਦੀ ਰੇਲਵੇ ਬਸਤੀ ਵਜੋਂ ਸਥਾਪਨਾ ਕੀਤੀ ਗਈ। ਸੰਨ 1883 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਕੀਤੀ ਗਈ। ਇਥੇ ਲੋਹੇ ਅਤੇ ਫੌਲਾਦ ਦੀਆਂ ਵੱਡੀਆਂ ਵੱਡੀਆਂ ਫਾਊਂਡਰੀਆਂ ਹਨ। ਭਾਗਲਪੁਰ ਯੂਨੀਵਰਸਿਟੀ ਨਾਲ ਸਬੰਧਤ ਦੋ ਕਾਲਜ ਹਨ।

ਆਬਾਦੀ-86,112 (1991)

25° 19′ ਉ. ਵਿਥ.; 86° 30′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 43; ਹਿੰ. ਵਿ. ਕੋ. 4: 388

**ਜਮਾਲਾਬਾਦ** : ਇਹ ਇਕ ਖੜੀ ਢਾਲ ਵਾਲੀ ਚਟਾਨ ਹੈ ਜਿਹੜੀ ਭਾਰਤ ਦੇ ਕਰਨਾਟਕ ਰਾਜ ਦੇ ਦੱਖਣੀ ਕਨਾਰਾ ਨਾਂ ਦੇ ਜ਼ਿਲ੍ਹੇ ਵਿਚ ਕੁਦਰ ਮੁੱਖ ਦੇ ਇਕ ਪਰਬਤੀ ਵਧਾਉ ਦੇ ਸਿਰੇ ਉੱਤੇ 545 ਮੀ. (1,790 ਫੁੱਟ) ਉੱਚੀ ਚਲੀ ਜਾਂਦੀ ਹੈ। ਸੰਨ 1784 ਵਿਚ ਸੁਲਤਾਨ ਟੀਪੂ ਨੇ ਮੰਗਲੋਰ ਤੋਂ ਪਰਤਦਿਆਂ, ਚਟਾਨ ਦੀ ਟੀਸੀ ਉੱਤੇ ਇਕ ਕਿਲਾ ਬਣਾਇਆ ਅਤੇ ਉਸਦੀ ਰਾਖੀ ਲਈ ਰੱਖਿਅਕ ਸੈਨਾ ਤੈਨਾਤ ਕੀਤੀ। ਟੀਪੂ ਨੇ ਆਪਣੀ ਮਾਂ ਦੇ ਸਨਮਾਨ ਵਿਚ, ਇਸ ਕਿਲੇ ਦਾ ਨਾਂ ਜਮਾਲ ਬਾਈ ਰੱਖਿਆ ਅਤੇ ਚਟਾਨ ਦੇ ਪੈਰਾਂ ਵਿਚ ਸਥਿਤ ਕਸਬੇ ਨੂੰ ਆਪਣੇ ਇਕ ਅਧਿਕਾਰੀ ਦਾ ਰਿਹਾਇਸ਼ੀ ਸਥਾਨ ਬਣਾ ਦਿੱਤਾ। ਸੰਨ 1799 ਵਿਚ ਅੰਗਰੇਜ਼ਾਂ ਨੇ ਇਸ ਕਿਲੇ ਉੱਤੇ ਕਬਜ਼ਾ ਕਰ ਲਿਆ ਪਰ ਛੇਤੀ ਹੀ ਪਿੱਛੋਂ

ਇਹ ਕਿਲਾ ਮੈਸੂਰ ਦੇ ਇਕ ਝੂਠੇ ਦਾਅਵੇਦਾਰ ਦੇ ਹਿਮਾਇਤੀਆਂ ਦੇ ਹੱਥਾਂ ਵਿਚ ਚਲਾ ਗਿਆ। ਸੰਨ 1800 ਵਿਚ ਤਿੰਨ ਮਹੀਨਿਆਂ ਦੀ ਘੇਰਾਬੰਦੀ ਪਿੱਛੋਂ ਗੜ੍ਹ ਸੈਨਾ ਨੂੰ ਆਤਮ ਸਮਰਪਣ ਕਰਨਾ ਪਿਆ। ਇਥੋਂ ਦਾ ਕਸਬਾ ਜਿਸ ਨੂੰ ਪਹਿਲਾਂ ਨਰਸਿੰਮਹਾਗਦੀ ਕਿਹਾ ਜਾਂਦਾ ਹੁੰਦਾ ਸੀ, ਹੁਣ ਮੌਜੂਦ ਨਹੀਂ ਹੈ।

13° 2′ ਉ. ਵਿਥ.; 75° 18′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 43

**ਜਮਾਲੁੱਦੀਨ, ਅਸਕਰੀ** : ਇਹ ਤੁਰਕ ਦਾਰਸ਼ਨਿਕ ਅਤੇ ਧਰਮ ਸ਼ਾਸਤਰੀ ਸੀ। ਇਸ ਦੀ ਪ੍ਰਤਿਭਾ ਅਤੇ ਵਿਦਵਤਾ ਕਾਰਨ ਬਹੁਤ ਲੋਕ ਇਸ ਦੇ ਚੇਲੇ ਬਣੇ। ਕੁਝ ਇਤਿਹਾਸਕਾਰਾਂ ਅਨੁਸਾਰ ਇਹ ਅਮਾਸੀਆ ਦੇ ਹਾਕਮ ਦੀ ਸੇਵਾ ਵਿਚ ਰਿਹਾ। ਇਸ ਦੀ ਮੌਤ ਬਾਰੇ ਮਤਭੇਦ ਹਨ।

ਇਸ ਦੀਆਂ ਪੁਸਤਕਾਂ ਵਿਚ ਸਿਰਫ਼ 'ਅਖ਼ਲਾਕ-ਇ-ਜਮਾਲੀ' (ਆਚਾਰਸ਼ਾਸਤਰ) ਹੀ ਮੌਲਿਕ ਰੂਪ ਵਿਚ ਉਪਲੱਬਧ ਹੈ। 'ਅਲ-ਗਜਾ-ਅਲ-ਕੁਸਵਾ' 'ਸ਼ਰਹਏ ਮੁਸ਼ਕਿਲਾਤ-ਅਲ-ਕੁਰਾਨ ਅਲਕੇਰੀਮ' (ਧਰਮ ਸ਼ਾਸਤਰ) 'ਹਾਸ਼ੀਆਤ-ਇ-ਮੁਲਤਕਾ' (ਵਿਧੀ ਸ਼ਾਸਤਰ) ਆਦਿ ਪੁਸਤਕਾਂ ਦੀਆਂ ਹੋਰਨਾਂ ਵਿਦਵਾਨਾਂ ਦੁਆਰਾ ਕੀਤੀਆਂ ਗਈਆਂ ਸਮੀਖਿਆਵਾਂ ਹੀ ਮੌਜੂਦ ਹਨ।

ਹ. ਪੁ.-ਹਿੰ. ਵਿ. ਕੋ. 4 : 388

**ਜਮਾਲੁੱਦੀਨ ਅਫ਼ਗਾਨੀ** : ਇਸ ਦਾਰਸ਼ਨਿਕ, ਲੇਖਕ, ਵਕਤਾ ਅਤੇ ਪੱਤਰਕਾਰ ਦਾ ਜਨਮ ਸੰਨ 1838 ਵਿਚ ਅਫ਼ਗਾਨਿਸਤਾਨ ਦੇ ਕਾਬਲ ਜ਼ਿਲ੍ਹੇ ਦੇ ਅਸਦਾਬਾਦ ਨਾਮੀ ਸਥਾਨ ਤੇ ਹੋਇਆ। ਕੁਝ ਲੇਖਕਾਂ ਅਨੁਸਾਰ ਇਸ ਦਾ ਜਨਮ ਈਰਾਨ ਦੇ ਅਸਦਾਬਾਦ ਸਥਾਨ ਵਿਖੇ ਹੋਇਆ। ਇਹ ਗੱਲ ਠੀਕ ਹੈ ਕਿ ਇਸ ਦਾ ਬਚਪਨ ਕਾਬਲ ਵਿਚ ਬੀਤਿਆ ਪਰ ਬਾਅਦ ਵਿਚ ਇਸ ਨੇ ਮਿਸਰ, ਈਰਾਨ, ਭਾਰਤ ਅਤੇ ਇੰਗਲੈਂਡ ਦੀ ਯਾਤਰਾ ਕੀਤੀ। ਇਹ ਦਾਰਸ਼ਨਿਕ ਵਿਚਾਰਾਂ ਪੱਖੋਂ ਭੌਤਿਕਵਾਦ ਅਤੇ ਡਾਰਵਿਨ ਦੇ ਵਿਕਾਸਵਾਦ ਦਾ ਵਿਰੋਧੀ ਸੀ। ਇਸਲਾਮ ਅਤੇ ਦਰਸ਼ਨ ਬਾਰੇ ਜਾਣਕਾਰੀ ਹੁੰਦੇ ਹੋਏ ਵੀ, ਇਸ ਨੇ ਇਨ੍ਹਾਂ ਵਿਸ਼ਿਆਂ ਤੇ ਬਹੁਤਾ ਨਹੀਂ ਲਿਖਿਆ। ਅਫ਼ਗਾਨਿਸਤਾਨ ਦੇ ਇਤਿਹਾਸ ਤੇ ਇਸ ਦੀ 'ਤਾਤੀਮਤ-ਅਲ-ਬਯਾਂ' ਨਾਂ ਦੀ ਪੁਸਤਕ ਬਹੁਤ ਪ੍ਰਸਿੱਧ ਹੈ। ਰਾਜਨੀਤਕ ਅਤੇ ਸਮਾਜਕ ਘਟਨਾਵਾਂ ਤੇ ਇਸ ਦੀਆਂ ਸਮੀਖਿਆਵਾਂ ਬਹੁਤ ਮਹੱਤਵਪੂਰਨ ਹਨ। ਸੰਨ 1897 ਵਿਚ ਕੈਂਸਰ ਨਾਲ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 4: 388

**ਜ਼ਮੀਨਦੋਜ਼ ਮਾਰਗ** : ਧਰਤੀ ਦੀ ਸਤ੍ਹਾ ਹੇਠ ਸੁਰੰਗਾਂ ਪੁਟ ਕੇ ਬਣਾਏ ਗਏ ਮਾਰਗਾਂ ਨੂੰ ਜ਼ਮੀਨਦੋਜ਼ ਮਾਰਗ ਕਿਹਾ ਜਾਂਦਾ ਹੈ। ਇਹ ਸੁਰੰਗਾਂ ਜ਼ਮੀਨ ਦੇ ਅੰਦਰ ਲਗਭਗ ਖਿਤਿਜੀ ਹੁੰਦੀਆਂ ਹਨ।

ਜੇਕਰ ਡੂੰਘਾਈ ਜ਼ਿਆਦਾ ਨਾ ਹੋਵੇ ਤਾਂ ਧਰਤੀ ਦੀ ਸਤ੍ਹਾ ਤੋਂ ਹੀ ਲੋੜੀਂਦੀ ਡੂੰਘਾਈ ਤੱਕ ਖਾਈ ਪੁੱਟਕੇ, ਡਾਟਾਂ ਦੀ ਛੱਤ ਬਣਾ ਕੇ ਮਗਰੋਂ ਮਿੱਟੀ ਪੂਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਮਿੱਟੀ ਦੇ ਅੰਦਰ ਢੱਕਿਆ ਹੋਇਆ ਰਸਤਾ ਬਣ ਜਾਂਦਾ ਹੈ। ਖਾਈ ਪੁਟਦੇ ਸਮੇਂ ਲੱਕੜ ਦੇ ਫੱਟਿਆਂ ਨਾਲ ਮਿੱਟੀ ਦੀਆਂ ਢਿੱਗਾਂ ਨੂੰ ਡਿੱਗਣ ਤੋਂ ਰੋਕਿਆ ਜਾਂਦਾ ਹੈ ਅਤੇ ਬਾਅਦ ਵਿਚ ਸਥਾਈ ਤੌਰ ਤੇ ਲੱਕੜ ਦੇ ਤਖ਼ਤੇ ਲਗਾ ਕੇ ਜਾਂ ਪੱਕੀ ਚਣਾਈ ਕਰਕੇ ਜ਼ਮੀਨਦੋਜ਼ ਰਸਤੇ ਬਣਾ ਦਿੱਤੇ ਜਾਂਦੇ ਹਨ। ਅਜਿਹੇ ਜ਼ਮੀਨਦੋਜ਼ ਮਾਰਗ ਭਾਰਤ ਦੇ ਕੁਝ ਸ਼ਹਿਰਾਂ ਵਿਚ ਜਾਂ ਰੇਲਵੇ ਸਟੇਸ਼ਨਾਂ ਉੱਤੇ ਬਣੇ ਹੋਏ ਮਿਲਦੇ ਹਨ।

ਧਰਤੀ ਦੀ ਸਤ੍ਹਾਂ ਦੇ ਉਪਰੋਂ ਕਾਫ਼ੀ ਦੂਰੀ ਤੋਂ ਸ਼ੁਰੂ ਹੋ ਕੇ ਫਿਰ ਇਕ ਢਲਵੀਂ ਸੁਰੰਗ ਦੇ ਰੂਪ ਵਿਚ ਜ਼ਮੀਨ ਦੇ ਹੇਠਾਂ ਠੀਕ ਡੂੰਘਾਈ ਤੱਕ ਜਾ ਕੇ ਇਸ ਖਿਤਿਜੀ ਸੁਰੰਗ ਵਿਚ ਬਦਲ ਜਾਂਦੀ ਹੈ ਜਿਹੜੀ ਨਿਸ਼ਚਿਤ ਦੂਰੀ ਉੱਤੇ ਜਾ ਕੇ ਫਿਰ ਢਲਵੀਂ ਸੁਰੰਗ ਰਾਹੀਂ ਧਰਤੀ ਦੀ ਸਤ੍ਹਾ ਉੱਤੇ ਬਾਹਰ ਨਿਕਲ ਆਉਂਦੀ ਹੈ। ਡੂੰਘੇ ਮਾਰਗਾਂ ਲਈ ਸ਼ਾਫ਼ਟਾਂ ਨਾਲ ਖੁਦਾਈ ਕਰਕੇ ਖਿਤਿਜੀ ਸੁਰੰਗਾਂ ਪੁੱਟੀਆਂ ਜਾਂਦੀਆਂ ਹਨ ਜਿਨ੍ਹਾਂ ਦੀਆਂ ਦੀਵਾਰਾਂ ਉੱਤੇ ਲੋਹੇ ਦੀਆਂ ਚਾਦਰਾਂ ਦਾ ਅਸਤਰ ਚੜ੍ਹਾ ਕੇ ਮਜ਼ਬੂਤ ਬਣਾਇਆ ਜਾਂਦਾ ਹੈ। ਜਦੋਂ ਸੁਰੰਗਾਂ ਨੂੰ ਬਹੁਤੀ ਡੂੰਘਾਈ ਜਾਂ ਪਾਣੀ ਦੀ ਸਤ੍ਹਾ ਦੇ ਹੇਠਾਂ ਬਣਾਉਣਾ ਹੋਵੇ ਤਾਂ ਵਧੇਰੇ ਦਬਾਉ ਵਾਲੀ ਹਵਾ ਨਾਲ ਪਾਣੀ ਦੇ ਦਾਖ਼ਲੇ ਨੂੰ ਰੋਕਿਆ ਜਾਂਦਾ ਹੈ। ਦਬਾਉ ਵਾਲੀ ਹਵਾ ਨੂੰ ਨਿਕਲਣ ਤੋਂ ਰੋਕਣ ਲਈ ਸੁਰੰਗਾਂ ਦੀਆਂ ਦੀਵਾਰਾਂ ਬਹੁਤ ਮਜ਼ਬੂਤ ਬਣਾਈਆਂ ਜਾਂਦੀਆਂ ਹਨ ਅਤੇ ਡੱਬਿਆਂ ਵਰਗੇ ਛੋਟੇ ਛੋਟੇ ਕਮਰਿਆਂ ਦੇ ਰੂਪ ਵਿਚ ਉਸਾਰਿਆ ਜਾਂਦਾ ਹੈ। ਇਨ੍ਹਾਂ ਕਮਰਿਆਂ ਦੇ ਅੰਦਰ ਹੀ ਮਜ਼ਦੂਰ ਕੰਮ ਕਰਦੇ ਹਨ। ਇਨ੍ਹਾਂ ਕਮਰਿਆਂ ਦੇ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਲਈ ਲੋੜੀਂਦਾ ਸਾਜ਼ੋ ਸਾਮਾਨ ਪਹੁੰਚਾਉਣ ਲਈ ਦਰਵਾਜ਼ਿਆਂ ਵਾਲੀਆਂ ਵਿਸ਼ੇਸ਼ ਪ੍ਰਕਾਰ ਦੀਆਂ ਹਵਾ-ਬੰਦ ਕੈਬਨਾਂ ਦਾ ਪ੍ਰਬੰਧ ਕੀਤਾ ਹੁੰਦਾ ਹੈ। ਇਹ ਕੈਬਨਾਂ ਇਸਪਾਤ ਦੀਆਂ ਬਣੀਆਂ ਹੋਈਆਂ ਹੁੰਦੀਆਂ ਹਨ। ਹਵਾ ਦੇ ਦਬਾਉ ਕਾਰਨ ਸਾਰੇ ਦਰਵਾਜ਼ਿਆਂ ਨੂੰ ਇਕੋ ਸਮੇਂ ਖੋਲ੍ਹਣਾ ਅਸੰਭਵ ਹੈ। ਕਾਮਿਆਂ ਦੇ ਕਮਰਿਆਂ ਦੇ ਦਰਵਾਜ਼ੇ ਕੈਬਨਾਂ ਵਿਚ ਖੁਲ੍ਹਦੇ ਹਨ ਅਤੇ ਫਿਰ ਇਥੋਂ ਇਸ ਦੇ ਬਾਹਰਲੇ ਭਾਗ ਵਿਚ ਜਿਥੇ ਦਬਾਉ ਵਾਲੀ ਹਵਾ ਕੱਢਣ ਲਈ ਵਾਲਵ ਲੱਗੇ ਹੁੰਦੇ ਹਨ (ਵਿਸਥਾਰ ਲਈ ਵੇਖੋ ਜ਼ਮੀਨਦੋਜ਼ ਰੇਲਵੇ)।

ਹ. ਪੁ. -ਹਿੰ. ਵਿ. ਕੋ. 5: 320

**ਜ਼ਮੀਨਦੋਜ਼ ਰੇਲਵੇ** : ਜ਼ਮੀਨਦੋਜ਼ ਰੇਲਵੇ ਉਹ ਬਿਜਲਈ ਰੇਲਵੇ ਸਿਸਟਮ ਹੈ ਜਿਹੜਾ ਬਹੁਤ ਗਿਣਤੀ ਵਿਚ ਯਾਤਰੀਆਂ ਦੇ ਸਫ਼ਰ ਲਈ ਵਰਤੋਂ ਵਿਚ ਆਉਂਦਾ ਹੈ। ਇਹ ਸਿਸਟਮ ਆਮ ਤੌਰ ਤੇ ਸ਼ਹਿਰ ਦੀਆਂ ਗਲੀਆਂ ਦੇ ਹੇਠਾਂ ਬਣਾਇਆ ਜਾਂਦਾ ਹੈ। ਕਈ ਵਾਰੀ ਇਸ ਨੂੰ ਦਰਿਆਵਾਂ ਹੇਠੋਂ ਦੀ ਵੀ ਲੰਘਣਾ ਪੈਂਦਾ ਹੈ ਅਤੇ ਜਦੋਂ ਇਹ ਸ਼ਹਿਰੋਂ ਬਾਹਰ ਜ਼ਮੀਨ ਹੇਠੋਂ ਦੀ ਉਪਰ ਨਿਕਲਦੀਆਂ ਹਨ ਤਾਂ ਇਨ੍ਹਾਂ ਨੂੰ ਐਲੀਵੇਟਿਡ ਰੇਲਵੇ ਕਿਹਾ ਜਾਂਦਾ ਹੈ। ਇਸ ਸਿਸਟਮ ਵਿਚ ਆਮ ਤੌਰ ਤੇ ਕਈ ਛੋਟੇ ਛੋਟੇ ਡੱਬਿਆਂ ਵਾਲੀਆਂ ਰੇਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਇਹ ਸਿਸਟਮ ਬਹੁਤ ਹੀ ਮਹਿੰਗਾ ਹੈ ਪਰੰਤੂ ਫਿਰ ਵੀ ਬਹੁਤ ਵੱਡੇ ਵੱਡੇ ਭੀੜ-ਭੜੱਕੇ ਵਾਲੇ ਸ਼ਹਿਰਾਂ ਵਿਚ ਇਹ ਲਾਭਕਾਰੀ ਹੈ।

**ਇਤਿਹਾਸ**—ਸੰਸਾਰ ਦੀ ਸਭ ਤੋਂ ਪਹਿਲੀ ਜ਼ਮੀਨਦੋਜ਼ ਰੇਲ ਦਾ ਸੁਝਾਅ ਲੰਡਨ ਦੇ ਚਾਰਲਸ ਪੀਅਰਸਨ ਨੇ 1843 ਈ. ਵਿਚ ਟੇਮਜ਼ ਦਰਿਆ ਦੇ ਹੇਠਾਂ ਪੈਦਲ ਯਾਤਰੀਆਂ ਲਈ ਬਣਾਈ ਗਈ ਸੁਰੰਗ ਤੋਂ ਬਾਅਦ ਦਿੱਤਾ। ਜਨਵਰੀ 9, 1863 ਈ. ਵਿਚ 3.75 ਮੀ. ਚੌੜੀ ਜ਼ਮੀਨਦੋਜ਼ ਸੜਕ ਵਿਛਾਈ ਗਈ ਜਿਸ ਨੂੰ ਮੈਟਰੋਪੋਲੀਟਨ ਰੇਲਵੇ ਕਿਹਾ ਜਾਂਦਾ ਸੀ। ਇਹ ਫੇਰਿੰਗਡਰਨ ਸਟਰੀਟ ਅਤੇ ਬਿਸ਼ਪਸ ਰੋਡ ਨੂੰ ਆਪਸ ਵਿਚ ਜੋੜਦੀ ਸੀ। ਬਹੁਤ ਜ਼ਿਆਦਾ ਧੂੰਆਂ ਹੋਣ ਦੇ ਬਾਵਜੂਦ ਵੀ, ਇਹ ਇਕ ਬਹੁਤ ਵੱਡੀ ਜਿੱਤ ਸੀ ਕਿਉਂਕਿ ਪਹਿਲੇ ਸਾਲ ਹੀ ਇਸ ਰੇਲਵੇ ਰਾਹੀਂ 9,500,000 ਯਾਤਰੀਆਂ ਨੇ ਸਫ਼ਰ ਕੀਤਾ।

ਸੰਨ 1886 ਵਿਚ ਸਿਟੀ ਐਂਡ ਸਾਊਥ ਲੰਡਨ ਰੇਲਵੇ ਕੰਪਨੀ ਨੇ ਟਿਊਬ ਰੇਲਵੇ ਲਈ ਜੇਮਜ਼ ਹੈਨਰੀ ਗਰੇਥੈੱਡ ਦੁਆਰਾ ਬਣਾਈ ਗਈ 3.658 ਮੀ. (12 ਫੁੱਟ) ਵਿਆਸ ਵਾਲੀ ਸ਼ੀਲਡ ਦੀ ਵਰਤੋਂ ਕਰਕੇ ਸੁਰੰਗ ਪੁਟਣੀ ਸ਼ੁਰੂ ਕੀਤੀ। ਸ਼ੀਲਡ ਕਾਮਿਆਂ ਲਈ ਸੁਰੱਖਿਆ ਅਤੇ ਪੱਕੇ ਤੌਰ ਤੇ ਦੇਗੀ ਲੋਹੇ ਦੀ ਸੁਰੰਗ ਬਣਾਉਣ ਲਈ ਵਰਤੀ ਜਾਂਦੀ ਸੀ। ਲੰਡਨ ਦੀ ਸੁਖਾਵੀ ਮਿੱਟੀ ਅੰਦਰ ਦੋ ਜੁੜਵੀਆਂ ਸੁਰੰਗਾਂ ਆਸਾਨੀ ਨਾਲ ਬਣਾਈਆਂ ਜਾ ਸਕਦੀਆਂ ਹਨ। ਸੰਨ 1890 ਵਿਚ ਲੰਡਨ ਵਿਚ ਪਹਿਲੀ ਜ਼ਮੀਨਦੋਜ਼ ਬਿਜਲਈ ਰੇਲਵੇ ਤਿਆਰ ਹੋਈ।

**ਲੰਡਨ ਢੋਆ-ਢੁਆਈ ਸਿਸਟਮ**—ਲੰਡਨ ਵਿਚ 1960 ਤੀਕ ਢੋਆ-ਢੁਆਈ ਰੇਲਾਂ ਦੇ 277 ਸਟੇਸ਼ਨ ਸਨ ਤੇ ਇਹ 253 ਮਾਰਗਾਂ ਉੱਤੇ ਚਲਦੀਆਂ ਸਨ ਜਿਨ੍ਹਾਂ ਵਿਚ 290 ਕਿ. ਮੀ. ਰੇਲਾਂ ਜ਼ਮੀਨਦੋਜ਼, 145 ਕਿ. ਮੀ. ਟਿਊਬ ਸੁਰੰਗਾਂ, 122 ਕਿ. ਮੀ. ਡੂੰਘੀਆਂ ਟਿਊਬ ਅਤੇ 355 ਕਿ. ਮੀ. ਕੱਟ ਐਂਡ ਕਵਰ ਦੋਹਰੀ ਪਟੜੀ ਵਾਲੀਆਂ ਸੁਰੰਗਾਂ ਵਾਲੀਆਂ ਸਨ। ਇਕਹਿਰੀ ਪਟੜੀ ਵਾਲੀਆਂ ਟਿਊਬ ਸੁਰੰਗਾਂ ਵਿਚ 3.65 ਮੀ. ਅੰਦਰੂਨੀ ਵਿਆਸ ਵਾਲੀ ਢੇਗੀ ਲੋਹੇ ਦੀ ਪਰਤ ਵਿਛਾਈ ਹੋਈ ਸੀ। ਪਟੜੀ ਸਟੈਂਡਰਡ ਗੇਜ਼ (1.435 ਮੀ.) 600 ਵੋਲਟ ਡੀ. ਸੀ. ਸਪਲਾਈ ਵਾਲੀ ਸੀ ਜਿਹੜੀ ਕਿ ਸਮੁੱਚੇ ਤੌਰ ਤੇ ਲੰਡਨ ਟ੍ਰਾਂਸਪੋਰਟ ਦੇ ਆਪਣੇ ਜੈਨਰੇਟਿੰਗ ਯੂਨਿਟ ਉੱਤੇ ਪੈਦਾ ਕੀਤੀ ਜਾਂਦੀ ਸੀ। ਦੋ ਰੰਗਾਂ ਅਤੇ ਸਵੈਚਾਲਿਤ ਰੇਲਵੇ ਸਟੇਸ਼ਨਾਂ ਵਾਲੀ ਸਵੈਚਾਲਿਤ ਬਲਾਕ ਸਿਗਨਲਿੰਗ ਨਾਲ ਇਕ ਘੰਟੇ ਦੌਰਾਨ 40 ਰੇਲਾਂ ਵੀ ਚਲਾਈਆਂ ਜਾ ਸਕਦੀਆਂ ਸਨ। ਇਨ੍ਹਾਂ ਦੀ ਔਸਤਨ ਰਫ਼ਤਾਰ 33 ਕਿ. ਮੀ. ਹੁੰਦੀ ਸੀ।

ਲੰਡਨ ਟ੍ਰਾਂਸਪੋਰਟ ਕੰਪਨੀ ਦੀਆਂ ਰੇਲਾਂ ਦੋ ਤਰ੍ਹਾਂ ਦੀਆਂ ਸਨ, ਪ੍ਰਮੁੱਖ ਲਾਈਨ ਵਾਲੀਆਂ ਜ਼ਮੀਨਦੋਜ਼ ਰੇਲਾਂ ਅਤੇ ਛੋਟੀਆਂ ਸੁਰੰਗ ਰੇਲਾਂ ਜਿਹੜੀਆਂ ਛੋਟੇ ਤੋਂ ਛੋਟੇ ਵਿਆਸ 3.65 ਮੀ. ਦੀਆਂ ਸੁਰੰਗਾਂ ਦੇ ਅੰਦਰ ਚਲਦੀਆਂ ਸਨ। ਜਿਹੜੇ ਸਥਾਨਾਂ ਉੱਤੇ ਇਹ ਦੋਵੇਂ ਤਰ੍ਹਾਂ ਦੀਆਂ ਪਟੜੀਆਂ ਆਪਸ ਵਿਚ ਮਿਲਦੀਆਂ ਹਨ, ਉਥੇ ਸੁਰੱਖਿਆ ਯੰਤਰ ਲਗਾਏ ਹੋਏ ਸਨ ਤਾਂ ਜੋ ਇਹ ਇਕ ਦੂਜੇ ਦੀ ਪਟੜੀ ਉੱਤੇ ਨਾ ਚਲੀਆਂ ਜਾਣ। ਇਨ੍ਹਾਂ ਦੋਵੇਂ ਤਰ੍ਹਾਂ ਦੀਆਂ ਰੇਲਾਂ ਵਿਚ 40 ਸੀਟਾਂ ਵਾਲੇ ਡੱਬੇ ਹੁੰਦੇ ਸਨ ਤੇ 200 ਯਾਤਰੀ ਲੈ ਜਾ ਸਕਦੀਆਂ ਸਨ। ਸੰਨ 1960 ਇਨ੍ਹਾਂ ਰਾਹੀਂ 670,000,000 ਯਾਤਰੀਆਂ ਨੇ ਸਫ਼ਰ ਕੀਤਾ।

ਸੁਰੰਗਾਂ ਤੋਂ ਬਾਹਰ ਆਉਣ ਲਈ ਸਟੇਸ਼ਨਾਂ ਉੱਤੇ ਹਾਈਡ੍ਰਾਲਿਕ ਲਿਫ਼ਟਾਂ ਦਾ ਪ੍ਰਬੰਧ ਸੀ। ਮਗਰੋਂ 1911 ਈ. ਤੋਂ ਬਾਅਦ ਇਨ੍ਹਾਂ ਦੀ ਥਾਂ ਚਲ ਪੌੜੀਆਂ ਨੇ ਲੈ ਲਈ (ਵੇਖੋ ਬਿਜਲਈ ਪੌੜੀ)। ਲੰਡਨ ਦੇ ਇਨ੍ਹਾਂ ਡੂੰਘੇ ਸਟੇਸ਼ਨਾਂ ਨੇ ਦੂਜੇ ਸੰਸਾਰ ਯੁੱਧ ਸਮੇਂ ਬੰਬਾਰੀ ਤੋਂ ਬਚਣ ਲਈ ਅਨੇਕਾਂ ਲੋਕਾਂ ਨੂੰ ਸਹਾਰਾ ਦਿੱਤਾ।



ਚਿੱਤਰ 1. ਲੰਡਨ ਦੀ ਰੇਲ ਦੇ ਡੱਬੇ ਦੀਆਂ ਸੀਟਾਂ ਦਾ ਪ੍ਰਬੰਧ

**ਹੋਰ ਯੂਰਪੀ ਸਿਸਟਮ**—ਸੰਨ 1891 ਵਿਚ ਲੰਡਨ ਦੀ ਸਫ਼ਲਤਾ ਤੋਂ ਬਾਅਦ ਗਲਾਸਗੋ ਸ਼ਹਿਰ ਵਿਚ ਜ਼ਮੀਨਦੋਜ਼ ਰੇਲਾਂ ਦਾ ਪ੍ਰਬੰਧ ਕੀਤਾ ਗਿਆ। ਇਥੇ ਟਿਊਬਾਂ ਨੂੰ ਸ਼ੀਲਡ ਅਤੇ ਖੁਲ੍ਹੇ- ਕੱਟ ਢੰਗ ਨਾਲ ਬਣਾਇਆ ਗਿਆ ਸੀ। ਕਲਾਇਡ ਦਰਿਆ ਦੇ ਹੇਠੋਂ ਦੀ ਸੁਰੰਗ ਪੁੱਟਣ ਲਈ ਸ਼ੀਲਡਾਂ ਬਣਾਉਣ ਵਿਚ ਬਹੁਤ ਔਕੜਾਂ ਆਈਆਂ। 1.22 ਮੀ. (4 ਫੁੱਟ) ਗੇਜ਼ ਵਾਲੀਆਂ ਗਲਾਸਗੋ ਦੀਆਂ ਰੇਲਾਂ ਨੂੰ ਸੁਰੰਗਾਂ ਦੇ ਅੰਦਰ ਤਾਰਾਂ ਰਾਹੀਂ ਖਿੱਚਿਆ ਜਾਂਦਾ ਸੀ ਅਤੇ ਫਿਰ 1935 ਵਿਚ 570 ਵੋਲਟ ਡੀ. ਸੀ. ਸਪਲਾਈ ਨਾਲ ਚਲਾਉਣ ਦਾ ਪ੍ਰਬੰਧ ਕੀਤਾ ਗਿਆ।

ਬੁੱਡਾਪੈਸਟ ਵਿਖੇ 1896 ਈ. ਵਿਚ 2.50 ਮੀ. ਗੇਜ਼ ਉੱਤੇ ਇਸ ਮਹਾਂਦੀਪ ਦੀਆਂ ਪਹਿਲੀਆ ਬਿਜਲਈ ਟਰਾਲੀਆਂ ਚਲਣੀਆਂ ਸ਼ੁਰੂ ਹੋਈਆਂ। ਬੁੱਡਾਪੈਸਟ ਦੇ ਜ਼ਮੀਨਦੋਜ਼ ਰਸਤੇ ਕੱਟ-ਐਂਡ ਕਵਰ ਢੰਗ ਨਾਲ ਤਿਆਰ ਕੀਤੇ ਗਏ ਸਨ ਅਤੇ ਚੌੜੀ ਜਾਂ ਪੱਧਰੀ ਛੱਤ ਵਾਲੇ ਆਪਣੀ ਕਿਸਮ ਦੇ ਪਹਿਲੇ ਸਨ, ਜਿਨ੍ਹਾਂ ਵਿਚ ਚਿਣੀਆਂ ਹੋਈਆਂ ਕੰਧਾਂ ਉੱਤੇ ਸਟੀਲ ਦੇ ਬੀਮ ਪਾਏ ਗਏ ਸਨ। ਪੱਧਰੀਆਂ ਛੱਤਾਂ ਲਈ ਡਾਟਾਂ ਵਾਲੀ ਛੱਤ ਨਾਲੋਂ ਸੁਰੰਗ ਦੀ ਡੂੰਘਾਈ ਘੱਟ ਪੁੱਟਣੀ ਪੈਂਦੀ ਹੈ। ਇਹੋ ਹੀ ਇਨ੍ਹਾਂ ਦਾ ਸਭ ਤੋਂ ਵੱਡਾ ਲਾਭ ਹੈ।

ਪੈਰਿਸ ਨੇ 1898 ਵਿਚ "ਦੀ ਮੈਟਰੋ" ਨਾਮੀ ਸਿਸਟਮ ਸ਼ੁਰੂ ਕੀਤਾ। ਇਸ ਸਿਸਟਮ ਵਿਚ ਚੀਫ਼ ਇੰਜਨੀਅਰ ਐਫ਼, ਬੀਨਵੈਨਯੂ ਅਤੇ ਠੇਕੇਦਾਰ ਐਲ. ਚਾਗਨਾਉਡ ਦੇ ਸੋਧੇ ਹੋਏ ਕੱਟ-ਐਂਡ ਕਵਰ ਢੰਗ ਦਾ ਇਸਤੇਮਾਲ ਕੀਤਾ ਗਿਆ। ਇਸ ਢੰਗ ਵਿਚ ਹੇਠਾਂ ਸੁਰੰਗ ਵਿਚੋਂ ਦੀ ਰੇਲ ਅਤੇ ਉਸ ਦੀ ਛੱਤ ਉਪਰ ਸੜਕ ਬਣਾ ਕੇ ਆਵਾਜਾਈ ਵਿਚ ਕਾਫ਼ੀ ਸੌਖ ਹੋ ਗਈ।

ਸੰਨ 1960 ਦੇ ਆਰੰਭ ਤੱਕ ਮੀਟਰੋ ਦੀਆਂ 15 ਲਾਈਨਾਂ ਅਤੇ 274 ਸਟੇਸ਼ਨ ਸਨ ਜਿਹੜੇ ਸ਼ਹਿਰ ਦੇ ਸਾਰੇ ਇਲਾਕੇ ਵਿਚ ਕਾਫ਼ੀ ਸੁਯੋਗ ਸੇਵਾ ਦੇ ਰਹੀ ਹੈ। ਇਹ ਸੰਸਾਰ ਦਾ ਤੀਜਾ ਵੱਡਾ ਅਜਿਹਾ ਸਿਸਟਮ ਸੀ ਜਿਹੜਾ ਲਗਭਗ 195 ਕਿ. ਮੀ. (120 ਮੀਲ) ਲੰਬਾ ਸੀ ਅਤੇ ਸਾਲ-ਭਰ ਵਿਚ 1,100,000,000 ਯਾਤਰੀਆਂ ਲਈ ਆਵਾਜਾਈ ਦੀ ਸੇਵਾ ਕਰਦਾ ਸੀ।

ਯੂਰਪ ਦਾ ਦੂਜਾ ਵੱਡਾ ਕੱਟ-ਐਂਡ ਕਵਰ ਢੰਗ ਨਾਲ ਉਸਾਰਿਆ ਸਿਸਟਮ ਬਰਲਿਨ ਜਬ-ਵੇ, ਯੂ-ਬਾਹਨ ਹੈ। ਇਸ ਸਿਸਟਮ ਦੀ ਪਹਿਲੀ ਲਾਈਨ ਪੋਟਸਡੈਮਰ ਪਲਾਟਜ਼ ਤੋਂ ਲੈ ਕੇ ਜ਼ੁਆਲੋਜੀਕਲ ਗਾਰਡਨਜ਼ ਤੱਕ 1902 ਈ. ਵਿਚ ਚਾਲੂ ਕੀਤੀ ਜਿਹੜੀ ਮਗਰੋਂ ਲਗਭਗ 95 ਕਿ. ਮੀ. (58 ਮੀਲ) ਲੰਬੀ ਅਤੇ 94 ਸਟੇਸ਼ਨਾਂ ਵਾਲੀ ਲਾਈਨ ਵਿਚ ਬਦਲ ਗਈ। ਇਸ ਰਾਹੀਂ ਸਾਲ ਵਿਚ 128, 000, 000 ਯਾਤਰੀ ਸਫ਼ਰ ਕਰਦੇ ਸਨ। ਇਕ ਹੋਰ ਵੱਡਾ ਜਰਮਨ ਸਿਸਟਮ ਹੈਮਬਰਗ ਸਬ-ਵੇ ਹੈ ਜਿਸ ਦੀ ਲੰਬਾਈ ਲਗਭਗ 66 ਕਿ.ਮੀ. ਅਤੇ ਇਸ ਉੱਪਰ 62 ਸਟੇਸ਼ਨ ਸਨ ਤੇ ਇਹ ਸਾਲ ਵਿਚ 156,000,000 ਯਾਤਰੀਆਂ ਦੀ ਸੇਵਾ ਕਰਦਾ ਸੀ।

ਯੂਰਪ ਦਾ ਸਭ ਤੋਂ ਅਖ਼ੀਰ ਵਿਚ ਉਸਾਰਿਆ ਗਿਆ ਮਾਸਕੋ ਸਬ-ਵੇ ਸੀ ਜਿਹੜਾ ਵਧੇਰੇ ਸਜਾਵਟ ਅਤੇ ਖੁੱਲ੍ਹੇ ਸਟੇਸ਼ਨਾਂ ਲਈ ਪ੍ਰਸਿੱਧ ਹੈ। ਇਸ ਦੇ ਕੋਈ ਵੀ ਦੋ ਸਟੇਸ਼ਨ ਇਕ ਦੂਜੇ ਨਾਲ ਰਲਦੇ ਮਿਲਦੇ ਨਹੀਂ ਸਨ ਜਿਨ੍ਹਾਂ ਉੱਤੇ ਸੰਗਮਰਮਰ ਲੱਗਿਆ ਅਤੇ ਬੁੱਤ ਲਗਾਏ ਗਏ ਸਨ।

ਮਾਸਕੋ ਸਬ-ਵੇ ਦਾ 1960 ਈ. ਵਿਚ ਯੂਰਪ ਵਿਚ ਚੌਥਾ ਸਥਾਨ ਸੀ ਜਿਹੜੀ 1.524 ਮੀ. (5 ਫੁੱਟ) ਗੇਜ਼ ਵਾਲੀ ਪਟੜੀ ਵਾਲੀ ਲਗਭਗ



ਚਿੱਤਰ 2. ਸੰਗਮਰਮਰ ਵਾਲੀ ਮਾਸਕੋ ਜ਼ਮੀਨਦੋਜ਼ ਰੇਲਵੇ

60 ਕਿ. ਮੀ. (37 ਮੀਲ) ਲੰਬੀ, 62 ਸਟੇਸ਼ਨਾਂ ਵਾਲੀ ਲਾਈਨ ਸੀ। ਇਹ

ਸਾਲ ਵਿਚ 800,000,000 ਯਾਤਰੀਆਂ ਨੂੰ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਦੀ ਸੀ।

ਸੰਨ 1960 ਵਿਚ ਯੂਰਪ ਦੇ 17 ਸ਼ਹਿਰਾਂ ਵਿਚ ਜ਼ਮੀਨਦੋਜ਼ ਰੇਲਾਂ ਚਲਦੀਆਂ ਸਨ। ਲਾਈਨ ਦੀ ਲੰਬਾਈ ਅਨੁਸਾਰ ਕ੍ਰਮਵਾਰ ਇਹ ਸ਼ਹਿਰ ਪੈਰਿਸ, ਬਰਲਿਨ, ਹੈਂਮਬਰਗ, ਮਾਸਕੋ, ਸਟਾਕਹੋਮ, ਵੀਆਨਾ, ਮੈਂਡਰਿਡ, ਐਥਨਜ਼, ਲੈਨਿਨਗਰਾਦ, ਰੋਮ, ਬਾਰਸੀਲੋਨਾ, ਨੇਪਲਜ਼, ਬੁੱਡਾਪੈਸਟ, ਓਸਲੋ, ਬ੍ਰੱਸਲਜ਼, ਵਾਰਸ਼ਾ ਅਤੇ ਕੋਪੈੱਨਹੇਗਨ ਹਨ।

ਕੇਵਲ ਕੁਝ ਕੁ ਖ਼ਾਸ ਥਾਵਾਂ ਉੱਤੇ ਹੀ ਸਮੁੱਚਾ ਸਿਸਟਮ ਜ਼ਮੀਨਦੋਜ਼ ਹੈ, ਜਦੋਂ ਕਿ ਬਾਕੀ ਥਾਵਾਂ ਉੱਤੇ ਇਹ ਜ਼ਮੀਨਦੋਜ਼ ਅਤੇ ਐਲੀਵੇਟਿਡ ਹੈ। ਕੁਝ ਕੁ ਲਾਈਨਾਂ ਨੂੰ ਛੱਡ ਕੇ ਬਾਕੀ ਸਾਰੀਆਂ ਲਾਈਨਾਂ ਸਟੈਂਡਰਡ ਗੇਜ਼ ਵਾਲੀਆਂ ਹਨ। ਸਾਰੀਆਂ ਲਾਈਨਾਂ ਉੱਤੇ ਸ੍ਵੈ-ਚਾਲਿਤ ਸਿਗਨਲ, ਸਿਸਟਮ ਹਨ। ਸਟਾਕਹੋਮ ਵਿਚ ਕੇਵਲ ਕੈਬ-ਸਿਗਨਲਿੰਗ ਵਾਲਾ ਹੈ ਜਿਹੜੀ ਕਿ ਯੂਰਪ ਵਿਚ ਇਕੋ ਇਕ ਥਾਂ ਹੈ। ਓਸਲੋ ਵਿਚ ਦੋ ਡੱਬਿਆਂ ਵਾਲੀਆਂ ਰੇਲਾਂ ਬਿਨਾਂ ਸਿਗਨਲ ਤੋਂ ਹੀ ਚਲਦੀਆਂ ਹਨ।

**ਸੰਯੁਕਤ ਰਾਜ ਅਤੇ ਹੋਰ ਦੇਸ਼ਾਂ ਵਿਚ ਜ਼ਮੀਨਦੋਜ਼ ਰੇਲਾਂ—** ਸੰਯੁਕਤ ਰਾਜ ਵਿਚ ਬੋਸਟਨ ਵਿਖੇ 1895 ਤੋਂ 1898 ਤੱਕ ਪਹਿਲੀ ਜ਼ਮੀਨਦੋਜ਼ ਰੇਲਵੇ ਉਸਾਰੀ ਗਈ। ਇਸ ਨੂੰ ਕੱਟ-ਐਂਡ ਕਵਰ ਢੰਗ ਨਾਲ ਉਸਾਰਿਆ ਗਿਆ ਸੀ ਜਿਸ ਦੀ ਸਹਾਇਤਾ ਨਾਲ ਡੱਬਿਆਂ ਨੂੰ ਭੀੜੀਆਂ ਤੇ ਤੰਗ ਗਲੀਆਂ ਦੀ ਆਵਾਜਾਈ ਤੋਂ ਬਚਾ ਕੇ ਲਿਜਾਇਆ ਜਾਂਦਾ ਸੀ। ਮਗਰੋਂ ਪੱਕੇ ਤੌਰ ਤੇ ਬੋਸਟਨ ਤੋਂ ਕੈਂਬ੍ਰਿਜ ਤੱਕ ਜ਼ਮੀਨਦੋਜ਼ ਰੇਲਵੇ ਬਣਾਈ ਗਈ।

ਨਿਊਯਾਰਕ ਨੇ ਆਪਣੀ ਢੋਆ-ਢੁਆਈ ਦੀ ਸਮੱਸਿਆ ਨੂੰ ਹੱਲ ਕਰਨ ਲਈ ਐਲੀਵੇਟਿਡ ਰੇਲਵੇ ਬਣਾਈਆਂ ਜਿਹੜੀਆਂ ਮਗਰੋਂ ਅਸਫ਼ਲ ਸਿੱਧ ਹੋਈਆਂ ਅਤੇ ਢਾਹ ਦਿੱਤੀਆਂ ਗਈਆਂ। ਸੰਨ 1900 ਤੱਕ ਇਥੇ ਕੋਈ ਵੀ ਜ਼ਮੀਨਦੋਜ਼ ਰੇਲਵੇ ਨਹੀਂ ਸੀ ਪਰੰਤੂ ਮਗਰੋਂ ਵੱਡੀ ਪੱਧਰ ਉੱਤੇ ਬਹੁਤ ਤੇਜ਼ ਰਫ਼ਤਾਰ ਨਾਲ ਇਨ੍ਹਾਂ ਦੀ ਉਸਾਰੀ ਦਾ ਕੰਮ ਹੋਣ ਲੱਗਾ। ਪਹਿਲੀ ਅਜਿਹੀ ਲਾਈਨ 1870 ਈ. ਵਿਚ ਪ੍ਰਯੋਗਿਕ ਤੌਰ ਤੇ ਚਾਲੂ ਕੀਤੀ ਗਈ ਸੀ ਜਿਸ ਦੀ ਲੰਬਾਈ ਲਗਭਗ 90 ਮੀ. (300 ਫੁੱਟ) ਸੀ। ਡੱਬੇ ਨੂੰ ਪਰੀੜਿਤ ਹਵਾ ਨਾਲ ਟਿਊਬ ਦੇ ਅੰਦਰ ਧੱਕਿਆ ਜਾਂਦਾ ਸੀ। ਇਹ ਸਿਸਟਮ ਆਰਥਿਕ ਪੱਖੋਂ ਅਸਫ਼ਲ ਰਿਹਾ ਤੇ ਕੇਵਲ ਦੋ ਸਾਲ ਹੀ ਚਲ ਸਕਿਆ. ਇਸ ਨੂੰ ਵੀ ਮਗਰੋਂ ਢਾਹ ਦਿੱਤਾ ਗਿਆ।



**ਚਿੱਤਰ 3. ਨਿਊਯਾਰਕ ਜ਼ਮੀਨਦੋਜ਼ ਰੇਲਵੇ ਸੁਰੰਗ**

ਰੈਪਿਡ ਟ੍ਰਾਂਜ਼ਿਟ ਕਮਿਸ਼ਨ ਦੇ ਨਿਰਦੇਸ਼ ਅਧੀਨ, ਜਿਸ ਦਾ ਚੀਫ਼ ਇੰਜਨੀਅਰ, ਵਿਲਿਅਮ ਬਾਹਕਲੇ ਪਾਰਸਨਜ਼ ਅਤੇ ਠੇਕੇਦਾਰ ਜਾਨ. ਬੀ. ਮੈਕਲਿਨ ਸੀ, ਨਿਊਯਾਰਕ ਦੀ ਪਹਿਲੀ ਜ਼ਮੀਨਦੋਜ਼ ਰੇਲਵੇ ਸਿਟੀ ਹਾਲ ਤੋਂ ਡਾਈਕਮੈਨ ਸਟਰੀਟ ਤੱਕ ਉਸਾਰੀ ਗਈ। ਇਸ ਦਾ ਪਹਿਲਾ ਹਿੱਸਾ ਬਰੂਕਲਿਨ ਬਰਿਜ ਤੋਂ 145ਵੀਂ ਸਟਰੀਟ ਅਤੇ ਬਰਾਡਵੇ ਤੱਕ 27 ਅਕਤੂਬਰ, 1904 ਨੂੰ ਚਾਲੂ ਕੀਤਾ ਗਿਆ ਜਿਨ੍ਹਾਂ ਦਾ ਸੰਚਾਲਨ ਆਈ. ਆਰ. ਟੀ. ਕਰਦੀਆਂ ਸਨ। ਸੰਨ 1925 ਵਿਚ ਸ਼ਹਿਰ ਦਾ ਆਪਣਾ ਸਿਸਟਮ ਚਾਲੂ ਹੋ ਗਿਆ ਜਿਸ ਦੇ ਅਧੀਨ ਅੱਠਵੀ ਅਵੈਨਿਊ ਸਬ-ਵੇ ਵੀ ਆਉਂਦੀ ਸੀ, ਮਗਰੋਂ ਇਹ ਲਾਈਨਾਂ ਨਿਊਯਾਰਕ ਟ੍ਰਾਂਜ਼ਿਟ ਅਥਾਰਟੀ ਦੇ ਅਧਿਕਾਰ ਖੇਤਰ ਵਿਚ ਆ ਗਈਆਂ ਜਿਸ ਉੱਤੇ ਖਰਚ ਸ਼ਹਿਰ ਕਰਦਾ ਸੀ। ਇਹ ਅਥਾਰਟੀ (ਦੁਨੀਆ ਦਾ ਸਭ ਤੋਂ ਵੱਡਾ ਸਿਸਟਮ) ਲਗਭਗ 400 ਕਿ. ਮੀ. ਰੇਲਾਂ ਚਲਾਉਂਦੀ ਸੀ। ਇਸ ਦੁਆਰਾ ਚਲਾਈਆਂ ਜ਼ਮੀਨਦੋਜ਼ ਰੇਲਾਂ ਫਿਲਾਡੈਲਫ਼ੀਆ ਅਤੇ ਸ਼ਿਕਾਗੋ ਵਿਚ ਹਨ ਜਿਹੜੀਆਂ ਕਿ ਕ੍ਰਮਵਾਰ 1928 ਈ. ਤੇ 1943 ਈ. ਵਿਚ ਚਾਲੂ ਕੀਤੀਆਂ ਗਈਆਂ। ਸੰਨ 1954 ਵਿਚ ਕੈਨੇਡਾ ਤੇ ਟ੍ਰਾਂਟੋ ਵਿਖੇ ਜ਼ਮੀਨਦੋਜ਼ ਰੇਲਾਂ ਚਲਾਈਆਂ ਗਈਆਂ। ਦੱਖਣੀ ਅਮਰੀਕਾ ਵਿਚ 1928 ਈ. ਅਤੇ ਜਾਪਾਨ ਵਿਚ ਟੋਕੀਓ ਵਿਖੇ 1927 ਤੇ ਓਸਾਕਾ ਵਿਖੇ 1933 ਈ. ਵਿਚ ਜ਼ਮੀਦੋਜ਼ ਰੇਲਾਂ ਸ਼ੁਰੂ ਹੋਈਆਂ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਅਜਿਹੇ ਰੇਲਵੇ ਸਿਸਟਮਾਂ ਦੀ ਉਸਾਰੀ ਦਾ ਕੰਮ ਮੱਧਮ ਪੈ ਗਿਆ। ਨਿਊਯਾਰਕ ਇਨ੍ਹਾਂ ਵਿਚ ਹੋਰ ਵਾਧਾ ਨਾ ਕਰ ਸਕਿਆ ਪਰੰਤੂ ਇਨ੍ਹਾਂ ਨੂੰ ਹੋਰ ਆਧੁਨਿਕ ਬਣਾਉਂਦਾ ਰਿਹਾ।

**ਭਾਰਤ ਵਿਚ ਜ਼ਮੀਨਦੋਜ਼ ਰੇਲਵੇ—** ਭਾਰਤ ਵਿਚ ਸੰਘਣੀ ਆਬਾਦੀ ਵਾਲੇ ਸ਼ਹਿਰ ਕਲਕੱਤਾ ਵਿਚ ਜ਼ਮੀਨਦੋਜ਼ ਰੇਲਵੇ ਬਣਾਈ ਜਾ ਰਹੀ ਹੈ ਜਿਹੜੀ ਸ਼ਹਿਰ ਦੇ ਸੰਘਣੇ ਇਲਾਕਿਆਂ ਵਿਚੋਂ ਦੀ ਲੰਘੇਗੀ ਅਤੇ ਇਸ ਨਾਲ ਸ਼ਹਿਰ ਦੀ ਆਵਾਜਾਈ ਵਿਚ ਕਾਫ਼ੀ ਸਹੂਲਤ ਮਿਲੇਗੀ।

**ਟ੍ਰੈਫ਼ਿਕ ਕੰਟ੍ਰੋਲ—** ਜ਼ਮੀਨਦੋਜ਼ ਰੇਲਵੇ ਦਾ ਸਿਗਨਲ ਸਿਸਟਮ ਇਕ ਮਹੱਤਵਪੂਰਨ ਕਾਰਜ ਹੈ। ਇਸ ਦੇ ਦੋ ਕੰਮ ਹੁੰਦੇ ਹਨ: ਗਤੀ ਦੇ ਨਾਲ ਨਾਲ ਰੇਲਾਂ ਦੀ ਸੁਰੱਖਿਆ ਪੂਰਵਕ ਆਵਾਜਾਈ ਪ੍ਰਦਾਨ ਕਰਨਾ ਅਤੇ ਦੋ ਰੇਲਾਂ ਵਿਚਕਾਰਲੇ ਸਮੇਂ ਦਾ ਅੰਤਰ ਕਾਇਮ ਰੱਖਣਾ ਅਤੇ ਪਟੜੀ ਦਾ ਵੱਧ ਤੋਂ ਵੱਧ ਉਪਯੋਗ ਕਰਨਾ।

ਰੇਲਾਂ ਦੀ ਗਤੀ ਉੱਤੇ ਰੰਗਦਾਰ ਬੱਤੀਆਂ ਵਾਲੇ ਸੰਕੇਤਕਾਂ ਨਾਲ ਨਿਯੰਤਰਨ ਕਰਨਾ ਜਿਹੜੀਆਂ ਕਿ ਪਟੜੀ ਦੇ ਨਾਲ ਪਾਸਿਆਂ ਉੱਤੇ ਜਾਂ ਚਾਲਕ ਦੀ ਕੈਬਿਨ ਵਿਚ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਬੱਤੀਆਂ ਉੱਤੇ ਟਰੈਕ ਸਰਕਟ ਰਾਹੀਂ ਨਿਯੰਤਰਨ ਕੀਤਾ ਹੁੰਦਾ ਹੈ। ਜ਼ਮੀਨਦੋਜ਼ ਰੇਲਵੇ ਵਿਚ ਸਵੈਚਾਲਿਤ ਬਲਾਕ ਸਿਗਨਲ ਸਿਸਟਮ ਨਾਲ ਨਿਯੰਤਰਨ ਕੀਤਾ ਜਾਂਦਾ ਹੈ। ਰੇਲਾਂ ਨੂੰ ਸਵਿੱਚ ਮੈਨ ਚਲਾਉਂਦਾ ਹੈ।

ਆਧੁਨਿਕ ਸਿਗਨਲ ਸਿਸਟਮ ਵਿਚ ਜਦੋਂ ਗੱਡੀ ਲਾਲ ਬੱਤੀ ਲੰਘ ਜਾਂਦੀ ਹੈ ਤਾਂ ਆਪਣੇ ਆਪ ਹੀ ਗੱਡੀ ਦੇ ਬਰੇਕ ਲੱਗ ਜਾਂਦੇ ਹਨ। ਇਸ ਨਿਯੰਤਰਨ ਨੂੰ ਕੇਂਦ੍ਰਿਤ ਟ੍ਰੈਫ਼ਿਕ ਕੰਟਰੋਲ ਕਿਹਾ ਜਾਂਦਾ ਹੈ। ਇਸ ਸਿਸਟਮ ਦੇ ਚਾਲਕ ਨੂੰ ਬੱਤੀਆਂ ਦੀ ਸਹਾਇਤਾ ਨਾਲ ਹਰ ਰੇਲ ਦੀ ਸਥਿਤੀ ਦਾ ਪਤਾ ਲਗਦਾ ਰਹਿੰਦਾ ਹੈ ਕਿ ਇਹ ਰੇਲ ਨਿਯੰਤਰਤ ਖੇਤਰ ਵਿਚ ਹੈ ਜਾਂ ਨਹੀਂ।

ਹ. ਪੁ. -ਐਨ. ਬ੍ਰਿ. 21: 498; ਐਨ. ਅਮੈ. 25: 786

**ਜਮੀਰਾਪਾਟ** : ਕੇਂਦਰੀ ਭਾਰਤ ਵਿਚ ਮੱਧ ਪ੍ਰਦੇਸ਼ ਰਾਜ ਦੇ ਸਰਗੁਜਾ ਜ਼ਿਲ੍ਹੇ ਵਿਚ 3 ਕਿ. ਮੀ. ਚੌੜੀ ਲੰਬੀ ਜਿਹੀ ਪਹਾੜੀ ਹੈ ਜਿਸ ਦੀ ਉਚਾਈ ਕੋਈ 1,066 ਮੀ. (3, 500 ਫੁੱਟ) ਹੈ। ਪੂਰਬ ਵੱਲ ਇਹ ਛੋਟਾ ਨਾਗਪੁਰ ਪਠਾਰ ਨਾਲ ਹੱਦ ਬਣਾਉਂਦੀ ਹੈ।

23° 22′ ਤੋਂ 23° 29′ ਉ. ਵਿਥ.; 83° 33′ ਤੋਂ 83° 41′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 46

**ਜਮੁਈ** : ਭਾਰਤ ਦੇ ਬਿਹਾਰ ਰਾਜ ਵਿਚ ਮੂੰਘੇਰ ਜ਼ਿਲ੍ਹੇ ਦਾ ਇਕ ਕਸਬਾ ਹੈ ਜਿਹੜਾ ਪੂਰਬੀ ਭਾਰਤੀ ਰੇਲਵੇ ਉੱਤੇ ਸਥਿਤ ਜਮੁਈ

ਸਟੇਸ਼ਨ ਤੋਂ 6.4 ਕਿ. ਮੀ. ਦੱਖਣ-ਪੱਛਮ ਵੱਲ ਕੀਉਲ ਦਰਿਆ ਦੇ ਖੱਬੇ ਕੰਢੇ ਵਸਿਆ ਹੋਇਆ ਹੈ। ਇਥੋਂ ਮਹੁਆ, ਤਿਲਹਨ, ਘਿਉ, ਲਾਖ, ਅਨਾਜ ਅਤੇ ਗੁੜ ਬਾਹਰ ਭੇਜੇ ਜਾਂਦੇ ਹਨ। ਕਪਾਹ, ਤਮਾਕੂ ਅਤੇ ਹੋਰ ਕਈ ਚੀਜ਼ਾਂ ਬਾਹਰੋਂ ਮੰਗਵਾਈਆਂ ਜਾਂਦੀਆਂ ਹਨ। ਚੀਜ਼ਾਂ ਦਾ ਆਦਾਨ ਪ੍ਰਦਾਨ ਰੇਲ ਰਸਤਿਉਂ ਹੀ ਹੁੰਦਾ ਹੈ। ਸ਼ਹਿਰ ਦੇ ਦੱਖਣ ਵੱਲ ਇੰਦਪੇਗੜ ਕਿਲੇ ਦੇ ਖੰਡਰ ਵੀ ਵੇਖਣ ਨੂੰ ਮਿਲਦੇ ਹਨ।

24° 55′ ρ≈. ∀π_.; 86° 13′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 14: 53

**ਜੰਮੂ** : ਜ਼ਿਲ੍ਹਾ—ਜੰਮੂ-ਕਸ਼ਮੀਰ (ਭਾਰਤ) ਰਾਜ ਦੇ ਦੱਖਣ ਵਿਚ ਸ਼ਿਵਾਲਕ ਪਹਾੜਾਂ ਦੇ ਉਗੜ-ਦੁਘੜੇ, ਉੱਚੇ ਮੈਦਾਨੀ ਖੇਤਰ ਤਕ ਫੈਲਿਆ ਹੋਇਆ ਇਹ ਜੰਮੂ-ਕਸ਼ਮੀਰ ਰਾਜ ਦਾ ਇਕ ਜ਼ਿਲ੍ਹਾ ਹੈ। ਜ਼ਿਲ੍ਹੇ ਦੀ ਦੱਖਣੀ ਅਤੇ ਪੱਛਮੀ ਹੱਦ ਪਾਕਿਸਤਾਨ ਨਾਲ ਲਗਦੀ ਹੈ। ਜ਼ਿਲ੍ਹੇ ਦਾ ਖੇਤਰਫਲ 3,165 ਵ. ਕਿ. ਮੀ. ਅਤੇ ਆਬਾਦੀ 9,28,638 (1981) ਹੈ। ਇਸ ਜ਼ਿਲ੍ਹੇ ਦੇ ਪੂਰਬ ਵਿਚ ਕਥੂਆ ਜ਼ਿਲ੍ਹਾ ਅਤੇ ਉੱਤਰ ਵੱਲ ਊਧਮਪੁਰ ਜ਼ਿਲ੍ਹਾ ਹੈ। ਜ਼ਿਲ੍ਹੇ ਨੂੰ ਪ੍ਰਸਾਸਨ ਦੀ ਸਹੂਲਤ ਲਈ ਜੰਮੂ, ਸਾਂਭਾ, ਅਖਨੂਰ ਅਤੇ ਰਣਬੀਰ ਸਿੰਘਪੁਰਾ ਤਹਿਸੀਲਾਂ ਵਿਚ ਵੰਡਿਆ ਹੋਇਆ ਹੈ। ਜ਼ਿਲ੍ਹੇ ਦਾ ਵੱਡਾ ਸ਼ਹਿਰ ਵੀ ਜੰਮੂ ਹੀ ਹੈ। ਇਸ ਜ਼ਿਲ੍ਹੇ ਦੀ ਮਹੱਤਤਾ ਰੇਲਾਂ ਅਤੇ ਸੜਕਾਂ ਦਾ ਕੇਂਦਰ ਹੋਣ ਕਰਕੇ ਵੀ ਹੈ ਕਿਉਂਕਿ ਇਹੋ ਹੀ ਰਾਜ ਦਾ ਅਜਿਹਾ ਜ਼ਿਲ੍ਹਾ ਹੈ ਜਿਸ ਵਿਚੋਂ ਕੌਮੀ ਸ਼ਾਹਰਾਹ ਲੰਘਦਾ ਹੈ। ਜ਼ਿਲ੍ਹੇ ਵਿਚ ਕਈ ਛੋਟੇ-ਛੋਟੇ ਸ਼ਹਿਰ ਕੁਟੀਰ ਉਦਯੋਗਾਂ ਦੇ ਲਗਣ ਕਾਰਨ ਉੱਨਤ ਹੋ ਰਹੇ ਹਨ। ਐਪਰ ਵੱਡੇ ਸ਼ਹਿਰਾਂ ਦੀ ਗਿਣਤੀ 7 ਦੇ ਲਗਭਗ ਹੈ। ਪਹਿਲੋਂ ਇਹ ਜ਼ਿਲ੍ਹੇ ਵਾਲਾ ਖੇਤਰ ਖ਼ੁਸ਼ਕ ਇਲਾਕਾ ਹੋਇਆ ਕਰਦਾ ਸੀ ਪਰ ਅੱਜਕੱਲ੍ਹ ਕਥੂਆ ਅਤੇ ਅਖ਼ਨੂਰ ਨਹਿਰਾਂ ਦੀ ਸਿੰਜਾਈ ਕਾਰਨ ਜ਼ਰਾਇਤੀ ਖੇਤਰ ਬਣ ਗਿਆ ਹੈ। ਇਥੇ ਕਣਕ, ਚੌਲ, ਗੰਨਾ ਅਤੇ ਜੌਂ ਦੀ ਪੈਦਾਵਾਰ ਹੁੰਦੀ ਹੈ।

ਹ. ਪੁ. -ਐਨ. ਬ੍ਰਿ. ਮਾ.5:512

**ਜੰਮੂ** : ਸ਼ਹਿਰ—ਭਾਰਤ ਦੇ ਜੰਮੂ ਕਸ਼ਮੀਰ ਰਾਜ ਵਿਚ, ਤਵੀ ਦਰਿਆ ਦੇ ਕੰਢੇ ਤੇ ਸਥਿਤ ਇਹ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਅਤੇ ਰਾਜ ਦੀ ਸਰਦੀਆਂ ਦੀ ਰਾਜਧਾਨੀ ਹੈ। ਕਿਸੇ ਵੇਲੇ ਇਹ ਡੋਗਰਾ ਰਾਜਪੂਤ ਖ਼ਾਨਦਾਨ ਦੀ ਰਾਜਧਾਨੀ ਹੁੰਦਾ ਸੀ। ਰਾਜਾ ਰਣਜੀਤ ਦੇਓ ਦੇ ਖ਼ੁਸ਼ਹਾਲੀ ਦੇ ਦਿਨਾਂ ਵਿਚ, ਅਠਾਰ੍ਹਵੀਂ ਸਦੀ ਦੇ ਅਖ਼ੀਰਲੇ ਹਿੱਸੇ ਵਿਚ ਜੰਮੂ ਸ਼ਹਿਰ ਦੀ ਆਬਾਦੀ 150,000 ਹੁੰਦੀ ਸੀ। ਉਨ੍ਹੀਵੀਂ ਸਦੀ ਵਿਚ ਇਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਹਿੱਸਾ ਬਣ ਗਿਆ ਪਰ ਮਹਾਰਾਜਾ ਸਾਹਿਬ ਦੀ ਮੌਤ ਉਪਰੰਤ; ਗੁਲਾਬ ਸਿੰਘ ਡੋਗਰੇ ਨੇ ਇਸ ਨੂੰ ਆਪਣੇ ਇਲਾਕਿਆਂ ਦੇ ਕੇਂਦਰ ਵਜੋਂ ਪ੍ਰਾਪਤ ਕਰ ਲਿਆ। ਮੰਡੀ ਮੁਬਾਰਕ ਮਹੱਲ ਅਤੇ ਰਾਜਾ ਸਰ ਅਮਰ ਸਿੰਘ ਦਾ ਮਹੱਲ ਜੋ ਰਾਮ ਨਗਰ ਪਹਾੜੀਆਂ ਉੱਤੇ ਸ਼ਹਿਰ ਦੇ ਉੱਤਰ ਵੱਲ ਨੂੰ ਹੈ, ਇਥੋਂ ਦੀਆਂ ਦਿਲ ਟੁੰਬਵੀਆਂ ਥਾਵਾਂ ਹਨ। ਸ਼ਹਿਰ ਦੇ ਪੱਛਮ ਵੱਲ ਤਾਂਬੇ ਦੀਆਂ ਝਾਲ ਵਾਲੀਆਂ ਪਲੇਟਾਂ ਨਾਲ ਢੱਕਿਆ ਹੋਇਆ ਇਕ ਮੰਦਰ ਹੈ। ਇਹ ਜੰਮੂ-ਕਸ਼ਮੀਰ ਦੀ ਵਾਦੀ ਵੱਲ ਨੂੰ ਪਹਾੜੀਆਂ ਦੇ ਵਿਚੋਂ ਦੀ ਜਾਣ ਵਾਲੇ ਇਕ ਮੁੱਖ ਰਸਤੇ ਤੇ ਪੈਂਦਾ ਹੈ। ਜੰਮੂ ਭਾਰਤੀ ਰੇਲ ਮਾਰਗ ਦਾ ਅਖ਼ੀਰਲਾ ਸਟੇਸ਼ਨ ਹੈ ਅਤੇ ਪਠਾਨਕੋਟ ਨਾਲ ਜੁੜਿਆ ਹੋਇਆ ਹੈ। ਸ਼ਹਿਰ ਵਿਚ ਰੰਗ ਅਤੇ ਖਣਿਜ ਦਾ ਕਾਰਖ਼ਾਨਾ ਹੈ। ਇਥੇ ਆਰਟਸ ਅਤੇ ਵਿਗਿਆਨ ਦੇ ਸਰਕਾਰੀ ਕਾਲਜ, ਸੰਸਕ੍ਰਿਤ ਕਾਲਜ, ਟੀਚਰ ਟ੍ਰੇਨਿੰਗ ਕਾਲਜ, ਜੰਮੂ ਯੂਨੀਵਰਸਿਟੀ ਅਤੇ ਹੋਰ ਕਈ ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰੇ ਸਥਾਪਿਤ ਹਨ। ਸ਼ਹਿਰ ਵਿਚ ਖਿੰਡੇ-ਪੁੰਡੇ ਖੰਡਰ ਹਨ ਜੋ ਇਸ ਦੇ ਪ੍ਰਸਿੱਧ ਹੋਣ ਦੇ ਪ੍ਰਤੀਕ ਹਨ। ਗੁਰੂ ਨਾਨਕ ਪ੍ਰਕਾਸ਼ ਦੇ ਇਕ ਲੇਖ ਅਨੁਸਾਰ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ।

ਆਬਾਦੀ-2,14,737 (1981)

32° 44′ ਉ. ਵਿਥ.; 74° 52′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 512; ਹਿੰ. ਵਿ. ਕੋ. 4 : 390; ਮ. ਕੋ : 540

**ਜਮੇਕਾ** : ਕੈਰਿਬੀਅਨ ਸਾਗਰ ਵਿਚ ਸਥਿਤ ਦੀਪ ਸਮੂਹ ਦਾ ਇਹ ਇਕ ਟਾਪੂ ਦੇਸ਼ ਹੈ ਜਿਹੜਾ ਕਿਊਬਾ ਦੀਪ ਦੇ ਦੱਖਣ ਵਿਚ 145 ਕਿ.ਮੀ. ਦੇ ਫਾਸਲੇ ਤੇ 10,991 ਵ. ਕਿ.ਮੀ. ਦੇ ਰਕਬੇ ਉਪਰ ਕੈਰਿ-ਬੀਅਨ ਸਾਗਰ ਦੇ ਵਿਚਕਾਰ ਪ੍ਰਮੁੱਖ ਵਪਾਰਕ ਪੌਣਾਂ ਦੇ ਚੌਰਾਹੇ ਉਪਰ ਵਾਕਿਆ ਹੈ। ਕੈਰਿਬੀਅਨ ਸਾਗਰ ਦੇ ਟਾਪੂਆਂ ਵਿਚੋਂ ਤੀਜਾ ਵੱਡਾ ਟਾਪੂ ਹੈ ਜਿਸ ਦੀ ਲੰਬਾਈ ਪੱਛਮ ਤੋਂ ਪੂਰਬ ਨੂੰ 235 ਕਿ. ਮੀ. ਅਤੇ ਚੌੜਾਈ ਉੱਤਰ ਤੋਂ ਦੱਖਣ ਨੂੰ 83 ਕਿ. ਮੀ. ਹੈ। ਇਸ ਦੀ ਵਸੋਂ 24,40,000 (1992) ਹੈ।

ਜਮੇਕਾ ਇਕ ਆਜ਼ਾਦ ਲੋਕ ਰਾਜ ਹੈ ਜਿਸ ਦੀ ਰਾਜਧਾਨੀ ਕਿੰਗਸਟਨ ਹੈ। ਇਸ ਦੇਸ਼ ਵਿਚ ਕਈ ਹੋਰ ਛੋਟੇ-ਛੋਟੇ ਟਾਪੂ ਵੀ ਸ਼ਾਮਲ ਹਨ। ਇਹ ਛੋਟੇ ਟਾਪੂ ਵਸੋਂ ਹੀਣ ਜਮੇਕਾ ਦੇ ਦੱਖਣ ਵਿਚ ਸਥਿਤ ਹਨ। ਇਥੋਂ ਸਮੁੰਦਰੀ ਪੰਛੀਆਂ ਦੀਆਂ ਵਿੱਠਾਂ ਤੋਂ ਬਣਨ ਵਾਲੀ ਖਾਦ ਅਤੇ ਉਨ੍ਹਾਂ ਦੇ ਆਂਡੇ ਪ੍ਰਾਪਤ ਕੀਤੇ ਜਾਂਦੇ ਹਨ।

**ਧਰਾਤਲ**—ਜਮੇਕਾ ਦੀ ਧਰਾਤਲ ਪਰਬਤੀ ਕਿਸਮ ਦੀ ਹੈ। ਇਸ ਟਾਪੂ ਵਿਚ ਪੂਰਬ ਤੋਂ ਪੱਛਮ ਦੀ ਦਿਸ਼ਾ ਵਿਚ ਇਕ ਪਰਬਤੀ ਲੜੀ ਰੀੜ੍ਹ ਦੀ ਹੱਡੀ ਵਾਂਗ ਜਾਂਦੀ ਹੈ ਜਿਹੜੀ ਪੂਰਬ ਵਿਚ ਜਾ ਕੇ ਬਲੂ ਮਾਊਂਟੇਨ ਲੜੀ ਕਹਾਉਂਦੀ ਹੈ। ਇਨ੍ਹਾਂ ਪਰਬਤਾਂ ਦੀ ਸਭ ਤੋਂ ਉੱਚੀ ਚੋਟੀ 2,242 ਮੀ. (7,402 ਫੁੱਟ) ਹੈ ਜਿਹੜੀ ਬਰਤਾਨੀਆ ਦੇ ਪੱਛਮੀ ਦੀਪ ਸਮੂਹ ਦੀ ਸਭ ਤੋਂ ਉੱਚੀ ਚੋਟੀ ਹੈ। ਬਲੂ ਮਾਊਂਟੇਨ ਦੇ ਪੂਰਬ ਵਿਚ ਬਲੇਕ ਤੇ ਜਾਨ ਕ੍ਰੋਂ ਪਹਾੜ ਹਨ। ਇਹ ਚੂਨੇ ਪੱਥਰ ਵਾਲੀ ਪਠਾਰ ਦੀ ਸ਼ਕਲ ਵਿਚ 1,151 ਮੀ. ਉੱਚੀ ਹੈ। ਟਾਪੂ ਦਾ ਦੋ ਤਿਹਾਈ ਭਾਗ ਸਫ਼ੈਦ ਚੂਨੇ ਪੱਥਰ ਦੀ ਡੂੰਘੀ ਸਾਗਰੀ ਪਠਾਰ ਨੇ ਮੱਲਿਆ ਹੋਇਆ ਹੈ। ਇਨ੍ਹਾਂ ਉੱਚ ਭੂਮੀਆਂ ਨੂੰ ਪੱਧਰੇ ਤੇ ਤੰਗ ਮੈਦਾਨ ਵੱਖ ਕਰਦੇ ਹਨ। ਦੂਜੇ ਪਾਸੇ ਟਾਪੂ ਦੇ ਦੱਖਣੀ ਤਟ ਉਪਰ ਵਿਸ਼ੇਸ਼ ਕਰਕੇ ਮੈਦਾਨ ਜ਼ਿਆਦਾ ਪਸਰਵੇਂ ਹਨ। ਲਿੰਗੁਏਨੀਆ ਦਾ ਮੈਦਾਨ ਜਿਥੇ ਕਿੰਗਸਟਨ ਅਤੇ ਸਪੇਨੀ ਸ਼ਹਿਰ ਵੱਸੇ ਹੋਏ ਹਨ, 132 ਵ. ਕਿ. ਮੀ. ਦੇ ਖੇਤਰ ਵਿਚ ਹੈ।

**ਜਲ ਪ੍ਰਵਾਹ**—ਇਸ ਟਾਪੂ ਵਿਚ ਇਕ ਸੌ ਤੋਂ ਵੀ ਵੱਧ ਦਰਿਆ ਅਤੇ ਨਦੀਆਂ ਹਨ। ਇਹ ਦਰਿਆ ਤੇ ਨਦੀਆਂ ਪਹਾੜੀ ਖੁੱਡਾਂ ਵਿਚੋਂ ਨਿਕਲ ਕੇ ਆਪਣੀਆਂ ਸਹਾਇਕ ਨਦੀਆਂ ਸਮੇਤ ਸਾਗਰ ਵੱਲ ਜਾਂਦੇ ਹਨ ਜਿਸ ਕਰਕੇ ਇਸਨੂੰ 'ਚਸ਼ਮਿਆਂ ਦਾ ਜਜ਼ੀਰਾ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਜ਼ਿਆਦਾ ਨਦੀਆਂ ਜਹਾਜ਼ਰਾਨੀ ਦੇ ਯੋਗ ਨਹੀਂ ਹਨ। ਕੁਝ ਵੱਡੇ ਦਰਿਆਵਾਂ ਦੀਆਂ ਨੀਵੀਆਂ ਵਾਦੀਆਂ ਵਿਚ ਬੇਟ ਦੇ ਮੈਦਾਨ ਬਣੇ ਹੋਏ ਹਨ ਅਤੇ ਇਨ੍ਹਾਂ ਦੇ ਮੁਹਾਣਿਆਂ ਤੇ ਡੈਲਟੇ ਵੀ ਬਣਦੇ ਹਨ। ਬਲੈਕ ਰਿਵਰ ਵਿਚ ਸਮੁੰਦਰੀ ਮੈਦਾਨ ਵਾਲੇ ਹਿੱਸੇ ਵਿਚ 40 ਕੁ ਕਿ. ਮੀ. ਦੀ ਦੂਰੀ ਤਾਈਂ ਛੋਟੇ-ਮੋਟੇ ਜਹਾਜ਼ ਚਲ ਸਕਦੇ ਹਨ। ਜਮੇਕਾ ਦੀਆਂ 16 ਬੰਦਰਗਾਹਾਂ ਹਨ ਜਿਨ੍ਹਾਂ ਵਿਚੋਂ ਪੋਰਟ ਮੋਰਾਂ, ਕਿੰਗਸਟਨ, ਓਲਡ ਹਾਰਬਰ ਅਤੇ ਪੋਰਟ ਐਨਟਾਨੀਓ ਵਧੇਰੇ ਮਸ਼ਹੂਰ ਹਨ।

**ਜਲਵਾਯੂ**—ਉੱਤਰ-ਪੂਰਬੀ ਵਪਾਰਕ ਪੌਣਾਂ ਦੇ ਰਸਤੇ ਵਿਚ ਸਥਿਤ ਹੋਣ ਕਰਕੇ ਅਤੇ ਪਰਬਤੀ ਉਚਾਣਾਂ ਵਿਚ ਵਖਰੇਵੇਂ ਕਰਕੇ ਜਮੇਕਾ ਦੇ ਜਲਵਾਯੂ ਵਿਚ ਵੀ ਵਖਰੇਵਾਂ ਪਾਇਆ ਜਾਂਦਾ ਹੈ। ਇਥੇ ਵੱਖ-ਵੱਖ ਖੇਤਰਾਂ ਵਿਚ ਵਰਖਾ ਦੀ ਮਾਤਰਾ ਦੀ ਭਿੰਨਤਾ ਕਰਕੇ ਤਾਪਮਾਨ ਵੀ ਭਿੰਨ ਹੈ। ਕਿੰਗਸਟਨ ਵਿਖੇ ਸਮੁੰਦਰੀ ਤਟ ਦੇ ਨੇੜੇ-ਤੇੜੇ ਦਾ ਤਾਪਮਾਨ 26.7° ਤੋਂ 30° ਸੈਂ. ਤੱਕ ਹੁੰਦਾ ਹੈ। ਉੱਤਰ ਵੱਲ ਸਮੁੰਦਰੀ ਤਟ ਤੇ ਤਾਪਮਾਨ ਕੁਝ ਘਟਦਾ ਜਾਂਦਾ ਹੈ ਜਦ ਕਿ ਬਲੂ ਮਾਊਂਟੇਨਜ਼ ਤੱਕ ਪਹਾੜਾਂ ਦੀ

1,487 ਮੀ. (4,907 ਫੁੱਟ) ਦੀ ਉਚਾਈ ਉਪਰ ਤਾਪਮਾਨ 4.4° ਤੋਂ 7.2° ਸੈਂ. ਤੱਕ ਹੀ ਰਹਿ ਜਾਂਦਾ ਹੈ। ਇਸ ਦੇ ਨਤੀਜੇ ਵਿਚ ਜਮੇਕਾ ਦੀਆਂ ਉੱਚ ਭੂਮੀਆਂ ਉਪਰ ਸੁਹਾਵਣੀ ਠੰਢ ਪੈਂਦੀ ਹੈ। ਵਰਖਾ ਵਿਚ ਕਾਫ਼ੀ ਭਿੰਨਤਾ ਹੈ। ਬਲੂ ਪਰਬਤਾਂ ਦੀਆਂ ਉੱਤਰੀ ਢਲਾਣਾਂ ਤੇ 475 ਸੈਂ. ਮੀ. (2000 ਇੰਚ) ਤੱਕ, ਜਾਨ ਕ੍ਰੋ ਪਹਾੜਾਂ ਤੇ 700 ਸੈਂ. ਮੀ. (300 ਇੰਚ) ਤੱਕ ਬਾਰਸ਼ ਹੁੰਦੀ ਹੈ ਜਦ ਕਿ ਕਿੰਗਸਟਨ ਵਿਚ ਵਰਖਾ 75 ਸੈਂ. ਮੀ. ਦੇ ਲਗਭਗ ਅਤੇ ਪੱਛਮੀ ਖੇਤਰਾਂ ਵਿਚ 210 ਸੈਂ. ਮੀ. ਹੁੰਦੀ ਹੈ। ਇਥੇ ਸਾਲ ਦੇ ਸਾਰੇ ਹੀ ਮਹੀਨਿਆਂ ਵਿਚ ਵਰਖਾ ਹੁੰਦੀ ਰਹਿੰਦੀ ਹੈ। ਮਈ, ਜੂਨ, ਅਕਤੂਬਰ ਅਤੇ ਨਵੰਬਰ ਦੇ ਮਹੀਨੇ ਸਭ ਤੋਂ ਵੱਧ ਸਿਲ੍ਹੇ ਮੰਨੇ ਜਾਂਦੇ ਹਨ। ਉੱਤਰ-ਪੂਰਬ ਅਤੇ ਦੱਖਣ-ਪੱਛਮੀ ਜਮੇਕਾ ਵਿਚ ਝੱਖੜ ਅਕਸਰ ਆਉਂਦੇ ਹਨ ਅਤੇ ਨੁਕਸਾਨ ਵੀ ਕਾਫ਼ੀ ਕਰਦੇ ਹਨ।

**ਬਨਸਪਤੀ ਅਤੇ ਜੀਵ-ਜੰਤੂ**—ਜਮੇਕਾ ਦੀ ਬਨਸਪਤੀ ਜ਼ਿਆਦਾ ਕਰਕੇ ਊਸ਼ਣ-ਖੰਡੀ ਕਿਸਮ ਦੀ ਹੈ। ਉੱਚ-ਪਹਾੜੀ ਖੇਤਰ ਵਿਚ ਤਪਤ-ਖੰਡੀ ਕਿਸਮ ਦੇ ਪੌਦੇ ਹੁੰਦੇ ਹਨ। ਇਨ੍ਹਾਂ ਤੋਂ ਬਿਨਾਂ ਇਥੇ ਕਈ ਕਿਸਮਾਂ ਦੇ ਜੰਗਲ, ਵਿਸ਼ਾਲ ਦਲਦਲਾਂ ਅਤੇ ਕਿਧਰੇ-ਕਿਧਰੇ ਕੁਦਰਤੀ ਸਵਾਨਾ ਘਾਹ ਦੇ ਖੇਤਰ ਵੀ ਮਿਲਦੇ ਹਨ। ਇਥੇ ਫੁੱਲਦਾਰ ਪੌਦਿਆਂ ਦੀਆਂ 3000 ਤੋਂ ਵੱਧ ਕਿਸਮਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਟੈਰੀਡੋਫਾਈਟ, ਆਰਕਿਡ ਅਤੇ ਕਾਈ ਆਦਿ ਪ੍ਰਜਾਤੀਆਂ ਸ਼ਾਮਲ ਹਨ।

ਕਈ ਥਾਈਂ ਤਟ ਉਪਰ ਮੈਂਗ੍ਰੋਵ ਦਰਖ਼ਤ ਸਾਹਿਲ ਨੂੰ ਖੋਰ ਤੋਂ ਬਚਾਉਂਦੇ ਹਨ। ਦੱਖਣੀ ਸਾਹਿਲ ਖੁਸ਼ਕ ਹੈ ਅਤੇ ਇਥੇ ਅਰਧ ਮਾਰੂਥਲੀ ਕਿਸਮ ਦੀ ਬਨਸਪਤੀ ਹੁੰਦੀ ਹੈ। ਜਮੇਕਾ ਦੇ ਸਥਾਨਕ ਦਰਖ਼ਤ ਆਪਣੇ ਖ਼ੂਬਸੂਰਤ ਫੁੱਲਾਂ ਲਈ ਮਸ਼ਹੂਰ ਹਨ। 'ਸਿਲਕ ਕਾਟਨ' ਇਥੋਂ ਦਾ ਸਭ ਤੋਂ ਵੱਡਾ ਦਰਖ਼ਤ ਹੈ। ਪਾਮ ਦੀਆਂ ਕੁਝ ਪ੍ਰਜਾਤੀਆਂ ਪਾਊਂਟੇਨ ਕੈਬੇਜ ਅਤੇ ਬੂਲ-ਥੈਚ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

**ਇਤਿਹਾਸ**—ਜਮੇਕਾ ਟਾਪੂ ਦੀ ਖੋਜ 3 ਮਈ, 1494 ਨੂੰ ਕੋਲੰਬਸ ਨੇ ਕੀਤੀ। ਸੋਲ੍ਹਵੀਂ ਸਦੀ ਦੇ ਆਰੰਭ ਤੱਕ ਸਪੇਨੀਆਂ ਨੇ ਇਥੋਂ ਦੇ ਪਹਿਲੇ ਆਰਾਵਾਕ ਵਸਨੀਕਾਂ ਨੂੰ ਕੱਢ ਕੇ ਆਪਣੀਆਂ ਬਸਤੀਆਂ ਕਾਇਮ ਕਰ ਲਈਆਂ ਅਤੇ ਅਫ਼ਰੀਕਾ ਦੇ ਦਾਸ ਵੀ ਇਥੇ ਬੁਲਾਉਣੇ ਸ਼ੁਰੂ ਕਰ ਦਿੱਤੇ। ਕਾਫ਼ੀ ਚਿਰ ਉਹ ਅੰਗਰੇਜ਼ਾਂ ਦੇ ਖਿਲਾਫ਼ ਸਪੇਨੀਆਂ ਵੱਲੋਂ ਛਾਪਾਮਾਰ ਯੁੱਧ ਕਰਦੇ ਰਹੇ। ਸੰਨ 1670 ਵਿਚ ਮੈਡਰਿਡ ਸੰਧੀ ਅਨੁਸਾਰ ਜਮੇਕਾ ਸਪੇਨੀਆਂ ਵੱਲੋਂ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਗਿਆ ਕਿਉਂਕਿ ਜਮੇਕਾ ਵਿਚ ਸਪੇਨੀਆਂ ਦੀ ਗਿਣਤੀ ਵੀ ਕਾਫ਼ੀ ਘੱਟ ਸੀ। ਸੰਨ 1834 ਵਿਚ ਦਾਸ ਪ੍ਰਥਾ ਦੇ ਖ਼ਾਤਮੇ ਨਾਲ ਜਮੇਕਾ ਦੇ ਬਾਗਬਾਨੀ ਦੇ ਪ੍ਰਫੁੱਲਤ ਉਦਯੋਗ ਨੂੰ ਕਾਫ਼ੀ ਧੱਕਾ ਲੱਗਿਆ ਕਿਉਂਕਿ ਲਗਭਗ ਸਾਰੇ ਹੀ ਦਾਸ ਬੀਜ ਬਿਜਾਈ ਦਾ ਧੰਦਾ ਛੱਡ ਕੇ ਪਹਾੜਾਂ ਉਪਰ ਆਪਣੇ ਘਰ ਵਸਾ ਕੇ ਬੈਠ ਗਏ। ਇਸ ਦੇ ਫ਼ਲਸਰੂਪ ਜਮੇਕਾ ਅੰਦਰ ਪ੍ਰਸ਼ਾਸਕੀ ਪੱਧਰ ਤੇ ਆਰਥਿਕ ਸੰਕਟ ਪੈਦਾ ਹੋ ਗਿਆ। ਗ਼ਰੀਬੀ, ਵਧਦੇ ਹੋਏ ਟੈਕਸ, ਜ਼ਮੀਨ ਦੀ ਭੁੱਖ ਅਤੇ ਨਿਆਂ ਦਾ ਭੈੜਾ ਪ੍ਰਬੰਧ ਲੋਕਾਂ ਦੀ ਸਮੁੱਚੀ ਅਸੰਤੁਸ਼ਟਤਾ ਦਾ ਕਾਰਨ ਬਣੇ। ਅਕਤੂਬਰ, 1865 ਵਿਚ ਖਾੜੀ ਮੋਰਾਂ ਦੇ ਖੇਤਰ ਵਿਚ ਚੀਫ਼ ਮੈਜਿਸਟ੍ਰੇਟ ਅਤੇ 18 ਹੋਰ ਵਿਅਕਤੀਆਂ ਦਾ ਕਤਲ ਹੋ ਗਿਆ ਜਿਸ ਕਰਕੇ ਜਨਤਾ ਹੋਰ ਵੀ ਭੜਕ ਉੱਠੀ। ਸੰਨ 1866 ਵਿਚ ਇਥੋਂ ਦੇ ਨਵੇਂ ਗਵਰਨਰ ਸਰ ਜਾਨ ਪੀਟਰ ਗ੍ਰਾਂਟ ਨੇ ਨਵੀਂ ਯੋਜਨਾ ਪੇਸ਼ ਕੀਤੀ ਜਿਸ ਵਿਚ ਕੇਲਾ ਉਤਪਾਦਨ, ਅੰਤਰਰਾਸ਼ਟਰੀ ਆਵਾਜਾਈ ਅਤੇ ਪ੍ਰਸਾਸ਼ਨ ਨੂੰ ਨਵੇਂ ਸਿਰਿਓਂ ਸੰਗਠਿਤ ਕਰਨਾ ਸੀ। ਇਸ ਤੋਂ ਬਿਨਾਂ ਸਿੱਖਿਆ ਅਤੇ ਜਨਤਾ ਦੇ ਸੁਆਸਥ ਦੀਆਂ ਸਹੂਲਤਾਂ ਦਾ ਵਿਸਤਾਰ ਕੀਤਾ ਗਿਆ। ਜਮੇਕਾ ਵਿਚ ਆਰਥਿਕ ਅਤੇ ਸਮਾਜਿਕ ਬਿਖਮਤਾ ਕਾਰਨ ਉਤਪੰਨ ਹੋਈ ਸਮੱਸਿਆ ਦੇ ਹੱਲ ਲਈ ਵੀ ਇਕ ਰਾਜਸੀ ਸੰਗਠਨ ਸਥਾਪਿਤ ਕੀਤਾ ਗਿਆ।

ਸੰਨ 1944 ਵਿਚ ਨਵਾਂ ਸੰਵਿਧਾਨ ਤਿਆਰ ਕੀਤਾ ਗਿਆ ਜਿਸ ਅਨੁਸਾਰ ਜਮੇਕਾ ਵਿਚ ਦੋ-ਸਦਨੀ ਪ੍ਰਣਾਲੀ ਸਥਾਪਿਤ ਕੀਤੀ ਗਈ ਅਤੇ ਜਮੇਕਾ ਦਾ ਸਵੈ-ਸ਼ਾਸਨ ਵਧੇਰੇ ਸ਼ਕਤੀਸ਼ਾਲੀ ਸਮਝਿਆ ਗਿਆ। ਇਸ ਦੇ ਨਾਲ ਹੀ ਜਮੇਕਾ ਅੰਦਰ ਸੰਵਿਧਾਨਕ ਸੁਧਾਰ ਵੀ ਜਾਰੀ ਹੋ ਗਏ। ਸੰਨ 1953 ਵਿਚ ਵਜ਼ਾਰਤੀ ਪੱਧਰ ਦੀ ਸਰਕਾਰ ਕਾਇਮ ਕੀਤੀ ਗਈ। 3 ਜਨਵਰੀ 1958 ਨੂੰ ਜਮੇਕਾ ਬਰਤਾਨੀਆ ਦੇ ਪੱਛਮੀ ਦੀਪ-ਸਮੂਹ ਸੰਘ ਵਿਚ ਸ਼ਾਮਲ ਹੋ ਗਿਆ। ਜੁਲਾਈ 1959 ਦੀਆਂ ਚੋਣਾਂ ਵਿਚ ਨਾਰਮਨ ਮੈਨਲ ਇਥੋਂ ਦਾ ਪ੍ਰਧਾਨ ਮੰਤਰੀ ਬਣਿਆ। ਅਪ੍ਰੈਲ 1962 ਦੀਆਂ ਚੋਣਾਂ ਵਿਚ ਲੇਬਰ ਪਾਰਟੀ ਤਾਕਤ ਵਿਚ ਆਈ। ਫ਼ਿਰ ਮਈ, 1966 ਵਿਚ ਲੰਡਨ ਵਿਚ ਹੋਈ ਗਲਬਾਤ ਉਪਰੰਤ ਫ਼ੈਡਰੇਸ਼ਨ ਤੋੜ ਦਿੱਤੀ ਗਈ ਅਤੇ 6 ਅਗਸਤ, 1962 ਨੂੰ ਜਮੇਕਾ ਆਜ਼ਾਦ ਹੋਇਆ ਤੇ ਕਾਮਨ ਵੈਲਥ ਦਾ ਮੈਂਬਰ ਬਣ ਗਿਆ।

ਹ. ਪੁ. -ਐਨ. ਬ੍ਰਿ. 12 : 872; ਹਿੰ. ਵਿ. ਕੋ. 4 : 389

**ਜਯਕਰ, ਮੁਕੰਦਰਾਵ ਆਨੰਦਰਾਵ** : ਇਸ ਕਾਨੂੰਨਦਾਨ ਦਾ ਜਨਮ ਨਾਸਿਕ ਵਿਖੇ 13 ਨਵੰਬਰ, 1873 ਨੂੰ ਹੋਇਆ। ਵਿਦਿਆ ਪ੍ਰਾਪਤ ਕਰਨ ਮਗਰੋਂ ਸੰਨ 1905 ਵਿਚ ਇਸ ਨੇ ਹਾਈਕੋਰਟ ਵਿਚ ਵਕਾਲਤ ਸ਼ੁਰੂ ਕੀਤੀ। ਸੰਨ 1937 ਵਿਚ ਇਹ ਫ਼ੈਡਰਲ ਕੋਰਟ ਆਫ਼ ਇੰਡੀਆ ਦਾ ਜੱਜ ਨਿਯੁਕਤ ਹੋਇਆ। ਇਹ ਪ੍ਰੀਵੀ ਕੌਂਸਲ ਦੀ ਜੁਡੀਸ਼ੀਅਲ ਕਮੇਟੀ ਦਾ ਮੈਂਬਰ ਵੀ ਸੀ ਪਰ 1942 ਈ. ਵਿਚ ਇਸ ਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਫ਼ਿਰ ਇਹ ਕਾਨਸਟੀਚੂਐਂਟ ਅਸੈਂਬਲੀ ਲਈ ਮੈਂਬਰ ਚੁਣਿਆ ਗਿਆ ਪਰ ਇਸ ਨੇ 1947 ਈ. ਵਿਚ ਉਥੋਂ ਵੀ ਅਸਤੀਫ਼ਾ ਦੇ ਦਿੱਤਾ।

ਸੰਨ 1907 ਤੋਂ 1912 ਤੱਕ ਜਯਕਰ ਲਾਅ ਸਕੂਲ ਵਿਚ ਕਾਨੂੰਨ ਦਾ ਪ੍ਰੋਫ਼ੈਸਰ ਰਿਹਾ। ਇਸ ਵਿਚ ਆਤਮ ਸਨਮਾਨ ਦੀ ਭਾਵਨਾ ਕੁੱਟ ਕੁੱਟ ਕੇ ਭਰੀ ਹੋਈ ਸੀ। ਸੋ ਜਦੋਂ ਇਸ ਤੋਂ ਨੀਵੇਂ ਪੱਧਰ ਦੇ ਯੂਰਪੀਅਨ ਅਧਿਆਪਕ ਦੀ ਇਸ ਤੋਂ ਉੱਚੇ ਅਹੁਦੇ ਤੇ ਨਿਯੁਕਤੀ ਹੋਈ ਤਾਂ ਇਸ ਨੇ ਅਸਤੀਫ਼ਾ ਦੇ ਦਿੱਤਾ। ਸੰਨ 1924-25 ਵਿਚ ਇਹ ਬੰਬਈ ਯੂਨੀਵਰਸਿਟੀ ਦੇ ਇਤਿਹਾਸ ਵਿਚ ਯਾਦ ਰੱਖਣ ਯੋਗ ਗੱਲ ਹੈ। ਸੰਨ 1941 ਵਿਚ ਮਹਾਰਾਸ਼ਟਰ ਯੂਨੀਵਰਸਿਟੀ ਦੇ ਸਬੰਧ ਵਿਚ ਇਸ ਦੀ ਪ੍ਰਧਾਨਗੀ ਵਿਚ ਇਕ ਕਮੇਟੀ ਕਾਇਮ ਹੋਈ। ਸਿੱਖਿਆ ਅਤੇ ਸਾਹਿਤ ਦੇ ਨਾਲ ਸੰਗੀਤ ਅਤੇ ਕਲਾ ਵਿਚ ਵੀ ਇਸ ਦੀ ਰੁਚੀ ਸੀ।

ਸਿੱਖਿਆ ਸ਼ਾਸਤਰੀ ਦੇ ਰੂਪ ਵਿਚ ਇਹ ਹਰ ਥਾਂ ਪ੍ਰਸਿੱਧ ਸੀ। ਨਾਗਪੁਰ, ਲਖਨਊ, ਪਟਨਾ ਆਦਿ ਅਨੇਕ ਯੂਨੀਵਰਸਿਟੀਆਂ ਵਿਚ ਇਸ ਨੇ ਬੜੇ ਉੱਚ ਪਾਏ ਦੇ ਭਾਸ਼ਨ ਦਿੱਤੇ। ਸੰਨ 1917, 1918, 1920 ਅਤੇ 1925 ਦੇ ਕਾਂਗਰਸ ਦੇ ਜਲਸਿਆਂ ਵਿਚ ਸਵਰਾਜ ਅਤੇ ਦੂਜੇ ਰਾਜਨੀਤਕ ਵਿਸ਼ਿਆਂ ਉੱਤੇ ਇਸ ਦੇ ਭਾਸ਼ਨ ਅਤੇ ਲੇਖ ਬਹੁਤ ਹੀ ਮਹੱਤਵਪੂਰਨ ਹਨ। ਬੰਬਈ ਦੀ ਸਵਰਾਜ ਪਾਰਟੀ ਲੈਜਿਸਲੇਟਿਵ ਕੌਂਸਲ ਵਿਚ ਇਹ ਵਿਰੋਧੀ ਧੜੇ ਦਾ ਆਗੂ ਰਿਹਾ। ਸੰਨ 1926 ਤੋਂ 1930 ਤੱਕ ਇਹ ਇੰਡੀਅਨ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਰਿਹਾ। ਇਥੇ ਇਹ ਨੈਸ਼ਨਲਿਸਟ ਪਾਰਟੀ ਦਾ ਉਪ-ਨੇਤਾ ਸੀ। ਗੋਲ ਮੇਜ਼ ਕਾਨਫ਼ਰੰਸ ਵਿਚ ਵੀ ਇਹ ਪ੍ਰਤੀਨਿਧ ਦੇ ਰੂਪ ਵਿਚ ਹਾਜ਼ਰ ਸੀ। ਫ਼ਿਰ ਇਹ ਫ਼ੈਡਰਲ ਸਟਰਕਚਰ ਕਮੇਟੀ ਦਾ ਵੀ ਮੈਂਬਰ ਰਿਹਾ। ਗਾਂਧੀ-ਇਰਵਿਨ ਪੈਕਟ ਲਈ ਇਸ ਨੇ ਸਰ ਸਪਰੂ ਨਾਲ ਸ਼ਾਂਤੀ ਦੂਤ ਦੇ ਰੂਪ ਵਿਚ ਕੰਮ ਕੀਤਾ। ਪੂਨਾ ਪੈਕਟ ਲਈ ਵੀ ਇਹ ਜਤਨ ਕਰਦਾ ਰਿਹਾ।

ਸਾਰਿਆਂ ਨੂੰ ਇਸ ਉਪਰ ਵਿਸ਼ਵਾਸ ਹੋਣ ਕਾਰਨ ਇਸ ਵਿਚ ਵਿਚੋਲਾ ਬਣਨ ਦੀ ਯੋਗਤਾ ਮੰਨੀ ਹੋਈ ਸੀ। ਸਰਕਾਰ ਨੇ ਇਸ ਨੂੰ ਕੇ. ਸੀ. ਐੱਸ. ਆਈ. ਖ਼ਿਤਾਬ ਨਾਲ ਸੁਸ਼ੋਭਿਤ ਕਰਨਾ ਚਾਹਿਆ ਪਰ ਇਸ ਨੇ ਸਾਧਾਰਣ ਮਿਸਟਰ ਜਯਕਰ ਬਣੇ ਰਹਿਣਾ ਹੀ ਪਸੰਦ ਕੀਤਾ। ਸੰਨ

1919 ਵਿਚ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਨਾਲ ਸਬੰਧਤ ਇਸ ਦੀ ਰਪੋਟ ਇਤਿਹਾਸ ਵਿਚ ਅਮਰ ਹੈ। ਸੰਨ 1940 ਵਿਚ ਆਕਸਫੋਰਡ ਯੂਨੀਵਰਸਿਟੀ ਨੇ ਇਸ ਨੂੰ ਡੀ. ਸੀ. ਐੱਲ. ਪਦਵੀ ਨਾਲ ਸਨਮਾਨਿਆ।

ਸੰਨ 1917 ਤੋਂ ਪਿੱਛੋਂ ਹਿੰਦੁਸਤਾਨ ਦਾ ਅਜਿਹਾ ਕੋਈ ਵੀ ਅੰਦੋਲਨ ਨਹੀਂ, ਜਿਸ ਨਾਲ ਜਯਕਰ ਦਾ ਸਬੰਧ ਨਾ ਰਿਹਾ ਹੋਵੇ। ਸੰਨ 1948 ਤੋਂ ਇਹ ਪੂਨਾ ਦਾ ਵਾਈਸ-ਚਾਂਸਲਰ ਰਿਹਾ। ਇਸ ਦਾ ਵਿਅਕਤੀਤਵ ਅਤਿਅੰਤ ਵਿਆਪਕ ਰਿਹਾ ਹੈ। ਪ੍ਰਸਿੱਧ ਕਾਨੂੰਨਦਾਨ, ਸੰਵਿਧਾਨ ਮਾਹਿਰ, ਜੱਜ ਅਤੇ ਵਕਤਾ, ਸਿੱਖਿਆ ਸ਼ਾਸਤਰੀ ਅਤੇ ਸਮਾਜ ਸੇਵਕ ਦੇ ਰੂਪ ਵਿਚ ਇਸ ਦੀਆਂ ਸੇਵਾਵਾਂ ਨੂੰ ਆਉਣ ਵਾਲੇ ਸਮੇਂ ਵਿਚ ਯਾਦ ਰੱਖਿਆ ਜਾਵੇਗਾ।

ਇਸ ਵੱਲੋਂ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਅਤੇ ਸਿੱਖਿਆ ਸਬੰਧੀ ਕੀਤੇ ਕੰਮਾਂ ਦਾ ਮੁਲੰਕਣ ਕੀਤੇ ਬਿਨਾਂ ਭਾਰਤ ਦਾ ਆਧੁਨਿਕ ਇਤਿਹਾਸ ਅਧੂਰਾ ਰਹੇਗਾ। ਇਸ ਦ੍ਰਿਸ਼ਟੀ ਤੋਂ ਇਸ ਦੇ ਭਾਸ਼ਣਾਂ, ਪੱਤਰਾਂ ਅਤੇ ਲੇਖਾਂ ਦਾ ਅਧਿਐਨ ਜ਼ਰੂਰੀ ਹੈ। ਇਸ ਦੀ ਮੌਤ 10 ਮਾਰਚ, 1959 ਨੂੰ ਹੋਈ।

ਹ. ਪੂ.-ਹਿੰ. ਵਿ. ਕੋ. 4 : 390

**ਜਯਕੁਸਮ** : ਇੰਡੋਨੇਸ਼ੀਆ ਵਿਚ ਪੂਰਬੀ ਜਾਵਾ ਦੇ ਸੁਰਾਬਾਈਆਂ ਪ੍ਰਾਂਤ ਵਾਲੀ ਥਾਂ ਉੱਤੇ ਪ੍ਰਾਚੀਨ ਸਮਿਆਂ ਵਿਚ ਜੰਗਲਾ ਸਾਮਰਾਜ ਕਾਇਮ ਸੀ ਜਿਸ ਦਾ ਇਹ ਬਾਦਸ਼ਾਹ ਹੁੰਦਾ ਸੀ। ਖ਼ਿਆਲ ਹੈ ਕਿ ਇਸ ਨੇ ਕੋਈ 12 ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਰਾਜ ਕੀਤਾ ਸੀ। ਇਸ ਰਾਜੇ ਬਾਰੇ ਭਾਵੇਂ ਪੱਕਾ ਸਬੂਤ ਤਾਂ ਨਹੀਂ ਹੈ ਪਰ ਇਸ ਦਾ ਨਾਂ ਮਲਾਇਆ ਅਤੇ ਜਾਵਾ ਦੀਆਂ ਪ੍ਰੀਤ ਕਥਾਵਾਂ ਵਿਚ ਕਾਫ਼ੀ ਲਿਆ ਜਾਂਦਾ ਹੈ।

ਹ. ਪੂ.-ਡਿ. ਇੰਡ. ਆਇ. ਐਂਡ ਐਡਜ਼ ਕੰਟ. : 192

**ਜਯ ਵਿਜਯ** : ਇਹ ਦੋਵੇਂ ਭਗਵਾਨ ਵਿਸ਼ਨੂੰ ਦੇ ਸੇਵਕ ਤੇ ਦਵਾਰਪਾਲ ਸਨ। ਇਕ ਵਾਰ ਜਦੋਂ ਜਯ ਤੇ ਵਿਜਯ ਨੇ ਸਨਕਾਦਿ ਰਿਸ਼ੀਆਂ ਨੂੰ ਭਗਵਾਨ ਵਿਸ਼ਨੂੰ ਪਾਸ ਜਾਣ ਤੋਂ ਰੋਕ ਦਿੱਤਾ ਤਾਂ ਇਸ ਤੋਂ ਖਿਝ ਕੇ ਉਨ੍ਹਾਂ ਰਿਸ਼ੀਆਂ ਨੇ ਇਨ੍ਹਾਂ ਦੋਹਾਂ ਨੂੰ ਸਰਾਪ ਦੇ ਦਿੱਤਾ ਕਿ ਤੁਸੀਂ ਦੋਵੇਂ ਧਰਤੀ ਤੇ ਜਾ ਕੇ ਰਾਖਸ਼ ਬਣੋ। ਪੁਰਾਣ ਕਥਾ ਅਨੁਸਾਰ ਜਯ ਤੇ ਵਿਜਯ ਵਾਰ ਵਾਰ ਹਿਰਨੇਕਸ਼ਿਪ ਤੇ ਹਰਨਾਕਸ਼, ਰਾਵਣ ਤੇ ਕੁੰਭਕਰਣ ਅਤੇ ਕੰਸ ਤੇ ਸ਼ਿਸ਼ੂਪਾਲ ਦੇ ਰੂਪ ਵਿਚ ਧਰਤੀ ਤੇ ਜਨਮੇ ਅਤੇ ਹਰ ਵਾਰ ਭਗਵਾਨ ਵਿਸ਼ਨੂੰ ਦੇ ਅਵਤਾਰ ਨੇ ਇਨ੍ਹਾਂ ਦਾ ਕਤਲ ਕੀਤਾ।

ਹ. ਪੂ.- ਮ. ਕੋ. : 509

**ਜਯਾ ਦਿੱਤਿਆ, ਹੇਮਚੰਦ੍** : ਇਹ ਇਕ ਬਹੁਤ ਵੱਡਾ ਵਿਆਖਿਆਕਾਰ ਹੋਇਆ ਹੈ। ਇਸ ਨੇ ਪਾਣਿਨੀ ਦੀ ਅਸ਼ਟਾਧਿਆਈ ਉੱਤੇ 'ਕਾਸ਼ਿਕਾ' ਵਿਆਖਿਆ ਲਿਖੀ ਹੈ। ਇਸ ਦੇ ਜਨਮ-ਮਰਨ ਬਾਰੇ ਕੋਈ ਵੀ ਇਤਿਹਾਸਕ ਸਾਮੱਗਰੀ ਨਹੀਂ ਮਿਲਦੀ। ਚੀਨੀ ਯਾਤਰੀ ਇਤਸਿੰਗ ਦੀ ਭਾਰਤ ਯਾਤਰਾ ਤੋਂ ਇਸ ਸਬੰਧੀ ਕੁਝ ਜਾਣਕਾਰੀ ਮਿਲਦੀ ਹੈ। ਉਸ ਅਨੁਸਾਰ ਜਯਾ ਦਿੱਤਿਆ ਦੀ ਸੰਮਤ 718 ਬਿ. (661 ਈ.) ਦੇ ਆਸ ਪਾਸ ਮੌਤ ਹੋਈ। ਚੀਨੀ ਆਦਿ ਬਦੇਸ਼ੀ ਭਾਸ਼ਾਵਾਂ ਵਿਚ ਬਹੁਤ ਦੇਰ ਤੱਕ ਭਾਰਤੀ ਸਾਹਿਤ ਦਾ ਅਨੁਵਾਦ ਹੁੰਦਾ ਰਿਹਾ ਹੈ। ਬਹੁਤ ਸਾਰਾ ਭਾਰਤੀ ਸਾਹਿਤ ਅਨੁਵਾਦ ਰਾਹੀਂ ਬਦੇਸ਼ੀ ਸਾਹਿਤ ਵਿਚ ਮਿਲਦਾ ਹੈ ਪਰ ਉਸ ਦਾ ਮੂਲ ਗਰੰਥ ਭਾਰਤ ਵਿਚੋਂ ਲੁਪਤ ਹੈ। ਬਦੇਸ਼ੀ ਅਨੁਵਾਦ ਸਾਹਿਤ ਦੀ ਗੰਭੀਰਤਾ ਨਾਲ ਪੜਤਾਲ ਕਰਨ ਤੇ ਜਯਾ ਦਿੱਤਿਆ ਬਾਰੇ ਪ੍ਰਮਾਣਿਕ ਜਾਣਕਾਰੀ ਮਿਲ ਸਕਦੀ ਹੈ।

ਜਯਾ ਦਿੱਤਿਆ ਦੀ 'ਕਾਸ਼ਿਕਾ' ਕਾਸ਼ੀ ਵਿਚ ਰਚੀ ਗਈ ਹੋਵੇਗੀ ਕਿਉਂਕਿ 'ਕਾਸ਼ਿਕਾ' ਦਾ ਮੁੱਖ ਅਰਥ ਇਹੋ ਹੈ। ਇਸ ਤੋਂ ਇਹ ਵੀ ਸੰਭਵ ਹੈ ਕਿ ਜਯਾ ਦਿੱਤਿਆ ਕਾਸ਼ੀ ਵਾਸੀ ਹੋਵੇ। ਕਾਸ਼ੀ ਹੁਣ ਵੀ ਸੰਸਕ੍ਰਿਤ ਪੜ੍ਹਨ ਪੜ੍ਹਾਉਣ ਅਤੇ ਵਿਆਕਰਣ ਦੇ ਗ੍ਰੰਥਾਂ ਦੀ ਰਚਨਾ ਦਾ ਮੁੱਖ ਕੇਂਦਰ ਹੈ। ਕੁਝ ਵਿਦਵਾਨ ਜਯਾ ਦਿੱਤਿਆ ਅਤੇ ਵਾਮਨ ਦੋਹਾਂ ਨੂੰ ਕਾਸ਼ਿਕਾ ਦੇ ਰਚਣਹਾਰੇ ਮੰਨਦੇ ਹਨ।

ਹ. ਪੂ.-ਹਿੰ. ਵਿ. ਕੋ. 4 : 396

**ਜਰਸਾਪਾ** : ਆਬਸ਼ਾਰ—ਕਰਨਾਟਕ ਰਾਜ (ਭਾਰਤ) ਦੇ ਉੱਤਰੀ ਕੰਨੜ ਜ਼ਿਲ੍ਹੇ ਵਿਚ ਸਾਰਾਵਤੀ ਦਰਿਆ ਉੱਤੇ ਖ਼ੂਬਸੂਰਤ ਆਬਸ਼ਾਰ ਹੈ ਜੋ ਸ਼ਿਮੋਗਾ ਤੋਂ 90 ਕਿ. ਮੀ. ਦੇ ਕਰੀਬ ਉੱਤਰ-ਪੱਛਮ ਵੱਲ ਅਤੇ ਹੋਨਾਵਰ ਤੋਂ 26 ਕਿ. ਮੀ. ਪੂਰਬ ਵੱਲ ਵਾਕਿਆ ਹੈ। ਇਸ ਝਰਨੇ ਨੂੰ ਨਾਲ ਲਗਵੇਂ ਜੋਗ ਕਸਬੇ ਦੇ ਨਾਂ ਤੇ 'ਜੋਗ ਫਾਲਜ਼' ਵੀ ਕਹਿੰਦੇ ਹਨ। ਆਬਸ਼ਾਰ ਵਾਲੀ ਥਾਂ ਤੇ ਸਾਰਾਵਤੀ ਦਰਿਆ ਪੱਛਮੀ ਘਾਟ ਪਹਾੜਾਂ ਦੀ ਘਾਟੀ ਵਿਚੋਂ ਲੰਘਣ ਤੋਂ ਪਹਿਲੋਂ 7 ਮੀਟਰ ਦੀ ਚੌੜਾਈ ਨਾਲ 260 ਮੀ. ਹੇਠਾਂ ਨੀਵਾਣ ਵਿਚ 4 ਆਬਸ਼ਾਰਾਂ ਬਣਾਉਂਦਾ ਹੋਇਆ ਹੇਠਾਂ ਡਿਗਦਾ ਹੈ। ਪਹਿਲਾ ਝਰਨਾ ਰਾਜਾ ਫ਼ਾਲ, ਦੂਜਾ ਰੋਰਰ, ਤੀਜਾ ਰਾਕਟ ਅਤੇ ਚੌਥਾ ਲਾ ਡੇਮ ਬਲਾਂਚੇ ਹੈ। ਇਨ੍ਹਾਂ ਝਰਨਿਆਂ ਦਾ ਕੁਦਰਤੀ ਨਜ਼ਾਰਾ ਵੇਖਣ ਦਾ ਵਧੀਆ ਮਹੀਨਾ ਦਸੰਬਰ ਹੁੰਦਾ ਹੈ ਕਿਉਂਕਿ ਉਸ ਸਮੇਂ ਦਰਿਆ ਵਿਚ ਪਾਣੀ ਘੱਟ ਜਾਂਦਾ ਹੈ। ਜੂਨ ਤੋਂ ਨਵੰਬਰ ਦੌਰਾਨ ਦਰਿਆ ਵਿਚ ਪਾਣੀ ਬਹੁਤਾ ਹੋਣ ਕਾਰਨ ਆਲੇ-ਦੁਆਲੇ ਦੇ ਕੰਢੇ ਵਿਖਾਈ ਨਹੀਂ ਦਿੰਦੇ। ਜਰਸਾਪਾ ਕਸਬੇ ਤੋਂ ਪਹਾੜ ਵੱਲ 76 ਕਿ. ਮੀ. ਦੂਰ ਤੱਕ ਸੜਕ ਜਾਂਦੀ ਹੈ ਜਿਥੋਂ ਆਬਸ਼ਾਰ ਬੜੀ ਰਮਣੀਕ ਲਗਦੀ ਹੈ। ਦਰਿਆ ਹੇਠਲਾ ਬੇਸਿਨ ਅਤੇ ਦੰਦੀ ਜਿਸ ਉੱਤੋਂ ਦੀ ਦਰਿਆ ਡਿਗਦਾ ਹੈ, ਨਾਈਸ ਅਤੇ ਸ਼ਿਸਟ ਚਟਾਨਾਂ ਦੇ ਬਣੇ ਹੋਏ ਹਨ। ਇਥੋਂ ਦਾ ਸ਼ਾਮ ਦਾ ਨਜ਼ਾਰਾ ਅਤੇ ਰਾਤ ਨੂੰ ਚੰਦਰਮਾ ਦਾ ਦ੍ਰਿਸ਼ ਬਹੁਤ ਹੀ ਦਿਲਟੁੰਬਵਾਂ ਹੁੰਦਾ ਹੈ।

ਕੁਦਰਤੀ ਆਬਸ਼ਾਰ ਦੇ ਪਾਣੀ ਨੂੰ ਬੰਨ੍ਹ ਮਾਰ ਕੇ ਮਹਾਤਮਾ ਗਾਂਧੀ ਜਲ ਅਤੇ ਯੋਜਨਾ ਬਣਾਈ ਗਈ ਹੈ। ਸ਼ਾਰਾਵਤੀ ਦਰਿਆ ਉੱਤੇ ਇਹ ਪ੍ਰਾਜੈਕਟ 1947 ਈ. ਵਿਚ ਬਿਜਲੀ ਦੀ 1,200,000 ਕਿ. ਵਾਟ ਸਮਰੱਥਾ ਦਾ ਟੀਚਾ ਰੱਖ ਕੇ ਸ਼ੁਰੂ ਕੀਤਾ ਗਿਆ ਸੀ ਜੋ 1952 ਈ. ਵਿਚ ਮੁਕੰਮਲ ਹੋ ਗਿਆ। ਅੱਜ ਇਹ ਬਿਜਲੀ ਸ਼ਿਮੋਗਾ, ਹੁੱਬਲੀ ਅਤੇ ਬੰਗਲੌਰ ਖੇਤਰਾਂ ਨੂੰ ਸਪਲਾਈ ਕੀਤੀ ਜਾਂਦੀ ਹੈ।

14° 14' ਉ. ਵਿਥ.; 74° 49' ਪੂ. ਲੰਬ.

ਹ. ਪੂ.-ਐਨ. ਬ੍ਰਿ. 10 : 367 ; ਇੰਡੀਆ ਦੀ ਲੈਂਡ ਐਂਡ ਪੀਪਲ, ਮੈਸੂਰ ; ਇੰਪ. ਗ. ਇੰਡ. 12 : 211

**ਜਰਸਾਪਾ** : ਕਸਬਾ—ਕਰਨਾਟਕ ਰਾਜ (ਭਾਰਤ) ਵਿਚ ਇਸੇ ਨਾਂ ਦੇ ਝਰਨਿਆਂ ਨੇੜੇ ਇਕ ਪ੍ਰਾਚੀਨ ਕਸਬਾ ਹੈ ਜੋ ਸਾਰਾਵਤੀ ਦਰਿਆ ਦੇ ਕੰਢੇ, ਹੋਨਾਵਰ ਸ਼ਹਿਰ ਤੋਂ ਕਰੀਬ 28 ਕਿ. ਮੀ. (18 ਮੀਲ) ਪੂਰਬ ਵੱਲ ਵਾਕਿਆ ਹੈ। ਇਥੇ ਕਸਬੇ ਦੇ ਨੇੜੇ ਨਾਰੀਅਲ ਦੇ ਦਰਖ਼ਤ ਬਹੁਤ ਹਨ। ਕਸਬੇ ਵਾਲੀ ਥਾਂ ਤੋਂ ਲਗਭਗ 2.4 ਕਿ. ਮੀ. ਪੂਰਬ ਵੱਲ ਜਰਸਾਪਾ ਦੇ ਜੈਨ ਸਰਦਾਰਾਂ (1409-1610 ਈ.) ਦੀ ਰਾਜਧਾਨੀ ਨਾਗਾਰਬਸਤੀ ਕੇਰੇ ਦੇ ਖੰਡਰ ਹਨ। ਇਹ ਰਾਜਧਾਨੀ ਉਸ ਜ਼ਮਾਨੇ ਵਿਚ ਬਹੁਤ ਹੀ ਖ਼ੁਸ਼ਹਾਲ ਸੀ ਜਿਸ ਦਾ ਜ਼ਿਕਰ ਇਟਲੀ ਤੋਂ ਆਏ ਯਾਤਰੂ, ਡੇਲਾ ਵੇਲ ਨੇ ਇਥੋਂ ਦੀ ਮਹਾਰਾਣੀ ਦੇ ਰਿਹਾਇਸ਼ੀ ਸਥਾਨ ਅਤੇ ਪ੍ਰਾਂਤ ਦੇ ਰਾਜਧਾਨੀ ਸ਼ਹਿਰ ਵਜੋਂ ਕੀਤਾ ਹੈ। ਰਾਜਧਾਨੀ ਅਤੇ ਮਹਿਲ ਹੁਣ ਖੰਡਰਾਂ ਦੇ ਢੇਰ ਹੀ ਹਨ ਜਿਨ੍ਹਾਂ ਉਪਰ ਦਰਖ਼ਤ ਉਗੇ ਹੋਏ ਹਨ। ਇਹ ਥਾਂ ਕਾਲੀ ਮਿਰਚ ਦੀ ਪੈਦਾਵਾਰ ਲਈ ਜਾਣੀ ਜਾਂਦੀ ਹੈ। ਇਸ ਤੋਂ ਇਲਾਵਾ ਇਥੇ ਕਾਜੂ ਦੇ ਵੀ ਦਰਖ਼ਤ ਹਨ।

14° 14' ਉ. ਵਿਥ.; 74° 39' ਪੂ. ਲੰਬ.

ਹ. ਪੂ.-ਇੰਪ. ਗ. ਇੰਡ. 12 : 211

**ਜਰਸੀ ਸਿਟੀ** : ਉੱਤਰ-ਪੂਰਬੀ ਨਿਊ ਜਰਸੀ ਰਾਜ (ਸੰ. ਰਾ. ਅ.) ਵਿਚ ਹਡਸਨ ਕਾਉਂਟੀ ਦਾ ਰਾਜਧਾਨੀ ਸ਼ਹਿਰ ਹੈ ਜੋ ਹਡਸਨ

ਅਤੇ ਹੈਕਨਸੈੱਕ ਦਰਿਆਵਾਂ ਵਿਚਕਾਰਲੇ ਪ੍ਰਾਇਦੀਪੀ ਖੇਤਰ ਵਿਚ ਮੈਨਹੈਟਨ ਟਾਪੂ ਦੇ ਸਾਹਮਣੇ ਸਥਿਤ ਹੈ। ਮੈਨਹੈਟਨ ਅਤੇ ਹਡਸਨ ਵੱਲ ਇਥੋਂ ਰੇਲਾਂ ਰਾਹੀਂ ਅਤੇ ਨਿਊਯਾਰਕ ਸ਼ਹਿਰ ਵੱਲ ਛੋਟੇ ਜਹਾਜ਼ਾਂ ਰਾਹੀਂ ਆਵਾਜਾਈ ਹੁੰਦੀ ਹੈ। ਇਹ ਸ਼ਹਿਰ ਅੰਧ ਮਹਾਂਸਾਗਰੀ ਤਟ ਉੱਤੇ ਵੱਸਿਆ ਹੋਇਆ ਹੈ। ਇਸ ਦੇ 33 ਵ. ਕਿ. ਮੀ. ਦੇ ਖੇਤਰ ਵਿਚੋਂ 28 ਵ. ਕਿ. ਮੀ. ਦਾ ਖੇਤਰ ਸਮੁੰਦਰ ਨਾਲ ਲਗਦਾ ਹੈ। ਇਹ ਇਸ ਤਟ ਉੱਤੇ ਮਸ਼ਹੂਰ ਦਾਖ਼ਲਾ ਬੰਦਰਗਾਹ ਅਤੇ ਦੇਸ਼ ਅਤੇ ਵਿਦੇਸ਼ ਵੱਲ ਵਸਤੂਆਂ ਦੀ ਢੁਆਈ ਦਾ ਕੇਂਦਰ ਹੈ। ਅੱਜਕੱਲ੍ਹ ਇਹ ਸੱਨਅਤਾਂ ਦਾ ਕੇਂਦਰ ਵੀ ਹੈ। ਇਥੇ ਤੇਲ ਸੋਧਕ ਕਾਰਖ਼ਾਨੇ, ਰਸਾਇਣ, ਬਿਜਲੀ ਦੀਆਂ ਚੀਜ਼ਾਂ, ਕਾਸਮੈਟਿਕਸ, ਕੱਪੜਾ, ਸਾਬਣ ਤਿਆਰ ਕਰਨ ਅਤੇ ਮੀਟ ਦੀ ਪੈਕਿੰਗ ਦਾ ਕੰਮ ਕੀਤਾ ਜਾਂਦਾ ਹੈ।

ਇਸ ਸ਼ਹਿਰ ਦਾ ਇਤਿਹਾਸ 1609 ਈ. ਵਿਚ ਹੈਨਰੀ ਹਡਸਨ ਦੇ ਇਸ ਤਟ ਉੱਤੇ ਪਹੁੰਚਣ ਤੋਂ ਸ਼ੁਰੂ ਹੁੰਦਾ ਹੈ। ਇਸ ਦੀ ਯਾਤਰਾ ਪਿਛੋਂ 1618 ਈ. ਵਿਚ ਵਲੰਦੇਜ਼ੀ ਫੰਦੇਬਾਜ਼ ਆਏ ਫਿਰ 1650 ਈ. ਤੱਕ ਕੁਲ ਆਬਾਦਕਾਰ ਵੀ ਇਸੇ ਤਟ ਉੱਤੇ ਆ ਵੱਸੇ। ਸੰਨ 1660 ਵਿਚ ਇਸੇ ਸ਼ਹਿਰ ਦੇ ਨੇੜੇ ਤੇੜੇ ਨਿਊ ਜਰਸੀ ਦੀ ਬਰਜਨ ਮਿਊਂਸਪਲਟੀ ਦੀ ਸਥਾਪਨਾ ਕੀਤੀ ਗਈ। ਸੰਨ 1664 ਈ. ਵਿਚ ਇਹ ਕਸਬਾ ਅੰਗਰੇਜ਼ਾਂ ਨੇ ਵਲੰਦੇਜ਼ੀਆਂ ਤੋਂ ਲੈ ਲਿਆ। ਫ਼ਿਰ 1673 ਵਿਚ ਇਸ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਜਾਂਦਾ ਰਿਹਾ। ਅਖ਼ੀਰ 1674 ਵਿਚ ਇਕ ਸੰਧੀ ਕਰਕੇ ਅੰਗਰੇਜ਼ਾਂ ਨੇ ਸਾਰਾ ਨਿਊ ਜਰਸੀ ਵਾਲਾ ਖੇਤਰ ਆਪਣੇ ਅਧੀਨ ਕਰ ਲਿਆ। ਸੰਨ 1779 ਵਿਚ ਹੈਨਰੀ ਲੀ ਨੇ ਅੰਗਰੇਜ਼ਾਂ ਤੋਂ ਪਾਓਲਸ ਹੁਕ ਸ਼ਹਿਰ ਦੇ ਕਿਲਿਆਂ ਉੱਤੇ ਕਬਜ਼ਾ ਕਰ ਲਿਆ। ਅਮਰੀਕੀ ਖ਼ਾਨਾਜੰਗੀ ਤੱਕ ਨਿਊ ਜਰਸੀ ਦਾ ਬਹੁਤਾ ਹਿੱਸਾ ਅੰਗਰੇਜ਼ਾਂ ਅਧੀਨ ਹੀ ਰਿਹਾ। ਸੰਨ 1804 ਵਿਚ ਐਨਥਨੀ ਡੇ ਨੇ ਅਲੈਗਜ਼ਾਂਦਰ ਹਾਮਿਲਟਨ ਨਾਮੀ ਸਲਾਹਕਾਰ ਨਾਲ ਇਸ ਸ਼ਹਿਰ ਦੀ ਵਿਉਂਤ ਕੀਤੀ ਅਤੇ 1820 ਈ. ਵਿਚ ਇਸ ਦਾ ਮੌਜੂਦਾ ਨਾਂ ਰੱਖਿਆ ਗਿਆ। ਸੰਨ 1834 ਤੋਂ ਪਿੱਛੋਂ ਸ਼ਹਿਰ ਦੀ ਬਹੁਤ ਤਰੱਕੀ ਹੋਈ। ਇਸ ਨੇ ਨਿਊਯਾਰਕ ਨਾਲ ਹੱਦਾਂ ਸਬੰਧੀ ਸਮਝੌਤਾ ਕਰਕੇ ਸਮੁੰਦਰ ਵੱਲ ਜਾਣ ਦਾ ਰਾਹ ਵੀ ਖੋਹ ਲਿਆ। ਸੰਨ 1873 ਵਿਚ ਸ਼ਹਿਰ ਨਾਲ ਆਲੇ-ਦੁਆਲੇ ਦੇ ਬਰਜਨ, ਹਡਸਨ ਸਿਟੀ, ਗ੍ਰੀਨਵਿਲ, ਵਾਨ ਵਰਸਟ ਛੋਟੇ ਸ਼ਹਿਰ ਵੀ ਨਾਲ ਹੀ ਮਿਲ ਗਏ। ਸੰਨ 1874 ਵਿਚ ਇਸ ਨੂੰ ਨਿਗਮਤ ਸ਼ਹਿਰਾਂ ਵਾਲੇ ਆਮ ਸਾਰੇ ਅਖ਼ਤਿਆਰ ਪ੍ਰਾਪਤ ਹੋ ਗਏ। ਸੰਨ 1870 ਤੋਂ ਲੈ ਕੇ ਇਹ ਸ਼ਹਿਰ ਰਾਜਨੀਤਕ ਗੱਠ-ਜੋੜਾਂ ਤੇ ਸਿਆਸੀ ਪਾਰਟੀਆਂ ਦਾ ਵੀ ਗੜ੍ਹ ਰਿਹਾ ਹੈ।

ਅੱਜਕੱਲ੍ਹ ਇਹ ਵਿੱਦਿਅਕ ਕੇਂਦਰ ਵੀ ਹੈ ਜਿਥੇ ਸੇਂਟ ਪੀਟਰਜ਼ ਕਾਲਜ, ਜਰਸੀ ਸਿਟੀ ਜੂਨੀਅਰ ਕਾਲਜ, ਅਧਿਆਪਕ ਸਿਖਲਾਈ ਕਾਲਜ ਅਤੇ ਸੇਟਨ ਹਾਲ ਯੂਨੀਵਰਸਿਟੀ ਦੀ ਸ਼ਾਖ਼ਾ ਸਥਾਪਿਤ ਹੈ।

ਆਬਾਦੀ—2,28,537 (1990)

40° 44′ ਉ. ਵਿਥ.; 74° 02′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 547 ; ਕੋਲ. ਐਨ. 10 : 669

**ਜਰਸੀ ਟਾਪੂ** : ਇੰਗਲਿਸ਼ ਚੈਨਲ ਨਾਂ ਦੀ ਖਾੜੀ ਵਿਚ ਚੈਨਲ ਟਾਪੂਆਂ ਦਾ ਧੁਰ ਦੱਖਣੀ ਟਾਪੂ ਹੈ ਜੋ ਸਾਰੇ ਟਾਪੂ-ਸਮੂਹ ਵਿਚੋਂ ਸਭ ਤੋਂ ਵੱਡਾ ਹੈ। ਇਹ ਫ਼ਰਾਂਸ ਦੇ ਨਾਰਮੰਡੀ ਤਟ ਤੋਂ 24 ਕਿ. ਮੀ. (15 ਮੀਲ) ਪੱਛਮ ਵੱਲ ਗਰਨਜ਼ੀ ਤੋਂ 288 ਕਿ. ਮੀ. ਦੱਖਣ-ਪੂਰਬ ਵੱਲ ਵਾਕਿਆ ਹੈ। ਟਾਪੂ 17 ਕਿ. ਮੀ. ਲੰਬਾ ਅਤੇ 11 ਕਿ. ਮੀ. ਚੌੜਾ ਹੈ। 117 ਵ. ਕਿ. ਮੀ. ਦੇ ਖੇਤਰ ਵਿਚ ਫੈਲੇ ਹੋਏ ਇਸ ਟਾਪੂ ਉੱਤੇ ਕਈ ਤਰ੍ਹਾਂ ਦੇ ਭੂ ਆਕਾਰ ਵੇਖੇ ਜਾਂਦੇ ਹਨ। ਦੱਖਣ-ਪੂਰਬ ਵੱਲ ਬੀਚਜ਼ ਅਤੇ ਅੰਦਰੂਨੀ ਖੇਤਰ ਲੋਅਸ ਮਿੱਟੀ ਦੇ ਪਠਾਰ ਹੇਠਾਂ ਹੈ। ਉੱਤਰ ਵੱਲ ਸਮੁੰਦਰ ਦੇ ਨਾਲ ਨਾਲ ਸਾਗਰੀ ਦੰਦੀਆਂ ਨੇ ਤਟ ਨੂੰ ਕੱਟਿਆ ਵੱਢਿਆ ਹੋਇਆ ਹੈ। ਇਸ ਤੋਂ ਇਲਾਵਾ ਛਿਛਲੇ ਪਾਣੀ ਦੀਆਂ ਝੀਲਾਂ ਟਾਪੂ ਦੇ ਖ਼ੂਬਸੂਰਤ ਨਜ਼ਾਰੇ ਵਿਚ ਵਾਧਾ ਕਰਦੀਆਂ ਹਨ। ਇਥੋਂ ਦਾ ਪੌਣ-ਪਾਣੀ ਵੀ ਸੁਹਾਵਣਾ ਹੈ। ਔਸਤ ਸਾਲਾਨਾ ਤਾਪਮਾਨ 11° ਸੈਂ. ਹੁੰਦਾ ਹੈ। ਗਰਨਜ਼ੀ ਨਾਲੋਂ ਇਥੇ ਮੌਸਮ ਵਧੇਰੇ ਗਰਮ ਹੁੰਦਾ ਹੈ ਪਰ ਬਸੰਤ ਵਿਚ ਫ਼ਰਾਂਸ ਵੱਲੋਂ ਆਉਂਦੀਆਂ ਠੰਢੀਆਂ ਹਵਾਵਾਂ ਆਲੂ ਦੀ ਫ਼ਸਲ ਨੂੰ ਤਬਾਹ ਕਰ ਦਿੰਦੀਆਂ ਹਨ।

ਇਥੇ ਵਸੋਂ ਨਾਰਮਨਾਂ ਦੀ ਜਾਂ ਨਾਰਮਨਾਂ ਅਤੇ ਬਰਤਾਨਵੀ ਦੀ ਮਿਲੀ-ਜੁਲੀ ਨਸਲ ਵਾਲੀ ਹੈ। ਸੰਨ 1830 ਤੋਂ ਮਗਰੋਂ ਅੰਗਰੇਜ਼ ਇਸ ਟਾਪੂ ਵੱਲ ਖਿੱਚੇ ਚਲੇ ਆਏ ਤੇ 1848 ਈ. ਮਗਰੋਂ ਯੂਰਪ ਵੱਲੋਂ ਸ਼ਰਨਾਰਥੀ ਆ ਕੇ ਆਬਾਦ ਹੋਏ। ਪਹਿਲੇ ਮਹਾਂਯੁੱਧ ਪਿੱਛੋਂ ਕਰਾਂ ਤੋਂ ਛੁਟਕਾਰਾ ਲੈਣ ਲਈ ਵੀ ਕਈ ਲੋਕ ਇਥੇ ਆਏ। ਟਾਪੂ ਦੀ ਬਹੁਤ ਵਸੋਂ ਸੇਂਟ ਹੈਲੀਅਰ, ਸੇਂਟ ਸੇਵੀਅਰ, ਸੇਂਟ ਕਲੈਮੈਂਟ, ਗੋਰੇ ਅਤੇ ਸੇਂਟ ਆਬੂਨ ਵਿਖੇ ਹੈ। ਸੇਂਟ ਹੈਲੀਅਰ ਮੁੱਖ ਬੰਦਰਗਾਹ ਹੈ। ਟਾਪੂ ਤੋਂ ਛੋਟੇ ਜਹਾਜ਼ ਬਰਤਾਨੀਆ, ਗਰਨਜ਼ੀ ਅਤੇ ਵਏਮਥ ਵੱਲ ਅਤੇ ਫ਼ਰਾਂਸ ਦੇ ਸੈਨ ਮਾਲੋ ਸ਼ਹਿਰਾਂ ਵੱਲ ਜਾਂਦੇ ਹਨ। ਲੰਡਨ ਅਤੇ ਲਿਵਰਪੂਲ ਵੱਲ ਵੀ ਆਵਾਜਾਈ ਹੁੰਦੀ ਹੈ।

ਟਾਪੂ ਦੇ ਲੋਕਾਂ ਦੇ ਮੁੱਖ ਕਿੱਤੇ ਖੇਤੀਬਾੜੀ, ਪਸ਼ੂ ਪਾਲਣ, ਗ੍ਰੇਨਾਈਟ ਦੀ ਖਾਣ-ਖੁਦਾਈ ਅਤੇ ਮੱਛੀ ਪਾਲਣ ਆਦਿ ਹਨ। ਸੈਰ-ਸਪਾਟੇ ਤੋਂ ਵੀ ਆਮਦਨੀ ਹੁੰਦੀ ਹੈ। ਇਥੋਂ ਦੀ ਖ਼ਾਸ ਪੈਦਾਵਾਰ ਟਮਾਟਰ ਅਤੇ ਆਲੂ ਹਨ ਜਿਹੜੇ ਬਾਹਰ ਭੇਜੇ ਜਾਂਦੇ ਹਨ। ਇਥੋਂ ਦੀਆਂ ਜਰਸੀ ਨਸਲ ਦੀਆਂ ਗਊਆਂ ਬਹੁਤ ਮਸ਼ਹੂਰ ਹਨ। ਇਸ ਟਾਪੂ ਉੱਤੇ ਪੂਰਬ ਇਤਿਹਾਸਕ ਕਾਲ ਵਿਚ ਪੱਥਰ ਯੁੱਗ ਦੀ ਵਸੋਂ ਦੇ ਅਵਸ਼ੇਸ਼ ਮਿਲੇ ਹਨ। ਰੋਮਨਾਂ ਵੇਲੇ ਇਸ ਨੂੰ 'ਸੀਜ਼ਾਰੀਆ' ਦਾ ਨਾਂ ਦਿੱਤਾ ਹੋਇਆ ਸੀ। 12ਵੀਂ ਸਦੀ ਵਿਚ ਇਥੇ ਨਾਰਮਨ ਜਾਗੀਰਦਾਰਾਂ ਦੀ ਪ੍ਰਭੂਸੱਤਾ ਰਹੀ। ਭੂਮੀ-ਮਾਲੀਏ ਦੀ ਵਸੂਲੀ ਖ਼ਾਤਰ ਸਮੁੱਚੇ ਟਾਪੂ ਨੂੰ ਤਿੰਨ ਇਕਾਈਆਂ ਵਿਚ ਵੰਡਿਆ ਹੋਇਆ ਸੀ। ਸੰਨ 1204 ਵਿਚ ਇਹ ਨਾਰਮੰਡੀ (ਉੱਤਰੀ-ਪੱਛਮੀ ਫ਼ਰਾਂਸ ਦਾ ਇਤਿਹਾਸਕ ਖੰਡ) ਨਾਲੋਂ ਵੱਖਰਾ ਹੋ ਗਿਆ ਪਰ ਇਥੇ ਨਾਰਮਨ ਕਾਨੂੰਨ ਹੀ ਲਾਗੂ ਸੀ। ਇਥੋਂ ਦਾ ਪ੍ਰਸ਼ਾਸਨ ਕਦੇ ਲਾਰਡ ਤੇ ਕਦੇ ਵਾਰਡਨ ਦੇ ਹੇਠਾਂ ਹੁੰਦਾ ਸੀ। 15ਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਇਥੋਂ ਦਾ ਰਾਜ-ਪ੍ਰਬੰਧ ਕਪਤਾਨ ਹੇਠਾਂ ਆ ਗਿਆ। ਇਸੇ ਨੂੰ ਪਿੱਛੋਂ ਗਵਰਨਰ ਦਾ ਅਹੁਦਾ ਦਿੱਤਾ ਜਾਣ ਲੱਗਾ। ਹੁਣ ਵੀ ਬਰਤਾਨੀਆ ਵੱਲੋਂ ਨਿਯੁਕਤ ਗਵਰਨਰ ਹੀ ਇਥੋਂ ਦਾ ਸ਼ਾਸਕ ਹੁੰਦਾ ਹੈ।

ਟਾਪੂ ਦੀਆਂ ਵਰਣਨਯੋਗ ਥਾਵਾਂ ਵਿਚ ਟ੍ਰਿਨਿਟੀ ਪੈਰਿਸ਼ ਵਿਚ 1959 ਈ. ਦਾ ਬਣਿਆ ਜਰਸੀ ਚਿੜੀਆ-ਘਰ ਹੈ ਜਿਹੜਾ ਜੀਰਾਲਡ ਡਿਊਰੈਲ ਨਾਂ ਦੇ ਇਕ ਪ੍ਰਕਿਰਤੀਵਾਦ ਅਤੇ ਲੇਖਕ ਨੇ ਜੀਵ-ਜੰਤੂਆਂ ਦੀਆਂ ਨਸਲਾਂ ਸੁਰੱਖਿਅਤ ਰੱਖਣ ਲਈ ਬਣਾਇਆ ਸੀ।

ਆਬਾਦੀ-72, 970 (1981)

ਹ. ਪੁ.–ਐਨ. ਬ੍ਰਿ. ਮਾ. 5 : 546; ਕੋਲ. ਐਨ. 10 : 668

**ਜ਼ਰਕਾੱਨ** : ਜ਼ਰਕੋਨੀਅਮ ਦੇ ਮੁੱਖ ਸ੍ਰੋਤ ਦੀ ਰਚਨਾ ਜ਼ਰਕੋਨੀਅਮ ਸਿਲੀਕੇਟ ਹੈ। ਇਸ ਦਾ ਇਹ ਨਾਂ ਅਰਬੀ ਸ਼ਬਦ 'Zargun' ਤੋਂ ਪਿਆ ਜਾਪਦਾ ਹੈ। ਜ਼ਰਕਾੱਨ ਆਮ ਕਰਕੇ ਭੂਰਾ, ਲਾਲ ਜਾਂ ਗ੍ਰੇ ਹੁੰਦਾ ਹੈ ਪਰੰਤੂ ਕਈ ਵਾਰੀ ਰੰਗਹੀਨ ਨੀਲਾ, ਹਰਾ ਜਾਂ ਪੀਲਾ ਵੀ ਹੋ ਸਕਦਾ ਹੈ। ਆਮ ਜ਼ਰਕਾੱਨ ਅਪਾਰ-ਦਰਸ਼ੀ ਹੁੰਦਾ ਹੈ ਪਰੰਤੂ ਮਣੀ ਵਾਲੀਆਂ ਕਿਸਮਾਂ ਪਾਰਦਰਸ਼ੀ ਹੁੰਦੀਆਂ ਹਨ। ਅਪਵਰਤਨ-ਅੰਕ ਅਤੇ ਰੰਗ ਵਿਖੇਪਣ ਸਮਰੱਥਾ ਜ਼ਿਆਦਾ ਹੋਣ ਕਾਰਨ ਇਸ ਦੀ ਚਮਕ ਹੀਰੇ ਨਾਲ ਮਿਲਦੀ-ਜੁਲਦੀ ਹੈ। ਇਕ ਰੰਗਹੀਨ ਕਿਸਮ ਨੂੰ ਮਤੂਰਾ ਹੀਰਾ ਵੀ ਕਿਹਾ ਜਾਂਦਾ ਹੈ। ਜ਼ਰਕਾੱਨ ਦੀ ਮਣੀ ਕਿਸਮ ਇੰਡੋਚਾਈਨਾ, ਸ੍ਰੀ ਲੰਕਾ

ਬਰਮਾ, ਨਿਊਸਾਊਥ ਵੇਲਜ਼ ਅਤੇ ਨਿਊਜ਼ੀਲੈਂਡ ਦੇ ਦਰਿਆਈ ਕੰਢਿਆਂ ਤੋਂ ਰੇਤ ਵਿਚ ਮਿਲਦਾ ਹੈ।

ਸਾਧਾਰਣ ਜ਼ਰਕੱਾਨ ਬਹੁਤ ਵਧੀਆ ਰਵਿਆਂ ਦੇ ਰੂਪ ਵਿਚ ਉਪਲੱਬਧ ਹੈ ਅਤੇ ਇਸ ਦੀ ਕਠੋਰਤਾ 7.5 ਤੇ ਵਿਸ਼ਿਸ਼ਟ ਘਣਤਾ 4.7 ਹੈ। ਜ਼ਰਕੱਾਨ ਦੀ ਇਕ ਦੁਰਲੱਭ ਕਿਸਮ ਆਈਸੋਟ੍ਰੋਪਿਕ (ਸਮ-ਦਿਸ਼ਾਵੀ) ਅਤੇ ਰਵਾਹੀਣ ਹੁੰਦੀ ਹੈ ਜਿਸ ਦਾ ਅਪਵਰਤਨ-ਅੰਕ ਘੱਟ, ਕਠੋਰਤਾ 6 ਅਤੇ ਵਿਸ਼ਿਸ਼ਟ ਘਣਤਾ 3.94 ਦੇ ਲਗਭਗ ਹੁੰਦੀ ਹੈ। ਗਰਮ ਕਰਨ ਤੇ ਇਹ ਕਿਸਮ ਸੰਗਤਰੀ ਰੰਗ ਨਾਲ ਚਮਕਦੀ ਹੈ ਅਤੇ ਰਵਿਆਂ ਵਿਚ ਬਦਲ ਜਾਂਦੀ ਹੈ।

ਹ. ਪੁ. -ਐਨ. ਬ੍ਰਿ. 23 : 957 ; ਮੈਕ. ਐਨ. ਸ. ਟ. 14 : 615

**ਜਰਕੱਾਨ** : ਵੇਖੋ, ਪੀਲੀਆ

**ਜ਼ਰਕੋਨੀਅਮ** : **ਇਹ** ਇਕ ਧਾਤਵੀ ਤੱਤ ਹੈ ਜਿਸ ਦਾ ਰਸਾਇਣਿਕ ਚਿੰਨ੍ਹ **Zr ਹੈ ਅਤੇ ਇਸ** ਨੂੰ ਨਵੀਆਂ ਧਾਤਾਂ ਵਿਚੋਂ ਇਕ ਮੰਨਿਆ ਜਾਂਦਾ ਹੈ। **ਅਸ਼ੁੱਧ ਉਪਜ** ਦੇ ਰੂਪ ਵਿਚ ਜ਼ਰਕੋਨੀਅਮ ਧਾਤ 1824 ਵਿਚ ਜੇ. ਜੇ. **ਬਰਜ਼ੀਲੀਅਸ** ਦੁਆਰਾ ਤਿਆਰ ਕੀਤੀ ਗਈ ਸੀ। ਇਸ ਤੋਂ ਮਗਰੋਂ ਇਸ ਵਿਚ 1925 ਤੱਕ ਕੋਈ ਸੁਧਾਰ ਨਾ ਹੋਇਆ ਜਦੋਂ ਕਿ ਦੋ ਡੱਚ ਵਿਗਿਆਨੀਆਂ ਏ. ਈ. ਵੈਨ ਆਰਕੈੱਲ ਅਤੇ ਜੇ. ਐੱਚ. ਡੈ ਬੋਅਰ ਨੇ ਠੋਸ ਅਤੇ ਖਿਚੀਣਯੋਗ ਧਾਤ ਤਿਆਰ ਕੀਤੀ।

ਜ਼ਰਕੋਨੀਅਮ ਵਧੇਰੇ ਮਿਲਦੇ ਤੱਤਾਂ ਵਿਚੋਂ ਇਕ ਹੈ ਜਿਹੜਾ ਕਿ ਧਰਤੀ ਦੀ ਪੇਪੜੀ ਵਿਚ ਫੈਲਿਆ ਬਹੁਤ ਮਿਲਦਾ ਹੈ। ਬਹੁਤ ਜ਼ਿਆਦਾ ਕਿਰਿਆਸ਼ੀਲ ਹੋਣ ਕਰਕੇ ਇਹ ਧਾਤ ਕੇਵਲ ਸੰਯੋਜਿਤ ਹਾਲਤਾਂ ਵਿਚ ਹੀ ਮਿਲਦੀ ਹੈ। ਇਸ ਦੀਆਂ ਪ੍ਰਸਿੱਧ ਕੱਚੀਆਂ-ਧਾਤਾਂ ਜ਼ਰਕੱਾਨ ($ZrSiO_4$), ਬੈਡੈਲੀਯਾਈਟ ਅਤੇ ਟਾਇਟੇਨੀਅਮ-ਯੁਕਤ ਯੋਗਿਕ ਹਨ। ਆਮ ਤੌਰ ਤੇ ਕੱਚੀਆਂ ਧਾਤਾਂ ਵਿਚ ਜ਼ਰਕੋਨੀਅਮ ਦੇ ਨਾਲ 0.5-5% ਹੈਫਨੀਅਮ ਵੀ ਮਿਲਿਆ ਹੁੰਦਾ ਹੈ।



**ਆਵਰਤੀ ਸਾਰਣੀ**

## ਧਾਤਵੀ ਜ਼ਰਕੋਨੀਅਮ ਦਾ ਉਤਪਾਦਨ

ਇਸ ਦੇ ਵਪਾਰਕ ਉਤਪਾਦਨ ਲਈ ਦੋ ਵਿਧੀਆਂ ਕਰੋਲ ਵਿਧੀ ਅਤੇ ਆਇਓਡਾਈਡ ਵਿਧੀ ਵਿਕਸਿਤ ਹੋਈਆਂ ਹਨ।

**(ੳ) ਕਰੋਲ ਵਿਧੀ**—ਇਸ ਵਿਧੀ ਵਿਚ ਜ਼ਰਕੋਨੀਅਮ ਟੈਟ੍ਰਾ-ਕਲੋਰਾਈਡ ਵਾਸ਼ਪ ਦਾ ਲਘੂਕਰਨ ਤਰਲ ਮੈਗਨੀਸ਼ੀਅਮ ਦੁਆਰਾ ਕੀਤਾ ਜਾਂਦਾ ਹੈ। ਇਸ ਵਿਧੀ ਵਿਚ ਹੇਠ ਲਿਖੇ ਛੇ ਸਟੈੱਪ ਹਨ : (1) ਜ਼ਰਕੋਨੀਅਮ ਕਾਰਬੋਨਾਈਟ੍ਰਾਈਡ ਤਿਆਰ ਕਰਨ ਲਈ ਜ਼ਰਕੱਾਨ ਨੂੰ ਆਰਕ ਭੱਠੀ ਵਿਚ ਕਾਰਬਨ ਨਾਲ ਜਲਾਇਆ ਜਾਂਦਾ ਹੈ। ਸਿਲੀਕੱਾਨ; ਸਿਲੀਕੱਾਨ ਮੱਾਨੋ ਆੱਕਸਾਈਡ ਵਾਸ਼ਪ ਦੇ ਰੂਪ ਵਿਚ ਨਿਕਲ ਜਾਂਦੀ ਹੈ; (2) ਕਾਰਬੋ-ਨਾਈਟ੍ਰਾਈਡ ਨੂੰ ਕਲੋਰੀਨ ਗੈਸ ਵਿਚ ਗਰਮ ਕਰਕੇ ਜ਼ਰਕੋਨੀਅਮ ਟੈਟ੍ਰਾਕਲੋਰਾਈਡ ਤਿਆਰ ਕੀਤਾ ਜਾਂਦਾ ਹੈ; (3) ਅਕਿ-ਰਿਆਸ਼ੀਲ ਵਾਤਾਵਰਣ ਵਿਚ ਜੌਹਰ ਉਡਾ ਕੇ ਟੈਟ੍ਰਾਕਲੋਰਾਈਡ ਨੂੰ ਸ਼ੁੱਧ ਕੀਤਾ ਜਾਂਦਾ ਹੈ, ਇਸ ਸਟੈੱਪ ਵਿਚ ਧਾਤ ਨੂੰ ਕੜਕੀਲਾ ਬਣਾਉਣ ਵਾਲੇ ਆੱਕਸਾਈਡ ਨਿਕਲ ਜਾਂਦੇ ਹਨ; (4) ਟੈਟ੍ਰਾਕਲੋਰਾਈਡ ਦੇ ਵਾਸ਼ਪ ਬਣਾ ਕੇ ਇਨ੍ਹਾਂ ਦੀ ਕਿਰਿਆ ਤਰਲ ਮੈਗਨੀਸ਼ੀਅਮ ਨਾਲ ਕਰਵਾਈ ਜਾਂਦੀ ਹੈ। ਪਾਊਡਰ ਦੀ ਬਜਾਇ ਠੋਸ ਧਾਤ ਪ੍ਰਾਪਤ ਕਰਨ ਲਈ ਇਸ ਸਟੈੱਪ ਵਿਚ ਧਿਆਨ ਨਾਲ ਕੰਟਰੋਲ ਰੱਖਣਾ ਪੈਂਦਾ ਹੈ; (5) ਵੈਕਿਊਮ ਵਿਚ ਜ਼ਰਕੋਨੀਅਮ ਨਾਲੋਂ ਮੈਗਨੀਸ਼ੀਅਮ ਕਲੋਰਾਈਡ ਨੂੰ ਪਿਘਲਾ ਕੇ ਵੱਖਰਾ ਕਰ ਦਿੱਤਾ ਜਾਂਦਾ ਹੈ ਅਤੇ (6) ਇਸ ਤਰ੍ਹਾਂ ਪ੍ਰਾਪਤ ਜ਼ਰਕੋਨੀਅਮ 'ਸਪੰਜ' ਨੂੰ ਕੁੱਟ ਕੇ ਛੜਾਂ ਬਣਾ ਲਈਆਂ ਜਾਂਦੀਆਂ ਹਨ।




**ਚਿੱਤਰ 1. ਜ਼ਰਕੋਨੀਅਮ ਬਣਾਉਣ ਦੀ ਕਰੋਲ ਵਿੱਧੀ**

**(ਅ) ਆਇਓਡਾਈਡ ਵਿਧੀ**—ਆਇਓਡਾਈਡ ਜਾਂ ਵੈਨ ਆਰਕੈੱਲ ਵਿਧੀ ਵਿਚ ਵਧੇਰੇ ਆੱਕਸੀਜਨ ਦੀ ਮਾਤਰਾ ਵਾਲਾ ਜ਼ਰਕੋਨੀਅਮ ਸਪੰਜ ਤਿਆਰ ਕਰਨ ਅਤੇ ਆਇਓਡਾਈਡ ਵਿਚ ਬਦਲ ਕੇ ਸ਼ੁੱਧ ਕਰਨ ਉਪਰੰਤ ਅਪਘਟਨ ਦੁਆਰਾ ਧਾਤ ਤਿਆਰ ਕੀਤੀ ਜਾਂਦੀ ਹੈ। ਚਿੱਤਰ (2) ਤੋਂ ਸਾਰੀ ਵਿਧੀ ਸਪੱਸ਼ਟ ਹੋ ਜਾਂਦੀ ਹੈ।




**ਚਿੱਤਰ 2. ਆਇਓਡਾਈਡ ਵਿਧੀ**

ਜਦੋਂ ਯੰਤਰ ਕਿਰਿਆ ਲਈ ਤਿਆਰ ਹੋ ਜਾਂਦਾ ਹੈ ਤਾਂ ਵੈਸਲ ਨੂੰ ਲਗਭਗ 275° ਸੈਂ. ਤੱਕ ਅਤੇ ਫ਼ਿਲਾਮੈਂਟ ਨੂੰ ਲਗਭਗ 1300° ਸੈਂ. ਤੱਕ ਗਰਮ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲੋਂ ਨਾਲ ਦੋ ਕਿਰਿਆਵਾਂ ਹੁੰਦੀਆਂ ਹਨ ਅਰਥਾਤ : (ੳ) ਆਇਓਡੀਨ ਦੇ ਵਾਸ਼ਪ ਜ਼ਰਕੋਨੀਅਮ ਚਾਰਜ ਨਾਲ ਮਿਲ ਕੇ $Zr\,I_4$ (ਗੈਸ) ਬਣਾਉਂਦੇ ਹਨ ਅਤੇ (ਅ) $Zr\,I_4$ ਦੇ ਅਣੂ ਗਰਮ ਫ਼ਿਲਾਮੈਂਟ ਉੱਤੇ ਅਪਘਟਿਤ ਹੋ ਜਾਂਦੇ ਹਨ ਜਿਸ ਨਾਲ ਜ਼ਰਕੋਨੀਅਮ ਦੇ ਪਰਮਾਣੂ ਤਾਰ ਨਾਲ ਜੁੜ ਜਾਂਦੇ ਹਨ ਅਤੇ ਆਇਓਡੀਨ ਦੇ ਪਰਮਾਣੂ ਜ਼ਰਕੋਨੀਅਮ ਚਾਰਜ ਵੱਲ ਪਰਤ ਆਉਂਦੇ ਹਨ ਅਤੇ ਮਿਲ ਕੇ ਹੋਰ $Zr\,I_4$ ਬਣਾਉਂਦੇ ਹਨ। ਜਿਉਂ ਜਿਉਂ ਕਿਰਿਆ ਹੁੰਦੀ ਹੈ ਤਾਂ ਫ਼ਿਲਾਮੈਂਟ ਨੂੰ ਲੋੜੀਂਦੇ ਆਕਾਰ ਦੀ ਜ਼ਰਕੋਨੀਅਮ ਛੜ ਵਿਚ ਬਦਲਿਆ ਜਾ ਸਕਦਾ ਹੈ। ਇਸ ਦੀ ਦਿੱਖ ਰਵੇਦਾਰ ਹੋਣ ਕਰਕੇ ਇਸ ਨੂੰ 'ਕ੍ਰਿਸਟਲ ਬਾਰ' ਕਿਹਾ ਜਾਂਦਾ ਹੈ। ਇਸ ਨੂੰ ਬਾਹਰ ਕੱਢਣ ਲਈ ਸ਼ੀਸ਼ੇ ਦੇ ਬਰਤਨ ਨੂੰ ਕੱਟ ਕੇ ਖੋਲ੍ਹਣਾ ਪੈਂਦਾ ਹੈ।

**ਜ਼ਰਕੋਨੀਅਮ ਦੇ ਗੁਣ**—ਇਸ ਦਾ ਪਰਮਾਣਵੀ-ਕ੍ਰਮ-ਅੰਕ 40 ਅਤੇ ਪਰਮਾਣਵੀ ਭਾਰ 91.22 ਹੈ। ਇਸ ਦੇ ਕੁਦਰਤੀ ਸਮਸਥਾਨਕ 90, 91, 92, 94 ਅਤੇ 96 ਹਨ। ਇਹ ਇਕ ਲਿਸ਼ਕਦਾਰ, ਚਾਂਦੀ ਵਰਗੀ ਧਾਤ ਹੈ ਅਤੇ ਇਸ ਦੀ ਘਣਤਾ 6.49 ਗ੍ਰਾ./ਸੈਂ.$^3$ ਹੈ। ਇਸ ਦਾ ਪਿਘਲਾਉ-ਦਰਜਾ 1850° ਸੈਂ. ਅਤੇ ਉਬਾਲ-ਦਰਜਾ ਲਗਭਗ 3580° ਸੈਂ. ਹੈ। ਇਸ ਦਾ ਵਿਸ਼ਿਸ਼ਟ ਤਾਪ 0.066 ਕੈ./ਗ੍ਰਾ./ਸੈਂ. ਅਤੇ ਕਠੋਰਤਾ 80 (ਵਿਕਰਜ਼ ਪੈਮਾਨੇ ਉੱਤੇ) ਹੈ। ਜ਼ਰਕੋਨੀਅਮ ਦੀ ਬਣਤਰ 862° ਸੈਂ. ਤੋਂ ਥੱਲੇ ਹੈੱਕਸਾਗੋਨਲ ਬੰਦ-ਪੈੱਕਡ ਅਤੇ ਇਸ ਤਾਪਮਾਨ ਤੋਂ ਉੱਤੇ ਅੰਤਰ-ਕੇਂਦ੍ਰਿਤ ਘਣਾਕਾਰ ਹੁੰਦੀ ਹੈ। ਇਸ ਦੀ ਬਿਜਲ-ਪ੍ਰਤਿਰੋਧਕਤਾ ਤਾਂਬੇ ਨਾਲੋਂ ਲਗਭਗ 25 ਗੁਣਾਂ ਅਤੇ ਨਾਈਕ੍ਰੋਮ ਨਾਲੋਂ ਲਗਭਗ ਅੱਧੀ ਹੈ।

ਇਹ ਧਾਤ ਕਮਰੇ ਦੇ ਤਾਪਮਾਨ ਉੱਤੇ ਆਮ ਗੈਸਾਂ ਨਾਲ ਕਿਰਿਆ ਨਹੀਂ ਕਰਦੀ ਅਤੇ ਹਵਾ ਵਿਚ ਅਖ਼ੀਰ ਤੱਕ ਚਮਕਦੀ ਰਹਿੰਦੀ ਹੈ। ਹੈਲੋਜੈੱਨਾਂ ਨਾਲ 200° ਸੈਂ. ਉੱਤੇ ਕਿਰਿਆ ਕਰਕੇ ਸਾਧਾਰਣ ਟੈਟ੍ਰਾਹੈਲਾਈਡ ਬਣਾਉਂਦੀ ਹੈ। ਖਾਰਾਂ ਪ੍ਰਤਿ ਇਸ ਦਾ ਪ੍ਰਤਿਰੋਧ ਟੈਂਟਲਮ, ਟਾਇਟੇਨੀਅਮ ਜਾਂ ਸਟੇਨਲੈੱਸ ਸਟੀਲਾਂ ਨਾਲੋਂ ਚੰਗਾ ਹੈ। ਹਾਈਡ੍ਰੋਫ਼ਲੋਰਿਕ ਐਸਿਡ ਜਾਂ ਬਹੁਤ ਹੀ ਗਾੜ੍ਹੇ ਸਲਫ਼ਿਊਰਿਕ ਜਾਂ ਫ਼ਾੱਸਫ਼ੋਰਿਕ ਐਸਿਡਾਂ ਤੋਂ ਬਿਨਾਂ ਦੂਸਰੇ ਤੇਜ਼ਾਬਾਂ ਪ੍ਰਤਿ ਇਸ ਦਾ ਪ੍ਰਤਿਰੋਧ ਬਹੁਤ ਚੰਗਾ ਹੈ ਜਦੋਂ ਕਿ ਸ਼ੁੱਧ ਪਾਣੀ ਅਤੇ ਭਾਫ਼ ਪ੍ਰਤਿ ਇਸ ਦਾ ਪ੍ਰਤਿਰੋਧ ਚੰਗਾ ਨਹੀਂ। ਇਕ ਮਿਸ਼ਰਤ-ਧਾਤ ਜ਼ਰਕਐਲਾਇ (ਜ਼ਰਕੋਨੀਅਮ ਨਾਲ 1.5% ਕਲਈ, 0.12% ਲੋਹਾ, 0.05% ਨਿਕਲ, 0.10% ਕ੍ਰੋਮੀਅਮ) ਤਿਆਰ ਕੀਤਾ ਗਿਆ ਹੈ ਜਿਹੜਾ ਕਿ ਪਾਣੀ ਅਤੇ ਭਾਫ਼ ਪ੍ਰਤਿ ਚੰਗਾ ਪ੍ਰਤਿਰੋਧਕ ਹੈ।

**ਲਾਭ**—ਜ਼ਰਕੋਨੀਅਮ ਦਾ ਮੁੱਖ ਲਾਭ ਨਿਊਕਲੀ ਰੀਐੱਕਟਰਾਂ ਵਿਚ ਯੂਰੇਨੀਅਮ ਬਾਲਣ ਦੀਆਂ ਛੜਾਂ ਦੇ ਜੈੱਕਟਾਂ ਲਈ ਅਤੇ ਯੂਰੇਨੀਅਮ ਨਾਲ ਮਿਸ਼ਰਤ-ਧਾਤ ਬਣਾਉਣ ਲਈ ਕੀਤੀ ਜਾਂਦੀ ਹੈ। ਸੋਡੀਅਮ ਗ੍ਰੈਫ਼ਾਈਟ ਰੀਐੱਕਟਰ ਵਿਚ ਇਸ ਦੀ ਵਰਤੋਂ ਗ੍ਰੈਫ਼ਾਈਟ ਮਾਡਰੇਟਰ ਬਲਾਕਾਂ ਦੁਆਲੇ ਜੈੱਕਟ ਦੇ ਤੌਰ ਤੇ ਕੀਤੀ ਜਾਂਦੀ ਹੈ। ਪਾਊਡਰ ਦੇ ਰੂਪ ਵਿਚ ਇਸ ਦੀ ਵਰਤੋਂ ਨਿਰਵਾਯੂ ਨਲੀਆਂ ਵਿਚੋਂ ਬਾਕੀ ਬਚੀਆਂ ਗੈਸਾਂ ਨੂੰ ਬਾਹਰ ਕੱਢਣ ਲਈ 'ਗੈੱਟਰ' ਦੇ ਤੌਰ ਤੇ ਕੀਤੀ ਜਾਂਦੀ ਹੈ। ਇਹ ਮੈਗਨੀਸ਼ੀਅਮ ਦੀਆਂ ਮਿਸ਼ਰਤ-ਧਾਤਾਂ ਬਣਾਉਣ ਲਈ ਬਹੁਤ ਲਾਹੇਵੰਦ ਹੈ। ਜ਼ਰਕੋਨੀਅਮ ਆੱਕਸਾਈਡ ਦੀ ਵਰਤੋਂ ਪੈਕਡ-ਇਨ ਬਿਜਲੀ ਰੋਧੀ ਪਦਾਰਥ ਦੇ ਤੌਰ ਤੇ ਅਤੇ ਚੀਨੀ-ਮਿੱਟੀ ਪਦਾਰਥਾਂ ਦਾ ਪਾਰਦਰਸ਼ਤਾ ਘਟਾਉਣ ਲਈ ਅਪਾਰਦਰਸ਼ਕ ਦੇ ਤੌਰ ਤੇ ਕੀਤੀ ਜਾਂਦੀ ਹੈ। ਆੱਕਸਾਈਡ ਦੀ ਕੁਝ ਕੁ ਮਾਤਰਾ ਪ੍ਰਯੋਗਸ਼ਾਲਾ ਦਾ ਸਾਮਾਨ ਅਤੇ ਕੁਠਾਲੀਆਂ ਬਣਾਉਣ ਲਈ ਕੀਤੀ ਜਾਂਦੀ ਹੈ।

**ਜ਼ਰਕੋਨੀਅਮ ਦੇ ਯੋਗਿਕ**—ਜ਼ਰਕੋਨੀਅਮ ਆਵਰਤੀ ਸਾਰਣੀ ਦੇ ਉਪ-ਗਰੁੱਪ ਦਾ ਮੈਂਬਰ ਹੈ ਅਤੇ ਇਸ ਦੀ ਆਮ ਸੰਯੋਕਤਾ 4 ਹੈ। ਕੁਝ ਯੋਗਿਕਾਂ ਵਿਚ ਬੰਧਨ ਵਧੇਰੇ ਕਰਕੇ ਆਇਨੀ ਅਤੇ ਦੂਸਰਿਆਂ ਵਿਚ ਅੰਸ਼ਿਕ ਤੌਰ ਤੇ ਸਹਿਸੰਯੋਜਕ ਹਨ। ਜਲੀ ਘੋਲ ਵਿਚ ਟੈਟ੍ਰਾਪਾਜ਼ਿਟਿਵ ਜ਼ਰਕੋਨੀਅਮ ਆਇਨ ($Zr^{4+}$) ਨਹੀਂ ਹੁੰਦੀ। ਆਇਨ ਦੇ ਵਧੇਰੇ ਚਾਰਜ ਅਤੇ ਛੋਟੇ ਆਕਾਰ ਕਾਰਨ ਇਹ ਬੜੀ ਪੱਕੀ ਤਰ੍ਹਾਂ ਨੈਗੇਟਿਵ ਆਇਨਾਂ ਨਾਲ ਮਿਲ ਜਾਂਦੀ ਹੈ। ਘੋਲ ਵਿਚ ਬਣੀ ਸਭ ਤੋਂ ਸਰਲ ਆਇਨ ਜ਼ਰਕੋਨਾਈਲ ਆਇਨ ($Zr\,O^{++}$) ਹੈ। ਸਲਫ਼ੇਟ ਘੋਲਾਂ ਵਿਚ ਜ਼ਰਕੋਨੀਅਮ ਨੈਗੇਟਿਵ ਚਾਰਜਿਤ ਆਇਨਾਂ, $Zr\,O\,(SO_4)_2$ ਅਤੇ $Zr\,O^{++}$ ਤੇ $SO_4^{--}$ ਲਿੰਕਾਂ ਦੀ ਕੰਪਲੈਕਸ ਚੇਨਾਂ ਵਿਚ ਮਿਲਦਾ ਹੈ।

ਜ਼ਰਕੋਨੀਅਮ ਟੈਟ੍ਰਾਕਲੋਰਾਈਡ ਕਲੋਰੀਨ ਦੀ ਕਿਰਿਆ ਕਾਰਬਾਈਡ ਜਾਂ ਮਿਲਦੇ ਜੁਲਦੇ ਯੋਗਿਕਾਂ ਅਤੇ ਧਾਤ ਨਾਲ ਕਰਵਾਉਣ ਤੇ ਬਣਾਇਆ ਜਾ ਸਕਦਾ ਹੈ। ਜ਼ਰਕੋਨੀਅਮ ਦੇ ਸਲਫ਼ੇਟ ਕਈ ਹਨ ਅਤੇ ਇਹ ਸਾਰੇ ਕੰਪਲੈਕਸ ਹਨ। ਇਹ ਸਾਧਾਰਣ ਸਲਫ਼ੇਟ ਤੋਂ ਲੈ ਕੇ ਸਲਫ਼ੇਟੋਜ਼ਰਕੋਨਾਈਲੇਟਸ, $H_4\,ZrO\,(SO_3)_4$ ਤੇ $H_2\,Zr\,O_2\,SO_4$ ਅਤੇ $HO\,(OZr\,SO_4)_3\,Zr\,OOH\,.14\,H_2O$ ਵਰਗੇ ਚੇਨ ਯੋਗਿਕਾਂ ਤੱਕ ਹੋ ਸਕਦੇ ਹਨ। ਜ਼ਰਕੋਨੀਅਮ ਡਾਈਆੱਕਸਾਈਡ ਜਾਂ ਜ਼ਰਕੋਨੀਆ ਦੇ ਰਵੇ ਮਾੱਨੋਕਲੀਨਿਕ, ਟੈਟ੍ਰਾਗੋਨਲ ਅਤੇ ਘਣਾਕਾਰ ਰੂਪ ਵਿਚ ਹੁੰਦੇ ਹਨ। ਵਪਾਰਕ ਜ਼ਰਕੋਨੀਅਮ ਹਾਈਡ੍ਰਾਈਡ ਵਿਚ ਲਗਭਗ 10% ਹਾਈਡ੍ਰੋਜਨ ਦੀ ਕਮੀ ਹੁੰਦੀ ਹੈ।

ਕੁਝ ਵਿਸ਼ੇਸ਼ ਯੋਗਿਕਾਂ ਵਿਚ ਜ਼ਰਕੋਨੀਅਮ ਦੀ ਸੰਯੋਕਤਾ 4 ਨਾਲੋਂ ਘੱਟ ਹੁੰਦੀ ਹੈ ਜਿਵੇਂ ਕਿ $Zr\,N$ ਤੇ $Zr\,B$ ਵਿਚ। ਇਨ੍ਹਾਂ ਯੋਗਿਕਾਂ ਅਤੇ $Zr\,C$ ਵਿਚ ਵੀ ਜ਼ਰਕੋਨੀ ਐਟਮਾਂ ਦੀ ਬਣਤਰੀ ਤਰਤੀਬ ਧਾਤ ਵਾਲੀ ਹੁੰਦੀ ਹੈ ਜਦੋਂ ਕਿ ਅਧਾਤਵੀ ਐਟਮ ਜ਼ਰਕੋਨੀਅਮ ਐਟਮਾਂ ਵਿਚਕਾਰ ਥਾਵਾਂ ਉੱਤੇ ਸਥਿਤ ਹੁੰਦੇ ਹਨ। ਇਹ ਵਿਧੀ ਯੋਗਿਕ ਉੱਚ ਪਿਘਲਾਉ-ਦਰਜੇ ਅਤੇ ਵਧੇਰੇ ਕਠੋਰਤਾ ਕਾਰਨ ਮਹੱਤਵਪੂਰਨ ਹਨ। ਇਨ੍ਹਾਂ ਦੀ ਬਿਜਲ-ਚਾਲਕਤਾ ਕਾਫ਼ੀ ਹੁੰਦੀ ਹੈ ਅਤੇ ਤਾਪਮਾਨ ਨਾਲ ਵਧਦੀ ਹੈ।

ਜ਼ਰਕੋਨੀਅਮ ਦਾ ਪਤਾ ਹਾਈਡ੍ਰੇਟਿਡ ਆੱਕਸਾਈਡ ਦੇ ਰੂਪ ਵਿਚ ਤਲ-ਛਟ ਬਣਾ ਕੇ, ਜਲਾਉਣ ਨਾਲ ਅਤੇ $Zr\,O_2$ ਨੂੰ ਤੋਲ ਕੇ ਲਾਇਆ ਜਾਂਦਾ ਹੈ। ਇਸ ਦਾ ਪਤਾ ਕੁਝ ਅਜਿਹੇ ਵਿਸ਼ੇਸ਼ ਆਰਗੈਨਿਕ ਯੋਗਿਕਾਂ ਦਾ ਤੁਪਕਾ ਮਿਲਾਉਣ ਨਾਲ ਲਗ ਸਕਦਾ ਹੈ ਜਿਹੜੇ ਬਹੁਤ ਰੰਗ ਵਾਲੇ ਜ਼ਰਕੋਨਾਈਲ ਲੂਣਾਂ ਨਾਲ ਤਲਛੱਟ ਬਣਾਉਂਦੇ ਹਨ।

ਹ. ਪੁ.–ਮੈਕ. ਐਨ. ਸ. ਟ. 14 : 615 ; ਐਨ. ਬ੍ਰਿ. 23 : 957

**ਜਰਗ** : ਭਾਰਤ ਵਿਚ ਪੰਜਾਬ ਰਾਜ ਦੇ ਜ਼ਿਲ੍ਹਾ ਲੁਧਿਆਣਾ ਦੀ ਪਾਇਲ ਤਹਿਸੀਲ ਦਾ ਇਕ ਪੁਰਾਣਾ ਅਤੇ ਕਾਫ਼ੀ ਵੱਡਾ ਪਿੰਡ ਹੈ ਜੋ ਖੰਨੇ ਤੋਂ ਮਲੇਰਕੋਟਲੇ ਜਾਣ ਵਾਲੀ ਸੜਕ ਉੱਤੇ ਖੰਨੇ ਤੋਂ 18 ਕਿ. ਮੀ. ਦੀ ਦੂਰੀ ਤੇ ਵਾਕਿਆ ਹੈ। ਜਰਗ ਅਤੇ ਪਾਇਲ ਵਿਚਕਾਰ 15 ਕਿ. ਮੀ. ਦੀ ਦੂਰੀ ਹੋਣ ਦੇ ਬਾਵਜੂਦ ਇਸਨੂੰ ਜਰਗ-ਪਾਇਲ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਪ੍ਰਾਚੀਨ ਕਾਲ ਵਿਚ ਜਰਗ ਉੱਤੇ ਰਾਜਾ ਜਗਦੇਵ ਅਤੇ ਪਾਇਲ ਉੱਤੇ ਪੰਗਲ ਰਾਜੇ ਰਾਜ ਕਰਦੇ ਸਨ। ਇਨ੍ਹਾਂ ਬਾਰੇ ਇਕ ਦਿਲਚਸਪ ਕਹਾਣੀ ਪ੍ਰਚੱਲਤ ਹੈ ਕਿ ਇਕ ਵਾਰੀ ਰਾਜਾ ਪੰਗਲ ਨੇ ਬੜਾ ਵੱਡਾ ਮੁਜਰਾ ਕਰਵਾਇਆ। ਨਾਚੀ ਨੇ ਸਭ ਤੋਂ ਵੱਧ ਮਹੱਤਤਾ ਰਾਜਾ ਜਗਦੇਵ ਨੂੰ ਦਿੱਤੀ। ਰਾਜਾ ਪੰਗਲ ਨੇ ਉਸਨੂੰ ਇਸ ਦਾ ਕਾਰਨ ਪੁੱਛਿਆ। ਇਸ ਤੇ ਨਾਚੀ ਨੇ ਉੱਤਰ ਦਿੱਤਾ ਕਿ ਰਾਜਾ ਜਗਦੇਵ ਇਕ ਦਲੇਰ, ਪਰਤਾਪੀ ਅਤੇ ਮਹਾਂ ਦਾਨੀ ਰਾਜਾ ਹੈ। ਇਹ ਸੁਣ ਕੇ ਰਾਜਾ ਪੰਗਲ ਗੁੱਸੇ ਵਿਚ ਆ ਗਿਆ ਅਤੇ ਉਸਨੇ ਨਾਚੀ ਨੂੰ ਕਿਹਾ ਕਿ ਉਹ ਰਾਜੇ ਜਗਦੇਵ ਕੋਲੋਂ ਦਾਨ ਮੰਗੇ।

ਉਹ ਜਿੰਨਾ ਦਾਨ ਦੇਵੇਗਾ ਪੰਗਲ ਉਸਨੂੰ ਉਸ ਤੋਂ ਵੱਧ ਦਾਨ ਦੇਵੇਗਾ। ਨਾਚੀ ਨੇ ਤਸ਼ਤਰੀ ਅਗੇ ਕਰਕੇ ਰਾਜਾ ਜਗਦੇਵ ਕੋਲੋਂ ਦਾਨ ਮੰਗਿਆ ਤਾਂ ਰਾਜਾ ਜਗਦੇਵ ਨੇ ਆਪਣਾ ਸਿਰ ਲਾਹ ਕੇ ਤਸ਼ਤਰੀ ਉੱਤੇ ਰੱਖ ਦਿੱਤਾ। ਰਾਜਾ ਪੰਗਲ ਨੇ ਘਬਰਾ ਕੇ ਮਾਫ਼ੀ ਮੰਗੀ। ਨਾਚੀ ਨੇ ਇਕ ਚਿੱਤ ਹੋ ਕੇ ਪਰਮਾਤਮਾ ਪਾਸ ਅਰਦਾਸ ਕੀਤੀ ਕਿ ਰਾਜੇ ਜਗਦੇਵ ਨੂੰ ਮੁੜ ਜਾਨ ਬਖ਼ਸ਼ੀ ਜਾਵੇ ਅਤੇ ਉਸ ਦੀ ਅਰਦਾਸ ਕਬੂਲ ਹੋਈ। ਸਭ ਦੇ ਵੇਖਦਿਆਂ ਹੀ ਰਾਜੇ ਦੇ ਧੜ ਉਪਰ ਗਰਦਨ ਅਤੇ ਸਿਰ ਆ ਲੱਗੇ। ਇਸ ਦਾਨੀ ਰਾਜੇ ਦੇ ਸਿਰ ਦੀ ਮੁੰਡੀ (ਗਰਦਨ) ਮੁੜ ਆਉਣ ਕਾਰਨ ਹੀ ਇਸ ਦੀ ਔਲਾਦ ਮੰਡੇਰ ਅਖਵਾਉਣ ਲੱਗੀ। ਜਰਗ ਵਿਚ ਹੁਣ ਵੀ ਇਸੇ ਗੋਤ ਦੇ ਜੱਟਾਂ ਦੀ ਗਿਣਤੀ ਵਧੇਰੇ ਹੈ।

ਜਰਗ ਵਿਚ ਕਈ ਨਵੀਆਂ ਤਬਦੀਲੀਆਂ ਆਈਆਂ ਹਨ ਜਿਨ੍ਹਾਂ ਨਾਲ ਇਥੇ ਕਾਫ਼ੀ ਵਿਕਾਸ ਹੋਇਆ ਹੈ। ਦੁੱਧ ਅਤੇ ਖਾਦ ਦੀਆਂ ਦੋ ਸਹਿਕਾਰੀ ਸੰਮਤੀਆਂ ਸਥਾਪਿਤ ਹੋ ਚੁੱਕੀਆ ਹਨ। ਪੜ੍ਹੇ ਲਿਖੇ ਨੌਜਵਾਨ ਕਿਸਾਨਾਂ ਨੇ 'ਯੰਗ ਫ਼ਾਰਮਰਜ਼ ਕਲੱਬ, ਕਾਇਮ ਕੀਤਾ ਹੋਇਆ ਹੈ। ਇਥੇ ਹਰ ਸਾਲ ਭਿੰਨ ਭਿੰਨ ਲੋਕ-ਖੇਡਾਂ ਦੇ ਮੁਕਾਬਲੇ ਆਯੋਜਿਤ ਕੀਤੇ ਜਾਂਦੇ ਹਨ। ਪਿੰਡ ਵਿਚ ਛੇਵੀਂ ਪਾਤਸ਼ਾਹੀ ਨਾਲ ਸਬੰਧਤ ਇਕ ਇਤਿਹਾਸਕ ਗੁਰਦੁਆਰਾ ਹੈ। ਇਸ ਤੋਂ ਇਲਾਵਾ ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਹਾਈ ਸਕੂਲ ਹਨ। ਬਿਜਲੀ-ਘਰ, ਬੈਂਕ, ਡਾਕਖ਼ਾਨਾ, ਸਰਕਾਰੀ ਸਿਹਤ ਕੇਂਦਰ ਆਦਿ ਸਥਾਪਿਤ ਹੋ ਚੁੱਕੇ ਹਨ।

ਇਨ੍ਹਾਂ ਸਭ ਗੱਲਾਂ ਤੋਂ ਇਲਾਵਾ ਪਿੰਡ ਦੀ ਵਧੇਰੇ ਮਹੱਤਤਾ ਇਥੋਂ ਦੇ ਮੇਲੇ ਕਾਰਨ ਹੈ ਜਿਸਨੂੰ 'ਜਰਗ ਦਾ ਮੇਲਾ' ਆਖਿਆ ਜਾਂਦਾ ਹੈ। ਇਹ ਮੇਲਾ ਚੇਤ ਮਹੀਨੇ ਦੇ ਪਹਿਲੇ ਮੰਗਲਵਾਰ ਨੂੰ ਲਗਦਾ ਹੈ ਜਿਸਨੂੰ ਬਾਸੜੀਏ ਜਾਂ ਬਹਿੜੀਏ ਦਾ ਮੇਲਾ ਵੀ ਆਖਿਆ ਜਾਂਦਾ ਹੈ। ਬਾਸੜੀਏ ਦਾ ਅਰਥ ਹੈ ਬਾਸੀ ਚੀਜ਼। ਚੇਤ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਗੁਲਗੁਲੇ ਤੇ ਮਿੱਠੀਆਂ ਰੋਟੀਆਂ ਪਕਾਈਆਂ ਜਾਂਦੀਆਂ ਹਨ ਤੇ ਰਾਤ ਨੂੰ ਸੁੱਚੇ ਰੱਖ ਕੇ ਦੂਜੇ ਦਿਨ ਬੇਹੇ ਹੋ ਜਾਣ ਤੇ ਮਾਤਾ ਰਾਣੀ ਦੀ ਪੂਜਾ ਕਰਨ ਉਪਰੰਤ ਪਹਿਲਾਂ ਗਧੇ ਨੂੰ ਖੁਆ ਕੇ ਫੇਰ ਆਪ ਖਾਧੀਆਂ ਜਾਂਦੀਆਂ ਹਨ।

ਇਸ ਮੇਲੇ ਦਾ ਸਬੰਧ ਚੇਚਕ (ਜਿਸਨੂੰ ਮਾਤਾ ਕਿਹਾ ਜਾਂਦਾ ਹੈ) ਨਾਲ ਵੀ ਹੈ। ਜਿਸ ਦੇ ਮਾਤਾ ਨਿਕਲੀ ਹੋਵੇ ਉਸ ਲਈ ਤਾਂ ਸੁੱਖਣਾ ਚੜ੍ਹਾਉਣਾ ਇਕ ਪੱਕੀ ਪਿਰਤ ਹੈ ਅਤੇ ਜਿਸ ਦੇ ਮਾਤਾ ਨਹੀਂ ਨਿਕਲੀ ਉਹ ਉਸ ਤੋਂ ਬਚਣ ਲਈ ਬਾਨਣੂ ਬੰਨ੍ਹਣ ਦੇ ਇਰਾਦੇ ਨਾਲ ਇਸ ਦਿਨ ਮਾਤਾ ਦੀ ਪੂਜਾ ਕਰਦਾ ਹੈ। ਪੁਰਾਣੀ ਮਿਥ ਅਨੁਸਾਰ ਸੀਤਲਾ ਦੇਵੀ ਨੂੰ ਗਧੇ ਦੀ ਸਵਾਰੀ ਕਰਦੀ ਦਸਿਆ ਗਿਆ ਹੈ। ਇਸ ਲਈ ਮੇਲੇ ਤੇ ਘੁਮਿਆਰ ਆਪਣੇ ਗਧਿਆਂ ਨੂੰ ਚੰਗੀ ਤਰ੍ਹਾਂ ਸਜਾ ਕੇ ਲਿਆਉਂਦੇ ਹਨ ਅਤੇ ਇਥੇ ਇਨ੍ਹਾਂ ਦੀ ਮੰਡੀ ਹੀ ਲਗ ਜਾਂਦੀ ਹੈ। ਜਦੋਂ ਰੱਜੇ-ਪੁੱਜੇ ਗਧੇ ਹੀਂਗਦੇ ਹਨ ਤਾਂ ਸਮਝਿਆ ਜਾਂਦਾ ਹੈ ਕਿ ਮਾਤਾ ਦੀ ਸਵਾਰੀ ਖ਼ੁਸ਼ ਹੋ ਗਈ।

ਮੇਲੇ ਵਿਚ ਨਕਲੀਏ ਅਤੇ ਸਭਿਆਚਾਰਕ ਬੋਲੀਆਂ ਪਾਉਣ ਵਾਲੀਆਂ ਟੋਲੀਆਂ ਚੰਗੀ ਰੌਣਕ ਲਾਉਂਦੀਆਂ ਹਨ। ਕਿਧਰੇ ਕਵੀਸ਼ਰਾਂ ਦੇ ਅਖਾੜੇ ਲਗਦੇ ਹਨ ਤੇ ਕਿਧਰੇ ਪਹਿਲਵਾਨਾਂ ਦੇ ਦੰਗਲ ਜੁੜਦੇ ਹਨ। ਸਜੀਆਂ ਫ਼ਬੀਆਂ ਮੁਟਿਆਰਾਂ ਨੂੰ ਮੇਲੇ ਵਿਚ ਆਇਆਂ ਵੇਖ ਕੇ ਹੀ ਇਹ ਅਖੌਤ ਪ੍ਰਸਿੱਧ ਹੋਈ–

'ਜਿਹਾ ਵੇਖਿਆ ਜਰਗ ਦਾ ਮੇਲਾ
ਜਿਹੀ ਤੇਰੀ ਗੁੱਤ ਵੇਖ ਲਈ।'

ਹ. ਪੁ. -ਪੰ. -ਰੰਧਾਵਾ 202; ਜਨ ਸਾਹਿਤ–ਅਪ੍ਰੈਲ, ਮਈ, 1989

**ਜਰਗੋਨ** : ਇਹ ਨਾਂ ਉਨ੍ਹਾਂ ਉੱਤਮ ਕਿਸਮ ਦੇ ਜ਼ਰਕੱਨ ਖਣਿਜਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਤੋਂ ਨਗ ਜਾਂ ਹੀਰੇ ਤਿਆਰ ਕੀਤੇ ਜਾਂਦੇ ਹਨ। ਇਸ ਖਣਿਜ ਪਦਾਰਥ ਦਾ ਰੰਗ ਹੋਰ ਜ਼ਰਕੱਨ ਖਣਿਜਾਂ ਵਾਂਗ ਲਾਲ ਨਹੀਂ ਹੁੰਦਾ। ਇਹ ਨਾਂ ਅਰਬੀ ਦੇ ਜ਼ਰਗੁਨ (Zargun) ਸ਼ਬਦ ਤੋਂ ਹੀ ਲਿਆ ਗਿਆ ਹੈ। ਬਹੁਤ ਵਧੀਆ ਕਿਸਮ ਦੇ ਜਰਗੋਨ ਹਰੇ ਰੰਗ ਦੇ ਹੁੰਦੇ ਹਨ ਜਦ ਕਿ ਕੁਝ ਭੂਰੇ ਅਤੇ ਪੀਲੇ ਵੀ ਮਿਲੇ ਹਨ। ਕੁਝ ਜਰਗੋਨ ਬਿਲਕੁਲ ਹੀ ਰੰਗਹੀਣ ਹੁੰਦੇ ਹਨ ਜੋ ਰੰਗਦਾਰ ਪੱਥਰਾਂ ਨੂੰ ਗਰਮ ਕਰਕੇ ਤਿਆਰ ਕੀਤੇ ਜਾਂਦੇ ਹਨ।

ਜਰਗੋਨ ਅਸਲ ਵਿਚ ਜ਼ਰਕਨ ਖਣਿਜਾਂ ਦੀ ਹੀ ਇਕ ਕਿਸਮ ਹੈ। ਜ਼ਰਕੱਨ ਇਕ ਉਹ ਖਣਿਜ ਹੈ ਜੋ ਜ਼ਰਕੋਨੀਅਮ ਸਿਲੀਕੇਟ ਤੋਂ ਬਣਦਾ ਹੈ। ਜ਼ਰਕੱਨ ਵੀ ਆਮ ਤੌਰ ਤੇ ਭੂਰਾ, ਲਾਲ ਅਤੇ ਸਲੇਟੀ ਹੁੰਦਾ ਹੈ। ਇਸ ਦਾ ਨੀਲਾ, ਹਰਾ ਜਾਂ ਪੀਲਾ ਰੰਗ ਵੀ ਹੋ ਸਕਦਾ ਹੈ। ਕਈ ਵਾਰ ਇਹ ਰੰਗਹੀਣ ਵੀ ਹੁੰਦਾ ਹੈ। ਆਮ ਮਿਲਣ ਵਾਲਾ ਜ਼ਰਕੱਨ ਅਪਾਰਦਰਸ਼ੀ ਹੁੰਦਾ ਹੈ ਪਰ ਹੀਰੇ ਜਾਂ ਨਗ ਵਾਲੀਆਂ ਕਿਸਮਾਂ ਪਾਰਦਰਸ਼ੀ ਹੁੰਦੀਆਂ ਹਨ। ਇਸ ਦੇ ਉੱਚ ਅਪਵਰਤਨ ਅੰਕ (refractive index) ਅਤੇ ਉੱਚ ਵਰਣ-ਵਿਖੇਪਣ (dispersion) ਕਾਰਨ, ਜ਼ਰਕੱਨ ਗੁਣਾਂ ਵਿਚ ਹੀਰੇ ਦਾ ਮੁਕਾਬਲਾ ਕਰਦਾ ਹੈ। ਇਕ ਰੰਗਹੀਣ ਕਿਸਮ ਨੂੰ ਮਤੂਰਾ ਹੀਰਾ (Matura diamond) ਕਿਹਾ ਜਾਂਦਾ ਹੈ। ਹਾਇਆਸਿੰਥ (Hyacirith) ਕਿਸਮ ਵਿਚ ਸਾਫ਼ ਪਾਰਦਰਸ਼ੀ ਲਾਲ, ਸੰਤਰੀ ਅਤੇ ਪੀਲੇ ਪੱਥਰ ਗਿਣੇ ਜਾਂਦੇ ਹਨ। ਬਾਕੀ ਜ਼ਰਕੱਨ ਦੇ ਰੰਗ ਜਰਗੋਨ ਪੱਥਰ ਵਿਚ ਮਿਲਦੇ ਹਨ। ਰੰਗਦਾਰ ਪੱਥਰਾਂ ਨੂੰ ਆੱਕਸੀਜਨ ਦੀ ਹੋਂਦ ਵਿਚ ਗਰਮ ਕਰਨ ਨਾਲ ਇਹ ਰੰਗਦਾਰ ਨਾ ਰਹਿ ਕੇ, ਰੰਗਹੀਣ ਹੋ ਜਾਂਦੇ ਹਨ ਜਦ ਕਿ ਆੱਕਸੀਜਨ ਦੀ ਅਣਹੋਂਦ ਵਿਚ ਗਰਮ ਕਰਨ ਨਾਲ ਇਹ ਬਹੁਤ ਸੁਹਣਾ ਨੀਲਾ ਰੰਗ ਧਾਰ ਲੈਂਦੇ ਹਨ।

ਹੀਰੇ ਵਾਲੀਆਂ ਕਿਸਮਾਂ ਨਦੀਆਂ ਵਿਚ ਮਿਲਣ ਵਾਲੀ ਬਜਰੀ ਜਾਂ ਰੋੜੀ ਅਤੇ ਪਾਣੀ ਦੇ ਵਹਾਉ ਨਾਲ ਰੇਤ ਅਤੇ ਬਜਰੀ ਦੇ ਜਮਾਉ ਵਿਚ ਆਮ ਤੌਰ ਤੇ ਮਿਲਦੀਆਂ ਹਨ। ਇਹ ਜਮਾਉ ਇੰਡੋ-ਚਾਈਨਾ ਅਤੇ ਸ੍ਰੀਲੰਕਾ ਵਿਚ ਬਹੁਤ ਮਿਲਦੇ ਹਨ। ਇਸਦੇ ਨਾਲ ਹੀ ਮਿਆਂਮਾਰ, ਨਿਊ ਸਾਊਥ ਵੇਲਜ਼ ਅਤੇ ਨਿਊਜ਼ੀਲੈਂਡ ਵਿਚ ਵੀ ਇਹ ਕਿਸਮਾਂ ਮਿਲਦੀਆਂ ਹਨ। ਆਮ ਮਿਲਣ ਵਾਲਾ ਜ਼ਰਕੱਨ ਸੰਯੁਕਤ ਰਾਜ ਅਮਰੀਕਾ ਵਿਚ ਫ਼ਲੋਰੀਡਾ ਦੇ ਪੂਰਬੀ ਸਮੁੰਦਰੀ ਕੰਢੇ ਦੀ ਰੇਤ, ਆਸਟ੍ਰੇਲੀਆ ਅਤੇ ਫ਼੍ਰੈਂਚ ਵੈੱਸਟ ਅਫ਼ਰੀਕਾ ਵਿਚ ਮਿਲਦਾ ਹੈ। ਇਹ ਕੁਦਰਤੀ ਤੌਰ ਤੇ ਤੇਜ਼ਾਬਾਂ ਨਾਲ ਸੜੀਆਂ ਚਟਾਨਾਂ ਦਾ ਇਕ ਸਹਿ-ਹਿੱਸਾ ਹੁੰਦਾ ਹੈ ਅਤੇ ਦੱਖਣੀ ਨਾਰਵੇ ਵਿਚ ਮਿਲਣ ਵਾਲੇ ਜ਼ਰਕੱਨ ਸਾਇਨਾਈਟ ਦਾ ਇਕ ਮਹੱਤਵ-ਪੂਰਨ ਅੰਸ਼ ਹੈ। ਕਿਊਬੈਕ ਦੀ ਰੈਨਫ਼ਿਊ ਕਾਊਂਟੀ ਵਿਚ ਇਹ ਵੱਡੇ ਅਕਾਰ ਦੇ ਬਲੌਰ (ਰਵੇ) ਦੇ ਰੂਪ ਵਿਚ ਮਿਲਦਾ ਹੈ।

ਜ਼ਰਕੱਨ, ਥੋਰਾਈਟ ਦਾ ਸਮਅਕਾਰੀ ਹੈ। ਇਸਦੇ ਰਵੇ ਚੌਕੋਣੀ ਵਿਧੀ ਅਨੁਸਾਰ ਜੁੜੇ ਹੁੰਦੇ ਹਨ। ਟੁੱਟਣ ਸਮੇਂ ਇਸਦੀ ਤ੍ਰੇੜ ਸਿੱਧੀ ਨਹੀਂ ਹੁੰਦੀ। ਆਮ ਤੌਰ ਤੇ ਜ਼ਰਕੱਨ ਦੇ ਰਵੇ ਕਾਫ਼ੀ ਠੋਸ ਬਣੇ ਹੁੰਦੇ ਹਨ ਅਤੇ ਇਸਦੀ ਕਠੋਰਤਾ ਦਾ ਮਾਪ 7.5 ਅਤੇ ਵਿਸ਼ਿਸ਼ਟ ਘਣਤਾ 4.7 ਹੈ। ਸਾਧਾਰਣ ਜ਼ਰਕਾਨ ਦੇ ਅਪਵਰਤਨ ਅੰਕ 1.93 ਅਤੇ 1.99 ਹਨ। ਇਕ ਬਹੁਤ ਘੱਟ ਮਿਲਣ ਵਾਲੀ ਕਿਸਮ ਸਮਦਿਸ਼ਾਵੀ ਅਤੇ ਰਵਾਹੀਣ ਹੈ ਜਿਸਦੀ ਕਠੋਰਤਾ 6, ਵਿਸ਼ਿਸ਼ਟ ਘਣਤਾ 3.94 ਹੈ। ਇਸ ਵਿਚ ਰਵਾਹੀਣ ਹੋਣ ਦਾ ਕਾਰਨ, ਯੂਰੇਨੀਅਮ ਜਾਂ ਥੋਰੀਅਮ ਅਸ਼ੁੱਧੀਆਂ ਦੇ ਰੇਡੀਓਐਕਟਿਵ ਹਮਲਿਆਂ ਕਾਰਨ, ਇਸਦੀ ਬਣਤਰ ਵਿਚ ਆਏ ਵਿਗਾੜ ਨੂੰ ਮੰਨਿਆ ਜਾਂਦਾ ਹੈ। ਇਸ ਕਿਸਮ ਨੂੰ ਤੇਜ਼ ਗਰਮ ਕਰਨ ਨਾਲ ਇਹ ਸੰਤਰੀ ਰੰਗ ਦੀ ਭਾਹ ਮਾਰਦੀ ਹੈ ਅਤੇ ਰਵੇਦਾਰ ਵੀ ਬਣ ਜਾਂਦੀ ਹੈ। ਨਿਮਨ ਕਠੋਰਤਾ ਕਾਰਨ ਇਹ ਗੋਲਅਕਾਰ ਦੇ ਰੋੜਿਆਂ ਵਿਚ ਮਿਲਦੀ ਹੈ। ਜ਼ਰਕੱਨ ਦੀਆਂ ਆਮ ਵਰਤੀਆਂ ਜਾਣ ਵਾਲੀਆਂ ਕਿਸਮਾਂ ਵਧੇਰੇ ਪ੍ਰਸਿੱਧ ਹਨ।

ਹ. ਪੁ. -ਐਨ. ਬ੍ਰਿ. 12: 970 ; ਐਨ. ਬ੍ਰਿ. 23: 957

**ਜਰਜੀ, ਅਰਲਜ਼ ਆਫ਼** : ਜਰਜੀ ਦਾ ਇੰਗਲਿਸ਼ ਅਰਲ-ਪਦ ਸਭ ਤੋਂ ਪਹਿਲਾਂ 1697 ਈ. ਵਿਚ ਸਰ ਐਡਵਰਡ ਵਿਲੀਅਰਜ਼ ਲਈ ਸਿਰਜਿਆ ਗਿਆ। ਇਸ ਦਾ ਜਨਮ 1656 ਈ. ਵਿਚ ਰਿਚਮੰਡ ਦੇ ਐਡਵਰਡ ਵਿਲੀਅਰਜ਼ ਦੇ ਘਰ ਹੋਇਆ। ਸੰਨ 1691 ਵਿਚ ਇਸਨੂੰ ਬੈਰਨ ਵਿਲੀਅਰਜ਼ ਅਤੇ ਵਿਸਕਾਊਂਟ ਵਿਲੀਅਰਜ਼ ਦੀ ਉਪਾਧੀ ਮਿਲੀ। ਸਰ ਐਡਵਰਡ ਵਿਲੀਅਰਜ਼ ਇਸ ਦਾ ਦਾਦਾ ਸੀ, ਜੋ ਖਜ਼ਾਨੇ ਦਾ ਮਾਲਕ ਅਤੇ ਮਨਸਟਰ ਦਾ ਪ੍ਰੈਜ਼ੀਡੈਂਟ ਸੀ।

ਸਰ ਐਡਵਰਡ ਵਿਲੀਅਰਜ਼ ਆਪਣੇ ਪਿਤਾ ਦੇ ਮਰਨ ਤੋਂ ਬਾਅਦ ਸ਼ਾਹੀ ਪਰਿਵਾਰ ਦਾ ਮੁੱਖੀ ਬਣਿਆ। ਇਸ ਤੋਂ ਇਲਾਵਾ ਇਹ ਵਿਲੀਅਮ ਤੀਜੇ ਅਤੇ ਮਲਕਾ ਐਨੀ ਦੀ ਸ਼ਾਹੀ ਡਿਉਢੀ ਦਾ ਸਰਦਾਰ ਸੀ। ਇਸ ਨੇ 1696 ਈ. ਦੀ ਕਾਂਗਰਸ ਆਫ਼ ਰਿਜ਼ਵਿਕ ਵਿਚ ਹਿੱਸਾ ਲਿਆ। ਸੰਨ 1698 ਤੋਂ 1699 ਤੱਕ ਇਹ ਹੇਗ ਅਤੇ ਪੈਰਿਸ ਵਿਖੇ ਰਾਜਦੂਤ ਰਿਹਾ। ਸੰਨ 1699 ਵਿਚ ਦੱਖਣੀ ਵਿਭਾਗ ਦਾ ਰਾਜ ਸਕੱਤਰ ਬਣਿਆ ਅਤੇ 1704 ਈ. ਵਿਚ ਐਨੀ ਨੇ ਇਸਨੂੰ ਦਫ਼ਤਰ 'ਚੋਂ ਬਰਖ਼ਾਸਤ ਕਰ ਦਿੱਤਾ। ਇਸ ਤੋਂ ਮਗਰੋਂ ਇਹ ਜੈਕੋਬਾਇਟ ਸਕੀਮਜ਼ ਨਾਲ ਮਿਲ ਗਿਆ।

25 ਅਗਸਤ, 1711 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 12 : 1005

**ਜਰਤਕਾਰੂ ਰਿਸ਼ੀ** : ਇਹ ਇਕ ਪ੍ਰਾਚੀਨ ਰਿਸ਼ੀ ਸੀ। ਬਚਪਨ ਵਿਚ ਹੀ ਇਸ ਨੇ ਸੰਸਾਰਕ ਮੋਹ-ਮਾਇਆ ਤਿਆਗ ਕੇ ਤਪ ਦਾ ਜੀਵਨ ਅਪਣਾ ਲਿਆ ਸੀ। ਇਕ ਵਾਰ ਜੰਗਲ ਵਿਚੋਂ ਨਿਕਲਦੇ ਹੋਏ ਇਸ ਨੇ ਇਕ ਹਨੇਰੀ ਗੁਫ਼ਾ ਵੇਖੀ, ਜੋ ਦੂਰ ਤੱਕ ਧਰਤੀ ਦੇ ਹੇਠਾਂ ਵੱਲ ਜਾਂਦੀ ਸੀ। ਇਸ ਨੇ ਗੁਫ਼ਾ ਵਿਚ ਕਈ ਆਦਮੀ ਰੱਸੇ ਨਾਲ ਸਿਰ ਦੇ ਭਾਰ ਲਟਕਦੇ ਵੇਖੇ। ਇਸ ਰੱਸੇ ਨੂੰ ਇਕ ਚੂਹਾ ਕੁਤਰ ਰਿਹਾ ਸੀ ਅਤੇ ਰੱਸਾ ਟੁੱਟਣ ਹੀ ਵਾਲਾ ਸੀ। ਉਨ੍ਹਾਂ ਲੋਕਾਂ ਤੋਂ ਉਨ੍ਹਾਂ ਦੀ ਇਸ ਹਾਲਤ ਦਾ ਕਾਰਨ ਪੁੱਛਣ ਤੇ ਇਸ ਨੂੰ ਪਤਾ ਲੱਗਾ ਕਿ ਉਹ ਉਸ ਦੇ ਆਪਣੇ ਹੀ ਵੱਡੇ ਵਡੇਰੇ ਸਨ ਅਤੇ ਜਰਤਕਾਰੂ ਦੇ ਸੰਨਿਆਸ ਲੈਣ ਨਾਲ ਉਨ੍ਹਾਂ ਦੀ ਮੌਤ ਉਪਰੰਤ ਕੋਈ ਧਾਰਮਿਕ ਰਸਮ ਨਾ ਹੋਣ ਕਾਰਨ ਉਨ੍ਹਾਂ ਦੀ ਮੁਕਤੀ ਨਹੀਂ ਹੋਈ ਸੀ। ਪਛਤਾਵੇ ਨਾਲ ਉਹ ਇਕ ਦਮ ਘਰ ਵਾਪਸ ਆ ਗਿਆ ਅਤੇ ਆਪਣੇ ਲਈ ਪਤਨੀ ਤਲਾਸ਼ ਕਰਨ ਲੱਗਾ। ਇਸ ਨੇ ਵਾਸੁਕੀ ਨਾਂ ਦੇ ਮਹਾਂ ਨਾਗ ਦੀ ਭੈਣ 'ਜਰਤਕਾਰੂ' ਨਾਲ ਵਿਆਹ ਕਰਵਾਇਆ ਜਿਸ ਦੀ ਕੁੱਖੋਂ ਰਿਸ਼ੀ ਆਸਤਿਕ ਦਾ ਜਨਮ ਹੋਇਆ।

ਹ. ਪੁ.-ਹਿੰ. ਮਿ. ਕੋ. 260 ; ਹਿੰ. ਵਿ. ਕੋ. 1:499; ਹਿੰ. ਵਿ. ਕੋ. 4: 398

**ਜਰਤੁਸਤ** : ਇਹ ਪ੍ਰਾਚੀਨ ਈਰਾਨ ਦੇ ਪੈਗ਼ੰਬਰ ਦਾ ਨਾਂ ਹੈ। ਪ੍ਰਾਚੀਨ ਯੂਨਾਨ ਦੇ ਨਿਵਾਸੀਆਂ ਅਤੇ ਪੱਛਮੀ ਲੇਖਕਾਂ ਵਿਚ ਇਹ ਆਪਣੇ ਯੂਨਾਨੀ ਰੂਪ, ਜ਼ੋਰੋਸਟਰ ਦੇ ਨਾਂ ਨਾਲ ਪ੍ਰਸਿੱਧ ਹੈ। ਫ਼ਾਰਸੀ ਵਿਚ ਇਸ ਨੂੰ 'ਜ਼ਰਦੁਸ਼ਤ' ਅਤੇ ਗੁਜਰਾਤੀ ਤੇ ਹੋਰ ਭਾਸ਼ਾਵਾਂ ਵਿਚ ਜਰਥੁਸ਼ਤ ਕਿਹਾ ਜਾਂਦਾ ਹੈ। ਵੱਖ-ਵੱਖ ਪ੍ਰਮਾਣਾਂ ਅਨੁਸਾਰ ਇਸ ਦੀ ਜਨਮ ਮਿਤੀ 600 ਈ. ਪੂ. ਤੋਂ ਲੈ ਕੇ 1000 ਈ. ਪੂ. ਤੱਕ ਮੰਨੀ ਗਈ ਹੈ। ਜਰਤੁਸਤ ਸ਼ੁੱਧ ਅਦਵੈਤਵਾਦ ਦਾ ਸਭ ਤੋਂ ਪਹਿਲਾ ਪ੍ਰਚਾਰਕ ਸੀ। ਇਸ ਨੇ ਮਗਰੋਂ ਯਹੂਦੀ ਧਰਮ ਨੂੰ ਅਤੇ ਉਸ ਰਾਹੀਂ ਈਸਾਈ ਅਤੇ ਇਸਲਾਮ ਧਰਮ ਨੂੰ ਪ੍ਰਭਾਵਿਤ ਕੀਤਾ। ਪਹਿਲਾ ਪਹਿਲ ਇਸ ਧਰਮ ਨੇ ਹਿਮਾਲਾ ਪਾਰਲੇ ਇਲਾਕਿਆਂ ਅਤੇ ਯੂਨਾਨੀ ਅਤੇ ਰੋਮਨ ਵਿਚਾਰ ਅਤੇ ਦਰਸ਼ਨ ਨੂੰ ਵੀ ਪ੍ਰਭਾਵਿਤ ਕੀਤਾ ਸੀ ਪਰ 600 ਈ. ਪੂ. ਦੇ ਲਗਭਗ ਇਸ ਦੀ ਥਾਂ ਇਸਲਾਮ ਧਰਮ ਨੇ ਲੈ ਲਈ।

ਭਾਵੇਂ ਆਪਣੇ ਜਨਮ ਸਥਾਨ ਭਾਵ ਅਜੋਕੇ ਈਰਾਨ ਵਿਚ ਇਹ ਧਰਮ ਲਗਭਗ ਖ਼ਤਮ ਹੋ ਚੁੱਕਾ ਹੈ ਪਰ 12 ਸਦੀਆਂ ਪਹਿਲਾਂ ਜੋ ਲੋਕ ਆਪਣਾ ਧਰਮ ਬਚਾਉਣ ਲਈ ਭਾਰਤ ਵਿਚ ਭੱਜ ਆਏ ਸਨ, ਉਨ੍ਹਾਂ ਵਿਚ ਇਹ ਧਰਮ ਅਤੇ ਜਰਤੁਸਤ ਬਾਣੀ ਅਜੇ ਵੀ ਸੁਰੱਖਿਅਤ ਹੈ। ਇਹ ਉਪਦੇਸ਼ ਗੀਤਾ ਦੇ ਰੂਪ ਵਿਚ 'ਗਾਥਾ' ਨਾਂ ਹੇਠ ਸਾਂਭੇ ਹੋਏ ਹਨ। ਇਨ੍ਹਾਂ ਦਾ ਸਾਰ ਹੈ ਚੰਗੇ ਵਿਚਾਰ, ਚੰਗੀ ਬੋਲ-ਚਾਲ ਅਤੇ ਚੰਗੇ ਕਰਮ।



ਜਰਤੁਸਤ

ਜਰਤੁਸਤ ਦਾ ਜਨਮ ਰਾਜ ਘਰਾਣੇ ਨਾਲ ਸਬੰਧਤ ਸਿਪਤਮਾ ਕਬੀਲੇ ਵਿਚ ਹੋਇਆ ਮੰਨਿਆ ਜਾਂਦਾ ਹੈ। ਇਕ ਪਰੰਪਰਾ ਅਨੁਸਾਰ ਇਹ ਇਕ ਅਜਿਹੇ ਵਿਅਕਤੀ ਸਨ ਜੋ ਆਪਣੇ ਜਨਮ ਸਮੇਂ ਹੱਸੇ ਸਨ। ਪੰਦਰਾਂ ਸਾਲਾਂ ਦੀ ਉਮਰ ਵਿਚ ਹੀ ਇਹ ਵੈਰਾਗੀ ਹੋ ਗਏ ਅਤੇ ਮਾਨਵ ਅਸਤਿਤਵ ਦੇ ਰਹੱਸ ਦਾ ਗੰਭੀਰਤਾ ਨਾਲ ਅਧਿਐਨ ਕਰਨ ਲਈ ਇਨ੍ਹਾਂ ਨੇ ਸਤ ਸਾਲ ਇਕਾਂਤਵਾਸ ਵਿਚ ਬਿਤਾਏ। ਜਦੋਂ ਦਿੱਬ-ਦ੍ਰਿਸ਼ਟੀ ਦੀ ਲਾਲਸਾ ਨੇ ਹੋਰ ਸਾਰੀਆਂ ਇਛਾਵਾਂ ਦਾ ਨਾਸ਼ ਕਰ ਦਿੱਤਾ ਤਾਂ ਦਿੱਬ ਸ਼ਕਤੀਆਂ ਵਿਚੋਂ ਵੋਹੂ ਮਹਾ (ਸ਼ੁਭ ਵਿਚਾਰ) ਇਨ੍ਹਾਂ ਦੀ ਧਿਆਨ ਅਵਸਥਾ ਵਿਚ ਪ੍ਰਗਟ ਹੋਏ ਅਤੇ ਇਨ੍ਹਾਂ ਦੀ ਸਮਾਧੀ ਲੀਨ ਆਤਮਾ ਨੂੰ ਆਹੂਰਮਜਦ ਸਾਹਮਣੇ ਪੇਸ਼ ਕੀਤਾ ਗਿਆ।

ਸ਼ੁਰੂ ਦੀਆਂ ਕੁਝ ਔਕੜਾਂ ਉਪਰੰਤ ਇਨ੍ਹਾਂ ਦੇ ਮੱਤ ਨੂੰ ਰਾਜਾ ਵਿਸ਼ਤਸਪ ਨੇ ਸਵੀਕਾਰ ਕਰ ਲਿਆ ਅਤੇ ਇਹ ਤੇਜ਼ੀ ਨਾਲ ਫੈਲਣ ਲੱਗਾ। ਆਪਣੇ ਜੀਵਨ ਦੇ ਅੰਤਮ ਦਿਨਾਂ ਤੱਕ ਇਨ੍ਹਾਂ ਨੇ ਧਰਮ ਦਾ ਪ੍ਰਚਾਰ ਕੀਤਾ ਅਤੇ ਹਰ ਮਨੁੱਖ ਨੂੰ ਸ਼ੁਭ ਸੰਗਤ ਵਿਚ ਰਹਿਣ ਅਤੇ ਕੁਸੰਗ ਨੂੰ ਖ਼ਤਮ ਕਰਨ ਦਾ ਉਪਦੇਸ਼ ਦਿੱਤਾ।

ਇਸ ਮੱਤ ਦਾ ਨਿਚੋੜ ਅਸ਼ (Asha) ਦੇ ਨਿਯਮਾਂ ਦੀ ਉੱਦਾਤ ਭਾਵਨਾ ਹੈ। ਸਦਾਚਾਰ ਸ਼ਬਦ ਅਸ਼ ਸ਼ਬਦ ਦੀ ਪੂਰੀ ਵਿਆਖਿਆ ਨਹੀਂ ਕਰਦਾ, ਕਿਉਂ ਜੋ ਅਸ਼ ਵਿਵਸਥਾ, ਅਨੁਸ਼ਾਸਨ ਅਤੇ ਇਕਰੂਪਤਾ ਦਾ ਸੂਚਕ ਹੈ ਅਤੇ ਹਰ ਤਰ੍ਹਾਂ ਦੀ ਪਵਿੱਤਰਤਾ, ਸਚਾਈ ਅਤੇ ਪਰਉਪਕਾਰ ਦੇ ਸਾਰੇ ਰੂਪ ਵਿਚ ਆ ਜਾਂਦੇ ਹਨ। ਜਿਹੜੇ ਲੋਕ 'ਵੋਹੂ ਮਹਾ' ਦੇ ਸ਼ਬਦ ਸੁਣ ਸਕਦੇ ਹਨ ਅਤੇ ਉਸ ਅਨੁਸਾਰ ਕਰਮ ਕਰਦੇ ਹਨ ਉਹ ਹੀ ਤੰਦਰੁਸਤੀ ਅਤੇ ਅਮਰਪਦ ਪ੍ਰਾਪਤ ਕਰਦੇ ਹਨ। ਆਗਾਮੀ ਜੀਵਨ ਦੀ ਇਸ ਕਲਪਨਾ ਤੋਂ ਮੌਤ ਮਗਰੋਂ ਜੀਵਨ ਦਾ ਵਿਚਾਰ ਉਤਪੰਨ ਹੋਇਆ, ਜਿਸ ਦੀ ਸਿੱਖਿਆ ਪੁਰਾਣੇ ਪੋਥੀ ਦੇ ਅੰਤਮ ਭਾਗ ਵਿਚ ਦਿੱਤੀ ਗਈ ਹੈ। ਵਿਚਾਰਾਂ ਦੀ ਗੜਬੜ ਅਤੇ ਜਰਤੁਸਤ ਤੇ ਦਰਸ਼ਨ ਦੀ ਪ੍ਰਕਿਰਿਆ ਵਿਚ ਸੱਤ ਅਤੇ ਅਸੱਤ ਦੇ ਵਿਰੋਧ ਦੀ ਗਲਤ ਧਾਰਨਾ ਕਾਰਨ ਯੂਰਪੀ ਲੇਖਕਾਂ ਨੇ ਇਸ ਦੇ ਮੱਤ ਨੂੰ ਦਵੈਤ ਧਰਮ ਕਿਹਾ ਹੈ। ਇਸ ਕਲਪਨਾ ਨਾਲ ਅਵਸੱਤਾ ਦੇ ਸਿਧਾਂਤ ਦੇ ਮੂਲ ਤੱਤ ਹੀ ਅੱਖੋਂ ਉਹਲੇ ਹੋ ਜਾਂਦੇ ਹਨ ਪਰ ਯੂਰਪੀਨ ਅਤੇ ਜਰਤੁਸਤੀ ਵਿਦਵਾਨਾਂ ਦੀ ਖੋਜ ਨੇ ਇਹ ਪੱਕੇ ਤੌਰ ਤੇ ਸਥਾਪਿਤ ਕਰ ਦਿੱਤਾ ਹੈ ਕਿ ਜਰਤੁਸਤ ਦਾ ਵਿਚਾਰ ਤੇ ਦਰਸ਼ਨ

ਸ਼ੁੱਧ ਅਦਵੈਤਵਾਦ ਉੱਤੇ ਆਧਾਰਿਤ ਹੈ। ਦੁਰਾਤਮਾ ਦੇ ਵਿਅਕਤਿਤਵ ਦਾ ਜ਼ਿਕਰ ਸ਼ੁੱਧ ਆਤਮਾ ਦੇ ਜ਼ਿਕਰ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਵਿਚਾਰਾਂ ਦੀ ਇਸ ਗੜਬੜ ਦਾ ਕਾਰਨ ਵਧੇਰੇ ਕਰਕੇ ਮਗਰਲੇ ਜਰਤੁਸਤੀ ਲੇਖਕ ਹੀ ਹਨ ਜਿਨ੍ਹਾਂ ਨੇ ਦਰਸ਼ਨ ਨੂੰ ਅਧਿਆਤਮ ਨਾਲ ਜੋੜਨ ਦਾ ਯਤਨ ਕੀਤਾ ਅਤੇ ਅਹੁਰ ਮਜ਼ਦ ਦੇ ਮੁਕਾਬਲੇ ਤੇ ਸਮਕਾਲੀਨ ਦੁਰਾਤਮਾ ਦੇ ਅਸਤਿਤਵ ਦੇ ਵਿਸ਼ਵਾਸ ਨੂੰ ਜਨਮ ਦਿੱਤਾ।

ਹ. ਪੁ. -ਹਿੰ. ਵਿ. ਕੋ 4 : 398

**ਜਰਨੈਲ** : ਇਹ ਫ਼ੌਜੀ ਅਫ਼ਸਰਾਂ ਦਾ ਇਕ ਉੱਚਾ ਰੁਤਬਾ ਹੈ ਜਿਹੜਾ ਇਕ ਰੈਜਮੈਂਟ ਤੋਂ ਵੱਡੀਆਂ ਯੂਨਿਟਾਂ ਜਾਂ ਇਸ ਦੇ ਬਰਾਬਰ ਦੀਆਂ ਫ਼ੌਜੀ ਟੁਕੜੀਆਂ ਦੀ ਕਮਾਨ ਸੰਭਾਲਦਾ ਹੈ। ਆਮ ਤੌਰ ਤੇ ਜਰਨੈਲ ਇਕ ਸਟਾਫ਼ ਅਫ਼ਸਰ ਹੁੰਦਾ ਹੈ ਜਿਹੜਾ ਫ਼ੌਜੀਆਂ ਦੀ ਸਿਧੇ ਤੌਰ ਤੇ ਕਮਾਨ ਨਹੀਂ ਕਰਦਾ ਸਗੋਂ ਮੈਦਾਨੇ ਜੰਗ ਵਿਚ ਉਨ੍ਹਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੀ ਰੂਪ-ਰੇਖਾ ਤਿਆਰ ਕਰਦਾ ਹੈ। ਬਹੁਤ ਸਾਰੀਆਂ ਫ਼ੌਜਾਂ ਵਿਚ ਜਰਨੈਲ ਪਹਿਲੇ ਦਰਜੇ ਤੇ, ਲੈਫ਼ਟੀਨੈਂਟ ਜਰਨੈਲ ਦੂਜੇ ਦਰਜੇ ਤੇ ਅਤੇ ਮੇਜਰ ਜਰਨੈਲ ਤੀਜੇ ਦਰਜੇ ਤੇ ਆਉਂਦੇ ਹਨ। ਸੰਯੁਕਤ ਰਾਜ ਵਿਚ ਬਰਗੇਡੀਅਰ ਜਰਨੈਲ ਦਾ ਚੌਥਾ ਦਰਜਾ ਵੀ ਰੱਖਿਆ ਗਿਆ ਹੈ।

ਹ. ਪੁ.- ਐਨ. ਬ੍ਰਿ. ਮਾ. 5: 174

**ਜਰਨੈਲ ਸਿੰਘ** : ਇਹ ਭਾਰਤ ਦਾ ਅੰਤਰ-ਰਾਸ਼ਟਰੀ ਪੱਧਰ ਦਾ ਫ਼ੁੱਟਬਾਲ ਦਾ ਇਕ ਪ੍ਰਸਿੱਧ ਖਿਡਾਰੀ ਹੈ ਜਿਹੜਾ ਭਾਰਤ ਦਾ ਹੀ ਨਹੀਂ ਸਗੋਂ ਦੋ ਵੇਰ ਏਸ਼ੀਆ ਆਲ ਸਟਾਰ ਫ਼ੁੱਟਬਾਲ ਟੀਮ ਦਾ ਕਪਤਾਨ ਰਹਿ ਚੁੱਕਿਆ ਹੈ। ਇਹ ਭਾਰਤੀ ਖਿਡਾਰੀ 1960 ਦੇ ਦਹਾਕੇ ਦੌਰਾਨ ਲਗਾਤਾਰ 10 ਵਾਰੀ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿਚ ਪ੍ਰਤਿਨਿਧਤਾ ਲਈ ਗਿਆ ਅਤੇ ਪੰਜਾਬ (ਭਾਰਤ) ਦਾ ਨਾਂ ਉੱਚਾ ਕੀਤਾ।

ਜਰਨੈਲ ਸਿੰਘ ਦਾ ਜਨਮ 20 ਫ਼ਰਵਰੀ, 1935 ਨੂੰ ਸ. ਉਜਾਗਰ ਸਿੰਘ ਦੇ ਘਰ ਹੋਇਆ। ਕਾਲਜ ਦੀ ਪੜ੍ਹਾਈ ਕਰਨ ਉਪਰੰਤ ਇਸਨੇ ਪਟਿਆਲਾ ਵਿਖੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਵਿਖੇ ਫ਼ੁੱਟਬਾਲ ਕੋਚ ਦੀ ਟ੍ਰੇਨਿੰਗ ਪ੍ਰਾਪਤ ਕੀਤੀ।

ਜਰਨੈਲ ਸਿੰਘ ਨੇ ਸਭ ਤੋਂ ਪਹਿਲਾ 1959 ਈ. ਦੌਰਾਨ ਭਾਰਤੀ ਟੀਮ ਵਿਚ ਅਫ਼ਗਾਨਿਸਤਾਨ ਅਤੇ ਇੰਡੋਨੇਸ਼ੀਆ ਨਾਲ ਪੂਰਵ-ਓਲਿੰਪਿਕ ਖੇਡਾਂ ਵਿਚ ਫੁਟਬਾਲ ਦਾ ਮੈਚ ਖੇਡਿਆ। ਇਸ ਪਿਛੋਂ ਇਸੇ ਵਰ੍ਹੇ ਇਸਨੇ ਫ਼ੁੱਟਬਾਲ ਟੂਰਨਾਮੈਂਟ ਵਿਚ ਏਸ਼ੀਆ ਕੱਪ ਲਈ ਭਾਰਤ ਦੀ ਪ੍ਰਤਿਨਿਧਤਾ ਕੀਤੀ। ਇਸ ਨੂੰ ਏਸ਼ੀਆ ਦਾ ਉੱਤਮ ਖਿਡਾਰੀ ਕਰਾਰ ਦਿੱਤਾ ਗਿਆ। ਸੰਨ 1960 ਵਿਚ ਫਿਰ ਰੋਮ ਵਿਖੇ ਓਲਿੰਪਿਕ ਖੇਡਾਂ ਵਿਚ ਭਾਰਤੀ ਪ੍ਰਤਿਨਿਧ ਦੇ ਤੌਰ ਤੇ ਖੇਡਿਆ ਤੇ ਦੁਨੀਆ ਦਾ ਸਭ ਤੋਂ ਵਧੀਆ ਸਟਾਪਰ ਬੈਕ (ਗ਼ੈਰ-ਪੇਸ਼ਾਵਰ) ਮੰਨਿਆ ਗਿਆ। ਸੰਨ 1961 ਵਿਚ ਮੋਹਨ ਬਾਗਾਨ ਫੁਟਬਾਲ ਕਲੱਬ ਦੇ ਮੈਂਬਰ ਦੇ ਤੌਰ ਤੇ ਪੂਰਬੀ ਅਫ਼ਰੀਕਾ ਦੇ ਦੌਰੇ ਤੇ ਗਿਆ। ਸੰਨ 1962 ਵਿਚ ਜਕਾਰਤਾ (ਇੰਡੋਨੇਸ਼ੀਆ) ਵਿਖੇ ਚੌਥੇ ਏਸ਼ੀਆਈ ਖੇਡ ਮੁਕਾਬਲੇ ਵਿਚ ਸ਼ਾਮਲ ਹੋਇਆ ਤੇ ਇਸ ਸਾਲ ਦੇ ਉੱਤਮ ਖਿਡਾਰੀ ਦੇ ਨਾਤੇ ਸੋਨੇ ਦਾ ਤਮਗਾ ਹਾਸਲ ਕੀਤਾ।

ਸੰਨ 1963 ਵਿਚ ਮਰਡੇਕਾ ਕੱਪ ਮਲੇਸ਼ੀਆ ਫੁਟਬਾਲ ਟੂਰਨਾਮੈਂਟ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ।

ਸੰਨ 1964 ਵਿਚ ਇਸਨੂੰ ਕਲਕੱਤੇ ਦਾ ਉੱਤਮ ਫੁਟਬਾਲ ਦਾ ਖਿਡਾਰੀ ਐਲਾਨ ਕੀਤਾ। ਇਸਰਾਈਲ ਵਿਚ ਤਲ ਅਵੀਵ ਵਿਖੇ ਏਸ਼ੀਆਈ ਕੱਪ ਫੁਟਬਾਲ ਟੂਰਨਾਮੈਂਟ ਵਿਚ ਪ੍ਰਤਿਨਿਧਤਾ ਕੀਤੀ। ਅਰਜਨ ਅਵਾਰਡ ਵੀ ਇਸੇ ਵਰ੍ਹੇ ਦਿੱਤਾ ਗਿਆ।

ਸੰਨ 1965 ਵਿਚ ਭਾਰਤੀ ਫ਼ੁੱਟਬਾਲ ਟੀਮ ਦਾ ਕਪਤਾਨ ਬਣਿਆ ਤੇ ਰੂਸ ਦੇ ਮੁਕਾਬਲੇ ਵਿਚ ਚਾਰ ਟੈੱਸਟ ਮੈਚ ਖੇਡੇ। ਇਸੇ ਸਾਲ ਕੁਆਲਾਲੰਪੁਰ (ਮਲੇਸ਼ੀਆ) ਵਿਚ ਹੋਣ ਵਾਲੇ ਫ਼ੁੱਟਬਾਲ ਟੂਰਨਾਮੈਂਟ ਵਿਚ ਮਰਡੇਕਾ ਕੱਪ ਖੇਡਿਆ।

ਸੰਨ 1966 ਵਿਚ ਪੰਜਵੀਆਂ ਏਸ਼ੀਆਈ ਖੇਡਾਂ ਵਿਚ ਬੈਂਕਾਕ ਵਿਖੇ ਭਾਰਤੀ ਫ਼ੁੱਟਬਾਲ ਦੇ ਕਪਤਾਨ ਵਜੋਂ ਖੇਡਿਆ ਤੇ ਏਸ਼ੀਆਈ ਆਲ ਸਟਾਰ ਫ਼ੁੱਟਬਾਲ ਟੀਮ ਵਿਚ ਚੁਣਿਆ ਗਿਆ ਤੇ ਸਰਬ-ਸੰਮਤੀ ਨਾਲ ਜਰਨੈਲ ਸਿੰਘ ਨੂੰ ਟੀਮ ਦਾ ਕਪਤਾਨ ਥਾਪਿਆ ਗਿਆ।

ਸੰਨ 1967 ਵਿਚ ਏਸ਼ੀਆਈ ਆਲ ਸਟਾਰ ਫ਼ੁੱਟਬਾਲ ਟੀਮ ਦੇ ਇੰਗਲਿਸ਼ ਪ੍ਰੋਫੈਸ਼ਨਲ ਕਲੱਬ ਨਾਲ ਖੇਡੇ ਮੈਚਾਂ ਦੀ ਫਿਰ ਕਪਤਾਨ ਵਜੋਂ ਅਗਵਾਈ ਕੀਤੀ। ਸੰਨ 1968 ਵਿਚ ਆਖ਼ਰੀ ਵਾਰ ਮਰਡੇਕਾ ਕੱਪ ਫ਼ੁੱਟਬਾਲ ਟੂਰਨਾਮੈਂਟ ਖੇਡ ਕੇ ਇਹ ਸਰਗਰਮ ਖਿਡਾਰੀ ਵਜੋਂ ਸੇਵਾ-ਮੁਕਤ ਹੋ ਗਿਆ।

ਜਰਨੈਲ ਸਿੰਘ ਭਾਰਤ ਦਾ ਸ਼ਾਇਦ ਇਕੋ ਖਿਡਾਰੀ ਹੈ ਜਿਸਨੂੰ ਦੁਨੀਆ ਦੇ ਬੇਹਤਰੀਨ ਖਿਡਾਰੀਆਂ ਵਿਚੋਂ ਇਕ ਗਿਣਿਆ ਗਿਆ ਹੈ। ਇਸ ਨੂੰ ਹੀ ਇਹ ਮਾਣ ਪ੍ਰਾਪਤ ਹੈ ਜਿਸ ਬਾਰੇ ਉਸ ਸਮੇਂ ਦੀ ਫੈਡਰੇਸ਼ਨ ਇੰਟਰਨੈਸ਼ਨਲ ਫ਼ੁੱਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਸਰ ਸਟੈਨਲੇ ਰੂਜ਼ ਨੇ ਜਰਨੈਲ ਸਿੰਘ ਬਾਰੇ ਕਿਹਾ ਸੀ ਕਿ ਜਰਨੈਲ ਸਿੰਘ ਦੁਨੀਆ ਦੇ ਕਿਸੇ ਵੀ ਦੇਸ਼ ਦੀ ਟੀਮ ਵਿਚ ਖੇਡਣ ਦੇ ਕਾਬਲ ਹੈ।

ਜਰਨੈਲ ਸਿੰਘ ਇਕ ਬਹੁਤ ਸਫ਼ਲ ਕੋਚ ਵੀ ਹੈ। ਇਸ ਨੇ ਉਦੋਂ ਕ੍ਰਿਸ਼ਮਾ ਕਰਕੇ ਵਿਖਾਇਆ ਜਦੋਂ 1970 ਈ. ਵਿਚ ਪੰਜਾਬ ਦੀ ਫੁਟਬਾਲ ਟੀਮ ਤਿਆਰ ਕੀਤੀ ਅਤੇ ਰਾਸ਼ਟਰੀ ਚੈਂਪੀਅਨਸ਼ਿਪ ਦੇ ਫਾਈਨਲ ਮੈਚ ਵਿਚ ਬੰਗਾਲ ਦੀ ਮੰਨੀ ਪ੍ਰਮੰਨੀ ਟੀਮ ਨੂੰ 6-0 ਦੇ ਫ਼ਰਕ ਨਾਲ ਹਰਾ ਕੇ ਮਿੱਟੀ ਵਿਚ ਮਿਲਾ ਦਿੱਤਾ। ਇਸ ਤੋਂ ਪਹਿਲਾ ਪੰਜਾਬ ਦੀ ਟੀਮ ਨੂੰ ਰਾਸ਼ਟਰੀ ਪੱਧਰ ਤੇ ਘੱਟ ਵੱਧ ਹੀ ਜਾਣਿਆ ਜਾਂਦਾ ਸੀ ਪਰ ਇਸ ਪਿਛੋਂ ਪੰਜਾਬ ਕਈ ਵੇਰ ਇਹ ਚੈਂਪੀਅਨਸ਼ਿਪ ਜਿੱਤ ਚੁੱਕਿਆ ਹੈ। ਅੱਜਕੱਲ੍ਹ ਜਰਨੈਲ ਸਿੰਘ ਦਾ ਲੜਕਾ ਵੀ ਰਾਸ਼ਟਰੀ ਪੱਧਰ ਦਾ ਫੁਟਬਾਲ ਖਿਡਾਰੀ ਹੈ।

ਅੱਜਕਲ੍ਹ ਜਰਨੈਲ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਸਪੋਰਟਸ ਡਾਇਰੈਕਟਰ ਦੀ ਹੈਸੀਅਤ ਵਿਚ ਕੰਮ ਕਰ ਰਿਹਾ ਹੈ।

**ਜਰਬੋਆ** : ਇਹ ਰੋਡੇਸ਼ੀਆ ਵਰਗ ਦੀ ਡਾਈਪੌਡਡੀ ਕੁਲ ਦੇ ਟਪੂਸੀਆਂ ਮਾਰਨ ਵਾਲੇ ਕੁਤਰਨ ਪ੍ਰਾਣੀ ਹਨ। ਇਨ੍ਹਾਂ ਦੀਆਂ ਤਕਰੀਬਨ 10 ਪ੍ਰਜਾਤੀਆਂ ਅਤੇ 25 ਜਾਤੀਆਂ ਹਨ। ਇਨ੍ਹਾਂ ਵਿਚੋਂ ਪ੍ਰਸਿੱਧ ਮੱਧ ਅਤੇ ਪੂਰਬੀ ਏਸ਼ੀਆ ਦਾ ਵਾਲਾਂ ਵਾਲੇ ਪੈਰਾਂ ਵਾਲਾ ਜਰਬੋਆ, ਉੱਤਰੀ ਅਫ਼ਰੀਕਾ ਨੇੜੇ ਪੂਰਬ ਅਤੇ ਦੱਖਣ ਪੱਛਮੀ ਏਸ਼ੀਆ ਦਾ ਮਾਰੂਥਲੀ ਜਰਬੋਆ ਅਤੇ ਮਿਸਰ ਅਤੇ ਏਸ਼ੀਆ ਦੇ ਚਾਰ ਅਤੇ ਪੰਜ ਉਂਗਲਾਂ ਵਾਲੇ ਜਰਬੋਆ ਹਨ। ਇਹ ਪ੍ਰਾਣੀ ਮਾਰੂਥਲਾਂ ਅਤੇ ਖ਼ੁਸ਼ਕ ਮੈਦਾਨਾਂ ਵਿਚ ਰਹਿੰਦੇ ਹਨ।

ਜਰਬੋਆ ਖੁੱਡਾਂ ਵਿਚ ਰਹਿਣ ਵਾਲਾ, ਵਾਗਲਾ, ਸ਼ਰਮੀਲੇ ਸੁਭਾਅ ਦਾ, ਚੁਸਤ ਤੇ ਫੁਰਤੀਲਾ ਪ੍ਰਾਣੀ ਹੈ। ਇਹ ਤਕਰੀਬਨ 5-15 ਸੈਂ. ਮੀ. ਲੰਬਾ (ਪੂਛ ਦੀ 7-20 ਸੈ. ਮੀ. ਲੰਬਾਈ ਵੱਖਰੀ) ਪ੍ਰਾਣੀ ਹੈ ਜਿਸ ਦੇ ਸਰੀਰ ਉਤੇ ਨਰਮ, ਰੇਤ-ਰੰਗੀ ਫ਼ਰ ਹੁੰਦੀ ਹੈ। ਪੂਛ ਲੰਬੀ ਤੇ ਇਸ ਦੇ ਸਿਰ ਤੇ ਵਾਲਾਂ ਦਾ ਗੁੱਛਾ ਹੁੰਦਾ ਹੈ, ਅੱਖਾਂ ਵੱਡੀਆਂ ਹੁੰਦੀਆਂ ਹਨ ਅਤੇ ਕੰਨਾਂ ਦੇ ਆਕਾਰ ਵਿਚ ਕਈ ਵਖਰੇਵੇਂ ਮਿਲਦੇ ਹਨ। ਇਨ੍ਹਾਂ ਦੀਆਂ ਅਗਲੀਆਂ ਲੱਤਾਂ ਬਹੁਤ ਛੋਟੀਆਂ ਅਤੇ ਪਿਛਲੀਆਂ ਅਗਲੀਆਂ ਤੋਂ ਲਗਭਗ ਛੇ ਗੁਣਾਂ ਵੱਧ ਲੰਬੀਆਂ ਹੁੰਦੀਆਂ ਹਨ। ਇਹ ਅਗਲੀਆਂ ਲੱਤਾਂ ਨੂੰ ਛਾਤੀ ਨਾਲ ਚਿਪਕਾ ਕੇ, ਪੂਛ ਉਤੇ ਸਰੀਰ ਨੂੰ ਸਹਾਰਾ ਦੇ ਕੇ ਸਰੀਰ ਦੇ ਪਿਛਲੇ ਹਿੱਸੇ ਰਾਹੀਂ ਉੱਪਰ ਉਠਦਾ ਅਤੇ ਲੰਬੀ ਛਾਲ (ਲਗਭਗ 3 ਮੀ. ਲੰਬੀ) ਮਾਰ ਕੇ ਪਿਛਲੇ ਪੈਰਾਂ ਉਤੇ ਖੜ੍ਹਦਾ ਹੈ ਅਤੇ ਇਸ ਤਰ੍ਹਾਂ ਬੜੀ ਛੇਤੀ ਛੇਤੀ ਛਾਲਾਂ ਮਾਰਦਾ ਰਹਿੰਦਾ ਹੈ।

ਇਹ ਆਪਣੀ ਖੁੱਡ ਅਗਲੀਆਂ ਨਹੁੰਦਰਾਂ ਅਤੇ ਦੰਦਾਂ ਦੀ ਸਹਾਇਤਾ ਨਾਲ ਪੁੱਟਦਾ ਹੈ। ਇਹ ਰਾਤਲ ਪ੍ਰਾਣੀ ਦਿਨ ਦੇ ਸਮੇਂ ਖੁੱਡ ਵਿਚ ਹੀ ਰਹਿੰਦਾ ਹੈ ਅਤੇ ਰਾਤ ਨੂੰ ਖ਼ੁਰਾਕ ਦੀ ਭਾਲ ਵਿਚ ਨਿਕਲਦਾ ਹੈ। ਇਨ੍ਹਾਂ ਦਾ ਮੁੱਖ ਆਹਾਰ ਘਾਹ-ਬੂਟੇ, ਅਨਾਜ ਅਤੇ ਕੀੜੇ-ਮਕੌੜੇ ਹਨ। ਐਲਕਟਾਗਾ ਇੰਡੀਕਾ ਦਾਣੇ ਖਾਂਦਾ ਹੈ ਅਤੇ ਔਖੇ ਸਮੇਂ ਲਈ ਇਨ੍ਹਾਂ ਨੂੰ ਆਪਣੀਆਂ ਖੁੱਡਾਂ ਵਿਚ ਜਮ੍ਹਾਂ ਵੀ ਰੱਖਦਾ ਹੈ।



ਮਿਸਰ ਦਾ ਜਰਬੋਆ

ਬਹੁਤੇ ਪ੍ਰਾਣੀ ਸਰਦੀ ਵਿਚ ਸੀਤ ਨਿਸ਼ਕਿਰਿਅਤਾ ਦੀ ਅਵਸਥਾ ਧਾਰਨ ਕਰਦੇ ਹਨ। ਇਹ ਸਾਲ ਵਿਚ ਇਕ ਜਾਂ ਜ਼ਿਆਦਾ ਵਾਰੀ ਬੱਚੇ ਦਿੰਦੇ ਹਨ। ਇਕ ਵਾਰ ਵਿਚ ਮਾਦਾ ਤਕਰੀਬਨ ਤਿੰਨ ਬੱਚੇ ਜੰਮਦੀ ਹੈ।

ਹ. ਪੁ. -ਐਨ. ਬ੍ਰਿ. 12 : 000; ਐਨ. ਬ੍ਰਿ. ਮਾ. 5 : 544

**ਜਰਮ** : ਇਹ ਇਕ ਉਹ ਮੂਲ ਸਰੋਤ ਹੈ ਜਿਸ ਤੋਂ ਉਤਪਤੀ ਅਤੇ ਵਿਕਾਸ ਸੰਭਵ ਹਨ। ਪ੍ਰਾਣੀ-ਵਿਗਿਆਨ ਵਿਚ ਇਹ ਸ਼ਬਦ ਅੰਡੇ ਵਿਚਲੇ ਪਦਾਰਥ ਜਾਂ ਕਿਸੇ ਵੀ ਜੀਵ ਦੀ ਮੁੱਢਲੀ ਸਥਿਤੀ ਨੂੰ ਦਰਸਾਉਂਦਾ ਹੈ। ਇਹ ਸੂਖ਼ਮ ਜੀਵਾਂ ਲਈ ਵੀ ਵਰਤਿਆ ਜਾਣ ਵਾਲਾ ਨਾਂ ਹੈ। ਸੂਖਮ ਜੀਵਾਂ ਵਿਚ ਬੈਕਟੀਰੀਆ ਜਾਂ ਰੋਗਾਣੂ (ਵਿਸਤਾਰ ਲਈ ਵੇਖੋ ਜੀਵਾਣੂ) ਅਤੇ ਵਾਇਰਸ (ਵਿਸਤਾਰ ਲਈ ਵੇਖੋ ਵਿਸ਼ਾਣੂ) ਆਦਿ ਗਿਣੇ ਜਾਂਦੇ ਹਨ ਪਰ ਇਸ ਵਿਚ ਇਨ੍ਹਾਂ ਦਾ ਸਹੀ ਵਿਗਿਨਿਕ ਵਰਗੀਕਰਨ ਨਹੀਂ ਮੰਨਿਆ ਜਾਂਦਾ, ਜਿਵੇਂ ਆਮ ਤੌਰ ਤੇ ਕਿਸੇ ਰੋਗ ਸਬੰਧੀ ਚਰਚਾ ਕਰਦਿਆਂ ਜਾਂ ਸੰਯੁਕਤ ਟਰਮਾਂ ਵਿਚ ਜਿਵੇਂ ਜਰਮ ਵਾਰਫ਼ੇਅਰ।

ਹ. ਪੁ. -ਮੈਕ. ਐਨ. ਸਾ. ਟੈ. 6 : 184

**ਜਰਮਨ, ਸਰ ਐਡਵਰਡ** : ਇਸ ਬਰਤਾਨਵੀ ਸੰਗੀਤਕਾਰ ਦਾ ਜਨਮ 17 ਫ਼ਰਵਰੀ, 1862 ਨੂੰ ਵਿਟਚਰਚ, ਸ਼ਰਾਪਸ਼ਿਰ ਵਿਖੇ ਹੋਇਆ। ਇਸ ਦਾ ਅਸਲੀ ਨਾਂ ਐਡਵਰਡ ਜਰਮਨ ਜੋਨਜ਼ ਸੀ। ਇਹ ਆਰਥਰ ਸਲੀਵੈਨ ਦਾ ਪੈਰੋਕਾਰ ਸੀ।

ਇਸ ਨੇ ਚੈਸਟਰ ਦੇ ਬ੍ਰਿਜ ਹਾਊਸ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ। ਇਸ ਨੇ ਇੰਜੀਨੀਅਰ ਵਜੋਂ ਟ੍ਰੇਨਿੰਗ ਲੈਣੀ ਸ਼ੁਰੂ ਕੀਤੀ, ਪਰ ਵਿਟਚਰਚ ਸਮੂਹਗਾਨ ਸੋਸਾਇਟੀ ਅਤੇ ਆਰਕੈਸਟਰਾ ਤੋਂ ਪ੍ਰਭਾਵਿਤ ਹੋ ਕੇ ਇਹ 1880 ਈ. ਵਿਚ ਰਾਇਲ ਅਕਾਦਮੀ ਆਫ਼ ਮਿਊਜ਼ਿਕ ਵਿਚ ਦਾਖ਼ਲ ਹੋ ਗਿਆ। ਇਥੇ 1886 ਈ. ਵਿਚ ਇਸ ਦਾ 'ਦੀ ਰਾਈਵਲ ਪੋਇਟਸ' ਗੀਤ ਨਾਟ ਖੇਡਿਆ ਗਿਆ। ਸੰਨ 1886 ਵਿਚ ਇਹ ਲੰਡਨ ਦੇ ਗਲੋਬ ਥੀਏਟ੍ਰ ਦਾ ਸੰਗੀਤ ਡਾਇਰੈਕਟਰ ਬਣਿਆ। ਨਾਟਕਾਂ ਨਾਲ ਸਬੰਧਤ ਸੰਗੀਤ ਦੀ ਰਚਨਾ ਕਾਰਨ ਇਸ ਨੂੰ ਬਹੁਤ ਪ੍ਰਸਿੱਧੀ ਮਿਲੀ। ਇਸ ਦੇ ਨਾਟਕ 'ਹੈਨਰੀ ਅੱਠਵਾਂ' (1892) ਅਤੇ 'ਨੈੱਲ ਗ਼ਾ ਵਿੱਲਾ' (1900) ਵਿਚਲੇ ਨਾਚ ਬਹੁਤ ਪ੍ਰਸਿੱਧ ਹੋਏ। ਇਸ ਨੇ ਕਈ ਸਫ਼ਲ ਗਾਣੇ ਵੀ ਲਿਖੇ ਹਨ। ਇਸ ਦੀਆਂ ਹੋਰ ਪ੍ਰਮੁੱਖ ਕਿਰਤਾਂ 'ਰਿਚਰਡ ਤੀਜਾ' (1889), 'ਮੈਰੀ ਇੰਗਲੈਂਡ' (1902), 'ਏ ਪ੍ਰਿੰਸ ਆਫ਼ ਕੈਨਸਿੰਗਟਨਾ' (1903), 'ਟਾਮ ਜੋਨਜ਼' (1907), 'ਫ਼ਾਲਨ ਫ਼ੇਅਰੀਜ਼' ਆਦਿ ਹਨ। ਸੰਨ 1920 ਵਿਚ ਇਸ ਨੂੰ ਸਰ ਦਾ ਖ਼ਿਤਾਬ ਪ੍ਰਾਪਤ ਹੋਇਆ।

11 ਨਵੰਬਰ, 1936 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 10.237 ; ਨਿ. ਯੂ. ਐ. 7:37241

**ਜਰਮਨ ਸਾਹਿਤ** : ਇਸ ਵਿਚ ਯੂਰਪ ਦੇ ਜਰਮਨ ਭਾਸ਼ਾ ਬੋਲਣ ਵਾਲੇ ਸਾਰੇ ਲੋਕਾਂ ਵੱਲੋਂ ਰਚਿਆ ਗਿਆ ਸਾਹਿਤ ਸ਼ਾਮਲ ਹੈ। ਜਰਮਨ ਸਾਹਿਤ ਦੀ ਆਪਣੇ ਕਈ ਲੱਛਣਾਂ ਕਾਰਣ ਯੂਰਪ ਦੇ ਹੋਰ ਸਾਹਿਤ ਨਾਲ ਸਾਂਝ ਹੈ। ਯੂਰਪ ਭਰ ਵਿਚ ਬੌਧਿਕ, ਧਾਰਮਿਕ ਅਤੇ ਸਮਾਜਿਕ ਅੰਦੋਲਨਾਂ ਦੇ ਪ੍ਰਭਾਵ ਜਰਮਨ ਸਾਹਿਤ ਵਿਚ ਵੀ ਸਪਸ਼ਟ ਹਨ। ਮੋਟੇ ਤੌਰ ਤੇ ਜਰਮਨ ਸਾਹਿਤ ਨੂੰ ਤਿੰਨ ਕਾਲਾਂ ਵਿਚ ਵੰਡਿਆ ਜਾਂਦਾ ਹੈ:–

(1) ਪ੍ਰਾਚੀਨ ਜਾਂ ਓਲਡ ਹਾਈ ਜਰਮਨ ਕਾਲ (8ਵੀਂ-10ਵੀਂ ਸਦੀ ਈਸਵੀ)-ਇਸ ਸਮੇਂ ਤੋਂ ਯੂਰਪੀਨ ਜਰਮਨ ਕਬੀਲਿਆਂ ਦੇ ਮੁਢਲੇ ਲਿਖਤੀ ਰਿਕਾਰਡ ਮਿਲਦੇ ਹਨ। ਉਸ ਸਮੇਂ ਦੀਆਂ ਰਚਨਾਵਾਂ ਵਿਚੋਂ ਅੰਸ਼ਕ ਰੂਪ ਵਿਚ ਮਿਲਦੀ ਰਚਨਾ 'Hildebrandslied' (ਲ.800 ਈ.) ਸਭ ਤੋਂ ਵੱਧ ਰੋਚਕ ਹੈ। (2) ਮੱਧ ਹਾਈ ਜਰਮਨ-ਕਾਲ (11ਵੀਂ-14ਵੀਂ ਸਦੀ)-ਇਸ ਸਮੇਂ ਦੌਰਾਨ ਸਰੋਦੀ ਕਵਿਤਾ ਜਿਵੇਂ 'Minnesang' ਅਤੇ ਮਹਾਂ-ਕਾਵਿ ਵਿਕਸਿਤ ਹੋਏ, ਅਤੇ (3) ਨਵੀਨ ਹਾਈ ਜਰਮਨ ਜਾਂ ਅਜੋਕਾ ਜਰਮਨ ਕਾਲ (15 ਵੀਂ ਸਦੀ ਤੋਂ ਆਰੰਭ ਕਰਕੇ)–ਇਸ ਸਮੇਂ ਦਾ ਇਤਿਹਾਸ ਪੱਛਮੀ ਸਾਹਿਤ ਦਾ ਇਕ ਅਟੁੱਟ ਅੰਗ ਹੈ।

**ਪ੍ਰਾਚੀਨ ਹਾਈ ਜਰਮਨ ਕਾਲ**—ਪ੍ਰਾਚੀਨ ਪੂਰਬੀ ਜਰਮੈਨਿਕ ਭਾਸ਼ਾ ਵਿਚ ਸਭ ਤੋਂ ਪਹਿਲੀ ਰਚਨਾ ਇਕ ਗੌਥੀ ਬਿਸ਼ਪ ਉਲਫਿਲਾਸ (ਲ. 311 ਈ.-ਲ 383 ਈ.) ਵੱਲੋਂ ਕੀਤਾ ਗਿਆ ਬਾਈਬਲ ਦਾ ਅਨੁਵਾਦ ਹੈ ਜਿਹੜਾ ਕਿ ਅੰਸ਼ਕ ਰੂਪ ਵਿਚ ਹੀ ਮਿਲਦਾ ਹੈ। ਪੱਛਮੀ ਜਰਮਨ ਕਬੀਲਿਆਂ ਦੀਆਂ ਪਹਿਲੀਆ ਲਿਖਤੀ ਰਚਨਾਵਾਂ 8ਵੀਂ ਸਦੀ ਦੇ ਮਗਰਲੇ ਅੱਧ ਦੀਆਂ ਹਨ। ਪਰ ਉਸ ਤੋਂ ਪਹਿਲੋਂ ਦੇ ਸਮੇਂ ਦੇ ਪ੍ਰਮਾਣ ਵੀ ਮਿਲਦੇ ਹਨ ਜਦੋਂ ਕਿ ਯੋਧਿਆਂ ਦੀ ਬਹਾਦਰੀ ਸਬੰਧੀ ਗੀਤ (Heldnlieder) ਦੈਵੀ-ਸ਼ਕਤੀਆਂ ਦੀ ਪੂਜਾ ਸਬੰਧੀ ਭਜਨ, ਵਾਰਾਂ ਅਤੇ ਵੈਣ ਜ਼ਬਾਨੀ ਅਗਿਉਂ-ਅੱਗੇ ਚਲਦੇ ਰਹਿੰਦੇ ਸਨ। ਭਾਵੇਂ ਇਹ ਲਿਖਤੀ ਰੂਪ ਵਿਚ ਨਹੀਂ ਸਨ, ਪਰ ਇਨ੍ਹਾਂ ਉਤੇ ਆਧਾਰਿਤ ਕਿੰਨੇ ਹੀ ਪ੍ਰਸਿੱਧ ਮਹਾਂਕਾਵਿ ਮਗਰੋਂ ਲਿਖੇ ਗਏ। ਹੋਰਾਂ ਦੇਸ਼ਾਂ ਵਾਂਗ ਜਰਮਨੀ ਵਿਚ ਵੀ ਮੁਢਲੀਆਂ ਵਰਣਨਯੋਗ ਲਿਖਤਾਂ ਈਸਾਈ ਧਰਮ ਦੇ ਪਸਾਰੇ ਲਈ ਕੀਤੇ ਯਤਨਾਂ ਨਾਲ ਸਬੰਧਤ ਸਨ। ਵਧੇਰੇ ਕਿਰਤਾਂ ਲਾਤੀਨੀ ਜਾਂ ਹੋਰ ਭਾਸ਼ਾਵਾਂ ਤੋਂ ਅਨੁਵਾਦ ਕੀਤੀਆਂ ਜਾਂਦੀਆਂ ਸਨ। ਉਸ ਸਮੇਂ ਦੀ ਜੋ ਥੋੜ੍ਹੀ ਬਹੁਤ ਕਵਿਤਾ ਸੀ, ਉਹ ਧਾਰਮਿਕ ਅਤੇ ਉਪਦੇਸ਼ਾਤਮਕ ਹੀ ਸੀ। ਇਨ੍ਹਾਂ ਵਿਚੋਂ ਵਾਈਸੈਨਬਰਗ ਦੇ ਭਿਕਸ਼ੂ ਔਟਫ੍ਰਿਡ ਦੀ ਰਚਨਾ 'Evangelienbnch (ਲ. 870) ਸਭ ਤੋਂ ਵੱਡੀ ਹੈ।

ਈਸਾਈ ਮੱਤ ਦੇ ਜ਼ੋਰਦਾਰ ਪ੍ਰਚਾਰ ਦੇ ਬਾਵਜੂਦ ਵੀ ਪੁਰਾਤਨ ਦੈਵੀ ਸ਼ਕਤੀਆਂ ਦੇ ਪੂਜਕਾਂ ਦੀਆਂ ਕਈ ਕਿਰਤਾਂ ਸੁਰੱਖਿਅਤ ਹਨ, ਜਿਵੇਂ Zaubers pruche '(ਪਾਲਤੂ ਪਸ਼ੂਆਂ ਦੀ ਬੀਮਾਰੀ ਤੋਂ ਸੁਰੱਖਿਆ ਲਈ ਅਤੇ ਰੋਜ਼ਾਨਾ ਜੀਵਨ ਦੀਆਂ ਆਮ ਘਟਨਾਵਾਂ ਲਈ ਜਾਦੂ-ਟੂਣੇ) ਅੰਸ਼ਕ ਰੂਪ ਵਿਚ ਬੱਚਿਆ ਲਈ 'Hildebrandslied' (ਲ. 800 ਈ. ਪਿਤਾ ਅਤੇ ਪੁੱਤਰ ਵਿਚਕਾਰ ਯੁੱਧ ਸਬੰਧੀ ਕਥਾ)। ਇਹ ਅੰਤਲੀ ਪੁਸਤਕ ਪੁਰਾਤਨ ਵਾਰ ਸਾਹਿਤ ਦਾ ਇਕ ਉੱਤਮ ਨਮੂਨਾ ਹੈ। ਇਸ ਕਾਲ ਵਿਚ ਲੋਕਾਂ ਦੀ ਬੋਲ ਚਾਲ ਦੀ ਭਾਸ਼ਾ ਦੇਸੀ ਬੋਲੀ ਸੀ ਪਰ ਵਿਦਵਾਨ ਇਸ ਲਾਤੀਨੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। 10ਵੀਂ ਸਦੀ ਦੇ ਪਹਿਲੇ

ਅੱਧ ਮਗਰੋਂ ਜਦੋਂ ਕਿਤੇ ਦੇਸੀ ਬੋਲੀ ਨੇ ਲਿਖਤੀ ਭਾਸ਼ਾ ਵਾਲਾ ਦਰਜਾ ਗ੍ਰਹਿਣ ਕੀਤਾ ਉਦੋਂ ਤੱਕ ਪੁਰਾਤਨ ਉਪਦੇਸ਼ਾਤਮਕ ਢੰਗ ਖ਼ਤਮ ਹੋ ਕੇ ਦਰਬਾਰੀ ਜਗੀਰਦਾਰੀ ਸ਼ੈਲੀ ਹੋਂਦ ਵਿਚ ਆ ਚੁੱਕੀ ਸੀ।

**ਮੱਧ ਹਾਈ ਜਰਮਨ ਕਾਲ**—ਇਸ ਕਾਲ ਦੀ ਵਿਸ਼ੇਸ਼ਤਾ ਇਹ ਹੈ ਕਿ ਕਵਿਤਾ ਦੇ ਖੇਤਰ ਵਿਚ ਕੁਲੀਨ ਵਰਗ ਨੇ ਪਾਦਰੀ ਵਰਗ ਦੀ ਥਾਂ ਲੈ ਲਈ। ਭਾਵੇਂ ਪਹਿਲੀਆਂ ਰਚਨਾਵਾਂ ਵਿਚ ਪਾਦਰੀਆਈ ਰਵਾਇਤ ਜਾਰੀ ਰਹੀ ਪਰ ਛੇਤੀ ਹੀ ਜਾਗੀਰਦਾਰੀ ਰੋਮਾਂਸ ਦੇ ਕਿੱਸੇ ਹੋਂਦ ਵਿਚ ਆਉਣ ਲੱਗ ਪਏ। ਪ੍ਰੇਮ-ਗੀਤ (Minnesang) ਅਤੇ ਮਹਾਂਕਾਵਿ ਇਸ ਕਾਲ ਦੇ ਮੁੱਖ ਸਾਹਿਤਿਕ ਰੂਪ ਸਨ। ਕੁਲੀਨ ਵਰਗ ਦੇ ਕਵੀ ਦਰਬਾਰੀ ਰਵਾਇਤਾਂ ਅਨੁਸਾਰ ਆਪਣੀਆਂ ਪ੍ਰੇਮ ਕਹਾਣੀਆਂ ਸੁਣਾਉਂਦੇ ਸਨ। ਕਿੰਗ ਰੱਥਰ (King Rother) (ਲ. 1160 ਈ.) ਸ਼ਾਇਦ ਅਜਿਹੀ ਪਹਿਲੀ ਰਚਨਾ ਹੈ। ਇਸ ਵਿਚ ਇਕ ਵਿਆਹੁਤਾ ਨਾਰ ਦਾ ਜ਼ਬਰਦਸਤੀ ਉਧਾਲਾ ਦਰਸਾਇਆ ਗਿਆ ਹੈ। ਕਵੀ ਆਪਣੇ ਸਮਕਾਲੀ ਜੀਵਨ ਨੂੰ ਬਹੁਤ ਰੋਚਕ ਅਤੇ ਦਿਲਚਸਪ ਢੰਗ ਨਾਲ ਬਿਆਨ ਕਰਦੇ ਸਨ। ਕਈ ਕਵੀਆਂ ਨੇ ਸਫ਼ਲ ਫ਼ਰਾਂਸੀਸੀ ਮਹਾਂਕਾਵਿ ਜਰਮਨ ਭਾਸ਼ਾ ਵਿਚ ਉਲਥਾਏ। ਇਸੇ ਕਾਲ ਵਿਚ ਕਿਸੇ ਅਗਿਆਤ ਆਸਟ੍ਰੀਅਨ ਕਵੀ ਨੇ ਸੀਗਫ਼੍ਰੀਡ ਨਾਇਕ ਦੀ ਕਹਾਣੀ 'Nibelungenlied' ਇਤਿਹਾਸਕ ਘਟਨਾਵਾਂ ਵਿਚ ਸਮੋਂ ਕੇ ਬੜੇ ਹੀ ਨਾਟਕੀ ਢੰਗ ਨਾਲ ਬਿਆਨ ਕੀਤੀ। 'Gudrun' (ਲ. 1210 ਈ.) ਅਤੇ 'Das Heldenbuch' ਇਸ ਕਾਲ ਦੀਆਂ ਹੋਰ ਰੋਮਾਂਟਿਕ ਕਿਰਤਾਂ ਹਨ।

ਦੱਖਣੀ ਜਰਮਨੀ ਵਿਚ ਪ੍ਰਚੱਲਤ ਇਨ੍ਹਾਂ ਰਾਸ਼ਟਰੀ ਮਹਾਂਕਾਵਾਂ ਦੇ ਟਾਕਰੇ ਤੇ ਪੱਛਮੀ ਜਰਮਨੀ ਵਿਚ ਫ਼ਰਾਂਸੀਸੀ ਅਸਰ ਹੇਠ ਦਰਬਾਰੀ ਮਹਾਂਕਾਵਿ ਹੋਂਦ ਵਿਚ ਆਏ। ਆਈਲਹਾਰਟ ਫ਼ੱਨ ਓਬਰਗ ਦਾ 'Trieste und Isolde' (ਲ. 1170) ਅਜਿਹੀ ਪਹਿਲੀ ਕਿਸ਼ਤ ਹੈ। ਹਾਈਨਰਿਕ ਫ਼ੱਨ ਵੈਲਡੀਕ ਨੇ 'Aeneid' (ਲ. 1175-86 ਈ.) ਲਿਖਕੇ ਆਪਣੇ ਆਪ ਨੂੰ ਇਸ ਧਾਰਾ ਦਾ ਮੋਢੀ ਸਥਾਪਿਤ ਕੀਤਾ। ਦਰਬਾਰੀ ਮਹਾਂਕਾਵਿ ਲਿਖਨ ਵਾਲਿਆਂ ਵਿਚ ਹਾਰਟਮਾਨ ਫ਼ੱਨ ਅਯੂ. ਵੋਲਫ਼ੈਮ ਫ਼ੱਨ ਐਸਕੈਨਬੈਕ ਅਤੇ ਗੋਟਫ਼੍ਰੀਡ ਫ਼ੱਨ ਸਟ੍ਰਾਸਬਰਗ ਬਹੁਤ ਪ੍ਰਸਿੱਧ ਹਨ। ਇਨ੍ਹਾਂ ਦੇ ਵਿਸ਼ਿਆਂ ਵਿਚ ਸੂਰਮਿਆਂ ਦੇ ਨੇਕ ਕਾਰਨਾਮੇ, ਸੰਜਮ, ਸਿਦਕ-ਦਿਲੀ ਅਤੇ ਵੱਡਿਆਂ ਤੇ ਰੱਬ ਪ੍ਰਤੀ ਦਿਆਨਤਦਾਰੀ ਤੇ ਫ਼ਰਜ਼-ਸ਼ਨਾਸੀ ਸ਼ਾਮਲ ਸਨ। ਹਾਰਟਮਾਨ ਨੂੰ ਕਹਾਣੀ ਕਹਿਣ ਵਿਚ ਕਮਾਲ ਹਾਸਲ ਸੀ। ਆਪਣੀ ਪ੍ਰਸਿੱਧ ਰਚਨਾ 'Parzival' ਵਿਚ ਐਸਕੈਨਬੈਕ ਨੇ ਮਨੁੱਖ ਨੂੰ ਸਚਾਈ ਦੀ ਭਾਲ ਕਰਦਾ ਹੋਇਆ ਦਿਖਾਇਆ ਹੈ।

ਇਨ੍ਹਾਂ ਤਿੰਨਾਂ ਤੋਂ ਮਗਰੋਂ ਭਾਵੇਂ ਹਾਈਨਰਿਕ ਫ਼ੱਨ ਤੁਰਲਿਨ ਕਰਤਾ 'Din Krone' ਰੂਡੋਲਫ ਫ਼ੱਨ ਐਮਜ਼, ਕੋਨਰੈਡ ਫ਼ੱਨ ਵੁਰਟਜ਼ਬਰਗ ਅਤੇ ਵੈਰਨਹਰ ਦੀ ਗਾਰਡਨਰ ਕਰਤਾ 'Meier Helmbrecht' ਲ. 1250 ਵਰਗੇ ਕਈ ਹੋਰ ਮਹਾਂਕਾਵਿ ਲਿਖਣ ਵਾਲੇ ਕਵੀ ਹੋਏ ਹਨ ਪਰ ਉਹ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕੇ।

**ਦਰਬਾਰੀ ਗੀਤ-ਕਾਵਿ** —ਦਰਬਾਰੀ ਮਹਾਂਕਾਵਿ ਵਾਂਗ ਦਰਬਾਰੀ ਪ੍ਰੇਮ-ਗੀਤ ਕਾਵਿ ਵੀ ਫ਼ਰਾਂਸੀਸੀ ਰੂਪ ਦੀ ਹੀ ਨਕਲ ਸੀ। ਇਹ ਕਵੀ ਛੋਟੇ ਮੋਟੇ ਸਰਦਾਰ ਹੁੰਦੇ ਸਨ, ਜੋ ਕਦੇ-ਕਦੇ ਉੱਚ ਦਰਬਾਰੀ ਕਵੀ ਦੀ ਪਦਵੀ ਪ੍ਰਾਪਤ ਕਰ ਲੈਂਦੇ ਸਨ ਅਤੇ ਭੱਟਾਂ ਦੀ ਤਰ੍ਹਾਂ ਸਾਰੇ ਜਰਮਨੀ, ਆਸਟ੍ਰੀਆ ਅਤੇ ਸਵਿਟਜ਼ਰਲੈਂਡ ਵਿਚ ਘੁੰਮਦੇ ਰਹਿੰਦੇ ਸਨ। ਇਨ੍ਹਾਂ ਵਿਚ ਰਾਈਨਮਾਰ ਫ਼ੱਨ ਹੇਗਨਾਊ ਅਤੇ ਖ਼ਾਸਕਰ ਵਾਲਥਰ ਫ਼ੱਨ ਡੇਰ ਵੋਗੈਲਵਾਈਡ ਬਹੁਤ ਪ੍ਰਸਿੱਧ ਹਨ। ਵਾਲਥਰ ਦੇ ਪ੍ਰੇਮ ਗੀਤ ਬਹੁਤ ਹਰਮਨ ਪਿਆਰੇ ਸਨ ਅਤੇ ਉਸ ਨੇ ਮਗਰੋਂ ਦੇ ਕਵੀਆਂ ਨੀਡਹਾਰਟ ਫ਼ੱਨ ਰਿਊਐਂਥਲ (Neidhart Von Reuenthal) ਫ੍ਰੀਡਰੈਂਕ (Freidrank ਕਰਤਾ, Bescheidenheit) ਅਤੇ ਹਿਊਗੋ ਫ਼ੱਨ ਟ੍ਰਿਮ-ਬਰਗ (ਕਰਤਾ 'Renner') ਉਤੇ ਵੀ ਬੜਾ ਪ੍ਰਭਾਵ ਪਾਇਆ।

**ਵਾਰਤਕ ਅਤੇ ਡਰਾਮਾ**—ਮੱਧ ਕਾਲ ਵਿਚ ਜਰਮਨੀ ਕਵਿਤਾ ਦੇ ਟਾਕਰੇ ਤੇ ਵਾਰਤਕ ਸਾਹਿਤ ਬਹੁਤ ਘੱਟ ਰਚਿਆ ਗਿਆ। ਬਰਥੋਲਡ ਫ਼ੱਨ ਰੈਜ਼ੈਨਸਬਰਗ ਦੀਆਂ ਧਾਰਮਿਕ ਰਚਨਾਵਾਂ ਵਧੀਆਂ ਵਾਰਤਕ ਦਾ ਨਮੂਨਾ ਹਨ ਅਤੇ ਯੋਹਾਨ ਫ਼ੱਨ ਟੈਪਲ ਦੀ ਰਚਨਾ 'Ackermann aus Bohmen' (ਲ. 1400 ਈ.) ਨਾਲ ਮਾਨਵਵਾਦੀ ਪ੍ਰਪੰਰਾ ਦਾ ਆਰੰਭ ਹੁੰਦਾ ਹੈ। ਗੈਰ ਧਾਰਮਿਕ ਰਚਨਾਵਾਂ ਵਿਚ 'Weltchronik' ਅਤੇ 'Sachsenspiegal' (ਲ. 1225 ਈ.) ਪ੍ਰਸਿੱਧ ਹਨ, ਜੋ ਕ੍ਰਮਵਾਰ ਕਲਪਨਾਤਮਕ, ਇਤਿਹਾਸਕ ਅਤੇ ਕਾਨੂੰਨੀ ਲਿਖਤਾਂ ਦੀਆਂ ਪ੍ਰਤੀਨਿਧ ਉਦਾਹਰਣਾਂ ਹਨ। 15ਵੀਂ ਸਦੀ ਦੇ ਮੁੱਢ ਤੱਕ ਨਾਟਕ ਉਪਦੇਸ਼ਾਤਮਕ ਤੇ ਕਰਾਮਾਤੀ ਧਰਮ-ਨਾਟਕਾਂ ਤੋਂ ਅੱਗੇ ਵਿਕਸਿਤ ਹੋ ਕੇ ਲੋਕ ਮਨੋਰੰਜਨ ਦਾ ਚੰਗਾ ਸਾਧਨ ਬਣ ਗਿਆ। 16ਵੀਂ ਸਦੀ ਵਿਚ ਪਰਿਹਾਸ ਸੁਖਾਂਤ ਨੂੰ ਹਾਂਸ ਸਾਕਸ ਦੁਆਰਾ ਲੋਕ-ਮਾਨਤਾ ਪ੍ਰਾਪਤ ਹੋਈ।

## ਅਜੋਕਾ ਜਰਮਨ ਕਾਲ

**ਪੁਨਰ ਜਾਗ੍ਰਤੀ ਕਾਲ ਦਾ ਜਰਮਨ ਸਾਹਿਤ**—ਸੰਨ 1453 ਵਿਚ ਜਦੋਂ ਤੁਰਕਾਂ ਨੇ ਕੁਸਤੁਨਤੁਨੀਆ ਨੂੰ ਜਿੱਤ ਲਿਆ ਤਾਂ ਪੱਛਮੀ ਯੂਰਪ ਵਿਚ ਤੁਰਕਾਂ ਦਾ ਡਰ ਖੜ੍ਹਾ ਹੋ ਗਿਆ, ਜਿਸ ਦਾ ਨਿਰੂਪਣ 16ਵੀਂ ਅਤੇ 17ਵੀਂ ਸਦੀ ਦੇ ਸਾਹਿਤ ਵਿਚ ਮਿਲਦਾ ਹੈ। ਉਧਰ ਜਰਮਨੀ ਦੇ ਛੋਟੇ ਛੋਟੇ ਰਜਵਾੜੇ ਕੇਂਦਰੀ ਹਕੂਮਤ ਤੋਂ ਵਧੇਰੇ ਸੁਤੰਤਰ ਹੋਣ ਲੱਗੇ। ਸੰਨ 1440 ਵਿਚ ਛਾਪੇਖਾਨੇ ਅਤੇ ਟਾਈਪ ਦੀ ਈਜਾਦ ਹੋਣ ਨਾਲ ਸਾਹਿਤ ਵਿਚ ਵੱਡੀ ਕ੍ਰਾਂਤੀ ਆ ਗਈ। ਭਾਵੇਂ ਸਾਹਿਤ ਰਚਨਾ ਦੇ ਪੁਰਾਣੇ ਰੂਪ ਹੀ ਪ੍ਰਚੱਲਤ ਰਹੇ ਪਰ ਹਾਂਸ ਫੋਲਟਸ ਵਰਗਿਆਂ ਨੇ ਨਿਯਮਾਂ ਵਿਚ ਬੜੀ ਖੁਲ੍ਹ ਲੈ ਆਂਦੀ। ਦੱਖਣ ਵਿਚ ਵਿਅੰਗਾਤਮਕ ਅਤੇ ਹਾਸ-ਰਸੀ ਨਾਟਕ ਬਹੁਤ ਪ੍ਰਚੱਲਤ ਹੋਇਆ।

**ਦਰਬਾਰੀ ਪੁਨਰ-ਸੁਰਜੀਤੀ**—ਇਸੇ ਸਮੇਂ ਕਈ ਰਾਜ ਦਰਬਾਰਾਂ ਵਿਚ ਮੱਧ-ਕਾਲੀ ਬਹਾਦਰੀ ਦੇ ਕਿੱਸੇ ਮੁੜ ਪ੍ਰਚੱਲਤ ਹੋ ਗਏ। ਇਨਜ਼ਬਰੁੱਕ ਵਿਖੇ ਡੱਚੈਸ ਈਲੀਓਨੋਰ ਆਫ਼ ਆਸਟਰੀਆ ਨੇ 'Pontus und Sidonia' ਨਾਂ ਦੇ ਫ਼ਰਾਂਸੀਸੀ ਰੋਮਾਂਸ ਨੂੰ ਵਾਰਤਕ ਵਿਚ ਬਿਆਨ ਕੀਤਾ। ਮੱਧ ਕਾਲੀ ਕਵਿਤਾਵਾਂ ਵੀ ਮੂਲ ਰੂਪ ਵਿਚ ਜਾਂ ਵਾਰਤਕ ਰੂਪ ਵਿਚ ਛਾਪੀਆਂ ਗਈਆਂ।

**ਮਾਨਵਵਾਦ**—ਉਪਰੋਕਤ ਦਰਬਾਰੀ ਪੁਨਰ-ਜਾਗ੍ਰਤੀ ਦੇ ਟਾਕਰੇ ਤੇ 1450 ਈ. ਤੋਂ ਮਗਰੋਂ ਇਟਲੀ ਦੇ ਪ੍ਰਭਾਵ ਨਾਲ ਜਰਮਨੀ ਸਾਹਿਤ ਵਿਚ ਮਾਨਵਵਾਦ ਦੀ ਨਵੀਂ ਧਾਰਨਾ ਵੀ ਪ੍ਰਚੱਲਤ ਹੋ ਗਈ ਸੀ। ਅਲਬ੍ਰੈਖਤ ਫ਼ੱਨ ਆਈਬ ਅਤੇ ਹਾਈਨਰਿਖ ਸਟਾਈਨਹਾਵੱਲ ਵਰਗੇ ਲੇਖਕਾਂ ਨੇ ਲਾਤੀਨੀ, ਇਤਾਲਵੀ, ਯੂਨਾਨੀ ਅਤੇ ਭਾਰਤੀ ਭਾਸ਼ਾਵਾਂ ਦੀਆਂ ਪ੍ਰਮਾਣਿਕ ਸਾਹਿਤਕ ਕਿਰਤਾਂ ਨੂੰ ਜਰਮਨ ਵਿਚ ਉਲਥਾਇਆ ਪਰ 1480 ਈ. ਤੋਂ ਮਗਰੋਂ ਜਰਮਨੀ ਮਾਨਵਵਾਦ ਵਿਚ ਬੜੀ ਤਬਦੀਲੀ ਆਈ। ਕੱਨਰੇਡਸ ਸੈਲਟਿਸ, ਈਓਬੇਨਸ ਹੈਸਸ ਅਤੇ ਹੋਰ ਬਹੁਤ ਸਾਰਿਆਂ ਨੇ, ਜਿਹੜੇ ਯੂਨੀਵਰਸਿਟੀ ਖੇਤਰਾਂ ਨਾਲ ਸਬੰਧ ਰੱਖਦੇ ਸਨ, ਲਾਤੀਨੀ ਵਿਚ ਹੀ ਲਿਖਿਆ। ਦੇਸ਼-ਪਿਆਰ ਅਤੇ ਰਾਜਨੀਤੀ ਨਾਲ ਸਬੰਧਤ ਜੈਕਬ ਵਿੰਪਫੈਲਿੰਗ ਦੀ ਪੁਸਤਕ 'ਜਰਮੇਨੀਆ' ਚੰਗੀ ਪ੍ਰਸਿੱਧ ਹੋਈ ਪਰ ਮਾਨਵਵਾਦ ਦਾ ਵਧੇਰੇ ਪ੍ਰਭਾਵ ਨਾਟਕ ਦੇ ਖੇਤਰ ਵਿਚ ਦੇਖਿਆ ਗਿਆ। ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਰੋਮਨ ਦੇ ਸੁਖਾਂਤ ਅਤੇ ਲਾਤੀਨੀ ਨਾਟਕ ਪੇਸ਼ ਕੀਤੇ ਜਾਂਦੇ ਸਨ। ਇਨ੍ਹਾਂ ਤੋਂ ਹੀ 16ਵੀਂ ਸਦੀ ਦੇ ਨਾਟਕ ਦਾ ਵਿਕਾਸ ਹੋਇਆ। ਵਿਅੰਗਾਤਮਕ ਅਤੇ ਉਪਦੇਸ਼ਆਤਮਕ ਕਿਰਤਾਂ ਵਧੇਰੀ ਗਿਣਤੀ ਵਿਚ ਹੋਂਦ ਵਿਚ ਆਈਆਂ, ਜਿਨ੍ਹਾਂ ਵਿਚੋਂ 'Das Narrenschiff (1404 ਈ.) ਸਭ ਤੋਂ ਵੱਧ ਪ੍ਰਸਿੱਧ ਸੀ।

ਈਸਾਈ ਧਰਮ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਮਾਰਟਿਨ ਲੂਥਰ (1483-1546 ਈ.) ਦੀ ਚਲਾਈ ਗਈ ਸੁਧਾਰ ਲਹਿਰ ਨੇ ਜਰਮਨੀ ਦੇ ਜੀਵਨ ਤੇ ਡੂੰਘਾ ਅਸਰ ਪਾਇਆ, ਨਿਰੋਲ ਸੁਹਜਵਾਦ ਲਈ ਉਸ ਵਿਚ ਕੋਈ ਥਾਂ ਨਹੀਂ ਸੀ। ਲਗਭਗ ਸਾਰੇ ਲੇਖਕ ਹੀ ਸੁਧਾਰ ਲਹਿਰ ਸਬੰਧੀ ਲਿਖਣ ਵਿਚ ਜੁਟੇ ਰਹੇ। ਇਨ੍ਹਾਂ ਕਿਰਤਾਂ ਵਿਚ ਸਾਹਿਤਕ ਰੰਗਣ ਬਹੁਤ ਘੱਟ ਸੀ।

ਸੁਧਾਰ ਲਹਿਰ ਦੀਆਂ ਤਿੰਨ ਗੱਲਾਂ ਨੇ ਜਰਮਨ ਸਾਹਿਤ ਉੱਤੇ ਬਹੁਤ ਪ੍ਰਭਾਵ ਪਾਇਆ–ਲੂਥਰ ਵੱਲੋਂ ਬਾਈਬਲ ਦਾ ਹਰਮਨ ਪਿਆਰੀ ਜਰਮਨ ਸ਼ੈਲੀ ਵਿਚ ਅਨੁਵਾਦ ; ਦੂਜਾ ਉਸ ਨੇ ਪ੍ਰੋਟੈਸਟੈਂਟ ਮੱਤ ਵਿਚ ਰਲ ਕੇ ਭਜਨ ਗਾਉਣ ਦੀ ਰੀਤ ਚਲਾਈ ਅਤੇ ਖ਼ੁਦ ਵੀ ਕਿੰਨੇ ਸਾਰੇ ਭਜਨ ਲਿਖੇ ਅਤੇ ਉਸ ਦੀ ਉਦਾਹਰਣ ਤੇ ਈਸਾਈ ਸੰਸਾਰ ਵਿਚ ਭਜਨ ਲਿਖੇ ਜਾਣ ਦੀ ਰਵਾਇਤ ਕਾਇਮ ਹੋ ਗਈ, ਅਤੇ ਤੀਜਾ ਉਸ ਨੇ ਬਾਈਬਲ ਦੇ ਕਈ ਵਿਸ਼ਿਆਂ ਨੂੰ ਨਾਟਕੀ ਰੂਪ ਦੇਣ ਲਈ ਕਿੰਨੇ ਲੇਖਕਾਂ ਨੂੰ ਉਤਸਾਹਿਤ ਕੀਤਾ, ਜਿਨ੍ਹਾਂ ਵਿਚੋਂ ਸਿਕਸਟਸ ਬਰਕ, ਪੱਲ ਰੈਬਹੂਨ, ਜੋਚਿਮ ਗ੍ਰੈਫ ਅਤੇ ਬੁਰਕਹਾਰਡ ਵਾਲਡਿਸ ਵਰਗੇ ਬਹੁਤ ਪ੍ਰਸਿੱਧ ਸਨ।

ਲੂਥਰ ਤੋਂ ਇਲਾਵਾ ਨਿਊਰਨਬਰਗ ਦਾ ਹਾਂਸ ਸਾਕਸ ਵੀ ਸੋਲ੍ਹਵੀਂ ਸਦੀ ਦਾ ਬਹੁਤ ਪ੍ਰਸਿੱਧ ਲੇਖਕ ਸੀ। ਹਾਸਰਸ ਵਿਚ ਲਿਖੀ ਕਵਿਤਾ 'Fastnachtsspiel' ਉਸ ਦੀ ਇਕ ਮਹਾਨ ਕਿਰਤ ਹੈ।

**ਹਲਕਾ-ਫੁਲਕਾ ਸਾਹਿਤ**—ਹੌਲੀ ਹੌਲੀ ਜਦੋਂ ਸੁਧਾਰ ਲਹਿਰ ਦਾ ਤੀਖਣ ਵੇਗ ਜ਼ਰਾ ਧੀਮਾ ਹੋਣਾ ਸ਼ੁਰੂ ਹੋਇਆ ਤਾਂ ਨਿਰੋਲ ਮਨ-ਪ੍ਰਚਾਵੇ ਦੀਆਂ ਕਿਰਤਾਂ ਹੋਂਦ ਵਿਚ ਆਉਣ ਲੱਗੀਆਂ। ਆਮ ਕਰਕੇ ਮੱਧ-ਕਾਲ ਦੇ ਕਾਵਿਮਈ ਰੁਮਾਂਸਾਂ ਨੂੰ ਵਾਰਤਕ ਵਿਚ ਉਲਥਾਇਆ ਜਾਣ ਲੱਗਾ ਜਾਂ ਬਦੇਸ਼ੀ ਪੁਸਤਕਾਂ ਨੂੰ ਆਧਾਰ ਬਣਾ ਕੇ ਵੱਖ ਵੱਖ ਕਿਰਤਾਂ ਹੋਂਦ ਵਿਚ ਆਉਣ ਲੱਗੀਆਂ। ਦਿਲ-ਪ੍ਰਚਾਵੇ ਜਾਂ ਸਿੱਖਿਆ ਦੇ ਮਨੋਰਥ ਲਈ ਕਈ ਕਥਾ-ਵਾਰਤਾ ਸੰਗ੍ਰਹਿ ਵੀ ਛਪੇ। ਵਿਕਰਮ ਦੇ 'Der Gold faden' (1557 ਈ.) ਨਾਲ ਅਜੋਕੇ ਨਾਵਲ ਦਾ ਮੁੱਢ ਬੱਝਿਆ। ਸੋਲ੍ਹਵੀਂ ਸਦੀ ਦੇ ਅੰਤ ਵਿਚ ਯੋਹਾਨ ਫਿਸ਼ਾਰਟ (Johann Fischart) ਨੇ ਸੁਧਾਰ ਲਹਿਰ ਦੇ ਵਿਰੋਧੀਆਂ ਦੇ ਖਿਲਾਫ਼ ਕਈ ਪੁਸਤਕਾਂ ਰਚੀਆਂ। ਉਸ ਦੀ 'Das gluckhafft Schiff' (1576 ਈ.) ਉਸ ਸਦੀ ਦੀਆਂ ਉੱਤਮ ਕਵਿਤਾਵਾਂ ਵਿਚੋਂ ਇਕ ਮੰਨੀ ਜਾਂਦੀ ਹੈ। ਫ਼ਿਲਿਪ ਨਿਕੋਡੀਅਸ ਫ਼ਿਸਲਿਨ ਸਦੀ ਦਾ ਪ੍ਰਸਿੱਧ ਲਾਤੀਨੀ ਨਾਟਕਕਾਰ ਸੀ। ਹੋਰ ਕਈ ਲੇਖਕਾਂ ਨੇ ਪ੍ਰੋਟੈਸਟੈਂਟ ਮੱਤ ਦੀ ਭਜਨ ਲਿਖਣ ਦੀ ਰਵਾਇਤ ਨੂੰ ਹੋਰ ਪ੍ਰਫੁਲਤ ਕੀਤਾ। ਉਸੇ ਸਮੇਂ ਵਿਚ ਇਕ ਗੁਮਨਾਮ ਲੇਖਕ ਵੱਲੋਂ 'Historia Von Dr. Johann Fausten' (1587 ਈ.) ਲਿਖੀ ਗਈ, ਜਿਸ ਦੇ ਸਿੱਟੇ ਵਜੋਂ ਯੂਰਪ ਵਿਚ ਫ਼ਾਸਟ (Faust) ਰਵਾਇਤ ਚੱਲ ਪਈ। ਅੰਗਰੇਜ਼ ਡਰਾਮਾ ਪਾਰਟੀਆਂ ਦੇ ਪ੍ਰਭਾਵ ਹੇਠ ਆ ਕੇ ਬ੍ਰਨਜ਼ਵਿਕ ਦੇ ਡਿਊਕ ਹਾਈਨਰਿਕ ਜੂਲੀਅਸ ਨੇ 11 ਨਾਟਕ ਲਿਖੇ।

**ਸਤ੍ਹਾਰਵੀਂ ਸਦੀ ਦਾ ਜਰਮਨ ਸਾਹਿਤ**—ਸਤ੍ਹਾਰਵੀਂ ਸਦੀ ਦੇ ਜਰਮਨ ਨੂੰ ਬੇਰੋਕ ਸਾਹਿਤ ਕਿਹਾ ਜਾਂਦਾ ਹੈ। ਉਸ ਸਮੇਂ ਦੇ ਜਰਮਨੀ ਵਿਚ ਕਈ ਕਿਸਮ ਦੇ ਧਾਰਮਿਕ ਝਗੜੇ, ਸਮਾਜਿਕ ਅਤੇ ਰਾਜਨੀਤਿਕ ਅਨਿਸ਼ਚਿਤਤਾ ਅਤੇ ਤੀਹ ਸਾਲਾ ਜੰਗ ਦੇ ਅਸਰ ਪ੍ਰਤੱਖ ਸਨ। ਹਰ ਖ਼ੁਦ- ਮੁਖ਼ਤਿਆਰ ਰਾਜਾ ਆਪਣੇ ਆਪਣੇ ਖੇਤਰ ਵਿਚ ਸੁਧਾਰ-ਲਹਿਰ ਨੂੰ ਫੈਲਾਉਣ ਵਿਚ ਅਤੇ ਇਸ ਦੇ ਵਿਰੋਧੀਆਂ ਨੂੰ ਦਬਾਉਣ ਵਿਚ ਤਤਪਰ ਸੀ।

**ਗੀਤ-ਕਾਵਿ**—ਇਸ ਸਮੇਂ ਵਿਚ ਗੀਤ-ਕਾਵਿ ਨੇ ਬਹੁਤ ਉੱਨਤੀ ਕੀਤੀ। ਕਵਿਤਾ ਦੀ ਆਲੋਚਨਾ ਸਬੰਧੀ ਆਪਣੀ ਪੁਸਤਕ 'Buch von der deutschen Poeterey' (1624 ਈ.) ਵਿਚ ਮਾਰਟਿਨ ਓਪਿਤਸ ਨੇ ਨਿਯਮਾਂ ਦੀ ਪਾਲਣਾ ਕਰਨ ਉੱਤੇ ਬੜਾ ਜ਼ੋਰ ਦਿੱਤਾ। ਇਸ ਕਾਲ ਵਿਚ ਧਾਰਮਿਕ ਅਤੇ ਧਰਮ-ਨਿਰਪੱਖ ਦੋਵੇਂ ਕਿਸਮ ਦੀ ਕਵਿਤਾ ਲਿਖੀ ਗਈ ਅਤੇ ਪ੍ਰਸਿੱਧ ਕਵੀਆਂ ਵਿਚ ਪੱਲ ਗੈੱਰਹਾਰਟ, ਫ੍ਰੀਡ੍ਰਿਕ ਫ਼ੌਨ ਸਪੀਅ, ਡੇਨੀਅਲ ਜ਼ੈਪਕੋ ਅਤੇ ਆਂਜੀਲਸ ਸਿਲੇਸੀਅਸ ਪ੍ਰਸਿੱਧ ਸਨ। ਇਸ ਸਮੇਂ ਵਿਚ ਕਵਿਤਾ ਲਿਖੀ ਵੀ ਬਹੁਤ ਗਈ ਅਤੇ ਉਹ ਸੀ ਵੀ ਬਹੁਤ ਉੱਚ ਪੱਧਰ ਸੀ।

**ਡਰਾਮਾ**—ਇਸ ਕਾਲ ਵਿਚ ਦੋ ਨਾਟਕਕਾਰ ਪ੍ਰਸਿੱਧ ਹੋਏ ਹਨ–ਜੈਕਬ ਬਡਰਮਾਨ ਇਕ ਸਫ਼ਲ ਯਸੂਈ ਨਾਟਕਕਾਰ ਸੀ ਜਿਸ ਨੇ ਦੁਨੀਆਂ ਦੀ ਨਾਸ਼ਮਾਨਤਾ ਅਤੇ ਮੁਕਤੀ ਪ੍ਰਾਪਤ ਕਰਨ ਉੱਤੇ ਜ਼ੋਰ ਦਿੱਤਾ, ਗ੍ਰਿਫ਼ੀਅਸ ਨੇ ਨਿੱਜੀ ਈਮਾਨਦਾਰੀ ਅਤੇ ਤਿਆਗ ਸਬੰਧੀ ਦੁਖਾਂਤ ਅਤੇ ਸੁਖਾਂਤ ਲਿਖੇ ਜੋ ਸਾਹਿਤਕ ਅਤੇ ਕਲਾਤਮਕ ਤੌਰ ਤੇ ਬਹੁਤ ਉੱਚ ਪਾਏ ਦੇ ਸਨ ਪਰ ਬਹੁਤ ਹਰਮਨ ਪਿਆਰੇ ਨਹੀਂ ਸਨ।

**ਨਾਵਲ**—ਜਰਮਨ ਨਾਵਲ ਦੇ ਵਿਕਾਸ ਉੱਤੇ ਸਪੇਨੀ, ਫ਼ਰਾਂਸੀਸੀ ਅਤੇ ਨਵ-ਲਾਤੀਨੀ ਨਾਵਲ ਦਾ ਬਹੁਤ ਪ੍ਰਭਾਵ ਸੀ। ਇਸ ਸਮੇਂ ਕਿੰਨੀਆਂ ਹੀ ਬਦੇਸ਼ੀ ਰਚਨਾਵਾਂ ਦੇ ਅਨੁਵਾਦ ਹੋਏ। ਯੋਹਾਨ ਬੀਅਰ (1655-1700 ਈ.) ਅਤੇ ਐੱਚ. ਜੇ. ਸੀ. ਫ਼ੌਨ ਗ੍ਰਿਮੈਲਸ਼ੌਸਲ ਇਸ ਕਾਲ ਦੇ ਦੋ ਉੱਘੇ ਨਾਵਲਕਾਰ ਹੋਏ ਹਨ। ਗ੍ਰਿਮੈਲਸ਼ੌਸਨ ਦਾ '**Abentheuereiche Simplicissimus Teutsch**' (1688-69 ਈ.) ਬਹੁਤ ਹੀ ਪ੍ਰਸਿੱਧ ਨਾਵਲ ਹੈ।

**ਫ਼ਿਲਾਸਫ਼ੀ ਅਤੇ ਪੜਚੋਲ**—ਸਿਲੇਸ਼ੀਆ ਦਾ ਜੈਕਬ ਬੋਹਮੀ ਅਤੇ ਜੀ. ਡਬਲਿਊ ਲਿਬਨਿਟਜ਼ ਇਸ ਕਾਲ ਦੇ ਦੋ ਉੱਘੇ ਰਹੱਸਵਾਦੀ ਅਤੇ ਫ਼ਿਲਾਸਫ਼ਰ ਹੋਏ ਹਨ।

**ਅਠਾਰ੍ਹਵੀਂ ਸਦੀ ਦਾ ਜਰਮਨ ਸਾਹਿਤ**—ਸਤਾਰ੍ਹਵੀਂ ਸਦੀ ਵਿਚ ਧਰਮ ਦਾ ਬੋਲ-ਬਾਲਾ ਸੀ। ਇਸ ਦੇ ਟਾਕਰੇ ਤੇ 18 ਵੀਂ ਸਦੀ ਗਿਆਨ-ਪ੍ਰਾਪਤੀ ਦਾ ਯੁੱਗ ਸੀ। 30 ਸਾਲਾ ਜੰਗ ਕਰਕੇ ਹੋਈਆਂ ਸਮਾਜਕ ਉਥਲ-ਪੁਥਲਾਂ ਮਗਰੋਂ ਹੁਣ ਜਰਮਨੀ ਦਾ ਬੌਧਿਕ ਜੀਵਨ ਚੜ੍ਹਦੀਆਂ ਕਲਾ ਵਿਚ ਸੀ। ਗੋਟਫ੍ਰੀਡ ਲਿਬਨਿਟਜ਼ ਵਰਗੇ ਉੱਘੇ ਫ਼ਿਲਾਸਫ਼ਰ ਨੇ ਤਰਕਵਾਦ ਦੀ ਨੀਂਹ ਰੱਖੀ। ਸਾਹਿਤਕ ਖੇਤਰ ਵਿਚ ਨਵੇਂ-ਨਵੇਂ ਵਿਚਾਰ ਉਤਪੰਨ ਹੋਣੇ ਸ਼ੁਰੂ ਹੋਏ। ਅੰਗਰੇਜ਼ੀ ਦੇ ਉੱਘੇ ਪੱਤਰਾਂ 'ਸਪੈਕਟੇਟਰ' 'ਟੈਟਲਰ ਅਤੇ ਗਾਰਡੀਅਨ' ਆਦਿ ਦੇ ਅਨੁਵਾਦ ਜਾਂ ਨਕਲਾਂ ਨੇ ਸਾਹਿਤ ਵਿਚ ਦਿਲਚਸਪੀ ਵਧਾ ਦਿੱਤੀ। ਅੰਗਰੇਜ਼ੀ ਦੇ ਐਡੀਸਨ, ਸਵਿਫਟ, ਡਿਫੋ, ਪੋਪ ਅਤੇ ਮਿਲਟਨ ਵਰਗੇ ਕਿੰਨੇ ਹੀ ਅਗਾਂਹਵਧੂ ਲਿਖਾਰੀਆਂ ਨੇ ਜਰਮਨ ਸਾਹਿਤ ਉੱਤੇ ਡੂੰਘਾ ਪ੍ਰਭਾਵ ਪਾਇਆ। ਇਸੇ ਸਮੇਂ ਦੌਰਾਨ ਤਰਕ ਅਤੇ ਕਲਪਨਾ ਦਾ ਵੀ ਵਾਦ ਵਿਵਾਦ ਚੱਲਦਾ ਰਿਹਾ।

ਜਿਵੇਂ ਕਲੱਪਸਟਾੱਕ ਨੂੰ ਜਰਮਨੀ ਦੇ ਅਜੋਕੇ ਕਵੀਆਂ ਵਿਚੋਂ ਮੋਢੀ ਕਿਹਾ ਜਾ ਸਕਦਾ ਹੈ ਉਵੇਂ ਹੀ ਗੋਟਜ਼ੋਲਡ ਐਫ੍ਰੇਮ ਲੈਸਿੰਗ ਪਹਿਲਾ ਸਮਾਲੋਚਕ ਸੀ ਜਿਸ ਨੇ ਸਾਰੇ ਯੂਰਪ ਵਿਚ ਜਰਮਨੀ ਦਾ ਸਿਰ ਉੱਚਾ ਕੀਤਾ। ਜਰਮਨ ਥੇਟਰ ਨੂੰ ਪੱਕੀਆਂ ਲੀਹਾਂ ਤੇ ਤੋਰਨ ਲਈ ਉਸ ਨੇ ਫ਼ਰਾਂਸ ਦੀ ਬਜਾਏ ਇੰਗਲੈਂਡ ਉੱਤੇ ਨਜ਼ਰਾਂ ਗੱਡੀਆਂ। ਉਸ ਦੇ ਆਪਣੇ ਨਾਟਕ ਕਲਾਤਮਕ ਅਤੇ ਨਿਰਦੇਸ਼ਨ ਪੱਖੋਂ ਕਮਾਲ ਦੇ ਸਨ। ਜਰਮਨ ਕਲਪਨਾ ਦਾ ਅੰਦਾਜ਼ਾ ਸੀ. ਐੱਮ. ਵਾਈਲੈਂਡ ਦੇ ਮਨੋ-ਵਿਗਿਆਨਕ ਨਾਵਲ 'Agathon' (1766-67) ਅਤੇ ਵਿਅੰਗ 'Die Abderiten' (1774) ਤੋਂ ਲਗਾਇਆ ਜਾ ਸਕਦਾ ਹੈ।

ਜਰਮਨੀ ਦਾ ਨਵ-ਕਲਾਸਕੀਵਾਦ ਅਤੇ ਰੋਮਾਂਸਵਾਦ ਦਾ ਉੱਘਾ ਕਾਲ ਯੋਹਾਨ ਵੋਲਫਰੈਂਗ ਫ਼ੌਨ ਗੇਟੇ ਦੇ ਜੀਵਨ ਕਾਲ ਦੌਰਾਨ ਹੀ ਆਇਆ। ਉਹ 'Sturm und Drang' (Storm and stress) ਲਹਿਰ ਦਾ ਹਾਮੀ ਅਤੇ ਉਸ ਨੂੰ ਅੱਗੇ ਤੋਰਨ ਵਾਲਾ ਸੀ। ਇਹ ਲਹਿਰ ਤਰਕਵਾਦ ਦਾ ਵਿਰੋਧ ਕਰਦੀ ਸੀ। ਇਸ ਲਹਿਰ ਸਬੰਧੀ ਗੇਟੇ ਦਾ ਪਹਿਲਾ ਪ੍ਰਸਿੱਧ ਨਾਟਕ **'Gotz Von Berlichingen' (1773)** ਅਤੇ ਨਾਵਲ **'Die**

Leide des jurgen werthers' (1774 ਈ.) ਸੀ, ਜਿਸ ਨਾਲ ਇਹ ਸੰਸਾਰ ਪ੍ਰਸਿੱਧ ਲੇਖਕ ਬਣ ਗਿਆ। ਫ੍ਰੀਡ੍ਰਿਕ ਸ਼ਿੱਲਰ ਦੇ 'Die Rauber' (1781 ਈ.) ਦੇ ਛਪਣ ਨਾਲ ਨਾਟਕ ਦੇ ਖੇਤਰ ਵਿਚ ਇਕ ਨਵੀਂ ਲੀਹ ਪਈ।

ਆਤਮ-ਸੰਜਮ ਦੀ ਘਾਟ ਕਾਰਨ 'ਸਟੌਰਮ ਅੰਡ ਡ੍ਰੈਂਗ' ਲਹਿਰ ਛੇਤੀ ਹੀ ਮੱਧਮ ਪੈ ਗਈ। ਗੇਟੇ ਅਤੇ ਸ਼ਿੱਲਰ ਦੀ ਕਵਿਤਾ ਵਿਚ ਅਤੇ ਇਮੈਨੂਐਲ ਕਾਂਟ ਦੀ ਫ਼ਿਲਾਸਫ਼ੀ ਵਿਚ ਇਕ ਨਵੇਂ ਨੈਤਿਕ ਆਦਰਸ਼ਵਾਦ ਨੇ ਜਨਮ ਲਿਆ। ਇਸ ਨੂੰ ਨਵ-ਕਲਾਸਕੀਵਾਦ ਕਿਹਾ ਗਿਆ। ਸੰਨ 1795-96 ਵਿਚ ਗੇਟੇ ਦਾ ਸਭ ਤੋਂ ਉੱਤਮ ਨਾਵਲ 'Wilhelm Meisters' ਛਾਪਿਆ ਗੇਟੇ ਦੇ ਪਿਛਲੇਰੇ ਸਾਲਾਂ ਦੀ ਸਰਬੋਤਮ ਕਿਰਤ ਫਾਊਸਤ (Faust) ਹੈ, ਜਿਸ ਨੂੰ ਜਰਮਨੀ ਦਾ ਸੰਸਾਰ ਦੇ ਸਾਹਿਤ ਨੂੰ ਸਭ ਤੋਂ ਮਹਾਨ ਯੋਗਦਾਨ ਮੰਨਿਆ ਜਾਂਦਾ ਹੈ। ਉਸ ਦੀਆਂ ਹੋਰ ਰਚਨਾਵਾਂ ਵਿਚ 'Die Wahlver wan dt schaften' (1809) 'Wilhelm Meisters Wandershre (1821-29) ਅਤੇ ਉਸ ਦੀ ਸਵੈ-ਜੀਵਨੀ 'Dichtung und Wahrheit' (1811-33) ਆਦਿ ਸ਼ਾਮਲ ਹਨ। ਉਹ ਬਹੁਪੱਖੀ ਪ੍ਰਤਿਭਾ ਦਾ ਮਾਲਕ ਸੀ ਅਤੇ ਉਸ ਨੇ ਲਗਭਗ ਸਾਰੇ ਵਿਸ਼ਿਆਂ ਅਤੇ ਸਾਰੇ ਰੂਪਾਂ ਉੱਤੇ ਕਲਮ ਚਲਾਈ।

ਨਵ-ਕਲਾਸਕੀਵਾਦ ਤੋਂ ਮਗਰੋਂ ਰੋਮਾਂਟਿਕ ਲਹਿਰ ਨੇ ਆ ਪਿੜ ਮਲਿਆ। ਇਸ ਖੇਤਰ ਵਿਚ ਜਰਮਨੀ ਦੇ ਸੁਪ੍ਰਸਿੱਧ ਸਰੋਦੀ ਕਵੀ ਫ਼੍ਰੀਡ੍ਰਿਕ ਹੋਲਡਰਲਿਨ ਦਾ ਨਾਵਲ 'Hyperion' (1797-99) ਵਰਣਨਯੋਗ ਹੈ। ਇਸੇ ਲੜੀ ਵਿਚ ਹਰਡਰ ਦਾ ਸ਼ਾਗਿਰਦ ਯੋਹਾਨ ਫ੍ਰੀਡ੍ਰਿਕ ਰਿਕਟਰ (ਜਿਸ ਨੂੰ ਜੀਨ ਪਾਲ ਵੀ ਕਿਹਾ ਜਾਂਦਾ ਹੈ) ਆਉਂਦਾ ਹੈ, ਜਿਸ ਦੇ ਮੁੱਖ ਨਾਵਲਾਂ ਵਿਚ 'Hyperus Quintus Fixlein' ਅਤੇ 'Titan' ਆਦਿ ਸ਼ਾਮਲ ਹਨ ਪਰ ਰੋਮਾਂਟਿਕ ਸਕੂਲ ਦੀ ਅਸਲ ਨੀਂਹ 1798 ਵਿਚ ਲੁਟਵੀਕ ਟਾਈਕ ਨੇ ਯੇਨਾ ਵਿਖੇ ਰੱਖੀ ਅਤੇ ਇਸ ਨੇ ਅੰਗਰੇਜ਼ੀ ਅਤੇ ਸਪੇਨੀ ਡਰਾਮੇ ਨੂੰ ਹਰਮਨ ਪਿਆਰੇ ਬਣਾਇਆ। ਅੱਗਸਟ ਵਿਲਹੈਲਮ ਅਤੇ ਫ੍ਰੀਡ੍ਰਿਕ ਸ਼ਲੇਗੈਲ ਨੇ ਰੋਮਾਂਸਵਾਦ ਲਈ ਸਿਧਾਂਤਕ ਆਧਾਰ ਤਿਆਰ ਕੀਤਾ।

**ਉਨ੍ਹੀਵੀਂ ਸਦੀ ਦਾ ਜਰਮਨ ਸਾਹਿਤ**—ਸੰਨ 1804 ਵਿਚ ਰੋਮਾਂਸਵਾਦ ਦਾ ਪਹਿਲਾ ਪੜਾਅ ਖ਼ਤਮ ਹੋ ਗਿਆ ਸੀ ਅਤੇ ਕੁਝ ਸਾਲਾਂ ਮਗਰੋਂ ਕਲੀਮੈਨਜ਼ ਬੈਨਟੈਨੋ, ਐਚਿਮ ਫ਼ੌਨ ਆਰਨਿਮ ਅਤੇ ਜੇ. ਜੇ. ਫ਼ੌਨ ਗੋਰੈਸ ਨੇ ਹਾਈਡੈਲਬਰਗ ਵਿਖੇ ਲੋਕ-ਗੀਤਾਂ ਦਾ ਸੰਗ੍ਰਹਿ 'Des Knaben Wunderhorn' (1805-08) ਛਾਪ ਕੇ ਰੋਮਾਂਸਵਾਦ ਦੇ ਦੂਜੇ ਪੜਾਅ ਦਾ ਮੁੱਢ ਬੰਨ੍ਹਿਆ। ਇਸੇ ਧਾਰਾ ਨਾਲ ਸਬੰਧਤ ਪ੍ਰਥਾ ਦੇ ਹਾਈਨਰਿਖ ਫ਼ੌਨ ਕਲਾਈਸਟ ਨੇ 'Amphitryon' (1807 ਈ.) 'Penthesilea' (1808) ਅਤੇ 'Prinz Friedrich Von, Homburg' (1821 ਈ.) ਨਾਟਕ ਪ੍ਰਕਾਸ਼ਿਤ ਕਰਵਾਏ। ਜ਼ਾਕਰਿਆਸ ਵਰਨਰ ਵੀ ਇਸੇ ਸਮੇਂ ਵਿਚ ਆਪਣੇ ਦੁਖਾਂਤਾਂ ਲਈ ਪ੍ਰਸਿੱਧ ਹੋਇਆ। ਈ. ਟੀ. ਏ. ਹੱਫਮੈਨ ਨੇ ਰੋਮਾਂਟਿਕ ਨਾਵਲ ਲਿਖ ਕੇ ਚੰਗਾ ਨਾਮਣਾ ਖੱਟਿਆ। ਉਹਲੈਂਡ, ਜਸਟੀਨਸ ਕਰਨਰ, ਗਸਤਾਫ਼ ਸ਼ਵਾਬ ਆਦਿ ਇਸ ਧਾਰਾ ਦੇ ਪ੍ਰਸਿੱਧ ਕਵੀ ਸਨ। ਸੰਨ 1832 ਵਿਚ ਗੇਟੇ ਦੀ ਮੌਤ ਨਾਲ ਜਰਮਨੀ ਸਾਹਿਤ ਸਿਰਜਣਾ ਵਿਚ ਬੜਾ ਘਾਟਾ ਪਿਆ।

ਉਨ੍ਹੀਂਵੀਂ ਸਦੀ ਦੇ ਨਾਟਕਕਾਰਾਂ ਵਿਚ ਫ੍ਰੱਟਸ ਗ੍ਰਿਲਪਾਰਜ਼ਰ ਦਾ ਸਥਾਨ ਨਵੇਕਲਾ ਹੈ। 'Die Ahonfran' (1817) 'Sappho' (1818) 'Der Traum ein Laben' (1834) ਆਦਿ ਉਸ ਦੇ ਚੰਗੇ ਨਾਟਕ ਮੰਨੇ ਜਾਂਦੇ ਹਨ।

**ਗੀਤ-ਕਾਵਿ**—ਨਿਕੋਲੌਸ ਲੀਨਾਊ ਨੇ ਵਿਸ਼ਾਦਗ੍ਰਸਤ ਗੀਤ ਲਿਖੇ। ਫ੍ਰੀਡ੍ਰਿਕ ਰੂਕਰਟ ਅਤੇ ਅੱਗਸਟ ਫ਼ੌਨ ਪਲੇਟੈਨ ਹੈਲਰਮੁੰਡੀ (Sonnette aus Venedig) ਬਹੁਤ ਪ੍ਰਸਿੱਧ ਗੀਤਕਾਰ ਸਨ। ਐਨੇਟ ਫ਼ੌਨ ਡ੍ਰੋਸਟ ਹਲਸਾੱਫ਼ ਪ੍ਰਕਿਰਤੀ ਦੀ ਕਵਿਤਰੀ ਸੀ ਜਿਸ ਦੀ ਕਵਿਤਾ ਉੱਤੇ ਧਾਰਮਕ ਪਾਣ ਚੜ੍ਹੀ ਹੋਈ ਸੀ ਅਤੇ ਜਿਸ ਨੇ ਉਸ ਨੂੰ ਸੰਤੁਲਨ ਅਤੇ ਪੁਖ਼ਤਗੀ ਬਖ਼ਸ਼ੀ।

ਹਾਈਨਰਿਖ ਹਾਈਨ (1797-1856 ਈ.) ਜਿਹੜਾ ਕਿ ਜਰਮਨੀ ਵਿਚ ਇਕ ਵਿਵਾਦ-ਗ੍ਰਸਤ ਵਿਅਕਤੀ ਰਿਹਾ ਹੈ, ਰੋਮਾਂਸਵਾਦ ਦਾ ਸਖ਼ਤ ਵਿਰੋਧੀ ਸੀ ਪਰ ਤਾਂ ਵੀ ਉਸ ਦੀ 'Buch der Lieber' (1827) ਪ੍ਰੇਮ ਕਾਵਿ ਦਾ ਇਕ ਉੱਤਮ ਸੰਗ੍ਰਹਿ ਹੈ 'Romanzero' (1851) ਉਸ ਦੀ ਇਕ ਹੋਰ ਵਧੀਆ ਰਚਨਾ ਹੈ। ਉਸ ਦਾ ਸਭ ਤੋਂ ਪ੍ਰਭਾਵਸ਼ਾਲੀ ਰਾਜਨੀਤਕ ਵਿਅੰਗ 'Deutschland; Ein Wintermarchen' (1844) ਮਹਾਂਕਾਵਿ ਸੀ ਅਤੇ ਵਾਰਤਕ ਦੇ ਖੇਤਰ ਇਕ Reisebilder (1863) 'Lutezia' 'ਜਰਮਨੀ ਦੇ ਧਰਮ ਤੇ ਦਰਸ਼ਨ ਦਾ ਇਤਿਹਾਸ' ਹਾਈਨਰਿਖ ਦੀ ਬਹੁਤ ਵੱਡੀ ਦੇਣ ਹਨ। ਸੰਨ 1835 ਵਿਚ ਪਾਰਲੀਮੈਂਟ ਦੇ ਇਕ ਹੁਕਮ ਅਨੁਸਾਰ ਹਾਈਨ, ਲੁਡੋਲਫ ਵਾਈਨਬਾਰਗ, ਕਾਰਲ ਗੁਟਜ਼ਕਾਓ ਆਦਿ ਦੀਆਂ ਲਿਖਤਾਂ ਉੱਤੇ ਰੋਕ ਲਗਾ ਦਿੱਤੀ ਗਈ। ਲੁਟਵਿਕ ਬੋਰਨ, ਜਿਹੜਾ ਇਕ ਬਹੁਤ ਹੀ ਪ੍ਰਤਿਭਾਸ਼ਾਲੀ ਵਾਰਤਕ ਲੇਖਕ ਸੀ, ਪ੍ਰਚੱਲਤ ਰਾਜਨੀਤਕ ਅਤੇ ਸਮਾਜਕ ਢਾਂਚੇ ਵਿਰੁੱਧ ਲਿਖਣ ਕਾਰਨ ਖ਼ੁਦ ਹੀ ਪੈਰਿਸ ਤੋਂ ਭੱਜ ਨਿਕਲਿਆ। ਦੋ ਪ੍ਰਸਿੱਧ ਸਰੋਦੀ ਕਵੀਆਂ ਵਿਚੋਂ ਜੋਰਜ ਹਰਵੇਗ ਸਵਿਟਜ਼ਰਲੈਂਡ ਨੂੰ ਅਤੇ ਫਰਡੀਲੈਂਡ ਫ੍ਰਾਈਲੀਗ੍ਰਾਥ ਲੰਡਨ ਨੂੰ ਭੱਜ ਗਿਆ। ਈਮਾਨੂਐਲ ਗਾਈਬੈਲ ਜੋ ਵਧੇਰੇ ਕਰਕੇ ਰੂੜ੍ਹੀਵਾਦੀ ਸੀ, ਨੇ ਆਪਣੇ ਸੰਗ੍ਰਹਿ 'Zeitstimmen' (1841 ਈ.) ਅਤੇ 'Juniuslieder' (1848 ਈ.) ਵਿਚ ਦੇਸ਼-ਪਿਆਰ ਦੀਆਂ ਕਵਿਤਾਵਾਂ ਪੇਸ਼ ਕੀਤੀਆਂ।

**ਯਥਾਰਥਵਾਦ ਅਤੇ ਇਲਾਕਾਪ੍ਰਸਤੀ**—ਲੇਖਕ ਹੁਣ ਉਹ ਵਿਸ਼ੇ ਚੁਣਦੇ ਸਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਨਿੱਜੀ ਅਤੇ ਭਰਪੂਰ ਜਾਣਕਾਰੀ ਹੁੰਦੀ ਸੀ। ਕਾਰਲ ਇਮੱਰਮਾਨ ਨੇ ਆਪਣੇ ਨਾਵਲ 'Der Oberhof' (1839) ਵਿਚ ਕਿਸਾਨਾਂ ਦੇ ਜੀਵਨ ਚਰਿੱਤਰ ਨੂੰ ਹੂਬਹੂ ਪੇਸ਼ ਕੀਤਾ ਹੈ। ਆਪਣੇ ਕਵਿਤਾ ਸੰਗ੍ਰਹਿ 'Quickborn' (1853) ਵਿਚ ਕਲੱਸ ਗ੍ਰੋਥ ਨੇ ਆਪਣੇ ਇਲਾਕੇ ਦੇ ਜੀਵਨ ਅਤੇ ਉਪ ਭਾਖਾ ਦੀ ਪ੍ਰਤੀਨਿਧਤਾ ਕੀਤੀ ਹੈ। ਇਵੇਂ ਹੀ ਐਡਲਬਰਟ ਸਟਿਫ਼ਰ ਨੇ ਆਪਣੇ ਇਲਾਕੇ ਬੋਹੀਮੀਆ ਦੇ ਜੰਗਲਾਂ ਤੋਂ ਪ੍ਰੇਰਣਾ ਲੈ ਕੇ 'Studien' (1844-50) ਅਤੇ' Bunte Steine '(1853) ਨਾਂ ਦੇ ਦੋ ਕਹਾਣੀ ਸੰਗ੍ਰਹਿ ਅਤੇ ਰੋਜ਼ਾਨਾ ਜੀਵਨ ਸਬੰਧੀ ਨਾਵਲ Der Nach Sommer' (1857) ਪੇਸ਼ ਕੀਤਾ।

ਔੱਟੋ ਲੁਡਵਿਗ (Zwischen Himmelund Erde) (1856) ਨੇ ਆਪਣੇ ਯਥਾਰਥਵਾਦ ਰਾਹੀਂ ਮਨੋਵਿਗਿਆਨਕ ਸਮੱਸਿਆਵਾਂ ਨੂੰ ਛੋਹਿਆ ਹੈ। ਥੀਓਡੋਰ ਸਟੌਰਮ ਇਕ ਹੋਰ ਯਥਾਰਥਵਾਦੀ ਲੇਖਕ ਸੀ। ਹੋਰ ਕਈ ਲੇਖਕਾਂ ਨੇ ਇਤਿਹਾਸ ਨੂੰ ਆਪਣਾ ਵਿਸ਼ਾ ਬਣਾਇਆ। ਵਿਲਹੈਲਮ ਰਾਅਬੀ ਨੇ ਸਮਾਜਕ ਜੀਵਨ ਨੂੰ ਚਿਤਰਿਆ ਹੈ। ਨਿਰਾਸ਼ਾਵਾਦ ਅਤੇ ਵਿਅੰਗ ਦੇ ਕਵੀ ਵਿਹੈਲਮ ਬੁਸ਼ ਨੇ ਆਪਣੀ ਕਾਵਿ ਕਹਾਣੀ 'Max und Moritz' (1865 ਈ.) ਵਿਚ ਮਨੁੱਖੀ ਅਪੂਰਨਤਾ ਦਾ ਮਜ਼ਾਕ ਉਡਾਇਆ ਹੈ। ਫ੍ਰੀਡ੍ਰਿਕ ਹੈਬੈੱਲ ਦੇ ਨਾਟਕਾਂ 'Judith', 'Herodes und Mariamne' ਆਦਿ ਦੇ ਕਾਵਿਕ ਯਥਾਰਥਵਾਦ ਨੂੰ ਪ੍ਰਗਟਾਇਆ ਹੈ। ਥੀਓਡੋਰ ਫ਼ੌਨਟੇਨ ਨੇ ਆਪਣੇ ਨਾਵਲਾਂ 'Ladultera' (1882) 'Grrungen Wirrungen' (1888) ਅਤੇ 'Effi Briest' (1895) ਆਦਿ ਰਾਹੀਂ ਬ੍ਰੈਂਡੈਨਬਰਗ ਦੀਆਂ ਸਮਾਜਕ ਸਮੱਸਿਆਵਾਂ ਨੂੰ ਬੜੇ ਵਿਅੰਗਮਈ ਢੰਗ ਨਾਲ ਦਰਸਾਇਆ ਹੈ।

ਫ੍ਰੀਡ੍ਰਿਕ ਨੀਤਸ਼ੇ (1844-1900 ਈ.) ਵੀਹਵੀਂ ਸਦੀ ਦੇ ਜਰਮਨ ਸਾਹਿਤ ਦਾ ਸੰਦੇਸ਼ ਵਾਹਕ ਸੀ। ਉਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਮਨੁੱਖੀ ਸ਼ਖ਼ਸੀਅਤ ਨੂੰ ਰੂੜ੍ਹੀਵਾਦੀ ਈਸਾਈ ਨੈਤਿਕਤਾ ਤੋਂ ਆਜ਼ਾਦ ਹੋਣਾ ਚਾਹੀਦਾ ਹੈ। ਉਸੇ ਸਮੇਂ ਜਰਮਨੀ ਵਿਚ ਪ੍ਰਕਿਰਤੀਵਾਦ ਦਾ ਚੰਗਾ

ਬੋਲ-ਬਾਲਾ ਸੀ ਅਤੇ ਗਰਹਾਰਟ ਹੌਪਟਮਾਨ ਨਾਟਕਕਾਰ 'Vor Sonnenaufgang' (1889) 'Die Weber' (1892) 'Der Biberpelz' (1893) ਦੀ ਅਗਵਾਈ ਵਿਚ ਹਰਮੈਨ ਸਡਰਮਾਨ (Ehre 1889) ਅਤੇ ਮੈਕਸ ਹਾਲਬੀ 'Jugend (1893) ਆਦਿ ਮੱਧਸ਼੍ਰੇਣੀ ਦੀ ਨੈਤਿਕਤਾ ਦੀ ਆਲੋਚਨਾ ਕਰਨ ਵਾਲੇ ਕਈ ਉੱਘੇ ਲੇਖਕਾਂ ਨੇ ਸਾਹਿਤ ਰਚਨਾ ਕੀਤੀ।

**ਵੀਹਵੀਂ ਸਦੀ ਦਾ ਜਰਮਨ ਸਾਹਿਤ**—ਪ੍ਰਭਾਵਵਾਦ, ਚਿੰਨ੍ਹਵਾਦ, ਪ੍ਰਗਟਾਵਵਾਦ ਅਤੇ ਸਮਾਜਕ ਯਥਾਰਥਵਾਦ 20ਵੀਂ ਸਦੀ ਦੇ ਸਾਹਿਤ ਦੇ ਮੋਟੇ ਮੋਟੇ ਲੱਛਣ ਸਾਹਮਣੇ ਆਉਂਦੇ ਹਨ।

ਪ੍ਰਕਿਰਤੀਵਾਦ ਤੋਂ ਪ੍ਰਭਾਵਵਾਦ ਨੇ ਜਨਮ ਲਿਆ। ਉਸ ਸਮੇਂ ਦੇ ਕਵੀਆਂ ਵਿਚੋਂ ਸਟੀਫ਼ਨ ਜਾਰਜ (1868-1933 ਈ.) ਉੱਘਾ ਸੀ। ਉਸ ਨੇ ਆਪਣੇ ਸਾਥੀਆਂ ਦੀਆਂ ਕਿਰਤਾਂ ਛਾਪਣ ਲਈ 'Blatter fur die Kunst' (1892 ; ਜਰਨਲ ਫ਼ਾਰ ਆਰਟ) ਨਾਂ ਦਾ ਰਸਾਲਾ ਚਲਾਇਆ। ਜਾਰਜ ਦੇ ਟਾਕਰੇ ਤੇ ਹਿਊਗੋ ਫ਼ੋਂਨ ਹੱਫਮਾਨਸਥਾਲ ਦਾ ਪ੍ਰਭਾਵਵਾਦ ਰੋਮਾਂਸਵਾਦ ਤੋਂ ਉਪਜਿਆ। ਆਪਣੀ ਸੁੰਦਰ ਕਵਿਤਾ ਰਾਹੀਂ ਉਹ ਦੱਸਦਾ ਹੈ ਕਿ ਆਪਣੇ ਮਨੋਭਾਵਾਂ ਨੂੰ ਹੂਬਹੂ ਦਰਸਾਉਣ ਲਈ ਉਸ ਪਾਸ ਸ਼ਬਦ ਹੀ ਨਹੀਂ ਹਨ। ਉਸ ਦੇ ਲਿਖੇ ਨਾਟਕ 'Jedermann' (1911) ਅਤੇ 'Das Salzburger grosse Welttheater' (1922) ਧਾਰਮਕ ਰੰਗਣ ਵਾਲੇ ਸਨ।' Der Rosenkaralier '(1911) ਉਸ ਦੀ ਸਭ ਤੋਂ ਵਧੀਆ ਰਚਨਾ ਹੈ। ਉਸ ਵਾਂਗ ਆਰਥਰ ਸਨਿਟਜ਼ਲਰ ਅਤੇ ਰਾਬਰਟ ਮੂਸਿਲ ਦੋ ਹੋਰ ਪ੍ਰਸਿੱਧ ਲੇਖਕ ਵੀ ਆਸਟ੍ਰੀਅਨ ਸਨ। ਅੰਤਲੇ ਲੇਖਕ ਨੇ ਆਪਣੇ ਨਾਵਲ 'Der Mann Ohne Eigenschaften' (1930-43 ਦੀ ਮੈਨ ਵਿਦਾਊਟ ਕੁਆਲੀਟੀਜ਼ 1953) ਵਿਚ ਅਜੋਕੀ ਅਨਿਸ਼ਚਿਤਤਾ ਅਤੇ ਸਮਾਜ ਦੇ ਖੋਖਲੇਪਨ ਨੂੰ ਦਰਸਾਇਆ ਹੈ। ਹਰਮਨ ਬ੍ਰੋਚ ਅਤੇ ਐਲਿਆਸ ਕਾਨੈਟੀ ਇਸੇ ਧਾਰਾ ਦੇ ਦੋ ਹੋਰ ਉੱਘੇ ਨਾਵਲਕਾਰ ਸਨ।

ਇਸ ਸਦੀ ਵਿਚ ਚਿੰਨ੍ਹਵਾਦ ਦੇ ਮੋਢੀਆਂ ਵਿਚੋਂ ਰੇਨਰ ਮੇਰੀਆ ਰਿਲਕੇ (1875-1926) ਬਹੁਤ ਹੀ ਉੱਘਾ ਸਰੋਦੀ ਕਵੀ ਹੋਇਆ ਹੈ। 'Das Stunden Buch (1905) Neue Gedichte ਅਤੇ 'Duineser Elegien' (1923) ਆਦਿ ਕਿਰਤਾਂ ਵਿਚ ਉਸ ਨੇ ਆਪਣੀ ਕਲਾ ਦਾ ਸੁੱਘੜ ਵਿਖਾਵਾ ਕੀਤਾ ਹੈ। ਚਿੰਨ੍ਹਵਾਦ ਨੇ ਟਾਮਸ ਮਾਨ (ਲੇਖਕ Der Zauberberg' Budden Brooks, Doktoz Faustus ਆਦਿ) ਵਰਗੇ ਨਾਵਲਕਾਰ ਵੀ ਪੈਦਾ ਕੀਤੇ 'The Confession's of Felix Krull' (1954) ਉਸ ਦੀ ਅੰਤਲੀ ਕਿਰਤ ਹੈ। ਇਸੇ ਕਾਲ ਨਾਲ ਸਬੰਧਤ ਹਰਮਾਨ ਹੈਸੇ ਨਵ-ਰੋਮਾਂਸਵਾਦ ਤੋਂ ਪ੍ਰਭਾਵਿਤ ਹੋਇਆ। ਉਸ ਨੇ ਆਪਣੀਆਂ ਪੁਸਤਕਾਂ 'Peter Camenzind' (1904) ਅਤੇ 'Das Glasperlenspiel' (1943) ਆਦਿ ਵਿਚ ਮਨੁੱਖ ਦੇ ਰੂਹਾਨੀ ਦਵੰਦ ਨੂੰ ਬੜੇ ਚੰਗੇ ਢੰਗ ਨਾਲ ਉਲੀਕਿਆ ਹੈ। ਰਿਕਾਰਡਾ ਹੁਚ ਅਤੇ ਹਾਈਨਰਿਕ ਮਾਨ ਦੋ ਹੋਰ ਉੱਘੇ ਨਾਵਲਕਾਰਾਂ ਨੇ ਸਮਾਜਕ ਅਤੇ ਰਾਜਨੀਤਿਕ ਖ਼ਰਾਬੀਆਂ ਨੂੰ ਖ਼ੂਬ ਭੰਡਿਆ ਹੈ।

ਹਾਈਨਰਿਕ ਮਾਨ ਦੀਆਂ ਕਈ ਲਿਖਤਾਂ ਨੇ ਪ੍ਰਗਟਾਉਵਾਦ (Expressioism) ਦੇ ਆਗਮਨ ਦਾ ਸੰਕੇਤ ਦਿੱਤਾ। ਪ੍ਰਗਟਾਉਵਾਦ ਬਾਹਰੀ ਰੂਪ ਜਾਂ ਬਾਹਰੀ ਵਿਆਖਿਆ ਨੂੰ ਛੱਡ ਕੇ ਮਨ ਦੀ ਅੰਦਰਲੀ ਜਾਂ ਅਸਲੀ ਅਵਸਥਾ ਨੂੰ ਬਿਆਨ ਕਰਦਾ ਹੈ। ਜੋਹਾਨੀਜ਼ ਰਾਈਨਹਾਰਡ ਸੋਰਜ ਦਾ 'Bettler' (1912, ਦੀ ਬੈੱਗਰ) ਨਾਂ ਦਾ ਨਾਟਕ ਪ੍ਰਗਟਾਉਵਾਦ ਦੀ ਸਹੀ ਤਰਜਮਾਨੀ ਕਰਦਾ ਹੈ। ਜੀਵਨ ਦੇ ਅਜਿਹੇ ਹੀ ਆਤਮਕ ਭਾਵ ਉੱਘੇੜਨ ਲਈ ਕਈ ਹੋਰ ਲੇਖਕਾਂ, ਬੁੱਤਘਾੜਿਆਂ ਅਤੇ ਚਿੱਤਰਕਾਰਾਂ ਨੇ ਆਪਣਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚ ਰਾਜਨੀਤਿਕ ਨਾਟਕ ਲਿਖਣ ਵਾਲੇ ਅਰਨਸਟ ਟਾੱਲਰ ਅਤੇ ਜਾਰਜ ਕਾਈਜ਼ਰ ਆਦਿ ਦੇ ਨਾਂ ਵਰਣਨਯੋਗ ਹਨ। ਪ੍ਰਗਟਾਉਵਾਦ ਦੇ ਕਵੀਆਂ ਵਿਚ ਅਰਨਾਸਨ ਸਟੈਡਲਰ (1883-1914), ਜਾਰਜ ਹੇਮ (1887-1912), ਜਾਰਜ ਟ੍ਰਾਕਲ (1887-1914) ਫ੍ਰਾਂਟਸ ਵੈਰਫੈਲ (1890-1945), ਆਗਸਟ ਸਟ੍ਰੈਮ, ਥੀਉਡੋਰ ਡੌਬਲਰ ਗੋਟਫ੍ਰੀਡ ਬੈੱਨ (1886-1956) ਆਦਿ ਪ੍ਰਸਿੱਧ ਹਨ।

ਫ੍ਰਾਂਟਸ ਕਾਫ਼ਕਾ (1883-1924) ਨੇ ਆਪਣੇ ਨਾਵਲਾਂ ਵਿਚ ਗਮਾਂ ਫ਼ਿਕਰਾਂ ਭਰੀ ਦੁਨੀਆ ਵਿਚ ਕੁਚੱਲੇ ਜਾ ਰਹੇ ਵਿਅਕਤੀ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਉਸ ਦੀ ਮੌਤ ਤੋਂ ਬਾਅਦ ਛਪੇ ਉਸ ਦੇ ਨਾਵਲ Der Prozess (1925, ਦੀ ਟ੍ਰਾਇਲ 1937) ਅਤੇ 'Dass Scholas' (1926 ਦੀ ਕਾਸਲ, 1930) ਸੰਸਾਰ-ਪ੍ਰਸਿੱਧ ਹੋਏ।

ਸੰਨ 1918 ਤੋਂ ਮਗਰੋਂ ਪ੍ਰਗਟਾਉਵਾਦ ਦੀ ਥਾਂ ਸਮਾਜਕ ਯਥਾਰਥਵਾਦ ਨੇ ਲੈ ਲਈ। ਇਸ ਸਿਲਸਿਲੇ ਵਿਚ ਪਹਿਲੇ ਸੰਸਾਰ-ਯੁੱਧ ਸਬੰਧੀ ਅਤੇ ਉਸ ਕਾਰਨ ਪਏ ਪ੍ਰਭਾਵਾਂ ਸਬੰਧੀ ਬੜਾ ਕੁਝ ਲਿਖਿਆ ਗਿਆ। ਆਡਲਡ, ਜ਼ਵਾਂਈਗ, ਐਰਿਚ ਮੇਰੀਆ ਰੀਮਾ ਕਿਉਂ ਅਤੇ ਹਾਸ ਫੱਲਾਦਾ ਦੇ ਨਾਵਲ ਉਸ ਸਮੇਂ ਦੀ ਅਤੇ ਮਨੋਭਾਵਾਂ ਦੀ ਤਰਜਮਾਨੀ ਕਰਦੇ ਹਨ। ਐਨਾ ਸੈਗਰਜ਼ ਅਤੇ ਕਾਰਲ ਜ਼ੁਕਮੇਅਰ (ਕਰਤਾ ਦੀ 'ਕੈਪਟਨ ਆਫ਼ ਕੋਪਾਨਿਕੇ', 1932) ਵੀ ਇਨ੍ਹਾਂ ਲੀਹਾਂ ਉੱਤੇ ਹੀ ਲਿਖਦੇ ਰਹੇ ਪਰ ਅਰਨਸਟ ਜੁੰਗਰ ਨੇ ਤਕਨਾਲੋਜੀ ਅਤੇ ਅਜੋਕੇ ਸਭਿਆਚਾਰ ਦੇ ਦਾਰਸ਼ਨਿਕ ਪੱਖਾਂ ਦੀ ਘੋਖ-ਪੜਤਾਲ ਕੀਤੀ। ਉਸ ਦਾ ਭਰਾ ਫ੍ਰੀਡਰਿਕ ਵੀ ਉੱਘਾ ਕਵੀ ਅਤੇ ਵਾਰਤਕ ਲੇਖਕ ਹੋਇਆ ਹੈ।

ਤੀਜੀ ਜਰਮਨ ਸਲਤਨਤ (Third Reich) ਨੇ ਜਰਮਨੀ ਦੇ ਸਾਹਿਤਕ ਖੇਤਰ ਵਿਚ ਬੜਾ ਵਿਘਨ ਪਾਇਆ। ਨਾਜ਼ੀ ਸਰਕਾਰ ਦੇ ਡਰੋਂ ਕਈ ਚੰਗੇ ਲਿਖਾਰੀ ਦੇਸ਼ ਛੱਡ ਗਏ, ਕਈਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਕਈਆਂ ਨੂੰ ਚੁੱਪ ਕਰਾ ਦਿੱਤਾ ਗਿਆ ਜਾਂ ਖ਼ਤਮ ਹੀ ਕਰ ਦਿੱਤਾ ਗਿਆ। ਦੂਜੇ ਸੰਸਾਰ-ਯੁੱਧ ਦੇ ਖ਼ਤਮ ਹੋਣ ਤੱਕ ਜਰਮਨੀ ਵਿਚ ਕੋਈ ਚੰਗਾ ਸਾਹਿਤ ਉੱਭਰ ਕੇ ਸਾਹਮਣੇ ਨਹੀਂ ਆਇਆ। ਹਾਂਸ ਕਾਰੋਸਾ ਦੇ ਸਵੈਜੀਵਨੀ ਨਾਵਲ ਕੁਝ ਮਹੱਤਤਾ ਰੱਖਦੇ ਹਨ।

ਦੂਜੇ ਸੰਸਾਰ-ਯੁੱਧ ਮਗਰੋਂ ਕਾਫ਼ਕਾ ਅਤੇ ਰਾਬਰਟ ਮੂਸਿਲ (1880-1942 ਈ.) ਆਦਿ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਕਵਿਤਾ ਦੇ ਖੇਤਰ ਵਿਚ ਗਰਟਰੂਡ ਕੋਲਮਾਰ, ਜੈੱਸੀ ਥੂਰ, ਲਾਸਕਰ ਸੂਲਰ ਅਤੇ ਪੱਲ ਸੀਲਾਨ (1920-1970 ਈ.) ਨੇ ਚੰਗਾ ਨਾਮਣਾ ਖੱਟਿਆ। ਉੱਘੇ ਨਾਟਕਕਾਰ ਅਤੇ ਕਵੀ ਬਰਟੋਲਟ ਬ੍ਰੈਖ਼ਤ (1898-1956) ਨੇ ਆਪਣੀਆਂ ਪ੍ਰਸਿੱਧ ਕਿਰਤਾਂ Mutter Courage und ihre Kinder (1941), Leben des Galilei (1943), ਅਤੇ Der Kaukasische Kreidekreis ਪ੍ਰਕਾਸ਼ਿਤ ਕਰਕੇ ਸਾਹਿਤ ਅਤੇ ਸਟੇਜ ਨੂੰ ਪ੍ਰਫੁੱਲਤ ਕੀਤਾ। ਬ੍ਰੈਖ਼ਤ ਦੀ ਧਾਰਨਾ ਉੱਤੇ ਚੱਲਦੇ ਹੋਏ ਕਿੰਨੇ ਹੀ ਰਾਜਨੀਤਕ ਨਾਟਕਕਾਰਾਂ ਰੋਲਫ਼ ਹੋਛਥ (ਕਰਤਾ 'Der Stell vertreter, 1963), ਹਾਈਨਰ ਕਿਪੱਹਾਰਡਟ (ਕਰਤਾ 'Joel Brand, 1965), ਪੀਟਰ ਵਾਈਸ ਅਤੇ ਗੁੰਟਰ ਗ੍ਰਾਸ ਨੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ। ਵਾਈਸ ਦੇ ਰਾਜਨੀਤਕ ਵਿਚਾਰ ਵੀ ਉਹ ਹਨ ਜੋ ਪ੍ਰਸਿੱਧ 'ਗਰੁੱਪ 47 ਦੇ ਹਨ। ਇਸ ਗਰੁੱਪ ਵਿਚ ਗ੍ਰਾਸ, ਹਾਂਸ ਮੈਗਨਸ, ਐਨਜ਼ੈਨਬਰਗਰ ਅਤੇ ਹਾਈਨਰਿਖ ਬੋਲ (ਕਰਤਾ Haus Ohne Huter) (1954) ਅਤੇ 'Und sagte Kein einziges wort (1953) ਵਰਗੇ ਵਿਦਵਾਨ ਸ਼ਾਮਲ ਹਨ। ਸੰਨ 1972 ਵਿਚ ਬੋਲ ਨੂੰ ਸਾਹਿਤ ਵਿਚ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਗ੍ਰਾਸ ਨੇ ਆਪਣੇ ਨਾਟਕਾਂ, ਕਵਿਤਾਵਾਂ ਅਤੇ ਨਾਵਲਾਂ (Die Blechtrommel – 1959) ਅਤੇ (Hundejahre – 1963) ਵਿਚ ਜੀਵਨ ਦੀਆਂ ਬੇਢਬੀਆ ਅਤੇ ਬੇਤੁਕੀਆਂ ਗੱਲਾਂ ਦਾ ਬੜੀ ਚੰਗੀ ਤਰ੍ਹਾਂ ਨਿਰੂਪਣ ਕੀਤਾ ਹੈ।

ਇਸ ਕਾਲ ਦੇ ਹੋਰ ਉੱਚ ਕੋਟੀ ਦੇ ਲੇਖਕਾਂ ਵਿਚ ਹਾਂਸ ਨੋਸੱਕ, ਰੁਡੋਲਫ ਹੈਜੇਲਸਟੇਜ, ਸੀਜ਼ਫ੍ਰੀਡ ਲੈਂਟਸ, ਪੀਟਰ ਹੈਂਡਕੇ ਅਤੇ ਜੋਹਾਨੀਜ਼ ਬੱਬੋਵਸਕੀ ਆਦਿ ਸ਼ਾਮਲ ਹਨ।

ਹ. ਪੁ. -ਐਨ. ਬ੍ਰਿ. ਮੈ. 10 : 1986; ਐਨ. ਅਮੈ. 12 : 555; ਕੋਲ. ਐਨ. 8:406; ਐਨ. ਬ੍ਰਿ. ਮਾ. 4: 500

**ਜਰਮਨ ਸਿਲਵਰ** : ਇਸ ਨੂੰ ਨਿਕਲ ਸਿਲਵਰ ਵੀ ਕਿਹਾ ਜਾਂਦਾ ਹੈ। ਇਹ ਤਾਂਬਾ, ਨਿਕਲ ਅਤੇ ਜਿਸਤ ਦੀ ਮਿਸ਼ਰਿਤ ਧਾਤ ਹੈ ਜਿਹੜੀ ਵੇਖਣ ਨੂੰ ਚਾਂਦੀ ਵਰਗੀ ਲਗਦੀ ਹੈ ਪਰੰਤੂ ਇਸ ਵਿਚ ਚਾਂਦੀ ਨਹੀਂ ਹੁੰਦੀ। ਇਸ ਵਿਚ ਨਿਕਲ ਦੀ ਮਾਤਰਾ 7% ਤੋਂ 30% ਤੱਕ ਹੀ ਹੁੰਦੀ ਹੈ ਅਤੇ ਵਧੇਰੇ ਵਰਤੀ ਜਾਂਦੀ ਮਿਸ਼ਰਿਤ ਧਾਤ 18% ਨਿਕਲ ਸਿਲਵਰ (18% ਨਿਕਲ, 62% ਤਾਂਬਾ, 20% ਜਿਸਤ) ਹੈ। ਆਮ ਕਰਕੇ ਨਿਕਲ ਦੀ ਮਾਤਰਾ ਵਧਾਉਣ ਨਾਲ ਜਿਸਤ ਦੀ ਮਾਤਰਾ ਘਟਾਈ ਜਾਂਦੀ ਹੈ ਅਤੇ ਤਾਂਬੇ ਦੀ ਮਾਤਰਾ 53% ਤੋਂ 63% ਦੇ ਵਿਚਕਾਰ ਬਦਲਦੀ ਰਹਿੰਦੀ ਹੈ।

ਜਰਮਨ ਸਿਲਵਰਾਂ ਵਿਚ ਰੰਗ, ਖਿਚੀਣਯੋਗਤਾ ਅਤੇ ਹੋਰ ਚੰਗੇ ਯੰਤਰਿਕ ਗੁਣ ਹੁੰਦੇ ਹਨ। ਜੇਕਰ ਇਸ ਵਿਚ 1% ਤੋਂ 2% ਸਿੱਕਾ ਮਿਲਾ ਦਿੱਤਾ ਜਾਵੇ ਤਾਂ ਇਸ ਦੇ ਮਕੈਨਿਕੀ ਗੁਣਾਂ ਵਿਚ ਸੁਧਾਰ ਹੋ ਜਾਂਦਾ ਹੈ। ਖੋਰ ਰੋਕਣ ਲਈ ਅਜਿਹੀਆਂ ਮਿਸ਼ਰਿਤ ਧਾਤਾਂ ਪਿੱਤਲ ਨਾਲੋਂ ਚੰਗੇਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਰੰਗ ਚਿੱਟੇ ਤੋਂ ਲੈ ਕੇ ਪਿੱਤਲ ਵਰਗਾ ਪੀਲਾ ਹੁੰਦਾ ਹੈ।

ਨਿਕਲ ਸਿਲਵਰ ਦੀ ਵਧੇਰੇ ਵਰਤੋਂ ਚਾਂਦੀ ਦੀਆਂ ਸਜਾਵਟੀ ਚੀਜ਼ਾਂ, ਗਹਿਣਿਆਂ ਆਦਿ ਉੱਤੇ ਬਿਜਲਈ ਮੁਲੰਮਾਂ ਕਰਨ ਵਿਚ ਕੀਤੀ ਜਾਂਦੀ ਹੈ। ਭਵਨ ਨਿਰਮਾਣ, ਰਸਾਇਣਿਕ ਅਤੇ ਭੋਜਨ ਲਈ ਸਾਜ਼ੋ ਸਾਮਾਨ ਤਿਆਰ ਕਰਨ ਵਿਚ ਅਤੇ ਜਹਾਜ਼ਾਂ ਵਿਚ ਤੇ ਨਾਲਾਂ ਆਦਿ ਫਿਟ ਕਰਨ ਲਈ ਕੀਤੀ ਜਾਂਦੀ ਹੈ।

ਹ. ਪੁ. -ਐਨ. ਬ੍ਰਿ. 16: 488

**ਜਰਮਨਟਾਊਨ** : ਸੰਯੁਕਤ ਰਾਜ ਅਮਰੀਕਾ ਦੇ ਪੈਨਸਿਲਵੇਨੀਆ ਰਾਜ ਵਿਚ ਫਿਲਾਡੈਲਫੀਆ ਕਾਊਂਟੀ ਦਾ ਇਕ ਰਿਹਾਇਸ਼ੀ ਸ਼ਹਿਰ ਹੈ ਜੋ ਵਿਸਾਹਿਕਨ ਨਦੀ ਉੱਤੇ ਵੱਸਿਆ ਹੋਇਆ ਹੈ। ਇਸ ਸ਼ਹਿਰ ਦੀ ਸਥਾਪਨਾ 1683-84 ਈ. ਵਿਚ ਜਰਮਨੀ ਤੋਂ ਆਏ ਇਕ ਬਸਤੀਵਾਦੀ ਨੇ ਕੀਤੀ ਸੀ। ਇਥੇ ਕੱਪੜੇ ਬੁਣਨ, ਚਮੜਾ ਰੰਗਣ ਅਤੇ ਮਾਲ ਗੱਡੀ ਦੇ ਡੱਬੇ ਤਿਆਰ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਜਿਸ ਕਰਕੇ ਸ਼ਹਿਰ ਦੀ ਕਾਫ਼ੀ ਉੱਨਤੀ ਹੋਈ। ਅੰਗਰੇਜ਼ੀ ਬਸਤੀ ਵੇਲੇ 1690 ਈ. ਵਿਚ ਇਥੇ ਵਿਲੀਅਮ ਰਿੱਟਨ ਹਾਊਸ ਨੇ ਕਾਗਜ਼ ਦੀ ਮਿੱਲ ਵੀ ਲਗਾਈ। ਸੰਨ 1738 ਵਿਚ ਕ੍ਰਿਸਟਾਫ਼ਰ ਸਾਵਰ ਨੇ ਇਥੇ ਇਕ ਛਾਪਾਖ਼ਾਨਾ ਲਗਵਾਇਆ। ਇਸੇ ਛਾਪੇਖ਼ਾਨੇ ਵਿਚ ਅਮਰੀਕਾ ਮਹਾਂਦੀਪ ਉੱਤੇ ਯੂਰਪੀ ਭਾਸ਼ਾ ਵਿਚ ਪਹਿਲੀ ਵੇਰ ਬਾਈਬਲ ਨੂੰ ਛਾਪਿਆ ਗਿਆ। ਇਸ ਸ਼ਹਿਰ ਦਾ ਜ਼ਿਕਰ 4 ਅਕਤੂਬਰ, 1777 ਵਿਚ ਜਾਰਜ ਵਾਸ਼ਿੰਗਟਨ ਦੀਆਂ ਫ਼ੌਜਾਂ ਦੇ ਬਰਤਾਨਵੀ ਫ਼ੌਜਾਂ ਦੇ ਜਰਨੈਲ ਸਰ ਵਿਲੀਅਮ ਹਾਵੇ ਦਰਮਿਆਨ ਹੋਈ ਲੜਾਈ ਨਾਲ ਵੀ ਆਉਂਦਾ ਹੈ। ਸੰਨ 1854 ਵਿਚ ਇਹ ਸ਼ਹਿਰ ਫ਼ਿਲਾਡੈਲਫੀਆ ਵਿਚ ਸ਼ਾਮਲ ਹੋ ਗਿਆ।

ਸ਼ਹਿਰ ਦੀਆਂ ਵਰਣਨਯੋਗ ਇਮਾਰਤਾਂ ਵਿਚ 1763 ਈ. ਦਾ ਬਣਿਆ ਕਲੀਵਡੈਂਨ, 1744 ਈ. ਦਾ ਬਣਿਆ ਗ੍ਰੰਬਲਥਾਰਪ ਦਾ ਘਰ ਮਾਰਿਸ ਹਾਊਸ, ਪ੍ਰੈਜ਼ੀਡੈਂਟ ਜਾਰਜ ਵਾਸ਼ਿੰਗਟਨ ਦਾ 1793-94 ਈ. ਦਾ ਗਰਮੀਆਂ ਦਾ ਘਰ, 1690 ਈ. ਦਾ ਵਾਈਕ ਅਤੇ 1798 ਈ. ਦਾ ਅਪਸਾਲਾ ਮੌਜੂਦ ਹਨ।

ਹ. ਪੁ. -ਐਨ. ਬ੍ਰਿ. ਮਾ. 4:501 ; ਵੈ. ਜਗ. ਡਿ. : 446

**ਜਰਮਨ ਭਾਸ਼ਾ** : ਇਹ ਜਰਮਨੀ ਅਤੇ ਆਸਟ੍ਰੀਆ ਦੀ ਰਾਜ ਭਾਸ਼ਾ ਹੈ ਅਤੇ ਸਵਿਟਜ਼ਰਲੈਂਡ ਦੀਆਂ ਚਾਰ ਸਰਕਾਰੀ ਭਾਸ਼ਾਵਾਂ ਵਿਚੋਂ ਇਕ ਹੈ। ਜਰਮਨ ਭਾਸ਼ਾ ਦਾ ਸਬੰਧ ਅੰਗਰੇਜ਼ੀ ਫ੍ਰੀਸ਼ੀਅਨ ਅਤੇ ਨੀਦਰਲੈਂਡੀ ਸਮੇਤ ਇੰਡੋ ਯੂਰਪੀ ਭਾਸ਼ਾ ਪਰਿਵਾਰ ਦੇ ਪੱਛਮੀ ਜਰਮੈਨਿਕ ਗਰੁੱਪ ਨਾਲ ਹੈ। ਹਾਲਾਂ ਕਿ ਜਰਮਨ ਭਾਸ਼ਾ ਦੀਆਂ ਦੋ ਉਪ-ਬੋਲੀਆਂ ਅਰਥਾਤ ਹਾਈ ਜਰਮਨ ਅਤੇ ਲੋ ਜਰਮਨ ਹਨ ਪਰ ਦੱਖਣੀ ਪਹਾੜੀ ਖੇਤਰ ਦੀ ਹਾਈ ਜਰਮਨ ਭਾਸ਼ਾ ਹੀ ਦਫ਼ਤਰੀ ਲਿਖਤੀ ਭਾਸ਼ਾ ਹੈ।

ਪ੍ਰਾਚੀਨ ਹਾਈ ਜਰਮਨ ਭਾਸ਼ਾ 1100 ਈ. ਤੱਕ ਬੋਲੀ ਜਾਂਦੀ ਰਹੀ ਹੈ। ਇਹ ਕਿੰਨੀਆਂ ਸਾਰੀਆਂ ਉਪ-ਭਾਸ਼ਾਵਾਂ ਦਾ ਸਮੂਹ ਸੀ ਜਿਨ੍ਹਾਂ ਲਈ ਕੋਈ ਮਿਆਰੀ ਸਾਹਿਤਿਕ ਭਾਸ਼ਾ ਹੋਂਦ ਵਿਚ ਨਹੀਂ ਆਈ ਸੀ। ਸੰਨ 1100 ਤੋਂ ਬਾਅਦ ਦੱਖਣੀ ਭਾਗ ਵਿਚ ਅੱਪਰ ਉਪ-ਭਾਸ਼ਾਵਾਂ ਤੇ ਆਧਾਰਿਤ ਇਕ ਪ੍ਰਮਾਣਿਕ ਭਾਸ਼ਾ ਹੋਂਦ ਵਿਚ ਆਉਣ ਲਗੀ। ਆਧੁਨਿਕ ਪ੍ਰਮਾਣਿਕ ਠੇਠ ਜਰਮਨ ਭਾਸ਼ਾ ਮਿਡਲ ਜਰਮਨ ਉਪ-ਭਾਸ਼ਾ ਤੋਂ ਉੱਨਤ ਹੋਈ ਜਿਸ ਦੀ ਵਰਤੋਂ 16ਵੀਂ ਸਦੀ ਵਿਚ ਮਾਰਟਿਨ ਲੂਥਰ ਨੇ ਕੀਤੀ। ਇਹ ਭਾਸ਼ਾ ਲੂਥਰ ਵੱਲੋਂ ਕੀਤੇ ਗਏ ਬਾਈਬਲ ਦੇ ਉਲਥੇ ਦੇ ਪ੍ਰਸਾਰ ਕਾਰਨ ਜਰਮਨ ਬੋਲੀ ਵਾਲੇ ਸਾਰੇ ਖੇਤਰਾਂ ਵਿਚ ਫੈਲੀ।

ਲੋ ਜਰਮਨ ਬੋਲੀ, ਉੱਤਰੀ ਜਰਮਨੀ ਦੇ ਨਿਵਾਣ ਵਾਲੇ ਖੇਤਰਾਂ ਵਿਚ ਬੋਲੀ ਜਾਂਦੀ ਹੈ। ਇਸ ਦਾ ਕੋਈ ਸਾਹਿਤਿਕ ਪੱਧਰ ਨਹੀਂ। ਹਾਈ ਅਤੇ ਲੋ ਜਰਮਨ ਭਾਸ਼ਾਵਾਂ ਵਿਚ ਮੁੱਖ ਤੌਰ ਤੇ ਧੁਨੀ ਪ੍ਰਣਾਲੀ ਵਿਚ ਹੀ ਅੰਤਰ ਹੈ ਅਤੇ ਵਿਸ਼ੇਸ਼ ਕਰਕੇ ਵਿਅੰਜਨਾਂ ਵਿਚ ਜਰਮਨ ਭਾਸ਼ਾ ਵਿਚ ਨਾਵਾਂ ਪੜਨਾਵਾਂ ਅਤੇ ਵਿਸ਼ੇਸ਼ਣਾਂ ਦੇ ਚਾਰ ਚਾਰ ਕਾਰਕ ਹਨ, ਤਿੰਨ ਲਿੰਗ-ਭੇਦ ਅਤੇ ਸਬਲ ਤੇ ਨਿਰਬਲ ਕਿਰਿਆਵਾਂ ਹਨ।

ਜਰਮੈਨਿਕ ਬੋਲੀ ਵਾਲੇ ਦੱਖਣ-ਪੱਛਮੀ ਖੇਤਰ ਵਿਚ ਅਲੈਮੈਨਿਕ ਉਪਬੋਲੀਆਂ ਵਿਕਸਿਤ ਹੋਈਆ। ਧੁਨੀ ਪ੍ਰਣਾਲੀ ਅਤੇ ਵਿਆਕਰਣ ਪੱਖੋਂ ਇਹ ਮਿਆਰੀ ਜਰਮਨ ਬੋਲੀ ਤੋਂ ਬਹੁਤ ਭਿੰਨ ਹਨ। ਇਹ ਉਪ-ਭਾਸ਼ਾਵਾਂ ਸਟਿਵਜ਼ਰਲੈਂਡ, ਪੱਛਮੀ ਆਸਟ੍ਰੀਆ ਅਤੇ ਫ਼ਰਾਂਸ ਦੇ ਅਲਸੇਸ ਖੇਤਰ ਵਿਚ ਬੋਲੀਆਂ ਜਾਂਦੀਆਂ ਹਨ।

ਮੱਧ-ਕਾਲ ਵਿਚ ਵਸਦੇ ਜਰਮਨੀ ਦੇ ਯਹੂਦੀ ਪੂਰਵਜਾਂ ਦੀ ਭਾਸ਼ਾ ਵੀ ਹਾਈ ਜਰਮਨ ਭਾਸ਼ਾ ਵਿਚੋਂ ਹੀ ਵਿਕਸਿਤ ਹੋਈ ਸੀ।

ਹ. ਪੁ. -ਐਨ. ਬ੍ਰਿ. ਮਾ. 4: 499

**ਜਰਮਨ ਮਿਥਿਹਾਸ** : ਜਰਮਨੀ ਅਤੇ ਇਸ ਦੇ ਨਾਲ ਲਗਦੇ ਸਕੰਡੇਨੇਵੀਆਈ ਖੇਤਰ ਦੇ ਲੋਕਾਂ ਨੇ ਭਾਰਤ ਯੂਰਪੀ-ਮਿਥਿਹਾਸ ਦੀਆਂ ਗਾਥਾਵਾਂ ਵਾਂਗ ਦੇਵਤਿਆਂ ਅਤੇ ਕੁਦਰਤ ਸਬੰਧੀ ਆਪਣੀਆਂ ਗਾਥਾਵਾਂ ਪ੍ਰਚੱਲਤ ਕੀਤੀਆਂ। ਇਸੇ ਹੀ ਧਾਰਨਾ ਅਨੁਸਾਰ ਇਸ ਦੀਆਂ ਭਾਰਤੀ ਅਤੇ ਯੂਨਾਨੀ ਮਿਥਿਹਾਸ ਨਾਲ ਬੜੀਆਂ ਸਮਾਨਤਾਵਾਂ ਵੇਖਣ ਵਿਚ ਆਉਂਦੀਆਂ ਹਨ। ਭਾਵੇਂ ਅੱਗੇ ਜਾ ਕੇ ਇਨ੍ਹਾਂ ਵਿਚ ਕਈ ਕਿਸਮ ਦੇ ਫ਼ਰਕ ਪੈ ਗਏ। ਜਰਮਨ-ਮਿਥਿਹਾਸ ਸਬੰਧੀ ਅਜੋਕਾ ਗਿਆਨ ਆਈਸਲੈਂਡ ਤੋਂ ਪ੍ਰਾਪਤ ਪ੍ਰਾਚੀਨ ਗੀਤਾਂ ਪੁਰਾ-ਕਥਾਵਾਂ ਤੋਂ ਮਿਲਿਆ ਹੈ।

ਟੈਸੀਟਸ ਅਨੁਸਾਰ ਜਰਮਨ ਲੋਕ ਟਵਿਸਟੋ ਨਾਂ ਦੇ ਦੇਵਤੇ ਬਾਰੇ ਇਕ ਗੀਤ ਗਾਇਆ ਕਰਦੇ ਹਨ। ਟਵਿਸਟੋ ਧਰਤੀ ਤੋਂ ਜੰਮਿਆ ਸੀ ਜਿਸ ਦਾ ਪੁੱਤਰ 'ਮਾਨਸ' ਮਨੁੱਖ ਜਾਤੀ ਦਾ ਜਨਮਦਾਤਾ ਸੀ। ਨਾਰਵੇ ਦੀਆਂ ਗਾਥਾਵਾਂ ਵਿਚ ਇਕ ਦਾਨਵ, ਯਮੀਰ (ਜੋ ਸੰਸਕ੍ਰਿਤ ਦੇ 'ਯਮ' ਦੇ ਤੁੱਲ ਹੈ) ਨੂੰ ਸਿਰਜਨਹਾਰ ਮੰਨਿਆ ਜਾਂਦਾ ਹੈ। ਇਹ ਜਾਦੂਮਈ ਢੰਗ ਨਾਲ ਸੁੰਨਸਮਾਧ ਵਿਚ ਤੱਤਾਂ ਦੇ ਸੰਜੋਗ ਤੋਂ ਬਣਿਆ ਸੀ। ਟਵਿਸਟੋ ਵਾਂਗ ਯਮੀਰ ਨੇ ਵੀ ਖ਼ੁਦ ਇਕੱਲਿਆ ਹੀ ਜੀਵ-ਜੰਤੂਆਂ ਦੀ ਸਿਰਜਨਾ ਕੀਤੀ। ਉਸ ਦੀ ਬਗਲ ਵਿਚੋਂ ਇਕ ਪੁੱਤਰ ਅਤੇ ਧੀ ਪੈਦਾ ਹੋਏ ਅਤੇ ਆਪਣੇ ਪੈਰਾਂ ਦੀ ਰਗੜ ਨਾਲ ਉਸ ਨੇ ਇਕ ਛੇ-ਸਿਰਾ ਦੈਂਤ ਪੈਦਾ ਕੀਤਾ।

ਯਮੀਰ ਇਕ ਗਾਂ ਦੇ ਦੁੱਧ ਤੇ ਪਲਦਾ ਰਿਹਾ ਜਿਸ ਨੇ ਬਰਫ਼ ਦੀ ਸਲੂਣੀ ਸਿਲ ਨੂੰ ਚੱਟ ਕੇ ਇਕ ਆਦਮੀ ਬਣਾਇਆ। ਇਸ ਆਦਮੀ ਤੋਂ 'ਊਇਨ' (ਜਾਂ ਆੱਡਿਨ) ਨਾਂ ਦਾ ਦੇਵਤਾ ਅਤੇ ਉਸ ਦੇ ਦੋ ਭਰਾ ਪੈਦਾ ਹੋਏ। ਉਨ੍ਹਾਂ ਨੇ ਯਮੀਰ ਨੂੰ ਮਾਰ ਕੇ ਉਸ ਦੇ ਸਰੀਰ ਤੋਂ ਦੁਨੀਆ ਰਚੀ, ਉਸ ਦੇ ਮਾਸ ਤੋਂ ਧਰਤੀ, ਹੱਡੀਆਂ ਤੋਂ ਪਹਾੜ, ਖੋਪਰੀ ਤੋਂ ਆਸਮਾਨ ਅਤੇ ਖ਼ੂਨ ਤੋਂ ਸਮੁੰਦਰ ਉਪਜਾਏ। ਊਇਨ ਅਤੇ ਉਸ ਦੇ ਦੋਵੇਂ ਸਾਥੀ ਦੇਵਤਿਆਂ ਨੇ ਇਕ ਦੁਫਾੜ ਲੱਕੜੀ ਤੋਂ ਮੁੱਢਲਾ ਮਨੁੱਖ ਅਤੇ ਮੁੱਢਲੀ ਇਸਤਰੀ ਬਣਾਏ।

ਜਿਸ ਧਰਤੀ ਉੱਤੇ ਮਨੁੱਖ ਰਹਿੰਦੇ ਹਨ ਉਸ ਨੂੰ ਕੇਂਦਰ (ਮਿਡਗਾਰਡ) ਮੰਨਿਆ ਗਿਆ। ਇਸ ਦੇ ਦੁਆਲੇ ਸਮੁੰਦਰ ਹੈ ਜਿਸ ਵਿਚ ਇਕ ਅਗਾਧ ਸੱਪ ਹੈ ਜਿਹੜਾ ਆਪਣੇ ਦੰਦਾਂ ਨਾਲ ਆਪਣੀ ਪੂਛ ਕਟਦਾ ਰਹਿੰਦਾ ਹੈ। 'ਮਿਡਗਾਰਡ' ਅੰਦਰ ਦੇਵਤਿਆਂ ਦਾ ਮੰਡਲ 'ਅਸਗਾਰਦ' ਹੈ ਜਿਥੇ ਇੰਦਰ ਧਨੁੱਖ ਦੇ ਪੁਲ ਬਾਈ ਫ੍ਰਾਸਟ ਰਾਹੀ ਪਹੁੰਚਿਆ ਜਾ ਸਕਦਾ ਸੀ। ਦੂਰ ਪੂਰਬ ਵਿਚ ਦੈਂਤਾਂ ਦਾ ਦੇਸ਼ ਹੈ; ਕਦੇ ਕਦੇ ਇਸ ਨੂੰ ਉੱਤਰ ਵਿਚ ਵੀ ਦੱਸਿਆ ਜਾਂਦਾ ਹੈ ਜਿਧਰ ਨਰਕ ਜਾਂ ਮੁਰਦਿਆਂ ਦਾ ਦੇਸ਼ ਵੀ ਹੈ। ਸ੍ਰਿਸ਼ਟੀ 'ਯਗਰਾ ਸਿਲ' ਨਾਂ ਦੇ ਬਹੁਤ ਵੱਡੇ ਐਸ਼ ਰੁੱਖ ਦੇ ਸਹਾਰੇ ਖੜ੍ਹੀ ਹੈ ਅਤੇ ਮੁਰਦੇ ਸਾਰੇ ਸੰਸਾਰਾਂ ਵਿਚ ਫੈਲੇ ਹੋਏ ਹਨ। ਸਾਰੇ ਆਸਮਾਨ ਧਰੂ ਤਾਰੇ ਦੁਆਲੇ ਘੁੰਮਦੇ ਹਨ। ਇਸ ਰੁੱਖ ਦੀਆਂ ਜੜ੍ਹਾਂ ਨੂੰ ਇਕ ਪਵਿੱਤਰ ਖੂਹ ਤੋਂ ਪਾਣੀ ਲਾਇਆ ਜਾਂਦਾ ਹੈ, ਜਿਥੇ ਹੋਣੀ (ਭਾਵੀ) ਮਨੁੱਖਾਂ ਦੀਆਂ ਕਿਸਮਤਾਂ ਦੇ ਫ਼ੈਸਲੇ ਕਰਦੀ ਹੈ। ਇਸ ਦੀਆਂ ਟਾਹਣੀਆਂ ਤੋਂ ਸੰਜੀਵਕ ਤ੍ਰੇਲ ਡਿਗਦੀ ਰਹਿੰਦੀ ਹੈ ਅਤੇ ਇਕ ਬੱਕਰੀ, ਜਿਹੜੀ ਇਸ ਦੇ ਪੱਤੇ ਖਾਂਦੀ ਹੈ, ਦੇਵਤਿਆਂ ਨੂੰ ਸ਼ਹਿਦ ਤੋਂ ਬਣਾਈ ਗਈ ਸ਼ਰਾਬ (Mead) ਮੁਹੱਈਆ ਕਰਦੀ ਹੈ। ਦਰਖ਼ਤ ਵੀ ਦੁੱਖੀ ਹੈ, ਪਰਾਂ ਵਾਲੀ ਇਕ ਸਰਾਲ ਉਸ ਦੀਆਂ ਜੜ੍ਹਾਂ ਨੂੰ ਕੁਤਰਦੀ ਰਹਿੰਦੀ ਹੈ, ਟਾਹਣੀਆਂ ਉੱਤੇ ਇਕ ਉਕਾਬ ਬੈਠਾ ਰਹਿੰਦਾ ਹੈ ਅਤੇ ਇਕ ਗੁਲਹਿਰੀ ਹੇਠਾਂ ਉਪਰ ਦੌੜਦੀ ਹੋਈ ਉਕਾਬ ਅਤੇ ਸਰਾਲ ਵਿਚ ਲੜਾਈ ਕਰਾਉਂਦੀ ਰਹਿੰਦੀ ਹੈ।

ਇਸ ਦੁਨੀਆ ਨੂੰ ਫ਼ਾਨੀ ਮੰਨਿਆ ਜਾਂਦਾ ਹੈ। ਨਾਰਵੇ ਦੀਆਂ ਮਿਥਿਹਾਸਕ ਕਹਾਣੀਆਂ ਤੋਂ ਵੀ ਇਹ ਸਿੱਧ ਹੁੰਦਾ ਹੈ, ਜਿਵੇਂ ਭਿਆਨਕ ਠੰਢ ਨਾਲ ਸਾਰੇ ਜੀਵ ਮਰ ਜਾਣਗੇ। ਸਿਰਫ਼ ਇਕ ਆਦਮੀ ਅਤੇ ਇਕ ਇਸਤਰੀ ਹੀ ਬਚੇ ਰਹਿਣਗੇ ਅਤੇ ਨਵੇਂ ਸਿਰੇ ਤੋਂ ਦੁਨੀਆ ਵਸਾਉਣਗੇ, ਦੁਨੀਆ ਦੇ ਅੰਤ ਸਮੇਂ ਇਕ ਭਿਆਨਕ ਜੰਗ ਹੋਵੇਗੀ, ਜਿਸ ਵਿਚ ਵੱਖ-ਵੱਖ ਦੈਂਤ ਅਰਥਾਤ ਅੱਗ ਦਾ 'ਸੁਰਤ' ਅਗਾਧ ਸੱਪ ਮਿਉਗਾਰੋਸੋਰਮ ਸੰਗਲਾਂ ਨਾਲ ਨੂੜਿਆ ਹੋਇਆ 'ਫੈਨਾਰਿਰ' ਨਾਂ ਦਾ ਬਘਿਆੜ ਅਤੇ ਭੈੜੀ ਰੂਹ 'ਲੋਕੀ' ਆਦਿ ਆਜ਼ਾਦ ਹੋ ਜਾਣਗੇ ਅਤੇ ਦੇਵਤਿਆਂ ਤੇ ਮਨੁੱਖਾਂ ਨੂੰ ਹੜੱਪ ਕਰ ਜਾਣਗੇ, ਤਾਰੇ ਟੁੱਟ ਜਾਣਗੇ ਧਰਤੀ ਸਮੁੰਦਰ ਵਿਚ ਡੁੱਬ ਜਾਵੇਗੀ ਅਤੇ ਅੱਗ ਦੀਆਂ ਲਾਟਾਂ ਆਸਮਾਨ ਨੂੰ ਛੂਹਣਗੀਆਂ ਪਰ ਇਸ ਬਰਬਾਦੀ ਤੋਂ ਬਾਅਦ ਨਵੀਂ ਧਰਤੀ ਹੋਂਦ ਵਿਚ ਆਵੇਗੀ, ਮੁੜ ਦੇਵਤੇ ਆਉਣਗੇ ਅਤੇ ਸਭ ਪਾਸੇ ਅਮਨ ਅਤੇ ਖ਼ੁਸ਼ਹਾਲੀ ਫੈਲ ਜਾਵੇਗੀ।

ਜਰਮਨੀ ਅਤੇ ਇਸ ਦੇ ਨਾਲ ਲਗਦੇ ਸਕੰਡੇਨੇਵੀਆਈ ਦੇਸ਼ਾਂ ਵਿਚ ਚਾਰ ਦੇਵਤੇ ਸਾਂਝੇ ਮੰਨੇ ਜਾਂਦੇ ਹਨ—ਊਇਨ, ਟੀਰ, ਧੋਰ ਅਤੇ ਫ੍ਰਿਗ। ਟੈਸੀਟਸ ਪਹਿਲੇ ਤਿੰਨਾਂ ਨੂੰ ਮਰਕਰੀ, ਮਾਰਜ਼ ਅਤੇ ਹਰਕੁਲੀਜ਼ ਦੇ ਬਰਾਬਰ ਦਸਦਾ ਹੈ ਅਤੇ ਫ੍ਰਿਗ ਨੂੰ ਵੀਨਸ ਦੇ ਬਰਾਬਰ ਮੰਨਦਾ ਹੈ। ਨਾਰਵੇ ਵਿਚ ਇਨ੍ਹਾਂ ਦੇਵਤਿਆਂ ਨੂੰ 'ਈਸੀਰ' ਦਾ ਨਾਂ ਦਿੱਤਾ ਜਾਂਦਾ ਹੈ। ਇਕ ਅੱਖ ਵਾਲਾ 'ਊਇਨ' ਸਾਰੇ ਦੇਵਤਿਆਂ ਦਾ ਮੁੱਖੀ ਹੈ, ਉਹ ਆਪਣੇ ਸਥਾਨ ਤੋਂ ਸਾਰੇ ਸੰਸਾਰਾਂ ਨੂੰ ਦੇਖ ਸਕਦਾ ਹੈ; ਉਸ ਨੇ ਰੱਤੀ-ਭਰ ਗਿਆਨ ਲਈ ਆਪਣੀ ਅੱਖ ਦੇ ਦਿੱਤੀ ਸੀ, ਨੌਂ ਰਾਤਾਂ ਭੁੱਖੇ ਭਾਣੇ ਕੱਟੀਆਂ ਅਤੇ ਹੋਰ ਕਈ ਕਿਸਮ ਦੇ ਤਸੀਹੇ ਝੱਲ ਕੇ ਜਾਦੂਈ ਤਾਕਤ ਪ੍ਰਾਪਤ ਕੀਤੀ ਸੀ।

ਦੂਜੇ ਦੇਵਤੇ 'ਟੀਰ' ਬਾਰੇ ਬਹੁਤ ਵੇਰਵੇ ਨਹੀਂ ਮਿਲਦੇ। ਇਸ ਨੂੰ ਜੰਗਾਂ, ਸੰਧੀਆਂ ਅਤੇ ਕਾਨੂੰਨ ਦਾ ਮੁੱਖ ਦੇਵਤਾ ਸਮਝਿਆ ਜਾਂਦਾ ਹੈ। ਆਪਣੇ ਅਦਾਲਤੀ ਚਿੰਨ੍ਹ ਵਜੋਂ ਇਹ ਆਪਣੇ ਪਾਸ ਨੇਜ਼ਾ ਰੱਖਦਾ ਹੈ।

ਤੀਜਾ ਦੇਵਤਾ 'ਧੋਰਾ' ਹੈ। ਇਸ ਨੂੰ ਸਕੰਡੇਨੇਵੀਆ ਦੀਆਂ ਕਿਸਾਨ ਜਾਤੀਆਂ ਵਿਚ ਬਹੁਤ ਮਾਣ ਪ੍ਰਾਪਤ ਹੈ। ਇਹ ਤਾਕਤ ਦਾ ਪ੍ਰਤੀਕ ਹੈ, ਇਹ ਗੱਜਦਾ ਹੈ ਅਤੇ ਆਪਣੇ ਪਾਸ ਹਥੌੜਾ ਰੱਖਦਾ ਹੈ। ਇਹ ਮਿਡਗਾਰਡ ਦੀ ਦੈਂਤਾ ਤੋਂ ਰੱਖਿਆ ਵੀ ਕਰਦਾ ਹੈ।

ਇਨ੍ਹਾਂ ਦੇਵਤਿਆਂ ਦੀ ਲੜੀ ਵਿਚ ਚੌਥਾ ਨੰਬਰ 'ਫ੍ਰਿਗ' ਦੇਵੀ ਦਾ ਹੈ। ਇਹ 'ਊਇਨ' ਦੇਵਤੇ ਦੀ ਪਤਨੀ ਅਤੇ 'ਬਾਲਡਰ' ਦੀ ਮਾਂ ਹੈ। ਇਸ ਦੇ ਕਰਤੱਵਾਂ ਬਾਰੇ ਅਤੇ ਇਸ ਦੀ ਪੂਜਾ ਬਾਰੇ ਬਹੁਤਾ ਜ਼ਿਕਰ ਨਹੀਂ ਆਉਂਦਾ। ਇਸ ਨੂੰ ਇਕ ਪਵਿੱਤਰ ਪਤਨੀ ਅਤੇ ਬਹੁਤ ਹੀ ਪਿਆਰੀ ਮਾਂ ਵਜੋਂ ਦਰਸਾਇਆ ਜਾਂਦਾ ਹੈ। ਇਸ ਦਾ ਦਿਨ ਭਾਵ ਸ਼ੁਕਰਵਾਰ ਜਰਮਨੀ ਦੇ ਕੁਝ ਖੇਤਰਾਂ ਵਿਚ ਵਿਆਹ ਲਈ ਬੜਾ ਸ਼ੁਭ ਮੰਨਿਆ ਜਾਂਦਾ ਹੈ।

ਦੇਵਤਿਆਂ ਦੀ 'ਵਾਨੀਰ' ਨਾਂ ਦੀ ਇਕ ਹੋਰ ਨਸਲ ਵੀ ਹੈ ਜਿਸਨੂੰ ਧਨ, ਉਪਜ ਅਤੇ ਤਾਕਤ ਦੇ ਦੇਵਤੇ ਮੰਨਿਆ ਜਾਂਦਾ ਹੈ।

'ਈਸੀਰ' ਦੇਵਤੇ 'ਵਾਨੀਰ' ਦੇਵਤਿਆਂ ਦੇ ਵਿਰੁੱਧ ਜੰਗ ਛੇੜ ਦਿੰਦੇ ਹਨ ਪਰ ਅੰਤ ਵਿਚ ਉਨ੍ਹਾਂ ਵਿਚਾਲੇ ਸਮਝੌਤਾ ਹੋ ਜਾਂਦਾ ਹੈ ਤੇ ਮੁੜ ਖ਼ੁਸ਼ਹਾਲੀ ਆ ਜਾਂਦੀ ਹੈ। ਇਸ ਤੋਂ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਧਰਮ, ਰਾਜ ਅਤੇ ਜੰਗਜੂ ਦੇ ਪ੍ਰਤਿਨਿਧਾਂ (ਊਇਨ, ਟੀਰ, ਧੋਰਾ) ਦਾ ਉਤਪਤੀ ਕਰਨ ਵਾਲੇ ਅਤੇ ਖ਼ੁਸ਼ਹਾਲੀ ਲਿਆਉਣ ਵਾਲੇ ਦੇਵਤਿਆਂ ਨਾਲ ਸਮਝੌਤਾ ਹੋ ਗਿਆ। ਇਸ ਲਈ ਮਨੁੱਖੀ ਸਮਾਜ ਵਿਚ ਵੀ ਅਜਿਹਾ ਸੰਜੋਗ ਹੋਣ ਨਾਲ ਹੀ ਖ਼ੁਸ਼ਹਾਲੀ ਆਉਂਦੀ ਹੈ। ਜਦੋਂ ਈਸੀਰ ਅਤੇ 'ਵਾਨੀਰ' ਦੇਵਤਿਆਂ ਦਾ ਸਮਝੌਤਾ ਹੋ ਜਾਂਦਾ ਹੈ ਤਾਂ ਉਹ ਇਕ ਬਾਟੇ ਵਿਚ ਆਪਣਾ ਥੁੱਕ ਮਿਲਾਉਂਦੇ ਹਨ, ਜਿਸ ਤੋਂ 'ਕਵਾਸੀਰ' ਨਾਂ ਦਾ ਦੁਨੀਆ ਦਾ ਸਭ ਤੋਂ ਸਿਆਣਾ ਮਨੁੱਖ ਬਣਦਾ ਹੈ। ਦੋ ਬੌਣੇ ਜਿਹੜੇ ਉਸ ਦੇ ਇਲਮ ਅਤੇ ਸਿਆਣਪ ਤੋਂ ਛਿੱਥੇ ਤੇ ਤੰਗ ਪੈ ਜਾਂਦੇ ਹਨ, ਉਸ ਨੂੰ ਮਾਰ ਦਿੰਦੇ ਹਨ। ਉਸ ਦੇ ਖ਼ੂਨ ਵਿਚ ਸ਼ਹਿਦ ਮਿਲਾਇਆ ਜਾਂਦਾ ਹੈ ਜਿਹੜਾ ਕਵਿਤਾ ਦਾ ਸੋਮਾ (ਸ਼ਰਾਬ) ਬਣ ਜਾਂਦਾ ਹੈ।

ਇਸੇ ਤਰ੍ਹਾਂ ਦੀਆਂ ਕਿੰਨੀਆਂ ਹੀ ਹੋਰ ਮਿਥਿਹਾਸਕ ਕਹਾਣੀਆਂ ਮਿਲਦੀਆਂ ਹਨ।

ਹ. ਪੁ. -ਐਨ. ਬ੍ਰਿ. 10 : 240

**ਜਰਮਨਿਕਸ ਸੀਜ਼ਰ** : ਇਸ ਦਾ ਜਨਮ ਨੀਰੋ ਕਲਾਡੀਅਸ ਡਰੂਸਸ ਦੇ ਘਰ ਹੋਇਆ। ਇਸ ਨੂੰ ਆਪਣਾ ਨਾਂ ਜਰਮਨਿਕਸ ਆਪਣੇ ਪਿਤਾ ਤੋਂ ਵਿਰਸੇ ਵਿਚ ਮਿਲਿਆ ਸੀ। ਇਹ ਰੋਮਨ ਬਾਦਸ਼ਾਹ ਟਾਈਬੀਰੀਅਸ ਦਾ ਭਤੀਜਾ ਅਤੇ ਗੋਦ ਲਿਆ ਪੁੱਤਰ ਸੀ। ਜਰਮਨਿਕਸ ਨੇ ਆਗਸਟਸ ਦੀ ਪੋਤਰੀ ਐਗਰੀਪਿਨਜ਼ ਦੀ ਐਲਡਰ ਨਾਲ ਸ਼ਾਦੀ ਕਰਵਾਈ।

ਇਸ ਨੇ ਪਾਨੋਨੀਅਨਾਂ ਅਤੇ ਜਰਮਨਾਂ ਵਿਰੁੱਧ ਆਪਣੇ ਚਾਚੇ ਦਾ ਸਾਥ ਦਿੱਤਾ। ਬਾਰ੍ਹਵੀਂ ਸਦੀ ਵਿਚ ਇਹ ਰਾਜ ਪ੍ਰਤਿਨਿਧ ਬਣਿਆ ਅਤੇ ਅਗਲੇ ਸਾਲ ਇਸਨੂੰ ਬਾਦਸ਼ਾਹ ਆਗਸਟਸ ਨੇ ਅੱਠ ਵੱਡੀਆਂ ਫ਼ੌਜਾਂ ਦੀ ਕਮਾਨ ਸੰਭਾਲੀ। ਇਸ ਨੇ ਆਗਸਟਸ ਦੀ ਮੌਤ ਮਗਰੋਂ ਫ਼ੌਜ ਵਿਚ ਪੈਦਾ ਹੋਈ ਗੜਬੜ ਨੂੰ ਦਬਾਇਆ ਅਤੇ ਇਸੇ ਫ਼ੌਜ ਨੂੰ ਮਾਰਸੀ ਵਿਰੁੱਧ ਜੰਗ ਵਿਚ ਭੇਜਿਆ। ਇਸ ਨਿਪੁੰਨ ਚਾਲ ਨਾਲ ਇਸਨੇ ਆਰਮੀਨੀਅਸ ਨੂੰ ਹਰਾਇਆ। ਇਸ ਤੋਂ ਬਾਅਦ ਬਾਦਸ਼ਾਹ ਟਿਬਰੀਅਸ ਨੇ ਜਰਮਨਿਕਸ

ਨੂੰ ਰੋਮ ਵਿਚ ਵਾਪਸ ਬੁਲਾ ਲਿਆ ਅਤੇ ਇਸ ਨੂੰ ਬਹੁਤ ਸਾਰੇ ਅਧਿਕਾਰਾਂ ਸਮੇਤ ਪੂਰਬੀ ਪ੍ਰਾਂਤ ਸੌਂਪੇ। ਬਾਅਦ ਵਿਚ ਟਿਬਰੀਅਸ ਜਰਮਨਿਕਸ ਦੀਆਂ ਜਿੱਤਾਂ ਅਤੇ ਮਸ਼ਹੂਰੀ ਉੱਤੇ ਈਰਖਾ ਕਰਨ ਲੱਗਾ ਅਤੇ ਉਸ ਨਾਲ ਨਾਰਾਜ਼ ਹੋ ਗਿਆ।

ਸੀਰੀਆ ਨੂੰ ਮੁੜਦੇ ਸਮੇਂ ਸੀਰੀਆ ਦੇ ਗਵਰਨਰ, ਪੀਸੋ ਨਾਲ ਜਰਮਨਿਕਸ ਸੀਜ਼ਰ ਦੇ ਮੱਤ-ਭੇਦ ਹੋ ਗਏ ਅਤੇ ਪੀਸੋ ਪ੍ਰਾਂਤ ਛੱਡ ਕੇ ਚਲਾ ਗਿਆ ਪਰ ਕੁਝ ਸਮੇਂ ਬਾਅਦ ਪੀਸੋ ਨੇ ਜਰਮਨਿਕਸ ਨੂੰ ਜ਼ਹਿਰ ਦੇ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਸ ਦੀ ਸੁਆਹ ਰੋਮ ਵਿਖੇ ਲਿਆਂਦੀ ਗਈ ਅਤੇ ਆਗਸਟਸ ਦੇ ਮਕਬਰੇ ਵਿਚ ਰੱਖੀ ਗਈ। ਜਰਮਨਿਕਸ ਵਿਚ ਸਾਹਿਤਕ ਅਤੇ ਸੁਭਾਸ਼ਵੀ ਯੋਗਤਾਵਾਂ ਸਨ।

ਹ. ਪੁ. -ਐਨ. ਅਮੇ. 12: 504; ਐਨ. ਬ੍ਰਿ. ਮਾ. 4 : 499

**ਜਰਮਨੀ** : ਇਹ ਯੂਰਪ ਮਹਾਂਦੀਪ ਦਾ ਇਕ ਵਿਕਸਿਤ ਦੇਸ਼ ਹੈ ਜਿਸਦੇ ਉੱਤਰ ਵੱਲ ਡੈਨਮਾਰਕ ਦੇਸ਼, ਬਾਲਟਿਕ ਸਾਗਰ ਅਤੇ ਉੱਤਰੀ ਸਾਗਰ ਦੇ ਵਿਸ਼ਾਲ ਸਮੁੰਦਰ; ਪੂਰਬ ਵੱਲ ਪੋਲੈਂਡ; ਪੂਰਬ ਅਤੇ ਦੱਖਣ-ਪੂਰਬ ਵੱਲ ਚੈੱਕ ਗਣਰਾਜ; ਦੱਖਣ ਪੂਰਬ ਅਤੇ ਦੱਖਣ ਵੱਲ ਆਸਟਰੀਆ; ਦੱਖਣ ਵੱਲ ਸਵਿਟਜ਼ਰਲੈਂਡ ਅਤੇ ਪੱਛਮ ਵੱਲ ਫ਼ਰਾਂਸ, ਲਕਸਮਬਰਗ, ਬੈਲਜੀਅਮ ਅਤੇ ਨੀਦਰਲੈਂਡ ਦੇ ਦੇਸ਼ ਹਨ। ਇਸ ਦੇਸ਼ ਦਾ ਖੇਤਰਫ਼ਲ 3,56,854 ਵ. ਕਿ. ਮੀ. ਅਤੇ ਆਬਾਦੀ 7,97,53,200 (1991) ਹੈ। ਬਰਲਿਨ ਇਥੋਂ ਦੀ ਰਾਜਧਾਨੀ ਹੈ।

### ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਜਰਮਨੀ ਦੀ ਧਰਾਤਲ ਵਿਚ ਭਾਰੀ ਵਖਰੇਵਾਂ ਪਾਇਆ ਜਾਂਦਾ ਹੈ। ਪਹਾੜਾਂ, ਘਾਟੀਆਂ, ਪਠਾਰਾਂ, ਮੈਦਾਨਾਂ, ਝੀਲਾਂ ਆਦਿ ਦੀ ਭਰਮਾਰ ਹੈ। ਸਮੁੱਚੇ ਤੌਰ ਤੇ ਜਰਮਨੀ ਦਾ ਦੱਖਣੀ ਭਾਗ ਉੱਚਾ ਅਤੇ ਉੱਤਰੀ ਭਾਗ ਨੀਵਾਂ ਹੈ। ਆਮ ਢਲਾਣ ਦੱਖਣ ਤੋਂ ਉੱਤਰ ਵੱਲ ਹੈ। ਧਰਾਤਲ ਅਨੁਸਾਰ ਇਸ ਦੇਸ਼ ਨੂੰ ਨਿਮਨ ਭਾਗਾਂ ਵਿਚ ਵੰਡ ਸਕਦੇ ਹਾਂ—

**(ੳ) ਉੱਤਰੀ ਨੀਵਾਂ ਮੈਦਾਨ**—ਦੇਸ਼ ਦੇ ਉੱਤਰੀ ਹਿੱਸੇ ਵਿਚ ਇਕ ਵਿਸ਼ਾਲ, ਚੌੜਾ ਅਤੇ ਚਪਟਾ ਮੈਦਾਨ ਹੈ। ਇਸ ਮੈਦਾਨ ਦੀ ਉਚਾਈ ਸਮੁੰਦਰ ਤਲ ਤੋਂ 100 ਮੀ. ਤੋਂ ਵੀ ਘੱਟ ਹੈ। ਗਲੇਸ਼ਵਰੀ ਝੀਲਾਂ ਅਤੇ ਦਲਦਲਾਂ ਆਦਿ ਇਸ ਮੈਦਾਨ ਵਿਚ ਆਮ ਵੇਖਣ ਨੂੰ ਮਿਲਦੇ ਹਨ। ਤਟ ਦੇ ਨਾਲ ਮੋਰੇਨ ਵੀ ਮਿਲਦੇ ਹਨ। ਦਰਿਆ ਐਲਬ ਇਸ ਮੈਦਾਨ ਵਿਚੋਂ ਲੰਘਦਾ ਹੈ। ਇਸ ਮੈਦਾਨ ਵਿਚ ਨੀਵੀਆਂ ਪਹਾੜੀਆਂ ਵੀ ਮਿਲਦੀਆਂ ਹਨ। ਅਜਿਹੀ ਇਕ ਪਹਾੜੀ ਵਿਲਸਡੇਰਬਰਗ (169 ਮੀ.) ਹੈ। ਨੋਰਡਲੀਚਰ ਅਤੇ ਸੁਡਲੀਚਰ ਦੀਆਂ ਪਹਾੜੀਆਂ ਮੈਦਾਨ ਵਿਚ ਪੂਰਬ-ਪੱਛਮ ਦਿਸ਼ਾ ਵਿਚ ਫੈਲੀਆਂ ਹੋਈਆਂ ਹਨ। ਇਨ੍ਹਾਂ ਦੀ ਉਚਾਈ ਵੀ 100 ਮੀ. ਹੈ। ਇਸ ਮੈਦਾਨੀ ਖੇਤਰ ਦੀਆਂ ਚਟਾਨਾਂ ਨਵੀਆਂ ਹੀ ਹੋਂਦ ਵਿਚ ਆਈਆਂ ਹਨ ਅਤੇ ਪਲੀਸਟੋਸੀਨ ਯੁੱਗ ਦੀਆਂ ਬਣੀਆਂ ਹੋਈਆਂ ਹਨ। ਇਸ ਮੈਦਾਨ ਦੇ ਦੱਖਣੀ ਭਾਗ ਵਿਚ ਗਲੇਸ਼ੀਅਰੀ ਭੂ-ਭਾਗਾਂ ਤੋਂ ਅੱਗੇ ਲੋਅਸ ਮਿੱਟੀ ਵਾਲਾ ਮੈਦਾਨੀ ਖੇਤਰ ਹੈ।

**(ਅ) ਮੱਧ ਉੱਚਵਰਤੀ ਪ੍ਰਦੇਸ਼**—ਇਸ ਖੇਤਰ ਵਿਚ ਉੱਤਰੀ ਰ੍ਹਾਈਨ, ਵੈਸਟਫੈਲਿਯਾ ਦਾ ਦੱਖਣੀ ਭਾਗ, ਹੈਸੇਨ ਰ੍ਹਾਈਨਲੈਂਡ, ਪਫਾਲਟਜ਼, ਸਾਰਲੈਂਡ, ਉੱਤਰੀ ਬੇਅਰਨ ਅਤੇ ਉੱਤਰੀ ਬਾਡਨ-ਵਰਟਮਬਰਗ ਸ਼ਾਮਲ ਹਨ। ਇਹ ਪਠਾਰੀ ਇਲਾਕਾ ਹੈ ਅਤੇ ਕੁਝ ਪਹਾੜੀਆਂ ਵੀ ਇਥੇ ਹਨ ਜਿਨ੍ਹਾਂ ਦੀ ਆਮ ਉਚਾਈ 1,100 ਮੀ. ਤੱਕ ਹੈ। ਪਹਾੜੀਆਂ ਦੇ ਉਪਰਲੇ ਭਾਗ ਗੋਲ ਹਨ ਅਤੇ ਇਨ੍ਹਾਂ ਉੱਪਰ ਸੰਘਣੇ ਜੰਗਲ ਮਿਲਦੇ ਹਨ। ਤੇਜ਼ ਵਹਿਣ ਵਾਲੇ ਦਰਿਆਵਾਂ ਨੇ ਇਸ ਉੱਚ ਪ੍ਰਦੇਸ਼ ਵਿਚ ਡੂੰਘੀਆਂ ਘਾਟੀਆਂ ਵੀ ਬਣਾਈਆਂ ਹੋਈਆਂ ਹਨ। ਇਸੇ ਪ੍ਰਦੇਸ਼ ਦੇ ਦੱਖਣ-ਪੱਛਮੀ ਭਾਗ ਵਿਚ ਬਲੈਕ ਫਾਰੈਸਟ ਪਹਾੜ ਹਨ ਜਿਥੇ ਡੈਨਿਊਬ ਦਰਿਆ ਦਾ ਸੋਮਾ ਹੈ। ਰ੍ਹਾਈਨਲੈਂਡ ਦੇ ਪੂਰਬ ਵੱਲ ਹੈਸੀ ਮੱਧ ਉੱਚਵਰਤੀ ਪ੍ਰਦੇਸ਼ ਹੈ। ਇਸ ਦੀ ਔਸਤ ਉਚਾਈ 500-600 ਮੀ. ਹੈ।



ਜਰਮਨੀ ਦੇ ਦੱਖਣ-ਪੱਛਮ ਵਿਚ ਸੰਘਣੀਆਂ ਜੰਗਲੀ-ਢਲਾਣਾਂ ਦਾ ਅਸੀਮ ਨਜ਼ਾਰਾ ਪੇਸ਼ ਕਰਦਾ ਹੋਇਆ 'ਦੀ ਬਲੈਕ ਫ਼ਾਰੈਸਟ'

ਲੋਅਸ ਖੇਤਰ ਦੇ ਦੱਖਣ-ਪੱਛਮ ਵਿਚ ਪਹਾੜੀ ਮਿਟਲਜੇਬਿਹਜ ਖ਼ੇਤਰ ਹੈ। ਇਥੇ ਹਾਰਟਜ ਅਤੇ ਐਰਟਸਜਬਰਗ ਦੇ ਪਹਾੜੀ ਸਿਲਸਿਲੇ ਹਨ। ਫਿਟਲਬਰਗ ਨਾਂ ਦੀ ਸਿਖ਼ਰ ਐਰਟਸਜਬਰਗ ਪਹਾੜ ਵਿਚ ਹੀ ਪੈਂਦੀ ਹੈ। ਹਾਰਟਜ਼ ਪਹਾੜਾਂ ਉੱਪਰਲੀ ਬਰੋਕਨ ਚੋਟੀ 1,142 ਮੀ. ਉੱਚੀ ਹੈ। ਥਿਉਰਿੰਜੀਅਨ ਵਾਲਟ ਪਹਾੜ ਇਥੇ ਹੀ ਹਨ।

ਇਹ ਪਹਾੜੀ ਖੇਤਰ ਵੀ ਪੁਰਾਣੀਆਂ ਚਟਾਨਾਂ ਦਾ ਬਣਿਆ ਹੋਇਆ ਹੈ। ਪਲੀਸਟੋਸੀਨ ਯੁੱਗ ਵਿਚ ਇਹ ਖੁਰਚਣ ਕਰਕੇ ਨੀਵੇਂ ਹੋ ਗਏ ਸਨ ਅਤੇ ਨੀਵੇਂ ਸਥਾਨਾਂ ਵਿਚ ਮਿੱਟੀ ਭਰ ਗਈ ਸੀ। ਫਿਰ ਟਰਸ਼ਰੀ ਯੁੱਗ ਵਿਚ ਇਹ ਖੇਤਰ ਥੱਲੇ ਧਸ ਗਿਆ ਜਿਹੜਾ ਕਿ ਮਗਰੋਂ ਫਿਰ ਉੱਚਾ ਉਠ ਗਿਆ ਸੀ। ਇਹ ਸਾਰਾ ਪ੍ਰਦੇਸ਼ ਸਖ਼ਤ ਰਵੇਦਾਰ ਚਟਾਨਾਂ ਦਾ ਬਣਿਆ ਹੋਇਆ ਹੈ। ਇਸ ਪਹਾੜੀ ਖੇਤਰ ਦੀਆਂ ਚਟਾਨਾਂ ਦਾ 30 ਕਰੋੜ ਸਾਲ ਪੁਰਾਣੀਆਂ ਹੋਣ ਦਾ ਕਿਆਸ ਕੀਤਾ ਜਾਂਦਾ ਹੈ।

**(ੲ) ਐਲਪਸ ਪਹਾੜ**—ਇਹ ਪਹਾੜ ਦੇਸ਼ ਦੇ ਦੱਖਣੀ ਹਿੱਸੇ ਵਿਚ ਸਥਿਤ ਹਨ। ਇਹ ਨੀਵੇਂ ਪਹਾੜ ਹਨ ਅਤੇ ਇਨ੍ਹਾਂ ਵਿਚਕਾਰ ਪਠਾਰਾਂ ਵੀ ਮਿਲਦੀਆਂ ਹਨ। ਦੇਸ਼ ਦੀ ਸਭ ਤੋਂ ਉੱਚੀ ਚੋਟੀ ਜ਼ੁਗਸਪਿਟਜ (2,962 ਮੀ.) ਬਾਵੇਰੀਆ ਪਹਾੜੀ ਉੱਤੇ ਸਥਿਤ ਹੈ। ਇਕ ਹੋਰ ਉੱਚੀ ਚੋਟੀ ਮਾਡੇਲੇਗੇਬਲ (2,645 ਮੀ.) ਹੈ। ਇਹ ਚੋਟੀ ਐਲਗਾਊ ਪਹਾੜੀ ਉੱਪਰ ਹੈ। ਇਸ ਪਹਾੜ ਵਿਚ ਡੂੰਘੀਆਂ ਦਰਿਆਈ ਘਾਟੀਆਂ ਅਤੇ

ਐਲਪਸ ਪਹਾੜ ਵਿਚ ਕੋਨਿਗਸੀ ਅਤੇ ਕਾਨਸੈਂਟਸ ਝੀਲਾਂ ਮਿਲਦੀਆਂ ਹਨ।

ਵੀ ਪਹੁੰਚ ਜਾਂਦਾ ਹੈ। ਮੱਧ ਉੱਚ ਪ੍ਰਦੇਸ਼ ਵਿਚ ਸਾਲਾਨਾ ਵਰਖਾ 200 ਸੈ. ਮੀ. ਹੈ। ਦੇਸ਼ ਦੇ ਪੂਰਬੀ ਭਾਗ ਵਿਚ ਸਾਲਾਨਾ ਔਸਤ ਵਰਖਾ 50 ਸੈ. ਮੀ. ਹੈ। ਸਰਦੀ ਦੇ ਮੌਸਮ ਵਿਚ ਐਲਪਸ ਪਹਾੜ ਦੀ ਉੱਤਰੀ



ਜਰਮਨੀ ਦੇ ਧੁਰ ਦੱਖਣ ਵਿਚ ਐਲਗਾਉਂ ਦੇ ਹਿੰਡਾਲਾਂਗ ਵਰਗੇ ਖ਼ੂਬਸੂਰਤ ਪਿੰਡਾਂ ਨੂੰ ਸੁੱਰਖਿਆ ਪ੍ਰਦਾਨ ਕਰਦੇ ਹੋਏ ਬਾਵੇਰੀਆਈ ਐਲਪਸ ਪਰਬਤ

**ਜਲਵਾਯੂ**—ਜਰਮਨੀ ਦੀ ਜਲਵਾਯੂ ਵਿਚ ਕਾਫ਼ੀ ਭਿੰਨਤਾ ਮਿਲਦੀ ਹੈ। ਉੱਤਰੀ ਭਾਗ ਦੀ ਜਲਵਾਯੂ ਉੱਤੇ ਸਮੁੰਦਰ ਦਾ ਅਸਰ ਸਾਫ਼ ਵਿਖਾਈ ਦਿੰਦਾ ਹੈ। ਦੱਖਣੀ ਖੇਤਰਾਂ ਦੀ ਜਲਵਾਯੂ ਮਹਾਂਦੀਪੀ ਕਿਸਮ ਦੀ ਹੈ। ਇਥੇ ਸਰਦੀਆਂ ਵਿਚ ਤਾਪਮਾਨ ਜਮਾਉ ਦਰਜੇ ਤੋਂ ਹੇਠਾਂ ਡਿੱਗ ਜਾਂਦਾ ਹੈ। ਗਰਮੀ ਦੇ ਮੌਸਮ ਵਿਚ ਕੁੱਝ ਘਾਟੀਆਂ ਵਿਚ ਸਖ਼ਤ ਗਰਮੀ ਪੈਂਦੀ ਹੈ। ਅਕਤੂਬਰ ਤੋਂ ਮਾਰਚ ਤੱਕ ਆਕਾਸ਼ ਵਿਚ ਬੱਦਲ ਛਾਏ ਰਹਿੰਦੇ ਹਨ। ਦੇਸ਼ ਭਰ ਦੀ ਜਲਵਾਯੂ ਨੂੰ ਤਿੰਨ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ। ਉੱਤਰੀ ਹਿੱਸਿਆਂ ਦੀ ਜਲਵਾਯੂ ਸ਼ੀਤ ਊਸ਼ਣ ਕਿਸਮ ਦੀ ਹੈ। ਉੱਤਰੀ ਸਾਗਰ ਵੱਲੋਂ ਆਉਣ ਵਾਲੀ ਨਮੀ ਭਰਪੂਰ ਹਵਾ ਤਾਪਮਾਨ ਨੂੰ ਘਟਾ ਦਿੰਦੀ ਹੈ। ਸਰਦੀ ਦੇ ਮੌਸਮ ਵਿਚ ਸਮੁੰਦਰ ਦੇ ਪ੍ਰਭਾਵ ਕਾਰਨ ਤਾਪਮਾਨ ਜ਼ਿਆਦਾ ਨਹੀਂ ਘਟਦਾ ਹੈ। ਹੈਮਬਰਗ ਵਿਖੇ ਜਨਵਰੀ ਦਾ ਔਸਤ ਤਾਪਮਾਨ-0.6° ਸੈਂ. ਰਹਿੰਦਾ ਹੈ। ਗਰਮੀਆਂ ਵਿਚ ਇਥੋਂ ਦਾ ਤਾਪਮਾਨ 17.2° ਸੈਂ. ਹੁੰਦਾ ਹੈ। ਸਰਦੀਆਂ ਵਿਚ ਪੱਛਮੀ ਹਵਾਵਾਂ ਵਰਖਾ ਵਰ੍ਹਾਉਂਦੀਆਂ ਹਨ। ਹੈਮਬਰਗ ਵਿਖੇ ਸਲਾਨਾ ਵਰਖਾ 72.6 ਸੈਂ. ਹੈ। ਸਰਦੀ ਦੇ ਮੌਸਮ ਵਿਚ ਸਕੰਡੇਨੇਵੀਆ ਵੱਲੋਂ ਠੰਢੀਆਂ ਪੌਣਾਂ ਆਉਂਦੀਆਂ ਹਨ।

ਮੱਧ ਉੱਚ ਪ੍ਰਦੇਸ਼ ਅਤੇ ਦੱਖਣੀ ਹਿੱਸਿਆਂ ਦੀ ਜਲਵਾਯੂ ਮਹਾਂਦੀਪੀ ਹੈ। ਸਰਦੀਆਂ ਵਿਚ ਸਖ਼ਤ ਠੰਢ ਪੈਂਦੀ ਹੈ। ਗਰਮੀ ਦੇ ਮੌਸਮ ਵਿਚ ਪਹਾੜਾਂ ਵਿਚ ਸਥਿਤ ਘਾਟੀਆਂ ਵਿਚ ਸਖ਼ਤ ਗਰਮੀ ਪੈਂਦੀ ਹੈ। ਮਿਊਨਿਖ ਵਿਖੇ ਜਨਵਰੀ ਅਤੇ ਜੁਲਾਈ ਦਾ ਔਸਤ ਤਾਪਮਾਨ ਕ੍ਰਮਵਾਰ 2.2° ਸੈਂ. ਅਤੇ 17.2° ਸੈ. ਹੈ। ਇਥੇ ਸਾਲਾਨਾ ਵਰਖਾ 85.5 ਸੈ. ਹੈ। ਜਰਮਨੀ ਦਾ ਦੱਖਣ-ਪੂਰਬੀ ਭਾਗ ਗਰਮੀਆਂ ਵਿਚ ਸਖ਼ਤ ਗਰਮ ਅਤੇ ਸਰਦੀਆਂ ਵਿਚ ਸਖ਼ਤ ਠੰਡਾ ਹੁੰਦਾ ਹੈ। ਦੇਸ਼ ਭਰ ਵਿਚ ਔਸਤ ਤਾਪਮਾਨ 9° ਸੈ. ਹੈ ਪਰ ਕੁੱਝ ਕੁ ਘਾਟੀਆਂ ਵਿਚ ਔਸਤ ਤਾਪਮਾਨ 20° ਸੈ. ਤੱਕ ਢਲਾਣ ਨਾਲ ਥੱਲੇ ਵੱਲ ਨੂੰ ਗਰਮ ਅਤੇ ਖ਼ੁਸ਼ਕ ਹਵਾ ਚਲਦੀ ਹੈ। ਇਸ ਹਵਾ ਨੂੰ 'ਫਾਹਨ' ਆਖਦੇ ਹਨ।

**ਜਲ ਪ੍ਰਵਾਹ**—ਐਲਬ ਅਤੇ ਓਡਰ ਦਰਿਆ ਦੇਸ਼ ਦੇ ਉੱਤਰ ਵੱਲ ਵੱਗਦੇ ਹਨ। ਐਲਬ 1,093 ਕਿ. ਮੀ. ਲੰਬਾ ਹੈ। ਪਹਾੜੀ ਖੇਤਰ ਵਿਚ ਐਲਬ ਦੀਆਂ ਕਈ ਸਹਾਇਕ ਨਦੀਆਂ ਹਨ। ਇਸ ਦਰਿਆ ਦੀਆਂ ਸਹਾਇਕ ਨਦੀਆਂ ਉੱਤੇ ਬੰਨ੍ਹ ਮਾਰ ਕੇ ਬਿਜਲੀ ਪੈਦਾ ਕੀਤੀ ਜਾਂਦੀ ਹੈ। ਓਡਰ ਦਰਿਆ ਦੇ ਖੱਬੇ ਪਾਸਿਓਂ ਗਲਾਟਜਾਰ, ਨਾਈਸ, ਕਾਰਜਬੈਲ, ਬੋਬਰ ਆਦਿ ਸਹਾਇਕ ਨਦੀਆਂ ਹਨ। ਵਾਰਨਾਓ ਰੈਕਨਿਟਜ ਆਦਿ ਛੋਟੀਆਂ ਨਦੀਆਂ ਹਨ। ਇਹ ਨਦੀਆਂ ਉੱਤਰੀ ਨੀਵੇਂ ਮੈਦਾਨ ਵਿਚ ਝੀਲਾਂ ਵਿਚੋਂ ਨਿਕਲ ਕੇ ਬਾਲਟਿਕ ਸਾਗਰ ਵਿਚ ਜਾ ਡਿੱਗਦੀਆਂ ਹਨ। ਉੱਤਰੀ ਨੀਵੇਂ ਮੈਦਾਨ ਵਿਚ ਅਨੇਕ ਛੋਟੀਆਂ ਗਲੇਸ਼ਵਰੀ ਝੀਲਾਂ ਹਨ। ਇਕੱਲੇ ਨਿਊਬਰੈਨਡਨਬਰਗ ਕਾਊਂਟੀ ਵਿਚ 800 ਝੀਲਾਂ ਹਨ। ਸਭ ਤੋਂ ਵੱਡੀ ਮੁਰਟਿਜ਼ ਝੀਲ ਹੈ।

**ਮਿੱਟੀ**—ਉੱਤਰੀ ਨੀਵੇਂ ਮੈਦਾਨ ਵਿਚ ਮਿੱਟੀ ਗਲੇਸ਼ਵਰੀ ਹੈ। ਮਿੱਟੀ ਵਿਚ ਪੱਥਰ ਅਤੇ ਕੰਕਰ ਮਿਲਦੇ ਹਨ। ਇਸ ਮੈਦਾਨੀ ਖੇਤਰ ਦੀ ਮਿੱਟੀ ਵਿਚ ਚਰਾਗਾਹਾਂ ਮਿਲਦੀਆਂ ਹਨ। ਜਟਲੈਂਡ ਪ੍ਰਾਇਦੀਪ ਦਾ ਪੂਰਬੀ ਭਾਗ ਚੀਕਨੀ ਮਿੱਟੀ ਦਾ ਬਣਿਆ ਹੋਇਆ ਹੈ। ਰੂਹਰ ਖੇਤਰ ਵਿਚ ਸਿਲਟ ਵਰਗੀ ਲੋਇਸ ਮਿੱਟੀ ਮਿਲਦੀ ਹੈ।

**ਬਨਸਪਤੀ ਅਤੇ ਜੀਵ ਜੰਤੂ**—ਕੁੱਝ ਸਦੀਆਂ ਪਹਿਲਾਂ ਇਹ ਦੇਸ਼ ਜੰਗਲਾਂ ਨਾਲ ਢਕਿਆ ਹੋਇਆ ਸੀ। ਮਗਰੋਂ ਇਹ ਜੰਗਲ ਸਾਫ਼ ਕੀਤੇ ਗਏ ਅਤੇ ਜ਼ਮੀਨ ਨੂੰ ਖੇਤੀਬਾੜੀ ਯੋਗ ਬਣਾ ਲਿਆ ਗਿਆ ਪਰ ਜਰਮਨੀ ਦੇ ਦੱਖਣੀ ਭਾਗ ਵਿਚ ਸੰਘਣੇ ਜੰਗਲ ਹਨ। ਸੰਨ 1990 ਵਿਚ ਪੱਛਮੀ ਜਰਮਨੀ ਦੇ 5.36 ਮਿਲੀ. ਹੈਕ. ਖੇਤਰ ਵਿਚ ਜੰਗਲ ਸਨ। ਸੰਨ

1988 ਵਿਚ 2,981,303 ਹੈਕਟੇਅਰ ਪੂਰਬੀ ਜਰਮਨੀ ਦਾ ਖੇਤਰ ਜੰਗਲਾਂ ਅਧੀਨ ਸੀ। ਵਧੇਰੇ ਰਕਬੇ ਵਿਚ ਕੋਣਧਾਰੀ ਜੰਗਲ ਹਨ। ਮੁੱਖ ਦਰਖ਼ਤ



ਜਰਮਨੀ ਦਾ ਪ੍ਰਸਿੱਧ ਦਰਿਆ ਰ੍ਹਾਈਨ ਜਿਸਦਾ ਮੱਧ-ਮਾਰਗ ਆਲੇ-ਦੁਆਲੇ ਦੇ ਵਿਸ਼ਾਲ ਅੰਗੂਰਾਂ ਦੇ ਬਾਗਾਂ ਅਤੇ ਠੰਢੀਆਂ ਪੌਣਾਂ ਚੱਲਣ ਕਾਰਨ ਬੜਾ ਖ਼ੂਬਸੂਰਤ ਜਾਪਦਾ ਹੈ।

ਫ਼ਰ, ਦਿਆਰ ਅਤੇ ਚੀਲ ਹਨ। ਇਨ੍ਹਾਂ ਜੰਗਲਾਂ ਤੋਂ ਇਮਾਰਤੀ ਲੱਕੜੀ ਪ੍ਰਾਪਤ ਹੁੰਦੀ ਹੈ। ਕੋਣਧਾਰੀ ਜੰਗਲਾਂ ਤੋਂ ਇਲਾਵਾ ਇਥੇ ਪਤਝੜ ਦੇ ਜੰਗਲ ਵੀ ਮਿਲਦੇ ਹਨ। ਇਸ ਕਿਸਮ ਦੇ ਦਰਖ਼ਤਾਂ ਵਿਚ ਬੀਚ, ਓਕ ਅਤੇ ਬਰਚ ਹਨ।

ਜੰਗਲਾਂ ਦੀ ਭਰਮਾਰ ਨੇ ਇਥੇ ਕਈ ਤਰ੍ਹਾਂ ਦੇ ਜੀਵ-ਜੰਤੂਆਂ ਨੂੰ ਜਨਮ ਦਿੱਤਾ ਹੈ। ਜੰਗਲਾਂ ਵਿਚ ਹਿਰਨ, ਸੂਰ, ਤਿੱਤਰ ਆਦਿ ਬਹੁਤ ਮਿਲਦੇ ਹਨ। ਝੀਲਾਂ ਅਤੇ ਨਦੀਆਂ ਦੇ ਪਾਣੀ ਵਿਚ ਮੱਛੀਆਂ ਦੀ ਭਰਮਾਰ ਹੈ ਅਤੇ 60 ਤੋਂ ਵੀ ਵੱਧ ਕਿਸਮ ਦੀਆਂ ਮੱਛੀਆਂ ਪਾਈਆਂ ਜਾਂਦੀਆਂ ਹਨ।

## ਇਤਿਹਾਸ

ਇਹ ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਰਮਨੀ ਦਾ ਇਤਿਹਾਸ ਨੌਂਵੀਂ ਸਦੀ ਈ. ਤੋਂ ਆਰੰਭ ਹੁੰਦਾ ਹੈ। ਇਸ ਸਮੇਂ ਚੇਰੂਸੀ ਕਬੀਲੇ ਦਾ ਸ਼ਹਿਜ਼ਾਦਾ ਅਰਮੀਨੀਅਸ ਜਰਮਨੀ ਉੱਪਰ ਰਾਜ ਕਰਦਾ ਸੀ। ਅਰਮੀਨੀਅਸ ਬਾਰੇ ਜਰਮਨ ਇਤਿਹਾਸਕਾਰਾਂ ਨੂੰ ਜ਼ਿਆਦਾ ਨਹੀਂ ਪਤਾ ਹੈ ਪਰ ਇਤਿਹਾਸਕਾਰ ਆਰਮੀਨੀਅਸ ਨੂੰ ਪਹਿਲਾਂ ਜਰਮਨ ਰਾਸ਼ਟਰੀ ਹੀਰੋ ਆਖਦੇ ਹਨ। ਡੇਟਮੋਲਡ ਨੇੜੇ ਆਰਮੀਨੀਅਸ ਦੀ ਇਕ ਵੱਡੀ ਯਾਦਗਾਰ ਬਣੀ ਹੋਈ ਹੈ।

ਜਰਮਨ ਰਾਜ ਬਣਨ ਲਈ ਅਨੇਕਾਂ ਸਾਲ ਲੱਗੇ ਹਨ। 8ਵੀਂ ਸਦੀ ਵਿਚ ਜਰਮਨ ਇਲਾਕੇ ਨੂੰ ਡਿਊਟਸ ਆਖਦੇ ਸਨ। ਇਸ ਸਮੇਂ ਚਾਰਲੇਮਾਗਨੇ ਇਸ ਇਲਾਕੇ ਦਾ ਰਾਜਾ ਸੀ। ਇਸ ਖੇਤਰ ਵਿਚ ਦੋਵੇਂ ਜਰਮਨ ਅਤੇ ਰੋਮਨ ਭਾਸ਼ਾਵਾਂ ਬੋਲਣ ਵਾਲੇ ਲੋਕ ਰਹਿੰਦੇ ਸਨ। ਇਸ ਸਮੇਂ ਜਰਮਨੀ ਦੀ ਪੱਛਮੀ ਹੱਦ ਤਕਰੀਬਨ ਸਥਿਰ ਰਹੀ ਪਰ ਪੂਰਬੀ ਹੱਦ ਬਦਲਦੀ ਰਹੀ। 9ਵੀਂ ਸਦੀ ਵਿਚ ਐਲਬ ਅਤੇ ਸਾਰ ਦਰਿਆ ਇਸ ਦੀ ਪੂਰਬੀ ਹੱਦ ਨਿਸ਼ਚਿਤ ਕਰਦੇ ਸਨ। 9ਵੀਂ ਤੋਂ 14ਵੀਂ ਸਦੀ ਤੱਕ ਜਰਮਨੀ ਦੀ ਪੂਰਬੀ ਹੱਦ ਬਦਲਦੀ ਰਹੀ। ਸੰਨ 1211 ਵਿਚ ਕਾਰੋਲਿੰਗੀਅਨ ਬੰਸਾਵਲੀ ਦਾ ਖਾਤਮਾ ਹੋ ਗਿਆ ਅਤੇ ਫਰੈਂਕੋਨੀਆ ਡਿਊਕ ਰਾਜਾ ਚੁਣਿਆ ਗਿਆ। ਸੰਨ 1273 ਵਿਚ ਰੂਡਲਫ ਜਰਮਨੀ ਦਾ ਬਾਦਸ਼ਾਹ ਬਣਿਆ। ਇਸ ਸਮੇਂ ਰਾਜੇ ਦੀ ਚੋਣ ਹੋਇਆ ਕਰਦੀ ਸੀ। ਰਾਜਾ ਚੁਣਨ ਦਾ ਅਧਿਕਾਰ ਥੋੜ੍ਹੇ ਲੋਕਾਂ ਨੂੰ ਪ੍ਰਾਪਤ ਸੀ। ਚਾਰਲਸ ਪੰਜਵੇਂ ਦੇ ਰਾਜਕਾਲ ਸਮੇਂ ਜਰਮਨੀ ਰਾਜ ਦਾ ਖੇਤਰ ਪਹਿਲਾਂ ਨਾਲੋਂ ਵੱਡਾ ਸੀ। ਇਸ ਤੋਂ ਬਾਅਦ ਜਰਮਨ ਰਾਜ ਦੇ ਟੁਕੜੇ ਹੋ ਗਏ। ਰਾਜਸੀ ਤਾਕਤ ਪ੍ਰਾਪਤ ਕਰਨ ਲਈ ਪ੍ਰੋਟੈਸਟੈਂਟ ਅਤੇ ਕੈਥੋਲਿਕ ਧਰਮ ਦੇ ਲੋਕਾਂ ਵਿਚ ਜੱਦੋ-ਜਹਿਦ ਆਰੰਭ ਹੋ ਗਈ। ਦੇਸ਼ ਵਿਚ ਕੈਥੋਲਿਕ ਲੀਗ ਅਤੇ ਪ੍ਰੋਟੈਸਟੈਂਟ ਯੂਨੀਅਨਾਂ ਬਣ ਗਈਆਂ। ਸੰਨ 1618-48 ਵਿਚਕਾਰ ਲੜਾਈ ਕਾਰਨ ਜਰਮਨੀ ਦਾ ਕਾਫ਼ੀ ਇਲਾਕਾ ਤਬਾਹ ਹੋ ਗਿਆ। ਆਬਾਦੀ ਘੱਟ ਗਈ।

ਸੰਨ 1789 ਵਿਚ ਫ਼ਰਾਂਸ ਵਿਚ ਇਨਕਲਾਬ ਆਇਆ। ਭਾਵੇਂ ਇਸ ਇਨਕਲਾਬ ਦਾ ਅਸਰ ਜਰਮਨੀ ਵਿਚ ਨਹੀਂ ਹੋਇਆ ਪਰ ਇਨਕਲਾਬ 1848 ਈ. ਵਿਚ ਆਇਆ ਅਤੇ ਇਸ ਦਾ ਅਸਰ ਜਰਮਨੀ ਉੱਪਰ ਪਿਆ। ਰਾਜੇ ਵਿਰੁੱਧ ਲੋਕ ਖੜੇ ਹੋ ਗਏ। ਸੰਨ 1848 ਵਿਚ ਫਰੈਂਕਫਰਟ ਵਿਖੇ ਰਾਸ਼ਟਰੀ ਅਸੈਂਬਲੀ ਬੁਲਾਈ ਗਈ। ਇਸ ਅਸੈਂਬਲੀ ਨੇ ਆਸਟਰੀਆ ਦੇ ਆਰਕਡਿਊਕ ਜੋਹਾਨ ਨੂੰ ਪ੍ਰਬੰਧਕ ਚੁਣ ਲਿਆ ਅਤੇ ਜਰਮਨ ਮਨਿਸਟਰੀ ਬਣਾ ਲਈ ਗਈ।

ਸੰਨ 1850 ਵਿਚ ਜਰਮਨੀ ਇਕ ਪ੍ਰਸਿੱਧ ਉਦਯੋਗਿਕ ਦੇਸ਼ ਬਣ ਗਿਆ। ਆਰਥਿਕ ਖੁਸ਼ਹਾਲੀ ਨਾਲ ਦੇਸ਼ ਵਿਚ ਰਾਜਸੀ ਸਥਿਰਤਾ ਆ ਗਈ। ਜਰਮਨ ਪ੍ਰੋਗਰੈਸਿਵ ਪਾਰਟੀ ਇਕ ਮੁੱਖ ਸ਼ਕਤੀਸ਼ਾਲੀ ਪਾਰਟੀ ਬਣ ਗਈ। ਸੰਨ 1862 ਈ. ਵਿਚ ਜਰਮਨੀ ਹੱਥੋਂ ਆਸਟਰੀਆ ਹਾਰ ਗਿਆ ਅਤੇ 1870 ਵਿਚ ਜਰਮਨੀ ਨੇ ਫ਼ਰਾਂਸ ਨੂੰ ਵੀ ਹਰਾ ਦਿੱਤਾ। ਹੁਣ ਦੱਖਣੀ ਜਰਮਨੀ ਦੀਆਂ ਛੋਟੀਆਂ ਰਿਆਸਤਾਂ ਨੇ ਉੱਤਰੀ ਫੈਡਰੇਸ਼ਨ ਨਾਲ ਮਿਲ ਕੇ ਇਕ ਵੱਡਾ ਜਰਮਨ ਰਾਜ ਬਣਾ ਲਿਆ। ਵਿਲਹੈਲਮ (ਵਿਲੀਅਮ I) 8 ਜਨਵਰੀ, 1877 ਨੂੰ ਜਰਮਨ ਸਾਮਰਾਜ ਦਾ ਬਾਦਸ਼ਾਹ ਬਣਾ ਦਿੱਤਾ। ਬਿਸਮਾਰਕ ਨੇ ਬਤੌਰ ਚਾਂਸਲਰ (ਪ੍ਰਧਾਨ ਮੰਤਰੀ) ਜਰਮਨੀ ਉੱਪਰ 19 ਸਾਲ ਰਾਜ ਕੀਤਾ। ਇਸਨੇ ਆਪਣੀਆਂ ਠੀਕ ਨੀਤੀਆਂ ਨਾਲ ਯੂਰਪ ਵਿਚ ਜਰਮਨੀ ਦਾ ਸਿਰ ਉੱਚਾ ਕੀਤਾ ਪਰ ਥੋੜ੍ਹੇ ਸਾਲਾਂ ਬਾਅਦ ਮਜ਼ਦੂਰ ਲਹਿਰ ਬਿਸਮਾਰਕ ਦੇ ਉਲਟ ਚੱਲ ਪਈ ਅਤੇ ਵਿਲਹੈਲਮ ਦੂਜੇ ਨੇ 1890 ਈ. ਵਿਚ ਬਿਸਮਾਰਕ ਨੂੰ ਖਾਰਜ ਕਰ ਦਿੱਤਾ। ਵਿਲਹੈਲਮ ਦੂਜਾ ਆਪ ਦੇਸ਼ ਉੱਪਰ ਰਾਜ ਕਰਨਾ ਚਾਹੁੰਦਾ ਸੀ।

28 ਜੂਨ, 1914 ਨੂੰ ਆਸਟਰੀਆ ਦੇ ਰਾਜੇ ਦਾ ਕਤਲ ਕਰ ਦਿੱਤਾ ਅਤੇ ਇਸ ਕਤਲ ਦੇ ਨਾਲ ਹੀ ਪਹਿਲੀ ਸੰਸਾਰ ਜੰਗ ਦਾ ਆਰੰਭ ਹੋ ਗਿਆ। ਲੜਾਈ ਵਿਚ ਜਰਮਨੀ ਨੂੰ ਹਾਰ ਹੋਈ। ਜਰਮਨੀ ਦਾ ਚਾਂਸਲਰ ਫ਼ੌਜੀ ਸੈਨਾਪਤੀ, ਫੀਲਡ ਮਾਰਸ਼ਲ ਪਾਲ ਵੋਨ ਹਿੰਡਨਬਰਗ ਦੀਆਂ ਨੀਤੀਆਂ ਅਨੁਸਾਰ ਕੰਮ ਕਰਦਾ ਸੀ। ਸੰਨ 1929 ਦੇ ਆਰਥਿਕ ਮੰਦਵਾੜੇ ਨੇ ਜਰਮਨੀ ਉੱਪਰ ਆਪਣਾ ਪ੍ਰਭਾਵ ਪਾਇਆ। ਬੇਰੁਜ਼ਗਾਰੀ ਵੱਧ ਗਈ। 30 ਜਨਵਰੀ, 1933 ਨੂੰ ਅਡਾੱਲਫ ਹਿਟਲਰ ਜਰਮਨੀ ਦਾ ਚਾਂਸਲਰ ਬਣ ਗਿਆ। ਉਸਨੇ ਆਪਣੇ ਮੰਤਰੀ ਮੰਡਲ ਵਿਚ ਪਾਰਟੀ ਅਤੇ ਗ਼ੈਰ ਪਾਰਟੀ ਲੋਕਾਂ ਨੂੰ ਵਜ਼ੀਰ ਬਣਾਇਆ। ਥੋੜ੍ਹੇ ਸਮੇਂ ਵਿਚ ਹਿਟਲਰ ਇਕ ਸ਼ਕਤੀਸ਼ਾਲੀ ਡਿਕਟੇਟਰ ਬਣ ਗਿਆ। ਆਪਣੀ ਪਾਰਟੀ ਤੋਂ ਇਲਾਵਾ ਬਾਕੀ ਰਾਜਸੀ ਪਾਰਟੀਆਂ ਉੱਪਰ ਪਾਬੰਦੀ ਲਗਾ ਦਿੱਤੀ। ਟਰੇਡ ਯੂਨੀਅਨਾਂ ਅਤੇ ਅਖ਼ਬਾਰਾਂ ਉੱਪਰ ਵੀ ਪਾਬੰਦੀ ਲਗਾ ਦਿੱਤੀ। ਸਰਕਾਰ ਦੇ ਵਿਰੋਧੀਆਂ ਨੂੰ ਸਖ਼ਤੀ ਨਾਲ ਕੁਚਲ ਦਿੱਤਾ। ਸੰਸਦ ਸਭਾਵਾਂ ਖਤਮ ਕਰ ਦਿੱਤੀਆਂ।

ਹਜ਼ਾਰਾਂ ਲੋਕ ਡਰ ਕਾਰਨ ਜਰਮਨੀ ਤੋਂ ਭੱਜ ਗਏ। ਸੰਨ 1934 ਵਿਚ ਹਿੰਡਨਬਰਗ ਦਾ ਦੇਹਾਂਤ ਹੋ ਗਿਆ ਅਤੇ ਦੇਸ਼ ਦਾ ਰਾਸ਼ਟਰਪਤੀ ਅਤੇ ਚਾਂਸਲਰ ਹਿਟਲਰ ਬਣ ਗਿਆ। ਹੁਣ ਜਰਮਨੀ ਵਿਚ ਆਜ਼ਾਦੀ ਅਤੇ ਲੋਕ ਰਾਜ ਦਾ ਖਾਤਮਾ ਹੋ ਗਿਆ। ਆਰਥਿਕ ਮੰਦਵਾੜੇ ਕਾਰਨ ਬੇਰੁਜ਼ਗਾਰੀ ਵੱਧ ਗਈ। ਹਿਟਲਰ ਨੇ ਦੇਸ਼ ਵਿਚ ਹਥਿਆਰਾਂ ਦੀ ਉਤਪਾਦਨ ਵਧਾਉਣ ਲਈ ਕਾਰਖ਼ਾਨੇ ਲੱਗਾ ਕੇ ਲੋਕਾਂ ਨੂੰ ਰੁਜ਼ਗਾਰ ਦਿੱਤਾ। ਸੰਨ 1935 ਈ. ਵਿਚ ਸਾਰ ਖੇਤਰ ਜਰਮਨੀ ਦਾ ਹਿੱਸਾ ਬਣ ਗਿਆ ਅਤੇ 1938 ਵਿਚ ਸੁਡੈਟਨਲੈਂਡ ਉੱਪਰ ਵੀ ਕਬਜ਼ਾ ਕਰ ਲਿਆ। ਜਦ ਹਿਟਲਰ ਸ਼ਕਤੀਸ਼ਾਲੀ ਬਣ ਗਿਆ ਤਾਂ ਇਸ ਨੇ ਯਹੂਦੀਆਂ ਤੋਂ ਸਾਰੇ ਰਾਜਸੀ ਅਤੇ ਮਾਨਵੀ ਅਧਿਕਾਰ ਖੋਹ ਲਏ। ਯਹੂਦੀਆਂ ਨੂੰ ਕਤਲ ਕਰ ਦਿੱਤਾ ਗਿਆ ਅਤੇ ਹਜ਼ਾਰਾਂ ਲੋਕ ਦੇਸ਼ ਛੱਡ ਕੇ ਚਲੇ ਗਏ। ਬਹੁਤ ਸਾਰੇ ਜਰਮਨ ਲੇਖਕ, ਕਲਾਕਾਰ ਅਤੇ ਵਿਗਿਆਨੀ ਦੇਸ਼ ਵਿਚੋਂ ਭੱਜ ਗਏ। ਹਿਟਲਰ ਚਾਹੁੰਦਾ ਸੀ ਕਿ ਉਹ ਸਾਰੇ ਯੂਰਪ ਨੂੰ ਜਿੱਤ ਲਏ। ਸਤੰਬਰ 1939 ਵਿਚ ਹਿਟਲਰ ਨੇ ਪੋਲੈਂਡ ਉੱਪਰ ਹਮਲਾ ਕਰਕੇ ਦੂਜੀ ਸੰਸਾਰ ਜੰਗ ਦਾ ਆਰੰਭ ਕਰ ਦਿੱਤਾ। ਇਹ ਜੰਗ 5 ਸਾਲ ਚਲਦੀ ਰਹੀ ਅਤੇ ਜੰਗ ਦੌਰਾਨ ਯੂਰਪ ਤਬਾਹ ਹੋ ਗਿਆ। ਤਕਰੀਬਨ 5 ਕਰੋੜ 50 ਲੱਖ ਲੋਕ ਇਸ ਜੰਗ ਵਿਚ ਮਾਰੇ ਗਏ। ਜਰਮਨ ਫ਼ੌਜਾਂ ਨੇ ਪੋਲੈਂਡ, ਡੈਨਮਾਰਕ, ਨਾਰਵੇ, ਹਾਲੈਂਡ, ਬੈਲਜੀਅਮ, ਫ਼ਰਾਂਸ, ਯੁਗੋਸਲਾਵੀਆ ਅਤੇ ਯੂਨਾਨ ਨੂੰ ਹਰਾ ਦਿੱਤਾ। ਜਰਮਨ ਫ਼ੌਜਾਂ ਸੋਵੀਅਤ ਰੂਸ ਵਿਚ ਮਾਸਕੋ ਨੇੜੇ ਪਹੁੰਚ ਗਈਆਂ ਅਤੇ ਉੱਤਰੀ ਅਫਰੀਕਾ ਵਿਚ ਵੀ ਜਿੱਤ ਪ੍ਰਾਪਤ ਕਰ ਲਈ। 60 ਲੱਖ ਯਹੂਦੀਆਂ ਨੂੰ ਪੋਲੈਂਡ ਵਿਚ ਲੈ ਜਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਹੁਣ ਲੜਾਈ ਦਾ ਰੁੱਖ ਬਦਲਣ ਲੱਗਾ। ਜਰਮਨੀ ਇਟਲੀ ਅਤੇ ਜਾਪਾਨ ਦੀਆਂ ਫ਼ੌਜਾਂ ਨੂੰ ਹਰ ਫਰੰਟ ਤੇ ਹਾਰ ਲੱਗੀ। 20 ਜੁਲਾਈ, 1944 ਨੂੰ ਹਿਟਲਰ ਦੇ ਵਿਰੁੱਧ ਰਾਜ ਪਲਟਾ ਆਉਣ ਲੱਗਾ ਪਰ ਹਿਟਲਰ ਬਚ ਗਿਆ ਅਤੇ 4000 ਅਫਸਰਾਂ ਅਤੇ ਹੋਰਨਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹਿਟਲਰ ਦੇ ਰਹਿਣ ਵਾਲੇ ਸੰਥਾਨ ਤੇ ਬੰਬਾਂ ਨਾਲ ਹਮਲਾ ਕੀਤਾ ਗਿਆ ਪਰ ਵਾਲ-ਵਾਲ ਬਚ ਗਿਆ। ਜਰਮਨ ਫ਼ੌਜਾਂ ਹਾਰ ਕੇ ਅੰਤ ਤਕ ਲੜਦੀਆਂ ਰਹੀਆਂ ਅਤੇ 30 ਅਪ੍ਰੈਲ, 1945 ਨੂੰ ਹਿਟਲਰ ਨੇ ਆਤਮ ਹੱਤਿਆ ਕਰ ਲਈ।

8 ਮਈ, 1945 ਨੂੰ ਜਰਮਨ ਹਥਿਆਰਬੰਦ ਫ਼ੌਜਾਂ ਨੇ ਬਿਨਾਂ ਸ਼ਰਤ ਆਤਮ-ਸਮਰਪਣ ਕਰ ਦਿੱਤਾ। ਇਸ ਨਾਲ ਦੂਜਾ ਵਿਸ਼ਵ ਯੁੱਧ ਸਮਾਪਤ ਹੋ ਗਿਆ। ਇਸ ਉਪਰੰਤ ਸਮੁੱਚੇ ਜਰਮਨੀ ਵਿੱਚ ਕੋਈ ਵੀ ਕੇਂਦਰੀ ਸ਼ਕਤੀ ਨਹੀਂ ਸੀ ਜਿਸਦਾ ਕੋਈ ਹੁਕਮ ਚਲਦਾ ਹੋਵੇ। ਨਤੀਜੇ ਵਜੋਂ ਅਮਨ-ਸੰਧੀ ਨਾ ਹੋ ਸਕੀ। 5 ਜੂਨ, 1945 ਦੇ 'ਬਰਲਿਨ ਐਲਾਨ' ਦੁਆਰਾ ਫ਼ਰਾਂਸ, ਯੂ. ਐਸ. ਐਸ. ਆਰ., ਯੂ. ਕੇ. ਅਤੇ ਯੂ. ਐਸ. ਏ. ਨੇ ਜਰਮਨੀ ਉੱਤੇ ਆਪਣੀ ਸ੍ਰੇਸ਼ਟ ਤਾਕਤ ਪ੍ਰਾਪਤ ਕਰ ਲਈ। ਚਾਰਾਂ ਹਸਤਾਖਰ ਕਰਤਾਵਾਂ ਵਿਚੋਂ ਹਰ ਇਕ ਨੂੰ ਇਕ ਕਬਜ਼ਾ ਖੇਤਰ ਅਲਾਟ ਕੀਤਾ ਗਿਆ ਅਤੇ ਉਸ ਖੇਤਰ ਵਿਚ ਸਰਬ ਉੱਚ ਅਖ਼ਤਿਆਰਾਂ ਦੀ ਵਰਤੋਂ ਕੇਵਲ ਉਸ ਖੇਤਰ ਦੇ ਕਮਾਂਡਰ-ਇਨ-ਚੀਫ਼ ਦੁਆਰਾ ਹੀ ਕੀਤੀ ਜਾਣੀ ਸੀ। ਇਨ੍ਹਾਂ ਚਾਰਾਂ ਕਮਾਂਡਰ-ਇਨ-ਚੀਫ਼ਾਂ ਦੀ ਹੀ ਬਰਲਿਨ ਵਿਚ ਇਕ ਸਾਂਝੀ ਇਤਹਾਦੀ ਕੰਟਰੋਲ ਪਰਿਸ਼ਦ (Allied Control Council) ਸਥਾਪਿਤ ਸੀ ਜੋ ਕਿ ਸਮੁੱਚੇ ਜਰਮਨੀ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਸਬੰਧੀ ਗੱਲਬਾਤ ਕਰਨ ਦੇ ਸਮਰੱਥ ਸੀ। ਚਾਰ ਸੈਕਟਰਾਂ ਵਿਚ ਵੰਡੇ ਹੋਏ ਗ੍ਰੇਟਰ ਬਰਲਿਨ ਦੇ ਇਲਾਕੇ ਉੱਤੇ ਚਾਰੇ ਕਾਬਜ਼ ਤਾਕਤਾਂ ਨੇ ਉਸ ਦੀ ਇਕ ਵੱਖਰੀ ਹੋਂਦ ਕਾਇਮ ਰੱਖਦਿਆਂ ਹੀ ਸ਼ਾਸਨ ਕਰਨਾ ਸੀ।



**ਸੰਨ 1945-48 ਵਿਚ ਆਪਣੇ ਜੰਗੀ ਜੁਰਮਾਂ ਕਾਰਨ ਇਤਹਾਦੀ ਤਾਕਤਾਂ ਵੱਲੋਂ ਚਲਾਏ ਗਏ ਮੁਕੱਦਮੇ ਦੀ ਸੁਣਵਾਈ ਸਮੇਂ ਕੁਝ ਬਚੇ ਹੋਏ ਨਾਜ਼ੀ ਨੇਤਾ**

ਜੁਲਾਈ-ਅਗਸਤ 1945 ਦੀ ਪੋਸਟਡੈਮ ਕਾਨਫਰੰਸ ਵਿਚ ਪੂਰਬੀ ਪ੍ਰਸ਼ਆ ਪ੍ਰਾਂਤ ਦਾ ਉੱਤਰੀ ਹਿੱਸਾ—ਰਾਜਧਾਨੀ ਸ਼ਹਿਰ, ਕਾਨਿਗਜ਼ਬਰਗ ਜਿਸਦਾ ਮਗਰੋਂ ਕਲੀਨਿਨਗਰਾਦ ਨਾਂ ਰੱਖਿਆ ਗਿਆ ਸੀ ਸਹਿਤ ਯੂ. ਐਸ. ਐਸ. ਆਰ. ਨੂੰ ਸੌਂਪ ਦਿੱਤਾ ਗਿਆ ਸੀ। ਇਹ ਵੀ ਸਮਝੌਤਾ ਕੀਤਾ ਗਿਆ ਕਿ ਪੋਲੈਂਡ ਜਰਮਨੀ ਦੇ ਉਨ੍ਹਾਂ ਹਿੱਸਿਆਂ ਉੱਤੇ ਰਾਜ ਪ੍ਰਬੰਧ ਚਲਾਵੇਗਾ ਜਿਹੜੇ ਕਿ ਓਡਰ-ਨਾਈਸਾ ਰੇਖਾ (Oder-Neisse-Line) ਦੇ ਪੂਰਬ ਵੱਲ ਨੂੰ ਪੈਂਦੇ ਸਨ। ਇਹ ਰੇਖਾ ਸਵੀਨਾਊਈਸ਼ਚਾ (Swinoujscie) ਨਾਂ ਦੇ ਬੰਦਰਗਾਹੀ ਸ਼ਹਿਰ ਦੇ ਪੱਛਮ ਵੱਲ ਬਾਲਟਿਕ ਸਾਗਰ ਤੋਂ ਦਰਿਆ ਓਡਰ ਪੱਛਮੀ ਨਾਈਸਾ (Western Neisse) ਦਰਿਆ ਨਾਲ ਸੰਗਮ ਹੋਣ ਵਾਲੇ ਸਥਾਨ ਤੱਕ ਨਾਲ ਨਾਲ ਤੁਰੀ ਜਾਂਦੀ ਸੀ ਅਤੇ ਫਿਰ ਇਹ ਰੇਖਾ ਪੱਛਮੀ ਨਾਈਸਾ ਦਰਿਆ ਦੇ ਨਾਲ ਨਾਲ ਚੈਕੋਸਲੋਵਾਕ ਸਰਹੱਦ ਤੱਕ ਜਾਂਦੀ ਸੀ।

ਜੂਨ, 1948 ਵਿਚ ਸੰਯੁਕਤ ਰਾਜ ਅਮਰੀਕਾ, ਯੂ. ਕੇ. ਅਤੇ ਫ਼ਰਾਂਸ ਵਿਚਕਾਰ ਤਿੰਨ ਪੱਛਮੀ ਖੇਤਰਾਂ ਲਈ ਇਕ ਕੇਂਦਰੀ ਸਰਕਾਰ ਸਥਾਪਿਤ ਕਰਨ ਲਈ ਸਮਝੌਤਾ ਹੋ ਗਿਆ। 30 ਸਤੰਬਰ, 1949 ਨੂੰ ਲਾਗੂ ਹੋਏ ਇਕ ਕਾਬਜ਼ ਸਟੈਚੂਟ (An Occupation Statute) ਨੇ ਕਾਬਜ਼ ਤਾਕਤਾਂ ਦੀਆਂ ਜ਼ਿੰਮੇਵਾਰੀਆਂ ਘਟਾ ਦਿੱਤੀਆਂ। ਰਸਮੀ ਤੌਰ ਤੇ ਪੱਛਮੀ ਜਰਮਨੀ (ਫੈਡਰਲ ਰਿਪਬਲਿਕ ਆਫ਼ ਜਰਮਨੀ) 22 ਸਤੰਬਰ, 1949 ਨੂੰ ਹੋਂਦ ਵਿਚ ਆਇਆ। 22 ਨਵੰਬਰ, 1949 ਦੇ ਪੀਟਰਜ਼ਬਰਗ ਸਮਝੌਤੇ ਨੇ ਫ਼ੈਡਰਲ ਰਿਪਬਲਿਕ ਨੂੰ 'ਕਾਬਜ਼ ਸਟੈਚੂਟ' ਦੀਆਂ ਕਈਆਂ ਪਾਬੰਦੀਆਂ ਤੋਂ ਆਜ਼ਾਦ ਕਰਵਾ ਦਿੱਤਾ।

ਸੰਨ 1951 ਵਿਚ ਸੰਯੁਕਤ ਰਾਜ ਅਮਰੀਕਾ, ਯੂ. ਕੇ. ਅਤੇ ਫ਼ਰਾਂਸ ਅਤੇ ਹੋਰਨਾਂ ਦੇਸ਼ਾਂ ਨੇ ਜਰਮਨੀ ਨਾਲ ਯੁੱਧ ਬੰਦ ਕਰ ਦਿੱਤਾ। 25 ਜਨਵਰੀ, 1955 ਨੂੰ ਯੂ. ਐਸ. ਐਸ. ਆਰ. ਨੇ ਵੀ ਯੁੱਧ ਬੰਦ ਕਰ ਦਿੱਤਾ। 5 ਮਈ, 1955 ਨੂੰ ਸੰਯੁਕਤ ਰਾਜ ਅਮਰੀਕਾ, ਯੂ. ਕੇ. ਅਤੇ ਫ਼ਰਾਂਸ ਦੇ ਹਾਈ ਕਮਿਸ਼ਨਰਾਂ ਨੇ ਇਕ ਐਲਾਨ ਉੱਤੇ ਹਸਤਾਖ਼ਰ ਕਰਕੇ 'ਕਾਬਜ਼ ਸਟੈਚੂਟ' ਨੂੰ ਮਨਸੂਖ਼ ਕਰ ਦਿੱਤਾ। ਉਸੇ ਹੀ ਦਿਨ, ਅਕਤੂਬਰ, 1954 ਨੂੰ ਹਸਤਾਖ਼ਰਿਤ ਹੋਈਆਂ ਪੈਰਿਸ ਅਤੇ ਲੰਡਨ ਦੀਆਂ ਸੰਧੀਆਂ ਲਾਗੂ ਹੋਈਆਂ ਅਤੇ ਪੱਛਮੀ ਜਰਮਨੀ ਇਕ ਪ੍ਰਭੂਤਾਧਾਰੀ ਆਜ਼ਾਦ ਦੇਸ਼ ਬਣ ਗਿਆ।

ਪੂਰਬੀ ਖੇਤਰ ਦਾ ਰਾਜ ਪ੍ਰਬੰਧ ਯੂ. ਐਸ. ਐਸ. ਆਰ. ਦੁਆਰਾ ਸਥਾਪਿਤ ਇਕ ਫ਼ੌਜੀ ਸਰਕਾਰ ਦੁਆਰਾ ਚਲਾਇਆ ਗਿਆ। ਇਕ ਲੋਕ ਸਦਨ (People's Chamber/Volkskammer) ਸਥਾਪਿਤ ਕੀਤਾ ਗਿਆ। ਇਸ ਸਦਨ ਨੇ ਅਕਤੂਬਰ 1949 ਵਿਚ ਸੋਵੀਅਤ ਕਿਸਮ ਦਾ ਇਕ ਸੰਵਿਧਾਨ ਜਾਰੀ ਕੀਤਾ ਅਤੇ ਪੂਰਬੀ ਜਰਮਨੀ (ਜਰਮਨ ਡੈਮੋਕ੍ਰੇਟਿਕ ਰਿਪਬਲਿਕ) ਦਾ ਐਲਾਨ ਕਰ ਦਿੱਤਾ। ਸੰਨ 1954 ਵਿਚ ਪੂਰਬੀ ਜਰਮਨੀ ਨੇ ਪ੍ਰਭੂਤਾ ਪ੍ਰਾਪਤ ਕਰ ਲਈ ਅਤੇ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਨੇ ਇਸ ਨੂੰ ਵਾਸਤਵਿਕ, ਅੰਤਰ-ਰਾਜਨੀਤਕ ਮਾਨਤਾ ਦੇ ਦਿੱਤੀ। ਸੰਨ 1961 ਵਿਚ ਪੂਰਬੀ ਜਰਮਨੀ ਨੇ ਪੂਰਬੀ ਹਿੱਸੇ ਨੂੰ ਪੱਛਮੀ ਬਰਲਿਨ ਨਾਲੋਂ ਵੱਖਰਾ ਕਰਨ ਲਈ ਇਕ 'ਬਰਲਿਨ ਦੀਵਾਰ' ਉਸਾਰ ਦਿੱਤੀ ਜਿਸਦੇ ਹੇਠਾਂ ਇਕ ਬਾਰੂਦੀ ਸੁਰੰਗ ਵਿਛਾ ਦਿੱਤੀ ਅਤੇ ਕੰਧ ਉੱਤੇ ਸਖ਼ਤ ਪਹਿਰਾ ਲਾ ਦਿੱਤਾ। 21 ਦਸੰਬਰ, 1972 ਨੂੰ ਪੂਰਬੀ ਅਤੇ ਪੱਛਮੀ ਜਰਮਨੀ ਵਿਚਕਾਰ ਹੋਈ ਸੰਧੀ ਵਿਚ ਦੋਵੇਂ ਦੇਸ਼ ਆਪਸੀ ਸੰਬੰਧਾਂ ਦੇ ਆਧਾਰ ਸਥਾਪਿਤ ਕਰਨ ਸਬੰਧੀ ਸਹਿਮਤ ਹੋ ਗਏ।

ਸੰਨ 1989 ਦੀ ਪੱਤਝੜ ਵੇਲੇ ਪੂਰਬੀ ਜਰਮਨੀ ਦੀ ਸਿਆਸੀ ਜ਼ਿੰਦਗੀ ਦੇ ਲੋਕਰਾਜੀਕਰਣ ਦੇ ਹੱਕ ਵਿਚ ਕੀਤੇ ਗਏ ਜਨਤਕ ਮੁਜ਼ਾਹਰਿਆਂ ਅਤੇ ਪੱਛਮੀ ਜਰਮਨੀ ਵਿਚ ਭਾਰੀ ਗਿਣਤੀ ਵਿਚ ਦਾਖ਼ਲ ਹੋਏ ਸ਼ਰਨਾਰਥੀਆਂ ਉਪਰੰਤ ਐਗੋਨ ਕ੍ਰੈਂਜ਼ (Egon krenz) ਨੇ 18 ਅਕਤੂਬਰ ਨੂੰ ਐਰਿਕ ਹੋਨੈਕਰ (Erich Honecker) ਨੂੰ ਕਮਿਊਨਿਸਟ ਪਾਰਟੀ ਦਾ ਨੇਤਾ ਥਾਪ ਦਿੱਤਾ।

9 ਨਵੰਬਰ, 1989 ਨੂੰ ਪੱਛਮੀ ਜਰਮਨੀ ਨਾਲ ਲੱਗਦੀ ਸਰਹੱਦ ਅਤੇ ਬਰਲਿਨ ਦੀਵਾਰ ਦੇ ਖੁੱਲ੍ਹ ਜਾਣ ਕਾਰਨ ਬਾਹਰੀ ਪਾਬੰਦੀਆਂ ਕਾਫ਼ੀ ਘੱਟ ਗਈਆਂ। 13 ਨਵੰਬਰ ਨੂੰ ਲੋਕ ਸਦਨ ਨੇ ਵਿਲੀ ਸਟਾਫ (Willi Stoph) ਦੀ ਥਾਂ ਤੇ ਹੈਂਸ ਮੋਡਰੋ (Hans Modrow) ਪ੍ਰਧਾਨ ਮੰਤਰੀ ਚੁਣਿਆ ਅਤੇ ਕਈ ਹੋਰ ਕਮਿਊਨਿਸਟ ਨੇਤਾ ਵੀ ਬਦਲ ਦਿੱਤੇ। ਐਗੋਨ ਕ੍ਰੈਂਜ਼ ਅਤੇ ਸਮੁੱਚੀ ਕਮਿਊਨਿਸਟ ਲੀਡਰਸ਼ਿਪ ਨੇ ਅਸਤੀਫ਼ਾ ਦੇ ਦਿੱਤਾ। 11 ਦਸੰਬਰ, 1989 ਨੂੰ ਗ੍ਰੈਗਰ ਜਿਸੀ (Gregor Gysi) ਨੂੰ ਪਾਰਟੀ ਨੇਤਾ ਚੁਣਿਆ ਗਿਆ।

1 ਫ਼ਰਵਰੀ, 1990 ਨੂੰ ਹੈਂਸ ਮੋਡਰੋ ਨੇ ਐਲਾਨ ਕੀਤਾ ਕਿ ਜਰਮਨੀ ਫਿਰ ਤੋਂ ਜਰਮਨ ਰਾਸ਼ਟਰ ਦੇ ਸਾਰੇ ਨਾਗਰਿਕਾਂ ਦੀ ਜਨਮ-ਭੂਮੀ ਘਟਨਾ ਚਾਹੀਦਾ ਹੈ।

ਨਵੰਬਰ 1989 ਵਿਚ ਪੂਰਬੀ ਜਰਮਨੀ ਵਿਚ ਲਿਆਂਦੇ ਗਏ ਸੁਧਾਰਾਂ ਉਪਰੰਤ, ਫੈਡਰਲ ਚਾਂਸਲਰ ਹੇਲਮੱਟ ਕੋਹਲ ਨੇ ਜਰਮਨੀ ਕਨਫੈਡਰੇਸ਼ਨ ਲਈ 10-ਨੁਕਾਤੀ ਪਲਾਨ ਜਾਰੀ ਕੀਤੀ। 11 ਫ਼ਰਵਰੀ, 1990 ਨੂੰ ਚਾਂਸਲਰ ਕੋਹਲ ਨਾਲ ਗੱਲਬਾਤ ਕਰਨ ਉਪਰੰਤ ਪ੍ਰੈਜ਼ੀਡੈਂਟ ਗੋਰਬਾਚੇਵ ਨੇ ਕਿਹਾ ਕਿ ਯੂ. ਐਸ. ਐਸ. ਆਰ. ਨੂੰ ਸਿਧਾਂਤਕ ਤੌਰ ਤੇ ਜਰਮਨੀ ਦੇ ਪੁਨਰ-ਏਕੀਕਰਣ ਤੇ ਕੋਈ ਵੀ ਇਤਰਾਜ਼ ਨਹੀਂ। 13 ਫ਼ਰਵਰੀ, 1990 ਨੂੰ ਪੱਛਮੀ ਜਰਮਨੀ, ਪੂਰਬੀ ਜਰਮਨੀ ਅਤੇ ਯੁੱਧ ਕਾਲੀ ਇਤਹਾਦੀ ਦੇਸ਼ ਪੁਨਰ-ਏਕੀਕਰਣ ਸਬੰਧੀ ਵਾਰਤਾਲਾਪ ਕਰਨ ਲਈ 'ਦੋ-ਜਮ੍ਹਾ-ਚਾਰ' (Two-Plus-Four) ਦੇ ਇਕ ਫਾਰਮੂਲੇ ਲਈ ਸਹਿਮਤ ਹੋ ਗਏ। ਇਹ ਵਾਰਤਾਲਾਪ ਪੂਰਬੀ ਜਰਮਨੀ ਦੀਆਂ 18 ਮਾਰਚ ਦੀਆਂ ਚੋਣਾਂ ਉਪਰੰਤ ਹੋਣੀ ਸੀ। 5 ਮਈ, 1990 ਨੂੰ 'ਦੋ-ਜਮ੍ਹਾ-ਚਾਰ' ਵਾਰਤਾਲਾਪ ਸ਼ੁਰੂ ਹੋਈ। 18 ਮਈ ਨੂੰ ਪੱਛਮੀ ਜਰਮਨੀ ਅਤੇ ਪੂਰਬੀ ਜਰਮਨੀ ਨੇ ਇਕ ਸੰਧੀ ਤੇ ਹਸਤਾਖ਼ਰ ਕੀਤੇ ਜਿਸ ਅਨੁਸਾਰ 1 ਜੁਲਾਈ ਨੂੰ ਪੱਛਮੀ ਜਰਮਨੀ ਦੀ ਪ੍ਰਚਲਿਤ ਕਰੰਸੀ ਅਤੇ ਉਸਦੀ ਆਰਥਿਕ, ਮੁਦ੍ਰਿਕ ਅਤੇ ਸਮਾਜਿਕ ਕਾਨੂੰਨਸਾਜ਼ੀ ਪੂਰਬੀ ਜਰਮਨੀ ਨੂੰ ਸੌਂਪ ਦਿੱਤੀ ਗਈ। ਬੇਸਿਕ ਲਾਅ ਦੇ ਅਨੁਛੇਦ 23 ਵਿਚ ਇਹ ਉਪਬੰਧ ਕੀਤਾ ਗਿਆ ਸੀ ਕਿ ਯੁੱਧ ਪੂਰਵ ਜਰਮਨੀ ਦਾ ਕੋਈ ਵੀ ਰਾਜ ਪੱਛਮੀ ਜਰਮਨੀ ਵਿਚ ਸ਼ਾਮਲ ਹੋ ਸਕਦਾ ਸੀ। 23 ਅਗਸਤ ਨੂੰ ਲੋਕ ਸਦਨ ਨੇ 62 ਵੋਟਾਂ ਦੇ ਮੁਕਾਬਲੇ 294 ਵੋਟਾਂ ਨਾਲ 3 ਅਕਤੂਬਰ ਤੋਂ ਪੱਛਮੀ ਜਰਮਨੀ ਦੇ ਅਧਿਕਾਰ ਖੇਤਰ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।

12 ਸਤੰਬਰ ਨੂੰ 'ਜਰਮਨੀ ਸਬੰਧੀ ਅੰਤਿਮ ਬੰਦੋਬਸਤ ਕਰਨ ਬਾਰੇ ਸੰਧੀ' (The Treaty on the Final Settlement with Respect to Germany) ਸਬੰਧੀ ਪੱਛਮੀ ਜਰਮਨੀ, ਪੂਰਬੀ ਜਰਮਨੀ ਅਤੇ 4 ਯੁੱਧਕਾਲੀ ਇਤਹਾਦੀ ਦੇਸ਼ਾਂ (ਫਰਾਂਸ, ਯੂ. ਐਸ. ਐਸ. ਆਰ., ਯੂ. ਕੇ. ਅਤੇ ਯੂ. ਐਸ. ਏ.), ਨੇ ਹਸਤਾਖ਼ਰ ਕੀਤੇ। ਇਸ ਦੀ ਪੁਸ਼ਟੀ ਲੋਕ ਸਦਨ ਨੇ 80 ਵੋਟਾਂ ਦੇ ਮੁਕਾਬਲੇ 200 ਵੋਟਾਂ ਨਾਲ, ਫ਼ੈਡਰਲ ਅਸੈਂਬਲੀ ਵਿਚ 47 ਵੋਟਾਂ ਦੇ ਮੁਕਾਬਲੇ 442 ਵੋਟਾਂ ਨਾਲ ਅਤੇ ਫ਼ੈਡਰਲ ਕੌਂਸਲ ਵਿਚ ਸਰਬਸੰਮਤੀ ਨਾਲ ਕੀਤੀ ਗਈ।

## ਆਰਥਿਕਤਾ

**ਖਣਿਜ**—ਜਰਮਨੀ ਵਿਚ ਕੋਲਾ, ਕੱਚਾ ਲੋਹਾ, ਖਣਿਜ ਤੇਲ, ਪੋਟਾਸ਼ ਆਦਿ ਖਣਿਜ ਪਦਾਰਥ ਕੱਢੇ ਜਾਂਦੇ ਹਨ। ਰੂਹਰ ਖੇਤਰ ਵਿਚੋਂ ਬਿਟੂਮਿਨਸ ਕਿਸਮ ਦਾ ਕੋਲਾ ਕੱਢਿਆ ਜਾਂਦਾ ਹੈ। ਉੱਤਰੀ-ਰ੍ਹਾਈਨ ਵੈਸਟਫੇਲੀਆ ਖੇਤਰ ਵਿਚ ਕੋਲੇ ਅਤੇ ਕੱਚੇ ਲੋਹੇ ਦੇ ਮੱਧਵਰਤੀ ਜਰਮਨੀ ਵਿਚ ਲਿਗਨਾਈਟ ਅਤੇ ਦੱਖਣੀ ਸੈਕਸਨੀ ਖੇਤਰ ਵਿਚ ਕੱਚੇ ਲੋਹੇ ਦੇ ਭੰਡਾਰ ਹਨ। ਸੰਨ 1991 ਵਿਚ 66,442,610 ਟਨ ਕੋਲੇ ਦਾ ਉਤਪਾਦਨ ਹੋਇਆ। ਪੱਛਮੀ ਐਰਟਸਜਾ ਬਰਜਾ ਅਤੇ ਪੂਰਬੀ ਥੁਰਿੰਜੀਅਨ ਪਹਾੜਾਂ ਵਿਚ ਯੂਰੇਨੀਅਮ, ਕੋਬਾਲਟ, ਐਂਟੀਮਨੀ, ਬਿਸਮਥ ਅਤੇ ਸੰਖੀਆ ਆਦਿ ਖਣਿਜ ਵੀ ਕੱਢੇ ਜਾਂਦੇ ਹਨ। ਐਮਸਲੈਂਡ (ਲੋਅਰ ਸੈਕਸਨੀ) ਵਿਖੇ ਕੁਦਰਤੀ ਗੈਸ ਅਤੇ ਤੇਲ ਦੇ ਭੰਡਾਰ ਹਨ।

**ਖੇਤੀਬਾੜੀ**—ਜਰਮਨੀ ਖੇਤੀਬਾੜੀ ਦੇ ਖੇਤਰ ਵਿਚ ਵੀ ਅਗਾਂਹਵਧੂ ਦੇਸ਼ ਹੈ। ਦੇਸ਼ ਵਿਚ 1,71,36,800 ਹੈਕਟੇਅਰ (1991) ਰਕਬੇ ਵਿੱਚ ਖੇਤੀਬਾੜੀ ਹੁੰਦੀ ਹੈ। ਸੰਨ 1990 ਵਿਚ ਪੱਛਮੀ ਜਰਮਨੀ ਵਿਚ 6,32,400 ਫਾਰਮ ਸਨ ਜਿਨ੍ਹਾਂ ਵਿਚੋਂ 32,800 ਫਾਰਮ ਇਕ ਹੈਕਟੇਅਰ ਤੋਂ ਵੀ ਵੱਧ ਰਕਬੇ ਵਾਲੇ ਸਨ। ਇਸੇ ਸਮੇਂ ਦੌਰਾਨ, 11,73,438 ਟਰੈਕਟਰ ਅਤੇ 1,40,109 ਕੰਬਾਈਨ ਹਾਰਵੈਸਟਰ ਵਰਤੋਂ ਵਿਚ ਲਿਆਂਦੇ ਗਏ। ਸੰਨ 1990 ਵਿਚ ਪੂਰਬੀ ਜਰਮਨੀ (ਜਰਮਨ ਡੈਮੋਕ੍ਰੇਟਿਕ ਰਿਪਬਲਿਕ) ਵਿਚ 2,861 ਫਾਰਮ ਸਨ ਜਿਨ੍ਹਾਂ ਵਿਚੋਂ 1167 ਫਾਰਮ, 50 ਹੈਕ. ਤੋਂ ਘੱਟ ਰਕਬੇ ਵਾਲੇ ਸਨ ਅਤੇ 457 ਫਾਰਮ, 5000 ਹੈਕ. ਤੋਂ ਵੱਧ

ਰਖੇ ਵਾਲੇ ਸਨ। ਸੰਨ 1992 ਤੋਂ ਸਟੇਟ ਫਾਰਮ 12 ਸਾਲ ਲਈ ਕਿਸਾਨਾਂ ਲੀਜ਼ ਤੇ ਦੇ ਦਿੱਤੇ ਗਏ ਹਨ ਅਤੇ ਬਾਅਦ ਵਿਚ ਉਨ੍ਹਾਂ ਨੂੰ ਵੇਚ ਤਾ ਜਾਵੇਗਾ। ਜਰਮਨੀ ਵਿਚ ਖੇਤੀਬਾੜੀ ਦਾ ਕੰਮ ਮਸ਼ੀਨਾਂ ਨਾਲ ਤਾ ਜਾਂਦਾ ਹੈ। ਦੇਸ਼ ਵਿਚ ਕਿਸਾਨ ਖੇਤੀਬਾੜੀ ਦੇ ਨਾਲ-ਨਾਲ ਰਗੀਆਂ, ਸੂਰ ਅਤੇ ਪਸ਼ੂ-ਪਾਲਣ ਦਾ ਕੰਮ ਵੀ ਕਰਦੇ ਹਨ। ਕਣਕ, ਈ, ਜੌਂ, ਆਲੂ, ਚੁਕੰਦਰ ਆਦਿ ਇਥੋਂ ਦੀਆਂ ਮੁੱਖ ਫਸਲਾਂ ਹਨ। ਸੰਨ 91 ਵਿਚ 1,66,10,400 ਟਨ ਕਣਕ, 33,24,100 ਟਨ ਰਾਈ ਅਤੇ 44,93,700 ਟਨ ਜੌਂ ਦਾ ਉਤਪਾਦਨ ਹੋਇਆ।

**ਉਦਯੋਗ**—ਜਰਮਨੀ ਇਕ ਮੁੱਖ ਉਦਯੋਗਿਕ ਦੇਸ਼ ਹੈ। ਦੂਜੀ ਵਾਰ ਜੰਗ ਮਗਰੋਂ ਉਦਯੋਗ ਨੇ ਬਹੁਤ ਤਰੱਕੀ ਕੀਤੀ ਹੈ। ਲੋਹਾ ਅਤੇ ਸਪਾਤ ਦੇਸ਼ ਦਾ ਮੁੱਖ ਉਦਯੋਗ ਹੈ। ਇਥੇ ਵਧੇਰੇ ਕਾਰਖ਼ਾਨੇ ਰੂਹਰ ਟੀ ਵਿਚ ਸਥਿੱਤ ਹਨ। ਦੇਸ਼ ਵਿਚ ਰਸਾਇਣਕ ਉਦਯੋਗ ਦੇ ਕਾਰਖ਼ਾਨੇ



**ਵੋਲਫਸਬਰਗ ਵਿਖੇ ਵੋਕਸਵੈਗਨ ਕਾਰਾਂ ਬਣਾਉਣ ਵਾਲੀ ਫੈਕਟਰੀ**

ਈ ਸਥਾਨਾਂ ਤੇ ਲੱਗੇ ਹੋਏ ਹਨ। ਜਰਮਨੀ ਭਾਰੀ ਗਿਣਤੀ ਵਿਚ ਮਸ਼ੀਨਾਂ, ਟਰਕਾਰਾਂ, ਸਮੁੰਦਰੀ ਅਤੇ ਹਵਾਈ ਜਹਾਜ਼, ਬਿਜਲੀ ਦਾ ਸਮਾਨ ਆਰ ਕਰਦਾ ਹੈ। ਬਿਜਲੀ ਦੇ ਸਮਾਨ ਦੇ ਕਾਰਖ਼ਾਨੇ, ਮਿਊਨਿਖ, ਐਸਨ ਤੇ ਸਟੱਟਗਾਰਟ ਵਿਖੇ ਹਨ। ਦੇਸ਼ ਵਿਚ ਜ਼ਿਆਦਾਤਰ ਕਾਰਖ਼ਾਨੇ ੱਤਰੀ ਰ੍ਹਾਈਨ, ਵੈਸਟਫੇਲਯਾ, ਬਾਵੇਰੀਆ, ਬਾਡਨ ਵਾਰਟਮਬਰਗ, ਅਰ ਸੈਕਸਨੀ, ਹੈਸਨ ਅਤੇ ਗਾਰਲੈਂਡ ਰਾਜਾਂ ਵਿਚ ਸਥਾਪਿਤ ਹਨ। ਨ 1989 ਵਿਚ ਪੂਰਬੀ ਜਰਮਨੀ ਵਿਚ ਰਾਸ਼ਟਰੀ ਆਮਦਨ ਦਾ 70% ਦਯੋਗ ਤੋਂ ਪ੍ਰਾਪਤ ਹੋਇਆ ਹੈ।

**ਆਵਾਜਾਈ ਦੇ ਸਾਧਨ**—ਆਵਾਜਾਈ ਦੇ ਸਾਧਨਾਂ ਨੇ ਦੇਸ਼ ਦੇ ਾਰਥਿਕ ਵਿਕਾਸ ਵਿਚ ਕਾਫ਼ੀ ਹਿੱਸਾ ਪਾਇਆ ਹੈ। ਦੇਸ਼ ਦੇ ਮੱਧਵਰਤੀ ਭਾਗ ਵਿਚ ਰੇਲਾਂ ਅਤੇ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਦੇਸ਼ ਦੇ ਉੱਤਰੀ ਭਾਗ ਵਿਚ ਆਵਾਜਾਈ ਦੇ ਸਾਧਨ ਘੱਟ ਹਨ। ਪਹਾੜੀ ਖੇਤਰ ਵਿਚ ਸੜਕਾਂ ਅਤੇ ਰੇਲ ਪਟੜੀਆਂ ਬਣਾਉਣਾ ਔਖਾ ਹੈ। ਉੱਤਰੀ ਨੀਵੇਂ ਮੈਦਾਨ ਦਾ ਦਲਦਲੀ ਧਰਾਤਲ ਵੀ ਸੜਕਾਂ ਬਣਾਉਣ ਦੇ ਰਾਹ ਵਿਚ ਰੁਕਾਵਟ ਹੈ। ਬਾਲਟਿਕ ਸਾਗਰ ਨਾਲ ਲਗਵਾਂ ਤਟ ਵੀ ਚੰਗੀਆਂ ਬੰਦਰਗਾਹਾਂ ਬਣਾਉਣ ਦੇ ਯੋਗ ਨਹੀਂ ਹੈ। ਧੁੰਦ, ਸਰਦੀਆਂ ਵਿਚ ਨੀਵਾਂ ਤਾਪਮਾਨ ਅਤੇ ਪਾਣੀ ਦਾ ਜੰਮ ਜਾਣਾ ਆਵਾਜਾਈ ਦੇ ਸਾਧਨਾਂ ਉੱਪਰ ਆਉਂਦੀ ਲਾਗਤ ਅਤੇ ਕੁਸ਼ਲਤਾ ਉੱਪਰ ਅਸਰ ਪਾਉਂਦਾ ਹੈ। ਦੇਸ਼ ਵਿਚ ਆਵਾਜਾਈ ਦੇ ਸਾਧਨ ਇਸ ਤਰ੍ਹਾਂ ਹਨ :—

**ਰੇਲਾਂ**—ਜਰਮਨੀ ਵਿਚ 1991 ਵਿਚ 41,154 ਕਿ. ਮੀ. ਲੰਬੀ ਰੇਲ-ਪਟੜੀ ਸੀ ਜਿਸ ਵਿਚੋਂ 15,854 ਕਿ. ਮੀ. ਉੱਤੇ ਬਿਜਲੀ ਨਾਲ ਗੱਡੀਆਂ ਚਲਦੀਆਂ ਹਨ। ਰੇਲ-ਪਟੜੀ ਦੀ ਵਧੇਰੇ ਲੰਬਾਈ ਉਦਯੋਗਿਕ ਖੇਤਰ ਵਿਚ ਹੈ ਅਤੇ ਦੇਸ਼ ਦੇ ਮੁੱਖ ਸ਼ਹਿਰ ਬਰਲਿਨ, ਹੈਮਬਰਗ, ਫਰੈਂਕਫਰਟ, ਮਿਊਨਿਖ ਆਦਿ ਰੇਲ-ਗੱਡੀਆਂ ਰਾਹੀਂ ਇਕ ਦੂਜੇ ਨਾਲ ਜੁੜੇ ਹੋਏ ਹਨ।

**ਸੜਕਾਂ**—ਸੜਕਾਂ ਵੀ ਆਵਾਜਾਈ ਦਾ ਵਧੀਆ ਵਸੀਲਾ ਹਨ। ਸੰਨ 1990 ਵਿਚ ਦੇਸ਼ ਵਿਚ ਸੜਕਾਂ ਦੀ ਕੁੱਲ ਲੰਬਾਈ 2,21,062 ਕਿ.ਮੀ. ਸੀ। ਸੜਕਾਂ ਦਾ ਸੰਘਣਾ ਜਾਲ ਨਾਰਡਰ੍ਹਾਈਨ-ਵੈਸਟਫੇਲਯਾ ਰਾਜ ਵਿਚ ਹੈ। ਪੂਰਬੀ ਬਰਲਿਨ ਦੇ ਦੁਆਲੇ ਰਿੰਗ ਸੜਕ ਹੈ।

**ਜਲ ਆਵਾਜਾਈ**—ਇਥੋਂ ਦੇ ਦਰਿਆ ਅਤੇ ਨਹਿਰਾਂ ਆਵਾਜਾਈ ਲਈ ਵਰਤੇ ਜਾਂਦੇ ਹਨ। ਰ੍ਹਾਈਨ, ਐਲਬ ਅਤੇ ਇਸ ਦੀਆਂ ਸਹਾਇਕ ਨਦੀਆਂ, ਸਾਰ ਅਤੇ ਹਵੇਲ ਆਵਾਜਾਈ ਲਈ ਵਰਤੇ ਜਾਂਦੇ ਹਨ। ਓਡਰ ਸਪਰੀ ਨਹਿਰ ਦੇਸ਼ ਦੀ ਸਭ ਤੋਂ ਵੱਡੀ ਨਹਿਰ ਹੈ। ਜਰਮਨੀ ਦੇ ਵਿਦੇਸ਼ੀ ਵਪਾਰ ਨੂੰ ਉੱਨਤ ਕਰਨ ਲਈ ਸਮੁੰਦਰੀ ਬੰਦਰਗਾਹਾਂ ਨੇ ਭਾਰੀ ਹਿੱਸਾ ਪਾਇਆ ਹੈ। ਦੇਸ਼ ਦੇ ਉੱਤਰੀ ਤਟ ਨਾਲ ਹੈਮਬਰਗ, ਬ੍ਰੇਮੇਨ, ਬਰਮੇਰਹੈਵਲ, ਲੂਬੇਕ ਆਦਿ ਮੁੱਖ ਬੰਦਰਗਾਹਾਂ ਹਨ। ਕੀਲ ਨਹਿਰ ਆਵਾਜਾਈ ਲਈ ਵਰਤੀ ਜਾਂਦੀ ਹੈ।

**ਹਵਾਈ ਆਵਾਜਾਈ**—ਹਵਾਈ ਸੇਵਾਵਾਂ ਵੀ ਦੇਸ਼ ਵਿਚ ਆਮ ਹਨ। ਲੁਫਥਾਂਸਾ ਹਵਾਈ ਲਾਈਨ ਸੰਸਾਰ ਪ੍ਰਸਿੱਧ ਹੈ। ਅੰਤਰਰਾਸ਼ਟਰੀ ਹਵਾਈ ਅੱਡੇ ਡਸੇਲਡੋਰਫ, ਫਰੈਂਕਫਰਟ, ਹੈਮਬਰਗ, ਹਨੋਵਰ, ਬੌਨ, ਲਾਈਪਜ਼ਿਕ, ਮਿਊਨਿਖ, ਕੋਲਨੋ, ਸਟੱਟਗਾਰਟ ਅਤੇ ਬਰਲਿਨ ਵਿਖੇ ਸਥਾਪਿਤ ਹਨ।

**ਵਪਾਰ**—ਜਰਮਨੀ ਦਾ ਅਨੇਕ ਦੇਸ਼ਾਂ ਨਾਲ ਲੈਣ ਦੇਣ ਹੁੰਦਾ ਹੈ। ਇਹ ਦੇਸ਼ ਮੋਟਰ-ਕਾਰਾਂ, ਬਿਜਲੀ ਤੇ ਇੰਜੀਨੀਅਰਿੰਗ ਦਾ ਸਾਮਾਨ, ਕੋਲਾ, ਪੋਟਾਸ਼ ਆਦਿ ਬਾਹਰ ਭੇਜਦਾ ਹੈ ਅਤੇ ਉਦਯੋਗਾਂ ਤੋਂ ਬਣੀਆਂ ਵਸਤਾਂ ਬਾਹਰੋਂ ਮੰਗਵਾਉਂਦਾ ਹੈ।

## ਲੋਕ

**ਆਬਾਦੀ**—ਜਰਮਨੀ ਇਕ ਸੰਘਣੀ ਆਬਾਦੀ ਵਾਲਾ ਦੇਸ਼ ਹੈ ਜਿਥੇ ਵਸੋਂ ਦੀ ਘਣਤਾ 223 ਵਿਅਕਤੀ ਪ੍ਰਤੀ ਵ. ਕਿ. ਮੀ. ਹੈ। ਦੇਸ਼ ਵਿਚ ਆਬਾਦੀ ਦੀ ਵੰਡ ਇਕੋ ਜਿਹੀ ਨਹੀਂ ਹੈ। ਸੰਨ 1991 ਵਿਚ ਇਥੇ 85.3% ਲੋਕ ਸ਼ਹਿਰਾਂ ਵਿਚ ਅਤੇ 14.7% ਲੋਕ ਪਿੰਡਾਂ ਵਿਚ ਰਹਿੰਦੇ ਸਨ। ਬਰਲਿਨ ਸਭ ਤੋਂ ਵੱਡਾ ਸ਼ਹਿਰ ਹੈ। ਇਸ ਦੀ ਆਬਾਦੀ 34,20,600 (1990) ਹੈ। ਇਸੇ ਸਮੇਂ ਦੌਰਾਨ ਹੋਰ ਵੱਡੇ ਸ਼ਹਿਰਾਂ ਦੀ ਆਬਾਦੀ ਦੀ ਵੰਡ ਇਸ ਤਰ੍ਹਾਂ ਹੈ—ਹੈਮਬਰਗ—16,40,100; ਮਿਊਨਿਖ—12,19,600;



ਕਾਇਸਰ ਵਿਲੀਅਮ ਦੂਜਾ ਆਪਣੇ ਦੋ ਜਰਨੈਲਾਂ ਹਿੰਡਨਬਰਗ ਅਤੇ ਲੂਡੈਨਡਾੱਰਫ ਨਾਲ ਪਹਿਲੇ ਸੰਸਾਰ ਯੁੱਧ ਲਈ ਆਪਣੀ ਯੁੱਧ-ਨੀਤੀ ਵਿਚਾਰਦਾ ਹੋਇਆ



ਜਰਮਨੀ ਦੀ ਨਾਜ਼ੀ ਪਾਰਟੀ ਦਾ ਸਭ ਤੋਂ ਪ੍ਰਸਿੱਧ ਨੇਤਾ ਆਡਾੱਲਫ ਹਿਟਲਰ



ਬਾਦਸ਼ਾਹ ਵਿਲੀਅਮ ਦੂਜਾ 1890 ਵਿਚ ਜਰਮਨੀ ਦੇ ਮਹਾਨ ਸਿਆਸਤਦਾਨ, ਬਿਸਮਾਰਕ ਨਾਲ (ਉਸਦੀ ਸੇਵਾ ਮੁਕਤੀ ਸਮੇਂ) ਗੱਲ-ਬਾਤ ਕਰਦਾ ਹੋਇਆ



ਫ਼ਰਾਂਸ, ਇਟਲੀ ਅਤੇ ਜਰਮਨੀ ਦਰਮਿਆਨ ਮਿਊਨਖ ਸਮਝੌਤਾ ਹੋਣ ਤੇ ਇਕ ਹਫ਼ਤਾ ਮਗਰੋਂ ਹਿਟਲਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਚੈਂਬਰਲੇਨ ਨਾਲ

5–9,50,200 ; ਫਰੈਂਕਫਰਟ–6,41,300 ; ਐਸਨ–6,26,100 ; ਟਮੰਡ–5,97,400; ਸਟੱਟਗਾਰਟ–5,75,600; ਲਾਈਪਸਿਕ– ,600 ਆਦਿ।

ਸੰਨ 1991 ਵਿਚ ਵੱਖ-ਵੱਖ ਰਾਜਾਂ ਦੀ ਵੰਡ ਹੇਠ ਲਿਖੇ ਅਨੁਸਾਰ

| | ਆਬਾਦੀ (1991) |
|---|---|
| ਾਡਨ ਵਰਟਮਬਰਗ | 9,822,000 |
| ਾਵੇਰੀਆ | 11,449,000 |
| ਰਲਿਨ | 3,434,000 |
| ਰੈਨਡਨਬਰਗ | 2,578,000 |
| ਰੈਮਨ | 682,000 |
| ਮਬਰਗ | 1,652,000 |
| ਸਨ | 5,763,000 |
| ਅਰ ਸੈਕਸਨੀ | 7,387,000 |
| ਕਲਨੰਬਰਗ-ਵੈਸਟ ਪਾਮਾਰੇਨੀਆ | 1,924,000 |
| ਨਾਰਥ ਰ੍ਹਾਈਨ ਵੈਸਟਫੇਲੀਆ | 17,350,000 |
| ਰ੍ਹਾਈਨਲੈਂਡ-ਪਾਲੈਟਨਟ | 3,764,000 |
| ਸਾਰਲੈਂਡ | 1,073,000 |
| ਸੈਕਸਨੀ | 4,764,000 |
| ਸੈਕਸਨੀ ਆਨਹਾਲਟ | 2,874,000 |
| ਸਲੈਸ਼ਵਿਗ ਹੋਲਸਟਾਈਨ | 2,626,000 |
| ਥੁਰਿੰਜੀਆ | 2,611,000 |



ਜਰਮਨੀ ਤੇ ਸਵਿਟਜ਼ਰਲੈਂਡ ਦੀ ਸਰਹੱਦ ਉੱਤੇ ਵਾਕਿਆ ਕਾਨਸਟੈਂਸ ਝੀਲ ਦੇ ਕੰਢੇ ਵਸਿਆ ਸ਼ਹਿਰ ਮੀਰਸਬਰਗ

**ਧਰਮ**—ਇਥੋਂ ਦੇ ਲੋਕਾਂ ਨੂੰ ਕੋਈ ਵੀ ਧਰਮ ਧਾਰਨ ਦੀ ਖੁੱਲ੍ਹ ਦੇਸ਼ ਦੀ 90% ਆਬਾਦੀ ਈਸਾਈ ਧਰਮ ਨੂੰ ਮੰਨਦੀ ਹੈ। ਯਹੂਦੀ ਥੋੜ੍ਹੇ ਹਨ। ਕੈਥੋਲਿਕ ਅਤੇ ਪ੍ਰੋਟੈਸਟੈਂਟ ਧਰਮਾਂ ਦੇ ਲੋਕਾਂ ਨੂੰ ਮੰਨਣ ਵਾਲੇ ਲੋਕਾਂ ਦੀ ਗਿਣਤੀ ਅੱਧੋ ਅੱਧ ਹੈ। ਪਹਿਲਾਂ-ਪਹਿਲ ਇਥੇ ਈਸਾਈ ਲੋਕਾਂ ਦੀ ਵੰਡ ਖੇਤਰ ਦੇ ਅਨੁਸਾਰ ਹੁੰਦੀ ਸੀ। ਇਕ ਖੇਤਰ ਵਿਚ ਸਿਰਫ ਇਕ ਧਰਮ ਦੇ ਲੋਕ ਹੀ ਰਹਿੰਦੇ ਹਨ ਪਰ 1648 ਈ. ਵਿਚ ਲੋਕਾਂ ਨੂੰ ਮਰਜ਼ੀ ਅਨੁਸਾਰ ਰਹਿਣ ਦੀ ਖੁੱਲ੍ਹ ਦੇ ਦਿੱਤੀ ਗਈ। ਹੁਣ ਜਰਮਨੀ ਵਿਚ ਕੋਈ ਵੀ ਸਰਕਾਰੀ ਗਿਰਜਾਘਰ ਨਹੀਂ ਹੈ ਅਤੇ ਨਾ ਹੀ ਸਰਕਾਰ ਗਿਰਜਾਘਰ ਦੇ ਪ੍ਰਬੰਧ ਵਿਚ ਕੋਈ ਦਖ਼ਲ ਦਿੰਦੀ ਹੈ। ਇਨ੍ਹਾਂ ਦੀ ਤਨਖ਼ਾਹ ਸਰਕਾਰ ਦਿੰਦੀ ਹੈ। ਗਿਰਜਾਘਰ ਆਪਣੇ ਮੈਂਬਰਾਂ ਉੱਪਰ ਟੈਕਸ ਲਗਾ ਸਕਦੇ ਹਨ ਪਰ ਟੈਕਸ ਦੀ ਉਗਰਾਹੀ ਸਰਕਾਰ ਹੀ ਕਰਦੀ ਹੈ। ਇਥੇ ਯਹੂਦੀ ਵੀ ਹਨ ਜਿਹੜੇ ਬਰਲਿਨ ਤੇ ਫਰੈਂਕਫਰਟ ਵਿਚ ਵੱਸੇ ਹੋਏ ਹਨ।

**ਸਿੱਖਿਆ**—ਜਰਮਨੀ ਵਿਚ ਸਕੂਲਾਂ ਦੀ ਦੇਖਭਾਲ ਸਰਕਾਰ ਕਰਦੀ ਹੈ। ਵੱਖ-ਵੱਖ ਰਾਜਾਂ ਵਿਚ ਆਪਣੇ ਵਿੱਦਿਅਕ ਮਹਿਕਮੇ ਹਨ। 6 ਤੋਂ 15 ਸਾਲ ਦੀ ਉਮਰ ਤੱਕ ਹਰੇਕ ਲਈ ਵਿੱਦਿਆ ਜ਼ਰੂਰੀ ਹੈ। ਲੋੜੀਂਦੇ ਵਿਦਿਆਰਥੀਆਂ ਨੂੰ ਪੁਸਤਕਾਂ ਅਤੇ ਹੋਰ ਸਾਮਾਨ ਮੁਫ਼ਤ ਦਿੱਤਾ ਜਾਂਦਾ ਹੈ। ਧਰਮ ਅਤੇ ਖੇਡਾਂ ਆਦਿ ਵਿਸ਼ੇ ਵੀ ਸਕੂਲ ਵਿਚ ਪੜ੍ਹਾਏ ਜਾਂਦੇ ਹਨ। ਇਥੇ ਸਕੂਲੀ ਵਿੱਦਿਆ ਕਿੰਡਰਗਾਰਟਨ ਤੋਂ ਆਰੰਭ ਹੁੰਦੀ ਹੈ। ਕਿੰਡਰਗਾਰਟਨ ਇਕ ਜਰਮਨ ਸੰਸਥਾ ਹੈ ਅਤੇ ਹੁਣ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਅਜਿਹੇ ਸਕੂਲ ਖੁੱਲ੍ਹ ਗਏ ਹਨ। ਇਨ੍ਹਾਂ ਸਕੂਲਾਂ ਵਿਚ 3 ਤੋਂ 6 ਸਾਲ ਦੇ ਬੱਚੇ ਪੜ੍ਹਦੇ ਹਨ। ਆਮ ਤੌਰ ਤੇ ਕਿੰਡਰਗਾਰਟਨ ਸਵੇਰੇ ਦੇ ਸਮੇਂ ਲਈ ਹੁੰਦੇ ਹਨ ਪਰ ਜਿਹੜੇ ਮਾਪੇ ਨੌਕਰੀਆਂ ਕਰਦੇ ਹਨ ਉਨ੍ਹਾਂ ਲਈ ਇਹ ਦਿਨ ਭਰ ਖੁੱਲ੍ਹੇ ਰਹਿੰਦੇ ਹਨ। ਇਨ੍ਹਾਂ ਸਕੂਲਾਂ ਵਿਚ ਬੱਚਿਆਂ ਨੂੰ ਭੇਜਣਾ ਜ਼ਰੂਰੀ ਨਹੀਂ ਹੈ। ਕਿੰਡਰਗਾਰਟਨ ਤੋਂ ਪਿੱਛੋਂ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਦਾਖ਼ਲ ਹੁੰਦੇ ਹਨ। ਜਰਮਨ ਭਾਸ਼ਾ ਵਿਚ ਇਨ੍ਹਾਂ ਸਕੂਲਾਂ ਨੂੰ 'Grandsctivle' ਆਖਦੇ ਹਨ। ਪ੍ਰਾਇਮਰੀ ਸਕੂਲਾਂ ਵਿਚ ਬੱਚੇ 4 ਸਾਲ ਲਈ ਪੜ੍ਹਦੇ ਹਨ। ਪ੍ਰਾਇਮਰੀ ਵਿੱਦਿਆ ਤੋਂ ਬਾਅਦ ਇਥੇ ਚਾਰ ਤਰ੍ਹਾਂ ਦੇ ਸਕੂਲ ਹਨ। ਇਨ੍ਹਾਂ ਸਕੂਲਾਂ ਨੂੰ ਕਿੱਤਾ ਸਕੂਲ ਆਖਦੇ ਹਨ। ਓਰੀਏਨਟੇਸ਼ਨ ਗ੍ਰੇਡ ਪਾਸ ਕਰਨ ਬਾਅਦ ਬੱਚਾ ਇੰਟਰਮਿਡੀਏਟ ਸਕੂਲ ਵਿਚ ਦਾਖ਼ਲਾ ਪ੍ਰਾਪਤ ਕਰ ਸਕਦਾ ਹੈ। ਇਹ ਸਕੂਲ ਦਸਵੀਂ ਕਲਾਸ ਤੱਕ ਹੁੰਦੇ ਹਨ। ਇੰਟਰਮਿਡੀਏਟ ਸਕੂਲਾਂ ਤੋਂ ਉਚੇਰੀ ਵਿੱਦਿਆ ਵਿਚ ਦਾਖ਼ਲਾ ਲੈ ਸਕਦੇ ਹਨ। ਤੀਜੀ ਕਿਸਮ ਦੇ ਸਕੂਲ ਜਿਮਨੇਜ਼ੀਅਮ ਹਨ। ਹਾਈ ਸਕੂਲਾਂ ਨੂੰ ਗ੍ਰਾਮਰਜ਼ ਹਾਈ ਸਕੂਲ ਆਖਦੇ ਹਨ। ਚੌਥੀ ਕਿਸਮ ਦੇ ਸਰੀਰਕ ਜਾਂ ਮਾਨਸਿਕ ਰੋਗੀਆਂ ਲਈ ਸਕੂਲ ਹਨ। ਜਰਮਨੀ ਵਿਚ ਯੂਨੀਵਰਸਿਟੀਆਂ ਦਾ ਇਕ ਲੰਬਾ ਇਤਿਹਾਸ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਹੀਡ-ਲਬਰਗ ਵਿਖੇ ਹੈ। ਅੱਜਕੱਲ੍ਹ ਤਕਰੀਬਨ ਦੇਸ਼ ਦੇ ਹਰੇਕ ਵੱਡੇ ਸ਼ਹਿਰ ਵਿਚ ਯੂਨੀਵਰਸਿਟੀ ਜਾਂ ਵੱਡਾ ਕਾਲਜ ਹੈ। ਸੰਨ 1991-92 ਵਿਚ ਦੇਸ਼ ਵਿਚ 91 ਯੂਨੀਵਰਸਿਟੀਆਂ ਸਥਾਪਿਤ ਸਨ।

**ਸਿਹਤ**—ਜਰਮਨੀ ਵਿਚ ਸਿਹਤ ਦੀ ਸੰਭਾਲ ਰੱਖਣਾ ਹਰ ਇਕ ਵਿਅਕਤੀ ਦੀ ਜ਼ਿੰਮੇਵਾਰੀ ਹੈ ਪਰ ਇਹ ਰਾਜ ਸਰਕਾਰਾਂ ਅਤੇ ਸਮਾਜ ਦਾ ਵੀ ਫਰਜ਼ ਹੈ ਕਿ ਲੋਕਾਂ ਦੀ ਸਿਹਤ ਦਾ ਖਿਆਲ ਰੱਖੇ। ਭਾਵੇਂ ਜਰਮਨੀ ਵਿਚ ਸਿਹਤ ਸਹੂਲਤਾਂ ਸਰਕਾਰ ਵੱਲੋਂ ਮੁਹੱਈਆ ਹੋਈਆ ਹਨ ਪਰ ਫਿਰ ਵੀ ਇਥੇ ਮੌਤ ਦਰ ਜਨਮ ਨਾਲੋਂ ਵਧ ਹੈ। ਜਿੰਨੀਆਂ ਇਥੇ ਮੌਤਾਂ ਹੁੰਦੀਆਂ ਹਨ ਉਨ੍ਹਾਂ ਦਾ ਅੱਧ ਤੋਂ ਵਧ ਦਿਲ ਦੀ ਬੀਮਾਰੀ ਕਰਕੇ ਹੁੰਦੀਆਂ ਹਨ। ਕੈਂਸਰ ਅਤੇ ਤਪਦਿਕ ਦੀ ਬੀਮਾਰੀ ਨਾਲ ਵੀ ਕਾਫ਼ੀ ਲੋਕ ਮਰਦੇ ਹਨ।



ਸੰਨ 1961 ਵਿਚ ਬਣਾਈ ਗਈ ਬਰਲਿਨ ਦੀਵਾਰ ਜਿਸਨੇ 30 ਸਾਲ ਜਰਮਨੀ ਦੀ ਇਤਿਹਾਸਕ ਰਾਜਧਾਨੀ ਨੂੰ ਪੂਰਬੀ ਤੇ ਪੱਛਮੀ ਭਾਗਾਂ ਵਿਚ ਵੰਡੀ ਰੱਖਿਆ। ਅੰਤ 1990 ਈ. ਵਿਚ ਦੋਵੇਂ ਗਣਰਾਜਾਂ ਦੇ ਇਕ ਹੋਣ ਦੇ ਐਲਾਨ ਪਿਛੋਂ ਸਭ ਤੋਂ ਪਹਿਲਾਂ ਲੋਕਾਂ ਨੇ ਇਸ ਦੀਵਾਰ ਨੂੰ ਢਾਹਿਆ।



ਬਾਵੇਰੀਆ ਦੀ ਰਾਜਧਾਨੀ ਮਿਊਨਿਖ ਵਿਖੇ ਕਾਰਲਸਪਲਾਜ਼ ਜਿਸਦੇ ਕੇਂਦਰ ਵਿਚ ਮੱਧ-ਕਾਲੀਨ ਸ਼ਹਿਰ ਦੀਆਂ ਦੀਵਾਰਾਂ ਦੀ ਯਾਦਗਾਰ ਕਾਰਸਟਰ ਹੈ। ਇਸਦੇ ਪਿੱਛੇ ਫ੍ਰਾਊਐਨਕਿਰਚ ਦਾ ਮੀਨਾਰ ਵਿਖਾਈ ਦੇ ਰਿਹਾ ਹੈ।



ਬੱਾਨ ਦੇ ਕਿਲੇ ਦਾ ਦਰਵਾਜ਼ਾ



ਐਲਪਸ ਵਿਚ ਮਿਊਨਿਖ ਦੇ ਦੱਖਣ-ਪੱਛਮ ਵਿਚ ਬਾਵੇਰੀਆ ਦੇ ਬਾਦਸ਼ਾਹ ਲੂਈ ਦੁਆਰਾ ਬਣਵਾਇਆ ਪ੍ਰਸਿੱਧ ਨਿਊਸ਼ਵਾਨਸਟਾਈਨ ਕਿਲਾ



100 ਸਾਲ ਪਹਿਲਾਂ ਹੋਏ ਸ਼ਾਹੀ ਵਿਆਹ ਦੀ ਯਾਦ ਨੂੰ ਮਨਾਉਂਦੇ ਹੋਏ ਲਾਂਡਸ਼ਟ ਸ਼ਹਿਰ ਦੀਆਂ ਮੁਟਿਆਰਾਂ



ਲਾਈਪਜ਼ਿਕ ਦਾ ਟਾਊਨ ਹਾਲ ਜਿਥੇ ਹਰ ਸਾਲ ਜਰਮਨੀ ਤੋਂ ਲਾਈਪਜ਼ਿਕ ਮੇਲਾ ਵੇਖਣ ਲਈ ਕੋਈ 10 ਲੱਖ ਆਦਮੀ ਪਹੁੰਚਦੇ ਸਨ

ਮਨੋਰੰਜਨ ਲਈ ਇਥੇ ਸਿਨੇਮਾ ਘਰ ਹਨ। ਆਡਾੱਲਫ ਹਿਟਲਰ ਦੇ ਡਿਕਟੇਟਰ ਬਣਨ ਤੋਂ ਪਹਿਲਾਂ ਜਰਮਨੀ ਫਿਲਮਾਂ ਦੇ ਖੇਤਰ ਵਿਚ ਪ੍ਰਸਿੱਧ ਸੀ ਪਰ ਹਿਟਲਰ ਦੇ ਰਾਜ ਸਮੇਂ ਇਸ ਕਲਾ ਦਾ ਖਾਤਮਾ ਹੋ ਗਿਆ। ਦੂਰਦਰਸ਼ਨ ਦੇ ਵਿਕਾਸ ਨੇ ਵੀ ਫ਼ਿਲਮਾਂ ਦੇ ਵਿਕਾਸ ਉੱਪਰ ਉਲਟਾ ਅਸਰ ਪਾਇਆ।

ਇਥੇ ਥੀਏਟਰ ਲੋਕਾਂ ਲਈ ਇਕ ਸੇਵਾ ਸਮਝੀ ਜਾਂਦੀ ਹੈ। ਦੇਸ਼ ਵਿਚ ਦੋਵੇਂ ਸਰਕਾਰੀ ਅਤੇ ਪ੍ਰਾਈਵੇਟ ਥੀਏਟਰ ਹਨ। ਥੀਏਟਰ ਵਿਚ ਜਾ ਕੇ ਪ੍ਰੋਗਰਾਮ ਦੇਖਣੇ ਲੋਕਾਂ ਦੀ ਦਿਲਚਸਪੀ ਹੈ। ਪ੍ਰਸਿੱਧ ਥੀਏਟਰ ਬਰਲਿਨ, ਬੋਕਮ, ਬ੍ਰੈਮਨ, ਫਰੈਂਕਫਰਟ, ਹੈਮਬਰਗ, ਕੋਲੋਨ ਅਤੇ ਮਿਊਨਿਖ ਵਿਖੇ ਹਨ।

ਪ੍ਰਸਾਰ ਸੇਵਾਵਾਂ ਵਿਚ ਅਖ਼ਬਾਰ ਵੀ ਵਰਣਨਯੋਗ ਹੈ। ਹਰ ਇਕ ਸ਼ਹਿਰੀ ਨੂੰ ਬੋਲਣ ਦੀ ਪੂਰੀ ਆਜ਼ਾਦੀ ਹੈ। ਅਖ਼ਬਾਰਾਂ ਉੱਪਰ ਸੈਂਸਰਸਿਪਰ ਨਹੀਂ ਲਗਾਇਆ ਜਾ ਸਕਦਾ। ਦੇਸ਼ ਵਿਚ ਭਾਵੇਂ ਰੇਡੀਓ ਅਤੇ ਦੂਰਦਰਸ਼ਨ ਆਮ ਹਨ ਪਰ ਅਖ਼ਬਾਰਾਂ ਦੀ ਆਪਣੀ ਮਹੱਤਤਾ ਹੈ। ਦੇਸ਼ ਵਿਚ 80% ਲੋਕ ਰੋਜ਼ ਅਖ਼ਬਾਰ ਪੜ੍ਹਦੇ ਹਨ। ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਪਣੇ ਹਫਤਾਵਰ ਰਸਾਲੇ ਛਪਦੇ ਹਨ। ਜਰਮਨੀ ਵਿਚ ਰੇਡੀਓ ਅਤੇ ਟੈਲੀਵੀਜ਼ਨ ਆਮ ਹਨ। 95% ਘਰਾਂ ਪਾਸ ਰੇਡੀਓ ਅਤੇ 87% ਘਰਾਂ ਪਾਸ ਟੈਲੀਵੀਜ਼ਨ ਹੈ। ਪ੍ਰਸਾਰਣ ਉੱਪਰ ਕੰਟਰੋਲ ਨਹੀਂ ਹੈ। ਦੇਸ਼ ਵਿਚ 9 ਪ੍ਰਦੇਸ਼ਕ ਸੰਯੁਕਤ ਰੇਡੀਓ ਅਤੇ ਟੈਲੀਵੀਜ਼ਨ ਕਾਰਪੋਰੇਸ਼ਨਾਂ ਹਨ। ਟੈਲੀਵਿਜ਼ਨਾਂ ਉੱਪਰ ਰੰਗਦਾਰ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਰੇਡੀਓ ਬਰਲਿਨ ਇੰਟਰਨੈਸ਼ਨਲ 11 ਭਾਸ਼ਾਵਾਂ ਵਿਚ ਬਦੇਸ਼ਾਂ ਨੂੰ ਪ੍ਰੋਗਰਾਮ ਦਾ ਪ੍ਰਸਾਰਣ ਕਰਦਾ ਹੈ।

ਇਸ ਦੇਸ਼ ਵਿਚ 2000 ਅਜਾਇਬ ਘਰ ਹਨ। ਇਨ੍ਹਾਂ ਅਜਾਇਬ ਘਰਾਂ ਵਿਚ ਕਲਾ, ਕੁਦਰਤੀ ਦ੍ਰਿਸ਼, ਤਕਨੀਕੀ ਅਤੇ ਸਭਿਆਚਾਰਕ ਵਿਰਸਾ ਵਿਖਾਇਆ ਗਿਆ ਹੈ। ਮਿਊਨਿਖ ਅਜਾਇਬ ਘਰ ਵਿਚ ਵਿਗਿਆਨ ਅਤੇ ਤਕਨੀਕ ਦਾ ਵਿਕਾਸ ਵਿਖਾਇਆ ਗਿਆ ਹੈ।

ਬਾਵੇਰੀਅਨ ਪਿੰਡਾਂ ਵਿਚ ਇਹੋ ਜਿਹੇ ਗਿਰਜਾ ਖਿੱਚ ਦੀ ਥਾਂ ਹਨ।

ਰਾਜ ਪ੍ਰਬੰਧ

**ਪ੍ਰਬੰਧਕੀ ਢਾਂਚਾ**—ਪਾਰਲੀਮੈਂਟਰੀ ਕੌਂਸਲ ਦੀ ਬੌਨ ਵਿਖੇ 1 ਸਤੰਬਰ, 1948 ਨੂੰ ਮੀਟਿੰਗ ਹੋਈ ਅਤੇ ਦੇਸ਼ ਲਈ ਵਿਧਾਨ ਤਿਆਰ ਕੀਤਾ। ਇਸ ਵਿਧਾਨ ਨੂੰ 2/3 ਰਾਜਾਂ ਨੇ ਮਨਜ਼ੂਰ ਕੀਤਾ ਅਤੇ 23 ਮਈ, 1949 ਨੂੰ ਵਿਧਾਨ ਲਾਗੂ ਕੀਤਾ।

ਵਿਧਾਨ ਵਿਚ ਇਕ ਪ੍ਰੀਐਂਬਲ ਅਤੇ 146 ਧਾਰਾਵਾਂ ਹਨ। ਵਿਧਾਨ ਦੇ ਆਰੰਭ ਵਿਚ ਮੂਲ ਅਧਿਕਾਰਾਂ ਬਾਰੇ ਬਿਆਨ ਕੀਤਾ ਗਿਆ ਹੈ। ਇਹ ਲੋਕਰਾਜੀ ਅਤੇ ਸਮਾਜਿਕ ਵਿਧਾਨਕ ਰਾਜ ਹੈ। ਇਹ ਇਕ ਫੈਡਰਲ ਰਾਜ ਹੈ ਜਿਸ ਵਿਚ 16 ਰਾਜ ਸ਼ਾਮਲ ਹਨ। ਰਾਜਾਂ ਦੇ ਆਪਣੇ ਕਾਨੂੰਨ ਹਨ ਪਰ ਫੈਡਰਲ ਕਾਨੂੰਨ ਸਰਵ ਉੱਚ ਹੈ। ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਫੈਡਰਲ ਅਸੈਂਬਲੀ ਅਤੇ ਫੈਡਰਲ ਕੌਂਸਲ ਪਾਸ ਹਨ। ਫੈਡਰਲ ਅਸੈਂਬਲੀ ਦੀ ਚੋਣ ਚਾਰ ਸਾਲਾਂ ਲਈ ਕੀਤੀ ਜਾਂਦੀ ਹੈ। ਫੈਡਰਲ ਕੌਂਸਲ ਦੇ 79 ਮੈਂਬਰ ਹੁੰਦੇ ਹਨ ਅਤੇ ਫੈਡਰਲ ਅਸੈਂਬਲੀ ਦੇ 662 ਮੈਂਬਰ ਹੁੰਦੇ ਹਨ।

ਦੇਸ਼ ਦੇ ਮੁੱਖੀ ਨੂੰ ਫੈਡਰਲ ਪ੍ਰੈਜ਼ੀਡੈਂਟ ਆਖਦੇ ਹਨ ਜਿਹੜਾ ਕਿ 5 ਸਾਲਾਂ ਲਈ ਚੁਣਿਆ ਜਾਂਦਾ ਹੈ। ਪ੍ਰੈਜ਼ੀਡੈਂਟ ਨੂੰ ਦੁਬਾਰਾ ਵੀ ਚੁਣਿਆ ਜਾ ਸਕਦਾ ਹੈ। ਪ੍ਰੈਜ਼ੀਡੈਂਟ ਦੀ ਚੋਣ ਫੈਡਰਲ ਅਸੈਂਬਲੀ ਅਤੇ ਰਾਜਾਂ ਦੇ ਪਾਰਲੀਮੈਂਟ ਦੇ ਮੈਂਬਰ ਕਰਦੇ ਹਨ। ਕਾਰਜਕਾਰੀ ਸ਼ਕਤੀ ਫੈਡਰਲ ਸਰਕਾਰ ਕੋਲ ਹੁੰਦੀ ਹੈ। ਫੈਡਰਲ ਸਰਕਾਰ ਦੇ ਮੁੱਖੀ ਨੂੰ ਚਾਂਸਲਰ ਆਖਦੇ ਹਨ। ਫੈਡਰਲ ਪ੍ਰੈਜ਼ੀਡੈਂਟ ਚਾਂਸਲਰ ਅਤੇ ਮੰਤਰੀ ਮੰਡਲ ਦੀ ਚੋਣ ਕਰਦਾ ਹੈ। ਫੈਡਰਲ ਅਸੈਂਬਲੀ ਦੇਸ਼ ਲਈ ਕਾਨੂੰਨ ਬਣਾਉਂਦੀ ਹੈ।

**ਰਾਜਸੀ ਪਾਰਟੀਆਂ**—ਰਾਜਸੀ ਸੰਸਥਾਵਾਂ ਦਾ ਇਕ ਮਹੱਤ-ਵਪੂਰਨ ਅੰਸ਼ ਹੁੰਦਾ ਹੈ। ਇਥੇ ਲੋਕ ਰਾਜੀ ਨੀਹਾਂ ਉੱਪਰ ਰਾਜਸੀ ਪਾਰਟੀਆਂ ਬਣਾਉਣ ਦਾ ਹੱਕ ਹੈ। ਜਰਮਨੀ ਦੀ ਫੈਡਰਲ ਅਸੈਂਬਲੀ ਵਿਚ ਸੋਸ਼ਲ ਡੈਮੋਕ੍ਰੇਟਿਕ ਪਾਰਟੀ, ਕ੍ਰਿਸ਼ਚੀਅਨ ਡੈਮੋਕ੍ਰੇਟਿਕ ਯੂਨੀਅਨ, ਕ੍ਰਿਸ਼ਚੀਅਨ ਸੋਸ਼ਲ ਯੂਨੀਅਨ, ਫ੍ਰੀ ਡੈਮੋਕ੍ਰੇਟਿਕ ਪਾਰਟੀ ਅਤੇ ਗਰੀਨਜ਼ ਹਨ। ਇਹ ਪਾਰਟੀਆਂ 1945-47 ਵਿਚ ਹੋਂਦ ਵਿਚ ਆਈਆਂ ਸਨ। ਸਾਰੀਆਂ ਵਿਧਾਨਕ ਸੰਸਥਾਵਾਂ ਲਈ ਵੋਟਾਂ ਸਿੱਧੀਆਂ ਅਤੇ ਗੁਪਤ ਢੰਗ ਨਾਲ ਪਾਈਆਂ ਜਾਂਦੀਆਂ ਹਨ।

**ਕਰੰਸੀ**—ਇਥੋਂ ਦੀ ਕਰੰਸੀ ਨੂੰ ਡਿਉਟਕਮੇ ਮਾਰਕ (DM) ਆਖਦੇ ਹਨ। ਡਿਉਟਕਮੇ ਇਕ ਮਾਰਕ (DM) ਵਿਚ 100 ਪਫੇਨਿਗਜ਼ ਹੁੰਦੇ ਹਨ। ਇਹ ਕਰੰਸੀ 1948 ਵਿਚ ਚਾਲੂ ਕੀਤੀ ਗਈ ਸੀ। ਇਸ ਕਰੰਸੀ ਨੂੰ ਪਹਿਲਾਂ ਰੈਚਸਮਾਰਕ ਆਖਦੇ ਸਨ। ਸੰਨ 1948 ਵਿਚ ਇਕ ਅਮਰੀਕੀ ਡਾਲਰ ਵਿਚ 3.33 ਡਿਉਟਕਮੇ ਮਾਰਕ (DM) ਹੁੰਦੇ ਹਨ ਪਰ ਇਹ ਵਟਾਂਦਰਾ-ਮੁੱਲ ਸਮੇਂ ਸਮੇਂ ਤੇ ਬਦਲਦਾ ਰਹਿੰਦਾ ਹੈ। ਜਰਮਨੀ ਦੇ ਕੇਂਦਰੀ ਬੈਂਕ ਦਾ ਨਾਂ ਡਿਉਟਕਮੇ ਬੁੰਡਰਜ਼ਬੈਲ ਹੈ। ਇਹ ਫਰੈਂਕਫਰਟ ਵਿਖੇ ਹੈ।

**ਕੌਮੀ ਝੰਡਾ**—ਰਾਸ਼ਟਰੀ ਝੰਡੇ ਵਿਚ ਤਿੰਨ ਸਮਾਨਾਂਤਰ ਪੱਟੀਆਂ ਹਨ। ਉੱਪਰਲੀ ਪੱਟੀ ਦਾ ਰੰਗ ਕਾਲਾ, ਵਿਚਲੀ ਦਾ ਲਾਲ ਅਤੇ ਹੇਠਲੀ ਦਾ ਸੁਨਹਿਰੀ ਹੈ।

ਹ. ਪੁ.—ਐਨ. ਬ੍ਰਿ. ਮਾ. 5 : 218; ਐਨ. ਅਮੈ. 12 : 592; ਸਟੇ. ਯੀ. ਬੁ.—1993-94

**ਜਰਮਿਸਟਨ** : ਦੱਖਣੀ ਅਫ਼ਰੀਕਾ ਗਣਰਾਜ ਦੇ ਉੱਤਰ ਪੂਰਬੀ ਹਿੱਸੇ ਵਿਚ ਟ੍ਰਾਂਸਵਾਲ ਪ੍ਰਾਂਤ ਦਾ ਸ਼ਹਿਰ ਹੈ। ਇਹ ਵਿਟਵਾਟਰਜ਼ਰੈਂਡੇ ਪਰਬਤੀ ਲੜੀ ਉਤੇ 1, 692 ਮੀ. ਦੀ ਉਚਾਈ ਉਤੇ ਸਥਿਤ ਹੈ। ਇਹ ਸੋਨੇ ਦੀਆਂ ਖਾਣਾਂ ਦਾ ਖੇਤਰ ਹੈ ਜਿਹੜਾ ਸੰਸਾਰ ਪ੍ਰਸਿੱਧ ਸੋਨੇ ਦੀਆਂ ਖਾਣਾਂ ਵਾਲੇ ਜੋਹਾਨਸਬਰਗ ਸ਼ਹਿਰ ਤੋਂ 14 ਕਿ. ਮੀ. ਪੂਰਬ ਵੱਲ ਹੈ। ਇਹ ਰੇਲਾਂ ਦਾ ਜੰਕਸ਼ਨ ਹੈ ਅਤੇ ਇਥੇ ਰੇਲਾਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇੰਜੀਨਅਰਿੰਗ ਨਾਲ ਸਬੰਧਤ ਕਾਰੋਬਾਰ ਸਥਾਪਿਤ ਹਨ। ਇਥੇ ਕਪਾਹ ਵੇਲਣ, ਢਲਾਈ ਅਤੇ ਹੋਰ ਕਈ ਉਦਯੋਗ ਧੰਦੇ ਵੀ ਹਨ। ਸ਼ਹਿਰ ਵਿਚ ਪਬਲਿਕ ਪਾਰਕ ਅਤੇ ਜਰਮਿਸਟਨ ਝੀਲ ਦਿਲਖਿੱਚ ਥਾਵਾਂ ਹਨ।

ਆਬਾਦੀ–1,16,718 (1985)

26° 15′ ਦੱ. ਵਿਥ.; 28° 05′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 4:506 ; ਵੈ. ਜਗ. ਡਿ.

**ਜਰਮੇਨੀਅਮ** : ਇਹ ਰਸਾਇਣਿਕ ਤੱਤ ਬਿਜਲਈ ਅਰਧ ਚਾਲਕ ਹੋਣ ਕਰਕੇ ਬਹੁਤ ਲਾਭਕਾਰੀ ਹੈ। ਇਸ ਦਾ ਰਸਾਇਣਿਕ ਚਿੰਨ੍ਹ Ge ਹੈ ਅਤੇ ਇਸ ਵਿਚ ਸਿਲੀਕਾਨ ਅਤੇ ਕੱਲਈ ਵਿਚਲੇ ਗੁਣ ਹੋਣ ਕਾਰਨ ਇਸ ਨੂੰ ਉਪ-ਧਾਤ ਮੰਨਿਆ ਜਾਂਦਾ ਹੈ। ਇਸ ਦਾ ਪਰਮਾਣੂ ਕ੍ਰਮ ਅੰਕ 32, ਔਸਤ ਪਰਮਾਣਵੀ ਭਾਰ 72.60 ਅਤੇ 9 ਸਮਸਥਾਨਕ ਹਨ, ਜਿਨ੍ਹਾਂ ਦਾ ਪਰਮਾਣਵੀ ਭਾਰ 69 ਤੋਂ 77 ਤਕ ਹੁੰਦਾ ਹੈ। ਸੰਨ 1886 ਵਿਚ ਸੀ. ਏ. ਵਿੰਕਲਰ ਨੇ ਜਰਮੇਨੀਅਮ ਤੱਤ ਵਖਰਾ ਕੀਤਾ ਅਤੇ ਇਹ ਨਾਂ ਵਿੰਕਲਰ ਦੇ ਜਰਮਨੀ ਦੇਸ਼ ਤੋਂ ਪਿਆ। ਸੰਨ 1945 ਤੋਂ ਮਗਰੋਂ ਜਰਮੇਨੀਅਮ ਕਾਫ਼ੀ ਪ੍ਰਸਿੱਧ ਹੋ ਗਿਆ ਕਿਉਂਕਿ ਇਸ ਦੀ ਵਰਤੋਂ ਇਲੈੱਕਟ੍ਰਾਨਿਕਸ ਵਿਚ ਕੀਤੀ ਜਾਣ ਲੱਗ ਪਈ ਸੀ।

ਜਰਮੇਨੀਅਮ ਦੁਰਲਭ ਤੱਤ ਹੈ ਅਤੇ ਧਰਤੀ ਦੀ ਪੇਪੜੀ ਵਿਚ ਇਸ ਦੀ ਮਾਤਰਾ 0.004% ਤੋਂ 0.007% ਮੰਨੀ ਜਾਂਦੀ ਹੈ। ਇਹ ਮਾਤਰਾ

ਧਰਤੀ ਵਿਚ ਮਿਲਦੇ ਬੈਰੀਲੀਅਮ, ਬੋਰਾਨ, ਆਰਸਨਿਕ, ਚਾਂਦੀ, ਸੋਨਾ, ਪਲੈਟੀਨਮ ਅਤੇ ਯੂਰੇਨੀਅਮ ਤੱਤਾਂ ਨਾਲੋਂ ਜ਼ਿਆਦਾ ਪਰੰਤੂ ਸਿੱਕਾ, ਜਿਸਤ ਅਤੇ ਕੱਲਈ ਤੱਤਾਂ ਨਾਲੋਂ ਘੱਟ ਹੈ।




**ਆਵਰਤੀ ਸਾਰਣੀ**

ਜਰਮੇਨੀਅਮ ਕਦੇ ਮੁਕਤ ਹਾਲਤ ਵਿਚ ਨਹੀਂ ਮਿਲਦਾ। ਇਹ ਹੇਠ ਲਿਖੇ ਅਸਾਧਾਰਣ ਖਣਿਜਾਂ ਦਾ ਇਕ ਅੰਸ਼ ਹੈ :—ਆਰਜਿਰੋਡਾਈਟ ($Ag_8\ Ge\ S_6$ — 6% ਤੋਂ 7% ਜਰਮੇਨੀਅਮ) ਜਰਮੇਨਾਈਟ

$7CuS, FeS, Ge\ S_2$ — 8.7% ਜਰਮੇਨੀਅਮ ਅਤੇ ਰੈਨੀਐਰਾਈਟ $(Ca, Fe)_3\ (Fe, Ge, Zn, Sn)\ (S, As)$-8% ਜਰਮੇਨੀਅਮ ਅਤੇ ਤਾਂਬਾ ਜਿਸਤ ਕਨਸਨਟਰੇਟ ਹਨ। ਜਿਸਤ ਧਾਤ ਦੇ ਉਤਪਾਦਨ ਵਿਚ ਸਹਿ-ਉਪਜ ਦੇ ਤੌਰ ਤੇ ਘਟੀਆ ਗਰੇਡ ਦਾ ਜਰਮੇਨੀਅਮ ਕਨਸਨਟਰੇਟ ਪ੍ਰਾਪਤ ਹੁੰਦਾ ਹੈ। ਇਸ ਕਨਸਨਟਰੇਟ ਦੀ ਕਿਰਿਆ ਗਾੜ੍ਹੇ ਹਾਈਡ੍ਰੋਕਲੋਰਿਕ ਐਸਿਡ ਨਾਲ ਕਰਵਾਈ ਜਾਂਦੀ ਹੈ ਅਤੇ ਇਸ ਤਰ੍ਹਾਂ ਬਣੇ ਜਰਮੇਨੀਅਮ ਟੈਟ੍ਰਾਕਲੋਰਾਈਡ ਨੂੰ ਕਸ਼ੀਦ ਕਰ ਲਿਆ ਜਾਂਦਾ ਹੈ। ਮਗਰੋਂ ਇਸ ਅਣਸੋਧੇ ਕਲੋਰਾਈਡ ਨੂੰ ਵਾਰ ਵਾਰ ਕਸ਼ੀਦ ਕਰ ਕੇ ਸਾਫ਼ ਕਰ ਲਿਆ ਜਾਂਦਾ ਹੈ। ਇਸ ਧਾਤ ਦੇ ਪਾਣੀ ਨਾਲ ਜਲ-ਅਪਘਟਨ ਕਰਨ ਨਾਲ ਜਰਮੇਨੀਅਮ ਡਾਈਆੱਕਸਾਈਡ ਅਤੇ ਫਿਰ 650° ਸੈਂ ਉਤੇ ਹਾਈਡ੍ਰੋਜਨ ਨਾਲ ਲਘੂ ਕਰਨ ਨਾਲ ਪਾਊਡਰ ਜਰਮੇਨੀਅਮ ਪ੍ਰਾਪਤ ਕੀਤੀ ਜਾਂਦੀ ਹੈ। ਪਾਊਡਰ ਕੀਤੀ ਧਾਤ ਨੂੰ 1100° ਸੈਂ. ਉਤੇ ਅਕਿਰਿਆਸ਼ੀਲ ਵਾਤਾਵਰਣ ਵਿਚ ਡਲੀਆਂ ਵਿਚ ਪਿਘਲਾਇਆ ਜਾਂਦਾ ਹੈ।

ਜਰਮੇਨੀਅਮ, ਦੁਨੀਆ ਦੇ ਕਈ ਹਿੱਸਿਆਂ ਵਿਚ ਬਿਟਿਊਮਿਨੀ ਕੋਲੇ ਵਿਚ ਵੀ ਮਿਲਦਾ ਹੈ। ਯੋਗ ਹਾਲਤਾਂ ਅਧੀਨ ਜਰਮੇਨੀਅਮ ਚਿਮਨੀ ਦੀ ਧੂੜ ਵਿਚ ਵੀ ਇਕੱਠਾ ਹੁੰਦਾ ਰਹਿੰਦਾ ਹੈ ਅਤੇ ਇਸ ਨੂੰ ਧੂੜ ਵਿਚੋਂ ਵੱਖਰਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰਾਪਤ ਜਰਮੇਨੀਅਮ ਦੀਆਂ ਡਲੀਆਂ ਦੀ ਵਰਤੋਂ ਇਲੈੱਕਟ੍ਰਾੱਨਿਕ ਸਰਕਟਾਂ ਵਿਚ ਵਰਤਣਯੋਗ ਬਣਾਉਣ ਲਈ ਇਨ੍ਹਾਂ ਨੂੰ ਲਗਾਤਾਰ ਤਾਪ ਜ਼ੋਨਾਂ ਵਿਚੋਂ ਲੰਘਾਇਆ ਜਾਂਦਾ ਹੈ। ਇਸ ਤਰ੍ਹਾਂ ਸ਼ੁੱਧ ਜਰਮੇਨੀਅਮ ਪਿਘਲ ਕੇ ਅਸ਼ੁੱਧੀਆਂ ਨਾਲੋਂ ਵੱਖਰਾ ਹੋ ਜਾਂਦਾ ਹੈ।

ਜਰਮੇਨੀਅਮ ਦੀ ਸੰਯੋਜਕਤਾ ਦੋ ਅਤੇ ਚਾਰ ਹੁੰਦੀ ਹੈ ਪਰੰਤੂ ਚਾਰ ਸੰਯੋਜਕਤਾ ਵਾਲੇ ਯੋਗਿਕ ਵਧੇਰੇ ਸਥਾਈ ਅਤੇ ਬਹੁਤੀ ਮਾਤਰਾ ਵਿਚ ਹੁੰਦੇ ਹਨ। ਵਾਯੂ ਮੰਡਲੀ ਤਾਪਮਾਨ ਉਤੇ ਧਾਤ ਬਿਲਕੁਲ ਸਥਾਈ ਹੈ ਪਰੰਤੂ 600°-700° ਸੈਂ. ਉਪਰ ਇਸ ਦਾ ਆੱਕਸੀਕਰਨ ਸ਼ੁਰੂ ਹੋ ਜਾਂਦਾ ਹੈ। ਹੈਲੋਜੈੱਨਾਂ ਨਾਲ ਕਿਰਿਆ ਕਰਕੇ ਸਬੰਧਿਤ ਟੈਟ੍ਰਾਹੈਲਾਈਡ ਬਣਦੇ ਹਨ। ਨਾਈਟ੍ਰਿਕ ਐਸਿਡ ਅਤੇ ਐਕਵਾਰੀਜੀਆ ਜ਼ਰਮੇਨੀਅਮ ਉੱਤੇ ਬਹੁਤ ਤੇਜ਼ ਕਿਰਿਆ ਕਰਦੇ ਹਨ। ਕਾਸਟਿਕ ਘੋਲ ਕੋਈ ਖ਼ਾਸ ਕਿਰਿਆ ਨਹੀਂ ਕਰਦੇ ਪਰੰਤੂ ਪਿਘਲੇ ਹੋਏ ਸੋਡੀਅਮ ਜਾਂ ਪੋਟਾਸ਼ੀਅਮ ਹਾਈਡ੍ਰਾੱਕਸਾਈਡ ਵਿਚ ਜਰਮੇਨੀਅਮ ਬੜੀ ਜਲਦੀ ਘੁਲ ਕੇ ਜਰਮੇਨੇਟ ਬਣਾਉਂਦਾ ਹੈ। ਇਸ ਦੀ ਕ੍ਰਿਸਟਲ ਬਣਤਰ ਅੱਠ -ਫਲਕੀ ਹੈ ਅਤੇ ਇਹ ਖਿੱਚਣ ਨਾਲ ਟੁੱਟ ਜਾਂਦੀ ਹੈ। ਇਸ ਦੀ ਕਠੋਰਤਾ 6.25 ਅਪਵਰਤਨ ਅੰਕ 4.068-4.143 ਘਣਤਾ (25° ਸੈਂ. ਉੱਤੇ) 5.32 ਪਿਘਲਾਉ ਦਰਜਾ 958.5 ਸੈਂ. ਅਤੇ 25° ਉੱਤੇ ਵਿਸ਼ਿਸ਼ਟ ਤਾਪ 0.086 ਕੈਲੋਰੀ ਪ੍ਰਤਿ ਗ੍ਰਾਮ ਹੈ।

**ਜਰਮੇਨੀਅਮ ਦੇ ਯੋਗਿਕ**—ਇਸ ਦੇ ਦੋ ਪ੍ਰਸਿੱਧ ਯੋਗਿਕ ਡਾਈਆਕ-ਸਾਈਡ ਅਤੇ ਟੈਟ੍ਰਾਕਲੋਰਾਈਡ ਹਨ। ਡਾਈਆੱਕਸਾਈਡ ਇਕ ਚਿੱਟਾ ਰਵੇਦਾਰ ਪਦਾਰਥ ਹੈ ਜਦੋਂ ਕਿ ਟੈਟ੍ਰਾਕਲੋਰਾਈਡ ਇਕ ਵਾਸ਼ਪਸ਼ੀਲ ਰੰਗਹੀਨ ਤਰਲ ਹੈ ਜਿਹੜਾ 84° ਸੈਂ. ਉੱਤੇ ਉਬਲਦਾ ਹੈ। ਟੈੱਸਟਾਂ ਤੋਂ ਪਤਾ ਲਗਾ ਹੈ ਕਿ ਜਰਮੇਨੀਅਮ ਅਤੇ ਜਰਮੇਨੀਅਮ ਡਾਈਆੱਕਸਾਈਡ ਜ਼ਹਿਰੀਲੇ ਨਹੀਂ। ਟੈਟ੍ਰਾਕ-ਲੋਰਾਈਡ ਨੂੰ ਜਦੋਂ ਸੁੰਘਿਆ ਜਾਂਦਾ ਹੈ ਤਾਂ ਜਲਨ (ਖ਼ੁਰਕ) ਪੈਦਾ ਹੁੰਦੀ ਹੈ।

**ਜਰਮੇਨੀਅਮ ਦੇ ਲਾਭ**—ਇਸ ਦੀ ਮੁੱਖ ਵਰਤੋਂ ਇਲੈੱਕਟ੍ਰਾਨਿਕਸ ਵਿਚ ਡਾਈਓਡ, ਟ੍ਰਾਂਜ਼ਿਸਟਰ ਅਤੇ ਰੈੱਕਟੀਫਾਇਰ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਇਹ ਸਾਰੇ ਦਾ ਵਿਸ਼ੇਸ਼ ਗੁਣ ਪ੍ਰਕਾਸ਼-ਬਿੱਜਲੀ ਪ੍ਰਭਾਵ ਹੈ, ਜਿਸ ਦੀ ਵਰਤੋਂ ਵਪਾਰਕ ਤੌਰ ਤੇ ਫ਼ੋਟੋਡਾਈਓਡ, ਜਿਹੜੀ ਕਿ 'ਇਲੈੱਕਟ੍ਰਿਕ ਆਈ' ਨਾਲੋਂ ਲਾਹੇਵੰਦ ਹੈ ਵਿਚ ਕੀਤੀ ਜਾਂਦੀ ਹੈ। ਟ੍ਰਾਂਜ਼ਿਸਟਰਾਂ ਨੇ ਕੰਪਿਊਟਰਾਂ (ਜਿਨ੍ਹਾਂ ਨੂੰ 'ਇਲੈੱਕਟ੍ਰਾਨੀ ਦਿਮਾਗ' ਕਿਹਾ ਜਾਂਦਾ ਹੈ) ਦੀ ਬਣਤਰ ਕਾਫ਼ੀ ਸਰਲ ਬਣਾ ਦਿੱਤੀ ਹੈ।

ਜਰਮੇਨੀਅਮ ਇਨਫ੍ਰਾਰੈੱਡ ਪ੍ਰਕਾਸ਼ਪ੍ਰਤਿ ਪਾਰਦਰਸ਼ੀ ਹੁੰਦਾ ਹੈ, ਇਸ ਲਈ ਜਰਮੇਨੀਅਮ ਲੈਂਜ਼ਾਂ ਦੀ ਵਰਤੋਂ ਉਦਯੋਗਕ ਅਤੇ ਵਿਗਿਆਨਿਕ ਇਨਫ੍ਰਾਰੈੱਡ ਕੰਮਾਂ ਵਿਚ ਕੀਤੀ ਜਾਂਦੀ ਹੈ। ਸ਼ੀਸ਼ਿਆਂ ਵਿਚ ਸਿਲਿਕਾ ਦੀ ਥਾਂ ਜਰਮੇਨੀਅਮ ਡਾਈਆੱਕਸਾਈਡ ਵਰਤਿਆ ਜਾ ਸਕਦਾ ਹੈ। ਮੈਗਨੀਸ਼ੀਅਮ ਅਤੇ ਜਿਸਤ ਜਰਮਨੈਟਾਂ ਦੀ ਵਰਤੋਂ ਪ੍ਰਤਿਦੀਪਤੀਸ਼ੀਲ ਲੈਂਪਾਂ ਦੇ ਫ਼ਾੱਸਫ਼ੋਰਾਂ ਵਿਚ ਜਿਹੜੇ ਹਨੇਰੇ ਵਿਚ ਚਮਕਦੇ ਹਨ ਕੀਤੀ ਜਾਂਦੀ ਹੈ। ਜਰਮੇਨੀਅਮ +92% ਸੋਨੇ ਦੀ ਮਿਸ਼ਰਿਤ ਧਾਤ ਦੀ ਵਰਤੋਂ ਦੰਦ-ਸ਼ਾਜ਼ੀ ਵਿਚ ਕੀਤੀ ਜਾਂਦੀ ਹੈ। ਮੈਗਨੀਸ਼ੀਅਮ ਨਾਲ ਰਲ ਕੇ ਬਣੀ ਮਿਸ਼ਰਿਤ ਧਾਤ ($Mg_2\ Ge$) ਹਲਕੇ ਤੇਜ਼ਾਬਾਂ ਨਾਲ ਕਿਰਿਆ ਕਰਕੇ ਅਜਿਹੇ ਵਾਸ਼ਪਸ਼ੀਲ ਹਾਈਡ੍ਰਾਈਡ (ਜਰਮੇਨ) ਬਣਾਉਂਦੀ ਹੈ, ਜਿਹੜੇ ਹਾਈਡ੍ਰੋਕਾਰਬਨ ਦੀ ਮੀਥੇਨ ਸੀਰੀਜ਼ ਨਾਲ ਮਿਲਦੇ ਜੁਲਦੇ ਹਨ।

ਹ. ਪੁ. -ਮੈਕ. ਐਨ. ਸ. ਟ. 6:176

**ਜਰਵੈਸ (ਫ਼ਰਾਂਸਵਾ, ਲੂਈ) ਪਾਲ** : ਇਹ ਇਕ ਫ਼ਰਾਂਸੀਸੀ ਫ਼ਾੱਸਿਲ ਵਿਗਿਆਨੀ ਅਤੇ ਪ੍ਰਾਣੀ ਵਿਗਿਆਨੀ ਹੋਇਆ ਹੈ ਜਿਸ ਨੂੰ ਬਹੁਤਾ ਕਰਕੇ ਰੀੜ੍ਹਧਾਰੀ ਪ੍ਰਾਣੀਆਂ ਦੇ ਪਥਰਾਟਾਂ ਉਤੇ ਉਸਦੇ ਅਧਿਐਨ ਕਰਕੇ ਜਾਣਿਆ ਜਾਂਦਾ ਹੈ। ਇਸ ਦਾ ਜਨਮ 26 ਸਤੰਬਰ, 1816 ਨੂੰ ਪੈਰਿਸ ਵਿਖੇ ਹੋਇਆ ਅਤੇ ਇਥੋਂ ਹੀ ਇਸ ਨੇ ਵਿਗਿਆਨ

ਅਤੇ ਮੈਡੀਸਨ ਵਿਚ ਡਾਕਟਰੇਟ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਸੰਨ 1845 ਵਿਚ ਇਹ ਮਾਨਪੈੱਲਿਏ ਦੀ ਫ਼ੈਕਲਟੀ ਆਫ਼ ਸਾਇੰਸ ਦੀ ਪ੍ਰਾਣੀ ਵਿਗਿਆਨ ਅਤੇ ਤੁਲਨਾਤਮਕ ਐਨਾਟਮੀ ਦੀ ਚੇਅਰ ਲਈ ਅਤੇ 1856 ਵਿਚ ਇਥੋਂ ਦਾ ਡੀਨ ਨਿਯੁਕਤ ਹੋਇਆ। ਸੰਨ 1865 ਵਿਚ ਇਹ ਪੈਰਿਸ ਪਰਤਿਆ ਅਤੇ ਤਿੰਨ ਸਾਲ ਬਾਅਦ ਮਿਊਜ਼ੀਅਮ ਵਿਚ ਕਿਊਵੀਏ ਅਤੇ ਬਲੈਨਵੀਲ ਦੀ ਚੇਅਰ ਸੰਭਾਲੀ।

ਇਸ ਦੀਆਂ ਮੁੱਖ ਲਿਖਤਾਂ Zoologie et paleontologie francaises (1848-75), Zoologie et paleontologie generales (1867-75) ਅਤੇ Van Beneden ਦੇ ਨਾਲ ਵੇਲ੍ਹ ਮੱਛੀਆਂ ਉੱਤੇ ਇਕ ਲੜੀ Osteographil des cetaces vivants et fossiles (1868 et Seq) ਰੀੜ੍ਹਧਾਰੀ ਪ੍ਰਾਣੀਆਂ ਉੱਤੇ ਕਈ ਲਿਖਤਾਂ, thistoire naturelle des manmmiferes (1855), Zoologie medicale (1859) ਆਦਿ ਹਨ।

10 ਫ਼ਰਵਰੀ, 1879 ਨੂੰ ਪੈਰਿਸ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ -ਐਨ. ਬ੍ਰਿ. 10: 322

**ਜਰਾਸੰਧ** : ਇਹ ਮਗਧ ਦਾ ਰਾਜਾ, ਬ੍ਰਿਹਦਰਥ ਦਾ ਪੁੱਤਰ, ਕੰਸ ਦਾ ਸਹੁਰਾ ਅਤੇ ਸ੍ਰੀ ਕ੍ਰਿਸ਼ਨ ਦਾ ਵੱਡਾ ਵੈਰੀ ਸੀ। ਮਹਾਂਭਾਰਤ ਅਤੇ ਭਾਗਵਤ ਪੁਰਾਣ ਅਨੁਸਾਰ ਰਾਜਾ ਬ੍ਰਿਹਦਰਥ ਨੇ ਸੰਤਾਨ ਲਈ ਚੰਡਕੌਸ਼ਿਕ ਰਿਸ਼ੀ ਤੋਂ ਇਕ ਫਲ ਪ੍ਰਾਪਤ ਕੀਤਾ। ਰਾਜਾ ਬ੍ਰਿਹਦਰਥ ਨੇ ਇਸ ਫਲ ਨੂੰ ਦੋ ਟੁਕੜਿਆਂ ਵਿਚ ਵੰਡ ਕੇ ਆਪਣੀਆਂ ਦੋ ਰਾਣੀਆਂ ਨੂੰ ਦੇ ਦਿੱਤਾ। ਫਲਸਰੂਪ ਦੋਵਾਂ ਰਾਣੀਆਂ ਤੋਂ ਅੱਧਾ-ਅੱਧਾ ਬਾਲਕ ਪੈਦਾ ਹੋਇਆ। ਰਾਜੇ ਨੇ ਇਹ ਦੋਵੇਂ ਟੁਕੜੇ ਸਮਸ਼ਾਨ ਵਿਚ ਸੁਟਵਾ ਦਿੱਤੇ। ਸ਼ਮਸ਼ਾਨ ਵਿਚ ਰਹਿੰਦੀ ਜਰਾ ਰਾਖਸ਼ੀ ਨੇ ਦੋਵੇਂ ਟੁਕੜਿਆਂ ਨੂੰ ਜੋੜ ਕੇ ਬੱਚਾ ਜ਼ਿੰਦਾ ਕਰ ਦਿੱਤਾ। ਇਸੇ ਕਾਰਨ ਇਸ ਦਾ ਨਾਂ ਜਰਾਸੰਧ ਪਿਆ। ਜੁੜਨ ਤੇ ਇਹ ਬੱਚਾ ਇੰਨੇ ਜ਼ੋਰ ਨਾਲ ਚੀਕਿਆ ਕਿ ਰਾਜਾ ਅਤੇ ਦੋਵੇਂ ਰਾਣੀਆਂ ਬਾਹਰ ਆ ਗਈਆਂ। ਰਾਖਸ਼ੀ ਨੇ ਜੋ ਕੁਝ ਵਾਪਰਿਆ ਸੀ ਰਾਜੇ ਨੂੰ ਕਹਿ ਸੁਣਾਇਆ ਅਤੇ ਉਸ ਨੂੰ ਬਾਲਕ ਦੇ ਕੇ ਆਖਿਆ ਕਿ ਇਹ ਬਾਲਕ ਮਹਾਂ ਪ੍ਰਤਾਪੀ ਹੋਵੇਗਾ। ਜਦ ਤੱਕ ਇਸ ਦਾ ਜੋੜ ਨਹੀਂ ਖੁਲ੍ਹੇਗਾ ਤਦ ਤੱਕ ਇਸ ਦੀ ਮੌਤ ਨਹੀਂ ਹੋਵੇਗੀ।

ਇਹ ਸ਼ਿਵ ਜੀ ਦਾ ਅਨਿੰਨ ਭਗਤ ਸੀ। ਇਸ ਨੇ ਬਹੁਤ ਰਾਜਿਆਂ ਉਪਰ ਜਿੱਤ ਪ੍ਰਾਪਤ ਕੀਤੀ। ਇਸ ਦਾ ਸ੍ਰੀ ਕ੍ਰਿਸ਼ਨ ਨਾਲ ਅਠਾਰ੍ਹਾਂ ਵਾਰ ਯੁੱਧ ਹੋਇਆ। ਸ੍ਰੀ ਕ੍ਰਿਸ਼ਨ ਨੇ ਇਸ ਦੀਆਂ ਦੋ ਧੀਆਂ 'ਅਸਤਿ ਅਤੇ ਪ੍ਰਾਪਤੀ' ਦੇ ਪਤੀ ਕੰਸ ਨੂੰ ਮਾਰ ਦਿੱਤਾ ਸੀ।

ਯੁਧਿਸ਼ਟਰ ਦੇ ਰਾਜਸੂ ਯੱਗ ਸਮੇਂ ਭੀਮ ਅਤੇ ਜਰਾਸੰਧ ਦਾ ਮੱਲ ਯੁੱਧ ਹੋਇਆ। ਕ੍ਰਿਸ਼ਨ ਜੀ ਨੇ ਜਰਾਸੰਧ ਦੇ ਸਰੀਰ ਦੇ ਦੋ ਟੁਕੜੇ ਕਰਨ ਲਈ ਇਕ ਤੀਲਾ ਚੀਰ ਕੇ ਭੀਮ ਨੂੰ ਸੰਕੇਤ ਦਿੱਤਾ। ਭੀਮ ਨੇ ਜਰਾ ਰਾਖਸ਼ੀ ਦਾ ਲਾਇਆ ਜੋੜ ਤੋੜ ਦਿੱਤਾ ਅਤੇ ਜਰਾਸੰਧ ਦੀ ਮੌਤ ਹੋ ਗਈ।

ਹ. ਪੁ. -ਹਿੰ. ਕੋ. 281; ਗੁ. ਨਾ. ਸ. ਰ. ਰ. 187; ਹਿੰ. ਸਾ. ਕੋ; ਹਿੰ. ਵਿ. ਕੋ. 4: 400

**ਜਰਾਸੀਮ** : ਵੇਖੋ, ਬੁੱਢਾਪਾ ਰੋਗ

**ਜੱਰਾਹ (ਸਰਜਨ)** : ਮਨੁੱਖੀ ਸਰੀਰ ਦੇ ਇਲਾਜ ਲਈ ਚੀਰ ਫਾੜ ਜਾਂ ਸਰਜਰੀ ਕਰਨ ਵਾਲੇ ਡਾਕਟਰ ਨੂੰ ਜੱਰਾਹ ਕਿਹਾ ਜਾਂਦਾ ਹੈ। ਇਹ ਇਕ ਅਰਬੀ ਸ਼ਬਦ ਹੈ ਅਤੇ ਅਰਬੀ ਸਾਹਿਤ ਵਿਚ 9ਵੀਂ ਸਦੀ ਤੋਂ ਇਸਦਾ ਜ਼ਿਕਰ ਮਿਲਦਾ ਹੈ। ਇਸ ਮਗਰੋਂ ਇਸਨੂੰ ਡਾਕਟਰੀ ਗਿਆਨ ਵਿਚ ਵੀ ਆਮ ਪਾਇਆ ਗਿਆ ਕਿਉਂਕਿ ਸਮਾਜ ਵਿਚ ਇਸ ਸਮੇਂ ਤੀਕ ਇਸਦੀ ਇਕ ਵਿਸ਼ੇਸ਼ ਥਾਂ ਨਿਸ਼ਚਿਤ ਹੋ ਗਈ ਸੀ। ਇਸਲਾਮ ਧਰਮ ਵਿਚ ਕਿਸੇ ਵੀ ਕਾਰਨ ਲਈ ਮਨੁੱਖੀ ਜਾਂ ਪਸ਼ੂ ਸਰੀਰ ਵਿਚ ਚੀਰ ਫਾੜ ਕਰਕੇ ਜਾਂ ਹੋਰ ਕਿਸੇ ਸਾਧਨ ਰਾਹੀਂ ਵਿਘਨ ਪਾਉਣ ਦੀ ਮਨਾਹੀ ਸੀ। ਵਿਸ਼ਵ ਪ੍ਰਸਿੱਧ ਮੁਸਲਮਾਨ ਡਾਕਟਰ ਇਬਨ ਸੀਨਾ ਅਤੇ ਇਬਨ ਜ਼ੁਹਰ ਦੀ ਇਸ ਪ੍ਰਣਾਲੀ ਨੂੰ ਨਿਮਨ ਦਰਜੇ ਦੀ ਅਤੇ ਵਿਸ਼ੇਸ਼ ਜੱਰਾਹਾਂ ਅਤੇ ਮੁਜਬਿਲਾਂ (ਹੱਡੀਚਿਕਿਤਸਕ) ਦਾ ਕੰਮ ਮੰਨਦੇ ਸਨ। ਇਬਨ ਸੀਨਾ ਨੇ ਆਪਣੀ ਪੁਸਤਕ 'ਕਾਨੂੰਨ' ਵਿਚ 'ਇਲਮ-ਅਲ-ਜੱਰਾਹ' ਲੇਖ ਹੇਠ ਇਸ ਪ੍ਰਣਾਲੀ ਬਾਰੇ ਬਹੁਤ ਵਿਸਤਾਰ ਨਾਲ ਲਿਖਿਆ ਹੈ। ਅਲ-ਮਜੂਸੀ ਵਰਗੇ ਪ੍ਰਸਿੱਧ ਡਾਕਟਰ ਨੇ 'ਕਾਮਿਲ-ਅਲ-ਸੀਨਾ' ਪੁਸਤਕ ਵਿਚ ਵੀ ਇਸ ਪ੍ਰਣਾਲੀ ਉਪਰ ਵਿਸ਼ੇਸ਼ ਚਰਚਾ ਕੀਤੀ ਸੀ। ਇਸਲਾਮ ਧਰਮ ਵਿਚ ਇਸ ਪ੍ਰਣਾਲੀ ਪ੍ਰਤਿ ਵਿਰੋਧ ਦੇ ਬਾਵਜੂਦ ਅਰਬੀ ਡਾਕਟਰੀ ਵਿਦਿਆ ਵਿਚ ਇਸ ਪ੍ਰਣਾਲੀ ਅਤੇ ਜੱਰਾਹਾਂ ਦੀ ਵਿਸ਼ੇਸ਼ ਮਹੱਤਤਾ ਮੰਨੀ ਜਾਂਦੀ ਹੈ। ਇਕ ਹੋਰ ਪ੍ਰਸਿੱਧ ਡਾਕਟਰ ਅਲ ਜ਼ਹਰਾਵੀ ਨੇ ਆਪਣੀ ਰਚਨਾ 'ਕਿਤਾਬ-ਅਲ-ਤਸ਼ਰੀਫ਼' ਰਾਹੀਂ ਪੱਛਮੀ ਸੱਭਿਅਤਾ ਨੂੰ ਇਸ ਪ੍ਰਣਾਲੀ ਸਬੰਧੀ ਜਾਣਕਾਰੀ ਦਿੱਤੀ। ਮੱਧਕਾਲ ਵਿਚ ਅਰਬ ਅਤੇ ਯੂਰਪ ਵਿਚ ਇਹ ਚੀਰ ਫਾੜ ਦੀ ਪ੍ਰਣਾਲੀ ਲਗਭਗ ਨਾਲ ਨਾਲ ਅਤੇ ਇਕੋ ਜਿਹੇ ਹਾਲਾਤਾਂ ਵਿਚ ਵਿਕਸਿਤ ਹੋਈ। ਇਸ ਦੇ ਵਿਕਸਿਤ ਹੋਣ ਨਾਲ ਜੱਰਾਹਾਂ ਨੂੰ ਵੀ ਵਿਸ਼ੇਸ਼ ਸਥਾਨ ਅਤੇ ਮਾਨਤਾ ਪ੍ਰਾਪਤ ਹੋਈ।

ਹ. ਪੁ. -ਹਿੰ. ਵਿ. ਕੋ. 4: 403

**ਜਰਾ ਵਿੱਦਿਆ ਅਤੇ ਜਰਾ-ਰੋਗ-ਵਿੱਦਿਆ** : ਵੇਖੋ, ਜੀਵਾਣੂ

**ਜਰਿੰਗ, ਰੂਡਾੱਲਫ ਫ਼ਾੱਨ** : ਜਰਮਨੀ ਦੇ ਇਸ ਕਾਨੂੰਨ-ਦਾਨ ਦਾ ਜਨਮ 22 ਅਗਸਤ, 1818 ਨੂੰ ਈਸਟ ਫਾਈਜ਼ਲੈਂਡ ਵਿਚ ਔਰਿਕ ਵਿਖੇ ਹੋਇਆ। ਸ਼ੁਰੂ ਸ਼ੁਰੂ ਵਿਚ ਇਸ ਨੇ ਕਬਜ਼ੇ ਸਬੰਧੀ ਇਕ ਪ੍ਰਮਾਣਿਕ ਪੁਸਤਕ ਲਿਖੀ ਜਿਸ ਵਿਚ ਇਸ ਨੇ ਮਨੋਭਾਵ ਸਬੰਧੀ ਵਿਸ਼ਲੇਸ਼ਣ ਦੇ ਰਵਾਇਤੀ ਕਾਨੂੰਨੀ ਤਰੀਕੇ ਵਰਤੇ। ਪਿੱਛੋਂ ਇਸਨੇ ਧਾਰਨਾ ਛੱਡ ਦਿੱਤੀ ਅਤੇ ਕਾਨੂੰਨ ਸਬੰਧੀ ਇਕ ਪੁਸਤਕ ਲਿਖੀ ਜਿਸ ਦਾ ਅੰਗਰੇਜ਼ੀ ਅਨੁਵਾਦ 'ਲਾਅ ਐਜ਼ ਏ ਮੀਨਜ਼ ਟੂ ਐਨ ਐਂਡ' ਸੀ। ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਜਰਿੰਗ ਆਰਥਿਕ ਅਤੇ ਸਮਾਜਿਕ ਤਬਦੀਲੀ ਪ੍ਰਤੀ ਕਿੰਨਾ ਸੰਵੇਦਨਸ਼ੀਲ ਸੀ। ਉਸ ਸਮੇਂ ਜਰਮਨੀ ਵਿਚ ਬਹੁਤ ਹੀ ਮਹਤੱਵਪੂਰਨ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਹੋ ਰਹੀਆਂ ਸਨ ਅਤੇ ਮਾਲਕਾਂ ਦੀ ਇਹ ਜ਼ਿੰਮੇਵਾਰੀ ਬਣ ਰਹੀ ਸੀ ਕਿ ਉਹ ਆਪਣੇ ਮੁਲਾਜ਼ਮਾਂ ਲਈ ਬੀਮਾਰੀ, ਦੁਰਘਟਨਾ ਅਤੇ ਬੁਢਾਪਾ ਬੀਮਾ ਲਾਗੂ ਕਰਨ।

ਰੋਮਨ ਕਾਨੂੰਨ ਸਬੰਧੀ ਲਿਖੀ ਪੁਸਤਕ 'Der Geist des romischen Rechts' ਵਿਚ ਇਸ ਨੇ ਸਮਾਜਿਕ ਤਬਦੀਲੀਆਂ ਨਾਲ (4 ਜਿਲਦਾਂ, 1852-65) ਕਾਨੂੰਨ ਦੇ ਸਬੰਧ ਨੂੰ ਵਿਸਥਾਰ ਪੂਰਵਕ ਪੇਸ਼ ਕੀਤਾ।

17 ਸਤੰਬਰ, 1892 ਨੂੰ ਗਟਿੰਗੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 12: 1083

**ਜ਼ਰੀ** : ਇਹ ਸੋਨੇ ਦਾ ਪਾਣੀ ਚੜ੍ਹੀ ਹੋਈ ਤਾਰ ਹੈ ਅਤੇ ਇਸ ਤਾਰ ਤੋਂ ਬਣੇ ਕੱਪੜਿਆਂ ਨੂੰ ਵੀ ਜ਼ਰੀ ਕਿਹਾ ਜਾਂਦਾ ਹੈ। ਜ਼ਰੀ ਦੇ ਕੱਪੜੇ ਸੋਨਾ, ਚਾਂਦੀ ਤੇ ਰੇਸ਼ਮ ਤਿੰਨ ਤਰ੍ਹਾਂ ਦੀਆਂ ਤਾਰਾਂ ਦੇ ਮਿਸ਼ਰਣ ਤੋਂ ਬਣਦੇ ਹਨ। ਇਨ੍ਹਾਂ ਤਾਰਾਂ ਦੀ ਸਹਾਇਤਾ ਨਾਲ ਵੇਲ ਬੂਟੇ ਬਣਾਏ ਜਾਂਦੇ ਹਨ। ਭਾਰਤੀ ਖੀਨਖ਼ਾਬ ਜਾਂ ਖੀਨਖ਼ਾਫ਼ ਅਤੇ ਪ੍ਰਸ਼ੀਅਨ ਸੁਨਿਹਰੀ ਤਾਰਾਂ ਅਤੇ ਰੇਸ਼ਮ ਦੇ ਕੱਪੜਿਆਂ ਨੂੰ ਵੀ ਲੋਕ ਜ਼ਰੀ ਕਹਿੰਦੇ ਹਨ। ਅਸਲ ਵਿਚ ਇਹ ਜ਼ਰੀ ਨਹੀਂ ਹੈ ਕਿਉਂਕਿ ਇਨ੍ਹਾਂ ਕੱਪੜਿਆਂ ਵਿਚ ਜ਼ਰੀ ਵਰਗੀ ਸਜਾਵਟ ਨਹੀਂ ਹੁੰਦੀ। ਇੰਗਲੈਂਡ, ਫ਼ਰਾਂਸ, ਰੋਮ, ਚੀਨ ਅਤੇ ਜਾਪਾਨ ਵਿਚ ਜ਼ਰੀ ਦੀ ਵਰਤੋਂ ਪ੍ਰਾਚੀਨ ਕਾਲ ਤੋਂ ਕੀਤੀ ਜਾਂਦੀ ਹੈ। ਕਾਸ਼ੀ ਸ਼ਹਿਰ ਜ਼ਰੀ ਉਦਯੋਗ ਦਾ ਕੇਂਦਰ ਰਿਹਾ ਹੈ। ਬਨਾਰਸ ਦੀਆਂ ਪ੍ਰਸਿੱਧ ਬਨਾਰਸੀ ਸਾੜ੍ਹੀਆਂ ਅਤੇ ਦੁਪੱਟੇ ਸਦੀਆਂ ਤੋਂ ਲੋਕਪ੍ਰਿਯ ਰਹੇ ਹਨ। ਅੱਜਕਲ੍ਹ ਇਨ੍ਹਾਂ ਦੀ ਖ਼ਪਤ ਅਮਰੀਕਾ, ਬਰਤਾਨੀਆ ਅਤੇ ਰੂਸ ਆਦਿ ਵਿਚ ਬਹੁਤ ਹੋ ਰਹੀ ਹੈ। ਪਹਿਲਾਂ ਚਾਂਦੀ ਦੀਆਂ ਤਾਰਾਂ ਨੂੰ ਸੋਨੇ ਦੇ ਪਤਲੇ ਪੱਤਰਿਆਂ ਉੱਤੇ ਖਿੱਚ ਕੇ ਸੁਨਹਿਰੀ ਬਣਾਇਆ ਜਾਂਦਾ ਸੀ ਪਰੰਤੂ ਵਿਗਿਆਨ ਦੀ ਉੱਨਤੀ ਨੇ ਇਸ ਵਿਧੀ ਦੀ ਥਾਂ ਬਿਜਲਈ ਲੇਪਣ ਵਿਧੀ ਸ਼ੁਰੂ ਕੀਤੀ। ਵਿਦੇਸ਼ ਤੋਂ ਆਉਣ ਵਾਲੀਆਂ ਜ਼ਰੀ ਦੀਆਂ ਤਾਰਾਂ ਨੂੰ ਇਸੇ ਢੰਗ ਨਾਲ

ਸੁਨਿਹਰੀ ਬਣਾਇਆ ਜਾਂਦਾ ਹੈ ਅਤੇ ਭਾਰਤੀ ਢੰਗ ਨਾਲ ਬਣੀਆਂ ਤਾਰਾਂ ਨਾਲੋਂ ਸਸਤੀਆਂ ਵੀ ਹਨ।

ਹੁਣ ਜ਼ਰੀ ਸ਼ਬਦ ਦੀ ਵਰਤੋਂ ਕਈ ਕਿਸਮ ਦੇ ਕਢਾਈ ਨਮੂਨਿਆਂ ਵਾਲੇ ਸੂਤੀ ਕੱਪੜਿਆਂ ਲਈ ਵੀ ਕੀਤੀ ਜਾਂਦੀ ਹੈ।

ਹ. ਪੁ.–ਹਿੰ. ਵਿ. ਕੋ. 4: 400

**ਜਰੀਡੀਹ ਬਾਜ਼ਾਰ** : ਇਹ ਬਿਹਾਰ ਰਾਜ ਦੇ ਹਜ਼ਾਰੀਬਾਗ਼ ਜ਼ਿਲ੍ਹੇ ਵਿਚ ਸਥਿਤ ਇਕ ਪ੍ਰਸਿੱਧ ਵਪਾਰਕ ਕੇਂਦਰ ਹੈ। ਜਾਰੰਗਡੀਹ ਕੋਲੇ ਦੀ ਖਾਣ ਨੇੜੇ ਹੋਣ ਕਾਰਨ ਇਹ ਨਗਰ ਕਾਫ਼ੀ ਤਰੱਕੀ ਕਰ ਰਿਹਾ ਹੈ। ਇਥੋਂ ਦਾ ਬਾਜ਼ਾਰ ਕੋਲੇ ਦੇ ਖੇਤਰਾਂ ਵਿਚ ਬਹੁਤ ਪ੍ਰਸਿੱਧ ਹੈ। ਇਥੋਂ ਹੀ ਗਿਰੀਡੀਹ ਅਤੇ ਚਾਸ ਜਾਣ ਲਈ ਬੱਸਾਂ ਮਿਲਦੀਆਂ ਹਨ।

ਹ. ਪੁ.–ਹਿੰ. ਵਿ. ਕੋ. 4: 400

**ਜ਼ਰੀਫ਼, ਸੱਯਦ ਮਕਬੂਲ ਹੁਸੈਨ** : ਇਹ ਉਰਦੂ ਕਵੀ ਸੀ। ਇਸ ਦਾ ਪੂਰਾ ਨਾਂ ਸੱਯਦ ਮਕਬੂਲ ਹੁਸੈਨ ਜ਼ਰੀਫ਼ ਸੀ। ਇਸ ਦਾ ਜਨਮ 24 ਫ਼ਰਵਰੀ, 1870 ਨੂੰ ਲਖ਼ਨਊ ਵਿਚ ਹੋਇਆ। ਬਚਪਨ ਤੋਂ ਹੀ ਇਸ ਵਿਚ ਸ਼ੋਖੀ ਅਤੇ ਬੇਬਾਕੀ ਸੀ। ਇਸ ਦੀ ਮੁੱਢਲੀ ਸਿੱਖਿਆ ਕੁਰਾਨ ਮਜੀਦ ਤੋਂ ਸ਼ੁਰੂ ਹੋਈ। ਮਗਰੋਂ ਇਸ ਨੇ ਉਰਦੂ ਤੇ ਫ਼ਾਰਸੀ ਪੜ੍ਹੀ। ਅੰਗ੍ਰੇਜ਼ੀ ਭਾਵੇਂ ਘੱਟ ਪੜ੍ਹੀ ਪਰ ਕਿਤਾਬਾਂ ਪੜ੍ਹਨ ਦੇ ਸ਼ੌਕ ਕਰਕੇ ਆਮ-ਵਾਕਫ਼ੀ ਚੰਗੀ ਸੀ। ਆਪਣੇ ਵੱਡੇ ਭਰਾ 'ਸ਼ੁਫ਼ੀ' ਤੋਂ ਇਸ ਨੂੰ ਸ਼ਿਅਰੋ-ਸ਼ਾਇਰੀ ਦਾ ਸ਼ੌਕ ਪੈਦਾ ਹੋਇਆ। ਆਪਣੇ ਭਰਾ ਵਾਂਗ ਜ਼ਰੀਫ਼ ਨੇ ਵੀ ਉਰਦੂ ਜ਼ਬਾਨ ਦੀਆਂ ਖ਼ਾਮੀਆਂ ਦੂਰ ਕਰਨ ਅਤੇ ਇਸ ਵਿਚ ਨਫ਼ਾਸਤ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਹ ਹੋਰਾਂ ਦੀਆਂ ਗਲਤੀਆਂ ਦਾ ਮਜ਼ਾਕ ਉਡਾ ਕੇ ਅਤੇ ਲੋਕਾਂ ਨੂੰ ਹਸਾ ਕੇ ਉਨ੍ਹਾਂ ਦੀਆਂ ਗਲਤੀਆਂ ਦੂਰ ਕਰਨ ਦੀ ਕੋਸ਼ਿਸ਼ ਕਰਦਾ। ਇਵੇਂ ਹੀ ਸਿਆਸੀ ਅਤੇ ਸਮਾਜੀ ਖ਼ਰਾਬੀਆਂ ਦਾ ਵੀ ਮਖ਼ੌਲ ਉਡਾਉਂਦਾ ਅਤੇ ਸੁਧਾਰ ਲਿਆਉਣ ਦੇ ਉਪਰਾਲੇ ਕਰਦਾ। ਇਹ ਖ਼ੁਦ ਕਿੰਨਾ ਜਾਗਰਤ ਸੀ, ਇਸ ਗੱਲ ਦਾ ਸਬੂਤ ਇਸ ਦੀਆਂ ਨਜ਼ਮਾਂ ਬਖਿਲ ਆਬ ਰਸਾਨੀ, ਕੌਂਸਲ ਇਲੈਕਸ਼ਨ, ਰੇਸ, ਹਮਾਰੇ ਲੀਡਰ, ਜ਼ਲਜ਼ਲਾ ਬਹਾਰ, ਫ਼ਗਾਨੇ ਲਖ਼ਨਊ ਅਤੇ ਹੋਮ ਰੂਲ ਆਦਿ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਜ਼ਰੀਫ਼ ਇਕ ਬਹੁਤ ਸਮਝਦਾਰ ਅਤੇ ਅਨੁਭਵੀ ਮਨੁੱਖ ਸੀ। ਜਿਥੇ ਇਹ ਆਪਣੀਆਂ ਵਧੇਰੀਆਂ ਨਜ਼ਮਾਂ ਵਿਚ ਹਸਦਾ ਹਸਾਉਂਦਾ ਹੀ ਦਿਖਾਈ ਦਿੰਦਾ ਹੈ ਉਥੇ ਲੋੜ ਪੈਣ ਤੇ ਸੰਜੀਦਾ ਵੀ ਹੈ ਅਤੇ ਰੁਆਉਂਦਾ ਵੀ ਹੈ। ਇਸ ਦੀ ਬੋਲੀ ਠੇਠ ਅਤੇ ਢੁੱਕਵੇਂ ਮੁਹਾਵਰਿਆਂ ਨਾਲ ਭਰਪੂਰ ਹੈ। ਇਸ ਦਾ ਬਿਆਨ ਕਰਨ ਦਾ ਢੰਗ ਕਮਾਲ ਦਾ ਸੀ। ਹਾਸੇ ਹਾਸੇ ਵਿਚ ਹੀ ਬਹੁਤ ਖ਼ੂਬਸੂਰਤ ਤੇ ਸੁਧਾਰਵਾਦੀ ਨਜ਼ਮਾਂ ਲਿਖ ਸਕਣੀਆਂ ਜ਼ਰੀਫ਼ ਦੀ ਵਡਿਆਈ ਸੀ। ਇਸ ਦੀ ਮੌਤ ਤੋਂ ਮਗਰੋਂ ਵੀ ਸਾਹਿਤਕ ਖੇਤਰਾਂ ਵਿਚ ਇਸ ਨੂੰ ਬਹੁਤ ਮਾਣ ਵਡਿਆਈ ਮਿਲਦੀ ਰਹੀ।

30 ਦਸੰਬਰ, 1937 ਨੂੰ ਲਖ਼ਨਊ ਵਿਚ ਜ਼ਰੀਫ਼ ਦੀ ਮੌਤ ਹੋਈ। ਸੰਨ 1949 ਵਿਚ ਇਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਦੀਵਾਨ ਜੀ' ਨਾਂ ਹੇਠ ਪ੍ਰਕਾਸ਼ਿਤ ਹੋਇਆ।

ਹ. ਪੁ.–ਤਾਰੀਖ਼ ਅਦਬ ਉਰਦੂ-ਸੱਯਦ ਇਅਜਾਜ਼ ਹੁਸੈਨ

**ਜਰੇਜ ਹਾਈਨਰਿਕ** : ਜਰਮਨੀ ਦਾ ਇਕ ਇਤਿਹਾਸਕਾਰ ਸੀ ਜਿਸ ਦਾ ਜਨਮ 31 ਅਕਤੂਬਰ, 1817 ਨੂੰ ਪ੍ਰਸ਼ਾਅ ਵਿਚ ਜ਼ਨਸ ਵਿਖੇ ਹੋਇਆ। ਯਹੂਦੀਆਂ ਦਾ ਇਤਿਹਾਸ ਇਸ ਦੀ ਇਕ ਮਹੱਤਵਪੂਰਨ ਕਿਰਤ ਸੀ ਜਿਹੜੀ ਇਸ ਖੇਤਰ ਵਿਚ ਪਹਿਲੀ ਪ੍ਰਮਾਣਿਕ ਰਚਨਾ ਬਣੀ।

ਇਹ ਉੱਘੇ ਵਿਦਵਾਨ ਰਾਬੀ ਸੈਮਸਨ ਰੈਫ਼ੀਅਲ ਹਰਸਕ ਦਾ ਸ਼ਾਗਿਰਦ ਸੀ ਅਤੇ ਇਸ ਨੇ ਇਸ ਦਾ ਬਹੁਤ ਪ੍ਰਭਾਵ ਕਬੂਲਿਆ। ਸੰਨ 1847 ਵਿਚ ਯੇਨਾ ਯੂਨੀਵਰਸਿਟੀ ਤੋਂ ਡਾਕਟਰੀ ਦੀ ਡਿਗਰੀ ਹਾਸਲ ਕੀਤੀ। ਸੰਨ 1854 ਵਿਚ ਇਹ ਬ੍ਰੈਸੱਲੌਉ ਵਿਖੇ ਪਾਦਰੀਆਂ ਦੇ ਟ੍ਰੇਨਿੰਗ ਕਾਲਜ ਵਿਚ ਅਧਿਆਪਕ ਲੱਗ ਗਿਆ ਅਤੇ ਇਥੇ ਇਹ ਆਪਣੀ ਜ਼ਿੰਦਗੀ ਦੇ ਆਖ਼ਰੀ ਵਰ੍ਹਿਆਂ ਤੱਕ ਪੜ੍ਹਾਉਂਦਾ ਰਿਹਾ। ਸੰਨ 1869 ਵਿਚ ਇਸ ਦੀ ਬ੍ਰੈੱਸਲੌਉ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਦੀ ਨਿਯੁਕਤੀ ਹੋਈ। ਇਥੇ ਇਸ ਨੇ 11 ਜਿਲਦਾਂ ਵਿਚ ਯਹੂਦੀਆਂ ਬਾਰੇ 'ਹਿਸਟਰੀ ਆਫ਼ ਦੀ ਜਿਊਸ ਫ਼ਾਰਮ ਓਲਡੈਸਟ ਟਾਈਮਜ਼ ਟੂ ਦੀ ਪਰੈਜ਼ੰਟ' ਵਿਚ ਲਿਖਿਆ। ਇਸ ਦਾ ਸੰਖੇਪ ਅੰਗਰੇਜ਼ੀ ਰੂਪਾਂਤਰ 'ਹਿਸਟਰੀ ਆਫ਼ ਦੀ ਜਿਊਸ' ਦੇ ਨਾਂ ਹੇਠ 6 ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ।

ਇਸ ਦੇ ਕੰਮ ਨੇ ਯਹੂਦੀਵਾਦ ਦੇ ਆਗਾਮੀ ਇਤਿਹਾਸਕਾਰਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਭਾਵੇਂ ਇਨ੍ਹਾਂ ਵਿਚੋਂ ਕਈਆਂ ਨੇ ਇਸ ਦੇ ਕੰਮ ਦੀ ਆਲੋਚਨਾ ਵੀ ਕੀਤੀ। ਯਹੂਦੀ ਇਤਿਹਾਸਕਾਰ ਸਾਈਮਨ ਡਬਨੂ ਨੇ ਜਰੇਜ਼ ਨੂੰ ਆਪਣਾ ਆਭਾਰ ਪ੍ਰਗਟ ਕਰਦਿਆਂ ਉਸ ਦੀ ਕਾਲਕ੍ਰਮ ਵੱਲ ਸਮਕਾਲੀ ਪਹੁੰਚ ਦੁਆਰਾ ਪੈਦਾ ਹੋਈ ਅਸਪਸ਼ਟਤਾ ਦੀ ਨਿਖੇਧੀ ਕੀਤੀ। ਜਰੇਜ਼ ਨੇ ਸਾਰੇ ਯਹੂਦੀਆਂ ਦੇ ਇਤਿਹਾਸ ਨੂੰ ਇਕੋ ਸਮੇਂ ਵਿਚ ਰੱਖ ਕੇ ਵਾਚਿਆ ਹੈ, ਭਾਵੇਂ ਉਹ ਵੱਖ-ਵੱਖ ਰਵਾਇਤਾਂ ਦੇ ਧਾਰਨੀ ਅਤੇ ਵੱਖ-ਵੱਖ ਦੇਸ਼ਾਂ ਦੇ ਰਹਿਣ ਵਾਲੇ ਸਨ। ਇਸ ਤੋਂ ਇਲਾਵਾ ਸਾਈਮਨ ਨੇ ਜਰੇਜ਼ ਦੇ ਇਤਿਹਾਸ ਦੀ ਅਧਿਆਤਮਕ ਵਿਆਖਿਆ ਕਰਨ ਲਈ ਵੀ ਨਿੰਦਾ ਕੀਤੀ। ਉਸ ਦੇ ਮੁਤਾਬਿਕ ਇਹ ਪਹੁੰਚ ਸਮਾਜਿਕ ਅਤੇ ਆਰਥਿਕ ਕਾਰਨਾਂ ਨੂੰ ਅੱਖੋਂ ਉਹਲੇ ਕਰਦੀ ਸੀ।

7 ਸਤੰਬਰ, 1891 ਨੂੰ ਮਿਊਨਿਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 5: 404

**ਜਲ** : ਵੇਖੋ, ਪਾਣੀ

**ਜਲ–ਅਧਿਕਾਰ** : ਇੰਗਲੈਂਡ ਦੇ ਕਾਨੂੰਨ ਅਨੁਸਾਰ ਜਵਾਰੀ ਦਰਿਆਵਾਂ ਦੇ ਤਲ ਅਤੇ ਜਲ ਹੇਠਾਂ ਦੀ ਜਾਇਦਾਦ ਸਰਕਾਰ ਦੀ ਮਲਕੀਅਤ ਮੰਨੀ ਜਾਂਦੀ ਹੈ। ਇਵੇਂ ਹੀ ਜਵਾਰਭਾਟਾ-ਰਹਿਤ ਦਰਿਆ ਵਿਚਲੀ ਸਾਰੀ ਜਾਇਦਾਦ ਉਸ ਵਿਅਕਤੀ ਦੀ ਮਲਕੀਅਤ ਮੰਨੀ ਜਾਂਦੀ ਹੈ ਜਿਸ ਦੀ ਭੋਂ ਵਿਚੋਂ ਦੀ ਇਹ ਦਰਿਆ ਵਗਦਾ ਹੈ। ਜੇਕਰ ਦਰਿਆ ਦੋ ਮਾਲਕਾਂ ਦੀਆਂ ਜਾਇਦਾਦਾਂ ਨੂੰ ਵੰਡਦਾ ਹੋਇਆ ਲੰਘਦਾ ਹੋਵੇ ਤਾਂ ਇਕ ਕੰਢੇ ਤੋਂ ਅੱਧ ਤੱਕ ਇਕ ਦੀ ਅਤੇ ਦੂਜੇ ਕੰਢੇ ਤੋਂ ਅੱਧ ਤੱਕ ਦੂਜੇ ਦੀ ਮਲਕੀਅਤ ਹੁੰਦੀ ਹੈ। ਇਹ ਤਟਵਰਤੀ ਅਧਿਕਾਰ ਦੇਣ ਲਈ ਇਹ ਜ਼ਰੂਰੀ ਹੈ ਕਿ ਦਰਿਆ ਨਿਸ਼ਚਿਤ ਰੂਪ ਵਿਚ ਜਾਂ ਘੱਟੋ-ਘੱਟ ਜ਼ਮੀਨ ਦੇ ਉਪਰ ਵਹਿੰਦਾ ਹੋਵੇ। ਨਿਯਮ ਅਨੁਸਾਰ ਜਵਾਰੀ ਜਾਂ ਜਵਾਰੀ-ਰਹਿਤ ਦਰਿਆ ਦੇ ਤਟਵਰਤੀ ਮਾਲਕ ਨੂੰ ਆਪਣੀ ਜਾਇਦਾਦ ਦੀ ਵਰਤੋਂ ਕਰਨ ਦਾ ਪੂਰਨ ਅਧਿਕਾਰ ਹੈ। ਕਈ ਸੂਰਤਾਂ ਵਿਚ ਹੋਰ ਸਬੰਧਤ ਲੋਕਾਂ ਦੇ ਅਧਿਕਾਰਾਂ ਕਰਕੇ ਤਟਵਰਤੀ ਮਾਲਕਾਂ ਦੇ ਅਧਿਕਾਰਾਂ ਉੱਤੇ ਅਸਰ ਪੈਂਦਾ ਹੈ। ਦਰਿਆ ਦੇ ਜਹਾਜ਼ਰਾਨੀਯੋਗ ਹੋਣ ਜਾਂ ਨਾ ਹੋਣ ਜਾਂ ਜਵਾਰੀ ਹੋਣ ਜਾਂ ਨਾ ਹੋਣ ਅਨੁਸਾਰ ਇਹ ਅਧਿਕਾਰ ਵੱਖ ਵੱਖ ਕਿਸਮ ਦੇ ਹੁੰਦੇ ਹਨ। ਤਟਵਰਤੀ ਮਾਲਕਾਂ ਦੇ ਅਧਿਕਾਰ ਅਤੇ ਉਨ੍ਹਾਂ ਉੱਤੇ ਲੱਗੀਆਂ ਰੋਕਾਂ ਸੰਖੇਪ ਵਿਚ ਨਿਮਨ ਅਨੁਸਾਰ ਹਨ :–

ਵਗਦੀਆਂ ਨਦੀਆਂ ਸਬੰਧੀ ਲਾਗੂ ਆਮ ਕਾਨੂੰਨ ਅਨੁਸਾਰ ਆਪਣੀ ਭੋਂ ਦੇ ਲਾਗਿਉਂ ਦੀ ਵਗਦੇ ਪਾਣੀ ਨੂੰ ਮਾਲਕ ਆਮ ਵਰਤੋਂ ਦੇ ਕੰਮ ਵਿਚ ਲਿਆ ਸਕਦਾ ਹੈ–ਜਿਵੇਂ ਕਿਸੇ ਹੱਦ ਤੱਕ ਘਰੇਲੂ ਵਰਤੋਂ ਅਤੇ ਪਸ਼ੂਆਂ ਲਈ, ਭਾਵੇਂ ਇਸ ਨਾਲ ਨਦੀ ਦੇ ਹੇਠਲੇ ਪਾਸੇ ਵੱਲ ਆਉਂਦੇ ਹੋਰ ਮਾਲਕਾਂ ਨੂੰ ਪਾਣੀ ਦੀ ਕਮੀ ਹੀ ਹੋ ਜਾਵੇ ਪਰ ਇਸ ਤੋਂ ਇਲਾਵਾ ਹੋਰ ਕੰਮਾਂ ਲਈ ਉਸ ਨੂੰ ਕੇਵਲ ਉਸ ਹੱਦ ਤੱਕ ਹੀ ਪਾਣੀ ਵਰਤਣ ਦੀ ਆਗਿਆ ਹੈ ਜਿਸ ਹੱਦ ਤੱਕ ਕਿ ਨਦੀ ਦੇ ਕੰਢੇ ਉੱਤੇ ਉਸ ਤੋਂ ਪਹਿਲਾਂ ਅਤੇ ਮਗਰੋਂ ਆਉਂਦੇ ਮਾਲਕਾਂ ਦੇ ਅਧਿਕਾਰਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਇਸ ਸ਼ਰਤ ਨੂੰ ਪੂਰਾ ਕਰਦਿਆਂ ਹੋਇਆਂ ਉਹ ਖ਼ਰਾਸ ਆਦਿ ਲਗਾਉਣ ਦੇ ਮੰਤਵ ਲਈ ਨਦੀ ਉੱਤੇ ਬੰਨ੍ਹ ਮਾਰ ਸਕਦਾ ਹੈ ਜਾਂ ਸਿੰਜਾਈ ਲਈ ਪਾਣੀ ਵਰਤ ਸਕਦਾ ਹੈ, ਪਰ ਜੇਕਰ ਦੂਜੇ ਮਾਲਕਾਂ ਨੂੰ ਕੋਈ ਹਾਨੀ ਪਹੁੰਚਦੀ ਹੋਵੇ ਤਾਂ ਉਸ ਨੂੰ ਕੋਈ ਹੱਕ ਨਹੀਂ ਕਿ ਵਗਦੇ ਪਾਣੀ ਦੇ ਵਹਾਉ ਵਿਚ ਕੋਈ ਰੁਕਾਵਟ ਪਾਵੇ।

ਪਾਣੀ ਦੇ ਗ਼ੈਰ-ਕੁਦਰਤੀ ਵਹਾਉ ਦੀ ਸੂਰਤ ਵਿਚ ਤਟਵਰਤੀ ਮਾਲਕਾਂ ਦੇ ਹੱਕਾਂ ਲਈ ਹੋਰ ਨਿਯਮ ਲਾਗੂ ਹੁੰਦੇ ਹਨ। ਕਿਉਂਜੋ ਗ਼ੈਰ-ਕੁਦਰਤੀ ਜਾਂ ਬਣਾਉਟੀ ਨਹਿਰ ਕਿਸੇ ਵਿਅਕਤੀ ਨੇ ਆਪਣੇ ਜਾਤੀ

ਲਾਭ ਲਈ ਬਣਵਾਈ ਹੁੰਦੀ ਹੈ, ਇਸ ਲਈ ਕੁਦਰਤੀ ਨਦੀ ਵਾਂਗ ਇਸ ਸੂਰਤ ਵਿਚ ਤਟਵਰਤੀ ਮਾਲਕ ਦਾ ਇਸ ਉੱਤੇ ਉਦੋਂ ਤੱਕ ਕੋਈ ਅਧਿਕਾਰ ਨਹੀਂ ਹੁੰਦਾ, ਜਦੋਂ ਤੱਕ ਕਿ ਇਸ ਬਾਰੇ ਸਪੱਸ਼ਟ ਨਾ ਕੀਤਾ ਗਿਆ ਹੋਵੇ। ਹਾਂ, ਜੇਕਰ ਅਜਿਹੀ ਨਦੀ ਨਹਿਰ ਦੇ ਮੁੱਢ ਬਾਰੇ ਪਤਾ ਨਾ ਹੋਵੇ ਤਾਂ ਤਟਵਰਤੀ ਮਾਲਕਾਂ ਦੇ ਹੱਕ ਉਵੇਂ ਹੀ ਸਮਝੇ ਜਾਣਗੇ, ਜਿਵੇਂ ਕਿ ਇਹ ਕੁਦਰਤੀ ਨਹਿਰ ਹੀ ਹੋਵੇ। ਉਸ ਵਿਅਕਤੀ ਦੇ ਜਲ-ਅਧਿਕਾਰ ਮੁਕੰਮਲ ਤਟਵਰਤੀ ਮਾਲਕ ਵਰਗੇ ਮੁਕੰਮਲ ਨਹੀਂ ਹੋਣਗੇ, ਜਿਸ ਦੀ ਜ਼ਮੀਨ ਕਿਸੇ ਤਟਵਰਤੀ ਮਾਲਕ ਦੀ ਆਗਿਆ ਨਾਲ ਦਰਿਆ ਜਾਂ ਨਦੀ ਨੂੰ ਛੂਹ ਸਕਦੀ ਹੋਵੇ ਕਿਉਂਕਿ ਹੋਰਾਂ ਮਾਲਕਾਂ ਦੀ ਆਗਿਆ ਬਿਨਾਂ ਉਸ ਨੂੰ ਉਨ੍ਹਾਂ ਉੱਤੇ ਇਕ ਤੱਟਵਰਤੀ ਮਾਲਕ ਵਜੋਂ ਨਹੀਂ ਠੋਸਿਆ ਜਾ ਸਕਦਾ, ਸਗੋਂ ਕੋਈ ਤਟਵਰਤੀ ਮਾਲਕ ਵੀ ਆਪਣੀ ਜ਼ਮੀਨ ਤੋਂ ਬਾਹਰ ਵੱਲ ਨੂੰ ਕਿਸੇ ਨਹਿਰ ਆਦਿ ਨੂੰ ਨਹੀਂ ਮੋੜ ਸਕਦਾ ਅਤੇ ਆਪਣੀ ਜ਼ਮੀਨ ਤੋਂ ਬਗ਼ੈਰ ਕਿਸੇ ਹੋਰ ਮੰਤਵ ਲਈ ਨਹੀਂ ਵਰਤ ਸਕਦਾ।

ਕਿਸੇ ਤਟਵਰਤੀ ਮਾਲਕ ਦੇ ਜਲ-ਅਧਿਕਾਰਾਂ ਉੱਤੇ ਜਿਹੜੀਆਂ ਪਾਬੰਦੀਆਂ ਹੁੰਦੀਆਂ ਹਨ, ਉਨ੍ਹਾਂ ਵਿਚ ਲੋਕਾਂ ਦੇ ਸਾਂਝੇ ਹੱਕ, ਜਨਤਾ ਦੀ ਭਲਾਈ ਲਈ ਲਾਈਆਂ ਰੋਕਾਂ ਅਤੇ ਉਸ ਵਿਰੁੱਧ ਸਰਕਾਰ ਵੱਲੋਂ ਲਗਾਈਆਂ ਰੋਕਾਂ ਸ਼ਾਮਲ ਹਨ। ਪਹਿਲੀ ਮੱਦ ਅਧੀਨ ਲੋਕਾਂ ਦਾ ਜਹਾਜ਼ਰਾਨੀ ਕਰਨਾ, ਲੰਗਰ-ਗਾਹ ਬਣਾਉਣਾ ਅਤੇ ਕਿਸ਼ਤੀਆਂ ਰਾਹੀਂ ਮੱਛੀਆਂ ਫੜਨਾ ਅਤੇ ਸਿੱਪ-ਘੋਗੇ ਪ੍ਰਾਪਤ ਕਰਨਾ ਹੈ। ਦੂਜੀ ਮੱਦ ਅਧੀਨ ਸਰਕਾਰ ਦਾ ਲੋਕ-ਭਲਾਈ ਮੰਤਵਾਂ ਲਈ ਜਲ-ਅਧਿਕਾਰ ਪ੍ਰਾਪਤ ਕਰਨ ਅਤੇ ਮਾਲਕ ਨੂੰ ਉਚਿਤ ਮੁਆਵਜ਼ਾ ਦੇਣਾ ਹੈ। ਭੌਂ-ਸੁਰੱਖਿਆ ਦੇ ਵਿਸ਼ੇਸ਼ ਐਕਟਾਂ ਅਧੀਨ ਦਰਿਆਵਾਂ ਉੱਤੇ ਨਿਯੰਤਰਨ ਰੱਖਿਆ ਜਾਂਦਾ ਹੈ। ਦਿਹਾਤੀ ਖੇਤਰਾਂ ਨਾਲ ਸਬੰਧ ਰੱਖਣ ਵਾਲੇ ਅਧਿਕਾਰੀ ਪੁਲ ਬਣਵਾਉਂਦੇ ਅਤੇ ਉਸ ਦੀ ਮੁਰੰਮਤ ਕਰਵਾਉਂਦੇ ਹਨ। ਅਜਿਹਾ ਕਰਨ ਤੇ ਹੋਈ ਅਸੁਵਿਧਾ ਕਾਰਨ ਤਟਵਰਤੀ ਮਾਲਕ ਕੋਈ ਇਤਰਾਜ਼ ਨਹੀਂ ਕਰ ਸਕਦੇ। ਤਟਵਰਤੀ ਮਾਲਕ ਵਿਰੁੱਧ ਆਮ ਲੋਕਾਂ ਨੂੰ ਕਈ ਅਧਿਕਾਰ ਪ੍ਰਾਪਤ ਹਨ ਜਿਵੇਂ ਮਾਲ ਅਸਬਾਬ ਢੋਣਾ, ਕਿਸ਼ਤੀ ਕਿਨਾਰੇ ਨਾਲ ਬੰਨ੍ਹਣਾ, ਰੇਤਾ, ਬਜਰੀ ਜਾਂ ਪਾਣੀ ਲੈਣਾ ਅਤੇ ਪਸ਼ੂਆਂ ਨੂੰ ਪਾਣੀ ਪਿਲਾਉਣਾ ਆਦਿ। ਜਿਥੇ ਜਹਾਜ਼ਰਾਨੀ ਹੋ ਸਕਦੀ ਹੋਵੇ ਉਥੇ ਭਾਵੇਂ ਇਲਾਕੇ ਦੇ ਸਭ ਲੋਕਾਂ ਨੂੰ ਜਹਾਜ਼ਰਾਨੀ ਦਾ ਅਧਿਕਾਰ ਹੁੰਦਾ ਹੈ ਪਰ ਸ਼ਰਤ ਇਹ ਹੈ ਕਿ ਤਟਵਰਤੀ ਮਾਲਕਾਂ ਦੇ ਹੱਕਾਂ ਨੂੰ ਕੋਈ ਠੇਸ ਨਹੀਂ ਪਹੁੰਚਣੀ ਚਾਹੀਦੀ।

ਸੰਯੁਕਤ ਰਾਜ ਅਮਰੀਕਾ ਵਿਚ ਵੀ ਜਲ-ਅਧਿਕਾਰ ਕਾਨੂੰਨ ਇੰਗਲੈਂਡ ਦੇ ਜਲ-ਅਧਿਕਾਰ ਕਾਨੂੰਨ ਦੀਆਂ ਲੀਹਾਂ ਉੱਤੇ ਹੀ ਹੈ।

ਹ. ਪੁ.–ਐਨ. ਬ੍ਰਿ. 23: 425

**ਜਲ ਅਨਵੇਸ਼ਨ ਛੜੀ** : ਵੇਖੋ, ਡਾਈਵਿੰਗ ਰਾਡ

**ਜਲ–ਅਪਘਟਨ** : ਕਿਸੇ ਰਸਾਇਣਿਕ ਪਦਾਰਥ ਦੀ ਪਾਣੀ ਨਾਲ ਤਬਦੀਲੀ, ਭੰਜਨ ਜਾਂ ਅਪਘਟਨ ਨੂੰ ਜਲ-ਅਪਘਟਨ ਕਿਹਾ ਜਾਂਦਾ ਹੈ। ਇਲੈੱਕਟ੍ਰੋਲਾਈਟਾਂ ਦੇ ਜਲੀ ਘੋਲਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਸਮੇਂ ਇਸ ਸ਼ਬਦ ਦੀ ਵਰਤੋਂ ਖ਼ਾਸ ਕਰਕੇ ਪਾਣੀ ਨਾਲ ਕੈਟਾਇਨਾ (ਪਾਜ਼ਿਟਿਵ ਆਇਨਾਂ) ਦੀ ਕਿਰਿਆ ਦੁਆਰਾ ਪਤਲੀ ਖਾਰ ਜਾਂ ਐਨਾਇਨਾਂ (ਨੈਗੇਟਿਵ ਆਇਨਾਂ) ਦੀ ਕਿਰਿਆ ਨਾਲ ਪਤਲਾ ਤੇਜ਼ਾਬ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਕਿਸੇ ਪਤਲੇ ਤੇਜ਼ਾਬ ਜਾਂ ਪਤਲੀ ਖਾਰ ਜਾਂ ਦੋਹਾਂ ਦੇ ਲੂਣ ਨੂੰ ਫਿਰ ਜਲ-ਅਪਘਟਿਤ ਮੰਨਿਆ ਜਾਂਦਾ ਹੈ। ਜਲ-ਅਪਘਟਨ ਦੀ ਡਿਗਰੀ ਪਾਣੀ ਨਾਲ ਕ੍ਰਿਆ ਕਰਨ ਵਾਲੀ ਆਇਨ ਦਾ ਇਕ ਅੰਸ਼ ਹੁੰਦੀ ਹੈ।

ਜਲ-ਅਪਘਟਨ ਦੀ ਇਕ ਮਹੱਤਵਪੂਰਨ ਉਦਾਹਰਣ ਸੋਡੀਅਮ ਐਸੀਟੇਟ ਦਾ ਜਲ-ਅਪਘਟਨ ਹੈ। ਇਹ ਪਾਣੀ ਵਿਚ ਕਾਫ਼ੀ ਜ਼ਿਆਦਾ ਵਿਯੋਜਿਤ ਹੋ ਕੇ ਸੋਡੀਅਮ ਆਇਨ, $Na^+$, ਅਤੇ ਐਸੀਟੇਟ ਆਇਨ $CH_3Co_2^-$ ਬਣਾਉਂਦਾ ਹੈ। ਹੇਠਾਂ ਐਸੀਟੇਟ ਆਇਨ ਚਿੰਨ੍ਹ $A^-$ ਨਾਲ ਦਰਸਾਈ ਗਈ ਹੈ। ਐਸਟਿਕ ਐਸਿਡ ਇਕ ਪਤਲਾ ਤੇਜ਼ਾਬ ਹੋਣ ਕਰਕੇ ਐਸੀਟੇਟ ਆਇਨ ਜਲੀ ਘੋਲਾਂ ਵਿਚਲੀ ਕੁਝ ਹਾਈਡ੍ਰੋਜਨ ਨਾਲ ਮਿਲ ਜਾਂਦੀ ਹੈ। (ਸਮੀਕਰਨ 1)।

$$A^- + H_3o^+ \rightleftharpoons HA + H_2O \quad ....(1)$$

ਹਾਈਡ੍ਰੋਜਨ ਆਇਨ ਦੀ ਸੰਘਣਤਾ, ਪਾਣੀ ਅਤੇ ਹਾਈਡ੍ਰੋਜਨ ਆਇਨ (ਅਕਸਰ ਹਾਈਡ੍ਰੋਨੀਅਮ ਆਇਨ ਕਿਹਾ ਜਾਂਦਾ ਹੈ) ਅਤੇ ਹਾਈਡ੍ਰੌਕਸਾਈਡ ਆਇਨ ਵਿਚਕਾਰ ਸੰਤੁਲਨ (ਸਮੀਕਰਨ 2) ਵਿਚ ਸੰਮਿਲਿਤ ਹੁੰਦੀ ਹੈ ਕਿਉਂਕਿ ਸਮੀਕਰਨ (1) ਦੂਸਰੀ ਸਮੀਕਰਨ

$$2H_2O \rightleftharpoons H_3O^+ + OH^- \quad .....(2)$$

ਦੀ ਇਕ ਉਪਜ ਕੱਢ ਦਿੰਦਾ ਹੈ। ਇਸ ਲਈ ਹਰ ਕਿਰਿਆ ਇਸ ਦੀਆਂ ਵਧੇਰੇ ਉਪਜਾਂ ਉਤਪੰਨ ਕਰਦੀ ਹੈ। ਆਖਰੀ ਸਿੱਟਾ ਸਮੀਕਰਨ (3) ਵਿਚ ਦਰਸਾਇਆ ਗਿਆ ਹੈ :–

$$A^- + H_2O \rightleftharpoons HA + OH^-$$

ਇਹ ਐਸੀਟੇਟ ਆਇਨ ਦੇ ਜਲ-ਅਪਘਟਨ ਦੀ ਕਿਰਿਆ ਹੈ। ਜਦੋਂ ਸੰਤੁਲਨ ਪਹੁੰਚ ਜਾਂਦਾ ਹੈ ਤਾਂ ਸੰਘਣਤਾਵਾਂ ਅਜਿਹੀਆਂ ਹੁੰਦੀਆਂ ਹਨ ਕਿ ਤਿੰਨਾਂ ਕਿਰਿਆਵਾਂ ਦੇ ਸੰਤੁਲਨ ਸਥਿਰ-ਅੰਕਾਂ ਦੇ ਅਨੁਕੂਲ ਹੋ ਜਾਂਦੀਆਂ ਹਨ।

ਸਮੀਕਰਨ (3) ਲਈ ਵਿਯੋਜਨ ਦੀ ਡਿਗਰੀ x ਦਾ ਮੁੱਲ ਸਮੀਕਰਨ (4) ਤੋਂ ਕੱਢਿਆ ਜਾ ਸਕਦਾ ਹੈ :–

$$x = \frac{[OH^-][HA]}{[A^-]} = \frac{[OH^-][H^+][HA]}{[H^+][A^-]} = \frac{Kw}{Ka} \quad ......(4)$$

ਇਥੇ ਬ੍ਰੈਕਟ ਮੋਲਰ ਸੰਘਣਤਾ ; Kw ਪਾਣੀ ਦੀ ਆਇਨ-ਉਪਜ ਸਥਿਰ-ਅੰਕ ਅਤੇ Ka ਤੇਜ਼ਾਬ HA ਦਾ ਵਿਯੋਜਨ ਸਥਿਰ-ਅੰਕ ਦਰਸਾਉਂਦੇ ਹਨ। ਜਿਸ ਤਰ੍ਹਾਂ ਸਮੀਕਰਨ ਤੋਂ ਸਪੱਸ਼ਟ ਹੈ ਜਲ-ਅਪਘਟਿਤ ਅੰਸ਼ ਨੂੰ ਹੇਠ ਲਿਖੇ ਕਈ ਢੰਗਾਂ ਵਿਚੋਂ ਕਿਸੇ ਇਕ ਨਾਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ।

(1) ਜਲ-ਅਪਘਟਨ ਅੰਸ਼ ਵੱਡਾ ਹੋ ਸਕਦਾ ਹੈ ਕਿਉਂਕਿ ਜਲ-ਅਪਘਟਨ ਦੁਆਰਾ ਉਤਪੰਨ ਪਤਲੇ ਤੇਜ਼ਾਬ ਜਾਂ ਖਾਰ ਦਾ ਵਿਯੋਜਨ ਸਥਿਰ-ਅੰਕ ਛੋਟਾ ਹੋ ਜਾਂਦਾ ਹੈ। ਉਦਾਹਰਣ ਵਜੋਂ ਸੋਡੀਅਮ ਐਸੀਟੇਟ ਦੇ ਮੁਕਾਬਲੇ ਸੋਡੀਅਮ ਸਾਇਆਨਾਈਡ ਵਧੇਰੇ ਜਲ-ਅਪਘਟਿਤ ਹੁੰਦਾ ਹੈ ਕਿਉਂਕਿ ਹਾਈਡ੍ਰੋਸਾਈਆਨਿਕ ਐਸਿਡ, ਐਸੀਟਿਕ ਐਸਿਡ ਨਾਲੋਂ ਪਤਲਾ ਤੇਜ਼ਾਬ ਹੈ। ਸਿੱਟੇ ਵਜੋਂ ਸ਼ੁੱਧ ਪਾਣੀ ਵਿਚ ਸੋਡੀਅਮ ਸਾਇਆ-ਨਾਈਡ ਦਾ ਘੋਲ ਸੋਡੀਅਮ ਐਸੀਟੇਟ ਦੇ ਘੋਲ ਨਾਲੋਂ ਕੁਝ ਵਧੇਰੇ ਖਾਰਾ ਹੋਵੇਗਾ।

(2) ਜਦੋਂ ਘੋਲਕ ਦਾ ਵਿਯੋਜਨ ਸਥਿਰ-ਅੰਕ ਵੱਧ ਜਾਂਦਾ ਹੈ ਤਾਂ ਜਲ-ਅਪਘਟਿਤ ਅੰਸ਼ ਵੀ ਵਧ ਸਕਦਾ ਹੈ। ਉਦਾਹਰਣ ਦੇ ਤੌਰ ਤੇ ਪਾਣੀ ਵਿਚ $50^o$ ਸੈਂ. ਉੱਤੇ ਸੋਡੀਅਮ ਐਸੀਟੇਟ ਦੇ ਜਲ-ਅਪਘਟਨ ਦੀ ਡਿਗਰੀ $25^o$ ਸੈਂ. ਨਾਲੋਂ ਵਧੇਰੇ ਹੈ। ਇਸ ਦਾ ਕਾਰਨ ਇਹ ਹੈ ਕਿ ਪਾਣੀ ਦਾ ਵਿਯੋਜਨ ਤਾਪਮਾਨ ਨਾਲ ਵਧਦਾ ਹੈ ਕਿਉਂਕਿ ਐਸੀਟਿਕ ਐਸਿਡ ਦਾ ਵਿਯੋਜਨ ਤਾਪਮਾਨ $50^o$ ਸੈਂ. ਉੱਤੇ $25^o$ ਸੈਂ. ਨਾਲੋਂ ਘੱਟ ਹੈ।

(3) ਜਦੋਂ ਲੂਣ ਘਟਦਾ ਹੈ ਤਾਂ ਅੰਸ਼ ਵੱਧ ਸਕਦਾ ਹੈ। ਜਦੋਂ ਗਾੜ੍ਹਾਪਣ ਜ਼ੀਰੋ ਹੋ ਜਾਂਦਾ ਹੈ ਤਾਂ ਜਲ-ਅਪਘਟਨ ਦੀ ਡਿਗਰੀ 100% ਤੱਕ ਪਹੁੰਚ ਜਾਂਦੀ ਹੈ। ਅਸਲ ਵਿਚ $25^o$ ਸੈਂ. ਉੱਤੇ ਕਾਰਬਨ ਡਾਈਆੱਕਸਾਈਡ ਮੁਕਤ ਪਾਣੀ ਵਿਚੋਂ ਸੋਡੀਅਮ ਐਸੀਟੇਟ ਦੇ ਜਲ-ਅਪ-ਘਟਨ ਦੀ ਸੀਮਾ ਕੇਵਲ 0.5% ਦੇ ਨੇੜੇ ਹੈ।

(4) ਜੇਕਰ ਇਲੈੱਕਟ੍ਰੋਲਾਈਟ ਪਤਲੇ ਤੇਜ਼ਾਬ ਅਤੇ ਪਤਲੀ ਖਾਰ ਦੋਹਾਂ ਦਾ ਲੂਣ ਹੋਵੇ ਤਾਂ ਅੰਸ਼ ਕਾਫ਼ੀ ਜ਼ਿਆਦਾ ਵੱਧ ਸਕਦਾ ਹੈ। ਜੇ ਘੋਲ ਦੇ ਤਾਪਮਾਨ ਉੱਤੇ ਵਿਯੋਜਨ ਸਥਿਰ-ਅੰਕ ਲਗਭਗ ਬਰਾਬਰ ਹੋਣ ਤਾਂ ਘੋਲ ਨਾ ਵਧੇਰੇ ਤੇਜ਼ਾਬੀ ਹੋਵੇਗਾ ਅਤੇ ਨਾ ਹੀ ਵਧੇਰੇ ਖਾਰਾ।

ਬਿਜਲਈ ਜਲ-ਅਪਘਟਨ ਹੋਰ ਕਿਸਮਾਂ ਦਾ ਵੀ ਹੋ ਸਕਦਾ ਹੈ। ਦੂਸਰੇ ਫ਼ੇਜ਼ ਦੇ ਤਲਛੱਟਨ ਦੁਆਰਾ ਲੂਣ ਬਣਾਉਣ ਲਈ ਕਈ ਵਾਰੀ ਘੋਲ ਕਾਫ਼ੀ ਤੇਜ਼ਾਬੀ ਜਾਂ ਖਾਰਾ ਬਣ ਸਕਦਾ ਹੈ। ਇਸ ਦੀ ਉਦਾਹਰਣ ਇਕ ਠੋਸ ਖਾਰਾ ਲੂਣ ਹੈ। ਜੇਕਰ ਸਿਲ੍ਹ ਦੀ ਹੌਦ ਵਿਚ ਠੋਸ ਸੋਡੀਅਮ ਕਲੋਰਾਈਡ ਨੂੰ ਗਰਮ ਕੀਤਾ ਜਾਵੇ ਤਾਂ ਹਾਈਡ੍ਰੋਕਲੋਰਿਕ ਐਸਿਡ ਵਰਗੇ ਪ੍ਰਬਲ ਤੇਜ਼ਾਬ ਦੀ ਐਨਾਇਨ ਦਾ ਜਲ-ਅਪਘਟਨ ਵੀ ਕੀਤਾ ਜਾ ਸਕਦਾ ਹੈ। ਕੁਝ-ਕੁ ਬਹੁਤ ਹੀ ਵਾਸ਼ਪਸ਼ੀਲ ਹਾਈਡ੍ਰੋਕਲੋਰਿਕ ਐਸਿਡ ਨਸ਼ਟ ਹੋ ਜਾਂਦਾ ਹੈ ਤੇ ਬਾਕੀ ਬਚਿਆ ਠੰਢਾ ਹੋ ਕੇ ਪਿਘਲ ਜਾਂਦਾ ਹੈ ਅਤੇ ਜਦੋਂ ਸ਼ੁੱਧ ਪਾਣੀ ਵਿਚ ਘੋਲਿਆ ਜਾਂਦਾ ਹੈ ਤਾਂ ਇਹ ਖਾਰਾ ਹੁੰਦਾ ਹੈ। ਇਸ ਉਦਾਹਰਣ ਵਿਚ ਘੋਲ ਅੰਦਰ ਪਤਲਾ ਤੇਜ਼ਾਬ ਅਤੇ ਇਕ ਵਾਸ਼ਪਸ਼ੀਲ ਯੋਗਿਕ ਬਣਨ ਕਾਰਨ ਜਲ-ਅਪਘਟਨ ਨਹੀਂ ਹੁੰਦਾ।

ਹ. ਪੁ.–ਮੈਕ. ਐਨ. ਸ. ਟ. 6 : 628

**ਜਲ–ਇੰਜੀਨੀਅਰੀ** : ਕੁਦਰਤੀ ਪਾਣੀ ਦੀ ਵਰਤੋਂ ਅਤੇ ਇਸ ਉੱਤੇ ਨਿਯੰਤਰਣ ਕਰਨ ਵਾਲੀ ਇੰਜੀਨੀਅਰੀ ਦੀ ਸ਼ਾਖਾ ਨੂੰ ਜਲ-ਇੰਜੀਨੀਅਰੀ ਕਿਹਾ ਜਾਂਦਾ ਹੈ। ਕਿਸੇ ਦੇਸ਼ ਦਾ ਜੀਵਨ ਪੱਧਰ ਅਤੇ ਆਰਥਿਕ ਵਿਕਾਸ ਪਾਣੀ ਉੱਤੇ ਸਹੀ ਨਿਯੰਤਰਣ ਅਤੇ ਇਸ ਦੇ ਉਪਯੋਗ ਉਪਰ ਨਿਰਭਰ ਕਰਦਾ ਹੈ। ਜਲ-ਇੰਜੀਨੀਅਰੀ ਅਧੀਨ ਨਿਮਨਲਿਖਤ ਪ੍ਰਮੁੱਖ ਕੰਮ ਆਉਂਦੇ ਹਨ :–

ਘਰਾਂ ਅਤੇ ਉਦਯੋਗਾਂ ਵਿਚ ਮਨੁੱਖਤਾ ਦੇ ਪੀਣ ਯੋਗ ਪਾਣੀ ਦੀ ਸਪਲਾਈ (ਵੇਖੋ, ਜਲ-ਸਪਲਾਈ), ਬੰਜਰ ਅਤੇ ਖੁਸ਼ਕ ਇਲਾਕਿਆਂ ਵਿਚ ਖੇਤੀ ਲਈ ਪਾਣੀ ਪਹੁੰਚਾਉਣਾ, ਮਾਲ ਦੀ ਸਸਤੀ ਅਤੇ ਆਸਾਨ ਢੋਆ-ਢੁਆਈ ਕਰਨ ਲਈ ਨਹਿਰਾਂ ਅਤੇ ਹੋਰ ਜਲ-ਮਾਰਗ ਬਣਾਉਣਾ, ਜਲ-ਇੰਜੀਨੀਅਰੀ ਦੀ ਪ੍ਰਮੁੱਖ ਦੇਣ ਹੈ। ਇਸ ਤੋਂ ਇਲਾਵਾ ਇਹ ਵਿਗਿਆਨ, ਬੰਦਰਗਾਹਾਂ, ਜਲ-ਮਾਰਗ ਅਤੇ ਜਲ-ਸਪਲਾਈ ਸਿਸਟਮ ਦੀ ਮੁਰੰਮਤ ਅਤੇ ਦੇਖ-ਭਾਲ ਵੀ ਕਰਦੀ ਹੈ। ਬੰਦਰਗਾਹਾਂ ਉੱਤੇ ਜਹਾਜ਼ਰਾਨੀ ਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਨਾ, ਇਸ ਦੇ ਕੰਢਿਆਂ ਨੂੰ ਪਾਣੀ ਦੀਆਂ ਲਹਿਰਾਂ ਤੋਂ ਨੁਕਸਾਨ ਪਹੁੰਚਣ ਤੋਂ ਬਚਾਉਣਾ ਜਲ-ਇੰਜੀਨੀਅਰੀ ਦਾ ਹੀ ਕੰਮ ਹੈ।

ਜਲ-ਸ਼ਕਤੀ ਨੂੰ ਬਿਜਲੀ-ਸ਼ਕਤੀ ਵਿਚ ਬਦਲ ਕੇ ਦੂਰ ਦੁਰੇਡੇ ਇਲਾਕਿਆਂ ਤੱਕ ਪਹੁੰਚਾਉਣਾ, ਸੇਮ ਵਾਲੇ ਇਲਾਕਿਆਂ ਨੂੰ ਹੜ੍ਹਾਂ ਆਦਿ ਤੋਂ ਬਚਾਉਣਾ ਅਤੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਨਾ ਵੀ ਇਸੇ ਵਿਗਿਆਨ ਦਾ ਹੀ ਕੰਮ ਹੈ।

**ਮੁੱਢਲੇ ਸਿਧਾਂਤ**–ਇਕ ਜਲ-ਇੰਜੀਨੀਅਰ, ਮਕੈਨੀਕਲ, ਇਲੈੱਕਟ੍ਰੀਕਲ, ਸਿਵਲ ਆਦਿ ਇੰਜੀਨੀਅਰੀਆਂ ਦੇ ਮੁੱਢਲੇ ਨਿਯਮਾਂ ਦਾ ਉਪਯੋਗ ਕਰਦਾ ਹੈ। ਇਸ ਇੰਜੀਨੀਅਰੀ ਅਧੀਨ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਸਟੈਂਡਰਡ ਡਿਜ਼ਾਈਨ ਨਹੀਂ ਹਨ ਜਿਵੇਂ ਕਿ ਇੰਜੀਨੀਅਰੀ ਦੀਆਂ ਬਾਕੀ ਸ਼ਾਖਾਵਾਂ ਵਿਚ ਹਨ। ਇਕ ਜਲ-ਇੰਜੀਨੀਅਰੀ ਪ੍ਰਾਜੈਕਟ ਦਾ ਜੀਵਨ-ਕਾਲ ਘੱਟੋ ਘੱਟ ੫੦ ਤੋਂ ੧੦੦ ਸਾਲ ਦੇ ਵਿਚਕਾਰ ਹੋਣਾ ਜ਼ਰੂਰੀ ਹੈ।

**ਦਰਿਆਵਾਂ ਦੁਆਰਾ ਸਿੰਚਾਈ ਦਾ ਬਹੁਪੱਖੀ ਵਿਕਾਸ**– ਦਰਿਆਵਾਂ ਨਾਲ ਸਿੰਚਾਈ ਦਾ ਵਿਕਾਸ ਇੰਜੀਨੀਅਰੀ ਦੀ ਬਹੁਤ ਵੱਡੀ ਜਿੱਤ ਹੈ, ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਲਈ। ਇਨ੍ਹਾਂ ਯੋਜਨਾਵਾਂ ਦੀ ਯੋਜਨਾ, ਡਿਜ਼ਾਈਨ ਅਤੇ ਚਲਾਉਣ ਦੇ ਕੰਮ ਨੂੰ ਕਈ ਇੰਜੀਨੀਅਰਾਂ ਦੀ ਇਕ ਟੀਮ ਕਰਦੀ ਹੈ ਜਿਨ੍ਹਾਂ ਦਾ ਮੋਹਰੀ ਆਮ ਕਰਕੇ ਇਕ ਜਲ-ਇੰਜੀਨੀਅਰ ਹੀ ਹੁੰਦਾ ਹੈ। ਇਸ ਯੋਜਨਾ ਦਾ ਮੁੱਖ ਟੀਚਾ ਕਾਰਗਾਰ ਢੰਗ ਨਾਲ ਪਾਣੀ ਦਾ ਉਪਯੋਗ ਅਤੇ ਨਿਯੰਤਰਣ ਕਰਨਾ ਹੁੰਦਾ ਹੈ। ਇਸ ਵਿਕਾਸ ਅਧੀਨ ਨਿਮਨਲਿਖਤ ਪਹਿਲੂ ਆਉਂਦੇ ਹਨ :–

1. ਦੋਵੇਂ ਵੱਡੀਆਂ ਅਤੇ ਛੋਟੀਆਂ ਨਦੀਆਂ ਉੱਤੇ ਪਾਣੀ ਦੇ ਭੰਡਾਰ (ਸਰੋਵਰ) ਬਣਾ ਕੇ, ਹੜ੍ਹਾਂ ਉੱਤੇ ਕਾਬੂ ਪਾਉਣ ਅਤੇ ਨੀਵੀਆਂ ਥਾਵਾਂ ਉੱਤੇ ਵਧੇਰੇ ਕੀਮਤੀ ਖੇਤੀ ਵਾਲੀਆਂ ਤੇ ਉਦਯੋਗਿਕ ਥਾਵਾਂ ਨੂੰ ਛੋਟੀਆਂ ਨਦੀਆਂ ਤੇ ਨਾਲੇ ਬਣਾ ਕੇ ਪਾਣੀ ਪਹੁੰਚਾਉਣਾ ਅਤੇ ਹੜ੍ਹਾਂ ਤੋਂ ਬਚਾਉਣਾ ਹੈ।

2. ਪਾਣੀ ਦੇ ਭੰਡਾਰ ਬਣਾਉਣ ਲਈ ਉਸਾਰੇ ਗਏ ਡੈਮਾਂ ਉੱਤੇ ਜਲ-ਬਿਜਲੀ ਯੋਜਨਾਵਾਂ ਉਸਾਰਨਾ।

3. ਜਹਾਜ਼ਰਾਨੀ ਲਈ ਘੱਟ ਤੋਂ ਘੱਟ ਲੋੜੀਂਦੀ ਚੌੜਾਈ ਤੇ ਡੂੰਘਾਈ ਤੱਕ ਦਰਿਆਵਾਂ ਨੂੰ ਤਿਆਰ ਕਰਨਾ। ਆਮ ਕਰਕੇ ਡੈਮ ਬਣਾਉਣ ਨਾਲ ਦਰਿਆਵਾਂ ਵਿਚ ਪਾਣੀ ਦਾ ਪੱਧਰ ਵੱਧ ਜਾਂਦਾ ਹੈ ਜਿਸ ਨਾਲ ਜਹਾਜ਼ਰਾਨੀ ਵਿਚ ਸੌਖ ਹੋ ਜਾਂਦੀ ਹੈ ਪਰੰਤੂ ਡੈਮਾਂ ਉੱਤੇ ਵਾਟਰ ਗੇਟ ਜ਼ਰੂਰ ਹੀ ਉਸਾਰਨੇ ਚਾਹੀਦੇ ਹਨ।

4. ਜਲ-ਭੰਡਾਰਾਂ ਵਿਚ ਸਟੋਰ ਕੀਤੇ ਹੋਏ ਪਾਣੀ ਨਾਲ ਸਿੰਚਾਈ ਕਰਨ ਦਾ ਪ੍ਰਬੰਧ ਕਰਨ ਲਈ ਕਈ ਵਾਰੀ ਜਲ-ਭੰਡਾਰ ਤੋਂ ਉਚੀਆਂ ਥਾਵਾਂ ਉੱਤੇ ਸਿੰਚਾਈ ਕਰਨ ਲਈ ਪਾਣੀ ਉੱਤੇ ਪਹੁੰਚਾਉਣ ਦਾ ਪ੍ਰਬੰਧ ਕਰਨਾ ਅਤੇ ਅਜਿਹਾ ਕਰਨ ਲਈ ਲੋੜੀਂਦੀ ਊਰਜਾ ਦਾ ਪ੍ਰਬੰਧ ਇਸੇ ਡੈਮ ਉੱਤੇ ਜਲ-ਬਿਜਲੀ ਯੋਜਨਾਵਾਂ ਬਣਾ ਕੇ ਕਰਨਾ।

5. ਦਰਿਆਵਾਂ ਦੇ ਕਿਨਾਰਿਆਂ ਨੂੰ ਪੱਕਾ ਕਰਨਾ ਤਾਂ ਜੋ ਇਨ੍ਹਾਂ ਦੇ ਕਿਨਾਰਿਆਂ ਦੇ ਨਾਲ ਲਗਦੀ ਖੇਤੀਯੋਗ ਧਰਤੀ ਨੂੰ ਖੁਰਨ ਤੋਂ ਰੋਕਿਆ ਜਾ ਸਕੇ। ਅਜਿਹਾ ਕਰਨ ਨਾਲ ਦਰਿਆਵਾਂ ਦੇ ਕੁਝ ਭਾਗਾਂ ਵਿਚ ਜਹਾਜ਼ਰਾਨੀ ਹੋਰ ਸੌਖੀ ਹੋ ਜਾਂਦੀ ਹੈ ਜਿਥੇ ਪਾਣੀ ਦੀ ਸਤ੍ਹਾ ਨੂੰ ਜਲ-ਭੰਡਾਰ ਦੀ ਉਸਾਰੀ ਰਾਹੀਂ ਨਹੀਂ ਵਧਾਇਆ ਜਾ ਸਕਦਾ।

6. ਸ਼ਹਿਰੀ ਅਤੇ ਉਦਯੋਗਿਕ ਪਾਣੀ ਦੀ ਸਪਲਾਈ ਲਈ ਨਿਯੰਤਰਿਤ ਢੰਗ ਨਾਲ ਪਾਣੀ ਛੱਡਣਾ ਤੇ ਰੋਕਣਾ ਅਤੇ ਸੀਵਰੇਜ਼ ਦੇ ਪਾਣੀ ਰਾਹੀਂ ਨਦੀ ਵਿਚ ਪੈਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ।

7. ਮੱਛੀਆਂ ਅਤੇ ਜੰਗਲੀ ਜਨ-ਜੀਵਨ ਦੇ ਵਸੇਬੇ ਵਿਚ ਸੁਧਾਰ ਕਰਨਾ ਅਤੇ ਅਜਿਹੇ ਵਿਕਾਸ ਨੂੰ ਹੋਰ ਪ੍ਰਫੁੱਲਤ ਕਰਨ ਲਈ ਨਵੀਆਂ ਸਹੂਲਤਾਂ ਮੁਹੱਈਆ ਕਰਨੀਆਂ। ਡੈਮ ਉੱਤੇ ਦਰਿਆਵਾਂ ਵਿਚ ਮੱਛੀ ਪਾਲਣ ਲਈ ਫ਼ਿਸ਼-ਲੈਡਰਜ਼ ਲਗਾਉਣਾ।

8. ਜਲ-ਭੰਡਾਰਾਂ ਵਾਲੀਆਂ ਥਾਵਾਂ ਉੱਤੇ ਤੈਰਾਕੀ, ਕਿਸ਼ਤੀ ਚਲਾਉਣ ਅਤੇ ਮੱਛੀਆਂ ਫੜਨ ਲਈ ਜ਼ਰੂਰੀ ਸਹੂਲਤਾਂ ਮੁਹਈਆ ਕਰਨਾ।

9. ਭੂਮੀ ਦੇ ਹੜ੍ਹਨ ਅਤੇ ਗਾਦ ਜੰਮਣ ਤੋਂ ਰੋਕਣ ਲਈ ਫ਼ਾਰਮਾਂ ਉੱਤੇ ਜਾਂ ਦੂਜੀਆਂ ਥਾਵਾਂ ਉਤੇ ਭੂਮੀ ਅਤੇ ਨਮੀ ਸੁਰੱਖਿਆ ਸਾਧਨਾਂ ਦਾ ਪ੍ਰਬੰਧ ਕਰਨਾ।

ਕਿਉਂਕਿ ਇਨ੍ਹਾਂ ਸਾਰੀਆਂ ਲੋੜਾਂ ਨੂੰ ਮੁਕੰਮਲ ਤੌਰ ਤੇ ਵਿਕਸਿਤ ਨਹੀਂ ਕੀਤਾ ਜਾ ਸਕਦਾ, ਸੋ ਇਸ ਬਹੁ-ਪੱਖੀ ਵਿਕਾਸ ਦੀ ਸਭ ਤੋਂ ਵੱਡੀ ਜ਼ਰੂਰਤ ਘੱਟੋ ਘੱਟ ਲੋੜਾਂ ਪੂਰੀਆਂ ਕਰਨਾ ਹੈ। ਇਕ ਹੜ੍ਹ ਰੋਕੂ ਜਲ-ਭੰਡਾਰ ਦਾ ਸਭ ਤੋਂ ਵੱਡਾ ਗੁਣ ਇਹ ਹੁੰਦਾ ਹੈ ਕਿ ਹੜ੍ਹਾਂ ਸਮੇਂ ਪਾਣੀ ਉੱਤੇ ਨਿਯੰਤਰਣ ਕਰਨ ਲਈ, ਲੋੜੀਂਦੀ ਥਾਂ ਖਾਲ੍ਹੀ ਹੋਵੇ ਅਤੇ ਜਲ-ਬਿਜਲੀ ਘਰਾਂ ਲਈ ਪਾਣੀ ਦੀ ਸਪਲਾਈ ਸਾਰਾ ਸਾਲ ਲਗਾਤਾਰ ਇਕੋ ਜਿੰਨੀ ਮਿਲਦੀ ਰਹੇ। ਇਸ ਲਈ ਜਲ-ਭੰਡਾਰਾਂ ਉੱਤੇ ਜਲ-ਬਿਜਲੀ ਘਰਾਂ ਦੀ ਸਥਾਪਨਾ ਹੋਣਾ ਸੁਭਾਵਕ ਹੈ ਕਿਉਂਕਿ ਇਨ੍ਹਾਂ ਨਾਲ ਪਾਣੀ ਦੀ ਆਮਦ ਅਤੇ ਵਰਤੋਂ ਨੂੰ ਘਟਾਇਆ ਵਧਾਇਆ ਜਾ ਸਕਦਾ ਹੈ। ਆਮ ਕਰਕੇ ਡੈਮਾਂ ਉੱਤੇ ਖ਼ਾਸ ਉਚਾਈ ਉੱਤੇ ਵਾਧੂ ਪਾਣੀ ਕੱਢਣ ਲਈ ਫ਼ਲੱਡ-ਗੇਟ ਬਣਾਏ ਜਾਂਦੇ ਹਨ ਤਾਂ ਜੋ ਪਾਣੀ ਜਲ-ਭੰਡਾਰ ਸਮਰੱਥਾ ਦੀ ਸੀਮਾ ਤੋਂ ਨਾ ਵਧੇ। ਕਈ ਥਾਵਾਂ ਉੱਤੇ ਹੜ੍ਹ ਮੌਸਮੀ ਹੁੰਦੇ ਹਨ ਸੋ ਉਥੇ ਜਲ-ਭੰਡਾਰ

ਸਮਰੱਥਾ ਵੀ ਮੌਸਮ ਦੇ ਆਧਾਰ ਉੱਤੇ ਹੀ ਬਣਾਈ ਜਾਂਦੀ ਹੈ। ਆਉਣ ਵਾਲੇ ਪਾਣੀ ਦਾ ਅੰਦਾਜ਼ਾ ਉਪਰਲੇ ਪਹਾੜਾਂ ਉੱਤੇ ਪਈ ਬਰਫ਼ ਦੀ ਮੋਟਾਈ ਤੋਂ ਵੀ ਲਗਾਇਆ ਜਾਂਦਾ ਹੈ।

ਇਹ ਵੀ ਜ਼ਰੂਰੀ ਨਹੀਂ ਕਿ ਹੜ੍ਹਾਂ ਦਾ ਕੰਟਰੋਲ-ਪ੍ਰਬੰਧ ਅਤੇ ਬਿਜਲੀ ਘਰ ਇਕੋ ਥਾਂ ਹੋਣ। ਸਿੰਚਾਈ ਅਤੇ ਜਹਾਜ਼ਰਾਨੀ ਲਈ ਖ਼ੁਸ਼ਕ ਮੌਸਮ ਸਮੇਂ ਪਾਣੀ ਦੀ ਪੂਰੀ ਮਿਕਦਾਰ ਦਾ ਹੋਣਾ ਜ਼ਰੂਰੀ ਹੈ। ਸੋ ਅਜਿਹਾ ਕਰਨ ਲਈ ਵੱਡੇ ਪੱਧਰ ਉੱਤੇ ਪਾਣੀ ਨੂੰ ਸਟੋਰ ਕਰਨਾ ਪੈਂਦਾ ਹੈ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਅਨੇਕ ਦਰਿਆਈ ਪ੍ਰੱਜੈਕਟ ਉਸਾਰੇ ਗਏ ਹਨ। ਭਾਰਤ ਵਿਚ ਅਜਿਹੇ ਕਈ ਸਿੰਚਾਈ ਪ੍ਰੱਜੈਕਟ ਬਣਾਏ ਗਏ ਹਨ ਜਿਨ੍ਹਾਂ ਦਾ ਮੁੱਖ ਉਦੇਸ਼ ਸਿੰਚਾਈ ਦੇ ਨਾਲ ਨਾਲ ਉਦਯੋਗਿਕ ਵਿਕਾਸ ਅਤੇ ਜੀਵਨ ਪੱਧਰ ਉਚੇਰਾ ਕਰਨਾ ਵੀ ਹੈ। ਆਜ਼ਾਦੀ ਤੋਂ ਬਾਅਦ ਭਾਰਤ ਵਿਚ 900 ਤੋਂ ਜ਼ਿਆਦਾ ਪ੍ਰਾਜੈੱਕਟ ਸ਼ੁਰੂ ਕੀਤੇ ਗਏ ਜਿਨ੍ਹਾਂ ਵਿਚੋਂ 1977-78 ਤੀਕ 480 ਪ੍ਰੱਜੈਕਟ ਪੂਰੇ ਹੋ ਚੁੱਕੇ ਸਨ। ਇਨ੍ਹਾਂ ਵਿਚੋਂ ਕੁਝ-ਕੁ ਪ੍ਰਮੁੱਖ ਪ੍ਰਾਜੈੱਕਟ ਨਿਮਨ ਲਿਖਿਤ ਹਨ :–

| ਲੜੀ ਨੰ. | ਰਾਜ ਦਾ ਨਾਂ | ਪ੍ਰੱਜੈਕਟ ਦਾ ਨਾਂ | ਸਿੰਚਾਈ ਸਮਰੱਥਾ (ਲੱਖਾਂ ਵਿਚ) | ਸਾਲ |
|---|---|---|---|---|
| 1. | ਆਂਧਰਾ ਪ੍ਰਦੇਸ਼ | (ੳ) ਅਰਜਨ ਸਾਗਰ | 8.32 ਹੈਕ. | 1977-78 |
| | | (ਅ) ਪੋਚੰਪਡ | 1.03 ਹੈਕ. | 1977-78 |
| 2. | ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ | ਤੁੰਗਭਦਰਾ | 3.32 ਹੈਕ. | 1973-74 |
| 3. | ਉੱਤਰ ਪ੍ਰਦੇਸ਼ | (ੳ) ਸਾਰਦਾ ਸਹਾਇਕ | 8.00 ਹੈਕ. (ਕੁੱਲ 17.3 ਹੈਕ.) | 1977-78 |
| | | (ਅ) ਰਾਮ ਗੰਗਾ | 5.42 ਹੈਕ. | 1977-78 |
| 4. | ਬਿਹਾਰ ਅਤੇ ਉੱਤਰ ਪ੍ਰਦੇਸ਼ | ਗੰਡਾਕ | 8.63 ਹੈਕ. (ਕੁੱਲ 14.59 ਹੈਕ.) | 1977-78 |
| 5. | ਬਿਹਾਰ | ਕੋਸੀ | 4.49 ਹੈਕ. (ਕੁੱਲ 8.75 ਹੈਕ.) | 1977-78 |
| 6. | ਗੁਜਰਾਤ | (ੳ) ਕਾਕਰਪਾੜਾ | 2.28 ਹੈਕ. | 1977-78 |
| | | (ਅ) ਓਕਾਈ | 1.53 ਹੈਕ. | 1977-78 |
| | | (ੲ) ਮਾਹੀ | 2.49 ਹੈਕ. (ਕੁੱਲ 2.75 ਹੈਕ.) | 1977-78 |
| 7. | ਕਰਨਾਟਕ | (ੳ) ਭਦਰਾ | 0.98 ਹੈਕ. | 1977-78 |
| | | (ਅ) ਅਪਰ ਕ੍ਰਿਸ਼ਨਾ | 0.01 ਹੈਕ. | 1977-78 |
| | | (ੲ) ਘਟਾਪ੍ਰਭਾ | 1.39 ਹੈਕ. (ਕੁੱਲ 3.36 ਹੈਕ.) | 1977-78 |
| | | (ਸ) ਮਾਲ ਪ੍ਰਭਾ | 0.89 ਹੈਕ. | 1977-78 |
| 8. | ਮੱਧ ਪ੍ਰਦੇਸ਼ | (ੳ) ਟਾਵਾ | 0.87 ਹੈਕ. | 1977-78 |
| | | (ਅ) ਭੀਮਾ | 0.18 ਹੈਕ. (ਕੁੱਲ 1.74 ਹੈਕ.) | 1977-78 |
| | | (ੲ) ਜੈਕਵੜੀ | 0.89 ਹੈਕ. (ਕੁੱਲ 2.77 ਹੈਕ.) | 1977-78 |
| 9. | ਮੱਧ ਪ੍ਰਦੇਸ਼ ਅਤੇ ਰਾਜਸਥਾਨ | ਚੰਬਲ | 4.57 ਹੈਕ. (ਕੁੱਲ 4.98 ਹੈਕ.) | 1977-78 |
| 10. | ਰਾਜਸਥਾਨ | ਰਾਜਸਥਾਨ ਕੈਨਾਲ | 5.40 ਹੈਕ. (ਕੁੱਲ 12.54 ਹੈਕ.) | 1978-79 |
| 11. | ਉੜੀਸਾ | (ੳ) ਹੀਰਾਕੁੰਡ | 2.54 ਹੈਕ. | ਤੱਤਕਾਲੀਨ |
| | | (ਅ) ਮਹਾਂਨਦੀ ਡੈਲਟਾ ਸਕੀਮ | 4.65 ਹੈਕ. | 1977-78 |
| 12. | ਪੰਜਾਬ | (ੳ) ਭਾਖੜਾ ਨੰਗਲ | 14.6 ਹੈਕ. | ਤੱਤਕਾਲੀਨ |
| | | (ਅ) ਥੀਨ ਡੈਮ | | ਉਸਾਰੀ ਅਧੀਨ ਹੈ। |
| 13. | ਪੰਜਾਬ ਤੇ ਰਾਜਸਥਾਨ | ਬਿਆਸ-ਸਤਲੁਜ ਲਿੰਕ ਪ੍ਰੱਜੈਕਟ | | ਉਸਾਰੀ ਅਧੀਨ ਹੈ। |
| 14. | ਤਾਮਿਲਨਾਡੂ ਤੇ ਕੇਰਲਾ | ਪ੍ਰਥੀਕੁਲਮ | 0.88 ਹੈਕ. | 1977-78 |
| 15. | ਪੱਛਮੀ ਬੰਗਾਲ | (ੳ) ਫਰਾਖ਼ਾ | | |
| | | (ਅ) ਮਹਯੂਰਕਸ਼ੀ | 2.46 ਹੈਕ. | 1977-78 |
| | | (ੲ) ਕਾਂਗਸਬਾਤੀ | 3.50 ਹੈਕ. (ਕੁੱਲ 4.02 ਹੈਕ.) | 1977-78 |
| 16. | ਪੱਛਮੀ ਬੰਗਾਲ ਅਤੇ ਬਿਹਾਰ | ਦਾਮੋਦਰ ਰੈਲੀ ਪ੍ਰੋਜੈੱਕਟ | 3.64 ਹੈਕ. | 1977-78 |

**ਲਹਿਰਾਂ ਅਤੇ ਜਵਾਰਭਾਟਿਆਂ ਵਾਲੀ ਜਲ-ਇੰਜੀਨੀਅਰੀ—** ਦਰਿਆਵਾਂ ਦੇ ਕਿਨਾਰਿਆਂ ਨੂੰ ਲਹਿਰਾਂ ਅਤੇ ਜਵਾਰਭਾਟਿਆਂ ਦੇ ਅਸਰ ਤੋਂ ਬਚਾਉਣ ਲਈ ਤਰੰਗਾਂ ਦੀ ਗਤੀ ਅਤੇ ਕਿਸਮ ਦਾ ਖ਼ਿਆਲ ਰੱਖਿਆ ਜਾਂਦਾ ਹੈ। ਹਜ਼ਾਰਾਂ ਸਾਲਾਂ ਤੋਂ ਆਪਣੇ ਆਪ ਨੂੰ ਮਨੁੱਖ ਸਮੁੰਦਰ ਤੋਂ ਬਚਾਉਣ ਲਈ ਸਮੁੰਦਰੀ ਦੀਵਾਰਾਂ, ਨਾਲੇ, ਨਦੀਆਂ ਆਦਿ ਉਸਾਰਦਾ ਆ ਰਿਹਾ ਹੈ।

ਹ. ਪੁ.–ਐਨ. ਅਮੈ. 14: 541; ਇੰਡੀਆ-1979

**ਜਲ-ਸ਼ਕਤੀ ਮਸ਼ੀਨਾਂ** : ਉਨ੍ਹਾਂ ਮਸ਼ੀਨਾਂ ਜਾਂ ਯੰਤ੍ਰਿਕ-ਯੰਤਰਾਂ ਨੂੰ ਜਿਨ੍ਹਾਂ ਵਿਚ ਜਲ ਜਾਂ ਕਿਸੇ ਹੋਰ ਢੁੱਕਵੇਂ ਦ੍ਰਵ ਨੂੰ ਊਰਜਾ-ਸੰਚਾਰ ਲਈ ਇਸਤੇਮਾਲ ਕੀਤਾ ਜਾਂਦਾ ਹੈ, ਜਲ-ਸ਼ਕਤੀ ਮਸ਼ੀਨਾਂ ਕਿਹਾ ਜਾਂਦਾ ਹੈ। ਪਹਿਲੋਂ ਪਹਿਲ ਕੇਵਲ ਪਾਣੀ ਨੂੰ ਹੀ ਕੁਦਰਤੀ ਜਾਂ ਸੰਚਾਰਿਤ ਦਬਾਉ ਥੱਲੇ ਪੂਰਨ ਤੌਰ ਤੇ ਜਲ-ਸ਼ਕਤੀ ਮਸ਼ੀਨਾਂ ਵਿਚ ਵਰਤਿਆ ਜਾਂਦਾ ਸੀ ਪਰੰਤੂ ਆਧੁਨਿਕ ਉਪਯੋਗਾਂ ਲਈ ਹੋਰ ਅਨੇਕ ਪਦਾਰਥਾਂ ਜਿਵੇਂ ਕਿ ਖਣਿਜ ਤੇਲ ਅਤੇ ਖ਼ਾਸ ਤੌਰ ਤੇ ਤਿਆਰ ਕੀਤੇ ਗਏ ਯੋਗਿਕਾਂ ਦਾ ਵੀ

ਇਸਤੇਮਾਲ ਹੋਣ ਲੱਗ ਪਿਆ ਹੈ। ਇਸ ਦ੍ਰਵ ਊਰਜਾ ਨੂੰ ਯੰਤ੍ਰਿਕ ਊਰਜਾ ਵਿਚ ਬਦਲਨ ਵਾਲੀਆਂ ਮੁੱਖ ਮਸ਼ੀਨਾਂ ਹਾਈਡ੍ਰਾੱਲਿਕ ਟਰਬਾਈਨਾਂ, ਹਾਈਡ੍ਰਾੱਲਿਕ ਲਿਫ਼ਟਾਂ, ਹਾਈਡ੍ਰਾੱਲਿਕ ਮੋਟਰਾਂ ਆਦਿ ਹਨ। ਦ੍ਰਵ ਵਿਚਲੀ ਊਰਜਾ ਹਾਈਡ੍ਰੋਸਟੈਟਿਕ ਜਾਂ ਦ੍ਰਵਸਥਿਤਕੀ ਹੈੱਡ ਜਾਂ ਦਬਾਉ ਵਿਚਲੀ ਕਮੀ ਕਾਰਨ ਪੈਦਾ ਹੋਈ ਵੇਗ ਜਾਂ ਉਚਾਈ ਤੋਂ ਦ੍ਰਵ ਦੇ ਡਿੱਗਣ ਕਾਰਨ ਹੁੰਦੀ ਹੈ।

ਇਹ ਦੋਵੇਂ ਕਿਸਮ ਦੀਆਂ ਮਸ਼ੀਨਾਂ ਨੂੰ ਸੁਤੰਤਰਤਾ ਪੂਰਵਕ ਇਕੱਲੇ ਇਕੱਲੇ ਜਾਂ ਇਕੱਠੇ ਤੌਰ ਤੇ ਇਕ ਬੰਦ ਸਿਸਟਮ ਵਿਚ ਚਲਾਇਆ ਜਾ ਸਕਦਾ ਹੈ। ਮਗਰਲੇ ਢੰਗ ਵਿਚ ਸੰਯੋਜਕ ਅਤੇ ਨਿਯੰਤਰਣ ਯੰਤਰ ਸਿਸਟਮ ਵੱਖਰਾ ਹੁੰਦਾ ਹੈ। ਵਧੇਰੇ ਕਰਕੇ ਪਾਣੀ ਨੂੰ ਦਬਾਇਆ ਨਹੀਂ ਜਾ ਸਕਦਾ। ਜਦੋਂ ਸੰਵੇਗ ਦੀ ਗਤੀ ਅਤੇ ਵੇਗ ਦੀ ਖ਼ਾਸ ਮਹੱਤਤਾ ਹੋਵੇ ਤਾਂ ਦ੍ਰਵ ਮਸ਼ੀਨ ਦੇ ਘੁੰਮਣਸ਼ੀਲ ਪੁਰਜ਼ਿਆਂ ਦੇ ਉਲਟ ਕਾਰਜ ਕਰਦਾ ਹੈ, ਜਿਵੇਂ ਅਪਕੇਂਦਰੀ ਪੰਪਾਂ ਅਤੇ ਰੀਐਕਸ਼ਨ ਤੇ ਇੰਪਲਸ ਟਰਬਾਈਨਾਂ ਵਿਚ।

ਸਿਲਿੰਡਰ ਦੇ ਅੰਦਰ ਪਿਸਟਨ ਉੱਤੇ ਪੈ ਰਿਹਾ ਦ੍ਰਵ ਦਾ ਦਬਾਉ, ਪਿਸਟਨ ਰੱਡ ਉੱਤੇ ਪੈਣ ਵਾਲੇ ਦਬਾਉ ਨੂੰ ਉਸੇ ਅਨੁਪਾਤ ਵਿਚ ਸਹਾਰ ਲਵੇਗਾ। ਇਸ ਸਾਧਨ ਨੂੰ ਆਮ ਕਰਕੇ ਰੈਮ ਕਿਹਾ ਜਾਂਦਾ ਹੈ ਜਿਹੜਾ ਕਿ ਜਲ-ਸ਼ਕਤੀ ਮਸ਼ੀਨਾਂ ਦੀ ਰੇਖੀ ਗਤੀ ਲਈ ਮੁੱਢਲਾ ਮਕੈਨਿਜ਼ਮ ਹੈ।

**ਹਾਈਡ੍ਰਾੱਲਿਕ ਪ੍ਰੈੱਸ ਜਾਂ ਜਲ-ਚਾਲਿਤ ਪ੍ਰੈਸ**—ਖ਼ਾਸ ਖੇਤਰਫਲ ਉੱਤੇ ਵਧੇਰੇ ਬਲ ਪੈਦਾ ਕਰਨ ਵਾਲੇ ਯੰਤਰ ਨੂੰ ਹਾਈਡ੍ਰਾੱਲਿਕ ਪ੍ਰੈੱਸ ਕਿਹਾ ਜਾਂਦਾ ਹੈ ਜਿਸ ਦੇ ਵੱਖੋ ਵੱਖਰੇ ਆਕਾਰ ਵਾਲੇ ਪਿਸਟਨਾਂ ਤੇ ਸਿਲਿੰਡਰਾਂ ਨੂੰ ਦ੍ਰਵ ਨਾਲ ਭਰੀਆਂ ਹੋਈਆਂ ਪਾਈਪਾਂ ਦੇ ਸਿਸਟਮ ਨਾਲ ਆਪਸ ਵਿਚ ਜੋੜਿਆ ਹੁੰਦਾ ਹੈ। ਇਹ ਪਾਸਕਲ ਦੇ ਦ੍ਰਵਾਂ ਦੇ ਸਿਧਾਂਤ, ਕਿ ਦ੍ਰਵ ਚਾਰੇ ਪਾਸੇ ਇਕੋ ਜਿਹਾ ਬਲ ਪਾਉਂਦੇ ਹਨ, ਅਨੁਸਾਰ ਕੰਮ ਕਰਦੀ ਹੈ। ਜੇਕਰ ਦੋਵੇਂ ਪਿਸਟਨਾਂ ਦੇ ਖ਼ੇਤਰਫ਼ਲਾਂ ਦਾ ਅਨੁਪਾਤ 30 ਹੋਵੇ ਤਾਂ ਵੱਡੇ ਪਿਸਟਨ ਦੀ ਰੱਡ ਉੱਤੇ ਛੋਟੇ ਪਿਸਟਨਾਂ ਦੀ ਰੱਡ ਨਾਲੋਂ 30 ਗੁਣਾਂ ਵਧੇਰੇ ਬਲ ਕਿਰਿਆ ਕਰੇਗਾ। ਇਸ ਤਰ੍ਹਾਂ ਇਹ ਇਕ ਬਲ-ਵਰਧਕ ਢੰਗ ਬਣ ਜਾਂਦਾ ਹੈ ਜਿਸ ਨਾਲ 100 ਕਿ. ਗ੍ਰਾ. ਬਲ ਲਗਾ ਕੇ ਉਸ ਤੋਂ, 3,000 ਕਿ. ਗ੍ਰਾ. ਭਾਰ ਚੁੱਕਣ ਦਾ ਕੰਮ ਲਿਆ ਜਾਂਦਾ ਹੈ। ਬਹੁਤ ਸਾਰੀਆਂ ਹਾਈਡ੍ਰਾੱਲਿਕ ਪ੍ਰੈਸਾਂ ਵਿਚ ਵੱਡੇ ਪਿਸਟਨ ਨੂੰ ਕਾਫ਼ੀ ਦੂਰੀ ਤੱਕ ਵਿਸਥਾਪਤ ਕੀਤਾ ਜਾਂਦਾ ਹੈ। ਅਜਿਹਾ ਕਰਨ ਲਈ ਸੰਚਕ ਵਰਤਿਆ ਜਾਂਦਾ ਹੈ ਜਿਹੜਾ ਕਿ ਇਕ ਧਨਾਤਮਕ ਵਿਸਥਾਪਨ ਪੰਪ ਜਾਂ ਬਹੁ-ਸਟੇਜੀ ਅਪਕੇਂਦਰੀ ਪੰਪ ਹੁੰਦਾ ਹੈ। ਜਦੋਂ ਥੋੜ੍ਹੀ ਦੇਰ ਲਈ ਅਜਿਹਾ ਕਰਨਾ ਹੋਵੇ ਤਾਂ ਸਪਰਿੰਗ ਜਾਂ ਗੈਸ ਵਾਲੇ ਸੰਚਕ ਵਰਤੇ ਜਾਂਦੇ ਹਨ। ਆਮ ਕਰਕੇ ਪ੍ਰੈਸਾਂ ਨਾਲ ਧਨਾਤਮਕ ਵਿਸਥਾਪਨ ਵਾਲੇ ਰੋਟਰੀ ਪੰਪ ਲੱਗੇ ਹੁੰਦੇ ਹਨ।

ਸਾਧਾਰਣ ਪ੍ਰੈੱਸ ਦੇ ਫ੍ਰੇਮ ਜਾਂ ਢਾਂਚੇ ਵਿਚ ਇਕ ਹੈੱਡ ਤੇ ਇਕ ਬੈੱਡ ਲੱਗਾ ਹੁੰਦਾ ਹੈ। ਇਨ੍ਹਾਂ ਦੇ ਵਿਚਕਾਰ ਦੋ ਜਾਂ ਦੋ ਤੋਂ ਵੱਧ ਖੜੇ-ਦਾਅ ਮੁੰਨੇ ਲੱਗੇ ਹੁੰਦੇ ਹਨ ਤੇ ਇਹ ਇਕ ਠੋਸ ਢਾਂਚਾ ਬਣ ਜਾਂਦਾ ਹੈ। ਹੈੱਡ ਅਧੀਨ ਸਿਲਿੰਡਰ ਅਤੇ ਸ਼ਕਤੀ ਰੈਮ ਅਤੇ ਰੈਮ ਦੇ ਇਕ ਸਿਰੇ ਉੱਤੇ ਲੱਗਿਆ ਇਕ ਪਲੈਟਫ਼ਾਰਮ ਆਉਂਦੇ ਹਨ। ਇਸੇ ਵਰਗਾ ਇਕ ਹੋਰ ਗਤੀਸ਼ੀਲ ਪਲੈਟਫ਼ਾਰਮ ਬੈੱਡ ਨਾਲ ਲਗਾ ਹੁੰਦਾ ਹੈ। ਪ੍ਰੈੱਸ ਦਾ ਫਰੇਮ ਖੜੇ-ਦਾਅ ਖਤਿਜੀ ਦਿਸ਼ਾ ਵਿਚ ਹੋ ਸਕਦਾ ਹੈ। ਰੈਮ ਅਤੇ ਪਲੈਟਫਾਰਮ ਦੋਵੇਂ ਉਲਟ ਦਿਸ਼ਾਵਾਂ ਵਿਚ ਗਤੀ ਕਰਦੇ ਰੱਖੇ ਜਾ ਸਕਦੇ ਹਨ।

ਹਾਈਡ੍ਰਾੱਲਿਕ ਪ੍ਰੈੱਸਾਂ ਨੂੰ ਆਮ ਕਰਕੇ ਪ੍ਰਾਸੈੱਸ ਵਰਕ, ਮੈਟਲ ਫੌਰਮਿੰਗ ਅਤੇ ਪਲਾਸਟਿਕ ਢਲਾਈ ਲਈ ਇਸਤੇਮਾਲ ਕੀਤਾ ਜਾਂਦਾ ਹੈ। ਪ੍ਰਾਸੈੱਸ ਵਰਕ ਅਧੀਨ ਬੀਜਾਂ ਵਿਚੋਂ ਤੇਲ ਕੱਢਣਾ, ਫਲਾਂ, ਸਬਜ਼ੀਆਂ, ਰਸਾਇਣਿਕ ਪਦਾਰਥਾਂ, ਦਵਾਈਆਂ ਵਿਚੋਂ ਨਮੀ ਦੂਰ ਕਰਨਾ ਆਦਿ ਆਉਂਦਾ ਹੈ। ਇਕ ਸਟੈਂਡਰਡ ਪ੍ਰੈੱਸ ਦਾ ਬਲ ਲਗਭਗ 5,000 ਮੀ. ਟਨ ਤੱਕ ਹੁੰਦਾ ਹੈ। ਇਸ ਦੀ ਸਹਾਇਤਾ ਨਾਲ ਅਨੇਕ ਕੰਮ ਕੀਤੇ ਜਾਂਦੇ ਹਨ, ਜਿਵੇਂ ਕਿ ਰਿਬਟ ਲਗਾਉਣਾ, ਰਿਬਟ ਬਾਹਰ ਕੱਢਣਾ, ਮੋੜਨਾ, ਗੰਢਾਂ ਬੰਨ੍ਹਣਾ, ਆਕਾਰ ਦੇਣਾ ਅਤੇ ਡੂੰਘਾਈ ਤੱਕ ਧੱਕਣਾ ਆਦਿ। ਵੱਡੀਆਂ ਵੱਡੀਆਂ ਪ੍ਰੈੱਸਾਂ ਨਾਲ ਮੋਟਰਕਾਰਾਂ ਅਤੇ ਹਵਾਈ ਜਹਾਜ਼ਾਂ ਦੀਆਂ ਬਾਡੀਆਂ ਦੇ ਪਾਰਟ ਤਿਆਰ ਕੀਤੇ ਜਾਂਦੇ ਹਨ। ਇਹ ਪੁਰਜ਼ੇ ਮੈਗਨੀਸ਼ੀਅਮ, ਸਟੀਲ ਜਾਂ ਐਲੂਮਿਨੀਅਮ ਦੀ ਪਤਲੀ ਸ਼ੀਟ ਨੂੰ ਡਾਈ ਅਤੇ ਪਲੈਟਫਾਰਮ ਦੇ ਵਿਚਕਾਰ ਰੱਖ ਕੇ ਤਿਆਰ ਕੀਤੇ ਜਾਂਦੇ ਹਨ। ਅਜਿਹਾ ਕਰਨ ਦੇ ਦੋ ਢੰਗ ਹਨ। ਇਕ ਢੰਗ ਡਾਈ ਦਾ ਇਸਤੇਮਾਲ ਕਰਕੇ ਤੇ ਦੂਜਾ ਗਿਊਰਿਨ ਰਬੜ ਪੈਡ ਢੰਗ। ਦੂਜੇ ਢੰਗ ਵਿਚ ਸਟੀਲ ਪੈਡ ਦੇ ਅੰਦਰ ਮੋਟਾ ਰਬੜ ਪੈਡ ਕਸਿਆ ਹੁੰਦਾ ਹੈ ਜਿਹੜਾ ਕਿ ਪਲੈਟਫਾਰਮ ਉੱਤੇ ਫਿਟ ਕੀਤਾ ਹੁੰਦਾ ਹੈ। ਰੈਮ ਦੇ ਵਧੇਰੇ ਦਬਾਉ ਅਧੀਨ ਰਬੜ ਚਾਰੇ ਪਾਸੇ ਇਕੋ ਜਿਹੀ ਫੈਲ ਜਾਂਦੀ ਹੈ ਅਤੇ ਡਾਈ ਦਾ ਆਕਾਰ ਧਾਰਨ ਕਰਕੇ ਸ਼ੀਟ ਨੂੰ ਵੀ ਉਹੋ ਆਕਾਰ ਦੇ ਦਿੰਦੀ ਹੈ। ਪਲਾਸਟਿਕ ਮੋਲਡਿੰਗ ਜਾਂ ਢਲਾਈ ਘੁੰਮਣਸ਼ੀਲ ਟੇਬਲ ਉੱਤੇ ਮੋਲਡਿੰਗ ਅਤੇ ਹੱਟ ਪਲੇਟ ਪ੍ਰੈਸਾਂ ਨਾਲ ਕੀਤੀ ਜਾਂਦੀ ਹੈ। ਪਰਤਾਂ ਵਾਲੇ ਪਲਾਸਟਿਕ ਪਦਾਰਥ ਤਿਆਰ ਕਰਨ ਲਈ ਹੱਟ ਪਲੇਟ ਪ੍ਰੈੱਸਾਂ ਵਿਚ ਗਰਮ ਕੀਤੇ ਹੋਏ ਪਲੈਟਫਾਰਮ ਤੇ ਡਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

**ਜਲ-ਚਾਲਿਤ ਸੰਚਾਰ**—ਸਿੱਧੇ ਤੌਰ ਤੇ ਯੰਤ੍ਰਿਕ ਸੰਪਰਕ ਤੋਂ ਬਿਨਾਂ ਹੀ ਡਰਾਈਵਿੰਗ ਯੂਨਿਟ ਤੋਂ ਡਰਿਵਨ ਯੂਨਿਟ ਨੂੰ ਯੰਤ੍ਰਿਕ ਊਰਜਾ ਪ੍ਰਦਾਨ ਕਰਨ ਵਾਲੀਆਂ ਮਸ਼ੀਨਾਂ ਨੂੰ ਜਲ-ਚਾਲਿਤ ਸੰਚਾਰ ਕਹਿੰਦੇ ਹਨ। ਦ੍ਰਵ ਰਾਹੀਂ ਊਰਜਾ ਦਾ ਸੰਚਾਰ ਕੀਤਾ ਜਾਂਦਾ ਹੈ ਜਿਸ ਨਾਲ ਟਾੱਰਕ ਅਤੇ ਰਫ਼ਤਾਰ ਦੇ ਆਪਸੀ ਸ਼ਾੱਕ ਲੋਡਿੰਗ ਰੋਧਕਤਾ ਉੱਤੇ ਪ੍ਰਭਾਵ ਪੈਂਦਾ ਹੈ ਇਸ ਸੰਚਾਰ ਸਿਸਟਮ ਦੇ ਤਿੰਨ ਪ੍ਰਮੁੱਖ ਹਿੱਸੇ ਪੰਪ, ਸੰਪਰਕ ਸਥਾਪਿਤ ਤੇ ਨਿਯੰਤਰਕ ਮਸ਼ੀਨਾਂ ਅਤੇ ਮੋਟਰ ਹੁੰਦੇ ਹਨ। ਇੰਗਲੈਂਡ ਵਿਚ ਇਕ ਕੇਂਦਰੀ ਸਥਾਨ ਉੱਤੇ ਪਾਣੀ ਨੂੰ ਪੰਪ ਕਰਕੇ 1.100 ਪੌਂਡ ਤੋਂ ਵਧੇਰੇ ਦਬਾਉ ਥੱਲੇ ਨਪੀੜ ਕੇ ਵੱਖ ਵੱਖ ਸ਼ਾਖਾਂ ਰਾਹੀਂ ਇਸਤੇਮਾਲ ਕੀਤਾ ਜਾਂਦਾ ਹੈ। ਆਧੁਨਿਕ ਬਿਜਲੀ ਊਰਜਾ ਵਾਲੇ ਸਿਸਟਮ ਨਾਲੋਂ ਇਹ ਸਿਸਟਮ ਵਧੇਰੇ ਸਸਤਾ ਪੈਂਦਾ ਹੈ।

ਹਾਈਡ੍ਰੋਕਾਇਨੈਟਿਕਸ (ਦ੍ਰਵਗਤੀ ਵਿਗਿਆਨ) ਕਿਸਮ ਦੇ ਊਰਜਾ ਸੰਚਾਰ ਸਿਸਟਮ ਨਾਲ ਵਿਥ ਉੱਤੇ ਸੰਚਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦੇ ਸਾਰੇ ਦੇ ਸਾਰੇ ਪ੍ਰਮੁੱਖ ਹਿੱਸੇ ਇਕੋ ਕੇਸਿੰਗ ਵਿਚ ਜੜ੍ਹੇ ਹੁੰਦੇ ਹਨ। ਸਥਿਰ ਦਬਾਉ ਥੱਲੇ ਰਹਿੰਦਾ ਹੈ ਅਤੇ ਊਰਜਾ ਦਾ ਸੰਚਾਰ ਵੇਗ ਦੀ ਤਬਦੀਲੀ ਕਰਕੇ ਹੁੰਦਾ ਹੈ। ਇਕ ਸਾਧਾਰਣ ਦ੍ਰਵ ਕਪਲਿੰਗ, ਕਲੱਚ ਦੀ ਤਰ੍ਹਾਂ ਕੰਮ ਕਰਦੀ ਹੈ ਤਾਂ ਜੋ ਟਾੱਰਕ ਦਾ ਸੰਚਾਰ ਸਥਿਰ ਰਹੇ ਪਰੰਤੂ ਟਰਬਾਈਨ ਵਾਲੇ ਭਾਗ ਦੀ ਰਫ਼ਤਾਰ ਪੰਪ ਵਾਲੇ ਹਿੱਸੇ ਨਾਲੋਂ ਘੱਟ ਹੁੰਦੀ ਹੈ। ਪ੍ਰਾਈਮ-ਮੂਵਰ ਨਾਲ ਲੱਗੇ ਇਮਪੈਲਰ ਦੀ ਸਾਫ਼ਟ ਅਪਕੇਂਦਰੀ ਪੰਪ ਜਾਂ ਸੈਂਟਰੀਫ਼ਿਊਗਲ ਪੰਪ ਦਾ ਕੰਮ ਕਰਦੀ ਹੈ। ਹੱਬ ਅੰਦਰ ਤੇਲ ਖਿੱਚ ਕੇ ਉਥੇ ਹੀ ਵਧੇਰੇ ਗਤੀ ਨਾਲ ਉਸ ਨੂੰ ਘੇਰੇ ਦੁਆਲੇ ਕੱਢਦੀ ਹੈ। ਤੇਲ, ਟਰਬਾਈਨ ਦੇ ਰਨਰ ਦੇ ਘੇਰੇ ਉੱਤੇ ਅੰਦਰ ਜਾਂਦਾ ਹੈ। ਇਸ ਨਾਲ ਕਪਲਿੰਗ ਦੀ ਨਿਵੇਸ਼ ਸ਼ਾਫ਼ਟ ਘੁੰਮਦੀ ਹੈ ਅਤੇ ਹੱਬ ਉੱਤੇ ਸੁੱਟ ਦਿੰਦੀ ਹੈ ਤਾਂ ਜੋ ਇਹ ਮੁੜ ਇਮਪੈਲਰ ਵਿਚ ਦਾਖ਼ਲ ਹੋ ਸਕੇ। ਦੋਵੇਂ ਦਿਸ਼ਾਵਾਂ ਵਿਚ ਕਾਰਜਸ਼ੀਲਤਾ ਇਕਸਮਾਨ ਹੀ ਹੁੰਦੀ ਹੈ। ਆਮ ਕਰਕੇ ਪੰਪ ਅਤੇ ਇਮਪੈਲਰ ਦੇ ਰਨਰ ਇਕੋ ਤਰ੍ਹਾਂ ਦੇ ਹੁੰਦੇ ਹਨ ਅਤੇ ਆਹਮੋ ਸਾਹਮਣੇ ਲੱਗੇ ਹੁੰਦੇ ਹਨ। ਸਾਧਾਰਣ ਹਾਲਤਾਂ ਵਿਚ ਆਵੇਸ਼ ਅਤੇ ਨਿਵੇਸ਼ ਸ਼ਾਫ਼ਟ ਦੀ ਘੁੰਮਣ ਗਤੀ ਵਿਚ 3% ਦਾ ਅੰਤਰ ਹੁੰਦਾ ਹੈ। ਉੱਚ ਰਫ਼ਤਾਰ ਲਈ ਕਪਲਿੰਗ ਠੀਕ ਨਹੀਂ ਹੁੰਦੀ, ਰਫ਼ਤਾਰ ਉੱਤੇ ਨਿਯੰਤਰਣ ਕਪਲਿੰਗ ਦੇ ਤੇਲ ਦੀ ਮਿਕਦਾਰ ਘਟਾ ਵਧਾ ਕੇ ਕੀਤਾ ਜਾਂਦਾ ਹੈ। ਟਾੱਰਕ

ਕਨਵਰਟਰ ਅਤੇ ਕਪਲਿੰਗ ਵਿਚ ਕੋਈ ਫ਼ਰਕ ਨਹੀਂ ਹੁੰਦਾ ਪਰੰਤੂ ਬਲੇਡ ਦਾ ਆਕਾਰ ਘੁੰਮਣ ਦੀ ਦਿਸ਼ਾ ਵਿਚ ਹੁੰਦਾ ਹੈ ਅਤੇ ਗਾਈਡ ਵੇਨਜ਼ ਦੇ ਸੈੱਟ ਪੰਪ ਅਤੇ ਟਰਬਾਈਨ ਵਿਚਕਾਰ ਲੱਗੇ ਹੁੰਦੇ ਹਨ। ਇਮਪੈਲਰ ਸਥਾਈ ਵੇਨਜ਼ ਅਤੇ ਟਰਬਾਈਨ ਦੀਆਂ ਵੱਖ ਵੱਖ ਸਟੇਜਾਂ ਉਤਲੀਆਂ ਟਾੱਰਕਾਂ ਦਾ ਅਲਜਬੱਰਈ ਜੋੜ ਸਿਫ਼ਰ ਹੋਣਾ ਚਾਹੀਦਾ ਹੈ। ਵਪਾਰਕ ਮਸ਼ੀਨਾਂ ਨਾਲ ਨਿਵੇਸ਼ ਟਾੱਰਕ ਆਵੇਸ਼ ਟਾੱਰਕ ਨਾਲੋਂ ਪੰਜ ਜਾਂ ਛੇ ਗੁਣਾਂ ਹਾਸਲ ਕੀਤਾ ਜਾਂਦਾ ਹੈ। ਹਾਈਡ੍ਰੋਕਾਇਨੈਟਿਕਸ ਡਰਾਈਵ ਵਿਚ ਗੈਸੋਲੀਨ ਜਾਂ ਡੀਜ਼ਲ ਦੇ ਦੁਪਾਸੀ ਚੱਲਣ ਵਾਲੇ ਇੰਜਣ, ਬੱਸਾਂ, ਟਰੱਕਾਂ, ਟਰੈਕਟਰਾਂ, ਰੇਲ ਕਾਰਾਂ, ਰੇਲ ਗੱਡੀਆਂ, ਸਮੁੰਦਰੀ ਜਹਾਜ਼ਾਂ ਅਤੇ ਹੋਰ ਅਨੇਕ ਕਿਸਮ ਦੀਆਂ ਉਸਾਰੀ ਮਸ਼ੀਨਾਂ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਤਰੰਗ ਸਿਧਾਂਤ ਉੱਤੇ ਕੰਮ ਕਰਨ ਵਾਲੇ ਸੰਚਾਰ ਸਾਧਨ ਬਹੁਤ ਘੱਟ ਥਾਵਾਂ ਉੱਤੇ ਵਰਤੇ ਜਾਂਦੇ ਹਨ। ਇਹ ਸਿਸਟਮ ਬਿਜਲਈ ਏ. ਸੀ. ਊਰਜਾ ਸੰਚਾਰ ਸਿਸਟਮ ਨਾਲ ਰਲਦਾ ਮਿਲਦਾ ਸਿਸਟਮ ਹੈ।

**ਜਲ-ਚਾਲਿਤ ਪੰਪ**—ਇਹ ਪਾਣੀ ਨਾਲ ਚੱਲਣ ਵਾਲਾ ਇਕ ਪੰਪ ਹੈ ਜਿਸ ਦੀ ਸਹਾਇਤਾ ਨਾਲ ਉੱਚੇ ਥਾਂ ਤੋਂ ਕਿਸੇ ਹੋਰ ਵਧੇਰੇ ਉੱਚੀ ਥਾਂ ਉੱਤੇ ਉਸੇ ਦਬਾਉ ਨਾਲ ਪਾਣੀ ਪਹੁੰਚਾਇਆ ਜਾਂਦਾ ਹੈ। ਇਸ ਦੀ ਕਾਢ 1772 ਈ. ਵਿਚ ਜਾੱਨ ਵਾਈਟ ਹਰਸਟ ਨੇ ਇੰਗਲੈਂਡ ਵਿਚ ਕੀਤੀ ਅਤੇ ਇਸ ਦੀਆਂ ਤਰੁਟੀਆਂ 1796 ਈ. ਵਿਚ ਫ਼ਰਾਂਸ ਦੇ ਜੋਜ਼ਫ ਮਾਈਕਲ ਮਾਂਟਗਾਲਫਾਈਰ ਨੇ ਦੂਰ ਕਰਕੇ ਹਰ ਪੱਖੋਂ ਮੁਕੰਮਲ ਕੀਤਾ। ਇਸ ਵਿਚ ਇਕ ਸਪਲਾਈ ਜਾਂ ਡਰਾਈਵ ਪਾਈਪ ਲੱਗੀ ਹੁੰਦੀ ਹੈ ਜਿਹੜੀ ਚੈਂਬਰ ਅਤੇ ਉਚਾਈ ਵਾਲੇ ਪਾਣੀ ਦੇ ਸੋਮਿਆਂ ਨੂੰ ਆਪਸ ਵਿਚ ਜੋੜਦੀ ਹੈ। ਇਸ ਤੋਂ ਬਿਨਾਂ ਡਿਸਚਾਰਜ ਵਾਲਵ ਇਕ ਏਅਰ ਚੈਂਬਰ ਜਿਹੜਾ ਡਿਸਚਾਰਜ ਵਾਲਵ ਵਿਚ ਦੀ ਲੰਘਦੇ ਪਾਣੀ ਨੂੰ ਸੰਭਾਲਦਾ ਹੈ, ਨਿਵੇਸ਼ ਵਾਲਵ ਨੂੰ ਜੋੜਨ ਵਾਲੀਆਂ ਪਾਈਪਾਂ, ਨਿਵੇਸ਼ ਵਾਲਵ, ਜਿਹੜਾ ਉੱਚ ਦਬਾਉ ਵਾਲੇ ਪਾਣੀ ਦੇ ਵਹਾਉ ਦੀ ਦਰ ਉੱਤੇ ਨਿਯੰਤਰਣ ਕਰਦਾ ਹੈ ਅਤੇ ਸਨਿਫਰ ਵਾਲਵ ਜਿਹੜਾ ਡਰਾਈਵ ਲਾਈਨ ਵਿਚਕਾਰ ਲੱਗਾ ਹੁੰਦਾ ਹੈ (ਜਿਸ ਦਾ ਕੰਮ ਜਦੋਂ ਦਬਾਉ ਵਾਯੂ ਮੰਡਲੀ ਦਬਾਉ ਨਾਲੋਂ ਘੱਟ ਜਾਵੇ ਤਾਂ ਹਵਾ ਸਪਲਾਈ ਕਰਨਾ ਹੈ ਤਾਂ ਜੋ ਚੈਂਬਰ ਵਿਚ ਲੋੜੀਂਦੀ ਹਵਾ ਦੀ ਮਾਤਰਾ ਹਮੇਸ਼ਾ ਰਹੇ) ਆਦਿ ਹਿੱਸੇ ਲੱਗੇ ਹੁੰਦੇ ਹਨ। ਵੇਸਟ ਵਾਲਵ ਸਪਰਿੰਗ ਜਾਂ ਗੁਰੂਤਾ ਚਾਲਿਤ ਹੁੰਦਾ ਹੈ।

ਇਸ ਨੂੰ ਚਾਲੂ ਕਰਨ ਤੋਂ ਪਹਿਲਾਂ ਵੇਸਟ ਵਾਲਵ ਹੱਥ ਨਾਲ ਚਲਾਇਆ ਜਾਂਦਾ ਹੈ ਤਾਂ ਜੋ ਡਰਾਈਵ ਲਾਈਟ ਪੂਰੀ ਤਰ੍ਹਾਂ ਪਾਣੀ ਨਾਲ ਭਰ ਜਾਵੇ ਅਤੇ ਏਅਰ ਚੈਂਬਰ ਵਿਚ ਲੋੜੀਂਦਾ ਦਬਾਉ ਬਣ ਜਾਵੇ ਅਤੇ ਡਿਸਚਾਰਜ ਵਾਲਵ ਨੂੰ ਬੰਦ ਰੱਖੇ। ਵੇਸਟ ਵਾਲਵ ਨੂੰ ਖੋਲ੍ਹ ਦਿੱਤਾ ਜਾਂਦਾ ਹੈ ਤਾਂ ਪਾਣੀ ਡਰਾਈਵ ਲਾਈਨ ਦੇ ਵੇਗ ਨੂੰ ਉਦੋਂ ਤੱਕ ਵਧਾਉਂਦਾ ਰਹਿੰਦਾ ਹੈ ਜਦੋਂ ਤੱਕ ਵੇਸਟ ਵਾਲਵ ਅਚਾਨਕ ਬੰਦ ਨਹੀਂ ਹੋ ਜਾਂਦਾ ਹੈ। ਇਸ ਤਰ੍ਹਾਂ ਉੱਚ ਦਬਾਉ ਉਤਪੰਨ ਹੋ ਜਾਂਦਾ ਹੈ ਜਿਹੜਾ ਡਿਸਚਾਰਜ ਵਾਲਵ ਨੂੰ ਏਅਰ ਚੈਂਬਰ ਵੱਲ ਖੋਲ੍ਹ ਦਿੰਦਾ ਹੈ। ਇਸ ਤਰ੍ਹਾਂ ਪਾਣੀ ਏਅਰ ਚੈਂਬਰ ਵਿਚ ਚਲਾ ਜਾਂਦਾ ਹੈ ਅਤੇ ਅਚਾਨਕ ਇਸ ਦਾ ਦਬਾਉ ਵਾਯੂ-ਮੰਡਲੀ ਦਬਾਉ ਨਾਲੋਂ ਘੱਟ ਜਾਂਦਾ ਹੈ। ਸਿੱਟੇ ਵਜੋਂ ਵਾਲਵ ਖੁਲ੍ਹ ਜਾਂਦਾ ਹੈ ਤੇ ਇਹ ਚੱਕਰ ਚਲਦਾ ਰਹਿੰਦਾ ਹੈ ਅਤੇ ਪਾਣੀ ਚੁੱਕਣ ਦਾ ਕੰਮ ਹੁੰਦਾ ਰਹਿੰਦਾ ਹੈ। ਜੇਕਰ ਡਰਾਈਵ ਪਾਈਪ ਲਾਈਨ ਦੀ ਲੰਬਾਈ, ਡਰਾਈਵਿੰਗ ਹੈੱਡ ਨਾਲੋਂ 6 ਤੋਂ 12 ਗੁਣਾਂ ਰੱਖੀ ਜਾਵੇ ਤੇ ਡਿਸਚਾਰਜ ਡਰਾਈਵਿੰਗ ਹੈੱਡ ਨਾਲੋਂ ਨਾਲ 4 ਤੋਂ 24 ਗੁਣਾਂ ਰੱਖਿਆ ਜਾਵੇ ਤਾਂ ਪੰਪ ਦੀ ਕਾਰਜ-ਕੁਸ਼ਲਤਾ ਵਧੇਰੇ ਤਸੱਲੀਬਖਸ਼ ਹੁੰਦੀ ਹੈ। ਵੱਡੇ ਵੱਡੇ ਅਕਾਰਾਂ ਲਈ ਸੁਯੋਗਤਾ 80% ਤੋਂ ਵੀ ਵੱਧ ਹਾਸਲ ਕੀਤੀ ਜਾਂਦੀ ਹੈ।

**ਜਲ-ਚਾਲਿਤ ਸ਼ਕਤੀਮਾਪਕ ਯੰਤਰ**—ਜਲ-ਚਾਲੀ ਸ਼ਕਤੀ-ਮਾਪਕ ਯੰਤਰ ਜਾਂ ਬਰੇਕ ਦੀ ਵਰਤੋਂ ਪ੍ਰਾਈਮ ਮੂਵਰ ਦੀ ਘੁੰਮ ਰਹੀ ਸ਼ਾਫਟ ਉੱਤੇ ਉੱਤਪੰਨ ਹੋਣ ਵਾਲੀ ਟਾੱਰਕ ਜਾਂ ਐਂਠਣ ਦੀ ਮਿਣਤੀ ਤੇ ਸੋਖਣ ਲਈ ਕੀਤੀ ਜਾਂਦੀ ਹੈ (ਸਪੀਡ ਅਤੇ ਟਾਰਕ ਦਾ ਗੁਣਨਫਲ ਊਰਜਾ ਹੁੰਦਾ ਹੈ)। ਇਸ ਦਾ ਉਪਯੋਗ ਪ੍ਰਯੋਗਸ਼ਾਲਾ ਵਿਚ ਪ੍ਰਾਈਮ-ਮੂਵਰ ਦੀ ਕਾਰਜਕੁਸ਼ਲਤਾ ਮਿਣਨ ਲਈ ਕੀਤਾ ਜਾਂਦਾ ਹੈ ਜਾਂ ਕਈ ਉਦਯੋਗਿਕ ਅਦਾਰਿਆਂ ਵਿਚ ਵੀ ਇਸਤੇਮਾਲ ਕੀਤਾ ਜਾਂਦਾ ਹੈ। ਦ੍ਰਵ ਨੂੰ ਠੰਢਾ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਰਗੜ ਨਾਲ ਪੈਦਾ ਹੋਣ ਵਾਲੇ ਤਾਪ ਨਾਲ ਇਸ ਦਾ ਤਾਪਮਾਨ ਵਧਦਾ ਰਹਿੰਦਾ ਹੈ।

**ਜਲ-ਚਾਲਿਤ ਕਰੇਨ**—ਦ੍ਰਵ-ਚਾਲਿਤ ਦਬਾਉ ਨਾਲ ਵਧੇਰੇ ਭਾਰ ਚੁੱਕਣ ਵਾਲੀ ਯੰਤ੍ਰਿਕ ਮਸ਼ੀਨ ਨੂੰ ਜਲ-ਚਾਲਿਤ ਕਰੇਨ ਕਿਹਾ ਜਾਂਦਾ ਹੈ। ਇਹ ਦਬਾਉ ਇਕ ਸਿਲਿੰਡਰ ਵਿਚ ਪਿਸਟਨ ਉੱਤੇ ਕਿਰਿਆ ਕਰਕੇ ਇਸ ਨੂੰ ਰੇਖੀ ਗਤੀ ਪ੍ਰਦਾਨ ਕਰਦਾ ਹੈ। ਸਿੱਧੀ ਕਿਰਿਆ ਵਾਲੇ ਜਲ-ਚਾਲਿਤ ਕਰੇਨ ਵਿਚ ਪਿਸਟਨ ਰਾੱਡ ਉੱਤੇ ਭਾਰ ਪੈਂਦਾ ਹੈ ਜਦੋਂ ਕਿ ਅਸਿੱਧੀ ਕਿਰਿਆ ਵਾਲੀਆਂ ਜਲ-ਚਾਲਿਤ ਕਰੇਨਾਂ ਵਿਚ ਰਾੱਡ ਨੂੰ ਲੀਵਰਾਂ ਜਾਂ ਪੁਲੀਆਂ ਦੇ ਸਿਸਟਮ ਨਾਲ ਜੋੜਿਆ ਹੁੰਦਾ ਹੈ ਤਾਂ ਜੋ ਉਪਰ ਚੁੱਕੇ ਜਾਣ ਵਾਲੇ ਬਲ ਨੂੰ ਵਧਾਇਆ ਜਾ ਸਕੇ। ਹਵਾ-ਚਾਲਿਤ ਲਿਫਟ ਜਿਸ ਵਿਚ ਦ੍ਰਵ ਦੀ ਥਾਂ ਹਵਾ ਨੂੰ ਇਸਤੇਮਾਲ ਕੀਤਾ ਜਾਂਦਾ ਹੈ, ਵੀ ਉਸੇ ਸਿਧਾਂਤ ਉੱਤੇ ਕੰਮ ਕਰਦੀ ਹੈ ਜਿਸ ਉੱਤੇ ਜਲ-ਚਾਲਿਤ ਕਰੇਨ ਕੰਮ ਕਰਦੀ ਹੈ। ਰੇਖੀ ਗਤੀ ਮਕੈਨਿਜ਼ਮ ਵਰਗੀ ਇਕ ਹੋਰ ਵਧੇਰੇ ਭਾਰ ਚੁੱਕਣ ਵਾਲੀ ਮਸ਼ੀਨ ਜਿਸ ਨੂੰ ਜਲ-ਚਾਲਿਤ ਜੈੱਕ ਕਿਹਾ ਜਾਂਦਾ ਹੈ, ਇਕ ਸਿੱਧੀ ਕਿਰਿਆ ਕਿਸਮ ਦੀ ਮਸ਼ੀਨ ਹੈ। ਜਲ-ਚਾਲਿਤ ਕਿਸਮ ਦੇ ਹੀ ਕੁਝ ਸਵੈ- ਚਾਲਿਤ ਜੈੱਕ ਟਾਇਰ ਬਦਲਣ ਲਈ ਆਮ ਇਸਤੇਮਾਲ ਕੀਤੇ ਜਾਂਦੇ ਹਨ।

**ਜਲ-ਚਾਲਿਤ ਡਰਾਈਵ**—ਇਕ ਸਵੈ-ਚਾਲਿਤ ਸੰਚਾਰ ਸਿਸਟਮ ਹੈ ਜਿਸ ਦੇ ਕਈ ਨਾਂ ਹਨ। ਇਸ ਵਿਚ ਗੀਅਰਾਂ ਰਾਹੀਂ ਇੰਜਣ ਦੀ ਕਰੈਂਕ ਸ਼ਾਫਟ ਵਾਲੀ ਊਰਜਾ ਨੂੰ ਪਹੀਆਂ ਤੱਕ ਪਹੁੰਚਾਇਆ ਜਾਂਦਾ ਹੈ ਅਤੇ ਕਲੱਚ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ। ਇਸ ਦਾ ਉਪਯੋਗ ਕਈ ਡੀਜ਼ਲ-ਇੰਜਣ ਵਾਲੀਆਂ ਰੇਲ ਗੱਡੀਆਂ ਵਿਚ ਕੀਤਾ ਜਾਂਦਾ ਹੈ। ਇਸ ਵਿਚ ਅਨੇਕ ਸਵੈ-ਚਾਲਿਤ ਮਕੈਨਿਜ਼ਮਾਂ ਦੇ ਸਿਧਾਂਤਾਂ ਦਾ ਇਸਤੇਮਾਲ ਕੀਤਾ ਗਿਆ ਹੈ। ਜਲ-ਸ਼ਕਤੀ ਦ੍ਰਵ ਨੂੰ ਆਮ ਕਰਕੇ ਤੇਲ ਵਜੋਂ ਹੀ ਵਰਤਿਆ ਜਾਂਦਾ ਹੈ।

ਬਹੁਤ ਸਾਰੇ ਸਵੈ-ਚਾਲਿਤ ਆਟੋਮੋਬਾਈਲ ਸੰਚਾਰ ਸਾਧਨਾਂ ਵਿਚ ਜਲ-ਚਾਲੀ ਟਰਬਾਈਨ ਡਰਾਈਵ ਜਾਂ ਦ੍ਰਵ ਕਪਲਿੰਗ ਵਰਤੀ ਜਾਂਦੀ ਹੈ ਜਿਸ ਵਿਚ ਦੋ ਟਰਬਾਈਨਾਂ ਜਾਂ ਸਟੇਟਰ, ਸ਼ਾਫ਼ਟਾਂ ਉੱਤੇ ਵੱਖੋ ਵੱਖਰੇ ਲੱਗੇ ਹੁੰਦੇ ਹਨ ਅਤੇ ਇਹ ਸਭ ਕੁਝ ਤੇਲ ਦੇ ਭਰੇ ਹੋਏ ਬਕਸੇ ਵਿਚ ਫਿਟ ਕੀਤਾ ਹੁੰਦਾ ਹੈ। ਕਰੈਂਕ ਸ਼ਾਫਟ ਰਾਹੀਂ ਇਕ ਸਟੇਟਰ ਨੂੰ ਊਰਜਾ ਸਪਲਾਈ ਕੀਤੀ ਜਾਂਦੀ ਹੈ ਜਿਹੜਾ ਤੇਲ ਵਿਚ ਘੁੰਮਦਾ ਹੈ। ਪਿਨ-ਵੀਲ੍ਹ ਉੱਤੇ ਹਵਾ ਵਰਗੀ ਕਿਰਿਆ ਹੁੰਦੀ ਹੈ ਜਿਸ ਨਾਲ ਦੂਜਾ ਸਟੇਟਰ ਵੀ ਘੁੰਮਣ ਲਗ ਜਾਂਦਾ ਹੈ, ਜਿਸ ਦੀ ਰਫ਼ਤਾਰ ਬਿਨਾਂ ਕਿਸੇ ਸਬੰਧ ਤੋਂ ਉਦੋਂ ਤੱਕ ਵਧਦੀ ਰਹਿੰਦੀ ਹੈ, ਜਦੋਂ ਤੱਕ ਕਰੈਂਕ ਸ਼ਾਫਟ ਦੁਆਰਾ ਚਲਾਏ ਜਾ ਰਹੇ ਸਟੇਟਰ ਜਿੰਨੀ ਰਫ਼ਤਾਰ ਨਹੀਂ ਹੋ ਜਾਂਦੀ।

ਸਧਾਰਣ ਜਲ-ਚਾਲਿਤ ਡਰਾਈਵ ਵਿਸਥਾਪਨ ਕਿਸਮ ਦੀ ਹੈ। ਇਸ ਵਿਚ ਤੇਲ ਵਿਚਕਾਰ ਚਲ ਰਹੇ ਇਕ ਸਿਲਿੰਡਰ ਪਿਸਟਨ ਦੇ ਬਲ ਦਾ ਇਕ ਟਿਊਬ ਰਾਹੀਂ ਦੂਜੇ ਸਿਲਿੰਡਰ ਨੂੰ ਸੰਚਾਰ ਕੀਤਾ ਜਾਂਦਾ ਹੈ। ਇਸ ਦੀ ਉਦਾਹਰਣ ਜਲ-ਚਾਲਿਤ ਬਰੇਕ ਅਤੇ ਬੋਟ ਟਿਲਰ ਹੈ।

**ਜਲ-ਚਾਲਿਤ ਇੰਜਨ**—ਦਬਾਉ ਅਧੀਨ ਦ੍ਰਵ ਨਾਲ ਚੱਲਣ ਵਾਲਾ ਜਾਂ ਇਕ ਘੁੰਮ ਰਹੀ ਸ਼ਾਫ਼ਟ ਦੁਆਰਾ ਕੰਮ ਕਰਨ ਲਈ ਲੋੜੀਂਦੀ ਵੇਗ ਵਾਲਾ ਇਕ ਯੰਤਰ ਹੈ। ਪਾਣੀ ਨੂੰ ਆਮ ਕਰਕੇ ਮਾਧਿਅਮ ਦ੍ਰਵ ਦੇ ਤੌਰ ਤੇ ਵਰਤਿਆਂ ਜਾਂਦਾ ਹੈ ਪਰੰਤੂ ਤੇਲ ਅਤੇ ਖ਼ਾਸ ਦ੍ਰਵ ਵੀ ਬੰਦ ਦ੍ਰਵ ਸਿਸਟਮਾਂ ਲਈ ਇਸਤੇਮਾਲ ਕੀਤੇ ਜਾਂਦੇ ਹਨ। ਵਧੇਰੇ ਵਿਸ਼ੇਸ਼ ਅਤੇ

ਪ੍ਰਮੁੱਖ ਜਲ-ਚਾਲਤਿ ਇੰਜਨ ਵਾਟਰ ਵੀਲ੍ਹ ਟਰਬਾਈਨ, ਦੋ ਪਾਸੀ ਚੱਲਣ ਵਾਲਾ ਇੰਜਨ ਅਤੇ ਜਲ-ਚਾਤਿਲ ਮੋਟਰਾਂ ਹਨ।

**ਜਲ-ਚਾਲਿਤ ਐਲੀਵੇਟਰ**—ਜਲ-ਚਾਲਿਤ ਐਲੀਵੇਟਰ ਸਭ ਤੋਂ ਪਹਿਲਾਂ 1871 ਈ. ਵਿਚ ਬਣੇ। ਮੁੱਢਲਾ ਜਲ-ਚਾਲਿਤ ਐਲੀਵੇਟਰ ਪਲੰਜਰ ਪਾਈਪ ਦਾ ਸੀ। ਐਲੀਵੇਟਰ ਕਾਰ ਨੂੰ ਉਪਰ ਚੁੱਕਣ ਜਾਂ ਥੱਲੇ ਲਿਆਉਣ ਲਈ ਇਸ ਦੇ ਨਾਲ ਖੋਖਲਾ ਸਟੀਲ ਪਲੰਜਰ ਲੱਗਾ ਹੁੰਦਾ ਸੀ। ਇਹ ਪਲੰਜਰ ਹੇਠਲੇ ਸਿਰੇ ਨਾਲ ਲੱਗਾ ਹੁੰਦਾ ਸੀ ਜਿਹੜਾ ਸਟੱਫਿੰਗ ਬਾਕਸ ਰਾਹੀਂ ਸਿਲਿੰਡਰ ਅੰਦਰ ਜਾਂਦਾ ਸੀ ਅਤੇ ਸਿਲਿੰਡਰ ਨੂੰ ਧਰਤੀ ਦੇ ਅੰਦਰ ਗੱਡਿਆ ਹੁੰਦਾ ਸੀ। ਪਲੰਜਰ ਅਤੇ ਸਿਲਿੰਡਰ ਦੀ ਲੰਬਾਈ ਐਲੀਵੇਟਰ ਦੀ ਕਾਰ ਨਾਲੋਂ ਕੁਝ ਵਧੇਰੇ ਰੱਖੀ ਜਾਂਦੀ ਸੀ। ਐਲੀਵੇਟਰਾਂ ਦੀ ਵਧੇਰੇ ਵਰਤੋਂ ਹੋਣ ਨਾਲ ਰੋਪ-ਗੀਆਰਡ ਐਲੀਵੇਟਰਾਂ ਦੀ ਖੋਜ ਹੋਈ। ਇਸ ਕਿਸਮ ਦਾ ਪਹਿਲਾ ਖੜ੍ਹੇ-ਦਾਅ ਵਾਲਾ ਜਲ-ਚਾਲਿਤ ਐਲੀਵੇਟਰ 1872 ਈ. ਵਿਚ ਬਣਿਆ। ਫਿਰ ਹੋਰ ਅਨੇਕ ਸੋਧਾਂ ਤੋਂ ਬਾਅਦ 1899 ਈ. ਵਿਚ ਪਲੰਜਰ ਐਲੀਵੇਟਰ ਤਿਆਰ ਕੀਤਾ ਗਿਆ ਜਿਸ ਦੀ ਯੰਤ੍ਰਿਕ ਸੁਯੋਗਤਾ ਰੋਪ-ਗੀਅਰਡ ਐਲੀਵੇਟਰ ਜਿੰਨੀ ਹੀ ਸੀ। ਅਜਿਹੇ ਐਲੀਵੇਟਰਾਂ ਦਾ ਕਈ ਸਾਲਾਂ ਤੱਕ ਇਸਤੇਮਾਲ ਹੁੰਦਾ ਰਿਹਾ।

ਹ. ਪੁ.-ਐਨ. ਅਮੈ. 10: 255, 14: 541,547

**ਜਲ-ਸ਼ਕਤੀ ਵਿਗਿਆਨ** : ਜਲ-ਸ਼ਕਤੀ ਵਿਗਿਆਨ ਉਹ ਵਿਹਾਰਕ ਵਿਗਿਆਨ ਹੈ ਜਿਸ ਦਾ ਸਬੰਧ ਪਾਣੀ ਜਾਂ ਇਸ ਵਰਗੇ ਕਿਸੇ ਹੋਰ ਤਰਲ ਜਾਂ ਦ੍ਰਵ ਦੇ ਵਿਰਾਮ ਜਾਂ ਗਤੀ ਦੀ ਅਵਸਥਾ ਨਾਲ ਹੈ। ਇਸ ਵਿਗਿਆਨ ਦੇ ਸਿਧਾਂਤ ਹਾਈਡ੍ਰੌਲਿਕ-ਇੰਜੀਨੀਅਰਿੰਗ ਵਾਲੇ ਹੀ ਹਨ। ਦ੍ਰਵ ਮਕੈਨਿਕਸ ਦੇ ਮੁੱਢਲੇ ਸਿਧਾਂਤ ਨੂੰ ਸਵੀਕਾਰ ਕਰ ਲੈਣ ਦੇ ਬਾਵਜੂਦ ਜਲ-ਸ਼ਕਤੀ ਵਿਗਿਆਨ ਦਾ ਭੌਤਿਕੀ ਵਿਸ਼ਲੇਸ਼ਣ ਨਾਲੋਂ ਪ੍ਰਯੋਗਤਾਮਕ ਪਰਿਣਾਮਾਂ ਵੱਲ ਝੁਕਾਅ ਜ਼ਿਆਦਾ ਹੈ।

18ਵੀਂ ਸਦੀ ਤੱਕ ਬਰਨਾਊਲੀ ਪਰਿਵਾਰ ਤੋਂ ਪਹਿਲਾਂ ਜਲ-ਸ਼ਕਤੀ ਵਿਗਿਆਨ ਤਰਲ ਦੇ ਆਮ ਗੁਣਾਂ ਤੱਕ ਹੀ ਸੀਮਿਤ ਸੀ। ਬਰਨਾਊਲੀਆ ਦੇ ਨਾਲ ਹੀ ਇਸ ਵਿਸ਼ੇ ਵਿਚ ਰੁਚੀ ਇਕਦਮ ਸਿਖਰਾਂ ਤੇ ਅੱਪੜ ਗਈ ਜਿਸ ਦੇ ਸਿੱਟੇ ਵਜੋਂ ਦੋ ਪ੍ਰਮੁੱਖ ਖੇਤਰਾਂ ਵਿਚ ਇਸਦਾ ਵਿਕਾਸ ਹੋਣ ਲਗਾ—ਇਕ 'ਦੀ ਮੈਥੇਮੈਟੀਕਲ ਸਕੂਲ ਆਫ਼ ਹਾਈਡ੍ਰੋਫਾਇਨਾਮਿਕਸ' ਜਿਸ ਦਾ ਕੰਮ ਵਿਸ਼ੇਲੇਸ਼ਣਾਤਮਕ ਸਿਧਾਂਤ ਨੂੰ ਵਿਕਸਿਤ ਕਰਨਾ ਸੀ, ਇਹ ਸਿਧਾਂਤ ਭਾਵੇਂ ਵਾਸਤਵਿਕ ਪ੍ਰੇਖਣਾਂ ਨਾਲ ਮੇਲ ਖਾਣ ਜਾਂ ਨਾ ਖਾਣ ਅਤੇ ਦੂਜਾ 'ਦੀ ਪ੍ਰੈਕਟੀਕਲ ਸਕੂਲ ਆਫ਼ ਹਾਈਡ੍ਰੌਲਿਕਸ' ਸੀ ਜਿਸ ਦਾ ਕੰਮ ਪ੍ਰਯੋਗਿਕ ਤੌਰ ਤੇ ਪੜਤਾਲ ਕਰਨਾ ਸੀ।

**ਦ੍ਰਵਸਥਿਤੀ-ਵਿਗਿਆਨ**—ਦ੍ਰਵਾਂ ਦੇ ਵਿਵਹਾਰ ਦਾ ਇਕੋ ਇਕ ਫੇਜ਼ ਜਿਸ ਉੱਤੇ ਦੋਵੇਂ ਵਿਚਾਰਧਾਰਾ ਦੇ ਕੇਂਦਰ ਆਪਸ ਵਿਚ ਸਹਿਮਤ ਹਨ, ਉਹ ਦ੍ਰਵਸਥਿਤੀ-ਵਿਗਿਆਨ ਹੈ। ਇਸ ਵਿਗਿਆਨ ਵਿਚ ਦ੍ਰਵਾਂ ਦਾ ਵਿਰਾਮ ਅਵਸਥਾ ਵਿਚ ਵਿਸ਼ਲੇਸ਼ਣ ਲਗਭਗ ਦੋ ਹਜ਼ਾਰ ਸਾਲ ਪੁਰਾਣੇ ਆਰਕੀਮੀਡੀਜ਼ ਨਿਯਮ ਤੇ ਨਿਰਭਰ ਹੈ। ਦ੍ਰਵਸਥਿਤੀ- ਵਿਗਿ-ਆਨ ਦੇ ਸਿਧਾਂਤ ਅਨੁਸਾਰ ਇਕ ਸਥਿਰ ਦ੍ਰਵ ਦਾ ਦਬਾਉ ਉਸ ਦੀ ਸੁਤੰਤਰ ਸਤ੍ਹਾ ਦੇ ਹੇਠਾਂ ਡੂੰਘਾਈ h ਅਤੇ ਦ੍ਰਵ ਦੀ ਭਾਰ ਦੇ ਗੁਣਨਫਲ ਦੇ ਬਰਾਬਰ ਹੁੰਦਾ ਹੈ ਅਰਥਾਤ—

$$P = \gamma h$$

ਇਸ ਸਮੀਕਰਣ ਤੋਂ ਸਪੱਸ਼ਟ ਹੈ ਕਿ ਪਾਣੀ ਦੀ ਲਗਭਗ 10.3 ਮੀ. (34 ਫੁੱਟ) ਦੀ ਡੂੰਘਾਈ ਲਈ ਇਕ ਵਾਯੂ ਮੰਡਲੀ ਦਬਾਉ ਪ੍ਰਾਪਤ ਹੁੰਦਾ ਹੈ। ਇਕ ਡੈਮ ਦੇ ਅਧਾਰ ਉਪਰ ਪਾਣੀ ਦੀ ਸਤ੍ਹਾ ਕਾਰਨ ਲੱਗ ਰਹੇ ਕੁੱਲ ਬਲ ਦੀ ਗਣਨਾ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਉਪਰੋਕਤ ਨਿਯਮ ਦੀ ਵਰਤੋਂ ਕਿਸੇ ਹੌਜ਼ ਵਿਚ ਮੌਜੂਦ ਪਾਣੀ ਦੀ ਮਾਤਰਾ ਕਾਰਨ ਦਬਾਉ ਮਿਣਨ ਲਈ ਕੀਤੀ ਜਾ ਸਕਦੀ ਹੈ।

**ਪ੍ਰਵਾਹ ਸਮੀਕਰਣ**—ਸਭ ਤੋਂ ਮੁਢਲੀ ਸਮੱਸਿਆ ਹੌਜ਼ ਦੇ ਛੇਕ ਵਿਚ ਦ੍ਰਵ ਦੇ ਪ੍ਰਵਾਹ ਦੀ ਸੀ। ਅੱਜ ਤੋਂ ਲਗਭਗ 300 ਸਾਲ ਪਹਿਲਾਂ




**ਚਿੱਤਰ 1 ਇਕ ਪੀਜ਼ੋਮੀਟਰ ਛੇਕ ਦੀ ਸਹਾਇਤਾ ਨਾਲ ਦਬਾਉ ਦੀ ਮਿਣਤੀ ਕਰਨ ਦਾ ਢੰਗ ਦਰਸਾਇਆ ਗਿਆ ਹੈ।**

ਖੋਜੀ ਗਈ ਟਾੱਰਿਸੈਲੀ ਦੀ ਥਿਊਰਮ ਅਨੁਸਾਰ ਪ੍ਰਵਾਹ ਦੀ ਵੇਗ ਨੂੰ ਛੇਕ ਦੀ ਸਤ੍ਹਾ ਤੋਂ ਉਚਾਈ h ਦੇ ਵਰਗਮੂਲ ਦੇ ਅਨੁਪਾਤੀ ਹੋਣਾ ਚਾਹੀਦਾ ਹੈ (ਚਿੱਤਰ 2)। ਛੇਕ ਵਿਚੋਂ ਇਕਾਈ ਆਇਤਨ ਪ੍ਰਵਾਹ ਦਾ ਪ੍ਰਤੀ ਇਕਾਈ ਸਮੇਂ ਲਈ ਢੁਕਵਾਂ ਸਮੀਕਰਨ ਨਿਮਨਲਿਖਤ ਹੈ—

$$Q = CA\sqrt{2gh}$$

ਇਥੇ Q = ਪ੍ਰਵਾਹ ਦੇ ਆਇਤਨ ਦੀ ਦਰ

A = ਛੇਕ ਦਾ ਖੇਤਰਫਲ

G = ਗੁਰੂਤਾ ਪ੍ਰਵੇਗ ਅਤੇ

C = ਗਣਿਤਕ ਗੁਣਾਂਕ ਜਿਹੜਾ ਹੌਜ਼ ਅਤੇ ਛੇਕ ਦੇ ਆਕਾਰ ਉੱਤੇ ਨਿਰਭਰ ਕਰਦਾ ਹੈ। ਇਸ ਦਾ ਮਾਨ 0.5 ਤੋਂ 1.0 ਤੱਕ ਹੁੰਦਾ ਹੈ।




**ਚਿੱਤਰ 2 ਛੇਕ ਵਿਚ ਦੀ ਪ੍ਰਵਾਹ**

ਛੇਕ ਰਾਹੀਂ ਪ੍ਰਵਾਹ ਵਰਗਾ ਹੀ ਕਾਰਜ ਜਲ-ਕਪਾਟ ਦੇ ਹੇਠਾਂ ਦੀ ਅਤੇ ਡੈਮ ਦੇ ਉੱਤੋਂ ਦੀ ਪ੍ਰਵਾਹ ਵੇਲੇ ਹੁੰਦਾ ਹੈ (ਚਿੱਤਰ 3)। ਸਲੂਇਸ ਗੇਟ ਰਾਹੀਂ ਪ੍ਰਵਾਹ ਦਾ ਸਮੀਕਰਨ $Q = Cbl\sqrt{2gh}$ ਹੈ।

ਇਸ ਵਿਚ b = ਉਚਾਈ,

l = ਗੇਟ ਵਿਚ ਛੇਕ ਦੀ ਲੰਬਾਈ,




**ਚਿੱਤਰ 3 ਸਲੂਇਸ ਗੇਟ ਦੇ ਹੇਠਾਂ ਦੀ ਪ੍ਰਵਾਹ**

h = ਪ੍ਰਵਾਹ ਦੀ ਡੂੰਘਾਈ ਅਤੇ

C = ਗੁਣਾਂਕ ਜਿਸਦਾ ਮਾਨ 0.61 ਤੋਂ ਇਕਾਈ ਤੱਕ ਹੁੰਦਾ ਹੈ।

ਇਕ ਵੀਅਰ ਜਾਂ ਸਪਿਲਵੇ ਦੇ ਉੱਤੋਂ ਦੀ ਪ੍ਰਵਾਹ (ਚਿੱਤਰ 4) ਲਈ ਸਮੀਕਰਣ

$$Q = \frac{2}{3} Cl\sqrt{2g}\, h^{3/2}$$

ਜਿਸ ਵਿਚ l = ਕ੍ਰੈੱਸਟ ਦੀ ਉਚਾਈ

h = ਕ੍ਰੈੱਸਟ ਉੱਤੇ ਹੈੱਡ

c = ਗੁਣਾਂਕ ਜਿਸ ਦਾ ਮਾਨ 0.61 ਤੋਂ 1.0 ਤੱਕ ਹੈ।




**ਚਿੱਤਰ 4. ਸਪਿਲਵੇ ਉੱਤੋਂ ਦੀ ਪ੍ਰਵਾਹ**

ਦ੍ਰਵਸਥਿਤੀ-ਵਿਗਿਆਨ ਵਿਚ ਛੇਕ ਹੇਠਾਂ ਦੇ ਪ੍ਰਵਾਹ ਅਤੇ ਉੱਤੋਂ ਦੇ ਪ੍ਰਵਾਹ ਸਬੰਧੀ ਸਮੱਸਿਆਵਾਂ ਨੂੰ ਨਿਮਨਲਿਖਤ ਸਮੀਕਰਣ ਨਾਲ ਦਰਸਾਇਆ ਜਾਂਦਾ ਹੈ–

$$H = \frac{v^2}{2g} + \frac{p}{\gamma} + Z$$

ਇਥੇ H = ਪ੍ਰਵਾਹ ਦਾ ਕੁੱਲ ਹੈੱਡ

$\frac{v^2}{2g}$ = ਵੇਗ ਹੈੱਡ

$\nu$ = ਪ੍ਰਵਾਹ ਵੇਗ

$p/\nu$ = ਦਬਾਉ ਹੈੱਡ

Z = ਇਕ ਨਿਸ਼ਚਿਤ ਲੈਵਲ ਤੋਂ ਉਚਾਈ।

ਚਿੱਤਰ (5) ਤੋਂ ਸਪੱਸ਼ਟ ਹੈ ਕਿ ਕੁੱਲ ਹੈੱਡ ਉਹ ਉਚਾਈ ਹੈ ਜਿਥੇ ਤੱਕ ਦ੍ਰਵ ਉਸ ਟਿਊਬ ਵਿਚ ਉਪਰ ਵੱਲ ਚੜ੍ਹੇਗਾ ਜਿਸ ਦਾ ਦੂਜਾ ਸਿਰਾ ਦ੍ਰਵ ਦੇ ਪ੍ਰਵਾਹ ਨਾਲ ਲੱਗਾ ਹੁੰਦਾ ਹੈ (ਪਿਟਟ ਟਿਊਬ)। ਇਸ ਉਚਾਈ ਅਤੇ ਪੀਜ਼ੋਮੀਟਰ ਦੀ ਉਚਾਈ ਵਿਚਲੇ ਅੰਤਰ ਦੀ ਸਹਾਇਤਾ ਨਾਲ ਦ੍ਰਵ ਦੇ ਵੇਗ ਦੀ ਮਿਣਤੀ ਕੀਤੀ ਜਾਂਦੀ ਹੈ।




**ਚਿੱਤਰ 5. ਵੇਗ-ਮਿਣਤੀ**

ਬਰਨਾਊਲੀ ਥਿਊਰਮ ਜਲ-ਸ਼ਕਤੀ ਵਿਗਿਆਨ ਦਾ ਇਕ ਬਹੁਤ ਮਹੱਤਵਪੂਰਨ ਸਮੀਕਰਣ ਹੈ ਜਿਸ ਅਨੁਸਾਰ ਕਿਸੇ ਨਾਲੀ ਜਾਂ ਚੈਨਲ ਵਿਚ ਹੈੱਡ ਵਿਚਲੀ ਤਬਦੀਲੀ ਪਤਾ ਕੀਤੀ ਜਾ ਸਕਦੀ ਹੈ :–

$$\frac{v_1^2}{2g} + \frac{p_1}{\gamma} + Z_1 = \frac{v_2^2}{2g} + \frac{p^2}{\gamma} + Z_2 + H_L$$

ਜਿਸ ਅਨੁਸਾਰ ਵੇਗ ਹੈੱਡ, ਦਬਾਉ ਹੈੱਡ ਅਤੇ ਉਚਾਈ ਜਾਂ ਜੋੜ ਕਿਸੇ ਹੋਰ ਬਿੰਦੂ ਉੱਤੇ ਇਨ੍ਹਾਂ ਹੈੱਡਾਂ ਦੇ ਜੋੜ ਅਤੇ ਹੈੱਡ ਹਾਨੀਆਂ ($H_2$) ਦੇ ਜੋੜ ਦੇ ਬਰਾਬਰ ਹੁੰਦਾ ਹੈ। ਬਰਨਾਊਲੀ ਥਿਊਰਮ ਦੇ ਨਾਲ ਪ੍ਰਵਾਹ ਦੀ ਨਿਰੰਤਰਤਾ ਸਮੀਕਰਣ

$$Q = V_1A_1 = V_2A_2$$

ਅਤੇ ਸੰਵੇਗ ਦਾ ਸਮੀਕਰਣ

$$F_x = Q\frac{\nu}{g}(V_2 - V_1)_x$$

ਦੀ ਵਰਤੋਂ ਕੀਤੀ ਜਾਵੇ ਤਾਂ ਪ੍ਰਵਾਹ ਸਬੰਧੀ ਅਨੇਕਾਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕਦਾ ਹੈ। ਲਗਾਤਾਰ ਪ੍ਰਵਾਹ ਦੇ ਸਮੀਕਰਣ ਅਨੁਸਾਰ ਜਦੋਂ ਕਿਸੇ ਨਾਲੀ ਜਾਂ ਚੈਨਲ ਵਿਚ ਵੀ ਪ੍ਰਵਾਹ Q ਔਸਤਨ ਵੇਗ ਅਤੇ ਉਸ ਥਾਂ ਉੱਤੇ ਆਡੀ ਖੇਤਰਫਲ ਦੇ ਗੁਣਨਫਲ ਦੇ ਬਰਾਬਰ ਹੁੰਦਾ ਹੈ। ਸੰਵੇਗ ਸਮੀਕਰਨ ਅਨੁਸਾਰ ਵੇਗ ਬਦਲਣ ਲਈ ਦੀ ਦਿਸ਼ਾ ਵਿਚ ਲੋੜੀਂਦਾ ਬਲ $F_x$ ਪ੍ਰਵਾਹ Q ਅਨੁਪਾਤ $\nu/g$ ਅਤੇ ਜਿਸ ਦਿਸ਼ਾ ਵਿਚ ਬਲ ਕਿਰਿਆ ਕਰਦਾ ਹੈ, ਉਸ ਦਿਸ਼ਾ ਵਿਚ ਵੇਗ ਅੰਤਰ ਦੇ ਗੁਣਨਫਲ ਦੇ ਬਰਾਬਰ ਹੁੰਦਾ ਹੈ।

**ਹੈੱਡ-ਹਾਨੀ**—ਇਹ ਜਲ-ਸ਼ਕਤੀ ਵਿਗਿਆਨ ਦੀ ਸਭ ਤੋਂ ਵੱਡੀ ਮੁਸ਼ਕਿਲ ਹੈ ਅਤੇ ਪ੍ਰਮਾਣਿਕ ਜਲ ਸ਼ਕਤੀ ਵਿਗਿਆਨ ਤੇ ਪ੍ਰਮਾਣਿਕ ਹਾਈਡ੍ਰੋਡਾਇਨਾਮਿਕਸ, ਵਿਚਲੇ ਮਤਭੇਦ ਲਈ ਜ਼ਿੰਮੇਵਾਰ ਹੈ। ਸੋ ਕਿਸੇ ਵੀ ਕਿਸਮ ਦੇ ਪ੍ਰਵਾਹ ਲਈ ਹੈੱਡ-ਹਾਨੀ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਬੇਸ਼ਕ ਸਿਧਾਂਤਵਾਦੀਆਂ ਨੇ ਦ੍ਰਵ ਮਾਧਿਅਮ ਤੋਂ ਊਰਜਾ ਦੇ ਵਿਘਟਨ ਵੱਲ ਕੋਈ ਧਿਆਨ ਨਹੀਂ ਦਿੱਤਾ ਪਰੰਤੂ ਇੰਜੀਨੀਅਰ ਇਸ ਪੱਖ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ। ਜਲ-ਸ਼ਕਤੀ ਵਿਗਿਆਨ ਵਿਚ ਦ੍ਰਵ ਮਕੈਨਿਕਸ ਦੇ ਅਧੀਨ ਵਿਘਟਨ ਹੋਣ ਵਾਲੀ ਊਰਜਾ ਨੂੰ ਪੂਰੇ ਵਿਸਥਾਰ ਨਾਲ ਵਿਆਖਿਆ ਗਿਆ ਹੈ। ਪਾਈਪ ਜਾਂ ਨਹਿਰਾਂ ਦੀਆਂ ਕੰਧਾਂ ਦੇ ਨਾਲ ਭਾਵੇਂ ਉਹ ਸਮਤਲ ਜਾਂ ਖੁਰਦਰੀਆਂ ਕਿਉਂ ਨਾ ਹੋਣ, ਰਗੜ ਹਾਨੀ ਹੁੰਦੀ ਹੈ। ਐੱਡੀ ਹਾਨੀ ਪ੍ਰਵਾਹ ਵਿਚਕਾਰ ਹੋਣ ਵਾਲੀਆਂ ਰੁਕਾਵਟਾਂ ਕਰਕੇ ਹੁੰਦਾ ਹੈ ਜਿਵੇਂ ਕਿ ਪਾਈਪ ਵਾਲਵ ਜਾਂ ਕੁਹਣੀ ਮੋੜ ਜਾਂ ਅਚਾਨਕ ਨਾਲੀ ਦਾ ਚੌੜਾ ਹੋਣਾ।

ਪਾਈਪ ਵਿਚਲੀ ਰਗੜ-ਹਾਨੀ ਜਿਸ ਕਰਕੇ ਕੁੱਲ ਹੈੱਡ ਰੇਖਾ ਵਿਚ ਝੁਕਾਅ ਆਉਂਦਾ ਰਹਿੰਦਾ ਹੈ ਨੂੰ ਵੀਅਸਬੈਚ ਸਮੀਕਰਣ ਨਾਲ ਮਾਪਿਆ ਜਾ ਸਕਦਾ ਹੈ।

$$H_L = f\frac{L}{D}\,\frac{V^2}{2g}$$

ਜਿਥੇ D = ਪਾਈਪ ਦਾ ਵਿਆਸ

L = ਪਾਈਪ ਦੀ ਲੰਬਾਈ

f ਗੁਣਾਂਕ ਜਿਹੜਾ ਵੱਡੇ ਵਿਆਸ ਲਈ ਸਮਤਲ ਪਾਈਪ ਲਈ 0.01 ਅਤੇ ਛੋਟੇ ਬਿਆਸ ਵਾਲੇ ਖੁਰਦਰੇ ਪਾਈਪ ਲਈ 0.10 ਹੈ। ਕੁੱਲ ਹੈੱਡ ਵਿਚਕਾਰ ਅਚਾਨਕ ਕਮੀ ਹੋਣ ਨਾਲ ਪਾਈਪ ਵਿਚਕਾਰ ਐੱਡੀ-ਹਾਨੀ ਨੂੰ ਨਿਮਨਲਿਖਤ ਸਮੀਕਰਨ ਨਾਲ ਮਾਪਿਆ ਜਾ ਸਕਦਾ ਹੈ :–

$$H_L = C_L\frac{V^2}{2g}$$

ਜਿਥੇ $C_L$ = ਹਾਨੀ ਗੁਣਾਂਕ ਜਿਹੜਾ ਛੇਕ ਦੀ ਬਣਤਰ ਉੱਤੇ ਨਿਰਭਰ ਕਰਦਾ ਹੈ।

$C_L$ = 0.5 ਖੁਰਦਰੇ ਆਵੇਸ਼ ਲਈ

$C_L$ = 1.0 ਖੁਰਦਰੇ ਨਿਵੇਸ਼ ਲਈ

$C_L$ = 0.5 ਸਟੈਂਡਰਡ ਐਲਬੋ ਲਈ

$C_L$ = 0.2 ਖੁਲ੍ਹੇ ਪ੍ਰਵਾਹ ਲਈ

$C_L$ = 10 ਖੁਲ੍ਹੇ ਗਲੋਬ ਵਾਲਵ ਲਈ

ਖੁਲ੍ਹੀ ਚੈਨਲ ਵਿਚ ਪ੍ਰਵਾਹ ਦੀ ਸਮੀਕਰਣ ਚੇਜ਼ੀ ਸੂਤਰ ਅਨੁਸਾਰ:–

$Q = CA\sqrt{RS}$ ਹੈ।

ਜਿਥੇ R = ਖੇਤਰਫਲਾਂ ਦਾ ਅਨੁਪਾਤ ਜਿਸ ਨੂੰ ਹਾਈਡ੍ਰੌਲਿਕ ਅਰਧ-ਵਿਆਸ ਵੀ ਕਿਹਾ ਜਾਂਦਾ ਹੈ

S = ਚੈਨਲ ਸਲੋਪ

C = ਪ੍ਰਵਾਹ ਗੁਣਾਂਕ ਜਿਸ ਦਾ ਮੁਲਾਂਕਣ ਨਿਮਨ ਅਨੁਸਾਰ ਕੀਤਾ ਜਾਂਦਾ ਹੈ :–

$$C = 1.5\frac{R^{1/6}}{n}$$

n ਦਾ ਮੁੱਲ ਸਮਤਲ ਲੱਕੜ ਲਈ 0.010 ਹੈ ਜਿਹੜਾ ਕੰਕਰੀਟ ਤੇ ਚਿਣਾਈ ਲਈ ਕ੍ਰਮਵਾਰ 0.012 ਅਤੇ 0.15 ਤੋਂ ਲੈ ਕੇ 0.025 ਤੱਕ ਹੈ। ਇਸ ਤੋਂ ਵੱਧ ਇਹ ਪਥਰੀਲੇ ਅਤੇ ਘਾਹ ਫੂਸ ਵਾਲੇ ਪ੍ਰਵਾਹ ਲਈ ਹੁੰਦਾ ਹੈ।

ਖੁਲ੍ਹੇ ਨਾਲਿਆਂ ਵਿਚਕਾਰ ਐੱਡੀ-ਹਾਨੀਆਂ ਵੀ ਉਸੇ ਤਰ੍ਹਾਂ ਸੂਤਰ ਰਾਹੀਂ ਦਰਸਾਈਆਂ ਜਾ ਸਕਦੀਆਂ ਹਨ ਜਿਵੇਂ ਕਿ ਪਾਈਪ ਲਈ ਸੁਤੰਤਰ ਸਤ੍ਹਾ ਕਰਕੇ ਖੇਤਰਫਲ ਅਤੇ ਹੈੱਡ-ਹਾਨੀ ਵਿਚ ਅੰਤਰ ਪਵੇਗਾ ਇਸ ਲਈ ਸਮੀਕਰਨ ਅਨੁਸਾਰ :–

$$\frac{v_1^2}{2g} + h_1 = \frac{v_2^2}{2g} + h_2 + \Delta Z + H_L$$

ਇਥੇ h = ਪ੍ਰਵਾਹ ਦੀ ਡੂੰਘਾਈ

$\Delta_Z$ = ਪ੍ਰਵਾਹ ਦੇ ਹੇਠਲੀ ਉਚਾਈ ਵਿਚਕਾਰ ਅੰਤਰ

$H_L$ = ਪਹਿਲਾਂ ਦੀ ਤਰ੍ਹਾਂ ਇਥੇ ਵੀ ਮੌਜੂਦਾ ਹਾਲਤਾਂ ਉੱਤੇ ਨਿਰਭਰ ਕਰਦਾ ਹੈ ਜਿਹੜਾ ਕਿ ਬਹੁਤ ਵਧਦਾ ਜਾਂ ਘਟਦਾ ਹੈ। ਖੁਲ੍ਹੀ ਚੈਨਲ ਵਿਚ ਕਿਸੇ ਖ਼ਾਸ ਹੈੱਡ ਉੱਤੇ ਪ੍ਰਵਾਹ ਜਾਂ ਤਾਂ ਬਹੁਤ ਡੂੰਘਾਈ ਤੇ ਘੱਟ ਵੇਗ ਨਾਲ ਜਾਂ ਫਿਰ ਘੱਟ ਡੂੰਘਾਈ ਤੇ ਵਧ ਵੇਗ ਨਾਲ ਹੋਵੇਗਾ।




**ਚਿੱਤਰ 6. ਤੰਗ ਨਾਲ ਵਿਚ ਦੀ ਪ੍ਰਵਾਹ**

ਪਹਿਲੇ ਪ੍ਰਵਾਹ ਨੂੰ ਸਥਿਰ ਪ੍ਰਵਾਹ ਅਤੇ ਦੂਜੀ ਤਰ੍ਹਾਂ ਦੇ ਪ੍ਰਵਾਹ ਨੂੰ ਤੇਜ਼ **ਜਾਂ ਗਤੀਸ਼ੀਲ** ਪ੍ਰਵਾਹ ਕਿਹਾ ਜਾਂਦਾ ਹੈ। ਜੇਕਰ ਪ੍ਰਵਾਹ ਸਥਿਰ ਹੋਵੇ ਤਾਂ ਤੰਗ ਨਾਲੀ ਦੀ ਸਤ੍ਹਾ ਘੱਟ ਜਾਂਦੀ ਹੈ ਪਰੰਤੂ ਜਦੋਂ ਤੰਗ ਨਾਲੀ ਵਿਚ ਦੀ ਪ੍ਰਵਾਹ ਤੇਜ਼ ਹੋਵੇ ਤਾਂ ਸਤ੍ਹਾ ਉਪਰ ਉਠਦੀ ਹੈ (ਚਿੱਤਰ 6)।

**ਸਕੇਲ-ਮੱਡਲ ਢੰਗ**—ਜਲ-ਸ਼ਕਤੀ ਵਿਗਿਆਨ ਦੇ ਇਨ੍ਹਾਂ ਸਿਧਾਂਤਾਂ ਦਾ ਡਿਜ਼ਾਈਨ ਤੇ ਉਸਾਰੀ ਦੇ ਮੰਤਵਾਂ ਲਈ ਉਪਯੋਗ ਕਾਫ਼ੀ ਮਹੱਤਵਪੂਰਨ ਹੈ। ਪੰਪਾਂ ਅਤੇ ਟਰਬਾਈਨਾਂ ਦਾ ਉੱਤਪਾਦਨ ਸ਼ਹਿਰਾਂ ਵਿਚ ਪਾਣੀ ਦੀ ਸਪਲਾਈ, ਦਰਿਆਵਾਂ ਨੂੰ ਕੰਟਰੋਲ ਕਰਨਾ, ਜਲ-ਊਰਜਾ ਦੀ ਵਰਤੋਂ, ਹੜ੍ਹਾਂ ਦਾ ਨਿਯੰਤਰਣ ਅਤੇ ਨਹਿਰਾਂ ਦੇ ਬੰਨ੍ਹ ਤੇ ਕਿਨਾਰਿਆਂ ਦਾ ਵਿਕਾਸ ਕਰਨਾ ਇਸ ਵਿਗਿਆਨ ਦੇ ਖੇਤਰ ਵਿਚ ਹੈ। ਇਨ੍ਹਾਂ ਸਾਰੇ ਕਾਰਜਾਂ ਵਿਚ ਉਪਰੋਕਤ ਸਮੀਕਰਨਾਂ ਦਾ ਇਕ ਤੋਂ ਵੱਧ ਵਾਰੀ ਉਪਯੋਗ ਹੁੰਦਾ ਹੈ ਜਦੋਂ ਕਿ ਕਈ ਵਾਰੀ ਤਾਂ ਇਨ੍ਹਾਂ ਸਾਧਾਰਣ ਸਮੀਕਰਣਾਂ ਨਾਲ ਇਨ੍ਹਾਂ ਪੇਚੀਦੇ ਕਾਰਜਾਂ ਨੂੰ ਹੱਲ ਕਰਨਾ ਕਠਿਨ ਹੋ ਜਾਂਦਾ ਹੈ। ਕਿਸੇ ਸੰਰਚਨਾ ਆਦਿ ਤੇ ਇਤਨੀ ਵੱਡੀ ਰਕਮ ਖ਼ਰਚ ਕਰਨ ਤੋਂ ਪਹਿਲਾਂ ਰਲਦੀ-ਮਿਲਦੀ ਛੋਟੀ ਸੰਰਚਨਾ ਉਸਾਰ ਕੇ ਹਰ ਪੱਖੋਂ ਜਾਂਚੀ ਤੇ ਪੜਤਾਲੀ ਜਾਂਦੀ ਹੈ। ਅਜਿਹਾ ਕਰਨ ਨਾਲ ਜੇਕਰ ਡਿਜ਼ਾਈਨ ਵਿਚ ਕੋਈ ਤਬਦੀਲੀ ਕਰਨੀ ਸੰਭਵ ਹੋ ਜਾਂਦੀ ਹੈ ਤੇ ਸਹੀ ਕਾਰਜ ਵਿਧੀ ਦਾ ਪਤਾ ਲੱਗ ਜਾਂਦਾ ਹੈ।

ਇਨ੍ਹਾਂ ਮੱਡਲਾਂ ਦੇ ਕਾਰਜ ਦੇ ਮੂਲ ਸਿਧਾਂਤ ਦ੍ਰਵ-ਵਿਗਿਆਨ ਵਾਲੇ ਹੀ ਹਨ। ਸੁਤੰਤਰ ਸਤ੍ਹਾ ਪ੍ਰਵਾਹ ਲਈ ਫਰਾਊਡ ਨੰਬਰ ਦੋਵੇਂ ਮੱਡਲ ਤੇ ਅਸਲੀ ਸੰਰਚਨਾ ਲਈ ਇਕੋ ਜਿਨ੍ਹਾਂ ਹੁੰਦਾ ਹੈ। ਇਸੇ ਤਰ੍ਹਾਂ ਰੇਨਾਲਡ ਨੰਬਰ ਵੀ ਇਕੋ ਹੀ ਰੱਖਿਆ ਜਾਂਦਾ ਹੈ,

ਜਿਹੜਾ $\frac{V_L}{\nu}$ ਦੇ ਬਰਾਬਰ ਹੁੰਦਾ ਹੈ।

ਇਕ ਮਾਡਲ ਜਿਵੇਂ ਆਕਾਰ ਵਿਚ ਛੋਟਾ ਹੁੰਦਾ ਹੈ ਉਸੇ ਤਰ੍ਹਾਂ ਇਸ ਉੱਤੇ ਲਾਗਤ ਅਤੇ ਸਮਾਂ ਵੀ ਘੱਟ ਲਗਦਾ ਹੈ। ਇਕ ਮਾਡਲ ਦਰਿਆ ਨੂੰ ਹੜ੍ਹਾਂ ਅਤੇ ਘੱਟ ਪ੍ਰਵਾਹ ਵਾਲੀਆਂ ਹਾਲਤਾਂ ਵਿਚ ਦੀ ਕੇਵਲ ਕੁਝ ਨਿਰਧਾਰਿਤ ਸਮੇਂ ਲਈ ਲੰਘਾਇਆ ਜਾਂਦਾ ਹੈ ਜਦੋਂ ਕਿ ਕੁਦਰਤੀ ਦਰਿਆ ਉੱਤੇ ਅਜਿਹਾ ਲਗਭਗ ਸਾਰੇ ਸਾਲ ਹੀ ਰਹਿੰਦਾ ਹੈ।

ਹ. ਪ੍ਰ. -ਐਨ. ਅਮੈ. 14:549

**ਜਲ–ਸਪਲਾਈ** : ਉਦਯੋਗਾਂ ਅਤੇ ਪੀਣ ਲਈ ਲੋੜੀਂਦਾ ਸਾਫ਼- ਸੁਥਰਾ ਪਾਣੀ ਪ੍ਰਦਾਨ ਕਰਨ ਲਈ ਸੋਮਿਆਂ ਤੋਂ ਪਾਣੀ ਇਕੱਠਾ ਕਰਕੇ ਸਾਫ਼ ਕਰਨਾ ਅਤੇ ਇਸ ਦੀ ਵੰਡ ਕਰਨ ਦਾ ਕੰਮ ਕਰਨਾ ਇਕ ਵਿਗਿਆਨਕ ਕਲਾ ਹੈ।

**ਇਤਿਹਾਸ**—ਪਾਣੀ ਜੀਵਨ ਦਾ ਅਤਿਅੰਤ ਜ਼ਰੂਰੀ ਅੰਗ ਹੈ। ਪ੍ਰਾਚੀਨ ਇਮਾਰਤਾਂ ਦੀ ਖੁਦਾਈ ਤੋਂ ਪਾਣੀ ਇਕੱਠਾ ਕਰਕੇ ਸਟੋਰ ਕਰਨ ਅਤੇ ਵੰਡ ਕਰਨ ਦੇ ਪ੍ਰਮਾਣ ਮਿਲਦੇ ਹਨ। ਖੁਦਾਈ ਤੋਂ ਫੀਲੈੱਸ਼ੀਆ ਸਿਟੀ ਆਫ਼ ਟਾਇਰ ਵਿਚ ਪਾਣੀ ਸਪਲਾਈ ਕਰਨ ਵਾਲੀਆਂ ਪੱਕੀਆਂ ਖਾਲਾਂ ਦਾ ਪਤਾ ਚਲਦਾ ਹੈ ਅਤੇ ਇਸ ਗੱਲ ਦੇ ਬਹੁਤ ਸਬੂਤ ਮਿਲਦੇ ਹਨ ਕਿ ਪ੍ਰਾਚੀਨ ਲੋਕ ਮੋਇਰਸ ਵਿਖੇ ਨੀਲ ਘਾਟੀ ਵਿਚ ਲਗਭਗ 2000 ਸਾਲ ਪਹਿਲਾਂ 2 ਲੱਖ ਦੀ ਆਬਾਦੀ ਲਈ ਜਲ-ਸਪਲਾਈ ਦਾ ਪ੍ਰਬੰਧ ਸੀ। ਚੀਨ ਅਤੇ ਕੇਂਦਰੀ ਅਮਰੀਕਾ ਵਿਚ ਪੂਰਣ ਇਤਿਹਾਸਕ ਖੂਹਾਂ, ਪੱਕੇ ਖਾਲਾਂ ਅਤੇ ਪਾਣੀ ਦੇ ਹੌਜ਼ਾਂ ਦੇ ਚਿੰਨ੍ਹ ਮਿਲੇ ਹਨ। ਸਭ ਤੋਂ ਪਹਿਲਾਂ ਸ਼ਾਇਦ ਚੀਨੀ ਲੋਕ ਪਾਣੀ ਨੂੰ ਫਟਕੜੀ ਨਾਲ ਸਾਫ਼ ਕਰਕੇ ਪੀਣ ਲੱਗੇ ਸਨ।

**ਪਾਣੀ ਦੀ ਵਰਤੋਂ ਦੀ ਦਰ**—ਪਾਣੀ ਦੀ ਵਰਤੋਂ ਦੀ ਦਰ ਨੂੰ ਆਮ ਕਰਕੇ ਗੈਲਨ ਪ੍ਰਤੀ ਜੀਵ ਪ੍ਰਤੀ ਦਿਨ ਵਿਚ ਦਰਸਾਇਆ ਜਾਂਦਾ ਹੈ। ਅੱਗ ਬੁਝਾਉਣ ਸਮੇਂ ਕਿਸੇ ਜਲ-ਸਪਲਾਈ ਕੇਂਦਰ ਉੱਤੇ ਵੱਧ ਤੋਂ ਵੱਧ ਪਾਣੀ ਦੀ ਮੰਗ ਹੁੰਦੀ ਹੈ। ਅੱਗ ਦੇ ਸਹੀ ਬਚਾਉ ਲਈ ਲੋੜੀਂਦੇ ਪਾਣੀ ਦੀ ਸਪਲਾਈ ਦੀ ਦਰ ਲਈ ਕੁਇਜਲਿੰਗ ਦਾ ਨਿਮਨਲਿਖਤ ਸੂਤਰ

$Q = \sqrt{700}\,P$

ਅਤੇ ਨੈਸ਼ਨਲ ਬੋਰਡ ਆਫ਼ ਫ਼ਾਇਰ ਅੰਡਰਰਾਈਟਰਜ਼ ਦਾ ਸੂਤਰ

$Q = 1,020\sqrt{P}\,(1-0.01\sqrt{P})$

ਪ੍ਰਸਿੱਧ ਹਨ।

ਜਿਥੇ Q = ਪ੍ਰਵਾਹ, ਗੈਲਨ ਪ੍ਰਤੀ ਮਿੰਟ ਅਤੇ

P = ਆਬਾਦੀ (ਹਜ਼ਾਰਾਂ ਵਿਚ)

### ਜਲ ਸਪਲਾਈ ਦੇ ਸਾਧਨ

**ਖੂਹ**—ਗੁਰੂਤਾ ਖੂਹ ਹੀ ਜਲ-ਸਪਲਾਈ ਦੇ ਪੁਰਾਤਨ ਅਤੇ ਮੁੱਖ ਸੋਮੇ ਹਨ। ਇਕ ਗੁਰੂਤਾ ਖੂਹ ਵਿਚ, ਇਸ ਦੇ ਆਲੇ-ਦੁਆਲੇ ਦੇ ਹੇਠਲੇ ਪਾਣੀ ਉੱਤੇ ਵਾਯੂ ਮੰਡਲੀ ਦਬਾਉ ਹੁੰਦਾ ਹੈ। ਜਦੋਂ ਪਾਣੀ ਨੂੰ ਖੂਹ ਵਿਚੋਂ ਕੱਢਿਆ ਜਾਂਦਾ ਹੈ ਤਾਂ ਪੁੜ ਦੇ ਹੇਠਾਂ ਆਲੇ-ਦੁਆਲੇ ਦਾ ਭਾਗ ਪਾਣੀ ਨਾਲ ਪੂਰਨ ਤੌਰ ਤੇ ਸੰਤ੍ਰਿਪਤ ਹੋ ਜਾਂਦਾ ਹੈ ਜਿਸ ਦਾ ਲੈਵਲ ਸਥਿਰ ਪਾਣੀ ਦੇ ਲੈਵਲ ਦੇ ਬਰਾਬਰ ਹੁੰਦਾ ਹੈ ਅਤੇ ਇਹ ਦਬਾਉ ਸ਼ੰਕੂ ਦਾ ਸਤ੍ਹਾ ਤੱਕ ਹੁੰਦਾ ਹੈ।

**ਪੰਪਿੰਗ ਸਟੇਸ਼ਨ**—ਗੁਰੂਤਾ ਦੇ ਪ੍ਰਭਾਵ ਥੱਲੇ ਪਾਣੀ ਸਪਲਾਈ ਕਰਨ ਵਾਲੀਆਂ ਥਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਜਲ- ਯੋਜਨਾਵਾਂ ਲਈ ਪੰਪਿੰਗ ਸਟੇਸ਼ਨਾਂ ਦੀ ਲੋੜ ਪੈਂਦੀ ਹੈ।

ਜਨ ਸਿਹਤ ਅਤੇ ਸੁਰੱਖਿਆ ਨਿਰਵਿਘਨ ਜਲ-ਸਪਲਾਈ ਉੱਤੇ ਨਿਰਭਰ ਕਰਦੀ ਹੈ। ਨਿਰਵਿਘਨ ਜਲ-ਸਪਲਾਈ ਲਈ ਪੰਪਿੰਗ ਸਟੇਸ਼ਨ ਉੱਤੇ ਭਰੋਸੇਯੋਗ ਉਰਜਾ ਦਾ ਹੋਣਾ ਜ਼ਰੂਰੀ ਹੈ। ਇਸ ਉਰਜਾ ਦੇ ਸੋਮੇ ਆਮ ਕਰਕੇ ਬਿਜਲੀ ਅੰਤਰ-ਦਹਿਨ ਇੰਜਨ ਅਤੇ ਭਾਫ਼ ਹੁੰਦੇ ਹਨ। ਵੱਡੀ ਸਮਰੱਥਾ ਵਾਲੇ ਪੰਪਿੰਗ ਸਟੇਸ਼ਨਾਂ ਨੂੰ ਛੱਡ ਕੇ ਲਗਭਗ ਬਾਕੀ ਸਾਰੇ ਸਟੇਸ਼ਨਾਂ ਉੱਤੇ ਬਿਜਲੀ ਦੀਆਂ ਮੋਟਰਾਂ ਨਾਲ ਚੱਲਣ ਵਾਲੇ ਅਪਕੇਂਦਰੀ ਜਾਂ ਸੈਂਟਰੀਫ਼ਿਊਗਲ ਪੰਪ ਹੁੰਦੇ ਹਨ। ਅੰਤਰ-ਦਹਿਨ ਇੰਜਨਾਂ ਦੀ ਵਰਤੋਂ ਕੇਵਲ ਬਿਜਲੀ ਦੀ ਸਪਲਾਈ ਵਿਚ ਰੁਕਾਵਟ ਹੋਣ ਤੇ ਕੀਤੀ ਜਾਂਦੀ ਹੈ।

ਅੱਜਕਲ੍ਹ ਇਨ੍ਹਾਂ ਪੰਪਾਂ ਦੀ ਥਾਂ ਵੀ ਭਾਫ਼ ਦੀਆਂ ਟਰਬਾਈਨਾਂ ਨਾਲ ਚੱਲਣ ਵਾਲੇ ਸੈਂਟਰੀਫ਼ਿਊਗਲ ਪੰਪ ਵੱਡੇ ਸਟੇਸ਼ਨਾਂ ਉੱਤੇ ਲਗਾਏ ਜਾਣ ਲੱਗ ਪਏ ਹਨ ਜਾਂ ਫਿਰ ਬਿਜਲੀ ਦੀਆਂ ਮੋਟਰਾਂ ਨਾਲ ਚੱਲਣ ਵਾਲੇ ਸੈਂਟਰੀਫ਼ਿਊਗਲ ਪੰਪ ਜਿਹੜੇ ਕਈ ਸਾਈਜ਼ਾਂ ਵਿਚ ਮਿਲਦੇ ਹਨ, ਆਮ ਵਰਤੇ ਜਾਣ ਲੱਗ ਪਏ ਹਨ।

### ਵੰਡ ਸਿਸਟਮ

ਜਿਥੇ ਸਮੁੱਚਾ ਵੰਡ ਪ੍ਰਬੰਧ ਵੱਖੋ ਵੱਖਰੇ ਸਾਈਜ਼ ਦੇ ਪਾਈਪਾਂ ਨੂੰ ਆਪਸ ਵਿਚ ਜੋੜ ਕੇ ਕਰਨਾ ਹੁੰਦਾ ਹੈ ਉਥੇ ਆਮ ਕਰਕੇ ਵੰਡ ਸਿਸਟਮਾਂ ਵਿਚ ਪਾਈਪਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਖਰਚੇ ਨੂੰ ਮੁੱਖ ਰੱਖ ਕੇ ਹਰ ਇਕ ਪਾਈਪ ਦਾ ਸਾਈਜ਼ ਨਿਰਧਾਰਿਤ ਕਰਨਾ ਸੰਭਵ ਨਹੀਂ ਹੈ। ਵੇਖਿਆ ਗਿਆ ਹੈ ਕਿ ਸਾਧਾਰਣ ਦਰ ਵਾਲੇ ਪ੍ਰਵਾਹ ਲਈ ਪਾਣੀ ਦਾ ਵੇਗ ਲਗਭਗ 1 ਮੀ. ਤੋਂ 1.25 ਮੀ. ਪ੍ਰਤੀ ਸੈਕੰਡ ਅਨੁਸਾਰ ਪਾਈਪ ਦਾ ਸਾਈਜ਼ ਚੁਣਿਆ ਜਾਂਦਾ ਹੈ ਅਤੇ ਸੁਤੰਤਰ ਪ੍ਰਵਾਹ ਲਈ ਪਾਣੀ ਦਾ ਲਗਭਗ 3 ਮੀ. ਪ੍ਰਤੀ ਸੈਕੰਡ ਵੇਗ ਲੈ ਕੇ ਪਾਈਪ ਦਾ ਸਾਈਜ਼ ਲਿਆ ਜਾਂਦਾ ਹੈ।

**ਵਿਉਂਤ**—ਵੰਡ-ਸਿਸਟਮ ਦੀ ਵਿਉਂਤ ਵਿਚ ਹਰ ਇਕ ਪਾਈਪ ਦਾ ਸਾਈਜ਼ ਥਾਂ ਅਤੇ ਸਹਾਇਕ ਉਪਕਰਣ ਇਕ ਨਕਸ਼ੇ ਵਿਚ ਦਰਸਾਏ ਜਾਂਦੇ ਹਨ। ਨਕਸ਼ੇ ਨੂੰ ਰਿਕਾਰਡ ਦੇ ਤੌਰ ਤੇ ਸੰਭਾਲ ਕੇ ਰੱਖਿਆ ਜਾਂਦਾ ਹੈ। ਵਿਉਂਤਬੰਦੀ ਕਰਦੇ ਸਮੇਂ ਨਿਮਨਲਿਖਤ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ :–

1. ਪਾਈਪਾਂ ਦੇ ਸਿਰਿਆਂ ਦੇ ਜੋੜ ਸਿਰੇ ਅਕਰਮਕ ਸਿਰੇ ਨਾ ਬਣਨ।

2. ਸਮਾਂਤਰ ਪਾਈਪਾਂ ਨੂੰ ਲਗਭਗ 450 ਮੀ. ਤੋਂ 600 ਮੀ. ਦੀ ਦੂਰੀ ਦੇ ਅੰਦਰ ਅੰਦਰ ਆਪਸ ਵਿਚ ਜ਼ਰੂਰ ਜੋੜਨਾ ਚਾਹੀਦਾ ਹੈ।

3. ਲਗਭਗ ਹਰ 350 ਮੀ. ਤੋਂ 450 ਮੀ. ਦੀ ਲੰਬਾਈ ਬਾਅਦ ਵਾਲਵ ਲਗਾਉਣੇ ਚਾਹੀਦੇ ਹਨ ਤਾਂ ਜੋ ਵੰਡ-ਸਿਸਟਮ ਦੇ ਕਿਸੇ ਭਾਗ ਨੂੰ ਆਸਾਨੀ ਨਾਲ ਸਪਲਾਈ ਤੋਂ ਵੱਖਰਾ ਕੀਤਾ ਜਾ ਸਕੇ।

4. ਪਾਈਪਾਂ ਦੇ ਆਪਸੀ ਜੋੜਾਂ ਦੇ ਨੇੜੇ ਵਾਲਵ ਲਗਾਉਣੇ ਚਾਹੀਦੇ ਹਨ ਅਤੇ ਆਮ ਕਰਕੇ ਇਕ ਜੁਆਇੰਟ ਉਪਰ ਵਾਲਵਾਂ ਦੀ ਗਿਣਤੀ ਪਾਈਪਾਂ ਦੀ ਗਿਣਤੀ ਨਾਲੋਂ ਇਕ ਘੱਟ ਹੋਣੀ ਚਾਹੀਦੀ ਹੈ। ਵਾਲਵ ਛੋਟੇ ਵਿਆਸ ਵਾਲੇ ਪਾਈਪਾਂ ਉੱਤੇ ਲਗਾਉਣਾ ਚਾਹੀਦਾ ਹੈ।

5. ਕੇਵਲ 9 ਸੈਂ. ਮੀ. ਪਾਈਪ ਜਾਂ ਇਸ ਤੋਂ ਵੱਡੀ ਪਾਈਪ ਨੂੰ ਅੱਗ ਬੁਝਾਉਣ ਲਈ ਨਲਕੇ ਲਗਾਉਣੇ ਚਾਹੀਦੇ ਹਨ। ਇਨ੍ਹਾਂ ਨਲਕਿਆਂ ਨੂੰ ਅਕਰਮਕ ਸਿਰਿਆਂ ਉੱਤੇ ਨਹੀਂ ਲਗਾਉਣਾ ਚਾਹੀਦਾ।

**ਪਾਈਪ**—ਵੰਡ-ਸਿਸਟਮ ਵਿਚ ਆਮ ਕਰਕੇ ਘੰਟੀ ਵਰਗੇ ਮੂੰਹ ਅਤੇ ਡਾਟ ਵਾਲੇ ਜੋੜਾਂ ਵਾਲੇ ਦੇਗੀ ਲੋਹੇ ਦੇ ਬਣੇ ਹੋਏ ਪਾਈਪਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪਹਿਲਾਂ ਇਹ ਪਾਈਪ ਪਿਟ ਢਲਾਈ ਦੀ ਵਿਧੀ ਨਾਲ ਤਿਆਰ ਕੀਤੇ ਜਾਂਦੇ ਸਨ ਪਰੰਤੂ ਅੱਜਕਲ੍ਹ ਸੈਂਟਰੀਫ਼ਿਊਗਲ ਢਲਾਈ ਦੀ ਵਿਧੀ ਨਾਲ ਢਾਲ ਕੇ ਤਿਆਰ ਕੀਤੇ ਜਾਂਦੇ ਹਨ।

ਇਕ ਵੰਡ ਪਾਈਪ ਜਲ-ਸਪਲਾਈ ਦੀ ਮੁੱਖ ਪਾਈਪ ਤੋਂ ਲੈ ਕੇ ਘਰਾਂ ਤੀਕ ਹੁੰਦਾ ਹੈ। ਇਕ ਬੱਤਖ਼ ਦੀ ਗਰਦਨ ਵਾਂਗ ਮੁੜਿਆ ਹੋਇਆ ਪਾਈਪ, ਵੰਡ ਪਾਈਪ ਵਿਚ ਦੀ ਪਾਣੀ ਦੇ ਪ੍ਰਵਾਹ ਨੂੰ ਆਸਾਨੀ ਨਾਲ ਵਿਚਰਨ ਵਿਚ ਸਹਾਇਤਾ ਕਰਦਾ ਹੈ। ਵੰਡ ਪਾਈਪ ਆਮ ਕਰਕੇ ਤਾਂਬੇ, ਸਿੱਕੇ, ਜਿਸਤੀ ਲੋਹੇ ਅਤੇ ਦੇਗੀ ਲੋਹੇ ਤੋਂ ਤਿਆਰ ਕੀਤੇ ਜਾਂਦੇ ਹਨ। ਕਈ ਵਾਰੀ ਇਨ੍ਹਾਂ ਉੱਤੇ ਕਲੱਈ, ਸਿੱਕੇ ਜਾਂ ਸੀਮਿੰਟ ਦੀ ਤਹਿ ਵੀ ਚੜ੍ਹੀ ਹੁੰਦੀ ਹੈ।

**ਜਲ ਭੰਡਾਰ**—ਹੌਜ਼, ਪਾਣੀ ਜਮ੍ਹਾਂ ਕਰਨ, ਇਕ ਸਮਾਨ ਪ੍ਰਵਾਹ ਰੱਖਣ ਅਤੇ ਵੰਡ ਸਿਸਟਮ ਵਿਚ ਇਕੋ ਜਿਹਾ ਦਬਾਉ ਰੱਖਣ ਦਾ ਕੰਮ ਕਰਦੇ ਹਨ। ਪਹਿਲੋਂ ਪਹਿਲ ਹੌਜ਼ ਆਮ ਕਰਕੇ ਧਰਤੀ ਦੀ ਸਤ੍ਹਾ ਉੱਤੇ ਜਾਂ ਫਿਰ ਟੋਆ ਪੁੱਟ ਕੇ ਬਣਾਏ ਜਾਂਦੇ ਸਨ ਜਿਨ੍ਹਾਂ ਦੇ ਕਿਨਾਰਿਆਂ ਉੱਤੇ ਕਿਸੇ ਪਦਾਰਥ ਦਾ ਲੇਪ ਚੜ੍ਹਿਆ ਹੁੰਦਾ ਸੀ। ਇਹ ਸੀਮਿੰਟ, ਸਟੀਲ (ਫ਼ੌਲਾਦ) ਜਾਂ ਲੱਕੜ ਦੇ ਵੀ ਬਣੇ ਹੁੰਦੇ ਸਨ। ਜਿਥੇ ਅੱਗ ਬੁਝਾਉਣ ਲਈ ਧਰਤੀ ਵਿਚੋਂ ਪਾਣੀ ਕੱਢ ਕੇ ਇਕੱਠਾ ਕੀਤਾ ਹੁੰਦਾ ਸੀ ਤਾਂ ਪਾਣੀ ਦਾ ਭੰਡਾਰ ਲਗਾਤਾਰ 10 ਘੰਟੇ ਤੱਕ ਅੱਗ ਬੁਝਾਉਣ ਲਈ ਕਾਫ਼ੀ ਹੋਣਾ ਜ਼ਰੂਰੀ ਹੁੰਦਾ ਸੀ। ਦੁਨੀਆ ਦੇ ਸਭ ਤੋਂ ਵੱਡੇ ਬਣਾਉਟੀ ਜਲ-ਭੰਡਾਰਾਂ ਵਿਚੋਂ ਲੰਡਨ ਦੀ ਜਲ-ਸਪਲਾਈ 'ਦਾ ਕੁਇਨ ਮੇਰੀ' ਜਲ-ਭੰਡਾਰ ਇਕ ਹੈ।

ਜਲ-ਭੰਡਾਰ ਆਮ ਕਰਕੇ ਵੰਡ ਸਿਸਟਮ ਵਿਚ ਅਜਿਹੀ ਥਾਂ ਲਗਾਏ ਜਾਂਦੇ ਹਨ ਜਿਥੇ ਜਦੋਂ ਪੰਪਾਂ ਦੁਆਰਾ ਸਪਲਾਈ ਕੀਤੇ ਜਾ ਰਹੇ ਪਾਣੀ ਦੀ ਮਾਤਰਾ ਨਾਲੋਂ ਮੰਗ ਵਧ ਜਾਣ ਤੇ ਇਸ ਭੰਡਾਰ ਵਿਚੋਂ ਆਪਣੇ ਆਪ ਲੋੜੀਂਦੀ ਮਾਤਰਾ ਪ੍ਰਵਾਹ ਵਿਚ ਸ਼ਾਮਲ ਹੋ ਕੇ ਪਾਈਪਾਂ ਵਿਚ ਪਾਣੀ ਦਾ ਪ੍ਰਵਾਹ ਇਕ ਸਮਾਨ ਰਹਿ ਸਕਦਾ ਹੋਵੇ। ਇਸ ਤਰ੍ਹਾਂ ਕਰਨ ਨਾਲ ਪੰਪਿੰਗ ਦੀ ਘੱਟ ਸਮਰੱਥਾ ਨਾਲ, ਘੱਟ ਖ਼ਰਚ ਨਾਲ ਕੰਮ ਚਲਾਇਆ ਜਾ ਸਕਦਾ ਹੈ। ਇਕ ਸਮਾਨ ਪ੍ਰਵਾਹ ਵਾਲਾ ਹੌਜ਼ ਆਮ ਕਰਕੇ ਵੰਡ ਸਿਸਟਮ ਵਿਚ ਇਕ ਪਾਈਪ ਰਾਹੀਂ ਵੱਖਰੇ ਤੌਰ ਤੇ ਜੋੜਿਆ ਹੁੰਦਾ ਹੈ। ਜਦੋਂ ਪਾਣੀ ਦੀ ਲੋੜੀਂਦੀ ਮਾਤਰਾ ਪੰਪਿੰਗ ਦੀ ਮਾਤਰਾ ਨਾਲੋਂ ਘੱਟ ਹੁੰਦੀ ਹੈ ਤਾਂ ਵਾਧੂ ਪਾਣੀ ਆਪਣੇ ਆਪ ਇਸ ਹੌਜ਼ ਵਿਚ ਜਾਂਦਾ ਰਹਿੰਦਾ ਹੈ।

ਸ ਦੇ ਉਲਟ ਲੋੜ ਅਨੁਸਾਰ ਮੰਗ ਵਧਣ ਤੇ ਪਾਣੀ ਆਪਣੇ ਆਪ ਡ ਸਿਸਟਮ ਵਿਚ ਮਿਲਦਾ ਰਹਿੰਦਾ ਹੈ।

**ਪਾਣੀ ਰਾਹੀਂ ਬੀਮਾਰੀ ਫੈਲਾਉਣ ਵਾਲੇ ਜੀਵ ਅਤੇ ਹੋਰ ਸ਼ੁੱਧੀਆਂ**—ਪਾਣੀ ਵਿਚ ਤੈਰ ਰਹੇ ਜੀਵਾਂ ਨਾਲ ਫੈਲਣ ਵਾਲੀਆਂ ਬਿਮਾਰੀਆਂ ਮਿਆਦੀ ਬੁਖ਼ਾਰ, ਅਮੀਬਿਕ ਦਸਤ, ਡੰਡੇਹਾਰ ਦਸਤ ਅਤੇ ਤ ਨਾਲ ਜਿਗਰ ਦੀ ਸੋਜਸ਼ ਆਦਿ ਹਨ। ਇਹ ਵੀ ਕਿਹਾ ਜਾਂਦਾ ਹੈ ਕ ਬਾਲ-ਅਧਰੰਗ ਅਤੇ ਹੋਰ ਬੀਮਾਰੀਆਂ ਜਿਨ੍ਹਾਂ ਦੇ ਫੈਲਣ ਬਾਰੇ ਕੁਝ ਨੁਮਾਨ ਨਹੀਂ ਲਗਾਇਆ ਜਾ ਸਕਦਾ ਆਦਿ ਵੀ ਪਾਣੀ ਤੋਂ ਹੀ ਲਗਦੀਆਂ ਹਨ। ਅਨੇਕਾਂ ਹੀ ਬੀਮਾਰੀ ਫੈਲਾਉਣ ਵਾਲੇ ਜੀਵ ਪਾਣੀ ਦੇ ਅੰਦਰ ਜਾਂ ਉਪਰ ਤੈਰਦੇ ਰਹਿੰਦੇ ਹਨ। ਇਨ੍ਹਾਂ ਵਿਚ ਐਥਰੈਕਸ ਜਾਂ ਗਲਟੀ ਰੋਗ ਦੇ ਸਪੋਰ ਹੁੰਦੇ ਹਨ ਜੋ ਤੈਰ ਰਹੇ ਵਾਲਾਂ ਨਾਲ ਲੱਗੇ ਹੁੰਦੇ ਹਨ। ਧਾਗੇ ਵਰਗਾ ਇਕ ਕੀੜਾ **Taenia salium, Trichinella spiralis** ਜੋ ਟ੍ਰਿਕਨੋਸਿਸ ਬੀਮਾਰੀ ਫੈਲਾਉਂਦਾ ਹੈ ਅਤੇ ਇਕ ਹੋਰ ਕਿਰਮ **Ancylostoma duodenalle** ਆਦਿ ਵੀ ਸ਼ਾਮਲ ਹਨ। ਜਿਨ੍ਹਾਂ ਨਾਲ ਹੁੱਕ ਵਰਮ ਬੀਮਾਰੀ ਹੋ ਜਾਂਦੀ ਹੈ, ਪਾਣੀ ਵਿਚ ਹੀ ਹੁੰਦੇ ਹਨ। ਪਾਣੀ ਦੇ ਸਵਾਦ, ਗੰਧ ਅਤੇ ਰੰਗ ਵਿਚ ਤਬਦੀਲੀ ਸਾਵਲ, ਪ੍ਰੋਟੋਜ਼ੋਆ ਅਤੇ ਕਈ ਹੋਰ ਸੂਖ਼ਮਦਰਸ਼ੀ ਕਿਰਮਾਂ ਕਾਰਨ ਆਉਂਦੀ ਹੈ। ਪੇਟ ਦੀਆਂ ਆਂਦਰਾਂ ਵਿਚਲੇ ਵਿਗਾੜ ਪਾਣੀ ਵਿਚ ਘੁਲੇ ਹੋਏ ਖਣਿਜ ਜਿਵੇਂ ਮੈਗਨੀਸ਼ੀਅਮ ਸਲਫ਼ੇਟ ਹੋਰ ਖਾਰਾਂ ਅਤੇ ਕਾਰਬਨੀ ਪਦਾਰਥਾਂ ਕਾਰਨ ਉੱਤਪੰਨ ਹੁੰਦੇ ਹਨ। ਕਈ ਤਰ੍ਹਾਂ ਦੀਆਂ ਬੀਮਾਰੀਆਂ ਸਰੀਰ ਦੇ ਮੈਟਾਬਲੋਜ਼ਿਮ ਲਈ ਲੋੜੀਂਦੇ ਵਿਸ਼ੇਸ਼ ਅੰਸ਼ਾਂ ਦੀ ਘਾਟ ਕਾਰਨ ਵੀ ਉੱਤਪੰਨ ਹੁੰਦੀਆਂ ਹਨ।

**ਪਾਣੀ ਨੂੰ ਸਾਫ਼ ਕਰਨ ਦੇ ਢੰਗ**—ਜਲ-ਸਪਲਾਈ ਲਈ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਇਸ ਨੂੰ ਸਾਫ਼ ਕਰਨ ਦੇ ਢੰਗ ਸੀਮਿਤ ਹਨ। ਅਸ਼ੁੱਧੀਆਂ ਤੇ ਤਲਛੱਟ ਬਣਾ ਕੇ ਪਾਣੀ ਖੜ੍ਹਾ ਰੱਖ ਕੇ ਜਾਂ ਹਿਲਾ ਕੇ, ਜਮਾ ਕੇ (ਸਕੰਦਨ) ਪੁਣ ਕੇ ਅਤੇ ਰੋਗਾਣੂ ਨਾਸ਼ਕਾਂ ਰਾਹੀਂ ਪਾਣੀ ਪੀਣ ਯੋਗ ਅਤੇ ਉਦਯੋਗਿਕ ਮੰਤਵਾਂ ਲਈ ਵਰਤੋਂ ਯੋਗ ਬਣਾਇਆ ਜਾ ਸਕਦਾ ਹੈ।

**ਤਲਛੱਟਣ**—ਤਲਛੱਟਣ ਵਿਧੀ ਪਾਣੀ ਸਾਫ਼ ਕਰਨ ਦੀ ਸਭ ਤੋਂ ਸੌਖੀ ਵਿਧੀ ਹੈ। ਇਸ ਵਿਚ ਪਾਣੀ ਜਾਂ ਤਾਂ ਸਥਿਰ ਤੌਰ ਤੇ ਪਿਆ ਰਹਿਣ ਦਿੱਤਾ ਜਾਂਦਾ ਹੈ ਜਾਂ ਫਿਰ ਪਾਣੀ ਨੂੰ ਹੌਲੀ ਹੌਲੀ ਬੇਸਿਨ ਵਿਚ ਪ੍ਰਵਾਹ ਕਰਨ ਦਿੱਤਾ ਜਾਂਦਾ ਹੈ ਤਾਂ ਜੋ ਬੈਠਣ ਵਾਲੇ ਪਦਾਰਥ ਹੌਲੀ ਹੌਲੀ ਥੱਲੇ ਬੈਠਦੇ ਰਹਿਣ ਅਤੇ ਪਾਣੀ ਸਾਫ਼ ਤੇ ਨਿਰਮਲ ਹੁੰਦਾ ਰਹੇ। ਤਲਛੱਟਣ ਕਿਰਿਆ ਗੁਰੂਤਾ, ਬੈਠਣ ਵਾਲੇ ਪਦਾਰਥਾਂ ਦੀ ਸਾਪੇਖੀ ਘਣਤਾ ਅਤੇ ਸਾਈਜ਼, ਡੂੰਘਾਈ, ਆਕਾਰ, ਬੇਸਿਨ ਦੇ ਪ੍ਰਯੋਗ ਦੇ ਢੰਗ, ਪਾਣੀ ਦਾ ਤਾਪਮਾਨ, ਵਿਸਕਾਸਿਤਾ, ਸੰਵਹਿਣ, ਜੀਵ ਵਿਗਿਆਨਕ ਗਤੀ ਵਿਧੀਆਂ ਅਤੇ ਬਿਜਲਈ ਪ੍ਰਭਾਵ ਆਦਿ ਉੱਤੇ ਨਿਰਭਰ ਕਰਦੀ ਹੈ। ਤਲਛੱਟਣ ਬੇਸਿਨ ਆਮ ਕਰਕੇ ਆਇਤਾਕਾਰ, ਗੋਲਾਕਾਰ ਜਾਂ ਕਿਸੇ ਵੀ ਵਕਰਿਤ ਆਕਾਰ ਦੇ ਬਣਾਏ ਜਾਂਦੇ ਹਨ। ਇਨ੍ਹਾਂ ਦਾ ਆਕਾਰ ਪਾਣੀ ਦੇ ਪ੍ਰਵਾਹ ਉੱਤੇ ਨਿਰਭਰ ਕਰਦਾ ਹੈ।

**ਸਕੰਦਨ (ਜਮਾਉਣ ਕਿਰਿਆ)**—ਰਸਾਇਣਿਕ ਪਦਾਰਥ ਪਾਣੀ ਵਿਚ ਆਪਸ ਵਿਚ ਜਾਂ ਪਾਣੀ ਦੇ ਅੰਸ਼ਾਂ ਨਾਲ ਕਿਰਿਆ ਕਰਕੇ ਘੁਲਣਸ਼ੀਲ ਅਵਖੇਪ ਬਣਾਉਂਦੇ ਹਨ ਜਿਨ੍ਹਾਂ ਕਰਕੇ ਧਾਰਨਤਾ ਕਾਲ ਘਟਣ ਨਾਲ ਇਸ ਢੰਗ ਦੀ ਸੁਯੋਗਤਾ ਵਿਚ ਵਾਧਾ ਹੋ ਜਾਂਦਾ ਹੈ। ਇਸ ਮੰਤਵ ਲਈ ਫਟਕੜੀ ਆਮ ਵਰਤੀ ਜਾਂਦੀ ਹੈ। ਫ਼ੈਰਸ ਸਲਫ਼ੇਟ, ਅਣਬੁਝਿਆ ਚੂਨਾ ਜਾਂ ਬੁਝਿਆ ਚੂਨਾ, ਸੋਡੀਅਮ ਐਲੂਮਿਨੇਟ ਆਦਿ ਹੋਰ ਕਈ ਰਸਾਇਣਿਕ ਪਦਾਰਥ ਸਕੰਦਨ ਲਈ ਵਰਤੇ ਜਾਂਦੇ ਹਨ। ਸਕੰਦਨ ਤਲਛੱਟਣ ਦੀ ਕਿਰਿਆ ਨੂੰ ਤੇਜ਼ ਕਰਨ ਦੇ ਨਾਲ ਨਾਲ ਕੋਲਾੱਇਡੀ ਮਾਦੇ, ਰੰਗ ਅਤੇ ਕੀਟਾਣੂ ਦੇ ਨਾਸ਼ ਵਿਚ ਵੀ ਸਹਾਇਤਾ ਕਰਦੀ ਹੈ।

ਵਧੇਰੇ ਆਰਥਿਕਤਾ ਅਤੇ ਸੁਯੋਗਤਾ ਲਈ ਪਾਣੀ ਵਿਚ ਰਸਾਇਣਿਕ ਪਦਾਰਥਾਂ ਦਾ ਲਗਾਤਾਰ ਚਲਦੇ ਰਹਿਣਾ ਤੇ ਹੌਲੀ ਹੌਲੀ ਹਿਲਾਉਂਦੇ ਰਹਿਣਾ ਜ਼ਰੂਰੀ ਹੈ। ਰਸਾਇਣਿਕ ਪਦਾਰਥ ਕੁਝ ਕੁ ਕਣ ਪ੍ਰਤੀ ਗੈਲਨ ਦੇ ਹਿਸਾਬ ਨਾਲ ਘੋਲ ਜਾਂ ਪਾਊਡਰ ਦੇ ਰੂਪ ਵਿਚ ਵਰਤੇ ਜਾਂਦੇ ਹਨ। ਇਕ ਜਾਂ ਦੋ ਮਿੰਟ ਤੇਜ਼ ਹਿਲਾਉਣ ਨਾਲ ਹੌਲੀ ਹੌਲੀ ਗੁੱਛੇ ਜਿਹੇ ਬਣ ਜਾਂਦੇ ਹਨ। ਇਸ ਤੋਂ ਬਾਅਦ 15-30 ਮਿੰਟ ਹਿਲਾਉਣ ਨਾਲ ਪਾਣੀ ਸਾਫ਼ ਹੋ ਕੇ ਅੱਗੇ ਵਗ ਜਾਂਦਾ ਹੈ।

**ਫ਼ਿਲਟਰੀਕਰਨ**—ਅਜੋਕੇ ਗੁਰੂਤਾ ਫ਼ਿਲਟਰ ਕੰਕਰੀਟ ਦੇ ਖੁਲ੍ਹੇ ਆਇਤਾਕਾਰ ਬੇਸਿਨ ਵਾਲੇ ਬਣੇ ਹੁੰਦੇ ਹਨ ਜਿਨ੍ਹਾਂ ਦੀ ਸਮਰੱਥਾ 1,000,000 ਗੈਲਨ ਹੁੰਦੀ ਹੈ।

ਫ਼ਿਲਟੱਰਿੰਗ ਪਦਾਰਥ ਆਮ ਕਰਕੇ 0.35 ਤੋਂ 0.55 ਮਿ. ਮੀ. ਆਕਾਰ ਵਾਲੇ ਕਣਾਂ ਵਾਲੀ ਸਾਫ਼ ਸਿਲੀਕੋਂ ਰੇਤ ਵਰਤੀ ਜਾਂਦੀ ਹੈ ਅਤੇ ਇਕਸਾਰਤਾ ਗੁਣਾਂਕ ਲਗਭਗ 1.8 ਤੋਂ ਨਹੀਂ ਵਧਣਾ ਚਾਹੀਦਾ। ਫ਼ਿਲਟਰੀਕਰਨ ਦੀ ਦਰ ਵਧਾਉਣ ਲਈ ਮੋਟੀ ਰੇਤ ਦਾ ਪ੍ਰਯੋਗ ਕੀਤਾ ਜਾਂਦਾ ਹੈ। ਰੇਤ ਦੀ 50 ਤੋਂ 75 ਸੈਂ. ਮੀ. ਦੇ ਲਗਭਗ ਮੋਟੀ ਤਹਿ ਦੇ ਹੇਠਾਂ ਇਸ ਨੂੰ ਸੰਭਾਲਣ ਲਈ ਪੱਥਰਾਂ ਦੀ ਤਹਿ ਵਿਛਾਈ ਜਾਂਦੀ ਹੈ ਤਾਂ ਜੋ ਇਹ ਹੇਠਾਂ ਪਾਣੀ ਵਿਚ ਦਾਖ਼ਲ ਨਾ ਹੋ ਸਕੇ ਅਤੇ ਪਾਣੀ ਲਗਾਤਾਰ ਹੌਲੀ ਹੌਲੀ ਵਹਿੰਦਾ ਰਹੇ।

**ਰੋਗਾਣੂਨਾਸ਼ਨ**—ਰੋਗਾਣੂਨਾਸ਼ਨ ਪਾਣੀ ਨੂੰ ਸਾਫ਼ ਕਰਨ ਦੀ ਸਭ ਤੋਂ ਅੰਤਮ ਕਿਰਿਆ ਹੈ ਤਾਂ ਜੋ ਬੀਮਾਰੀਆਂ ਫੈਲਾਉਣ ਵਾਲੇ ਜੀਵਾਂ ਦਾ ਨਾਸ਼ ਕੀਤਾ ਜਾ ਸਕੇ। ਇਹ ਆਮ ਕਰਕੇ ਫ਼ਿਲਟਰੀਕਰਨ ਤੋਂ ਬਾਅਦ ਕੀਤਾ ਜਾਂਦਾ ਹੈ ਅਤੇ ਕੁਝ ਕੁ ਪਲਾਂਟਾਂ ਵਿਚ ਰੋਗਾਣੂਨਾਸ਼ਨ ਕਿਰਿਆ ਫ਼ਿਲਟਰੀਕਰਨ ਤੋਂ ਪਹਿਲਾਂ ਵੀ ਕੀਤੀ ਜਾਂਦੀ ਹੈ। ਕੁਝ-ਕੁ ਜਲ ਸਪਲਾਈਆਂ ਵਿਚ ਕਲੋਰੀਨ ਨੂੰ ਹੀ ਪੀਣ ਯੋਗ ਪਾਣੀ ਦੇ ਪੂਰਨ ਸੋਧਕ ਦੇ ਤੌਰ ਤੇ ਵਰਤਿਆ ਜਾਂਦਾ ਹੈ। ਕਈ ਸ਼ਹਿਰਾਂ ਵਿਚ ਜਾਂ ਯੂਰਪ ਦੇ ਤੈਰਾਕੀ ਤਲਾਵਾਂ ਵਿਚ ਓਜ਼ੋਨ ਨੂੰ ਰੋਗਾਣੂਨਾਸ਼ਕ ਦੇ ਤੌਰ ਤੇ ਵਰਤਿਆ ਜਾਂਦਾ ਹੈ। ਕਈ ਸੰਯੁਕਤ ਰਾਜ ਅਤੇ ਹੋਰ ਪ੍ਰਦੇਸ਼ਾਂ ਵਿਚ ਤੈਰਾਕੀ ਤਲਾਵਾਂ ਅਤੇ ਛੋਟੀਆਂ ਸੰਸਥਾਵਾਂ, ਨਿੱਜੀ ਤੇ ਵਪਾਰਕ ਇਮਾਰਤਾਂ ਦੀਆਂ ਜਲ-ਸਪਲਾਈਆਂ ਲਈ ਅਜਿਹਾ ਅਲਟਰਾ-ਵਾਇਲਿਟ ਕਿਰਨਾਂ ਨਾਲ ਕੀਤਾ ਜਾਂਦਾ ਹੈ।

ਕਲੋਰੀਨ ਤਰਲ ਜਾਂ ਗੈਸ ਰੂਪ ਵਿਚ ਲੋੜੀਂਦੀ ਮਾਤਰਾ ਵਿਚ ਵਰਤੀ ਜਾਂਦੀ ਹੈ ਤਾਂ ਜੋ ਬਕਾਇਆ ਪਦਾਰਥ 0.1 ਤੋਂ 0.2 ਹਿੱਸੇ ਪ੍ਰਤੀ ਮਿਲੀਅਨ ਬਚੇ। ਕਲੋਰੀਕਰਨ ਮਗਰੋਂ ਘੱਟੋਂ ਘੱਟ ਲਗਭਗ 15 ਮਿੰਟ ਤੱਕ ਪਾਣੀ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਵੰਡ ਸਿਸਟਮ ਦੌਰਾਨ ਕਲੋਰੀਨ ਦੇ ਪ੍ਰਭਾਵ ਖ਼ਤਮ ਹੋ ਜਾਂਦੇ ਹਨ। ਜਿਸ ਨਾਲ ਪਾਣੀ ਗੰਧ ਵਾਲਾ ਤੇ ਬੇਸੁਆਦਾ ਬਣ ਜਾਂਦਾ ਹੈ। ਪਾਣੀ ਨੂੰ ਅਜਿਹਾ ਹੋਣ ਤੋਂ ਰੋਕਣ ਲਈ ਕਲੋਰੀਨ ਵਿਚ ਕੁਝ-ਕੁ ਹਿੱਸੇ ਅਮੋਨੀਆ ਮਿਲਾਈ ਜਾਂਦੀ ਹੈ। ਇਸ ਨਾਲ ਕਲੋਰੀਐਮੀਨ ਦੇ ਅਸੰਯੁਕਤ ਰਸਾਇਣਿਕ ਯੋਗਿਕ ਬਣ ਜਾਂਦੇ ਹਨ ਜਿਹੜੇ ਕਲੋਰੀਨ ਦੀ ਜੀਵਾਣੂ ਨਾਸ਼ਕ ਕਿਰਿਆ ਨੂੰ ਹੌਲੀ ਕਰ ਦਿੰਦੇ ਹਨ ਤਾਂ ਜੋ ਇਹ ਵੰਡ ਸਿਸਟਮ ਵਿਚ ਦੂਰ ਦੁਰੇਡੇ ਭਾਗਾਂ ਤੱਕ ਪਹੁੰਚ ਸਕੇ।

ਸਾਰੇ ਪਦਾਰਥਾਂ ਦੇ ਯੋਗਿਕਾਂ ਨੂੰ ਪਾਣੀ ਵਿਚੋਂ ਉਨ੍ਹਾਂ ਦੀ ਰਸਾਇਣਿਕ ਪਦਾਰਥਾਂ ਨਾਲ ਆਇਨੀ ਸੰਘਣਤਾ ਬਦਲ ਕੇ ਦੂਰ ਕੀਤਾ ਜਾਂਦਾ ਹੈ। ਇਹ ਰਸਾਇਣਿਕ ਪਦਾਰਥ ਜ਼ੀਓਲਾਈਟ, ਕੈਟਾਇਨ ਅਤੇ ਐਨਾਇਨ, ਐਕਸਚੇਂਜਰ, ਹਾਈਡ੍ਰੋਜਨ ਐਕਸਚੇਂਜਰ ਅਤੇ ਕੁਝ ਵਿਸ਼ੇਸ਼ ਸੰਸ਼ਲਿਸ਼ਟ ਬਰੋਜ਼ਿਆਂ ਦੇ ਯੋਗਿਕ ਆਦਿ ਹਨ। ਇਨ੍ਹਾਂ ਪਦਾਰਥਾਂ ਦੇ

ਸੁਮੇਲ ਨਾਲ ਸਮੁੰਦਰੀ ਪਾਣੀ ਜਾਂ ਅਜਿਹੀ ਕਿਸਮ ਦੇ ਹੋਰ ਪਾਣੀ ਤੋਂ ਪੀਣ ਯੋਗ ਤੇ ਕਸ਼ੀਦਿਤ ਪਾਣੀ ਤਿਆਰ ਕੀਤਾ ਜਾ ਸਕਦਾ ਹੈ।

**ਪਾਣੀ ਸਾਫ਼ ਕਰਨ ਦੇ ਹੋਰ ਢੰਗ**—ਉਪਰੋਕਤ ਢੰਗਾਂ ਤੋਂ ਇਲਾਵਾ ਪਾਣੀ ਸਾਫ਼ ਕਰਨ ਦੇ ਕੁਝ ਕੁ ਨਿਮਨ ਲਿਖਤ ਢੰਗ ਹਨ :–

ਪਾਣੀ ਵਿਚ ਘੁਲਿਆ ਹੋਇਆ ਲੋਹਾ ਆਮ ਕਰਕੇ ਫ਼ੈਰਸ ਹਾਈਡ੍ਰੋਕਸਾਈਡ ਦੇ ਰੂਪ ਵਿਚ ਹੁੰਦਾ ਹੈ, ਜਿਸ ਨੂੰ ਆੱਕਸੀਕਰਨ ਰਾਹੀਂ ਅਘੁਲਣਸ਼ੀਲ ਫ਼ੈਰਿਕ ਹਾਈਡ੍ਰੋਕਸਾਈਡਾਂ ਵਿਚ ਬਦਲਿਆ ਜਾਂਦਾ ਹੈ। ਇਸ ਨੂੰ ਫਿਰ ਤਲਛੱਟਣ ਜਾਂ ਫਿਲਟਰੀਕਰਨ ਜਾਂ ਦੋਵੇਂ ਢੰਗਾਂ ਰਾਹੀਂ ਕੱਢ ਦਿੱਤਾ ਜਾਂਦਾ ਹੈ ਮੈਗਨੀਜ਼ ਨੂੰ ਵੀ ਇਨ੍ਹਾਂ ਢੰਗਾਂ ਰਾਹੀਂ ਹੀ ਦੂਰ ਕੀਤਾ ਜਾਂਦਾ ਹੈ। ਇਹ ਦੋਵੇਂ ਪਦਾਰਥ ਬੇਸ ਐਕਸਚੇਂਜਰਾਂ ਨਾਲ ਪਾਸੇ ਕੱਢ ਦਿਤੇ ਜਾਂਦੇ ਹਨ।

ਜਲ ਭੰਡਾਰਾਂ ਅਤੇ ਝੀਲਾਂ ਵਿਚ ਛੋਟੇ ਛੋਟੇ ਕੀਟਾਣੂਆਂ ਦੇ ਨਾਸ਼ ਲਈ 1 ਤੋਂ ਤਿੰਨ ਹਿੱਸੇ ਪ੍ਰਤੀ ਮਿਲੀਅਨ ਕਾਪਰ ਸਲਫ਼ੇਟ ਮਿਲਾਇਆ ਜਾਂਦਾ ਹੈ। ਵਾਤਨ (ਏਅਰੇਸ਼ਨ) ਰਾਹੀਂ ਘੁਲੀਆਂ ਹੋਈਆਂ ਗੈਸਾਂ ਨੂੰ ਦੂਰ ਕੀਤਾ ਜਾਂਦਾ ਹੈ ਅਤੇ ਹਵਾ ਨਿਸਕਰਸ਼ਣ ਰਾਹੀਂ ਇਸ ਦੇ ਜੰਗਾਲ ਲਗਾਉਣ ਵਾਲੇ ਗੁਣਾਂ ਨੂੰ ਘਟਾਇਆ ਜਾਂਦਾ ਹੈ। ਪਾਣੀ ਦਾ ਹਵਾ ਨਿਸਕਰਸ਼ਣ ਬੰਦ ਚੈਂਬਰ ਵਿਚ ਗਰਮ ਅਤੇ ਠੰਢੇ ਕਰਕੇ ਉੱਚ ਖ਼ਲਾ ਵਿਚ ਹਿਲਾ ਕੇ ਅਤੇ ਸੋਡੀਅਮ ਸਲਫ਼ਾਈਟ ਮਿਲਾ ਕੇ ਕੀਤਾ ਜਾਂਦਾ ਹੈ। ਆਖ਼ਰੀ ਵਿਧੀ ਦਾ ਇਸਤੇਮਾਲ ਪੀਣ ਯੋਗ ਪਾਣੀ ਲਈ ਨਹੀਂ ਕਰਨਾ ਚਾਹੀਦਾ।

ਕਿਰਿਆਸ਼ੀਲ ਕਾਰਬਨ ਦਾ ਇਸਤੇਮਾਲ ਸਵਾਦ ਤੇ ਗੰਧ ਦੂਰ ਕਰਨ ਲਈ ਵੀ ਕੀਤਾ ਜਾ ਸਕਦਾ ਹੈ। ਗੰਧ ਅਤੇ ਸਵਾਦ ਨੂੰ ਖ਼ਤਮ ਕਰਨ ਲਈ, ਕਲੋਰੀਨ ਦੀ ਵਧੇਰੇ ਮਾਤਰਾ ਪਾ ਕੇ ਸੁਪਰ ਕਲੋਰੀਕਰਨ ਤੋਂ ਬਾਅਦ ਵਿਕਲੋਰੀਕਰਨ ਕੀਤਾ ਜਾਂਦਾ ਹੈ।

ਹ. ਪੁ. -ਕੋਲ. ਐਨ. 10:328

**ਜਲ–ਸੈਨਾ** : ਕਿਸੇ ਵੀ ਦੇਸ਼ ਦੀ ਸੁਰੱਖਿਆ ਉਨਾਂ ਚਿਰ ਤੀਕ ਪੂਰਨ ਨਹੀਂ ਸਮਝੀ ਜਾ ਸਕਦੀ ਜਿੰਨਾਂ ਚਿਰ ਤੱਕ ਉਸ ਦੀਆਂ ਸੀਮਾਵਾਂ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ। ਇਸੇ ਲਈ ਉਨ੍ਹਾਂ ਦੇਸ਼ਾਂ ਨੂੰ ਜਿਨ੍ਹਾਂ ਦੇ ਖੇਤਰ ਸਮੁੰਦਰੀ ਤੱਟ ਵਰਤੀ ਹੁੰਦੇ ਹਨ ਅਤੇ ਤੱਟ ਵਰਤੀ ਸੀਮਾਵਾਂ ਦੀ ਰਾਖੀ ਲਈ ਜਲ ਸੈਨਾ ਦੀ ਲੋੜ ਪੈਂਦੀ ਹੈ। ਜਲ ਸੈਨਾ ਦਾ ਇਤਿਹਾਸ ਬਹੁਤ ਹੀ ਪੁਰਾਣਾ ਹੈ। ਜਦੋਂ ਮਨੁੱਖ ਨੇ ਹੋਰਨਾਂ ਦੇਸ਼ਾਂ ਜਾਂ ਖੇਤਰਾਂ ਵਿਚ ਸਮੁੰਦਰੀ ਜਲ ਮਾਰਗਾਂ ਤੇ ਜਾਣਾ ਸ਼ੁਰੂ ਕੀਤਾ ਤਾਂ ਉਸਨੂੰ ਰਾਹ ਵਿਚ ਪੈਂਦੇ ਲੁਟੇਰਿਆਂ ਜਾਂ ਦੂਸਰੇ ਦੇਸ਼ਾਂ ਵਿਚੋਂ ਲੰਘਣ ਵੇਲੇ ਆਪਣੇ ਮਾਲ ਅਸਬਾਬ ਦੀ ਰੱਖਿਆ ਕਰਨ ਲਈ ਹਥਿਆਰਬੰਦ ਹੋਣਾ ਪਿਆ। ਇਸ ਤਰ੍ਹਾਂ ਜਲ-ਸੈਨਾ ਦਾ ਮੁੱਢ ਬੱਝਿਆ।

ਜਲ-ਸੈਨਾ ਦੀ ਪਰਿਭਾਸ਼ਾ ਵਿਚ ਕਿਸੇ ਵੀ ਦੇਸ਼ ਦੇ ਜੰਗੀ ਸਮੁੰਦਰੀ ਜਹਾਜ਼ ਅਤੇ ਜਲ-ਸੈਨਾ ਦੇ ਜੁਆਨ ਇਕੱਠੇ ਹੋਏ ਸਮਝੇ ਜਾ ਸਕਦੇ ਹਨ। ਜਲ-ਸੈਨਾ ਕਿਸ ਢੰਗ ਨਾਲ ਆਯੋਜਤ ਕੀਤੀ ਜਾਂਦੀ ਹੈ ਇਹ ਉਸ ਦੇਸ਼ ਦੇ ਅੰਦਰੂਨੀ ਅਤੇ ਬਾਹਰੀ ਖੇਤਰ ਤੋਂ ਪ੍ਰਭਾਵਿਤ ਹੁੰਦੀ ਹੈ ਜਿਵੇਂ ਇੰਗਲੈਂਡ ਵਿਚ ਦੂਜੇ ਸੰਸਾਰ ਯੁੱਧ ਸਮੇਂ ਇਕ ਸਥਾਨਕ ਬੇੜਾ, ਇਕ ਰੂਮ ਸਾਗਰੀ ਬੇੜਾ ਜਿਨ੍ਹਾਂ ਦੀ ਕਮਾਨ ਵੱਖ ਵੱਖ ਕਮਾਂਡਰ ਇਨ ਚੀਫ਼ ਕਰਦੇ ਸਨ, ਤੋਂ ਇਲਾਵਾ ਕਈ ਹੋਰ ਕਮਾਨਾਂ, ਫੋਰਸਜ਼, ਸਟੇਸ਼ਨ ਅਤੇ ਜੰਗੀ ਬੇੜੀਆਂ ਹੁੰਦੀਆਂ ਜਿਨ੍ਹਾਂ ਦੀ ਜ਼ਿੰਮੇਵਾਰੀ ਐਡਮਿਰਲ ਪਾਸ ਹੁੰਦੀ ਹੈ ਨਾ ਕਿ ਬੇੜੇ ਦੇ ਕਮਾਂਡਰਾਂ ਕੋਲ। ਇਸ ਲਈ ਜਲ ਸੈਨਾ ਦਾ ਅਰਥ ਸਮੁੰਦਰੀ ਜਹਾਜ਼ਾਂ ਦੇ ਵੱਡੇ ਗਰੁੱਪ ਜੋ ਕਿ ਇਕ ਹੀ ਕਮਾਂਡਰ ਇਨ-ਚੀਫ਼ ਦੇ ਅਧੀਨ ਹੁੰਦੇ ਸਨ ਅਤੇ ਕਿਸੇ ਇਕ ਵਿਸ਼ੇਸ਼ ਜੁਗਰਾਫ਼ਿਆਈ ਖੇਤਰ (ਭੂਗੋਲਿਕ) ਨੂੰ ਸੌਂਪੇ ਹੋਏ ਹੁੰਦੇ ਸਨ।

ਜਲ-ਸੈਨਾ ਅੱਗੋਂ ਕਈ ਕਿਸਮਾਂ ਵਿਚ ਵੰਡੀ ਜਾਂਦੀ ਹੈ। ਜਿਸਦੀ ਵੰਡ ਉਸ ਦੇਸ਼ ਦੀਆਂ ਲੋੜਾਂ ਦੇ ਮੁਤਾਬਿਕ ਹੁੰਦੀ ਹੈ ਜਿਵੇਂ :–

**ਪ੍ਰਬੰਧਕੀ ਅਤੇ ਟੈਕਨੀਕਲ ਗਰੁੱਪ**—ਸੰਯੁਕਤ ਰਾਜ ਅਮਰੀਕਾ ਵਿਚ ਦੋਵੇਂ ਮੁੱਖ ਬੇੜਿਆਂ ਦੇ ਕਮਾਂਡਰ ਇੰਚਾਰਜ ਹਨ। ਇਸ ਵਿਚ ਸਮੁੰਦਰੀ ਹਵਾਈ ਫ਼ੌਜ, ਗਸ਼ਤੀ ਜਹਾਜ਼, ਵਿਨਾਸ਼ਕ ਜਹਾਜ਼, ਡੁਬਕਣੀ ਕਿਸ਼ਤੀ ਵਾਲੇ ਜਹਾਜ਼ ਅਤੇ ਜਲਥਲੀ ਫ਼ੌਜ ਅਤੇ ਸੇਵਾ ਫ਼ੌਜ ਸ਼ਾਮਲ ਸਨ। ਇਨ੍ਹਾਂ ਦੇ ਅਧਿਕਾਰੀਆਂ ਨੂੰ ਵਰਗ ਕਮਾਂਡਰ ਜਾਂ ਪ੍ਰਬੰਧਕੀ ਕਮਾਂਡਰ ਕਿਹਾ ਜਾਂਦਾ ਹੈ ਜਿਵੇਂ ਵਾਈਸ ਐਡਮਿਰਲ ਅਤੇ ਦੂਸਰੇ ਰੀਅਰ ਐਡਮਿਰਲ ਹੁੰਦੇ ਸਨ। ਤਿੰਨ ਤੋਂ 6 ਬੇੜੇ ਦੀ ਇਕ ਡਵੀਜ਼ਨ ਬਣਦੀ ਹੈ ਜਿਸ ਵਿਚ ਹਵਾਈ ਜਹਾਜ਼ਾਂ ਵਾਲੇ ਕੈਰੀਅਰ, ਗਸ਼ਤੀ, ਵਿਨਾਸ਼ਕ, ਡੁਬਕਣੀ, ਢੋਆ-ਢੁਆਈ, ਬਾਰੂਦੀ ਸੁਰੰਗਾਂ ਹਟਾਉਣ ਵਾਲੇ ਅਤੇ ਕਈ ਕਿਸਮ ਦੇ ਹੋਰ ਜੰਗੀ ਜਹਾਜ਼ ਸ਼ਾਮਲ ਹੁੰਦੇ ਹਨ। ਡਿਵੀਜ਼ਨ ਕਮਾਂਡਰਾਂ ਨੂੰ ਆਮ ਤੌਰ ਤੇ ਟੈਕਨੀਕਲ ਕਮਾਂਡਰ ਕਿਹਾ ਜਾਂਦਾ ਸੀ। ਵਿਨਾਸ਼ਕ ਜਹਾਜ਼ਾਂ ਜਾਂ ਡੁਬਕਣੀ ਕਿਸ਼ਤੀਆਂ ਦੀਆਂ ਦੋ ਡਿਵੀਜ਼ਨਾਂ ਦਾ ਇਕ ਸਕੁਐਡਰਨ ਬਣਦਾ ਹੈ ਅਤੇ ਸਕੁਐਡਰਨ ਕਮਾਂਡਰ ਇਨ੍ਹਾਂ ਵਿਚੋਂ ਇਕ ਡਿਵੀਜ਼ਨ ਦੀ ਕਮਾਨ ਵੀ ਕਰਦਾ ਹੈ। ਤਿੰਨ ਵਿਨਾਸ਼ਕ ਸਕੁਐਡਰਨਾਂ ਦਾ ਇਕ ਜੰਗੀ ਬੇੜਾ ਅਖਵਾਉਂਦਾ ਹੈ। ਰੀਅਰ ਐਡਮਿਰਲ ਆਮ ਤੌਰ ਤੇ ਜੰਗੀ, ਸਮੁੰਦਰੀ, ਹਵਾਈ ਅਤੇ ਗਸ਼ਤੀ ਡਿਵੀਜ਼ਨਾਂ ਅਤੇ ਵਿਨਾਸ਼ਕ ਜੰਗੀ ਬੇੜਿਆਂ ਦੀ ਕਮਾਨ ਕਰਦੇ ਹਨ। ਸਰਵਿਸ ਫ਼ੋਰਸ ਅਤੇ ਜਲਥਲੀ ਫੋਰਸ ਸਕੁਐਡਰਨਾਂ, ਵਿਨਾਸ਼ਕ ਅਤੇ ਡੁਬਕਣੀ ਸਕੁਐਡਰਨਾਂ ਅਤੇ ਬਾਰੂਦੀ ਸੁਰੰਗਾਂ ਵਾਲੇ ਜਹਾਜ਼ਾਂ ਦੀ ਕਮਾਨ ਕਪਤਾਨ ਜਾਂ ਕਮਾਂਡਰ ਕਰਿਆ ਕਰਦੇ ਸਨ।

**ਯੁੱਧ ਕਲਾ ਸਿਖਲਾਈ**—ਬੇਸ਼ਕ ਇਕ ਜੰਗੀ ਬੇੜੇ ਵਿਚ ਕਈ ਤਰ੍ਹਾਂ ਦੇ ਜਹਾਜ਼ ਸ਼ਾਮਲ ਹੁੰਦੇ ਹਨ ਪਰ ਲੜਾਈ ਲਈ ਇਹ ਉਨ੍ਹਾਂ ਚਿਰ ਤੱਕ ਅਸਰਦਾਇਕ ਨਹੀਂ ਹੁੰਦੇ ਜਿਨ੍ਹਾਂ ਚਿਰ ਤੱਕ ਸਾਰੇ ਜਹਾਜ਼ ਇਕ ਟੀਮ ਵਾਂਗ ਕੰਮ ਕਰਨ ਦੇ ਯੋਗ ਨਹੀਂ ਹੋ ਜਾਂਦੇ ਅਤੇ ਇਹ ਸਾਰੇ ਇਕ ਕਮਾਂਡਰ ਦੀ ਕਮਾਨ ਹੇਠ ਕੰਟਰੋਲ ਹੋ ਸਕਦੇ ਹੋਣ। ਇਸ ਲਈ ਨਿਰੰਤਰ ਅਭਿਆਸ ਅਤੇ ਅਧਿਐਨ ਦੀ ਲੋੜ ਪੈਂਦੀ ਹੈ। ਜਦੋਂ ਵੀ ਕੋਈ ਨਵਾਂ ਜਹਾਜ਼ ਜਾਂ ਅਜਿਹਾ ਜਹਾਜ਼ ਜਿਸਦੀ ਪੁਨਰ ਉਸਾਰੀ ਕੀਤੀ ਗਈ ਹੋਵੇ ਬੇੜੇ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਉਹ ਦਿਤੀ ਹੋਈ ਕਮਾਨ ਅਨੁਸਾਰ ਸਪੀਡ ਫੜ ਸਕਣ ਅਤੇ ਮੁੜਨ ਦੇ ਸਮਰੱਥ ਹੁੰਦਾ ਹੈ।

**ਯੁੱਧ-ਕਲਾ ਤਰਤੀਬ**—ਜਹਾਜ਼ਾਂ ਦੀ ਇਕਹਿਰੀ ਲਾਈਨ ਵਾਲੀਆਂ ਹੀ ਤਿੰਨ ਮੌਲਿਕ ਤਰਤੀਬਾਂ ਹਨ। ਜੇਕਰ ਸਾਰੇ ਜਹਾਜ਼ ਇਕਹਿਰੀ ਫ਼ਾਈਲ ਵਿਚ ਇਕੋ ਹੀ ਰਸਤੇ ਤੋਂ ਅਗਾਂਹ ਵਧਣ ਤਾਂ ਜਹਾਜ਼ ਇਕ ਦੂਜੇ ਦੇ ਪਿੱਛੇ ਹੋਣਗੇ ਅਤੇ ਇਹ ਇਕ ਸਿੱਧੀ ਰੇਖਾ ਵਿਚ ਹੋਣਗੇ। ਵੱਖ ਵੱਖ ਦੇਸ਼ਾਂ ਵਿਚ ਇਨ੍ਹਾਂ ਤਰਤੀਬਾਂ ਦੇ ਨਾਂ ਵੱਖ ਵੱਖ ਦਿਤੇ ਜਾਂਦੇ ਹਨ। ਜਦ ਬਹੁਤ ਵੱਡੇ ਬੇੜੇ ਇਕੋ ਵਕਤ ਹੀ ਕਿਸੇ ਅਭਿਆਸ ਜਾਂ ਮੁਹਿੰਮ ਤੇ ਜਾ ਰਹੇ ਹੁੰਦੇ ਹਨ ਤਾਂ ਇਹ ਕਈ ਤਰ੍ਹਾਂ ਦੀਆਂ ਤਰਤੀਬਾਂ ਅਪਣਾਉਂਦੇ ਹਨ। ਕਮਾਂਡਰਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਜਹਾਜ਼ ਜੋ ਬੇੜੇ ਦੀ ਅਗਵਾਈ ਕਰ ਰਹੇ ਹੁੰਦੇ ਹਨ ਬੇੜੇ ਦੇ ਨਾਲ ਨਾਲ ਰੱਖ ਸਕਣ ਅਤੇ ਇਹ ਕੋਈ ਅੜਚਨ ਪੈਦਾ ਨਾ ਕਰਨ। ਬੇੜੇ ਨੂੰ ਚੰਗੇ ਜਾਂ ਭੈੜੇ ਮੌਸਮ ਵਿਚ ਇਕਸਾਰਤਾ ਅਤੇ ਬਾਕਾਇਦਗੀ ਨਾਲ ਤੋਰਨ ਅਤੇ ਕੰਟਰੋਲ ਕਰਨ ਲਈ ਬੜੀ ਚੰਗੀ ਕਮਾਨ ਅਤੇ ਅਭਿਆਸ ਦੀ ਲੋੜ ਹੁੰਦੀ ਹੈ। ਜਦੋਂ ਇਕ ਬੇੜਾ ਚੰਗੀ ਤਰ੍ਹਾਂ ਨਿਪੁੰਨ ਹੋ ਜਾਂਦਾ ਹੈ ਤਾਂ ਇਹ ਇਕ ਤਰਤੀਬ ਤੋਂ ਦੂਜੀ ਤਰਤੀਬ ਵਿਚ ਬਗੈਰ ਕਿਸੇ ਦੇਰ ਜਾਂ ਉਲਝਣ ਦੇ ਲੰਘ ਸਕਦਾ ਹੈ।

**ਜੰਗੀ ਤਰਤੀਬਾਂ**—ਲੜਾਈ ਦੇ ਦੌਰਾਨ ਅਕਸਰ ਜਹਾਜ਼ਾਂ ਦੀ ਤਰਤੀਬ ਇਕਹਿਰੀ ਲਾਈਨ ਵਿਚ ਹੁੰਦੀ ਸੀ ਜਿਨ੍ਹਾਂ ਵਿਚ ਚੌੜੇ ਪੱਖੋਂ ਦੁਸ਼ਮਨ ਤੇ ਹਮਲਾ ਕੀਤਾ ਜਾਂਦਾ ਸੀ ਅਤੇ ਗਸ਼ਤੀ ਜਹਾਜ਼ਾਂ ਨੂੰ ਪਾਸੇ ਰੱਖਿਆ ਜਾਂਦਾ ਸੀ ਤਾਂ ਜੋ ਉਹ ਇਨ੍ਹਾਂ ਜੰਗੀ ਜਹਾਜ਼ਾਂ ਦੀ ਰੱਖਿਆ ਕਰ ਸਕਣ। ਪਹਿਲੀ ਸੰਸਾਰ ਜੰਗ ਅਤੇ ਇਸ ਤੋਂ ਵੀ ਪਹਿਲਾਂ ਜੰਗੀ ਜਹਾਜ਼

ਲੜਾਕੂ ਕਤਾਰਬੰਦੀ ਵਿਚ ਹੁੰਦੇ ਜਦ ਕਿ ਇਨ੍ਹਾਂ ਦੇ ਗਸ਼ਤੀ ਜਹਾਜ਼ ਅਤੇ ਵਿਨਾਸ਼ਕ ਜਹਾਜ਼ਾਂ ਨੂੰ ਜੰਗੀ ਕਤਾਰਬੰਦੀ ਦੇ ਅੱਗੇ ਅਤੇ ਇਕਹਿਰੀ ਤਰਤੀਬ ਵਿਚ ਰੱਖਦੇ ਸਨ।

ਦੂਜੀ ਸੰਸਾਰ ਜੰਗ ਵਿਚ ਹਵਾਈ ਜਹਾਜ਼ ਕੈਰੀਅਰਾਂ ਦੀ ਹੋਂਦ ਨੇ ਜੰਗੀ ਬੇੜੇ ਦੀ ਤਰਤੀਬ ਪੂਰੀ ਤਰ੍ਹਾਂ ਬਦਲ ਦਿਤੀ। ਸਾਰੀਆਂ ਤਰਤੀਬਾਂ ਗੋਲਾਈ ਵਿਚ ਹੁੰਦੀਆਂ ਸਨ ਜਿਸ ਵਿਚ ਕੈਰੀਅਰ ਕੇਂਦਰ ਵਿਚ ਰਹਿੰਦਾ ਜਦ ਕਿ ਵਿਨਾਸ਼ਕ ਬਾਹਰਲਾ ਸਰਕਲ ਬਣਾਉਂਦੇ, ਇਕ ਵੱਡੇ ਜਹਾਜ਼ ਨੂੰ ਗਾਈਡ ਕਰਾਰ ਦੇ ਦਿਤਾ ਜਾਂਦਾ ਸੀ ਜਦ ਕਿ ਦੂਸਰੇ ਜਹਾਜ਼ ਆਪਣੇ ਬੀਅਰਿੰਗ ਅਤੇ ਦੂਰੀ, ਗਾਈਡ ਅਨੁਸਾਰ ਨਿਰੰਤਰ ਰੱਖਦੇ।

**ਸਮੁੰਦਰੀ ਜੰਗੀ ਜਹਾਜ਼ਾਂ ਦੀਆਂ ਕਿਸਮਾਂ**—ਜੰਗੀ ਸਮੁੰਦਰੀ ਜਹਾਜ਼ਾਂ ਦੀਆਂ ਕਿਸਮਾਂ ਵਿਚ ਏਅਰ ਕ੍ਰਾਫਟ ਕੈਰੀਅਰ, ਜੰਗੀ ਜਹਾਜ਼, ਗਸ਼ਤੀ ਜਹਾਜ਼, ਡੁਬਕਣੀ ਕਿਸ਼ਤੀਆਂ, ਵਿਨਾਸ਼ਕ ਜਹਾਜ਼ਾਂ ਤੋਂ ਇਲਾਵਾ ਕਈ ਹੋਰ ਕਿਸਮਾਂ ਦੇ ਜਹਾਜ਼ ਵੀ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿਚ ਸੁਰੱਖਿਅਕ ਅਤੇ ਟੋਹ ਲਾਉਣ ਵਾਲੇ ਜਹਾਜ਼ ਹੁੰਦੇ ਹਨ। ਤੋਪ ਬੇੜੀਆਂ ਜਿਨ੍ਹਾਂ ਦੇ ਆਕਾਰ ਵਿਚ ਕਾਫ਼ੀ ਭਿੰਨਤਾ ਹੁੰਦੀ ਹੈ, ਡੁਬਕਣੀਆਂ ਕਿਸ਼ਤੀਆਂ ਦੇ ਸ਼ਿਕਾਰੀ ਅਤੇ ਮੋਟਰ ਤਾਰਪੀਡੋ ਕਿਸ਼ਤੀਆਂ ਵੀ ਜੰਗੀ ਜਹਾਜ਼ਾਂ ਦੇ ਵਰਗੀਕਰਨ ਵਿਚ ਸ਼ਾਮਲ ਹਨ।

ਬਾਰੂਦੀ ਸੁਰੰਗਾਂ ਅਤੇ ਜਲ-ਥਲੀ ਕਿਸਮਾਂ ਵਾਲੇ ਜਹਾਜ਼ ਵੱਖਰੀ ਸ਼੍ਰੇਣੀ ਵਿਚ ਹਨ। ਬਾਰੂਦੀ ਸੁਰੰਗਾਂ ਵਿਛਾਉਣ ਅਤੇ ਹਟਾਉਣ ਵਾਲੇ ਜਹਾਜ਼ ਅਕਸਰ ਦੁਸ਼ਮਣ ਦੇ ਪਾਣੀਆਂ ਵਿਚ ਦਾਖ਼ਲ ਹੋ ਜਾਂਦੇ ਹਨ ਜਦ ਕਿ ਇਨ੍ਹਾਂ ਕੋਲ ਦੁਸ਼ਮਣ ਦੇ ਹਮਲੇ ਨੂੰ ਰੋਕਣ ਦੀ ਕੋਈ ਸੁਵਿਧਾ ਨਹੀਂ ਹੁੰਦੀ। ਕਈ ਤਰ੍ਹਾਂ ਦੇ ਸਮੁੰਦਰੀ ਜੰਗੀ ਜਹਾਜ਼ ਜਿਵੇਂ ਜਲ-ਥਲੀ ਅਤੇ ਅਟੈਕ ਟ੍ਰਾਂਸਪੋਰਟ, ਅਟੈਕ ਕਾਰਗੋ ਜਹਾਜ਼, ਢੋ-ਢੁਆਈ ਵਾਲੇ ਜਹਾਜ਼ ਅਤੇ ਰਾਕਿਟ ਲਾਂਚਰਜ਼ ਇਸ ਢੰਗ ਨਾਲ ਬਣਾਏ ਜਾਂਦੇ ਹਨ ਕਿ ਦੁਸ਼ਮਣ ਦੇ ਖੇਤਰ ਵਿਚ ਹਮਲਾ ਹੋਣ ਦੀ ਸੂਰਤ ਵਿਚ ਵੀ ਦਾਖ਼ਲ ਹੁੰਦੇ ਹਨ ਅਤੇ ਦੁਸ਼ਮਣ ਦਾ ਵਾਰ ਝਲਦੇ ਹਨ। ਇਸੇ ਹੀ ਤਰ੍ਹਾਂ ਕਮਾਂਡ ਜਹਾਜ਼ਾਂ ਨੂੰ ਦੁਸ਼ਮਣ ਦੇ ਖੇਤਰ ਵਿਚ ਜਾਣਾ ਪੈਂਦਾ ਹੈ। ਕਈ ਹੋਰ ਜਹਾਜ਼ ਵੀ ਹੁੰਦੇ ਹਨ ਜਿਵੇਂ ਵਿਨਾਸ਼ਕ ਅਤੇ ਡੁਬਕਣੀ ਕਿਸਮ ਤੋਂ ਇਲਾਵਾ ਮੁਰੰਮਤ ਅਤੇ ਤੇਲ ਸਪਲਾਈ ਕਰਨ ਵਾਲੇ ਜਹਾਜ਼। ਕਈ ਜਹਾਜ਼ਾਂ ਰਾਹੀਂ ਖ਼ੁਰਾਕ, ਕੱਪੜੇ, ਮਿਸ਼ਰਿਤ ਸਟੋਰ ਅਤੇ ਮੁਰੰਮਤ ਕਰਨ ਵਾਲੀਆਂ ਸਹੂਲਤਾਂ ਵੀ



ਜਲਸੋਜ-1



ਜਲਸੋਜ-2

ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਵਿਨਾਸ਼ਕਾਂ ਅਤੇ ਡੁਬਕਣੀਆਂ ਦੀ ਸੀਮਾਂ ਵਿਚ ਨਹੀਂ ਹੁੰਦੀਆਂ। ਜੰਗੀ ਸਮੁੰਦਰੀ ਜਹਾਜ਼ਾਂ ਦੀਆਂ ਹੋਰਨਾਂ ਕਿਸਮਾਂ ਵਿਚ ਅਜਿਹੇ ਜਹਾਜ਼ ਹੁੰਦੇ ਹਨ ਜਿਨ੍ਹਾਂ ਵਿਚ ਰਾਸ਼ਨ-ਸਪਲਾਈ ਕਰਨ, ਤੇਲ ਭਰਨ ਅਤੇ ਡੁਬਕਣੀ ਜਹਾਜ਼ਾਂ ਨੂੰ ਬਚਾਉਣ ਦੇ ਸਾਧਨ ਹੁੰਦੇ ਹਨ। ਵੱਡੇ ਸਪਲਾਈ ਜਹਾਜ਼ਾਂ ਵਿਚ ਖੁਸ਼ਕ ਰਾਸ਼ਨ, ਡੱਬੇ-ਬੰਦ ਵਸਤੂਆਂ, ਸਟੇਸ਼ਨਰੀ, ਸਫ਼ਾਈ ਦਾ ਸਾਮਾਨ ਅਤੇ ਪੇਂਟ ਆਦਿ ਵੀ ਹੁੰਦਾ ਹੈ। ਮਲਬਾ ਹਟਾਉਣ ਵਾਲੇ ਜਹਾਜ਼ਾਂ ਵਿਚ ਅਜਿਹੀਆਂ ਸਹੂਲਤਾਂ ਅਤੇ ਸਾਮਾਨ ਉਪਲਬਧ ਹੁੰਦਾ ਸੀ ਜਿਸ ਨਾਲ ਬੰਦਰਗਾਹਾਂ ਤੇ ਗੋਲਾ-ਬਾਰੀ ਨਾਲ ਤਬਾਹ ਹੋਏ ਜਹਾਜ਼ਾਂ ਦਾ ਮਲਬਾ ਹਟਾਉਣ ਲਈ ਪ੍ਰਬੰਧ ਹੁੰਦਾ ਸੀ। ਇਨ੍ਹਾਂ ਜਹਾਜ਼ਾਂ ਦੀ ਮਦਦ ਨਾਲ ਬੰਦਰਗਾਹਾਂ ਦੀ ਸਫ਼ਾਈ ਕੀਤੀ ਜਾ ਸਕਦੀ ਹੈ।

**ਅਗਲੇਰੇ ਖੇਤਰਾਂ ਵਿਚ ਸਰਵਿਸ ਸਕੁਐਡਰਨ**—ਲੜਾਈ ਦੌਰਾਨ ਨਿਰੰਤਰ ਤਾਲਮੇਲ ਅਤੇ ਫੋਰਸ ਦੀ ਲੋੜ ਨੂੰ ਮੁੱਖ ਰਖਦਿਆਂ ਜਲ ਸੈਨਾ ਵਿਚ ਕੁਝ ਅਜਿਹੇ ਸਕੁਐਡਰਨ ਤਿਆਰ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਸਰਵਿਸ ਸਕੁਐਡਰਨ ਕਿਹਾ ਜਾਂਦਾ ਹੈ। ਇਹ ਲੋੜ ਪੈਣ ਤੇ ਡੂੰਘੇ ਸਮੁੰਦਰਾਂ ਵਿਚ ਤਕਨੀਕੀ ਮਦਦ ਲਈ ਵਰਤੇ ਜਾਂਦੇ ਹਨ। ਇਨ੍ਹਾਂ ਵਿਚ ਸ਼ਾਮਲ ਜਹਾਜ਼ਾਂ ਦੀ ਮਹੱਤਤਾ ਨਾਲੋਂ ਸਾਮਾਨ ਨੂੰ ਜ਼ਿਆਦਾ ਮਹੱਤਤਾ ਦਿਤੀ ਜਾਂਦੀ ਹੈ। ਕਈ ਜਹਾਜ਼ਾਂ ਵਿਚ ਤਿੰਨ ਤੈਰਾਕੀ ਖੁਸ਼ਕ ਡੈੱਕਾਂ ਹੁੰਦੀਆਂ ਹਨ। ਇਕ ਦੀ ਸਮੱਰਥਾ 1000 ਟਨ, ਮੀਡੀਅਮ ਡੈੱਕ ਦੀ 3000 ਅਤੇ ਇਕ ਬਹੁਤ ਹੀ ਵੱਡੀ ਸਮੱਰਥਾ ਵਾਲਾ ਜਿਸ ਵਿਚ 80,000 ਟਨ ਹੁੰਦੀ ਹੈ ਅਤੇ ਇਹ ਬੇੜੇ ਦੇ ਕਿਸੇ ਵੀ ਕਿਸਮ ਦੇ ਜਹਾਜ਼ ਨੂੰ ਲਿਜਾ ਸਕਦੇ ਹਨ। ਬੈਰਕਾਂ ਵਾਲੇ ਜਹਾਜ਼ ਵਿਚ 80 ਅਫ਼ਸਰਾਂ ਅਤੇ 1000 ਜਲ ਸੈਨਾ ਜੁਆਨਾਂ ਲਈ ਕੁਆਟਰ ਹੁੰਦੇ ਹਨ। ਕਈ ਜਹਾਜ਼ਾਂ ਵਿਚ ਰਿਪੇਅਰ ਕੈਬਿਨਾਂ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਬੇੜੀਆ (ਟਰਾਜ਼) ਵੀ ਹੁੰਦੀਆਂ ਹਨ।

ਕਈ ਵਾਰ ਲੜਾਕੂ ਜਹਾਜ਼ਾਂ ਤੋਂ ਇਲਾਵਾ ਸੰਯੁਕਤ ਰਾਜ ਅਮਰੀਕਾ ਦੀ ਜਲ ਸੈਨਾ ਵਿਚ ਹਸਪਤਾਲੀ ਜਹਾਜ਼ ਵੀ ਹੁੰਦੇ ਹਨ। ਇਨ੍ਹਾਂ ਵਿਚ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਕੋਈ ਹਥਿਆਰ ਵਗੈਰਾ ਨਹੀਂ ਹੁੰਦੇ। ਜਦ ਇਹ ਸਮੁੰਦਰ ਵਿਚ ਤੈਰ ਰਹੇ ਹੁੰਦੇ ਹਨ ਤਾਂ ਇਨ੍ਹਾਂ ਦੀਆਂ ਬੱਤੀਆਂ ਜਗਦੀਆਂ ਹੁੰਦੀਆਂ, ਰੈੱਡ ਕਰਾਸ ਦਾ ਨਿਸ਼ਾਨ ਫਨਲ ਉਤੇ ਅਤੇ ਜਹਾਜ਼ ਦੀਆਂ ਸਾਈਡਾਂ ਰਾਤ ਨੂੰ ਰੌਸ਼ਨਾਈਆਂ ਜਾਂਦੀਆਂ ਹਨ ਪਰ ਜਦ ਇਹ ਹੋਰਨਾਂ ਜੰਗੀ ਬੇੜਿਆਂ ਵਿਚ ਲੰਗਰ ਸੁਟਦੇ ਹਨ ਤਾਂ ਇਨ੍ਹਾਂ ਦੀਆਂ ਬੱਤੀਆਂ ਬੁਝਾ ਦਿੱਤੀਆਂ ਜਾਂਦੀਆਂ ਹਨ। ਆਧੁਨਿਕ ਲੋੜਾਂ ਨੂੰ ਮੁੱਖ ਰੱਖਦੇ ਹੋਏ ਕਈ ਦੇਸ਼ਾਂ ਵਿਚ ਸਰਵੇ ਜਹਾਜ਼, ਬਰਫ਼ ਦੇ ਤੋਦੇ ਹਟਾਉਣ ਵਾਲੇ ਜਹਾਜ਼ ਅਤੇ ਸਮੁੰਦਰੀ ਰਾਡਾਰ ਸਟੇਸ਼ਨਾਂ ਵਾਲੇ ਜਹਾਜ਼ ਵੀ ਜਲ-ਸੈਨਾ ਵਿਚ ਸ਼ਾਮਲ ਕੀਤੇ ਜਾਂਦੇ ਹਨ। ਅੱਜਕੱਲ੍ਹ ਪਰਮਾਣੂ ਸ਼ਕਤੀ ਨਾਲ ਚਲਣ ਵਾਲੇ ਆਧੁਨਿਕ ਕਿਸਮਾਂ ਦੇ ਕਈ ਸਮੁੰਦਰੀ ਜਹਾਜ਼ ਵੱਡੇ ਵੱਡੇ ਦੇਸ਼ਾਂ ਦੀਆਂ ਜਲ ਸੈਨਾਵਾਂ ਵਿਚ ਸ਼ਾਮਲ ਕਰ ਲਏ ਗਏ ਹਨ।

**ਰਿਜ਼ਰਵ ਜੰਗੀ ਬੇੜੇ**—ਬਰਤਾਨਵੀ ਜਲ-ਸੈਨਾ ਵਿਚ ਰਿਜ਼ਰਵ ਜਹਾਜ਼ਾਂ ਦੀਆਂ ਤਿੰਨ ਮੁੱਖ ਕਿਸਮਾਂ ਹੁੰਦੀਆਂ ਹਨ। ਪਹਿਲੀ ਕਿਸਮ ਵਿਚ ਉਹ ਜਹਾਜ਼ ਆਉਂਦੇ ਹਨ ਜੋ ਕਮਿਸ਼ਨ ਪ੍ਰਾਪਤ ਹੁੰਦੇ ਹਨ ਅਤੇ ਪੂਰੀ ਤਰ੍ਹਾਂ ਸੈਨਾ ਨਾਲ ਲੈਸ ਹੋ ਕੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਲੋੜ ਪੈਣ ਤੇ ਦੂਸਰੀ ਸੈਨਾ ਵਿਚ ਜਾ ਮਿਲਦੇ ਹਨ। ਦੂਜੀ ਕਿਸਮ ਵਿਚ ਉਹ ਜੰਗੀ ਜਹਾਜ਼ ਜਿਨ੍ਹਾਂ ਨੂੰ ਸਪਲੀਮੈਂਟਰੀ ਰਿਜ਼ਰਵ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਜਹਾਜ਼ਾਂ ਦੀ ਹਾਲਤ ਕਾਫ਼ੀ ਚੰਗੀ ਹੁੰਦੀ ਸੀ ਅਤੇ ਇਹ ਥੋੜ੍ਹੇ ਸਮੇਂ ਵਿਚ ਹੀ ਤਿਆਰ ਹੋ ਕੇ ਐਕਟਿਵ ਸਰਵਿਸ ਤੇ ਭੇਜੇ ਜਾ ਸਕਦੇ ਹਨ। ਤੀਸਰੀ ਤਰ੍ਹਾਂ ਦੇ ਰਿਜ਼ਰਵ ਜਹਾਜ਼ ਉਹ ਹੁੰਦੇ ਸਨ ਜੋ ਕਿ ਲੜਾਈਆਂ ਤੋਂ ਬ ਅਦ ਬਗੈਰ ਕਿਸੇ ਮੁਰੰਮਤ ਤੋਂ ਪਏ ਹੁੰਦੇ ਸਨ ਜਿਨ੍ਹਾਂ ਨੂੰ 5 ਸਾਲ ਜਾਂ ਵਧੇਰੇ ਸਮੇਂ ਤੋਂ ਕੋਈ ਧਿਆਨ ਨਹੀਂ ਸੀ ਦਿਤਾ ਹੁੰਦਾ ਅਤੇ ਇਹ ਕਈ ਤਰ੍ਹਾਂ ਦੇ ਹੁੰਦੇ ਸਨ ਜਿਵੇਂ ਗਸ਼ਤੀ ਜੋ 18-20 ਸਾਲ ਪੁਰਾਣੇ ਵਿਨਾਸ਼ਕ 14 ਤੋਂ 17 ਸਾਲ ਪੁਰਾਣੇ ਸਨ ਅਤੇ ਇਨ੍ਹਾਂ ਜਹਾਜ਼ਾਂ ਨੂੰ ਕਈ ਵਾਰ ਸਿਖਲਾਈ ਦੇਣ ਲਈ ਵੀ ਵਰਤਿਆ ਜਾਂਦਾ ਰਿਹਾ ਹੈ। ਕਈ ਬਹੁਤ ਪੁਰਾਣੇ ਜਹਾਜ਼ਾਂ

ਵਿਚੋਂ ਸਕਰੈਪ ਕੱਢ ਕੇ ਵਰਤ ਲਿਆ ਜਾਂਦਾ ਸੀ। ਆਧੁਨਿਕ ਯੁੱਧ ਵਿਚ ਜਲ ਸੈਨਾ ਵਿਚ ਬਹੁਤ ਭਾਰੀਆਂ ਤਬਦੀਲੀਆਂ ਅਤੇ ਤਰਤੀਬਾਂ ਆ ਚੁੱਕੀਆਂ ਹਨ। ਬਹੁਤ ਸਾਰੇ ਜੰਗੀ ਜਹਾਜ਼ਾਂ ਵਿਚ ਪ੍ਰਮਾਣੂ ਸ਼ਕਤੀ ਦੀ ਵਰਤੋਂ ਕਰਕੇ ਆਧੁਨਿਕ ਰਾਡਾਰ, ਗਾਈਡਿਡ ਮਿਜ਼ਾਈਲਾਂ ਆਦਿ ਫਿੱਟ ਹੋ ਚੁੱਕੇ ਹਨ ਅਤੇ ਇਹ ਜੰਗੀ ਅਭਿਆਸਾਂ ਵਿਚ ਬੜੀ ਨਿਪੁੰਨਤਾ ਨਾਲ ਹਿੱਸਾ ਲੈਂਦੇ ਹਨ।

ਹ. ਪੂ. –ਐਨ. ਬ੍ਰਿ. 9: 434 : ਐਨ. ਅਮੈ. 14:536

**ਜਲ ਕਾਂ** : ਇਹ ਪੈੱਲਕੈਨਫਾੱਰਮੀਜ਼ ਵਰਗ ਦੀ ਫ਼ੈਲਾਕ੍ਰੋਕੋਰੈਸਡੀ ਕੁਲ ਦਾ ਬੱਤਖ ਵਰਗਾ ਪਾਣੀ ਵਿਚ ਰਹਿਣ ਵਾਲਾ ਪੰਛੀ ਹੈ। ਇਨ੍ਹਾਂ ਦੀਆਂ 20-30 ਜਾਤੀਆਂ ਅਤੇ 2-3 ਪ੍ਰਜਾਤੀਆਂ ਹਨ। ਇਸ ਦੀ ਇਕ ਆਮ ਮਸ਼ਹੂਰ ਜਾਤੀ ਦਾ ਨਾਂ ਫੈਲਾਕ੍ਰੋਕੋਰੈਕਸ ਨਾਈਜਰ ਹੈ ਜਿਸ ਨੂੰ 'ਪਨ-ਕੋਵਾ' ਵੀ ਕਹਿੰਦੇ ਹਨ। ਇਹ ਪੰਛੀ ਸਮੁੰਦਰੀ ਤੱਟਾਂ, ਝੀਲਾਂ ਅਤੇ ਦਰਿਆਵਾਂ ਵਿਚ ਮਿਲਦੇ ਹਨ।

ਇਹ ਵੇਖਣ ਵਿਚ ਚਮਕਦੇ ਕਾਲੇ ਰੰਗ ਦਾ, ਲੰਬੇ ਆਕੜੇ ਹੋਏ ਪੂਛ-ਖੰਭਾਂ ਵਾਲਾ ਪੰਛੀ ਹੈ। ਚੁੰਝ ਲੰਬੀ ਅਤੇ ਉਸ ਦਾ ਅਗਲਾ ਸਿਰਾ ਹੁੱਕ ਵਰਗਾ ਹੁੰਦਾ ਹੈ। ਚਿਹਰੇ ਉਤੇ ਨੰਗੀ ਚਮੜੀ ਦੇ ਟੁਕੜੇ ਹੁੰਦੇ ਹਨ ਅਤੇ ਗਲੇ ਉਤੇ ਇਕ ਛੋਟਾ ਚਿੱਟਾ ਚਟਾਖ਼ ਹੁੰਦਾ ਹੈ। ਇਹ ਆਮ ਤੌਰ ਤੇ ਇਕੱਲੇ ਇਕੱਲੇ ਛੋਟੇ ਛੋਟੇ ਝੁੰਡਾਂ ਜਾਂ ਵੱਡੇ ਗਰੁੱਪਾਂ ਵਿਚ ਵੀ ਮਿਲਦੇ



ਤੇਤਰਾ-ਮੇਤਰਾ ਜਲ ਕਾਂ

ਹਨ। ਇਹ ਪਾਣੀ ਦੇ ਅੰਦਰਲੇ ਦਰਖ਼ਤਾਂ ਜਾਂ ਚਟਾਨਾਂ ਉਤੇ ਬੈਠ ਕੇ ਖੰਭ ਖਿਲਾਰਕੇ ਧੁੱਪ ਸੇਕਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਮੱਛੀਆਂ ਹਨ ਅਤੇ ਉਨ੍ਹਾਂ ਨੂੰ ਫੜਨ ਲਈ ਇਹ ਚੁੱਭੀਆਂ ਮਾਰਦੇ ਹਨ।

ਇਹ ਪਾਣੀ ਦੇ ਅੰਦਰ ਜਾਂ ਨੇੜੇ ਉੱਗੇ ਹੋਏ ਦਰਖ਼ਤਾਂ ਉਤੇ ਆਲ੍ਹਣਾ ਬਣਾਉਂਦੇ ਹਨ ਅਤੇ ਉਸ ਵਿਚ 2-4 ਚਿੱਟੇ ਰੰਗ ਦੇ ਅੰਡੇ ਦਿੰਦੇ ਹਨ। ਤਾਜ਼ੇ ਦਿਤੇ ਅੰਡਿਆਂ ਦਾ ਰੰਗ ਪਿਲੱਤਣ ਤੇ ਨੀਲਾ ਹੁੰਦਾ ਹੈ। ਇਨ੍ਹਾਂ ਵਿਚੋਂ 3-5 ਹਫ਼ਤਿਆਂ ਵਿਚ ਬੱਚੇ ਨਿਕਲਦੇ ਹਨ ਜਿਹੜੇ ਤੀਜੇ ਸਾਲ ਪ੍ਰੌਢ ਹੁੰਦੇ ਹਨ।

ਹ. ਪੂ. –ਐਨ. ਬ੍ਰਿ. ਮਾ. 3: 154; ਕਾ. ਬ. 24

**ਜਲਗਾਓਂ** : ਜ਼ਿਲ੍ਹਾ—ਪੱਛਮੀ ਭਾਰਤ ਦੇ ਮਹਾਰਾਸ਼ਟਰ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਹੜਾ ਦੱਖਣੀ ਪਠਾਰ ਦੀ ਉੱਤਰੀ ਹੱਦ ਉੱਤੇ ਤਾਪਤੀ ਦਰਿਆ ਦੀ ਵਾਦੀ ਵਿਚ ਸਥਿਤ ਹੈ। ਜ਼ਿਲ੍ਹੇ ਦਾ ਕੁੱਲ ਰਕਬਾ 11,771 ਵ. ਕਿ. ਮੀ. ਅਤੇ ਆਬਾਦੀ 31,87,634 (1991) ਹੈ। ਇਸੇ ਹੀ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਉੱਤਰ ਵਿਚ ਇਹ ਜ਼ਿਲ੍ਹਾ ਪੱਛਮੀ ਘਾਟ ਦੀਆਂ ਸਤਪੁੜਾ ਪਹਾੜੀਆਂ ਜਿਨ੍ਹਾਂ ਦੀਆਂ ਚੋਟੀਆਂ ਦੀ ਉਚਾਈ 1,000 ਮੀ. (3,500 ਫੁੱਟ) ਤੱਕ ਚਲੀ ਜਾਂਦੀ ਹੈ, ਦੁਆਰਾ ਘਿਰਿਆ ਹੋਇਆ ਹੈ। ਪਹਾੜੀਆਂ ਇਕ ਦਮ ਤਾਪਤੀ ਦਰਿਆ ਵੱਲ ਨੂੰ ਢਲਦੀਆਂ ਹਨ। ਤਾਪਤੀ ਦੇ ਦੱਖਣ ਵੱਲ ਧਰਤੀ ਹੌਲੀ ਹੌਲੀ ਉਘੜ-ਦੁਘੜੀ ਹੁੰਦੀ ਜਾਂਦੀ ਹੈ ਅਤੇ ਹੌਲੀ ਹੌਲੀ ਅਜੰਤਾ ਪਰਬਤ ਲੜੀ ਤੱਕ, ਦਰਿਆਈ ਬੇਸਿਨ ਤੋਂ ਲ. 180 ਮੀ. (600 ਫੁੱਟ) ਉੱਚੀ ਚਲੀ ਜਾਂਦੀ ਹੈ। ਇਹ ਇਲਾਕਾ ਕਪਾਹ ਦੀ ਉਪਜ ਲਈ ਪ੍ਰਸਿੱਧ ਹੈ। ਇਥੇ ਬਾਜਰਾ ਅਤੇ ਤੇਲ ਦੇ ਬੀਜ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਵਰਖਾ ਦੀ ਘਾਟ ਨੂੰ ਪੂਰਾ ਕਰਨ ਲਈ ਤਾਪਤੀ ਅਤੇ ਗਿਰਨਾ ਦਰਿਆਵਾਂ ਉਪਰ ਸਿੰਜਾਈ ਪ੍ਰੋਜੈਕਟ ਤਿਆਰ ਕੀਤੇ ਗਏ ਹਨ। ਇਥੇ ਕਪਾਹ ਦੇ ਕਾਰਖਾਨੇ, ਬਣਾਵਟੀ ਰੇਸ਼ਮ, ਧਾਗਾ ਅਤੇ ਆਤਿਸ਼ਬਾਜ਼ੀ ਤਿਆਰ ਕਰਨ ਦੇ ਕਾਰਖ਼ਾਨੇ ਸਥਾਪਿਤ ਹਨ। ਕੁਝ ਇਕ ਵਿੱਦਿਅਕ ਸੁਸਾਇਟੀਆਂ ਜ਼ਿਲ੍ਹੇ ਵਿਚ ਪ੍ਰਾਇਮਰੀ, ਸੈਕੰਡਰੀ ਅਤੇ ਵਪਾਰਕ ਸਕੂਲ ਚਲਾਉਂਦੀਆਂ ਹਨ। ਅਮਲਨੇਰ (1916) ਦੇ ਸਥਾਨ ਤੇ ਇੰਡੀਅਨ ਇੰਸਟੀਚਿਊਟ ਆਫ਼ ਫ਼ਿਲਾਸਫ਼ੀ ਵੀ ਸਥਾਪਿਤ ਹੈ।

ਹ. ਪੂ. –ਐਨ. ਬ੍ਰਿ. ਮਾ. 5: 505

**ਜਲਗਾਓਂ** : ਸ਼ਹਿਰ—ਪੱਛਮੀ ਭਾਰਤ ਦੇ ਮਹਾਰਾਸ਼ਟਰ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਅਤੇ ਤਅਲੁਕੇ ਦਾ ਇਹ ਸਦਰ ਮੁਕਾਮ ਹੈ ਜਿਹੜਾ ਬੰਬਈ ਨਾਗਪੁਰ ਸੜਕ ਅਤੇ ਬੰਬਈ ਅਲਾਹਾਬਾਦ ਰੇਲਵੇ ਉੱਤੇ ਸਥਿਤ ਹੈ। ਕਪਾਹ ਦੀ ਭਾਰੀ ਫ਼ਸਲ ਪੈਦਾ ਕਰਨ ਵਾਲੇ ਜ਼ਿਲ੍ਹੇ ਦੇ ਕੇਂਦਰ ਵਿਚ ਵਾਕਿਆ ਹੋਣ ਕਾਰਨ, ਜਲਗਾਓਂ, ਉਨ੍ਹੀਵੀਂ ਸਦੀ ਵਿਚ ਇਕ ਮਹੱਤਵਪੂਰਨ ਵਪਾਰਕ ਸ਼ਹਿਰ ਬਣ ਗਿਆ। ਵਪਾਰੀਆਂ ਅਤੇ ਜੁਲਾਹਿਆਂ ਦੇ ਆਗਮਨ ਨਾਲ 1860 ਤੱਕ ਇਥੇ ਕੋਈ 400 ਤੋਂ ਵੱਧ ਖੱਡੀਆਂ ਹੋ ਗਈਆਂ ਸਨ। ਅਮਰੀਕੀ ਖ਼ਾਨਾਜੰਗੀ (1862) ਦੌਰਾਨ ਇਹ ਖਾਂਦੇਸ਼ ਦੀ ਕਪਾਹ ਦੀ ਇਕ ਬਹੁਤ ਵੱਡੀ ਮੰਡੀ ਹੁੰਦਾ ਸੀ। ਅਮਰੀਕੀ ਖ਼ਾਨਾਜੰਗੀ ਦੀ ਸਮਾਪਤੀ ਦੇ ਨੇੜੇ, ਕਪਾਹ ਦੀ ਕੀਮਤ ਵਿਚ ਗਿਰਾਵਟ ਆ ਜਾਣ ਕਾਰਨ ਮੰਡੀ ਦੇ ਵਪਾਰ ਨੂੰ ਕਾਫ਼ੀ ਸੱਟ ਵੱਜੀ ਪਰ ਮਗਰੋਂ ਇਥੋਂ ਦਾ ਵਪਾਰ ਫਿਰ ਪਹਿਲਾਂ ਵਰਗਾ ਹੀ ਹੋ ਗਿਆ। ਕਪਾਹ, ਅਲਸੀ, ਅਤੇ ਤਿਲ ਇਥੋਂ ਦੀਆਂ ਮੁੱਖ ਵਪਾਰਕ ਫ਼ਸਲਾਂ ਹਨ। ਸੰਨ 1903 ਵਿਚ ਇਥੇ 6 ਗੱਠਾਂ ਬਣਾਉਣ ਦੇ ਕਾਰਖ਼ਾਨੇ, 2 ਵੱਡੇ ਵੱਡੇ ਕਪਾਹ ਵੇਲਣ ਦੇ ਕਾਰਖ਼ਾਨੇ ਅਤੇ ਇਕ ਕਤਾਈ ਅਤੇ ਬੁਣਾਈ ਦਾ ਕਾਰਖ਼ਾਨਾ ਹੁੰਦਾ ਸੀ। ਇਹ ਸਾਰੇ ਕਾਰਖ਼ਾਨੇ ਸਟੀਮ ਨਾਲ ਚਲਦੇ ਸਨ। ਉਸੇ ਸਾਲ ਖੱਡੀਆਂ ਦੀ ਗਿਣਤੀ 425 ਅਤੇ 20,948 ਤੱਕਲੀਆਂ ਸਨ। ਇਸ ਸ਼ਹਿਰ ਨੇ ਬਹੁਤ ਉੱਨਤੀ ਕੀਤੀ ਹੈ। ਇਥੇ ਇਕ ਨਵਾਂ ਉਪਨਗਰ, ਪਾਲਨਪਥ ਉਸਾਰਿਆ ਗਿਆ ਅਤੇ ਇਕ ਨਵੀਂ ਮੰਡੀ ਦੀ ਯੋਜਨਾ ਬਣਾਈ ਗਈ। ਪੁਰਾਣੀ ਕਪਾਹ ਵਾਲੀ ਮੰਡੀ ਵਾਲੀ ਥਾਂ ਮਿਉਂਸਪਲਟੀ ਨੇ ਇਕ ਬਾਗ਼ ਲਗਵਾ ਦਿੱਤਾ। ਨਵੇਂ ਉਪ-ਨਗਰ ਦੀਆਂ ਸੁੰਦਰ ਇਮਾਰਤਾਂ ਵਿਚੋਂ, ਇਕ ਤਿੰਨ ਮੰਜ਼ਿਲੀ ਇਮਾਰਤ ਜਿਸ ਨੂੰ ਪਾਤਰੀ (Patri) ਦੇ ਮੁਖੀ ਨੇ ਬਣਾਇਆ ਸੀ, ਸਭ ਤੋਂ ਵਧ ਦਿਲ ਟੁੰਬਵੀਂ ਹੈ। ਇਸ ਸ਼ਹਿਰ ਨੂੰ ਪਾਣੀ ਦੀ ਸਪਲਾਈ, ਇਥੋਂ 3 ਕਿ. ਮੀ. ਦੇ ਫਾਸਲੇ ਤੇ ਪੈਂਦੀ ਮਹਿਰੂਨ ਝੀਲ ਤੋਂ ਕੀਤੀ ਜਾਂਦੀ ਹੈ। ਸੰਨ 1864 ਵਿਚ ਇਥੇ ਮਿਉਂਸਪਲਟੀ ਸਥਾਪਿਤ ਕੀਤੀ ਗਈ। ਅਜੰਤਾ ਦੀਆਂ ਗੁਫਾਵਾਂ ਵੀ ਇੰਸ ਸ਼ਹਿਰ ਦੇ ਨੇੜੇ ਹੀ ਹਨ। ਇਸ ਵੇਲੇ ਇਹ ਖਾਂਦੇਸ਼ ਕਪਾਹ ਪੈਦਾ ਕਰਨ ਵਾਲੇ ਇਲਾਕੇ ਦੇ ਮੁੱਖ ਵਪਾਰਕ ਕੇਂਦਰਾਂ ਵਿਚੋਂ ਇਕ ਹੈ। ਇਥੇ ਪੂਨਾ ਯੂਨੀਵਰਸਿਟੀ ਨਾਲ ਜੁੜੇ ਦੋ ਕਾਲਜ ਹਨ।

ਆਬਾਦੀ–2,42,193 (1991)

21° 1′ ਉ. ਵਿਥ.; 75° 35′ ਪੂ. ਲੰਬ.

ਹ. ਪੂ. –ਐਨ. ਬ੍ਰਿ. ਮਾ. 5: 505; ਇੰਪ. ਗ. ਇੰਡ. 14: 28; ਹਿੰ. ਵਿ. ਕੋ 4:409

**ਜਲੰਗੀ** : ਇਹ ਭਾਰਤ ਦੇ ਬੰਗਾਲ ਰਾਜ ਦੇ ਨਾਦੀਆ ਜ਼ਿਲ੍ਹੇ ਦੇ ਤਿੰਨ ਦਰਿਆਵਾਂ ਵਿਚੋਂ ਇਕ ਹੈ, ਦੂਜੇ ਦੋ ਦਰਿਆ ਭਾਗੀਰਥੀ ਅਤੇ

ਮਾਤਾ ਭੰਗਾ ਹਨ। ਜਲੰਗੀ ਦਰਿਆ ਗੰਗਾ ਦਰਿਆ ਵਿਚੋਂ ਉਸ ਸਥਾਨ ਤੋਂ ਨਿਕਲਦਾ ਹੈ ਜਿਥੇ ਗੰਗਾ ਨਾਦੀਆ ਜ਼ਿਲ੍ਹੇ ਵਿਚ ਦਾਖ਼ਲ ਹੁੰਦੀ ਹੈ। ਇਥੋਂ ਨਿਕਲਣ ਤੋਂ ਬਾਅਦ ਜਲੰਗੀ ਦਰਿਆ ਜ਼ਿਲ੍ਹੇ ਦੇ ਉੱਤਰ-ਪੱਛਮ ਵੱਲ ਨੂੰ 75 ਕਿ. ਮੀ. ਦੀ ਲੰਬਾਈ ਤੈਅ ਕਰਦਾ ਹੋਇਆ ਜ਼ਿਲ੍ਹੇ ਨੂੰ ਮੁਰਸ਼ਿਦਾਬਾਦ ਤੋਂ ਵੱਖ ਕਰਦਾ ਹੈ। ਇਥੋਂ ਫਿਰ ਇਹ ਦੱਖਣ ਵੱਲ ਨੂੰ ਵਗਦਾ ਹੈ ਅਤੇ ਕ੍ਰਿਸ਼ਨਗੜ੍ਹ ਸ਼ਹਿਰ ਤੋਂ ਲੰਘਦਾ ਹੋਇਆ ਪੱਛਮ ਵੱਲ ਮੁੜ ਜਾਂਦਾ ਹੈ ਅਤੇ ਫਿਰ 180 ਕਿ. ਮੀ. ਦਾ ਸਫ਼ਰ ਤੈਅ ਕਰਕੇ ਨਾਦੀਆ ਸ਼ਹਿਰ ਕੋਲ ਭਾਗੀਰਥੀ ਦਰਿਆ ਵਿਚ ਮਿਲ ਜਾਂਦਾ ਹੈ। ਇਨ੍ਹਾਂ ਦੋਹਾਂ ਦਰਿਆਵਾਂ ਦੇ ਮਿਲਣ ਤੇ ਸੰਗਮ ਤੋਂ ਬਾਅਦ ਇਸਦਾ ਨਾਂ ਹੁਗਲੀ ਪੈ ਜਾਂਦਾ ਹੈ। ਹੁਗਲੀ ਦੇ ਹੋਰ ਦਰਿਆਵਾਂ ਵਾਂਗ ਇਸ ਵਿਚ ਭਲ ਜੰਮ ਗਈ ਹੈ ਜਿਸ ਕਰਕੇ ਇਸ ਦਾ ਉਪਰਲੇ ਹਿੱਸੇ ਦਾ ਲਗਭਗ 60 ਕਿ. ਮੀ. ਖੇਤਰ ਬਿਲਕੁਲ ਹੀ ਨਕਾਰਾ ਹੋ ਚੁੱਕਿਆ ਹੈ। ਹੁਣ ਇਹ ਗੰਗਾ ਵਿਚੋਂ ਪਾਣੀ ਅਪਰ ਬਹਿਰਾਬ ਦੀ ਇਕ ਪੁਰਾਣੀ ਧਾਰਾ ਰਾਹੀਂ ਲੈਂਦਾ ਹੈ। ਇਥੇ ਕੇਵਲ ਬਰਸਾਤ ਦੇ ਦਿਨਾਂ ਵਿਚ ਹਲਕੀਆਂ ਕਿਸ਼ਤੀਆਂ ਚਲ ਸਕਦੀਆਂ ਹਨ। ਦਰਿਆ ਦੇ ਕੰਢੇ ਤੇ ਵਸੇ ਪ੍ਰਮੁੱਖ ਵਪਾਰਕ ਸ਼ਹਿਰ ਕ੍ਰਿਸ਼ਨਗੜ੍ਹ, ਦੀਮਨਗੜ੍ਹ, ਚਾਪਰਾ ਅਤੇ ਸਵਰੂਪਗੰਗ ਹਨ ਜਿਨ੍ਹਾਂ ਦਾ ਮੁੱਖ ਵਪਾਰ ਅਨਾਜ, ਤੇਲ ਦੇ ਬੀਜ ਅਤੇ ਸੀਰ ਆਦਿ ਹੈ।

24° 11′ ਉ. ਵਿਥ.; 88° 43′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14 : 16

**ਜੱਲ੍ਹਣ** : ਇਹ ਮਾਝੇ ਵਿਚ ਇਕ ਪ੍ਰਸਿੱਧ ਭਗਤ ਹੋਇਆ ਹੈ ਜੋ ਹੱਥੀਂ ਕਿਰਤ ਕਰਦਾ ਸੀ ਤੇ ਹਰ ਵੇਲੇ ਪ੍ਰਭੂ-ਭਗਤੀ ਵਿਚ ਲੱਗਾ ਰਹਿੰਦਾ ਸੀ। ਇਸ ਦਾ ਜਨਮ ਸਿੱਧੂ ਖ਼ਾਨਦਾਨ ਵਿਚ ਪਿੰਡ ਭਡਾਣੇ ਜੋ ਅਟਾਰੀ ਦੇ ਨੇੜੇ ਹੈ, ਵਿਖੇ ਸ਼ਾਹਜਹਾਨ ਦੇ ਰਾਜਕਾਲ ਵਿਚ ਹੋਇਆ। ਇਸ ਦੀ ਪਤਨੀ ਦਾ ਨਾਂ ਰਾਮਕੀ ਸੀ ਜਿਸ ਦੇ ਨਾਂ ਤੇ ਨੁਸਹਿਰਾ ਵਾਲਾ ਵਿਖੇ ਖੂਹ ਮਾਈ ਰਾਮਕੀ ਵਾਲਾ ਪ੍ਰਸਿੱਧ ਹੈ। ਇਹ ਭੇਖ ਦਾ ਕੱਟੜ ਵਿਰੋਧੀ ਸੀ।

ਇਸ ਦੇ ਨਾਂ ਨਾਲ ਬਹੁਤ ਸਾਰੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ, ਜਿਵੇਂ ਇਕ ਵਾਰ ਇਸ ਨੂੰ ਖੇਤ ਵਿਚ ਕੰਮ ਕਰਦਿਆਂ ਕਿਸੇ ਨੇ ਆ ਕੇ ਛੇੜਿਆ ਕਿ ਜਲ੍ਹਣਾ ਰੱਬ ਨੂੰ ਮਿਲਣ ਦੀ ਗੱਲ ਬੜੀ ਔਖੀ ਹੈ ਤਾਂ ਇਸ ਨੇ ਆਖਿਆ 'ਗੱਲ ਤੇ ਹੈ ਝੱਲ ਵਲੱਲੀ, ਪਰ ਜਿਸ ਲੱਭੀ ਓਸ ਸੁਖੱਲੀ' ਅਜਿਹੀਆਂ ਹੋਰ ਬਹੁਤ ਸਾਰੀਆਂ ਕਥਾ ਕਹਾਣੀਆਂ ਇਸ ਨਾਲ ਜੁੜੀਆਂ ਹੋਈਆਂ ਹਨ।

ਇਸ ਨੇ ਆਪਣੇ ਵਿਚਾਰ ਬੜੇ ਖੁਲ੍ਹੇ ਖੁਲਾਸੇ ਸ਼ਬਦਾਂ ਵਿਚ ਪ੍ਰਗਟਾਏ ਹਨ। ਇਸ ਦਾ ਪ੍ਰਸਿੱਧ ਪਦ ਹੈ :–

ਨਿੱਕੇ ਹੁੰਦੇ ਢੱਗੇ ਚਾਰੇ ਵੱਡੇ ਹੋਏ ਹਲ ਵਾਹਿਆ।।
ਬੁੱਢੇ ਹੋਏ ਮਾਲਾ ਫੇਰੀ ਰੱਬ ਦਾ ਉਲਾਂਭਾ ਲਾਹਿਆ।।
ਵੱਡਾ ਕਿੱਕਰ ਵਢ ਕੇ ਜਪਮਾਲ ਬਣਾਯਾ।।
ਉੱਚੇ ਟਿੱਬੇ ਬੈਹ ਕੇ ਠਾਹ ਠਾਹ ਵਜਾਯਾ।।
ਲੋਕਾਂ ਦੀਆਂ ਜਪਮਾਲੀਆਂ ਜੱਲ੍ਹਣ ਦਾ ਜਪਮਾਲ।।
ਸਾਰੀ ਉਮਰ ਜਪੇਂਦਿਆਂ ਇਕ ਨਾ ਖੁੱਥਾ ਵਾਲ।।

ਇਸ ਨੇ ਬੜੇ ਸਰਲ ਸਪਸ਼ਟ ਤੇ ਸਿੱਧੇ ਢੰਗ ਨਾਲ ਲੋਕਾਂ ਨੂੰ ਜੀਵਨ ਜਾਚ ਸਿਖਾਈ ਹੈ।

ਹ. ਪੁ.-ਹੰਸ ਚੋਗ-ਬਾਵਾ ਬੁਧ ਸਿੰਘ : 116

**ਜਲ-ਥਲੀ ਪ੍ਰਾਣੀ** : ਮੱਛੀਆਂ ਅਤੇ ਰੀਂਗਣੇ ਪ੍ਰਾਣੀਆਂ ਵਿਚਕਾਰ ਗਿਣੇ ਜਾਣ ਵਾਲੇ ਇਹ ਰੀੜ੍ਹਧਾਰੀ ਪ੍ਰਾਣੀ, ਜੋ ਜਲ ਅਤੇ ਥਲ ਦੋਹਾਂ ਉਪਰ ਆਪਣਾ ਜੀਵਨ ਚੱਕਰ ਪੂਰਾ ਕਰਦੇ ਹਨ, ਐਂਫਿਬੀਆ ਸ਼੍ਰੇਣੀ ਅਧੀਨ ਆਉਂਦੇ ਹਨ। ਬਹੁਤੇ ਜਲ-ਥਲੀ ਪ੍ਰਾਣੀ ਆਪਣੇ ਜੀਵਨ ਦਾ ਪਹਿਲਾ ਹਿੱਸਾ ਜਾਂ ਲਾਰਵਾ ਹਾਲਤ ਪਾਣੀ ਵਿਚ ਪੂਰਾ ਕਰਦੇ ਹਨ ਅਤੇ ਬਾਲਗ ਆਪਣਾ ਜੀਵਨ ਪਾਣੀ ਜਾਂ ਧਰਤੀ ਦੋਹਾਂ ਉੱਪਰ ਬਤੀਤ ਕਰਦੇ ਹਨ। ਕੁਝ ਜਾਤੀਆਂ ਦੀ ਜਲ ਵਿਚ ਰਹਿਣ ਵਾਲੀ ਹਾਲਤ ਬਿਲਕੁਲ ਹੀ ਨਹੀਂ ਆਉਂਦੀ ਅਤੇ ਇਹ ਸਾਰਾ ਜੀਵਨ ਥਲ ਉੱਪਰ ਹੀ ਗੁਜ਼ਾਰਦੇ ਹਨ।



**ਸੀਸਿਲੀਅਨ**



**ਨਿਊਟ**



**ਟੋਡ**

ਐਂਫਿਬੀਆ ਸ਼੍ਰੇਣੀ ਵਿਚ ਫ਼ੌਸਿਲ ਸਮੂਹਾਂ ਦੀ ਬਹੁਤਾਤ ਮਿਲਦੀ ਹੈ ਅਤੇ ਜੀਵਿਤ ਵਰਗਾਂ ਵਿਚ ਤਿੰਨ ਵਿਸ਼ੇਸ਼ ਵਰਗ ਹਨ–ਐਨਿਊਰਾ ਵਿਚ ਡੱਡੂ ਆਉਂਦੇ ਹਨ, ਕਾਂਡੇਟਾ ਵਿਚ ਦੁਮਦਾਰ ਜੀਵ ਸੈਲਾਮੈਂਡਰ ਅਤੇ ਗੋਹ ਜਾਂ ਨਿਊਟ ਹਨ, ਐਪੋਡਾ ਵਿਚ ਸੀਸਿਲੀਅਨ ਹਨ। ਇਹ ਤਿੰਨ ਵਰਗ ਇਕ ਦੂਜੇ ਤੋਂ ਵੱਖ ਵੱਖ ਲੱਛਣਾਂ ਕਾਰਨ ਭਿੰਨ ਹਨ। ਐਨਿਊਰਾ ਵਰਗ ਦੇ ਜੀਵਾਂ ਵਿਚ ਬਾਲਗਾਂ ਵਿਚ ਪੂਛ ਨਹੀਂ ਹੁੰਦੀ ਅਤੇ ਪਿਛਲੀਆਂ ਲੱਤਾਂ ਅਗਲੀਆਂ ਨਾਲੋਂ ਵੱਡੀਆਂ ਹੁੰਦੀਆਂ ਹਨ। ਇਸ ਦੇ ਨਾਲ ਹੀ ਅਤਿ ਠੰਢੇ ਇਲਾਕਿਆਂ ਅਤੇ ਕੁਝ ਸਮੁੰਦਰੀ ਦੀਪਾਂ ਤੋਂ ਛੁੱਟ ਇਹ ਸਾਰੇ ਸੰਸਾਰ ਵਿਚ ਮਿਲਦੇ ਹਨ। ਕਾਂਡੇਟਾ ਵਰਗ ਦੇ ਪ੍ਰਾਣੀਆਂ ਦੀ ਲੰਮੀ ਪੂਛ ਹੁੰਦੀ ਹੈ ਅਤੇ ਚਾਰ ਲੱਤਾਂ ਦਾ ਅਕਾਰ ਇਕੋ ਜਿਹਾ ਹੁੰਦਾ ਹੈ। ਇਹ ਆਮ ਤੌਰ ਤੇ ਉੱਤਰੀ ਹਿੱਸੇ ਤੱਕ ਸੀਮਿਤ ਹਨ। ਸੀਸਿਲੀਅਨ ਵਰਗ ਦੇ ਪ੍ਰਾਣੀ ਅੰਗ ਰਹਿਤ ਅਤੇ ਅੰਨ੍ਹੇ ਹੁੰਦੇ ਹਨ। ਇਹ ਦਿਖਣ ਵਿਚ ਗੰਡੋਏ ਵਰਗੇ ਹੁੰਦੇ ਹਨ। ਇਹ ਧਰਤੀ ਵਿਚ ਖੁੱਡਾਂ ਵਿਚ ਰਹਿੰਦੇ ਹਨ ਅਤੇ ਦੱਖਣੀ ਏਸ਼ੀਆ, ਦੱਖਣੀ ਅਫ਼ਰੀਕਾ ਅਤੇ ਦੱਖਣੀ ਅਮਰੀਕਾ ਵਿਚ ਮਿਲਦੇ ਹਨ।

**ਸਰੀਰ ਕਿਰਿਆ ਅਤੇ ਰਚਨਾ-ਵਿਗਿਆਨ**—ਇਸ ਸ਼੍ਰੇਣੀ ਦੇ ਪ੍ਰਾਣੀ ਐਕਟੋਥਰਮਜ਼ ਹੁੰਦੇ ਹਨ ਜਿਸ ਤੋਂ ਭਾਵ ਹੈ ਕਿ ਇਹ ਜਿਸ ਵਾਤਾਵਰਣ ਵਿਚ ਰਹਿਣ, ਉਥੋਂ ਹੀ ਆਪਣੇ ਸਰੀਰ ਲਈ ਤਾਪ ਹਾਸਲ ਕਰਦੇ ਹਨ। ਇਸੇ ਕਾਰਨ ਇਨ੍ਹਾਂ ਜੀਵਾਂ ਦੇ ਸਰੀਰ ਦਾ ਤਾਪਮਾਨ, ਵਾਤਾਵਰਨ ਵਿਚ ਤਬਦੀਲੀ ਦੇ ਨਾਲ ਹੀ ਬਦਲਦਾ ਰਹਿੰਦਾ ਹੈ। ਇਨ੍ਹਾਂ ਜੀਵਾਂ ਦੀ ਚਮੜੀ ਬਹੁਤ ਪਤਲੀ ਅਤੇ ਸਿਲ੍ਹੀ ਹੁੰਦੀ ਹੈ। ਕਈ ਜਾਤੀਆਂ ਵਿਚ ਚਮੜੀ ਅੰਦਰ ਜ਼ਹਿਰੀਲੇ ਗਲੈਂਡ ਹੁੰਦੇ ਹਨ ਜੋ ਘਾਤਕ ਪਦਾਰਥ ਰਿਸਾਉਂਦੇ ਰਹਿੰਦੇ ਹਨ। ਆਮ ਤੌਰ ਤੇ ਇਨ੍ਹਾਂ ਜੀਵਾਂ ਦੀ ਸਿਲ੍ਹੀ ਚਮੜੀ ਸਾਹ ਲੈਣ ਦੀ ਕਿਰਿਆ ਵਿਚ ਸਹਾਈ ਹੁੰਦੀ ਹੈ। ਕਈ ਹਾਲਤਾਂ ਵਿਚ, ਜਿਵੇਂ ਪਲੀਥੋਡਾਂਨਡਿਡੀ ਕੁਲ ਦੇ ਸੈਲਾਮੈਂਡਰਾਂ ਵਿਚ ਫੇਫੜੇ ਨਹੀਂ ਹੁੰਦੇ ਅਤੇ ਇਹ ਪ੍ਰਾਣੀ ਚਮੜੀ ਰਾਹੀਂ ਹੀ ਸਾਹ ਲੈਂਦੇ ਹਨ। ਮੂੰਹ ਅੰਦਰ ਦੀ ਝਿੱਲੀ ਵਿਚ ਖ਼ੂਨ ਦੀਆਂ ਬਹੁਤ ਸਾਰੀਆਂ ਨਲੀਆਂ ਹੁੰਦੀਆਂ ਹਨ ਜੋ ਸਾਹ ਕਿਰਿਆ ਵਿਚ ਸਹਾਈ ਹੁੰਦੀਆਂ ਹਨ। ਇਨ੍ਹਾਂ ਪ੍ਰਾਣੀਆਂ ਦੇ ਫੇਫੜੇ ਬਹੁਤ ਸਾਧਾਰਨ ਥੈਲੀ ਵਾਂਗ ਕਿਰਿਆ ਵਿਚ ਘੱਟ ਸਮਰੱਥ ਹੁੰਦੇ ਹਨ। ਕਈ ਪਾਣੀ ਵਿਚ ਰਹਿਣ ਵਾਲੇ ਪ੍ਰਾਣੀਆਂ ਵਿਚ ਫੇਫੜੇ, ਇਨ੍ਹਾਂ ਜੀਵਾਂ ਨੂੰ ਪਾਣੀ ਵਿਚ ਆਪਣਾ ਸਥਾਨ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ।

ਕਈ ਜੀਵਾਂ ਵਿਚ ਇਨ੍ਹਾਂ ਦੇ ਲੱਛਣਾਂ ਅਤੇ ਆਲੇ-ਦੁਆਲੇ ਅਨੁਸਾਰ ਸਰੀਰ ਦੀ ਰਚਨਾ ਮਿਲਦੀ ਹੈ। ਸੀਸਿਲੀਅਨ ਵਰਗ ਵਿਚ ਪ੍ਰਾਣੀਆਂ ਦੇ ਸਿਰ ਉਪਰ ਟੈਂਟੇਕਲ ਹੁੰਦੇ ਹਨ। ਇਹ ਟੈਂਟੇਕਲ ਸੰਵੇਦਨਸ਼ੀਲ ਹੁੰਦੇ ਹਨ ਅਤੇ ਖੁੱਡ ਵਿਚ ਇਨ੍ਹਾਂ ਨੂੰ ਆਪਣਾ ਰਾਹ ਲੱਭਣ ਵਿਚ ਸਹਾਈ ਹੁੰਦੇ ਹਨ। ਬੇਲਚਾਨੁਮਾ ਪੈਰ ਵਾਲੇ ਟੋਡ ਵਿਚ, ਪਿਛਲੇ ਪੈਰਾਂ ਵਿਚ ਗਿਲਟੀਆਂ ਜਿਹੀਆਂ ਹੁੰਦੀਆਂ ਹਨ ਜੋ ਇਨ੍ਹਾਂ ਨੂੰ ਗਰਮ ਅਤੇ ਖ਼ੁਸ਼ਕ ਮੌਸਮ ਤੋਂ ਬਚਣ ਲਈ, ਧਰਤੀ ਹੇਠ ਖੁੱਡਾਂ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਕੁਝ ਡੱਡੂਆਂ ਦੇ ਚਪਟੇ ਪੈਰ ਹੇਠੋਂ ਚਿਪਕਣੇ ਹੁੰਦੇ ਹਨ ਜਿਸ ਨਾਲ ਰੁੱਖਾਂ ਉਪਰ ਚੜ੍ਹਣ ਵਿਚ ਇਨ੍ਹਾਂ ਨੂੰ ਮਦਦ ਮਿਲਦੀ ਹੈ।

ਜੀਵਨ ਇਤਿਹਾਸ : **ਡੱਡੂ ਅਤੇ ਟੋਡ**—ਆਮ ਤੌਰ ਤੇ ਡੱਡੂ ਅਤੇ ਟੋਡ, ਬਸੰਤ ਜਾਂ ਗਰਮੀ ਦੀ ਰੁੱਤ ਵਿਚ ਆਪਣੇ ਆਂਡੇ ਦਿੰਦੇ ਹਨ। ਜਿਹੜੇ ਡੱਡੂ ਖ਼ੁਸ਼ਕ ਤੇ ਰੁੱਖੇ ਇਲਾਕਿਆਂ ਵਿਚ ਰਹਿੰਦੇ ਹਨ ਉਹ ਸਾਲ ਵਿਚ ਕਿਸੇ ਖ਼ਾਸ ਸਮੇਂ ਆਂਡੇ ਨਹੀਂ ਦਿੰਦੇ ਸਗੋਂ ਬਹੁਤ ਜ਼ਿਆਦਾ ਵਰਖਾ ਵਿਚ ਆਂਡੇ ਦਿੰਦੇ ਹਨ। ਇਸ ਤਰ੍ਹਾਂ ਆਂਡੇ ਦੇਣ ਲਈ ਅਤੇ ਸ਼ਿਸ਼ੂ ਦੇ ਵਧਣ ਲਈ ਇਨ੍ਹਾਂ ਨੂੰ ਪਾਣੀ ਦੀ ਵਿਸ਼ੇਸ਼ ਲੋੜ ਹੁੰਦੀ ਹੈ। ਅਜਿਹੀਆਂ ਕਿਸਮਾਂ ਨੂੰ ਵਿਸਫ਼ੋਟਕ ਜਣਕ ਕਿਹਾ ਜਾਂਦਾ ਹੈ।

ਬਹੁਤ ਕਿਸਮਾਂ ਵਿਚ ਨਰ ਪ੍ਰਾਣੀ ਦੇ ਵਿਕਸਿਤ ਸਰ-ਤੰਤੂ ਅਤੇ ਸਰ-ਥੈਲੀ ਹੁੰਦੇ ਹਨ ਜੋ ਗੂੰਜਾਊ-ਕੋਠਰੀਆਂ ਦਾ ਕੰਮ ਕਰਦੇ ਹਨ। ਹਰ ਜਾਤੀ ਦੀ ਆਵਾਜ਼ ਵੱਖਰੀ ਹੁੰਦੀ ਹੈ ਅਤੇ ਕੁਝ ਇਕ ਦੀ ਆਵਾਜ਼ 1.6 ਕਿ. ਮੀ. ਦੀ ਦੂਰੀ ਤੋਂ ਵੀ ਸੁਣੀ ਜਾ ਸਕਦੀ ਹੈ। ਨਰ ਪ੍ਰਾਣੀਆਂ ਦੀਆਂ ਇਨ੍ਹਾਂ ਆਵਾਜ਼ਾਂ ਤੋਂ ਆਕਰਸ਼ਿਤ ਹੋ ਕੇ ਮਾਦਾ ਪ੍ਰਾਣੀ ਪ੍ਰਜਣਨ ਥਾਵਾਂ ਦੀ ਪਛਾਣ ਕਰਦੇ ਹਨ। ਪ੍ਰਜਣਨ ਸਮੇਂ ਨਰ ਪ੍ਰਾਣੀ ਮਾਦਾ ਦੀ ਪਿੱਠ ਉਪਰ ਸਵਾਰ ਹੋ ਜਾਂਦਾ ਹੈ ਅਤੇ ਜਦ ਮਾਦਾ ਅੰਡੇ ਦਿੰਦੀ ਹੈ, ਨਰ ਅੰਡਿਆਂ ਉਪਰ ਸ਼ੁਕ੍ਰਾਣੂ ਛੱਡ ਦਿੰਦਾ ਹੈ। ਇਸ ਤਰ੍ਹਾਂ ਨਿਸ਼ੇਚਨ ਬਾਹਰੀ ਹੁੰਦਾ ਹੈ। ਡੱਡੂਆਂ ਦੀਆਂ ਦੋ ਕਿਸਮਾਂ ਵਿਚ ਸ਼ੁਕ੍ਰਾਣੂ ਮਾਦਾ ਦੇ ਸਰੀਰ ਅੰਦਰ ਛੱਡੇ ਜਾਂਦੇ ਹਨ ਅਤੇ ਨਿਸ਼ੇਚਨ ਵੀ ਅੰਦਰੂਨੀ ਹੁੰਦਾ ਹੈ।

ਹਰ ਜ਼ਾਤੀ ਵਿਚ ਆਂਡਿਆਂ ਦੇ ਸਮੂਹ ਵਿਚ ਗਿਣਤੀ ਵੱਖਰੀ ਹੁੰਦੀ ਹੈ ਅਤੇ ਇਨ੍ਹਾਂ ਆਂਡਿਆਂ ਵਿਚੋਂ ਲਾਰਵਾ ਨਿਕਲਦੇ ਹਨ ਜੋ ਟੈਡਪੋਲ ਅਖਵਾਉਂਦੇ ਹਨ। ਟੈਡਪੋਲ ਦੇ ਉੱਚੇ ਖੰਭ ਵਾਲੀ ਇਕ ਪੂਛ ਹੁੰਦੀ ਹੈ। ਇਨ੍ਹਾਂ ਦੇ ਲੱਤਾਂ, ਅੱਖਾਂ ਦੇ ਛੱਪਰ, ਫੇਫੜੇ ਅਤੇ ਜਬਾੜ੍ਹੇ ਨਹੀਂ ਹੁੰਦੇ। ਸਾਹ ਲੈਣ ਲਈ ਇਨ੍ਹਾਂ ਵਿਚ ਗਲਫੜੇ ਹੁੰਦੇ ਹਨ ਅਤੇ ਘੜੀ ਦੇ ਸਪਰਿੰਗ ਵਾਂਗ ਵਲਦਾਰ ਇਕ ਲੰਬੀ ਆਂਦਰ ਹੁੰਦੀ ਹੈ। ਇਹ ਸ਼ਾਕਾਹਾਰੀ ਪ੍ਰਾਣੀ ਹੁੰਦੇ ਹਨ ਅਤੇ ਐਲਗੀ ਪੌਦਿਆਂ ਦਾ ਭੋਜਨ ਕਰਦੇ ਹਨ।

ਵਾਧੇ ਦੇ ਸਮੇਂ, ਜੋ ਕੁਝ ਹਫ਼ਤਿਆਂ ਤੋਂ ਤਿੰਨ ਸਾਲ ਤੱਕ ਹੋ ਸਕਦਾ ਹੈ, ਉਪਰੰਤ ਟੈਡਪੋਲ ਰੂਪਾਂਤਰਣ ਕਿਰਿਆ ਦੁਆਰਾ ਬਾਲਗ ਬਣ ਜਾਂਦੇ ਹਨ। ਬਾਹਰਵਾਰ ਪਹਿਲਾਂ ਪਿਛਲੀਆਂ ਲੱਤਾਂ ਨਿਕਲਦੀਆਂ ਹਨ ਅਤੇ ਫਿਰ ਅਗਲੀਆਂ। ਅੱਖਾਂ ਦੇ ਛੱਪਰ ਅਤੇ ਜਬਾੜ੍ਹਾ ਵਿਕਸਿਤ ਹੁੰਦੇ ਹਨ ਪਰ ਪੂਛ ਹੌਲੀ ਹੌਲੀ ਘਟਣ ਲੱਗ ਜਾਂਦੀ ਹੈ। ਅੰਦਰ ਫੇਫੜੇ ਵੱਧ ਜਾਂਦੇ ਹਨ, ਆਂਦਰ ਛੋਟੀ ਹੋ ਜਾਂਦੀ ਹੈ ਅਤੇ ਇਹ ਬਾਲਗ ਰੂਪ ਧਾਰ ਲੈਂਦੇ ਹਨ।

ਸੀਤ-ਊਸ਼ਣ ਭਾਗਾਂ ਵਿਚ ਮਿਲਦੇ ਕੁਝ ਡੱਡੂਆਂ ਦਾ ਜੀਵਨ ਚੱਕਰ ਬਹੁਤ ਭਿੰਨ ਹੁੰਦਾ ਹੈ। ਕੁਝ ਧਰਤੀ ਜਾਂ ਰੁੱਖਾਂ ਉਪਰ ਆਂਡੇ ਦਿੰਦੇ ਹਨ ਅਤੇ ਕੁਝ ਇਨ੍ਹਾਂ ਆਂਡਾ-ਸਮੂਹਾਂ ਲਈ ਵਿਸ਼ੇਸ਼ ਆਲ੍ਹਣੇ ਬਣਾਉਂਦੇ ਹਨ। ਕਈ ਹੋਰ ਜਾਤੀਆਂ ਵਿਚ ਨਰ ਜਾਂ ਮਾਦਾ ਆਪਣੇ ਸਰੀਰ ਦੀ ਕਿਸੇ ਥੈਲੀ ਵਿਚ ਆਂਡੇ, ਸੇਣ ਤੱਕ ਰੱਖੀ ਰੱਖਦੇ ਹਨ। ਇਕ ਕਿਸਮ ਵਿਚ ਨਰ ਆਪਣੀ ਸੁਰਥੈਲੀ ਵਿਚ ਆਂਡੇ ਰੱਖਦਾ ਹੈ। ਪਾਣੀ ਤੋਂ ਬਾਹਰ ਆਂਡੇ ਦੇਣ ਵਾਲੀਆਂ ਕਿਸਮਾਂ ਵਿਚ ਆਂਡੇ ਤੋਂ ਸਿੱਧੇ ਹੀ ਛੋਟੇ ਡੱਡੂ ਨਿਕਲਦੇ ਹਨ ਅਤੇ ਲਾਰਵਾ ਸਥਿਤੀ ਬਿਲਕੁਲ ਨਹੀਂ ਆਉਂਦੀ।

ਮੌਸਮੀ ਜਣਨਕ ਡੱਡੂਆਂ ਵਿਚ ਚੀਤਾ ਡੱਡੂ **(Rana pipiens)** ਬਹੁਤ ਪ੍ਰਸਿੱਧ ਹੈ। ਇਹ ਉੱਤਰੀ ਅਮਰੀਕਾ ਵਿਚ ਦਲਦਲਾਂ ਜਾਂ ਛੱਪੜਾਂ ਵਿਚ ਆਮ ਮਿਲਦੇ ਹਨ। ਇਹ ਧੱਬੇਦਾਰ ਕਿਸਮ ਬਸੰਤ ਰੁੱਤ ਵਿਚ ਜਣਨ ਕਰਦੀ ਹੈ ਅਤੇ ਗਰਮੀ ਰੁੱਤ ਵਿਚ ਟੈਡਪੋਲ ਰੂਪਾਂਤਰ ਕਰਦੇ ਹਨ। ਬਾਲਗ ਪ੍ਰਾਣੀ ਕੀੜੇ-ਮਕੌੜਿਆਂ ਦਾ ਭੋਜਨ ਕਰਦੇ ਹਨ। ਬੁਲ ਫ੍ਰਾੱਗ **(Rana catesbeiana)** ਕਿਸਮ ਵੀ ਮੌਸਮੀ ਜਣਨਕ ਹੈ। ਉੱਤਰੀ ਅਮਰੀਕਾ ਵਿਚ ਇਹ ਸਭ ਤੋਂ ਵੱਡਾ ਡੱਡੂ ਮੰਨਿਆ ਜਾਂਦਾ ਹੈ। ਇਸ ਦਾ ਅਕਾਰ 22.8 ਤੋਂ 25.4 ਸੈਂ. ਮੀ. ਤੱਕ ਹੁੰਦਾ ਹੈ। ਇਹ ਕੀਟ, ਚੂਹੇ, ਪੰਛੀ ਅਤੇ ਕ੍ਰੇ-ਫ਼ਿਸ਼ ਦਾ ਭੋਜਨ ਕਰਦੇ ਹਨ।

ਵਿਸਫ਼ੋਟਕ ਜਣਨਕ ਕਿਸਮਾਂ ਵਿਚ ਬੇਲਚਾਨੁਮਾ ਪੈਰ ਵਾਲੇ ਟੋਡ **(Scaphiopus)** ਸੰਯੁਕਤ ਰਾਜ ਅਮਰੀਕਾ ਵਿਚ ਮਿਲਦੇ ਹਨ। ਇਹ ਪ੍ਰਾਣੀ ਰਾਤ ਨੂੰ ਬਹੁਤ ਚੁਸਤ ਹੁੰਦੇ ਹਨ। ਦਿਨ ਸਮੇਂ ਇਹ ਖ਼ੁਸ਼ਕ ਹਵਾ ਤੋਂ ਬਚਣ ਲਈ ਡੂੰਘੀਆਂ ਖੁੱਡਾਂ ਵਿਚ ਲੁਕ ਜਾਂਦੇ ਹਨ। ਭਾਰੀ ਵਰਖਾ ਤੋਂ ਇਕਦਮ ਬਾਅਦ ਇਹ ਆਂਡੇ ਦਿੰਦੇ ਹਨ। ਪਾਣੀ ਸੁੱਕਣ ਤੋਂ ਪਹਿਲਾਂ ਝਟਪਟ ਹੀ ਆਂਡਿਆਂ ਵਿਚੋਂ ਟੈਡਪੋਲ ਨਿਕਲਦੇ ਹਨ ਅਤੇ ਇਹ ਵੀ ਜਲਦੀ ਹੀ ਵਿਕਸਿਤ ਹੋ ਜਾਂਦੇ ਹਨ।

ਠੰਢੇ ਪਾਣੀ ਦੀ ਇਕ ਕਿਸਮ ਰਿਬੜ ਫ੍ਰੌਗ (Ascaphustruei) ਹੈ ਜਿਸ ਵਿਚ ਅੰਦਰੂਨੀ ਨਿਸ਼ੇਚਨ ਹੁੰਦਾ ਹੈ। ਪਤਝੜ ਸ਼ੁਰੂ ਹੋਣ ਤੇ ਜਣਨ ਅਰੰਭ ਹੁੰਦਾ ਹੈ। ਅਗਲੀ ਗਰਮੀ ਰੁੱਤ ਵਿਚ ਚਟਾਨਾਂ ਹੇਠਾਂ ਅੰਡੇ ਦੇਣ ਤੋਂ ਬਾਅਦ ਟੈਡਪੋਲ ਨੂੰ ਵਿਕਸਿਤ ਹੁੰਦਿਆਂ ਦੋ ਤੋਂ ਤਿੰਨ ਸਾਲ ਲੱਗ ਜਾਂਦੇ ਹਨ। ਬਾਲਗ ਡੱਡੂ ਅਤੇ ਟੋਡ ਮਰੇ ਹੋਏ ਪਦਾਰਥ ਦਾ ਭੋਜਨ ਨਹੀਂ ਕਰਦੇ ਅਤੇ ਆਪਣਾ ਭੋਜਨ ਆਪ ਪਕੜ ਕੇ ਖਾਂਦੇ ਹਨ। ਇਨ੍ਹਾਂ ਦੀ ਜੀਭ ਮੂੰਹ ਵਿਚ ਪਿਛੇ ਦੀ ਬਜਾਇ ਅਗਲੇ ਪਾਸੇ ਜੁੜੀ ਹੁੰਦੀ ਹੈ ਅਤੇ ਇਹ ਚਿਪਚਿਪੀ ਹੁੰਦੀ ਹੈ। ਡੱਡੂ ਆਪਣਾ ਸ਼ਿਕਾਰ ਪਕੜਨ ਲਈ ਜੀਭ ਬਾਹਰ ਤੱਕ ਕੱਢ ਲੈਂਦੇ ਹਨ।

**ਸੈਲਾਮੈਂਡਰ ਅਤੇ ਨਿਊਟ**—ਐਨਿਊਰਾ ਪ੍ਰਾਣੀਆਂ ਤੋਂ ਭਿੰਨ ਕਾਡੇਟਾ ਪ੍ਰਾਣੀ ਆਵਾਜ਼-ਰਹਿਤ ਹੁੰਦੇ ਹਨ। ਇਹ ਪ੍ਰਾਣੀ ਵੀ ਬਹਾਰ ਰੁੱਤ ਵਿਚ ਪਾਣੀ ਅੰਦਰ ਆਂਡੇ ਦਿੰਦੇ ਹਨ। ਕੁਝ ਜਾਤੀਆਂ ਧਰਤੀ ਉਪਰ ਅਤੇ ਕੁਝ ਪਤਝੜ ਵਿਚ ਜਣਨ ਕਰਦੀਆਂ ਹਨ। ਸੈਲਾਮੈਂਡਰ ਜਾਤੀਆਂ ਵਿਚ ਕੁਝ ਨਰ ਪ੍ਰਾਣੀ ਸ਼ੁਕ੍ਰਾਣੂ ਪਾਣੀ ਵਿਚ ਛੱਡ ਦਿੰਦੇ ਹਨ। ਮਾਦਾ ਇਹ ਸ਼ੁਕ੍ਰਾਣੂ ਆਪਣੇ ਮਲ ਮਾਰਗ ਰਾਹੀਂ ਅੰਦਰ ਰੱਖ ਲੈਂਦੀ ਹੈ ਅਤੇ ਨਿਸ਼ੇਚਨ ਅੰਦਰੂਨੀ ਹੁੰਦਾ ਹੈ। ਪਾਣੀ ਵਿਚ ਆਂਡਿਆਂ ਵਿਚੋਂ ਲਾਰਵਾ ਨਿਕਲਦੇ ਹਨ ਜੋ ਟੈਡਪੋਲ ਵਾਂਗ ਨਹੀਂ ਹੁੰਦੇ ਸਗੋਂ ਬਾਲਗ ਸੈਲਾਮੈਂਡਰ ਵਰਗੇ ਹੁੰਦੇ ਹਨ। ਲਾਰਵਾ ਦੇ ਬਾਹਰੀ ਗਲਫੜੇ ਹੁੰਦੇ ਹਨ ਅਤੇ ਉੱਚਾ ਪੂਛ ਖੰਭੜਾ ਹੁੰਦਾ ਹੈ। ਰੂਪਾਂਤਰਣ ਸਮੇਂ ਇਹ ਲੁਪਤ ਹੋ ਜਾਂਦੇ ਹਨ।

ਕੁਝ ਸੈਲਾਮੈਂਡਰ ਧਰਤੀ ਉਪਰ ਆਂਡੇ ਦਿੰਦੇ ਹਨ। ਅਜਿਹੀਆਂ ਕਿਸਮਾਂ ਵਿਚ ਲਾਰਵਾ ਸਥਿਤੀ ਆਉਂਦੀ ਹੀ ਨਹੀਂ। ਕੁਝ ਜਾਤੀਆਂ ਵਿਚ ਸੇਣ ਤੱਕ ਅੰਡੇ ਮਾਦਾ ਦੇ ਸਰੀਰ ਵਿਚ ਹੀ ਰਹਿੰਦੇ ਹਨ। ਹੈਲਬੈਂਡਰ **(Cryptobranchus alleganiensis)** ਸੰਯੁਕਤ ਰਾਜ ਦੀਆਂ ਤੇਜ਼ ਵਹਿਣ ਵਾਲੀਆਂ ਨਦੀਆਂ ਵਿਚ ਮਿਲਦੇ ਹਨ। ਇਸ ਵਿਚ ਬਾਹਰੀ ਨਿਸ਼ੇਚਨ ਹੁੰਦਾ ਹੈ। ਇਸ ਦਾ ਅਕਾਰ ਲਗਭਗ 76.2 ਸੈਂ. ਮੀ. ਹੁੰਦਾ ਹੈ। ਇਸ ਦੀ ਚਮੜੀ ਝੁਰੜੀਦਾਰ ਹੁੰਦੀ ਹੈ ਅਤੇ ਪੱਧਰੀ ਚਮੜੀ ਨਾਲੋਂ ਸਾਹ ਲੈਣ ਦੀ ਕਿਰਿਆ ਲਈ ਵਧ ਸਤਹਿ ਹੁੰਦੀ ਹੈ। ਇਹ ਸਾਰਾ ਜੀਵਨ ਪਾਣੀ ਵਿਚ ਬਤੀਤ ਕਰਦਾ ਹੈ ਅਤੇ ਘੋਗੇ, ਕ੍ਰੈ-ਫਿਸ਼ ਅਤੇ ਹੋਰ ਪਾਣੀ ਜੀਵਾਂ ਦਾ ਭੋਜਨ ਕਰਦਾ ਹੈ। ਕੁਝ ਸੈਲਾਮੈਂਡਰ ਜਿਵੇਂ ਐਂਬੀਸਟੋਮਾ ਪ੍ਰਜਾਤੀ, ਧਰਤੀ ਉਤੇ ਰਹਿੰਦੇ ਹਨ ਪਰ ਅੰਡੇ ਦੇਣ ਲਈ ਪਾਣੀ ਵਿਚ ਚਲੇ ਜਾਂਦੇ ਹਨ। ਪਾਣੀ ਵਿਚ ਆਇਓਡੀਨ ਦੀ ਘਾਟ ਕਾਰਨ, ਕਈ ਵਾਰ ਲਾਰਵਿਆਂ ਵਿਚ ਰੂਪਾਂਤਰਣ ਨਹੀਂ ਹੁੰਦਾ। ਇਕ ਹੋਰ ਕਿਸਮ ਸਲਿਮੀ ਸੈਲਾਮੈਂਡਰ **(Plethoden glutinosis)** ਜੰਗਲਾਂ ਵਿਚ ਚਟਾਨਾਂ ਅਤੇ ਲੱਕੜਾਂ ਹੇਠ ਰਹਿੰਦਾ ਹੈ ਅਤੇ ਕਦੇ ਵੀ ਪਾਣੀ ਵਿਚ ਨਹੀਂ ਜਾਂਦਾ। ਇਹ ਧਰਤੀ ਉਤੇ ਹੀ ਨਵੇਕਲੀਆਂ ਥਾਵਾਂ ਉਤੇ ਆਂਡੇ ਦਿੰਦਾ ਹੈ ਜਿਨ੍ਹਾਂ ਵਿਚੋਂ ਬਾਲਗ ਅਕਾਰ ਦੇ ਸ਼ਿਸ਼ੂ ਨਿਕਲਦੇ ਹਨ।

**ਸੀਸਿਲੀਅਨ**—ਇਨ੍ਹਾਂ ਦੇ ਜੀਵਨ ਇਤਿਹਾਸ ਸਬੰਧੀ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੈ। ਇਨ੍ਹਾਂ ਵਿਚ ਕੁਝ ਪ੍ਰਾਣੀ ਆਂਡੇ ਬਾਹਰ ਦਿੰਦੇ ਹਨ ਅਤੇ ਕੁਝ ਵਿਚ ਮਾਦਾ ਅੰਦਰ ਰਹਿੰਦੇ ਹਨ। ਆਂਡਿਆਂ ਵਿਚੋਂ ਲਾਰਵਾ ਜਾਂ ਪੂੰਛ ਪ੍ਰਾਣੀ ਨਿਕਲਦੇ ਹਨ।

**ਵਿਕਾਸ**—ਡਿਵੋਨੀਅਨ ਕਾਲ ਵਿਚ ਮਿਲਣ ਵਾਲੀਆਂ ਕ੍ਰੌਸੋਟੈਰੀਜੀਅਨ ਮੱਛੀਆਂ ਤੋਂ ਵਿਕਸਿਤ ਮੁੱਢਲੇ ਜਲ-ਥਲੀ ਪ੍ਰਾਣੀਆਂ ਨਾਲੋਂ ਅਜੋਕੇ ਪ੍ਰਾਣੀ ਬਹੁਤ ਭਿੰਨ ਹਨ। ਮੁੱਢਲੇ ਪ੍ਰਾਣੀਆਂ ਵਿਚ ਕੁਝ ਦਾ ਅਕਾਰ 4.6 ਮੀਟਰ ਤੱਕ ਮਿਲਿਆ ਹੈ। ਮੱਛੀਆਂ ਨਾਲੋਂ ਜਲ-ਥਲੀ ਪ੍ਰਾਣੀਆਂ ਵਿਚ ਅੰਗਾਂ, ਫੇਫੜਿਆਂ ਦੇ ਅਤੇ ਹੋਰ ਵਿਕਾਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਰੀੜ੍ਹਧਾਰੀ ਪ੍ਰਾਣੀ ਪਾਣੀ ਵਿਚ ਮੱਛੀਆਂ ਨਾਲੋਂ ਵਧੇਰੇ ਰਹਿ ਸਕਣ ਦੇ ਸਮਰੱਥ ਹਨ। ਡਿਵੋਨੀਅਨ ਕਾਲ ਵਿਚ ਵਾਤਾਵਰਣ ਗਿੱਲੇ ਅਤੇ ਸੁੱਕੇ ਵਿਚ ਬਦਲਦਾ ਰਹਿੰਦਾ ਸੀ। ਜਦ ਤਲਾਅ ਆਦਿ ਸੁੱਕ ਗਏ ਤਾਂ ਬਹੁਤੀਆਂ ਮੱਛੀਆਂ ਲੁਪਤ ਹੋ ਗਈਆਂ। ਕ੍ਰੌਸੋਟੈਰੀਜੀਅਨ ਕਿਸਮਾਂ ਜਿਨ੍ਹਾਂ ਵਿਚ ਖੰਨੇਦਾਰ ਗਲਫੜੇ ਅਤੇ ਫੇਫੜੇ ਸਨ, ਸੁੱਕੀਆਂ ਥਾਵਾਂ ਤੋਂ ਪਾਣੀ ਤੱਕ ਜਾਣ ਵਿਚ ਸਫ਼ਲ ਹੋਈਆਂ। ਇਕ ਵਾਰ ਇਹ ਸਿਲਸਿਲਾ ਸ਼ੁਰੂ ਹੋਣ ਨਾਲ, ਇਹ ਲਗਾਤਾਰ ਵਿਕਸਿਤ ਹੁੰਦਾ ਰਿਹਾ। ਕੁਝ ਪ੍ਰਾਣੀ ਕੀੜੇ ਅਤੇ ਮਰ ਰਹੀਆਂ ਮੱਛੀਆਂ ਖਾਣ ਲਈ ਇਧਰ-ਉਧਰ ਵੀ ਘੁੰਮਦੇ ਰਹੇ। ਇਸ ਆਰਾਮਦੇਹ ਜੀਵਨ ਨੂੰ ਵਾਧਾ ਮਿਲਿਆ ਅਤੇ ਰੀੜ੍ਹਧਾਰੀ ਪ੍ਰਾਣੀਆਂ ਦਾ ਪਾਣੀ ਤੋਂ ਬਾਹਰ ਰਹਿਣਾ ਵਧਣ ਲੱਗਿਆ। ਇਸ ਤਰ੍ਹਾਂ ਜਲ-ਥਲੀ ਪ੍ਰਾਣੀ ਹੋਂਦ ਵਿਚ ਆਏ।

ਡਿਵੋਨੀਅਨ ਤੋਂ ਬਾਅਦ ਕਾਰਬਨੀਫ਼ੈਰਸ ਕਾਲ ਆਇਆ ਜਿਸ ਵਿਚ ਦੂਰ ਦੂਰ ਤੱਕ ਕੋਲੇ ਦੀਆਂ ਦਲਦਲਾਂ ਮਿਲੀਆਂ। ਇਹ ਦਲਦਲੀ ਹਾਲਾਤ ਜਲ-ਥਲੀ ਪ੍ਰਾਣੀਆਂ ਲਈ ਅਨੁਕੂਲ ਸਨ ਅਤੇ ਇਨ੍ਹਾਂ ਦੀਆਂ ਕਈ ਜਾਤੀਆਂ ਹੋਂਦ ਵਿਚ ਆਈਆਂ। ਕੁਝ ਲਗਾਤਾਰ ਹਰ ਸਮੇਂ ਪਾਣੀ ਵਿਚ ਹੀ ਰਹੀਆਂ। ਕੁਝ ਜਾਤੀਆਂ ਜਿਨ੍ਹਾਂ ਵਿਚ ਅੰਗ ਵਿਕਸਿਤ ਸਨ, ਬਹੁਤਾ ਸਮਾਂ ਧਰਤੀ ਉਤੇ ਬਿਤਾਉਣ ਲਗੀਆਂ ਅਤੇ ਆਂਡੇ ਦੇਣ ਲਈ ਪਾਣੀ ਵਿਚ ਚਲੀਆਂ ਜਾਂਦੀਆਂ ਸਨ। ਕਾਰਬਨੀਫ਼ੈਰਸ ਕਾਲ ਵਿਚ ਹੀ ਇਹ ਪ੍ਰਾਣੀ ਤਿੰਨ ਮੁੱਖ ਕਿਸਮਾਂ ਵਿਚ ਵੰਡੇ ਗਏ ਸਨ। ਉਸ ਸਮੇਂ ਦੇ ਪ੍ਰਾਣੀ ਅਜੋਕੇ ਪ੍ਰਾਣੀਆਂ ਨਾਲੋਂ ਕੁਝ ਭਿੰਨ ਸਨ। ਕਰੋੜਾ ਸਾਲਾਂ ਬਾਅਦ ਮੀਜ਼ੋਜ਼ੋਇਕ ਕਾਲ ਵਿਚ ਮਿਲਣ ਵਾਲੇ ਪ੍ਰਾਣੀਆਂ ਦੇ ਫ਼ੌਸਿਲ ਅਜੋਕੇ ਪ੍ਰਾਣੀਆਂ ਨਾਲ ਮਿਲਦੇ ਹਨ। ਸੀਸਿਲੀਅਨ ਕਿਸਮਾਂ ਦੇ ਫ਼ੌਸਿਲ ਨਹੀਂ ਮਿਲਦੇ। ਕਾਰਬਨੀਫ਼ੈਰਸ ਕਾਲ ਦੇ ਅਖ਼ੀਰ ਵਿਚ ਧਰਤੀ ਅਤੇ ਜਲਵਾਯੂ ਵਿਚ ਤਬਦੀਲੀ ਸ਼ੁਰੂ ਹੋ ਗਈ। ਕੋਲੇ ਵਾਲੀਆਂ ਦਲਦਲਾਂ ਦੀ ਥਾਂ ਖੁਸ਼ਕ ਉੱਚੇ ਇਲਾਕੇ ਬਣ ਗਏ। ਨਤੀਜੇ ਵਜੋਂ ਪਾਣੀ ਉਤੇ ਨਿਰਭਰ ਜਲ-ਥਲੀ ਪ੍ਰਾਣੀ ਮਰ ਗਏ। ਇਸ ਸਮੇਂ ਜੋ ਜਲ-ਥਲੀ ਪ੍ਰਾਣੀ ਧਰਤੀ ਉਪਰ ਰਹਿਣ ਦੇ ਵਧੇਰੇ ਸਮਰੱਥ ਸਨ ਉਨ੍ਹਾਂ ਵਿਚ ਵਿਕਾਸ ਹੋਇਆ ਅਤੇ ਰੀਂਗਣੇ ਪ੍ਰਾਣੀਆਂ ਦੀਆਂ ਕਈ ਕਿਸਮਾਂ ਵਿਕਸਿਤ ਹੋਈਆਂ।

ਹ. ਪੁ.-ਐਨ. ਅਮੈ. 1: 755; ਐਨ. ਬ੍ਰਿ. ਮੈ. 13 : 423

**ਜਲ-ਤਰੰਗ** : ਭਾਰਤੀ ਸੰਗੀਤ ਦੇ ਸੰਸਕ੍ਰਿਤ ਗ੍ਰੰਥਾਂ ਵਿਚ ਜਲ-ਤਰੰਗ ਸਾਜ਼ ਦਾ ਵਰਣਨ ਸਭ ਤੋਂ ਪਹਿਲਾਂ ਸੰਗੀਤ ਪਾਰਿਜਾਤ ਗ੍ਰੰਥ ਵਿਚ ਹੋਇਆ ਹੈ। ਸਾਜ਼ਾਂ ਦੀਆਂ ਪ੍ਰਮੁੱਖ ਚਾਰ ਜਾਂ ਪੰਜ ਸ਼੍ਰੇਣੀਆਂ ਵਿਚੋਂ ਇਸ ਨੂੰ ਘਨ-ਵਾਦਯ (ਠੋਕਰ ਨਾਲ ਵੱਜਣ ਵਾਲੇ ਸਾਜ਼) ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਅਠਾਰ੍ਹਵੀਂ ਸਦੀ ਦੇ ਗ੍ਰੰਥ 'ਸੰਗੀਤ ਸਾਰ' ਕ੍ਰਿਤ ਸਵਾਈ ਪ੍ਰਤਾਪ ਸਿੰਘ (ਮਹਾਰਾਜਾ ਜੈਪੁਰ) ਦੇ ਮੱਤ ਅਨੁਸਾਰ ਜਲ-ਤਰੰਗ ਵਿਚ 22 ਜਾਂ 15 ਕਟੋਰੀਆਂ ਦਾ ਪ੍ਰਯੋਗ ਹੁੰਦਾ ਸੀ ਪਰ ਆਧੁਨਿਕ ਕਾਲ ਵਿਚ ਰਾਗ ਦੇ ਸੁਰਾਂ ਅਨੁਸਾਰ ਇਨ੍ਹਾਂ ਦੀ ਗਿਣਤੀ ਵੱਧ ਜਾਂ ਘੱਟ ਵੀ ਹੋ ਸਕਦੀ ਹੈ। ਮੱਧ ਕਾਲੀਨ ਜਲ-ਤਰੰਗ ਵਿਚ ਕਾਂਸੀ ਜਾਂ ਪਿੱਤਲ ਦੀਆਂ ਕਟੋਰੀਆਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਆਧੁਨਿਕ ਜਲ-ਤਰੰਗ ਵਿਚ ਇਹ ਚੀਨੀ-ਮਿੱਟੀ ਦੀਆਂ ਬਣੀਆਂ ਹੁੰਦੀਆਂ ਹਨ। ਇਹ ਗੋਲ ਹੁੰਦੀਆਂ ਹਨ ਅਤੇ ਕ੍ਰਮਾਨੁਸਾਰ ਇਕ ਦੂਜੇ ਨਾਲੋਂ ਛੋਟੀਆਂ ਹੋਈ ਜਾਂਦੀਆਂ ਹਨ, ਅਰਥਾਤ ਮੰਦਰ ਸਪਤਕ ਦੀਆਂ ਕਟੋਰੀਆਂ ਵੱਡੀਆਂ, ਮੱਧ ਸਪਤਕ ਦੀਆਂ ਦਰਮਿਆਨੇ ਤੇ ਤਾਰ ਸਪਤਕ ਦੀਆਂ ਛੋਟੀਆਂ ਹੁੰਦੀਆਂ ਹਨ। ਸੁਰਬੱਧ ਕਰਨ ਲਈ ਇਨ੍ਹਾਂ ਵਿਚ ਪਾਣੀ ਪਾਇਆ ਜਾਂਦਾ ਹੈ ਤੇ ਰਾਗ ਤੇ ਸੁਰਾਂ ਅਨੁਸਾਰ ਪਤਲੀ ਛੜੀ ਜਾਂ ਸੋਟੀ (ਬੈਂਤ) ਨਾਲ ਖੜਕਾ ਕੇ ਇਨ੍ਹਾਂ ਨੂੰ ਸੁਰ-ਬੱਧ ਕੀਤਾ ਜਾਂਦਾ ਹੈ। ਵਾਦਕ-ਕਲਾਕਾਰ ਸਾਰੀਆਂ ਕਟੋਰੀਆਂ ਅੱਧ ਚੱਕਰ ਦੇ ਰੂਪ ਵਿਚ ਰੱਖਕੇ ਅਤੇ ਆਪ ਮੱਧ ਭਾਗ ਵਿਚ ਬੈਠ ਕੇ, ਦੋਹਾਂ ਹੱਥਾਂ ਵਿਚ ਫੜੇ ਬੈਂਤ ਨਾਲ ਇਨ੍ਹਾਂ ਨੂੰ ਵਜਾਉਂਦਾ ਹੈ।

ਤਰੰਗ ਨਾਂ ਦੇ ਅਨੇਕਾਂ ਪ੍ਰਕਾਰ ਦੇ ਸਾਜ਼ਾਂ ਵਿਚੋਂ ਜਲ-ਤਰੰਗ ਸਭ ਤੋਂ ਵੱਧ ਹਰਮਨ ਪਿਆਰਾ, ਸਾਜ਼ ਹੈ। ਅਨੇਕਾਂ ਵਿਦਵਾਨਾਂ ਦੀ ਰਾਇ ਹੈ ਕਿ ਪ੍ਰਾਚੀਨ ਭਾਰਤ ਦੇ ਪੂਰਬੀ ਤੇ ਉੱਤਰੀ ਸੀਮਾਵਰਤੀ ਇਲਾਕਿਆਂ

ਵਿਚ ਇਹ ਸਾਜ਼ ਪ੍ਰਚੱਲਤ ਸੀ, ਪਰ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਦੀ ਕਾਢ ਬਰਮਾ, ਬਾਲੀ ਤੇ ਜਾਵਾ ਆਦਿ ਵਿਚ ਪ੍ਰਚੱਲਤ ਤਰੰਗ ਅਤੇ ਗੇਮਲਨ ਸਾਜ਼ਾਂ ਵਿਚ ਅਦਲਾ-ਬਦਲੀ ਕਰਕੇ ਕੀਤੀ ਗਈ।

ਮੱਧ ਕਾਲੀਨ ਜਲ-ਤਰੰਗ ਨੂੰ ਜਲਯੰਤਰ ਵੀ ਕਹਿੰਦੇ ਸਨ। ਇਸ ਦੇ ਪਾਣੀ ਨੂੰ ਹਿਲਾ ਕੇ ਕਈ ਕਲਾਕਾਰ 'ਗਮਕ' ਕਿਰਿਆ ਵੀ ਕਰਦੇ ਹਨ ਪਰ ਇਸ ਤਰ੍ਹਾਂ ਦੀ ਕਿਰਿਆ ਨੂੰ ਸ਼ੁੱਧ ਰੂਪ ਵਿਚ ਗਮਕ ਨਹੀਂ ਕਿਹਾ ਜਾ ਸਕਦਾ।

—ਦਰਸ਼ਨ ਸਿੰਘ ਨਰੂਲਾ

**ਜਲ-ਦੇਵੀ** : ਯੂਨਾਨੀ ਮਿਥਿਹਾਸ ਵਿਚ ਇਹ ਨਿਮਨ ਮਦੀਨ ਦੈਵੀ ਸ਼ਕਤੀਆਂ ਦੇ ਇਕ ਬਹੁਤ ਵੱਡੇ ਸਮੂਹ ਦਾ ਨਾਂ ਹੈ। ਅੰਗਰੇਜ਼ੀ ਸ਼ਬਦ (nymph) ਬਾਰੇ ਯਕੀਨੀ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਸ ਸ਼ਬਦ ਦਾ ਮੂਲ ਕੀ ਹੈ। ਇਸ ਦਾ ਆਮ ਅਰਥ 'ਇਕ ਵਿਆਹੁਣ ਯੋਗ ਇਸਤਰੀ' ਹੈ ਅਤੇ ਵਧੇਰੇ ਕਰਕੇ ਦਰਖ਼ਤਾਂ ਜਾਂ ਪਾਣੀ ਆਦਿ ਨਾਲ ਇਨ੍ਹਾਂ ਦਾ ਸਬੰਧ ਹੁੰਦਾ ਹੈ। ਚੰਗੇਰੇ ਦੇਵਤੇ ਖ਼ਾਸ ਕਰਕੇ ਆਰਟੀਮਿਸ, ਅਪਾਲੋ, ਡਾਇਉਨੀਸਸ ਅਤੇ ਹਰਮੀਜ਼ ਆਦਿ ਇਨ੍ਹਾਂ ਨਾਲ ਸਬੰਧਤ ਹਨ। ਜਲ-ਦੇਵੀਆਂ ਅਮਰ ਨਹੀਂ ਹੁੰਦੀਆਂ। ਇਨ੍ਹਾਂ ਦੀ ਉਮਰ ਬਹੁਤ ਲੰਬੀ ਦੱਸੀ ਜਾਂਦੀ ਹੈ। ਮਨੁੱਖਾਂ ਪ੍ਰਤੀ ਇਨ੍ਹਾਂ ਦਾ ਵਤੀਰਾ ਬੜਾ ਦਿਆਲੂ ਹੁੰਦਾ ਹੈ।

ਇਨ੍ਹਾਂ ਜਲ-ਦੇਵੀਆਂ ਦੀਆਂ ਵੱਖ ਵੱਖ ਕਿਸਮਾਂ ਹਨ ਜਿਵੇਂ ਸਮੁੰਦਰੀ ਪਰੀਆਂ, ਲੂਣੇ ਅਤੇ ਤਾਜ਼ੇ ਪਾਣੀ ਦੇ, ਚਸ਼ਮਿਆਂ, ਦਰਿਆਵਾਂ ਅਤੇ ਝੀਲਾਂ ਦੀਆਂ ਜਲ-ਦੇਵੀਆਂ ਅਤੇ ਪਹਾੜਾਂ, ਗੁਫਾਵਾਂ, ਤੰਗ ਘਾਟੀਆਂ ਅਤੇ ਦਰਖ਼ਤਾਂ ਦੇ ਝੁੰਡਾਂ ਦੀਆਂ ਪਰੀਆਂ।

ਹ. ਪੁ.—ਐਨ. ਬ੍ਰਿ. 16: 809

**ਜਲੰਧਰ** : ਜ਼ਿਲ੍ਹਾ—ਭਾਰਤ ਦੇ ਸਰਹੱਦੀ ਰਾਜ ਪੰਜਾਬ ਵਿਚ ਇਹ ਇਸੇ ਹੀ ਨਾਂ ਦੇ ਮੰਡਲ ਦਾ ਇਕ ਜ਼ਿਲ੍ਹਾ ਹੈ ਜਿਹੜਾ ਸਤਲੁਜ ਅਤੇ ਬਿਆਸ ਦਰਿਆਵਾਂ ਦੁਆਰਾ ਬਣਾਏ ਬਿਸਤ ਦੁਆਬ ਵਿਚ ਸਥਿਤ ਹੈ। ਜ਼ਿਲ੍ਹੇ ਦੇ ਪੂਰਬ ਵੱਲ ਅਤੇ ਉੱਤਰ ਵੱਲ ਨੂੰ ਹੁਸ਼ਿਆਰਪੁਰ ਜ਼ਿਲ੍ਹਾ ਅਤੇ ਪੱਛਮ ਵੱਲ ਨੂੰ ਕਪੂਰਥਲਾ ਜ਼ਿਲ੍ਹਾ ਲੱਗਦਾ ਹੈ। ਇਸ ਜ਼ਿਲ੍ਹੇ ਦ 1991 ਵਿਚ ਕੁੱਲ ਰਕਬਾ 3,401 ਵ. ਕਿ. ਮੀ. ਅਤੇ ਆਬਾਦੀ 20,26,787 ਸੀ। ਇਸੇ ਤਰ੍ਹਾਂ ਪ੍ਰਬੰਧਕੀ ਪੱਖੋਂ ਇਸ ਨੂੰ ਚਾਰ ਤਹਿਸੀਲਾਂ—ਜਲੰਧਰ, ਨਕੋਦਰ, ਨਵਾਂਸ਼ਹਿਰ ਅਤੇ ਫ਼ਿਲੌਰ; ਪੰਜ ਉਪ-ਤਹਿਸੀਲਾਂ—ਕਰਤਾਰਪੁਰ, ਭੋਗਪੁਰ, ਬੰਗਾ, ਸ਼ਾਹਕੋਟ ਅਤੇ ਨੂਰ ਮਹਿਲ ਵਿਚ ਵੰਡਿਆ ਹੋਇਆ ਸੀ ਪਰ ਅਕਤੂਬਰ 1995 ਵਿਚ ਨਵਾਂਸ਼ਹਿਰ ਜ਼ਿਲ੍ਹਾ ਬਣ ਜਾਣ ਕਾਰਨ ਨਵਾਂਸ਼ਹਿਰ ਤਹਿਸੀਲ ਅਤੇ ਬੰਗਾ ਉਪ-ਤਹਿਸੀਲ ਇਸ ਵਿਚੋਂ ਨਿਕਲ ਗਏ। ਜਲੰਧਰ ਸ਼ਹਿਰ ਹੀ ਜਲੰਧਰ ਮੰਡਲ ਅਤੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ।

ਇਸ ਜ਼ਿਲ੍ਹੇ ਨੇ ਬਿਸਤ ਦੁਆਬ ਦੀ ਇਕ ਨੁਕਰ ਮੱਲੀ ਹੋਈ ਹੈ ਅਤੇ ਸ਼ਕਲ ਵਿਚ ਇਹ ਇਕ ਬੇਢਬੀ ਜਿਹੀ ਤਿਕੋਣ ਵਰਗਾ ਹੈ ਅਤੇ ਇਸ ਦਾ ਇਕ ਪਾਸੇ ਨੂੰ ਕਪੂਰਥਲਾ ਜ਼ਿਲ੍ਹੇ ਦੀ ਫਗਵਾੜਾ ਤਹਿਸੀਲ ਨੇ ਵਿੰਗ ਜਿਹਾ ਪਾਇਆ ਹੋਇਆ ਹੈ। ਇਹ ਵਿੰਗ ਜਲੰਧਰ ਜ਼ਿਲ੍ਹੇ ਦੇ ਅੰਦਰ ਨੂੰ ਕੋਈ 25 ਕਿ. ਮੀ. (15 ਮੀਲ) ਤੱਕ ਤੁਰਿਆ ਜਾਂਦਾ ਹੈ। ਸਤਲੁਜ ਦਰਿਆ ਇਸ ਤਿਕੋਣ ਦਾ ਆਧਾਰ ਬਣਾਉਂਦਾ ਹੈ ਅਤੇ ਦੱਖਣ ਵੱਲੋਂ ਲੁਧਿਆਣਾ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਨੂੰ ਜਲੰਧਰ ਜ਼ਿਲ੍ਹੇ ਨਾਲੋਂ ਵੱਖ ਕਰਦਾ ਹੈ। ਰਕਬੇ ਪੱਖੋਂ ਇਹ ਰਾਜ ਦਾ ਛੋਟਾ ਜ਼ਿਲ੍ਹਾ ਹੈ।

ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਭੂਗੋਲਕ ਪੱਖੋਂ ਇਹ ਜ਼ਿਲ੍ਹਾ ਤਿੰਨ ਉਪ-ਖੇਤਰਾਂ ਵਿਚ ਵੰਡਿਆ ਹੋਇਆ ਹੈ।

1. ਸਤਲੁਜ ਦੇ ਹਿਠਾੜ ਦਾ ਇਲਾਕਾ—ਜਿਸ ਵਿਚ ਨਕਦੋਰ ਅਤੇ ਫ਼ਿਲੌਰ ਤਹਿਸੀਲਾਂ ਦਾ ਬੇਟ ਇਲਾਕਾ ਸ਼ਾਮਲ ਹੈ।

2. ਵੇਈਂ ਨਦੀ ਦੇ ਉੱਤਰ ਵੱਲ ਨੂੰ ਪੈਂਦਾ ਉੱਤਾੜ ਦਾ ਇਲਾਕਾ; ਅਤੇ

3. ਵੇਈਂ ਨਦੀ ਦੇ ਪੱਛਮ ਵੱਲ ਨੂੰ ਪੈਂਦਾ ਉੱਤਾੜ ਦਾ ਇਲਾਕਾ।

ਸਤਲੁਜ ਦਰਿਆ ਦਾ ਪੁਰਾਣਾ ਉੱਤਰੀ ਕੰਢਾ ਫ਼ਿਲੌਰ ਅਤੇ ਨਕੋਦਰ ਤਹਿਸੀਲਾਂ ਨੂੰ ਦੋ ਹਿੱਸਿਆਂ-ਉੱਤਾੜ ਅਤੇ ਹਿਠਾੜ ਵਿਚ ਵੰਡਦਾ ਹੈ। ਹਿਠਾੜ ਦੇ ਇਲਾਕਿਆਂ ਨੂੰ ਬੇਟ ਕਿਹਾ ਜਾਂਦਾ ਹੈ ਅਤੇ ਉੱਤਾੜ ਦੇ ਇਲਾਕਿਆਂ ਨੂੰ ਢਾਹ ਜਾਂ ਢਾਹਾ ਕਿਹਾ ਜਾਂਦਾ ਹੈ। ਹਰੇਕ ਤਹਿਸੀਲ ਵਿਚ ਹੀ ਬੇਟ ਜ਼ਮੀਨ ਦਰਿਆ ਦੇ ਮਾਰਗ ਦੇ ਬਦਲਣ ਨਾਲ ਹੀ ਹੋਂਦ ਵਿਚ ਆਈ ਹੈ। ਨਵਾਂਸ਼ਹਿਰ ਤਹਿਸੀਲ ਵਿਚ ਬੇਟ ਦਾ ਇਲਾਕਾ 6 ਕਿ.ਮੀ. (ਲ. 4 ਮੀਲ) ਚੌੜਾ ਹੈ। ਫਿਲੌਰ ਤਹਿਸੀਲ ਵਿਚ, ਦੋ ਥਾਵਾਂ ਨੂੰ ਛੱਡ ਕੇ, ਬੇਟ ਦਾ ਇਲਾਕਾ ਕਦੇ ਕਦਾਈਂ ਹੀ 3 ਕਿ. ਮੀ. ($1\frac{1}{2}$ ਮੀਲ) ਚੌੜਾ ਹੁੰਦਾ ਹੈ; ਐਪਰ ਨਕੋਦਰ ਤਹਿਸੀਲ ਜਿਥੇ ਦਰਿਆ ਦਾ ਨਵਾਂ ਵਹਿਣ ਲਗਭਗ ਪੁਰਾਣੇ ਵਹਿਣ ਦੇ ਨਾਲ ਹੀ ਤੁਰਿਆ ਜਾਂਦਾ ਹੈ, ਇਕ ਸਾਰ ਹੀ 13 ਕਿ. ਮੀ. (ਲ. 8 ਮੀਲ) ਚੌੜਾ ਹੈ। ਜਲ-ਨਿਕਾਸ ਦਾ ਕੰਮ ਉੱਤਾੜ ਵਲੋਂ ਬੇਟ ਵੱਲ ਨੂੰ ਛੋਟੇ ਛੋਟੇ ਚੋਅ (ਬਰਸਾਤੀ ਨਾਲਿਆ) ਦੁਆਰਾ ਹੁੰਦਾ ਹੈ। ਇਹ ਚੋਅ ਆਪਣੇ ਨਾਲ ਅਕਸਰ ਰੇਤ ਲਿਆਉਂਦੇ ਹਨ, ਦਰਿਆ ਦੇ ਕੰਢਿਆਂ ਨੂੰ ਖੱਡਾਂ ਦਾ ਰੂਪ ਦੇ ਦਿੰਦੇ ਹਨ ਅਤੇ ਖੋਭਿਆਂ ਅਤੇ ਦਲਦਲਾਂ ਨੂੰ ਹੋਂਦ ਵਿਚ ਲਿਆਉਂਦੇ ਹਨ।

ਦਰਿਆ ਦੀਆਂ ਉੱਤਾੜ ਵੱਲ ਦੀਆਂ ਤਿੰਨੇ ਤਹਿਸੀਲਾਂ ਬਿਲਕੁਲ ਪੱਧਰੀਆਂ ਹਨ ਪਰ ਨਕੋਦਰ ਦੇ ਪੱਛਮ ਵੱਲ ਦੇ ਇਲਾਕੇ ਵੱਲ ਰੇਤ ਦੀਆਂ ਉੱਚੀਆਂ ਥਾਵਾਂ ਆਮ ਹਨ। ਜਿਉਂ ਜਿਉਂ ਅਸੀਂ ਪੱਛਮ ਵੱਲ ਤੁਰੇ ਜਾਂਦੇ ਹਾਂ ਤਾਂ ਜ਼ਮੀਨ ਦੀ ਕਿਸਮ ਮਾੜੀ ਹੀ ਆਈ ਜਾਂਦੀ ਹੈ। ਨਵਾਂਸ਼ਹਿਰ ਵਿਚ ਵਧੇਰੇ ਕਰਕੇ ਸਖ਼ਤ ਮੈਰਾ ਜ਼ਮੀਨ ਜਾਂ ਚੀਕਨੀ ਮਿੱਟੀ ਮਿਲਦੀ ਹੈ ਅਤੇ ਫ਼ਿਲੌਰ ਤਹਿਸੀਲ ਵਿਚ ਆਮ ਕਰਕੇ ਦਰਮਿਆਨੇ ਰੂਪ ਵਿਚ ਸਖ਼ਤ ਮੈਰਾ ਜ਼ਮੀਨ ਮਿਲਦੀ ਹੈ। ਨਕੋਦਰ ਤਹਿਸੀਲ ਵਿਚ, ਬੇਈਂ ਦੇ ਪੂਰਬ ਵੱਲ ਦੀ ਜ਼ਮੀਨ ਸਗੋਂ ਲਾਲ ਰੰਗ ਦੀ ਮੈਰਾ ਕਿਸਮ ਦੀ ਹੈ ਅਤੇ ਵੇਈਂ ਦੇ ਪੱਛਮ ਵੱਲ ਰੇਤ ਬਹੁਤ ਜ਼ਿਆਦਾ ਹੈ ਅਤੇ ਨੀਵੇਂ ਨੀਵੇਂ ਰੇਤ ਦੇ ਟਿੱਬੇ ਵੀ ਮਿਲਦੇ ਹਨ। ਆਮ ਬੋਲਣ-ਢੰਗ ਵਿਚ ਇਹ ਉੱਤਾੜ (ਉੱਚ ਭੂਮੀਆਂ) ਢੱਕ ਅਤੇ ਮਾਜਕੀ (Majki) ਨਾਂ ਦੇ ਦੋ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ। ਢੱਕ ਖੇਤਰ ਨਵਾਂਸ਼ਹਿਰ ਦੀ ਪੂਰਬੀ ਹੱਦ ਤੋਂ ਲੈ ਕੇ ਫਿਲੌਰ ਤੱਕ ਜਰਨੈਲੀ ਸੜਕ ਵੱਲ ਨੂੰ ਫੈਲਿਆ ਹੋਇਆ ਹੈ। ਇਸ ਖੇਤਰ ਦਾ ਨਾਂ ਇਸ ਇਲਾਕੇ ਵਿਚ ਵਧੇਰੇ ਕਰਕੇ ਢੱਕ ਨਾਂ ਦੇ ਦਰੱਖ਼ਤਾਂ ਦੇ ਉੱਗਣ ਪਿੱਛੇ ਹੀ ਪਿਆ ਹੈ। ਮਾਂਜਕੀ ਖੇਤਰ ਢੱਕ ਖੇਤਰ ਤੋਂ ਲੈ ਕੇ ਵੇਈਂ ਦੇ ਪੱਛਮ ਤੱਕ ਫੈਲਿਆ ਹੋਇਆ ਹੈ ਅਤੇ ਇਸ ਖੇਤਰ ਦਾ ਨਾਂ ਇਕ ਰਾਜਪੂਤ ਕਬੀਲੇ ਮਾਂਜ ਜਿਨ੍ਹਾਂ ਦਾ ਕਿਸੇ ਵੇਲੇ ਇਸ ਇਲਾਕੇ ਉਪਰ ਰਾਜ ਭਾਗ ਹੁੰਦਾ ਸੀ, ਦੇ ਨਾਂ ਪਿੱਛੇ ਪਿਆ ਸੀ।

ਵੇਈਂ ਦੇ ਪੱਛਮ ਵੱਲ ਦੀਆਂ ਉਚਾਣ-ਭੂਮੀਆਂ ਵਿਚ ਡੋਨਾ (Dona) ਅਤੇ ਸਿਰਵਾਲ (Sirwal) ਨਾਂ ਦੇ ਦੋ ਪ੍ਰਸਿੱਧ ਖੇਤਰ ਸ਼ਾਮਲ ਹਨ। ਡੋਨਾ ਖੇਤਰ ਵੇਈਂ ਵੱਲ ਦੇ ਪੱਛਮ ਵਿਚ ਪੈਂਦੀਆਂ ਨਕੋਦਰ ਅਤੇ ਜਲੰਧਰ ਤਹਿਸੀਲਾਂ ਦਾ ਇਕ ਹਿੱਸਾ ਹੈ। ਡੋਨਾ ਸ਼ਬਦ ਤੋਂ ਭਾਵ ਅਜਿਹੀ ਜ਼ਮੀਨ ਤੋਂ ਹੈ ਜਿਸ ਵਿਚ ਰੇਤ ਅਤੇ ਚੀਕਨੀ ਮਿਟੀ ਦੇ ਤੱਤ ਸ਼ਾਮਲ ਹੁੰਦੇ ਹਨ। ਅੱਜਕੱਲ੍ਹ ਇਥੇ ਵਧੇਰੇ ਕਰਕੇ ਰੇਤਾ ਹੈ, ਚੀਕਨੀ ਮਿੱਟੀ ਬਹੁਤ ਹੀ ਘੱਟ ਰਹਿ ਗਈ ਹੈ। ਜਲੰਧਰ ਜ਼ਿਲ੍ਹੇ ਦੀ ਬਾਕੀ ਤਹਿਸੀਲ ਸਿਰਵਾਲ ਖ਼ੇਤਰ ਵਿਚ ਪੈਂਦੀ ਹੈ ਅਤੇ ਇਹ ਇਲਾਕਾ ਜ਼ਿਲ੍ਹੇ ਦੇ ਉੱਤਰ-ਪੂਰਬੀ ਸਰਹੱਦ ਦੇ ਨਾਲ ਨਾਲ ਸਥਿਤ ਹੈ। ਇਸ ਇਲਾਕੇ ਵਿਚ ਬੇਟ ਵਾਲੇ ਇਲਾਕੇ ਦੇ ਲੱਛਣ ਮਿਲਦੇ ਹਨ ਪਰ ਇਸ ਇਲਾਕੇ ਵਿਚੋਂ ਦੀ ਕੋਈ ਵੀ ਦਰਿਆ ਨਹੀਂ ਵਹਿੰਦਾ। ਹੁਸ਼ਿਆਰਪੁਰ ਜ਼ਿਲ੍ਹੇ ਵੱਲੋਂ ਆਉਂਦੇ ਬਹੁਤ ਸਾਰੇ ਪਹਾੜੀ ਨਾਲੇ ਇਥੋਂ ਦੀ ਜ਼ਮੀਨ ਨੂੰ ਸਾਰਾ ਸਾਲ ਹੀ ਨਮੀ ਵਾਲੀ ਰੱਖਦੇ

ਹਨ ਭਾਵੇਂ ਇਹ ਨਾਲੇ ਕੇਵਲ ਭਾਰੀ ਬਰਸਾਤ ਦੌਰਾਨ ਹੀ ਵਗਦੇ ਹਨ। ਸਾਰਿਆਂ ਪਾਸਿਆਂ ਵੱਲ ਇਨ੍ਹਾਂ ਜਲ-ਨਿਕਾਸੀ ਦਰਿਆਈ ਮਾਰਗਾਂ ਕਾਰਨ ਸਖ਼ਤ ਚੀਕਣੀ ਮਿੱਟੀ ਦੇ ਟੁਕੜੇ ਅਤੇ ਪੱਟੀਆਂ ਵੀ ਮਿਲਦੀਆਂ ਹਨ।

ਇਹ ਜ਼ਿਲ੍ਹਾ ਸਤਲੁਜ ਅਤੇ ਬਿਆਸ ਦੇ ਬੇਸਿਨ ਦੇ ਵਿਚਕਾਰ ਸਥਿਤ ਹੈ। ਵੱਡਾ ਹਿੱਸਾ ਸਤਲੁਜ ਬੇਸਿਨ ਵਿਚ ਪੈਂਦਾ ਹੈ ਅਤੇ ਇਕ ਛੋਟਾ ਹਿੱਸਾ ਜਿਸ ਵਿਚ ਉੱਤਰ-ਪੱਛਮ ਵੱਲ ਨੂੰ ਪੈਂਦਾ ਜਲੰਧਰ ਤਹਿਸੀਲ ਦਾ ਲਗਭਗ ਅੱਧਾ ਹਿੱਸਾ ਸ਼ਾਮਲ ਹੈ, ਬਿਆਸ ਦੇ ਬੇਸਿਨ ਵਿਚ ਚਲਾ ਜਾਂਦਾ ਹੈ। ਇਥੋਂ ਸਤਲੁਜ ਦਰਿਆ ਵੱਲ ਨੂੰ ਸਿੱਧਾ ਜਲ-ਨਿਕਾਸ ਅਸਿੱਧੇ ਤੌਰ ਤੇ ਵੇਈਂ ਨਦੀ ਜਿਹੜੀ ਜਲੰਧਰ ਵਿਚ ਸਤਲੁਜ ਦੀ ਸਭ ਤੋਂ ਵੱਡੀ ਸਹਾਇਕ ਨਦੀ ਹੈ, ਦੇ ਰਸਤਿਓਂ ਸਤਲੁਜ ਦਰਿਆ ਵਿਚ ਹੋਈ ਜਾਂਦਾ ਹੈ।

ਸਤਲੁਜ ਦਰਿਆ ਰੋਪੜ ਦੇ ਸਥਾਨ ਤੋਂ ਲ. 100 ਕਿ. ਮੀ. (60 ਮੀਲ) ਪੱਛਮ ਵੱਲ ਮਿਲਕਪੁਰ ਨਾਂ ਦੇ ਪਿੰਡ ਤੋਂ ਇਸ ਜ਼ਿਲ੍ਹੇ ਵਿਚ ਦਾਖ਼ਲ ਹੁੰਦਾ ਹੈ। ਲਗਭਗ ਪੱਛਮ ਦੀ ਦਿਸ਼ਾ ਨੂੰ ਵਹਿੰਦਾ ਹੋਇਆ ਇਹ ਦਰਿਆ ਨਵਾਂਸ਼ਹਿਰ ਜ਼ਿਲ੍ਹੇ, ਫ਼ਿਲੌਰ ਅਤੇ ਨਕੋਦਰ ਤਹਿਸੀਲਾਂ ਦੀ ਦੱਖਣੀ ਸਰਹੱਦ ਬਣਾਉਂਦਾ ਹੈ ਅਤੇ ਫਿਰ ਇਹ ਦਰਿਆ ਨਕੋਦਰ ਅਤੇ ਜ਼ੀਰਾ ਤਹਿਸੀਲਾਂ ਦੀ ਸਾਂਝੀ ਸਰਹੱਦ ਦੇ ਨਾਲ ਨਾਲ ਹੋਰ ਫੈਲਾਓ ਨਾਲ ਉੱਤਰ-ਪੱਛਮ ਵੱਲ ਨੂੰ ਮੁੜ ਜਾਂਦਾ ਹੈ ਅਤੇ ਫਿਰ ਪੱਛਮ ਅਤੇ ਦੱਖਣ ਦੇ ਰੁਖ ਵਹਿੰਦਿਆਂ ਜਲੰਧਰ ਜ਼ਿਲ੍ਹੇ ਦੀ ਸਰਹੱਦ ਤੋਂ 6 ਕਿ. ਮੀ. (4 ਮੀਲ) ਦੇ ਫ਼ਾਸਲੇ ਤੋਂ ਬਿਆਸ ਦਰਿਆ ਦੇ ਪਾਣੀ ਇਸ ਦਰਿਆ ਵਿਚ ਆ ਰਲਦੇ ਹਨ। ਜਦੋਂ ਇਹ ਦਰਿਆ ਪੂਰਾ ਚੜ੍ਹਿਆ ਹੁੰਦਾ ਹੈ ਤਾਂ ਆਪਣੇ ਵਹਿਣ ਤੁਰੰਤ ਬਦਲ ਲੈਂਦਾ ਹੈ। ਇਹ ਆਪਣੇ ਕੰਢਿਆਂ ਉਪਰੋਂ ਦੀ ਵਹਿ ਤੁਰਦਾ ਹੈ ਅਤੇ ਆਪਣੀਆਂ ਪੁਰਾਣੀਆਂ ਸ਼ਾਖਾਵਾਂ ਅਤੇ ਨਿਵਾਣਾਂ ਨੂੰ ਪਾਣੀ ਨਾਲ ਭਰ ਦਿੰਦਾ ਹੈ। ਰੋਪੜ ਅਤੇ ਭਾਖੜਾ ਦੇ ਸਥਾਨਾਂ ਤੇ ਦਰਿਆ ਦੇ ਉਪਰਲੇ ਹਿੱਸੇ ਤੇ ਬੰਨ੍ਹ ਮਾਰਨ ਕਾਰਨ ਅਤੇ ਸਰਹਿੰਦ ਨਹਿਰੀ ਪ੍ਰਣਾਲੀ ਅਤੇ ਭਾਖੜਾ ਨਹਿਰੀ ਪ੍ਰਣਾਲੀ ਦੇ ਚਾਲੂ ਹੋ ਜਾਣ ਨਾਲ ਦਰਿਆ ਦੀ ਹੜ੍ਹ ਦੀ ਸਮਰੱਥਾ ਬਹੁਤ ਘੱਟ ਗਈ ਹੈ। ਸਰਦੀਆਂ ਵਿਚ ਦਰਿਆ ਵਿਚ ਘੱਟ ਹੀ ਪਾਣੀ ਹੁੰਦਾ ਹੈ ਪਰ ਵਰਖਾ ਰੁੱਤ ਵਿਚ ਇਹ ਫਿਰ ਆਪਣਾ ਪਹਿਲਾ ਰੂਪ ਧਾਰ ਲੈਂਦਾ ਹੈ।

ਸ਼ਿਵਾਲਿਕ ਪਹਾੜੀਆਂ ਦਾ ਜਲ-ਨਿਕਾਸ ਜਲੰਧਰ ਦੁਆਬ ਵਿਚੋਂ ਦੀ ਵਹਿਣ ਵਾਲੇ ਪੂਰਬੀ ਜਾਂ ਚਿਟੀ ਵੇਈਂ ਅਤੇ ਪੱਛਮੀ ਜਾਂ ਕਾਲੀ ਵੇਈਂ ਨਾਂ ਦੇ ਦੋ ਨਾਲਿਆਂ ਦੇ ਵਿਚੋਂ ਹੀ ਹੁੰਦਾ ਹੈ।

ਪੂਰਬੀ ਵੇਈਂ ਪਹਿਲਾਂ ਤਾਂ ਥੋੜ੍ਹੇ ਜਿਹੇ ਜਲ-ਨਿਕਾਸੀ ਜਲ-ਮਾਰਗਾਂ ਜਿਹੜੇ ਗੜ੍ਹਸ਼ੰਕਰ ਤਹਿਸੀਲਾਂ ਦੇ ਪਿੰਡਾਂ ਵਿਚੋਂ ਵਰਖਾ ਦਾ ਪਾਣੀ ਇਕੱਠਾ ਕਰਕੇ ਲਿਆਉਂਦੇ ਹਨ, ਦੁਆਰਾ ਹੋਂਦ ਵਿਚ ਆਉਂਦੀ ਹੈ। ਇਹ 8 ਕਿ.ਮੀ. ਦੇ ਫ਼ਾਸਲੇ ਤੋਂ ਨਵਾਂਸ਼ਹਿਰ ਜ਼ਿਲ੍ਹੇ ਵਿਚ ਦਾਖ਼ਲ ਹੁੰਦੀ ਹੈ ਇਥੇ ਇਸ ਨੂੰ ਜਦਲਾ ਵੇਈਂ (Jadla Bein) ਕਿਹਾ ਜਾਂਦਾ ਹੈ। ਫਿਰ ਕੋਈ 28 ਕਿ. ਮੀ. (16 ਮੀਲ) ਤੱਕ ਉੱਤਰ-ਪੱਛਮ ਵੱਲ ਵਹਿੰਦੀ ਹੈ ਅਤੇ ਭੌਰਾ ਪਿੰਡ ਕੋਲੋਂ ਗੜ੍ਹਸ਼ੰਕਰ ਵੇਈਂ ਇਸ ਵਿਚ ਆ ਰਲਦੀ ਹੈ। ਭੌਰਾ ਪਿੰਡ ਤੋਂ ਇਹ ਨਵਾਂਸ਼ਹਿਰ ਜ਼ਿਲ੍ਹੇ ਵਿਚ ਲ. 25 ਕਿ. ਮੀ. (ਲ. 14 ਮੀਲ) ਤੱਕ ਉੱਤਰ-ਪੱਛਮ ਦਿਸ਼ਾ ਵੱਲ ਅਤੇ ਕਪੂਰਥਲਾ ਜ਼ਿਲ੍ਹੇ ਦੀ ਫਗਵਾੜਾ ਤਹਿਸੀਲ ਵਿਚੋਂ ਦੀ 13 ਕਿ. ਮੀ. (8 ਮੀਲ) ਵਹਿੰਦੀ ਹੋਈ ਜਲੰਧਰ ਤਹਿਸੀਲ ਦੇ ਉੱਚਾ ਪਿੰਡ ਨੂੰ ਜਾ ਛੋਹਦੀ ਹੈ। ਇਸ ਸਾਰੇ ਮਾਰਗ ਦੌਰਾਨ ਇਸ ਵਿਚ ਕਈ ਛੋਟੇ ਛੋਟੇ ਦਰਿਆਈ ਮਾਰਗ ਰਲਦੇ ਹਨ। ਪਿਥਲਾਵਾ ਚੋ ਇਨ੍ਹਾਂ ਸਾਰਿਆਂ ਵਿਚੋਂ ਮਹੱਤਵਪੂਰਨ ਹੈ। ਉੱਚਾ ਪਿੰਡ ਤੋਂ ਇਹ ਨਦੀ ਦੱਖਣ-ਪੱਛਮ ਦੇ ਰੁਖ ਵਗਣ ਲੱਗ ਪੈਂਦੀ ਹੈ ਅਤੇ ਨਵਾਂਸ਼ਹਿਰ ਜ਼ਿਲ੍ਹੇ ਦੇ ਪੱਛਮੀ ਹਿੱਸੇ ਵੱਲੋਂ ਕਾਲੀ ਨਦੀ ਇਸ ਵਿਚ ਆ ਰਲਦੀ ਹੈ। ਦੱਖਣ ਵਾਲੇ ਪਾਸਿਓ ਫ਼ਿਲੌਰ ਦੇ ਕਈ ਜਲ-ਨਿਕਾਸੀ ਜਲ-ਮਾਰਗ ਵੀ ਇਸ ਵਿਚ ਆ ਰਲਦੇ ਹਨ। ਫਿਰ ਇਹ ਮਲਸੀਹਾਂ ਦੇ ਕੁਝ ਕਿ. ਮੀ. ਦੱਖਣ ਪੱਛਮ ਵੱਲ ਨਕੋਦਰ ਬੇਟ ਨਾਲ ਜਾ ਮਿਲਦੀ ਹੈ ਅਤੇ ਆਪਣੇ ਬਿਆਸ ਦਰਿਆ ਨਾਲ ਸੰਗਮ ਕਰਨ ਵਾਲੇ ਸਥਾਨ ਤੋਂ 6 ਕਿ. ਮੀ. (4 ਮੀਲ) ਉਪਰ ਵੱਲੋਂ ਇਹ ਲਗਭਗ ਸਾਰੀ ਦੀ ਸਾਰੀ ਹੀ ਬੇਟ ਵਿਚੋਂ ਦੀ ਪੱਛਮ ਵੱਲ ਨੂੰ ਵਹਿੰਦੀ ਹੋਈ ਸਤਲੁਜ ਵਿਚ ਜਾ ਰਲਦੀ ਹੈ।

ਇਸ ਤੋਂ ਇਲਾਵਾ ਜਲੰਧਰ ਤਹਿਸੀਲ ਦੇ ਉੱਤਰ-ਪੂਰਬੀ ਹਿੱਸੇ ਦਾ ਪਾਣੀ ਪੱਛਮੀ ਵੇਈਂ ਵਿਚ ਜਾ ਰਲਦਾ ਹੈ। ਬੇਟ ਦੇ ਇਲਾਕੇ ਵਿਚ ਬਹੁਤੇ ਪ੍ਰਸਿੱਧ ਨਾਲੇ ਨਵਾਂਸ਼ਹਿਰ (ਹੁਣ ਜ਼ਿਲ੍ਹਾ) ਵਿਚ ਹੀ ਮਿਲਦੇ ਹਨ ਅਤੇ ਇਨ੍ਹਾਂ ਨਾਲਿਆਂ ਨੂੰ ਪੂਰਬੀ ਨੈਰੀ ਅਤੇ ਪੱਛਮੀ ਨੈਰੀ ਕਿਹਾ ਜਾਂਦਾ ਹੈ। ਫ਼ਿਲੌਰ ਤਹਿਸੀਲ ਵਿਚ ਵੀ ਇਕ ਨਾਲਾ ਵਹਿੰਦਾ ਹੈ ਜਿਸ ਨੂੰ ਨੈਰੀ ਹੀ ਕਿਹਾ ਜਾਂਦਾ ਹੈ। ਨਕੋਦਰ ਬੇਟ ਵਿਚ ਵੀ ਥੋੜ੍ਹੇ ਹੀ ਵਰਣਨਯੋਗ ਨਾਲੇ ਹਨ। ਇਥੇ ਕੇਵਲ ਦੋ ਹੀ ਨਾਲੇ ਹਨ। ਇਕ ਸ਼ਾਹ ਕਮਾਲਵਾਲਾ ਹੈ ਅਤੇ ਦੂਜਾ ਚੋਲੀ (Choli) ਹੈ ਜਿਹੜਾ ਲੋਹੀਆਂ ਦੇ ਦੱਖਣ ਵੱਲ ਹੈ।

ਬਹੁਤ ਭਾਰੀਆਂ ਬਰਸਾਤਾਂ ਅਤੇ ਕਈ ਬਰਸਾਤੀ ਨਾਲਿਆਂ ਅਤੇ ਸਤਲੁਜ ਦਰਿਆ ਦੇ ਨੀਵਿਆਂ ਵਹਿਣਾਂ ਅਤੇ ਹੋਰਨਾਂ ਨਦੀਆਂ ਕਾਰਨ ਇਸ ਜ਼ਿਲ੍ਹੇ ਵਿਚ ਕਈ ਛੰਭ ਵੀ ਹੋਂਦ ਵਿਚ ਆ ਗਏ ਹਨ ਪਰ ਇਨ੍ਹਾਂ ਛੰਭਾਂ ਦੇ ਕੁਦਰਤੀ ਤੌਰ ਤੇ ਘੱਟ ਜਾਣ ਕਾਰਨ, ਭੌਂ-ਸੁਧਾਰ ਕਾਰਨ ਅਤੇ ਵਾਹੀ ਦੇ ਵਿਸਥਾਰ ਹੋ ਜਾਣ ਕਾਰਨ, ਛੰਭਾਂ ਦਾ ਵਿਸਥਾਰ ਅਤੇ ਗਿਣਤੀ ਹੌਲੀ ਹੌਲੀ ਘੱਟ ਗਈ ਹੈ। ਇਨ੍ਹਾਂ ਵਿਚੋਂ ਮਹੱਤਵਪੂਰਨ ਛੰਭ ਤਾਂ ਨਵਾਂਸ਼ਹਿਰ ਜ਼ਿਲ੍ਹੇ ਵਿਚ ਰਾਹੋਂ ਦੇ ਤੁਰਤ ਦੱਖਣ ਅਤੇ ਪੂਰਬ ਵੱਲ ਨੂੰ ਹਨ। ਜਲੰਧਰ ਜ਼ਿਲ੍ਹੇ ਵਿਚ ਇਕ ਵੱਡਾ ਛੰਭ ਬੁਲ੍ਹੋਵਾਲ ਵਿਖੇ ਹੈ। ਇਸ ਤੋਂ ਇਲਾਵਾ ਫ਼ਿਲੌਰ ਅਤੇ ਨਕੋਦਰ ਤਹਿਸੀਲ ਵਿਚ ਵੀ ਛੋਟੇ-ਛੋਟੇ ਛੰਭ ਹਨ।

**ਜਲਵਾਯੂ**—ਇਥੋਂ ਦਾ ਜਲਵਾਯੂ ਪੰਜਾਬ ਦੇ ਮੈਦਾਨਾਂ ਵਰਗਾ ਹੈ। ਇਥੇ ਸਰਦੀਆਂ ਵਿਚ ਸਖ਼ਤ ਸਰਦੀ ਅਤੇ ਗਰਮੀਆਂ ਵਿਚ ਸਖ਼ਤ ਗਰਮੀ ਪੈਂਦੀ ਹੈ। ਇਥੇ ਸਾਲਾਨਾ ਔਸਤ ਵਰਖਾ 65.26 ਸੈਂ. ਮੀ. (1992) ਹੁੰਦੀ ਹੈ। ਜ਼ਿਲ੍ਹੇ ਵਿਚ ਵਧੇਰੀ ਵਰਖਾ ਜੁਲਾਈ ਤੋਂ ਅਕਤੂਬਰ ਮਹੀਨਿਆਂ ਵਿਚ ਪੈਂਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਵਿਸਤ੍ਰਿਤ ਰੂਪ ਵਿਚ ਵਾਹੀ ਹੋ ਜਾਣ ਕਾਰਨ, ਜੰਗਲੀ ਜਾਨਵਰਾਂ ਲਈ ਤਾਂ ਇਥੇ ਬਿਲਕੁਲ ਥਾਂ ਹੀ ਨਹੀਂ ਰਹੀ। ਬੇਟ ਦੇ ਇਲਾਕਿਆਂ ਅਤੇ ਖੋਭਿਆਂ ਵਿਚ ਜੰਗਲੀ ਸੂਰ ਮਿਲਦੇ ਹਨ। ਸਤਲੁਜ ਦਰਿਆ ਵਿਚੋਂ ਕਈ ਕਿਸਮ ਦੀਆਂ ਮੱਛੀਆਂ ਕੱਢੀਆਂ ਜਾਂਦੀਆਂ ਹਨ। ਰੀਂਗਣ ਵਾਲੇ ਜੀਵਾਂ ਵਿਚੋਂ ਇਥੇ ਗੋਹ ਵਧੇਰੇ ਮਿਲਦੀ ਹੈ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਵਿਚ ਕਈ ਕਿਸਮ ਦੇ ਨਾਗ ਵੀ ਮਿਲਦੇ ਹਨ।

ਇਹ ਜ਼ਿਲ੍ਹਾ ਬਹੁਤ ਪ੍ਰਾਚੀਨਤਾ ਵਾਲਾ ਹੈ। ਇਸ ਜ਼ਿਲ੍ਹੇ ਦਾ ਜ਼ਿਕਰ ਪੌਰਾਣਾਂ ਅਤੇ ਮਹਾਂਭਾਰਤ ਵਿਚ ਵੀ ਆਇਆ ਹੈ। ਪਦਮ ਪੌਰਾਣ ਅਨੁਸਾਰ ਇਸ ਇਲਾਕੇ ਦਾ ਨਾਂ ਮਹਾਨ ਦੈਂਤ ਬਾਦਸ਼ਾਹ ਦਾਨਵ ਜਲੰਧਰ ਦੇ ਨਾਂ ਪਿੱਛੇ ਪਿਆ ਸੀ। ਜਦੋਂ ਜਲੰਧਰ ਜਵਾਨ ਹੋ ਗਿਆ ਤਾਂ ਦੈਂਤਾਂ ਦਾ ਗੁਰੂ ਸ਼ੁਕਰ (Shukra) ਜਲੰਧਰ ਦੇ ਪਿਤਾ ਸਮੁੰਦਰ (Ocean) ਕੋਲ ਹਾਜ਼ਰ ਹੋਇਆ ਅਤੇ ਉਸ ਨੂੰ ਪਵਿੱਤਰ ਆਦਮੀਆਂ ਦੀ ਪਵਿੱਤਰ ਥਾਂ ਜੰਬੂ ਦਵੀਪ (Jambu dwipa) ਤੋਂ ਪਿਛਾਂਹ ਹਟਣ ਲਈ ਅਤੇ ਜਲੰਧਰ ਦੀ ਰਿਹਾਇਸ਼ ਲਈ ਕਾਫ਼ੀ ਸਾਰੀ ਥਾਂ ਛੱਡਣ ਲਈ ਬੇਨਤੀ ਕੀਤੀ। ਸਮੁੰਦਰ ਨੇ ਆਪਣੀਆਂ ਲਹਿਰਾਂ ਪਿੱਛੇ ਮੋੜ ਲਈਆਂ ਅਤੇ 300 ਯੋਜਨ ਦੀ ਲੰਬਾਈ ਵਿਚ ਫੈਲਿਆ ਇਕ ਇਲਾਕਾ ਪੈਦਾ ਕਰ ਦਿੱਤਾ। ਇਹੀ ਇਲਾਕਾ ਪਵਿੱਤਰ ਜਲੰਧਰ ਦੇ ਨਾਂ ਪਿੱਛੇ ਜਲੰਧਰ ਬਣ ਗਿਆ। ਭੂ-ਵਿਗਿਆਨੀਆਂ ਨੇ ਵੀ ਇਸ ਮਿਥਿਹਾਸਕ ਕਹਾਣੀ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਸਮੁੰਦਰ ਜਲੰਧਰ ਦੁਆਬ ਦੇ ਉਪਰੋਂ ਦੀ ਸ਼ਿਵਾਲਿਕ ਪਹਾੜੀਆਂ ਦੇ ਗੁਆਂਢ ਤੱਕ ਫੈਲਿਆ ਹੁੰਦਾ ਸੀ। ਮਹਾਂਭਾਰਤ

ਤੇ ਆਧਾਰਤ ਇਕ ਜ਼ਿਕਰ ਅਨੁਸਾਰ ਜਲੰਧਰ ਰਾਜ ਦੀ ਨੀਂਹ ਮੁਲਤਾਨ ਦੇ ਸੁਸਰਾਮ ਚੰਦਰ (Susram Chandra) ਨਾਂ ਦੇ ਇਕ ਰਾਜਪੂਤ ਬਾਦਸ਼ਾਹ ਨੇ ਰੱਖੀ ਸੀ। ਇਹ ਇਲਾਕਾ ਤਿੰਨ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੁਆਰਾ ਸਿੰਜਿਆ ਜਾਂਦਾ ਸੀ ਅਤੇ ਇਸੇ ਕਰਕੇ ਹੀ ਇਸ ਨੂੰ ਤ੍ਰਿਗਰਤ (Trigartte) ਵੀ ਕਿਹਾ ਜਾਂਦਾ ਸੀ।

## ਇਤਿਹਾਸ

ਜਲੰਧਰ ਸਬੰਧੀ ਸਭ ਤੋਂ ਪਹਿਲਾਂ ਇਤਿਹਾਸਕ ਜ਼ਿਕਰ ਉੱਤਰੀ ਭਾਰਤ ਦੇ ਕੁਸ਼ਾਨ ਬਾਦਸ਼ਾਹ ਕਨਿਸ਼ਕ ਵੇਲੇ ਆਉਂਦਾ ਹੈ। ਬਾਦਸ਼ਾਹ ਕਨਿਸ਼ਕ ਦੇ ਵੇਲੇ ਹੀ ਲਗਭਗ 100 ਈ. ਵਿਚ ਬੁੱਧ ਧਰਮ ਦੀਆਂ ਪਵਿੱਤਰ ਲਿਖਤਾਂ ਨੂੰ ਇਕੱਠਾ ਕਰਨ ਅਤੇ ਵੱਖ ਵੱਖ ਫ਼ਿਰਕਿਆਂ ਵਿਚ ਸਮਝੌਤਾ ਕਰਵਾਉਣ ਲਈ ਬੋਧੀ ਉਸਤਾਦਾਂ ਦੀ ਇਥੇ ਕੌਂਸਲ ਬੁਲਾਈ ਗਈ ਸੀ। ਸੱਤਵੀਂ ਸਦੀ ਵਿਚ ਜਦੋਂ ਚੀਨੀ ਯਾਤਰੀ ਹਿਊਨ ਸਾਂਗ ਰਾਜਾ ਹਰਸ਼ ਵਰਧਨ ਦੇ ਰਾਜ ਕਾਲ ਸਮੇਂ ਭਾਰਤ ਆਇਆ ਸੀ ਤਾਂ ਉਸ ਵੇਲੇ ਜਲੰਧਰ ਜਾਂ ਤ੍ਰਿਗਰਤ ਦਾ ਰਾਜਾ ਅਤੀਤੋ ਰਾਜੇ ਦੇ ਅਧੀਨ ਹੁੰਦਾ ਸੀ ਅਤੇ ਇਸ ਵਿਚ ਚੰਬਾ, ਮੰਡੀ, ਸੁਕੇਤ ਨਾਂ ਦੀਆਂ ਪਹਾੜੀ ਰਿਆਸਤਾਂ ਅਤੇ ਮੈਦਾਨੀ ਇਲਾਕਿਆਂ ਵਿਚੋਂ ਸਤਾਦਰੂ (Satadru) ਜਾਂ ਸਰਹਿੰਦ ਦਾ ਇਲਾਕਾ ਸ਼ਾਮਲ ਹੁੰਦਾ ਸੀ। ਬਾਰ੍ਹਵੀਂ ਸਦੀ ਵਿਚ ਇਸ ਇਲਾਕੇ ਉੱਤੇ ਰਾਜਪੂਤ ਰਾਜਿਆਂ ਦਾ ਵੀ ਰਾਜ ਹੁੰਦਾ ਸੀ।

ਰਾਜਪੂਤਾਂ ਪਿੱਛੋਂ ਇਹ ਇਲਾਕਾ ਗ਼ਜ਼ਨੀ ਦੇ ਇਕ ਤੁਰਕੀ ਸਰਦਾਰ (ਇਬਰਾਹੀਮ ਸ਼ਾਹ) ਅਧੀਨ ਚਲਾ ਗਿਆ। ਮੁਇਜ਼ਦੀਨ ਬਹਿਰਾਮ ਸ਼ਾਹ (1240-42) ਵੇਲੇ ਇਹ ਇਲਾਕਾ ਦਿੱਲੀ ਸਲਤਨਤ ਦੀ ਇਕ ਜਾਗੀਰ ਹੁੰਦਾ ਸੀ। ਇਸ ਤੋਂ ਅੱਗੋਂ ਇਸ ਇਲਾਕੇ ਦੇ ਮੈਦਾਨੀ ਹਿੱਸੇ ਉੱਤੇ ਮੁਸਲਮਾਨਾਂ ਦਾ ਬੋਲਬਾਲਾ ਹੋ ਗਿਆ। ਸੱਯਦ ਖ਼ਾਨਦਾਨ (1415-1450) ਵੇਲੇ ਦੇਸ਼ ਵਿਚ ਅਸ਼ਾਂਤੀ ਹੀ ਰਹੀ ਅਤੇ ਬਗਾਵਤਾਂ ਹੁੰਦੀਆਂ ਰਹੀਆਂ। ਬਾਗੀ ਸਰਦਾਰਾਂ ਦਾ ਮੁੱਖ ਨਿਸ਼ਾਨਾ ਦਿੱਲੀ ਸਲਤਨਤ ਦੇ ਜਲੰਧਰ ਅਤੇ ਸਰਹਿੰਦ ਦੇ ਗਵਰਨਰ ਹੀ ਹੁੰਦੇ ਸਨ। ਮੁਗ਼ਲ ਹੱਲਿਆਂ ਨੇ ਦਿੱਲੀ ਸਲਤਨਤ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ ਅਤੇ ਆਖ਼ਰ 1450 ਵਿਚ ਸਰਹਿੰਦ ਦੇ ਗਵਰਨਰ ਬਹਿਲੋਲ ਖਾਂ ਲੋਧੀ ਨੇ ਦਿੱਲੀ ਤੇ ਆਪਣਾ ਅਧਿਕਾਰ ਜਮਾ ਲਿਆ। ਲੋਧੀ ਬੰਸ ਅਧੀਨ ਵੀ ਦੇਸ਼ ਦਾ ਕੋਈ ਬਹੁਤਾ ਸੁਧਾਰ ਨਾ ਹੋਇਆ। ਅਫ਼ਗਾਨ ਸਰਦਾਰ ਲੋਧੀ ਸਲਤਨਤ ਤੋਂ ਤਾਕਤ ਖੋਹਣ ਦੇ ਮਨਸੂਬੇ ਬਣਾਉਣ ਲੱਗ ਪਏ ਅਤੇ ਨਾਲ ਹੀ ਉਨ੍ਹਾਂ ਨੇ ਬਾਬਰ ਨੂੰ ਦਿੱਲੀ ਤੇ ਹਮਲਾ ਕਰਨ ਲਈ ਸੱਦ ਲਿਆ। ਬਾਬਰ ਨੇ ਦਿੱਲੀ ਉੱਤੇ ਹਮਲਾ ਕਰਦਿਆਂ ਸਾਰ ਹੀ ਸਾਰਾ ਚਾਰਜ ਆਪਣੇ ਅਧੀਨ ਕਰ ਲਿਆ ਅਤੇ ਮੁਗ਼ਲ ਰਾਜ ਸਥਾਪਿਤ ਕਰ ਦਿੱਤਾ।

ਕਾਂਗੜੇ ਨੂੰ ਅਧੀਨ ਕਰਨ ਉਪਰੰਤ ਸ਼ਹਿਨਸ਼ਾਹ ਅਕਬਰ ਨੇ ਆਪਣੀ ਰਿਹਾਇਸ਼ ਜਲੰਧਰ ਵਿਖੇ ਹੀ ਰੱਖਣੀ ਆਰੰਭ ਕਰ ਦਿੱਤੀ। ਉਸ ਦੇ ਰਾਜ ਕਾਲ ਦੌਰਾਨ ਹੀ, ਉਸ ਦੇ ਸਰਦਾਰ ਬੈਰਮ ਖ਼ਾਂ ਨੇ ਮੁਗ਼ਲ ਹਕੂਮਤ ਵਿਰੁੱਧ ਵਿਦਰੋਹ ਖੜ੍ਹਾ ਕਰ ਦਿੱਤਾ ਅਤੇ ਫ਼ੌਜਾਂ ਇਕੱਠੀਆਂ ਕਰਕੇ ਜਲੰਧਰ ਉੱਤੇ ਹਮਲੇ ਕਰਨ ਦੀ ਤਿਆਰੀ ਕਰ ਲਈ ਪਰ ਰਾਹੋਂ ਦੇ ਉੱਤਰ-ਪੱਛਮ ਵੱਲ ਗੁਨਾਕੌਰ ਦੇ ਸਥਾਨ ਤੇ ਉਸ ਨੂੰ ਕਰਾਰੀ ਹਾਰ ਹੋਈ। ਅਕਬਰ ਦੇ ਰਾਜ-ਕਾਲ ਦੌਰਾਨ ਜਲੰਧਰ ਵਿਖੇ ਤਾਂਬੇ ਦੇ ਸਿੱਕੇ ਬਣਾਏ ਜਾਣ ਲੱਗ ਪਏ ਸਨ ਅਤੇ ਉਸ ਦੇ ਲਾਇਕ ਵਜ਼ੀਰ ਟੋਡਰ ਮੱਲ ਨੇ ਜਲੰਧਰ ਦੁਆਬ ਵਿਚ ਭੋਂ-ਮਾਲੀਏ ਦਾ ਬੰਦੋਬਸਤ ਕੀਤਾ।

ਜਹਾਂਗੀਰ ਦੇ ਰਾਜ-ਕਾਲ ਦੌਰਾਨ (1605-27) ਨੂਰ ਜਹਾਂ ਦੇ ਨੂਰ ਮਹਿਲ ਨਾਲ ਵਿਸ਼ੇਸ਼ ਲਗਾਉ ਕਾਰਨ, ਜਲੰਧਰ ਦੁਆਬ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਨੂਰ ਜਹਾਂ ਦੀ ਪਾਲਣਾ-ਪੋਸਣਾ ਵੀ ਨੂਰ ਮਹਿਲ ਵਿਖੇ ਹੋਈ ਸੀ ਅਤੇ ਉਸਨੇ ਹੋਰਨਾਂ ਇਮਾਰਤਾਂ ਤੋਂ ਇਲਾਵਾ ਉਥੇ ਇਕ ਸਰਾਂ ਵੀ ਬਣਵਾਈ। ਕਿਹਾ ਜਾਂਦਾ ਹੈ ਕਿ ਜਦੋਂ ਕਦੇ ਉਹ ਦਿੱਲੀ ਅਤੇ ਲਾਹੌਰ ਵਿਚਕਾਰੋਂ ਦੀ ਲੰਘਦੀ ਹੁੰਦੀ ਸੀ ਤਾਂ ਉਹ ਇਸੇ ਸਰਾਂ ਵਿਚ ਹੀ ਠਹਿਰਦੀ ਹੁੰਦੀ ਸੀ। ਸ਼ਾਹਜਹਾਂ (1627-58) ਵੇਲੇ ਦਿੱਲੀ ਅਤੇ ਲਾਹੌਰ ਵਿਚਕਾਰ ਇਕ ਸ਼ਾਹਰਾਹ ਬਣਾਇਆ ਗਿਆ। ਇਸੇ ਸ਼ਾਹਰਾਹ ਉੱਤੇ ਪੈਂਦੀ ਇਕ ਥਾਂ ਤੇ ਇਕ ਸਰਾਂ ਬਣਾਈ ਗਈ ਸੀ ਜਿਹੜੀ ਸਮਾਂ ਪਾ ਕੇ ਫ਼ਿਲੌਰ ਨਾਂ ਦੇ ਸ਼ਹਿਰ ਵਜੋਂ ਵਿਕਸਿਤ ਹੋ ਗਈ। ਦੱਖਣੀ (Dakhni) ਵਿਖੇ ਬਣੀ ਸਰਾਂ, ਜਲੰਧਰ ਸ਼ਹਿਰ ਵਿਚ ਬਣੀਆਂ ਬਸਤੀਆਂ ਅਤੇ ਫਗਵਾੜਾ (ਜਿਸ ਨੂੰ ਸ਼ੁਰੂ ਵਿਚ ਸ਼ਾਹਜਹਾਂਪੁਰ ਕਿਹਾ ਜਾਂਦਾ ਸੀ) ਉਨ੍ਹਾਂ ਹੀ ਦਿਨਾਂ ਵਿਚ ਹੋਂਦ ਵਿਚ ਆਏ ਸਨ। ਸੰਨ 1634 ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਮੁਗ਼ਲ ਫ਼ੌਜਾਂ ਵਿਚਕਾਰ ਕਰਤਾਰਪੁਰ ਵਿਖੇ ਲੜਾਈ ਹੋਈ ਜਿਸ ਵਿਚ ਮੁਗ਼ਲਾਂ ਨੂੰ ਮੁਕੰਮਲ ਹਾਰ ਹੋਈ। ਸਤਾਰ੍ਹਵੀਂ ਸਦੀ ਦੇ ਬਾਕੀ ਰਹਿੰਦੇ ਸਮੇਂ ਤੱਕ ਵੀ ਜਲੰਧਰ ਪੱਕੇ ਤੌਰ ਤੇ ਹੀ ਦਿੱਲੀ ਸਾਮਰਾਜ ਨਾਲ ਜੁੜਿਆ ਰਿਹਾ। ਔਰੰਗਜ਼ੇਬ ਦੀ ਮੌਤ (1707) ਦੇ ਨਾਲ ਹੀ ਮੁਗ਼ਲ ਸਾਮਰਾਜ ਖੇਰੂੰ ਖੇਰੂੰ ਹੋਣਾ ਸ਼ੁਰੂ ਹੋ ਗਿਆ। ਨਾਦਰਸ਼ਾਹ ਦੇ ਹਮਲੇ ਨੇ ਤਾਂ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹੀ ਹਿਲਾ ਦਿੱਤੀਆਂ। ਮੁਗ਼ਲ ਸਾਮਰਾਜ ਹਰ ਪਾਸਿਓਂ ਹੀ ਦੁਸ਼ਮਣਾਂ ਨਾਲ ਘਿਰ ਗਿਆ। ਪੰਜਾਬ ਵਿਚ ਮੁਗ਼ਲ ਸਾਮਰਾਜ ਨਾਲ ਟੱਕਰ ਲੈਣ ਲਈ ਸਿੱਖ ਕੌਮ ਖੜ੍ਹੀ ਹੋ ਗਈ।

ਸੰਨ 1708 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਟੱਕਰ ਲੈਣ ਲਈ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ। ਉਸਨੇ ਜਲੰਧਰ-ਦੁਆਬ ਵਿਚੋਂ ਦੀ ਆਪਣੀਆਂ ਫ਼ੌਜਾਂ ਨਾਲ ਕੂਚ ਕੀਤਾ ਅਤੇ ਰਾਹ ਵਿਚ ਆਉਂਦੇ ਹਰੇਕ ਜ਼ਾਲਮ ਨੂੰ ਜਮਪੁਰੀ ਸਿਧਾਰਿਆ। ਸੰਨ 1716 ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨਾਲ ਸਿੱਖੀ ਦੀ ਆਵਾਜ਼ ਥੋੜ੍ਹਾ ਚਿਰ ਲਈ ਤਾਂ ਬੰਦ ਹੋ ਗਈ ਪਰ ਖਾਲਸਾ ਅਜੇ ਖਤਮ ਨਹੀਂ ਸੀ ਹੋਇਆ। ਸੰਨ 1738-39 ਵਿਚ ਨਾਦਰ ਸ਼ਾਹ ਨੇ ਹਿੰਦੁਸਤਾਨ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ ਨੂਰ ਮਹਿਲ ਨੂੰ ਮਲੀਆਮੇਟ ਕਰ ਦਿੱਤਾ ਗਿਆ। ਹੁਣ ਸਿੱਖਾਂ ਨੇ ਵੀ ਹਥਿਆਰ ਚੁੱਕ ਲਏ ਪਰ 1743 ਵਿਚ ਜਲੰਧਰ ਦੁਆਬ ਦੇ ਗਵਰਨਰ ਅਦੀਨਾ ਬੇਗ ਤੋਂ ਹਾਰ ਗਏ।

ਸੰਨ 1748 ਤੋਂ 1752 ਵਿਚਕਾਰ ਜਦੋਂ ਮੀਰ ਮਨੂੰ ਪੰਜਾਬ ਦਾ ਗਵਰਨਰ ਬਣਿਆ ਤਾਂ ਉਸ ਨੇ ਅਦੀਨਾ ਬੇਗ ਨੂੰ ਜਲੰਧਰ ਦੁਆਬ ਵਿਚ ਆਪਣਾ ਨਾਇਬ ਰੱਖੀ ਰੱਖਿਆ। ਅਹਿਮਦ ਸ਼ਾਹ ਅਬਦਾਲੀ ਦਾ ਪੰਜਾਬ ਉਪਰੋਂ ਚੌਥੇ ਹਮਲੇ (1755) ਸਮੇਂ ਆਪਣਾ ਤਾਂ ਬਹੁਤ ਭਾਰੀ ਨੁਕਸਾਨ ਹੋਇਆ ਪਰ ਉਸਨੇ ਨੂਰ ਮਹੱਲ ਨੂੰ ਖ਼ੂਬ ਲੁੱਟਿਆ ਅਤੇ ਇਥੋਂ ਦੇ ਲੋਕਾਂ ਨੂੰ ਕਤਲ ਕਰ ਦਿੱਤਾ। ਉਸਨੇ ਦਿੱਲੀ ਨੂੰ ਵੀ ਬਹੁਤ ਲੁੱਟਿਆ ਅਤੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ। ਵਾਪਸੀ ਸਮੇਂ ਉਸਨੇ ਕਰਤਾਰਪੁਰ ਸ਼ਹਿਰ ਨੂੰ ਲੁੱਟਿਆ, ਸ਼ਹਿਰ ਨੂੰ ਅੱਗ ਲਾਈ ਪਰ ਸਿੱਖਾਂ ਨੇ ਇਸ ਦਾ ਬਦਲਾ 1757 ਵਿਚ ਲਿਆ ਜਦੋਂ ਬਾਬਾ ਵਡਭਾਗ ਸਿੰਘ ਨੇ ਜਲੰਧਰ ਦੀ ਇੱਟ ਨਾਲ ਇੱਟ ਵਜਾ ਦਿੱਤੀ ਸੀ ਅਤੇ ਜਲੰਧਰ ਦੀਆਂ ਬਸਤੀਆਂ ਵਿਚ ਵਸਦੇ ਅਫ਼ਗਾਨਾਂ ਨੂੰ ਮਾਰ ਮੁਕਾਇਆ ਸੀ।

ਸੰਨ 1763 ਵਿਚ ਸਿੱਖਾਂ ਨੇ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਂ ਨੂੰ ਸਰਹਿੰਦ ਵਿਖੇ ਹੀ ਹਰਾਇਆ ਅਤੇ ਕਤਲ ਕਰ ਦਿੱਤਾ। ਇਸ ਜਿੱਤ ਨਾਲ ਸਿੱਖਾਂ ਦੀ ਮੁੜ ਸਰਦਾਰੀ ਕਾਇਮ ਹੋ ਗਈ। ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਉੱਤੇ ਹੋਰ ਵੀ ਕਈ ਹਮਲੇ ਕੀਤੇ ਪਰ ਸਿੱਖਾਂ ਦੀ ਚੜ੍ਹਤ ਪੂਰੇ ਜ਼ੋਰਾਂ ਤੇ ਰਹੀ। ਇਸ ਤਰ੍ਹਾਂ ਸਿੱਖ ਮਿਸਲਾਂ ਦਾ ਯੁੱਗ ਸ਼ੁਰੂ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਵਲੋਂ ਸਾਰੀਆਂ ਸਿੱਖ ਮਿਸਲਾਂ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲੈਣ ਤੋਂ ਪਹਿਲਾ ਹੀ ਅੰਗਰੇਜ਼

ਹਿੰਦੁਸਤਾਨ ਵਿਚ ਦਾਖਲ ਹੋ ਚੁੱਕੇ ਸਨ। ਸੰਨ 1809 ਵਿਚ ਮਹਾਰਾਜਾ ਸਾਹਿਬ ਅਤੇ ਅੰਗਰੇਜ਼ਾਂ ਵਿਚਕਾਰ ਇਕ ਸੰਧੀ ਹੋਈ ਜਿਸ ਅਨੁਸਾਰ ਸਤਲੁਜ ਪਾਰ ਦੀਆਂ ਰਿਆਸਤਾਂ ਈਸਟ ਇੰਡੀਆ ਕੰਪਨੀ ਦੀ ਸੁਰੱਖਿਆ ਸਪੁਰਦ ਕਰ ਦਿੱਤੀਆਂ ਗਈਆਂ ਅਤੇ ਮਹਾਰਾਜਾ ਰਣਜੀਤ ਸਿੰਘ ਆਪਣੀਆਂ ਫ਼ੌਜਾਂ ਸਤਲੁਜ ਦਰਿਆ ਦੇ ਉੱਤਰ ਵੱਲ ਨੂੰ ਹੀ ਸੀਮਿਤ ਰੱਖਣ ਵਿਚ ਸਹਿਮਤ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਜਲੰਧਰ ਦੁਆਬ ਵਿਚ ਕਈ ਗਵਰਨਰ ਰਹੇ। ਸਭ ਤੋਂ ਪਹਿਲਾ ਅਤੇ ਸਭ ਤੋਂ ਪ੍ਰਸਿੱਧ ਗਵਰਨਰ ਕਮਾਂਡਰ-ਇਨ-ਚੀਫ਼ ਦੀਵਾਨ ਮੋਹਕਮ ਚੰਦ ਸੀ। ਸੰਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਸੰਨ 1845 ਵਿਚ ਖ਼ਾਲਸਾ ਫ਼ੌਜਾਂ ਨੇ ਸਤਲੁਜ ਦਰਿਆ ਪਾਰ ਕਰ ਲਿਆ ਅਤੇ ਇਸ ਤਰ੍ਹਾਂ ਪਹਿਲਾ ਸਿੱਖ ਯੁੱਧ ਸ਼ੁਰੂ ਹੋ ਗਿਆ। ਜਲੰਧਰ ਦੁਆਬ ਵਿਚ ਕੋਈ ਮਹੱਤਵਪੂਰਨ ਲੜਾਈ ਨਾ ਹੋਈ। ਸਰਦਾਰ ਰਣਜੋਧ ਸਿੰਘ ਮਜੀਠੀਏ ਦੀ ਫ਼ੌਜ ਨੇ ਦੁਆਬੇ ਦੇ ਰਸਤਿਓਂ ਕੂਚ ਕੀਤਾ ਅਤੇ ਕਪੂਰਥਲੇ ਦੇ ਨਿਹਾਲ ਸਿੰਘ ਆਹਲੂਵਾਲੀਏ ਦੀਆਂ ਫ਼ੌਜਾਂ ਵੀ ਉਸ ਨਾਲ ਆ ਰਲੀਆਂ। 17 ਜਨਵਰੀ, 1846 ਨੂੰ ਖ਼ਾਲਸਾ ਫ਼ੌਜਾਂ ਨੇ ਫ਼ਿਲੌਰ ਦੇ ਸਥਾਨ ਤੋਂ ਸਤਲੁਜ ਦਰਿਆ ਪਾਰ ਕੀਤਾ ਅਤੇ ਬੱਦੋਵਾਲ ਦੇ ਸਥਾਨ ਹੋਈ ਅਸਥਾਈ ਜਿਹੀ ਜਿੱਤ ਉਪਰੰਤ ਖਾਲਸਾ ਫ਼ੌਜ ਸਰ ਹੈਨਰੀ ਸਮਿਥ ਦੀ ਅਗਵਾਈ ਥੱਲੇ ਲੜ ਰਹੀਆਂ ਗੋਰਾ ਫ਼ੌਜਾਂ ਹੱਥੋਂ ਅਲੀਵਾਲ ਦੇ ਸਥਾਨ ਤੇ ਹਾਰ ਗਈ। ਸਿੱਖ ਫ਼ਿਲੌਰ ਵੱਲ ਨੂੰ ਪਿੱਛੇ ਮੁੜ ਗਏ। ਬ੍ਰਿਗੇਡੀਅਰ ਵੀਲਰ (Brigadier Wheeler) ਦੀ ਕਮਾਨ ਥੱਲੇ ਗੋਰਾ ਫ਼ੌਜਾਂ ਨੇ ਸਿੱਖਾਂ ਦਾ ਪਿੱਛਾ ਕੀਤਾ ਅਤੇ ਫ਼ਿਲੌਰ ਦੇ ਸਥਾਨ ਤੋਂ ਸਿੱਖਾਂ ਨੂੰ ਤਿੱਤਰ-ਬਿੱਤਰ ਕਰ ਦਿੱਤਾ ਅਤੇ ਫ਼ਿਲੌਰ ਦੇ ਕਿਲੇ ਉੱਤੇ ਕਬਜ਼ਾ ਕਰ ਲਿਆ। ਗੋਰਾ ਫ਼ੌਜ ਦੀ ਬਹੁਗਿਣਤੀ ਨੇ ਸਭਰਾਵਾਂ ਵੱਲ ਨੂੰ ਕੂਚ ਕੀਤਾ ਜਿਥੇ ਆਖ਼ਰ ਨੂੰ ਖਾਲਸਾ ਫ਼ੌਜ ਦੀ ਹਾਰ ਹੋਈ। ਇਸ ਤਰ੍ਹਾਂ ਪਹਿਲਾ ਸਿੱਖ ਯੁੱਧ ਮੁੱਕ ਗਿਆ। ਅੰਗਰੇਜ਼ਾਂ ਨੇ ਜਲੰਧਰ ਦੁਆਬ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਅਤੇ ਇਸ ਨੂੰ ਇਕ ਕਮਿਸ਼ਨਰੀ ਦਾ ਰੂਪ ਦੇ ਦਿੱਤਾ। ਅੰਗਰੇਜ਼ਾਂ ਨੇ ਜਲੰਧਰ, ਫ਼ਿਲੌਰ, ਨਕੋਦਰ ਅਤੇ ਕਰਤਾਰਪੁਰ ਵਿਖੇ ਛਾਉਣੀਆਂ ਬਣਵਾ ਦਿੱਤੀਆਂ। ਇਨ੍ਹਾਂ ਵਿਚੋਂ ਇਸ ਸਮੇਂ ਕੇਵਲ ਇਕੋ ਇਕ ਜਲੰਧਰ ਛਾਉਣੀ ਮੌਜੂਦ ਹੈ ਬਾਕੀ ਤਿੰਨ ਛਾਉਣੀਆਂ ਮਗਰੋਂ ਖ਼ਤਮ ਕਰ ਦਿੱਤੀਆਂ। ਅੰਗਰੇਜ਼ ਸਰਕਾਰ ਨੇ ਇਲਾਕੇ ਵਿਚੋਂ ਇਨ੍ਹਾਂ ਹੀ ਸਿੱਖ ਕਿਲਿਆਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਇਹ ਕਦਮ ਸਿੱਖ ਸਰਦਾਰਾਂ ਨੂੰ ਬਹੁਤ ਮਾੜਾ ਲੱਗਾ ਅਤੇ ਨਤੀਜੇ ਵਜੋਂ 1848-1849 ਵਿਚ ਦੂਜਾ ਸਿੱਖ ਯੁੱਧ ਛਿੜ ਪਿਆ। ਇਸ ਵਾਰ ਫਿਰ ਜਲੰਧਰ ਜ਼ਿਲ੍ਹੇ ਵਿਚ ਕੋਈ ਲੜਾਈ ਨਾ ਹੋਈ। ਖਾਲਸਾ ਫ਼ੌਜ ਅਖ਼ੀਰ ਨੂੰ ਗੁਜਰਾਤ ਦੇ ਸਥਾਨ ਤੇ ਹਾਰ ਗਈ ਅਤੇ ਲਾਹੌਰ ਦੇ ਸਿੱਖ ਦਰਬਾਰ ਹੇਠਲਾ ਸਾਰਾ ਇਲਾਕਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ। ਅੰਗਰੇਜ਼ਾਂ ਨੇ ਛੇਤੀ ਹੀ ਇਥੇ ਅਮਨ ਕਾਨੂੰਨ ਸਥਾਪਿਤ ਕਰ ਲਿਆ। ਗਦਰ ਦੇ ਛਿੜਨ ਤੋਂ ਪਹਿਲਾਂ ਤੇ ਮਗਰੋਂ ਜਲੰਧਰ ਜ਼ਿਲ੍ਹੇ ਵਿਚ ਕੋਈ ਵੀ ਮਹੱਤਵਪੂਰਨ ਘਟਨਾ ਨਹੀਂ ਵਾਪਰੀ। ਗਦਰ ਦੌਰਾਨ ਤੋਪਖਾਨੇ ਨੂੰ ਛੱਡ ਕੇ ਜਲੰਧਰ ਵਿਚ ਬੈਠੀਆਂ ਸਾਰੀਆਂ ਦੇਸੀ ਫ਼ੌਜਾਂ ਨੇ ਵਿਦਰੋਹ ਖੜ੍ਹਾ ਕਰ ਦਿੱਤਾ ਸੀ।

ਸੰਨ 1858-59 ਵਿਚ ਸਤਲੁਜ ਅਤੇ ਬਿਆਸ ਵਿਚਕਾਰਲੇ ਹਿੱਸੇ ਨੂੰ ਫਿਰ ਤੋਂ ਸਿੱਧਾ ਤੇ ਪੱਕਾ ਕੀਤਾ ਗਿਆ। ਇਕ ਦਹਾਕੇ ਉਪਰੰਤ ਬਿਆਸ, ਜਲੰਧਰ ਅਤੇ ਫ਼ਿਲੌਰ ਵਿਚਕਾਰ ਇਕ ਰੇਲਵੇ ਲਾਈਨ ਚਾਲੂ ਕੀਤੀ ਗਈ। ਬਿਆਸ ਅਤੇ ਸਤਲੁਜ ਦਰਿਆਵਾਂ ਅਤੇ ਨਾਲ ਹੀ ਬੇਈਂ ਉਪਰ ਪੁਲ ਬਣਾ ਕੇ ਦੁਆਬੇ ਨੂੰ ਬਾਕੀ ਪੰਜਾਬ ਨਾਲ ਜੋੜ ਦਿੱਤਾ। ਨਿੱਕੀਆਂ ਵੱਡੀਆਂ ਤਬਦੀਲੀਆਂ ਤੋਂ ਇਲਾਵਾ ਇਸ ਜ਼ਿਲ੍ਹੇ ਦੀਆਂ ਸਰਹੱਦਾਂ ਪਹਿਲਾਂ ਵਾਲੀਆਂ ਹੀ ਕਾਇਮ ਰਹੀਆਂ। ਸੰਨ 1852 ਵਿਚ ਪੁਰਾਣਾ ਟਾਂਡਾ ਪਰਗਣਾ ਤੋੜ ਦਿੱਤਾ ਗਿਆ ਸੀ ਅਤੇ ਇਸ ਦਾ ਕੁਝ ਹਿੱਸਾ ਜਿਸ ਵਿਚ ਟਾਂਡਾ ਅਤੇ 68 ਹੋਰ ਪਿੰਡ ਸ਼ਾਮਲ ਸਨ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਤਬਦੀਲ ਕੀਤਾ ਗਿਆ। ਕੁਝ ਪਿੰਡਾਂ ਦੇ ਗਰੁੱਪ ਜਿਹੜੇ ਕਿ ਨਕੋਦਰ ਅਤੇ ਫ਼ਿਲੌਰ ਤਹਿਸੀਲ ਵਿਚ ਚਲੇ ਗਏ ਸਨ, ਨੂੰ ਛੱਡ ਕੇ ਬਾਕੀ ਜਲੰਧਰ ਜ਼ਿਲ੍ਹੇ ਵਿਚ ਸ਼ਾਮਲ ਕੀਤੇ ਗਏ। ਸੰਨ 1899 ਵਿਚ ਜਲੰਧਰ ਲੁਧਿਆਣਾ ਜ਼ਿਲ੍ਹਿਆਂ ਵਿਚਕਾਰ ਪਿੰਡਾਂ ਦਾ ਵਟਾਂਦਰਾ ਹੋਇਆ।

ਇਸ ਜ਼ਿਲ੍ਹੇ ਨੇ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਵਿਚ ਮਹਾਨ ਰੋਲ ਅਦਾ ਕੀਤਾ। ਇਸ ਤੋਂ ਇਲਾਵਾ ਗਦਰ ਲਹਿਰ (1913-15) ਵਿਚ ਵੀ ਇਸ ਜ਼ਿਲ੍ਹੇ ਦੇ ਇਨਕਲਾਬੀਆਂ ਨੇ ਉੱਘਾ ਹਿੱਸਾ ਪਾਇਆ। ਭਾਰਤ ਦੀ ਆਜ਼ਾਦੀ ਦੇ ਨਾਲ ਹੀ ਇਥੇ ਵੀ ਕਈ ਫ਼ਿਰਕੂ ਦੰਗੇ ਫਸਾਦ ਹੋਏ। ਹੋਰਨਾਂ ਜ਼ਿਲ੍ਹਿਆਂ ਵਾਂਗ ਇਸ ਜ਼ਿਲ੍ਹੇ ਦੀ ਸਾਰੀ ਮੁਸਲਮਾਨ ਵਸੋਂ ਵੀ ਪਾਕਿਸਤਾਨ ਨੂੰ ਚਲੀ ਗਈ ਅਤੇ ਉਨ੍ਹਾਂ ਦੀ ਥਾਂ ਪਾਕਿਸਤਾਨ ਤੋਂ ਉੱਜੜ ਕੇ ਆਏ ਲੱਖਾਂ ਹਿੰਦੂਆਂ ਤੇ ਸਿੱਖਾਂ ਨੇ ਲੈ ਲਈ।

ਆਰਥਿਕਤਾ

ਇਥੋਂ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਉੱਤੇ ਨਿਰਭਰ ਹੈ। ਇਥੋਂ ਦੀ ਜ਼ਮੀਨ ਬਹੁਤ ਜ਼ਰਖੇਜ਼ ਹੈ ਅਤੇ ਜਲ ਸਿੰਜਾਈ ਦੀਆਂ ਸਹੂਲਤਾਂ ਵੀ ਬਹੁਤ ਹਨ। ਇਥੇ ਜੋਤਾਂ ਛੋਟੀਆਂ ਛੋਟੀਆਂ ਹਨ ਅਤੇ ਕਿਸਾਨ ਸਾਲ ਵਿਚ ਘੱਟੋ-ਘੱਟ ਦੋ ਫ਼ਸਲਾਂ ਜ਼ਰੂਰ ਪੈਦਾ ਕਰਕੇ ਇਨ੍ਹਾਂ ਜੋਤਾਂ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਉਂਦੇ ਹਨ। ਰਾਜ ਦੇ ਹੋਰਨਾਂ ਜ਼ਿਲ੍ਹਿਆਂ ਵਾਂਗ ਇਥੇ ਵੀ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਹਾੜ੍ਹੀ ਦੀਆਂ ਫ਼ਸਲਾਂ ਵਿਚ ਕਣਕ, ਛੋਲੇ, ਜੌਂ, ਤੇਲ ਦੇ ਬੀਜ, ਚਾਰੇ ਦੀਆਂ ਫ਼ਸਲਾਂ, ਆਲੂ ਅਤੇ ਸਰਦੀਆਂ ਦੀਆਂ ਸਬਜ਼ੀਆਂ ਸ਼ਾਮਲ ਹਨ। ਸਾਉਣੀ ਦੀਆਂ ਫ਼ਸਲਾਂ ਵਿਚ ਚੌਲ, ਮੱਕੀ, ਗੰਨਾ, ਕਪਾਹ ਬਹੁਤ ਸਾਰੀਆਂ ਦਾਲਾਂ, ਬਾਜਰਾ ਅਤੇ ਮਿਰਚਾਂ, ਗੰਢੇ ਅਤੇ ਘੀਏ ਵਰਗੀਆਂ ਸਬਜ਼ੀਆਂ ਸ਼ਾਮਲ ਹਨ। ਇਨ੍ਹਾਂ ਦੋਹਾਂ ਫ਼ਸਲਾਂ ਦੀਆਂ ਰੁੱਤਾਂ ਵਿਚਾਲੇ ਥੋੜ੍ਹੀਆਂ ਜਿਹੀਆਂ ਹੋਰ ਫ਼ਸਲਾਂ ਜਿਵੇਂ ਤੋਰੀਆ ਜਿਹੜਾ ਦਸੰਬਰ ਦੇ ਅਖ਼ੀਰ ਵਿਚ ਪੱਕ ਜਾਂਦਾ ਹੈ ਅਤੇ ਇਸੇ ਤਰ੍ਹਾਂ ਦੀ ਤਮਾਕੂ ਅਤੇ ਖਰਬੂਜ਼ੇ ਜਿਹੜੇ ਜੂਨ ਦੇ ਅਖ਼ੀਰ ਵਿਚ ਪੱਕ ਜਾਂਦੇ ਹਨ, ਬੀਜੇ ਜਾਂਦੇ ਹਨ। ਸਾਉਣੀ ਦੀਆਂ ਫ਼ਸਲਾਂ ਦੇ ਮੁਕਾਬਲੇ ਹਾੜ੍ਹੀ ਦੀਆਂ ਫ਼ਸਲਾਂ ਥੱਲੇ ਵਧੇਰੇ ਰਕਬਾ ਹੈ।

ਇਹ ਜ਼ਿਲ੍ਹਾ ਉਦਯੋਗਿਕ ਪੱਖੋਂ ਕਾਫ਼ੀ ਪ੍ਰਸਿੱਧ ਹੈ। ਇਥੇ ਸੂਤੀ ਅਤੇ ਰੇਸ਼ਮੀ ਕੱਪੜਾ ਬੁਣਨ ਅਤੇ ਕੱਤਣ, ਭਾਂਡੇ ਬਣਾਉਣ, ਊਨੀ ਕੰਬਲ ਅਤੇ ਦਵਾਈਆਂ ਤਿਆਰ ਕਰਨ ਵਿਚ ਅਨੇਕਾਂ ਹੀ ਦਸਤਕਾਰ ਲੱਗੇ ਹੋਏ ਹਨ। ਪੁਰਾਣੇ ਸਮੇਂ ਦੇ ਉਦਯੋਗਾਂ ਵਿਚ ਫੁਲਕਾਰੀਆਂ, ਲਾਖ ਦੀਆਂ ਵਸਤਾਂ, ਗੁੜ ਅਤੇ ਦੇਸੀ ਖੰਡ, ਦੇਸੀ ਜੁੱਤੀਆਂ, ਵਾਣ, ਦਰੀਆਂ, ਫ਼ਰਨੀਚਰ, ਜ਼ਰਾਇਤੀ ਔਜ਼ਾਰ ਅਤੇ ਸੰਗੀਤ ਸਬੰਧੀ ਸਾਜ਼, ਕੋਹਲੂਆਂ ਨਾਲ ਤੇਲ ਕੱਢਣ, ਖੱਡੀਆਂ ਤੇ ਕੱਪੜਾ ਬੁਣਨ ਅਤੇ ਚਮੜਾ ਕਮਾਉਣ ਦੇ ਉਦਯੋਗ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਨ੍ਹਾਂ ਵਿਚੋਂ ਫੁਲਕਾਰੀਆਂ ਬਣਾਉਣ ਅਤੇ ਕੋਹਲੂਆਂ ਨਾਲ ਤੇਲ ਕੱਢਣ ਦਾ ਕੰਮ ਤਾਂ ਲਗਭਗ ਖ਼ਤਮ ਹੋ ਗਿਆ ਹੈ।

ਇਸ ਜ਼ਿਲ੍ਹੇ ਵਿਚ ਉਦਯੋਗਿਕ ਵਿਕਾਸ ਤਾਂ ਆਜ਼ਾਦੀ ਉਪਰੰਤ ਹੀ ਹੋਣਾ ਸ਼ੁਰੂ ਹੋਇਆ ਹੈ। ਇਹ ਸਾਰਾ ਵਿਕਾਸ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦੇ ਪੱਕੇ ਇਰਾਦੇ ਅਤੇ ਪਹਿਲ ਕਰਨ ਅਤੇ ਸਰਕਾਰ ਦੁਆਰਾ ਦਿੱਤੀ ਗਈ ਸਹਾਇਤਾ ਕਰਕੇ ਹੀ ਹੋਇਆ ਹੈ। ਸਿਆਲਕੋਟ (ਪਾਕਿਸਤਾਨ) ਵਰਗੇ ਸ਼ਹਿਰਾਂ ਵਿਚੋਂ ਉੱਠ ਕੇ ਆਏ ਉਦਯੋਗਪਤੀ ਅਤੇ ਦਸਤਕਾਰ ਇਥੇ ਆਣ ਆਬਾਦ ਹੋਏ ਅਤੇ ਸਰਕਾਰੀ ਸਹਾਇਤਾ ਨਾਲ ਉਹ ਫਿਰ ਪਹਿਲਾਂ ਵਾਲੇ ਆਪਣੇ ਕਿੱਤਿਆਂ ਵਿਚ ਜੁਟ ਗਏ। ਇਸ ਤਰ੍ਹਾਂ ਖੇਡਾਂ ਦੀਆਂ ਚੀਜ਼ਾਂ, ਸਰਜਰੀ ਸਬੰਧੀ ਔਜ਼ਾਰ, ਰਬੜ ਦੀਆਂ ਵਸਤਾਂ ਅਤੇ ਹੋਰ ਕਈ ਇੰਜੀਨੀਅਰੀ ਕਿੱਤੇ ਇਥੇ ਚਾਲੂ ਹੋ ਗਏ ਅਤੇ ਇਹ ਬਹੁਤ ਤੇਜ਼-ਰਫ਼ਤਾਰ ਨਾਲ ਉੱਨਤ ਹੋ ਗਏ।

ਖੰਡ. ਬਣਾਉਣ, ਸਰੀਆ ਬਣਾਉਣ, ਐਨੈਮਲ ਕਰਨਾ, ਜਲ-ਪਾਈਪਾਂ ਦੇ ਸਾਜ਼-ਸਾਮਾਨ, ਚਿਟਕਣੀਆਂ ਤੇ ਨਟ, ਜ਼ਰਾਇਤੀ ਸੰਦ, ਬਿਜਲਈ ਸਾਮਾਨ, ਰੇਡੀਓ ਰੀਸੀਵਰ, ਮੋਟਰ-ਗੱਡੀਆਂ ਦੇ ਹਿੱਸੇ ਅਤੇ ਸਾਈਕਲਾਂ ਦੇ ਹਿੱਸੇ ਤਿਆਰ ਕਰਨ ਦੇ ਉਦਯੋਗਾਂ ਵਿਚ ਇਹ ਜ਼ਿਲ੍ਹਾ ਆਪਣੇ ਆਪ ਨੂੰ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਹੋਣ ਦਾ ਦਾਅਵਾ ਕਰਦਾ ਹੈ। ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਜ਼ਰਾਇਤੀ ਸੰਦ, ਮਸ਼ੀਨੀ ਸੰਦ, ਚਿਟਕਣੀਆਂ ਅਤੇ ਨਟ, ਸਾਈਕਲ ਅਤੇ ਸਾਈਕਲਾਂ ਦੇ ਹਿੱਸੇ, ਸਿਲਾਈ ਮਸ਼ੀਨਾਂ ਤੇ ਪੁਰਜ਼ੇ, ਜਲ-ਪਾਈਪਾਂ ਦਾ ਸਾਮਾਨ, ਪਿੱਤਲ ਦੀਆਂ ਵਸਤਾਂ, ਖੇਡਾਂ ਦਾ ਸਾਮਾਨ ਅਤੇ ਮਸ਼ੀਨਰੀ ਪੇਚ, ਰਬੜ ਦੀਆਂ ਵਸਤਾਂ, ਧੂਪ ਅਤੇ ਤਾਰਪੀਨ, ਵਿਗਿਆਨਕ ਔਜ਼ਾਰ, ਮੋਟਰ-ਗੱਡੀਆਂ ਦੇ ਹਿੱਸੇ, ਬਿਜਲਈ ਵਸਤਾਂ, ਰੰਗ ਅਤੇ ਵਾਰਨਿਸ਼, ਬਾਲ-ਬੇਅਰਿੰਗ ਅਤੇ ਫ਼ਰਨੀਚਰ ਸ਼ਾਮਲ ਹਨ। ਖੇਡਾਂ ਦੇ ਸਾਮਾਨ ਬਣਾਉਣ ਵਿਚ ਤਾਂ ਜਲੰਧਰ ਨੇ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ।

ਰਾਜ ਦਾ ਕੇਂਦਰੀ ਜ਼ਿਲ੍ਹਾ ਹੋਣ ਕਰਕੇ ਇਹ ਸੰਚਾਰ ਦੇ ਬਹੁਤ ਵਧੀਆ ਸਾਧਨਾਂ ਦਾ ਮਾਣ ਕਰ ਸਕਦਾ ਹੈ। ਜ਼ਮੀਨ ਬਹੁਤ ਜ਼ਰਖੇਜ਼ ਹੈ ਅਤੇ ਵਾਹੀ ਵਿਸਤ੍ਰਿਤ ਰੂਪ ਵਿਚ ਕੀਤੀ ਜਾਂਦੀ ਹੈ। ਉਦਯੋਗਿਕ ਪੱਖੋਂ ਇਹ ਜ਼ਿਲ੍ਹਾ ਬਹੁਤ ਉੱਨਤ ਹੈ ਅਤੇ ਇਥੇ ਵੰਨ-ਸੁਵੰਨੇ ਉਦਯੋਗ ਲੱਗੇ ਹੋਏ ਹਨ। ਇਨ੍ਹਾਂ ਕਾਰਨਾਂ ਕਰਕੇ ਵਪਾਰ ਅਤੇ ਵਣਜ ਨੂੰ ਕਾਫ਼ੀ ਉਤਸ਼ਾਹ ਮਿਲਿਆ ਹੈ।

ਜ਼ਰਾਇਤੀ ਉਪਜ ਵਾਧੂ ਹੋਣ ਕਾਰਨ, ਇਥੇ ਬਹੁਤ ਵਧੀਆ ਅਨਾਜ ਮੰਡੀਆਂ ਹਨ। ਇਥੋਂ ਕਣਕ, ਛੋਲੇ, ਮੂੰਗਫਲੀ, ਕਪਾਹ ਅਤੇ ਆਲੂ ਬਾਹਰ ਭੇਜੇ ਜਾਂਦੇ ਹਨ ਅਤੇ ਉਦਯੋਗਿਕ ਵਸਤਾਂ ਵਿਚੋਂ ਇਥੋਂ ਖੇਡਾਂ ਦਾ ਸਾਮਾਨ, ਫ਼ਰਨੀਚਰ, ਸਾਈਕਲ, ਸਾਈਕਲਾਂ ਦੇ ਹਿੱਸੇ, ਸਿਲਾਈ ਮਸ਼ੀਨਾਂ ਅਤੇ ਵਧੀਆ ਜ਼ਰਾਇਤੀ ਸੰਦ ਬਾਹਰ ਭੇਜੇ ਜਾਂਦੇ ਹਨ। ਲੂਣ, ਖੰਡ, ਕੱਪੜਾ, ਮਿੱਟੀ ਦਾ ਤੇਲ, ਮੋਟਰ, ਧਾਤਾਂ, ਸੂਤੀ ਕੱਪੜੇ ਦੀਆਂ ਛੋਟੀਆਂ ਛੋਟੀਆਂ ਚੀਜ਼ਾਂ, ਗਰਮ ਕੱਪੜਾ ਅਤੇ ਮਸ਼ੀਨਰੀ ਬਾਹਰੋਂ ਮੰਗਵਾਏ ਜਾਂਦੇ ਹਨ।

ਜ਼ਿਲ੍ਹੇ ਵਿਚ ਰੇਲਾਂ ਤੇ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਡਾਕ, ਟੈਲੀਗ੍ਰਾਫ਼ ਅਤੇ ਟੈਲੀਫ਼ੂਨ ਦੀਆਂ ਸਹੂਲਤਾਂ ਵੀ ਇਸ ਜ਼ਿਲ੍ਹੇ ਵਿਚ ਬਹੁਤ ਹਨ।

ਲੋਕ

ਪ੍ਰਾਚੀਨ ਸਮੇਂ ਵਿਚ ਵੀ ਇਸ ਇਲਾਕੇ ਵਿਚ ਮਨੁੱਖੀ ਵਸੋਂ ਹੋਣ ਦੇ ਬਾਵਜੂਦ ਵੀ ਇਥੋਂ ਆਰੰਭਿਕ ਹਿੰਦੂ ਕਾਲ ਦੀਆਂ ਬਹੁਤ ਥੋੜ੍ਹੀਆਂ ਯਾਦਗਾਰਾਂ ਮਿਲੀਆਂ ਹਨ। ਜਲੰਧਰ ਵਿਖੇ ਇਕ ਗੁਫ਼ਾ ਮੰਦਰ ਹੈ। ਕਿਹਾ ਜਾਂਦਾ ਹੈ ਕਿ ਇਹ ਮੰਦਰ ਦਾਨਵ ਬਾਦਸ਼ਾਹ ਜਲੰਧਰ ਦਾ ਇਸ਼ਨਾਨ-ਘਰ ਹੁੰਦਾ ਸੀ। ਅਲਵਲਪੁਰ ਦੇ ਨੇੜੇ ਮੈਹਮਦਪੁਰ ਵਿਖੇ ਇਕ ਹੋਰ ਤਲਾਬ, ਭੀਖਮ ਸਰ ਹੈ। ਦੱਸਿਆ ਜਾਂਦਾ ਹੈ ਕਿ ਇਸ ਤਲਾਬ ਨੂੰ ਕੌਰਵਾਂ ਅਤੇ ਪਾਂਡਵਾਂ ਦੇ ਦਾਦੇ ਦੇ ਭਾਈ, ਭੀਸ਼ਮ ਪਿਤਾਮਾ ਨੇ ਪੁੱਟਿਆ ਸੀ। ਮਲਸੀਆ ਅਤੇ ਨਕੋਦਰ ਵਿਖੇ ਕਈ ਵੱਡੇ ਵੱਡੇ ਥੇਹ ਮੌਜੂਦ ਹਨ। ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਥੇਹ ਪ੍ਰਾਚੀਨ ਕਸਬਿਆਂ ਦੇ ਹੀ ਖੰਡਰ ਹਨ।

ਮੁਸਲਮਾਨੀ ਰਾਜ-ਕਾਲ ਦੀਆਂ ਸਭ ਤੋਂ ਪੁਰਾਣੀਆਂ ਇਮਾਰਤਾਂ ਵਿਚੋਂ ਜਲੰਧਰ ਸ਼ਹਿਰ ਵਿਚ ਇਮਾਮ ਨਾਸਰੁੱਦੀਨ ਦੀ ਮਜ਼ਾਰ, ਜਾਮਾ ਮਸਜਿਦ ਅਤੇ ਹਾਫ਼ਿਜ਼ ਆਲਮਗੀਰ ਮਸਜਿਦ ਹਨ। ਇਮਾਮ ਨਾਸਰੁੱਦੀਨ ਦੀ ਮਜ਼ਾਰ ਅਤੇ ਹਾਫ਼ਿਜ਼ ਆਲਮਗੀਰ ਮਸਜਿਦ 15ਵੀਂ ਸਦੀ ਵਿਚ ਅਤੇ ਜਾਮਾ ਮਸਜਿਦ 1508 ਵਿਚ ਬਣਾਈ ਗਈ। ਜਲੰਧਰ ਸ਼ਹਿਰ ਦੀ ਬਸਤੀ ਸ਼ੇਖ ਦਰਵੇਸ਼ ਵਿਚ ਸ਼ੇਖ ਦਰਵੇਸ਼ ਦੀ ਮਸਜਿਦ ਅਤੇ ਮਜ਼ਾਰ ਪਠਾਣ ਰਾਜ-ਕਾਲ ਦੀ ਉਸਾਰੀ-ਕਲਾ ਦੇ ਵਧੀਆ ਨਮੂਨੇ ਹਨ। ਨੂਰ ਮਹਿਲ ਅਤੇ ਦੱਖਣੀ ਵਿਖੇ ਬਣੀਆਂ ਸ਼ਾਹੀ ਸਰਾਵਾਂ, ਮੁਗ਼ਲ ਸ਼ਾਹੀ ਸੜਕ (ਜਿਹੜੀ ਉਸ ਵੇਲੇ ਦਿੱਲੀ ਅਤੇ ਲਾਹੌਰ ਨੂੰ ਇਸ ਜ਼ਿਲ੍ਹੇ ਦੇ ਰਸਤਿਓਂ ਜੋੜਦੀ ਹੁੰਦੀ ਸੀ) ਉੱਪਰ ਮੁਗ਼ਲ ਉਸਾਰੀ ਕਲਾ ਦੇ ਖੰਡਰ ਹਨ। ਇਹ ਸੜਕ ਵੇਈਂ ਨਦੀ ਉਪਰ ਬਣੇ ਇਕ ਬਹੁਤ ਵਧੀਆ ਪੁਲ ਉੱਤੋਂ ਦੀ ਗੁਜ਼ਰਦੀ ਹੈ ਅਤੇ ਇਸ ਦੇ ਰਸਤੇ ਤੇ ਕੋਹ-ਮੀਨਾਰ ਲੱਗੇ ਹੁੰਦੇ ਹਨ ਜੋ ਅੱਜ ਤੱਕ ਵੀ ਮੌਜੂਦ ਹਨ। ਨਵਾਂ ਸ਼ਹਿਰ ਦੀ ਬਾਰਾਂਦਰੀ ਵੀ ਮੁਗ਼ਲ ਰਾਜ-ਕਾਲ ਵੇਲੇ ਦੀ ਹੈ। ਧਾਰਮਕ ਪੱਖ ਤੋਂ ਮਹੱਤਵਪੂਰਨ ਸਿੱਖ ਇਮਾਰਤਾਂ ਕਰਤਾਰਪੁਰ ਵਿਖੇ ਮੌਜੂਦ ਹਨ। ਫ਼ਿਲੌਰ ਦਾ ਕਿਲਾ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਸਰਦਾਰ ਤਾਰਾ ਸਿੰਘ ਘੇਬਾ ਦਾ ਨਕੋਦਰ ਵਿਖੇ ਬਣਿਆ ਕਿਲਾ ਅਤੇ ਦੀਵਾਨ ਮੋਹਕਮ ਚੰਦ ਦੀ ਫ਼ਿਲੌਰ ਵਿਖੇ ਬਣੀ ਸਮਾਧ ਵਿਸ਼ੇਸ਼ ਤੌਰ ਤੇ ਵੇਖਣਯੋਗ ਹਨ। ਇਸੇ ਤਰ੍ਹਾਂ ਹੀ ਰਾਹੋਂ ਅਤੇ ਜਲੰਧਰ ਵਿਖੇ ਅਤੇ ਅਲਾਵਲਪੁਰ ਵਿਚਕਾਰ ਬਣੀਆਂ ਨੌ ਗਜੀਆ ਕਬਰਾਂ ਵੀ ਹਨ।

ਹ. ਪੁ.–ਸੈਂਸਿਸ ਆਫ਼ ਇੰਡੀਆ–1961; ਪੰਜਾਬ ਡਿਸਟ੍ਰਿਕਟ ਸੈਂਸਿਸ ਹੈਂਡ ਬੁਕ-ਜਲੰਧਰ; ਗਜ਼. ਇੰਡ. ਪੰਜਾਬ (ਜਲੰਧਰ)–1980

**ਜਲੰਧਰ** : ਸ਼ਹਿਰ—ਭਾਰਤ ਦੇ ਪੰਜਾਬ ਰਾਜ ਵਿਚ ਇਸੇ ਹੀ ਨਾਂ ਦੇ ਮੰਡਲ, ਜ਼ਿਲ੍ਹੇ ਅਤੇ ਤਹਿਸੀਲ ਦਾ ਇਹ ਸਦਰ-ਮੁਕਾਮ ਤੇ ਰਾਜ ਦਾ ਤੀਜਾ ਵੱਡਾ ਸ਼ਹਿਰ ਹੈ ਜਿਹੜਾ ਸ਼ੇਰਸ਼ਾਹ ਸੂਰੀ ਕੌਮੀ ਸ਼ਾਹ-ਰਾਹ ਨੰ. 1 ਅਤੇ ਦਿੱਲੀ-ਅੰਮ੍ਰਿਤਸਰ ਮੁੱਖ ਰੇਲਵੇ ਲਾਈਨ ਉਪਰ ਸਥਿਤ ਹੈ। ਇਸ ਸ਼ਹਿਰ ਦੇ ਮੁੱਢ ਬਾਰੇ ਬਹੁਤ ਸਾਰੀਆਂ ਦੰਦ-ਕਥਾਵਾਂ ਹਨ। ਪਦਮ ਪੌਰਾਣ ਅਨੁਸਾਰ ਜਲੰਧਰ ਸ਼ਹਿਰ ਦਾ ਨਾਂ ਸਮੁੰਦਰ ਦੇ ਪੁੱਤਰ ਅਤੇ ਦੈਤਯ ਬਾਦਸ਼ਾਹ 'ਜਲੰਧਰ' ਦੇ ਨਾਂ ਪਿੱਛੇ ਪਿਆ ਸੀ। ਇਕ ਹੋਰ ਲੋਕ-ਕਥਾ ਅਨੁਸਾਰ ਜਲੰਧਰ ਨੇ ਦਾਨਵ ਬਾਦਸ਼ਾਹ ਦੀ ਹੈਸੀਅਤ ਵਿਚ ਬਿਸਤ ਦੁਆਬ ਦੇ ਬਸਤੀਕਰਨ ਦੀ ਵਿਰੋਧਤਾ ਕੀਤੀ ਸੀ। ਵਿਸ਼ਨੂੰ ਨੇ ਜੈਲੰਧਰ ਨੂੰ ਮਾਰ ਦਿੱਤਾ ਸੀ ਅਤੇ ਉਸ ਦੀ ਪਿੱਠ ਉਪਰ ਜਲੰਧਰ ਕਸਬਾ ਉਸਾਰ ਦਿੱਤਾ ਸੀ। ਇਸ ਸ਼ਹਿਰ ਦਾ ਸਭ ਤੋਂ ਪਹਿਲਾਂ ਜ਼ਿਕਰ ਕਨਿਸ਼ਕ ਬਾਦਸ਼ਾਹ ਦੇ ਰਾਜ-ਕਾਲ ਵੇਲੇ ਆਉਂਦਾ ਹੈ ਜਦੋਂ ਕਿ ਲਗਭਗ 100 ਈ. ਵਿਚ ਬੁੱਧ ਧਰਮ ਦੀਆਂ ਪਵਿੱਤਰ ਲਿਖਤਾਂ ਨੂੰ ਇਕੱਠਿਆਂ ਕਰਨ ਅਤੇ ਤਰਤੀਬ ਦੇਣ ਸਬੰਧੀ ਅਤੇ ਵੱਖ-ਵੱਖ ਫਿਰਕਿਆਂ ਵਿਚਕਾਰ ਸੁਲ੍ਹਾ ਕਰਵਾਉਣ ਲਈ ਬੋਧੀ ਉਸਤਾਦਾਂ ਦੀ ਇਥੇ ਇਕੱਤਰਤਾ ਹੋਈ ਸੀ।

ਅੱਠਵੀਂ ਅਤੇ ਨੌਵੀਂ ਸਦੀ ਦੌਰਾਨ ਜਲੰਧਰ ਸ਼ਹਿਰ ਨੇ ਹੀ ਨਾਥ ਲਹਿਰ ਨੂੰ ਜਨਮ ਦਿੱਤਾ। ਇਕ ਰਵਾਇਤ ਅਨੁਸਾਰ ਇਸ ਸ਼ਹਿਰ ਦੀ ਨੀਂਹ ਜਾਂ ਮੁੜ ਉਸਾਰੀ ਜੋਗੀ ਜਲੰਧਰ ਨਾਥ ਨੇ ਕੀਤੀ ਸੀ। ਉਸ ਦੀ ਸਮਾਧ ਵੀ ਇਥੇ ਹੀ ਮੌਜੂਦ ਸੀ। ਕਿਹਾ ਜਾਂਦਾ ਹੈ ਕਿ ਇਮਾਮ ਨਾਸਿਰੁੱਦੀਨ ਚਿਸ਼ਤੀ ਦੀ ਖ਼ਾਨਗਾਹ ਉਸਾਰਣ ਲਈ ਜਲੰਧਰ ਨਾਥ ਜੋਗੀ ਦੀ ਸਮਾਧ ਢਾਹ ਦਿੱਤੀ ਗਈ ਸੀ।

ਚੀਨੀ ਯਾਤਰੀ ਹਿਊਨ ਸ੍ਯਾਂਗ ਨੇ ਵੀ ਇਸ ਸ਼ਹਿਰ ਬਾਰੇ ਜ਼ਿਕਰ ਕੀਤਾ ਹੈ। ਉਸ ਵੇਲੇ ਇਹ ਕਟੋਚ ਸਰਦਾਰਾਂ ਦੀ ਰਿਆਸਤੀ ਰਾਜਧਾਨੀ ਹੁੰਦੀ ਸੀ ਅਤੇ ਇਸ ਸ਼ਹਿਰ ਦਾ ਘੇਰਾ ਉਸ ਵੇਲੇ ਵੀ ਤਿੰਨ ਕਿ. ਮੀ. ਤੋਂ ਵੱਧ ਹੁੰਦਾ ਸੀ। ਦਸਵੀਂ ਸਦੀ ਦੇ ਪਿਛਲੇਰੇ ਅੱਧ ਤੋਂ ਲੈ ਕੇ 1019 ਈ. ਤੱਕ ਜਦੋਂ ਜਲੰਧਰ ਜ਼ਿਲ੍ਹਾ ਪੰਜਾਬ ਦੇ ਸ਼ਾਹੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਸੀ, ਜਲੰਧਰ ਸ਼ਹਿਰ ਇਸ ਇਲਾਕੇ ਦਾ ਇਕ ਮਹੱਤਵਪੂਰਨ ਸ਼ਹਿਰ ਹੁੰਦਾ ਸੀ। ਸੰਨ 1179-80 ਵਿਚ ਗੌਰ ਦੇ ਇਬਰਾਹੀਮ ਸ਼ਾਹ ਨੇ ਇਸ ਸ਼ਹਿਰ ਉਤੇ ਕਬਜ਼ਾ ਕਰ ਲਿਆ। ਇਸ ਸ਼ਹਿਰ ਉਤੇ ਇਕ ਬਹੁਤ ਸ਼ਕਤੀਸ਼ਾਲੀ ਰਾਜਪੂਤ ਸਰਦਾਰ, ਜਸਰਤ ਖੋਖਰ (ਰਾਜ ਕਾਲ 1422-42 ਈ.) ਨੇ ਵੀ ਵਾਰ-ਵਾਰ ਹਮਲੇ ਕੀਤੇ ਸਨ।

ਮੁਗ਼ਲ ਸ਼ਹਿਨਸ਼ਾਹਾਂ ਦੇ ਰਾਜ-ਕਾਲ ਦੌਰਾਨ ਜਲੰਧਰ ਸ਼ਹਿਰ ਉਨ੍ਹਾਂ ਦੇ ਇਕ ਉੱਤਰੀ ਸੂਬੇ ਦੀ ਕਾਫ਼ੀ ਚਿਰ ਤੱਕ ਰਾਜਧਾਨੀ ਅਤੇ

ਜਲੰਧਰ ਦੁਆਬ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਰਿਹਾ। ਇਹ ਹਿੱਸਾ ਇਸ ਵੇਲੇ ਮੁਲਤਾਨ ਦੇ ਗੁਆਂਢ ਤੱਕ ਅਤੇ ਅਸਲ ਵਿਚ ਸਾਰੇ ਹੀ ਦੁਆਬ ਵਿਚ ਫੈਲਿਆ ਹੁੰਦਾ ਸੀ। ਜਦੋਂ 1756 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਕਰਤਾਰਪੁਰ ਸ਼ਹਿਰ ਨੂੰ ਤਬਾਹ ਕਰ ਦਿੱਤਾ ਸੀ ਤਾਂ ਇਸ ਦਾ ਬਦਲਾ ਲੈਣ ਲਈ 1757 ਈ. ਵਿਚ ਅੰਤਮ ਮੁਗ਼ਲ ਗਵਰਨਰ, ਅਦੀਨਾ ਬੇਗ ਨੇ ਕਰਤਾਰਪੁਰ ਦੇ ਬਾਬਾ ਵਡਭਾਗ ਸਿੰਘ ਨੂੰ ਜਲੰਧਰ ਨੂੰ ਅੱਗ ਲਾਉਣ ਦੀ ਆਗਿਆ ਦੇ ਦਿੱਤੀ। ਬਾਬਾ ਵਡਭਾਗ ਸਿੰਘ ਨੇ ਜਲੰਧਰ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਅਤੇ ਜਲੰਧਰ ਦੀਆਂ ਬਸਤੀਆਂ ਵਿਚ ਵਸਦੇ ਅਫ਼ਗਾਨਾਂ ਨੂੰ ਪੂਰੀ ਤਰ੍ਹਾਂ ਸੋਧਿਆ।

ਸੰਨ 1766 ਵਿਚ ਜਲੰਧਰ ਸ਼ਹਿਰ ਫ਼ੈਜ਼ਲਪੁਰੀਆ ਮਿਸਲ ਦੇ ਸਰਦਾਰ ਖੁਸ਼ਹਾਲ ਸਿੰਘ ਦੇ ਹੱਥਾਂ ਵਿਚ ਚਲਾ ਗਿਆ। ਸ. ਖੁਸ਼ਹਾਲ ਸਿੰਘ ਦੇ ਪੁੱਤਰ ਸਰਦਾਰ ਬੁੱਧ ਸਿੰਘ ਨੇ ਸ਼ਹਿਰ ਵਿਚ ਪੱਥਰਾਂ ਦਾ ਇਕ ਕਿਲਾ ਬਣਵਾਇਆ ਜਿਸ ਦੇ ਨਾਂ ਤੇ ਅੱਜਕੱਲ੍ਹ ਕਿਲਾ ਮੁਹੱਲਾ ਵੱਸਦਾ ਹੈ। ਹੋਰ ਸਿੱਖ ਸਰਦਾਰਾਂ ਨੇ ਵੀ ਕੱਚੀਆਂ ਇੱਟਾਂ ਦੇ ਕਈ ਹੋਰ ਕਿਲੇ ਉਸਾਰੇ। ਸੰਨ 1811 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਫ਼ੈਜ਼ਲਪੁਰੀਆ ਮਿਸਲ ਦੀਆਂ ਜਲੰਧਰ ਦੁਆਬ ਵਿਚ ਪੈਂਦੀਆਂ ਮਾਲਕੀਆਂ ਨੂੰ ਹਥਿਆਉਣ ਲਈ ਦੀਵਾਨ ਮੋਹਕਮ ਚੰਦ ਨੂੰ ਭੇਜਿਆ ਅਤੇ ਸਰਦਾਰ ਬੁੱਧ ਸਿੰਘ ਸਤਲੁਜ ਪਾਰ ਤੋਂ ਪੈਂਦੀਆਂ ਸੁਰੱਖਿਅਤ ਮਾਲਕੀਆਂ ਵੱਲ ਭੱਜ ਗਿਆ। ਉਸ ਦੀਆਂ ਫ਼ੌਜਾਂ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦਾ ਕੁਝ ਚਿਰ ਲਈ ਟਾਕਰਾ ਕੀਤਾ ਪਰ ਅਖ਼ੀਰ ਅਕਤੂਬਰ ਮਹੀਨੇ ਵਿਚ ਜਲੰਧਰ ਛੱਡ ਦਿੱਤਾ। ਇਸ ਸਮੇਂ ਤੋਂ ਲੈ ਕੇ ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਪਿੱਛੋਂ ਅੰਗਰੇਜ਼ ਰਾਜ ਵਿਚ ਸ਼ਾਮਲ ਹੋਣ ਤੱਕ, ਜਲੰਧਰ ਦੁਆਬ ਵਿਚ ਪੈਂਦੀਆਂ ਲਾਹੌਰ ਰਿਆਸਤਾਂ ਦੀਆਂ ਮਾਲਕੀਆਂ ਦਾ ਰਾਜਧਾਨੀ ਸ਼ਹਿਰ ਹੁੰਦਾ ਸੀ। ਫਿਰ ਇਹ ਸ਼ਹਿਰ ਸਤਲੁਜ ਪਾਰ ਦੀਆਂ ਰਿਆਸਤਾਂ ਦੀ ਕਮਿਸ਼ਨਰੀ ਦਾ ਸਦਰ-ਮੁਕਾਮ ਅਤੇ ਪਿੱਛੋਂ ਜਲੰਧਰ ਕਮਿਸ਼ਨਰੀ ਦਾ ਸਦਰ-ਮੁਕਾਮ ਬਣ ਗਿਆ।

ਸੰਨ 1947 ਤੱਕ ਇਸ ਸ਼ਹਿਰ ਵਿਚ 12 ਕੋਟ, 12 ਦਰਵਾਜ਼ੇ ਅਤੇ 12 ਬਸਤੀਆਂ ਹੁੰਦੀਆਂ ਸਨ। ਕੋਟਾਂ ਵਿਚ ਵਧੇਰੇ ਕਰਕੇ ਹਿੰਦੂ ਅਤੇ ਬਸਤੀਆਂ ਵਿਚ ਬਹੁਤੇ ਮੁਸਲਮਾਨ ਹੀ ਵੱਸਦੇ ਸਨ। ਹਰੇਕ ਕੋਟ ਦਾ ਆਪਣਾ ਹੀ ਦਰਵਾਜ਼ਾ ਹੁੰਦਾ ਸੀ। ਇਸ ਤੋਂ ਇਲਾਵਾ ਸ਼ਹਿਰ ਵਿਚ ਹੋਰ ਵੀ 12 ਦਰਵਾਜ਼ੇ ਸਨ ਜਿਨ੍ਹਾਂ ਵਿਚੋਂ ਹੁਣ ਕੇਵਲ ਥੋੜ੍ਹੇ ਜਿਹੇ ਹੀ ਬਾਕੀ ਰਹਿ ਗਏ ਹਨ।

ਜਲੰਧਰ ਪ੍ਰਾਚੀਨਤਾ ਅਤੇ ਸਿਆਸੀ ਮਹੱਤਤਾ ਵਾਲਾ ਸ਼ਹਿਰ ਹੈ। ਬੀਤੇ ਸਮੇਂ ਵਿਚ ਇਹ ਸ਼ਹਿਰ ਕਈ ਵਾਰ ਹਕੂਮਤਾਂ ਦਾ ਸਦਰਮੁਕਾਮ ਰਿਹਾ। ਸੰਨ 1947 ਵਿਚ ਦੇਸ਼ ਦੀ ਵੰਡ ਹੋਣ ਸਮੇਂ ਇਸ ਨੂੰ ਪੰਜਾਬ ਦਾ ਅਸਥਾਈ ਪ੍ਰਬੰਧਕੀ ਸਦਰਮੁਕਾਮ ਬਣਾਇਆ ਗਿਆ ਅਤੇ ਸ਼ਹਿਰ ਦੀ ਫਿਰ ਪਹਿਲਾਂ ਵਾਲੀ ਸ਼ਾਨ ਬਣ ਗਈ ਪਰ ਜਦੋਂ ਪ੍ਰਬੰਧਕੀ ਦਫਤਰਾਂ ਨੂੰ ਪਹਿਲਾਂ ਸ਼ਿਮਲੇ ਅਤੇ ਅਖ਼ੀਰ ਚੰਡੀਗੜ੍ਹ ਤਬਦੀਲ ਕੀਤਾ ਗਿਆ ਤਾਂ ਸ਼ਹਿਰ ਦੀ ਪ੍ਰਸਿੱਧੀ ਕਾਫ਼ੀ ਘੱਟ ਗਈ।

ਅਕਬਰ ਦੇ ਰਾਜ-ਕਾਲ ਵੇਲੇ ਜਲੰਧਰ ਟਕਸਾਲ ਸ਼ਹਿਰਾਂ ਵਿਚੋਂ ਇਕ ਸੀ। ਉਸ ਸਮੇਂ ਇਥੇ ਕੇਵਲ ਤਾਂਬੇ ਦੇ ਸਿੱਕੇ ਤਿਆਰ ਕੀਤੇ ਜਾਂਦੇ ਸਨ। ਜਲੰਧਰ ਤਾਂਬੇ, ਪਿੱਤਲ ਅਤੇ ਕਾਂਸੀ ਦੇ ਭਾਂਡਿਆਂ ਲਈ ਵੀ ਪ੍ਰਸਿੱਧ ਹੁੰਦਾ ਸੀ। ਇਹ ਭਾਂਡੇ ਵਧੇਰੇ ਕਰਕੇ ਕੁੱਟ ਕੁੱਟ ਕੇ ਹੀ ਤਿਆਰ ਕੀਤੇ ਜਾਂਦੇ ਸਨ ਪਰ ਥੋੜ੍ਹਾ ਜਿਹਾ ਪਿੰਘਲਾਈ ਦਾ ਕੰਮ ਵੀ ਹੋਇਆ ਕਰਦਾ ਸੀ। ਇਥੋਂ ਗੁਆਂਢ ਦੇ ਇਲਾਕਿਆਂ ਨੂੰ ਭਾਂਡੇ ਭੇਜੇ ਜਾਇਆ ਕਰਦੇ ਸਨ। ਸ਼ਹਿਰ ਵਿਚ ਮਿੱਟੀ ਅਤੇ ਪਿੱਤਲ ਦੇ ਮਰਤਬਾਨ ਤਿਆਰ ਕੀਤੇ ਜਾਂਦੇ ਸਨ। ਊਨੀ ਤੇ ਸੂਤੀ ਕੱਪੜੇ ਤਿਆਰ ਕਰਨ ਦੇ ਉਦਯੋਗ ਤੋਂ ਇਲਾਵਾ ਹੱਥ ਖੱਡੀਆਂ ਲਈ ਰੇਸ਼ਮ ਤਿਆਰ ਕਰਨਾ ਵੀ ਇਥੋਂ ਦਾ ਪ੍ਰਸਿੱਧ ਉਦਯੋਗ ਸੀ ਜਿਹੜਾ ਕਿ ਹੁਣ ਮੁਕੰਮਲ ਰੂਪ ਵਿਚ ਹੀ ਅਲੋਪ ਹੋ ਗਿਆ ਹੈ।

ਵੰਡ ਉਪਰੰਤ ਜਲੰਧਰ ਦੇ ਮੂੰਹ-ਮੱਥੇ ਵਿਚ ਕਾਫੀ ਤਬਦੀਲੀ ਆਈ। ਮੁਸਲਮਾਨ ਜਿਹੜੇ ਕਿ ਇਥੋਂ ਦੀ ਕੁੱਲ ਵਸੋਂ ਦਾ ਲਗਭਗ 60% ਸਨ, ਪਾਕਿਸਤਾਨ ਨੂੰ ਚਲੇ ਗਏ ਅਤੇ ਪਾਕਿਸਤਾਨ ਤੋਂ ਡੇਢ ਗੁਣਾਂ ਹਿੰਦੂ ਅਤੇ ਸਿੱਖ ਜਲੰਧਰ ਵਿਚ ਪੱਕੇ ਤੌਰ ਤੇ ਆ ਆਬਾਦ ਹੋਏ। ਮੁਸਲਮਾਨਾਂ ਦੇ ਜਲੰਧਰ ਸ਼ਹਿਰ ਵਿਚ ਪਿੱਛੇ ਰਹਿ ਗਏ ਮਕਾਨ ਹਿੰਦੂਆਂ ਤੇ ਸਿੱਖਾਂ ਨੂੰ ਅਲਾਟ ਕਰ ਦਿੱਤੇ ਗਏ। ਪਾਕਿਸਤਾਨ ਦਾ ਪ੍ਰਸਿੱਧ ਸਿਆਸਤਦਾਨ, ਚੋਟੀ ਦਾ ਜਰਨੈਲ ਅਤੇ ਇਸਲਾਮੀ ਦੁਨੀਆ ਦਾ ਨੇਤਾ ਮੁਹੰਮਦ ਜ਼ਿਆ ਉਲ ਹੱਕ ਵੀ ਜਲੰਧਰ ਦਾ ਹੀ ਜੰਮ-ਪਲ ਸੀ।

ਪੱਛਮੀ ਪੰਜਾਬ (ਪਾਕਿਸਤਾਨ) ਤੋਂ ਉੱਜੜ ਕੇ ਆਏ ਲੋਕਾਂ ਦੇ ਵੱਸਣ ਕਾਰਨ ਜਲੰਧਰ ਸ਼ਹਿਰ ਦੇ ਮੁਹਾਂਦਰੇ ਵਿਚ ਵੀ ਤਬਦੀਲੀ ਆਈ। ਆਪਣੇ ਪੈਰਾਂ ਤੇ ਖੜ੍ਹਾ ਹੋਣ ਲਈ ਉੱਜੜੇ ਹੋਏ ਲੋਕਾਂ ਨੇ ਹਰ ਕਿਸਮ ਦਾ ਹੀ ਕਿੱਤਾ ਕਰਨਾ ਸ਼ੁਰੂ ਕਰ ਦਿੱਤਾ। ਸੰਨ 1947 ਤੋਂ ਪਹਿਲਾਂ ਜਲੰਧਰ ਵਿਖੇ ਸਥਾਪਿਤ ਬਹੁਤੇ ਉਦਯੋਗ ਤਾਂ ਮੁਸਲਮਾਨਾਂ ਦੀ ਹੀ ਮਲਕੀਅਤ ਸਨ ਅਤੇ ਮੁਸਲਮਾਨਾਂ ਦੀ ਲਗਭਗ 40% ਵਸੋਂ ਉਦਯੋਗ ਵਿਚ ਹੀ ਲੱਗੀ ਹੋਈ ਸੀ। ਮੁਸਲਮਾਨ ਲੋਕ ਟੂਟੀਆਂ, ਹੈਂਡ ਪੰਪ, ਪੁਰਜ਼ੇ, ਜੰਦਰੇ, ਸਿਲਾਈ ਮਸ਼ੀਨਾਂ ਅਤੇ ਕੱਪੜੇ ਪ੍ਰੈੱਸ ਕਰਨ ਵਾਲੀਆਂ ਇਸਤਰੀਆਂ ਤਿਆਰ ਕਰਿਆ ਕਰਦੇ ਸਨ। ਹਿੰਦੂ ਲੋਕ ਤਾਂ ਵਧੇਰੇ ਕਰਕੇ ਦੁਕਾਨਦਾਰ ਅਤੇ ਸ਼ਾਹੂਕਾਰੇ ਦਾ ਕੰਮ ਕਰਦੇ ਸਨ। ਵੰਡ ਉਪਰੰਤ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੇ ਉਦਯੋਗਿਕ ਅਤੇ ਹੋਰਨਾਂ ਕਾਰੋਬਾਰਾਂ ਵਿਚ ਮੁਸਲਮਾਨਾਂ ਵਾਲੀ ਥਾਂ ਲੈ ਲਈ। ਜਲੰਧਰ ਵਿਖੇ ਇਕ ਲੋਹੇ ਤੇ ਫ਼ੌਲਾਦ ਦੀ ਮਾਰਕੀਟ ਸਥਾਪਿਤ ਕੀਤੀ ਗਈ। ਇਸ ਦੇ ਨਤੀਜੇ ਵਜੋਂ ਕਈ ਉਦਯੋਗਿਕ ਇਕਾਈਆਂ ਹੋਂਦ ਵਿਚ ਆ ਗਈਆਂ।

ਇਸ ਸਮੇਂ ਜਲੰਧਰ ਰਾਜ ਦੇ ਇਕ ਮਹੱਤਵਪੂਰਨ ਉਦਯੋਗਿਕ ਸ਼ਹਿਰ ਵਜੋਂ ਵਿਕਸਿਤ ਹੋ ਗਿਆ ਹੈ। ਇਥੇ ਖੇਡਾਂ ਦਾ ਸਾਮਾਨ, ਜਲ-ਪਾਈਪਾਂ ਦੇ ਸਾਜ਼-ਸਾਮਾਨ, ਨਿੱਕੇ-ਮੋਟੇ ਔਜ਼ਾਰ, ਰਬੜ ਦੀਆਂ ਵਸਤਾਂ, ਚਮੜੇ ਦੀਆਂ ਚੀਜ਼ਾਂ, ਸਰਜਰੀ ਦੇ ਔਜ਼ਾਰ, ਮੋਟਰ ਗੱਡੀਆਂ ਦੇ ਹਿੱਸੇ, ਜ਼ਰਾਇੱਤੀ ਸੰਦ, ਬਾਲ-ਬੇਅਰਿੰਗ, ਮੋਟਰਾਂ ਦੀਆਂ ਬਾਡੀਆਂ, ਬਿਜਲੀ ਸਾਮਾਨ, ਘਰੇਲੂ ਵਰਤੋਂ ਵਾਲੀਆਂ ਚੀਜ਼ਾਂ, ਵਾਲ (ਵਾਲਵ) ਅਤੇ ਟੂਟੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਸਾਰੀਆਂ ਚੀਜ਼ਾਂ ਤਿਆਰ ਕਰਨ ਵਿਚ ਜਲੰਧਰ ਨੇ ਦੇਸ਼ ਬਦੇਸ਼ ਵਿਚ ਵੀ ਬਹੁਤ ਨਾਮਣਾ ਖੱਟਿਆ ਹੈ। ਖੇਡਾਂ ਦਾ ਸਾਮਾਨ ਵਿਸ਼ੇਸ਼ ਕਰਕੇ ਇਥੋਂ ਦੀਆਂ ਬਣੀਆਂ ਹਾਕੀਆਂ ਤਾਂ ਦੁਨੀਆ-ਭਰ ਵਿਚ ਮਸ਼ਹੂਰ ਹਨ।

ਇਹ ਸ਼ਹਿਰ ਪ੍ਰਾਚੀਨ ਸਮੇਂ ਤੋਂ ਹੀ ਗਿਆਨ ਦਾ ਕੇਂਦਰ ਰਿਹਾ ਹੈ। ਇਹ ਉਹੀ ਥਾਂ ਹੈ ਜਿਥੇ ਸ਼ਾਸਤਰਾਂ ਦੇ ਗੁਰੂ ਕਟਯਨ ਨੇ ਪਹਿਲੀ ਈ. ਪੂ. ਵਿਚ ਅਭੀ ਧਰਮ ਜਨਨ-ਪ੍ਰਾਸਥਨਾ ਸ਼ਾਸਤਰ ਰਚਿਆ ਸੀ। ਇਸ ਸਮੇਂ ਸ਼ਾਇਦ ਰਾਜ ਦੀਆਂ ਸਭ ਤੋਂ ਵੱਧ ਵਿੱਦਿਅਕ ਸੰਸਥਾਵਾਂ ਇਸੇ ਸ਼ਹਿਰ ਵਿਚ ਹੀ ਹਨ। ਸ਼ਹਿਰ ਵਿਚ 8 ਆਰਟਸ ਤੇ ਸਾਇੰਸ ਕਾਲਜ, ਇਕ ਕਾਲਜ ਆਫ਼ ਐਜੂਕੇਸ਼ਨ, ਇਕ ਸਪੋਰਟਸ ਕਾਲਜ, ਇਕ ਪਾਲਿਟੈਕਨਿਕ, ਇਕ ਉਦਯੋਗਕ ਸਿਖਲਾਈ ਸੰਸਥਾ, 34 ਹਾਈ ਤੇ ਹਾਇਰ ਸੈਕੰਡਰੀ ਸਕੂਲ, 4 ਮਿਡਲ ਸਕੂਲ ਅਤੇ 71 ਪ੍ਰਾਇਮਰੀ ਸਕੂਲ ਹਨ। ਇਥੋਂ ਦੇ ਕਾਲਜਾਂ ਵਿਚੋਂ ਡੀ. ਏ. ਵੀ. ਕਾਲਜ ਤਾਂ ਰਾਜ ਦੀਆਂ ਸਭ ਤੋਂ ਵੱਡੀਆਂ ਵਿੱਦਿਅਕ ਸੰਸਥਾਵਾਂ ਵਿਚੋਂ ਇਕ ਹੈ ਅਤੇ ਕੰਨਿਆ ਮਹਾਂਵਿਦਿਆਲਾ ਇਸਤਰੀ ਸਿੱਖਿਆ ਦੇ ਖੇਤਰ ਵਿਚ ਮਸ਼ਹੂਰ ਸੰਸਥਾ

ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਖੇਤਰੀ ਕੇਂਦਰ ਵੀ ਜਲੰਧਰ ਵਿਖੇ ਹੀ ਸਥਾਪਿਤ ਹੈ।

ਜਿਥੋਂ ਤੱਕ ਸ਼ਹਿਰ ਵਿਚ ਡਾਕਟਰੀ ਸਹੂਲਤਾਂ ਦਾ ਸਬੰਧ ਹੈ ਇਥੇ 6 ਹਸਪਤਾਲ, 7 ਜੱਚਾ ਤੇ ਬੱਚਾ ਸਿਹਤ ਕੇਂਦਰ, 7 ਡਿਸਪੈਂਸਰੀਆਂ ਅਤੇ 3 ਪਰਿਵਾਰ ਯੋਜਨਾ ਕਲਿਨਿਕ ਹਨ। ਇਥੇ ਡੰਗਰਾਂ ਦਾ ਇਕ ਹਸਪਤਾਲ, ਡੰਗਰਾਂ ਦੀਆਂ ਕਈ ਡਿਸਪੈਂਸਰੀਆਂ ਅਤੇ ਇਕ ਬਣਾਉਟੀ ਵੀਰਜ-ਸੇਚਣ ਕੇਂਦਰ ਹੈ। ਇਸ ਤੋਂ ਇਲਾਵਾ ਇਥੇ ਇਕ ਮੁੱਖ ਡਾਕ ਘਰ, ਇਕ ਕੇਂਦਰੀ ਟੈਲੀਗ੍ਰਾਫ਼ ਦਫ਼ਤਰ, 30 ਉਪ-ਡਾਕ ਘਰ ਅਤੇ ਇਕ ਟੈਲੀਫ਼ੂਨ ਐਕਸਚੇਂਜ ਹੈ। ਸ਼ਹਿਰ ਵਿਚ 7 ਥਾਣੇ, ਇਕ ਸਰਕਟ ਹਾਊਸ, ਇਕ ਪੀ. ਡਬਲਯੂ. ਡੀ. ਆਰਾਮ ਘਰ, ਇਕ ਨਹਿਰੀ ਆਰਾਮ ਘਰ ਅਤੇ ਦੋ ਜ਼ਿਲ੍ਹਾ ਪ੍ਰੀਸ਼ਦ ਆਰਾਮ ਘਰ ਹਨ।

ਸ਼ਹਿਰ ਵਿਚ ਕਈ ਪ੍ਰਾਚੀਨ ਦਿਲਚਸਪ ਥਾਵਾਂ ਵੀ ਹਨ। ਕੋਟ ਕਿਸ਼ਨ ਚੰਦ ਮੁਹੱਲੇ ਵਿਚ ਜਲੰਧਰ ਦੀ ਪਤਨੀ ਵ੍ਰਿੰਦ ਦਾ ਇਕ ਪੁਰਾਣਾ ਮੰਦਰ ਹੈ। ਇਸ ਵੇਲੇ ਇਸ ਨੂੰ ਤੁਲਸੀ ਮੰਦਰ ਕਿਹਾ ਜਾਂਦਾ ਹੈ। ਇਸ ਮੰਦਰ ਦੇ ਇਕ ਪਾਸੇ ਇਕ ਤਲਾਬ ਹੈ। ਕਿਹਾ ਜਾਂਦਾ ਹੈ ਕਿ ਦਾਨਵ ਜਲੰਧਰ ਇਸੇ ਹੀ ਤਲਾਬ ਵਿਚ ਨਹਾਇਆ ਕਰਦਾ ਸੀ। ਵ੍ਰਿੰਦ ਦੇ ਮੰਦਰ ਤੋਂ ਥੋੜ੍ਹਾ ਜਿਹਾ ਦੂਰ ਗੁਫ਼ਾ ਦਾ ਮੰਦਰ ਹੈ ਜਿਸ ਵਿਚ ਬਹੁਲਤਾ ਦੀ ਦੇਵੀ ਅਨਾਪੂਰਨ ਦੀ ਮੂਰਤੀ ਸਥਾਪਿਤ ਹੈ। ਇਸ ਦੇ ਨੇੜੇ ਹੀ ਬ੍ਰਹਮ ਕੁੰਡ ਅਤੇ ਸ਼ਿਵਜੀ ਨੂੰ ਸਮਰਪਿਤ ਮੰਦਰ ਹਨ। ਬਾਲਮੀਕੀ ਦਰਵਾਜ਼ੇ ਦੇ ਨੇੜੇ ਸੀਤਲਾ ਮੰਦਰ ਹੈ। ਕਿਹਾ ਜਾਂਦਾ ਹੈ ਕਿ ਇਹ ਮੰਦਰ ਜਲੰਧਰ ਸ਼ਹਿਰ ਜਿੰਨਾ ਹੀ ਪੁਰਾਣਾ ਹੈ। ਇਸ ਮੰਦਰ ਦੇ ਇਹਾਤਿਆਂ ਦੇ ਅੰਦਰ ਹਨੂੰਮਾਨ ਅਤੇ ਸ਼ਿਵ ਜੀ ਦੇ ਦੋ ਛੋਟੇ-ਛੋਟੇ ਮੰਦਰ ਹਨ। ਪੁਰਾਣੇ ਦੇਵੀ ਤਲਾਬ ਦੀ ਮੁਰੰਮਤ ਕਰਵਾਈ ਗਈ ਹੈ ਅਤੇ ਇਸ ਦੇ ਵਿਚਾਲੇ ਇਕ ਨਵਾਂ ਮੰਦਰ ਬਣਾਇਆ ਗਿਆ ਹੈ। ਦੇਵੀ ਤਲਾਬ ਦੇ ਨੇੜੇ ਹੀ ਕਾਲੀ ਦੇਵੀ ਦਾ ਮੰਦਰ ਹੈ। ਇਸ ਸ਼ਹਿਰ ਵਿਚ ਹੀ ਤਮਸਵਨ ਸੰਘਰਮ ਨਾਂ ਦੀ ਇਕ ਥਾਂ ਹੁੰਦੀ ਸੀ ਜਿਥੇ ਕਨਿਸ਼ਕ ਬਾਦਸ਼ਾਹ ਨੇ ਕਟਯਨ ਦੇ ਸ਼ਾਸਤਰ ਉਪਰ ਟੀਕਾ ਲਿਖਵਾਉਣ ਲਈ ਕੌਂਸਲ ਬੁਲਾਈ ਸੀ। ਇਸ ਪ੍ਰਾਚੀਨ ਥਾਂ ਦੇ ਖੰਡਰ ਸ਼ਹਿਰ ਦੇ ਬਾਹਰਲੇ ਹਿੱਸੇ ਵਿਚ ਅਜੇ ਵੀ ਮੌਜੂਦ ਹਨ। ਕਪੂਰਥਲਾ ਸੜਕ ਉਤੇ ਪੈਂਦਾ ਸੰਨਿਆਸ ਆਸ਼ਰਮ, ਜਿਹੜਾ ਕਿ ਵਧੇਰੇ ਬਹਾਰੀਆਂ ਦੇ ਤਲਾਬ ਵਜੋਂ ਪ੍ਰਸਿੱਧ ਹੈ–ਬਸਤੀ ਸ਼ੇਖ ਵਿਚ ਪੈਂਦੇ ਨਾਥਾਂ ਦੀ ਬਗੀਚੀ ਅਤੇ ਦਰਬਾਰ ਮੁਹੰਮਦ ਜਮਾਲ ਜ਼ਾਹਰਾ ਅਤੇ ਬਸਤੀ ਨੌ ਵਿਚ ਸਥਿਤ ਬਾਬਾ ਝੰਡੀਆਂ ਵਾਲਾ ਸ਼ਹਿਰ ਦੀਆਂ ਹੋਰ ਵਰਣਨ ਯੋਗ ਥਾਵਾਂ ਹਨ।

ਦੇਵੀ ਤਲਾਬ ਦੇ ਨੇੜੇ ਹੀ ਬਾਬਾ ਸੋਢਲ ਦੀ ਸਮਾਧ ਹੈ। ਹਰ ਸਾਲ ਅਗਸਤ-ਸਤੰਬਰ ਵਿਚ ਇਸ ਸਮਾਧ ਉਤੇ ਦੋ ਦਿਨ ਬਹੁਤ ਭਾਰੀ ਮੇਲਾ ਲਗਦਾ ਹੈ। ਸ਼ਹਿਰ ਦਾ ਸਭ ਤੋਂ ਮਹੱਤਵਪੂਰਨ ਉਤਸਵ ਸੰਤ ਹਰਵੱਲਬ ਦਾ ਮੇਲਾ ਹੈ ਜਿਹੜਾ ਕਿ ਹਰ ਸਾਲ 26 ਦਸੰਬਰ ਤੋਂ 29 ਦਸੰਬਰ ਤੱਕ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਨੂੰ ਸੰਤ ਹਰਵੱਲਭ ਦੇ ਇਕ ਚੇਲੇ ਤੋਲਾ ਰਾਮ ਨੇ ਸ਼ੁਰੂ ਕੀਤਾ ਸੀ। ਕਲਾਸਕੀ ਸੰਗੀਤ (ਕੰਠ ਸੰਗੀਤ ਤੇ ਸਾਜ਼ ਸੰਗੀਤ) ਦੇ ਦੇਸ਼ ਭਰ ਦੇ ਕੋਟੀ ਦੇ ਵਾਦਕ ਆਪਣੇ ਕਦਰਦਾਨਾਂ ਲਈ ਸੰਗੀਤ ਦਾ ਦੁਰਲੱਭ ਨਜ਼ਾਰਾ ਪੇਸ਼ ਕਰਨ ਲਈ ਇਕੱਠੇ ਹੁੰਦੇ ਹਨ। ਇਹ ਸੰਗੀਤ ਸੰਮੇਲਨ ਰੇਲਵੇ ਸਟੇਸ਼ਨ ਤੋਂ ਲਗਭਗ 2 ਕਿ. ਮੀ. ਦੂਰ ਪੈਂਦੇ ਦੇਵੀ ਤਾਲਾਬ ਦੀ ਚਾਰ ਦੀਵਾਰੀ ਅੰਦਰ ਕਰਵਾਇਆ ਜਾਂਦਾ ਹੈ।

ਉੱਤਰੀ ਭਾਰਤ ਦੀਆਂ ਛਪਾਈ ਪ੍ਰੈਸਾਂ ਦਾ ਇਹ ਸਭ ਤੋਂ ਵੱਡਾ ਕੇਂਦਰ ਹੈ। ਇਥੇ ਇਕ ਦੂਰਦਰਸ਼ਨ ਕੇਂਦਰ ਹੈ। ਇਸ ਤੋਂ ਇਲਾਵਾ ਇਹ ਆਲ ਇੰਡੀਆ ਰੇਡੀਓ ਦਾ ਵੀ ਪੁਰਾਣਾ ਸਟੇਸ਼ਨ ਹੈ। ਇਥੇ ਹੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਹੈ ਜਿਥੇ ਖੇਡਾਂ ਦੇ ਕੌਮੀ ਪੱਧਰ ਦੇ ਮੁਕਾਬਲੇ ਆਮ ਹੁੰਦੇ ਰਹਿੰਦੇ ਹਨ।

ਇਹ ਸ਼ਹਿਰ ਪੰਜਾਬ ਹਥਿਆਰਬੰਦ ਪੁਲਸ ਦਾ ਵੀ ਸਦਰ-ਮੁਕਾਮ ਹੈ।

ਆਬਾਦੀ, 509,510 (1991)

31°20′ ਉ. ਵਿਥ.; 75° 35′ ਪੂ. ਲੰਬ.

ਹ. ਪੁ.– ਪੰ. ਡਿਸ. ਗਜ਼–ਜਲੰਧਰ; ਸੈਂਸਿਸ ਆਫ਼ ਇੰਡੀਆ 1991-ਪੰਜਾਬ ਡਿ. ਸ. ਹੈ. ਬੁ.–ਜਲੰਧਰ, ਇੰਪ. ਗ. ਇੰਡ. 14 : 231

**ਜਲੰਧਰ ਨਾਥ** : ਇਸ ਨੂੰ ਜਵਾਲੇਂਦਰ ਨਾਥ ਵੀ ਕਿਹਾ ਜਾਂਦਾ ਹੈ। ਇਹ ਮਛੰਦਰ ਨਾਥ ਦਾ ਗੁਰ ਭਾਈ ਦੱਸਿਆ ਜਾਂਦਾ ਹੈ। ਇਸ ਦੇ ਜਨਮ ਬਾਰੇ ਕਿਹਾ ਜਾਂਦਾ ਹੈ ਕਿ ਇਹ ਹਸਤਿਨਾਪੁਰ (ਹੁਣ ਦਿੱਲੀ) ਦੇ ਰਾਜਾ ਬ੍ਰਹਦ੍ਰਿਥ ਦੇ ਯੱਗ ਦੀ ਅਗਨੀ ਤੋਂ ਪਰਗਟ ਹੋਇਆ ਸੀ। ਇਸ ਕਾਰਨ ਹੀ ਇਸ ਦਾ ਨਾਂ ਜਵਾਲੇਂਦਰ ਪਿਆ। ਬਹੁਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਜਲੰਧਰ ਨਾਥ ਪੰਜਾਬ ਦਾ ਵਸਨੀਕ ਸੀ ਅਤੇ ਮੌਜੂਦਾ ਜਲੰਧਰ ਸ਼ਹਿਰ ਇਸ ਦਾ ਨਿਵਾਸ ਸਥਾਨ ਸੀ।

ਨਾਥ ਸਿੱਧਾਂ ਦੇ ਦੂਜੇ ਵਜਰਿਯਾਨੀ ਆਚਾਰੀਆ 'ਕਾਨਹਪਾ' (809-849 ਈ.) ਨੇ ਆਪਣੇ ਗੀਤਾਂ ਵਿਚ ਜਲੰਧਰ ਬਾਰੇ ਵੀ ਸੰਕੇਤ ਕੀਤਾ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਇਹ 'ਕਾਨਹਪਾ' ਤੋਂ ਪਹਿਲਾਂ ਹੋਇਆ ਸੀ। ਇਸ ਲਈ ਇਸ ਦਾ ਸਮਾਂ 809 ਤੋਂ 40-50 ਸਾਲ ਪਹਿਲਾਂ ਦਾ ਹੋਵੇਗਾ। ਜਲੰਧਰ ਨਾਥ ਦਾ ਜਨਮ ਬ੍ਰਾਹਮਣ ਕੁਲ ਵਿਚ ਹੋਇਆ ਮੰਨਿਆ ਜਾਂਦਾ ਹੈ। ਪਹਿਲਾਂ ਇਹ ਬੋਧੀ ਭਿਖਸ਼ੂ ਸੀ ਪਰ ਬਾਅਦ ਵਿਚ ਪ੍ਰਸਿੱਧ ਸਿੱਧ ਘੰਟਾਪਾਦ ਦਾ ਚੇਲਾ ਬਣਿਆ। ਭੱਟ ਗ੍ਰੰਥਾਂ ਵਿਚ ਇਸ ਨੂੰ ਆਦਿ ਨਾਥ ਸ਼ਿਵ ਦਾ ਅਵਤਾਰ ਮੰਨਿਆ ਗਿਆ ਹੈ।

ਜਲੰਧਰ ਨਾਥ ਦੀ ਕਵਿਤਾ ਵਿਚ ਆਦਿ ਕਾਲ ਦੇ ਪੰਜਾਬੀ ਸਾਹਿਤ ਦਾ ਅੰਸ਼ ਵਧੇਰੇ ਦਿਸਦਾ ਹੈ। ਇਸ ਦੇ ਕੁੱਲ ਸੱਤ ਗ੍ਰੰਥ ਮੰਨੇ ਗਏ ਹਨ ਜਿਨ੍ਹਾਂ ਵਿਚੋਂ ਦੋ ਮਘਈ ਭਾਸ਼ਾ ਦੇ ਗ੍ਰੰਥ 'ਵਿਮੁਕਤ ਮੰਜਰੀ ਗੀਤ' ਅਤੇ 'ਹੁੰਕਾਰ ਦਿੱਤ ਬਿੰਦੂ ਭਾਵਨਾ ਕ੍ਰਮ' ਹਨ।

ਹ. ਪੁ.–ਪੰ. ਸਾ. ਵਿ.–1, 2, ; ਪੰ. ਸਾ. ਆ. ਇ.–ਸੀਤਲ

**ਜਲ–ਨਿਕਾਸ** : ਧਰਤੀ ਦੀ ਸਤ੍ਹਾ ਉੱਤੇ ਫ਼ਾਲਤੂ ਪਾਣੀ ਨੂੰ ਕੰਟ੍ਰੋਲ ਕਰਨ ਦੇ ਢੰਗ ਨੂੰ ਜਲ-ਨਿਕਾਸ ਕਿਹਾ ਜਾਂਦਾ ਹੈ। ਇਸ ਢੰਗ ਵਿਚ ਹੜ੍ਹਾਂ ਨੂੰ ਕੰਟ੍ਰੋਲ ਕਰਨਾ ਵੀ ਆਉਂਦਾ ਹੈ। ਖੇਤੀਬਾੜੀ ਵਿਚ ਜਲ-ਨਿਕਾਸ ਤੋਂ ਭਾਵ ਧਰਤੀ ਦੀ ਸਤ੍ਹਾ ਤੋਂ ਅਤੇ ਪੌਦਿਆਂ ਦੀਆਂ ਜੜ੍ਹਾਂ ਵਾਲੇ ਖੇਤਰਾਂ ਤੋਂ ਵਾਧੂ ਪਾਣੀ ਬਾਹਰ ਕੱਢਣਾ ਹੈ।

ਜਲ-ਨਿਕਾਸ ਦੀ ਲੋੜ ਭੂਮੀ-ਸੁਧਾਰ, ਹੜ੍ਹਾਂ ਤੋਂ ਬਚਾਉ, ਜਲ-ਗ੍ਰਸਤ ਅਤੇ ਖਾਰੇ ਪਦਾਰਥਾਂ ਤੋਂ ਜ਼ਮੀਨ ਨੂੰ ਬਚਾਉਣ ਆਦਿ ਵਰਗੇ ਕੰਮ ਲਈ ਪੈਂਦੀ ਹੈ। ਪਹਿਲੇ ਦੋ ਤਰ੍ਹਾਂ ਦੇ ਕੰਮਾਂ ਦੀ ਨਮੀਦਾਰ ਖੇਤਰਾਂ ਵਿਚ ਮੁੱਢਲੀ ਮਹੱਤਤਾ ਹੈ ਜਦੋਂ ਕਿ ਬੰਜਰ ਖੇਤਰਾਂ ਲਈ ਤੀਜੇ ਕੰਮ ਦੀ ਬਹੁਤ ਮਹੱਤਤਾ ਹੈ। ਭੂਮੀ ਸੁਧਾਰ ਲਈ ਜਲ-ਨਿਕਾਸ ਦਾ ਪ੍ਰਬੰਧ ਕਰਨ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਧਰਤੀ ਉੱਤਲੇ ਪਾਣੀ ਦੇ ਤੇਜ਼ੀ ਨਾਲ ਵਾਸ਼ਪੀਕਰਨ ਦੁਆਰਾ ਬੰਜਰ ਧਰਤੀ ਉੱਤੇ ਖਾਰੇ ਪਦਾਰਥ ਬਣ ਜਾਂਦੇ ਹਨ। ਇਹ ਵਾਸ਼ਪੀਕਰਨ ਹੋਣ ਵਾਲਾ ਪਾਣੀ ਆਪਣੇ ਅੰਦਰ ਧਰਤੀ ਵਿਚੋਂ ਲੂਣ ਘੋਲ ਲੈਂਦਾ ਹੈ, ਜਿਹੜੇ ਮਗਰੋਂ ਧਰਤੀ ਦੀ ਸਤ੍ਹਾ ਉੱਤੇ ਛੱਡ ਦਿੰਦਾ ਹੈ। ਇਹ ਲੂਣ ਪੌਦਿਆਂ ਦੇ ਵਾਧੇ ਵਿਚ ਰੁਕਾਵਟ ਪਾਉਂਦੇ ਹਨ। ਸਿੰਜਾਈ ਵਾਲੇ ਖੇਤਰਾਂ ਵਿਚ ਇਹ ਸਮੱਸਿਆ ਹੋਰ ਵੀ

ਭੀਰ ਰੂਪ ਧਾਰਨ ਕਰ ਲੈਂਦੀ ਹੈ। ਜ਼ਮੀਨ ਦੀ ਹੇਠਲੀ ਸਤ੍ਹਾ ਤੋਂ ਹੀ ਾਣੀ ਦੇ ਨਿਕਾਸ ਦਾ ਬਣਾਉਟੀ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਜੋ ਇਹ ਨ ਹੇਠਲੀ ਸਤ੍ਹਾ ਤੋਂ ਹੀ ਪਾਣੀ ਵਿਚ ਘੁਲ ਕੇ ਵਹਿ ਜਾਣ ਤੇ ਪੌਦਿਆਂ ੁੱਤੇ ਕੋਈ ਪ੍ਰਭਾਵ ਨਾ ਪਵੇ।

ਇਤਿਹਾਸ—ਖੇਤੀਬਾੜੀ ਲਈ ਜਲ-ਨਿਕਾਸ ਦੀ ਵਰਤੋਂ 400 ੀ. ਪੂ. ਦੇ ਲਗਭਗ ਮਿਸਰ ਵਾਸੀਆਂ ਨੇ ਨੀਲ ਘਾਟੀ ਵਿਖੇ ਕੀਤੀ ਸੀ। ਮ ਵਾਸੀਆਂ ਅਤੇ ਪ੍ਰਾਚੀਨ ਪਾਰਸੀਆਂ ਨੇ ਜਲ-ਨਿਕਾਸ ਦਾ ਇਹ ਬੰਧ ਲਗਾਤਾਰ ਜਾਰੀ ਰੱਖਿਆ। ਇਹ ਕੰਮ ਪੱਥਰਾਂ ਨਾਲ, ਕੂਚੀ ਫੇਰ ੇ ਜਾਂ ਖੁੱਲ੍ਹੇ ਨਾਲਿਆਂ ਦਾ ਇਸਤੇਮਾਲ ਕਰਕੇ ਕੀਤਾ ਜਾਂਦਾ ਸੀ। ਟਾਈਲਾਂ ਾਲੇ ਜਲ-ਨਿਕਾਸ ਦੀ ਸਭ ਤੋਂ ਪਹਿਲੀ ਉਦਾਹਰਣ ਫ਼ਰਾਂਸ ਦੇ ਇਕ ਮਾਸ਼ਰਮ ਵਿਚ 1620 ਈ. ਵਿਚ ਲੱਭੀ ਮੰਨੀ ਜਾਂਦੀ ਹੈ।

**ਉਪਯੋਗ**—ਜਲ-ਨਿਕਾਸ ਦੇ ਅਨੇਕਾਂ ਹੀ ਉਪਯੋਗ ਹਨ ਜਿਨ੍ਹਾਂ ਵਚੋਂ ਕੁਝ ਕੁ ਨਿਮਨ ਅਨੁਸਾਰ ਹਨ :—

1. ਫਾਰਮ ਦਾ ਖੇਤਰਫ਼ਲ ਵਧਾਏ ਬਿਨਾਂ ਵਾਹੀ ਯੋਗ ਜ਼ਮੀਨ ਵਿਚ ਾਧਾ ਕਰਨਾ। ਜਲ-ਨਿਕਾਸ ਨਾਲ ਸਥਾਈ ਅਤੇ ਅਸਥਾਈ ਤੌਰ ਤੇ ਮੀ ਵਾਲੀ ਜ਼ਮੀਨ ਵਧੇਰੇ ਉਪਜ ਦਿੰਦੀ ਹੈ।

2. ਚੰਗੇ ਜਲ-ਨਿਕਾਸ ਵਾਲੇ ਖੇਤਰਾਂ ਵਿਚ ਛੋਟੇ-ਛੋਟੇ ਨਮੀਦਾਰ ਜ਼ਮੀਨ ਦੇ ਟੁਕੜੇ ਖੇਤੀਬਾੜੀ ਦੇ ਸੰਦਾਂ ਦੀ ਆਵਾਜਾਈ ਅਤੇ ਵਰਤੋਂ ਵਚ ਰੁਕਾਵਟ ਪਾਉਂਦੇ ਹਨ। ਇਨ੍ਹਾਂ ਥਾਵਾਂ ਦੇ ਸਹੀ ਜਲ-ਨਿਕਾਸ ਨਾਲ ਉਪਰੋਕਤ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਜਿਸ ਨਾਲ ਸ਼ੀਨਰੀ, ਕਿਰਤ ਅਤੇ ਸਮੇਂ ਦਾ ਸਹੀ ਉਪਯੋਗ ਹੁੰਦਾ ਹੈ।

3. ਡੂੰਘੀਆਂ ਜ਼ਮੀਨਾਂ ਵਿਚ ਬਸੰਤ ਰੁੱਤੇ ਕੰਮ ਕੀਤਾ ਜਾ ਸਕਦਾ ੈ। ਇਸ ਜ਼ਮੀਨ ਵਿਚ ਪਛੜਕੇ ਕੀਤੀ ਬੀਜਾਈ ਕਾਰਨ 50% ਫ਼ਸਲ ਦੀ ਉਪਜ ਘੱਟ ਜਾਂਦੀ ਹੈ। ਜਲ-ਨਿਕਾਸ ਦੇ ਪ੍ਰਬੰਧ ਨਾਲ ਇਸ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

4. ਹੜ੍ਹਾਂ ਵਾਲੀਆਂ ਥਾਵਾਂ ਉੱਤੇ ਜਲ-ਨਿਕਾਸ ਦਾ ਸਹੀ ਪ੍ਰਬੰਧ ਕਰਨ ਨਾਲ ਹੜ੍ਹਾਂ ਨਾਲ ਰੁੜ੍ਹਨ ਵਾਲੇ ਬੀਜਾਂ ਅਤੇ ਖਾਦ ਰਲੀ ਮਿੱਟੀ ਨੂੰ ਰੁੜ੍ਹਨ ਤੋਂ ਰੋਕਿਆ ਜਾ ਸਕਦਾ ਹੈ।

5. ਹੜ੍ਹਾਂ ਵਾਲੇ ਖੇਤਰ ਅਤੇ ਪੌਦਿਆਂ ਦੇ ਪਾਣੀ ਸਟੋਰ ਕਰਨ ਦੀ ਸਮਰੱਥਾ ਵਿਚ ਜਲ-ਨਿਕਾਸ ਨਾਲ ਵਾਧਾ ਹੋ ਜਾਂਦਾ ਹੈ ਜਿਸ ਨਾਲ ਪੌਦਿਆਂ ਦੀ ਪੈਦਾਵਾਰ ਵਿਚ ਵਾਧਾ ਹੁੰਦਾ ਹੈ। ਇਸ ਦੇ ਫ਼ਲਸਰੂਪ ਪੌਦਿਆਂ ਦੀ ਔੜ ਸਹਿਣ-ਸਮਰੱਥਾ ਵੱਧ ਜਾਂਦੀ ਹੈ।

6. ਚੰਗੀ ਜਲ-ਨਿਕਾਸ ਵਾਲੀ ਜ਼ਮੀਨ ਵਾਲੇ ਪੌਦੇ ਕਦੇ ਵੀ ਸਰਦੀ ਅਤੇ ਦਲਦਲ ਦੀ ਮਾਰ ਥੱਲੇ ਨਹੀਂ ਆਉਂਦੇ। ਪਾਣੀ ਦੇ ਜੰਮਣ ਨਾਲ ਹਿਮ-ਲੈੱਨਜ਼ ਬਣ ਜਾਂਦੇ ਹਨ ਜਿਨ੍ਹਾਂ ਤੋਂ ਪੌਦਿਆਂ ਨੂੰ ਬਚਾਉਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਦੀਆਂ ਜੜ੍ਹਾਂ ਜਾਂ ਕਿਸੇ ਹੋਰ ਭਾਗ ਦਾ ਨੁਕਸਾਨ ਨਾ ਹੋਵੇ। ਚੰਗੇ ਜਲ-ਨਿਕਾਸ ਪ੍ਰਬੰਧ ਵਾਲੀ ਧਰਤੀ ਉੱਤੇ ਹਿਮ-ਲੈੱਨਜ਼ ਘੱਟ ਬਣਦੇ ਹਨ।

7. ਜਲ-ਨਿਕਾਸ਼ ਨਾਲ ਧਰਤੀ ਦੀ ਪ੍ਰਾਕ੍ਰਿਤਕ ਹਾਲਤ ਸੁਧਰ ਜਾਂਦੀ ਹੈ ਕਿਉਂਕਿ ਧਰਤੀ ਵਿਚੋਂ ਵਾਧੂ ਪਾਣੀ ਦੂਰ ਹੋ ਜਾਣ ਨਾਲ ਬਸੰਤ ਵਿਚ ਇਹ ਗਰਮ ਹੋ ਜਾਂਦੀ ਹੈ। ਇਸ ਲਈ ਜੀਵਾਣੂੰ-ਕਿਰਿਆ ਵਧੇਰੇ ਹੁੰਦੀ ਹੈ ਜਿਸ ਨਾਲ ਇਸ ਦੀ ਉਪਜਾਊ ਸ਼ਕਤੀ ਵਿਚ ਸਥਾਈ ਵਾਧਾ ਹੁੰਦਾ ਹੈ।

8. ਧਰਤੀ ਦੀ ਪ੍ਰਾਕ੍ਰਿਤਿਕ ਹਾਲਤ ਸੁਧਰ ਜਾਣ ਨਾਲ ਅਸਿੱਧੇ ਤੌਰ ਤੇ ਧਰਤੀ ਦੀ ਦਲਦਲ ਅਤੇ ਪੇਪੜੀ ਘਟਣ ਨਾਲ ਪੌਦਿਆਂ ਦੀ ਉਤਪੱਤੀ ਵਿਚ ਵਾਧਾ ਹੁੰਦਾ ਹੈ ਜਿਸ ਨਾਲ ਪੌਦਿਆਂ ਦੇ ਵਧਣਸ਼ੀਲ ਕਾਲ ਦੌਰਾਨ ਪਾਣੀ ਆਸਾਨੀ ਨਾਲ ਧਰਤੀ ਦੇ ਅੰਦਰ ਜਾ ਸਕਦਾ ਹੈ। ਇਸ ਨਾਲ ਪੌਦਿਆਂ ਦੇ ਵਾਧੇ ਲਈ ਲੋੜੀਂਦਾ ਪਾਣੀ ਉਨ੍ਹਾਂ ਨੂੰ ਮਿਲ ਜਾਂਦਾ ਹੈ।

9. ਜਲ-ਨਿਕਾਸ ਦਾ ਪ੍ਰਬੰਧ ਵਧੀਆ ਹੋਣ ਨਾਲ ਧਰਤੀ ਵਿਚ ਸਥਾਈਕਰਨ ਆ ਜਾਂਦਾ ਹੈ ਜਿਸ ਕਰਕੇ ਬਾਰਸ਼ਾਂ ਨਾਲ ਇਸ ਦੇ ਰੁੜ੍ਹਨ ਦੀ ਦਰ ਘੱਟ ਜਾਂਦੀ ਹੈ।

10. ਖੜ੍ਹੇ ਪਾਣੀ ਦੇ ਖੇਤਰਫਲ ਵਿਚ ਘਾਟਾ ਹੋ ਜਾਣ ਨਾਲ ਕੀੜੇ-ਮਕੌੜੇ ਆਦਿ ਪੈਦਾ ਨਹੀਂ ਹੁੰਦੇ। ਇਸ ਲਈ ਫਾਰਮ ਦਾ ਮਾਹੌਲ ਵਧੇਰੇ ਸਿਹਤਮੰਦ ਹੋ ਜਾਂਦਾ ਹੈ।

ਉਪਰੋਕਤ ਦਰਸਾਏ ਗਏ ਉਪਯੋਗ ਕਿਸੇ ਇਕ ਫਾਰਮ ਦੇ ਹਨ। ਜਦੋਂ ਸਮੁੱਚੇ ਖੇਤਰ ਦੇ ਫਾਰਮ ਨੂੰ ਇਕ ਕਰਕੇ ਵਾਚਿਆ ਜਾਵੇ ਤਾਂ ਸਮੂਹ ਆਬਾਦੀ ਦੀ ਖੁਸ਼ਹਾਲੀ ਦਾ ਪਤਾ ਉਥੋਂ ਦੀ ਜਨ-ਸਿਹਤ ਅਤੇ ਵਿਕਾਸ ਤੋਂ ਲਗਦਾ ਹੈ।

**ਉਚਿਤ ਜਲ-ਨਿਕਾਸ ਨਾ ਹੋਣ ਦੇ ਕਾਰਨ**—ਉਚਿਤ ਜਲ-ਨਿਕਾਸ ਦਾ ਪ੍ਰਬੰਧ ਕਰਨ ਤੋਂ ਪਹਿਲਾਂ ਇਸ ਦੇ ਨੁਕਸਦਾਰ ਹੋਣ ਦੇ ਕਾਰਨਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਉਚਿਤ ਜਲ-ਨਿਕਾਸ ਹੇਠ ਲਿਖੀਆਂ ਗੱਲਾਂ ਉੱਤੇ ਨਿਰਭਰ ਕਰਦਾ ਹੈ :—

ਭੂਗੋਲਿਕ ਖਾਰ ਅਤੇ ਤਲ-ਛੱਟਣ ਕਾਰਨ ਧਰਤੀ ਦੀ ਸਤ੍ਹਾ ਕਈ ਖੇਤਰਾਂ ਵਿਚ ਅਨੇਕਾਂ ਤਹਿਆਂ ਦੀ ਬਣੀ ਹੁੰਦੀ ਹੈ। ਜਦੋਂ ਪਹਾੜ ਬਣਦੇ ਹਨ ਤਾਂ ਇਹ ਤਹਿਆਂ ਅਕਸਰ ਬਦਲੀਆਂ ਰਹਿੰਦੀਆਂ ਹਨ। ਤਹਿ ਦੀ ਪਾਰਗਮਨਸ਼ੀਲਤਾ ਜਾਂ ਜਿਸ ਦਰ ਨਾਲ ਇਸ ਵਿਚ ਦੀ ਪਾਣੀ ਵਹਿੰਦਾ ਹੈ, ਇਸ ਦੇ ਪਦਾਰਥਾਂ ਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਜਦੋਂ ਪਾਰਗਮਨਸ਼ੀਲ ਤਹਿ ਵਿਚੋਂ ਦੀ ਪਾਣੀ ਲੰਘਦਾ ਹੈ ਤਾਂ ਇਸ ਦੇ ਰਸਤੇ ਵਿਚ ਅਪਾਰਗਮਨਸ਼ੀਲ ਪਰਤਾਂ ਰੁਕਾਵਟ ਬਣਦੀਆਂ ਹਨ ਅਤੇ ਪਾਣੀ ਉਪਰ ਵੱਲ ਧੱਕਿਆ ਜਾਂਦਾ ਹੈ ਜਿਸ ਕਰਕੇ ਖੇਤੀਬਾੜੀ ਵਾਲੀ ਪਰਤ ਵੱਧ ਗਿੱਲੀ ਹੋ ਜਾਂਦੀ ਹੈ ਜੋ ਖੇਤੀਬਾੜੀ ਦੀ ਉਪਜ ਉੱਤੇ ਅਸਰ ਪਾਉਂਦੀ ਹੈ। ਧਰਤੀ ਦੀ ਉਪਰਲੀ ਸਤ੍ਹਾ ਹੇਠਾਂ ਇਕ ਅਪਾਰਗਮਨਸ਼ੀਲ ਪਰਤ ਕਾਰਨ ਬਣਨ ਵਾਲੀ ਉਪਰਲੀ ਪਾਰਗਮਨਸ਼ੀਲ ਪਰਤ ਇਕ ਜਲ-ਨਿਕਾਸੀ ਸਮੱਸਿਆ ਨੂੰ ਜਨਮ ਦਿੰਦੀ ਹੈ। ਪਹਾੜਾਂ ਦੇ ਪੈਰਾਂ ਵਿਚ ਅਕਸਰ ਅਨੇਕਾਂ ਝਰਨਿਆਂ ਵਿਚੋਂ ਦੀ ਪਾਣੀ ਸਿੰਮ-ਸਿੰਮ ਕੇ ਧਰਤੀ ਨੂੰ ਸੇਮ ਵਾਲੀ ਬਣਾ ਦਿੰਦਾ ਹੈ।

ਜਦੋਂ ਕਿਸੇ ਖੇਤਰ ਵਿਚ ਢਾਲ ਹੋਵੇ ਹੀ ਨਾ ਜਾਂ ਬਿਲਕੁਲ ਥੋੜ੍ਹੀ ਹੋਵੇ ਅਤੇ ਧਰਤੀ ਪਾਣੀ ਨੂੰ ਆਸਾਨੀ ਨਾਲ ਆਪਣੇ ਵਿਚ ਥੱਲੇ ਸਿੰਮਣ ਨਾ ਦੇਵੇ ਤਾਂ ਤਲਛੱਟਣ ਕਾਰਨ ਪਾਣੀ ਜਮ੍ਹਾਂ ਹੋਇਆ ਰਹਿੰਦਾ ਹੈ ਜਿਹੜਾ ਹੌਲੀ ਹੌਲੀ ਵਾਸ਼ਪੀਕਰਨ ਰਾਹੀਂ ਉੱਡਦਾ ਰਹਿੰਦਾ ਹੈ। ਕੁਝ ਕੁ ਖੇਤਰ ਅਜਿਹੇ ਹਨ ਜਿਨ੍ਹਾਂ ਵਿਚੋਂ ਪਾਣੀ ਦੂਰ ਹੋਣ ਤੋਂ ਬਾਅਦ ਇਹ ਕਾਫੀ ਉਪਜਾਊ ਬਣ ਜਾਂਦੇ ਹਨ ਅਤੇ ਵਧੀਆ ਕਿਸਮ ਦੀਆਂ ਫ਼ਸਲਾਂ ਦੀ ਪੈਦਾਵਾਰ ਦਿੰਦੇ ਹਨ। ਪੱਧਰੇ ਖੇਤਰਾਂ ਵਿਚ ਥੋੜ੍ਹੀਆਂ ਘੱਟ ਡੂੰਘੀਆਂ ਥਾਵਾਂ ਉੱਤੇ ਪਾਣੀ ਜਮ੍ਹਾਂ ਹੋ ਜਾਂਦਾ ਹੈ ਜਿਸ ਨਾਲ ਖੇਤੀ ਕਰਨੀ ਔਖੀ ਹੋ ਜਾਂਦੀ ਹੈ ਕਿਉਂਕਿ ਇਹ ਖੇਤਰ ਜਲ-ਨਿਕਾਸ ਤੋਂ ਬਾਅਦ ਵੀ ਗਿੱਲੇ ਰਹਿੰਦੇ ਹਨ।

ਹੜ੍ਹਾਂ ਵਾਲੇ ਖੇਤਰਾਂ ਵਿਚ ਜਲ-ਨਿਕਾਸ ਦੀ ਸਮੱਸਿਆ ਇਕ ਬਹੁਤ ਗੰਭੀਰ ਸਮੱਸਿਆ ਬਣ ਜਾਂਦੀ ਹੈ। ਹੜ੍ਹਾਂ ਨੂੰ ਰੋਕਣ ਲਈ ਬੰਨ੍ਹ ਆਦਿ ਦਾ ਬਣਾਉਣਾ ਜ਼ਰੂਰੀ ਹੁੰਦਾ ਹੈ ਅਤੇ ਫਿਰ ਕੁਦਰਤੀ ਜਲ-ਨਿਕਾਸ ਰੁਕ ਜਾਣ ਕਰਕੇ ਬਣਾਉਟੀ ਜਲ-ਨਿਕਾਸ ਦਾ ਪ੍ਰਬੰਧ ਕਰਨਾ ਪੈਂਦਾ ਹੈ। ਹਰ ਕਿਸਮ ਦੀ ਧਰਤੀ ਵਿਚ ਜਲ-ਨਿਕਾਸ ਦੀਆਂ ਸਮੱਸਿਆਵਾਂ ਹੁੰਦੀਆਂ ਹਨ ਪਰ ਉਸ ਧਰਤੀ ਦੇ ਗੁਣਾਂ ਦੇ ਆਧਾਰ ਤੇ ਆਸਾਨੀ ਨਾਲ ਇਸ

ਸਮੱਸਿਆ ਦਾ ਹੱਲ ਲੱਭ ਜਾਂਦਾ ਹੈ। ਵਧੇਰੇ ਪਾਰਗਮਨਸ਼ੀਲਤਾ ਵਾਲੀ ਧਰਤੀ ਵਿਚ ਉਸ ਸਮੇਂ ਜਲ-ਨਿਕਾਸ ਦੀ ਸਮੱਸਿਆ ਆਉਂਦੀ ਹੈ, ਜਦੋਂ ਧਰਤੀ ਦੀ ਹੇਠਲੀ ਸਤ੍ਹਾ ਤੋਂ ਜਾਂ ਅਪਾਰਗਮਨਸ਼ੀਲ ਪਰਤ ਤੋਂ ਪਾਣੀ ਸਿੰਮ ਕੇ ਰੇਤਲੀ ਜਾਂ ਪਥਰੀਲੀ ਧਰਤੀ ਨੂੰ ਗਿੱਲਾ ਕਰ ਦਿੰਦਾ ਹੈ, ਕਈ ਵਾਰੀ ਅਜਿਹਾ ਕੁਦਰਤੀ ਜਲ-ਨਿਕਾਸ ਨਾ ਹੋਣ ਕਾਰਨ ਵੀ ਹੁੰਦਾ ਹੈ।

**ਜਲ-ਨਿਕਾਸ ਸਿਸਟਮ**—ਜਲ-ਨਿਕਾਸੀ ਦੇ ਦੋ ਵੱਖਰੇ ਢੰਗ ਸਤ੍ਹਾ ਉੱਤਲੇ ਅਤੇ ਸਤ੍ਹਾ ਹੇਠਲੇ ਹਨ। ਪਹਿਲੇ ਢੰਗ ਦੀ ਵਰਤੋਂ ਧਰਤੀ ਉੱਤੇ ਪਾਣੀ ਨੂੰ ਖੜ੍ਹਾ ਹੋਣ ਤੋਂ ਰੋਕਣ ਲਈ ਕੀਤੀ ਜਾਂਦੀ ਹੈ ਜਦੋਂ ਕਿ ਦੂਜੇ ਢੰਗ ਦਾ ਇਸਤੇਮਾਲ ਧਰਤੀ ਅੰਦਰਲੇ ਵਾਧੂ ਪਾਣੀ ਨੂੰ ਦੂਰ ਕਰਨ ਲਈ ਕੀਤਾ ਜਾਂਦਾ ਹੈ। ਕਈ ਵਾਰੀ ਦੋਵੇਂ ਢੰਗਾਂ ਵਿਚੋਂ ਕੋਈ ਇਕ ਢੰਗ ਹੀ ਕਾਰਗਰ ਰਹਿੰਦਾ ਹੈ ਪਰ ਦੋਵੇਂ ਇਕੱਠੇ ਵਰਤੇ ਜਾਣ ਤਾਂ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦੇ ਹਨ। ਬਣਾਉਟੀ ਜਲ-ਨਿਕਾਸ ਪ੍ਰਬੰਧ ਦੀ ਜ਼ਰੂਰਤ ਵੱਖੋ ਵੱਖਰੇ ਖੇਤਰਾਂ ਵਿਚ ਵੱਖੋ ਵੱਖਰੀ ਹੁੰਦੀ ਹੈ। ਇਕ ਖੇਤਰ ਵਿਚ ਕੁਝ ਕੁ ਥਾਵਾਂ ਉੱਤੇ ਜਾਂ ਸਮੁੱਚੇ ਖੇਤਰ ਵਿਚ ਹੀ ਸਿੱਲ੍ਹ ਹੋ ਸਕਦੀ ਹੈ। ਇਨ੍ਹਾਂ ਥਾਵਾਂ ਦਾ ਪਾਣੀ ਇਕੋ ਜਲ-ਨਿਕਾਸੀ ਢੰਗ ਨਾਲ ਜਾਂ ਅਨਿਯਮਿਤ ਜਲ-ਨਿਕਾਸ ਨਾਲ ਕੱਢਿਆ ਜਾ ਸਕਦਾ ਹੈ। ਆਮ ਕਰਕੇ ਸਿੱਲ੍ਹ ਵਾਲੇ ਖੇਤਰਾਂ ਦਾ ਪਾਣੀ ਨਿਸ਼ਚਿਤ ਜਲ-ਨਿਕਾਸੀ ਢੰਗ ਨਾਲ ਕੱਢਿਆ ਜਾਂਦਾ ਹੈ। ਇਸ ਢੰਗ ਦੀਆਂ ਅਨੇਕਾਂ ਕਿਸਮਾਂ ਹੋ ਸਕਦੀਆਂ ਹਨ। ਆਮ ਸਧਾਰਨ ਕੁਦਰਤੀ ਜਲ-ਨਿਕਾਸੀ ਦੇ ਨਾਲ ਨਾਲ ਜਿਉਮੈਟਰੀ ਢੰਗ ਨਾਲ ਜਲ-ਨਿਕਾਸੀ ਦਾ ਪ੍ਰਬੰਧ ਕੀਤਾ ਜਾਂਦਾ ਹੈ।

## ਕਿਸਮਾਂ, ਡਿਜ਼ਾਈਨ ਅਤੇ ਸੰਰਚਨਾ

ਖੇਤੀਬਾੜੀ ਵਿਚ ਦੋ ਤਰ੍ਹਾਂ ਦੀਆਂ ਖੁੱਲ੍ਹੀਆਂ ਅਤੇ ਢੱਕੀਆਂ ਹੋਈਆਂ ਨਾਲੀਆਂ ਜਾਂ ਖਾਲਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

### ਖੁੱਲ੍ਹੇ ਖਾਲ ਜਾਂ ਨਾਲੇ

**ਖਾਲ**—ਇਕ ਛੋਟੀ ਤੇ ਘੱਟ ਡੂੰਘੀ ਖਾਲ ਤੋਂ ਲੈ ਕੇ ਵੱਡੇ ਤੋਂ ਵੱਡੇ ਖੁੱਲ੍ਹੇ ਚੈਨਲ ਜਾਂ ਰਜਬਾਹੇ ਤੱਕ ਅਨੇਕਾਂ ਆਕਾਰਾਂ ਦੀਆਂ ਹੋ ਸਕਦੀਆਂ ਹਨ। ਘੱਟ ਡੂੰਘੇ ਖਾਲਾਂ ਦਾ ਇਸਤੇਮਾਲ ਅਕਸਰ ਉੱਚੀਆਂ ਥਾਵਾਂ ਤੋਂ ਪਾਣੀ ਦੇ ਵਹਾਉ ਦਾ ਰੁੱਖ ਮੋੜਨ ਲਈ ਕੀਤਾ ਜਾਂਦਾ ਹੈ। ਨਾਲੀ ਪੁੱਟ ਕੇ ਇਸ ਦੀ ਮਿੱਟੀ ਨੀਵੇਂ ਪਾਸੇ ਲਗਾ ਕੇ ਛੋਟੇ ਛੋਟੇ ਬੰਨ੍ਹ ਬਣਾਏ ਜਾਂਦੇ ਹਨ। ਇਨ੍ਹਾਂ ਦੇ ਕਿਨਾਰਿਆਂ ਉੱਤੇ ਘਾਹ ਉਗਾਇਆ ਜਾਂਦਾ ਹੈ। ਇਸ ਤਰ੍ਹਾਂ ਨਾਲੀਆਂ ਦੇ ਕੰਮ ਲਈ ਘੱਟ ਜ਼ਮੀਨ ਜ਼ਾਇਆ ਹੁੰਦੀ ਹੈ। ਵੱਡੇ-ਵੱਡੇ ਖਾਲਿਆਂ ਦਾ ਉਪਯੋਗ ਵੱਡੇ ਵੱਡੇ ਖੇਤਰਾਂ ਦੇ ਵਾਧੂ ਪਾਣੀ ਨੂੰ ਇਕੱਠਾ ਕਰਨ ਲਈ ਕੀਤਾ ਜਾਂਦਾ ਹੈ ਅਤੇ ਕਈ ਵਾਰੀ ਇਨ੍ਹਾਂ ਨੂੰ ਜਲ-ਨਿਕਾਸ ਸਿਸਟਮ ਦੇ ਨਿਵੇਸ਼ ਲਈ ਵਰਤਿਆ ਜਾਂਦਾ ਹੈ। ਅਜਿਹੇ ਖਾਲੇ ਕਾਫ਼ੀ ਥਾਂ ਘੇਰ ਲੈਂਦੇ ਹਨ ਜਿਹੜੀ ਕਿ ਫ਼ਸਲਾਂ ਦੀ ਉਪਜ ਲਈ ਨਹੀਂ ਵਰਤੀ ਜਾ ਸਕਦੀ। ਇਸ ਤੋਂ ਇਲਾਵਾ ਇਹ ਖੇਤੀਬਾੜੀ ਦੇ ਕੰਮਾਂ ਵਿਚ ਰੁਕਾਵਟ ਵੀ ਬਣਦੇ ਹਨ।

ਖੁੱਲ੍ਹੇ ਖਾਲਾਂ ਦੀ ਵਰਤੋਂ ਸਤ੍ਹਾ ਹੇਠਲੇ ਜਲ-ਨਿਕਾਸ ਲਈ ਵੀ ਕੀਤੀ ਜਾਂਦੀ ਹੈ। ਅਜਿਹੇ ਖਾਲੇ ਪੌਦਿਆਂ ਦੀਆਂ ਜੜ੍ਹਾਂ ਦੀ ਸਤ੍ਹਾ ਤੋਂ ਡੂੰਘੇ ਰੱਖੇ ਜਾਂਦੇ ਹਨ ਤਾਂ ਜੋ ਲੋੜੀਂਦੀ ਜਲ-ਨਿਕਾਸੀ ਹੋ ਸਕੇ। ਇਸ ਕਿਸਮ ਦੇ ਖਾਲੇ ਅਕਸਰ ਉੱਚੀ ਭੂਮੀ ਜਲ-ਸਤਰ ਵਾਲੇ ਵਧੇਰੇ ਖੇਤਰਾਂ ਵਿਚ ਵਰਤੇ ਜਾਂਦੇ ਹਨ।

**ਖੇਤਰ ਜਲ-ਨਿਕਾਸੀ ਢੰਗ**—ਖੁੱਲ੍ਹੇ V-ਨੁਮਾ ਚੌੜੇ ਚੈਨਲਾਂ ਜਾਂ ਖਾਲਿਆਂ ਦਾ ਇਸਤੇਮਾਲ ਘੱਟ ਡੂੰਘੀਆਂ ਥਾਵਾਂ ਤੋਂ ਪਾਣੀ ਕੱਢਣ ਲਈ ਅਕਸਰ ਕੀਤਾ ਜਾਂਦਾ ਹੈ। ਇਹ ਆਮ ਕਰਕੇ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦੇ ਹਨ ਕਿਉਂਕਿ ਇਹ ਮਸ਼ੀਨਰੀ ਆਦਿ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਦੇ ਅਤੇ ਖੇਤੀਬਾੜੀ ਦੇ ਕੰਮ ਵਿਚ ਦਖ਼ਲਅੰਦਾਜ਼ੀ ਨਹੀਂ ਕਰਦੇ।

**ਸਿਆੜਾਂ ਵਿਚਲੀ ਥਾਂ**—ਦੋ ਸਿਆੜਾਂ ਦੇ ਵਿਚਕਾਰਲੀ ਅਣਵਾਹੀ ਥਾਂ ਨੂੰ ਖੁਲ੍ਹੀ ਸਿਆੜ ਕਿਹਾ ਜਾਂਦਾ ਹੈ। ਪੱਧਰੀ ਧਰਤੀ ਉੱਤੇ ਸਮਾਂਤਰ ਖੁਲ੍ਹੇ ਸਿਆੜ ਬਣਾ ਕੇ ਜਲ-ਨਿਕਾਸ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਖ਼ਾਲਾਂ ਦਾ ਕੰਮ ਕਰਦੇ ਹਨ। ਦੋ ਸਿਆੜਾਂ ਦੇ ਵਿਚਕਾਰਲੀ ਥਾਂ ਵਿਚੋਂ ਉੱਚੀ ਹੁੰਦੀ ਹੈ। ਅਜਿਹੇ ਜਲ-ਨਿਕਾਸੀ ਪ੍ਰਬੰਧ ਨੂੰ ਸਤੱਰੀਕਰਨ ਕਹਿੰਦੇ ਹਨ।

### ਢੱਕੇ ਹੋਏ ਖਾਲ

**ਪੋਲ ਡਰੇਨਾਂ**—ਜ਼ਮੀਨਦੋਜ਼ ਜਲ-ਨਿਕਾਸੀ ਪ੍ਰਬੰਧ ਲਈ ਸਭ ਤੋਂ ਪਹਿਲਾਂ ਪੋਲਾਂ ਦੀ ਵਰਤੋਂ ਕੀਤੀ ਜਾਣ ਲੱਗੀ। ਤਿੰਨ ਪੋਲਾਂ ਨੂੰ ਇਕ ਦੂਜੇ ਨਾਲ ਤਿਕੋਨ ਬਣਾ ਕੇ ਟੋਆ ਪੁੱਟ ਕੇ ਦੱਬ ਦਿੱਤਾ ਜਾਂਦਾ ਸੀ। ਇਨ੍ਹਾਂ ਪੋਲਾਂ ਵਿਚ ਵਹਿ ਰਿਹਾ ਪਾਣੀ ਨਿਵੇਸ਼ ਸਥਾਨ ਵੱਲ ਵਹਿੰਦਾ ਰਹਿੰਦਾ ਸੀ। ਜਦੋਂ ਇਹ ਪੋਲ ਖੁਰ ਜਾਂਦੇ ਜਾਂ ਟੁੱਟ ਜਾਂਦੇ ਤਾਂ ਮੁੜ ਨਵੇਂ ਪੋਲ ਦੱਬੇ ਜਾਂਦੇ ਸਨ।

**ਬਾਕਸ ਡਰੇਨਾਂ**—ਵਧੀਆ ਕਿਸਮ ਦੀ ਲੱਕੜ ਤੋਂ ਤਿਆਰ ਕੀਤੇ ਜਲ-ਨਿਕਾਸੀ ਡਰੇਨ ਵਧੇਰੇ ਤਸੱਲੀਬਖ਼ਸ਼ ਹੁੰਦੇ ਹਨ। ਇਸ ਵਿਚ ਫੱਟੇ ਇਸ ਤਰ੍ਹਾਂ ਜੋੜੇ ਜਾਂਦੇ ਹਨ ਤਾਂ ਜੋ ਇਹ ਇਕ ਆਇਤਾਕਾਰ ਜਾਂ ਤਿਕੋਨੇ ਪਾਈਪ ਵਾਂਗ ਬਣ ਜਾਣ। ਚੰਗੀ ਠੋਸ ਲੱਕੜ ਵਾਲੇ ਡਰੇਨ ਕਈ ਸਾਲਾਂ ਤੱਕ ਖ਼ਰਾਬ ਨਹੀਂ ਹੁੰਦੇ, ਭਾਵੇਂ ਇਨ੍ਹਾਂ ਵਿਚੋਂ ਦੀ ਪਾਣੀ ਹਮੇਸ਼ਾ ਹੀ ਵਗਦਾ ਰਹੇ।

**ਪੱਥਰ ਡਰੇਨਾਂ**—ਜਿਸ ਢੰਗ ਨਾਲ ਪੋਲਾਂ ਅਤੇ ਲੱਕੜਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਠੀਕ ਉਸੇ ਤਰ੍ਹਾਂ ਪੱਥਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਥੇ ਚੌਰਸ ਤੇ ਪੱਧਰੇ ਪੱਥਰ ਮਿਲਦੇ ਹਨ, ਉਥੇ ਇਨ੍ਹਾਂ ਨੂੰ ਇਸ ਤਰ੍ਹਾਂ ਲਗਾਇਆ ਜਾਂਦਾ ਹੈ ਕਿ ਇਹ ਇਕ ਬਕਸਾਨੁਮਾ ਖਾਲ ਦਾ ਰੂਪ ਧਾਰਨ ਕਰ ਲੈਣ। ਇਸ ਤਰ੍ਹਾਂ ਦੀਆਂ ਡਰੇਨਾਂ ਦੀ ਸੰਭਾਲ ਠੀਕ ਤਰੀਕੇ ਨਾਲ ਕਰਨ ਤੇ ਇਹ ਬਹੁਤ ਲੰਬੇ ਅਰਸੇ ਤੱਕ ਤਸੱਲੀਬਖਸ਼ ਕੰਮ ਦਿੰਦੀਆਂ ਰਹਿੰਦੀਆਂ ਹਨ। ਵੇਖਣ ਵਿਚ ਆਇਆ ਹੈ ਕਿ ਪੱਥਰਾਂ ਵਾਲੀਆਂ ਕਈ ਡਰੇਨਾਂ 50 ਸਾਲਾਂ ਤੱਕ ਠੀਕ ਠਾਕ ਕੰਮ ਦਿੰਦੀਆਂ ਰਹੀਆਂ ਹਨ। ਜਿਨ੍ਹਾਂ ਥਾਵਾਂ ਉੱਤੇ ਚੌੜੇ ਪੱਥਰ ਨਾ ਮਿਲਦੇ ਹੋਣ ਉਥੇ ਛੋਟੇ ਛੋਟੇ ਪੱਥਰਾਂ ਨੂੰ ਟੋਏ ਪੁੱਟ ਕੇ 15 ਤੋਂ 20 ਸੈਂ. ਮੀ. ਦੀ ਮੋਟੀ ਤਹਿ ਵਿਛਾ ਕੇ ਉਪਰੋਂ ਢੱਕ ਦਿੱਤਾ ਜਾਂਦਾ ਹੈ। ਇਹ ਢੰਗ ਇੰਨਾ ਕਾਰਗਰ ਨਹੀਂ ਹੈ ਕਿਉਂਕਿ ਟੋਏ ਛੋਟੇ-ਛੋਟੇ ਪੱਥਰ ਪਾਣੀ ਦੇ ਰਸਤੇ ਵਿਚ ਰੁਕਾਵਟ ਬਣਦੇ ਹਨ ਜਿਸ ਨਾਲ ਜਲ-ਨਿਕਾਸ ਵਿਚ ਰੁਕਾਵਟ ਪੈਂਦੀ ਹੈ।

**ਟਾਈਲ ਡਰੇਨਾਂ**—ਸਭ ਤੋਂ ਵੱਧ ਭਰੋਸੇਯੋਗ ਜ਼ਮੀਨਦੋਜ਼ ਜਲ-ਨਿਕਾਸੀ ਪ੍ਰਬੰਧ ਮਿੱਟੀ ਦੀਆਂ ਟਾਈਲਾਂ ਦਾ ਇਸਤੇਮਾਲ ਕਰਨਾ ਹੈ। ਜੇਕਰ ਇਨ੍ਹਾਂ ਨੂੰ ਸਹੀ ਢੰਗ ਨਾਲ ਤਿਆਰ ਕੀਤਾ ਜਾਵੇ ਤਾਂ ਇਹ ਜ਼ਰੂਰ ਹੀ ਇਕ ਪੱਕਾ ਪ੍ਰਬੰਧ ਸਿੱਧ ਹੁੰਦਾ ਹੈ। ਟਾਈਲ ਪੱਧਰੀ, ਸਿੱਧੀ ਅਤੇ ਤਰੇੜਰਹਿਤ ਹੋਣੀ ਚਾਹੀਦੀ ਹੈ ਅਤੇ ਚੋਟ ਮਾਰਨ ਉੱਤੇ ਇਸ ਉੱਤੇ ਛੱਲਾ ਬਣਨਾ ਚਾਹੀਦਾ ਹੈ। ਅੱਜਕੱਲ੍ਹ ਕੰਕਰੀਟ ਦੀਆਂ ਇੱਟਾਂ ਦਾ ਇਸਤੇਮਾਲ ਵਧਦਾ ਜਾ ਰਿਹਾ ਹੈ। ਜਿਹੜੀ ਧਰਤੀ ਵਿਚ ਤੇਜ਼ਾਬ ਜਾਂ ਖ਼ਾਰ ਨਾ ਹੋਣ ਤਾਂ ਇਹ ਕੰਕਰੀਟ ਦੀਆਂ ਇੱਟਾਂ ਸਭ ਤੋਂ ਵੱਧ ਕਾਰਗਾਰ ਸਿੱਧ ਹੁੰਦੀਆਂ ਹਨ ਪਰ ਕਈ ਵਾਰੀ ਇਨ੍ਹਾਂ ਨੂੰ ਤਿਆਰ ਕਰਦੇ ਸਮੇਂ ਕੋਈ ਕਮੀ ਰਹਿ ਜਾਣ ਦੀ ਸੰਭਾਵਨਾ ਹੋ ਸਕਦੀ ਹੈ। ਵਿਸ਼ੇਸ਼ ਕਿਸਮ ਦੀ ਧਰਤੀ ਲਈ ਵਿਸ਼ੇਸ਼ ਕਿਸਮ ਦੀਆਂ ਟਾਈਲਾਂ ਦਾ ਉਪਯੋਗ ਕੀਤਾ ਜਾਂਦਾ ਹੈ।

**ਖੁੱਡ ਡਰੇਨਾਂ**—ਇਸ ਢੰਗ ਵਿਚ ਹੇਠਲੀ ਸਤ੍ਹਾ ਵਿਚ ਚੂਹੇ ਦੀ ਖੁੱਡ ਵਾਂਗ ਚੈਨਲ ਪੁੱਟ ਕੇ ਜਾਂ ਗੋਲਾਕਾਰ ਸੁਰਾਖ਼ ਮਾਰ ਕੇ ਜਲ-ਨਿਕਾਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੁਰਾਖ਼ ਮਾਰਨ ਵਾਲਾ ਵਰਮਾ ਸਟੀਲ ਫ਼ਰੇਮ ਵਿਚ ਲੱਗਾ ਹੁੰਦਾ ਹੈ ਜਿਸ ਨੂੰ ਟ੍ਰੈਕਟਰ ਨਾਲ ਚਲਾਇਆ ਜਾਂਦਾ ਹੈ। ਕਈ ਵਾਰੀ ਇਨ੍ਹਾਂ ਵਰਮਿਆਂ ਨਾਲ ਜਲ-ਚਾਲਿਤ ਸਲਿੰਡਰ ਲੱਗੇ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਡੂੰਘਾਈ ਇਕੋ ਜਿਹੀ ਰੱਖੀ ਜਾਂਦੀ ਹੈ। ਸਭ ਤੋਂ ਵੱਡੀ ਸਮੱਸਿਆ ਲਗਾਤਾਰ ਢਲਾਣ ਕਾਇਮ ਰੱਖਣ ਦੀ ਹੈ ਕਿਉਂਕਿ ਕਈ ਵਾਰੀ ਧਰਤੀ ਵਧੇਰੇ ਸਖ਼ਤ ਹੁੰਦੀ ਹੈ। ਬੇਸ਼ਕ ਇਹ ਛੇਤੀ ਖ਼ਰਾਬ ਹੋ ਜਾਂਦੀਆਂ ਹਨ ਪਰ ਇਨ੍ਹਾਂ ਨੂੰ ਮੁੜ ਉਸਾਰਨਾ ਬਹੁਤ ਸਸਤਾ ਪੈਂਦਾ ਹੈ। ਇਨ੍ਹਾਂ ਦਾ ਉਪਯੋਗ ਧਰਤੀ ਦੀ ਕਿਸਮ ਅਨੁਸਾਰ ਹੀ ਕਰਨਾ ਚਾਹੀਦਾ ਹੈ।

ਜਲ-ਨਿਕਾਸ ਡਿਜ਼ਾਈਨ

**ਖੁਲ੍ਹੇ ਖਾਲੇ**—ਟਾਈਲ ਡਰੇਨਾਂ ਅਤੇ ਖੇਤਰੀ ਡਰੇਨਾਂ ਦੇ ਨਿਵੇਸ਼ ਲਈ ਵਿਸ਼ੇਸ਼ ਤੌਰ ਤੇ ਬਣਾਏ ਜਾਣ ਵਾਲੇ ਖੁਲ੍ਹੇ ਨਾਲਿਆਂ ਦਾ ਡਿਜ਼ਾਈਨ ਕਈ ਫ਼ੈਕਟਰਾਂ ਦੇ ਸਹੀ ਮੁਲਾਂਕਣ ਉੱਤੇ ਨਿਰਭਰ ਕਰਦਾ ਹੈ। ਇਸ ਲਈ ਖਾਲਾਂ ਦਾ ਮੰਤਵ ਉਪਲੱਬਧ ਨਿਵੇਸ਼, ਪਾਣੀ ਦੀ ਬੁਛਾਰ, ਭੋਂ ਤੇ ਹੇਠਲੀ ਭੋਂ ਅਤੇ ਬਾਰਸ਼ਾਂ ਬਾਰੇ ਗਿਆਨ ਹੋਣਾ ਜ਼ਰੂਰੀ ਹੈ। ਕਿਸੇ ਖਾਲ ਲਈ ਵਿਸ਼ੇਸ਼ ਜਾਣਕਾਰੀ ਖੇਤਰੀ ਸਰਵੇਖਣ ਅਤੇ ਇੰਜੀਨੀਅਰਿੰਗ ਸਰਵੇਖਣ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਲੋੜੀਂਦੀ ਜਾਣਕਾਰੀ ਪ੍ਰਾਪਤ ਹੋਣ ਤੋਂ ਬਾਅਦ ਚੈਨਲ ਦੇ ਡਿਜ਼ਾਈਨ ਲਈ ਜਲ-ਇੰਜਨੀਅਰੀ ਦੇ ਸਿਧਾਂਤਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। (ਵੇਖੋ, ਜਲ-ਇੰਜਨੀਅਰਿੰਗ)।

**ਟਾਈਲ ਡਰੇਨਾਂ**—ਟਾਈਲ ਡਰੇਨਾਂ ਦਾ ਡਿਜ਼ਾਈਨ ਤਿਆਰ ਕਰਦੇ ਸਮੇਂ ਦੋ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਮੁੱਖ ਖਾਲੇ ਦਾ ਅਤੇ ਦੂਜਾ ਪਾਸਿਆਂ ਦਾ ਡਿਜ਼ਾਈਨ। ਧਰਤੀ ਦਾ ਪਾਣੀ ਟਾਈਲਾਂ ਦੇ ਵੱਡੇ ਖਾਲਿਆਂ ਵਿਚ ਦੀ ਸਿੱਧੇ ਤੌਰ ਤੇ ਬਿਲਕੁਲ ਨਹੀਂ ਸਿੰਮਦਾ ਜਿਵੇਂ ਵੱਟਾਂ ਵਿਚੋਂ ਦੀ ਸਿੰਮਦਾ ਰਹਿੰਦਾ ਹੈ। ਇਸ ਲਈ ਮੁੱਖ ਖਾਲੇ ਦਾ ਡਿਜ਼ਾਈਨ ਟਾਈਲਾਂ ਦੇ ਆਕਾਰ ਨਿਰਧਾਰਿਤ ਕਰਨ ਕਰਕੇ ਵਿਸ਼ੇਸ਼ ਤੌਰ ਤੇ ਜਲ-ਇੰਜੀਨੀਅਰੀ ਦੀ ਹੀ ਸਮੱਸਿਆ ਹੈ। ਇਸ ਸਬੰਧ ਵਿਚ ਧਰਤੀ ਦੇ ਫ਼ੈਕਟਰਾਂ ਉੱਤੇ ਵਿਚਾਰ ਨਹੀਂ ਕੀਤਾ ਜਾਂਦਾ।

ਖਾਲਿਆਂ ਦਾ ਡਿਜ਼ਾਈਨ ਮੁੱਖ ਤੌਰ ਤੇ ਟਾਈਲਾਂ ਦੀ ਡੂੰਘਾਈ ਅਤੇ ਵਿਚਲੀ ਵਿਥ ਉੱਤੇ ਨਿਰਭਰ ਕਰਦਾ ਹੈ ਤਾਂ ਜੋ ਲੋੜੀਂਦਾ ਜਲ-ਨਿਕਾਸ ਪ੍ਰਾਪਤ ਕੀਤਾ ਜਾ ਸਕੇ। ਆਮ ਕਰਕੇ ਜਲ-ਇੰਜੀਨੀਅਰੀ ਡਿਜ਼ਾਈਨ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਟਾਈਲ ਅਕਸਰ ਜਿੰਨਾ ਪਾਣੀ ਸੋਕਦੀ ਹੈ ਉਸ ਤੋਂ ਵੱਧ ਇਸਦਾ ਨਿਕਾਸ ਕਰਦੀ ਹੈ। ਇਸੇ ਕਰਕੇ ਟਾਈਲ ਦਾ ਆਕਾਰ ਘੱਟ ਤੋਂ ਘੱਟ 10 ਸੈਂ. ਮੀ. ਨਿਰਧਾਰਿਤ ਕੀਤਾ ਗਿਆ ਹੈ।

ਪਹਿਲੋਂ ਪਹਿਲ ਜਲ-ਨਿਕਾਸ ਦਾ ਪ੍ਰਬੰਧ ਵਿਸ਼ੇਸ਼ ਤੇ ਸਮੁੱਚੇ ਤੌਰ ਤੇ ਖੇਤਰ ਦੇ ਨਿੱਜੀ ਤਜਰਬੇ ਉੱਤੇ ਨਿਰਭਰ ਕਰਦਾ ਸੀ। ਇਸ ਡਿਜ਼ਾਈਨ ਵਿਚ ਵਿਗਿਆਨਕ ਆਧਾਰ ਨੂੰ ਵਿਚਾਰ ਬਣਾਉਣ ਕਰਕੇ ਅਨੇਕ ਸੁਧਾਰ ਹੋਏ। ਗੋਲ ਵੱਟਾਂ ਦਾ ਡਿਜ਼ਾਈਨ ਆਮ ਕਰਕੇ ਪਹਿਲੋਂ ਬਣੇ ਹੋਏ ਕੁਦਰਤੀ ਜਲ-ਨਿਕਾਸੀ ਨਾਲਿਆਂ ਉੱਤੇ ਨਿਰਭਰ ਕਰਦਾ ਹੈ। ਟਾਈਲਾਂ ਦੀ ਡੂੰਘਾਈ ਘੱਟ ਤੋਂ ਘੱਟ 75 ਸੈਂ. ਮੀ. ਜ਼ਰੂਰ ਹੋਣੀ ਚਾਹੀਦੀ ਹੈ ਤਾਂ ਜੋ ਖੇਤੀਬਾੜੀ ਮਸ਼ੀਨਰੀ ਨਾਲ ਇਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਆਮ ਕਰਕੇ ਲਗਭਗ 10.71 ਸੈਂ. ਮੀ. (3.5 ਫ਼ੁੱਟ) ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਟਾਈਲਾਂ ਦੀਆਂ ਪਰਤਾਂ ਦੀ ਢਲਾਣ ਸਥਾਨ-ਨਿਰੂਪਣ ਅਤੇ ਧਰਤੀ ਦੀਆਂ ਕਿਸਮਾਂ ਅਨੁਸਾਰ ਰੱਖੀ ਜਾਂਦੀ ਹੈ। ਆਮ ਕਰਕੇ ਇਹ ਢਲਾਣ 0.2 ਤੋਂ 0.3 ਪ੍ਰਤੀ ਸੈਂਕੜਾ ਰੱਖੀ ਜਾਂਦੀ ਹੈ। ਵੱਧ ਤੋਂ ਵੱਧ ਢਲਾਣ 1% ਹੋ ਸਕਦੀ ਹੈ ਪਰ ਵਿਸ਼ੇਸ਼ ਖੇਤਰਾਂ ਵਿਚ ਖ਼ਾਸ ਹਾਲਤਾਂ ਅਧੀਨ ਇਹ ਇਸ ਤੋਂ ਵੱਧ ਵੀ ਰੱਖੀ ਜਾ ਸਕਦੀ ਹੈ। ਟਾਈਲਾਂ ਲਗਾਉਣ ਦਾ ਕੰਮ ਬਹੁਤ ਧਿਆਨਪੂਰਵਕ ਕਰਨਾ ਚਾਹੀਦਾ ਹੈ।

**ਸੰਰਚਨਾ**—ਵੀਹਵੀਂ ਸਦੀ ਤੋਂ ਪਹਿਲਾਂ ਟਾਈਲ ਡਰੇਨਾਂ ਦੀ ਉਸਾਰੀ ਹੱਥਾਂ ਨਾਲ ਕੀਤੀ ਜਾਂਦੀ ਸੀ। ਵੀਹਵੀਂ ਸਦੀ ਦੇ ਆਰੰਭ ਵਿਚ ਖਾਲ ਪੁੱਟਣ ਵਾਲੀਆਂ ਮਸ਼ੀਨਾਂ ਦੀ ਖੋਜ ਹੋਈ। ਇਨ੍ਹਾਂ ਦਾ ਇਸਤੇਮਾਲ ਇੰਨਾ ਵੱਧ ਹੋਣ ਲੱਗਾ ਕਿ 1945 ਈ. ਤੋਂ ਬਾਅਦ ਸ਼ਾਇਦ ਹੀ ਕਿਸੇ ਥਾਂ ਹੱਥਾਂ ਨਾਲ ਕੰਮ ਹੋਇਆ ਹੋਵੇ। ਸੰਰਚਨਾ ਵਿਧੀ ਵਿਚ ਖੇਤਰ ਦਾ ਸਰਵੇਖਣ, ਖਾਲ ਦੇ ਡੂੰਘਾਈ ਸੂਚਕ ਲਗਾਉਣਾ ਅਤੇ ਖਾਲ ਪੁੱਟਣਾ (ਹੱਥਾਂ ਜਾਂ ਮਸ਼ੀਨਾਂ ਨਾਲ) ਆਦਿ ਕੰਮ ਆਉਂਦੇ ਹਨ। ਖਾਲ ਦੀ ਪੁਟਾਈ, ਉਸਾਰੀ ਨਿਵੇਸ਼ ਸਥਾਨ ਤੋਂ ਉਪਰ ਵੱਲ ਨੂੰ ਕੀਤੀ ਜਾਂਦੀ ਹੈ। ਖਾਲ ਦੀ ਪੁਟਾਈ ਤੋਂ ਬਾਅਦ ਲੋੜੀਂਦੀ ਸਫਾਈ ਕਰਨ ਉਪਰੰਤ ਟਾਈਲ ਹੁੱਕ ਦੀ ਸਹਾਇਤਾ ਨਾਲ ਟਾਈਲਾਂ ਲਗਾ ਦਿੱਤੀਆਂ ਜਾਂਦੀਆਂ ਹਨ। ਪੱਕੇ ਤੌਰ ਤੇ ਖਾਲ ਵਿਚ ਟਾਈਲਾਂ ਫਿੱਟ ਕਰਨ ਤੋਂ ਬਾਅਦ 10 ਤੋਂ 15 ਸੈਂ. ਮੀ. ਤੱਕ ਮੋਟੀ ਮਿੱਟੀ ਦੀ ਤਹਿ ਵਿਛਾ ਦਿੱਤੀ ਜਾਂਦੀ ਹੈ। ਇਸ ਨੂੰ ਬਲਾਈਡਿੰਗ ਜਾਂ ਟਾਈਲਾਂ ਦੀ ਢੱਕਾਈ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਕਿਸੇ ਵੀ ਢੰਗ ਨਾਲ ਖੱਡਿਆਂ ਨੂੰ ਪੂਰਿਆ ਜਾਂਦਾ ਹੈ।

ਹ. ਪੁ.—ਐਨ. ਅਮੈ. 9: 296

**ਜੱਲਪ** : ਇਹ ਇਕ ਦਸਤਾਵਰ ਦਵਾਈ ਹੈ ਜੋ ਇਕ ਪੌਦੇ ਐਕਸਗੋਨੀਅਮ ਪਰਗਾ (Exogonium purga) ਦੀਆਂ ਸੁਕਾਈਆਂ ਹੋਈਆਂ ਜੜ੍ਹਾਂ ਤੋਂ ਤਿਆਰ ਕੀਤੀ ਜਾਂਦੀ ਹੈ ਇਹ ਪੌਦਾ ਪੂਰਬੀ ਮੈਕਸੀਕੋ ਦੇ ਪਹਾੜਾਂ ਦੀਆਂ 1600 ਤੋਂ 2500 ਮੀ. ਉੱਚੀਆਂ ਢਲਾਣਾਂ ਵਿਚ ਮਿਲਦਾ ਹੈ। ਇਹ ਪੌਦਾ ਭਾਰਤ ਵਿਚ ਊਟਾਕਮੰਡ ਦੇ ਸਥਾਨ ਤੇ ਕਈ ਸਾਲ ਉਗਾਇਆ ਜਾਂਦਾ ਰਿਹਾ ਹੈ। ਇਸ ਜਗ੍ਹਾ ਉਗਾਏ ਜਾਣ ਵਾਲੇ ਪੌਦੇ ਦੀਆਂ ਜੜ੍ਹਾਂ ਬਹੁਤ ਗੰਢਦਾਰ ਹੁੰਦੀਆਂ ਹਨ ਜਿਨ੍ਹਾਂ ਦਾ ਭਾਰ 4 ਕਿ.ਗ੍ਰਾ. ਦੇ ਕਰੀਬ ਹੋ ਸਕਦਾ ਹੈ। ਇਨ੍ਹਾਂ ਜੜ੍ਹਾਂ ਵਿਚ ਲਗਭਗ 18% ਬਰੋਜ਼ਾ ਹੁੰਦਾ ਹੈ। ਜੈਮੈਕਾ ਦੇਸ਼ ਵਿਚ ਇਹ ਪੌਦੇ ਪਹਿਲਾਂ ਸਿਨਕੋਨਾ ਪੌਦਿਆਂ ਨਾਲ ਉਗਾਏ ਜਾਂਦੇ ਸਨ ਪਰ ਬਾਅਦ ਵਿਚ ਇਹ ਨਵੀਂ ਜ਼ਮੀਨ ਵਿਚ ਉਗਾਏ ਜਾਣ ਲੱਗ ਪਏ ਕਿਉਂਕਿ ਇਸ ਤਰ੍ਹਾਂ ਇਹ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਘਟਾ ਦਿੰਦੇ ਸੀ। ਇਹ ਦਵਾਈ ਪੇਟ ਵਿਚੋਂ ਬਹੁਤ ਪਾਣੀ ਕੱਢ ਦਿੰਦੀ ਹੈ ਪਰ ਆਂਤੜੀਆਂ ਦੇ ਪੇਸ਼ੀਦਾਰ ਹਿੱਸੇ ਵਿਚ ਘੱਟ ਉੱਤੇਜਨਾ ਪੈਦਾ ਕਰਦੀ ਹੈ।

ਹ. ਪੁ.—ਐਨ. ਬ੍ਰਿ. 12: 849; ਇ. ਯਾ: 246

**ਜਲਪਾਈਗੁੜੀ** : ਮੰਡਲ—ਭਾਰਤ ਦੇ ਪੱਛਮੀ ਬੰਗਾਲ ਰਾਜ ਦਾ ਇਹ ਇਕ ਮੰਡਲ ਹੈ ਜਿਸ ਵਿਚ ਕੂਚ ਬਿਹਾਰ, ਜਲਪਾਈਗੁੜੀ, ਦਾਰਜੀਲਿੰਗ, ਮਾਲਦਾ, ਪੱਛਮੀ ਦਿਨਾਜਪੁਰ ਨਾਂ ਦੇ ਜ਼ਿਲ੍ਹੇ ਸ਼ਾਮਲ ਹਨ। ਮੰਡਲ ਦਾ ਕੁੱਲ ਰਕਬਾ 44,668 ਵ. ਕਿ. ਮੀ. (17,246 ਵ. ਮੀਲ) ਅਤੇ ਆਬਾਦੀ 1,20,36,292 (1991) ਹੈ। ਇਸ ਮੰਡਲ ਵਿਚ ਤਿੰਨ ਨਵੇਕਲੇ ਭੂਗੋਲਿਕ ਖੇਤਰ-ਡੈਲਟਾਈ ਜਲੋਢੀ ਖੇਤਰ, ਗੰਗਾ ਦਰਿਆ ਦਾ ਜਲੋਢੀ ਖੇਤਰ ਅਤੇ ਹਿਮਾਲਾ ਦੇ ਤਲਹੱਟੀ ਖੇਤਰ ਸ਼ਾਮਲ ਹਨ। ਇਸੇ ਹੀ ਨਾਂ ਦਾ ਸ਼ਹਿਰ ਇਸ ਮੰਡਲ ਦਾ ਸਦਰ ਮੁਕਾਮ ਹੈ।

ਹ. ਪੁ.—ਐਨ. ਬ੍ਰਿ. ਮਾ. 5: 506

**ਜਲਪਾਈਗੁੜੀ** : ਜ਼ਿਲ੍ਹਾ—ਭਾਰਤ ਦੇ ਪੱਛਮੀ ਬੰਗਾਲ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਸਦੇ ਉੱਤਰ ਵਿਚ ਭੂਟਾਨ ਦੇਸ਼ ਅਤੇ ਪੱਛਮੀ ਬੰਗਾਲ ਦਾ ਦਾਰਜੀਲਿੰਗ ਜ਼ਿਲ੍ਹਾ, ਦੱਖਣ ਵਿਚ ਇਸੇ ਹੀ ਰਾਜ ਦਾ ਕੂਚ ਬਿਹਾਰ ਜ਼ਿਲ੍ਹਾ ਅਤੇ ਬੰਗਲਾ ਦੇਸ਼ ਦਾ ਦਿਨਾਜਪੁਰ ਜ਼ਿਲ੍ਹਾ, ਪੱਛਮ ਵਿਚ ਬਿਹਾਰ ਰਾਜ ਦਾ ਪੂਰਨੀਆ ਜ਼ਿਲ੍ਹਾ ਹੈ ਅਤੇ ਪੂਰਬ ਵੱਲ ਸੰਕੋਸ ਦਰਿਆ ਇਸ ਜ਼ਿਲ੍ਹੇ ਨੂੰ ਆਸਾਮ ਰਾਜ ਦੇ ਗੋਲਪਾੜਾ ਜ਼ਿਲ੍ਹੇ ਨਾਲੋਂ ਵੱਖ ਕਰਦਾ ਹੈ। ਜ਼ਿਲ੍ਹੇ ਦਾ ਕੁੱਲ ਰਕਬਾ 6,245 ਵ. ਕਿ. ਮੀ. ਅਤੇ ਆਬਾਦੀ

28,00,543 (1991) ਹੈ। ਇਸੇ ਹੀ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ -ਮੁਕਾਮ ਹੈ।

ਜ਼ਿਲ੍ਹੇ ਵਿਚ ਦੋ ਨਵੇਕਲੇ ਖੇਤਰ ਸ਼ਾਮਲ ਹਨ ਜਿਨ੍ਹਾਂ ਨੂੰ ਦਰਿਆ ਤੀਸਤਾ ਇਕ ਦੂਜੇ ਤੋਂ ਵੱਖ ਕਰਦਾ ਹੈ। ਪੱਛਮ ਵੱਲ ਦਾ ਖੇਤਰ ਇਕ ਪੱਧਰਾ ਉਪਜਾਊ ਮੈਦਾਨ ਹੈ। ਇਸ ਖੇਤਰ ਵਿਚ ਝੋਨਾ, ਪਟਸਨ ਅਤੇ ਗੰਨਾ ਉਗਾਇਆ ਜਾਂਦਾ ਹੈ। ਇਸ ਖੇਤਰ ਵਿਚ ਵਸੋਂ ਵੀ ਸੰਘਣੀ ਹੈ। ਜ਼ਿਲ੍ਹੇ ਦੇ ਪੂਰਬ ਵੱਲ ਨੂੰ ਤਲਹੱਟੀ ਦਾ ਇਲਾਕਾ ਹੈ ਜਿਸ ਨੂੰ 1865 ਈ. ਵਿਚ ਭੂਟਾਨ ਤੋਂ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ ਸੀ। ਇਸ ਨੂੰ ਪੱਛਮੀ ਦੁਆਰ ਕਿਹਾ ਜਾਂਦਾ ਹੈ। ਇਸ ਖੇਤਰ ਦੀਆਂ ਸਿੰਚੁਲਾ ਪਹਾੜੀਆਂ ਵਿਚ ਭੂਟਾਨ ਦੇ ਅੰਦਰ ਵੱਲ ਨੂੰ 6 ਦੱਰੇ ਹਨ। ਇਥੇ ਸੰਘਣੇ ਜੰਗਲ ਅਤੇ ਲੰਬੇ ਚੌੜੇ ਇਲਾਕੇ ਵਿਚ ਚਾਹ ਦੇ ਬਾਗ ਹਨ। ਇਥੇ ਤੰਬਾਕੂ, ਪਟਸਨ, ਤੇਲ ਦੇ ਬੀਜ ਅਤੇ ਆਲੂ ਦੀ ਭਰਪੂਰ ਕਾਸ਼ਤ ਹੁੰਦੀ ਹੈ। ਕੋਲਾ, ਤਾਂਬਾ, ਕੱਚੀ ਧਾਤ, ਚੂਨੇ ਦਾ ਪੱਥਰ ਅਤੇ ਡੋਲੋਮਾਈਟ ਖਾਣਾਂ ਵਿਚੋਂ ਕੱਢਿਆ ਜਾਂਦਾ ਹੈ। ਜ਼ਿਲ੍ਹੇ ਵਿਚ ਥੋੜ੍ਹੀਆਂ ਜਿਹੀਆਂ ਸ਼ਿਕਾਰ ਖੇਡਣ ਲਈ ਰੱਖਾਂ ਵੀ ਹਨ। ਇਹ ਜ਼ਿਲ੍ਹਾ ਜੰਗਲੀ ਹਾਥੀਆਂ, ਜੰਗਲੀ ਝੋਟਿਆਂ, ਗੈਂਡਿਆਂ, ਬਾਘਾਂ, ਚੀਤਿਆਂ, ਰਿੱਛਾਂ, ਜੰਗਲੀ ਸੂਰਾਂ, ਦਲਦਲੀ ਹਿਰਨਾਂ ਅਤੇ ਸਾਂਭਰਾਂ ਲਈ ਪ੍ਰਸਿੱਧ ਹੈ।

ਜ਼ਿਲ੍ਹੇ ਦੇ ਸਾਲਾਨਾ ਔਸਤ ਤਾਪਮਾਨ ਵਿਚ ਬਹੁਤਾ ਅੰਤਰ ਨਹੀਂ ਹੁੰਦਾ। ਇਥੇ ਬਹੁਤ ਭਾਰੀ ਵਰਖਾ ਹੁੰਦੀ ਹੈ। ਔਸਤਨ ਵਰਖਾ 323 ਸੈਂ. ਮੀ. (129 ਇੰਚ) ਹੁੰਦੀ ਹੈ।

ਇਸ ਜ਼ਿਲ੍ਹੇ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪੂਰਵ-ਇਤਿਹਾਸਕ ਸਮੇਂ ਤੋਂ ਆਧੁਨਿਕ ਕਾਲ ਤੱਕ ਇਹ ਕਈ ਪ੍ਰਸਿੱਧ ਖ਼ਾਨਦਾਨਾਂ ਦੇ ਰਾਜ ਦੇ ਹਿੱਸੇ ਦੇ ਤੌਰ ਤੇ ਅਧੀਨ ਰਿਹਾ। ਅਜੇ ਵੀ ਉਨ੍ਹਾਂ ਰਾਜਿਆਂ ਦੇ ਬਣਾਏ ਮੰਦਰ ਅਤੇ ਹੋਰ ਇਮਾਰਤਾਂ ਦੇ ਖੰਡਰ ਇਸ ਜ਼ਿਲ੍ਹੇ ਵਿਚ ਵੇਖਣ ਨੂੰ ਮਿਲਦੇ ਹਨ। ਇਹ ਜ਼ਿਲ੍ਹਾ 1869 ਵਿਚ ਹੋਂਦ ਵਿਚ ਆਇਆ। ਸੰਨ 1947 ਵਿਚ ਇਸ ਜ਼ਿਲ੍ਹੇ ਦਾ ਦੱਖਣ- ਪੱਛਮੀ ਹਿੱਸਾ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਦੇ ਦਿਨਾਜਪੁਰ ਨਾਂ ਦੇ ਜ਼ਿਲ੍ਹੇ ਵਿਚ ਤਬਦੀਲ ਕਰ ਦੇਣ ਨਾਲ ਇਸ ਜ਼ਿਲ੍ਹੇ ਦਾ ਆਕਾਰ ਵੀ ਘੱਟ ਗਿਆ।

ਹ. ਪੁ.–ਇੰਪ. ਗ. ਇੰਡ. 14: 30; ਐਨ. ਬ੍ਰਿ. ਮਾ. 5: 505

**ਜਲਪਾਈਗੁੜੀ** : ਸ਼ਹਿਰ—ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਇਸੇ ਹੀ ਨਾਂ ਦੇ ਮੰਡਲ ਅਤੇ ਜ਼ਿਲ੍ਹੇ ਦਾ ਇਹ ਸਦਰਮੁਕਾਮ ਹੈ ਜਿਹੜਾ ਤੀਸਤਾ ਦਰਿਆ ਦੇ ਸੱਜੇ ਕੰਢੇ ਉੱਤੇ ਸਥਿਤ ਹੈ। ਇਹ ਸ਼ਹਿਰ ਸੜਕ ਅਤੇ ਰੇਲ ਦੁਆਰਾ ਦਾਰਜੀਲਿੰਗ, ਸਿਲੀਗੁੜੀ ਅਤੇ ਸੈਦਪੁਰ (ਬੰਗਲਾ ਦੇਸ਼) ਨਾਲ ਜੁੜਿਆ ਹੈ। ਇਹ ਜ਼ਿਲ੍ਹੇ ਦਾ ਮੁੱਖ ਜ਼ਰਾਇਤੀ ਵੰਡ ਕੇਂਦਰ ਵੀ ਹੈ। ਇਥੇ ਪਟਸਨ ਦੀਆਂ ਗੱਠਾਂ, ਆਰਾ-ਮਸ਼ੀਨਾਂ ਤਿਆਰ ਕਰਨ ਅਤੇ ਦੀਆਸਲਾਈਆਂ ਬਣਾਉਣ ਦੇ ਕਾਰਖ਼ਾਨੇ ਹਨ। ਸ਼ਹਿਰ ਦੇ ਨੇੜੇ ਹੀ ਰੇਲਵੇ-ਵਰਕਸ਼ਾਪਾਂ ਹਨ। ਸੰਨ 1885 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਕੀਤੀ ਗਈ। ਸ਼ਹਿਰ ਵਿਚ 6 ਵਿੱਦਿਅਕ ਅਦਾਰਿਆਂ ਦੀਆਂ ਸਹੂਲਤਾਂ ਵੀ ਪ੍ਰਾਪਤ ਹਨ।

ਆਬਾਦੀ–4,58,247 (1991)

$26^{\circ}$ 32′ ਉ. ਵਿਥ.; $88^{\circ}$ 43′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5: 505; ਇੰਪ. ਗ. ਇੰਡ. 14: 42

**ਜਲਪੇਸ** : ਪੱਛਮੀ ਬੰਗਾਲ ਰਾਜ (ਭਾਰਤ) ਦੇ ਜਲਪਾਈਗੁੜੀ ਨਾਂ ਦੇ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੇ ਉਪ-ਮੰਡਲ ਵਿਚ ਪੈਂਦਾ ਇਹ ਇਕ ਧਾਰਮਕ ਮਹੱਤਤਾ ਵਾਲਾ ਪਿੰਡ ਹੈ। ਇਥੇ ਸ਼ਿਵਜੀ ਦਾ ਇਕ ਮੰਦਰ ਹੈ ਜਿਹੜਾ ਲਗਭਗ ਤਿੰਨ ਸਦੀਆਂ ਪਹਿਲਾਂ ਕੂਚ ਬਿਹਾਰ ਦੇ ਇਕ ਰਾਜੇ ਦੁਆਰਾ ਬਣਾਏ ਇਕ ਮੰਦਰ ਵਾਲੀ ਥਾਂ ਤੇ ਬਣਾਇਆ ਗਿਆ ਹੈ। ਇਹ ਲਾਲ ਇੱਟਾਂ ਦੀ ਬਣੀ ਇਕ ਵਿਸ਼ਾਲ ਇਮਾਰਤ ਹੈ ਜਿਸ ਦੇ ਉਪਰ ਇਕ ਬਹੁਤ ਵੱਡਾ ਗੁੰਬਦ ਹੈ ਜਿਸ ਦਾ ਬਾਹਰਲਾ ਵਿਆਸ ਲ. 10 ਮੀ. (34 ਫੁੱਟ) ਹੈ। ਇਹ ਇਕ ਟਿੱਲੇ ਉੱਤੇ ਖੜ੍ਹਾ ਹੈ ਜਿਹੜਾ ਦਰਿਆ ਜਾਰਡਾ ਦੇ ਕੰਢੇ ਦੇ ਨੇੜੇ ਬਣੀ ਇਕ ਖਾਈ ਦੁਆਰਾ ਘਿਰਿਆ ਹੋਇਆ ਹੈ। ਟਿੱਲੇ ਦੇ ਵਿਚ ਇਕ ਤਹਿਖ਼ਾਨਾ ਬਣਾਇਆ ਗਿਆ ਹੈ। ਇਸੇ ਤਹਿਖ਼ਾਨੇ ਵਿਚ ਇਕ ਪ੍ਰਾਚੀਨ 'ਲਿੰਗਮ' ਹੈ ਜੋ ਸ਼ਿਵ ਜੀ ਦੀ ਮਹਿਮਾ ਵਜੋਂ ਸਥਾਪਿਤ ਹੈ ਤੇ ਇਸ ਨੂੰ 'ਅਨਾਦੀ' ਕਿਹਾ ਗਿਆ ਹੈ ਜਿਸ ਦਾ ਜ਼ਿਕਰ ਕਾਲਿਕਾ ਪੁਰਾਣ ਵਿਚ ਵੀ ਆਇਆ ਹੈ। ਕਾਲਿਕਾ ਪੁਰਾਣ ਵਿਚ ਇਹ ਦੱਸਿਆ ਗਿਆ ਹੈ ਕਿ ਕਾਮਰੂਪ ਦੇ ਉੱਤਰ-ਪੱਛਮੀ ਹਿੱਸੇ ਵਿਚ ਪੈਂਦੇ ਕਿਸੇ ਥਾਂ ਉੱਤੇ ਮਹਾਂਦੇਓ ਖ਼ੁਦ ਇਕ ਵਿਸ਼ਾਲ ਲਿੰਗਮ ਦੇ ਰੂਪ ਵਿਚ ਪ੍ਰਗਟ ਹੋਏ। ਫ਼ਰਵਰੀ ਮਹੀਨੇ ਵਿਚ ਸ਼ਿਵਰਾਤਰੀ ਤਿਉਹਾਰ ਦੇ ਮੌਕੇ ਤੇ ਇਥੇ ਬਹੁਤ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਮੇਲਾ ਲਗਦਾ ਹੈ। ਇਹ ਮੇਲਾ ਕੋਈ 15 ਦਿਨ ਰਹਿੰਦਾ ਹੈ।

$26^{\circ}$ 31′ ਉ. ਵਿਥ.; $88^{\circ}$ 52′ ਪੂ. ਲੰਬ.

ਹ. ਪੁ.–ਇੰਪ. ਗ. **ਇੰਡ.** 14: 42

**ਜਲ–ਭੰਡਾਰ** : ਜਿਨ੍ਹਾਂ ਥਾਵਾਂ ਉੱਤੇ ਮਨੁੱਖਤਾ ਦੀਆਂ ਲੋੜਾਂ ਦੀ ਪੂਰਤੀ ਲਈ ਨਦੀਆਂ ਅਤੇ ਦਰਿਆਵਾਂ ਦੇ ਪ੍ਰਵਾਹ ਤੋਂ ਪਾਣੀ ਇਕੱਠਾ ਕੀਤਾ ਜਾਂਦਾ ਹੈ ਜਾਂ ਹੋ ਜਾਂਦਾ ਹੈ, ਨੂੰ ਜਲ-ਭੰਡਾਰ ਕਿਹਾ ਜਾਂਦਾ ਹੈ। ਜਲਵਾਯੂ ਦੀਆਂ ਤਬਦੀਲੀਆਂ ਕਰਕੇ ਨਦੀਆਂ ਅਤੇ ਦਰਿਆਵਾਂ ਦਾ ਪ੍ਰਵਾਹ ਵੀ ਬਦਲਦਾ ਰਹਿੰਦਾ ਹੈ। ਬਰਸਾਤਾਂ ਵਿਚ ਜਾਂ ਬਰਫ਼ਾਂ ਦੇ ਪਿਘਲਣ ਨਾਲ ਪ੍ਰਵਾਹ ਵਧ ਜਾਂਦਾ ਹੈ ਅਤੇ ਔੜ ਸਮੇਂ ਇਹ ਘਟ ਜਾਂਦਾ ਹੈ। ਇਸ ਲਈ ਜਲ-ਭੰਡਾਰਾਂ ਦਾ ਮੁੱਖ ਕੰਮ ਵਧੇਰੇ ਪ੍ਰਵਾਹ ਉੱਤੇ ਨਿਯੰਤਰਣ ਕਰਨਾ ਅਤੇ ਘੱਟ ਪ੍ਰਵਾਹ ਸਮੇਂ ਲੋੜਾਂ ਦੀ ਪੂਰਤੀ ਲਈ ਲੋੜੀਂਦੇ ਪ੍ਰਵਾਹ ਲਈ ਪਾਣੀ ਸਪਲਾਈ ਕਰਨਾ ਹੈ।

ਜਿਹੜੇ ਖੇਤਰਾਂ ਵਿਚ ਨਦੀਆਂ ਕੁਝ ਸਮੇਂ ਲਈ ਖ਼ੁਸ਼ਕ ਹੋ ਜਾਂਦੀਆਂ ਸਨ, ਮਨੁੱਖਤਾ ਅਤੇ ਜਾਨਵਰਾਂ ਦੇ ਪੀਣ ਲਈ, ਖੇਤੀਬਾੜੀ ਲਈ ਜਾਂ ਹੋਰ ਘਰੇਗੀ ਲੋੜਾਂ ਦੀ ਪੂਰਤੀ ਲਈ ਸਧਾਰਣ ਜਿਹੇ ਜਲ-ਭੰਡਾਰ ਬਣਾਏ ਜਾਂਦੇ ਸਨ। ਆਬਾਦੀ ਦੇ ਵਾਧੇ ਅਤੇ ਜੀਵਨ ਸਤਰ ਦੇ ਉੱਚੇ ਹੋਣ ਨਾਲ ਪਾਣੀ ਦੀ ਮਿਕਦਾਰ ਦੀ ਲੋੜ ਵੀ ਵੱਧ ਗਈ ਜਿਸ ਕਰਕੇ ਜਲ-ਭੰਡਾਰ ਦਾ ਬਣਾਉਣਾ ਵੀ ਜ਼ਰੂਰੀ ਹੋ ਗਿਆ। ਇਸ ਤਰ੍ਹਾਂ ਲਗਭਗ ਸੰਸਾਰ ਭਰ ਵਿਚ ਜਲ-ਭੰਡਾਰਾਂ ਦੀ ਉਸਾਰੀ ਹੋਣ ਲੱਗੀ ਅਤੇ 20ਵੀਂ ਸਦੀ ਵਿਚ ਵਧੇਰੇ ਜਲ-ਭੰਡਾਰ ਹੜ੍ਹਾਂ ਉੱਤੇ ਨਿਯੰਤਰਣ ਕਰਨ ਅਤੇ ਮੰਗ ਵਾਲੇ ਖੇਤਰਾਂ ਵਿਚ ਪਾਣੀ ਮੁਹੱਈਆ ਕਰਨ ਲਈ ਆਮ ਉਸਾਰੇ ਗਏ।

ਜਲ-ਭੰਡਾਰ ਆਮ ਕਰਕੇ ਨਦੀਆਂ ਜਾਂ ਦਰਿਆਵਾਂ ਦੇ ਆੜੇ-ਦਾਅ ਕੱਚੇ ਜਾਂ ਪੱਕੇ ਬੰਧ ਬਣਾ ਕੇ ਬਣਾਏ ਜਾਂਦੇ ਹਨ। ਕਈ ਵਾਰੀ ਕਿਸੇ ਨਹਿਰ ਜਾਂ ਨਾਲੇ ਰਾਹੀਂ ਪਾਣੀ ਕੁਦਰਤੀ ਨੀਵੀਂ ਥਾਵਾਂ ਉੱਤੇ ਜਾਂ ਉਸਾਰੇ ਗਏ ਜਲ-ਭੰਡਾਰ ਤੱਕ ਲਿਜਾਇਆ ਜਾਂਦਾ ਹੈ ਜਿਥੋਂ ਜਲ-ਸਪਲਾਈ ਕਰਨੀ ਹੁੰਦੀ ਹੈ। ਇਸ ਢੰਗ ਨੂੰ ਆਨ-ਚੈਨਲ ਜਲ-ਭੰਡਾਰ ਕਿਹਾ ਜਾਂਦਾ ਹੈ। ਦੂਜਾ ਢੰਗ ਆਫ਼-ਚੈਨਲ ਜਲ-ਭੰਡਾਰ ਹੈ ਜਿਸ ਵਿਚ ਪਾਣੀ ਨੂੰ ਨੀਵੀਆਂ ਥਾਵਾਂ ਤੋਂ ਪੰਪਾਂ ਰਾਹੀਂ ਉਪਰ ਚੁਕਿਆ ਜਾਂਦਾ ਹੈ ਜਿਥੋਂ ਫਿਰ ਗੁਰੂਤਾ ਕਾਰਨ ਜਲ-ਸਪਲਾਈ ਕੀਤੀ ਜਾਂਦੀ ਹੈ।

ਹਰ ਇਕ ਜਲ-ਭੰਡਾਰ ਵਿਚ ਪਾਣੀ ਦੇ ਨਿਵੇਸ਼ ਦਾ ਪ੍ਰਬੰਧ ਕੀਤਾ ਹੁੰਦਾ ਹੈ ਤਾਂ ਜੋ ਲੋੜ ਅਨੁਸਾਰ ਇਸ ਦਾ ਪ੍ਰਵਾਹ ਛੱਡਿਆ ਜਾਵੇ। ਆਮ ਕਰਕੇ ਨਿਵੇਸ਼ ਗੇਟ ਲਗਾ ਕੇ ਅਜਿਹਾ ਕੀਤਾ ਜਾਂਦਾ ਹੈ। ਇਨ੍ਹਾਂ ਗੇਟਾਂ ਦੀ ਗਿਣਤੀ ਹਰ ਥਾਂ ਵੱਖੋ ਵੱਖਰੀ ਹੁੰਦੀ ਹੈ ਤੇ ਇਹ ਮਰਜ਼ੀ ਅਨੁਸਾਰ ਖੋਲ੍ਹੇ ਤੇ ਬੰਦ ਕੀਤੇ ਜਾ ਸਕਦੇ ਹਨ।

ਬਣਤਰ ਅਤੇ ਉਪਯੋਗਾਂ ਦੇ ਆਧਾਰ ਤੇ ਜਲ-ਭੰਡਾਰਾਂ ਨੂੰ ਆਮ ਕਰਕੇ ਦੋ ਮੁੱਖ ਭਾਗਾਂ ਅਰਥਾਤ ਇਕ-ਮੰਤਵੀ ਅਤੇ ਬਹੁ-ਮੰਤਵੀ ਜਲ-ਭੰਡਾਰ ਵਿਚ ਵੰਡਿਆ ਜਾਂਦਾ ਹੈ। ਇਕ-ਮੰਤਵੀ ਜਲ-ਭੰਡਾਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਕੇਵਲ ਖੇਤੀਬਾੜੀ ਲਈ ਸਿੰਚਾਈ ਕਰਨ ਲਈ ਉਸਾਰਿਆ ਜਾਂਦਾ ਹੈ। ਇਸ ਤੇ ਹੋਰ ਕੰਮ ਊਰਜਾ-ਉਤਪਾਦਨ, ਜਹਾਜ਼ਰਾਨੀ, ਹੜ੍ਹ-ਨਿਯੰਤਰਨ, ਨਗਰਪਾਲਿਕਾ ਤੋਂ ਉਦਯੋਗਿਕ ਜਲ-ਸਪਲਾਈ ਆਦਿ ਵੀ ਲਏ ਜਾਂਦੇ ਹਨ। ਬਹੁ-ਮੰਤਵੀ ਜਲ-ਭੰਡਾਰਾਂ ਨੂੰ ਦੋ ਜਾਂ ਵੱਧ ਮੁੱਖ ਮੰਤਵਾਂ ਲਈ ਡਿਜ਼ਾਈਨ ਕੀਤਾ ਜਾਂਦਾ ਹੈ।

ਜਲ-ਭੰਡਾਰਾਂ ਦਾ ਡਿਜ਼ਾਈਨ ਤੇ ਯੋਜਨਾਬੰਦੀ, ਇਨ੍ਹਾਂ ਦੇ ਆਕਾਰ ਅਨੁਸਾਰ ਕੁਝ ਵਿਸ਼ੇਸ਼ ਭੌਤਿਕੀ ਅਤੇ ਆਰਥਿਕ ਮੁੱਢਲੇ ਪੱਖਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਛੋਟੇ ਇਕ-ਮੰਤਵੀ ਅਤੇ ਸਾਧਾਰਣ ਬਹੁ-ਮੰਤਵੀ ਜਲ-ਭੰਡਾਰਾਂ ਦੀ ਸਮਰੱਥਾ ਕੁੱਝ ਸੈਂਕੜੇ ਘਣ ਮੀ. ਤੋਂ ਲੈ ਕੇ ਕੁਝ ਕੁ ਹਜ਼ਾਰ ਘਣ ਮੀ. ਤੱਕ ਰੱਖੀ ਜਾਂਦੀ ਹੈ। ਇਨ੍ਹਾਂ ਦਾ ਮੁੱਖ ਮੰਤਵ ਭੂਮੀ ਨੂੰ ਰੁੜ੍ਹਨ ਜਾਂ ਖੁਰਨ ਤੋਂ ਰੋਕ ਕੇ ਉਸ ਦੀ ਪੈਦਾਵਾਰ ਵਧਾਉਣਾ ਹੁੰਦਾ ਹੈ। ਛੋਟੇ ਵੱਡੇ ਅਤੇ ਹਰ ਇਕ ਕਿਸਮ ਦੇ ਜਲ-ਭੰਡਾਰ ਦਰਿਆਈ ਬੇਸਿਨ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਉਂਦੇ ਹਨ।

ਮਾਈੱਸਰੀ ਰਿਵਰ ਬੇਸਿਨ, ਪੱਛਮੀ-ਉੱਤਰੀ-ਕੇਂਦਰੀ ਸੰਯੁਕਤ ਰਾਜ ਦੀ ਵਿਸਤ੍ਰਿਤ ਯੋਜਨਾ ਉੱਤੇ ਜਲ-ਭੰਡਾਰਾਂ ਦੀ ਵਰਤੋਂ ਸਭ ਤੋਂ ਵੱਡੀ ਉਦਾਹਰਣ ਹੈ। ਇਸ ਉੱਤੇ ਸੰਯੁਕਤ ਰਾਜ ਦੀ ਆਰਮੀ ਕੋਰ ਆਫ਼ ਇੰਜੀਨੀਅਰਜ਼ ਨੇ ਛੇ ਵੱਡੇ ਬਹੁ-ਮੰਤਵੀ ਜਲ-ਭੰਡਾਰ ਉਸਾਰੇ ਹੋਏ ਹਨ ਜਿਸ ਦੇ 100 ਦੇ ਲਗਭਗ ਭਾਗ ਛੋਟੇ ਜਲ-ਭੰਡਾਰ ਹਨ। ਇਸ ਤਰ੍ਹਾਂ ਇਨ੍ਹਾਂ ਜਲ-ਭੰਡਾਰਾਂ ਦੀ ਕੁੱਲ ਸਮਰੱਥਾ 1,000,000 ਏਕੜ ਤੋਂ ਵੀ ਵੱਧ ਬਣਦੀ ਹੈ। ਇਸ ਦੀ ਸਹਾਇਤਾ ਨਾਲ ਹੜ੍ਹਾਂ ਉੱਤੇ ਨਿਯੰਤਰਣ, ਸਿੰਚਾਈ, ਜਹਾਜ਼ਰਾਨੀ, ਜਲ-ਬਿਜਲੀ ਉਤਪਾਦਨ ਕੀਤਾ ਜਾਂਦਾ ਹੈ। ਦੁਨੀਆ ਭਰ ਦੇ ਲਗਭਗ ਸਾਰੇ ਬਹੁ-ਮੰਤਵੀ ਜਲ-ਭੰਡਾਰ ਇਕ ਦੂਜੇ ਨਾਲ ਰਲਦੇ-ਮਿਲਦੇ ਹਨ। ਇਨ੍ਹਾਂ ਦੇ ਵੱਡੇ ਆਕਾਰ ਹੋਣ ਕਰਕੇ ਆਮ ਕਰਕੇ ਉਸਾਰੀ ਸਰਕਾਰੀ ਅਦਾਰਿਆਂ ਰਾਹੀਂ ਹੀ ਕੀਤੀ ਹੋਈ ਹੈ। ਸੰਯੁਕਤ ਰਾਜ ਦੀ ਮੀਡ ਝੀਲ ਉੱਤੇ ਹੂਵਰ ਡੈਮ ਨਾਲ ਬਣੇ ਜਲ-ਭੰਡਾਰ ਦੀ ਸਟੋਰੇਜ ਸਮਰੱਥਾ 38, 296, 474,000 ਘਣ ਮੀ. ਹੈ ਜਿਸ ਤੋਂ ਸਿੰਚਾਈ, ਹੜ੍ਹ ਤੇ ਤਲਛੱਟ ਨਿਯੰਤਰਣ, ਘਰੇਲੂ ਅਤੇ ਉਦਯੋਗਿਕ ਜਲ-ਸਪਲਾਈ ਅਤੇ ਬਿਜਲੀ ਉਤਪਾਦਨ ਦਾ ਕੰਮ ਲਿਆ ਜਾਂਦਾ ਹੈ। ਅਪਰ ਕਾਲੋਰਾਡੋ ਰਿਵਰ ਬੇਸਿਨ ਪ੍ਰਾਜੈਕਟ ਦਾ ਇਕ ਹਿੱਸਾ ਗਲੈੱਨ ਕੈਨਆਨ ਜਲ-ਭੰਡਾਰ ਹੈ ਜਿਸ ਦੀ ਸਮਰੱਥਾ 34,587,000,000 ਘਣ ਮੀ. ਹੈ, ਜਦੋਂ ਕਿ ਦੱਖਣੀ ਡਾਕੋਟਾ ਵਿਚ ਓਆਹੀ ਜਲ-ਭੰਡਾਰ ਜਿਹੜਾ ਕਿ ਇਕ ਊਰਜਾ ਉਤਪਾਦਕ, ਜ਼ਹਾਜ਼ਰਾਨੀ, ਸਿੰਚਾਈ ਅਤੇ ਹੜ੍ਹ-ਨਿਯੰਤਰਨ ਪ੍ਰਾਜੈੱਕਟ ਹੈ, ਦੀ ਸਮਰੱਥਾ 29,111,000,000 ਘਣ ਮੀ. ਹੈ। ਅਫ਼ਰੀਕਾ ਵਿਚ ਜ਼ੈਂਬੀਆ ਅਤੇ ਰੋਡੇਸ਼ੀਆ ਦੇ ਵਿਚਕਾਰ ਜ਼ੈਂਬੇਜ਼ੀ ਦਰਿਆ ਉੱਤੇ ਕਾਰੀਬਾ ਡੈਮ ਦੇ ਜਲ-ਭੰਡਾਰ ਦੀ ਕੁੱਲ ਸਮਰੱਥਾ 160,368,000,000 ਘਣ ਮੀ. ਹੈ ਜਿਸ ਦਾ ਉਪਯੋਗ ਊਰਜਾ-ਉਤਪਾਦਨ ਅਤੇ ਹੜ੍ਹਾਂ ਉੱਤੇ ਕਾਬੂ ਪਾਉਣ ਲਈ ਕੀਤਾ ਜਾਂਦਾ ਹੈ। ਭਾਰਤ ਵਿਚ ਰਿਹੰਦ ਦਰਿਆ ਉੱਤੇ ਰਿਹੰਦ ਜਲ-ਭੰਡਾਰ ਦੀ ਸਮਰੱਥਾ 10,607,900,000 ਘਣ ਮੀ. ਅਤੇ ਸਤਲੁਜ ਦਰਿਆ ਉੱਤੇ ਭਾਖੜਾ ਜਲ-ਭੰਡਾਰ ਦੀ ਸਮਰੱਥਾ 9,868,000,000 ਘਣ ਮੀ. ਹੈ, ਜਦੋਂ ਕਿ ਮਹਾਂਨਦੀ ਉੱਤੇ ਹੀਰਾਕੁੰਡ ਜਲ-ਭੰਡਾਰ ਦੀ ਸਮਰੱਥਾ 8,141,100,000 ਘਣ ਮੀ. ਹੈ। ਇਨ੍ਹਾਂ ਸਾਰੇ ਭਾਰਤੀ ਜਲ-ਭੰਡਾਰਾਂ ਤੋਂ ਊਰਜਾ-ਉਤਪਾਦਨ, ਸਿੰਜਾਈ ਅਤੇ ਹੜ੍ਹ-ਨਿਯੰਤਰਣ ਦਾ ਕੰਮ ਲਿਆ ਜਾਂਦਾ ਹੈ। ਇਯੂਕੰਬੀਨ ਝੀਲ ਜਿਹੜੀ ਕਿ ਨਿਊ ਸਾਊਥ ਵੇਲਜ਼ ਵਿਚ ਇਯੂਕੰਬੀਨ ਦਰਿਆ ਉੱਤੇ ਡੈਮ ਬਣਾਉਣ ਨਾਲ ਬਣੀ ਹੈ, ਦੀ ਸਮਰੱਥਾ 4,762,000,000 ਘਣ ਮੀ. ਹੈ ਜਿਸ ਤੋਂ ਊਰਜਾ-ਉਤਪਾਦਨ ਤੇ ਸਿੰਚਾਈ ਦਾ ਕੰਮ ਲਿਆ ਜਾਂਦਾ ਹੈ। ਵਾਲਗੋਗਰੈੱਟ ਡੈਮ ਜਿਹੜਾ ਕਿ ਰੂਸ ਵਿਚ ਵਾਲਗੋ ਦਰਿਆ ਉੱਤੇ ਬਣਿਆ ਹੋਇਆ ਹੈ, ਦੀ ਸਮਰੱਥਾ 58,000,000,000 ਘਣ ਮੀ. ਹੈ। ਇਸ ਦਾ ਉਪਯੋਗ ਬਿਜਲੀ-ਉੱਤਪਾਦਨ, ਹੜ੍ਹਾਂ ਉੱਤੇ ਕਾਬੂ ਪਾਉਣ ਅਤੇ ਸਿੰਚਾਈ ਲਈ ਕੀਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 9: 200

**ਜਲਮਾ** : ਹਿਮਾਚਲ ਪ੍ਰਦੇਸ਼ ਰਾਜ (ਭਾਰਤ) ਦੇ ਲਾਹੌਲ ਜ਼ਿਲ੍ਹੇ ਵਿਚ ਸ਼ਾਸ਼ਾਨ ਸ਼ਹਿਰ ਤੋਂ 6.4 ਕਿ. ਮੀ. ਦੂਰ ਚੰਦਰਭਾਗਾ ਦਰਿਆ ਦੇ ਨੇੜੇ ਪੱਤਨ ਵਾਦੀ ਵਿਚ ਵਸਿਆ ਇਕ ਪਿੰਡ ਹੈ। ਇਸ ਨੂੰ ਲਾਹੌਲ-ਸਪਿਤੀ ਦੇ ਸਾਰੇ ਦੇਵਤਿਆਂ ਦਾ ਮੂਲ ਅਸਥਾਨ ਸਮਝਿਆ ਜਾਂਦਾ ਹੈ। ਇਨ੍ਹਾਂ ਦੇਵੀ-ਦੇਵਤਿਆਂ ਕਰਕੇ ਇਸ ਦੀ ਮਹੱਤਤਾ ਹੈ। ਇਥੇ ਇਨ੍ਹਾਂ ਦੇ ਰੰਗਦਾਰ ਚਿੱਤਰ ਮਿਲਦੇ ਹਨ। ਇਹ ਰੰਗਦਾਰ ਚਿੱਤਰ ਸੈਂਟਰਲ ਏਸ਼ੀਅਨ ਕਲਾਵਾਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਚਿੱਤਰਾਂ ਵਿਚੋਂ ਰਾਧਾ-ਕ੍ਰਿਸ਼ਨ ਦੇ ਚਿਤਰ ਵਰਣਨਯੋਗ ਹਨ।

ਹ. ਪੁ.-ਡਿ. ਸੈ. ਹੈਂ. ਬੁ.-ਲਾਹੌਲ ਸਪਿਤੀ

**ਜਲ–ਮੁਰਗੀ** : ਇਹ ਕੈਰਾਡ੍ਰਾਇਫਾਰਮੀਜ਼ ਵਰਗ ਦੀ ਲੈਰਿਡੀ ਕੁੱਲ ਅਤੇ ਲੈਰਿਨੀ ਉਪ-ਕੁੱਲ ਦੇ ਪੰਛੀਆਂ ਦੇ ਇਕ ਗਰੁੱਪ ਲਈ ਆਮ ਨਾਂ ਹੈ। ਇਨ੍ਹਾਂ ਦੀਆਂ ਕੋਈ 40 ਤੋਂ ਵੱਧ ਜਾਤੀਆਂ ਹਨ। ਇਨ੍ਹਾਂ ਸਮੁੰਦਰੀ ਪੰਛੀਆਂ ਦਾ ਸਰੀਰ ਭਾਰਾ ਅਤੇ ਪੈਰ ਚੰਮ-ਝਿੱਲੀ ਵਾਲੇ ਹੁੰਦੇ ਹਨ। ਇਹ ਪੰਛੀ ਉੱਤਰੀ ਅਰਧ ਗੋਲੇ ਵਿਚ ਬਹੁਤ ਜ਼ਿਆਦਾ ਮਿਲਦੇ ਹਨ, ਅੰਦਰੂਨੀ ਭਾਗਾਂ ਵਿਚ ਰਹਿਣ ਵਾਲੇ ਪੰਛੀ ਸਰਦੀਆਂ ਵਿਚ ਨੇੜੇ ਦੇ ਤਟਾਂ ਤੇ ਚਲੇ ਜਾਂਦੇ ਹਨ ਪਰ ਇਹ ਆਪਣੇ ਨਜ਼ਦੀਕੀ ਸਬੰਧੀਆਂ, ਸਮੁੰਦਰੀ ਟਟੀਹਰੀਆਂ ਦੀ ਤਰ੍ਹਾਂ ਬਹੁਤ ਜ਼ਿਆਦਾ ਪ੍ਰਵਾਸੀ ਨਹੀਂ।



**ਹੈਰਿੰਗ ਜਲ-ਮੁਰਗੀ** ***(Larus argentatus)***

ਬਾਲਗ ਗੱਲ (ਜਲ-ਮੁਰਗੀ) ਪੰਛੀ ਸਲੇਟੀ ਜਾਂ ਚਿੱਟੇ ਰੰਗ ਦਾ ਹੁੰਦਾ ਹੈ ਅਤੇ ਇਸ ਦੇ ਸਿਰੇ ਉੱਤੇ ਵੱਖ ਵੱਖ ਤਰ੍ਹਾਂ ਦੇ ਨਿਸ਼ਾਨ ਹੁੰਦੇ ਹਨ। ਪ੍ਰਜਣਨ ਰੁੱਤ ਵਿਚ ਸਿਰ ਬਿਲਕੁੱਲ ਸਫ਼ੈਦ ਜਾਂ ਕਾਲਾ, ਸਲੇਟੀ ਜਾਂ ਭੂਰੇ ਰੰਗ ਦਾ ਹੁੰਦਾ ਹੈ; ਸਰਦੀਆਂ ਵਿਚ ਇਹ ਧਾਰੀਦਾਰ ਜਾਂ ਧੱਬੇਦਾਰ ਹੋ ਜਾਂਦਾ ਹੈ, ਚੁੰਝ ਮਜ਼ਬੂਤ ਅਤੇ ਥੋੜ੍ਹੀ ਜਿਹੀ ਮੁੜੀ ਹੋਈ ਹੁੰਦੀ ਹੈ, ਕਈ ਜਾਤੀਆਂ ਵਿਚ ਇਸ ਉੱਤੇ ਰੰਗਦਾਰ ਨਿਸ਼ਾਨ ਹੁੰਦੇ ਹਨ। ਚੁੰਝ ਅਤੇ ਲੱਤਾਂ ਦੇ ਰੰਗ ਅਤੇ ਖੰਭਾਂ ਦੇ ਡਿਜ਼ਾਈਨਾਂ ਤੋਂ ਜਾਤੀਆਂ ਦੀ ਪਛਾਣ ਕੀਤੀ ਜਾਂਦੀ ਹੈ।

ਇਹ ਪੰਛੀ ਸਮੁੰਦਰੀ ਕਿਨਾਰਿਆਂ ਤੋਂ ਕੀੜੇ, ਮੌਲਸਕ ਅਤੇ ਕ੍ਰਸਟੇਸ਼ੀਅਨ, ਖੱਡਾਂ ਵਿਚੋਂ ਕਿਰਮ ਅਤੇ ਸੁੰਡੀਆਂ, ਸਮੁੰਦਰੀ ਜਹਾਜ਼ਾਂ ਅਤੇ ਸਮੁੰਦਰੀ ਕਿਨਾਰਿਆਂ ਤੋਂ ਮੱਛੀਆਂ ਅਤੇ ਗੰਦ-ਮੰਦ ਖਾਂਦੇ ਹਨ। ਕਈ ਵੱਡੀਆਂ ਜਾਤੀਆਂ ਦੂਜੇ ਪੰਛੀਆਂ ਦੇ (ਆਪਣੀ ਕਿਸਮ ਦੇ ਵੀ) ਆਂਡਿਆਂ ਅਤੇ ਬੱਚਿਆਂ ਉੱਤੇ ਵੀ ਆਹਾਰ ਕਰਦੀਆਂ ਹਨ।

ਕਈ ਵਿਸ਼ਿਸ਼ਟ ਕਿਸਮਾਂ ਲਈ ਅਨੇਕ ਪ੍ਰਜਾਤੀਆਂ ਬਣਾਈਆਂ ਗਈਆਂ ਹਨ ਪਰ ਬਹੁਤੇ ਵਿਗਿਆਨੀ ਇਨ੍ਹਾਂ ਨੂੰ ਇਕ ਵੱਡੀ ਪ੍ਰਜਾਤੀ ਲੈਰਸ ਵਿਚ ਰੱਖਦੇ ਹਨ।

ਕਾਲੇ ਸਿਰ ਵਾਲੀ ਜਲ-ਮੁਰਗੀ *(Larus ridibundus)* ਦੀਆਂ ਲੱਤਾਂ ਦਾ ਰੰਗ ਲਾਲ ਹੁੰਦਾ ਹੈ। ਇਹ ਯੂਰੇਸ਼ੀਆ ਅਤੇ ਆਈਸਲੈਂਡ ਵਿਚ ਆਂਡੇ ਦਿੰਦੀ ਹੈ ਅਤੇ ਸਰਦੀਆਂ ਵਿਚ ਇਹ ਦੱਖਣੀ ਭਾਰਤ ਅਤੇ ਫਿਲਪਾਈਨਜ਼ ਵਿਚ ਰਹਿੰਦੀ ਹੈ। ਇਸ ਦਾ ਮੁੱਖ ਆਹਾਰ ਖੇਤਾਂ ਵਿਚੋਂ ਕੀੜੇ ਖਾਣਾ ਹੈ।

ਬੋਨਾਪਾਰਟ ਜਲ-ਮੁਰਗੀ *(L.philadlphia)*, ਉੱਤਰੀ ਅਮਰੀਕਾ ਦਾ ਪੰਛੀ ਹੈ। ਇਸ ਦੀ ਚੁੰਝ ਅਤੇ ਚਿਹਰੇ ਦਾ ਰੰਗ ਕਾਲਾ ਅਤੇ ਲੱਤਾਂ ਪਿਆਜ਼ੀ ਤੇ ਲਾਲ ਜਿਹੇ ਰੰਗ ਦੀਆਂ ਹੁੰਦੀਆਂ ਹਨ। ਇਹ ਦਰਖ਼ਤਾਂ ਵਿਚ ਆਲ੍ਹਣੇ ਬਣਾਉਂਦੇ ਹਨ ਅਤੇ ਕੀੜੇ ਫੜਨ ਲਈ ਛੱਪੜਾਂ ਉੱਤੇ ਉਡਦੇ ਰਹਿੰਦੇ ਹਨ। ਸਰਦੀਆਂ ਵਿਚ ਇਹ ਮੱਛੀਆਂ ਫੜਨ ਲਈ ਸਮੁੰਦਰਾਂ ਵਿਚ ਚੁੱਭੀ ਮਾਰਦੇ ਰਹਿੰਦੇ ਹਨ।

ਕੈਲਿਫ਼ੋਰਨੀਆ ਜਲ-ਮੁਰਗੀ *(L. californicus)* ਉੱਤਰੀ ਅਮਰੀਕਾ ਦਾ ਪੰਛੀ ਹੈ। ਇਹ ਅੰਦਰੂਨੀ ਭਾਗਾਂ ਵਿਚ ਆਂਡੇ ਦਿੰਦਾ ਹੈ। ਇਹ ਵੱਡੀਆਂ ਵੱਡੀਆਂ ਡਾਰਾਂ ਵਿਚ ਇਕੱਠੇ ਫਿਰਦੇ ਹਨ ਅਤੇ ਕੀੜੇ ਖਾਂਦੇ ਹਨ। ਫਰੈਂਕਲਿਨ ਜਲਮੁਰਗੀ *(L. pipixcan)* ਉੱਤਰੀ ਅਤੇ ਦੱਖਣੀ ਅਮਰੀਕਾ ਦਾ ਪੰਛੀ ਹੈ। ਇਹ ਉੱਡਦੇ ਕੀੜਿਆਂ ਨੂੰ ਫੜਦਾ ਹੈ ਅਤੇ ਅੰਦਰੂਨੀ ਬੇਲਿਆਂ ਵਿਚ ਵੱਡੀਆਂ ਵੱਡੀਆਂ ਕਾਲੋਨੀਆਂ ਵਿਚ ਆਂਡੇ ਦਿੰਦਾ ਹੈ।

ਗਲਾਉਕਸ ਜਲ-ਮੁਰਗੀ *(L. hyperboreus)* ਉੱਤਰੀ ਸਮੁੰਦਰਾਂ ਵਿਚ ਹੁੰਦਾ ਹੈ। ਇਹ ਬਹੁਤਾ ਕਰਕੇ ਚਿੱਟੇ ਰੰਗ ਦਾ ਹੁੰਦਾ ਹੈ ਤੇ ਇਸ ਦੀਆਂ ਲੱਤਾਂ ਪਿਆਜ਼ੀ ਰੰਗ ਦੀਆਂ ਅਤੇ ਚੁੰਝ ਪੀਲੀ, ਜਿਸ ਉੱਤੇ ਇਕ ਲਾਲ ਨਿਸ਼ਾਨ ਹੁੰਦਾ ਹੈ। ਕਈ ਵਾਰ ਸਰਦੀਆਂ ਵਿਚ ਇਹ ਦੂਰ ਦੱਖਣ ਵੱਲ ਹਵਾਈ ਅਤੇ ਰੂਮ-ਸਾਗਰ ਵਿਚ ਚਲੇ ਜਾਂਦੇ ਹਨ। ਕਾਲੀ-ਪਿੱਠ ਵਾਲੀ ਜਲ-ਮੁਰਗੀ *(L. marinus)* ਦਾ ਖੰਭ ਪਸਾਰ 1.6 ਮੀ. ਹੁੰਦਾ ਹੈ। ਇਹ ਸਭ ਤੋਂ ਵੱਡੀ ਜਲ-ਮੁਰਗੀ ਹੈ। ਹੈਰਿੰਗ ਜਲਮੁਰਗੀ *(L. argentatus)* ਉੱਤਰੀ ਅਰਧ ਗੋਲੇ ਦਾ ਪੰਛੀ ਹੈ। ਇਸ ਦੀ ਮੈਂਟਲ ਸਲੇਟੀ, ਲੱਤਾਂ ਅਤੇ ਪੈਰ ਮਾਸ-ਰੰਗੇ ਅਤੇ ਖੰਭਾਂ ਦੇ ਕਿਨਾਰੇ ਚਿੱਟੇ ਤੇ ਕਾਲੇ ਧੱਬਿਆਂ ਵਾਲੇ ਹੁੰਦੇ ਹਨ। ਇਹ ਪੰਛੀ ਇਕ ਕਿਸਮ ਦੇ ਗੰਦਖੋਰ ਹਨ ਕਿਉਂਕਿ ਇਹ ਸਮੁੰਦਰੀ ਤਟਾਂ ਤੇ ਇਕੱਠੇ ਹੋਏ ਗੰਦ ਤੇ ਹੀ ਆਹਾਰ ਕਰਦੇ ਹਨ। ਛੋਟੀ ਜਲ-ਮੁਰਗੀ *(L. minutus)* ਯੂਰਪ ਅਤੇ ਉੱਤਰੀ ਅਮਰੀਕਾ ਦਾ ਪੰਛੀ ਹੈ। ਇਸ ਦੇ ਸਿਰ ਦਾ ਰੰਗ ਕਾਲਾ ਅਤੇ ਖੰਭ-ਪਸਾਰ ਲਗਭਗ 60 ਸੈਂ. ਮੀ. ਹੁੰਦਾ ਹੈ। ਇਹ ਸਭ ਤੋਂ ਛੋਟੀ ਜਲ-ਮੁਰਗੀ ਹੈ।

ਸ਼ਾਂਤ-ਮਹਾਸਾਗਰੀ ਜਲ-ਮੁਰਗੀ *(L. pacificus)* ਸਾਰੀਆਂ ਕਿਸਮਾਂ ਤੋਂ ਜ਼ਿਆਦਾ ਦੂਰ ਦੱਖਣ ਵੱਲ ਤਸਮਾਨੀਆ ਅਤੇ ਦੱਖਣੀ ਆਸਟ੍ਰੇਲੀਆ ਵਿਚ ਆਂਡੇ ਦਿੰਦੀ ਹੈ। ਗਾਨੀ ਵਾਲੀ ਜਲ ਮੁਰਗੀ *(L. delawarensis)* ਉੱਤਰੀ ਅਮਰੀਕਾ ਦੀਆਂ ਅੰਦਰੂਨੀ ਝੀਲਾਂ ਅਤੇ ਕੱਜਲ ਵਰਗੀ ਕਾਲੀ ਜਲ-ਮੁਰਗੀ *(L. hemprichi)* ਪੱਛਮੀ ਹਿੰਦ ਮਹਾਂਸਾਗਰ ਵਿਚ ਮਿਲਦੀ ਹੈ।

ਰੋਸ ਜਲ-ਮੁਰਗੀ *(Rhodostethia rosea)* ਇਕ ਆਕ੍ਰਸ਼ਿਤ, ਪਿਆਜ਼ੀ ਜਿਹਾ ਚਿੱਟਾ ਪੰਛੀ ਹੈ ਜਿਹੜਾ ਉੱਤਰੀ ਸਾਇਬੇਰੀਆ ਵਿਚ ਆਂਡੇ ਦਿੰਦਾ ਹੈ ਅਤੇ ਉੱਤਰੀ ਹਿਮ ਮਹਾਸਾਗਰ ਉੱਤੇ ਦੂਰ ਦੂਰ ਤੱਕ ਘੁੰਮਦਾ ਰਹਿੰਦਾ ਹੈ। ਸੈਬਿਨ ਜਲ-ਮੁਰਗੀ *(Xema sabini)* ਉੱਤਰੀ ਹਿਮ ਚੱਕਰ ਦਾ ਪੰਛੀ ਹੈ; ਇਸ ਦੀ ਪੂਛ ਦੁਸਾਂਗੀ ਹੁੰਦੀ ਹੈ ਅਤੇ ਇਹ ਟਟੀਹਰੀ ਦੀ ਤਰ੍ਹਾਂ ਭਜਦਾ ਅਤੇ ਭੋਜਨ ਪ੍ਰਾਪਤ ਕਰਦਾ ਹੈ।

ਅਬਾਬੀਲ ਵਰਗੀ ਪੂਛ ਵਾਲੀ ਜਲ-ਮੁਰਗੀ *(Creagrus, furcatus)* ਗਾਲਾਪੈਗੋ ਦੀਪਾਂ ਦਾ ਪੰਛੀ ਹੈ। ਸਿਰਫ਼ ਇਹੀ ਕਿਸਮ ਹੈ ਜਿਸ ਦੀ ਪੂਛ ਬਹੁਤ ਜ਼ਿਆਦਾ ਦੁਸਾਂਗੀ ਹੋਈ ਹੁੰਦੀ ਹੈ।

ਹ. ਪੁ.–ਐਨ. ਬ੍ਰਿ. ਮਾ. 4: 796

**ਜਲ–ਯੰਤਰ ਵਿਗਿਆਨ** : ਇਹ ਭੌਤਿਕ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਦਾ ਸਬੰਧ ਬਲਾਂ ਦੇ ਸੰਚਾਰ ਲਈ ਮਾਧਿਅਮ ਵਜੋਂ ਵਰਤੇ ਜਾਂਦੇ ਤਰਲ (ਦ੍ਰਵ) ਜਾਂ ਕੁਦਰਤੀ ਪਾਣੀ ਨਾਲ ਹੈ। ਜਦੋਂ ਕਿਸੇ ਵਸਤੂ ਨੂੰ ਤਰਲ ਵਿਚ ਡਬੋਇਆ ਜਾਂਦਾ ਹੈ ਤਾਂ ਉਸ ਦੁਆਰਾ ਹਟਾਏ ਗਏ ਤਰਲ ਦੇ ਆਇਤਨ ਦੁਆਰਾ ਉੱਪਰ ਵੱਲ ਸਮਾਨ ਅਨੁਪਾਤ ਵਿਚ ਬਲ ਲਗਾਇਆ ਜਾਂਦਾ ਹੈ। ਇਕ ਦ੍ਰਵ ਜਦੋਂ ਗਤੀ ਬਦਲਦਾ ਹੈ ਤਾਂ ਬਲ ਪੈਦਾ ਹੁੰਦਾ ਹੈ ਜਿਸ ਦੇ ਫ਼ਲਸਰੂਪ ਬਲ ਵਿਚਲੀ ਤਬਦੀਲੀ ਸੰਵੇਗ ਨੂੰ ਬਦਲ ਦਿੰਦੀ ਹੈ। ਇਸ ਸਿਧਾਂਤ ਦੀ ਵਰਤੋਂ ਅਨੇਕ ਯੰਤਰਾਂ ਵਿਚ ਕੀਤੀ ਜਾਂਦੀ ਹੈ (ਵਿਸਥਾਰ ਲਈ ਵੇਖੋ ਆਰਕਿਮੀਡੀਜ਼ ਸਿਧਾਂਤ, ਬਰਨਾਲੀ ਥਿਊਰਮ, ਹਾਈਡ੍ਰੌਲਿਕ ਪ੍ਰੈੱਸ, ਹਾਈਡ੍ਰੌਲਿਕ ਟਰਬਾਈਨ, ਜਲ-ਇੰਜੀਨੀਅਰੀ)।

ਹ. ਪੁ.–ਐਨ. ਮੈਕ. ਸ. ਟ. 6 : 629

**ਜਲਾਉ** : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਅਤੇ ਤਹਿਸੀਲ ਦਾ ਇਹ ਸਦਰ-ਮੁਕਾਮ ਹੈ ਜਿਹੜਾ ਓਰਾਈ ਤੋਂ ਲ. 20 ਕਿ. ਮੀ. ਦੇ ਫ਼ਾਸਲੇ ਤੇ ਇਕ ਪੱਕੀ ਸੜਕ ਉੱਤੇ ਸਥਿਤ ਹੈ। ਅਠਾਰ੍ਹਵੀਂ ਸਦੀ ਦੌਰਾਨ ਇਹ ਸ਼ਹਿਰ ਇਕ ਮਰਹੱਟਾ ਰਿਆਸਤ ਦੀ ਰਾਜਧਾਨੀ ਹੁੰਦਾ ਸੀ ਅਤੇ ਅਜੇ ਵੀ ਇਥੋਂ ਦੇ ਬਹੁਤੇ ਵਾਸੀ ਮਰਹੱਟੇ ਬ੍ਰਾਹਮਣ ਹੀ ਹਨ। ਤਹਿਸੀਲ ਦੇ ਦਫਤਰਾਂ ਤੋਂ ਇਲਾਵਾ ਇਥੇ ਇਕ ਹਸਪਤਾਲ ਅਤੇ ਕਈ ਸਕੂਲ ਹਨ। ਸੰਨ 1881 ਵਿਚ ਇਥੇ ਇਕ ਬਹੁਤ ਵਧੀਆ ਮੰਡੀ ਦੀ ਸਥਾਪਨਾ ਹੋਈ ਸੀ ਅਤੇ ਬਹੁਤ ਸਾਰੇ ਮਾਰਵਾੜੀ ਸ਼ਾਹੂਕਾਰ ਇਥੇ ਆ ਕੇ ਆਬਾਦ ਹੋਏ ਸਨ।

ਆਬਾਦੀ–38,885 (1991)

26° 8′ ਉ. ਵਿਥ.; 79° 21′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 26; ਹਿੰ. ਵਿ. ਕੋ. 2: 489

**ਜੱਲ੍ਹਾ, ਪੰਡਤ** : ਇਹ ਧਿਆਨ ਸਿੰਘ ਡੋਗਰਾ ਦੇ ਲੜਕੇ ਹੀਰਾ ਸਿੰਘ ਦੇ ਬਚਪਨ ਦਾ ਸਹਿ-ਅਧਿਆਪਕ ਸੀ। ਹੀਰਾ ਸਿੰਘ ਇਸ ਦਾ ਬਹੁਤ ਸਤਿਕਾਰ ਕਰਦਾ ਸੀ। ਇਹ ਜੰਮੂ ਦਾ ਬ੍ਰਾਹਮਣ ਸੀ ਜੋ ਕਿ ਚਿੜਚਿੜੇ ਸੁਭਾਅ ਦਾ, ਅਤਿ ਦਰਜੇ ਦਾ ਅਭਿਮਾਨੀ, ਚਾਲਬਾਜ਼ ਅਤੇ ਸੁਆਰਥੀ ਵਿਅਕਤੀ ਸੀ, ਜਿਸ ਕਾਰਨ ਲਾਹੌਰ ਦਰਬਾਰ ਅਤੇ ਇਸ ਤੋਂ ਬਾਹਰ ਇਸ ਦੇ ਕਾਫ਼ੀ ਦੁਸ਼ਮਣ ਪੈਦਾ ਹੋ ਗਏ ਸਨ। ਕੋਈ ਵੀ ਇਸ ਨੂੰ ਪਸੰਦ ਨਹੀਂ ਸੀ ਕਰਦਾ। ਗੁਲਾਬ ਸਿੰਘ ਡੋਗਰਾ ਅਤੇ ਸੁਚੇਤ ਸਿੰਘ ਇਸ ਨੂੰ ਸਭ ਤੋਂ ਜ਼ਿਆਦਾ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਸਨ। ਇਸ

ਨੇ ਅਤੇ ਲਾਲ ਸਿੰਘ ਨੇ ਸੱਚੀ ਮਿੱਤਰਤਾ ਦੀ ਨਿਸ਼ਾਨੀ ਵਜੋਂ ਆਪਣੀਆਂ ਪੱਗਾਂ ਵਟਾਈਆਂ ਸਨ।

ਹੀਰਾ ਸਿੰਘ ਡੋਗਰਾ ਦੇ ਜੀਵਨ ਦੀ ਆਖ਼ਰੀ ਘਟਨਾ ਦਾ ਕਾਰਣ ਇਹੀ ਸੀ। ਇਸ ਨੇ ਮਹਾਰਾਣੀ ਜਿੰਦਾਂ ਦੇ ਖ਼ਿਲਾਫ਼ ਗਲਤ ਅਫ਼ਵਾਹਾਂ ਫੈਲਾਈਆਂ। ਮਹਾਰਾਣੀ ਜਿੰਦਾਂ ਅਤੇ ਉਸ ਦੇ ਭਰਾ ਜਵਾਹਰ ਸਿੰਘ ਨੇ ਇਸ ਦੇ ਗਲਤ ਵਤੀਰੇ ਤੋਂ ਤੰਗ ਆ ਕੇ ਫ਼ੌਜੀ ਪੰਚਾਂ ਕੋਲੋਂ ਇਸ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ। ਫ਼ੌਜੀ ਪੰਚਾਂ ਨੇ ਇਸਨੂੰ ਅਤੇ ਧਿਆਨ ਸਿੰਘ ਡੋਗਰਾ ਨੂੰ ਪੰਜਾਬ ਵਿਚੋਂ ਬਾਹਰ ਕੱਢ ਦੇਣ ਦੀ ਕਸਮ ਖਾਧੀ।

ਖ਼ਾਲਸਾ ਫ਼ੌਜਾਂ ਨੇ ਹੀਰਾ ਸਿੰਘ ਅਤੇ ਇਸ ਨੂੰ ਫੜਨ ਦਾ ਫੈਸਲਾ ਕੀਤਾ। ਇਹ ਦੋਵੇਂ ਰਾਜਧਾਨੀ ਵਿਚੋਂ ਭੱਜ ਨਿਕਲੇ। 21 ਦਸੰਬਰ, 1844 ਨੂੰ ਖਾਲਸਾ ਫ਼ੌਜਾਂ ਨੇ ਇਸ ਨੂੰ ਅਤੇ ਹੀਰਾ ਸਿੰਘ ਨੂੰ ਫੜ ਲਿਆ ਅਤੇ ਦੋਹਾਂ ਨੂੰ ਕਤਲ ਕਰ ਦਿੱਤਾ। ਇਨ੍ਹਾਂ ਦੇ ਸਿਰਾਂ ਨੂੰ ਨੇਜ਼ਿਆਂ ਉੱਤੇ ਟੰਗ ਕੇ ਲਾਹੌਰ ਦੀਆਂ ਗਲੀਆਂ ਵਿਚ ਫੇਰਿਆ ਗਿਆ।

ਇਸ ਦੇ ਉਜੱਡਪੁਣੇ, ਕੁਰਖ਼ਤ ਜ਼ਬਾਨ ਅਤੇ ਮਹਾਰਾਣੀ ਸਮੇਤ ਸਾਰਿਆਂ ਨਾਲ ਕੀਤੇ ਭੈੜੇ ਵਤੀਰੇ ਨੇ ਨਾ ਕੇਵਲ ਇਸ ਨੂੰ ਹੀ ਤਬਾਹ ਕੀਤਾ ਸਗੋਂ ਇਸ ਦੇ ਰੱਖਿਅਕਾਂ ਅਤੇ ਵਫ਼ਾਦਾਰ ਚੇਲੇ ਹੀਰਾ ਸਿੰਘ ਦਾ ਵੀ ਖ਼ਾਤਮਾ ਕਰਵਾ ਦਿੱਤਾ।

ਹ. ਪੁ.–ਹਿ. ਸਿੱ–ਖੁ. ਸਿੰਘ; ਹਿ. ਆਫ਼. ਪੰ.–ਲਤੀਫ਼; ਪੰ. ਆ. ਈ. ਆਫ਼. ਫ. ਸਿੱ. ਵਾ.–ਐਚ. ਆਰ. ਗੁਪਤਾ

**ਜਲਾਰਪੇਟ** : ਤਾਮਿਲਨਾਡੂ ਰਾਜ (ਭਾਰਤ) ਦੇ ਨੋਰਥ ਅਰਕਾਟ ਅੰਬੇਦਕਰ ਜ਼ਿਲ੍ਹੇ ਦਾ ਕਸਬਾ ਹੈ ਜਿਹੜਾ ਮਦਰਾਸ ਤੋਂ 211 ਕਿ. ਮੀ. ਅਤੇ ਬੰਗਲੌਰ ਤੋਂ 140 ਕਿ. ਮੀ. ਦੀ ਦੂਰੀ ਉੱਤੇ ਵਾਕਿਆ ਹੈ। ਇਹ ਮਦਰਾਸ ਤੋਂ ਬੰਗਲੌਰ ਜਾਣ ਵਾਲੀ ਰੇਲਵੇ ਲਾਈਨ ਉੱਤੇ ਸਥਿਤ ਹੈ। ਇਸ ਦੀ ਮਹੱਤਤਾ ਰੇਲਾਂ ਦੇ ਜੰਕਸ਼ਨ ਹੋਣ ਕਰਕੇ ਹੈ।

ਆਬਾਦੀ–23,719 (1991)

12° 35' ਉ. ਵਿਥ.; 78° 34' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 17

**ਜਲਾਲ–ਉੱਦ–ਦੀਨ ਰੂਮੀ** : ਇਹ ਈਰਾਨ ਦਾ ਉੱਘਾ ਰਹੱਸਵਾਦੀ ਕਵੀ ਸੀ। ਇਸ ਦਾ ਪੂਰਾ ਨਾਂ ਮੁਹੰਮਦ ਇਬਨ ਮੁਹੰਮਦ ਮੌਲਵੀ ਬਲਖ਼ੀ ਸੀ। ਇਸ ਦਾ ਜਨਮ 30 ਸਤੰਬਰ, 1207 ਨੂੰ ਬਲਖ਼ ਵਿਖੇ ਹੋਇਆ। ਇਸ ਦਾ ਪਿਤਾ ਜੋ ਧਰਮ ਸ਼ਾਸਤਰ ਅਤੇ ਦਰਸ਼ਨ ਦਾ ਪ੍ਰਸਿੱਧ ਅਧਿਆਪਕ ਸੀ, ਕੁਝ ਵਰ੍ਹਿਆਂ ਮਗਰੋਂ ਸਮੇਂ ਦੇ ਹਾਕਮ ਨਾਲ ਝਗੜਾ ਹੋਣ ਕਾਰਨ ਦੇਸ਼ ਛੱਡ ਕੇ ਪਹਿਲਾਂ ਕੁਝ ਸਾਲ ਸੀਰੀਆ ਵਿਚ ਬਿਤਾਉਣ ਮਗਰੋਂ ਪਰਿਵਾਰ ਸਹਿਤ ਏਸ਼ੀਆ ਮਾਈਨਰ ਵਿਚ ਕੋਨਯਾ ਵਿਖੇ ਰਹਿਣ ਲੱਗਾ। ਇਸ ਸ਼ਹਿਰ ਨੂੰ ਉਦੋਂ ਰੂਮ ਕਿਹਾ ਜਾਂਦਾ ਸੀ ਜਿਸ ਤੋਂ ਇਸ ਦਾ ਖ਼ਿਤਾਬ ਰੂਮੀ ਪਿਆ। ਪਿਤਾ ਦੀ ਮੌਤ ਮਗਰੋਂ 1231 ਈ. ਵਿਚ ਇਹ ਅਧਿਆਪਕ ਬਣ ਗਿਆ।

ਰੂਮੀ ਨੇ ਪਰੰਪਰਾਵਾਦੀ ਅਧਿਐਨ ਤੇ ਅਧਿਆਪਨ ਜਾਰੀ ਰੱਖਿਆ। ਸੰਨ 1244 ਵਿਚ ਤਬਰੇਜ਼ ਦਾ ਉੱਘਾ ਦਾਰਸ਼ਨਿਕ ਸ਼ਮਸੁੱਦੀਨ ਮੁਹੰਮਦ ਅਚਾਨਕ ਕੋਨਯਾ ਵਿਖੇ ਆਇਆ ਅਤੇ ਦੋ ਸਾਲ ਮਗਰੋਂ ਰਹੱਸਮਈ ਢੰਗ ਨਾਲ ਗਾਇਬ ਹੋ ਗਿਆ। ਉਸ ਦੇ ਪ੍ਰਭਾਵ ਅਧੀਨ ਇਸ ਨੇ ਸੂਫ਼ੀ-ਰਹੱਸਵਾਦ ਦਾ ਖ਼ੂਬ ਅਧਿਐਨ ਕੀਤਾ। ਇਸ ਖੇਤਰ ਵਿਚ ਇਸ ਨੂੰ ਉਸਤਾਦ ਮੰਨਿਆ ਜਾਂਦਾ ਹੈ। ਮਸਨਵੀ-ਇ-ਮਾਨਵੀ, ਇਸ ਦੀ ਮਹੱਤਵਪੂਰਨ ਕਿਰਤ ਹੈ। ਇਸ ਵਿਚ 30,000 ਦੋਹੇ ਹਨ ਅਤੇ ਇਹ ਛੇ ਜਿਲਦਾਂ ਵਿਚ ਹੈ। ਇਸ ਵਿਚ ਸੂਫ਼ੀ ਸਿਧਾਂਤਾਂ ਨੂੰ ਕਥਾ ਕਹਾਣੀਆਂ ਆਦਿ ਦੁਆਰਾ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦੇ ਭਾਵੁਕ ਤੇ ਰਹੱਸਵਾਦੀ ਵਿਸ਼ੇ ਕਾਰਨ ਇਸ ਨੂੰ ਬੜੀ ਪ੍ਰਸਿੱਧੀ ਪ੍ਰਾਪਤ ਹੋਈ। ਭਾਸ਼ਾ ਵਿਭਾਗ, ਪੰਜਾਬ ਨੇ 1981 ਵਿਚ ਇਸ ਦਾ ਪੰਜਾਬੀ ਅਨੁਵਾਦ 'ਮਸਨਵੀ-ਏ-ਮੌਲਾਨਾ' ਰੂਮੀ ਪ੍ਰਕਾਸ਼ਿਤ ਕੀਤਾ। ਕਵਿਤਾ ਦੇ ਪੱਖੋਂ ਇਸ ਤੋਂ ਵੀ ਉੱਤਮ ਰੂਮੀ ਦੀ ਦੂਜੀ ਕਿਰਤ 'ਦੀਵਾਨ-ਇ-ਸ਼ਮਸ-ਇ ਤਬਰੀਜ਼' ਸੀ, ਜੋ ਗ਼ਜ਼ਲਾਂ ਦਾ ਸੰਗ੍ਰਹਿ ਹੈ।

ਰੂਮੀ ਦੀ ਮੌਤ ਕੋਨਯਾ ਵਿਖੇ 17 ਦਸੰਬਰ, 1273 ਨੂੰ ਹੋਈ।

ਹ. ਪੁ.–ਐਨ. ਬ੍ਰਿ. 12: 849

**ਜਲਾਲ, ਸੱਯਦ ਜ਼ਾਮਨ ਅਲੀ** : ਇਹ ਉਰਦੂ ਦਾ ਪ੍ਰਸਿੱਧ ਸ਼ਾਇਰ ਸੀ। ਇਸ ਦਾ ਜਨਮ ਲਖਨਊ (ਉੱਤਰ ਪ੍ਰਦੇਸ਼) ਵਿਚ 1250 ਹਿਜਰੀ ਵਿਚ ਹਕੀਮ ਅਸਗਰ ਅਲੀ ਦੇ ਘਰ ਹੋਇਆ। ਇਸ ਨੇ ਫ਼ਾਰਸੀ ਅਤੇ ਅਰਬੀ ਵਿਚ ਉੱਚੀ ਵਿੱਦਿਆ ਪ੍ਰਾਪਤ ਕੀਤੀ। ਇਹ ਆਪਣਾ ਜੱਦੀ ਪੇਸ਼ਾ ਹਿਕਮਤ ਵੀ ਕਰਦਾ ਸੀ ਪਰ ਬਹੁਤਾ ਸ਼ੌਕ ਇਸ ਨੂੰ ਸ਼ਿਅਰੋ-ਸ਼ਾਇਰੀ ਦਾ ਸੀ। ਸ਼ੁਰੂ ਸ਼ੁਰੂ ਵਿਚ ਇਸ ਨੇ 'ਰਸ਼ਕ' ਅਤੇ ਫਿਰ 'ਬਰਕ' ਨੂੰ ਆਪਣਾ ਉਸਤਾਦ ਧਾਰਿਆ। ਇਹ ਲਖਨਊ ਦੇ ਚੋਟੀ ਦੇ ਮੁਸ਼ਾਇਰਿਆਂ ਵਿਚ ਸ਼ਾਮਲ ਹੁੰਦਾ ਸੀ ਪਰ 1857 ਦੇ ਗਦਰ ਕਾਰਨ ਛੇਤੀ ਹੀ ਇਹ ਮਹਿਫ਼ਲਾਂ ਖ਼ਤਮ ਹੋ ਗਈਆਂ। ਰੋਟੀ ਕਮਾਉਣ ਲਈ ਇਹ ਹਕੀਮੀ ਕਰਨ ਲੱਗ ਪਿਆ। ਕੁਝ ਦਿਨਾਂ ਮਗਰੋਂ ਰਾਮਪੁਰ ਦੇ ਨਵਾਬ ਯੂਸਫ਼ ਅਲੀ ਖ਼ਾਂ ਨੇ ਇਸ ਨੂੰ ਆਪਣੇ ਕੋਲ ਬੁਲਾ ਲਿਆ ਪਰ ਛੇਤੀ ਹੀ ਇਹ ਉਥੋਂ ਪਰਤ ਆਇਆ ਅਤੇ 1909 ਈ. ਵਿਚ 77 ਸਾਲਾਂ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ।

ਇਹ ਸ਼ਾਇਰੀ ਦੇ ਸਾਰੇ ਪਹਿਲੂਆਂ ਬਾਰੇ ਬੜਾ ਸੁਚੇਤ ਰਹਿੰਦਾ ਸੀ। ਮੁਹਾਵਰੇ, ਗ੍ਰਾਮਰ ਅਤੇ ਅਰੂਜ਼ ਦੇ ਮਸਲਿਆਂ ਬਾਰੇ ਇਹ ਭਰਪੂਰ ਬਹਿਸਾਂ ਕਰਦਾ ਹੁੰਦਾ ਸੀ। ਸਿੱਟੇ ਵਜੋਂ ਇਸ ਸਿਲਸਿਲੇ ਵਿਚ ਇਸ ਨੇ ਕਈ ਪੁਸਤਕਾਂ ਲਿਖੀਆਂ ਜੋ ਉਰਦੂ ਸਾਹਿਤ ਨੂੰ ਇਕ ਬਹੁਤ ਵੱਡੀ ਦੇਣ ਹਨ। ਇਨ੍ਹਾਂ ਕਰਕੇ ਇਸ ਨੂੰ ਇਕ ਬਹੁਤ ਵੱਡਾ ਵਿਦਵਾਨ ਮੰਨਿਆ ਜਾਣ ਲੱਗ ਪਿਆ। ਆਪਣੀ ਸ਼ਾਇਰੀ ਵਿਚ ਵੀ ਇਸ ਨੇ ਜ਼ਬਾਨ, ਮੁਹਾਵਰੇ ਅਤੇ ਅਰੂਜ਼ ਦੀਆਂ ਕੋਈ ਗਲਤੀਆਂ ਨਹੀਂ ਪੈਣ ਦਿੱਤੀਆਂ। ਇਸ ਨੇ ਆਪਣੀ ਕਾਫ਼ੀ ਕਵਿਤਾ 'ਮੀਰ' ਤੋਂ ਪ੍ਰਭਾਵਿਤ ਹੋ ਕੇ ਲਿਖੀ। ਉਹ ਕਵਿਤਾ ਸਾਦਗੀ ਵਿਚ ਆਪਣੀ ਇਕ ਮਿਸਾਲ ਹੈ। ਇਹਨੇ ਕਸੀਦੇ ਵੀ ਕਾਫ਼ੀ ਗਿਣਤੀ ਵਿਚ ਲਿਖੇ ਹਨ।

ਇਸ ਦੀਆਂ ਪ੍ਰਸਿੱਧ ਪੁਸਤਕਾਂ ਵਿਚ ਦੀਵਾਨ ਅਵੱਲ (ਸ਼ਾਹਦ ਸ਼ੋਖ਼ ਤਬਾਅ), ਦੀਵਾਨ ਦੋਮ (ਕ੍ਰਿਸ਼ਮਾਜਾਤ ਸੁਖ਼ਨ), ਦੀਵਾਨਿ ਸੋਮ (ਮਜ਼ਮੂਨਹਾਏ ਦਿਲਕਸ਼), ਦੀਵਾਨ ਚਹਾਰਮ (ਨਜ਼ਮ ਰੰਗੀਨ), ਸਰਮਾਇ ਜ਼ਬਾਨ ਉਰਦੂ (ਮੁਹਾਵਰਾ ਕੋਸ਼), ਮੁੰਤਖ਼ਿਬ ਅਲਕਵਾਇਦ, ਤਨਕੀਹ ਉਲੁਗਾਤ ਆਦਿ ਸ਼ਾਮਲ ਹਨ।

ਹ. ਪੁ.–ਤਾਰੀਖ਼ ਅਦਬਿ ਉਰਦੂ-ਸੱਯਦ ਇਅਜਾਜ਼ ਹੁਸੈਨ

**ਜਲਾਲਪੁਰ** : ਪੱਛਮੀ ਪੰਜਾਬ (ਪਾਕਿਸਤਾਨ) ਦੇ ਗੁਜਰਾਤ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਚਨਾਬ ਦਰਿਆ ਦੇ ਉੱਤਰ ਵੱਲ, ਗੁਜਰਾਤ ਸ਼ਹਿਰ ਤੋਂ 13 ਕਿ. ਮੀ. ਉੱਤਰ-ਪੂਰਬ ਦੀ ਦਿਸ਼ਾ ਵਿਚ ਸਥਿਤ ਹੈ। ਇਥੋਂ ਸਿਆਲਕੋਟ, ਜਿਹਲਮ, ਗੁਜਰਾਤ ਅਤੇ ਜੰਮੂ ਵੱਲ ਸੜਕਾਂ ਜਾਂਦੀਆਂ ਹਨ। ਆਵਾਜਾਈ ਦੇ ਪੜਾਅ ਦੇ ਤੌਰ ਤੇ ਇਸ ਦੀ ਸ਼ੁਰੂ ਤੋਂ ਮਹੱਤਤਾ ਹੈ। ਇਥੇ ਸੱਨਅਤਾਂ ਤਾਂ ਕੋਈ ਖ਼ਾਸ ਨਹੀਂ ਹਨ ਪਰ ਸ਼ਾਲਾਂ ਬਣਾਉਣ ਦਾ ਧੰਦਾ ਉੱਨਤ ਹੈ। ਸੰਨ 1867 ਤੋਂ ਇਥੇ ਮਿਉਂਸਪਲਟੀ ਸਥਾਪਿਤ ਹੈ।

32° 32' ਉ. ਵਿਥ.; 74° 12' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 15

**ਜਲਾਲਪੁਰ** : ਇਸ ਨੂੰ 'ਜਲਾਲਪੁਰ ਪੀਰਵਾਲਾ' ਵੀ ਕਿਹਾ ਜਾਂਦਾ ਹੈ। ਇਹ ਪੱਛਮੀ ਪੰਜਾਬ (ਪਾਕਿਸਤਾਨ) ਰਾਜ ਦੇ ਮੁਲਤਾਨ ਜ਼ਿਲ੍ਹੇ ਦੀ ਸੁਜ਼ਾਬਾਦ ਤਹਿਸੀਲ ਦਾ ਸ਼ਹਿਰ ਹੈ ਅਤੇ ਬਿਆਸ ਦੇ ਪੁਰਾਣੇ ਵਹਿਣ ਭਟਾਰੀ ਦੇ ਦੋਵੇਂ ਪਾਸੇ ਵਸਿਆ ਹੋਇਆ ਹੈ। ਇਸ ਦਾ ਪੀਰਵਾਲਾ ਨਾਂ ਇਕ ਮੁਸਲਮਾਨ ਫ਼ਕੀਰ ਅਤੇ ਧਰਮ ਪ੍ਰਚਾਰਕ, ਪੀਰ ਕਟਾਲ ਦੇ ਨਾਂ ਪਿੱਛੇ ਪਿਆ ਹੈ। ਇਸ ਫ਼ਕੀਰ ਦੀ 1631 ਈ. ਵਿਚ ਇਸ ਸ਼ਹਿਰ ਵਿਚ ਮੌਤ ਹੋਈ ਸੀ। ਸੰਨ 1745 ਵਿਚ ਨੀਲੀਆਂ ਟਾਈਲਾਂ ਦਾ ਇਕ ਗੁੰਬਦਵਾਲਾ ਮਜ਼ਾਰ ਬਣਾਇਆ ਗਿਆ। ਇਸ ਜਗ੍ਹਾ ਉੱਤੇ ਚੇਤ ਮਹੀਨੇ ਦੇ ਹਰ ਸ਼ੁੱਕਰਵਾਰ ਨੂੰ ਭਾਰੀ ਮੇਲਾ ਲਗਦਾ ਹੈ। ਮੇਲੇ ਉਪਰ ਫ਼ਕੀਰ ਦੁਆਰਾ ਔਰਤਾਂ ਵਿਚੋਂ ਭੂਤਾਂ, ਪ੍ਰੇਤਾਂ ਦੀਆਂ ਰੂਹਾਂ ਨੂੰ ਵੀ ਕੱਢਿਆ ਜਾਂਦਾ ਸੀ। ਇਥੇ 1873 ਈ. ਵਿਚ ਮਿਉਂਸਪਲਟੀ ਸਥਾਪਿਤ ਕੀਤੀ ਗਈ ਸੀ।

29° 32′ ਉ. ਵਿਥ.; 71° 14′ ਪੂ. ਲੰਬ.

ਹ. ਪੁ.–ਇੰਪ. ਗ. ਇੰਡ 14: 16

**ਜਲਾਲਪੁਰ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਫ਼ੈਜ਼ਾਬਾਦ ਜ਼ਿਲ੍ਹੇ ਦੀ ਅਕਬਰਪੁਰ ਤਹਿਸੀਲ ਦਾ ਸ਼ਹਿਰ ਹੈ। ਇਹ ਸ਼ਹਿਰ ਟੌਂਸ ਨਦੀ ਦੇ ਸੱਜੇ ਕੰਢੇ ਇਕ ਕਗਾਰ ਉੱਤੇ ਵਸਿਆ ਹੋਇਆ ਹੈ। ਸ਼ਹਿਰ ਵਿਚ ਸੂਤੀ ਕੱਪੜੇ ਅਤੇ ਕਪਾਹ ਦੀ ਪ੍ਰਾਸੈੱਸਿੰਗ ਹੁੰਦੀ ਹੈ। ਸ਼ਹਿਰ ਦੇ ਬਾਹਰਵਾਰ 18ਵੀਂ ਸਦੀ ਦਾ ਇਮਾਮਬਾੜਾ ਬਣਿਆ ਹੋਇਆ ਹੈ।

ਆਬਾਦੀ–25,243 (1991)

26° 19′ ਉ. ਵਿਥ.; 82° 45′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 16

**ਜਲਾਲਾਬਾਦ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਮੁਜ਼ੱਫ਼ਰਨਗਰ ਜ਼ਿਲ੍ਹੇ ਦੀ ਕੈਰਾਨਾ ਤਹਿਸੀਲ ਦਾ ਸ਼ਹਿਰ ਹੈ ਜਿਹੜਾ ਮੁਜ਼ੱਫ਼ਰਨਗਰ ਸ਼ਹਿਰ ਤੋਂ 33 ਕਿ. ਮੀ. ਪੱਛਮ ਵੱਲ ਵਸਿਆ ਹੋਇਆ ਹੈ। ਸ਼ਹਿਰ ਦੀ ਸਥਾਪਨਾ ਔਰੰਗਜ਼ੇਬ ਬਾਦਸ਼ਾਹ ਵੇਲੇ ਜਲਾਲ ਖ਼ਾਂ ਨਾਮੀ ਪਠਾਣ ਨੇ ਕੀਤੀ ਸੀ। ਇਸ ਸ਼ਹਿਰ ਤੋਂ ਡੇਢ ਕੁ ਕਿ. ਮੀ. ਦੂਰ ਪੁਰਾਤਨ ਕਿਲੇ ਦੇ ਖੰਡਰ ਹਨ। ਇਹ ਕਿਲਾ ਨਜੀਬ ਖ਼ਾਂ ਨੇ ਬਣਵਾਇਆ ਸੀ। ਕਿਲੇ ਵਿਚ ਜ਼ਾਬਿਤਾ ਖ਼ਾਂ ਨੇ ਇਕ ਮਸਜਿਦ ਵੀ ਬਣਵਾਈ ਸੀ। ਜ਼ਾਬਿਤਾ ਖ਼ਾਂ ਦੇ ਰਾਜ ਵੇਲੇ ਮਰਾਠਿਆਂ ਨੇ ਇਸ ਸ਼ਹਿਰ ਉੱਤੇ ਕਈ ਵਾਰ ਕਬਜ਼ਾ ਕੀਤਾ।

ਆਬਾਦੀ–19,360 (1991)

29° 37′ ਉ. ਵਿਥ.; 77° 27′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 14

**ਜਲਾਲਾਬਾਦ** : ਸ਼ਹਿਰ–ਪੂਰਬੀ ਅਫ਼ਗਾਨਿਸਤਾਨ ਵਿਚ ਨਾਂਗਰਹਾਰ ਵਿਲਾਇਤ ਦੀ ਰਾਜਧਾਨੀ ਹੈ ਜੋ ਕਾਬਲ ਤੋਂ 112 ਕਿ.ਮੀ. ਪੂਰਬ ਵੱਲ ਅਤੇ ਪਿਸ਼ਾਵਰ (ਪਾਕਿ.) ਤੋਂ 128 ਕਿ. ਮੀ. ਪੱਛਮ ਵੱਲ, ਸਮੁੰਦਰ ਤਲ ਤੋਂ 590 ਮੀ. ਦੀ ਉੱਚਾਈ ਉੱਤੇ ਖ਼ੈਬਰ ਦੱਰੇ ਦੇ ਪੱਛਮ ਵੱਲ ਕਾਬਲ ਅਤੇ ਕੁਨਾਰ ਦਰਿਆਵਾਂ ਦੇ ਸੰਗਮ ਨੇੜੇ ਵਾਕਿਆ ਹੈ। ਇਹ ਸ਼ਹਿਰ ਕਾਬਲ ਤੋਂ ਪਿਸ਼ਾਵਰ ਨੂੰ ਜਾਂਦੀ ਸੜਕ ਉੱਤੇ ਪੈਂਦਾ ਹੈ। ਇਸੇ ਰਸਤਿਓਂ ਦੇਸ਼ ਦਾ ਵਪਾਰ ਭਾਰਤ ਅਤੇ ਪਾਕਿਸਤਾਨ ਨਾਲ ਹੁੰਦਾ ਹੈ। ਇਸ ਤੋਂ ਇਲਾਵਾ ਇਹ ਮੁੱਖ ਸੜਕਾਂ ਰਾਹੀਂ ਹੀ ਗ਼ਜ਼ਨੀ, ਬਦਖ਼ਸ਼ਾਂ ਅਤੇ ਯਾਰਕੰਦ ਨਾਲ ਜੁੜਿਆ ਹੋਇਆ ਹੈ। ਇਥੇ ਫ਼ੌਜੀ ਛਾਉਣੀ ਅਤੇ ਹਵਾਈ ਅੱਡਾ ਵੀ ਹੈ। ਕਿਸੇ ਵਕਤ ਇਹ ਅਫ਼ਗਾਨਿਸਤਾਨ ਦੇ ਅਮੀਰਾਂ ਦੀ ਸਰਦੀਆਂ ਦੀ ਮਨ ਭਾਉਂਦੀ ਰਿਹਾਇਸ਼ ਹੁੰਦਾ ਸੀ।

ਉਂਜ ਤਾਂ ਇਹ ਕਿਸੇ ਨਾ ਕਿਸੇ ਰੂਪ ਵਿਚ ਦੂਜੀ ਸਦੀ ਈ. ਪੂ. ਵਿਚ ਹੀ ਵਸਿਆ ਹੋਇਆ ਸੀ ਪਰ 1560 ਈ. ਵਿਚ ਇਸ ਨੂੰ ਸ਼ਹਿਰ ਦੇ ਤੌਰ ਤੇ ਮੁਗ਼ਲ ਬਾਦਸ਼ਾਹ, ਅਕਬਰ ਨੇ ਹੀ ਸਥਾਪਿਤ ਕੀਤਾ। ਸੰਨ 1834 ਵਿਚ ਅਮੀਰ ਦੋਸਤ ਮੁਹੰਮਦ ਨੇ ਖੋਹ ਕੇ ਇਸਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਪਹਿਲੀ ਅਫ਼ਗਾਨ ਜੰਗ (1839) ਅਤੇ ਦੂਜੀ ਅਫ਼ਗਾਨ ਜੰਗ (1879-80) ਦੌਰਾਨ ਇਸ ਉੱਤੇ ਬਰਤਾਨੀਆ ਦਾ ਅਧਿਕਾਰ ਹੋ ਗਿਆ। ਦੂਜੀ ਵੇਰ ਇਸ ਉਪਰ ਕਬਜ਼ਾ ਕਰਨ ਉਪਰੰਤ ਅੰਗਰੇਜ਼ਾਂ ਨੇ ਇਥੇ ਪਹਿਲੀ ਵੇਰ ਇਸ ਉਪਰ ਜਿੱਤ ਪ੍ਰਾਪਤ ਕਰਨ ਵਾਲੇ ਸਰ ਰਾਬਰਟ ਸੇਲ ਦੇ ਨਾਂ ਉਪਰ ਸੇਲ ਕਿਲਾ ਉਸਾਰਿਆ ਅਤੇ ਆਪਣਾ ਸਥਾਈ ਕਬਜ਼ਾ ਕੀਤਾ।

ਇਹ ਸਿੱਖਾਂ ਲਈ ਵੀ ਧਾਰਮਿਕ ਮਹੱਤਤਾ ਰੱਖਦਾ ਹੈ। ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ ਤੇ ਆਪਣੇ ਚਰਨ ਪਾਏ ਸਨ। ਗੁਰੂ ਜੀ ਨੇ ਭਾਈ ਭਗਤੂ ਨਾਮੀ ਸਿੱਖ ਦੇ ਕਹਿਣ ਉੱਤੇ ਇਕ ਪੱਥਰ ਚੁੱਕ ਕੇ ਜਲ ਦਾ ਪ੍ਰਵਾਹ ਚਾਲੂ ਕੀਤਾ ਸੀ, ਜਿਥੇ ਹੁਣ ਲਗਾਤਾਰ ਜਲ ਵਹਿੰਦਾ ਹੈ। ਬਾਅਦ ਵਿਚ ਸਿੱਖਾਂ ਨੇ ਇਸ ਪਵਿੱਤਰ ਯਾਦ ਵਿਚ 'ਚੋਹਾ ਸਾਹਿਬ' ਨਾਂ ਦਾ ਇਕ ਗੁਰਦੁਆਰਾ ਇਸ ਸਥਾਨ ਤੇ ਉਸਾਰਿਆ ਜਿਹੜਾ ਚਸ਼ਮਾ ਸਾਹਿਬ ਨਾਂ ਨਾਲ ਵਧੇਰੇ ਪ੍ਰਸਿੱਧ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਨਾਂ ਸਾਲਾਨਾ ਚੰਦਾ ਅਤੇ 27 ਘੁਮਾਂ ਜ਼ਮੀਨ ਵੀ ਲੱਗਾ ਦਿੱਤੀ ਸੀ। ਦੇਸ ਦੀ ਵੰਡ ਤੋਂ ਪਹਿਲਾਂ ਪੰਦਰਾਂ ਕੱਤਕ ਨੂੰ ਹਰ ਸਾਲ ਇਥੇ ਇਕ ਵੱਡਾ ਮੇਲਾ ਲਗਦਾ ਹੁੰਦਾ ਸੀ। ਆਲੇ-ਦੁਆਲੇ ਬਾਗ਼ਾਂ ਦਾ ਇਲਾਕਾ ਹੋਣ ਕਾਰਨ ਇਹ ਸੁੱਕੇ ਫਲਾਂ ਨੂੰ ਬਾਹਰ ਭੇਜਣ ਦੀ ਇਕ ਚੰਗੀ ਮੰਡੀ ਹੈ। ਇਥੇ ਖੰਡ ਸਾਫ਼ ਕਰਨ ਦਾ ਕਾਰਖ਼ਾਨਾ ਹੈ ਤੇ ਇਸ ਤੋਂ ਇਲਾਵਾ ਇਥੇ ਦਸਤਕਾਰੀ ਇਕਾਈਆਂ, ਜਿਨ੍ਹਾਂ ਵਿਚ ਹੱਥ ਨਾਲ ਚੀਜ਼ਾਂ ਬਣਾਈਆਂ ਜਾਂਦੀਆਂ ਹਨ, ਮੌਜੂਦ ਹਨ। ਇਥੋਂ ਦੀ ਕੁੱਲ ਵਸੋਂ ਵਿਚ ਬਹੁਤੀ ਵਸੋਂ ਪਸ਼ਤੂਨਾਂ ਦੀ ਹੈ।

ਆਬਾਦੀ–53,915 (1979)

34° 26′ ਉ. ਵਿਥ.; 70° 25′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5: 504; ਮ. ਕੋ. 513; ਵੈ. ਜਗ. ਡਿ. 563

**ਜਲਾਲਾਬਾਦ** : ਕਸਬਾ–ਪੰਜਾਬ ਰਾਜ (ਭਾਰਤ) ਵਿਚ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਜ਼ੀਰਾ ਤਹਿਸੀਲ ਦਾ ਇਕ ਕਸਬਾ ਹੈ ਜਿਹੜਾ ਮੋਗਾ ਰੇਲਵੇ ਸਟੇਸ਼ਨ ਨੇੜੇ ਅਤੇ ਮੋਗਾ-ਧਰਮਕੋਟ ਸੜਕ ਤੋਂ ਕੋਈ 11 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਹ ਇਤਿਹਾਸਕ ਕਸਬਾ ਹੈ ਜਿਹੜਾ ਕਿਸੇ ਸਮੇਂ ਦਿੱਲੀ ਤੋਂ ਲਾਹੌਰ ਜਾਣ ਵਾਲੀ ਸੜਕ ਉੱਤੇ ਵਸਿਆ ਹੋਇਆ ਸੀ। ਇਸ ਦੇ ਨੇੜੇ ਹੀ ਸਤਲੁਜ ਦਰਿਆ ਵਗਦਾ ਹੁੰਦਾ ਸੀ। ਇਨ੍ਹਾਂ ਸਹੂਲਤਾਂ ਕਾਰਨ ਇਹ ਸੈਨਿਕ ਅਤੇ ਪ੍ਰਬੰਧਕੀ ਕੇਂਦਰ ਵੀ ਰਿਹਾ ਹੈ। ਇਹ ਸਾਰਾ ਕਸਬਾ ਥੇਹਾਂ ਉੱਤੇ ਵਸਿਆ ਹੋਇਆ ਹੈ। ਇਹ ਕਈ ਵਾਰ ਬਣਿਆ ਤੇ ਕਈ ਵਾਰ ਢਹਿਆ। ਇਥੋਂ ਮਿਲੀਆਂ ਠੀਕਰੀਆਂ, ਹੱਡੀਆਂ ਅਤੇ ਕਈ ਹੋਰ ਚੀਜ਼ਾਂ ਇਸ ਕਸਬੇ ਦੇ ਪ੍ਰਾਚੀਨ ਸਮਿਆਂ ਤੋਂ ਵਸੇ ਹੋਣ ਦਾ ਸਬੂਤ ਦਿੰਦੀਆਂ ਹਨ ਪਰ ਇਥੋਂ ਪੱਕੀਆਂ ਇੱਟਾਂ ਤਾਂ ਨਹੀਂ ਮਿਲੀਆਂ। ਇਸੇ ਤੋਂ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਥੇ ਕੱਚੀਆਂ ਇਮਾਰਤਾਂ ਤੇ ਕੱਚੇ ਘਰ ਬਣੇ ਹੋਏ ਸਨ। ਇਥੋਂ ਦੀ 'ਸ਼ਾਹੀ ਮਸਜਿਦ' ਵਰਣਨਯੋਗ ਥਾਵਾਂ ਵਿਚੋਂ ਇਕ ਹੈ। ਇਹ ਬਹੁਤ ਉੱਚੀ ਥਾਂ ਤੇ ਬਣੀ ਹੋਈ ਹੈ। ਮੁੱਢ ਤੋਂ ਮੁਸਲਮਾਨਾਂ ਦਾ ਪਿੰਡ ਹੋਣ ਕਾਰਨ ਇਥੇ ਕਈ ਕਬਰਾਂ ਅਤੇ ਮਸੀਤਾਂ ਵੀ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚੋਂ 'ਪੀਰ ਸੁਜ਼ਾ' ਦੀ ਕਬਰ ਹਾਲੇ ਤੀਕ ਬਾਕੀ ਹੈ ਜਿਥੇ ਹਰ ਵੀਰਵਾਰ ਦੇ ਦਿਨ ਲੋਕ ਦੀਵਾ ਜਗਾਉਂਦੇ ਹਨ। ਇਥੇ ਸੰਤ ਤੇਜਾ ਸਿੰਘ ਦਾ ਗੁਰਦੁਆਰਾ ਵੀ ਹੈ। ਇਸ ਗੁਰਦੁਆਰੇ ਦੇ ਆਲੇ-ਦੁਆਲੇ ਦਰਖ਼ਤ ਅਤੇ ਇਕ ਢਾਬ ਹੈ।

ਕਸਬੇ ਦੇ ਬੱਝਣ ਬਾਰੇ ਖ਼ਿਆਲ ਹੈ ਕਿ ਇਹ ਰਜ਼ੀਆ ਬੇਗਮ ਵੇਲੇ ਜਾਂ ਅਕਬਰ ਬਾਦਸ਼ਾਹ ਦੇ ਸਮੇਂ ਉਸਰਿਆ ਹੋਵੇਗਾ। ਉਸ ਸਮੇਂ ਦੀ ਬਣੀ ਇਥੇ ਇਕ ਖੂਹੀ ਵੀ ਮਿਲੀ ਹੈ। ਖ਼ਿਆਲ ਹੈ ਕਿ ਪਿੰਡ ਦੇ

ਚਾਰੇ ਪਾਸੇ ਫ਼ਸੀਲ ਬਣੀ ਹੋਈ ਸੀ। ਇਥੇ ਇਕ ਕੋਟ ਉਸਾਰਿਆ ਗਿਆ ਸੀ। ਪਿੰਡ ਦਾ ਜਲਾਲਾਬਾਦ ਨਾਂ ਜਲਾਲ ਖ਼ਾਂ ਮੁਸਲਮਾਨ ਜਿਹੜਾ ਪ੍ਰਿਥਵੀ ਰਾਜ ਦੇ ਖ਼ਾਨਦਾਨ ਵਿਚੋਂ ਸੀ, ਦੇ ਨਾਂ ਤੇ ਪਿਆ। ਇਹ ਇਧਰ ਭੱਜ ਕੇ ਆਇਆ ਸੀ ਤੇ ਇਥੇ ਹੀ ਵਸ ਗਿਆ। ਮਗਰੋਂ ਇਸ ਦੀਆਂ ਕਈ ਪੀੜੀਆਂ ਚਲਦੀਆਂ ਰਹੀਆਂ ਜਿਨ੍ਹਾਂ ਦੇ ਨਾਵਾਂ ਤੇ ਪਿੰਡ ਦੀਆਂ ਪੱਤੀਆਂ ਅਤੇ ਠੁੱਲ੍ਹੇ ਬਣੇ ਹੋਏ ਹਨ। ਇਸ ਖ਼ਾਨਦਾਨ ਦੇ ਸਾਰੇ ਮੁਸਲਮਾਨ ਵੰਡ ਵੇਲੇ ਪਾਕਿਸਤਾਨ ਚਲੇ ਗਏ। ਇਸ ਪਿੱਛੋਂ ਹਿੰਦੂ ਤੇ ਸਿੱਖ ਇਥੇ ਆ ਕੇ ਵੱਸ ਗਏ।

ਇਥੇ ਡੀ. ਏ. ਵੀ. ਸਕੂਲ, ਗਿਆਨੀ ਗੁਰਬਖ਼ਸ਼ ਸਿੰਘ ਡੀ. ਏ. ਵੀ. ਕਾਲਜ ਅਤੇ ਸ਼ਿਵਾਲਿਕ ਪਬਲਿਕ ਸਕੂਲ ਵਰਗੀਆਂ ਵਿੱਦਿਅਕ ਸੰਸਥਾਵਾਂ ਵੀ ਸਥਾਪਿਤ ਹਨ। ਕਣਕ ਤੇ ਚੌਲ ਇਸ ਖੇਤਰ ਦੀਆਂ ਮੁੱਖ ਉਪਜਾਂ ਹਨ ਜਿਸਦੇ ਫ਼ਲਸਰੂਪ ਇਥੇ ਰਾਈਸ ਸ਼ੈਲਰ ਲੱਗੇ ਹੋਏ ਹਨ। ਹਰ ਸਾਲ ਇਥੇ ਪਸ਼ੂਆਂ ਦੀ ਮੰਡੀ ਵੀ ਲਗਦੀ ਹੈ ਜਿਸ ਕਰਕੇ ਇਹ ਕਸਬਾ ਦੂਰ ਦੂਰ ਤੱਕ ਜਾਣਿਆ ਜਾਂਦਾ ਹੈ।

ਆਬਾਦੀ—23,108 (1991)

ਹ. ਪੁ.—ਜਲਾਲਾਬਾਦ—ਇਕ ਸਭਿਆਚਾਰਕ ਤੇ ਸਾਹਿਤਕ ਸਰਵੇਖਣ-ਭਾਸ਼ਾ ਵਿਭਾਗ, ਪੰਜਾਬ

**ਜਲਾਲੀ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਅਲੀਗੜ੍ਹ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਅਲੀਗੜ੍ਹ ਸ਼ਹਿਰ ਤੋਂ 18 ਕਿ. ਮੀ. ਦੱਖਣ-ਪੂਰਬ ਵੱਲ ਵਸਿਆ ਹੋਇਆ ਹੈ। ਇਥੇ ਜ਼ਿਆਦਾ ਕਰਕੇ ਸੱਯਦ ਵਸੇ ਹੋਏ ਹਨ ਅਤੇ ਇਨ੍ਹਾਂ ਤੋਂ ਇਲਾਵਾ ਸ਼ੀਆ ਵੀ ਕਾਫ਼ੀ ਗਿਣਤੀ ਵਿਚ ਹਨ। ਸੱਯਦਾਂ ਦਾ ਵੱਡਾ ਵਡੇਰਾ ਕਮਾਲੁੱਦੀਨ ਨੂੰ ਦੱਸਦੇ ਹਨ ਜਿਹੜਾ 1295 ਈ. ਵਿਚ ਇਥੇ ਆ ਕੇ ਵਸਿਆ ਸੀ। ਹੌਲੀ-ਹੌਲੀ ਸੱਯਦਾਂ ਨੇ ਇਥੋਂ ਦੇ ਪੁਰਾਣੇ ਪਠਾਣ ਵਸਨੀਕਾਂ ਨੂੰ ਕੱਢ ਦਿੱਤਾ ਅਤੇ ਇਸ ਉਪਰ ਆਪਣਾ ਕਬਜ਼ਾ ਕਰ ਲਿਆ। ਕਮਾਲੁੱਦੀਨ ਦੇ ਪਰਿਵਾਰ ਵਿਚੋਂ ਬਰਤਾਨਵੀ ਸਰਕਾਰ ਵੇਲੇ ਕਈ ਵੱਡੇ-ਵੱਡੇ ਅਫ਼ਸਰ ਵੀ ਰਹੇ ਹਨ। ਸ਼ਹਿਰ ਦੀਆਂ ਮਹੱਤਵਪੂਰਨ ਥਾਵਾਂ ਵਿਚ ਕਈ ਇਮਾਮਬਾੜੇ ਹਨ ਜਿਨ੍ਹਾਂ ਵਿਚੋਂ ਇਕ ਦੀ ਤਾਂ ਇਮਾਰਤ ਬੜੀ ਖ਼ੂਬਸੂਰਤ ਹੈ।

ਆਬਾਦੀ—15,548 (1991)

27° 52' ਉ. ਵਿਥ.; 78° 16' ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14: 14

**ਜਲਾਲੀ** : ਇਹ ਇਕ ਮੁਸਲਮਾਨੀ ਫ਼ਿਰਕਾ ਹੈ। ਸੱਯਦ ਜਲਾਲੁੱਦੀਨ ਇਸ ਫ਼ਿਰਕੇ ਦਾ ਬਾਨੀ ਹੈ ਜੋ ਆਪ ਬੁਖ਼ਾਰਾ ਦੇ ਰਹਿਣ ਵਾਲੇ ਤੇ ਮੁਲਤਾਨ ਦੇ ਪੀਰ ਖ਼ਵਾਜਾ ਬਹਾਉਲਹੱਕ ਦਾ ਚੇਲਾ ਸੀ। ਖ਼ਵਾਜਾ ਬਹਾਉਲਹੱਕ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਕਰਕੇ ਉਨ੍ਹਾਂ ਦਾ ਪ੍ਰੇਮੀ ਬਣ ਗਿਆ ਸੀ। ਬਹਾਵਲਪੁਰ (ਪਾਕਿ.) ਵਿਚ ਉੱਚ ਦੇ ਸਥਾਨ ਤੇ ਇਸ ਦਾ ਮਕਬਰਾ ਹੈ। ਜਲਾਲੁੱਦੀਨ ਆਪ ਸ਼ਰ੍ਹਾ ਦਾ ਬਹੁਤ ਪੱਕਾ ਸੀ ਪਰ ਇਸ ਦੇ ਚੇਲੇ, ਜੋ ਆਪਣੇ ਆਪ ਨੂੰ ਜਲਾਲੀ ਕਹਿੰਦੇ ਹਨ, ਬਹੁਤੇ ਪੱਕੇ ਨਹੀਂ ਹਨ ਤੇ ਬੰਦਗੀ ਵੱਲ ਘੱਟ ਧਿਆਨ ਦਿੰਦੇ ਹਨ। ਫ਼ਿਰਕੇ ਵਿਚ ਦਾਖ਼ਲ ਕਰਨ ਸਮੇਂ ਵਿਅਕਤੀ ਦਾ ਸਿਰ-ਮੂੰਹ ਤੇ ਸ਼ਰੀਰ ਪੂਰੀ ਤਰ੍ਹਾਂ ਮੁੰਨ ਦਿੱਤਾ ਜਾਂਦਾ ਹੈ ਤੇ ਉਸ ਦੇ ਬਸਤਰ ਜਲਾ ਦਿੱਤੇ ਜਾਂਦੇ ਹਨ ਫਿਰ ਉਸ ਦੇ ਸੱਜੇ ਮੋਢੇ ਉੱਤੇ ਨਿਸ਼ਾਨ ਦਾਗਿਆ ਜਾਂਦਾ ਹੈ।

ਹ. ਪੁ.—ਪੰ. ਟ੍ਰਾ. ਐਂਡ. ਕਾਸ. 2: 356; ਮ. ਕੋ.

**ਜਲਾਲੁੱਦੀਨ ਅਹਸਨ ਸ਼ਾਹ** : ਇਹ ਮਦੁਰਾ ਦਾ ਪਹਿਲਾ ਬਾਦਸ਼ਾਹ ਸੀ ਜਿਹੜਾ ਪੰਜਾਬ ਵਿਚ ਪੈਦਾ ਹੋਇਆ। ਮੁਹੰਮਦ ਤੁਗ਼ਲਕ ਨੇ ਇਸ ਨੂੰ ਮਦੁਰਾ ਦਾ ਰਾਜ ਪ੍ਰਬੰਧਕ ਨਿਯੁਕਤ ਕੀਤਾ। ਇਸ ਨੇ ਆਪਣੀ ਸ਼ਕਤੀ ਮਜ਼ਬੂਤ ਕਰਕੇ 1335 ਈ. ਵਿਚ ਬਗ਼ਾਵਤ ਕਰ ਦਿੱਤੀ ਅਤੇ ਆਪਣੇ ਆਪ ਨੂੰ ਜਲਾਲੁੱਦੀਨ ਅਹਸਨ ਸ਼ਾਹ ਦੇ ਨਾਉਂ ਨਾਲ ਮਦੁਰਾ ਦਾ ਸੁਤੰਤਰ ਸ਼ਾਸਕ ਐਲਾਨ ਕਰ ਦਿੱਤਾ। ਇਸੇ ਸਾਲ ਆਪਣੇ ਨਾਉਂ ਦਾ ਸਿੱਕਾ ਵੀ ਚਲਾਇਆ। ਮੁਹੰਮਦ ਤੁਗ਼ਲਕ ਇਹ ਖ਼ਬਰ ਮਿਲਣ ਤੇ ਬਗ਼ਾਵਤ ਨੂੰ ਕੁਚਲਣ ਲਈ ਫ਼ੌਜ ਲੈ ਕੇ ਤੁਰ ਪਿਆ ਪਰ ਤਲਿੰਗਨਾ ਦੇ ਸਥਾਨ ਤੇ ਫ਼ੌਜ ਵਿਚ ਹੈਜ਼ਾ ਫੈਲ ਜਾਣ ਕਾਰਨ ਇਹ ਆਪਣੇ ਯਤਨ ਵਿਚ ਅਸਫ਼ਲ ਰਿਹਾ।

ਸੰਨ 1339 ਵਿਚ ਜਲਾਲੁੱਦੀਨ ਅਹਸਨ ਸ਼ਾਹ ਦੇ ਇਕ ਅਧਿਕਾਰੀ ਨੇ ਇਸ ਨੂੰ ਕਤਲ ਕਰ ਦਿੱਤਾ ਅਤੇ ਅਲਾਉੱਦੀਨ ਉਦਬਜੀ ਸ਼ਾਹ ਦੇ ਨਾਉਂ ਨਾਲ ਸ਼ਾਸਕ ਬਣ ਬੈਠਾ।

ਹ. ਪੁ.—ਹਿ. ਮਿ. ਇੰਡ -ਈ. ਪ੍ਰਸਾਦ; ਹਿ. ਵਿ. ਕੋ. 4: 428

**ਜਲਾਲੁੱਦੀਨ ਖ਼ਵਾਰਿਜ਼ਮ ਸ਼ਾਹ** : ਸੁਲਤਾਨ ਮੁਹੰਮਦ ਖ਼ਵਾਰਿਜ਼ਮ ਸ਼ਾਹ ਦਾ ਜੇਠਾ ਪੁੱਤਰ ਅਤੇ ਆਪਣੇ ਬੰਸ ਦਾ ਆਖ਼ਰੀ ਬਾਦਸ਼ਾਹ ਸੀ। ਮੁਹੰਮਦ ਦੀ ਮੌਤ ਦੇ ਬਾਅਦ ਜਲਾਲੁੱਦੀਨ ਦੇ ਭਰਾ ਮੰਗੋਲਾਂ ਨਾਲ ਰਲ ਗਏ ਤੇ ਇਸ ਦੇ ਖਿਲਾਫ਼ ਸਾਜ਼ਸ਼ ਕੀਤੀ ਜਿਸ ਤੋਂ ਇਹ ਅਫ਼ਗਾਨਿਸਤਾਨ ਵੱਲ ਭੱਜ ਆਇਆ। ਗਜ਼ਨੀ ਵਿਚ ਇਸ ਨੇ ਕੋਈ 60,000 ਤੁਰਕਾਂ ਦੀ ਫ਼ੌਜ ਤਿਆਰ ਕੀਤੀ। ਇਥੇ ਚੰਗੇਜ਼ ਖ਼ਾਂ ਨੇ ਇਸ ਦਾ ਪਿੱਛਾ ਕੀਤਾ। ਇਹ 1221 ਈ. ਵਿਚ ਭਾਰਤ ਆ ਗਿਆ। ਭਾਰਤ ਵਿਚ ਇਸਨੇ ਅਲਤਮਸ਼ ਬਾਦਸ਼ਾਹ ਨਾਲ ਸੰਧੀ ਕਰਨ ਦੇ ਯਤਨ ਕੀਤੇ। ਇਸ ਉਦੇਸ਼ ਵਿਚ ਅਸਫ਼ਲ ਹੋਣ ਕਾਰਨ 3 ਸਾਲਾਂ ਪਿੱਛੋਂ ਇਹ 1224 ਈ. ਵਿਚ ਕਿਰਮਾਨ ਵਿਖੇ ਆ ਗਿਆ। ਇਸ ਤੋਂ ਅੱਗੇ ਖ਼ੁਜਿਸਤਾਨ ਵਿਚ ਖ਼ਲੀਫ਼ਾ ਅਲ ਨਾਸਰ ਨਾਲ ਇਸ ਦੀ ਲੜਾਈ ਹੋਈ। ਸੰਨ 1225 ਵਿਚ ਇਸ ਨੇ ਆਜ਼ਰਬਾਈਜਾਨ ਦੇ ਬਾਦਸ਼ਾਹ ਉਜ਼ਬੇਗ ਨੂੰ ਹਰਾ ਕੇ ਉਸ ਦੀ ਰਾਜਧਾਨੀ ਤਬਰੇਜ਼ ਉੱਤੇ ਕਬਜ਼ਾ ਕਰ ਲਿਆ। ਹੌਲੀ ਹੌਲੀ ਆਸਪਾਸ ਦੇ ਕੋਹਕਾਫ਼, ਕਿਰਮਾਨ ਅਤੇ ਅਖ਼ਲਾਤ ਉੱਤੇ ਵੀ ਕਬਜ਼ਾ ਕਰ ਲਿਆ। ਇਸ ਦੌਰਾਨ ਇਸ ਨੂੰ ਫ਼ਾਰਸ ਵਿਚ ਮੰਗੋਲਾਂ ਦੇ ਖ਼ਿਲਾਫ਼ ਫਿਰ ਲੜਾਈ ਕਰਨੀ ਪਈ। ਇਸ ਤੋਂ ਛੇਤੀ ਹੀ ਪਿੱਛੋਂ ਅਸ਼ਰਫ ਅਤੇ ਕੈਕੂਬਾਦ ਤੋਂ ਹਾਰਨ ਪਿੱਛੋਂ ਇਹ ਆਜ਼ਰਬਾਈਜਾਨ ਪਹੁੰਚ ਗਿਆ ਪਰ ਮੰਗੋਲਾਂ ਨੇ ਇਸ ਨੂੰ ਵੀ ਰਹਿਣ ਨਾ ਦਿੱਤਾ। ਇਥੋਂ ਇਹ ਅਖ਼ਲਾਤ ਹੁੰਦੇ ਹੋਏ ਆਮਿਦ ਵੱਲ ਚਲਾ ਗਿਆ ਪਰੰਤੂ ਮੰਗੋਲਾਂ ਨੇ ਇਕ ਰਾਤ ਇੱਧਰ ਹਮਲਾ ਕਰ ਦਿੱਤਾ ਜਿਸ ਵਿਚ ਇਹ ਮਾਰਿਆ ਗਿਆ। ਇਸ ਦੀ ਮੌਤ ਬਾਰੇ ਸ਼ੰਕਾ ਜਿਹਾ ਰਿਹਾ ਅਤੇ ਕਿਸੇ ਹੋਰ ਨੇ ਆਪਣੇ ਆਪ ਨੂੰ ਖ਼ਵਾਰਿਜ਼ਮ ਸ਼ਾਹ ਕਹਿਣਾ ਸ਼ੁਰੂ ਕਰ ਦਿੱਤਾ।

ਹ. ਪੁ.—ਹਿੰ. ਵਿ. ਕੋ. 4: 428

**ਜਲ੍ਹਿਆਂ ਵਾਲਾ ਬਾਗ** : ਇਹ ਅੰਮ੍ਰਿਤਸਰ ਸ਼ਹਿਰ (ਪੰਜਾਬ) ਵਿਚ ਹਰਿਮੰਦਰ ਸਾਹਿਬ ਦੇ ਨਾਲ ਲੱਗਦਾ ਉਹ ਅਸਥਾਨ ਹੈ ਜਿਥੇ 13 ਅਪ੍ਰੈਲ, 1919 ਨੂੰ ਵਿਸਾਖੀ ਵਾਲੇ ਦਿਨ ਅੰਗਰੇਜ਼ੀ ਸਰਕਾਰ ਦੇ ਫ਼ੌਜੀ ਅਧਿਕਾਰੀ ਜਨਰਲ ਰੈਜਨਲਡ ਐਡਵਰਡ ਹੈਰੀ ਡਾਇਰ ਨੇ ਨਿਹੱਥੇ ਪੰਜਾਬੀਆਂ ਦੇ ਇਕ ਭਾਰੀ ਇਕੱਠ ਉੱਤੇ ਅੰਨ੍ਹੇਵਾਹ ਗੋਲੀ ਚਲਵਾਈ ਸੀ। ਹਮੇਸ਼ਾ ਵਾਂਗ ਇਸ ਵਾਰ ਵੀ ਸ਼ਾਮ ਨੂੰ ਵਿਸਾਖੀ ਦੇ ਮੇਲੇ ਤੇ ਘੋੜ-ਦੌੜ ਆਦਿ ਖੇਡਾਂ ਵੀ ਹੋਣੀਆਂ ਸਨ ਜਿਸ ਕਰਕੇ ਪਿੰਡਾਂ ਵਿਚੋਂ ਆਏ ਸ਼ਰਧਾਲੂ ਦੁਪਹਿਰ ਕੱਟਣ ਲਈ ਤੇ ਕੁਝ ਸ਼ਾਮ ਦਾ ਮੇਲਾ ਦੇਖਣ ਲਈ, ਹਰਿਮੰਦਰ ਸਾਹਿਬ ਦੇ ਨੇੜੇ ਹੋਣ ਕਰਕੇ ਜਲ੍ਹਿਆਂ ਵਾਲੇ ਬਾਗ ਦੀ ਖ਼ਾਲੀ ਥਾਂ ਤੇ ਆਰਾਮ ਕਰਨ ਲਈ ਇਥੇ ਇਕੱਠੇ ਹੋਏ ਸਨ। ਇਸ ਤਰ੍ਹਾਂ ਇਸ ਮੌਕੇ ਤੇ ਹੋਣ ਵਾਲੇ ਇਕੱਠ ਦਾ ਫ਼ਾਇਦਾ ਉਠਾਉਣ ਲਈ ਇਥੋਂ ਦੇ ਸ਼ਥਾਨਕ ਕਾਂਗਰਸੀ ਲੀਡਰਾਂ ਨੇ ਇਸ ਸਾਲ ਜਲ੍ਹਿਆਂ ਵਾਲੇ ਬਾਗ ਵਿਚ ਇਕ ਜਲਸਾ ਕਰਨ ਦਾ ਫ਼ੈਸਲਾ ਕੀਤਾ। ਇਸ ਸਬੰਧੀ 12 ਅਪ੍ਰੈਲ ਨੂੰ ਐਲਾਨ ਕਰਵਾ ਦਿੱਤਾ ਗਿਆ। ਬਹੁ ਗਿਣਤੀ ਵਿਚ ਪਿੰਡਾਂ ਤੋਂ ਆਏ ਅਤੇ ਇਥੇ ਆਰਾਮ ਕਰ ਰਹੇ ਇਨ੍ਹਾਂ ਭੋਲ਼ੇ ਲੋਕਾਂ ਵਾਸਤੇ ਇਹ ਵੀ ਇਥੇ ਠਹਿਰਣ ਦਾ ਇਕ ਕਾਰਨ ਬਣ ਗਿਆ।

ਦੂਜੇ ਪਾਸੇ ਰੋਲਟ ਐਕਟ ਦੇ ਵਿਰੁੱਧ ਭਾਰਤੀਆਂ ਵੱਲੋਂ ਹੜਤਾਲਾਂ ਅਤੇ ਮੁਜ਼ਾਹਰੇ ਆਦਿ ਕੀਤੇ ਜਾ ਰਹੇ ਸਨ। ਇਨ੍ਹਾਂ ਨੂੰ ਰੋਕਣ ਲਈ ਸਰਕਾਰ ਨੇ ਅਜਿਹੇ ਇਕੱਠਾਂ ਉੱਤੇ ਪਾਬੰਦੀ ਲਾ ਦਿੱਤੀ ਸੀ ਅਤੇ ਗੋਲੀ ਨਾਲ ਉਡਾ ਦੇਣ ਦੀ ਧਮਕੀ ਵੀ ਦਿੱਤੀ ਗਈ ਪਰ 13 ਅਪ੍ਰੈਲ ਨੂੰ ਦੂਜੇ ਪਾਸਿਉਂ ਜਵਾਬੀ ਐਲਾਨ ਕੀਤਾ ਗਿਆ ਕਿ ਅੱਜ ਜਲ੍ਹਿਆਂ ਵਾਲੇ ਬਾਗ ਵਿਚ 4-30 ਵਜੇ ਸ਼ਾਮ ਨੂੰ ਜਲਸਾ ਕੀਤਾ ਜਾਵੇਗਾ। ਇਸ ਸਬੰਧ ਵਿਚ ਡਾਇਰ ਨੂੰ ਦੁਪਹਿਰੇ ਇਕ ਵਜੇ ਦੇ ਕਰੀਬ ਸੂਚਿਤ ਕੀਤਾ ਗਿਆ, ਜਿਸ ਦੇ ਸੁਣਦੇ ਸਾਰ ਹੀ ਉਸਨੇ ਆਪਣੇ ਫ਼ੌਜੀ ਦਸਤਿਆਂ ਨਾਲ ਜਲ੍ਹਿਆਂ ਵਾਲੇ ਬਾਗ ਵੱਲ ਕੂਚ ਕਰ ਦਿੱਤਾ। ਜਲ੍ਹਿਆਂ ਵਾਲੇ ਬਾਗ ਦੇ ਵਿਚ ਲੈ ਜਾਏ ਜਾਣ ਵਾਲੇ ਦਸਤੇ ਵਿਚ 90 ਫ਼ੌਜੀ ਸਨ ਜੋ ਸਾਰੇ ਦੇ ਸਾਰੇ ਭਾਰਤੀ ਸਨ। ਸੰਨ 1919 ਵਿਚ ਇਸ ਥਾਂ ਤੇ ਕੋਈ ਬਾਗ਼ ਵਗੈਰਾ ਨਹੀਂ ਸੀ ਸਗੋਂ ਇਹ ਇਕ ਅਣ-ਪੱਧਰਾ ਜਿਹਾ ਆਇਤਾਕਾਰ ਸ਼ਕਲ ਦਾ ਮੈਦਾਨ ਸੀ ਜਿਸ ਦੀ ਲੰਬਾਈ 229 ਮੀ. ਤੇ ਚੌੜਾਈ 183 ਮੀ. ਸੀ। ਇਹ ਭਾਈ ਹਮੀਤ ਸਿੰਘ ਜਲੇਵਾਲਾ ਦੀ ਮਲਕੀਅਤ ਸੀ ਜੋ ਮਹਾਰਾਜਾ ਨਾਭਾ ਦਾ ਵਜ਼ੀਰ ਸੀ। ਚੁਫੇਰੇ ਨਾਲੋਂ ਡੂੰਘਾ ਹੋਣ ਕਰਕੇ ਉਸ ਸਮੇਂ ਇਥੇ ਕੇਵਲ ਗੰਦਗੀ ਵਗੈਰਾ ਸੁੱਟੀ ਜਾਂਦੀ ਸੀ। ਪਹਿਲਾਂ ਤੋਂ ਹੀ ਇਸ ਦੇ ਚਾਰੇ ਪਾਸੇ ਲੋਕਾਂ ਨੇ ਆਪਣੇ ਘਰ ਬਣਾਏ ਹੋਏ ਸਨ ਜਿਨ੍ਹਾਂ ਦਾ ਪਿਛਲਾ ਹਿੱਸਾ ਇਸ ਮੈਦਾਨ ਵੱਲ ਸੀ। ਇਸ ਵਿਚ ਦਾਖ਼ਲ ਹੋਣ ਲਈ ਤਿੰਨ-ਚਾਰ ਛੋਟੇ-ਛੋਟੇ ਰਸਤੇ ਸਨ ਤੇ ਘਰਾਂ ਦੇ ਵਿਚਕਾਰੋਂ ਕਿਤੇ-ਕਿਤੇ ਥਾਂ ਤੋਂ ਚਾਰ ਦੀਵਾਰੀ ਵੀ ਥੋੜ੍ਹੀ-ਥੋੜ੍ਹੀ ਟੁੱਟੀ ਹੋਈ ਸੀ। ਇਸ ਦੇ ਜਲ੍ਹਿਆਂ ਵਾਲਾ ਬਾਜ਼ਾਰ ਵਾਲੇ ਪਾਸੇ ਦੇ ਰਸਤੇ ਵੱਲ ਦਾ ਥੋੜ੍ਹਾ ਜਿਹਾ ਹਿੱਸਾ ਬਾਕੀ ਮੈਦਾਨ ਨਾਲੋਂ 4-5 ਫੁੱਟ ਉੱਚਾ ਸੀ। ਡਾਇਰ ਆਪਣੇ ਫ਼ੌਜੀ ਦਸਤੇ ਅਤੇ ਹਥਿਆਰਬੰਦ ਗੱਡੀਆਂ ਸਮੇਤ ਇਧਰਲੇ ਰਸਤੇ ਤੋਂ ਸ਼ਾਮ ਨੂੰ 5.15 ਵਜੇ ਬਾਗ਼ ਵਿਚ ਦਾਖ਼ਲ ਹੋਇਆ। ਰਸਤਾ ਤੰਗ ਹੋਣ ਕਰਕੇ ਕੇਵਲ ਪੈਦਲ ਰਸਤਿਉਂ ਹੀ ਅੰਦਰ ਜਾ ਸਕਿਆ ਅਤੇ ਇਧਰਲੀ ਉੱਚੀ ਥਾਂ ਤੇ ਉਸ ਨੇ ਪੁਜ਼ੀਸ਼ਨ ਲੈ ਲਈ। ਜਲਸਾ ਬਹੁਤ ਸ਼ਾਂਤਮਈ ਢੰਗ ਨਾਲ ਹੋ ਰਿਹਾ ਸੀ ਜਿਸ ਵਿਚ ਲਗਭਗ 20-25 ਹਜ਼ਾਰ ਲੋਕ ਉਸ ਸਮੇਂ ਉਥੇ ਹਾਜ਼ਰ ਸਨ। ਉਨ੍ਹਾਂ ਨੇ ਪਹਿਲਾ ਮਤਾ ਜੋ ਪਾਸ ਕੀਤਾ, ਉਹ ਰੋਲਟ ਐਕਟ ਨੂੰ ਰੱਦ ਕਰਨ ਬਾਰੇ ਸੀ। ਦੂਸਰੇ ਮਤੇ ਵਿਚ 10 ਅਪ੍ਰੈਲ, 1919 ਨੂੰ ਚਲਾਈ ਗਈ ਗੋਲੀ ਦੀ ਨਿਖੇਧੀ ਕੀਤੀ ਗਈ ਸੀ। ਇਸ ਵਕਤ ਚਾਰ ਵਜੇ ਦੇ ਕਰੀਬ ਜਲ੍ਹਿਆਂ ਵਾਲੇ ਬਾਗ ਦੇ ਉਪਰੋਂ ਇਕ ਝੰਡੇ ਵਾਲਾ ਜਹਾਜ਼ ਨਿਕਲਿਆ ਜੋ ਸ਼ਾਇਦ ਗੁਪਤਚਰ ਵਿਭਾਗ ਦੇ ਕਰਮਚਾਰੀਆਂ ਲਈ ਇਥੋਂ ਚਲੇ ਜਾਣ ਦਾ ਸੰਕੇਤ ਸੀ। ਇਸ ਤੋਂ ਲੋਕ ਡਰ ਅਤੇ ਘਬਰਾਹਟ ਕਾਰਨ ਇਥੋਂ ਜਾਣ ਲੱਗੇ ਪਰ ਉਦੋਂ ਹੀ ਉਨ੍ਹਾਂ ਨੇ ਹਥਿਆਰਬੰਦ ਸਿਪਾਹੀਆਂ ਨੂੰ ਦੇਖ ਲਿਆ। ਡਾਇਰ ਨੇ ਕੇਵਲ 30 ਸਕਿੰਟਾਂ ਵਿਚ ਹੀ ਰਾਈਫਲਾਂ ਵਾਲੇ ਪੱਚੀ-ਪੱਚੀ ਫ਼ੌਜੀਆਂ ਨੂੰ ਸੱਜੇ ਤੇ ਖੱਬੇ ਪਾਸੇ ਖੜ੍ਹੇ ਕਰਕੇ ਬਿਨਾਂ ਕਿਸੇ ਐਲਾਨ ਦੇ ਜਾਂ ਹੁਕਮ ਦੇ ਗੋਲੀ ਚਲਵਾ ਦਿੱਤੀ। ਲੋਕ ਜਾਨ ਬਚਾਉਣ ਲਈ ਦਹਿਸ਼ਤ ਵਿਚ ਬਾਹਰ ਜਾਣ ਲਈ ਰਸਤਿਆਂ ਵੱਲ ਦੌੜਨ ਲਗੇ। 10-15 ਮਿੰਟ ਤੱਕ ਗੋਲੀ ਚਲਦੀ ਰਹੀ ਜਿਸ ਵਿਚ 1,650 ਗੋਲੀਆਂ ਚਲਾਈਆਂ ਗਈਆਂ, ਅੰਦਾਜ਼ਨ 381 ਵਿਅਕਤੀ ਮਾਰੇ ਗਏ ਤੇ ਘੱਟੋ ਘੱਟ 1,290 ਦੇ ਕਰੀਬ ਜ਼ਖ਼ਮੀ ਹੋਏ ਪਰ ਇਹ ਗਿਣਤੀ ਬਹੁਤ ਘੱਟ ਦੱਸੀ ਗਈ ਹੈ। ਗ਼ੈਰ-ਸਰਕਾਰੀ ਰਿਪੋਟਾਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 700 ਅਤੇ ਜ਼ਖ਼ਮੀਆਂ ਦੀ ਗਿਣਤੀ 1400 ਤੋਂ 2000 ਤੱਕ ਦੱਸੀ ਜਾਂਦੀ ਹੈ। ਇਸ ਸਬੰਧੀ ਜਦੋਂ ਸਰ ਮਾਈਕਲ ਓਡਵਾਇਰ ਨੂੰ ਇਤਲਾਹ ਦਿੱਤੀ ਗਈ ਤਾਂ ਉਸ ਨੇ ਡਾਇਰ ਦੀ ਇਸ ਕਾਰਵਾਈ ਨੂੰ ਉਚਿਤ ਕਰਾਰ ਦਿੱਤਾ।

ਡਾਇਰ ਆਪਣੇ ਫ਼ੌਜੀਆਂ ਸਮੇਤ ਉਥੋਂ ਮਰੇ ਹੋਏ ਅਤੇ ਜ਼ਖ਼ਮੀਆਂ ਨੂੰ ਛੱਡ ਕੇ ਚਲਾ ਗਿਆ ਅਤੇ ਸ਼ਹਿਰ ਵਿਚ ਕਰਫਿਊ ਲਗਾ ਦਿੱਤਾ ਗਿਆ। ਉਥੇ ਉਨ੍ਹਾਂ ਨੂੰ ਡਾਕਟਰੀ ਜਾਂ ਕਿਸੇ ਵੀ ਹੋਰ ਕਿਸਮ ਦੀ ਸਹਾਇਤਾ ਨਾ ਦਿੱਤੀ ਗਈ। ਇਥੋਂ ਤੀਕ ਕਿ ਦਹਿਸ਼ਤ ਦੇ ਮਾਰੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਵੀ ਪਹੁੰਚਣ ਦੀ ਹਿੰਮਤ ਨਾ ਕੀਤੀ। ਰਾਤ ਦੇ 10 ਵਜੇ ਡਾਇਰ ਨੇ ਥੋੜ੍ਹੇ ਜਿਹੇ ਫ਼ੌਜੀਆਂ ਸਮੇਤ ਇਹ ਵੇਖਣ ਲਈ ਕਿ ਸ਼ਹਿਰ ਵਿਚ ਕਰਫਿਊ ਦੀ ਉਲੰਘਣਾ ਤਾਂ ਨਹੀਂ ਕੀਤੀ ਜਾ ਰਹੀ, ਫਿਰ ਤੋਂ ਸ਼ਹਿਰ ਦਾ ਦੌਰਾ ਕੀਤਾ ਪਰ ਉਸ ਸਮੇਂ ਸ਼ਹਿਰ ਵਿਚ ਪੂਰੀ ਤਰ੍ਹਾਂ ਸੁੰਨਸਾਨ ਸੀ। ਇਸ ਤਰ੍ਹਾਂ ਇਸ ਸਾਕੇ ਦੇ ਵਾਪਰਨ ਨਾਲ ਹਿੰਦੁਸਤਾਨੀਆਂ ਦੇ ਮਨਾਂ ਵਿਚ ਬਰਤਾਨਵੀ ਸਰਕਾਰ ਵਿਰੁੱਧ ਵਿਦਰੋਹ ਦੀ ਭਾਵਨਾ ਜਾਗ ਉਠੀ ਤੇ ਲੋਕ ਗੁੱਸੇ ਨਾਲ ਬੇਕਾਬੂ ਹੋ ਗਏ। ਉਨ੍ਹਾਂ ਨੇ ਪੁਲਾਂ, ਗਿਰਜਿਆਂ, ਡਾਕਖ਼ਾਨਿਆਂ ਅਤੇ ਹੋਰ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਗਾ ਦਿੱਤੀਆਂ, ਰੇਲਵੇ ਲਾਈਨਾਂ ਉਖਾੜ ਦਿੱਤੀਆਂ, ਟੈਲੀਫ਼ੂਨ ਤੇ ਤਾਰ-ਘਰਾਂ ਦੀਆਂ ਤਾਰਾਂ ਕੱਟ ਦਿੱਤੀਆਂ, ਅੰਗਰੇਜ਼ਾਂ ਦੀ ਬੇਪਤੀ ਕੀਤੀ ਗਈ ਜਿਸ ਕਰਕੇ ਸਰਕਾਰ ਨੇ ਇਥੇ ਫ਼ੌਜੀ ਰਾਜ ਸਥਾਪਿਤ ਕਰਕੇ ਪਹਿਲਾਂ ਅੰਮ੍ਰਿਤਸਰ ਵਿਚ ਤੇ ਫਿਰ ਇਸ ਦੇ ਨਾਲ ਲਗਦੇ ਜ਼ਿਲ੍ਹਿਆਂ ਵਿਚ ਮਾਰਸ਼ਲ ਲਾਅ ਲਗਾ ਦਿੱਤਾ ਗਿਆ।

15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ ਅਤੇ ਇਸ ਉਪਰੰਤ ਭਾਰਤ ਸਰਕਾਰ ਨੇ ਜਲ੍ਹਿਆਂ ਵਾਲੇ ਬਾਗ ਨੂੰ ਖ਼ਰੀਦ ਕੇ ਇਥੇ ਇਕ ਰਾਸ਼ਟਰੀ ਯਾਦਗਾਰੀ ਸਮਾਰਕ ਉਸਾਰਣ ਦਾ ਵਿਚਾਰ ਕੀਤਾ। ਇਸ ਕੰਮ ਲਈ ਇਕ ਕਮੇਟੀ ਬਣਾਈ ਗਈ ਅਤੇ ਇਸ ਜਗ੍ਹਾ ਨੂੰ ਇਸ ਦੇ ਦਾਅਵੇਦਾਰਾਂ ਤੋਂ 5,65,000 ਰੁਪਇਆਂ ਵਿਚ ਖ਼ਰੀਦ ਲਿਆ ਗਿਆ। ਇਸ ਦੇ ਮੈਦਾਨ ਵਿਚ 1.68 ਮੀ. ਭਰਤ ਪਾ ਕੇ ਇਸ ਨੂੰ ਉੱਚਾ ਕਰਕੇ ਬਾਹਰਲੀ ਸੜਕ ਦੇ ਬਰਾਬਰ ਕੀਤਾ ਗਿਆ। ਫਿਰ ਇਸ ਦੇ ਵਿਚਕਾਰ ਜਿਹੇ ਕਰਕੇ ਇਕ ਚੌਰਸ ਥੜ੍ਹਾ ਬਣਾ ਕੇ ਇਸ ਉੱਤੇ ਯਾਦਗਾਰੀ ਸਤੂਪ



ਜਲ੍ਹਿਆਂ ਵਾਲੇ ਬਾਗ ਵਿਚ ਸਥਾਪਿਤ ਯਾਦਗਾਰੀ ਜੋਤ ਦੀ ਲਾਟ

ਬਣਾਇਆ ਗਿਆ ਜਿਸ ਦੀਆਂ ਬਗਲਾਂ ਵਿਚ ਪੱਥਰ ਦੇ ਚਾਰ ਚਾਨਣ-ਮੁਨਾਰੇ ਹਨ। ਇਸ ਦਾ ਨਮੂਨਾ ਅਜਿਹਾ ਬਣਾਇਆ ਗਿਆ ਹੈ

ਕਿ ਇਹ ਇਕ ਜਲਦੀ ਹੋਈ ਲਾਟ ਵਾਂਗੂੰ ਲਗਦਾ ਹੈ ਤੇ ਇਸ ਨੂੰ 'ਜਿੱਤ ਦੀ ਮਸ਼ਾਲ' ਕਹਿੰਦੇ ਹਨ। ਇਹ ਸਤੂਪ ਜੈਪੁਰ ਦੀਆਂ ਖਾਣਾਂ ਵਿਚੋਂ ਲਿਆਏ ਗਏ ਲਾਲ ਪੱਥਰ ਦੇ 300 ਟੁਕੜਿਆਂ ਦਾ ਬਣਿਆ ਹੋਇਆ ਹੈ। ਇਸ ਦਾ ਹੇਠਲਾ ਥੜ੍ਹਾ ਗ੍ਰੇਨਾਈਟ ਪੱਥਰ ਦਾ ਬਣਿਆ ਹੋਇਆ ਹੈ। ਬਾਗ਼ ਦੇ ਮੁੱਖ ਦੁਆਰ ਤੇ 18.29 × 30.48 ਮੀ. ਦਾ ਇਕ ਖੁਲ੍ਹਾ ਟੈਰਿਸ ਹੈ ਜੋ ਕੋਟਾ ਪੱਥਰ ਦਾ ਬਣਾਇਆ ਹੋਇਆ ਹੈ। ਇਹ ਉਹ ਜਗ੍ਹਾ ਹੈ ਜਿਥੋਂ ਡਾਇਰ ਦੇ ਫ਼ੌਜੀਆਂ ਨੇ ਗੋਲੀ ਚਲਾਈ ਸੀ। ਟੈਰਿਸ ਦੇ ਪਾਸਿਆਂ ਤੇ 39.62 × 3.05 ਮੀ. ਦੇ ਬਣਾਏ ਹੋਏ ਦੋ ਵਰਾਂਡੇ ਹਨ ਜਿਨ੍ਹਾਂ ਦੇ ਖ਼ਾਨਿਆਂ ਵਿਚ ਅਸ਼ੋਕਾ-ਚੱਕਰ ਲਗਾਏ ਹੋਏ ਹਨ। ਇਸ ਸਾਰਾ ਕੰਮ ਉਸੇ ਸਮੇਂ 9,25,000 ਰੁਪਇਆਂ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਸੀ.। ਡਾ. ਰਾਜਿੰਦਰਾ ਪ੍ਰਸ਼ਾਦ ਜੋ ਉਸ ਸਮੇਂ ਭਾਰਤ ਦੇ ਰਾਸ਼ਟਰਪਤੀ ਸਨ, ਨੇ 1961 ਈ. ਵਿਚ ਇਸ ਯਾਦਗਾਰੀ ਸਮਾਰਕ ਦਾ ਉਦਘਾਟਨ ਕੀਤਾ। ਸੰਨ 1947 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਨੇ ਜਲ੍ਹਿਆਂ ਵਾਲੇ ਬਾਗ਼ ਦੀ ਲੈਂਡਸਕੇਪਿੰਗ ਕੀਤੀ। ਇਥੇ ਇਕ ਆਰਟ ਗੈਲਰੀ ਵੀ ਬਣਾਈ ਗਈ ਹੈ ਜਿਸ ਵਿਚ ਇਥੇ ਹੋਈ ਕਤਲਾਮ ਦੀ ਇਕ ਪੇਂਟਿੰਗ ਅਤੇ ਉਸ ਸਮੇਂ ਦੇ ਸਿਆਸੀ ਲੀਡਰਾਂ ਦੀਆਂ ਤਸਵੀਰਾਂ ਲਗਾਈਆਂ ਹੋਈਆਂ ਹਨ। ਇਸ ਦੇ ਆਲੇ-ਦੁਆਲੇ ਦੇ ਘਰਾਂ ਤੇ ਲੱਗੇ ਗੋਲੀਆਂ ਦੇ ਨਿਸ਼ਾਨ ਵੀ ਹੁਣ ਤੱਕ ਸਾਂਭੇ ਹੋਏ ਹਨ।

ਹ. ਪੁ.–ਹਿ. ਸਿ.–ਖੁਸ਼ਵੰਤ ਸਿੰਘ ; ਪੰਜਾਬ ਡਿ. ਗਜ਼. -ਅੰਮ੍ਰਿਤਸਰ

**ਜਲੀਲ ਹਸਨ** : ਇਹ ਉਰਦੂ ਦਾ ਬੜਾ ਚੰਗਾ ਸ਼ਾਇਰ ਸੀ ਜੋ ਪ੍ਰਸਿੱਧ ਸ਼ਾਇਰ 'ਅਮੀਰ ਮੀਨਾਈ' (1828-1900) ਦਾ ਸ਼ਾਗਿਰਦ ਸੀ। ਇਸ ਨੇ ਮੁੱਢਲੀ ਸਿੱਖਿਆ ਘਰ ਹੀ ਪ੍ਰਾਪਤ ਕੀਤੀ। ਆਪਣੇ ਬਜ਼ੁਰਗ ਉਸਤਾਦ ਨਾਲ ਇਹ ਹੈਦਰਾਬਾਦ ਦੱਖਣ ਵੀ ਗਿਆ।

ਜਲੀਲ ਹਸਨ ਨੂੰ ਉਰਦੂ ਅਤੇ ਫ਼ਾਰਸੀ ਦਾ ਉੱਚ ਪਾਏ ਦਾ ਵਿਦਵਾਨ ਮੰਨਿਆ ਜਾਂਦਾ ਸੀ ਅਤੇ ਇਸ ਨੂੰ 'ਫ਼ਸਾਹਤੇ ਜੰਗ' ਦਾ ਖ਼ਿਤਾਬ ਵੀ ਮਿਲਿਆ। ਇਸ ਦੀ ਕਵਿਤਾ ਵਿਚ ਅਮੀਰ-ਮੀਨਾਈ ਵਾਲਾ ਹਰ ਰੰਗ ਮੌਜੂਦ ਹੈ। 'ਅਮੀਰ' ਵਰਗੀ ਸੋਖੀ ਅਤੇ ਸਾਦਗੀ 'ਜਲੀਲ' ਵਿਚ ਵੀ ਹੈ ਅਤੇ ਇਸ ਦੇ ਸ਼ਿਅਰ ਸਭ ਪਾਸੇ ਪਸੰਦ ਕੀਤੇ ਜਾਂਦੇ ਹਨ। ਇਸ ਨੇ ਲੋਕਾਂ ਵਿਚ ਸਹੀ ਉਰਦੂ ਦਾ ਸ਼ੌਕ ਪੈਦਾ ਕੀਤਾ ਅਤੇ ਉਰਦੂ ਸਾਹਿਤ ਵਿਚ ਆਪਣੀ ਪੱਕੀ ਥਾਂ ਬਣਾ ਲਈ ਹੈ।

'ਜਲੀਲ' ਦੀਆਂ ਗ਼ਜ਼ਲਾਂ ਦੀ ਸ਼ਬਦ-ਚੋਣ ਅਜਿਹਾ ਤਰੱਨੁਮ ਪੈਦਾ ਕਰਦੀ ਹੈ ਕਿ ਉਹ ਬੜੀ ਖ਼ੂਬੀ ਨਾਲ ਗਾਈਆਂ ਜਾ ਸਕਦੀਆਂ ਹਨ। ਹੁਸਨ ਅਤੇ ਇਸ਼ਕ ਦਾ ਬਿਆਨ ਇਸ ਨੇ ਬੜੇ ਸਾਦਾ ਢੰਗ ਨਾਲ ਕੀਤਾ ਹੈ। ਇਸ ਦੇ ਸ਼ਿਅਰ ਹਰ ਪੱਖੋਂ ਹੀ ਦਿਲਚਸਪ ਹਨ। ਸਦਾਚਾਰਕ ਅਤੇ ਸੂਫ਼ੀਆਨਾ ਵਿਸ਼ੇ ਵੀ ਜਲੀਲ ਦੀ ਕਵਿਤਾ ਵਿਚ ਵਿਸ਼ੇਸ਼ ਥਾਂ ਰੱਖਦੇ ਹਨ। ਇਸ ਦੀਆਂ ਗ਼ਜ਼ਲਾਂ ਢੁਕਵੀਂ ਸ਼ਬਦਾਵਲੀ ਅਤੇ ਖ਼ੂਬਸੂਰਤ ਮੁਹਾਵਰਿਆਂ ਦੀ ਚੰਗੀ ਮਿਸਾਲ ਪੇਸ਼ ਕਰਦੀਆਂ ਹਨ। 'ਤਾਂਜੇ ਸੁਖ਼ਨ' ਇਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ।

ਹ. ਪੁ.–ਤਾਰੀਖ਼ ਅਦਬਿ ਉਰਦੂ-ਸੱਯਦ ਇਅਜਾਜ਼ ਹੁਸੈਨ

**ਜਲੀਲ ਕਿਦਵਾਈ** : ਇਹ ਉਰਦੂ ਦਾ ਅਜੋਕੇ ਯੁਗ ਦਾ ਨਾਵਲਕਾਰ ਹੈ। ਇਸ ਨੇ ਵਿਦੇਸ਼ੀ ਨਾਵਲਕਾਰੀ ਦੇ ਗੁਣ ਉਰਦੂ ਭਾਸ਼ਾ ਵਿਚ ਲਿਆਉਣ ਦਾ ਭਰਪੂਰ ਯਤਨ ਕੀਤਾ ਹੈ। ਇਸ ਨੇ ਰੂਸੀ ਨਾਵਲਕਾਰ ਚੈਖ਼ਵ ਨੂੰ ਆਪਣਾ ਆਦਰਸ਼ ਬਣਾਇਆ ਹੈ। ਪਹਿਲਾਂ ਇਸ ਨੇ ਉਸ ਦੇ ਨਾਵਲਾਂ ਦੇ ਅਨੁਵਾਦ ਕੀਤੇ ਅਤੇ ਫਿਰ ਆਪਣੇ ਨਾਵਲ ਵੀ ਉਸ ਦੇ ਢੰਗ ਤੇ ਲਿਖੇ। ਮਨੁੱਖੀ ਜੀਵਨ ਦੇ ਹਜ਼ਾਰਾਂ ਹੀ ਪਹਿਲੂ ਹਨ। ਜਲੀਲ ਉਨ੍ਹਾਂ ਵਿਚੋਂ ਕਿਸੇ ਇਕ ਪਹਿਲੂ ਨੂੰ ਆਧਾਰ ਬਣਾ ਕੇ ਆਪਣਾ ਨਾਵਲ ਮੁਕੰਮਲ ਕਰ ਲੈਂਦਾ ਹੈ। ਜੀਵਨ ਦੇ ਜਿਸ ਰਾਜ਼ ਨੂੰ ਇਹ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਉਸੇ ਉੱਤੇ ਹੀ ਨਾਵਲ ਲਿਖ ਮਾਰਦਾ ਹੈ। ਇਸ ਦੇ ਪਾਤਰ ਯਥਾਰਥਕ ਅਤੇ ਜਾਣੇ ਪਛਾਣੇ ਲੱਗਦੇ ਹਨ।

ਨਜ਼ਾਰਿਆਂ ਅਤੇ ਵਾਤਾਵਰਣ ਨੂੰ ਬਿਆਨ ਕਰਨ ਵਿਚ ਜਲੀਲ ਨੂੰ ਕਮਾਲ ਹਾਸਲ ਹੈ। ਵਧੇਰੇ ਕਰਕੇ ਅਨੁਵਾਦ ਹੋਏ ਕਾਰਨ ਇਸ ਦੇ ਨਾਵਲਾਂ ਵਿਚ ਕਿਤੇ ਕਿਤੇ ਵਾਰਤਾ ਭਾਰੂ ਹੋ ਜਾਂਦੀ ਹੈ ਅਤੇ ਰਵਾਨੀ ਘੱਟ ਜਾਂਦੀ ਹੈ ਪਰ ਆਮ ਕਰਕੇ ਇਸ ਦੀ ਬੋਲੀ ਸਾਦਾ ਤੇ ਸਪਸ਼ਟ ਹੁੰਦੀ ਹੈ।

ਜਲੀਲ ਕਵਿਤਾ ਵੀ ਲਿਖਦਾ ਰਿਹਾ ਹੈ। ਇਹ 'ਹਸਰਤ' ਤੋਂ ਬੜਾ ਪ੍ਰਭਾਵਿਤ ਸੀ। ਇਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਨਵਾਇ ਸੀਨਾ ਤਾਬ' ਨਾਂ ਹੇਠ ਪ੍ਰਕਾਸ਼ਿਤ ਹੋਇਆ।

ਹ. ਪੁ.–ਤਾਰੀਖ਼ ਅਦਬਿ ਉਰਦੂ-ਸੱਯਦ ਇਅਜਾਜ਼ ਹੁਸੈਨ

**ਜਲੇਸਰ** : ਭਾਰਤ ਦੇ ਉੱਤਰ-ਪ੍ਰਦੇਸ਼ ਰਾਜ ਵਿਚ, ਏਟਾ ਜ਼ਿਲ੍ਹੇ ਦੀ ਇਸੇ ਹੀ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ। ਇਸ ਸ਼ਹਿਰ ਦੇ ਦੋ ਹਿੱਸੇ ਹਨ। ਇਕ ਨੂੰ ਕਿਲੇ ਵਾਲਾ ਪਾਸਾ ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਹੇਠਲਾ ਪਾਸਾ। ਇਹ ਕਿਲਾ ਮੇਵਾੜ ਦੇ ਰਾਣੇ ਨੇ ਪੰਦਰਵੀਂ ਸਦੀ ਵਿਚ ਬਣਾਇਆ ਸੀ ਪਰ ਇਕ ਥੇਹ ਨੂੰ ਛੱਡ ਕੇ ਪੁਰਾਣੀਆਂ ਇਮਾਰਤਾਂ ਦਾ ਪਿੱਛੇ ਕੁਝ ਵੀ ਨਹੀਂ ਬਚਿਆ। ਇਸੇ ਥੇਹ ਉੱਤੇ ਤਹਿਸੀਲੀ ਅਤੇ ਮੁਨਸਿਫ਼ੀ ਦਫ਼ਤਰ, ਪੁਲੀਸ ਸਟੇਸ਼ਨ ਅਤੇ ਮਿਉਂਸਪਲ ਹਾਲ ਮੌਜੂਦ ਹਨ। ਸ਼ਹਿਰ ਦੇ ਹੇਠਲੇ ਹਿੱਸੇ ਵਿਚ ਕਈ ਤੰਗ ਗਲੀਆਂ ਹਨ ਜਿਸ ਦੇ ਜਲ-ਨਿਕਾਸ ਦਾ ਪ੍ਰਬੰਧ ਬਹੁਤ ਮਾੜਾ ਹੁੰਦਾ ਸੀ ਪਰ ਮਗਰੋਂ ਨਹਿਰੀ ਵਿਭਾਗ ਰਾਹੀਂ ਮਿਉਂਸਪਲਟੀ ਨੇ ਜਲ-ਨਿਕਾਸ਼ ਦਾ ਵਧੀਆ ਪ੍ਰਬੰਧ ਕਰ ਦਿੱਤਾ। ਸ਼ਹਿਰ ਦੀਆਂ ਸਾਰੀਆਂ ਗਲੀਆਂ ਪੱਕੀਆਂ ਹਨ। ਸੰਨ 1866 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਕੀਤੀ ਗਈ। ਇਥੇ ਵਪਾਰ ਤਾਂ ਕੋਈ ਬਹੁਤਾ ਨਹੀਂ ਹੁੰਦਾ ਪਰ ਸੂਤੀ ਕੱਪੜੇ, ਕੱਚ ਦੀਆਂ ਚੂੜੀਆਂ ਅਤੇ ਜਿਸਤ ਦੇ ਭਾਂਡੇ ਇਥੇ ਤਿਆਰ ਕੀਤੇ ਜਾਂਦੇ ਹਨ। ਜ਼ਿਲ੍ਹੇ ਦਾ ਸਭ ਤੋਂ ਵੱਡਾ ਸ਼ੋਰੇ ਦਾ ਕਾਰਖ਼ਾਨਾ ਇਸੇ ਸ਼ਹਿਰ ਵਿਚ ਹੀ ਹੈ। ਆਵਾ ਦੇ ਰਾਜੇ ਨੇ ਇਥੇ ਕਪਾਹ ਦਾ ਇਕ ਕਾਰਖ਼ਾਨਾ ਸਥਾਪਿਤ ਕੀਤਾ ਸੀ ਜਿਸ ਵਿਚ 1901 ਵਿਚ 125 ਵਿਅਕਤੀ ਕੰਮ ਕਰਦੇ ਸਨ। ਸ਼ਹਿਰ ਵਿਚ ਕਈ ਸਕੂਲ ਹਨ।

ਆਬਾਦੀ–28,637 (1991)

27° 28′ ਉ. ਵਿਥ.; 78° 19′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 26

**ਜਲੇਸਵਰ** : ਉੜੀਸਾ ਰਾਜ (ਭਾਰਤ) ਦੇ ਬਲੇਸ਼ਵਰ ਜ਼ਿਲ੍ਹੇ ਦੇ ਇਕ ਉਪ-ਮੰਡਲ ਵਿਚ ਇਹ ਇਕ ਇਤਿਹਾਸਕ ਸ਼ਹਿਰ ਹੈ ਜਿਹੜਾ ਸੁਬਰਨ ਰੇਖਾ ਨਦੀ ਦੇ ਖੱਬੇ ਕੰਢੇ ਉੱਤੇ ਅਤੇ ਨਦੀ ਦੇ ਮੁਹਾਣੇ ਤੋਂ ਲਗਭਗ 20 ਕਿ. ਮੀ. ਦੀ ਦੂਰੀ ਤੇ ਕਲਕੱਤਾ ਮੁੱਖ-ਮਾਰਗ ਉੱਤੇ ਸਥਿਤ ਹੈ। ਇਹ ਬੰਗਾਲ ਨਾਗਪੁਰ ਰੇਲਵੇ ਉਪਰ ਇਕ ਸਟੇਸ਼ਨ ਵੀ ਹੈ। ਪਹਿਲਾਂ ਇਹ ਇਕ ਮੁਸਲਮਾਨੀ ਸਰਕਾਰ ਦੀ ਰਾਜਧਾਨੀ ਹੁੰਦਾ ਸੀ ਜਿਸ ਵਿਚ ਮੌਜੂਦਾ ਮਿਦਨਾਪੁਰ (ਪੱਛਮੀ ਬੰਗਾਲ ਰਾਜ) ਜ਼ਿਲ੍ਹਾ ਸ਼ਾਮਲ ਹੁੰਦਾ ਸੀ। ਅਠਾਰਵੀਂ ਸਦੀ ਦੌਰਾਨ ਇਥੇ ਈਸਟ ਇੰਡੀਆ ਕੰਪਨੀ ਦੀ ਫੈਕਟਰੀ ਵੀ ਹੋਇਆ ਕਰਦੀ ਸੀ।

ਆਬਾਦੀ–16,786 (1991)

21° 49′ ਉ. ਵਿਥ.; 87° 13′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 27

**ਜਲੋਧਰ** : ਜੋੜਕ ਤੰਤੂਆਂ ਦੀ ਅੰਤਰ ਸੈੱਲੀ ਜਗ੍ਹਾ ਵਿਚ ਪਾਣੀ ਦੇ ਵਹਾਉ ਨਾਲ ਪੈਦਾ ਹੋਈ ਸੋਜ ਨੂੰ ਜਲੋਧਰ ਕਿਹਾ ਜਾਂਦਾ ਹੈ।

ਇਸ ਹਾਲਤ ਨੂੰ ਅੰਗਰੇਜ਼ੀ ਵਿਚ ਐਡੀਮਾ ਕਹਿੰਦੇ ਹਨ। ਇਸ ਤਰ੍ਹਾਂ ਪੈਦਾ ਹੋਏ ਐਡੀਮੇਟਸ ਤੰਤੂ ਭਰੇ ਹੁੰਦੇ ਹਨ ਅਤੇ ਜੇਕਰ ਇਨ੍ਹਾਂ ਵਿਚ ਛੇਕ ਕੀਤਾ ਜਾਏ ਤਾਂ ਇਨ੍ਹਾਂ ਸੈੱਲਾਂ ਵਿਚੋਂ ਇਕ ਪਤਲਾ ਜਿਹਾ ਇਨਕੁਐਗੂਲੇਬਲ ਤਰਲ ਰਿਸਦਾ ਹੈ। ਇਹ ਤਰਲ ਵਿਸ਼ੇਸ਼ ਤੌਰ ਤੇ ਸੀਰਮ ਦਾ ਇਕ ਅਤਿ ਸੂਖ਼ਮ ਫ਼ਿਲਤਰਿਤ ਪਦਾਰਥ ਹੈ ਪਰੰਤੂ ਇਸ ਵਿਚ ਪ੍ਰੋਟੀਨ ਦੀ ਥੋੜ੍ਹੀ ਬਹੁਤੀ ਮਾਤਰਾ ਵੀ ਹੁੰਦੀ ਹੈ। ਆਮ ਤੌਰ ਤੇ ਜਲੋਧਰ ਆਪਣੇ ਆਪ ਵਿਚ ਕੋਈ ਬੀਮਾਰੀ ਨਹੀਂ ਸਗੋਂ ਇਹ ਕਿਸੇ ਬੀਮਾਰੀ ਦਾ ਲੱਛਣ ਹੀ ਹੋ ਸਕਦਾ ਹੈ ਅਤੇ ਇਸ ਦੇ ਕਈ ਕਾਰਨ ਹੋ ਸਕਦੇ ਹਨ। ਇਸ ਦੇ ਕਾਰਨਾਂ ਵਿਚ ਗੁਰਦੇ, ਦਿਲ, ਨਾੜੀਆਂ, ਲਸੀਕਾ ਸਿਸਟਮ, ਅਸੰਤੁਲਿਤ ਭੋਜਨ ਜਾਂ ਐਲਰਜੀ ਵਾਲੀਆਂ ਪ੍ਰਤੀਕਿਰਿਆਵਾਂ ਆਦਿ ਕਈ ਬੀਮਾਰੀਆਂ ਹੋ ਸਕਦੀਆਂ ਹਨ। ਜਲੋਧਰ ਕਈ ਹਾਲਤਾਂ ਵਿਚ ਕਿਸੇ ਵਿਸ਼ੇਸ਼ ਥਾਂ ਜਾਂ ਸਾਧਾਰਣ ਤੌਰ ਤੇ ਕਿਤੇ ਵੀ ਹੋ ਸਕਦਾ ਹੈ।

**ਸਾਧਾਰਣ ਤਰਲ ਦਾ ਸੰਤੁਲਨ ਬਰਕਰਾਰ ਰੱਖਣਾ**–ਸਰੀਰ ਵਿਚ ਕਿਸੇ ਵੀ ਵਕਤ, ਪਾਣੀ ਦੀ ਅੰਦਰ ਲਿਜਾਈ ਗਈ ਮਾਤਰਾ ਅਤੇ ਨਿਕਾਸ ਵਿਚ ਸੰਤੁਲਨ ਦਾ ਬਰਾਬਰ ਨਾ ਹੋਣਾ ਹੈ। ਤੰਦਰੁਸਤ ਮਨੁੱਖਾਂ ਵਿਚ ਪਾਣੀ, ਪਿਸ਼ਾਬ, ਪਸੀਨਾ, ਸਾਹ ਅਤੇ ਚਮੜੀ ਰਾਹੀਂ ਬਾਹਰ ਨਿਕਲਦਾ ਰਹਿੰਦਾ ਹੈ ਅਤੇ ਪਾਣੀ ਪੀਣ ਅਤੇ ਖ਼ੁਰਾਕ ਜਾਂ ਪਾਣੀ ਵਾਲੇ ਪਦਾਰਥ ਦੇ ਮੈਟਾਬੋਲਿਜ਼ਮ ਰਾਹੀਂ ਮਿਲਦਾ ਰਹਿੰਦਾ ਹੈ। ਤੰਦਰੁਸਤ ਯੁਵਕਾਂ ਵਿਚ ਪਾਣੀ ਸਰੀਰ ਦੇ ਭਾਰ ਦਾ 40 ਤੋਂ 60% ਹਿੱਸਾ ਹੁੰਦਾ ਹੈ। ਪਾਣੀ ਦੀ ਵਧੇਰੇ ਪ੍ਰਤਿਸ਼ਤ ਮਾਸੂਮਾਂ ਅਤੇ ਬੱਚਿਆਂ ਵਿਚ ਹੁੰਦੀ ਹੈ। ਇਹ ਮੋਟੇ ਮਨੁੱਖਾਂ ਨਾਲੋਂ ਪਤਲਿਆਂ ਵਿਚ ਵਧੇਰੇ ਅਤੇ ਔਰਤਾਂ ਨਾਲੋਂ ਪੁਰਸ਼ਾਂ ਵਿਚ ਵਧੇਰੇ ਹੁੰਦੀ ਹੈ। ਜਦੋਂ ਵੀ ਪਾਣੀ ਸਾਧਾਰਣ ਮਾਤਰਾ ਤੋਂ 10 ਪ੍ਰਤਿਸ਼ਤ ਵੱਧ ਜਾਵੇ ਤਾਂ ਜਲੋਧਰ ਨਜ਼ਰ ਆਉਣ ਲੱਗ ਜਾਂਦਾ ਹੈ। ਸਰੀਰਕ ਪਾਣੀ ਤਿੰਨ ਪ੍ਰਮੁੱਖ ਭਾਗਾਂ ਜਾਂ ਥਾਵਾਂ ਵਿਚ ਵੰਡਿਆ ਹੁੰਦਾ ਹੈ। (1) ਅੰਤਰਾਸੈਲੂੱਲਰ (ਸਰੀਰਕ ਪਾਣੀ ਦਾ ਲਗਭਗ 70%) (2) ਅੰਤਰ ਸਟੀਸ਼ੀਅਲ (22.5%), ਅਤੇ (3) ਗਦਾਰ (7.5%); ਅੰਤਰਸਟੀਸ਼ੀਅਲ ਅਤੇ ਰਗਦਾਰ ਹਿੱਸੇ ਇਕੱਠੇ ਮਿਲ ਕੇ ਬਾਹਰ ਸੈੱਲੀ ਜਗ੍ਹਾ ਬਣਾਉਂਦੇ ਹਨ। ਇਸ ਦੇ ਨਾਲ ਹੀ ਸਰੀਰ ਵਿਚ ਕਈ ਤਰ੍ਹਾਂ ਦੀਆਂ ਸੀਰਮੀ ਖਾਲੀ ਥਾਵਾਂ ਹੁੰਦੀਆਂ ਹਨ ਜੋ ਜਲੋਧਰ ਦਾ ਕਾਰਨ ਬਣ ਸਕਦੀਆਂ ਹਨ ਜਿਵੇਂ, ਪੈਰੀਕਾਰਡੀਅਲ ਸੈਕ, ਪਲੀਓਰਲ ਅਤੇ ਪੈਰੀਟੋਨੀਅਲ ਕੈਵਿਟੀ ਅਤੇ ਜੋੜਾਂ ਵਾਲੀਆਂ ਥਾਵਾਂ ਆਦਿ। ਸਾਧਾਰਣ ਤੌਰ ਤੇ ਸੀਰਮੀ ਕੈਵਿਟੀਆਂ ਵਿਚ ਕੁਝ ਕੁ ਮਿਲੀ ਲਿਟਰ ਲੁਬਰੀਕੈਂਟ ਤਰਲ ਹੁੰਦਾ ਹੈ।

ਸਰੀਰ ਵਿਚਲੇ ਪਾਣੀ ਦਾ ਗੁਰਦਾ ਨਿਯੰਤਰਨ, ਗੁਰਦੇ ਦੀ ਪਾਣੀ ਅਤੇ ਸੋਲਿਊਟ (ਵਿਸ਼ੇਸ਼ ਕਰਕੇ ਸੋਡੀਅਮ ਆਇਨ) ਰੱਖਣ ਅਤੇ ਬਾਹਰ ਕੱਢਣ ਦੀ ਯੋਗਤਾ ਦੇ ਵਖਰੇਵੇਂ ਤੇ ਨਿਰਭਰ ਕਰਦਾ ਹੈ। ਇਕ ਬਹੁਤ ਹੀ ਪੇਚੀਦਾ ਮੈਕੇਨਿਜ਼ਮ ਗੁਰਦੇ ਦੇ ਇਸ ਕੰਮ ਵਿਚ ਮੱਦਦ ਕਰਦਾ ਹੈ। ਇਹ ਮੈਕੇਨਿਜ਼ਮ ਗੁਰਦੇ ਦਾ ਨਾੜੀ ਨਿਯੰਤਰਨ ਦੇ ਸੰਯੋਗ ਨਾਲ ਹੁੰਦਾ ਹੈ ਜਿਵੇਂ ਖ਼ੂਨ ਦਾ ਇਸ ਵਿਚ ਵਹਾਉ, ਗੁਰਦੇ ਦੀ ਸੈੱਲੂਲਰ ਬਣਤਰ ਅਤੇ ਕੰਮ ਦੀ ਪੂਰਨਤਾ, ਪਿਟੂਈਟਰੀ, ਐਂਡੋਕਰੀਨਲ ਗਲੈਂਡ ਅਤੇ ਹੋਰ ਐਂਡੋਕਰਾਈਨ ਨਾੜੀਆਂ ਦੇ ਕੰਮ ਅਤੇ ਸੂਝ ਹਿੱਸਿਆਂ ਦੇ ਸਿਸਟਮ ਦਾ ਨਿਯਮਿਤ ਹੋਣਾ ਆਦਿ। ਸਪਲੀਮੈਂਟਲ ਰੈਗੂਲੇਟਰਾਂ ਦੇ ਪੂਰਨਤਾ ਵਕਾਰ ਨੂੰ ਹਾਰਮੋਨਾ ਦਾ ਕੰਮ ਵਿਸ਼ੇਸ਼ਤਾ ਬਖ਼ਸ਼ਦਾ ਹੈ। ਸਟੈਰਾੱਇਡ ਹਾਰਮੋਨ (ਐਲਡੋਸੈਟਰਾੱਨ) ਗੁਰਦੇ ਵਿਚ ਸੋਡੀਅਮ ਅਤੇ ਹੋਰ ਖਣਿਜ ਰੱਖ ਸਕਣ ਦਾ ਕਾਰਨ ਬਣਦਾ ਹੈ ਜਦੋਂ ਕਿ ਪਿਟੂਈਟਰੀ ਐਂਟੀਡਾਇਯੂਰੈਟਿਕ ਹਾਰਮੋਨ ਗੁਰਦੇ ਵਿਚ ਪਾਣੀ ਰੱਖ ਸਕਣ ਦਾ ਕਾਰਨ ਬਣਦਾ ਹੈ।

**ਬੀਮਾਰੀ ਨਾਲ ਸਬੰਧਤ ਜਲੋਧਰ**—ਇਸ ਤਰ੍ਹਾਂ ਦਾ ਜਲੋਧਰ ਤਿੰਨ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ (1) ਵਿਆਪਕ ਜਲੋਧਰ (2) ਸਥਾਨਕ ਜਲੋਧਰ, ਅਤੇ (3) ਸਰੀਰਕ ਖਾਲੀ ਥਾਵਾਂ ਵਿਚ ਪਾਣੀ ਦਾ ਇਕੱਠਾ ਹੋ ਜਾਣਾ।

**ਵਿਆਪਕ ਜਲੋਧਰ**—ਹਿਰਦੇ, ਗੁਰਦੇ, ਖ਼ੁਰਾਕ, ਐਂਡੋਕਰਾਈ-ਨੋਲੋਜੀਕਲ ਅਤੇ ਜਲੋਧਰ ਦੀਆਂ ਹੋਰ ਵਿਆਪਕ ਕਿਸਮਾਂ ਵਿਚ ਕੁੱਲ ਸਰੀਰਕ ਭਾਰ ਵਿਚ ਵਾਧਾ ਹੋ ਜਾਂਦਾ ਹੈ। ਉਦਾਹਰਣ ਵਜੋਂ ਜਿਗਰ ਦੀ ਇਕ ਬੀਮਾਰੀ (Cirrhosis of liver) ਕਾਰਨ ਜੋ ਐਲਕੋਹਲਿਜ਼ਮ ਨਾਲ ਸਬੰਧਤ ਹੈ ਅਤੇ ਪੈਰੀਟੋਨੀਅਲ ਸੈਕ (ascites) ਵਿਚ ਇਕੱਠਾ ਹੋਇਆ ਤਰਲ, ਲੱਤਾਂ, ਸਕਰੋਟਮ ਅਤੇ ਪਲੀਉਰਲ ਕੈਵਿਟੀਆਂ ਵਿਚ ਇਕੱਠਾ ਹੋ ਜਾਂਦਾ ਹੈ। ਵਿਗੜੇ ਹੋਏ ਗੁਰਦੇ ਦੇ ਖਰੀਂਢ, ਰੇਸ਼ੇਦਾਰ ਤੰਤੂ ਦੀਆਂ ਧਾਰੀਆਂ ਅਤੇ ਨਵ-ਪੁੰਗਰੇ ਸੈੱਲ ਪ੍ਰਵੇਸ਼ ਦੁਆਰਾ ਨਾੜੀ ਨੂੰ ਨਿਚੋੜਦੇ ਹਨ ਅਤੇ ਇਸ ਤਰ੍ਹਾਂ ਇਸ ਦਾ ਅੰਦਰੂਨੀ ਦਬਾਉ ਵੱਧ ਜਾਂਦਾ ਹੈ। ਇਸ ਤਰ੍ਹਾਂ ਪ੍ਰਵੇਸ਼-ਦੁਆਰਾ ਨਾੜੀਆਂ ਦੀ ਜੀਰਨ ਯੋਗਤਾ ਵੱਧ ਜਾਂਦੀ ਹੈ ਅਤੇ ਪਾਣੀ ਪੈਰੀਟੋਨੀਅਲ ਕੈਵਿਟੀਆਂ ਵਿਚ ਨਿਕਲ ਜਾਂਦਾ ਹੈ। ਇਸ ਦੇ ਨਾਲ ਹੀ ਵਿਗੜਿਆ ਹੋਇਆ ਜਿਗਰ ਐਲਬਿਊਮਿਨ ਦਾ ਸੰਸ਼ਲੇਸ਼ਣ ਨਹੀਂ ਕਰ ਸਕਦਾ ਅਤੇ ਖ਼ੂਨ ਵਿਚ ਐਲਬਿਊਮਿਨ ਦੀ ਮਾਤਰਾ ਘੱਟ ਜਾਂਦੀ ਹੈ। ਭੁੱਖ ਘਟਣ ਨਾਲ ਭੋਜਨ ਅਸੰਤੁਲਿਤ ਹੋ ਜਾਂਦਾ ਹੈ ਅਤੇ ਤੰਤੂ ਅਜਾਈਂ ਜਾਣ ਲੱਗ ਪੈਂਦੇ ਹਨ। ਤੰਤੂ ਫੈਲਾਓ ਵੀ ਘੱਟ ਜਾਂਦਾ ਹੈ ਅਤੇ ਪਾਣੀ ਇਸ ਢਿਲਕੀ ਹੋਈ ਜਗ੍ਹਾ ਵਿਚ ਚਲਾ ਜਾਂਦਾ ਹੈ। ਐਡਰੀਨਲ ਸਟੈਰਾੱਇਡਾਂ ਦੀ ਮਾਤਰਾ ਵੀ ਵੱਧ ਜਾਂਦੀ ਹੈ ਅਤੇ ਇਸ ਵਧੀ ਹੋਈ ਮਾਤਰਾ ਨਾਲ ਗੁਰਦੇ ਵਿਚ ਸੋਡੀਅਮ ਅਤੇ ਪਾਣੀ ਦੀ ਮਾਤਰਾ ਵਧੇਰੇ ਰੱਖੀ ਜਾਣੀ ਸ਼ੁਰੂ ਹੁੰਦੀ ਹੈ।

ਜਲੋਧਰ ਨਾਲ ਦਿਲ ਦੀ ਧੜਕਣ ਦਾ ਰੁਕ ਜਾਣਾ ਵੀ ਸਬੰਧਤ ਹੈ। ਜੇਕਰ ਰੋਗੀ ਖੜ੍ਹਾ ਹੋਵੇ ਤਾਂ ਜਲੋਧਰ ਲੱਤਾਂ ਵਿਚ ਟਿਕ ਜਾਂਦਾ ਹੈ। ਜੇਕਰ ਰੋਗੀ ਬਿਸਤਰੇ ਵਿਚ ਹੀ ਪਿਆ ਹੋਵੇ ਤਾਂ ਜਲੋਧਰ ਪੇਡੂ ਹੱਡੀ ਸਬੰਧੀ ਚਮੜੀ ਅਤੇ ਸਬਕੁਟੇਨੀਅਸ ਤੰਤੂ ਵਿਚ ਇਕੱਠਾ ਹੋ ਜਾਂਦਾ ਹੈ। ਦਿਲ ਦੀ ਪਿੱਛੇ ਵੱਲ ਦੀ ਹਰਕਤ ਨਾਲ ਦਿਲ ਦਾ ਰੁਕਣਾ ਵਾਲਵ ਵਿਗਾੜਾਂ ਵਿਚ ਦੇਖਿਆ ਜਾ ਸਕਦਾ ਹੈ। ਦਿਲ ਦੀ ਅੱਗੇ ਵਾਲੀ ਹਰਕਤ ਨਾਲ ਦਿਲ ਦਾ ਰੁਕਣਾ, ਅਨੀਮੀਆ, ਹਾਈਪਰਥਾਇਰਾਇਡਿਜ਼ਮ, ਯੂਰੀਮੀਆ, ਕੌਲੀਮੀਆ ਅਤੇ ਬੈਰੀ ਬੈਰੀ ਕਾਰਨ ਹੋ ਸਕਦਾ ਹੈ।

ਗੁਰਦੇ ਦੀ ਬੀਮਾਰੀ ਅਕਸਰ ਜਲੋਧਰ ਦੇ ਵਿਕਾਸ ਰਾਹੀਂ ਵੀ ਉੱਘੜ ਆਉਂਦੀ ਹੈ ਅਤੇ ਇਹ ਅੱਖ ਦੇ ਉਪਰਲੇ ਪਰਦੇ, ਮੂੰਹ ਅਤੇ ਇਨ੍ਹਾਂ ਅੰਗਾਂ ਤੇ ਨਿਰਭਰ ਕਰਦੇ ਹੋਏ ਹੋਰਨਾਂ ਹਿੱਸਿਆਂ ਵਿਚ ਵੀ ਅਸਰ ਕਰ ਸਕਦੀ ਹੈ। ਮੂੰਹ ਅਤੇ ਅੱਖ ਦੇ ਉਪਰਲੇ ਪਰਦੇ ਹੀ ਕਿਉਂ ਇਸ ਅਸਰ ਹੇਠ ਆਉਂਦੇ ਹਨ, ਇਸ ਦਾ ਅਜੇ ਤੱਕ ਪੂਰੀ ਤਰ੍ਹਾਂ ਗਿਆਨ ਨਹੀਂ ਹੈ।

ਖ਼ੁਰਾਕ ਰਾਹੀਂ ਅਸਰ ਕਰਨ ਵਾਲਾ ਜਲੋਧਰ ਅਕਸਰ ਦੋ ਕਿਸਮਾਂ ਦਾ ਹੁੰਦਾ ਹੈ, (1) ਭੁੱਖ ਜਾਂ ਕਾਲ ਰਾਹੀਂ ਪੈਦਾ ਹੋਇਆ ਜਲੋਧਰ, ਅਤੇ (2) ਪ੍ਰੋਟੀਨ ਦੀ ਮਾਤਰਾ ਸਹੀ ਨਾ ਲੈਣ ਕਰਕੇ ਪੈਦਾ ਹੋਇਆ ਜਲੋਧਰ। ਵਿਟਾਮਿਨ ਬੀ. ਅਤੇ ਪੋਟਾਸ਼ੀਅਮ ਦੀ ਘਾਟ ਵੀ ਜਲੋਧਰ ਪੈਦਾ ਕਰ ਸਕਦੀਆਂ ਹਨ। ਭੁੱਖ ਰਾਹੀਂ ਪੈਦਾ ਹੋਇਆ ਜਲੋਧਰ (ਕਾਲ, ਐਨੋਰੈਕਸੀਆ, ਨਰਵੋਸਾ ਅਤੇ ਕੈਂਸਰ ਆਦਿ ਰਾਹੀਂ ਪੈਦਾ ਹੋਇਆ) ਆਮ ਤੌਰ ਤੇ ਤੰਤੂ ਫੈਲਾਓ ਦੇ ਘੱਟ ਜਾਣ ਕਾਰਨ ਪੈਦਾ ਹੁੰਦਾ ਹੈ ਪਰੰਤੂ ਕੁਝ ਹੋਰ ਤੱਤ ਜਿਵੇਂ ਗੁਰਦੇ ਵਿਚ ਸੋਡੀਅਮ ਦਾ ਰਹਿ ਸਕਣਾ ਵੀ

ਜਲੋਧਰ ਦੇ ਪੈਦਾ ਹੋਣ ਵਿਚ ਮੱਦਦ ਕਰਦੇ ਹਨ। ਭੁੱਖੇ ਵਿਅਕਤੀਆਂ ਦਾ ਲੂਣ ਵਾਲੇ ਪਦਾਰਥਾਂ ਜਾਂ ਤਰਲਾਂ ਨਾਲ ਇਲਾਜ ਕਰਨਾ ਵੀ ਖ਼ਤਰਨਾਕ ਹੁੰਦਾ ਹੈ ਕਿਉਂਕਿ ਖਾਧਾ ਹੋਇਆ ਲੂਣ ਸ਼ਾਇਦ ਜਲੋਧਰ ਜਾਂ ਦਿਲ ਰੋਕਣ ਵਰਗੀ ਹਾਲਤ ਪੈਦਾ ਕਰ ਸਕਦਾ ਹੋਵੇ। ਪ੍ਰੋਟੀਨ ਅਸੰਤੁਲਿਤ ਆਹਾਰ, ਅਸੰਤੁਲਿਤ ਖ਼ੁਰਾਕ, ਚਮੜੀ ਵਿਚੋਂ ਪ੍ਰੋਟੀਨ ਦਾ ਜ਼ਾਇਆ ਹੋਣਾ (ਜਿਵੇਂ ਸੜਨ ਵੇਲੇ) ਜਾਂ ਪਿਸ਼ਾਬ ਰਾਹੀਂ ਘੱਟ ਜਾਣਾ (nephrotie syndrome) ਜਾਂ ਅੰਤੜੀਆਂ (enteropathic hyperolbumineria) ਆਦਿ ਰਾਹੀਂ ਵੀ ਹੋ ਸਕਦਾ ਹੈ।

ਜਲੋਧਰ ਕੁਦਰਤੀ ਜਾਂ ਆਦਮੀ ਦੁਆਰਾ ਪੈਦਾ ਕੀਤੇ ਹੋਏ ਐਂਡੋਕਾਈਨ ਵਿਗਾੜਾਂ ਕਾਰਨ ਵੀ ਹੋ ਸਕਦਾ ਹੈ। ਵਿਆਪਕ ਜਲੋਧਰ ਗਰਭ ਸਮੇਂ ਵੀ ਹੋ ਸਕਦਾ ਹੈ ਜਿਵੇਂ ਪ੍ਰੀ-ਐਕਲੈਂਜ਼ੀਆ ਜਾਂ ਟਾਕਸੀਮੀਆ ਆਦਿ ਵਿਚ। ਇਹ ਮਨੋਰੋਗ ਵਾਲੀਆਂ ਇਸਤਰੀਆਂ ਵਿਚ ਵੀ ਹੋ ਸਕਦਾ ਹੈ। ਇਹ ਆਮ ਤੌਰ ਤੇ ਸਟੈਰਾੱਇਡ ਹਾਰਮੋਨ ਦੇ ਇਲਾਜ ਕੀਤੇ ਜਾਣ ਵੇਲੇ ਵੀ ਸਹਿ-ਅਸਰ ਵਜੋਂ ਪੈਦਾ ਹੋ ਸਕਦਾ ਹੈ ਅਤੇ ਇਹ ਸ਼ੱਕਰ ਦੀ ਬੀਮਾਰੀ ਵਾਲੀਆਂ ਮਾਵਾਂ ਦੇ ਨਵ-ਜੰਮੇ ਬੱਚਿਆਂ ਵਿਚ ਦੇਖਿਆ ਜਾ ਸਕਦਾ ਹੈ।

**ਸਥਾਨਕੀ ਜਲੋਧਰ**—ਇਹ ਤਰਲ ਦੇ ਸਥਾਨ-ਅੰਤਰਨ ਤੋਂ ਆਮ ਤੌਰ ਤੇ ਪੈਦਾ ਹੁੰਦਾ ਹੈ। ਇਸ ਵਿਚ ਸਰੀਰਕ ਪਾਣੀ ਜਾਂ ਤਾਂ ਤਬਦੀਲ ਨਹੀਂ ਹੁੰਦਾ ਜਾਂ ਫਿਰ ਬਹੁਤ ਥੋੜ੍ਹਾ ਹੀ ਵਧਦਾ ਹੈ। ਇਹ ਨਾੜੀ ਸ਼ਿਰਾਵਾਂ ਦੀ ਜੀਰਨ ਸ਼ਕਤੀ ਵਿਚ ਸਥਾਨਕੀ ਤਬਦੀਲੀਆਂ ਵੇਲੇ ਜੋ ਕਈ ਤਰ੍ਹਾਂ ਦੀਆਂ ਸੱਟਾਂ ਕਾਰਨ ਪੈਦਾ ਹੁੰਦੀਆਂ ਹਨ, ਕਾਰਨ ਵੀ ਜਲੋਧਰ ਹੋ ਸਕਦਾ ਹੈ ਜਿਵੇਂ (1) ਜ਼ਹਿਰੀਲੇ ਪਦਾਰਥਾਂ ਦਾ ਸਰੀਰ ਵਿਚ ਦਾਖ਼ਲ ਹੋਣਾ (ਜਿਵੇਂ ਮੱਛਰ ਦੇ ਕੱਟਣ ਨਾਲ ਉਹ ਥਾਂ ਸੁੱਜ ਜਾਂਦੀ ਹੈ)। (2) ਤੰਤੂ ਵਿਚ ਹਿਸਟੇਮੀਨ ਦੇ ਚਲੇ ਜਾਣ ਨਾਲ ਐਲਰਜਿਕ ਪ੍ਰਤੀਕਿਰਿਆਵਾਂ ਨਾਲ, (3) ਖ਼ੂਨ ਦੇ ਨਾੜੀਆਂ ਵਿਚ ਵਾਪਸ ਆਉਣ ਵਿਚ ਰੁਕਾਵਟ (ਥਰੋਂਬੋਫੈਨਬਾਈਟਿਸ ਜਾਂ ਗਿਲਟੀਆਂ ਦੁਆਰਾ ਨਾੜੀਆਂ ਉਪਰ ਦਬਾਉ ਕਾਰਨ, ਅਤੇ (4) ਲਸੀਕਾ ਸਿਸਟਮ ਵਿਚ ਰੁਕਾਵਟ ਕਾਰਨ (ਜਿਵੇਂ ਐਲਫਿਟੈਸਿਸ ਜੋ ਫਿਲੇਰੀਏਸਿਸ ਕਾਰਨ ਹੁੰਦੀ ਹੈ)।

ਸਰੀਰ ਦੀਆਂ ਖ਼ਾਲੀ ਥਾਵਾਂ ਵਿਚ ਪਾਣੀ ਉਸ ਸਮੇਂ ਹੀ ਇਕੱਠਾ ਹੋ ਜਾਂਦਾ ਹੈ ਜਦੋਂ ਇਨ੍ਹਾਂ ਖ਼ਾਲੀ ਥਾਵਾਂ ਵਿਚ ਸੋਜ ਆ ਜਾਂਦੀ ਹੈ ਜਾਂ ਇਨ੍ਹਾਂ ਤੇ ਕੈਂਸਰ ਹਾਵੀ ਹੋ ਜਾਂਦਾ ਹੈ। ਇਨ੍ਹਾਂ ਹਾਲਤਾਂ ਨੂੰ, ਫਿਰ ਵੀ ਜਲੋਧਰ ਨਹੀਂ ਕਿਹਾ ਜਾਂਦਾ। ਪਲੀਓਰਲ ਅਤੇ ਪੈਰੀਕਾਰਡੀਅਲ ਵਹਾਉ ਵੀ ਆਮ ਜਲੋਧਰ ਪਰੰਤੂ ਜੋੜਾਂ ਵਿਚਲੇ ਵਹਾਉ ਦੋਵੇਂ ਆਮ ਨਹੀਂ ਹੁੰਦੇ ਅਤੇ ਇਹ ਕੇਵਲ ਜੋੜਾਂ ਦੇ ਵਿਗਾੜ ਵਿਚ ਹੀ ਮਿਲ ਸਕਦੇ ਹਨ। ਨਾੜੀਆਂ ਦੀ ਰੁਕਾਵਟ ਜਾਂ ਲਿੰਫ ਚੈਨਲ ਵੀ ਤਰਲਾਂ ਦਾ ਵਹਾਉ ਕਰ ਸਕਦੇ ਹਨ।

ਜਲੋਧਰ ਦਾ ਇਲਾਜ ਇਸ ਨੂੰ ਪੈਦਾ ਕਰਨ ਵਾਲੇ ਕਾਰਨਾਂ ਨੂੰ ਠੀਕ ਕਰਕੇ ਹੀ ਹੋ ਸਕਦਾ ਹੈ ਜਿਵੇਂ ਗੁਰਦੇ ਜਾਂ ਦਿਲ ਦੇ ਕੰਮ ਨੂੰ ਦਰੁਸਤ ਕਰਨਾ ਆਦਿ।

ਹ. ਪੁ.—ਐਨ. ਬ੍ਰਿ. 7 : 965

**ਜਲੌਨ** : ਇਹ ਉੱਤਰੀ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਝਾਂਸੀ ਖੰਡ ਦਾ ਇਕ ਜ਼ਿਲ੍ਹਾ ਹੈ। ਉਰਾਈ ਸ਼ਹਿਰ ਇਸ ਦਾ ਸਦਰਮੁਕਾਮ ਹੈ। ਇਸ ਦੇ ਉੱਤਰ-ਉੱਤਰ-ਪੂਰਬ ਵੱਲ ਇਸੇ ਹੀ ਰਾਜ ਦਾ ਇਟਾਵਾ ਅਤੇ ਕਾਨਪੁਰ ਜ਼ਿਲ੍ਹੇ, ਦੱਖਣ ਵੱਲ ਹਮੀਰਪੁਰ ਜ਼ਿਲ੍ਹਾ ਅਤੇ ਪੱਛਮ ਵੱਲ ਮੱਧ ਪ੍ਰਦੇਸ਼ ਰਾਜ ਦਾ ਗਵਾਲੀਅਰ ਜ਼ਿਲ੍ਹਾ ਲੱਗਦਾ ਹੈ। ਇਸ ਦੇ ਉੱਤਰ ਵੱਲ ਜਮਨਾ ਦਰਿਆ ਇਸ ਜ਼ਿਲ੍ਹੇ ਦੀ ਹੱਦ ਬਣਾਉਂਦਾ ਹੈ। ਇਸ ਦਾ ਕੁੱਲ ਖੇਤਰਫਲ 4549 ਵ. ਕਿ. ਮੀ. (1,756 ਵ. ਮੀਲ) ਹੈ ਅਤੇ ਆਬਾਦੀ 12,19,377 (1991) ਹੈ। ਇਸ ਦਾ ਸਾਰੇ ਦਾ ਸਾਰਾ ਖੇਤਰ ਗੰਗਾ ਦੇ ਮੈਦਾਨ (ਥੋਟ) ਵਿਚ ਪੈਂਦਾ ਹੈ। ਬੇਟਵਾ ਨਹਿਰੀ ਪ੍ਰਣਾਲੀ ਦੁਆਰਾ ਜ਼ਿਲ੍ਹੇ ਦੀ ਸਿੰਜਾਈ ਕੀਤੀ ਜਾਂਦੀ ਹੈ। ਕਣਕ, ਛੋਲੇ ਅਤੇ ਸਰ੍ਹੋਂ ਜ਼ਿਲ੍ਹੇ ਦੀਆਂ ਮੁੱਖ ਫ਼ਸਲਾਂ ਹਨ। ਕਾਲਪੀ ਸ਼ਹਿਰ ਦੇ ਨਜ਼ਦੀਕ ਕਿੱਕਰਾਂ ਉਗਾਈਆਂ ਜਾਂਦੀਆਂ ਹਨ। ਜ਼ਿਲ੍ਹੇ ਦਾ ਔਸਤ ਤਾਪਮਾਨ ਜਨਵਰੀ ਵਿਚ 18° ਸੈਂ. ਤੋਂ ਲੈ ਕੇ ਮਈ ਵਿਚ 36° ਸੈਂ. ਵਿਚਕਾਰ ਰਹਿੰਦਾ ਹੈ। ਸਾਰੇ ਜ਼ਿਲ੍ਹੇ ਵਿਚ ਸਾਲਾਨਾ ਔਸਤ ਵਰਖਾ 80° ਸੈਂ. ਮੀ. ਹੁੰਦੀ ਹੈ। ਜ਼ਿਲ੍ਹੇ ਦਾ ਜਲਵਾਯੂ ਗਰਮ ਖ਼ੁਸ਼ਕ ਹੈ। ਇਥੇ ਕਈ ਕਿਸਮ ਦੇ ਜੰਗਲੀ ਜਾਨਵਰ ਮਿਲਦੇ ਹਨ ਜਿਨ੍ਹਾਂ ਵਿਚ ਜੰਗਲੀ ਸੂਰ, ਰੋਝ ਅਤੇ ਲੱਕੜਬੱਗੇ ਆਦਿ ਮੁੱਖ ਹਨ।

ਜ਼ਿਲ੍ਹੇ ਵਿਚ ਪੁਰਾਣੀਆਂ ਯਾਦਗਾਰੀਆਂ ਥਾਵਾਂ ਬਹੁਤ ਘੱਟ ਹਨ। ਕੇਵਲ ਉਰਾਈ ਦੇ ਸਥਾਨ ਤੇ ਥੋੜ੍ਹੇ ਜਿਹੇ ਉੱਕਰੇ ਹੋਏ ਥੰਮ੍ਹ ਅਤੇ ਪੱਥਰ ਮਿਲੇ ਹਨ ਜਿਹੜੇ ਸ਼ਾਇਦ ਚੰਦੇਲ ਰਾਜਿਆਂ ਦੇ ਸਮੇਂ ਦੇ ਹਨ। ਕਾਲਪੀ ਸ਼ਹਿਰ ਵਿਚ ਕਈ ਮੁਸਲਮਾਨੀ ਮਕਬਰੇ ਹਨ। ਉਰਾਈ ਸ਼ਹਿਰ ਜ਼ਰਾਇਤੀ ਉਪਜਾਂ ਦਾ ਵਪਾਰਕ ਕੇਂਦਰ ਹੈ। ਇਸ ਤੋਂ 18 ਕਿ. ਮੀ. ਉੱਤਰ-ਪੱਛਮ ਵੱਲ ਜਲੌਨ ਸ਼ਹਿਰ ਹੈ ਜਿਸ ਦੇ ਨਾਂ ਤੇ ਹੀ ਇਸ ਜ਼ਿਲ੍ਹੇ ਦਾ ਨਾਂ ਰੱਖਿਆ ਗਿਆ ਹੈ।

ਹ. ਪੁ.—ਇੰਪ. ਗ. ਇੰਡ. 14: 17; ਹਿੰ. ਵਿ. ਕੋ. 4: 489; ਐਨ. ਬ੍ਰਿ. ਮਾ. 5: 504

**ਜਵਹਾਰ** : ਪੱਛਮੀ ਭਾਰਤ ਵਿਚ ਬੰਬਈ ਦੀ ਇਕ ਸਾਬਕਾ ਰਿਆਸਤ ਹੁੰਦੀ ਸੀ। ਰਿਆਸਤ ਦਾ ਕੁੱਲ ਰਕਬਾ 794 ਵ. ਕਿ. ਮੀ. (310 ਵ. ਮੀਲ) ਸੀ। ਇਸ ਵਿਚ 108 ਪਿੰਡ ਹੁੰਦੇ ਸਨ। ਰਿਆਸਤ ਦੇ ਦੋ ਅਸਾਵੇਂ ਇਲਾਕੇ ਸਨ। ਰਿਆਸਤ ਦਾ ਵੱਡਾ ਹਿੱਸਾ ਥਾਨਾ ਜ਼ਿਲ੍ਹੇ ਦੇ ਉੱਤਰ-ਪੂਰਬੀ ਹਿੱਸੇ ਵਿਚ ਅਤੇ ਛੋਟਾ ਹਿੱਸਾ ਉੱਤਰ-ਪੱਛਮੀ ਹਿੱਸੇ ਵਿਚ ਪੈਂਦਾ ਸੀ। ਬੰਬਈ, ਬੜੌਦਾ ਅਤੇ ਕੇਂਦਰੀ ਭਾਰਤੀ ਰੇਲਵੇ ਇਸ ਰਿਆਸਤ ਦੇ ਛੋਟੇ ਹਿੱਸੇ ਦੀ ਪੱਛਮੀ ਸਰਹੱਦ ਦੇ ਬਿਲਕੁਲ ਨਾਲ ਦੀ ਲੰਘਦੀ ਸੀ।

ਦੱਖਣ ਵੱਲ ਮੁਸਲਮਾਨਾਂ ਸਮੇਂ 1294 ਈ. ਦੇ ਅਖ਼ੀਰ ਤੱਕ ਇਸ ਰਿਆਸਤ ਉੱਤੇ ਇਕ ਵਾਰਲੀ ਸਰਦਾਰ ਦਾ ਕਬਜ਼ਾ ਹੁੰਦਾ ਸੀ। ਪਹਿਲਾ ਕੋਲੀ ਸਰਦਾਰ, ਪਾਉਪੇਰਾ ਜਿਸ ਨੂੰ ਜਯਬਾ ਵੀ ਕਿਹਾ ਜਾਂਦਾ ਹੈ, ਨੇ ਦੀਦੋ ਦੀ ਤਰ੍ਹਾਂ ਹੀ ਚਾਲ ਖੇਡੀ ਅਤੇ ਇਕ ਸਾਨ੍ਹ ਦੀ ਖੱਲ ਜਿੰਨੀ ਧਰਤੀ ਰੋਕ ਸਕਦੀ ਸੀ, ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ। ਕੋਲੀ ਸਰਦਾਰ ਨੇ ਸਾਨ੍ਹ ਦੀ ਖੱਲ ਦੀਆਂ ਕਈ ਕਾਤਰਾਂ ਬਣਾ ਲਈਆਂ ਅਤੇ ਇਸ ਤਰੀਕੇ ਨਾਲ ਰਿਆਸਤ ਦਾ ਇਲਾਕਾ ਵਲ ਲਿਆ ਅਤੇ ਪੱਕੇ ਪੈਰੀਂ ਰਿਆਸਤ ਤੇ ਕਾਬਜ਼ ਹੋ ਗਿਆ। ਜਯਬਾ ਦੀ ਮੌਤ ਉਪਰੰਤ ਉਸ ਦਾ ਪੁੱਤਰ ਨੀਮ ਸ਼ਾਹ ਰਾਜਗੱਦੀ ਤੇ ਬੈਠਾ ਅਤੇ ਦਿੱਲੀ ਦੇ ਬਾਦਸ਼ਾਹ ਨੇ ਉਸ ਨੂੰ ਰਾਜੇ ਦਾ ਖ਼ਿਤਾਬ ਪ੍ਰਦਾਨ ਕੀਤਾ। ਜਵਹਾਰ ਰਿਆਸਤ ਦੇ ਇਤਿਹਾਸ ਅੰਦਰ ਇਹ ਘਟਨਾ ਇੰਨੀ ਮਹੱਤਵਪੂਰਨ ਸੀ ਕਿ 5 ਜੂਨ, 1343 ਦੇ ਦਿਹਾੜੇ ਜਿਸ ਦਿਨ ਨੀਮ ਸ਼ਾਹ ਨੂੰ ਰਾਜੇ ਦਾ ਖ਼ਿਤਾਬ ਮਿਲਿਆ ਸੀ, ਇਕ ਨਵੇਂ ਯੁੱਗ ਦਾ ਆਰੰਭ ਹੋਇਆ ਅਤੇ ਇਹੀ ਤਾਰੀਖ਼ ਰਿਆਸਤ ਦੇ ਸਰਕਾਰੀ ਦਸਤਾਵੇਜ਼ਾਂ ਵਿਚ ਵਰਤੀ ਜਾਂਦੀ ਰਹੀ। ਅਹਿਮਦਾਬਾਦ ਦੇ ਸੁਲਤਾਨਾਂ ਜਿਨ੍ਹਾਂ ਦੇ ਕਬਜ਼ੇ ਵਿਚ ਥਾਨਾ ਦਾ ਸਮੁੰਦਰੀ ਤਟ ਹੁੰਦਾ ਸੀ, ਨੇ ਦਖ਼ਲਅੰਦਾਜ਼ੀ ਤਾਂ ਕੀਤੀ ਪਰ ਜਵਹਾਰ ਰਿਆਸਤ ਦੇ ਅੰਤਰ-ਦੇਸ਼ੀ ਹਿੱਸੇ ਵਿਚ ਬਹੁਤ ਘੱਟ ਦਖ਼ਲ ਦਿੱਤਾ। ਐਪਰ ਪੁਰਤਗੇਜ਼ੀਆਂ ਨਾਲ ਇਕ ਨਿਰੰਤਰ ਜਦੋਜਹਿਦ ਸ਼ੁਰੂ ਹੋ ਗਈ ਜਿਹੜੀ

ਪੁਰਤਗੇਜ਼ੀਆਂ ਦੀ ਅਧੋਗਤੀ ਤੱਕ ਚਲਦੀ ਰਹੀ। ਇਸ ਸਮੇਂ ਜਵਾਹਰ ਰਿਆਸਤ ਦੇ ਮੁਖੀ ਜਿਸ ਨੇ ਮੁਗ਼ਲ ਜਰਨੈਲਾਂ ਨਾਲ ਗੱਠ-ਜੋੜ ਕਰਕੇ ਉਨ੍ਹਾਂ ਤੋਂ ਮਦਦ ਪ੍ਰਾਪਤ ਕੀਤੀ ਹੋਈ ਸੀ, ਉੱਤਰੀ ਕੋਨਕਨ ਵਿਚ ਪੈਂਦੀਆਂ ਪੁਰਤਗੇਜ਼ੀ ਮੱਲਾਂ ਨੂੰ ਲੁੱਟਣ ਵਿਚ ਕਾਮਯਾਬ ਹੋ ਗਿਆ। ਇਸ ਦੇ ਨਾਲ ਹੀ ਉਸਨੇ ਆਪਣੇ ਇਲਾਕੇ ਦਾ ਬਸੀਨ ਤੋਂ ਲੈ ਕੇ ਦਾਹਾਨੂੰ ਤੱਕ ਵਿਸਥਾਰ ਕਰ ਲਿਆ। ਬਾਅਦ ਵਿਚ ਮਰਹੱਟਿਆਂ ਜਿਨ੍ਹਾਂ ਨੇ ਇਸ ਰਿਆਸਤ ਉੱਤੇ ਕਈ ਵਾਰ ਹਮਲੇ ਕੀਤੇ ਸਨ, ਨੇ ਇਥੋਂ ਦੇ ਸਰਦਾਰ ਤੋਂ ਉਸ ਦੇ ਇਲਾਕੇ ਦਾ ਕੁਝ ਹਿੱਸਾ ਖੋਹ ਲਿਆ ਅਤੇ ਉਸ ਤੋਂ ਜ਼ਬਰਦਸਤੀ ਖਿਰਾਜ ਪ੍ਰਾਪਤ ਕੀਤਾ। ਰਿਆਸਤ ਦਾ ਉੱਤਰਾਧਿਕਾਰ ਜੇਠਾਧਿਕਾਰ ਦੇ ਨਿਯਮ ਅਨੁਸਾਰ ਹੀ ਚਲਦਾ ਰਿਹਾ। ਸੰਨ 1890 ਵਿਚ ਕੁਦਰਤੀ ਵਾਰਸ ਨਾ ਹੋਣ ਦੀ ਸੂਰਤ ਵਿਚ, ਮੁਤਬੰਨਾ ਬਣਾਉਣ ਦੇ ਅਧਿਕਾਰ ਸਬੰਧੀ ਸੱਨਦ ਦਿੱਤੀ ਗਈ। ਇਥੋਂ ਦਾ ਰਾਜਾ ਸਰਕਾਰ ਨੂੰ ਕੇਵਲ ਨਜ਼ਰਾਨਾ (ਜਾਂਨਸ਼ੀਨੀ ਫ਼ੀਸ) ਹੀ ਪੇਸ਼ ਕਰਦਾ ਸੀ।

ਪਿੰਡ ਜਵਾਹਰ ਜਿਹੜਾ ਸਮੁੰਦਰੀ ਸਤਹ ਤੋਂ 457 ਮੀ. (1500 ਫੁੱਟ) ਦੀ ਉਚਾਈ ਤੇ ਵਾਕਿਆ ਹੈ, ਬਹੁਤ ਸਿਹਤਵਰਧਕ ਅਤੇ ਕਾਫ਼ੀ ਠੰਢਾ ਹੈ। ਇਸ ਰਿਆਸਤ ਵਿਚ ਕੇਵਲ ਭੋਪਤਗੜ੍ਹ ਦਾ ਥੇਹ ਬਣਿਆ ਕਿਲਾ ਜੋ ਜਵਾਹਰ ਪਿੰਡ ਦੇ 16 ਕਿ. ਮੀ. (ਲ. 10 ਮੀਲ) ਦੱਖਣ-ਪੂਰਬ ਵੱਲ ਸਥਿਤ ਹੈ, ਇਕੋ ਇਕ ਦਿਲਚਸਪ ਥਾਂ ਹੈ।

ਹ. ਪੁ.–ਇੰਪ. ਗ. ਇੰਡ. 14 : 87

**ਜਵਾਹਰ ਸਿੰਘ (ਕਪੂਰ)** : ਇਹ ਲਾਹੌਰ ਵਿਖੇ 1879 ਈ. ਵਿਚ ਨਵੀਂ ਬਣੀ ਸਿੰਘ ਸਭਾ ਦੇ ਪੜ੍ਹੇ ਲਿਖੇ ਅਤੇ ਸਰਗਰਮ ਵਿਅਕਤੀਆਂ ਵਿਚੋਂ ਇਕ ਸੀ। ਇਹ ਜਾਤ ਦਾ ਖੱਤਰੀ ਸਿੱਖ ਸੀ ਅਤੇ ਉੱਤਰ-ਪੱਛਮੀ ਰੇਲਵੇ ਵਿਚ ਬਤੌਰ ਕਲਰਕ ਕੰਮ ਕਰਦਾ ਸੀ।

ਇਕ ਵਾਰ ਇਸ ਨੇ ਅੰਮ੍ਰਿਤਸਰ ਵਿਚ ਸਿੱਖਾਂ ਨੂੰ ਕਿਹਾ ਕਿ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਕੋਲ ਸੰਸਕ੍ਰਿਤ ਅਤੇ ਕੁਰਾਨ ਦੀ ਸਿੱਖਿਆ ਲਈ ਆਪਣੀਆਂ-ਆਪਣੀਆਂ ਸੰਸਥਾਵਾਂ ਹਨ ਪਰ ਸਿੱਖਾਂ ਕੋਲ ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਹਾਸਲ ਕਰਨ ਲਈ ਆਪਣਾ ਕੋਈ ਸਕੂਲ ਨਹੀਂ। ਨਤੀਜੇ ਵਜੋਂ ਸਿੱਖਾਂ ਨੇ ਅੰਮ੍ਰਿਤਸਰ ਵਿਖੇ 5 ਮਾਰਚ, 1892 ਨੂੰ ਖ਼ਾਲਸਾ ਕਾਲਜ ਦੀ ਸ਼ਥਾਪਨਾ ਕੀਤੀ ਜਿਸ ਦਾ ਸਕੱਤਰ ਇਹ ਆਪ ਬਣਿਆ।

ਹ. ਪੁ.–ਹਿ. ਸਿ.–ਖ਼ੁ. ਸਿੰਘ 2: 142

**ਜਵਾਹਰ ਲਾਲ ਨਹਿਰੂ** : ਵੇਖੋ ਨਹਿਰੂ, ਜਵਾਹਰ ਲਾਲ

**ਜਵਾਦੀ ਪਹਾੜੀਆਂ** : ਭਾਰਤ ਦੇ ਤਾਮਿਲਨਾਡੂ ਰਾਜ ਵਿਚ ਪਹਾੜੀਆਂ ਦਾ ਇਹ ਇਕ ਵੱਖਰਾ ਜਿਹਾ ਸਮੂਹ ਹੈ। ਇਨ੍ਹਾਂ ਪਹਾੜੀਆਂ ਦਾ ਬਹੁਤਾ ਹਿੱਸਾ ਰਾਜ ਦੇ ਉੱਤਰੀ ਅਰਕਾਟ ਜ਼ਿਲ੍ਹੇ ਵਿਚ ਪੈਂਦਾ ਹੈ ਪਰ ਪਰਬਤੀ ਵਧਾਉ ਦੱਖਣੀ ਅਰਕਾਟ ਅਤੇ ਸੇਲਮ ਜ਼ਿਲ੍ਹਿਆਂ ਦੇ ਅੰਦਰ ਤੱਕ ਵਧੇ ਹੋਏ ਹਨ। ਉੱਤਰੀ ਅਰਕਾਟ ਜ਼ਿਲ੍ਹੇ ਵਿਚ ਕੁਝ ਚੋਟੀਆਂ 914 ਮੀ. (3,000 ਫੁੱਟ) ਤੋਂ ਵੀ ਉੱਚੀਆਂ ਚਲੀਆਂ ਜਾਂਦੀਆਂ ਹਨ। ਇਥੋਂ ਪਾਲਾਰ ਦਰਿਆ ਦੀ ਵਿਸ਼ਾਲ ਵਾਦੀ, ਇਨ੍ਹਾਂ ਨੂੰ ਪੂਰਬੀ ਘਾਟਾਂ ਨਾਲੋਂ ਅਲੱਗ ਕਰ ਦਿੰਦੀ ਹੈ। ਇਹ ਵਾਦੀ ਅਮੂਰ ਦੇ ਨੇੜੇ, ਬੜੀ ਤੰਗ ਹੋ ਜਾਂਦੀ ਹੈ ਅਤੇ ਇਥੇ ਇਹ ਪਹਾੜੀਆਂ ਅਤੇ ਪੂਰਬੀ ਘਾਟ ਆਪਸ ਵਿਚ ਲਗਭਗ ਮਿਲ ਹੀ ਜਾਂਦੇ ਹਨ। ਸੇਲਮ ਅੰਦਰ ਇਹ ਵਾਦੀ ਫਿਰ ਚੌੜੀ ਹੋ ਜਾਂਦੀ ਹੈ। ਇਹ ਪਹਾੜੀਆਂ ਕਈ ਛੋਟੀਆਂ-ਛੋਟੀਆਂ ਪਠਾਰਾਂ ਤੋਂ ਹੋਂਦ ਵਿਚ ਆਈਆਂ ਹਨ। ਉੱਤਰੀ ਅਰਕਾਟ ਦੀਆਂ ਇਨ੍ਹਾਂ ਪਠਾਰਾਂ ਉੱਤੇ ਤਾਮਿਲ ਭਾਸ਼ਾ ਬੋਲਣ ਵਾਲੇ ਮਲਿਆਲੀ ਕਬੀਲੇ ਦੇ ਲੋਕਾਂ ਦੇ 110 ਛੋਟੇ-ਛੋਟੇ ਪਿੰਡ ਵਸੇ ਹੋਏ ਹਨ। ਇਨ੍ਹਾਂ ਲੋਕਾਂ ਦੀ ਗਿਣਤੀ ਲਗਭਗ 10,000 ਹੈ। ਭਾਵੇਂ ਨਸਲ ਵਿਗਿਆਨ ਦੀ ਦ੍ਰਿਸ਼ਟੀ ਤੋਂ ਉਹ ਨੀਵੇਂ ਇਲਾਕੇ ਵਾਲੇ ਤਾਮਿਲਾਂ ਦੀ ਨਸਲ ਵਿਚੋਂ ਹੀ ਹਨ ਪਰ ਉਨ੍ਹਾਂ ਦੀ ਕਾਫ਼ੀ ਲੰਬੇ ਸਮੇਂ ਤੋਂ ਚਲਦੀ ਆ ਰਹੀ ਅਲਹਿਦਗੀ ਕਾਰਨ ਉਨ੍ਹਾਂ ਦੇ ਤੌਰ-ਤਰੀਕਿਆਂ ਵਿਚ ਬਹੁਤ ਫ਼ਰਕ ਆ ਗਿਆ ਹੈ। ਉਨ੍ਹਾਂ ਲੋਕਾਂ ਦੇ ਆਪਣੇ ਹੀ ਖ਼ਾਸ ਰਿਵਾਜ ਹਨ। ਮੁੱਖ ਪਰਬਤ-ਲੜੀ ਦੇ ਉਭਰਵੇਂ ਭਾਗ, ਉੱਤਰ-ਪੂਰਬੀ ਦਿਸ਼ਾ, ਵੱਲ ਨੂੰ ਵੈਲੂਰ ਕਸਬੇ ਤੱਕ ਫੈਲੇ ਹੋਏ ਹਨ ਪਰ ਜਿਉਂ ਹੀ ਇਹ ਉਭਰਵੇਂ ਭਾਗ ਪਾਲਾਰ ਦੇ ਨੇੜੇ ਪੁੱਜ ਜਾਂਦੇ ਹਨ ਤਾਂ ਇਨ੍ਹਾਂ ਦੀ ਉੱਚਾਈ ਘੱਟ ਜਾਂਦੀ ਹੈ। ਕੈਲਾਸ਼ਗੜ੍ਹ ਨਾਂ ਦੀ ਇਕ ਵੱਖਰੀ ਜਿਹੀ ਚੋਟੀ ਜਿਸ ਦੀ ਉਚਾਈ 846 ਮੀ. (2,743 ਫੁੱਟ) ਹੈ, ਵੈਲੂਰ ਤੋਂ ਲ. 10. ਕਿ. ਮੀ. (6 ਮੀਲ) ਹੈ ਅਤੇ ਇਸ ਦੇ ਸ਼ਿਖ਼ਰ ਤੇ ਬਣਿਆ ਇਕ ਛੋਟਾ ਜਿਹਾ ਬੰਗਲਾ, ਗਰਮੀ ਦੀ ਰੁੱਤ ਵੇਲੇ ਇਕ ਸੁਹਾਵਣਾ ਨਜ਼ਾਰਾ ਪੇਸ਼ ਕਰਦਾ ਹੈ। ਕਿਸੇ ਸਮੇਂ ਇਹ ਪਹਾੜੀਆਂ ਬਹੁਤ ਭਾਰੀ ਜੰਗਲਾਂ ਨਾਲ ਢੱਕੀਆਂ ਹੁੰਦੀਆਂ ਸਨ ਪਰ ਪਿੱਛੋਂ ਇਹ ਸਾਰਾ ਜੰਗਲ ਹੀ ਸਾਫ਼ ਕਰ ਦਿੱਤਾ ਗਿਆ। ਜੰਗਲ ਦਾ ਵਧੇਰੇ ਨੁਕਸਾਨ ਉਦੋਂ ਹੋਇਆ ਸੀ ਜਦੋਂ ਮਦਰਾਸ ਰੇਲਵੇ ਦੀ ਦੱਖਣ-ਪੱਛਮੀ ਲਾਈਨ ਵਿਛਾਈ ਜਾ ਰਹੀ ਸੀ। ਉਸ ਵੇਲੇ ਸਲੀਪਰ ਬਣਾਉਣ ਲਈ ਹੀ ਕਾਫ਼ੀ ਮਿਕਦਾਰ ਵਿਚ ਜੰਗਲ ਕੱਟਿਆ ਗਿਆ ਸੀ। ਹੁਣ ਇਨ੍ਹਾਂ ਜੰਗਲਾਂ ਨੂੰ ਬਹੁਤ ਸੁਰੱਖਿਅਤ ਰੱਖਿਆ ਜਾ ਰਿਹਾ ਹੈ। ਇਨ੍ਹਾਂ ਪਹਾੜੀਆਂ ਉੱਤੇ ਸ਼ਿਕਾਰ ਵੀ ਕਾਫ਼ੀ ਖੇਡਿਆ ਜਾ ਸਕਦਾ ਹੈ। ਜੰਗਲੀ ਸਾਨ੍ਹ, ਸਾਂਬਰ, ਡੱਬ-ਖੜੱਬੇ ਹਿਰਨ, ਚੀਤੇ ਅਤੇ ਕਦੇ-ਕਦਾਈਂ ਬਾਘ ਵੀ ਇਨ੍ਹਾਂ ਪਹਾੜੀਆਂ ਉੱਤੇ ਮਿਲਦੇ ਹਨ। ਮਦਰਾਸ ਪ੍ਰੈਜ਼ੀਡੈਂਸੀ ਵੇਲੇ ਇਨ੍ਹਾਂ ਪਹਾੜੀਆਂ ਉੱਤੇ ਨਸ਼ੀਲੇ ਗਾਂਜੇ ਦਾ ਉੱਤਪਾਦਨ ਕਰਨ ਦਾ ਲਸੰਸ ਦਿੱਤਾ ਗਿਆ। ਦੱਖਣੀ ਅਰਕਾਟ ਵਾਲੇ ਪਾਸੇ ਕਾਫ਼ੀ ਵੀ ਉਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਤਰਕਾਂਡ ਤੋਂ ਕੋਮਾਟੀਉਰ ਨੂੰ ਜਾਂਦਿਆਂ ਕੋਵਿਲਨੂਰ ਦੇ ਸਥਾਨ ਤੇ ਹਿੰਦੂ ਮੰਦਰਾਂ ਦੀਆਂ ਪਵਿੱਤਰ ਯਾਦਗਾਰਾਂ ਹਨ ਜਿਨ੍ਹਾਂ ਉੱਤੇ ਕੁਝ ਸ਼ਿਲਾਲੇਖ ਵੀ ਹਨ।

12° 18′ ਤੋਂ 12° 54′ ਉ. ਵਿਥ.; 78° 35′ ਤੋਂ 79° 11′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14: 84

**ਜਵਾਂ, ਮਿਰਜ਼ਾ ਕਾਸਿਮ ਅਲੀ** : ਇਹ ਉਰਦੂ ਦਾ ਉੱਘਾ ਗੱਦ ਲੇਖਕ ਸੀ। ਸੰਨ 1760 ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਦਿੱਲੀ ਤੇ ਧਾਵਾ ਬੋਲਿਆ ਤਾਂ ਇਹ ਲਖਨਊ ਚਲਾ ਗਿਆ। ਸੰਨ 1800 ਵਿਚ ਇਹ ਕਲਕੱਤੇ ਦੇ ਫੋਰਟ ਵਿਲੀਅਮ ਕਾਲਜ ਵਿਚ ਅਧਿਆਪਕ ਲੱਗ ਗਿਆ। ਇਸ ਸਮੇਂ ਦੌਰਾਨ ਇਸਨੇ ਕਈ ਪੁਸਤਕਾਂ ਦਾ ਉਰਦੂ ਵਿਚ ਅਨੁਵਾਦ ਕੀਤਾ। ਇਸਨੇ ਕਾਲੀਦਾਸ ਦੀ ਪੁਸਤਕ ਅਭਿਗਿਆਨ ਸ਼ਾਕੁੰਤਲਮ ਦਾ ਬ੍ਰਜ ਭਾਸ਼ਾ ਵਿਚ ਅਨੁਵਾਦ ਕੀਤਾ ਜੋ ਸ਼ਲਾਘਾ ਯੋਗ ਹੈ। ਉਰਦੂ ਤੋਂ ਇਲਾਵਾ ਇਸ ਨੂੰ ਅਰਬੀ, ਫ਼ਾਰਸੀ ਅਤੇ ਬ੍ਰਜਭਾਸ਼ਾ ਤੇ ਚੰਗੀ ਮੁਹਾਰਤ ਸੀ।

ਸੰਨ 1851 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 4: 432

**ਜਵਾਰ (ਜੁਆਰ)** : ਇਹ ਅਨਾਜ ਚਾਰੇ, ਸ਼ਰਬਤ ਆਦਿ ਬਣਾਉਣ ਦੇ ਕੰਮ ਵਿਚ ਵਰਤੀ ਜਾਣ ਵਾਲੀ ਫ਼ਸਲ ਹੈ। ਇਹ ਫ਼ਸਲ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਉਗਾਈ ਜਾਂਦੀ ਹੈ। ਇਸ ਦਾ ਵਿਗਿਆਨਕ ਨਾਂ ਸੌਰਗਮ ਵਲਗੇਅਰ (**Sorgham vulgare**) ਹੈ। ਇਸ ਦਾ ਮੂਲ ਅਫ਼ਰੀਕਾ ਮੰਨਿਆ ਗਿਆ ਹੈ। ਅਨਾਜ ਲਈ ਉਗਾਈ ਜਾਂਦੀ ਫ਼ਸਲ ਨੂੰ ਕਈ ਤਰ੍ਹਾਂ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਦੁਰਾ,

ਇਜਿਪਸ਼ੀਅਨ ਕੱਰਨ, ਗ੍ਰੇਟ ਮਿਲਟ ਜਾਂ ਇੰਡੀਅਨ ਮਿਲਟ ਆਦਿ। ਭਾਰਤੀ ਉਪ-ਮਹਾਦੀਪ ਵਿਚ ਇਸ ਨੂੰ ਜਵਾਰ, ਚੌਲਮ ਜਾਂ ਜੋਨਾ ਕਿਹਾ



ਜਵਾਰ ਦਾ ਪੌਦਾ

ਜਾਂਦਾ ਹੈ ਅਤੇ ਵੈੱਸਟ ਇੰਡੀਜ਼ ਵਿਚ ਪੈੱਟ ਮਿਲਟ ਜਾਂ ਗਿਨੀ ਕੱਰਨ ਕਿਹਾ ਜਾਂਦਾ ਹੈ। ਚੀਨ ਅਤੇ ਮੰਚੂਰੀਆ ਵਿਚ ਇਸ ਨੂੰ ਕੇਓਲਿਆਂਗ ਕਿਹਾ ਜਾਂਦਾ ਹੈ। ਇਹ ਇਕ ਤਰ੍ਹਾਂ ਦਾ ਸਖ਼ਤ ਘਾਹ ਹੈ ਜੋ 0.7 ਮੀ. ਤੋਂ 2.5 ਮੀ. ਅਤੇ ਕਈ ਵਾਰ 5 ਮੀ. ਦੀ ਉਚਾਈ ਤੱਕ ਵੀ ਪੁੱਜ ਜਾਂਦਾ ਹੈ। ਇਸ ਦੇ ਤਣੇ ਅਤੇ ਪੱਤਿਆਂ ਉੱਪਰ ਇਕ ਚਿੱਟਾ ਜਿਹਾ ਧੂੜਾ ਲੱਗਾ ਹੁੰਦਾ ਹੈ। ਵੱਖ ਵੱਖ ਕਿਸਮਾਂ ਦੇ ਤਣੇ ਵਿਚਕਾਰਲੀ ਪਿੱਥ ਵਿਚ ਦੋਧਕ ਰਸ ਹੁੰਦਾ ਹੈ ਜਾਂ ਇਹ ਖੁਸ਼ਕ ਹੀ ਹੁੰਦੀ ਹੈ। ਇਹ ਰਸ ਮਿੱਠਾ ਜਾਂ ਫਿੱਕਾ ਹੁੰਦਾ ਹੈ। ਇਸ ਦੇ ਫੁੱਲਾਂ ਵਿਚਕਾਰ ਸਵੈ-ਪਰਾਗਣ ਆਮ ਹੁੰਦਾ ਹੈ ਪਰ ਕਈ ਹਾਲਤਾਂ ਵਿਚ ਪਰ-ਪਰਾਗਣ ਵੀ ਹੋ ਜਾਂਦਾ ਹੈ। ਇਸ ਦੇ ਦਾਣੇ ਅਕਸਰ ਸੁਤੰਤਰ ਹੁੰਦੇ ਹਨ ਜਾਂ ਫਿਰ ਫੋਕ ਵਿਚ ਹੁੰਦੇ ਹਨ। ਬਹੁਤ ਸਾਰੀਆਂ ਕਿਸਮਾਂ ਵਿਚ ਇਨ੍ਹਾਂ ਤੇ ਕਸੀਰ ਵੀ ਹੁੰਦੇ ਹਨ। ਇਸ ਦੇ ਬੀਜ ਗੋਲ, ਚਿਪਟੇ ਅਤੇ ਬਹੁਤ ਸਾਰੀਆਂ ਕਿਸਮਾਂ ਵਿਚ ਇਹ ਕਣਕ ਦੇ ਦਾਣਿਆਂ ਨਾਲੋਂ ਛੋਟੇ ਹੁੰਦੇ ਹਨ। ਇਨ੍ਹਾਂ ਦਾ ਰੰਗ ਚਿੱਟਾ, ਪੀਲਾ ਜਾਂ ਲਾਲ ਭੂਰਾ ਹੁੰਦਾ ਹੈ।

ਭਾਰਤ ਵਿਚ ਇਹ ਫ਼ਸਲ ਝੋਨੇ ਦੀ ਫ਼ਸਲ ਤੋਂ ਦੂਸਰੇ ਨੰਬਰ ਤੇ ਆਉਂਦੀ ਹੈ। ਇਹ ਮੱਧ ਅਤੇ ਦੱਖਣੀ ਭਾਰਤ ਦੇ ਖੁਸ਼ਕ ਇਲਾਕਿਆਂ ਵਿਚ ਗ਼ਰੀਬ ਲੋਕਾਂ ਦਾ ਮਨ ਭਾਉਂਦਾ ਭੋਜਨ ਹੈ। ਇਸ ਦੇ ਬੀਜਾਂ ਨੂੰ ਪੀਸ ਕੇ ਜਾਂ ਚੌਲਾਂ ਵਾਂਗ ਹੀ ਪਕਾ ਕੇ ਖਾਧਾ ਜਾਂਦਾ ਹੈ। ਇਸ ਦਾ ਪੀਸ ਕੇ ਬਣਾਇਆ ਭੋਜਨ ਕਣਕ ਨਾਲੋਂ ਘਟੀਆ ਕਿਸਮ ਦਾ ਹੁੰਦਾ ਹੈ। ਇਸ ਦਾ ਖ਼ਮੀਰਿਆ ਹੋਇਆ ਭੋਜਨ ਮਾਸੂਮਾਂ ਅਤੇ ਅਪਾਹਜ ਲੋਕਾਂ ਲਈ ਲਾਭਦਾਇਕ ਹੁੰਦਾ ਹੈ। ਇਸ ਦੇ ਹਰੇ ਜਾਂ ਸੁਕੇ ਤਣੇ ਪਸ਼ੂਆਂ ਲਈ ਆਹਾਰੀ ਖ਼ੁਰਾਕ ਦੇ ਕੰਮ ਆਉਂਦੇ ਹਨ। ਭਾਰਤ ਵਿਚ ਇਸ ਫ਼ਸਲ ਦੀ ਕਾਸ਼ਤ 42 ਮਿਲੀਅਨ ਏਕੜ ਖੇਤਰ ਵਿਚ ਕੀਤੀ ਜਾਂਦੀ ਅਤੇ ਸਾਲਾਨਾ ਪੈਦਾਵਾਰ ਲਗਭਗ 8.4 ਮਿਲੀਅਨ ਮੀ. ਟਨ ਦੇ ਕਰੀਬ ਹੁੰਦੀ ਹੈ।

ਇਹ ਫ਼ਸਲ ਦਰਮਿਆਨੀ ਬਾਰਸ਼ ਵਾਲੇ ਖੇਤਰਾਂ ਵਾਸਤੇ ਬਹੁਤ ਢੁਕਵੀਂ ਹੈ। ਇਸ ਫ਼ਸਲ ਲਈ 30 ਸੈਂ. ਮੀ. ਤੋਂ 100 ਸੈਂ. ਮੀ. ਬਾਰਸ਼ ਕਾਫ਼ੀ ਹੁੰਦੀ ਹੈ। ਔਸਤ ਤਾਪਮਾਨ 27° ਸੈਂ. ਤੋਂ 32° ਸੈਂ. ਲੋੜੀਂਦਾ ਹੈ ਪਰੰਤੂ ਕੁਝ ਕਿਸਮਾਂ ਅਰਧ ਖੁਸ਼ਕ ਖੇਤਰਾਂ ਵਿਚ 40 ਸੈਂ. ਤੋਂ 43 ਸੈਂ. ਤੱਕ ਵਧ ਤਾਪਮਾਨ ਤੇ ਵੀ ਹੋ ਜਾਂਦੀਆਂ ਹਨ। ਸਿਆਲੂ ਫ਼ਸਲ 15° ਸੈਂ. ਤੱਕ ਤਾਪਮਾਨ ਵੀ ਸਹਾਰ ਸਕਦੀ ਹੈ। ਇਹ ਫ਼ਸਲ 1000 ਮੀ. ਦੀ ਉੱਚਾਈ ਤੱਕ ਉਗਾਈ ਜਾ ਸਕਦੀ ਹੈ ਪਰ ਇਹ ਮੈਦਾਨਾਂ ਵਿਚ ਚੰਗੀ ਤਰ੍ਹਾਂ ਹੋ ਸਕਦੀ ਹੈ।

ਇਹ ਫ਼ਸਲ ਕਈ ਤਰ੍ਹਾਂ ਦੀਆਂ ਜ਼ਮੀਨਾਂ ਤੇ ਕਾਸ਼ਤ ਕੀਤੀ ਜਾ ਸਕਦੀ ਹੈ ਜਿਵੇਂ ਭਾਰੀ ਅਤੇ ਲਾਲ ਕਛਾਰੀ ਤੋਂ ਲਾਲ, ਸਲੇਟੀ ਤੇ ਪੀਲੀ ਚੀਕਣੀ ਅਤੇ ਰੇਤਲੀ ਜ਼ਮੀਨ ਆਦਿ। ਇਹ ਭਾਰੀਆਂ ਜ਼ਮੀਨਾਂ ਤੇ ਚੰਗੀ ਤਰ੍ਹਾਂ ਹੋ ਸਕਦੀ ਹੈ, ਇਸ ਲਈ ਕਪਾਹ ਵਾਲੀਆਂ ਕਾਲੀਆਂ ਜ਼ਮੀਨਾਂ ਵੀ ਚੰਗੀਆਂ ਹਨ।

**ਕਾਸ਼ਤ**—ਇਸ ਦੀ ਚੰਗੇਰੀ ਕਾਸ਼ਤ ਲਈ ਖੇਤ ਨੂੰ ਦੇਸੀ ਹਲ ਨਾਲ ਦੋ ਜਾਂ ਤਿੰਨ ਵਾਰ ਵਾਹਿਆ ਜਾਂਦਾ ਹੈ, ਖ਼ਾਸ ਕਰਕੇ ਕਛਾਰੀ ਭੌਂ ਵਿਚ ਅਤੇ ਦੂਸਰੇ ਇਲਾਕਿਆਂ ਵਿਚ ਇਸ ਨੂੰ ਬਲੇਡ ਹੈਰੋ ਦੀ ਮਦਦ ਨਾਲ ਸਵਾਰਿਆ ਜਾਂਦਾ ਹੈ। ਕਿਉਂਕਿ ਇਹ ਭਾਰੀ ਫ਼ਸਲ ਹੈ, ਇਸ ਲਈ ਆਮ ਤੌਰ ਤੇ ਇਸ ਨੂੰ ਰੂੜੀ ਲਗਭਗ $2\frac{1}{2}$ ਮੀ. ਟਨ ਪ੍ਰਤੀ ਏਕੜ ਖੁਸ਼ਕ ਖੇਤਰਾਂ ਵਿਚ ਅਤੇ 5 ਮੀ. ਟਨ ਦੇ ਕਰੀਬ ਸਿੰਜਾਈ ਵਾਲੀਆਂ ਹਾਲਤਾਂ ਵਿਚ ਦਿੱਤੀ ਜਾਂਦੀ ਹੈ। ਸਿੰਜਾਈ ਵਾਲੀ ਫ਼ਸਲ ਨੂੰ ਬੀਜਣ ਤੋਂ ਪਹਿਲਾਂ 50 ਤੋਂ 70 ਕਿ. ਗ੍ਰਾ. ਸੁਪਰਫ਼ਾਸਫ਼ੇਟ ਅਤੇ ਉਪਰੋਂ ਦੀ ਬੀਜਣ ਤੋਂ 6 ਹਫ਼ਤੇ ਬਾਅਦ ਅਮੋਨੀਅਮ ਸਲਫ਼ੇਟ 20 ਕਿ. ਗ੍ਰਾ. ਪਾ ਦਿੱਤੀ ਜਾਂਦੀ ਹੈ।

ਫ਼ਸਲ ਦੀ ਬੀਜਾਈ ਛੱਟੇ ਨਾਲ ਜਾਂ 30 ਤੋਂ 45 ਸੈਂ. ਮੀ. ਦੀ ਵਿੱਥ ਤੇ ਪੋਰ ਕੇ ਕੀਤੀ ਜਾਂਦੀ ਹੈ। ਕਤਾਰਾਂ ਵਿਚ ਬੀਜਾਈ ਜਾਂ ਤਾਂ ਹੱਥ ਨਾਲ ਜਾਂ ਪੋਰ ਨਾਲ ਕੀਤੀ ਜਾਂਦੀ ਹੈ। ਬੀਜ ਡਰਿੱਲਾਂ ਦੀ ਮਦਦ ਨਾਲ ਫ਼ਸਲ ਖੜ੍ਹਵੀਂ ਅਤੇ ਜ਼ਿਆਦਾ ਝਾੜ ਦਿੰਦੀ ਹੈ। ਚਾਰੇ ਵਾਲੀ ਫ਼ਸਲ ਆਮ ਤੌਰ ਤੇ ਛੱਟੇ ਦੁਆਰਾ ਹੀ ਬੀਜੀ ਜਾਂਦੀ ਹੈ। ਬੀਜ ਦਰ 2.5 ਕਿ. ਗ੍ਰਾ. ਤੋਂ 4.5 ਕਿ. ਗ੍ਰਾ. ਦਾਣਿਆਂ ਲਈ ਅਤੇ ਚਾਰੇ ਲਈ 23 ਤੋਂ 27.5 ਕਿ. ਗ੍ਰਾ. ਰੱਖੀ ਜਾਂਦੀ ਹੈ। ਫ਼ਸਲ ਨੂੰ ਕਾਂਗਿਆਰੀ ਤੋਂ ਬਚਾਉਣ ਲਈ ਇਸ ਨੂੰ ਪਾਊਡਰ ਸਲਫ਼ਰ ਨਾਲ ਮਲਿਆ ਜਾਂਦਾ ਹੈ। ਪੰਜ ਕਿ. ਗ੍ਰਾ. ਬੀਜ ਲਈ 150 ਗ੍ਰਾ. ਦਵਾਈ ਦੀ ਲੋੜ ਪੈਂਦੀ ਹੈ। ਫ਼ਸਲ ਵਿਚ ਵਾਧੂ ਜੜੀ-ਬੂਟੀਆਂ ਕੱਢਣ ਲਈ ਪਹਿਲੀ ਗੋਡੀ ਬੀਜਾਈ ਤੋਂ ਪੰਦਰਾਂ ਦਿਨ ਬਾਅਦ ਹੱਥ ਵਾਲੇ ਖੁਰਪਿਆਂ ਨਾਲ ਕੀਤੀ ਜਾਂਦੀ ਹੈ। ਛੱਟੇ ਵਾਲੀ ਫ਼ਸਲ ਦੀ ਇਕ ਗੋਡੀ ਹੋਰ ਕੀਤੀ ਜਾਂਦੀ ਹੈ। ਕਤਾਰਾਂ ਵਿਚ ਬੀਜੀ ਗਈ ਫ਼ਸਲ ਨੂੰ ਬਲਦਾਂ ਨਾਲ ਚਲਣ ਵਾਲੀ ਕੁਦਾਲੀ ਨਾਲ ਤਿੰਨ ਜਾਂ ਚਾਰ ਵਾਰ ਗੁਡਾਈ ਕੀਤੀ ਜਾਂਦੀ ਹੈ।

ਦਾਣਿਆਂ ਵਾਲੀ ਫ਼ਸਲ ਪੱਕਣ ਲਈ ਚਾਰ ਤੋਂ ਪੰਜ ਮਹੀਨੇ ਲੈਂਦੀ ਹੈ। ਇਸ ਨੂੰ ਦੋਧੀ, ਚਿਪਚਿਪੀ ਅਤੇ ਪੱਕੀ ਹੋਈ ਹਾਲਤ ਵਿਚ ਪੰਛੀਆਂ ਤੋਂ ਬਹੁਤ ਨੁਕਸਾਨ ਪਹੁੰਚਦਾ ਹੈ। ਇਸ ਵਕਤ ਇਸ ਨੂੰ ਪੰਛੀਆਂ ਤੋਂ ਬਚਾਉਣ ਲਈ ਜ਼ਰੂਰੀ ਸਾਧਨ ਅਪਣਾਉਣੇ ਚਾਹੀਦੇ ਹਨ। ਫ਼ਸਲ ਦੀ ਕਟਾਈ ਸਮੇਂ ਸਾਰੇ ਪੌਦੇ ਕੱਟ ਕੇ ਅਤੇ ਇਨ੍ਹਾਂ ਨੂੰ ਸੁਕਾਉਣ ਲਈ ਖੇਤ ਵਿਚ ਢੇਰ ਲਗਾ ਕੇ ਰੱਖ ਦਿੱਤਾ ਜਾਂਦਾ ਹੈ। ਸਿੱਟੇ ਕੱਟ ਕੇ ਗਹਾਈ ਵਾਲੇ ਖੇਤ ਵਿਚ ਲਿਜਾਏ ਜਾਂਦੇ ਹਨ। ਜਿਨ੍ਹਾਂ ਖੇਤਰਾਂ ਵਿਚ ਬਾਰਸ਼ ਦੇ ਡਰ ਨਾਲ ਬੀਜਾਂ ਦੇ ਖ਼ਰਾਬ ਹੋ ਜਾਣ ਦਾ ਡਰ ਹੋਵੇ ਉਥੇ ਸਿੱਟੇ ਕੱਟ ਕੇ ਗੋਦਾਮ ਵਿਚ ਰੱਖ ਲਏ ਜਾਂਦੇ ਹਨ ਅਤੇ ਟਾਂਡਿਆਂ ਨੂੰ ਫਿਰ ਕੱਟਿਆ

ਜਾਂਦਾ ਹੈ। ਗਹਾਈ ਤੋਂ ਪਹਿਲਾਂ ਵਿਸ਼ੇਸ਼ ਕਰਕੇ ਵੱਡੇ ਅਤੇ ਜ਼ਿਆਦਾ ਭਰੇ ਹੋਏ ਬੀਮਾਰੀ ਰਹਿਤ ਸਿੱਟੇ ਚੁਣ ਲਏ ਜਾਂਦੇ ਹਨ ਅਤੇ ਬੀਜਾਈ ਲਈ ਸਾਂਭ ਲਏ ਜਾਂਦੇ ਹਨ। ਗਹਾਈ ਥਰੈਸ਼ਰਾਂ ਨਾਲ ਜਾਂ ਬਲਦਾਂ ਨਾਲ ਕੀਤੀ ਜਾਂਦੀ ਹੈ। ਗਹਾਈ ਤੋਂ ਬਾਅਦ ਬੀਜ ਨੂੰ ਹਵਾ ਵਿਚ ਖਲਾਰ ਕੇ ਅਤੇ ਬਾਅਦ ਵਿਚ ਧੁੱਪ ਵਿਚ ਸੁਕਾ ਕੇ ਸਟੋਰ ਕਰ ਦਿੱਤਾ ਜਾਂਦਾ ਹੈ। ਚਾਰੇ ਵਾਲੀਆਂ ਕਿਸਮਾਂ ਫੁੱਲ ਪੈਣ ਤੋਂ ਬਾਅਦ ਕੱਟ ਲਈਆਂ ਜਾਂਦੀਆਂ ਹਨ। ਬੀਜ ਨਿਸ਼ਾਸਤਾ, ਡੈਕਸਟਰੋਜ਼, ਲੇਟੀ ਅਤੇ ਪੀਣ ਯੋਗ ਅਲਕੋਹਲ ਪਦਾਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਦੇ ਟਾਂਡੇ ਚਾਰੇ ਅਤੇ ਬਿਲਡਿੰਗ ਪਦਾਰਥ ਵਜੋਂ ਵੀ ਵਰਤੇ ਜਾਂਦੇ ਹਨ। ਮਿੱਠੀ ਜੁਆਰ ਪ੍ਰਮੁੱਖ ਤੌਰ ਤੇ ਸੰਯੁਕਤ ਰਾਜ ਅਮਰੀਕਾ ਅਤੇ ਦੱਖਣੀ ਅਫ਼ਰੀਕਾ ਵਿਚ ਬੀਜੀ ਜਾਂਦੀ ਹੈ ਜਿਸ ਤੋਂ ਸ਼ਰਬਤ ਤਿਆਰ ਕੀਤਾ ਜਾਂਦਾ ਹੈ।

ਹ. ਪੁ. -ਐਨ. ਬ੍ਰਿ. 21:2 ; ਹੈ. ਬੁ. ਐ. ਗੈ. : 174

**ਜਵਾਲਾ ਸਿੰਘ, ਬਾਬਾ**: ਇਹ ਪੰਜਾਬ ਦਾ ਉੱਘਾ ਆਜ਼ਾਦੀ ਘੁਲਾਟੀਆ ਸੀ। ਇਸ ਦਾ ਜਨਮ 19 ਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਠੱਠੀਆਂ ਪਿੰਡ ਵਿਚ ਸਰਦਾਰ ਕਨ੍ਹੱਈਆ ਸਿੰਘ ਦੇ ਘਰ ਹੋਇਆ। ਇਸ ਦਾ ਪਿਤਾ ਇਕ ਛੋਟਾ ਜਿਹਾ ਜ਼ਿਮੀਦਾਰ ਸੀ ਅਤੇ ਇਸ ਦਾ ਪਰਿਵਾਰ ਬੜੀ ਮੁਸ਼ਕਲ ਨਾਲ ਜੀਵਨ-ਨਿਰਬਾਹ ਕਰਦਾ ਸੀ। ਉਨ੍ਹਾਂ ਦਿਨਾਂ ਦੇ ਹੋਰ ਬਹੁਤ ਸਾਰੇ ਦਲੇਰ ਪੰਜਾਬੀ ਕਿਸਾਨਾਂ ਦੀ ਤਰ੍ਹਾਂ ਚੰਗੇ ਪੈਸਾ ਕਮਾਉਣ ਦੀ ਭਾਲ ਵਿਚ, ਇਹ ਵੀ ਵਿਦੇਸ਼ ਚਲਾ ਗਿਆ। ਸੰਨ 1905 ਵਿਚ ਇਹ ਭਾਰਤ ਤੋਂ ਰਵਾਨਾ ਹੋਇਆ ਅਤੇ ਚੀਨ, ਪਾਨਾਮਾ ਅਤੇ ਮੈਕਸੀਕੋ ਤੋਂ ਹੁੰਦਾ ਹੋਇਆ ਕੈਲਿਫੋਰਨੀਆ ਚਲਾ ਗਿਆ। ਇਥੇ ਪਹੁੰਚ ਕੇ ਇਸਨੇ ਕੁਝ ਭੂਮੀ ਖ਼ਰੀਦ ਲਈ ਅਤੇ ਬਾਬਾ ਵਸਾਖਾ ਸਿੰਘ ਦੇ ਸਹਿਯੋਗ ਨਾਲ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਕੈਲਿਫੋਰਨੀਆ ਵਿਚ ਕੁਝ ਸਾਲ ਰਹਿਣ ਤੋਂ ਬਾਅਦ ਇਸ ਨੇ ਕੁਝ ਹੋਰ ਸਿੱਖ ਆਬਾਦਕਾਰਾਂ ਨਾਲ ਮਿਲਕੇ ਇਕ ਸਭਿਆਚਾਰਕ ਕੇਂਦਰ ਦੀ ਲੋੜ ਮਹਿਸੂਸ ਕੀਤੀ ਜਿਥੇ ਕਿ ਉਹ ਕਿਸੇ ਸਮੇਂ ਇਕੱਠੇ ਹੋ ਕੇ ਆਪਣੇ ਸਾਂਝੇ ਮਾਮਲਿਆਂ ਤੇ ਵਿਚਾਰ ਵਟਾਂਦਰਾ ਕਰ ਸਕਣ। ਇਸ ਮਕਸਦ ਲਈ ਸਟਾਕਟਨ ਵਿਖੇ ਇਕ ਗੁਰਦੁਆਰਾ ਬਣਾਇਆ ਗਿਆ ਜੋ ਬਾਅਦ ਵਿਚ ਕ੍ਰਾਂਤੀਕਾਰੀ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਅਮਰੀਕਾ ਦੇ ਲੋਕਾਂ ਦੀ ਆਜ਼ਾਦੀ ਅਤੇ ਖੁਲ੍ਹ ਨੇ ਜਵਾਲਾ ਸਿੰਘ ਦੇ ਨੌਜਵਾਨ ਦਿਮਾਗ਼ ਉੱਤੇ ਡੂੰਘਾ ਪ੍ਰਭਾਵ ਪਾਇਆ। ਆਪਣੇ ਦੇਸ਼ ਦੇ ਲੋਕਾਂ ਵਿਚ ਇਹ ਭਾਵਨਾ ਪੈਦਾ ਕਰਨ ਦੇ ਇਰਾਦੇ ਨਾਲ ਇਸਨੇ ਭਾਰਤ ਤੋਂ ਚਾਰ ਵਿਦਿਆਰਥੀ ਉੱਥੇ ਪੜ੍ਹਨ ਲਈ ਬੁਲਾਏ ਅਤੇ ਉਨ੍ਹਾਂ ਦਾ ਸਾਰਾ ਖਰਚਾ ਇਸਨੇ ਆਪ ਦਿੱਤਾ। ਦੇਸ਼ ਭਗਤੀ ਦੀ ਭਾਵਨਾ ਕਾਰਨ ਇਹ ਕਾਫ਼ੀ ਪ੍ਰਸਿੱਧ ਹੋ ਗਿਆ ਅਤੇ ਭਾਰਤੀ ਆਬਾਦਕਾਰਾਂ ਦੁਆਰਾ ਸਥਾਪਿਤ ਕੀਤੀ ਸੰਸਥਾ 'ਇੰਡੀਅਨ ਐਸੋਸੀਏਸ਼ਨ' ਦੀ ਕੈਲਿਫੋਰਨੀਆ ਸ਼ਾਖਾ ਦਾ ਪ੍ਰਧਾਨ ਚੁਣਿਆ ਗਿਆ। ਸਥਾਨਕ ਵਸਨੀਕਾਂ ਦੇ ਕਠੋਰ ਅਤੇ ਪੱਖਪਾਤੀ ਵਤੀਰੇ ਨੇ ਉਨ੍ਹਾਂ ਵਿਚ ਪਾੜ ਪਾ ਦਿੱਤਾ ਅਤੇ ਇਸ ਮੁਸ਼ਕਲ ਵਿਚ ਭਾਰਤ ਦੀ ਬਰਤਾਨਵੀ ਸਰਕਾਰ ਦੇ ਹਮਦਰਦੀ ਰਹਿਤ ਵਤੀਰੇ ਨੇ ਜਵਾਲਾ ਸਿੰਘ ਅਤੇ ਉਸ ਦੇ ਸਾਥੀਆਂ ਦੇ ਮਨਾਂ ਵਿਚ ਇਕ ਸ਼ਕਤੀਸ਼ਾਲੀ ਭਾਵਨਾ ਪੈਦਾ ਕਰ ਦਿੱਤੀ ਕਿ ਉਨ੍ਹਾਂ ਦੀਆਂ ਸਾਰੀਆਂ ਮੁਸ਼ਕਲਾਂ ਅਤੇ ਕਠਿਨਾਈਆਂ ਦਾ ਮੁੱਖ ਕਾਰਨ ਉਨ੍ਹਾਂ ਦੀ ਰਾਜਨੀਤਿਕ ਅਧੀਨਤਾ ਸੀ।

ਉਸ ਸਮੇਂ ਸ਼ੁਰੂ ਹੋਏ ਪਹਿਲੇ ਵਿਸ਼ਵ-ਯੁੱਧ ਨੇ ਇਨ੍ਹਾਂ ਦੀ ਉਦੇਸ਼ ਪ੍ਰਾਪਤੀ ਲਈ ਲੋੜੀਂਦੇ ਮੌਕੇ ਪੈਦਾ ਕਰ ਦਿੱਤੇ। ਸਥਿੱਤੀ ਦਾ ਲਾਭ ਉਠਾਉਂਦੇ ਹੋਏ ਬਾਬਾ ਜਵਾਲਾ ਸਿੰਘ, ਬਾਬਾ ਵਸਾਖਾ ਸਿੰਘ, ਬਾਬਾ ਸੋਹਨ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਨੇ ਭਾਰਤ ਵਿਚ ਕ੍ਰਾਂਤੀ ਲਿਆਉਣ ਸਬੰਧੀ ਆਪਣੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਸ਼ਾਂਤ ਮਹਾਂਸਾਗਰ ਦੇ ਤਟ ਦੀ ਯਾਤਰਾ ਕੀਤੀ। ਨਤੀਜੇ ਵਜੋਂ ਗਦਰ ਪਾਰਟੀ ਹੋਂਦ ਵਿਚ ਆਈ।

ਭਾਰਤ ਵਿਚ ਹਥਿਆਰਬੰਦ ਵਿਦਰੋਹ ਦਾ ਪ੍ਰਬੰਧ ਕਰਨ ਦੇ ਉਦੇਸ਼ ਨਾਲ ਬਹੁਤ ਸਾਰੇ ਕ੍ਰਾਂਤੀਕਾਰੀਆਂ ਦੇ ਦਸਤੇ ਭਾਰਤ ਭੇਜੇ ਗਏ। ਬਾਬਾ ਜਵਾਲਾ ਸਿੰਘ ਪਹਿਲੇ ਵੱਡੇ ਦਸਤੇ ਦੇ ਮੁੱਖ ਲੀਡਰਾਂ ਵਿਚੋਂ ਇਕ ਸੀ, ਜੋ 29 ਅਗਸਤ, 1914 ਈ. ਨੂੰ ਕੋਰੀਆ ਨਾਮੀ ਸਮੁੰਦਰੀ ਜਹਾਜ਼ ਰਾਹੀਂ ਸਾਨ ਫ਼ਰਾਂਸਿਸਕੋ ਤੋਂ ਭਾਰਤ ਲਈ ਰਵਾਨਾ ਹੋਇਆ। ਹਾਂਗਕਾਂਗ ਤੋਂ ਭਾਰਤ ਦੀ ਅਗਾਂਹ ਦੀ ਯਾਤਰਾ ਲਈ ਇਕ ਨਵਾਂ ਜਹਾਜ਼ 'ਤੋਸ਼ਾਮਾਰੂ' ਕਿਰਾਏ ਤੇ ਲਿਆ। ਸਿੰਗਾਪੁਰ ਵਿਖੇ ਜਵਾਲਾ ਸਿੰਘ ਅਤੇ ਕੁਝ ਹੋਰ ਲੀਡਰਾਂ ਨੇ ਇੰਡੀਅਨ ਫ਼ੌਜਾਂ ਦੀ ਵਫ਼ਾਦਾਰੀ ਜਿੱਤਣ ਅਤੇ ਉਨ੍ਹਾਂ ਨੂੰ ਅੰਗਰੇਜ਼ਾਂ ਵਿਰੁੱਧ ਕੌਮੀ ਬਗਾਵਤ ਲਈ ਉਕਸਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਕੰਮ ਵਿਚ ਉਨ੍ਹਾਂ ਨੂੰ ਜ਼ਿਆਦਾ ਸਫ਼ਲਤਾ ਪ੍ਰਾਪਤ ਨਾ ਹੋਈ।

ਜਦੋਂ ਕ੍ਰਾਂਤੀਕਾਰੀ ਕਲਕੱਤੇ ਉੱਤਰੇ ਤਾਂ ਬਾਬਾ ਜਵਾਲਾ ਸਿੰਘ ਸਮੇਤ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸਾਰੀ ਯੋਜਨਾ ਨਿਸਫ਼ਲ ਹੋ ਗਈ। ਸੰਨ 1915 ਵਿਚ ਬਾਬਾ ਜਵਾਲਾ ਸਿੰਘ ਉੱਤੇ 'ਫ਼ਸਟ ਲਾਹੌਰ ਕਾਨਸਪਰੇਸੀ ਕੇਸ' ਅਧੀਨ ਮੁਕੱਦਮਾ ਚਲਾਇਆ ਗਿਆ ਅਤੇ ਇਸਨੂੰ ਉਮਰ-ਕੈਦ ਦੀ ਸਜ਼ਾ ਹੋਈ। ਇਹ 18 ਸਾਲ ਤੱਕ ਜੇਲ੍ਹ ਵਿਚ ਰਿਹਾ ਅਤੇ 1933 ਈ. ਵਿਚ ਇਸਨੂੰ ਛੱਡ ਦਿੱਤਾ ਗਿਆ। ਅੰਡੇਮਾਨ ਟਾਪੂ ਵਿਚ ਆਪਣੀ ਨੌਕਰੀ ਸਮੇਂ ਇਸਨੇ ਪ੍ਰਬੰਧਕਾਂ ਦੇ ਕੈਦੀਆਂ ਪ੍ਰਤਿ ਕਠੋਰ ਵਤੀਰੇ ਵਿਰੁੱਧ ਭਾਰੀ ਹੜਤਾਲ ਵਿਚ ਭਾਗ ਲਿਆ।

ਸੰਨ 1933 ਤੋਂ ਬਾਅਦ ਬਾਬਾ ਜਵਾਲਾ ਸਿੰਘ ਨੇ ਕਿਸਾਨਾਂ ਅਤੇ ਕਾਮਿਆਂ ਦਾ ਪੱਖ ਪੂਰਿਆ ਅਤੇ ਪੰਜਾਬੀ ਅਖ਼ਬਾਰ 'ਕਿਰਤੀ' ਲਈ ਕੰਮ ਕੀਤਾ ਜਿਸ ਵਿਚ ਉਨ੍ਹਾਂ ਦੀਆਂ ਔਕੜਾਂ ਲਈ ਆਵਾਜ਼ ਉਠਾਈ। ਆਪਣੀਆਂ ਇਨ੍ਹਾਂ ਨਵੀਆਂ ਸਰਗਰਮੀਆਂ ਕਰਕੇ 1935 ਈ. ਵਿਚ ਇਸਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਸ ਨੂੰ ਇਕ ਸਾਲ ਦੀ ਕੈਦ ਹੋਈ ਜਿਸ ਦਾ ਇਸ ਦੀ ਲਗਨ ਤੇ ਕੋਈ ਅਸਰ ਨਾ ਹੋਇਆ ਅਤੇ ਇਸਨੇ ਪਹਿਲਾਂ ਦੀ ਤਰ੍ਹਾਂ ਹੀ ਆਪਣਾ ਕੰਮ ਜਾਰੀ ਰੱਖਿਆ। ਸੰਨ 1938 ਵਿਚ ਜਦੋਂ ਇਹ ਬੰਗਾਲ ਵਿਚ ਆਯੋਜਿਤ ਇਕ 'ਸਰਬ ਹਿੰਦ ਕਿਸਾਨ ਕਾਨਫ਼ਰੰਸ' ਵਿਚ ਹਾਜ਼ਰ ਹੋਣ ਲਈ ਜਾ ਰਿਹਾ ਸੀ ਤਾਂ ਰਸਤੇ ਵਿਚ ਇਕ ਹੀ ਹਾਦਸੇ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਐ. ਫ੍ਰੀ. ਫਾ. ਪੰ. : 141

**ਜਵਾਲਾ ਦੇਵੀ (ਜੁਆਲਾਮੁਖੀ ਮੰਦਰ)** : ਇਹ ਇਕ ਪ੍ਰਾਚੀਨ ਹਿੰਦੂ ਮੰਦਰ ਹੈ ਜੋ ਹਿਮਾਚਲ ਪ੍ਰਦੇਸ਼ ਵਿਚ ਕਾਂਗੜਾ-ਨਦੌਣ ਸੜਕ ਉੱਤੇ ਕਾਂਗੜੇ ਤੋਂ 40 ਕਿ. ਮੀ. ਦੀ ਵਿਥ ਤੇ ਹੈ। ਕਿਸੇ ਸਮੇਂ ਇਹ ਸੰਘਣੀ ਵਸੋਂ ਵਾਲੀ ਥਾਂ ਸੀ ਪਰ ਇਸ ਵੇਲੇ ਇਹ ਅਸਥਾਨ ਜਵਾਲਾਮੁਖੀ ਨਾਂ ਦੇ ਮੰਦਰ ਕਰਕੇ ਉੱਘਾ ਹੈ।

ਇਕ ਪੌਰਾਣਕ ਕਥਾ ਅਨੁਸਾਰ ਜੁਆਲਾਮੁਖੀ ਉਨ੍ਹਾਂ 52 ਅਸਥਾਨਾਂ ਵਿਚੋਂ ਹੈ ਜਿਥੇ ਸ਼ਿਵ ਜੀ ਮਹਾਰਾਜ ਦੀ ਇਸਤਰੀ ਸਤੀ ਦੇ ਭਗਵਾਨ ਵਿਸ਼ਨੂੰ ਦੇ ਸੁਦਰਸ਼ਨ ਚੱਕਰ ਨਾਲ ਕੱਟੇ ਗਏ ਅੰਗਾਂ ਵਿਚੋਂ ਜੀਭ ਡਿੱਗੀ ਸੀ।

ਪਦਮ ਪੁਰਾਣ ਅਨੁਸਾਰ ਜਲੰਧਰ ਨਾਮੀ ਦੈਂਤ ਨੇ ਇੰਨੀ ਤਪੱਸਿਆ ਧੀ ਕਿ ਉਹ ਸਭ ਤੇ ਭਾਰੂ ਹੋ ਗਿਆ। ਅੰਤ ਸ਼ਿਵ ਜੀ ਨੇ ਧੋਖੇ ਨਾਲ ਸ ਉੱਤੇ ਕਾਬੂ ਪਾ ਲਿਆ ਅਤੇ ਜੋਗਣੀਆਂ ਨੇ ਉਸ ਦਾ ਸਰੀਰ ਭੱਛ ਆ। ਜਲੰਧਰ ਪੁਰਾਣ ਅਨੁਸਾਰ ਸ਼ਿਵ ਜੀ ਨੇ ਪਹਾੜ ਰੋੜ੍ਹ ਕੇ ਉਸਨੂੰ ਨ ਚੁਫਾਲ ਦੱਬ ਦਿੱਤਾ। ਜੁਆਲਾਮੁਖੀ ਪਾਸ ਉਸ ਦੇ ਮੂੰਹ ਵਿਚੋਂ ਅੱਗ ਆਂ ਲਾਟਾਂ ਨਿਕਲੀਆਂ। ਉਸ ਦੀ ਪਿੱਠ ਦੁਆਬੇ ਵਿਚ ਜਲੰਧਰ ਵਿਖੇ ਪੈਰ ਮੁਲਤਾਨ ਪਾਸ ਸਨ।

ਜੁਆਲਾਮੁਖੀ ਮੰਦਰ ਪਹਾੜ ਦੇ ਹੇਠੋਂ ਫੁੱਟ ਕੇ ਨਿਕਲਦੀ ਕੁਦਰਤੀ ਸ ਦੇ ਕੁੰਡ ਉੱਤੇ ਬਣਿਆ ਹੋਇਆ ਹੈ। ਅੱਗ ਵਿਖਾਉਣ ਨਾਲ ਇਹ ਟ ਵਾਂਗ ਬਲ ਉੱਠਦਾ ਹੈ। ਪ੍ਰਾਚੀਨ ਹਿੰਦੂਆਂ ਨੇ ਇਸ ਨੂੰ ਪ੍ਰਕਿਰਤੀ ਵੀ ਦੀ ਸ਼ਕਤੀ ਦਾ ਪ੍ਰਗਟਾਵਾ ਜਾਣ ਕੇ ਇਸ ਦੀ ਪੂਜਾ ਆਰੰਭ ਦਿੱਤੀ। ਸ ਮੰਦਰ ਵਿਚ ਕੋਈ ਮੂਰਤੀ ਨਹੀਂ ਹੈ। ਅੰਦਰਲੇ ਕੁੰਡ ਦੀ ਕੰਧ ਵਿਚੋਂ ਈ ਹੋਰ ਥਾਈਂ ਵੀ ਤੇੜਾਂ ਵਿਚੋਂ ਗੈਸ ਨਿਕਲਦੀ ਹੈ। ਕੁੰਡ ਵਿਚੋਂ ਕਲਦੀ ਗੈਸ ਹੌਲੀ ਹੌਲੀ ਜਮ੍ਹਾਂ ਹੁੰਦੀ ਹੈ, ਇਸ ਲਈ ਜਦ ਦਰਸ਼ਕਾਂ ੀ ਭੀੜ ਜ਼ਿਆਦਾ ਹੋ ਜਾਵੇ ਤਾਂ ਪੁਜਾਰੀ ਘਿਉ ਦੀ ਜੋਤ ਨਾਲ ਲਾਟ ਜਾਰੀ ਰੱਖਦੇ ਹਨ। ਇਸ ਦੀ ਇਮਾਰਤ ਬਹੁਤ ਪੁਰਾਣੀ ਨਹੀਂ ਕਿਉਂਕਿ ਹਿਲੀ ਇਮਾਰਤ ਮੁਸਲਮਾਨ ਸੁਲਤਾਨਾਂ ਨੇ ਨਸ਼ਟ ਕਰ ਦਿੱਤੀ ਸੀ। ਸ ਦਾ ਦਰਵਾਜ਼ਾ ਚਾਂਦੀ ਦਾ ਬਣਿਆ ਹੋਇਆ ਹੈ, ਜੋ ਮਹਾਰਾਜਾ ੜਕ ਸਿੰਘ ਨੇ ਭੇਟ ਕੀਤਾ ਸੀ। ਮੰਦਰ ਦੇ ਨਾਲ ਹੀ ਗਰਮ ਪਾਣੀ ਦੇ ਚਸ਼ਮੇ ਹਨ। ਯਾਤਰੀਆਂ ਲਈ ਇਥੇ ਮਹਾਰਾਜਾ ਪਟਿਆਲਾ ਦੀ ਣਵਾਈ ਹੋਈ ਇਕ ਸਰਾਂ ਅਤੇ ਕਈ ਹੋਰ ਧਰਮਸ਼ਾਲਾਵਾਂ ਹਨ।

4 ਅਪ੍ਰੈਲ, 1905 ਨੂੰ ਆਏ ਕਾਂਗੜੇ ਦੇ ਭੁਚਾਲ ਨਾਲ ਮੰਦਰ ਨੂੰ ਹੁਤ ਨੁਕਸਾਨ ਪੁੱਜਾ ਸੀ।

ਹ. ਪੁ -ਪੰਜਾਬ : 501,502

**ਜਵਾਲਾਮੁਖੀ** : ਹਿਮਾਚਲ ਪ੍ਰਦੇਸ਼ ਰਾਜ (ਭਾਰਤ) ਦੇ ਕਾਂਗੜਾ ਲ੍ਹੇ ਵਿਚ ਸਮੁੰਦਰ ਤਲ ਤੋਂ ਕੋਈ 593 ਮੀ. ਦੀ ਉਚਾਈ ਉੱਤੇ ਇਹ ਸਬਾ ਹੈ। ਇਹ ਧਰਮਸਾਲਾ ਸ਼ਹਿਰ ਤੋਂ 54 ਕਿ. ਮੀ. ਅਤੇ ਹੁਸ਼ਿਆਰਪੁਰ 78 ਕਿ. ਮੀ. ਦੀ ਦੂਰੀ ਤੇ ਹੈ। ਪਹਿਲਾਂ-ਪਹਿਲ ਇਹ ਕਾਫ਼ੀ ਵੱਡਾ ਹਿਰ ਹੁੰਦਾ ਸੀ ਤੇ ਇਥੇ ਮਿਉਂਸਪਲਟੀ ਵੀ ਸਥਾਪਿਤ ਸੀ। ਇਸ ਦਾ ਨੁਮਾਨ ਇਥੋਂ ਦੇ ਥੇਹਾਂ ਤੋਂ ਲਾਇਆ ਜਾ ਸਕਦਾ ਹੈ ਪਰ ਅੱਜਕੱਲ੍ਹ ਸ ਦੀ ਮਹਾਨਤਾ ਇਥੋਂ ਦੇ ਦੇਵੀ ਦੇ ਮੰਦਰ ਕਰਕੇ ਹੈ। ਆਮ ਤੌਰ ਤੇ ਸ ਨੂੰ 'ਜਵਾਲਾ ਜੀ' ਕਹਿੰਦੇ ਹਨ ਤੇ ਹਜ਼ਾਰਾਂ ਹਿੰਦੂ ਨਰਾਤਿਆਂ ਦੇ ਨਾਂ ਵਿਚ ਦਰਸ਼ਨਾਂ ਲਈ ਆਉਂਦੇ ਹਨ। ਦੁਰਗਾ ਦੇਵੀ ਦਾ ਇਹ ਦਰ ਪਹਾੜਾਂ ਉੱਤੇ ਬਣਿਆ ਹੋਇਆ ਹੈ। ਮੰਦਰ ਦੀਆਂ ਕੰਧਾਂ ਵਿਚੋਂ ਆਂ ਨਿਕਲਦਾ ਰਹਿੰਦਾ ਹੈ। ਇਸੇ ਨੂੰ ਵੇਖਣ ਲਈ ਲੋਕ ਆਉਂਦੇ ਹਨ। ਨਿਆ ਜਾਂਦਾ ਹੈ ਕਿ ਇਹ ਧੂੰਆਂ ਦੇਵੀ ਦਾ ਰੂਪ ਹੈ। ਦੂਜਾ ਇਕ ਹੋਰ ਚਾਰ ਹੈ ਕਿ ਸ਼ਿਵ ਜੀ ਨੇ ਜਲੰਧਰ ਨਾਮੀ ਰਾਖਸ਼ ਨੂੰ ਜਿਉਂਦੇ ਹੀ ਹਾੜਾਂ ਹੇਠਾਂ ਦੱਬਾ ਦਿੱਤਾ ਸੀ, ਜਿਸ ਦੇ ਮੂੰਹ ਵਿਚੋਂ ਅੱਗ ਦੀਆਂ ਲਪਟਾਂ ਕਲੀਆਂ ਸਨ।

ਇਥੋਂ ਦੀ ਇਕੋ-ਇਕ ਵਰਣਨਯੋਗ ਥਾਂ ਦੇਵੀ ਦਾ ਮੰਦਰ ਹੈ। ਦਰ ਦੀ ਇਮਾਰਤ ਨਾ ਤਾਂ ਬਹੁਤੀ ਪੁਰਾਣੀ ਅਤੇ ਨਾ ਹੀ ਬਹੁਤੀ ਧੀਆ ਬਣੀ ਹੋਈ ਹੈ। ਇਸ ਵਿਚ ਚਾਂਦੀ ਦੇ ਦਰਵਾਜ਼ੇ ਲਗੇ ਹੋਏ ਨ। ਇਹ ਦਰਵਾਜ਼ੇ ਮਹਾਰਾਜਾ ਖੜਕ ਸਿੰਘ ਨੇ ਭੇਟਾ ਕੀਤੇ ਸਨ ਅਤੇ ਹਾਰਾਜਾ ਰਣਜੀਤ ਸਿੰਘ ਦਾ ਭੇਟਾ ਕੀਤਾ ਛਤਰ, ਮੰਦਰ ਦੀ ਸ਼ੋਭਾ ਨੂੰ ਰ ਵੀ ਵਧਾਉਂਦਾ ਹੈ। ਮੰਦਰ ਦੇ ਅੰਦਰ ਹੋਰ ਕੋਈ ਮੂਰਤੀ ਨਹੀਂ ਹੈ। ਸਿਰਫ਼ ਇਕ ਟੋਆ ਜਿਹਾ ਹੈ ਜਿਸ ਦੇ ਚਾਰੋਂ ਤਰਫ ਪਰਿਕਰਮਾ ਹੈ। ਇਸੇ ਟੋਏ ਵਿਚੋਂ ਧੂੰਆਂ ਅਤੇ ਲਪਟਾਂ ਨਿਕਲਦੀਆਂ ਰਹਿੰਦੀਆਂ ਹਨ। ਕੁਝ ਲਪਟਾਂ ਕੰਧਾਂ ਵਿਚੋਂ ਵੀ ਦਿਸਦੀਆਂ ਹਨ।

ਇਥੇ ਯਾਤਰੂਆਂ ਲਈ ਦੋ ਸਰਾਵਾਂ ਅਤੇ ਪੁਲਿਸ ਰੈਸਟ ਹਾਊਸ ਹੈ। ਇਥੇ ਥਾਣਾ, ਡਾਕ-ਘਰ, ਲੜਕਿਆਂ ਅਤੇ ਲੜਕੀਆਂ ਲਈ ਵਿੱਦਿਅਕ ਸਹੂਲਤਾਂ ਵੀ ਹਨ।

ਆਬਾਦੀ–4,047 (1991)

31° 52' ਉ. ਵਿਥ.; 76° 21' ਪੂ. ਲੰਬ.

ਹ. ਪੁ. -ਡਿ. ਸੈ. ਹੈਂ. ਬੁ. -ਕਾਂਗੜਾ ; ਇੰਪ. ਗ. ਇੰਡ. 14 : 86

**ਜਵਿੰਗਲੀ ਹੁਲਦ੍ਰਿਖ** : ਇਹ ਸਵਿਟਜ਼ਰਲੈਂਡ ਦਾ ਸੁਧਾਰਕ ਸੀ ਜਿਸ ਨੇ ਆਪਣੇ ਦੇਸ਼ ਵਿਚ ਸੁਧਾਰ ਅੰਦੋਲਨ ਦੀ ਅਗਵਾਈ ਕੀਤੀ। ਇਸ ਦਾ ਜਨਮ 1 ਜਨਵਰੀ, 1484 ਨੂੰ ਸੇਂਟ ਗਾੱਲ ਖੇਤਰ ਵਿਚ ਇਕ ਕਿਸਾਨ ਪਰਿਵਾਰ ਵਿਚ ਹੋਇਆ। ਇਸ ਨੇ ਵੈਸੈਨ, ਬੇਸੈਲ ਅਤੇ ਬਰਨ ਵਿਚ ਸਿੱਖਿਆ ਪ੍ਰਾਪਤ ਕੀਤੀ। ਸੰਨ 1500 ਵਿਚ ਇਹ ਵੀਆਨਾ ਯੂਨੀਵਰਸਿਟੀ ਵਿਚ ਦਰਸ਼ਨ-ਸ਼ਾਸਤਰ ਦੇ ਅਧਿਐਨ ਲਈ ਗਿਆ। ਉਸ ਤੋਂ ਮਗਰੋਂ ਇਹ ਸੇਂਟ ਮਾਰਟਿਨ ਚਰਚ ਸਕੂਲ ਵਿਚ ਪ੍ਰਾਚੀਨ ਸਾਹਿਤ ਦਾ ਅਧਿਆਪਕ ਬਣਿਆ। ਸੰਨ 1506 ਵਿਚ ਇਹ ਗਲੇਰਸ ਵਿਚ ਸਥਾਨਕ ਪਾਦਰੀ ਬਣਿਆ ਅਤੇ ਇਸ ਨੇ ਯੂਨਾਨੀ, ਇਬਰਾਨੀ ਅਤੇ ਚਰਚ ਪ੍ਰਵਰਤਕਾਂ ਦਾ ਅਧਿਐਨ ਸ਼ੁਰੂ ਕੀਤਾ। ਇਸ ਅਧਿਐਨ ਸਦਕਾ ਹੀ ਇਸ ਨੂੰ ਸੁਧਾਰ ਕਰਨ ਦਾ ਖ਼ਿਆਲ ਪੈਦਾ ਹੋਇਆ। ਇਸ ਦੇ ਵਿਚਾਰ ਮੁੱਖ ਤੌਰ ਤੇ ਮਾਨਵਵਾਦੀ ਸਨ। ਸੰਨ 1512 ਤੋਂ 1515 ਤੱਕ ਇਹ ਸਵਿਟਜ਼ਰਲੈਂਡ ਦੇ ਭਾੜੇ ਦੇ ਸੈਨਕਾਂ ਲਈ ਇਟਲੀ ਗਿਆ, ਜਿਥੇ ਪੋਪ ਦਾ ਸੰਸਾਰਕ ਜੀਵਨ ਵੇਖ ਕੇ ਇਸ ਦੀਆਂ ਅੱਖਾਂ ਖੁੱਲ੍ਹ ਗਈਆਂ। ਸੰਨ 1519 ਵਿਚ ਇਹ ਜ਼ਿਊਰਿਖ ਦੇ ਗਿਰਜਾ ਘਰ ਦਾ ਉਪਦੇਸ਼ਕ ਬਣਿਆ ਅਤੇ ਪ੍ਰਵਚਨ ਦੇਣੇ ਸ਼ੁਰੂ ਕੀਤੇ। ਇਹੋ ਪ੍ਰਵਚਨ ਹੀ ਅੱਗੇ ਚੱਲ ਕੇ ਸੁਧਾਰ ਅੰਦੋਲਨ ਦਾ ਆਧਾਰ ਬਣੇ।

ਹੁਣ ਇਸ ਨੇ ਚਰਚ ਅਧਿਕਾਰ, ਕੈਥੋਲਿਕ ਸਿਧਾਂਤ, ਪਾਪ ਮਾਫ਼ੀ ਟੈਕਸ ਦੀ ਵਿਕਰੀ ਅਤੇ ਸਵਿਟਜ਼ਰਲੈਂਡ ਦੇ ਭਾੜੇ ਦੇ ਸੈਨਕਾਂ ਦੀ ਯੁੱਧ ਵਿਚ ਵਰਤੋਂ ਆਦਿ ਵਿਰੁੱਧ ਆਲੋਚਨਾ ਸ਼ੁਰੂ ਕੀਤੀ। ਜਦੋਂ ਫ਼ਰਾਂਸਿਸ ਕੈਨ ਭਿਕਸ਼ੂ ਬਰਨਾਰਡੀ ਦਾ ਸੈਮਸ਼ਨ ਪਾਪ ਮਾਫ਼ੀ ਟੈਕਸ ਦੀ ਵਿਕਰੀ ਲਈ ਸਵਿਟਜ਼ਰਲੈਂਡ ਵਿਚ ਆਇਆ ਤਾਂ ਇਸ ਨੇ ਨਾਗਰਿਕ ਸਭਾ ਨੂੰ ਸਮਝਾਇਆ ਕਿ ਉਸ ਦੇ ਸ਼ਹਿਰ ਵਿਚ ਪ੍ਰਵੇਸ਼ ਨੂੰ ਕਾਨੂੰਨੀ ਤੌਰ ਤੇ ਸਹੀ ਕਰਾਰ ਦਿੱਤਾ ਜਾਵੇ। ਇਸ ਦੀ ਪਹਿਲੀ ਧਰਮ ਸੁਧਾਰ ਪੁਸਤਕ 1522 ਈ. ਵਿਚ ਪ੍ਰਕਾਸ਼ਿਤ ਹੋਈ। ਪੋਪ ਆਡਰੇਅਨ ਚੌਥੇ ਨੇ ਜਿਊਰਿਖ ਨਿਵਾਸੀਆਂ ਨੂੰ ਹੁਕਮ ਦਿੱਤਾ ਕਿ ਇਸ ਦਾ ਹੁੱਕਾ ਪਾਣੀ ਬੰਦ ਕਰ ਦੇਣ, ਪਰ ਇਸ ਨੇ ਆਪਣੀ ਸਥਿਤੀ ਦਾ ਸਪਸ਼ਟੀਕਰਨ ਇੰਨੇ ਵਧੀਆ ਢੰਗ ਨਾਲ ਦਿੱਤਾ ਕਿ ਸ਼ਹਿਰ ਵਾਸੀਆਂ ਨੇ ਉਸ ਦੇ ਵਿਚਾਰਾਂ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਰੋਮ ਨਾਲੋਂ ਸਬੰਧ ਤੋੜ ਲਏ। ਜਵਿੰਗਲੀ ਦੇ ਪ੍ਰਭਾਵ ਹੇਠ ਚਰਚ ਵਿਚੋਂ ਤਸਵੀਰਾਂ ਲਾਹ ਦਿੱਤੀਆਂ ਗਈਆਂ ਅਤੇ ਪਵਿੱਤਰ ਮੂਰਤੀਆਂ ਤੋੜ ਦਿੱਤੀਆਂ ਗਈਆਂ। ਪਾਦਰੀਆਂ ਦੇ ਵਰਤ ਅਤੇ ਗ੍ਰਹਿਸਥੀ ਜੀਵਨ ਉੱਤੇ ਵੀ ਇਤਰਾਜ਼ ਕੀਤਾ ਗਿਆ। ਸੰਨ 1523 ਵਿਚ ਇਸ ਨੇ ਬਰਨ ਵਿਚ ਇਕ ਰੋਮਨ ਪਾਦਰੀ ਨੂੰ ਆਮ ਸਭਾ ਵਿਚ ਸਿਧਾਂਤਕ ਬਹਿਸ ਲਈ ਲਲਕਾਰਿਆ। ਇਹ ਬਹਿਸ 19 ਦਿਨ ਚੱਲੀ ਅਤੇ ਅਖ਼ੀਰ ਵਿਚ ਬਰਨ ਦੇ ਲੋਕ ਇਸ ਦੇ ਪੈਰੋਕਾਰ ਬਣ ਗਏ।

2 ਅਪ੍ਰੈਲ 1524 ਨੂੰ ਜਵਿੰਗਲੀ ਨੇ ਐਨਾ ਰੇਨਚਾਰਡ ਨਾਲ ਵਿਆਹ ਕਰਵਾਇਆ। ਸੰਨ 1525 ਵਿਚ ਇਸ ਨੇ ਸੱਚ ਅਤੇ ਮਿਥਿਆ

ਧਰਮ ਉੱਤੇ ਆਪਣਾ ਟੀਕਾ ਪ੍ਰਕਾਸ਼ਿਤ ਕੀਤਾ। ਉਸ ਵਿਚ ਦੱਸੇ ਗਏ ਵਿਚਾਰਾਂ ਕਰਕੇ ਮਾਰਟਿਨ ਲੂਥਰ ਨਾਲ ਇਸਦਾ ਮਤ-ਭੇਦ ਹੋ ਗਿਆ। **ਜਵਿੰਗਲੀ** ਨੇ ਪਦਾਰਥਕ ਪਰਿਵਰਤਨ ਅਤੇ ਈਸਾ ਦੀ ਯਥਾਰਥਕ **ਮੌਜੂਦਗੀ ਦੇ** ਸਿਧਾਂਤ ਨੂੰ ਨਾ ਮਨਜ਼ੂਰ ਕੀਤਾ ਅਤੇ ਧਰਮ ਗਰੰਥਾਂ ਦੇ ਹੀ **ਉੱਚ-ਅਧਿਕਾਰ** ਉੱਤੇ ਜ਼ੋਰ ਦਿੱਤਾ। ਇਸ ਨੇ ਧਰਮ-ਵਿਗਿਆਨ ਅਤੇ ਅਨੁਸ਼ਾਸਨ ਦੋਹਾਂ ਵਿਚ ਸੁਧਾਰ ਦੀ ਲੋੜ ਦਾ ਉਦੇਸ਼ ਰੱਖਿਆ। ਸੰਨ 1529 ਵਿਚ ਸੁਧਾਰ ਦੇ ਸਮਰਥਕਾਂ ਦਾ ਇਕ ਸੰਮੇਲਨ, ਮਾਰਬਰਗ ਵਿਚ ਇਨ੍ਹਾਂ ਮੱਤ-ਭੇਦਾਂ ਨੂੰ ਸੁਲਝਾਉਣ ਲਈ ਹੋਇਆ, ਪਰ ਕੋਈ ਸਮਝੌਤਾ ਨਾ ਹੋ ਸਕਿਆ। ਜਵਿੰਗਲੀ ਦੇ ਪੈਰੋਕਾਰਾਂ ਵਿਚ ਫੁੱਟ ਪੈ ਗਈ ਅਤੇ ਪ੍ਰੋਟੈਸਟੈਂਟ ਮਤ ਦੀਆਂ ਦੋ ਸ਼ਾਖਾਵਾਂ ਹੋ ਗਈਆਂ। ਇਸ ਸਮੇਂ ਸਵਿਟਜ਼ਰਲੈਂਡ ਦੇ ਪੰਜ ਕੈਥੋਲਿਕ ਕੈਂਟਨ ਡਰ ਨਾਲ ਕਿ ਕਿਤੇ ਉਨ੍ਹਾਂ ਦਾ ਅਸਰ ਰਸੂਖ ਖ਼ਤਮ ਨਾ ਹੋ ਜਾਵੇ, ਪ੍ਰਾਚੀਨ ਧਰਮ ਦੇ ਪੱਖ ਵਿਚ ਸੰਘਰਸ਼ ਕਰਨ ਲਈ ਤਿਆਰ ਹੋ ਗਏ। ਰੋਮ ਦੀ ਉਕਸਾਹਟ ਨਾਲ ਇਨ੍ਹਾਂ ਕੈਂਟਨਾਂ ਨੇ ਜਿਊਰਿਖ ਅਤੇ ਬਰਨ ਦੇ ਸੁਧਾਰ-ਪ੍ਰਭਾਵਿਤ ਕੈਂਟਨਾਂ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਸ ਘਰੇਲੂ ਜੰਗ ਵਿਚ ਜਵਿੰਗਲੀ ਦੇ ਪੈਰੋਕਾਰ ਹਾਰ ਗਏ। 11 ਅਕਤੂਬਰ, 1531 ਨੂੰ ਜ਼ਵਿੰਗਲੀ ਕੈਪੇਲ ਨਾਮੀ ਸਥਾਨ ਤੇ ਮਾਰਿਆ ਗਿਆ। ਕਾਲਵਿਨ ਮਤ ਦੇ ਸੰਚਾਲਕ ਦੇ ਵਿਚਾਰਾਂ ਨਾਲ ਮੇਲ ਖਾਂਦੇ ਹੋਣ ਕਾਰਨ, ਜਵਿੰਗਲੀ ਦੇ ਵਿਚਾਰ ਤਿਆਗ ਦਿੱਤੇ ਗਏ।

ਹ. ਪੁ. -ਹਿੰ. ਵਿ. ਕੋ. 5: 98

**ਜਵੀ** : ਇਹ ਅਨਾਜ ਦੀ ਇਕ ਪ੍ਰਸਿੱਧ ਫ਼ਸਲ ਹੈ ਜੋ ਐਵੀਨਾ ਪ੍ਰਜਾਤੀ ਨਾਲ ਸਬੰਧਤ ਹੈ। ਇਸ ਦੀ ਜ਼ਿਆਦਾ ਵਰਤੋਂ ਪਸ਼ੂ ਚਾਰੇ ਲਈ ਕੀਤੀ ਜਾਂਦੀ ਹੈ। ਕੁਝ ਹਿੱਸਾ ਮਨੁੱਖੀ ਖੁਰਾਕ ਲਈ ਵੀ ਵਰਤਿਆ ਜਾਂਦਾ ਹੈ। ਜਵੀ ਦੇ ਬੂਟੇ ਪਹਿਲਾਂ-ਪਹਿਲ ਪੱਛਮੀ ਯੂਰਪ ਦੇ ਵੱਖ ਵੱਖ ਖੇਤਰਾਂ ਵਿਚ ਉੱਗੇ ਮਿਲਦੇ ਸਨ। ਪੱਛਮੀ ਯੂਰਪ ਤੋਂ ਜਵੀ ਦੁਨੀਆ ਦੇ ਸੀਤ ਖੰਡੀ ਖੇਤਰਾਂ ਵਿਚ ਫ਼ੈਲ ਗਈ ਅਤੇ ਹੁਣ ਇਹ ਕਈ ਪ੍ਰਕਾਰ ਦੀਆਂ ਵੱਖ ਵੱਖ ਹਾਲਤਾਂ ਵਿਚ ਪੈਦਾ ਕੀਤੀ ਜਾਂਦੀ ਹੈ। ਪਹਿਲਾਂ ਇਹ ਸੋਚਿਆ ਜਾਂਦਾ ਸੀ ਕਿ ਜਵੀ ਦੋ ਜਾਤੀਆਂ, ਜੰਗਲੀ ਜਵੀ ਅਤੇ ਜੰਗਲੀ ਲਾਲ ਜਵੀ ਤੋਂ ਵਿਕਸਿਤ ਹੋਈ। ਅਨਾਜ ਤੇ ਕੰਮ ਕਰਨ ਵਾਲੇ ਕੁਝ ਖੋਜੀ ਇਹ ਮੰਨਦੇ ਸਨ ਕਿ ਚਿੱਟੀ ਜਵੀ ਐਵੀਨਾ ਫੈਚੂਆ ਤੋਂ ਅਤੇ ਲਾਲ ਜਵੀ ਐਵੀਨਾ ਸਟੈਰਾਈਲਿਸ ਤੋਂ ਉੱਤਪੰਨ ਹੋਈ। ਕੁਝ ਸਮੇਂ ਬਾਅਦ ਕੁਝ ਖੋਜੀ ਇਸ ਗੱਲ ਵਿਚ ਯਕੀਨ ਰੱਖਣ ਲੱਗ ਗਏ ਕਿ ਐਵੀਨਾ ਸਟੈਰਾਈਲਿਸ ਲਾਲ ਅਤੇ ਚਿੱਟੀ ਜਵੀ ਦੋਹਾਂ ਦਾ ਹੀ ਮੂਲ ਸੀ।

ਜਵੀ ਦੇ ਪੌਦੇ ਦੇ ਫ਼ੁੱਲ ਅਤੇ ਫਲ ਦੀ ਬਣਤਰ ਇਕ ਸਿਰੇ ਵਾਲੀ ਪੈਨਿਕਲ ਹੈ ਜੋ ਆਮ ਤੌਰ ਤੇ ਫੈਲਣ ਵਾਲੀ ਹੁੰਦੀ ਹੈ। ਪੈਨਿਕਲ ਬਹੁਤ ਸਾਰੀਆਂ ਸ਼ਾਖਾਵਾਂ ਅਤੇ ਸਪਾਈਕਲੈੱਟਾਂ ਦੀ ਬਣੀ ਹੁੰਦੀ ਹੈ ਜੋ ਫਿਰ ਵਾਰੀ ਸਿਰ ਦੋ ਕਾਗਜ਼ ਵਰਗੀਆਂ ਗਲਿਊਮਜ਼ ਅਤੇ ਆਮ ਤੌਰ ਤੇ ਦੋ ਫਲੋਰੈੱਟ ਦੀ ਬਣੀ ਹੁੰਦੀ ਹੈ। ਪ੍ਰਾਇਮਰੀ ਅਤੇ ਸੈਕੰਡਰੀ ਫਲੋਰੈੱਟ ਇਕ ਛੋਟੇ ਅਤੇ ਪਤਲੇ ਰੈਕਿਲਾਂ ਦੁਆਰਾ ਇਕੱਠੀਆਂ ਕੀਤੀਆਂ ਹੁੰਦੀਆਂ ਹਨ। ਇਕੱਲੀ-ਇਕੱਲੀ ਫਲੋਰੈੱਟ ਵਿਚ ਇਕ ਲੈਮਾ ਅਤੇ ਪੇਲੀਆ ਹੁੰਦੇ ਹਨ ਜਿਨ੍ਹਾਂ ਵਿਚ ਪੁੰਕੇਸਰ, ਇਕ ਅੰਡਪ-ਪੁੰਜ ਅਤੇ ਦੋ ਲੱਡਿਕਿਊਲਜ਼ ਹੁੰਦੇ ਹਨ। ਪਰਾਗਣ ਤੋਂ ਬਾਅਦ ਅੰਡਪ-ਪੁੰਜ ਇਕ ਬੀਜ ਵਰਗੇ ਵਾਧੇ ਵਿਚ ਵਿਕਸਿਤ ਹੋ ਜਾਂਦੀ ਹੈ ਜਿਸਨੂੰ ਕੇਰਿਓਪਸਿਸ ਕਿਹਾ ਜਾਂਦਾ ਹੈ। ਜਵੀ ਦੀ ਪੈਨਿਕਲ 10 ਸੈਂ. ਮੀ. ਤੋਂ 50 ਸੈਂ. ਮੀ. ਲੰਬੀ ਹੁੰਦੀ ਹੈ ਅਤੇ ਇਸ ਵਿਚ 8 ਤੋਂ 10 ਬੀਜ ਜਾਂ ਵੱਧ ਤੋਂ ਵੱਧ 200 ਬੀਜ ਵੀ ਹੋ ਸਕਦੇ ਹਨ। ਜਦੋਂ ਜਵੀ ਦਾ ਇਕ ਬੀਜ ਪੁੰਗਰਦਾ ਹੈ ਤਾਂ ਸਕੂਟੈਲਮ ਲੰਬਾ ਹੋ ਜਾਂਦਾ ਹੈ ਜੋ ਦੂਸਰੇ ਅਨਾਜ ਵਾਲੇ ਦਾਣਿਆਂ ਦੇ ਉਲਟ ਹੈ। ਜਵੀ ਦੇ ਪੱਤੇ ਪਤਲੇ, ਤੰਗ ਅਤੇ ਲੰਬੇ ਹੁੰਦੇ ਹਨ। ਇਸ ਦੇ ਪੱਤੇ ਦੇ ਮੁੱਢ ਤੇ ਕੋਈ ਆਰੀਕਲ ਨਹੀਂ ਹੁੰਦਾ। ਇਸ ਦੇ ਤਣੇ ਸਿਵਾਇ ਗੰਢਾਂ ਤੋਂ ਖ਼ਾਲੀ ਹੀ ਹੁੰਦੇ ਹਨ। ਇਸ ਬੂਟੇ ਦੀਆਂ ਜੜ੍ਹਾਂ ਰੇਸ਼ੇਦਾਰ ਅਤੇ ਗਿਣਤੀ ਵਿਚ ਬਹੁਤ ਹੁੰਦੀਆਂ ਹਨ ਅਤੇ ਇਹ ਜ਼ਮੀਨ ਵਿਚ ਬਹੁਤ ਡੂੰਘਾਈ ਤੱਕ ਧਸ ਜਾਂਦੀਆਂ ਹਨ।

ਭਾਰਤ ਵਿਚ ਜਵੀ ਥੋੜ੍ਹੇ ਸਮੇਂ ਤੋਂ ਹੀ ਕਾਸ਼ਤ ਵਿਚ ਲਿਆਂਦੀ ਗਈ ਹੈ। ਇਥੇ ਇਹ ਚਾਰੇ ਲਈ ਅਤੇ ਕਦੀ ਕਦਾਈਂ ਅਨਾਜ ਲਈ ਉਗਾਈ ਜਾਂਦੀ ਹੈ। ਇਹ ਘੋੜਿਆਂ ਅਤੇ ਦੁੱਧ ਦੇਣ ਵਾਲੇ ਪਸ਼ੂਆਂ ਲਈ ਬਹੁਤ ਚੰਗੀ ਸਮਝੀ ਜਾਂਦੀ ਹੈ। ਜਵੀ ਦੀ ਕਾਸ਼ਤ ਲਈ ਠੰਢਾ ਮੌਸਮ ਲੋੜੀਂਦਾ ਹੈ ਅਤੇ ਇਸ ਦੀ ਜ਼ਿਆਦਾਤਰ ਕਾਸ਼ਤ ਪੱਛਮੀ ਉੱਤਰ-ਪ੍ਰਦੇਸ਼ ਅਤੇ ਪੰਜਾਬ ਤੱਕ ਹੀ ਸੀਮਿਤ ਹੈ। ਇਸ ਦੀ ਥੋੜ੍ਹੀ ਬਹੁਤ ਕਾਸ਼ਤ ਮਹਾਰਾਸ਼ਟਰ, ਮੱਧ ਪ੍ਰਦੇਸ ਅਤੇ ਬੰਗਾਲ ਵਿਚ ਵੀ ਕੀਤੀ ਜਾਂਦੀ ਹੈ। ਜਵੀ ਸਾਰੇ ਤਰ੍ਹਾਂ ਦੀਆਂ ਜ਼ਮੀਨਾਂ ਤੇ ਹੋ ਜਾਂਦੀ ਹੈ। ਚੰਗੀ ਪੈਦਾਵਾਰ ਚੰਗੀ ਨਿਕਾਸ ਵਾਲੀ, ਭਾਰੀ ਅਤੇ ਭੁਰਭੁਰੀ ਮਲੜ੍ਹ ਜ਼ਮੀਨ ਤੇ ਮਿਲਦੀ ਹੈ।

ਜਵੀ ਆਮ ਤੌਰ ਤੇ ਹਾੜ੍ਹੀ ਵਿਚ ਪੈਦਾ ਕੀਤੀ ਜਾਂਦੀ ਹੈ, ਜਿਥੇ ਇਹ ਸਿੰਜਾਈ ਵਾਲੀ ਫ਼ਸਲ ਵਜੋਂ ਉਗਾਈ ਜਾਂਦੀ ਹੈ। ਬਾਰਸ਼ਾਂ ਬੰਦ ਹੋ ਜਾਣ ਪਿੱਛੋਂ ਖੇਤਾਂ ਨੂੰ ਤਿੰਨ-ਚਾਰ ਵਾਰ ਵਾਹਿਆ ਜਾਂਦਾ ਹੈ। ਜਵੀ ਨੂੰ ਕਿਸੇ ਡੂੰਘੀ ਜੜ੍ਹਾਂ ਵਾਲੀ ਫ਼ਸਲ ਤੋਂ ਬਾਅਦ ਬੀਜਿਆ ਜਾਣਾ ਚਾਹੀਦਾ ਹੈ। ਬਹੁਤ ਸਾਰੇ ਇਲਾਕੇ ਵਿਚ ਇਹ ਫ਼ਸਲ ਇਕੱਲੀ ਹੀ ਬੀਜੀ ਜਾਂਦੀ ਹੈ ਪਰ ਜੇਕਰ ਇਸ ਦੀ ਤੋਰੀਆ, ਸੇਂਜੀ, ਲੂਸਣ ਜਾਂ ਬਰਸੀਮ ਆਦਿ ਫ਼ਸਲ ਨਾਲ ਬੀਜਾਈ ਕੀਤੀ ਜਾਣੀ ਹੋਵੇ ਤਾਂ ਇਸ ਤੋਂ ਪਹਿਲਾਂ ਵਾਲੀ ਫ਼ਸਲ ਨੂੰ ਰੂੜੀ ਪਾ ਦੇਣੀ ਚੰਗੀ ਰਹਿੰਦੀ ਹੈ। ਇਸ ਤਰ੍ਹਾਂ ਨਾਲ ਫ਼ਸਲ ਡਿੱਗਣ ਤੋਂ ਬਚ ਜਾਂਦੀ ਹੈ। ਚਾਰੇ ਵਾਲੀਆਂ ਫ਼ਸਲਾਂ ਚੋਂ ਲਾਭ ਲੈਣ ਲਈ ਇਸ ਵਿਚ ਅਮੋਨੀਅਮ ਸਲਫ਼ੇਟ ਜਾਂ ਖਲ 40 ਤੋਂ 45 ਕਿ. ਗ੍ਰਾ. ਪ੍ਰਤਿ ਹੈਕਟੇਅਰ ਦੇ ਹਿਸਾਬ ਦੋ ਵਾਰੀ ਵੰਡ ਕੇ ਪਾਉਣੀ ਚਾਹੀਦੀ ਹੈ। ਜਵੀ ਦੀ ਬੀਜਾਈ ਅਕਤੂਬਰ ਤੋਂ ਦਸੰਬਰ ਤੱਕ ਕੀਤੀ ਜਾਂਦੀ ਹੈ। ਚਾਰੇ ਵਾਲੀ ਫ਼ਸਲ ਛੱਟਾ ਦੇ ਕੇ ਅਤੇ ਅਨਾਜ ਵਾਲੀ ਫ਼ਸਲ 23 ਤੋਂ 30 ਸੈਂ. ਮੀ. ਦੀ ਵਿੱਥ ਤੇ ਕਤਾਰਾਂ ਵਿਚ ਬੀਜੀ ਜਾਂਦੀ ਹੈ। ਜਵੀ ਨੂੰ ਤਿੰਨ ਜਾਂ ਚਾਰ ਵਾਰ ਪਾਣੀ ਦੇਣ ਦੀ ਲੋੜ ਪੈਂਦੀ ਹੈ। ਇਸ ਦੀ ਆਮ ਤੌਰ ਤੇ ਗੁਡਾਈ ਨਹੀਂ ਕੀਤੀ ਜਾਂਦੀ।

ਜਵੀ ਦੀ ਫ਼ਸਲ ਸਾਢੇ ਤਿੰਨ ਜਾਂ ਚਾਰ ਮਹੀਨਿਆਂ ਵਿਚ ਪੱਕ ਜਾਂਦੀ ਹੈ। ਚਾਰੇ ਵਾਲੀ ਫ਼ਸਲ ਲਈ ਜਨਵਰੀ ਤੋਂ ਮਾਰਚ ਤੱਕ ਤਿੰਨ ਕਟਾਈਆਂ ਲੈ ਲਈਆਂ ਜਾਂਦੀਆਂ ਹਨ ਜਿਸ ਤੋਂ ਬਾਅਦ ਫ਼ਸਲ ਬੀਜ ਲੈਣ ਲਈ ਛੱਡ ਦਿੱਤੀ ਜਾਂਦੀ ਹੈ। ਅਨਾਜ ਅਪ੍ਰੈਲ ਵਿਚ ਪੱਕ ਜਾਂਦਾ ਹੈ। ਕਟਾਈ ਕੁਝ ਹਰੀ ਫ਼ਸਲ ਦੀ ਹੀ ਕਰ ਲਈ ਜਾਂਦੀ ਹੈ ਕਿਉਂਕਿ ਪੂਰੀ ਤਰ੍ਹਾਂ ਪੱਕ ਜਾਣ ਤੇ ਇਸ ਵਿਚੋਂ ਦਾਣਿਆਂ ਦੇ ਝੜ ਜਾਣ ਨਾਲ ਨੁਕਸਾਨ ਹੋਣ ਦਾ ਡਰ ਰਹਿੰਦਾ ਹੈ। ਇਸ ਦੀ ਗਹਾਈ ਕਣਕ ਵਾਂਗ ਹੀ ਕੀਤੀ ਜਾਂਦੀ ਹੈ। ਸਾਧਾਰਨ ਹਾਲਤਾਂ ਵਿਚ ਇਸ ਫ਼ਸਲ ਤੋਂ 450 ਤੋਂ 500 ਕੁਇੰਟਲ ਹਰਾ ਚਾਰਾ ਅਤੇ 2 ਤੋਂ 3 ਕੁਇੰਟਲ ਦਾਣੇ ਪ੍ਰਤੀ ਹੈਕਟੇਅਰ ਦੇ ਹਿਸਾਬ ਮਿਲਦੇ ਹਨ। ਅਨਾਜ ਪੈਦਾ ਕਰਨ ਵਾਲੀ ਫ਼ਸਲ 36 ਕੁਇੰਟਲ ਦਾਣੇ ਅਤੇ 25 ਤੋਂ 30 ਕੁਇੰਟਲ ਤੂੜੀ ਪੈਦਾ ਕਰ ਸਕਦੀ ਹੈ। ਇਸ ਫ਼ਸਲ ਦੀਆਂ ਕਈ ਕਿਸਮਾਂ ਜਿਵੇਂ ਕੈਂਟ, ਵੈਸਟਰਨ 11, ਫਲੇਮਿੰਗ ਗੋਲਡ ਆਦਿ ਪ੍ਰਸਿੱਧ ਹਨ।

ਜਵੀ ਦੇ ਦਾਣਿਆਂ ਵਿਚ ਪ੍ਰੋਟੀਨ ਅਤੇ ਚਿਕਨਾਹਟ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦੀ ਹੈ। ਇਹ ਵਿਟਾਮਿਨ ਬੀਜ ਦਾਂ ਵੀ ਇਕ ਸੋਮਾ ਹੈ ਅਤੇ ਇਸ ਵਿਚ ਰਿਬੋਫਲੇਵਿਨ, ਨਿਆਸਿਨ, ਕੋਲੀਨ ਥੈਨਿਕ ਐਸਿਡ ਅਤੇ ਵਿਟਾਮਿਨ-ਈ ਵੀ ਕਾਫ਼ੀ ਮਾਤਰਾ ਵਿਚ ਹੁੰਦੇ ਹਨ। ਇਸ ਵਿਚ ਵਿਟਾਮਿਨ ਸੀ ਅਤੇ ਡੀ ਬਿਲਕੁਲ ਨਹੀਂ ਹੁੰਦੇ। ਇਸ ਫ਼ਸਲ ਦਾ ਬਹੁਤ ਥੋੜ੍ਹਾ ਹਿੱਸਾ ਉਦਯੋਗ ਵਿਚ ਦਾਖ਼ਲ ਹੁੰਦਾ ਹੈ। ਇਸ ਤੋਂ ਪ੍ਰਮੁੱਖ ਉਦਯੋਗਿਕ ਉਪਜ ਤਰਲ ਐਲਡਿਹਾਈਡ ਮਿਲਦਾ ਹੈ ਜਿਸ ਨੂੰ ਫਰਫਿਊਰਲ ਕਿਹਾ ਜਾਂਦਾ ਹੈ। ਫਰਫਿਊਰਲ ਦੀ ਵਰਤੋਂ ਪੇਂਟ ਲਾਹੁਣ, ਲੈਕੁਅਰ ਸਾਲਵੈਂਟ, ਐਡੀਪੋਨਾਈਟਰਾਈਲ ਬਣਾਉਣ ਵਿਚ ਕੀਤੀ ਜਾਂਦੀ ਹੈ।

ਸੰਨ 1991 ਵਿਚ ਦੁਨੀਆ-ਭਰ ਵਿਚ ਇਸ ਦੀ ਪੈਦਾਵਾਰ 34,186,000 ਟਨ ਸੀ, ਜਿਸਦੀ 20,878,000 ਹੈਕ. ਭੂਮੀ ਤੇ ਕਾਸ਼ਤ ਕੀਤੀ ਗਈ ਸੀ। ਇਸ ਦੀ ਜ਼ਿਆਦਾ ਉਪਜ ਸੰਯੁਕਤ ਰਾਜ ਅਮਰੀਕਾ, ਰੂਸ, ਕੈਨੇਡਾ ਫ਼ਰਾਂਸ, ਪੋਲੈਂਡ, ਇੰਗਲੈਂਡ ਅਤੇ ਜਰਮਨੀ ਵਿਚ ਹੁੰਦੀ ਹੈ। ਇਸ ਦਾ ਕੁਝ ਹਿੱਸਾ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਵੀ ਪੈਦਾ ਹੁੰਦਾ ਹੈ।

ਹ. ਪੁ. -ਐਨ. ਬ੍ਰਿ. 16: 816 ; ਹੈਂ. ਬੁ. ਐਕ. :139

**ਜੜੀਆ** : ਇਹ ਭਾਰਤ ਦੇ ਹਰਿਆਣਾ ਰਾਜ ਦੇ ਜੀਂਦ ਜ਼ਿਲ੍ਹੇ ਦੇ ਜੱਟਾਂ ਦੀ ਇਕ ਜਾਤੀ ਹੈ ਜੋ ਪੰਜ ਗੋਤਾਂ ਵਿਚ ਵੰਡੀ ਹੋਈ ਹੈ। ਇਹ ਪੰਜੇ ਗੋਤਾਂ ਦੇ ਨਾਉਂ ਬੇਰੀ ਦੇ ਦਰਖ਼ਤ ਦੇ ਹਿੱਸਿਆਂ ਦੇ ਨਾਵਾਂ ਤੇ ਰੱਖੇ ਹੋਏ ਹਨ ਜਿਵੇਂ ਬੇਰੀ ਦੇ ਸੱਕ (ਰੰਗ) ਤੋਂ ਰੰਗੀ, ਜੜ ਤੋਂ ਜੜੀਆ, ਬੇਰ ਤੋਂ ਬੇਰੀਆ, ਬੇਰੀ ਦੀ ਕਲਮ ਅਰਥਾਤ ਛੋਟੀ ਬੇਰੀ ਤੋਂ ਝਾੜੀ ਅਤੇ ਡੋਡੀ ਤੋਂ ਖਿਚਰ।

ਹ. ਪੁ.-ਗ. ਟ੍ਰਾ. ਕਾ. 2 : 356

**ਜਾਊਫ (ਅਲ ਜਾਊਫ)** : ਸਾਊਦੀ ਅਰਬ ਦੇ ਉੱਤਰੀ ਹਿੱਸੇ ਵਿਚ ਇਸੇ ਨਾਂ ਦੇ ਨਖ਼ਲਿਸਤਾਨ ਤੇ ਵਸਿਆ ਇਕ ਸ਼ਹਿਰ ਹੈ। ਇਹ ਨਾਫੂਦ ਮਾਰੂਥਲ ਦੀ ਉੱਤਰੀ ਹੱਦ ਤੇ ਵਾਦੀ ਅਸ ਸਿਰਹਾਨ (ਦਰਿਆ) ਦੇ ਸੋਮੇ ਦੇ ਨੇੜੇ ਸਥਿਤ ਹੈ। ਇਹ ਜਾਰਡਨ ਦੇ ਮਾਅੱਠ ਸ਼ਹਿਰ ਤੋਂ 400 ਕਿ. ਮੀ. ਪੂਰਬ ਵੱਲ ਹੈ। ਪਹਿਲਾਂ ਹਜਬਲ ਖੰਡ ਵਿਚ ਹੁੰਦਾ ਸੀ ਪਰ ਅੱਜਕੱਲ੍ਹ ਇਹ ਹੇਜਾਜ਼ ਖੰਡ ਵਿਚ ਪੈਂਦਾ ਹੈ। ਇਹ ਜ਼ਰਾਇਤੀ ਖੇਤਰ ਹੈ ਜਿਥੇ ਖਜੂਰਾਂ, ਅਨਾਜੀ ਫ਼ਸਲਾਂ, ਫ਼ਲ ਅਤੇ ਸਬਜ਼ੀਆਂ ਦੀ ਪੈਦਾਵਾਰ ਹੁੰਦੀ ਹੈ। ਜਾਊਫ ਸ਼ਹਿਰ ਸੀਰੀਅਨ ਮਾਰੂਥਲ ਤੋਂ ਅਰਬ ਪ੍ਰਾਇਦੀਪ ਨੂੰ ਜਾਣ ਵਾਲੇ ਰਾਹ ਦੇ ਉਪਰ ਇਕ ਪੜਾਅ ਦੇ ਤੌਰ ਤੇ ਵੀ ਮਸ਼ਹੂਰ ਰਿਹਾ ਹੈ। ਹੁਣ ਵੀ ਕਾਰਵਾਂ ਆਪਣਾ ਪੜਾਅ ਇਥੇ ਕਰਦੇ ਹਨ।

ਹ. ਪੁ. -ਐਨ. ਬ੍ਰਿ. ਮਾ. 1: 245 ; ਵੈ. ਜਗ. ਡਿ.

**ਜਾਊਫ ਅਲ** : ਯਮਨ ਗਣਰਾਜ ਵਿਚ ਸਨਾਅ ਅਤੇ ਸਦਾਹ ਪ੍ਰਾਂਤਾਂ ਵਿਚਾਲੇ ਰਬ ਅਲ ਖਾਲੀ ਮਾਰੂਥਲ (ਅਰਬ ਪ੍ਰਾਇਦੀਪ) ਨਾਲ ਲਗਵਾਂ ਇਕ ਨਖ਼ਲਿਸਤਾਨੀ ਖੇਤਰ ਹੈ। ਕੁਦਰਤੀ ਤੌਰ ਤੇ ਇਸ ਦੇ ਤਿੰਨ ਭੂ-ਭਾਗ ਬਣਦੇ ਹਨ–ਉਪਰਲਾ, ਵਿਚਕਾਰਲਾ ਅਤੇ ਹੇਠਲਾ। ਵਾਦੀ ਅਲ ਜਾਊਫ (ਦਰਿਆ) ਯਮਨ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਇਸ ਖੇਤਰ ਵਿਚ ਵਹਿੰਦਾ ਹੈ। ਪਹਾੜੀਆਂ ਵਿਚ ਇਸ ਨਾਲ ਕਈ ਬਾਰਾਮਾਸੀ ਛੋਟੀਆਂ ਨਦੀਆਂ ਆ ਕੇ ਮਿਲਦੀਆਂ ਹਨ।

ਜਾਊਫ ਅਲ ਪ੍ਰਾਚੀਨ ਕਾਲ ਤੋਂ ਹੀ ਵਸਿਆ ਹੋਇਆ ਹੈ। ਇਹ ਦੱਖਣੀ ਅਰਬ ਸਾਮਰਾਜਾਂ ਦਾ ਅੰਤਰਵਰਤੀ ਖੇਤਰ ਸੀ। ਇਹ ਹਜ਼ਾਰ ਈ. ਪੂ. ਤੋਂ ਲ. ਦੂਜੀ ਸਦੀ ਈ. ਪੂ. ਤੱਕ ਮਾਇਨ ਦੇ ਰਾਜ ਦੇ ਤੌਰ ਤੇ ਰਿਹਾ ਜਿਨ੍ਹਾਂ ਦੀ ਰਾਜਧਾਨੀ ਕਵਾਰਨਾਉ ਦੇ ਖੰਡਰ ਮੌਜੂਦਾ ਮਾਇਨ ਵਾਲੀ ਥਾਂ ਤੇ ਅੱਜ ਵੀ ਵੇਖੇ ਜਾ ਸਕਦੇ ਹਨ। ਜਾਊਫ ਅਲ ਦੇ ਉਪਜਾਊ ਨਖ਼ਲਿਸਤਾਨ ਅਤੇ ਇਨ੍ਹਾਂ ਉਪਰ ਵੱਸੇ ਸ਼ਹਿਰ ਬੜੀ ਸੰਘਣੀ ਵਸੋਂ ਵਾਲੇ ਸਨ। ਇਸੇ ਕਰਕੇ ਇਥੇ ਵਸੋਂ ਬਹੁਤ ਜ਼ਿਆਦਾ ਸੀ ਪਰ 9ਵੀਂ ਸਦੀ ਵਿਚ ਯਮਨ ਉੱਤੇ ਅੱਬਾਸੀਆਂ ਦਾ ਕਬਜ਼ਾ ਹੋਣ ਨਾਲ ਜਾਊਫ ਤੋਂ ਪੱਛਮੀ ਹਿੱਸਿਆਂ ਵਿਚ ਲੋਕ ਜਾਣ ਲਗ ਪਏ। ਇਸੇ ਕਰਕੇ ਜਾਊਫ ਵਿਚ ਵਸੋਂ ਦੀ ਘਣਤਾ ਘੱਟ ਗਈ। ਅੱਜਕੱਲ੍ਹ ਵੀ ਇਥੇ ਵਸੋਂ ਵਿਰਲੀ ਹੈ। ਇਥੇ ਰਹਿੰਦੇ ਯਹੂਦੀ ਵੀ ਇਜ਼ਰਾਈਲ ਵੱਲ ਚਲੇ ਗਏ। ਅੱਜਕੱਲ੍ਹ ਇਥੇ ਖ਼ਾਨਾਬਦੋਸ਼ ਜਿਹੇ ਲੋਕ ਰਹਿੰਦੇ ਹਨ ਜਿਹੜੇ ਊਠ, ਭੇਡਾਂ, ਬੱਕਰੀਆਂ ਵਗੈਰਾ ਪਾਲ ਕੇ ਆਪਣਾ ਨਿਰਬਾਹ ਕਰਦੇ ਹਨ। ਅਪਰ ਜਾਊਫ ਉਪਰ ਦਹੂ ਹੁਸੈਨ ਕਬੀਲੇ ਦੀ ਸੰਤਾਨ ਦੇ ਲੋਕ ਰਹਿੰਦੇ ਹਨ। ਇਹ ਬੜੇ ਯੋਧੇ ਹਨ। ਇਨ੍ਹਾਂ ਨੇ ਯਮਨ ਦੇ ਇਤਿਹਾਸ ਵਿਚ ਕਾਫ਼ੀ ਯੋਗਦਾਨ ਪਾਇਆ ਹੈ।

ਹ. ਪੁ. -ਐਨ. ਬ੍ਰਿ. ਮਾ. 1:245 ; ਐਨ. ਬ੍ਰਿ. 12:978

**ਜਾਊਲ** : ਇਹ ਭੌਤਿਕੀ ਇਕਾਈਆਂ ਦੇ ਮੀਟ੍ਰਿਕ ਸਿਸਟਮ ਵਿਚ ਕਾਰਜ ਜਾਂ ਊਰਜਾ ਦੀ ਇਕ ਇਕਾਈ ਹੈ। ਇਸ ਦਾ ਇਹ ਨਾਂ ਅੰਗਰੇਜ਼ ਭੌਤਿਕ ਵਿਗਿਆਨੀ, ਜੇਮਜ਼ ਪ੍ਰੈੱਸਕਟ ਜਾਊਲ ਤੋਂ ਪਿਆ। ਇਹ ਇਕਾਈ ਉਹ ਕਾਰਜ ਹੈ ਜਿਹੜਾ ਕਿਸੇ ਵਸਤੂ ਨੂੰ ਇਕ ਨਿਊਟਨ ਦੇ ਬਲ ਨਾਲ ਉਸੇ ਹੀ ਦਿਸ਼ਾ ਵਿਚ ਇਕ ਮੀ. ਦੀ ਦੂਰੀ ਤੈਅ ਕਰਨ ਲਈ ਕਰਨਾ ਪੈਂਦਾ ਹੈ। ਇਹ 107 ਅਰਗ ਜਾਂ ਲਗਭਗ 0.7377 ਫੁੱਟ-ਪਾਊਂਡ ਦੇ ਬਰਾਬਰ ਹੈ। ਬਿਜਲੀ ਨਾਲ ਸਬੰਧਤ ਇਕ ਜਾਊਲ ਇਕ ਵਾਟ ਸੈਕੰਡ, ਅਰਥਾਤ ਇਕ ਓਹਮ ਪ੍ਰਤਿਰੋਧ ਵਿਚੋਂ ਇਕ ਸੈਕੰਡ ਲਈ ਇਕ ਐਂਪੀਅਰ ਕਰੰਟ ਲੰਘਾਉਣ ਨਾਲ ਉਤਪੰਨ ਹੋਈ ਊਰਜਾ ਦੇ ਬਰਾਬਰ ਹੁੰਦਾ ਹੈ। ਇਕ ਜਾਊਲ ਤਾਪ ਇਕਾਈ ਕੈਲੋਰੀ ਨਾਲ ਵੀ ਸਬੰਧਤ ਹੈ।

ਇਕ ਕੈਲੋਰੀ = 4.2 ਜਾਊਲ

ਹ. ਪੁ. -ਐਨ. ਬ੍ਰਿ. ਮਾ. 5:616

**ਜਾਊਲ ਜੇਮਜ਼ ਪ੍ਰੈੱਸਕਟ** : ਇਸ ਅੰਗਰੇਜ਼ ਭੌਤਿਕ ਵਿਗਿਆਨੀ ਦਾ ਜਨਮ 24 ਦਸੰਬਰ, 1818 ਨੂੰ ਸੈਲਫਰਡ, ਲੈਂਗਕਾਸ਼ਿਰ ਵਿਖੇ ਹੋਇਆ। ਇਸ ਨੇ ਊਰਜਾ ਦੀਆਂ ਭਿੰਨ ਭਿੰਨ ਕਿਸਮਾਂ ਨੂੰ ਇਕ ਦੂਜੇ ਵਿਚ ਬਦਲਣ ਦਾ ਸਿਧਾਂਤ ਸਥਾਪਿਤ ਕੀਤਾ। ਇਸ ਸਿਧਾਂਤ ਨੂੰ ਤਾਪਗਤੀ ਦਾ ਪਹਿਲਾ ਨਿਯਮ ਕਿਹਾ ਜਾਂਦਾ ਹੈ। ਊਰਜਾ ਦੀ ਇਕ ਇਕਾਈ 'ਜਾਊਲ' ਵੀ ਇਸ ਦੇ ਨਾਂ ਤੇ ਪ੍ਰਚੱਲਤ ਹੈ। ਜਾਨ ਡਾਲਟਨ ਕੋਲ ਕੁਝ ਸਮਾਂ ਪੜ੍ਹਨ ਤੋਂ ਬਿਨਾਂ ਇਸ ਨੇ ਵਿਗਿਆਨ ਦੀ ਪੜ੍ਹਾਈ ਆਪਣੇ ਆਪ ਹੀ ਕੀਤੀ। ਇਸ ਨੇ ਸ਼ੁਰੂ ਵਿਚ ਹੀ ਸਹੀ ਮਿਣਤੀ ਦੀ ਮਹਾਨਤਾ ਦੱਸੀ ਅਤੇ ਸਹੀ ਮਾਤਰਾਤਮਕ ਡੈਟਾ ਹਾਸਲ ਕਰਨਾ ਇਸ ਦੀਆਂ ਖੋਜਾਂ ਦਾ ਇਕ ਜ਼ਰੂਰੀ ਅੰਗ ਬਣ ਗਿਆ। ਇਸ ਨੇ ਬਿਜਲੀ, ਯੰਤ੍ਰਿਕ ਅਤੇ ਰਸਾਇਣਕ ਪ੍ਰਭਾਵਾਂ ਵਿਚਕਾਰ ਮਾਤਰਾਤਮਕ ਸਬੰਧਾਂ ਦਾ ਪ੍ਰਯੋਗਾਤਮਕ ਅਧਿਐਨ ਕੀਤਾ ਅਤੇ ਇਸ ਤਰ੍ਹਾਂ ਮਹਾਨ ਖੋਜ ਤੱਕ ਪਹੁੰਚਿਆ। ਸੰਨ 1843 ਵਿਚ ਜਾਊਲ ਨੇ ਇਕ ਇਕਾਈ ਤਾਪ (ਕੈਲੋਰੀ) ਉਤਪੰਨ ਕਰਨ ਲਈ ਲੋੜੀਂਦੇ ਕੰਮ ਦੀ ਮਾਤਰਾ ਦੱਸੀ। ਇਸ ਨੂੰ ਜਾਊਲ ਦਾ ਤਾਪ ਦਾ ਯੰਤ੍ਰਿਕ ਤੁਲ ਅੰਕ (ਹ) ਕਿਹਾ ਜਾਂਦਾ ਹੈ। ਇਸ ਨੇ 'ਹ' ਦੀ ਮਿਣਤੀ ਚਾਰ ਵੱਖਰੇ ਢੰਗਾਂ ਨਾਲ ਕੀਤੀ। ਪਹਿਲੇ ਢੰਗ ਵਿਚ ਪਾਣੀ ਵਿਚ ਇਕ ਛੋਟੇ ਬਿਜਲੀ ਚੁੰਬਕ ਦੇ ਘੁੰਮਣ ਦੁਆਰਾ ਤਾਪਮਾਨ ਵਿਚ ਵਾਧਾ, ਕਰੰਟ ਅਤੇ ਯੰਤ੍ਰਿਕ ਕੰਮ ਮਿਣਿਆ ਗਿਆ। ਦੂਸਰੇ ਢੰਗ ਵਿਚ ਤਾਪਮਾਨ ਵਿਚ ਵਾਧਾ, ਕੇਸ਼ਿਕਾ ਨਲੀਆਂ ਵਿਚੋਂ ਦਬਾਉ ਨਾਲ ਪਾਣੀ ਲੰਘਾਉਣ ਨਾਲ ਮਿਣਿਆ ਜਾਂਦਾ ਸੀ। ਤੀਸਰਾ ਢੰਗ ਹਵਾ ਦੇ ਦਬਾਉ

ਉੱਤੇ ਨਿਰਭਰ ਸੀ। ਚੌਥਾ ਢੰਗ ਅੱਜਕੱਲ੍ਹ ਵੀ ਵਧੇਰੇ ਪ੍ਰਚਲਿਤ ਹੈ। ਇਸ ਵਿਚ ਇਕ ਹੇਠਾਂ ਵੱਲ ਡਿਗ ਰਹੇ ਭਾਰ ਦੀ ਕਿਰਿਆ ਦੁਆਰਾ ਪਾਣੀ ਵਿਚ ਘੁੰਮ ਰਹੇ ਪੈਡਲਾਂ ਦੁਆਰਾ ਰਗੜ ਨਾਲ ਤਾਪ ਉਤਪੰਨ ਕੀਤਾ ਜ਼ਾਂਦਾ ਹੈ। ਸੰਨ 1845 ਵਿਚ ਇਸ ਢੰਗ ਨਾਲ 4,7625 ਜਾਊਲ ਪ੍ਰਤਿ ਕੈਲੋਰੀ, 1847 ਵਿਚ 4, 1819 ਜਾਊਲ ਪ੍ਰਤੀ ਕੈਲੋਰੀ ਅਤੇ ਸਪਰਮ ਤੇਲ ਨਾਲ 4, 185 ਜਾਊਲ ਪ੍ਰਤੀ ਕੈਲੋਰੀ ਮੁੱਲ ਪ੍ਰਾਪਤ ਹੋਏ। ਜਾਊਲ ਨੇ ਇਨ੍ਹਾਂ ਦਾ ਔਸਤ ਮੁੱਲ 4. 1835 ਅਪਣਾਇਆ। ਸੰਨ 1849 ਵਿਚ ਪਾਣੀ ਨਾਲ ਪ੍ਰਯੋਗ ਕਰਕੇ ਇਸ ਨੇ 4. 13106 ਮੁੱਲ ਪ੍ਰਾਪਤ ਕੀਤਾ। ਸੰਨ 1853 ਵਿਚ ਇਸ ਨੇ ਡਬਲਯੂ ਟਾਮਸਨ (ਮਗਰੋਂ ਲਾਰਡ ਕੈਲਵਿਨ) ਨਾਲ ਗੈਸਾਂ ਦਬਾਉਣ ਲਈ ਲੋੜੀਂਦੇ ਕੰਮ ਅਤੇ ਛੋਟੇ ਛੋਟੇ ਛੇਕਾਂ ਵਿਚੋਂ ਦਬਾਉ ਦੁਆਰਾ ਗੈਸਾਂ ਲੰਘਾਉਣ ਸਮੇਂ ਇਨ੍ਹਾਂ ਵਿਚ ਆਉਂਦੀਆਂ ਤਾਪ ਤਬਦੀਲੀਆਂ ਉੱਤੇ ਖੋਜਾਂ ਕੀਤੀਆਂ।

ਜਾਊਲ ਨੇ ਘੋਲ ਬਣਨ ਸਮੇਂ ਆਇਤਨ ਵਿਚ ਤਬਦੀਲੀ ਆਦਿ ਦਾ ਅਧਿਐਨ ਵੀ ਕੀਤਾ। ਇਸ ਦੇ ਖੋਜ ਪੱਤਰ ਇਕੱਠੇ ਕਰਕੇ ਫ਼ਿਜ਼ੀਕਲ ਸੁਸਾਇਟੀ ਆਫ਼ ਲੰਡਨ (1885-87) ਨੇ ਦੋ ਜਿਲਦਾਂ ਵਿਚ ਛਾਪੇ।

ਇਸ ਦੀ 11 ਅਕਤੂਬਰ 1889 ਨੂੰ ਸੇਲ, ਚੈਸ਼ਿਰ ਵਿਖੇ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13 :93

**ਜਾਊਲ-ਟਾਮਸਨ ਪ੍ਰਭਾਵ** : ਬਿਨਾਂ ਕੋਈ ਕੰਮ ਹੋਏ ਜਾਂ ਬਿਨਾਂ ਕਿਸੇ ਤਾਪ ਰੂਪਾਂਤਰਨ ਦੇ ਤਾਪਮਾਨ ਵਿਚ ਤਬਦੀਲੀ ਜਿਸ ਨਾਲ ਗੈਸ ਫੈਲ ਜਾਂਦੀ ਹੈ, ਨੂੰ ਜਾਊਲ ਟਾਮਸਨ ਪ੍ਰਭਾਵ ਕਿਹਾ ਜਾਂਦਾ ਹੈ। ਸਾਧਾਰਨ ਤਾਪਮਾਨ ਅਤੇ ਦਬਾਉ ਉੱਤੇ ਸਾਰੀਆਂ ਵਾਸਤਵਿਕ ਗੈਸਾਂ (ਹਾਈਡ੍ਰੋਜਨ ਅਤੇ ਹੀਲੀਅਮ ਤੋਂ ਬਿਨਾਂ) ਇਸ ਤਰ੍ਹਾਂ ਫੈਲਣ ਨਾਲ ਠੰਢੀਆਂ ਹੋ ਜਾਂਦੀਆਂ ਹਨ। ਇਸ ਕਾਰਜ-ਵਿਧੀ ਦੀ ਵਰਤੋਂ ਅਕਸਰ ਗੈਸਾਂ ਨੂੰ ਤਰਲ ਬਣਾਉਣ ਵਿਚ ਕੀਤੀ ਜਾਂਦੀ ਹੈ। ਹਾਈਡ੍ਰੋਜਨ ਅਤੇ ਹੀਲੀਅਮ ਫੈਲਣ ਉਪਰੰਤ ਕੇਵਲ ਉਦੋਂ ਠੰਢੀਆਂ ਹੁੰਦੀਆਂ ਹਨ ਜਦੋਂ ਇਨ੍ਹਾਂ ਦੇ ਮੁਢਲੇ ਤਾਪਮਾਨ ਬਹੁਤ ਘੱਟ ਹੋਣ।

ਹ. ਪੁ. -ਐਨ. ਬ੍ਰਿ. ਮਾ. 5 : 616

**ਜਾਊਲ ਦਾ ਨਿਯਮ** : ਬਿਜਲੀ ਵਿਚ ਇਹ ਨਿਯਮ ਉਸ ਦਰ ਦੀ ਵਿਆਖਿਆ ਹੈ ਜਿਸ ਉੱਤੇ ਇਕ ਸਰਕਟ ਵਿਚ ਪ੍ਰਤਿਰੋਧ ਬਿਜਲਈ ਊਰਜਾ ਨੂੰ ਤਾਪ ਊਰਜਾ ਵਿਚ ਬਦਲਦਾ ਹੈ। ਅੰਗਰੇਜ਼ ਭੌਤਿਕ ਵਿਗਿਆਨੀ, ਜੇਮਜ਼ ਪ੍ਰੈੱਸਕਟ ਜਾਊਲ ਨੇ 1841 ਈ. ਵਿਚ ਸਿੱਧ ਕੀਤਾ ਕਿ ਜਦੋਂ ਕਿਸੇ ਤਾਰ ਵਿਚੋਂ ਕਰੰਟ ਵਹਿ ਰਿਹਾ ਹੁੰਦਾ ਹੈ ਤਾਂ ਉਤਪੰਨ ਹੋਇਆ ਪ੍ਰਤਿ ਸੈਕੰਡ ਤਾਪ, ਤਾਰ ਦੇ ਬਿਜਲਈ ਪ੍ਰਤਿਰੋਧ ਅਤੇ ਕਰੰਟ ਦੇ ਵਰਗ ਦੇ ਸਮ ਅਨੁਪਾਤੀ ਹੁੰਦਾ ਹੈ। ਇਸ ਨੇ ਦਸਿਆ ਕਿ ਪ੍ਰਤਿ ਸੈਕੰਡ ਉਤਪੰਨ ਹੋਈ ਤਾਪ ਊਰਜਾ, ਸੋਖਿਤ ਬਿਜਲਈ ਸ਼ਕਤੀ ਜਾਂ ਬਿਜਲਈ ਸ਼ਕਤੀ ਵਿਚ ਕਮੀ ਦੇ ਤੁਲ ਅੰਕੀ ਹੁੰਦੀ ਹੈ। ਜਾਊਲ ਦੇ ਨਿਯਮ ਦੇ ਮਾਤਰਾਤਮਕ ਰੂਪ ਅਨੁਸਾਰ $P = I^2R$ ਹੈ ਜਿਥੇ P ਬਿਜਲਈ ਸ਼ਕਤੀ, I ਕਰੰਟ ਅਤੇ R ਪ੍ਰਤਿਰੋਧ ਹੈ। ਉਥੇ ਸ਼ਕਤੀ ਦੀਆਂ ਇਕਾਈਆਂ ਵਾਟ ਜਾਂ ਜਾਊਲ ਪ੍ਰਤੀ ਸੈਕੰਡ ਹਨ, ਕਰੰਟ ਐਂਪੀਅਰਾਂ ਵਿਚ ਅਤੇ ਪ੍ਰਤਿਰੋਧ ਓਹਮਾਂ ਵਿਚ ਹੈ।

ਹ. ਪੁ. -ਐਨ. ਬ੍ਰਿ. ਮਾ. 5 : 616

**ਜਾਅਲਸਾਜ਼ੀ** : ਕਿਸੇ ਨੂੰ ਧੋਖਾ ਦੇਣ ਦੇ ਇਰਾਦੇ ਨਾਲ ਕਿਸੇ ਲਿਖਤੀ ਅਤੇ ਕਾਨੂੰਨੀ ਦਸਤਾਵੇਜ਼ ਵਿਚ ਕਿਸੇ ਅਦਲਾ-ਬਦਲੀ ਕਰਨ ਨੂੰ ਕਾਨੂੰਨ ਦੀ ਭਾਸ਼ਾ ਵਿਚ ਜਾਅਲਸਾਜ਼ੀ ਕਿਹਾ ਜਾਂਦਾ ਹੈ। ਵਪਾਰਕ ਕਾਰ-ਵਿਹਾਰ ਦੇ ਦਸਤਾਵੇਜ਼ਾਂ ਦੀ ਸਚਾਈ ਵਿਚ ਵਿਸ਼ਵਾਸ ਨੂੰ ਸੁਰੱਖਿਅਤ ਰੱਖਣ ਲਈ ਜਾਅਲਸਾਜ਼ੀ ਨੂੰ ਕਾਨੂੰਨੀ ਜੁਰਮ ਕਰਾਰ ਦਿਤਾ ਜਾਂਦਾ ਹੈ। ਪੁਰਾਤਨ ਅੰਗਰੇਜ਼ੀ ਕਾਨੂੰਨ ਵਿਚ ਕੇਵਲ ਬਾਦਸ਼ਾਹ ਦੀ ਮੁਹਰ ਅਧੀਨ ਜਾਰੀ ਕੀਤੇ ਦਸਤਾਵੇਜ਼ਾਂ ਵਿਚ ਕੋਈ ਤਬਦੀਲੀ ਜਾਂ ਕਾਨੂੰਨੀ ਅਦਾਲਤ ਵਿਚ ਕਿਸੇ ਝੂਠੇ ਦਸਤਾਵੇਜ਼ ਤੇ ਨਿਰਭਰ ਕਰਨਾ ਹੀ ਅਜਿਹੀ ਜਾਅਲਸਾਜ਼ੀ ਮੰਨਿਆ ਜਾਂਦਾ ਸੀ ਅਤੇ ਇਸ ਦੀ ਸਜ਼ਾ ਦਿੱਤੀ ਜਾ ਸਕਦੀ ਸੀ।

ਸੰਨ 1562-63 ਵਿਚ ਇੰਗਲੈਂਡ ਦੀ ਪਾਰਲੀਮੈਂਟ ਨੇ ਇਕ ਐਕਟ ਪਾਸ ਕੀਤਾ ਜਿਸ ਵਿਚ ਜਾਅਲਸਾਜ਼ੀ ਬਾਰੇ ਵਿਸਥਾਰ ਪੂਰਬਕ ਵਰਣਨ ਕੀਤਾ ਗਿਆ। ਜਾਅਲਸਾਜ਼ੀ ਕੇਵਲ ਦਸਤਾਵੇਜ਼ਾਂ ਵਿਚ ਹੱਥ ਨਾਲ ਲਿਖ ਕੇ ਅਦਲਾ ਬਦਲੀ ਕਰਨ ਤੱਕ ਹੀ ਸੀਮਿਤ ਨਹੀਂ ਸੀ, ਸਗੋਂ ਛਪਾਈ ਮੀਨਾਕਾਰੀ ਜਾਂ ਖੁਦਾਈ ਆਦਿ ਵਿਚ ਵੀ ਕੋਈ ਅਦਲਾ-ਬਦਲੀ ਕਰਨਾ ਵੀ ਜਾਅਲਸਾਜ਼ੀ ਅਧੀਨ ਆਉਂਦਾ ਸੀ।

ਸੰਯੁਕਤ ਰਾਜ ਅਮਰੀਕਾ ਵਿਚ ਵੀ ਜਾਅਲਸਾਜ਼ੀ ਨੂੰ ਆਮ ਕਾਨੂੰਨੀ ਦੁਰਾਚਾਰ ਮੰਨਿਆ ਜਾਂਦਾ ਹੈ ਅਤੇ ਇਸ ਜੁਰਮ ਲਈ ਸਜ਼ਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ।

ਜਾਅਲਸਾਜ਼ੀ ਦੀ ਪਰਿਭਾਸ਼ਾ ਵਿਚ ਤਿੰਨ ਗੱਲਾਂ ਸਪਸ਼ਟ ਹੋਣੀਆਂ ਜ਼ਰੂਰੀ ਮੰਨੀਆਂ ਗਈਆਂ ਹਨ— 1. ਦਸਤਾਵੇਜ਼ ਜਾਂ ਲਿਖਤ ਦਾ ਕਾਨੂੰਨੀ ਹੋਣਾ 2. ਧੋਖਾ ਦੇਣ ਦੀ ਇੱਛਾ 3. ਦਸਤਾਵੇਜ਼ ਦਾ ਲਿਖਤੀ ਜਾਂ ਸਾਕਾਰ ਰੂਪ ਵਿਚ ਹੋਣਾ। ਇਸ ਤਰ੍ਹਾਂ ਚੈੱਕ, ਪਰਨੋਟ, ਸ਼ੇਅਰ ਸਰਟੀਫਿਕੇਟ, ਬਾਂਡ, ਪਟੇ, ਇਕਰਾਰਨਾਮੇ ਜਾਂ ਵਸੀਅਤ ਆਦਿ ਵਿਚ ਕੋਈ ਅਦਲਾ ਬਦਲੀ ਕਰਨਾ ਜਾਅਲਸਾਜ਼ੀ ਦੀ ਪਰਿਭਾਸ਼ਾ ਵਿਚ ਆਉਂਦਾ ਹੈ। ਕਾਨੂੰਨ ਵਿਚ ਹੋਰਵੇਂ ਲਿਖੇ ਤੋਂ ਇਲਾਵਾ ਕਿਸੇ ਦਸਤਾਵੇਜ਼ ਵਿਚ ਕਿਸੇ ਕਿਸਮ ਦੀ ਕੋਈ ਤਬਦੀਲੀ ਜਿਸ ਨਾਲ ਕਿਸੇ ਦੂਜੇ ਵਿਅਕਤੀ ਨੂੰ ਹਾਨੀ ਪਹੁੰਚਦੀ ਹੋਵੇ ਜਾਂ ਉਸ ਦੇ ਕਾਨੂੰਨੀ ਅਧਿਕਾਰਾਂ ਜਾਂ ਦੇਣਦਾਰੀਆਂ ਤੇ ਪ੍ਰਭਾਵ ਪੈਂਦਾ ਹੋਵੇ, ਵੀ ਜਾਅਲਸਾਜ਼ੀ ਹੈ ਪਰੰਤੂ ਕੋਈ ਅਜਿਹਾ ਦਸਤਾਵੇਜ਼ ਵੀ ਜਾਅਲਸਾਜ਼ੀ ਦੇ ਖੇਤਰ ਵਿਚ ਆ ਜਾਂਦਾ ਹੈ, ਜਿਵੇਂ ਕਿ ਕਿਸੇ ਵਿਅਕਤੀ ਨੂੰ ਨੌਕਰੀ ਦਿਵਾਉਣ ਵਾਸਤੇ ਦਿੱਤੀ ਸਿਫ਼ਾਰਸ਼ੀ ਚਿੱਠੀ ਜਿਸ ਵਿਚ ਉਸ ਵਿਅਕਤੀ ਬਾਰੇ ਉਸਦੀਆਂ ਯੋਗਤਾਵਾਂ ਨੂੰ ਵਧਾ ਚੜ੍ਹਾਅ ਕੇ ਲਿਖਿਆ ਗਿਆ ਹੋਵੇ। ਦੂਜੇ ਪਾਸੇ ਜੇ ਕਿਸੇ ਵਿਅਕਤੀ ਨੂੰ ਕੋਈ ਜਾਣ ਪਛਾਣ ਪੱਤਰ ਦਿੱਤਾ ਜਾਵੇ, ਜਿਸ ਨਾਲ ਉਸ ਨੂੰ ਮਿਲਣ ਵਾਲੇ ਵਿਅਕਤੀ ਪਾਸੋਂ ਚੰਗਾ ਵਿਹਾਰ ਕੀਤੇ ਜਾਣ ਦੀ ਇੱਛਾ ਪਰਗਟ ਕੀਤੀ ਜਾਵੇ, ਜਾਅਲਸਾਜ਼ੀ ਵਿਚ ਨਹੀਂ ਮੰਨਿਆ ਜਾਂਦਾ।

ਵੱਖ-ਵੱਖ ਮੁਲਕਾਂ ਵਿਚ ਜਾਅਲਸਾਜ਼ੀ ਦੀ ਕਿਸਮ ਅਨੁਸਾਰ ਵੱਖ-ਵੱਖ ਸਜ਼ਾਵਾਂ ਨਿਸਚਿਤ ਕੀਤੀਆਂ ਹੁੰਦੀਆਂ ਹਨ।

ਹ. ਪੁ. -ਐਨ. ਬ੍ਰਿ. 9 : 621; ਐਨ. ਅਮੈ. 11: 486

**ਜੱਾਇਸਵਾਲ ਕਾਸ਼ੀ ਪ੍ਰਸ਼ਾਦ** : ਇਹ ਭਾਰਤ ਦਾ ਇਕ ਇਤਿਹਾਸਕਾਰ ਸੀ। ਇਸ ਦਾ ਜਨਮ 27 ਨਵੰਬਰ, 1881 ਵਿਚ ਮਿਰਜ਼ਾਪੁਰ ਵਿਖੇ ਹੋਇਆ। ਇਸਨੂੰ ਇਤਿਹਾਸ ਅਤੇ ਪੁਰਾਤਤਵ ਦੇ ਖੇਤਰ ਵਿਚ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸੀ। ਇਤਿਹਾਸ ਅਤੇ ਪੁਰਾਤੱਤਵ ਦੇ ਖੇਤਰ ਵਿਚ ਇਸ ਦੀ ਕਾਫ਼ੀ ਦੇਣ ਹੈ। ਮੁੱਢਲੀ ਸਿੱਖਿਆ ਵਾਰਾਨਸੀ ਤੋਂ ਪ੍ਰਾਪਤ ਕਰਨ ਉਪਰੰਤ ਐਮ. ਏ. ਅਤੇ ਬਾਰ-ਐਟ-ਲਾਅ ਇੰਗਲੈਂਡ ਤੋਂ ਪਾਸ ਕੀਤਾ।

ਇਹ 'ਬਿਹਾਰ ਰਿਸਰਚ ਜਨਰਲ' ਦੇ ਪ੍ਰਕਾਸ਼ਨ ਦਾ ਪਹਿਲਾ ਸੰਪਾਦਕ ਸੀ। ਇਸ ਨੇ 'ਪਾਟਲੀਪੁੱਤਰ' ਦਾ ਵੀ ਅਨੁਵਾਦ ਕੀਤਾ। ਪਟਨਾ ਦੇ ਅਜਾਇਬ ਘਰ ਦੀ ਸਥਾਪਨਾ ਵੀ ਇਸ ਦੀ ਪ੍ਰੇਰਨਾ ਨਾਲ ਹੀ ਹੋਈ। ਸਵਰਗਵਾਸੀ ਡਾ. ਰਾਜਿੰਦਰ ਪ੍ਰਸਾਦ ਦੇ ਸਹਿਯੋਗ ਨਾਲ ਇਸ ਨੇ ਇਤਿਹਾਸ ਪ੍ਰੀਸ਼ਦ ਦੀ ਸਥਾਪਨਾ ਕੀਤੀ। ਕਈ ਹਿੰਦੀ ਸਾਹਿਤ ਅਤੇ ਇਤਿਹਾਸ ਸਬੰਧੀ ਸੰਮੇਲਨਾਂ ਦਾ ਇਹ ਪਰਧਾਨ ਵੀ ਰਿਹਾ।

ਜੱਾਇਸਵਾਲ ਕਾਸ਼ੀ ਪ੍ਰਸਾਦ ਨੇ 'ਐਨ ਇੰਪੀਰੀਅਲ ਹਿਸਟਰੀ ਆਫ਼ ਇੰਡੀਆ', 'ਏ ਕ੍ਰੋਨਾਲੋਜੀ ਐਂਡ ਹਿਸਟਰੀ ਆਫ਼ ਨੇਪਾਲ' ਆਦਿ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।

ਸੰਨ 1937 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 4: 480

**ਜੱਾਇਸ, ਜੇਮਜ਼** : ਆਇਰਲੈਂਡ ਦੇ ਇਸ ਉੱਘੇ ਨਾਵਲਕਾਰ ਨੇ ਮਨੁੱਖੀ ਫ਼ਿਤਰਤ ਨੂੰ ਬਹੁਤ ਹੀ ਸੁਚੱਜੇ, ਸੁੱਘੜ ਅਤੇ ਯਥਾਰਥਵਾਦੀ ਢੰਗ ਨਾਲ ਸੁੰਦਰ ਅਤੇ ਸਾਹਿਤਿਕ ਭਾਸ਼ਾ ਵਿਚ ਬਿਆਨ ਕੀਤਾ ਹੈ। ਇਸ ਸਮੇਂ ਦੇ ਕਿੰਨੇ ਹੀ ਵੱਡੇ-ਵੱਡੇ ਲੇਖਕਾਂ ਨੇ ਇਸ ਦਾ ਅਸਰ ਕਬੂਲਿਆ ਹੈ। ਭਾਵੇਂ ਇਸ ਦੇ ਸੁਪ੍ਰਸਿੱਧ ਨਾਵਲ 'ਯੂਲਿਸਿਸ' ਉੱਤੇ ਪਹਿਲਾਂ ਪਹਿਲਾਂ ਕਈ ਦੇਸ਼ਾਂ ਵਿਚ ਪਾਬੰਦੀ ਲਗਾਈ ਗਈ ਸੀ ਪਰ ਇਹ ਇਕ ਮਹਾਨ ਸ਼ਾਹਕਾਰ ਸਿੱਧ ਹੋਇਆ ਹੈ। ਇਸ ਵਿਚ ਕੇਵਲ ਇਕੋ ਦਿਨ ਦੀਆਂ ਘਟਨਾਵਾਂ ਵਾਲੇ ਨਾਵਲ ਦੇ ਦੋ ਮੁੱਖ ਪਾਤਰਾਂ ਲੀਓਪੋਲਡ ਬਲੂਮ ਅਤੇ ਉਸ ਦੀ ਪਤਨੀ ਮੋਲੀ ਦਾ ਜਿਸ ਖ਼ੂਬੀ ਨਾਲ ਨਿਰੂਪਣ ਕੀਤਾ ਗਿਆ ਹੈ, ਉਹ ਗਲਪ ਸਾਹਿਤ ਵਿਚ ਹੋਰ ਕਿਧਰੇ ਘੱਟ ਹੀ ਮਿਲਦਾ ਹੈ।



**ਜੇਮਜ਼ ਜੱਾਇਸ**

ਜੇਮਜ਼ ਜੱਾਇਸ ਦਾ ਜਨਮ 2 ਫ਼ਰਵਰੀ, 1882 ਨੂੰ ਡਬਲਿਨ ਵਿਚ ਰਥਗਾਰ ਵਿਖੇ ਸਟੈਨਿਸਲੋਸ ਜੱਾਇਸ ਦੇ ਘਰ ਹੋਇਆ। ਇਸ ਦਾ ਪਿਤਾ ਆਇਰਲੈਂਡ ਦੀ ਆਜ਼ਾਦੀ ਦੇ ਪਰਵਾਨਿਆਂ ਦਾ ਹਿਮਾਇਤੀ ਸੀ। ਉਹ ਸਥਾਨਕ ਸਰਕਾਰੀ ਵਿਭਾਗ ਦਾ ਕਰਮਚਾਰੀ ਸੀ। ਟੈਕਸ ਦੀ ਉਗਰਾਹੀ ਦੇ ਖਾਤਿਆਂ ਵਿਚ ਖਾਮੀਆਂ ਹੋਣ ਕਰਕੇ ਜੇਮਜ਼ ਦੇ ਪਿਤਾ ਨੂੰ ਪੈਨਸ਼ਨ ਤੇ ਤੋਰ ਦਿੱਤਾ ਗਿਆ ਜਿਸ ਕਰਕੇ ਪਰਿਵਾਰ ਨੂੰ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪਿਆ। ਜੇਮਜ਼ ਦੇ 9 ਹੋਰ ਛੋਟੇ ਭੈਣ-ਭਰਾ ਸਨ। ਲੈਣਦਾਰ ਹਰ ਰੋਜ਼ ਘਰ ਆ ਧਮਕਦੇ ਅਤੇ ਘਰ ਦੀਆਂ ਵਸਤਾਂ ਗਿਰਵੀ ਰੱਖਣੀਆਂ ਪੈਂਦੀਆਂ ਅਤੇ ਮਕਾਨ ਬਦਲਨੇ ਪੈਂਦੇ। ਸਤੰਬਰ, 1888 ਵਿਚ ਜੇਮਜ਼, ਕਲੋਂਗੋਜ਼ ਦੇ ਜੀਸਸੀ ਬੋਰਡਿੰਗ ਸਕੂਲ ਵਿਚ ਪੜ੍ਹਨ ਲਈ ਗਿਆ ਪਰ ਘਰ ਦੀ ਗ਼ਰੀਬੀ ਕਾਰਨ ਸਾਲ 1891 ਦੀਆਂ ਛੁੱਟੀਆਂ ਮਗਰੋਂ ਇਹ ਸਕੂਲ ਨਾ ਪਰਤ ਸਕਿਆ। ਇਹ ਆਪਣੀ ਮਾਂ ਦੀ ਸਹਾਇਤਾ ਨਾਲ ਘਰ ਹੀ ਪੜ੍ਹਦਾ ਰਿਹਾ। ਅਪ੍ਰੈਲ, 1893 ਵਿਚ ਆਪਣੇ ਛੋਟੇ ਭਰਾ ਸਟੈਨਿਸਲੋਸ ਸਹਿਤ ਇਹ ਡਬਲਿਨ ਦੇ ਜੀਸਸੀ ਗ੍ਰਾਮਰ ਸਕੂਲ ਵਿਚ ਬਿਨਾਂ ਫ਼ੀਸ ਦੇ ਦਾਖ਼ਲ ਹੋਇਆ। ਉਥੇ ਇਸ ਨੇ ਪ੍ਰਸਿੱਧੀ ਪ੍ਰਾਪਤ ਕੀਤੀ ਪਰ ਇਸ ਨੂੰ ਇਸ ਗੱਲੋਂ ਬਦਨਾਮ ਹੋ ਕੇ ਸਕੂਲ ਛੱਡਣਾ ਪਿਆ ਕਿ ਇਸ ਦਾ ਕੈਥੋਲਿਕ ਮੱਤ ਵਿਚੋਂ ਵਿਸ਼ਵਾਸ ਉੱਠ ਗਿਆ ਸੀ।

ਫਿਰ ਜੇਮਜ਼ ਯੂਨੀਵਰਸਿਟੀ ਕਾਲਜ, ਡਬਲਿਨ ਵਿਚ ਦਾਖ਼ਲ ਹੋਇਆ। ਉਥੇ ਇਹ ਪਾਠਕ੍ਰਮ ਤੋਂ ਬਾਹਰੀ ਪੜ੍ਹਾਈ ਅਤੇ ਸਰਗਰਮੀਆਂ ਵਿਚ ਬਹੁਤ ਹਿੱਸਾ ਲੈਂਦਾ ਸੀ। ਸੰਨ 1899 ਵਿਚ ਇਬਸਨ ਦੇ ਡਰਾਮਿਆਂ ਸਬੰਧੀ ਲੰਡਨ ਦੇ ਫੋਰਟਨਾਈਟਲੀ ਰਿਵਿਊ ਵਿਚ ਇਸ ਦਾ ਇਕ ਲੇਖ ਛਪਿਆ ਜਿਸ ਤੋਂ ਭਵਿਖ ਵਿਚ ਇਸ ਦੇ ਇਕ ਵੱਡੇ ਲੇਖਕ ਬਣਨ ਦਾ ਝਲਕਾਰਾ ਪਿਆ। ਮਗਰਲੇ ਕਈ ਹੋਰ ਲੇਖਾਂ ਕਾਰਨ ਇਸ ਦੀ ਪ੍ਰਤਿਭਾ ਸਥਾਪਿਤ ਹੋਣ ਲਗੀ। 31 ਅਕਤੂਬਰ, 1902 ਨੂੰ ਇਸ ਨੇ ਬੀ. ਏ. ਪਾਸ ਕਰ ਲਈ। ਇਹ ਨਾਲੋ ਨਾਲ ਲਗਾਤਾਰ ਲਿਖਦਾ ਰਿਹਾ ਅਤੇ ਇਸ ਨੇ ਆਪਣੀ ਇਕ ਨਵੇਕਲੀ ਸ਼ੈਲੀ ਕਾਇਮ ਕਰ ਲਈ।

ਜੇਮਜ਼ ਨੇ ਪਹਿਲਾਂ ਡਬਲਿਨ ਅਤੇ ਫਿਰ ਪੈਰਿਸ ਵਿਚ ਡਾਕਟਰੀ ਦੀ ਪੜ੍ਹਾਈ ਵੀ ਸ਼ੁਰੂ ਕੀਤੀ ਪਰ ਪੈਸੇ ਦੀ ਤੰਗੀ ਕਾਰਨ ਛੇਤੀ ਹੀ ਉਸ ਨੂੰ ਆਪਣਾ ਇਹ ਮਿਸ਼ਨ ਤਿਆਗਣਾ ਪਿਆ। ਪੁਸਤਕਾਂ ਦੇ ਰਿਵਿਊ ਆਦਿ ਲਿਖ ਕੇ ਇਹ ਗੁਜ਼ਾਰਾ ਕਰਦਾ ਰਿਹਾ। ਅਪ੍ਰੈਲ, 1903 ਵਿਚ ਡਬਲਿਨ ਪਰਤ ਕੇ ਇਸ ਨੇ ਗੁਜ਼ਾਰੇ ਲਈ ਕਈ ਪਾਪੜ ਵੇਲੇ। ਸੰਨ 1904 ਵਿਚ ਇਸ ਦੀਆਂ 'ਦੀ ਆਇਰਿਸ਼ ਹੋਮਸਟੈੱਡ' ਮੈਗਜ਼ੀਨ ਵਿਚ ਕਈ ਕਹਾਣੀਆਂ ਛਪੀਆਂ ਜੋ ਮਗਰੋਂ 1914 ਵਿਚ 'ਡਬਲਿਨਰਜ਼' ਨਾਂ ਦੇ ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈਆਂ।

ਜੂਨ, 1904 ਵਿਚ ਜੇਮਜ਼ ਜੱਾਇਸ ਨੂੰ ਨੋਰਾ ਬਾਰਨੇਕਲ ਨਾਲ ਪਿਆਰ ਹੋ ਗਿਆ। ਉਸ ਨੂੰ ਨਾਲ ਲੈ ਕੇ 1905 ਵਿਚ ਟ੍ਰੀਸਟ ਚਲਾ ਗਿਆ। ਇਸ ਨੇ ਉਸ ਨਾਲ 1931 ਵਿਚ ਵਿਆਹ ਕਰਵਾਇਆ।

ਜੇਮਜ਼ ਨੇ ਯੂਰਪੀਅਨ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਇਸ ਨੂੰ ਚਿੰਨ੍ਹਵਾਦੀਆਂ ਅਤੇ ਯਥਾਰਥਵਾਦੀਆਂ ਦੋਹਾਂ ਵਿਚ ਦਿਲਚਸਪੀ ਸੀ। ਇਸ ਨੇ ਆਪਣੇ ਪਹਿਲਾਂ ਲਿਖੇ ਸਵੈ-ਜੀਵਨੀ ਨਾਵਲ 'ਸਟੀਫ਼ਨ ਹੀਰੋ' ਨੂੰ ਮੁੜ ਲਿਖਿਆ ਅਤੇ ਉਸ ਦਾ ਨਾਂ 'ਏ ਪੋਰਟ੍ਰੇਟ ਆਫ਼ ਦੀ ਆਰਟਿਸਟ ਐਜ਼ ਏ ਯੰਗ ਮੈਨ' ਰੱਖਿਆ।

ਸੰਨ 1909 ਵਿਚ ਜੱਾਇਸ ਡਬਲਿਨ ਗਿਆ। ਇਸ ਨੇ ਉਥੇ ਸਿਨੇਮਾ ਕਾਇਮ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ। ਸੰਨ 1915 ਵਿਚ ਇਹ ਆਪਣੇ ਪਰਿਵਾਰ ਸਹਿਤ ਜ਼ਿਊਰਿਕ ਚਲਾ ਗਿਆ। ਸੰਨ 1917 ਤੋਂ 1930 ਤੱਕ ਇਸ ਦੀਆਂ ਅੱਖਾਂ ਦੇ 25 ਅਪਰੇਸ਼ਨ ਹੋਏ, ਕਦੇ ਕਦੇ ਤਾਂ ਇਹ ਤਕਰੀਬਨ ਅੰਨ੍ਹਾ ਹੀ ਹੋ ਜਾਂਦਾ ਸੀ।

ਜੁਲਾਈ, 1920 ਵਿਚ ਜੇਮਜ਼ ਪੈਰਿਸ ਚਲਾ ਗਿਆ ਅਤੇ ਫ਼ਰਵਰੀ, 1922 ਵਿਚ ਇਸ ਦੀ ਮਹਾਨ ਕਿਰਤ 'ਯੂਲਿਸਿਸ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਦੇ ਕਈ ਅੰਸ਼ਾਂ ਨੂੰ ਅਸ਼ਲੀਲ ਮੰਨ ਕੇ ਪਹਿਲਾਂ ਇੰਗਲੈਂਡ ਅਤੇ ਅਮਰੀਕਾ ਵਿਚ ਇਸ ਉੱਤੇ ਰੋਕ ਲੱਗਾ ਦਿੱਤੀ ਗਈ। ਜੇਮਜ਼ ਦੀ 'ਪੋਰਟ੍ਰੇਟ' ਵਿਚ ਵਰਤੀ ਚੇਤਨਾਪ੍ਰਵਾਹ-ਸ਼ੈਲੀ ਦਾ ਪੂਰਨ ਵਿਕਾਸ 'ਯੂਲਿਸਿਸ' ਵਿਚ ਜਾ ਕੇ ਹੋਇਆ ਹੈ। ਇਸ ਦੀ ਕਹਾਣੀ ਹੋਮਰ ਦੇ ਮਹਾਂਕਾਵਿ 'ਓਡੀਸੀ' ਜਿਸ ਦਾ ਨਾਇਕ ਯੂਲਿਸਿਸ ਹੈ, ਦੇ ਸਮਾਂਤਰ ਚਲਦੀ ਹੈ। ਕਈ ਵਿਦਵਾਨਾਂ ਨੇ ਜੇਮਜ਼ ਦੇ ਨਾਵਲ ਬਾਰੇ ਬੜਾ ਕੁਝ ਲਿਖਿਆ ਹੈ ਪਰ ਜਾਪਦਾ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਅਜੇ ਤੱਕ ਵੀ ਕੋਈ ਸਮਝ ਨਹੀਂ ਸਕਿਆ। ਜੇਮਜ਼ ਜੱਾਇਸ ਦੀਆਂ ਹੋਰ ਰਚਨਾਵਾਂ ਵਿਚ 'ਪੋਇਮਜ਼ ਪੈਨੀਚ' (1927), 'ਕੁਲੈਕਟਿਡ ਪੋਇਮਜ਼' (1936) ਅਤੇ 'ਫਿਨੀਗੈਨਜ਼ ਵੇਕ' (1939) ਸ਼ਾਮਲ ਹਨ।

ਸੰਨ 1940 ਵਿਚ ਦੂਜੇ ਸੰਸਾਰ ਯੁੱਧ ਦੌਰਾਨ ਫ਼ਰਾਂਸ ਦੀ ਹਾਰ ਕਰਕੇ ਜੱਾਇਸ ਮੁੜ ਜ਼ਿਊਰਿਕ ਚਲਾ ਗਿਆ ਜਿਥੇ ਜਨਵਰੀ, 1941 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮੈ. 10: 279; ਹਿੰ. ਵਿ. ਕੋ. 5: 39

**ਜਾਇਸੀ, ਮਲਿਕ ਮੁਹੰਮਦ** : ਇਹ ਹਿੰਦੀ ਦਾ ਪ੍ਰਸਿੱਧ ਸੂਫ਼ੀ ਕਵੀ ਸੀ ਜਿਸ ਦੀ ਰਚਨਾ 'ਪਦਮਾਵਤ' ਨੂੰ ਹਿੰਦੀ ਸਾਹਿਤ ਵਿਚ ਅਥਾਹ ਸਤਿਕਾਰ ਪ੍ਰਾਪਤ ਹੈ। 'ਜਾਇਸੀ' ਤੋਂ ਜਾਪਦਾ ਹੈ ਕਿ ਇਹ ਉੱਤਰ ਪ੍ਰਦੇਸ਼ ਵਿਚ ਜਾਇਸ ਨਗਰ ਦਾ ਵਾਸੀ ਸੀ। ਉਂਜ ਇਸ ਦੇ ਜਨਮ-ਸਥਾਨ

ਅਤੇ ਜਨਮ-ਮਿਤੀ ਬਾਰੇ ਪੱਕਾ ਕੁਝ ਨਹੀਂ ਪਤਾ। ਇਸ ਦੀਆਂ ਪ੍ਰਾਪਤ ਰਚਨਾਵਾਂ ਵਿਚ ਇਸ ਦੀ ਜਨਮ-ਮਿਤੀ ਦਾ ਕੋਈ ਸਪਸ਼ਟ ਉਲੇਖ ਨਹੀਂ ਮਿਲਦਾ। 'ਪਦਮਾਵਤ' ਦਾ ਰਚਨਾ ਕਾਲ 947 ਹਿਜਰੀ ਅਰਥਾਤ 1540 ਈ. ਦੱਸਿਆ ਗਿਆ ਹੈ। 'ਪਦਮਾਵਤ' ਵਿਚ ਸੁਲਤਾਨ ਸ਼ੇਰ ਸ਼ਾਹ ਸੂਰੀ (1540-45) ਅਤੇ 'ਆਖ਼ਰੀ ਕਲਾਮ' ਵਿਚ ਮੁਗ਼ਲ ਬਾਦਸ਼ਾਹ ਬਾਬਰ (1526-30) ਦਾ ਨਾਂ ਸ਼ਾਹੇ ਵਕਤ ਦੇ ਰੂਪ ਵਿਚ ਜ਼ਰੂਰ ਆਇਆ ਹੈ ਜਿਸ ਤੋਂ ਜਾਪਦਾ ਹੈ ਕਿ ਜਾਇਸੀ ਇਨ੍ਹਾਂ ਦਾ ਸਮਕਾਲੀ ਸੀ।

ਜਾਇਸੀ ਨਾਂ ਤੋਂ ਪਹਿਲਾਂ 'ਮਲਿਕ' ਉਪਾਧੀ ਲੱਗੀ ਹੋਣ ਦਾ ਇਹ ਕਾਰਨ ਦੱਸਿਆ ਜਾਂਦਾ ਹੈ ਕਿ ਇਸ ਦੇ ਬਜ਼ੁਰਗ ਈਰਾਨ 'ਚੋਂ ਆਏ ਸਨ ਅਤੇ ਉਥੋਂ ਹੀ ਉਨ੍ਹਾਂ ਦੇ ਨਾਂ ਨਾਲ ਇਹ ਜ਼ਿਮੀਦਾਰੀ ਸੂਚਕ ਉਪਾਧੀ ਲੱਗੀ ਆ ਰਹੀ ਸੀ। ਇਸ ਦੇ ਪਿਤਾ ਦਾ ਨਾਂ ਮਲਿਕ ਰਾਜੇ ਅਸ਼ਰਫ਼ ਸੀ ਜੋ ਇਕ ਸਾਧਾਰਨ ਜ਼ਿਮੀਦਾਰ ਸੀ। ਜਾਇਸੀ ਦੇ ਇਕ ਪੁੱਤਰ, ਮਲਿਕ ਕਬੀਰ ਦੇ ਚਾਰ ਮਿੱਤਰਾਂ ਦਾ ਉਲੇਖ ਵੀ ਮਿਲਦਾ ਹੈ।

ਜਾਇਸੀ ਨੇ ਆਪਣੀਆਂ ਕੁਝ ਰਚਨਾਵਾਂ ਵਿਚ ਆਪਣੀ ਗੁਰੂ ਪਰੰਪਰਾ ਦਾ ਉਲੇਖ ਵੀ ਕੀਤਾ ਹੈ। ਇਸ ਦਾ ਗੁਰੂ ਸੱਯਦ ਅਸ਼ਰਫ਼ ਸੀ ਅਤੇ ਇਸ ਨੇ ਆਪਣੇ ਮੋਹਦੀ ਜਾਂ ਮਹਦੀ ਗੁਰੂ ਸ਼ੇਖ ਬੁਰਹਾਨ ਦਾ ਉਲੇਖ ਵੀ ਕੀਤਾ ਹੈ ਅਤੇ ਕਿਹਾ ਹੈ ਕਿ ਉਸ ਦਾ ਸਥਾਨ ਕਾਲਪੀ ਨਗਰ ਸੀ।

ਜਾਇਸੀ ਬੜੀ ਨਿਮਰਤਾ ਵਾਲਾ, ਸਾਧੂ ਸੁਭਾ ਵਾਲਾ ਅਤੇ ਇਕਾਂਤ ਪ੍ਰੇਮੀ ਸੀ। ਇਸ ਦਾ ਅਮੇਠੀ ਦੇ ਰਾਜ ਦਰਬਾਰ ਵਿਚ ਬੜਾ ਸਨਮਾਨ ਸੀ। ਆਪਣੇ ਆਖ਼ਰੀ ਦਿਨਾਂ ਵਿਚ ਇਹ ਅਮੇਠੀ ਦੇ ਨੇੜੇ ਇਕ ਸੰਘਣੇ ਜੰਗਲ ਵਿਚ ਰਹਿ ਕੇ ਤਪ-ਸਾਧਨਾ ਕਰਦਾ ਰਿਹਾ ਅਤੇ ਉਥੇ ਹੀ ਇਸ ਦੀ ਮੌਤ ਹੋ ਗਈ।

ਜਾਇਸੀ ਦੀਆਂ ਪ੍ਰਮੁੱਖ ਰਚਨਾਵਾਂ ਹਨ—1. ਪਦਮਾਵਤ, 2. ਅਖਰਾਵਟ 3. ਆਖ਼ਰੀ ਕਲਾਮ, 4. ਮਹਰੀ ਬਾਈਸੀ, 5. ਚਿਤ੍ਰਾਵਰਤ ਅਤੇ 6. ਮੋਤਸੀਨਾਮਾ। ਇਨ੍ਹਾਂ ਤੋਂ ਇਲਾਵਾ ਹੇਠ ਲਿਖੀਆਂ ਰਚਨਾਵਾਂ ਜਾਇਸੀ ਦੀਆਂ ਦੱਸੀਆਂ ਜਾਂਦੀਆਂ ਹਨ ਪਰ ਇਨ੍ਹਾਂ ਦੇ ਵਿਸ਼ੇ ਬਾਰੇ ਕੁਝ ਪਤਾ ਨਹੀਂ ਹੈ। 'ਸਮੰਦਾ', 'ਕਹਰਨਾਮਾ', 'ਮੁਕਹਰਾਨਾਮਾ', 'ਵਾ ਮੁਖਰਾਨਾਮਾ', 'ਮੁਹਰਾਨਾਮਾ' ਜਾਂ ਹੋਲੀਨਾਮਾ', 'ਖੁਰਵਾਨਾਮਾ' 'ਸੰਕਰਾਨਾਮਾ', 'ਚੰਪਾਵਤ', 'ਮਟਕਾਵਤ', 'ਇਤਰਾਵਤ', 'ਲਖਰਾਵਤ', 'ਮਖਰਾਵਤ' ਜਾਂ 'ਸੁਖਰਾਵਤ' 'ਲਹਰਾਵਤ' 'ਨੈਨਾਵਤ' 'ਘਨਾਵਤ' 'ਪਰਮਾਰਥ ਜਾਜੀ' ਤੇ 'ਪੁਸੀਨਾਮਾ' ਪਰ ਜਾਇਸੀ ਦਾ 'ਪਦਮਾਵਤ' ਸਰਬ-ਸ੍ਰੇਸ਼ਟ ਪ੍ਰੇਮ-ਕਾਵਿ ਹੈ। ਉਸ ਸਮੇਂ ਤੱਕ ਇਸ ਪ੍ਰਕਾਰ ਦੇ ਕਾਵਿ ਸਾਹਿਤ ਦਾ ਪੂਰਨ ਵਿਕਾਸ ਨਹੀਂ ਹੋਇਆ ਸੀ ਅਤੇ ਇਸ ਦੇ ਆਦਰਸ਼ ਸਿਰਫ਼ ਗਿਣੇ ਮਿਥੇ ਸਨ। ਜਾਇਸੀ ਨੇ ਇਸ ਨਵੀਨ ਰਚਨਾ ਸ਼ੈਲੀ ਨੂੰ ਅਪਣਾ ਕੇ ਬਹੁਤ ਵੱਡੀ ਸਫ਼ਲਤਾ ਪ੍ਰਾਪਤ ਕੀਤੀ ਤੇ ਇਕ ਸ਼ਾਹਕਾਰ ਪੇਸ਼ ਕੀਤਾ। ਜਾਇਸੀ ਸਿਰਫ਼ ਹਿੰਦੀ ਕਵੀ ਹੀ ਨਹੀਂ ਸੀ ਸਗੋਂ ਸੂਫ਼ੀ ਸੰਤ ਵੀ ਸੀ। ਇਸ ਕਾਰਨ ਇਸ ਦੀਆਂ ਰਚਨਾਵਾਂ ਦਾ ਮੁਲਾਂਕਣ ਕਰਦੇ ਸਮੇਂ ਸਾਰਾ ਧਿਆਨ ਇਸ ਦੀ ਵਿਚਾਰਧਾਰਾ ਵੱਲ ਜਾਂਦਾ ਹੈ ਜਿਸ ਨੂੰ ਇਸ ਨੇ ਆਪਣਾ ਧਾਰਮਿਕ ਫ਼ਰਜ਼ ਸਮਝ ਕੇ ਪਰਗਟ ਕੀਤਾ ਹੈ। ਜਾਇਸੀ ਦਾ ਅਸਲੀ ਮਹੱਤਵ ਇਸ ਦੁਆਰਾ ਪ੍ਰੇਮ ਤੱਤ ਦੇ ਵਿਆਪਕ ਰੂਪ ਦਾ ਸਫ਼ਲ ਚਿੱਤਰਣ ਕਰਨ ਵਿਚ ਹੈ। ਇਸ ਨੇ ਭਾਰਤੀ ਜੀਵਨ ਦੇ ਪਿਛੋਕੜ ਨੂੰ ਬੜੇ ਸੁਚੱਜੇ ਢੰਗ ਨਾਲ ਅੰਕਤ ਕੀਤਾ ਹੈ ਅਤੇ ਅਜਿਹਾ ਕਰਦਿਆਂ ਇਸ ਨੇ ਅੱਲੜ੍ਹ ਅਵਧੀ ਭਾਸ਼ਾ ਨੂੰ ਬਲਵਾਨ ਤੇ ਅਮੀਰ ਬਣਾ ਦਿੱਤਾ।

ਹ. ਪੁ. -ਹਿੰ. ਸਾ. ਕੋ 2: 402; ਹਿੰ. ਸਾ. ਇਤਿ-ਸ਼ੁਕਲ

**ਜਾਇੰਟ ਕਾਜ਼ਵੇ** : ਉੱਤਰੀ ਆਇਰਲੈਂਡ ਦੀ ਐਨਟ੍ਰਮ ਕਾਉਂਟੀ ਵਿਚ ਪੋਰਟਰਸ਼ ਤੋਂ 11 ਕਿ. ਮੀ. ਉੱਤਰ-ਪੂਰਬ ਦੀ ਦਿਸ਼ਾ ਵਿਚ ਸਮੁੰਦਰੀ ਤਟ ਉਪਰ ਲਾਵੇ ਦੇ ਥੰਮ੍ਹ ਹਨ। ਇਹ ਸਾਰੇ ਛੇ-ਭੁਜੀ ਖੜ੍ਹੇ ਥੰਮ੍ਹ ਹਨ। ਥੰਮ੍ਹਾਂ ਦੀ ਗਿਣਤੀ ਕੋਈ 40,000 ਦੇ ਕਰੀਬ ਹੈ। ਇਹ ਲ. 5 ਕਿ. ਮੀ. ਦੀ ਪਟੜੀ ਜਿਹੀ ਉਪਰ ਤਟ ਤੋਂ ਅੱਗੇ ਸਮੁੰਦਰ ਵੱਲ ਨੂੰ ਜਾਂਦੇ ਵਿਖਾਈ ਦਿੰਦੇ ਹਨ। ਕੁਝ ਕੁ ਥੰਮ੍ਹ ਸਮੁੰਦਰ ਹੇਠਾਂ ਵੀ ਡੁੱਬੇ ਹੋਏ ਹਨ ਜਿਹੜੇ ਸਾਗਰ ਵਿਚ ਨੀਵੇਂ ਜਵਾਰ ਵੇਲੇ ਬਾਹਰ ਵਿਖਾਈ ਦਿੰਦੇ ਹਨ। ਇਹ ਸਾਰੇ ਥੰਮ੍ਹ ਦੂਰੋਂ ਵੇਖਣ ਤੇ ਇਕ ਸਮੂਹ ਜਿਹਾ ਜਾਪਦੇ ਹਨ। ਉਪਰੋਂ ਇਹ ਪਲੇਟਫ਼ਾਰਮ ਜਾਂ ਚਬੂਤਰੇ ਦੀ ਸ਼ਕਲ ਵਿਚ ਹਨ। ਇਸ ਸਾਰੇ ਚਬੂਤਰੇ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਲਿਟਲ, ਮਿਡਲ ਅਤੇ ਗ੍ਰੈਂਡ। ਗ੍ਰੈਂਡ ਕਾਜ਼ਵੇ ਇਨ੍ਹਾਂ ਤਿੰਨਾਂ ਵਿਚੋਂ ਵੱਡਾ ਹੈ। ਇਹ ਪੱਥਰੀ ਜਿਹੀ ਸੜਕ ਵਾਂਗ 210 ਮੀ. (700 ਫੁੱਟ) ਲੰਬਾ ਹੈ ਅਤੇ 6 ਤੋਂ 12 ਮੀ. ਚੌੜਾ ਹੈ। ਇਸ ਦੇ ਥੰਮ੍ਹਾਂ ਦੀ ਮੋਟਾਈ 375 ਤੋਂ 500 ਕਿ. ਮੀ. ਤੱਕ ਹੈ। ਕਈ ਥੰਮ੍ਹਾਂ ਦੀ ਉੱਚਾਈ 6 ਮੀ. ਤੱਕ ਹੈ। ਥੰਮ੍ਹਾਂ ਹੇਠਲੀਆਂ ਚਟਾਨਾਂ ਲਾਵੇ ਦੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਹੇਠਾਂ ਲਾਵੇ ਦੀ 90 ਮੀ. (300 ਫੁੱਟ) ਤੋਂ 150 ਮੀ. (500 ਫੁੱਟ) ਤੱਕ ਮੋਟੀ ਤਹਿ ਜਿਹੀ ਬਣੀ ਹੋਈ ਹੈ। ਥੰਮ੍ਹਾਂ ਦੇ ਸਮੂਹ ਇਕ ਦੂਜੇ ਨਾਲੋਂ ਥੋੜ੍ਹੀ-ਥੋੜ੍ਹੀ ਵਿਥ ਤੇ ਹਨ। ਇਨ੍ਹਾਂ ਸਮੂਹਾਂ ਨੂੰ ਵਿਸ਼ਿੰਗ ਚੇਅਰ, ਲੇਡੀ ਜਾਇੰਟਜ਼ ਫੈਨ, ਜਾਇੰਟਜ਼ ਆਰਗਨ, ਜਾਇੰਟਜ਼ ਹਾਰਸ ਸ਼ੂ, ਕੀ ਸਟੋਨ ਆਦਿ ਨਾਂ ਦਿੱਤੇ ਹੋਏ ਹਨ। ਸਮੁੰਦਰ ਦੇ ਨਾਲ ਨਾਲ ਇਥੇ ਕਈ ਗੁਫ਼ਾਵਾਂ ਵੀ ਹਨ। ਇਹ ਸਭ ਸੈਲਾਨੀਆਂ ਲਈ ਦਿਲਖਿੱਚ ਥਾਵਾਂ ਹਨ। ਇਸ ਕਾਜ਼ਵੇ ਨੂੰ ਪੋਰਟਰਸ਼ ਨਾਲ ਜੋੜਨ ਲਈ ਬਿਜਲੀ ਨਾਲ ਚੱਲਣ ਵਾਲੀ ਛੋਟੀ ਰੇਲ ਪਟੜੀ ਵੀ ਬਣਾਈ ਹੋਈ ਹੈ।

ਇਸ ਕਾਜ਼ਵੇ ਬਾਰੇ ਸਥਾਨਕ ਲੋਕ-ਗਾਥਾਵਾਂ ਵਿਚ ਵੀ ਜ਼ਿਕਰ ਮਿਲਦਾ ਹੈ ਕਿ ਦੈਂਤਾਂ ਨੇ ਇੰਗਲਿਸ਼ ਚੈਨਲ ਤੋਂ ਪਾਰ ਸਕਾਟਲੈਂਡ ਵੱਲ ਜਾਣ ਲਈ ਇਕ ਮਾਰਗ ਬਣਾਉਣਾ ਸੀ ਜਿਸ ਦੀ ਸ਼ੁਰੂਆਤ ਉਨ੍ਹਾਂ ਨੇ ਇਹ ਚਬੂਤਰਾ ਬਣਾ ਕੇ ਕੀਤੀ ਸੀ।

ਇਸ ਕਾਜ਼ਵੇ ਵਰਗੇ ਥੰਮ੍ਹ ਸਕਾਟਲੈਂਡ ਦੀ ਫਿੰਗਲਜ਼ ਕੇਵ ਵਿਚ ਅਤੇ ਸੰਯੁਕਤ ਰਾਜ ਅਮਰੀਕਾ ਦੇ ਹਡਸਨ ਦਰਿਆ ਦੇ ਪੈਲਾਸੇਡਜ਼ ਵਿਚ ਵੀ ਮਿਲਦੇ ਹਨ।

ਹ. ਪੁ. -ਕੋਲ. ਐਨ. 8 : 476; ਐਨ. ਅਮੈ. 12: 638

**ਜਾਇੰਟ ਪਰਬਤ** : ਕਾਰਪੇਥੀਅਨ ਪਰਬਤੀ ਸਿਲਸਲੇ ਦੀ ਸੁਡੀਟੀਜ਼ ਸ਼ਾਖਾ ਵਿਚ ਇਹ ਇਕ ਪਰਬਤੀ ਲੜੀ ਹੈ ਜਿਹੜੀ ਉੱਤਰ-ਪੱਛਮੀ ਚੈੱਕ ਗਣਰਾਜ ਅਤੇ ਪੋਲੈਂਡ ਵਿਚਕਾਰ ਹੱਦ ਬਣਾਉਂਦੀ ਹੈ। ਇਸ ਪਰਬਤੀ ਲੜੀ ਨੂੰ ਚੈੱਕ ਵਿਚ ਕਰਕਾਨਸ਼ਾ, ਜਰਮਨੀ ਵਿਚ ਰੀਜ਼ਨਬਰਗ ਅਤੇ ਪੋਲੈਂਡ ਵਿਚ ਕਾਰਕਾਨਾਸਜ਼ੀ ਦੇ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਇਸ ਦੀ ਸਭ ਤੋਂ ਉੱਚੀ ਸਿਖ਼ਰ ਸਨਯੈਸ਼ਕਾ 1603 ਮੀ. ਉੱਚੀ ਹੈ ਜੋ ਸਮੁੱਚੇ ਬੋਹੀਮੀਆ ਰਾਜ ਦੀ ਸਭ ਤੋਂ ਉੱਚੀ ਥਾਂ ਹੈ। ਜਰਮਨੀ ਦੇ ਇਸੇ ਰਾਜ ਵਿਚ ਪਰਬਤਾਂ ਦੀ ਦੱਖਣੀ ਢਲਾਣ ਉਪਰੋਂ ਓਡਰ ਅਤੇ ਐਲਬ ਦਰਿਆ ਕਈ ਸ਼ਾਖਾਵਾਂ ਸਮੇਤ ਨਿਕਲਦੇ ਹੋਏ ਉੱਤਰ ਦਾ ਰੁਖ਼ ਅਖ਼ਤਿਆਰ ਕਰ ਲੈਂਦੇ ਹਨ। ਓਡਰ ਇਨ੍ਹਾਂ ਵਿਚੋਂ ਅੱਗੇ ਪੋਲੈਂਡ ਵਿਚ ਵਹਿੰਦਾ ਹੈ। ਇਨ੍ਹਾਂ ਪਰਬਤਾਂ ਦੀਆਂ ਢਲਾਣਾਂ ਬੀਚ, ਫ਼ਰ ਅਤੇ ਪਾਈਨ ਦੇ ਦਰਖ਼ਤਾਂ ਨਾਲ ਢੱਕੀਆਂ ਹੋਈਆਂ ਹਨ। ਪਰਬਤਾਂ ਉੱਤੇ ਕਈ ਸੈਰਗਾਹਾਂ ਹਨ ਜਿਨ੍ਹਾਂ ਉੱਤੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਨ ਲਈ ਸੈਲਾਨੀ ਸਾਰਾ ਸਾਲ ਹੀ ਆਉਂਦੇ ਰਹਿੰਦੇ ਹਨ। ਇਨ੍ਹਾਂ ਉਪਰ ਸਕੀਇੰਗ ਵੀ ਹੁੰਦੀ ਹੈ। ਪਰਬਤਾਂ ਉੱਤੇ ਲੱਕੜੀ ਚੀਰਨ, ਉੱਨੀ, ਸੂਤੀ ਕੱਪੜਾ ਬੁਣਨ ਅਤੇ ਕਈ ਹੋਰ ਧੰਦੇ ਉੱਨਤ ਹਨ। ਪੋਲੈਂਡ ਅਤੇ ਚੈੱਕ ਗਣਰਾਜ ਦੇ ਕਈ ਸਿਹਤਅਫ਼ਜ਼ਾ ਅਸਥਾਨ ਇਨ੍ਹਾਂ ਪਰਬਤਾਂ ਉਪਰ ਸਥਿਤ ਹਨ। ਇਨ੍ਹਾਂ ਪਰਬਤਾਂ ਵਿਚ ਕਈ ਉਦਯੋਗਿਕ ਸ਼ਹਿਰ ਉੱਨਤ

ਹੋਣ ਕਾਰਨ ਇਹ ਦੇਸ਼ ਦੇ ਦੂਜੇ ਹਿੱਸਿਆਂ ਨਾਲ ਸੜਕ ਅਤੇ ਰੇਲ-ਮਾਰਗਾਂ ਰਾਹੀਂ ਜੁੜੇ ਹੋਏ ਹਨ।

50° 46′ ਉ. ਵਿਥ.; 15° 35′ ਪੂ. ਲੰਬ.

ਹ. ਪੁ.-ਐਨ. ਬ੍ਰਿ. ਮਾ. 4 : 528

**ਜਾਇਦਾਦ**: ਪੂਰਬੀ ਅਤੇ ਪੱਛਮੀ ਸਮਾਜਾਂ ਦੁਆਰਾ ਜਾਇਦਾਦ ਦੀ ਵਰਤੋਂ ਸਮਾਜਕ ਸੰਗਠਨ ਅਤੇ ਸਮਾਜਕ ਰਹਿਣ-ਸਹਿਣ ਲਈ ਇਕ ਅਤਿ ਜ਼ਰੂਰੀ ਵਸਤੂ ਦੇ ਰੂਪ ਵਿਚ ਹੁੰਦੀ ਰਹੀ ਹੈ। ਇਸ ਦਾ ਆਸ਼ਾ ਇਸ ਨਾਲ ਸਬੰਧਤ ਹੋਰ ਵਿਚਾਰਾਂ ਤੋਂ ਜਿਨ੍ਹਾਂ ਨੂੰ 'ਵਸਤੂ' ਜਾਂ ਲਾਤੀਨੀ ਸ਼ਬਦ ਰੀਜ਼ (Res), 'ਡੋਮਸ' (Domus) ਅਤੇ ਮਾਲਕ (Proprietor) ਆਦਿ ਸ਼ਬਦਾਂ ਨਾਲ ਪਰਗਟ ਕੀਤਾ ਗਿਆ, ਵਿਕਸਿਤ ਹੋਇਆ। ਭਾਸ਼ਾ ਵਿਗਿਆਨ ਅਨੁਸਾਰ ਇਹ ਸ਼ਬਦ ਲਾਤੀਨੀ ਦੇ ਸ਼ਬਦ ਪ੍ਰਾਪਟਰ (Propter) ਤੋਂ ਨਿਕਲਿਆ ਹੈ। ਇਸ ਦਾ ਵਿਕਾਸ 'ਪ੍ਰੋਪ੍ਰਾਇਟਰਜ਼' ਤੋਂ ਹੋਇਆ ਹੈ। ਹੌਲੀ-ਹੌਲੀ ਜਾਇਦਾਦ ਸ਼ਬਦ ਦੀ ਵਰਤੋਂ ਜ਼ਰ, ਜ਼ਮੀਨ ਅਤੇ ਕੀਮਤੀ ਚੀਜ਼ਾਂ ਲਈ ਹੋਣ ਲੱਗੀ।

ਨਿਆਂ ਸੰਘਤਾ (Justinian Code) ਵਿਚ 'ਮੈਨਸਿਪੀਅਮ' 'ਡੋਮੀਨੀਅਮ' ਅਤੇ 'ਪ੍ਰੋਪ੍ਰਾਇਟੈਸ' ਦੀ ਵਰਤੋਂ 'ਸੰਪਤੀ' ਜਾਂ 'ਮਲਕੀਅਤਾਂ' ਲਈ ਸਮਾਨ ਰੂਪ ਵਿਚ ਕੀਤੀ ਜਾਂਦੀ ਹੈ। ਮੈਨਸਿਪੀਅਮ ਤੋਂ ਭਾਵ ਭੌਂ ਆਦਿ ਦਾ ਅਧਿਕਾਰ ਵਿਚ ਲੈਣਾ ਹੈ। ਰੋਮਨ ਵਿਚ 'ਡੋਮੀਨਿਅਮ' ਜਾਂ 'ਪ੍ਰੋਪ੍ਰਾਇਟੈਸ' ਤੋਂ ਭਾਵ ਉਨ੍ਹਾਂ ਸਾਰੇ ਅਧਿਕਾਰਾਂ ਦਾ ਸਮੂਹ ਹੈ ਜਿਨ੍ਹਾਂ ਤੋਂ ਮਲਕੀਅਤ ਦਾ ਪਤਾ ਚਲਦਾ ਹੈ। ਹੌਲੀ ਹੌਲੀ ਅਧਿਕਾਰਾਂ ਵਿਚ ਵਾਧਾ ਹੋਇਆ ਅਤੇ ਵਸਤੂਆਂ ਦੀ ਸੁਤੰਤਰ ਰੂਪ ਵਿਚ ਵਰਤੋਂ ਅਤੇ ਉਨ੍ਹਾਂ ਨੂੰ ਭੇਜਣ ਜਾਂ ਦੇਣ ਦਾ ਹੱਕ ਸਮਝਿਆ ਜਾਣ ਲੱਗਾ।

ਪੁਰਾਣੇ ਸਮਾਜਾਂ ਵਿਚ ਜਾਇਦਾਦ ਨਾਲ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੁੰਦੀਆਂ ਸਨ। ਪੂਰਵਜਾਂ ਦੇ ਧਾਰਮਿਕ ਕੰਮ ਨੇਪਰੇ ਚਾੜ੍ਹਨੇ ਬੰਸ ਦੇ ਮਰਦਾਂ ਦਾ ਹੀ ਕਰਤੱਵ ਸੀ। ਇਸ ਲਈ ਖੇਤੀ ਕਰਨ, ਇਸ ਦੀ ਵਰਤੋਂ ਕਰਨ ਅਤੇ ਇਸ ਨੂੰ ਵੇਚਣ-ਖਰੀਦਣ ਦਾ ਹੱਕ ਵੀ ਜਨਮ ਤੋਂ ਹੀ ਪ੍ਰਾਪਤ ਹੋ ਜਾਂਦਾ ਸੀ।

ਹਿੰਦੂ ਸਮਾਜ ਵਿਚ ਇਹ ਕਾਨੂੰਨ ਹੈ ਕਿ ਪੁੱਤਰ ਦਾ ਪਿਤਾ-ਪੁਰਖੀ ਜਾਂ ਵੱਡੇ-ਵਡੇਰਿਆਂ ਦੀ ਜਾਇਦਾਦ ਉੱਤੇ ਜਨਮ ਤੋਂ ਹੀ ਹੱਕ ਹੁੰਦਾ ਹੈ। ਹੌਲੀ ਹੌਲੀ ਜਾਇਦਾਦ ਦਾ ਧਾਰਮਿਕ ਸਰੂਪ ਖਤਮ ਹੁੰਦਾ ਗਿਆ ਕਿਉਂਕਿ ਵਿਦਵਾਨਾਂ ਅਨੁਸਾਰ ਇਸ ਦੀ ਵਰਤੋਂ ਕੇਵਲ ਸੰਸਾਰਕ ਲੈਣ ਦੇਣ ਲਈ ਹੀ ਹੁੰਦੀ ਹੈ।

ਮਨੂ ਸਮ੍ਰਿਤੀ ਦੇ ਟੀਕਾਕਾਰਾਂ ਅਨੁਸਾਰ ਆਰੀਆ ਲੋਕਾਂ ਵਿਚ ਜਾਇਦਾਦ ਪੂਰੇ ਪਰਿਵਾਰ ਨਾਲ ਸਬੰਧਤ ਸੀ ਜਿਸ ਵਿਚ ਧੀ, ਪੁੱਤਰ, ਪਤਨੀ ਅਤੇ ਨੌਕਰ ਸ਼ਾਮਲ ਸਨ। ਸਮਾਜ ਦੇ ਵਿਕਾਸ ਦੇ ਨਾਲ ਨਾਲ ਧੀ, ਪੁੱਤਰ ਅਤੇ ਪਤਨੀ ਨੂੰ ਜਾਇਦਾਦ ਨਾ ਸਮਝ ਕੇ ਉਨ੍ਹਾਂ ਦੀ ਜਾਇਦਾਦ ਤੋਂ ਅਲੱਗ ਹੋਂਦ ਮੰਨੀ ਗਈ।

ਜਾਇਦਾਦ ਦੇ ਸਬੰਧ ਵਿਚ ਭਾਰਤੀ ਅਤੇ ਅੰਗਰੇਜ਼ੀ ਕਾਨੂੰਨ ਦੀ ਧਾਰਨਾ ਤਕਰੀਬਨ ਇਕੋ ਜਿਹੀ ਹੁੰਦੀ ਹੈ। ਅੰਗਰੇਜ਼ੀ ਕਾਨੂੰਨ ਬਹੁਤ ਹੱਦ ਤੱਕ ਰੋਮਨ ਕਾਨੂੰਨ ਤੋਂ ਪ੍ਰਭਾਵਿਤ ਹੈ।

ਰੋਮਨ ਭਾਸ਼ਾ ਵਿਚ 'ਰੀਜ਼' ਜਾਇਦਾਦ ਦੀ ਵਸਤੂ ਅਤੇ ਅਧਿਕਾਰ ਦੋਹਾਂ ਲਈ ਵਰਤਿਆ ਜਾਂਦਾ ਹੈ ਪਰ ਬੋਨਾ (Bona) ਸ਼ਬਦ ਜਿਸ ਦੀ ਵਰਤੋਂ ਸਾਮਾਨ ਜਾਂ ਧਨ ਲਈ ਹੁੰਦੀ ਹੈ, ਸੰਸਕ੍ਰਿਤ ਦੇ 'ਧਨ' ਵਰਗਾ ਹੈ। ਅਰਬੀ ਕਾਨੂੰਨਦਾਨਾਂ ਅਨੁਸਾਰ 'ਮਾਲ' ਸ਼ਬਦ ਜਾਇਦਾਦ ਜਾਂ ਕਿਸੇ ਵੀ ਇਸ ਤਰ੍ਹਾਂ ਦੀ ਵਸਤੂ ਲਈ ਵਰਤਿਆ ਜਾਂਦਾ ਹੈ ਜਿਸ ਦਾ ਅਰਬੀ ਕਾਨੂੰਨ ਵਿਚ ਮੁੱਲ ਹੋਵੇ ਜਾਂ ਜਿਹੜੀ ਕਿਸੇ ਵਿਅਕਤੀ ਦੇ ਅਧਿਕਾਰ ਵਿਚ ਰਹਿ ਸਕਦੀ ਹੋਵੇ। ਜਾਇਦਾਦ ਲਈ ਧਨ ਸ਼ਬਦ ਵੀ ਬਹੁਤ ਵਰਤਿਆ ਜਾਂਦਾ ਹੈ।

ਜਿਸ ਵਸਤੂ ਨੂੰ ਜਾਇਦਾਦ ਕਿਹਾ ਜਾਵੇ ਉਸ ਦਾ ਸਥਾਈ ਅਤੇ ਪਦਾਰਥਕ ਹੋਣਾ ਜ਼ਰੂਰੀ ਹੈ। ਕਾਨੂੰਨ ਵਿਚ ਜਾਇਦਾਦ ਸ਼ਬਦ ਦੀ ਵਰਤੋਂ ਕੁਝ ਅਧਿਕਾਰਾਂ ਅਤੇ ਕਰਤੱਵਾਂ ਨੂੰ ਸਪਸ਼ਟ ਕਰਨ ਵਿਚ ਕੀਤੀ ਜਾਂਦੀ ਹੈ। ਪਦਾਰਥਕ ਗੁਣਾਂ ਦੇ ਆਧਾਰ ਤੇ ਜਾਇਦਾਦ ਦੋ ਪ੍ਰਕਾਰ ਦੀ ਹੋ ਸਕਦੀ ਹੈ-ਚੱਲ ਅਤੇ ਅਚੱਲ ਪਰ ਅੰਗਰੇਜ਼ੀ ਕਾਨੂੰਨ ਦੇ ਤਕਨੀਕੀ ਨਿਯਮਾਂ ਅਨੁਸਾਰ ਜਾਇਦਾਦ ਵਾਸਤਵਿਕ ਅਤੇ ਵਿਅਕਤੀਗਤ ਹੁੰਦੀ ਹੈ। ਜਾਇਦਾਦ ਲਈ ਇਕ ਅਜਿਹਾ ਵਿਅਕਤੀ ਜ਼ਰੂਰੀ ਹੈ ਜਿਹੜਾ ਕਿਸੇ ਵਸਤੂ ਉੱਤੇ ਆਪਣਾ ਅਧਿਕਾਰ ਜਾਂ ਕਬਜ਼ਾ ਰੱਖ ਸਕੇ।

ਅੰਤਮ ਵਿਸ਼ਲੇਸ਼ਣ ਅਨੁਸਾਰ ਜਾਇਦਾਦ ਕਿਸੇ ਇਕ ਮਨੁੱਖ ਅਤੇ ਇਕ ਵਸਤੂ ਜਾਂ ਅਧਿਕਾਰ ਜਿਸ ਨੂੰ ਉਹ ਸਿਰਫ਼ ਆਪਣਾ ਮੰਨਦਾ ਹੋਵੇ, ਵਿਚਲੇ ਸਬੰਧ ਨੂੰ ਸਪਸ਼ਟ ਕਰਦੀ ਹੈ। ਆਧੁਨਿਕ ਵਰਤੋਂ ਅਨੁਸਾਰ ਜਾਇਦਾਦ ਸ਼ਬਦ ਉਨ੍ਹਾਂ ਸਾਰੀਆਂ ਵਸਤੂਆਂ ਜਾਂ ਮਾਲ ਮੱਤੇ ਲਈ ਵਰਤਿਆ ਜਾਂਦਾ ਹੈ ਜੋ ਕਿਸੇ ਵਿਅਕਤੀ ਨਾਲ ਸਬੰਧਤ ਹੋਵੇ ਜਾਂ ਉਸ ਵਿਅਕਤੀ ਨੇ ਉਹ ਵਸਤੂ ਕਿਸੇ ਹੋਰ ਨੂੰ ਦੇ ਦਿੱਤੀ ਹੋਵੇ ਪਰ ਆਪਣੇ ਲਾਭ ਲਈ ਉਸ ਵਸਤੂ ਦੀ ਵਿਵਸਥਾ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੋਵੇ। ਜਾਇਦਾਦ ਦੀ ਚੱਲ ਅਤੇ ਅਚੱਲ, ਵਾਸਤਵਿਕ ਅਤੇ ਵਿਅਕਤੀਗਤ ਰੂਪਾਂ ਵਿਚ ਵੰਡ ਹੋ ਸਕਦੀ ਹੈ। ਇਸ ਨਾਲ ਵਿਸ਼ੇਸ਼ ਸ਼ਬਦ ਜਿਵੇਂ ਨਿੱਜੀ, ਜਨਤਕ, ਪਿਤਾ- ਪੁਰਖੀ, ਸੰਯੁਕਤ ਪਰਿਵਾਰ ਦੀ ਆਮਦਨ ਨਾ ਦੇਣ ਨਾਲ ਜਾਇਦਾਦ ਦੇ ਸਰੂਪ ਦਾ ਸਬੰਧ ਸਪਸ਼ਟ ਹੋ ਜਾਂਦਾ ਹੈ।

ਜਾਇਦਾਦ ਦੀ ਕਾਨੂੰਨੀ ਵਿਆਖਿਆ ਅਨੁਸਾਰ ਇਸ ਦੇ ਕਈ ਅਰਥ ਹਨ। ਇਸ ਵਿਚ ਕਿਸੇ ਮਨੁੱਖ ਰਾਹੀਂ ਕੀਤੇ ਗਏ ਸਰੀਰਕ ਅਤੇ ਮਾਨਸਿਕ ਕੰਮ ਵੀ ਸ਼ਾਮਲ ਹਨ। ਕਿਸੇ ਵੀ ਮਨੁੱਖ ਨੂੰ ਉਸ ਦੀ ਕਿਸੇ ਵਸਤੂ ਬਦਲੇ ਜੋ ਕੁਝ ਵੀ ਦਿੱਤਾ ਜਾਂਦਾ ਹੈ ਅਤੇ ਜਿਸ ਨੂੰ ਕਾਨੂੰਨ ਦੁਆਰਾ ਉਸ ਵਿਅਕਤੀ ਦੀ ਮਲਕੀਅਤ ਮੰਨਿਆ ਜਾਂਦਾ ਹੈ ਅਰਥਾਤ ਉਸ ਨੂੰ ਵਰਤਣ, ਮਾਣਨ ਅਤੇ ਵਿਵਸਥਾ ਕਰਨ ਦਾ ਅਧਿਕਾਰ ਪ੍ਰਦਾਨ ਕੀਤਾ ਜਾਂਦਾ ਹੈ, ਇਹ ਸਭ ਉਸ ਮਨੁੱਖ ਦੀ ਨਿੱਜੀ ਜਾਇਦਾਦ ਕਹਾਉਂਦੀ ਹੈ ਪਰ ਕਾਨੂੰਨ ਰਾਹੀਂ ਮਾਨਤਾ ਨਾ ਪ੍ਰਾਪਤ ਹੋਣ ਦੀ ਸੂਰਤ ਵਿਚ ਉਸ ਨੂੰ ਜਾਇਦਾਦ ਨਹੀਂ ਕਿਹਾ ਜਾ ਸਕਦਾ ਅਤੇ ਇਸ ਤਰ੍ਹਾਂ ਵਿਧਾਨਕ ਤੌਰ ਤੇ ਵਿਅਕਤੀ ਅਤੇ ਵਸਤੂ ਵਿਚਕਾਰ ਕੋਈ ਸਬੰਧ ਨਹੀਂ ਰਹਿ ਜਾਂਦਾ।

ਹ. ਪੁ. -ਹਿੰ. ਵਿ. ਕੋ. 11 : 381

**ਜਾਇਨ (ਸਿਓਨ)** : ਇਹ ਯੋਰੋਸ਼ਲਮ ਦੀ ਪੂਰਬੀ ਪਹਾੜੀ ਦੀ ਦੱਖਣੀ ਢਲਾਣ ਉੱਤੇ ਯਬੂਸੀ ਜਾਤੀ ਦਾ ਇਕ ਕਿਲਾ ਹੈ। ਇਸ ਉੱਤੇ ਦਾਊਦ ਨੇ ਅਧਿਕਾਰ ਕਰਕੇ ਇਸਨੂੰ ਆਪਣਾ ਨਿਵਾਸ-ਸਥਾਨ ਬਣਾਇਆ ਸੀ। ਬਾਅਦ ਵਿਚ ਇਹ ਸ਼ਬਦ ਯੋਰੋਸ਼ਲਮ ਅਤੇ ਉਸਦੇ ਨਿਵਾਸੀਆਂ ਲਈ ਪ੍ਰਯੋਗ ਕੀਤਾ ਜਾਣ ਲੱਗਾ। ਕਾਵਿ ਵਿਚ ਇਸ ਦਾ ਅਰਥ ਯੋਰੋਸ਼ਲਮ ਵਿਚ ਯਾਹਵੇ ਦਾ ਨਿਵਾਸ-ਸਥਾਨ ਅਰਥਾਤ ਮੰਦਰ ਹੈ। ਹੋਰ ਥਾਵਾਂ ਤੇ ਇਸ ਦਾ ਅਰਥ ਈਸ਼ਵਰ ਦੀ ਪ੍ਰਜਾ ਭਾਵ ਇਸਰਾਈਲ ਹੀ ਹੈ।

ਹ. ਪੁ. -ਹਿੰ. ਵਿ. ਕੋ. 4 : 480

**ਜਾਇਨ ਅੰਦੋਲਨ** : ਇਹ ਅੰਦੋਲਨ ਯਹੂਦੀਆਂ ਦੁਆਰਾ ਆਪਣੀ ਪ੍ਰਾਚੀਨ ਮਾਂ-ਭੂਮੀ ਫ਼ਲਸਤੀਨ ਵਿਚ ਪੁਨਰਵਾਸ ਲਈ ਕੀਤਾ ਗਿਆ। ਇਸ ਅੰਦੋਲਨ ਦੇ ਕਈ ਕਾਰਨ ਸਨ। ਛੇਵੀਂ ਸਦੀ ਈ. ਪੂ. ਵਿਚ ਯਹੂਦੀ ਜਾਤੀ ਨੂੰ ਬਾਬਲ ਵਿਚੋਂ ਕੱਢ ਦਿੱਤਾ ਗਿਆ ਸੀ। ਉਸ ਸਮੇਂ ਤੋਂ ਹੀ ਧਾਰਮਿਕ ਵਿਚਾਰਾਂ ਵਾਲੇ ਯਹੂਦੀ ਇਹ ਵਿਚਾਰ ਕਰਦੇ ਅਤੇ ਉਮੀਦ ਰੱਖਦੇ ਆ ਰਹੇ ਸਨ ਕਿ ਕਿਸੇ ਦਿਨ ਇਸਰਾਈਲ ਨੂੰ ਸੰਸਾਰ ਦੇ ਹੋਰ ਸੁਤੰਤਰ ਰਾਸ਼ਟਰਾਂ ਵਿਚ ਆਪਣਾ ਉਚਿਤ ਸਥਾਨ ਮਿਲ ਜਾਵੇਗਾ।

ਧਾਰਮਿਕ ਜਾਇਨਵਾਦੀਆਂ ਦਾ ਵਿਚਾਰ ਸੀ ਕਿ ਯਹੂਦੀਆਂ ਲਈ ਆਪਣੀ ਪ੍ਰਾਚੀਨ ਮਾਂ-ਭੂਮੀ ਵਿਚ ਵਾਪਸ ਆਉਣ ਦਾ ਸਮਾਂ ਆ ਗਿਆ ਹੈ। ਯਹੂਦੀਆਂ ਦੇ ਇਨ੍ਹਾਂ ਧਾਰਮਿਕ ਵਿਚਾਰਾਂ ਨੇ ਜਾਇਨ ਅੰਦੋਲਨ ਨੂੰ ਜਨਮ ਦਿੱਤਾ।

ਇਸ ਤੋਂ ਇਲਾਵਾ ਬਹੁਤ ਸਾਰੇ ਦੇਸ਼ਾਂ ਵਿਚ ਯਹੂਦੀਆਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ ਤੇ ਉਨ੍ਹਾਂ ਉੱਤੇ ਅਤਿਆਚਾਰ ਕੀਤੇ ਜਾਂਦੇ ਸਨ। ਇਸ ਲਈ ਯਹੂਦੀਆਂ ਨੇ ਇਸ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਆਪਣੇ ਅਲੱਗ ਦੇਸ਼ ਵਿਚ ਰਹਿਣ ਦਾ ਫ਼ੈਸਲਾ ਕੀਤਾ।

ਥੀਓਡੋਰ ਹੋਰਜੇਲ ਨੇ ਇਸ ਅੰਦੋਲਨ ਨੂੰ ਰਾਜਨੀਤਿਕ ਰੂਪ ਦੇ ਕੇ ਯਹੂਦੀਆਂ ਨੂੰ ਵੱਖਰਾ ਖੇਤਰ ਦਿਵਾਉਣ ਦਾ ਯਤਨ ਕੀਤਾ। ਪਹਿਲੇ ਮਹਾਂਯੁੱਧ ਤੋਂ ਮਗਰੋਂ ਫ਼ਲਸਤੀਨ ਨੂੰ ਬਰਤਾਨੀਆ ਨਾਲ ਮਿਲਾ ਦਿੱਤਾ ਗਿਆ ਅਤੇ ਯਹੂਦੀ ਹਰਬਰਟ ਸਾਮੂਅਲ ਨੂੰ ਉਥੋਂ ਦਾ ਕਮਿਸ਼ਨਰ ਬਣਾ ਦਿੱਤਾ। ਬਹੁਤ ਸਾਰੇ ਯਹੂਦੀ ਉਥੇ ਜਾ ਕੇ ਵਸ ਗਏ ਪਰ ਯਹੂਦੀਆਂ ਅਤੇ ਅਰਬਾਂ ਵਿਚ ਆਪਸੀ ਖਿੱਚੋਤਾਣ ਬਣੀ ਰਹੀ।

ਤੀਜੇ ਮਹਾਂਯੁੱਧ ਤੋਂ ਬਾਅਦ ਖਿਚਾਅ ਬਹੁਤ ਵੱਧ ਗਿਆ। ਯਹੂਦੀ ਫ਼ਲਸਤੀਨ ਵਿਚ ਇਕ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ ਪਰ ਬਰਤਾਨੀਆ ਨੇ ਉਨ੍ਹਾਂ ਦੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ। ਦੂਜੇ ਪਾਸੇ ਅਰਬ ਲੋਕ ਫ਼ਲਸਤੀਨ ਵਿਚ ਇਕ ਸੁਤੰਤਰ ਅਰਬੀ ਰਾਜ ਦਾ ਦਾਅਵਾ ਕਰਦੇ ਸਨ।

ਸੰਨ 1947 ਵਿਚ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਸੰਮਤੀ ਨੇ ਫ਼ਲਸਤੀਨ ਦੀ ਵੰਡ ਦਾ ਫ਼ੈਸਲਾ ਕੀਤਾ। ਅਗਲੇ ਹੀ ਦਿਨ ਅਰਬਾਂ ਅਤੇ ਯਹੂਦੀਆਂ ਵਿਚਕਾਰ ਯੁੱਧ ਸ਼ੁਰੂ ਹੋ ਗਿਆ ਜੋ ਪੂਰਾ ਇਕ ਸਾਲ ਚੱਲਿਆ ਅਤੇ ਅੱਧਾ ਫ਼ਲਸਤੀਨ ਯਹੂਦੀਆਂ ਦੇ ਹੱਥ ਵਿਚ ਆ ਗਿਆ। ਅਮਰੀਕਾ, ਬਰਤਾਨੀਆ ਅਤੇ ਫਰਾਂਸ ਨੇ ਵਰਤਮਾਨ ਵੰਡ-ਰੇਖਾ ਦੀ ਸੁਰੱਖਿਆ ਕਰਨੀ ਸਵੀਕਾਰ ਕਰ ਲਈ ਪਰ ਇਸ ਨਾਲ ਵੀ ਯਹੂਦੀਆਂ ਅਤੇ ਅਰਬਾਂ ਵਿਚ ਸ਼ਾਂਤੀ ਸਥਾਪਿਤ ਨਾ ਹੋ ਸਕੀ। ਯੁੱਧ ਸਮਾਪਤੀ ਬਾਅਦ ਬਹੁਤ ਸਾਰੇ ਯਹੂਦੀ ਫ਼ਲਸਤੀਨ ਦੇ ਯਹੂਦੀ ਭਾਗ (ਇਸਰਾਈਲ) ਵਿਚ ਆ ਕੇ ਵਸ ਗਏ ਪਰ ਉਥੋਂ ਭੱਜੇ ਹੋਏ ਅਰਬ ਕਦੇ ਵੀ ਵਾਪਸ ਨਾ ਜਾ ਸਕੇ ਅਤੇ ਜਾਰਡਨ ਵਿਚ ਸ਼ਰਨਾਰਥੀ ਬਣ ਕੇ ਰਹਿ ਰਹੇ ਹਨ।

ਹ. ਪੁ. -ਹਿੰ. ਵਿ. ਕੋ. 4: 480

**ਜਾਈਸਾਨ** : ਸ਼ਹਿਰ—ਕਜ਼ਾਕਿਸਤਾਨ ਵਿਚ ਇਸੇ ਨਾਂ ਦੀ ਝੀਲ ਦੇ ਦੱਖਣ-ਪੂਰਬ ਵੱਲ ਅਤੇ ਬਲੈਕ ਇਰਤਿਸ਼ ਦਰਿਆ ਦੇ ਦੱਖਣ ਵੱਲ ਸਮੁੰਦਰ ਤਲ ਤੋਂ 661 ਮੀ. ਦੀ ਉਚਾਈ ਉੱਤੇ ਸਥਿਤ ਇਕ ਸ਼ਹਿਰ ਹੈ ਜਿਹੜਾ ਮੰਗੋਲੀਆ ਵੱਲ ਜਾਂਦੇ ਰਾਹ ਉੱਤੇ ਹੋਣ ਕਰਕੇ ਮੰਗੋਲੀਆ ਅਤੇ ਕਜ਼ਾਕਿਸਤਾਨ ਦੋਵਾਂ ਦਾ ਵਪਾਰਕ ਕੇਂਦਰ ਹੈ। ਝੀਲ ਉੱਤੇ ਟੋਪੋਲਨੀ ਮਿਸ ਇਸ ਦੀ ਬੰਦਰਗਾਹ ਹੈ। ਇਸ ਸ਼ਹਿਰ ਵਿਚ ਚਮੜਾ ਬਣਾਉਣ ਅਤੇ ਚਮੜੇ ਦੀਆਂ ਚੀਜ਼ਾਂ ਬਣਾਉਣ ਦਾ ਕੰਮ ਹੁੰਦਾ ਹੈ।

47° 32′ ਉ. ਵਿਥ.; 84° 56′ ਪੂ. ਲੰਬ.

ਹ. ਪੁ. -ਐਨ. ਬ੍ਰਿ. 23: 931; ਹਿੰ. ਵਿ. ਕੋ. 5: 57

**ਜਾਈਸਾਨ** : ਝੀਲ—ਉੱਤਰ-ਪੂਰਬੀ ਕਜ਼ਾਕਿਸਤਾਨ ਵਿਚ ਅਲਤਾਈ ਅਤੇ ਟਾਰਬਗਟਾਈ ਪਰਬਤਾਂ ਵਿਚਾਲੇ ਸਮੁੰਦਰ ਤਲ ਤੋਂ 407 ਮੀ. ਦੀ ਉਚਾਈ ਉਪਰ ਇਹ ਇਕ ਝੀਲ ਹੈ। ਇਸ ਦੀ ਲੰਬਾਈ 96 ਕਿ. ਮੀ. ਤੋਂ 104 ਕਿ. ਮੀ. ਅਤੇ ਚੌੜਾਈ 16 ਕਿ. ਮੀ. ਤੋਂ 32 ਕਿ. ਮੀ. ਤੱਕ ਹੈ। ਇਸ ਦਾ ਪਾਣੀ ਹੇਠ ਰਕਬਾ 1,810 ਵ. ਕਿ. ਮੀ. ਹੈ। ਇਸ ਵਿਚ 10 ਨਦੀਆਂ ਦਾ ਨਿਕਾਸ ਹੁੰਦਾ ਹੈ ਜਿਨ੍ਹਾਂ ਵਿਚੋਂ ਇਰਤਿਸ਼ ਅਤੇ ਕੇਂਦਰਿਲਿਕ ਮੁੱਖ ਹਨ। ਵਾਈਟ ਇਰਤਿਸ਼ ਨਦੀ ਝੀਲ ਦੇ ਉੱਤਰ-ਪੱਛਮ ਵੱਲੋਂ ਇਸ ਦੇ ਪਾਣੀ ਦਾ ਨਿਕਾਸ ਕਰਦੀ ਹੈ। ਝੀਲ ਦੀ ਡੂੰਘਾਈ 15 ਮੀ. ਹੈ। ਇਸ ਵਿਚ ਸਟੀਮਰ ਵੀ ਚਲਦੇ ਹਨ ਜਿਹੜੇ ਇਰਤਿਸ਼ ਤੋਂ ਮੰਗੋਲੀਆ ਵਿਚ ਦਾਖ਼ਲ ਹੋ ਜਾਂਦੇ ਹਨ। ਝੀਲ ਦੇ ਪਾਣੀ ਵਿਚੋਂ ਰੋਚ, ਪਰਚ, ਕਾਰਪ, ਟ੍ਰਾਊਟ, ਕੋਲਮਾ ਸਟਰਲੇਟ ਮੱਛੀਆਂ ਫੜੀਆਂ ਜਾਂਦੀਆਂ ਹਨ।

48° ਉ. ਵਿਥ.; 84° ਪੂ. ਲੰਬ.

ਹ. ਪੁ. -ਐਨ. ਬ੍ਰਿ. 23 : 900

**ਜਾਈਜ਼ੀਜ** : ਇਹ ਲਿਡੀਆ ਦਾ ਬਾਦਸ਼ਾਹ ਅਤੇ ਮਰਮਨਾੜ ਦੇ ਸ਼ਾਹੀ ਘਰਾਣੇ ਦਾ ਬਾਨੀ ਸੀ। ਪਲੈਟੋ ਅਨੁਸਾਰ ਇਹ ਇਕ ਆਜੜੀ ਸੀ ਜਿਸ ਕੋਲ ਇਕ ਜਾਦੂ ਦੀ ਅੰਗੂਠੀ ਸੀ। ਇਹ ਅੰਗੂਠੀ ਇਸਨੂੰ ਲੱਭੀ ਸੀ। ਬਾਦਸ਼ਾਹ ਹੈਰੋਡੋਟਸ ਦੀ ਰਾਣੀ ਨੂੰ ਬਾਦਸ਼ਾਹ ਦੀ ਆਦਤ ਪਸੰਦ ਨਹੀਂ ਸੀ। ਇਸ ਕਰਕੇ ਰਾਣੀ ਨੇ ਜਾਈਜ਼ੀਜ ਨੂੰ ਆਪਣੇ ਪਤੀ ਦਾ ਕਤਲ ਕਰਨ ਲਈ ਉਕਸਾਇਆ। ਜਾਈਜ਼ੀਜ ਨੇ ਜਾਦੂ ਦੀ ਅੰਗੂਠੀ ਨਾਲ ਬਾਦਸ਼ਾਹ ਨੂੰ ਖ਼ਤਮ ਕਰ ਦਿੱਤਾ।

ਇਸ ਤਰ੍ਹਾਂ 685 ਦੇ ਲਗਭਗ ਜਾਈਜ਼ੀਜ ਗੱਦੀ ਤੇ ਕਾਬਜ਼ ਹੋ ਗਿਆ। ਇਸ ਦੇ ਅਧੀਨ ਲਿਡੀਆ ਦੀ ਫ਼ੌਜੀ ਸ਼ਕਤੀ ਦਾ ਵਿਕਾਸ ਹੋਇਆ। ਸਮੀਰੀਅਨਾਂ ਨੇ ਫਰਿਜ਼ੀਆਂ ਨੂੰ ਉਜਾੜ ਦਿੱਤਾ ਅਤੇ ਏਸ਼ੀਆ ਕੋਚਕ ਵਿਚ ਹਲਚਲ ਪੈਦਾ ਹੋ ਗਈ। ਜਾਈਜ਼ੀਜ ਨੇ ਅਸੀਰੀਆ ਦੇ ਬਾਦਸ਼ਾਹ ਅਸੁਰ ਬੈਨੀਪਾਲ ਨਾਲ ਸਲਾਹ ਕਰਕੇ ਸਮੀਰੀਅਨਾਂ ਨੂੰ ਹਰਾਇਆ। ਇਸਨੇ ਆਈਓਨੀਆ ਉੱਤੇ ਵੀ ਹਮਲਾ ਕੀਤਾ।

ਜਾਈਜ਼ੀਜ ਅਸੀਰੀਅਨਾਂ ਵਿਰੁੱਧ ਮਿਸਰੀਆਂ ਨਾਲ ਇਕ ਸਾਜ਼ਸ਼ ਵਿਚ ਮਿਲ ਗਿਆ। ਬਾਅਦ ਵਿਚ ਇਸਨੂੰ ਸਮੀਰੀਅਨਾਂ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ ਅਤੇ ਲੜਦਾ ਹੋਇਆ ਮਾਰਿਆ ਗਿਆ।

ਹ. ਪੁ.-ਐਨ. ਬ੍ਰਿ. 10: 1056

**ਜਾਈਲਜ਼** : ਇਸ ਦਾਰਸ਼ਨਿਕ, ਤਰਕ-ਸ਼ਾਸਤਰੀ, ਆਰਕ-ਬਿਸ਼ਪ ਅਤੇ ਸੇਂਟ ਅਗਸਤੀਨ ਦੀ ਹਰਮਿਟ ਫ਼ਰਾਇਰਜ਼ ਸੰਪ੍ਰਦਾਇ ਦੇ ਨੇਤਾ ਦਾ ਜਨਮ 1245 ਦੇ ਕਰੀਬ ਰੋਮ ਵਿਖੇ ਹੋਇਆ। ਸੰਨ 1257 ਦੇ ਲਗਭਗ ਇਹ ਹਰਮਿਟਸ ਵਿਚ ਸ਼ਾਮਲ ਹੋਇਆ ਅਤੇ 1260 ਈ. ਵਿਚ ਪੈਰਿਸ ਚਲਾ ਗਿਆ। ਇਥੇ 1269 ਤੋਂ 1272 ਤੱਕ ਇਸ ਨੇ ਸੇਂਟ ਟਾਮਸ ਐਕੂਆਈਨਸ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1281 ਵਿਚ ਇਹ ਵਾਪਸ ਇਟਲੀ ਆ ਗਿਆ। ਇਥੇ 1283 ਈ. ਵਿਚ ਇਹ ਆਪਣੀ ਸੰਪ੍ਰਦਾ ਦਾ ਇਲਾਕਾਈ ਮੁਖੀ ਬਣ ਗਿਆ। ਸੰਨ 1285 ਵਿਚ ਇਹ ਵਿਕਰ ਜਨਰਲ ਬਣਿਆ। ਸੰਨ 1292 ਤੋਂ 1295 ਤੱਕ ਇਸ ਨੇ ਹਰਮਿਟਸ ਦੇ ਮੁਖੀ ਵਜੋਂ ਕੰਮ ਕੀਤਾ। ਸੰਨ 1295 ਵਿਚ ਪੋਪ ਬੋਨੀਫੇਸ ਅੱਠਵੇਂ ਨੇ ਇਸ ਨੂੰ ਬੂਰਜ਼ ਦਾ ਆਰਕਬਿਸ਼ਪ ਨਿਯੁਕਤ ਕੀਤਾ ਅਤੇ ਇਹ ਇਸ ਅਹੁਦੇ ਤੇ 1316 ਈ. ਤੱਕ ਰਿਹਾ। ਬੋਨੀਫੇਸ ਅਤੇ ਫਿਲਪ ਚੌਥੇ ਵਿਚਕਾਰ ਸਿਆਸੀ ਝਗੜੇ ਦੌਰਾਨ ਇਸ ਨੇ 1301 ਈ. ਵਿਚ ਪੋਪ ਦੇ ਹੱਕ ਵਿਚ 'ਆਨ ਦੀ ਚਰਚ ਪਾਵਰ' ਨਾਂ ਦੀ ਪੁਸਤਕ ਲਿਖੀ ਜਿਸ ਵਿਚ ਇਸ ਨੇ ਤਜਵੀਜ਼ ਕੀਤਾ ਕਿ ਪੋਪ ਨੂੰ ਸਾਰੀ ਮਨੁੱਖਤਾ ਉੱਤੇ ਸਿਆਸੀ ਅਧਿਕਾਰ ਹੋਣਾ ਚਾਹੀਦਾ ਹੈ। ਇਸ ਨੇ ਆਪਣੀ ਪੁਸਤਕ 'ਐਸੇਜ਼ ਆਨ ਬੀਇੰਗ ਐਂਡ ਐਸੈਂਸ' ਵਿਚ ਟਾਮਸਵਾਦੀ (ਟਾਮਸ ਐਕੂਆਈਨਸ) ਦੇ ਸਿਧਾਂਤ ਦੀ ਹਿਮਾਇਤ ਕੀਤੀ ਹੈ। ਜਾਈਲਜ਼ ਨੇ ਅਗਸਤੀਨੀ ਸਿਧਾਂਤਾਂ ਦਾ ਮੌਲਿਕ ਰੂਪ ਵਿਚ ਵਿਕਾਸ ਕੀਤਾ।

ਇਸ ਦੀ ਵਿਸ਼ਾਲ ਸਾਹਿਤ ਰਚਨਾ ਵਿਚ ਅਰਸਤੂ ਅਤੇ ਬਾਈਬਲ ਦੀਆਂ ਟਿੱਪਣੀਆਂ ਅਤੇ ਅਨੇਕ ਧਾਰਮਿਕ ਅਤੇ ਰਾਜਨੀਤਿਕ ਖੋਜ-ਗ੍ਰੰਥ ਸ਼ਾਮਲ ਹਨ। ਸੰਨ 1316 ਵਿਚ ਫ਼ਰਾਂਸ ਵਿਚ ਅਵੀਨਯੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 4: 542

**ਜਾਈਲਜ਼, ਸੇਂਟ** : ਇਹ 14 ਪਵਿੱਤਰ ਸਹਾਇਕ ਸੰਤਾਂ ਵਿਚੋਂ ਇਕ ਹੈ ਜਿਸ ਦੀ ਸਾਰੇ ਯੂਰਪ ਵਿਚ ਲੂਲੇ-ਲੰਗੜਿਆਂ, ਮੰਗਤਿਆਂ ਅਤੇ

ਲੁਹਾਰਾਂ ਦੇ ਪਾਠਕ ਸੰਤ ਵਜੋਂ ਪੂਜਾ ਕੀਤੀ ਜਾਂਦੀ ਹੈ। ਇਸ ਦੇ ਚਿੰਨ੍ਹਾਂ ਹਿਰਨ ਅਤੇ ਤੀਰ ਤੋਂ ਦਸਵੀਂ ਸਦੀ ਦੀ ਵਿਵਾਦ ਰਹਿਤ ਜੀਵਨੀ ਉਪਰ ਆਧਾਰਿਤ ਵਿਵਾਦਗ੍ਰਸਤ ਗਾਥਾਵਾਂ ਦਾ ਹਵਾਲਾ ਮਿਲਦਾ ਹੈ। ਇਨ੍ਹਾਂ ਅਨੁਸਾਰ ਇਹ ਏਥਨਜ਼ ਦਾ ਇਕ ਨੌਜਵਾਨ ਰਈਸਜ਼ਾਦਾ ਸੀ। ਇਹ ਆਰਲੇਸ ਦੇ ਸੰਤ ਸੀਜ਼ੇਰੀਅਸ ਦੇ ਦਰਸ਼ਨ ਕਰਨ ਮਗਰੋਂ ਸੰਨਿਆਸੀ ਬਣ ਗਿਆ। ਗੱਥ ਰਾਜੇ ਫ਼ਲੇਵੀਅਸ ਨੇ ਇਸ ਨੂੰ ਜ਼ਖਮੀ ਕਰ ਦਿੱਤਾ, ਜਦੋਂ ਉਹ ਇਕ ਹਿਰਨ ਦਾ ਪਿੱਛਾ ਕਰ ਰਿਹਾ ਸੀ ਅਤੇ ਹਿਰਨ ਬਚਾਉ ਲਈ ਭੱਜ ਕੇ ਜਾਈਲਜ਼ ਕੋਲ ਆ ਗਿਆ ਸੀ। ਬਾਅਦ ਵਿਚ ਫ਼ਲੇਵੀਅਸ ਨੇ ਇਕ ਮੱਠ ਬਣਵਾਇਆ ਅਤੇ ਜਾਈਲਜ਼ ਨੂੰ ਉਸ ਦਾ ਮਹੰਤ ਥਾਪਿਆ। ਇਸ ਦਾ ਪੁਰਬ ਪਹਿਲੀ ਸਤੰਬਰ ਨੂੰ ਮਨਾਇਆ ਜਾਂਦਾ ਹੈ।

ਹ. ਪੁ. -ਐਨ. ਬ੍ਰਿ. 10:415

**ਜਾਂਸਾਨ ਨਿਕੋਲਾਸ** : ਵੇਖੋ, ਜੈਨਸਨ, ਨਿਕੋਲਸ

**ਜਾਸਮਿਨ, ਜ਼ਾਕ** : ਇਸ ਫ਼ਰਾਂਸੀਸੀ ਕਵੀ ਦਾ ਜਨਮ 6 ਮਾਰਚ, 1798 ਨੂੰ ਇਕ ਗਰੀਬ ਦਰਜ਼ੀ ਦੇ ਘਰ ਆਜ਼ਾਂ ਵਿਖੇ ਹੋਇਆ। ਇਹ 19ਵੀਂ ਸਦੀ ਦੇ ਦੱਖਣੀ ਫ਼ਰਾਂਸੀਸੀ ਉਪ-ਭਾਸ਼ੀ ਕਵਿਤਾ ਦੀ ਪੁਨਰ ਜਾਗ੍ਰਿਤੀ ਦੇ ਮੋਢੀਆਂ ਵਿਚੋਂ ਸੀ। ਆਪਣੇ ਜੀਵਨ ਦਾ ਬਹੁਤਾ ਸਮਾਂ ਇਹ



**ਜ਼ਾਕ ਜਾਸਮਿਨ**

ਨਾਈ ਦੀ ਦੁਕਾਨ ਕਰਦਾ ਰਿਹਾ। ਸੰਨ 1825ਵਿਚ ਇਸ ਨੇ **'Charivari'** ਪੁਸਤਕ ਪ੍ਰਕਾਸ਼ਿਤ ਕੀਤੀ ਤੇ ਉਸ ਮਗਰੋਂ 1835ਈ. ਵਿਚ ਚਾਰ ਹਿੱਸਿਆਂ ਵਿਚ ਪ੍ਰਕਾਸ਼ਿਤ ਹੋਣ ਵਾਲੀ 'Papillotos' ਦਾ ਪਹਿਲਾ ਹਿੱਸਾ ਪ੍ਰਕਾਸ਼ਿਤ ਹੋਇਆ। ਇਸ ਦੀ ਕਰੁਣਾਮਈ ਕਵਿਤਾ 'L' Abugto de Castel culie' ਨੇ ਸਮਕਾਲੀ ਕਵੀਆਂ ਅਤੇ ਜਨਤਾ ਨੂੰ ਬਹੁਤ ਪ੍ਰਭਾਵਿਤ ਕੀਤਾ। ਪੈਰਿਸ ਵਿਚ ਜਾਸਮਿਨ ਦਾ ਸਨਮਾਨ ਕੀਤਾ ਗਿਆ ਤੇ ਬਾਦਸ਼ਾਹ ਲੂਈ ਫ਼ਿਲਿਪ ਨੇ ਇਸ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਸੰਨ 1852 ਵਿਚ ਇਸ ਨੂੰ 'Acade mie Francaise' ਨੇ ਵਿਸ਼ੇਸ਼ ਇਨਾਮ ਦਿੱਤਾ। 'Soubenis' ਦੇ ਪ੍ਰਕਾਸ਼ਿਤ ਹੋਣ ਨਾਲ ਇਸ ਦੀ ਪ੍ਰਸਿੱਧੀ ਵਿਚ ਬਹੁਤ ਵਾਧਾ ਹੋਇਆ ਪਰ ਇਸ ਨੇ ਆਪਣਾ ਹੱਜਾਮ ਦਾ ਪੇਸ਼ਾ ਨਾ ਤਿਆਗਿਆ। ਇਹ ਘੁੰਮ ਫਿਰ ਕੇ ਆਪਣੀਆਂ ਰਚਨਾਵਾਂ ਲੋਕਾਂ ਨੂੰ ਸੁਣਾਇਆ ਕਰਦਾ ਸੀ। ਇਸ ਨੇ ਆਜ਼ਾਂ ਦੇ ਨੇੜੇ ਥੋੜ੍ਹੀ ਜਿਹੀ ਜਾਇਦਾਦ ਵੀ ਖ਼ਰੀਦੀ ਜਿਸ ਦਾ ਨਾਂ 'Papillotos' ਰੱਖਿਆ ਤੇ ਇਸ ਤੋਂ ਪ੍ਰਭਾਵਿਤ ਹੋ ਕੇ 'Ma binho' ਦੀ ਕਵਿਤਾ ਲਿਖੀ। ਇਹ ਇਕ ਉੱਤਮ ਮਨੁੱਖ ਅਤੇ ਉੱਤਮ ਕਵੀ ਸੀ। ਇਸ ਦੀ ਮੌਤ 4 ਅਕਤੂਬਰ, 1864 ਨੂੰ ਹੋਈ।

ਹ. ਪੁ. -ਐਨ. ਬ੍ਰਿ. 12 : 967

**ਜਾਸੂਸੀ** : ਜਾਸੂਸੀ ਜਾਂ ਭੇਦ ਕੱਢਣ ਦਾ ਕੰਮ ਜਾਸੂਸਾਂ ਤੇ ਭੇਤੀਆਂ ਦੁਆਰਾ ਕੀਤਾ ਜਾਂਦਾ ਹੈ। ਖ਼ਾਸ ਕਰਕੇ ਜੰਗ ਦੇ ਦੌਰਾਨ ਸਭ ਦੇਸ਼ ਆਪਣੇ ਜਾਸੂਸਾਂ ਰਾਹੀਂ ਦੂਜੇ ਦੇਸ਼ਾਂ ਦੀ ਫ਼ੌਜ, ਸਰਕਾਰ, ਉਤਪਾਦਨ, ਵਿਗਿਆਨਕ ਉੱਨਤੀ ਆਦਿ ਦੇ ਤੱਥਾਂ ਬਾਰੇ ਸੂਚਨਾ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ। ਜਾਸੂਸੀ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਇਤਰਾਜ਼ਯੋਗ ਹੈ ਅਤੇ ਅਕਸਰ ਉਹ ਲੋਕ ਹੀ ਇਸ ਕੰਮ ਵਿਚ ਸਫ਼ਲਤਾ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਨੂੰ ਚੰਗੇ-ਮਾੜੇ ਦਾ ਵਿਚਾਰ ਨਾ ਹੋਵੇ।

**ਨਿੱਜੀ ਜਾਸੂਸੀ**—ਇਸ ਵਿਚ ਜਾਸੂਸ ਦਾ ਉਦੇਸ਼ ਕਿਸੇ ਵਿਸ਼ੇਸ਼ ਵਿਅਕਤੀ ਜਾਂ ਕਿਸੇ ਵਪਾਰ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਹੁੰਦਾ ਹੈ। ਇਹ ਸੂਚਨਾ ਸਮਾਜਕ ਗੱਲਬਾਤ ਜਾਂ ਮਿਲਾਪ ਦੇ ਆਧਾਰ ਤੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਤਕਨੀਕੀ ਸੂਚਨਾ ਖੁਫ਼ੀਆ ਵਿਭਾਗ ਜਾਂ ਨਿੱਜੀ ਜਾਸੂਸਾਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਨਿੱਜੀ ਜਾਸੂਸੀ ਲਈ ਤਾਂ ਕਈ ਵਾਰ ਅਸਭਿਅ ਨੀਤੀ ਵੀ ਅਪਣਾ ਲਈ ਜਾਂਦੀ ਹੈ ਜਿਵੇਂ ਗਵਾਂਢੀਆਂ ਜਾਂ ਖ਼ਾਸ ਵਿਅਕਤੀ ਰਾਹੀਂ ਸਬੰਧਤ ਲੋਕਾਂ ਬਾਰੇ ਸੂਚਨਾ ਪ੍ਰਾਪਤ ਕਰਨਾ।

**ਅੰਤਰ-ਰਾਜਨੀਤਿਕ ਜਾਸੂਸੀ**—ਅਕਸਰ ਸਾਰੀਆਂ ਸਰਕਾਰਾਂ ਕੁਝ ਜਾਸੂਸ ਤੇ ਸੂਚਕ ਇਸ ਲਈ ਰੱਖਦੀਆਂ ਹਨ ਕਿ ਉਸ ਨੂੰ ਜਨਤਾ ਦੇ ਵਿਚਾਰਾਂ ਦੀ ਜਾਣਕਾਰੀ ਰਹੇ ਤੇ ਆਪਣੇ ਵਿਰੋਧੀਆਂ ਦੇ ਪ੍ਰੋਗਰਾਮਾਂ ਤੇ ਵਿਚਾਰਾਂ ਦੀ ਜਾਣਕਾਰੀ ਮਿਲਦੀ ਰਹੇ। ਅਜਿਹੇ ਕਾਰਜ ਲਈ ਸਮਾਜ ਦੇ ਸਾਰੇ ਵਰਗਾਂ ਨਾਲ ਮੇਲ-ਜੋਲ ਰੱਖਕੇ ਹੀ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ।

**ਸ਼ਾਂਤੀਕਾਲੀਨ ਦੂਤ ਕਾਰਜਾਂ ਵਿਚ ਜਾਸੂਸੀ**—ਸ਼ਾਂਤੀ ਕਾਲ ਵਿਚ ਦੂਤਾਂ ਦਾ ਫ਼ਰਜ਼ ਸਿਰਫ਼ ਇਕ ਹੀ ਨਹੀਂ ਹੁੰਦਾ ਕਿ ਆਪਣੇ ਦੇਸ਼ ਦੇ ਪ੍ਰਤੀਨਿਧ ਰਹਿਣ ਸਗੋਂ ਇਹ ਵੀ ਦੇਖਣਾ ਹੁੰਦਾ ਹੈ ਕਿ ਜਿਸ ਦੇਸ਼ ਵਿਚ ਭੇਜੇ ਗਏ ਹਨ, ਉਥੋਂ ਦੀਆਂ ਸਰਗਰਮੀਆਂ ਕਿਹੋ ਜਿਹੀਆਂ ਹਨ? ਉਨ੍ਹਾਂ ਤੋਂ ਇਹ ਵੀ ਆਸ ਕੀਤੀ ਜਾਂਦੀ ਹੈ ਕਿ ਉਹ ਉਥੋਂ ਦੀਆਂ ਵਰਤਮਾਨ ਘਟਨਾਵਾਂ ਦਾ ਠੀਕ ਵੇਰਵਾ ਪ੍ਰਾਪਤ ਕਰਨ ਜੋ ਉਨ੍ਹਾਂ ਦੇ ਆਪਣੇ ਦੇਸ਼ ਤੇ ਪ੍ਰਤੱਖ ਜਾਂ ਅਪ੍ਰੱਤਖ ਪ੍ਰਭਾਵ ਪਾ ਸਕਦੀਆਂ ਹੋਣ ਜਾਂ ਪਾਉਂਦੀਆਂ ਹੋਣ।

ਆਧੁਨਿਕ ਰਾਜਦੂਤਾਂ ਪਾਸ ਹਰ ਕਾਰਜ ਵਿਚ ਨਿਪੁੰਨ ਜਲ, ਥਲ ਤੇ ਹਵਾਈ ਸੈਨਾ ਤੇ ਵਪਾਰ ਸਬੰਧੀ ਮਾਹਰ ਹੁੰਦੇ ਹਨ। ਇਨ੍ਹਾਂ ਦਾ ਕੰਮ ਦੂਸਰੇ ਦੇਸ਼ਾਂ ਦੀਆਂ ਹਰ ਕਿਸਮ ਦੀਆਂ ਰਾਜਨੀਤਿਕ ਸਰਗਰਮੀਆਂ ਦਾ ਧਿਆਨ ਰੱਖਣਾ ਹੁੰਦਾ ਹੈ। ਜਦੋਂ ਤੱਕ ਰਾਜਦੂਤ ਕੋਈ ਅਣਉਚਿਤ ਕਾਰਜ ਨਹੀਂ ਕਰਦਾ, ਜਿਵੇਂ ਅਧਿਕਾਰੀਆਂ ਨੂੰ ਰਿਸ਼ਵਤ ਦੇਣਾ ਜਾਂ ਕੰਮ ਦੀਆਂ ਲਿਖਤਾਂ ਨੂੰ ਚੋਰੀ ਕਰਨਾ ਆਦਿ ਉਦੋਂ ਤੱਕ ਉਹ ਜਾਸੂਸੀ ਦੀ ਪਰਿਭਾਸ਼ਾ ਦੇ ਘੇਰੇ ਵਿਚ ਨਹੀਂ ਆਉਂਦਾ।

**ਫ਼ੌਜੀ ਜਾਸੂਸੀ**—ਫ਼ੌਜੀ ਜਾਸੂਸੀ ਦੇ ਸਿਧਾਂਤ ਤੇ ਸੂਚਨਾ ਪ੍ਰਾਪਤ ਕਰਨ ਦੇ ਸਾਧਨ ਸ਼ਾਂਤੀ ਕਾਲ ਤੇ ਯੁੱਧਕਾਲ ਵਿਚ ਵੱਖ-ਵੱਖ ਹੁੰਦੇ ਹਨ। ਅੱਜਕੱਲ੍ਹ ਇਸ ਕੰਮ ਲਈ ਦੋ ਵਿਭਾਗ ਖੋਲ੍ਹੇ ਜਾਂਦੇ ਹਨ ਇਕ ਪੁਲਿਸ ਵਿਭਾਗ ਅਤੇ ਦੂਜਾ ਫ਼ੌਜੀ ਵਿਭਾਗ। ਇਹ ਵਿਭਾਗ ਇਕ ਦੂਸਰੇ ਦੀ ਸਹਾਇਤਾ ਕਰਦੇ ਹਨ।

ਜਾਸੂਸੀ ਦੇ ਤਰੀਕੇ ਉਦੇਸ਼ ਤੇ ਨਿਰਭਰ ਕਰਦੇ ਹਨ। ਦੋ ਗੱਲਾਂ ਧਿਆਨ ਵਿਚ ਰੱਖਣੀਆਂ ਜ਼ਰੂਰੀ ਹਨ। ਇਕ ਸੂਚਨਾ ਪ੍ਰਾਪਤ ਕਰਨਾ ਤੇ ਫਿਰ ਉਨ੍ਹਾਂ ਨੂੰ ਆਪਣੇ ਅਧਿਕਾਰੀਆਂ ਪਾਸ ਪਹੁੰਚਾਉਣਾ। ਸੂਚਨਾ ਪ੍ਰਾਪਤ ਕਰਨ ਲਈ ਜਾਂ ਤਾਂ ਜਾਸੂਸਾਂ ਨੂੰ ਆਪ ਕੰਮ ਕਰਨਾ ਪੈਂਦਾ ਹੈ ਜਾਂ ਦੂਸਰਿਆਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਜੇਕਰ ਪ੍ਰਾਪਤ ਕੀਤੀ ਸੂਚਨਾ ਜ਼ਬਾਨੀ ਨਾ ਭੇਜੀ ਜਾ ਸਕੇ ਤਾਂ ਕਈ ਪ੍ਰਕਾਰ ਦੇ ਸਾਧਨ ਅਪਣਾਏ ਜਾਂਦੇ ਹਨ ਜਿਵੇਂ ਗੁਪਤ ਭਾਸ਼ਾ ਤੇ ਸੰਕੇਤਾਂ ਦੀ ਵਰਤੋਂ ਆਦਿ।

ਜੇ ਫ਼ੌਜੀ ਜਾਸੂਸ ਫੜੇ ਜਾਂਦੇ ਹਨ ਤਾਂ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਸ਼ਾਂਤੀ ਕਾਲ ਵਿਚ ਅਕਸਰ ਉਨ੍ਹਾਂ ਨੂੰ ਜੁਰਮਾਨੇ ਤੇ ਕੈਦ ਦਾ ਦੰਡ ਦਿੱਤਾ ਜਾਂਦਾ ਹੈ ਪਰ ਯੁੱਧ ਕਾਲ ਵਿਚ ਅਜਿਹੇ ਜਾਸੂਸਾਂ ਬਾਰੇ ਕੋਰਟ ਮਾਰਸ਼ਲ ਵਿਚ ਫ਼ੈਸਲਾ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਤੱਕ ਵੀ ਦਿੱਤੀ ਜਾਂਦੀ ਹੈ।

ਹ. ਪੁ. -ਹਿੰ. ਵਿ. ਕੋ. 4 : 165

**ਜਾਂਸੇਸ** : ਇੰਗਲੈਂਡ ਦੇ ਇਸ ਪ੍ਰਸਿੱਧ ਚਿੱਤਰਕਾਰ ਦਾ ਜਨਮ 1593 ਵਿਚ ਲੰਡਨ ਵਿਖੇ ਹੋਇਆ। ਇਹ ਵਿਅਕਤੀਆਂ ਦੇ ਚਿੱਤਰ (ਪੋਰਟ੍ਰੇਟ) ਬਣਾਉਣ ਲਈ ਪ੍ਰਸਿੱਧ ਸੀ। ਵਾਨ ਡਾਈਕ ਤੋਂ ਪਹਿਲਾਂ ਇੰਗਲੈਂਡ ਵਿਚ ਵਿਅਕਤੀ ਚਿੱਤਰਕਾਰ ਵਜੋਂ ਜਾਂਸੇਸ ਹੀ ਲੋਕਪ੍ਰਿਯ ਸੀ। ਇਹ ਕਈ ਨਾਵਾਂ ਨਾਲ ਪ੍ਰਸਿੱਧ ਸੀ। ਇਹ ਮਨੁੱਖੀ ਸਰੀਰ ਦੇ ਉਪਰਲੇ ਅੱਧ ਦੇ ਚਿੱਤਰ ਬਣਾਉਣ ਵਿਚ ਖ਼ਾਸ ਰੁਚੀ ਰੱਖਦਾ ਸੀ। ਇਸ ਨੇ ਕਿੰਨੇ ਹੀ ਸਾਫ਼-ਸੁਥਰੇ ਵਿਅਕਤੀ ਚਿੱਤਰ ਬਣਾਏ। ਬਾਅਦ ਵਿਚ ਇਸ ਦੀ ਕਲਾ ਵਲੰਦੇਜ਼ੀ ਸ਼ੈਲੀ ਤੋਂ ਪ੍ਰਭਾਵਿਤ ਹੋਈ।

ਸੰਨ 1643 ਦੇ ਗ੍ਰਿਹ-ਯੁੱਧ ਕਾਰਨ ਜਾਂਸੇਸ ਹਾਲੈਂਡ ਚਲਾ ਗਿਆ ਅਤੇ 1661 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 4 : 452

**ਜਾਹਮਣ** : ਇਹ ਜ਼ਿਲ੍ਹਾ ਅਤੇ ਤਹਿਸੀਲ ਲਾਹੌਰ (ਪਾਕਿਸਤਾਨ) ਵਿਚ ਸਥਿਤ ਥਾਣਾ ਬਰਕੀ ਦਾ ਇਕ ਬਹੁਤ ਵੱਡਾ ਪਿੰਡ ਹੈ। ਇਸ ਦੇ ਬਾਹਰਵਾਰ ਪੂਰਬ ਵੱਲ ਦੋ ਫਰਲਾਂਗ ਦੇ ਲਗਭਗ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਇਥੇ ਗੁਰੂ ਜੀ ਨੇ ਤਿੰਨ ਵਾਰ ਚਰਨ ਪਾਏ ਸਨ। ਇਸੇ ਪਿੰਡ ਦੇ ਨੇੜੇ 'ਚਾਹਲ' ਪਿੰਡ ਵਿਚ ਗੁਰੂ ਜੀ ਦੇ ਨਾਨਕੇ ਸਨ। ਜਿਥੇ ਗੁਰੂ ਜੀ ਬਿਰਾਜੇ ਸਨ ਉਸ ਸਥਾਨ ਦਾ ਨਾਂ 'ਰੋੜੀ ਸਾਹਿਬ' ਹੈ ਜੋ ਰੇਲਵੇ ਸਟੇਸ਼ਨ ਅਟਾਰੀ, ਵਲਟੋਹਾ ਅਤੇ ਕਾਨਾ ਕਾਛਾ ਤੋਂ 20-21 ਕਿ. ਮੀ. (12-13 ਮੀਲ) ਦੂਰ ਸਥਿਤ ਹੈ। ਮੁਲਕ ਦੀ ਵੰਡ ਤੋਂ ਪਹਿਲਾਂ ਵਿਸਾਖੀ ਅਤੇ 20 ਜੇਠ ਨੂੰ ਇਥੇ ਭਾਰੀ ਮੇਲੇ ਲਗਿਆ ਕਰਦੇ ਸਨ। ਇਹ ਪਿੰਡ ਤੋਂ 1.5 ਕਿ. ਮੀ. (ਇਕ ਮੀਲ) ਦੇ ਕਰੀਬ ਹੈ। ਇਸ ਕੋਲ ਇਕ ਛੱਪੜ ਹੁੰਦਾ ਸੀ ਜਿਸਨੂੰ ਇਕ ਸੁੰਦਰ ਤਲਾਬ ਦੀ ਸ਼ਕਲ ਦਾ ਬਣਾ ਦਿੱਤਾ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰੇਮੀ ਸਿੱਖ ਨਰੀਆ ਇਸੇ ਪਿੰਡ ਦਾ ਵਸਨੀਕ ਸੀ।

ਇਸ ਦਰਬਾਰ ਦੀ ਸੇਵਾ ਭਾਈ ਬਧਾਵਾ ਸਿੰਘ ਜੀ ਨੇ ਆਰੰਭੀ ਸੀ।

ਹ. ਪੁ. -ਮ. ਕੋ. : 515

**ਜਾਹਿਜ਼ ਅਲ** : ਇਰਾਕ ਦੇ ਇਸ ਧਰਮ-ਸ਼ਾਸਤਰੀ, ਵਿਦਵਾਨ ਅਤੇ ਅਰਬੀ ਵਾਰਤਕ ਦੇ ਉਸਤਾਦ ਲੇਖਕ ਦਾ ਜਨਮ ਬਸਰਾ ਵਿਚ ਲ. 776 ਈ. ਵਿਚ ਹੋਇਆ। ਇਸ ਦਾ ਪੂਰਾ ਨਾਂ ਅਬੂ ਉਸਮਾਨ ਅਮਰ ਇਬਨ ਬਹਿਰ ਇਬਨ ਮਹਿਬੂਬ ਅਲ ਜਾਹਿਜ਼ ਸੀ। ਇਸ ਦੇ ਪਰਿਵਾਰ ਦੇ ਵਡੇਰੇ ਸ਼ਾਇਦ ਇਥੋਪੀਆ ਤੋਂ ਆਏ ਸਨ ਅਤੇ ਇਸ ਦੀ ਅਕਲ ਅਤੇ ਸਿਆਣਪ ਨੇ ਪੜ੍ਹੇ-ਲਿਖੇ ਤਬਕੇ ਵਿਚ ਇਸ ਦੀ ਕਦਰ ਪੁਆ ਦਿੱਤੀ। ਅੱਬਾਸੀ ਖ਼ਲੀਫ਼ੇ ਮਾਮੂੰ ਦੇ ਸਮੇਂ ਇਹ ਰਾਜਧਾਨੀ ਬਗ਼ਦਾਦ ਚਲਾ ਗਿਆ। ਇਸ ਨੇ ਦਰਬਾਰ ਵਿਚ ਕੋਈ ਅਹੁਦਾ ਨਹੀਂ ਲਿਆ ਪਰ ਵੱਡੇ-ਵੱਡੇ ਅਧਿਕਾਰੀ ਇਸ ਦੇ ਸਰਪ੍ਰਸਤ ਸਨ। ਦਰਬਾਰ ਦੇ ਸਾਮੱਗਰਾ ਤਬਦੀਲ ਹੋਣ ਤੇ ਇਹ ਵੀ ਨਾਲ ਗਿਆ ਪਰ 868 ਈ. ਵਿਚ ਆਪਣੀ ਮੌਤ ਤੋਂ ਕੁਝ ਚਿਰ ਪਹਿਲਾਂ ਇਹ ਬਸਰਾ ਪਰਤ ਆਇਆ।

ਧਰਮ ਅਤੇ ਰਾਜਨੀਤੀ ਸਬੰਧੀ ਅਲ ਜਾਹਿਜ਼ ਦੀਆਂ ਕਈ ਪੁਸਤਕਾਂ ਬਹੁਤ ਪ੍ਰਸਿੱਧ ਹਨ। ਆਪਣੇ ਲੇਖਾਂ ਨੂੰ ਅਰਥ-ਭਰਪੂਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਨੇ ਕਈ ਥਾਈਂ ਕਵਿਤਾ ਦੀਆਂ ਸਤਰਾਂ, ਲਤੀਫ਼ੇ ਅਤੇ ਮਜ਼ਾਕੀਆ ਟੋਟਕੇ ਸ਼ਾਮਲ ਕੀਤੇ ਹਨ। ਸੱਤ ਜਿਲਦਾਂ ਵਿਚ ਛਪੀ ਇਸ ਦੀ ਅਧੂਰੀ ਪੁਸਤਕ 'ਕਿਤਾਬ ਅਲ-ਹੈਵਾਨ' ਜਾਨਵਰਾਂ ਨੂੰ ਆਧਾਰ ਬਣਾ ਕੇ ਧਰਮ-ਸ਼ਾਸਤਰ, ਸਮਾਜ-ਵਿਗਿਆਨ ਅਤੇ ਭਾਸ਼ਾ-ਵਿਗਿਆਨ ਉੱਤੇ ਬੜੀ ਚੰਗੀ ਚਰਚਾ ਕੀਤੀ ਗਈ ਹੈ। ਸਾਹਿਤਕ ਸ਼ੈਲੀ ਅਤੇ ਭਾਸ਼ਾ ਨਾਲ ਸਬੰਧ ਰੱਖਦੀ ਇਸ ਦੀ ਪੁਸਤਕ 'ਕਿਤਾਬ ਅਲ ਬਿਆਂਵ ਅਲ ਤਬਈ' ਵੀ ਬੜੀ ਉੱਤਮ ਰਚਨਾ ਮੰਨੀ ਜਾਂਦੀ ਹੈ। ਕੰਜੂਸਾਂ ਅਤੇ ਮੱਖੀਚੂਸਾਂ ਸਬੰਧੀ ਇਸ ਦਾ ਕਹਾਣੀ ਸੰਗ੍ਰਹਿ 'ਕਿਤਾਬ ਅਲ ਬੁਖ਼ਲਾ' ਮਨੁੱਖੀ ਫਿਤਰਤ ਦੇ ਕਈ ਅੰਗਾਂ ਨੂੰ ਉਘਾੜਦਾ ਹੈ। ਅਲਜਾਹਿਜ਼ ਭਾਵੇਂ ਬਹੁਤ ਵੱਡਾ ਵਿਦਵਾਨ ਸੀ ਪਰ ਲਿਖਤਾਂ ਵਿਚ ਇਹ ਆਮ ਕਰਕੇ ਸਰਕਾਰਪੱਖੀ ਹੀ ਰਿਹਾ।

ਹ. ਪੁ. -ਐਨ. ਬ੍ਰਿ. ਮਾ. 5 : 501; ਹਿੰ. ਵਿ. ਕੋ. : 491

**ਜਾਹਿਲੀਆ** : ਇਹ ਅਰਬ ਵਿਚ ਪੂਰਵ ਇਸਲਾਮ-ਕਾਲ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ। ਭਾਵੇਂ ਇਸ ਦੀ ਵਰਤੋਂ ਸੀਮਤ ਅਰਥਾਂ ਵਿਚ ਨਹੀਂ ਹੋਈ ਪਰ ਆਮ ਤੌਰ ਤੇ ਇਸਲਾਮ ਦੇ ਆਗਮਨ ਤੋਂ ਪਹਿਲਾਂ ਦੇ ਸਮੇਂ ਨੂੰ ਇਹ ਨਾਂ ਦਿੱਤਾ ਜਾਂਦਾ ਹੈ। ਇਹ ਸ਼ਬਦ ਜਾਹਿਲ ਤੋਂ ਬਣਿਆ ਹੈ। ਕੁਰਾਨ ਸ਼ਰੀਫ ਅਨੁਸਾਰ ਖ਼ੁਦਾ ਅਤੇ ਪੈਗ਼ੰਬਰ ਨੂੰ ਨਾ ਜਾਣਨ ਵਾਲੇ ਨੂੰ ਜਾਹਿਲ ਕਿਹਾ ਗਿਆ ਹੈ। ਜਾਹਿਲੀਆ ਇਸ ਤਰ੍ਹਾਂ ਦੀ ਅਗਿਆਨਤਾ ਦੇ ਕਾਲ ਦਾ ਨਾਂ ਹੈ। ਆਮ ਤੌਰ ਤੇ ਕੁਰਾਨ ਸ਼ਰੀਫ ਦੇ ਵਿਆਖਿਆਕਾਰਾਂ ਨੇ ਜਾਹਿਲ ਸ਼ਬਦ ਖ਼ੁਦਾ ਦੀ ਹੋਂਦ ਤੋਂ ਮੁਨਕਰ ਲਈ ਵਰਤਿਆ ਹੈ।

ਕੁਰਾਨ ਸ਼ਰੀਫ ਦੇ ਮੱਤ ਅਨੁਸਾਰ ਜਾਹਿਲੀਆ ਦੋ ਵਾਰੀ ਰਿਹਾ ਹੈ :-

1. ਆਦਮ ਅਤੇ ਹਜ਼ਰਤ ਨੂਹ ਦੇ ਸਮੇਂ ਵਿਚਕਾਰ ਅਤੇ 2. ਹਜ਼ਰਤ ਮੂਸਾ ਅਤੇ ਮੁਹੰਮਦ ਸਾਹਿਬ ਦੇ ਸਮੇਂ ਵਿਚਕਾਰ। ਫਿਰ ਵੀ ਉਸ ਯੁੱਗ ਦੇ ਆਪਣੇ ਜਾਹਿਲ ਵਡੇਰਿਆਂ ਦੇ ਅਨੇਕ ਗੁਣਾਂ ਨੂੰ ਮੁਸਲਮਾਨ ਆਦਰਸ਼ ਮੰਨਦੇ ਹਨ।

ਹ. ਪੁ. -ਹਿੰ. ਵਿ. ਕੋ. 4 : 491

**ਜਾਹੋਰ** : ਪੱਛਮੀ ਮਲੇਸ਼ੀਆ (ਦੱ. ਪੂ. ਏਸ਼ੀਆ) ਦਾ ਦੱਖਣ ਵੱਲ ਦਾ ਇਕ ਰਾਜ ਹੈ ਜਿਸ ਦਾ ਖੇਤਰਫਲ 18, 985 ਵ. ਕਿ. ਮੀ. ਅਤੇ ਆਬਾਦੀ 16,38,229 (1990) ਹੈ। ਰਾਜ ਦੀ ਰਾਜਧਾਨੀ ਜਾਹੋਰ ਬਾਰੂ ਹੈ। ਰਾਜ ਦਾ 400 ਕਿ. ਮੀ. ਦਾ ਖੇਤਰ ਮਲਾਕਾ ਜਲ-ਡਮਰੂ ਨਾਲ ਲੱਗਦਾ ਹੈ। ਦੱਖਣ ਵਾਲੇ ਪਾਸੇ ਵੀ ਜਾਹੋਰ ਜਲ-ਡਮਰੂ ਇਸਨੂੰ ਸਿੰਗਾਪੁਰ ਤੋਂ ਵੱਖ ਕਰਦੀ ਹੈ। ਇਸ ਦੇ ਨਾਲ ਲਗਵੇਂ ਸਮੁੰਦਰ ਵਿਚ ਸਥਿਤ ਅਨੇਕਾਂ ਹੀ ਛੋਟੇ ਛੋਟੇ ਟਾਪੂ ਇਸ ਰਾਜ ਦਾ ਹਿੱਸਾ ਹਨ।

ਇਸ ਰਾਜ ਦੀ ਧਰਾਤਲ ਪਹਾੜੀ ਅਤੇ ਦਲਦਲਾਂ ਵਾਲੀ ਹੈ। ਪੂਰਬ ਵਾਲੇ ਪਾਸੇ 1,000 ਮੀ. ਉੱਚੀਆਂ ਪਹਾੜੀਆਂ ਹਨ। ਇਸ ਰਾਜ ਦਾ ਇਤਿਹਾਸ ਮਲਾਕਾ ਦੇ ਸੁਲਤਾਨ ਮਹਿਮੂਦ ਨਾਲ ਜੁੜਿਆ ਹੋਇਆ ਹੈ। ਉਸਨੇ ਹੀ ਇਹ ਰਾਜ ਕਾਇਮ ਕੀਤਾ ਸੀ ਪਰ ਉਸਦੇ ਲੜਕੇ ਅਲਾਉੱਦੀਨ ਨੇ ਸਾਮਰਾਜ ਦੀ ਗਿਰਾਵਟ ਵੇਲੇ (1511) ਇਸ ਰਾਜ ਦਾ ਇਲਾਕਾ ਪੁਰਤਗੇਜ਼ੀਆਂ ਨੂੰ ਸੌਂਪ ਦਿੱਤਾ ਸੀ। 18 ਵੀਂ ਸਦੀ ਵਿਚ ਪ੍ਰਸ਼ਾਸਕੀ ਕੇਂਦਰ ਰੀਆਉ ਟਾਪੂ ਨੂੰ ਬਣਾਉਣ ਨਾਲ ਇਸ ਦੀ ਮਹੱਤਤਾ ਕਾਫ਼ੀ ਘੱਟ ਗਈ। 19ਵੀਂ ਸਦੀ ਵਿਚ ਇਹ ਬਰਤਾਨੀਆ, 1942 ਵਿਚ ਜਾਪਾਨੀਆਂ ਅਤੇ 1957 ਵਿਚ ਮਲਾਇਆ ਫੈਡਰੇਸ਼ਨ ਦੇ ਅਧੀਨ ਰਿਹਾ ਅਤੇ ਹੁਣ 1963 ਤੋਂ ਇਹ ਮਲੇਸ਼ੀਆ ਦੇ ਇਕ ਰਾਜ ਦੇ ਤੌਰ ਤੇ ਕਾਇਮ ਹੈ।

ਰਾਜ ਦੀ ਆਰਥਿਕ ਉੱਨਤੀ ਪਹਿਲੇ ਸੰਸਾਰ ਯੁੱਧ ਮਗਰੋਂ ਹੀ ਹੋਈ ਜਦੋਂ ਇਸਨੂੰ ਰੇਲ ਮਾਰਗਾਂ ਰਾਹੀਂ ਦੇਸ਼ ਦੇ ਹੋਰਨਾਂ ਖੇਤਰਾਂ ਨਾਲ ਜੋੜਿਆ ਗਿਆ। ਦੱਖਣ ਵਾਲੇ ਪਾਸੇ ਵੱਲ ਰੇਲ ਮਾਰਗ ਬਣਨ ਨਾਲ ਇਥੇ ਰਬੜ ਦੀ ਬਾਗ਼ਬਾਨੀ ਸ਼ੁਰੂ ਕੀਤੀ ਗਈ ਅਤੇ ਖਣਿਜਾਂ ਦੀ ਭਾਲ ਕੀਤੀ ਗਈ। ਅੱਜਕੱਲ੍ਹ ਇਥੋਂ ਬਾਕਸਾਈਟ ਚੋਖੀ ਮਾਤਰਾ ਵਿਚ ਕੱਢਿਆ ਜਾਂਦਾ ਹੈ। ਤਾੜ ਦੇ ਤੇਲ ਅਤੇ ਨਾਰੀਅਲ ਦੇ ਉਤਪਾਦਨਾਂ ਵਿਚ ਇਸ ਦਾ ਦੇਸ਼ ਵਿਚ ਮਹੱਤਵਪੂਰਨ ਸਥਾਨ ਹੈ। ਦਲਦਲੀ ਖੇਤਰ ਵਿਚ ਅਨਾਨਾਸ ਅਤੇ ਹੋਰ ਫ਼ਲਾਂ ਦੀ ਪੈਦਾਵਾਰ ਵੀ ਹੁੰਦੀ ਹੈ।

ਵਪਾਰਕ ਪੱਖੋਂ ਇਸ ਦੇ ਸਬੰਧ ਸਿੰਗਾਪੁਰ ਨਾਲ ਵਧੇਰੇ ਹਨ। ਵਸਤਾਂ ਦੀ ਢੋ-ਢੁਆਈ ਸੜਕ ਰਾਹੀਂ ਕੀਤੀ ਜਾਂਦੀ ਹੈ। ਇਸ ਦੀਆਂ ਆਪਣੀਆਂ ਬੰਦਰਗਾਹਾਂ ਘੱਟ ਡੂੰਘੀਆਂ ਹੋਣ ਕਰਕੇ ਇਸ ਦਾ ਵਪਾਰ ਸਿੰਗਾਪੁਰ ਦੀਆਂ ਬੰਦਰਗਾਹਾਂ ਉੱਤੇ ਨਿਰਭਰ ਕਰਦਾ ਹੈ। ਇਸ ਦੀ ਰਾਜਧਾਨੀ ਜਾਹੋਰ ਬਾਰੂ ਤੋਂ ਸਿੰਗਾਪੁਰ ਵੱਲ ਆਵਾਜਾਈ ਮਾਰਗ ਵੀ ਬਣਾਇਆ ਹੋਇਆ ਹੈ। ਇਕ ਤਰ੍ਹਾਂ ਨਾਲ ਇਹ ਸਿੰਗਾਪੁਰ ਦਾ ਅੰਤਰਵਰਤੀ ਖੇਤਰ ਹੀ ਹੈ। ਜਾਹੋਰ ਬਾਰੂ ਤੋਂ ਇਲਾਵਾ ਮਯੈਰਸਿੰਗ ਬਾਟੂ, ਪਹਾਟ, ਸੈਗਾਮਾਟੋ, ਮਵਾਰ ਇਸ ਦੇ ਵਰਣਨਯੋਗ ਸ਼ਹਿਰ ਹਨ।

ਹ. ਪੁ -ਵੈ. ਜਗ, ਡਿ : 573; ਐਨ. ਬ੍ਰਿ. ਮਾ. 5 : 595

**ਜਾਹੋਰ** : ਸਟ੍ਰੇਟ—ਮਾਲੇ ਪ੍ਰਾਇਦੀਪ ਦੇ ਦੱਖਣ ਵਿਚ ਜਾਹੋਰ ਰਾਜ ਦੀ ਮੁੱਖ ਧਰਤੀ ਤੋਂ ਸਿੰਗਾਪੁਰ ਗਣਰਾਜ ਵਿਚਕਾਰ ਫੈਲੀ ਇਕ ਸਟ੍ਰੇਟ ਹੈ ਜੋ ਸਿੰਗਾਪੁਰ ਸਟ੍ਰੇਟ ਦਾ ਉੱਤਰੀ ਹਿੱਸਾ ਬਣਾਉਂਦੀ ਹੈ। ਸਟ੍ਰੇਟ ਦੀ ਲੰਬਾਈ 50 ਕਿ. ਮੀ. ਅਤੇ ਚੌੜਾਈ ਸਵਾ ਕਿ. ਮੀ. ਤੋਂ ਲੈ ਕੇ 5 ਕਿ. ਮੀ. ਹੈ। ਇਸ ਦੇ ਪੂਰਬੀ ਹਿੱਸੇ ਵਿਚ ਸਿੰਗਾਪੁਰ ਦੇ ਉਬੀਨ ਅਤੇ ਟੇਕਾਂਗ ਬੇਸਾਰ ਦੋ ਟਾਪੂ ਹਨ। ਸਿੰਗਾਪੁਰ ਦੇ ਉੱਤਰ-ਪੂਰਬੀ ਤਟ ਉੱਤੇ ਚਾਂਗੀ ਜਲ ਸੈਨਾ ਅੱਡੇ ਵੱਲ ਇਸ ਦਾ ਪਾਣੀ ਕਾਫ਼ੀ ਡੂੰਘਾ ਹੋਣ ਕਰਕੇ ਇਕ ਚੈਨਲ ਜਿਹੀ ਬਣ ਜਾਂਦਾ ਹੈ। ਇਸ ਸਟ੍ਰੇਟ ਉਪਰੋਂ ਦੀ ਸਿੰਗਾਪੁਰ ਦੇ ਵੁਡਲੈਂਡਜ਼ ਤੋਂ ਮਲੇਸ਼ੀਆ ਮੁੱਖ ਭੂਮੀ ਦੇ ਜਾਹੋਰ ਬਾਰੂ ਸ਼ਹਿਰ ਵੱਲ ਇਕ ਰੇਲ-ਸੜਕ ਮਾਰਗ ਬਣਾਇਆ ਗਿਆ ਹੈ ਜਿਸ ਰਾਹੀਂ ਆਵਾਜਾਈ ਅਤੇ ਵਸਤਾਂ ਦੀ ਢੋ-ਢੁਆਈ ਹੁੰਦੀ ਹੈ।

ਇਸ ਸਟ੍ਰੇਟ ਵਿਚ ਫ਼ਰਵਰੀ, 1942ਨੂੰ ਜਾਪਾਨੀਆਂ ਨੇ ਬਰਤਾਨਵੀ ਬਸਤੀ ਸਿੰਗਾਪੁਰ ਉੱਤੇ ਆਪਣਾ ਕਬਜ਼ਾ ਕਰਨ ਖ਼ਾਤਰ ਘਮਸਾਨ ਦੀ ਲੜਾਈ ਲੜੀ ਸੀ।

1° 28′ ਉ. ਵਿਥ.; 103° 48′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 595; ਵੈ. ਜਗ. ਡਿ: 573

**ਜਾਹੋਰ ਬਾਰੂ** : ਮਾਲੇ ਪ੍ਰਾਇਦੀਪ ਦੇ ਦੱਖਣੀ ਸਿਰੇ ਉੱਤੇ ਪੱਛਮੀ ਮਲੇਸ਼ੀਆ ਵਿਚ ਇਸੇ ਨਾਂ ਦੇ ਰਾਜ ਦਾ ਰਾਜਧਾਨੀ ਸ਼ਹਿਰ ਹੈ। ਇਹ ਪ੍ਰਾਇਦੀਪ ਦੀ ਮਸ਼ਹੂਰ ਦਾਖ਼ਲਾ ਬੰਦਰਗਾਹ ਹੈ। ਇਹ ਜਾਹੋਰ ਸਟ੍ਰੇਟ ਉੱਤੇ ਸਿੰਗਾਪੁਰ ਟਾਪੂ ਦੇ ਸਾਹਮਣੇ ਜਿਹੇ ਸਥਿਤ ਹੈ ਪਰ ਸਿੰਗਾਪੁਰ ਨਾਲ ਇਸਨੂੰ ਇਕ ਰੇਲ ਅਤੇ ਸੜਕ-ਮਾਰਗ ਰਾਹੀਂ ਜੋੜਿਆ ਹੋਇਆ ਹੈ। ਇਕ ਤਰ੍ਹਾਂ ਸਿੰਗਾਪੁਰ ਦਾ ਇਹ ਇਕ ਉਪਨਗਰ ਜਿਹਾ ਹੀ ਹੈ ਜਿਥੇ ਇਥੋਂ ਦੇ ਵਸਨੀਕ ਉਥੋਂ ਦੀਆਂ ਆਮ ਸਹੂਲਤਾਂ ਦਾ ਲਾਭ ਉਠਾਉਂਦੇ ਹਨ। ਇਹ ਸ਼ਹਿਰ ਆਲੇ-ਦੁਆਲੇ ਦੇ ਰਬੜ, ਕਲੀ ਅਤੇ ਅਨਾਨਾਸ ਦੇ ਉਤਪਾਦਨਾਂ ਨੂੰ ਬਾਹਰ ਭੇਜਣ ਲਈ ਇਕ ਕੇਂਦਰ ਵੀ ਹੈ। ਸੱਨਅਤਾਂ ਵਿਚੋਂ ਇਥੋਂ ਦੀ ਕੱਪੜੇ ਦੀ ਸੱਨਅਤ ਵਰਣਨਯੋਗ ਹੈ।

ਸ਼ਹਿਰ ਦੀ ਸਥਾਪਨਾ ਜਾਹੋਰ ਦੇ ਬਾਦਸ਼ਾਹ, ਟੈਮੈਨਗਾਂਗ ਇਬਰਾਹੀਮ ਨੇ ਕੀਤੀ ਸੀ ਤੇ ਇਸ ਦਾ ਪੁਰਾਣਾ ਨਾਂ ਟਾਨਜੋਗ ਪੁਟਰੀ ਸੀ ਜਿਸ ਨੂੰ ਬਦਲ ਕੇ 1866 ਵਿਚ ਜਾਹੋਰ ਬਾਰੂ ਕਰ ਦਿੱਤਾ ਗਿਆ। ਸ਼ਹਿਰ ਵੇਖਣ ਵਿਚ ਚੀਨੀ ਜਿਹਾ ਹੀ ਲੱਗਦਾ ਹੈ। ਇਸਤਾਨਾ ਬੇਸਾਰ (ਵੱਡਾ ਮਹੱਲ), ਅਬੂ ਬਕਰ ਮਸਜਿਦ, ਬੁਕਿਟ ਸੀਰੀਨ ਪੈਲੇਸ (ਸੁਲਤਾਨ ਦਾ ਰਿਹਾਇਸ਼ੀ ਮਹੱਲ) ਅਤੇ ਚਿੜੀਆ-ਘਰ ਇਥੋਂ ਦੀਆਂ ਵੇਖਣਯੋਗ ਥਾਵਾਂ ਹਨ।

ਆਬਾਦੀ—2,49,880 (1980)

1° 28′ ਉ. ਵਿਥ.; 103° 45′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 5 : 595

**ਜ਼ਾਕ-ਦਾਲਕਰੋਜ਼, ਇਮਾਈਲ** : ਇਸ ਸੰਗੀਤਕਾਰ ਅਤੇ ਅਧਿਆਪਕ ਦਾ ਜਨਮ 6 ਜੁਲਾਈ, 1865 ਨੂੰ ਵੀਆਨਾ ਵਿਖੇ ਹੋਇਆ। ਸੰਗੀਤਕਾਰੀ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ 1982 ਵਿਚ ਇਹ ਜੈਨੇਵਾ ਕੰਜ਼ਰਵੇਟਰੀ ਵਿਖੇ ਹਾਰਮਨੀ ਦਾ ਪ੍ਰੋਫ਼ੈਸਰ ਬਣ ਗਿਆ। ਪੇਸ਼ਾਵਰ ਗਵੱਈਆਂ ਦੀ ਸਿਖਲਾਈ ਦੇ ਢੰਗਾਂ ਵਿਚ ਸੋਧ ਦੀ ਲੋੜ ਨੂੰ ਮਹਿਸੂਸ ਕਰਦਿਆਂ ਇਸਨੇ ਹਾਰਮਨੀ ਦੀ ਸਿਖਲਾਈ ਵਿਚ ਸੋਧ ਕੀਤੀ ਅਤੇ ਤਾਲ ਸਿੱਖਿਆ ਪ੍ਰਣਾਲੀ ਦਾ ਵਿਕਾਸ ਕੀਤਾ ਜਿਸਨੂੰ ਇਸਨੇ ਯੂਰਿਦਮਿਕਸ ਦਾ ਨਾਂ ਦਿੱਤਾ। ਇਸ ਵਿਚ ਸੰਗੀਤਕ ਤਾਲ ਨੂੰ ਸਰੀਰਕ ਗਤੀ ਰਾਹੀਂ ਪਰਗਟ ਕੀਤਾ ਜਾਂਦਾ ਹੈ। ਸੰਨ 1905ਦੇ ਲਗਭਗ ਇਸ ਨੇ ਯੂਰਿਦਮਿਕਸ ਨੂੰ ਮੁਢਲੇ ਸਕੂਲੀ ਬੱਚਿਆਂ ਤੇ ਲਾਗੂ ਕੀਤਾ ਅਤੇ ਬਾਅਦ ਵਿਚ ਆਪਣੇ ਵਿਵਾਦਪੂਰਨ ਤਰੀਕਿਆਂ ਨੂੰ ਇੰਗਲੈਂਡ ਅਤੇ ਯੂਰਪ ਵਿਚ ਪ੍ਰਦਰਸ਼ਿਤ ਕੀਤਾ। ਯੂਰਿਦਮਿਕਸ ਦਾ ਮੰਤਵ ਸੰਗੀਤਕ ਤਾਲਾਂ ਬਾਰੇ ਡੂੰਘੀ ਜਾਣਕਾਰੀ ਦੇਣਾ ਅਤੇ ਤਾਲ ਦੀ ਸਹਾਇਤਾ ਨਾਲ ਦਿਮਾਗ਼ ਅਤੇ ਸਰੀਰ ਵਿਚਕਾਰ ਨਿਯਮਿਤ ਅਤੇ ਤੀਬਰ ਰਾਬਤਾ ਕਾਇਮ ਕਰਨਾ ਹੈ।



**ਇਮਾਈਲ ਜ਼ਾਕ ਦਾਲਕਰੋਜ਼**

ਪ੍ਰੋਫ਼ੈਸਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ 1910 ਈ. ਵਿਚ ਇਸ ਨੇ ਹੈਲਰਾਉ ਵਿਖੇ ਪਹਿਲੇ ਸਾਲ ਸ਼ਿਖਿਆ ਸਕੂਲ ਅਤੇ 1914 ਈ. ਵਿਚ ਜੈਨੇਵਾ ਵਿਖੇ ਕੇਂਦਰੀ ਸਕੂਲ ਦੀ ਸਥਾਪਨਾ ਕੀਤੀ। ਇਸ ਦੀਆਂ ਕਈ ਬਰਾਂਚਾਂ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਖੋਲ੍ਹੀਆਂ ਗਈਆਂ। ਰੁਡਾਲਫ ਲੈਬਨ, ਮੇਰੀ ਵਿਗਮੈਨ ਅਤੇ ਉਦੇ ਸ਼ੰਕਰ ਆਦਿ ਆਪਣੇ ਵਿਦਿਆਰਥੀਆਂ ਰਾਹੀਂ ਇਸ ਨੇ 20ਵੀਂ ਸਦੀ ਦੇ ਨਾਚ ਦੇ ਵਿਕਾਸ ਤੇ ਵੀ ਪ੍ਰਭਾਵ ਪਾਇਆ ਹੈ।

ਇਸਨੇ 'ਮੈਥੁਡ ਜੈਕੁਅਸ-ਕਾਲਕਰੋਜ਼' (ਪੰਜ ਭਾਗ, 1907-14) 'ਯੂਰਿਦਮਿਕਸ ਆਰਟ ਐਂਡ ਐਜੂਕੇਸ਼ਨ' (1930) ਅਤੇ 'ਰਿਦਮ, ਮਿਊਜ਼ਿਕ ਐਂਡ ਐਜੂਕੇਸ਼ਨ' (1922) ਨਾਂ ਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ।

ਪਹਿਲੀ ਜੁਲਾਈ, 1950 ਨੂੰ ਜੈਨੇਵਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 5: 523 ; ਨਿ. ਯੂ. ਐਨ. 9: 4659; ਵ. ਯੂ. ਐਨ. 8 : 2641 ; ਐਨ. ਬ੍ਰਿ. 12 : 965

**ਜ਼ਾਕਰੀ** (Jacquerie) : ਫ਼ਰਾਂਸ ਦੇ ਕੁਲੀਨ ਲੋਕਾਂ ਵਿਰੁੱਧ ਕਿਸਾਨਾਂ ਵੱਲੋਂ ਕੀਤੀ ਗਈ ਇਹ ਇਕ ਬਗ਼ਾਵਤ ਸੀ। ਸੰਨ 1358 ਵਿਚ ਇੰਗਲੈਂਡ ਦੇ ਸੌ ਸਾਲਾ ਯੁੱਧ ਦੌਰਾਨ ਇਹ ਬਗ਼ਾਵਤ ਪੈਰਿਸ ਦੇ ਉੱਤਰ-ਪੂਰਬ ਵਿਚ ਆਰੰਭ ਹੋਈ। ਬਗ਼ਾਵਤ ਦਾ ਇਹ ਨਾਮ ਜੈਕਿਉ ਸ਼ਬਦ ਤੋਂ ਲਿਆ ਗਿਆ ਜੋ ਕਿ ਗੀਯੋਮ ਸੈਲੇਟ ਲੀਡਰ ਦਾ ਉਪਨਾਮ ਸੀ। ਇਹ ਫ਼ੇਜ਼ ਉਸਦੇ Jacques Bonhomme ਆਦਮੀਆਂ ਦੁਆਰਾ ਪਾਈ ਗਈ ਸੀ। ਵਿਚਲੀ ਗੱਲ ਇਹ ਸੀ ਕਿ ਇਹ ਜਾਗੀਰਦਾਰ ਕਿਸਾਨਾਂ ਨੂੰ ਘ੍ਰਿਣਾ ਭਰੇ ਨਾਂ Jacques ਨਾਲ ਬਲਾਉਂਦੇ ਸਨ। ਇਸ ਤੋਂ ਇਲਾਵਾ ਕਿਸਾਨਾਂ ਦੀ ਰੱਖਿਆ ਦੀ ਬਜਾਇ ਧਾੜਵੀਆਂ ਨਾਲ ਮਿਲ ਜਾਂਦੇ ਸਨ।

ਇਹ ਬਗ਼ਾਵਤ 21 ਮਈ, 1358 ਵਿਚ ਬੋਵੇ ਵਿਚ ਸ਼ੁਰੂ ਹੋਈ ਅਤੇ ਫਿਰ ਫ਼ਰਾਂਸ,-ਪੀਕਾਰਡੀ ਅਤੇ ਸ਼ੈਮਪੇਨ ਦੇ ਸਾਰੇ ਹਿੱਸਿਆਂ ਵਿਚ ਫੈਲ ਗਈ। ਕਿਸਾਨਾਂ ਨੂੰ ਪੈਰਿਸ ਦੇ ਨਾਗਰਿਕਾਂ ਦੀ ਵੀ ਮਦਦ ਹਾਸਲ ਸੀ। ਬਗ਼ਾਵਤ ਨੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਕਿਸਾਨਾਂ ਨੇ ਬਹੁਤ ਸਾਰੇ ਕਿਲਿਆਂ ਨੂੰ ਲੁੱਟ ਕੇ ਅੱਗਾਂ ਲਗਾ ਦਿੱਤੀਆਂ ਅਤੇ ਉਨ੍ਹਾਂ ਵਿਚ ਰਹਿੰਦੇ ਲੋਕਾਂ ਨੂੰ ਕਤਲ ਕਰ ਦਿੱਤਾ।

ਜਾਗੀਰਦਾਰਾਂ ਨੇ ਬਾਗ਼ੀਆਂ ਦਾ ਨਾਸ਼ ਕਰਨ ਲਈ ਕਸਬਿਆਂ ਦੀਆਂ ਮੱਧ ਸ਼੍ਰੇਣੀਆਂ ਨਾਲ ਜਥੇਬੰਦ ਹੋ ਕੇ ਮੋ (Meaux) ਦੇ ਸਥਾਨ ਤੇ 9 ਜੂਨ, 1358 ਵਿਚ 7,000 ਕਿਸਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੀਰਜ਼ਾਦਿਆਂ ਦੇ ਖ਼ੂਨੀ ਜਵਾਬੀ ਹੱਲੇ ਨੇ ਜਲਦੀ ਹੀ ਜ਼ਾਕਰੀ ਬਗ਼ਾਵਤ ਦਾ ਅੰਤ ਕਰ ਦਿੱਤਾ।

ਹ. ਪੁ. -ਐਨ. ਅਮੈ. 15: 593 ; ਚੈਂਬ. ਐਨ. 8: 5; ਐਨ. ਬ੍ਰਿ. ਮਾ. 5 : 497

**ਜ਼ਾਕਲਸਨ, ਵਲਾਦੀਮੀਰ ਇਲਿਚ** : ਇਸ ਉੱਘੇ ਨਸਲ-ਸ਼ਾਸਤਰੀ ਅਤੇ ਭਾਸ਼ਾ-ਵਿਗਿਆਨੀ ਦਾ ਜਨਮ 1855 ਈ. ਵਿਚ ਰੂਸ ਵਿਖੇ ਹੋਇਆ। ਇਹ ਸਾਇਬੇਰੀਆ ਦੇ ਲੋਕਾਂ ਦੇ ਮੂਲ ਅਤੇ ਭਾਸ਼ਾ ਸਬੰਧੀ ਖੋਜ ਕਰਨ ਕਰਕੇ ਬਹੁਤ ਪ੍ਰਸਿੱਧ ਹੋਇਆ। ਕ੍ਰਾਂਤੀਕਾਰੀ ਸੰਘ, ਨਰੋਦਨਯਾ ਵੋਲਯਾ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਕਾਰਨ ਇਸ ਨੂੰ ਪੂਰਬੀ ਸਾਇਬੇਰੀਆ ਦੇ ਕਮਚਟਕਾ ਖੇਤਰ ਵਿਚ ਜਲਾਵਤਨ ਕਰ ਦਿੱਤਾ ਗਿਆ ਸੀ। ਆਪਣੀ ਜਲਾਵਤਨੀ ਦੌਰਾਨ ਹੀ ਇਸਨੇ ਇਹ ਖੋਜ ਆਰੰਭ ਕੀਤੀ ਸੀ। ਸੰਨ 1900-01 ਦੌਰਾਨ ਇਸ ਨੇ ਨਿਊਯਾਰਕ ਸ਼ਹਿਰ ਦੇ ਅਮਰੀਕੀ ਮਿਊਜ਼ੀਅਮ ਆਫ਼ ਨੈਚੁਰਲ ਹਿਸਟਰੀ ਵੱਲੋਂ ਕੀਤੀ ਖੋਜ ਯਾਤਰਾ ਵਿਚ ਹਿੱਸਾ ਲਿਆ ਅਤੇ ਇਸਦੇ ਆਧਾਰ ਤੇ 1908 ਈ. ਵਿਚ ਇਸ ਨੇ 'ਦੀ ਕੋਰਯਾਕ' ਪੁਸਤਕ ਲਿਖੀ। ਸੰਨ 1912 ਤੋਂ 1922 ਤੱਕ ਇਹ ਪੈਟ੍ਰੋਗ੍ਰਾਦ (ਹੁਣ ਲੈਨਿਨਗ੍ਰਾਦ) ਦੇ ਮਾਨਵ-ਵਿਗਿਆਨਕ ਅਤੇ ਨਸਲ-ਸ਼ਾਸਤਰ ਮਿਊਜ਼ੀਅਮ ਦਾ ਸਹਾਇਕ ਪ੍ਰਬੰਧਕ ਰਿਹਾ। ਸੰਨ 1922 ਵਿਚ ਇਸ ਨੇ ਸੰਯੁਕਤ ਰਾਜ ਅਮਰੀਕਾ ਵਿਖੇ ਪਰਵਾਸ ਕੀਤਾ ਅਤੇ ਅਮਰੀਕੀ ਮਿਊਜ਼ੀਅਮ ਆਫ ਨੈਚੁਰਲ ਹਿਸਟਰੀ ਅਤੇ ਬਾਅਦ ਵਿਚ ਵਾਸ਼ਿੰਗਟਨ ਦੀ ਕਾਰਨੇਗੀ ਸੰਸਥਾ ਨਾਲ ਸਬੰਧਤ ਰਿਹਾ। ਇਸ ਨੇ 'The Yukaghir and the yukaghirized Tungus' 1926 ਅਤੇ 'ਪੀਪਲਜ਼ ਆਫ਼ ਏਸ਼ੀਆਟਿਕ ਰਸ਼ੀਆ, (1928) ਨਾਂ ਦੀਆਂ ਦੋ ਪੁਸਤਕਾਂ ਲਿਖੀਆਂ।

ਇਕ ਨਵੰਬਰ, 1937 ਨੂੰ ਨਿਊਯਾਰਕ ਸ਼ਹਿਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ: -ਐਨ. ਬ੍ਰਿ. ਮਾ. 5 : 567

**ਜ਼ਾਕਾਰ, ਜੋਜ਼ੈਫ਼ ਮੇਰੀ** : ਇਸ ਫ਼ਰਾਂਸੀਸੀ ਖੱਡੀ ਅਵਿਸ਼ਕਾਰਕ ਦਾ ਜਨਮ 7 ਜੁਲਾਈ, 1752 ਨੂੰ ਲਾਈਅਨਜ਼ ਵਿਖੇ ਹੋਇਆ। ਇਸ ਦੀ ਖੱਡੀ ਵਿਚ ਕੱਤਣ ਦੀਆਂ ਸਾਰੀਆਂ ਗਤੀਆਂ ਸ਼ਾਮਲ ਸਨ। ਫ਼ਰਾਂਸ ਦੀ ਕ੍ਰਾਂਤੀ ਵਿਚ ਸਮਝੌਤੇ ਦੇ ਹੱਕ ਵਿਚ ਅਤੇ ਵਿਰੋਧ ਵਿਚ ਲੜਨ ਮਗਰੋਂ ਇਸ ਨੇ ਲਾਈਅਨਜ਼ ਵਿਖੇ ਇਕ ਕਾਰਖ਼ਾਨੇ ਵਿਚ ਕੰਮ ਕੀਤਾ ਅਤੇ ਆਪਣੇ ਫਾਲਤੂ ਸਮੇਂ ਵਿਚ ਕੰਮ ਕਰਕੇ ਇਹ ਨਵੀਂ ਖੱਡੀ ਤਿਆਰ ਕੀਤੀ। ਸੰਨ 1801 ਵਿਚ ਇਸ ਨੇ ਪੈਰਿਸ ਵਿਚ ਇਕ ਉਦਯੋਗਿਕ ਨੁਮਾਇਸ਼ ਵਿਚ ਇਸ ਖੱਡੀ ਦਾ ਪ੍ਰਦਰਸ਼ਨ ਕੀਤਾ। ਸੰਨ 1803 ਵਿਚ



**ਜੋਜ਼ੈਫ਼ ਮੇਰੀ ਜ਼ਾਕਾਰ**

ਇਸ ਨੂੰ ਪੈਰਿਸ ਬੁਲਾ ਲਿਆ ਗਿਆ ਅਤੇ 'ਕੰਜ਼ਰਵੇਟਰੀ ਡੈੱਸ ਆਰਟਸ ਐਟ ਮੇਟੀਅਰਜ਼' ਨਾਲ ਲਗਾ ਦਿੱਤਾ। ਉਥੇ ਜ਼ਾਕਡ ਵੋਕਾਨਸਨ (1709-1802) ਦੁਆਰਾ ਤਿਆਰ ਕੀਤੀ ਇਕ ਖੱਡੀ ਵੀ ਜਮ੍ਹਾ ਸੀ। ਇਸ ਖੱਡੀ ਨੂੰ ਵੇਖ ਕੇ ਜ਼ਾਕਾਰ ਨੇ ਆਪਣੀ ਖੱਡੀ ਵਿਚ ਕਈ ਹੋਰ ਸੁਧਾਰ ਕੀਤੇ। ਰੇਸ਼ਮ ਕੱਤਣ ਵਾਲੇ ਜ਼ਾਕਾਰ ਦੀ ਖੱਡੀ ਦੇ ਬਹੁਤ ਉਲਟ ਸਨ ਕਿਉਂਕਿ ਇਸ ਦੀ ਵਰਤੋਂ ਨਾਲ ਮਜ਼ਦੂਰ ਘੱਟ ਲੱਗਣ ਨਾਲ ਲੋਕਾਂ ਵਿਚ ਬੇਰੋਜ਼ਗਾਰੀ ਹੁੰਦੀ ਸੀ। ਫਿਰ ਵੀ 1812 ਤੱਕ ਫ਼ਰਾਂਸ ਵਿਚ 11,000 ਜ਼ਾਕਾਰ ਖੱਡੀਆਂ ਲਗ ਚੁੱਕੀਆਂ ਸਨ। ਸੰਨ 1806 ਵਿਚ ਖੱਡੀ ਨੂੰ ਪਬਲਿਕ ਸੰਪਤੀ ਕਰਾਰ ਦੇ ਦਿੱਤਾ ਗਿਆ ਅਤੇ ਜ਼ਾਕਾਰ ਨੂੰ ਪੈਨਸ਼ਨ ਅਤੇ ਹੋਰ ਮਸ਼ੀਨ ਉੱਤੇ ਰਾੱਇਲਟੀ ਦਿੱਤੀ ਗਈ। ਅੰਤ ਵਿਚ 7 ਅਗਸਤ, 1834 ਨੂੰ ਊਲੈਨ (ਰੋਨ) ਵਿਖੇ ਇਸ ਦੀ ਮੌਤ ਹੋ ਗਈ। ਇਸ ਦੀ ਮੌਤ ਤੋਂ ਛੇ ਸਾਲ ਮਗਰੋਂ ਲਾਈਅਨਜ਼ ਵਿਖੇ ਇਸ ਦਾ ਬੁੱਤ ਲਗਾਇਆ ਗਿਆ।

ਹ. ਪੁ. -ਐਨ. ਬ੍ਰਿ. 12 : 839

**ਜਾਕੂਨ** : ਇਹ ਮਲਾਇਆ ਪ੍ਰਾਇਦੀਪ ਦੇ ਪੂਰਬੀ ਖੇਤਰ ਵਿਚ ਵਸਦੇ ਮਲਾਇਆ ਆਦਿ ਵਾਸੀ ਲੋਕਾਂ ਦਾ ਇਕ ਕਬੀਲਾ ਹੈ। ਜਾਕੂਨ ਲੋਕ ਬਿਡੂਆਨਾ (Biduana), ਮਾਨਟੇਰਾ (Mantera) ਆਰੈਂਗ ਲਾਟ, ਆਰੈਂਗ ਕਾਨਾਕ (Orang Kanak) ਅਤੇ ਆਰੈਂਗ ਯੂਲੂ (Orang Ulu) ਉਪ-ਵਰਗਾਂ ਵਿਚ ਵੰਡੇ ਹੋਏ ਹਨ। ਸੰਨ 1960 ਦੇ ਦਹਾਕੇ ਦੌਰਾਨ ਇਨ੍ਹਾਂ ਲੋਕਾਂ ਦੀ ਸੰਖਿਆ 5,000 ਸੀ। ਇਸ ਪਿੱਛੋਂ ਸੁਮਾਟਰਾ ਦੇ ਉੱਨਤ ਰਾਜਾਂ ਵਿਚੋਂ ਆਉਣ ਵਾਲੇ ਧਾੜਵੀਆਂ ਨੇ ਮਲਾਇਆ ਦੇ ਸਾਹਿਲਾਂ ਉਪਰ ਆਪਣੇ ਅੱਡੇ ਜਮਾ ਲਏ ਅਤੇ ਹੌਲੀ ਹੌਲੀ ਮਲਾਇਆ ਦੇ ਜਾਕੂਨ ਆਦਿ ਵਾਸੀਆਂ ਨਾਲ ਘੁਲ ਮਿਲ ਗਏ। ਕੁਝ ਰੂੜ੍ਹੀਗਤ ਜਾਕੂਨ ਲੋਕੀਂ ਸੁਮਾਟਰਾ ਤੋਂ ਆਉਣ ਵਾਲੇ ਲੋਕਾਂ ਨਾਲ ਸਾਂਝ ਨਾ ਪਾਉਣ ਦੇ ਇਰਾਦੇ ਕਰਕੇ ਸਾਹਿਲੀ ਖੇਤਰ ਤੋਂ ਉੱਠ ਕੇ ਅੰਤਰ ਭੂਮੀ ਵੱਲ ਜਾ ਵਸੇ। ਇਸੇ ਕਰਕੇ ਇਨ੍ਹਾਂ ਲੋਕਾਂ ਦੇ ਰਹਿਣ-ਸਹਿਣ ਵਿਚੋਂ ਅਜੇ ਵੀ ਮੁਢਲੀ ਮਲਾਇਆ ਸਭਿਅਤਾ ਦਿਖਾਈ ਦਿੰਦੀ ਹੈ।

ਸਰੀਰਕ ਪੱਖੋਂ ਇਹ ਲੋਕੀ ਗਵਾਂਢੀ ਸੈਨੋਈ ਅਤੇ ਸੀਮਾਂਗ ਜਾਤੀ ਨਾਲੋਂ ਭਿੰਨ ਹਨ ਅਤੇ ਦੱਖਣ ਵੱਲ ਦੇ ਮੰਗੋਲੀਆਂ ਨਾਲ ਜ਼ਿਆਦਾ ਰਲਦੇ ਮਿਲਦੇ ਹਨ ਅਤੇ ਪੁਰਾਤਨ ਮਲਾਇਆ ਦੀ ਬੋਲੀ ਬੋਲਦੇ ਹਨ। ਇਨ੍ਹਾਂ ਲੋਕਾਂ ਦੇ ਘਰ ਬਾਂਸ ਅਤੇ ਘਾਹ ਫੂਸ ਦੇ ਜੰਗਲੀ ਜਿਹੇ ਇਲਾਕਿਆਂ ਵਿਚ ਬਣੇ ਹੁੰਦੇ ਹਨ। ਇਹ ਲੋਕ ਜੰਗਲਾਂ ਨੂੰ ਸਾਫ਼ ਕਰਕੇ ਖੁਸ਼ਕ ਭੂਮੀ ਉਪਰ ਝੋਨਾ, ਸ਼ਕਰਕੰਦੀ, ਬਾਜਰਾ ਆਦਿ ਫ਼ਸਲਾਂ ਬੀਜਦੇ ਹਨ। ਇਸ ਤੋਂ ਬਿਨਾਂ ਇਹ ਕਈ ਪ੍ਰਕਾਰ ਦੀਆਂ ਜੰਗਲੀ ਉਪਜਾਂ ਵੀ ਉਗਾਉਂਦੇ ਹਨ ਅਤੇ ਸ਼ਿਕਾਰ ਕਰਦੇ ਹਨ।

ਮਲਾਇਆ ਦੀਆਂ ਹੋਰਨਾਂ ਕਾਫ਼ਰ ਜਾਤੀਆਂ ਵਾਂਗ ਇਹ ਲੋਕ ਮਨੁੱਖ ਦੀਆਂ ਬਹੁ-ਭਾਂਤੀ ਰੂਹਾਂ ਵਿਚ ਵਿਸ਼ਵਾਸ ਕਰਦੇ ਹਨ। ਇਸੇ ਤਰ੍ਹਾਂ ਹੋਰਨਾਂ ਜਾਨਵਰਾਂ, ਪੌਦਿਆਂ ਇਥੋਂ ਤੱਕ ਕਿ ਬੇਜਾਨ ਵਸਤਾਂ ਵਿਚ ਵੀ ਬਹੁ- ਜਾਤੀ ਰੂਹਾਂ ਨੂੰ ਮੰਨਦੇ ਹਨ। ਇਨ੍ਹਾਂ ਦੇ ਵਿਸ਼ਵਾਸ ਅਨੁਸਾਰ ਰੂਹਾਂ ਆਪਣੇ ਸਰੀਰ ਨੂੰ ਛੱਡ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਜ਼ਬਰਦਸਤੀ ਜਾਦੂ ਟੂਣੇ ਨਾਲ ਕਿਸੇ ਹੋਰ ਸਰੀਰ ਵਿਚ ਵਾੜਿਆ ਜਾ ਸਕਦਾ ਹੈ। ਇਨ੍ਹਾਂ ਦੇ ਮਤ ਅਨੁਸਾਰ ਕਿਸੇ ਵਿਅਕਤੀ ਦੀ ਸੱਜੇ ਪਾਸੇ ਵਾਲੀ ਰੂਹ ਮਰਨ ਉਪਰੰਤ ਅਗਲੀ ਦੁਨੀਆ ਵਿਚ ਚਲੀ ਜਾਂਦੀ ਹੈ ਪਰ ਖੱਬੇ ਪਾਸੇ ਵਾਲੀ ਰੂਹ ਧਰਤੀ ਉਪਰ ਹੀ ਘੁੰਮਦੀ ਰਹਿੰਦੀ ਹੈ।

ਹ. ਪੁ. -ਐਨ. ਬ੍ਰਿ. 12 : 484

**ਜਾਕੋਜ਼ਾ, ਜੂਸੈਪ** : ਇਟਲੀ ਦੇ ਇਸ ਨਾਟਕਕਾਰ ਦਾ ਜਨਮ 21 ਅਕਤੂਬਰ,, 1847 ਨੂੰ ਕਾਲੇਰੈਟੋ ਪਰੈਲੋ ਵਿਖੇ ਹੋਇਆ। ਇਸ ਨੇ ਟਿਊਰਿਨ ਯੂਨੀਵਰਸਿਟੀ ਤੋਂ ਕਾਨੂੰਨ ਦੀ ਸਿਖਿਆ ਪ੍ਰਾਪਤ ਕੀਤੀ। ਆਪਣੇ ਪਹਿਲੇ ਨਾਟਕ 'ਦੀ ਗੇਮ ਆਫ ਚੈੱਸ' (1873) ਦੀ ਸਫਲਤਾ ਕਾਰਨ ਇਸ ਦਾ ਝੁਕਾਅ ਪੂਰੀ ਤਰ੍ਹਾਂ ਸਾਹਿਤ ਵੱਲ ਹੋ ਗਿਆ। ਇਸ ਦੇ ਨਾਟਕਾਂ ਵਿਚ 19ਵੀਂ ਸਦੀ ਦੇ ਪਿਛਲੇ 25 ਵਰ੍ਹਿਆਂ ਵਿਚ ਇਟਲੀ ਦੇ ਪੜ੍ਹੇ ਲਿਖੇ ਵਰਗ ਦੀ ਰੁਚੀ ਅਨੁਸਾਰ ਤਬਦੀਲੀ ਹੁੰਦੀ ਰਹੀ।

ਮੁੱਢ ਵਿਚ ਇਸ ਨੇ ਇਤਿਹਾਸਕ ਵਿਸ਼ਿਆਂ ਤੇ ਆਧਾਰਤ ਨਾਟਕ ਲਿਖੇ, ਜਿਵੇਂ 'ਦੀ ਟਰਾਇੰਫ ਆਫ਼ ਲਵ' (1875), 'ਦੀ ਰੈੱਡ ਕਾਊਟ' (1880), 'ਦੀ ਹਸਬੈਂਡ ਇਨ ਲਵ ਵਿਦ ਹਿਜ਼ ਵਾਈਫ' (1879) ਆਦਿ। ਬਾਅਦ ਵਿਚ ਇਸ ਨੇ 'ਸੈਡ ਲਵਜ਼' (1916) ਵਰਗੇ ਕਾਵਿ ਨਾਟਕ ਲਿਖੇ ਜੋ ਬਹੁਤ ਸਫ਼ਲ ਰਹੇ। 'ਰਾਈਟਸ ਆਫ਼ ਦੀ ਸੋਲ' (1894), 'ਐਜ ਦੀ ਲੀਵਜ਼' (1908), 'ਦੀ ਸਟਰੌਂਗਰ' (1913) ਆਦਿ ਇਸ ਦੇ ਕੁਝ ਪ੍ਰਸਿੱਧ ਨਾਟਕ ਹਨ। ਇਸ ਤੋਂ ਇਲਾਵਾ ਇਸਨੇ 1891 ਈ. ਵਿਚ ਕੀਤੇ ਆਪਣੇ ਅਮਰੀਕਾ ਦੇ ਦੌਰੇ ਨੂੰ 'ਰਿਕਾਰਡੀ ਡ ਅਮੈਰਿਕਾ' (1898) ਨਾਂ ਹੇਠ ਪ੍ਰਕਾਸ਼ਿਤ ਕੀਤਾ। ਕਹਾਣੀਆਂ ਦੀ ਇਕ ਪੁਸਤਕ 'ਸਟੋਰੀਜ਼ ਐਂਡ ਸਕੈਚਿਜ਼ ਆਫ਼ ਵਾਲਦੋਸਤਾ' (1886) ਵੀ ਲਿਖੀ।

ਆਪਣੇ ਆਖ਼ਰੀ ਸਾਲਾਂ ਦੌਰਾਨ ਇਹ ਆਪਣੀ ਮੌਤ ਤੱਕ ਮੀਲਾਨ ਤੋਂ ਪ੍ਰਕਾਸ਼ਿਤ ਹੁੰਦੇ 'ਲਾ ਲੈਕਚਰਾ' ਰਸਾਲੇ ਦਾ ਡਾਇਰੈਕਟਰ ਰਿਹਾ।



ਜੂਸੈਪ ਜਾਕੋਜ਼ਾ

ਪਹਿਲੀ ਸਤੰਬਰ, 1906 ਨੂੰ ਆਪਣੇ ਜਨਮ ਸਥਾਨ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 4 : 526; ਕੋਲ. ਐਨ. 8: 475; ਐਨ. ਅਮੈ. 12: 636

**ਜਾਕੋਟੋ, ਜੀਨ ਜੋਸਫ਼** : ਇਹ ਇਕ ਫ਼ਰਾਂਸੀਸੀ ਸਿੱਖਿਆ ਸ਼ਾਸਤਰੀ ਸੀ। ਇਸਨੇ ਸਿੱਖਿਆ ਦੀ ਸਰਬਵਿਆਪੀ ਵਿਧੀ ਵਿਚ ਨਵਾਂ ਪਰਿਵਰਤਨ ਕੀਤਾ। ਇਸ ਦਾ ਜਨਮ 4 ਮਾਰਚ, 1770 ਨੂੰ ਡੀਜ਼ੋ ਸ਼ਹਿਰ ਵਿਖੇ ਹੋਇਆ। ਸੰਨ 1795 ਵਿਚ ਇਸੇ ਜਗ੍ਹਾ ਇਹ ਈਕਾਲੇ ਪਾਲੀਟੈਕਨੀਕ ਵਿਭਾਗ ਦਾ ਡਾਇਰੈਕਟਰ ਨਿਯੁਕਤ ਹੋ ਗਿਆ। ਕੁਝ ਚਿਰ ਪਿੱਛੋਂ ਵਿਗਿਆਨਕ ਵਿਧੀਆਂ ਦਾ ਪ੍ਰੋਫ਼ੈਸਰ ਬਣਿਆ। ਇਸ ਦਾ ਵਿਸ਼ੇਸ਼ ਦ੍ਰਿਸ਼ਟੀਕੋਣ ਇਸ ਦੇ ਭਿੰਨ-ਭਿੰਨ ਤਰ੍ਹਾਂ ਦੇ ਅਨੁਭਵਾਂ ਦੀ ਦੇਣ ਸੀ। ਇਹ ਸਿਪਾਹੀ ਤੇ ਰਾਜਨੀਤੀਵਾਨ ਹੋਣ ਦੇ ਨਾਲ ਨਾਲ ਮੈਥੇਮੈਟਿਕਸ, ਯੂਨਾਨੀ ਤੇ ਲਾਤੀਨੀ ਸਾਹਿਤ, ਫ਼ਰੈਂਚ ਭਾਸ਼ਾਵਾਂ ਅਤੇ ਸਾਹਿਤ ਦਾ ਪ੍ਰੋਫ਼ੈਸਰ, ਮਿਲਟਰੀ ਸਕੱਤਰ ਅਤੇ ਮਿਲਟਰੀ ਦੇ ਇਕੱਲ ਨੌਰਮੇਲ ਦਾ ਡਾਇਰੈਕਟਰ ਆਦਿ ਅਹੁਦਿਆਂ ਤੇ ਵਾਰੀ ਵਾਰੀ ਰਿਹਾ। ਇਸ ਨੇ ਆਪਣੀ ਐਨਸਾਈਨਮੈਂਟ ਯੂਨੀਵਰਸਲ' (1823) ਨਾਮੀ ਕਿਤਾਬ ਵਿਚ ਸਾਰੇ ਮਨੁੱਖ ਦੀਆਂ ਮਾਨਸਿਕ ਸਮਰਥਾਵਾਂ ਦੀ ਬਰਾਬਰੀ ਦਾ ਦਾਅਵਾ ਕੀਤਾ ਅਤੇ ਉਨ੍ਹਾਂ ਵਿਚ ਮੌਜੂਦਾ ਅੰਤਰ ਉਨ੍ਹਾਂ ਦੀਆਂ ਇੱਛਾਵਾਂ ਨੂੰ ਦੱਸਿਆ ਹੈ। ਕੋਈ ਵੀ ਵਿਅਕਤੀ ਦਰੁਸਤ ਤੇ ਠੀਕ ਲੀਹ ਤੇ ਤੁਰਨਾ ਆਰੰਭ ਕਰਕੇ ਆਪਣੇ ਆਪ ਨੂੰ ਸਿਖਾਉਣ ਦੇ ਕਾਬਲ ਬਣਾਉਂਦਾ ਹੈ। ਨਵੀਂ ਗ੍ਰਹਿਣ ਕੀਤੀ ਜਾਣਕਾਰੀ ਜਾਂ ਗਿਆਨ ਉਸ ਸਮੇਂ ਦੇ ਮੌਜੂਦਾ ਗਿਆਨ ਨਾਲ ਸਬੰਧਤ ਹੋਣਾ ਜ਼ਰੂਰੀ ਹੈ ਕਿਉਂਕਿ ਇਹ ਗਿਆਨ ਵਿਚਾਰਾਂ ਦੀ ਸਹਿਚਾਰਤਾ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ। ਕਿਸੇ ਕਿਸਮ ਦੇ ਅਧਿਐਨ ਲਈ ਪਹਿਲਾਂ ਉਸ ਵਿਸ਼ੇ ਦੇ ਇਕ ਹਿੱਸੇ ਨੂੰ ਯਾਦ ਕਰਨਾ ਚਾਹੀਦਾ ਹੈ ਅਤੇ ਉਸਨੂੰ ਪੂਰੀ ਤਰ੍ਹਾਂ ਯਾਦ ਕਰਨ ਉਪਰੰਤ ਉਸ ਦੀ ਸਹਿਚਾਰਤਾ (ਐਸੋਸੀਏਸ਼ਨ) ਅਗਲੇ ਮੈਟਰ ਨਾਲ ਕਰਨੀ ਚਾਹੀਦੀ ਹੈ।

30 ਜੁਲਾਈ, 1840 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 12 : 838

**ਜਾਕੋਬ ਬਿਨ ਮਾਹਿਰ ਇਬਨ ਟਾਈਬਨ** : ਫ਼ਰਾਂਸ ਦੇ ਇਸ ਗਣਿਤਵੇਤਾ, ਖਗੋਲਵੇਤਾ ਅਤੇ ਅਨੁਵਾਦਕ ਦਾ ਜਨਮ ਮਾਰਸੇਲਜ਼ ਵਿਖੇ ਲਗਭਗ 1236 ਈ. ਵਿਚ ਹੋਇਆ। ਮੁੱਖ ਤੌਰ ਤੇ ਖਗੋਲ ਦੇ ਖੇਤਰ

ਵਿਚ ਸੁਪ੍ਰਸਿੱਧ ਹੋਇਆ ਅਤੇ 16ਵੀਂ ਸਦੀ ਦੇ ਕੱਪਰਨੀਕਸ ਵਰਗੇ ਪ੍ਰਸਿੱਧ ਖਗੋਲਵੇਤਾਵਾਂ ਨੇ ਇਸ ਦੇ ਹਵਾਲੇ ਦਿੱਤੇ। ਇਹ ਉਨ੍ਹਾਂ ਯਹੂਦੀਆਂ ਵਿਚੋਂ ਸੀ ਜਿਨ੍ਹਾਂ ਨੇ ਅਰਬ ਦੇ ਮਹਾਨ ਸਭਿਆਚਾਰ ਨੂੰ ਪੱਛਮ ਵਿਚ ਲਿਜਾਣ ਵਿਚ ਯੋਗਦਾਨ ਪਾਇਆ ਹੈ। ਇਹ ਕੰਮ ਇਸ ਨੇ ਇਕ ਅਨੁਵਾਦਕ ਦੇ ਤੌਰ ਤੇ ਕੀਤਾ ਹੈ। ਇਸ ਤੋਂ ਬਿਨਾਂ ਇਸ ਨੇ ਕੁਆਡਰੈਂਟ ਜਿਸ ਨੂੰ ਕਿ ਇਸ ਨੇ ਈਜਾਦ ਕੀਤਾ ਸੀ, ਬਾਰੇ ਵੀ ਲਿਖਿਆ ਅਤੇ ਮਾਨਸਟਪੀਲਯਰ ਵਾਸਤੇ ਖਗੋਲੀ ਸਾਰਨੀਆਂ ਦਾ ਸੰਕਲਨ ਵੀ ਕੀਤਾ।

ਸੰਨ 1304 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪ੍ਰ.—ਵ. ਹੂ. ਇ. ਸ. : 867

**ਜਾਕੋਬ, ਵਿਲੀਅਮ ਸਟੀਫਨ** : ਬਰਤਾਨੀਆ ਦੇ ਇਸ ਖਗੋਲਵੇਤਾ ਦਾ ਜਨਮ ਇੰਗਲੈਂਡ ਵਿਚ ਸਮਰਸੈਟ ਵਿਖੇ 19 ਨਵੰਬਰ, 1813 ਨੂੰ ਹੋਇਆ। ਇਸਨੇ ਚੈਟਅਮ, ਇੰਗਲੈਂਡ ਤੋਂ ਫ਼ੌਜੀ ਵਿੱਦਿਆ ਪ੍ਰਾਪਤ ਕੀਤੀ ਅਤੇ ਬੰਬਈ ਵਿਚ ਇੰਜਨੀਅਰਾਂ ਨਾਲ ਕੰਮ ਕੀਤਾ। ਸੰਨ 1849 ਤੋਂ 1859 ਈ. ਤੱਕ ਮਕਰਾਸ ਪ੍ਰੇਖਣਸ਼ਾਲਾ ਦਾ ਡਾਇਰੈਕਟਰ ਰਿਹਾ। ਇਸ ਦੀਆਂ ਮੁੱਖ ਰਚਨਾਵਾਂ ਅਤੇ ਇਸ ਤੋਂ ਬਿਨਾਂ 1841 ਤੋਂ 1845 ਈ. ਤੱਕ ਦੇ ਸਿੰਗਾਪੁਰ ਮੌਸਮ-ਵਿਗਿਆਨ ਸਬੰਧੀ ਨਿਰੀਖਣ ਅਤੇ 1851 ਤੋਂ 1855 ਈ. ਤੱਕ ਨੀਲਗਿਰੀ ਪਰਬਤ ਦੀ ਸਭ ਤੋਂ ਉੱਚੀ ਚੋਟੀ ਡਾਡਾਬੈਟਾ ਉੱਤੇ ਕੀਤੇ ਨਿਰੀਖਣ ਪ੍ਰਕਾਸ਼ਿਤ ਹੋਏ। ਪੂਨਾ (ਭਾਰਤ) ਵਿਖੇ ਪ੍ਰੇਖਿਕਤ ਕੀਤੇ 244 ਯੁਗਮ ਤਾਰਿਆਂ ਦੀ ਕੈਟਾਲਾੱਗ ਤਿਆਰ ਕੀਤੀ। ਬ੍ਰਿਟਿਸ਼ ਐਸੋਸੀਏਸ਼ਨ ਕੈਟਾਲਾੱਗ ਵਿਚੋਂ 317 ਤਾਰਿਆਂ ਉੱਤੇ ਮੁੜ ਖੋਜ ਕੀਤੀ ਅਤੇ ਕੈਟਾਲਾੱਗ ਠੀਕ ਕੀਤਾ। ਸੰਨ 1847 ਵਿਚ ਸ਼ਨਿੱਚਰ ਦੇ ਧੁੰਦਲੇ ਛੱਲਿਆਂ ਦੀ ਪਾਰਦਰਸ਼ਤਾ ਦਾ ਨਿਰੀਖਣ ਕੀਤਾ।

16 ਅਗਸਤ, 1862 ਨੂੰ ਪੂਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪ੍ਰ.—ਵ. ਹੂ. ਇ. ਸ. : 867

**ਜਾਕੋਬਾ** : ਇਹ ਹਾਲੈਂਡ, ਜ਼ੀਲੈਂਡ ਅਤੇ ਹੇਨੋ ਦੀ ਕਾਉਂਟੈੱਸ ਸੀ ਜਿਸ ਦਾ ਜਨਮ 25 ਜੁਲਾਈ, 1401 ਨੂੰ ਲਾ ਕੀਨਵੋ ਵਿਖੇ ਹੋਇਆ। ਇਸ ਨੂੰ ਹੇਨੋ ਦੀ ਜੈਕਿਉਲਾਈਨ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਬਾਵੇਰੀਆ ਦੇ ਡਿਊਕ, ਵਿਲੀਅਮ ਚੌਥੇ ਦੀ ਇਕਲੌਤੀ ਲੜਕੀ ਅਤੇ ਉੱਤਰਾਧਿਕਾਰੀ ਸੀ।

ਬਚਪਨ ਵਿਚ ਹੀ 1415 ਈ. ਵਿਚ ਇਸ ਦਾ ਵਿਆਹ ਫ਼ਰਾਂਸ ਦੇ ਬਾਦਸ਼ਾਹ ਚਾਰਲਸ ਛੇਵੇਂ ਦੇ ਦੂਜੇ ਲੜਕੇ, ਜਾਨ ਆਫ਼ ਟਾਰਨੇ ਨਾਲ ਹੋ ਗਿਆ ਪਰ ਦੋ ਸਾਲ ਬਾਅਦ ਹੀ 1417 ਈ. ਵਿਚ ਜਾਨ ਦੀ ਮੌਤ ਹੋ ਗਈ। ਉਸੇ ਸਾਲ 31 ਮਈ, 1417 ਨੂੰ ਜਾਕੋਬਾ ਦੇ ਪਿਤਾ ਦੀ ਵੀ ਮੌਤ ਹੋ ਗਈ।

ਸੰਨ 1418 ਵਿਚ ਜਾਕੋਬਾ ਦੇ ਚਾਚੇ, ਬਰਗੰਡੀ ਦੇ ਡਿਊਕ ਜਾਨ ਦੀ ਫ਼ੀਅਰਲੈੱਸ ਨੇ ਇਸ ਦਾ ਵਿਆਹ ਇਸ ਦੇ ਚਚੇਰੇ ਭਰਾ ਜਾਨ ਚੌਥੇ ਨਾਲ ਕਰ ਦਿੱਤਾ। ਜਾਕੋਬਾ ਦੇ ਇਕ ਹੋਰ ਚਾਚੇ ਜਾਨ ਆਫ਼ ਬਾਵੇਰੀਆ ਨੇ ਇਸ ਦੇ ਉੱਤਰਾਧਿਕਾਰ ਦਾ ਵਿਰੋਧ ਕੀਤਾ। ਸੰਨ 1419 ਵਿਚ ਜਾਨ ਦੀ ਫੀਅਰਲੈੱਸ ਦੀ ਸਾਲਿਸੀ ਨਾਲ ਜਾਕੋਬਾ ਅਤੇ ਉਸਦੇ ਚਾਚੇ ਜਾਨ ਆਫ਼ ਬਾਵੇਰੀਆ ਵਿਚਕਾਰ ਇਕ ਸੰਧੀ ਹੋ ਗਈ ਪਰ ਇਸ ਸੰਧੀ ਨਾਲ ਜਾਕੋਬਾ ਦੇ ਚਾਚੇ (ਬਾਵੇਰੀਆ ਦੇ ਜਾਨ) ਦੀ ਸੰਤੁਸ਼ਟੀ ਨਾ ਹੋ ਸਕੀ ਅਤੇ 21 ਅਪ੍ਰੈਲ, 1420 ਨੂੰ ਜਾਕੋਬਾ ਦੇ ਪਤੀ ਕੋਲੋਂ ਹਾਲੈਂਡ ਅਤੇ ਜ਼ੀਲੈਂਡ ਦੇ ਇਲਾਕੇ ਹਾਸਲ ਕਰ ਲਏ। ਜਾਕੋਬਾ ਆਪਣੇ ਪਤੀ ਦੀ ਕਾਰਵਾਈ ਤੋਂ ਤੰਗ ਆ ਕੇ ਹੇਨੋ ਚਲੀ ਗਈ ਅਤੇ 1418 ਈ. ਵਿਚ ਆਪਣੇ ਵਿਆਹ ਨੂੰ ਅਪ੍ਰਵਾਨ ਕਰਕੇ ਜਾਕੋਬਾ ਨੇ ਇੰਗਲੈਂਡ ਵਿਚ ਜਾ ਕੇ ਸ਼ਰਨ ਲੈ ਲਈ ਜਿਥੇ ਹੈਨਰੀ ਪੰਜਵੇਂ ਨੇ ਇਸ ਦਾ ਸਵਾਗਤ ਕੀਤਾ ਅਤੇ ਇਸ ਨੂੰ ਕੋਰਟ ਪੈਨਸ਼ਨ ਲਾ ਦਿੱਤੀ ਗਈ। ਬਾਅਦ ਵਿਚ ਇਹ ਹੈਨਰੀ ਛੇਵੇਂ ਦੀਆਂ ਧਰਮ-ਮਾਤਾਵਾਂ ਵਿਚੋਂ ਇਕ ਰਹੀ।

ਸੰਨ 1422 ਵਿਚ ਜਾਕੋਬਾ ਨੇ ਗਲਾਸਟਰ ਦੇ ਡਿਊਕ ਹੰਫਰੀ ਨਾਲ ਸ਼ਾਦੀ ਕਰਵਾ ਲਈ। ਇਸ ਨਾਲ ਬਰਗੰਡੀ ਦੇ ਡਿਊਕ ਫਿਲਿਪ



**ਐਮਸਟਰਡਮ ਦੇ ਅਜਾਇਬ ਘਰ ਵਿਚ ਰੱਖਿਆ ਹੋਇਆ ਜਾਕੋਬਾ ਦਾ ਚਿੱਤਰ**

ਅੰਦਰ ਗਲਾਸਟਰ ਪ੍ਰਤੀ ਵਿਰੋਧਤਾ ਪੈਦਾ ਹੋ ਗਈ। ਇਸ ਤੋਂ ਇਲਾਵਾ ਇਸ ਕਰਮ ਨੇ ਬਰਗੰਡੀਅਨ-ਇੰਗਲਿਸ਼ ਸਮਝੌਤੇ ਉੱਤੇ ਬੜਾ ਭੈੜਾ ਅਸਰ ਪਾਇਆ।

ਸੰਨ 1424 ਵਿਚ ਹੰਫਰੀ ਅਤੇ ਜਾਕੋਬਾ ਨੇ 5,000 ਸਿਪਾਹੀਆਂ ਨਾਲ ਹੇਨੋ ਨੂੰ ਦੁਬਾਰਾ ਜਿੱਤਣ ਲਈ ਚੜ੍ਹਾਈ ਕਰ ਦਿੱਤੀ। ਬਰਗੰਡੀਅਨ ਦੇ ਇਲਾਕਿਆਂ ਨੂੰ ਬਿਨਾਂ ਵਿਰੋਧਤਾ ਪਾਰ ਕਰਦੇ ਹੋਏ 4 ਦਸੰਬਰ ਨੂੰ ਇਨ੍ਹਾਂ ਨੇ ਹੇਨੋ ਦੇ ਇਲਾਕੇ ਸ਼ਾਂਤੀਪੂਰਬਕ ਹਾਸਲ ਕਰ ਲਏ।

ਫ਼ਿਲਿਪ ਨੇ ਫ਼ਰਾਂਸ ਨਾਲ ਕੱਚੀ ਸਲਾਹ ਕਰਕੇ ਗਲਾਸਟਰ ਨੂੰ ਵੰਗਾਰਿਆ। ਹੰਫਰੀ ਲੜਾਈ ਦੀ ਤਿਆਰੀ ਦਾ ਬਹਾਨਾ ਕਰਕੇ ਇੰਗਲੈਂਡ ਵਾਪਸ ਆ ਗਿਆ। ਜਾਕੋਬਾ ਨੂੰ ਉਸਦੇ ਵਿਰੋਧੀ ਬਰਗੰਡੀ ਦੇ ਡਿਊਕ ਫ਼ਿਲਿਪ ਦੀ ਗੁੱਡ ਨੇ ਨਜ਼ਰਬੰਦ ਕਰ ਲਿਆ। ਬਾਅਦ ਵਿਚ ਫ਼ਿਲਿਪ ਨੇ ਹਾਲੈਂਡ ਅਤੇ ਜ਼ੀਲੈਂਡ ਤੇ ਕਬਜ਼ਾ ਕਰ ਲਿਆ ਅਤੇ ਸਤੰਬਰ 1425 ਨੂੰ ਜਾਕੋਬਾ ਵੀ ਜਾਨ ਬਚਾ ਕੇ ਹਾਲੈਂਡ ਚਲੀ ਗਈ ਜਿਥੇ ਹੁੱਕ ਧੜੇਬੰਦੀ ਨੇ ਇਸ ਦੀ ਰੱਖਿਆ ਕੀਤੀ। ਅਗਲੇ ਤਿੰਨ ਸਾਲਾਂ ਤੱਕ ਜਾਕੋਬਾ ਨੇ ਹੁੱਕ ਧੜੇਬੰਦੀ ਅਤੇ ਇੰਗਲੈਂਡ ਦੀ ਮਦਦ ਨਾਲ ਨੀਦਰਲੈਂਡਜ਼ ਵਿਚ ਫ਼ਿਲਿਪ ਦੀ ਸ਼ਕਤੀ ਦਾ ਵਿਰੋਧ ਕੀਤਾ। ਸੰਨ 1426 ਵਿਚ ਫ਼ਿਲਿਪ ਨੇ ਜਾਕੋਬਾ ਨੂੰ ਬ੍ਰਾਵਰਸ਼ੇਵਨ ਦੇ ਸਥਾਨ ਤੇ ਹਰਾਇਆ।

9 ਜਨਵਰੀ, 1428 ਨੂੰ ਪੋਪ ਨੇ ਹੰਫਰੀ ਨਾਲ ਜਾਕੋਬਾ ਦੀ ਸ਼ਾਦੀ ਰੱਦ ਕਰ ਦਿੱਤੀ ਜਿਸ ਨਾਲ ਇਸ ਦੀਆਂ ਇਛਾਵਾਂ ਤੇ ਵੀ ਪਾਣੀ ਫਿਰ ਗਿਆ। ਇਸ ਨੂੰ ਫ਼ਿਲਿਪ ਨਾਲ ਡਲਫਤ ਦੀ ਸੰਧੀ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਰਾਹੀਂ ਜਾਕੋਬਾ ਨੂੰ ਕਾਉਂਟੈੱਸ ਦੀ ਪਦਵੀ ਰੱਖਣ ਦੀ ਆਗਿਆ ਤਾਂ ਦੇ ਦਿੱਤੀ ਪਰ ਇਸ ਦੇ ਤਿੰਨਾਂ ਪ੍ਰਦੇਸ਼ਾਂ ਹਾਲੈਂਡ, ਜ਼ੀਲੈਂਡ ਅਤੇ ਹੇਨੋ ਦਾ ਸ਼ਾਸਨ ਫ਼ਿਲਿਪ ਦੇ ਹਵਾਲੇ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਜਾਕੋਬਾ ਨੇ ਫ਼ਿਲਿਪ ਦੀ ਆਗਿਆ ਤੋਂ ਬਿਨਾਂ ਹੋਰ ਵਿਆਹ ਨਾ ਕਰਵਾਉਣ ਦਾ ਵਾਅਦਾ ਵੀ ਕੀਤਾ।

ਦੋ ਸਾਲ ਬਾਅਦ ਫ਼ਿਲਿਪ ਨੇ ਹਾਲੈਂਡ ਅਤੇ ਜ਼ੀਲੈਂਡ ਦਾ ਸ਼ਾਸਨ ਜ਼ੀਲੈਂਡ ਦੇ ਬੋਰਸਲੀਨ ਪਰਿਵਾਰ ਦੇ ਤਿੰਨ ਰਈਸਾਂ ਦੇ ਹਵਾਲੇ ਕਰ ਦਿੱਤਾ। ਆਪਣੇ ਖੁੱਸੇ ਹੋਏ ਉੱਤਰਾਧਿਕਾਰ ਨੂੰ ਦੁਬਾਰਾ ਹਾਸਲ ਕਰਨ ਲਈ 1432 ਈ. ਵਿਚ ਜਾਕੋਬਾ ਨੇ ਇਨ੍ਹਾਂ ਰਈਸਾਂ ਵਿਚੋਂ ਫ੍ਰਾਂਕਿਸ ਨਾਂ ਦੇ ਰਈਸ ਨਾਲ ਵਿਆਹ ਕਰਵਾ ਲਿਆ ਅਤੇ ਬਰਗੰਡੀਅਨਾਂ ਦੇ ਵਿਰੁੱਧ

ਹਾਲੈਂਡ ਵਿਚ ਇਕ ਬਗ਼ਾਵਤ ਆਰੰਭ ਕਰ ਦਿੱਤੀ। ਸੰਨ 1432 ਵਿਚ ਫ਼ਿਲਿਪ ਨੇ ਜਾਕੋਬਾ ਦੇ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 1433 ਈ. ਵਿਚ ਜਾਕੋਬਾ ਨੂੰ ਆਪਣੇ ਹੱਕ ਵਿਚ ਰਾਜ ਛੱਡਣ ਲਈ ਮਜਬੂਰ ਕੀਤਾ। ਜਾਕੋਬਾ ਕੋਲ ਸਿਰਫ਼ ਡਚੈੱਸ ਆਫ਼ ਬਾਵੇਰੀਆ ਦੀ ਪਦਵੀ ਰਹਿਣ ਦਿੱਤੀ ਅਤੇ ਇਸ ਨੂੰ ਫ੍ਰਾਂਕਿਸ ਨਾਲ ਦੁਬਾਰਾ ਸ਼ਾਦੀ ਕਰਨ ਦੀ ਆਗਿਆ ਵੀ ਦੇ ਦਿੱਤੀ।

9 ਅਕਤੂਬਰ, 1436 ਨੂੰ ਤੀਲਿੰਗੈੱਨ ਵਿਖੇ ਜਾਕੋਬਾ ਦੀ ਮੌਤ ਹੋ ਗਈ।

ਹ. ਪੁ.–ਐਨ. ਅਮੈ. 15: 588; ਐਨ. ਬ੍ਰਿ. ਮਾ. 5: 492

**ਜਾਕੋਬੀ, ਐਬਰਾਹਮ** : ਇਸ ਜਰਮਨ ਡਾਕਟਰ ਦਾ ਜਨਮ 6 ਮਈ, 1830 ਨੂੰ ਹਾਰਟਮ, ਵੈੱਸਟਫ਼ੇਲਿਆ (ਜਰਮਨੀ) ਵਿਖੇ ਹੋਇਆ। ਇਸ ਨੂੰ ਅਮਰੀਕਾ ਵਿਚ ਬੱਚਿਆਂ ਦੀਆਂ ਬੀਮਾਰੀਆਂ ਦੇ ਇਲਾਜ ਦਾ ਬਾਨੀ ਸਮਝਿਆ ਜਾਂਦਾ ਹੈ। ਇਸ ਨੇ ਗਰਾਈਫਸਵਾਲਟ, ਗਟਿੰਗੈਨ ਅਤੇ ਬੱਾਨ (ਐੱਮ. ਡੀ.; 1851) ਯੂਨੀਵਰਸਿਟੀਆਂ ਤੋਂ ਵਿਦਿਆ ਪ੍ਰਾਪਤ ਕੀਤੀ। ਜਰਮਨ ਦੀ ਕ੍ਰਾਂਤੀ ਦੀ ਲਹਿਰ ਵਿਚ ਹਿੱਸਾ ਲੈਣ ਅਤੇ ਗੱਦਾਰੀ ਕਾਰਨ ਇਸ ਨੂੰ ਬਰਲਿਨ ਅਤੇ ਕਲੋਨ ਵਿਚ 1851-53 ਤੱਕ ਕੈਦ ਹੋ ਗਈ।

ਇਥੋਂ ਰਿਹਾਅ ਹੋਣ ਮਗਰੋਂ ਇਹ ਅਮਰੀਕਾ ਚਲਾ ਗਿਆ ਅਤੇ ਨਿਊਯਾਰਕ ਸ਼ਹਿਰ ਵਿਚ ਡਾਕਟਰੀ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸੰਨ 1860 ਵਿਚ ਇਹ ਨਿਊਯਾਰਕ ਮੈਡੀਕਲ ਕਾਲਜ ਵਿਚ ਬੱਚਿਆਂ ਦੀਆਂ ਬੀਮਾਰੀਆਂ ਦਾ ਪ੍ਰੋਫ਼ੈਸਰ ਬਣ ਗਿਆ ਅਤੇ ਅਮਰੀਕਾ ਵਿਚ ਇਸ ਵਿਸ਼ੇ ਤੇ ਸਥਾਪਿਤ ਪਹਿਲੀ ਚੇਅਰ ਸੰਭਾਲੀ। ਸੰਨ 1865 ਤੋਂ 1870 ਤੱਕ ਇਹ ਨਿਊਯਾਰਕ ਯੂਨੀਵਰਸਿਟੀ ਦੇ ਮੈਡੀਕਲ ਵਿਭਾਗ ਵਿਚ ਬੱਚਿਆਂ ਦੀਆਂ ਬੀਮਾਰੀਆਂ ਦਾ ਪ੍ਰੋਫ਼ੈਸਰ ਰਿਹਾ। ਸੰਨ 1870 ਤੋਂ 1902 ਤੱਕ ਇਹ ਕੋਲੰਬੀਆ ਯੂਨੀਵਰਸਿਟੀ ਦੇ ਡਾਕਟਰਾਂ ਅਤੇ ਸਰਜਨਾਂ ਦੇ ਕਾਲਜ ਦਾ ਪ੍ਰੋਫ਼ੈਸਰ ਰਿਹਾ। ਇਸ ਨੇ ਦੇਸ਼ ਭਰ ਵਿਚ ਸਭ ਤੋਂ ਪਹਿਲਾਂ ਨਿਊਯਾਰਕ ਸ਼ਹਿਰ ਵਿਚ ਬੱਚਿਆਂ ਦੀਆਂ ਬੀਮਾਰੀਆਂ ਦੀ ਪਹਿਲੀ ਕਲੀਨਿਕ ਖੋਲ੍ਹੀ ਅਤੇ ਮਗਰੋਂ ਕਈ ਹੋਰ ਕਲੀਨਿਕ ਸਥਾਪਿਤ ਕੀਤੇ। ਅੰਤ ਵਿਚ ਨਿਊਯਾਰਕ ਵਿਚ ਬੋਲਟਨ ਲੈਂਡਿੰਗ ਵਿਖੇ 10 ਜੁਲਾਈ, 1919 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 836

**ਜਾਕੋਬੀ, ਕਾਰਲ ਗਸਟੇਵ ਜਾਕੋਬ** : ਜਰਮਨ ਦੇ ਇਸ ਗਣਿਤਵੇਤਾ ਦਾ ਜਨਮ ਪਾਟਸਡੇਮ ਵਿਖੇ 10 ਦਸੰਬਰ, 1804 ਨੂੰ ਹੋਇਆ। ਬਰਲਿਨ ਯੂਨੀਵਰਸਿਟੀ ਤੋਂ ਵਿੱਦਿਆ ਪ੍ਰਾਪਤ ਕਰਨ ਮਗਰੋਂ 1825 ਵਿਚ ਇਸ ਨੂੰ ਕਾਨਿਗਜ਼ਬਰਗ ਵਿਖੇ ਸਹਾਇਕ ਪ੍ਰੋਫ਼ੈਸਰ ਅਤੇ 1827 ਵਿਚ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। ਸੰਨ 1836 ਵਿਚ ਪਰੂਸ਼ੀਅਨ ਅਕੈਡਮੀ ਆਫ਼ ਸਾਇੰਸਿਜ਼ ਦਾ ਮੈਂਬਰ ਨਿਯੁਕਤ ਕੀਤਾ ਗਿਆ ਅਤੇ 1842 ਤੋਂ ਅਖ਼ੀਰ ਤੱਕ ਬਰਲਿਨ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਰਿਹਾ। ਇਸ ਦਾ ਮਹੱਤਵਪੂਰਨ ਕੰਮ ਇਲਿਪਸੀ ਫੰਕਸ਼ਨ ਸਿਧਾਂਤ ਉਪਰ ਸੀ ਪਰ ਇਸ ਤੋਂ ਬਿਨਾਂ ਸੰਖਿਆ ਸਿਧਾਂਤ ਅਤੇ ਡਿਟਰਮੀਨੈਂਟਾਂ ਉਪਰ ਵੀ ਇਸ ਨੇ ਵਡਮੁੱਲਾ ਯੋਗਦਾਨ ਪਾਇਆ ਸੀ।

ਇਸ ਦੀਆਂ ਲਿਖਤਾਂ ਅਤੇ ਲੈਕਚਰਾਂ ਦਾ ਬਹੁਤ ਥੋੜ੍ਹਾ ਹਿੱਸਾ ਇਸ ਦੇ ਜਿਉਂਦਿਆਂ ਹੀ ਪ੍ਰਕਾਸ਼ਿਤ ਹੋਇਆ ਅਤੇ ਇਸ ਦਾ ਵਧੇਰੇ ਹਿੱਸਾ rells journal ਨਾਂ ਦੇ ਰਸਾਲੇ ਵਿਚ ਛਪਿਆ। ਇਨ੍ਹਾਂ ਵਿਚੋਂ *fundament Nova Theoriac Functionum Ellipticarum (1829); Canon Arithmeticus (1839); Deformation Proprietatibus determinantium (1841)* ਅਤੇ *Mathematische Werke (1846-1871)* ਵਰਣਨਯੋਗ ਹਨ। ਬਰਲਿਨ ਅਕੈਡਮੀ ਆਫ਼ ਸਾਇੰਸਿਜ਼ ਨੇ ਇਸ ਦੇ ਕੰਮ ਦੇ ਮੁਕੰਮਲ ਐਡੀਸ਼ਨ ਨੂੰ Gesmmelte Werke ਨਾਂ ਹੇਠ ਸੱਤ ਜਿਲਦਾਂ ਵਿਚ ਪ੍ਰਕਾਸ਼ਿਤ ਕਰਵਾਇਆ।

18 ਫ਼ਰਵਰੀ, 1851 ਨੂੰ ਬਰਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਅਮੈ. 15 : 589

**ਜਾਕੋਬੇਂ** : ਫ਼ਰਾਂਸ ਦੀ ਕ੍ਰਾਂਤੀ ਦੌਰਾਨ ਇਹ ਉਥੋਂ ਦਾ ਸਭ ਤੋਂ ਪ੍ਰਸਿੱਧ ਰਾਜਨੀਤਿਕ ਦਲ ਸੀ। ਇਸ ਦੇ ਪ੍ਰਾਰੰਭਕ ਮੈਂਬਰ 1789 ਵਿਚ 'ਸਟੇਟਸ ਜਨਰਲ' ਵਿਚ ਸ਼ਾਮਲ ਹੋਣ ਲਈ ਬਰਤਾਨੀਆ ਦੇ ਸੰਸਦੀ ਮੈਂਬਰ ਬਣੇ। ਇਹੋ ਮੈਂਬਰ ਵਰਸੇਲਜ਼ ਵਿਖੇ ਵਿਚਾਰ ਵਟਾਂਦਰੇ ਲਈ ਗੋਸ਼ਟੀਆਂ ਵੀ ਬੁਲਾਉਂਦੇ ਸਨ ਅਤੇ ਇਨ੍ਹਾਂ ਗੋਸ਼ਟੀਆਂ ਨੂੰ ਬ੍ਰਿਟੇਨ-ਕਲੱਬ ਦਾ ਨਾਂ ਦਿੱਤਾ ਗਿਆ। ਕੁਝ ਸਮਾਂ ਬੀਤਣ ਤੇ ਫ਼ਰਾਂਸ ਦੇ ਹੋਰਾਂ ਭਾਗਾਂ ਦੇ ਸੰਸਦੀ ਮੈਂਬਰ ਵੀ ਗੋਸ਼ਟੀਆਂ ਵਿਚ ਸ਼ਾਮਲ ਹੋਣ ਲੱਗ ਪਏ। ਬਰਤਾਨੀਆ ਸੰਸਦ ਦੇ ਪੈਰਿਸ ਜਾਣ ਤੇ ਬ੍ਰਿਟੇਨ ਕਲੱਬ ਤਾਂ ਟੁੱਟ ਗਿਆ ਪਰ ਇਸ ਦੇ ਮੈਂਬਰਾਂ ਨੇ ਵਿਸ਼ੇਸ਼ ਵਿਚਾਰ ਵਟਾਂਦਰੇ ਲਈ ਗੋਸ਼ਟੀਆਂ ਲਈ ਲੋੜ ਮਹਿਸੂਸ ਕਰਦਿਆਂ ਡੋਮਿਨੀਕਨ ਪਾਦਰੀਆਂ ਜਿਨ੍ਹਾਂ ਨੂੰ ਫ਼ਰਾਂਸ ਵਿਚ 'ਜਾਕੋਬੇਂ' ਕਿਹਾ ਜਾਂਦਾ ਹੈ, ਦੇ ਮੱਠ ਵਿਚ ਕਮਰਾ ਕਿਰਾਏ ਤੇ ਲਿਆ ਤੇ ਪੈਰਿਸ ਸੋਸਾਇਟੀ ਸਥਾਪਿਤ ਕੀਤੀ। ਰਾਜਤੰਤਰਵਾਦੀ ਸੋਸਾਇਟੀ ਦੇ ਮੈਂਬਰਾਂ ਨੇ ਮਾਣ ਨਾਲ ਇਸੇ ਨਾਂ ਨੂੰ ਆਪਣਾ ਲਿਆ। ਛੇਤੀ ਹੀ ਸਾਰੇ ਪ੍ਰਾਂਤਾਂ ਵਿਚ ਜਾਕੋਬੇਂ ਕਲੱਬ ਦੀਆਂ ਸ਼ਾਖਾਵਾਂ ਵੀ ਸਥਾਪਿਤ ਹੋ ਗਈਆਂ।

ਹੁਣ ਜਾਕੋਬੇਂ ਇਕ ਬਾਅਸਰ ਸੰਸਥਾ ਦਾ ਰੂਪ ਧਾਰਨ ਕਰ ਗਈ ਤੇ ਇਸ ਨੇ ਆਪਣਾ ਕਾਰਜ ਆਰੰਭ ਦਿੱਤਾ। ਸੰਨ 1792-93 ਵਿਚ ਇਸ ਦਾ ਮੰਤਵ ਗਣਤੰਤਰੀ ਸਰਕਾਰ ਸਥਾਪਿਤ ਕਰਨਾ, ਵਿਧਾਨ ਦੇ ਨਾਲ ਸਹਿਮਤੀ ਪਰਗਟ ਕਰਨਾ ਅਤੇ ਰਾਜ ਅਤੇ ਚਰਚ ਨੂੰ ਵੱਖ ਕਰਨ ਲਈ ਲੋਕਾਂ ਤੇ ਦਬਾਅ ਪਾਉਣਾ ਆਦਿ ਸੀ। ਜਾਕੋਬੇਂ ਕਲੱਬ ਦੇ ਮੁੱਖ ਉਦੇਸ਼ ਸੰਸਦ ਰਾਹੀਂ ਨਿਰਣਿਤ ਕੀਤੀਆਂ ਜਾਣ ਵਾਲੀਆਂ ਸਮੱਸਿਆਵਾਂ ਉਪਰ ਪਹਿਲੋਂ ਹੀ ਵਿਚਾਰ ਕਰਨਾ ਤੇ ਸੰਵਿਧਾਨ ਨੂੰ ਸਥਾਪਿਤ ਰੱਖਣ ਤੇ ਸ਼ਕਤੀਸ਼ਾਲੀ ਬਣਾਉਣ ਲਈ ਕੰਮ ਕਰਨਾ ਸੀ। ਕਲੱਬ ਦੇ ਅਹੁਦੇਦਾਰਾਂ ਵਿਚ ਇਕ ਪ੍ਰਧਾਨ ਤੇ ਚਾਰ ਮੰਤਰੀ ਅਤੇ ਇਕ ਖਜ਼ਾਨਚੀ ਹੁੰਦਾ ਸੀ। ਪ੍ਰਧਾਨ ਦੀ ਚੋਣ ਹਰੇਕ ਮਹੀਨੇ ਕੀਤੀ ਜਾਂਦੀ ਸੀ ਅਤੇ ਚਿੱਠੀ-ਪੱਤਰ ਲਈ ਕੁਝ ਸੰਮਤੀਆਂ ਬੁਲਾਈਆਂ ਜਾਂਦੀਆਂ ਸਨ।

ਜਾਕੋਬੇਂ ਕਲੱਬ ਕੁਝ ਸਮਾਂ ਬੀਤਣ ਉਪਰੰਤ ਸਿਰਫ਼ ਰਾਜਨੀਤਕ ਦਲ ਨਾ ਰਹਿ ਕੇ ਧਾਰਮਿਕ ਪੰਥ ਵੀ ਬਣ ਗਿਆ। ਇਨ੍ਹਾਂ ਦੀਆਂ ਧਾਰਮਿਕ ਗੋਸ਼ਟੀਆਂ ਵਿਚ ਬਾਗ਼ੀ ਕਿਸਮ ਦੀਆਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ ਅਤੇ ਨੈਤਿਕ ਭਾਸ਼ਣ ਹੁੰਦੇ ਸਨ। ਧਰਮ-ਦੰਡ ਤੋਂ ਡਰਨ ਕਾਰਨ ਇਨ੍ਹਾਂ ਦਾ ਵਿਵਹਾਰਕ ਰਵੱਈਆ ਰੁੱਖਾ ਹੋ ਗਿਆ ਅਤੇ ਵਿਰੋਧੀ ਨੂੰ ਇਹ ਮਹਾਂਪਾਪੀ ਦੀਆਂ ਨਜ਼ਰਾਂ ਨਾਲ ਦੇਖਣ ਲੱਗੇ ਜਿਸ ਕਰਕੇ ਜਾਕੋਬੇ ਪੰਥ ਕੱਟੜਤਾ ਵੱਲ ਤੁਰ ਪਿਆ। ਅੰਤ ਨੂੰ ਜਾਕੋਬੇਂ ਕਲੱਬ ਬਗ਼ਾਵਤ ਦੀ ਪੂਜਾ ਦਾ ਪ੍ਰਤੀਕ, ਭਾਸਣ ਲੱਗੇ ਅਤੇ ਬਹੁਤ ਸਾਰੇ ਮੈਂਬਰ ਨਵੀਂ ਸਰਕਾਰ ਦੇ ਕਰਮਚਾਰੀ ਬਣ ਗਏ ਜਿਸ ਨਾਲ ਉਨ੍ਹਾਂ ਦਾ ਧਿਆਨ ਕਲੱਬ ਦੀਆਂ ਸਰਗਰਮੀਆਂ ਵੱਲੋਂ ਘੱਟ ਗਿਆ ਤੇ ਹੌਲੀ ਹੌਲੀ ਜਾਕੋਬੇਂ ਕਲੱਬ ਦੇ ਪੁਰਾਣੇ ਕੰਮ-ਕਾਰ ਖਤਮ ਹੋ ਗਏ। ਥਰਮੀਡਾਰ ਦੇ ਪਿਛੋਂ ਇਹ ਕਲੱਬ ਤੇਜ਼ੀ ਨਾਲ ਖ਼ਤਮ ਹੋਣਾ ਸ਼ੁਰੂ ਹੋ ਗਿਆ। ਸੰਨ 1765 ਤੱਕ ਇਸ ਦਾ ਨਾਂ ਨਿਸ਼ਾਨ ਵੀ ਨਾ ਰਿਹਾ।

ਹ. ਪੁ.–ਹਿੰ. ਵਿ. ਕੋ. 4 : 452

**ਜਾਖਲ ਮੰਡੀ** : ਹਰਿਆਣਾ ਰਾਜ (ਭਾਰਤ) ਦੇ ਹਿਸਾਰ ਜ਼ਿਲ੍ਹੇ ਵਿਚ ਹਿਸਾਰ ਸ਼ਹਿਰ ਤੋਂ 80 ਕਿ. ਮੀ. ਉੱਤਰ ਵੱਲ ਇਹ ਇਕ ਸ਼ਹਿਰ ਹੈ ਜਿਹੜਾ ਹਿਸਾਰ-ਲੁਧਿਆਣਾ ਰੇਲ-ਮਾਰਗ ਉਪਰ ਇਕ ਜੰਕਸ਼ਨ ਵੀ

ਹੈ। ਇਹ ਆਲੇ-ਦੁਆਲੇ ਦੀਆਂ ਜ਼ਰਾਇਤੀ ਉਪਜਾਂ ਦੀ ਵਪਾਰਕ ਮੰਡੀ ਹੈ। ਸ਼ਹਿਰ ਵਿਚ ਸਿੱਖਿਆ ਅਤੇ ਸਿਹਤ ਆਦਿ ਦੀਆਂ ਸਹੂਲਤਾਂ ਮੌਜੂਦ ਹਨ।

ਆਬਾਦੀ–5,599 (1991)

29° 45′ ਉ. ਵਿਥ.; 75° 45′ ਪੂ. ਲੰਬ.

ਹ. ਪੁ.–ਡਿ. ਸੈਂ. ਹੈ. ਬੁ.–ਹਿਸਾਰ

**ਜਾਖੂ** : ਇਹ ਭਾਰਤ ਦੇ ਗੁਜਰਾਤ ਰਾਜ ਦੀ ਇਕ ਬੰਦਰਗਾਹ ਹੈ ਜੋ ਭਾਰਤ ਦੇ ਦੱਖਣ-ਪੱਛਮੀ ਘਾਟ ਤੇ ਭੁੱਜ ਸ਼ਹਿਰ ਤੋਂ ਲਗਭਗ 90 ਕਿ. ਮੀ. (60 ਮੀਲ) ਦੀ ਦੂਰੀ ਤੇ ਗੋਡੀਆਂ ਖਾੜੀ ਵਿਚ ਸਥਿਤ ਹੈ। ਸ਼ਹਿਰ ਸਮੁੰਦਰ ਤੋਂ 5.6 ਕਿ. ਮੀ. ਦੂਰ ਇਕ ਪੱਧਰੇ ਮੈਦਾਨ ਉੱਤੇ ਵਸਿਆ ਹੋਇਆ ਹੈ। ਸੰਨ 1903-04 ਤੋਂ ਇਥੇ ਮਿਉਂਸਪਲਟੀ ਸਥਾਪਿਤ ਕੀਤੀ ਗਈ।

23° 14′ ਉ. ਵਿਥ.; 68° 45′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 11

**ਜ਼ੋਗ, ਸੇਂਟ ਆਈਜ਼ਾਕ** : ਇਹ ਫ਼ਰਾਂਸ ਦਾ ਯਸੂਹੀ ਸੀ ਜੋ 10 ਜਨਵਰੀ, 1607 ਨੂੰ ਆਰਲੀਅਨਜ਼ ਵਿਖੇ ਜਨਮਿਆ। ਸੰਨ 1624 ਵਿਚ ਇਹ 'ਸੋਸਾਇਟੀ ਆਫ਼ ਜੀਸਸ' ਦਾ ਮੈਂਬਰ ਬਣ ਗਿਆ। ਸੰਨ 1636 ਵਿਚ ਇਹ ਪਾਦਰੀ ਬਣ ਗਿਆ। ਇਸੇ ਸਾਲ ਇਸ ਦੀ ਅਮਰੀਕਨ ਇੰਡੀਅਨਾਂ ਨੂੰ ਈਸਾਈ ਬਣਾਉਣ ਦੀ ਇੱਛਾ ਪੂਰੀ ਹੋ ਗਈ, ਜਦੋਂ ਇਹ ਜਾਰਜੀਅਨ ਖਾੜੀ ਦੇ ਨੇੜੇ ਹੁਰੋਨਲੈਂਡਜ਼ (ਕੈਨੇਡਾ) ਵਿਖੇ ਪੁੱਜਾ ਅਤੇ ਛੇ ਸਾਲ ਤੱਕ ਮੌਤ ਦੇ ਸਾਏ ਹੇਠ ਰੈੱਡ ਇੰਡੀਅਨਾਂ ਵਿਚ ਪ੍ਰਚਾਰ ਕਰਦਾ ਰਿਹਾ ਤੇ ਉਨ੍ਹਾਂ ਦੀ ਹਰ ਪ੍ਰਕਾਰ ਦੀ ਸੇਵਾ ਤੇ ਮਦਦ ਕਰਦਾ ਰਿਹਾ। ਸੰਨ 1641 ਵਿਚ ਇਹ ਓਬਜੀਬਵਾ ਵਿਖੇ ਆਪਣਾ ਮਿਸ਼ਨ ਲੈ ਕੇ ਗਿਆ। ਉਥੇ ਇਸ ਨੂੰ ਤੇ ਇਸ ਦੇ ਸਾਥੀਆਂ ਨੂੰ ਫੜ ਲਿਆ ਗਿਆ ਅਤੇ ਆਸਰਨੇਨਾਨ ਨਿਊਯਾਰਕ ਵਿਖੇ ਲਿਜਾਇਆ ਗਿਆ ਜਿਥੇ ਇਸ ਦੇ ਸਾਥੀਆਂ ਨੂੰ ਕਤਲ ਕਰ ਦਿੱਤਾ ਗਿਆ। ਇਸ ਨੇ ਬੜਾ ਨਿਡਰ ਹੋ ਕੇ ਹਰ ਪ੍ਰਕਾਰ ਦੇ ਤਸੀਹੇ ਝੱਲੇ। ਇਕ ਡੱਚ ਦੀ ਮਦਦ ਨਾਲ ਇਹ ਉਨ੍ਹਾਂ ਦੇ ਜਹਾਜ਼ ਵਿਚੋਂ ਬਚ ਕੇ ਨਿਕਲ ਗਿਆ ਤੇ 1644 ਵਿਚ ਫ਼ਰਾਂਸ ਜਾ ਪੁੱਜਾ ਜਿਥੇ ਇਸ ਨੂੰ ਮਰ ਗਿਆ ਮੰਨ ਲਿਆ ਗਿਆ ਸੀ। ਸੰਨ 1645 ਵਿਚ ਇਸ ਨੂੰ ਆਸਰਨੇਨਾਨ ਦਾ ਰਾਜਦੂਤ ਬਣਾ ਕੇ ਫ਼ਰਾਂਸੀਸੀਆਂ ਅਤੇ ਮੋਹਾਕਾਂ ਦੇ ਸਮਝੌਤੇ ਲਈ ਭੇਜਿਆ ਗਿਆ। ਮਾਂਟ੍ਰੀਅਲ ਆ ਕੇ ਇਸ ਨੇ ਮੋਹਾਕਾਂ ਨਾਲ ਰਹਿਣ ਦੀ ਇਜਾਜ਼ਤ ਲੈ ਲਈ ਪਰ ਉਥੇ ਜਾ ਕੇ ਦੇਖਿਆ ਕਿ ਉਹ ਲੋਕ ਬਹੁਤ ਉਤੇਜਿਤ ਅਤੇ ਲੜਨ ਲਈ ਤਿਆਰ ਸਨ। ਇਸ ਤੇ ਟੂਣਾ ਟਾਮਣ ਕਰਨ ਦਾ ਇਲਜ਼ਾਮ ਲਗਾਇਆ ਗਿਆ ਤੇ 18 ਅਕਤੂਬਰ, 1646 ਨੂੰ ਇਸ ਨੂੰ ਕਤਲ ਕਰ ਦਿੱਤਾ ਗਿਆ। ਸੰਨ 1930 ਵਿਚ ਇਸ ਨੂੰ ਸੰਤ ਦੀ ਪਦਵੀ ਦਿੱਤੀ ਗਈ ਅਤੇ ਉੱਤਰੀ ਅਮਰੀਕਾ ਦੇ ਹੋਰ ਸ਼ਹੀਦਾਂ ਸਮੇਤ 26 ਸਤੰਬਰ ਨੂੰ ਇਸ ਦਾ ਪੁਰਬ ਮਨਾਇਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. 13 : 15

**ਜਾਂਗ ਜਰ ਡੁੰਗ** : ਚੀਨ ਦੇ ਇਸ ਉੱਘੇ ਸੁਧਾਰਕ ਅਤੇ ਕਲਾਸਕੀ ਵਿਦਵਾਨ ਦਾ ਜਨਮ 2 ਸੰਤਬਰ 1837 ਨੂੰ ਚੀਨ ਵਿਚ ਗਵੇਜੋ ਪ੍ਰਾਂਤ ਵਿਚ ਸ਼ੀਨਿੰਗ ਵਿਖੇ ਇਕ ਪੜ੍ਹੇ ਲਿਖੇ ਖੁਸ਼ਹਾਲ ਪਰਿਵਾਰ ਵਿਚ ਹੋਇਆ। ਤੀਖਣ ਬੁੱਧੀ ਦਾ ਵਿਦਿਆਰਥੀ ਹੋਣ ਕਾਰਨ ਇਸ ਨੇ 13 ਸਾਲ ਦੀ ਨਿੱਕੀ ਉਮਰ ਵਿਚ ਸਿਵਲ ਸਰਵਿਸ ਦੇ ਪਹਿਲੇ ਪੱਧਰ ਦੇ ਇਮਤਿਹਾਨ ਅਤੇ 26 ਸਾਲ ਦੀ ਉਮਰ ਤੱਕ ਪਹੁੰਚਦਿਆਂ ਇਸ ਨਾਲ ਸਬੰਧਤ ਸਾਰੀਆਂ ਪ੍ਰੀਖਿਆਵਾਂ ਪਾਸ ਕਰ ਲਈਆਂ ਸਨ। ਇਸ ਨਾਲ ਮਿਲੀ ਪ੍ਰਸਿੱਧੀ ਅਤੇ ਸਾਹਿਤਕ ਗੁਣ ਇਸ ਦੇ ਅਗਲੇਰੇ ਜੀਵਨ ਲਈ ਬੁਨਿਆਦ ਸਾਬਤ ਹੋਏ।

ਸਰਕਾਰੀ ਅਫ਼ਸਰ ਵਜੋਂ ਇਸ ਦੇ ਜੀਵਨ ਦੇ ਦੋ ਮੁੱਖ ਪਹਿਲੂ ਹਨ। ਪਹਿਲਾ 1862-1882 ਤੱਕ ਦਾ ਜਿਸ ਦੌਰਾਨ ਇਸਨੇ ਇਕ ਵਿਦਵਾਨ ਅਤੇ ਵਿੱਦਿਅਕ ਡਾਇਰੈਕਟਰ ਵਜੋਂ ਨਾਮਣਾ ਖੱਟਿਆ ਅਤੇ ਦੂਜਾ 1882-1907 ਤੱਕ ਦਾ ਜਿਸ ਦੌਰਾਨ ਇਹ ਸਥਾਨਕ ਨੇਤਾ ਤੋਂ ਕੌਮੀ ਨੇਤਾ ਵਜੋਂ ਪ੍ਰਸਿੱਧ ਹੋਇਆ। ਰਾਜਨੀਤੀ ਵਿਚ ਇਹ ਵਿਧਵਾ ਮਲਕਾ ਜ਼ੂ ਸੀ (Tz'u-hsi) ਦਾ ਸਮਰਥਕ ਸੀ ਜਿਸਨੇ ਬਦਲੇ ਵਿਚ ਇਸ ਦੇ ਸਰਕਾਰੀ ਜੀਵਨ ਵਿਚ ਇਸ ਨੂੰ ਕਾਫ਼ੀ ਤਰੱਕੀਆਂ ਦਿੱਤੀਆਂ। ਸੰਨ 1882 ਵਿਚ ਇਹ ਸ਼ਾਂਸੀ ਦਾ ਗਵਰਨਰ ਅਤੇ 1884 ਵਿਚ ਗਵਾਂਗ ਡੁੰਗ ਅਤੇ ਗਵਾਂਗਸੀ ਦਾ ਗਵਰਨਰ-ਜਨਰਲ ਬਣਿਆ। ਸੰਨ 1889 ਵਿਚ ਇਸ ਦੀ ਤਬਦੀਲੀ ਹੂਨਾਨ ਅਤੇ ਹੂਪੇ ਦੀ ਹੋ ਗਈ। ਇਸ ਅਹੁਦੇ ਤੇ ਇਹ 18 ਸਾਲ ਤੀਕ ਰਿਹਾ। ਸੰਨ 1907 ਵਿਚ ਇਹ ਪ੍ਰਮੁੱਖ ਸਕੱਤਰ ਅਤੇ ਪ੍ਰਮੁੱਖ ਕਾਂਸਲਰ ਨਿਯੁਕਤ ਹੋਇਆ।

ਇਕ ਯੋਗ ਅਤੇ ਦਿਆਲੂ ਪ੍ਰਬੰਧਕ ਤੋਂ ਇਲਾਵਾ ਜਾਂਗ ਨੂੰ ਚੀਨ ਦੇ ਨਵੀਕਰਣ ਵਿਚ ਵਧੇਰੇ ਦਿਲਚਸਪੀ ਸੀ। ਇਸ ਨੇ ਆਪਣੇ ਸਮੇਂ ਵਿਚ ਚੀਨ ਉਪਰ ਪੱਛਮ ਅਤੇ ਜਾਪਾਨ ਵੱਲੋਂ ਬੇਹੱਦ ਦਬਾਓ ਪੈਂਦਿਆਂ ਦੇਖਿਆ। ਸਭ ਤੋਂ ਵੱਡੀ ਸਮੱਸਿਆ ਜਿਹੜੀ ਜਾਂਗ ਅਤੇ ਦੂਜੇ ਅਫ਼ਸਰਾਂ ਦੇ ਦਰਪੇਸ਼ ਆਈ ਉਹ ਚੀਨ ਨੂੰ ਅਜੋਕੇ ਸੰਸਾਰ ਦੇ ਮੁਕਾਬਲੇ ਸਥਿਰ ਰੱਖਣ ਅਤੇ ਮੁਕਾਬਲੇ ਵਿਚ ਖੜ੍ਹੇ ਹੋਣ ਦੀ ਸੀ। ਇਸ ਦਾ ਹੱਲ ਇਸ ਨੂੰ ਚੀਨ ਦੀਆਂ ਪ੍ਰਾਚੀਨ ਤੇ ਰਵਾਇਤੀ ਕਦਰਾਂ ਕੀਮਤਾਂ ਨੂੰ ਉਜਾਗਰ ਕਰਨ ਪਰ ਨਾਲ ਦੀ ਨਾਲ ਪੱਛਮੀ ਗਿਆਨ ਨੂੰ ਪ੍ਰਾਪਤ ਕਰਨ ਵਿਚ ਹੀ ਲੱਭਾ।

ਸੁਰੱਖਿਆ ਨੁਕਤਿਆਂ ਨੂੰ ਮੱਦੇ ਨਜ਼ਰ ਰੱਖਦਿਆਂ ਇਸ ਨੇ ਚੀਨ ਵਿਚ ਪਹਿਲਾ ਇਸਪਾਤ ਦਾ ਕਾਰਖਾਨਾ ਸਥਾਪਿਤ ਕੀਤਾ। ਕਿਸੇ ਕੱਚੇ ਮਾਲ ਦੀ ਪ੍ਰਾਪਤ ਜਾਣਕਾਰੀ ਬਿਨਾਂ ਹੀ ਇਸ ਨੇ ਇੰਗਲੈਂਡ ਤੋਂ ਪੂਰਾ ਸਮੈਲਟਿੰਗ ਪਲਾਂਟ ਮੰਗਵਾ ਲਿਆ ਜੋ ਕਿ ਭਾਰੀ ਗਲਤੀ ਸੀ। ਕੋਲੇ ਦੀ ਖਾਣ ਦੇ ਨਜ਼ਦੀਕ ਵਾਲੇ ਖੇਤਰ ਵਿਚ ਵੀ ਇਹ ਪਲਾਂਟ ਲਗਵਾਉਣ ਵਿਚ ਅਸਫ਼ਲ ਰਿਹਾ। ਇਸ ਦੇ ਸਿੱਟੇ ਵਜੋਂ 1894 ਵਿਚ ਉਤਪਾਦਨ ਸ਼ੁਰੂ ਹੋਣ ਮਗਰੋਂ ਇਸ ਉਦਯੋਗ ਨੂੰ ਭਾਰੀ ਨੁਕਸਾਨ ਹੋਇਆ। ਇਸ ਨੇ ਜਾਂਗ ਨੂੰ ਰਾਜਨੀਤਿਕ ਸੰਕਟ ਵਿਚ ਪਾ ਦਿੱਤਾ।

ਹਾਨਕੋ ਤੋਂ ਪੀਕਿੰਗ ਤੱਕ ਰੇਲਵੇ ਦਾ ਨਿਰਮਾਣ ਕਰਨ ਦੀ ਇਸ ਦੀ ਯੋਜਨਾ ਕਾਰਨ ਇਸ ਨੂੰ ਹੂਨਾਨ ਅਤੇ ਹੂਪੇ ਭੇਜਿਆ ਗਿਆ। ਕਾਨੂੰਨੀ ਤੌਰ ਤੇ ਇਸ ਰੇਲਵੇ ਲਾਈਨ ਨੂੰ ਬਣਾਉਣ ਦੀ ਜ਼ਿੰਮੇਵਾਰੀ ਜਾਂਗ ਨੂੰ ਹੀ ਸੌਂਪੀ ਗਈ। ਸੰਨ 1906 ਵਿਚ ਇਹ ਲਾਈਨ ਤਿਆਰ ਹੋਈ। ਇਸ ਸਮੇਂ ਦੌਰਾਨ ਇਸ ਨੇ ਆਪਣੇ ਖੇਤਰ ਵਿਚ ਟਕਸਾਲ, ਚਰਮਸ਼ੋਧਾ ਕਾਰਖ਼ਾਨੇ, ਟਾਈਲ, ਕਾਗਜ਼, ਸੂਤੀ, ਊਨੀ ਅਤੇ ਰੇਸ਼ਮੀ ਕੱਪੜਾ ਤਿਆਰ ਕਰਨ ਦੇ ਨਵੇਂ ਉਦਯੋਗ ਲਗਵਾਏ। ਆਰਜ਼ੀ ਤੌਰ ਤੇ ਕੁਝ ਸਮਾਂ ਇਹ ਨਾਨਕਿੰਗ ਰਿਹਾ ਜਿਥੇ ਇਸ ਨੇ ਜਰਮਨ ਇਨਸਟਰਕਟਰਾਂ ਦੀ ਸਹਾਇਤਾ ਨਾਲ ਸਿਖਲਾਈ ਦੇ ਕੇ ਨਵੀਂ ਫ਼ੌਜ ਤਿਆਰ ਕੀਤੀ।

ਸੰਨ 1895 ਵਿਚ ਚੀਨ ਜਾਪਾਨ ਵਿਰੁੱਧ ਲੜਿਆ ਪਰ ਹਾਰ ਗਿਆ। ਇਸ ਧੱਕੇ ਨੇ ਜਾਂਗ ਦਾ ਧਿਆਨ ਵਿੱਦਿਆ ਅਤੇ ਸਿਖਿਅਤ ਅਧਿਕਾਰੀ ਵਰਗ ਦੀ ਲੋੜ ਵੱਲ ਮੋੜਿਆ। ਸੰਨ 1898 ਵਿਚ ਇਸ ਦੀ ਪ੍ਰਸਿੱਧ ਪੁਸਤਕ ਇਗਜ਼ਾਰਸ਼ਨ ਟੂ ਵਾਰਨਿੰਗ (Exhortion to Warning) ਪ੍ਰਕਾਸ਼ਿਤ ਹੋਈ ਜਿਸ ਵਿਚ ਇਸ ਨੇ ਆਪਣਾ ਯਕੀਨ ਕਨਫਿਊਸ਼ਸਵਾਦ ਵਿਚ ਪਰਗਟ ਕੀਤਾ ਅਤੇ ਨਾਲ ਹੀ ਨਾਲ ਪੱਛਮੀ ਗਿਆਨ ਅਪਨਾਉਣ ਉਪਰ ਵੀ ਜ਼ੋਰ ਦਿੱਤਾ। ਚੀਨੀ ਵਿਦਿਆਰਥੀਆਂ ਨੂੰ ਬਾਹਰਲੇ ਦੇਸ਼ਾਂ ਵਿਚ ਭੇਜਣ, ਨਵਾਂ ਸਕੂਲ ਸਿਸਟਮ ਚਾਲੂ ਕਰਨ, ਪੱਛਮੀ ਅਤੇ ਜਾਪਾਨੀ ਪੁਸਤਕਾਂ ਦਾ ਅਨੁਵਾਦ ਕਰਨ, ਬਦੇਸ਼ੀ ਅਖ਼ਬਾਰਾਂ ਤੋਂ ਗਿਆਨ ਹਾਸਲ ਕਰਨ ਉਪਰ ਜ਼ੋਰ ਦਿੱਤਾ ਜਾਣ ਲੱਗਾ। ਹੂਪੇ ਵਿਚ ਸਕੂਲ, ਅਖ਼ਬਾਰਾਂ

ਅਤੇ ਅਨੁਵਾਦ ਵਿਭਾਗ ਕਾਇਮ ਹੋਏ। ਸੰਨ 1908 ਵਿਚ ਇਸ ਪ੍ਰਾਂਤ ਨੇ 475 ਵਿਦਿਆਰਥੀਆਂ ਨੂੰ ਜਾਪਾਨ ਅਤੇ 103 ਨੂੰ ਪੱਛਮੀ ਦੇਸ਼ਾਂ ਵਿਚ ਪੜ੍ਹਨ ਲਈ ਸਹਾਇਤਾ ਦਿੱਤੀ।

ਸੰਨ 1904 ਵਿਚ ਪੂਰਾ ਸਕੂਲੀ ਸਿਸਟਮ ਚਾਲੂ ਕਰਨ ਦਾ ਕੰਮ ਜਾਂਗ ਨੂੰ ਮਿਲਿਆ। ਛੇ ਮਹੀਨੇ ਬਾਅਦ ਵਿੱਦਿਆ ਦੇ ਸਾਰੇ ਪਹਿਲੂਆਂ ਦਾ ਅਧਿਐਨ ਕਰਨ ਉਪਰੰਤ ਇਹ ਰੈਗੂਲੇਸ਼ਨ ਅੱਠ ਜਿਲਦਾਂ ਵਿਚ ਛਪੇ। ਜਾਂਗ ਦੇ ਵਾਰ ਵਾਰ ਜ਼ੋਰ ਦੇਣ ਤੇ 1905 ਵਿਚ ਚੀਨ ਵਿਚ ਸਿਵਲ ਸਰਵਿਸ ਪ੍ਰੀਖਿਆਵਾਂ ਬੰਦ ਕਰ ਦਿੱਤੀਆਂ ਗਈਆਂ। ਇਸ ਦੇ ਅਣਥੱਕ ਜਤਨਾਂ ਸਦਕਾ 1904-1909 ਦੌਰਾਨ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ 73 ਤੋਂ 225 ਗੁਣਾ ਵੱਧ ਗਈ।

ਆਪਣੀ ਸੂਝ ਸਦਕਾ ਇਹਨੇ ਚੀਨ ਨੂੰ 1900 ਈ. ਵਿਚ ਹੋਣ ਵਾਲੀ ਬਾਕਸਰ ਬਗਾਵਤ ਤੋਂ ਬਚਾ ਗਿਆ। ਇਸ ਨੇ ਦੂਜੇ ਅਫ਼ਸਰਾਂ ਸਮੇਤ ਬਦੇਸ਼ੀ ਕਾਂਸਲਾਂ ਦੀ ਮਦਦ ਨਾਲ ਆਪਣੇ-ਆਪਣੇ ਇਲਾਕਿਆਂ ਵਿਚ ਸ਼ਾਂਤੀ ਕਾਇਮ ਰੱਖੀ ਅਤੇ ਬਦੇਸ਼ੀਆਂ ਵਿਰੁੱਧ ਚੀਨ ਵਿਚ ਹੋਣ ਵਾਲੀ ਇਹ ਬਾਕਸਰ ਬਗ਼ਾਵਤ ਅਸਫ਼ਲ ਬਣਾਈ। ਆਪਣੀ ਇਸ ਨੀਤੀ ਕਾਰਨ ਇਸ ਨੂੰ ਮਲਕਾ ਵੱਲੋਂ ਭਰਪੂਰ ਸ਼ਲਾਘਾ ਮਿਲੀ।

ਇੰਨੇ ਉੱਚ ਅਹੁਦਿਆਂ ਤੇ ਰਹਿਣ ਦੇ ਬਾਵਜੂਦ ਇਸ ਦੀ ਆਪਣੀ ਕੋਈ ਨਿੱਜੀ ਜਾਇਦਾਦ ਨਹੀਂ ਸੀ। 4 ਅਕਤੂਬਰ, 1909 ਨੂੰ ਇਸ ਦੀ ਮੌਤ ਹੋ ਗਈ। ਮਰਨ ਉਪਰੰਤ ਇਸ ਨੂੰ ਵੈਨ ਸਿਆਂਗ (Wen-hsiang) ਅਹੁਦੇ ਨਾਲ ਸਨਮਾਨਿਆ ਗਿਆ।

ਹ. ਪੁ.—ਐਨ. ਬ੍ਰਿ. ਮਾ. 3: 81

**ਜ਼ਾਗਰੇਬ** : ਯੂਗੋਸਲਾਵੀਆ ਨਾਲੋਂ ਵੱਖ ਹੋਏ ਕ੍ਰੋਏਸ਼ੀਆ ਦੇਸ਼ ਦੀ ਰਾਜਧਾਨੀ ਹੈ। ਦੇਸ਼ ਦਾ ਦੂਜਾ ਵੱਡਾ ਸ਼ਹਿਰ ਅਤੇ ਪ੍ਰਮੁੱਖ ਵਪਾਰਕ ਕੇਂਦਰ ਹੈ। ਬੈਲਗ੍ਰੇਡ ਦੇ 368 ਕਿ. ਮੀ. ਪੱਛਮ-ਉੱਤਰ ਵਿਚ ਮੈਡਵੈਡਨਿਕਾ ਪਰਬਤ ਦੀਆਂ ਢਲਾਣਾਂ ਉਪਰ ਸਾਵਾ ਦਰਿਆਈ ਵਾਦੀ ਵਿਚ ਸਥਿਤ ਹੈ। ਇਹ ਪ੍ਰਾਚੀਨ ਸੰਸਕ੍ਰਿਤਕ ਅਤੇ ਇਤਿਹਾਸਕ ਸ਼ਹਿਰ ਹੈ। ਇਸ ਦਾ ਲਿਖਤੀ ਹਵਾਲਾ ਕੋਈ 1093 ਵਿਚ ਰੋਮਨ ਕੈਥੋਲਿਕ ਬਿਸ਼ਪ ਦੀ ਸੀਟ ਬਣਨ ਨਾਲ ਮਿਲਦਾ ਹੈ। ਮੱਧ ਕਾਲੀਨ ਸਮਿਆਂ ਵਿਚ ਇਸ ਸ਼ਹਿਰ ਵਾਲੀ ਥਾਂ ਤੇ ਦੋ ਵੱਖ-ਵੱਖ ਬਸਤੀਆਂ ਬਣੀਆਂ ਹੋਈਆਂ ਸਨ। ਗ੍ਰਿਕ ਅਤੇ ਕੈਪਟੋਲ ਨਾਂ ਦੀਆਂ ਬਸਤੀਆਂ ਇਕ ਦੂਜੇ ਤੋਂ ਥੋੜ੍ਹੀ ਦੂਰੀ ਤੇ ਸਨ। ਇਨ੍ਹਾਂ ਦੁਆਲੇ 13ਵੀਂ ਅਤੇ 16ਵੀਂ ਸਦੀ ਵਿਚ ਕੰਧਾਂ ਬਣਾ ਕੇ ਕਿਲਾਬੰਦੀ ਕੀਤੀ ਗਈ ਸੀ। 19ਵੀਂ ਸਦੀ ਤੱਕ ਇਹ ਦੋਵੇਂ ਵੱਖ-ਵੱਖ ਹੀ ਰਹੀਆਂ ਫਿਰ ਪਿੱਛੋਂ ਨਵੀਆਂ ਇਮਾਰਤਾਂ ਦੇ ਬਣਨ ਨਾਲ ਇਹ ਦੋਵੇਂ ਇਕ ਹੋ ਗਈਆਂ। ਇਮਾਰਤ ਉਸਾਰੀ ਦਾ ਬਹੁਤਾ ਕੰਮ 1860 ਤੋਂ 1914 ਦੌਰਾਨ ਹੋ ਗਿਆ। ਇਨ੍ਹਾਂ ਨਵੀਆਂ ਨਵੀਆਂ ਇਮਾਰਤਾਂ ਨਾਲ ਸ਼ਹਿਰ ਆਧੁਨਿਕ ਜਾਪਣ ਲਗ ਪਿਆ।

ਵੀਹਵੀਂ ਸਦੀ ਵਿਚ ਸ਼ਹਿਰ ਦਾ ਵਿਸਤਾਰ ਪੂਰਬ ਤੇ ਪੱਛਮ ਵੱਲ ਵੀ ਹੋਇਆ। ਸੰਨ 1945 ਤੋਂ ਪਿੱਛੋਂ ਤਾਂ ਦਰਿਆ ਦੇ ਦੱਖਣ ਵਾਲੇ ਪਾਸੇ ਵੀ ਰਿਹਾਇਸ਼ੀ ਮਕਾਨ ਬਣਾਏ ਗਏ। ਇਸ ਸ਼ਹਿਰ ਦੀ ਇਤਿਹਾਸਕ ਮਹੱਤਤਾ ਵੀ ਹੈ। ਇਸ ਦਾ ਇਤਿਹਾਸ ਕ੍ਰੋਏਸ਼ੀਆ ਗਣਰਾਜ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਇਸੇ ਸ਼ਹਿਰ ਵਿਚ ਕ੍ਰੋਏਸ਼ੀਆ ਦੀ ਆਜ਼ਾਦੀ ਦੀ ਲਹਿਰ ਪਨਪੀ। ਅਕਤੂਬਰ, 1918 ਵਿਚ ਕ੍ਰੋਏਸ਼ੀਆ ਦੀ ਡਾਇਟ (ਵਿਧਾਨ ਸਭਾ) ਦੀ ਬੈਠਕ ਵੀ ਇਸੇ ਸ਼ਹਿਰ ਵਿਚ ਹੋਈ ਸੀ ਜਿਸ ਨੇ ਆਸਟ੍ਰੀਆ ਹੰਗਰੀ ਨਾਲੋਂ ਸਬੰਧ ਤੋੜ ਕੇ ਕ੍ਰੋਏਸ਼ੀਆ, ਸਲਾਵੇਨੀਆ, ਡੈਲਮੇਸ਼ੀਆ ਨੂੰ ਮਿਲਾ ਕੇ ਇਕ ਵੱਖਰਾ ਰਾਜ ਕਾਇਮ ਕਰ ਲਿਆ ਸੀ। ਅਪ੍ਰੈਲ, 1941 ਵਿਚ ਦੂਜੇ ਮਹਾਂ-ਯੁੱਧ ਦੌਰਾਨ ਮਹਿਵਰੀ ਤਾਕਤਾਂ ਅਧੀਨ ਥੋੜ੍ਹੇ ਸਮੇਂ ਲਈ ਇਹ ਕ੍ਰੋਏਸ਼ੀਆ ਸਾਮਰਾਜ ਦੀ ਰਾਜਧਾਨੀ ਵੀ ਰਿਹਾ।

ਅੱਜਕੱਲ੍ਹ ਇਹ ਸ਼ਹਿਰ ਰੇਲਾਂ ਅਤੇ ਸੜਕਾਂ ਦਾ ਕੇਂਦਰ ਵੀ ਹੈ। ਇਥੋਂ ਦੇ ਪਲੈਸੋ ਹਵਾਈ ਅੱਡੇ ਤੋਂ ਯੂਰਪੀ ਦੇਸ਼ਾਂ ਵੱਲ ਹਵਾਈ ਜਹਾਜ਼ ਚਲਦੇ ਹਨ। ਇਹ ਦੇਸ਼ ਦਾ ਵੱਡਾ ਸੱਨਅਤੀ ਕੇਂਦਰ ਵੀ ਹੈ ਜਿਥੇ ਮਸ਼ੀਨਰੀ, ਬਿਜਲੀ ਦੀਆਂ ਚੀਜ਼ਾਂ, ਸੀਮਿੰਟ, ਕੱਪੜਾ, ਜੁੱਤੀਆਂ, ਰਸਾਇਣ, ਦਵਾਈਆਂ, ਕਾਗਜ਼ ਅਤੇ ਅਖ਼ਬਾਰੀ ਕਾਗਜ਼ ਅਤੇ ਖਾਣ ਪੀਣ ਦੀਆਂ ਵਸਤਾਂ ਤਿਆਰ ਹੁੰਦੀਆਂ ਹਨ।

ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ ਵਿਗਿਆਨ ਅਤੇ ਆਰਟਸ ਦੀ ਅਕਾਦਮੀ, ਯੂਨੀਵਰਸਿਟੀ, ਆਰਟ ਗੈਲਰੀਆਂ, ਅਜਾਇਬ-ਘਰ, ਥੀਏਟਰ ਅਤੇ ਸੰਗੀਤ-ਘਰ ਸ਼ਾਮਲ ਹਨ। ਅਜਾਇਬ-ਘਰਾਂ ਵਿਚ ਕਈ ਪ੍ਰਾਚੀਨ ਵਸਤਾਂ ਸੁਰੱਖਿਅਤ ਪਈਆਂ ਹਨ। ਇਸ ਸ਼ਹਿਰ ਵਿਚ ਅੰਤਰ-ਰਾਸ਼ਟਰੀ ਵਪਾਰਕ ਮੇਲਾ ਵੀ ਲਗਦਾ ਹੈ।

ਆਬਾਦੀ—7,26,770 (1991)

45° 48′ ਉ. ਵਿਥ.; 15° 58′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 10 : 854; ਕੋਲ. ਐਨ. 19 : 638

**ਜਾਂਗਲੀ, ਸ਼ੇਰ ਜੰਗ** : ਇਹ ਪੰਜਾਬੀ ਭਾਸ਼ਾ ਦਾ ਇੰਗਲੈਂਡ ਵਿਚ ਰਹਿੰਦਾ ਇਕ ਉੱਘਾ ਕਵੀ ਸੀ। ਇਸ ਦਾ ਜਨਮ 5 ਮਈ, 1937 ਨੂੰ ਮੋਗਾ (ਪੰਜਾਬ) ਵਿਖੇ ਹੋਇਆ। ਇਸ ਨੇ ਬੀ. ਏ., ਬੀ. ਟੀ. ਤੱਕ ਸਿੱਖਿਆ ਪ੍ਰਾਪਤ ਕੀਤੀ। ਇਸ ਨੇ ਸਟੇਜਾਂ ਤੋਂ ਦੇਸ਼ ਭਗਤੀ ਦੀਆਂ ਕਵਿਤਾਵਾਂ ਬੋਲਣ ਨਾਲ ਆਪਣਾ ਸਾਹਿਤਕ ਜੀਵਨ ਆਰੰਭ ਕੀਤਾ।



ਸ਼ੇਰ ਜੰਗ ਜਾਂਗਲੀ

ਵਲਾਇਤ ਵਿਚ ਜਾਂਗਲੀ ਨੇ ਕਲਮਕਾਰੀ ਦਾ ਆਸਰਾ ਲਿਆ ਅਤੇ ਸੰਪਾਦਨ ਦਾ ਕਿੱਤਾ ਅਪਣਾਇਆ। ਇਸ ਨੇ ਬਦੇਸ਼ਾਂ ਵਿਚ ਪੰਜਾਬੀ ਦੇ ਪ੍ਰਸਾਰ ਲਈ ਉੱਘਾ ਯੋਗਦਾਨ ਪਾਇਆ। ਇਸ ਦੇ ਤਖ਼ੱਲਸ, ਰਚਨਾਵਾਂ ਦੇ ਵਿਸ਼ੇ ਵਸਤੂ, ਰੰਗੀਲੇ ਅਤੇ ਨੋਕੀਲੇ ਅੰਦਾਜ਼ ਤੋਂ ਹਾਸੇ ਤੇ ਵਿਅੰਗ ਦਾ ਛਣਕਾਟਾ ਫੁੱਟਦਾ ਹੈ ਜਿਸ ਵਿਚ ਚੋਭ ਤੇ ਭਾਵੁਕਤਾ ਦਾ ਰਲਵਾਂ ਅਹਿਸਾਸ ਹੈ। ਆਪਣੇ ਵਤਨ ਤੇ ਸਮਾਜ ਦੇ ਆਲੇ-ਦੁਆਲੇ ਤੋਂ ਇਲਾਵਾ ਬਦੇਸ਼ੀ ਪੱਬਾਂ, ਪਾਰਕਾਂ, ਆਰਟ ਗੈਲਰੀਆਂ ਵਿਚ ਘੁੰਮੇ ਜਾਂਗਲੀ ਦੇ ਵਿਸ਼ਾਲ ਤਜਰਬੇ ਨੇ ਇਸ ਦੀਆਂ ਲਿਖਤਾਂ ਨੂੰ ਨਰੋਈ ਰੌ ਪ੍ਰਦਾਨ ਕੀਤੀ ਹੈ। ਇਸਨੇ ਹੇਰਾ-ਫੇਰੀ, ਲੁੱਟ-ਖਸੁੱਟ, ਸਰਮਾਏਦਾਰੀ ਅਤੇ ਸਮਾਜਿਕ ਵਧੀਕੀਆਂ ਵਿਰੁੱਧ ਬੁਲੰਦ ਆਵਾਜ਼ ਵਿਚ ਕਰਾਰੀਆਂ ਚੋਟਾਂ ਲਾਈਆਂ ਹਨ। ਜਾਂਗਲੀ ਦੀਆਂ ਰਚਨਾਵਾਂ ਵਿਚ ਝੁਰ ਝੁਰ (1974), ਉਸਤਾਦ ਕਲਮਤੋੜ (1976), ਅਲਾਦੀਨ ਤੇ ਗੋਰਾ ਜਿੰਨ (1982), ਤਮਾਸ਼ਾ ਜ਼ਖ਼ਮੀ ਦਾ (1983), ਮੇਰੀ ਮਰਨ ਕਥਾ (1987) ਆਦਿ ਸ਼ਾਮਲ

ਹਨ। 'ਨੇਤਾ ਜੀ ਕਾ ਚਮਚਾ' ਅਤੇ 'ਪ੍ਰਗਤੀ ਕੀ ਤਲਾਸ਼ ਮੇਂ' ਇਸ ਦੀਆਂ ਹਿੰਦੀ ਦੀਆਂ ਰਚਨਾਵਾਂ ਹਨ।

ਭਾਸ਼ਾ ਵਿਭਾਗ ਪੰਜਾਬ ਨੇ 1989 ਈ. ਵਿਚ ਇਸ ਨੂੰ ਸ਼੍ਰੋਮਣੀ ਸਾਹਿਤਕਾਰ (ਬਦੇਸ਼ੀ) ਵਜੋਂ ਸਨਮਾਨਿਤ ਕੀਤਾ। ਇਸ ਦੀ ਮੌਤ 23 ਮਈ, 1996 ਨੂੰ ਹੋਈ।

ਹ. ਪੁ.–ਸੁਵਿਨਰ ਸਾ. ਸਨ. ਸਮਾ. 1989–ਭਾ. ਵਿ. ਪੰ.

**ਜਾਗੀਰ ਸਿੰਘ, ਡਾ.** : ਨਿਰਧਾਰਿਤ ਰਾਗਾਂ ਵਿਚ ਸ਼ਬਦ ਗਾਇਨ ਕਰਨ ਵਾਲੇ ਇਸ ਰਾਗੀ ਦਾ ਜਨਮ 4 ਅਕਤੂਬਰ, 1949 ਨੂੰ ਜ਼ਿਲ੍ਹਾ ਪਟਿਆਲਾ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਬਪਰੌਰ ਵਿਖੇ ਭਾਈ ਉੱਤਮ ਸਿੰਘ ਪਤੰਗ ਦੇ ਘਰ ਹੋਇਆ। ਧਾਰਮਿਕ ਅਧਿਐਨ ਅਤੇ ਪੰਜਾਬੀ ਵਿਚ ਐੱਮ. ਏ. ਕਰਨ ਤੋਂ ਇਲਾਵਾ ਇਸ ਨੇ ਗਿਆਨੀ, ਪ੍ਰਭਾਕਰ ਅਤੇ ਪੀ ਐੱਚ. ਡੀ. ਕੀਤੀ। ਇਹ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਗੁਰਬਾਣੀ-ਕੀਰਤਨ ਦੇ ਵਿਸ਼ਾ ਮਾਹਰ ਵਜੋਂ ਕੰਮ ਕਰ ਰਿਹਾ ਹੈ।



ਡਾ. ਜਾਗੀਰ ਸਿੰਘ

ਸ਼ੁੱਧ ਅਤੇ ਸਪਸ਼ਟ ਉਚਾਰਣ, ਸੁਗਮ ਸ਼ੈਲੀ ਤੇ ਹਲਕਾ ਮਧੁਰ ਸੰਗੀਤ ਡਾ. ਜਾਗੀਰ ਸਿੰਘ ਦੇ ਕੀਰਤਨ ਦੇ ਮੀਰੀ ਗੁਣ ਹਨ। ਰਾਗ ਨਾਦ ਤੇ ਲੈਅ ਦੀ ਇਕਸੁਰਤਾ ਵਿਚੋਂ ਪੈਦਾ ਹੋਈਆਂ ਮਧੁਰ ਸੁਰਾਂ ਦਾ ਸੰਗਮ ਸ਼ਾਂਤ ਤੇ ਅਲੌਕਿਕ ਵਾਤਾਵਰਣ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ। ਇਸ ਦੇ ਕੀਰਤਨ ਦੀਆਂ 50 ਤੋਂ ਵੱਧ ਕੈਸਟਾਂ ਦੇਸ਼-ਬਦੇਸ਼ਾਂ ਵਿਚ ਬੜੇ ਪਿਆਰ ਤੇ ਸ਼ਰਧਾ ਨਾਲ ਸੁਣੀਆਂ ਜਾਂਦੀਆਂ ਹਨ। ਇਸ ਦੀਆਂ 39 ਕੈਸਟਾਂ ਵਿਚ ਸੰਪੂਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ, ਅੰਗਰੇਜ਼ੀ ਵਿਚ ਗੁਰਬਾਣੀ ਕੀਰਤਨ, ਦਸ਼ਮ ਪਾਤਸ਼ਾਹ ਦੇ ਸ਼ਬਦ ਅਤੇ ਸਮੂਹ ਗੁਰੂ ਸਾਹਿਬਾਨ ਦੇ ਚੋਣਵੇਂ ਸ਼ਬਦ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

'ਗੁਰੂ ਸਾਹਿਬਾਨ ਦੀ ਬਾਣੀ ਤੇ ਸੰਗੀਤ ਦਾ ਸਬੰਧ' ਬਾਰੇ ਡਾ. ਜਾਗੀਰ ਸਿੰਘ ਦਾ ਥੀਸਿਸ ਹੈ। ਇਸ ਤੋਂ ਇਲਾਵਾ ਇਸ ਦੀਆਂ ਹੋਰ ਰਚਨਾਵਾਂ ਵਿਚ ਮੇਰੇ ਦਾਦਾ ਜੀ, ਗੁਰਮਤਿ ਮੀਮਾਂਸਾ, ਗੁਰਮਤਿ ਸੰਗੀਤ ਅਧਿਐਨ ਆਦਿ ਸ਼ਾਮਲ ਹਨ।

ਗੁਰਮਤਿ ਵਿਦਵਾਨਾਂ ਅਤੇ ਸੰਗੀਤ ਖੋਜੀਆਂ ਨੂੰ ਆਪਣੀ ਇਸ ਵਡਮੁੱਲੀ ਦੇਣ ਕਾਰਨ 1987 ਈ. ਵਿਚ ਇਸ ਨੂੰ ਭਾਈ ਸੰਤਾ ਸਿੰਘ ਰਾਗੀ ਐਵਾਰਡ ਅਤੇ 1989 ਈ. ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸ਼੍ਰੋਮਣੀ ਰਾਗੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ।

ਹ. ਪੁ.–ਸੁਵਿਨਰ ਸਾ. ਸਨ. ਸਮਾ. 1989–ਭਾ. ਵਿ. ਪੰ.

**ਜਾਜ਼ ਸੰਗੀਤ** : ਇਹ ਵੀਹਵੀਂ ਸਦੀ ਦੇ ਸਭ ਤੋਂ ਵੱਧ ਹਰਮਨ ਪਿਆਰੇ ਅਮਰੀਕਨ ਸੰਗੀਤ ਦੀ ਇਕ ਕਿਸਮ ਹੈ। ਸੰਨ 1917 ਵਿਚ 'ਜਾਜ਼' ਸ਼ਬਦ ਪਹਿਲੀ ਵਾਰ ਲਿਖਤ ਵਿਚ ਆਇਆ ਅਤੇ 1962 ਤੱਕ ਇਸ ਦਾ ਸਰਬਪੱਖੀ ਵਿਕਾਸ ਹੋਇਆ। ਇਸਦਾ ਆਰੰਭਕ ਰੂਪ 'ਬਰਾਸ ਬੈਂਡ' ਸੀ। ਸਵਿੰਗ ਅਤੇ ਬਲਿਊਜ਼ ਇਸ ਦੀਆਂ ਪ੍ਰਮੁੱਖ ਸ਼ੈਲੀਆਂ ਹਨ। ਅੱਜਕੱਲ੍ਹ ਜਾਜ਼-ਬੈਂਡ, ਜਾਜ਼-ਗੀਤ ਅਤੇ ਜਾਜ਼-ਨ੍ਰਿਤ ਜਾਣੇ ਪਹਿਚਾਣੇ ਸ਼ਬਦ ਹਨ।

ਜਾਜ਼-ਸੰਗੀਤ ਦੀ ਉਤਪਤੀ ਸ਼ਿਕਾਗੋ, ਨਿਊ ਆਰਲੀਅਨਜ਼ ਅਤੇ ਸੈਂਟਲੂਈ ਦੇ ਪੈਡੂ ਤੋਂ ਹੋਈ। ਇਹ ਅਸਲ ਵਿਚ ਕਾਲੇ ਲੋਕਾਂ ਦੀ ਸੰਗੀਤਕ ਅਭਿਵਿਅਕਤੀ ਸੀ ਜਿਸ ਵਿਚ ਉਨ੍ਹਾਂ ਦੀ ਜੀਵਨ-ਕਰੁਣਾ ਅਤੇ ਵਿਸ਼ਵ-ਸੰਗੀਤਕ ਸਾਂਝ ਸੀ। ਇਸ ਨੇ ਜਾਜ਼-ਸੰਗੀਤ ਦੇ ਰਚਨਾਕਾਰਾਂ ਅਤੇ ਸੰਗੀਤਕਾਰਾਂ ਦੀ ਈਰਖਾ ਅਤੇ ਮੁਕਾਬਲੇਬਾਜ਼ੀ ਨੂੰ ਸਮਾਪਤ ਕਰਕੇ ਠੰਢੀ ਅਤੇ ਗਰਮ ਸੰਗੀਤ ਸ਼ੈਲੀ ਨੂੰ ਜਨਮ ਦਿੱਤਾ।

ਜਾਜ਼-ਨ੍ਰਿਤ ਵਿਚ ਸ਼ਬਦਾਂ ਨਾਲੋਂ ਵਧੇਰੇ ਅੰਗ ਸੰਚਾਲਨ ਦਾ ਮਹੱਤਵ ਹੁੰਦਾ ਹੈ। ਸਵਿੰਗ-ਨ੍ਰਿਤ ਸ਼ੈਲੀ ਵਿਚ ਜਟਿਲ ਅਦਾਕਾਰੀ ਪ੍ਰਸਤੁਤ ਕੀਤੀ ਜਾਂਦੀ ਹੈ। ਜਾਜ਼ ਇਕ ਸਮੂਹਿਕ ਅਤੇ ਸੰਗਠਿਤ ਸੰਗੀਤ ਹੈ ਪਰ ਇਸ ਵਿਚ ਭਾਰਤੀ ਸ਼ਾਸਤਰੀ-ਸੰਗੀਤ ਵਾਂਗ, ਭਾਵ- ਪ੍ਰਦਰਸ਼ਨ ਅਤੇ ਕਲਪਨਾ ਦੁਆਰਾ ਸਮੰਜਨ ਕਰਨ ਦੀ ਖੁਲ੍ਹ ਹੈ। ਸੰਗੀਤਕਾਰ ਝੂਮ-ਝੂਮ ਕੇ, ਨੱਚ ਨੱਚ ਕੇ, ਕਦੇ ਜ਼ੋਰ ਨਾਲ ਚੀਖ ਕੇ ਅਤੇ ਕਦੇ ਹੌਲੀ ਆਵਾਜ਼ ਵਿਚ ਗਾਉਂਦੇ ਅਤੇ ਸਾਜ਼ ਵਜਾਉਂਦੇ ਹਨ। ਇਸ ਸੰਗੀਤ ਨੇ ਯੂਰਪ ਦੇ ਸ਼ਾਸਤਰੀ-ਸੰਗੀਤ ਨੂੰ ਵੀ ਮਾਤ ਪਾ ਦਿੱਤਾ ਹੈ।

ਜਾਜ਼-ਸੰਗੀਤ ਵਿਚ ਇਕ ਅਜੀਬ ਕਿਸਮ ਦਾ ਸੰਵਾਦ ਅਤੇ ਤਾਲ-ਮੇਲ ਹੁੰਦਾ ਹੈ। ਇਸਨੂੰ ਸੰਵਾਦੀ ਤੱਤ 'ਕੌਰਡਜ਼' ਕਿਹਾ ਜਾਂਦਾ ਹੈ। ਉਹ ਆਪਣੀ ਸੰਗੀਤ ਲਿਪੀ ਵਿਚ 'ਨਿਰਧਾਰਤ ਕੌਰਡਜ਼' ਨੂੰ ਦੁਹਰਾਉਣ ਦੀ ਗਿਣਤੀ ਪੂਰਵ ਨਿਸ਼ਚਿਤ ਕਰਕੇ ਲਿਖ ਲੈਂਦੇ ਹਨ। ਬਾਅਦ ਵਿਚ ਹਰੇਕ ਕਲਾਕਾਰ ਉਸੇ ਸੋਧ ਅਨੁਸਾਰ ਵਿਸਤਾਰ ਕਰਨ ਪਿੱਛੋਂ ਨਿਰਧਾਰਿਤ ਕੌਰਡਜ਼ ਨੂੰ ਦੁਹਰਾਉਂਦਾ ਹੈ। ਸੋ ਸੰਖੇਪ ਵਿਚ ਨਿਸ਼ਚਿਤ ਅਤੇ ਅਨਿਸ਼ਚਿਤ ਸੰਗੀਤਕ ਵਿਸਥਾਰ ਨੂੰ ਅਚਾਨਕ ਇਕ ਕੇਂਦਰ ਬਿੰਦੂ ਉੱਤੇ ਸਥਾਪਿਤ ਕਰਨ ਨੂੰ ਜਾਜ਼-ਸੰਗੀਤ ਕਿਹਾ ਜਾਂਦਾ ਹੈ ਜਿਸ ਵਿਚ ਸੰਗੀਤਕ ਨਿਯਮਾਂ ਨੂੰ ਤੋੜਿਆ ਵੀ ਜਾਂਦਾ ਹੈ ਅਤੇ ਜੋੜਿਆ ਵੀ। ਇਸ ਵਿਚ ਹਰੇਕ ਕਲਾਕਾਰ ਦਾ ਮਹੱਤਵ ਬਰਾਬਰ ਹੁੰਦਾ ਹੈ। ਇਹ ਸੰਗੀਤ ਉਤਸ਼ਾਹਜਨਕ, ਉਤੇਜਕ ਅਤੇ ਭਾਵਨਾਤਮਕ ਹੁੰਦਾ ਹੈ। ਇਸੇ ਨਵੀਨਤਾ ਕਰਕੇ ਹੀ ਇਹ ਸਭ ਤੋਂ ਵੱਧ ਪਿਆਰਾ ਹੈ।

–ਦਰਸ਼ਨ ਸਿੰਘ ਨਰੂਲਾ

**ਜਾਜਪੁਰ** : ਇਹ ਭਾਰਤ ਦੇ ਉੜੀਸਾ ਰਾਜ ਦੇ ਕਟਕ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਬੈਤਰਨੀ ਦਰਿਆ ਦੇ ਸੱਜੇ ਕੰਢੇ ਤੇ ਵਸਿਆ ਹੋਇਆ ਹੈ। ਕਿਸੇ ਸਮੇਂ ਕੇਸਰੀ ਦੇ ਰਾਜਿਆਂ ਅਧੀਨ ਜਾਜਪੁਰ ਉੜੀਸਾ ਦੀ ਰਾਜਧਾਨੀ ਸੀ। ਸੋਲ੍ਹਵੀਂ ਸਦੀ ਵਿਚ ਇਥੇ ਮੁਸਲਮਾਨਾਂ ਅਤੇ ਹਿੰਦੂਆਂ ਵਿਚਕਾਰ ਘਮਸਾਣ ਦੀ ਲੜਾਈ ਹੋਈ ਜਿਸ ਨਾਲ ਸਾਰਾ ਸ਼ਹਿਰ ਖੰਡਰਾਤ ਬਣ ਗਿਆ। ਇਥੇ ਕਈ ਦਿਲਚਸਪ ਇਮਾਰਤਾਂ ਹਨ ਜਿਨ੍ਹਾਂ ਵਿਚੋਂ ਬਿਰੋਦਾ ਦੇਵੀ (ਵਿਸ਼ਨੂੰ ਦਾ ਸੁਰ ਸਰੂਪ) ਦਾ ਮੰਦਰ ਅਤੇ ਇਕ ਵੱਡਾ ਸਾਰਾ ਸੂਰਜ-ਸਤੂਪ ਹੈ ਜੋ ਸ਼ਹਿਰ ਦੇ ਬਾਹਰ ਇਕ ਮੀਲ ਦੀ ਦੂਰੀ ਤੇ ਇਕ ਵੱਡੇ ਚਬੂਤਰੇ ਉੱਤੇ ਬੜੇ ਵੱਡੇ-ਵੱਡੇ ਅਤੇ ਸੋਹਣੇ ਪੱਥਰਾਂ ਦਾ ਬਣਾਇਆ ਹੋਇਆ ਹੈ। ਜੇ ਮੰਦਰ ਵੀ ਇਸ ਦੇ ਆਕਾਰ ਦਾ ਹੋਵੇ ਤਾਂ ਕਿਆਸ ਕੀਤਾ ਜਾਂਦਾ ਹੈ ਕਿ ਇਹ ਬਹੁਤ ਵੱਡੇ ਆਕਾਰ ਦਾ ਹੋਵੇਗਾ ਪਰ ਹੁਣ ਮੰਦਰ ਦਾ ਇਥੇ ਕੋਈ ਨਿਸ਼ਾਨ ਨਹੀਂ ਤੇ ਇਹ ਸਤੂਪ ਵੀ ਕੇਵਲ ਇਸ ਦੇ ਭਾਰ ਕਾਰਨ ਹਿਲਾਇਆ ਨਾ ਜਾ ਸਕਣ ਕਰਕੇ ਹੀ ਇਥੇ ਰਹਿ ਗਿਆ ਲਗਦਾ ਹੈ। ਇਸ ਤੋਂ ਇਲਾਵਾ ਇਥੇ ਕਈ ਪੁਰਾਣੇ ਹਿੰਦੂ ਦੇਵੀ ਦੇਵਤਿਆਂ ਦੇ ਬੁੱਤ ਵੀ ਵੇਖਣ ਵਿਚ ਆਉਂਦੇ ਹਨ। ਇਹ ਹਿੰਦੂ ਕਲਾ ਦੇ ਚੰਗੇ ਨਮੂਨੇ ਹਨ ਪਰ ਇਨ੍ਹਾਂ ਉੱਤੇ ਮੁਸਲਮਾਨੀ ਲੁੱਟ ਮਾਰ ਦੇ ਨਿਸ਼ਾਨ ਵੀ

ਫ ਦਿੱਸਦੇ ਹਨ। ਇਥੇ ਦਰਿਆ ਦੇ ਕੰਢੇ ਤੇ ਇਕ ਛੋਟੀ ਜਿਹੀ ਹਨੇਰੀ ਗ਼ਰੀ ਵਿਚ 'ਮਦਰਜ਼ ਆਫ਼ ਅਰਥ' ਦੇ ਮੱਧਮ ਜਿਹੇ ਆਕਾਰ ਹਨ। ਸ ਤੋਂ ਇਲਾਵਾ ਨਵਾਬ ਅਬੂ ਨਸੀਰ ਦੀ 17ਵੀਂ ਸਦੀ ਦੀ ਬਣਵਾਈ ਕ ਮੁਸਲਮਾਨੀ ਮਸੀਤ ਵੀ ਇਥੇ ਹੈ। ਸੰਨ 1869 ਤੋਂ ਇਥੇ ਉਂਸਪਲਟੀ ਹੈ।

ਆਬਾਦੀ–27,312 (1991)

20° 51' ਉ. ਵਿਥ.; 86° 20' ਪੂ. ਲੰਬ.

ਹ. ਪੁ. -ਇੰਪ ਗ. ਇੰਡ. 14 : 11

**ਜਾਂਜੀ ਦਰਿਆ** : ਭਾਰਤ ਦੇ ਨਾਗਾਲੈਂਡ ਰਾਜ ਦਾ ਇਕ ਰਿਆ ਹੈ ਜਿਹੜਾ ਨਾਗਾ ਹਿਲਜ਼ ਉੱਪਰ ਮੋਕੋਕਚੁੰਗ ਦੇ ਸਥਾਨ ੜਿਓਂ ਨਿਕਲਦਾ ਹੈ। ਅੱਗੋਂ ਸਿਬਸਾਗਰ ਜ਼ਿਲ੍ਹੇ ਵਿਚੋਂ ਉੱਤਰ ਦੀ ਦਿਸ਼ਾ ਚ ਵਹਿੰਦਾ ਹੋਇਆ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦਾ ਹੈ। ਸ ਦੀ ਕੁੱਲ ਲੰਬਾਈ 112 ਕਿ. ਮੀ. ਹੈ। ਆਪਣੇ ਵਹਿਣ ਵਿਚ ਇਹ ਬਸਾਗਰ ਅਤੇ ਜੋਰਹਟ ਵਿਚਲੀ ਹੱਦ ਵੀ ਬਣਾਉਂਦਾ ਹੈ। ਖੁਸ਼ਕ ਸਮ ਵਿਚ ਇਸ ਦਾ ਪਾਣੀ ਬਹੁਤ ਘੱਟ ਜਾਂਦਾ ਹੈ। ਵਰਖਾ ਵਾਲੇ ਮੌਸਮ ਚ ਇਸ ਵਿਚ ਜਹਾਜ਼ਾਂ ਰਾਹੀਂ ਤਮਾਕੂ, ਲੂਣ, ਤੇਲ ਅਤੇ ਸੀਰਾ ਆਦਿ ਸਤਾਂ ਦੀ ਢੋਅ-ਢੁਆਈ ਹੁੰਦੀ ਹੈ। ਜਾਂਜੀ ਦਰਿਆ ਉੱਤੇ ਆਸਾਮ-ਗਾਲ ਰੇਲਵੇ ਦਾ ਪੁਲ ਵੀ ਬਣਿਆ ਹੋਇਆ ਹੈ।

ਹ. ਪੁ. -ਇੰਪ. ਗ. ਇੰਡ. 14: 149

**ਜਾਟੀਨੋ** : ਇਸ ਮੁਢਲੇ ਫਲੋਰਨਟਾਈਨ ਚਿੱਤਰਕਾਰ ਨੂੰ ਜਾਟੋ ਮੀਸਟਰੋ ਦਾ ਸਟੈਫਨੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸੰਨ 368 ਦੇ ਚਿੱਤਰਕਾਰਾਂ ਦੇ ਗਿਲਡ ਦੇ ਰਿਕਾਰਡ ਵਿਚ ਇਸ ਦਾ ਨਾਂ ਜੂਦ ਹੈ। ਵੈਟੀਕਨ ਵਿਖੇ ਚਿੱਤਰਕਾਰੀ ਵਿਚ ਸਹਾਇਤਾ ਦੇਣ ਲਈ ਸ ਨੂੰ 1369 ਵਿਚ ਰੋਮ ਬੁਲਾਇਆ ਗਿਆ। ਅਸੀਸੀ ਦੇ ਗਿਰਜੇ ਚ ਵਰਜਿਨ ਦੀ ਤਾਜਪੋਸ਼ੀ ਦਾ ਕੰਧ ਚਿੱਤਰ ਅਤੇ ਸੇਂਟ ਨਿਕੋਲਸ ਦੀ ਥਾ ਦੇ ਦੋ ਦ੍ਰਿਸ਼ ਇਸ ਦੇ ਸ਼ੁਰੂ ਦੇ ਸਮੇਂ ਦੀਆਂ ਕਿਰਤਾਂ ਹਨ। ਇਹ ਰਤਾਂ ਇਸ ਦੀ ਬਾਅਦ ਦੀ ਸ਼ੈਲੀ ਨਾਲੋਂ ਭਿੰਨ ਹਨ ਜਿਵੇਂ ਕਿ ਫ਼ਲੋਰੈਂਸ ਬਾਰਡੀ ਪਰਿਵਾਰ ਦੇ ਗਿਰਜੇ ਦੇ ਚਿੱਤਰਾਂ ਤੋਂ ਪ੍ਰਤੱਖ ਹੁੰਦਾ ਹੈ ਜਿਨ੍ਹਾਂ ਚ ਪੋਪ ਸੇਂਟ ਸਿਲਵੈਸਟਰ ਦੀਆਂ ਕਰਾਮਾਤਾਂ ਨੂੰ ਦਰਸਾਇਆ ਗਿਆ । ਇਸ ਦੇ ਪਿਛਲੇਰੇ ਚਿੱਤਰ ਸਜੀਵ ਹਨ। ਇਨ੍ਹਾਂ ਵਿਚ ਪੁਖ਼ਤਗੀ ਅਤੇ ਹਿਜ ਹੈ। ਫ਼ਲੋਰੈਂਸ ਵਿਚ ਉਫੀਜੀ ਵਿਖੇ 'ਡਿਸੈਂਟ ਫ੍ਰਾਮ ਦੀ ਕ੍ਰੱਾਸ' ਦਾ ਚੱਤਰ ਵੀ ਇਸੇ ਦੇ ਨਾਂ ਨਾਲ ਜੋੜਿਆ ਜਾਂਦਾ ਹੈ।

ਹ. ਪੁ. -ਐਨ. ਬ੍ਰਿ. ਮਾ. 4: 551; ਐਨ. ਬ੍ਰਿ. 10: 427

**ਜਾਤਕ** : ਭਗਵਾਨ ਬੁੱਧ ਦੇ ਪੂਰਬਲੇ ਜਨਮਾਂ ਨਾਲ ਸਬੰਧਤ ਥਾਵਾਂ ਨੂੰ ਪਾਲੀ ਸਾਹਿਤ ਵਿਚ 'ਜਾਤਕ' ਆਖਿਆ ਜਾਂਦਾ ਹੈ। ਬੁੱਧਤਵ ਪ੍ਰਾਪਤ ਕਰਨ ਤੋਂ ਪਹਿਲਾਂ ਦੇ ਜਨਮਾਂ ਵਿਚ ਦਾਨਸ਼ੀਲ ਆਦਿ ਸਾਧਨਾਂ ਦੁਆਰਾ ਬੋਧ ਦੀ ਪ੍ਰਾਪਤੀ ਲਈ ਯਤਨ ਕਰ ਰਹੇ ਵਿਅਕਤੀ ਨੂੰ 'ਬੋਧਿਸਤਵ' ਆਖਿਆ ਜਾਂਦਾ ਹੈ ਤੇ ਉਸ ਦੇ ਜੀਵਨ ਦੀ ਕਿਸੇ ਉਪਦੇਸ਼ਾਤਮਕ ਘਟਨਾ ਦੇ ਬਿਆਨ ਨੂੰ 'ਜਾਤਕ' ਆਖਿਆ ਜਾਂਦਾ ਹੈ। ਪਾਲੀ ਤ੍ਰਿਪਿਟਕ ਵਿਚ ਜਾਤਕਾਂ ਦਾ ਸਥਾਨ ਸੁੱਤਪਿਟਕ ਦੇ ਪੰਜਵੇਂ ਭਾਗ 'ਖੁਦਕ ਨਿਕਾਯ' ਦੇ ਅੰਤਰਗਤ ਹੈ ਤੇ ਇਸ ਭਾਗ ਦਾ ਨਾਮ ਜਾਤਕ ਹੈ। 'ਚੁੱਲਨਿਦੇਸ' ਅਨੁਸਾਰ ਜਾਤਕਾਂ ਦੀ ਗਿਣਤੀ 500 ਹੈ ਪਰ ਪ੍ਰਾਪਤ ਜਾਤਕਾਂ ਦੀ ਗਿਣਤੀ 547 ਜਾਂ 548 ਹੈ। ਇਸ ਗਿਣਤੀ ਦੇ ਫ਼ਰਕ ਦਾ ਕਾਰਨ ਇਹ ਵੀ ਹੈ ਕਿ ਕਿਤੇ ਕਿਤੇ ਇਕ ਜਾਤਕ ਦੇ ਦੋ ਜਾਂ ਦੋ ਦਾ ਇਕ ਜਾਤਕ ਬਣਾ ਦਿੱਤੇ ਗਏ ਹਨ। ਅਸਲ ਵਿਚ ਇਨ੍ਹਾਂ ਜਾਤਕਾਂ ਦੀ ਰਚਨਾ 'ਸੁੱਤਪਿਟਕ' ਤੇ 'ਵਿਨਯਪਿਟਕ' ਦੇ ਆਧਾਰ ਤੇ ਹੀ ਕੀਤੀ ਗਈ ਹੈ। ਜੇਕਰ ਇਨ੍ਹਾਂ ਕਥਾਵਾਂ ਨੂੰ ਵੱਖ ਵੱਖ ਲਿਆ ਜਾਵੇ ਤਾਂ ਪਾਲੀ ਸਾਹਿਤ ਦੇ ਜਾਤਕ ਖੰਡ ਵਿਚ 3000 ਕਹਾਣੀਆਂ ਮੌਜੂਦ ਹਨ।

ਹਰ ਜਾਤਕ ਦੇ ਪੰਜ ਹਿੱਸੇ ਹੁੰਦੇ ਹਨ। ਇਨ੍ਹਾਂ ਵਿਚ ਕ੍ਰਮਵਾਰ ਤਤਕਾਲੀਨ ਬੁੱਧ ਜੀਵਨ ਦੀ ਘਟਨਾ, ਉਸ ਘਟਨਾ ਨਾਲ ਸਬੰਧਤ ਪੂਰਬਲੇ ਦਾ ਬਿਰਤਾਂਤ, ਵਿਸ਼ੇ ਨਾਲ ਸਬੰਧਤ ਛੰਦਬੱਧ ਇਕ ਜਾਂ ਅਨੇਕਾਂ ਗਾਥਾਵਾਂ, ਉਨ੍ਹਾਂ ਗਾਥਾਵਾਂ ਦੇ ਅਰਥ-ਵਿਸਥਾਰ ਅਤੇ ਪਹਿਲੇ ਜਨਮਾਂ ਵਿਚ ਆਏ ਪਾਤਰਾਂ ਦੇ ਬੁੱਧ ਦੇ ਸਮਕਾਲੀ ਵਿਅਕਤੀਆਂ ਨਾਲ ਸਬੰਧ ਦਰਸਾਏ ਜਾਂਦੇ ਹਨ। ਜਾਤਕ ਸਾਹਿਤ ਬਾਰੇ ਰਾਈਸ ਡੇਵਿਡਜ਼ ਨੇ ਹੇਠ ਲਿਖੇ ਤੱਥ ਸਥਾਪਿਤ ਕੀਤੇ ਹਨ :–

1. ਮੂਲ ਰੂਪ ਵਿਚ ਜਾਤਕ ਸਿਰਫ਼ ਗਾਥਾਤਮਕ ਸਨ ਤੇ ਉਨ੍ਹਾਂ ਦੀ ਰਚਨਾ ਅਸ਼ੋਕ ਤੋਂ ਪਹਿਲਾਂ ਮੱਧ ਪ੍ਰਦੇਸ਼ ਵਿਚ ਹੋਈ ਸੀ।

2. ਇਨ੍ਹਾਂ ਦੇ ਆਧਾਰ ਤੇ ਵਿਸਥਾਰਪੂਰਬਕ ਕਥਾ ਕਹਿਣ ਦੀ ਮੌਖਿਕ ਪਰੰਪਰਾ ਚਲਦੀ ਸੀ।

3. ਤੀਜੀ ਸਦੀ ਦੇ ਪੱਥਰਾਂ ਤੇ ਉਲੀਕੇ ਅਜਿਹੇ ਚਿੱਤਰ ਸਾਂਚੀ, ਭਰਹੁਤ ਆਦਿ ਸਥਾਨਾਂ ਤੇ ਮਿਲਦੇ ਹਨ ਜਿਨ੍ਹਾਂ ਵਿਚ ਅਨੇਕਾਂ ਜਾਤਕ ਕਥਾਵਾਂ ਨੂੰ ਚਿੱਤਰਿਆ ਗਿਆ ਹੈ।

4. ਪਾਲੀ ਤ੍ਰਿਪਿਟਕ ਦੇ ਹੋਰ ਗ੍ਰੰਥਾਂ ਵਿਚ ਅਜਿਹੀਆਂ ਜਾਤਕ ਕਥਾਵਾਂ ਮਿਲਦੀਆਂ ਹਨ ਜੋ ਉਨ੍ਹਾਂ ਦੇ ਜਾਤਕ ਖੰਡ ਵਿਚ ਮਿਲਦੀਆਂ ਕਥਾਵਾਂ ਨਾਲੋਂ ਮੁਕਾਬਲਤਨ ਜ਼ਿਆਦਾ ਪ੍ਰਾਚੀਨ ਹਨ।

5. ਇਨ੍ਹਾਂ ਸਭ ਤੋਂ ਪ੍ਰਾਚੀਨ ਜਾਤਕਾਂ ਦੇ ਸਰੂਪ ਉਪਮਾਂ, ਰੂਪਕ ਜਾਂ ਉਪਖਿਆਨ ਆਦਿ ਮਾਤਰ ਹੀ ਹੈ। ਉਨ੍ਹਾਂ ਵਿਚ ਨਾ ਗਾਥਾਵਾਂ ਹਨ ਅਤੇ ਨਾ ਹੀ ਕਥਾ ਦੀ ਪੂਰੀ ਰੂਪ-ਰੇਖਾ ਹੈ। ਉਨ੍ਹਾਂ ਵਿਚ ਬੁੱਧ ਆਪਣੇ ਪੂਰਬਲੇ ਜਨਮਾਂ ਵਿਚ ਕਿਸੇ ਪਸ਼ੂ ਜੂਨ ਜਾਂ ਸਾਧਾਰਨ ਮਨੁੱਖ ਦੇ ਰੂਪ ਵਿਚ ਪਰਗਟ ਹੁੰਦੇ ਹਨ।

6. ਅੱਜਕੱਲ੍ਹ ਪ੍ਰਚੱਲਤ ਜਾਤਕ ਅਸਲ ਵਿਚ ਤ੍ਰਿਪਿਟਕ ਵਾਲੇ ਜਾਤਕ ਨਹੀਂ ਹਨ ਸਗੋਂ ਉਸ ਦੇ ਅੱਠਕਥਾਵਾਂ ਨਾਮੀ ਟੀਕੇ ਹਨ ਜੋ ਹੋ ਸਕਦਾ ਹੈ, ਲੰਕਾ ਵਿਚ 5ਵੀਂ ਸਦੀ ਵਿਚ ਕਿਸੇ ਅਗਿਆਤ ਲੇਖਕ ਦੁਆਰਾ ਲਿਖੇ ਗਏ ਸਨ।

7. ਉਪਰ ਦੱਸੇ ਜਾਤਕ ਦੇ ਪੰਜ ਹਿੱਸੇ ਅਸਲ ਵਿਚ ਅੱਠਕਥਾ ਦੇ ਹੀ ਹਨ।

8. ਇਹ ਅੱਠਕਥਾ ਸਿੰਹਲੀ ਭਾਸ਼ਾ ਵਿਚ ਲਿਖੀ ਗਈ ਸੀ ਜੋ ਹੁਣ ਮਿਲਦੀ ਨਹੀਂ ਹੈ। ਹੁਣ ਉਸ ਦਾ ਪਾਲੀ ਅਨੁਵਾਦ ਪ੍ਰਚੱਲਤ ਹੈ।

9. ਅੱਜਕੱਲ੍ਹ ਜੋ ਜਾਤਕ ਮਿਲਦੇ ਹਨ, ਉਨ੍ਹਾਂ ਵਿਚੋਂ ਬਹੁਤਿਆਂ ਵਿਚ ਤੀਸਰੀ ਸਦੀ ਈ. ਪੂ. ਦੀ ਪਰੰਪਰਾ ਸਾਂਭੀ ਹੋਈ ਹੈ।

10. ਜਾਤਕਾਂ ਵਿਚ ਦਰਸਾਏ ਸਮਾਜਿਕ ਤੇ ਰਾਜਨੀਤਿਕ ਹਾਲਾਤ ਮੁੱਖ ਰੂਪ ਵਿਚ ਉਹ ਹਨ ਜੋ ਬੁੱਧ ਕਾਲ ਤੋਂ ਪਹਿਲਾਂ ਉੱਤਰੀ ਭਾਰਤ ਵਿਚ ਸਨ।

11. ਮੂਲ ਜਾਤਕਾਂ ਦੇ ਨਿਰਮਾਣ ਕਾਲ ਵਿਚ ਉਨ੍ਹਾਂ ਦੀਆਂ ਵਧੇਰੇ ਕਰਕੇ ਕਥਾਵਾਂ ਸਿੱਧੀਆਂ ਉੱਤਰੀ ਭਾਰਤ ਦੀਆਂ ਲੋਕ ਕਥਾਵਾਂ ਵਿਚੋਂ ਲਈਆਂ ਗਈਆਂ ਹਨ।

12. ਜਾਤਕਾਂ ਦੇ ਸੂਖਮ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਛੋਟੇ ਜਾਤਕ ਜ਼ਿਆਦਾ ਪ੍ਰਾਚੀਨ ਹਨ।

13. ਸਾਰੇ ਜਾਤਕਾਂ ਵਿਚ ਗਾਥਾਵਾਂ ਹਨ ਪਰ ਕਈ ਜਾਤਕਾਂ ਵਿਚ ਇਹ ਗਾਥਾਵਾਂ ਕਥਾਨਕ ਦੇ ਪ੍ਰਸੰਗ ਨਾਲ ਸਬੰਧਤ ਨਹੀਂ ਹਨ। ਸੰਭਵ ਹੈ ਉਹ ਮੌਲਿਕ ਭਾਰਤੀ ਲੋਕ ਕਥਾਵਾਂ ਹੋਣ।

14. ਕੁਝ ਗਾਥਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਕਥਾ ਵਿਚਲੀਆਂ ਗਾਥਾਵਾਂ ਗੀਤ ਮਾਤਰ ਹਨ ਤੇ ਉਹ ਆਖਿਆਨ ਦਾ ਅੰਗ ਨਹੀਂ ਹਨ। ਇਨ੍ਹਾਂ ਨੂੰ ਵੀ ਮੂਲ ਭਾਰਤੀ ਲੋਕ ਕਥਾਵਾਂ ਮੰਨਿਆ ਜਾ ਸਕਦਾ ਹੈ।

15. ਇਹ ਜਾਤਕ ਸੰਸਾਰ-ਭਰ ਵਿਚ ਪ੍ਰਾਪਤ ਲੋਕ-ਸਾਹਿਤ ਵਿਚ ਸਭ ਤੋਂ ਵੱਧ ਪ੍ਰਮਾਣਿਕ, ਅਤਿਅੰਤ ਸੰਪੂਰਨ ਤੇ ਸਭ ਤੋਂ ਪ੍ਰਾਚੀਨ ਲੋਕ ਕਥਾਵਾਂ ਦੇ ਸੰਗ੍ਰਹਿ ਹਨ।

ਵਿਸ਼ੇ ਦੀ ਦ੍ਰਿਸ਼ਟੀ ਤੋਂ ਵਿੰਟਰਨਿਤਸ ਨੇ ਜਾਤਕਾਂ ਦੇ ਸੱਤ ਭਾਗ ਕੀਤੇ ਹਨ, ਵਿਹਾਰਕ ਚਤੁਰਾਈ, ਪਸ਼ੂ-ਪੰਛੀ ਕਲਪਨਾ, ਮਨੋਰੰਜਨ, ਰੋਮਾਂਟਿਕ ਉਪਨਿਆਸ, ਨੀਤੀ ਕਹਾਵਤ ਤੇ ਧਾਰਮਿਕ ਬਿਰਤਾਂਤ। ਅਸਲ ਵਿਚ ਜਾਤਕਾਂ ਦੀ ਵੰਡ 22 ਨਿਪਾਤਾਂ ਵਿਚ ਕੀਤੀ ਗਈ ਹੈ।

ਜਾਤਕਾਂ ਵਿਚ ਕਾਫ਼ੀ ਉਪਯੋਗੀ ਭੂਗੋਲਕ ਸੂਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਵਿਮਲਚਰਣ ਲਾ ਨੇ ਬੁੱਧਕਾਲੀਨ ਭੂਗੋਲ ਦਾ ਨਿਰਮਾਣ ਕੀਤਾ ਹੈ। ਜਾਤਕਾਂ ਵਿਚ ਵੱਖ ਵੱਖ ਰਾਸ਼ਟਰਾਂ, ਰਾਜਬੰਸਾਂ, ਰਾਜਿਆਂ, ਜਨਤਾ ਦੇ ਰੋਜ਼ਗਾਰ ਤੇ ਧੰਦਿਆਂ ਤੇ ਅਨੋਖੀਆਂ ਮਨੁੱਖੀ ਪ੍ਰਵਿਰਤੀਆਂ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ ਜਿਸ ਦੇ ਆਧਾਰ ਤੇ ਵਿਦਵਾਨਾਂ ਨੇ ਉਸ ਸਮੇਂ ਦੇ ਸਮਾਜਕ, ਰਾਜਨੀਤਿਕ ਤੇ ਧਾਰਮਿਕ ਹਾਲਾਤ ਬੜੀ ਆਸਾਨੀ ਨਾਲ ਲਿਖੇ ਹਨ।

ਜਾਤਕਾਂ ਵਿਚ ਵੈਦਿਕ ਆਖਿਆਨ, ਰਾਮਾਇਣ, ਮਹਾਂਭਾਰਤ ਦੀਆਂ ਕਥਾਵਾਂ, ਪੰਚਤੰਤਰ, ਹਿਤੋਪਦੇਸ਼, ਬ੍ਰਿਹਤਕਥਾ, ਕਥਾ ਸਹਿਤ-ਸਾਗਰ ਆਦਿ ਦੀਆਂ ਕਥਾਵਾਂ ਦੇ ਪੂਰਵ ਰੂਪ ਮਿਲਦੇ ਹਨ ਪਰ ਈਸਾ ਦੀਆਂ ਕਹਾਣੀਆਂ, ਬਾਈਬਲ ਸੰਤਾਂ, ਅਰਬੀ ਅਲਫ਼ ਲੈਲਾ ਤੇ ਯੂਨਾਨ, ਇਟਲੀ, ਸਪੇਨ, ਫ਼ਰਾਂਸ ਆਦਿ ਦੇਸ਼ਾਂ ਦੀਆਂ ਲੋਕ ਕਥਾਵਾਂ ਦੇ ਬੀਜ ਇਨ੍ਹਾਂ ਜਾਤਕ ਕਥਾਵਾਂ ਵਿਚ ਖਿਲਰੇ ਪਏ ਹਨ। ਜਰਮਨ ਵਿਦਵਾਨ ਬੇਨਫ਼ੀ ਨੇ ਜਾਤਕਾਂ ਨੂੰ ਵਿਸ਼ਵ ਕਥਾ-ਸਹਿਤ ਦਾ ਆਦਿ ਸ੍ਰੋਤ ਮੰਨਿਆ ਹੈ। ਇਸ ਤਰ੍ਹਾਂ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਦੀ ਪ੍ਰਾਚੀਨ ਸੱਭਿਅਤਾ ਤੇ ਸਾਹਿਤ ਦੇ ਇਤਿਹਾਸ ਲਈ ਜਾਤਕ ਅਤਿਅੰਤ ਮਹੱਤਵਪੂਰਨ ਤੇ ਅਨੁਪਮ ਸਾਮੱਗਰੀ ਨਾਲ ਭਰਪੂਰ ਹਨ।

ਹ. ਪੁ. -ਹਿੰ. ਵਿ. ਕੋ. 4 : 453

**ਜਾਤਰਾ** : ਇਹ ਬੰਗਾਲ ਦਾ ਲੋਕ-ਨਾਚ ਅਤੇ ਡਰਾਮਾ ਹੈ ਜੋ ਕਿ ਪਿਛਲੇ 400 ਸਾਲ ਤੋਂ ਪੁਰਾਣਾ ਹੈ। ਇਸ ਨੂੰ ਸਫ਼ਰੀ ਮੰਡਲੀਆਂ ਕਰਦੀਆਂ ਹਨ। ਇਸ ਨੂੰ ਸੰਗੀਤ-ਨਾਟ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਨੱਚਣ ਦੇ ਨਾਲ ਨਾਲ ਗੀਤ ਵੀ ਗਾਏ ਜਾਂਦੇ ਹਨ। ਪੁਰਾਤਨ ਕਾਲ ਵਿਚ ਇਸ ਦਾ ਵਿਸ਼ਾ ਕ੍ਰਿਸ਼ਨ ਲੀਲਾ ਤੇ ਆਧਾਰਤ ਸੀ ਪਰ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਇਸ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਦਾ ਵਰਣਨ ਕੀਤਾ ਜਾਣ ਲਗਾ। ਇਹ ਨਾਚ ਸਿਰਫ਼ ਆਦਮੀ ਹੀ ਕਰਦੇ ਹਨ। ਕੇਰਲ ਦੇ ਰਵਾਇਤੀ ਨਾਚ ਕਥਾਕਲੀ ਵਾਂਗ ਇਸ ਵਿਚ ਲੜਕੇ ਲੜਕੀਆਂ ਦਾ ਰੋਲ ਕਰਦੇ ਹਨ। ਇਹ ਨਾਚ ਅਤੇ ਅਦਾਕਾਰੀ ਦੀ ਸਰਲ ਅਤੇ ਸਪਸ਼ਟ ਸ਼ੈਲੀ ਅਪਨਾਉਂਦੇ ਹਨ ਜਿਸ ਨਾਲ ਕਹਾਣੀ ਪੂਰੀ ਤਰ੍ਹਾਂ ਬਿਆਨ ਹੋ ਜਾਵੇ। ਇਸ ਨਾਚ ਦੀ ਸੰਗਤ ਮਧੁਰ ਲੈਅ, ਗਾਣਾ ਅਤੇ ਸੰਗੀਤਕ ਸਾਜ਼ ਕਰਦੇ ਹਨ।

ਹ. ਪੁ. -ਐਨ. ਇ. 1 : 530; ਡਾਂਸ ਇਨ ਇੰਡੀਆ—ਮੀਨਕਸ਼ੀ ਭਵਾਨੀ

**ਜਾਤੀਮਲਿਕ** : ਇਹ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਸੇਵਕ ਇਕ ਬ੍ਰਾਹਮਣ ਸਿੱਖ ਸੀ। ਇਹ ਸੋਢੀਆਂ ਦਾ ਪੁਰੋਹਿਤ ਸੀ। ਇਸ ਨੇ ਅੰਮ੍ਰਿਤਸਰ ਦੀ ਜੰਗ ਵਿਚ ਬੜੀ ਬੀਰਤਾ ਦਿਖਾਈ ਸੀ। ਇਸ ਦੇ ਪੁੱਤਰ ਦਾ ਨਾਂ ਦਯਾ ਰਾਮ ਸੀ। ਦਯਾ ਰਾਮ ਵੀ ਇਕ ਮਹਾਨ ਯੋਧਾ ਸੀ। ਉਸ ਨੇ ਭੰਗਾਣੀ ਦੀ ਜੰਗ ਵਿਚ ਬੜੀ ਸੂਰਬੀਰਤਾ ਨਾਲ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਸੀ।

ਜਾਤੀਮਲਿਕ ਦੀ ਮੌਤ 1642 ਈ. (ਸੰਮਤ 1699) ਵਿਚ ਹੋਈ।

ਹ. ਪੁ. -ਮ. ਕੋ.

**ਜਾਦੂਕਾਟਾ** : ਇਹ ਮੇਘਾਲਿਆ (ਭਾਰਤ) ਦਾ ਇਕ ਦਰਿਆ ਹੈ। ਇਸ ਦੀ ਕੁੱਲ ਲੰਬਾਈ 180 ਕਿ. ਮੀ. ਦੇ ਲਗਭਗ ਹੈ। ਇਹ ਖਾਸੀ ਪਹਾੜੀਆਂ ਵਿਚੋਂ ਨਿਕਲਦਾ ਹੈ। ਇਥੇ ਇਸ ਨੂੰ ਕਯਚਿਆਂਗ ਜਾਂ ਪਨ ਤੀਰਥਾ ਕਿਹਾ ਜਾਂਦਾ ਹੈ। ਇਥੋਂ ਕੁਝ ਚਿਰ ਪੱਛਮ ਅਤੇ ਦੱਖਣ ਦਿਸ਼ਾ ਵਿਚ ਵਹਿਣ ਤੋਂ ਬਾਅਦ ਇਹ ਸਿਲਹਟ ਦੇ ਮੈਦਾਨ ਵਿਚ ਦਾਖ਼ਲ ਹੁੰਦਾ ਹੈ। ਇਥੋਂ ਇਹ ਦੋ ਮੁੱਖ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਪੂਰਬੀ ਸ਼ਾਖਾ ਨੂੰ ਪਾਟਲਾਈ ਅਤੇ ਥੋੜ੍ਹੀ ਹੋਰ ਅੱਗੇ ਜਾ ਕੇ ਬੁਨਾਈ ਕਿਹਾ ਜਾਂਦਾ ਹੈ। ਪੱਛਮੀ ਸ਼ਾਖਾ ਨੂੰ ਪਿਯਾਇਣ ਕਿਹਾ ਜਾਂਦਾ ਹੈ। ਇਹ ਦੋਵੇਂ ਸ਼ਾਖਾਵਾਂ ਬਾਅਦ ਵਿਚ ਕਾਂਗਸਾ ਵਿਚ ਡਿਗ ਜਾਂਦੀਆਂ ਹਨ। ਅਖ਼ੀਰ ਵਿਚ ਦੋਵੇਂ ਇਕੱਠੀਆਂ ਹੋ ਜਾਂਦੀਆਂ ਹਨ ਤੇ ਇਹ ਦਰਿਆ ਮੈਮਨ ਸਿੰਘ ਜ਼ਿਲ੍ਹੇ ਵਿਚ ਹਾਬੀ ਗੰਜ ਦੇ ਥੋੜ੍ਹਾ ਜਿਹਾ ਪੱਛਮ ਵੱਲ ਸੁਰਮਾ ਦਰਿਆ ਵਿਚ ਮਿਲ ਜਾਂਦਾ ਹੈ। ਇਹ ਬਹੁਤਾ ਕਰਕੇ ਵਪਾਰਕ ਮਾਰਗ ਦੇ ਤੌਰ ਤੇ ਵਰਤਿਆ ਜਾਂਦਾ ਹੈ ਜਿਸ ਦੁਆਰਾ ਖਾਸੀ ਪਹਾੜੀਆਂ ਦੀ ਉਪਜ ਨੂੰ ਬਾਹਰ ਲਿਜਾਇਆ ਜਾਂਦਾ ਹੈ। ਬਰਸਾਤਾਂ ਵਿਚ ਇਸ ਵਿਚ ਅਕਸਰ ਹੜ੍ਹ ਆਉਂਦੇ ਹਨ।

ਹ. ਪੁ. -ਇੰਪ. ਗ. ਇੰਡ. 13 : 374

**ਜਾਦੂ-ਟੂਣਾ** : ਇਸ ਨੂੰ ਜੰਤਰ-ਮੰਤਰ ਅਥਵਾ ਯੰਤਰ-ਮੰਤਰ, ਟੋਟਕਾ ਆਦਿ ਵੀ ਕਿਹਾ ਜਾਂਦਾ ਹੈ। ਕਿਸੇ ਵਿਘਨ ਜਾਂ ਰੁਕਾਵਟ ਨੂੰ ਦੂਰ ਕਰਨ ਜਾਂ ਕਿਸੇ ਮਨੋਰਥ ਨੂੰ ਸਿੱਧ ਕਰਨ ਲਈ ਕੋਈ ਅਜਿਹਾ ਕੰਮ ਜਾਂ ਪ੍ਰਯੋਗ ਜਿਹੜਾ ਅਲੌਕਿਕ ਜਾਂ ਦੈਵੀ-ਸ਼ਕਤੀ ਉੱਤੇ ਵਿਸ਼ਵਾਸ ਕਰਕੇ ਕੀਤਾ ਹੋਵੇ ਅਤੇ ਜਿਸ ਨੂੰ ਆਮ ਲੋਕ ਅਦਭੁਤ, ਹੈਰਾਨੀਜਨਕ, ਅਲੌਕਿਕ ਤੇ ਅਣ-ਮਨੁੱਖੀ ਪ੍ਰਯੋਗ ਜਾਂ ਕੰਮ ਸਮਝਦੇ ਹੋਣ, ਨੂੰ ਜਾਦੂ-ਟੂਣਾ ਕਿਹਾ ਜਾਂਦਾ ਹੈ। ਕਿਸੇ ਕਰਾਮਾਤੀ ਢੰਗ ਨਾਲ ਮੰਤਵ ਸਿੱਧ ਕਰ ਲੈਣ ਦੀ ਵਿਧੀ ਜਾਦੂ ਹੈ। ਡਾ. ਵਣਜਾਰਾ ਬੇਦੀ ਅਨੁਸਾਰ ਜਾਦੂ ਇਕ ਕਲਾ ਹੈ ਜੋ ਦੋ ਗੱਲਾਂ ਮਿਥ ਕੇ ਤੁਰਦੀ ਹੈ— ਪਹਿਲੀ ਇਹ ਕਿ ਪ੍ਰਕ੍ਰਿਤੀ ਵਿਚ ਹਰ ਇਕ ਕਾਰਨ ਕਿਸੇ ਕਾਰਜ ਨੂੰ ਜਨਮ ਦਿੰਦਾ ਹੈ ਅਤੇ ਇਸ ਘਟਨਾ ਪਿੱਛੋਂ ਦੂਜੀ ਘਟਨਾ ਬਿਨਾ ਕਿਸੇ ਦੈਵੀ ਜਾਂ ਅਧਿਆਤਮਕ ਸ਼ਕਤੀ ਦੇ ਦਖ਼ਲ ਦੇ ਆਪਣੇ ਆਪ ਸਹਿਜ ਰੂਪ ਵਿਚ ਹੀ ਵਾਪਰਦੀ ਹੈ। ਇਸ ਲਈ ਜੇ ਮੰਤਰਾਂ, ਕਰਮ-ਕਾਂਡਾਂ ਜਾਂ ਰੀਤਾਂ ਨਾਲ ਕਾਰਨ ਪੈਦਾ ਕੀਤੇ ਜਾਣ ਤਾਂ ਕਾਰਜ ਆਪੇ ਸਿੱਧ ਹੋ ਜਾਂਦਾ ਹੈ। ਦੂਜੀ, ਕਿਸੇ ਵਸਤੂ ਜਾਂ ਸਥਿਤੀ ਉੱਤੇ ਕਾਬੂ ਪਾ ਲੈਣ ਨਾਲ, ਭਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਵੱਸ ਵਿਚ ਆ ਜਾਂਦੀ ਹੈ।

ਡਾ. ਵਣਜਾਰਾ ਬੇਦੀ ਅਨੁਸਾਰ ਜਾਦੂ-ਟੂਣੇ ਛੇ ਪ੍ਰਕਾਰ ਦੇ ਹੁੰਦੇ ਹਨ—ਭੁਲਾਵਾਂ ਜਾਦੂ, ਲਾਗਵਾਂ ਜਾਦੂ, ਅਭਾਵਾਤਮਕ ਜਾਦੂ, ਭਾਵਾਤਮਕ ਜਾਦੂ, ਚਿੱਟਾ ਜਾਦੂ ਅਤੇ ਕਾਲਾ ਜਾਦੂ।

ਪ੍ਰਾਚੀਨ ਕਾਲ ਵਿਚ ਸੰਸਾਰ ਦੀਆਂ ਲਗਭਗ ਸਾਰੀਆਂ ਜਾਤੀਆਂ ਦੇ ਲੋਕ ਕਿਸੇ ਨਾ ਕਿਸੇ ਰੂਪ ਵਿਚ ਜਾਦੂ-ਟੂਣਿਆਂ ਉੱਤੇ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦਿਨਾਂ ਵਿਚ ਰੋਗਾਂ ਦੇ ਇਲਾਜ, ਵੱਡੀਆਂ-ਵੱਡੀਆਂ ਕਾਮਨਾਵਾਂ ਦੀ ਸਿੱਧੀ ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਲਈ ਚੰਗੇ ਚੰਗੇ ਜਾਦੂਗਰਾਂ ਤੇ ਸਿਆਣਿਆਂ ਤੋਂ ਅਨੇਕਾਂ ਤਰ੍ਹਾਂ ਦੇ ਜਾਦੂ-ਟੂਣੇ ਕਰਵਾਏ ਜਾਂਦੇ ਸਨ। ਇਸ ਤਰ੍ਹਾਂ ਜਾਦੂ-ਟੂਣੇ ਵੀ ਲੋਕ ਚਿਕਿਤਸਾ ਦੀ ਇਕ ਸ਼ਾਖਾ ਹੈ ਅਤੇ ਜੰਤਰ-ਮੰਤਰ, ਧਾਗੇ, ਤਵੀਤ, ਝਾੜ, ਫੂਕ ਆਦਿ ਇਸੇ ਦੀਆਂ ਹੀ ਵੰਨਗੀਆਂ ਹਨ। ਡਾ. ਗੁਰਮੀਤ ਸਿੰਘ ਅਨੁਸਾਰ ਚਿਕਿਤਸਾ ਦੀ ਦ੍ਰਿਸ਼ਟੀ ਤੋਂ ਜਾਦੂ ਦੇ ਖੇਤਰ ਵਿਚ ਸਿਰਫ਼ ਉਹੋ ਜੜੀਆਂ-ਬੂਟੀਆਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਵਰਤੋਂ ਪਿੱਛੇ ਕੋਈ ਲੋਕ ਵਿਸ਼ਵਾਸ ਜਾਂ ਧਾਰਮਿਕ ਰੁੜ੍ਹੀ ਹੋਵੇ, ਜਿਵੇਂ ਅਜਵਾਇਣ ਲੋਕ ਚਿਕਿਤਸਾ ਦੀ ਦਵਾਈ ਹੈ ਪਰ ਜੇਕਰ ਮੰਤਰ ਕੇ ਅਜਵਾਇਣ ਦਿੱਤੀ ਜਾਵੇ ਤਾਂ ਇਹ ਜਾਦੂ-ਟੂਣੇ ਦਾ ਅੰਗ ਬਣ ਜਾਂਦੀ ਹੈ।

ਜਾਦੂ-ਟੂਣੇ ਦੇ ਮਾਹਿਰ ਨੂੰ ਸਿਆਣਾ ਜਾਂ ਚੇਲਾ ਵੀ ਕਿਹਾ ਜਾਂਦਾ ਹੈ। ਸਿਆਣੇ ਤੋਂ ਭਾਵ ਸੂਝਵਾਨ ਜਾਂ ਬੀਮਾਰੀ ਨੂੰ ਸਮਝਣ ਵਾਲਾ ਹੈ।

ਆਣੇ ਜਾਂ ਚੇਲੇ ਨੇ ਕਿਸੇ ਪੀਰ ਫ਼ਕੀਰ ਦੀ ਸਿੱਧੀ ਕੀਤੀ ਹੁੰਦੀ ਹੈ ਤੇ ਹ ਉਨ੍ਹਾਂ ਦੀ ਅਰਾਧਨਾ ਵੀ ਕਰਦਾ ਹੈ। ਲੋਕ ਧਰਮ ਨਾਲ ਸਬੰਧਤ ਾਲੀ, ਭੈਰੋਂ, ਗੋਰਖਨਾਥ, ਬਾਲਕ ਨਾਥ, ਗੁੱਗਾ ਪੀਰ, ਬਜਰੰਗ ਬਲੀ ਾਦਿ ਦਾ ਸਹਾਰਾ ਲਿਆ ਜਾਂਦਾ ਹੈ।

ਜਾਦੂ-ਟੂਣੇ ਵਿਚ ਜੰਤਰ, ਮੰਤਰ ਤੇ ਤਵੀਤ ਤਿੰਨ ਵਿਧੀਆਂ ਦੀ ਰਤੋਂ ਕੀਤੀ ਜਾਂਦੀ ਹੈ। ਜੰਤਰ ਦਾ ਮੰਤਰ ਢੰਗ ਜਿਵੇਂ ਕੋਈ ਤਵੀਤ ਗਲ ਾਉਣਾ, ਡੌਲੇ ਨਾਲ ਬੰਨ੍ਹਣਾ ਜਾਂ ਧੋ ਕੇ ਪੀਣਾ ਹੈ। ਮੁਸਲਮਾਨਾਂ ਵਿਚ ਤਰ ਨੂੰ ਇਲਮ ਵੀ ਕਹਿ ਦਿੱਤਾ ਜਾਂਦਾ ਹੈ ਜਿਵੇਂ ਕਾਲਾ ਇਲਮ ਆਦਿ। ਾ. ਵਣਜਾਰਾ ਬੇਦੀ ਅਨੁਸਾਰ ਮੰਤਰ ਸ਼ਬਦਾਂ ਦਾ ਸੂਤ੍ਰਕ ਸਮੂਹ ਹੁੰਦਾ ੈ ਜਿਸ ਦੇ ਉਚਾਰਣ ਨਾਲ ਸੁਤੇ-ਸਿਧ ਕਿਸੇ ਮੰਤਵ ਦੀ ਸਿੱਧੀ ਹੋ ਜਾਂਦੀ ੈ। ਮੰਤਰ ਦਾ ਸਿਧਾਂਤ ਇਹ ਮੰਨਿਆ ਜਾਂਦਾ ਹੈ ਕਿ ਪ੍ਰਕਿਰਤੀ ਦੀ ਹਰੇਕ ਵਸਤੂ ਦੀ ਆਪਣੀ ਇਕ ਧੁਨੀ ਹੁੰਦੀ ਹੈ। ਇਹ ਧੁਨੀ ਸਬੰਧਤ ਵਸਤੂ ਦਾ ਪ੍ਰਾਕ੍ਰਿਤਕ ਨਾਮ ਹੁੰਦੀ ਹੈ ਅਤੇ ਧੁਨੀ ਵਿਚਕਾਰ ਇਕ ਰਹੱਸਾਤਮਕ ਸਬੰਧ ਹੁੰਦਾ ਹੈ, ਜਦੋਂ ਅਸੀਂ ਇਸ ਪ੍ਰਕ੍ਰਿਤਕ ਨਾਮ ਨੂੰ ਦੁਹਰਾਉਂਦੇ ਹਾਂ ਤਾਂ ਵਸਤੂ ਪ੍ਰਭਾਵਿਤ ਹੁੰਦੀ ਹੈ।

ਮੰਤਰ ਦੋ ਪ੍ਰਕਾਰ ਦੇ ਹੁੰਦੇ ਹਨ। ਇਕ, ਵੇਦ-ਮੰਤਰ ਜੋ ਪ੍ਰਮਾਰਥ ਲਈ ਜਾਂ ਧਾਰਮਿਕ ਰਹੁ-ਰੀਤਾਂ ਲਈ ਵਰਤੇ ਜਾਂਦੇ ਹਨ ਜਿਵੇਂ ਹਵਨ ਤੇ ਯੱਗ ਆਦਿ ਲਈ। ਦੂਜੇ ਮੰਤਰ ਲੋਕ-ਮੰਤਰ ਹੁੰਦੇ ਹਨ ਜੋ ਭੂਤਾਂ ਪ੍ਰੇਤਾਂ ਨੂੰ ਵੱਸ ਕਰਨ, ਬੀਮਾਰੀਆਂ ਦੂਰ ਕਰਨ ਜਾਂ ਕਈ ਵਾਰ ਕਿਸੇ ਦਾ ਨੁਕਸਾਨ ਕਰਨ ਲਈ ਵਰਤੇ ਜਾਂਦੇ ਹਨ। ਜਾਦੂ-ਟੂਣੇ ਵਿਚ ਲੋਕ-ਮੰਤਰ ਹੀ ਕੰਮ ਆਉਂਦੇ ਹਨ।

ਮੰਤਰਾਂ ਵਿਚ ਸਿਆਣਾ ਜਾਂ ਚੇਲਾ ਕੁਝ ਖ਼ਾਸ ਸ਼ਬਦਾਂ ਦੀ ਸਿੱਧੀ ਪ੍ਰਾਪਤ ਕਰ ਲੈਂਦਾ ਹੈ। ਇਹ ਸ਼ਬਦ ਕਿਸੇ ਖ਼ਾਸ ਪੀਰ, ਫ਼ਕੀਰ ਜਾਂ ਦੇਵੀ-ਦੇਵਤੇ ਨਾਲ ਸਬੰਧਤ ਹੁੰਦੇ ਹਨ। ਚਿਲੇ ਕੱਟ ਕੇ ਇਨ੍ਹਾਂ ਪੀਰਾਂ ਫ਼ਕੀਰਾਂ ਦੀ ਰੂਹ ਮੰਤਰ ਉਚਾਰਣ ਸਮੇਂ ਸਿਆਣੇ ਅਥਵਾ ਚੇਲੇ ਦੇ ਅੰਦਰ ਆ ਜਾਂਦੀ ਹੈ। ਪਿੰਡਾਂ ਵਿਚ ਰੋਗੀ ਨੂੰ ਸਾਹਮਣੇ ਬਿਠਾ ਕੇ ਸਿਆਣੇ ਮੰਤਰ ਪੜ੍ਹਦੇ ਹਨ ਤੇ ਫੂਕਾਂ ਮਾਰਦੇ ਹਨ। ਪਿੰਡਾਂ ਵਿਚ ਅਜਿਹੇ ਮੰਤਰਾਂ ਨੂੰ ਝਾੜਾ ਵੀ ਕਿਹਾ ਜਾਂਦਾ ਹੈ।

ਰਾਖ ਜਾਂ ਧਾਗਾ-ਤਵੀਤ ਜੰਤਰ ਹੁੰਦਾ ਹੈ। ਇਸ ਵਿਚ ਮੰਤਰ ਨੂੰ ਕਿਸੇ ਕਾਗਜ਼ ਦੇ ਟੁਕੜੇ ਜਾਂ ਧਾਗੇ ਨੂੰ ਗੰਢਾਂ ਦੇ ਕੇ ਉਸ ਉਪਰ ਉਚਾਰਣ ਕੀਤਾ ਜਾਂਦਾ ਹੈ। ਫਿਰ ਇਹ ਰਾਖ ਜਾਂ ਧਾਗਾ-ਤਵੀਤ ਸਰੀਰ ਨੂੰ ਬੰਨ੍ਹ ਲਿਆ ਜਾਂਦਾ ਹੈ ਜਾਂ ਕਈ ਵਾਰ ਗੁੱਗਲ ਜਾਂ ਧੂਫ਼ ਨਾਲ ਧੂਣੀ ਵੀ ਦਿੱਤੀ ਜਾਂਦੀ ਹੈ। ਪੰਜਾਬ ਦੇ ਆਮ ਪਿੰਡਾਂ ਵਿਚ ਚੇਲੇ, ਸਿਆਣੇ, ਸਾਧ ਅਜਿਹੇ ਧਾਗੇ, ਤਵੀਤਾਂ ਜਾਂ ਜੰਤਰਾਂ-ਮੰਤਰਾਂ ਨਾਲ ਲੋਕਾਂ ਦੇ ਕਸ਼ਟ ਦੂਰ ਕਰਦੇ ਹਨ। ਇਨ੍ਹਾਂ ਦਾ ਸਬੰਧ ਜਨ-ਸਾਧਾਰਣ ਨਾਲ ਹੁੰਦਾ ਹੈ। ਕਈ ਵਾਰ ਪੜ੍ਹੇ ਲਿਖੇ ਵੀ ਇਨ੍ਹਾਂ ਸਾਧਾਂ-ਸੰਤਾਂ ਦੇ ਚੱਕਰਾਂ ਵਿਚ ਵੇਖੇ ਜਾਂਦੇ ਹਨ।

ਛੋਟੇ-ਮੋਟੇ ਜਾਦੂ-ਟੂਣੇ ਤਾਂ ਆਮ ਘਰਾਂ ਵਿਚ ਸਿਆਣੀਆਂ ਤੀਵੀਆਂ ਕਰਦੀਆਂ ਹਨ, ਜਿਵੇਂ ਕੋਈ ਵਿਅਕਤੀ ਬੀਮਾਰ ਹੋਵੇ ਤਾਂ ਉਸ ਨੂੰ ਬਿਨਾਂ ਦੱਸੇ ਜੂਠੇ ਭਾਂਡੇ ਉਸ ਦੇ ਸਿਰਹਾਣੇ ਰੱਖ ਦੇਣ ਨਾਲ ਬੁਖਾਰ ਹਟ ਜਾਂਦਾ ਹੈ। ਤਈਏ ਦੇ ਤਾਪ ਲਈ ਸ੍ਰੀ ਗੁਰੂ ਅਮਰਦਾਸ ਜੀ ਦੀ ਤਈਏ ਤਾਪ ਦੀ ਸਾਖੀ ਸੁਣਾਉਣ ਨਾਲ ਤਈਆ ਤਾਪ ਉੱਤਰ ਜਾਂਦਾ ਹੈ। ਅੱਖ ਤੇ ਗਵਾਂਢਣੀ ਨਿਕਲ ਆਵੇ ਤਾਂ ਕਿਸੇ ਦਾ ਦਰਵਾਜ਼ਾ ਖੜ੍ਹਕਾਉਣ ਤੇ ਜਦੋਂ ਉਹ ਪੁੱਛੇ ਕੌਣ ਹੈ ਤਾਂ ਕਹਿ ਦੇਣਾ 'ਮੈਂ ਅੱਖ ਤੜਿਕੀ ਤੂੰ ਮੰਗੀ ਤੇ ਮੈਂ ਦਿੱਤੀ।'

ਪੰਜਾਬ ਦੇ ਪਿੰਡਾਂ ਵਿਚ ਭੂਤਾਂ-ਪ੍ਰੇਤਾਂ ਦਾ ਡਰ ਵੀ ਬਹੁਤ ਪਾਇਆ ਜਾਂਦਾ ਹੈ। ਕਿਸੇ ਦਾ ਕੋਈ ਰੋਗ ਦੂਰ ਨਾ ਹੁੰਦਾ ਹੋਵੇ ਤਾਂ ਸਮਝਿਆ ਜਾਂਦਾ ਹੈ ਕਿ ਇਸ ਨੂੰ ਕੁਝ ਚਿੰਬੜਿਆ ਹੈ ਜਾਂ ਚੰਗਾ-ਮੰਦਾ ਥਾਂ ਲੰਘ ਆਇਆ ਹੈ। ਇਸ ਦੇ ਇਲਾਜ ਲਈ ਸਿਆਣੇ ਪੁੱਛਾਂ ਦਿੰਦੇ ਹਨ ਤੇ ਡੋਲੀਆਂ ਖਿੰਡਾਉਂਦੇ ਹਨ। ਪੁੱਛ ਦੇਣ ਨੂੰ ਪ੍ਰਸ਼ਨ ਲਾਉਣਾ ਜਾਂ ਕਣ ਕਢਣਾ ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਕਈ ਪਿੰਡਾਂ ਵਿਚ ਇਹੋ ਜਿਹੇ ਸਿਆਣਿਆਂ ਦੇ ਡੇਰੇ ਮਿਲ ਜਾਂਦੇ ਹਨ ਜੋ ਪੁੱਛਾਂ ਦਿੰਦੇ ਹਨ। ਡੇਰਾ ਬਾਬਾ ਬਡਭਾਗ ਸਿੰਘ ਭੂਤਾਂ-ਪ੍ਰੇਤਾਂ ਨੂੰ ਵੱਸ ਕਰਨ ਦਾ ਸਭ ਤੋਂ ਵੱਡਾ ਅਸਥਾਨ ਹੈ। ਹਾਂ, ਹੁਣ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਲੋਕਾਂ ਵਿਚ ਅੰਧ-ਵਿਸ਼ਵਾਸ ਘੱਟ ਰਹੇ ਹਨ ਜਿਸ ਕਰਕੇ ਜਾਦੂ-ਟੂਣਿਆਂ ਵਿਚ ਲੋਕਾਂ ਦਾ ਵਿਸ਼ਵਾਸ ਘਟਦਾ ਜਾ ਰਿਹਾ ਹੈ।

ਹ. ਪੁ. -ਹਿੰ. ਵਿ. ਕੋ; ਭਾ. ਪ. ਪੰ; ਪੰਜਾਬੀ ਲੋਕਯਾਨ ਦੀ ਰੂਪ ਰੇਖਾ, ਪੰਜਾਬ ਦੀ ਲੋਕ ਧਾਰਾ-ਡਾ. ਵਣਜਾਰਾ ਬੇਦੀ. ਪੰਜਾਬ ਦੀ ਲੋਕਧਾਰਾ ਦੇ ਕੁਝ ਪੱਖ–ਡਾ. ਗੁਰਮੀਤ ਸਿੰਘ

**ਜਾਦੂਰ** : ਇਹ ਉੜੀਸਾ ਦੇ ਭੂਮੀਯਾ ਕਬੀਲੇ ਦਾ ਲੋਕ-ਨਾਚ ਹੈ। ਇਹ ਫ਼ਸਲ ਦੀ ਚੰਗੀ ਪੈਦਾਵਾਰ ਦੀ ਕਾਮਨਾ ਲਈ ਬਾਰੂ ਬੋਂਗਾ ਦੇਵਤੇ ਨੂੰ ਖ਼ੁਸ਼ ਕਰਨ ਲਈ ਕੀਤਾ ਜਾਂਦਾ ਹੈ। ਲੋਕ ਨੇੜੇ-ਤੇੜੇ ਦੀ ਪਹਾੜੀ ਤੇ ਇਕੱਠੇ ਹੁੰਦੇ ਹਨ। ਉਹ ਚੌਲ ਤੋਂ ਬਣੀ ਇਕ ਕਿਸਮ ਦੀ ਬੀਅਰ ਦੇਵਤੇ ਨੂੰ ਭੇਟਾ ਕਰਦੇ ਹਨ ਅਤੇ ਕੁਝ ਆਪਣੇ ਖੇਤ ਵਿਚ ਡੋਲ੍ਹਦੇ ਹਨ ਤਾਂ ਜੋ ਫ਼ਸਲ ਵੱਧ ਹੋਵੇ। ਇਸ ਤੋਂ ਬਾਅਦ ਉਹ ਇਕ ਲੰਬੀ ਕਤਾਰ ਬਣਾ ਕੇ ਨੱਚਦੇ ਹੋਏ ਪਹਾੜੀ ਤੋਂ ਹੇਠਾਂ ਉੱਤਰਦੇ ਹਨ। ਇਵੇਂ ਨੱਚਦੇ ਗਾਉਂਦੇ ਹੋਏ ਉਹ ਪਿੰਡ ਪਹੁੰਚਦੇ ਹਨ।

ਹ. ਪੁ.-ਐਨ. ਇੰ. 1: 514; ਦੀ ਡਾਂਸ ਇਨ ਇੰਡ. -ਈਨਕਸ਼ੀ ਭਵਾਨੀ: 211

**ਜਾਦੋਰਾਵ ਕਾਨਸਟਿਆ** : ਇਹ ਨਿਜ਼ਾਮ ਰਾਜ ਦੇ ਸਰਦਾਰਾਂ ਵਿਚੋਂ ਸੀ। ਜਹਾਂਗੀਰ ਦੇ ਰਾਜ ਸਮੇਂ ਜਦੋਂ ਸ਼ਾਹਜਹਾਂ ਦੱਖਣ ਦੇ ਬਾਗ਼ੀਆਂ ਨੂੰ ਦਬਾਉਣ ਲਈ ਗਿਆ ਤਾਂ ਜਾਦੋਰਾਵ ਕਾਨਸਟਿਆ ਵੀ ਉਸ ਦੇ ਨਾਲ ਗਿਆ। ਇਸ ਦੀ ਕਾਰਗੁਜ਼ਾਰੀ ਨੂੰ ਮੁੱਖ ਰੱਖਦੇ ਹੋਏ ਇਸ ਨੂੰ ਪੰਜ ਹਜ਼ਾਰੀ ਮਨਸਬ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਦੇ ਰਿਸ਼ਤੇਦਾਰਾਂ ਨੂੰ ਵੀ ਮਨਸਬ ਦਿੱਤੇ ਗਏ। ਇਸ ਨੂੰ ਦੱਖਣ ਵਿਚ ਇਕ ਜਾਗੀਰ ਵੀ ਮਿਲੀ।

ਸ਼ਾਹਜਹਾਂ ਦੇ ਰਾਜ-ਕਾਲ ਦੇ ਤੀਜੇ ਸਾਲ ਵਿਚ ਜਾਦੋਰਾਵ ਆਪਣੇ ਰਿਸ਼ਤੇਦਾਰਾਂ ਸਮੇਤ ਨਿਜ਼ਾਮਸ਼ਾਹੀ ਰਾਜ ਨੂੰ ਪਰਤ ਗਿਆ। ਸ਼ਾਹਜਹਾਂ ਨੂੰ ਇਸ ਉੱਤੇ ਬਹੁਤ ਗੁੱਸਾ ਆਇਆ ਅਤੇ ਇਸਨੂੰ ਦੇਸ਼ ਧਰੋਹੀ ਮੰਨ ਕੇ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ਜਾਦੋਰਾਵ ਨੇ ਗ੍ਰਿਫ਼ਤਾਰ ਕਰਨ ਵਾਲੀ ਸੈਨਾ ਦਾ ਆਪਣੇ ਸਬੰਧੀਆਂ ਸਮੇਤ ਡੱਟ ਕੇ ਟਾਕਰਾ ਕੀਤਾ ਅਤੇ ਇਸੇ ਵਿਚ ਆਪਣੀ ਜਾਨ ਦੇ ਦਿੱਤੀ। ਇਸ ਘਟਨਾ ਉਪਰੰਤ ਜਾਦੋਰਾਵ ਦੇ ਸਾਰੇ ਰਿਸ਼ਤੇਦਾਰਾਂ ਨੂੰ ਮੁਆਫ਼ ਕਰ ਦਿੱਤਾ ਗਿਆ ਅਤੇ ਉੱਚੇ ਅਹੁਦਿਆਂ ਤੇ ਲਗਾ ਦਿੱਤਾ ਗਿਆ।

ਹ. ਪੁ. -ਹਿ. ਵਿ. ਕੋ. 4:462

**ਜਾਨ (ਇੰਗਲੈਂਡ)** : ਇੰਗਲੈਂਡ ਦੇ ਇਸ ਬਾਦਸ਼ਾਹ ਦਾ ਜਨਮ 24 ਦਸੰਬਰ, 1167 ਨੂੰ ਇੰਗਲੈਂਡ ਵਿਚ, ਆਕਸਫ਼ੋਰਡ ਵਿਖੇ ਹੋਇਆ। ਇਹ ਹੈਨਰੀ ਦੂਜੇ ਦਾ ਸਭ ਤੋਂ ਛੋਟਾ ਲੜਕਾ ਸੀ। ਇਸ ਦੇ ਨਾਂ ਕਿਸੇ ਤਰ੍ਹਾਂ ਦੀ ਜਾਇਦਾਦ ਨਾ ਹੋਣ ਕਾਰਨ ਇਸ ਦਾ ਨਾਂ ਲੈਕਲੈਂਡ ਪੈ ਗਿਆ ਸੀ ਕਿਉਂਕਿ ਇਸਨੂੰ ਆਪਣੇ ਵੱਡੇ ਭਰਾਵਾਂ ਦੀ ਤਰ੍ਹਾਂ ਰਾਜ ਕਰਨ ਲਈ ਕੋਈ ਇਲਾਕਾ ਨਹੀਂ ਦਿੱਤਾ ਗਿਆ ਸੀ।

ਸੰਨ 1177 ਵਿਚ ਜਾਨ ਨੂੰ ਆਇਰਲੈਂਡ ਦੇ ਲਾਰਡ ਦੀ ਪਦਵੀ ਮਿਲੀ। ਇਹ ਇਸ ਪਦਵੀ ਤੇ ਸਤੰਬਰ 1185 ਤੱਕ ਰਿਹਾ। ਸੰਨ 1186 ਵਿਚ ਇਸ ਦੀ ਦਮਨ ਦੀ ਨੀਤੀ ਨੇ ਅਸ਼ਾਂਤੀ ਪੈਦਾ ਕਰ ਦਿੱਤੀ। ਹੈਨਰੀ ਦੂਜੇ ਦੀ ਮੌਤ ਤੋਂ ਬਾਅਦ ਜਾਨ ਦੇ ਭਰਾ, ਰਿਚਰਡ ਪਹਿਲੇ ਦੇ ਗੱਦੀ ਉੱਤੇ ਬੈਠਣ ਮਗਰੋਂ ਜਾਨ ਨੇ ਤਖ਼ਤ ਦਾ ਉੱਤਰਾਧਿਕਾਰੀ ਬਣਨ ਲਈ ਸਾਜ਼ਸ਼ ਰਚੀ। ਰਿਚਰਡ ਨੂੰ ਕੈਦ ਕੀਤੇ ਜਾਣ ਤੇ ਇਸ ਨੇ ਫ਼ਰਾਂਸ ਦੇ ਫ਼ਿਲਿਪ ਆਗਸਟਸ ਦੂਜੇ ਨਾਲ ਸਮਝੌਤਾ ਕਰ ਲਿਆ ਪਰ ਫ਼ਿਲਿਪ ਦੇ

ਨਾਰਮੰਡੀ ਉੱਤੇ ਹਮਲਾ ਕੀਤੇ ਜਾਣ ਨਾਲ ਜਾਨ ਦੀ ਇੰਗਲੈਂਡ ਤੇ ਅਧਿਕਾਰ ਕਰਨ ਦੀ ਕੋਸ਼ਿਸ਼ ਅਸਫ਼ਲ ਰਹੀ। ਜਾਨ ਨੇ ਰਿਚਰਡ ਨਾਲ ਸਮਝੌਤਾ ਕਰ ਲਿਆ। ਇਸ ਕੋਲ ਮਾਰਟੇਨ ਅਤੇ ਆਇਰਲੈਂਡ ਦੇ ਇਲਾਕੇ ਰਹਿਣ ਦਿੱਤੇ ਗਏ ਅਤੇ ਇਸ ਤੋਂ ਇਲਾਵਾ ਇਸਨੂੰ ਚੋਖੀ ਪੈਨਸ਼ਨ ਅਤੇ



ਜਾਨ (ਇੰਗਲੈਂਡ)

ਇੰਗਲੈਂਡ ਵਿਚ ਕੁਝ ਜ਼ਮੀਨ ਵੀ ਦਿੱਤੀ।

ਸਤੰਬਰ, 1197 ਵਿਚ ਰਿਚਰਡ ਨੇ ਜਾਨ ਨੂੰ ਉੱਤਰਾਧਿਕਾਰੀ ਵਜੋਂ ਸਵੀਕਾਰ ਕਰ ਲਿਆ। 6 ਅਪ੍ਰੈਲ, 1199 ਨੂੰ ਰਿਚਰਡ ਦੀ ਮੌਤ ਤੋਂ ਬਾਅਦ ਜਾਨ ਗੱਦੀ ਤੇ ਬੈਠਾ ਪਰ ਐਂਜੂ ਟਾਰੇਨ ਅਤੇ ਮੇਨ ਦੇ ਫ਼ਰਾਂਸੀਸੀ ਇਲਾਕਿਆਂ ਦਾ ਜਾਨ ਦੇ ਭਤੀਜੇ ਆਰਥਰ ਨੂੰ ਉੱਤਰਾਧਿਕਾਰੀ ਐਲਾਨ ਕੀਤਾ ਗਿਆ। ਨਤੀਜੇ ਵਜੋਂ ਲੜਾਈ ਹੋਈ ਅਤੇ ਜਾਨ ਨੇ ਬਗ਼ਾਵਤ ਵਾਲੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਤੇ ਆਰਥਰ ਨੂੰ ਈਨ ਮੰਨਣ ਲਈ ਮਜਬੂਰ ਕੀਤਾ। ਸੰਨ 1201 ਵਿਚ ਫ਼ਰਾਂਸ ਵਿਚ ਦੁਬਾਰਾ ਹਲਚਲ ਪੈਦਾ ਹੋ ਗਈ ਅਤੇ ਆਰਥਰ ਨੂੰ ਫੜ ਕੇ ਰੁਆਨ ਦੇ ਕਿਲੇ ਵਿਚ ਬੰਦ ਕਰ ਦਿੱਤਾ। ਜਾਨ ਉੱਤੇ ਆਪਣੇ ਭਤੀਜੇ ਦੀ ਮੌਤ ਦਾ ਸ਼ੱਕ ਕੀਤਾ ਗਿਆ। ਲੜਾਈ ਵਿਚ ਜਾਨ ਨਾਰਮੰਡੀ, ਐਂਜੂ, ਮੇਨ ਅਤੇ ਟਾਰੇਨ ਦੇ ਇਲਾਕੇ ਗਵਾ ਬੈਠਾ।

ਸੰਨ 1205 ਵਿਚ ਪੋਪ ਇੰਨੋਸੈਂਟ ਤੀਜੇ ਨਾਲ ਜਾਨ ਦਾ ਝਗੜਾ ਹੋ ਗਿਆ। ਸੰਨ 1211 ਵਿਚ ਜਾਨ ਨੇ ਪੋਪ ਦੀ ਅਧੀਨਗੀ ਸਵੀਕਾਰ ਕਰ ਲਈ ਅਤੇ ਉਸ ਦੇ ਇਲਾਕੇ ਨੂੰ ਮੁਖ਼ਤਿਆਰ ਦੇ ਤੌਰ ਤੇ ਸੰਭਾਲਣ ਲਈ ਸਹਿਮਤ ਹੋ ਗਿਆ ਪਰ ਜਾਨ ਦੀਆਂ ਆਪਹੁਦਰੀਆਂ ਕਾਰਵਾਈਆਂ ਕਾਰਨ ਰਈਸ ਉਸ ਦੇ ਵਿਰੁੱਧ ਹੋ ਗਏ। 15 ਜੂਨ, 1215 ਦੇ ਮੈਗਨਾ ਕਾਰਟਾ ਜਾਂ ਗ੍ਰੇਟ ਚਾਰਟਰ ਉੱਤੇ ਦਸਤਖ਼ਤ ਕਰਨ ਲਈ ਉਸਨੂੰ ਮਜਬੂਰ ਕੀਤਾ ਗਿਆ। ਤਅੱਲੁਕੇਦਾਰਾਂ ਨੇ ਨਿਰਾਸ਼ ਹੋ ਕੇ ਇੰਗਲੈਂਡ ਦਾ ਕ੍ਰਾਊਨ ਡਾਫਿਨ ਲੂਈ ਨੂੰ ਭੇਟ ਕਰ ਦਿੱਤਾ।

19 ਅਕਤੂਬਰ, 1216 ਨੂੰ ਨਿਊਆਰਕ ਵਿਖੇ ਜਾਨ ਦੀ ਮੌਤ ਹੋ ਗਈ।

ਹ. ਪੁ. -ਐਨ. ਅਮੈ. 16: 157; ਕੋਲ. ਐਨ. 11:33

**ਜਾਨ (ਸੈਕਸਨੀ)** : ਸੈਕਸਨੀ ਦੇ ਇਸ ਬਾਦਸ਼ਾਹ ਦਾ ਜਨਮ 12 ਦਸੰਬਰ, 1801 ਨੂੰ ਡੈਸਡੈਨ ਵਿਚ ਸੈਕਸਨੀ ਦੇ ਸ਼ਹਿਜਾਦੇ ਮੈਕਸਮਿਲੀਅਨ ਦੇ ਘਰ ਕੈਰੋਲਾਈਨ ਦੀ ਕੁੱਖੋਂ ਹੋਇਆ। ਸੰਨ 1854 ਵਿਚ ਆਪਣੇ ਭਰਾ ਦੀ ਮੌਤ ਤੋਂ ਬਾਅਦ ਗੱਦੀ ਉੱਤੇ ਬੈਠਣ ਤੋਂ ਪਹਿਲਾਂ ਹੀ ਇਸਨੇ ਸਿਆਸਤ ਵਿਚ ਕਾਫ਼ੀ ਹਿੱਸਾ ਲਿਆ। ਸੰਨ 1831 ਦਾ ਸੰਵਿਧਾਨ ਬਣਾਉਣ ਵਿਚ ਇਸਨੇ ਬਹੁਤ ਮਦਦ ਕੀਤੀ। ਇਹ ਲਲਿਤ ਕਲਾਵਾਂ ਦਾ ਸਰਪ੍ਰਸਤ ਸੀ ਅਤੇ ਕਾਨੂੰਨ ਵਿਚ ਵੀ ਦਿਲਚਸਪੀ ਰੱਖਦਾ ਸੀ। ਇਸਨੇ ਕਵਿਤਾਵਾਂ ਵੀ ਲਿਖੀਆਂ। ਇਟਲੀ ਦੀ ਯਾਤਰਾ ਤੋਂ ਪ੍ਰੇਰਿਤ ਹੋ ਕੇ ਦਾਂਤੇ ਦਾ ਵਿਦਿਆਰਥੀ ਬਣ ਗਿਆ। ਇਸ ਨੇ ਫਿਲਾਲੇਥਸ ਦੇ ਨਾਉਂ ਹੇਠਾਂ ਦਾਂਤੇ ਦੇ ਮਹਾਂਕਾਵਿ ਡੀਵਾਈਨ ਕਾਮੇਡੀ ਦਾ ਅਨੁਵਾਦ ਪ੍ਰਕਾਸ਼ਿਤ ਕਰਵਾਇਆ।

ਜਾਨ ਨੇ ਸ਼ਾਸਨ ਦੇ ਮਾਮਲੇ ਵਿਚ ਅਕਲ ਅਤੇ ਈਮਾਨਦਾਰੀ ਤੋਂ ਕੰਮ ਲਿਆ। 9 ਅਗਸਤ, 1854 ਵਿਚ ਆਪਣੇ ਭਰਾ, ਕਿੰਗ ਫ੍ਰੈਡਰਿਕ ਆਗਸਟਸ ਦੂਜੇ ਦੀ ਮੌਤ ਮਗਰੋਂ ਬਾਦਸ਼ਾਹ ਬਣਿਆ। ਇਸਨੂੰ ਇਸਦੇ ਮੰਤਰੀ ਬੀਅਸਤ ਨੇ 1866 ਦੀ ਸੱਤ ਹਫ਼ਤਿਆਂ ਦੀ ਜੰਗ ਵਿਚ ਪ੍ਰਸ਼ਾਅ ਵਿਰੁੱਧ ਆਸਟਰੀਆ ਦੀ ਮਦਦ ਲਈ ਉਕਸਾਇਆ ਪਰੰਤੂ ਲੜਾਈ ਵਿਚ ਆਸਟਰੀਆ ਦੀ ਹਾਰ ਤੋਂ ਮਗਰੋਂ ਜਾਨ ਨੇ ਆਪਣੇ ਮੰਤਰੀ ਨੂੰ ਬਰਖ਼ਾਸਤ ਕਰ ਦਿੱਤਾ ਅਤੇ ਬਿਸਮਾਰਕ ਦੀ ਉੱਤਰ-ਜਰਮਨ ਰਾਜ-ਸੰਘ ਦੀ ਹਿਮਾਇਤ ਕੀਤੀ। ਸੰਨ 1870-71 ਦੇ ਫ੍ਰੈਂਕੋ-ਜਰਮਨ ਯੁੱਧ ਵਿਚ ਸੈਕਸਨੀ ਨੇ ਪ੍ਰਸ਼ਾਅ ਦੀ ਮਦਦ ਕੀਤੀ।

ਜਾਨ ਨੇ ਸੈਕਸਨੀ ਵਿਚ ਆਰਥਿਕ ਉੱਨਤੀ ਅਤੇ ਸ਼ਾਸਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸਿਰ-ਤੋੜ ਯਤਨ ਕੀਤੇ। ਉਸਦੇ ਸੰਕੋਚਵੇਂ ਤੌਰ ਤਰੀਕੇ ਨੇ ਜਾਨ ਲਈ ਪਿਆਰ ਨਾਲੋਂ ਆਦਰ ਜ਼ਿਆਦਾ ਪੈਦਾ ਕੀਤਾ।

ਸੰਨ 1822 ਵਿਚ ਬਾਵੇਰੀਆ ਦੀ ਆਮੇਲੀਆ ਆਗਸਟ ਨਾਲ ਜਾਨ ਦਾ ਵਿਆਹ ਹੋ ਗਿਆ। ਨਤੀਜੇ ਵਜੋਂ ਉਹ ਪ੍ਰਸ਼ਾਅ ਦੇ ਫ੍ਰੈਡਰਿਕ ਵਿਲੀਅਮ ਚੌਥੇ ਨਾਲ ਉਸ ਦਾ ਸਬੰਧ ਬਣ ਗਿਆ ਅਤੇ ਉਸ ਨਾਲ ਉਸਦੀ ਬਹੁਤ ਦੇਰ ਤੱਕ ਡੂੰਘੀ ਮਿੱਤਰਤਾ ਰਹੀ।

29 ਅਕਤੂਬਰ, 1873 ਨੂੰ ਪਿਲਨੈਟਸ ਦੇ ਸਥਾਨ ਤੇ ਜਾਨ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13:27; ਕੋਲ. ਐਨ. 11:33; ਐਨ. ਬ੍ਰਿ. ਮਾ. 5: 571

**ਜਾਨ (ਹੰਗਰੀ)** : ਹੰਗਰੀ ਦੇ ਇਸ ਬਾਦਸ਼ਾਹ ਦਾ ਜਨਮ 1487 ਵਿਚ ਸੈਪਸਵਾਰਾ ਲਜਾਂ ਦੇ ਸਥਾਨ ਤੇ ਹੋਇਆ। ਇਸਨੇ ਆਪਣਾ ਪਬਲਿਕ ਜੀਵਨ 1505 ਵਿਚ ਰਾਕੋਸ਼ ਦੀ ਸੰਸਦ ਦੇ ਮੈਂਬਰ ਵਜੋਂ ਸ਼ੁਰੂ ਕੀਤਾ, ਜਦੋਂ ਉਸਦੀ ਤਜਵੀਜ਼ ਤੇ ਅਸੈਂਬਲੀ ਨੇ ਇਹ ਫ਼ੈਸਲਾ ਕੀਤਾ ਕਿ ਸ਼ਾਸਕ ਬਾਦਸ਼ਾਹ ਓਲਾਸਲੋ ਦੂਜੇ ਦੀ ਮੌਤ ਤੋਂ ਬਾਅਦ ਕੋਈ ਵੀ ਵਿਦੇਸ਼ੀ ਸ਼ਹਿਜ਼ਾਦਾ ਹੰਗਰੀ ਦਾ ਬਾਦਸ਼ਾਹ ਨਹੀਂ ਚੁਣਿਆ ਜਾਣਾ ਚਾਹੀਦਾ।

ਅੱਗੇ ਲਈ ਜਾਨ ਵੀ ਤਖ਼ਤ ਦਾ ਕੌਮੀ ਉਮੀਦਵਾਰ ਬਣਿਆ। ਉਸਦੇ ਪਰਿਵਾਰ ਨੂੰ ਇਸ ਗੱਲ ਦੀ ਲੰਬੀ ਦੇਰ ਤੋਂ ਤਾਂਘ ਸੀ। ਸੰਨ 1511 ਵਿਚ ਜਾਨ ਨੂੰ ਟ੍ਰਾਂਸਿਲਵੇਨੀਆ ਦਾ ਗਵਰਨਰ ਚੁਣਿਆ ਗਿਆ। ਸੰਨ 1514 ਵਿਚ ਜਾਨ ਨੇ ਕਿਸਾਨਾਂ ਦੀ ਬਗ਼ਾਵਤ ਨੂੰ ਬੜੀ ਬੇਰਹਿਮੀ ਨਾਲ ਦਬਾਇਆ। ਇਸ ਨਾਲ ਇਸ ਦੀ ਕੁਲੀਨ ਵਰਗ ਵਿਚ ਮਸ਼ਹੂਰੀ ਵੱਧ ਗਈ।

ਸੰਨ 1516 ਵਿਚ ਓਲਾਸਲੋ ਦੀ ਮੌਤ ਮਗਰੋਂ ਰਾਕੋਸ਼ ਦੀ ਦੂਜੀ ਸੰਸਦ ਨੇ ਇਸਨੂੰ ਨਾਬਾਲਗ ਬਾਦਸ਼ਾਹ ਲੂਈ ਦੂਜੇ ਦਾ ਗਵਰਨਰ ਨਿਯੁਕਤ ਕਰ ਦਿੱਤਾ ਪਰੰਤੂ ਇਹ ਹੰਗਰੀ ਦੇ ਸ਼ਾਹੀ ਗਵਰਨਰ ਦਾ ਪਦ ਹਾਸਲ ਕਰਨ ਵਿਚ ਅਸਫ਼ਲ ਰਿਹਾ ਕਿਉਂਕਿ ਰਾਜ ਸਭਾ ਅਤੇ ਦਰਬਾਰੀ ਧੜੇ ਨੇ ਮਿਲ ਕੇ ਇਸ ਦਾ ਵਿਰੋਧ ਕੀਤਾ ਪਰ ਟੋਕਾਇ ਅਤੇ ਸੇਕੈਸ਼ਫੈਯੇਵਾਰ ਦੀਆਂ ਸੰਸਦਾਂ ਨੇ ਜਾਨ ਨੂੰ ਹੰਗਰੀ ਦਾ ਬਾਦਸ਼ਾਹ ਬਣਾ ਦਿੱਤਾ ਅਤੇ 11 ਨਵੰਬਰ, 1526 ਨੂੰ ਉਸਦੀ ਗੱਦੀ-ਨਸ਼ੀਨੀ ਹੋਈ ਪਰੰਤੂ ਇਸ ਦੀ ਹਾਲਤ ਕਿਉਂਕਿ ਕਮਜ਼ੋਰ ਸੀ ਇਸ ਲਈ ਇਸਨੂੰ ਤੁਰਕੀ ਸਾਮਰਾਜ ਦੀ ਮਦਦ ਉੱਤੇ ਨਿਰਭਰ ਰਹਿਣ ਲਈ ਮਜਬੂਰ ਹੋਣਾ ਪਿਆ।

ਵਿਰੋਧੀ ਜਰਮਨ ਉਮੀਦਵਾਰ, ਆਸਟਰੀਆ ਦੇ ਫ਼ਰਡੀਨੈਂਡ ਨਾਲ ਸੰਘਰਸ਼ ਦੌਰਾਨ ਜਾਨ ਨੇ ਤੁਰਕਾਂ ਤੋਂ ਮਦਦ ਪ੍ਰਾਪਤ ਕੀਤੀ ਕਿਉਂਕਿ ਫ਼ਰਡੀਨੈਂਡ ਨੇ 1538 ਈ. ਤੱਕ ਜਾਨ ਨੂੰ ਹੰਗਰੀ ਦਾ ਬਾਦਸ਼ਾਹ ਐਲਾਨ ਨਹੀਂ ਕੀਤਾ ਸੀ। ਸੰਨ 1538 ਦੀ ਨਾਗੀਯਵਾਰਾਦ ਦੀ ਸੰਧੀ ਰਾਹੀਂ ਫ਼ਰਡੀਨੈਂਡ ਨੇ ਜਾਨ ਨੂੰ ਹੰਗਰੀ ਦਾ ਬਾਦਸ਼ਾਹ ਐਲਾਨ ਕਰ ਦਿੱਤਾ। ਜਾਨ ਨੇ ਅੱਗੋਂ ਲਈ ਤੁਰਕਾਂ ਦੀ ਮਦਦ ਨਾਲ ਆਪਣੇ ਰਾਜ ਦੀ ਆਪਣੇ ਪੁੱਤਰ ਜਾਨ ਸਿਜਿਸਮੰਡ ਦੇ ਨਾਉਂ ਵਸੀਅਤ ਕਰਵਾ ਦਿੱਤੀ।

22 ਜੁਲਾਈ, 1540 ਨੂੰ ਸੈਸੈਬੀਜ ਵਿਖੇ ਇਸਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13:25 ; ਕੋਲ. ਐਨ. 11:32

**ਜਾਨ (ਬੋਹੀਮੀਆ)** : ਬੋਹੀਮੀਆ ਦਾ ਇਹ ਬਾਦਸ਼ਾਹ ਜਿਸਨੂੰ ਜਾਨ ਆਫ਼ ਲਕਸਮਬਰਗ ਵੀ ਕਿਹਾ ਜਾਂਦਾ ਹੈ, 10 ਅਗਸਤ 1296 ਨੂੰ ਜਰਮਨੀ ਦੇ ਬਾਦਸ਼ਾਹ ਹੈਨਰੀ ਸੱਤਵੇਂ ਦੇ ਘਰ ਮਾਰਗਰੇਟ ਦੀ ਕੁੱਖੋਂ ਲਕਸਮਬਰਗ ਵਿਖੇ ਪੈਦਾ ਹੋਇਆ। ਸੰਨ 1310 ਵਿਚ ਇਹ ਲਕਸਮਬਰਗ ਦਾ ਕਾਉਂਟ ਬਣਿਆ। ਇਸੇ ਸਮੇਂ ਹੀ ਇਸਨੂੰ ਬੋਹੀਮੀਆ ਦਾ ਤਾਜ ਪੇਸ਼ ਕੀਤਾ ਗਿਆ ਅਤੇ ਇਸ ਦਾ ਵਿਆਹ ਇਲਿਜ਼ਬਥ ਨਾਲ ਹੋ ਗਿਆ।

ਹੈਨਰੀ ਦੇ ਇਟਲੀ ਚਲੇ ਜਾਣ ਉਪਰੰਤ 7 ਫ਼ਰਵਰੀ 1311 ਨੂੰ ਜਾਨ ਨੂੰ ਪਰਾਗ ਵਿਖੇ ਬੋਹੀਮੀਆ ਦਾ ਬਾਦਸ਼ਾਹ ਐਲਾਨ ਕਰ ਦਿੱਤਾ ਗਿਆ। ਇਸਨੇ ਬਦੇਸ਼ੀਆਂ ਨਾਲੋਂ ਲਾਰਡਾਂ ਦੀਆਂ ਸਹੂਲਤਾਂ ਦੀ ਹਾਮੀ ਭਰੀ। ਇਸਨੇ ਤਲਵਾਰ ਦੀ ਮਦਦ ਨਾਲ ਸਿਲੇਸ਼ੀਆ, ਟਿਰੋਲ, ਉੱਤਰੀ ਇਟਲੀ ਅਤੇ ਲਿਥੁਏਨੀਆ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ।

ਹੈਨਰੀ ਸੱਤਵੇਂ ਦੀ ਮੌਤ ਤੋਂ ਬਾਅਦ ਜਾਨ ਨੂੰ ਜਰਮਨੀ ਦਾ ਬਾਦਸ਼ਾਹ ਨਾ ਬਣਾਇਆ ਗਿਆ। ਨਤੀਜੇ ਵਜੋਂ ਇਹ ਲੂਈ ਦੀ ਬਾਵੇਰੀਅਨ ਨਾਲ ਮਿਲ ਗਿਆ ਅਤੇ ਬਾਅਦ ਵਿਚ ਬਾਦਸ਼ਾਹ ਲੂਈ ਚੌਥੇ ਨਾਲ ਮਿਲ ਕੇ ਆਸਟਰੀਆ ਦੇ ਫ੍ਰੈਡੀਰਿਕ ਵਿਰੁੱਧ ਜਰਮਨ ਬਾਦਸ਼ਾਹਤ ਲਈ ਲੂਈ ਚੌਥੇ ਦੀ ਮਦਦ ਕੀਤੀ। ਲੂਈ ਨੇ ਜਾਨ ਨੂੰ ਇਨਾਮ ਵਜੋਂ ਏਗਰਲੈਂਡ ਦਾ ਇਲਾਕਾ ਦਿੱਤਾ।

ਜਾਨ ਨੇ ਆਪਣੇ ਰਾਜ ਨੂੰ ਵਧਾਉਣ ਲਈ ਕਈ ਕਦਮ ਚੁੱਕੇ। ਸੰਨ 1325 ਵਿਚ ਇਸਨੇ ਪੋਲੈਂਡ ਦੇ ਕੈਜ਼ੀਮੀਰ ਤੀਜੇ ਨਾਲ ਯੁੱਧ ਕੀਤਾ। ਸੰਨ 1320 ਅਤੇ 1329 ਵਿਚਕਾਰ ਅਪਰ ਲਿਊਸੇਸ਼ੀਆ ਦੇ ਇਲਾਕੇ ਬੋਹੀਮੀਆ ਵਿਚ ਮਿਲਾ ਲਏ ਗਏ।

ਜਾਨ ਨੇ ਆਪਣਾ ਵਧੇਰੇ ਸਮਾਂ 1337 ਵਿਚ ਅੰਨ੍ਹਾ ਹੋ ਜਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਆਪਣੇ ਦੇਸ਼ ਨੂੰ ਛੱਡ ਕੇ ਦੂਜਿਆਂ ਦੀ ਸੇਵਾ ਵਿਚ ਲਗਾਇਆ। ਕਈ ਵਾਰ ਇਸਨੇ ਫ਼ਰਾਂਸੀਸੀ ਬਾਦਸ਼ਾਹ ਚਾਰਲਸ ਚੌਥੇ ਅਤੇ ਫ਼ਿਲਿਪ ਛੇਵੇਂ ਦੀ ਮਦਦ ਕੀਤੀ। ਤਿੰਨ ਵਾਰ ਇਸਨੇ ਪਾਮਰੇਨੀਆ ਅਤੇ ਲਿਥੁਏਨੀਆ ਦੇ ਗ਼ੈਰ ਈਸਾਈਆਂ ਵਿਰੁੱਧ ਟਿਊਟਨੀ ਸੰਪ੍ਰਦਾਇ ਦੇ ਨਾਈਟਾਂ ਦੀ ਅਗਵਾਈ ਕੀਤੀ। ਇਸ ਪ੍ਰਕਾਰ ਇਸਨੇ ਆਪਣੇ ਰਾਜ ਬੋਹੀਮੀਆ ਨੂੰ ਅੱਖੋਂ ਓਹਲੇ ਕਰਕੇ ਦੂਜਿਆਂ ਦੀ ਮਦਦ ਕੀਤੀ। ਜਾਨ ਬੋਹੀਮੀਆ ਵਿਚ ਤਾਂ ਕੇਵਲ ਟੈਕਸਾਂ ਵਿਚ ਵਾਧਾ ਕਰਨ ਲਈ ਹੀ ਜਾਂਦਾ ਸੀ ਜਿਸ ਕਾਰਨ ਇਹ ਉਥੋਂ ਦੇ ਲੋਕਾਂ ਵਿਚ ਹਰਮਨ ਪਿਆਰਾ ਨਾ ਰਿਹਾ।

ਲਿਪਾ ਦੇ ਹੈਨਰੀ ਅਤੇ ਹੋਰ ਲਾਰਡਾਂ ਨੇ ਦੇਸ਼ ਨੂੰ ਖਾਨਾਜੰਗੀ ਵੱਲ ਧੱਕ ਦਿੱਤਾ ਅਤੇ ਜਾਨ ਦੀ ਗ਼ੈਰਹਾਜ਼ਰੀ ਵਿਚ ਇਕ ਮੰਤਰੀ-ਮੰਡਲ ਬਣਾਇਆ ਗਿਆ। ਸੰਨ 1333 ਵਿਚ ਜਾਨ ਨੇ ਆਪਣੇ ਲੜਕੇ ਚਾਰਲਸ ਨੂੰ ਮਾਰੇਵੀਆ ਦਾ ਗਵਰਨਰ ਅਤੇ ਬੋਹੀਮੀਆ ਦਾ ਰੀਜੈਂਟ ਬਣਾ ਕੇ ਉਥੇ ਚੰਗੀ ਸਰਕਾਰ ਅਤੇ ਸ਼ਾਂਤੀ ਦੀ ਸਥਾਪਨਾ ਕੀਤੀ।

ਇਸੇ ਸਮੇਂ ਦੌਰਾਨ ਮਯੂਲਡਾਰਫ ਦੀ ਲੜਾਈ ਤੋਂ ਬਾਅਦ ਲੂਈ ਦੀ ਬਾਵੇਰੀਅਨ ਅਤੇ ਜਾਨ ਵਿਚਕਾਰ ਆਪਸੀ ਸਬੰਧ ਵਿਗੜ ਗਏ ਅਤੇ 1333 ਵਿਚ ਜਾਨ ਨੂੰ ਇਟਲੀ ਵਿਚ ਅਧੀਨ ਬਸਤੀਆਂ ਤੋਂ ਹੱਥ ਧੋਣੇ ਪਏ। ਸੁਲਾਹ-ਸਫ਼ਾਈ ਦੌਰਾਨ ਜਾਨ ਨੇ ਇਟਲੀ ਤੇ ਹੱਲਾ ਬੋਲ ਕੇ ਲੰਬਾਰਡੀ ਦੇ ਕਈ ਹਿੱਸੇ ਜਿੱਤ ਲਏ ਪਰ ਕਾਰਿੰਥੀਆ ਦੇ ਹੈਨਰੀ ਦੇ ਛੱਡੇ ਹੋਏ ਇਲਾਕਿਆਂ ਬਾਰੇ ਜਾਨ ਅਤੇ ਲੂਈ ਵਿਚਕਾਰ ਬਖੇੜਾ ਕਾਫ਼ੀ ਵੱਧ ਗਿਆ। ਲੰਬੇ ਲੜਾਈ ਝਗੜੇ ਤੋਂ ਬਾਅਦ ਜਾਨ ਨੂੰ ਟਿਰੋਲ ਅਤੇ ਕਾਰਿੰਥੀਆ ਦੇ ਇਲਾਕੇ ਹੈਬਸਬਰਗਜ਼ ਦੇ ਹਵਾਲੇ ਕਰਨ ਲਈ ਮਜਬੂਰ ਕੀਤਾ ਗਿਆ। ਇਸ ਤੋਂ ਬਾਅਦ ਇਹ ਹੰਗਰੀ ਅਤੇ ਪੋਲੈਂਡ ਦੇ ਬਾਦਸ਼ਾਹਾਂ ਨਾਲ ਮਿਲ ਗਿਆ।

ਸੰਨ 1346 ਵਿਚ ਜਾਨ ਨੇ ਪੋਪ ਕਲੇਮੈਂਟ ਛੇਵੇਂ ਨਾਲ ਸਲਾਹ ਕਰਕੇ ਲੂਈ ਨੂੰ ਰਸਮੀ ਤੌਰ ਤੇ ਗੱਦੀਓਂ ਲਾਹ ਦਿੱਤਾ ਅਤੇ ਆਪਣੇ ਪੁੱਤਰ ਚਾਰਲਸ ਨੂੰ ਜਰਮਨੀ ਦਾ ਬਾਦਸ਼ਾਹ ਬਣਾ ਦਿੱਤਾ।

ਸੰਨ 1339 ਜਾਂ 1340 ਵਿਚ ਅੰਨ੍ਹਾ ਹੋਣ ਦੇ ਬਾਵਜੂਦ ਵੀ ਇਸਨੇ ਹੌਂਸਲਾ ਨਹੀਂ ਹਾਰਿਆ। ਇਸ ਤੋਂ ਬਾਅਦ ਜਾਨ 26 ਅਗਸਤ, 1346 ਨੂੰ ਫ਼ਰਾਂਸ ਦੇ ਫ਼ਿਲਿਪ ਚੌਥੇ ਦੀ ਇੰਗਲੈਂਡ ਵਿਰੁੱਧ ਮਦਦ ਕਰਦਾ ਹੋਇਆ ਕਰੇਸੀ ਦੇ ਸਥਾਨ ਤੇ ਲੜਾਈ ਵਿਚ ਮਾਰਿਆ ਗਿਆ।

ਹ. ਪੁ. -ਐਨ. ਬ੍ਰਿ. 13: 22 ; ਕੋਲ. ਐਨ. 11:32; ਐਨ. ਬ੍ਰਿ. ਮਾ. 4: 584

**ਜਾਨ (ਪਹਿਲਾ-ਅਰਾਗਾਨ)** : ਅਰਾਗਾਨ ਦੇ ਇਸ ਬਾਦਸ਼ਾਹ ਦਾ ਜਨਮ 27 ਦਸੰਬਰ, 1350 ਨੂੰ ਪੈਰਪੀਨਯਾਨ ਦੇ ਸਥਾਨ ਤੇ ਪੇਡਰੋ ਚੌਥੇ ਦੇ ਘਰ ਹੋਇਆ।

ਜਾਨ ਪਹਿਲਾ ਕਵਿਤਾ, ਸੰਗੀਤ, ਸ਼ਿਕਾਰ ਦਾ ਸ਼ੌਕੀਨ ਅਤੇ ਵਹਿਮਾਂ ਭਰਮਾਂ ਵਿਚ ਫਸਿਆ ਹੋਣ ਕਰਕੇ ਰਾਜਨੀਤਕ ਮਾਮਲਿਆਂ ਵਿਚ ਆਪਣੀ ਤੀਜੀ ਪਤਨੀ, ਯਾੱਲਐਂਡੇ ਦੀ ਸਲਾਹ ਉੱਤੇ ਨਿਰਭਰ ਕਰਦਾ ਸੀ। ਨਤੀਜੇ ਵਜੋਂ ਇਸ ਨੇ ਪੀਟਰੋ ਚੌਥੇ ਦੇ ਅਪਣਾਏ ਸੁਤੰਤਰ ਰਾਹ ਤੇ ਚਲਣ ਦੀ ਬਜਾਏ ਫ਼ਰਾਂਸੀਸੀ ਪੱਖੀ ਨੀਤੀ ਅਪਣਾਈ।

ਜਾਨ ਨੇ ਸੌ-ਸਾਲਾ ਯੁੱਧ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਇਸਨੇ ਕੈਸਟੀਲ ਨਾਲ ਚੰਗੇ ਸਬੰਧ ਬਣਾਈ ਰੱਖੇ। ਇਸਨੂੰ ਸਿਸਲੀ ਅਤੇ ਸਾਰਡੀਨੀਆ ਵਿਚ ਭਾਰੀ ਬਗਾਵਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਏਥਨਜ਼ ਦੀ ਡੱਚੀ ਤੋਂ ਹੱਥ ਧੋਣੇ ਪਏ।

19 ਮਈ, 1395 ਨੂੰ ਸ਼ਿਕਾਰ ਸਮੇਂ ਹੋਈ ਇਕ ਦੁਰਘਟਨਾ ਤੋਂ ਬਾਅਦ ਜਾਨ ਦੀ ਮੌਤ ਹੋ ਗਈ। ਇਸ ਦੇ ਮਰਨ ਤੋਂ ਮਗਰੋਂ ਇਸਦਾ ਭਰਾ ਮਾਰਟਿਨ, ਇਸਦਾ ਉੱਤਰਾਧਿਕਾਰੀ ਬਣਿਆ।

ਹ. ਪੁ.-ਐਨ. ਬ੍ਰਿ. 13: 22 ; ਕੋਲ. ਐਨ. 11 : 31

**ਜਾਨ (ਪਹਿਲਾ-ਕੈਸਟੀਲ)** : ਕੈਸਟੀਲ ਦਾ ਇਹ ਬਾਦ-ਸ਼ਾਹ 1358 ਈ. ਵਿਚ ਐਪਿਲਾ ਦੇ ਸਥਾਨ ਤੇ ਹੈਨਰੀ ਦੂਜੇ ਦੇ ਘਰ ਜਨਮਿਆ। ਜਾਨ ਬੀਮਾਰ ਅਤੇ ਉਦਾਸ ਰਹਿੰਦਾ ਸੀ ਪਰ ਫਿਰ ਵੀ ਇਹ ਪਰਮਾਤਮਾ ਰੂਪੀ ਵਿਅਕਤੀ ਸੀ। ਸੰਨ 1379 ਵਿਚ ਇਹ ਗੱਦੀ ਤੇ ਬੈਠਾ ਤੇ 1381 ਈ. ਵਿਚ ਹੀ ਇਸ ਨੂੰ ਪੁਰਤਗਾਲ ਵਿਚ ਅੰਗਰੇਜ਼ੀ ਫ਼ੌਜ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ। ਰਾਜਨੀਤਿਕ ਕਾਰਵਾਈਆਂ ਨੇ ਇਸ ਹਮਲੇ ਨੂੰ ਰੋਕ ਦਿੱਤਾ। ਜਾਨ ਨੇ ਸੋਚਿਆ ਕਿ ਕੈਸਟੀਲ ਦੀ ਰੱਖਿਆ ਲਈ ਉਸ ਨੂੰ ਗੁਆਂਢੀ ਰਾਜਧਾਨੀ ਨੂੰ ਜਿੱਤਣਾ ਚਾਹੀਦਾ ਹੈ। ਇਸ ਨੇ ਆਪਣੀ ਪਤਨੀ, ਐਲੀਕਾਰ ਦੀ ਮੌਤ ਦਾ ਲਾਭ ਉਠਾ ਕੇ, ਪੁਰਤਗਾਲ ਦੇ ਬਾਦਸ਼ਾਹ ਫ਼ਰਡੀਨੈਂਡ, ਪਹਿਲੇ ਦੀ ਉੱਤਰਾਧਿਕਾਰੀ, ਬੀਅਤਰਿਸ ਨਾਲ ਵਿਆਹ ਕਰਵਾ ਲਿਆ।

ਫ਼ਰਡੀਨੈਂਡ ਦੀ ਮੌਤ ਮਗਰੋਂ 1383 ਈ. ਵਿਚ ਜਾਨ ਨੇ ਪੁਰਤਗਾਲ ਉੱਤੇ ਹਮਲਾ ਕਰ ਦਿੱਤਾ ਅਤੇ 1384 ਈ. ਵਿਚ ਆਪਣੇ ਆਪ ਨੂੰ ਉਥੋਂ

ਦਾ ਬਾਦਸ਼ਾਹ ਐਲਾਨ ਕਰ ਦਿੱਤਾ। ਪੁਰਤਗਾਲ ਦੇ ਬਹੁਤ ਸਾਰੇ ਰਈਸਾਂ ਤੋਂ ਬਿਨਾਂ ਏਵਿਸ ਦੇ ਜਾਨ ਦੇ ਸ਼ਹਿਰੀ ਧੜੇ ਨੇ ਇਸ ਦੀ ਸਖ਼ਤ ਵਿਰੋਧਤਾ ਕੀਤੀ। 14 ਅਗਸਤ, 1358 ਨੂੰ ਆਲਜਬਰੋਟਾ ਦੇ ਸਥਾਨ ਤੇ ਜਾਨ ਦੀ ਫ਼ੌਜ ਨੂੰ ਪੁਰਤਗਾਲ ਦੇ ਜਾਨ ਪਹਿਲੇ ਹੱਥੋਂ ਭਾਰੀ ਹਾਰ ਦਾ ਮੂੰਹ ਵੇਖਣਾ ਪਿਆ।

ਜੁਲਾਈ, 1386 ਵਿਚ ਜਾਨ ਨੇ ਗਲੀਸ਼ੀਆ ਉੱਤੇ ਕਬਜ਼ਾ ਕਰ ਲਿਆ ਅਤੇ 1387 ਈ. ਵਿਚ ਆਪਣੇ ਪੁਰਤਗਾਲੀ ਮਿੱਤਰਾਂ ਦੀ ਮਦਦ ਨਾਲ ਲੇਓਨ ਉੱਤੇ ਹਮਲਾ ਕਰ ਦਿੱਤਾ। ਜਾਨ ਨੇ ਧਾੜ-ਫੂਕ ਵਾਲੀ ਨੀਤੀ ਅਪਣਾਈ ਅਤੇ ਲੰਬੀ ਲੜਾਈ ਤੋਂ ਬਾਅਦ ਲੈਨਕਾਸਟਰ ਗੱਲ-ਬਾਤ ਲਈ ਸਹਿਮਤ ਹੋ ਗਿਆ। ਬਾਓਨ ਦੀ ਸੰਧੀ ਰਾਹੀਂ ਭਾਰੀ ਹਰਜਾਨੇ ਨਾਲ ਕੈਸਟੀਲੀਅਨ ਤਖ਼ਤ ਛੱਡ ਦਿੱਤਾ ਅਤੇ ਆਪਣੀ ਲੜਕੀ ਦਾ ਵਿਆਹ ਜਾਨ ਦੇ ਉੱਤਰਾਧਿਕਾਰੀ, ਹੈਨਰੀ ਨਾਲ ਕਰਨਾ ਮੰਨ ਲਿਆ।

ਸੰਨ 1389 ਤੋਂ ਬਾਅਦ ਰਾਜਧਾਨੀ ਦੇ ਅੰਦਰ ਅਤੇ ਬਾਹਰ ਪਹਿਲੀ ਵਾਰ 1356 ਈ. ਤੱਕ ਸ਼ਾਂਤੀ ਬਣੀ ਰਹੀ।

9 ਅਕਤੂਬਰ, 1390 ਨੂੰ ਅਲਕਾਲਾ ਦ. ਹਨੇਰੀਜ਼ ਦੇ ਸਥਾਨ ਤੇ ਜਾਨ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 23 ; ਕੋਲ. ਐਨ. 11 : 32

**ਜਾਨ (ਪਹਿਲਾ—ਪੁਰਤਗਾਲ)** : ਪੁਰਤਗਾਲ ਦਾ ਇਹ ਬਾਦਸ਼ਾਹ 22 ਅਪ੍ਰੈਲ, 1357 ਵਿਚ ਲਿਜ਼ਬਨ ਵਿਖੇ ਪੈਦਾ ਹੋਇਆ। ਇਹ ਪੀਡਰੋ ਪਹਿਲੇ ਅਤੇ ਟੈਰੈੱਸਾ ਲਾਉਰੈਂਕੋ ਦਾ ਅਯੋਗ ਪੁੱਤਰ ਸੀ।

ਸੱਤ ਸਾਲ ਦੀ ਉਮਰ ਵਿਚ ਇਸ ਦੇ ਪਿਤਾ ਨੇ ਇਸ ਨੂੰ ਆਰਡਰ ਆਫ਼ ਏਵਿਸ ਦਾ ਮਾਸਟਰ ਬਣਾ ਦਿੱਤਾ। ਆਪਣੇ ਭਰਾ ਕਿੰਗ ਫ਼ਰਡੀਨੈਂਡ ਦੀ ਮੌਤ ਤੋਂ ਬਾਅਦ ਇਹ ਖ਼ਾਨਦਾਨੀ ਬਗ਼ਾਵਤਾਂ ਦੌਰਾਨ ਰਾਜਨੀਤੀ ਵਿਚ ਉਲਝ ਗਿਆ। ਇਸ ਨੇ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਤੇ ਨਿਰਭਰ ਕਰ ਦਿੱਤਾ ਜਿਨ੍ਹਾਂ ਨੇ ਕੈਸਟੀਲ ਦੇ ਜਾਨ ਪਹਿਲੇ ਦੀ ਪਤਨੀ ਦੇ ਉੱਤਰਾਧਿਕਾਰ ਦੀ ਵਿਰੋਧਤਾ ਕੀਤੀ ਅਤੇ ਇਕ ਕੌਮੀ ਬਗ਼ਾਵਤ ਸ਼ੁਰੂ ਕੀਤੀ ਸੀ।

ਕੈਸਟੀਲ ਦੇ ਜਾਨ ਪਹਿਲੇ ਨੇ ਜਨਵਰੀ, 1384 ਵਿਚ ਤਖ਼ਤ ਉੱਤੇ ਆਪਣੀ ਪਤਨੀ ਦਾ ਹੱਕ ਜ਼ਾਹਰ ਕਰਨ ਲਈ ਪੁਰਤਗਾਲ ਉੱਤੇ ਹਮਲਾ ਕਰ ਦਿੱਤਾ ਅਤੇ ਲਿਜ਼ਬਨ ਨੂੰ ਘੇਰ ਲਿਆ ਪਰ ਅਪ੍ਰੈਲ, 1384 ਵਿਚ ਆਟੋਲੇਰਾੱਸ ਵਿਖੇ ਪਰੇਰਾ ਦੀ ਜਿੱਤ ਨੇ ਕੈਸਟੀਲੀਅਨ ਦੀ ਚੜ੍ਹਾਈ ਨੂੰ ਰੋਕ ਦਿੱਤਾ ਅਤੇ ਇਸ ਤੋਂ ਇਲਾਵਾ ਕੈਸਟੀਲੀਅਨ ਫ਼ੌਜ ਵਿਚ ਪਲੇਗ ਦੀ ਬੀਮਾਰੀ ਨੇ ਇਨ੍ਹਾਂ ਨੂੰ ਘਰ ਮੁੜਨ ਲਈ ਮਜਬੂਰ ਕਰ ਦਿੱਤਾ। 2 ਅਕਤੂਬਰ, 1384 ਨੂੰ ਏਵਿਸ ਦੇ ਮਾਲਕ ਨੂੰ ਸ਼ਾਸਕ ਐਲਾਨ ਕਰ ਦਿੱਤਾ ਗਿਆ। ਇਸ ਤੋਂ ਬਾਅਦ ਇਸ ਨੂੰ 6 ਅਪ੍ਰੈਲ, 1385 ਨੂੰ ਪੁਰਤਗਾਲ ਦਾ ਬਾਦਸ਼ਾਹ ਐਲਾਨ ਕਰ ਦਿੱਤਾ ਗਿਆ।

ਇਸ ਦੀ ਫ਼ਿਲਿਪਾ ਨਾਲ ਸ਼ਾਦੀ ਅਤੇ 1386 ਈ. ਦੇ ਇੰਗਲੈਂਡ ਨਾਲ ਸਮਝੌਤੇ ਨੇ ਇਕ ਸੁਰੱਖਿਅਤ ਬਾਦਸ਼ਾਹਤ ਬਣਾਉਣ ਵਿਚ ਮਦਦ ਕੀਤੀ। ਅੰਤ ਨੂੰ 1411 ਈ. ਦੀ ਆਰਜ਼ੀ ਸੰਧੀ ਨਾਲ ਕੈਸਟੀਲ ਨਾਲ ਲੜਾਈ ਬੰਦ ਹੋ ਗਈ ਅਤੇ ਇਸ ਨਾਲ ਜਾਨ 1415 ਈ. ਵਿਚ ਸੇਯੂਟਾ ਵਿਰੁੱਧ ਹਮਲਾ ਕਰਨ ਵਿਚ ਸਫ਼ਲ ਹੋ ਗਿਆ।

14 ਅਗਸਤ, 1433 ਨੂੰ ਲਿਜ਼ਬਨ ਵਿਖੇ ਜਾਨ ਦੀ ਮੌਤ ਹੋ ਗਈ ਅਤੇ ਇਸ ਦਾ ਲੜਕਾ ਐਡਵਰਡ ਇਸਦਾ ਉੱਤਰਾਧਿਕਾਰੀ ਬਣਿਆ।

ਹ. ਪੁ.—ਐਨ. ਬ੍ਰਿ. 13 : 26; ਐਨ. ਬ੍ਰਿ. ਮਾ. 4 : 572

**ਜਾਨ (ਪਹਿਲਾ—ਫ਼ਰਾਂਸ)** : ਫ਼ਰਾਂਸ ਅਤੇ ਨਾਵਾਰ ਦੇ ਇਸ ਬਾਦਸ਼ਾਹ ਦਾ ਜਨਮ 15 ਨਵੰਬਰ, 1316 ਵਿਚ ਫ਼ਰਾਂਸ ਦੇ ਲੂਈ ਦਸਵੇਂ ਦੇ ਘਰ ਲੂਈ ਦੀ ਮੌਤ ਪਿੱਛੋਂ ਹੋਇਆ। ਇਸ ਦੇ ਚਾਚੇ ਉੱਤੇ ਜੋ ਫ਼ਿਲਿਪ ਪੰਜਵੇਂ ਦੇ ਤੌਰ ਤੇ ਇਸ ਦਾ ਉੱਤਰਾਧਿਕਾਰੀ ਬਣਿਆ, ਇਸ ਦੀ ਮੌਤ ਦਾ ਦੋਸ਼ ਲਗਾਇਆ ਗਿਆ ਜਾਂ ਇਹ ਕਿਹਾ ਗਿਆ ਕਿ ਉਸ ਨੇ ਜਾਨ ਦੀ ਥਾਂ ਤੇ ਕਿਸੇ ਮਰੇ ਹੋਏ ਬੱਚੇ ਨੂੰ ਬਦਲ ਦਿੱਤਾ ਪਰ ਇਨ੍ਹਾਂ ਵਿਚੋਂ ਕੋਈ ਵੀ ਗੱਲ ਠੀਕ ਨਹੀਂ ਸੀ।

ਸੰਨ 1358 ਵਿਚ ਫ਼ਲੋਰੈਂਸ ਵਿਚ ਜੀਆਨੀਨੋ ਨਾਂ ਦੇ ਇਕ ਵਿਅਕਤੀ ਨੇ ਕਲੇਮੈਨਸ ਦੇ ਭਤੀਜੇ ਹੰਗਰੀ ਦੇ ਲੂਈ ਪਹਿਲੇ ਨੂੰ ਮਨਾ ਲਿਆ ਕਿ ਉਹ ਜਾਨ ਪਹਿਲਾ ਹੈ। ਉਂਜ ਤਾਂ ਉਸ ਨੂੰ ਇਸ ਵਿਚ ਕੁਝ ਸਫ਼ਲਤਾ ਮਿਲੀ ਪਰ 1363 ਈ. ਵਿਚ ਨੇਪਲਜ਼ ਦੀ ਜੇਲ੍ਹ ਵਿਚ ਉਸ ਦੀ ਮੌਤ ਹੋ ਗਈ। ਅਜੇ ਤੱਕ ਵੀ ਇਸ ਬਾਦਸ਼ਾਹ ਦੀ ਕਹਾਣੀ ਇਕ ਪੇਚੀਦਾ ਮਾਮਲਾ ਹੀ ਬਣੀ ਹੋਈ ਹੈ।

ਹ. ਪੁ.—ਐਨ. ਬ੍ਰਿ. 13 : 25

**ਜਾਨ (ਪਹਿਲਾ—ਬਾਜ਼ਨਤੀਨ)** : ਬਾਜ਼ਨਤੀਨ ਦੇ ਇਸ ਸ਼ਹਿਨਸ਼ਾਹ ਦਾ ਜਨਮ 924 ਈ. ਵਿਚ ਹੋਇਆ। ਅਸਲ ਵਿਚ ਇਹ ਆਰਮੀਨੀ ਕੁਲ ਵਿਚੋਂ ਸੀ ਅਤੇ ਵਿਆਹ ਪੱਖੋਂ ਇਸ ਦਾ ਏਸ਼ੀਆ ਮਾਈਨਰ ਦੇ ਵੱਡੇ ਵੱਡੇ ਖ਼ਾਨਦਾਨਾਂ ਨਾਲ ਸਬੰਧ ਸੀ। ਇਹ ਪੂਰਬ ਦਾ ਇਕ ਮੰਨਿਆ-ਪ੍ਰਮੰਨਿਆ ਜਰਨੈਲ ਅਤੇ ਕਮਾਂਡਰ ਸੀ। ਸੰਨ 969 ਵਿਚ ਇਸ ਨੇ ਮਹਾਰਾਣੀ ਥੀਓਫਾਨੋ ਨਾਲ ਸਾਜ਼ਸ਼ ਕਰਕੇ ਸ਼ਹਿਨਸ਼ਾਹ ਨਿਸੇਫੋਰਸ ਦੂਜੇ ਫੋਕਾਸ ਨੂੰ ਕਤਲ ਕਰ ਦਿੱਤਾ ਅਤੇ ਆਪ ਰਾਜ-ਗੱਦੀ ਤੇ ਬੈਠ ਗਿਆ। ਇਸ ਨੇ ਚਰਚ ਨੂੰ ਬਹੁਤ ਰਿਆਇਤਾਂ ਦੇ ਕੇ ਆਪਣੇ ਬਿਸ਼ਪ ਨੂੰ ਰਾਜ਼ੀ ਕਰ ਲਿਆ। ਆਪਣੀ ਵਿਦੇਸ਼ ਨੀਤੀ ਵੱਲ ਧਿਆਨ ਦੇਣ ਤੋਂ ਪਹਿਲਾਂ ਹੀ ਇਸ ਨੂੰ ਆਪਣੇ ਫੋਕਾਸ ਖ਼ਾਨਦਾਨ ਦੀ ਵਿਰੋਧਤਾ ਨੂੰ ਖਤਮ ਕਰਨਾ ਪਿਆ। ਸੰਨ 970 ਅਤੇ 971 ਦੀਆਂ ਆਪਣੀਆਂ ਮੁਹਿੰਮਾਂ ਵੇਲੇ ਇਸ ਨੇ ਕੁਸਤੁਨਤੁਨੀਆ (ਅੱਜਕੱਲ੍ਹ ਇਸਤੰਬੋਲ) ਨੂੰ ਧਮਕੀਆਂ ਦੇ ਰਹੇ ਕੀਯੇਫ ਦੇ ਰੂਸੀਆਂ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਅਤੇ ਸਾਮਰਾਜੀ ਹੱਦਾਂ ਨੂੰ ਡੈਨਯੂਬ ਤੱਕ ਲੈ ਗਿਆ। ਮਕਦੂਨੀਆ ਦੇ ਬਾਦਸ਼ਾਹ ਕਾਨਸਟੇਨਟਾਈਨ ਸੱਤਵੇਂ ਦੀ ਲੜਕੀ ਥੀਓਡੋਰਾ ਨਾਲ ਵਿਆਹ ਕਰਕੇ ਇਸ ਨੇ ਆਪਣੀ ਤਾਕਤ ਹੋਰ ਵਧਾ ਲਈ।

ਸੰਨ 973 ਵਿਚ ਇਸ ਨੇ ਅਰਬਾਂ ਵਿਰੁੱਧ ਫਿਰ ਤੋਂ ਯੁੱਧ ਸ਼ੁਰੂ ਕਰਨ ਸਬੰਧੀ ਇਕ ਮੁਹਿੰਮ ਭੇਜੀ। ਸੰਨ 974 ਅਤੇ 975 ਦੀਆਂ ਮੁਹਿੰਮਾਂ ਦੀ ਅਗਵਾਈ ਤਾਂ ਇਸ ਨੇ ਆਪ ਹੀ ਕੀਤੀ। ਇਨ੍ਹਾਂ ਮੁਹਿੰਮਾਂ ਦੌਰਾਨ ਇਸ ਨੇ ਫ਼ਰਾਤ ਦੇ ਵਿਚਕਾਰਲੇ ਹਿੱਸੇ ਤੇ ਕਬਜ਼ਾ ਕਰ ਲਿਆ ਅਤੇ ਟਾਈਬਿਰੀਅਸ ਨੈਜ਼ਾਰਥ ਅਤੇ ਸੀਜ਼ਰੀਆ ਦੇ ਇਲਾਕਿਆਂ ਨੂੰ ਫ਼ਤਹਿ ਕਰਦਾ ਹੋਇਆ ਸੀਰੀਆ ਵਿਚੋਂ ਦੀ ਫ਼ਲਸਤੀਨ ਵੱਲ ਵਧਿਆ ਪਰ ਇਨ੍ਹਾਂ ਜਿੱਤਾਂ ਨੂੰ ਅਮਲੀ ਰੂਪ ਵਿਚ ਲਿਆਉਣ ਤੋਂ ਪਹਿਲਾਂ ਹੀ ਇਸ ਦੀ 10 ਜਨਵਰੀ 976 ਨੂੰ ਕੁਸਤੁਨਤੁਨੀਆ ਵਿਖੇ ਮਿਆਦੀ ਬੁਖ਼ਾਰ ਨਾਲ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 20; ਚੈਂਬ. ਐਨ. 8 : 120

**ਜਾਨ (ਦੂਜਾ ਅਰਾਗਾਨ)** : ਇਹ ਅਰਾਗਾਨ ਦਾ ਬਾਦਸ਼ਾਹ ਸੀ ਜੋ 1398 ਵਿਚ ਮੇਦੀਨਾ ਦੇ ਕਾਮਪੋ ਦੇ ਸਥਾਨ ਤੇ ਅਰਾਗਾਨ ਦੇ ਬਾਦਸ਼ਾਹ ਫ਼ਰਡੀਨੈਂਡ ਪਹਿਲੇ ਦੇ ਘਰ ਪੈਦਾ ਹੋਇਆ।

ਸੰਨ 1420 ਵਿਚ ਇਸ ਦਾ ਵਿਆਹ ਚਾਰਲਸ ਤੀਜੇ ਦੀ ਲੜਕੀ ਬਲਾਂਚ ਨਾਲ ਹੋ ਗਿਆ। ਨਤੀਜੇ ਵਜੋਂ ਚਾਰਲਸ ਤੀਜੇ ਦੀ ਮੌਤ ਮਗਰੋਂ ਇਸ ਨੂੰ ਨਾਵਾਰ ਦਾ ਤਖ਼ਤ ਮਿਲ ਗਿਆ। ਸੰਨ 1458 ਵਿਚ ਆਪਣੇ ਵੱਡੇ ਭਰਾ ਐਲਫਾਂਸੋ ਪੰਜਵੇਂ ਤੋਂ ਮਗਰੋਂ ਅਰਾਗਾਨ ਨੇ ਸਿਸਲੀ ਅਤੇ ਸਾਰਡੀਨੀਆ ਦਾ ਰਾਜ ਪ੍ਰਬੰਧ ਸੰਭਾਲਿਆ। ਇਸ ਨੇ ਅਰਾਗਾਨ ਨੂੰ ਅੱਖੋਂ ਓਹਲੇ ਕਰਕੇ ਕੈਸਟੀਲ ਅਤੇ ਨੇਪਲਜ਼ ਦੇ ਮਾਮਲਿਆਂ ਵਿਚ ਜ਼ਿਆਦਾ ਦਖ਼ਲ ਦਿੱਤਾ। ਇਸ ਦਾ ਆਪਣੇ ਵੱਡੇ ਲੜਕੇ ਚਾਰਲਸ ਨਾਲ ਝਗੜਾ

ਰਹਿੰਦਾ ਸੀ। ਨਤੀਜੇ ਵਜੋਂ ਇਹ ਨਾਵਾਰ ਅਤੇ ਕੈਟਲੋਨੀਆ ਵਿਚ ਖ਼ਾਨਾਜੰਗੀ ਵਿਚ ਉਲਝ ਗਿਆ।

ਸੰਨ 1462 ਵਿਚ ਜਾਨ ਅਤੇ ਉਸ ਦੀ ਦੂਜੀ ਪਤਨੀ ਨੂੰ ਕੈਟਲੋਨੀਆ ਵਿਚੋਂ ਕੱਢ ਦਿੱਤਾ ਅਤੇ 1472 ਤੱਕ ਬਾਦਸ਼ਾਹ ਬਾਰਸੀਲੋਨਾ ਮੁੜਨ ਵਿਚ ਸਫ਼ਲ ਨਾ ਹੋ ਸਕਿਆ। ਇਸ ਸਮੇਂ ਉਹ ਰੂਸੀ ਯੋਨ ਅਤੇ ਸੈੱਰਡਾਨ ਦੇ ਇਲਾਕੇ ਵੀ ਫ਼ਰਾਂਸ ਕੋਲ ਗਵਾ ਬੈਠਾ।

ਇਕ ਦ੍ਰਿੜ੍ਹ-ਇਰਾਦਾ ਵਿਅਕਤੀ ਹੁੰਦਿਆਂ ਹੋਇਆਂ ਜਾਨ ਵਿਚ ਰਾਜਨੀਤਕ ਸੂਝ-ਬੂਝ ਦੀ ਘਾਟ ਸੀ।

19 ਜਨਵਰੀ, 1479 ਨੂੰ ਜਾਨ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 22

**ਜਾਨ (ਦੂਜਾ–ਕੈਸਟੀਲ)** : ਕੈਸਟੀਲ ਦੇ ਇਸ ਬਾਦਸ਼ਾਹ ਦਾ ਜਨਮ 1405 ਈ. ਵਿਚ ਟੋਰੋ ਦੇ ਸਥਾਨ ਤੇ ਹੋਇਆ। ਇਹ ਹੈਨਰੀ ਤੀਜੇ ਦਾ ਲੜਕਾ ਸੀ। ਇਸ ਦੀ ਨਾਬਾਲਗੀ ਸਮੇਂ ਇਸ ਦੀ ਮਾਤਾ ਕੈਥੇਰੀਨ ਅਤੇ ਇਸ ਦੇ ਚਾਚੇ ਐਂਟੀਕਵੇਰਾ ਦੇ ਫ਼ਰਡੀਨੈਂਡ ਨੇ ਸਾਂਝਾ ਰਾਜ ਕੀਤਾ।

ਸੰਨ 1419 ਵਿਚ ਜਾਨ ਨੇ ਨਿੱਜੀ ਤੌਰ ਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ ਪਰ ਅਸਲੀ ਸ਼ਕਤੀ ਇਸਦੇ ਨਿਕਟਵਰਤੀ ਐਲਵਾਰੋ ਦਾ ਲੂਨਾ ਦੇ ਹੱਥ ਵਿਚ ਸੀ। ਜਾਨ ਨੇ ਸਭਿਆਚਾਰ ਨੂੰ ਪਸੰਦ ਕੀਤਾ ਅਤੇ ਆਪਣੇ ਦਰਬਾਰ ਨੂੰ ਸਾਹਿਤ ਅਤੇ ਮੁਢਲੀ ਮਾਨਵ ਵਿੱਦਿਆ ਦਾ ਕੇਂਦਰ ਬਣਾਇਆ। ਇਕ ਸ਼ਾਸਕ ਦੇ ਤੌਰ ਤੇ ਉਹ ਡਰਾਕਲ, ਆਲਸੀ ਅਤੇ ਆਸਾਨੀ ਨਾਲ ਮੰਨ ਜਾਣ ਵਾਲਾ ਸਿੱਧ ਹੋਇਆ। ਉਸ ਦੇ ਰਾਜ ਵਿਚ ਸਾਜ਼ਸ਼ਾਂ ਅਤੇ ਫ਼ਸਾਦ ਬਹੁਤ ਹੋਏ।

ਇਸ ਦੀ ਨਵੀਂ ਰਾਣੀ ਪੁਰਤਗਾਲ ਦੀ ਇਜ਼ਾਬੈਲਾ ਨੇ ਜਾਨ ਦੀ ਉਸ ਦੇ ਨਿਕਟਵਰਤੀ ਯੋਗ ਸਲਾਹਕਾਰ ਉੱਤੇ ਨਿਰਭਰਤਾ ਨੂੰ ਖਤਮ ਕਰਨ ਦਾ ਫ਼ੈਸਲਾ ਕੀਤਾ ਅਤੇ ਜਾਨ ਦੇ ਉੱਤਰਾਧਿਕਾਰੀ ਹੈਨਰੀ ਨਾਲ ਮਿਲ ਕੇ ਜਾਨ ਦੇ ਸਲਾਹਕਾਰ ਨੂੰ ਖਤਮ ਕਰਨ ਦੀ ਸਾਜ਼ਸ਼ ਰਚੀ। ਉਨ੍ਹਾਂ ਨੇ ਰਾਜੇ ਨੂੰ ਐਲਵਾਰੋ ਦਾ ਲੂਨਾ ਨੂੰ ਕੈਦ ਕਰਨ ਲਈ ਮਨਾ ਲਿਆ। ਕਿਹਾ ਜਾਂਦਾ ਹੈ ਕਿ ਇਸ ਵਿਸ਼ਵਾਸਘਾਤ ਤੋਂ ਪਿੱਛੋਂ ਪਸ਼ਚਾਤਾਪ ਵਿਚ ਹੀ ਵਾਲਾਡੌਲਿਦ ਦੇ ਸਥਾਨ ਤੇ 21 ਜੁਲਾਈ, 1454 ਨੂੰ ਜਾਨ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 23 ; ਕੋਲ. ਐਨ. 11 : 32

**ਜਾਨ (ਦੂਜਾ ਦੀ ਪਰਫ਼ੈਕਟ–ਪੁਰਤਗਾਲ)** : ਪੁਰਤਗਾਲ ਦਾ ਇਹ ਬਾਦਸ਼ਾਹ ਜਿਸ ਨੂੰ 'ਦੀ ਪਰਫ਼ੈਕਟ' ਵੀ ਕਿਹਾ ਜਾਂਦਾ ਹੈ, 3 ਮਈ, 1455 ਨੂੰ ਲਿਜ਼ਬਨ ਵਿਖੇ ਐਲਫਾਂਸੋ ਪੰਜਵੇਂ ਦੇ ਘਰ ਪੈਦਾ ਹੋਇਆ। ਇਸ ਨੇ ਸੰਨ 1481 ਤੋਂ 1495 ਤੱਕ ਰਾਜ ਕੀਤਾ।

ਜਾਨ ਦਾ ਰਾਜ ਉਸ ਦੇ ਅੰਦਰੂਨੀ ਮਾਮਲਿਆਂ ਉੱਤੇ ਪੂਰਨ ਕੰਟਰੋਲ ਉਸ ਦੀ ਸੁਲਝੀ ਹੋਈ ਬਦੇਸ਼ ਨੀਤੀ ਅਤੇ ਪੁਰਤਗਾਲੀਆਂ ਦੇ ਸਮੁੰਦਰੋਂ ਪਾਰ ਦੇ ਲਗਾਤਾਰ ਵਿਸਥਾਰ ਕਾਰਨ ਜਾਣਿਆ ਜਾਂਦਾ ਸੀ। ਜਾਨ ਨੇ ਪੁਰਤਗਾਲ ਦੇ ਧਨਾਢ ਪਰਿਵਾਰ ਦੀ ਸ਼ਕਤੀ ਨੂੰ ਖਤਮ ਕਰਕੇ ਆਪਣਾ ਅਧਿਕਾਰ ਸਥਾਪਿਤ ਕੀਤਾ ਸੀ। ਉਸ ਦੀ ਸਰਕਾਰ ਦਾ ਕੇਂਦਰੀਕਰਨ ਅਤੇ ਅਮੀਰਸ਼ਾਹੀ ਦੀ ਸ਼ਕਤੀ ਨੂੰ ਘਟਾ ਕੇ ਸ਼ਾਹੀ ਤਾਕਤ ਨੂੰ ਵਧਾਉਣ ਦੀ ਨੀਤੀ ਨੇ ਦੋ ਸਾਜ਼ਸ਼ਾਂ ਨੂੰ ਜਨਮ ਦਿੱਤਾ ਜਿਸ ਦੇ ਨਤੀਜੇ ਵਜੋਂ 1483 ਵਿਚ ਬ੍ਰਗਾਂਜ਼ਾ ਦੇ ਡਿਊਕ ਨੂੰ ਫ਼ਾਂਸੀ ਦੀ ਸਜ਼ਾ ਮਿਲੀ ਅਤੇ ਉਸ ਦੇ ਸਾਲੇ ਵਿਜ਼ੀਓ ਦੇ ਡਿਊਕ ਨੂੰ ਵੀ 1484 ਵਿਚ ਕਤਲ ਕਰ ਦਿੱਤਾ ਗਿਆ।

ਸੰਨ 1479-80 ਦੌਰਾਨ ਜਾਨ ਦੂਜੇ ਨੇ ਕੈਸਟੀਲ ਨਾਲ ਸੰਧੀ ਕਰ ਲਈ। ਜਾਨ ਦੂਜੇ ਨੇ ਪੁਰਤਗਾਲੀਆਂ ਦੀਆਂ ਸਮੁੰਦਰੀ ਯਾਤਰਾਵਾਂ ਦੀ ਖੋਜ ਵਿਚ ਬੜੀ ਸਰਗਰਮੀ ਨਾਲ ਹਿੱਸਾ ਪਾਇਆ। ਸੰਨ 1471 ਵਿਚ ਇਸ ਦਾ ਵਿਆਹ ਵਿਜ਼ੀਓ ਦੇ ਡਿਊਕ ਦੀ ਲੜਕੀ ਲੀਓਨਾਰ ਨਾਲ ਹੋਇਆ।

25 ਅਕਤੂਬਰ, 1495 ਨੂੰ ਐਲਵਾਰ ਦੇ ਸਥਾਨ ਤੇ ਜਾਨ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 26; ਐਨ. ਬ੍ਰਿ. ਮਾ. 4 : 573

**ਜਾਨ (ਦੂਜਾ, ਦੀ ਗੁੱਡ–ਫ਼ਰਾਂਸ)** : ਫ਼ਰਾਂਸ ਦਾ ਇਹ ਬਾਦਸ਼ਾਹ ਜਿਸ ਦਾ ਉਪਨਾਮ 'ਦੀ ਗੁੱਡ' ਵੀ ਹੈ ਵਾਲੋਸ ਦੇ ਫ਼ਿਲਿਪ ਛੇਵੇਂ ਅਤੇ ਬਰਗੰਡੀ ਦੇ ਜੋਨ ਦਾ ਸਭ ਤੋਂ ਵੱਡਾ ਲੜਕਾ ਸੀ। ਇਸ ਦਾ ਜਨਮ 26 ਅਪ੍ਰੈਲ, 1319 ਵਿਚ ਹੋਇਆ।

ਸੰਨ 1333 ਵਿਚ ਇਸ ਦੇ ਪਿਤਾ ਨੇ ਇਸ ਨੂੰ ਨਾਰਮੰਡੀ ਦਾ ਡਿਊਕ ਬਣਾ ਦਿੱਤਾ। ਸੰਨ 1340, 1341 ਅਤੇ 1346 ਵਿਚ ਜਾਨ ਕ੍ਰਮਵਾਰ ਹੇਨੋ ਬ੍ਰਿਟੈਨੀ ਅਤੇ ਗੀਐਨ ਵਿਚ ਅੰਗਰੇਜ਼ਾਂ ਵਿਰੁੱਧ ਲੜਾਈ ਲਈ ਗਿਆ।

22 ਅਗਸਤ, 1350 ਵਿਚ ਆਪਣੇ ਪਿਤਾ ਤੋਂ ਬਾਅਦ ਫ਼ਰਾਂਸ ਦਾ ਬਾਦਸ਼ਾਹ ਬਣਿਆ ਅਤੇ 26 ਸਤੰਬਰ ਨੂੰ ਇਸ ਨੂੰ ਰੀਮਜ਼ ਦੀ ਬਾਦਸ਼ਾਹਤ ਮਿਲੀ। ਆਪਣੇ ਰਾਜ-ਕਾਲ ਸਮੇਂ ਇਸ ਨੂੰ ਬਾਹਰੀ ਖ਼ਤਰਿਆਂ ਅਤੇ ਘਰੇਲੂ ਫੁੱਟ ਦਾ ਵੀ ਸਾਹਮਣਾ ਕਰਨਾ ਪਿਆ। ਇਸ ਦੀ ਰਾਜਨੀਤਕ ਅਯੋਗਤਾ ਨੇ ਇਸ ਲਈ ਅਤੇ ਇਸ ਦੇ ਦੇਸ਼ ਲਈ ਆਫ਼ਤ ਖੜ੍ਹੀ ਕਰ ਦਿੱਤੀ। ਇੰਗਲੈਂਡ ਦੇ ਐਡਵਰਡ ਤੀਜੇ ਅਤੇ ਨਾਵਾਰ ਦੇ ਚਾਰਲਸ ਦੂਜੇ ਨੇ ਜਾਨ ਦੀ ਗੱਦੀ ਨੂੰ ਵੰਗਾਰਿਆ। ਆਪਣੇ ਰਾਜ ਤਿਲਕ ਦੇ ਮੌਕੇ ਤੇ ਜਾਨ ਨੇ ਇਕ ਸਿਪਾਹੀ ਨੂੰ ਬਿਨਾਂ ਮੁਕੱਦਮਾ ਚਲਾਏ ਫ਼ਾਂਸੀ ਦੇ ਦਿੱਤੀ। ਜਾਨ ਨੇ ਨਾਵਾਰ ਦੇ ਬਾਦਸ਼ਾਹ ਚਾਰਲਸ ਦੂਜੇ ਨੂੰ 1356 ਵਿਚ ਕੈਦ ਕਰ ਲਿਆ ਅਤੇ ਉਸ ਦੇ ਕੁਝ ਸਾਥੀਆਂ ਨੂੰ ਕਤਲ ਕਰ ਦਿੱਤਾ। ਸੰਨ 1354 ਵਿਚ ਅੰਗਰੇਜ਼ਾਂ ਨਾਲ ਸੰਧੀ ਦੀਆਂ ਸ਼ਰਤਾਂ ਤੋੜ ਕੇ ਜਾਨ ਨੇ ਉਨ੍ਹਾਂ ਨਾਲ ਦੁਬਾਰਾ ਲੜਾਈ ਸ਼ੁਰੂ ਕਰ ਦਿੱਤੀ ਅਤੇ 9 ਸਤੰਬਰ, 1356 ਵਿਚ ਪਵਾਟਯੇ ਦੀ ਲੜਾਈ ਵਿਚ ਜਾਨ ਨੂੰ ਕੈਦ ਕਰ ਲਿਆ ਗਿਆ। ਸੰਨ 1356 ਤੋਂ 1360 ਤੱਕ ਦਾ ਸਮਾਂ ਇੰਗਲੈਂਡ ਵਿਚ ਬਿਤਾਇਆ। ਸੰਧੀ ਰਾਹੀਂ ਜਾਨ ਰਿਹਾਅ ਹੋ ਕੇ ਫ਼ਰਾਂਸ ਮੁੜਿਆ। ਇਸ ਸੰਧੀ ਦੀ ਸ਼ਰਤ ਅਨੁਸਾਰ ਜਾਨ ਨੂੰ ਬਹੁਤ ਸਾਰਾ ਦੱਖਣ-ਪੱਛਮੀ ਫ਼ਰਾਂਸ ਐਡਵਰਡ ਦੇ ਹਵਾਲੇ ਕਰਨਾ ਪਿਆ ਅਤੇ ਇਸ ਤੋਂ ਇਲਾਵਾ ਜਾਨ ਨੂੰ ਬਹੁਤ ਭਾਰੀ ਜੁਰਮਾਨੇ ਦੀ ਰਕਮ ਅਦਾ ਕਰਨ ਲਈ ਕਿਹਾ ਗਿਆ। ਜਾਨ ਆਪਣੀ ਥਾਂ ਤੇ ਜ਼ਾਮਨ ਛੱਡ ਕੇ ਜੁਰਮਾਨੇ ਦੀ ਰਕਮ ਲੈਣ ਫ਼ਰਾਂਸ ਚਲਾ ਗਿਆ। ਇਸ ਦੀ ਕੈਦ ਅਤੇ ਗ਼ੈਰ-ਹਾਜ਼ਰੀ ਦੌਰਾਨ ਇਸ ਦੇ ਲੜਕੇ ਚਾਰਲਸ ਪੰਜਵੇਂ ਨੇ ਲੈਫ਼ਟੀਨੈਂਟ ਦੇ ਤੌਰ ਤੇ ਕੰਮ ਕੀਤਾ।

ਜਾਨ ਰਾਠਗੀਰੀ ਨੂੰ ਖ਼ੁਸ਼ ਕਰਨ ਵਿਚ ਅਸਫ਼ਲ ਰਿਹਾ। ਧਰਮ-ਯੁੱਧ ਲਈ ਵਿਉਂਤਾਂ ਵਿਚ ਰੁਝੇਵੇਂ ਅਤੇ ਆਲਸੀ ਹੋਣ ਕਾਰਨ ਜਾਨ ਫ਼ਰਾਂਸ ਨੂੰ ਮਾਰੂ ਪ੍ਰਾਈਵੇਟ ਫ਼ੌਜਾਂ ਦੀ ਤਬਾਹੀ ਤੋਂ ਬਚਾਉਣ ਲਈ ਕੁਝ ਨਾ ਕਰ ਸਕਿਆ। ਸੰਨ 1364 ਵਿਚ ਜਾਨ ਖ਼ੁਦ ਲੰਦਨ ਵਾਪਸ ਚਲਾ ਗਿਆ ਕਿਉਂਕਿ ਉਸਦਾ ਇਕ ਜ਼ਾਮਨ ਭੱਜ ਗਿਆ ਸੀ ਅਤੇ ਉਹ ਇਸ ਬੇਇਜ਼ਤੀ ਨੂੰ ਬਰਦਾਸ਼ਤ ਨਾ ਕਰ ਸਕਿਆ।

ਜਲਦੀ ਹੀ ਲੰਦਨ ਵਿਖੇ ਜਾਨ ਬੀਮਾਰ ਹੋ ਗਿਆ ਅਤੇ 8 ਅਪ੍ਰੈਲ, 1364 ਨੂੰ ਸੈਵਾਇ ਦੇ ਸਥਾਨ ਤੇ ਇਸ ਦੀ ਮੌਤ ਹੋ ਗਈ। ਇਸ ਦੀ ਦੇਹ ਨੂੰ ਫ਼ਰਾਂਸ ਲਿਆ ਕੇ ਸੇਂਟ ਡੈਨਿਸ ਵਿਖੇ ਦਫ਼ਨਾ ਦਿੱਤਾ ਗਿਆ।

ਹ. ਪੁ.–ਐਨ. ਬ੍ਰਿ. 13 : 25; ਐਨ. ਅਮੈ. 16 : 157; ਐਨ. ਬ੍ਰਿ. ਮਾ. 5 : 573

**ਜਾਨ (ਦੂਜਾ–ਬਾਜ਼ਨਤੀਨ)** : ਇਹ ਐਲਕਸ਼ੀਅਸ ਪਹਿਲੇ ਦਾ ਲੜਕਾ ਸੀ ਜੋ 1088 ਵਿਚ ਜਨਮਿਆ। 16 ਅਗਸਤ, 1118 ਵਿਚ ਆਪਣੇ ਪਿਤਾ ਤੋਂ ਬਾਅਦ ਗੱਦੀ ਤੇ ਬੈਠਾ। ਖੇਤੀ ਸਬੰਧੀ ਇਹ ਆਪਣੇ ਪਿਤਾ ਵਾਲੀ ਨੀਤੀ ਤੇ ਹੀ ਚਲਿਆ। ਇਸ ਨੇ ਜੰਗੀ ਕੈਦੀਆਂ ਨੂੰ ਫ਼ੌਜੀ

ਕਿਸਾਨਾਂ ਦੇ ਤੌਰ ਤੇ ਖੇਤੀ ਵਿਚ ਲਗਾਇਆ ਅਤੇ ਫ਼ੌਜੀ ਸੇਵਾ ਬਦਲੇ ਜਾਗੀਰਾਂ ਦਿੱਤੀਆਂ। ਇਸ ਨੇ ਹੰਗਰੀ ਦੇ ਬਾਦਸ਼ਾਹ ਦੀ ਲੜਕੀ ਨਾਲ ਸ਼ਾਦੀ ਕਰਵਾਈ। ਜਾਨ ਇਕ ਧਰਮਾਤਮਾ ਬਾਦਸ਼ਾਹ ਸੀ ਜਿਸ ਨੇ ਕੁਸਤੁਨਤੁਨੀਆ ਵਿਖੇ ਇਕ ਸ਼ਾਨਦਾਰ ਮੱਠ ਬਣਵਾਇਆ ਅਤੇ ਇਸ ਦੇ ਨਾਲ ਹੀ ਇਕ ਹਸਪਤਾਲ ਵੀ ਬਣਵਾਇਆ। ਜਾਨ ਨੇ ਪੱਛਮ ਅਤੇ ਉੱਤਰ ਵਿਚ ਸੰਧੀਆਂ ਕਰਕੇ ਆਪਣੀ ਫ਼ੌਜ ਨੂੰ ਭਵਿੱਖ ਵਿਚ ਐਂਟੀਓਕ ਦੀ ਨਾਰਮਲ ਹਕੂਮਤ ਨਾਲ ਹੋਣ ਵਾਲੀ ਲੜਾਈ ਲਈ ਮਜ਼ਬੂਤ ਬਣਾਇਆ। ਸੰਨ 1122 ਵਿਚ ਇਸ ਨੇ ਪੈਕਨਐੱਗਜ਼ ਉੱਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸ ਨੇ ਹੰਗਰੀ ਦੀ ਰਾਜਕੁਮਾਰੀ ਨਾਲ ਸ਼ਾਦੀ ਕਰਵਾ ਕੇ ਹੰਗਰੀ ਦੇ ਅੰਦਰੂਨੀ ਝਗੜਿਆਂ ਵਿਚ ਦਖ਼ਲ ਦੇਣ ਦਾ ਮੌਕਾ ਲੱਭਿਆ ਅਤੇ ਇਨ੍ਹਾਂ ਝਗੜਿਆਂ ਤੋਂ ਲਾਭ ਉਠਾ ਕੇ ਪੋਪ ਦਾ ਪਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਸਿਸਲੀ ਦੇ ਨਾਰਮਨ ਰਾਜਰ ਦੂਜੇ ਦੇ ਵਿਰੁੱਧ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਇਸ ਨੇ ਜਰਮਨੀ ਦੇ ਲਾਥੇਅਰ ਤੀਜੇ ਨਾਲ ਸਮਝੌਤਾ ਕੀਤਾ।

ਜਾਨ ਏਸ਼ੀਆ ਕੋਚਕ ਅਤੇ ਸੀਰੀਆ ਉੱਤੇ ਪੂਰੀ ਤਰ੍ਹਾਂ ਕਾਬਜ਼ ਹੋ ਗਿਆ। ਸੰਨ 1132 ਤੋਂ 35 ਵਿਚ ਇਸ ਨੇ ਸ਼ਕਤੀਸ਼ਾਲੀ ਅਨਾਤੋਲੀਆ ਨੂੰ ਪਿੱਛੇ ਧੱਕਿਆ। ਇਸ ਤੋਂ ਬਾਅਦ ਇਸ ਨੇ ਲੈਸਰ ਆਰਮੀਨੀਆ ਨੂੰ ਵੀ ਜ਼ਬਤ ਕਰ ਲਿਆ ਅਤੇ ਬਾਅਦ ਵਿਚ ਪਵਾਟਯੇ ਦੇ ਰਾਇਮੰਡ ਨੂੰ ਬਾਜ਼ਨਤੀਨ ਦੇ ਅਧਿਰਾਜ ਪਦ ਮੰਨਣ ਲਈ ਮਜਬੂਰ ਕੀਤਾ।



ਜਾਨ (ਦੂਜਾ–ਬਾਜ਼ਨਤੀਨ)

ਬਾਅਦ ਵਿਚ ਇਸ ਨੂੰ ਕਈ ਹਮਲਿਆਂ ਅਤੇ ਪੋਪ ਅਤੇ ਸਿਸਲੀਅਨ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਇਸੇ ਸਮੇਂ ਦੌਰਾਨ ਇਸ ਨੂੰ ਆਪਣੇ ਮਿੱਤਰ ਲਾਥੇਅਰ ਤੀਜੇ ਦੀ ਮੌਤ ਦਾ ਦੁਖ ਵੀ ਸਹਾਰਨਾ ਪਿਆ। ਸੰਨ 1142 ਵਿਚ ਇਹ ਡੈਨ ਵਿਰੁੱਧ ਫ਼ੌਜ ਲੈ ਕੇ ਐਂਟੀਓਕ ਪਹੁੰਚਿਆ ਤੇ ਇਸ ਨੂੰ ਛੱਡ ਦੇਣ ਲਈ ਕਿਹਾ।

ਅਪ੍ਰੈਲ, 1143 ਵਿਚ ਜਦੋਂ ਇਹ ਇਸ ਇਲਾਕੇ ਉੱਤੇ ਆਪਣਾ ਹੱਕ ਜਮਾਉਣ ਲਈ ਜੋਰ ਲਗਾ ਰਿਹਾ ਸੀ ਤਾਂ ਜ਼ਹਿਰੀਲੇ ਜ਼ਖ਼ਮ ਕਾਰਨ 8 ਅਪ੍ਰੈਲ, 1143 ਨੂੰ ਇਸ ਦੀ ਮੌਤ ਹੋ ਗਈ। ਇਸ ਦੀ ਮੌਤ ਮਗਰੋਂ ਇਸ ਦਾ ਛੋਟਾ ਲੜਕਾ, ਮੈਨੂਅਲ ਉੱਤਰਾਧਿਕਾਰੀ ਬਣਿਆ।

ਜਾਨ ਇਕ ਯੋਗ ਵਿਦਵਾਨ, ਸਿਆਸਤਦਾਨ ਅਤੇ ਸਿਪਾਹੀ ਸੀ।

ਹ. ਪੁ.–ਐਨ. ਬ੍ਰਿ. 13 : 21; ਐਨ. ਬ੍ਰਿ. ਮਾ. 5 : 572

**ਜਾਨ (ਤੀਜਾ–ਸਵੀਡਨ)** : ਸਵੀਡਨ ਦਾ ਇਹ ਬਾਦਸ਼ਾਹ ਗੁਸਤਾਵਸ ਪਹਿਲੇ ਦਾ ਸਭ ਤੋਂ ਵੱਡਾ ਪੁੱਤਰ ਸੀ ਜਿਸ ਦਾ ਜਨਮ 21 ਦਸੰਬਰ, 1537 ਨੂੰ ਹੋਇਆ।

ਸੰਨ 1556 ਵਿਚ ਇਸ ਦੇ ਪਿਤਾ ਨੇ ਇਸ ਨੂੰ ਫ਼ਿਨਲੈਂਡ ਦਾ ਡਿਊਕ ਬਣਾ ਦਿੱਤਾ। ਸੰਨ 1560 ਵਿਚ ਜਾਨ ਦਾ ਮਤਰੇ ਭਰਾ, ਐਰਿਕ ਚੌਦ੍ਹਵਾਂ ਗੱਦੀ ਉੱਤੇ ਬੈਠ ਗਿਆ। ਸੰਨ 1563 ਵਿਚ ਇਸ ਦੇ ਭਰਾ ਐਰਿਕ ਚੌਦ੍ਹਵੇਂ ਨੇ ਇਸ ਨੂੰ ਪੋਲੈਂਡ ਦੇ ਬਾਦਸ਼ਾਹ ਸਿਜਿਸਮੰਡ ਦੂਜੇ ਆਤਾਸਟਸ ਨਾਲ ਸਾਜ਼ਸ਼ ਦੇ ਦੋਸ਼ ਵਿਚ ਕੈਦ ਕਰ ਲਿਆ ਪਰ 1567 ਈ. ਵਿਚ ਇਸ ਨੂੰ ਰਿਹਾਅ ਕਰ ਦਿੱਤਾ ਗਿਆ। ਜਾਨ ਐਰਿਕ ਚੌਦ੍ਹਵੇਂ ਦੇ ਵਿਰੁੱਧ ਆਪਣੇ ਛੋਟੇ ਭਰਾ ਚਾਰਲਸ ਨੌਵੇਂ ਨਾਲ 1568 ਦੀ ਬਗ਼ਾਵਤ ਵਿਚ ਮਿਲ ਗਿਆ ਅਤੇ ਐਰਿਕ ਨੌਵੇਂ ਨੂੰ ਗੱਦੀ ਤੋਂ ਲਾਹ ਕੇ ਖ਼ੁਦ ਤਖ਼ਤ ਤੇ ਬੈਠਣ ਵਿਚ ਸਫਲ ਹੋ ਗਿਆ। ਸੰਨ 1570 ਵਿਚ ਇਸ ਨੇ ਡੈਨਮਾਰਕ ਨਾਲ ਸੰਧੀ ਕੀਤੀ ਅਤੇ ਕਈ ਸਾਲਾਂ ਤੱਕ ਐਰਿਕ ਦੀਆਂ ਸਾਜ਼ਸ਼ਾਂ ਕਾਰਨ ਜਾਨ ਦੀ ਸਥਿਤੀ ਖਤਰੇ ਵਾਲੀ ਰਹੀ ਅਤੇ 1572 ਤੋਂ 1583 ਈ. ਤੱਕ ਰੂਸ ਨਾਲ ਲੜਾਈ ਜਾਰੀ ਰੱਖੀ। ਸੰਨ 1577 ਵਿਚ ਜਾਨ ਨੇ ਐਰਿਕ ਨੂੰ ਕਤਲ ਕਰਨ ਦਾ ਹੁਕਮ ਦਿੱਤਾ।

ਜਾਨ ਨੇ ਰਾਜਬੰਸੀ ਮਾਮਲਿਆਂ ਵੱਲ ਜ਼ਿਆਦਾ ਧਿਆਨ ਦਿੱਤਾ। ਸੰਨ 1562 ਵਿਚ ਜਾਨ ਨੇ ਪੋਲੈਂਡ ਦੇ ਸਿਜਿਸਮੰਡ ਦੂਜੇ ਦੀ ਭੈਣ ਕੈਥਰੀਨ ਨਾਲ ਵਿਆਹ ਕਰਵਾਇਆ। ਸੰਨ 1572 ਵਿਚ ਸਿਜਿਸਮੰਡ ਦੀ ਮੌਤ ਮਗਰੋਂ ਜਾਨ ਨੇ ਆਪਣੀ ਪਤਨੀ ਦੀ ਵਿਰਾਸਤ ਦਾ ਹਿੱਸਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੋ ਵਾਰ ਆਪਣੇ ਆਪ ਨੂੰ ਪੋਲੈਂਡ ਦਾ ਬਾਦਸ਼ਾਹ ਚੁਣੇ ਜਾਣ ਦੇ ਵੀ ਯਤਨ ਕੀਤੇ ਅਤੇ 1580 ਈ. ਵਿਚ ਇਸ ਨੇ ਪੋਲੈਂਡ ਨਾਲ ਸਮਝੌਤਾ ਕਰ ਲਿਆ।



ਜਾਨ (ਤੀਜਾ–ਸਵੀਡਨ)

ਜਾਨ ਇਕ ਨਿਪੁੰਨ ਧਰਮ-ਸ਼ਾਸਤਰੀ ਸੀ। ਸੰਨ 1577 ਵਿਚ ਇਸ ਨੇ ਸਵੀਡਨ ਵਿਚ ਇਕ ਪ੍ਰਾਰਥਨਾ ਵਾਲੀ ਪੁਸਤਕ (ਰੈਡ ਬੁੱਕ) ਲਾਗੂ ਕਰ ਦਿੱਤੀ ਅਤੇ ਇਸ ਨੂੰ ਨਾ ਮੰਨਣ ਵਾਲੇ ਪਾਦਰੀ ਵਰਗ ਨੂੰ ਤਸੀਹੇ ਦਿੱਤੇ। ਸੰਨ 1578 ਵਿਚ ਜਾਨ ਨੇ ਕੈਥੋਲਿਕ ਧਰਮ ਅਪਨਾ ਲਿਆ।

17 ਨਵੰਬਰ, 1592 ਵਿਚ ਸਟਾਕਹੋਮ ਵਿਖੇ ਜਾਨ ਦੀ ਮੌਤ ਹੋ ਗਈ। ਵਿਦਵਾਨ, ਕੋਮਲ-ਭਾਵੀ ਅਤੇ ਸਭਿਆਚਾਰਕ ਹੋਣ ਦੇ ਬਾਵਜੂਦ ਜਾਨ ਇਕ ਅਯੋਗ ਰਾਜ-ਪ੍ਰਬੰਧਕ ਸੀ ਅਤੇ ਨਫ਼ਿੱਟ ਪੂੰਜੀਦਾਰ ਸੀ।

ਹ. ਪੁ.–ਐਨ. ਬ੍ਰਿ. 13 : 27; ਕੋਲ. ਐਨ. 11 : 33

**ਜਾਨ (ਤੀਜਾ–ਪੁਰਤਗਾਲ)** : ਇਸ ਦਾ ਜਨਮ 6 ਜੂਨ, 1502 ਵਿਚ ਲਿਜ਼ਬਨ ਵਿਚ ਮੈਨੂਅਲ ਪਹਿਲੇ ਦੇ ਘਰ ਮੇਰੀਆ ਦੀ ਕੁੱਖੋਂ ਹੋਇਆ। ਇਹ ਮੈਨੂਅਲ ਪਹਿਲੇ ਦਾ ਸਭ ਤੋਂ ਵੱਡਾ ਲੜਕਾ ਸੀ ਜਿਹੜਾ 1521 ਈ. ਵਿਚ ਪਿਤਾ ਦੀ ਮੌਤ ਤੋਂ ਬਾਅਦ ਗੱਦੀ ਤੇ ਬੈਠਾ।

ਸੰਨ 1525 ਵਿਚ ਇਸ ਦਾ ਵਿਆਹ ਆਸਟਰੀਆ ਦੀ ਕੈਥਰੀਨ ਨਾਲ ਹੋ ਗਿਆ। ਜਾਨ ਨੇ ਚਰਚ ਬਾਰੇ ਕਾਫ਼ੀ ਹਮਦਰਦੀ ਵਿਖਾਈ। ਇਸ ਨੇ ਯਸੂਹੀ ਸਮਾਜ ਦੀ ਸਥਾਪਨਾ ਦੀ ਆਗਿਆ ਦਿੱਤੀ।

ਇਸ ਤੋਂ ਇਲਾਵਾ ਇਸ ਨੇ ਆਰਟਸ ਕਾਲਜ ਨੂੰ ਯਹੂਦੀਆਂ ਅਧੀਨ ਕਰਨ ਦਾ ਹੁਕਮ ਦੇ ਦਿੱਤਾ ਅਤੇ ਕੁਝ ਸਮੇਂ ਲਈ ਪੁਰਤਗਾਲੀਆਂ ਦੀ ਸਿੱਖਿਆ ਉੱਤੇ ਯਹੂਦੀਆਂ ਦਾ ਪ੍ਰਭਾਵ ਬਣਾਈ ਰੱਖਿਆ। ਇਸ ਦੇ ਰਾਜ ਸਮੇਂ ਪੁਰਤਗਾਲੀਆਂ ਦੇ ਸਮੁੰਦਰੋਂ ਪਾਰ ਦੇ ਇਲਾਕਿਆਂ ਵਿਚ ਹੋਰ ਨਵਾਂ ਵਾਧਾ ਹੋਇਆ। ਇਸ ਦੇ ਰਾਜ ਦੌਰਾਨ ਪੁਰਤਗਾਲ ਨੇ ਭਾਰਤ ਵਿਚ ਵੀ ਆਪਣੀ ਸਥਿਤੀ ਨੂੰ ਮਜ਼ਬੂਤ ਬਣਾਇਆ। ਇਸ ਤੋਂ ਇਲਾਵਾ 1529 ਵਿਚ ਮੱਲਕਾਜ਼ ਉੱਤੇ ਕਬਜ਼ਾ ਕਰਕੇ ਪੱਛਮ ਵਿਚੋਂ ਵਪਾਰਕ ਪ੍ਰਭਾਵ ਨੂੰ ਵਧਾਇਆ ਅਤੇ ਮਕਾਓ ਦੀ ਸਥਾਪਨਾ ਕੀਤੀ ਗਈ।

11 ਜੂਨ, 1557 ਨੂੰ ਜਾਨ ਤੀਜੇ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 26; ਚੈਂਬ. ਐਨ. 8 : 122; ਐਨ. ਬ੍ਰਿ. ਮਾ. 5 : 574

**ਜਾਨ (ਤੀਜਾ–ਪੋਲੈਂਡ)** : ਪੋਲੈਂਡ ਦੇ ਇਸ ਬਾਦਸ਼ਾਹ ਜਿਸ ਨੂੰ ਜਾਨ ਸੋਬੀਸਕੀ ਵੀ ਕਿਹਾ ਜਾਂਦਾ ਹੈ, ਦਾ ਜਨਮ 17 ਅਗਸਤ, 1629 ਨੂੰ ਆੱਲੈਸਕੋ ਵਿਖੇ ਹੋਇਆ। ਇਹ ਜੇਕੋਬ ਸੋਬੀਸਕੀ ਦਾ ਸਭ ਤੋਂ ਵੱਡਾ ਲੜਕਾ ਸੀ। ਇਹ ਕਰਾਕਾਊ ਵਿਚ ਸਿੱਖਿਆ ਪ੍ਰਾਪਤ ਕਰਕੇ ਦੋ ਸਾਲਾਂ ਲਈ ਯੂਰਪ ਦੀ ਲੰਬੀ ਯਾਤਰਾ ਤੇ ਗਿਆ ਅਤੇ 1648 ਈ. ਵਿਚ ਪੋਲੈਂਡ ਵਾਪਸ ਮੁੜ ਆਇਆ।

ਇਸ ਨੇ 1651 ਈ. ਦੀ ਬੈਰਾਸਟੇਚਕਾ ਦੀ ਲੜਾਈ ਵਿਚ ਹਿੱਸਾ ਲਿਆ ਪਰ 1655 ਈ. ਵਿਚ ਸਵੀਡਨ ਵਾਲਿਆਂ ਨੇ ਪੋਲੈਂਡ ਤੇ ਹਮਲਾ ਕਰ ਦਿੱਤਾ ਅਤੇ ਜਾਨ ਕੈਸੀਮੀਰ ਦੇਸ਼ ਛੱਡ ਕੇ ਦੌੜ ਗਿਆ ਤਾਂ ਜਾਨ ਇਕ ਵੱਡੀ ਫ਼ੌਜ ਨਾਲ ਸਵੀਡਨ ਵਾਲਿਆਂ ਦੇ ਕੈਂਪ ਵਿਚ ਜਾ ਮਿਲਿਆ ਪਰ ਅਗਲੇ ਸਾਲ ਜਾਨ ਨੇ ਸਵੀਡਨ ਵਾਲਿਆਂ ਨੂੰ ਪੋਲਿਸ਼ ਇਲਾਕਿਆਂ ਵਿਚੋਂ ਕੱਢਣ ਲਈ ਸਟੀਫ਼ਨ ਚਾਰਨੀਕੀ ਦੀ ਮਦਦ ਕੀਤੀ।

ਜਾਨ ਨੇ ਤਾਤਾਰਾਂ ਅਤੇ ਕਜ਼ਾਕਾਂ ਨੂੰ ਹਰਾਇਆ। ਨਤੀਜੇ ਵਜੋਂ ਜਾਨ ਕੈਸੀਮੀਰ ਸਬੰਧੀ ਜਾਨ ਦੀਆਂ ਸੇਵਾਵਾਂ ਕਾਰਨ ਇਹ 5 ਫ਼ਰਵਰੀ 1668 ਵਿਚ ਕਮਾਂਡਰ ਇਨ ਚੀਫ਼ ਬਣ ਗਿਆ। ਜਾਨ ਦੀਆਂ ਸੇਵਾਵਾਂ ਅਸਧਾਰਨ ਸਨ। ਸੰਨ 1669 ਵਿਚ ਵਿਧਾਨ ਸਭਾ ਦੀ ਚੋਣ ਸਮੇਂ ਜਾਨ ਨੇ ਇਕ ਫ਼ਰਾਂਸੀਸੀ ਉਮੀਦਵਾਰ ਦੀ ਮਦਦ ਲਈ ਫ਼ਰਾਂਸ ਦੇ ਲੂਈ ਚੌਧਵੇਂ ਤੋਂ ਰਿਸ਼ਵਤ ਲਈ। ਮਾਈਕਲ ਵਿਸਨੀਓਵੀਕੀ ਦੇ ਚੁਣੇ ਜਾਣ ਤੇ ਜਾਨ ਨੇ ਬਾਦਸ਼ਾਹ ਦੇ ਖਿਲਾਫ਼ ਫ਼ਰਾਂਸ ਦੇ ਹੱਕ ਵਿਚ ਸਾਜ਼ਸ਼ ਰਚੀ। ਸੰਨ 1670 ਵਿਚ ਇਸ ਸਾਜ਼ਸ਼ ਦਾ ਪਤਾ ਲੱਗ ਗਿਆ ਪਰ ਦੋ ਸਾਲ ਬਾਅਦ ਜਾਨ ਨੇ ਪ੍ਰੈਜ਼ਮੇਵਸਕੀ ਨਾਲ ਮਿਲ ਕੇ ਬਾਦਸ਼ਾਹ ਦਾ ਤਖ਼ਤ ਉਲਟਾਉਣ ਲਈ ਦੁਬਾਰਾ ਸਾਜ਼ਸ਼ ਘੜੀ ਪਰ ਦੇਸ਼ ਦੇ ਜਾਗੀਰਦਾਰਾਂ ਦੀ ਮਦਦ ਨਾਲ ਬਾਦਸ਼ਾਹ ਨੇ ਜਾਨ ਦੀਆਂ ਸਾਰੀਆਂ ਯੋਜਨਾਵਾਂ ਅਸਫ਼ਲ ਕਰ ਦਿੱਤੀਆਂ।

ਇਸੇ ਸਮੇਂ ਦੌਰਾਨ ਤੁਰਕੀ ਦੀ ਸ਼ਕਤੀਸ਼ਾਲੀ ਫ਼ੌਜ ਨੇ ਪੋਲੈਂਡ ਉੱਤੇ ਹਮਲਾ ਕਰ ਦਿੱਤਾ। ਜਦੋਂ ਜਾਨ ਤੁਰਕਾਂ ਵਿਰੁੱਧ ਚੜ੍ਹਾਈ ਕਰ ਰਿਹਾ ਸੀ ਤਾਂ ਬਾਦਸ਼ਾਹ ਦੇ ਰਾਜਦੂਤਾਂ ਨੇ 18 ਅਕਤੂਬਰ, 1672 ਨੂੰ ਬੂਚਾਚ ਦੀ ਇਕ ਨਮੋਸ਼ੀ ਵਾਲੀ ਸੰਧੀ ਰਾਹੀਂ ਸਾਰਾ ਯੂਕਰੇਨ ਤੁਰਕੀ ਦੇ ਹਵਾਲੇ ਕਰ ਦਿੱਤਾ।

ਜਾਨ ਨੇ ਦਸ ਦਿਨਾਂ ਦੇ ਅੰਦਰ ਚਾਰ ਜਿੱਤਾਂ ਜਿੱਤ ਕੇ ਸਥਿਤੀ ਨੂੰ ਸੰਭਾਲ ਲਿਆ। ਇਸ ਨੇ ਬੂਚਾਚ ਦੀ ਸੰਧੀ ਦੀਆਂ ਸ਼ਰਤਾਂ ਨੂੰ ਤੋੜ ਕੇ 11 ਨਵੰਬਰ, 1673 ਨੂੰ ਕਾਟਸੀਮ ਵਿਖੇ ਤੁਰਕਾਂ ਨੂੰ ਹਰਾਇਆ। 10 ਨਵੰਬਰ, 1673 ਨੂੰ ਬਾਦਸ਼ਾਹ ਦੀ ਮੌਤ ਹੋ ਗਈ ਸੀ। ਇਸ ਲਈ ਜਾਨ ਤਖ਼ਤ ਹਾਸਲ ਕਰਨ ਲਈ ਤੇਜ਼ੀ ਨਾਲ ਵਾਰਸਾ ਪਹੁੰਚਿਆ ਅਤੇ 1674 ਦੀ ਵਿਧਾਨ ਸਭਾ ਦੀ ਚੋਣ ਵਿਚ ਇਸ ਨੇ ਹਿੱਸਾ ਲਿਆ ਅਤੇ ਸਾਰੇ ਉਮੀਦਵਾਰਾਂ ਨੂੰ ਹਰਾ ਕੇ 21 ਮਈ ਨੂੰ ਜਾਨ ਤੀਜੇ ਦੇ ਨਾਂ ਥੱਲੇ ਬਾਦਸ਼ਾਹ ਚੁਣਿਆ ਗਿਆ।

ਜਾਨ ਪੋਲੈਂਡ ਦੇ ਆਮ ਲੋਕਾਂ ਦੀ ਮਦਦ ਪ੍ਰਾਪਤ ਕਰਨ ਵਿਚ ਅਸਫ਼ਲ ਰਿਹਾ। ਇਸ ਨੂੰ ਆਪਣੇ ਕੁਝ ਸ਼ਰਧਾਲੂ ਲੈਫ਼ਟੀਨੈਂਟਾਂ ਦੀ ਮਦਦ ਨਾਲ ਤੁਰਕਾਂ ਦਾ ਸਾਹਮਣਾ ਕਰਨਾ ਪਿਆ।

2 ਫ਼ਰਵਰੀ, 1676 ਵਿਚ ਕਰਾਕਾਊ ਵਿਖੇ ਤਾਜਪੋਸ਼ੀ ਤੋਂ ਬਾਅਦ ਜਾਨ ਨੇ ਦੁਬਾਰਾ ਫਿਰ ਨਵੇਂ ਸਿਰਿਓਂ ਲੜਾਈ ਸ਼ੁਰੂ ਕੀਤੀ। ਅੰਤ ਵਿਚ 17 ਅਕਤੂਬਰ, 1676 ਦੀ ਜ਼ਾਰਾਵਨੋ ਦੀ ਸੰਧੀ ਰਾਹੀਂ ਯੂਕਰੇਨ ਦੇ ਦੋ-ਤਿਹਾਈ ਭਾਗ ਉੱਤੇ ਕਾਬਜ਼ ਹੋ ਗਿਆ।

31 ਮਾਰਚ, 1683 ਵਿਚ ਜਾਨ ਨੇ ਪਵਿੱਤਰ ਰੋਮਨ ਬਾਦਸ਼ਾਹ ਲੀਓਪੋਲਡ ਪਹਿਲੇ ਨਾਲ ਤੁਰਕਾਂ ਦੇ ਵਿਰੁੱਧ ਵਾਰਸਾ ਦੀ ਸੰਧੀ ਕੀਤੀ। ਜਾਨ ਦੇ ਰਾਜ ਦੇ ਆਖ਼ਰੀ ਬਾਰਾਂ ਸਾਲ ਮੰਦਭਾਗੇ ਸਨ। ਇਸ ਦਾ ਸਬੰਧ ਰਾਜ-ਧ੍ਰੋਹੀ, ਵਿਧਾਨ ਸਭਾ, ਵਿਦਰੋਹੀ ਡਾਇਟ ਅਤੇ ਅਕ੍ਰਿਤਘਣ ਮਿੱਤਰਾਂ ਨਾਲ ਰਿਹਾ। 17 ਜੂਨ, 1696 ਨੂੰ ਵਿਲੈਨੋ ਵਿਖੇ ਜਾਨ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 26; ਐਨ. ਬ੍ਰਿ. ਮਾ. 5 : 574

**ਜਾਨ (ਤੀਜਾ–ਬਾਜ਼ਨਤੀਨ)** : ਬਾਜ਼ਨਤੀਨ ਦਾ ਇਹ ਬਾਦਸ਼ਾਹ 1192 ਈ. ਵਿਚ ਪੈਦਾ ਹੋਇਆ ਜੋ ਆਪਣੇ ਸਾਲੇ ਥੀਓਡਾਰ ਪਹਿਲੇ ਲੈਸਕੈਰਿਸ ਤੋਂ ਬਾਅਦ 1222 ਈ. ਵਿਚ ਗੱਦੀ ਤੇ ਬੈਠਾ।

ਆਪਣੀ ਕੂਟਲ ਨੀਤੀ ਅਤੇ ਯੁੱਧ ਨੀਤੀ ਰਾਹੀਂ ਜਾਨ ਨੇ ਆਪਣੇ ਇਲਾਕਿਆਂ ਦਾ ਬਹੁਤ ਜ਼ਿਆਦਾ ਵਿਸਥਾਰ ਕੀਤਾ ਅਤੇ ਭਵਿੱਖ ਵਿਚ ਲਾਤੀਨੀਆਂ ਕੋਲੋਂ ਇਸਤੰਬੋਲ (ਕਸਤੁਨਤਨੀਆ) ਨੂੰ ਦੁਬਾਰਾ ਹਾਸਲ ਕਰਨ ਦਾ ਰਾਹ ਤਿਆਰ ਕੀਤਾ। ਇਸ ਨੇ ਏਸ਼ੀਆ ਕੋਚਕ ਵਿਚੋਂ ਲਾਤੀਨੀਆਂ ਨੂੰ ਬਹੁਤ ਸਾਰੇ ਜਿੱਤੇ ਹੋਏ ਇਲਾਕੇ ਛੱਡ ਦੇਣ ਲਈ ਮਜਬੂਰ ਕੀਤਾ। ਇਸ ਤੋਂ ਇਲਾਵਾ ਯੂਰਪ ਵਿਚ ਇਡਰਿਆਨਦਪਲ ਉੱਤੇ ਕਬਜ਼ਾ ਕਰ ਲਿਆ। ਸੰਨ 1230 ਵਿਚ ਬਾਜ਼ਨਤੀਨ ਦੇ ਬਾਦਸ਼ਾਹ ਥੀਓਡੋਰ ਐਂਗੀਲਸ ਨੂੰ ਸਾਲੋਨਿਕਾ ਵਿਖੇ ਹਰਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ। ਸੰਨ 1246 ਵਿਚ ਜਾਨ ਨੇ ਸਾਲੋਨਿਕਾ ਦੇ ਸਾਮਰਾਜ ਦਾ ਅੰਤ ਕਰ ਦਿੱਤਾ। ਪੱਛਮੀ ਯੂਨਾਨੀਆਂ ਨੇ ਜਾਨ ਨੂੰ ਆਪਣਾ ਬਾਦਸ਼ਾਹ ਮੰਨਣ ਤੋਂ ਇਨਕਾਰ ਕਰ ਦਿੱਤਾ। ਆਪਣੇ ਰਾਜ ਦੇ ਆਖ਼ਰੀ ਸਮੇਂ ਵਿਚ ਜਾਨ ਜੰਗੀ ਕਾਰਵਾਈਆਂ ਵਿਚ ਰੁੱਝ ਗਿਆ। ਇਸ ਨੇ ਜਰਮਨੀ ਦੇ ਬਾਦਸ਼ਾਹ ਫ਼੍ਰੈਡਰਿਕ ਦੂਜੇ ਦੀ ਲੜਕੀ ਨਾਲ ਸ਼ਾਦੀ ਕਰਵਾ ਕੇ ਲਾਤੀਨੀ ਦੁਸ਼ਮਣਾਂ ਵਿਰੁੱਧ ਫ਼੍ਰੈਡਰਿਕ ਦੂਜੇ ਦੀ ਮਦਦ ਕੀਤੀ। ਜਾਨ ਨੇ ਪੋਪ ਗ੍ਰੈਗਰੀ ਨੌਵੇਂ ਅਤੇ ਇੰਨੋਸੈਂਟ ਚੌਥੇ ਨਾਲ ਸਫ਼ਾਰਤਖਾਨਿਆਂ ਦੀ ਅਦਲਾ ਬਦਲੀ ਕੀਤੀ ਅਤੇ ਬਾਜ਼ਨਤੀਨ ਦੀ ਗੱਦੀ ਨੂੰ ਮੁੜ ਸਥਾਪਿਤ ਕਰਨ ਦੇ ਬਦਲੇ ਵਿਚ ਯੂਨਾਨੀ ਚਰਚ ਰੋਮ ਦੇ ਹਵਾਲੇ ਕਰਨ ਲਈ ਕਿਹਾ।

ਭਾਵੇਂ ਜਾਨ ਦੀਆਂ ਨਜ਼ਰਾਂ ਇਸਤੰਬੋਲ ਉੱਤੇ ਹੀ ਟਿਕੀਆਂ ਹੋਈਆਂ ਸਨ ਪਰ ਇਸ ਨੇ ਆਪਣੇ ਸਾਮਰਾਜ ਦੇ ਰਾਜ ਪ੍ਰਬੰਧ, ਆਰਥਿਕ ਦਸ਼ਾ ਅਤੇ ਖੇਤੀਬਾੜੀ ਨੂੰ ਸੁਧਾਰਨ ਲਈ ਸਖ਼ਤ ਮਿਹਨਤ ਕੀਤੀ।

ਜਾਨ ਨੀਸੀਆਂ ਸਾਮਰਾਜ ਤੋਂ ਉੱਤਪੰਨ ਹੋਇਆ ਇਕ ਮਹਾਨ ਨੀਤੀਵਾਨ ਅਤੇ ਬਾਜ਼ਨਤੀਨ ਦੇ ਯੋਗ ਬਾਦਸ਼ਾਹਾਂ ਵਿਚੋਂ ਇਕ ਸੀ। ਇਸ ਨੇ ਬਾਅਦ ਵਿਚ ਲੰਮੇ ਸਮੇਂ ਤੱਕ ਇਕ ਸੰਤ ਦੇ ਤੌਰ ਤੇ ਨਿਮਫੀਅਮ ਵਿਖੇ ਜੀਵਨ ਬਤੀਤ ਕੀਤਾ ਜਿਥੇ 3 ਨਵੰਬਰ, 1254 ਨੂੰ ਇਸ ਦੀ ਮੌਤ ਹੋ ਗਈ ਅਤੇ ਇਸ ਨੂੰ ਮੈਗਨੀਜ਼ਾ ਵਿਖੇ ਦਫ਼ਨਾਇਆ ਗਿਆ।

ਹ. ਪੁ.–ਐਨ. ਬ੍ਰਿ. 13 : 21

**ਜਾਨ (ਚੌਥਾ, ਦੀ ਫਾਰਚੂਨੇਟ–ਪੁਰਤਗਾਲ)** : ਪੁਰਤਗਾਲ ਦਾ ਇਹ ਬਾਦਸ਼ਾਹ ਜਿਸ ਨੂੰ 'ਦੀ ਫਾਰਚੂਨੇਟ' ਵੀ ਕਿਹਾ

ਜਾਂਦਾ ਹੈ, 18 ਮਾਰਚ, 1604 ਵਿਚ ਵੀਲਯਾਵੀਸੀਓਸਾ ਦੇ ਸਥਾਨ ਤੇ ਬ੍ਰਗਾਂਜ਼ਾ ਦੇ ਡਿਊਕ ਦੇ ਘਰ ਪੈਦਾ ਹੋਇਆ। ਇਹ ਬ੍ਰਗਾਂਜ਼ਾ ਸ਼ਾਹੀ ਖ਼ਾਨਦਾਨ ਦਾ ਮੋਢੀ ਸੀ। ਸੰਨ 1630 ਵਿਚ ਇਹ ਬ੍ਰਗਾਂਜ਼ਾ ਦਾ ਡਿਊਕ ਬਣਿਆ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਸ ਨੇ ਰਾਜ-ਪ੍ਰਬੰਧ ਸੰਭਾਲਿਆ। ਸੰਨ 1633 ਵਿਚ 20 ਸਾਲ ਦੀ ਉਮਰ ਵਿਚ ਇਸ ਦਾ ਵਿਆਹ ਲੂਈ ਡੀ ਗੁਸਮਾਨ ਨਾਲ ਹੋਇਆ ਜਿਸ ਨੇ ਇਸ ਦੀਆਂ ਗੱਦੀ ਲਈ ਲਾਲਸਾਵਾਂ ਨੂੰ ਉਤਸਾਹਿਤ ਕੀਤਾ। ਦਸੰਬਰ, 1640 ਦੀ ਕੌਮੀ ਬਗ਼ਾਵਤ ਦੇ ਨਤੀਜੇ ਵਜੋਂ ਜਾਨ ਗੱਦੀ ਤੇ ਬੈਠਾ। 15 ਦਸੰਬਰ, 1640 ਨੂੰ ਇਸ ਦਾ ਰਾਜ-ਤਿਲਕ ਹੋਇਆ ਅਤੇ ਜਨਵਰੀ, 1641 ਨੂੰ ਬਾਦਸ਼ਾਹ ਐਲਾਨ ਕਰ ਦਿੱਤਾ ਗਿਆ। ਇਕ ਯੋਗ ਰਾਜ ਪ੍ਰਬੰਧਕ ਦੇ ਤੌਰ ਤੇ ਇਸ ਨੇ ਪੁਰਤਗਾਲ ਦੀ ਫ਼ੌਜ ਅਤੇ ਜਲ-ਸੈਨਾ ਨੂੰ ਦੁਬਾਰਾ ਸੰਗਠਿਤ ਕੀਤਾ, ਵਿੱਤ ਸਬੰਧੀ ਸੁਧਾਰ ਕੀਤੇ ਅਤੇ ਬਹੁਤ ਸਾਰੀਆਂ ਲਾਹੇਵੰਦ ਸੰਧੀਆਂ ਕੀਤੀਆਂ। ਇਸ ਦਾ ਰਾਜ ਯੂਰਪੀਅਨ ਸਮਝੌਤਿਆਂ ਦੀ ਢੂੰਡ ਅਤੇ ਸਪੇਨ ਨਾਲ ਯੁੱਧ ਜਾਰੀ ਰੱਖਣ ਕਰਕੇ ਕਾਫ਼ੀ ਪ੍ਰਸਿੱਧ ਹੈ। ਬ੍ਰਾਜ਼ੀਲ ਅਤੇ ਅੰਗੋਲਾ ਵਿਚ ਡੱਚਾਂ ਨਾਲ ਬਹੁਤ ਦੇਰ ਤੱਕ ਸੰਘਰਸ਼ ਚਲਦਾ ਰਿਹਾ। ਯੂਰਪ ਦੇ ਰਾਸ਼ਟਰਾਂ ਵਿਚ ਆਪਣੇ ਦੇਸ਼ ਨੂੰ ਸ਼ਕਤੀਸ਼ਾਲੀ ਬਣਾ ਕੇ ਜਾਨ ਨੇ ਪੁਰਤਗਾਲ ਦੀ ਆਜ਼ਾਦੀ ਲਈ ਰਾਹ ਤਿਆਰ ਕਰ ਦਿੱਤਾ।

6 ਨਵੰਬਰ, 1656 ਨੂੰ ਜਾਨ ਦੀ ਮੌਤ ਹੋ ਗਈ ਅਤੇ ਇਸ ਦਾ ਇਕੋ ਇਕ ਪੁੱਤਰ ਐਲਫਾਂਸੋ ਛੇਵਾਂ ਉੱਤਰਾਧਿਕਾਰੀ ਬਣਿਆ। ਜਾਨ ਇਕ ਚੇਤੰਨ ਬਾਦਸ਼ਾਹ ਅਤੇ ਚੰਗਾ ਗਵੱਈਆ ਸੀ।

ਹ. ਪੂ.–ਐਨ. ਬ੍ਰਿ. 13 : 27; ਕੋਲ. ਐਨ. 11 : 32; ਚੈਂਬ. ਐਨ. 8 : 122

**ਜਾਨ (ਚੌਥਾ–ਬ੍ਰਿਟੈਨੀ)** : ਬ੍ਰਿਟੈਨੀ ਦਾ ਇਹ ਡਿਊਕ ਜਾਨ ਦਾ ਮਾਂਟਫਰਟ ਦਾ ਲੜਕਾ ਸੀ ਜਿਸ ਦਾ ਜਨਮ 1339 ਜਾਂ 1340 ਵਿਚ ਹੋਇਆ। ਇਸ ਨੇ ਇੰਗਲੈਂਡ ਦੇ ਐਡਵਰਡ ਤੀਜੇ ਦੀ ਕੋਰਟ ਵਿਚ ਸਿੱਖਿਆ ਹਾਸਲ ਕੀਤੀ। ਐਡਵਰਡ ਤੀਜੇ ਨੇ ਆਪਣੀ ਮਾਤਾ ਦੇ ਪਾਗਲ ਹੋ ਜਾਣ ਤੇ ਜਾਨ ਨੂੰ ਉਥੋਂ ਦਾ ਚਾਰਜ ਦੇ ਦਿੱਤਾ।

ਜਾਨ ਨੇ ਸਤੰਬਰ, 1364 ਦੀ ਬ੍ਰੈਟਨ ਉੱਤਰਾਧਿਕਾਰ ਦੀ ਜੰਗ ਵਿਚ ਬਲਾਵਾ ਦੇ ਚਾਰਲਸ ਨੂੰ ਹਰਾਇਆ। ਬਲਾਵਾ ਦੇ ਚਾਰਲਸ ਦੀ ਮੌਤ ਮਗਰੋਂ ਫ਼ਰਾਂਸ ਦੇ ਚਾਰਲਸ ਪੰਜਵੇਂ ਨੇ ਜਾਨ ਨੂੰ ਬ੍ਰਿਟੈਨੀ ਦਾ ਡਿਊਕ ਬਣਾ ਦਿੱਤਾ। ਜਾਨ ਅੰਗਰੇਜ਼ਾਂ ਨਾਲ ਵੀ ਆਪਣੇ ਸਬੰਧਾਂ ਨੂੰ ਕ਼ਾਇਮ ਰੱਖਣਾ ਚਾਹੁੰਦਾ ਸੀ। ਇਸ ਲਈ ਉਸ ਨੇ 1372 ਈ. ਵਿਚ ਐਡਵਰਡ ਤੀਜੇ ਨਾਲ ਸਮਝੌਤਾ ਕਰ ਲਿਆ ਜਿਸ ਦੀ ਫ਼ਰਾਂਸ ਨੇ ਵਿਰੋਧਤਾ ਕੀਤੀ। ਨਤੀਜੇ ਵਜੋਂ ਫ਼ਰਾਂਸ ਨੇ 1373 ਈ. ਵਿਚ ਬ੍ਰਿਟੈਨੀ ਉੱਤੇ ਹਮਲਾ ਕਰ ਦਿੱਤਾ ਅਤੇ ਜਾਨ ਇੰਗਲੈਂਡ ਭੱਜ ਗਿਆ। ਚਾਰਲਸ ਪੰਜਵੇਂ ਨੇ 1378 ਈ. ਵਿਚ ਡੱਚੀ ਨੂੰ ਜ਼ਬਤ ਕਰ ਲਿਆ ਪਰ ਇਸ ਨਾਲ ਬ੍ਰਿਟੈਨੀ ਦੇ ਲੋਕਾਂ ਅੰਦਰ ਦੇਸ਼ ਭਗਤੀ ਦੀ ਭਾਵਨਾ ਜਾਗ ਉਠੀ ਅਤੇ ਉਹ ਜਾਨ ਦੇ ਹੱਕ ਵਿਚ ਖੜੇ ਹੋ ਗਏ ਅਤੇ ਬਗ਼ਾਵਤ ਕਰ ਦਿੱਤੀ ਪਰ ਜਾਨ ਇਹ ਮੌਕਾ ਹੱਥੋਂ ਗਵਾ ਬੈਠਾ ਕਿਉਂਕਿ ਉਸ ਨੇ ਇੰਗਲੈਂਡ ਦੇ ਰਿਚਰਡ ਦੂਜੇ ਦੀ ਮਦਦ ਨਾਲ 1381 ਈ. ਵਿਚ ਫ਼ਰਾਂਸ ਨਾਲ ਗਵੈਰਾਂਡ ਦੀ ਸੰਧੀ ਕਰਕੇ ਸ਼ਾਂਤੀ ਦੀ ਸਥਾਪਨਾ ਕੀਤੀ।

ਜਾਨ ਦੀ ਅੰਗਰੇਜ਼ੀ ਮਦਦ ਉੱਤੇ ਨਿਰਭਰਤਾ ਅਤੇ ਭਾਰੀ ਟੈਕਸ ਲਾਉਣ ਦੀ ਨੀਤੀ ਨੇ ਜਾਨ ਨੂੰ ਬ੍ਰਿਟੈਨੀ ਵਿਚ ਬਦਨਾਮ ਕਰ ਦਿੱਤਾ। ਉਸ ਨੇ ਮੀਰਜ਼ਾਦਿਆਂ ਦੇ ਅਧਿਕਾਰਾਂ ਉੱਤੇ ਪਾਬੰਦੀਆਂ ਲਗਾ ਕੇ ਉਨ੍ਹਾਂ ਨੂੰ ਆਪਣੇ ਵਿਰੁੱਧ ਕਰ ਲਿਆ। ਬ੍ਰਿਟੈਨੀ ਵਿਚ ਜਾਨ ਦੀ ਸਥਿਤੀ ਡਾਵਾਂ-ਡੋਲ ਰਹੀ।

1 ਨਵੰਬਰ, 1399 ਵਿਚ ਨਾਂਟੀਜ਼ ਦੇ ਸਥਾਨ ਤੇ ਜਾਨ ਦੀ ਮੌਤ ਹੋ ਗਈ।

ਹ. ਪੂ.–ਐਨ. ਬ੍ਰਿ. 13 : 28; ਐਨ. ਬ੍ਰਿ. ਮਾ. 5 : 575

**ਜਾਨ (ਚੌਥਾ–ਬਾਜ਼ਨਤੀਨ)** : ਬਾਜ਼ਨਤੀਨ ਦੇ ਇਸ ਬਦਕਿਸਮਤ ਬਾਦਸਾਹ ਦਾ ਜਨਮ 1250 ਈ. ਵਿਚ ਹੋਇਆ। ਇਹ ਥੀਓਡੋਰ ਪਹਿਲੇ ਦਾ ਲੜਕਾ ਸੀ। ਆਪਣੇ ਪਿਤਾ ਦੀ ਮੌਤ ਸਮੇਂ ਇਹ ਕੇਵਲ ਅੱਠ ਸਾਲਾਂ ਦਾ ਹੀ ਸੀ। ਮਾਈਕਲ ਅੱਠਵਾਂ (ਪੈਲੇਈਓਲਾੱਗਾਸ) ਇਕ ਸਾਜ਼ਸ਼ ਰਾਹੀਂ ਇਸ ਦਾ ਰੀਜੈਂਟ ਬਣ ਗਿਆ ਅਤੇ 1 ਜਨਵਰੀ, 1259 ਨੂੰ ਜਾਨ ਦਾ ਸਹਿ-ਬਾਦਸ਼ਾਹ ਬਣ ਗਿਆ ਪਰ ਜਦੋਂ ਲਾਤੀਨੀਆਂ ਕੋਲੋਂ ਇਸਤੰਬੋਲ ਨੂੰ ਦੁਬਾਰਾ ਹਾਸਲ ਕੀਤਾ ਤਾਂ ਮਾਈਕਲ ਇਕੱਲਾ ਹੀ ਬਾਦਸ਼ਾਹ ਬਣ ਗਿਆ। ਜਾਨ ਨੂੰ ਜੋ ਆਪਣੇ ਹੱਕਾਂ ਤੋਂ ਪਹਿਲਾਂ ਹੀ ਵਾਂਝਿਆਂ ਹੋ ਗਿਆ ਸੀ, ਮਾਈਕਲ ਦੇ ਹੁਕਮ ਤੇ ਅੰਨ੍ਹਾ ਕਰ ਦਿੱਤਾ ਅਤੇ ਬਾਥਿਨੀਆਂ ਵਿਚ ਇਕ ਕਿਲੇ ਅੰਦਰ ਕੈਦ ਕਰ ਦਿੱਤਾ ਗਿਆ ਜਿਥੇ 1300 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੂ.–ਐਨ. ਬ੍ਰਿ. 13 : 21

**ਜਾਨ (ਪੰਜਵਾਂ, ਦੀ ਵਾਈਜ਼–ਬ੍ਰਿਟੈਨੀ)** : ਇਸ ਦਾ ਜਨਮ 24 ਦਸੰਬਰ, 1389 ਨੂੰ ਬ੍ਰਿਟੈਨੀ ਦੇ ਜਾਨ ਚੌਥੇ ਦੇ ਘਰ ਹੋਇਆ। ਸੰਨ 1399 ਵਿਚ ਆਪਣੇ ਪਿਤਾ ਦੀ ਮੌਤ ਸਮੇਂ ਇਹ ਨਬਾਲਗ ਬੱਚਾ ਹੀ ਸੀ। ਇਸ ਲਈ ਬਰਗੰਡੀ ਦੇ ਡਿਊਕ, ਫ਼ਿਲਿਪ ਦੀ ਬੋਲਡ ਨੇ ਕੁਝ ਸਾਲਾਂ ਲਈ ਫ਼ਰਾਂਸੀਸੀ ਬਾਦਸ਼ਾਹ ਚਾਰਲਸ ਛੇਵੇਂ ਦੇ ਨਾਂ ਤੇ ਇਸ ਦੇ ਸਰਪ੍ਰਸਤ ਵਜੋਂ ਕੰਮ ਕੀਤਾ।

23 ਮਾਰਚ, 1402 ਨੂੰ ਰੈਨ ਵਿਖੇ ਇਸਨੂੰ ਡਿਊਕ ਬਣਾ ਦਿੱਤਾ ਗਿਆ। ਜਾਨ ਦੇ ਫ਼ਿਲਿਪ ਦੀ ਬੋਲਡ ਨਾਲ ਚੰਗੇ ਸਬੰਧਾਂ ਦੇ ਬਾਵਜੂਦ ਵੀ ਫ਼ਰਾਂਸੀਸੀ ਖ਼ਾਨਾਜੰਗੀ ਵਿਚ ਇਸ ਨੇ ਫ਼ਿਲਿਪ ਦੇ ਪੁੱਤਰ ਜਾਨ ਦੀ ਫ਼ੀਅਰਲੈਸ ਵਿਰੁੱਧ ਆਰਮਨਯੈਕ ਧੜੇ ਦਾ ਪੱਖ ਪੂਰਿਆ।

ਸੰਨ 1407 ਵਿਚ ਜਾਨ ਨੇ ਇੰਗਲੈਂਡ ਦੇ ਹੈਨਰੀ ਚੌਥੇ ਨਾਲ ਯੁੱਧਬੰਦੀ ਕੀਤੀ। ਸੰਨ 1421 ਵਿਚ ਇਸ ਨੇ ਯੁਵਰਾਜ ਚਾਰਲਸ ਨਾਲ ਸਮਝੌਤਾ ਕੀਤਾ। ਸੰਨ 1422 ਵਿਚ ਟਰਾਵਾ ਦੀ ਸੰਧੀ ਕੀਤੀ ਜਿਸ ਰਾਹੀਂ ਚਾਰਲਸ ਨੂੰ ਹੈਨਰੀ ਪੰਜਵੇਂ ਦੇ ਹੱਕ ਵਿਚ ਬੇਦਖ਼ਲ ਕਰ ਦਿੱਤਾ ਗਿਆ। ਸੰਨ 1440 ਵਿਚ ਜਾਨ ਚਾਰਲਸ ਵਿਰੁੱਧ ਪ੍ਰੇਗਰੀ ਦੀ ਬਗ਼ਾਵਤ ਅਤੇ 1442 ਈ. ਦੀ ਲੀਗ ਆਫ਼ ਨਾਵਾਰ ਵਿਚ ਮਿਲ ਗਿਆ।

ਜਾਨ ਦੇ ਅਧੀਨ ਬ੍ਰਿਟੈਨ ਪਾਰਲੀਮੈਂਟ ਅਤੇ ਵਿੱਤ ਵਿਭਾਗ ਡਿਊਕੀ ਕੌਂਸਲ ਤੋਂ ਵੱਖ ਹੋ ਗਏ। ਫ਼ੌਜੀ ਸੰਸਥਾਵਾਂ ਨੂੰ ਮੁੜ ਤੋਂ ਸੰਗਠਿਤ ਕੀਤਾ ਗਿਆ। ਇਸ ਨੇ ਸਮੁੰਦਰੀ ਵਪਾਰ ਨੂੰ ਪ੍ਰਫੁੱਲਤ ਕੀਤਾ ਅਤੇ ਖੇਤੀਬਾੜੀ ਅਤੇ ਉਦਯੋਗ ਦਾ ਵਿਕਾਸ ਕੀਤਾ।

28 ਅਗਸਤ, 1442 ਨੂੰ ਜਾਨ ਦੀ ਮੌਤ ਹੋ ਗਈ। ਇਸ ਨੂੰ ਬ੍ਰਿਟੈਨੀ ਦੀ ਖ਼ੁਸ਼ਹਾਲੀ ਦੇ ਉਸਰੀਏ ਵਜੋਂ ਜਾਣਿਆ ਜਾਂਦਾ ਹੈ।

ਹ. ਪੂ.–ਐਨ. ਬ੍ਰਿ. ਮਾ. 13 : 28; ਐਨ. ਬ੍ਰਿ. ਮਾ. 6 : 567

**ਜਾਨ (ਪੰਜਵਾਂ–ਪੁਰਤਗਾਲ)** : ਪੁਰਤਗਾਲ ਦਾ ਇਹ ਬਾਦਸ਼ਾਹ ਪੀਡਰੋ ਤੀਜੇ ਦਾ ਲੜਕਾ ਅਤੇ ਜਾਨ ਚੌਥੇ ਦਾ ਪੋਤਾ ਸੀ। ਇਸ ਦਾ ਜਨਮ 22 ਅਕਤੂਬਰ, 1689 ਵਿਚ ਲਿਜ਼ਬਨ ਵਿਖੇ ਹੋਇਆ। ਸੰਨ 1706 ਵਿਚ ਆਪਣੇ ਪਿਤਾ ਦੀ ਮੌਤ ਮਗਰੋਂ ਇਹ ਉੱਤਰਾਧਿਕਾਰੀ ਬਣਿਆ। ਇਸ ਨੇ ਸਪੇਨ ਦੇ ਉੱਤਰਾਧਿਕਾਰ ਸਬੰਧੀ ਜੰਗ ਵਿਚ ਆਰਕ ਡਿਊਕ ਚਾਰਲਸ ਦੀ ਮਦਦ ਕੀਤੀ ਸੀ। ਸੰਨ 1708 ਵਿਚ ਇਸ ਦਾ ਵਿਆਹ ਆਰਕ ਡਚੈੱਸ ਮੇਰੀਆਨਾ ਨਾਲ ਹੋ ਗਿਆ।

ਖ਼ੁਦ-ਮੁਖ਼ਤਿਆਰੀ ਦੇ ਅਸੂਲ ਦੀ ਇਕ-ਪੁਰਖਤਾ ਵਿਚ ਵਾਧਾ ਇਸਦੇ ਰਾਜ ਦਾ ਖ਼ਾਸ ਗੁਣ ਸੀ। ਸਮੁੰਦਰੋਂ ਪਾਰ ਤੋਂ ਬਹੁਤ ਸਾਰਾ ਧਨ ਹਾਸਲ ਕਰਕੇ ਇਸ ਨੇ ਆਪਣੇ ਆਪ ਨੂੰ ਵਿੱਤੀ ਤੌਰ ਤੇ ਮਜ਼ਬੂਤ ਕਰ ਲਿਆ ਅਤੇ ਕਾਰਟੇਸ ਉੱਤੇ ਨਿਰਭਰਤਾ ਤੋਂ ਮੁਕਤ ਹੋ ਗਿਆ। ਇਸ ਦੇ ਰਾਜ ਸਮੇਂ ਪੁਰਤਗਾਲ ਸੋਨੇ ਅਤੇ ਹੀਰਿਆਂ ਨਾਲ ਮਾਲੋ-ਮਾਲ ਸੀ।

ਜਾਨ ਨੂੰ ਸੰਗੀਤ ਦਾ ਬਹੁਤ ਸ਼ੌਕ ਸੀ। ਇਸ ਕਰਕੇ ਇਸ ਨੇ ਲਲਿਤ ਕਲਾਵਾਂ ਅਤੇ ਪੜ੍ਹਾਈ ਨੂੰ ਉੱਚਾ ਚੁੱਕਿਆ। ਸ਼ਾਹੀ ਲਾਇਬਰੇਰੀ ਤੋਂ ਇਲਾਵਾ ਇਸ ਨੇ ਕੁਇਮਬਰਾ ਅਤੇ ਮਾਫਰਾ ਦੇ ਸਥਾਨ ਤੇ ਲਾਇਬਰੇਰੀਆਂ ਬਣਵਾਈਆਂ। ਮਿਊਜ਼ੀਅਮ ਅਤੇ ਇਮਾਰਤ ਕਲਾ ਵੱਲ ਖ਼ਾਸ ਧਿਆਨ ਦਿੱਤਾ। ਮਾਫਰਾ ਦੇ ਸਥਾਨ ਤੇ ਖ਼ਾਨਗਾਹ ਤੋਂ ਇਲਾਵਾ ਬਹੁਤ ਸਾਰੀਆਂ ਸ਼ਾਨਦਾਰ ਇਮਾਰਤਾਂ ਦੀ ਉਸਾਰੀ ਕਰਵਾਈ। ਜਾਨ ਧਾਰਮਿਕ ਵਿਚਾਰਾਂ ਵਾਲਾ ਵਿਅਕਤੀ ਸੀ। ਪੋਪ ਨੇ ਇਸ ਨੂੰ ਸਭ ਤੋਂ ਵੱਧ ਵਫ਼ਾਦਾਰ ਬਾਦਸ਼ਾਹ ਦਾ ਖ਼ਿਤਾਬ ਦਿੱਤਾ। ਇਸ ਨੇ ਰਾਜ ਦੇ ਸਾਰੇ ਮਾਮਲੇ ਪੂਰੀ ਤਰ੍ਹਾਂ ਪਾਦਰੀ ਵਰਗ ਦੇ ਹੱਥ ਵਿਚ ਦੇ ਦਿੱਤੇ ਸਨ। ਬਾਹਰੀ ਮਾਮਲਿਆਂ ਵਿਚ ਮੁੱਖ ਤੌਰ ਤੇ ਇਸ ਦਾ ਇੰਗਲਿਸ਼ ਸਮਝੌਤੇ ਵੱਲ ਲਗਾਓ ਰਿਹਾ ਅਤੇ ਇਸ ਤੋਂ ਇਲਾਵਾ ਪੁਰਤਗਾਲੀਆਂ ਦੇ ਸਮੁੰਦਰੋਂ ਪਾਰ ਦੇ ਇਲਾਕਿਆਂ ਦੀ ਰੱਖਿਆ ਵਿਚ ਰੁੱਝਿਆ ਰਿਹਾ।

31 ਜੁਲਾਈ, 1750 ਨੂੰ ਜਾਨ ਦੀ ਮੌਤ ਹੋ ਗਈ ਅਤੇ ਇਸ ਦਾ ਲੜਕਾ ਜੋਜ਼ਫ ਉੱਤਰਾਧਿਕਾਰੀ ਬਣਿਆ।

ਹ. ਪੁ.–ਐਨ. ਬ੍ਰਿ. 13 : 27; ਚੈਂਬ. ਐਨ. 8 : 122; ਕੋਲ. ਐਨ. 11 : 32

**ਜਾਨ (ਪੰਜਵਾਂ–ਬਾਜ਼ਨਤੀਨ)** : ਬਾਜ਼ਨਤੀਨ ਦੇ ਇਸ ਬਾਦਸ਼ਾਹ ਦਾ ਜਨਮ 18ਅਪ੍ਰੈਲ, 1332ਨੂੰ ਹੋਇਆ। ਨੌਂ ਸਾਲ ਦੀ ਉਮਰ ਵਿਚ ਇਸ ਦੇ ਪਿਤਾ ਐਂਡਰੋਨਾਈਕਸ ਤੀਜੇ ਦੀ ਮੌਤ ਹੋ ਗਈ। ਰੀਜੈਂਸੀ ਦੇ ਮਾਮਲੇ ਤੇ ਜਾਨ ਦੀ ਮਾਤਾ ਐਨ, ਉਸ ਦੇ ਹਿਮਾਇਤੀਆਂ ਅਤੇ ਜਾਨ ਛੇਵੇਂ ਵਿਚਕਾਰ ਝਗੜੇ ਕਾਰਨ ਖ਼ਾਨਾ-ਜੰਗੀ ਸ਼ੁਰੂ ਹੋ ਗਈ। ਸੰਨ 1347 ਵਿਚ ਇਸ ਨੂੰ ਇਸਤੰਬੋਲ ਵਿਖੇ ਇਸਦੇ ਰੀਜੈਂਟ ਕੈਂਟਕਿਊਜ਼ਨੀਸ ਨਾਲ ਸਹਿ-ਬਾਦਸ਼ਾਹ ਐਲਾਨ ਕਰ ਦਿੱਤਾ ਜਿਸ ਨੇ ਆਪਣੀ ਲੜਕੀ ਦਾ ਵਿਆਹ ਜਾਨ ਪੰਜਵੇਂ ਨਾਲ ਕਰ ਦਿੱਤਾ।

ਜਲਦੀ ਹੀ ਜਾਨ ਨੇ ਆਪਣੇ ਪਿਤਾ-ਪੁਰਖੀ ਹੱਕ ਦਾ ਦਾਅਵਾ ਕੀਤਾ ਅਤੇ ਨਵੰਬਰ, 1354ਵਿਚ ਕੈਂਟਕਿਊਜ਼ੀਨਸ, ਜਾਨ ਛੇਵੇਂ ਨੂੰ ਤਖ਼ਤ ਛੱਡਣ ਲਈ ਮਜਬੂਰ ਕਰ ਦਿੱਤਾ।

ਜਾਨ ਪੰਜਵੇਂ ਨੇ ਆਪਣੇ ਸਾਮਰਾਜ ਦੀ ਗਿਰਾਵਟ ਨੂੰ ਠੱਲ੍ਹ ਪਾਉਣ ਲਈ ਉਚੇਚੇ ਯਤਨ ਕੀਤੇ ਪਰ ਦੋ ਖ਼ਾਨਾ-ਜੰਗਾਂ ਨੇ ਇਸ ਦੀਆਂ ਸਾਰੀਆਂ ਵਿਉਂਤਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਅਖੀਰ ਆਪਣੀ ਇਤਾਲਵੀ ਮਾਤਾ ਅਤੇ ਚਚੇਰੇ ਭਰਾ ਦੇ ਉਕਸਾਉਣ ਤੇ ਇਹ ਰੋਮ ਚਲਾ ਗਿਆ ਅਤੇ ਅਕਤੂਬਰ, 1369 ਵਿਚ ਰੋਮਨ ਧਰਮ ਗ੍ਰਹਿਣ ਕਰ ਲਿਆ।

ਸੰਨ 1371 ਵਿਚ ਤੁਰਕਾਂ ਨੇ ਮਕਦੂਨੀਆ ਵਿਚ ਦਾਖ਼ਲ ਹੋ ਕੇ ਜਾਨ ਨੂੰ ਸੁਲਤਾਨ ਮੁਰਾਦ ਪਹਿਲੇ ਨੂੰ ਆਪਣਾ ਅਧਿਕਾਰ ਮੰਨਣ ਲਈ ਮਜਬੂਰ ਕੀਤਾ। ਇਸ ਹਾਲਾਤ ਨਾਲ ਖ਼ਾਨਾ-ਜੰਗੀ ਸ਼ੁਰੂ ਹੋ ਗਈ। ਜਾਨ ਦਾ ਵੱਡਾ ਲੜਕਾ ਅਗਸਤ, 1376 ਵਿਚ ਐਂਡਰੋਨਾਈਕਸ ਚੌਥੇ ਦੇ ਤੌਰ ਤੇ ਇਸਤੰਬੋਲ ਦਾ ਬਾਦਸ਼ਾਹ ਬਣ ਗਿਆ। ਜਾਨ ਨੇ ਵਿਨੀਸ਼ੀਅਨ ਅਤੇ ਤੁਰਕਾਂ ਦੀ ਮਦਦ ਨਾਲ 1379ਈ: ਵਿਚ ਆਪਣਾ ਤਖ਼ਤ ਸੰਭਾਲ ਲਿਆ।

ਐਂਡਰੋਨਾਈਕਸ ਦੀ 1385ਈ. ਵਿਚ ਮੌਤ ਹੋ ਗਈ ਅਤੇ ਜਾਨ ਦੇ ਲੜਕੇ ਮੈਨੁਅਲ ਨੇ 1390 ਈ. ਵਿਚ ਜਾਨ ਦੇ ਪੋਤੇ ਜਾਨ ਸੱਤਵੇਂ ਵਿਰੁੱਧ ਜਾਨ ਪੰਜਵੇਂ ਦੀ ਮਦਦ ਕੀਤੀ ਪਰ ਦੋਵੇਂ ਪਿਉ-ਪੁੱਤਰ ਸੁਲਤਾਨ ਦੇ ਹੱਥ ਬੱਧੇ ਗ਼ੁਲਾਮ ਬਣੇ ਰਹੇ। ਜਾਨ ਨੇ ਇਸਤੰਬੋਲ ਵਿਚ ਬਣਾਈਆਂ ਕਿਲੇਬੰਦੀਆਂ ਨੂੰ ਖਤਮ ਕਰ ਦਿੱਤਾ ਪਰ ਇਸ ਦਾ ਲੜਕਾ ਜਾਨ ਦੀ ਮੌਤ (16 ਫ਼ਰਵਰੀ 1391) ਤੱਕ ਸੁਲਤਾਨ ਦੇ ਦਰਬਾਰ ਵਿਚ ਬੰਦੀ ਦੇ ਤੌਰ ਤੇ ਰਿਹਾ।

ਹ. ਪੁ.–ਐਨ. ਬ੍ਰਿ. 13 : 21 ; ਐਨ. ਬ੍ਰਿ. ਮਾ. 5

**ਜਾਨ (ਛੇਵਾਂ–ਪੁਰਤਗਾਲ)** : ਇਸ ਦਾ ਜਨਮ 13 ਮਈ, 1767 ਨੂੰ ਮੇਰੀਆ ਪਹਿਲੀ ਦੀ ਕੁੱਖੋਂ ਲਿਜ਼ਬਨ ਵਿਖੇ ਹੋਇਆ। ਇਹ ਪੀਡਰੋ ਤੀਜੇ ਦਾ ਲੜਕਾ ਸੀ। ਸੰਨ 1785 ਵਿਚ ਇਸ ਦਾ ਵਿਆਹ ਸਪੇਨ ਦੀ ਕਾਰਲਾਤ ਜੈਕਵੀਨ ਨਾਲ ਹੋਇਆ।

ਸੰਨ 1792 ਵਿਚ ਮੇਰੀਆ ਨੂੰ ਪਾਗਲਪਣ ਦਾ ਦੌਰਾ ਪੈ ਗਿਆ ਅਤੇ ਜਾਨ ਨੇ ਉਸ ਦੇ ਨਾਮ ਥੱਲੇ ਰਾਜ ਕੀਤਾ। ਇਸ ਨੇ 1799 ਤੋਂ ਆਪਣੀ ਮਾਤਾ ਦੀ ਮੌਤ (1816) ਤੱਕ ਰੀਜੈਂਟ ਦੇ ਤੌਰ ਤੇ ਕੰਮ ਕੀਤਾ।

ਸੰਨ 1807 ਵਿਚ ਫ਼ਰਾਂਸੀਸੀਆਂ ਦੁਆਰਾ ਮਜਬੂਰ ਕਰਨ ਤੇ ਬ੍ਰਾਜ਼ੀਲ ਚਲੇ ਜਾਣ ਤੋਂ ਬਾਅਦ ਜਾਨ ਨੈਪੋਲੀਅਨ ਵਿਰੁੱਧ ਇੰਗਲੈਂਡ ਨਾਲ ਮਿਲ ਗਿਆ। ਸੰਨ 1816ਵਿਚ ਆਪਣੀ ਮਾਤਾ ਦੀ ਮੌਤ ਤੋਂ ਬਾਅਦ ਜਾਨ ਬਾਦਸ਼ਾਹ ਬਣ ਗਿਆ। ਸੰਨ 1821 ਦੀ ਪੁਰਤਗਾਲ ਦੀ ਬਗਾਵਤ ਸਮੇਂ ਹੀ ਜਾਨ ਪੁਰਤਗਾਲ ਮੁੜਿਆ। ਆਪਣੇ ਪੁੱਤਰ ਪੀਡਰੋ ਨੂੰ ਬ੍ਰਾਜ਼ੀਲ ਦੇ ਬਾਦਸ਼ਾਹ ਦੇ ਤੌਰ ਤੇ ਛੱਡ ਆਇਆ ਪਰ ਇਸ ਦੀਆਂ ਦੋਹਾਂ ਦੇਸ਼ਾਂ ਉੱਤੇ ਇਕੱਠਾ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਕੁਝ ਹੱਦ ਤੱਕ ਹੀ ਸਫ਼ਲ ਹੋ ਸਕੀਆਂ।

ਇਸ ਦੇ ਰਾਜ ਦੇ ਆਖ਼ਰੀ ਸਾਲ ਉਦਾਰਵਾਦੀਆਂ ਅਤੇ ਨਿਰੰਕੁਸ਼ ਵਾਦੀਆਂ ਵਿਚਕਾਰ ਸੰਘਰਸ਼ ਕਾਰਨ ਕਾਫ਼ੀ ਮਹੱਤਵਪੂਰਨ ਹਨ। ਜਾਨ ਨੇ 1825 ਵਿਚ ਬ੍ਰਾਜ਼ੀਲ ਦੀ ਆਜ਼ਾਦੀ ਦਾ ਐਲਾਨ ਕੀਤਾ। 10 ਮਾਰਚ, 1826 ਨੂੰ ਲਿਜ਼ਬਨ ਦੇ ਸਥਾਨ ਤੇ ਜਾਨ ਦੀ ਮੌਤ ਹੋ ਗਈ ਅਤੇ ਇਸ ਦਾ ਲੜਕਾ ਪੀਡਰੋ ਚੌਥਾ ਇਸ ਦਾ ਉੱਤਰਾਧਿਕਾਰੀ ਬਣਿਆ।

ਹ. ਪੁ.–ਐਨ. ਬ੍ਰਿ. 13 : 27; ਕੋਲ. ਐਨ. 11 : 32. ਚੈਂਬ. ਐਨ. 8 : 122

**ਜਾਨ (ਛੇਵਾਂ–ਬਾਜ਼ਨਤੀਨ)** : ਬਾਜ਼ਨਤੀਨ ਦੇ ਇਸ ਬਾਦਸ਼ਾਹ ਦਾ ਜਨਮ 1292 ਈ. ਵਿਚ ਹੋਇਆ। ਇਹ ਐਂਡਰੋਨਾਈਕਸ ਤੀਜੇ ਦਾ ਮਿੱਤਰ ਅਤੇ ਪਹਿਲਾ ਮੰਤਰੀ ਸੀ। ਇਹ ਐਂਡਰੋਨਾਈਕਸ ਦੂਜੇ ਦੇ ਵਿਰੁੱਧ ਲੜਿਆ। ਇਸ ਤੋਂ ਇਲਾਵਾ ਇਸ ਨੇ 1341 ਈ. ਵਿਚ ਐਂਡਰੋਨਾਈਕਸ ਤੀਜੇ ਦੇ ਮਾਸੂਮ ਉੱਤਰਾਧਿਕਾਰੀ, ਜਾਨ ਪੰਜਵੇਂ ਪੋਲੀਆਲੋਗਸ ਦਾ ਰੀਜੈਂਟ ਬਣਨ ਦੇ ਹੱਕ ਦਾ ਦਾਅਵਾ ਕੀਤਾ। ਜਾਨ ਪੰਜਵੇਂ ਦੀ ਮਾਂ, ਬਿਸ਼ਪ ਅਤੇ ਇਕ ਤਾਕਤਵਰ ਧੜੇ ਨੇ ਇਸ ਦਾਅਵੇ ਦੀ ਵਿਰੋਧਤਾ ਕੀਤੀ ਪਰ ਜਾਨ ਛੇਵੇਂ ਨੇ 26 ਅਕਤੂਬਰ, 1341 ਨੂੰ ਆਪਣੇ ਆਪ ਨੂੰ ਬਾਦਸ਼ਾਹ ਐਲਾਨ ਕਰ ਦਿੱਤਾ। ਨਤੀਜੇ ਵਜੋਂ ਸਮਾਜਿਕ ਅਤੇ ਧਾਰਮਿਕ ਮਤ-ਭੇਦ ਕਾਰਨ ਸਾਮਰਾਜ ਵਿਚ ਫਿਰ ਤੋਂ ਖ਼ਾਨਾ-ਜੰਗੀ ਸ਼ੁਰੂ ਹੋ ਗਈ।



ਜਾਨ (ਛੇਵਾਂ–ਬਾਜ਼ਨਤੀਨ)

ਸੰਨ 1346 ਵਿਚ ਜਾਨ ਨੂੰ ਐਂਡਰੀਆਨੋਪਲ ਵਿਖੇ ਬਾਦਸ਼ਾਹ ਐਲਾਨ ਕਰ ਦਿੱਤਾ ਗਿਆ। ਇਸਨੇ ਤੁਰਕਾਂ ਨਾਲ ਸਮਝੌਤਾ ਕੀਤਾ ਅਤੇ ਆਪਣੀ ਲੜਕੀ ਦਾ ਵਿਆਹ ਆਟੋਮਾਨ ਸੁਲਤਾਨ, ਆਰਹਾਨ ਨਾਲ ਕਰ ਦਿੱਤਾ। ਸੰਨ 1347 ਵਿਚ ਤੁਰਕਾਂ ਦੀ ਮਦਦ ਨਾਲ ਕੁਸਤੁਨਤੁਨੀਆ (ਹੁਣ ਇਸਤੰਬੋਲ) ਵਿਚ ਦਾਖ਼ਲ ਹੋਇਆ ਅਤੇ 13 ਮਈ ਨੂੰ ਇਸਨੂੰ

ਦੁਬਾਰਾ ਰਾਜਤਿਲਕ ਮਿਲਿਆ। ਇਸਨੇ ਜਾਨ ਪੰਜਵੇਂ ਨਾਲ ਵੀ ਸਮਝੌਤਾ ਕਰ ਲਿਆ।

ਉਹ ਸਾਮਰਾਜ ਜਿਸ ਉੱਤੇ ਹੁਣ ਜਾਨ ਛੇਵਾਂ ਰਾਜ ਕਰ ਰਿਹਾ ਸੀ, ਕਈ ਟੁਕੜਿਆਂ ਵਿਚ ਵੰਡ ਚੁਕਿਆ ਸੀ। ਥੀਸਾਲਾਨੀਕਾ (ਹੁਣ ਸੈਲਾਨੀਕਾ) 1350 ਈ: ਤੱਕ ਜਾਨ ਦੇ ਸਿਆਸੀ ਵਿਰੋਧੀਆਂ ਦੇ ਅਧੀਨ ਸੀ। ਜਾਨ ਨੇ ਏਕਤਾ ਅਤੇ ਸਥਿਰਤਾ ਨੂੰ ਕਾਇਮ ਕਰਨ ਲਈ ਆਪਣੇ ਰਾਜ ਨੂੰ ਆਪਣੇ ਪੁੱਤਰਾਂ ਵਿਚ ਵੰਡ ਦਿਤਾ। ਮੈਨੂਅਲ ਨੂੰ ਮਾਰੀਆ ਦਾ ਖ਼ੁਦਮੁਖ਼ਤਾਰ ਬਣਾ ਦਿੱਤਾ ਅਤੇ ਮੈਥਿਊ ਨੂੰ ਥਰੇਸ ਦਾ ਹਿੱਸਾ ਮਿਲਿਆ ਪਰ ਉਸਦੇ ਦੁਸ਼ਮਣ ਜਾਨ ਪੰਜਵੇਂ ਦੇ ਹੱਕ ਵਿਚ ਸਨ। ਨਤੀਜੇ ਵਜੋਂ 1352 ਵਿਚ ਦੁਬਾਰਾ ਖ਼ਾਨਾ-ਜੰਗੀ ਸ਼ੁਰੂ ਹੋ ਗਈ।

ਨਵੰਬਰ, 1354 ਨੂੰ ਇਸਨੂੰ ਜਾਨ ਪੰਜਵੇਂ ਦੇ ਹੱਕ ਵਿਚ ਤਖ਼ਤ ਛੱਡਣ ਲਈ ਮਜਬੂਰ ਕੀਤਾ ਗਿਆ। ਇਸ ਤੋਂ ਮਗਰੋਂ ਇਹ ਇਕ ਸਾਧੂ ਬਣ ਗਿਆ ਅਤੇ ਜੀਵਨ ਦੇ ਬਾਕੀ ਸਾਲ ਆਪਣੀਆਂ ਯਾਦਾਂ ਦਾ ਇਤਿਹਾਸ ਲਿਖਣ ਵਿਚ ਬਤੀਤ ਕੀਤੇ। ਇਸ ਦੀ ਮੌਤ 15 ਜੂਨ, 1383 ਨੂੰ ਮਾਰੀਆ ਵਿਚ ਮਿਸਟਰਾ ਦੇ ਸਥਾਨ ਤੇ ਹੋਈ।

ਇਹ ਇਕ ਚੰਗਾ ਨੀਤੀਵਾਨ ਅਤੇ ਇਤਿਹਾਸਕਾਰ ਸੀ।

ਹ. ਪੁ.-ਐਨ. ਬ੍ਰਿ. 13 : 22; ਚੈਂਬ. ਐਨ. 8 : 121; ਐਨ. ਬ੍ਰਿ. ਮਾ. 5 : 575

**ਜਾਨ (ਸੱਤਵਾਂ-ਬਾਜ਼ਨਤੀਨ)** : ਬਾਜ਼ਨਤੀਨ ਦੇ ਇਸ ਬਾਦਸ਼ਾਹ ਦਾ ਜਨਮ 1360 ਵਿਚ ਹੋਇਆ। ਇਹ ਐਂਡਰੋਨਾਈਕਸ ਦਾ ਪੁੱਤਰ ਅਤੇ ਜਾਨ ਪੰਜਵੇਂ ਦਾ ਪੋਤਰਾ ਸੀ। ਇਸ ਨੇ ਸੁਲਤਾਨ ਬਾਯਾਜ਼ੀਦ ਪਹਿਲੇ ਦੀ ਸ਼ਹਿ ਤੇ ਜਾਨ ਪੰਜਵੇਂ ਵਿਰੁੱਧ ਬਗ਼ਾਵਤ ਕਰ ਦਿਤੀ ਸੀ।

ਜਾਨ ਨੇ ਕੁਸਤੁਨਤੁਨੀਆ (ਹੁਣ ਇਸਤੰਬੋਲ) ਵਿਚ ਅਪ੍ਰੈਲ, 1390 ਤੋਂ ਸਤੰਬਰ, 1390 ਤੱਕ ਰਾਜ ਕੀਤਾ। ਇਸਨੂੰ ਇਸਦੇ ਚਾਚੇ ਮੈਨੂਅਲ ਨੇ ਗੱਦੀ ਤੋਂ ਉਤਾਰ ਦਿਤਾ ਅਤੇ ਸੈਲੀਮਥ੍ਰੀਆ ਦਾ ਇਲਾਕਾ ਇਸਨੂੰ ਅਲਾਟ ਕਰ ਦਿਤਾ।

ਸੰਨ 1399 ਤੋਂ 1403 ਤੱਕ ਇਸਤੰਬੋਲ ਵਿਚ ਮੈਨੂਅਲ ਦੂਜੇ ਦੀ ਗ਼ੈਰ ਮੌਜੂਦਗੀ ਵਿਚ ਜਾਨ ਸੱਤਵੇਂ ਨੇ ਦੁਬਾਰਾ ਰੀਜੈਂਟ ਦੇ ਤੌਰ ਤੇ ਰਾਜ ਕੀਤਾ। ਮੈਨੂਅਲ ਦੀ ਗ਼ੈਰ ਹਾਜ਼ਰੀ ਵਿਚ ਜਾਨ ਨੇ ਤੁਰਕਾਂ ਨੂੰ ਆਰਥਿਕ ਤੇ ਧਾਰਮਿਕ ਸਹੂਲਤਾਂ ਦੇ ਕੇ ਸੰਧੀ ਕਰ ਲਈ। ਮੈਨੂਅਲ ਦੇ ਪਰਤਣ ਤੇ ਇਹ ਸਾਲੋਨੀਕਾ ਦਾ ਗਵਰਨਰ ਬਣ ਗਿਆ ਜਿਥੇ 22 ਸਤੰਬਰ, 1408 ਵਿਚ ਇਸ ਦੀ ਮੌਤ ਹੋ ਗਈ।

ਹ. ਪੁ -ਐਨ. ਬ੍ਰਿ. 13: 22 ;ਐਨ. ਬ੍ਰਿ. ਮਾ. 5 : 576

**ਜਾਨ (ਅੱਠਵਾਂ-ਬਾਜ਼ਨਤੀਨ)** : ਬਾਜ਼ਨਤੀਨ ਦਾ ਇਹ ਬਾਦਸ਼ਾਹ ਮੈਨੂਅਲ ਦੂਜੇ ਦਾ ਸਭ ਤੋਂ ਵੱਡਾ ਲੜਕਾ ਸੀ, ਜੋ 1392 ਈ: ਵਿਚ ਪੈਦਾ ਹੋਇਆ। ਸੰਨ 1421 ਵਿਚ ਇਸਨੂੰ ਮੈਨੂਅਲ ਦੂਜੇ ਨੇ ਆਪਣਾ ਸਹਿ-ਬਾਦਸ਼ਾਹ ਬਣਾਇਆ ਅਤੇ 1425 ਈ: ਵਿਚ ਮੈਨੂਅਲ ਦੂਜੇ ਤੋਂ ਬਾਅਦ ਇਹ ਗੱਦੀ ਤੇ ਬੈਠਾ। ਇਸ ਦਾ ਰਾਜ ਜ਼ਿਆਦਾਤਰ ਇਸਤੰਬੋਲ ਤੱਕ ਸੀਮਾ-ਬੱਧ ਸੀ ਅਤੇ ਇਸਨੂੰ ਆਟੋਮਨ ਤੁਰਕਾਂ ਦੁਆਰਾ ਤਬਾਹ ਹੋਣ ਦਾ ਪੱਕਾ ਖ਼ਤਰਾ ਦਿਖਾਈ ਦਿੰਦਾ ਸੀ।

ਸੰਨ 1422 ਵਿਚ ਇਸਤੰਬੋਲ ਤੁਰਕੀ ਸੁਲਤਾਨ ਮੁਰਾਦ ਦੂਜੇ ਨੇ ਘੇਰ ਲਿਆ ਅਤੇ ਮਾਰਚ, 1430 ਵਿਚ ਸਾਲੋਨੀਕਾ ਤੁਰਕਾਂ ਦੇ ਹੱਥਾਂ ਵਿਚ ਚਲਾ ਗਿਆ ਅਤੇ ਕੇਵਲ ਇਕੋ ਇਲਾਕਾ ਪੈਲਾਪਾਨੀਜ਼ ਰਹਿ ਗਿਆ ਜਿਥੇ 1432 ਈ: ਵਿਚ ਜਾਨ ਦੇ ਤਿੰਨ ਭਰਾਵਾਂ ਨੇ ਅਕੀਆ ਦੇ ਲਾਤੀਨੀ ਰਾਜ ਦਾ ਅੰਤ ਕਰ ਦਿਤਾ ਸੀ।

ਸੰਨ 1423 ਵਿਚ ਜਾਨ ਪੱਛਮੀ ਯੂਰਪ ਵਿਚ ਮਦਦ ਲਈ ਗਿਆ ਪਰ ਅਸਫਲ ਰਿਹਾ। ਜਾਨ ਦੇ ਆਖ਼ਰੀ ਸਾਲ ਪਰਿਵਾਰ ਦੀਆਂ ਉੱਤਰਾਧਿਕਾਰ ਸਬੰਧੀ ਸਾਜ਼ਸ਼ਾਂ ਕਾਰਨ ਅਸ਼ਾਂਤੀਪੂਰਨ ਰਹੇ। ਅੰਤ 31 ਅਕਤੂਬਰ, 1448 ਨੂੰ ਜਾਨ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13 : 22; ਐਨ. ਬ੍ਰਿ. ਮਾ. 5 : 576

**ਜਾਨ ਓ ਗ੍ਰਾਟਸ** : ਇਹ ਸਕਾਟਲੈਂਡ (ਬਰਤਾਨੀਆ) ਦੀ ਕੇਥਨੈਸ ਕਾਉਂਟੀ ਦਾ ਇਕ ਵਿਸ਼ੇਸ਼ ਸਥਾਨ ਹੈ ਜਿਥੋਂ ਦੇ ਮੌਜੂਦਾ ਥੇਹ ਇਕ ਇਮਾਰਤ ਦੀ ਕਹਾਣੀ ਸੁਣਾਉਂਦੇ ਦਿਖਾਈ ਦਿੰਦੇ ਹਨ। ਇਹ ਸਥਾਨ ਬਰਤਾਨੀਆ ਦੇ ਧੁਰ ਉੱਤਰੀ ਸਿਰੇ ਤੇ ਸਥਿਤ ਹੈ। ਜਾਨ ਓ ਗ੍ਰਾਟਸ ਦੇ ਇਸ ਥੇਹ ਦਾ ਸਬੰਧ 1793 ਈ: ਵਿਚ ਲਿਖੀ ਪੁਸਤਕ 'ਦੀ ਸਟੈਟਿਸਟਿਕਲ ਅਕਾਊਂਟ ਆਫ਼ ਸਕਾਟਲੈਂਡ' ਵਿਚ ਸਭ ਤੋਂ ਪਹਿਲੀ ਰਿਕਾਰਡ ਕੀਤੀ ਕਹਾਣੀ ਨਾਲ ਦੱਸਿਆ ਜਾਂਦਾ ਹੈ। ਇਸ ਕਹਾਣੀ ਅਨੁਸਾਰ ਬਾਦਸ਼ਾਹ ਚੌਥੇ ਦੇ ਸੱਦੇ ਜਾਣ ਤੇ 'ਜਾਨ ਡੀ ਗ੍ਰਾਟ' ਅਤੇ ਇਸ ਦੇ ਭਰਾ ਮੈਕਾਲਮ ਅਤੇ ਗੇਵਿਨ ਕੇਥਨੈਸ ਪਹੁੰਚੇ। ਬਾਦਸ਼ਾਹ ਨੇ ਇਨ੍ਹਾਂ ਨੂੰ ਆਪਣੇ ਕੋਲ ਸੁਰੱਖਿਆ ਲਈ ਰੱਖ ਲਿਆ। ਇਥੇ ਰਹਿੰਦਿਆਂ ਤਿੰਨੇ ਡੱਚ ਭਰਾਵਾਂ ਨੇ ਚੰਗੀ ਤਰੱਕੀ ਕੀਤੀ ਤੇ ਪਰਿਵਾਰਕ ਵਾਧਾ ਵੀ ਹੋਇਆ। ਇਨ੍ਹਾਂ ਨੇ ਪੈਰਿਸ਼ (Parish) ਵਿਖੇ ਕਾਫ਼ੀ ਜ਼ਮੀਨ ਵੀ ਪ੍ਰਾਪਤ ਕਰ ਲਈ। ਹਰੇਕ ਸਾਲ ਇਹ ਸਾਰਾ ਡੱਚ ਕੁਨਬਾ ਮਿਲ ਕੇ ਆਪਣੀ ਆਮਦ ਦਾ ਜਸ਼ਨ ਮਨਾਇਆ ਕਰਦਾ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਇਸੇ ਜਸ਼ਨ ਦੌਰਾਨ ਕੁਨਬੇ ਦੇ ਮੁਖੀ ਬਣਨ ਪਿਛੇ ਝਗੜਾ ਹੋ ਗਿਆ। ਇਸ ਤੇ ਜਾਨ ਡੀ ਗ੍ਰਾਟ ਨੇ ਇਕ ਅੱਠ-ਕੋਨਾ ਮਕਾਨ ਤਿਆਰ ਕਰਵਾਇਆ ਤੇ ਅੱਠ ਕੋਨਾ ਇਕ ਵੱਡਾ ਸਾਰਾ ਮੇਜ਼ ਬਣਵਾ ਕੇ ਇਸ ਦੇ ਅੰਦਰ ਰਖਵਾਇਆ ਤਾਂ ਕਿ ਹਰੇਕ ਕੋਨੇ ਉਪਰ ਅੱਠਾਂ ਗ੍ਰਾਂਟਸ ਪਰਿਵਾਰਾਂ ਦੇ ਬਜ਼ੁਰਗ ਮੁਖੀ ਦੇ ਤੌਰ ਤੇ ਬੈਠ ਸਕਣ।

ਜਾਨ ਓ ਗ੍ਰਾਟ ਦੇ ਇਸ ਘਰ ਦੀ ਉਸਾਰੀ ਕਲਾ 17 ਵੀਂ ਸਦੀ ਦੇ ਮੁੱਢ ਵਿਚ ਲੋਕ ਪ੍ਰਸਿੱਧ ਹੋਈ। ਹੁਣ 'ਜਾਨ ਓ ਗ੍ਰਾਟਸ' ਵਿਖੇ ਦੋ ਹੋਟਲ ਅਤੇ ਕੁਝ ਦੁਕਾਨਾਂ ਹਨ ਅਤੇ ਸੈਰਗਾਹ ਦੇ ਤੌਰ ਤੇ ਇਹ ਸਥਾਨ ਮਸ਼ਹੂਰ ਹੈ।

ਹ. ਪੁ. -ਐਨ. ਬ੍ਰਿ. 13 : 39

**ਜਾਨ ਆਫ਼ ਸਾਲਜ਼ਬਰੀ** : ਇਹ ਆਪਣੇ ਸਮੇਂ ਦਾ ਲਾਤੀਨੀ ਦਾ ਬਹੁਤ ਹੀ ਉੱਘਾ ਵਿਦਵਾਨ ਸੀ। ਇਹ ਕੈਂਟਰਬਰੀ ਦੇ ਲਾਟ ਪਾਦਰੀ ਦਾ ਸਕੱਤਰ ਵੀ ਰਿਹਾ। ਇਸ ਦਾ ਜਨਮ ਸੰਨ 1115 ਤੋਂ 1120 ਦੌਰਾਨ ਵਿਲਟਸ਼ਿਰ ਵਿਚ ਸਾਲਜ਼ਬਰੀ ਵਿਖੇ ਹੋਇਆ। ਸੰਨ 1135 ਤੋਂ ਮਗਰੋਂ 12 ਸਾਲ ਤੱਕ ਇਸ ਨੇ ਫ਼ਰਾਂਸ ਦੇ ਗਿਰਜਾਘਰ ਸਕੂਲਾਂ ਤੋਂ ਵਿੱਦਿਆ ਪ੍ਰਾਪਤ ਕੀਤੀ। ਸੰਨ 1148 ਵਿਚ ਇਹ ਥੀਉਬਾਲਡ ਦੀ ਨੌਕਰੀ ਵਿਚ ਸੀ। ਫਿਰ ਇਹ ਰੋਮਨ ਕਿਊਰੀਆ ਦੇ ਮਿਸ਼ਨਾਂ ਵਿਚ ਕੰਮ ਕਰਦਾ ਰਿਹਾ। ਆਪਣੇ ਸਮੇਂ ਦੇ ਹਾਲਾਤ ਨੂੰ ਇਸ ਨੇ **Historia Pontificals** (ਲ.1163) ਵਿਚ ਬੜੇ ਸੁੰਦਰ ਢੰਗ ਨਾਲ ਕਲਮਬੰਦ ਕੀਤਾ ਹੈ।

ਸੰਨ 1156 ਵਿਚ ਹੈਨਰੀ ਦੂਜਾ ਜਾਨ ਨਾਲ ਨਾਰਾਜ਼ ਹੋ ਗਿਆ ਕਿਉਂਕਿ ਉਸ ਦਾ ਖ਼ਿਆਲ ਸੀ ਕਿ ਇਹ ਚਰਚ ਦੀ ਆਜ਼ਾਦੀ ਦਾ ਅਲੰਬਰਦਾਰ ਸੀ। ਇਸ ਵਾਦ-ਵਿਵਾਦ ਦਾ ਜ਼ਿਕਰ ਇਸ ਨੇ ਆਪਣੀਆਂ ਪੁਸਤਕਾਂ **'Policraticus'** ਅਤੇ **'Metalogican'** ਵਿਚ ਕੀਤਾ ਹੈ। ਸੰਨ 1163 ਵਿਚ ਕੈਂਟਰਬਰੀ ਦੇ ਲਾਟ ਪਾਦਰੀ ਬੈਕਟ ਨੂੰ ਕੱਢੇ ਜਾਣ ਤੋਂ ਪਹਿਲਾਂ ਇਸ ਨੂੰ ਵੀ ਫ਼ਰਾਂਸ ਵਿਚੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਸੰਨ 1170 ਵਿਚ ਬੈਕਟ ਦਾ ਹੈਨਰੀ ਨਾਲ ਰਾਜ਼ੀਨਾਮਾ ਹੋਣ ਤੇ ਇਹ ਵੀ ਵਾਪਸ ਇੰਗਲੈਂਡ ਪਹੁੰਚਿਆ। ਸੰਨ 1176 ਵਿਚ ਇਹ ਫ਼ਰਾਂਸ ਵਿਚ ਸ਼ਾਰਤ ਦਾ ਬਿਸ਼ਪ ਨਿਯੁਕਤ ਹੋਇਆ। 25 ਅਕਤੂਬਰ, 1180 ਨੂੰ ਸ਼ਾਰਟਰ (ਫ਼ਰਾਂਸ) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 5 : 586; ਐਨ. ਐਮ. 16:169; ਐਨ. ਅਮੈ. 16 : 164

**ਜਾਨ ਆਫ਼ ਕਰਾੱਨਸ਼ਤਾਤ** : ਰੂਸ ਦੇ ਇਸ ਸਨਾਤਨੀ ਤਿਆਗੀ ਪਾਦਰੀ ਦਾ ਜਨਮ 31 ਅਕਤੂਬਰ, 1829 ਨੂੰ ਹੋਇਆ। ਇਸ ਦਾ ਮੁੱਢਲਾ ਨਾਂ ਆਈਵਾਨ ਇਲੀਕ ਸਰਜੀਏਵ ਸੀ।



ਜਾਨ ਆਫ਼ ਕਰਾੱਨਸ਼ਤਾਤ

ਇਸ ਨੇ ਸੇਂਟ ਪੀਟਰਜ਼ਬਰਗ (ਲੈਨਿਨਗ੍ਰਾਦ) ਵਿਖੇ ਧਰਮ-ਸ਼ਾਸਤਰ ਦੀ ਅਕਾਦਮੀ ਵਿਚ ਸਿਖਿਆ ਪ੍ਰਾਪਤ ਕੀਤੀ। ਇਸ ਉਪਰੰਤ ਇਹ ਸੇਂਟ ਐਂਡਰਿਊ ਦੇ ਚਰਚ ਵਿਖੇ ਪਾਦਰੀ ਨਿਯੁਕਤ ਹੋ ਗਿਆ। ਇਸ ਸੇਵਾ ਦੌਰਾਨ ਇਸ ਨੇ ਗ਼ਰੀਬ ਪਰਿਵਾਰਾਂ ਦੀ ਭਲਾਈ ਦਾ ਇਕ 'ਵਰਕ ਸੈਂਟਰ' ਸਥਾਪਿਤ ਕੀਤਾ। ਇਸ ਕੇਂਦਰ ਵਿਚ ਤਕਨੀਕੀ ਅਤੇ ਆਮ ਸਿਖਿਆ, ਉਦਯੋਗਿਕ ਕਲਾ, ਧਰਮ ਅਤੇ ਸਮਾਜ ਭਲਾਈ ਸੇਵਾਵਾਂ ਸਬੰਧੀ ਸਿਖਿਆ ਦਿੱਤੀ ਜਾਂਦੀ ਸੀ। ਅਜਿਹੇ ਭਲਾਈ ਕਾਰਜਾਂ ਕਰਕੇ ਗ਼ਰੀਬ ਲੋਕ ਇਸ ਨੂੰ 'ਫ਼ਾਦਰ ਜਾਨ' ਕਹਿਣ ਲੱਗ ਪਏ ਸਨ।

ਗ਼ਰੀਬਾਂ ਵਿਚ ਇਸ ਦੀਆਂ ਅਧਿਆਤਮਕ ਅਤੇ ਵਿਦਿਅਕ ਸਰਗਰਮੀਆਂ ਨੇ ਰੂਸ ਦੇ ਸਮਾਜਕ ਅਤੇ ਅਧਿਆਤਮਕ ਜੀਵਨ ਵਿਚ ਬਹੁਤ ਵੱਡਾ ਹਿੱਸਾ ਪਾਇਆ। ਇਸ ਨੇ ਕਈ ਅਧਿਆਤਮਕ ਗ੍ਰੰਥ ਲਿਖੇ। 'ਮਾਈ ਲਾਈਫ਼ ਇਨ ਕਰਾਈਸਟ' ਇਸ ਦੀਆਂ ਅਜਿਹੀਆਂ ਪ੍ਰਸਿੱਧ ਪੁਸਤਕਾਂ ਵਿਚੋਂ ਇਕ ਸੀ। ਇਹ ਇਕ ਅਜਿਹਾ ਮਨੁੱਖ ਸੀ, ਜਿਸ ਦੀ ਪੂਜਾ ਜਿਉਂਦੇ ਜੀ ਹੋਣ ਲੱਗ ਪਈ ਸੀ।

2 ਜਨਵਰੀ, 1909 ਨੂੰ ਕਰਾੱਨਸ਼ਤਾਤ ਵਿਖੇ ਇਸ ਦੀ ਮੌਤ ਹੋ ਗਈ।

ਹ. ਪੂ. -ਐਨ. ਬ੍ਰਿ. ਮਾ. 5:584

**ਜਾਨ ਆਫ਼ ਬਰੀਐਂਨ (ਯੋਰੋਸ਼ਲਮ )**: ਇਹ ਯੋਰੋਸ਼ਲਮ ਦਾ ਇਕ ਬਾਦਸ਼ਾਹ ਸੀ ਅਤੇ ਬਾਅਦ ਵਿਚ ਕਾਨਸਟੈਂਟਨੋਪਲ (ਹੁਣ ਇਸਤੰਬੋਲ) ਦਾ ਲਾਤੀਨੀ ਸ਼ਹਿਨਸ਼ਾਹ ਬਣਿਆ ਸੀ। ਇਹ ਸ਼ੈਮਪੇਨ ਦੇ ਇਕ ਕੁਲੀਨ ਖ਼ਾਨਦਾਨ ਵਿਚੋਂ ਸੀ। ਇਸ ਦਾ ਜਨਮ ਲ. 1148 ਵਿਚ ਹੋਇਆ। ਇਹ ਬਰੀਐਨ ਦੇ ਫ਼੍ਰਾਂਸੀਸੀ ਕਾਊਂਟ ਐਰਡ ਦੂਜੇ ਦਾ ਛੋਟਾ ਲੜਕਾ ਸੀ।

ਸਤੰਬਰ, 1210 ਵਿਚ ਜਾਨ ਨੇ ਯੋਰੋਸ਼ਲਮ ਦੀ ਮੇਰੀ ਨਾਲ ਸ਼ਾਦੀ ਕਰਵਾ ਲਈ ਅਤੇ 3 ਅਕਤੂਬਰ, 1210 ਨੂੰ ਟਾਈਰ ਵਿਖੇ ਇਸ ਦੀ ਤਾਜਪੋਸ਼ੀ ਕੀਤੀ ਗਈ।

ਸੰਨ 1212 ਵਿਚ ਮੇਰੀ ਦੀ ਮੌਤ ਹੋ ਜਾਣ ਤੇ ਜਾਨ ਆਪਣੀ ਲੜਕੀ ਇਜ਼ਾਬੈਲਾ ਦਾ ਰੀਜੈਂਟ ਬਣ ਗਿਆ। ਸੰਨ 1222 ਵਿਚ ਜਾਨ ਪੱਛਮੀ ਯੂਰਪ ਵਿਚ ਆਪਣੀ ਲੜਕੀ ਦੇ ਰਾਜ ਲਈ ਮਦਦ ਲੈਣ ਲਈ ਗਿਆ। ਇਜ਼ਾਬੈਲਾ ਦੀ ਪਵਿੱਤਰ ਰੋਮਨ ਬਾਦਸ਼ਾਹ ਫ੍ਰੈਡਰਿਕ ਦੂਜੇ ਨਾਲ ਮੰਗਣੀ ਹੋ ਜਾਣ ਤੇ ਜਾਨ ਨੂੰ ਆਪਣੀ ਲੜਕੀ ਦਾ ਰੀਜੈਂਟ ਬਣੇ ਰਹਿਣ ਦੇ ਅਧਿਕਾਰ ਪ੍ਰਾਪਤ ਹੋ ਗਏ ਪਰ ਵਿਆਹ ਹੋ ਜਾਣ ਉਪਰੰਤ ਫ੍ਰੈਡਰਿਕ ਨੇ ਜਾਨ ਦੇ ਅਧਿਕਾਰਾਂ ਦੀ ਵਿਰੋਧਤਾ ਕੀਤੀ।

ਇਸੇ ਸਮੇਂ ਦੌਰਾਨ ਜਾਨ ਨੇ ਕੈਸਟੀਲ ਦੇ ਫ਼ਰਡੀਨੈਂਡ ਤੀਜੇ ਦੀ ਲੜਕੀ ਬੈਰਨਗਾਰੀਆ ਨਾਲ ਵਿਆਹ ਕਰਵਾ ਲਿਆ ਜਿਸਨੇ ਮੇਰੀ ਨਾਂ ਦੀ ਲੜਕੀ ਨੂੰ ਜਨਮ ਦਿਤਾ।

ਸੰਨ 1228 ਵਿਚ ਬਾਲਦਵਿਨ ਦੂਜੇ ਦੇ ਕਾਨਸਟੈਂਟਨੋਪਲ ਦਾ ਤਖ਼ਤ ਹਾਸਲ ਕਰਨ ਤੇ ਜਾਨ ਨੂੰ ਉਸਦਾ ਸਹਿ-ਸ਼ਹਿਨਸ਼ਾਹ ਬਣਾਏ ਜਾਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ। ਜਾਨ ਨੇ ਇਸਨੂੰ ਸਵੀਕਾਰ ਕਰ ਲਿਆ ਅਤੇ ਆਪਣੀ ਲੜਕੀ ਮੇਰੀ ਦੀ ਸ਼ਾਦੀ ਬਾਲਦਵਿਨ ਦੂਜੇ ਨਾਲ ਕਰਨ ਲਈ ਸਹਿਮਤ ਹੋ ਗਿਆ।

ਸੰਨ 1231 ਵਿਚ ਜਾਨ ਕਾਨਸਟੈਂਟਨੋਪਲ ਪਹੁੰਚਿਆ ਅਤੇ ਇਸ ਦੀ ਤਾਜਪੋਸ਼ੀ ਦੀ ਰਸਮ ਅਦਾ ਕੀਤੀ ਗਈ, ਪਰ 1235 ਵਿਚ ਇਵਾਨ ਅਸੈਨ ਦੂਜੇ ਨੇ ਸ਼ਹਿਰ ਉੱਤੇ ਹਮਲਾ ਕਰ ਦਿਤਾ। ਬਾਲਦਵਿਨ ਦੂਜਾ ਜਦੋਂ ਪੱਛਮੀ ਯੂਰਪ ਤੋਂ ਮਦਦ ਲਈ ਬੇਨਤੀ ਕਰ ਰਿਹਾ ਸੀ ਤਾਂ ਮਾਰਚ, 1237 ਵਿਚ ਜਾਨ ਦੀ ਮੌਤ ਹੋ ਗਈ।

ਹ. ਪੂ. -ਐਨ. ਬ੍ਰਿ. 13:25; ਐਨ. ਬ੍ਰਿ. ਮਾ. 5:582

**ਜਾਨ ਐਲਬਰਟ (ਪੋਲੈਂਡ)**: ਪੋਲੈਂਡ ਦਾ ਇਹ ਬਾਦਸ਼ਾਹ ਜਿਸ ਨੂੰ ਜਾਨ ਪਹਿਲਾ ਵੀ ਕਿਹਾ ਜਾਂਦਾ ਹੈ, ਕਿੰਗ ਕੈਸੀਮੀਰ ਦੂਜੇ ਦਾ ਤੀਜਾ ਪੁੱਤਰ ਸੀ ਜਿਸ ਦਾ ਜਨਮ 27 ਦਸੰਬਰ, 1459 ਵਿਚ ਹੋਇਆ। ਕ੍ਰਾਊਨ ਪ੍ਰਿੰਸ ਦੇ ਤੌਰ ਤੇ 1487 ਈ: ਵਿਚ ਤਾਤਾਰਾਂ ਉੱਤੇ ਜਿੱਤ ਪ੍ਰਾਪਤ ਕਰਕੇ ਜਾਨ ਐਲਬਰਟ ਬਹੁਤ ਜ਼ਿਆਦਾ ਪ੍ਰਸਿੱਧ ਹੋ ਗਿਆ। 27 ਅਗਸਤ, 1492 ਨੂੰ ਆਪਣੇ ਪਿਤਾ ਤੋਂ ਮਗਰੋਂ ਪ੍ਰੀਵੀ ਕੌਂਸਲ ਦੇ ਰਈਸਾਂ ਦੀ ਮਦਦ ਨਾਲ ਇਹ ਗੱਦੀ ਤੇ ਬੈਠਾ। ਇਸ ਨੇ ਕੀਲਜ਼ ਦੀਆਂ ਬੰਦਰਗਾਹਾਂ ਨੂੰ ਦੁਬਾਰਾ ਲੁੱਟਣ ਦੀ ਯੋਜਨਾ ਬਣਾਈ। ਇਸ ਤੋਂ ਇਲਾਵਾ ਇਸ ਨੇ ਆਪਣੇ ਇਲਾਕੇ ਵਧਾਉਣ ਦੀ ਕੋਸ਼ਿਸ਼ ਕੀਤੀ। ਸੰਨ 1494 ਵਿਚ ਜਾਨ ਐਲਬਰਟ ਨੇ ਆਪਣੇ ਭਰਾ ਹੰਗਰੀ ਅਤੇ ਬੋਹੀਮੀਆ ਦੇ ਬਾਦਸ਼ਾਹ ਵਲਾਦੀਸਲਾਵ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਿਹਾ। ਕੁਝ ਪ੍ਰਦੇਸ਼ ਖ਼ਰੀਦ ਕੇ ਅਤੇ ਕੁਝ ਕੁ ਨੂੰ ਰਾਜਨੀਤੀ ਰਾਹੀਂ ਪ੍ਰਾਪਤ ਕਰਕੇ 1497 ਈ: ਵਿਚ ਜਾਨ ਨੇ 80,000 ਦੀ ਫ਼ੌਜ ਇਕੱਠੀ ਕਰਕੇ ਮਾਲਡੇਵੀਆ ਨਾਲ ਲੜਾਈ ਸ਼ੁਰੂ ਕਰ ਦਿਤੀ। ਪੋਲੈਂਡ ਅਤੇ ਮਾਲਡੇਵੀਆ ਵਿਚਕਾਰ ਹੋਈ ਇਸ ਲੜਾਈ ਵਿਚ ਜਨਸਾਧਾਰਣ ਨੇ ਬਗ਼ਾਵਤ ਕਰਕੇ ਜਾਨ ਐਲਬਰਟ ਦੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਪਰ ਜਾਨ ਫਿਰ ਵੀ ਉੱਤਰ ਵਿਚ ਸੈਕਸਨੀ ਦੇ ਫ੍ਰੈਡਰਿਕ ਨੂੰ ਦਬਾਉਣ ਵਿਚ ਕਾਮਯਾਬ ਹੋ ਗਿਆ। 17 ਜੂਨ, 1501 ਨੂੰ ਜਾਨ ਐਲਬਰਟ ਦੀ ਅਚਾਨਕ ਮੌਤ ਹੋ ਜਾਣ ਕਾਰਨ ਪ੍ਰਸ਼ੀਅਨ ਇਲਾਕਿਆਂ ਲਈ ਉਸ ਦੀ ਅਗਲੀ ਮੁਹਿੰਮ ਦੀ ਕੋਸ਼ਿਸ਼ ਮਿੱਟੀ ਵਿਚ ਮਿਲ ਗਈ।

ਹ. ਪੂ. -ਐਨ. ਬ੍ਰਿ. ਮਾ. 5:572; ਐਨ. ਬ੍ਰਿ. 13: 37

**ਜਾਨਸਥ** : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਮੁਜ਼ੱਫ਼ਰਨਗਰ ਜ਼ਿਲ੍ਹੇ ਵਿਚ ਇਸੇ ਨਾਂ ਦੀ ਤਹਿਸੀਲ ਦਾ ਸਦਰਮੁਕਾਮ ਹੈ। ਇਹ ਮੁਜ਼ੱਫ਼ਰਨਗਰ ਸ਼ਹਿਰ ਤੋਂ 22 ਕਿ. ਮੀ. ਦੱਖਣ-ਪੂਰਬ ਵੱਲ ਸਥਿਤ ਹੈ। ਇਸ ਸ਼ਹਿਰ ਦੇ ਸੱਯਦ 18ਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਦਿੱਲੀ ਦੀ ਸਲਤਨਤ ਉੱਤੇ ਹਾਵੀ ਸਨ। ਇਨ੍ਹਾਂ ਨੂੰ 173 7ਈ: ਵਿਚ ਵਜ਼ੀਰ ਕਮਾਰ ਉੱਦੀਨ ਦੀ ਅਗਵਾਈ ਹੇਠ ਰੋਹੇਲਿਆਂ ਨੇ ਮਾਰ ਮੁਕਾਇਆ ਸੀ ਅਤੇ

ਸ਼ਹਿਰ ਵੀ ਵਹਿਵੇਰੀ ਕਰ ਦਿੱਤਾ ਸੀ। ਇਨ੍ਹਾਂ ਦੇ ਵੰਸ਼ ਦੇ ਸੱਯਦ ਹਾਲੇ ਵੀ ਇਥੇ ਵਸਦੇ ਹਨ।

ਆਬਾਦੀ–13,865 (1991)

29° 19′ ਉ. ਵਿਥ.; 77° 51′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 62

**ਜਾਨਸਨ ਐਂਡਰਯੂ** : ਸੰਯੁਕਤ ਰਾਜ ਦੇ ਇਸ ਸਤਾਰ੍ਹਵੇਂ ਪ੍ਰੈਜ਼ੀਡੈਂਟ (1865-69) ਦਾ ਜਨਮ 29 ਦਸੰਬਰ, 1808 ਨੂੰ ਉੱਤਰੀ ਕੈਰੋਲਾਈਨਾ ਰਾਜ ਵਿਚ ਰਾਲੀ ਵਿਖੇ ਹੋਇਆ। ਇਸਦੇ ਪਿਤਾ ਦਾ ਨਾਂ ਜੈਕਬ ਜਾਕਸਨ ਅਤੇ ਮਾਤਾ ਦਾ ਨਾਂ ਮੇਰੀ ਐਮ ਡੋਨੋ ਜਾਨਸਨ ਸੀ। ਅਮਰੀਕੀ ਖ਼ਾਨਾਜੰਗੀ (1861-65) ਦੇ ਅਖ਼ੀਰਲੇ ਮਹੀਨਿਆਂ ਵਿਚ ਇਬਰਾਹੀਮ ਲਿੰਕਨ ਦੇ ਕਤਲ ਹੋ ਜਾਣ ਤੇ ਇਸਨੂੰ ਦੇਸ਼ ਦਾ ਪ੍ਰੈਜ਼ੀਡੈਂਟ ਬਣਾ ਦਿਤਾ ਗਿਆ ਸੀ। ਇਸ ਦੀਆਂ ਦੱਖਣ ਸਬੰਧੀ ਪੁਨਰ-ਨਿਰਮਾਣ ਦੀਆਂ ਨਰਮ ਨੀਤੀਆਂ ਨੇ ਕਾਂਗਰਸ ਵਿਚਲੇ ਸੁਧਾਰਵਾਦੀ ਰਿਪਬਲਿਕਨਾਂ ਨੂੰ ਨਰਾਜ਼ ਕਰ ਦਿਤਾ ਅਤੇ ਇਨ੍ਹਾਂ ਨੀਤੀਆਂ ਕਾਰਨ ਹੀ ਇਸ ਦਾ ਸਿਆਸੀ ਪਤਨ ਆਇਆ।

ਇਸਦੇ ਮਾਤਾ-ਪਿਤਾ ਬਹੁਤ ਗ਼ਰੀਬ ਸਨ। ਸੰਨ 1811 ਵਿਚ ਇਸਦੇ ਪਿਤਾ ਦੀ ਮੌਤ ਹੋ ਗਈ ਅਤੇ ਪਿੱਛੇ ਆਪਣੇ ਦੋ ਪੁੱਤਰ ਛੱਡ ਗਿਆ। ਇਹ ਬਾਕਾਇਦਗੀ ਨਾਲ ਸਕੂਲੀ ਵਿੱਦਿਆ ਹਾਸਲ ਨਾ ਕਰ ਸਕਿਆ। ਸੰਨ 1826 ਵਿਚ ਇਹ ਆਪਣੀ ਮਾਂ ਅਤੇ ਮਤਰੇਏ ਪਿਤਾ ਨਾਲ ਟੈਨਿਸੀ ਰਾਜ ਵਿਚ ਚਲਾ ਗਿਆ। ਆਪਣੇ ਪਰਿਵਾਰ ਵਿਚੋਂ ਗ੍ਰਹਿਣ ਕੀਤੇ ਗੁਣਾਂ ਨੇ ਇਸਨੂੰ ਟੈਨਿਸੀ ਰਾਜ ਦੇ ਸਿਆਸੀ ਮੈਦਾਨ ਵਿਚ ਸਥਾਪਿਤ ਕਰ ਦਿਤਾ। ਇਹ ਅਜੇ 21 ਸਾਲਾਂ ਦਾ ਵੀ ਨਹੀਂ ਸੀ ਹੋਇਆ ਜਦੋਂ ਕਿ ਇਸ ਨੇ ਕਾਮਿਆਂ ਦੀ ਇਕ ਜਥੇਬੰਦੀ ਕਾਇਮ ਕਰ ਲਈ। ਇਸੇ ਜਥੇਬੰਦੀ ਨੇ ਪਹਿਲਾਂ ਇਸਨੂੰ ਗ੍ਰੀਨਵਿਲ ਦਾ ਆਲਡਰਮੈਨ ਅਤੇ ਪਿੱਛੋਂ ਮੇਅਰ ਚੁਣਿਆ। ਵਿਧਾਨ-ਮੰਡਲ (1835-43) ਵਿਚ ਦਸਾਂ ਸਾਲਾਂ ਦੌਰਾਨ ਇਹ ਰਾਜਾਂ ਦੇ ਹੱਕਾਂ ਸਬੰਧੀ ਸਥਾਪਿਤ ਕੀਤੀ 'ਡੈਮੋਕ੍ਰੇਟਿਕ ਪਾਰਟੀ ਆਫ਼ ਐਂਡਰਯੂ ਜੈਕਸਨ' ਦਾ ਪੱਕਾ ਹਿਮਾਇਤੀ ਬਣ ਗਿਆ। ਸਰਹੱਦੀ ਰਾਜ ਦਾ ਕਾਫ਼ੀ ਸਾਰਾ ਸਿਆਸੀ ਤਜਰਬਾ ਪ੍ਰਾਪਤ ਕਰ ਲੈਣ ਤੇ ਇਹ ਪਰਬਤ ਆਰੋਹੀਆਂ ਅਤੇ ਕਿਸਾਨਾਂ ਦੇ ਨੁਮਾਇੰਦੇ ਵਜੋਂ ਉੱਭਰਕੇ ਅੱਗੇ ਆਇਆ। ਮਗਰੋਂ ਇਹ ਉਨ੍ਹਾਂ ਦੇ ਹੀ ਪ੍ਰਤਿਨਿਧ (1843-53) ਵਜੋਂ ਕਾਂਗਰਸ ਦਾ ਦਸ ਸਾਲ ਲਈ ਮੈਂਬਰ ਰਿਹਾ। ਸੰਨ 1856 ਵਿਚ ਇਹ ਸੈਨੇਟ ਦਾ ਮੈਂਬਰ ਬਣਿਆਂ ਅਤੇ ਇਥੇ ਇਸਨੇ ਲੋਕ ਰਾਜੀ ਵਿਚਾਰਾਂ ਦਾ ਡੱਟਕੇ ਸਮਰਥਨ ਕੀਤਾ। ਘੱਟ ਟੈਕਸਾਂ ਦੀ ਹਿਮਾਇਤ ਅਤੇ ਗ਼ੁਲਾਮੀ ਵਿਰੋਧੀ ਅੰਦੋਲਨਾਂ ਦੀ ਵਿਰੋਧਤਾ ਕੀਤੀ। ਲਿੰਕਨ ਦਵੀ ਚੋਣ ਪਿਛੋਂ ਇਸ ਨੇ ਆਪਣੀ ਹੀ ਪਾਰਟੀ ਦੇ ਬੰਦਿਆਂ ਨਾਲੋਂ ਬਹੁਤ ਨਾਟਕਮਈ ਢੰਗ ਨਾਲ ਸਬੰਧ ਤੋੜ ਲਏ। ਇਸਨੇ ਬੜੇ ਧੜੱਲੇਦਾਰ ਸ਼ਬਦਾਂ ਵਿਚ ਨਾਂਹ ਕਰ ਦਿਤੀ ਕਿ ਦੱਖਣ ਕੋਲ ਸੰਘ ਨਾਲੋਂ ਵੱਖਰਾ ਹੋਣ ਲਈ ਕੋਈ ਜਾਇਜ਼ ਆਧਾਰ ਹੈ। ਜੂਨ, 1861 ਵਿਚ ਜਦੋਂ ਟੈਨਿਸੀ ਰਾਜ ਵੱਖਰਾ ਹੋਇਆ ਤਾਂ ਦੱਖਣੀ ਸੈਨੇਟਰਾਂ ਵਿਚੋਂ ਇਹ ਇਕੋ-ਇਕ ਹੀ ਅਜਿਹਾ ਸੈਨੇਟਰ ਸੀ ਜਿਹੜਾ ਆਪਣੇ ਅਹੁਦੇ ਤੇ ਟਿਕਿਆ ਰਿਹਾ ਅਤੇ ਰਾਜ ਸੰਘ ਵਿਚ ਸ਼ਾਮਲ ਹੋਣ ਤੋਂ ਨਾਂਹ ਕੀਤੀ। ਭਾਵੇਂ ਇਸਦੇ ਪ੍ਰਤਿਨਿਧੀਆਂ ਨੇ ਤਾਂ ਇਸਨੂੰ ਪੂਰੀ ਤਰ੍ਹਾਂ ਨਿੰਦਿਆ ਪਰ ਸੰਘ ਪ੍ਰਤਿ ਆਪਣੀ ਵਫ਼ਾਦਾਰੀ ਤੋਂ ਇਹ ਕਦੇ ਵੀ ਨਹੀਂ ਸੀ ਡੋਲਿਆ। ਇਸ ਅਥਿੜਕਵੇਂ ਸਾਥ ਦੀ ਕਦਰ ਕਰਦਿਆਂ ਲਿੰਕਨ ਨੇ ਇਸਨੂੰ ਟੈਨਿਸੀ ਰਾਜ ਦਾ ਫ਼ੌਜੀ ਗਵਰਨਰ ਨਿਯੁਕਤ (ਮਈ, 1862) ਕਰ ਦਿੱਤਾ। ਅਗਲੇ ਗੜਬੜ ਵਾਲੇ ਦੋ ਸਾਲਾਂ ਦੌਰਾਨ ਇਹ ਫ਼ੌਜੀ ਗਵਰਨਰ ਵਜੋਂ ਹੀ ਕੰਮ ਕਰਦਾ ਰਿਹਾ ਅਤੇ ਅਖ਼ੀਰ ਵਿਚ ਇਕ ਸਿਵਲ ਸਰਕਾਰ ਲਈ ਲੋੜੀਂਦਾ ਪ੍ਰਬੰਧਕੀ-ਢਾਂਚਾ ਸਥਾਪਿਤ ਕਰਨ ਵਿਚ ਕਾਮਯਾਬ ਹੋ ਗਿਆ।

ਸੰਨ 1869 ਵਿਚ ਇਸਨੂੰ ਸੰਯੁਕਤ ਰਾਜ ਦੇ ਵਾਈਸ-ਪ੍ਰੈਜ਼ੀਡੈਂਟ ਦੇ ਪਦ ਲਈ ਨਾਮਜ਼ਦ ਕੀਤਾ ਗਿਆ। ਇਸ ਚੋਣ ਵਿਚ ਇਸਨੂੰ ਬਹੁਤ ਮਿਹਨਤ ਕਰਨੀ ਪਈ ਅਤੇ ਆਪਣੀ ਮਿਹਨਤ ਸਦਕਾ ਹੀ ਇਹ ਉੱਤਰੀ ਡੈਮੋਕ੍ਰੈਟਾਂ ਦੀਆਂ ਵੋਟਾਂ ਪ੍ਰਾਪਤ ਕਰਨ ਵਿਚ ਵੀ ਕਾਮਯਾਬ ਹੋ ਗਿਆ ਅਤੇ ਇਨ੍ਹਾਂ ਵੋਟਾਂ ਕਾਰਨ ਹੀ ਲਿੰਕਨ ਅਗਲੀ ਵਾਰ ਦੇਸ਼ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ। 4 ਮਾਰਚ, 1865 ਨੂੰ ਇਸਨੇ ਵਾਈਸ- ਪ੍ਰੈਜ਼ੀਡੈਂਟ ਦਾ ਅਹੁਦਾ ਸੰਭਾਲਿਆ। ਲਿੰਕਨ ਦੇ ਪ੍ਰੈਜ਼ੀਡੈਂਟ ਦੇ ਤੌਰ ਤੇ 6 ਹਫ਼ਤਿਆਂ ਤੋਂ ਬਾਅਦ ਕਤਲ ਹੋ ਜਾਣ ਉਪਰੰਤ 15 ਅਪ੍ਰੈਲ, 1865 ਨੂੰ ਜਾਨਸਨ ਐਂਡਰਯੂ ਦੇਸ਼ ਦਾ ਪ੍ਰੈਜ਼ੀਡੈਂਟ ਬਣਿਆ ਅਤੇ ਸਮੁੱਚੇ ਉੱਤਰੀ ਹਿੱਸੇ ਨੇ ਇਸਨੂੰ ਸਹਿਜੇ ਹੀ ਪਰਵਾਨ ਕਰ ਲਿਆ। ਪ੍ਰੈਜ਼ੀਡੈਂਟ ਪਦ ਸੰਭਾਲਣ ਤੋਂ ਕੁਝ ਹੀ ਹਫਤਿਆਂ ਦੇ ਅੰਦਰ ਚਾਰਲਸ ਸਮਨਰ ਅਤੇ ਥੇਡੀਅਸ ਸਟੀਵਨਜ਼ ਦੀ ਅਗਵਾਈ ਥੱਲੇ ਕੰਮ ਕਰ ਰਹੇ ਧੜੇ ਨੇ ਇਹ ਖ਼ਿਆਲ ਕਰ ਲਿਆ ਕਿ ਯੁੱਧ ਵਿਚ ਜੋ ਰੋਲ ਦੱਖਣ ਨੇ ਅਦਾ ਕੀਤਾ ਹੈ, ਉਸਨੂੰ ਕਰੜੀ ਸਜ਼ਾ ਦੇਣ ਲਈ ਜਾਨਸਨ ਉਨ੍ਹਾਂ ਦੀਆਂ ਪਾਲਿਸੀਆਂ ਦਾ ਸਮਰਥਨ ਕਰੇਗਾ। ਪੁਨਰ-ਨਿਰਮਾਣ ਲਈ ਅਸਲੀ ਰਿਪਬਲਿਕਨ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਤੇ ਜਾਨਸਨ ਨੇ ਲਿੰਕਨ ਦੀ ਯੋਜਨਾ ਪਰਵਾਨ ਕਰ ਲਈ ਅਤੇ ਇਸ ਤਰ੍ਹਾਂ ਕਾਂਗਰਸ ਨਾਲ ਇਸ ਦਾ ਕਾਫ਼ੀ ਗੰਭੀਰ ਝਗੜਾ ਚੱਲ ਪਿਆ। ਸੰਨ 1865 ਵਿਚ ਇਸਨੇ ਆਮ ਮੁਆਫ਼ੀ ਦਾ ਐਲਾਨ ਕੀਤਾ। ਇਸ ਐਲਾਨ ਵਿਚ ਦੱਖਣ ਵਿਚਲੇ ਰਾਜਾਂ ਵਿਚ ਸਿਵਲ ਸਰਕਾਰਾਂ ਸਥਾਪਿਤ ਕਰਨ ਦਾ ਉਪਬੰਧ ਰੱਖਿਆ ਗਿਆ ਪਰ ਕਾਂਗਰਸ ਦੇ ਸੁਧਾਰਵਾਦੀ ਲੀਡਰਾਂ ਨੇ ਇਸ ਐਲਾਨ ਪ੍ਰਤਿ ਬੜਾ ਰੁੱਖਾਪਣ ਵਿਖਾਇਆ ਅਤੇ ਤੁਰੰਤ ਹੀ ਪੁਨਰ-ਨਿਰਮਾਣ ਦੇ ਬਿਲਾਂ (ਜਿਨ੍ਹਾਂ ਨੂੰ ਉਨ੍ਹਾਂ ਨੇ ਪ੍ਰੈਜ਼ੀਡੈਂਟ ਤੋਂ ਕੇਵਲ ਵੀਟੋ ਹੀ ਕਰਵਾਉਣਾ ਸੀ) ਪਾਸ ਕਰਵਾਉਣ ਲਈ ਤੁਰ ਪਏ। ਮੰਦੇ ਭਾਗਾਂ ਨੂੰ ਜਾਨਸਨ ਨੇ ਆਪਣੇ ਵੀਟੋ ਅਧਿਕਾਰ ਦੀ ਵਰਤੋਂ ਕਰਨ ਦੇ ਨਾਲ ਨਾਲ ਬਹੁਤ ਗੰਭੀਰ ਦੋਸ਼ ਵੀ ਲਾ ਦਿਤੇ ਜਿਸਦੇ ਨਤੀਜੇ ਵਜੋਂ ਬਹੁਤ ਨਰਮ ਵਿਚਾਰਾਂ ਵਾਲੇ ਰਿਪਬਲਿਕਨ ਵੀ ਇਸ ਨਾਲੋਂ ਅੱਡ ਹੋ ਗਏ। ਸੰਨ 1866 ਦੀਆਂ ਕਾਂਗਰਸੀ ਚੋਣਾਂ ਉਪਰੰਤ ਸੁਧਾਰਵਾਦੀ ਪੁਨਰ ਨਿਰਮਾਣ ਦੇ ਹਿਮਾਇਤੀਆਂ ਨੇ ਜਾਨਸਨ ਦੇ ਇਤਰਾਜ਼ ਕਰਨ ਦੇ ਬਾਵਜੂਦ ਵੀ ਆਪਣੇ ਪ੍ਰੋਗਰਾਮ ਅੱਗੇ ਜਾਰੀ ਰੱਖੇ। ਇਸ ਤੋਂ ਛੁੱਟ ਨਰਮ ਰਿਪਬਲਿਕਨਾਂ ਨੇ ਪ੍ਰੈਜ਼ੀਡੈਂਟ ਦੇ ਅਖ਼ਤਿਆਰ ਘਟਾਉਣ ਲਈ **'Tenure of Office Act'** ਸਮੇਤ ਕਈ ਹੋਰ ਬਿਲ ਪਾਸ ਕਰਵਾਉਣ ਦੇ ਉਪਰਾਲੇ ਕੀਤੇ। ਜਾਨਸਨ ਨੇ ਪ੍ਰੈਜ਼ੀਡੈਂਟ ਦੇ ਮਿਆਦ ਐਕਟ ਨੂੰ ਬਿਲਕੁਲ ਠੁਕਰਾ ਦਿਤਾ ਅਤੇ ਆਪਣੇ ਯੁੱਧ ਸਕੱਤਰ-ਐਡਵਿਨ ਐਮ. ਸਟੈਨਟਨ ਨੂੰ ਵੀ ਬਰਖ਼ਾਸਤ ਕਰ ਦਿਤਾ। ਇਸਦੇ ਨਤੀਜੇ ਵਜੋਂ ਫ਼ਰਵਰੀ, 1868 ਵਿਚ ਇਸ ਵਿਰੁੱਧ ਦੋਸ਼-ਆਰੋਪਣ ਕਾਰਵਾਈਆਂ ਨੂੰ ਭੜਕਾਇਆ ਗਿਆ। ਪਰ ਇਹ ਦੋਸ਼-ਆਰੋਪਣ ਦੋ- ਤਿਹਾਈ ਬਹੁਮੱਤ ਨਾ ਪ੍ਰਾਪਤ ਹੋਣ ਕਾਰਨ ਫੇਲ੍ਹ ਹੋ ਗਿਆ।

ਜਾਨਸਨ ਦੂਜੀ ਵਾਰ ਨਾਮਜ਼ਦ ਨਾ ਹੋ ਸਕਿਆ। ਮਾਰਚ, 1868 ਵਿਚ ਇਹ ਟੈਨਿਸੀ ਵਾਪਸ ਆ ਗਿਆ। ਸੰਨ 1875 ਵਿਚ ਸੰਯੁਕਤ ਰਾਜ ਦੀ ਸੈਨੇਟ ਦਾ ਫਿਰ ਮੈਂਬਰ ਚੁਣਿਆ ਗਿਆ। ਅਧਰੰਗ ਦਾ ਹਮਲਾ ਹੋ ਜਾਣ ਕਾਰਨ 31 ਜੁਲਾਈ, 1875 ਨੂੰ ਇਸਦੀ ਕਾਰਟਰ ਸਟੇਸ਼ਨ (ਟੈਨਿਸੀ) ਵਿਖੇ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 6:591; ਕੋਲ. ਐਨ. 11. 39

**ਜਾੱਨਸਨ, ਐਮੀ** : ਬਰਤਾਨੀਆ ਦੀ ਇਸ ਉੱਘੀ ਵਿਮਾਨ-ਚਾਲਕ ਇਸਤਰੀ ਦਾ ਜਨਮ ਪਹਿਲੀ ਜੁਲਾਈ, 1903 ਵਿਚ ਹੱਲ ਯਾਰਕਸ਼ਿਰ ਵਿਖੇ ਹੋਇਆ। ਇਸ ਨੇ ਨਕਸ਼ੇ ਤੋਂ ਬਿਨਾਂ ਹਵਾਈ ਮਾਰਗਾਂ ਉੱਤੇ ਬੜੇ ਸਾਹਸਪੂਰਨ ਅਤੇ ਦ੍ਰਿੜ ਨਿਸ਼ਚੇ ਨਾਲ ਉਡਾਣਾਂ ਭਰੀਆਂ ਜਿਸ ਨਾਲ ਹਵਾਈ-ਆਵਾਜਾਈ ਦੇ ਵਿਕਾਸ ਵਿਚ ਬਹੁਤ ਵਾਧਾ ਹੋਇਆ। ਇਸ ਪ੍ਰਸਿੱਧ ਇਸਤਰੀ ਹਵਾਬਾਜ਼ ਨੇ ਸ਼ੈਫ਼ੀਲਡ ਯੂਨੀਵਰਸਿਟੀ

ਅਰਥ-ਸ਼ਾਸਤਰ ਦੀ ਵਿਦਿਆ ਹਾਂਸਲ ਕੀਤੀ ਅਤੇ ਸੰਨ 1928 ਵਿਚ ਤੰਬਰ ਦੇ ਮਹੀਨੇ ਹਵਾਈ-ਉਡਾਣ ਸਿਖਲਾਈ ਸ਼ੁਰੂ ਕੀਤੀ। ਇਸਨੇ ਮਾਨ ਚਾਲਕ ਦਾ 'ਏ' ਲਾਇਸੈਂਸ ਅਤੇ ਇੰਜੀਨੀਅਰ ਲਾਇਸੈਂਸ ਵੀ ਸਲ ਕੀਤੇ। ਸੰਨ 1930 ਵਿਚ ਲੰਡਨ ਤੋਂ ਆਸਟ੍ਰੇਲੀਆ ਵਿਚ ਬ੍ਰਿਜ਼ਬੇਨ ਤ ਇਸ ਨੇ ਇਕੱਲਿਆਂ ਉਡਾਣ ਭਰੀ। ਇਸ ਉਡਾਣ ਦੌਰਾਨ ਇਸਨੇ ਦਿਨਾਂ ਵਿਚ ਲੰਡਨ ਤੋਂ ਕਰਾਚੀ ਤਕ ਇਕੱਲਿਆਂ ਹਵਾਈ ਜਹਾਜ਼ ਚਲਾ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ। ਉਸ ਸਮੇਂ ਵਿਚ ਵਿਸ਼ੇਸ਼ ਤੌਰ ਇਸ ਇਸਤਰੀ ਲਈ ਇਹ ਸਭ ਕਰਨਾ ਇਕ ਬਹੁਤ ਵੱਡੀ ਪ੍ਰਾਪਤੀ ।। ਇਸਦੇ ਇਸ ਸ਼ਲਾਘਾਯੋਗ ਹੌਸਲੇ ਦੀ ਨਾ ਸਿਰਫ਼ ਲੰਡਨ ਵਿਚ ਗੋਂ ਵਿਸ਼ਵਭਰ ਵਿਚ ਮਾਨਤਾ ਕੀਤੀ ਗਈ। ਅਗਲੇ ਹੀ ਵਰ੍ਹੇ ਇਸਨੇ ਪਾਨ ਤਕ ਅਤੇ ਵਾਪਸ ਇਕੱਲਿਆਂ ਉਡਾਣ ਭਰੀ ਅਤੇ 1932 ਈ: ਤ੍ਰਚ ਇਸਨੇ ਕੇਪ ਟਾਊਨ ਤਕ ਅਤੇ ਵਾਪਸ ਇਕੱਲਿਆਂ ਹਵਾਈ-ਜਹਾਜ਼ ਲਾਇਆ। ਇਨ੍ਹਾਂ ਦੋਹਾਂ ਉਡਾਣਾਂ ਨਾਲ ਇਸਨੇ ਨਵੇਂ ਵਿਸ਼ਵ ਰਿਕਾਰਡ ਾਇਮ ਕੀਤੇ। ਇਸੇ ਸਾਲ 1932 ਵਿਚ ਇਸਨੇ ਇਕ ਉੱਘੇ ਹਵਾਈ ਹਾਜ਼ ਚਾਲਕ ਜੇਮਜ਼ ਏ. ਮੌਲੀਸਨ ਨਾਲ ਵਿਆਹ ਕੀਤਾ। ਇਹ ਵੀ ੰਬੀਆਂ ਉਡਾਣਾਂ ਭਰਨ ਵਾਲਾ ਇਕ ਸਫਲ ਚਾਲਕ ਸੀ। ਜੁਲਾਈ 1933 ਤ੍ਰਚ ਦੋਹਾਂ ਨੇ ਇਕੱਠੇ ਲੰਡਨ ਤੋਂ ਸੰਯੁਕਤ ਰਾਜ ਅਮਰੀਕਾ ਦੀ, ਟਲਾਂਟਿਕ ਸਾਗਰ ਉਪਰੋਂ 39 ਘੰਟਿਆਂ ਦੀ ਲੰਬੀ ਉਡਾਣ ਭਰੀ। ਦੁਬਾਰਾ 936 ਈ: ਵਿਚ ਐਮੀ ਜਾੱਨਸਨ ਨੇ ਲੰਡਨ ਤੋਂ ਕੇਪ ਟਾਊਨ ਦੀ ਇਕੱਲਿਆਂ ਡਾਣ ਭਰ ਕੇ ਰਿਕਾਰਡ ਕਾਇਮ ਰੱਖਿਆ। ਇਸ ਵਾਰ ਇਸ ਨੇ ਦੱਖਣ ੱਲ ਅਫ਼ਰੀਕਾ ਦੇ ਪੱਛਮੀ ਕੰਢੇ ਦੇ ਨਾਲ ਨਾਲ ਜਹਾਜ਼ ਉਡਾਇਆ ਤੇ ਦੇਸ਼ ਵਾਪਸੀ ਸਮੇਂ ਉੱਤਰ ਵੱਲ ਮੁੜਦਿਆਂ ਪੂਰਬੀ ਅਫ਼ਰੀਕਾ ਦੇ ਸਤੇ ਵਾਪਸ ਆਈ। ਦੂਜੇ ਵਿਸ਼ਵ ਯੁੱਧ ਦੌਰਾਨ ਇਸ ਨੇ ਸਹਾਇਕ ਵਾਈ ਆਵਾਜਾਈ ਵਿਭਾਗ ਵਿਚ ਇਕ ਚਾਲਕ ਵਜੋਂ ਅਹੁਦਾ ੰਭਾਲਿਆ ਅਤੇ 5 ਜਨਵਰੀ, 1941 ਨੂੰ ਇਕ ਹਵਾਈ ਹਾਦਸੇ ਮਗਰੋਂ ਮਜ਼ ਦਰਿਆ ਵਿਚ ਜਹਾਜ਼ ਡਿੱਗਣ ਨਾਲ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13: 40

**ਜਾਨਸਨ, (ਜਾੱਨਾਥਨ) ਈਸਟਮੈਨ** : ਇਸ ਅਮਰੀਕਨ ਚੱਤਰਕਾਰ ਦਾ ਜਨਮ 29 ਜੁਲਾਈ, 1824 ਨੂੰ ਲੇਵਲ ਵਿਖੇ ਹੋਇਆ। ਇਸ ਨੇ ਡਸਲਡੋਰਫ, ਪੈਰਿਸ, ਰੋਮ ਅਤੇ ਹੇਗ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਹ 1860 ਵਿਚ ਨਿਊਯਾਰਕ ਦੀ ਨੈਸ਼ਨਲ ਅਕੈਡਮੀ ਆਫ਼ ਡੀਜ਼ਾਈਨ ਦਾ ਮੈਂਬਰ ਚੁਣਿਆ ਗਿਆ। ਇਸ ਨੇ ਅਮਰੀਕਨ ਵਿਸ਼ਿਆਂ ਨੂੰ ਵਿਸ਼ੇਸ਼ ਰੂਪ ਵਿਚ ਅਪਣਾਇਆ ਅਤੇ ਹਬਸ਼ੀ, ਮਾਹੀਗੀਰੀ ਅਤੇ ਕਿਸਾਨੀ ਜੀਵਨ ਵਿਚ ਖ਼ਾਸ ਦਿਲਚਸਪੀ ਲਈ। ਇਸ ਦੇ ਚਿੱਤਰਾਂ 'ਓਲਡ ਕੈਂਟਕੀ ਹੋਮ' (1867) 'ਹਸਕਿੰਗ ਬੀ' (1876) 'ਕਰੈਨਬੈਰੀ ਹਾਰਵੈਸਟ, ਨੈਨਟਕਟ' (1880) ਅਤੇ 'ਦੀ ਫੀਡਿੰਗ ਬਿਲ' (1881), ਜੋ ਪੋਰਟਰੇਟ ਸਮੂਹ ਹੈ, ਨੂੰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਹੋਈ। ਇਸ ਨੇ ਬਹੁਤ ਉੱਘੇ ਵਿਅਕਤੀਆਂ ਦੇ ਪੋਰਟਰੇਟ ਤਿਆਰ ਕੀਤੇ, ਜਿਨ੍ਹਾਂ ਵਿਚ ਡੇਨੀਅਲ ਵੈਬਸਟਰ, ਪ੍ਰੇਜ਼ੀਡੈਂਟ ਹੇਸ, ਆਰਥਰ, ਕਲੀਵਲੈਂਡ ਅਤੇ ਹੈਰੀਸਨ, ਵਿਲੀਅਮ ਐਮ. ਐਵਰਟਸ, ਐਮਰਸਨ, ਲਾਂਗਫੈਲੋ, ਹੱਥਾਰਨ, ਜੇਮਜ਼ ਮੈਕੋਕੋਸ਼ ਅਤੇ ਸਰ ਐਡਵਰਡ ਆਰਕਬਾਲਡ ਆਦਿ ਸ਼ਾਮਲ ਹਨ।

5 ਅਪ੍ਰੈਲ, 1906 ਨੂੰ ਨਿਊਯਾਰਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13:41; ਐਨ. ਅਮੈ. 16: 170

**ਜਾਨਸਨ, ਸਰ ਵਿਲੀਅਮ** : ਇਹ ਉੱਤਰੀ ਅਮਰੀਕਾ ਵਿਚ ਭਾਰਤੀ ਮਾਮਲਿਆਂ ਦਾ ਅੰਗਰੇਜ਼ ਸੁਪਰਿਨਟੈਨਡੈਂਟ ਜਰਨੈਲ ਸੀ। ਇਸ ਦਾ ਜਨਮ 1715 ਈ. ਵਿਚ ਸੱਮਿਥਟਾਊਨ (ਆਇਰਲੈਂਡ) ਵਿਖੇ ਹੋਇਆ।

ਸੰਨ 1738 ਵਿਚ ਇਸਨੇ ਨਿਊਯਾਰਕ ਦੀ ਕਾਲੋਨੀ ਵਿਚ ਮੋਹਾਕ ਦਰਿਆ ਦੇ ਦੱਖਣੀ ਕੰਢੇ ਉਤੇ ਆਪਣੇ ਚਾਚੇ, ਸਰ ਪੀਟਰ ਵੈਰਨ ਦੀ ਰਿਆਸਤ ਉਤੇ ਡੇਰਾ ਜਮਾ ਲਿਆ। ਇਲਾਕੇ ਨੂੰ ਵਧਾਉਣ ਦੇ ਉਦੇਸ਼ ਨਾਲ ਇਹ ਭਾਰਤੀਆਂ ਨਾਲ ਵਪਾਰ ਵਿਚ ਰੁੱਝ ਗਿਆ ਜਿਨ੍ਹਾਂ ਨਾਲ ਇਸਨੇ ਸਦਾ ਈਮਾਨਦਾਰੀ ਅਤੇ ਇਨਸਾਫ਼ ਵਾਲਾ ਵਿਹਾਰ ਕੀਤਾ। ਸੰਨ 1744 ਵਿਚ ਇਸਨੂੰ ਛੇ ਕੌਮਾਂ ਦਾ ਕਰਨਲ ਨਿਯੁਕਤ ਕੀਤਾ ਗਿਆ ਅਤੇ 1746 ਈ: ਵਿਚ ਭਾਰਤੀ ਮਾਮਲਿਆਂ ਸਬੰਧੀ ਨਿਊਯਾਰਕ ਦਾ ਕਮਿਸ਼ਨਰ ਬਣਿਆ। ਸੰਨ 1750 ਵਿਚ ਜਾਨਸਨ ਪ੍ਰਾਂਤਕ ਕੌਂਸਲ ਦਾ ਮੈਂਬਰ ਬਣਿਆ। ਸੰਨ 1751 ਵਿਚ ਨਿਊਯਾਰਕ ਅਸੈਂਬਲੀ ਨਾਲ ਝਗੜਾ ਹੋ ਜਾਣ ਕਰਕੇ ਇਸਨੇ ਭਾਰਤੀ ਮੈਨੇਜਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਵਪਾਰ ਅਤੇ ਖੇਤੀ-ਬਾੜੀ ਦੇ ਕੰਮ ਵਿਚ ਲਗ ਗਿਆ।

ਸੰਨ 1754 ਵਿਚ ਜਾਨਸਨ ਨੇ ਅਲਬਾਨੀ ਕਾਨਫਰੰਸ ਵਿਚ ਭਾਗ ਲਿਆ। ਇਕ ਸਾਲ ਬਾਅਦ ਜਨਰਲ ਐਡਵਰਡ ਬਰੈਡਡਾੱਕ ਨੇ ਜਾਨਸਨ ਨੂੰ ਛੇ ਕੌਮਾਂ ਦਾ ਸੁਪਰਿਨਟੈਨਡੈਂਟ ਨਿਯੁਕਤ ਕਰ ਦਿੱਤਾ। ਇਸਨੂੰ ਕ੍ਰਾਊਨ ਪੁਆਇੰਟ ਵਿਰੁੱਧ ਹਮਲੇ ਲਈ ਪ੍ਰਾਂਤਕ ਫ਼ੌਜਾਂ ਦਾ ਮੇਜਰ ਜਨਰਲ ਅਤੇ ਕਮਾਂਡਰ-ਇਨ-ਚੀਫ਼ ਵੀ ਨਿਯੁਕਤ ਕੀਤਾ ਗਿਆ। ਇਨ੍ਹਾਂ ਫ਼ੌਜਾਂ ਦੀ ਮਦਦ ਨਾਲ ਜਾਨਸਨ ਨੇ ਫ਼ਰਾਂਸੀਸੀ ਫ਼ੌਜਾਂ ਨੂੰ ਹਰਾਇਆ। ਇਸ ਜਿੱਤ ਦੇ ਨਤੀਜੇ ਵਜੋਂ 1756, ਵਿਚ ਇਸਨੂੰ ਦੁਬਾਰਾ ਉੱਤਰੀ ਭਾਰਤ ਦਾ ਸੁਪਰਿਨਟੈਂਡੈਂਟ ਨਿਯੁਕਤ ਕੀਤਾ ਗਿਆ। ਇਸ ਅਹੁਦੇ ਤੇ ਇਸਨੇ ਆਪਣੀ ਮੌਤ (11 ਜੁਲਾਈ, 1774) ) ਤਕ ਕੰਮ ਕੀਤਾ।

ਸੰਨ 1759 ਵਿਚ ਜਾਨਸਨ ਨੇ ਇਕ ਸ਼ਕਤੀਸ਼ਾਲੀ ਫ਼ੌਜ ਦੀ ਮਦਦ ਨਾਲ ਨਿਆਗਰਾ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਸੰਨ 1760 ਵਿਚ ਇਸਨੇ ਸਰ ਜੈਫਰੀ ਐਮਹਰਸਟ ਦੇ ਮਾਂਟ੍ਰੀਅਲ ਉਤੇ ਹਮਲੇ ਵਿਚ ਭਾਗ ਲਿਆ। ਸੰਨ 1768 ਦੀ ਫ਼ਾਉਂਟ ਸਟੈਨਵਿਕਸ ਦੀ ਸੰਧੀ ਰਾਹੀਂ ਭਾਰਤੀ ਬਗ਼ਾਵਤ ਨੂੰ ਸਫ਼ਲਤਾਪੂਰਬਕ ਦਬਾਇਆ। ਸੰਨ 1772 ਵਿਚ ਇਸਨੂੰ ਮੇਜਰ ਜਨਰਲ ਬਣਾਇਆ ਗਿਆ।

ਜਾਨਸਨ ਸਦਾ ਹੀ ਅੰਗਰੇਜ਼ਾਂ ਅਤੇ ਭਾਰਤੀਆਂ ਵਿਚਕਾਰਲੇ ਝਗੜੇ ਨੂੰ ਨਿਪਟਾਣ ਵਿਚ ਰੁੱਝਾ ਰਿਹਾ ਅਤੇ ਇਸਨੇ ਈਮਾਨਦਾਰੀ ਅਤੇ ਨਿਰਪੱਖਤਾ ਦੀ ਨੀਤੀ ਅਪਣਾ ਕੇ ਪ੍ਰਸਿੱਧੀ ਹਾਸਲ ਕੀਤੀ। ਇਸਨੇ ਛੇ ਕੌਮਾਂ ਵਿਚਕਾਰ ਵੀ ਸਦਾ ਮਿੱਤਰਤਾ ਵਾਲੇ ਸਬੰਧ ਬਣਾਈ ਰੱਖਣ ਦਾ ਯਤਨ ਕੀਤਾ। ਬਹੁ ਰੁਚੀਆਂ ਵਾਲਾ ਹੋਣ ਕਾਰਨ ਇਸਨੂੰ ਸਾਇੰਸ, ਸਾਹਿਤ ਅਤੇ ਖੇਤੀਬਾੜੀ ਵਿਚ ਦਿਲਚਸਪੀ ਸੀ। ਇਸਨੇ ਜਾਨਸਨ ਟਾਊਨ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਇਕ ਜਾਨਸਨ ਹਾਲ ਵੀ ਬਣਵਾਇਆ।

11 ਜੁਲਾਈ, 1774 ਵਿਚ ਜਾਨਸਟਾਊਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13: 52 ; ਐਨ. ਅਮੈ. 16: 180 ;ਕੋਲ. ਐਨ. 11:44

**ਜਾਨਸਨ ਸਿਟੀ** : ਨਿਊਯਾਰਕ (ਸੰ. ਰ.ਅ.) ਦੀ ਦੱਖਣ-ਕੇਂਦਰੀ ਬਰੂਮ ਨਾਮੀ ਕਾਉਂਟੀ ਦਾ ਇਕ ਸ਼ਹਿਰ ਹੈ, ਜਿਹੜਾ ਪੈੱਨਸਿਲਵੇਨੀਆ ਰਾਜ ਦੀ ਹੱਦ ਦੇ ਨੇੜੇ ਸਸਕੇਰਿਹਾਨਾ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਇਸਦੇ ਇਕ ਪਾਸੇ ਬਿੰਗਮਟਨ ਤੇ ਦੂਜੇ ਪਾਸੇ ਐਨਡਿਕਟ ਸ਼ਹਿਰ ਵਸੇ ਹੋਏ ਹਨ। ਇਹ ਤਿੰਨੇ ਸ਼ਹਿਰ ਰਲ ਕੇ ਇਕ ਸਾਂਝਾ ਉਦਯੋਗਿਕ ਖੇਤਰ ਬਣਾਉਂਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਟ੍ਰਿਪਲ ਸਿਟੀਜ਼ ਦਾ ਨਾਂ ਦਿੱਤਾ ਗਿਆ ਹੈ। ਜਾਨਸਨ ਸਿਟੀ ਜੁੱਤੀਆਂ ਬਣਾਉਣ ਦੇ ਕੰਮ ਵਿਚ ਸਭ ਨਾਲੋਂ ਅੱਗੇ ਹੈ। ਇਸ ਤੋਂ ਬਿਨਾਂ ਫ਼ੈਲਟ ਦਾ ਸਾਮਾਨ, ਟੈਕਸਟਾਈਲ ਅਤੇ ਭਾਰ-ਫਿਰਕੀਆਂ ਦੇ ਉਦਯੋਗਾਂ ਲਈ ਵੀ ਕਾਫ਼ੀ ਮਸ਼ਹੂਰ ਹੈ। ਇਥੋਂ ਦੀ ਮਠਿਆਈ ਦੂਰ ਦੂਰ ਤੀਕ ਸਲਾਹੀ ਜਾਂਦੀ ਹੈ।

ਸ਼ਹਿਰ ਦੇ ਆਲੇ-ਦੁਆਲੇ ਦੀ ਜ਼ਮੀਨ ਵਾਹੀਯੋਗ ਹੈ। ਇਹ ਸ਼ਹਿਰ ਡੇਅਰੀ ਉਤਪਾਦਨ ਲਈ ਪ੍ਰਸਿੱਧ ਹੈ। ਸੰਨ 1880 ਤਕ ਇਹ

ਇਕ ਦਿਹਾਤੀ ਖੇਤਰ ਦੇ ਰੂਪ ਵਿਚ ਹੀ ਸੀ, ਫਿਰ ਇਥੇ ਜੁੱਤਾ ਕੰਪਨੀ ਦੇ ਸਥਾਪਿਤ ਹੋਣ ਨਾਲ ਪ੍ਰਗਤੀ ਵਿਚ ਤੇਜ਼ੀ ਆ ਗਈ ਅਤੇ 1892 ਵਿਚ ਸ਼ਹਿਰ ਨੂੰ ਨਿਗਮਿਤ ਕਰ ਦਿੱਤਾ ਗਿਆ।

ਆਬਾਦੀ–17, 126 (1980)

ਹ. ਪੁ. -ਐਨ. ਬ੍ਰਿ. 13:53

**ਜਾਨਸਨ ਸਿਟੀ** : ਇਹ ਸੰਯੁਕਤ ਰਾਜ ਦੇ ਉੱਤਰ-ਪੱਛਮੀ ਟੈਨਿਸੀ ਪ੍ਰਾਂਤ ਦੀ ਵਾਸ਼ਿੰਗਟਨ ਕਾਊਂਟੀ ਦਾ ਇਕ ਸ਼ਹਿਰ ਹੈ ਜਿਹੜਾ ਨਾਕਸ਼ਵਿਲ ਤੋਂ 158 ਮੀ. ਦੂਰ ਉੱਤਰ-ਪੂਰਬ ਵੱਲ 'ਗਰੇਟ ਐਪਲੈਚਨ ਵੈਲੀ' ਵਿਚ ਵਾਕਿਆ ਹੈ। ਸੰਨ 1760 ਵਿਚ ਕਿਸਾਨ ਅਤੇ ਲੁਹਾਰ ਇਥੇ ਆ ਕੇ ਵਸ ਗਏ ਸਨ। ਸੰਨ 1857 ਵਿਚ ਈਸਟ ਟੈਨਿਸੀ ਅਤੇ ਵਰਜੀਨੀਆ ਰੇਲਵੇ ਪਹੁੰਚਣ ਨਾਲ ਇਕ ਪਾਣੀ ਦੇ ਤਲਾਬ ਦੇ ਇਰਦ ਗਿਰਦ ਹੋਰ ਵੀ ਆਬਾਦੀ ਵੱਧ ਗਈ ਅਤੇ ਇਸ ਨੂੰ ਜਾਨਸਨ ਰੇਲਵੇ ਸਟੇਸ਼ਨ ਕਿਹਾ ਜਾਣ ਲੱਗ ਪਿਆ। ਭਾਵੇਂ 1859 ਈ: ਤੋਂ ਬਾਅਦ ਇਸ ਦੇ ਨਾਂ ਬਦਲਦੇ ਵੀ ਰਹੇ ਪਰ 1861 ਈ: ਵਿਚ ਮੁੜ ਇਸ ਦਾ ਨਾਂ ਜਾਨਸਨ ਹੀ ਪੱਕੇ ਤੌਰ ਤੇ ਰੱਖ ਦਿੱਤਾ ਗਿਆ।

ਇਥੋਂ ਦੀ ਆਰਥਿਕਤਾ ਵੰਨ-ਸੁਵੰਨੀ ਖੇਤੀਬਾੜੀ, ਜਿਵੇਂ ਕਿ ਪਸ਼ੂ ਪਾਲਣ, ਲੂਸਣ ਅਤੇ ਮੁਰਗੀ ਪਾਲਣ ਬਰਲੇ ਤੰਬਾਕੂ ਦੀ ਮੰਡੀ ਅਤੇ ਬਹੁਤ ਸਾਰੀਆਂ ਵਸਤਾਂ ਦਾ ਨਿਰਮਾਣ ਜਿਵੇਂ ਕਿ ਟੈਲੀਫ਼ੋਨ ਅਤੇ ਬਿਜਲੀ ਦਾ ਸਾਮਾਨ, ਕੱਪੜਾ, ਲੱਕੜੀ ਦਾ ਫ਼ਰਸ਼ ਬਣਾਉਣ ਲਈ ਵਰਤਿਆ ਜਾਣ ਵਾਲਾ ਸਮਾਨ, ਹਸਪਤਾਲ ਲਈ ਲੋੜੀਂਦੀ ਸਮੱਗਰੀ, ਰਸਾਇਣਕ ਪਦਾਰਥ, ਕੱਪੜੇ, ਫ਼ਰਨੀਚਰ ਔਜ਼ਾਰ ਅਤੇ ਇਮਾਰਤੀ ਸਾਮਾਨ ਉਤੇ ਆਧਾਰਤ ਹੈ। ਇਸ ਦੇ ਇਰਦ ਗਿਰਦ ਖਾਣ-ਖੁਦਾਈ ਅਤੇ ਪੱਥਰ ਖੁਦਾਈ ਵੀ ਕੀਤੀ ਜਾਂਦੀ ਹੈ। ਇਥੇ ਈਸਟ ਟੈਨਿਸੀ ਸਟੇਟ ਯੂਨੀਵਰਸਿਟੀ, ਮਿਲਗਾਨ ਕਾਲਜ ਅਤੇ ਸਟੀਡ ਕਾਲਜ ਵੀ ਹਨ। ਇਸ ਦੇ ਉੱਤਰ ਵੱਲ ਲਗਭਗ 8 ਦੀ ਵਿਥ ਤੇ 1770 ਈ: ਦੀ 'ਰਾਕੀ ਮਾਊਂਟ' ਇਤਿਹਾਸਕ ਯਾਦਗਾਰ ਬਣੀ ਹੋਈ ਹੈ।

ਆਬਾਦੀ–49,381 (1990)

ਹ. ਪੁ. -ਐਨ. ਬ੍ਰਿ. ਮਾ. 6: 596

**ਜਾਨਸਨ ਸੈਮੂਅਲ** : ਇੰਗਲੈਂਡ ਦੇ 18ਵੀਂ ਸਦੀ ਦੇ ਇਸ ਸੁਪ੍ਰਸਿੱਧ ਕਵੀ, ਨਿਬੰਧਕਾਰ, ਸਮਾਲੋਚਕ, ਕੋਸ਼ਕਾਰ ਅਤੇ ਵਿਦਵਾਨ ਦਾ ਜਨਮ 18 ਸਤੰਬਰ, 1709 ਨੂੰ ਸਟੈਫਰਡਸ਼ਿਰ ਵਿਚ ਲਿਚਫੀਲਡ ਵਿਖੇ ਇਕ ਗਰੀਬ ਪੁਸਤਕ ਵਿਕਰੇਤਾ ਦੇ ਘਰ ਹੋਇਆ।

ਛੋਟੀ ਉਮਰ ਤੋਂ ਹੀ ਇਸਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮੁੱਢਲੀ ਸਿਖਿਆ ਇਸਨੇ ਲਿਚਫੀਲਡ ਵਿਖੇ ਪ੍ਰਾਪਤ ਕੀਤੀ। ਇਸਨੇ ਸਿਰਫ 14 ਮਹੀਨੇ ਹੀ ਆਕਸਫੋਰਡ ਵਿਖੇ ਕਾਲਜ ਦੀ ਪੜ੍ਹਾਈ ਕੀਤੀ ਅਤੇ ਡਿਗਰੀ ਲੈਣ ਤੋਂ ਪਹਿਲਾਂ ਹੀ ਕਾਲਜ ਛੱਡ ਦਿੱਤਾ। ਸੰਨ 1731 ਵਿਚ ਇਸਦੇ ਪਿਤਾ ਦੀ ਮੌਤ ਹੋ ਗਈ ਜਿਸ ਕਾਰਨ ਪਰਿਵਾਰ ਦੀ ਮਾਲੀ ਹਾਲਤ ਹੋਰ ਵੀ ਵਿਗੜ ਗਈ। ਸੰਨ 1735 ਵਿਚ ਇਸਨੇ ਇਕ ਵਿਧਵਾ ਸ੍ਰੀਮਤੀ ਇਲਿਜ਼ਬਥ ਪੋਰਟਰ ਨਾਲ ਵਿਆਹ ਕਰਵਾਇਆ। ਇਸ ਦੌਰਾਨ ਹੀ ਇਸਨੇ ਲਿਚਫੀਲਡ ਦੇ ਲਾਗੇ ਇਕ ਸਕੂਲ ਖੋਲ੍ਹਿਆ ਜੋ ਸਫ਼ਲ ਨਾ ਹੋਇਆ। ਅੰਤ 1737 ਈ: ਵਿਚ ਇਹ ਲੰਡਨ ਚਲਾ ਗਿਆ ਅਤੇ 'Gentleman's Magazine' ਰਾਹੀ ਪੱਤਰਕਾਰੀ ਕਰਕੇ ਅਤੇ ਸਾਹਿਤ ਰਚਨਾ ਰਾਹੀਂ ਜੀਵਨ ਨਿਰਬਾਹ ਸ਼ੁਰੂ ਕੀਤਾ।

'ਲੰਡਨ' ਨਾਮੀ ਕਵਿਤਾ ਇਸਦੀ ਬਹੁਤ ਸਫ਼ਲ ਰਚਨਾ ਸੀ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਪੋਪ ਨੇ ਵੀ ਇਸਦੀ ਪ੍ਰਸ਼ੰਸਾ ਕੀਤੀ। ਸੰਨ 1741 ਵਿਚ ਇਸਨੇ ਆਪਣੇ ਦੋਸਤ ਰਿਚਰਡ ਸੈਵੇਜ਼ ਦੀ ਜੀਵਨੀ ਲਿਖੀ। ਕਈ ਪ੍ਰਕਾਸ਼ਕਾਂ ਦੇ ਸੁਝਾਅ ਤੇ ਇਸਨੇ ਅੰਗਰੇਜ਼ੀ ਭਾਸ਼ਾ ਵਿਚ ਡਿਕਸ਼ਨਰੀ ਤਿਆਰ ਕਰਨ ਦੀ ਯੋਜਨਾ ਬਣਾਈ। ਇਹ ਡਿਕਸ਼ਨਰੀ 1755 ਈ: ਵਿਚ ਤਿਆਰ ਹੋਈ। ਇਸ ਕੋਸ਼ ਨਾਲ ਇਸ ਦੀ ਪ੍ਰਸਿੱਧੀ ਬਹੁਤ ਵੱਧ ਗਈ। ਲਾਰਡ ਚੈਸਟਰਫੀਲਡ ਨੇ ਇਸ ਬਾਰੇ 'ਵਰਲਡ' ਨਾਮੀ ਰਸਾਲੇ ਵਿਚ ਇਸ ਦੀ ਪ੍ਰਸ਼ੰਸਾ ਵਿਚ ਦੋ ਲੇਖ ਲਿਖੇ ਪਰ ਆਪਣੇ ਜੀਵਨ ਨਿਰਬਾਹ ਲਈ ਜਾਨਸਨ ਨੂੰ ਅਜੇ ਵੀ ਪੱਤਰਕਾਰੀ ਉਤੇ ਹੀ ਨਿਰਭਰ ਰਹਿਣਾ ਪੈਂਦਾ ਸੀ। ਸੰਨ 1750 ਵਿਚ ਇਸ ਨੇ 'ਦੀ ਰੈਂਬਲਰ' ਕੱਢਣਾ ਸ਼ੁਰੂ ਕੀਤਾ ਅਤੇ ਮਗਰੋਂ 'ਦੀ ਆਈਡਲਰ' ਸ਼ੁਰੂ ਕੀਤਾ।

ਸੰਨ 1749 ਵਿਚ ਇਸਦੀ ਕਵਿਤਾ 'ਵੈਨਿਟੀ ਆਫ਼ ਹਿਊਮਨ ਵਿਸ਼ਿਜ਼' ਪ੍ਰਕਾਸ਼ਿਤ ਹੋਈ। ਇਸ ਵਿਚ ਮਨੁੱਖ ਦੀਆਂ ਅਲੱਗ-ਅਲੱਗ ਇੱਛਾਵਾਂ ਦੇ ਪਰਿਣਾਮ ਉਦਾਹਰਣਾਂ ਸਮੇਤ ਦਿੱਤੇ ਗਏ ਹਨ। ਇਸਨੇ 'ਆਈਰੀਨ' ਨਾਮੀ ਇਕ ਨਾਟਕ ਵੀ ਪ੍ਰਕਾਸ਼ਿਤ ਕੀਤਾ। ਉਸ ਸਮੇਂ ਦੇ ਉੱਘੇ ਅਭਿਨੇਤਾ ਡੇਵਿਡ ਗੈਰਿਕ ਨੇ ਇਸ ਨੂੰ ਸਟੇਜ ਤੇ ਖੇਡਿਆ ਪਰ ਨਾਟਕੀ ਪੱਖੋਂ ਇਹ ਨਾਟਕ ਅਸਫ਼ਲ ਹੀ ਸੀ। ਇਹ ਪੂਰਾ ਨਾਟਕ ਪਾਤਰਾਂ ਵਿਚ ਨੈਤਿਕ ਵਿਸ਼ਿਆਂ ਉਤੇ ਵਾਰਤਾਲਾਪ ਤੋਂ ਇਲਾਵਾ ਕੁਝ ਨਹੀਂ ਹੈ।

ਸੰਨ 1759 ਵਿਚ ਇਸਨੇ ਇਕ ਸਿਖਿਆ ਭਰਪੂਰ ਰੋਮਾਂਸ 'Rasselas' ਪ੍ਰਕਾਸ਼ਿਤ ਕੀਤਾ। ਇਸ ਪੁਸਤਕ ਰਾਹੀਂ ਇਸਨੇ ਸੁਖੀ ਜੀਵਨ ਦੀ ਖੋਜ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਹ ਪੁਸਤਕ ਇਸਨੇ ਆਪਣੀ ਮਾਂ ਦੀ ਮੌਤ ਤੇ ਹੋਏ ਖ਼ਰਚ ਨੂੰ ਪੂਰਾ ਕਰਨ ਲਈ ਲਿਖੀ ਸੀ। ਖ਼ਰਚ ਪੂਰਾ ਕਰਨ ਲਈ ਹੀ ਇਹ ਆਪਣੇ ਰਸਾਲਿਆਂ ਵਿਚ ਬੜੇ ਬੜੇ ਲੇਖ ਛਾਪਦਾ ਰਹਿੰਦਾ ਸੀ।

ਸਾਹਿਤ ਆਲੋਚਨਾ ਦੇ ਖੇਤਰ ਵਿਚ ਵੀ ਜਾਨਸਨ ਨੇ ਉੱਘਾ ਯੋਗਦਾਨ ਪਾਇਆ। ਸ਼ੈਕਸਪੀਅਰ ਉੱਤੇ ਵਿਦਵਤਾਪੂਰਣ ਨਿਬੰਧ ਲਿਖਣ ਤੋਂ ਇਲਾਵਾ 1777 ਈ. ਵਿਚ ਇਸਨੇ ਅੰਗਰੇਜ਼ੀ ਕਵੀਆਂ ਬਾਰੇ 'ਲਾਈਵਜ਼ ਆਫ਼ ਦੀ ਮੋਸਟ ਐਮੀਨੈਂਟ ਇੰਗਲਿਸ਼ ਪੋਇਟਸ' ਨਾਮੀ ਇਕ ਰੌਚਕ ਪੁਸਤਕ ਲਿਖੀ।

ਸੰਨ 1782 ਵਿਚ ਇਸ ਨੂੰ ਸਾਲਾਨਾ ਪੈਨਸ਼ਨ ਲੱਗੀ ਜਿਸ ਨਾਲ ਇਸ ਦੀ ਮਾਲੀ ਹਾਲਤ ਵਿਚ ਸੁਧਾਰ ਹੋਇਆ। ਸੰਨ 1764 ਵਿਚ ਇਸਨੇ 'ਲਿਟਰੇਰੀ ਕਲੱਬ' ਦੀ ਸਥਾਪਨਾ ਕੀਤੀ ਜਿਸ ਵਿਚ ਬਰਕ ਗੋਲਡਸਮਿਥ ਗੈਰਿਕ, ਗਿਬਨ, ਰੇਨਾਲਡਸ ਆਦਿ ਸ਼ਾਮਲ ਸਨ। ਸੰਨ 1763 ਵਿਚ ਇਸ ਨੂੰ ਜੇਮਜ਼ ਬੱਾਸਵੈੱਲ ਮਿਲਿਆ ਜਿਸ ਨਾਲ ਇਸ ਦੀ ਸੰਸਾਰ ਪ੍ਰਸਿੱਧ ਦੋਸਤੀ ਕਾਇਮ ਹੋ ਗਈ। ਦੋਹਾਂ ਨੇ ਮਿਲ ਕੇ ਸਕਾਟਲੈਂਡ ਤੇ ਕਈ ਟਾਪੂਆਂ ਦੀ ਸੈਰ ਕੀਤੀ। ਜੇਮਜ਼ ਬੱਾਸਵੈੱਲ ਨੇ ਇਸਦੀ ਰੋਜ਼ਾਨਾ ਦੀ ਗੱਲਬਾਤ ਦੇ ਆਧਾਰ ਤੇ ਇਕ ਵਿਸਤ੍ਰਿਤ ਜੀਵਨ ਬਿਰਤਾਂਤ ਲਿਖਿਆ ਜੋ ਕਿ ਅੰਗਰੇਜ਼ੀ ਸਾਹਿਤ ਨੂੰ ਇਕ ਵਡਮੁੱਲੀ ਦੇਣ ਹੈ।

13 ਦਸੰਬਰ, 1784 ਨੂੰ ਜਾਨਸਨ ਦੀ ਮੌਤ ਹੋ ਗਈ। ਇਸ ਨੇ ਆਪਣੀਆਂ ਰਚਨਾਵਾਂ ਵਿਚ ਵਿਅਕਤੀ ਪੱਖ ਦੀ ਜਗ੍ਹਾ ਸਮਾਜਿਕ-ਪੱਖ ਨੂੰ ਵਧੇਰੇ ਮਹੱਤਤਾ ਦਿੱਤੀ ਹੈ। ਇਸਦੀ ਹਰ ਰਚਨਾ ਵਿਚ ਨੈਤਿਕਤਾ ਦਾ ਸਪਸ਼ਟ ਪ੍ਰਭਾਵ ਦਿਖਾਈ ਦਿੰਦਾ ਹੈ। ਜਿੰਨਾ ਇਹ ਇਕ ਲੇਖਕ ਵਜੋਂ ਪ੍ਰਤਿਭਾਸ਼ਾਲੀ ਸੀ ਉਸ ਤੋਂ ਕਿਤੇ ਵੱਧ ਇਹ ਗੱਲਬਾਤ ਕਰਨ ਦੇ ਪੱਖੋਂ ਪ੍ਰਸਿੱਧ ਸੀ।

ਹ. ਪੁ. -ਹਿੰ. ਵਿ. ਕੋ. 4:464; ਐਨ. ਬ੍ਰਿ. ਮੈ. 10: 244

**ਜਾਨਸਨ ਹਾਪਕਿਨਜ਼ ਯੂਨੀਵਰਸਿਟੀ** : ਇਹ ਮੇਰੀਲੈਂਡ ਰਾਜ (ਸ.ਰ.ਅ) ਵਿਚ ਬਾਲਟੀਮੋਰ ਵਿਖੇ ਉਚੇਰੀ ਸਿੱਖਿਆ ਦੀ ਇਕ ਪ੍ਰਾਈਵੇਟ ਸੰਸਥਾ ਹੈ। ਇਹ ਸੰਸਥਾ ਪ੍ਰਾਰੰਭਿਕ ਤੌਰ ਤੇ 1876 ਈ: ਵਿਚ ਸਿਰਫ਼ ਲੜਕਿਆਂ ਦੇ ਗਰੈਜੂਏਟ ਸਕੂਲ ਦੇ ਰੂਪ ਵਿਚ ਚਾਲੂ ਕੀਤੀ ਗਈ। ਜਾਨ ਹਾਪਕਿਨਜ਼ ਬਾਲਟੀਮੋਰ ਦਾ ਇਕ ਪ੍ਰਸਿੱਧ ਸ਼ਾਹੂਕਾਰ ਸੀ। ਇਸ ਸਕੂਲ ਵਿਚ ਲੜਕਿਆਂ ਦੀ ਅੰਡਰਗ੍ਰੈਜੂਏਟ ਸਿੱਖਿਆ ਦਾ ਉਪਬੰਧ ਵੀ ਕੀਤਾ ਗਿਆ ਸੀ। ਹੌਲੀ ਹੌਲੀ ਇਸ ਸੰਸਥਾ ਨੇ ਕਾਫ਼ੀ ਤਰੱਕੀ ਕੀਤੀ ਅਤੇ ਯੂਨੀਵਰਸਿਟੀ ਅਖਵਾਉਣ ਲੱਗੀ। ਫ਼ੈਕਲਟੀ ਆਫ਼ ਫ਼ਿਲਾਸਫ਼ੀ,

ਪੇਸ਼ਾਵਰਾਨਾ ਸਕੂਲ, ਪਾਰਟ-ਟਾਈਮ ਵਿਦਿਆਰਥੀਆਂ ਲਈ ਇਕ ਜ ਅਤੇ ਦੋ ਵੱਖੋ ਵੱਖਰੇ ਖੋਜ ਯੂਨਿਟ ਇਸ ਸੰਸਥਾ ਦੇ ਅੰਗ ਹਨ। ਤੋਂ ਬਿਨਾਂ 1889 ਈ: ਵਿਚ ਹਾਪਕਿਨਜ਼ ਹਸਪਤਾਲ ਵੀ ਵੱਖਰੇ ਟ ਦੇ ਤੌਰ ਤੇ ਖੋਲ੍ਹਿਆ ਗਿਆ।

ਸੰਨ 1893 ਵਿਚ ਲੜਕੀਆਂ ਦੇ ਇਕ ਗਰੁਪ ਵੱਲੋਂ ਇਸ ਵਰਸਿਟੀ ਵਿਚ ਦਾਖ਼ਲਾ ਲੈਣ ਦੀ ਇੱਛਾ ਪ੍ਰਗਟ ਕਰਨ ਤੇ 500,000 ਰ ਦੀ ਭੇਟਾ ਲੈ ਕੇ ਇਸ ਸ਼ਰਤ ਦੇ ਦਾਖ਼ਲ ਕੀਤਾ ਗਿਆ ਕਿ ਉਨ੍ਹਾਂ ੀ ਲੜਕਿਆਂ ਵਾਲੀਆਂ ਸ਼ਰਤਾਂ ਹੀ ਲਾਗੂ ਹੋਣਗੀਆਂ। ਸੰਨ 1819 ਇਥੇ ਹਾਈਜੀਨ ਪਬਲਿਕ ਹੈਲਥ ਸਕੂਲ ਵੀ ਚਾਲੂ ਕੀਤਾ ਗਿਆ। ਸਕੂਲ ਵਿਚ ਸੰਯੁਕਤ ਰਾਜ ਤੋਂ ਬਾਹਰਲੇ ਵਿਦਿਆਰਥੀ ਾਦਾਤਰ ਆਉਂਦੇ ਹਨ ਅਤੇ ਉਨ੍ਹਾਂ ਨੂੰ ਆਮ ਤੌਰ ਤੇ ਉਨ੍ਹਾਂ ਦੇ ਲਈ 'ਸਿਹਤ ਅਫ਼ਸਰ' ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

ਯੂਨੀਵਰਸਿਟੀ ਦੀ ਜਾਨ ਹਾਪਕਿਨਜ਼ ਨਾਂ ਹੇਠ ਆਪਣੀ ਇਕ ਿੰਗ ਪ੍ਰੈੱਸ ਵੀ ਹੈ ਜਿਹੜੀ ਸੰਯੁਕਤ ਰਾਜ ਵਿਚ ਸਭ ਤੋਂ ਪੁਰਾਣੀ ਇਸ ਪ੍ਰੈੱਸ ਰਾਹੀਂ ਅਨੇਕਾਂ ਹੀ ਸਾਹਿਤਕ ਤੇ ਵਿਗਿਆਨਕ ਪਰਚਿਆਂ ਬੁਨਿਆਦ ਰੱਖੀ ਜਾਂਦੀ ਰਹੀ ਹੈ ਤੇ ਉਨ੍ਹਾਂ ਨੂੰ ਛਪਣ ਵਿਚ ਮਦਦ ਦੀ ਰਹੀ ਹੈ।

ਆਰਟਸ, ਵਿਗਿਆਨ, ਮੈਡੀਸਨ, ਹਾਈਜੀਨ, ਪਬਲਿਕ ਹੈਲਥ ਲਟੀਆਂ ਅਤੇ ਐਡਵਾਂਸਡ ਅੰਤਰਰਾਸ਼ਟਰੀ ਅਧਿਐਨ ਤੇ ਐਪਲਾਈਡ ਜ਼ਕਸ ਲੈਬਾਰਟਰੀ ਵੀ ਸਥਾਪਿਤ ਹੋ ਚੁੱਕੀਆਂ ਹਨ।

ਹ. ਪੁ. -ਐਨ. ਬ੍ਰਿ. ਮਾ. 5:588

**ਜਾਨਸਨ, ਕਾਰਨੇਲੀਅਸ** : ਇੰਗਲੈਂਡ ਦੇ ਇਸ ਉੱਘੇ ਟਰੇਟ ਪੇਂਟਰ ਦਾ ਜਨਮ 14 ਅਕਤੂਬਰ, 1593 ਵਿਚ ਲੰਡਨ ਵਿਖੇ ਆ। ਵਾਨ ਡਾਈਕ ਤੋਂ ਪਹਿਲਾਂ ਇਹ ਪੋਰਟਰੇਟ ਬਣਾਉਣ ਵਾਲਾ ਲੈਂਡ ਦਾ ਸਭ ਤੋਂ ਪ੍ਰਸਿੱਧ ਚਿੱਤਰਕਾਰ ਸੀ। ਆਪਣੇ ਸਮੇਂ ਵਿਚ ਇਹ ਤ ਹਰਮਨ ਪਿਆਰਾ ਸੀ। ਇਸ ਨੂੰ ਜੇਮਜ਼ ਪਹਿਲੇ ਅਤੇ ਚਾਰਲਸ ਲੇ ਦੀ ਸਰਪ੍ਰਸਤੀ ਪ੍ਰਾਪਤ ਸੀ। ਇਸ ਦੇ ਕਈ ਨਾਂ ਪ੍ਰਚੱਲਿਤ ਸਨ।

ਇਹ ਉਪਰਲੇ ਧੜ (ਬਸਟ) ਦੀਆਂ ਤਸਵੀਰਾਂ ਬਣਾਉਣ ਵਿਚ ਤ ਰੁਚੀ ਲੈਂਦਾ ਸੀ। ਇਹ ਮਨੁੱਖੀ ਚਿੱਤਰ ਬਹੁਤ ਸਾਫ਼ ਸੁਥਰੇ ਾਉਂਦਾ ਸੀ। ਬਾਅਦ ਵਿਚ ਇਸ ਦੀ ਕਲਾ ਤੇ ਡੱਚ ਸ਼ੈਲੀ ਦਾ ਪ੍ਰਭਾਵ ਾ ਜੋ ਇਸ ਦੇ ਚਿੱਤਰਾਂ ਤੋਂ ਸਪਸ਼ਟ ਹੈ। ਸੰਨ 1643 ਦੇ ਗ੍ਰਹਿ-ਯੁੱਧ ਨ ਇਹ ਹਾਲੈਂਡ ਚਲਾ ਗਿਆ।

5 ਅਗਸਤ, 1661 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 5: 589

**ਜਾਨਸਨ, ਪੀਰੀ ਜਿਊਲਜ਼ ਸੀਸਰ** : ਇਸ ਫ਼ਰਾਂਸੀਸੀ ਲ ਵਿਗਿਆਨੀ ਦਾ ਜਨਮ 22 ਫ਼ਰਵਰੀ, 1824 ਨੂੰ ਪੈਰਿਸ ਵਿਖੇ ਆ। ਇਸ ਨੂੰ ਸਪੈੱਕਟ੍ਰੋਸਕੋਪੀ ਅਤੇ ਫ਼ੋਟੋਗ੍ਰਾਫ਼ੀ ਵਿਧੀਆਂ ਦੁਆਰਾ ਤੋਂ ਪਹਿਲਾਂ ਸੂਰਜੀ ਪ੍ਰੇਖਣ ਕਰਨ ਦਾ ਮਾਣ ਪ੍ਰਾਪਤ ਹੈ। ਸੰਨ 1865 ਇਹ ਸਕੂਲ ਆਫ਼ ਆਰਕੀਟੈਕਚਰ ਵਿਚ ਜਨਰਲ ਸਾਇੰਸ ਦਾ ਸਰ ਲੱਗ ਗਿਆ। ਭਾਵੇਂ ਇਸ ਨੇ ਕੁਝ ਅਧਿਐਨ ਭੂਮੀ ਚੁੰਬਕਤਾ ਵੀ ਕੀਤਾ ਪਰੰਤੂ ਇਹ ਖਗੋਲ ਵਿਗਿਆਨ ਦੇ ਕੰਮਾਂ ਕਰਕੇ ਜ਼ਿਆਦਾ ਣਿਆ ਜਾਂਦਾ ਹੈ। ਸੰਨ 1864 ਵਿਚ ਇਸ ਨੂੰ ਫ਼ਰੈਂਚ ਅਕਾਦਮੀ ਆਫ਼ ਇੰਸਿਜ਼ ਨੇ ਇਟਲੀ ਅਤੇ ਸਵਿਟਜ਼ਰਲੈਂਡ ਭੇਜਿਆ। ਇਥੇ ਇਸ ਨੇ ਜੀ ਸਪੈੱਕਟ੍ਰਮ ਦਾ ਪ੍ਰੇਖਣ ਕੀਤਾ ਜਿਸ ਵਿਚ ਧਰਤੀ ਦੇ ਵਾਯੂਮੰਡਲ ਾਰਾ ਸੋਖਣ ਕਾਰਨ ਉਤਪੰਨ ਹੋਈਆਂ ਰੇਖਾਵਾਂ ਦੀ ਮਹੱਤਤਾ ਉੱਤੇ ਦਿੱਤਾ। ਮਗਰੋਂ 1893 ਵਿਚ ਇਸ ਨੇ ਮਾਊਂਟ ਬਲੈਂਕ ਵਿਖੇ ਸਥਾਪਿਤ ੀ ਮੌਸਮ-ਵਿਗਿਆਨ ਸਬੰਧੀ ਪ੍ਰੇਖਣਸ਼ਾਲਾ ਵਿਚ ਕੀਤੇ ਪ੍ਰੇਖਣਾਂ ਦੁਆਰਾ ਸਿੱਧ ਕੀਤਾ ਕਿ ਸੂਰਜੀ ਸਪੈੱਕਟ੍ਰਮ ਵਿਚਲੀਆਂ ਤੀਬਰ ਆਕਸੀਜਨ ਰੇਖਾਵਾਂ ਵਾਯੂਮੰਡਲ ਵਿਚਲੀ ਆਕਸੀਜਨ ਕਾਰਨ ਸਨ। ਇਸ ਨੇ ਗ੍ਰਹਿਆਂ ਅਤੇ ਸੂਰਜ ਉੱਤੇ ਹੋਰ ਸਪੈੱਕਟ੍ਰੋਸਕੋਪੀ ਪ੍ਰੇਖਣਾਂ ਦੁਆਰਾ ਪਤਾ ਲਗਾਇਆ ਕਿ ਦਿਨ ਵੇਲੇ ਹੀ ਸੂਰਜੀ ਜਵਾਲਾ ਨੂੰ ਕਿਵੇਂ ਸਪੈੱਕਟ੍ਰੋਸਕੋਪੀ ਪ੍ਰੇਖਣਾਂ ਦੁਆਰਾ ਵੇਖਿਆ ਜਾ ਸਕਦਾ ਹੈ ਜਿਹੜੀਆਂ ਕਿ ਕੇਵਲ ਕੁਝ ਮਿੰਟਾਂ ਲਈ ਹੀ ਸੂਰਜ ਗ੍ਰਹਿਣ ਦੌਰਾਨ ਵੇਖੀਆਂ ਜਾ ਸਕਦੀਆਂ ਸਨ। ਸੰਨ 1876 ਵਿਚ ਇਹ ਮਡੋਨ ਪ੍ਰੇਖਣਸ਼ਾਲਾ, ਪੈਰਿਸ ਦਾ ਪਹਿਲਾ ਡਾਇਰੈਕਟਰ ਨਿਯੁਕਤ ਹੋਇਆ। ਇਸ ਨੇ ਆਪਣੀ ਖੋਜ ਬਾਰੇ Attas des photographies solaires 1904 ਪੁਸਤਕ ਛਪਾਈ, ਜਿਸ ਵਿਚ ਸੂਰਜੀ ਡਿਸਕ ਦੇ 6,000 ਚਿੱਤਰ ਹਨ। ਇਸ ਦੀ ਮਡੋਨ ਵਿਖੇ 23 ਦਸੰਬਰ, 1907 ਨੂੰ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 12:875

**ਜਾਨਸਨ, ਬੈੱਨ** : ਅੰਗਰੇਜ਼ੀ ਦੇ ਇਸ ਪ੍ਰਸਿੱਧ ਨਾਟਕਕਾਰ, ਕਵੀ, ਆਲੋਚਕ ਅਤੇ ਆਪਣੇ ਸਮੇਂ ਦੇ ਅਤਿਅੰਤ ਪ੍ਰਤਿਸ਼ਠਤ ਅਤੇ ਪ੍ਰਤੀਨਿਧ ਸਾਹਿਤਕਾਰ ਦਾ ਜਨਮ 11 ਜੂਨ, 1573 ਨੂੰ ਲੰਡਨ ਵਿਖੇ ਹੋਇਆ ਸੀ। ਇਸ ਨੇ ਵੈੱਸਟਮਿੰਸਟਰ ਸਕੂਲ ਵਿਚ ਸਿੱਖਿਆ ਪ੍ਰਾਪਤ ਕੀਤੀ। ਉਥੇ ਇਹ ਪ੍ਰਸਿੱਧ ਅਧਿਆਪਕ ਵਿਲੀਅਮ ਕੈਮਡਨ ਦਾ ਚਹੇਤਾ ਵਿਦਿਆਰਥੀ ਸੀ। ਸੰਨ 1597 ਤੋਂ ਪਹਿਲਾਂ ਆਪਣੇ ਪਿਤਾ ਦੇ ਕਿੱਤੇ ਵਿਚ ਹੱਥ ਵਟਾਉਣ ਤੋਂ ਇਲਾਵਾ ਇਹ ਕਈ ਸਾਲ ਤੱਕ ਸੈਨਿਕ ਸੇਵਾ ਲਈ ਫ਼ਲੈਂਡਰਜ਼ ਵਿਚ ਰਿਹਾ। ਇਸੇ ਸਾਲ ਇਸ ਨੇ ਨਾਟਕ ਲਿਖਣ ਦਾ ਕੰਮ ਆਰੰਭ ਕੀਤਾ। ਸੰਨ 1598 ਵਿਚ ਇਸ ਨੇ ਦੁਵੱਲੀ ਲੜਾਈ ਵਿਚ ਇਕ ਸਹਿਯੋਗੀ ਨੂੰ ਮਾਰ ਦਿੱਤਾ ਪਰ ਧਰਮ ਪ੍ਰਚਾਰਕ ਹੋਣ ਕਾਰਨ ਇਹ ਮੌਤ ਦੀ ਸਜ਼ਾ ਤੋਂ ਬਚ ਗਿਆ। ਇਸ ਸਮੇਂ ਇਸ ਨੇ ਰੋਮਨ ਕੈਥੋਲਿਕ ਧਰਮ ਅਪਨਾ ਲਿਆ, ਜਿਸ ਨੂੰ ਅੱਗੇ ਚੱਲ ਕੇ ਇਸ ਨੇ ਫਿਰ ਛੱਡ ਦਿੱਤਾ। ਸੰਨ 1606 ਵਿਚ 'ਈਸਟਵਰਡ ਹੋ' ਨਾਂ ਦਾ ਵਿਅੰਗਪੂਰਨ ਨਾਟਕ ਲਿਖਣ ਕਾਰਨ ਇਸ ਨੂੰ ਕੁਝ ਦਿਨਾਂ ਲਈ ਜੇਲ੍ਹ ਜਾਣਾ ਪਿਆ। ਸੰਨ 1616 ਵਿਚ ਬਾਦਸ਼ਾਹ ਜੇਮਜ਼ ਪਹਿਲੇ ਨੇ ਇਸ ਦੀ ਪੈਨਸ਼ਨ ਨਿਸ਼ਚਿਤ ਕਰ ਦਿੱਤੀ। ਸੰਨ 1618 ਵਿਚ ਇਸ ਨੇ ਸਕਾਟਲੈਂਡ ਦੀ ਯਾਤਰਾ ਕੀਤੀ, ਜਿਥੇ ਇਸ



ਬੈੱਨ ਜਾਨਸਨ

ਦੀ ਮੁਲਾਕਾਤ ਵਿਲੀਅਮ ਡ੍ਰਮੰਡ ਨਾਲ ਹੋਈ, ਜਿਸ ਨੇ ਇਸ ਨਾਲ ਹੋਈ ਗੱਲਬਾਤ ਨੂੰ ਲਿਪੀਬੱਧ ਕੀਤਾ। ਸੰਨ 1628 ਵਿਚ ਇਹ ਕ੍ਰਾਨਾਲੋਜਰ ਆਫ਼ ਲੰਡਨ ਦੇ ਅਹੁਦੇ ਤੇ ਨਿਯੁਕਤ ਹੋਇਆ। ਆਪਣੇ ਗੰਭੀਰ ਅਧਿਐਨ ਅਤੇ ਦ੍ਰਿੜ੍ਹ ਸ਼ਖ਼ਸੀਅਤ ਕਾਰਨ ਇਸ ਦਾ ਬਹੁਤ ਸਨਮਾਨ ਹੋਇਆ। ਆਪਣੇ ਸਮੇਂ ਦੇ ਸਾਰੇ ਪ੍ਰਮੁੱਖ ਸਾਹਿਤਕਾਰਾਂ ਨਾਲ ਜਾਂ ਤਾਂ ਇਸ ਦੀ ਮਿੱਤਰਤਾ ਸੀ ਜਾਂ ਵਿਰੋਧਤਾ।

ਇਸ ਦੀ ਪ੍ਰਸਿੱਧੀ ਜ਼ਿਆਦਾਤਰ ਇਸ ਦੇ ਸੁਖਾਂਤ ਨਾਟਕਾਂ ਕਾਰਨ ਹੋਈ। ਇਨ੍ਹਾਂ ਵਿਚ ਯਥਾਰਥ ਦਾ ਨਿਰੂਪਣ ਅਤੇ ਵਿਅੰਗ ਮਿਲਾ ਕੇ ਪ੍ਰਾਚੀਨ ਕਲਾਸਕੀ ਪੱਧਤੀ ਤੇ ਰਚਨਾ ਕੀਤੀ ਗਈ ਅਤੇ ਨਾਲ ਹੀ ਭਾਵਨਾਵਾਂ ਦਾ ਗੰਭੀਰ ਪ੍ਰਗਟਾਵਾ ਵੀ ਕੀਤਾ ਗਿਆ ਹੈ। ਇਸ ਦੇ ਪ੍ਰਮੁੱਖ ਨਾਟਕ 'ਐਵਰੀ ਮੈਨ ਇਨ ਹਿਜ਼ ਹਿਊਮਰ' 'ਐਵਰੀ ਮੈਨ ਆਊਟ ਆਫ਼ ਹਿਜ਼ ਹਿਊਮਰ' 'ਸਿੰਥੀਆਜ਼ ਰੈਵਲਜ਼' 'ਦੀ ਪੋਏਟੈਸਟਰ' 'ਬਾਰਥਾਲੋਮਯੂ ਫ਼ੇਅਰ' 'ਦੀ ਡੈਵਿਲ ਇਜ਼ ਐਨ ਐਸ' (1615) 'ਦੀ ਸਟੇਪਲ ਆਫ਼ ਨਿਊਜ਼' 'ਦੀ ਮੈਗਨੈਟਿਕ ਲੇਡੀ' 'ਟੇਲ ਆਫ਼ ਏ ਟਬ' ਹਨ। ਇਸ ਦਾ ਅੰਤਮ ਸੁਖਾਂਤ ਨਾਟਕ 'ਸੈਡ ਸ਼ੈਫਰਡ' ਅਧੂਰਾ ਰਹਿ ਗਿਆ।

ਰੋਮਨ ਇਤਿਹਾਸ ਨਾਲ ਸਬੰਧਤ ਅਤੇ ਪੁਰਾਤਨ ਪਰਿਪਾਟੀ ਤੇ ਲਿਖੇ ਇਸ ਦੇ ਦੋਵੇਂ ਦੁਖਾਂਤ ਨਾਟਕ 'ਸੇਜਨਮ' ਤੇ 'ਕੈਟਿਲਾਈਨ' ਇਤਿਹਾਸਕ ਤੱਥ ਨਿਭਾਉਂਦੇ ਹਨ ਪਰ ਪ੍ਰਭਾਵ ਪੱਖੋਂ ਇਹ ਸ਼ੈਕਸਪੀਅਰ ਦੇ ਰੋਮਨ ਨਾਟਕਾਂ ਦੇ ਮੁਕਾਬਲੇ ਘੱਟ ਸਫ਼ਲ ਸਿੱਧ ਹੋਏ ਹਨ। ਰਾਜ ਦਰਬਾਰ ਦੇ ਮਨੋਰੰਜਨ ਲਈ ਇਸ ਨੇ 1605 ਤੋਂ 1634 ਦੇ ਵਿਚਕਾਰ ਅਨੇਕ ਮਾਸਕ ਲਿਖੇ। ਇਨ੍ਹਾਂ ਵਿਚੋਂ ਮਾਸਕ ਆਫ਼ ਗਲੈਕਨੀਜ਼, 1605 ਅਤੇ 'ਮਾਸਕ ਆਫ਼ ਕੁਈਨਜ਼' ਪ੍ਰਸਿੱਧ ਹੋਏ। ਇਸ ਨੇ ਛੋਟੇ ਆਕਾਰ ਦੀਆਂ ਸੈਂਕੜੇ ਕਵਿਤਾਵਾਂ ਲਿਖੀਆਂ, ਜੋ ਆਪਣੀ ਸੁਥਰੀ ਸ਼ੈਲੀ ਅਤੇ ਵਿਅੰਗ ਲਈ ਪ੍ਰਸਿੱਧ ਹਨ। ਇਸ ਦੀਆਂ ਕਵਿਤਾਵਾਂ ਦੇ ਦੋ ਸੰਗ੍ਰਹਿ 'ਐਪੀਗ੍ਰਾਮਜ਼' ਅਤੇ 'ਦੀ ਫ਼ਾਰੈਸਟ' 1616 ਵਿਚ ਪ੍ਰਕਾਸ਼ਿਤ ਹੋਏ ਅਤੇ 'ਅੰਡਰਵੁਡਜ਼' ਨਾਂ ਦਾ ਤੀਜਾ ਸੰਗ੍ਰਹਿ, ਜਿਸ ਵਿਚ ਲੰਬੀਆਂ ਕਵਿਤਾਵਾਂ ਹਨ, ਇਸ ਦੀ ਮੌਤ ਪਿੱਛੋਂ 1641 ਈ: ਵਿਚ ਪ੍ਰਕਾਸ਼ਿਤ ਹੋਇਆ।

ਵਾਰਤਕ ਅਤੇ ਆਲੋਚਨਾ ਦੇ ਖੇਤਰ ਵਿਚ ਇਸ ਦੀਆਂ ਰਚਨਾਵਾਂ ਮਹੱਤਵਪੂਰਨ ਹਨ। ਪ੍ਰਮੁੱਖ ਰਚਨਾ ਟਿੰਬਰ ਜਾਂ ਡਿਸਕਵਰੀਜ਼ (1640) ਅਨੇਕ ਛੋਟੇ ਵੱਡੇ ਲੇਖਾਂ ਦਾ ਸੰਗ੍ਰਹਿ ਹੈ। ਇਸ ਵਿਚ ਇਸ ਦੀ ਮੌਲਿਕਤਾ ਦੀ ਛਾਪ ਹੈ। ਇਸ ਨੇ ਨਾ ਕੇਵਲ ਆਪਣੇ ਸਮੇਂ ਦੇ ਸਾਹਿਤ ਨੂੰ ਹੀ ਪ੍ਰਭਾਵਿਤ ਕੀਤਾ ਸਗੋਂ ਅੱਜ ਵੀ ਅੰਗਰੇਜ਼ੀ ਦੇ ਵਿਸ਼ੇਸ਼ ਨਾਟਕਕਾਰਾਂ ਅਤੇ ਆਲੋਚਕਾਂ ਵਿਚ ਇਸ ਦੀ ਗਿਣਤੀ ਹੁੰਦੀ ਹੈ।

ਹ. ਪੁ.-ਹਿੰ. ਵਿ. ਕੋ. 4:463

**ਜਾਨਸਨ, ਰਿਚਰਡ ਸੀਵੈਨ** : ਪ੍ਰਸਿੱਧ ਰੋਮਾਂਸ 'ਦੀ ਮੋਸਟ ਫ਼ੇਮਸ ਹਿਸਟਰੀ ਆਫ਼ ਦੀ ਸੀਵੈਨ ਚੈਂਪੀਅਨਜ਼ ਆਫ਼ ਕ੍ਰਿਸਟੈਡਮ' ਦੇ ਇਸ ਲੇਖਕ ਨੂੰ ਲੰਡਨ ਵਿਖੇ 24 ਮਈ, 1573 ਨੂੰ ਬਪਤਿਸਮਾ ਦਿੱਤਾ ਗਿਆ। ਆਪਣੀ ਪੁਸਤਕ 'ਨਾਈਨ ਵਰਦੀਜ਼ ਆਫ਼ ਲੰਡਨ' (1592) ਵਿਚ ਇਹ ਆਪਣੇ ਆਪ ਨੂੰ ਸਿਖਿਆਰਥੀ ਆਖਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਹ ਮਲਕਾ ਐਨ ਜੋ ਜੇਮਜ਼ ਪਹਿਲੇ ਦੀ ਪਤਨੀ ਸੀ, ਦੀ ਘਰੇਗੀ ਮੁਲਾਜ਼ਮਤ ਵਿਚ ਰਿਹਾ ਹੋਵੇ। ਇਸ ਦੀ ਪੁਸਤਕ 'ਦੀ ਸੀਵੈਨ ਚੈਂਪੀਅਨਜ਼ ਆਫ਼ ਕ੍ਰਿਸਟੈਡਮ' ਦੋ ਹਿੱਸਿਆਂ ਵਿਚ 1596-97 ਵਿਚ ਪ੍ਰਕਾਸ਼ਿਤ ਹੋਈ ਤੇ ਦੋ ਹੋਰ ਹਿੱਸੇ 1608 ਅਤੇ 1616 ਵਿਚ ਲਿਖੇ ਗਏ। ਇਸ ਦੀਆਂ ਹੋਰ ਰਚਨਾਵਾਂ ਹਨ 'ਦੀ ਪਲੈਜ਼ੈਂਟ ਵਾਕਸ ਆਫ਼ ਮੂਰਫੀਲਡਜ਼' 'ਦੀ ਮੋਸਟ ਪਲੈਜ਼ੈਂਟ ਹਿਸਟਰੀ ਆਫ਼ ਟੋਮ ਏ ਲਿੰਕਨ' ਅਤੇ 'ਦੀ ਪਲੈਜ਼ੈਂਟ ਕਨਸੀਟਸ ਆਫ਼ ਓਲਡ ਹਾਬਸਨ (1607)। ਇਸ ਨੇ ਕਥਾ ਕਾਵਿ ਵੀ ਲਿਖੇ ਜੋ 'ਏ ਕ੍ਰਾਊਨ ਗਾਰਲੈਂਡ ਆਫ਼ ਗੋਲਡਨ ਰੋਜ਼ਿਜ਼' ਨਾਂ ਹੇਠ ਪ੍ਰਕਾਸ਼ਿਤ ਹੋਏ।

ਇਸ ਦੀ ਮੌਤ 1659 ਦੇ ਕਰੀਬ ਹੋਈ।

ਹ. ਪੁ. -ਐਨ. ਬ੍ਰਿ. 13: 44

**ਜਾਨਸਨ ਰਿਚਰਡ ਮੈਨਟੋਰ** : ਸੰਯੁਕਤ ਰਾਜ ਅਮਰੀਕਾ ਦਾ ਨੌਵਾਂ ਉਪ-ਰਾਸ਼ਟਰਪਤੀ ਸੀ। ਇਸਦਾ ਜਨਮ 17ਅਕਤੂਬਰ, 1780 ਵਿਚ ਵਰਜੀਨੀਆ ਕਲੋਨੀ ਵਿਚ ਲੂਈਵਿਲ ਵਿਖੇ ਹੋਇਆ। ਟ੍ਰਾਂਸਲਵੇਨੀਆ ਯੂਨੀਵਰਸਿਟੀ ਵਿਚ ਕਾਨੂੰਨ ਦੀ ਵਿੱਦਿਆ ਹਾਸਲ ਕਰਨ ਮਗਰੋਂ ਇਹ 1802 ਈ: ਵਿਚ ਬਾਰ ਦਾ ਮੈਂਬਰ ਬਣਿਆ ਅਤੇ ਇਕ ਸਫ਼ਲ ਵਕੀਲ ਵਜੋਂ ਜਾਣਿਆ ਜਾਣ ਲੱਗਾ। ਸੰਨ 1804 ਵਿਚ ਸਟੇਟ ਵਿਧਾਨ ਸਭਾ ਦਾ ਮੈਂਬਰ ਬਣਿਆ।

ਜਾਨਸਨ ਦਾ ਸਬੰਧ ਡੈਮੋਕ੍ਰੇਟ ਪਾਰਟੀ ਨਾਲ ਸੀ ਅਤੇ ਇਕ ਡੈਮੋਕ੍ਰੇਟ ਵਜੋਂ ਇਸਨੇ ਤਿੰਨ ਦਹਾਕੇ ਤੀਕ 1807-1819 ਤੀਕ ਹਾਊਸ ਆਫ਼ ਰਿਪ੍ਰੀਜ਼ੈਂਟੇਟਿਵਜ਼ ਅਤੇ 1812-22 ਤੀਕ ਸੈਨੇਟ ਦਾ ਮੈਂਬਰ ਰਿਹਾ। ਵਿਗਾਂ ਨਾਲ ਸਬੰਧ ਹੋਣ ਦੇ ਬਾਵਜੂਦ ਇਸਨੇ ਪ੍ਰੈਜ਼ੀਡੈਂਟ ਐਂਡਰਿਯੂ ਜੈਕਸਨ ਦੀ ਜ਼ੋਰਦਾਰ ਹਿਮਾਇਤ ਕੀਤੀ ਜਿਸਨੇ ਬਦਲੇ ਵਿਚ ਜੈਕਸ਼ਨ ਨੇ 1836 ਈ: ਵਿਚ ਜਾਨਸਨ ਨੂੰ ਵਾਈਸ ਪ੍ਰੈਜ਼ੀਡੈਂਟ ਦੇ ਅਹੁਦੇ ਲਈ ਨਾਮਜ਼ਦ ਕਰਵਾਇਆ। ਬਹੁਮਤ ਨਾ ਮਿਲਣ ਦੇ ਬਾਵਜੂਦ ਸੈਨੇਟ ਦੀ ਮਦਦ ਨਾਲ ਇਸਨੂੰ ਇਹ ਅਹੁਦਾ ਮਿਲਿਆ।

ਇਸਦੇ ਇਸ ਕਾਲ ਦੌਰਾਨ ਕੋਈ ਵਿਸ਼ੇਸ਼ ਘਟਨਾ ਨਾ ਵਾਪਰੀ ਪਰ ਪਾਰਟੀ ਵਿਚ ਇਸਦੀ ਵਿਰੋਧਤਾ ਕਾਫ਼ੀ ਹੋਣ ਲੱਗੀ। ਸੰਨ 1840 ਵਿਚ ਪਾਰਟੀ ਦੀ ਨੈਸ਼ਨਲ ਕਨਵੈਨਸ਼ਨ ਵਿਚ ਅਗੋਂ ਕਿਸੇ ਵਾਈਸ ਪ੍ਰੈਜ਼ੀਡੈਂਟ ਦਾ ਨਾਉਂ ਨਾਮਜ਼ਦ ਨਾ ਕਰਨ ਦਾ ਮਤਾ ਪਾਸ ਕੀਤਾ ਗਿਆ। ਆਉਣ ਵਾਲੀਆਂ ਚੋਣਾਂ ਵਿਚ ਜਾਨਸਨ ਵਿੱਗ ਉਮੀਦਵਾਰ, ਟੇਲਰ ਹੱਥੋਂ ਹਾਰ ਗਿਆ। ਮਗਰੋਂ ਇਸਨੇ ਸਰਕਾਰੀ ਕੰਮ ਕਾਜ ਤਿਆਗ ਦਿੱਤਾ।

19 ਨਵੰਬਰ, ਸੰਨ 1850 ਵਿਚ ਇਸਦੀ ਫ਼ਰੈਂਕਫ਼ਰਟ ਵਿਖੇ ਮੌਤ ਹੋ ਗਈ। ਮਰਨ ਤੋਂ ਕੁਝ ਚਿਰ ਪਹਿਲਾਂ ਇਸਨੂੰ ਮੁੜ ਕੈਂਟਕੀ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਸੀ।

ਹ. ਪੁ. -ਐਨ. ਬ੍ਰਿ. ਮਾ. 6: 593

**ਜਾਨਸਨ, ਲੀਨਡਨ ਬੇਨਜ਼** : ਇਹ ਸੰਯੁਕਤ ਰਾਜ ਅਮਰੀਕਾ ਦਾ 36 ਵਾਂ ਰਾਸ਼ਟਰਪਤੀ ਸੀ। ਇਸ ਦਾ ਜਨਮ 27 ਅਗਸਤ, 1908 ਨੂੰ ਟੈਕਸਾਸ ਰਾਜ ਵਿਚ ਇਕ ਛੋਟੇ ਜਿਹੇ ਨਗਰ, ਸਟੋਨਵਾਲ



ਬੇਨਜ਼ ਜਾਨਸਨ ਲੀਨਡਨ

ਵਿਖੇ ਇਕ ਫ਼ਾਰਮ ਵਿਚ ਇਕ ਸਾਧਾਰਣ ਕਿਸਾਨ ਪਰਿਵਾਰ ਵਿਚ ਹੋਇਆ। ਇਹ ਸੈਮੂਅਲ ਈਲੀ ਜਾਨਸਨ ਦਾ ਵੱਡਾ ਲੜਕਾ ਸੀ। ਪੰਜ ਸਾਲ ਦੀ ਉਮਰ ਵਿਚ ਇਹ ਪਰਿਵਾਰ ਸਮੇਤ ਟੈਕਸਾਸ ਦੇ ਇਕ ਸ਼ਹਿਰ ਜਾਨਸਨ ਸਿਟੀ ਚਲਾ ਗਿਆ ਜੋ ਕਿ ਇਸਦੇ ਦਾਦੇ ਦਾ ਵਸਾਇਆ ਹੋਇਆ ਸੀ। ਇਸਦਾ ਦਾਦਾ ਟੈਕਸਾਸ ਵਿਧਾਨ ਮੰਡਲ ਦਾ ਮੈਂਬਰ ਸੀ। ਇਥੇ ਇਹ ਪਬਲਿਕ ਸਕੂਲ ਵਿਚ ਦਾਖ਼ਲ ਹੋ ਗਿਆ ਅਤੇ 1924 ਈ:

ਵਿਚ ਹਾਈ ਸਕੂਲ ਪ੍ਰੀਖਿਆ ਪਾਸ ਕੀਤੀ। ਇਸ ਤੋਂ ਬਾਅਦ ਇਸਨੇ ਟੈਕਸਾਸ ਵਿਚ ਸੈਨ ਮਾਰਕੋਸ ਤੋਂ ਬੀ. ਐਸ ਸੀ. ਦੀ ਡਿਗਰੀ ਪ੍ਰਾਪਤ ਕੀਤੀ।

ਇਸ ਤੋਂ ਮਗਰੋਂ ਇਸਨੇ ਯੂਸਟਨ ਵਿਚ ਹਾਈ ਸਕੂਲ ਵਿਚ ਅਧਿਆਪਕ ਦੀ ਨੌਕਰੀ ਕੀਤੀ। ਸੰਨ 1931 ਵਿਚ ਇਸਨੇ ਰਿਚਰਡ ਐਮ. ਕਲੈਬੈਰੀ ਦਾ ਸਕੱਤਰ ਬਣਨ ਲਈ ਨੌਕਰੀ ਛੱਡ ਦਿੱਤੀ। ਸੰਨ 1935 ਵਿਚ ਜਾਨਸਨ ਟੈਕਸਾਸ ਨੈਸ਼ਨਲ ਯੂਥ ਐਡਮਨਿਸਟ੍ਰੇਸ਼ਨ ਦਾ ਡਾਇਰੈਕਟਰ ਨਿਯੁਕਤ ਹੋਇਆ। ਦੋ ਸਾਲ ਬਾਅਦ 1938 ਈ: ਵਿਚ ਜਾਨਸਨ ਥਾਂ ਪੂਰਤੀ ਲਈ ਸੰਯੁਕਤ ਰਾਜ ਅਮਰੀਕਾ ਦੇ ਪ੍ਰਤਿਨਿਧ ਮੰਡਲ ਦਾ ਮੈਂਬਰ ਚੁਣਿਆ ਗਿਆ। ਇਹ ਪੰਜ ਵਾਰ ਲਗਾਤਾਰ ਦੋ-ਦੋ ਸਾਲ ਲਈ ਮੁੜ ਪ੍ਰਤਿਨਿਧ ਮੰਡਲ ਲਈ ਚੁਣਿਆ ਗਿਆ ਜਿਥੇ ਇਸਨੇ ਟੈਕਸਾਸ ਦੇ ਗਣਤੰਤਰਵਾਦੀਆਂ ਦੇ ਉਲਟ 'ਨਿਊਡੀਲ' ਦੀ ਹਿਮਾਇਤ ਕੀਤੀ। ਇਸੇ ਸਮੇਂ ਦੌਰਾਨ ਇਸ ਨੇ ਸੰਯੁਕਤ ਰਾਜ ਅਮਰੀਕਾ ਦੀ ਸੰਸਦ ਦੀ 28 ਜੂਨ, 1941 ਦੀ ਸਪੈਸ਼ਲ ਚੋਣ ਵਿਚ ਵੀ ਭਾਗ ਲਿਆ ਪਰ ਹਾਰ ਗਿਆ। ਫਿਰ ਇਸ ਨੇ ਕਾਂਗਰਸ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਆਸਟ੍ਰੇਲੀਆ, ਨਿਊਜ਼ੀਲੈਂਡ ਵਿਚ ਕੁਝ ਮਹੀਨੇ ਨੌਕਰੀ ਕੀਤੀ। ਇਸੇ ਦੌਰਾਨ ਇਸਨੂੰ ਨਿਊਗਿਨੀ ਵਿਚ ਜਾਪਾਨੀ ਟਿਕਾਣਿਆਂ ਉੱਤੇ ਗੋਲਾਬਾਰੀ ਦੇ ਅਚਾਨਕ ਹਮਲੇ ਦੌਰਾਨ ਨਿਰੀਖਕ ਦੇ ਤੌਰ ਤੇ ਭਾਗ ਲੈਣ ਕਰਕੇ ਚਾਂਦੀ ਦਾ ਤਮਗਾ ਮਿਲਿਆ।

ਸੰਨ 1948 ਵਿਚ ਜਾਨਸਨ ਨੇ ਸੈਨੇਟ ਦੀਆਂ ਮੁੱਢਲੀਆਂ ਲੋਕਰਾਜੀ ਚੋਣਾਂ ਵਿਚ ਭਾਗ ਲਿਆ ਅਤੇ 87 ਵੋਟਾਂ ਨਾਲ ਜਿੱਤ ਗਿਆ। ਸੰਨ 1951 ਵਿਚ ਇਹ ਸੈਨੇਟ ਦਾ ਲੋਕਰਾਜੀ ਮੁੱਖ ਸੁਚੇਤਕ ਚੁਣਿਆ ਗਿਆ ਅਤੇ ਇਸ ਅਹੁਦੇ ਤੇ 1953 ਈ: ਤਕ ਕੰਮ ਕੀਤਾ ਅਤੇ 1953 ਈ: ਵਿਚ ਲੋਕਤੰਤਰਵਾਦੀਆਂ ਦਾ ਸੈਨੇਟ ਵਿਚ ਅਲਪਸੰਖਿਅਕ ਲੀਡਰ ਚੁਣਿਆ ਗਿਆ। ਦੋ ਸਾਲ ਬਾਅਦ 1955 ਈ: ਵਿਚ ਬਹੁ-ਗਿਣਤੀ ਦਾ ਲੀਡਰ ਬਣਿਆ ਅਤੇ 1960 ਤਕ ਇਸ ਅਹੁਦੇ ਤੇ ਕੰਮ ਕੀਤਾ।

ਬਹੁ-ਗਿਣਤੀ ਦਾ ਲੀਡਰ ਹੁੰਦਿਆਂ ਇਹ ਸੁਲ੍ਹਾ-ਸਫ਼ਾਈ ਕਰਵਾਉਣ ਅਤੇ ਪ੍ਰੇਰਕਤਾ ਦੇ ਗੁਣਾਂ ਕਾਰਨ ਕਾਫ਼ੀ ਪ੍ਰਸਿੱਧ ਹੋਇਆ। ਇਸਦੀ ਵਿਵੇਕਭਰਪੂਰ ਤੇ ਜੁਗਤੀਪੂਰਨ ਅਗਵਾਈ ਸਦਕਾ ਹੀ 1957 ਤੇ 1960 ਦੇ ਸਮਾਜਕ ਹੱਕਾਂ ਸਬੰਧੀ ਬਿਲ ਐਕਟ ਬਣ ਸਕੇ। ਅਜਿਹਾ ਬਿਲ 20 ਵੀਂ ਸਦੀ ਵਿਚ ਪਹਿਲੀ ਵੇਰ ਐਕਟ ਬਣਿਆ ਸੀ।

ਸੰਨ 1960 ਵਿਚ ਇਹ ਕੈਨੇਡੀ ਵਿਰੁੱਧ ਪ੍ਰੈਜ਼ੀਡੈਂਟ ਦੀ ਚੋਣ ਲਈ ਖੜ੍ਹਾ ਹੋਇਆ ਪਰ ਕਾਮਯਾਬ ਨਾ ਹੋਇਆ। ਦੂਜੇ ਪਾਸੇ ਕੈਨੇਡੀ ਨਾਲ ਅੰਤਾਂ ਦੀ ਵਿਰੋਧਤਾ ਹੋਣ ਦੇ ਬਾਵਜੂਦ ਵੀ ਉਸਨੇ ਪ੍ਰੈਜ਼ੀਡੈਂਟ ਦਾ ਅਹੁਦਾ ਸੰਭਾਲਣ ਉਪਰੰਤ ਇਸ ਨੂੰ ਆਪਣੀ ਪਾਰਟੀ ਦਾ ਟਿਕਟ ਦੇ ਕੇ ਵਾਈਸ ਪ੍ਰੈਜ਼ੀਡੈਂਟ ਚੋਣ ਲੜਨ ਲਈ ਸਦਾ ਭੇਜਿਆ। ਇਸ ਤੇ ਜਨਤਾ ਹੱਕੀ-ਬੱਕੀ ਰਹਿ ਗਈ। ਜਾਨਸਨ ਵਾਈਸ ਪ੍ਰੈਜ਼ੀਡੈਂਟ ਦੀ ਚੋਣ ਜਿੱਤ ਗਿਆ। ਭਾਵੇਂ ਵਾਈਸ ਪ੍ਰੈਜ਼ੀਡੈਂਟ ਦਾ ਰੁਤਬਾ ਜਾਨਸਨ ਲਈ ਕੋਈ ਬਹੁਤਾ ਮਹੱਤਵਪੂਰਨ ਨਹੀਂ ਸੀ ਪਰ ਇਸਦੇ ਨਾਲ ਨਾਲ ਇਹ ਪ੍ਰੈਜ਼ੀਡੈਂਟ ਦੀ 'ਈਕੁਇਲ ਐਂਪਲਾਇਮੈਂਟ ਅਪਰਚੂਨਿਟੀ ਕਮੇਟੀ' **(Equal Employment Oportunity Committee)** ਅਤੇ ਨੈਸ਼ਨਲ ਏਅਰਨਾਟਿਕਸ ਐਂਡ ਸਪੇਸ ਕਾਂਸਲ **'National Aeronautics and Space Council'** ਦਾ ਚੇਅਰਮੈਨ ਵੀ ਥਾਪਿਆ ਗਿਆ।

ਪ੍ਰੈਜ਼ੀਡੈਂਟ ਕੈਨੇਡੀ ਦੀ ਮੌਤ ਉਪਰੰਤ 22 ਨਵੰਬਰ, 1963 ਨੂੰ ਜਾਨਸਨ ਲੀਨਡਨ ਬੇਨਜ਼ ਨੇ ਪ੍ਰੈਜ਼ੀਡੈਂਟ ਦੇ ਅਹੁਦੇ ਦੀ ਕਸਮ ਚੁੱਕੀ ਅਤੇ 27 ਨਵੰਬਰ ਨੂੰ ਇਸਨੇ ਕਾਂਗਰਸ ਦੇ ਨਾਂ ਭੇਜੇ ਸੰਦੇਸ਼ ਵਿਚ ਨਫ਼ਰਤ, ਬੁਰਾਈ ਅਤੇ ਹਿੰਸਾ ਨੂੰ ਖ਼ਤਮ ਕਰਨ ਦੀ ਹਦਾਇਤ ਕੀਤੀ। ਕਾਂਗਰਸ ਅੱਗੇ ਇਸ ਦੀ ਸਭ ਤੋਂ ਵੱਧ ਜ਼ੋਰਦਾਰ ਬੇਨਤੀ ਸਮਾਜਕ ਹੱਕਾਂ ਬਾਰੇ ਬਿਲ ਜਲਦੀ ਤੋਂ ਜਲਦੀ ਪਾਸ ਕਰਨ ਸਬੰਧੀ ਸੀ, ਜਿਹੜਾ ਕਿ ਉਸ ਸਮੇਂ 'ਹਾਊਸ ਰੂਲਜ਼ ਕਮੇਟੀ' ਵਿਚ ਕਾਫ਼ੀ ਸਮੇਂ ਤੋਂ ਲਮਕ ਰਿਹਾ ਸੀ। ਇਸਤੋਂ ਬਿਨਾਂ ਇਸਨੇ ਆਪਣੀ ਸਰਕਾਰ ਨੂੰ ਆਪਣੇ ਪੂਰਣ ਅਧਿਕਾਰੀ ਵੱਲੋਂ ਮਨੋਨੀਤ ਕੀਤੇ ਪ੍ਰੋਗਰਾਮਾਂ ਅਨੁਸਾਰ ਕਾਰਵਾਈ ਚਾਲੂ ਰੱਖਣ ਲਈ ਪ੍ਰੇਰਿਆ। ਇਨ੍ਹਾਂ ਵਿਚ ਟੈਕਸ ਘਟਾਉਣ ਸਬੰਧੀ ਐਕਟ ਬਣਾਉਣਾ, ਸਿੱਖਿਆ, ਨੌਜਵਾਨਾਂ ਦੇ ਰੋਜ਼ਗਾਰ ਅਵਸਰਾਂ ਸਬੰਧੀ ਬਿਲ ਅਤੇ ਬਦੇਸ਼ੀ ਸਹਾਇਤਾ ਵਿਧਾਨਸਾਜ਼ੀ ਦੇ ਪ੍ਰੋਗਰਾਮ ਸ਼ਾਮਲ ਸਨ। ਗੱਲ ਕੀ ਜਾਨਸਨ ਨੇ ਛੇਤੀ ਹੀ ਆਪਣੇ ਆਪਨੂੰ ਇਕ ਧੜੱਲੇਦਾਰ ਪ੍ਰੈਜ਼ੀਡੈਂਟ ਸਾਬਤ ਕਰ ਦਿੱਤਾ। ਇਹ ਸੰਯੁਕਤ ਰਾਜ ਦੇ ਵਿਧਾਨਕ ਪ੍ਰੋਗਰਾਮ ਨੂੰ ਉਦਾਰਵਾਦੀ ਨੀਤੀ ਤੇ ਚਲਾਉਣ ਉਪਰ ਤੁਲਿਆ ਅਤੇ ਇਸ ਦੇ ਨਾਲ ਨਾਲ ਇਸਨੇ ਅਮਰੀਕਾ ਦੀ ਰਾਜਨੀਤੀ ਵਿਚ ਵਿਚਕਾਰਲਾ ਰਸਤਾ ਅਪਣਾ ਲਿਆ। ਗਣਰਾਜਵਾਦੀਆਂ ਵਿਚਕਾਰ ਮਹਿੰਗੇ ਸਮਝੇ ਜਾਂਦੇ ਜਮਹੂਰੀ ਕਾਰਜ ਕ੍ਰਮ (ਪ੍ਰੋਗਰਾਮ) ਦੀ ਪੁਸ਼ਟੀ ਵਿਚ ਇਸਨੇ ਉਨ੍ਹਾਂ ਦੀ ਆਸ ਨਾਲੋਂ ਕਿਤੇ ਘੱਟ ਬੱਜਟ ਪੇਸ਼ ਕਰ ਦਿਖਾਇਆ। ਸਰਕਾਰੀ ਪੱਧਰ ਤੇ ਆਰਥਕ ਦਸ਼ਾ ਅਤੇ ਸੰਜਮ ਉਪਰ ਜ਼ੋਰ ਦਿੰਦਿਆਂ ਇਸਨੇ 'ਵ੍ਹਾਈਟ ਹਾਊਸ' ਦੀਆਂ ਬੇਲੋੜੀਆਂ ਬਿਜਲੀਆਂ ਬੰਦ ਕਰਨ ਵੱਲ ਵੀ ਸੰਕੇਤ ਕੀਤਾ ਜਿਸਦੇ ਫ਼ਲਸਰੂਪ ਵਪਾਰੀ ਤਬਕੇ ਉਪਰ ਇਸ ਦਾ ਬੜਾ ਪ੍ਰਭਾਵ ਪਿਆ। ਜਾਨਸਨ ਦੇ ਘਰੇਲੂ ਸੁਧਾਰ ਪ੍ਰੋਗਰਾਮ ਜਿਸ ਦੇ ਅਧੀਨ ਜਾਨਸਨ ਦਾ ਮੰਤਵ 'ਵਧੀਆ ਸਮਾਜ' ਦੀ ਸਿਰਜਣਾ ਕਰਨਾ ਸੀ, ਵੀ ਕਾਫ਼ੀ ਹੱਦ ਤੀਕ ਕਾਮਯਾਬ ਰਹੇ ਪਰ, ਬਾਅਦ ਵਿਚ ਜਾਨਸਨ ਦੇ ਉਪਰੋਕਤ ਸੁਧਾਰਵਾਦੀ ਪ੍ਰੋਗਰਾਮਾਂ ਦਾ ਅਸਰ, ਇੰਡੋਚਾਈਨਾ ਦੇ ਮਾਮਲੇ ਵਿਚ ਸੰਯੁਕਤ ਰਾਜ ਦੀ ਫ਼ੌਜੀ ਸੰਖਿਆ ਵਧਾਉਣ ਕਾਰਨ ਖ਼ਰਾਬ ਹੋ ਗਿਆ। ਦੂਜੇ ਪਾਸੇ ਚਾਹੇ ਇਸਨੇ ਕੈਨੇਡੀ ਦੀ ਮੌਤ ਤੋਂ ਪਿੱਛੋਂ ਬਦੇਸ਼ੀ ਪ੍ਰਤਿਨਿਧਾਂ ਨੂੰ ਸੰਯੁਕਤ ਰਾਜ ਦੀ ਬਦੇਸ਼ੀ ਪਾਲਿਸੀ ਬਾਰੇ ਪੂਰੀ ਤਸੱਲੀ ਵੀ ਦਿੱਤੀ ਹੋਈ ਸੀ। ਵਿਸ਼ੇਸ਼ ਤੌਰ ਤੇ ਦੁਸ਼ਮਣੀ ਨਾ ਵਧਾਉਣ ਸਬੰਧੀ ਵਚਨਬੱਧ ਹੋਣ ਦੇ ਬਾਵਜੂਦ ਵੀ ਖ਼ੁਦ ਪ੍ਰੈਜ਼ੀਡੈਂਟ ਜਾਨਸਨ ਅਤੇ ਉਸਦੇ ਸਲਾਹਕਾਰ ਇਸ ਗੱਲੋਂ ਚਿੰਤਾਤੁਰ ਹੋ ਗਏ ਕਿ ਕਿਤੇ ਦੱਖਣੀ ਵੀਅਤਨਾਮ ਕਮਿਊਨਿਸਟਾਂ ਦੇ ਹਮਲੇ ਵਿਚ ਸ਼ਾਮਲ ਨਾ ਹੋ ਜਾਵੇ। ਇਸੇ ਤੌਖ਼ਲੇ ਕਾਰਨ ਅਮਰੀਕਾ ਨੇ ਦਖ਼ਲ-ਅੰਦਾਜ਼ੀ ਜ਼ਿਆਦਾ ਕਰਨੀ ਸ਼ੁਰੂ ਕਰ ਦਿੱਤੀ ਜਿਸਦੇ ਸਿੱਟੇ ਵਜੋਂ ਹਰ ਕਦਮ ਤੇ ਨਵੇਂ ਦੁਸ਼ਮਣ ਦਾ ਸਾਹਮਣਾ ਕਰਨਾ ਪਿਆ। ਅੰਤ ਨੂੰ ਇਸ ਮੁੱਠ-ਭੇੜ ਦਾ ਅੰਤ ਨਾ ਹੁੰਦਾ ਦੇਖ ਕੇ ਪਬਲਿਕ ਨੇ ਪ੍ਰੈਜ਼ੀਡੈਂਟ ਦਾ ਸਾਥ ਛੱਡ ਦਿੱਤਾ।

31 ਮਾਰਚ, 1968 ਨੂੰ ਜਾਨਸਨ ਨੇ ਐਲਾਨ ਕਰ ਦਿੱਤਾ ਕਿ ਉਹ ਪਾਰਟੀ ਵੱਲੋਂ ਨਾ ਤਾਂ ਮੁੜ ਨਾਮਜ਼ਦਗੀ ਚਾਹੇਗਾ ਤੇ ਨਾ ਹੀ ਉਸ ਨੂੰ ਕਬੂਲ ਕਰੇਗਾ। ਇਸ ਤੋਂ ਕੁਝ ਮਹੀਨੇ ਪਿੱਛੋਂ ਇਹ ਆਪਣੇ ਜੱਦੀ ਘਰ ਆ ਕੇ ਰਹਿਣ ਲੱਗਾ ਅਤੇ ਮੁੜ ਪਸ਼ੂ ਪਾਲਣ ਦਾ ਪੁਰਾਣਾ ਕਿੱਤਾ ਸ਼ੁਰੂ ਕੀਤਾ। ਇਸ ਸਮੇਂ ਜਾਨਸਨ ਨੇ ਆਪਣੇ ਪ੍ਰੈਜ਼ੀਡੈਂਟ ਹੋਣ ਵੇਲੇ ਦੀ ਹੱਡ-ਬੀਤੀ ਲਿਖੀ।

22 ਜਨਵਰੀ, 1973 ਨੂੰ ਦਿਲ ਦਾ ਦੌਰਾ ਪੈਣ ਕਰਕੇ ਜਾਨਸਨ ਦੀ ਸਾਨ ਆਨਟੋਨੀਓ ਵਿਖੇ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 13:41

**ਜਾਨਸਨ, ਵਿਲੀਅਮ** : ਸੰਯੁਕਤ ਰਾਜ ਅਮਰੀਕਾ ਦੇ ਇਸ ਕਾਨੂੰਨਦਾਨ ਅਤੇ ਸੁਪਰੀਮ ਕੋਰਟ ਦੇ ਐਸੋਸੀਏਟ ਜੱਜ ਦਾ ਜਨਮ ਸਾਊਥ ਕੈਰੋਲੀਨਾ ਰਾਜ ਵਿਚ ਚਾਰਲਸਟਨ ਵਿਖੇ 27 ਦਸੰਬਰ, 1771 ਨੂੰ ਹੋਇਆ। ਵਿਦਿਆ ਪ੍ਰਾਪਤ ਕਰਨ ਪਿੱਛੋਂ 1793 ਈ: ਵਿਚ ਇਸ ਨੇ ਵਕਾਲਤ ਸ਼ੁਰੂ ਕੀਤੀ। ਸੰਨ 1794 ਤੋਂ 1798 ਤੱਕ ਇਹ ਅਸੈਂਬਲੀ ਦਾ ਮੈਂਬਰ ਰਿਹਾ ਅਤੇ ਕੁਝ ਸਮੇਂ ਲਈ ਸਪੀਕਰ ਵੀ ਬਣਿਆ। ਸੰਨ 1804 ਵਿਚ ਜੈਫ਼ਰਸਨ ਨੇ ਇਸ ਨੂੰ ਸੁਪਰੀਮ ਕੋਰਟ ਦਾ ਜੱਜ ਬਣਾ ਦਿੱਤਾ।

ਵਿਲੀਅਮ ਜਾਨਸਨ ਨੇ ਸੁਪਰੀਮ ਕੋਰਟ ਦੇ ਜੱਜ ਵਜੋਂ 30 ਸਾਲਾਂ ਦੀ ਸੇਵਾ ਦੌਰਾਨ ਕੋਰਟ ਦੀਆਂ ਕਈ ਰਵਾਇਤਾਂ ਕਾਇਮ ਕੀਤੀਆਂ ਅਤੇ ਇਸ ਦੇ ਫ਼ੈਸਲਿਆਂ ਨੂੰ ਲਾਗੂ ਕੀਤਾ। ਇਸ ਦੌਰਾਨ ਇਹ ਇਕ ਦ੍ਰਿੜ੍ਹ ਇਰਾਦੇ ਵਾਲਾ ਵਿਅਕਤੀ ਸਾਬਤ ਹੋਇਆ ਅਤੇ ਇਸ ਨੇ ਰਿਪਬਲਿਕਨ ਧਾਰਾਨਾਵਾਂ ਨੂੰ ਅਮਲੀ ਜਾਮਾ ਪਹਿਨਾਇਆ। ਇਸ ਦੀ ਸਖ਼ਤ ਕਲਾਮੀ ਦੇ ਕਾਰਨ ਕੁਝ ਚਿਰ ਖੁਲ੍ਹੇ ਆਮ ਆਲੋਚਨਾ ਹੋਈ ਅਤੇ ਇਹ ਬੁਰਕਲਿਨ (ਨਿਊਯਾਰਕ) ਚਲਾ ਗਿਆ। ਕਈ ਪੈਂਫਲਿਟ ਅਤੇ ਲੇਖ ਛਪਵਾਉਣ ਤੋਂ ਇਲਾਵਾ ਇਸ ਨੇ 'ਸਕੈਚਿਜ਼ ਆਫ਼ ਦੀ ਲਾਈਫ਼ ਐਂਡ ਕਾੱਰਸਪਾਂਡੈਂਸ ਆਫ਼ ਨਾਥੈਨੀਅਲ ਗ੍ਰੀਨ' (1822) ਵੀ ਪ੍ਰਕਾਸ਼ਿਤ ਕੀਤੀ। 4 ਅਗਸਤ, 1934 ਨੂੰ ਬੁਰਕਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਇਨ. 13 : 52; ਐਨ. ਅਮੈ. 16 : 181

**ਜਾਨਸ਼ੀਨੀ ਕਾਨੂੰਨ** : ਜਾਨਸ਼ੀਨੀ ਤੋਂ ਭਾਵ ਹੈ ਕਿਸੇ ਵਿਅਕਤੀ ਦੀ ਮੌਤ ਪਿਛੋਂ ਉਸ ਦਾ ਕੋਈ ਵਾਰਸ ਬਣਨਾ। ਇਸ ਦਾ ਭਾਵ ਹੈ ਕਿਸੇ ਵਿਅਕਤੀ ਦੀ ਮੌਤ ਪਿੱਛੋਂ ਉਸ ਦੀ ਜਾਇਦਾਦ ਦਾ ਉਸ ਦੇ ਵਾਰਸਾਂ ਵਿਚ ਵੰਡ ਜਾਣਾ। ਕਿਸੇ ਵਿਅਕਤੀ ਦੀ ਪਿੱਛੇ ਛੱਡੀ ਹੋਈ ਜਾਇਦਾਦ ਕਿਵੇਂ ਤੇ ਕਿਸ ਤਰੀਕੇ ਨਾਲ ਵਾਰਸਾਂ ਵਿਚ ਵੰਡੀ ਜਾਵੇ, ਇਹ ਦੱਸਣਾ ਜਾਨਸ਼ੀਨੀ ਕਾਨੂੰਨ ਦੇ ਘੇਰੇ ਵਿਚ ਆਉਂਦਾ ਹੈ। ਆਦਮੀ ਦੇ ਮਰਨ ਉਪਰੰਤ ਹੀ ਜਾਨਸ਼ੀਨੀ ਲਾਗੂ ਹੁੰਦੀ ਹੈ।

ਭਾਰਤ ਵਿਚ ਸੁਤੰਤਰਤਾ ਤੋਂ ਪਹਿਲਾਂ ਜਾਨਸ਼ੀਨੀ ਜਾਂ ਵਿਰਾਸਤ ਦੇ ਦੋ ਹੀ ਤਰੀਕੇ ਸਨ। ਇਕ ਤਰੀਕੇ ਦਾ ਨਾਂ ਦਿਆਭਾਗਾ ਸਕੂਲ ਹੈ ਤੇ ਦੂਜੇ ਦਾ ਮਿਤਾਕਸ਼ਰਾ। ਪਹਿਲਾ ਤਰੀਕਾ ਕੇਵਲ ਬੰਗਾਲ ਪ੍ਰਾਂਤ ਵਿਚ ਤੇ ਦੂਜਾ ਬੰਗਾਲ ਨੂੰ ਛੱਡ ਕੇ ਸਮੁਚੇ ਭਾਰਤ ਵਿਚ ਲਾਗੂ ਹੁੰਦਾ ਸੀ। ਭਾਰਤ ਦਾ ਸਮਾਜਕ ਢਾਂਚਾ ਸ਼ੁਰੂ ਤੋਂ ਮਰਦ-ਪ੍ਰਧਾਨ ਰਿਹਾ ਹੈ, ਜਿਸ ਕਾਰਨ ਪਰਿਵਾਰ ਦੇ ਕਰਤਾ ਦੀ ਮੌਤ ਪਿਛੋਂ ਪੁੱਤਰਾਂ ਨੂੰ ਹੀ ਉਸ ਦਾ ਵਾਰਸ ਸਮਝਿਆ ਜਾਂਦਾ ਸੀ ਤੇ ਸਭ ਤੋਂ ਵੱਡੇ ਜ਼ਿੰਮੇਵਾਰ ਵਿਅਕਤੀ, ਜਿਸ ਨੂੰ ਕਰਤਾ ਕਿਹਾ ਜਾਂਦਾ ਹੈ, ਦੀ ਮੌਤ ਪਿੱਛੋਂ ਜਾਇਦਾਦ ਉਸ ਦੇ ਲੜਕਿਆਂ ਨੂੰ ਦਿੱਤੀ ਜਾਂਦੀ ਸੀ। ਇਸਤਰੀਆਂ ਨੂੰ ਕੇਵਲ ਗੁਜ਼ਾਰੇ ਵਾਸਤੇ ਹੀ ਕੁਝ ਜਾਇਦਾਦ ਦਿੱਤੀ ਜਾਂਦੀ ਸੀ। ਉਹ ਜਾਇਦਾਦ ਵੀ ਉਨ੍ਹਾਂ ਦੇ ਮਰਨ ਪਿੱਛੋਂ ਪਰਿਵਾਰ ਦੇ ਮਰਦਾਂ ਕੋਲ ਹੀ ਚਲੀ ਜਾਂਦੀ ਸੀ। ਇਸਤਰੀਆਂ ਨੂੰ ਕਿਸੇ ਵਿਅਕਤੀ ਦਾ ਵਾਰਸ ਨਹੀਂ ਸੀ ਸਮਝਿਆ ਜਾਂਦਾ।

ਫਿਰ ਜਦੋਂ 1951 ਈ: ਵਿਚ ਭਾਰਤ ਦਾ ਸੰਵਿਧਾਨ ਬਣਿਆ ਤਾਂ ਵਿਸ਼ਿਆਂ ਸਬੰਧੀ ਕਾਨੂੰਨ ਬਣਾਉਣ ਦੀ ਸਮਝੀ ਸੂਚੀ ਵਿਚ ਮੱਦ ਨੰਬਰ 5 ਤੇ ਇਹ ਲਿਖਿਆ ਗਿਆ ਕਿ ਕੇਂਦਰੀ ਅਤੇ ਪ੍ਰਾਂਤਕ ਸਰਕਾਰਾਂ ਜਾਨਸ਼ੀਨੀ ਸਬੰਧੀ ਕਾਨੂੰਨ ਬਣਾ ਸਕਦੀਆਂ ਹਨ। ਇਸ ਦੇ ਸਿੱਟੇ ਵਜੋਂ ਕੇਂਦਰੀ ਸਰਕਾਰ ਨੇ 1956 ਈ: ਵਿਚ ਹਿੰਦੂ ਜਾਨਸ਼ੀਨੀ ਕਾਨੂੰਨ ਬਣਾਇਆ ਜੋ ਕਿ ਸਾਰੇ ਹੀ ਭਾਰਤ ਵਿਚ ਲਾਗੂ ਕੀਤਾ ਗਿਆ। ਇਸ ਕਾਨੂੰਨ ਦੀ ਸਭ ਤੋਂ ਵੱਡੀ ਇਨਕਲਾਬੀ ਗੱਲ ਇਹ ਸੀ ਕਿ ਇਸਤਰੀਆਂ ਨੂੰ ਵੀ ਮਰਦਾਂ ਦੇ ਬਰਾਬਰ ਦਾ ਦਰਜਾ ਦੇ ਕੇ ਉਨ੍ਹਾਂ ਨੂੰ ਮਰਨ ਵਾਲੇ ਵਿਅਕਤੀ ਦਾ ਵਾਰਸ ਮੰਨਿਆ ਗਿਆ। ਜੋ ਜਾਇਦਾਦ ਇਸਤਰੀ ਕੋਲ ਇਸ ਕਾਨੂੰਨ ਦੇ ਬਣਨ ਤਕ ਕੇਵਲ ਜੀਵਨ ਨਿਰਬਾਹ ਲਈ ਸੀ, ਉਸ ਨੂੰ ਉਸ ਜਾਇਦਾਦ ਦਾ ਪੂਰਨ ਰੂਪ ਵਿਚ ਮਾਲਕ ਬਣਾ ਦਿੱਤਾ ਗਿਆ। ਇਸ ਐਕਟ ਜਾਂ ਕਾਨੂੰਨ ਵਿਚ ਵਾਰਸਾਂ ਦੀ ਇਕ ਸੂਚੀ ਵੀ ਦਰਜ ਕੀਤੀ ਗਈ ਜਿਸ ਅਨੁਸਾਰ ਮੌਤ ਪਿੱਛੋਂ ਕਿਸੇ ਵੀ ਵਿਅਕਤੀ ਦੀ ਜਾਇਦਾਦ ਨੂੰ ਕਿਵੇਂ ਤਕਸੀਮ ਕੀਤਾ ਜਾਣਾ ਹੈ, ਇਸ ਗੱਲ ਦਾ ਉਲੇਖ ਹੈ।

ਇਸ ਤੋਂ ਇਲਾਵਾ ਇਸ ਕਾਨੂੰਨ ਵਿਚ ਇਹ ਵੀ ਦਰਜ ਕੀਤਾ ਗਿਆ ਹੈ ਕਿ ਮਰਨ ਵਾਲਾ ਵਿਅਕਤੀ ਕੇਵਲ ਆਪਣੇ ਹਿੱਸੇ ਦੀਆਂ ਜੱਦੀ ਜਾਇਦਾਦਾਂ ਬਾਰੇ ਹੀ ਵਸੀਅਤ ਕਰ ਸਕਦਾ ਹੈ ਤੇ ਜੋ ਹਿੱਸਾ ਉਸ ਦੇ ਵਾਰਸਾਂ ਦਾ ਬਣਦਾ ਹੋਵੇ ਉਸ ਬਾਰੇ ਵਸੀਅਤ ਕਰਕੇ ਉਹ ਵਿਅਕਤੀ ਅਜਿਹੀ ਜਾਇਦਾਦ ਕਿਸੇ ਹੋਰ ਨੂੰ ਨਹੀਂ ਦੇ ਸਕਦਾ ਜਿਸ ਦਾ ਭਾਵ ਇਹ ਹੋਇਆ ਕਿ ਉਹ ਬੱਚਾ ਜੋ ਅਜੇ ਗਰਭ ਵਿਚ ਹੀ ਹੈ ਉਸ ਦਾ ਵੀ ਸਾਂਝੇ ਪਰਿਵਾਰ ਦੇ ਦੂਜੇ ਮਰਦ ਮੈਂਬਰਾਂ ਵਾਂਗ ਹਿੱਸਾ ਕਾਇਮ ਹੋ ਜਾਂਦਾ ਹੈ। ਚਾਰ ਪੀੜ੍ਹੀਆਂ ਤਕ ਦੇ ਵਿਅਕਤੀਆਂ ਨੂੰ ਸਾਂਝੇ ਪਰਿਵਾਰ ਦਾ ਮੈਂਬਰ ਸਮਝਿਆ ਜਾਂਦਾ ਹੈ ਜਿਵੇਂ ਪੁੱਤਰ, ਪੋਤਰਾ, ਪੜਪੋਤਰਾ।

ਸੰਨ 1956 ਦੇ ਕਾਨੂੰਨ ਬਣਨ ਤੋਂ ਪਹਿਲਾਂ ਹਿੰਦੂ ਕਾਨੂੰਨ ਜੋ ਕਿ ਰਸਮਾਂ ਰਿਵਾਜਾਂ, ਉੱਤੇ ਅਧਾਰਿਤ ਸੀ, ਨੂੰ ਖ਼ਤਮ ਕਰ ਦਿੱਤਾ ਗਿਆ, ਕਿਉਂਕਿ ਉਸ ਵਿਚ ਬਹੁਤ ਸਾਰੇ ਤੌਖ਼ਲੇ ਸਨ ਜਿਸ ਕਾਰਨ ਕਿਸੇ ਦੀ ਮੌਤ ਪਿੱਛੋਂ ਜਾਇਦਾਦ ਨੂੰ ਤਕਸੀਮ ਕਰਨ ਵਿੱਚ ਬੜੇ ਅਜੀਬ ਜਿਹੇ ਮਸਲੇ ਤੇ ਉਲਝਣਾਂ ਪੈਦਾ ਹੋ ਜਾਂਦੀਆਂ ਸਨ, ਜਿਵੇਂ ਕਿ ਜਿਨ੍ਹਾਂ ਇਲਾਕਿਆਂ ਵਿਚ ਇਸਤਰੀ-ਪ੍ਰਧਾਨ ਪਰਿਵਾਰ ਹੁੰਦੇ ਹਨ ਉਥੇ ਵੀ 1956 ਈ. ਦੇ ਕਾਨੂੰਨ ਨੂੰ ਸਿੱਧੇ ਪੱਧਰੇ ਢੰਗ ਨਾਲ ਲਾਗੂ ਕੀਤਾ ਗਿਆ ਹੈ। ਉਹ ਇਲਾਕੇ ਅਲਾਬਾਰ, ਕੋਨਕਨ ਆਦਿ ਹਨ।

–ਕਪੂਰ ਸਿੰਘ ਚੀਮਾ

**ਜਾਨ, ਸੇਂਟ (ਆਫ਼ ਕੈਪਿਸਟ੍ਰਾਨੋ)** : ਇਟਲੀ ਦੇ ਇਸ ਧਰਮ-ਉਪਦੇਸ਼ਕ ਅਤੇ ਪ੍ਰਚਾਰਕ ਦਾ ਜਨਮ ਕੈਪਿਸਟ੍ਰਾਨੋ ਵਿਖੇ ਹੋਇਆ। ਪੈਰੂਜੀਆ ਵਿਖੇ ਕਾਨੂੰਨ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਇਹ ਆਪਣੇ ਜੱਦੀ ਸ਼ਹਿਰ ਵਿਖੇ ਮੈਜਿਸਟਰੇਟ ਲੱਗ ਗਿਆ। ਪੱਛਮੀ ਸੰਪ੍ਰਦਾਇਕ ਫੁੱਟ ਦਾ ਕਾਰਨ ਬਣ ਜਾਣ ਕਾਰਨ ਇਸ ਨੂੰ ਕੈਦ ਹੋ ਗਈ। ਕੈਦ ਦੌਰਾਨ ਹੀ ਇਸ ਵਿਚ ਭਾਵਾਤਮਕ ਪਰਿਵਰਤਨ ਆਇਆ ਅਤੇ ਇਸ ਨੇ ਆਪਣਾ ਸਾਰਾ ਜੀਵਨ ਸੰਪ੍ਰਦਾਇਕ ਫੁੱਟ ਨਾਲ ਹੋਏ ਜ਼ਖ਼ਮਾਂ ਨੂੰ ਭਰਨ ਵਿਚ ਲਗਾਉਣ ਦਾ ਫ਼ੈਸਲਾ ਕੀਤਾ। ਸੰਨ 1416 ਵਿਚ ਇਹ ਫ੍ਰਾਂਸਿਸਕੀ ਬਣ ਗਿਆ। ਇਹ ਆਪਣੀ ਸਦੀ ਦਾ ਸਭ ਤੋਂ ਪ੍ਰਸਿੱਧ ਫ੍ਰਾਂਸਿਸਕੀ ਪਾਦਰੀ ਸੀ। ਇਸ ਨੇ ਸਿਧਾਂਤਕ ਅਤੇ ਸਮਾਜਕ ਤਾਲਮੇਲ ਨੂੰ ਪੁਨਰ ਸਥਾਪਿਤ ਕਰਨ ਅਤੇ ਰੋਗੀਆਂ ਦੀ ਦੇਖ-ਭਾਲ ਅਤੇ ਸਿੱਖਿਆ ਨੂੰ ਉੱਨਤ ਕਰਨ ਦੀ ਕੋਸ਼ਿਸ਼ ਕੀਤੀ।

ਪਲੇਗ ਕਾਰਨ 23 ਅਕਤੂਬਰ, 1456 ਨੂੰ ਇਸ ਦੀ ਮੌਤ ਹੋ ਗਈ। ਸੰਨ 1724 ਵਿਚ ਇਸ ਨੂੰ ਸੰਤ ਦੇ ਤੌਰ ਤੇ ਮਾਨਤਾ ਦਿੱਤੀ ਗਈ। 28 ਮਾਰਚ ਨੂੰ ਇਸ ਦਾ ਪੂਰਬ ਮਨਾਇਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. 13 : 17

**ਜਾਨ, ਸੇਂਟ (ਆਫ਼ ਗਾੱਡ)** : ਲੋਕ ਸੇਵੀ ਸੰਸਥਾ 'ਹਾਸਪੀ-ਟਲਰ ਆਰਡਰ' ਦੇ ਇਸ ਸੰਸਥਾਪਕ ਦਾ ਜਨਮ 8 ਮਾਰਚ, 1495 ਨੂੰ ਮਾਂਟੀਮੋਰ ਵਿਖੇ ਹੋਇਆ। ਚਰਵਾਹੇ ਦੇ ਜੀਵਨ ਨੂੰ ਛੱਡ ਕੇ ਇਹ ਆਸਟ੍ਰੀਆ ਦੀ ਸੈਨਾ ਵਿਚ ਭਰਤੀ ਹੋ ਗਿਆ, ਜੋ ਉਸ ਸਮੇਂ ਤੁਰਕਾਂ ਨਾਲ ਲੋਹਾ ਲੈ ਰਹੀ ਸੀ। ਇਸੇ ਦੌਰਾਨ ਇਸ ਨੇ ਧਰਮ ਦਾ ਤਿਆਗ ਕਰ ਦਿੱਤਾ ਪਰ ਲਗਭਗ 40 ਸਾਲ ਦੀ ਉਮਰ ਹੋਣ ਤੇ ਇਸ ਨੇ ਆਪਣੇ ਇਸ ਫ਼ੈਸਲੇ ਤੇ ਪਛਤਾਵਾ ਕੀਤਾ। ਉੱਤਰੀ ਅਮਰੀਕਾ ਤੋਂ ਗ੍ਰੇਨਾਡਾ ਵਾਪਸ ਆਉਣ ਤੇ ਇਹ ਜਾਨ ਆਫ਼ ਐਵੀਲਾ ਦੇ ਉਪਦੇਸ਼ਾਂ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਇਸ ਨੇ ਸਾਰੀ ਉਮਰ ਗਰੀਬਾਂ ਅਤੇ ਰੋਗੀਆਂ ਦੀ ਦੇਖ ਭਾਲ ਕਰਨ ਦਾ ਨਿਸ਼ਚਾ ਕੀਤਾ। ਇਸ ਮੰਤਵ ਲਈ ਇਸ ਨੇ ਇਕ ਮਕਾਨ ਕਿਰਾਏ ਤੇ ਲਿਆ।

8 ਮਾਰਚ, 1550 ਨੂੰ ਇਸ ਦੀ ਮੌਤ ਤੋਂ ਬਾਅਦ ਇਸ ਦੇ ਸਹਿਯੋਗੀ ਆਨਟੋਨੀਓ ਮਾਰਟੀਨੋ ਨੇ ਇਸ ਸੰਸਥਾ ਨੂੰ ਸੰਭਾਲਿਆ। ਇਹ ਮੱਤ ਇਟਲੀ, ਸਪੇਨ, ਫਰਾਂਸ ਅਤੇ ਮੱਧ ਯੂਰਪ ਵਿਚ ਫੈਲਿਆ। ਸੰਨ 1690 ਵਿਚ ਇਸ ਨੂੰ ਸੰਤ ਦੇ ਤੌਰ ਤੇ ਮਾਨਤਾ ਪ੍ਰਾਪਤ ਹੋਈ ਅਤੇ 1836 ਈ. ਵਿਚ ਇਸ ਨੂੰ ਹਸਪਤਾਲਾਂ ਅਤੇ ਰੋਗੀਆਂ ਦਾ ਸਰਪ੍ਰਸਤ ਘੋਸ਼ਿਤ ਕੀਤਾ ਗਿਆ। 8 ਮਾਰਚ ਇਸ ਦੇ ਉਤਸਵ ਦਾ ਦਿਨ ਹੈ।

ਹ. ਪੁ.–ਐਨ. ਬ੍ਰਿ. 13 : 18

**ਜਾਨ, ਸੇਂਟ (ਆਫ਼ ਦੀ ਕ੍ਰਾਸ)** : ਇਹ ਸਪੇਨ ਦਾ ਮਹਾਨ ਰੋਦੀ ਕਵੀ ਤੇ ਹੁਣ ਤਕ ਦੇ ਮਹਾਨ ਰਹੱਸਵਾਦੀਆਂ ਵਿਚੋਂ ਇਕ ਸੀ। ਾਂਟੀ ਵੈਰੋਸ ਵਿਖੇ 1542 ਈ. ਵਿਚ ਇਸ ਦਾ ਜਨਮ ਹੋਇਆ। ਇਹ 567 ਈ. ਵਿਚ ਪਾਦਰੀ ਬਣਿਆ। ਸੰਨ 1568 ਤੋਂ ਆਇਲਾ ਦੇ ਸੇਂਟ ਰੈਸ ਨੇ ਇਸ ਨੂੰ ਸੁਧਾਰ ਕਰਨ ਦੇ ਕੰਮ ਵਿਚ ਮੱਦਦ ਲਈ ਨਾਲ ਲਾ ਤ੍ਰਿਆ। ਮਗਰੋਂ ਇਸ ਨੇ ਡਿਸਕੈਲਸਿਡ ਕਾਰਖੇਲਾਈਟ ਸਥਾਪਿਤ ਕਰਨ ਵਚ ਹਿੱਸਾ ਲਿਆ। ਸੁਧਾਰ ਵਿਰੋਧੀ ਲੋਕਾਂ ਨੇ ਇਸ ਨੂੰ ਦੋ ਵਾਰ ਅਗਵਾ ੀਤਾ ਅਤੇ 1576 ਅਤੇ 1577-78 ਈ. ਵਿਚ ਕੈਦ ਕੀਤਾ ਪਰ ਅੰਤ ਵਚ ਇਸ ਨੂੰ ਐਡਲੂਜ਼ੀਆ ਦੇ ਵਿਕਾਰ ਦਾ ਉੱਚਾ ਅਹੁਦਾ ਪ੍ਰਾਪਤ ੀਇਆ। ਇਸ ਦੀ ਮੌਤ ਉਬੇਦਾ ਵਿਖੇ 14 ਦਸੰਬਰ, 1591 ਨੂੰ ਹੋਈ। ਤਸ ਨੂੰ 1726 ਈ. ਵਿਚ ਸੰਤ ਦਾ ਦਰਜਾ ਦਿੱਤਾ ਗਿਆ। ਸੰਨ 1926 ਵਚ ਇਸ ਨੂੰ ਡਾਕਟਰ ਆਫ਼ ਚਰਚ ਦੀ ਉਪਾਧੀ ਦਿੱਤੀ ਗਈ।

ਇਸ ਦੀਆਂ ਰਚਨਾਵਾਂ ਗੱਦ ਅਤੇ ਪਦ ਦੋਹਾਂ ਰੂਪਾਂ ਵਿਚ ਹਨ। ਤਸ ਦੀਆਂ ਰਹੱਸਾਤਮਕ ਕਵਿਤਾਵਾਂ ਨਾਲ ਇਸ ਨੇ ਆਪ ਟਿੱਪਣੀ ਵੀ ਤੱਤੀ ਹੈ। ਇਸ ਨੇ ਕਥਾ ਕਾਵਿ ਤੇ ਗਲੋਸਾ ਲਿਖੇ। ਗਲੋਸਾ ਇਕ ਅਜਿਹਾ ਂਦ ਹੁੰਦਾ ਹੈ ਜਿਸ ਦਾ ਕੇਂਦਰ ਬਿੰਦੂ ਮੁੱਖ ਪੰਗਤੀ ਹੁੰਦੀ ਹੈ। ਇਸ ਨੇ ਮਾਪਣੀਆਂ ਕਵਿਤਾਵਾਂ ਤੇ ਟਿੱਪਣੀ ਲਿਖ ਕੇ ਆਪਣੇ ਵਿਚਾਰ ਇੰਨੀ ਂਗੀ ਤਰ੍ਹਾਂ ਪ੍ਰਗਟ ਕੀਤੇ ਹਨ ਕਿ ਉਸ ਦੀ ਨਜ਼ੀਰ ਨਹੀਂ ਮਿਲਦੀ।

ਇਸ ਨੇ ਗੀਤ ਕਾਵਿ ਦੀਆਂ ਸਿਖ਼ਰਾਂ ਨੂੰ ਛੂਹਿਆ ਹੈ। ਪਰ ੰਧਿਕ੍ਤਾ ਦੀ ਪ੍ਰਧਾਨਤਾ ਹੋਣ ਕਾਰਨ ਇਸ ਦੀਆਂ ਕਵਿਤਾਵਾਂ ਆਮ ਨੋਕਾਂ ਦੀ ਸਮਝ ਤੋਂ ਪਰੇ ਹਨ। ਇਸ ਨੇ ਪ੍ਰਤੀਕਾਂ ਦਾ ਸਹਾਰਾ ਲੈ ਕੇ ਮਾਪਣੇ ਰਹੱਸਾਤਮਕ ਵਿਚਾਰ ਪ੍ਰਗਟ ਕਰਨ ਦਾ ਯਤਨ ਕੀਤਾ। ਇਸ ਈਆਂ ਪ੍ਰਸਿੱਧ ਰਚਨਾਵਾਂ 'Canticoespiritual, Noche Oscura' ਤੇ Llama deamarviva' ਹਨ।

ਹ. ਪੁ.–ਐਨ. ਬ੍ਰਿ. 13 : 84

**ਜਾਨ, ਸੇਂਟ (ਦਮਿਸ਼ਕਵਾਸੀ)** : ਇਸ ਉੱਘੇ ਧਰਮ-ਸ਼ਾਸਤਰੀ ਅਤੇ ਪ੍ਰਚਾਰਕ ਦਾ ਜਨਮ 675 ਈ. ਦੇ ਲਗਭਗ ਦਮਿਸ਼ਕ ਵਖੇ ਹੋਇਆ। ਅਰਬੀ ਵਿਚ ਇਸ ਦਾ ਉਪ ਨਾਂ 'ਮਨਸੂਰ' ਸੀ। ਆਪਣੇ ਪਤਾ ਤੋਂ ਬਾਅਦ ਇਹ ਖ਼ਲੀਫਾ ਦੀਆਂ ਫ਼ੌਜਾਂ ਦਾ ਕੰਪਟ੍ਰੋਲਰ ਬਣਿਆ। ਹਾਲਾਂਕਿ ਇਹ ਅਨਾੜੀ ਸੀ ਫਿਰ ਵੀ ਇਸ ਨੇ 730 ਈ. ਦੇ ਲਗਭਗ ਪਵਿੱਤਰ ਮੂਰਤੀਆਂ ਦੇ ਸਮਰਥਨ ਵਿਚ ਤਿੰਨ ਖੋਜ-ਗ੍ਰੰਥ ਲਿਖੇ। ਮਗਰੋਂ ਏਹ ਮਾਰ ਸਾਬਾ ਦੇ ਈਸਾਈ ਮੱਠ ਵਿਚ ਚਲਾ ਗਿਆ ਜੋ ਕਿ ਯੋਰੋਸ਼ਲਮ ਤੋਂ ਲਗਭਗ 15 ਕਿ. ਮੀ. ਦੱਖਣ-ਪੱਛਮ ਵੱਲ ਹੈ। ਇਸ ਨੇ ਇਥੇ ਪੜ੍ਹਨ, ਲੇਖਣ, ਧਰਮ ਪ੍ਰਚਾਰ ਅਤੇ ਤਪੱਸਿਆ ਕਰਨ ਵਿਚ ਆਪਣਾ ਵਧੇਰੇ ਸਮਾਂ ਬਿਤਾਇਆ। ਯੋਰੋਸ਼ਲਮ ਦੇ ਬਿਸ਼ਪ ਨੇ ਇਸ ਨੂੰ ਪਾਦਰੀ ਬਣਾ ਦੇਤਾ। ਯੂਨਾਨ ਅਤੇ ਰੋਮ, ਦੋਹਾਂ ਦੇ ਗਿਰਜਿਆਂ ਨੇ ਇਸ ਨੂੰ ਸੰਤ ਦੇ ਤੌਰ ਤੇ ਮਾਨਤਾ ਪ੍ਰਦਾਨ ਕੀਤੀ ਅਤੇ ਦੋਨੋਂ ਥਾਵਾਂ ਤੇ ਹੀ ਕ੍ਰਮਵਾਰ 4 ਦਸੰਬਰ ਅਤੇ 6 ਮਈ ਨੂੰ ਇਸ ਦਾ ਪਰਬ ਮਨਾਇਆ ਜਾਂਦਾ ਹੈ। ਇਸ ਦੀ ਭਾਸ਼ਨ ਕਲਾ, ਕਵਿਤਾ ਤੇ ਵਾਰਤਕ ਦੀ ਸੁਹਜਾਤਮਕਤਾ ਕਾਰਨ ਯੂਨਾਨੀ ਲੋਕ ਇਸ ਨੂੰ ਸ੍ਰੇਸ਼ਠ ਬੁਲਾਰਾ ਕਹਿੰਦੇ ਹਨ।

ਸੇਂਟ ਜਾਨ ਦੀ ਪ੍ਰਮੁੱਖ ਕਿਰਤ 'ਫਾਊਂਟੇਨ ਆਫ਼ ਨਾਲਿਜ' ਹੈ। ਗੰਭੀਰ ਸ਼ੈਲੀ ਅਤੇ ਉਪਦੇਸ਼ਾਤਮਕ ਉਦੇਸ਼ ਕਾਰਨ ਇਹ ਕਿਰਤ ਯੂਨਾਨ ਦੇ ਪ੍ਰਾਚੀਨ ਧਰਮ-ਸ਼ਾਸਤਰ ਦੀ ਪ੍ਰਮੁੱਖ ਪਾਠ ਪੁਸਤਕ ਬਣੀ। ਇਸ ਪੁਸਤਕ ਦੇ ਤਿੰਨ ਭਾਗ ਹਨ। ਪਹਿਲਾ ਭਾਗ 'ਫਿਲਾਸਫੀਕਲ ਪ੍ਰਿੰਸੀਪਲਜ਼' ਹੈ। ਇਸ ਵਿਚ ਅਰਸਤੂ ਦੀ ਤਰਕ-ਵਿਦਿਆ ਦੀ ਵਿਆਖਿਆ ਅਤੇ ਧਰਮ-ਸ਼ਾਸਤਰ ਵਿਚ ਇਸ ਦੀ ਵਰਤੋਂ ਬਾਰੇ ਦੱਸਿਆ ਗਿਆ ਹੈ। ਦੂਜਾ ਭਾਗ 'ਆਨ ਹੈਰੈਸੀਜ਼' ਹੈ ਜਿਸ ਵਿਚ 103 ਕੁਫ਼ਰਾਂ ਦੀ ਵਿਆਖਿਆ ਹੈ। ਇਨ੍ਹਾਂ ਵਿਚੋਂ 80 ਤਾਂ ਸੇਂਟ ਐਪੀਫੈਲੀਅਲ ਦੀ ਕਿਰਤ ਦਾ ਉਤਾਰਾ ਹਨ ਅਤੇ ਬਾਕੀਆਂ ਦਾ ਸ੍ਰੋਤ ਅਗਿਆਤ ਹੈ। ਤੀਜਾ ਭਾਗ 'ਦੀ ਆਰਥੋਡਕਸ ਫ਼ੇਥ' ਹੈ। ਇਸ ਦਾ ਆਧਾਰ ਬਾਈਬਲ, ਪਾਦਰੀ ਅਤੇ ਚਰਚ ਕੌਂਸਲਾਂ ਹਨ। ਇਸ ਵਿਚ ਪੂਰਬੀ ਚਰਚ ਦੇ ਪ੍ਰਾਚੀਨ ਧਰਮ ਸਬੰਧੀ ਵਿਚਾਰਾਂ ਦਾ ਸਾਰ ਦਿੱਤਾ ਗਿਆ ਹੈ।

7 ਦਸੰਬਰ, 749 ਨੂੰ ਯੋਰੋਸ਼ਲਮ ਦੇ ਨੇੜੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 18; ਐਨ. ਬ੍ਰਿ. ਮਾ. 5 : 583

**ਜਾਨ ਹੈਨਸ (ਡੈਨਮਾਰਕ, ਨਾਰਵੇ)** : ਡੈਨਮਾਰਕ ਅਤੇ ਨਾਰਵੇ ਦੇ ਇਸ ਬਾਦਸ਼ਾਹ ਦਾ ਜਨਮ ਅੱਲਬਾੱਰਗ ਦੇ ਸਥਾਨ ਤੇ 5 ਜੂਨ, 1455 ਈ. ਨੂੰ ਬਾਦਸ਼ਾਹ ਕ੍ਰਿਸਚੀਅਨ ਪਹਿਲੇ ਦੇ ਘਰ ਹੋਇਆ। ਭਾਵੇਂ 1458 ਈ. ਵਿਚ ਇਸ ਨੂੰ ਡੈਨਮਾਰਕ, ਸਵੀਡਨ ਅਤੇ ਨਾਰਵੇ ਦੇ ਉੱਤਰਾਧਿਕਾਰੀ ਦੇ ਤੌਰ ਤੇ ਚੁਣਿਆ ਗਿਆ ਪਰੰਤੂ 1481 ਈ. ਵਿਚ ਪਿਤਾ ਦੀ ਮੌਤ ਤੋਂ ਬਾਅਦ ਇਸ ਦੇ ਰਾਜ ਤਿਲਕ ਸਮੇਂ ਮੁਸ਼ਕਲ ਖੜ੍ਹੀ ਹੋ ਗਈ। ਸੰਨ 1471 ਤੋਂ ਬਾਅਦ ਸਵੀਡਨ ਸਕੰਡੇਨੇਵੀਅਨ ਯੂਨੀਅਨ ਤੋਂ ਵੱਖ ਹੋ ਗਿਆ। ਸਵੀਡਨ ਦਾ ਰੀਜੈਂਟ ਸਟੈੱਨ ਸਟੂਰ ਨਾਰਵੇ ਤੇ ਕਬਜ਼ਾ ਕਰਨ ਦਾ ਡਰਾਵਾ ਦੇ ਰਿਹਾ ਸੀ ਪਰ ਫਰਵਰੀ, 1483 ਨੂੰ ਜਾਨ ਨੂੰ ਡੈਨਮਾਰਕ ਅਤੇ ਨਾਰਵੇ ਦਾ ਬਾਦਸ਼ਾਹ ਐਲਾਨ ਕਰ ਦਿੱਤਾ। ਸੰਨ 1490 ਵਿਚ ਜਾਨ ਨੇ ਆਪਣੇ ਭਰਾ ਫ੍ਰੈਡਰਿਕ (ਜੋ ਬਾਅਦ ਵਿਚ ਫ੍ਰੈਡਰਿਕ I ਦੇ ਤੌਰ ਤੇ ਡੈਨਮਾਰਕ ਦਾ ਬਾਦਸ਼ਾਹ ਬਣਿਆ) ਨਾਲ ਸ਼ਲੈਜ਼ਵਿਗ ਅਤੇ ਹਾਲਸਟੀਨ ਦੇ ਇਲਾਕੇ ਵੰਡ ਲਏ।

ਸੰਨ 1483 ਦੇ ਸ਼ਾਹੀ ਅਧਿਕਾਰ ਪੱਤਰ ਨੂੰ ਅੱਖੋਂ ਓਹਲੇ ਕਰਕੇ ਜਾਨ ਨੇ ਡੈਨਮਾਰਕ ਵਿਚ ਮਨ-ਮਰਜ਼ੀ ਦਾ ਰਾਜ ਅਤੇ ਇਸ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ। ਇਸ ਨੇ ਮੱਧ ਸ਼੍ਰੇਣੀ ਦਾ ਪੱਖ ਪੂਰਿਆ ਅਤੇ ਉੱਤਰੀ ਰਾਜਾਂ ਵਿਚ ਹੈਨਸੀਐਟਿਕ ਲੀਗ ਦੀਆਂ ਵਪਾਰਕ ਸ਼ਕਤੀਆਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ। ਅਜਿਹਾ ਕਰਨ ਲਈ ਇਸਨੇ 1490 ਈ. ਵਿਚ ਇੰਗਲੈਂਡ ਅਤੇ ਨੀਦਰਲੈਂਡਜ਼ ਨਾਲ ਵਪਾਰਕ ਸਮਝੌਤਾ ਕੀਤਾ ਅਤੇ ਫੱਗਰ ਖ਼ਾਨਦਾਨ ਦੇ ਦੱਖਣੀ ਜਰਮਨ ਵਪਾਰੀਆਂ ਨਾਲ ਮਿਲਵਰਤਨ ਪੈਦਾ ਕੀਤਾ। ਸੰਨ 1493 ਵਿਚ ਇਸ ਨੇ ਰੂਸ ਦੇ ਇਵਾਨ ਤੀਜੇ ਨਾਲ ਮਿੱਤਰਤਾ ਗੰਢੀ ਜਿਸਦੀ ਮੱਦਦ ਨਾਲ ਇਸ ਨੇ 1497 ਈ. ਵਿਚ ਸਟੈੱਨ ਸਟੂਰ ਨੂੰ ਸਵੀਡਨ ਦੀ ਰੀਜੈਂਸੀ ਤੋਂ ਤਿਆਗ ਪੱਤਰ ਦੇਣ ਲਈ ਮਜਬੂਰ ਕੀਤਾ ਅਤੇ ਈਵਾਨ ਤੀਜੇ ਨਾਲ ਮਿਲਕੇ ਉਥੋਂ ਦਾ ਬਾਦਸ਼ਾਹ ਬਣ ਗਿਆ।

ਇਸ ਨੇ ਬਾਲਟਿਕ ਸਮੁੰਦਰ ਤੇ ਕੰਟਰੋਲ ਕਰਨ ਲਈ ਜਲ ਸੈਨਾ ਦਾ ਨਿਰਮਾਣ ਕੀਤਾ ਪਰ ਸੰਨ 1500 ਵਿਚ ਡਿਟਮਾਰਸ਼ਨ (Dith marschen) ਵਿਖੇ ਕਿਸਾਨ ਬਗ਼ਾਵਤ ਵਿਚ ਇਸ ਨੂੰ ਭਾਰੀ ਹਾਰ ਦਾ ਮੂੰਹ ਵੇਖਣਾ ਪਿਆ। ਨਤੀਜੇ ਵਜੋਂ ਇਸ ਹਾਰ ਦਾ ਲਾਭ ਉਠਾ ਕੇ ਸਵੀਡਨ ਵਾਲਿਆਂ ਨੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਪਰ ਜਾਨ ਵਿਰੁੱਧ ਨਾਰਵੇਜੀਅਨ ਅਤੇ ਡੈਨਿਸ਼ ਬਗ਼ਾਵਤਾਂ ਨੂੰ ਸਖ਼ਤੀ ਨਾਲ ਦਬਾ ਦਿੱਤਾ ਗਿਆ।

ਇਸ ਦੀ ਇੰਗਲੈਂਡ ਨਾਲ ਵਪਾਰਕ ਸੰਧੀ ਕਾਰਨ ਸੰਨ 1510-12 ਵਿਚ ਸਵੀਡਨ ਅਤੇ ਲੁਬੈੱਕ ਨਾਲ ਲੜਾਈ ਹੋਈ। ਬਾਲਟਿਕ ਵਪਾਰ ਉੱਤੇ ਲੁਬੈੱਕ ਦੇ ਦਬਾਅ ਨੂੰ ਖ਼ਤਮ ਕਰ ਦਿੱਤਾ ਗਿਆ।

20 ਫਰਵਰੀ, 1513 ਈ. ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 23; ਐਨ. ਬ੍ਰਿ. ਮਾ. 5 : 571

**ਜਾਨ ਹੈਨਰੀ** : ਬਹੁਤ ਜ਼ਿਆਦਾ ਗਾਏ ਜਾਣ ਵਾਲੇ ਕਥਾ-ਕਾਵਿ ਦਾ ਇਹ ਨੀਗਰੋ ਹੀਰੋ ਹੈ। ਆਮ ਕਰਕੇ ਇਹ ਨੀਗਰੋ ਪੱਾਲ ਬਨੀਅਨ ਵੱਜੋ ਜਾਣਿਆ ਜਾਂਦਾ ਹੈ। ਕਥਾ-ਕਾਵਿ ਵਿਚ ਇਸ ਨੂੰ ਮਸ਼ੀਨ

ਨਾਲੋਂ ਜ਼ਿਆਦਾ ਚਟਾਨਾਂ ਤੋੜਦਿਆਂ ਵਿਖਾਇਆ ਗਿਆ ਹੈ ਅਤੇ ਜਦੋਂ ਇਹ ਮਰਿਆ ਤਾਂ ਇਸ ਦੇ ਹੱਥ ਵਿਚ ਹਥੌੜਾ ਸੀ। ਲੇਖਕ ਤੇ ਕਲਾਕਾਰ ਇਸ ਨੂੰ ਮਨੁੱਖ ਦੇ ਮਸ਼ੀਨ ਵਿਰੁੱਧ ਸੰਘਰਸ਼ ਅਤੇ ਹਬਸ਼ੀਆਂ ਦੀ ਗੋਰਿਆਂ ਵਿਰੁੱਧ ਦੁਖਾਂਤਿਕ ਲੜਾਈ ਦਾ ਪ੍ਰਤੀਕ ਮੰਨਦੇ ਹਨ।

ਭਾਵੇਂ ਦੱਖਣੀ ਨੀਗਰੋ ਇਸ ਬਾਰੇ ਗਾਉਂਦੇ ਹਨ ਪਰ ਉਨ੍ਹਾਂ ਵਿਚ ਇਸ ਬਾਰੇ ਕੋਈ ਕਹਾਣੀਆਂ ਪ੍ਰਚੱਲਤ ਨਹੀਂ ਹਨ। ਪੱਲ ਬਨੀਅਨ ਵਾਂਗ ਇਹ ਲੋਕ ਨਾਇਕ ਨਹੀਂ ਹੈ। ਰੋਰਕ ਬ੍ਰੈਡਫੋਰਡ ਨੇ ਆਪਣੀ ਪੁਸਤਕ ਜਾਨ ਹੈਨਰੀ (1931) ਈ. ਬੜੇ ਕਲਪਨਾਤਮਕ ਢੰਗ ਨਾਲ ਲਿਖੀ। ਇਸੇ ਰਾਹੀਂ ਬਹੁਤ ਸਾਰੇ ਅਮਰੀਕਨਾਂ ਨੂੰ ਇਸ ਬਾਰੇ ਪਤਾ ਲੱਗਾ।

ਹ. ਪੁ.–ਐਨ. ਬ੍ਰਿ. 13 : 39

**ਜਾਨਕੀਹਰਣ** : ਇਹ ਸਿੰਹਲਦੀਪ ਦੇ ਮਹਾਂਕਵੀ ਕੁਮਾਰ ਦਾ ਉੱਚ ਕੋਟੀ ਦਾ ਮਹਾਂਕਾਵਿ ਹੈ। ਇਸ ਦਾ ਸੰਪੂਰਨ ਪ੍ਰਕਾਸ਼ਨ ਅੱਜ ਤਕ ਨਹੀਂ ਹੋ ਸਕਿਆ। ਸਭ ਤੋਂ ਪਹਿਲਾਂ ਸਿੰਹਲੀ ਭਾਸ਼ਾ ਵਿਚ ਪ੍ਰਾਪਤ 'ਸੱਨੇ' ਦੇ ਆਧਾਰ ਤੇ ਇਸ ਦੇ ਪਹਿਲੇ 14 ਸਰਗਾਂ ਅਤੇ ਪੰਦਰਵੇਂ ਦੇ ਕੁਝ ਭਾਗ ਦਾ ਸੰਸਕ੍ਰਿਤ ਰੂਪ ਤਿਆਰ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਜਿਸ ਵਿਚ ਅੰਗਦ ਦੇ ਰਾਵਣ ਦੀ ਸਭਾ ਵਿਚ ਦੂਤ ਬਣ ਕੇ ਜਾਣ ਤਕ ਦੀ ਕਹਾਣੀ ਆ ਜਾਂਦੀ ਹੈ। ਗੌਰਮਿੰਟ ਓਰੀਐਂਟਲ ਮੈਨੂਸਕ੍ਰਿਪਟ ਲਾਇਬ੍ਰੇਰੀ, ਮਦਰਾਸ ਵਿਚ ਇਸ ਮਹਾਂਕਾਵਿ ਦੀ 20 ਸਰਗਾਂ ਵਾਲੀ ਹੱਥ ਲਿਖਤ ਸੰਸਕ੍ਰਿਤ ਵਿਚ ਮੌਜੂਦ ਹੈ ਪਰ ਇਸ ਵਿਚ ਬਹੁਤ ਦੋਸ਼ ਹਨ। ਇਸ ਦੀ ਪ੍ਰਮਾਣਿਕਤਾ ਬਾਰੇ ਵੀ ਸ਼ੱਕ ਹੈ। ਇਹ ਵੀ ਪਤਾ ਨਹੀਂ ਲਗਦਾ ਕਿ ਸਿੰਹਲੀ 'ਸੱਨੇ' ਤੋਂ ਇਸ ਨੇ ਕਿਥੋਂ ਤਕ ਆਪਣਾ ਰੂਪ ਗ੍ਰਹਿਣ ਕੀਤਾ ਹੈ। ਸੰਭਵ ਹੈ ਕਿ ਇਸ ਮਹਾਂਕਾਵਿ ਦੀ ਰਚਨਾ 25 ਸਰਗਾਂ ਵਿਚ ਹੋਈ ਹੋਵੇ ਅਤੇ ਰਾਮ ਦੇ ਰਾਜਗੱਦੀ ਤੇ ਬੈਠਣ ਨਾਲ ਕਥਾ ਦੀ ਸਮਾਪਤੀ ਹੋਈ ਹੋਵੇ।

ਸਰਗ ਕ੍ਰਮ ਵਿਚ ਇਸ ਦੀ ਕਥਾ ਇਸ ਤਰ੍ਹਾਂ ਹੈ : ਪਹਿਲਾ ਸਰਗ-ਅਯੁੱਧਿਆ ਰਾਜਾ ਦਸ਼ਰਥ ਅਤੇ ਉਸ ਦੀਆਂ ਰਾਣੀਆਂ ਦਾ ਵੇਰਵਾ; ਦੂਜਾ ਸਰਗ-ਬ੍ਰਹਸਪਤੀ ਦੁਆਰਾ ਬ੍ਰਹਮਾਂ ਤੋਂ ਸਹਾਇਤਾ ਮੰਗਣ ਸਮੇਂ ਰਾਵਣ ਦੇ ਚਰਿੱਤਰ ਦਾ ਵਰਣਨ; ਤੀਜਾ ਸਰਗ-ਰਾਜਾ ਦਸ਼ਰਥ ਦੀ. ਜਲ-ਕ੍ਰੀੜਾ ਅਤੇ ਸੰਧਿਆ ਵਰਣਨ; ਚੌਥਾ-ਪੰਜਵਾਂ ਸਰਗ-ਰਾਮ ਜਨਮ ਤੋਂ ਸਬਾਹੂ ਵਧ ਤਕ ਦਾ ਵਰਣਨ; ਛੇਵਾਂ ਸਰਗ-ਵਿਸ਼ਵਾਮਿੱਤਰ ਦਾ ਰਾਮ-ਲਛਮਣ-ਸਹਿਤ ਜਨਕਪੁਰ ਜਾਣਾ ਅਤੇ ਜਨਕ-ਮਿਲਣ ਵਰਣਨ; ਸੱਤਵਾਂ-ਅੱਠਵਾਂ ਸਰਗ-ਰਾਮ ਸੀਤਾ ਵਿਆਹ ਆਦਿ ਨੌਂਵਾਂ ਸਰਗ-ਸਾਰਿਆਂ ਦਾ ਅਯੁੱਧਿਆ ਆਉਣਾ; ਦਸਵਾਂ ਸਰਗ-ਦਸ਼ਰਥ ਦੁਆਰਾ ਰਾਜਨੀਤੀ ਵਿਵੇਚਨ; ਰਾਮ ਦਾ ਯੁਵਰਾਜ ਬਣਨਾ; ਅਨੇਕ ਘਟਨਾਵਾਂ ਅਤੇ ਅੰਤ ਵਿਚ ਜਾਨਕੀ ਹਰਣ; ਗਿਆਰ੍ਹਵਾਂ ਸਰਗ-ਬਾਲੀ ਵਧ ਅਤੇ ਵਰਖਾ-ਵਰਣਨ; ਬਾਹਰ੍ਹਵਾਂ ਸਰਗ-ਲਛਮਣ ਦੁਆਰਾ ਸੁਗ੍ਰੀਵ ਦੀ ਫਿਟਕਾਰ; ਤੇਰ੍ਹਵਾਂ ਸਰਗ-ਬਾਂਦਰ ਸੈਨਾ ਇਕੱਠੀ ਕਰਨਾ; ਚੌਦ੍ਹਵਾਂ ਸਰਗ-ਪੁਲ ਬੰਨ੍ਹਣਾ; ਪੰਦਰ੍ਹਵਾਂ ਸਰਗ-ਅੰਗਦ ਦਾ ਰਾਵਣ ਸਭਾ ਵਿਚ ਦੂਤ ਬਣਕੇ ਜਾਣਾ; ਸੋਲ੍ਹਵਾਂ ਸਰਗ-ਰਾਖਸ਼ ਕ੍ਰੀੜਾ; ਸਤਾਰਾਂ ਤੋਂ ਵੀਹਵੇਂ ਸਰਗ ਤਕ ਯੁੱਧ ਅਤੇ ਰਾਵਣ ਦੀ ਹਾਰ। ਬਾਕੀ ਸਰਗਾਂ ਵਿਚ ਅਯੁੱਧਿਆ ਪਰਤਣ ਅਤੇ ਰਾਜ ਤਿਲਕ ਦਾ ਵੇਰਵਾ ਦਿੱਤਾ ਹੋਵੇਗਾ।

ਅੰਤਮ ਪਦਾਂ ਤੋਂ ਪਤਾ ਲਗਦਾ ਹੈ ਕਿ ਇਸ ਮਹਾਂਕਾਵਿ ਦਾ ਕਰਤਾ ਸਿੰਹਲਦੀਪ ਦਾ ਰਾਜਾ ਕੁਮਾਰਦਾਸ ਸੀ। ਕਹਿੰਦੇ ਹਨ ਕਿ ਜਿਸ ਦਿਨ ਇਸ ਦਾ ਪਿਤਾ ਕੁਮਾਰਮਣੀ ਯੁੱਧ ਵਿਚ ਮਾਰਿਆ ਗਿਆ ਉਸੇ ਦਿਨ ਇਸ ਦਾ ਜਨਮ ਹੋਇਆ।

ਇਕ ਦੰਦ ਕਥਾ ਇਹ ਵੀ ਹੈ ਕਿ ਕੁਮਾਰਦਾਸ ਨੇ ਆਪਣੇ ਇਸ ਮਹਾਂਕਾਵਿ ਦੇ ਪ੍ਰਸ਼ੰਸਕ ਮਹਾਂਕਵੀ ਕਾਲੀਦਾਸ ਨੂੰ ਬੜੇ ਪ੍ਰੇਮ ਨਾਲ ਸਿੰਹਲਦੀਪ ਬੁਲਾਇਆ। ਉਥੇ ਜਾ ਕੇ ਉਹ ਇਕ ਸੁੰਦਰੀ ਦੇ ਪ੍ਰੇਮ ਜਾਲ ਵਿਚ ਫਸ ਗਿਆ ਅਤੇ ਮਾਰਿਆ ਗਿਆ। ਇਸ ਗੱਲ ਤੋਂ ਦੁਖੀ ਹੋ ਕੇ ਰਾਜਾ ਕੁਮਾਰਦਾਸ ਵੀ ਉਸੇ ਦੀ ਚਿਤਾ ਵਿਚ ਜਲ ਗਿਆ। ਹੁਣ ਵੀ ਲੰਕਾ ਦੇ ਦੱਖਣੀ ਰਾਜ ਵਿਚ ਕਾਲੀਦਾਸ ਦੀ ਸਮਾਧ ਕਾਇਮ ਹੈ।

ਰਾਜ ਸ਼ੇਖਰ ਦੀ ਉਪਰ ਲਿਖਤ ਉਕਤੀ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕੁਮਾਰਦਾਸ ਕਾਲੀਦਾਸ ਤੋਂ ਪਿਛੋਂ ਹੀ ਹੋਇਆ ਹੋਵੇਗਾ। ਉਸ ਦੀ ਰਚਨਾ ਉੱਤੇ 'ਕੁਮਾਰਸੰਭਵ' ਦਾ ਬਹੁਤ ਪ੍ਰਭਾਵ ਦਿਖਾਈ ਦਿੰਦਾ ਹੈ। ਵਾਮਨ ਜਯਾਦਿੱਤ ਦੇ ਵਿਆਕਰਣ ਗ੍ਰੰਥ 'ਕਾਸ਼ਿਕਾ' (630-650 ਈ.) ਵਿਚ ਸ਼ਾਮਲ ਕੁਝ ਵਿਸ਼ੇਸ਼ ਸ਼ਬਦ ਉਨ੍ਹਾਂ ਹੀ ਅਰਥਾਂ ਵਿਚ 'ਜਾਨਕੀਹਰਣ' ਵਿਚ ਵੀ ਵਰਤੇ ਗਏ ਮਿਲਦੇ ਹਨ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੁਮਾਰਦਾਸ ਦਾ ਸਮਾਂ ਵਾਮਨ ਅਤੇ ਰਾਜਸ਼ੇਖਰ ਦੇ ਵਿਚਕਾਰ ਅੱਠਵੀਂ ਸਦੀ ਦੇ ਅੰਤ ਅਤੇ ਨੌਵੀਂ ਸਦੀ ਦੇ ਮੁੱਢ ਵਿਚ ਮਿਥਿਆ ਜਾ ਸਕਦਾ ਹੈ।

ਹ. ਪੁ.–ਹਿੰ. ਵਿ. ਕੋ. 4 : 462

**ਜਾਨਕੀਰਾਮ** : ਇਸ ਬੁੱਤਕਾਰ ਦਾ ਜਨਮ 15 ਅਕਤੂਬਰ, 1930 ਨੂੰ ਮਦਰਾਸ ਵਿਖੇ ਹੋਇਆ। ਮਦਰਾਸ ਤੋਂ ਹੀ ਇਸ ਨੇ ਫ਼ਾਈਨ ਆਰਟਸ ਦਾ ਡਿਪਲੋਮਾ ਕੀਤਾ।

ਇਸ ਨੇ ਭਾਰਤ ਅਤੇ ਬਦੇਸ਼ਾਂ ਦੀਆਂ ਕਈ ਮਹੱਤਵਪੂਰਨ ਨੁਮਾਇਸ਼ਾਂ ਵਿਚ ਹਿੱਸਾ ਲਿਆ। ਸੰਨ 1964 ਅਤੇ 1966 ਵਿਚ ਇਸ ਨੂੰ ਦੋ ਵਾਰ ਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਇਸ ਨੂੰ 1965 ਅਤੇ 1966 ਈ. ਵਿਚ ਦੋ ਵਾਰ ਤਾਮਿਲਨਾਡੂ ਲਲਿਤ ਕਲਾ ਅਕੈਡਮੀ ਇਨਾਮ ਅਤੇ 1972 ਵਿਚ ਫ਼ਾਈਨ ਆਰਟਸ ਅਕੈਡਮੀ, ਕਲੱਕਤਾ ਵਲੋਂ ਇਨਾਮ ਪ੍ਰਾਪਤ ਹੋਏ।

ਇਸ ਦੀਆਂ ਕਿਰਤਾਂ ਲਲਿਤ ਕਲਾ ਅਕੈਡਮੀ, ਤਾਮਿਲਨਾਡੂ, ਲਲਿਤ ਕਲਾ ਅਕੈਡਮੀ, ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟਸ, ਚੰਡੀਗੜ੍ਹ ਅਤੇ ਹੈਦਰਾਬਾਦ ਮਿਊਜ਼ੀਅਮ ਆਦਿ ਵਿਚ ਪਈਆਂ ਹਨ।

ਅੱਜਕੱਲ੍ਹ ਇਹ ਮਦਰਾਸ ਦੇ ਸਰਕਾਰੀ ਆਰਟਸ ਅਤੇ ਕ੍ਰਾਫ਼ਟ ਕਾਲਜ ਦੇ ਬੁੱਤਕਾਰੀ ਵਿਭਾਗ ਦਾ ਮੁਖੀ ਹੈ।

ਹ. ਪੁ.–ਇੰਡੀਆ. ਹੂਜ਼. ਹੂ. 1985

**ਜਾਨਕੀਰਾਮ, ਟੀ.** : ਇਸ ਤਾਮਿਲ ਸਾਹਿਤਕਾਰ ਦਾ ਜਨਮ 28 ਜੂਨ, 1921 ਨੂੰ ਤਾਮਿਲਨਾਡੂ ਦੇ ਤੰਜਾਵਰ ਜ਼ਿਲ੍ਹੇ ਵਿਚ ਹੋਇਆ। ਸੰਨ 1943 ਤੋਂ 1954 ਈ. ਤਕ ਇਹ ਅਧਿਆਪਕ ਲੱਗਾ ਰਿਹਾ। ਫਿਰ ਸੰਨ 1954 ਤੋਂ 1981 ਤਕ ਇਸ ਨੇ ਆਕਾਸ਼ਵਾਣੀ ਦੇ ਵੱਖ-ਵੱਖ ਅਹੁਦਿਆਂ ਉੱਤੇ ਰਹਿ ਕੇ ਸੇਵਾ ਕੀਤੀ।

ਇਸ ਨੇ ਸੱਤ ਨਾਵਲ, ਨਿੱਕੀ ਕਹਾਣੀ (ਸੱਤ ਜਿਲਦਾਂ), ਤਿੰਨ ਸਟੇਜੀ ਨਾਟਕ ਅਤੇ ਤਿੰਨ ਸਫ਼ਰਨਾਮੇ ਲਿਖੇ ਹਨ। ਸੰਨ 1967 ਵਿਚ ਇਸ ਨੂੰ ਮਦਰਾਸ ਰਾਜ ਨਾਟਕ ਅਕਾਦਮੀ ਵਲੋਂ ਵਧੀਆ ਨਾਟਕਕਾਰ ਵਜੋਂ ਸਨਮਾਨਿਆ ਗਿਆ। ਸੰਨ 1979 ਵਿਚ ਇਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ ਇਹ 'ਭਾਰਤੀ ਲਿਖਾਰੀ ਗਿਲਡ' ਦੇ ਬਾਨੀ ਮੈਂਬਰਾਂ ਵਿਚੋਂ ਸੀ।

ਹ. ਪੁ.–ਇੰਡੀਆ. ਹੂਜ਼. ਹੂ. 1982

**ਜਾਨ ਕੈਸੀਮੀਰ** : ਪੋਲੈਂਡ ਦੇ ਇਸ ਬਾਦਸ਼ਾਹ ਦਾ ਜਨਮ, ਜਿਸ ਨੂੰ ਜਾਨ ਦੂਜਾ ਕੈਸੀਮੀਰ ਵਾਸਾ ਵੀ ਕਿਹਾ ਜਾਂਦਾ ਹੈ, 22 ਮਾਰਚ, 1609 ਈ. ਨੂੰ ਹੋਇਆ। ਇਹ ਸਵੀਡਨ ਦੇ ਤਖ਼ਤ ਦਾ ਵੀ ਪ੍ਰੀਟੈਂਡਰ ਸੀ। ਇਹ ਪੋਲੈਂਡ ਅਤੇ ਸਵੀਡਨ ਦਾ ਬਾਦਸ਼ਾਹ, ਸਿਜਿਸਮੰਡ ਵਾਸਾ ਤੀਜੇ ਦਾ ਦੂਜਾ ਪੁੱਤਰ ਸੀ। ਸੰਨ 1635 ਤੋਂ ਉਪਰੰਤ ਇਸ ਨੇ ਆਸਟਰੀਆ ਵਿਚ ਨੌਕਰੀ ਕੀਤੀ ਅਤੇ ਹੈਬਸਬਰਗ ਦੇ ਹੱਕ ਵਿਚ ਫ਼ਰਾਂਸ ਵਿਰੁੱਧ ਤਹਿ-ਸਾਲਾ ਯੁੱਧ ਵਿਚ ਲੜਿਆ।

ਜਾਨ ਨੇ ਪੁਰਤਗਾਲ ਅਤੇ ਸਪੇਨ ਦੇ ਸਮੁੰਦਰੀ ਬੇੜੇ ਦੇ ਮੁਖੀ ਜਹਾਜ਼ ਦਾ ਵਾਇਸਰਾਇ ਬਣਨ ਦੀ ਸਲਾਹ ਬਣਾਈ। ਜਦੋਂ ਇਹ ਸਪੇਨ ਆ ਰਿਹਾ ਸੀ ਤਾਂ ਫਰਾਂਸੀਸੀਆਂ ਨੇ ਇਸ ਨੂੰ ਫੜ ਲਿਆ ਅਤੇ ਫਰਾਂਸ ਵਿਚ ਦੋ ਸਾਲਾਂ ਲਈ ਕੈਦ ਕਰ ਦਿੱਤਾ ਗਿਆ। ਰਾਜਨੀਤੀ ਤੋਂ ਨਿਰਾਸ਼ ਹੋ ਕੇ 1640 ਈ. ਵਿਚ ਜਾਨ ਕੈਸੀਮੀਰ ਯਸੂਹੀ ਚੇਲਾ ਬਣ ਗਿਆ ਅਤੇ 1646 ਈ. ਵਿਚ ਬਿਨਾਂ ਆਗਿਆ ਤੋਂ ਪੋਪ ਦੀ ਕੌਂਸਲ ਦਾ ਮੈਂਬਰ ਬਣਿਆ।

ਆਪਣੇ ਭਰਾ ਵਾਲਦੀਸਲਾਵ ਚੌਥੇ ਦੀ ਮੌਤ ਮਗਰੋਂ 17 ਨਵੰਬਰ, 1648 ਨੂੰ ਜਾਨ ਕੈਸੀਮੀਰ ਬਾਦਸ਼ਾਹ ਬਣ ਗਿਆ ਅਤੇ ਆਪਣੇ ਭਰਾ ਦੀ ਵਿਧਵਾ ਨਾਲ ਹੀ ਵਿਆਹ ਕਰਵਾ ਲਿਆ।

ਇਹ ਬੋਰਡਾਨ ਕਮੀਲਨਿਕੀ ਅਤੇ ਉਸ ਦੇ ਬਾਗ਼ੀ ਆਦਮੀਆਂ ਨਾਲ ਸਮਝੌਤਾ ਕਰਨਾ ਚਾਹੁੰਦਾ ਸੀ ਪਰ ਪੋਲੈਂਡ ਦੇ ਰਈਸਾਂ ਦੇ ਦਬਾਅ ਥੱਲੇ ਇਸ ਨੇ ਉਨ੍ਹਾਂ ਨਾਲ ਲੰਬੀ ਭਿਆਨਕ ਲੜਾਈ ਸ਼ੁਰੂ ਕਰ ਦਿੱਤੀ। ਜਾਨ ਨੇ 28-30 ਜੂਨ, 1651 ਈ. ਨੂੰ ਕਜ਼ਾਕਾਂ ਅਤੇ ਤਾਤਾਰੀਆਂ ਵਿਰੁੱਧ ਬੇਰਾਸਟੇਚਕਾ ਵਿਖੇ ਜਿੱਤ ਪ੍ਰਾਪਤ ਕਰਕੇ ਆਪਣੀ ਫ਼ੌਜੀ ਮੁਹਾਰਤ ਵਿਖਾਈ।

ਸੰਨ 1654 ਵਿਚ ਕਜ਼ਾਕਾਂ ਦੇ ਰੂਸੀ ਜ਼ਾਰ ਨਾਲ ਮਿਲ ਜਾਣ ਕਾਰਨ ਲੜਾਈ ਦੀ ਦਿਸ਼ਾ ਬਦਲ ਗਈ ਅਤੇ ਸਵੀਡਨ ਵਾਲਿਆਂ ਨੇ 1655 ਈ. ਵਿਚ ਪੋਲੈਂਡ ਦੇ ਵਿਦਰੋਹੀਆਂ ਦੇ ਹੱਕ ਵਿਚ ਦੇਸ਼ ਉੱਤੇ ਹਮਲਾ ਕਰ ਦਿੱਤਾ। ਪੋਲਿਸ਼ ਰਾਜ ਦੀ ਗਿਰਾਵਟ ਨਾਲ ਜਨ-ਸਾਧਾਰਨ ਨੇ ਸਵੀਡਨ ਦੇ ਚਾਰਲਸ ਦਸਵੇਂ ਗਸਤਾਫ਼ਸ ਦੀ ਸ਼ਰਨ ਪ੍ਰਵਾਨ ਕਰ ਲਈ। ਜਾਨ ਕੈਸੀਮੀਰ ਬਦੇਸ਼ ਭੱਜ ਗਿਆ ਪਰ ਕਿਸਾਨਾਂ ਦੀ ਬਗ਼ਾਵਤ ਅਤੇ ਜਨ-ਸਾਧਾਰਣ ਦੀ ਸਵੀਡਨ ਵਾਲਿਆਂ ਨਾਲ ਭਰਮ-ਨਿਵਰਤੀ ਨੇ ਜਾਨ ਦੀ 1656 ਈ. ਵਿਚ ਦੇਸ਼-ਵਾਪਸੀ ਪਰਤਣ ਵਿਚ ਮੱਦਦ ਕੀਤੀ।

3 ਮਈ, 1660 ਦੀ ਆੱਲੀਵਾ ਸੰਧੀ ਨਾਲ ਸਵੀਡਨ ਵਾਲਿਆਂ ਅਤੇ ਉਨ੍ਹਾਂ ਦੇ ਮਿੱਤਰਾਂ ਦੀ ਲੜਾਈ ਖ਼ਤਮ ਹੋ ਗਈ। 31 ਜੂਨ, 1667 ਦੀ ਕੱਚੀ ਸੁਲਾਹ ਨਾਲ ਰੂਸ ਨਾਲ ਵੀ ਲੜਾਈ ਖਤਮ ਹੋ ਗਈ ਪਰ ਜਨ-ਸਾਧਾਰਣ ਦੀ ਬਗ਼ਾਵਤ ਨੇ ਰਾਜਨੀਤਿਕ ਢਾਂਚੇ ਨੂੰ ਕਮਜ਼ੋਰ ਬਣਾ ਦਿੱਤਾ ਸੀ।

16 ਸਤੰਬਰ, 1668 ਵਿਚ ਜਾਨ ਕੈਸੀਮੀਰ ਨੇ ਨਿਰਾਸ਼ ਹੋ ਕੇ ਤਖ਼ਤ ਛੱਡ ਦਿੱਤਾ ਅਤੇ ਫ਼ਰਾਂਸ ਚਲਾ ਗਿਆ ਜਿਥੇ 16 ਦਸੰਬਰ, 1672 ਨੂੰ ਉਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 5 : 527

**ਜਾਨਜ਼ ਟਾਊਨ** : ਸੰਯੁਕਤ ਰਾਜ ਅਮਰੀਕਾ ਦੇ ਪੈਨਸਿਲ-ਵੇਨੀਆ ਰਾਜ ਦੀ ਕੈਂਬਰੀਆ ਕਾਊਂਟੀ ਦਾ ਇਕ ਉਦਯੋਗਿਕ ਸ਼ਹਿਰ ਹੈ। ਇਹ ਕੋਨੇਮਾ ਨਦੀ ਦੀ ਘਾਟੀ ਵਿਚ ਪਿਟਸਬਰਗ ਦੇ ਦੱਖਣ-ਪੂਰਬ ਵਿਚ ਕੋਈ 96 ਕਿ. ਮੀ. ਦੇ ਫਾਸਲੇ ਤੇ ਸਟੋਨੀ ਕੀ ਨਾਮਕ ਪਹਾੜ ਉੱਪਰ ਲਗਭਗ 60 ਕਿ.ਮੀ. ਵਸਿਆ ਹੋਇਆ ਹੈ। ਸਮੁੰਦਰੀ ਤਲ ਤੋਂ ਇਹ 170 ਫੁੱਟ ਦੀ ਉਚਾਈ ਤੇ ਹੈ। ਇਸ ਦੇ ਨੇੜੇ-ਤੇੜੇ ਦੇ ਖੇਤਰ ਵਿਚੋਂ ਲੋਹਾ, ਵਿਟੂਮਨੀ ਕੋਲਾ, ਚੂਨਾ-ਪੱਥਰ ਆਦਿ ਵਰਗੇ ਖਣਿਜ ਮਿਲਦੇ ਹਨ। ਜਲ-ਸ਼ਕਤੀ ਦੀ ਸਹੂਲਤ ਕਾਰਨ ਇਹ ਸ਼ਹਿਰ ਉਦਯੋਗ ਦਾ ਇਕ ਚੰਗਾ ਕੇਂਦਰ ਹੈ। ਇਸਪਾਤ, ਕੱਪੜਾ, ਖਾਦਾਂ, ਖਾਣ-ਖੁਦਾਈ ਯੰਤਰ, ਰਸਾਇਣਿਕ ਪਦਾਰਥ, ਸੀਮਿੰਟ, ਲੱਕੜੀ ਦਾ ਸਾਮਾਨ ਅਤੇ ਸਾਬਣ ਆਦਿ ਬਣਾਉਣ ਦੇ ਇਥੇ ਬਹੁਤ ਸਾਰੇ ਕਾਰਖ਼ਾਨੇ ਹਨ।

ਸੰਨ 1800 ਵਿਚ ਜਾਨਜ਼ ਟਾਊਨ ਨੂੰ ਕਸਬੇ ਦੇ ਰੂਪ ਵਿਚ ਨਿਰਮਿਤ ਕੀਤਾ ਗਿਆ ਅਤੇ 1831 ਈ. ਵਿਚ ਇਸ ਨੂੰ 'ਬਰੋ' ਸਵੀਕਾਰ ਕਰ ਲਿਆ ਗਿਆ। ਇਹ ਸ਼ਹਿਰ ਬਾਕੀ ਸ਼ਹਿਰਾਂ ਨਾਲੋਂ ਤੇਜ਼ੀ ਨਾਲ ਵਿਕਸਿਤ ਹੋਇਆ। ਇਥੋਂ ਤੱਕ ਕਿ 1837 ਈ. ਤੱਕ ਇਹ ਇਸਪਾਤ ਤਿਆਰ ਕਰਨ ਲਈ ਅਮਰੀਕਾ ਵਿਚ ਸਭ ਤੋਂ ਅੱਗੇ ਸੀ। ਸੰਨ 1889 ਈ. ਵਿਚ ਇਹ ਸ਼ਹਿਰਾਂ ਦੀ ਗਿਣਤੀ ਵਿਚ ਆਇਆ। ਇਥੋਂ ਦਾ 'ਜੂਨੀਅਰ ਕਾਲਜ ਆਫ਼ ਪਿਟਸਬਰਗ ਯੂਨੀਵਰਸਿਟੀ' ਇਕ ਸ਼ਲਾਘਾਯੋਗ ਵਿਦਿਅਕ ਸੰਸਥਾ ਹੈ।

ਜਾਨਜ਼ ਟਾਊਨ ਕਈ ਵਾਰ ਭਿਆਨਕ ਹੜ੍ਹਾਂ ਦਾ ਸ਼ਿਕਾਰ ਹੋਇਆ। ਵਿਸ਼ੇਸ਼ ਕਰਕੇ 31 ਮਈ, 1889 ਵਾਲਾ ਹੜ੍ਹ ਤਾਂ ਸ਼ਹਿਰ ਲਈ ਮਾਰੂ ਹੀ ਸਿੱਧ ਹੋਇਆ। ਇਸ ਵਾਰ ਕੋਨੇਮਾ ਬੰਨ੍ਹ ਦੇ ਟੁੱਟ ਜਾਣ ਕਾਰਨ 2,000 ਤੋਂ ਵੱਧ ਵਿਅਕਤੀ ਪਾਣੀ ਵਿਚ ਵਹਿ ਗਏ ਅਤੇ ਮਾਲੀ ਨੁਕਸਾਨ ਵੀ ਬਹੁਤ ਜ਼ਿਆਦਾ ਹੋਇਆ ਸੀ ਪਰ ਕੋਨੇਮਾ ਦਰਿਆ ਜਿਥੇ ਪਿਛਲੇ ਸਮੇਂ ਵਿਚ ਸ਼ਹਿਰ ਲਈ ਸਰਾਪ ਬਣਿਆ ਰਿਹਾ ਸੀ ਉਥੇ ਅੱਜਕੱਲ੍ਹ ਵਰ ਸਿੱਧ ਹੋਇਆ ਹੈ।

ਸ਼ਹਿਰ ਵਿਚ ਕਈ ਸੁੰਦਰ ਪਾਰਕ ਹਨ। ਇਹ ਪਾਰਕ ਯਾਤਰੀਆਂ ਲਈ ਆਕਰਸ਼ਣ ਕੇਂਦਰ ਹਨ। ਕਾਰੋਬਾਰੀ ਕੇਂਦਰਾਂ ਤੋਂ ਲੈ ਕੇ ਰਿਹਾਇਸ਼ੀ ਡਿਸਟ੍ਰਿਕਟ ਤਕ ਇਨਕਲਾਈਂਡ ਪਲੇਨ-ਪਸੰਜਰ ਕਾਰ ਦੀ ਸੇਵਾ' ਵੀ ਬਹਾਲ ਕੀਤੀ ਹੋਈ ਹੈ। ਇਹ ਕਾਰ 500 ਫੁੱਟ ਦੀ ਉਚਾਈ ਤੱਕ ਉੱਡ ਸਕਦੀ ਹੈ।

ਆਬਾਦੀ–35,496 (1980)

40° 19′ ਉ. ਵਿਥ.; 79° 53′ ਪੱ. ਲੰਬ.

ਹ. ਪੁ.–ਹਿੰ. ਵਿ. ਕੋ. 4 : 463; ਐਨ. ਬ੍ਰਿ. 13 : 553; ਵੈਬ. ਜਗ. ਡਿ.

**ਜਾਨ ਜੇਮਜ਼ ਰਿਕਾਰਡ ਮੈਕਲਾਊਡ** : ਇਸ ਨੋਬਲ ਪੁਰਸਕਾਰ ਵਿਜੇਤਾ ਅਤੇ ਮਹਾਨ ਵਿਗਿਆਨੀ ਦਾ ਜਨਮ 6 ਸਤੰਬਰ, 1876 ਨੂੰ ਸਕਾਟਲੈਂਡ ਵਿਚ ਪਰਥਸ਼ਿਰ ਵਿਖੇ ਹੋਇਆ। ਇਸ ਨੇ ਆਪਣੀ



ਜਾਨ ਜੇਮਜ਼ ਰਿਕਾਰਡ ਮੈਕਲਾਊਡ

ਪੜ੍ਹਾਈ ਐਬਰਡੀਨ ਯੂਨੀਵਰਸਿਟੀ ਵਿਚ ਪ੍ਰਾਪਤ ਕੀਤੀ। ਲੰਡਨ ਹਾਸਪੀਟਲ ਮੈਡੀਕਲ ਕਾਲਜ ਵਿਚ ਡਿਮਾਨਸਟਰੇਟਰ ਰਹਿਣ ਤੋਂ ਬਾਅਦ ਇਹ ਓਹਾਈਓ ਰਾਜ ਦੀ ਵੈਸਟਰਨ ਰਿਜ਼ਰਵ ਯੂਨੀਵਰਸਿਟੀ ਵਿਚ ਪ੍ਰੋਫੈਸਰ ਆਫ਼ ਫ਼ਿਜ਼ਿਆਲੋਜੀ ਨਿਯੁਕਤ ਹੋਇਆ ਜਿਥੇ ਇਹ ਪੰਦਰਾਂ ਸਾਲ ਰਿਹਾ ਅਤੇ ਇਸ ਨੇ ਇਥੇ ਕਾਰਬੋਹਾਈਡ੍ਰੇਟ ਮੈਟਾਬੋਲਿਜ਼ਮ ਬਾਰੇ ਖੋਜ ਕੀਤੀ। ਸੰਨ 1918 ਵਿਚ ਇਹ ਟਰਾਂਟੋ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਆਫ਼ ਫ਼ਿਜ਼ਿਆਲੋਜੀ ਨਿਯੁਕਤ ਹੋਇਆ ਅਤੇ ਇਥੇ ਹੀ ਇਸ ਨੇ ਇਨਸੁਲਿਨ ਤੇ ਵੀ ਕੰਮ ਕੀਤਾ। ਬਾਅਦ ਵਿਚ ਇਹ ਸਕਾਟਲੈਂਡ ਪਰਤ ਆਇਆ ਅਤੇ ਐਬਰਡੀਨ ਯੂਨੀਵਰਸਿਟੀ ਵਿਚ ਫ਼ਿਜ਼ਿਆਲੋਜੀ ਦਾ ਪ੍ਰੋਫ਼ੈਸਰ ਲੱਗਿਆ। ਇਨਸੁਲਿਨ ਬਾਰੇ ਇਸ ਦੀ ਖੋਜ ਇਕ ਤਜਰਬੇ ਤੇ

ਅਧਾਰਿਤ ਸੀ ਕਿ ਉਨ੍ਹਾਂ ਜਾਨਵਰਾਂ ਵਿਚ ਜਿਨ੍ਹਾਂ ਵਿਚ ਪੈਨਕਰੀਟੈਕਟੋਮੀ ਦੁਆਰਾ ਸ਼ੱਕਰ ਦਾ ਰੋਗ ਪੈਦਾ ਹੋ ਗਿਆ ਹੁੰਦਾ ਹੈ, ਉਨ੍ਹਾਂ ਜੀਵਾਂ ਨੂੰ ਜੇਕਰ ਇਨਸੁਲਿਨ ਦਿੱਤੀ ਜਾਵੇ ਤਾਂ ਖ਼ੂਨ ਵਿਚਲੀ ਸ਼ੱਕਰ ਘੱਟ ਜਾਂਦੀ ਹੈ। ਇਨ੍ਹਾਂ ਕੁਝ ਸਫ਼ਲ ਤਜਰਬਿਆਂ ਤੋਂ ਬਾਅਦ ਇਸ ਵਿਗਿਆਨੀ ਨੇ ਹੋਰਨਾਂ ਸਹਿਯੋਗੀਆਂ ਦੀ ਮੱਦਦ ਨਾਲ ਇਨਸੁਲਿਨ ਨੂੰ ਖ਼ੂਨ ਵਿਚ ਸ਼ੱਕਰ ਘਟਾਉਣ ਲਈ ਵਰਤਣ ਸਬੰਧੀ ਸਫ਼ਲ ਖੋਜ ਕੀਤੀ।

ਇਹ ਪ੍ਰਸਿੱਧ ਵਿਗਿਆਨੀ ਆਪਣੀ ਖੋਜ, ਖੋਜ ਪੱਤਰ ਲਿਖਣ ਅਤੇ ਪੜ੍ਹਾਉਣ ਸਦਕਾ ਪ੍ਰਸਿੱਧੀ ਹਾਸਲ ਕਰ ਸਕਿਆ। ਇਸ ਦੀ ਇਕ ਕਿਤਾਬ 'ਫ਼ਿਜ਼ਿਆਲੋਜੀ, ਐਂਡ ਬਾਇਓਕੈਮਿਸਟਰੀ ਇਨ ਮਾਡਰਨ ਮੈਡੀਸਨ, ਕਾਫ਼ੀ ਪ੍ਰਸਿੱਧ ਹੋਈ। ਆਪਣੀ ਜ਼ਿੰਦਗੀ ਦੇ ਅਖ਼ੀਰਲੇ ਸਮੇਂ ਇਹ ਗਠੀਏ ਦਾ ਸ਼ਿਕਾਰ ਹੋ ਗਿਆ ਅਤੇ 16 ਮਾਰਚ, 1935 ਨੂੰ ਇਸ ਦੀ ਮੌਤ ਹੋ ਗਈ।

ਹ. ਪੂ.—ਨੋਬਲ ਪ੍ਰਾਈਜ਼ ਵਿਨਰਜ਼ ਇਨ ਮੈਡੀਸਨ ਐਂਡ ਫ਼ਿਜ਼ਿਆਲੋਜੀ : 111

**ਜਾਨ ਡੋਨ ਆਫ਼ ਆਸਟ੍ਰੀਆ** : ਇਹ ਲਿਪੈਂਟੋ ਦੀ ਸਮੁੰਦਰੀ ਲੜਾਈ ਦਾ ਜੇਤੂ ਸੀ। ਇਹ 24 ਫ਼ਰਵਰੀ, 1547 ਈ. ਵਿਚ ਰੈਟਿਸਬਾਨ ਦੇ ਸਥਾਨ ਤੇ ਪੈਦਾ ਹੋਇਆ। ਇਹ ਬਾਦਸ਼ਾਹ ਚਾਰਲਸ ਪੰਜਵੇਂ ਦਾ ਨਾਜਾਇਜ਼ ਪੁੱਤਰ ਸੀ। ਇਸ ਦਾ ਪਾਲਣ-ਪੋਸ਼ਣ ਸਪੇਨ ਵਿਚ ਜੀਰੋਨੀਮੋ ਦੇ ਨਾਉਂ ਥੱਲੇ ਪਰਦੇਦਾਰੀ ਵਿਚ ਹੋਇਆ।

ਬਾਦਸ਼ਾਹ ਦੀ ਮੌਤ ਤੋਂ ਬਾਅਦ ਫ਼ਿਲਿਪ ਦੂਜੇ ਨੇ ਜੀਰੋਨੀਮੋ ਨੂੰ ਆਪਣਾ ਮਤਰੇਆ ਭਰਾ ਐਲਾਨ ਕਰ ਦਿੱਤਾ ਅਤੇ ਇਸ ਨੂੰ ਡੋਨ ਜਾਨ ਆਸਟਰੀਆ ਦਾ ਨਾਉਂ ਦਿੱਤਾ। ਮਾਰਚ, 1569 ਈ. ਵਿਚ ਫ਼ਿਲਿਪ ਦੂਜੇ ਨੇ ਡੋਨ ਜਾਨ ਨੂੰ ਗ੍ਰਨਾਡਾ ਦੇ ਬਾਗ਼ੀ ਮਾਰਿਸਕੋਸ ਵਿਰੁੱਧ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ। ਇਸ ਮੁਹਿੰਮ ਦੀ ਸਫ਼ਲਤਾ ਦੇ ਨਤੀਜੇ ਵਜੋਂ 1571 ਈ. ਵਿਚ ਫ਼ਿਲਿਪ ਦੂਜੇ ਨੇ ਇਸ ਨੂੰ ਸਪੇਨ, ਵੀਨਸ ਅਤੇ ਪੋਪ ਦੀ 'ਹੋਲੀ ਲੀਗ' ਦੀਆਂ ਸਮੁੰਦਰੀ ਫ਼ੌਜਾਂ ਦਾ ਕਮਾਂਡਰ ਇਨ-ਚੀਫ਼ ਨਿਯੁਕਤ ਕੀਤਾ। ਆਪਣੇ ਹੌਂਸਲੇ ਅਤੇ ਬਾਦਸ਼ਾਹੀ ਨਾਉਂ ਸਦਕਾ ਡੋਨ ਜਾਨ ਨੇ ਲੀਗ ਦੇ ਲੜਾਕੇ ਐਡਮਿਰਲਾਂ ਵਿਚ ਅਸਥਾਈ ਏਕਤਾ ਕਾਇਮ ਕੀਤੀ ਅਤੇ ਸਿਪਾਹੀਆਂ ਅਤੇ ਮਲਾਹਾਂ ਨੂੰ ਉੱਤੇਜਿਤ ਕੀਤਾ।

7 ਅਕਤੂਬਰ, 1571 ਈ. ਦੀ ਲਿਪੈਂਟ ਦੀ ਲੜਾਈ ਵਿਚ ਇਸ ਨੇ ਤੁਰਕੀ ਦੇ ਸਮੁੰਦਰੀ ਬੇੜੇ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ। ਇਸ ਜਿੱਤ ਨੇ ਡੋਨ ਜਾਨ ਦੀ ਤੁਰਕਾਂ ਵਿਰੁੱਧ ਅਗਲੀਆਂ ਮੁਹਿੰਮਾਂ ਲਈ ਹੌਂਸਲਾ ਅਫ਼ਜ਼ਾਈ ਕੀਤੀ ਪਰ ਫ਼ਿਲਿਪ ਦੂਜੇ ਨੇ ਇਸ ਨੂੰ ਕੇਵਲ ਟਿਊਨਿਸ ਜਿੱਤਣ ਦੀ ਹੀ ਆਗਿਆ ਦਿੱਤੀ ਅਤੇ ਟਿਊਨਿਸ ਦਾ ਬਾਦਸ਼ਾਹ ਐਲਾਨ ਕਰਨ ਸੰਬੰਧੀ ਇਸ ਦੀ ਸਾਰੀ ਯੋਜਨਾ ਰੱਦ ਕਰ ਦਿੱਤੀ।

ਸੰਨ 1576 ਵਿਚ ਫ਼ਿਲਿਪ ਨੇ **ਜਾਨ ਡੋਨ** ਨੂੰ ਡੱਚਾਂ ਦੀ ਬਗ਼ਾਵਤ ਨੂੰ ਦਬਾਉਣ ਲਈ ਨੀਦਰਲੈਂਡਜ਼ ਦਾ ਗਵਰਨਰ ਜਨਰਲ ਬਣਾ ਦਿੱਤਾ। ਇਸ ਨੇ ਨੀਦਰਲੈਂਡਜ਼ ਵਿਚ ਫ਼ਰਵਰੀ, 1577 ਵਿਚ ਸੰਸਦ ਨਾਲ ਸਥਾਈ ਸੰਧੀ ਕੀਤੀ। ਇਸ ਲਈ ਸਪੇਨੀ ਫ਼ੌਜਾਂ ਪਿੱਛੇ ਭੇਜ ਦਿੱਤੀਆਂ ਗਈਆਂ ਪਰ ਕੈਥੋਲਿਕ ਧਰਮ ਮੁੜ ਬਹਾਲ ਕਰ ਦਿੱਤਾ ਗਿਆ। ਹਾਲੈਂਡ ਅਤੇ ਜ਼ੀਲੈਂਡ ਦੇ ਰਾਜਾਂ ਨੇ ਇਸ ਆਖ਼ਰੀ ਸ਼ਰਤ ਨੂੰ ਸਵੀਕਾਰ ਨਾ ਕੀਤਾ ਅਤੇ ਡੋਨ ਜਾਨ ਦੀ ਹਕੂਮਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਡੋਨ ਜਾਨ ਨੇ ਜਲਦੀ ਹੀ ਇਹ ਅਨੁਭਵ ਕਰ ਲਿਆ ਕਿ ਨੀਦਰਲੈਂਡਜ਼ ਅਤੇ ਫ਼ਿਲਿਪ ਵਲੋਂ ਉਸਦੀਆਂ ਇੰਗਲੈਂਡ ਵਿਰੁੱਧ ਯੋਜਨਾਵਾਂ ਨੂੰ ਮੱਦਦ ਨਹੀਂ ਮਿਲ ਸਕਦੀ। ਇਸ ਲਈ 6 ਮਹੀਨਿਆਂ ਦੇ ਅੰਦਰ ਅੰਦਰ ਇਸ ਨੇ ਆਪਣੀ ਰਿਆਇਤ ਵਾਪਸ ਲੈ ਲਈ ਅਤੇ ਸੱਜਰਸ਼ਾਹੀ ਫ਼ੌਜਾਂ ਦੀ ਮੱਦਦ ਨਾਲ ਜੈਮਬਲੋ ਵਿਖੇ ਡੱਚ ਫ਼ੌਜਾਂ ਤੇ ਹਮਲਾ ਕਰਕੇ ਉਨ੍ਹਾਂ ਨੂੰ ਹਰਾਇਆ ਪਰੰਤੂ ਫ਼ਿਲਿਪ (ਜਿਸ ਨੇ ਕਿ ਮੌਕੇ ਉੱਤੇ ਲੋੜੀਂਦੀ ਫ਼ੌਜੀ ਸਹਾਇਤਾ ਨਾ ਭੇਜੀ) ਦੀ ਈਰਖਾ ਅਤੇ ਕੰਜੂਸੀ ਕਾਰਨ ਡੋਨ ਜਾਨ ਇਸ ਜਿੱਤ ਨੂੰ ਕਾਇਮ ਨਾ ਰੱਖ ਸਕਿਆ। ਗਰਮੀ ਕਾਰਨ ਇਸ ਨੂੰ ਬੁਖ਼ਾਰ ਹੋ ਗਿਆ ਜਿਸ ਕਾਰਨ 1 ਅਕਤੂਬਰ, 1578 ਈ. ਨੂੰ ਬੈਲਜੀਅਮ ਵਿਚ ਨਾਮੂਰ ਨੇੜੇ ਬਰਜਸ ਦੇ ਸਥਾਨ ਤੇ ਇਸ ਦੀ ਮੌਤ ਹੋ ਗਈ।

ਹ. ਪੂ.—ਐਨ. ਬ੍ਰਿ. 13 : 29; ਕੋਲ. ਐਨ. 2 : 37

**ਜਾਨ ਡੋਨ ਆਫ਼ ਆਸਟ੍ਰੀਆ** : ਇਹ ਸਪੇਨ ਦੇ ਫ਼ਿਲਿਪ ਚੌਥੇ ਦਾ ਲੜਕਾ ਸੀ ਜੋ ਉਸ ਦੇ ਨਜਾਇਜ਼ ਪੁੱਤਰਾਂ ਵਿਚੋਂ ਸਭ ਤੋਂ ਛੋਟਾ ਸੀ। ਇਹ ਅਪ੍ਰੈਲ, 1629 ਵਿਚ ਮੈਡਰਿਡ ਵਿਖੇ ਪੈਦਾ ਹੋਇਆ। ਇਸਨੇ ਓਕਾਨਾ ਵਿਖੇ ਰਾਜਕੁਮਾਰਾਂ ਵਾਲੀ ਸਿੱਖਿਆ ਹਾਸਲ ਕੀਤੀ।

ਇਸ ਨੂੰ ਸਭ ਤੋਂ ਪਹਿਲਾਂ 1674 ਈ. ਵਿਚ ਫ਼ੌਜ ਦੀ ਕਮਾਨ ਸੰਭਾਲਣ ਦਾ ਮੌਕਾ ਮਿਲਿਆ ਅਤੇ ਇਸ ਨੂੰ ਨੇਪਲਜ਼ ਵਿਚ ਹੋਈ ਬਗ਼ਾਵਤ ਵਿਰੁੱਧ ਵਾਇਸਰਾਇ ਦੀ ਮਦਦ ਕਰਨ ਲਈ ਭੇਜਿਆ। ਸੰਨ 1651 ਵਿਚ ਇਸ ਨੂੰ ਸਪੇਨ ਵਾਪਸ ਬੁਲਾ ਲਿਆ ਗਿਆ ਅਤੇ ਬਾਰਸੀਲੋਨਾ ਦੇ ਘੇਰੇ ਲਈ ਫ਼ੌਜ ਦੇ ਕੇ ਭੇਜਿਆ ਗਿਆ ਜਿਹੜਾ ਇਸ ਨੇ ਅਕਤੂਬਰ, 1652 ਵਿਚ ਸਮਝੌਤਾ ਕਰਕੇ ਆਪਣੇ ਅਧੀਨ ਕਰ ਲਿਆ। ਕੈਟਾਲੋਨੀਆ ਵਿਚ ਡੋਨ ਜਾਨ ਨੇ ਬੁਰਜ਼ੂਆ ਦੇ ਹੱਕਾਂ ਸੰਬੰਧੀ ਅਨੁਕੂਲ ਨੀਤੀ ਅਪਣਾ ਕੇ ਉਨ੍ਹਾਂ ਦੀ ਹਮਾਇਤ ਹਾਸਲ ਕੀਤੀ, ਜਿਨ੍ਹਾਂ ਨੇ ਬਾਅਦ ਵਿਚ ਇਸ ਦੀ ਸਿਆਸੀ ਚੜ੍ਹਤ ਵਿਚ ਮਦਦ ਕੀਤੀ।

ਸੰਨ 1656 ਵਿਚ ਇਸ ਨੂੰ ਗਵਰਨਰ ਦੇ ਤੌਰ ਤੇ ਫਲੈਂਡਰਜ਼ ਵਿਖੇ ਭੇਜਿਆ ਗਿਆ। ਵਾਲੈਨਸੀਅਨਜ਼ ਵਿਖੇ ਇਸ ਨੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ ਫਿਰ ਵੀ ਦੋ ਸਾਲ ਬਾਅਦ ਇਸ ਨੂੰ ਡਿਊਨਜ਼ ਦੀ ਲੜਾਈ ਵਿਚ ਹਾਰ ਦਾ ਮੂੰਹ ਵੇਖਣਾ ਪਿਆ। ਫਿਰ ਡੋਨ ਜਾਨ ਨੂੰ ਸਪੇਨ ਵਾਪਸ ਬੁਲਾ ਲਿਆ ਗਿਆ ਅਤੇ ਪੁਰਤਗਾਲ ਵਿਚ ਫ਼ੌਜ ਦੀ ਕਮਾਨ ਸੰਭਾਲੀ ਗਈ। ਇਥੇ ਇਸ ਨੇ 1661 ਤੋਂ 1664 ਈ. ਤੱਕ ਕੰਮ ਕੀਤਾ। ਪਹਿਲਾਂ ਇਸ ਨੂੰ ਕੁਝ ਸਫ਼ਲਤਾ ਹਾਸਲ ਹੋਈ ਪਰ ਬਾਅਦ ਵਿਚ ਹਾਰ ਗਿਆ। ਫ਼ਿਲਿਪ ਚੌਥੇ ਦੀ ਮੌਤ ਤੋਂ ਬਾਅਦ ਇਹ ਲੋਕ ਪ੍ਰਿਯ ਨਾ ਰਿਹਾ।

ਜਾਨ ਡੋਨ ਨੇ ਰਾਜਨੀਤਿਕ ਸਾਜ਼ਸ਼ਾਂ ਵਿਚ ਮਹੱਤਵਪੂਰਨ ਹਿੱਸਾ ਲਿਆ ਜਿਸ ਨੇ ਨਵੇਂ ਬਾਦਸ਼ਾਹ (ਜਾਨ ਡੋਨ ਦਾ ਮਤਰੇਆ ਭਰਾ ਚਾਰਲਸ ਦੂਜਾ) ਦੀ ਨਾਬਾਲਗੀ ਨੂੰ ਜ਼ਾਹਰ ਕੀਤਾ। ਇਸ ਨੇ ਰਾਜ-ਮਾਤਾ ਦਾ ਵਿਰੋਧ ਕੀਤਾ ਅਤੇ 1669 ਈ. ਵਿਚ ਐਰਾਗਨ ਅਤੇ ਕੈਟਾਲੋਨੀਆ ਵਿਚ ਫ਼ੌਜੀ ਬਗ਼ਾਵਤ ਦੀ ਅਗਵਾਈ ਕੀਤੀ ਅਤੇ ਰਾਜ-ਮਾਤਾ ਨੂੰ ਆਪਣੇ ਕਨਫ਼ੈੱਸਰ ਪਾਦਰੀ ਜੋਹਾਨ ਐਬਰਹਾਰਡ ਨਾਥਰਡ ਨੂੰ ਬਰਖ਼ਾਸਤ ਕਰਨ ਲਈ ਮਜਬੂਰ ਕੀਤਾ। ਜਾਨ ਡੋਨ ਨੂੰ ਕੁਝ ਸਮੇਂ ਲਈ ਐਰਾਗਾਨ ਦੇ ਵਾਇਸਰਾਇ ਦੇ ਪਦ ਤੇ ਹੀ ਸੰਤੁਸ਼ਟ ਰਹਿਣ ਲਈ ਮਜਬੂਰ ਹੋਣਾ ਪਿਆ ਪਰ 1677 ਈ. ਵਿਚ ਇਹ ਰਾਜ-ਮਾਤਾ ਨੂੰ ਹਟਾ ਕੇ ਆਪ ਮੁੱਖ ਵਜ਼ੀਰ ਬਣ ਗਿਆ। ਇਹ ਸਪੇਨ ਦੇ ਰੱਖਿਅਕ ਦੇ ਤੌਰ ਤੇ ਕਾਫ਼ੀ ਸਤਿਕਾਰਿਆ ਜਾਣ ਲੱਗਾ। ਪਰੰਤੂ ਇਸ ਨੇ ਇਸ ਅਹੁਦੇ ਤੇ ਕੁਝ ਸਮੇਂ ਲਈ ਹੀ ਕੰਮ ਕੀਤਾ ਅਤੇ ਇਸ ਦਾ ਰਾਜ ਪ੍ਰਬੰਧ ਨਿਰਾਸ਼ਾਜਨਕ ਸਿੱਧ ਹੋਇਆ। 17 ਸਤੰਬਰ, 1679 ਈ. ਇਸ ਦੀ ਮੌਤ ਹੋ ਗਈ।

ਹ. ਪੂ.—ਐਨ. ਬ੍ਰਿ. 13 : 29

**ਜਾਨ ਡੋਰੀ** : ਇਹ ਕਾਫ਼ੀ ਡੂੰਘੇ ਪਾਣੀ ਵਿਚ ਮਿਲਣ ਵਾਲੀਆਂ ਅਜੀਬ ਕੰਡੇਦਾਰ ਸਮੁੰਦਰੀ ਮੱਛੀਆਂ ਦੀਆਂ ਕਈ ਜਾਤੀਆਂ ਲਈ ਵਰਤਿਆ ਜਾਣ ਵਾਲਾ ਨਾਂ ਹੈ। ਜ਼ੀਡੀ (Zeidae) ਕੁਲ ਨਾਲ ਸਬੰਧਤ ਇਕ ਆਮ ਮਿਲਣ ਵਾਲੀ ਕਿਸਮ ਯੂਰਪੀਅਨ ਡੋਰੀ ਹੈ ਜਿਸ ਦਾ

ਵਿਗਿਆਨਕ ਨਾਂ ਜ਼ੀਅਸ ਫੇਬਰ *(Zeus faber)* ਹੈ। ਇਹ ਮੱਛੀ ਬਰਤਾਨੀਆ ਦੀਪਾਂ ਤੋਂ ਲੈ ਕੇ ਦੱਖਣ ਵੱਲ ਮੱਧ ਸਾਗਰ ਤੱਕ ਅਤੇ ਅਫ਼ਰੀਕਾ ਦੇ ਪੱਛਮੀ ਕੰਢੇ ਦੇ ਨਾਲ-ਨਾਲ ਮਿਲਦੀ ਹੈ। ਇਸ ਦਾ ਸੁਨਹਿਰਾ ਸਰੀਰ ਪਾਸਿਆਂ ਤੋਂ ਚਪਟਾ ਅਤੇ ਲਗਭਗ ਅੰਡਾਕਾਰ ਹੁੰਦਾ ਹੈ। ਮੂੰਹ ਬਹੁਤ ਵੱਡਾ ਹੁੰਦਾ ਹੈ ਅਤੇ ਕਾਫ਼ੀ ਚੌੜਾ ਖੁਲ੍ਹਣ ਦੀ ਸਮਰੱਥਾ ਰੱਖਦਾ ਹੈ। ਇਸ ਦੇ ਅਗਲੇ ਪਿੱਠ-ਖੰਭੜੇ ਉਪਰ ਲੰਬੇ ਕੰਡੇ ਜਾਂ ਸਪਾਈਨ ਹੁੰਦੇ ਹਨ। ਇਸ ਕਿਸਮ ਦੀਆਂ ਮੱਛੀਆਂ ਤਿੰਨ ਫੁੱਟ ਤੱਕ ਲੰਬੀਆਂ ਹੋ ਸਕਦੀਆਂ ਹਨ।



ਜਾਨ ਡੋਰੀ

ਲੋਕ ਕਥਾਵਾਂ ਵਿਚ ਵੀ ਇਸ ਮੱਛੀ ਦੀ ਇਕ ਅਦਭੁਤ ਪ੍ਰਸਿੱਧੀ ਮਿਲਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਦੇ ਸੁਨਹਿਰੀ ਸਰੀਰ ਦੇ ਦੋਹਾਂ ਪਾਸਿਆਂ ਤੇ ਜੋ ਗੂੜ੍ਹਾ ਧੱਬਾ ਜਿਹਾ ਹੁੰਦਾ ਹੈ ਉਹ ਸੇਂਟ ਪੀਟਰ ਦੇ ਅੰਗੂਠੇ ਅਤੇ ਉਂਗਲੀ ਦੇ ਚਿੰਨ੍ਹ ਹਨ। ਪੁਰਾਣੀ ਪ੍ਰਚੱਲਤ ਕਥਾ ਅਨੁਸਾਰ ਕਰ ਦੀ ਅਦਾਇਗੀ ਕਰਨ ਲਈ ਪੀਟਰ ਨੇ ਇਸ ਮੱਛੀ ਦੇ ਮੂੰਹ ਵਿਚੋਂ ਸਿੱਕਾ ਕੱਢਿਆ ਸੀ।

ਇਸ ਮੱਛੀ ਦੀਆਂ ਹੋਰ ਕਿਸਮਾਂ ਹਨ—ਇੰਡੋ-ਪੈਸੀਫ਼ਿਕ ਇਲਾਕੇ ਵਿਚ ਮਿਲਣ ਵਾਲੀ *Zeus japonicus* ਅਤੇ ਉੱਤਰੀ ਅਮਰੀਕਾ ਦੇ ਐਟਲਾਂਟਿਕ ਕੰਢੇ ਤੇ ਮਿਲਣ ਵਾਲੀ Zenopsis ocellata । ਇਹ ਮੱਛੀਆਂ ਪੇਟੂ ਮੰਨੀਆਂ ਜਾਂਦੀਆਂ ਹਨ ਅਤੇ ਘੋਗੇ, ਸ਼ਰਿੰਪ ਅਤੇ ਮੱਛੀਆਂ ਦੇ ਛੋਟੇ ਬੱਚੇ ਖਾ ਕੇ ਪੇਟ ਭਰਦੀਆਂ ਹਨ। ਇਨ੍ਹਾਂ ਦੀ ਭੋਜਨ ਪੱਖੋਂ ਬਹੁਤ ਮਹੱਤਤਾ ਨਹੀਂ ਹੈ।

ਹ. ਪੁ.—ਐਨ. ਬ੍ਰਿ. 13 : 38

**ਜਾਨ ਦਾ ਫ਼ੀਅਰਲੈੱਸ (ਬਰਗੰਡੀ)** : ਇਸ ਦਾ ਜਨਮ 28 ਮਈ, 1371 ਈ. ਵਿਚ ਡੀਜੋਨ ਵਿਖੇ ਹੋਇਆ। ਇਹ ਫ਼ਿਲਿਪ ਦੀ ਬੋਲਡ ਅਤੇ ਫਲੈਂਡਰਜ਼ ਦੀ ਮਾਰਗਰੈੱਟ ਦਾ ਸਭ ਤੋਂ ਵੱਡਾ ਲੜਕਾ ਸੀ। ਇਸ ਦਾ ਵਿਆਹ ਬਾਵੇਰੀਆ ਦੇ ਡਿਊਕ ਐਲਬਰਟ ਦੀ ਲੜਕੀ, ਮਾਰਗਰੈੱਟ ਨਾਲ ਹੋਇਆ।

ਸੰਨ 1396 ਵਿਚ ਜਾਨ ਨੇ ਤੁਰਕਾਂ ਵਿਰੁੱਧ ਬਲਕਾਨ ਵਿਚ ਧਰਮ ਯੁੱਧ ਕੀਤਾ ਪਰ ਹਾਰ ਗਿਆ ਅਤੇ ਇਸ ਨੂੰ ਬੰਦੀ ਬਣਾਇਆ ਗਿਆ। ਬਾਅਦ ਵਿਚ ਰਿਹਾ ਹੋ ਗਿਆ। ਇਸ ਹਿੰਮਤ ਵਾਲੇ ਕੰਮ ਤੋਂ ਬਾਅਦ ਹੀ ਇਸ ਦੀ ਅੱਲ 'ਫ਼ੀਅਰਲੈੱਸ' ਪੈ ਗਈ।

ਸੰਨ 1404 ਵਿਚ ਪਿਤਾ ਦੀ ਮੌਤ ਮਗਰੋਂ ਜਾਨ ਬਰਗੰਡੀ ਦਾ ਡਿਊਕ ਬਣਿਆ। ਇਸ ਨੇ ਬਰਾਬਾਂਟ ਅਤੇ ਲਿਮਬਰਗ ਦੇ ਇਲਾਕੇ ਐਂਟਨੀ ਅਤੇ ਨਾਵਾਰਜ ਅਤੇ ਰੀਟਾਲ ਦੀਆਂ ਕਾਉਂਟੀਆਂ ਅਤੇ ਸ਼ੈਂਪੇਨ ਦਾ ਕੁਝ ਇਲਾਕਾ ਫ਼ਿਲਿਪ ਨੂੰ ਦੇ ਦਿੱਤਾ।

ਜਾਨ ਨੇ ਐਂਟਨੀ ਦੇ ਲਕਸਮਬਰਗ ਉੱਤੇ ਹੱਕਾਂ ਦਾ ਪੱਖ ਪੂਰਿਆ। ਇਸ ਨੇ ਆਪਣੀ ਭੈਣ ਜਿਹੜੀ ਲਿਓਪੋਲਡ ਚੌਥੇ ਦੀ ਵਿਧਵਾ ਸੀ, ਲਈ ਫ਼ੈਰੀਟੀ ਦੇ ਇਲਾਕੇ ਪ੍ਰਾਪਤ ਕੀਤੇ। ਸੰਨ 1412-19 ਦੌਰਾਨ ਜਾਨ ਨੇ ਲੂਈ ਦਾ ਚੈਲਾਨ (Louis de Chalon) ਉੱਤੇ ਹਮਲਾ ਕਰਕੇ ਉਸ ਦੇ ਟਾੱਨੀਰੀ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਸੰਨ 1404-5 ਵਿਚ ਜਾਨ ਦਾ ਆਪਣੇ ਭਤੀਜੇ ਆਰਲੀਨਜ਼ ਦੇ ਡਿਊਕ ਨਾਲ ਝਗੜਾ ਸ਼ੁਰੂ ਹੋ ਗਿਆ। ਜਾਨ ਨੂੰ ਪੈਰਿਸ ਦੀ ਜਨਤਾ ਦੀ ਮੱਦਦ ਪ੍ਰਾਪਤ ਸੀ। ਝਗੜਾਲੂਆਂ ਨੂੰ ਸੁਲ੍ਹਾ-ਸਫ਼ਾਈ ਲਈ ਮਜਬੂਰ ਕੀਤਾ ਗਿਆ ਪਰੰਤੂ ਤਿੰਨ ਦਿਨ ਬਾਅਦ ਪੈਰਿਸ ਵਿਚ ਲੂਈ ਦਾ ਕਤਲ ਹੋ ਗਿਆ ਜਿਸ ਦਾ ਜ਼ਿੰਮੇਵਾਰ ਜਾਨ ਨੂੰ ਠਹਿਰਾਇਆ ਗਿਆ। ਜਾਨ ਨੇ ਪੈਰਿਸ ਛੱਡ ਦਿੱਤਾ ਪਰ ਫ਼ਰਵਰੀ, 1408 ਵਿਚ ਵਾਪਸ ਆ ਗਿਆ।

ਸੰਨ 1409 ਤੋਂ ਮਗਰੋਂ ਜਾਨ ਨੇ ਵਿੱਤ ਸਬੰਧੀ ਸੁਧਾਰ ਸ਼ੁਰੂ ਕੀਤੇ ਅਤੇ ਬਹੁਤ ਸਾਰੇ ਵਿੱਤ ਅਧਿਕਾਰੀਆਂ ਨੂੰ ਦੰਡ ਦਿੱਤੇ। ਇਸ ਦਬਾਉ ਨੀਤੀ ਨੇ ਫ਼ਸਾਦਾਂ ਨੂੰ ਜਨਮ ਦਿੱਤਾ। ਜਾਨ ਨੇ ਸੁਧਾਰਾਂ ਰਾਹੀਂ ਬਾਗ਼ੀਆਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਹਾਲਾਤ ਨੂੰ ਭਾਂਪਦਿਆਂ ਇਸ ਨੂੰ ਪੈਰਿਸ ਆਰਮਨਯੈਕਾਂ ਦੇ ਹਵਾਲੇ ਕਰਨਾ ਪਿਆ।

ਸੰਨ 1417 ਤੋਂ ਮਗਰੋਂ ਚਾਰਲਸ ਡਾਫ਼ਿਨ (ਫ਼ਰਾਂਸ ਦਾ ਯੁਵਰਾਜ) ਬਣਿਆ ਜੋ ਕਿ ਜਾਨ ਦਾ ਦੁਸ਼ਮਣ ਸੀ। ਇਸ ਕਰਕੇ ਦੋਬਾਰਾ ਖ਼ਾਨਾਜੰਗੀ ਸ਼ੁਰੂ ਹੋ ਗਈ। ਪੈਰਿਸ ਵਿਚ ਆਰਮਨ ਯੈਕਾਂ ਵਿਰੁੱਧ ਬਗ਼ਾਵਤ ਤੋਂ ਮਗਰੋਂ ਜਾਨ ਨੇ ਸ਼ਹਿਰ ਨੂੰ ਕਬਜ਼ੇ ਵਿਚ ਕਰ ਲਿਆ। ਹੁਣ ਜਾਨ ਨੂੰ ਇੰਗਲਿਸ਼ ਹਮਲੇ ਦਾ ਡਰ ਸੀ। ਇਸ ਲਈ ਇਸ ਨੇ ਡਾਫ਼ਿਨ ਨਾਲ ਸਮਝੌਤਾ ਕਰ ਲਿਆ ਪਰ 10 ਸਤੰਬਰ, 1419 ਈ. ਵਿਚ ਦੋਹਾਂ ਵਿਚਕਾਰ ਲੜਾਈ ਹੋ ਗਈ ਅਤੇ ਡਾਫ਼ਿਨ ਦੇ ਹੀ ਆਦਮੀਆਂ ਨੇ ਲੂਈ ਦੇ ਕਤਲ ਬਦਲੇ ਜਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਹ. ਪੁ.—ਐਨ. ਬ੍ਰਿ. 13 : 28; ਚੈਂਬ. ਐਨ. 8 : 122

**ਜਾਨ ਪੋਸਟਗੇਟ ਪਰਸੀਵਲ** : ਇਹ ਬਰਤਾਨਵੀ ਅਕਾਦਮੀ ਦਾ ਮੈਂਬਰ ਸੀ। ਇਸ ਦਾ ਜਨਮ 1853 ਈ: ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਡਾ. ਜਾਨ ਪੋਸਟਗੇਟ ਸੀ। ਖਾਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਕਰਨ ਵਿਰੁੱਧ ਕਾਨੂੰਨ ਬਣਾਉਣ ਦਾ ਸਿਹਰਾ ਇਸ ਦੇ ਸਿਰ ਹੈ। ਇਸ ਨੇ ਕਿੰਗ ਵੁੱਡਵਰਡ ਸਕੂਲ, ਬਰਮਿੰਘਮ ਅਤੇ ਟ੍ਰਿਨਿਟੀ ਕਾਲਜ, ਕੈਂਬ੍ਰਿਜ ਵਿਚੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1884 ਤੋਂ 1909 ਤੱਕ ਇਹ ਉਸੇ ਕਾਲਜ ਵਿਚ ਕਲਾਸੀਕਲ ਅਧਿਆਪਕ ਦੇ ਅਹੁਦੇ ਤੇ ਰਿਹਾ। ਲੰਦਨ ਵਿਚ ਇਹ ਤੁਲਨਾਤਮਕ ਫ਼ਿਲਾਸਫ਼ੀ ਦੇ ਪ੍ਰੋਫ਼ੈਸਰ ਵਜੋਂ ਵੀ ਕੰਮ ਕਰਦਾ ਰਿਹਾ। 14 ਜੁਲਾਈ, 1926 ਨੂੰ ਇਕ ਦੁਰਘਟਨਾ ਵਿਚ ਇਸ ਦੀ ਮੌਤ ਹੋ ਗਈ। ਲਾਤੀਨੀ ਵਿਦਵਾਨਾਂ ਵਿਚ ਪੋਸਟਗੇਟ ਦੀ ਥਾਂ ਅਤਿਅੰਤ ਮਹੱਤਵਪੂਰਨ ਹੈ। ਲਾਤੀਨੀ ਦੀ ਸਿੱਖਿਆ ਦੇ ਖੇਤਰ ਵਿਚ ਇਸ ਨੇ ਸ਼ਲਾਘਾਯੋਗ ਕੰਮ ਕੀਤਾ ਹੈ।

ਅਤਿਅੰਤ ਸਰਲ ਰੂਪ ਵਿਚ ਲਿਖੇ ਜਾਣ ਕਾਰਨ ਇਸ ਦੀਆਂ 'ਨਿਊ ਲੈਟਿਨ ਪ੍ਰਾਈਮਰ' ਅਤੇ 'ਸਰਮੋ ਲੈਟਿਨਾਸ' ਨਾਂ ਦੀਆਂ ਪੁਸਤਕਾਂ ਬਹੁਤ ਹਰਮਨ ਪਿਆਰੀਆਂ ਹੋਈਆਂ।

ਹ. ਪੁ.—ਹਿੰ. ਵਿ. ਕੋ. 4 : 463

**ਜਾਨ ਫ਼੍ਰੈਡਰਿਕ (ਪਹਿਲਾ)** : ਇਹ ਸੈਕਸਨੀ ਰਾਜ (ਜਰਮਨੀ) ਦਾ 1532 ਤੋਂ 1547 ਈ. ਤੱਕ ਦਾ ਚੋਣਕਾਰ ਸੀ। ਇਸ ਦਾ

ਪੂਰਾ ਨਾਂ ਜਰਮਨ ਜਾਨ ਫ਼੍ਰੈਡਰਿਕ ਡਰ ਗਰਾਸਨ ਮੂਟਿਜ ਸੀ ਪਰ ਬਹੁਤ ਖੁਲ੍ਹਦਿਲੀ ਵਾਲੇ ਸੁਭਾਅ ਸਦਕਾ ਇਸ ਨੂੰ 'ਦੀ ਮੈਗਨੈਨੀਮਸ' ਵੀ ਕਿਹਾ ਜਾਂਦਾ ਹੈ। ਜਾਨ ਫ਼੍ਰੈਡਰਿਕ ਪਹਿਲਾ ਹਾਊਸ ਆਫ਼ ਵੈਟਿਨ ਦੀ ਅਰਨੈਸਟਾਈਨ ਸ਼ਾਖਾ ਦਾ ਅੰਤਲਾ ਚੋਣਕਾਰ ਅਤੇ ਪ੍ਰੋਟੈਸਟੈਂਟ ਸ਼ਮਾਲਕਾਲਡਨ ਲੀਗ ਦਾ ਨੇਤਾ ਸੀ। ਫ਼੍ਰੈਡਰਿਕ ਪਹਿਲੇ ਦਾ ਜਨਮ 30 ਜੂਨ, 1503 ਨੂੰ ਟਾਰਗੈਊ ਸ਼ਹਿਰ ਵਿਖੇ ਜਾਨ ਦੀ ਸਟੈਡ ਫਾਸਟ ਦੇ ਘਰ ਹੋਇਆ। ਇਹ ਆਪਣੇ ਪਿਤਾ ਦਾ ਸਭ ਤੋਂ ਵੱਡਾ ਪੁੱਤਰ ਸੀ। ਅਗਸਤ 1552 ਵਿਚ ਫ਼੍ਰੈਡਰਿਕ ਨੇ ਆਪਣੇ ਪਿਤਾ ਦਾ ਉੱਤਰਾਧਿਕਾਰ ਸੰਭਾਲਿਆ ਅਤੇ ਪੱਛਮੀ ਸੈਕਸਨੀ ਅਤੇ ਥੁਰਿੰਜੀਆ ਸਟੇਟ ਦਾ ਹਾਕਮ ਬਣਿਆ। ਸੰਨ 1541 ਵਿਚ ਇਸ ਨੇ ਕੋਬਰਗ ਦਾ ਇਲਾਕਾ ਆਪਣੇ ਮਤਰੇਏ ਭਰਾ, ਜਾਨ ਅਰਨੈਸਟ ਨੂੰ ਰਾਜ ਭੱਤੇ ਵਜੋਂ ਦੇ ਦਿੱਤਾ। ਜਾਨ ਅਰਨੈਸਟ ਦੀ 1553 ਈ: ਵਿਚ ਮੌਤ ਹੋ ਗਈ। ਫ਼੍ਰੈਡਰਿਕ ਆਪਣੇ ਪਿਤਾ ਵਾਂਗ ਲੂਥਰ-ਪੰਥੀ ਸੀ। ਇਸੇ ਕਰਕੇ ਉਹ ਚਾਰਲਸ ਪੰਜਵੇਂ ਦੀ ਵਿਰੋਧਤਾ ਕਰਨੋਂ ਝਿਜਕਦਾ ਸੀ।

ਸੰਨ 1542 ਵਿਚ ਫ਼੍ਰੈਡਰਿਕ ਨੇ ਕੈਥਿਡਰਲ ਪਾਦਰੀ ਸੰਘ ਦੁਆਰਾ ਚੁਣੇ ਹੋਏ ਪਾਦਰੀ ਜੂਲੀਅਸ ਫ਼ਾਨ ਜਿਹੜਾ ਇਕ ਕੈਥੋਲਿਕ ਸੀ, ਦੀ ਜਗ੍ਹਾ ਨਿਕੋਲਸ ਫ਼ਾਨ ਐਮਸਡਾਰਫ ਨੂੰ ਨਾਉਮੱਬੁਗਾ ਦਾ ਪਾਦਰੀ ਥਾਪ ਦਿੱਤਾ। ਉਧਰ ਜੂਲੀਅਸ ਨੇ ਪਾਦਰੀ ਸੰਘ ਦੀ ਜਾਇਦਾਦ ਤੇ ਕਬਜ਼ਾ ਕਰ ਲਿਆ। ਇਸ ਤੇ ਸੈਕਸਨੀ ਦੇ ਡਿਊਕ ਮਾਰਿਸ ਜਿਹੜਾ ਫ਼੍ਰੈਡਰਿਕ ਦਾ ਰਿਸ਼ਤੇ ਵਿਚੋਂ ਭਰਾ ਸੀ, ਨੇ ਜੂਲੀਅਸ ਵਿਰੁੱਧ ਹਥਿਆਰ ਚੁੱਕ ਲਏ ਪਰ ਹੈਸੀ ਦੇ ਹਾਕਮ ਫ਼ਿਲਿਪ ਅਤੇ ਮਾਰਟਿਨ ਲੂਥਰ ਨੇ ਵਿਚ ਪੈ ਕੇ ਸਮਝੌਤਾ ਕਰਾ ਦਿੱਤਾ। ਇਸ ਦੇ ਇਵਜ਼ ਵਿਚ ਫ਼੍ਰੈਡਰਿਕ ਨੇ ਬ੍ਰਨਜ਼ਵਿਕ ਵਾੱਲਠਨਬਿਊਟਲ ਦੇ ਕੈਥੋਲਿਕ ਮਤ ਦੇ ਹੈਨਰੀ ਦੂਜੇ ਨੇ ਹੈਸੀ ਦੀ ਡੱਚੀ ਵਿਚੋਂ ਕੱਢਣ ਲਈ ਫ਼ਿਲਿਪ ਦੀ ਸਹਾਇਤਾ ਕੀਤੀ। ਇਸ ਉਪਰੰਤ ਫ਼੍ਰੈਡਰਿਕ ਨੇ ਚਾਰਲਸ ਨਾਲ ਆਪਣੇ ਸਬੰਧ ਨਾ ਵਿਗਾੜੇ ਪਰ 1544 ਈ: ਵਿਚ ਸਪੈਯਰ ਦੀ ਸਭਾ ਸ਼ਮਾਲਕਾਲਡਨ ਲੀਗ ਨੂੰ ਖੇਰੂੰ ਖੇਰੂੰ ਕਰਨ ਵਿਚ ਦ੍ਰਿੜ੍ਹ ਰਿਹਾ। ਇਸ ਦੇ ਫਲਸਰੂਪ ਜੁਲਾਈ, 1546 ਵਿਚ ਇਨ੍ਹਾਂ ਵਿਚਕਾਰ ਜੰਗ ਛਿੜ ਪਈ। ਮਾਰਿਸ ਨੇ ਅਰਨੈਸਟਾਈਨ ਦੇ ਰਾਜ-ਖੇਤਰ ਉੱਤੇ ਹਮਲਾ ਕਰ ਦਿਤਾ। ਅੱਗੋਂ ਫ਼੍ਰੈਡਰਿਕ ਨੇ ਮੋੜਵਾਂ ਹੱਲਾ ਕੀਤਾ ਤੇ ਮਾਰਿਸ ਨੂੰ ਪਿਛਾਂਹ ਧੱਕ ਦਿੱਤਾ ਪਰ ਮੂਲਬਰਗ ਦੀ ਲੜਾਈ ਵਿਚ 24 ਅਪ੍ਰੈਲ, 1547 ਨੂੰ ਫ਼੍ਰੈਡਰਿਕ ਜ਼ਖ਼ਮੀ ਹੋ ਗਿਆ ਅਤੇ ਚਾਰਲਸ ਦੀ ਫ਼ੌਜ ਨੇ ਇਸ ਨੂੰ ਬੰਦੀ ਬਣਾ ਲਿਆ। ਇਸ ਕੋਲੋਂ ਵਿਟਨਬਰਗ ਲੈਣ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਫ਼੍ਰੈਡਰਿਕ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ਲਾਗੂ ਨਾ ਹੋਈ। 10 ਮਈ, 1547 ਨੂੰ ਵਿਟਨਬਰਗ ਬਾਰੇ ਕੀਤੀ ਗਈ ਸੰਧੀ ਵਿਚ ਫ਼੍ਰੈਡਰਿਕ ਨੇ ਚੋਣਕਾਰੀ ਪੱਤਰਾਂ ਦੇ ਕੁਝ ਝਗੜੇ ਵਾਲੇ ਇਲਾਕੇ ਮਾਰਿਸ ਨੂੰ ਅਤੇ ਬਾਕੀ ਦੇ ਡਿਸਟ੍ਰਿਕਟ ਚਾਰਲਸ ਪੰਜਵੇਂ ਦੇ ਭਰਾ ਫ਼ਰਡੀਨੈਂਡ ਨੂੰ ਛੱਡ ਦਿੱਤੇ। ਇੰਨਾ ਕੁਝ ਕਰਨ ਤੇ ਵੀ ਫ਼੍ਰੈਡਰਿਕ ਧਾਰਮਕ ਇਰਾਦੇ ਉੱਤੇ ਦ੍ਰਿੜ੍ਹ ਰਿਹਾ ਅਤੇ ਅਗਾਂਹ ਆਪਣੇ ਪੁੱਤਰਾਂ ਨੂੰ ਇਸ ਸਬੰਧੀ ਕਿਸੇ ਕਿਸਮ ਦੀ ਸੰਧੀ ਕਰਨੋਂ ਵਰਜਿਆ। ਇਸੇ ਕਰਕੇ ਫ਼੍ਰੈਡਰਿਕ ਮਈ, 1552 ਤੱਕ ਬੰਦੀ ਬਣਿਆ ਰਿਹਾ। ਇਸ ਸਮੇਂ ਦੌਰਾਨ ਫ਼੍ਰੈਡਰਿਕ ਦੇ ਪੁੱਤਰ ਥਰਿੰਜੀਆ ਦੇ ਅਰਨੈਸਟਾਈਨ ਖੇਤਰ ਵਿਚ ਰਹੇ। ਰਿਹਾਅ ਹੋਣ ਉਪਰੰਤ ਅਰਨੈਸਟਾਈਨ ਦੇ ਲੋਕਾਂ ਨੇ ਲੂਥਰਵਾਦ ਪਿਛੇ ਕਸ਼ਟ ਝੱਲ ਕੇ ਪਰਤ ਰਹੇ ਲੀਗਰੀ ਫ਼੍ਰੈਡਰਿਕ ਦਾ ਪੂਰੇ ਜੋਸ਼ ਨਾਲ ਸਵਾਗਤ ਕੀਤਾ। ਫ਼ਰਵਰੀ, 1554 ਦੀ ਨਾਉਮਬੁੱਰਗ ਸੰਧੀ ਅਧੀਨ ਫ਼੍ਰੈਡਰਿਕ ਨੇ ਮਾਰਿਸ ਦੇ ਉਤਰਾਧਿਕਾਰੀ, ਆਗਸਟਸ ਪਹਿਲੇ ਨੂੰ ਮਾਨਤਾ ਦਿੱਤੀ ਅਤੇ ਕੁਝ ਖੇਤਰ ਅਰਨੈਸਟਾਈਨਾਂ ਨੂੰ ਵਾਪਸ ਦੇ ਦਿੱਤੇ।

ਫ਼੍ਰੈਡਰਿਕ ਪਹਿਲਾ ਇਕ ਵਧੀਆ ਸ਼ਿਕਾਰੀ ਅਤੇ ਮੁਸੀਬਤ ਵਿਚ ਸਭ ਤੋਂ ਅੱਗੇ ਡਟ ਕੇ ਮੁਕਾਬਲਾ ਕਰਨ ਵਾਲਾ ਵਿਅਕਤੀ ਸੀ।

3 ਮਾਰਚ, 1554 ਨੂੰ ਵਾਈਮਾਰ ਸ਼ਹਿਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 38

**ਜਾਨ ਫ਼੍ਰੈਡਰਿਕ (ਦੂਜਾ)** : ਇਹ ਸੈਕਸਨੀ ਦਾ ਡਿਊਕ ਸੀ ਜਿਹੜਾ 8 ਜਨਵਰੀ, 1529 ਈ. ਨੂੰ ਤਾਰਗਉ ਦੇ ਸਥਾਨ ਤੇ ਪੈਦਾ ਹੋਇਆ। ਇਹ ਇਲੈਕਟਰ ਜਾਨ ਫ਼੍ਰੈਡਰਿਕ ਪਹਿਲੇ ਦਾ ਵੱਡਾ ਲੜਕਾ ਸੀ। ਸੰਨ 1547 ਵਿਚ ਆਪਣੇ ਪਿਤਾ ਦੇ ਕੈਦ ਦੇ ਸਮੇਂ ਦੌਰਾਨ ਇਸ ਨੇ ਆਪਣੇ ਭਰਾਵਾਂ, ਜਾਨ ਵਿਲੀਅਮ ਅਤੇ ਜਾਨ ਫ਼੍ਰੈਡਰਿਕ ਤੀਜੇ ਦੀ ਸੰਗਰ ਨਾਲ ਮਿਲ ਕੇ ਅਰਨੈਸਟਾਈਨ ਲੈਂਡਜ਼ ਦੇ ਰਾਜ ਭਾਗ ਦਾ ਕੰਮ ਸੰਭਾਲਿਆ।

ਸੰਨ 1554 ਵਿਚ ਜਾਨ ਫ਼੍ਰੈਡਰਿਕ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਭਰਾਵਾਂ ਨਾਲ ਮਿਲ ਕੇ 1557 ਈ. ਤੱਕ ਅਰਨੈਸਟਾਈਨ ਸੈਕਸਨੀ ਉੱਤੇ ਰਾਜ ਕੀਤਾ। ਇਸ ਤੋਂ ਮਗਰੋਂ 1565 ਈ. ਤੱਕ ਇਹ ਇਕੱਲਾ ਹੀ ਹਾਕਮ ਰਿਹਾ। ਇਸ ਸਮੇਂ ਦੌਰਾਨ ਇਸ ਨੇ ਕੋਬਰਗ ਨੂੰ ਇਕ ਵੱਖਰੀ ਡੱਚੀ ਵਜੋਂ ਜਾਨ ਵਿਲੀਅਮ ਨੂੰ ਸੌਂਪ ਦਿੱਤਾ। ਪਰੰਤੂ ਵਾਈਮਾਰ ਅਤੇ ਗੱਥ ਦੇ ਪ੍ਰਦੇਸ਼ ਆਪਣੇ ਲਈ ਰੱਖੇ। ਕੱਟੜ ਲੂਥਰਪੰਥੀ ਹੋਣ ਕਰਕੇ ਇਸ ਨੇ ਮੈਥਾਈਐਸ ਫਲੇਕੀਅਸ ਦੇ ਵਿਚਾਰਾਂ ਦੀ ਹਿਮਾਇਤ ਕੀਤੀ ਅਤੇ ਯੂਨੀਵਰਸਿਟੀ ਆਫ਼ ਯੇਨਾ ਨੂੰ ਉੱਚਾ ਚੁੱਕਿਆ।

ਨਵੰਬਰ, 1566 ਵਿਚ ਆਗਸਟਸ ਅਤੇ ਜਾਨ ਵਿਲੀਅਮ ਨੇ ਜਾਨ ਫ਼੍ਰੈਡਰਿਕ ਉੱਤੇ ਹਮਲਾ ਕਰ ਦਿੱਤਾ। ਅਪ੍ਰੈਲ, 1567 ਵਿਚ ਇਸ ਨੂੰ ਗੱਥ ਵਿਚ ਫੜ ਲਿਆ ਗਿਆ ਅਤੇ ਇਸ ਨੂੰ ਮੌਤ (9 ਮਈ 1595) ਤੱਕ ਵੱਖ ਵੱਖ ਥਾਵਾਂ ਉੱਤੇ ਕੈਦੀ ਬਣਾ ਕੇ ਰੱਖਿਆ ਗਿਆ। ਇਸ ਸਮੇਂ ਦੌਰਾਨ ਇਸ ਦੀ ਪਤਨੀ ਵੀ ਇਸ ਦੇ ਨਾਲ ਹੀ ਕੈਦ ਵਿਚ ਰਹੀ। ਇਸ ਦੇ ਲੜਕਿਆਂ ਜਾਨ ਕੈਸੀਮੀਰ ਅਤੇ ਜਾਨ ਅਰਨੈਸਟ ਨੇ 1572 ਈ. ਦੀ ਅਰਫਰਟ ਦੀ ਸੰਧੀ ਰਾਹੀਂ ਕੋਬਰਗ ਦੇ ਬਦਲੇ ਵਾਈਮਾਰ ਆਪਣੇ ਚਾਚੇ ਜਾਨ ਵਿਲੀਅਮ ਦੇ ਹਵਾਲੇ ਕਰ ਦਿੱਤਾ।

ਹ. ਪੁ.–ਐਨ. ਬ੍ਰਿ. 13 : 38

**ਜਾਨ ਬੁੱਲ** : ਸਾਹਿਤ ਵਿਚ ਇਹ ਨਾਂ ਇੰਗਲੈਂਡ ਲਈ, ਅੰਗਰੇਜ਼ਾਂ ਦੀ ਵਿਲੱਖਣਤਾ ਲਈ ਅਤੇ ਕਿਸੇ ਇਕ ਅੰਗਰੇਜ਼ ਵਿਅਕਤੀ ਲਈ ਵਰਤਿਆ ਜਾਂਦਾ ਹੈ।



ਜਾਨ ਬੁੱਲ

ਇਹ ਨਾਂ ਪਹਿਲੀ ਵਾਰ 1712 ਈ. ਵਿਚ ਸਕਾਟਲੈਂਡ ਦੇ ਹਿਸਾਬਦਾਨ ਅਤੇ ਹਕੀਮ ਜਾਨ ਅਰਬਥਨਾਟ ਨੇ ਆਪਦੇ ਵਿਅੰਗ ਨਾਟਕ 'ਲਾ ਇਜ਼ ਏ ਬਾੱਟਮਲੈੱਸ ਪਿੱਟ' ਵਿਚ ਵਰਤਿਆ ਸੀ। ਫਿਰ 1727 ਈ. ਵਿਚ ਇਸ ਸ਼ਬਦ ਦੀ ਵਰਤੋਂ ਸਵਿਫਟ ('ਦੀ ਹਿਸਟਰੀ ਆਫ਼ ਜਾਨ ਬੁੱਲ') ਅਤੇ ਪੋਪ ('ਮਿਸਲੇਨੀਜ਼ ਇਨ ਪ੍ਰੋਜ਼ ਐਂਡ ਵਰਸ') ਨੇ ਕੀਤੀ ਜਿਸ ਨਾਲ ਇਹ ਵਿਅੰਗ ਮੁੜ ਜਾਰੀ ਹੋਏ। ਇਨ੍ਹਾਂ ਵਿਅੰਗਾਂ ਵਿਚ ਬੁੱਲ ਇਕ ਈਮਾਨਦਾਰ ਬਜਾਜੀ ਦਿਖਾਇਆ ਗਿਆ ਹੈ ਜਿਹੜਾ ਹਾਲੈਂਡ ਦੇ

ਪੜਿਆਂ ਦੇ ਵਪਾਰੀ ਆਪਣੇ ਦੋਸਤ ਨਿਕੋਲਾਸ ਫ੍ਰੌਗ ਨਾਲ ਮਿਲ ਕੇ ਵਿਸ ਬੈਬੂਨ (ਲੂਈ ਚੌਦ੍ਹਵੇਂ) ਦੇ ਵਿਰੁੱਧ ਲੜਦਾ ਹੈ ਕਿਉਂ ਜੋ ਉਹ ਪਾਰ ਵਿਚ ਵਿਘਨ ਪਾਉਂਦਾ ਸੀ। ਇਨ੍ਹਾਂ ਵਿਅੰਗਾਂ ਦੇ ਬਹੁਤ ਗਿਣਤੀ ਤ ਛਪਣ ਕਾਰਨ ਬੁੱਲ, ਫ੍ਰੌਗ ਅਤੇ ਅਜਿਹੇ ਹੋਰ ਨਾਂ ਰਾਸ਼ਟਰੀ ਚਰਿਤਰ ਚਿੰਨ੍ਹ ਮਾਤਰ ਬਣ ਗਏ। ਇਹ ਉਪਹਾਸੀ ਬੁੱਲ 18ਵੀਂ ਸਦੀ ਦੀਆਂ ਜਨੀਤਕ ਲਿਖਤਾਂ ਵਿਚ ਵੀ ਬਹੁਤ ਪ੍ਰਚੱਲਤ ਹੋਏ। ਆਰਬੁਥਨੌਟ ਨੁਸਾਰ ਜਾਨ ਬੁੱਲ ਦਿਆਨਤਦਾਰ, ਨੇਕ ਸੁਭਾ ਵਾਲਾ, ਆਸਾਨੀ ਨਾਲ ਖਾ ਖਾ ਜਾਣ ਵਾਲਾ ਪਰ ਸਾਦਾ, ਸਾਊ ਅਤੇ ਸਵੈ-ਵਿਸ਼ਵਾਸੀ ਹੁੰਦਾ । ਜਾਨ ਬੁੱਲ ਦੀ ਸਭ ਤੋਂ ਵੱਧ ਪ੍ਰਸਿੱਧੀ 19ਵੀਂ ਸਦੀ ਵਿਚ ਅਖ਼ਬਾਰ 'unch' ਦੇ ਪ੍ਰਭਾਵੀ ਕਾਰਟੂਨਾਂ ਰਾਹੀਂ ਹੋਈ। ਜਾਨ ਬੁੱਲ ਨੂੰ ਕਿੰਨੇ ਹੀ ਖ-ਵੱਖ ਰੂਪਾਂ ਵਿਚ ਵਿਖਾਇਆ ਗਿਆ। ਸੰਨ 1828 ਵਿਚ ਇਸ ਨੂੰ ਕ ਪੇਂਡੂ ਕਿਸਾਨ ਵਿਖਾਇਆ ਗਿਆ, ਸੰਨ 1848 ਵਿਚ ਇਕ ਮੋਟਾ ਜ਼ਾ ਸ਼ਹਿਰੀ ਬਣਾ ਕੇ ਪੇਸ਼ ਕੀਤਾ ਗਿਆ ਅਤੇ 1911 ਈ. ਵਿਚ 'ਲੰਡਨ ਲ਼ੀ ਡਿਸਪੈਚ' ਵਿਚ ਜਾਨ ਬੁੱਲ ਨੂੰ ਇੰਗਲੈਂਡ ਦੇ ਝੰਡੇ ਯੂਨੀਅਨ ਜੈਕ ਲੀ ਵਾਸਕਟ ਦੇ ਕਾਰਟੂਨ ਵਿਚ ਦਿਖਾਇਆ ਗਿਆ। ਦੁਸ਼ਮਣ ਦੇਸ਼ਾਂ ਚ ਜਾਨ ਬੁੱਲ ਨੂੰ 'ਵਿਸ਼ਵਾਸਘਾਤੀ ਬਰਤਾਨਵੀ' ਵਜੋਂ ਦਰਸਾਇਆ ਆ। ਸੰਨ 1912 ਵਿਚ ਅਮਰੀਕੀ ਵਿਅੰਗਕਾਰ ਜੇਮਜ਼ ਕੇ. ਪੋਲਡਿੰਗ 'ਦੀ ਡਾਈਵਰਟਿੰਗ ਹਿਸਟਰੀ ਆਫ਼ ਜਾਨ ਬੁੱਲ ਐਂਡ ਬ੍ਰਦਰ ਜੋਨਾਥਨ' ਚ ਜਾਨ ਬੁੱਲ ਅਤੇ ਜੋਨਾਥਨ (ਜਾਂ ਅੰਕਲ ਸੈਮ) ਨੂੰ ਇਕੱਠੇ ਵਿਖਾਇਆ। ਨ ਬੁੱਲ ਹੁਣ ਇੰਨਾ ਆਮ ਹੋ ਗਿਆ ਸੀ ਕਿ ਇਹ ਨਾਂ ਆਮ ਕਰਕੇ ਤਾਬਾਂ, ਨਾਟਕਾਂ ਅਤੇ ਰਸਾਲਿਆਂ ਦੇ ਟਾਈਟਲਾਂ ਤੇ ਉਤਪਾਦਕ ਚੀਜ਼ਾਂ ਵਪਾਰਕ ਚਿੰਨ੍ਹ ਵਜੋਂ ਵੀ ਵਰਤਿਆ ਜਾਣ ਲੱਗਾ।

ਹ. ਪੁ.–ਐਨ. ਬ੍ਰਿ. ਮਾ. 5 : 579; ਨਿ. ਯੂ. ਐਨ. 9 : 4712; ਵ. ਯੂ. ਐਨ. 2695

**ਜਾਨਵਰ** : ਐਨੀਮੇਲੀਆ ਗਰੁੱਪ ਦੇ ਕਿਸੇ ਵੀ ਮੈਂਬਰ ਨੂੰ ਨਵਰ ਦਾ ਨਾਂ ਦਿੱਤਾ ਜਾਂਦਾ ਹੈ। ਜਾਨਵਰਾਂ ਅਤੇ ਪੌਦਿਆਂ ਵਿਚ ਅੰਤਰ ਨ੍ਹਾਂ ਦੀ ਆਕਾਰ-ਰਚਨਾ ਅਤੇ ਸਰੀਰ-ਕਿਰਿਆ ਕਾਰਨ ਹੁੰਦਾ ਹੈ।

ਖੋਜਾਂ ਰਾਹੀਂ ਸੈੱਲ ਦੀ ਰਚਨਾ ਦੀ ਗੁੰਝਲਤਾ ਦਾ ਪਤਾ ਲੱਗਣ ਏ ਇਹ ਸਾਬਤ ਹੋ ਜਾਣ ਤੱਕ ਕਿ ਜਾਨਵਰਾਂ ਅਤੇ ਪੌਦਿਆਂ, ਦੋਨਾਂ ਸੈੱਲਾਂ ਦੀ ਮੁੱਢਲੀ ਬਣਤਰ ਇਕੋ ਜਿਹੀ ਹੈ। ਪਹਿਲਾਂ ਪਹਿਲ ਇਹ ਖ਼ਾਲ ਸੀ ਕਿ ਪੌਦਿਆਂ ਨੂੰ ਜੇ ਜਾਨਵਰਾਂ ਦੇ ਨਾਲ ਹੀ ਸ਼ਾਮਲ ਕਰ ਆ ਜਾਵੇ ਤਾਂ ਸਮਝਿਆ ਜਾਂਦਾ ਸੀ ਕਿ ਪੌਦੇ ਨਿਮਨ ਪੱਧਰ ਦਾ ਨ ਜਿਉਂਦੇ ਹਨ ਪਰ ਹੁਣ ਸਿੱਧ ਹੋ ਚੁੱਕਾ ਹੈ ਕਿ ਪੌਦਿਆਂ ਅਤੇ ਨਵਰਾਂ ਦੋਨਾਂ ਦੀ ਮੂਲਕ ਚੀਜ਼ ਇਕੋ ਜਿਹੇ ਸੈੱਲ ਹਨ। ਦੋਨਾਂ ਵਿਚ ਡੱਖ ਫ਼ਰਕ ਸਿਰਫ਼ ਇਹ ਹੈ ਕਿ ਜਾਨਵਰਾਂ ਦੇ ਸੈੱਲ ਦੀ ਸੈੱਲ-ਭਿੱਤੀ ਤਾਂ ਹੁੰਦੀ ਹੀ ਨਹੀਂ ਜਾਂ ਨਾਈਟ੍ਰੋਜਨੀ ਮਾਦੇ ਦੀ ਬਣੀ ਹੁੰਦੀ ਹੈ ਜਦੋਂ ਪੌਦਿਆਂ ਵਿਚ ਇਹ ਕਾਰਬੋਹਾਈਡ੍ਰੇਟ ਮਾਦੇ (ਸੈਲੂਲੋਜ਼) ਦੀ ਬਣੀ ੀ ਹੈ।

ਜਾਨਵਰਾਂ ਅਤੇ ਪੌਦਿਆਂ, ਦੋਨਾਂ ਨੂੰ ਭੋਜਨ ਦੀ ਲੋੜ ਪੈਂਦੀ ਹੈ। ਭੋਜਨ ਨੂੰ ਇਹ ਸਰੀਰ ਵਿਚ ਟੁੱਟ-ਭੱਜ ਦੀ ਮੁਰੰਮਤ ਲਈ, ਨਵੇਂ ਬਣਨ ਲਈ ਅਤੇ ਜੀਵਨ ਦੀਆਂ ਕਿਰਿਆਵਾਂ ਚਲਾਉਣ ਲਈ ਜਾ ਪੈਦਾ ਕਰਨ ਲਈ ਵਰਤਦੇ ਹਨ। ਇਹ ਊਰਜਾ ਕਈ ਰਸਾਇਣਕ ਤੀਲੀਆਂ ਦੇ ਸਿੱਟੇ ਵਜੋਂ ਪੈਦਾ ਹੁੰਦੀ ਹੈ। ਦੋਵਾਂ ਦੀ ਰਸਾਇਣਕ ਨਾ ਇਕੋ ਜਿਹੀ ਹੁੰਦੀ ਹੈ। ਇਹ ਪਾਣੀ, ਅਕਾਰਬਨੀ ਲੂਣਾ, ਬੋਹਾਈਡ੍ਰੇਟਾਂ, ਚਰਬੀ ਅਤੇ ਪ੍ਰੋਟੀਨਾਂ ਦੇ ਬਣੇ ਹੁੰਦੇ ਹਨ। ਦੋਵੇਂ ਪਾਣੀ ਅਕਾਰਬਨੀ ਲੂਣਾਂ ਨੂੰ ਸਿੱਧੇ ਹੀ ਲੈ ਲੈਂਦੇ ਹਨ। ਜਾਨਵਰ ਕਾਰਬੋਹਾਈਡ੍ਰੇਟ ਅਤੇ ਪ੍ਰੋਟੀਨ ਭੋਜਨ ਸਿਰਫ਼ ਗੁੰਝਲਦਾਰ ਅਕਾਰਬਨੀ ਮਾਦੇ ਦੇ ਰੂਪ ਵਿਚ ਹੀ ਲੈ ਸਕਦੇ ਹਨ, ਜਦੋਂ ਕਿ ਪੌਦੇ, ਜਿਨ੍ਹਾਂ ਵਿਚ ਕਲੋਰੋਫ਼ਿਲ ਹੁੰਦੀ ਹੈ, ਸੂਰਜ ਦੀ ਰੌਸ਼ਨੀ ਵਿਚ ਅਕਾਰਬਨੀ ਲੂਣਾਂ ਤੋਂ ਕਾਰਬੋਹਾਈਡ੍ਰੇਟ ਪ੍ਰੋਟੀਨ ਆਪ ਬਣਾ ਸਕਦੇ ਹਨ। ਉੱਲੀ ਵਰਗੇ ਪੌਦੇ (ਜਿਨ੍ਹਾਂ ਵਿਚ ਕਲੋਰੋਫ਼ਿਲ ਨਹੀਂ ਹੁੰਦੀ) ਉਨ੍ਹਾਂ ਵਿਚ ਮੌਜੂਦ ਕਾਰਬੋਹਾਈਡ੍ਰੇਟ ਮਾਦੇ ਤੇ ਨਿਰਭਰ ਕਰਦੇ ਹਨ ਅਤੇ ਜਾਨਵਰਾਂ ਦੀ ਤਰ੍ਹਾਂ ਹੀ ਪ੍ਰੋਟੀਨ ਮਾਦਾ ਜਜ਼ਬ ਕਰ ਸਕਦੇ ਹਨ।

ਇਨ੍ਹਾਂ ਮੁੱਢਲੇ ਅੰਤਰਾਂ ਤੇ ਆਧਾਰਿਤ ਕਈ ਅਜਿਹੇ ਲੱਛਣ ਹਨ, ਜਿਹੜੇ ਉੱਚ-ਪੱਧਰੀ ਜਾਨਵਰਾਂ ਅਤੇ ਪੌਦਿਆਂ ਨੂੰ ਵੱਖ ਕਰਦੇ ਹਨ। ਜਾਨਵਰਾਂ ਦੀ ਖ਼ੁਰਾਕ ਦੇ ਕਾਪੈਜ਼ਟ ਸੁਭਾਅ ਅਤੇ ਸੈੱਲਾਂ ਦੀਆਂ ਭਿੱਤੀਆਂ ਦਾ ਲਚਕਦਾਰ ਹੋਣ ਕਰਕੇ ਸਰੀਰ ਦਾ ਵਾਧਾ ਸੀਮਿਤ ਹੁੰਦਾ ਹੈ। ਪੌਦਿਆਂ ਦੇ ਸੈੱਲਾਂ ਦੀਆਂ ਭਿੱਤੀਆਂ ਜ਼ਿਆਦਾ ਕਰੜੀਆਂ ਹੋਣ ਕਰਕੇ ਅਤੇ ਸੂਖਮ ਅਕਾਰਬਨੀ ਭੋਜਨ ਦੀ ਸਪਲਾਈ ਹੋਣ ਕਰਕੇ ਇਨ੍ਹਾਂ ਵਿਚ ਵਾਧਾ ਅਨਿਸ਼ਚਿਤ ਹੁੰਦਾ ਹੈ ਅਤੇ ਬਹੁਤੀ ਸੜ੍ਹਾ ਨੰਗੀ ਹੁੰਦੀ ਹੈ ਅਤੇ ਇਸ ਤਰ੍ਹਾਂ ਪੌਦੇ ਚਪਟੇ ਬਲੇਡਾਂ ਅਤੇ ਲੰਬੀਆਂ ਟਹਿਣੀਆਂ ਦੇ ਬਣੇ ਹੁੰਦੇ ਹਨ।

ਜਾਨਵਰਾਂ ਅਤੇ ਪੌਦਿਆਂ ਵਿਚ ਇਹ ਫ਼ਰਕ ਸੈਕੰਡਰੀ ਅਤੇ ਅਨੁਕੂਲਿਤ ਹਨ ਅਤੇ ਦੋਨਾਂ ਦੇ ਸਾਂਝੇ ਨਿਕਾਸ ਵੱਲ ਇਸ਼ਾਰਾ ਕਰਦੇ ਹਨ। ਇਹ ਗੱਲ ਕਈ ਨਿਮਨ ਪੱਧਰੀ ਕਿਸਮਾਂ ਦੀ ਹੋਂਦ (ਜਿਵੇਂ ਜੀਵਾਣੂ, ਪ੍ਰੋਟੋਜ਼ੋਆ ਆਦਿ) ਕਰਕੇ ਜ਼ਿਆਦਾ ਯਕੀਨੀ ਹੋ ਜਾਂਦੀ ਹੈ, ਜਿਨ੍ਹਾਂ ਵਿਚ ਜਾਨਵਰਾਂ ਅਤੇ ਪੌਦਿਆਂ ਵਿਚ ਪ੍ਰਾਇਮਰੀ ਫ਼ਰਕ ਨਜ਼ਰ ਨਹੀਂ ਆਉਂਦੇ।

ਇਸ ਤਰ੍ਹਾਂ ਜਾਨਵਰਾਂ ਨੂੰ ਪੌਦਿਆਂ ਨਾਲੋਂ ਵੱਖ ਕਰਨ ਦੀ ਕੋਈ ਸਹੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਕ ਆਮ ਪਰਿਭਾਸ਼ਾ ਇੰਸ ਤਰ੍ਹਾਂ ਹੈ ਕਿ 'ਜਾਨਵਰ ਇਕ ਜਿਉਂਦਾ ਪ੍ਰਾਣੀ ਹੈ ਜਿਹੜਾ ਅਕਾਰਬਨੀ ਜਾਂ ਸਾਧਾਰਣ ਕਾਰਬਨੀ ਮਾਦੇ ਤੋਂ ਕਾਰਬੋਹਾਈਡ੍ਰੇਟ ਅਤੇ ਪ੍ਰੋਟੀਨ ਆਪ ਬਣਾਉਣ ਦੇ ਅਸਮਰੱਥ ਹੁੰਦਾ ਹੈ ਪਰ ਇਨ੍ਹਾਂ ਨੂੰ ਗੁੰਝਲਦਾਰ ਭੋਜਨ ਦੇ ਤੌਰ ਤੇ ਲੈਂਦਾ ਹੈ।'

ਹ. ਪੁ.–ਐਨ. ਬ੍ਰਿ. 1 : 950

**ਜਾਨਵਰਾਂ ਦਾ ਵਿਕਾਸ** : ਅਜੋਕੇ ਜਾਨਵਰ ਉਨ੍ਹਾਂ ਪੂਰਵਜ ਕਿਸਮਾਂ ਤੋਂ ਥੋੜ੍ਹੀ ਬਹੁਤੀ ਤਬਦੀਲੀ ਨਾਲ ਪੈਦਾ ਹੋਏ ਮੰਨੇ ਜਾਂਦੇ ਹਨ, ਜਿਹੜੇ ਕਾਫ਼ੀ ਸਮਾਂ ਪਹਿਲਾਂ ਜਿਉਂਦੇ ਜਾਗਦੇ ਸਨ ਅਤੇ ਉਹ ਪੂਰਵਜ ਅੱਗੋਂ ਹੋਰ ਪੁਰਾਤਨ ਕਿਸਮਾਂ ਦੇ ਪੈਦਾ ਹੋਏ ਮੰਨੇ ਜਾਂਦੇ ਹਨ। ਇਸ ਦਾ ਸਬੂਤ ਪਥਰਾਟ ਕਿਸਮਾਂ ਤੋਂ ਮਿਲ ਸਕਦਾ ਹੈ ਪਰ ਪੂਰੇ ਪਥਰਾਟ ਉਪਲਬਧ ਨਹੀਂ ਹਨ। ਇਸ ਕਰਕੇ ਵਿਕਾਸ ਦੇ ਬਹੁਤੇ ਇਤਿਹਾਸ ਅਜੋਕੇ ਸਮੇਂ ਤੱਕ ਜਿਉਂਦੀਆਂ ਰਹੀਆਂ ਕਿਸਮਾਂ ਤੋਂ ਹੀ ਪਤਾ ਲਗਾਇਆ ਜਾ ਸਕਦਾ ਹੈ। ਜਾਨਵਰਾਂ ਦੇ ਸਬੰਧਾਂ ਬਾਰੇ ਜੀਵ-ਰਸਾਇਣਕ ਸਬੂਤ ਜ਼ਿਆਦਾ ਇਕੱਠੇ ਕੀਤੇ ਜਾ ਰਹੇ ਹਨ ਪਰ ਜ਼ਿਆਦਾ ਭਰੋਸਾ ਬਾਲਗ ਪ੍ਰਾਣੀਆਂ ਦੀ ਸਰੀਰਕ ਬਣਤਰ ਅਤੇ ਭਰੂਣ ਅਤੇ ਲਾਰਵਾ ਦੇ ਪਰਿਵਰਤਨ ਦੀ ਤੁਲਨਾ ਤੋਂ ਹੀ ਕੀਤਾ ਜਾ ਸਕਦਾ ਹੈ। ਕਈ ਤਰ੍ਹਾਂ ਦੇ ਸਬੂਤ ਇਕੱਠੇ ਕਰਨ ਤੋਂ ਇਸ ਸਿੱਟੇ ਤੇ ਪੁਜਿਆ ਜਾ ਸਕਦਾ ਹੈ ਕਿ ਜਾਨਵਰਾਂ ਦਾ ਵਿਕਾਸ ਚਿੱਤਰ ਵਿਚ ਦਿਖਾਈ ਗਈ ਵਿਕਾਸਗਤ ਸਕੀਮ ਅਨੁਸਾਰ ਹੋਇਆ ਹੋਵੇਗਾ।

**ਨਿਮਨ-ਪੱਧਰ ਪ੍ਰਾਣੀ**—ਸਾਰੇ ਪ੍ਰਾਣੀਆਂ ਵਿਚ ਸਿਰਫ਼ ਇਨ੍ਹਾਂ ਸਾਂਝੇ ਗੁਣਾਂ ਤੋਂ ਬਿਨਾਂ ਕਿ ਉਹ ਸੈੱਲਮਈ ਜਾਂ ਬਹੁ-ਸੈੱਲੇ ਪ੍ਰਾਣੀ ਹਨ ਅਤੇ ਆਪਣਾ ਭੋਜਨ ਆਪ ਬਣਾਉਣ ਦੇ ਅਸਮਰਥ ਹੁੰਦੇ ਹਨ, ਕੋਈ ਹੋਰ ਸਾਂਝ ਨਹੀਂ ਮਿਲਦੀ। ਸਾਰੇ ਪ੍ਰਾਣੀਆਂ ਨੂੰ ਇਕੋ ਸਾਂਝੇ ਵਿਕਾਸਗਤ-ਬੰਸ ਵਿਚ ਮੰਨਿਆ ਜਾਂਦਾ ਹੈ ਜਿਹੜੇ ਕਿ ਇਕ ਸੈੱਲੀ ਕਿਸਮਾਂ, ਪ੍ਰੋਟੋਜ਼ੋਆ

ਤੋਂ ਕੱਲੋਨੀਅਨ ਕਿਸਮਾਂ ਦੀ ਸਟੇਜ (ਜਿਨ੍ਹਾਂ ਤੋਂ ਅੱਗੇ ਸਪੰਜ ਅਤੇ ਪੈਰਾਜ਼ੋਆ ਨਿਕਲੇ) ਰਾਹੀ ਮੈਟਾਜ਼ੋਆ ਤੱਕ ਪਹੁੰਚੇ। ਇਹ ਵੀ ਖ਼ਿਆਲ ਹੈ ਕਿ ਸਾਰੇ ਇਕ ਸੈੱਲ ਛਾਂਟਾਦਾਰ ਪੌਦਿਆਂ ਤੋਂ ਵਿਉਤਪੰਨ ਹੋਏ ਹੋਣਗੇ। ਪ੍ਰੋਟੋਜ਼ੋਆ ਵਿਚ ਫਲੈਜੈਲੇਟ ਅਮੀਬਾ ਆਦਿ ਪਰਜੀਵੀ ਸਪੋਰੋਜ਼ੋਆ ਅਤੇ ਸਿਲੀਓਫ਼ੋਰਾ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕੋਈ ਵੀ ਇਕ ਦੂਜੇ ਦਾ ਨਜ਼ਦੀਕੀ ਸਬੰਧੀ ਨਹੀਂ ਲਗਦਾ। ਸਪੰਜ ਇਕ ਖ਼ਾਸ ਕਿਸਮ ਦੇ ਕੱਲਰ ਵਾਲੇ ਫਲੈਜੈਲੇਟਾਂ ਤੋਂ ਵਿਕਸਿਤ ਹੋਏ ਹਨ। ਮੈਟਾਜ਼ੋਆ ਦਾ ਸਪੰਜਾਂ ਜਾਂ ਪ੍ਰੋਟੋਜ਼ੋਆ ਨਾਲ ਕੋਈ ਸਬੰਧ ਨਹੀਂ ਦਿਸਦਾ।

**ਮੁੱਢਲਾ ਮੈਟਾਜ਼ੋਨ ਇਤਿਹਾਸ**—ਮੈਟਾਜ਼ੋਆ (ਸਾਰੇ ਵੱਖ-ਵੱਖ ਟਿਸ਼ੂਆਂ ਵਾਲੇ ਬਹੁ-ਸੈੱਲ ਪ੍ਰਾਣੀਆਂ ਸਮੇਤ) ਪ੍ਰਾਣੀ ਜਗਤ ਦੀ ਵੰਸ਼ਕ-ਇਕਾਈ ਹੈ। ਸੀਲੈਂਟਰੇਟਾ ਗਰੁੱਪ ਇਸ ਸਟਾਕ ਦੇ ਮੁੱਢ ਦੇ ਕੋਲ ਸ਼ੁਰੂ ਹੁੰਦਾ ਹੈ। ਇਸ ਵਿਚ ਕੋਰੇਲ, ਹਾਈਡ੍ਰਰੂਪ, ਸੁਤੰਤਰ ਫਲੋਟਿੰਗ ਜੈਲੀ ਫ਼ਿਸ਼ ਵਰਗੇ ਡੰਡੀ-ਰਹਿਤ ਪ੍ਰਾਣੀ ਆਉਂਦੇ ਹਨ। ਇਨ੍ਹਾਂ ਦਾ ਸਰੀਰ ਦੋ ਐਪੀਥੀਲੀਅਲ ਤਹਿਆਂ ਦਾ ਬਣਿਆ ਹੁੰਦਾ ਹੈ—ਇਕ ਬਾਹਰਲੀ ਸੁਰੱਖਿਅਤ ਤਹਿ ਐਕਟੋਡਰਮ ਅਤੇ ਦੂਜੀ ਅੰਦਰਲੀ ਪਾਚਕ ਤਹਿ ਐਂਡੋਡਰਮ। ਆਹਾਰ-ਨਲੀ ਦਾ ਇਕ ਰਾਹ ਹੁੰਦਾ ਹੈ। ਜਿਉਂਦੇ ਸੀਲੈਂਟਰੇਟਾਂ ਵਿਚ ਇਕ ਖ਼ਾਸ ਕਿਸਮ ਦੇ ਡੰਗਣ ਸੈੱਲ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਵੱਡੇ ਸ਼ਿਕਾਰ ਨੂੰ ਪਕੜਦੇ ਅਤੇ ਖਾਂਦੇ ਹਨ। ਪੂਰਵਜ ਕਿਸਮਾਂ ਵਿਚ ਇਹ ਸੈੱਲ ਨਹੀਂ ਹੁੰਦੇ ਸਨ।

ਇਨ੍ਹਾਂ ਨਿਮਨ ਪੱਧਰ ਮੈਟਾਜ਼ੋਨਾਂ ਤੋਂ ਦੂਰ ਜਾਨਵਰਾਂ ਦੀ ਇਕ ਹੋਰ ਸ਼ਾਖਾ ਵਿਕਸਿਤ ਹੋਈ ਜਿਨ੍ਹਾਂ ਵਿਚੋਂ ਕਈ ਅਪਵਿਕਸਿਤ ਪਰਜੀਵੀ ਬਣ ਗਏ ਅਤੇ ਬਹੁਤਿਆਂ ਵਿਚ ਅੱਗੋਂ ਹੋਰ ਵਿਕਾਸ ਹੋ ਗਿਆ। ਆਹਾਰ-ਨਲੀ ਦਾ ਇਕ ਹੋਰ ਰਾਹ ਬਣਨ ਨਾਲ ਮੂੰਹ ਅਤੇ ਗੁਦਾ ਵੱਖ ਹੋ ਗਏ, ਬਹੁਤਿਆਂ ਵਿਚ ਐਕਟੋਡਰਮ ਅਤੇ ਐਂਡੋਡਰਮ ਦੇ ਵਿਚਕਾਰ ਮੀਜ਼ੋਡਰਮ ਦੀ ਤਹਿ ਵਿਕਸਿਤ ਹੋਈ। ਮੀਜ਼ੋਡਰਮ ਵਿਚ ਦੇਹ-ਖੋੜ ਬਣ ਗਈ।

ਕਈ ਹੋਰ ਫ਼ਾਈਲਮਾਂ ਵਿਚ ਵੱਖ-ਵੱਖ ਕਿਸਮਾਂ ਦੇ ਪ੍ਰਾਣੀ ਵਿਕਸਿਤ ਹੋਏ। ਕਈ ਤਾਂ ਡੰਡੀ-ਰਹਿਤ (ਸੀਲੈਂਟਰੇਟ ਪਾਲਿੱਪਾਂ ਦੀ ਤਰ੍ਹਾਂ), ਸਪੱਰਸ਼ਕਾਂ ਰਾਹੀਂ ਭੋਜਨ ਪ੍ਰਾਪਤ ਕਰਦੇ ਹਨ ਅਤੇ ਵਰਮਾਂ ਵਰਗੇ ਦੋਪਾਸੀ ਸਮਮਿਤ ਪ੍ਰਾਣੀ ਬਣ ਗਏ। ਬਹੁਤਿਆਂ ਦੇ ਆਪਸੀ ਸਬੰਧੀ ਨਹੀਂ ਮਿਲਦੇ ਪਰ ਕਾਫ਼ੀ ਗਿਣਤੀ ਨੂੰ ਦੋ ਮੁੱਖ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ: ਇਕ ਗਰੁੱਪ ਵਿਚ ਵਰਮ ਵਰਗੇ (ਆਰਥ੍ਰੋਪੋਡ ਅਤੇ ਮੌਲਸਕ ਜਿਨ੍ਹਾਂ ਦੇ ਸਬੰਧੀ ਹਨ) ਪ੍ਰਾਣੀ ਆਉਂਦੇ ਹਨ, ਜਿਨ੍ਹਾਂ ਨੂੰ ਪ੍ਰੋਟੋਸਟੋਮੀਆ ਕਹਿੰਦੇ ਹਨ। ਇਨ੍ਹਾਂ ਵਿਚ ਆਹਾਰ-ਨਲੀ ਦਾ ਪਹਿਲਾ ਰਾਹ ਮੂੰਹ ਅਤੇ ਸੈਕੰਡਰੀ ਗੁਦਾ ਬਣਦਾ ਹੈ। ਇਨ੍ਹਾਂ ਵਿਚ ਇਕ ਖ਼ਾਸ ਕਿਸਮ ਦਾ ਲਾਰਵਾ-ਟ੍ਰੋਕੋਫੋਰ ਲਾਰਵਾ ਹੁੰਦਾ ਹੈ ਜਿਸ ਦੇ ਮੂੰਹ ਤੋਂ ਉਪਰ ਸਿਲੀਆ ਦੀ ਇਕ ਖਿਤਿਜੀ ਚਕਰਾਕਾਰ ਪੱਟੀ ਹੁੰਦੀ ਹੈ। ਦੂਜੀ ਕਿਸਮ ਡੂਡਰਾਸਟੋਮੀਆ ਹੈ, ਇਨ੍ਹਾਂ ਵਿਚ ਆਹਾਰ-ਨਲੀ ਦਾ ਨਵਾਂ ਰਾਹ ਮੂੰਹ ਬਣਦਾ ਹੈ। ਲਾਰਵੇ ਉੱਤੇ ਸਿਲੀਆਂ ਦੀਆਂ ਗੁੰਝਲਦਾਰ ਲੰਬਕਾਰੀ ਪੱਟੀਆਂ ਹੁੰਦੀਆਂ ਹਨ।

**ਵਰਮ ਫ਼ਾਈਲਮ**—ਪ੍ਰੋਟੋਸਟੋਮੀਆ ਵਿਚ ਸਭ ਤੋਂ ਪੂਰਵਜ ਚਪਟੇ ਵਰਮ ਆਉਂਦੇ ਹਨ। ਇਨ੍ਹਾਂ ਵਿਚੋਂ ਕਈ ਪਰਜੀਵੀਆਂ ਦਾ ਪਾਚਨ-ਟਰੈਕਟ ਖ਼ਤਮ ਹੋ ਚੁੱਕਾ ਹੈ ਤੇ ਸਿਰਫ਼ ਇਕੋ ਰਾਹ ਹੁੰਦਾ ਹੈ। ਨੈਮਰਟੀਆ ਵਿਚ ਸ਼ਿਕਾਰ ਪਕੜਨ ਲਈ ਸਿਰ ਉੱਤੇ ਇਕ ਵਿਸ਼ਿਸ਼ਟ ਉਲਟਣ ਯੋਗ ਬਣਤਰ ਹੁੰਦੀ ਹੈ। ਕਈ ਵਿਗਿਆਨੀ ਐਸਕਹੈੱਲਮਿਨਥੀਜ਼ ਵਿਚ ਰੋਟੀਫਰ ਅਤੇ ਨੈਮਾਟੋਡ ਆਦਿ ਵੀ ਸ਼ਾਮਲ ਕਰਦੇ ਹਨ। ਕਈ ਵਾਰ ਮੀਜ਼ੋਜ਼ੋਆ, ਸਾਈਪੰਕਿਉਲਿਡਾ, ਐਕੀਨੱਇਡੀਆ ਅਤੇ ਪ੍ਰਾਈ-ਐਪਿਉਲਿਡਾ ਵਰਗੇ ਛੋਟੇ ਛੋਟੇ ਫ਼ਾਈਲਮ ਵੀ ਵਰਮਾਂ ਨਾਲ ਹੀ ਮਿਲਾ ਦਿੱਤੇ ਜਾਂਦੇ ਹਨ।

**ਐਨੇਲਿਡ, ਆਰਥ੍ਰੋਪੋਡ ਅਤੇ ਮੌਲਸਕ**—ਇਨ੍ਹਾਂ ਤਿੰਨਾਂ ਫ਼ਾਈਲਮਾਂ ਵਿਚ ਬਹੁਤ ਵੰਨ-ਸੁਵੰਨੀਆਂ ਬਣਤਰਾਂ ਅਤੇ ਜੀਵਨ ਦੇ ਢੰਗ ਮਿਲਦੇ ਹਨ ਪਰ ਫਿਰ ਵੀ ਇਹ ਇਕ ਦੂਜੇ ਨਾਲ ਸਬੰਧਤ ਹਨ। ਐਨੇਲਿਡਾਂ (ਜੋਕ, ਗੰਡੋਆ, ਸਮੁੰਦਰੀ ਐਨੇਲਿਡ ਆਦਿ) ਦਾ ਸਰੀਰ ਖੰਡਾਂ ਵਿਚ ਵੰਡਿਆ ਹੁੰਦਾ ਹੈ ਅਤੇ ਕੁਝ ਖ਼ਾਸ ਹਿੱਸਿਆ ਨੂੰ ਛੱਡ ਕੇ ਬਾਕੀ ਸਾਰੇ ਖੰਡਾਂ ਵਿਚ ਇਕੋ ਜਿਹੀਆਂ ਬਣਤਰਾਂ ਹੁੰਦੀਆਂ ਹਨ। ਆਰਥ੍ਰੋਪੋਡਾਂ (ਕ੍ਰਾਸਟੇਸ਼ੀਆ, ਅਰੈਕਨਿਡ, ਮਿਲੀਪੀਡ, ਸੈਂਟੀਪੀਡ, ਕੀਟ ਆਦਿ) ਜਿਨ੍ਹਾਂ ਦਾ ਨਿਕਾਸ ਐਨੇਲਿਡਾਂ ਤੋਂ ਮੰਨਿਆ ਜਾਂਦਾ ਹੈ, ਵਿਚ ਇਕ ਬਾਹਰਲੀ ਕਾਈਟਨੀ ਚਮੜੀ ਅਤੇ ਜੋੜਾਂ ਵਾਲੇ ਉਪ-ਅੰਗ ਹੁੰਦੇ ਹਨ। ਮੌਲਸਕ ਇਨ੍ਹਾਂ ਦੋਨਾਂ ਤੋਂ ਹੀ ਵੱਖ ਦਿਸਦੇ ਹਨ। ਇਨ੍ਹਾਂ ਵਿਚੋਂ ਬਹੁਤੇ ਸੁਸਤ ਜਿਹੇ ਤੇ ਸੈੱਲ ਵਾਲੇ ਹੁੰਦੇ ਹਨ ਜਿਨ੍ਹਾਂ ਵਿਚ ਖੰਡੀਜਣ ਦਾ ਨਾਮੋ-ਨਿਸ਼ਾਨ ਵੀ ਨਹੀਂ ਹੁੰਦਾ ਪਰ ਐਨੇਲਿਡਾਂ ਅਤੇ ਮੋਲਸਕਾਂ ਦੇ ਲਾਰਵਿਆਂ ਵਿਚ ਸਮਾਨਤਾ ਮਿਲਦੀ ਹੈ।

**ਸਥਾਨਬੱਧ, ਬਾਂਹ ਨਾਲ ਖਾਣ ਵਾਲੇ ਪ੍ਰਾਣੀ**—ਕੁਝ ਫ਼ਾਈਲਮਾਂ ਵਿਚ ਅਜਿਹੇ ਪ੍ਰਾਣੀ ਹਨ ਜਿਹੜੇ ਬਹੁਤ ਜ਼ਿਆਦਾ ਵਿਕਸਿਤ ਨਹੀਂ ਹੁੰਦੇ। ਇਹ ਡੰਡੀਵਾਲੇ, ਸਥਾਨਬੱਧ ਪ੍ਰਾਣੀ ਹਨ। ਇਨ੍ਹਾਂ ਦੇ ਛੋਟੇ ਜਿਹੇ ਸਰੀਰ ਤੋਂ ਇਕ ਬਾਂਹ-ਵਰਗੀ ਬਣਤਰ, ਜਿਸ ਉੱਤੇ ਸਿਲੀਆ ਦੀਆਂ ਪੱਟੀਆਂ ਹੁੰਦੀਆਂ ਹਨ ਬਾਹਰ ਵੱਲ ਨੂੰ ਵਧਦੀ ਹੈ ਅਤੇ ਇਹ ਬਾਂਹ ਭੋਜਨ ਦੇ ਟੁਕੜਿਆਂ ਨੂੰ ਮੂੰਹ ਵੱਲ ਧੱਕਣ ਵਿਚ ਸਹਾਇਤਾ ਕਰਦੀ ਹੈ। ਬ੍ਰਾਈਆਜ਼ੋਆ ਦੇ ਦੋਨੋਂ ਫ਼ਾਈਲਮ (ਐਕਟੋਪ੍ਰੱਕਟਾ ਅਤੇ ਐਂਟੋਪ੍ਰੱਕਟਾ) ਅਤੇ ਫ਼ੋਰੱਨਿਡਾ ਵਿਚ ਇਹ ਬਣਤਰ ਮਿਲਦੀ ਹੈ। ਬ੍ਰੈਕੀਓਪੋਡਾ ਦੇ ਮੈਂਬਰਾਂ ਦੇ ਸੈੱਲ ਦੇ ਅੰਦਰ ਇਕ ਕੁੰਡਲਦਾਰ ਸਿਲੀਆਮਈ ਬਾਂਹ ਹੁੰਦੀ ਹੈ। ਇਨ੍ਹਾਂ ਫ਼ਾਈਲਮਾਂ ਦੇ ਆਪਸੀ ਸਬੰਧ ਸ਼ੱਕੀ ਹਨ। ਕਈ ਵਾਰ ਕਿਸੇ ਧੁੰਦਲੇ ਜਿਹੇ ਪ੍ਰਮਾਣ ਦੇ ਅਧਾਰ ਤੇ ਹੀ ਇਨ੍ਹਾਂ ਨੂੰ ਪ੍ਰੋਟੈਰੋਸਟੋਮਾਂ ਅਤੇ ਡੂਡਰਾਸਟੋਮਾਂ (ਇਨਕਾਈਨੋਡਰਮੇਟਾ) ਨਾਲ ਜੋੜ ਦਿੱਤਾ ਜਾਂਦਾ ਹੈ। ਬਹੁਤੇ ਅਜੋਕੇ ਇਕਾਈਨੋਡਰਮ ਆਜ਼ਾਦ ਫਿਰਦੇ ਹਨ ਪਰ ਪੁਰਾਣੀਆਂ ਪਥਰਾਟ ਕਿਸਮਾਂ ਅਤੇ ਕ੍ਰਾਈਨੱਇਡ ਉਪਰ ਲਿਖੇ ਫ਼ਾਈਲਮਾਂ ਵਰਗੀਆਂ, ਡੰਡੀ ਵਾਲੀਆਂ, ਸਥਾਨਬੱਧ ਕਿਸਮਾਂ ਹਨ ਜਿਹੜੀਆਂ ਬਾਹਾਂ ਉਪਰਲੀਆਂ ਸਿਲੀਆਂ ਦੀਆਂ ਪੱਟੀਆਂ ਰਾਹੀਂ ਭੋਜਨ ਮੂੰਹ ਤੱਕ ਲਿਆਉਂਦੀਆਂ ਸਨ।

**ਕੱਰਡੇਟਾਂ ਦਾ ਨਿਕਾਸ**—ਇਨ੍ਹਾਂ ਵਿਚ ਮੁੱਖ ਤੌਰ ਤੇ ਰੀੜ੍ਹਧਾਰੀ ਪ੍ਰਾਣੀ (ਵਰਟਿਬਰੇਟ) ਅਤੇ ਐਂਫੀਆੱਕਸਸ, ਟਿਊਨੀਕੇਟ, ਏਕੱਰਨ ਵਰਮ, ਟੈਰੋਬ੍ਰੈਂਕ ਆਦਿ ਆਉਂਦੇ ਹਨ। ਪਿਛਲੀਆਂ ਦੋਵਾਂ ਕਿਸਮਾਂ ਨੂੰ ਇਕ ਵੱਖਰੇ ਪਰ ਸਬੰਧਤ ਫ਼ਾਈਲਮ ਹੈਮੀਕੱਰਡੇਟਾ ਵਿਚ ਵੀ ਰੱਖ ਦਿੰਦੇ ਹਨ। ਇਨ੍ਹਾਂ ਦੀ ਖ਼ਾਸੀਅਤ ਇਕ ਪਿੱਠਲੀ ਖੋਖਲੀ ਨਾੜੀ ਕੱਰਡ, ਇਸ ਦੇ ਹੇਠਾਂ ਇਕ ਨੋਟੋ ਕੱਰਡ ਅਤੇ ਫ਼ੈਰਿੰਜੀਅਲ ਗਿੱਲ ਚੀਰਾਂ (ਜਿਹੜੇ ਪਾਣੀ ਵਿਚੋਂ ਭੋਜਨ ਨੂੰ ਛਾਣਨ ਦਾ ਕੰਮ ਕਰਦੇ ਹਨ) ਦੀ ਮੌਜੂਦਗੀ ਹੈ। ਪਿਛਲੇ ਕੁਝ ਦਹਾਕਿਆਂ ਤੋਂ ਇਕਾਈਨੋਡਰਮੇਟਾਂ ਨੂੰ ਕੱਰਡੇਟਾਂ ਦੇ ਸਭ ਤੋਂ ਨਜ਼ਦੀਕੀ ਸਬੰਧੀ ਮੰਨਿਆ ਜਾਂਦਾ ਹੈ ਜਿਨ੍ਹਾਂ ਦੀ ਮੀਜ਼ੋਡਰਮ ਇਕੋ ਤਰੀਕੇ ਨਾਲ ਵਿਕਸਿਤ ਹੁੰਦੀ ਹੈ। ਏਕੱਰਨ ਵਰਮਾਂ ਦਾ ਲਾਰਵਾ ਕਈ ਇਕਾਈਨੋਡਰਮੇਟਾਂ ਵਰਗਾ ਹੁੰਦਾ ਹੈ। ਵਰਟਿਬਰੇਟ ਫੁਰਤੀਲੇ ਪ੍ਰਾਣੀ ਹਨ ਇਸ ਕਰਕੇ ਖ਼ਿਆਲ ਹੈ ਕਿ ਵਰਟਿਬਰੇਟਾਂ ਅਤੇ ਇਕਾਈਨੋਡਰਮੇਟਾਂ ਦੇ ਪੂਰਵਜ ਕੋਈ ਸਾਂਝਾ, ਸਾਧਾਰਣ, ਫੁਰਤੀਲਾ, ਦੋਪਾਸੀ-ਸਮਮਿਤ ਪ੍ਰਾਣੀ

ਹੋਵੇਗਾ ਜਿਸ ਤੋਂ ਇਕਾਈਨੋਡਰਮੇਟ ਇਕ ਸ਼ਾਖਾ ਦੇ ਤੌਰ ਤੇ ਨਿਕਲ ਕੇ ਡੰਡੀ-ਰਹਿਤ, ਖੇਤਰੀ ਰੇਡੀਅਲੀ ਸਮਮਿਤ ਪ੍ਰਾਣੀ ਬਣ ਗਏ ਪਰ ਨਿਮਨ ਪੱਧਰ ਕਾੱਰਡੇਟ ਡੰਡੀ-ਰਹਿਤ ਕਿਸਮਾਂ ਹਨ ਜਿਹੜੇ ਸਿਲੀਆ ਦੀ ਸਹਾਇਤਾ ਨਾਲ ਭੋਜਨ ਦੇ ਟੁਕੜਿਆਂ ਨੂੰ ਮੂੰਹ ਤੱਕ ਲਿਆਉਂਦੇ ਹਨ; ਬਹੁਤੇ ਪੂਰਵਜ ਕਾੱਰਡੇਟ (ਟੈਰੋਬ੍ਰੈਂਕ) ਡੰਡੀ ਵਾਲੇ ਪ੍ਰਾਣੀ ਹਨ। ਜਿਨ੍ਹਾਂ ਵਿਚ ਸਿਲੀਆ ਵਾਲੀ ਬਾਂਹ ਹੁੰਦੀ ਹੈ ਅਤੇ ਇਹ ਇਕਾਈਨੋਡਰਮੇਟਾ ਅਤੇ ਉੱਚ ਪੱਧਰੀ ਕਾੱਰਡੇਟਾਂ (ਜਿਨ੍ਹਾਂ ਵਿਚ ਗਿੱਲ ਚੀਰਾਂ ਰਾਹੀਂ ਭੋਜਨ ਛਾਣਨ ਵਾਲਾ ਕੰਮ ਬਾਹਾਂ ਰਾਹੀ ਹੁੰਦਾ ਹੈ) ਦੇ ਪੂਰਵਜਾਂ ਦੇ ਨਜ਼ਦੀਕੀ ਹਨ। ਟਿਊਨੀਕੇਟਾਂ ਵਿਚ ਬਾਲਗ ਸਥਾਨਬੱਧ ਹੁੰਦੇ ਹਨ ਪਰ ਕਈਆਂ ਵਿਚ ਟੈਡਪੋਲ ਲਾਰਵਾ ਹੁੰਦਾ ਹੈ ਜਿਸ ਵਿਚ ਗਲਫੜੇ, ਨਾੜੀ ਕਾੱਰਡ ਅਤੇ ਨੋਟੋ ਕਾੱਰਡ ਹੁੰਦੀਆਂ ਹਨ। ਸੋ ਅਨੁਮਾਨ ਹੈ ਕਿ ਉੱਚ ਪੱਧਰੀ ਕਿਸਮਾਂ ਦਾ ਵਿਕਾਸ ਸ਼ਾਇਦ ਪੀਡੋਮਾੱਰਫਾਸਿਸ ਰਾਹੀਂ ਹੋਇਆ ਹੋਵੇਗਾ; ਇਹ ਉਹ ਕਿਰਿਆ ਹੈ ਜਿਸ ਵਿਚ ਬਾਲਗ ਅਵੱਸਥਾ ਵਿਚ ਵੀ ਪ੍ਰਾਣੀ ਟੈਡਪੋਲ ਵਰਗਾ ਹੁੰਦਾ ਹੈ ਅਤੇ ਫੁਰਤੀ ਨਾਲ ਤੈਰਦਾ ਹੈ।

**ਮੱਛੀਆਂ ਦਾ ਵਿਕਾਸ**—ਪਥਰਾਟਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪੁਰਾਤਨ ਮੱਛੀਆਂ (ਏਗਨਾਥਾਂ) ਟਿਊਨੀਕੇਟਾਂ ਅਤੇ ਐਂਫੀਆੱਕਸਸ ਦੀ ਤਰ੍ਹਾਂ ਹੀ ਰਹਿੰਦੀਆਂ ਸਨ। ਇਨ੍ਹਾਂ ਵਿਚ ਭੋਜਨ-ਟੁਕੜੇ ਪਾਣੀ ਵਿਚ ਮੂੰਹ ਰਾਹੀਂ ਦਾਖ਼ਲ ਹੁੰਦੇ ਤੇ ਪਾਣੀ ਗਿੱਲ ਅਪਰੇਟਸ ਰਾਹੀਂ ਬਾਹਰ ਨਿਕਲ ਜਾਂਦਾ ਸੀ। ਇਹ ਛੋਟੀਆਂ ਛੋਟੀਆਂ ਸੁਰੱਖਿਅਤ ਖੋਲ ਵਾਲੀਆਂ ਕਿਸਮਾਂ, ਆੱਸਟ੍ਰਿਕੋਡਰਮ ਸਨ। ਲੈਂਪਰੀ ਅਤੇ ਹੈਗਫਿਸ਼ਾਂ ਵਿਚ ਹੱਡੀਆਂ ਅਪਵਿਕਸਿਤ ਹੋ ਗਈਆਂ। ਇਨ੍ਹਾਂ ਵਿਚ ਭਾਵੇਂ ਜਬਾੜ੍ਹੇ ਨਹੀਂ ਹੁੰਦੇ ਪਰ ਇਕ ਜੀਭ ਵਰਗੀ ਰੇਤਣ ਬਣਤਰ ਹੁੰਦੀ ਹੈ ਅਤੇ ਇਹ ਸ਼ਿਕਾਰਖੋਰ ਹੁੰਦੀਆਂ ਹਨ। ਪਲੈਕਾਡਰਮਾਈ ਜਿਨ੍ਹਾਂ ਵਿਚ ਜਬਾੜ੍ਹੇ ਅਤੇ ਯੁਗਮਿਤ ਉਪ-ਅੰਗ ਵਿਕਸਿਤ ਹੋ ਰਹੇ ਸਨ, ਹੁਣ ਬਿਲਕੁਲ ਲੁਪਤ ਹੋ ਚੁੱਕੀਆਂ ਹਨ। ਇਨ੍ਹਾਂ ਤੋਂ ਪਿਛੋਂ ਮੱਛੀਆਂ ਦੀਆਂ ਦੋ ਸ਼ਾਖਾਵਾਂ ਵੱਖ-ਵੱਖ ਵਿਕਸਿਤ ਹੋਈਆਂ। ਇਕ ਸ਼ਾਖਾ ਕੌਂਡ੍ਰਿਕਥੀਜ਼ (ਸ਼ਾਰਕ, ਸਕੇਟ, ਰੇ, ਕਾਈਮੀਰਾ) ਵੱਲ ਵਿਕਸਿਤ ਹੋਈ ਜਿਨ੍ਹਾਂ ਦਾ ਪਿੰਜਰ ਕਾਰਟੀਲੇਜ ਦਾ ਹੁੰਦਾ ਹੈ ਅਤੇ ਦੂਜੀ ਸ਼ਾਖ਼ਾ ਆੱਸਟੀਇਕਥੀਜ਼ ਹੈ ਜਿਸ ਵਿਚ ਹੱਡਲ ਮੱਛੀਆਂ ਆਉਂਦੀਆਂ ਹਨ।

**ਸਥੱਲੀ ਜੀਵਨ ਦਾ ਆਰੰਭ**—ਸਥੱਲੀ ਜੀਵਾਂ ਵਿਚ, ਮੱਛੀਆਂ ਵਿਚੋਂ ਪੂਰਵਜ ਕ੍ਰਾੱਸਾਪਟੇਰਿਜਿਆਈ (ਵਿਕਸਿਤ ਹੱਡਲ ਮੱਛੀਆਂ) ਹਨ ਜਿਨ੍ਹਾਂ ਦਾ ਇਕੋ ਇਕ ਜਿਉਂਦਾ ਮੈਂਬਰ ਲੈਟੀਮੀਰੀਆ ਮਿਲਦਾ ਹੈ। ਜਲ-ਥਲੀ ਜੀਵਾਂ ਦਾ ਇਕ ਲੁਪਤ ਹੋ ਚੁੱਕਾ ਗਰੁੱਪ ਲੈਬਿਰਿੰਥਡਾਂਸ਼ੀਆਂ, ਮੱਛੀਆਂ ਅਤੇ ਰੀਂਗਣੇ ਪ੍ਰਾਣੀਆਂ ਦੇ ਵਿਚ ਕੜੀ ਹੈ ਪਰ ਜਲ-ਥਲੀ ਜੀਵਾਂ ਦੇ ਅਜੋਕੇ ਵਰਗਾਂ ਦੇ ਮੁੱਢਲੇ ਵਿਕਾਸ ਬਾਰੇ ਬਹੁਤਾ ਕੁਝ ਪਤਾ ਨਹੀਂ ਲੱਗ ਸਕਿਆ। ਚੁਪਾਇਆਂ ਦੇ ਵਿਕਾਸ ਵਿਚ ਮੁੱਖ ਅਵਸਥਾਵਾਂ ਪੇਲੀਓਜ਼ੋਇਕ ਦਿਨਾਂ ਵਿਚ ਪੈਦਾ ਹੋਈਆਂ ਅਣਅਨੁਕੂਲ ਹਾਲਤਾਂ ਕਰਕੇ ਹੋਏ ਅਨੁਕੂਲਨ ਨਾਲ ਸਬੰਧਤ ਲਗਦੀਆਂ ਹਨ।

**ਰੀਂਗਣੇ ਪ੍ਰਾਣੀਆਂ ਦਾ ਵਿਕਾਸ**—ਕਾਰਬੋਨੀਫਰਸ ਦੇ ਅਖ਼ੀਰ ਵੱਲ ਰੀਂਗਣੇ ਪ੍ਰਾਣੀਆਂ ਦੀਆਂ ਕਈ ਸ਼ਾਖ਼ਾਵਾਂ ਸ਼ੁਰੂ ਹੋਈਆਂ ਜਿਨ੍ਹਾਂ ਨਾਲ ਕਈ ਵਰਗ ਹੋਂਦ ਵਿਚ ਆਏ, ਜਿਨ੍ਹਾਂ ਵਿਚੋਂ ਸਿਰਫ਼ ਚਾਰ ਜਿਉਂਦੇ ਮਿਲਦੇ ਹਨ। ਰੀਂਗਣੇ ਪ੍ਰਾਣੀਆਂ ਦੇ ਇਤਿਹਾਸ ਵਿਚ ਪ੍ਰਮੁੱਖ ਸਮੁੰਦਰੀ ਰੀਂਗਣੇ ਪ੍ਰਾਣੀ ਪਲੀਸੀਓਸੋਰਸ ਅਤੇ ਇਕਥੀਓਸੋਰਸ ਅਤੇ ਧਰਤੀ ਉੱਤੇ ਆਰਕੋਸੌਰੀਆਂ ਉਪ-ਸ਼੍ਰੇਣੀ ਦਾ ਵਿਕਾਸ ਹੈ ਜਿਸ ਵਿਚ ਡਾਈਨੋਸੌਰਸ ਆਉਂਦੇ ਸਨ ਅਤੇ ਜਿਨ੍ਹਾਂ ਤੋਂ ਪੰਛੀ (ਏਵੀਜ਼ ਸ਼੍ਰੇਣੀ) ਵਿਕਸਿਤ ਹੋਏ। ਇਨ੍ਹਾਂ ਦੋਹਾਂ ਦੇ ਵਿਚਕਾਰਲੀ ਕੜੀ, ਇਕ ਕਿਸਮ ਆਰਕੀਆੱਪਟੈਰਿਕਸ ਮਿਲਦੀ ਹੈ।

**ਥਣਧਾਰੀ ਪ੍ਰਾਣੀਆਂ ਦਾ ਨਿਕਾਸ**—ਰੀਂਗਣੇ ਪ੍ਰਾਣੀਆਂ ਦੇ ਇਤਿਹਾਸ ਦੇ ਸ਼ੁਰੂ ਤੋਂ ਹੀ ਇਕ ਸ਼ਾਖ਼ਾ ਥਣਧਾਰੀ ਪ੍ਰਾਣੀਆਂ (ਮੈਮੇਲੀਆ ਸ਼੍ਰੇਣੀ) ਵੱਲ ਮੁੜ ਗਈ ਸੀ। ਪਿਛਲੇਰੇ ਕਾਰਬੋਨੀਫੱਰਸ ਸਮੇਂ ਤੋਂ ਟ੍ਰਾਈਐਸਿਕ ਵਿਚ ਥਣਧਾਰੀਆਂ ਵਰਗੇ ਰੀਂਗਣੇ ਪ੍ਰਾਣੀ, ਪਹਿਲਾਂ ਪੈਲਿਕੋਸੌਰੀਆ ਅਤੇ ਫਿਰ ਜ਼ਿਆਦਾ ਵਿਕਸਿਤ ਕਿਸਮਾਂ ਥੈਰੈਪਸਿਡਾ ਧਰਤੀ ਤੇ ਰਾਜ ਕਰਦੇ ਰਹੇ। ਟ੍ਰਾਈਐਸਿਕ ਦੇ ਅੰਤ ਤੋਂ ਪਹਿਲਾਂ ਥੈਰੈਪਸਿਡ ਘੱਟ ਗਏ ਤੇ ਡਾਈਨੋਸੌਰਸ ਪ੍ਰਫੁੱਲਤ ਹੋਏ ਅਤੇ ਫਿਰ ਜਲਦੀ ਹੀ ਇਹ ਲੁਪਤ ਹੋ ਗਏ ਅਤੇ ਆਪਣੇ ਪਿੱਛੇ ਜਿਹੜੀ ਬੰਸ ਛੱਡ ਗਏ ਉਹ ਸਭ ਤੋਂ ਪਹਿਲੇ ਅਸਲੀ ਥਣਧਾਰੀ ਪ੍ਰਾਣੀ ਸਨ। ਅੰਡੇ ਦੇਣ ਵਾਲੇ ਇਕ ਛਿਦਰੇ ਮੁੱਖ ਮੈਮੇਲੀਆਂ ਲਾਈਨ ਦੇ ਸ਼ੁਰੂ ਤੋਂ ਹੀ ਨਿਖੜ ਗਏ ਹੋਣਗੇ। ਪਿਛਲੇਰੇ ਕ੍ਰੀਟੇਸ਼ਸ ਵਿਚ ਦੋਨੋਂ ਮਾਰਸੂਪੀਅਲ ਅਤੇ ਵਿਕਸਿਤ ਔਲ ਵਾਲੇ ਥਣਦਾਰੀ, ਯੂਥੀਰੀਆ ਹੋਂਦ ਵਿਚ ਆ ਚੁੱਕੇ ਸਨ। ਡਾਈਨੋਸੌਰਸ ਦੇ ਲੁਪਤ ਹੋਣ ਨਾਲ ਥਣਧਾਰੀ ਵਧੇ ਫੁੱਲੇ। ਆਸਟ੍ਰੇਲੀਆ ਵਿਚ ਮਾਰਸੂਪੀਅਲ (ਸਿਸ਼ੂਦਾਨੀ ਪ੍ਰਾਣੀ) ਅਤੇ ਦੂਜੇ ਮਹਾਂਦੀਪਾਂ ਵਿਚ ਔਲ ਵਾਲੇ ਥਣਧਾਰੀ ਪ੍ਰਾਣੀਆਂ ਦਾ ਹੀ ਵਿਸਥਾਰ ਹੋਇਆ।

**ਪ੍ਰਾਈਮੇਟ ਅਤੇ ਮਨੁੱਖ**—ਯੂਥੀਰੀਆਂ ਦੇ ਵਰਗ ਪ੍ਰਾਈਮੇਟ ਵਿਚ ਮਨੁੱਖ ਅਤੇ ਲੀਮਰ, ਬਾਂਦਰ ਤੇ ਗ੍ਰੇਟ ਏਪ ਆਉਂਦੇ ਹਨ। ਇਸ ਵਰਗ ਦੇ ਮੈਂਬਰ ਬਿਰਛੀ ਜੀਵਨ ਬਤੀਤ ਕਰਦੇ ਸਨ, ਇਸ ਕਰਕੇ ਇਨ੍ਹਾਂ ਵਿਚ ਉਸ ਤਰ੍ਹਾਂ ਦੇ ਲੱਛਣ ਵਿਕਸਿਤ ਹੋ ਗਏ। ਪੁਰਾਣੀ ਦੁਨੀਆ ਦੇ ਲੀਮਰ ਪ੍ਰਾਈਮੇਟਾਂ ਦੇ ਵਿਕਾਸ ਦੀ ਮੁੱਢਲੀ ਹਾਲਤ ਦਰਸਾਉਂਦੇ ਹਨ। ਪੂਰਬੀ ਭਾਗਾਂ ਵਿਚ ਮਿਲਣ ਵਾਲੇ ਟਾਰਸੀਅਸ ਵਿਚ ਜ਼ਿਆਦਾ ਵਿਕਸਿਤ ਲੱਛਣ ਮਿਲਦੇ ਹਨ ਜਿਹੜੇ ਕਿ ਬਾਂਦਰਾਂ ਨਾਲ ਜ਼ਿਆਦਾ ਰਲਦੇ ਹਨ। ਬਾਂਦਰ ਦੋ ਸੁਤੰਤਰ ਸ਼ਾਖ਼ਾਵਾਂ ਵਿਚ ਵਿਕਸਿਤ ਹੋਏ, ਇਕ ਦੱਖਣੀ ਅਮਰੀਕਾ ਅਤੇ ਦੂਜੀ ਪੁਰਾਣੀ ਦੁਨੀਆ ਵਿਚ ਪ੍ਰਫੁੱਲਤ ਹੋਈ ਮਾਇਓਸੀਨ ਸਮੇਂ ਵਿਚ ਯੂਰੇਸ਼ੀਆ ਅਤੇ ਅਫ਼ਰੀਕਾ ਵਿਚ ਕਈ ਅਜਿਹੇ ਏਪ ਮਿਲਦੇ ਹਨ ਜਿਨ੍ਹਾਂ ਦੀ ਸ਼ਾਇਦ ਅੱਗੋਂ ਬੰਸ ਵਿਚੋਂ ਅਜੋਕੇ ਗਿਬਨ, ਉਰੈਂਗੁਟੈਨ, ਚਿਪੈਂਜ਼ੀ, ਗੋਰਿੱਲਾ ਅਤੇ ਸ਼ਾਇਦ ਮਨੁੱਖ ਵੀ ਹਨ। ਦੱਖਣੀ ਅਫ਼ਰੀਕਾ ਦੇ ਪਲਾਈਸਟੋਸੀਨ ਸਮੇਂ ਦੇ ਆੱਸਟ੍ਰੈਲੋਪਿਥੀਕਸ ਅਤੇ ਇਸ ਦੇ ਨਾਲ ਦੀਆਂ ਕਿਸਮਾਂ ਛੋਟੇ ਦਿਮਾਗ਼ ਅਤੇ ਕਈ ਹੋਰ ਲੱਛਣਾਂ ਕਰਕੇ ਏਪਾਂ ਵਰਗੀਆਂ ਹਨ ਪਰ ਦੰਦ-ਤਰਤੀਬ ਅਤੇ ਸਿੱਧੇ ਹੋ ਕੇ ਚਲਣ ਦਾ ਤਰੀਕਾ ਮਨੁੱਖ ਵਰਗਾ ਹੋਣ ਕਰਕੇ ਦੋਨਾਂ ਦੇ ਵਿਚਾਲੇ ਕੜੀ ਹਨ। ਪੂਰੇ ਮਨੁੱਖੀ ਲੱਛਣ ਪਲਾਈਸਟੋਸੀਨ ਦੇ ਮੱਧ ਸਮੇਂ ਦੇ ਦੂਰ ਪੂਰਬ ਦੇ ਪਿਥਿਕੈਨਥ੍ਰੌਪਸ ਅਤੇ ਸਿਨੈਨਥ੍ਰਾਪਸ ਵਿਚ ਮਿਲਦੇ ਹਨ। ਨੇਆਰਨਡਰਥਾਲ ਅਤੇ ਕੁਝ ਹੋਰ ਕਿਸਮਾਂ ਅਜੋਕੇ ਮਨੁੱਖ ਦੀਆਂ ਬਹੁਤ ਨਜ਼ਦੀਕੀ ਜਾਪਦੀਆਂ ਹਨ ਅਤੇ ਪਲਾਈਸਟੋਸੀਨ ਦੇ ਅੰਤ ਵਿਚ ਅਜਿਹੀਆਂ ਕਿਸਮਾਂ ਮਿਲਦੀਆਂ ਹਨ ਜਿਹੜੀਆਂ ਆਪਣੀ ਜਾਤੀ ਦੇ ਨਾਲ ਬਿਲਕੁਲ ਮਿਲਦੀਆਂ ਹਨ।

ਹ. ਪੁ.—ਮੈਕ. ਐਨ. ਸ. ਟ. 1 : 439

ਜਾਨਨ, ਜਿਊਲਜ਼-ਗੈਬ੍ਰੀਲ : ਇਸ ਪ੍ਰਸਿੱਧ ਲੇਖਕ ਦਾ ਜਨਮ 16 ਫ਼ਰਵਰੀ, 1804 ਨੂੰ ਫ਼ਰਾਂਸ ਵਿਚ ਸੇਂਟ ਏਟੀਅੱਨ ਵਿਖੇ ਹੋਇਆ। ਇਹ 19ਵੀਂ ਸਦੀ ਦੇ ਮੱਧ ਵਿਚ ਫ਼ਰਾਂਸ ਦਾ ਇਕ ਪ੍ਰਸਿੱਧ ਨਾਟਕਕਾਰ ਅਤੇ ਆਲੋਚਕ ਸੀ। ਪੈਰਿਸ ਦੇ ਕਈ ਰਸਾਲਿਆਂ ਵਿਚ ਪੱਤਰਕਾਰ ਵਜੋਂ

ਕੰਮ ਕਰਨ ਮਗਰੋਂ ਇਸ ਨੇ 1829 ਈ. ਵਿਚ 'ਦੀ ਡੈੱਡ ਐਸ ਐਂਡ ਦੀ ਗਿਲੋਟੀਨਡ ਵੂਮਨ' ਨਾਂ ਦਾ ਨਾਵਲ ਪ੍ਰਕਾਸ਼ਿਤ ਕੀਤਾ। ਇਸ ਮਗਰੋਂ ਇਹ 'Le Journal des Debats' ਵਿਚ ਨਾਟਕ ਆਲੋਚਕ ਵਜੋਂ ਅਗਲੇ 44 ਸਾਲਾਂ ਤੱਕ ਕੰਮ ਕਰਦਾ ਰਿਹਾ। ਇਸ ਨੇ ਤਕਰੀਬਨ ਹਰ ਵਿਸ਼ੇ ਤੇ ਲੇਖ ਅਤੇ ਕਹਾਣੀਆਂ ਲਿਖੀਆਂ। ਇਸ ਨੇ ਦੋ ਇਤਿਹਾਸਕ ਨਾਵਲ ਵੀ ਲਿਖੇ। ਇਸ ਦੀ ਮੁੱਖ ਰਚਨਾ ਫ਼ਰਾਂਸ ਦੇ ਨਾਟਕ ਸਾਹਿਤ ਦਾ ਇਤਿਹਾਸ ਹੈ ਜੋ ਇਸ ਨੇ 1853 ਤੋਂ 58 ਤੱਕ 6 ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ। 'Ade la Fitzeliere' ਨੇ 1875 ਤੋਂ 78 ਤੱਕ ਇਸ ਦੀਆਂ ਚੋਣਵੀਆਂ ਕਿਰਤਾਂ ਦਾ 12 ਜਿਲਦਾਂ ਵਿਚ ਸੰਪਾਦਨ ਕੀਤਾ।

19 ਜੂਨ, 1874 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ 5: 514

**ਜਾਨਿਸਾਰੀ ਫ਼ੌਜ** : ਇਹ ਤੁਰਕੀ ਦੀ ਪੈਦਲ ਫ਼ੌਜ ਹੈ। ਸਭ ਤੋਂ ਪਹਿਲਾਂ 1330 ਈ. ਵਿਚ ਸੁਲਤਾਨ ਔਰਖਾਨ ਨੇ ਇਸ ਦਾ ਸੰਗਠਨ ਕੀਤਾ। ਸੰਨ 1362 ਵਿਚ ਮੁਰਾਦ ਪਹਿਲੇ ਨੇ ਇਸ ਦੇ ਫ਼ੌਜੀਆਂ ਦੀ ਗਿਣਤੀ ਵਧਾ ਕੇ 10,000 ਕਰ ਦਿੱਤੀ। ਇਹ ਫ਼ੌਜ ਯੁੱਧ-ਨਿਪੁੰਨਤਾ ਅਤੇ ਬਹਾਦਰੀ ਲਈ ਪ੍ਰਸਿੱਧ ਹੈ। ਇਹ ਤੁਰਕੀ ਦੀ ਬਹੁਤ ਵੱਡੀ ਸ਼ਕਤੀ ਸੀ। ਕਿਸੇ ਸਮੇਂ ਵੇਤਨੀ ਸਥਾਈ ਫ਼ੌਜੀਆਂ ਦੀ ਗਿਣਤੀ 60,000 ਦੇ ਕਰੀਬ ਸੀ। ਬਾਅਦ ਵਿਚ ਇਹ ਗਿਣਤੀ ਘਟਾ ਕੇ 25,000 ਕਰ ਦਿੱਤੀ ਗਈ। ਇਨ੍ਹਾਂ ਦੇ ਰਹਿਣ ਲਈ ਕਾਨਸਟੈਨਟਿਨੋਪਲ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਵਿਚ ਬੈਰਕਾਂ ਬਣੀਆਂ ਹੋਈਆਂ ਸਨ। ਅਸਥਾਈ ਫ਼ੌਜੀਆਂ ਦੀ ਗਿਣਤੀ 3,00,000 ਤੋਂ 4,00,000 ਤੱਕ ਰਹਿੰਦੀ ਸੀ। ਇਹ ਫ਼ੌਜੀ ਰਾਜ ਦੇ ਸਾਰੇ ਸ਼ਹਿਰਾਂ ਵਿਚ ਬਿਖਰੇ ਹੋਏ ਸਨ ਅਤੇ ਸ਼ਾਂਤੀ ਦੇ ਸਮੇਂ ਪੁਲਿਸ ਦੀ ਡਿਊਟੀ ਨਿਭਾਉਂਦੇ ਸਨ। ਸੁਲਤਾਨ ਦੀ ਅੰਗਰੱਖਿਆ ਵਿਚ ਰਹਿਣ ਵਾਲੇ ਜਾਨਿਸਾਰੀ ਹੌਲੀ ਹੌਲੀ ਇੰਨੇ ਤੇਜ਼ ਹੋ ਗਏ ਕਿ ਇਹ ਕਦੇ ਕਦੇ ਬਗ਼ਾਵਤ ਕਰਨ ਲੱਗ ਪਏ ਪਰੰਤੂ ਇਨ੍ਹਾਂ ਬਗ਼ਾਵਤਾਂ ਨੂੰ ਕੁਚਲਿਆ ਜਾਂਦਾ ਰਿਹਾ। ਸੰਨ 1826 ਵਿਚ ਜਾਨਿਸਾਰੀ ਫ਼ੌਜੀਆਂ ਨੇ ਨਵੀਂ ਰਾਸ਼ਟਰੀ ਫ਼ੌਜ ਦੀ ਸਥਾਪਨਾ ਦੇ ਪ੍ਰਸਤਾਵ ਤੇ ਵਿਦਰੋਹ ਕਰ ਦਿੱਤਾ। ਨਤੀਜੇ ਵਜੋਂ ਮਹਿਮੂਦ ਦੂਜੇ ਨੇ ਜਾਨਿਸਾਰੀ ਕਮਾਂਡਰ-ਇਨ-ਚੀਫ਼ ਦੀ ਮਦਦ ਨਾਲ ਇਨ੍ਹਾਂ ਨੂੰ ਪੂਰੀ ਤਰ੍ਹਾਂ ਹਰਾਇਆ ਅਤੇ ਇਨ੍ਹਾਂ ਦੀਆਂ ਬੈਰਕਾਂ ਸਾੜ ਦਿੱਤੀਆਂ। ਉਸੇ ਸਮੇਂ ਇਕ ਸ਼ਾਹੀ ਐਲਾਨ ਅਨੁਸਾਰ ਇਹ ਫ਼ੌਜ ਖ਼ਤਮ ਕਰ ਦਿੱਤੀ। ਉਸ ਨੇ ਲਗਭਗ 15,000 ਫ਼ੌਜੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਅਤੇ ਹੋਰ 20,000 ਨੂੰ ਦੇਸ਼ ਵਿਚੋਂ ਕੱਢ ਦਿੱਤਾ ਗਿਆ।

ਹ. ਪੁ. -ਹਿੰ. ਵਿ. ਕੋ. 4: 452

**ਜਾਨੀਨੀ ਪੀਟਰ** : ਇਹ ਇਟਲੀ ਦਾ ਇਤਿਹਾਸਕਾਰ ਸੀ ਜਿਸ ਦਾ ਜਨਮ 7 ਮਈ, 1676 ਨੂੰ ਇਸ਼ੀਟੈਲਾ ਵਿਖੇ ਹੋਇਆ। ਸੰਨ 1698 ਵਿਚ ਇਸ ਨੇ ਨੇਪਲਜ਼ ਵਿਖੇ ਕਾਨੂੰਨ ਦੀ ਸਿੱਖਿਆ ਹਾਸਲ ਕੀਤੀ। ਇਸ ਨੇ ਇਸ ਤੋਰੀਆ ਸਿਵਲ ਡੈੱਲ ਰੈਗੋ ਡੀ ਨੈਪੋਲੀ (1723) ਨਾਂ ਦੀ ਕਿਤਾਬ ਲਿਖੀ ਜਿਸ ਵਿਚ ਨੈਪੋਲੀਅਨ ਇਤਿਹਾਸ ਦਾ ਵਿਵਾਦੀ ਨਿਰੀਖਣ ਸੀ। ਵੀਆਨਾ ਵਿਚ ਜਨੀਨੀ ਨੇ ਆਪਣੀ ਦੂਜੀ ਮਹੱਤਵਪੂਰਨ ਕਿਤਾਬ ਲਿਖੀ। ਨੈਪੋਲੀਅਨ ਤਾਜ ਡਾਰਲਸ ਆਫ਼ ਬਾਰਬਨ ਕੋਲ ਤਬਦੀਲ ਹੋ ਜਾਣ ਤੋਂ ਬਾਅਦ ਜਾਨੀਨੀ ਵੀਨਸ ਅਤੇ ਉਸ ਤੋਂ ਬਾਅਦ ਮਾਡੀਨਾ ਚਲਾ ਗਿਆ। ਇਸ ਸ਼ਹਿਰ ਤੋਂ ਦੂਜੇ ਸ਼ਹਿਰ ਘੁੰਮਦੇ ਘੁੰਮਦੇ ਅਖ਼ੀਰ ਵਿਚ 1735 ਈ. ਵਿਚ ਜਾਨੀਨੀ ਨੇ ਪ੍ਰੋਟੈਸਟੈਂਟ ਜਨੀਵਾ ਵਿਚ ਜਾ ਕੇ ਸ਼ਰਨ ਲਿਆ। ਸੰਨ 1736 ਵਿਚ ਸਾਰਡੀਨੀਆ ਦੇ ਬਾਦਸ਼ਾਹ ਨੇ ਕੈਦ ਕਰ ਲਿਆ। ਇਸਨੇ ਆਪਣੇ ਜੀਵਨ ਦੇ ਆਖ਼ਰੀ ਸਾਲ ਵੱਖ-ਵੱਖ ਜੇਲ੍ਹਾਂ ਵਿਚ ਗੁਜ਼ਾਰੇ।

ਹ. ਪੁ. -ਐਨ. ਬ੍ਰਿ. 10: 393

**ਜਾੱਨੋ, ਯ਼ਾਂ** (Giono, Jean) : ਇਹ ਫ਼ਰਾਂਸ ਦਾ ਇਕ ਨਾਵਲਕਾਰ ਸੀ ਜਿਸ ਨੂੰ ਅਮੀਰ ਤੇ ਰੰਗਬਰੰਗੀ ਬਿੰਬਾਵਲੀ ਕਾਰਨ ਸਲਾਹਿਆ ਜਾਂਦਾ ਹੈ। ਇਸ ਦਾ ਜਨਮ ਬਾਸ ਐਲਪਸ ਵਿਚ ਮਾਨੋਸਕ ਵਿਖੇ 30 ਮਾਰਚ, 1895 ਨੂੰ ਇਕ ਮੋਚੀ ਦੇ ਘਰ ਹੋਇਆ। ਇਸ ਨੇ ਵਧੇਰੇ ਕਰਕੇ ਆਪਣੇ ਆਪ ਹੀ ਪੜ੍ਹਾਈ ਕੀਤੀ ਅਤੇ ਹੋਮਰ, ਵਰਜਿਲ ਹਰਮਨ ਮੈਲਵਿਲ ਅਤੇ ਵਾਲਟ ਵਿਟਮੈਨ ਦਾ ਅਧਿਐਨ ਕੀਤਾ। ਪਹਾੜਾਂ ਵਿਚ ਘਰ ਹੋਣ ਕਰਕੇ ਅਤੇ ਇਕ ਆਜੜੀ ਪਰਿਵਾਰ ਨਾਲ ਵਾਹ ਪੈਣ ਕਰਕੇ ਇਸ ਨੂੰ ਕੁਦਰਤ ਨਾਲ ਅਥਾਹ ਪਿਆਰ ਸੀ। ਪਹਿਲੇ ਵਿਸ਼ਵ ਯੁੱਧ ਵਿਚ ਇਹ ਸਿਪਾਹੀ ਸੀ। ਇਸ ਨੂੰ ਲੜਾਈ ਤੋਂ ਨਫ਼ਰਤ ਹੋ ਗਈ ਤੇ ਯੁੱਧ ਦੀ ਭਿਆਨਕਤਾ ਨੂੰ ਇਸ ਨੇ 'Le Grand Troupeau' (1931) ਵਿਚ ਚਿੱਤਰਿਆ। ਇਸ ਨੇ ਇਲਾਕਾਈ ਅਤੇ ਬੌਧਿਕਤਾ ਵਿਰੋਧੀ ਕਈ ਨਾਵਲ ਜਿਵੇਂ 'Colline' (1928) 'Un de Baumugnes' (1929), 'Regain' (1930) ਲਿਖੇ। ਇਨ੍ਹਾਂ ਵਿਚ ਆਧੁਨਿਕ ਸਭਿਅਤਾ ਵਿਰੁੱਧ ਸੰਵੇਦਨਾਸ਼ੀਲ ਮਨ ਦਾ ਰੋਸ ਸੀ। ਇਹ ਪ੍ਰਵਿਰਤੀ ਇਸ ਦੇ 'Le Chant du monde' (1934) 'Oue majoie demeure' (1935) ਅਤੇ 'Batailles dans la monta gne (1937) ਨਾਂ ਦੇ ਨਾਵਲਾਂ ਵਿਚ ਹੋਰ ਵਧੇਰੇ ਰੂਪਮਾਨ ਹੋਈ। ਆਪਣੀਆਂ ਅਮਨ ਸਬੰਧੀ ਸਰਗਰਮੀਆਂ ਕਾਰਨ ਜੱਨੋ ਦੋ ਮਹੀਨਿਆਂ ਲਈ ਜੇਲ੍ਹ ਵਿਚ ਵੀ ਰਿਹਾ। ਦੂਸਰੇ ਵਿਸ਼ਵ ਯੁੱਧ ਦੌਰਾਨ ਇਹ ਲਿਖਦਾ ਰਿਹਾ ਪਰ ਇਹ ਰਚਨਾਵਾਂ ਯੁੱਧ ਮਗਰੋਂ ਪ੍ਰਕਾਸ਼ਿਤ ਹੋਈਆਂ। ਇਹ ਬਿਲਕੁਲ ਨਵੇਂ ਪ੍ਰਕਾਰ ਦੀਆਂ ਹਨ ਜਿਨ੍ਹਾਂ ਵਿਚ ਬੜੇ ਸਪਸ਼ਟ ਤੇ ਸਰਲ ਢੰਗ ਨਾਲ ਕਹਾਣੀ ਦੱਸਣ ਦਾ ਯਤਨ ਕੀਤਾ ਗਿਆ ਹੈ। ਇਸ ਨੇ ਬੁਰਾਈ ਵਾਲੇ ਸਮਾਜ ਦੀ ਨਿੰਦਾ ਕੀਤੀ ਹੈ ਪਰ ਸਮੁੱਚੇ ਰੂਪ ਵਿਚ ਮਾਨਵ ਬਾਰੇ ਆਸ਼ਾਵਾਦੀ ਹੈ। ਇਨ੍ਹਾਂ ਵਿਚ 'Le Husardsur le toit (1952) ਅਤੇ 'Le Bonheur fou' (1957) ਸ਼ਾਮਲ ਹਨ। ਇਸ ਨੇ ਕੁਝ ਚੰਗੇ ਨਾਟਕ ਵੀ ਲਿਖੇ ਹਨ ਜਿਵੇਂ 'Le Bout de la route' ਅਤੇ 'Le lanceur de grames' ਆਦਿ।

ਇਸ ਦੀ ਮੌਤ 8 ਅਕਤੂਬਰ, 1970 ਨੂੰ ਮਾਨੋਸਕ ਵਿਖੇ ਹੋਈ।

ਹ. ਪੁ. -ਐਨ. ਬ੍ਰਿ. 10: 425; ਐਨ. ਬ੍ਰਿ. ਮਾ. 4:550

**ਜਾਨੋਜੀ ਜਸਵੰਤ ਬਿਲਾਨਕਰ, ਮਹਾਰਾਜ** : ਇਹ ਰਾਉ ਰੰਭਾ ਦਾ ਲੜਕਾ ਸੀ। ਰਾਣਾ ਰੰਭਾ ਦੱਖਣ ਵਿਚ ਰਾਜ ਦਾ ਕੰਮ ਕਾਜ ਔਰੰਗਜ਼ੇਬ ਦੀ ਆਗਿਆ ਅਨੁਸਾਰ ਸੰਭਾਲਦਾ ਸੀ। ਕੁਝ ਸਾਜ਼ਸ਼ਾਂ ਕਾਰਨ ਉਸ ਨੂੰ ਕੈਦ ਕਰ ਲਿਆ ਗਿਆ, ਪਰ ਬਾਅਦ ਵਿਚ ਰਿਹਾ ਕਰ ਦਿੱਤਾ ਗਿਆ। ਇਹ ਕਈ ਲੜਾਈਆਂ ਵਿਚ ਬੜੀ ਬਹਾਦਰੀ ਨਾਲ ਲੜਿਆ। ਨਤੀਜੇ ਵਜੋਂ ਇਸ ਦਾ ਮਨਸਬ ਸੱਤ ਹਜ਼ਾਰ ਸਵਾਰ ਦਾ ਹੋ ਗਿਆ। ਇਸ ਦੀ ਮੌਤ ਤੋਂ ਬਾਅਦ ਸਾਰੀ ਜਾਗੀਰ ਮਹਿਲ ਆਦਿ ਇਸ ਦੇ ਲੜਕੇ ਜਾਨੋਜੀ ਨੂੰ ਮਿਲ ਗਏ। ਜਾਨੋਜੀ ਜਾਗੀਰਦਾਰੀ ਦੇ ਕੰਮ ਵਿਚ ਨਿਪੁੰਨ, ਬਹਾਦਰ ਯੋਧਾ ਅਤੇ ਮਹਾਨ ਨੀਤੀਵਾਨ ਸੀ। ਜਦੋਂ ਵੀ ਬਾਦਸ਼ਾਹ ਦਾ ਦੱਖਣ ਵਿਚ ਮਰਹੱਟਿਆਂ ਨਾਲ ਕੋਈ ਮਾਮਲਾ ਉਲਝ ਜਾਂਦਾ ਤਾਂ ਜਾਨੋਜੀ ਹੀ ਮਾਮਲੇ ਨੂੰ ਸੁਲਝਾਉਣ ਵਿਚ ਬਾਦਸ਼ਾਹ ਦੀ ਮੱਦਦ ਕਰਦਾ ਸੀ। ਇਸ ਦੇ ਕੰਮ ਕਾਜ ਨੂੰ ਦੇਖਦੇ ਹੋਏ ਇਸ ਨੂੰ ਜਸਵੰਤ ਦੀ ਉਪਾਧੀ ਦਿੱਤੀ ਗਈ। ਫੂਲਝੜੀ ਦੇ ਯੁੱਧ ਵਿਚ ਨਾਸਿਰਜੰਗ ਨਿਜ਼ਾਮੁਦੌਲਾ ਦੇ ਨਾਲ ਜਾਨੋਜੀ ਨੇ ਖ਼ੂਬ ਬਹਾਦਰੀ ਦਿਖਾਈ। ਸੰਨ 1762 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.-ਹਿੰ. ਵਿ. ਕੋ. 4: 463

**ਜ਼ਾਪਅਰਾ** : ਦੱਖਣੀ ਅਮਰੀਕਾ ਦੇ ਉੱਤਰ-ਪੱਛਮ ਵਿਚ ਕੋਲੰਬੀਆ ਵਿਚੋਂ ਨਿਕਲਣ ਵਾਲਾ ਐਮੇਜ਼ਨ ਦਾ ਇਕ ਸਹਾਇਕ ਦਰਿਆ

ਹੈ। ਇਹ ਕੋਲੰਬੀਆ ਦੀ ਕਾਰਡੀ ਲਿਰਾ ਆਕਸੀਡੈਂਟਲ ਪਰਬਤੀ ਲੜੀ ਉਪਰੋਂ 3030 ਮੀ. ਦੀ ਉੱਚਾਈ ਤੋਂ ਨਿਕਲਦਾ ਹੈ ਅਤੇ ਦੱਖਣ-ਪੂਰਬ ਵੱਲ ਵਹਿੰਦਾ ਹੋਇਆ ਬ੍ਰਾਜ਼ੀਲ ਦੇ ਉੱਤਰ-ਪੱਛਮੀ ਹਿੱਸੇ ਵਿਚ ਐਮੇਜ਼ੋਨਸ ਰਾਜ ਵਿਚ ਐਮੇਜ਼ਨ ਦਰਿਆ ਵਿਚ ਮਿਲ ਜਾਂਦਾ ਹੈ। ਪੂਰੇ ਵਹਿਣ ਵਿਚ ਇਸ ਦੀ ਲੰਬਾਈ 2800 ਕਿ. ਮੀ. (1750 ਮੀਲ) ਹੈ ਪਰ ਇੰਨੀ ਲੰਬਾਈ ਦੇ ਬਾਵਜੂਦ ਵੀ ਇਸ ਦੀ ਸੰਸਕ੍ਰਿਤਕ ਜਾਂ ਆਰਥਿਕ ਮਹੱਤਤਾ ਨਹੀਂ ਹੈ। ਸ਼ਾਇਦ ਇਸ ਕਰਕੇ ਕਿ ਇਹ ਐਮੇਜ਼ਨ ਵਾਦੀ ਦੇ ਵਿਰਾਨ ਜਿਹੇ ਖੇਤਰ ਵਿਚੋਂ ਲੰਘਦਾ ਹੈ। ਆਪਾਪੋਰੀਸ ਇਸ ਦੀ ਸਭ ਤੋਂ ਵੱਡੀ ਸਹਾਇਕ ਨਦੀ ਹੈ।

ਹ. ਪੂ. -ਕੋਲ. ਐਨ. 10: 640; ਵੈ. ਜਗ. ਡਿ.

**ਜਾਪਵੋ** : ਭਾਰਤ ਵਿਚ ਨਾਗਾਲੈਂਡ ਰਾਜ ਦੇ ਕੋਹੀਮਾ ਸ਼ਹਿਰ ਦੇ ਦੱਖਣ ਵੱਲ ਆਸਾਮ ਪਰਬਤ ਲੜੀਆਂ ਵਿਚ ਸਭ ਤੋਂ ਉੱਚਾ ਪਰਬਤ ਹੈ ਜਿਸ ਦੀ ਉਚਾਈ 2,997 ਮੀ. (9, 890 ਫੁੱਟ) ਹੈ।

25° 36' ਉ. ਵਿਥ.; 94° 04' ਪੂ. ਲੰਬ.

ਹ. ਪੂ. -ਇੰਪ. ਗ. ਇੰਡ. 11:66

**ਜਾਪਾਨ** : ਏਸ਼ੀਆ ਦਾ ਇਕ ਟਾਪੂ ਦੇਸ਼ ਹੈ ਜਿਹੜਾ ਯੂਰੇਸ਼ੀਆਈ ਮੁੱਖ ਭੂਮੀ ਦੇ ਪੂਰਬੀ ਤੱਟ ਤੋਂ ਹਟਵਾਂ ਉੱਤਰੀ ਸ਼ਾਂਤ ਮਹਾਂ-ਸਾਗਰ ਵਿਚ ਵਾਕਿਆ ਹੈ। 377, 727 ਵ.ਕਿ.ਮੀ. ਵਿਚ ਫੈਲੇ ਇਸ ਦੇਸ਼ ਦੇ ਸ਼ਾਬਦਿਕ ਅਰਥ 'ਚੜ੍ਹਦੇ ਸੂਰਜ ਦੀ ਧਰਤੀ' ਹਨ। ਇਸ ਵਿਚ ਹਾਕਾਈਡੋ, ਹਾਂਸ਼ੂ, ਕੀਯੂਸ਼ੂ ਅਤੇ ਸ਼ਿਕੋਕੂ ਮੁੱਖ ਟਾਪੂਆਂ ਤੋਂ ਇਲਾਵਾ ਆਲੇ-ਦੁਆਲੇ ਦੇ ਬਹੁਤ ਸਾਰੇ ਟਾਪੂ ਸ਼ਾਮਲ ਹਨ। ਇਸ ਦੇ ਪੂਰਬ ਅਤੇ ਦੱਖਣ ਵੱਲ ਸ਼ਾਂਤ ਮਹਾਂਸਾਗਰ, ਪੱਛਮ ਵੱਲ ਪੂਰਬੀ ਚੀਨ ਸਾਗਰ, ਕੋਰੀਆ ਜਲ ਡਮਰੂ, ਜਾਪਾਨੀ ਸਾਗਰ ਅਤੇ ਪੂਰਬ ਵੱਲੋਂ ਓਕਾਟਸਕ ਸਾਗਰ ਲਗਦੇ ਹਨ। ਇਥੋਂ ਦੀ ਆਬਾਦੀ 12,36,11,541 (1990) ਹੈ। ਟੋਕੀਓ ਇਥੋਂ ਦੀ ਰਾਜਧਾਨੀ ਹੈ। ਇਥੋਂ ਦੇ ਲੋਕ ਜਾਪਾਨੀ ਭਾਸ਼ਾ ਬੋਲਦੇ ਹਨ।

### ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਜਾਪਾਨ ਵਿਚ ਬਹੁ-ਗਿਣਤੀ ਜਵਾਲਾਮੁਖੀ ਲੜੀਆਂ ਦੀ ਹੈ। ਜੋ ਇਸ ਨੂੰ ਵੱਖ-ਵੱਖ ਖੇਤਰਾਂ ਵਿਚ ਵੰਡਦੀਆਂ ਹਨ। ਪਹਿਲੇ ਖੇਤਰ ਵਿਚ ਹਾਕਾਈਡੋ ਦਾ ਬਹੁਤ ਹਿੱਸਾ ਅਤੇ ਕੀਟਾਮੀ ਤੇ ਹਿਡਾਕਾ ਪਹਾੜ ਸ਼ਾਮਲ ਹਨ ਜਿਹੜੇ ਉੱਤਰ ਤੋਂ ਦੱਖਣ ਵੱਲ ਫੈਲੇ ਹੋਏ ਹਨ। ਦੂਜੇ ਖੇਤਰ ਵਿਚ ਹਾਕਾਈਡੋ ਦੇ ਕੁਝ ਹਿੱਸੇ ਤੋਂ ਬਿਨਾਂ ਉੱਤਰੀ ਹਾਂਸੂ ਅਤੇ ਸ਼ਾਂਤ ਮਹਾਂ ਸਾਗਰ ਦੇ ਫੈਲੇ ਪਹਾੜ ਸ਼ਾਮਲ ਹਨ। ਤੀਜੇ ਖੇਤਰ ਵਿਚ ਜਾਪਾਨ ਦਾ ਸਭ ਤੋਂ ਉੱਚਾ-ਨੀਵਾਂ ਇਲਾਕਾ ਜਿਹੜਾ ਉੱਤਰ ਵਿਚ ਲੜੀ ਤੋਂ ਦੱਖਣ ਵਿਚ ਪਯੂਜੀ ਸਾਨ ਪਰਬਤ ਤੱਕ ਫੈਲਿਆ ਹੋਇਆ ਹੈ, ਸ਼ਾਮਲ ਹੈ। ਚੌਥੇ ਖੇਤਰ ਵਿਚ ਦੱਖਣ-ਪੱਛਮੀ ਹਾਂਸੂ ਚੂਗੋਕੂ ਪਹਾੜ ਅਤੇ ਸ਼ਿਕੋਕੂ ਟਾਪੂ ਸ਼ਾਮਲ ਹਨ।

ਜਾਪਾਨ ਵਿਚ ਮੁੱਖ ਤੌਰ ਤੇ ਛੇ ਪਰਬਤ ਲੜੀਆਂ ਹਨ ਜਿਨ੍ਹਾਂ ਵਿਚੋਂ ਵਧੇਰੇ ਕਰਕੇ ਹਾਂਸੂ ਦੇ ਕੇਂਦਰੀ ਭਾਗ ਵਿਚ ਵਾਕਿਆ ਹਨ। ਗਵਾਨਤੋ ਦਾ ਮੈਦਾਨੀ ਭਾਗ ਜਾਪਾਨ ਦਾ ਸਭ ਤੋਂ ਵੱਡਾ ਮੈਦਾਨੀ ਹਿੱਸਾ ਹੈ। ਰਾਜਧਾਨੀ ਟੋਕੀਓ ਅਤੇ ਪ੍ਰਮੁੱਖ ਬੰਦਰਗਾਹੀ ਸ਼ਹਿਰ, ਯੋਕਾਹਾਮਾ ਇਸੇ ਮੈਦਾਨ ਵਿਚ ਵਾਕਿਆ ਹਨ। ਇਸ ਤੋਂ ਇਲਾਵਾ ਇਸ਼ਿਕਾਰੀ ਯੂਫੂਤਸੂ, ਮੂਟਸੂ, ਕੀਟਾਕਾਮੀ, ਨੋਬੀ ਅਤੇ ਕਿਨਾਈ ਆਦਿ ਮੈਦਾਨੀ ਭਾਗ ਵਿਚ ਵਾਕਿਆ ਹਨ।

**ਜਲ ਪ੍ਰਵਾਹ**—ਜਾਪਾਨ ਵਿਚ ਕਈ ਛੋਟੇ ਛੋਟੇ ਦਰਿਆ ਹਨ ਜਿਹੜੇ ਪਹਾੜਾਂ ਵਿਚੋਂ ਨਿਕਲਦੇ ਹਨ ਅਤੇ ਸਮੁੰਦਰ ਵਿਚ ਜਾ ਮਿਲਦੇ ਹਨ। ਟੋਨੇ, ਇਸ਼ਿਕਾਰੀ, ਕੀਟਾਕਾਮੀ, ਸ਼ਿਨਾਨੋ ਅਤੇ ਕੀਸੋ ਵੱਡੇ ਦਰਿਆ ਹਨ ਪਰ ਇਹ ਦਰਿਆ ਵੀ ਬਹੁਤੇ ਇਲਾਕੇ ਦੀ ਜਲ-ਨਿਕਾਸੀ ਨਹੀਂ ਕਰਦੇ। ਸਿੱਟੇ ਵਜੋਂ ਇੰਜੀਨੀਅਰਿੰਗ ਪਖੋਂ ਬਹੁਤ ਮੁਸ਼ਕਲਾਂ ਦਰ ਪੇਸ਼ ਆਉਂਦੀਆਂ ਹਨ ਪਰ ਇਹ ਮੁਸ਼ਕਲਾਂ ਇਥੋਂ ਦੀ ਖੇਤੀਬਾੜੀ ਦੀ ਸਿੰਚਾਈ ਲਈ ਲੋੜੀਂਦੇ ਪਾਣੀ ਅਤੇ ਪਣ-ਬਿਜਲੀ ਲਈ ਕਿਸੇ ਕਿਸਮ ਦੀ ਵੀ ਰੁਕਾਵਟ ਪੈਦਾ ਨਹੀਂ ਕਰਦੀਆਂ। ਬੀਵਾ ਇਥੋਂ ਦੀ ਸਭ ਤੋਂ ਵੱਡੀ ਝੀਲ ਹੈ ਜਿਸ ਦੀ ਲੰਬਾਈ ਲਗਭਗ 445 ਕਿ. ਮੀ. (278 ਵ. ਮੀਲ) ਹੈ। ਇਸ ਤੋਂ ਬਿਨਾਂ ਹਾਚੀਰੋਗਾਤਾ ਅਤੇ ਕਾਸੂਮੀਗਾਊਰਾ ਝੀਲਾਂ ਵੀ ਹਨ।

**ਜਲਵਾਯੂ**—ਇਥੋਂ ਦਾ ਪੌਣ ਪਾਣੀ ਕੁਰੋਸੀਓ ਰੌਅ ਅਤੇ ਸੂਸੀਆ ਰੌਅ ਦੇ ਅਸਰ ਹੇਠ ਹੋਣ ਕਾਰਨ ਆਮ ਤੌਰ ਤੇ ਦਰਮਿਆਨੀ ਕਿਸਮ ਦਾ ਹੈ। ਉੱਤਰ ਤੋਂ ਦੱਖਣ ਤੀਕ ਫੈਲੇ ਹੋਣ ਕਾਰਨ ਜਾਪਾਨ ਦੀਆਂ ਗਰਮੀਆਂ ਅਤੇ ਸਰਦੀਆਂ ਦੇ ਤਾਪਮਾਨ ਵਿਚ ਕਾਫ਼ੀ ਫ਼ਰਕ ਹੈ। ਹਾਕਾਈਡੋ ਨੂੰ ਛੱਡ ਕੇ ਜਾਪਾਨ ਦੇ ਬਾਕੀ ਸਾਰੇ ਹਿੱਸਿਆਂ ਵਿਚ ਗਰਮੀਆਂ ਵਿਚ ਵਿਸ਼ੇਸ਼ ਕਰਕੇ ਜੂਨ-ਜੁਲਾਈ ਦੇ ਮਹੀਨਿਆਂ ਵਿਚ ਭਾਰੀ ਵਰਖਾ ਹੁੰਦੀ ਹੈ ਅਤੇ ਨਮੀ ਦੀ ਮਾਤਰਾ ਵੀ ਕਾਫ਼ੀ ਹੈ। ਗਰਮੀਆਂ ਦੇ ਅੰਤ ਅਤੇ ਪੱਤਝੜ ਦੇ ਸ਼ੁਰੂ ਵਿਚ ਖ਼ਾਸ ਕਰਕੇ ਸਤੰਬਰ ਵਿਚ ਇਥੇ ਭਾਰੀ ਤੂਫ਼ਾਨ ਵੀ ਆਉਂਦੇ ਹਨ ਜਿਨ੍ਹਾਂ ਨਾਲ ਕਈ ਵਾਰੀ ਜਾਨ ਮਾਲ ਦਾ ਕਾਫ਼ੀ ਨੁਕਸਾਨ ਹੁੰਦਾ ਹੈ। ਉੱਤਰੀ ਹਾਕਾਈ ਦੇਸ਼ ਦਾ ਸਭ ਤੋਂ ਵੱਧ ਖ਼ੁਸ਼ਕ ਖੇਤਰ ਹੈ।

**ਬਨਸਪਤੀ ਅਤੇ ਜੀਵ ਜੰਤੂ**—ਦੇਸ਼ ਦਾ ਲਗਭਗ 1/8 ਹਿੱਸਾ ਵਾਹੀ ਯੋਗ ਹੈ ਅਤੇ 1/5 ਹਿੱਸੇ ਤੇ ਵਧੀਆ ਚਰਾਂਦਾਂ ਹਨ। ਸਾਰੀ ਭੂਮੀ ਦਾ 2/5 ਹਿੱਸਾ ਜੰਗਲਾਂ ਨੇ ਘੇਰਿਆ ਹੋਇਆ ਹੈ। ਦੱਖਣੀ ਦੀਪਾਂ ਵਿਚ ਅਰਧ-ਊਸ਼ਣੀ ਬਰਸਾਤੀ ਜੰਗਲ ਹਨ। ਕੀਯੂਸ਼ੂ ਤੋਂ ਹਾਂਸੂ ਦੀਆਂ ਉੱਤਰੀ ਨੀਵੀਆਂ ਭੂਮੀਆਂ ਵਿਚਕਾਰ ਚੌੜੇ ਪੱਤਿਆਂ ਵਾਲੇ ਸਦਾ-ਬਹਾਰ ਜੰਗਲ ਫੈਲੇ ਹੋਏ ਹਨ ਜਿਨ੍ਹਾਂ ਵਿਚ ਕਾਫ਼ੂਰ, ਹਾਲੀ, ਬਲੂਤ ਆਦਿ ਦਰਖ਼ਤਾਂ ਦੀ ਭਰਮਾਰ ਹੈ। ਉੱਤਰੀ ਅਤੇ ਹਾਕਾਈਡੋ ਦੀ ਪੂਰਬੀ ਬਾਹਰੀ ਸੀਮਾ ਤੇ ਕੋਨੀਫ਼ਰ ਜੰਗਲ ਮਿਲਦੇ ਹਨ।

ਇਥੋਂ ਦੇ ਨਾਲ ਲਗਦੇ ਸਾਗਰਾਂ ਵਿਚ ਵੇਲ੍ਹ, ਡਾੱਲਫ਼ਿਨ ਅਤੇ ਦੂਜੀਆਂ ਕਈ ਤਰ੍ਹਾਂ ਦੀਆਂ ਮੱਛੀਆਂ ਦੀ ਬਹੁਤਾਤ ਹੈ। ਇਨ੍ਹਾਂ ਤੋਂ ਇਲਾਵਾ ਪਾਣੀ ਵਿਚ ਰਹਿਣ ਵਾਲੇ ਕਈ ਤਰ੍ਹਾਂ ਦੇ ਜੀਵ-ਜੰਤੂ ਵੀ ਮਿਲਦੇ ਹਨ।

### ਇਤਿਹਾਸ

ਇਥੋਂ 10 ਹਜ਼ਾਰ ਤੋਂ 30 ਹਜ਼ਾਰ ਸਾਲ ਪੁਰਾਣੇ ਪੇਲੀਓਲਿਥਿਕ ਯੁੱਗ ਦੇ ਔਜ਼ਾਰ ਮਿਲੇ ਹਨ ਪਰ ਉਨ੍ਹਾਂ ਤੋਂ ਇਸ ਦੇਸ਼ ਦੀ ਪ੍ਰਾਚੀਨਤਾ ਦਾ ਸਹੀ ਅਨੁਮਾਨ ਲਾਉਣਾ ਕਠਿਨ ਹੈ। ਇਥੋਂ ਦੀ ਰਵਾਇਤ ਅਨੁਸਾਰ 660 ਈ. ਪੂ. ਤੋਂ ਦੇਸ਼ ਦੀ ਸਥਾਪਨਾ ਹੋਈ ਮੰਨੀ ਜਾਂਦੀ ਹੈ ਅਤੇ ਜਿੰਮੂ ਨੂੰ ਇਥੋਂ ਦਾ ਪਹਿਲਾ ਬਾਦਸ਼ਾਹ ਮੰਨਿਆ ਗਿਆ। ਪਰ ਇਤਿਹਾਸਕ ਤੱਥਾਂ ਤੋਂ ਦੇਸ਼ ਦਾ ਮੁੱਢ ਪੰਜਵੀਂ ਸਦੀ ਵਿਚ ਬੱਝਾ ਪਤਾ ਲੱਗਦਾ ਹੈ। ਉਸ ਵੇਲੇ ਇਹ ਯਾਮਾ ਦੇ ਅਧੀਨ ਇਕ ਖ਼ੁਸ਼ਹਾਲ ਅਤੇ ਤਾਕਤਵਰ ਰਾਜ ਸੀ। ਕੁਝ ਸਮੇਂ ਲਈ ਇਸਨੇ ਕੋਰੀਆ ਦੇ ਕੁਝ ਹਿੱਸੇ ਉਪਰ ਵੀ ਰਾਜ ਕੀਤਾ। ਛੇਵੀਂ ਸਦੀ ਦੇ ਮੱਧ ਵਿਚ ਇਸ ਰਾਜ ਦਾ ਅੰਤ ਹੋ ਗਿਆ। ਉਸ ਸਮੇਂ ਤੀਕ ਕੋਰੀਆ ਵੱਲੋਂ ਦੇਸ਼ ਵਿਚ ਬੁੱਧ ਧਰਮ ਆ ਕੇ ਫੈਲ ਚੁਕਾ ਸੀ। ਆਉਣ ਵਾਲੀਆਂ ਕਈ ਸਦੀਆਂ ਤੀਕ ਜਾਪਾਨੀ ਲੋਕ ਚੀਨੀ ਰਸਮ ਰਿਵਾਜ ਆਦਿ ਅਪਣਾਉਂਦੇ ਰਹੇ ਅਤੇ ਖ਼ਾਸ ਕਰਕੇ ਆਪਣੀ ਭਾਸ਼ਾ ਲਿਖਣ ਲਈ ਇਨ੍ਹਾਂ ਨੇ ਚੀਨੀ ਲਿਖਾਈ ਢੰਗ ਨੂੰ ਹੀ ਅਪਣਾਇਆ। ਨੌਵੀਂ ਸਦੀ ਵਿਚ ਜਾਪਾਨ ਨੇ ਆਪਣੇ ਸਬੰਧ ਦੂਜੇ ਦੇਸ਼ਾਂ ਨਾਲ ਜੋੜਨੇ ਸ਼ੁਰੂ ਕੀਤੇ। ਇਸ ਕਾਲ ਦੇ ਬਾਦਸ਼ਾਹ ਤਾਕਤਵਰ ਰੀਜੈਂਟ ਪਰਿਵਾਰਾਂ ਕੋਲੋਂ ਦਬ ਕੇ ਰਹਿੰਦੇ ਸਨ। ਗਿਆਰ੍ਹਵੀਂ ਸਦੀ ਵਿਚ ਇਹੋ ਜਿਹੇ ਹੀ ਇਕ ਪਰਿਵਾਰ ਫੂਜੀਵਾਰਾ ਨੇ ਦੇਸ਼ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। ਇਸੇ ਸਮੇਂ ਦੌਰਾਨ ਤਾਕਤਵਰ ਲੜਾਕੂ ਪਰਿਵਾਰਾਂ ਦੀ ਆਪਣੀ ਇਕ ਫ਼ੌਜੀ ਸ਼੍ਰੇਣੀ (**Samurai**) ਨੇ ਵੱਖਰਾ ਹੀ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ। ਇਸ ਨੇ ਸਥਾਨਕ ਮਾਮਲਿਆਂ ਵਿਚ ਰਾਜਨੀਤਿਕ ਸਤ੍ਹਾ ਉਪਰ



ਕਾਵਾਗੂਚੀ ਝੀਲ ਦੇ ਕੰਢਿਓਂ ਵਿਖਾਈ ਦਿੰਦਾ ਪਰਬਤ ਫ਼ਿਊਜੀ



ਕੀਯੂਸ਼ੂ ਟਾਪੂ ਦੀ ਸਮੁੰਦਰੀ ਬੰਦਰਗਾਹ ਕਾਗੋਸ਼ੀਮਾ ਜਿਸ ਦੇ ਪਿਛਲੇ ਪਾਸੇ ਇਕ ਹੋਰ ਟਾਪੂ ਉੱਤੇ ਇਕ ਮਘਦਾ ਜਵਾਲਾਮੁਖੀ ਵਿਖਾਈ ਦੇ ਰਿਹਾ ਹੈ।



ਅਸੁਕਾ ਕਾਲ ਦੀ ਇਮਾਰਤ ਕਲਾ ਦਾ ਬੇਹਤਰੀਨ ਨਮੂਨਾ—ਨਾਰ ਵਿਖੇ 607 ਈ. ਦਾ ਬਣਿਆ ਹੋਰਯੁਜੀ ਮੰਦਰ



ਆਧੁਨਿਕ ਉਸਾਰੀ ਕਲਾ ਦਾ ਸੁੰਦਰ ਨਮੂਨਾ—1964 ਈ. ਵਿਚ ਟੋਕੀਓ ਉਲੰਪਿਕਸ ਖੇਡਾਂ ਸਮੇਂ ਬਣਿਆ 'ਦੀ ਨੈਸ਼ਨਲ ਇਨਡੋਰ ਸਟੇਡੀਅਮ'

ਆਪਣਾ ਅਧਿਕਾਰ ਕਰ ਲਿਆ। ਸੰਨ 1192 ਵਿਚ ਮਿਨਾਮੋਤੋ ਯੋਰੀਮੋਤੋ ਨੇ ਆਪਣੇ ਇਕ ਦੁਸ਼ਮਣ ਨੂੰ ਮਾਤ ਦੇ ਕੇ ਦੇਸ਼ ਵਿਚ ਰਾਜ ਕਾਇਮ ਕੀਤਾ ਜਿਹੜਾ ਸ਼ੋਗਨ ਰਾਜ ਦੇ ਨਾਉਂ ਨਾਲ ਜਾਣਿਆ ਜਾਣ ਲੱਗਾ ਅਤੇ 1867 ਈ: ਤੀਕ ਰਾਜ ਕਰਦਾ ਰਿਹਾ।

ਸੰਨ 1192 ਤੋਂ 1333 ਦੌਰਾਨ ਕਾਮਾਕੂਰਾ ਸ਼ੋਗੂਨ ਰਾਜ ਸਮੇਂ ਪਹਿਲਾਂ 1274 ਈ. ਅਤੇ ਫਿਰ 1281 ਈ: ਵਿਚ ਮੰਗੋਲਾਂ ਨੇ ਕੋਰੀਆ ਵੱਲੋਂ ਜਾਪਾਨ ਉਪਰ ਹਮਲੇ ਕੀਤੇ ਪਰ ਅਚਾਨਕ ਆਏ ਤੂਫਾਨਾਂ ਕਾਰਨ ਉਹ ਇਥੇ ਟਿਕ ਨਾ ਸਕੇ। ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਕੀਤੀ ਗਈ ਫ਼ੌਜ ਉਪਰ ਆਏ ਭਾਰੀ ਖ਼ਰਚ ਕਾਰਨ ਇਸ ਰਾਜ ਦਾ ਅੰਤ ਹੋ ਗਿਆ ਅਤੇ 1338 ਈ. ਤੋਂ ਆਸ਼ੀਕਾਗਾ ਸ਼ੋਗੂਨਾਂ ਅਧੀਨ ਮੂਰੋਮੋਚੀ ਕਾਲ ਆਰੰਭ ਹੋਇਆ ਜਿਸਨੇ 1573 ਈ: ਤੀਕ ਰਾਜ ਕੀਤਾ।

ਸੰਨ 1603 ਤੋਂ 1867 ਤੀਕ ਟੋਕੂਗਾਵਾ ਸ਼ੋਗੂਨਾਂ ਦਾ ਰਾਜ ਰਿਹਾ। ਇਨ੍ਹਾਂ ਨੇ ਨਵੇਕਲੇਪਣ ਦੀ ਨੀਤੀ ਅਖ਼ਤਿਆਰ ਕੀਤੀ। ਆਪਣੇ ਦੇਸ਼ ਵਿਚ ਵਸਦੇ ਈਸਾਈਆਂ ਦਾ ਭਾਰੀ ਗਿਣਤੀ ਵਿਚ ਕਤਲ ਕੀਤਾ। ਕੁਝ ਡੱਚ ਵਪਾਰੀਆਂ ਨੂੰ ਛੱਡ ਕੇ ਬਾਕੀ ਯੂਰਪੀਨਾਂ ਨੂੰ ਆਪਣੇ ਦੇਸ਼ ਵਿਚੋਂ ਕੱਢਿਆ ਅਤੇ ਬਾਹਰਲੇ ਮੁਲਕਾਂ ਨਾਲ ਆਵਾਜਾਈ ਉਪਰ ਪਾਬੰਦੀ ਆਇਤ ਕੀਤੀ। ਇਸ ਸਰਕਾਰ ਦੇ ਰਾਜ ਵਿਚ ਦੇਸ਼ ਵਿਚ ਪੂਰੀ ਤਰ੍ਹਾਂ ਅਮਨ ਕਾਇਮ ਹੋਇਆ। ਸਰਕਾਰ ਦੀ ਨਵੇਕਲੇਪਣ ਦੀ ਨੀਤੀ ਨਾਲ ਜਿਥੇ ਦੇਸੀ ਸਭਿਆਚਾਰ ਵਿਕਸਿਤ ਹੋਇਆ ਉਥੇ ਦੂਜੇ ਪਾਸੇ ਸਮਾਜ ਵਿਚ ਨਿਸ਼ਚਲਤਾ ਆ ਗਈ। ਕਈ ਲੋਕਾਂ ਨੇ ਅਤੇ ਵਿਸ਼ੇਸ਼ ਕਰਕੇ ਵਪਾਰੀਆਂ ਨੇ ਸਰਕਾਰੀ ਨੀਤੀ ਦਾ ਵਿਰੋਧ ਕਰਨਾ ਸ਼ੁਰੂ ਕੀਤਾ।

ਸੰਨ 1868 ਵਿਚ ਮੁਤਸੁਹੀਤੋ ਬਾਦਸ਼ਾਹ ਬਣਿਆ ਅਤੇ ਸ਼ਾਹੀ ਹਕੂਮਤ ਮੁੜ ਕਾਇਮ ਹੋਣ ਦਾ ਐਲਾਨ ਕੀਤਾ ਗਿਆ ਪਰ ਦੇਸ਼ ਦੀ ਰਾਜਨੀਤੀ ਦੀ ਅਸਲੀ ਵਾਗਡੋਰ ਦੱਖਣ-ਪੱਛਮੀ ਜਾਪਾਨ ਦੇ ਕੁਝ ਨੌਜੁਆਨ ਨੇਤਾਵਾਂ ਦੇ ਹੱਥ ਵਿਚ ਰਹੀ। ਇਨ੍ਹਾਂ ਨੇਤਾਵਾਂ ਨੂੰ ਬਾਅਦ ਵਿਚ ਜੈਨਰੋ ਆਖਿਆ ਜਾਣ ਲੱਗਾ। ਇਨ੍ਹਾਂ ਨੇ ਨਵੇਂ ਵਿਚਾਰ ਅਤੇ ਤਕਨੀਕਾਂ ਜਾਣਨ ਲਈ ਆਪਣੇ ਮਿਸ਼ਨ ਪੱਛਮੀ ਦੇਸ਼ਾਂ ਵਿਚ ਭੇਜੇ। ਸਿੱਟੇ ਵਜੋਂ 1889 ਈ. ਵਿਚ ਦੇਸ਼ ਵਿਚ ਸੰਵਿਧਾਨ ਲਾਗੂ ਹੋਇਆ। ਸੰਨ 1894-05 ਵਿਚ ਜਾਪਾਨ ਦੀ ਚੀਨ ਨਾਲ ਅਤੇ 1904-05 ਈ. ਵਿਚ ਰੂਸ ਨਾਲ ਲੜਾਈ ਹੋਈ। ਸੰਨ 1909 ਵਿਚ ਜਾਪਾਨ ਨੇ ਕੋਰੀਆ ਨੂੰ ਆਪਣੇ ਅਧੀਨ ਕਰ ਲਿਆ। ਸੰਨ 1930 ਦੇ ਆਰੰਭ ਵਿਚ ਦੇਸ਼ ਵਿਚ ਫੈਲੀ ਆਰਥਕ ਮੰਦਹਾਲੀ ਕਾਰਨ ਮੁੜ ਫ਼ੌਜੀ ਹਕੂਮਤ ਨੂੰ ਉਤਸ਼ਾਹ ਮਿਲਿਆ।

ਸੰਨ 1931 ਵਿਚ ਜਾਪਾਨ ਨੇ ਮਨਚੂਰੀਆ ਉਪਰ ਕਬਜ਼ਾ ਕਰ ਲਿਆ ਅਤੇ ਇਸਨੂੰ ਮੈਨਚੂਕਵੋ ਨਾਉਂ ਦਿੱਤਾ। ਟੋਕੀਓ ਬਰਲਿਨ ਸੰਧੀ ਅਧੀਨ ਨਾਜ਼ੀ ਜਰਮਨੀ ਨਾਲ ਗਠਜੋੜ ਕਰਨ ਮਗਰੋਂ 1941 ਈ. ਵਿਚ ਪਰਲ ਬੰਦਰਗਾਹ ਵਿਖੇ ਸੰਯੁਕਤ ਰਾਜ ਅਮਰੀਕਾ ਦੇ ਸਮੁੰਦਰੀ ਬੇੜੇ ਤੇ ਹਮਲਾ ਕੀਤਾ। ਸ਼ੁਰੂ ਵਿਚ ਇਸਨੂੰ ਜਿੱਤ ਹਾਸਲ ਹੋਈ ਪਰ ਮਗਰੋਂ ਇਨ੍ਹਾਂ ਫ਼ੌਜਾਂ ਨੂੰ ਹਾਰ ਹੋਈ। ਅਗਸਤ, 1945 ਨੂੰ ਸੰਯੁਕਤ ਰਾਜ ਨੇ ਜਾਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਉਪਰ ਐਟਮ ਬੰਬ ਸੁਟ ਕੇ ਇਨ੍ਹਾਂ ਨੂੰ ਤਹਿਸ਼-ਨਹਿਸ ਕਰ ਦਿੱਤਾ। ਇਸ ਤੋਂ ਛੇਤੀ ਹੀ ਬਾਅਦ ਜਾਪਾਨੀਆਂ ਨੇ ਇਤਿਹਾਦੀ ਫ਼ੌਜਾਂ ਅਗੇ ਹਾਰ ਮੰਨ ਲਈ।

ਬਾਅਦ ਵਿਚ 1947 ਈ. ਨੂੰ ਜਾਪਾਨ ਵਿਚ ਨਵਾਂ ਸੰਵਿਧਾਨ ਲਾਗੂ ਹੋਇਆ। ਜਾਪਾਨ ਦੀ ਹਰ ਖੇਤਰ ਵਿਚ ਤਰੱਕੀ ਹੋਈ।

ਆਰਥਿਕਤਾ

ਜਾਪਾਨ ਇਕ ਖੁਸ਼ਹਾਲ ਅਤੇ ਵਿਕਸਿਤ ਦੇਸ਼ ਹੈ ਜਿਸ ਦੀ ਆਰਥਿਕਤਾ ਦਾ ਮੁੱਖ ਆਧਾਰ ਵੱਡੇ ਪੈਮਾਨੇ ਤੇ ਚੀਜ਼ਾਂ ਦਾ ਨਿਰਮਾਣ ਕਰਨਾ ਹੈ। ਕੁਝ ਰਾਸ਼ਟਰੀ ਉਤਪਾਦਨ ਵਿਚ ਇਹ ਸੰਸਾਰ ਭਰ ਵਿਚ ਦੂਜੇ ਨੰਬਰ ਤੇ ਹੈ।

**ਖਣਿਜ**–ਚੂਨੇ ਦਾ ਪੱਥਰ ਅਤੇ ਸਲਫ਼ਰ ਇਥੇ ਚੰਗੀ ਮਾਤਰਾ ਵਿਚ ਉਪਲੱਬਧ ਹੈ ਅਤੇ ਦੇਸ਼ਾਂ ਦੀਆਂ ਜ਼ਰੂਰਤਾਂ ਨੂੰ ਆਸਾਨੀ ਨਾਲ ਪੂਰਿਆਂ ਕਰਦਾ ਹੈ। ਬਾਕਸਾਈਟ, ਕੱਚਾ ਪੈਟਰੋਲ, ਕੱਚਾ ਲੋਹਾ ਅਤੇ ਤਾਂਬਾ ਕਾਫ਼ੀ ਮਾਤਰਾ ਵਿਚ ਨਾ ਹੋਣ ਕਾਰਨ ਬਾਹਰਲੇ ਦੇਸ਼ਾਂ ਤੋਂ ਆਯਾਤ ਕੀਤਾ ਜਾਂਦਾ ਹੈ। ਸਰਕਾਰੀ ਪੱਧਰ ਤੇ ਕੋਲੇ ਦਾ ਉਤਪਾਦਨ ਵਧਾਉਣ ਲਈ ਵਿਸ਼ੇਸ਼ ਜਤਨ ਕੀਤੇ ਜਾ ਰਹੇ ਹਨ।

**ਖੇਤੀਬਾੜੀ**—ਦੇਸ਼ ਦੀ ਆਮਦਨੀ ਵਿਚ ਖੇਤੀਬਾੜੀ ਦਾ ਯੋਗਦਾਨ 5% ਤੋਂ ਵੀ ਘੱਟ ਹੈ। ਦੂਜੀ ਵੱਡੀ ਜੰਗ ਤੋਂ ਬਾਅਦ ਭੂਮੀ ਸਬੰਧੀ ਕਈ ਸੁਧਾਰ ਕੀਤੇ ਗਏ ਹਨ ਅਤੇ ਸਿੱਟੇ ਵਜੋਂ ਖੇਤੀ ਉਤਪਾਦਨ ਵਿਚ ਚੰਗਾ ਵਾਧਾ ਹੋਇਆ ਹੈ। ਖੇਤੀ ਵਿਚ ਆਤਮ-ਨਿਰਭਰ ਨਾ ਹੋਣ ਕਾਰਨ ਜਾਪਾਨ ਨੂੰ ਆਪਣੀਆਂ ਖਾਧ ਸਬੰਧੀ ਜ਼ਰੂਰਤ ਪੂਰੀਆਂ ਕਰਨ ਲਈ ਇਨ੍ਹਾਂ ਚੀਜ਼ਾਂ ਦਾ ਆਯਾਤ ਕਰਨਾ ਪੈਂਦਾ ਹੈ। ਝੋਨਾ ਇਥੋਂ ਦੀ ਮੁੱਖ ਫ਼ਸਲ ਹੈ। ਇਸ ਤੋਂ ਬਿਨਾਂ ਕਣਕ, ਚੁਕੰਦਰ, ਸੋਇਆਬੀਨ, ਗਾਜਰ, ਬੰਦਗੋਭੀ, ਸੰਗਤਰੇ, ਸੇਬ ਅਤੇ ਆੜੂਆਂ ਦੀ ਵੀ ਚੰਗੀ ਫ਼ਸਲ ਹੁੰਦੀ ਹੈ।



**ਜਾਪਾਨ ਦੇ ਮੁੱਖ ਚਾਰ ਟਾਪੂਆਂ ਵਿਚੋਂ ਹਾਕਾਈਡੋ ਟਾਪੂ ਦੀ ਇਕ ਮੁਟਿਆਰ ਸੇਬ ਦੇ ਬਾਗ਼ਾਂ ਵਿਚ ਸੇਬ ਤੋੜਦੀ ਹੋਈ।**

ਢਲਾਣਾਂ ਉੱਪਰ ਚਾਹ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਖੇਤੀ ਲਈ ਆਧੁਨਿਕ ਤਰੀਕੇ ਅਪਣਾਏ ਗਏ ਹਨ ਅਤੇ ਉਪਜ ਵਧਾਉਣ ਲਈ ਕਈ ਤਰ੍ਹਾਂ ਦੀਆਂ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਉਦਯੋਗ**—ਮੱਛੀ ਫੜਨ ਦਾ ਉਦਯੋਗ ਜਾਪਾਨ ਵਿਚ ਸੰਸਾਰ ਭਰ ਵਿਚੋਂ ਸਭ ਤੋਂ ਵੱਧ ਵਿਕਸਿਤ ਹੈ। ਮੱਛੀ ਫੜਨ, ਸੁਕਾਉਣ ਅਤੇ ਡੱਬਾ ਬੰਦ ਕਰਕੇ ਦੂਜੇ ਦੇਸ਼ਾਂ ਨੂੰ ਭੇਜਣ ਦਾ ਕੰਮ ਵਡੇ ਪੈਮਾਨੇ ਤੇ ਕੀਤਾ ਜਾਂਦਾ ਹੈ।

ਸੰਨ 1950 ਤੋਂ ਬਾਅਦ ਅਲੱਗ ਅਲੱਗ ਵਸਤਾਂ ਦੇ ਨਿਰਮਾਣ ਵਿਚ ਚੋਖਾ ਵਾਧਾ ਹੋਇਆ ਹੈ। ਇਸ ਉਦਯੋਗ ਵਿਚ ਜਾਪਾਨ ਦੀ ਗਿਣਤੀ ਸੰਸਾਰ ਦੇ ਪ੍ਰਮੁੱਖ ਤਿੰਨ ਉਦਯੋਗਿਕ ਦੇਸ਼ਾਂ ਵਿਚ ਕੀਤੀ ਜਾਂਦੀ ਹੈ। ਸਮੁੰਦਰੀ ਜਹਾਜ਼ ਬਣਾਉਣ ਵਿਚ ਇਹ ਪਹਿਲੇ ਨੰਬਰ ਤੇ ਹੈ। ਇਸ ਤੋਂ ਇਲਾਵਾ ਕਾਗਜ਼, ਸੀਮੇਂਟ, ਇਸਪਾਤ ਅਤੇ ਮੋਟਰ ਗੱਡੀਆਂ ਆਦਿ ਦੇ ਨਿਰਮਾਣ ਵਿਚ ਇਸਦਾ ਦੂਜਾ ਨੰਬਰ ਹੈ।

ਇਥੋਂ ਦਾ ਬਣਿਆ ਬਿਜਲੀ ਦਾ ਸਾਮਾਨ ਨਾ ਸਿਰਫ਼ ਦੇਸ਼ ਦੀਆਂ ਹੀ ਜ਼ਰੂਰਤਾਂ ਪੂਰੀਆਂ ਕਰਦਾ ਹੈ ਸਗੋਂ ਸਾਰੇ ਸੰਸਾਰ ਵਿਚ ਵਧੀਆ ਤਕਨੀਕ ਨਾਲ ਬਣੀਆਂ ਜਾਪਾਨੀ ਚੀਜ਼ਾ ਦੀ ਭਾਰੀ ਮੰਗ ਨੂੰ ਵੀ ਪੂਰਿਆਂ ਕਰਦਾ ਹੈ।

ਸਮੁੰਦਰ ਵਿਚੋਂ ਮੋਤੀ ਕੱਢਣਾ ਅਤੇ ਉਨ੍ਹਾਂ ਨੂੰ ਸੰਵਾਰ ਕੇ ਨਿਰਯਾਤ ਕਰਨ ਦੇ ਉਦਯੋਗ ਨੇ ਇਥੋਂ ਦੇ ਆਰਥਿਕ ਵਿਕਾਸ ਵਿਚ ਕਾਫ਼ੀ ਵਾਧਾ ਕੀਤਾ ਹੈ।

**ਆਵਾਜਾਈ**—19ਵੀਂ ਸਦੀ ਦੇ ਮੱਧ ਤੱਕ ਜਾਪਾਨ ਆਵਾਜਾਈ ਪਖੋਂ ਕਾਫ਼ੀ ਪਛੜਿਆ ਹੋਇਆ ਸੀ। ਸਾਮਾਨ ਦੀ ਢੋ-ਢੁਆਈ ਲਈ ਆਮ ਤੌਰ ਤੇ ਹੱਥ ਨਾਲ ਖਿੱਚੇ ਜਾਣ ਵਾਲੇ ਗੱਡਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਆਮ ਲੋਕ ਪੈਦਲ ਹੀ ਸਫ਼ਰ ਕਰਦੇ ਸਨ ਅਤੇ ਅਮੀਰਾਂ ਕੋਲ ਆਣ-ਜਾਣ ਲਈ ਘੋੜੇ ਹੁੰਦੇ ਸਨ। ਕਈ ਵਾਰੀ ਸ਼ਾਹਰਾਹਾਂ ਬਣਾਈਆਂ ਗਈਆਂ ਪਰ ਪੱਕੀਆਂ ਨਾ ਹੋਣ ਕਾਰਨ ਇਹ ਛੇਤੀ ਹੀ ਖਤਮ ਹੋ ਗਈਆਂ। ਸੰਨ 1868 ਵਿਚ ਮੁਤਸੁਹਿਓ ਰਾਜ ਦੀ ਪੁਨਰ ਸਥਾਪਨਾ ਦੇ ਨਾਲ ਜਾਪਾਨ ਵਿਚ ਵਿਚ ਰੇਲ ਦੀਆਂ ਲਾਈਨਾਂ ਵਿਛਾਉਣ ਸਬੰਧੀ ਯੋਜਨਾਵਾਂ ਬਣੀਆਂ ਅਤੇ 1872 ਈ. ਵਿਚ ਪਹਿਲੀ ਰੇਲਵੇ ਲਾਈਨ ਟੋਕੀਓ ਤੋਂ ਯੋਕਾਹਾਮਾ ਤੱਕ ਬਣੀ। ਇਸ ਤੋਂ ਬਾਅਦ ਨਿੱਜੀ (ਪ੍ਰਾਈਵੇਟ) ਕੰਪਨੀਆਂ ਨੇ ਰੇਲਵੇ ਲਾਈਨਾਂ ਵਿਛਾਉਣ ਦਾ ਕੰਮ ਜ਼ਿੰਮੇ ਲੈ ਕੇ ਕਈ ਲਾਈਨਾਂ ਵਿਛਾ ਦਿੱਤੀਆਂ। ਸਿੱਟੇ ਵਜੋਂ 1906 ਈ. ਵਿਚ ਸਰਕਾਰ ਨੇ ਇਨ੍ਹਾਂ ਵਿਚੋਂ 17 ਮਹੱਤਵਪੂਰਨ ਰੇਲਵੇ ਲਾਈਨਾਂ ਦਾ ਕੌਮੀਕਰਨ ਕਰ ਦਿਤਾ। ਅੱਜ ਇਥੇ ਨਵੀਆਂ ਆਧੁਨਿਕ ਤਰੀਕਿਆਂ ਨਾਲ ਚੱਲਣ ਵਾਲੀਆਂ ਰੇਲਾਂ ਦੀ ਬਹੁਤਾਤ ਹੈ। ਰੇਲਵੇ ਤੋਂ ਇਲਾਵਾ ਸੜਕਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਪ੍ਰਮੁੱਖ ਸ਼ਹਿਰਾਂ ਨੂੰ ਸ਼ਾਹ ਰਾਹਾਂ ਰਾਹੀਂ ਜੋੜਿਆ ਗਿਆ ਹੈ। ਹਵਾਈ ਸੇਵਾਵਾਂ ਅਤੇ ਸਮੁੰਦਰੀ ਜਹਾਜ਼ਾਂ ਰਾਹੀਂ ਆਵਾਜਾਈ ਤੇ ਸਾਮਾਨ ਦੀ ਢੋ-ਢੁਆਈ ਲਈ ਵੀ ਸਹੂਲਤਾਂ ਉਪਲੱਬਧ ਹਨ। ਕੀਟਾਕਯੂਸ਼ੂ ਇਥੋਂ ਦੀਆਂ ਪ੍ਰਮੁੱਖ ਬੰਦਰਗਾਹਾਂ ਵਿਚੋਂ ਇਕ ਹੈ।

**ਵਪਾਰ**—ਜਾਪਾਨ ਦੇ ਸਭ ਨਾਲੋਂ ਵੱਧ ਵਪਾਰਕ ਸਬੰਧ ਸੰਯੁਕਤ ਰਾਜ ਅਮਰੀਕਾ ਨਾਲ ਹਨ। ਜਾਪਾਨ ਤੋਂ ਨਿਰਯਾਤ ਹੋਣ ਵਾਲੀਆਂ ਚੀਜ਼ਾਂ ਦਾ ਲਗਭਗ 1/4 ਹਿੱਸਾ ਸੰਯੁਕਤ ਰਾਜ ਅਮਰੀਕਾ ਕੋਲ ਹੀ ਜਾਂਦਾ ਹੈ। ਇਸ ਤੋਂ ਬਿਨਾਂ ਦੱਖਣੀ ਕੋਰੀਆ, ਜਰਮਨੀ, ਤਾਈਵਾਨ, ਸਊਦੀ ਅਰਬ, ਹਾਂਗਕਾਂਗ ਅਤੇ ਚੀਨ ਨੂੰ ਵੀ ਚੀਜ਼ਾਂ ਨਿਰਯਾਤ ਕੀਤੀਆਂ ਜਾਂਦੀਆਂ ਹਨ। ਸਭ ਨਾਲੋਂ ਵੱਧ ਚੀਜ਼ਾਂ ਦਾ ਆਯਾਤ ਸੰਯੁਕਤ ਰਾਜ ਅਮਰੀਕਾ ਤੋਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਊਦੀ ਅਰਬ, ਆਸਟ੍ਰੇਲੀਆ, ਇਡੋਨੇਸ਼ੀਆ, ਕੈਨੇਡਾ ਅਤੇ ਚੀਨ ਤੋਂ ਵੀ ਵਸਤਾਂ ਦਾ ਆਯਾਤ ਕੀਤਾ ਜਾਂਦਾ ਹੈ।

## ਲੋਕ

ਜਾਪਾਨ ਵਿਚ ਇਕੋ ਹੀ ਨਸਲ ਦੇ ਲੋਕ ਵਸਦੇ ਹਨ ਜਿਨ੍ਹਾਂ ਨੂੰ ਮੰਗੋਲਾਂ ਦੀ ਹੀ ਇਕ ਨਸਲ ਮੰਨਿਆ ਜਾਂਦਾ ਹੈ। ਲਗਭਗ 1,000,000 ਵਿਦੇਸ਼ੀ ਲੋਕ ਵੀ ਵਸਦੇ ਹਨ ਜਿਨ੍ਹਾਂ ਵਿਚੋਂ ਕੁਝ ਚੀਨੀ ਅਤੇ ਕੁਝ ਕੋਰੀਅਨ ਹਨ। ਹਾਕਾਈਡੋ ਟਾਪੂ ਉਪਰ ਕੁਝ ਗਿਣਤੀ ਵਿਚ ਕੋਹਕਾਫ਼ੀ ਅਤੇ ਆਇਨੂ ਲੋਕ ਰਹਿੰਦੇ ਹਨ।

**ਬੋਲੀ**—ਜਾਪਾਨੀ ਇਥੋ ਦੀ ਕੌਮੀ ਭਾਸ਼ਾ ਹੈ ਜੋ ਦੇਸ਼ ਭਰ ਵਿਚ ਬੋਲੀ ਅਤੇ ਸਮਝੀ ਜਾਂਦੀ ਹੈ। ਕੁਝ ਕੁ ਉਪਭਾਸ਼ਾਵਾਂ ਵੀ ਹਨ।

**ਧਰਮ**—ਜਾਪਾਨ ਵਿਚ ਬੁੱਧ ਧਰਮ ਤੋਂ ਇਲਾਵਾ ਈਸਾਈ ਮੱਤ ਨੂੰ ਮੰਨਣ ਵਾਲੇ ਲੋਕ ਵੀ ਹਨ। ਸੋਕੇ-ਗਾਕਾਈ ਦੀ ਦੇਖ-ਰੇਖ ਹੇਠ ਕਈ ਤਰ੍ਹਾਂ ਦੇ ਨਵੇਂ ਧਾਰਮਿਕ ਫ਼ਿਰਕੇ ਵੀ ਪ੍ਰਚਲਿਤ ਹੋ ਚੁੱਕੇ ਹਨ ਅਤੇ ਇਨ੍ਹਾਂ ਨੂੰ ਮੰਨਣ ਵਾਲਿਆਂ ਦੀ ਗਿਣਤੀ 10,000,000 ਦੇ ਕਰੀਬ ਹੈ। ਬੁੱਧ ਧਰਮ ਦੇ 12 ਮੁੱਖ ਫ਼ਿਰਕੇ ਅਤੇ ਉਨ੍ਹਾਂ ਦੀਆਂ ਤਕਰੀਬਨ 60 ਸ਼ਾਖਾਵਾਂ ਹਨ ਜਿਨ੍ਹਾਂ ਨੂੰ ਇਥੋਂ ਦੀ ਕੁੱਲ ਆਬਾਦੀ ਵਿਚੋਂ 70,000,000 ਦੇ ਕਰੀਬ ਲੋਕ ਮੰਨਦੇ ਹਨ। ਈਸਾਈ ਧਰਮ 16 ਵੀਂ ਸਦੀ ਵਿਚ ਇਥੇ ਪ੍ਰਚਲਿਤ ਹੋਇਆ। 17ਵੀਂ ਸਦੀ ਵਿਚ ਇਸ ਉਪਰ ਪਾਬੰਦੀ ਲਾ ਦਿੱਤੀ ਗਈ ਪਰ 19ਵੀਂ ਸਦੀ ਵਿਚ ਇਹ ਮੁੜ ਪ੍ਰਚੱਲਤ ਹੋ ਗਿਆ ਦੂਜੇ ਧਰਮਾਂ ਤੋਂ ਪਾਬੰਦੀ ਹਟਾਏ ਜਾਣ ਉਪਰੰਤ 1873 ਵਿਚ ਇਥੇ ਰੂਸੀ ਰੂੜ੍ਹੀਵਾਦੀ, ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ ਮਿਸ਼ਨਰੀ ਆਏ।

ਸੰਨ 1980 ਵਿਚ ਈਸਾਈਆਂ ਦੀ ਗਿਣਤੀ ਲਗਭਗ 3,000,000 ਦੇ ਕਰੀਬ ਸੀ।

**ਸਿਹਤ**—ਜਾਪਾਨ ਵਿਚ ਸਿਹਤ ਸਬੰਧੀ ਸਰਕਾਰੀ ਪੱਧਰ ਤੇ ਕਾਫ਼ੀ ਧਿਆਨ ਦਿੱਤਾ ਗਿਆ ਹੈ ਜਿਸ ਦੇ ਸਿੱਟੇ ਵਜੋਂ ਛੂਤ ਦੇ ਰੋਗਾਂ ਤੇ ਕਾਬੂ ਪਾ ਕੇ ਛੋਟੇ ਬੱਚਿਆਂ ਦੀ ਮੌਤ ਦਰ ਵਿਚ ਕਾਫ਼ੀ ਕਮੀ ਲਿਆਂਦੀ ਗਈ ਹੈ। ਇਥੋਂ ਦੇ ਆਦਮੀ ਦੀ ਔਸਤ ਉਮਰ 73 ਸਾਲ ਅਤੇ ਔਰਤ ਦੀ 78 ਸਾਲ ਮੰਨੀ ਜਾਂਦੀ ਹੈ।

**ਸਿੱਖਿਆ**—ਜਾਪਾਨ ਦੀ ਗਿਣਤੀ ਸੰਸਾਰ ਦੇ ਉਨ੍ਹਾਂ ਕੁਝ ਥੋੜ੍ਹੇ ਜਿਹੇ ਦੇਸ਼ਾਂ ਵਿਚ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਵਿੱਦਿਆ ਪਸਾਰ ਉਪਰ ਪੂਰਾ ਧਿਆਨ ਦਿੱਤਾ ਗਿਆ ਹੈ। 6-15 ਸਾਲ ਦੇ ਬਚਿਆਂ ਲਈ ਸਕੂਲੀ ਵਿੱਦਿਆ ਨੂੰ ਮੁਫ਼ਤ ਅਤੇ ਲਾਜ਼ਮੀ ਬਣਾਇਆ ਗਿਆ ਹੈ। ਲਗਭਗ ਸਾਰੇ ਹੀ ਸਰਕਾਰੀ ਅਤੇ ਪ੍ਰਾਈਵੇਟ ਵਿੱਦਿਅਕ ਅਦਾਰਿਆਂ ਵਿਚ ਸਾਂਝੀ ਵਿੱਦਿਆ ਦਾ ਪ੍ਰਬੰਧ ਹੈ। ਇਥੇ 7 ਮੁੱਖ ਰਾਜਸੀ ਯੂਨੀਵਰਸਿਟੀਆਂ ਹਨ ਤੇ ਯੂਨੀਵਰਸਿਟੀਆਂ ਨਾਲ ਸਬੰਧਤ ਅਨੇਕਾਂ ਕਾਲਜ ਹਨ।

**ਰਸਮ-ਰਿਵਾਜ**—ਜਾਪਾਨ ਦੀ ਮੀਲੀਊ (Milieu) ਸੰਸਕ੍ਰਿਤੀ ਉਥੋਂ ਦੀ ਰਵਾਇਤੀ ਸੰਸਕ੍ਰਿਤੀ, ਚੀਨੀ ਅਤੇ ਪੱਛਮੀ ਸਭਿਆਤਾਵਾਂ ਦਾ ਸੁਮੇਲ ਹੈ। ਇਥੋਂ ਦੇ ਫ਼ੁੱਲਾਂ ਦੀ ਸਜਾਵਟ ਕਰਨ ਦੇ ਖ਼ੂਬਸੂਰਤ ਢੰਗ, ਚਾਹ ਪਿਲਾਉਣ ਦੀ ਰਸਮ ਅੰਤੇ ਕਾਬੂਕੀ ਆਦਿ ਥੀਏਟਰ ਆਪਣੀ ਮਿਸਾਲ ਆਪ ਹਨ। ਬੱਚਿਆਂ ਨੂੰ ਉਨ੍ਹਾਂ ਦੇ ਪੂਰਵਜਾਂ ਅਤੇ ਪਰਿਵਾਰ ਸਬੰਧੀ ਪੂਰੀ ਤਰ੍ਹਾਂ ਜਾਣੂ ਕਰਵਾਇਆ ਜਾਂਦਾ ਹੈ। ਲੜਕੀਆਂ ਨੂੰ ਉਨ੍ਹਾਂ ਦੀ ਵਿੱਦਿਆ ਪੂਰਤੀ ਤੋਂ ਬਾਅਦ ਵਿਆਹ ਹੋਣ ਤੱਕ ਸਿਲਾਈ, ਰਸੋਈ, ਫੁੱਲਾਂ ਦੀ ਸਜਾਵਟ, ਸੰਗੀਤ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ। ਵਿਆਹ ਆਮ ਤੌਰ ਤੇ 21 ਤੋਂ 25 ਸਾਲ ਦੀ ਉਮਰ ਵਿਚ ਹੁੰਦਾ ਹੈ।

## ਰਾਜ ਪ੍ਰਬੰਧ

ਜਾਪਾਨ ਦੀ ਸਰਕਾਰ 1947 ਈ. ਵਿਚ ਬਣੇ ਸੰਵਿਧਾਨ ਤੇ ਆਧਾਰਤ ਹੈ। ਇਸ ਲੋਕਤੰਤਰੀ ਸਰਕਾਰ ਵਿਚ ਵੀ ਬਾਦਸ਼ਾਹ ਚਾਹੇ ਉਸ ਕੋਲ ਸਰਕਾਰ ਨਾਲ ਸਬੰਧਤ ਕੋਈ ਤਾਕਤ ਨਹੀਂ ਹੈ, ਨੂੰ ਇਕ ਅਹਿਮ ਸਥਾਨ ਪ੍ਰਾਪਤ ਹੈ। ਬਾਦਸ਼ਾਹ ਨੂੰ ਹੀ ਦੇਸ਼ ਦਾ ਮੁੱਖੀ ਮੰਨਿਆ ਜਾਂਦਾ ਹੈ।

ਦੇਸ਼ ਦਾ ਸਭ ਤੋਂ ਮਹੱਤਵਪੂਰਨ ਅੰਗ ਉਥੋਂ ਦੀ **ਡਾਇਟ ਹੈ।** ਇਸ ਦੇ ਦੋ ਸਦਨ ਹਨ। ਹਾਊਸ ਆਫ਼ ਰੀਪ੍ਰੇਜ਼ੈਂਟੇਟਿਵਜ਼ ਦੇ 515 **ਮੈਂਬਰ** ਹਨ ਜਿਨ੍ਹਾਂ ਦੀ ਚੋਣ ਹਰ ਚਾਰ ਸਾਲਾਂ ਮਗਰੋਂ ਹੁੰਦੀ ਹੈ। **ਦੂਜਾ** ਹਾਊਸ ਆਫ਼ ਕਾਂਸਲਰਜ਼ ਹੈ ਜਿਸ ਦੇ 252 ਮੈਂਬਰ ਹਨ ਅਤੇ ਇਨ੍ਹਾਂ ਦੀ ਚੋਣ 6 ਸਾਲ ਬਾਅਦ ਹੁੰਦੀ ਹੈ। ਸਾਰੇ ਪ੍ਰਬੰਧਕੀ ਅਖ਼ਤਿਆਰ ਕੈਬਨਿਟ ਕੋਲ



ਸੰਨ 1945 ਵਿਚ ਹੀਰੋਸ਼ੀਮਾ ਨੇ ਤਬਾਹੀ ਦਾ ਉਹ ਦ੍ਰਿਸ਼ ਪੇਸ਼ ਕੀਤਾ ਜਿਸਦਾ ਮਨੁੱਖ ਨੇ ਕਦੇ ਕਿਆਸ ਵੀ ਨਹੀਂ ਸੀ ਕੀਤਾ। ਐਟਮੀ ਬੰਬ ਧਮਾਕੇ ਨੇ ਨਾ ਸਿਰਫ਼ ਆਬਾਦੀ ਦਾ ਹੀ ਨਾਮੋ-ਨਿਸ਼ਾਨ ਮਿਟਾਇਆ ਸਗੋਂ ਜਾਪਾਨੀਆਂ ਦੀਆਂ ਰੋਜ਼ਮੱਰਾ ਆਉਣ ਵਾਲੇ ਭੁਚਾਲਾਂ ਦਾ ਮੁਕਾਬਲਾ ਕਰਨ ਲਈ ਲੋਹੇ ਤੇ ਬਜਰੀ ਨਾਲ ਬਣਾਈਆਂ ਮਜ਼ਬੂਤ ਇਮਾਰਤਾਂ ਨੂੰ ਵੀ ਢਹਿ ਢੇਰੀ ਕੀਤਾ।



ਸ਼ਾਹੀ ਮਹਿਲ ਦੇ ਨੇੜੇ ਟੋਕੀਓ ਦੀ ਵੇਖਣਯੋਗ ਇਮਾਰਤ 'ਦੀ ਨੈਸ਼ਨਲ ਡਾਇਟ ਬਿਲਡਿੰਗ'



ਆਪਣੀ ਰਵਾਇਤੀ ਪੁਸ਼ਾਕ ਵਿਚ ਸੰਨ 951 ਦੇ ਬਣੇ ਪ੍ਰਸਿੱਧ ਬੋਧੀ ਮੰਦਰ, ਡੈਗੋਜੀ ਦੇ ਦਰਸ਼ਨਾਂ ਲਈ ਆਈਆਂ ਖ਼ੂਬਸੂਰਤ ਜਾਪਾਨੀ ਮੁਟਿਆਰਾਂ



ਕੀਓਟੋ ਦੇ ਇਕ ਥੀਏਟਰ ਵਿਚ ਰਬਾਇਤੀ ਨਾਚ ਪੇਸ਼ ਕਰਦੀਆਂ ਗੀਸ਼ਾ ਕੁੜੀਆਂ

ਹੁੰਦੇ ਹਨ। ਡਾਇਟ ਦੀ ਨਾਮਜ਼ਦਗੀ ਤੇ ਬਾਦਸ਼ਾਹ ਹੀ ਪ੍ਰਧਾਨ ਮੰਤਰੀ ਦੀ ਨਿਯੁਕਤੀ ਕਰਦਾ ਹੈ। ਹਾਊਸ ਆਫ਼ ਰੀਪ੍ਰਜ਼ੈਂਟਿਵਜ਼ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਕੈਬਨਿਟ ਨੂੰ ਮੁਅੱਤਲ ਕਰ ਸਕਦਾ ਹੈ। ਸੰਨ 1950 ਤੋਂ ਇਥੋਂ ਦੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਹੀ ਦੇਸ਼ ਦੀ ਮੁੱਖ ਰਾਜਨੀਤਿਕ ਪਾਰਟੀ ਹੈ। ਇਸ ਤੋਂ ਇਲਾਵਾ ਜਾਪਾਨੀ ਕਮਿਊਨਿਸਟ ਪਾਰਟੀ, ਡੈਮੋਕ੍ਰੇਟਿਕ ਸੋਸ਼ਲਿਸਟ ਪਾਰਟੀ ਅਤੇ ਜਾਪਾਨੀ ਕਮਿਊਨਸਟ ਪਾਰਟੀ ਆਦਿ ਵਿਰੋਧੀ ਪਾਰਟੀਆਂ ਨੂੰ ਵੀ ਮਹੱਤਵਪੂਰਨ ਸਥਾਨ ਪ੍ਰਾਪਤ ਹੈ।



**ਸੰਨ 1956 ਵਿਚ ਸੰਯੁਕਤ ਰਾਸ਼ਟਰ ਦਾ ਮੈਂਬਰ ਬਣਨ ਮਗਰੋਂ ਨਿਊਯਾਰਕ ਵਿਖੇ ਲਹਿਰਾਇਆ ਜਾ ਰਿਹਾ ਜਾਪਾਨੀ ਝੰਡਾ**

**ਕਰੰਸੀ**–ਯੈਨ ਇਥੋਂ ਦੀ ਮੁੱਖ ਕਰੰਸੀ ਹੈ। ਇਸ ਵਿਚ ਸਿੱਕੇ ਅਤੇ ਨੋਟ ਦੋਵੇਂ ਤਰ੍ਹਾਂ ਦੀ ਮੁਦਰਾ ਬਣੀ ਹੋਈ ਹੈ।

**ਮੀਟ੍ਰਿਕ ਪ੍ਰਣਾਲੀ**—ਦੇਸ਼ ਵਿਚ ਮੀਟ੍ਰਿਕ ਪ੍ਰਣਾਲੀ ਹੀ ਪ੍ਰਚੱਲਤ ਹੈ।

**ਰਾਸ਼ਟਰੀ ਗੀਤ**—ਕਿਮੀ ਗੋ. ਯੋ ਵੀ ਇਥੋਂ ਦਾ ਰਾਸ਼ਟਰੀ ਗੀਤ ਹੈ।

**ਰਾਸ਼ਟਰੀ ਝੰਡਾ**—ਸਫ਼ੈਦ ਰੰਗ ਦੇ ਵਿਚਕਾਰ ਲਾਲ ਟਿੱਕੀ ਵਾਲਾ ਇਥੋਂ ਦਾ ਰਾਸ਼ਟਰੀ ਝੰਡਾ ਹੈ।

ਹ. ਪੁ. -ਐਨ. ਅਮੈ. 15:694; ਐਨ. ਬ੍ਰਿ. ਮਾ. 6: 496; ਕੋਲ. ਐਨ. 10:603; ਸਟੇ. ਯੀ. ਬੁੱਕ–1988-89, 749

**ਜਾਪਾਨ ਸਾਗਰ** : ਇਹ ਪੱਛਮੀ ਸ਼ਾਂਤ ਮਹਾਂਸਾਗਰ ਦਾ ਇਕ ਛੋਟਾ ਸਮੁੰਦਰੀ ਹਿੱਸਾ ਹੈ ਜਿਸ ਦੇ ਪੂਰਬ ਵਿਚ ਜਾਪਾਨ ਤੇ ਸਖਾਲਿਨ ਦੀਪ, ਪੱਛਮ ਵਿਚ ਏਸ਼ੀਆਈ ਮੁੱਖ ਭੂਮੀ ਤੇ ਕੋਰੀਆ ਹਨ। ਇਹ ਸਾਗਰ 1,007,800 ਵ. ਕਿ. ਮੀ. ਦੇ ਰਕਬੇ ਉਪਰ ਫੈਲਿਆ ਹੋਇਆ ਹੈ। ਇਸ ਦੀ ਔਸਤਨ ਡੂੰਘਾਈ 1350 ਮੀ. ਤੇ ਵੱਧ ਤੋਂ ਵੱਧ ਡੂੰਘਾਈ 3742 ਮੀ. ਹੈ।

ਜਾਪਾਨ ਸਾਗਰ ਲਬੂੰਤਰੀ ਆਕ੍ਰਿਤੀ ਵਿਚ ਦੱਖਣੀ-ਪੱਛਮ ਤੋਂ ਉੱਤਰ-ਪੂਰਬੀ ਦਿਸ਼ਾ ਵਿਚ ਡੂੰਘੇ ਬੇਸਿਨ ਵਿਚ ਵਾਕਿਆ ਹੈ। ਦੱਖਣ ਵੱਲੋਂ ਸੁਸ਼ੀਮਾ ਤੇ ਕੋਰੀਆ ਜਲ-ਡਮਰੂ ਇਸ ਨੂੰ ਚੀਨ ਸਾਗਰ ਨਾਲੋਂ ਅਤੇ ਉੱਤਰ ਵਲੋਂ ਸੋਯਾ ਅਤੇ ਤਾਤਾਰ ਜਲ-ਡਮਰੂ ਓਕਾਤਸਕ ਸਾਗਰ ਨਾਲੋਂ ਵੱਖ ਕਰਦੇ ਹਨ।

ਪਾਣੀ ਦੇ ਹੇਠਾਂ ਜਾਪਾਨ ਸਾਗਰ ਦੀ ਭੂਮੀ ਮੁੱਖ ਰੂਪ ਵਿਚ ਤਿੰਨ ਬੇਸਿਨਾਂ ਵਿਚ ਵੰਡੀ ਗਈ ਹੈ। (1) ਉੱਤਰ ਵੱਲੋਂ ਦਾ ਜਾਪਾਨ ਬੇਸਿਨ ਜਿਹੜਾ 2,900 ਮੀ. ਤੋਂ 3400 ਮੀ. (9800 ਤੋਂ 11500 ਫੁੱਟ) ਤੱਕ ਡੂੰਘਾ ਹੈ, (2) ਦੱਖਣ ਪੂਰਬ ਵੱਲ ਯਾਮਾਤੋ ਬੇਸਿਨ 2,427 ਮੀ. (8,200 ਫੁੱਟ) ਡੂੰਘਾ ਹੈ, ਅਤੇ (3) ਦੱਖਣ-ਪੱਛਮ ਵੱਲ 2,012 ਮੀ. (6,600 ਫੁੱਟ) ਡੂੰਘਾ ਸੁਸ਼ੀਮਾ ਬੇਸਿਨ ਹੈ। ਇਨ੍ਹਾਂ ਤਿੰਨਾਂ ਬੇਸਿਨਾਂ ਤੋਂ ਬਿਨਾਂ 30.4 ਮੀ. (19 ਮੀਲ) ਔਸਤਨ ਚੌੜਾਈ ਵਾਲੀ ਇਕ ਤੰਗ ਮਹਾਂਦੀਪੀ ਸ਼ੈਲਫ਼ ਹੈ ਜਿਹੜੀ ਸਾਈਬੇਰੀਆਈ ਸਾਹਿਲ ਤੇ ਕੋਰੀਆ ਪ੍ਰਾਇਦੀਪ ਦੇ ਨਾਲ ਨਾਲ ਝਾਲਰ ਵਾਂਗ ਜਾਂਦੀ ਹੈ। ਜਾਪਾਨ ਵਾਲੇ ਪਾਸੇ ਇਸ ਸਮੁੰਦਰ ਵਿਚ ਚੌੜੀਆਂ ਮਹਾਂਦੀਪੀ ਸ਼ੈਲਫ਼ਾਂ ਹਨ ਜਿਹੜੀਆਂ ਕਿਨਾਰਿਆਂ ਦੇ ਨਜ਼ਦੀਕ 131 ਮੀ. ਤੋਂ 395 ਮੀ. (430 ਤੋਂ 1300 ਫੁੱਟ) ਤੱਕ ਡੂੰਘੀਆਂ ਹਨ। ਸਾਹਿਲ ਤੋਂ ਪਿਛਾਂਹ ਹਟ ਕੇ ਡੂੰਘਾਈਆਂ ਬੇਸਿਨ ਅਤੇ ਵੱਟਾਂ ਜਾਂ ਟਿੱਲਿਆਂ ਦੇ ਸਮੂਹ ਹਨ।

ਯਾਮਾਤੋ ਰਿੱਜ 450 ਮੀ. ਦੇ ਲਗਭਗ ਡੂੰਘੀ ਗ੍ਰੇਨਾਈਟ ਵਾਲੀ, ਬਹੁਤ ਹੀ ਤੇਜ਼ਾਬੀ ਜਵਾਲਾਮੁਖੀ ਅਤੇ ਐਂਡੈਸਾਈਟ (ਗੂੜ੍ਹੇ ਧੂਰੇ ਰੰਗ ਦੀ) ਕਿਸਮ ਦੀ ਚਟਾਨ ਹੈ। ਕੋਰੀਆ ਪੱਬੀ 888 ਮੀ. (3000 ਫੁੱਟ) ਡੂੰਘੀ ਹੈ। ਇਸ ਦਾ ਕੇਂਦਰੀ ਹਿੱਸਾ ਦੱਬਿਆ ਹੋਇਆ ਹੈ। ਨਵੀਨਤਮ ਪ੍ਰੀਖਣਾਂ ਤੋਂ ਪਤਾ ਲਗਦਾ ਹੈ ਕਿ ਯਾਮਾਤੋ ਰਿੱਜ ਦਾ ਮੂਲ ਮਹਾਂਦੀਪੀ ਤੇ ਜਾਪਾਨ ਤੇ ਯਾਮਾਤੋ ਬੇਸਿਨਾਂ ਦੇ ਦੋਹਾਂ ਪਾਸਿਆਂ ਦਾ ਮੂਲ ਸਾਗਰੀ ਹੈ। ਜਾਪਾਨ ਸਾਗਰ ਦੇ ਤਲ ਤੇ ਜੰਮੀ ਗਾਦ ਤੋਂ ਪਤਾ ਲਗਦਾ ਹੈ ਕਿ ਗਾਰਾ, ਰੇਤ ਤੇ ਚਟਾਨੀ ਟੁਕੜਿਆ ਆਦਿ ਵਰਗੇ ਥਲੀ ਤਲਛੱਟ 167 ਤੋਂ 296 ਮੀ. (650 ਤੋਂ 1000 ਫੁੱਟ) ਦੀ ਡੂੰਘਾਈ ਤੱਕ ਮੌਜੂਦ ਹਨ। ਸਮੁੰਦਰ ਦੀ ਹੋਂਦ ਸਮੇਂ ਇਸਦਾ ਅੱਧਾ ਹਿਸਾ ਮੁੱਖ ਰੂਪ ਵਿਚ ਨੀਲੀ ਚੀਕਣੀ ਗਾਰ ਦਾ ਬਣਿਆ ਹੋਇਆ ਸੀ ਅਤੇ ਕਾਰਬਨਿਕ ਮਾਦੇ ਨਾਲ ਭਰਪੂਰ ਸੀ। ਇਹ ਮਾਦਾ 296 ਮੀ. ਤੋਂ 770 ਮੀ. (1000 ਤੋਂ 2600 ਫੁੱਟ) ਦੀ ਡੂੰਘਾਈ ਤੇ ਮਿਲਦਾ ਹੈ ਇਸ ਤੋਂ ਹੇਠਲਾ ਸਾਗਰੀ ਮੂਲ ਵਾਲਾ ਭਾਗ ਲਾਲ ਰੰਗ ਦੀ ਗਾਰ ਦਾ ਬਣਿਆ ਹੋਇਆ ਹੈ।

ਮਹਾਂਦੀਪੀ ਢਲਾਣ ਉਪਰ ਕਈ ਸਮੁੰਦਰੀ ਡੂੰਘੀਆਂ-ਖੱਡਾਂ ਹਨ ਜਿਹੜੀਆਂ ਬੇਸਿਨ ਦੇ ਪੱਛਮ ਵੱਲ 1900 ਮੀ. (6500 ਫੁੱਟ) ਦੀ ਡੂੰਘਾਈ ਤੇ ਮਿਲਦੀਆਂ ਹਨ। ਜਾਪਾਨੀ ਦੀਪਾਂ ਦੇ ਨਜ਼ਦੀਕ ਇਹ ਡੂੰਘੀਆਂ ਖੱਡਾਂ 770 ਮੀ. (2600 ਫੁੱਟ) ਡੂੰਘਾਈ ਤੇ ਮਿਲਦੀਆਂ ਹਨ।

ਇੰਨੀ ਖੋਜ ਦੇ ਬਾਵਜੂਦ ਵੀ ਜਾਪਾਨ ਸਾਗਰ ਦੀ ਬਣਤਰ ਸਬੰਧੀ ਅਜੇ ਵੀ ਮਤ-ਭੇਦ ਹਨ ਜਦ ਕਿ ਇਸ ਨੂੰ ਸ਼ਾਂਤ ਮਹਾਂਸਾਗਰ ਤੇ ਸੀਮਾਂਤ ਸਾਗਰਾਂ ਨਾਲ ਮਿਲਾਉਣ ਵਾਲੇ ਚੌਹਾਂ ਜਲ-ਡਮਰੂਆਂ ਦੀ ਨਵੀਨਤਮ ਭੂ ਵਿਗਿਆਨਕ ਕਾਲ ਦੌਰਾਨ ਉਤਪਤੀ ਹੋਣ ਬਾਰੇ ਸਭ ਦੀ ਸਹਿਮਤੀ ਹੈ। ਇਨ੍ਹਾਂ ਵਿਚੋਂ ਸੋਯਾ ਜਲ-ਡਮਰੂ ਨਵੀਨਤਮ ਹੈ। ਵਿਸਕਾਨਸਿਨ ਬਰਫ਼ ਯੁਗ ਦੇ ਅੰਤ ਤੇ ਬਣਿਆ ਦੱਸਿਆ ਜਾਂਦਾ ਹੈ।

ਜਾਪਾਨ ਦੇਸ਼ ਦਾ ਮੁਅਤਦਿਲ ਜਲਵਾਯੂ ਜ਼ਿਆਦਾ ਕਰਕੇ ਜਾਪਾਨ ਸਾਗਰ ਦੀ ਹੀ ਦੇਣ ਹੈ ਕਿਉਂਕਿ ਸਾਗਰ ਦਾ ਪਾਣੀ ਮੁਕਾਬਲਤਨ ਗਰਮ ਹੈ ਜਿਸ ਦਾ ਅਸਰ ਆਲੇ-ਦੁਆਲੇ ਪੈਣਾ ਲਾਜ਼ਮੀ ਹੈ। ਸਰਦੀਆਂ ਵਿਚ ਇਸ ਦੇ ਪਾਣੀ ਦੇ ਵਾਸ਼ਪੀਕਰਣ ਦੌਰਾਨ 5000,000,000 ਟਨ ਦੇ ਕਰੀਬ ਪਾਣੀ ਭਾਫ਼ ਦੇ ਰੂਪ ਵਿਚ ਧਰੁਵੀ ਫ਼ਰੰਟ ਦੇ ਨਜ਼ਦੀਕ ਉੱਡਦਾ ਹੈ ਤੇ ਦਸੰਬਰ ਤੋਂ ਮਾਰਚ ਤੱਕ ਉੱਤਰ-ਪੱਛਮੀ ਮੌਨਸੂਨ ਖ਼ੁਸ਼ਕ ਤੇ ਠੰਢੀ ਮਹਾਂਦੀਪੀ ਧਰੁਵੀ ਹਵਾ ਨੂੰ ਸਾਗਰ ਦੇ ਗਰਮ ਪਾਣੀਆਂ ਉਪਰੋਂ ਦੀ ਲੰਘਾਉਂਦੀਆਂ ਹਨ ਜਿਸ ਦੇ ਫਲਸਰੂਪ ਜਾਪਾਨ ਦੇ ਪਰਬਤੀ ਸਾਹਿਲਾਂ ਦੇ ਨਾਲ ਨਾਲ ਲਗਾਤਾਰ ਬਰਫ਼ ਪੈਂਦੀ ਹੈ। ਗਰਮੀਆਂ ਵਿਚ ਦੱਖਣ ਵੱਲੋਂ ਤਪਤ ਖੰਡੀ ਮੌਨਸੂਨਾ ਉੱਚ ਵਾਯੂਮੰਡਲੀ ਹਵਾ ਦਾਬ ਵਾਲੇ ਖੇਤਰ ਦੇ ਉਪਰੋਂ ਦੀ ਤੇ ਉੱਤਰੀ ਸ਼ਾਂਤ ਮਹਾਂ ਸਾਗਰ ਤੋਂ ਹੁੰਦੀਆਂ ਹੋਈਆਂ ਏਸ਼ੀਆ ਦੀ ਮੁੱਖ ਭੂਮੀ ਵੱਲ ਜਾਂਦੀਆਂ ਹਨ। ਇਹ ਗਰਮ ਤੇ ਨਮੀਭਰਪੂਰ ਹਵਾਵਾਂ ਦੇ ਇਸ ਠੰਢੇ ਸਾਗਰ ਤੋਂ ਦੀ ਲੰਘਣ ਕਾਰਨ ਉੱਤਰੀ ਹਿੱਸੇ ਉਪਰ ਇਸ ਮੌਸਮ ਵਿਚ ਗਾੜ੍ਹੀ ਧੁੰਦ ਛਾ ਜਾਂਦੀ ਹੈ। ਸਰਦੀਆਂ ਵਿਚ ਅਕਸਰ ਤੂਫ਼ਾਨ ਆਉਂਦੇ ਹਨ ਤੇ ਸਮੁੰਦਰ ਵਿਚ ਭਾਰੀ ਲਹਿਰਾਂ ਤੇ ਝੱਗ ਕਾਰਨ ਸਾਹਿਲੀ ਖੋਰ ਹੁੰਦੀ ਹੈ। ਸਾਗਰ ਦਾ ਉੱਤਰੀ ਹਿੱਸਾ ਖ਼ਾਸ ਕਰ ਸਾਈਬੇਰੀਆਈ ਤੱਟ ਤੋਂ ਹਟਵਾਂ ਭਾਗ ਅਤੇ ਤਾਤਾਰ ਜਲ-ਡਮਰੂ ਅੱਧ ਨਵੰਬਰ ਤੋਂ ਅੱਧ-ਅਪ੍ਰੈਲ ਦੌਰਾਨ ਸਰਦੀ ਕਾਰਨ ਜੰਮ ਜਾਂਦੇ ਹਨ।

ਜਾਪਾਨ ਸਾਗਰ ਦਾ ਪਾਣੀ ਆਮ ਤੌਰ ਤੇ ਖੱਬੇ ਗੇੜ ਵਿਚ ਚੱਕਰ ਕੱਟਦਾ ਹੈ। ਸਮੁੰਦਰ ਦੇ ਪੱਛਮੀ ਹਿੱਸੇ ਵਿਚ ਠੰਢੇ ਤੇ ਮੁਕਾਬਲਤਨ ਤਾਜ਼ੇ ਪਾਣੀ ਦਾ ਅਤੇ ਪੂਰਬੀ ਹਿੱਸੇ ਵਿਚ ਗਰਮ ਤੇ ਜ਼ਿਆਦਾ ਖਾਰੇ ਪਾਣੀ ਦਾ ਬੜਾ ਪ੍ਰਭਾਵਸ਼ਾਲੀ ਵਖਰੇਵਾਂ ਮਿਲਦਾ ਹੈ।

ਕੁਰੂਸ਼ੀਓ ਰੌ ਦੀ ਇਕ ਸ਼ਾਖਾ ਸੂਸ਼ੀਮਾ ਤੇ ਪੂਰਬੀ ਕੋਰੀਆਈ ਗਰਮ ਰੌ ਉੱਤਰੀ ਦਿਸ਼ਾ ਵੱਲ ਜਾਂਦੀਆਂ ਹਨ ਤੇ ਸੂਗਾਰੂ (Tsugaru) ਜਲ-ਡਮਰੂ ਰਾਹੀਂ ਸੂਗਾਰੂ ਰੌ ਦੇ ਰੂਪ ਵਿਚ ਇਹ ਸ਼ਾਂਤ ਮਹਾਂਸਾਗਰ ਵਿਚੋਂ ਦੀ ਹੁੰਦੀ ਹੋਈ ਸੋਮਾ ਜਲ-ਡਮਰੂ ਰਾਹੀਂ ਓਕਾਤਸਕ ਸਾਗਰ ਵਿਚ ਸੋਯਾ ਰੌ ਦੇ ਰੂਪ ਵਿਚ ਦਾਖ਼ਲ ਹੁੰਦੀ ਹੈ। ਦੂਸਰੇ ਪਾਸੇ ਏਸ਼ੀਆਈ ਮੁੱਖ ਭੂਮੀ ਸਾਹਿਲ ਦੇ ਨਾਲ ਨਾਲ ਠੰਢੇ ਪਾਣੀ ਦੀਆਂ ਤਿੰਨ ਰੌਆਂ (ਲੀਮਾਨ, ਉੱਤਰੀ ਕੋਰੀਆਈ ਤੇ ਕੇਂਦਰੀ (ਮਧਵਰਤੀ) ਜਾਪਾਨ-ਸਾਗਰੀ ਰੌ ਚਲਦੀਆਂ ਹਨ। ਇਹ ਤਿੰਨੇ ਠੰਢਾ, ਮੁਕਾਬਲਤਨ ਤਾਜ਼ਾ ਅਤੇ ਗੰਧਲਾ ਪਾਣੀ ਦੱਖਣ ਵੱਲ ਲੈ ਜਾਂਦੀਆਂ ਹਨ।

ਮੱਛੀ ਅਤੇ ਖਣਿਜ ਭੰਡਾਰਾਂ ਦੀ ਹੋਂਦ ਕਾਰਨ ਜਾਪਾਨ ਸਾਗਰ ਆਰਥਿਕਤਾ ਦਾ ਇਕ ਵੱਡਾ ਵਸੀਲਾ ਹੈ। ਇਸ ਵਿਚ ਸਾਗਰੀ ਪਾਣੀ ਦੇ ਵਿਚਕਾਰ ਤੈਰਨ ਵਾਲੀਆਂ ਮੈਕਰਲ, ਹੋਰਸ ਮੈਕਰਲ, ਸਾਰਡੀਨ, ਹੈਰਿੰਗ, ਸੀ ਬਰੀਮ ਤੇ ਸਕਵਿਡ ਆਦਿ ਜਾਤੀ ਦੀਆਂ ਮੱਛੀਆਂ ਮਿਲਦੀਆਂ ਹਨ। ਕਈ ਥਾਈਂ ਮੱਛੀਆਂ ਕ੍ਰਸਟੇਸ਼ੀਆਈ ਝੀਂਗਾ ਤੇ ਕਰੈਬ ਕਿਸਮਾਂ ਵੀ ਦਿਖਾਈ ਦਿੰਦੀਆਂ ਹਨ।

ਮੱਛੀ ਫੜਨ ਦਾ ਕੰਮ ਮਹਾਂਦੀਪੀ ਸ਼ੈਲਫ਼ਾਂ, ਨਾਲ ਲਗਦੇ ਪਾਣੀਆਂ ਅਤੇ ਧਰੁਵੀ ਫ਼ਰੰਟ ਖੇਤਰਾਂ ਜਾਂ ਸਮੁੰਦਰੀ ਕੰਢਿਆਂ ਤੇ ਜ਼ਿਆਦਾ ਕੀਤਾ ਜਾਂਦਾ ਹੈ। ਸੰਨ 1946 ਤੱਕ ਮੱਛੀ ਫੜਨ ਦੇ ਕੰਮ ਵਿਚ ਜਾਪਾਨ ਸਾਗਰ ਦੁਨੀਆ ਭਰ ਵਿਚ ਅੱਗੇ ਸੀ ਪਰ ਇਸ ਉਪਰੰਤ ਇਹ ਧੰਦਾ ਕਾਫ਼ੀ ਪਿਛੇ ਰਹਿ ਗਿਆ ਹੈ।

ਸਮੁੰਦਰੀ ਤਲ ਵਿਚ ਪਲੇਸਰ ਅਤੇ ਲੋਹੇ ਦੀ ਮਹੱਤਵਪੂਰਨ ਕੱਚੀ ਧਾਤ, ਮੈਗਨੇਟਾਈਟ ਰੇਤਾ ਮਿਲਦੀ ਹਨ। ਕੁਦਰਤੀ ਗੈਸ ਤੇ ਪੈਟਰੋਲੀਅਮ ਦੇ ਭੰਡਾਰ ਜਾਪਾਨ ਦੇ ਸਖਾਲਿਨ ਦੀਪ ਦੇ ਤੱਟ ਤੋਂ ਹਟਵੇਂ ਹਨ।

ਏਸ਼ਿਆਈ ਦੇਸ਼ਾਂ ਵਿਚਕਾਰ ਵਪਾਰ ਵਧਣ ਨਾਲ ਜਾਪਾਨ ਸਾਗਰ ਦੀ ਇਕ ਵਣਜੀ ਜਲ-ਮਾਰਗ ਦੇ ਤੌਰ ਤੇ ਮਹੱਤਤਾ ਵਧੀ ਹੈ। ਇਤਿਹਾਸਕ ਪੱਖੋਂ ਇਹ ਸਾਗਰ ਜਾਪਾਨ ਨੂੰ ਬਦੇਸ਼ੀ ਹਮਲਿਆਂ ਤੋਂ ਬਚਾਉਂਦਾ ਵੀ ਰਿਹਾ ਹੈ। ਦੱਖਣੀ ਜਲ-ਡਮਰੂ ਇਤਿਹਾਸਕ ਜੰਗਾਂ ਦੇ ਖੇਤਰ ਸਨ। ਸੰਨ 1274 ਤੇ 1281 ਦੌਰਾਨ ਚੀਨ ਦੇ ਯੂਆਨ ਰਾਜ-ਬੰਸ ਦੇ ਬਾਨੀ ਕੁਬਲਾਈ ਖ਼ਾਂ ਦੇ ਬੇੜਿਆਂ ਨੇ ਜਾਪਾਨ ਨੂੰ ਜਿੱਤਣ ਲਈ ਇਨ੍ਹਾਂ ਜਲ-ਡਮਰੂਆਂ ਨੂੰ ਪਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਫ਼ੌਜਾਂ ਜਾਂ ਤਾਂ ਤੂਫ਼ਾਨਾਂ ਕਾਰਨ ਤਬਾਹ ਹੋ ਗਈਆਂ ਜਾਂ ਫਿਰ ਜਾਪਾਨੀਆਂ ਨੇ ਉਨ੍ਹਾਂ ਦੇ ਰਾਹ ਵਿਚ ਹੀ ਦੰਦ ਖੱਟੇ ਕਰ ਦਿੱਤੇ।

ਵਰਤਮਾਨ ਕਾਲ ਵਿਚ ਅੰਤਰਰਾਸ਼ਟਰੀ ਸਹਿਯੋਗ ਨਾਲ ਇਸ ਸਾਗਰ ਵਿਚ ਮੌਜੂਦਾ ਸਾਧਨਾਂ ਦੀ ਵਰਤੋਂ ਹੋਰ ਵੀ ਜ਼ਿਆਦਾ ਕੀਤੀ ਜਾਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਹ. ਪੁ.–ਐਨ. ਬ੍ਰਿ. ਮੈ. 10 : 92

**ਜਾਪਾਨਿੰਗ** : ਇਹ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਧਾਤ ਦੀਆਂ ਚੀਜ਼ਾਂ ਨੂੰ ਸਜਾਉਣ ਅਤੇ ਸੁਰੱਖਿਅਤ ਰੱਖਣ ਲਈ ਪਾਲਿਸ਼ਾਂ ਆਦਿ ਕੀਤੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਨੂੰ ਭੱਠੀਆਂ ਵਿਚ ਪਕਾਇਆ ਜਾਂਦਾ ਹੈ। ਇਹ ਸ਼ਬਦ 18ਵੀਂ ਸਦੀ ਵਿਚ ਹੋਂਦ ਵਿਚ ਆਇਆ ਜਦੋਂ ਲੱਕੜੀ, ਚਮੜੇ, ਕੱਲਈ ਅਤੇ ਕਾਗਜ਼ ਉੱਤੇ ਕੀਤੀਆਂ ਅਜਿਹੀਆਂ ਸਾਰੀਆਂ ਸਜਾਵਟਾਂ ਸ਼ਾਮਲ ਕੀਤੀਆਂ ਜਾਂਦੀਆਂ ਸਨ ਜੋ ਜਾਪਾਨੀ ਲਾਖ ਦੇ ਕੰਮ ਦੀ ਨਕਲ ਹੁੰਦੀਆਂ ਸਨ। ਇਸ ਕਲਾ ਵਿਚ ਰੋਗਨ ਤੇ ਪਾਲਿਸ਼ ਆਦਿ ਦੀਆਂ ਤਹਿਆਂ ਚਾੜ੍ਹ ਕੇ ਬਾਹਰੀ ਹਿੱਸੇ ਨੂੰ ਸ਼ੋਖ਼ ਰੰਗਤ ਦਿੱਤੀ ਜਾਂਦੀ ਹੈ। ਬਲੈਕ ਜਾਪਾਨ ਇਕ ਚਮਕਦਾਰ ਭੂਰੇ ਰੰਗ ਦਾ ਮਿਕਸਚਰ ਹੁੰਦਾ ਹੈ, ਜਿਹੜਾ ਐਸਫਾਲਟ, ਬੈਰੋਜ਼ਾ ਵਾਰਨਿਸ਼, ਸੁਕਾਉਣ ਵਾਲੇ ਤੇਲਾਂ ਅਤੇ ਤਾਰਪੀਨ ਮਿਲਾ ਕੇ ਬਣਾਇਆ ਜਾਂਦਾ ਹੈ। ਇਨ੍ਹਾਂ ਜਾਪਾਨ ਨਾਂ ਦੇ ਮਿਕਸਚਰਾਂ ਦੀ ਥਾਂ ਤੇ ਅੱਜਕੱਲ੍ਹ ਕਿੰਨੀ ਹੀ ਕਿਸਮ ਦੇ ਰੰਗ, ਰੋਗਨ ਅਤੇ ਇਨੈਮਲ ਬਣਾਏ ਜਾਣ ਲੱਗ ਪਏ ਹਨ। ਟਾਈਪਰਾਈਟਰਾਂ, ਬਾਈਸਿਕਲਾਂ ਆਦਿ ਵਰਗੇ ਹੋਰ ਕਿੰਨੀ ਕਿਸਮ ਦੇ ਸਾਮਾਨ ਉੱਤੇ ਇਹੋ ਰੰਗ ਜਾਂ ਇਨੈਮਲ ਕੀਤੇ ਜਾਂਦੇ ਹਨ ਅਤੇ ਭੱਠੀਆਂ ਵਿਚ ਪਕਾਏ ਜਾਂਦੇ ਹਨ। ਜਿਸ ਚੀਜ਼ ਤੇ ਜਾਪਾਨੀ ਵਿਧੀ ਨਾਲ ਕਰੜਾ ਤੇ ਚਮਕਦਾਰ ਰੋਗਨ ਚੜ੍ਹਾਇਆ ਜਾਂਦਾ ਹੈ ਉਸ ਉੱਤੇ ਪਹਿਲਾਂ ਲੇਪ ਦੀਆਂ ਦੋ ਜਾਂ ਤਿੰਨ ਪਤਲੀਆਂ ਤਹਿਆਂ ਕੀਤੀਆਂ ਜਾਂਦੀਆਂ ਹਨ। ਫਿਰ ਉਸ ਉੱਤੇ ਵਾਰਨਿਸ਼ ਕੀਤੀ ਜਾਂਦੀ ਹੈ ਜਿਸ ਵਿਚ ਪਹਿਲਾਂ ਹੀ ਰੰਗਤ ਦੇਣ ਲਈ ਰੰਗ ਮਿਲਿਆ ਹੁੰਦਾ ਹੈ। ਇਸ ਰੰਗ ਨੂੰ 'ਆਧਾਰ ਰੰਗ' ਕਿਹਾ ਜਾਂਦਾ ਹੈ। ਫਿਰ ਉਸ ਉੱਤੇ ਨਮੂਨਾ ਪਾਇਆ ਜਾਂਦਾ ਹੈ ਅਤੇ ਮੁਕੰਮਲ ਕਰਨ ਲਈ ਵਾਰਨਿਸ਼ ਦੀਆਂ ਕਈ ਤਹਿਆਂ ਚੜ੍ਹਾਈਆਂ ਜਾਂਦੀਆਂ ਹਨ। ਹਰ ਤਹਿ ਨੂੰ ਤੰਦੂਰ ਵਿਚ 250° ਤੋਂ 350° ਫ਼ਾਰਨਹੀਟ ਤਾਪਮਾਨ ਤੇ ਪਕਾਇਆ ਤੇ ਸੁਕਾਇਆ ਜਾਂਦਾ ਹੈ ਅਤੇ ਅਗਲੀ ਤਹਿ ਲਈ ਉਸ ਨੂੰ ਮੁਲਾਇਮ ਹੋਣ ਤੱਕ ਰਗੜਿਆ ਜਾਂਦਾ ਹੈ।



ਜਾਪਾਨਿੰਗ ਦਾ ਇਕ ਨਮੂਨਾ

ਹ. ਪੁ.–ਵ. ਯੂ. ਐਨ. 8 : 2641; ਨਿ. ਯੂ. ਐਨ. 9 : 4659; ਐਨ. ਅਮੈ. 15:75; ਐਨ. ਬ੍ਰਿ. ਮਾ. 5 : 523; ਐਨ. ਬ੍ਰਿ. 12 : 965

**ਜਾਪਾਨੀ ਉਸਾਰੀ-ਕਲਾ** : ਭਾਵੇਂ ਜਾਪਾਨ ਵਿਚ ਮੁੱਢਲੀਆਂ ਇਮਾਰਤਾਂ ਦੇ ਸਬੂਤ ਮਿਲਦੇ ਹਨ ਪਰੰਤੂ ਜਾਪਾਨੀ ਉਸਾਰੀ-ਕਲਾ ਦਾ ਆਰੰਭ 6ਵੀਂ ਸਦੀ ਦੇ ਮੱਧ ਵਿਚਕਾਰ, ਜਦੋਂ ਇਥੇ ਚੀਨ ਤੋਂ ਬਰਾਸਤਾ ਕੋਰੀਆ, ਬੁੱਧ ਧਰਮ ਆਇਆ, ਹੋਇਆ ਮੰਨਿਆ ਜਾਂਦਾ ਹੈ। ਇਸੇ ਕਰਕੇ ਇਤਿਹਾਸ ਵਿਚ ਇਹ ਹਰ ਪੱਖੋਂ ਅਸਾਧਾਰਣ ਇਕਸਾਰਤਾ ਦਾ ਪ੍ਰਤੀਕ ਹੈ। ਜਾਪਾਨੀ ਭਵਨ ਉਸਾਰੀ-ਕਲਾ ਚੀਨੀ ਭਵਨ ਉਸਾਰੀ ਲਈ ਵਰਤੇ ਗਏ, ਢੁੱਕਵੇਂ ਉਸਾਰੀ ਪਦਾਰਥਾਂ ਦੀ ਵਰਤੋਂ ਤੋਂ ਲਗਦਾ ਹੈ। ਜਾਪਾਨੀ ਮੰਦਰਾਂ ਦੇ ਵੱਖੋ ਵੱਖਰੇ ਹਿੱਸਿਆਂ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਇਕਸਾਰਤਾ ਮਿਲਦੀ ਹੈ, ਜਦੋਂ ਕਿ ਚੀਨੀ ਉਸਾਰੀ-ਕਲਾ ਵਿਚ ਵਾਰ ਵਾਰ ਇਕੋ ਹੀ ਤਰ੍ਹਾਂ ਦੇ ਗੁਣਾਂ ਵਾਲੀ ਸੰਰਚਨਾ ਉਸਾਰੀ ਹੋਈ ਹੈ। ਇਕ ਪ੍ਰਾਚੀਨ ਜਾਪਾਨੀ ਧਰਮ ਸਿੰਟੋ ਅਤੇ ਬੁੱਧ ਧਰਮ ਨੇ ਇਸ ਦੇ ਵਿਕਾਸ ਉੱਤੇ ਬਹੁਤ ਹੀ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਭਵਨ ਉਸਾਰੀ-ਕਲਾ ਨੂੰ ਹਮੇਸ਼ਾਂ ਕੁਦਰਤੀ ਢਾਂਚੇ ਅਨੁਸਾਰ ਵਿਚਾਰਿਆ ਜਾਂਦਾ ਹੈ। ਘਰੇਲੂ ਇਮਾਰਤਾਂ ਵਿਚ ਵਿਸ਼ੇਸ਼ ਤੌਰ ਤੇ ਕੁਦਰਤੀ ਅਤੇ ਭਵਨ ਉਸਾਰੀ ਕਲਾ ਦੇ ਸੁਮੇਲ ਨੇ ਆਧੁਨਿਕ ਪੱਛਮੀ ਭਵਨ ਨਿਰਮਾਤਾਵਾਂ ਉੱਤੇ ਬਹੁਤ ਡੂੰਘਾ ਪ੍ਰਭਾਵ ਪਾਇਆ ਹੈ।

**ਸਾਮੱਗਰੀ ਅਤੇ ਨਿਰਮਾਣ**—ਜੰਗਲਾਂ ਦੀ ਬਹੁਤਾਤ ਅਤੇ ਭੂਚਾਲਾਂ ਦੇ ਨੁਕਸਾਨ ਤੋਂ ਬਚਣ ਲਈ ਲੱਕੜੀ ਬਹੁਤ ਢੁੱਕਵਾਂ ਉਸਾਰੀ ਸਾਧਨ ਬਣ ਗਈ, ਜਿਸ ਕਰਕੇ ਪੀੜ੍ਹੀ-ਦਰ-ਪੀੜ੍ਹੀ ਚੱਲੀ ਆ ਰਹੀ ਕਾਰੀਗਰੀ ਉੱਚ ਪਾਏ ਦੀ ਸੀ। ਬਾਂਸ ਦੀ ਲੱਕੜ ਦਾ ਉਪਯੋਗ ਸਭ ਤੋਂ ਵੱਧ ਹੁੰਦਾ ਹੈ। ਲੱਕੜ ਦੀ ਸੰਰਚਨਾਂ ਲਈ ਆਮ ਕਰਕੇ ਪਰਤਹੀਣ ਸਭ ਪੱਥਰਾਂ ਦਾ ਇਸਤੇਮਾਲ ਕੀਤਾ ਹੁੰਦਾ ਹੈ।



**ਚਿੱਤਰ 1. ਪੱਥਰਾਂ ਦੇ ਥੜ੍ਹੇ ਉੱਤੇ ਲੱਕੜ ਦੀ ਸੰਰਚਨਾ**

ਜਾਪਾਨੀ ਭਵਨ ਉਸਾਰੀ-ਕਲਾ ਇਕ ਖਿਤਿਜੀ ਸ਼ਤੀਰਾਂ ਵਾਲੀ ਭਵਨ ਉਸਾਰੀ ਦੀ ਕਿਸਮ ਹੈ (ਚਿੱਤਰ 1) ਥੰਮ੍ਹਲੇ ਹੀ ਆਮ ਕਰਕੇ ਭਾਰ ਨੂੰ ਸੰਭਾਲਦੇ ਹਨ ਜਦੋਂ ਕਿ ਦੀਵਾਰਾਂ ਸੰਰਚਨਾ ਦਾ ਹਿੱਸਾ ਨਹੀਂ ਹੁੰਦੀਆਂ। ਲੱਕੜੀ ਅਤੇ ਪਲਸਤਰ ਵਾਲੀ ਬਾਹਰੀ ਦੀਵਾਰ ਬਹੁਤ ਪਤਲੀ ਹੁੰਦੀ ਹੈ। ਲੱਕੜੀ ਦੇ ਫ੍ਰੇਮ ਵਿਚ ਪਤਲੇ ਕਾਗਜ਼ ਨੂੰ ਲਗਾਉਣ ਦਾ ਰਿਵਾਜ ਆਮ ਹੈ। ਸੰਰਚਨਾ ਦੇ ਵੱਖ-ਵੱਖ ਭਾਗਾਂ ਨੂੰ ਬਹੁਤ ਜ਼ਿਆਦਾ ਉਕਰਾਈ ਵਾਲੀਆਂ ਪੱਤੀਆਂ ਨਾਲ ਇਕ ਦੂਜੇ ਉੱਤੇ ਜੋੜਿਆ ਜਾਂਦਾ ਹੈ। ਤਾਂਬੇ ਦੀਆਂ ਸਜਾਵਟੀ ਚਿਟਕਣੀਆਂ ਦਾ ਵੀ ਜੋੜਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਖਿਤਿਜੀ ਥੰਮ੍ਹਲਿਆਂ ਵਾਲੀ ਭਵਨ ਉਸਾਰੀ ਘੱਟ ਕੇ ਥੰਮ੍ਹਲਿਆਂ ਉੱਤੇ ਉਭਾਰ ਬਣਾਉਣ ਤੱਕ ਹੀ ਸੀਮਿਤ ਰਹਿ ਗਈ, ਜਿਸ ਦਾ ਝੁਕਾਅ ਆਮ ਕਰਕੇ ਅੰਦਰ ਵੱਲ ਨੂੰ ਰਖਿਆ ਹੁੰਦਾ ਹੈ ਤਾਂ ਜੋ ਇਹ ਭੁਚਾਲੀ ਝਟਕਿਆਂ ਦਾ ਵਧੇਰੇ ਮੁਕਾਬਲਾ ਕਰ ਸਕੇ। ਅੰਦਰੂਨੀ ਥੰਮ੍ਹਲੇ ਆਮ ਕਰਕੇ ਕੈਨਾਂ ਦੇ ਹਿਸਾਬ ਨਾਲ ਰੱਖੇ ਜਾਂਦੇ ਹਨ। ਛੋਟੀਆਂ ਸੰਰਚਨਾਵਾਂ ਲਈ ਇਕ ਕੈਨ ਅਤੇ ਵੱਡੀਆਂ ਲਈ ਦੋ ਕੈਨ ਰੱਖੇ ਜਾਂਦੇ ਹਨ। ਵਧਦੀਆਂ ਛੱਤਾਂ ਵਧੇਰੇ ਮਹੱਤਤਾ ਰੱਖਦੀਆਂ ਹਨ ਜਿਨ੍ਹਾਂ ਨੂੰ ਬਹੁਤ ਖ਼ੂਬਸੂਰਤ ਲਕੜੀਆਂ ਦੀਆਂ ਵਧਦੀਆਂ ਡਾਟਾਂ ਉੱਤੇ ਟਿਕਾਇਆ ਹੁੰਦਾ ਹੈ। (ਚਿਤਰ 2)। ਭੂਚਾਲਾਂ ਦੇ ਡਰ ਕਾਰਨ ਵਧੇਰੇ ਮਜ਼ਬੂਤ ਨੀਹਾਂ ਬਣਾਉਣ ਤੋਂ ਸੰਕੋਚ ਕੀਤਾ ਜਾਂਦਾ ਹੈ। ਸੰਰਚਨਾ ਮੁੱਖ ਤੌਰ ਤੇ ਉੱਪਰੋਂ ਗੋਲ ਸਿਰਿਆਂ ਵਾਲੇ ਪੱਥਰਾਂ ਉੱਤੇ ਖ਼ਾਸ ਉਚਾਈ ਉੱਤੇ ਖੜ੍ਹੀ ਕੀਤੀ ਹੁੰਦੀ ਹੈ ਤਾਂ ਜੋ ਬਾਰਸ਼ਾਂ ਦੇ ਮੌਸਮ ਵਿਚ ਪਾਣੀ ਤੋਂ ਬਚੀ ਰਹੇ। ਅਜਿਹਾ ਕਰਨ ਲਈ ਧਰਤੀ ਵਿਚ ਸ਼ਤੀਰ ਗੱਡੇ ਹੁੰਦੇ ਹਨ। ਭੂਚਾਲਾਂ ਤੋਂ ਬਚਣ ਲਈ ਪਾਗੋਡਿਆਂ ਦੀਆਂ ਮੰਜ਼ਲਾਂ ਦੇ ਢਾਂਚੇ ਜਾਂ ਫ੍ਰੇਮ ਘੰਟੀ ਦੇ ਲੋਲਕ ਦੀ ਤਰ੍ਹਾਂ ਇਕ ਦੂਜੇ ਦੀ ਚੋਟੀ ਉੱਤੇ ਇਸ ਤਰ੍ਹਾਂ ਟਿਕਾਏ ਜਾਂਦੇ ਹਨ ਤਾਂ ਜੋ ਪੈਂਡੂਲਮ ਦੇ ਭਾਰ ਦੇ ਨਿਯਮ ਅਨੁਸਾਰ ਇਨ੍ਹਾਂ ਦਾ ਸੰਤੁਲਨ ਬਣਿਆ ਰਹੇ।



**ਚਿੱਤਰ 2. ਸ਼ੀਬੀ ਦਾ ਤਲਾਅ, ਜਿਸ ਦੇ ਪੱਥਰਾਂ ਦੇ ਥੰਮ੍ਹਲਿਆਂ ਉੱਤੇ ਸੋਨੇ ਅਤੇ ਰੰਗਾਂ ਨਾਲ ਸਜਾਵਟ ਕੀਤੀ ਹੋਈ ਹੈ।**

**ਇਤਿਹਾਸਕ ਸਰਵੇਖਣ**—ਜਾਪਾਨੀ ਲੋਕਾਂ ਦੀ ਰਹਿਣੀ-ਬਹਿਣੀ ਕਾਰਨ ਇਥੋਂ ਦੀ ਭਵਨ ਉਸਾਰੀ-ਕਲਾ ਆਪਣੀ ਹੀ ਕਿਸਮ ਦੀ ਹੈ, ਜਿਸ ਕਰਕੇ ਇਸ ਦੀ ਠੋਸ ਕਾਲ ਵੰਡ ਨਹੀਂ ਕੀਤੀ ਜਾ ਸਕਦੀ। ਦੇਸ਼ ਦੇ ਦੂਰ ਤੱਕ ਫੈਲੇ ਹੋਣ ਅਤੇ ਸੰਚਾਰ ਸਾਧਨ ਦੀ ਕਮੀ ਕਰਕੇ ਕਈ ਸਥਾਨਕ ਤਬਦੀਲੀਆਂ ਵੇਖੀਆਂ ਜਾਂਦੀਆਂ ਹਨ ਜਿਹੜੀਆਂ ਕਿ ਪੁਰਾਤਨ ਰਵਾਇਤਾਂ ਨੂੰ ਧੁੰਦਲਾ ਕਰ ਦਿੰਦੀਆਂ ਹਨ। ਬੁੱਧ ਧਰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੇ ਪੂਰਵ ਇਤਿਹਾਸਕ ਕਾਲ ਦੇ ਸਬੂਤ ਕੇਵਲ ਪੁਰਾਤੱਤਵ ਖੋਜ ਸਦਕੇ ਹੀ ਹਨ। ਇਮਾਰਤ ਉਸਾਰੀ-ਕਲਾ ਇਕ ਖ਼ਾਸ ਦਾਇਰੇ ਤੱਕ ਹੀ ਸੀਮਿਤ ਰਹੀ ਜਾਪਦੀ ਹੈ, ਜਿਸ ਦਾ ਵਧੇਰੇ ਝੁਕਾਅ ਪਾਲੀਨੀਸੀਅਨ ਡਿਜ਼ਾਈਨ ਵੱਲ ਦਿਖਾਈ ਦਿੰਦਾ ਹੈ। ਏਨੂ ਜਾਤੀ ਅੱਜ ਵੀ ਉੱਤਰੀ ਜਾਪਾਨ ਦੇ ਬਾਹਰਲੇ ਪਾਸੇ ਵਸਦੀ ਹੈ, ਜਿਸ ਦਾ ਕਿਸੇ ਵੇਲੇ ਇਥੋਂ ਦੀ ਧਰਤੀ ਉੱਤੇ ਸਭ ਤੋਂ ਵੱਧ ਅਧਿਕਾਰ ਹੁੰਦਾ ਸੀ। ਸਮਾਧਾਂ ਦੀ ਖੁਦਾਈ ਤੋਂ ਸਭਿਆਚਾਰਕ ਮਹੱਤਤਾ ਵਾਲੀਆਂ ਅਨੇਕਾਂ ਗੱਲਾਂ ਦਾ ਪਤਾ ਲੱਗਦਾ ਹੈ। ਪ੍ਰਾਚੀਨ ਕਾਲ ਵਿਚ (ਲਗਭਗ 600-1185) ਇਮਾਰਤਾਂ ਕੋਈ ਖ਼ਾਸ ਠਾਠ-ਬਾਠ ਵਾਲੀਆਂ ਨਹੀਂ ਸਨ ਹੁੰਦੀਆਂ। ਇਨ੍ਹਾਂ ਦੀ ਸੰਰਚਨਾ ਬਹੁਤ ਸਿੱਧੀ ਤੇ ਮਾਮੂਲੀ ਜਿਹੀ ਸਜਾਵਟ ਵਾਲੀ ਹੁੰਦੀ ਸੀ। ਹੋਰਿਊਜੀ ਵਿਖੇ ਮੱਠ ਜਿਸ ਦੀ ਉਸਾਰੀ 593 ਵਿਚ ਸ਼ੁਰੂ ਹੋਈ ਸੀ ਅਤੇ ਨਾਰਾ ਵਿਖੇ ਸ਼ੋਸੋ-ਇਨ ਮੱਠ (ਚਿੱਤਰ 3) ਦੋਵੇਂ ਸੰਸਾਰ ਦੀਆਂ ਲੱਕੜੀ ਦੀਆਂ ਬਣੀਆਂ

ਹੋਈਆਂ ਸਭ ਤੋਂ ਪੁਰਾਣੀਆਂ ਇਮਾਰਤਾਂ ਹਨ, ਜਿਹੜੀਆਂ ਅੱਜ ਵੀ ਠੀਕ ਠਾਕ ਪਈਆਂ ਹਨ। ਉਜੀ ਵਿਖੇ ਬਾਈਓਡੋ-ਇਨ-ਮੰਦਰ ਦਾ ਹੂ-ਡੋ



ਚਿੱਤਰ 3. ਨਾਰਾ ਵਿਖੇ ਸ਼ੋਸ਼ੋ-ਇਨ ਮੱਠ ਜਿਸ ਵਿਚ ਲਗਭਗ 1200 ਸਾਲਾਂ ਲਈ ਮੀਕਾਡੋ ਦਾ ਖਜ਼ਾਨਾ ਸੰਭਾਲਿਆ ਪਿਆ ਰਿਹਾ।



ਚਿੱਤਰ 4. ਚੀਓਨ-ਇਨ ਟੈਂਪਲ ਥਮੂਲੇ ਅਤੇ ਸ਼ਤੀਰ

ਨਾਮੀ ਦਰਸ਼ਕ ਮੰਡਪ (1052) ਜਾਪਾਨੀ ਭਵਨ ਉਸਾਰੀ-ਕਲਾ ਦਾ ਸੰਪੂਰਨ ਨਮੂਨਾ ਹੈ, ਬੇਸ਼ਕ ਇਸ ਉੱਤੇ ਨੌਵੀਂ ਸਦੀ ਦੀ ਚੀਨੀ ਸਭਿਅਤਾ ਦੇ ਦੂਜੇ ਪੜਾਅ ਦਾ ਪ੍ਰਭਾਵ ਪ੍ਰਤੀਤ ਹੁੰਦਾ ਹੈ। ਕਾਮਾ ਕਰਾ ਕਾਲ (1185-1335) ਵਿਚ ਜੈਨ ਤੇ ਬੁੱਧ ਮੱਤ ਦੇ ਸੁਹਜਵਾਦੀ ਸਿਧਾਂਤਾਂ ਦਾ ਭਵਨ ਉਸਾਰੀ ਉੱਤੇ ਪ੍ਰਭਾਵ ਪਿਆ ਜਿਸ ਦੇ ਨਾਲ ਜਾਪਾਨੀ ਵਿਚਾਰਧਾਰਾ ਨੇ ਰਲ ਕੇ ਬਾਗ਼ਬਾਨੀ ਅਤੇ ਫ਼ੁੱਲਾਂ ਨਾਲ ਸਜਾਵਟ ਕਰਨੀ ਸ਼ੁਰੂ ਕੀਤੀ। ਭਵਨ ਉਸਾਰੀ ਡਿਜ਼ਾਈਨ ਤੋਂ ਜਾਪਾਨੀ ਸਭਿਆਚਾਰ ਦਾ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਰਹਿਣੀ-ਬਹਿਣੀ ਸਜਧਜ ਵਾਲੀ ਅਤੇ ਵਿਖਾਵੇ ਭਰਪੂਰ ਸੀ। ਇਕ ਵਿਸ਼ੇਸ਼ ਮੱਠ ਦੇ ਨਕਸ਼ੇ ਵਿਚ ਇਸ ਦੇ ਪਿਛਵਾੜੇ ਵਿਚ ਕੁਰਬਾਨਗਾਹ ਅਤੇ ਸਮਾਧਾਂ ਦਾ ਪ੍ਰਬੰਧ ਕੀਤਾ ਹੁੰਦਾ ਸੀ। ਅੱਸ਼ੀਕਾਗਾ ਕਾਲ (1394-1573) ਦੇ ਨਾਲ ਹੀ ਸੁਹੱਪਣ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ ਅਤੇ ਸਜਾਵਟੀ ਪ੍ਰਭਾਵਾਂ ਉੱਤੇ ਖ਼ਾਸ ਜ਼ੋਰ ਦਿੱਤਾ ਜਾਂਦਾ ਹੈ। ਟੋਕੂਗਾਵਾ ਕਾਲ (1603-1867) ਦੇ ਆਰੰਭ ਵਿਚ ਜਾਪਾਨ ਦਾ ਸੰਸਾਰ ਨਾਲ ਬਿਲਕੁਲ ਕੋਈ ਸਬੰਧ ਨਹੀਂ ਸੀ। ਆਪਸੀ ਅਮਨ ਨੇ ਹੁਨਰ ਨੂੰ ਉੱਤਸ਼ਾਹ ਦਿੱਤਾ ਅਤੇ ਜਿਸ ਕਰਕੇ ਭਵਨ ਉਸਾਰੀ ਦੀਆਂ ਕਿਸਮਾਂ ਨੂੰ ਹੋਰ ਵੀ ਸੰਪੰਨਤਾ ਮਿਲੀ। ਸਜਾਵਟ ਦਾ ਕੰਮ ਸਿੱਖ਼ਰ ਉੱਤੇ ਪੁੱਜ ਗਿਆ ਸੀ ਜਦੋਂ ਉਕਰਿਆ ਹੋਇਆ ਲੱਕੜੀ ਦਾ ਕੰਮ, ਧਾਤਵੀ ਪੱਤੀਆਂ ਨਾਲ ਸਜਾਵਟ, ਰੰਗ ਰੋਗਨ ਕਰਨਾ ਅਤੇ ਸੋਨੇ ਦੇ ਇਸਤੇਮਾਲ ਨਾਲ ਰੰਗਦਾਰ ਸਜਾਵਟ ਕਰਨਾ ਆਮ ਹੋ ਗਿਆ ਸੀ। ਨਿੱਕੋ ਸ਼ੀਬਾ ਅਤੇ ਟੋਕਿਓ ਦੇ ਟੈਂਪਲ ਅਤੇ ਕਯੋਟੋ ਦੇ ਚੀਓਨ-ਇਨ ਨਾਮੀ ਟੱਪਰ (ਚਿੱਤਰ 4) ਤੋਂ ਉੱਚ ਪਾਏ ਦੀ ਭਵਨ-ਉਸਾਰੀ ਕਲਾ ਦਾ ਪਤਾ ਲਗਦਾ ਹੈ, ਜਿਹੜੀ ਯੂਰਪ ਦੇ ਬਾਰੋਕ ਸਟਾਈਲ ਨਾਲ ਮਿਲਦੀ-ਜੁਲਦੀ ਹੈ। ਮੌਜੂਦਾ ਇਮਾਰਤਾਂ ਵਿਚੋਂ ਬਹੁਤ ਸਾਰੀਆਂ ਟੋਕੂਗਾਵਾ ਕਾਲ ਦੀਆਂ ਹਨ।

**ਧਾਰਮਿਕ ਭਵਨ ਉਸਾਰੀ-ਕਲਾ**—ਧਰਮ ਦਾ ਭਵਨ ਉਸਾਰੀ ਉੱਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਜਾਪਾਨ ਦੇ ਸਥਾਨਿਕ ਧਰਮ ਸ਼ਿੰਟੋ, ਵੱਡੇ ਵਡੇਰਿਆਂ ਅਤੇ ਕੁਦਰਤ ਦੀ ਪੂਜਾ ਕਿਸੇ ਮੰਦਰ ਜਾਂ ਮੱਠ ਵਿਚ ਅਤੇ ਬੁੱਤ ਦੀ ਮੰਗ ਨਹੀਂ ਕਰਦੇ। ਬੁੱਧ ਧਰਮ ਨੇ ਭਵਨ-ਉਸਾਰੀ ਦੇ ਵਿਕਾਸ ਨੂੰ ਬਹੁਤ ਉਤਸਾਹਿਤ ਕੀਤਾ। ਜਾਪਾਨ ਦੇ ਸੁਰ ਸੰਸਕਾਰ ਨੂੰ ਭੇਦ ਅਤੇ ਦਬਾਉ ਹੇਠ ਰੱਖਣ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਸੜਕਾਂ ਅਤੇ ਪੁਲਾਂ ਦੀ ਉਸਾਰੀ ਦੇ ਵਿਕਾਸ ਵਿਚ ਵਿਸ਼ੇਸ਼ ਕਰਕੇ ਪ੍ਰਾਰੰਭਿਕ ਕਾਲ ਵਿਚ ਪਾਦਰੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਸ਼ਿੰਟੋ ਮੰਦਰ ਬਹੁਤ ਜ਼ਿਆਦਾ ਸਾਧਾਰਣ ਹਨ ਜਿਹੜੇ ਕਿ ਅਣ ਸੰਵਾਰੀ ਹੋਈ ਲੱਕੜੀ ਅਤੇ ਕਾਨੇਦਾਰ ਛੱਤਾਂ ਦੇ ਬਣੇ ਹੋਏ ਸਨ। ਇਨ੍ਹਾਂ ਦੀ ਭਵਨ ਉਸਾਰੀ-ਕਲਾ ਦੇ ਪੱਖੋਂ ਕੋਈ ਮਹੱਤਤਾ ਨਹੀਂ ਹੈ ਅਤੇ ਇਹ ਇਕੋ ਤਰ੍ਹਾਂ ਦੀਆਂ ਸਾਧਾਰਣ ਜਿਹੀਆਂ ਇਕ ਮੰਜ਼ਲੀਆ ਇਮਾਰਤਾਂ ਹਨ ਇਨ੍ਹਾਂ ਰੰਗ, ਰੋਗਨ ਅਤੇ ਝਾਲ ਚੜ੍ਹਾ ਕੇ ਸਜਾਵਟ ਕੀਤੀ ਜਾਂਦੀ ਸੀ, ਜੋ ਕਿ ਮਗਰੋਂ ਬਿਲਕੁਲ ਅਲੋਪ ਹੋ ਗਏ। ਛੱਪਰ-ਨੁਮਾ ਛੱਤਾਂ ਤੋਂ ਇਲਾਵਾ ਸ਼ਿੰਟੋ ਮੰਦਰ ਦੀ ਇਕ ਹੋਰ ਵਿਸ਼ੇਸ਼ਤਾ ਪ੍ਰਤੀਕਾਤਮਕ ਦਰਵਾਜ਼ਿਆਂ ਦੀ ਸੀ। ਇਹ ਦਰਵਾਜ਼ੇ ਦੋ ਖੜੇ-ਦਾਅ ਸਤੰਭਾਂ ਉੱਤੇ ਦੋ ਜਾਂ ਦੋ ਤੋਂ ਵੱਧ ਵਧਵੇਂ ਸ਼ਤੀਰ ਰੱਖ ਕੇ ਬਣਾਏ ਹੁੰਦੇ ਸਨ। ਬੁੱਧ ਮੱਤ ਦੇ ਪ੍ਰਚੱਲਤ ਹੋਣ ਮਗਰੋਂ ਸ਼ਿੰਟੋ ਦੀਆਂ ਇਮਾਰਤਾਂ ਹੋਰ ਵੀ ਸਜਾਵਟੀ ਮਹੱਤਤਾ ਵਾਲੀਆਂ ਹੋ ਗਈਆਂ। ਆਈਸੈਂ ਵਿਚ ਇਹ ਮੰਦਰ ਪੁਰਾਣੇ ਰੀਤੀ ਰਿਵਾਜਾਂ ਦੀ



ਚਿੱਤਰ 5. ਆਈਸੈ ਵਿਖੇ ਕਾਮੀਜੀ-ਯਮਾ ਦਾ ਪਵਿੱਤਰ ਸ਼ਿੰਟੋ ਮੰਦਰ

ਕੌਮੀ ਯਾਦਗਾਰ ਦੇ ਤੌਰ ਤੇ ਸੰਭਾਲੇ ਪਏ ਹਨ, ਜਿਨ੍ਹਾਂ ਨੂੰ ਹਰ 20 ਸਾਲ ਬਾਅਦ ਮੁੜ ਮੂਲ ਸੰਰਚਨਾ ਅਨੁਸਾਰ ਫਿਰ ਉਸਾਰ ਦਿੱਤਾ ਜਾਂਦਾ ਹੈ। (ਚਿੱਤਰ 5)

ਬੋਧੀ ਮੰਦਰਾਂ ਵਿਚ ਵੱਖੋ ਵੱਖਰੀਆਂ ਇਮਾਰਤਾਂ ਤਿੰਨ ਸਮਕੇਂਦਰੀ ਚਾਰਦੀਵਾਰੀ ਦੇ ਅੰਦਰ ਹੁੰਦੀਆਂ ਹਨ; ਪਹਿਲੀ ਬਾਹਰਲੀ ਇਮਾਰਤ ਦੇ ਦੁਆਲੇ ਛੋਟੀ ਛੋਟੀ ਦੀਵਾਰ, ਦੂਜੀ ਪੁਜਾਰੀ ਲਈ ਸੈਰਗਾਹ ਅਤੇ ਤੀਜੀ ਮੁੱਖ ਇਮਾਰਤ, ਜਿਸ ਦੇ ਅੰਦਰ ਪਰਦੇ ਵਾਲੀ ਦੀਵਾਰ ਹੁੰਦੀ ਹੈ ਜਿਸ ਉੱਤੇ ਟਾਈਲਾਂ ਦੀ ਛੱਤ ਬਣੀ ਹੋਈ ਹੁੰਦੀ ਹੈ। ਮੰਦਰ ਵੀ ਲਗਭਗ 1.25 ਮੀ. (ਪੰਜ ਫੁੱਟ) ਉੱਚੀ ਪੱਥਰਾਂ ਦੀ ਨੀਂਹ ਉੱਤੇ ਉਸਰਿਆ ਹੋਇਆ ਹੁੰਦਾ ਹੈ। ਚੀਨੀ ਭਵਨ ਉਸਾਰੀ ਕਲਾ ਵਿਚ ਇਹ ਚਬੂਤਰੇ ਬਣਾਏ ਜਾਂਦੇ ਹਨ ਪਰੰਤੂ ਇਥੇ ਇਹ ਕੁਦਰਤੀ ਤੌਰ ਤੇ ਬਣੇ ਬਣਾਏ ਮਿਲਦੇ ਹਨ। ਬਰਾਂਡੇ ਤੱਕ ਰਸਤਾ ਪੌੜੀਆਂ ਬਣਾ ਕੇ ਤਿਆਰ ਕੀਤਾ ਜਾਂਦਾ ਹੈ ਜਿਸ ਉੱਤੇ ਵਧਵੀਂ ਛੱਤ ਬਣਾਈ ਜਾਂਦੀ ਹੈ। ਪ੍ਰਵੇਸ਼ ਦਰਵਾਜ਼ੇ ਚੀਨੀ ਕਿਸਮ ਦੇ ਹਨ। ਬੁੱਧ ਮੱਤ ਦੇ ਮੰਦਰਾਂ ਦੀਆਂ ਪ੍ਰਮੁੱਖ ਉਦਾਹਰਣਾਂ ਹੋਰ ਇਊਜ਼ੀ ਨਾਰਾ ਅਤੇ ਨਿੱਕੋ ਵਿਖੇ ਮਿਲਦੀਆਂ ਹਨ। ਪਾਗੋਡੇ ਵੀ ਚੀਨ ਤੋਂ ਬੁੱਧ ਮਤ ਦੇ ਇਥੇ ਆਉਣ ਨਾਲ ਹੀ ਇੱਥੇ ਬਣਨਾ ਸ਼ੁਰੂ ਹੋਏ (ਚਿੱਤਰ 6)। ਇਹ ਆਮ ਕਰਕੇ 17ਵੀਂ ਸਦੀ ਵਿਚ ਬਣੇ ਹੋਏ ਹਨ। ਹੇਠਲੀ ਮੰਜ਼ਲ ਵਿਚ ਮੰਦਰ ਤੇ ਮੂਰਤੀ ਹੁੰਦੀ ਹੈ ਜਦੋਂ ਕਿ ਉਪਰਲੀਆਂ ਮੰਜ਼ਲਾਂ ਅਟਾਰੀਆਂ ਦਾ ਕੰਮ ਕਰਦੀਆਂ ਹਨ।



**ਚਿੱਤਰ 6. ਨਿਕੋ ਵਿਖੇ ਪਾਗੋਡਾ**

**ਧਰਮ-ਨਿਰਪੱਖ ਭਵਨ ਉਸਾਰੀ**—ਹਰ ਨਵੇਂ ਬਾਦਸ਼ਾਹ ਦੇ ਨਾਲ ਨਵੀਂ ਸੰਰਚਨਾ ਵਾਲੇ ਮਹੱਲ ਉਸਾਰੇ ਜਾਂਦੇ ਸਨ। ਇਕ ਮੁੱਖ ਹਾਲ ਜਿਹੜਾ ਸ਼ਾਹੀ ਪਰਿਵਾਰ ਦੇ ਮੰਡਪਾਂ ਨਾਲ ਤਿੰਨ ਬਰਾਮਦਿਆਂ ਰਾਹੀਂ ਜੁੜਿਆ ਹੁੰਦਾ ਸੀ, ਇਕ ਸਾਧਾਰਣ ਜਿਹਾ ਨਕਸ਼ਾ ਹੁੰਦਾ ਸੀ। ਸੋਲ੍ਹਵੀਂ ਸਦੀ ਵਿਚ ਇਮਾਰਤ ਨੂੰ ਅਵਤਲ ਢਲਾਨ ਵਾਲੀ ਪੱਥਰਾਂ ਦੀ ਦੀਵਾਰ ਨਾਲ ਵਲਿਆ ਹੁੰਦਾ ਸੀ ਤਾਂ ਜੋ ਭੁਚਾਲਾਂ ਕਾਰਨ ਨੁਕਸਾਨ ਨਾ ਹੋਵੇ, ਇਸ ਦੀਆਂ ਨੀਹਾਂ ਦੇ ਨਾਲ ਖਾਈ ਪੁੱਟੀ ਹੁੰਦੀ ਸੀ। ਕਯੋਟ ਵਿਚ ਮੀਕਾਡੋ ਦਾ ਮਹੱਲ ਅਤੇ ਸ਼ੋਗੂਨਜ਼ ਦਾ ਮਹੱਲ ਜਿਹੜੇ ਕਿਲੇ ਨਾਲ ਘਿਰੇ ਹੋਏ ਹਨ, ਤੋਂ ਮਗਰਲੇ ਕਾਲ (1603-1867) ਦੀ ਜਾਗੀਰਦਾਰੀ ਦੀ ਝਲਕ ਪੈਂਦੀ ਹੈ। ਜਾਪਾਨੀਆਂ ਦੇ ਘਰ ਪਵਿੱਤਰ ਸੰਜੀਦਗੀ ਦੇ ਨਮੂਨੇ ਹਨ। ਵੱਡੇ-ਵੱਡੇ ਘਰ ਦੋ-ਮੰਜਲੇ ਤੇ ਚਾਰੇ ਪਾਸੇ ਵਿਹੜੇ ਵਾਲੇ ਹੁੰਦੇ ਹਨ। ਜਿਥੇ ਸੰਭਵ ਹੋਵੇ ਮਕਾਨ ਦਾ ਮੱਥਾ ਸੂਰਜ ਵੱਲ ਰੱਖਿਆ ਜਾਂਦਾ ਹੈ, ਜਿਸ ਨਾਲ ਇਨ੍ਹਾਂ ਅੱਗੇ ਬਚਾਉ ਲਈ ਵਧਵੇਂ ਛੱਜੇ ਲੱਗੇ ਹੁੰਦੇ ਹਨ। ਕਈ ਵਾਰੀ ਗਤੀਸ਼ੀਲ ਪੜਦੀਆ ਵੀ ਲਗਾਈਆਂ ਹੁੰਦੀਆਂ ਹਨ ਤਾਂ ਜੋ ਹਵਾ ਦੀ ਆਵਾਜਾਈ ਠੀਕ ਤਰ੍ਹਾਂ ਨਾਲ ਹੋ ਸਕੇ। ਅੰਦਰੂਨੀ ਵੰਡ ਨੂੰ ਲੋੜ ਅਨੁਸਾਰ, ਗਤੀਸ਼ੀਲ ਅੰਦੂਰਨੀ ਪਰਦਿਆਂ ਰਾਹੀਂ ਅਦਲ-ਬਦਲ ਕੀਤਾ ਜਾ ਸਕਦਾ ਹੈ। ਆਮ ਕਰਕੇ ਦੋ ਭਾਗ ਜਾਂ ਕਮਰੇ ਹੁੰਦੇ ਹਨ ਜਿਨ੍ਹਾਂ ਵਿਚ ਫੁੱਲ ਜਾਂ ਮੂਰਤੀਆਂ ਸਜਾਉਣ ਲਈ ਆਲੇ ਰੱਖੇ ਹੁੰਦੇ ਹਨ। ਕੀਮਤੀ ਚੀਜ਼ਾਂ ਨੂੰ ਸੁਰੱਖਿਅਤ ਰੱਖਣ ਲਈ ਇਮਾਰਤ ਦੀ ਹੱਦ ਤੋਂ ਬਾਹਰ ਇਕ ਛੋਟੀ ਜਿਹੀ ਅੱਗ-ਪਰੂਫ ਸੰਰਚਨਾ ਉਸਾਰੀ ਹੋਈ ਹੁੰਦੀ ਹੈ। ਕਮਰਿਆਂ ਦਾ ਆਕਾਰ (ਦੋ ਕੈਨ x ਇਕ ਕੈਨ) ਨਿਸ਼ਚਿਤ ਆਕਾਰ ਦੀ ਦਰੀ ਅਨੁਸਾਰ ਰੱਖਿਆ ਹੁੰਦਾ ਹੈ ਜਿਸ ਕਰਕੇ ਕਮਰਿਆਂ ਦੀ ਗਿਣਤੀ ਵੀ ਕਿਸੇ ਮਕਾਨ ਦੇ ਅੰਦਰ ਇਸੇ ਉੱਤੇ ਆਧਾਰਿਤ ਹੁੰਦੀ ਹੈ ਅਤੇ ਇਥੇ ਇਹ ਵੀ ਵਰਣਨਯੋਗ ਹੈ ਕਿ ਇਕ ਜਾਪਾਨੀ ਘਰ ਇਕ ਸਟੈਂਡਰਡ ਉਦਯੋਗਿਕ ਉਤਪਾਦਨ ਦੀ ਇਕ ਮਿਸਾਲ ਹੈ। ਕਮਾਂਡਰ ਪੈਰੀ ਦੀ ਮੁਹਿੰਮ (1853) ਅਤੇ ਜਾਪਾਨ ਦੇ ਪੱਛਮੀ ਸੰਸਾਰ ਨਾਲ ਸਬੰਧ ਸਥਾਪਿਤ ਹੋਣ ਦਾ ਸਮਾਂ ਜਾਪਾਨੀ ਉਸਾਰੀ ਕਲਾ ਦਾ ਢਹਿੰਦੀਆਂ ਕਲਾਂ ਦਾ ਸਮਾਂ ਸੀ। ਸਾਰੀਆਂ ਪਬਲਿਕ ਅਤੇ ਵਪਾਰਕ ਇਮਾਰਤਾਂ ਲਈ ਸੰਰਚਨਾ ਦੇ ਪੱਛਮੀ ਅਤੇ ਆਧੁਨਿਕ ਅੰਤਰਰਾਸ਼ਟਰੀ ਸਟਾਈਲ ਆਮ ਕਰਕੇ ਅਪਣਾਏ ਜਾਂਦੇ ਹਨ।

ਹ. ਪੁ.—ਚੈਂਬ. ਐਨ. 8 : 36

**ਜਾਪਾਨੀ ਉਦਯੋਗ** : ਦੂਜੇ ਸੰਸਾਰ-ਯੁੱਧ ਤੋਂ ਪਹਿਲਾਂ ਏਸ਼ੀਆ ਦੇ ਦੇਸ਼ਾਂ ਵਿਚੋਂ ਇਕੱਲਾ ਜਾਪਾਨ ਹੀ ਉੱਚ-ਪੱਧਰ ਦਾ ਉਦਯੋਗਿਕ ਦੇਸ਼ ਸੀ ਅਤੇ ਹੁਣ ਵੀ ਪੱਛਮੀ ਦੇਸ਼ਾਂ ਤੇ ਰੂਸ ਨੂੰ ਛੱਡ ਕੇ ਅਤੇ ਭਾਰਤ, ਚੀਨ ਅਤੇ ਹੋਰ ਦੇਸ਼ਾਂ ਦੇ ਵਿਕਸਿਤ ਹੋਣ ਦੇ ਬਾਵਜੂਦ ਵੀ ਇਹ ਪਹਿਲੇ ਦਰਜੇ ਦਾ ਉਦਯੋਗਕ ਦੇਸ਼ ਹੈ। ਸੰਨ 1929-33 ਤੱਕ ਜਾਪਾਨ ਦਾ ਉਦਯੋਗਿਕ ਵਿਕਾਸ ਮੁੱਖ ਤੌਰ ਤੇ ਕੁਝ ਕੁ ਕੱਪੜਾ ਉਦਯੋਗਾਂ, ਵਿਸ਼ੇਸ਼ ਕਰਕੇ ਸੂਤੀ ਧਾਗੇ ਤੇ ਕੱਚੇ ਰੇਸ਼ਮ ਤੱਕ ਹੀ ਸੀਮਿਤ ਸੀ। ਉਸ ਸਮੇਂ ਅੱਧ ਤੋਂ ਵੱਧ ਆਬਾਦੀ ਇਨ੍ਹਾਂ ਉਦਯੋਗਾਂ ਵਿਚ ਕੰਮ ਕਰਦੀ ਸੀ। ਸੰਨ 1930 ਦੌਰਾਨ ਉਦਯੋਗਿਕ ਢਾਂਚਾ ਬਿਲਕੁਲ ਬਦਲ ਗਿਆ ਸੀ। ਇਹ ਤਬਦੀਲੀ ਕੱਚੇ ਰੇਸ਼ਮ ਦੇ ਉਤਪਾਦਨ ਵਿਚ ਆਏ ਘਾਟੇ ਕਰਕੇ ਅਤੇ ਮੁੱਖ ਤੌਰ ਤੇ ਧਾਤਾਂ, ਇੰਜੀਨੀਅਰਿੰਗ ਅਤੇ ਰਸਾਇਣਕ ਉਦਯੋਗਾਂ ਦੇ ਨਾਲ ਨਾਲ ਰੋਜ਼ਾਨਾ ਵਰਤੋਂ ਦੀਆਂ ਵਸਤਾਂ (ਖਿਡੌਣੇ ਅਤੇ ਹੌਜ਼ਰੀ) ਦੇ ਉਤਪਾਦਨ ਵਿਚਲੇ ਵਾਧੇ ਕਰਕੇ ਔਈ ਸੀ। ਸੰਨ 1937 ਦੀ ਚੀਨੀ-ਜਾਪਾਨੀ ਲੜਾਈ ਦੇ ਸਿੱਟੇ ਵਜੋਂ ਕੱਪੜਾ ਉਦਯੋਗਾਂ ਦੇ ਕਾਮਿਆਂ ਦੀ ਗਿਣਤੀ ਕਾਫ਼ੀ ਘੱਟ ਗਈ ਸੀ, ਭਾਵੇਂ ਰੇਸ਼ਮੀ ਅਤੇ ਊਨੀ ਕੱਪੜਿਆਂ ਦੀਆਂ ਕਈ ਨਵੀਆਂ ਕਿਸਮਾਂ ਦੀ ਕਾਢ ਹੋ ਚੁੱਕੀ ਸੀ। ਦੂਜੇ ਸੰਸਾਰ-ਯੁੱਧ ਸਮੇਂ ਜੰਗੀ ਸਾਮਾਨ ਦਾ ਉਤਪਾਦਨ ਵੀ ਸਿਖਰ ਤੇ ਸੀ। ਸੰਨ 1945 ਤੋਂ ਬਾਅਦ ਕੱਪੜਾ ਉਦਯੋਗ ਵਿਸ਼ੇਸ਼ ਕਰਕੇ ਰੇਸ਼ਮੀ ਕੱਪੜਾ ਉਦਯੋਗ ਦਾ ਵਿਕਾਸ ਬਹੁਤ ਘੱਟ ਅਤੇ ਅਧੂਰਾ ਸੀ, ਜਦੋਂ ਕਿ ਦੂਜੀਆਂ ਧਾਤਾਂ, ਖ਼ਾਸ ਕਰਕੇ ਲੋਹਾ ਅਤੇ ਸਟੀਲ ਉਦਯੋਗਾਂ ਦਾ ਵਿਕਾਸ ਇਕਦਮ ਹੋਇਆ ਅਤੇ ਇੰਜੀਨੀਅਰਿੰਗ ਤੇ ਰਸਾਇਣਕ ਉਦਯੋਗਾਂ ਦੀਆਂ ਹੋਰ ਵਧੇਰੇ ਸ਼ਾਖਾਵਾਂ ਹੋਂਦ ਵਿਚ ਆਈਆਂ। ਇਸ ਦਾ ਨਤੀਜਾ ਇਹ ਹੋਇਆ ਕਿ 1950 ਦੇ ਲਗਭਗ ਕੁੱਲ ਉਦਯੋਗਿਕ ਕਾਮਿਆਂ ਦੇ ਅੱਧ ਤੋਂ ਵੱਧ ਕਾਮੇ ਧਾਤਾਂ, ਇੰਜੀਨੀਅਰਿੰਗ ਤੇ ਰਸਾਇਣਕ ਉਦਯੋਗਾਂ ਵਿਚ ਕੰਮ ਕਰਦੇ ਸਨ ਅਤੇ ਜਾਪਾਨ ਦੀ ਆਰਥਿਕਤਾ ਦਾ ਢਾਂਚਾ ਕਿਸੇ ਵੀ ਪੱਖੋਂ ਦੂਜੇ ਪੱਛਮੀ ਮੁਲਕਾਂ ਨਾਲੋਂ ਵੱਖਰਾ ਨਹੀਂ ਰਹਿ ਗਿਆ ਸੀ। ਇਸ ਸਮੇਂ ਇਹ ਦੁਨੀਆ ਦਾ ਸਭ ਤੋਂ ਵੱਡੇ ਸਮੁੰਦਰੀ ਜਹਾਜ਼ ਬਣਾਉਣ ਵਾਲਾ ਦੇਸ਼ ਬਣ ਗਿਆ ਸੀ ਅਤੇ ਬਿਜਲੀ ਇਲੈੱਕਟ੍ਰੌਨਿਕ ਸਾਮਾਨ, ਹੱਥ-ਖੱਡੀ ਕੱਪੜਾ, ਪ੍ਰਕਾਸ਼ੀ-ਯੰਤਰ, ਸੀਮਿੰਟ, ਰਸਾਇਣਕ ਖਾਦਾਂ, ਮੋਟਰ ਗੱਡੀਆਂ ਤੇ ਮਸ਼ੀਨੀ ਔਜ਼ਾਰ ਆਦਿ ਬਣਾਉਣ ਵਾਲਾ ਇਕ ਵੱਡਾ ਦੇਸ਼ ਹੋ ਗਿਆ ਸੀ। ਇਸ ਸਮੇਂ ਦੌਰਾਨ ਜਾਪਾਨ ਦੇ ਉਦਯੋਗਿਕ ਉਤਪਾਦਨ ਵਿਚ ਲਗਭਗ 180 ਪ੍ਰਤਿਸ਼ਤ ਵਾਧਾ ਹੋਇਆ ਅਤੇ 1970 ਈ. ਤੱਕ ਇਹ ਉਤਪਾਦਨ 1960 ਤੱਕ ਦੇ ਉਤਪਾਦਨ ਨਾਲੋਂ ਲਗਭਗ ਤਿੰਨ ਗੁਣਾ ਹੋ ਗਿਆ ਸੀ।

ਇਸ ਢਾਂਚੇ ਵਿਚ ਤਬਦੀਲੀ ਆਉਣ ਦੇ ਬਾਵਜੂਦ ਵੀ, ਜਾਪਾਨੀ ਉਦਯੋਗ ਦੀਆਂ ਕੁਝ ਮੂਲ ਵਿਸ਼ੇਸ਼ਤਾਈਆਂ ਕਾਇਮ ਰਹੀਆਂ ਜਿਹੜੀਆਂ ਕਿ ਪੱਛਮੀ ਦੇਸ਼ ਲਈ ਅਨੋਖੀਆਂ ਸਨ। ਵੱਡੇ-ਵੱਡੇ ਸਰਮਾਏਦਾਰ ਤੇ ਵੱਡੀਆਂ ਫੈਕਟਰੀਆਂ ਛੋਟੇ-ਛੋਟੇ ਉਦਯੋਗਾਂ ਨਾਲੋਂ ਬਿਲਕੁਲ ਵਖਰੇ ਰਹੇ ਜਿਨ੍ਹਾਂ ਵਿਚ ਕੋਈ ਖ਼ਾਸ ਸਾਮਾਨ ਨਹੀਂ ਸੀ। ਪਹਿਲੀ ਕਿਸਮ ਦੇ ਉਦਯੋਗਾਂ ਵਿਚ ਇੰਜੀਨੀਅਰਿੰਗ ਤੇ ਵੱਡੇ ਉਦਯੋਗ, ਵੱਡੇ ਕੱਪੜਾ ਮਿੱਲ, ਜਿਨ੍ਹਾਂ ਨੇ ਪੱਛਮੀ ਤੌਰ ਤਰੀਕੇ ਅਖ਼ਤਿਆਰ ਕਰ ਲਏ ਸਨ ਅਤੇ ਹੋਰ ਆਧੁਨਿਕ

ਉਦਯੋਗ ਜਿਨ੍ਹਾਂ ਵਿਚ ਕਿਸੇ ਵਿਸ਼ੇਸ਼ ਤਕਨੀਕ ਦੀ ਲੋੜ ਨਹੀਂ ਸੀ, ਆਦਿ ਸਨ। ਬਹੁਤ ਸਾਰੇ ਉਦਯੋਗਾਂ ਦਾ ਉਤਪਾਦਨ ਉਸ ਇਲਾਕੇ ਦੇ ਅਨੇਕਾਂ ਛੋਟੇ-ਛੋਟੇ ਉਦਯੋਗਾਂ ਉੱਤੇ ਨਿਰਭਰ ਕਰਦਾ ਸੀ ਜਿਹੜਾ ਕਿ ਠੇਕੇ ਉੱਤੇ ਕਰਵਾਇਆ ਜਾਂਦਾ ਸੀ।

ਵੱਡੇ ਪੱਧਰ ਦੇ ਆਧੁਨਿਕ ਉਦਯੋਗਾਂ ਉੱਤੇ ਆਰੰਭ ਤੋਂ ਹੀ ਕੇਂਦਰੀ ਨਿਯੰਤਰਣ ਹੁੰਦਾ ਸੀ। ਦੂਜੇ ਸੰਸਾਰ-ਯੁੱਧ ਤੋਂ ਪਹਿਲਾ ਜ਼ਿਆਦਾਤਰ ਮਹੱਤਵਪੂਰਨ ਉਦਯੋਗਿਕ ਅਦਾਰਿਆਂ ਵਿਚ ਬਹੁਤ ਵੱਡੀ ਭਿੰਨਤਾ ਸੀ। ਇਨ੍ਹਾਂ ਵਿਚੋਂ ਚਾਰ ਪ੍ਰਮੁੱਖ ਅਦਾਰੇ ਮਿਟਸੁਏ, ਮਿਟਸੁਬੀਸ਼ੀ, ਸੁਮੀਟੋਮੋ ਅਤੇ ਯਾਸੂਡਾ ਸਨ। ਇਨ੍ਹਾਂ ਵਿਚੋਂ ਕੁਝ ਕੁ ਆਪਣੀਆਂ ਵਪਾਰਕ ਗਤੀਵਿਧੀਆਂ ਕਾਰਨ ਛੋਟੇ ਪੱਧਰ ਦੇ ਆਰਥਿਕ ਅਦਾਰਿਆਂ ਵਿਚ ਰਚ ਗਏ। ਜੰਗ ਵਿੱਚ ਜਾਪਾਨ ਦੀ ਹਾਰ ਤੋਂ ਬਾਅਦ ਇਹ ਵੱਡੇ-ਵੱਡੇ ਅਦਾਰੇ ਕਿੱਤਿਆਂ ਦੇ ਆਧਾਰ ਉੱਤੇ ਛੋਟੇ-ਛੋਟੇ ਉਦਯੋਗਾਂ ਵਿਚ ਬਦਲ ਗਏ। ਉਹ ਸਾਰੀਆਂ ਕੰਪਨੀਆਂ, ਜਿਹੜੀਆਂ 1930 ਈ ਵਿਚ ਸਰਕਾਰੀ ਸਨ, ਤੋੜ ਦਿੱਤੀਆਂ ਗਈਆਂ। ਇਸ ਤਰ੍ਹਾਂ ਜਾਪਾਨ ਨੇ ਆਧੁਨਿਕ ਤਕਨੀਕ ਨੂੰ ਅਪਣਾਉਂਦੇ ਹੋਏ ਵੀ ਆਪਣੀ ਰਵਾਇਤੀ ਉਦਯੋਗਿਕ ਪੱਧਰ ਨੂੰ ਕਾਇਮ ਰੱਖਿਆ। ਇਥੋਂ ਤੱਕ ਕਿ ਵੱਡੇ-ਵੱਡੇ ਅਦਾਰਿਆਂ ਵਿਚ ਵੀ ਮਜ਼ਦੂਰ ਦੀ ਤਨਖਾਹ ਨੂੰ ਕਈ ਭਾਗਾਂ ਵਿਚ ਵੰਡਿਆ ਗਿਆ ਸੀ, ਜਿਸ ਦਾ ਕਿੱਤੇ ਨਾਲ ਕੋਈ ਸਬੰਧ ਨਹੀਂ ਹੁੰਦਾ ਸੀ, ਜਿਸ ਦੇ ਤਹਿਤ ਨੌਕਰੀ ਦਾ ਸਮਾਂ, ਉਮਰ, ਨਿੱਜੀ ਵਰਤਾਉ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਆਦਿ ਆਉਂਦੇ ਸਨ। ਸਾਲ ਵਿਚ ਦੋ ਵਾਰੀ ਦੋ ਮਹੀਨਿਆਂ ਦੀ ਤਨਖ਼ਾਹ ਦੇ ਬਰਾਬਰ ਦੀ ਰਕਮ ਬੋਨਸ ਵਜੋਂ ਦੇਣਾ ਰਸਮੀ ਹੋ ਗਿਆ ਸੀ। ਇਥੋਂ ਤੱਕ ਕਿ ਟਰੇਡ ਯੂਨੀਅਨ ਲਹਿਰ ਜਿਹੜੀ ਕਿ ਲੜਾਈ ਤੋਂ ਮਗਰੋਂ ਇਕਦਮ ਵਧੀ ਅਤੇ ਮਜ਼ਬੂਤ ਹੋ ਗਈ ਸੀ, ਨੇ ਧੰਦੇ ਦੇਣ ਵਾਲੀਆਂ ਤਾਕਤਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਤਰ੍ਹਾਂ ਮਜ਼ਦੂਰਾਂ ਦੇ ਸਬੰਧ ਵਿਚ ਮਾਤਾ-ਪਿਤਾ ਵਾਲੀ ਰਵਾਇਤ ਮੁੜ ਸੁਰਜੀਤ ਹੋ ਗਈ ਸੀ। ਕੱਪੜਾ ਮਿਲਾਂ ਵਿਚ ਦੂਰੋਂ ਆਉਣ ਵਾਲੀਆਂ ਇਸਤਰੀ-ਮਜ਼ਦੂਰਾਂ ਦੇ ਰਹਿਣ ਦਾ ਪ੍ਰਬੰਧ ਫ਼ੈਕਟਰੀਆਂ ਦੇ ਚੁਗਿਰਦੇ ਅੰਦਰ ਹੀ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦੀ ਸੁਚੱਜੀ ਦੇਖਭਾਲ ਦੀ ਜ਼ਿੰਮੇਵਾਰੀ ਨੌਕਰੀ ਦੇਣ ਵਾਲਿਆਂ ਦੀ ਆਪਣੀ ਹੁੰਦੀ ਸੀ।

ਹ. ਪੁ.–ਚੈਂਬ. ਐਨ. 8 : 25

**ਜਾਪਾਨੀ ਸੰਗੀਤ** : ਇਸ ਦਾ ਵਧੇਰਾ ਭਾਗ ਚੀਨੀ ਸਗੀਤ ਵਿਚੋਂ ਲਿਆ ਗਿਆ ਹੈ ਪਰ ਫਿਰ ਵੀ ਇਸ ਦੀ ਆਪਣੀ ਵੱਖਰੀ ਹੋਂਦ ਹੈ। ਇਤਿਹਾਸਕ ਤੌਰ ਤੇ ਜਾਪਾਨ ਦੀ ਸੰਗੀਤ ਵਿਚ ਉੱਨਤੀ ਨੂੰ ਚਾਰ ਯੁੱਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਯੁੱਗ ਮੁੱਢ-ਕਦੀਮ ਤੋਂ ਲੈ ਕੇ 6ਵੀਂ ਈ. ਤੱਕ ਹੈ। ਇਸ ਕਾਲ ਦੌਰਾਨ ਗਾਇਆ ਜਾਣ ਵਾਲਾ ਸੰਗੀਤ ਹੀ ਪ੍ਰਮੁੱਖ ਸੀ, ਭਾਵੇਂ ਕੁਝ ਸਾਜ਼ ਵੀ ਇਸ ਦੀ ਸੰਗਤ ਕਰਦੇ ਸਨ; ਜਿਵੇਂ ਇਕ ਛੇ-ਤਾਰਾਂ ਵਾਲਾ ਵਾਜਾ (ਡਲਸੀਮਰ), ਛੇ ਸੁਰਾਖਾਂ ਵਾਲੀ ਬੰਸਰੀ ਅਤੇ ਇਕ ਜ਼ਿਬਰ। ਇਸ ਕਿਸਮ ਦਾ ਸੰਗੀਤ ਜਾਪਾਨੀ ਸਾਮਰਾਜ ਦੇ ਮੋਢੀ ਮਿਥਿਹਾਸਕ ਬਾਦਸ਼ਾਹ, ਜੀਮੂ ਦੇ ਲਿਖੇ ਇਕ ਜਿੱਤ ਦੇ ਗੀਤ ਵਿਚ ਅਜੇ ਤੱਕ ਵੀ ਜੀਵਤ ਹੈ।

ਜਾਪਾਨ ਦੇ ਸੰਗੀਤ ਦੇ ਇਤਿਹਾਸ ਦਾ ਦੂਜਾ ਵੱਡਾ ਯੁੱਗ ਛੇਵੀਂ ਸਦੀ ਤੋਂ ਬਾਰ੍ਹਵੀਂ ਸਦੀ ਤੱਕ ਦਾ ਮੰਨਿਆ ਜਾਂਦਾ ਹੈ। ਇਸ ਕਾਲ ਦੌਰਾਨ ਚੀਨ, ਭਾਰਤ, ਕੋਰੀਆ ਅਤੇ ਮੰਚੂਰੀਆ ਦੇ ਸੰਗੀਤ ਦਾ ਪ੍ਰਭਾਵ ਇਸ ਉੱਤੇ ਸਪਸ਼ਟ ਨਜ਼ਰ ਆਉਂਦਾ ਹੈ। ਇਸੇ ਯੁੱਗ ਦੌਰਾਨ ਹੀ ਜਾਪਾਨ ਵਿਚ ਪਹਿਲੀ ਵਾਰ ਕਈ ਤਰ੍ਹਾਂ ਦੇ ਸਾਜ਼ਾਂ ਵਾਲਾ ਆਰਕੈਸਟਰਾ ਹੋਂਦ ਵਿਚ ਆਇਆ। ਗਾਗਾਕੂ ਨਾਂ ਦਾ ਸੰਗੀਤ ਵੀ ਇਸ ਦੌਰਾਨ ਹੀ ਉੱਨਤ ਹੋਇਆ। ਜਾਪਾਨ ਦੇ ਕੁਲੀਨ ਵਰਗ ਨੇ ਇਸ ਨੂੰ ਬਹੁਤ ਪਸੰਦ ਕੀਤਾ। ਇਹ ਦਰਬਾਰੀ ਸੰਗੀਤ ਹੈ। ਇਸ ਸੰਗੀਤ ਵਿਚ ਬੰਸਰੀ ਤਾਰਾ ਵਾਲਾ ਸਾਜ਼ (ਹਿਚਿਰਿਕੀ), ਢੋਲ ਅਤੇ ਟੱਲੀਆਂ ਵਰਤੀਆਂ ਜਾਂਦੀਆਂ ਹਨ।



**ਬੋਧੀ ਸਾਧੂ ਦਰਬਾਰੀ ਆਰਕੈਸਟਰੇ ਦੇ ਸਾਜ਼ 'ਸੋ', 'ਹਿਚਿਰਿਕੀ' ਅਤੇ 'ਓਦੇਕੀ' ਵਜਾਉਂਦੇ ਹੋਏ**

ਜਾਪਾਨ ਦੇ ਸੰਗੀਤ ਦਾ ਤੀਜਾ ਵੱਡਾ ਯੁੱਗ 13ਵੀਂ ਸਦੀ ਤੋਂ 19ਵੀਂ ਸਦੀ ਦੇ ਮੱਧ ਤੱਕ ਦਾ ਹੈ। ਇਸ ਯੁੱਗ ਦੀ ਵਿਸ਼ੇਸ਼ਤਾ ਆਧੁਨਿਕ ਕੌਮੀ ਸੰਗੀਤ ਦਾ ਉੱਨਤ ਹੋਣਾ ਹੈ। ਇਸ ਦੌਰਾਨ ਹੀ ਸੈਨਾ ਅਧਿਕਾਰੀਆਂ ਜਾਂ ਯੋਧਿਆਂ ਨੂੰ ਰਾਜਨੀਤਕ ਪ੍ਰਸਿੱਧੀ ਮਿਲੀ ਅਤੇ ਇਨ੍ਹਾਂ ਸਦਕਾ ਹੀ ਬੀਰਤਾ ਭਰਪੂਰ ਕਾਰਨਾਮਿਆਂ ਉੱਤੇ ਆਧਾਰਿਤ ਸੰਗੀਤ ਹੋਂਦ ਵਿਚ ਆਇਆ। 15ਵੀਂ ਸਦੀ ਦੇ ਸ਼ੁਰੂ ਵਿਚ ਪਿਆਰ-ਕਥਾਵਾਂ, ਕਿੱਸਿਆਂ ਅਤੇ ਯੁੱਧ ਸਬੰਧੀ ਗੀਤਾਂ ਨੂੰ ਸੰਗੀਤਕ ਨਾਟਕ ਦੇ ਰੂਪ ਵਿਚ ਇਕੱਤਰ ਕੀਤਾ ਗਿਆ ਜਿਸ ਨੂੰ 'ਨੌ' ਨਾਟਕ ਕਿਹਾ ਜਾਂਦਾ ਹੈ। ਇਹ ਨਾਚ-ਗਾਣ ਵਾਲਾ ਇਕ ਪਰੰਪਰਾਵਾਦੀ ਨਾਟਕ ਹੈ, ਜੋ ਮੂਲ ਰੂਪ ਵਿਚ ਧਾਰਮਿਕ ਹੁੰਦਾ ਹੈ। ਇਸ ਤਰ੍ਹਾਂ ਦੇ ਨਾਟਕਾਂ ਵਿਚ ਸੰਗੀਤ ਦਾ ਰੂਪ ਵਾਰਤਾਲਾਪੀ ਹੁੰਦਾ ਹੈ ਅਤੇ ਇਸ ਦਾ ਸੰਗੀਤ ਸੁਰ-ਕ੍ਰਮਾਂ ਦੀ ਥਾਂ ਤਾਲ ਤੇ ਜ਼ੋਰ ਦੇਣ ਵਾਲੇ ਸੰਗੀਤ-ਸਾਜ਼ ਕਰਦੇ ਹਨ। ਕਲਾਸੀਕੀ 'ਨੌ' ਨਾਟਕਾਂ ਵਿਚ ਇਕ ਬੰਸਰੀ ਅਤੇ ਤਿੰਨ ਡਰੰਮ ਸੰਗਤ ਕਰਦੇ ਹਨ।

16ਵੀਂ ਸਦੀ ਵਿਚ ਜਦੋਂ ਸੈਨਾ ਅਧਿਕਾਰੀਆਂ ਦੀ 'ਨੌ' ਨਾਟਕਾਂ ਦੇ ਸੰਗੀਤ ਉੱਤੇ ਪੱਕੀ ਤਰ੍ਹਾਂ ਇਜਾਰੇਦਾਰੀ ਕਾਇਮ ਹੋ ਗਈ, ਤਾਂ ਵਪਾਰੀ ਵਰਗ ਨੇ ਬੈਂਜੋ ਵਰਗੇ ਸਾਜ਼ ਦੇ ਸੰਗੀਤ ਨੂੰ ਤੇ ਫਿਰਤੂ ਭਿਕਸ਼ੂਆਂ ਨੇ ਬੰਸਰੀ ਵਰਗੇ 'ਸ਼ਾਕੂਹਾਚੀ' ਸਾਜ਼ ਦੇ ਸੰਗੀਤ ਨੂੰ ਅਪਣਾਇਆ ਪਰ ਨਿਮਨ ਵਰਗ ਨੇ ਜਿਨ੍ਹਾਂ ਵਿਚ ਵਧੇਰੇ ਕਰਕੇ ਅੰਨ੍ਹੇ ਸ਼ਾਮਲ ਸਨ, ਜਾਪਾਨ ਦੇ 'ਕੋਟੋ' ਨਾਂ ਦੇ ਪੁਰਾਣੇ ਸਾਜ਼ਾਂ ਨੂੰ ਮਹੱਤਤਾ ਦਿੱਤੀ। ਜਾਪਾਨ ਦੇ ਸੰਗੀਤ ਦੇ ਇਤਿਹਾਸ ਵਿਚ ਇਸ ਤੀਜੇ ਯੁੱਗ ਦੌਰਾਨ ਹੀ ਵੱਖ ਵੱਖ ਵਰਗਾਂ ਅਨੁਸਾਰ ਸੰਗੀਤਕ ਸ਼ੈਲੀ ਦੀ ਵੰਡ ਦੇਖਣ ਵਿਚ ਆਈ ਹੈ।

ਜਾਪਾਨੀ ਸੰਗੀਤ ਦਾ ਚੌਥਾ ਯੁੱਗ 19ਵੀਂ ਸਦੀ ਦੇ ਮੱਧ ਤੋਂ ਲੈ ਕੇ ਅੱਜ ਤੱਕ ਦਾ ਹੈ। ਇਸ ਯੁੱਗ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਪੱਛਮੀ ਸੰਗੀਤ ਦਾ ਵਧੇਰੇ ਪ੍ਰਭਾਵ ਹੋ ਗਿਆ ਅਤੇ ਦੇਸ਼ੀ ਸੰਗੀਤ ਅੰਤਰ-ਦੇਸ਼ੀ ਪੱਧਰ ਤੇ ਪਹੁੰਚ ਗਿਆ। ਸੰਨ 1869 ਵਿਚ ਜਾਪਾਨ ਦੀ ਸੈਨਾ ਨੇ ਜਰਮਨੀ ਦੀ ਸਰਪ੍ਰਸਤੀ ਹੇਠ ਆਪਣਾ ਪਹਿਲਾ ਮਿਲਟਰੀ ਬੈਂਡ ਸੰਗਠਿਤ ਕੀਤਾ। ਸੰਨ 1880 ਵਿਚ ਇਹ ਸੁਝਾਅ ਰੱਖਿਆ ਗਿਆ ਕਿ ਗਾਏ ਜਾਣ ਵਾਲੇ ਪੱਛਮੀ ਸੰਗੀਤ ਨੂੰ ਸਕੂਲਾਂ ਦੀ ਵਿੱਦਿਅਕ ਪ੍ਰਣਾਲੀ ਵਿਚ ਸ਼ਾਮਲ ਕਰ ਲਿਆ ਜਾਵੇ। ਸੰਨ 1887 ਤੋਂ ਪੱਛਮੀ ਸੰਗੀਤ ਦੀ ਸਾਰੇ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਦਿੱਤੀ ਜਾਂਦੀ ਹੈ।

ਅੱਜ ਦਾ ਜਾਪਾਨੀ ਸੰਗੀਤ ਦਰਸਾਉਂਦਾ ਹੈ ਕਿ ਇਹ ਪੂਰਬੀ ਅਤੇ ਪੱਛਮੀ ਦੋ ਵੱਖ ਵੱਖ ਦਿਸ਼ਾਵਾਂ ਵਿਚ ਵਿਕਸਿਤ ਹੋਇਆ। ਜਾਪਾਨ ਦੀਆਂ ਪੁਰਾਣੀਆਂ ਪਰੰਪਰਾਵਾਂ ਪੂਰਬੀ ਦੇਸ਼ਾਂ ਵਾਲੀਆਂ ਹਨ ਅਤੇ ਉਨ੍ਹਾਂ ਉੱਤੇ ਚੀਨ, ਭਾਰਤ ਅਤੇ ਕੋਰੀਆ ਦਾ ਪ੍ਰਭਾਵ ਸਪਸ਼ਟ ਹੈ। ਉਂਜ ਅਜੇ ਵੀ ਪੁਰਾਣੇ ਰੂੜ੍ਹੀਗਤ ਸਾਜ਼ ਬਹੁਤ ਹਰਮਨ ਪਿਆਰੇ ਹਨ। ਪੱਛਮੀ ਪ੍ਰਭਾਵ

ਪੂਰਬੀ ਪ੍ਰਭਾਵਾਂ ਦੇ ਪ੍ਰਤਿਕੂਲ ਹਨ। ਪੱਛਮੀ ਸੰਗੀਤ ਵਿਚ ਯੂਰਪੀ ਸਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਜਾਪਾਨੀ ਸਾਜ਼ ਸੰਗੀਤ, ਸਿੰਫ਼ਨੀ, ਆਰਕੈਸਟਰੇ ਅਤੇ ਮਿਲਟਰੀ ਬੈਂਡ ਆਦਿ ਹੋਂਦ ਵਿਚ ਆਏ ਹਨ।

ਹ. ਪੁ.–ਕੋਲ. ਐਨ. 10:639; ਐਨ. ਬ੍ਰਿ. 12 : 957

**ਜਾਪਾਨੀ ਸਾਹਿਤ** : ਏਸ਼ੀਆਈ ਭਾਸ਼ਾਵਾਂ ਦੇ ਸਾਹਿਤ ਵਿਚ ਜਾਪਾਨੀ ਸਾਹਿਤ ਗਿਣਨਾਤਮਕ ਤੇ ਗੁਣਨਾਤਮਕ ਪੱਖੋਂ ਬਹੁਤ ਵਿਸ਼ਾਲ ਹੈ। ਆਕਾਰ ਪੱਖੋਂ ਇਹ ਚੀਨੀ ਸਾਹਿਤ ਨਾਲੋਂ ਤਾਂ ਘੱਟ ਹੈ ਪਰ ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਸਾਹਿਤ ਦੇ ਮੁਕਾਬਲੇ ਦਾ ਹੈ। ਪੰਜਵੀਂ ਸਦੀ ਤੋਂ ਆਰੰਭ ਹੋ ਕੇ ਇਹ ਹੁਣ ਤੱਕ ਨਿਰੰਤਰ ਲਿਖਿਆ ਜਾ ਰਿਹਾ ਹੈ। ਯੂਰਪੀ ਸਾਹਿਤ ਵਾਂਗ ਇਸ ਵਿਚ ਵੀ ਨਾਵਲ, ਨਾਟਕ ਤੇ ਪਿਆਰ-ਕਾਵਿ ਜ਼ਿਆਦਾ ਮਹੱਤਵਪੂਰਨ ਹਨ। ਜਾਪਾਨੀ ਸਾਹਿਤ ਵਿਚ ਦੁਨੀਆ ਦੇ ਸਭ ਤੋਂ ਲੰਮੇ ਨਾਵਲ ਤੇ ਨਾਟਕ ਉਪਲੱਬਧ ਹਨ, ਪਰ ਇਸ ਦੀ ਪ੍ਰਤਿਭਾ ਨਿੱਕੀਆਂ ਰਚਨਾਵਾਂ ਵਿਚ ਜ਼ਿਆਦਾ ਉਘੜੀ ਹੈ। ਲੰਮੀਆਂ ਰਚਨਾਵਾਂ ਵਿਚ ਪ੍ਰਭਾਵ ਦੀ ਏਕਤਾ ਨਹੀਂ ਰਹਿ ਸਕੀ। ਜਾਪਾਨੀ ਸਾਹਿਤ ਵਿਚ ਹੋਰ ਪ੍ਰਕਾਰ ਦੇ ਸਾਹਿਤ ਰੂਪ ਵੀ ਵਿਕਸਿਤ ਹੋਏ ਜਿਵੇਂ ਡਾਇਰੀ, ਸਫ਼ਰਨਾਮਾ, ਇਕਲੋਤਰੇ ਖ਼ਿਆਲ ਆਦਿ। ਇਨ੍ਹਾਂ ਰਚਨਾਵਾਂ ਵਿਚ ਸੁਹਜ ਹਰ ਥਾਂ ਵਿਦਮਾਨ ਹੈ।

**ਮੁਢਲਾ ਕਾਲ (794 ਈ. ਤੱਕ)**

ਮੁਢਲੇ ਜਾਪਾਨੀ ਸਭਿਆਚਾਰ ਦੀ ਪ੍ਰੇਰਨਾ ਦਾ ਸੋਮਾ ਚੀਨ ਸੀ। ਪਹਿਲੀਆਂ ਚਾਰ ਸਦੀਆਂ ਵਿਚ ਚੀਨੀ ਸਭਿੱਅਤਾ ਕੋਰੀਆ ਰਾਹੀਂ ਉਥੇ ਪੁੱਜੀ। ਜਾਪਾਨੀਆਂ ਨੇ ਚੀਨੀ ਲਿਖਣ-ਕਲਾ ਸਿੱਖੀ ਤੇ ਅਗਲੀਆਂ ਚਾਰ ਸਦੀਆਂ ਵਿਚ ਬਹੁਤ ਸਾਰਾ ਸਾਹਿਤ ਰਚਿਆ।

ਮੁਢਲੀਆਂ ਜਾਪਾਨੀ ਰਚਨਾਵਾਂ ਜਾਪਾਨੀ ਭਾਸ਼ਾ ਦੀ ਥਾਂ ਚੀਨੀ ਵਿਚ ਸਨ। ਲਗਭਗ ਮੁਢਲੀਆਂ ਸਾਰੀਆਂ ਰਚਨਾਵਾਂ ਨਸ਼ਟ ਹੋ ਚੁੱਕੀਆਂ ਹਨ ਤੇ ਜੋ ਸੰਪੂਰਨ ਕਿਰਤਾਂ ਬਚੀਆਂ ਹਨ, ਉਹ 'ਕੋਜ਼ਿਕੀ' (712) ਤੇ 'ਨਿਹੋਂਗੀ' (723) ਹਨ। ਇਹ ਦੋਵੇਂ 'ਸਰਕਾਰੀ ਹੁਕਮਾਂ ਨਾਲ ਲਿਖਵਾਏ ਗਏ ਇਤਿਹਾਸ' ਹਨ ਜਿਨ੍ਹਾਂ ਵਿਚ ਕਿੰਨੀਆਂ ਹੀ ਮਿਥਿਹਾਸਕ ਕਹਾਣੀਆਂ ਹਨ। ਇਨ੍ਹਾਂ ਰਚਨਾਵਾਂ ਵਿਚ 200 ਤੋਂ ਵੱਧ ਲੋਕ-ਗੀਤ ਟੂਕਾਂ ਵਜੋਂ ਦਿੱਤੇ ਗਏ ਹਨ ਜੋ ਪੰਜਵੀਂ ਸਦੀ ਦੀਆਂ ਰਚਨਾਵਾਂ ਵੀ ਹਨ।

ਜਾਪਾਨੀ ਭਾਸ਼ਾ ਦੀਆਂ ਪਹਿਲੀਆਂ ਗੱਦ ਰਚਨਾਵਾਂ 7ਵੀਂ ਸਦੀ ਦੀਆਂ 'ਨੋਰਿਟੋ' ਨਾਂ ਅਧੀਨ ਸ਼ਿੰਟੋ ਮਤ ਦੀਆਂ ਅਰਦਾਸਾਂ ਹਨ ਜੋ ਐਂਜਿਸ਼ਿਕੀ (927 ਈ.) ਵਿਚ ਸਾਂਭੀਆਂ ਹੋਈਆਂ ਹਨ ਅਤੇ ਅੱਠਵੀਂ ਸਦੀ ਦੇ ਸ਼ਾਹੀ ਫ਼ੁਰਮਾਨ 'ਸੈਂਮਯੋ' ਹਨ ਜੋ 'ਸ਼ੋਕੂ ਨਿਹੋਂਗੀ' (795) ਵਿੱਚ ਸਾਂਭੇ ਹੋਏ ਹਨ ਪਰ ਇਹ ਗੱਦ ਅਵਿਕਸਿਤ ਹੈ। ਇਸ ਦੇ ਟਾਕਰੇ ਤੇ ਕਵਿਤਾ, ਜੋ ਮਾਨੁਯੋਸ਼ੂ ਕਾਵਿ ਸੰਗ੍ਰਹਿ ਵਿਚ ਸੰਕਲਿਤ ਹੈ, ਵਿਕਸਿਤ ਹੈ। ਇਸ ਵਿਚ 4500 ਕਵਿਤਾਵਾਂ ਹਨ ਜੋ 450 ਤੋਂ ਵੱਧ ਕਵੀਆਂ ਦੀਆਂ ਰਚਨਾਵਾਂ ਹਨ। ਇਹ ਉੱਤਮ ਕਾਵਿ ਦਾ ਨਮੂਨਾ ਹਨ। ਇਨ੍ਹਾਂ ਵਿਚ ਜੋ ਕਾਵਿ ਰੂਪ ਵਰਤਿਆ ਗਿਆ ਹੈ ਉਸ ਨੂੰ 'ਵਾਕਾ' (Waka) ਆਖਦੇ ਹਨ ਜੋ ਲੋਕ ਕਾਵਿ ਤੋਂ ਲਿਆ ਗਿਆ ਹੈ। 'ਵਾਕਾ' ਦੋ ਪ੍ਰਕਾਰ ਦਾ ਹੈ ਇਕ ਟਾਂਕਾ, ਅਤੇ ਦੂਜਾ 'ਚੋਕਾ' ਜੋ ਲੰਮੀਆਂ ਕਵਿਤਾਵਾਂ ਹਨ। 'ਵਾਕਾ' 1,000 ਸਾਲ ਮਿਆਰੀ ਕਾਵਿ-ਰੂਪ ਰਿਹਾ ਜੋ ਸਪਸ਼ਟ ਰੂਪ ਵਿਚ ਨਿਰੋਲ ਜਾਪਾਨੀ ਹੈ। ਮਾਨਯੋਸ਼ੂ ਕਾਵਿ-ਸੰਗ੍ਰਹਿ ਦੇ ਸੁਪ੍ਰਸਿੱਧ ਕਵੀਆਂ ਵਿਚ ਕਾਕੀਨੋਮੋਤੋ ਨੋ ਹਿਤੋਮਾਰੋ (ਲ. 655-710), ਯਾਮਾਬੇ ਨੋ ਅਕਾਹਿਤੋ (ਮੌਤ ਲ. 736), ਉੱਤੋਮੋ ਨੋ ਯਾਕਾਮੋਚੀ (ਲ. 718-785), ਓਤੋਮੋ ਨੋ ਤਾਬਿਤੋ (665-731) ਅਤੇ ਯਾਮਾਨੋਏ ਨੋ ਓਕੂਰਾ (659- ਲ. 733) ਦੇ ਨਾਂ ਲਏ ਜਾ ਸਕਦੇ ਹਨ। ਇਹ ਕਾਵਿ-ਸੰਗ੍ਰਹਿ ਨਾਰਾ ਕਾਲ (710-784) ਵਿਚ ਸਭਿਆਚਾਰਕ ਪ੍ਰਗਤੀ ਦਾ ਪ੍ਰਤੀਕ ਹੈ। ਇਨ੍ਹਾਂ ਕਵਿਤਾਵਾਂ ਵਿਚ ਹਰ ਪ੍ਰਕਾਰ ਦੇ ਦੁੱਖ-ਸੁਖ ਦੇ ਜਜ਼ਬਿਆਂ ਨੂੰ ਸਮੋਇਆ ਗਿਆ ਸੀ। ਇਨ੍ਹਾਂ ਵਿਚ ਵਿਸ਼ੇ ਦੀ ਵਿਵਿਧਤਾ ਹੈ ਅਤੇ ਆਪਣੇ ਸਮਕਾਲੀ ਜੀਵਨ ਨੂੰ ਪੇਸ਼ ਕਰਨ ਵਿਚ ਇਹ ਕਵਿਤਾਵਾਂ ਸਫ਼ਲ ਹਨ।

ਲਗਭਗ 750 ਈ. ਵਿਚ ਸ਼ਾਹੀ ਰਾਜ ਦਰਬਾਰ ਨੇ ਜੋ ਸਾਹਿਤਕ ਸਰਗਰਮੀਆਂ ਦਾ ਕੇਂਦਰ ਸੀ, ਜਾਪਾਨੀ ਦੀ ਥਾਂ ਚੀਨੀ ਵਿਚ ਲਿਖਣ ਨੂੰ ਉੱਤਸਾਹਿਤ ਕੀਤਾ। ਉਸ ਸਮੇਂ ਦੇ ਜਾਪਾਨੀ ਕਵੀਆਂ ਦੀਆਂ ਚੀਨੀ ਕਵਿਤਾਵਾਂ ਦਾ ਸੰਗ੍ਰਹਿ 'ਕਾਇਫੂਸੋ' (751) ਉਪਲੱਬਧ ਹੈ।

**ਕਲਾਸਕੀ ਕਾਲ (794-1192)**

ਇਹ ਹਾਈਐਨ ਜਾਂ ਫ਼ੂਜੀਵਾੜਾ ਕਾਲ (794-1192) ਸੀ ਜਦੋਂ ਜਾਪਾਨ ਦੀ ਰਾਜਧਾਨੀ, ਕਾਈਓਟੋ ਹੁੰਦੀ ਸੀ। ਇਹ ਸਭਿਆਚਾਰ ਤੇ ਖ਼ਾਸ ਕਰਕੇ ਸਾਹਿਤ ਦਾ ਵਧੀਆ ਕਾਲ ਸੀ। ਇਸ ਕਾਲ ਦੌਰਾਨ ਚੀਨੀ ਵਿਚ ਵੀ ਰਚਨਾ ਹੁੰਦੀ ਰਹੀ ਪਰ ਤਕਰੀਬਨ 850 ਈ. ਦੇ ਨੇੜੇ ਕਾਨਾ ਧੁਨੀ ਅੱਖਰ ਮਾਲਾ ਦੀ ਈਜਾਦ ਮਗਰੋਂ ਜਾਪਾਨੀ ਕਾਫ਼ੀ ਵਿਕਸਿਤ ਹੋਈ।

ਜਾਪਾਨੀ ਸਾਹਿਤ ਵਿਚ ਵਿਕਾਸ ਦਾ ਆਰੰਭ ਵਾਕਾ ਕਾਵਿ-ਰੂਪ ਦੇ ਪੁਨਰਜਾਗਰਣ ਨਾਲ ਹੋਇਆ। ਬਾਦਸ਼ਾਹ ਦੇ ਹੁਕਮ ਤੇ ਉਸ ਸਮੇਂ ਦੇ ਪ੍ਰਸਿੱਧ ਕਵੀਆਂ ਕੀ ਨੋ ਤਸੂਰਾਯੁਕੀ (ਮੌ. 946), ਓਸ਼ੀਕੋਚੀ ਨੋ ਮਿਤਸੂਨੇ (ਲ. 859-921) ਮਿਬੂ ਨੋ ਤਾਡਾਮਿਨੇ (ਲ. 867-965) ਅਤੇ ਕੀ ਨੋ ਤੋਮੋਨੋਰੀ (ਮੌਤ 906) ਨੇ 'ਕੋਕਿਨਸ਼ੂ' ਕਾਵਿ-ਸੰਗ੍ਰਹਿ ਦਾ ਸੰਕਲਨ ਕੀਤਾ। ਉਸ ਸਮੇਂ ਕਵਿਤਾ ਲਿਖਣਾ ਅਮੀਰਾਂ ਦਾ ਲਾਜ਼ਮੀ ਸ਼ੁਗਲ ਸੀ ਜਿਸ ਨਾਲ ਰਾਜ ਦਰਬਾਰ ਵਿਚ ਤਰੱਕੀ ਮਿਲ ਜਾਂਦੀ ਸੀ। ਪ੍ਰੇਮੀਆਂ ਲਈ ਵੀ ਇਹ ਜ਼ਰੂਰੀ ਸੀ, ਕਿ ਆਪਣੀਆਂ ਪ੍ਰੇਮਕਾਵਾਂ ਨੂੰ ਵਧੀਆ ਛੰਦ-ਬੱਧ ਕਵਿਤਾਵਾਂ ਵਿਚ ਪ੍ਰੇਮ-ਪੱਤਰ ਲਿਖਣ। ਇਸ ਕਾਲ ਦੇ ਦੌਰਾਨ 'ਟਾਂਕਾ' ਨੇ 'ਚੋਕਾ' ਨੂੰ ਲਗਭਗ ਖ਼ਤਮ ਕਰ ਦਿੱਤਾ ਕਿਉਂਕਿ ਇਹ ਛੋਟੀ ਕਵਿਤਾ ਹੀ ਸੀ ਜੋ ਪ੍ਰੇਮੀਆਂ ਲਈ ਵਧੇਰੇ ਯੋਗ ਸੀ ਤੇ ਜਿਸ ਨਾਲ ਉਹ ਆਪਣਾ ਮਨੋਰੰਜਨ ਕਰਦੇ ਸਨ। ਇਸ ਨਾਲ ਕਾਵਿ ਸ਼ੈਲੀ ਵਿਚ ਵੀ ਫ਼ਰਕ ਆਇਆ ਤੇ ਵਿਸ਼ੇ ਦੀ ਥਾਂ ਜ਼ਿਆਦਾ ਬਲ ਕਲਾ ਪੱਖ ਤੇ ਦਿੱਤਾ ਜਾਣ ਲੱਗਾ। ਸੌਂਦਰਯ ਤੱਤ ਨੂੰ ਪ੍ਰਮਾਣਤਾ ਮਿਲੀ। ਕਈ ਪ੍ਰਾਕ੍ਰਿਤਕ ਨਜ਼ਾਰਿਆਂ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ ਪਰ ਸਾਈਗਯੋ (1118-90) ਵਰਗੇ ਉਸਤਾਦ ਕਵੀਆਂ ਦੇ ਹੱਥਾਂ ਵਿਚ ਸੁੰਦਰ ਬਿੰਬਾਵਲੀ ਦੇ ਜ਼ੋਰ ਨਾਲ ਅਜਿਹੇ ਘਸੇ-ਪਿਟੇ ਵਿਸ਼ੇ ਵੀ ਦਿਲ ਦੀਆਂ ਡੂੰਘਾਈਆਂ ਨੂੰ ਟੁੰਬਦੇ ਹਨ।

**ਵਾਰਤਕ**–ਨੌਂਵੀਂ ਸਦੀ ਵਿਚ ਕਵਿਤਾ ਦੇ ਨਾਲ-ਨਾਲ ਵਾਰਤਕ ਨੇ ਵੀ ਕਾਫ਼ੀ ਤਰੱਕੀ ਕੀਤੀ। ਮੁਢਲੀ ਪ੍ਰਾਪਤ ਵਾਰਤਕ ਕਥਾ 'ਤਾਕੇਤੋਰੀ ਮੋਨੋਗਾਤਾਰੀ' ਹੈ, ਜੋ ਇਕ ਸਹੀ ਕਥਾ ਹੈ ਤੇ ਜਿਸ ਵਿਚ ਇਕ ਸ਼ਹਿਜ਼ਾਦੀ ਚੰਦਰਮਾ ਤੋਂ ਧਰਤੀ ਉੱਤੇ ਇਕ ਬਾਂਸ ਕੱਟਣ ਵਾਲੇ ਦੇ ਘਰ ਰਹਿਣ ਲਈ ਆਉਂਦੀ ਹੈ। ਬਹੁਤ ਸਾਰੀਆਂ ਮੁਢਲੀਆਂ ਰਚਨਾਵਾਂ ਵਿਚ ਪਰਾਸਰੀਰਕ ਅੰਸ਼ ਪ੍ਰਧਾਨ ਹੈ ਪਰ ਛੰਦ-ਬੱਧ ਰਚਨਾ 'ਇਸੇ ਮੋਨੋਗਾਤਾਰੀ' ਵਿਚ ਯਥਾਰਥਕ ਕਹਾਣੀਆਂ ਹਨ। ਇਹ ਕਹਾਣੀਆਂ ਟਾਂਕਾ ਤੋਂ ਵਿਕਸਿਤ ਹੋਈਆਂ ਹਨ ਜਿਥੇ ਛੰਦ ਤੇ ਵਾਰਤਕ ਦੋਹਾਂ ਵਿਚ ਕਹਾਣੀ ਨੂੰ ਦਿਲਚਸਪ ਢੰਗ ਨਾਲ ਬਿਆਨਿਆ ਜਾਂਦਾ ਸੀ। ਇਸ ਤੋਂ ਛੰਦ-ਬੱਧ ਕਹਾਣੀ ਦਾ ਵਿਕਾਸ ਹੋਇਆ। ਇਸ ਸਮੇਂ ਦੇ ਦੌਰਾਨ ਡਾਇਰੀ ਤੇ ਸਫ਼ਰਨਾਮਾ ਸਾਹਿਤ ਰੂਪ ਵਿਕਸਿਤ ਹੋਣਾ ਆਰੰਭ ਹੋਇਆ। ਇਸ ਕਾਲ ਵਿਚ ਕੀ ਨੋ ਤਸੂਰਾਯੂਕੀ ਨੇ 'ਤੋਸਾ ਨਿੱਕੀ' (935) ਵਿਚ ਇਸਤਰੀ ਪਾਤਰ ਬਣ ਕੇ ਕਾਵਿਕ ਗੱਦ ਲਿਖੀ। ਜਾਪਾਨੀ ਇਸਤਰੀਆਂ ਨੇ ਮਹਾਨ ਰਚਨਾਵਾਂ ਆਪਣੇ ਸਾਹਿਤ ਨੂੰ ਦਿੱਤੀਆਂ। ਇਨ੍ਹਾਂ ਵਿਚੋਂ 'ਕਾਗੇਰੋ ਨਿੱਕੀ' (974-77), ਮਾਕੂਰਾ ਨੋ ਸੋਸ਼ੀ ਆਦਿ ਪ੍ਰਸਿੱਧ ਹਨ। ਪਰ ਇਸ ਕਾਲ ਦੀ ਸਭ ਤੋਂ ਵੱਧ ਮਹੱਤਵਪੂਰਨ ਤੇ ਉੱਤਕ੍ਰਿਸ਼ਟ ਰਚਨਾ ਮੁਕਾਸਾਕੀ ਸ਼ਿਕਿਬੂ ਦੀ 'ਗੇਂਜੀ ਮੋਨੋਗਾਤਾਰੀ' (ਲਗਭਗ 1010) ਹੈ ਜਿਸ ਦਾ ਅਨੁਵਾਦ 'ਗੇਜੀ ਦੀ ਕਹਾਣੀ' ਸਿਰਲੇਖ ਅਧੀਨ ਕਈ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹੈ।

ਇਸ ਨਾਵਲ ਦਾ ਆਉਣ ਵਾਲੇ ਗੱਲਪ ਸਾਹਿਤ ਉੱਤੇ ਬਹੁਤ ਡੂੰਘਾ ਪ੍ਰਭਾਵ ਪਿਆ ਅਤੇ ਇਸ ਨੂੰ ਸਾਰੇ ਸੰਸਾਰ ਵਿਚ ਹੀ ਪਹਿਲਾ ਉੱਤਮ ਨਾਵਲ ਸਮਝਿਆ ਜਾਂਦਾ ਹੈ।

**ਮੱਧ ਕਾਲ (1192-1603)**

ਮੱਧ ਕਾਲ ਦੇ ਦੌਰਾਨ ਸਭਿਆਚਾਰਕ ਕੇਂਦਰ ਕਾਈਓਟੋ ਦਾ ਰਾਜ ਦਰਬਾਰ ਰਿਹਾ ਪਰ ਫ਼ੌਜੀ ਤਾਕਤ ਬਦਲਦੀ ਰਹੀ ਤੇ ਦੇਸ਼ ਕਈ ਵੱਖ-ਵੱਖ ਆਜ਼ਾਦ ਰਾਜਾਂ ਵਿਚ ਵੰਡਿਆ ਗਿਆ। ਇਸ ਸਮੇਂ ਦੇ ਦੌਰਾਨ 15 ਹੋਰ ਕਾਵਿ-ਸੰਗ੍ਰਹਿ ਤਿਆਰ ਕਰਵਾਏ ਗਏ। ਇਸ ਵਿਚ ਕਵੀਆਂ ਨੇ ਰਸਮੀ ਜਿਹੀਆਂ ਕਵਿਤਾਵਾਂ ਲਿਖੀਆਂ ਤੇ ਇਨ੍ਹਾਂ ਵਿਚ ਸਭ ਤੋਂ ਉੱਤਮ ਕਵਿਤਾਵਾਂ ਸ਼ਿੰਕੋਕਿਨਸ਼ੂ (1205) ਕਾਵਿ-ਸੰਗ੍ਰਹਿ ਵਿਚ ਹਨ। ਇਸ ਵਿਚ ਮੌਤ ਅਤੇ ਵਿਛੋੜੇ ਦਾ ਵਿਸ਼ਾ ਪ੍ਰਧਾਨ ਹੈ। ਇਨ੍ਹਾਂ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਕਾਫ਼ੀ ਸਾਰੇ ਪ੍ਰਤੀਕ ਵਰਤੇ ਹਨ, ਜਿਸ ਕਾਰਨ ਕਈ ਵਾਰ ਕਾਵਿ ਦਾ ਕਲਾ ਪੱਖ ਵਧੇਰੇ ਬਲਵਾਨ ਹੋ ਜਾਂਦਾ ਹੈ।

ਪੰਦਰ੍ਹਵੀ ਸਦੀ ਵਿਚ 'ਰੇਂਗਾ' ਕਾਵਿ ਰੂਪ ਨੂੰ ਕਵੀਆਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ ਮਾਧਿਅਮ ਬਣਾ ਲਿਆ। ਇਸ ਕੜੀਨੁਮਾ ਕਵਿਤਾ ਵਿਚ ਆਮ ਤੌਰ ਤੇ ਤਿੰਨ ਜਾਂ ਵੱਧ ਕਵੀ ਹਿੱਸਾ ਲੈਂਦੇ ਸਨ। ਇਨ੍ਹਾਂ ਕਾਵਿ ਟੋਟਿਆਂ ਨੂੰ ਇਸ ਤਰ੍ਹਾਂ ਜੋੜਿਆ ਜਾਂਦਾ ਸੀ ਕਿ ਉਨ੍ਹਾਂ ਦੀ ਅਗਲੇ ਕਾਵਿ ਟੋਟੇ ਨਾਲ ਸਾਂਝ ਦ੍ਰਿਸ਼ਟੀਗੋਚਰ ਹੋਵੇ। ਇਸ ਮਗਰੋਂ ਇਸ ਕਵਿਤਾ ਦੀਆਂ ਪਹਿਲੀਆ ਤਿੰਨ ਲਾਈਨਾਂ ਸੁਤੰਤਰ ਕਵਿਤਾ ਦਾ ਰੂਪ ਧਾਰਨ ਕਰਨ ਲਗੀਆਂ, ਜਿਨ੍ਹਾਂ ਨੂੰ 'ਹੋਕੂ' ਜਾਂ 'ਹਾਇਕੂ' ਆਖਿਆ ਜਾਂਦਾ ਸੀ।

ਇਸ ਕਾਲ ਦੇ ਦੌਰਾਨ ਚੀਨੀ ਭਾਸ਼ਾ ਵਿਚ ਲਿਖੀ ਜਾਂਦੀ ਕਵਿਤਾ ਦੀ ਉਹੀ ਮਹੱਤਤਾ ਸੀ ਜੋ ਯੂਰਪ ਵਿਚ ਲਿਖੀ ਜਾਂਦੀ ਲਾਤੀਨੀ ਕਵਿਤਾ ਦੀ ਸੀ। 'ਨੌ' ਨਾਂ ਦੇ ਨਾਟਕਾਂ ਵਿਚ ਕਵਿਤਾ ਦਾ ਰੰਗ ਬਹੁਤ ਵਧੀਆ ਹੈ। ਇਸ ਸਬੰਧ ਵਿਚ ਕਾੱਨਮੀ ਕਿਯੋਤਸੁਗੁ (1333-84) ਅਤੇ ਉਸ ਦੇ ਪੁੱਤਰ ਸਿਆਮੀ ਮੋਤੇਕਿਯੋ (1363-1443) ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ। ਇਨ੍ਹਾਂ ਦੋਹਾਂ ਨੇ ਆਪਣੀ ਕਲਾ ਦੁਆਰਾ ਪ੍ਰਾਚੀਨ ਕਥਾਵਾਂ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ। ਇਨ੍ਹਾਂ ਦੇ ਨਾਟਕਾਂ ਵਿਚ ਬੋਧੀ ਭਾਵਨਾਵਾਂ ਦਾ ਰੰਗ ਪ੍ਰਤੱਖ ਹੈ ਅਤੇ ਇਹ ਦੁਖਾਂਤਕ ਹਨ। ਇਨ੍ਹਾਂ 'ਨੌ' ਨਾਟਕਾਂ ਵਿਚ ਦੁਖਾਂਤਕ ਪ੍ਰਭਾਵ ਨੂੰ ਘੱਟ ਕਰਨ ਲਈ ਵਿਚ ਵਿਚ ਹਾਸਰਸੀ ਇਕਾਂਗੀ ਪੇਸ਼ ਕੀਤੇ ਜਾਂਦੇ ਸਨ ਜਿਨ੍ਹਾਂ ਨੂੰ 'ਕਯੋਜੈਨ' ਆਖਿਆ ਜਾਂਦਾ ਸੀ।

ਵਾਰਤਕ ਜੋ ਪਹਿਲਾਂ ਸ਼ੁਧ ਜਾਪਾਨੀ ਵਿਚ ਲਿਖੀ ਜਾਂਦੀ ਸੀ, ਹੁਣ ਚੀਨੀ ਸ਼ਬਦਾਵਲੀ ਆਪਣੇ ਵਿਚ ਸਮੋਣ ਲਗੀ। ਇਸ ਦੌਰਾਨ ਫ਼ੌਜੀ ਕਥਾਵਾਂ ਲਿਖੀਆਂ ਗਈਆਂ। ਇਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਸਿੱਧ 'ਹਾਇਕੇ ਮੋਨੋਗਾਤਾਰੀ' ਹੈ, ਜੋ 13ਵੀਂ ਸਦੀ ਵਿਚ ਲਿਖੀ ਗਈ। ਇਸ ਤੋਂ ਇਲਾਵਾ, ਯੋਸ਼ਿਦਾ ਕੈਂਕੋ ਦੁਆਰਾ ਕੁਝ ਵਿਕੋਲਿਤਰੇ ਨਿਬੰਧਾਂ ਦਾ ਸੰਗ੍ਰਹਿ 'ਤਸੁਰੇਜ਼ਰੈਗੂਸਾ' (1330-35) ਵੀ ਪ੍ਰਕਾਸ਼ਿਤ ਕੀਤਾ ਗਿਆ। ਇਨ੍ਹਾਂ ਅਤੇ ਅਜਿਹੇ ਹੋਰ ਲੇਖਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਸੁਰ ਪ੍ਰਧਾਨ ਹੈ ਪਰ ਫਿਰ ਵੀ ਸੰਸਾਰ ਦੀਆਂ ਸੁੰਦਰ ਵਸਤੂਆਂ ਦੀ ਉਪਮਾ ਕੀਤੀ ਗਈ ਹੈ।

**ਪ੍ਰਚੱਲਤ ਸਾਹਿਤ ਦੀ ਉੱਨਤੀ (1603-1868)**

ਜਾਪਾਨ ਦੇ ਪੁਨਰ ਏਕੀਕਰਣ ਮਗਰੋਂ, ਤੋਕੂਗਾਵਾ ਕਾਲ ਅੰਦਰੂਨੀ ਸ਼ਾਂਤੀ ਤੇ ਖੁਸ਼ਹਾਲੀ ਦਾ ਸਮਾਂ ਸੀ। ਐਡੋ (ਮੌਜੂਦਾ ਟੋਕੀਓ) ਸਭਿਆਚਾਰਕ ਕੇਂਦਰ ਬਣ ਗਿਆ। ਸੰਨ 1638 ਤੋਂ 1853 ਤੱਕ ਜਾਪਾਨ ਬਿਲਕੁਲ ਬੰਦ ਰਿਹਾ ਜਦੋਂ ਸਰਕਾਰੀ ਹੁਕਮ ਨਾਲ ਜਾਪਾਨ ਨੂੰ ਬਾਹਰਲੇ ਜਗਤ ਨਾਲ ਸਾਧਾਰਣ ਸਬੰਧ ਰੱਖਣ ਤੇ ਮੁਕੰਮਲ ਤੌਰ ਤੇ ਰੋਕ ਦਿੱਤਾ ਗਿਆ। ਇਸ ਕਾਲ ਦੌਰਾਨ ਸਾਹਿਤ ਨੇ ਬੜਾ ਤੇਜ਼ੀ ਨਾਲ ਵਿਕਾਸ ਕੀਤਾ ਤੇ ਬਹੁ ਪ੍ਰਕਾਰ ਦੀ ਸਾਹਿਤਕ ਰਚਨਾ ਹੋਈ। ਇਸ ਦੇ ਵਿਸ਼ੇ ਬਦਲ ਗਏ ਕਿਉਂਕਿ ਲੇਖਕ ਨਾ ਤਾਂ ਬੋਧੀ ਪੁਜਾਰੀ ਸਨ ਅਤੇ ਨਾ ਹੀ ਦਰਬਾਰੀ ਲੋਕ। ਸਗੋਂ ਹੁਣ ਲਿਖਣ ਵਾਲੇ ਤਾਂ ਫ਼ੌਜੀ (ਜੋ ਹੁਣ ਘਰੇਲੂ ਲੜਾਈਆਂ ਤੋਂ ਆਜ਼ਾਦ ਸਨ) ਅਤੇ ਨਵੀਂ ਅਮੀਰ ਵਪਾਰੀ ਸ਼੍ਰੇਣੀ ਦੇ ਲੋਕ ਸਨ। ਸਸਤੀ ਛਪਾਈ ਅਤੇ ਵਿਸਤ੍ਰਿਤ ਵਿਦਿਆ ਕਾਰਨ ਲੋਕਾਂ ਲਈ ਵੱਖ-ਵੱਖ ਪ੍ਰਕਾਰ ਦਾ ਸਾਹਿਤ ਲਿਖਿਆ ਗਿਆ।

ਟਾਂਕਾ ਸਾਹਿਤ ਰੂਪ ਵਿਚ, ਜੋ ਕਈ ਸਦੀਆਂ ਤੋਂ ਲਗਭਗ ਖ਼ਤਮ ਹੀ ਸੀ, ਬਹੁਤ ਪਰਿਵਰਤਨ ਆਇਆ, ਜਿਸ ਦਾ ਕਾਰਨ ਸੀ ਕਿ ਮਾਨਯੋਸ਼ੂ ਕਾਵਿ-ਸੰਗ੍ਰਹਿ ਦਾ ਮੁੜ ਬੋਲ ਬਾਲਾ ਹੋ ਗਿਆ ਅਤੇ ਬਾਅਦ ਵਿਚ 19ਵੀਂ ਸਦੀ ਦੇ ਜਾਪਾਨ ਦੇ ਜੀਵਨ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਲਈ ਟਾਂਕਾ ਸਾਹਿਤ ਰੂਪ ਬੜੀ ਹੀ ਸੁਘੜਤਾ ਨਾਲ ਵਰਤਿਆ ਜਾਣ ਲੱਗਾ। ਮਾਨਯੋਸ਼ੂ ਵਿਦਵਾਨਾਂ ਅਤੇ ਕਵੀਆਂ ਦੀ ਪ੍ਰਤਿਨਿਧਤਾ ਕਾਮੋ ਨੋ ਮਾਯੂਰੀ (1697-1769) ਕਰਦਾ ਸੀ। ਪਾਦਰੀ ਰਯੋਕਾਨ (1757-1831), ਓਕੂਮਾ ਕੋਤੋਮਿਚੀ (1798-1868) ਅਤੇ ਤਾਚੀਬਾਨਾ ਆਕੇਮੀ ਵਰਗੇ ਕਵੀਆਂ ਨੇ ਇਹ ਸਿੱਧ ਕਰ ਵਿਖਾਇਆ ਕਿ ਟਾਂਕਾ ਸਿਰਫ਼ ਬਹਾਰ ਜਾਂ ਪਤਝੜ ਦੇ ਚੰਦਰਮਾ ਆਦਿ ਨੂੰ ਬਿਆਨ ਕਰਨ ਲਈ ਹੀ ਯੋਗ ਨਹੀਂ ਹੈ ਸਗੋਂ ਇਸ ਵਿਚ ਛੋਟੀ ਤੋਂ ਛੋਟੀ ਘਰੇਲੂ ਖ਼ੁਸ਼ੀ ਤੇ ਵੱਡੇ ਤੋਂ ਵੱਡਾ ਰਾਜਨੀਤਕ ਕ੍ਰੋਧ ਆਦਿ ਨੂੰ ਵੀ ਸਹਿਜੇ ਹੀ ਪ੍ਰਗਟਾਇਆ ਜਾ ਸਕਦਾ ਹੈ। ਜਿਹੜੇ ਕਵੀਆਂ ਨੇ ਇਹ ਮਹਿਸੂਸ ਕੀਤਾ ਕਿ 'ਟਾਂਕਾ' ਵਿਚ ਆਪਣੇ ਭਾਵਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਨੇ ਪੁਰਾਣੇ ਸਮਿਆਂ ਵਾਂਗ ਹੀ ਚੀਨੀ ਵਿਚ ਕਵਿਤਾ ਲਿਖੀ। ਇਨ੍ਹਾਂ ਕਵੀਆਂ ਵਿਚ ਚੀਨੀ ਵਿਚ ਲਿਖਣ ਵਾਲਾ ਜਾਪਾਨੀ ਕਵੀ ਰਾਏ ਸਾਨਯੋ (1780-1832) ਸਭ ਤੋਂ ਵੱਧ ਪ੍ਰਸਿੱਧ ਤੇ ਕਾਮਯਾਬ ਹੈ।

ਕਾਵਿ ਰੂਪ ਪਖੋਂ 'ਹਾਇਕੂ' ਸਭ ਤੋਂ ਵੱਧ ਵਿਕਸਿਤ ਹੋਇਆ ਅਤੇ ਮਾਤਸੂਓ ਬਾਸ਼ੋ (1644-94) ਇਸ ਦਾ ਉਸਤਾਦ ਕਵੀ ਸੀ। ਉਸ ਨੇ ਹਲਕੇ ਤੋਂ ਹਲਕੇ ਵਿਸ਼ੇ ਤੋਂ ਲੈ ਕੇ ਦੁੱਖ ਭਰਪੂਰ ਵਿਸ਼ਿਆਂ ਬਾਰੇ ਲਿਖਿਆ। ਉਸ ਦੀ ਪ੍ਰਸਿੱਧ ਤੇ ਸਤਿਕਾਰੀ ਜਾਂਦੀ ਰਚਨਾ 'ਓਕੂ ਨੋ ਹੋਸੋਮਿਚੀ' (1694) ਹੈ। ਇਸ ਮਗਰੋਂ 'ਹਾਇਕੂ' ਦੇ ਪ੍ਰਸਿੱਧ ਤੇ ਲੋਕ ਕਵੀ ਯੋਸਾ ਬੂਸੋਨ (1716-84) ਅਤੇ ਕੋਬਾਯਾਸ਼ੀ ਇੱਸਾ (1763-1828) ਹੋਏ ਹਨ।

ਪ੍ਰਾਚੀਨ 'ਨੌ' ਨਾਟਕ ਦੇ ਟਾਕਰੇ ਤੇ 16ਵੀਂ ਸਦੀ ਵਿਚ ਉਠ ਰਹੇ ਨਵੇਂ ਸ਼ਹਿਰੀ-ਜਗਤ ਲਈ ਨਾਟਕ ਦੇ ਨਵੇਂ ਰੂਪਾਂ ਨੇ ਜਨਮ ਲਿਆ। ਇਨ੍ਹਾਂ ਵਿਚ ਕਠਪੁਤਲੀ ਥੇਟਰ 'ਜੋਰੂਰੀ' ਅਤੇ 'ਕਾਬੂਕੀ' ਰੂਪ ਬਹੁਤ ਪ੍ਰਚੱਲਤ ਹੋਏ। ਜਾਪਾਨ ਦੇ ਮਹਾਨ ਤੇ ਪ੍ਰਸਿੱਧ ਨਾਟਕਕਾਰ, ਚਿਕਾਮਤਸੂ ਮੋਨਜ਼ੂਮੋਨ (1653-1725), ਤਾਕੇਦਾ ਇਜ਼ਮੋ (1691-1756) ਅਤੇ ਚਿਕਾਮਤਸੂ ਹਾਜੀ (1725-1783) ਕਾਰਨ 'ਜੋਰੂਰੀ' ਨਾਟ ਰੂਪ ਬਹੁਤ ਵਿਕਸਿਤ ਹੋਇਆ।

ਗਲਪ ਕਈ ਰੂਪਾਂ ਵਿਚ ਵਿਕਸਿਤ ਹੋਈ। ਹਾਈਆਨ ਕਾਲ ਤੋਂ ਮਗਰੋਂ ਇਹਾਰਾ ਸਾਇਕਾਕੂ (1642-93) ਇਸ ਕਾਲ ਦਾ ਪਹਿਲਾ ਮਹੱਤਵਪੂਰਨ ਨਾਵਲਕਾਰ ਹੋਇਆ ਜਿਸ ਨੇ ਵਪਾਰੀਆਂ ਦੇ ਆਰਥਿਕ ਤੇ ਰੁਮਾਂਸ ਵਾਲੇ ਮਾਮਲਿਆਂ ਬਾਰੇ ਨਾਵਲ ਲਿਖੇ। ਇਸ ਤੋਂ ਇਲਾਵਾ, ਉਈਦਾ ਆਕੀਨਾਰੀ (1734-1809) ਅਤੇ ਤਾਕੀਜ਼ਾਵਾ ਬਾਕਿਨ (1767-1848) ਪ੍ਰਸਿੱਧ ਨਾਵਲਕਾਰ ਹਨ।

ਤੋਕੂਗਾਵਾਂ ਸਾਹਿਤ ਦਾ ਐਸੇ ਨਾਲੋਂ ਜ਼ਿਆਦਾ ਹਿੱਸਾ ਇਤਿਹਾਸਕ ਤੇ ਦਾਰਸ਼ਨਿਕ ਕਿਰਤਾਂ ਨਾਲ ਭਰਪੂਰ ਹੈ। ਪ੍ਰਬੰਧਕੀ ਸਿਧਾਂਤਾਂ ਨੂੰ ਸਥਾਪਤ ਕਰਨ ਲਈ ਚੀਨੀ ਦੇ ਕਨਫਿਊਸ਼ੀਅਸ ਦਰਸ਼ਨ ਨੂੰ ਅਪਣਾਇਆ ਗਿਆ। ਚੀਨੀ ਗਿਆਨ ਪ੍ਰਾਪਤ ਇਨ੍ਹਾਂ ਵਿਦਵਾਨਾਂ ਦੇ 'ਕਾਂਗਾਕੁਸ਼ਾ' ਪੰਥ ਦੇ ਪ੍ਰਤੀਕਰਮ ਵਜੋਂ 'ਵਾਕਾਕੁਸ਼ਾ' ਜਾਂ 'ਕੋਕੂਗਾ-ਕੁਸ਼ਾ' ਸਕੂਲ ਵਾਲੇ ਆਪਣੇ

ਜਾਪਾਨੀ ਸਭਿਆਚਾਰ ਨੂੰ ਉਚਿਤ ਠਹਿਰਾਉਂਦੇ ਸਨ। ਇਸ ਸਕੂਲ ਦੇ ਵਿਦਵਾਨਾਂ ਨੇ ਧਰਮ ਨੂੰ ਪੁਨਰਜੀਵਤ ਕਰਨ ਵਿਚ ਬੜਾ ਹਿੱਸਾ ਪਾਇਆ ਅਤੇ 1869 ਵਿਚ ਮੁੜ ਬਾਦਸ਼ਾਹਤ ਕਾਇਮ ਕਰਨ ਲਈ ਰਾਹ ਤਿਆਰ ਕੀਤਾ।

**ਆਧੁਨਿਕ ਕਾਲ**

ਸੰਨ 1853 ਤੋਂ ਮਗਰੋਂ ਜਦੋਂ ਬਦੇਸ਼ੀਆਂ ਲਈ ਜਾਪਾਨ ਦਾ ਰਾਹ ਮੁੜ ਖੁਲ੍ਹਿਆ ਤਾਂ ਜਾਪਾਨ ਉੱਤੇ ਪੱਛਮੀ ਪ੍ਰਭਾਵ ਬੜੀ ਤੇਜ਼ੀ ਨਾਲ ਪੈਣ ਲੱਗਾ। ਕੁਝ ਲੋਕਾਂ ਦਾ ਵਿਚਾਰ ਹੈ ਕਿ ਇਹ ਪ੍ਰਭਾਵ 1868 ਤੋਂ ਪੈਣਾ ਸ਼ੁਰੂ ਹੋਇਆ ਜਦੋਂ ਤੋਕੂਗਾਵਾ ਸ਼ੋਗੂਨੇਟ ਦੀ ਥਾਂ ਤੇ ਟੋਕੀਓ ਵਿਚ ਮੁੜ ਬਾਦਸ਼ਾਹਤ ਕਾਇਮ ਹੋਈ। ਇਹ ਪੱਛਮੀ ਪ੍ਰਭਾਵ ਜੀਵਨ ਦੇ ਹਰ ਪੱਖ ਉੱਤੇ ਪਿਆ। ਉਕਤ ਪ੍ਰਭਾਵ ਤੋਂ ਸਾਹਿਤ ਵੀ ਬਚ ਨਹੀਂ ਸਕਿਆ ਅਤੇ ਸਾਹਿਤਕਾਰਾਂ ਨੇ ਅੰਨ੍ਹੇਵਾਹ ਅਮਰੀਕੀ ਅਤੇ ਯੂਰਪੀ ਸਾਹਿਤ ਦੀ ਨਕਲ ਕਰਨੀ ਆਰੰਭ ਕਰ ਦਿੱਤੀ। ਕਈਆਂ ਨੇ ਯੂਰਪੀ ਸਾਹਿਤ ਰੂਪਾਂ ਨੂੰ ਨਮੂਨਾ ਮੰਨਕੇ ਰਚਨਾ ਕੀਤੀ। ਨਿਰੰਤਰ ਰਾਜਨੀਤਕ, ਸਮਾਜਿਕ ਤੇ ਮਨੋਵਿਗਿਆਨਕ ਪਰਿਵਰਤਨਾਂ ਕਾਰਨ ਕਈ ਪ੍ਰਕਾਰ ਦਾ ਸਾਹਿਤ ਲਿਖਿਆ ਗਿਆ। ਯੂਰਪ ਵਿਚ ਚੱਲਣ ਵਾਲੀਆਂ ਸਾਹਿਤ ਲਹਿਰਾਂ ਦਾ ਵੀ ਜਾਪਾਨੀ ਸਾਹਿਤ ਉੱਤੇ ਕਾਫ਼ੀ ਪ੍ਰਭਾਵ ਪਿਆ।

ਕਵਿਤਾ ਦੇ ਖੇਤਰ ਵਿਚ ਵਿਲੱਖਣ ਸਰਗਰਮੀ ਦੇਖੀ ਗਈ। ਪਰੰਪਰਾਵਾਦੀ ਕਾਵਿ ਰੂਪਾਂ 'ਟਾਂਕਾ' ਤੇ 'ਹਾਇਕੂ' ਵਿਚ ਨਵੇਂ ਵਿਚਾਰ ਤੇ ਨਵੀਂ ਭਾਸ਼ਾ ਲਿਆਂਦੀ ਗਈ। ਨਵੇਂ ਬਿੰਬ ਅਤੇ ਚਿੰਨ੍ਹ ਵਰਤੇ ਜਾਣ ਲੱਗੇ। ਨਵੇਂ 'ਟਾਂਕਾ' ਲਿਖਣ ਵਾਲੇ ਸਭ ਤੋਂ ਮਹੱਤਵਪੂਰਨ ਤੇ ਸਫ਼ਲ ਕਵੀ ਯੋਗਾਨੋ ਆਕਿਕੋ (1878-1942), ਇਸ਼ੀਕਾਵਾ ਤਾਕੂਬੋਕੂ (1885-1912) ਅਤੇ ਸਾਇਤੋ ਮੋਕੀਚੀ (1882-1953) ਸਨ ਜਿਨ੍ਹਾਂ ਨੇ ਰੁਮਾਂਟਿਕ ਸਮਾਜਕ ਚੇਤੰਨਤਾ ਅਤੇ ਆਧੁਨਿਕ ਮਨੋਵਿਗਿਆਨਕ ਡੂੰਘਾਈਆਂ ਨੂੰ ਕਵਿਤਾ ਰਾਹੀਂ ਪੇਸ਼ ਕੀਤਾ। ਖੁੱਲ੍ਹੀ ਕਵਿਤਾ ਲਿਖੀ ਜਾਣ ਲੱਗੀ। ਇਸ ਦਾ ਪ੍ਰਸਿੱਧ ਕਵੀ 'ਸ਼ਿਮਾਜ਼ਾਕੀ ਤੋਸੋਨ (1872-19430) ਸੀ ਜਿਸ ਦੀ ਪ੍ਰਸਿੱਧ ਰਚਨਾ **'Song of the Autumn Wind'** (1896) ਸ਼ੈਲੇ ਦੀ ਯਾਦ ਤਾਜ਼ਾ ਕਰਵਾਉਂਦੀ ਹੈ। 'ਹਾਇਕੂ' ਕਾਵਿ ਰੂਪ ਵਿਚ ਮਾਸਾਓਕਾ ਸ਼ਾਕਾ (1867-1902) ਨੂੰ ਆਪਣੇ ਜੀਵਨ ਕਾਲ ਵਿਚ ਹੀ ਅਮਰ ਕਵੀ ਮੰਨਿਆ ਜਾਣ ਲੱਗ ਪਿਆ।

ਆਧੁਨਿਕ ਜਾਪਾਨੀ ਰੰਗ-ਮੰਚ ਵਿਚ ਅਨੁਵਾਦ ਦਾ ਬੋਲਬਾਲਾ ਸੀ। ਜਨਤਾ ਅਜੇ ਵੀ ਆਧੁਨਿਕ ਰੰਗਮੰਚ ਨਾਲੋਂ ਕਾਬੂਕੀ ਨੂੰ ਜ਼ਿਆਦਾ ਪਸੰਦ ਕਰਦੀ ਸੀ ਅਤੇ ਹਰਮਨ ਪਿਆਰੇ ਨਾਟਕਕਾਰ ਅਠਾਰ੍ਹਵੀਂ ਸਦੀ ਦੇ ਨਾਟਕਕਾਰ ਸਨ ਜਾਂ ਫਿਰ ਕਾਵਾਤਾਕੇ ਮੋਕੂਆਮੀ (1816-93) ਵਰਗੇ ਵਿਅਕਤੀ ਸਨ ਜਿਨ੍ਹਾਂ ਉੱਤੇ ਬਦੇਸ਼ੀ ਪ੍ਰਭਾਵ ਨਹੀਂ ਸੀ। ਸ਼ਾਇਦ ਇਸੇ ਕਰਕੇ ਵਿਦਵਾਨਾਂ ਨੇ ਯੂਰਪੀ ਨਾਟਕ ਪੇਸ਼ ਕਰਨ ਨੂੰ ਹੀ ਠੀਕ ਸਮਝਿਆ।

ਹਜ਼ਾਰਾਂ ਗਲਪ ਰਚਨਾਵਾਂ ਸੈਂਕੜੇ ਲੇਖਕਾਂ ਦੁਆਰਾ ਲਿਖੀਆਂ ਗਈਆਂ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਸੁਚੇਤ ਹੋ ਕੇ ਪੱਛਮ ਦੀ ਨਕਲ ਕਰਕੇ ਆਪਣੀਆਂ ਰਚਨਾਵਾਂ ਲਿਖੀਆਂ। ਮਾਈਜੀ ਕਾਲ (1868-1912) ਦੇ ਪ੍ਰਸਿੱਧ ਗਲਪਕਾਰ ਤਸੂਬਾਉਚੀ ਸ਼ੋਯੋ ਕੇ ਯਥਾਰਥਵਾਦ ਲਈ ਪ੍ਰਚਾਰ ਕੀਤਾ। ਇਸ ਤੋਂ ਇਲਾਵਾ ਫੂਤਾਬੇਤੇਈ ਸ਼ਿਮੇਈ (1864-1909) ਨੇ ਨਾਵਲ ਵਿਚ ਔਖੀ ਸਾਹਿਤਕ ਭਾਸ਼ਾ ਦੀ ਥਾਂ ਆਮ ਬੋਲ ਚਾਲ ਦੀ ਭਾਸ਼ਾ ਨੂੰ ਅਪਣਾਇਆ ਪਰ ਆਮ ਵਿਦਵਾਨ ਨਾਤਸੂਮੇ ਸੋਸੇਕੀ (1867-1916) ਨੂੰ ਮੁੱਖ ਨਾਵਲਕਾਰ ਮੰਨਦੇ ਹਨ ਜਿਸ ਨੇ ਆਮ ਜਾਪਾਨੀ ਜੀਵਨ ਨੂੰ ਚਿੱਤਰਨ ਦੀ ਥਾਂ ਵਿਚਾਰ-ਪ੍ਰਧਾਨ ਨਾਵਲ ਲਿਖੇ।

ਸੰਨ 1905 ਵਿਚ ਜਾਪਾਨੀ-ਰੂਸੀ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਵਾਲੇ ਦਹਾਕੇ ਵਿਚ ਕਾਫ਼ੀ ਹੈਰਾਨੀਜਨਕ ਰਚਨਾ ਹੋਈ। ਸ਼ਾਇਦ ਜਾਪਾਨੀ ਸਾਹਿਤ ਦੇ ਇਤਿਹਾਸ ਵਿਚ ਪਹਿਲਾਂ ਅਜਿਹਾ ਕਦੇ ਵੀ ਨਹੀਂ ਹੋਇਆ ਸੀ ਕਿ ਇਕੋ ਸਮੇਂ ਇੰਨੇ ਮਹਾਨ ਸਾਹਿਤਕਾਰ ਰਚਨਾ ਕਰਦੇ ਰਹੇ ਹੋਣ। ਇਸ ਕਾਲ ਦੇ ਪ੍ਰਸਿੱਧ ਨਾਵਲਕਾਰਾਂ ਵਿਚ ਨਾਗਾਈ ਕਾਫੂ (1879-1959) ਤਾਨੀਜ਼ਾਕੀ ਜੁਨ-ਇਚਿਰੋ (ਲ. 1886) ਅਤੇ ਅਕੂਤਾਗਾਵਾ ਰਾਈਉਨੋਸੁਕੇ (1892-1927) ਸ਼ਾਮਲ ਹਨ। ਇਨ੍ਹਾਂ ਦੇ ਨਾਵਲਾਂ ਵਿਚ ਜਾਪਾਨ ਦੇ ਅਤੀਤ ਨੂੰ ਆਧੁਨਿਕ ਢੰਗ ਨਾਲ ਚਿੱਤਰਿਆ ਗਿਆ ਹੈ ਅਤੇ 1920 ਵਿਆਂ ਤੇ 1930 ਵਿਆਂ ਵਿਚ ਇਨ੍ਹਾਂ ਦਾ ਜ਼ੋਰ ਰਿਹਾ ਹੈ। ਕੋਬਾਯਾਸ਼ੀ ਤਾਕੀਜੀ (1903-33) ਨੇ ਸਮਾਜਿਕ ਅਨਿਆਂ ਨੂੰ ਚਿੱਤਰ ਕੇ ਇਨਕਲਾਬੀ ਕਿਸਮ ਦਾ ਸਾਹਿਤ ਸਿਰਜਿਆ ਹੈ, ਪਰ ਯੋਕੋਮਿਤਸੂ ਰਾਈਚੀ (1898-1947) ਅਤੇ ਕਾਵਾਬਾਤਾ ਯਾਸੂ ਨੇਰੀ (ਲ. 1899) ਆਦਿ ਸਾਹਿਤਕਾਰਾਂ ਦਾ ਵਿਚਾਰ ਹੈ ਕਿ ਸਾਹਿਤ ਦਾ ਮਨੋਰਥ ਪ੍ਰਚਾਰ ਨਹੀਂ, ਸਗੋਂ ਕਲਾ ਹੈ। ਇਨ੍ਹਾਂ ਨੇ 'ਕਲਾ ਕਲਾ ਲਈ' ਦੇ ਸਿਧਾਂਤ ਅਨੁਸਾਰ ਨਾਵਲ ਲਿਖੇ।

ਜਾਪਾਨੀ ਆਲੋਚਕਾਂ ਨੇ 1941 ਈ. ਤੱਕ ਦੇ ਗਲਪ ਨੂੰ ਕਈ ਸਕੂਲਾਂ ਵਿਚ ਵੰਡਿਆ, ਜਿਸ ਵਿਚ ਹਰ ਸਕੂਲ ਲਈ ਇਕ ਪ੍ਰਸਿੱਧ ਨਾਵਲਕਾਰ ਅਤੇ ਉਸ ਦੇ ਅਨੁਯਾਈ ਲਏ ਗਏ ਸਨ। ਸ਼ਾਇਦ ਸਭ ਤੋਂ ਵੱਧ ਪ੍ਰਭਾਵਸ਼ਾਲੀ ਲੇਖਕ ਸ਼ੀਗਾ ਨਾਓਯਾ (ਲ. 1883) ਹੈ ਜਿਸ ਦੇ ਨਾਵਲਾਂ ਵਿਚ ਸਵੈ-ਜੀਵਨੀ ਦੀ ਝਲਕ ਵਿਖਾਈ ਦਿੰਦੀ ਹੈ ਜੋ ਬਹੁਤ ਸੁੰਦਰ ਸਾਹਿਤਕ ਸ਼ੈਲੀ ਵਿਚ ਲਿਖੇ ਗਏ ਹਨ। ਇਹ 'ਮੈਂ' ਪ੍ਰਧਾਨ ਨਾਵਲ ਸ਼ਿਸ਼ੋਸੇਤਸੂ ਬਹੁਤ ਮਹੱਤਵਪੂਰਨ ਹੈ। ਸੰਨ 1930 ਤੇ 1940 ਦੀਆਂ ਲੜਾਈਆਂ ਨੇ ਸਾਹਿਤਕ ਸਿਰਜਣਾ ਦੇ ਕੰਮ ਨੂੰ ਮੱਠਾ ਕਰ ਦਿੱਤਾ ਪਰ ਇਨ੍ਹਾਂ ਲੜਾਈਆਂ ਦੇ ਖ਼ਤਮ ਹੁੰਦਿਆਂ ਹੀ ਸਾਹਿਤਕ ਸਰਗਰਮੀਆਂ ਦਾ ਨਵਾਂ ਕਾਲ ਆਰੰਭ ਹੋ ਗਿਆ।

ਹ. ਪੁ. -ਐਨ. ਬ੍ਰਿ. 12:953

**ਜਾਪਾਨੀ ਕਾਨੂੰਨ** : ਜਾਪਾਨ ਦੀ ਕਾਨੂੰਨ ਪ੍ਰਣਾਲੀ ਦੋ ਵੱਖ-ਵੱਖ ਸਭਿਆਚਾਰਕ ਅਤੇ ਕਾਨੂੰਨੀ ਰਵਾਇਤਾਂ ਦੇ ਸੁਮੇਲ ਤੋਂ ਵਿਕਸਿਤ ਹੋਈ ਹੈ। ਇਸ ਪ੍ਰਣਾਲੀ ਵਿਚ ਜਾਪਾਨ ਦੀਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਪੱਛਮੀ ਕਾਨੂੰਨ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਨ 1853 ਤੋਂ ਪਹਿਲਾਂ ਜਦੋਂ ਜਾਪਾਨ ਬਾਹਰਲੀ ਦੁਨੀਆ ਨਾਲੋਂ ਕਟਿਆ ਹੋਇਆ ਸੀ, ਜਾਪਾਨੀ ਕਾਨੂੰਨ ਪੱਛਮੀ ਪ੍ਰਭਾਵ ਤੋਂ ਬਿਲਕੁਲ ਮੁਕਤ ਸੀ। ਜਾਪਾਨੀ ਕਾਨੂੰਨ ਦੇ ਇਤਿਹਾਸ ਨੂੰ ਤਿੰਨ ਪ੍ਰਤੱਖ ਕਾਲਾਂ ਵਿਚ ਨਿਮਨ ਅਨੁਸਾਰ ਵੰਡਿਆ ਜਾ ਸਕਦਾ ਹੈ :

ਪਹਿਲਾ ਕਾਲ ਸੰਨ 1868 ਤੋਂ ਪਹਿਲਾ ਦਾ ਹੈ, ਜਦੋਂ ਕਾਨੂੰਨ ਦੀ ਕੋਈ ਲਿਖਤੀ ਪੁਸਤਕ ਉਪਲਬਧ ਨਹੀਂ ਸੀ। ਦੂਜਾ ਕਾਲ 1868 ਤੋਂ 1947 ਦੇ ਵਿਚਕਾਰ ਦਾ ਸਮਾਂ ਹੈ ਜਿਸ ਦੌਰਾਨ ਯੂਰਪੀ ਦੇਸ਼ਾਂ ਦੇ ਮਾਡਲ ਤੇ ਸੰਵਿਧਾਨ ਪ੍ਰਕਾਸ਼ਿਤ ਕੀਤਾ ਗਿਆ ਅਤੇ ਕੁਝ ਕਾਨੂੰਨਾਂ ਨੂੰ ਲਿਖਤੀ ਰੂਪ ਦਿੱਤਾ ਗਿਆ। ਤੀਜਾ ਕਾਲ 1947 ਤੋਂ ਪਿਛੋਂ ਸ਼ੁਰੂ ਹੁੰਦਾ ਹੈ ਜਦੋਂ ਜਾਪਾਨੀ ਕਾਨੂੰਨ ਉੱਤੇ ਯੂਰਪੀਨ ਦੇਸ਼ਾਂ ਨਾਲੋਂ ਅਮਰੀਕਾ ਦਾ ਪ੍ਰਭਾਵ ਵਧੇਰੇ ਸਪਸ਼ਟ ਹੁੰਦਾ ਹੈ।

ਪਹਿਲੇ ਕਾਲ ਵਿਚ ਵੱਧ ਰਹੀਆਂ ਪਰਿਵਾਰਿਕ ਇਕਾਈਆਂ ਅਤੇ ਭਾਈਚਾਰੇ ਰਾਹੀਂ ਪਾਏ ਗਏ ਦਬਾਉ ਕਾਰਨ ਝਗੜਿਆਂ ਦਾ ਹੱਲ ਸਮਝੌਤੇ ਰਾਹੀਂ ਕੀਤਾ ਜਾਣਾ ਠੀਕ ਸਮਝਿਆ ਜਾਂਦਾ ਸੀ। ਝਗੜਿਆਂ ਨੂੰ ਹੱਲ ਕਰਨ ਲਈ ਕੁਝ ਨਿਯਮ ਬਣਾਏ ਗਏ ਸਨ। ਇਸ ਕਾਲ ਵਿਚ ਜਾਪਾਨ ਵਿਚ ਕੁਜਿਸੀ (**Kujishi**) ਨਾਂ ਬਹੁਤ ਪ੍ਰਸਿੱਧ ਹੋਇਆ ਜਿਸ ਨੇ ਸਲਾਹ ਦੇਣ ਦਾ ਕਾਰਜ ਸ਼ੁਰੂ ਕੀਤਾ ਅਤੇ ਜੋ ਵਕੀਲ ਦਾ ਪ੍ਰਤਿਰੂਪ ਸ਼ਬਦ ਹੈ। ਅੱਜਕੱਲ੍ਹ ਦੇ ਕਾਨੂੰਨ ਵਰਗੀ ਉਸ ਸਮੇਂ ਕੋਈ ਗੱਲ ਨਹੀਂ ਸੀ। ਹੋ ਸਕਦਾ ਹੈ ਕਿ ਉਸ ਸਮੇਂ ਦੇ ਸਮਾਜ ਨੂੰ ਕਾਨੂੰਨ ਦੀ ਲੋੜ ਮਹਿਸੂਸ ਹੀ ਨਾ ਹੋਈ ਹੋਵੇ।

ਦੂਜੇ ਕਾਲ ਵਿਚ 1868 ਈ. ਵਿਚ ਮਾਈਜੀ ਰਾਜ ਦੀ ਮੁੜ ਬਹਾਲੀ ਨਾਲ ਤੋਕੂਗਾਵਾ ਸ਼ੋਗੁਨਸ਼ਾਹੀ ਸਮਾਪਤ ਹੋ ਗਈ ਅਤੇ ਜਾਪਾਨ

ਤੇ ਬਾਦਸ਼ਾਹ ਨੂੰ ਰਾਜਨੀਤਕ ਸ਼ਕਤੀ ਮੁੜ ਪ੍ਰਾਪਤ ਹੋ ਗਈ ਸੀ। ਜਾਪਾਨ ਅੰਤਰ-ਰਾਸ਼ਟਰੀ ਸਨਮਾਨ ਪ੍ਰਾਪਤ ਕਰਨ ਅਤੇ ਆਪਣੀ ਰਾਸ਼ਟਰੀ ਸੁਤੰਤਰਤਾ ਕਾਇਮ ਰੱਖਣ ਲਈ ਦੇਸ਼ ਵਿਚ ਆਰਥਕ, ਰਾਜਨੀਤਕ ਅਤੇ ਕਾਨੂੰਨੀ ਢਾਂਚਾ ਉਸਾਰਨਾ ਚਾਹੁੰਦਾ ਸੀ। ਇਸ ਕਾਲ ਵਿਚ ਪੱਛਮੀ ਕਾਨੂੰਨ ਨੂੰ ਆਪਣਾ ਕੇ ਬਹੁਤ ਸਾਰੇ ਕਾਨੂੰਨ ਤਿਆਰ ਕੀਤੇ ਗਏ। ਇਸ ਕਾਨੂੰਨ-ਸਾਜ਼ੀ ਵਿਚ ਸ਼ਹਿਜ਼ਾਦਾ ਈਟੋ ਦਾ ਮੁੱਖ ਯੋਗਦਾਨ ਸੀ। ਸੰਨ 1889 ਦੇ ਸੰਵਿਧਾਨ ਦਾ ਖਰੜਾ ਉਸ ਨੇ ਹੀ ਤਿਆਰ ਕੀਤਾ ਸੀ। ਇਹ ਸੰਵਿਧਾਨ ਪ੍ਰਸ਼ਾਅ ਅਤੇ ਆਸਟ੍ਰੀਆ ਹੰਗਰੀ ਦੇ ਸੰਵਿਧਾਨਾਂ ਉੱਤੇ ਆਧਾਰਤ ਸੀ।

ਕਾਨੂੰਨੀ ਮਾਮਲਿਆਂ ਵਿਚ ਜਾਪਾਨ ਨੇ ਯੂਰਪ ਖ਼ਾਸ ਕਰਕੇ ਜਰਮਨੀ ਦੀ ਨਕਲ ਕੀਤੀ। ਸੰਨ 1890 ਵਿਚ ਅਦਾਲਤਾਂ ਦੀ ਸਥਾਪਨਾ ਕੀਤੀ ਗਈ। ਇਹ ਅਦਾਲਤਾਂ ਫ਼ਰਾਂਸ ਦੀਆਂ ਕਾਨੂੰਨ ਅਦਾਲਤਾਂ ਦੇ ਆਧਾਰ ਤੇ ਸਥਾਪਤ ਕੀਤੀਆਂ ਗਈਆਂ। ਇਨ੍ਹਾਂ ਵਿਚ ਫ਼ੌਜੀ ਅਦਾਲਤਾਂ ਵੀ ਸ਼ਾਮਲ ਸਨ। ਇਸੇ ਹੀ ਸਾਲ ਜਰਮਨੀ ਦੇ ਆਧਾਰ ਤੇ ਦੀਵਾਨੀ ਅਤੇ ਫ਼ੌਜਦਾਰੀ ਜ਼ਾਬਤਾ ਕੋਡ ਵੀ ਤਿਆਰ ਕੀਤਾ ਗਿਆ। ਦੀਵਾਨੀ ਕੋਡ ਦੀ 1926 ਈ: ਵਿਚ ਤਰਮੀਮ ਕੀਤੀ ਗਈ। ਫ਼ੌਜਦਾਰੀ ਜ਼ਾਬਤਾ ਕੋਡ ਦੀ ਅੰਗਰੇਜ਼ੀ ਕਾਨੂੰਨ ਦੇ ਪ੍ਰਭਾਵ ਅਧੀਨ 1923 ਈ: ਵਿਚ ਤਰਮੀਮ ਕੀਤੀ ਗਈ। ਇਸ ਤੋਂ ਜਾਪਾਨੀ ਕਾਨੂੰਨ ਦਾ ਵਿਕਾਸ ਜਰਮਨ ਕਾਨੂੰਨ, ਫ਼ਰਾਂਸੀਸੀ ਕਾਨੂੰਨ ਅਤੇ ਅੰਗਰੇਜ਼ੀ ਕਾਨੂੰਨ ਦੀਆਂ ਸੀਮਾਵਾਂ ਵਿਚ ਹੀ ਸੀਮਿਤ ਰਿਹਾ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਜਾਪਾਨੀ ਕਾਨੂੰਨ ਕਈ ਗੱਲਾਂ ਵਿਚ ਯੂਰਪੀ ਦੇਸ਼ਾਂ ਦੇ ਟਾਕਰੇ ਤੇ ਅਮਰੀਕੀ ਕਾਨੂੰਨ ਦੇ ਵਧੇਰੇ ਨੇੜੇ ਹੈ। ਦੀਵਾਨੀ ਮੁਕੱਦਮਿਆਂ ਵਿਚ ਗਵਾਹਾਂ ਦੀ ਪੁੱਛ-ਗਿੱਛ ਅਮਰੀਕੀ ਢੰਗ ਅਨੁਸਾਰ ਕੀਤੀ ਜਾਂਦੀ ਹੈ। ਪ੍ਰਸ਼ਾਸਕੀ ਅਦਾਲਤਾਂ ਵਿਚ ਕਿਸੇ ਵਿਸ਼ੇਸ਼ ਦਰਜਾਬੰਦੀ ਦੀ ਅਣਹੋਂਦ ਵੀ ਅਮਰੀਕੀ ਦੇਣ ਹੈ। ਕਿਰਤ ਅਤੇ ਜਥੇਬੰਦੀ ਸਬੰਧੀ ਕਾਨੂੰਨ ਵੀ ਅਮਰੀਕਾ ਦੇ ਨਮੂਨੇ ਦੇ ਹੀ ਹਨ।

ਫਿਰ ਵੀ ਨਿਯਮਾਂ ਅਤੇ ਪ੍ਰਥਾਵਾਂ ਦੇ ਪੱਖੋਂ ਜਾਪਾਨ ਦੀ ਕਾਨੂੰਨੀ ਪ੍ਰਣਾਲੀ ਸਾਧਾਰਣ ਕਾਨੂੰਨ ਦੇ ਟਾਕਰੇ ਤੇ ਯੂਰਪ ਦੇ ਦੀਵਾਨੀ ਕਾਨੂੰਨ ਦੇ ਵਧੇਰੇ ਨੇੜੇ ਹੈ; ਭਾਵੇਂ ਕਿ ਕਿੰਨੇ ਹੀ ਜਾਪਾਨੀ ਕਾਨੂੰਨ ਹੁਕਮ ਯੂਰਪੀ ਕਾਨੂੰਨੀ ਹੁਕਮਾਂ ਤੋਂ ਬਿਲਕੁਲ ਹੀ ਭਿੰਨ ਹਨ। ਮੋਟਰ-ਗੱਡੀਆਂ ਦੇ ਐਕਸੀਡੈਂਟਾਂ ਦੇ ਫ਼ੈਸਲਿਆਂ ਸਬੰਧੀ, ਨੁਕਸਦਾਰ ਵਸਤੂਆਂ ਲਈ ਉਤਪਾਦਕਾਂ ਦੀ ਜ਼ਿੰਮੇਵਾਰੀ ਆਦਿ ਲਈ ਜਾਪਾਨ ਵਿਚ ਕਾਨੂੰਨਾਂ ਦੀ ਇੰਨੀ ਘਾਟ ਹੈ ਕਿ ਯੂਰਪ ਵਾਲੇ ਢੰਗ ਹੀ ਪ੍ਰਚੱਲਤ ਹਨ। ਜਾਪਾਨ ਵਿਚ ਵਕੀਲਾਂ ਤੇ ਜੱਜਾਂ ਦੀ ਗਿਣਤੀ ਵੀ ਬਹੁਤ ਘੱਟ ਹੈ ਅਤੇ ਝਗੜੇ ਵਧੇਰੇ ਕਰਕੇ ਅਦਾਲਤਾਂ ਤੋਂ ਬਾਹਰ ਹੀ ਨਿਪਟਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਥਾਨਕ ਥਾਣਿਆਂ ਵਿਚ ਸੁਲ੍ਹਾਕਾਰੀ ਕਮਰੇ ਹੁੰਦੇ ਹਨ। ਬਜ਼ੁਰਗ ਅਤੇ ਸਿਆਣੇ ਸਾਲਸੀ ਵਿਚੋਲਗੀ ਦਾ ਫ਼ਰਜ਼ ਨਿਭਾਉਂਦੇ ਹਨ। ਵਧੇਰੀਆਂ ਗੱਲਾਂ ਵਿਚ ਪਰਿਵਾਰ (ਪੁਰਖ, ਇਸਤਰੀ ਅਤੇ ਆਸ਼੍ਰਿਤ ਬੱਚੇ) ਦੀ ਪ੍ਰਥਾ ਅਜੇ ਵੀ ਪ੍ਰਚੱਲਤ ਹੈ। ਛੋਟੀਆਂ ਅਤੇ ਦਰਮਿਆਨੇ ਦਰਜੇ ਦੀਆਂ ਫਰਮਾਂ ਵਿਚ ਮਾਲਕਾਂ ਅਤੇ ਮਜ਼ਦੂਰਾਂ ਦੇ ਸਬੰਧ ਪਰਿਵਾਰਕ ਸਬੰਧਾਂ ਵਰਗੇ ਹੀ ਹਨ।

ਜਿਉਂ ਜਿਉਂ ਜਾਪਾਨ ਉੱਤੇ ਪੱਛਮੀ ਪ੍ਰਭਾਵ ਵਧਦਾ ਜਾਂਦਾ ਹੈ, ਉਸ ਅਨੁਸਾਰ ਇਸ ਦੇ ਕਾਨੂੰਨ ਵਿਚ ਵੀ ਪੱਛਮੀ ਰੰਗਣ ਦੇ ਪੂਰੇ ਤੌਰ ਤੇ ਆਉਣ ਦੀ ਸੰਭਾਵਨਾ ਹੋ ਸਕਦੀ ਹੈ ਪਰ ਮੌਜੂਦਾ ਸਥਿਤੀ ਅਨੁਸਾਰ ਇਕ ਗੱਲ ਪੱਕੀ ਹੈ ਕਿ ਕਿਤਾਬਾਂ ਵਿਚ ਲਿਖਿਆ ਜਾਪਾਨੀ ਕਾਨੂੰਨ ਹੂ-ਬਹੂ ਇਹ ਨਹੀਂ ਦਰਸਾਉਂਦਾ ਕਿ ਜਾਪਾਨੀ ਸਮਾਜ ਕਿਸ ਸੁਚੱਜੇ ਢੰਗ ਨਾਲ ਆਪਣੇ ਝਗੜੇ-ਝੇੜੇ ਨਜਿੱਠਦਾ ਹੈ ਅਤੇ ਦੋਹਾਂ ਧਿਰਾਂ ਦੇ ਆਪਸੀ ਹਿਤ ਤੇ ਲਾਭ ਲਈ ਕਿਵੇਂ ਵਾਧੂ ਸ਼ਕਤੀ ਨੂੰ ਨਸ਼ਟ ਹੋਣ ਤੋਂ ਬਚਾਉਂਦਾ ਹੈ। ਇਸ ਦੇ ਟਾਕਰੇ ਤੇ ਪੱਛਮੀ ਸਮਾਜ ਆਪਣੇ ਲਿਖਤੀ ਕਾਨੂੰਨ ਉੱਤੇ ਹੀ ਤੁਰਦਾ ਹੈ।

ਹ. ਪੁ. -ਐਨ. ਬ੍ਰਿ. ਮਾ. 5:521 ; ਚੈਂਬ. ਐਨ. 7:57

**ਜਾਪਾਨੀ ਬਗੀਚੇ** : ਜਾਪਾਨੀ ਬਗੀਚੇ ਆਪਣੇ ਸੁੰਦਰ ਨਜ਼ਾਰਿਆਂ ਲਈ ਸਾਰੀ ਦੁਨੀਆ ਵਿਚ ਪ੍ਰਸਿੱਧ ਹਨ। ਕਿਹਾ ਜਾਂਦਾ ਹੈ ਕਿ ਜਾਪਾਨ ਵਿਚ ਬਗੀਚੇ ਬਣਾਉਣ ਦੀ ਕਲਾ ਚੀਨ ਜਾਂ ਕੋਰੀਆ ਤੋਂ ਲਿਆਂਦੀ ਗਈ। ਪੁਰਾਣੇ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਪੰਜਵੀਂ ਸਦੀ ਵਿਚ ਬਣੇ ਸ਼ਾਹੀ ਮਹਿਲਾਂ ਵਿਚ ਬਗੀਚੇ ਹੋਇਆ ਕਰਦੇ ਸਨ ਅਤੇ ਇਨ੍ਹਾਂ ਬਗੀਚਿਆਂ ਦੀ ਮੁੱਖ ਵਿਸ਼ੇਸ਼ਤਾ ਇਕ ਤਲਾਬ ਹੁੰਦਾ ਸੀ ਜਿਸ ਵਿਚ ਇਕ ਛੋਟਾ ਜਿਹਾ ਟਾਪੂ ਹੁੰਦਾ ਸੀ, ਜੋ ਪੁੱਲਾਂ ਦੀ ਮਦਦ ਨਾਲ ਕਿਨਾਰੇ ਨਾਲ ਜੁੜਿਆ ਹੁੰਦਾ ਸੀ। ਹੀਆਨ ਦੇ ਸਮੇਂ (794-1185) ਸਮਰੂਪੀ ਸ਼ਿਨਡੈੱਨ ਸਟਾਈਲ ਆਮ ਪ੍ਰਚੱਲਤ ਸੀ ਜਿਸ ਵਿਚ ਵੱਡਾ ਬਗੀਚਾ ਘਰ ਦੇ ਦੱਖਣ ਵੱਲ ਬਣਾਇਆ ਜਾਂਦਾ ਸੀ। ਘਰੇਲੂ ਉਸਾਰੀ ਕਲਾ ਵਿਚ ਤਬਦੀਲੀ ਆਉਣ ਕਾਰਨ ਕਮਾਕਾਰਾ ਦੇ ਸਮੇਂ (1186-1335) ਬਗੀਚਿਆਂ ਵਿਚ ਵੀ ਪਰਿਵਰਤਨ ਆਏ।

ਬਹੁਤ ਸਾਰੇ ਸ਼ਾਨਦਾਰ ਬਗੀਚੇ ਮੋਮੋਯਾਮਾ (1574-1603) ਅਤੇ ਈਡੋ (1603-1807) ਦੇ ਰਾਜ ਕਾਲ ਦੌਰਾਨ ਵੀ ਬਣਾਏ ਗਏ। ਸੰਨ 1923 ਦੇ ਭੁਚਾਲ ਅਤੇ ਅੱਗ ਦੀ ਬਰਬਾਦੀ ਨੇ ਟੋਕੀਓ ਦੇ ਬਗੀਚਿਆਂ ਦੀ ਉਪਯੋਗਤਾ ਨੂੰ ਪ੍ਰਗਟਾਇਆ। ਕਈ ਹਜ਼ਾਰ ਲੋਕਾਂ ਨੇ ਆਪਣੇ ਬਚਾਉ ਲਈ ਪਾਰਕਾਂ ਅਤੇ ਗ਼ੈਰ-ਸਰਕਾਰੀ ਬਗੀਚਿਆਂ ਦੀ ਸ਼ਰਣ ਲਈ।

ਜਾਪਾਨੀ ਬਗੀਚਿਆਂ ਦੀ ਸ਼੍ਰੇਣੀ–ਵੰਡ ਆਮ ਤੌਰ ਤੇ ਉਨ੍ਹਾਂ ਦੀ ਧਰਾਤਲ ਦੀ ਕਿਸਮ ਅਨੁਸਾਰ ਕੀਤੀ ਜਾਂਦੀ ਹੈ ਜਿਵੇਂ ਮਸਨੂਈ ਪਹਾੜੀਆਂ (Tsuki Yama) ਜਾਂ ਪੱਧਰੀ ਜ਼ਮੀਨ (hiva-niwa) ਜਿਨ੍ਹਾਂ ਵਿਚ ਹਰੇਕ ਦੀ ਵਿਸ਼ੇਸ਼ ਨੁਹਾਰ ਹੁੰਦੀ ਸੀ। ਪਹਿਲੇ ਵਿਚ ਪਹਾੜ ਅਤੇ ਤਲਾਬ ਹੁੰਦੇ ਸਨ ਜਦੋਂ ਕਿ ਦੂਸਰੇ ਵਿਚ ਪੱਧਰੀ ਜ਼ਮੀਨ ਹੁੰਦੀ ਸੀ, ਜੋ ਇਕ ਵਾਦੀ ਨੂੰ ਪ੍ਰਗਟਾਉਂਦੀ ਸੀ। ਇਨ੍ਹਾਂ ਦੋ ਕਿਸਮਾਂ ਨੂੰ ਅੱਗੇ ਉਚਾਣ ਦੀਆਂ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੁੰਦਾ ਸੀ। ਪਹਾੜੀ ਬਗੀਚਿਆਂ ਵਿਚ ਆਮ ਤੌਰ ਤੇ ਇਕ ਨਦੀ ਅਤੇ ਪਾਣੀ ਦਾ ਇਕ ਤਲਾਬ ਸ਼ਾਮਲ ਹੁੰਦਾ ਸੀ। ਪ੍ਰੰਤੂ ਇਸ ਵਿਚ ਵੀ ਇਕ ਵਿਸ਼ੇਸ਼ ਅੰਤਰ ਸੀ, ਜਿਵੇਂ ਖ਼ੁਸ਼ਕ ਭੂ-ਦ੍ਰਿਸ਼ (Kare-Sanui) ਸਟਾਈਲ ਜਿਸ ਵਿਚ ਚਟਾਨਾਂ ਜੋੜ ਕੇ ਇਕ ਆਬਸ਼ਾਰ ਅਤੇ ਇਕ ਮੁਹਾਣਾ ਦਰਸਾਇਆ ਜਾਂਦਾ ਸੀ ਜਦੋਂ ਕਿ ਰੇਤ ਜਾਂ ਬਜਰੀ ਪਾਣੀ ਦਾ ਸੰਕੇਤ ਜਾਂ ਸੁੱਕਿਆ ਹੋਇਆ ਧਰਾਤਲ ਦਰਸਾਉਂਦੀ ਸੀ। ਕਈ ਹੋਰ ਸਟਾਈਲ ਵੀ ਪ੍ਰਚੱਲਤ ਸਨ ਜਿਵੇਂ ਪਾਣੀ ਵਾਲਾ ਬਗੀਚਾ (Sen-tei) ਜੰਗਲ ਅਤੇ ਪਾਣੀ (rin-sen) ਅਤੇ ਪੱਧਰੀ ਧਰਾਤਲ ਵਾਲੀ ਬੁਨਜ਼ਿਨ ਸੁਕੁਰੀ (bunjin sukuri) ਜੋ ਇਕ ਸਾਧਾਰਣ ਅਤੇ ਛੋਟਾ ਸਟਾਈਲ ਹੈ। ਚਾਹ ਦੀ ਰਸਮ ਮਨਾਉਣ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਵੀ ਚਾਹ ਦੇ ਬਗੀਚੇ ਦਾ ਇਕ ਵਿਸ਼ੇਸ਼ ਸਟਾਈਲ ਹੈ।

ਜਾਪਾਨੀ ਬਗ਼ੀਚਿਆਂ ਦਾ ਵਿਸ਼ੇਸ਼ ਲੱਛਣ ਇਕ ਆਬਸ਼ਾਰ ਹੈ ਜਿਸ ਦੇ ਅੱਗੇ ਦਸ ਜਾਂ ਬਾਰ੍ਹਾਂ ਵੱਖਰੇ ਵੱਖਰੇ ਡਿਜ਼ਾਈਨ ਹੋ ਸਕਦੇ ਸਨ, ਜਿਵੇਂ ਫੁਹਾਰਾ ਅਤੇ ਨਦੀ ਜੋ ਇਸ ਤੋਂ ਉੱਤਪੰਨ ਹੁੰਦੀ ਹੈ। ਝੀਲ ਅਤੇ ਪਹਾੜੀਆਂ ਜੋ ਝੀਲ ਦੀ ਖੁਦਾਈ ਸਮੇਂ ਮੁਹਾਣੇ ਤੋਂ ਪੁੱਟੀ ਮਿੱਟੀ ਨਾਲ ਬਣਾਈਆਂ ਜਾਂਦੀਆਂ ਹਨ, ਦੀਪ-ਸਮੂਹ; ਕਈ ਪ੍ਰਕਾਰ ਦੇ ਪੁੱਲ ਅਤੇ ਕੁਦਰਤੀ ਪੱਥਰ ਵੀ ਇਨ੍ਹਾਂ ਬਗ਼ੀਚਿਆਂ ਵਿਚ ਸ਼ਾਮਲ ਕੀਤੇ ਜਾਂਦੇ ਸਨ। ਬਗੀਚੇ ਦੇ ਡਿਜ਼ਾਈਨ ਵਿਚ ਪੱਥਰਾਂ ਦੀ ਚੋਣ ਅਤੇ ਅਸਰਦਾਇਕ ਵੰਡ ਬਹੁਤ ਮਹੱਤਵਪੂਰਨ ਪੱਖ ਹੈ। ਅਜੋਕੇ ਬਗੀਚਿਆਂ ਵਿਚ ਫੁੱਲ ਬਹੁਤ ਘੱਟ ਅਤੇ ਸਦਾ ਬਹਾਰ ਰੁੱਖ ਬਹੁਤ ਪ੍ਰਚਲਿਤ ਹਨ। ਰੁੱਤਾਂ ਦੀਆਂ ਪ੍ਰਤੱਖ ਤਬਦੀਲੀਆਂ ਜਾਂ ਫੱਬ ਅਤੇ ਚਮਕ ਤੋਂ ਉਲਟ ਇਨ੍ਹਾਂ ਬਗ਼ੀਚਿਆਂ ਵਿਚ

ਸੰਜੀਦਗੀ ਅਤੇ ਨਿਰੰਤਰਤਾ ਜ਼ਿਆਦਾ ਵੇਖਣ ਵਿਚ ਆਉਂਦੀ ਹੈ। ਪੱਥਰਾਂ ਵਾਂਗ ਬਗ਼ੀਚੇ ਵਿਚ ਰੁੱਖ ਵੀ ਇਕਸਾਰਤਾ ਨਾਲ ਵੰਡੇ ਹੋਣੇ ਚਾਹੀਦੇ ਹਨ,



ਜਾਪਾਨੀ ਬਗੀਚੇ ਦੇ ਵਿਸ਼ੇਸ਼ ਲੱਛਣ

ਜਿੱਥੋਂ ਇਨ੍ਹਾਂ ਦਾ ਕੁਦਰਤੀ ਮੂਲ ਅਤੇ ਵਾਧੇ ਦੇ ਵਿਹਾਰ ਦਾ ਵੀ ਖ਼ਿਆਲ ਰੱਖਿਆ ਜਾਂਦਾ ਹੈ। ਖੂਹ, ਪੱਥਰ ਵਾਲੇ ਮੁਹਾਣੇ, ਪੱਥਰ ਲਾਰਟੈਨ ਪਾਗੋਡਾ, ਵੇਲ ਗੁਫ਼ਾਵਾਂ ਅਤੇ ਗਰਮ ਰੁੱਤ ਵਾਲੇ ਘਰਾਂ ਦੇ ਨਾਲ ਨਾਲ ਅੰਦਰ ਦਾਖ਼ਲ ਹੋਣ ਦੇ ਰਸਤੇ ਅਤੇ ਵਾੜਾਂ ਵੀ ਜੋ ਘਰਾਂ ਦੇ ਨਾਲ ਨਾਲ ਬਣਾਈਆਂ ਜਾਂਦੀਆਂ ਸਨ, ਉਹ ਸੁੰਦਰਤਾ ਨੂੰ ਇਕਸਾਰਰਤਾ ਪਹੁੰਚਾਉਣ ਵਿਚ ਕਾਫ਼ੀ ਮੱਦਦਗਾਰ ਸਿੱਧ ਹੁੰਦੀਆਂ ਹਨ।

ਇਨ੍ਹਾਂ ਬਗ਼ੀਚਿਆਂ ਦੇ ਡਿਜ਼ਾਈਨ ਸਮੇਂ ਨਾਲ ਇਨ੍ਹਾਂ ਨੂੰ ਬਣਾਉਣ ਵਾਲੇ ਆਦਰਸ਼ਾਂ ਅਤੇ ਉਦੇਸ਼ ਹਰੇਕ ਸਮੇਂ ਵਿਚ ਨਵੇਂ ਵਿਚਾਰਾਂ ਅਨੁਸਾਰ ਬਦਲਦੇ ਰਹੇ। ਕਿਸੇ ਵਕਤ ਕੁਝ ਪ੍ਰਸਿੱਧ ਜ਼ੈਨ ਪੂਜਕਾਂ ਨੇ ਆਪਣੀਆਂ ਦਾਰਸ਼ਨਿਕ ਸਿੱਖਿਆਵਾਂ ਅਨੁਸਾਰ ਇਨ੍ਹਾਂ ਬਗ਼ੀਚਿਆਂ ਦੇ ਡਿਜ਼ਾਈਨ ਤਿਆਰ ਕੀਤੇ ਅਤੇ ਕਿਸੇ ਵਕਤ ਚਿੱਤਰਕਾਰਾਂ ਨੇ ਬਹੁਤ ਦਿਲਚਸਪੀ ਵਿਖਾਈ ਅਤੇ ਬਗ਼ੀਚਿਆਂ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਜਿਵੇਂ ਇਹ ਰੇਸ਼ਮ ਤੇ ਪੇਂਟ ਕੀਤੇ ਹੋਏ ਭੂ-ਦ੍ਰਿਸ਼ ਹੋਣ।

ਇਤਿਹਾਸ ਦੇ ਲੰਬੇ ਅਰਸੇ ਵਿਚ ਬਗ਼ੀਚੇ ਬਣਾਉਣ ਵਿਚ ਬਾਹਰਮੁਖੀ ਨਜ਼ਰੀਏ ਨੇ ਅੰਤਰੀਵ ਮਨੋਵੇਗ ਨੂੰ ਕਾਫ਼ੀ ਰਾਹ ਦਿੱਤਾ। ਬਹੁਤ ਸਾਰੇ ਦਾਰਸ਼ਨਿਕ ਸਿਧਾਂਤ ਅਤੇ ਧਾਰਮਿਕ ਮੱਤ ਵੀ ਬਗ਼ੀਚੇ ਬਣਾਉਣ ਵਿਚ ਵਰਤੇ ਗਏ। ਕੁਦਰਤੀ ਚਟਾਨਾਂ ਇਕਸਾਰ ਦਾਰਸ਼ਨਿਕ ਸਿਧਾਂਤਾਂ ਨੂੰ ਦਰਸਾਉਣ ਲਈ ਬਗ਼ੀਚਿਆਂ ਵਿਚ ਵੰਡੀਆਂ ਹੁੰਦੀਆਂ ਸਨ ਅਤੇ ਇਥੋਂ ਤਕ ਕਿ ਕਈ ਤਰ੍ਹਾਂ ਦੇ ਵਹਿਮ ਵੀ ਡਿਜ਼ਾਈਨ ਤੇ ਅਸਰ ਕਰ ਰਹੇ ਸਨ।

ਜਾਪਾਨੀਆਂ ਨੇ ਆਪਣੇ ਬਗ਼ੀਚਿਆਂ ਵਿਚ ਸੰਜੀਦਗੀ ਦੀ ਸੁੰਦਰਤਾ ਤੇ ਵਧੇਰੇ ਜ਼ੋਰ ਦਿਤਾ ਹੈ। ਖ਼ੂਬਸੂਰਤੀ ਇਸ ਤਰ੍ਹਾਂ ਛੁਪੀ ਹੋਈ ਹੈ ਕਿ ਇਸ ਦਾ ਵਿਅਕਤੀਗਤ ਤੌਰ ਤੇ ਹੀ ਪਤਾ ਲਗਾਇਆ ਜਾ ਸਕਦਾ ਹੈ। ਇਸ ਤਰ੍ਹਾਂ ਆਤਮਾ ਨੂੰ ਇਕੱਠੀ ਖ਼ੁਸ਼ੀ ਮਿਲਦੀ ਹੈ ਕਿ ਜਿਵੇਂ ਚੰਗਾ ਕੰਮ ਓਹਲੇ ਵਿਚ ਕੀਤਾ ਗਿਆ ਹੋਵੇ।

ਹ. ਪੂ. -ਐਨ. ਬ੍ਰਿ. 12:950

**ਜਾਪਾਨੀ ਬੀਂਡਾ** : ਇਹ ਕੋਲੀਅੱਪਟਰਾ ਵਰਗ ਦੀ ਸਕੈਰਬੀਅਡੀ (Scarabalidae) ਕੁਲ ਅਤੇ ਰੁਟੈੱਲਨੀ (Rutelinae) ਉਪ-ਕੁਲ ਦਾ ਇਕ ਪੈਸਟ ਹੈ। ਇਸਦਾ ਪ੍ਰਾਣੀ ਵਿਗਿਆਨਕ ਨਾਂ ਪੱਪਿਲੀਆ ਜਿਪੱਨਿਕਾ (Popilla Japonica) ਹੈ। ਇਹ ਕੀੜਾ ਜਾਪਾਨ ਦਾ ਜੰਮਪਲ ਹੈ ਪਰ 1916 ਦੇ ਲਗਭਗ ਇਹ ਅਮਰੀਕਾ ਨੂੰ ਨਿਰਯਾਤ ਕੀਤੇ ਪੌਦਿਆਂ ਦੁਆਲੇ ਮਿੱਟੀ ਵਿਚ ਸ਼ਾਇਦ ਲਾਰਵਾ ਅਵਸਥਾ ਵਿਚ, ਉਥੇ ਪਹੁੰਚ ਗਿਆ।

ਇਹ ਬੀਂਡਾ ਤਕਰੀਬਨ 10 ਮਿ. ਮੀ. ਲੰਬਾ ਅਤੇ ਚੌੜਾ ਅਤੇ ਚਮਕੀਲੇ ਰੰਗ ਦਾ ਹੁੰਦਾ ਹੈ। ਇਸ ਦੇ ਬਾਹਰਲੇ ਕਾਇਟਿਨੀ ਖੋਲ ਕਰੜੇ ਪਰ ਤਾਂਬੇ ਵਰਗੇ ਭੂਰੇ ਰੰਗ ਦੇ ਹੁੰਦੇ ਹਨ। ਪੇਟ ਦੇ ਇਸਦੇ ਹਿੱਸੇ ਉੱਤੇ ਦੋ ਪ੍ਰਤੱਖ ਚਿੱਟੇ ਨਿਸ਼ਾਨ ਹੁੰਦੇ ਹਨ। ਇਹ ਸਿਰਫ਼ ਦਿਨ ਦੇ ਸਮੇਂ ਉੱਡਦੇ ਹਨ। ਇਨ੍ਹਾਂ ਦਾ ਬਹੁਤ ਸਮਾਂ ਜਮੀਨ ਵਿਚ ਅੰਡਾ, ਲਾਰਵਾ ਜਾਂ ਪਿਊਪਾ ਹਾਲਤ ਵਿਚ ਗੁਜ਼ਰਦਾ ਹੈ। ਇਕ ਸਾਲ ਵਿਚ ਇਨ੍ਹਾਂ ਦੀ ਇਕ ਪੀੜ੍ਹੀ ਪੈਦਾ ਹੁੰਦੀ ਹੈ।

ਇਹ ਕੀੜੇ ਪੌਦਿਆਂ ਦੀਆਂ ਤਕਰੀਬਨ



ਜਾਪਾਨੀ ਬੀਂਡਾ

200 ਜਾਤੀਆਂ ਉੱਤੇ ਆਹਾਰ ਕਰਦੇ ਹਨ। ਇਹ ਬਹੁਤੇ ਛਾਂ ਦਾਰ ਦਰਖ਼ਤਾਂ, ਸਜਾਵਟੀ ਪੌਦਿਆਂ ਅਤੇ ਚਰਾਗਾਹਾਂ, ਬਗ਼ੀਚਿਆਂ ਆਦਿ ਉੱਤੇ ਨਿਰਬਾਹ ਕਰਦੇ ਹਨ।

ਇਸ ਪੈਸਟ ਦੇ ਕੰਟਰੋਲ ਲਈ ਬੜੇ ਯਤਨ ਕੀਤੇ ਜਾ ਰਹੇ ਹਨ। ਜ਼ਹਿਰੀਲੇ ਛਿੜਕਾ ਕਰਕੇ ਬਾਲਗ ਕੀੜਿਆਂ ਨੂੰ ਕੰਟਰੋਲ ਕੀਤਾ ਜਾਂਦਾ ਹੈ। ਕੁਝ ਪਰਜੀਵੀ ਭਰਿੰਡਾਂ ਅਤੇ ਮੱਖੀਆਂ ਇਨ੍ਹਾਂ ਦੀਆਂ ਦੁਸ਼ਮਣ ਹਨ, ਜਿਨ੍ਹਾਂ ਰਾਹੀਂ ਇਨ੍ਹਾਂ ਦਾ ਕੰਟਰੋਲ ਕੀਤਾ ਜਾਂਦਾ ਹੈ। ਬੈਸੀਲਸ ਪੱਪਿਲੀ (Bacillus Popillae) ਜੀਵਾਣੂ ਇਨ੍ਹਾਂ ਦੇ ਲਾਰਵਿਆਂ ਦੇ ਦੁਸ਼ਮਣ ਹਨ। ਇਹ ਇਨ੍ਹਾਂ ਅੰਦਰ ਇੰਨੀ ਜ਼ਿਆਦਾ ਗਿਣਤੀ ਵਿਚ ਵੱਧ ਜਾਂਦੇ ਹਨ ਕਿ ਲਾਰਵੇ ਦੇਖਣ ਵਿਚ ਦੁਧੀਆ ਰੰਗ ਦੇ ਲੱਗਣ ਲੱਗ ਜਾਂਦੇ ਹਨ।

ਹ. ਪੂ. -ਐਨ. ਬ੍ਰਿ. ਮਾ.. 5:520

**ਜਾਪਾਨੀ ਬੁੱਤ-ਕਲਾ** : ਪੱਥਰਾਂ ਦੀ ਬੁੱਤ- ਤਰਾਸ਼ੀ ਜਾਪਾਨ ਵਿਚ ਬਹੁਤ ਘੱਟ ਹੈ। ਸੱਤਵੀਂ ਤੇ ਅੱਠਵੀਂ ਸਦੀ ਦੀ ਮਿੱਟੀ, ਕਾਂਸੀ ਤੇ

ਖ਼ੁਸ਼ਕ ਲਾਖ ਦੀ ਸੂਖ਼ਮ ਬੁੱਤ-ਤਰਾਸ਼ੀ ਦੀਆਂ ਉਦਾਹਰਨਾਂ ਮਿਲਦੀਆਂ ਹਨ ਪਰੰਤੂ ਕਾਂਸੀ ਦੀ ਕਦੇ ਵੀ ਆਮ ਵਰਤੋਂ ਨਹੀਂ ਕੀਤੀ ਗਈ, ਜਦੋਂ ਕਿ ਖ਼ੁਸ਼ਕ ਲਾਖ ਤੇ ਮਿੱਟੀ ਦਾ ਕਾਫ਼ੀ ਚਿਰ ਪਹਿਲਾਂ ਇਸਤੇਮਾਲ ਬੰਦ ਹੋਣ ਲੱਗ ਪਿਆ ਸੀ। ਕੇਵਲ ਲੱਕੜ ਹੀ ਅਜਿਹਾ ਇਕ ਸਾਧਨ ਹੈ, ਜਿਹੜਾ ਜਾਪਾਨ ਵਿਚ ਹਮੇਸ਼ਾ ਵਰਤਿਆ ਜਾਂਦਾ ਰਿਹਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਾਪਾਨ ਦੀ ਸਾਰੀ ਦੀ ਸਾਰੀ ਸੂਖ਼ਮ ਬੁੱਤ-ਕਲਾ ਯੁੱਧ-ਧਰਮ ਦੀਆਂ ਮੂਰਤੀਆਂ ਤੇ ਬੁੱਤਾਂ ਦੀ ਹੈ। ਜਾਪਾਨੀ ਲੋਕ ਆਮ ਕਰਕੇ ਬੁੱਤ-ਤਰਾਸ਼ਾਂ ਨਾਲੋਂ ਵਧੀਆ ਰੰਗ-ਸਾਜ਼ ਮੰਨੇ ਗਏ ਹਨ।

**ਆਰੰਭਕ ਕਾਲ (ਲਗਭਗ 600-1185)**

ਬੇਸ਼ਕ ਪੱਕੀ ਮਿੱਟੀ ਦੀਆਂ ਮੂਰਤੀਆਂ ਅਤੇ ਫ਼ੁੱਲਦਾਰ ਵਰਗੀਆਂ ਅਨੇਕ ਪ੍ਰਾਚੀਨ ਜਾਪਾਨੀ ਵਸਤਾਂ ਮਿਲਦੀਆਂ ਹਨ ਜਿਨ੍ਹਾਂ ਨੂੰ ਪ੍ਰਾਚੀਨ ਬੁੱਤ ਕਿਹਾ ਜਾ ਸਕਦਾ ਹੈ। ਜਾਪਾਨੀ ਬੁੱਤ-ਕਲਾ ਦਾ ਇਤਿਹਾਸ ਅਸਲ ਵਿਚ ਛੇਵੀਂ ਸਦੀ ਦੇ ਲਗਭਗ ਸ਼ੁਰੂ ਹੋਇਆ ਜਦੋਂ ਕਿ ਬੁੱਧ ਮਤ ਦੇ ਪ੍ਰਚਾਰ ਤੋਂ ਕੁਝ ਸਮਾਂ ਬਾਅਦ ਮੂਰਤੀਆਂ ਬਣਨੀਆਂ ਸ਼ੁਰੂ ਹੋਈਆਂ। ਛੇਵੀਂ ਅਤੇ ਸੱਤਵੀਂ ਸਦੀ ਦੀਆਂ ਕੁਝ ਵਸਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ ਜਿਹੜੀਆਂ ਕਿ ਲੱਕੜ ਜਾਂ ਕਾਂਸੀ ਦੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਦੇ ਚਿੱਹਰੇ ਸੁੰਦਰ ਹੋਣ ਦੀ ਥਾਂ ਵਿਵੇਕੀ ਹਨ ਅਤੇ ਚਾਲ-ਢਾਲ ਵੀ ਅੱਖੜ ਅਤੇ ਬੇਜਾਨ ਹੈ। ਇਸ ਦੇ ਬਾਵਜੂਦ ਵੀ ਇਹ ਅਨੋਖੀਆਂ ਤੇ ਸ਼ਾਨਦਾਰ ਲੱਗਦੀਆਂ ਹਨ। ਇਹ ਪੰਜਵੀਂ ਅਤੇ ਛੇਵੀਂ ਸਦੀ ਦੀ ਚੀਨੀ ਬੁੱਤ-ਕਲਾ ਨਾਲ ਮੇਲ ਖਾਂਦੀ ਹੈ। ਨਾਰਾ ਦੇ ਨੇੜੇ ਹੋਰਿਊਜੀ ਮੰਦਰ ਦੇ ਕੋਡੋ ਸੇਲਡਨ ਕਾਲ ਵਿਚ ਪ੍ਰਸਿੱਧ ਝਾਲ ਚੜ੍ਹੇ ਤਾਂਬੇ ਦੇ ਸ਼ਾਕੇ (ਸੇਕਯਾ-ਮੁਨੀ) ਦੀ ਦੋ ਸੇਵਕਾਂ ਦੇ ਨਾਲ ਖੜ੍ਹੇ ਹੋਏ ਮੂਰਤੀ ਪਈ ਹੈ ਜਿਹੜੀ ਕਿ ਬਹੁਤ ਹੀ ਮਹੱਤਵਪੂਰਨ ਉਦਾਹਰਣ ਹੈ। ਇਸ ਤੋਂ ਇਲਾਵਾ ਕੁਝ ਹੋਰ ਵਿਸ਼ੇਸ਼ ਉਦਾਹਰਨਾਂ ਨਿਮਨ ਲਿਖਤ ਹਨ: ਹੋਰਿਊਜੀ ਮੰਦਰ ਵਿਖੇ ਹੀ ਯੁਮੈਡੋਨੇ (ਫ਼ਰੀਮ ਹਾਲ) ਵਿਚ ਕਾਨੌਨ ਅਵੈਲੋਕਾਈਟੀਜ਼ ਵਾਰਾ ਦੀ ਲੱਕੜ ਦੀ ਮੂਰਤੀ ਇਸੇ ਮੰਦਰ ਵਿਚ ਕੋਰੀਆਂ ਦੇ ਕਾਨੌਨ ਦੀ ਲੱਕੜ ਦੀ ਮੂਰਤੀ, ਜਿਸ ਦੀ ਹੂ-ਬਹੂ ਨਕਲ ਬ੍ਰਿਟਿਸ਼ ਮਿਊਜ਼ੀਅਮ ਵਿਚ ਪਈ ਹੈ ਅਤੇ ਨਾਰਾ ਦੇ ਚਿਊਗਿਊਜੀ ਮੰਦਰ ਵਿਚ ਮੀਰੋਕੁਬੋਸਾਟਸੂ (ਮੇਟਰੀਆ) ਦੀ ਬੈਠੇ ਹੋਏ ਦੀ ਲੱਕੜ ਦੀ ਮੂਰਤੀ ਜਿਸ ਨੂੰ ਕਈ ਵਾਰੀ ਭੁਲੇਖੇ ਨਾਲ ਨਾਈਊਰੀਨੀ-ਕਾਨੌਨ (ਮਿਨਟ-ਮਾਨੀ) ਵੀ ਕਿਹਾ ਜਾਂਦਾ ਹੈ। ਲਗਭਗ ਸੱਤਵੀਂ ਸਦੀ ਦੇ ਅਖ਼ੀਰ ਦੇ ਚੀਨ ਦੇ ਟੈਂਗ ਕਾਲ ਦੇ ਢੰਗਾਂ ਦਾ ਆਗਾਸ ਹੋਇਆ ਅਤੇ ਮੁੱਢਲੀਆਂ ਮੂਰਤੀਆਂ ਨਾਲੋਂ ਇਹ ਵਧੇਰੇ ਸੋਹਣੀਆਂ ਲਗਦੀਆਂ ਸਨ। ਇਸ ਨਵੇਂ ਢੰਗ ਦਾ ਪ੍ਰਭਾਵ ਨਾਰਾ ਦੇ ਨੇੜੇ ਯਾਕੂਸੀਜੀ ਮੰਦਰ ਵਿਚ ਯਾਕੂਸੀ ਦੀ ਤਹਿ ਵਾਲੀ ਤਾਂਬੇ ਦੀ ਮੂਰਤੀ ਅਤੇ ਇਸੇ ਮੰਦਰ ਵਿਚ ਤਾਂਬੇ ਦੀ ਤਹਿ ਚੜ੍ਹੀ ਕਾਨੌਨ ਦੀ ਮੂਰਤੀ ਤੋਂ ਸਾਫ਼ ਦਿਖਾਈ ਦਿੰਦਾ ਹੈ।

8ਵੀਂ ਸਦੀ ਨੂੰ ਜਾਪਾਨੀ ਬੁੱਤ-ਕਲਾ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ ਜਦੋਂ ਕਿ ਤਾਂਬੇ, ਮਿੱਟੀ, ਲਾਖ ਅਤੇ ਲੱਕੜ ਦੀਆਂ ਬੁੱਧ ਮਤ ਦੀਆਂ ਅਨਗਿਣਤ ਮੂਰਤੀਆਂ ਤਿਆਰ ਹੋਈਆਂ ਹਨ। ਨਾਰਾ ਵਿਖੇ ਟੋਡੈਜੀ ਮੰਦਰ ਵਿਚ ਤਾਂਬੇ ਦਾ ਝਾਲ ਚੜ੍ਹਿਆ ਬਹੁਤ ਵੱਡਾ ਲਗਭਗ 16.2 ਮੀ. (53 ਫੁੱਟ) ਉੱਚਾ ਬੀਰੋਸ਼ਾਨਾ (ਵੇਅਰੋਚਾਨ, ਬੁੱਧ ਦੀ ਬੈਠੇ ਹੋਏ ਦੀ ਮੂਰਤੀ) ਇਸ ਸਦੀ ਦੀ ਬੁੱਤ- ਕਲਾ ਦੀ ਸਭ ਤੋਂ ਵਧੀਆ ਉਦਾਹਰਣ ਹੈ। ਬੇਸ਼ਕ ਬੁੱਤ ਦਾ ਸਿਰ ਅੱਗ ਨਾਲ ਤਬਾਹ ਹੋ ਜਾਣ ਕਰਕੇ ਮੁੜ ਢਾਲਿਆ ਹੋਇਆ ਹੈ ਪਰੰਤੂ ਧੜ ਤੋਮੂਲ ਕਲਾ ਦੀ ਸਹੀ ਝਲਕ ਦਿੰਦੀ ਹੈ। ਟੋਡੈਜੀ ਮੰਦਰ ਵਿਚ ਚਾਰ ਦੇਵਾ-ਕਿੰਗਜ਼ ਦੀ ਮੂਰਤੀ ਅਤੇ ਜਿਊਰੀਮੈਨ (ਅੱਗੇ ਵਧਵੇਂ ਸਿਰ ਵਾਲਾ) ਕਾਨੌਨ ਦਾ ਨਾਰਾ ਵਿਚ ਸ਼ੋਰੀਨਜੀ ਮੰਦਰ ਵਿਚ ਪਿਆ ਬੁੱਤ, ਮਿੱਟੀ ਅਤੇ ਲਾਖ਼ ਦੀਆਂ ਮੂਰਤੀਆਂ ਦੀਆਂ ਸਹੀ ਉਦਾਹਰਣਾਂ ਹਨ। ਮਗਰਲੀ ਮੂਰਤੀ ਸਹੀ ਅਰਥਾਂ ਵਿਚ ਇਕ ਸਰਵੋਤਮ ਮੂਰਤੀ ਹੈ ਜਦੋਂ ਕਿ ਪਹਿਲੀ ਮੂਰਤੀ ਦਾ ਚਿੱਹਰਾ ਬਹੁਤ ਸੋਹਣੇ ਢੰਗਾਂ ਨਾਲ ਉਕਰਿਆ ਹੋਇਆ ਹੈ ਪਰੰਤੂ ਧੜ ਢੁੱਕਵੇਂ ਅਨੁਪਾਤਾਂ ਵਿਚ ਨਹੀਂ ਬਣਿਆ ਹੋਇਆ। ਜਾਪਾਨ ਵਿਚ ਲਾਖ ਦੇ ਬੁੱਤ ਦੀ ਬਹੁਤ ਮਹੱਤਤਾ ਹੈ ਕਿਉਂਕਿ ਇਸ ਦਾ ਚੀਨ ਦੀ ਮੂਲ ਕਲਾ ਹੋਣ ਦੇ ਨਾਤੇ ਵੀ ਉਥੇ ਕੋਈ ਢੁਕਵੀਂ ਉਦਾਹਰਣ ਨਹੀਂ ਲੱਭਦੀ। ਇਸ ਸਦੀ ਦੇ ਮਗਰਲੇ ਹਿੱਸੇ ਵਿਚ ਲੱਕੜ ਦੀ ਬੁੱਤ ਤਰਾਸ਼ੀ ਲਈ ਵਰਤੋਂ ਆਮ ਹੋ ਗਈ ਹੈ ਅਤੇ ਟੈਂਗ ਸਟਾਈਲ ਦੀਆਂ ਅਨੇਕ ਮੂਰਤੀਆਂ ਉੱਕਰੀਆਂ ਗਈਆਂ ਪਰੰਤੂ ਯਥਾਰਵਾਦ ਕਾਰਨ ਬੁੱਧ ਮਤ ਦੇ ਰਹੱਸਵਾਦ ਅਤੇ ਗੌਰਵਤਾ ਨੂੰ ਨੁਕਸਾਨ ਪਹੁੰਚਿਆ, ਜਿਸ ਕਰਕੇ ਇਹ ਬਹੁਤਾ ਚਿਰ ਨਾ ਟਿਕ ਸਕਿਆ। ਇਸ ਤੋਂ ਅਗਲੀ ਸਦੀ ਵਿਚ ਜਦੋਂ ਆਤਮੀ ਬੁੱਧ ਮੱਤ ਵਧੇਰੇ ਹਰਮਨ ਪਿਆਰਾ ਹੋ ਗਿਆ ਤਾਂ ਇਸ ਨਵੇਂ ਵਿਸ਼ਵਾਸ ਨੂੰ ਕੁਦਰਤੀ ਤਾਕਤ ਦਰਸਾਉਣ ਵਾਲੇ ਲੱਕੜ ਦੇ ਅਨੇਕ ਬੁੱਤਾਂ ਦੀ ਉਸਾਰੀ ਹੋਈ। ਦਸਵੀਂ ਸਦੀ ਤੋਂ ਬਾਅਦ ਬੇਸ਼ਕ ਬੁੱਤਾਂ ਲਈ ਸਾਮਾਨ ਤੇ ਢੰਗ ਉਹੋ ਹੀ ਰਹੇ, ਫਿਰ ਵੀ ਬਹੁਤ ਤਬਦੀਲੀਆਂ ਆ ਚੁੱਕੀਆਂ ਸਨ। ਇਹ ਮੁੱਖ ਤੌਰ ਤੇ ਕੌਮੀ ਭਾਵਨਾ ਉਜਾਗਰ ਹੋਣ ਕਰਕੇ ਹੋਇਆ, ਜਿਹੜਾ ਕਿ ਜਾਪਾਨੀਆਂ ਦੇ ਜੀਵਨ ਦੀ ਖ਼ਾਸ ਵਿਸ਼ੇਸ਼ਤਾ ਹੈ। ਬੁੱਤਾਂ ਦੀ ਮੰਗ ਵਧਣ ਕਰਕੇ ਅਨੇਕ ਜੱਦੀ ਕਿੱਤਾ ਕਰਨ ਵਾਲੇ ਬੁੱਤ-ਤਰਾਸ਼ ਸਾਹਮਣੇ ਆਏ। ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਜ਼ੋਚੋ ਹੋਇਆ ਹੈ ਜਿਸ ਨੇ ਸ਼ੁੱਧ ਜਾਪਾਨੀ ਭਾਂਵ ਜਾਂ ਸਪਿਰਿਟ ਅਤੇ ਸਟਾਈ ਦੇ ਸਕੂਲ ਦੀ ਸਥਾਪਨਾ ਕੀਤੀ ਜਿਹੜਾ ਕਿ ਉਸ ਸਮੇਂ ਦੇ ਆਦਰਸ਼ ਅਤੇ ਸੁਹੱਪਣ ਵਾਲਾ ਸੀ। ਇਸ ਦੇ ਕੰਮ ਦੀਆਂ ਮੁੱਖ ਉਦਾਹਰਣਾਂ ਕਯੋਟੋ ਵਿਚ ਹੋਕੈਜੀ ਮੰਦਰ ਵਿਚ ਅਮੀਡਾ ਅਮੀਤੇਭਾ ਦੀ ਲੱਕੜ ਦੀ ਤਹਿ ਚੜ੍ਹੀ ਮੂਰਤੀ ਅਤੇ ਕਯੋਟੋ ਦੇ ਨੇੜੇ ਹੀ ਊਜੀ ਵਿਖੇ ਹੂਡੋ ਦੇ ਮੰਦਰ ਦੀ ਮੂਰਤੀਆਂ ਹਨ। ਇਸ ਨੇ ਦੋਵੇਂ ਤਰ੍ਹਾਂ ਦੇ ਗੁੰਝਲਦਾਰ ਜ਼ਾਂ ਅਸਾਧਾਰਣ ਅਤੇ ਜੋੜੋ ਬੁੱਤ ਤਿਆਰ ਕੀਤੇ।

**ਕਾਮਾਕੁਰਾ ਅਤੇ ਮਗਰਲਾ ਕਾਲ** : ਤੇਰ੍ਹਵੀਂ ਸਦੀ ਵਿਚ ਜ਼ਦੋਂ ਜੋਚੋ ਸਟਾਈਲ ਵਿਚ ਬਹੁਤ ਸੁਧਾਰ ਹੋ ਗਿਆ ਤਾਂ ਇਕ ਨਵੀਂ ਨਾਟਕੀ, ਵਾਸਤਵਿਕ ਅਤੇ ਪ੍ਰਬਲ ਭਾਵਨਾ ਉਤਪੰਨ ਹੋਈ। ਦੋ ਉੱਘੇ ਪ੍ਰਸਿੱਧ ਬੁੱਤ-ਤਰਾਸ਼ਾਂ, ਉਂਕੀ ਅਤੇ ਕੈਕੀ ਨੇ ਮਿਲ ਕੇ ਨਾਰਾ ਵਿਖੇ ਟੋਕ੍ਰੈਜੀ ਦੇ ਗੇਟ ਉੱਤੇ ਪਹਿਰਾ ਦੇ ਰਹੇ ਦੋ ਨੀਓ ਦੇ ਬੁੱਤ ਤਰਾਸ਼ੇ ਜਿਹੜੇ ਕਿ ਇਸ ਨਵੇਂ ਸਟਾਈਲ ਦੀ ਦੇਣ ਹਨ। ਇਸ ਉੱਤੇ ਸੰਗ ਕਾਲ ਦੇ ਚੀਨੀ ਸਟਾਈਲ ਦੇ ਨਾਲ ਨਾਲ ਜਾਪਾਨ ਵਿਚ ਸੰਘੀਕਰਨ ਤੇ ਪ੍ਰਭਾਵ ਵੀ ਪਿਆ। ਇਸ ਕਾਲ ਵਿਚ ਥੋੜ੍ਹਾ ਜਿਹਾ ਕੰਮ ਤਾਂਬੇ ਵਿਚ ਵੀ ਹੋਇਆ ਜਿਸ ਵਿਚ ਕਾਮਾਕੁਰਾ ਵਿਖੇ ਡੈਬੂਤਸੂ (ਮਹਾਨ ਬੁੱਧ) ਬਹੁਤ ਪ੍ਰਸਿੱਧ ਹੈ।

14ਵੀਂ ਸਦੀ ਵਿਚ ਬੁੱਤ ਤਰਾਸ਼ੀ ਦਾ ਕੰਮ ਘੱਟ ਗਿਆ ਸੀ। ਰਵਾਇਤੀ ਸਟਾਈਲ ਵਿਚ ਅਨੇਕ ਹੀ ਬੁੱਧ ਦੀਆਂ ਮੂਰਤੀਆਂ ਤਿਆਰ ਹੁੰਦੀਆਂ ਰਹੀਆਂ ਪਰੰਤੂ ਕਿਸੇ ਨੇ ਵੀ ਵਾਸਤਵਿਕਤਾ ਨਹੀਂ ਦਰਸਾਈ। ਪੰਦਰ੍ਹਵੀਂ ਸਦੀ ਤੋਂ ਬਾਅਦ ਬਹੁਤ ਸਜਾਵਟੀ ਅਤੇ ਮਨਮੋਹਣੇ ਲੱਕੜ ਦੇ ਅਤੇ ਹਾਥੀ ਦੰਦ ਦੇ ਬੁੱਤ ਬਣੇ।

19ਵੀਂ ਸਦੀ ਦੇ ਮੱਧ ਤੋਂ ਬਾਅਦ ਜਦੋਂ ਜਾਪਾਨੀਆਂ ਨੇ ਕਲਾ ਅਤੇ ਸਾਇੰਸ ਵਿਚ ਪੱਛਮੀ ਵਿਚਾਰਾਂ ਨੂੰ ਅਪਣਾਇਆ ਤਾਂ ਇਕ ਨਵਾਂ ਬੁੱਤ ਤਰਾਸ਼ੀ ਦਾ ਯੁਗ ਸ਼ੁਰੂ ਹੋ ਗਿਆ ਅਤੇ ਲੱਕੜ, ਪੱਥਰ, ਮਿੱਟੀ ਅਤੇ

ਤਾਂਬੇ ਦੇ ਅਨੇਕ ਹੀ ਰਵਾਇਤੀ ਤੇ ਪੱਛਮੀ ਸਟਾਈਲ ਦੇ ਬੁੱਤ ਤਰਾਸ਼ੇ ਗਏ।

ਹ. ਪੁ. –ਚੈਂਬ. ਐਨ. 8:38

**ਜਾਪਾਨੀ ਭਾਸ਼ਾ** : ਇਹ ਜਾਪਾਨ ਦੇ 115,000,000 ਤੋਂ ਵੀ ਵੱਧ ਲੋਕਾਂ ਦੀ ਭਾਸ਼ਾ ਹੈ। ਹੋਰਾਂ ਦੇਸ਼ਾਂ ਵਿਚ ਗਏ ਜਾਪਾਨ ਦੇ ਲੋਕ ਵੀ ਇਹ ਭਾਸ਼ਾ ਬੋਲਦੇ ਹਨ। ਤਾਈਵਾਨ ਅਤੇ ਕੋਰੀਆ ਵਿਚ ਪੁਰਾਣੀ ਪੀੜ੍ਹੀ ਦੀ ਦੂਜੀ ਭਾਸ਼ਾ ਜਾਪਾਨੀ ਹੈ।

ਸਦੀਆਂ ਤੋਂ ਜਾਪਾਨ ਵਿਚ ਕਈ ਉਪ-ਭਾਸ਼ਾਵਾਂ ਵਰਤੀਆਂ ਜਾਂਦੀਆਂ ਹਨ ਜੋ ਇਕ ਦੂਜੇ ਤੋਂ ਬਹੁਤ ਹੀ ਭਿੰਨ ਹਨ। ਸੰਨ 1889 ਵਿਚ ਮਾਈਜੀ ਸਲਤਨਤ ਦੀ ਪੁਨਰ ਸਥਾਪਨਾ ਤੋਂ ਮਗਰੋਂ ਜਾਪਾਨ ਵਿਚ ਵਿਦਿਆ ਆਮ ਹੋ ਗਈ ਅਤੇ ਸਾਰੇ ਦੇਸ਼ ਵਿਚ ਇਕ ਸਾਂਝੀ ਲਿਖਤੀ ਬੋਲੀ ਕਾਇਮ ਹੋ ਗਈ। ਜਾਪਾਨੀ ਭਾਸ਼ਾ ਨੂੰ ਦੋ ਪ੍ਰਮੁੱਖ ਉਪ-ਭਾਸ਼ਾਈ ਗੱਰੁਪਾਂ ਵਿਚ ਵੰਡਿਆ ਜਾ ਸਕਦਾ ਹੈ। ਜਾਪਾਨ ਦੀ ਮੁੱਖ ਭੂਮੀ ਦੀਆਂ ਬੋਲੀਆਂ ਅਤੇ ਰਾਈਊਕਾਈਊ ਟਾਪੂਆਂ ਦੀਆਂ ਬੋਲੀਆਂ। ਕੁਝ ਵਿਦਵਾਨਾਂ ਨੇ ਮਹਾਂ ਦੀਪ ਦੀਆਂ ਉਪ-ਬੋਲੀਆਂ ਨੂੰ ਤਿੰਨ ਗੱਰੁਪਾਂ ਵਿਚ ਵੰਡਿਆ ਹੈ–ਪੂਰਬੀ, ਪੱਛਮੀ ਅਤੇ ਕਾਈਊਸ਼ੂ। ਇਹ ਪ੍ਰਮਾਣ ਮਿਲਦਾ ਹੈ ਕਿ ਲਗਭਗ 2,000 ਸਾਲ ਪਹਿਲਾਂ ਉੱਤਰੀ ਕਾਈਊਸ਼ ਵਿਚ ਯਾਯੋਈ ਸਭਿਆਚਾਰ ਦੇ ਲੋਕ ਜਿਹੜੀ ਬੋਲੀ ਬੋਲਦੇ ਸਨ, ਉਹ ਹੀ ਮੌਜੂਦਾ ਜਾਪਾਨੀ ਉਪ-ਭਾਸ਼ਾਵਾਂ ਦੀ ਜਨਮ ਦਾਤੀ ਹੈ। ਯਾਯੋਈ ਸਭਿਆਚਾਰ ਚੌਲਾਂ ਦੀ ਖੇਤੀ ਦੇ ਨਾਲ ਹੀ ਏਸ਼ੀਆਈ ਮਹਾਂ-ਦੀਪ ਤੋਂ ਜਾਪਾਨ ਵਿਚ ਆਈ ਸੀ। ਇਕ ਹੋਰ ਵਿਚਾਰ ਅਨੁਸਾਰ ਜਾਪਾਨੀ ਭਾਸ਼ਾ ਕੋਰੀਆ ਦੀ ਭਾਸ਼ਾ ਨਾਲੋਂ ਕੋਈ 5,000 ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਪਹਿਲੇ ਵੱਖਰੀ ਹੋ ਗਈ ਅਤੇ ਇਹ ਜਾਪਾਨ ਵਿਚ ਈਸਾਈ ਸੰਨ ਤੋਂ ਹਜ਼ਾਰਾਂ ਸਾਲ ਪਹਿਲਾਂ ਤੋਂ ਬੋਲੀ ਜਾਂਦੀ ਸੀ। ਇਹ ਸੂਰਤ ਅਨੁਸਾਰ ਮੁੱਢਲੀ ਜਾਪਾਨੀ ਭਾਸ਼ਾ ਜਾਪਾਨੀ ਉਪ-ਭਾਸ਼ਾਵਾਂ ਵਿਚੋਂ ਕੇਵਲ ਇਕ ਹੀ ਸੀ ਜਿਹੜੀ ਕਿ ਉਸ ਸਮੇਂ ਕਾਨਸਾਈ ਅਤੇ ਇਸ ਦੇ ਪੂਰਬੀ ਖੇਤਰ ਸਮੇਤ ਜਾਪਾਨ ਦੇ ਵਧੇਰੇ ਹਿੱਸੇ ਵਿਚ ਬੋਲੀ ਜਾਂਦੀ ਸੀ। 8ਵੀਂ ਸਦੀ ਵਿਚ ਲੋਕਾਂ ਨੇ ਦੇਖਿਆ ਕਿ ਪੂਰਬੀ ਉਪ-ਭਾਸ਼ਾਵਾਂ ਪ੍ਰਤੱਖ ਰੂਪ ਵਿਚ ਨਾਰਾ ਦੇ ਆਲੇ ਦੁਆਲੇ ਦੀਆਂ ਭਾਸ਼ਾਵਾਂ ਅਤੇ ਪੱਛਮੀ ਉਪ-ਭਾਸ਼ਾਵਾਂ ਤੋਂ ਬਹੁਤ ਹੀ ਅਲੱਗ ਸਨ।

ਜਾਪਾਨੀਆਂ ਨੂੰ ਪਹਿਲੀ ਵਾਰ ਲਿਖਤ ਬਾਰੇ ਚੀਨੀ ਲਿਪੀ ਤੋਂ ਪਤਾ ਚਲਿਆ। ਉਹ ਚੌਥੀ ਸਦੀ ਵਿਚ ਇਸ ਦੇ ਸੰਪਰਕ ਵਿਚ ਆਏ ਅਤੇ ਹੌਲੀ ਹੌਲੀ ਉਨ੍ਹਾਂ ਨੇ ਇਸੇ ਲਿਪੀ ਨੂੰ ਆਪਣੀ ਭਾਸ਼ਾ ਦੀ ਲਿਪੀ ਵਜੋਂ ਅਪਣਾਇਆ। 5 ਵੀਂ ਅਤੇ 9ਵੀ ਸਦੀ ਦੌਰਾਨ ਜਾਪਾਨੀਆਂ ਨੇ ਚੀਨ ਦੀ ਸ਼ਬਦਾਵਲੀ 'ਚੋਂ ਸਾਰੇ ਸ਼ਬਦ ਲਏ। ਇਸ ਤਰ੍ਹਾਂ ਉਧਾਰੇ ਲਏ ਸ਼ਬਦਾਂ ਨੂੰ ਚੀਨੀ ਜਾਪਾਨੀ ਸ਼ਬਦ ਕਿਹਾ ਜਾਂਦਾ ਹੈ। ਸਥਾਨਕ ਭਾਸ਼ਾ ਦੀ ਧੁਨੀ ਪ੍ਰਣਾਲੀ ਬਹੁਤ ਹੀ ਸਾਧਾਰਣ ਸੀ, ਜਿਵੇਂ ਕਿ 50 ਆਵਾਜ਼ਾਂ ਦੀ ਮੂਲ ਪੱਟੀ ਤੋਂ ਸਪਸ਼ਟ ਹੈ। ਇਸ ਪੱਟੀ ਦੀ ਵਿਉਂਤ ਮੂਲ ਰੂਪ ਵਿਚ ਜਾਪਾਨ



**ਜਾਪਾਨੀ ਭਾਸ਼ਾ**

ਵਿਚ 8ਵੀਂ ਅਤੇ 10ਵੀਂ ਸਦੀ ਵਿਚਕਾਰ ਤਿਆਰ ਹੋਈ। ਇਸ ਪੱਟੀ ਤੋਂ ਸਪਸ਼ਟ ਹੈ ਕਿ ਇਸ ਉੱਤੇ ਪ੍ਰਾਚੀਨ ਸੰਸਕ੍ਰਿਤ ਦੀਆਂ ਧੁਨੀਆਂ ਦੇ ਪ੍ਰਭਾਵ ਸਨ। ਸੰਸਕ੍ਰਿਤ ਦੀ ਜਾਣਕਾਰੀ ਜਾਪਾਨ ਨੂੰ ਚੀਨ ਰਾਹੀਂ ਪ੍ਰਾਪਤ ਹੋਈ। ਸਥਾਨਕ ਜਾਪਾਨੀ ਸ਼ਬਦਾਵਲੀ ਦਾ ਦੂਜੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਨਾਲ ਸਾਂਝ ਬਾਰੇ ਪਤਾ ਕਰਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਾਪਾਨੀ ਦਾ ਕਿਸੇ ਦੂਜੀ ਭਾਸ਼ਾ ਜਾਂ ਭਾਸ਼ਾ-ਸਮੂਹ ਨਾਲ ਸਿੱਧਾ ਸਬੰਧ ਨਹੀਂ ਹੈ। ਸ਼ਬਦਾਵਲੀ ਦਾ ਇਸ ਤਰ੍ਹਾਂ ਦਾ ਸਬੰਧ ਮੁੱਖ ਤੌਰ ਤੇ ਦੋ ਵਰਗਾਂ ਨਾਲ ਹੈ। ਪਹਿਲੇ ਵਰਗ ਦਾ ਸਬੰਧ ਸ਼ਾਂਤ ਮਹਾਂਸਾਗਰੀ ਭਾਸ਼ਾ ਸਮੂਹਾਂ ਦੀਆਂ ਭਾਸ਼ਾ ਸ਼ਬਦਾਵਲੀਆਂ ਨਾਲ ਹੈ, ਅਰਥਾਤ ਇੰਡੋਨੇਸ਼ੀਆ ਮਲਾਨੇਸ਼ੀਆ, ਪੋਲੀਨੇਸ਼ੀਆ ਦੀਆਂ ਭਾਸ਼ਾਵਾਂ ਨਾਲ ਜਿਨ੍ਹਾਂ ਵਿਚੋਂ ਕਈ ਉਚਾਰਣ ਜਾਪਾਨੀ ਉਚਾਰਣ ਵਾਂਗ ਹੀ ਹਨ। ਦੂਜੇ ਵਰਗ ਦਾ ਸਬੰਧ ਅਲਤਾਈ (Altaic) ਭਾਸ਼ਾ ਸਮੂਹ ਦੀਆਂ ਭਾਸ਼ਾ ਸ਼ਬਦਾਵਲੀਆਂ ਨਾਲ ਹੈ ਜਿਸ ਵਿਚ ਪ੍ਰਾਚੀਨ ਤੁਰਕੀ, ਮੰਗੋਲ, ਮੰਚੂ ਅਤੇ ਸਾਇਬੇਰੀਆ ਤੇ ਕੋਰੀਆ ਦੀਆਂ ਕਈ ਭਾਸ਼ਾਵਾਂ ਸ਼ਾਮਲ ਹਨ ਪਰ ਇਹ ਸਮਝਿਆ ਜਾਂਦਾ ਹੈ ਕਿ ਅਲਤਾਈ ਭਾਸ਼ਾਵਾਂ ਆਪਣੀ ਪੂਰਵਜ ਭਾਸ਼ਾ ਤੋਂ ਸ਼ੁਰੂ ਤੋਂ ਹੀ ਅਲੱਗ ਹੋ ਗਈਆਂ ਸਨ। ਇਸ ਲਈ ਇਨ੍ਹਾਂ ਭਾਸ਼ਾਵਾਂ ਅਤੇ ਜਾਪਾਨੀ ਭਾਸ਼ਾ ਦੀ ਸ਼ਬਦਾਵਲੀ ਦਾ ਸਬੰਧ ਧੁਨੀ ਪਰਿਵਰਤਨ ਦੇ ਪੇਚੀਦਾ ਸਿਧਾਂਤਵਾਦ ਤੇ ਨਿਰਭਰ ਕਰਦਾ ਹੈ। ਪਰ ਵਾਕ-ਬਣਤਰ ਅਲਤਾਈ ਭਾਸ਼ਾਵਾਂ ਵਿਚ ਇਕੋ ਜਿਹੀ ਹੈ ਜੋ ਜਾਪਾਨੀ ਵਿਚ ਵੀ ਹੈ। ਮੁੱਢਲੀ ਅਵਸਥਾ ਵਿਚ ਸਥਾਨਕ ਜਾਪਾਨੀ ਭਾਸ਼ਾ ਦੀ ਚੀਨੀ ਭਾਸ਼ਾ ਨਾਲ ਕੋਈ ਸਾਂਝ ਨਹੀਂ ਸੀ। ਚੀਨੀ-ਜਾਪਾਨੀ ਸ਼ਬਦਾਵਲੀ ਬਾਅਦ ਦੀਆਂ ਸਦੀਆਂ ਤਕ ਪ੍ਰਚੱਲਤ ਨਹੀਂ ਹੋਈ ਸੀ। ਕਿਸੇ ਸਮੇਂ ਇਹ ਸਮਝਿਆ ਜਾਂਦਾ ਸੀ ਕਿ ਜਾਪਾਨ ਤੇ ਫਾਰਮੂਸਾ ਦੇ ਵਿਚਕਾਰ ਰਾਈਊਕਾਈਊ ਦੀਪ-ਸਮੂਹ ਦੀ ਭਾਸ਼ਾ ਜਾਪਾਨੀ ਭਾਸ਼ਾ ਦੇ ਨਾਲ ਦੀ ਭਾਸ਼ਾ ਸੀ ਪਰ ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਇਹ ਜਾਪਾਨ ਦੀ ਉਪ-ਭਾਸ਼ਾ ਹੀ ਸੀ। ਚੀਨੀ-ਜਾਪਾਨੀ ਸ਼ਬਦਾਵਲੀ ਦੇ ਤਕਰੀਬਨ ਸਾਰੇ ਸ਼ਬਦ ਦੋ ਖ਼ਾਸੀਅਤਾਂ ਵਾਲੇ ਹਨ।

ਇਨ੍ਹਾਂ ਵਿਚੋਂ ਜਾਪਾਨੀ ਭਾਸ਼ਾ ਨੇ ਨਾ ਸਿਰਫ਼ ਅਰਥ ਹੀ ਬਲਕਿ ਲਿਪੀ ਅਤੇ ਚੀਨੀ ਉਚਾਰਣ ਵੀ ਅਪਣਾਇਆ। 16ਵੀਂ ਅਤੇ 17ਵੀਂ ਸਦੀ ਦੌਰਾਨ, ਕਈ ਦਰਜਨ ਯੂਰਪੀ ਸ਼ਬਦ, ਖ਼ਾਸ ਕਰਕੇ ਪੁਰਤਗੇਜ਼ੀ ਅਤੇ ਵਲੰਦੇਜ਼ੀ ਭਾਸ਼ਾਵਾਂ ਵਿਚੋਂ ਅਪਣਾਏ ਗਏ ਪਰ ਇਨ੍ਹਾਂ ਵਿਚੋਂ ਕੁਝ ਸ਼ਬਦ ਹੀ ਪ੍ਰਚੱਲਤ ਹਨ। ਪਿਛਲੇ 100 ਸਾਲਾਂ ਦੌਰਾਨ ਅੰਗਰੇਜ਼ੀ ਭਾਸ਼ਾ ਵਿਚੋਂ ਬਹੁਤ ਸਾਰੇ ਸ਼ਬਦ ਲਏ ਗਏ ਹਨ। ਦੂਜੀਆਂ ਭਾਸ਼ਾਵਾਂ ਵਿਚੋਂ ਇਸ ਤਰ੍ਹਾਂ ਲਏ ਗਏ ਸ਼ਬਦਾਂ ਦੀਆਂ ਧੁਨੀਆਂ ਵਿਚ ਆਪਣੀ ਭਾਸ਼ਾ ਅਨੁਸਾਰ ਕੁਝ ਅਦਲਾ-ਬਦਲੀ ਹੋ ਗਈ ਹੈ।

ਚੀਨੀ ਭਾਸ਼ਾ ਵਿਚੋਂ ਕਈ ਅੱਖਰਾਂ ਦੇ ਲਏ ਜਾਣ ਦੇ ਬਾਵਜੂਦ, ਜਾਪਾਨੀ ਨੇ ਆਪਣੇ ਸ਼ਬਦ ਰੂਪਾਂ ਲਈ ਚੀਨੀ ਸ਼ੈਲੀ ਵਰਗੇ ਹੀ ਕਈ ਅਜਿਹੇ ਅੱਖਰ ਬਣਾਏ ਹਨ ਜੋ ਕਿ ਚੀਨੀ ਭਾਸ਼ਾ ਦੇ ਸਮਾਨ ਨਹੀਂ ਹਨ। ਜਾਪਾਨੀ ਲਿਪੀ ਨੂੰ ਸੰਸਾਰ ਦੀ ਸਭ ਤੋਂ ਪੇਚੀਦਾ ਲਿਪੀ ਮੰਨਿਆ ਜਾਂਦਾ ਹੈ। ਇਕ ਦਰਮਿਆਨੇ ਪੜ੍ਹੇ-ਲਿਖੇ ਜਾਪਾਨੀ ਨੂੰ ਸਾਰੇ ਉਚਾਰਣ ਢੰਗਾਂ ਸਮੇਤ ਔਸਤਨ 3,000 ਤੋਂ 5,000 ਅੱਖਰਾਂ ਦਾ ਗਿਆਨ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਸਮਕਾਲੀ ਵਿਸ਼ਿਆਂ ਨੂੰ ਸਹੀ-ਸਹੀ ਪੜ੍ਹ ਸਕੇ। ਬਹੁਤ ਸਮੇਂ ਤੱਕ ਸਾਧਾਰਨ ਪਾਠਕਾਂ ਦੀ ਸਹੂਲਤ ਲਈ ਕਿਸੇ ਲਿਖਤ ਦੇ ਹਰ ਸ਼ਬਦ ਨਾਲ ਕਾਨਾ (Kana) ਚਿੰਨ੍ਹਾਂ ਦੀ ਧੁਨੀਆਤਮਕ ਰਨਿੰਗ-ਕੁਮੈਂਟਰੀ ਦਿੱਤੀ ਜਾਂਦੀ ਰਹੀ ਤਾਂ ਜੋ ਉਹ ਪਾਠਕ, ਜੋ ਸ਼ਬਦ ਨੂੰ ਨਹੀਂ ਸਮਝਦਾ ਸੀ ਇਸ ਦੇ ਉਚਾਰਣ ਢੰਗਾਂ ਤੋਂ ਇਸ ਦਾ ਅਰਥ ਲੱਭ ਲਵੇ। ਹਾਲ ਵਿਚ ਹੀ ਜਾਪਾਨ ਸਰਕਾਰ ਨੇ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਲਈ ਰੋਜ਼ ਵਰਤੋਂ ਦੇ ਸ਼ਬਦਾਂ ਨੂੰ ਘਟਾ ਕੇ 1,850 ਤੱਕ ਕਰ ਦਿੱਤਾ ਅਤੇ ਇਨ੍ਹਾਂ ਸ਼ਬਦ-ਰੂਪਾਂ ਨੂੰ ਆਸਾਨ ਬਣਾ ਦਿੱਤਾ। ਇਸ ਗੱਲ ਦਾ ਸੌਖਾ ਢੰਗ ਰੋਮਨ

ਪ੍ਰਣਾਲੀ ਦਾ ਅਪਣਾਇਆ ਜਾਣਾ ਹੋ ਸਕਦਾ ਹੈ ਪਰ ਇਸ ਢੰਗ ਦੀ ਵਿਰੋਧਤਾ ਹੁੰਦੀ ਰਹੀ ਹੈ।

ਸ਼ੁਰੂ ਦੀਆਂ ਪਾਠ-ਪੁਸਤਕਾਂ ਵਿਚ ਅੱਠ ਸੁਰ ਚਿੰਨ੍ਹ ਮਿਲਦੇ ਹਨ ਪਰ 9ਵੀਂ ਸਦੀ ਤੱਕ ਇਹ ਅੱਠ ਸੁਰ ਘਟ ਕੇ 5 ਰਹਿ ਗਏ ਅਤੇ ਹਾਲ ਦੀਆਂ ਕਈ ਤਬਦੀਲੀਆਂ ਦੇ ਬਾਵਜੂਦ 50 ਧੁਨੀਆਂ ਦੀ ਪੱਟੀ ਨੂੰ ਉਸ ਸਮੇਂ ਤੋਂ ਹੀ ਸਥਾਨਕ ਭਾਸ਼ਾ ਦਾ ਸਿਧਾਂਤਕ ਆਧਾਰ ਮੰਨਿਆ ਜਾਂਦਾ ਹੈ।

ਸਥਾਨਕ ਭਾਸ਼ਾ ਵਿਚ ਸਪਸ਼ਟ ਤੌਰ ਤੇ ਵੱਖ-ਵੱਖ ਸ਼ਬਦ ਭੇਦ ਮੌਜੂਦ ਹਨ—ਨਾਂਵ, ਵਚਨ, ਲਿੰਗ ਭੇਦ ਆਦਿ। ਪੂਰਬੀ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਇਕ ਵਚਨ ਅਤੇ ਬਹੁਵਚਨ ਦੀ ਪਛਾਣ ਔਖੀ ਹੁੰਦੀ ਹੈ। ਇਸ ਲਈ ਬਹੁਵਚਨ ਦਰਸਾਉਣ ਲਈ ਲੋੜ ਅਨੁਸਾਰ ਪਿਛੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੜਨਾਂਵ ਦੀ ਵਰਤੋਂ ਘੱਟ ਹੀ ਕੀਤੀ ਜਾਂਦੀ ਹੈ ਕਿਉਂਕਿ ਕਰਤਾ ਜਾਂ ਕਰਮ ਨੂੰ ਵਾਕ ਦੀ ਬਣਤਰ ਤੋਂ ਹੀ ਸਮਝਿਆ ਜਾਂਦਾ ਹੈ।

ਹ. ਪੁ. –ਐਨ. ਬ੍ਰਿ. ਮੈ. 10: 93; ਚੈਂਥ. ਐਨ. 8:54

**ਜਾਪਾਨੀ ਮਿਥਿਹਾਸ** : ਜਾਪਾਨੀ ਮਿਥਿਹਾਸ ਵਿਚ ਕੋਈ ਇਕਸਾਰਤਾ ਨਹੀਂ ਹੈ। ਪ੍ਰਾਚੀਨ ਕਾਲ ਦੀਆਂ ਕਥਾਵਾਂ ਨੂੰ ਮਗਰੋਂ ਜੋੜੀਆਂ ਕਥਾਵਾਂ ਤੋਂ ਨਿਖੇੜਿਆ ਨਹੀਂ ਜਾ ਸਕਦਾ। ਇਨ੍ਹਾਂ ਵਿਚ ਕੋਈ ਬਹੁਤੀਆਂ ਦੁਖਿਤ ਘਟਨਾਵਾਂ ਦਾ ਜ਼ਿਕਰ ਨਹੀਂ, ਸਗੋਂ ਹਾਲਾਤ ਨਾਲ ਸਮਝੌਤਾ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਸੰਸਾਰ ਦੇ ਹੋਰਾਂ ਮਿਥਿਹਾਸਾਂ ਵਾਂਗ ਇਸ ਵਿਚ ਪਰਲੋ ਵਰਗਾ ਕੋਈ ਡਰ/ਭੈ ਨਹੀਂ ਹੈ। ਕੁਦਰਤ ਅਤੇ ਇਸ ਦੇ ਆਲੇ ਦੁਆਲੇ ਨਾਲ ਇਕਸੁਰਤਾ ਜਾਪਾਨੀ ਲੋਕਾਂ ਦਾ ਖ਼ਾਸ ਲੱਛਣ ਰਿਹਾ ਹੈ। 8ਵੀਂ ਸਦੀ ਦੇ ਮੁੱਢ ਵਿਚ ਜਾਪਾਨ ਦੀਆਂ ਮੁੱਢਲੀਆਂ ਮਿਥਿਹਾਸਕ ਕਥਾਵਾਂ ਨੂੰ 'ਕੋਜਿਕੀ' ਅਤੇ 'ਨਿਹੋਗੀ' ਨਾਂ ਦੇ ਗਰੰਥਾਂ ਵਿਚ ਸੰਕਲਿਤ ਕੀਤਾ ਗਿਆ।

ਜਾਪਾਨੀ ਮਿਥਿਹਾਸ ਸੂਰਜ ਦੀ ਦੇਵੀ ਦੁਆਲੇ ਘੁੰਮਦਾ ਹੈ ਜੋ ਯਾਮਾਤੋ ਕਬੀਲੇ ਦੀ ਸਰਪ੍ਰਸਤ ਸੀ। ਇਸ ਕਬੀਲੇ ਨੇ ਹੀ ਪਹਿਲੇ ਪਹਿਲ ਜਾਪਾਨੀ ਟਾਪੂਆਂ ਦਾ ਏਕੀਕਰਣ ਕੀਤਾ ਸੀ।

ਜਾਪਾਨੀ ਮਿਥਿਹਾਸ ਅਨੁਸਾਰ ਪਹਿਲਾਂ ਪਹਿਲ ਹਰ ਹੀ ਪਾਸੇ ਧੁੰਧੂਕਾਰ ਸੀ ਅਤੇ ਇਸ ਵਿਚੋਂ 'ਕਾਨੀ' ਵਰਗੀ ਕੋਈ ਚੀਜ਼ ਨਿਕਲੀ ਜੋ ਸ਼ਿੰਟੋ ਧਰਮ ਅਨੁਸਾਰ ਰੱਬੀ ਜਾਪਦੀ ਸੀ। ਫਿਰ ਭੈਣ-ਭਰਾ ਜੋੜਿਆਂ ਦੇ ਰੂਪ ਵਿਚ ਛੋਟੇ ਦੇਵੀ-ਦੇਵਤਿਆਂ ਦੀਆਂ ਸੱਤ ਪੁਸ਼ਤਾਂ ਹੋਂਦ ਵਿਚ ਆਈਆਂ। ਅੱਠਵਾਂ ਅਤੇ ਅਖ਼ੀਰਲਾ ਜੋੜਾ ਇਜ਼ਾਨਾਗੀ ਨਰ ਅਤੇ ਉਸ ਦੀ ਭੈਣ ਇਜ਼ਾਨਾਮੀ ਦਾ ਸੀ। ਇਨ੍ਹਾਂ ਤੋਂ ਪਹਿਲਾਂ ਬਣੇ ਦੇਵੀ ਦੇਵਤਿਆਂ ਦੇ ਹੁਕਮ ਨਾਲ ਇਨ੍ਹਾਂ ਦੋਹਾਂ ਨੇ ਸ੍ਰਿਸ਼ਟੀ ਰਚੀ। ਇਨ੍ਹਾਂ ਨੇ ਸਵਰਗ ਦੇ ਤੈਰਦੇ ਹੋਏ ਪੁਲ ਉੱਤੇ ਇਕੱਠੇ ਖੜੇ ਕੇ ਸਵਰਗੀ ਨੇਜ਼ੇ ਨਾਲ ਉਤਨਾ ਚਿਰ ਸਮੁੰਦਰ ਰਿੜਕਿਆ ਜਦੋਂ ਤੱਕ ਕਿ ਉਹ ਗਾੜ੍ਹਾ ਨਹੀਂ ਹੋ ਗਿਆ। ਜਦੋਂ ਇਨ੍ਹਾਂ ਨੇ ਨੇਜ਼ਾ ਬਾਹਰ ਕੱਢਿਆ ਤਾਂ ਜਿਹੜੇ ਤੁਪਕੇ ਨਿਕਲ ਕੇ ਵਾਪਸ ਸਮੁੰਦਰ ਵਿਚ ਡਿੱਗੇ ਉਨ੍ਹਾਂ ਤੋਂ ਉਨੋਗੋਰੋ ਟਾਪੂ ਬਣ ਗਿਆ। ਇਸ ਉੱਪਰ ਉਤਰ ਕੇ ਇਨ੍ਹਾਂ ਨੇ ਇਕ ਕੇਂਦਰੀ ਥੰਮ੍ਹ ਖੜ੍ਹਾ ਕੀਤਾ ਅਤੇ ਇਨ੍ਹਾਂ ਦੋਹਾਂ ਦੇ ਸੰਗ ਤੋਂ ਬਹੁਤ ਸਾਰੇ ਟਾਪੂ ਅਤੇ ਦੇਵਤੇ ਪੈਦਾ ਹੋਏ। ਇਜ਼ਾਨਾਮੀ ਦੇਵੀ ਦੇਵਤੇ ਜਣਦੀ ਗਈ ਅਤੇ ਜਾਪਾਨ ਦੇ 8 ਟਾਪੂਆਂ ਸਮੇਤ ਧਰਤੀ, ਸਮੁੰਦਰ, ਮੌਸਮ, ਹਨ੍ਹੇਰੀ, ਦਰਖ਼ਤ, ਪਹਾੜ ਅਤੇ ਬੀਜ਼ਾਂ ਦੇ ਦੇਵਤੇ ਪੈਦਾ ਕੀਤੇ ਅਤੇ ਅਖ਼ੀਰ ਵਿਚ ਅੱਗ ਦਾ ਦੇਵਤਾ ਪੈਦਾ ਕੀਤਾ। ਇਸ ਨਾਲ ਉਸ ਨੂੰ ਬਹੁਤ ਭਖ਼ ਹੋ ਗਈ ਤੇ ਇਸੇ ਕਰਕੇ ਉਸ ਦੀ ਤਬੀਅਤ ਬਹੁਤ ਜ਼ਿਆਦਾ ਖ਼ਰਾਬ ਹੋ ਜਾਣ ਤੇ ਉਸ ਨੂੰ ਉਲਟੀ ਆਈ। ਉਸ ਦੀ ਉਲਟੀ ਤੋਂ ਪਹਾੜ, ਟੱਟੀ ਤੋਂ ਮਿੱਟੀ ਅਤੇ ਉਸਦੇ ਪਿਸ਼ਾਬ ਤੋਂ ਪਾਣੀ ਬਣਿਆ। ਉਹ ਮਰ ਗਈ ਅਤੇ ਇਜ਼ਾਨਾਗੀ ਦੇ ਰੋਣ ਕਰਕੇ ਉਸ ਦੇ ਅੱਥਰੂਆਂ ਤੋਂ ਹੋਰ ਦੇਵਤੇ ਬਣ ਗਏ। ਉਸ ਨੇ ਆਪਣੀ ਪਤਨੀ ਨੂੰ 'ਹਿਬਾ' ਨਾਂ ਦੇ ਪਹਾੜ ਉੱਤੇ ਦਬਾਅ ਦਿੱਤਾ ਅਤੇ ਤਲਵਾਰ ਨਾਲ ਅਗਨੀ ਦੇਵਤੇ ਨੂੰ ਮਾਰ ਦਿੱਤਾ ਜਿਸ ਦੇ ਖ਼ੂਨ ਤੋਂ ਹੋਰ ਦੇਵਤੇ ਬਣ ਗਏ। ਇਜ਼ਾਨਾਗੀ ਆਪਣੀ ਪਤਨੀ ਲਈ ਤਰਸਣ ਲੱਗਾ। ਉਹ ਹੁਣ ਹਨੇਰੀ ਧਰਤੀ ਤੇ ਰਹਿੰਦੀ ਸੀ ਅਤੇ ਉਥੇ ਉਸ ਨੇ ਮਹਿਲ ਬਣਾ ਲਿਆ ਸੀ। ਇਜ਼ਾਨਾਗੀ ਉਸ ਕੋਲ ਗਿਆ ਅਤੇ ਉਸ ਨੂੰ ਉਪਰ ਦੁਨੀਆ ਵਿਚ ਆਉਣ ਲਈ ਕਿਹਾ ਕਿਉਂਕਿ ਅਜੇ ਉਨ੍ਹਾਂ ਦੀ ਰਚਨਾ ਪੂਰੀ ਨਹੀਂ ਹੋਈ ਸੀ। ਉਸ ਦੀ ਪਤਨੀ ਨੇ ਜਵਾਬ ਦਿੱਤਾ ਕਿ ਹੁਣ ਉਹ ਉਥੋਂ ਦੀ ਖ਼ੁਰਾਕ ਖਾ ਚੁੱਕੀ ਸੀ, ਇਸ ਲਈ ਉਹ ਉਸ ਥਾਂ ਨੂੰ ਨਹੀਂ ਛੱਡ ਸਕਦੀ ਸੀ। ਜਦੋਂ ਉਹ ਨਾ ਮੰਨੀ ਤਾਂ ਉਹ ਰੌਸ਼ਨੀ ਕਰਕੇ ਉਸ ਦੇ ਮਹਿਲ ਵਿਚ ਗਿਆ। ਜਦੋਂ ਉਸ ਨੇ ਉਸ ਦੇ ਗਲਸੜ ਰਹੇ ਸਰੀਰ ਅਤੇ ਕੁਰਬਲ-ਕੁਰਬਲ ਕਰਦੇ ਕੀੜਿਆਂ ਦਾ ਦੋਜ਼ਖ ਦੇਖਿਆ ਤਾਂ ਡਰ ਕੇ ਪਿੱਛੇ ਮੁੜਿਆ ਤੇ ਭੱਜ ਗਿਆ। ਇਜ਼ਾਨਾਮੀ ਨੇ ਸੋਚਿਆ ਕਿ ਹੁਣ ਇਹ ਦੁਨੀਆ ਵਿਚ ਜਾ ਕੇ ਮੇਰੀ ਦੁਰਦਸ਼ਾ ਦਾ ਪਾਜ ਖੋਲ੍ਹੇਗਾ, ਇਸ ਲਈ ਉਸ ਨੇ ਕਾਲ-ਕੋਠਰੀ ਜਾਂ ਦੋਜ਼ਖ ਦੀਆਂ ਭੂਤ-ਚੁੜੇਲਾਂ ਉਸ ਦੇ ਪਿੱਛੇ ਲਾ ਦਿੱਤੀਆਂ ਪਰ ਉਸ ਨੇ ਵੀ ਪਿੱਛਾ ਕਰਨ ਵਾਲੀਆਂ ਨੂੰ ਡਾਹ ਨਾ ਦਿੱਤੀ ਅਤੇ ਰੌਸ਼ਨੀ ਤੇ ਹਨੇਰੇ ਜਾਂ ਜੀਵਨ ਅਤੇ ਮੌਤ ਦੀ ਦੁਨੀਆ ਦੇ ਵਿਚਕਾਰ 'ਈਵਨ' ਨਾਂ ਦੇ ਦੱਰੇ ਤੇ ਪਹੁੰਚ ਕੇ ਇਕ ਭਾਰੀ ਚਟਾਨ ਨਾਲ ਰਸਤਾ ਬੰਦ ਕਰ ਦਿੱਤਾ। ਆਰ ਪਾਰ ਤੋਂ ਦੋਹਾਂ ਨੇ ਇਕ ਦੂਜੇ ਨੂੰ ਧਮਕੀਆਂ ਦਿੱਤੀਆਂ। ਇਜ਼ਾਨਾਮੀ ਨੇ ਕਿਹਾ ਕਿ ਮੈਂ ਇਕ ਹਜ਼ਾਰ ਜੀਵਾਂ ਨੂੰ ਰੋਜ਼ ਮਾਰਾਂਗੀ ਪਰੰਤੂ ਇਜ਼ਾਨਾਗੀ ਨੇ ਜਵਾਬ ਦਿੱਤਾ ਕਿ ਉਹ 1500 ਜਣੇਪਾ ਘਰ ਹਰ ਰੋਜ਼ ਕਾਇਮ ਕਰੇਗਾ, ਇਸ ਤਰ੍ਹਾਂ ਜੀਵਨ ਅਤੇ ਮੌਤ ਵਿਚਕਾਰ ਉਚਿੱਤ ਸਤੁੰਲਨ ਕਾਇਮ ਰੱਖਿਆ ਜਾ ਸਕੇਗਾ। ਇਜ਼ਾਨਾਗੀ ਨੇ ਉਸ ਨੂੰ ਤਲਾਕ ਵੀ ਦੇ ਦਿੱਤਾ। ਇਸ ਤਰ੍ਹਾਂ ਰੌਸ਼ਨੀ-ਹਨੇਰੇ ਅਤੇ ਜਨਮ ਤੇ ਮੌਤ ਦਾ ਚੱਕਰ ਇਜ਼ਾਨਾਗੀ ਇਜ਼ਾਨਾਮੀ ਦੇ ਮਿਥਿਹਾਸ ਵਿਚੋਂ ਦੇਖਿਆ ਜਾ ਸਕਦਾ ਹੈ। ਕਈ ਗੱਲਾਂ ਵਿਚ ਇਹ ਆੱਰਫੀਅਸ, ਇਉਰੀਡਾਈਸ ਅਤੇ ਪਰਸੀਫੋਨ ਦੇ ਯੂਨਾਨੀ ਮਿਥਿਹਾਸ ਨਾਲ ਮੇਲ ਖਾਂਦੀ ਹੈ।

**ਸੂਰਜ ਦੀ ਦੇਵੀ ਅਤੇ ਤੂਫ਼ਾਨ ਦਾ ਦੇਵਤਾ**—ਇਜ਼ਾਨਾਗੀ ਨੇ ਹੁਣ ਆਪਣੇ ਆਪ ਨੂੰ ਪਵਿੱਤਰ ਕਰਨ ਲਈ ਜਦੋਂ ਇਕ ਦਰਿਆ ਵਿਚ ਇਸ਼ਨਾਨ ਕੀਤਾ ਤਾਂ ਹੋਰ ਦੇਵਤੇ ਬਣ ਗਏ। ਅਖ਼ੀਰ ਉਸ ਦੀ ਖੱਬੀ ਅੱਖ ਤੋਂ ਸੂਰਜ ਦੀ ਦੇਵੀ 'ਅਮਾਤੇਰਾਸੂ' ਸੱਜੀ ਅੱਖ ਤੋਂ ਚੰਨ ਦੀ ਦੇਵੀ 'ਤਸੂਰੀਯੋਮੀ' ਅਤੇ ਉਸ ਦੇ ਨੱਕ ਤੋਂ ਤੂਫ਼ਾਨ ਦਾ ਦੇਵਤਾ 'ਸੂਜ਼ਾਨੋਵੇ' ਪੈਦਾ ਹੋਏ। ਸੂਰਜ ਦੀ ਦੇਵੀ ਦਾ ਰਾਜ ਅਸਮਾਨ ਉੱਤੇ ਅਤੇ ਤੂਫ਼ਾਨ ਦੇ ਦੇਵਤੇ ਦਾ ਸਮੁੰਦਰ ਉੱਤੇ ਸੀ। ਦੂਜੇ ਦੇਵਤਿਆਂ ਨੂੰ ਠਿੱਠ ਕਰਨ ਲਈ ਤੂਫ਼ਾਨ ਦੇਵਤਾ ਸੋਗ-ਗ੍ਰਸਤ ਅਤੇ ਉੱਚੀ ਉੱਚੀ ਰੋਂਦਾ ਕੁਰਲਾਉਂਦਾ ਦਿਸਦਾ ਸੀ। ਇਜ਼ਾਨਾਗੀ ਦੇ ਪੁੱਛਣ ਤੇ ਉਸ ਨੇ ਕਿਹਾ ਕਿ ਉਹ ਆਪਣੀ ਮਾਂ ਇਜ਼ਾਨਾਮੀ ਨੂੰ ਮਿਲਣਾ ਚਾਹੁੰਦਾ ਹੈ। ਗੁੱਸੇ ਵਿਚ ਆ ਕੇ ਇਜ਼ਾਨਾਗੀ ਨੇ ਉਸ ਨੂੰ ਬਨਵਾਸ ਦੇ ਦਿੱਤਾ। ਤੂਫ਼ਾਨ ਦੇਵਤਾ ਸੂਸਾਨੋਵੇ ਪਾਗਲ ਹੋ ਗਿਆ। ਉਸ ਨੇ ਅਮਾਤੇਰਾਸੂ ਦੀਆਂ ਫ਼ਸਲਾਂ ਬਰਬਾਦ ਕਰ ਦਿੱਤੀਆਂ, ਨਦੀਆਂ ਟੋਭੇ ਭਰ ਦਿੱਤੇ ਅਤੇ ਉਸ ਦਾ ਰੈਣ-ਬਸੇਰਾ ਵੀ ਗੰਦਾ ਕਰ ਦਿੱਤਾ। ਇਸ ਨਾਲ ਸੂਰਜ ਦੀ ਦੇਵੀ ਅਮਾਤੇਰਾਸੂ ਨਾਰਾਜ਼ ਹੋ ਕੇ ਗੁਫ਼ਾ ਵਿਚ ਵੜ ਗਈ। ਇਸ ਤਰ੍ਹਾਂ ਸੰਸਾਰ ਵਿਚੋਂ ਰੌਸ਼ਨੀ ਖ਼ਤਮ ਹੋ ਗਈ ਅਤੇ ਦਿਨ ਰਾਤ ਦਾ ਗੇੜ ਬੰਦ ਹੋ ਗਿਆ। ਹਨੇਰੇ ਵਿਚ ਬਾਕੀ 8,000,000 ਦੇਵਤੇ ਔਖੇ ਹੋ ਗਏ ਅਤੇ ਉਸ ਨੂੰ

ਬਾਹਰ ਕੱਢਣ ਦੀਆਂ ਵਿਉਂਤਾਂ ਕਰਨ ਲੱਗੇ। ਅਖ਼ੀਰ ਇਕ ਦੇਵਤੇ ਦੇ ਵਚਿੱਤਰ ਮਖ਼ੌਲ ਉੱਤੇ ਇੰਨਾ ਹਾਸੜ ਪਿਆ ਕਿ ਸੂਰਜ ਦੀ ਦੇਵੀ ਗੁਫ਼ਾ ਤੋਂ ਉੱਪਰ ਉਠ ਕੇ ਦੇਖਣ ਲਈ ਮਜ਼ਬੂਰ ਹੋ ਗਈ। ਦੇਵਤਿਆਂ ਨੇ ਉਸ ਦੇ ਅੱਗੇ ਸ਼ੀਸ਼ਾ ਕੀਤਾ, ਉਹ ਆਪਣਾ ਅਕਸ ਦੇਖ ਕੇ ਹੈਰਾਨ ਹੋ ਗਈ ਅਤੇ ਬਾਹਰ ਆ ਗਈ। ਫਿਰ ਦੇਵਤਿਆਂ ਨੇ ਉਸ ਨੂੰ ਰੱਸਾ ਪਾ ਕੇ ਬਾਹਰ ਹੀ ਰੱਖਿਆ। ਮੁੜ ਦਿਨ ਰਾਤ ਚੱਲ ਪਏ। ਇਸ ਤੋਂ ਅੱਗੇ ਇਹ ਕਿੱਸਾ ਛੋਟੇ ਛੋਟੇ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਕੋਈ ਲਗਾਤਾਰ ਤਾਂਤਾ ਨਹੀਂ ਚਲਦਾ।

ਗੁਸੈਲਾ ਅਤੇ ਪ੍ਰਚੰਡ ਸੁਭਾਅ ਦਾ ਹੋਣ ਕਰਕੇ ਤੂਫ਼ਾਨ ਦੇਵਤੇ ਨੂੰ ਦੇਸ਼ ਵਿਚੋਂ ਕੱਢ ਦਿੱਤਾ ਗਿਆ ਅਤੇ ਉਹ ਪੱਛਮੀ ਜਾਪਾਨ ਵਿਚ ਇਜ਼ੂਮੋ ਦੇ ਇਲਾਕੇ ਵਿਚ ਚਲਾ ਗਿਆ। 'ਹਾਈ' ਨਾਂ ਦੇ ਦਰਿਆ ਦੇ ਕੰਢੇ ਉਸ ਨੇ ਇਕ ਬੁੱਢੇ ਆਦਮੀ, ਉਸ ਦੀ ਘਰ ਵਾਲੀ ਅਤੇ ਧੀ ਨੂੰ ਰੋਂਦੇ ਦੇਖਿਆ। ਬੁੱਢੇ ਆਦਮੀ ਨੇ ਦੱਸਿਆ ਕਿ ਇਕ 8 ਸਿਰੇ, 8 ਪੂਛਾਂ ਵਾਲੇ ਵਚਿੱਤਰ ਸੱਪ ਨੇ 8 ਸਾਲ ਤੋਂ ਦੇਸ਼ ਨੂੰ ਡਰਾ ਰੱਖਿਆ ਹੈ ਅਤੇ ਉਸ ਦੀਆਂ 8 ਧੀਆਂ ਨੂੰ ਖਾ ਚੁੱਕਾ ਹੈ। ਹੁਣ ਉਹ ਨੌਵੀਂ ਨੂੰ ਖਾਣ ਲਈ ਤਿਆਰ ਹੈ। ਤੂਫ਼ਾਨ ਦੇਵਤੇ ਸੁਸਾਨੋਵੇ ਨੇ ਉਸ ਸੱਪ ਨੂੰ ਮਾਰ ਕੇ ਬੁੱਢੇ ਦੀ ਧੀ ਨਾਲ ਵਿਆਹ ਕਰਵਾ ਲਿਆ। ਉਸ ਨੇ ਸੱਪ ਦੀ ਵਿਚਕਾਰਲੀ ਪੂਛ ਵਿਚੋਂ ਨਿਕਲੀ ਤਲਵਾਰ ਆਪਣੀ ਭੈਣ ਨੂੰ ਭੇਜ ਦਿੱਤੀ। ਇਸ ਨਾਲ ਹੋਰ ਬਹੁਤ ਗੱਲਾਂ ਜੁੜੀਆਂ ਹੋਈਆਂ ਹਨ।

**ਓਕੂਨਿਨੂਸ਼ੀ**—ਤੂਫ਼ਾਨ ਦੇਵਤੇ ਨੇ ਉੱਥੇ ਇਕ ਸੁੰਦਰ ਮਹਿਲ ਬਣਵਾਇਆ। ਆਪਣੀ ਪਤਨੀ ਨਾਲ ਉਸ ਨੇ ਦੇਵਤਿਆਂ ਦੀਆਂ ਕਈ ਪੁਸ਼ਤਾਂ ਪੈਦਾ ਕੀਤੀਆਂ। ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਓਕੂਨਿਨੂਸ਼ੀ ਸੀ, ਜੋ ਉਸ ਇਜ਼ੂਮੋ ਇਲਾਕੇ ਦਾ ਮੁੱਖੀ ਸੀ। ਇਥੋਂ ਅੱਗੇ ਇਜ਼ੂਮੋ ਸਬੰਧੀ ਕਿੰਨੀਆਂ ਹੀ ਮਿਥਿਹਾਸਕ ਕਹਾਣੀਆਂ ਚਲਦੀਆਂ ਹਨ, ਜਿਨ੍ਹਾਂ ਦਾ ਸਬੰਧ ਵਧੇਰੇ ਕਰਕੇ ਓਕੂਨਿਨੂਸ਼ੀ ਦੇ ਜੀਵਨ ਨਾਲ ਹੈ।

ਓਕੂਨਿਨੂਸ਼ੀ ਦੇ ਭਰਾ ਰਾਜਕੁਮਾਰੀ ਯਾਕਾਮੀ ਨੂੰ ਵਿਆਹੁਣਾ ਚਾਹੁੰਦੇ ਸਨ। ਉਹ ਇਸ ਨੂੰ ਆਪਣਾ ਸਾਮਾਨ ਚੁਕਵਾ ਕੇ ਨਾਲ ਲੈ ਤੁਰੇ ਸਨ ਪਰ ਸਬੱਬ ਨਾਲ ਇਕ ਸਹੇ ਦੀ ਮਦਦ ਨਾਲ ਰਾਜਕੁਮਾਰੀ ਇਸ ਨਾਲ ਵਿਆਹੀ ਗਈ। ਈਰਖਾ ਵਸ ਹੋ ਕੇ ਇਸ ਦੇ ਭਰਾਵਾਂ ਨੇ ਓਕੂਨਿਨੂਸ਼ੀ ਨੂੰ ਮਰਵਾਉਣ ਦੇ ਕਈ ਢੌਂਗ ਰਚਾਏ ਪਰ ਕੁਦਰਤ ਨੇ ਉਸ ਨੂੰ ਬਚਾ ਕੇ ਸੁੰਦਰ ਜਵਾਨ ਬਣਾ ਦਿੱਤਾ ਅਤੇ ਉਹ ਨੀਦਰਲੈਂਡ ਚਲਾ ਗਿਆ, ਜਿਥੇ ਤੂਫ਼ਾਨ ਦੇਵਤਾ ਸੁਸਾਨੋਵੇ ਦੀ ਧੀ ਫਾਰਵਰਡ ਪ੍ਰਿੰਸੈਸ ਇਸ ਉੱਤੇ ਮੋਹਿਤ ਹੋ ਗਈ। ਤੂਫ਼ਾਨ ਦੇਵਤਾ ਉਨ੍ਹਾਂ ਦੇ ਵਿਆਹ ਤੇ ਨਾਖ਼ੁਸ਼ ਸੀ। ਆਖ਼ਰ ਓਕੂਨਿਨੂਸ਼ੀ ਨੇ ਸੁੱਤੇ ਹੋਏ ਤੂਫ਼ਾਨ ਦੇਵਤੇ ਦੇ ਕੇਸ ਘਰ ਦੇ ਥੰਮ੍ਹਾਂ ਨਾਲ ਬੰਨ੍ਹ ਦਿੱਤੇ। ਸੁਸਾਨੋਵੇ ਦੀਆਂ ਕੀਮਤੀ ਚੀਜ਼ਾਂ ਲੈ ਕੇ ਉਹ ਰਾਜਕੁਮਾਰੀ ਨੂੰ ਪਿੱਠ ਉੱਤੇ ਬਿਠਾ ਕੇ ਅਜੇ ਭੱਜਣ ਹੀ ਲੱਗਾ ਸੀ ਕਿ ਤੂਫ਼ਾਨ ਦੇਵਤੇ ਨੂੰ ਜਾਗ ਆ ਗਈ। ਜ਼ੋਰ ਨਾਲ ਉੱਠਣ ਕਾਰਨ ਕੇਸਾਂ ਦੀ ਖਿੱਚ ਪੈ ਕੇ ਸਾਰਾ ਮਹਿਲ ਡਿੱਗ ਪਿਆ ਪਰ ਉਹ ਓਕੂਨਿਨੂਸ਼ੀ ਦਾ ਪਿੱਛਾ ਕਰਦਾ ਗਿਆ। ਅਖ਼ੀਰ 'ਈਵਨ ਦੱਰੇ' ਤੇ ਪਹੁੰਚ ਕੇ ਉਸ ਨੇ ਪਿੱਛਾ ਛੱਡ ਦਿੱਤਾ। ਓਕੂਨਿਨੂਸ਼ੀ ਨੇ ਤੂਫ਼ਾਨ ਦੇਵਤੇ ਦੇ ਚੁਰਾ ਕੇ ਲਿਆਂਦੇ ਹੋਏ ਤਲਵਾਰ ਅਤੇ ਤੀਰਕਮਾਨ ਦੀ ਮਦਦ ਨਾਲ ਆਪਣੇ ਦੁਸ਼ਮਣ ਭਰਾਵਾਂ ਨੂੰ ਖ਼ਤਮ ਕਰਕੇ ਇਜ਼ੂਮੋ ਉੱਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਸੂਕੂਨਾ ਬਿਕੋਨਾ ਨਾਂ ਦੇ ਇਕ ਬੌਣੇ ਦੇਵਤੇ ਦੀ ਮਦਦ ਨਾਲ ਓਕੂਨਿਨੂਸ਼ੀ ਨੇ ਸੰਸਾਰ ਦੀ ਸਾਜਣਾ ਸ਼ੁਰੂ ਕਰ ਦਿੱਤੀ। ਬੌਣਾ ਦੇਵਤਾ ਡਾਕਟਰੀ ਵਿਦਿਆ ਜਾਣਦਾ ਸੀ ਅਤੇ ਉਸ ਨੂੰ ਜੰਗਲੀ ਜਾਨਵਰਾਂ ਤੋਂ ਸੁਰੱਖਿਆ ਦੇ ਢੰਗਾਂ ਦਾ ਪਤਾ ਸੀ। ਮਗਰੋਂ ਬੌਣਿਆਂ ਅਤੇ ਪਰੀਆਂ ਸਬੰਧੀ ਬੇਸ਼ੁਮਾਰ ਕਹਾਣੀਆਂ ਦਾ ਮੁੱਢ ਇਥੋਂ ਹੀ ਬੱਝਾ।

ਅੰਤ ਸੂਰਜ ਦੀ ਦੇਵੀ ਨੇ ਆਪਣਾ ਪੋਤਾ ਨਿਨਿਗੀ ਰਾਜ ਕਰਨ ਲਈ ਜਾਪਾਨ ਵਿਚ ਭੇਜਿਆ। ਇਸ ਨੂੰ ਉਸ ਨੇ ਤਿੰਨ ਚੀਜ਼ਾਂ, ਇਕ ਹੀਰਿਆਂ ਦਾ ਹਾਰ (ਦਿਆਲਤਾ ਦਾ ਚਿੰਨ੍ਹ), ਇਕ ਸ਼ੀਸ਼ਾ (ਪਵਿੱਤਰਤਾ ਦਾ ਚਿੰਨ੍ਹ) ਅਤੇ ਇਕ ਤਲਵਾਰ (ਹੌਂਸਲੇ ਦਾ ਚਿੰਨ੍ਹ) ਦਿੱਤੀਆਂ। ਇਹ ਚੀਜ਼ਾਂ ਅਜੇ ਵੀ ਜਾਪਾਨੀ ਸ਼ਾਹੀ ਚਿੰਨ੍ਹ ਹਨ ਅਤੇ ਸ਼ਿੰਟੋ (Shinto) ਦੇ ਮੰਦਰਾਂ ਵਿਚ ਪਵਿੱਤਰ ਸਥਾਨਾਂ ਤੇ ਰੱਖੀਆਂ ਜਾਂਦੀਆਂ ਹਨ।

ਸੂਰਜ ਦੀ ਦੇਵੀ ਦੇ ਇਸ ਦੈਵੀ ਪੋਤੇ ਦੇ ਸ਼ਹਿਜ਼ਾਦਿਆਂ ਵਿਚੋਂ ਦੋ-ਫ਼ਾਇਰਸ਼ਾਈਨ ਅਤੇ ਫ਼ਾਇਰਸ਼ੇਡ ਸਨ। ਵੱਡਾ ਫ਼ਾਇਰਸ਼ਾਈਨ ਸਮੁੰਦਰ ਵਿਚ ਅਤੇ ਫ਼ਾਇਰਸ਼ੇਡ ਧਰਤੀ ਤੇ ਕੰਮ ਕਰਦਾ ਸੀ। ਇਨ੍ਹਾਂ ਸਬੰਧੀ ਅੱਗੇ ਕਹਾਣੀਆਂ ਦੀ ਵੱਖਰੀ ਲੜੀ ਚਲਦੀ ਹੈ।

ਇਵੇਂ ਹੀ ਉਰਾਸ਼ੀਮਾ ਅਤੇ ਮਿਜ਼ੂਨੀ ਸਬੰਧੀ ਲੋਕ ਕਹਾਣੀ ਪ੍ਰਚੱਲਤ ਹੈ। ਯਾਮਾਤੋ-ਤਾਕੇਰੂ ਜਾਂ ਬਹਾਦਰ ਯਾਮਾਤੋ ਇਕ ਹੋਰ ਲੋਕ-ਨਾਇਕ ਹੈ। ਉਸ ਸਬੰਧੀ ਵੀ ਬਹਾਦਰੀ ਦੀਆਂ ਅਨੇਕ ਕਹਾਣੀਆਂ ਪੁਰਾਤਨ ਜਾਪਾਨ ਵਿਚ ਪ੍ਰਚੱਲਤ ਸਨ।

ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਕਹਾਣੀਆਂ ਹਨ ਜੋ ਮੁੱਖ ਤੌਰ ਤੇ ਦੇਵਤਿਆਂ ਬਾਰੇ ਹੀ ਹਨ ਅਤੇ ਇਨ੍ਹਾਂ ਵਿਚੋਂ ਕਈ ਗੱਲਾਂ ਸਰਬ ਵਿਆਪਕ ਮਿਥਿਹਾਸਾਂ ਨਾਲ ਮੇਲ ਖਾਂਦੀਆਂ ਹਨ।

ਹ. ਪੁ. -ਐਨ. ਬ੍ਰਿ. 12: 958

**ਜਾਪੁ ਸਾਹਿਬ** : ਜਾਪੁ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਾਣੀ ਹੈ ਜਿਸ ਦਾ ਸਿੱਖ ਅਧਿਆਤਮਕ ਜਗਤ ਵਿਚ ਅਥਾਹ ਮਹੱਤਵ ਹੈ। ਦਸਮ ਗਰੰਥ ਦੇ ਸੰਕਲਨ ਸਮੇਂ ਇਸ ਨੂੰ ਸਭ ਤੋਂ ਪਹਿਲਾ ਸਥਾਨ ਦਿੱਤਾ ਗਿਆ ਹੈ। ਇਸ ਬਾਣੀ ਨੂੰ ਦਸਮ ਗ੍ਰੰਥ ਵਿਚ ਉਹੋ ਸਥਾਨ ਪ੍ਰਾਪਤ ਹੈ ਜੋ ਜਪੁ ਜੀ ਸਾਹਿਬ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਗੁਰੂ ਨਾਨਕ ਦੇਵ ਜੀ ਦਾ 'ਜਪੁ ਜੀ ਸਾਹਿਬ' ਤੇ ਗੁਰੂ ਗੋਬਿੰਦ ਸਿੰਘ ਜੀ ਦਾ 'ਜਾਪੁ ਸਾਹਿਬ' ਇਹ ਦੋਵੇਂ ਬਾਣੀਆਂ ਸਿੱਖਾਂ ਦੇ ਨਿਤਨੇਮ ਵਿਚ ਸ਼ਾਮਲ ਹਨ।

ਵਿਦਵਾਨ 'ਜਾਪੁ ਸਾਹਿਬ' ਨੂੰ ਗੁਰਦੇਵ ਦੀ ਪਹਿਲੀ ਰਚਨਾ ਮੰਨਦੇ ਹਨ ਜਿਸ ਦਾ ਉਚਾਰਣ 'ਪਾਉਂਟੇ' ਵਿਖੇ ਕੀਤਾ ਗਿਆ ਕਿਉਂਕਿ ਜਦੋਂ 1699 ਦੀ ਵਿਸਾਖੀ ਨੂੰ ਖ਼ਾਲਸਾ ਸਾਜਿਆ ਗਿਆ ਤਾਂ ਉਸ ਵੇਲੇ ਇਸ ਨੂੰ ਨਿਤਨੇਮ ਵਿਚ ਸ਼ਾਮਲ ਕੀਤਾ ਗਿਆ। ਇਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਬਹੁਤੇ ਸਿੱਖਾਂ ਨੂੰ ਇਹ ਬਾਣੀ ਜ਼ਬਾਨੀ ਯਾਦ ਹੋਵੇਗੀ। ਜਾਪੁ ਸਾਹਿਬ ਦੇ ਕੁੱਲ 199 ਬੰਦ ਹਨ ਜੋ ਦਸ ਛੰਦਾਂ ਵਿਚ ਹਨ। ਜਾਪੁ ਸਾਹਿਬ ਅਸਲ ਵਿਚ ਇਕ 'ਸਤੋਤ੍ਰ' ਹੈ। ਭਾਰਤ ਵਿਚ 'ਸਤੋਤ੍ਰ' ਦੀ ਪਰੰਪਰਾ ਬੜੀ ਪੁਰਾਣੀ ਹੈ। ਇਸ ਦਾ ਕੋਸ਼ਗਤ ਅਰਥ 'ਉਸਤਤੀ ਤੇ ਗੁਣਾਂ ਦਾ ਵਰਨਣ' ਹੈ। ਕਿਸੇ ਆਰਾਧਨਾਯੋਗ ਹਸਤੀ ਦਾ ਛੰਦਬੱਧ ਰੂਪ ਵਿਚ ਗੁਣ-ਗਾਇਨ ਜਾਂ ਉਸਤਤੀ ਨੂੰ ਸਤੋਤ੍ਰ ਆਖਿਆ ਜਾਂਦਾ ਹੈ ਪਰ ਉਪਰੋਕਤ ਸਾਧਾਰਣ ਸਤੋਤ੍ਰ ਤੇ ਜਾਪੁ ਸਾਹਿਬ ਵਿਚ ਇਕ ਵਿਸ਼ੇਸ਼ ਤੇ ਬੁਨਿਆਦੀ ਅੰਤਰ ਹੈ ਕਿ ਪਰੰਪਰਾਗਤ ਸਤੋਤ੍ਰ ਕਿਸੇ ਦੇਹਧਾਰੀ ਦੇਵਤਾ ਜਾਂ ਦੇਵੀ ਦਾ ਹੁੰਦਾ ਹੈ ਜਦੋਂ ਕਿ ਜਾਪੁ ਸਾਹਿਬ ਦਾ ਕੇਂਦਰ ਬਿੰਦੂ ਨਿਰੰਕਾਰ ਹੈ ਜੋ ਦੇਸ਼ ਕਾਲ ਤੋਂ ਰਹਿਤ ਤੇ ਪੰਜਾਂ ਤੱਤਾਂ ਤੋਂ ਨਿਆਰਾ ਹੈ ਪਰ ਫਿਰ ਵੀ ਜਾਪੁ ਸਾਹਿਬ ਸਤੋਤ੍ਰ ਹੈ ਜਿਸ ਨੂੰ 'ਅਕਾਲ ਸਤੋਤ੍ਰ' ਆਖਿਆ ਜਾ ਸਕਦਾ ਹੈ।

ਸਤੋਤ੍ਰ ਦਾ ਇਕ ਰੂਪ ਹੈ-ਨਾਮ ਗਣਨਾ। ਉਸਤਤੀ ਯੋਗ ਦੈਵੀ ਸ਼ਕਤੀ ਦੇ ਅਨੇਕ ਪੱਖ ਜਾਂ ਵਿਸ਼ੇਸ਼ਤਾਵਾਂ ਨੂੰ ਆਧਾਰ ਬਣਾ ਕੇ ਉਸ ਲਈ ਅਨੇਕ ਵਿਸ਼ੇਸ਼ਣਾਂ ਦੀ ਰਚਨਾ ਭਗਤੀ ਸਾਹਿਤ ਦਾ ਇਕ ਅੰਗ ਰਿਹਾ ਹੈ। ਇਹੋ ਵਿਸ਼ੇਸ਼ਣ ਭਗਵਾਨ ਦੇ ਨਾਮ ਬਣ ਜਾਂਦੇ ਹਨ ਜਿਨ੍ਹਾਂ ਦਾ ਨਿਤਨੇਮ ਭਗਤਾਂ ਲਈ ਕਲਿਆਣਕਾਰੀ ਹੁੰਦਾ ਹੈ। ਭਾਰਤੀ ਭਾਗਵਤ ਗ੍ਰੰਥ ਵਿਚ 'ਵਿਸ਼ਨੂੰ ਸਹੰਸ੍ਰਨਾਮਾ' ਇਕ ਮਹੱਤਵਪੂਰਨ ਰਚਨਾ ਹੈ ਜਿਸ

ਵਿਚ ਵਿਸ਼ਨੂੰ ਦੇ ਸ਼ੀਲ, ਸੰਜਮ ਤੇ ਸੌਂਦਰਯ ਨੂੰ ਲੈ ਕੇ ਸੈਂਕੜੇ ਨਾਵਾਂ ਦੀ ਕਲਪਨਾ ਕੀਤੀ ਗਈ ਹੈ। ਵਿਸ਼ਨੂੰ ਸਹੰਸ੍ਰਨਾਮਾ ਦੀ ਕੋਟੀ ਵਿਚ ਜਾਪੁ ਸਾਹਿਬ ਨੂੰ ਵੀ ਰੱਖਿਆ ਜਾ ਸਕਦਾ ਹੈ। ਸ਼ਾਇਦ ਇਸੇ ਕਰਕੇ ਹੀ ਸਿੱਖ ਵਿਦਵਾਨ ਖ਼ਾਸ ਕਰਕੇ ਸੰਪ੍ਰਦਾਈ ਜਾਂ ਨਿਰਮਲੇ ਵਿਦਵਾਨ ਇਸ ਨੂੰ 'ਅਕਾਲ ਸਹੰਸ੍ਰਨਾਮਾ' ਵੀ ਆਖ ਦਿੰਦੇ ਹਨ ਪਰ ਫਿਰ ਵੀ ਇਨ੍ਹਾਂ ਦੋਹਾਂ ਰਚਨਾਵਾਂ ਵਿਚ ਇੰਨਾ ਫ਼ਰਕ ਜ਼ਰੂਰ ਦ੍ਰਿਸ਼ਟੀਗੋਚਰ ਹੁੰਦਾ ਹੈ ਜਿੰਨਾ ਕਿ ਸਰਗੁਣ ਤੇ ਨਿਰਗੁਣ ਭਗਤੀ ਵਿਚ ਬ੍ਰਹਮ ਦੇ ਰੂਪ ਵਰਨਣ ਵਿਚ ਹੈ।

ਜਾਪੁ ਸਾਹਿਬ ਨਿਰਗੁਣ ਸਾਹਿਤ ਦਾ ਉੱਤਮ ਨਮੂਨਾ ਹੈ। ਗੁਰੂ ਨਾਨਕ ਦੇਵ ਜੀ ਨੇ ਜਿਸ ਪੰਥ ਦੀ ਨੀਂਹ ਰੱਖੀ ਸੀ ਉਹ ਨਿਰਗੁਣ ਦਾ ਉਪਾਸ਼ਕ ਸੀ। ਉਸੇ ਪੰਥ ਦੇ ਦਸਵੇਂ ਜਾਮੇ ਵਿਚ ਅਵਤਾਰ ਧਾਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਜਾਪੁ ਬਾਣੀ ਦੀ ਰਚਨਾ ਕੀਤੀ, ਉਸ ਦਾ ਉਨ੍ਹਾਂ ਦੇ ਅਨੁਕੂਲ ਨਿਰਗੁਣ ਭਾਵ ਵਾਲਾ ਹੋਣਾ ਇਕ ਸੰਭਵ ਘਟਨਾ ਹੈ। ਜਾਪੁ ਦਾ ਕੇਂਦਰ ਬਿੰਦੂ ਅਕਾਲ ਨਿਰਗੁਣ ਬ੍ਰਹਮ ਹੀ ਹੈ ਜੋ ਉਸ ਵੇਲੇ ਜਾਤ-ਪਾਤ ਵਿਚ ਵੰਡੇ ਭਾਰਤ ਦੀ ਬੜੀ ਭਾਰੀ ਜ਼ਰੂਰਤ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵਾਸ ਹੈ ਕਿ ਬ੍ਰਹਮ ਚੱਕਰ, ਚਿਹਨ,ਵਰਨ, ਜਾਤ-ਪਾਤ, ਰੂਪ-ਰੰਗ, ਰੇਖ-ਭੇਖ ਦੀਆਂ ਵੰਡਾਂ ਤੋਂ ਉਪਰ ਹੈ ਭਾਵ ਇਹ ਕਿ ਉਹ ਅਕਾਲ ਪੁਰਖ ਵਿਸ਼ਵ ਦੇ ਸਮੂਹ ਚੱਕਰਾਂ, ਚਿਹਨਾਂ ਵਰਨਾਂ, ਜਾਤਾਂ, ਰੂਪਾਂ, ਰੰਗਾਂ, ਰੇਖਾਂ-ਭੇਖਾਂ ਵਿਚ ਹਾਜ਼ਰ ਨਾਜ਼ਰ ਹੈ। ਜੋ ਦਿਸਦਾ ਵਸਦਾ ਹੈ ਉਸ ਦਾ ਹੀ ਰੂਪ ਹੈ, ਉਸੇ ਦਾ ਹੀ ਪ੍ਰਗਟਾਵਾ ਹੈ। ਇਹ ਅਣਵੰਡਿਆ ਸੱਚ-ਬ੍ਰਹਮ, ਅਚਲ ਮੂਰਤਿ, ਅਨਭਉ ਪ੍ਰਕਾਸ ਅਮਿਤੋਜਿ, ਸਾਹਿ-ਸਹਾਨਿ, ਨੇਤ ਨੇਤ ਅਤੇ ਨਾਮ ਸਰੂਪ ਹੈ। ਉਸ ਦਾ ਸੰਪੂਰਨ ਸਰੂਪ ਕਲਪਨਾ ਤੋਂ ਪਰ੍ਹੇ ਹੈ। ਉਹ ਸਤਿ ਤੇ ਰਾਗ ਸਰੂਪ ਹੈ ਪਰ ਉਹ ਸਦੀਵੀਂ ਅਬਨਾਸ਼ੀ ਹੈ। ਉਹ ਅੰਤਰ-ਆਤਮੇ ਦਾ ਨਿਰੰਤਰ ਗਿਆਨ (ਅਨਭਉ ਪ੍ਰਕਾਸ਼) ਹੈ। ਬ੍ਰਹਮ ਸੋਚ ਨਿਰੰਤਰ ਏਕਤਾ ਹੈ। ਅਬਨਾਸ਼ੀ ਸੁੰਦਰਤਾ ਹੈ, ਅਬਨਾਸ਼ੀ ਪ੍ਰਕਾਸ਼ ਹੈ, ਆਲੌਕਿਕ ਸਰਬ ਸਮਰਥ ਸ਼ਕਤੀ ਹੈ। ਉਸ ਦੀ ਲਖਤਾ ਉਸ ਦੇ ਕਰਮ ਤੋਂ ਹੀ ਹੁੰਦੀ ਹੈ। ਏਕਤਾ, ਸੁੰਦਰਤਾ, ਪ੍ਰਕਾਸ਼ ਸਮਰਥਾ ਅਤੇ ਇਨ੍ਹਾਂ ਸਾਰਿਆਂ ਅਨੁਸਾਰ ਕਰਮ ਹੀ ਮਨੁੱਖਤਾ ਦੇ ਆਦਰਸ਼ ਹਨ। 'ਬ੍ਰਹਮ' ਮਾਨਵਤਾ ਦੁਆਰਾ ਹੀ ਪ੍ਰਗਟ ਹੈ। ਉਪਰੋਕਤ ਗੁਣ ਜਦੋਂ ਮਾਨਵਤਾ ਵਿਚ ਵਸਦੇ ਹਨ ਤਾਂ ਪਰਮਾਤਮਾ ਰੂਪਮਾਨ ਹੁੰਦਾ ਹੈ ਤੇ ਇਨ੍ਹਾਂ ਦੀ ਅਣਹੋਂਦ ਜਾਂ ਮੱਧਮ ਪੈ ਜਾਣ ਤੇ ਉਹ ਲੁਪਤ ਹੋ ਜਾਂਦਾ ਹੈ।

ਜਾਪੁ ਸਾਹਿਬ ਵਿਚ ਅਕਾਲ ਦਾ ਵਰਨਣ ਵੀ ਇਕ ਵਿਚਾਰਨ ਯੋਗ ਕਾਵਿ ਵਿਧੀ ਹੈ। ਦਸਮ ਸਤਿਗੁਰੂ ਦੀ ਦ੍ਰਿਸ਼ਟੀ ਵਿਚ ਅਕਾਲ ਪੁਰਖ ਇਕ ਵਿਲੱਖਣ ਤੱਤ ਹੈ। ਉਹ ਵੇਦਾਂਤੀਆਂ ਦੇ ਗਿਆਨਮਈ ਬ੍ਰਹਮ ਤੋਂ ਵੱਖਰਾ ਹੈ। ਬੁੱਧ ਧਰਮੀਆਂ ਦੇ ਸ਼ੂਨ ਤਤ ਤੋਂ ਵੀ ਓਪਰਾ ਹੈ। ਉਹ ਕੋਰੇ ਗਿਆਨ ਦਾ ਵਿਸ਼ਾ ਨਹੀਂ ਹੈ ਤੇ ਨਾ ਹੀ ਉਹ ਸਰੀਰਕ ਸਾਧਨਾਂ ਨਾਲ ਪ੍ਰਾਪਤ ਹੋ ਸਕਦਾ ਹੈ। ਉਹ ਤਾਂ ਦਵੈਤ ਅਦਵੈਤ, ਵਿਲੱਖਣ ਪਰਮਤੱਤ ਸਰੂਪ ਹਿਰਦੇਵਾਸੀ ਯੋਗ ਬ੍ਰਹਮ ਹੈ। 'ਅਨਭਉ ਪ੍ਰਕਾਸ਼' ਹੈ ਜੋ ਅਨਭਉ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਜਾਪੁ ਸਾਹਿਬ ਵਿਚ ਦਰਸਾਏ 'ਅਕਾਲ' ਦਾ ਬਿਆਨ ਸੰਭਵ ਨਹੀਂ ਹੈ। ਇਹ ਸਾਰੀ ਬਾਣੀ ਦਾ ਅਧਿਐਨ ਸਪਸ਼ਟ ਕਰ ਦਿੰਦਾ ਹੈ ਕਿ ਪਰਮਾਤਮਾ ਦਾ ਇਹ ਬਿਆਨ ਬਾਹਰੀ ਸਥਿਤੀ ਦਾ ਹੀ ਵਰਨਣ ਮਾਤਰ ਹੈ ਕਿਉਂਕਿ ਉਹ ਰੂਪ, ਰੰਗ, ਰੇਖ, ਭੇਖ ਆਦਿ ਦੀ ਪਕੜ ਵਿਚ ਆਉਣ ਵਾਲੀ ਹਸਤੀ ਨਹੀਂ ਹੈ। 'ਨੇਤਿ ਨੇਤਿ' ਸ਼ੈਲੀ ਵਿਚ ਉਸ ਦੀ ਸਮਰਥਾ ਤੇ ਵਡੱਪਣ ਦਰਸਾਉਣ ਦਾ ਸਫ਼ਲ ਯਤਨ ਕੀਤਾ ਗਿਆ ਹੈ।

ਭਾਰਤੀ ਨਿਰਗੁਣ ਕਾਵਿ ਵਿਚ ਬ੍ਰਹਮ ਨਿਰੂਪਣ ਬੜੇ ਵਿਸਥਾਰ ਸਹਿਤ ਹੋਇਆ ਮਿਲਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਪਰੰਪਰਾ ਤੋਂ ਅਗਾਂਹ ਲੰਘ ਕੇ ਉਸ ਪਰਮਾਤਮਾ ਨੂੰ ਸ਼ਸਤਰ-ਅਸਤ੍ਰ ਵਾਲਾ ਤੇਜ ਪ੍ਰਚੰਡ ਤੇ ਅਖੰਡ ਓਜ ਵਾਲਾ ਦਰਸਾਇਆ ਹੈ ਜਿਸ ਦੀ ਸ਼ਰਣ ਵਿਚ ਰਹਿ ਕੇ ਮਾਨਵ ਸੁਖ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਉਹ ਬ੍ਰਹਮ 'ਸਦਾ ਅੰਗ ਸੰਗੇ' ਹੈ। ਉਹ ਰਹਿਮਤਾਂ, ਮਿਹਰਾਂ, ਬਖ਼ਸ਼ਿਸ਼ਾਂ ਦਾ ਭੰਡਾਰ ਹੈ। ਉਹ ਕਰੁਣਾਮਈ, ਰਹੀਮ, ਕਿਰਪਾਲੂ ਤੇ ਦਿਆਲੂ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ' ਦਾ ਸੌਂਦਰਯ ਦ੍ਰਿਸ਼ਟੀ ਤੋਂ ਨਿਰੂਪਣ ਕਰਦਿਆਂ ਉਸ ਨੂੰ ਅਦੁਤੀ ਹੁਸਨ ਆਖਿਆ ਹੈ—ਕਲੰਕੰ ਬਿਨਾ ਨੇ ਕਲੰਕੀ ਸਰੂਪੇ॥ ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ॥ ੫੦॥ ਇਸ ਭਾਵ ਨੂੰ ਹੋਰ ਵਿਸਥਾਰ ਦਿੰਦਿਆਂ ਦਸਮ ਗੁਰੂ ਜੀ ਨੇ ਲਿਖਿਆ ਹੈ :—

ਕਿ ਸਾਹਿਬ ਦਿਮਾਗ ਹੈਂ॥
ਕਿ ਹੁਸਨਲ ਚਰਾਗ ਹੈਂ॥੧੫੧॥
ਕਰੀਮੁਲ ਕਮਾਲ ਹੈਂ॥
ਕਿ ਹੁਸਨੁਲ ਜਮਾਲ ਹੈਂ॥੧੫੨॥

ਗੁਰੂ ਗੋਬਿੰਦ ਸਿੰਘ ਜੀ ਅਨੁਸਾਰ 'ਅਕਾਲ' ਦੀ ਬ੍ਰਹਿਮੰਡੀ ਵਿਸ਼ਾਲਤਾ ਦਾ ਕੋਈ ਸ਼ੁਮਾਰ ਨਹੀਂ ਹੈ। ਉਸ ਵਿਚ ਧਰਮ ਦੇ ਦੱਸੇ ਗੁਣ ਸਮਾਏ ਹੋਏ ਹਨ। ਇਉਂ ਉਹ ਪਰਮਾਤਮਾ ਨਿਰੰਕਾਰ ਹੁੰਦਿਆਂ ਹੋਇਆਂ ਵੀ ਭਗਤੀ ਤੇ ਸ਼ਕਤੀ ਦਾ ਸ਼ਹਿਨਸ਼ਾਹ, ਹੁਸਨ ਤੇ ਸੁਹਜ ਦਾ ਵੀ ਖ਼ਜ਼ਾਨਾ ਹੈ।

ਜਾਪੁ ਸਾਹਿਬ ਨਿਰੋਲ ਤੇ ਸ਼ੁੱਧ ਕਾਵਿ ਹੈ ਕਿਉਂਕਿ ਇਸ ਵਿਚ ਕਿਸੇ ਗੋਸ਼ਟੀ, ਸਾਖੀ, ਪ੍ਰਸ਼ਨੋਤਰੀ, ਪੁਰਾਣ, ਕਥਾ-ਪ੍ਰਮਾਣ, ਮਿਥਿਹਾਸ, ਨਾਟਕ, ਆਤਮਕਥਾ, ਆਲੋਚਨਾ, ਪਾਖੰਡ ਦਮਨ, ਉਪਹਾਸ, ਯੁੱਧ ਚਿਤ੍ਰ, ਵੀਰਤਾ, ਕਰੁਣਾ ਆਦਿ ਦਾ ਸਹਾਰਾ ਨਹੀਂ ਲਿਆ ਗਿਆ ਸਗੋਂ ਉਸ ਅਕਾਲ ਦੇ ਨਿਰਗੁਣ ਸਰੂਪ ਦਾ ਵਰਨਣ ਕਰਦਿਆਂ ਉਸ ਦੇ ਅਥਾਹ ਗੁਣਾਂ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ।

ਜਾਪੁ ਸਾਹਿਬ ਵਿਚ ਛਪੈ, ਭੁਜੰਗ ਪ੍ਰਯਾਤ, ਚਾਚਰੀ, ਚਰਪਟ ਰੁਆਲ, ਭਗਵਤੀ, ਰਸਾਵਲ, ਮਧੁਭਾਰ, ਹਹਿਬੋਲਮਨਾ ਤੇ ਏਕ ਅਛਰੀ ਛੰਦਾਂ ਦਾ ਪ੍ਰਯੋਗ ਕੀਤਾ ਹੈ। ਸ਼ਬਦ ਚੋਣ ਤੇ ਸ਼ਬਦ ਘਾੜਤ ਬੜੇ ਕਮਾਲ ਦੀ ਹੈ। ਸੰਸਕ੍ਰਿਤ ਤੇ ਫ਼ਾਰਸੀ ਸ਼ਬਦਾਂ ਦੀ ਵਰਤੋਂ ਬਹੁਤ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਇਹ ਆਧੁਨਿਕ ਸਹੰਸਰਨਾਮਾ ਹੈ। ਉਪਨਿਸ਼ਦਾਂ ਦਾ ਸ੍ਰੇਸ਼ਟ ਸਾਰ ਹੈ। ਇਹ ਕਿਸੇ ਬੜੇ ਉੱਚੇ ਗਗਨਾਂ ਦੇ ਸੂਖਮ ਮੰਡਲਾਂ ਦਾ ਰੱਬੀ ਗੀਤ ਹੈ ਜਿਥੇ ਲੈਅ, ਧੁਨੀ ਤੇ ਰਾਗ ਆਪਣੇ ਆਪ ਜੁੜਦੇ ਬਣਦੇ ਤੇ ਪਰਸਦੇ ਜਾ-ਰਹੇ ਹਨ।

ਜਾਪੁ ਸਾਹਿਬ ਦੀ ਕਲਾ ਨੂੰ ਉਸ ਦੀ ਸਮੂਹਕਤਾ ਵਿਚ ਮਾਣਨਾ ਉਚਿੱਤ ਹੈ। ਉਸ ਨੂੰ ਅੰਗ ਅੰਗ ਕਰਕੇ ਦਰਸਾਉਣਾ ਉਸ ਦੇ ਕਲਾਤਮਕ ਸੁਹੱਪਣ ਨਾਲ ਅਨਿਆਂ ਹੋਵੇਗਾ। ਜਾਪੁ ਸਾਹਿਬ ਦੇ ਪੀਰੀ ਪ੍ਰਭਾਵ, ਅਮੀਰੀ ਬਹੁਲਤਾ, ਸ਼ਕਤੀ, ਅਥਾਹ-ਅਸਗਾਹ ਵਹਿਣ ਨਿਰੰਤਰ ਤੌਰ ਤੇ ਹਨ। ਇਹ ਰਚਨਾ ਬੌਧਿਕ ਵਿਲਾਸ ਦੀ ਉਪਜ ਨਹੀਂ ਹੈ ਸਗੋਂ ਸੁਭਾਵਿਕ ਉਗਮਦਾ ਚਸ਼ਮਾ ਹੈ ਜੋ ਆਪਣੇ-ਆਪ ਹੀ ਫੁੱਟ ਕੇ ਵਹਿ ਤੁਰਿਆ ਹੈ। ਸਾਰਾ ਜਾਪੁ ਸਾਹਿਬ ਸਮਾਧੀ ਪ੍ਰਕਾਸ਼ ਦਾ ਪ੍ਰਗਟਾਵਾ ਹੈ। ਇਸ ਨੂੰ ਕਿਸ ਕਸਵੱਟੀ ਤੇ ਪਰਖਿਆ ਜਾਵੇ? ਇਹ ਨਿਰਣਾ ਅਜੇ ਹੋਣਾ ਹੈ।

ਜਾਪੁ ਸਾਹਿਬ ਦੀ ਭਾਸ਼ਾ ਤੋਂ ਵੀ ਕਰਤਾ ਦੇ ਵਿਆਪਕ ਦ੍ਰਿਸ਼ਟੀਕੋਣ ਦਾ ਪਤਾ ਲਗਦਾ ਹੈ। ਗੁਰੂ ਸਾਹਿਬ ਦੇ ਮਨ ਵਿਚ ਜਿਸ ਰੱਬੀ ਬਾਣੀ ਦਾ ਆਵੇਸ਼ ਹੋਇਆ, ਉਸ ਦਾ ਪ੍ਰਗਟਾਵਾ ਅਵਧੀ, ਬ੍ਰਜ, ਸੰਸਕ੍ਰਿਤ, ਅਰਬੀ, ਫ਼ਾਰਸੀ ਤੇ ਪੰਜਾਬੀ ਦੇ ਸੁਮੇਲ ਵਿਚ ਹੋਇਆ, ਭਾਵੇਂ ਇਸ ਵਿਚ ਬਹੁਲਤਾ ਬ੍ਰਜ ਦੀ ਹੀ ਹੈ। ਗੁਰੂ ਜੀ ਨੇ ਭਾਰਤੀ ਅਧਿਆਤਮਕ ਚਿੰਤਨ ਧਾਰਾ ਦੇ ਨਾਲ ਨਾਲ ਇਸਲਾਮੀ ਧਾਰਮਿਕ ਸ਼ਬਦਾਵਲੀ ਵੀ ਅਪਣਾਈ ਹੈ ਜਿਸ ਤੋਂ ਜਿਥੇ ਆਪ ਦੀ ਉਦਾਰ ਬਿਰਤੀ ਦਾ ਬੋਧ ਹੁੰਦਾ ਹੈ, ਉਥੇ ਉਨ੍ਹਾਂ ਦੇ ਵਿਸ਼ਾਲ ਗਿਆਨ ਦਾ ਵੀ ਪਤਾ ਲਗਦਾ ਹੈ।

ਜਾਪੁ ਸਾਹਿਬ ਦਾ ਹਰ ਸ਼ਬਦ ਹੀ ਕਵਿਤਾ ਹੈ। ਇਹ ਇਕ ਰੱਬੀ ਗੀਤ ਹੈ ਜੋ ਅਕਾਲ ਦੀ ਅਨੰਤ ਮਹਿਮਾ ਕਰ ਰਿਹਾ ਹੈ। ਜਾਪੁ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਮਹਾਨ ਰਚਨਾ ਹੈ ਜੋ ਚਿੰਤਨ ਵਿਚਾਰ ਤੇ ਕਲਾ ਪੱਖੋਂ ਉੱਤਕ੍ਰਿਸ਼ਟ ਕਿਰਤ ਹੈ।

ਹ. ਪੁ. -ਦਸਮ ਗ੍ਰੰਥ ਰੂਪ ਤੇ ਰਸ -ਡਾ. ਤਾਰਨ ਸਿੰਘ; ਨਿਤਨੇਮ ਸਟੀਕ-ਪ੍ਰੋ. ਸਾਹਿਬ ਸਿੰਘ; ਆਲੋਚਨਾ (ਗੁਰੂ ਗੋਬਿੰਦ ਸਿੰਘ ਅੰਕ) ਜੁਲਾਈ, ਦਸੰਬਰ 1966; ਗੁਰੂ ਗੋਬਿੰਦ ਸਿੰਘ ਔਰ ਉਨ ਕੀ ਹਿੰਦੀ ਕਵਿਤਾ-ਡਾ. ਮਹੀਪ ਸਿੰਘ

**ਜਾਫ਼ਨਾ** : ਇਹ ਸ੍ਰੀ ਲੰਕਾ ਦਾ ਦੂਜਾ ਵੱਡਾ ਸ਼ਹਿਰ ਹੈ ਜਿਹੜਾ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰਮੁਕਾਮ ਹੈ ਅਤੇ ਜਾਫ਼ਨਾ ਪ੍ਰਾਇਦੀਪ ਉਪਰ ਕੋਲੰਬੋ ਤੋਂ ਲਗਭਗ 300 ਕਿ. ਮੀ. (190 ਮੀ.) ਦੇ ਫ਼ਾਸਲੇ ਤੇ ਵਸਿਆ ਹੋਇਆ ਹੈ। ਇਹ ਸ਼ਹਿਰ ਇਸ ਪ੍ਰਾਇਦੀਪ ਅਤੇ ਉੱਤਰੀ ਲੰਕਾ ਦਾ ਵਪਾਰਕ ਅਤੇ ਪ੍ਰਸ਼ਾਸਕੀ ਕੇਂਦਰ ਹੈ। ਸਦੀਆਂ ਤੱਕ ਜਾਫ਼ਨਾ ਤਾਮਿਲ ਬਾਦਸ਼ਾਹਤ ਦੀ ਰਾਜਧਾਨੀ ਰਿਹਾ। ਸੰਨ 1617 ਵਿਚ ਇਸ ਉਪਰ ਪੁਰਤਗਾਲੀਆਂ ਦਾ ਕਬਜ਼ਾ ਹੋਇਆ ਅਤੇ ਬਾਅਦ ਵਿਚ (1658 ਦੌਰਾਨ) ਇਹ ਸਥਾਨ ਡੱਚਾਂ ਦੇ ਅਧੀਨ ਆ ਗਿਆ। ਇਸ ਸਮੇਂ ਇਹ ਪ੍ਰਸ਼ਾਸਕੀ ਅਤੇ ਵਪਾਰਕ ਪੱਖੋਂ ਕਾਫ਼ੀ ਮਹੱਤਵਪੂਰਨ ਰਿਹਾ। ਇਥੇ ਹਾਥੀ, ਕਾਲੀ ਮਿਰਚ ਅਤੇ ਹੋਰ ਵਸਤਾਂ ਦਾ ਵਪਾਰ ਹੁੰਦਾ ਸੀ। ਹੁਣ ਜਾਫ਼ਨਾ ਕੋਈ ਵੱਡੀ ਬੰਦਰਗਾਹ ਨਹੀਂ ਰਹੀ ਕਿਉਂਕਿ ਇਥੋਂ ਤੱਕ ਪਹੁੰਚਦਿਆਂ ਪਾਣੀ ਬਹੁਤ ਘੱਟ ਡੂੰਘਾ ਰਹਿ ਜਾਂਦਾ ਹੈ। ਫਿਰ ਵੀ ਇਥੋਂ ਦੱਖਣੀ ਭਾਰਤ ਨਾਲ ਛੋਟੇ ਜਹਾਜ਼ਾਂ ਰਾਹੀਂ ਕਾਫ਼ੀ ਵਪਾਰ ਹੁੰਦਾ ਹੈ। ਪ੍ਰਾਇਦੀਪ ਅਤੇ ਸ੍ਰੀ ਲੰਕਾ ਦੇ ਹੋਰਾਂ ਹਿੱਸਿਆਂ ਵਿਚ ਆਵਾਜਾਈ ਲਈ ਰੇਲਵੇ ਦਾ ਮੁੱਖ ਕੇਂਦਰ ਵੀ ਹੈ। ਤਮਾਕੂ ਦੀ ਉਪਜ ਇਥੋਂ ਦਾ ਮੁੱਖ ਉਦਯੋਗ ਹੈ।

ਜਾਫ਼ਨਾ ਬਹੁਤ ਹੀ ਲੁਭਾਉਣਾ ਅਤੇ ਨਵੇਕਲਾ ਸ਼ਹਿਰ ਹੈ। ਇਥੋਂ ਦੀ ਵਸੋਂ ਜ਼ਿਆਦਾਤਰ ਤਾਮਿਲਾਂ ਦੀ ਹੈ ਜੋ ਦੱਖਣੀ ਭਾਰਤ ਦੀ ਸਭਿਅਤਾ ਨਾਲ ਸਬੰਧਤ ਹੈ। ਥੋੜ੍ਹੇ ਬਹੁਤ ਡੱਚ ਅਤੇ ਪੁਰਤਗਾਲੀ ਵੀ ਇਥੇ ਵਸੇ ਹੋਏ ਹਨ। ਇਥੇ ਇਕ ਬਹੁਤ ਨਫ਼ੀਸ ਡੱਚ ਕਿਲਾ ਅਤੇ ਅਮਰੀਕਨ ਮਿਸ਼ਨਰੀਆਂ ਦਾ ਕੇਂਦਰ ਹੈ। ਇਥੇ ਹਿੰਦੂਆਂ ਦੇ ਵੀ ਕਈ ਮੰਦਰ ਹਨ।

ਜਾਫ਼ਨਾ ਤਾਮਿਲਾਂ ਦੀਆਂ ਸ੍ਰੀ ਲੰਕਾ ਦੇ ਸਥਾਨਕ ਬਾਸ਼ਿੰਦਿਆਂ-ਸਿਰਹਾਲੀਆਂ ਵਿਰੁੱਧ ਸਰਗਰਮੀਆਂ ਦਾ ਮੁੱਖ ਕੇਂਦਰ ਹੈ।

ਆਬਾਦੀ–1,29,000 (1990)

ਹ. ਪੁ. -ਐਨ. ਬ੍ਰਿ. 12: 844

**ਜਾਫ਼ਰ ਅਬਦੁਲ ਹਲੀਮ ਖ਼ਾਨ** : ਭਾਰਤ ਦੇ ਇਸ ਸੰਗੀਤਕਾਰ ਦਾ ਜਨਮ 18 ਫ਼ਰਵਰੀ, 1929 ਨੂੰ ਮੱਧ ਪ੍ਰਦੇਸ਼ ਵਿਚ ਜਾਵਰਾ ਵਿਖੇ ਹੋਇਆ। ਇਸ ਦੇ ਪਿਤਾ ਦਾ ਨਾਂ ਜਾਫ਼ਰ ਖ਼ਾਨ ਸੀ। 13 ਸਾਲ ਦੀ ਉਮਰ ਵਿਚ ਇਸ ਨੇ ਆਲ ਇੰਡੀਆ ਰੇਡੀਓ ਤੋਂ ਆਪਣਾ ਪਹਿਲਾ ਪ੍ਰੋਗਰਾਮ ਦਿੱਤਾ। ਇਸ ਨੇ ਕਲਾਸੀਕਲ ਸੰਗੀਤ ਨੂੰ ਫ਼ਿਲਮਾਂ ਰਾਹੀਂ ਲੋਕਪ੍ਰਿਯ ਬਣਾਇਆ। ਇਸ ਨੇ ਹੀ ਸਿਤਾਰ ਅਤੇ ਕੁਝ ਪਹਿਲੀਆਂ ਜੁਗਲ ਬੰਦੀਆਂ ਵਿਚ ਸਵਾਲ ਜਵਾਬ ਦੀ ਤਕਨੀਕ ਦੀ ਜਾਣ ਪਛਾਣ ਕਰਵਾਈ।

ਇਹ ਕਈ ਸੰਸਥਾਵਾਂ ਦਾ ਮੈਂਬਰ ਅਤੇ ਕਈ ਯੂਨੀਵਰਸਿਟੀਆਂ ਦਾ ਪ੍ਰੋਫ਼ੈਸਰ ਵੀ ਰਿਹਾ। ਕਈ ਕਿਤਾਬਾਂ ਅਤੇ ਰਸਾਲਿਆਂ ਵਿਚ ਇਸ ਦੇ ਲੇਖ ਛਪੇ ਹਨ। ਸਿਤਾਰ ਵਿਚ ਇਸ ਨੇ ਜ਼ਫ਼ਰ ਖ਼ਾਨੀ ਬਾਜ਼ ਸ਼ੈਲੀ ਦੀ ਜਾਣ ਪਛਾਣ ਕਰਵਾਈ। ਸੰਨ 1976 ਵਿਚ ਇਸ ਨੇ ਸਿਤਾਰ ਲਈ ਹਲੀਮ ਅਕਾਦਮੀ ਦੀ ਸਥਾਪਨਾ ਕੀਤੀ। ਇਸ ਨੇ ਕਈ ਸੋਨੇ ਦੇ ਤਮਗੇ ਅਤੇ ਇਨਾਮ ਹਾਸਲ ਕੀਤੇ। ਸੰਨ 1970 ਵਿਚ ਇਸ ਨੂੰ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ।

ਹ. ਪੁ. -ਇੰਡੀਆ ਹੂਜ਼. ਹੂ. 1982

**ਜਾਫ਼ਰ ਸਾਦਿਕ ਇਮਾਮ** : ਇਹ ਅਬੂ ਅਬਦੁਲਾ ਜਾਫ਼ਰ ਸਾਦਿਕ (700-742-765) ਮੁਹੰਮਦ ਅਲ ਬਾਕਰ ਦਾ ਪੁੱਤਰ ਸੀ ਜੋ ਮਦੀਨਾ ਵਿਚ ਪੈਦਾ ਹੋਇਆ ਸੀ। ਇਸ ਨੂੰ ਇਸਮਾਇਲੀ ਸ਼ੀਆ ਸ਼ਾਖ਼ਾ ਦਾ ਆਖ਼ਰੀ ਇਮਾਮ ਮੰਨਿਆ ਜਾਂਦਾ ਹੈ। ਸ਼ੀਆ ਹੁੰਦੇ ਹੋਏ ਵੀ ਇਸ ਵਿਚ ਧਾਰਮਿਕ ਕੱਟੜਤਾ ਨਹੀਂ ਸੀ। ਇਸ ਦੇ ਉੱਤੇ ਰਾਜਨੀਤਿਕ ਵਾਤਾਵਰਣ ਦਾ ਬਿਲਕੁਲ ਕੋਈ ਪ੍ਰਭਾਵ ਨਹੀਂ ਸੀ ਸਗੋਂ ਇਸ ਨੇ ਦਾਰਸ਼ਨਿਕਾਂ ਅਤੇ ਚਿੰਤਕਾਂ ਦੇ ਸੰਗਠਨ ਵਿਚ ਆਪਣਾ ਜੀਵਨ ਬਤੀਤ ਕੀਤਾ। ਕਿਹਾ ਜਾਂਦਾ ਹੈ ਕਿ ਮਨਸੂਰ ਨੇ ਜ਼ਹਿਰ ਦਿਵਾ ਕੇ ਇਸ ਦੀ ਹੱਤਿਆ ਕਰਵਾ ਦਿੱਤੀ ਸੀ।

ਹ. ਪੁ. -ਹਿੰ. ਵਿ. ਕੋ. 4:477

**ਜਾਫ਼ਰ ਹੁਸੈਨ ਖ਼ਾਨ** : ਭਾਰਤ ਦੇ ਇਸ ਉਰਦੂ ਲੇਖਕ ਅਤੇ ਸਾਹਿਤਕਾਰ ਦਾ ਜਨਮ 15 ਜੂਨ, 1891 ਨੂੰ ਮੁਰਾਦਾਬਾਦ (ਉੱਤਰ ਪ੍ਰਦੇਸ਼) ਵਿਖੇ ਹੋਇਆ। ਇਸ ਨੇ ਅਲੀਗੜ੍ਹ ਯੂਨੀਵਰਸਿਟੀ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਸ ਨੇ 15 ਤੋਂ ਵੀ ਵੱਧ ਪੁਸਤਕਾਂ ਲਿਖੀਆਂ ਅਤੇ ਪ੍ਰਕਾਸ਼ਿਤ ਕਰਵਾਈਆਂ। ਸੰਨ 1955 ਵਿਚ ਇਸ ਨੂੰ ਆਪਣੀ ਪੁਸਤਕ 'ਮਾਲ ਔਰ ਮੋਸ਼ੀਆਤ' ਲਈ ਸਾਹਿਤ ਅਕਾਦਮੀ ਅਵਾਰਡ ਮਿਲਿਆ। ਇਹ ਪੁਸਤਕ ਦਰਸ਼ਨ-ਸ਼ਾਸਤਰ ਨਾਲ ਸਬੰਧਤ ਹੈ।

ਹ. ਪੁ. -ਐਨ. ਇਸ. 2:605

**ਜਾਫ਼ਰ ਖ਼ਾਂ ਉਮਦਤੁਲ ਮੁਲਕ** : ਇਹ ਸਾਦਿਕ ਖ਼ਾਂ ਮੀਰ ਬਖ਼ਸ਼ੀ ਦਾ ਲੜਕਾ ਸੀ। ਬਚਪਨ ਤੋਂ ਹੀ ਇਸ ਉੱਤੇ ਬਾਦਸ਼ਾਹ ਜਹਾਂਗੀਰ ਦੀ ਕਿਰਪਾ ਦ੍ਰਿਸ਼ਟੀ ਰਹੀ ਅਤੇ ਇਸ ਨੂੰ ਲਗਾਤਾਰ ਉੱਨਤੀ ਕਰਨ ਦਾ ਮੌਕਾ ਮਿਲਦਾ ਰਿਹਾ। ਕਈ ਕਾਰਨਾਂ ਕਰਕੇ ਇਹ ਕੁਝ ਸਮੇਂ ਲਈ ਸ਼ਾਹੀ ਸਨਮਾਨ ਨਾ ਪ੍ਰਾਪਤ ਕਰ ਸਕਿਆ ਪਰ ਜਲਦੀ ਹੀ ਇਸ ਨੇ ਆਪਣੀ ਪਹਿਲੀ ਸਥਿਤੀ ਪ੍ਰਾਪਤ ਕਰ ਲਈ।

ਇਸ ਨੂੰ ਪੰਜਾਬ ਪ੍ਰਾਂਤ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਇਕ ਸਾਲ ਬਾਅਦ ਖ਼ਲੀਤੁਲਾ ਖ਼ਾਂ ਦੀ ਥਾਂ ਤੇ ਇਸ ਨੂੰ ਮੀਰ ਬਖ਼ਸ਼ੀ ਨਿਯੁਕਤ ਕੀਤਾ ਗਿਆ। ਦੋ ਤਿੰਨ ਸਾਲ ਬਾਅਦ ਇਸ ਨੂੰ ਦਿੱਲੀ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਇਸ ਪਦ ਤੇ ਇਸ ਨੇ ਇਕ ਸਾਲ ਕੰਮ ਕੀਤਾ। ਬਾਅਦ ਵਿਚ ਇਸ ਨੂੰ ਠੱਟਾ ਦਾ ਮੁੱਖੀ ਬਣਾਇਆ ਗਿਆ। ਛੇ ਸੱਤ ਸਾਲ ਇਹ ਮੈਂਬਰ ਰਿਹਾ ਅਤੇ ਮਗਰੋਂ ਮੁਅਜ਼ਮ ਖ਼ਾਂ ਦੇ ਗੱਦੀ ਤੋਂ ਉਤਾਰੇ ਜਾਣ ਤੋਂ ਬਾਅਦ ਇਹ ਸ਼ਾਸਨ ਦਾ ਮੁੱਖ ਮੰਤਰੀ ਬਣ ਗਿਆ।

ਔਰੰਗਜ਼ੇਬ ਅਤੇ ਦਾਰਾ ਸ਼ਿਕੋਹ ਦੇ ਝਗੜੇ ਦੌਰਾਨ, ਜਾਫ਼ਰ ਖ਼ਾਂ ਨੇ ਔਰੰਗਜ਼ੇਬ ਦਾ ਸਾਥ ਦਿੱਤਾ, ਜਿਸ ਤੋਂ ਖ਼ੁਸ਼ ਹੋ ਕੇ ਔਰੰਗਜ਼ੇਬ ਨੇ ਇਸ ਨੂੰ ਮਾਲਵੇ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਸਰਵ ਉੱਚ ਮਨਸਬ ਪ੍ਰਦਾਨ ਕੀਤਾ। 1079 ਹਿਜਰੀ ਵਿਚ ਔਰੰਗਜ਼ੇਬ ਨੇ ਇਸ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। 1081 ਹਿਜਰੀ ਵਿਚ ਬਿਮਾਰੀ ਨਾਲ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 4:477

**ਜਾਫ਼ਰ ਜੋਸਿਫ਼ ਜ਼ਾਕ** : ਇਹ ਫ਼ਰਾਂਸੀਸੀ ਫ਼ੌਜ ਦਾ ਪ੍ਰਧਾਨ ਸੈਨਾਪਤੀ ਸੀ ਜਿਸ ਦਾ ਜਨਮ ਰੀਵਜ਼ਾਲਟ (ਫ਼ਰਾਂਸ) ਵਿਖੇ 12 ਜਨਵਰੀ, 1852 ਵਿਚ ਹੋਇਆ। ਸਿੱਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਫਰੈਂਕੋ-ਪ੍ਰਸ਼ੀਅਨ ਲੜਾਈ ਸਮੇਂ ਫ਼ੌਜ ਵਿਚ ਨੌਕਰੀ ਕੀਤੀ।

ਸੰਨ 1872 ਵਿਚ ਇਹ ਫ਼ੌਜ ਦਾ ਲੈਫ਼ਟੀਨੈਂਟ ਬਣ ਗਿਆ ਫਿਰ ਇਹ ਇੰਜਨੀਅਰਿੰਗ ਫ਼ੌਜ ਵਿਚ ਦਾਖ਼ਲ ਹੋ ਗਿਆ। ਸੰਨ 1885 ਵਿਚ ਆਪਣੀ ਪਹਿਲੀ ਪਤਨੀ ਦੀ ਮੌਤ ਤੋਂ ਬਾਅਦ ਇਸ ਨੇ ਫ਼ਾਰਮੂਸਾ ਵਿਚ

ਨੌਕਰੀ ਕੀਤੀ ਅਤੇ ਫ਼ਰਾਂਸੀਸੀ ਕਲੋਨੀਆਂ (ਤਾਈਵਾਨ) ਦੀ ਕਬਜ਼ੇਦਾਰੀ ਵਿਚ ਭਾਗ ਲਿਆ। ਸੰਨ 1894 ਵਿਚ ਜਾਫ਼ਰ ਨੇ ਟਿਨਬੁਕ ਉੱਤੇ ਕਬਜ਼ਾ ਕੀਤਾ। ਸੰਨ 1897 ਦੇ ਮੈਡਗਾਸਕਰ ਹਮਲੇ ਵਿਚ ਹਿੱਸਾ ਲੈਣ ਮਗਰੋਂ ਇਹ ਕਰਨਲ ਬਣ ਗਿਆ। ਸੰਨ 1902 ਵਿਚ ਬਰਗੇਡੀਅਰ ਜਨਰਲ ਦੀ ਪਦਵੀ ਤੋਂ ਤਰੱਕੀ ਲੈ ਕੇ 1905 ਵਿਚ ਮੇਜਰ ਜਨਰਲ ਬਣ ਗਿਆ। ਸੰਨ 1911 ਵਿਚ ਇਸ ਨੂੰ ਜਨਰਲ ਸਟਾਫ਼ ਦਾ ਚੀਫ਼ ਨਿਯੁਕਤ ਕੀਤਾ ਗਿਆ।

ਪਹਿਲੀ ਸੰਸਾਰ-ਜੰਗ ਸਮੇਂ ਇਸ ਨੂੰ ਸਾਰੀਆਂ ਫ਼ਰਾਂਸੀਸੀ ਅਤੇ ਬਰਤਾਨਵੀ ਫ਼ੌਜਾਂ ਦੀ ਕਮਾਨ ਸੰਭਾਲੀ ਗਈ। ਜਾਫ਼ਰ ਨੂੰ ਮਾਰਨ ਦੀ ਲੜਾਈ ਦੇ ਨੇਤਾ ਵਜੋਂ ਜਾਣਿਆ ਜਾਂਦਾ ਹੈ। ਸੰਨ 1914 ਵਿਚ ਇਸ ਨੇ ਪੈਰਿਸ ਨੂੰ ਜਰਮਨਾਂ ਦੇ ਹਮਲੇ ਤੋਂ ਬਚਾਇਆ। ਦਸੰਬਰ, 1915 ਵਿਚ ਜਾਫ਼ਰ ਨੂੰ ਸਾਰੀਆਂ ਫ਼ਰਾਂਸੀਸੀ ਫ਼ੌਜਾਂ ਦਾ ਸਰਵ-ਉੱਚ ਕਮਾਂਡਰ ਬਣਾ ਦਿੱਤਾ ਗਿਆ।

ਸੰਨ 1916 ਵਿਚ ਇਸ ਉੱਤੇ ਜਰਮਨਾਂ ਦੇ ਵਰਦੂਨ ਉੱਤੇ ਹਮਲੇ ਦਾ ਦੋਸ਼ ਲਗਾਇਆ ਗਿਆ। ਨਤੀਜੇ ਵਜੋਂ ਇਸਨੂੰ ਫ਼ਰਾਂਸੀਸੀ ਸਰਕਾਰ ਨੇ ਫ਼ਰਾਂਸੀਸੀ ਫ਼ੌਜਾਂ ਦੇ ਸਰਵ-ਉੱਚ ਕਮਾਂਡਰ ਦੇ ਅਹੁਦੇ ਤੋਂ ਉਤਾਰ ਕੇ ਸੈਨਾਪਤੀ ਬਣਾ ਦਿੱਤਾ। ਦਸੰਬਰ, 1918 ਵਿਚ ਜਾਫ਼ਰ ਜੋਸਿਫ਼ ਜ਼ਾਕ ਨੂੰ ਫ਼੍ਰੈਂਚ ਅਕੈਡਮੀ ਦਾ ਮੈਂਬਰ ਬਣਾਇਆ ਗਿਆ। 3 ਜਨਵਰੀ, 1931 ਵਿਚ ਪੈਰਿਸ ਵਿਖੇ ਜਾਫ਼ਰ ਜੋਸਿਫ਼ ਦੀ ਮੌਤ ਹੋ ਗਈ।

ਹ. ਪੁ. -ਐਨ. ਅਮੇ. 16:153; ਚੈਂਬ. ਐਨ. 8:115; ਕੋਲ. ਐਨ. 11:29

**ਜਾਫ਼ਰਾਬਾਦ** : ਰਿਆਸਤ—ਇਹ ਭਾਰਤ ਦੀ 'ਕਾਠੀਆਵਾੜ ਪੁਲੀਟੀਕਲ ਏਜੰਸੀ ਬੰਬਈ' ਦੀ ਲਗਭਗ 105 ਵ. ਕਿ. ਮੀ. ਵਿਚ ਫੈਲੀ ਇਕ ਰਿਆਸਤ ਸੀ ਜੋ ਜੰਜੀਰਾ ਦੇ ਨਵਾਬ ਅਧੀਨ, ਕਾਨਕਨ ਤਟ ਉੱਤੇ ਅਹਿਮਦਾਬਾਦ ਸ਼ਹਿਰ ਤੋਂ 240 ਕਿ. ਮੀ. ਦੱਖਣ ਵੱਲ ਸਥਿਤ ਸੀ।

ਸੰਨ 1731 ਦੇ ਲਗਭਗ ਕਾਠੀਆਵਾੜ ਵਿਚ ਮੁਗ਼ਲ ਹਕੂਮਤ ਸੀ ਅਤੇ ਜਾਫ਼ਰਾਬਾਦ ਇਸ ਦੇ ਥਾਨਦਾਰਾਂ ਅਧੀਨ ਆਜ਼ਾਦ ਸੀ। ਇਨ੍ਹਾਂ ਲੋਕਾਂ ਨੇ ਮੁਸਲਮਾਨਾਂ ਦੀ ਰੱਖਿਆ ਸੈਨਾ ਅਤੇ ਇਥੋਂ ਦੀ 'ਕੋਲੀਜ਼ ਐਂਡ ਕੰਪਨੀ' ਨਾਲ ਮਿਲ ਕੇ ਸਮੁੰਦਰੀ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਇਨ੍ਹਾਂ ਨੇ ਸੂਰਤ ਦੇ ਵਪਾਰ ਅਤੇ ਜਹਾਜ਼ਰਾਨੀ ਨੂੰ ਕਾਫ਼ੀ ਸ਼ਿੱਦਤ ਨਾਲ ਤੰਗ ਕੀਤਾ ਜਿਸ ਕਰਕੇ ਜੰਜੀਰਾ ਹਾਊਸ ਦੇ ਸੀਦੀ ਹਿਲਾਲ ਨੇ, ਜੋ ਉਸ ਸਮੇਂ ਸੂਰਤ ਵਿਖੇ ਨੌਕਰ ਸੀ, ਇਨ੍ਹਾਂ ਉੱਤੇ ਹਮਲਾ ਕਰਕੇ ਇਨ੍ਹਾਂ ਦੇ ਬਹੁਤ ਸਾਰੇ ਸਮੁੰਦਰੀ ਜਹਾਜ਼ ਤਬਾਹ ਕਰ ਦਿੱਤੇ ਤੇ ਬਹੁਤ ਸਾਰੇ ਕੋਲੀਆਂ ਨੂੰ ਕੈਦ ਕਰਕੇ ਜਾਫ਼ਰਾਬਾਦ ਤੋਂ ਭਾਰੀ ਜੁਰਮਾਨੇ ਦੀ ਮੰਗ ਕੀਤੀ। ਥਾਨਦਾਰਾਂ ਤੋਂ ਜੁਰਮਾਨਾ ਨਾ ਉਤਾਰਿਆ ਗਿਆ ਤੇ ਉਨ੍ਹਾਂ ਨੇ ਜਾਫ਼ਰਾਬਾਦ, ਸੀਦੀ ਹਿਲਾਲ ਨੂੰ ਵੇਚ ਦਿੱਤਾ। ਪ੍ਰਾਇਦੀਪ ਵਿਚ ਬਹੁਤ ਵਧੀ ਹੋਈ ਅਰਾਜਕਤਾ ਕਰਕੇ ਸੀਦੀ ਹਿਲਾਲ ਨੇ 1762 ਵਿਚ ਇਸ ਨੂੰ ਜੰਜੀਰਾ ਦੇ ਨਵਾਬ ਨੂੰ ਦੇ ਦਿੱਤਾ। ਉਸ ਨੇ ਇਸ ਦਾ ਕਰਜ਼ਾ ਅਦਾ ਕਰ ਦਿੱਤਾ ਜੋ 7000 ਦੇ ਲਗਭਗ ਸੀ ਤੇ ਇਸ ਨੂੰ ਆਪਣੇ ਵੱਲੋਂ ਗਵਰਨਰ ਬਣਾ ਕੇ ਭੇਜ ਦਿੱਤਾ।

ਰਿਆਸਤ ਵਿਚ ਇਕ ਸ਼ਹਿਰ ਅਤੇ 11 ਪਿੰਡ ਸਨ। ਬਾਜਰਾ, ਕਣਕ ਅਤੇ ਕਪਾਹ ਇਥੋਂ ਦੀਆਂ ਮੁੱਖ ਫ਼ਸਲਾਂ ਸਨ। ਇਸ ਦੇ ਜਾਫ਼ਰਾਬਾਦ ਸ਼ਹਿਰ ਵਿਚ ਮਿਉਂਸਪਲ ਕਮੇਟੀ ਸੀ। ਇਸ ਤੋਂ ਇਲਾਵਾ ਰਿਆਸਤ ਵਿਚ 9 ਸਕੂਲ ਅਤੇ 2 ਦਵਾਖ਼ਾਨੇ ਵੀ ਸਨ।

20° 51' ਤੋਂ 20° 59' ਉ. ਵਿਥ.; 71° 24' ਤੋਂ 71° 29' ਪੂ. ਲੰਬ.

ਹ. ਪੁ. -ਇੰਪ. ਗ. ਇੰਡ. 13: 374

**ਜਾਫ਼ਰਾਬਾਦ** : ਸ਼ਹਿਰ—ਇਹ ਭਾਰਤ ਦੇ ਗੁਜਰਾਤ ਰਾਜ ਦੇ ਅਮਰੇਲੀ ਜ਼ਿਲ੍ਹੇ ਦੀ ਇਕ ਬੰਦਰਗਾਹ ਹੈ। ਪੁਰਾਣੇ ਸਮੇਂ ਵਿਚ ਇਹ ਇਸੇ ਨਾਂ ਦੀ ਰਿਆਸਤ ਦਾ ਮੁੱਖ ਸ਼ਹਿਰ ਸੀ। ਇਹ ਇਥੋਂ ਦੀ ਮੁੱਖ ਨਦੀ ਰੈਨਾਈ ਦੇ ਦਹਾਨੇ ਤੇ ਸਮੁੰਦਰ ਤੋਂ ਕੇਵਲ 1.5 ਕਿ. ਮੀ. ਦੀ ਦੂਰੀ ਤੇ ਸਥਿਤ ਹੋਣ ਕਰਕੇ ਤੱਟੀ ਵਪਾਰ ਲਈ ਕੁਦਰਤੀ ਤੌਰ ਤੇ ਬਹੁਤ ਠੀਕ ਸਥਾਨ ਹੈ। ਵਪਾਰਕ ਪੱਖ ਤੋਂ ਇਹ ਦਿਊ ਤੋਂ ਦੂਜੇ ਨੰਬਰ ਤੇ ਹੈ। ਇਸ ਸ਼ਹਿਰ ਦਾ ਨਾਂ ਗੁਜਰਾਤ ਦੇ ਸੁਲਤਾਨ ਮੁਜ਼ੱਫ਼ਰ ਦੇ ਨਾਂ ਤੋਂ ਮੁਜ਼ੱਫ਼ਰਾਬਾਦ ਅਤੇ ਫਿਰ ਵਿਗੜ ਕੇ ਜਾਫ਼ਰਾਬਾਦ ਪਿਆ। ਇਸ ਸੁਲਤਾਨ ਨੇ ਹੀ ਸ਼ਹਿਰ ਦੀ ਕਿਲੇਬੰਦੀ ਕਰਵਾਈ ਸੀ।

20° 52' ਉ. ਵਿਥ. ; 71° 25' ਪੂ. ਲੰਬ.

•ਹ. ਪੁ. -ਇੰਪ. ਗ. ਇੰਡ. 13: 375

**ਜਾਫ਼ਰਿਨ, ਮੈਰੀਥਰੈਸੀ** : ਇਸ ਫ਼ਰਾਂਸੀਸੀ ਇਸਤਰੀ ਨੇ ਫ਼ਰਾਂਸੀਸੀ ਸਾਹਿਤ ਅਤੇ ਕਲਾਤਮਕ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਦਾ ਜਨਮ ਪੈਰਿਸ ਵਿਖੇ 2 ਜੂਨ, 1699 ਨੂੰ ਹੋਇਆ। ਇਹ ਆਪਣੇ ਮੁਲਾਕਾਤੀ ਕਮਰੇ ਵਿਚ ਉਚੇਰੇ ਗੁਣਾਂ ਵਾਲੇ ਵਿਅਕਤੀਆਂ ਨੂੰ ਸੱਦਾ ਦਿੰਦੀ ਹੁੰਦੀ ਸੀ। ਸੰਨ 1748 ਤੋਂ ਪੈਰਿਸ ਦੀ ਸੋਸਾਇਟੀ ਵਿਚ ਇਸ ਦਾ ਚੰਗਾ ਬੋਲਬਾਲਾ ਹੋ ਗਿਆ। ਇਹ ਹਰ ਹਫ਼ਤੇ ਸੋਮਵਾਰ ਨੂੰ ਕਲਾਕਾਰਾਂ ਅਤੇ ਬੁੱਧਵਾਰ ਨੂੰ ਵਿਸ਼ਵਕੋਸ਼ ਤਿਆਰ ਕਰਨ ਵਾਲਿਆਂ ਤੇ ਹੋਰ ਵਿਦਵਾਨਾਂ ਨੂੰ ਰਾਤ ਦੇ ਖਾਣੇ ਉੱਤੇ ਬੁਲਾਇਆ ਕਰਦੀ ਸੀ। ਆਪਣੇ ਦੇਸ਼ ਦੇ ਪ੍ਰਸਿੱਧ ਵਿਅਕਤੀਆਂ ਤੋਂ ਇਲਾਵਾ, ਇਸ ਪਾਸ ਬਦੇਸ਼ਾਂ ਤੋਂ ਵੀ ਮਹਾਨ ਵਿਅਕਤੀ ਆਉਂਦੇ ਸਨ। ਇਹ ਬਹੁਤ ਹੀ ਮਹਿਮਾਨ ਨਿਵਾਜ਼ ਸੀ ਅਤੇ ਵਿਚਾਰ ਵਟਾਂਦਰੇ ਦੌਰਾਨ ਆਪ ਬਹੁਤ ਘੱਟ ਬੋਲਦੀ। ਇਸ ਦਾ ਮੁੱਖ ਉਦੇਸ਼ ਜਾਣਕਾਰੀ ਪ੍ਰਾਪਤ ਕਰਨਾ ਸੀ। ਇਸ ਨੂੰ ਪੈਰਿਸ ਨਾਲ ਅਥਾਹ ਪਿਆਰ ਸੀ। ਇਹ ਸਾਰਾ ਜੀਵਨ ਇਥੇ ਹੀ ਰਹੀ। ਸਿਰਫ਼ 1766 ਵਿਚ ਇਹ ਪੋਲੈਂਡ ਦੇ ਬਾਦਸ਼ਾਹ ਨੂੰ ਮਿਲਣ ਗਈ ਜੋ ਇਸ ਦੇ ਜੀਵਨ ਦੀ ਇਕ ਮਹੱਤਵਪੂਰਨ ਘਟਨਾ ਹੈ। 6 ਅਕਤੂਬਰ, 1777 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 10 : 142

**ਜਾਫ਼ੇਤ (ਜੇਫ਼ਥ)** : ਇਹ ਹਜ਼ਰਤ ਨੂਹ ਦੇ ਤਿੰਨ ਪੁੱਤਰਾਂ ਵਿਚੋਂ ਇਕ ਸੀ। ਬਾਈਬਲ ਵਿਚ ਇਸ ਨੂੰ ਪਰਲੋ ਦੇ ਬਾਅਦ ਦੀ ਮਨੁੱਖ ਜਾਤੀ ਦੇ ਜਨਮ ਦਾਤਿਆਂ ਵਿਚੋਂ ਇਕ ਅਤੇ ਭੂਮੱਧ ਸਾਗਰ ਦੇ ਆਲੇ-ਦੁਆਲੇ ਰਹਿਣ ਵਾਲੇ ਆਰੀਆ ਲੋਕਾਂ ਦਾ ਵਡੇਰਾ ਮੰਨਿਆ ਗਿਆ ਹੈ। ਬਾਈਬਲ ਦੇ ਜਿਸ ਖੰਡ ਵਿਚ ਜਾਫ਼ੇਤ ਦਾ ਵਰਣਨ ਹੈ, ਉਸ ਦਾ ਰਚਨਾਕਾਲ ਛੇਵੀਂ ਸਦੀ ਈ. ਪੂ. ਹੈ। ਉਸ ਸਮੇਂ ਇਹ ਵਿਚਾਰ ਪ੍ਰਚੱਲਤ ਸੀ ਕਿ ਪੁਰਾਤਨ ਕਾਲ ਵਿਚ ਏਸ਼ੀਆ ਮਾਈਨਰ, ਉੱਤਰੀ ਮੈਸੋਪੋਟਾਮੀਆ ਅਤੇ ਫ਼ਲਿਸਤੀਨ ਵਿਚ ਆਰੀਆ ਜਾਤੀਆਂ ਦਾ ਬੋਲਬਾਲਾ ਸੀ। ਇਸ ਕਾਰਨ ਜਾਫ਼ੇਤ (ਜੇਫ਼ਥ) ਦਾ ਅਰਥ 'ਦੂਰ ਤੱਕ ਫੈਲਿਆ ਹੋਇਆ' ਹੈ। ਜਾਫ਼ੇਤ ਇਤਿਹਾਸਕ ਵਿਅਕਤੀ ਹੀ ਹੈ ਪਰ ਇਹ ਕਦੋਂ ਹੋਇਆ, ਇਹ ਨਿਸ਼ਚਿਤ ਰੂਪ ਨਾਲ ਨਹੀਂ ਕਿਹਾ ਜਾ ਸਕਦਾ।

ਹ. ਪੁ.—ਹਿੰ. ਵਿ. ਕੋ. 4 : 478

**ਜ਼ਾਬਤਾ ਦੀਵਾਨੀ (1908 ਦਾ ਐਕਟ ਨੰ. 5) :** ਉਸ ਕਿਤਾਬ ਦਾ ਨਾਂ ਹੈ ਜਿਸ ਵਿਚ ਦੀਵਾਨੀ ਅਦਾਲਤਾਂ ਲਈ ਦੀਵਾਨੀ ਮਾਮਲੇ ਨਿਪਟਾਉਣ ਲਈ ਮੁਕੰਮਲ ਅਤੇ ਸੰਪਨ ਵਿਧੀ ਲਿਖੀ ਹੋਈ ਹੈ। ਇਹ ਕਿਤਾਬ ਤਿੰਨ ਭਾਗਾਂ ਵਿਚ ਵੰਡੀ ਹੋਈ ਹੈ।

(1) ਪਹਿਲੇ ਭਾਗ ਵਿਚ ਬੁਨਿਆਦੀ ਕਾਨੂੰਨ ਦਰਜ ਹੈ।

(2) ਦੂਜੇ ਭਾਗ ਵਿਚ ਸ਼ੈਡੀਊਲ (ਅਨੁਸੂਚੀ) ਹੈ। ਇਹ ਸ਼ੈਡੀਊਲ ਵੱਖਰੇ ਵੱਖਰੇ 51 ਖੰਡਾਂ ਵਿਚ ਵੰਡਿਆ ਹੈ। ਇਸ ਨੂੰ ਆਰਡਰ ਕਹਿੰਦੇ ਹਨ ਅਤੇ ਹਰ ਇਕ ਖੰਡ ਨੂੰ ਕਈ ਅੰਗਾਂ ਵਿਚ ਵੰਡਿਆ ਹੋਇਆ ਹੈ ਜਿਸ ਨੂੰ ਰੂਲ ਕਹਿੰਦੇ ਹਨ।

(3) ਤੀਜੇ ਭਾਗ ਵਿਚ ਅੰਤਕਾ ਹੈ ਜਿਸ ਵਿਚ ਦੀਵਾਨੀ ਅਦਾਲਤਾਂ ਵਿਚ ਵਰਤੋਂ ਆਉਣ ਵਾਲੇ ਸਾਰੇ ਫ਼ਾਰਮਾਂ ਦੇ ਨਮੂਨੇ ਦਿੱਤੇ ਹੋਏ ਹਨ, ਜਿਨ੍ਹਾਂ ਦੇ ਆਧਾਰ ਤੇ ਅਦਾਲਤੀ ਕਾਰਵਾਈ ਦੀ ਪ੍ਰਣਾਲੀ ਚਲਦੀ ਹੈ।

ਲੈਣ ਦੇਣ ਦੇ ਝਗੜੇ, ਵਾਇਦੇ ਪੂਰੇ ਨਾ ਕਰਨਾ ਜਾਂ ਪੂਰੀ ਤਰ੍ਹਾਂ ਕੌਲ ਇਕਰਾਰ ਨਾ ਨਿਭਾਉਣਾ, ਜਾਂ ਖ਼ਰੀਦ ਦੇ ਝਗੜੇ, ਜਾਇਦਾਦ ਗਹਿਣੇ ਰੱਖ ਕੇ ਕਰਜ਼ਾ ਲੈਣਾ, ਕਰਜ਼ਾ ਨਾ ਮੋੜਨਾ ਜਾਂ ਕਰਜ਼ਾ ਮੋੜਨ ਉੱਤੇ ਜਾਇਦਾਦ ਦਾ ਕਬਜ਼ਾ ਨਾ ਮਿਲਣਾ, ਜਾਇਦਾਦ ਦਾ ਰਹਿਨ ਬੰਦ ਕਰਨਾ। ਕਿਸੇ ਪਦ ਭਾਵੇਂ ਉਹ ਸਰਕਾਰੀ ਹੋਵੇ ਜਾਂ ਗ਼ੈਰ ਸਰਕਾਰੀ ਹੋਵੇ ਜਾਂ ਧਾਰਮਕ ਹੋਵੇ, ਦੇ ਝਗੜੇ, ਕਿਸੇ ਨੂੰ ਆਪਣੇ ਕੰਮ ਵਿਚ ਦਖ਼ਲ ਦੇਣ ਤੋਂ ਰੋਕਣ ਬਾਰੇ ਝਗੜੇ ਆਦਿ ਸਾਰੇ ਦੀਵਾਨੀ ਝਗੜੇ ਹਨ। ਭਾਵ ਇਹ ਕਿ ਉਹ ਸਾਰੇ ਝਗੜੇ ਦੀਵਾਨੀ ਝਗੜੇ ਹਨ, ਜਿਨ੍ਹਾਂ ਵਿਚ ਕਿਸੇ ਜੁਰਮ ਦਾ ਦਖ਼ਲ ਨਾ ਹੋਵੇ, ਦੀਵਾਨੀ ਮਾਮਲੇ ਹਨ ਅਤੇ ਇਨ੍ਹਾਂ ਸਾਰਿਆਂ ਮਾਮਲਿਆਂ ਦੀ ਸੁਣਵਾਈ ਦੀਵਾਨੀ ਅਦਾਲਤ ਕਰਦੀ ਹੈ ਅਤੇ ਉਹ ਹੀ ਹਰ ਇਕ ਦੇ ਹੱਕਾਂ ਦਾ ਨਿਪਟਾਰਾ ਕਰਦੀ ਹੈ। ਇਹ ਅਦਾਲਤ ਸਰਕਾਰ ਵੱਲੋਂ ਸਥਾਪਿਤ ਕੀਤੀ ਹੁੰਦੀ ਹੈ। ਮੁੱਢਲੀ ਦੀਵਾਨੀ ਅਦਾਲਤ ਦਾ ਨਿਗਰਾਨ ਅਫ਼ਸਰ ਸਬ-ਜੱਜ ਹੁੰਦਾ ਹੈ ਤੇ ਅਦਾਲਤ ਨੂੰ ਸਬ-ਜੱਜ ਦੀ ਅਦਾਲਤ ਕਹਿੰਦੇ ਹਨ। ਹਰ ਸਬ ਜੱਜ ਦਾ ਅਧਿਕਾਰ ਖੇਤਰ ਸਰਕਾਰ ਨਿਸ਼ਚਿਤ ਕਰਦੀ ਹੈ ਅਤੇ ਉਹ ਹੀ ਸੁਣਵਾਈ ਦੀ ਵਿੱਤੀ ਹੱਦ ਵੀ।

ਜੋ ਕੋਈ ਆਪਣੇ ਹੱਕ ਦੀ ਮੰਗ ਲਈ ਅਦਾਲਤ ਵਿਚ ਜਾਂਦਾ ਹੈ ਉਸ ਨੂੰ ਮੁਦਈ ਅਤੇ ਜਿਸ ਕੋਲੋਂ ਉਸ ਨੇ ਹੱਕ ਲੈਣਾ ਹੁੰਦਾ ਹੈ ਜਾਂ ਜਿਨ੍ਹਾਂ ਦੇ ਖ਼ਿਲਾਫ਼ ਉਹ ਦਾਅਵਾ ਕਰਦਾ ਹੈ ਉਸ ਨੂੰ ਮੁਦਾਲਾ ਕਹਿੰਦੇ ਹਨ। ਹੱਕ ਮੰਗਣ ਵਾਲੇ ਨੂੰ ਆਪਣੇ ਵੱਲੋਂ ਇਕ ਲਿਖਤੀ ਰੂਪ ਵਿਚ ਜ਼ਾਬਤਾ ਦੀਵਾਨੀ ਵਿਚ ਦਿੱਤੇ ਫ਼ਾਰਮ ਦੇ ਆਧਾਰ ਤੇ ਇਕ ਅਰਜ਼ੀ ਦੇਣੀ ਪੈਂਦੀ ਹੈ। ਇਸ ਅਰਜ਼ੀ ਨੂੰ ਅਰਜ਼ੀ-ਦਾਵਾ ਕਹਿੰਦੇ ਹਨ। ਅਦਾਲਤ ਇਹ ਦਾਅਵਾ ਲੈ ਕੇ ਰਜਿਸਟਰ ਕਰ ਲੈਂਦੀ ਹੈ ਅਤੇ ਮੁਦਾਲਾ ਨੂੰ ਨਿਸ਼ਚਿਤ ਤਾਰੀਖ ਉੱਤੇ ਅਦਾਲਤ ਵਿਚ ਹਾਜ਼ਰ ਹੋਣ ਲਈ ਲਿਖਤੀ ਬੁਲਾਵਾ ਭੇਜਦੀ ਹੈ ਜਿਸ ਨੂੰ ਸੰਮਨ ਕਹਿੰਦੇ ਹਨ। ਮੁਦਾਲਾ ਸੰਮਨ ਦੀ ਤਾਮੀਲ ਕਰਕੇ ਸੰਮਨ ਅਤੇ ਅਰਜ਼ੀ ਦਾਅਵੇ ਦੀ ਇਕ ਕਾਪੀ ਰੱਖ ਲੈਂਦਾ ਹੈ ਅਤੇ ਸੰਮਨ ਦੀ ਦੂਜੀ ਕਾਪੀ ਅਦਾਲਤ ਨੂੰ ਮੋੜ ਦਿੰਦਾ ਹੈ ਜੋ ਦਾਅਵੇ ਦੀ ਫਾਈਲ ਨਾਲ ਨੱਥੀ ਕੀਤੀ ਜਾਂਦੀ ਹੈ। ਮੁਦਾਇਲਾਂ ਨਿਸ਼ਚਿਤ ਤਾਰੀਖ਼ ਉੱਤੇ ਅਦਾਲਤ ਵਿਚ ਹਾਜ਼ਰ ਹੋ ਕੇ ਅਰਜ਼ੀ-ਦਾਅਵੇ ਵਿਚ ਬਿਆਨ ਕੀਤੇ ਮਾਮਲਿਆਂ ਦੇ ਉੱਤਰ ਵਿਚ ਆਪਣੀ ਅਰਜ਼ੀ ਦਿੰਦਾ ਹੈ ਜਿਸ ਨੂੰ ਜਵਾਬ-ਦਾਅਵਾ ਕਹਿੰਦੇ ਹਨ।

ਅਰਜ਼ੀ-ਦਾਅਵੇ ਅਤੇ ਜਵਾਬ-ਦਾਅਵੇ ਜਾਂ ਦੋਨਾਂ ਧਿਰਾਂ ਵੱਲੋਂ ਦਿੱਤੇ ਗਏ ਬਿਆਨਾਂ ਨੂੰ ਮੁੱਖ ਰੱਖ ਕੇ ਜਿਨ੍ਹਾਂ ਗੱਲਾਂ ਤੇ ਮਤਭੇਦ ਹੁੰਦੇ ਹਨ ਅਤੇ ਜਿਨ੍ਹਾਂ ਦਾ ਨਿਪਟਾਰਾ ਕਰਨਾ ਹੁੰਦਾ ਹੈ, ਅਦਾਲਤ ਉਨ੍ਹਾਂ ਨੂੰ ਲੱਭ ਲੈਂਦੀ ਹੈ। ਇਨ੍ਹਾਂ ਚੁਣੇ ਹੋਏ ਮਤਭੇਦਾਂ ਨੂੰ ਤਨਕੀਰਾਂ ਕਹਿੰਦੇ ਹਨ। ਦੋਨੋਂ ਧਿਰਾਂ ਆਪਣੇ ਜ਼ਿੰਮੇ ਪਈਆਂ ਤਨਕੀਰਾਂ ਦਾ ਸਬੂਤ ਗਵਾਹਾਂ ਰਾਹੀਂ ਜਾਂ ਦਸਤਾਵੇਜ਼ਾਂ ਰਾਹੀਂ ਅਦਾਲਤ ਵੱਲੋਂ ਨਿਸ਼ਚਿਤ ਤਾਰੀਖ਼ਾਂ ਤੇ ਪੇਸ਼ ਕਰਦੀਆਂ ਹਨ। ਅਦਾਲਤ ਬਹਿਸ ਸੁਣ ਕੇ ਗਵਾਹਾਂ ਦੀ ਗਵਾਹੀ ਅਤੇ ਦਸਤਾਵੇਜ਼ਾਂ ਨੂੰ ਵਿਚਾਰ ਕੇ ਲਿਖਤੀ ਰੂਪ ਵਿਚ ਨਿਰਣਾ ਦਿੰਦੀ ਹੈ। ਇਹ ਨਿਰਣਾ ਵੀ ਦੋ ਭਾਗਾਂ ਵਿਚ ਹੁੰਦਾ ਹੈ। ਇਕ ਭਾਗ ਉਹ ਹੁੰਦਾ ਹੈ ਜਿਸ ਵਿਚ ਦਾਅਵੇ ਦੇ ਤੱਥਾਂ ਨੂੰ ਸੰਖੇਪ ਰੂਪ ਵਿਚ ਲਿਖ ਕੇ ਤਨਕੀਰਾਂ ਦਾ ਵਰਣਨ ਕੀਤਾ ਹੁੰਦਾ ਹੈ। ਅਦਾਲਤ ਹਰ ਇਕ ਤਨਕੀਰ ਉੱਤੇ ਪੂਰੀ ਵਿਚਾਰ ਕਰਕੇ ਮੁਦਈ ਦੇ ਹੱਕ ਵਿਚ ਜਾਂ ਖ਼ਿਲਾਫ਼ ਨਿਰਣਾ ਦਿੰਦੀ ਹੈ। ਦੂਜਾ ਭਾਗ ਡਿਗਰੀ ਅਖਵਾਉਂਦਾ ਹੈ ਜਿਸ ਵਿਚ ਨਿਰਣੇ ਦਾ ਆਧਾਰ ਤੇ ਹੱਕਾਂ ਬਾਬਤ ਵਰਣਨ ਹੁੰਦਾ ਹੈ।

ਇਹ ਹੈ ਸੰਖੇਪ ਵਿਚ ਦੀਵਾਨੀ ਅਦਾਲਤ ਦੀ ਕਾਰਜ ਪ੍ਰਣਾਲੀ ਪਰ ਇਹ ਸਾਰਾ ਕੁਝ ਇੰਨਾ ਸਰਲ ਤੇ ਸੌਖਾ ਨਹੀਂ, ਸਗੋਂ ਕਠਨ ਤੇ ਗੁੰਝਲਦਾਰ ਹੈ। ਇਨ੍ਹਾਂ ਪੰਕਤੀਆਂ ਤੋਂ ਕੇਵਲ ਦੀਵਾਨੀ ਅਦਾਲਤ ਵਿਚ ਹੋਣ ਵਾਲੀ ਆਮ ਕਾਰਵਾਈ ਬਾਰੇ ਜਾਣਕਾਰੀ ਤਾਂ ਮਿਲਦੀ ਹੈ ਪਰ ਇਸ ਆਮ ਜਾਣਕਾਰੀ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਗੱਲਾਂ ਇਸ ਕਿਤਾਬ ਵਿਚ ਹਨ ਜੋ ਦਾਅਵੇ ਵਿਚ ਸਮੇਂ ਸਮੇਂ ਉਤਪੰਨ ਹੁੰਦੀਆਂ ਰਹਿੰਦੀਆਂ ਹਨ ਜਿਨ੍ਹਾਂ ਨੂੰ ਨਿਭਾਉਣ ਤੇ ਸੁਲਝਾਉਣ ਲਈ ਕਾਨੂੰਨ ਦੀ ਪੂਰੀ ਜਾਣਕਾਰੀ ਜ਼ਰੂਰੀ ਹੈ। ਇਨ੍ਹਾਂ ਨੂੰ ਕੇਵਲ ਇਕ ਵਕੀਲ ਹੀ ਠੀਕ ਤਰ੍ਹਾਂ ਨਿਪਟਾ ਸਕਦਾ ਹੈ। ਇਸ ਲਈ ਹਰ ਧਿਰ ਨੂੰ ਆਪਣੇ ਲਈ ਕੋਈ ਵਕੀਲ ਕਰਨਾ ਵਾਜਬ ਹੀ ਨਹੀਂ ਸਗੋਂ ਜ਼ਰੂਰੀ ਵੀ ਹੋ ਜਾਂਦਾ ਹੈ।

**ਅਪੀਲ**—ਜਿਹੜੀ ਧਿਰ ਸਬ-ਜੱਜ ਦੇ ਨਿਰਣੇ ਤੋਂ ਸੰਤੁਸ਼ਟ ਨਹੀਂ ਹੁੰਦੀ ਉਹ ਉਸ ਨਿਰਣੇ ਨੂੰ ਚੁਣੌਤੀ ਦੇ ਸਕਦੀ ਹੈ ਅਤੇ ਉਸ ਦੇ ਖ਼ਿਲਾਫ਼ ਉਪਰਲੀ ਅਦਾਲਤ ਵਿਚ ਅਪੀਲ ਕਰ ਸਕਦੀ ਹੈ। ਇਹ ਅਪੀਲ ਵੀ ਲਿਖਤੀ ਰੂਪ ਵਿਚ ਨਿਸ਼ਚਿਤ ਸਮੇਂ ਦੇ ਅੰਦਰ ਨਿਸ਼ਚਿਤ ਅਦਾਲਤ ਵਿਚ ਦਾਇਰ ਕੀਤੀ ਜਾ ਸਕਦੀ ਹੈ। ਇਸ ਅਪੀਲ ਨੂੰ ਸੁਣਨ ਲਈ ਵੀ ਉਪਰ ਲਿਖੀ ਨਿਰਧਾਰਿਤ ਪ੍ਰਕਿਰਿਆ ਤੇ ਅਮਲ ਕਰਨਾ ਪੈਂਦਾ ਹੈ, ਭਾਵ ਅਪੀਲ ਦੀ ਸੁਣਵਾਈ ਕਰਨ ਵਾਲੀ ਅਦਾਲਤ ਵੱਲੋਂ ਦੂਜੀ ਧਿਰ ਨੂੰ ਨਿਸ਼ਚਿਤ ਤਾਰੀਖ ਤੇ ਹਾਜ਼ਰ ਹੋਣ ਦਾ ਸੰਮਨ ਜਾਰੀ ਕਰਨਾ ਅਤੇ ਦੂਜੀ ਧਿਰ ਦਾ ਹਾਜ਼ਰ ਹੋ ਕੇ ਜੇ ਉਹ ਚਾਹੇ ਤਾਂ ਅਪੀਲ ਦੇ ਖ਼ਿਲਾਫ਼ ਇਤਰਾਜ਼ ਦਾਖ਼ਲ ਕਰਨੇ ਆਦਿ। ਅਪੀਲ ਦੀ ਸੁਣਵਾਈ ਕਰਨ ਵਾਲੀ ਅਦਾਲਤ ਦੋਨੇ ਧਿਰਾਂ ਦੀ ਬਹਿਸ ਸੁਣਦੀ ਹੈ ਅਤੇ ਬਹਿਸ ਸੁਣਨ ਉਪਰੰਤ ਅਪੀਲ ਦਾ ਨਿਰਣਾ ਲਿਖਤੀ ਰੂਪ ਵਿਚ ਦਿੰਦੀ ਹੈ। ਨਿਸ਼ਚਿਤ ਕਾਨੂੰਨ ਅਨੁਸਾਰ ਸਬ-ਜੱਜ ਦੇ ਨਿਰਣੇ ਵਿਰੁੱਧ ਅਪੀਲ ਜ਼ਿਲ੍ਹਾ ਜੱਜ ਦੀ ਅਦਾਲਤ ਵਿਚ, ਜ਼ਿਲ੍ਹਾ ਜੱਜ ਦੇ ਨਿਰਣੇ ਦੀ ਅਪੀਲ ਹਾਈ ਕੋਰਟ ਅਤੇ ਹਾਈ ਕੋਰਟ ਦੇ ਨਿਰਣੇ ਦੇ ਵਿਰੁੱਧ ਅਪੀਲ ਭਾਰਤ ਦੀ ਉੱਚਤਮ ਅਦਾਲਤ (ਸੁਪਰੀਮ ਕੋਰਟ) ਵਿਚ ਹੋ ਸਕਦੀ ਹੈ। ਉੱਚਤਮ ਅਦਾਲਤ ਦਾ ਨਿਰਣਾ ਆਖ਼ਰੀ ਹੁੰਦਾ ਹੈ। ਇਸ ਅਦਾਲਤ ਦੇ ਲਏ ਨਿਰਣੇ ਵਿਚ ਕਾਨੂੰਨ ਦੀ ਵਿਆਖਿਆ, ਭਾਰਤ ਦੀਆਂ ਸਾਰੀਆਂ ਅਦਾਲਤਾਂ ਨੂੰ ਪਰਵਾਨ ਕਰਨੀ ਪੈਂਦੀ ਹੈ ਅਤੇ ਆਪਣੇ ਨਿਰਣੇ ਵਿਚ ਉਸ ਨੂੰ ਆਧਾਰ ਬਣਾਉਣਾ ਪੈਂਦਾ ਹੈ।

ਉਪਰ ਲਿਖੇ ਸੰਖੇਪ ਵਰਣਨ ਤੋਂ ਇਲਾਵਾ ਅਜਿਹੇ ਕਈ ਹੋਰ ਮਾਮਲੇ ਵੀ ਹਨ ਜੋ ਪ੍ਰਤੀ ਦਿਨ ਉਤਪੰਨ ਹੁੰਦੇ ਰਹਿੰਦੇ ਹਨ ਅਤੇ ਉਨ੍ਹਾਂ ਉੱਤੇ ਕਾਰਵਾਈ ਕਾਨੂੰਨ ਅਨੁਸਾਰ ਹੁੰਦੀ ਹੈ। ਅਜਿਹੇ ਕੁਝ ਮਾਮਲੇ ਹੇਠ ਦਿੱਤੇ ਜਾਂਦੇ ਹਨ :

**ਰੈਸ ਜੁਡੀਕੇਟਾ**—ਜਿਸ ਮਾਮਲੇ ਉੱਤੇ ਦੋ ਧਿਰਾਂ ਵਿਚ ਦੀਵਾਨੀ ਅਦਾਲਤ ਇਕ ਵਾਰੀ ਨਿਰਣਾ ਦੇ ਚੁੱਕੀ ਹੋਵੇ ਉਹ ਮਾਮਲਾ ਕਿਸੇ ਦੀਵਾਨੀ ਅਦਾਲਤ ਵਿਚ ਦੂਜੀ ਵਾਰੀ ਨਹੀਂ ਚੁੱਕਿਆ ਜਾ ਸਕਦਾ। ਜ਼ਾਬਤਾ ਦੀਵਾਨੀ ਦਾ ਇਹ ਅਸੂਲ ਦੋਵੇਂ ਧਿਰਾਂ ਜਾਂ ਉਨ੍ਹਾਂ ਦੇ ਉੱਤਰਾਧਿਕਾਰੀ ਉੱਤੇ ਲਾਗੂ ਹੁੰਦਾ ਹੈ ਅਤੇ ਅਜਿਹੇ ਮਾਮਲੇ ਜੋ ਪਹਿਲੇ ਦਾਅਵੇ ਵਿਚ ਚੁੱਕਣੇ ਜ਼ਰੂਰੀ ਹਨ ਪਰ ਉਹ ਨਹੀਂ ਚੁੱਕੇ ਗਏ, ਤਾਂ ਉਹ ਵੀ ਦੂਜੀ ਵਾਰ ਨਹੀਂ ਚੁੱਕੇ ਜਾ ਸਕਦੇ। ਇਹ ਨਿਯਮ ਦਾਵਿਆਂ ਦੀ ਬਹੁ-ਗਿਣਤੀ ਨੂੰ ਰੋਕਣ ਲਈ ਹੈ।

**ਆਰਜ਼ੀ ਮਨਾਹੀ ਹੁਕਮ**—ਜਦੋਂ ਅਦਾਲਤ ਸਾਹਮਣੇ ਕਿਸੇ ਹਲਫ਼ੀਆ ਬਿਆਨ ਰਾਹੀਂ ਜਾਂ ਕਿਸੇ ਹੋਰ ਤਰ੍ਹਾਂ ਇਹ ਸਾਬਤ ਹੋ ਜਾਏ ਕਿ ਦਾਅਵੇ ਵਿਚ ਝਗੜੇ ਵਾਲੀ ਜਾਇਦਾਦ ਨੂੰ ਕੋਈ ਮੁੰਤਕਿਲ ਜਾਂ ਕਿਸੇ ਹੋਰ ਤਰੀਕੇ ਨਾਲ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ ਜਾਂ ਕਿਸੇ ਠੱਗੀ ਜਾਂ ਧੋਖੇ ਨਾਲ ਕਿਸੇ ਲਹਿਣੇਦਾਰ ਦਾ ਹੱਕ ਮਰਨ ਦਾ ਡਰ ਹੈ ਤਾਂ ਅਦਾਲਤ ਦਾਅਵੇ ਦਾ ਨਿਰਣੇ ਕਰਨ ਤੋਂ ਪਹਿਲਾਂ ਅਜਿਹੇ ਅਮਲ ਨੂੰ ਰੋਕਣ ਲਈ ਆਰਜ਼ੀ ਮਨਾਹੀ ਹੁਕਮ ਜਾਰੀ ਕਰ ਸਕਦੀ ਹੈ, ਤਾਂ ਜੋ

ਮੁਕੱਦਮੇ ਦੀਆਂ ਦੋਵੇਂ ਧਿਰਾਂ ਝਗੜੇ ਤੋਂ ਪਹਿਲਾਂ ਵਾਲੀ ਹਾਲਤ ਵਿਚ ਤਬਦੀਲੀ ਨਾ ਕਰ ਸਕਣ।

–ਜੋਗਿੰਦਰ ਸਿੰਘ

**ਜ਼ਾਬਤਾ ਫ਼ੌਜਦਾਰੀ** : ਜ਼ਾਬਤਾ ਫ਼ੌਜਦਾਰੀ, ਫ਼ੌਜਦਾਰੀ ਮੁਕੱਦਮਿਆਂ ਸਬੰਧੀ ਅਪਣਾਈ ਜਾਣ ਵਾਲੀ ਕਾਰਜਵਿਧੀ ਦਾ ਸੰਗ੍ਰਹਿ ਹੈ। ਜਿਥੋਂ ਤੱਕ ਜ਼ਾਬਤਾ ਫ਼ੌਜਦਾਰੀ ਦੇ ਇਤਿਹਾਸ ਦਾ ਸਬੰਧ ਹੈ, 1882 ਤੋਂ ਪਹਿਲਾਂ ਸਾਰੇ ਦੇਸ਼ ਵਾਸਤੇ ਇਕੋ ਪ੍ਰਨਾਲੀ ਦਾ ਜ਼ਾਬਤਾ ਫ਼ੌਜਦਾਰੀ ਲਾਗੂ ਨਹੀਂ ਸੀ। ਸਭ ਤੋਂ ਪਹਿਲਾਂ 1852 ਵਿਚ ਦੇਸ਼ ਦੇ ਮਹਾਂ ਨਗਰਾਂ ਵਿਚ ਸਥਿਤ ਅਦਾਲਤਾਂ ਵਿਚ ਜੋ ਜ਼ਾਬਤਾ ਫ਼ੌਜਦਾਰੀ ਲਾਗੂ ਕੀਤਾ ਗਿਆ, ਉਸ ਨੂੰ ਇਕ ਸਮੂਹ ਜ਼ਾਬਤੇ ਵਿਚ ਇਕੱਤਰ ਕੀਤਾ ਗਿਆ। ਇਸ ਪਿੱਛੋਂ ਹਾਈ ਕੋਰਟ ਜ਼ਾਬਤਾ ਫ਼ੌਜਦਾਰੀ ਦਾ ਐਕਟ ਨੰਬਰ 13, ਸੰਨ 1865 ਵਿਚ ਬਣਾਇਆ ਗਿਆ। ਭਾਰਤ ਦੇ ਵੱਖੋ ਵੱਖ ਪ੍ਰਾਂਤਾਂ ਵਿਚ ਜੋ ਜ਼ਾਬਤਾ ਲਾਗੂ ਕੀਤਾ ਗਿਆ, ਉਹ 1861 ਵਿਚ ਤਿਆਰ ਕੀਤਾ ਗਿਆ ਸੀ। ਮਗਰੋਂ ਇਸ ਨੂੰ 1872 ਦੇ ਐਕਟ ਵਿਚ ਬਦਲ ਦਿੱਤਾ ਗਿਆ। ਉਸ ਤੋਂ ਪਿੱਛੋਂ ਜੋ ਜ਼ਾਬਤਾ ਫ਼ੌਜਦਾਰੀ ਸਾਰੇ ਦੇਸ਼ ਵਿਚ ਲਾਗੂ ਕੀਤਾ ਗਿਆ, ਉਹ 1882 ਦਾ ਐਕਟ ਨੰ. 10 ਸੀ। ਇਸ ਨਾਲ ਦੇਸ਼ ਦੇ ਸਾਰੇ ਮਹਾਂ ਨਗਰਾਂ ਅਤੇ ਦੂਜੇ ਹਿੱਸਿਆਂ ਵਿਚ ਇਹ ਜ਼ਾਬਤਾ ਇਕਸਾਰ ਅਪਣਾਇਆ ਗਿਆ ਸੀ। ਇਸ ਪਿੱਛੋਂ 1898 ਵਿਚ ਇਕ ਜ਼ਾਬਤਾ ਫ਼ੌਜਦਾਰੀ ਬਣਾਇਆ ਗਿਆ, ਜੋ ਹੁਣ ਦੇ ਜ਼ਾਬਤਾ ਫ਼ੌਜਦਾਰੀ ਦਾ ਆਧਾਰ ਚੱਲਿਆ ਆਉਂਦਾ ਹੈ।

ਸੰਨ 1898 ਦੇ ਜ਼ਾਬਤਾ ਫ਼ੌਜਦਾਰੀ ਵਿਚ ਕਈ ਤਰਮੀਮਾਂ ਕੀਤੀਆਂ ਜਾ ਚੁੱਕੀਆਂ ਹਨ, ਜਿਵੇਂ ਕਿ ਪਹਿਲਾਂ 1914 ਤੇ 1923 ਦੇ ਐਕਟਾਂ ਰਾਹੀਂ ਇਸ ਨੂੰ ਸੋਧਿਆ ਗਿਆ ਸੀ। ਫਿਰ ਸੁਤੰਤਰ ਭਾਰਤ ਵਿਚ ਜੋ ਪਹਿਲੀ ਤਰਮੀਮ ਕੀਤੀ ਗਈ ਉਹ 1955 ਦੀ ਸੀ। ਇਸ ਨਾਲ ਦੋਸ਼ੀ ਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਉਹ ਆਪਣੇ ਆਪ ਨੂੰ ਉਸ ਵਿਰੁੱਧ ਲੱਗੇ ਦੋਸ਼ ਦੇ ਜਵਾਬ ਵਿਚ ਆਪਣਾ ਬਚਾਉ ਪੱਖ ਪੇਸ਼ ਕਰ ਸਕੇ। ਨਾਲ ਹੀ ਇਹ ਮੰਤਵ ਵੀ ਸੀ ਕਿ ਮੁਕੱਦਮਿਆਂ ਦਾ ਨਿਪਟਾਰਾ ਛੇਤੀ ਕੀਤਾ ਜਾਵੇ, ਤਾਂ ਕਿ ਬੇਗੁਨਾਹ ਲੋਕ ਖਾਹ-ਮਖ਼ਾਹ ਜੇਲ੍ਹਾਂ ਵਿਚ ਨਾ ਸੜਦੇ ਰਹਿਣ ਪਰ ਤਜਰਬੇ ਵਿਚ ਇਹ ਆਇਆ ਕਿ ਮੁਕੱਦਮਿਆਂ ਦਾ ਨਿਪਟਾਰਾ ਛੇਤੀ ਨਹੀਂ ਕੀਤਾ ਜਾਂਦਾ ਤੇ ਦੋਸ਼ੀ ਨੂੰ ਲੰਮੀ ਮੁਕੱਦਮੇਬਾਜ਼ੀ ਦਾ ਖ਼ਮਿਆਜ਼ਾ ਜੇਲ੍ਹਾਂ ਵਿਚ ਰਹਿ ਕੇ ਭੁਗਤਣਾ ਪੈਂਦਾ ਹੈ। ਭਾਵੇਂ ਪਿੱਛੋਂ ਉਹ ਬਰੀ ਹੀ ਹੋ ਜਾਵੇ।

ਅਖ਼ੀਰ ਵਿਚ ਜ਼ਾਬਤਾ ਫ਼ੌਜਦਾਰੀ 1898 ਵਿਚ ਜੋ ਸਭ ਤੋਂ ਵੱਡੇ ਪੱਧਰ ਤੇ ਤਰਮੀਮ ਕੀਤੀ ਗਈ, ਉਹ ਸੀ 1973 ਦੀ ਤਰਮੀਮ। ਉਹ ਅਜੇ ਤੱਕ ਲਾਗੂ ਹੈ। ਭਾਵੇਂ ਇਸ ਤੋਂ ਪਿੱਛੋਂ ਸਮੇਂ ਸਮੇਂ ਮਾਮੂਲੀ ਤਰਮੀਮਾਂ ਕੀਤੀਆਂ ਜਾਂਦੀਆਂ ਰਹੀਆਂ ਪਰ 1973 ਦਾ ਤਰਮੀਮ ਸ਼ੁਦਾ ਜ਼ਾਬਤਾ ਫ਼ੌਜਦਾਰੀ ਹੀ ਹੁਣ ਤੱਕ ਲਾਗੂ ਹੈ।

ਜ਼ਾਬਤਾ ਫ਼ੌਜਦਾਰੀ, 1973 ਦੀਆਂ ਕੁੱਲ 484 ਧਾਰਾਵਾਂ ਹਨ ਅਤੇ ਵੱਖੋ ਵੱਖ ਵਿਸ਼ਿਆਂ ਦੇ ਆਧਾਰ ਤੇ ਜ਼ਾਬਤਾ ਫ਼ੌਜਦਾਰੀ ਨੂੰ ਵੰਡਿਆ ਗਿਆ ਹੈ। ਵਧੇਰੇ ਚੰਗੀ ਤਰ੍ਹਾਂ ਸਮਝਣ ਵਾਸਤੇ ਇਸ ਨੂੰ ਵਿਸ਼ਿਆਂ ਦੇ ਆਧਾਰ ਤੇ 37 ਅਧਿਆਇਆਂ ਵਿਚ ਵੰਡਿਆ ਗਿਆ ਹੈ, ਜਿਵੇਂ ਕਿ :–

ਪਹਿਲੇ ਅਧਿਆਇ (ਧਾਰਾ 1 ਤੋਂ 5 ਤੱਕ) ਵਿਚ ਜ਼ਾਬਤਾ ਫ਼ੌਜਦਾਰੀ ਦਾ ਨਾਂ, ਵੱਖੋ ਵੱਖ ਗੱਲਾਂ ਦੀ ਪਰਿਭਾਸ਼ਾ, ਅਦਾਲਤਾਂ ਦੇ ਨਾਂ ਅਤੇ ਉਨ੍ਹਾਂ ਦੇ ਦਰਜਿਆਂ ਬਾਰੇ ਜਾਣਕਾਰੀ, ਸਾਰੇ ਅਪਰਾਧਾਂ ਜੋ ਕਿ ਹਿੰਦ ਦੰਡਾਵਲੀ ਅਧੀਨ ਆਉਂਦੇ ਹਨ, ਸ਼ਾਮਲ ਹਨ। ਜ਼ਾਬਤਾ ਫ਼ੌਜਦਾਰੀ ਅਨੁਸਾਰ ਨਿਯਮ ਅਪਣਾਉਣਾ ਇਸ ਜ਼ਾਬਤੇ ਅਨੁਸਾਰ ਮੁਕੱਦਮੇ ਚਲਾਉਣ ਅਤੇ ਫ਼ੈਸਲੇ ਕਰਨ ਆਦਿ ਦਰਜ ਹਨ। ਦੂਜੇ ਅਧਿਆਇ (ਧਾਰਾ 6 ਤੋਂ 25 ਤੱਕ) ਵਿਚ ਅਦਾਲਤਾਂ ਦਾ ਵੇਰਵਾ ਦਿੱਤਾ ਗਿਆ ਹੈ ਕਿ ਕਿੰਨੀ ਤਰ੍ਹਾਂ ਦੀਆਂ ਅਦਾਲਤਾਂ ਹੋਣਗੀਆਂ, ਜਿਵੇਂ ਕਿ ਜੁਡੀਸ਼ੀਅਲ ਅਤੇ ਕਾਰਜਕਾਰੀ ਅਦਾਲਤਾਂ। ਇਸ ਤੋਂ ਇਲਾਵਾ ਇਨ੍ਹਾਂ ਅਦਾਲਤਾਂ ਦੇ ਇਲਾਕਾਈ ਖੇਤਰਾਂ ਅਤੇ ਸਰਕਾਰੀ ਵਕੀਲਾਂ ਬਾਰੇ ਜਿਨ੍ਹਾਂ ਨੇ ਸਰਕਾਰ ਵੱਲੋਂ ਮੁਕੱਦਮਿਆਂ ਦੀ ਪੈਰਵੀ ਕਰਨੀ ਹੁੰਦੀ ਹੈ, ਇਸ ਅਧਿਆਇ ਵਿਚ ਵਿਸਥਾਰਪੂਰਬਕ ਦੱਸਿਆ ਗਿਆ ਹੈ।

ਅਧਿਆਇ ਨੰਬਰ 3 ਵਿਚ ਇਹ ਦੱਸਿਆ ਗਿਆ ਹੈ ਕਿ ਜੋ ਅਦਾਲਤਾਂ ਜ਼ਾਬਤਾ ਫ਼ੌਜਦਾਰੀ ਅਧੀਨ ਕੰਮ ਕਰਦੀਆਂ ਹਨ, ਉਨ੍ਹਾਂ ਕੋਲ ਕੀ ਕੀ ਅਖ਼ਤਿਆਰ ਹਨ। ਇਕ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਵੱਧ ਤੋਂ ਵੱਧ 3 ਸਾਲ ਦੀ ਸਜ਼ਾ ਤੇ ਪੰਜ ਹਜ਼ਾਰ ਰੁਪਏ ਤੱਕ ਜੁਰਮਾਨੇ ਦਾ ਅਧਿਕਾਰ ਹੁੰਦਾ ਹੈ। ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ 7 ਸਾਲ ਦੀ ਸਜ਼ਾ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਤੱਕ ਸਜ਼ਾ ਕਰ ਸਕਦਾ ਹੈ। ਜੇ ਕੋਈ ਦੋਸ਼ੀ ਜੁਰਮਾਨੇ ਦੀ ਰਕਮ ਹੀ ਨਹੀਂ ਭਰਦਾ ਤਾਂ ਉਸ ਨੂੰ ਹੋਰ ਕੈਦ ਕੀਤੀ ਜਾ ਸਕਦੀ ਹੈ ਪਰ ਇਹ ਸਜ਼ਾ ਉਸ ਦੇ ਅਸਲ ਅਧਿਕਾਰਾਂ ਤੋਂ ਨਹੀਂ ਵਧਣੀ ਚਾਹੀਦੀ।

ਇਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਧਾਰਾ 26 ਤੋਂ 35 ਤੱਕ ਦਿੱਤਾ ਗਿਆ ਹੈ।

ਚੌਥੇ ਅਧਿਆਇ ਵਿਚ ਧਾਰਾ 36 ਅਧੀਨ ਥਾਣੇ ਦੇ ਇਨਚਾਰਜ ਅਫ਼ਸਰ ਦੇ ਅਧਿਕਾਰ-ਖੇਤਰ ਬਾਰੇ ਦੱਸਿਆ ਗਿਆ ਹੈ। ਅਧਿਆਇ ਨੰ. 5 ਵਿਚ ਪੁਲਿਸ ਅਤੇ ਮੈਜਿਸਟ੍ਰੇਟ ਵੱਲੋਂ ਗ੍ਰਿਫ਼ਤਾਰੀ ਦੇ ਅਧਿਕਾਰ ਦਿੱਤੇ ਗਏ ਹਨ, ਕਿ ਕਿਨ੍ਹਾਂ ਜੁਰਮਾਂ ਵਿਚ ਬਿਨਾਂ ਵਾਰੰਟ ਗ੍ਰਿਫ਼ਤਾਰੀ ਕੀਤੀ ਜਾ ਸਕਦੀ ਹੈ ਤੇ ਕਿਨ੍ਹਾਂ ਜੁਰਮਾਂ ਵਿਚ ਅਦਾਲਤ ਤੋਂ ਪਹਿਲਾਂ ਵਾਰੰਟ ਲੈਣੇ ਜ਼ਰੂਰੀ ਹਨ। ਇਸ ਵਿਚ ਪੁਲਿਸ ਦਾ ਕਿਸੇ ਸ਼ੱਕ ਵਾਲੀ ਥਾਂ ਦੀ ਤਲਾਸ਼ੀ ਲੈਣਾ, ਗ੍ਰਿਫ਼ਤਾਰ ਕੀਤੇ ਹੋਏ ਵਿਅਕਤੀ ਨੂੰ ਉਸ ਦੀ ਗ੍ਰਿਫ਼ਤਾਰੀ ਦੇ ਕਾਰਨ ਦੱਸਣਾ, ਗ੍ਰਿਫ਼ਤਾਰੀ ਤੋਂ ਪਿੱਛੋਂ ਉਸ ਆਦਮੀ ਦੀ ਤਲਾਸ਼ੀ ਲੈਣੀ ਅਤੇ ਗ੍ਰਿਫ਼ਤਾਰੀ ਪਿੱਛੋਂ 24 ਘੰਟਿਆਂ ਦੇ ਅੰਦਰ-ਅੰਦਰ ਵਿਅਕਤੀ ਨੂੰ ਅਦਾਲਤ ਸਾਹਮਣੇ ਪੇਸ਼ ਕਰਨਾ ਆਦਿ ਗੱਲਾਂ ਦਰਜ ਕੀਤੀਆਂ ਗਈਆਂ ਹਨ।

ਅਧਿਆਇ ਨੰਬਰ. 6 ਵਿਚ ਵੱਖੋ-ਵੱਖ ਕੇਸਾਂ ਨੂੰ ਤਲਬ ਕਰਨ ਦੇ ਤਰੀਕੇ ਦਰਜ ਹਨ; ਜਿਵੇਂ ਜਿਨ੍ਹਾਂ ਕੇਸਾਂ ਵਿਚ ਥੋੜ੍ਹੀ ਸਜ਼ਾ ਹੁੰਦੀ ਹੈ, ਉਥੇ ਪਹਿਲਾਂ ਸੰਮਨ ਜਾਰੀ ਕੀਤੇ ਜਾਂਦੇ ਹਨ ਅਤੇ ਜਿਹੜੇ ਜੁਰਮ ਸੰਗੀਨ ਕਿਸਮ ਦੇ ਹੁੰਦੇ ਹਨ ਉਥੇ ਸਿੱਧੇ ਹੀ ਵਾਰੰਟ ਜਾਰੀ ਕੀਤੇ ਜਾਂਦੇ ਹਨ। ਜੇਕਰ ਕੋਈ ਵਿਅਕਤੀ ਅਦਾਲਤ ਵਿਚ ਪੇਸ਼ ਹੋਣ ਤੋਂ ਕੰਨੀ ਕਤਰਾਉਂਦਾ ਹੈ ਜਾਂ ਭਗੌੜਾ ਹੋ ਜਾਂਦਾ ਹੈ ਤਾਂ ਉਸ ਦੀ ਜਾਇਦਾਦ ਨੂੰ ਕੁਰਕ ਕਰ ਲਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਧਾਰਾ 61 ਤੋਂ 90 ਤੱਕ ਕੀਤਾ ਗਿਆ ਹੈ।

ਸੱਤਵੇਂ ਅਧਿਆਇ ਵਿਚ ਵੀ ਇਸੇ ਥਾਂ ਦੀ ਤਲਾਸ਼ੀ ਦਾ ਤਰੀਕਾ ਦਸਿਆ ਗਿਆ ਹੈ। ਇਸ ਅਧਿਆਇ ਵਿਚ ਹੀ ਕਿਸੇ ਉਸ ਵਿਅਕਤੀ ਨੂੰ ਜਿਸ ਨੂੰ ਨਾਜਾਇਜ਼ ਤੌਰ ਤੇ ਨਜ਼ਰਬੰਦ ਕੀਤਾ ਗਿਆ ਹੋਵੇ, ਲੱਭਣ ਲਈ ਤਲਾਸ਼ੀ ਦਾ ਜ਼ਿਕਰ ਵੀ ਹੈ।

ਅੱਠਵੇਂ ਅਧਿਆਇ (ਧਾਰਾ 106 ਤੋਂ 124 ਤੱਕ) ਵਿਚ ਅਮਨ ਭੰਗ ਕਰਦੇ ਹੋਏ ਵਿਅਕਤੀ ਵਿਰੁੱਧ ਕਾਰਵਾਈ ਕਰਨ ਦਾ ਤਰੀਕਾ ਦੱਸਿਆ ਗਿਆ ਹੈ ।

ਨੌਵੇਂ ਅਧਿਆਇ (ਧਾਰਾ 125 ਤੋਂ 128 ਤੱਕ) ਵਿਚ ਇਸਤਰੀਆਂ, ਬੱਚਿਆਂ ਅਤੇ ਮਾਪਿਆਂ ਨੂੰ ਗੁਜ਼ਾਰਾ ਦੇਣ ਸਬੰਧੀ ਦਸਿਆ ਗਿਆ ਹੈ। ਇਸ ਤੋਂ ਅਗਲੇ ਅਧਿਆਇ ਵਿਚ ਅਮਨ ਕਾਇਮ ਰੱਖਣ ਵਾਸਤੇ ਧਾਰਾ 129 ਤੋਂ 148 ਵਿਚ ਇਸ ਸਬੰਧੀ ਤਰੀਕੇ ਵੱਖੋ ਵੱਖ ਅਧਿਕਾਰੀਆਂ ਦੇ ਅਖ਼ਤਿਆਰਾਂ ਦਾ ਜ਼ਿਕਰ ਹੈ।

ਗਿਆਰ੍ਹਵੇਂ ਅਧਿਆਇ (ਧਾਰਾ 149 ਤੋਂ 153) ਵਿਚ ਪੁਲਿਸ ਦੇ ਅਧਿਕਾਰ ਬਾਰੇ ਦੱਸਿਆ ਗਿਆ ਹੈ ਕਿ ਉਹ ਅਪਰਾਧਾਂ ਨੂੰ ਕਿਵੇਂ ਰੋਕੇਗੀ।

ਬਾਰ੍ਹਵੇਂ ਅਧਿਆਇ (ਧਾਰਾ 154 ਤੋਂ 176 ਤੱਕ) ਵਿਚ ਆਮ ਲੋਕਾਂ ਦੇ ਫ਼ਰਜ਼ ਦੱਸੇ ਗਏ ਹਨ ਕਿ ਕੋਈ ਅਪਰਾਧ ਹੋ ਜਾਣ ਦੀ ਸੂਰਤ ਵਿਚ ਪੁਲਿਸ ਨੂੰ ਇਤਲਾਹ ਦਿੱਤੀ ਜਾਣੀ ਜ਼ਰੂਰੀ ਹੈ।

ਤੇਰ੍ਹਵੇਂ ਅਧਿਆਇ ਵਿਚ (ਧਾਰਾ 177 ਤੋਂ 189 ਤੱਕ) ਅਦਾਲਤਾਂ ਦੇ ਇਲਾਕਾਈ ਅਧਿਕਾਰ-ਖੇਤਰਾਂ ਦਾ ਜ਼ਿਕਰ ਕੀਤਾ ਗਿਆ ਹੈ।

ਚੌਧਵੇਂ ਅਧਿਆਇ ਵਿਚ (ਧਾਰਾ 190 ਤੋਂ 199 ਤੱਕ) ਜੱਜਾਂ ਅਤੇ ਸਰਕਾਰੀ ਮੁਲਾਜ਼ਮਾਂ ਅਤੇ ਸ਼ਾਦੀ ਸਬੰਧੀ ਅਪਰਾਧਾਂ ਅਤੇ ਇੱਜ਼ਤ ਹੱਤਕ ਬਾਰੇ ਵੇਰਵੇ ਦਰਜ਼ ਕੀਤੇ ਗਏ ਹਨ। ਇਸੇ ਤਰ੍ਹਾਂ ਹੀ ਅਧਿਆਇ ਨੰ. 15 ਅਤੇ 16 ਵਿਚ ਪੁਲਿਸ ਰਾਹੀਂ ਮੁਕੱਦਮਿਆਂ ਤੋਂ ਬਿਨਾਂ ਇਸਤਗਾਸਿਆਂ ਬਾਰੇ ਧਾਰਾ 200 ਤੋਂ 210 ਤੱਕ ਜ਼ਾਬਤਾ ਦਿੱਤਾ ਗਿਆ ਹੈ। ਅਗਲੇ ਅਧਿਆਇ (ਧਾਰਾ 211 ਤੋਂ 224 ਤੱਕ) ਵਿਚ ਦੋਸ਼ਾਂ ਦੀ ਸੂਚੀ ਬਾਰੇ ਦੱਸਿਆ ਗਿਆ ਹੈ। ਇਨ੍ਹਾਂ ਵਿਚੋਂ ਜ਼ਿਆਦਾ ਜ਼ਰੂਰੀ ਇਹ ਹੈ ਕਿ ਉਨ੍ਹਾਂ ਅਪਰਾਧਾਂ ਬਾਰੇ ਜੇਕਰ ਉਹ ਇਕ ਸਾਲ ਦੇ ਅੰਦਰ ਅੰਦਰ ਕੀਤੇ ਗਏ ਹੋਣ, ਭਾਵੇਂ ਉਨ੍ਹਾਂ ਦਾ ਸਮਾਂ ਵੱਖੋ ਵੱਖ ਹੀ ਹੋਵੇ, ਦੋਸ਼ ਜੁਰਮ ਇਕ ਰਾਹੀਂ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਜੇ ਅਦਾਲਤ ਨੂੰ ਇਹ ਪ੍ਰਤੀਤ ਹੋਵੇ ਕਿ ਦੋਸ਼-ਸੂਚੀ ਗਲਤ ਲਾਈ ਗਈ ਹੈ ਤਾਂ ਉਸ ਨੂੰ ਠੀਕ ਵੀ ਕੀਤਾ ਜਾ ਸਕਦਾ ਹੈ।

ਅਠਾਰ੍ਹਵੇਂ ਅਧਿਆਇ ਵਿਚ (ਧਾਰਾ 225 ਤੋਂ 237 ਤੱਕ) ਇਸ ਗੱਲ ਦਾ ਉਲੇਖ ਹੈ ਕਿ ਸੈਸ਼ਨ ਜੱਜ ਦੀ ਅਦਾਲਤ ਵਿਚ ਮੁਕੱਦਮੇ ਕਿਵੇਂ ਚਲਦੇ ਹਨ। ਪਹਿਲਾਂ ਸਰਕਾਰੀ ਵਕੀਲ ਵੱਲੋਂ ਕੇਸ ਸ਼ੁਰੂ ਕਰਨ ਦਾ ਜ਼ਿਕਰ ਹੈ ਤੇ ਜੇ ਕੋਈ ਦੋਸ਼ ਕਿਸੇ ਵਿਅਕਤੀ ਦੇ ਵਿਰੁੱਧ ਨਾ ਬਣਦਾ ਹੋਵੇ ਤਾਂ ਉਸ ਨੂੰ ਸਬੂਤਾਂ ਤੋਂ ਬਿਨਾਂ ਹੀ ਬਰੀ ਕਰ ਦਿੱਤਾ ਜਾਂਦਾ ਹੈ। ਪਹਿਲਾਂ ਸਰਕਾਰ ਨੂੰ ਸਬੂਤ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਤੇ ਫੇਰ ਦੋਸ਼ੀ ਨੂੰ ਅਤੇ ਇਸ ਤੋਂ ਪਿੱਛੋਂ ਬਹਿਸ ਸੁਣ ਕੇ ਮੁਕੱਦਮੇ ਦਾ ਫ਼ੈਸਲਾ ਕੀਤਾ ਜਾਂਦਾ ਹੈ।

ਉਨ੍ਹੀਵੇਂ ਅਧਿਆਇ (ਧਾਰਾ 238 ਤੋਂ 250 ਤੱਕ) ਵਿਚ ਮੈਜਿਸਟ੍ਰੇਟ ਰਾਹੀਂ ਵਾਰੰਟ ਕੇਸਾਂ ਦੇ ਫ਼ੈਸਲਿਆਂ ਬਾਰੇ ਅਤੇ ਪ੍ਰਾਈਵੇਟ ਇਸਤਗਾਸੇ ਬਾਰੇ ਮੁਕੱਦਮਿਆਂ ਦੇ ਨਿਪਟਾਰੇ ਦਾ ਵਰਨਣ ਕੀਤਾ ਗਿਆ ਹੈ। ਵੀਹਵੇਂ ਅਧਿਆਇ (ਧਾਰਾ 251 ਤੋਂ 259 ਤੱਕ) ਵਿਚ ਮੈਜਿਸਟ੍ਰੇਟ ਰਾਹੀਂ ਜਿਨ੍ਹਾਂ ਕੇਸਾਂ ਵਿਚ ਸੰਮਨ ਜਾਰੀ ਕੀਤੇ ਜਾਂਦੇ ਹਨ ਉਨ੍ਹਾਂ ਦਾ ਨਿਪਟਾਰਾ ਕਰਨ ਬਾਰੇ ਦਸਿਆ ਗਿਆ ਹੈ। ਇਨ੍ਹਾਂ ਵਿਚੋਂ ਖ਼ਾਸ ਗੱਲ ਇਹ ਹੈ ਕਿ ਦੋਸ਼ੀ ਦੇ ਅਦਾਲਤ ਵਿਚ ਹਾਜ਼ਰ ਹੋਣ ਤੇ ਉਸ ਨੂੰ ਉਸ ਵਿਰੁੱਧ ਲੱਗੇ ਦੋਸ਼ਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਅਧਿਆਇ ਨੰ. 21 (ਧਾਰਾ 260 ਤੋਂ 265 ਤੱਕ) ਵਿਚ ਸੰਖੇਪ ਤੌਰ ਤੇ ਮੁਕੱਦਮਿਆਂ ਦਾ ਨਿਪਟਾਰਾ ਕਰਨ ਸਬੰਧੀ ਦੱਸਿਆ ਗਿਆ ਹੈ। ਅਧਿਆਇ ਨੰਬਰ 22 (ਧਾਰਾ 266 ਤੋਂ 271 ਤੱਕ) ਵਿਚ ਜੋ ਦੋਸ਼ੀ ਜੇਲ੍ਹ ਵਿਚ ਹੁੰਦੇ ਹਨ, ਉਨ੍ਹਾਂ ਨੂੰ ਜੇਲ੍ਹ ਅਧਿਕਾਰੀਆਂ ਰਾਹੀਂ ਅਦਾਲਤ ਵਿਚ ਪੇਸ਼ ਕਰਨ ਸਬੰਧੀ ਦੱਸਿਆ ਗਿਆ ਹੈ। ਅਧਿਆਇ ਨੰਬਰ 23 ਤੇ 24 (ਧਾਰਾ 272 ਤੋਂ ਲੈ ਕੇ 327 ਤੱਕ) ਵਿਚ ਮੁਕੱਦਮਿਆਂ ਵਿਚ ਸਬੂਤਾਂ ਸਬੰਧੀ ਦੱਸਿਆ ਗਿਆ ਹੈ। ਅਧਿਆਇ ਨੰਬਰ 25 (ਧਾਰਾ 328 ਤੋਂ 339 ਤੱਕ) ਵਿਚ ਜੋ ਦੋਸ਼ੀ ਮਾਨਸਿਕ ਤੌਰ ਤੇ ਠੀਕ ਨਹੀਂ ਹੁੰਦੇ, ਉਨ੍ਹਾਂ ਉੱਤੇ ਮੁਕੱਦਮਾ ਚਲਾਉਣ ਸਬੰਧੀ ਵੇਰਵਾ ਦਿੱਤਾ ਗਿਆ ਹੈ। 26ਵੇਂ ਅਧਿਆਇ (ਧਾਰਾ 340 ਤੋਂ 352 ਤੱਕ) ਵਿਚ ਤੌਹੀਨ ਅਦਾਲਤ ਬਾਰੇ ਦੱਸਿਆ ਗਿਆ ਹੈ ਅਤੇ ਅਧਿਆਇ ਨੰਬਰ 27 (ਧਾਰਾ 353 ਤੋਂ 365 ਤੱਕ) ਵਿਚ ਅਦਾਲਤ ਦੇ ਫ਼ੈਸਲੇ ਬਾਰੇ ਦੱਸਿਆ ਗਿਆ ਹੈ ਕਿ ਮੁਲਜ਼ਮ ਨੂੰ ਸਜ਼ਾ ਹੋਣ ਤੇ ਕਿਨ੍ਹਾਂ ਮੁਕੱਦਮਿਆਂ ਵਿਚ ਦੋਸ਼ੀ ਨੇ ਜਿਸ ਵਿਅਕਤੀ ਤੇ ਅਪਰਾਧ ਕੀਤਾ ਹੈ, ਉਸ ਨੂੰ ਮੁਆਵਜ਼ਾ ਦਿਵਾਉਣਾ ਹੈ।

ਅਧਿਆਇ ਨੰ. 28 ਵਿਚ ਮੌਤ ਦੀ ਸਜ਼ਾ ਹੋਣ ਤੇ ਹਾਈ ਕੋਰਟ ਨੂੰ ਉਸ ਦੀ ਪੁਸ਼ਟੀ ਲਈ ਮੁਕੱਦਮਾ ਭੇਜਣ ਬਾਰੇ ਦੱਸਿਆ ਗਿਆ ਹੈ। ਅਧਿਆਇ ਨੰਬਰ 29 ਤੇ 30 ਵਿਚ ਫ਼ੈਸਲਿਆਂ ਵਿਰੁੱਧ ਅਪੀਲਾਂ ਤੇ ਨਿਗਰਾਨੀਆਂ ਕਰਨ ਦਾ ਅਧਿਕਾਰ ਵੱਖੋ ਵੱਖ ਅਦਾਲਤਾਂ ਨੂੰ ਦਿੱਤਾ ਗਿਆ ਹੈ। ਇਸ ਦਾ ਵੇਰਵਾ ਧਾਰਾ 372 ਤੋਂ 405 ਤੱਕ ਦਰਜ ਕੀਤਾ ਗਿਆ ਹੈ। ਅਧਿਆਇ ਨੰਬਰ 31 (ਧਾਰਾ 406 ਤੋਂ 412 ਤੱਕ) ਵਿਚ ਵੱਖੋ ਵੱਖ ਅਦਾਲਤਾਂ ਵੱਲੋਂ ਮਾਤਹਿਤ ਅਦਾਲਤਾਂ ਨੂੰ ਮੁਕੱਦਮੇ ਬਦਲਾਉਣ ਦਾ ਹੱਕ ਦਿੱਤਾ ਗਿਆ ਹੈ।

ਜ਼ਾਬਤਾ ਫ਼ੌਜਦਾਰੀ ਦੇ ਅਧਿਆਇ ਨੰਬਰ 32 ਵਿਚ ਮੌਤ ਦੀ ਸਜ਼ਾ, ਕੈਦ ਅਤੇ ਜੁਰਮਾਨੇ ਸਬੰਧੀ ਦੱਸਿਆ ਗਿਆ ਹੈ। ਇਹ ਵੀ ਦਸਿਆ ਗਿਆ ਹੈ ਕਿ ਫ਼ਾਂਸੀ ਕਿਸ ਤਰ੍ਹਾਂ ਦਿੱਤੀ ਜਾਂਦੀ ਹੈ। ਕੈਦ ਦੀ ਥਾਂ ਨਿਸ਼ਚਿਤ ਕਰਨਾ, ਜੁਰਮਾਨੇ ਦੀ ਵਸੂਲੀ ਕਰਨਾ ਅਤੇ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਬਾਰੇ ਵੀ (ਧਾਰਾ 413 ਤੋਂ 435 ਤੱਕ) ਵਿਚ ਦੱਸਿਆ ਗਿਆ ਹੈ। ਅਧਿਆਇ ਨੰਬਰ 33 (ਧਾਰਾ 436 ਤੋਂ 450 ਤੱਕ) ਵਿਚ ਜ਼ਮਾਨਤਾਂ ਕਰਨ ਦਾ ਤਰੀਕਾ ਦਰਜ ਹੈ। ਅਧਿਆਇ ਨੰਬਰ 34 ਵਿਚ ਮੁਕੱਦਮਿਆਂ ਸਬੰਧੀ ਕਿਸੇ ਤਰ੍ਹਾਂ ਦੀ ਸੰਪਤੀ ਦੇ ਨਿਪਟਾਰੇ ਕਰਨ ਦਾ ਜ਼ਿਕਰ ਧਾਰਾ 451 ਤੋਂ 459 ਤੱਕ ਦਰਜ ਕੀਤਾ ਗਿਆ ਹੈ। ਅਧਿਆਇ ਨੰਬਰ 35 (ਧਾਰਾ 460 ਤੋਂ 466 ਤੱਕ) ਵਿਚ ਮੁਕੱਦਮਾ ਚੱਲਣ ਦੌਰਾਨ ਜੋ ਗ਼ਲਤੀਆਂ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਠੀਕ ਕਰਨ ਸਬੰਧੀ ਦੱਸਿਆ ਗਿਆ ਹੈ। ਅਧਿਆਇ ਨੰਬਰ 36 ਵਿਚ ਵੱਖੋ ਵੱਖ ਦੋਸ਼ਾਂ ਵਿਚ ਮੁਕੱਦਮਾ ਚਲਾਉਣ ਦੀ ਮਿਆਦ ਨਿਸ਼ਚਿਤ ਹੈ, ਜੋ ਧਾਰਾ 467 ਤੋਂ 473 ਤੱਕ ਦਰਜ ਹੈ। ਅਖ਼ੀਰਲੇ ਅਧਿਆਇ ਭਾਵ ਅਧਿਆਇ ਨੰਬਰ 37 ਵਿਚ ਫੁਟਕਲ ਵਿਸ਼ਿਆਂ ਬਾਰੇ ਦੱਸਿਆ ਗਿਆ ਹੈ। ਇਸ ਵਿਚ ਹਾਈ ਕੋਰਟ ਨੂੰ ਨਿਯਮ ਬਣਾਉਣ ਸਬੰਧੀ ਦੱਸਿਆ ਗਿਆ ਹੈ ਕਿ ਜੇਕਰ ਉਹ ਕਿਸੇ ਮੁਕੱਦਮੇ ਦੀ ਜ਼ਾਤੀ ਜਾਣਕਾਰੀ ਰੱਖਦਾ ਹੋਵੇ ਜਾਂ ਜੇਕਰ ਵਾਕਿਆ ਉਸ ਦੇ ਸਾਹਮਣੇ ਹੋਇਆ ਹੋਵੇ ਤਾਂ ਉਸ ਨੂੰ ਉਹ ਮੁਕੱਦਮਾ ਸੁਣਨ ਤੋਂ ਵਰਜਿਤ ਕੀਤਾ ਗਿਆ ਹੈ। —ਕਪੂਰ ਸਿੰਘ ਚੀਮਾ

**ਜ਼ਾਬਲੋਛਕੋਵ, ਪਾਲ** : ਇਸ ਰੂਸੀ ਬਿਜਲੀ ਇੰਜੀਨੀਅਰ, ਈਜਾਦਕਾਰ ਅਤੇ ਬਿਜਲੀ ਪ੍ਰਕਾਸ਼ ਦੇ ਮੋਢੀ ਦਾ ਜਨਮ 14 ਸਤੰਬਰ, 1847 ਨੂੰ ਸਰਡੋਬਸਕ ਵਿਖੇ ਹੋਇਆ। ਇਸ ਨੇ ਸੇਂਟ ਪੀਟਰਸਬਰਗ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ 1871 ਵਿਚ ਮਾਸਕੋ ਅਤੇ ਕੁਰਸਕ ਵਿਚਕਾਰ ਤਾਰ-ਸੰਚਾਰ ਲਾਈਨਾਂ ਦਾ ਡਾਇਰੈਕਟਰ ਨਿਯੁਕਤ ਹੋ ਗਿਆ ਪਰੰਤੂ 1875 ਵਿਚ ਆਰਕ ਲੈਂਪਾਂ ਦੁਆਰਾ ਬਿਜਲੀ ਪ੍ਰਕਾਸ਼ ਉੱਤੇ ਖੋਜ ਕਰਨ ਲਈ ਇਸ ਆਸਾਮੀ ਤੋਂ ਅਸਤੀਫ਼ਾ ਦੇ ਦਿੱਤਾ।

ਸੰਨ 1876 ਵਿਚ ਇਹ ਪੈਰਿਸ ਵਿਚ ਰਹਿਣ ਲਗ ਪਿਆ ਅਤੇ ਇਸੇ ਸਾਲ ਦੇ ਅੰਤ ਵਿਚ ਇਸ ਨੇ ਜ਼ਾਬਲੋਛਕੋਵ 'ਕੈਂਡਲਜ਼' ਤਿਆਰ ਕੀਤੀਆਂ। ਇਹ ਕੈਂਡਲਜ਼ ਕਾਰਬਨ ਦੀਆਂ ਦੋ ਸਮਾਨਾਂਤਰ ਛੜਾਂ ਦੀਆਂ ਬਣੀਆਂ ਹੁੰਦੀਆਂ ਹਨ ਜਿਹੜੀਆਂ ਕਿ ਇਕ ਅਚਾਲਕ ਵਿਭਾਜਨ ਦੁਆਰਾ ਵੱਖਰੀਆਂ ਕੀਤੀਆਂ ਹੁੰਦੀਆਂ ਹਨ।

ਕੁਝ ਕੁ ਵਰ੍ਹੇ ਇਸ ਦਾ ਬਿਜਲੀ ਪ੍ਰਕਾਸ਼ ਦਾ ਸਿਸਟਮ ਕਾਫ਼ੀ ਚਲਦਾ ਰਿਹਾ ਪਰੰਤੂ ਹੌਲੀ ਹੌਲੀ ਘਟਣ ਲੱਗ ਪਿਆ। ਇਸ ਨੇ ਕਈ ਹੋਰ ਵੀ ਬਿਜਲੀ ਦੀਆਂ ਕਾਢਾਂ ਕੱਢੀਆਂ, ਪਰੰਤੂ 19 ਮਾਰਚ 1894 ਨੂੰ ਰੂਸ ਵਿਚ ਇਹ ਗ਼ਰੀਬੀ ਦੀ ਹਾਲਤ ਵਿਚ ਮਰ ਗਿਆ।

ਹ. ਪੁ.—ਐਨ. ਬ੍ਰਿ. 12 : 825

**ਜਾਬਾਲੀ** : ਇਹ ਅਯੁੱਧਿਆ ਦੇ ਰਾਜਾ ਦਸ਼ਰਥ ਦਾ ਗੁਰੂ ਸੀ। ਇਸ ਨੇ ਚਿੱਤਰਕੂਟ ਵਿਚ ਰਾਮ ਨੂੰ ਬਨਵਾਸ ਤੋਂ ਵਾਪਸ ਰਾਜ ਵਿਚ ਜਾਣ ਲਈ ਪ੍ਰੇਰਿਤ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ।

2. ਇਸ ਨਾਂ ਦਾ ਇਕ ਵੈਦਿਕ ਰਿਸ਼ੀ ਵੀ ਹੋਇਆ ਹੈ।

ਹ. ਪੁ.–ਹਿੰ. ਵਿ. ਕੋ. 4 : 478; ਮ. ਕੋ.

**ਜਾਬਾਲ** : ਜਾਬਾਲ ਸ਼ਬਦ ਦਾ ਅਰਥ 'ਜਬਾਲਾ' ਦੀ ਸੰਤਾਨ ਵੀ ਹੋ ਸਕਦੀ ਹੈ ਅਤੇ 'ਜਾਬਾਲੀ' ਦੀ ਸੰਤਾਨ ਵੀ। ਇਨ੍ਹਾਂ ਦੋਹਾਂ ਨਾਲ ਸਬੰਧਤ ਕੁਲ ਜਾਂ ਬੰਸ ਵੀ ਜਾਬਾਲ ਦਾ ਲਖਾਇਕ ਹੈ। ਪੁਰਾਣਾਂ ਵਿਚ ਵਾਸਕਲੀ, ਵਾਸਕਲ ਅਗੱਸਤਯ ਅਗਸਤੀ ਆਦਿ ਸਮਾਨਾਰਥਕ ਸ਼ਬਦ ਹਨ; ਇਸ ਲਈ ਜੇ ਕਿਤੇ ਜਾਬਾਲੀ ਨੂੰ ਵੀ ਜਾਬਾਲ ਕਿਹਾ ਗਿਆ ਹੈ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ। ਜਾਬਾਲ ਰਾਹੀਂ ਆਖੀ ਗਈ ਵੈਦਿਕ ਸ਼ਾਖਾ ਵੀ 'ਜਾਬਾਲ' ਹੀ ਹੋਵੇਗੀ, ਜਿਸ ਲਈ ਹੇਠ ਲਿਖਿਆ 'ਜਾਬਾਲ' ਪਦ ਵਰਤਿਆ ਜਾਂਦਾ ਹੈ।

**ਸਤਿਆਕਾਮ ਜਾਬਾਲ**—ਇਹ ਜਬਾਲਾ (ਇਸਤਰੀ) ਦਾ ਪੁੱਤਰ ਸੀ। ਛਾਂਦੋਗਯ ਉਪਨਿਸ਼ਦ ਵਿਚ ਹਾਰਿਦਰਮਤ ਗੌਤਮ ਨੇ ਇਸ ਦੀ ਵਿੱਦਿਆ ਪ੍ਰਾਪਤੀ ਦੀ ਕਹਾਣੀ ਵਰਣਨ ਕੀਤੀ ਹੈ (4/4) ਬ੍ਰਿਹਦਾਰਣਯਕ (6/3/12) ਵਿਚ ਵੀ ਇਸ ਦਾ ਜ਼ਿਕਰ ਹੈ।

**ਜਾਬਾਲ ਸ਼ਾਖਾ**—ਸ਼ੁਕਲ ਯਜੁਰਵੇਦ ਦੀ ਇਹ ਸ਼ਾਖਾ ਹੁਣ ਕਿਧਰੇ ਨਹੀਂ ਮਿਲਦੀ। ਸ਼ੁਕਲ ਯਜੁਰਵੇਦ ਪ੍ਰਵਰਤਕ ਯਾਗਯਵਲਕਯ ਦਾ ਇਕ ਜਾਬਾਲ ਨਾਂ ਦਾ ਚੇਲਾ ਸੀ, ਜਿਸ ਤੋਂ ਇਹ ਸ਼ਾਖਾ ਚਾਲੂ ਹੋਈ ਸੀ। ਚਰਣ ਵਿਯੂਹ ਵਿਚ ਵੀ ਸ਼ੁਕਲ ਯਜੁਰਵੇਦ ਦੇ 15 ਭੇਦਾਂ ਵਿਚ 'ਜਾਬਾਲ' ਵੀ ਹੈ। ਇਸ ਸ਼ਾਖਾ ਦਾ ਉਪਨਿਸ਼ਦ ਅੱਜ ਵੀ ਮਿਲਦਾ ਹੈ।

ਜਾਬਾਲ ਕਲਪ, ਜਾਬਾਲ ਗ੍ਰਿਹ ਸੂਤਰ ਅਤੇ ਜਾਬਾਲ ਧਰਮ ਸੂਤਰ ਵੀ ਪ੍ਰਸਿੱਧ ਹਨ। ਜਾਬਾਲ ਇਕ ਗੋਤ ਦਾ ਨਾਂ ਵੀ ਹੈ।

ਹ. ਪੁ.–ਹਿੰ. ਵਿ. ਕੋ. 4 : 478

**ਜਾਬਾਵਾ** : ਜ਼ਿਲ੍ਹਾ—ਇਹ ਮੱਧ ਪ੍ਰਦੇਸ਼ (ਭਾਰਤ) ਦਾ ਧੁਰ ਪੱਛਮੀ ਜ਼ਿਲ੍ਹਾ ਹੈ। ਜਾਬਾਵਾ ਨਾਮੀ ਸ਼ਹਿਰ ਇਸ ਜ਼ਿਲ੍ਹੇ ਦਾ ਸਦਰਮੁਕਾਮ ਹੈ। ਮਾਹੀ ਦਰਿਆ ਦੀ ਸਹਾਇਕ ਨਦੀ ਆਨਾਸ ਜ਼ਿਲ੍ਹੇ ਦੇ ਵਿਚੋਂ ਦੀ ਗੁਜ਼ਰਦੀ ਹੈ ਅਤੇ ਸਿੰਜਾਈ ਕਰਦੀ ਹੈ। ਵਿੰਧਿਆ ਪਹਾੜਾਂ ਦੀ ਉੱਤਰੀ ਪਰਬਤ ਲੜੀ ਜ਼ਿਲ੍ਹੇ ਦੇ ਆਰ-ਪਾਰ ਜਾਂਦੀ ਹੈ। ਇਹ ਪਰਬਤ ਲੜੀ ਜੰਗਲਾਂ ਨਾਲ ਭਰਪੂਰ ਹੈ। ਜ਼ਿਲ੍ਹੇ ਦਾ 80% ਭਾਗ ਜੰਗਲਾਂ ਹੇਠ ਹੈ ਅਤੇ 15% ਭੋਂ ਵਾਹੀ ਹੇਠਾਂ ਆਈ ਹੋਈ ਹੈ। ਕਣਕ, ਮੱਕੀ, ਬਾਜਰਾ ਅਤੇ ਕਪਾਹ ਜ਼ਿਲ੍ਹੇ ਦੀਆਂ ਮੁੱਖ ਫ਼ਸਲਾਂ ਹਨ। ਜਾਬਾਵਾ ਜ਼ਿਲ੍ਹੇ ਦੇ ਪੱਛਮ ਵੱਲ ਰੰਭਾਪੁਰ ਦੀਆਂ ਖਾਣਾਂ ਵਿਚੋਂ ਮੈਂਗਨੀਜ਼ ਕੱਢਿਆ ਜਾਂਦਾ ਹੈ। ਰੰਭਾਪੁਰ ਤੋਂ ਮੇਹਨਗਰ ਤੱਕ ਰਤਲਾਮ-ਗੋਧਰਾ ਮਾਰਗ ਉਪਰ ਟ੍ਰਾਮਾਂ ਚਲਦੀਆਂ ਹਨ। ਜ਼ਿਲ੍ਹੇ ਵਿਚ ਵਸ ਰਹੇ ਲੋਕ ਕਬਾਇਲੀ ਕਿਸਮ ਦੇ ਹਨ। ਇਨ੍ਹਾਂ ਵਿਚੋਂ ਭੀਲ, ਭਿਲਾਲਾ ਅਤੇ ਪਾਟਲੀਆਸ ਕਬੀਲੇ ਕਾਫ਼ੀ ਮਸ਼ਹੂਰ ਹਨ। ਪ੍ਰਾਚੀਨ ਜਾਬਾਵਾ ਰਿਆਸਤ ਉਪਰ ਜੋਧਪੁਰ ਦੇ ਰਾਠੌਰਾਂ ਦਾ ਰਾਜ ਸੀ।

ਹ. ਪੁ.–ਐਨ. ਬ੍ਰਿ. 12 : 1081

**ਜਾਭੇਕਰ, ਬਾਲ ਗੰਗਾਧਰ** : ਇਸ ਉੱਘੇ ਵਿਦਵਾਨ ਅਧਿਆਪਕ, ਸਮਾਜ ਸੁਧਾਰਕ ਅਤੇ ਸੰਪਾਦਕ ਦਾ ਜਨਮ 1812 ਨੂੰ ਰਾਜਾਪੁਰ ਜ਼ਿਲ੍ਹੇ ਦੇ ਪੋਂਬਰਲੇ ਪਿੰਡ ਵਿਚ ਹੋਇਆ। ਇਸ ਨੇ ਗਣਿਤ ਦੀ ਸਿੱਖਿਆ ਪ੍ਰਾਪਤ ਕੀਤੀ। ਆਪਣੀ ਪੜ੍ਹਾਈ ਖ਼ਤਮ ਕਰਨ ਉਪਰੰਤ, ਇਹ ਐਲਫਿੰਸਟਨ ਕਾਲਜ ਵਿਚ ਅਧਿਆਪਕ ਲਗ ਗਿਆ। ਸੰਨ 1832 ਵਿਚ ਇਹ ਅੱਕਲਕੋਟ ਦੇ ਰਾਜਕੁਮਾਰ ਦਾ ਅੰਗਰੇਜ਼ੀ ਅਧਿਆਪਕ ਵੀ ਰਿਹਾ।

ਇਹ ਕਈ ਭਾਸ਼ਾਵਾਂ ਦਾ ਪੰਡਤ ਸੀ। ਮਰਾਠੀ ਅਤੇ ਸੰਸਕ੍ਰਿਤ ਤੋਂ ਇਲਾਵਾ, ਇਸ ਨੂੰ ਲਾਤੀਨੀ, ਯੂਨਾਨੀ, ਅੰਗਰੇਜ਼ੀ, ਫ਼ਰਾਂਸੀਸੀ, ਫ਼ਾਰਸੀ, ਅਰਬੀ, ਹਿੰਦੀ, ਬੰਗਾਲੀ, ਗੁਜਰਾਤੀ ਅਤੇ ਕੰਨੜ ਭਾਸ਼ਾਵਾਂ ਦਾ ਵੀ ਗਿਆਨ ਸੀ। ਇਸ ਦੀ ਇਸ ਯੋਗਤਾ ਕਾਰਨ ਸਰਕਾਰ ਨੇ ਇਸ ਨੂੰ 1840 ਵਿਚ 'ਜਸਟਿਸ ਆਫ਼ ਦੀ ਪੀਸ' ਦੇ ਅਹੁਦੇ ਤੇ ਨਿਯੁੱਕਤ ਕੀਤਾ। ਇਸ ਅਹੁਦੇ ਤੇ ਇਹ ਹਾਈ ਕੋਰਟ ਵਿਚ ਗਰਾਂਡ ਜਿਊਰੀ ਦਾ ਕੰਮ ਕਰਦਾ ਸੀ।

ਸੰਨ 1832 ਵਿਚ ਇਸ ਨੇ ਅੰਗਰੇਜ਼ੀ-ਮਰਾਠੀ ਸਪਤਾਹਕ, 'ਦਰਪਣ' ਅਤੇ 1840 ਵਿਚ ਮਾਸਕ 'ਦਿਗਦਰਸ਼ਨ' ਸ਼ੁਰੂ ਕੀਤਾ। ਇਸ ਰਸਾਲੇ ਵਿਚ ਇਹ ਕਲਾਸਕੀ ਵਿਸ਼ਿਆਂ ਤੇ ਲੇਖ ਲਿਖਦਾ ਸੀ। ਸੰਨ 1842 ਤੋਂ 1844 ਤੱਕ ਇਹ ਐਜੂਕੇਸ਼ਨਲ ਇਨਸਪੈਕਟਰ ਅਤੇ ਟਰੇਨਿੰਗ ਕਾਲਜ ਦਾ ਪ੍ਰਿੰਸੀਪਲ ਵੀ ਰਿਹਾ।

ਗ੍ਰਹਿਣ ਨਾਲ ਸਬੰਧਤ ਤੱਥਾਂ ਨੂੰ ਆਪਣੇ ਭਾਸ਼ਣਾਂ ਵਿਚ ਪ੍ਰਗਟ ਕਰਨ ਕਰਕੇ ਅਤੇ ਸ੍ਰੀਪਾਦ ਸ਼ੇਸ਼ਾਦਰੀ ਨਾਂ ਦੇ ਬ੍ਰਾਹਮਣ ਨੂੰ ਈਸਾਈ ਧਰਮ ਤੋਂ ਮੁੜ ਹਿੰਦੂ ਧਰਮ ਵਿਚ ਲੈਣ ਕਾਰਨ ਇਸ ਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਗਿਆ।

ਇਤਿਹਾਸ ਅਤੇ ਗਣਿਤ ਸਬੰਧੀ ਵਿਸ਼ਿਆਂ ਤੇ ਇਸ ਨੇ ਕਈ ਪੁਸਤਕਾਂ ਲਿਖੀਆਂ। ਰਾਇਲ ਏਸ਼ੀਆਟਿਕ ਸੋਸਾਇਟੀ ਅਤੇ ਜੀਅੱਗ੍ਰਾਫ਼ੀਕਲ ਸੋਸਾਇਟੀ ਵਿਖੇ ਪੜ੍ਹੇ ਗਏ ਸ਼ਿਲਾਲੇਖਾਂ ਅਤੇ ਤਾਮਰ ਪੱਤਰਾਂ ਸਬੰਧੀ ਇਸ ਦੇ ਲੇਖ ਬਹੁਤ ਮਹੱਤਵਪੂਰਨ ਹਨ।

ਸੰਨ 1846 ਵਿਚ ਲੂ ਲੱਗਣ ਕਾਰਨ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4 : 452

**ਜਾਮ** : ਅਫ਼ਗਾਨਿਸਤਾਨ ਵਿਚ ਇਹ ਇਕ ਪਿੰਡ ਹੈ ਜਿਸ ਨੂੰ ਇਥੋਂ ਦੇ ਸੁਲਤਾਨਾਂ ਦੀ ਪ੍ਰਾਚੀਨ ਰਾਜਧਾਨੀ ਫ਼ਿਰੋਜ਼ਕੋਹ ਦਾ ਇਕ ਹਿੱਸਾ ਮੰਨਿਆ ਜਾਂਦਾ ਹੈ। ਇਸ ਪਿੰਡ ਵਿਚ ਅਠਭੁਜਾ ਖੇਤਰ ਵਿਚ ਇਕ ਮੀਨਾਰ ਬਣਿਆ ਹੋਇਆ ਹੈ ਜਿਸ ਉਪਰ ਇਥੋਂ ਦੇ ਪੰਜਵੇਂ ਗੁਰੀਦ ਬੰਸੀ ਸੁਲਤਾਨ ਗਿਆਸ, ਅਲ ਦੁਨੀਆ ਵਲ ਦੀਨ ਅਬੂ-ਇ-ਫਤਹਿ ਦਾ ਨਾਉਂ ਬੜੀ ਸੋਹਣੀ ਤਰ੍ਹਾਂ ਉੱਕਰਿਆ ਹੋਇਆ ਹੈ। ਇਸ ਮੀਨਾਰ ਦੀ ਖੋਜ ਮਾਰਿਕ ਨੇ 1957 ਈ. ਵਿਚ ਕੀਤੀ ਸੀ ਅਤੇ ਇਸ ਖੋਜੀ ਨੇ ਇਸ ਥਾਂ ਉੱਤੇ ਬਣੀ ਮੀਨਾਰ ਨੂੰ ਗੁਰੀਦ ਸੁਲਤਾਨਾਂ ਦਾ ਬੜਾ ਹੀ ਗੌਰਵਸ਼ਾਲੀ ਪ੍ਰਤੀਕ ਦੱਸਿਆ ਹੈ।

ਹ. ਪੁ.–ਹਿੰ. ਵਿ. ਕੋ. 4 : 478

**ਜਾਮਕੀ** : ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸਿਆਲਕੋਟ ਜ਼ਿਲ੍ਹੇ ਵਿਚ ਡਸਕਾ ਤਹਿਸੀਲ ਦਾ ਇਹ ਇਕ ਸ਼ਹਿਰ ਹੈ। ਕਿਹਾ ਜਾਂਦਾ ਹੈ ਕਿ ਇਸ ਕਸਬੇ ਦਾ ਮੂਲ ਨਾਂ ਪਿੰਡੀ ਜਾਮ (ਇਹ ਕਸਬੇ ਦਾ ਸਹਿ-ਬਾਨੀ ਸੀ) ਹੁੰਦਾ ਸੀ। ਪਿੰਡੀ ਇਕ ਖੱਤਰੀ ਸੀ ਅਤੇ ਜਾਮ ਇਕ ਚੀਮਾ ਜੱਟ ਸੀ। ਸ਼ਹਿਰ ਦੀ ਕੋਈ ਵਪਾਰਕ ਮਹੱਤਤਾ ਨਹੀਂ ਹੈ।

32° 23' ਉ. ਵਿਥ.; 74° 24' ਪੂ. ਲੰਬ

ਹ. ਪੁ.-ਇੰਪ. ਗ. ਇੰਡ. 14 : 48

**ਜਾਮਣ** : ਇਹ ਭਾਰਤ ਅਤੇ ਈਸਟ ਇੰਡੀਜ਼ ਵਿਚ ਮਿਲਦਾ ਇਕ ਆਮ ਫ਼ੁੱਲਦਾਰ ਰੁੱਖ ਹੈ ਜਿਸ ਦੇ ਜਾਮਨੀ ਰੰਗ ਦੇ ਛੋਟੇ ਛੋਟੇ ਫ਼ਲ ਬਹੁਤ ਸੁਆਦਲੇ ਹੁੰਦੇ ਹਨ। ਇਸ ਦਾ ਬਨਸਪਤੀ ਵਿਗਿਆਨਕ ਨਾਂ ਸਿਜ਼ੀਜੀਅਮ-ਕਿਉਮਿਨਾਈ *(Syzygium cumini)* ਹੈ। ਇਹ ਜੰਗਲੀ ਰੂਪ ਵਿਚ ਹੀ ਉੱਗਦਾ ਹੈ ਅਤੇ ਸੜਕਾਂ ਜਾਂ ਕਦੀ ਕਦੀ ਬਾਗ਼ਾਂ ਵਿਚ ਸਾਰੇ ਦੇਸ਼ ਵਿਚ ਉਗਾਇਆ ਜਾਂਦਾ ਹੈ। ਇਸ ਰੁੱਖ ਦਾ ਪਰਵਰਧਨ ਬੀਜਾਂ ਤੋਂ ਹੀ ਕੀਤਾ ਜਾਂਦਾ ਹੈ। ਕਈ ਕਿਸਮਾਂ ਦਾ ਫ਼ਲ ਬਹੁਤ ਚੰਗਾ ਹੁੰਦਾ ਹੈ ਅਤੇ ਦੋਗਲੇਪਣ ਦੀ ਕਿਰਿਆ ਨਾਲ ਇਸ ਵਿਚ ਸੁਧਾਰ ਲਿਆਂਦਾ ਜਾਂਦਾ ਹੈ।

ਫ਼ਲਦਾਰ ਜਾਮਣ ਦੇ ਰੁੱਖ ਦੀ ਛਿੱਲ, ਪੱਤੇ, ਫ਼ਲ ਅਤੇ ਬੀਜ ਔਸ਼ਧੀ ਮੰਤਵ ਲਈ ਬਹੁਤ ਲਾਭਵੰਦ ਸਿੱਧ ਹੁੰਦੇ ਹਨ ਜਿਵੇਂ ਕਿ ਇਸ

ਦੀ ਛਿੱਲ ਇਕ ਬਾਧਕ ਦੇ ਤੌਰ ਤੇ ਅਤੇ ਇਸ ਤੋਂ ਤਿਆਰ ਕੀਤਾ ਕਾਹੜਾ ਗਰਾਰੇ ਕਰਨ ਤੇ ਮੂੰਹ ਧੋਣ ਵਿਚ ਵੀ ਵਰਤਿਆ ਜਾਂਦਾ ਹੈ। ਇਸ ਦੀ ਛਿੱਲ ਦਾ ਤਾਜ਼ਾ ਰਸ ਬੱਕਰੀ ਦੇ ਦੁੱਧ ਨਾਲ ਬੱਚਿਆਂ ਵਿਚ ਪੇਚਸ਼ ਦੀ ਸ਼ਿਕਾਇਤ ਵਿਚ ਦਿੱਤਾ ਜਾਂਦਾ ਹੈ। ਪੱਤਿਆਂ ਦਾ ਰਸ ਦਸਤਾਂ ਵਿਚ ਦਿੱਤਾ ਜਾਂਦਾ ਹੈ। ਪੱਕੇ ਹੋਏ ਫ਼ਲ ਦਾ ਰਸ ਸਿਰਕੇ ਵਾਂਗ ਬਣਾ ਕੇ ਪੇਟ ਦਰਦ, ਬਦਹਜ਼ਮੀ ਅਤੇ ਪਿਸ਼ਾਬ ਲਿਆਉਣ ਵਿਚ ਗੁਣਕਾਰੀ ਸਿੱਧ ਹੁੰਦਾ ਹੈ। ਇਸ ਦੇ ਬੀਜ ਸ਼ੱਕਰ ਰੋਗ ਦੂਰ ਕਰਨ ਵਿਚ ਲਾਹੇਵੰਦ ਸਿੱਧ ਹੁੰਦੇ ਹਨ।

ਹ. ਪੁ.–ਫ਼ਰੂਟ ਗਰੋਇੰਗ ਇਨ ਇੰਡੀਆ-ਹੇਜ਼ : 302; ਗ. ਇੰ. ਮ. ਪ. : 238

**ਜਾਮਤਾੜਾ** : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ ਸੰਥਾਲ ਪਰਗਨੇ ਦੇ ਜਾਮਤਾੜਾ ਉਪਮੰਡਲ ਦਾ ਮੁੱਖ ਨਗਰ ਹੈ ਜਿਹੜਾ ਅਜੈ ਨਦੀ ਦੇ ਕੰਢੇ ਵਸਿਆ ਹੋਇਆ ਹੈ। ਜਾਮਤਾੜਾ ਸੁਹਾਵਣੇ ਪੌਣ-ਪਾਣੀ ਕਾਰਨ ਸਿਹਤਵਰਧਕ ਸਥਾਨ ਮੰਨਿਆ ਜਾਂਦਾ ਹੈ। ਇਥੇ ਚੰਚਲੀ ਦੇਵੀ ਦਾ ਪ੍ਰਸਿੱਧ ਮੰਦਰ ਹੈ ਜਿਸ ਦੇ ਦਰਸ਼ਨ ਕਰਨ ਲਈ ਬੰਗਾਲ ਦੇ ਵੱਖ-ਵੱਖ ਭਾਗਾਂ ਦੇ ਲੋਕ ਜਾਂਦੇ ਹਨ। ਪੋਹ ਦੀ ਪੂਰਨਮਾਸੀ ਨੂੰ ਇਥੇ ਮੇਲਾ ਲਗਦਾ ਹੈ। ਇਹ ਨਗਰ ਚਿਤਰੰਜਨ, ਆਸਨਸੋਲ, ਧਨਬਾਦ ਅਤੇ ਦੁਮਕਾ ਸ਼ਹਿਰਾਂ ਨਾਲ ਸੜਕਾਂ ਰਾਹੀਂ ਜੁੜਿਆ ਹੋਇਆ ਹੈ। ਜਾਮਤਾੜਾ ਨਗਰ ਦੇ ਬਿਲਕੁਲ ਨਜ਼ਦੀਕ 'ਮਿਹਿਜਾਮ' ਨਾਮੀ ਇਕ ਨਗਰ ਹੈ ਜਿਥੇ ਗੁਲਾਬ ਦੇ ਫੁੱਲਾਂ ਦੀਆਂ ਵਧੀਆ ਤੋਂ ਵਧੀਆ ਕਿਸਮਾਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਸੱਪ ਦੇ ਡੰਗੇ ਦੇ ਇਲਾਜ ਲਈ ਲੈਕਸਿਨ ਨਾਮੀ ਪ੍ਰਸਿੱਧ ਦਵਾਈ ਵੀ ਇਥੇ ਤਿਆਰ ਕੀਤੀ ਜਾਂਦੀ ਹੈ।

23° 55′ ਉ. ਵਿਥ.; 86° 50′ ਪੂ. ਲੰਬ.

ਹ. ਪੁ.–ਹਿੰ. ਵਿ. ਕੋ. 4 : 478

**ਜ਼ਾਮਨ** : ਇਹ ਉਰਦੂ ਦਾ ਪ੍ਰਸਿੱਧ ਸ਼ਾਇਰ ਸੀ। ਇਸ ਦਾ ਜਨਮ ਉੱਤਰ ਪ੍ਰਦੇਸ਼ ਵਿਚ ਜ਼ਿਲ੍ਹਾ ਰਾਇਬਰੇਲੀ ਦੇ ਕਸਬੇ ਮੁਸਤਫ਼ਾਬਾਦ ਵਿਚ 1888 ਈ. ਵਿਚ ਹੋਇਆ। ਇਸ ਨੇ ਲਖਨਊ, ਆਗਰਾ ਅਤੇ ਅਲਾਹਾਬਾਦ ਵਿਖੇ ਵਿਦਿਆ ਪ੍ਰਾਪਤ ਕੀਤੀ। ਬਚਪਨ ਤੋਂ ਹੀ ਇਸ ਨੂੰ ਸ਼ਾਇਰੋ-ਸ਼ਾਇਰੀ ਦਾ ਬੜਾ ਸ਼ੌਕ ਸੀ। ਅਲਾਹਾਬਾਦ ਦੇ ਉਸਤਾਦ ਸ਼ਾਇਰ ਮੀਰ ਅਲੀ ਆਬਾਦ 'ਨੀਸਾਂ' ਨੇ ਇਸ ਦੀ ਬੜੀ ਮਦਦ ਕੀਤੀ, ਜਿਸ ਕਰਕੇ ਇਸ ਦੀ ਸ਼ਾਇਰੀ ਵਿਚ ਪਕਿਆਈ ਅਤੇ ਸੁਹੱਪਣ ਆ ਗਿਆ।

ਜ਼ਾਮਨ ਨੇ ਉਰਦੂ ਕਵਿਤਾ ਦੇ ਲਗਭਗ ਸਾਰੇ ਰੂਪਾਂ–ਗ਼ਜ਼ਲ, ਕਸੀਦਾ, ਰੁਬਾਈ, ਮੁੱਖਮਸ ਆਦਿ ਉੱਤੇ ਕਲਮ-ਅਜ਼ਮਾਈ ਕਰਕੇ ਸਫ਼ਲਤਾ ਪ੍ਰਾਪਤ ਕੀਤੀ। ਇਸ ਦੀ ਸ਼ਬਦਾਂ ਦੀ ਚੋਣ ਅਤੇ ਮੁਹਾਵਰਿਆਂ ਤੇ ਤਸ਼ਬੀਹਾਂ ਦੀ ਯੋਗ ਤੇ ਢੁੱਕਵੀਂ ਵਰਤੋਂ ਨੇ ਇਕ ਵਿਸ਼ੇਸ਼ ਅਤੇ ਵੱਖਰਾ ਰੰਗ ਪੈਦਾ ਕੀਤਾ ਹੈ। 'ਸੌਦਲ' ਨੇ ਇਸ ਦੇ ਕਸੀਦਿਆਂ ਨੂੰ ਸ਼ਾਇਰੀ ਦਾ ਉੱਤਮ ਨਮੂਨਾ ਦੱਸਿਆ ਹੈ। ਇਸ ਦੀਆਂ ਲਿਖਤਾਂ ਬਹੁਤ ਘੱਟ ਉਪਲਬਧ ਹਨ।

27 ਅਪ੍ਰੈਲ, 1955 ਨੂੰ ਅਲਾਹਬਾਦ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਤਾਰੀਖ਼ ਅਦਬ ਉਰਦੂ–ਸੱਯਦ ਇਅਜਾਜ਼ ਹੁਸੈਨ

**ਜਾਮਨਗਰ** : ਜ਼ਿਲ੍ਹਾ–ਭਾਰਤ ਦੇ ਗੁਜਰਾਤ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵੱਲ ਕੱਛ ਦੀ ਖਾੜੀ, ਪੱਛਮ ਵੱਲ ਅਰਬ ਸਾਗਰ, ਪੂਰਬ ਵਿਚ ਰਾਜਕੋਟ ਅਤੇ ਦੱਖਣ ਵੱਲ ਰਾਜਕੋਟ ਅਤੇ ਜੂਨਾਗੜ੍ਹ ਦੇ ਜ਼ਿਲ੍ਹੇ ਲਗਦੇ ਹਨ। ਜ਼ਿਲ੍ਹੇ ਦਾ ਕੁੱਲ ਰਕਬਾ 14,125 ਵ. ਕਿ. ਮੀ. (5,454 ਵ. ਮੀਲ) ਹੈ ਅਤੇ ਆਬਾਦੀ 15,63,558 (1991) ਹੈ। ਇਸੇ ਹੀ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰਮੁਕਾਮ ਹੈ। ਪਹਿਲਾਂ ਇਸ ਜ਼ਿਲ੍ਹੇ ਦਾ ਨਾਂ ਹਲਾਰ ਹੁੰਦਾ ਸੀ। ਇਸ ਜ਼ਿਲ੍ਹੇ ਨੇ ਨਵਾਂ ਨਗਰ ਅਤੇ ਢੋਲ ਦੇਵਨੀ ਨਾਂ ਦੀਆਂ ਦੋ ਸਾਬਕਾ ਦੇਸੀ ਰਿਆਸਤਾਂ ਦਾ ਰਕਬਾ ਮੱਲਿਆ ਹੋਇਆ ਹੈ। ਜ਼ਿਲ੍ਹੇ ਦਾ ਬਹੁਤਾ ਹਿੱਸਾ ਇਕ ਪੱਧਰਾ ਮੈਦਾਨ ਹੈ ਪਰ ਲ. 610 ਮੀ. (2000 ਫੁੱਟ) ਉੱਚੀ ਬਾਰਦਾ ਪਹਾੜੀ ਦਾ 2/3 ਹਿੱਸਾ ਇਸ ਜ਼ਿਲ੍ਹੇ ਦੀਆਂ ਸਰਹੱਦਾਂ ਦੇ ਅੰਦਰਵਾਰ ਹੈ। ਕੱਛ ਦੀ ਖਾੜੀ ਦੇ ਕੰਢਿਆਂ ਉਪਰ ਮੈਂਗ੍ਰੋਵ ਝਾੜੀ ਬਹੁਤ ਮਿਲਦੀ ਹੈ ਜਿਹੜੀ ਬਾਲਣ ਅਤੇ ਪਸ਼ੂਆਂ ਦੇ ਚਾਰੇ ਵਜੋਂ ਕੰਮ ਆਉਂਦੀ ਹੈ। ਅਨਾਜ, ਕਪਾਹ ਅਤੇ ਆਲੂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਖੱਡੀਆਂ ਤੋਂ ਤਿਆਰ ਕੀਤਾ ਕੱਪੜਾ ਅਤੇ ਰੇਸ਼ਮ ਇਥੋਂ ਦਾ ਮੁੱਖ ਉਤਪਾਦਨ ਹੈ। ਇਥੇ ਮੱਛੀਆਂ ਫੜਨ ਦਾ ਕੰਮ ਵੀ ਮਹੱਤਵਪੂਰਨ ਹੈ। ਜ਼ਿਲ੍ਹੇ ਵਿਚ ਸੰਗਮਰਮਰ ਦੀ ਵੀ ਖੁਦਾਈ ਹੁੰਦੀ ਹੈ। ਸਮੁੰਦਰੀ ਤਟ ਉੱਤੇ ਮੋਤੀ ਕੱਢਣ ਦਾ ਵੀ ਥੋੜ੍ਹਾ ਜਿਹਾ ਕੰਮ ਹੁੰਦਾ ਹੈ। ਇਥੋਂ ਦੀ ਸਾਲਾਨਾ ਵਰਖਾ 50 ਸੈਂ. ਮੀ. ਹੈ ਜਿਸ ਕਰਕੇ ਇਥੇ ਕਾਲ ਵੀ ਪੈ ਜਾਂਦਾ ਹੈ। ਸੰਨ 1959 ਵਿਚ ਦਵਾਰਕਾ ਨੂੰ ਇਥੋਂ ਦੇ ਮੰਦਰਾਂ ਸਮੇਤ ਅਤੇ ਓਖਾ ਬੰਦਰਗਾਹ ਨੂੰ ਜਾਮਨਗਰ ਜ਼ਿਲ੍ਹੇ ਵਿਚ ਸ਼ਾਮਲ ਕਰ ਲਿਆ ਗਿਆ ਸੀ। ਜ਼ਿਲ੍ਹੇ ਵਿਚੋਂ ਕਈ ਸ਼ਾਹਰਾਹ ਅਤੇ ਰੇਲ ਮਾਰਗ ਲੰਘਦੇ ਹਨ।

ਹ. ਪੁ.–ਐਨ. ਬ੍ਰਿ. ਮਾ. 5 : 512; ਹਿੰ. ਵਿ. ਕੋ. 4 : 478

**ਜਾਮਨਗਰ** : ਸ਼ਹਿਰ–ਕੇਂਦਰੀ ਭਾਰਤ ਦੇ ਗੁਜਰਾਤ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰਮੁਕਾਮ ਹੈ ਜਿਹੜਾ ਕਾਠੀਆਵਾੜ ਪ੍ਰਾਇਦੀਪ ਉਪਰ ਰਾਜਕੋਟ ਤੋਂ 72 ਕਿ.ਮੀ. (45 ਮੀ.) ਦੇ ਫ਼ਾਸਲੇ ਤੇ ਪੱਛਮ-ਉੱਤਰ-ਪੱਛਮ ਦਿਸ਼ਾ ਵਿਚ ਵਾਕਿਆ ਹੈ। ਪਹਿਲਾਂ ਇਹ ਨਵਾਂ ਨਗਰ ਰਿਆਸਤ ਦੀ ਰਾਜਧਾਨੀ ਹੁੰਦਾ ਸੀ। ਸ਼ਹਿਰ ਵਿਚ ਚੌੜੀਆਂ ਸੜਕਾਂ ਅਤੇ ਖੁੱਲ੍ਹੇ ਖੁੱਲ੍ਹੇ ਪਾਰਕ ਹਨ। ਇਸ ਰਿਆਸਤ ਦਾ ਰਾਜ ਕੁਮਾਰ ਸ੍ਰੀ ਰੰਜੀਤ ਸਿੰਘ (1907-1933) ਕ੍ਰਿਕਟ ਦਾ ਪ੍ਰਸਿੱਧ ਖਿਡਾਰੀ ਹੋਇਆ ਹੈ। ਪ੍ਰਾਚੀਨ ਜਾਮਨਗਰ ਦੀ ਨੀਂਹ 1540 ਵਿਚ ਜਾਮ ਰਵਾਲ ਨੇ ਰੱਖੀ। ਸੰਨ 1788 ਵਿਚ ਇਸ ਸ਼ਹਿਰ ਦੁਆਲੇ ਇਕ ਕਿਲਾ ਉਸਾਰਿਆ ਗਿਆ। ਲਖੋਟਾ ਅਜਾਇਬਘਰ ਅਤੇ ਕਿਲੇਬੰਦ ਕੋਠਾ ਇਕ ਝੀਲ ਦੇ ਵਿਚਕਾਰ ਕਰਕੇ ਬਣਾਏ ਹੋਏ ਹਨ, ਇਨ੍ਹਾਂ ਤੱਕ ਪਹੁੰਚਣ ਲਈ ਇਕ ਪੁਲ ਬਣਿਆ ਹੋਇਆ ਹੈ। ਇਸ ਤੋਂ ਬਿਨਾਂ ਜੈਨੀਆਂ ਦੇ ਮੰਦਰ ਅਤੇ ਦਰਬਾਰਗੜ੍ਹ ਸ਼ਹਿਰ ਦੀਆਂ ਇਤਿਹਾਸਕ ਇਮਾਰਤਾਂ ਧਨਵੰਤਰੀ ਮੰਜਰ, ਮੈਡੀਕਲ ਕਾਲਜ, ਇਰਵਿਨ ਹਸਪਤਾਲ ਅਤੇ ਸੋਲੇਰੀਅਮ (ਰੇਡੀਅਮੀ ਇਲਾਜ ਲਈ) ਅਜੋਕੀਆਂ ਇਮਾਰਤਾਂ ਵਿਚੋਂ ਹਨ।

ਜਾਮਨਗਰ ਦੀਆਂ ਬੰਧਨੀ ਦੇ ਕੰਮ ਦੀਆਂ ਅਤੇ ਸੁਨਹਿਰੀ ਕਢਾਈ ਵਾਲੀਆਂ ਸਾੜ੍ਹੀਆਂ ਸਾਰੀ ਦੁਨੀਆ ਵਿਚ ਮਸ਼ਹੂਰ ਹਨ। ਧਾਤ ਦਾ ਕੰਮ ਵੀ ਕਾਫ਼ੀ ਪ੍ਰਸਿੱਧ ਹੈ। ਇਸ ਤੋਂ ਬਿਨਾਂ ਸੀਮਿੰਟ, ਬਰਤਨ ਬਣਾਉਣੇ, ਕੱਪੜੇ, ਕਢਾਈ ਅਤੇ ਲੂਣ ਤਿਆਰ ਕਰਨ ਦੇ ਮੁੱਖ ਉਦਯੋਗ ਹਨ। ਇਹ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਨਾਲ ਸੜਕਾਂ, ਰੇਲਾਂ ਅਤੇ ਹਵਾਈ ਮਾਰਗਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ–3,81,646 (1991)

22° 26′ ਉ. ਵਿਥ.; 79° 16′ ਪੂ. ਲੰਬ.

ਹ. ਪੁ.–ਐਨ. ਬ੍ਰਿ. 12 : 810

**ਜਾਮਨੇਰ** : ਭਾਰਤ ਦੇ ਮਹਾਰਾਸ਼ਟਰ ਰਾਜ ਦੇ ਜਲਗਾਓਂ ਜ਼ਿਲ੍ਹੇ ਵਿਚ ਇਹ ਇਸੇ ਹੀ ਨਾਂ ਦੇ ਤਾਅਲੁਕੇ ਦਾ ਸਦਰ-ਮੁਕਾਮ ਹੈ ਜਿਹੜਾ ਕਾਗ ਨਾਂ ਦੇ ਇਕ ਛੋਟੇ ਜਿਹੇ ਦਰਿਆ ਉੱਤੇ ਧੂਲੀਆ ਤੋਂ ਲ. 100 ਕਿ. ਮੀ. ਪੂਰਬ-ਦੱਖਣ ਵੱਲ ਸਥਿਤ ਹੈ। ਪੇਸ਼ਵਿਆਂ ਦੇ ਰਾਜ ਕਾਲ ਵੇਲੇ ਜਾਮਨੇਰ ਇਕ ਮਹੱਤਵਪੂਰਨ ਥਾਂ ਹੁੰਦੀ ਸੀ। ਕਪਾਹ ਦੇ ਵਪਾਰ ਅਤੇ ਰੂੰ ਵੇਲਣ ਦੇ ਕਾਰਖ਼ਾਨਿਆਂ ਦੇ ਸਥਾਪਤ ਹੋਣ ਨਾਲ ਇਹ ਸ਼ਹਿਰ ਕਾਫ਼ੀ ਪ੍ਰਸਿੱਧ ਹੋ ਗਿਆ ਹੈ। ਇਥੇ ਰੂੰ-ਵੇਲਣ ਅਤੇ ਗੱਠਾਂ ਬਣਾਉਣ ਦੇ ਥੋੜ੍ਹੇ ਜਿਹੇ ਕਾਰਖ਼ਾਨੇ ਹਨ।

20° 44′ ਉ. ਵਿਥ.; 75° 47′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 57

**ਜਾਮਪੁਰ** : ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਡੇਰਾ ਗਾਜ਼ੀ ਖਾਨ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜਿਹੜਾ ਡੇਰਾ ਗ਼ਾਜ਼ੀ ਖ਼ਾਨ ਸ਼ਹਿਰ ਤੋਂ 52 ਕਿ. ਮੀ. (32 ਮੀਲ) ਦੱਖਣ ਵੱਲ ਸਥਿਤ ਹੈ। ਇਥੋਂ ਮੁਲਤਾਨ ਤੇ ਸੱਖਰ ਨੂੰ ਕਾਫ਼ੀ ਮਾਤਰਾ ਵਿਚ ਨੀਲ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਲਾਖ ਖ਼ਰੀਦਣ ਦਾ ਵੀ ਇਥੇ ਕਾਫ਼ੀ ਕੰਮ ਹੁੰਦਾ ਹੈ। ਸੰਨ 1873 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਤ ਕੀਤੀ ਗਈ।

29° 39′ ਉ. ਵਿਥ. ; 70° 39′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 51

**ਜਾਮ੍ਹ, ਫ਼ਰਾਂਸਿਸ** : ਇਸ ਫ਼ਰਾਂਸੀਸੀ ਕਵੀ ਅਤੇ ਨਿੱਕੀ ਕਹਾਣੀ ਲੇਖਕ ਦਾ ਜਨਮ 2 ਦਸੰਬਰ, 1868 ਨੂੰ ਟੂਰਨੇ ਵਿਖੇ ਹੋਇਆ। ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਇਹ ਓਰਤਜ਼ ਵਿਖੇ ਇਕ ਵਕੀਲ ਦਾ ਮੁਨਸ਼ੀ ਬਣ ਗਿਆ। ਇਸ ਨੇ ਆਪਣੀ ਬਾਅਦ ਦੀ ਉਮਰ ਬਾਸਕ ਇਲਾਕੇ ਵਿਚ ਹੈਸਪੈਰਨ ਵਿਖੇ ਬਿਤਾਈ। ਇਸ ਦੀਆਂ ਮੁੱਢਲੀਆਂ ਕਵਿਤਾਵਾਂ ਵਿਚੋਂ ਪ੍ਰਕਿਰਤੀ, ਸਾਧਾਰਣ ਮਨੁੱਖਾਂ, ਪਸ਼ੂਆਂ, ਪਵਿੱਤਰ ਮੁਟਿਆਰਾਂ, ਵਰਜਿਨ ਮੇਰੀ ਅਤੇ ਸੰਤਾਂ-ਮਹਾਤਮਾਂ ਦਾ ਪਿਆਰ ਛਲਕਦਾ ਹੈ। ਆਪਣੀ ਕਵਿਤਾ ਲਈ ਇਸ ਨੇ ਆਮ ਬੋਲ-ਚਾਲ ਦੀ ਬੋਲੀ ਅਪਣਾਈ ਹੈ। ਜਦੋਂ ਚਿੰਨ੍ਹਵਾਦ ਦੀ ਉੱਚ ਦਰਜੇ ਦੀ ਕਵਿਤਾ ਦਾ ਪਤਨ ਹੋ ਰਿਹਾ ਸੀ, ਉਦੋਂ ਇਸ ਨੇ ਫ਼ਰਾਂਸੀਸੀ ਕਵਿਤਾ ਵਿਚ ਨਵੀਂ ਜਾਨ ਪਾਈ।

ਜਾਮ੍ਹ ਨੇ ਛੋਟੀ ਉਮਰ ਤੋਂ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸ ਦੀ ਪਹਿਲੀ ਵੱਡੀ ਕਿਰਤ 'De l' Angelus de l'aube a l' Angelius du, soir.' 1898 ਵਿਚ ਛਪੀ। ਇਸ ਤੋਂ ਮਗਰੋਂ ਇਸ ਨੇ ਕਵਿਤਾਵਾਂ ਅਤੇ ਕਹਾਣੀਆਂ ਦੀਆਂ ਕਈ ਉੱਤਮ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਪਹਿਲੀ ਨਵੰਬਰ, 1938 ਨੂੰ ਹੈਸਪੈਰਨ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.–ਨਿ. ਯੂ. ਐਨ. 8 : 2631; ਐਨ. ਬ੍ਰਿ. 12 : 867 ; ਐਵ. ਐਨ. 7 : 165; ਐਨ. ਬ੍ਰਿ. ਮਾ. 5 : 512

**ਜਾਮਬੀ** : ਪ੍ਰਾਂਤ—ਇੰਡੋਨੇਸ਼ੀਆ ਦੇ ਸੁਮਾਟਰਾ ਟਾਪੂ ਦੇ ਦੱਖਣੀ ਮੱਧਵਰਤੀ ਹਿੱਸੇ ਵਿਚ ਇਕ ਪ੍ਰਾਂਤ ਹੈ। ਪ੍ਰਾਂਤ ਦਾ ਖੇਤਰਫਲ 44,924 ਵ. ਕਿ. ਮੀ. ਅਤੇ ਆਬਾਦੀ 2,016,000 (1990) ਹੈ। ਇਹ ਪ੍ਰਾਂਤ ਟਾਪੂ ਦੇ ਪੂਰਬ ਤੋਂ ਪੱਛਮੀ ਤਟ ਵੱਲ ਫੈਲਿਆ ਹੋਇਆ ਹੈ। ਇਸ ਵਿਚ ਮਾਊਂਟ ਕਰਿੰਦੀ 3,800 ਮੀ. ਅਤੇ ਮਾਊਂਟ ਮਸੁਰਾਈ 2,933 ਮੀ. ਤੱਕ ਉੱਚੀਆਂ ਸਿਖ਼ਰਾਂ ਹਨ। ਪੱਛਮੀ ਖੇਤਰ ਦਾ ਧਰਾਤਲ ਪਰਬਤੀ ਅਤੇ ਪੂਰਬ ਵੱਲ ਦਾ ਦਲਦਲੀ ਜਿਹਾ ਹੈ। ਇਸ ਪ੍ਰਾਂਤ ਦਾ ਵੱਡਾ ਦਰਿਆ ਹਾਰੀ ਹੈ ਜਿਸ ਵਿਚ ਜਾਮਬੀ ਸ਼ਹਿਰ ਤੋਂ ਲੈ ਕੇ 80 ਕਿ. ਮੀ. ਦੂਰ ਸਮੁੰਦਰ ਤੱਕ ਜਹਾਜ਼ਰਾਨੀ ਹੁੰਦੀ ਹੈ। ਇਹ ਖੇਤਰ ਰਬੜ, ਚੌਲ, ਨਾਰੀਅਲ, ਇਮਾਰਤੀ ਲੱਕੜੀ, ਪੈਟਰੋਲ, ਲਿਗਨਾਈਟ ਅਤੇ ਸੂਤੀ ਕੱਪੜਾ ਆਦਿ ਦਾ ਉਤਪਾਦਕ ਹੈ। ਇਹ ਦੇਸ਼ ਦਾ ਵੱਡਾ ਤੇਲ ਉਤਪਾਦਕ ਪ੍ਰਾਂਤ ਵੀ ਹੈ।

ਹ. ਪੁ.–ਐਨ. ਬ੍ਰਿ. ਮਾ. 3 : 589

**ਜਾਮਬੀ** : ਸ਼ਹਿਰ—ਸੁਮਾਟਰਾ ਟਾਪੂ (ਇੰਡੋ.) ਦੇ ਇਸੇ ਨਾਂ ਦੇ ਪ੍ਰਾਂਤ ਦਾ ਵੱਡਾ ਸ਼ਹਿਰ ਅਤੇ ਰਾਜਧਾਨੀ ਹੈ ਜੋ ਹਾਰੀ ਦਰਿਆ ਦੇ ਦੋਵੇਂ ਪਾਸੇ ਵਸਿਆ ਹੋਇਆ ਹੈ। ਇਥੋਂ ਦੱਖਣ ਵੱਲ ਪਾਲਮਬਾਂਗ ਅਤੇ ਪੱਛਮੀ ਤਟ ਵੱਲ ਸੜਕਾਂ ਜਾਂਦੀਆਂ ਹਨ। ਇਥੇ ਇਕ ਹਵਾਈ ਅੱਡਾ ਹੈ। ਇਹ ਸ਼ਹਿਰ ਪ੍ਰਾਂਤ ਦਾ ਵੱਡਾ ਤੇਲ ਉਤਪਾਦਕ ਅਤੇ ਵਪਾਰਕ ਕੇਂਦਰ ਹੈ। ਇਥੋਂ ਨੀਲ ਅਤੇ ਇਮਾਰਤੀ ਲੱਕੜੀ ਦੀ ਦਰਾਮਦ ਹੁੰਦੀ ਹੈ। ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ 1963 ਦੀ ਸਥਾਪਤ ਇਕ ਯੂਨੀਵਰਸਿਟੀ ਹੈ।

ਇਹ ਸ਼ਹਿਰ ਸੱਤਵੀਂ ਸਦੀ ਵਿਚ ਹਿੰਦੂ ਰਾਜ ਮਾਲਾਗੂ ਦੀ ਰਾਜਧਾਨੀ ਸੀ। ਸੰਨ 1100 ਤੋਂ ਲੈ ਕੇ ਡੱਚਾਂ ਦੇ ਕਬਜ਼ੇ ਹੇਠ ਆਉਣ ਤੀਕ ਇਹ ਮਲਾਈ ਸਾਮਰਾਜ ਦੀ ਰਾਜਧਾਨੀ ਰਿਹਾ। ਸੰਨ 1606 ਵਿਚ ਇਥੇ ਡੱਚ ਈਸਟ ਇੰਡੀਆ ਕੰਪਨੀ ਆਈ। ਸੰਨ 1907 ਵਿਚ ਇਹ ਪੂਰੀ ਤਰ੍ਹਾਂ ਉਨ੍ਹਾਂ ਦੇ ਕਬਜ਼ੇ ਹੇਠ ਆ ਗਿਆ। ਸੰਨ 1941 ਵਿਚ ਸੁਮਾਟਰਾ ਦੇ ਬਾਕੀ ਹਿੱਸਿਆਂ ਵਾਂਗ ਇਸ ਉੱਤੇ ਵੀ ਜਾਪਾਨੀਆਂ ਦਾ ਕੰਟਰੋਲ ਹੋ ਗਿਆ। ਸੰਨ 1946 ਵਿਚ ਫਿਰ ਇਹ ਇੰਡੋਨੇਸ਼ੀਆ ਗਣਤੰਤਰ ਵਿਚ ਸ਼ਾਮਲ ਕਰ ਲਿਆ ਗਿਆ।

ਆਬਾਦੀ–2,30,373 (1980)

01° 30′ ਦੱ. ਵਿਥ.; 103° 00′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 3 : 589; ਕੋਲ. ਐਨ. 6 : 320; ਵੈ. ਜਗ. ਡਿ. 334

**ਜਾਮਬੂਲ** : ਪ੍ਰਾਂਤ—ਕਜ਼ਾਕਿਸਤਾਨ ਦੇਸ਼ ਦੇ ਦੱਖਣੀ ਹਿੱਸੇ ਵਿਚ ਇਹ ਇਕ ਪ੍ਰਾਂਤ (ਖੇਤਰ) ਹੈ ਜਿਸ ਦਾ ਖੇਤਰਫਲ 144,200 ਵ. ਕਿ. ਮੀ. ਅਤੇ ਆਬਾਦੀ 1,056,400(1991) ਹੈ। ਇਸੇ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੈ। ਇਸ ਪ੍ਰਾਂਤ ਦੀ ਸਥਾਪਨਾ 1939 ਵਿਚ ਧੁਰ ਦੱਖਣ ਵੱਲ ਦੇ ਕਾਰਾਟਾਓ ਅਤੇ ਕਿਰਗੀਜ਼ ਪਰਬਤਾਂ ਦੀਆਂ ਉੱਤਰੀ ਢਲਾਣਾਂ ਅਤੇ ਨਾਲ ਲਗਵੀਂ ਉਪਜਾਊ ਜ਼ਮੀਨ ਦੀ ਪੱਟੀ ਨੂੰ ਮਿਲਾ ਕੇ ਕੀਤੀ ਗਈ ਸੀ। ਪ੍ਰਾਂਤ ਦੀ ਧਰਾਤਲ ਮਾਰੂਥਲੀ ਅਤੇ ਸਟੈਪੀ ਜਿਹੀ ਹੈ। ਮੱਧ ਵਿਚ ਮਾਰੂਥਲ ਹੈ, ਜਿਸ ਨੂੰ ਚੂ ਦਰਿਆ ਬਯੈੱਟ ਪਾਕ ਡਾਲਾ ਸਟੈਪੀ ਮੈਦਾਨ ਨਾਲੋਂ ਵੱਖ ਕਰਦਾ ਹੈ। ਚੂ, ਤਾਲਾਸ ਅਤੇ ਐਸਾ ਇਸ ਪ੍ਰਾਂਤ ਦੇ ਵਰਣਨਯੋਗ ਦਰਿਆ ਹਨ। ਇਸ ਦੀ ਜਲਵਾਯੂ ਮਹਾਂਦੀਪੀ ਹੈ। ਗਰਮੀਆਂ ਖ਼ੁਸ਼ਕ ਰਹਿੰਦੀਆਂ ਹਨ ਅਤੇ ਸਰਦੀਆਂ ਵਧੇਰੇ ਠੰਢੀਆਂ ਹੁੰਦੀਆਂ ਹਨ।

ਇਸ ਪ੍ਰਾਂਤ ਵਿਚ ਖੇਤੀਬਾੜੀ, ਪਸ਼ੂ-ਪਾਲਣ ਅਤੇ ਖਣਿਜਾਂ ਦੀ ਖਾਣ-ਖੁਦਾਈ ਇਥੋਂ ਦੇ ਲੋਕਾਂ ਦੇ ਨਿਰਬਾਹ ਦਾ ਸਾਧਨ ਹਨ। ਦਰਿਆਵਾਂ ਦੇ ਆਸ ਪਾਸ ਮੈਦਾਨੀ ਖੇਤਰ ਵਿਚ ਚੁਕੰਦਰ, ਅਨਾਜੀ ਫ਼ਸਲਾਂ ਅਤੇ ਤਮਾਕੂ ਦੀ ਪੈਦਾਵਾਰ ਕੀਤੀ ਜਾਂਦੀ ਹੈ। ਖ਼ੁਸ਼ਕ ਖੇਤਰ ਵਿਚ ਪਸ਼ੂ ਪਾਲੇ ਜਾਂਦੇ ਹਨ। ਬਾਲਕਾਸ਼ ਝੀਲ ਦੇ ਪਾਣੀ ਵਿਚੋਂ ਮੱਛੀਆਂ ਵੀ ਫੜੀਆਂ ਜਾਂਦੀਆਂ ਹਨ। ਪ੍ਰਾਂਤ ਵਿਚ ਕਾਰਾਟਾਓ ਵਿਖੇ ਫ਼ਾਸਫ਼ੇਟ ਦੇ ਭੰਡਾਰ ਹਨ ਜਿਸ ਦੀ ਪ੍ਰਾਸੈਸਿੰਗ ਜਾਮਬੂਲ ਸ਼ਹਿਰ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਖੰਡ ਸਾਫ਼ ਕਰਨ, ਜੁੱਤੀਆਂ ਬਣਾਉਣ, ਫ਼ਲਾਂ ਦੀ ਡੱਬਾਬੰਦੀ, ਕੱਪੜਾ ਆਦਿ ਬਣਾਉਣ ਦੀਆਂ ਸੱਨਅਤਾਂ ਵੀ ਉੱਨਤ ਹਨ।

ਇਸ ਪ੍ਰਾਂਤ ਦੀ ਬਹੁਤੀ ਵਸੋਂ ਪੇਂਡੂ ਜਿਹੀ ਹੈ ਜਿਸ ਵਿਚ ਕਾਜ਼ਾਕ ਅਤੇ ਰੂਸੀਆਂ ਦੀ ਗਿਣਤੀ ਵਧੇਰੇ ਹੈ। ਇਨ੍ਹਾਂ ਤੋਂ ਛੁੱਟ ਜਰਮਨੀ, ਉਜ਼ਬੇਕੀ; ਤਾਤਾਰੀ, ਡੰਗਾਨੀ ਅਤੇ ਯੂਨਾਨੀ ਵੀ ਇਥੇ ਵਸੇ ਹੋਏ ਹਨ। ਪ੍ਰਾਂਤ ਦੇ ਜਾਮਬੂਲ, ਚੂ ਅਤੇ ਕਾਰਾਟਾਓ ਵਰਣਨਯੋਗ ਸ਼ਹਿਰ ਹਨ।

ਹ. ਪੁ.–ਐਨ. ਬ੍ਰਿ. ਮਾ. 3 : 741; ਵੈ. ਜਗ. ਡਿ.

**ਜਾਮਬੂਲ** : ਸ਼ਹਿਰ—ਕਜ਼ਾਕਿਸਤਾਨ ਦੇਸ਼ ਦੇ ਇਸੇ ਹੀ ਨਾਂ ਦੇ ਪ੍ਰਾਂਤ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਤੁਰਕਿਸਤਾਨ—ਸਾਇਬੇਰੀਅਨ ਰੇਲ ਮਾਰਗ ਉਪਰ ਤਾਸ਼ਕੰਦ ਸ਼ਹਿਰ ਤੋਂ 208 ਕਿ. ਮੀ. ਉੱਤਰ-ਪੂਰਬ ਦੀ ਦਿਸ਼ਾ ਵਿਚ ਵਸਿਆ ਹੋਇਆ ਹੈ। ਪੁਰਾਣੇ ਸਮਿਆਂ ਵਿਚ ਮੌਜੂਦਾ ਜਾਮਬੂਲ ਵਾਲੀ ਥਾਂ ਤੇ ਤਾਰਾਜ਼ ਨਾਂ ਦਾ ਸ਼ਹਿਰ ਵਸਿਆ ਹੋਇਆ ਸੀ ਜਿਹੜਾ ਯੂਰਪ ਤੋਂ ਚੀਨ ਵੱਲ ਜਾਂਦੇ ਮਸ਼ਹੂਰ ਵਪਾਰਕ ਮਾਰਗ ਉਪਰ ਪੈਂਦਾ ਸੀ। 13ਵੀਂ ਸਦੀ ਵਿਚ ਮੰਗੋਲਾਂ ਨੇ ਇਸ ਨੂੰ ਤਬਾਹ ਕਰ ਦਿੱਤਾ। ਫਿਰ ਇਸੇ ਜਗ੍ਹਾ ਉਪਰ 18ਵੀਂ ਸਦੀ ਦੇ ਅਖ਼ੀਰਲੇ ਸਾਲਾਂ ਵਿਚ ਕੋਕੰਦ ਜ਼ਿਲ੍ਹੇ ਦੇ ਆਸਪਾਸ ਆਉਲੀ ਏਅਟਾ ਨਾਂ ਦਾ ਸ਼ਹਿਰ ਉਸਾਰਿਆ ਗਿਆ। ਇਸ ਉੱਤੇ 1864 ਵਿਚ ਰੂਸੀਆਂ ਦਾ ਅਧਿਕਾਰ ਹੋ ਗਿਆ। ਫਿਰ 1938 ਵਿਚ ਇਸ ਦਾ ਆਉਲੀ ਏਅਟਾ ਨਾਂ ਬਦਲ ਕੇ ਇਥੋਂ ਦੇ ਮਸ਼ਹੂਰ ਕਵੀ ਜਾਮਬੂਲ ਜਾਬਾਯੇਵ ਦੇ ਨਾਂ ਤੇ 'ਜਾਮਬੂਲ' ਰੱਖ ਦਿੱਤਾ ਗਿਆ। ਸ਼ਹਿਰ ਵਿਚ ਫ਼ਾਸਫ਼ੇਟ ਪ੍ਰਾਸੈਸਿੰਗ ਪਲਾਂਟ ਅਤੇ ਪਾਵਰ ਸਟੇਸ਼ਨ ਹੈ। ਇਥੇ

ਫ਼ਾਸਫ਼ੇਟ ਪ੍ਰਾਸੈੱਸ ਕਰਨ ਤੋਂ ਇਲਾਵਾ, ਫ਼ਲਾਂ ਦੀ ਡੱਬਾਬੰਦੀ, ਖੰਡ ਸਾਫ਼ ਕਰਨ ਦੇ ਕਾਰਖ਼ਾਨੇ ਵੀ ਸਥਾਪਤ ਹਨ। ਇਥੇ ਜੁਤੀਆਂ, ਚਮੜੇ ਦੀਆਂ ਚੀਜ਼ਾਂ ਅਤੇ ਉੱਨ ਸਾਫ਼ ਕਰਨ ਦਾ ਕੰਮ ਵੀ ਹੁੰਦਾ ਹੈ। ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਅਧਿਆਪਕ–ਸਿਖਲਾਈ ਸਕੂਲ, ਅਜਾਇਬ ਘਰ, ਕਾਜ਼ਾਕ ਥੀਏਟਰ ਆਦਿ ਹਨ।

ਆਬਾਦੀ–3,12,300(1991)

42° 54′ ਉ. ਵਿਥ.; 71° 22′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 3 : 741; ਵੈ. ਜਗ. ਡਿ.

**ਜਾਮਬੋਨੋ, ਮਾਈਕਲ** (Giambono, Michele) : ਇਹ ਇਟਲੀ ਦਾ ਚਿੱਤਰਕਾਰ ਸੀ। ਇਸ ਦੀਆਂ ਜਨਮ ਅਤੇ ਮੌਤ ਦੀਆਂ ਤਰੀਕਾਂ ਬਾਰੇ ਤਾਂ ਪਤਾ ਨਹੀਂ ਪਰ 1420 ਤੋਂ 1462 ਤੱਕ ਇਹ ਵੀਨਿਸ ਵਿਖੇ ਬਹੁਤ ਸਰਗਰਮ ਰਿਹਾ। ਵੀਨਿਸ ਵਿਖੇ ਇਸ ਨੇ ਪੁਰਾਣੀ ਗੌਥਿਕ ਸ਼ੈਲੀ ਦੀ ਪ੍ਰਤਿਨਿਧਤਾ ਕੀਤੀ। ਉੱਥੇ ਅੰਤਰਰਾਸ਼ਟਰੀ ਗਾਥਿਕ ਚਿੱਤਰਕਾਰਾਂ ਫਾਬ੍ਰਿਆਨੋ ਅਤੇ ਇਸ ਉੱਤੇ ਪਿਸਾਨੈਲੋ ਦਾ ਪ੍ਰਭਾਵ ਸੀ। ਇਸ ਦੇ ਦਸਤਖ਼ਤ ਕੀਤੇ ਕੁਝ ਕੁ ਚਿੱਤਰ ਵੀਨਿਸ ਅਤੇ ਰੋਮ ਦੀਆਂ ਗੈਲਰੀਆਂ ਵਿਚ ਸੁਰੱਖਿਅਤ ਹਨ। ਰੰਗ-ਬਰੰਗੇ ਕੱਚ ਅਤੇ ਪੱਥਰ ਦੇ ਟੁਕੜਿਆਂ ਨਾਲ ਚਿੱਤਰ ਬਣਾਉਣ ਵਿਚ ਵੀ ਇਹ ਖ਼ਾਸ ਮੁਹਾਰਤ ਰਖਦਾ ਸੀ। ਵੀਨਿਸ ਵਿਚ ਸੇਂਟ ਮਾਰਕ ਵਿਖੇ ਇਸ ਨੇ ਵਧੀਆ ਪੱਚੀਕਾਰੀ ਕੀਤੀ ਹੈ। ਇਸ ਦੀਆਂ ਹੋਰ ਕਿਰਤਾਂ ਵਿਚ 'ਸੇਂਟ ਕ੍ਰਿਸੋਗੋਨੋ' (ਵੀਨਿਸ ਵਿਚ) ਅਤੇ 'ਸੇਂਟ ਮਾਈਕਲ' (ਸੈਟਿਗਨਾਨੋ ਵਿਚ) ਬਹੁਤ ਪ੍ਰਸਿੱਧ ਹਨ। ਲੰਡਨ ਦੀ ਨੈਸ਼ਨਲ ਗੈਲਰੀ ਅਤੇ ਨਿਊਯਾਰਕ ਦੇ ਮੈਟਰੋਪਾਲਿਟਨ ਅਜਾਇਬਘਰ ਵਿਚ ਇਸ ਨਾਲ ਸਬੰਧਤ ਚੀਜ਼ਾਂ ਵਸਤਾਂ ਨੂੰ ਇਕੱਠਾ ਕੀਤਾ ਗਿਆ ਹੈ।

ਹ. ਪੁ.–ਐਨ. ਬ੍ਰਿ. 10 : 393; ਐਨ. ਬ੍ਰਿ. ਮਾ. 4 : 526

**ਜਾਮਰਾਓ** : ਪਾਕਿਸਤਾਨ ਦੇ ਸਿੰਧ ਸੂਬੇ ਵਿਚ ਹੈਦਰਾਬਾਦ ਅਤੇ ਥਾਰ-ਪਰਕਾਰ ਜ਼ਿਲ੍ਹਿਆਂ ਦੀ ਇਕ ਮਹੱਤਵਪੂਰਨ ਨਹਿਰ ਹੈ, ਜਿਹੜੀ ਸਾਗਰ ਤਾਅਲੁਕੇ ਤੇ ਉੱਤਰ-ਪੱਛਮੀ ਹਿੱਸੇ ਵਿਚ ਨਾਰਾ ਦਰਿਆ ਵਿਚੋਂ ਕੱਢੀ ਗਈ ਹੈ। ਇਸ ਦੀ ਲੰਬਾਈ ਕੋਈ 187 ਕਿ. ਮੀ. ਹੈ। ਸਾਰੀਆਂ ਸ਼ਾਖਾਵਾਂ ਸਮੇਤ ਇਸ ਦੀ ਲੰਬਾਈ 940 ਕਿ. ਮੀ. ਹੈ। ਇਸ ਦੀ ਪੱਛਮੀ ਸ਼ਾਖਾ 100 ਕਿ. ਮੀ. ਲੰਬੀ ਹੈ। ਜਮੇਸਾਬਾਦ ਤਾਅਲੁਕੇ ਦੇ ਦੱਖਣੀ ਹਿੱਸੇ ਵਿਚ ਇਹ ਫੇਰ ਨਾਰਾ ਦਰਿਆ ਨਾਲ ਹੀ ਮਿਲ ਜਾਂਦੀ ਹੈ। ਇਸ ਨਹਿਰ ਪ੍ਰਣਾਲੀ ਦੇ ਬਣਨ ਤੋਂ ਪਹਿਲੋਂ ਨਾਰਾ ਦਰਿਆ ਦੇ ਆਸ ਪਾਸ ਦੇ ਖੇਤਰ ਵਿਚ ਹੜ੍ਹ ਆਮ ਆਉਂਦੇ ਸਨ। ਨਹਿਰ ਦੇ ਬਣਨ ਨਾਲ ਆਲੇ-ਦੁਆਲੇ ਦਾ ਖੇਤਰ ਉਪਜਾਊ ਬਣ ਗਿਆ। ਇਹ ਨਹਿਰ 24 ਨਵੰਬਰ, 1899 ਨੂੰ ਮੁਕੰਮਲ ਹੋਈ ਸੀ ਅਤੇ ਉਸ ਸਮੇਂ ਇਸ ਨੂੰ ਬਣਾਉਣ ਲਈ 84.6 ਲੱਖ ਰੁਪਏ ਖਰਚ ਆਏ ਸਨ। ਸੰਨ 1903-04 ਵਿਚ ਇਸ ਨਾਲ 1154 ਕਿ. ਮੀ. (451 ਮੀਲ) ਦਾ ਖੇਤਰ ਸਿੰਜਿਆ ਗਿਆ ਸੀ।

ਹ. ਪੁ.–ਇੰਪ. ਗ. ਇੰਡ. 14 : 52

**ਜਾਮਾ ਦਾ ਯੁੱਧ** : ਇਹ ਯੁੱਧ 203 ਈ. ਪੂ. ਵਿਚ ਹੋਇਆ ਸੀ ਜਿਸ ਵਿਚ ਕਾਰਥੇਜ ਦਾ ਜਨਰਲ ਹਨੀਬਾਲ ਆਪਣੇ ਜੀਵਨ ਵਿਚ ਪਹਿਲੀ ਵਾਰ ਹਾਰਿਆ ਸੀ। ਅਫਰੀਕਾ ਦੇ ਹਮਲਾਵਾਰਾਂ ਅਤੇ ਰੋਮਨਾਂ ਦੇ ਹਿਤੈਸ਼ੀ ਸਿਕਪੀਓ ਨੇ ਦੱਖਣੀ ਇਟਲੀ ਦੇ ਹਾਰੇ ਹੋਏ ਯੋਧੇ ਹਨੀਬਾਲ ਉੱਤੇ ਹਮਲਾ ਕਰਨ ਦੀ ਯੋਜਨਾ ਬਣਾਈ। ਹਨੀਬਾਲ ਨੇ ਆਪਣੀ ਯੁੱਧ-ਸ਼ਕਤੀ ਲੇਪਤ ਨਾਮਕ ਸਥਾਨ ਤੇ ਇਕੱਠੀ ਕੀਤੀ।

ਦੋਹਾਂ ਸੈਨਾਵਾਂ ਦੇ ਮੁਖੀਆਂ ਵਿਚ ਸ਼ੁਰੂ ਵਿਚ ਇਕ ਸੰਧੀ ਵਾਰਤਾ ਹੋਈ ਪਰ ਝਗੜੇ ਨੂੰ ਯੁੱਧ ਰਾਹੀਂ ਹੀ ਹੱਲ ਕਰਨ ਦਾ ਫੈਸਲਾ ਹੋਇਆ। ਦੋਹਾਂ ਧਿਰਾਂ ਨੇ ਆਪਣੀ ਆਪਣੀ ਫ਼ੌਜ ਨੂੰ ਵਿਉਂਤਬੱਧ ਕੀਤਾ। ਸਿਕਪੀਓ ਨੇ ਆਪਣੀ ਸੈਨਾ ਦੇ ਮੱਧ ਭਾਗ ਵਿਚ ਬੜੀ ਗਿਣਤੀ ਵਿਚ ਸੈਨਾ ਦੀਆਂ ਤਿੰਨ ਕਤਾਰਾਂ ਨੂੰ ਅਤੇ ਦੋਹਾਂ ਸਿਰਿਆਂ ਉੱਤੇ ਸ਼ਕਤੀਸ਼ਾਲੀ ਘੋੜ ਸਵਾਰ ਦਲਾਂ ਨੂੰ ਖੜ੍ਹਾ ਕੀਤਾ। ਵਿਰੋਧੀ ਦਲ ਵਿਚ 80 ਹਾਥੀ ਸਨ ਜਿਨ੍ਹਾਂ ਨੂੰ ਦੁਸ਼ਮਣ ਨੂੰ ਭੈਭੀਤ ਕਰਨ ਦੇ ਉਦੇਸ਼ ਨਾਲ ਪਹਿਲੀ ਕਤਾਰ ਵਿਚ ਖੜ੍ਹਾ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਪਿੱਛੇ ਪੈਦਲ ਸੈਨਿਕਾਂ ਦੀਆਂ ਕਤਾਰਾਂ ਖੜ੍ਹੀਆਂ ਕੀਤੀਆਂ ਗਈਆਂ ਸਨ। ਸੈਨਾ ਦਾ ਦੂਸਰਾ ਸ਼ਕਤੀਸ਼ਾਲੀ ਮੋਰਚਾ ਥੋੜ੍ਹਾ ਪਿੱਛੇ ਹੱਟ ਕੇ ਅਤੇ ਤੀਸਰਾ ਮੋਰਚਾ, ਹੋਰ ਮੋਰਚਿਆਂ ਤੋਂ 200 ਗਜ਼ ਪਿੱਛੇ ਸੀ।

ਲੜਾਈ ਦਾ ਆਰੰਭ ਹਾਥੀਆਂ ਦੀ ਸੈਨਾ ਰਾਹੀਂ ਕੀਤੇ ਗਏ ਹਮਲੇ ਨਾਲ ਹੋਇਆ ਪਰੰਤੂ ਰੋਮਨ ਸੈਨਾ ਨੇ ਭਿਆਨਕ ਨਗਾਰੇ ਰਾਹੀਂ ਹਾਥੀ ਦਲ ਨੂੰ ਬਹੁਤ ਜ਼ਿਆਦਾ ਡਰਾ ਦਿੱਤਾ। ਨਤੀਜੇ ਵਜੋਂ ਹਾਥੀ ਦਲ ਘਬਰਾ ਕੇ ਪਿੱਛੇ ਵੱਲ ਮੁੜ ਪਿਆ ਅਤੇ ਆਪਣੀ ਹੀ ਸੈਨਾ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ। ਰੋਮਨ ਸੈਨਿਕ ਇਸ ਮੌਕੇ ਦਾ ਲਾਭ ਉਠਾ ਕੇ ਕੁਚਲੀ ਜਾਂਦੀ ਸੈਨਾ ਉੱਤੇ ਟੁਟ ਪਏ। ਸਾਰੀ ਧਰਤੀ ਖ਼ੂਨ ਨਾਲ ਲੱਥ-ਪੱਥ ਹੋ ਕੇ ਚੀਕਣੀ ਹੋ ਗਈ, ਜਿਸ ਕਾਰਨ ਰੋਮਨਾਂ ਦੇ ਜਿੱਤ ਦੇ ਰਸਤੇ ਵਿਚੋਂ ਅਚਾਨਕ ਰੁਕਾਵਟ ਖੜੀ ਹੋ ਗਈ। ਇਸ ਸਥਿਤੀ ਦਾ ਲਾਭ ਉਠਾ ਕੇ ਹਨੀਬਾਲ ਨੇ ਰੋਮਨਾਂ ਨੂੰ ਪਿੱਛੇ ਭਜਾ ਕੇ ਕੁਝ ਸਫਲਤਾ ਪ੍ਰਾਪਤ ਕੀਤੀ ਪਰੰਤੂ ਜਲਦੀ ਹੀ ਰੋਮਨਾਂ ਨੇ ਆਪਣੇ ਆਪ ਨੂੰ ਸੰਭਾਲ ਲਿਆ। ਸਿਪੀਓ ਨੇ ਯੁੱਧ ਖੇਤਰ ਵਿਚ ਹੀ ਆਪਣੀ ਸੈਨਾ ਨੂੰ ਕੇਂਦਰਿਤ ਅਤੇ ਨਿਯਮਿਤ ਕਰਕੇ ਦੁਸ਼ਮਣ ਤੇ ਹਮਲਾ ਕਰ ਦਿੱਤਾ। ਘਮਸਾਨ ਦੀ ਲੜਾਈ ਤੋਂ ਬਾਅਦ ਹਨੀਬਾਲ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਅਤੇ ਸਿਪੀਓ ਨੇ ਕਾਰਥੇਜ ਉੱਤੇ ਕਬਜ਼ਾ ਕਰ ਲਿਆ।

ਹ. ਪੁ.–ਹਿੰ. ਵਿ. ਕੋ. 4 : 479

**ਜਾਮਾ ਮਸਜਿਦ** : ਇਹ ਮੁਸਲਮਾਨਾਂ ਦਾ ਮੁੱਖ ਪੂਜਾ ਸਥਾਨ ਹੈ। ਇਸ ਦਾ ਇਤਿਹਾਸ ਮੁਹੰਮਦ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ। ਇਸ ਦੀ ਨੀਂਹ ਸਭ ਤੋਂ ਪਹਿਲਾਂ ਇਕ ਕਮਰੇ ਦੇ ਰੂਪ ਵਿਚ ਰੱਖੀ ਗਈ ਸੀ। ਏਸ਼ੀਆ ਅਤੇ ਯੂਰਪ ਵਿਚ ਇਸਲਾਮ ਦੇ ਪ੍ਰਸਾਰ ਦੇ ਨਾਲ ਨਾਲ ਮਸਜਿਦ ਦੇ ਰੂਪ ਬਦਲਦੇ ਗਏ। ਖ਼ੂਬਸੂਰਤੀ ਅਤੇ ਹੁਨਰ ਦੇ ਉੱਤਮ ਨਮੂਨੇ ਅਜਿਹੀਆਂ ਮਸਜਿਦਾਂ ਵਿਚ ਹੀ ਮਿਲਦੇ ਹਨ। ਹਿੰਦੂ ਮੰਦਰਾਂ ਅਤੇ ਈਸਾਈ ਚਰਚਾਂ ਤੋਂ ਭਿੰਨ ਜਾਮਾ ਮਸਜਿਦਾਂ ਦਾ ਕੋਈ ਨਿਸ਼ਚਿਤ ਰੂਪ ਨਹੀਂ ਹੁੰਦਾ। ਦੇਸ਼ ਅਤੇ ਸਮੇ ਦੇ ਸਭਿਆਚਾਰ ਅਨੁਸਾਰ ਇਨ੍ਹਾਂ ਮਸਜਿਦਾਂ ਦਾ ਨਿਰਮਾਣ ਹੋਇਆ। ਜਾਮਾ ਮਸਜਿਦ ਮੁੱਖ ਸਥਾਨ ਹੁੰਦਾ ਹੈ, ਜਿਸ ਨੂੰ ਧਰਮ-ਪ੍ਰਚਾਰ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਪ੍ਰਾਪਤ ਹੁੰਦਾ ਹੈ। ਬਾਕੀ ਮਸਜਿਦਾਂ ਇਸ ਦੇ ਕੰਟਰੋਲ ਵਿਚ ਹੁੰਦੀਆਂ ਹਨ। ਮੁੱਖ ਧਾਰਮਕ ਨੇਤਾ ਜਾਮਾ ਮਸਜਿਦ ਦਾ ਮੁੱਖ ਅਧਿਕਾਰੀ ਹੁੰਦਾ ਹੈ। ਅਰਬ, ਮਿਸਰ, ਟਿਊਨਿਸ਼ੀਆ, ਅਲਜੀਰੀਆ ਅਤੇ ਮਰਾਕੋ ਵਿਚ ਪ੍ਰਸਿੱਧ ਇਤਿਹਾਸਕ ਮਸਜਿਦਾਂ ਹਨ। ਭਾਰਤ ਵਿਚ ਅਹਿਮਦਾਬਾਦ, ਫਤਹਿਪੁਰ ਸੀਕਰੀ, ਬੀਜਾਪੁਰ ਅਤੇ ਜੌਨਪੁਰ ਵਿਚ ਬਣੀਆਂ ਜਾਮਾ ਮਸਜਿਦਾਂ ਸੁਹਜ ਅਤੇ ਕਲਾ ਦੀ ਦ੍ਰਿਸ਼ਟੀ ਤੋਂ ਪ੍ਰਸ਼ੰਸਾਯੋਗ ਹਨ।

ਹ. ਪੁ.–ਹਿੰ. ਵਿ. ਕੋ. 4 : 479

**ਜਾਮੀ** : ਇਸ ਦਾ ਪੂਰਾ ਨਾਂ ਨੂਰ ਉਦੀਨ ਅਬਦੁੱਰਹਿਮਾਨ ਇਬਨ ਅਹਿਮਦ ਸੀ। ਇਹ ਈਰਾਨ ਦਾ ਆਖ਼ਰੀ ਪ੍ਰਸਿੱਧ ਸੂਫ਼ੀ ਕਵੀ ਸੀ। ਇਸ ਦਾ ਜਨਮ 7 ਨਵੰਬਰ, 1414 ਨੂੰ ਖ਼ੁਰਾਸਾਨ ਵਿਚ ਜਾਮ ਵਿਖੇ ਹੋਇਆ। ਇਸ ਨੇ ਬਹੁਤਾ ਸਮਾਂ ਸਮਰਕੰਦ ਅਤੇ ਹੈਰਾਤ ਵਿਚ ਗੁਜ਼ਾਰਿਆ। ਸ਼ਾਇਦ ਉਸ ਵਿਚ ਕੋਈ ਅਲੌਕਿਕ ਸ਼ਕਤੀ ਸੀ, ਜਿਸ ਕਾਰਨ ਉਸ ਦਾ ਜੱਸ ਨਾ ਕੇਵਲ ਖ਼ੁਰਾਸਾਨ ਅਤੇ ਬਾਕੀ ਸਾਰੇ ਈਰਾਨ ਵਿਚ ਹੀ ਸਗੋਂ ਭਾਰਤ ਅਤੇ ਉਸਮਾਨੀ ਸਾਮਰਾਜ ਵਿਚ ਵੀ ਫੈਲਿਆ। ਇਸ ਦੀਆਂ ਰਚਨਾਵਾਂ ਵਿਚ ਇਸ ਦੀ ਅਸਾਧਾਰਣ ਬੁੱਧੀ, ਵਿਸ਼ਾਲ ਅਤੇ

ਗੰਭੀਰ ਗਿਆਨ ਅਤੇ ਭਾਸ਼ਾ ਤੇ ਸ਼ੈਲੀ ਉੱਤੇ ਮੁਕੰਮਲ ਕਾਬੂ ਹੋਣ ਦਾ ਪਤਾ ਚਲਦਾ ਹੈ। ਉਂਜ ਤਾਂ ਇਸ ਨੇ ਕਵਿਤਾ ਨਾਲੋਂ ਜ਼ਿਆਦਾ ਵਾਰਤਕ ਵਿਚ ਲਿਖਿਆ ਹੈ, ਫਿਰ ਵੀ ਕਵੀ ਦੇ ਤੌਰ ਤੇ ਇਸ ਨੂੰ ਮਹਾਨ ਮੰਨਿਆ ਜਾਂਦਾ ਹੈ।

ਇਸ ਦੀਆਂ ਕਾਵਿ ਰਚਨਾਵਾਂ ਵਿਚ ਪ੍ਰਮੁੱਖ 'ਹੈਫਤ ਔਰੰਗ' ਹੈ, ਜੋ ਰੋਮਾਂਟਿਕ, ਦਾਰਸ਼ਨਿਕ ਅਤੇ ਨੈਤਿਕ ਵਿਸ਼ਿਆਂ ਨਾਲ ਸਬੰਧਤ ਸੱਤ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ 'ਸਲਮਾਨ ਵਾ ਅਬਸਲ', 'ਯੂਸਫ਼ ਵਾ ਜ਼ੁਲੈਖਾ' ਅਤੇ 'ਲੈਲਾ ਵਾ ਮਜਨੂੰ' ਸ਼ਾਮਲ ਹਨ। ਇਸ ਦੀ ਵਾਰਤਕ ਅਤੇ ਕਾਵਿ ਰਚਨਾ 'ਬਹਾਰ-ਇ-ਸਤਾ' ਬਿਲਕੁਲ ਸ਼ੇਖ਼ ਸਾਅਦੀ ਦੀ 'ਗੁਲਿਸਤਾਂ' ਦੇ ਨਮੂਨੇ ਤੇ ਲਿਖੀ ਹੋਈ ਹੈ ਅਤੇ ਗੀਤ-ਕਾਵਿ ਹਾਫ਼ਿਜ਼ ਦੀਆਂ 'ਗ਼ਜ਼ਲਾਂ' ਦੇ ਨਮੂਨੇ ਤੇ ਹਨ ਪਰ ਇਨ੍ਹਾਂ ਵਿਚ ਆਪਣੀ ਤਾਜ਼ਗੀ ਅਤੇ ਮੌਲਿਕਤਾ ਹੈ। ਉਸ ਦੀਆਂ ਵਾਰਤਕ ਰਚਨਾਵਾਂ ਵਿਚ ਰਹੱਸਵਾਦੀ ਲਿਖਤਾਂ, ਕੁਰਾਨ ਸਬੰਧੀ ਅਧਿਐਨ, ਸੂਫ਼ੀਆਂ ਦੇ ਜੀਵਨ-ਚਰਿੱਤਰ, ਵਿਆਕਰਣ ਅਤੇ ਸੰਗੀਤ ਆਦਿ ਸ਼ਾਮਲ ਹਨ। ਇਸ ਤਰ੍ਹਾਂ ਸੂਫ਼ੀ ਦਰਸ਼ਨ ਅਤੇ ਕਾਵਿ ਉੱਤੇ ਇਸ ਦੀਆਂ ਅਣਗਿਣਤ ਰਚਨਾਵਾਂ ਹਨ। ਇਸ ਦੀਆਂ ਬਹੁਤੀਆਂ ਰਨਚਾਵਾਂ ਦੇ ਅੰਗਰੇਜ਼ੀ ਅਨੁਵਾਦ ਪ੍ਰਾਪਤ ਹਨ। 9 ਨਵੰਬਰ, 1492 ਨੂੰ ਹੈਰਾਤ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 867; ਹਿੰ. ਵਿ. ਕੋ. 4 : 479

**ਜਾਰਜ (ਪਹਿਲਾ–ਹੈਲਨੀਜ਼ ਗ੍ਰੀਕ)** : ਹੈਲਨੀਜ਼ ਦੇ ਇਸ ਬਾਦਸ਼ਾਹ ਦਾ ਜਨਮ 24 ਦਸੰਬਰ 1845 ਵਿਚ ਡੈਨਮਾਰਕ ਦੇ ਸ਼ਾਸਕ ਕਿੰਗ ਕ੍ਰਿਸਚਿਅਨ ਨੌਵੇਂ ਦੇ ਘਰ ਹੋਇਆ। ਯੂਰਪ ਵਿਚ ਪੂਰਬੀ ਸਮੱਸਿਆ ਕਾਰਨ ਰਾਜਨੀਤਿਕ ਹਲਚਲ ਪੈਦਾ ਹੋ ਗਈ। ਨਤੀਜੇ ਵਜੋਂ ਹੈਲਨੀਜ਼ ਦੀ ਗ੍ਰੀਕ ਨੈਸ਼ਨਲ ਅਸੈਂਬਲੀ ਨੇ 1862 ਈ. ਵਿਚ ਆਪਣੇ ਬਾਦਸ਼ਾਹ ਆਟੋ ਪਹਿਲੇ ਨੂੰ ਗੱਦੀ ਤੋਂ ਉਤਾਰ ਕੇ ਮਾਰਚ, 1863 ਵਿਚ ਜਾਰਜ ਪਹਿਲੇ ਨੂੰ ਹੈਲਨੀਜ਼ ਦਾ ਰਾਜਾ ਨਿਯੁਕਤ ਕਰ ਦਿੱਤਾ। ਹੈਲਨੀਜ਼ ਦਾ ਸ਼ਾਸਨ ਸੰਭਾਲਣ ਤੋਂ ਬਾਅਦ ਜਾਰਜ ਨੂੰ ਡੈਨਮਾਰਕ ਦੀ ਗੱਦੀ ਦੇ ਉੱਤਰਾਧਿਕਾਰ ਤੋਂ ਤਿਆਗ ਪੱਤਰ ਦੇਣਾ ਪਿਆ।

ਆਪਣੇ ਆਪ ਨੂੰ ਪੂਰਨ ਸ਼ਕਤੀਸ਼ਾਲੀ ਬਣਾਉਣ ਦੇ ਉਦੇਸ਼ ਨਾਲ ਜਾਰਜ ਪਹਿਲੇ ਨੇ 1867 ਈ. ਵਿਚ ਰੂਸ ਦੀ ਗ੍ਰੈਂਡ ਡਚਿਸ ਓਲਗਾ ਨਾਲ ਸ਼ਾਦੀ ਕਰਵਾ ਲਈ।

ਹੈਲਨੀਜ਼ ਨੂੰ ਅਮਲੀ ਤੌਰ ਤੇ ਖ਼ੁਸ਼ਹਾਲ ਬਣਾਉਣ ਦੇ ਉਦੇਸ਼ ਨਾਲ ਜਾਰਜ ਨੇ ਉਨ੍ਹਾਂ ਵਿਗਿਆਨਕ ਸਾਧਨਾਂ ਅਤੇ ਖੋਜਾਂ ਦਾ ਆਸਰਾ ਲਿਆ ਜੋ ਹੈਲਨੀਜ਼ ਵਿਚ ਉਦਯੋਗਿਕ ਅਤੇ ਖੇਤੀਬਾੜੀ ਨੂੰ ਵਿਕਸਿਤ ਕਰ ਸਕਦੇ ਸਨ। ਇਸ ਤੋਂ ਇਲਾਵਾ ਅਜਿਹੀਆਂ ਬਹੁਤ ਸਾਰੀਆਂ ਸੁਧਾਰ ਯੋਜਨਾਵਾਂ ਲਾਗੂ ਕੀਤੀਆਂ ਜੋ ਯੂਨਾਨ ਦੇ ਸੰਸਕ੍ਰਿਤਕ ਅਤੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕਰ ਰਹੀਆਂ ਸਨ। 19ਵੀਂ ਸਦੀ ਦੇ ਅੰਤ ਤੱਕ ਪੂਰਬੀ ਸਮੱਸਿਆ ਹੋਰ ਵੀ ਜਟਿਲ ਹੋ ਗਈ ਸੀ ਅਤੇ ਤੁਰਕੀ ਵਿਚ ਇਕ ਨਵਾਂ ਅਤਿਵਾਦੀ ਰਾਜਨੀਤਿਕ ਦਲ 'ਯੰਗ ਟਰਕ' ਦੇ ਨਾਮ ਨਾਲ ਖੜ੍ਹਾ ਹੋ ਰਿਹਾ ਸੀ ਜਿਸ ਨਾਲ ਯੂਨਾਨੀ ਰਾਸ਼ਟਰੀਅਤਾ ਲਈ ਖ਼ਤਰੇ ਦੇ ਚਿੰਨ੍ਹ ਨਜ਼ਰ ਆਉਣ ਲਗ ਪਏ ਸਨ। ਨਤੀਜੇ ਵਜੋਂ ਜਾਰਜ ਪਹਿਲੇ ਨੇ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਕਿ ਛੋਟੇ ਰਾਸ਼ਟਰਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ ਉਭਰਦੀ ਹੋਈ ਤੁਰਕੀ ਤਾਕਤ ਦਾ ਸਮੂਹਿਕ ਰੂਪ ਵਿਚ ਸਾਹਮਣਾ ਕੀਤਾ ਜਾਵੇ। ਅੰਤ 1912 ਵਿਚ ਜਾਰਜ ਪਹਿਲੇ ਨੇ ਬਲਕਾਨ ਲੀਗ ਦੀ ਸਥਾਪਨਾ ਕੀਤੀ। ਉਸ ਨੇ ਇਸ ਸੰਗਠਨ ਨੂੰ ਪੱਕਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਬਦਕਿਸਮਤੀ ਨਾਲ ਸਾਲੋਨੀਕਾ ਵਿਚ ਸਾਜਸ਼ ਰਾਹੀਂ ਇਸ ਨੂੰ ਕਤਲ ਕਰ ਦਿੱਤਾ। ਇਸ ਦੀ ਮੌਤ ਉਪਰੰਤ ਇਸ ਦਾ ਲੜਕਾ ਕਾਂਸਟੈਂਟਾਈਨ ਪਹਿਲਾ ਗੱਦੀ ਉੱਤੇ ਬੈਠਾ।

ਜਾਰਜ ਪਹਿਲਾ ਇਕ ਪ੍ਰਤਿਭਾਸ਼ਾਲੀ, ਦੂਰਅੰਦੇਸ਼ ਅਤੇ ਨਿਪੁੰਨ ਸ਼ਾਸਕ ਸੀ। ਪਰਜਾ ਦਾ ਖ਼ਾਸ ਖ਼ਿਆਲ ਰੱਖਦਾ ਸੀ। ਇਹੀ ਕਾਰਨ ਹੈ ਕਿ ਭਾਵੇਂ ਇਹ ਯੂਨਾਨੀ ਜਨਤਾ ਲਈ ਬਦੇਸ਼ੀ ਸੀ ਪਰ ਫਿਰ ਵੀ ਆਪਣੇ ਉਦਾਰ ਸ਼ਾਸਨ ਅਤੇ ਚੰਗੇ ਵਿਵਹਾਰ ਕਾਰਨ ਇਹ ਉਨ੍ਹਾਂ ਦਾ ਚਹੇਤਾ ਬਣ ਗਿਆ ਸੀ। ਯੂਨਾਨੀ ਰਾਸ਼ਟਰੀਅਤਾ ਨੂੰ ਇਸ ਨੇ ਇਕ ਨਵਾਂ ਰਾਹ ਵਿਖਾਇਆ।

ਜੇਕਰ ਜਾਰਜ ਨੂੰ ਕਤਲ ਨਾ ਕੀਤਾ ਜਾਂਦਾ ਤਾਂ ਇਹ ਸੰਭਵ ਸੀ ਕਿ ਪਹਿਲੇ ਵਿਸ਼ਵ-ਯੁੱਧ ਵਿਚ ਯੂਨਾਨੀ ਜਨਤਾ ਨੂੰ ਉਹ ਅਸ਼ਾਂਤੀ ਨਾ ਝੱਲਣੀ ਪੈਂਦੀ ਜਿਸ ਨੇ ਸਾਰੇ ਵਰਗਾਂ ਨੂੰ ਬੇਚੈਨ ਕਰ ਦਿੱਤਾ ਸੀ।

ਹ. ਪੁ.–ਹਿੰ. ਵਿ. ਕੋ. 4 : 481 ; ਐਨ. ਅਮੈ. 12 : 477

**ਜਾਰਜ (ਪਹਿਲਾ–ਬਰਤਾਨੀਆ)** : ਇਹ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦਾ ਰਾਜਾ ਸੀ। ਇਹ ਹਾਨੋਵਰ ਦੇ ਇਲੈਕਟਰ ਅਰਨੈਸਟ ਆਗਸਟਸ ਦਾ ਲੜਕਾ ਸੀ ਜਿਸ ਦਾ ਜਨਮ 28 ਮਈ, 1660 ਨੂੰ ਜਰਮਨੀ ਵਿਚ ਹਾਨੋਵਰ ਵਿਖੇ ਇੰਗਲੈਂਡ ਦੇ ਜੇਮਜ਼ ਪਹਿਲੇ ਦੀ ਪੋਤਰੀ ਸੋਫ਼ੀਆ ਦੀ ਕੁੱਖੋਂ ਹੋਇਆ।

ਸੰਨ 1682 ਵਿਚ ਇਸ ਦਾ ਵਿਆਹ ਸੋਫ਼ੀਆ ਡਾਰੋਦੀ ਡਾਰਥੀ ਨਾਲ ਹੋਇਆ ਪਰੰਤੂ 12 ਸਾਲ ਬਾਅਦ ਉਸ ਨੂੰ ਤਲਾਕ ਦੇ ਦਿੱਤਾ ਅਤੇ ਉਸ ਦੀ ਮੌਤ (1726) ਤੱਕ ਉਸ ਨੂੰ ਕੈਦ ਵਿਚ ਬੰਦ ਰੱਖਿਆ। ਸੰਨ 1698 ਵਿਚ ਇਹ ਹਾਨੋਵਰ ਦਾ ਇਲੈਕਟਰ ਬਣਿਆ। ਇਸ ਸਮੇਂ ਯੂਰਪ ਵਿਚ ਸਪੇਨ ਦੇ ਉੱਤਰਾਧਿਕਾਰੀ ਸਬੰਧੀ ਯੁੱਧ ਚਲ ਰਿਹਾ ਸੀ। ਇਸ ਨੇ ਇਸ ਯੁੱਧ ਵਿਚ ਸ਼ਾਹੀ ਫ਼ੌਜ ਦੇ ਕਮਾਂਡਰ ਵਜੋਂ ਕਾਫ਼ੀ ਯੋਗਤਾ ਵਿਖਾਈ। ਜਰਮਨੀ ਦੀ ਸੀਮਾ ਉੱਤੇ ਸ਼ਕਤੀਸ਼ਾਲੀ ਹਮਲਾਵਰ ਫਰਾਂਸ ਨੂੰ ਬਰਦਾਸ਼ਤ ਕਰਨਾ ਜਾਰਜ ਪਹਿਲੇ ਲਈ ਜਿਊਣ ਅਤੇ ਮਰਨ ਦਾ ਸਵਾਲ ਸੀ।

12 ਅਗਸਤ, 1714 ਵਿਚ ਆਪਣੀ ਮਾਤਾ ਅਤੇ ਇੰਗਲੈਂਡ ਦੀ ਰਾਣੀ ਏਨ ਦੀ ਮੌਤ ਉਪਰੰਤ ਐਕਟ ਆਫ਼ ਸੈਟਲਮੈਂਟ ਦੁਆਰਾ ਇਹ ਇੰਗਲੈਂਡ ਦੀ ਗੱਦੀ ਤੇ ਬੈਠਾ। ਇਸ ਨੇ ਵਿਗ ਪਾਰਟੀ ਨਾਲ ਚੰਗੇ ਸਬੰਧ ਸਥਾਪਿਤ ਕੀਤੇ ਜਿਸ ਨੇ ਇਸ ਦੀ ਬਹੁਤ ਮਦਦ ਕੀਤੀ।

ਜਾਰਜ ਪਹਿਲਾ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਹਾਨੋਵਰ ਅਤੇ ਹਾਨੋਵਰ ਦਾ ਉੱਤਰਾਧਿਕਾਰ ਦੋਹਾਂ ਦੀ ਸਥਿਰਤਾ ਵਿਗ ਸਮਰਥਨ ਉੱਤੇ ਹੀ ਨਿਰਭਰ ਕਰਦੀ ਹੈ। ਇਸ ਲਈ ਉਸ ਨੇ ਆਪਣੇ ਆਪ ਨੂੰ ਵਿਗ ਦਲ ਦੇ ਹਵਾਲੇ ਕਰ ਦਿੱਤਾ। ਹਾਨੋਵਰ ਦਾ ਮਾਣ ਯੂਰਪ ਵਿਚ ਵਧਾਉਣ ਦੇ ਉਦੇਸ਼ ਨਾਲ ਜਾਰਜ ਨੇ ਮੰਤਰੀ ਮੰਡਲ ਨੂੰ 'ਉੱਤਰੀ ਪ੍ਰਸ਼ਨ' ਵਿਚ ਦਖ਼ਲ ਦੇਣ ਲਈ ਮਜਬੂਰ ਕੀਤਾ। ਇੰਗਲੈਂਡ ਸਵੀਡਨ ਵਿਰੋਧੀ ਗੁੱਟ ਦਾ ਮੈਂਬਰ ਬਣ ਗਿਆ। ਅਜਿਹਾ ਕਰਕੇ ਉਹ ਹਾਨੋਵਰ ਤੋਂ ਖੋਹੇ ਹੋਏ ਬਰਮਨ ਅਤੇ ਵਰਡਨ ਦੇ ਪ੍ਰਦੇਸ਼ਾਂ ਨੂੰ ਹਾਸਲ ਕਰਨਾ ਚਾਹੁੰਦਾ ਸੀ।

ਅੰਤ 12 ਜੂਨ, 1727 ਵਿਚ ਆਸਨੌਬਰਕ ਵਿਖੇ ਜਾਰਜ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4 : 481; ਕੋਲ. ਐਨ. 8 : 382

**ਜਾਰਜ (ਦੂਜਾ–ਹੈਲਨੀਜ਼–ਗ੍ਰੀਕ)** : ਹੈਲਨੀਜ਼ ਦੇ ਇਸ ਬਾਦਸ਼ਾਹ ਦਾ ਜਨਮ 20 ਜੁਲਾਈ, 1890 ਵਿਚ ਤਾਤਾਇਓਂ (ਯੂਨਾਨ) ਵਿਖੇ ਕਾਂਸਟੈਂਟਾਈਨ ਪਹਿਲੇ ਦੇ ਘਰ ਹੋਇਆ। ਇਹ ਕਾਂਸਟੈਂਟਾਈਨ ਦਾ ਸਭ ਤੋਂ ਵੱਡਾ ਪੁੱਤਰ ਸੀ।

ਇਸ ਦੀ ਹਮਦਰਦੀ ਜਰਮਨੀ ਨਾਲ ਸੀ ਜਿਸ ਦੇ ਨਤੀਜੇ ਵਜੋਂ ਇਹ ਪਿਤਾ ਸਮੇਤ ਸਾਰੇ ਮੰਤਰੀ ਮੰਡਲ ਦੇ ਸਮਰਥਨ ਤੋਂ ਵਾਂਝਾ ਸੀ ਪਰ ਪਹਿਲੇ ਵਿਸ਼ਵ-ਯੁੱਧ ਤੋਂ ਮਗਰੋਂ ਰਾਜਨੀਤੀ ਵਿਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਕਾਰਨ ਕਾਂਸਟੈਂਟਾਈਨ ਨੂੰ ਗੱਦੀ ਤੋਂ ਉਤਾਰ

ਦਿੱਤਾ ਗਿਆ ਅਤੇ ਸਤੰਬਰ, 1922 ਵਿਚ ਜਾਰਜ ਦੂਜਾ ਗੱਦੀ ਤੇ ਬੈਠ ਗਿਆ ਪਰ ਜਨਤਾ ਫਿਰ ਵੀ ਖ਼ੁਸ਼ ਨਹੀਂ ਸੀ। ਕੁਝ ਸਮੇਂ ਬਾਅਦ ਜਾਰਜ ਦੂਜੇ ਉੱਤੇ ਇਹ ਸ਼ੱਕ ਕੀਤਾ ਗਿਆ ਕਿ ਇਸ ਨੇ ਦੇਸ਼ ਦੇ ਵਿਧਾਨ ਨੂੰ ਖ਼ਤਮ ਕਰ ਦੇਣ ਦੀ ਕੋਸ਼ਿਸ਼ ਕੀਤੀ ਸੀ। ਕੁਝ ਅਜਿਹੇ ਸਬੂਤ ਵੀ ਮਿਲੇ ਜਿਨ੍ਹਾਂ ਨੇ ਦ੍ਰਿੜਤਾ ਨਾਲ ਇਹ ਸਿਧ ਕਰ ਦਿੱਤਾ ਕਿ ਇਸ ਨੇ ਹੈਲਨੀਜ਼ ਵਿਚ ਨਿਰੰਕੁਸ਼ ਸ਼ਾਸਨ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਨਤੀਜੇ ਵਜੋਂ 1924 ਵਿਚ ਦੁਖੀ ਜਨਤਾ ਅਤੇ ਸੰਸਦ ਨੇ ਇਸ ਦਾ ਬਾਈਕਾਟ ਕਰ ਦਿੱਤਾ। ਜਾਰਜ ਇੰਗਲੈਂਡ ਚਲਾ ਗਿਆ ਅਤੇ ਗਣਤੰਤਰ ਵਿਧਾਨ ਦਾ ਐਲਾਨ ਹੋ ਜਾਣ ਤੇ ਜਾਰਜ ਦੂਜੇ ਨੇ ਆਪਣਾ ਅਧਿਕਾਰ ਪ੍ਰਾਪਤ ਕਰਨ ਲਈ ਜਨਤਾ ਦੇ ਹਿੱਤਾਂ ਦਾ ਖੁੱਲ੍ਹਾ ਪ੍ਰਚਾਰ ਕੀਤਾ ਅਤੇ ਹੌਲੀ ਹੌਲੀ ਇਹ ਯੂਨਾਨੀਆਂ ਵਿਚ ਪ੍ਰੇਮ ਦਾ ਪਾਤਰ ਬਣਨ ਲਗਾ। ਸੰਨ 1935 ਵਿਚ ਸਾਧਾਰਣ ਜਨਮਤ ਨਾਲ ਇਸ ਨੂੰ ਆਪਣੀ ਰਾਜਗੱਦੀ ਪ੍ਰਾਪਤ ਹੋ ਗਈ ਅਤੇ ਦੂਜੀ ਵਾਰ ਯੂਨਾਨ ਦਾ ਰਾਜਾ ਬਣ ਗਿਆ। ਸੰਨ 1936 ਤੋਂ 1941 ਤੱਕ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨਾਂ ਨੇ ਯੂਨਾਨ ਨੂੰ ਉਜਾੜ ਇਸ ਨੂੰ ਦੂਜੀ ਵਾਰ ਦੇਸ਼ ਛੱਡਣ ਲਈ ਮਜਬੂਰ ਕੀਤਾ ਤਾਂ ਇਹ ਨਾ ਮਾਤਰ ਦਾ ਬਾਦਸ਼ਾਹ ਹੀ ਰਹਿ ਗਿਆ ਸੀ ਕਿਉਂਕਿ ਰਾਇਲਿਸਟ ਦਲ ਦੇ ਨੇਤਾ ਮੈਟਕਸਾਜ ਨੇ ਵਿਧਾਨ ਨੂੰ ਖ਼ਤਮ ਕਰਕੇ ਤਾਨਾਸ਼ਾਹੀ ਸ਼ਾਸਨ ਚਲਾਉਣਾ ਸ਼ੁਰੂ ਕਰ ਦਿੱਤਾ।

ਸਤੰਬਰ, 1846 ਵਿਚ ਯੁੱਧ ਖ਼ਤਮ ਹੋਣ ਤੇ ਰਾਇਲਿਸਟ ਦਲ, ਮਿੱਤਰ ਰਾਸ਼ਟਰਾਂ ਦੀ ਮਦਦ ਨਾਲ ਫਿਰ ਤੋਂ ਸੱਤਾ ਵਿਚ ਆ ਗਿਆ ਅਤੇ ਇਕ ਸਾਧਾਰਣ ਜਨ ਮਤ ਨਾਲ ਜਾਰਜ ਤੀਜੀ ਵਾਰ ਯੂਨਾਨ ਦਾ ਰਾਜਾ ਬਣਿਆ।

ਉਪਰੋਕਤ ਵਰਣਨ ਤੋਂ ਸਪਸ਼ਟ ਹੈ ਕਿ ਜਾਰਜ ਦੂਜਾ ਇਕ ਅਸਾਧਾਰਣ ਹਾਲਾਤ ਵਿਚ ਯੂਨਾਨ ਦਾ ਰਾਜਾ ਬਣਿਆ ਅਤੇ ਜ਼ਿੰਦਗੀ ਭਰ ਅਸਾਧਾਰਣ ਹਾਲਤਾਂ ਨਾਲ ਸੰਘਰਸ਼ ਕਰਦਾ ਰਿਹਾ। ਇਹ ਬੜਾ ਹੌਸਲੇ ਵਾਲਾ ਵਿਅਕਤੀ ਸੀ, ਜਿਸ ਨੇ ਘੋਰ ਸੰਕਟਾਂ ਵਿਚੋਂ ਧੀਰਜ ਅਤੇ ਬੁੱਧੀਮਾਨੀ ਤੋਂ ਕੰਮ ਲੈਂਦੇ ਹੋਏ ਬਾਰ ਬਾਰ ਆਪਣੀ ਖੋਈ ਹੋਈ ਸ਼ਕਤੀ ਪ੍ਰਾਪਤ ਕੀਤੀ।

ਅੰਤ 1947 ਵਿਚ ਜਾਰਜ ਦੂਜੇ ਦੀ ਮੌਤ ਹੋ ਗਈ ਅਤੇ ਇਸ ਦਾ ਭਰਾ ਪਾਲ ਇਸ ਦਾ ਉੱਤਰਾਧਿਕਾਰੀ ਬਣਿਆ।

ਹ. ਪੁ.–ਹਿੰ. ਵਿ. ਕੋ. 4 : 482; ਐਨ. ਅਮੈ. 12 : 47

**ਜਾਰਜ (ਦੂਜਾ–ਬਰਤਾਨੀਆ)** : ਇਸ ਨੂੰ ਜਾਰਜ ਆਗਸਟਸ ਵੀ ਕਿਹਾ ਜਾਂਦਾ ਹੈ। ਇਹ ਜਾਰਜ ਪਹਿਲੇ ਦਾ ਇਕਲੌਤਾ ਪੁੱਤਰ ਸੀ। ਇਸ ਦਾ ਜਨਮ 10 ਨਵੰਬਰ, 1683 ਵਿਚ ਹੋਇਆ। ਇਹ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦਾ ਰਾਜਾ ਅਤੇ ਹਾਨੋਵਰ ਦਾ ਇਲੈਕਟਰ ਵੀ ਸੀ। ਸੰਨ 1705 ਵਿਚ ਕੈਰੋਲਾਈਨ ਨਾਲ ਇਸ ਦੀ ਸ਼ਾਦੀ ਹੋਈ।

ਸੰਨ 1714 ਵਿਚ ਜਾਰਜ ਦੇ ਪਿਤਾ ਦੇ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦੇ ਬਾਦਸ਼ਾਹ ਬਣਨ ਸਮੇਂ ਜਾਰਜ ਦੂਜੇ ਨੂੰ ਵੇਲਜ਼ ਦਾ ਸ਼ਹਿਜ਼ਾਦਾ ਨਿਯੁਕਤ ਕੀਤਾ ਗਿਆ। ਸੰਨ 1716 ਵਿਚ ਬਾਦਸ਼ਾਹ ਦੇ ਹਾਨੋਵਰ ਚਲੇ ਜਾਣ ਤੇ ਜਾਰਜ ਨੇ ਰੀਜੈਂਟ ਦੇ ਤੌਰ ਤੇ ਕੰਮ ਕੀਤਾ ਅਤੇ ਅੰਗਰੇਜ਼ ਲੋਕਾਂ ਵਿਚ ਹਰਮਨ ਪਿਆਰਾ ਹੋ ਗਿਆ। ਪਿਤਾ ਦੀ ਮੌਤ ਉਪਰੰਤ 1727 ਵਿਚ ਜਾਰਜ ਦੂਜਾ ਇੰਗਲੈਂਡ ਦੀ ਗੱਦੀ ਤੇ ਬੈਠਾ। ਇਸ ਦੀ ਪਤਨੀ ਕੈਰੋਲਾਈਨ ਦਾ ਇੰਗਲੈਂਡ ਦੀ ਰਾਜਨੀਤੀ ਵਿਚ ਵਿਸ਼ੇਸ਼ ਪ੍ਰਭਾਵ ਸੀ। ਆਪਣੇ ਪਿਤਾ ਦੀ ਤਰ੍ਹਾਂ ਜਾਰਜ ਨੇ ਵੀ ਇੰਗਲੈਂਡ ਦੇ ਸਾਧਨਾਂ ਦੀ ਵਰਤੋਂ ਹਾਨੋਵਰ ਦੇ ਸਵਾਰਥਾਂ ਦੀ ਰੱਖਿਆ ਲਈ ਕੀਤੀ। ਇਸ ਨੇ ਆਸਟਰੀਆ ਦੇ ਉੱਤਰਾਧਿਕਾਰੀ ਯੁੱਧ ਵਿਚ ਮੇਰੀਆ ਥੇਰੇਸਾ ਦੀ ਨੀਤੀ ਦਾ ਸਮਰਥਨ ਕੀਤਾ।

ਸੰਨ 1743 ਦੇ ਡੈਟਿੰਗੈਨਾ ਦੀ ਜਿੱਤ ਦੇ ਮੌਕੇ ਤੇ ਇਸ ਨੇ ਨਿੱਜੀ ਤੌਰ ਤੇ ਫ਼ੌਜ ਦੀ ਅਗਵਾਈ ਕੀਤੀ ਅਤੇ ਇੰਗਲੈਂਡ ਦੀ ਜਨਤਾ ਸਾਹਮਣੇ ਇਕ ਸਨਮਾਨ ਪੂਰਵਕ ਪ੍ਰਮਾਣ ਰੱਖਣ ਦੀ ਕੋਸ਼ਿਸ਼ ਕੀਤੀ। ਆਪਣੇ ਸ਼ਾਸਨ ਕਾਲ ਸਮੇਂ ਇਸਨੇ ਇੰਗਲੈਂਡ ਦੀਆਂ ਵਿਧਾਨਕ ਮਾਨਤਾਵਾਂ ਦਾ ਸਨਮਾਨ ਕੀਤਾ ਜਿਸ ਦੇ ਫ਼ਲਸਰੂਪ ਇੰਗਲੈਂਡ ਦੀ ਮੰਤਰੀ-ਮੰਡਲ ਪ੍ਰਣਾਲੀ ਮਜ਼ਬੂਤ ਹੋ ਗਈ। ਪ੍ਰਬੰਧਕੀ ਮਾਮਲਿਆਂ ਵਿਚ ਇਸ ਦਾ ਦਖ਼ਲ ਨਾ ਮਾਤਰ ਹੀ ਸੀ। 25 ਅਕਤੂਬਰ, 1760 ਦੇ ਸੱਤ ਸਾਲਾ ਯੁੱਧ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4 : 482; ਐਨ. ਅਮੈ. 12 : 475; ਕੋਲ. ਐਨ. 8 : 382

**ਜਾਰਜ (ਤੀਜਾ–ਬਰਤਾਨੀਆ)** : ਇਹ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦਾ ਰਾਜਾ ਅਤੇ ਹਾਨੋਵਰ ਦਾ ਇਲੈਕਟਰ ਸੀ, ਜਿਸ ਨੂੰ ਜਾਰਜ ਫ੍ਰੈਡਰਿਕ ਵਿਲੀਅਮ ਵੀ ਕਿਹਾ ਜਾਂਦਾ ਸੀ। ਇਹ ਯੁਵਰਾਜ ਫ੍ਰੈਡਰਿਕ ਦਾ ਪੁੱਤਰ ਅਤੇ ਜਾਰਜ ਦੂਜੇ ਦਾ ਪੋਤਰਾ ਸੀ। ਇਸ ਦਾ ਜਨਮ ਲੰਦਨ ਵਿਚ 4 ਜੂਨ, 1738 ਵਿਚ ਹੋਇਆ। ਇਸ ਦਾ ਪਾਲਣ ਪੋਸ਼ਣ ਇੰਗਲੈਂਡ ਵਿਚ ਹੀ ਹੋਇਆ। ਇਸ ਨੇ ਸਿੱਖਿਆ ਆਪਣੀ ਮਾਤਾ ਅਤੇ ਅਰਲ ਆਫ਼ ਬਯੂਟ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ।

ਜਾਰਜ ਤੀਜਾ ਨੇ ਬੋਲਿੰਗਬ੍ਰਕ ਦੀ ਪੁਸਤਕ 'ਪੈਟਰੀਆਟ ਕਿੰਗ' ਨੂੰ ਹੀ ਆਪਣੀ ਬਾਈਬਲ ਬਣਾਇਆ। ਆਪਣੇ ਪਿਤਾ ਦੀ ਮੌਤ ਤੋਂ ਬਾਅਦ 13 ਸਾਲ ਦੀ ਉਮਰ ਵਿਚ ਇਹ ਯੁਵਰਾਜ ਬਣਿਆ। ਸੰਨ 1760 ਵਿਚ ਇਹ ਗੱਦੀ ਤੇ ਬੈਠਾ। ਇਸੇ ਨੇ ਰਾਜੇ ਦਾ ਮਾਣ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਪਰੰਤੂ ਇਸ ਦੇ ਰਾਜ ਤਿਲਕ ਤੱਕ ਇੰਗਲੈਂਡ ਦੀਆਂ ਰਾਜਨੀਤਿਕ ਹਾਲਤਾਂ ਵਿਚ ਬਹੁਤ ਤਬਦੀਲੀ ਆ ਗਈ ਸੀ। ਰਾਜੇ ਦੀ ਥਾਂ ਤੇ ਮੰਤਰੀ ਮੰਡਲ ਸੱਤਾ ਵਿਚ ਸੀ। ਸੰਨ 1761 ਵਿਚ ਜਾਰਜ ਦਾ ਵਿਆਹ ਚਾਰਲੋਟ ਸੋਫ਼ੀਆ ਨਾਲ ਹੋ ਗਿਆ। ਜਾਰਜ ਤੀਜੇ ਨੇ ਸ਼ਾਸਨ ਦਾ ਸਾਰਾ ਕੰਮ ਕਾਜ ਖ਼ੁਦ ਸੰਭਾਲ ਕੇ ਆਪਣੇ ਮੰਤਰੀਆਂ ਦੀ ਨਿਯੁਕਤੀ ਵੀ ਆਪਣੀ ਇੱਛਾ ਅਨੁਸਾਰ ਕਰਨੀ ਚਾਹੀ। ਉਸ ਨੇ ਆਪਣਾ ਰਾਜਨੀਤਿਕ ਦਲ ਬਣਾਉਣਾ ਸ਼ੁਰੂ ਕਰ ਦਿੱਤਾ, ਜਿਸ ਨੂੰ 'ਕਿੰਗਜ਼ ਫ੍ਰੈਂਡਜ਼' ਕਿਹਾ ਜਾਣ ਲੱਗਾ। ਹਰ ਉੱਚੇ ਅਹੁਦੇ ਤੇ ਜਾਰਜ ਨੇ ਆਪਣੇ ਮਿੱਤਰ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ। ਅਰਲ ਆਫ਼ ਬਯੂਟ ਨੂੰ ਆਪਣਾ ਪਹਿਲਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ।

ਇਸੇ ਸਮੇਂ ਦੌਰਾਨ ਅਮਰੀਕਾ ਦੀ ਜਨਤਾ ਨੇ ਇੰਗਲੈਂਡ ਦੁਆਰਾ ਲਗਾਏ ਕਰਾਂ ਦੇ ਵਿਰੁੱਧ ਰੋਸ ਵਜੋਂ ਅੰਦੋਲਨ ਸ਼ੁਰੂ ਕਰ ਦਿੱਤਾ। ਇਸ ਅੰਦੋਲਨ ਨੇ ਅਮਰੀਕੀ ਸੁਤੰਤਰਤਾ ਸੰਗਰਾਮ ਦਾ ਰੂਪ ਧਾਰਨ ਕਰ ਲਿਆ ਅਤੇ ਇਸ ਗੱਲ ਦੀ ਮੰਗ ਕੀਤੀ ਜਾਣ ਲੱਗੀ ਕਿ ਬ੍ਰਿਟਿਸ਼ ਪਾਰਲੀਮੈਂਟ ਵਿਚ ਉਨ੍ਹਾਂ ਦਾ ਇਕ ਪ੍ਰਤੀਨਿਧ ਹੋਣਾ ਚਾਹੀਦਾ ਹੈ। ਜਾਰਜ ਨੇ ਅਮਰੀਕਾ ਪ੍ਰਤੀ ਕਠੋਰਤਾ ਦੀ ਨੀਤੀ ਅਪਣਾਈ ਜਿਸ ਦੇ ਫ਼ਲਸਰੂਪ ਅਮਰੀਕੀ ਸੁਤੰਤਰਤਾ ਸੰਗਰਾਮ ਨੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਨੌਬਤ ਲੜਾਈ ਤੱਕ ਪਹੁੰਚ ਗਈ।

ਇਸ ਯੁੱਧ ਵਿਚ ਇੰਗਲੈਂਡ ਹਾਰ ਗਿਆ ਜਿਸ ਨਾਲ ਜਾਰਜ ਤੀਜੇ ਦੇ ਮਨੋਰਥਾਂ ਨੂੰ ਬਹੁਤ ਵੱਡਾ ਸਦਮਾ ਪਹੁੰਚਿਆ। ਸਾਰੀ ਅਸਫ਼ਲਤਾ ਦਾ ਜ਼ਿੰਮੇਵਾਰ ਜਾਰਜ ਨੂੰ ਠਹਿਰਾਇਆ ਗਿਆ। ਰਾਜਨੀਤੀ ਵਿਚ ਨਵਾਂ ਵਾਤਾਵਰਣ ਪੈਦਾ ਹੋ ਗਿਆ। ਫੌਕਸ ਅਤੇ ਲਾਰਡ ਨਾਰਥ ਦੇ ਮਿਲੇ ਜੁਲੇ ਮੰਤਰੀ ਮੰਡਲ ਨੇ ਰਾਜ ਭਾਗ ਸੰਭਾਲ ਲਿਆ ਪਰ ਅਜਿਹਾ ਕੁਝ ਦੇਰ ਤੱਕ ਹੀ ਰਿਹਾ। ਅਖ਼ੀਰ ਦੇਸ਼ ਦੇ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਜਾਰਜ ਤੀਜੇ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਹੋਣਾ ਹੀ ਪਿਆ ਅਤੇ ਇਸ ਨੇ ਪਿੱਟ ਦੀ ਯੰਗਰ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਅਤੇ ਜਾਰਜ ਨੇ ਆਪ ਰਾਜਨੀਤੀ ਵਿਚ ਬਹੁਤ ਘੱਟ ਦਖ਼ਲ ਦਿੱਤਾ।

ਸੰਨ 1788 ਤੱਕ ਜਾਰਜ ਤੀਜੇ ਦੀ ਮਾਨਸਿਕ ਸਥਿਤੀ ਕਾਫ਼ੀ ਾਂਵਾਂਡੋਲ ਹੋ ਗਈ ਸੀ। ਹੁਣ ਇਸ ਵਿਚ ਚਿੜਚਿੜਾਪਨ ਆ ਗਿਆ ਤੇ 1789 ਦੀ ਫ਼ਰਾਂਸੀਸੀ ਕ੍ਰਾਂਤੀ ਨੇ ਇਸ ਦੇ ਰਾਜਨੀਤਿਕ ਵਿਹਾਰਾਂ ਹਾਨੀ ਪਹੁੰਚਾਈ। ਇੰਗਲੈਂਡ ਦੀ ਜਨਤਾ ਨੇ ਫ਼ਰਾਂਸ ਦੀ ਕ੍ਰਾਂਤੀ ਦਾ ਵਾਗਤ ਕੀਤਾ ਕਿਉਂਕਿ ਉਹ ਨਿਰੰਕੁਸ਼ ਰਾਜ-ਪ੍ਰਬੰਧ ਤੋਂ ਦੁਖੀ ਸੀ। ਨ 1801 ਦੇ ਐਕਟ ਆਫ਼ ਯੂਨੀਅਨ ਨੇ ਵੀ ਜਾਰਜ ਤੇ ਕਾਫ਼ੀ ਭੈੜਾ ਸਰ ਪਾਇਆ।

ਸੰਨ 1811 ਤੱਕ ਜਾਰਜ ਦਾ ਨਿਜੀ ਸ਼ਾਸਨ ਖਤਮ ਹੋ ਗਿਆ। ਹ ਨੌਂ ਸਾਲ ਤੱਕ ਹੋਰ ਜ਼ਿੰਦਾ ਰਿਹਾ। ਇਸ ਸਮੇਂ ਵਿਚ ਇਸ ਨੇ ਨਾ ਵਲ ਮਾਨਸਿਕ ਸੰਤੁਲਨ ਹੀ ਗਵਾਇਆ ਸਗੋਂ ਅੰਨ੍ਹਾ ਵੀ ਹੋ ਗਿਆ। ਸ ਦੇ ਜੇਠੇ ਪੁੱਤਰ ਜਾਰਜ ਨੇ ਹੀ ਇਸ ਦੀ ਮੌਤ ਤੱਕ ਰੀਜੈਂਟ ਦੇ ਤੌਰ ਕੰਮ ਕਾਜ ਸੰਭਾਲਿਆ।

ਜਾਰਜ ਤੀਜਾ ਇਕ ਅਜਿਹੇ ਰਾਜ ਪ੍ਰਬੰਧ ਦੀ ਕਲਪਨਾ ਕਰਦਾ ੀ, ਜਿਥੇ ਮੰਤਰੀ ਮੰਡਲ, ਪਾਰਲੀਮੈਂਟ ਅਤੇ ਨਿਆਂ ਪ੍ਰਣਾਲੀ ਇਸ ਦੇ ਸ਼ਾਰੇ ਤੇ ਚਲੇ।

29 ਜਨਵਰੀ, 1820 ਵਿਚ ਜਾਰਜ ਦੀ ਮੌਤ ਹੋ ਗਈ। ਜਾਰਜ ਾਰਮਿਕ, ਸਦਾਚਾਰੀ ਅਤੇ ਸੰਜਮੀ ਸੀ। ਇਸ ਦੇ ਪਿਤਾ ਅਤੇ ਪਤੀ ਦੇ ੌਰ ਤੇ ਵਤੀਰੇ ਨੇ ਇਸ ਨੂੰ ਅਤੇ ਇਸ ਦੀ ਰਾਣੀ ਨੂੰ ਪ੍ਰਸ਼ੰਸਾ ਦਾ ਵਿਸ਼ਾ ਣਾ ਦਿੱਤਾ।

ਹ. ਪੁ.–ਹਿੰ. ਵਿ. ਕੋ. 4 : 483; ਐਨ. ਅਮੈ. 12 : 475

**ਜਾਰਜ (ਚੌਥਾ–ਬਰਤਾਨੀਆ)** : ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦੇ ਇਸ ਸ਼ਾਸਕ ਦਾ ਜਨਮ 12 ਅਗਸਤ, 1762 ਨੂੰ ਸੇਂਟ ਜੇਮਜ਼ ਦੇ ਮਹਿਲ ਵਿਚ ਹੋਇਆ। ਇਹ ਜਾਰਜ ਤੀਜੇ ਦਾ ਜੇਠਾ ਪੁੱਤਰ ਸੀ। ਇਸ ਨੂੰ ਜਾਰਜ ਆਗਸਟਸ ਫ੍ਰੈਡਰਿਕ ਵੀ ਕਿਹਾ ਜਾਂਦਾ ਹੈ। ਇਹ ਹਾਨੋਵਰ ਦਾ ਬਾਦਸ਼ਾਹ ਵੀ ਸੀ।

ਆਪਣੇ ਪਿਤਾ ਨਾਲ ਇਸ ਦੇ ਸਬੰਧ ਚੰਗੇ ਨਹੀਂ ਸਨ ਜਿਸ ਕਾਰਨ 1783 ਵਿਚ ਕਾਰਟਨ ਹਾਊਸ ਵਿਚ ਇਸ ਨੂੰ ਰਹਿਣ ਲਈ ਅਲਗ ਥਾਂ ਦੇ ਦਿੱਤੀ ਗਈ। ਇਸ ਨੇ ਆਪਣੇ ਪਿਤਾ ਦੇ ਵਿਰੋਧੀਆਂ ਜੇਮਜ਼ ਫਾਕਸ ਅਤੇ ਵਿਗਜ਼ ਨਾਲ ਚੰਗੇ ਸਬੰਧ ਕਾਇਮ ਕੀਤੇ। ਸੰਨ 1795 ਵਿਚ ਇਸ ਨੇ ਬਰੁਨਸਵਿਕ ਦੀ ਰਾਜਕੁਮਾਰੀ ਕੈਰੋਲੀਨ ਨਾਲ ਸ਼ਾਦੀ ਕਰਵਾਈ। 3 ਫ਼ਰਵਰੀ, 1811 ਵਿਚ ਪਿਤਾ ਦੇ ਪਾਗਲ ਹੋਣ ਤੇ ਇਸ ਨੂੰ ਰੀਜੈਂਟ ਬਣਾ ਦਿੱਤਾ ਗਿਆ। ਇਸ ਅਹੁਦੇ ਤੇ ਇਸ ਨੇ ਜਾਰਜ ਤੀਜੇ ਦੀ ਮੌਤ ਤੱਕ ਕੰਮ ਕੀਤਾ। ਇਹ ਇੰਗਲੈਂਡ ਵਿਚ ਪ੍ਰਿੰਸ ਰੀਜੈਂਟ ਦੇ ਨਾਮ ਨਾਲ ਪ੍ਰਸਿੱਧ ਸੀ। ਰੀਜੈਂਟ ਬਣ ਜਾਣ ਤੇ ਲੋਕਾਂ ਪ੍ਰਤੀ ਇਸ ਦਾ ਰਵੱਈਆ ਵਿਗੜ ਗਿਆ ਅਤੇ ਇਸ ਨੇ ਆਪਣੇ ਪੁਰਾਣੇ ਮਿੱਤਰਾਂ ਨਾਲ ਲੜਨਾ ਸ਼ੁਰੂ ਕਰ ਦਿੱਤਾ। ਇੰਗਲੈਂਡ ਦੀ ਜਨਤਾ ਨੂੰ ਇਸ ਦੀ ਆਦਤ ਪਸੰਦ ਨਹੀਂ ਸੀ। ਲੋਕ ਇਸ ਵਿਲਾਸੀ ਰਾਜੇ ਤੋਂ ਛੁਟਕਾਰਾ ਪਾਉਣ ਦੇ ਮੌਕੇ ਦੀ ਤਲਾਸ਼ ਵਿਚ ਸਨ।

ਸੰਨ 1820 ਵਿਚ ਪਿਤਾ ਦੀ ਮੌਤ ਮਗਰੋਂ ਇਸ ਦਾ ਰਾਜ ਤਿਲਕ ਹੋਇਆ। ਇਸ ਦੇ ਆਪਣੀ ਪਤਨੀ ਕੈਰੋਲੀਨ ਨਾਲ ਵੀ ਸਬੰਧ ਚੰਗੇ ਨਹੀਂ ਸਨ। ਇਸ ਲਈ ਇਸ ਦੇ ਵਿਰੋਧੀਆਂ ਨੇ ਇਸ ਗੱਲ ਦੀ ਮੰਗ ਕੀਤੀ ਕਿ ਰਾਜ ਤਿਲਕ ਦੇ ਮੌਕੇ ਤੇ ਕੈਰੋਲੀਨ ਵੀ ਗੱਦੀ ਤੇ ਜਾਰਜ ਦੇ ਨਾਲ ਬੈਠੇ। ਇਸ ਯੋਜਨਾ ਨੇ ਭਿਆਨਕ ਰੂਪ ਧਾਰਨ ਕਰ ਲਿਆ। ਆਖ਼ਰ ਜਾਰਜ ਨੇ ਕਈ ਦੋਸ਼ ਲਾ ਕੇ ਕੈਰੋਲੀਨ ਨੂੰ ਤਲਾਕ ਦੇਣਾ ਚਾਹਿਆ ਪਰ ਇਹ ਅਮਲਾ ਸਿਆਸੀ ਹਲਕੇ ਵਿਚ ਗੰਭੀਰਤਾ ਨਾਲ ਲਿਆ ਗਿਆ ਅਤੇ ਮੰਤਰੀ ਮੰਡਲ ਤਲਾਕ ਦੇ ਖਿਲਾਫ਼ ਹੋ ਗਿਆ। ਇਸ ਕੇਸ ਵਿਚ ਜਾਰਜ ਦੀ ਖਲਾਸੀ ਅਗਸਤ, 1821 ਵਿਚ ਕੈਰੋਲੀਨ ਦੀ ਅਚਾਨਕ ਮੌਤ ਹੋਣ ਨਾਲ ਹੀ ਹੋ ਸਕੀ।

ਇਸ ਦੇ ਤਖ਼ਤ ਉੱਤੇ ਬੈਠਣ ਤੋਂ ਬਾਅਦ ਇਕ ਹੋਰ ਮਹੱਤਵਪੂਰਨ ਘਟਨਾ ਵਾਪਰੀ ਕਿ 1829 ਵਿਚ ਕੈਥੋਲਿਕ ਆਜ਼ਾਦੀ ਐਕਟ ਪਾਸ ਹੋ ਗਿਆ ਜਿਸ ਵਿਚ ਇਸ ਨੂੰ ਕਾਫ਼ੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਜਾਰਜ ਚੌਥੇ ਨੇ ਆਪਣੇ ਸ਼ਾਸਨ ਦੇ ਦਸ ਸਾਲਾਂ ਵਿਚ ਕੋਈ ਮਹੱਤਵਪੂਰਨ ਕਦਮ ਨਾ ਚੁਕਿਆ ਅਤੇ ਲੋਕਾਂ ਵਿਚ ਨਫ਼ਰਤ ਦਾ ਪਾਤਰ ਬਣਿਆ ਰਿਹਾ ਪਰ ਜਾਰਜ ਚੌਥਾ ਕਲਾ ਅਤੇ ਸਾਹਿਤ ਦਾ ਸਰਪ੍ਰਸਤ ਸੀ। ਬਚਪਨ ਤੋਂ ਹੀ ਕਲਾ ਅਤੇ ਸਾਹਿਤ ਵੱਲ ਉਸ ਦੀ ਰੁਚੀ ਸੀ। ਉਸ ਦੇ ਰਾਜ ਵਿਚ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਸੀ। ਉਸ ਨੇ ਨਾਚ, ਸੰਗੀਤ, ਘੋੜ ਸਵਾਰੀ ਅਤੇ ਕਵਿਤਾ ਦੇ ਖੇਤਰ ਵਿਚ ਬਹੁਤ ਉੱਨਤੀ ਕੀਤੀ।

ਉਸ ਦੀ ਇਕਲੌਤੀ ਬੇਟੀ ਦੀ ਮੌਤ ਨੇ ਉਸ ਦੇ ਜੀਵਨ ਵਿਚ ਨਿਰਾਸ਼ਾ ਪੈਦਾ ਕਰ ਦਿੱਤੀ। ਉਸ ਦਾ ਗ੍ਰਿਹਸਥੀ ਜੀਵਨ ਸਦਾ ਅਸ਼ਾਂਤ ਰਿਹਾ। ਉਸ ਦੀ ਰਾਜਨੀਤਕ ਉਦਾਸੀਨਤਾ ਦਾ ਵੀ ਇਹ ਇਕ ਕਾਰਨ ਸੀ।

26 ਜੂਨ, 1830 ਵਿਚ ਵਿੰਡਸਰ ਵਿਖੇ ਜਾਰਜ ਚੌਥੇ ਦੀ ਮੌਤ ਹੋ ਗਈ। ਇਸ ਦਾ ਭਰਾ ਵਿਲੀਅਮ ਉੱਤਰਾਧਿਕਾਰੀ ਬਣਿਆ।

ਹ. ਪੁ.–ਹਿੰ. ਵਿ. ਕੋ. 4 : 483; ਐਨ. ਬ੍ਰਿ. 8 : 383

**ਜਾਰਜ (ਪੰਜਵਾਂ–ਹਾਨੋਵਰ)** : ਹਾਨੋਵਰ ਦੇ ਇਸ ਬਾਦਸ਼ਾਹ ਦਾ ਜਨਮ 1819 ਵਿਚ ਬਰਲਿਨ ਵਿਖੇ ਹੋਇਆ। ਇਹ ਅਰਨੈਸਟ ਆਗਸਟਸ ਦਾ ਇਕਲੌਤਾ ਪੁੱਤਰ ਅਤੇ ਇੰਗਲੈਂਡ ਦੇ ਜਾਰਜ ਤੀਜੇ ਦਾ ਪੋਤਰਾ ਸੀ। ਸੰਨ 1833 ਵਿਚ ਆਪਣੀ ਕਿਸ਼ੋਰ ਅਵਸਥਾ ਵਿਚ ਹੀ ਅੱਖਾਂ ਦੀ ਜੋਤ ਤੋਂ ਵਾਂਝਾ ਹੋ ਗਿਆ ਪਰ ਕਿਸਮਤ ਨੇ ਇਸ ਦਾ ਸਾਥ ਦਿੱਤਾ ਅਤੇ 1851 ਵਿਚ ਪਿਤਾ ਦੀ ਮੌਤ ਮਗਰੋਂ ਗੱਦੀ ਤੇ ਬੈਠਾ।

ਜਾਰਜ ਪੰਜਵੇਂ ਨੇ ਹਾਨੋਵਰ ਦੀ ਹੋਂਦ ਕਾਇਮ ਰੱਖਣ ਲਈ ਪੂਰੀ ਕੋਸ਼ਿਸ਼ ਕੀਤੀ ਕਿਉਂਕਿ ਪ੍ਰਸ਼ੀਆ ਦਾ ਚਾਂਸਲਰ ਬਿਸਮਾਰਕ ਜਰਮਨੀ ਦੇ ਸਾਰੇ ਰਾਜਾਂ ਨੂੰ ਇਕ ਲੜੀ ਵਿਚ ਪਰੋਣਾ ਚਾਹੁੰਦਾ ਸੀ। ਆਪਣੇ ਅੰਦਰੂਨੀ ਸ਼ਾਸਨ ਵਿਚ ਵੀ ਜਾਰਜ ਉਨ੍ਹਾਂ ਸਾਰਿਆਂ ਪ੍ਰਭਾਵਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਜੋ ਫ਼ਰਾਂਸ ਦੀ ਰਾਜ ਕ੍ਰਾਂਤੀ ਦੀ ਦੇਣ ਸਨ। ਇਸ ਨੇ ਪ੍ਰੈੱਸ ਉੱਤੇ ਪਾਬੰਦੀ ਲਗਾ ਦਿੱਤੀ ਤਾਂ ਕਿ ਕ੍ਰਾਂਤੀਕਾਰੀ ਵਿਚਾਰ ਹਾਨੋਵਰ ਵਿਚ ਨਾ ਫੈਲ ਸਕਣ। ਪਰ ਜਾਰਜ ਦੇ ਸਭ ਯਤਨਾਂ ਦੇ ਬਾਵਜੂਦ ਵੀ ਹਾਨੋਵਰ ਆਪਣੀ ਆਜ਼ਾਦ ਹੈਸੀਅਤ ਨੂੰ ਕਾਇਮ ਨਾ ਰੱਖ ਸਕਿਆ ਅਤੇ 1866 ਵਿਚ ਬਿਸਮਾਰਕ ਨੇ ਹਾਨੋਵਰ ਨੂੰ ਪ੍ਰਸ਼ੀਆ ਵਿਚ ਮਿਲਾ ਲਿਆ।

ਪਰ ਜਾਰਜ ਲਈ ਇਹ ਗੱਲ ਅਸਹਿ ਸੀ। ਇਸ ਲਈ ਇਹ ਟਿਕ ਕੇ ਨਾ ਬੈਠ ਸਕਿਆ ਅਤੇ ਰਾਜ ਗੱਦੀ ਨੂੰ ਪ੍ਰਾਪਤ ਕਰਨ ਦੇ ਇਸ ਨੇ ਅਨੇਕ ਅਸਫ਼ਲ ਯਤਨ ਕੀਤੇ। ਬਿਸਮਾਰਕ ਦੀ ਕਠੋਰ ਨੀਤੀ ਅਤੇ ਦੂਰ ਅੰਦੇਸ਼ੀ ਨੇ ਜਾਰਜ ਦੇ ਪੈਰ ਨਾ ਲੱਗਣ ਦਿੱਤੇ। ਆਪਣੇ ਅਧਿਕਾਰ ਪਦ ਦੀ ਕੋਸ਼ਿਸ਼ ਵਿਚ ਜਾਰਜ ਨੇ ਯੂਰਪ ਦੀਆਂ ਕੁਝ ਰਾਜਧਾਨੀਆਂ ਦੀ ਯਾਤਰਾ ਕੀਤੀ ਅਤੇ ਪ੍ਰਸ਼ੀਆ ਦੇ ਵਿਰੁੱਧ ਯੂਰਪੀਅਨ ਰਾਸ਼ਟਰਾਂ ਦਾ ਇਕ ਗੁੱਟ ਬਣਾਉਣਾ ਚਾਹਿਆ।

ਜਦੋਂ ਇਹ ਪੈਰਿਸ ਦੀ ਯਾਤਰਾ ਕਰ ਰਿਹਾ ਸੀ ਤਾਂ 1878 ਵਿਚ ਇਸ ਦੀ ਮੌਤ ਹੋ ਗਈ। ਇਸ ਨੂੰ ਵਿੰਡਸਰ ਦੇ ਸੇਂਟ ਜਾਰਜ ਦੇ ਗਿਰਜਾ ਘਰ ਵਿਚ ਦਫ਼ਨਾਇਆ ਗਿਆ।

ਜਾਰਜ ਪੰਜਵੇਂ ਦੀ ਗਿਣਤੀ ਉਨ੍ਹਾਂ ਸ਼ਾਸਕਾਂ ਵਿਚ ਕੀਤੀ ਜਾਂਦੀ ਹੈ ਜੋ ਤੰਗ ਵਿਚਾਰਾਂ ਦੇ ਹੁੰਦੇ ਹੋਏ ਵੀ ਕਠੋਰ ਨਿਯੰਤਰਣ ਵਿਚ ਵਿਸ਼ਵਾਸ ਰੱਖਦੇ ਸਨ। ਇਹ ਇਸ ਦੀ ਬਦਕਿਸਮਤੀ ਸੀ ਕਿ ਛੋਟੀ ਉਮਰ ਵਿਚ ਹੀ ਅੰਨ੍ਹਾ ਹੋ ਗਿਆ, ਪਰ ਇਸ ਦੇ ਯਤਨਾਂ ਅਤੇ ਕੂਟਨੀਤੀਆਂ ਨੂੰ ਦੇਖਦੇ ਹੋਏ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜੇ ਇਹ ਅੰਨ੍ਹਾ ਨਾ ਹੁੰਦਾ ਤਾਂ ਇਹ ਸੰਭਵ ਸੀ ਕਿ ਜਰਮਨੀ ਦੀ ਰਾਜਨੀਤੀ ਵਿਚ ਜਾਰਜ

ਅਤੇ ਬਿਸਮਾਰਕ ਦੇ ਮੇਲ ਜੋਲ ਦਾ ਇਕ ਹੋਰ ਹੀ ਪੱਖ ਇਤਿਹਾਸ ਵਿਚ ਆਉਂਦਾ।

ਹ. ਪੁ.–ਹਿੰ. ਵਿ. ਕੋ. 4 : 485

**ਜਾਰਜ (ਪੰਜਵਾਂ—ਬਰਤਾਨੀਆ)** : ਜਾਰਜ ਪੰਜਵੇਂ ਨੂੰ ਜਾਰਜ ਫ੍ਰੈਡਰਿਕ ਅਰਨੈਸਟ ਐਲਬਰਟ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮਹਾਨ ਬਰਤਾਨੀਆ, ਉੱਤਰੀ ਆਇਰਲੈਂਡ ਅਤੇ ਬਰਤਾਨਵੀ ਸਮੁੰਦਰ ਦੇ ਆਲੇ-ਦੁਆਲੇ ਦੇ ਇਲਾਕਿਆਂ ਦਾ ਰਾਜਾ ਅਤੇ ਭਾਰਤ ਦਾ ਬਾਦਸ਼ਾਹ ਸੀ। ਇਸ ਦਾ ਜਨਮ 3 ਜੂਨ, 1865 ਵਿਚ ਲੰਡਨ ਦੇ ਮਾਲਬਰੋ ਹਾਊਸ ਵਿਖੇ ਹੋਇਆ। ਇਹ ਐਡਵਰਡ ਸੱਤਵੇਂ ਦਾ ਦੂਜਾ ਪੁੱਤਰ ਸੀ।

ਸੰਨ 1877 ਵਿਚ ਜਾਰਜ ਆਪਣੇ ਭਰਾ, ਸ਼ਹਿਜ਼ਾਦੇ ਵਿਕਟਰ ਨਾਲ ਜਲ ਸੈਨਾ ਵਿਚ ਭਰਤੀ ਹੋ ਗਿਆ। ਜਲਦੀ ਹੀ ਇਸ ਨੇ ਸਬ-ਲੈਫ਼ਟੀਨੈਂਟ ਦਾ ਅਹੁਦਾ ਪ੍ਰਾਪਤ ਕਰ ਲਿਆ ਅਤੇ 1885 ਵਿਚ ਲੈਫ਼ਟੀਨੈਂਟ ਬਣ ਗਿਆ। ਇਸ ਦੀ ਯੋਗਤਾ ਨੂੰ ਮੁੱਖ ਰੱਖਦੇ ਹੋਏ 1890 ਵਿਚ ਇਸ ਨੂੰ ਐੱਚ. ਐੱਮ. ਐੱਸ. ਥਰਸਟ ਦੀ ਕਮਾਨ ਸੰਭਾਲੀ ਗਈ। ਸੰਨ 1893 ਵਿਚ ਇਹ ਕੈਪਟਨ ਅਤੇ 1903 ਵਿਚ ਵਾਈਸ ਐਡਮਿਰਲ ਬਣ ਗਿਆ।

ਸੰਨ 1892 ਵਿਚ ਯੁਵਰਾਜ ਪਦ ਤੇ ਨਿਯੁਕਤ ਹੋ ਜਾਣ ਕਾਰਨ ਇਸ ਨੂੰ ਜਲ-ਸੈਨਾ ਦਾ ਤਿਆਗ ਕਰਨਾ ਪਿਆ। ਡਿਊਕ ਆਫ਼ ਕਲੈਰੈਂਸ ਦੀ ਮੌਤ ਤੋਂ ਬਾਅਦ ਸ਼ਾਸਨ ਦਾ ਭਾਰ ਇਸ ਉੱਤੇ ਆ ਪਿਆ ਅਤੇ ਇਸ ਨੂੰ ਡਿਊਕ ਆਫ਼ ਯਾਰਕ ਦੀ ਉਪਾਧੀ ਦਿੱਤੀ ਗਈ।

ਸੰਨ 1901 ਵਿਚ ਜਾਰਜ ਨੇ ਪਹਿਲੀ ਸੰਘੀ ਸੰਸਦ ਦਾ ਉਦਘਾਟਨ ਕਰਨ ਲਈ ਆਸਟਰੇਲੀਆ ਦੀ ਯਾਤਰਾ ਸ਼ੁਰੂ ਕੀਤੀ। ਵਾਪਸੀ ਤੇ ਇਸ ਨੂੰ 'ਪ੍ਰਿੰਸ ਆਫ਼ ਵੇਲਜ਼' ਦੀ ਉਪਾਧੀ ਮਿਲੀ। 6 ਮਈ, 1901 ਵਿਚ ਪਿਤਾ ਦੀ ਮੌਤ ਤੋਂ ਬਾਅਦ ਇਸ ਦਾ ਰਾਜ-ਤਿਲਕ ਹੋਇਆ।

ਸੰਨ 1911 ਵਿਚ ਜਾਰਜ ਭਾਰਤ ਆਇਆ। 12 ਦਸੰਬਰ, 1911 ਨੂੰ ਦਿੱਲੀ ਵਿਖੇ ਭਾਰਤ ਦੇ ਬਾਦਸ਼ਾਹ ਵਜੋਂ ਇਸ ਦੀ ਤਾਜਪੋਸ਼ੀ ਦੀ ਰਸਮ ਅਦਾ ਕੀਤੀ ਗਈ। ਇਸ ਤੋਂ ਬਾਅਦ ਇਸ ਨੇ ਪੱਛਮੀ ਮੋਰਚਿਆਂ ਦੀ ਯਾਤਰਾ ਕੀਤੀ। ਇਸ ਦੀ 1922-23 ਦੀ ਬੈਲਜੀਅਮ ਅਤੇ ਰੋਮ ਦੀ ਯਾਤਰਾ ਨਾਲ ਦੋਹਾਂ ਦੇਸ਼ਾਂ ਵਿਚ ਮਿੱਤਰਤਾ ਵਾਲੇ ਸਬੰਧ ਸਥਾਪਿਤ ਹੋਏ। ਸੰਨ 1914 ਵਿਚ ਪਹਿਲੇ ਵਿਸ਼ਵ-ਯੁੱਧ ਦੌਰਾਨ ਇਸ ਨੇ ਆਸ਼ਾਵਾਦ ਹੌਸਲੇ, ਧੀਰਜ, ਹਮਦਰਦੀ ਅਤੇ ਕੁਰਬਾਨੀ ਦੀ ਉਦਾਹਰਣ ਪੇਸ਼ ਕੀਤੀ।

ਇਹ ਇਕ ਚੰਗਾ ਖਿਡਾਰੀ ਅਤੇ ਸ਼ਿਕਾਰ ਦਾ ਸ਼ੌਕੀਨ ਸੀ। ਇਸ ਦਾ ਖਾਸ ਸ਼ੁਗਲ ਮੁਹਰਾਂ ਇਕੱਠੀਆਂ ਕਰਨਾ ਸੀ। ਭਾਵੇਂ ਇਹ ਆਪਣੇ ਪਿਤਾ ਦੀ ਤਰ੍ਹਾਂ ਮਸ਼ਹੂਰ ਤਾਂ ਨਾ ਹੋ ਸਕਿਆ ਪਰ ਇਸ ਨੂੰ ਜਨਤਾ ਵੱਲੋਂ ਭਰਪੂਰ ਸਨਮਾਨ ਅਤੇ ਪਿਆਰ ਮਿਲਿਆ।

20 ਜਨਵਰੀ, 1936 ਵਿਚ ਸੈਂਡਰਿੰਘਮ ਵਿਖੇ ਜਾਰਜ ਪੰਜਵੇਂ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4 : 383; ਐਨ. ਅਮੈ. 12: 476; ਕੋਲ. ਐਨ. 8 : 384

**ਜਾਰਜ (ਛੇਵਾਂ—ਬਰਤਾਨੀਆ)** : ਬਰਤਾਨੀਆ, ਉਥੋਂ ਦੇ ਸਮੁੰਦਰੀ ਇਲਾਕਿਆਂ ਅਤੇ ਆਇਰਲੈਂਡ ਦੇ ਰਾਜੇ ਅਤੇ ਭਾਰਤ ਦੇ ਇਸ ਬਾਦਸ਼ਾਹ ਦਾ ਜਨਮ 14 ਦਸੰਬਰ, 1895 ਨੂੰ ਸੈਂਡਰਿੰਘਮ ਵਿਖੇ ਯਾਰਕ ਕਾਟੇਜ ਵਿਚ ਹੋਇਆ। 15 ਅਗਸਤ, 1947 ਨੂੰ ਭਾਰਤ ਆਜ਼ਾਦ ਹੋਣ ਉਪਰੰਤ ਇਸ ਦੀਆਂ ਉਪਾਧੀਆਂ ਵਿਚੋਂ ਭਾਰਤ ਦੇ ਬਾਦਸ਼ਾਹ ਦੀ ਉਪਾਧੀ ਖਤਮ ਹੋ ਗਈ। ਇਹ ਜਾਰਜ ਪੰਜਵੇਂ ਅਤੇ ਮੇਰੀ ਦਾ ਦੂਜਾ ਪੁੱਤਰ ਸੀ। ਇਸ ਨੇ ਰਾਇਲ ਨੇਵਲ ਕਾਲਜ, ਆਸਬਰਨ ਅਤੇ ਟ੍ਰਿਨਿਟੀ ਕਾਲਿਜ ਕੈਂਬ੍ਰਿਜ ਵਿਚ ਸਿੱਖਿਆ ਹਾਸਲ ਕੀਤੀ। ਫਿਰ ਇਹ ਸਮੁੰਦਰੀ ਫ਼ੌਜ ਵਿਚ ਭਰਤੀ ਹੋ ਗਿਆ। ਇਸ ਨੇ ਪਹਿਲੇ ਵਿਸ਼ਵ-ਯੁੱਧ ਸਮੇਂ ਗ੍ਰੈਂਡ ਫ਼ਲੀਟ ਵਿਚ ਨੌਕਰੀ ਕੀਤੀ ਅਤੇ ਜਟਲੈਂਡ ਦੀ ਲੜਾਈ ਵਿਚ ਵੀ ਹਿੱਸਾ ਲਿਆ। ਸੰਨ 1918 ਵਿਚ ਇਸ ਨੇ ਰਾੱਇਲ ਨੇਵਲ ਏਅਰ ਸਰਵਿਸ ਅਤੇ 1919 ਵਿਚ ਰਾੱਇਲ ਏਅਰ ਫੋਰਸ ਵਿਚ ਨੌਕਰੀ ਕੀਤੀ। 3 ਜੂਨ, 1920 ਵਿਚ ਇਸ ਨੂੰ ਡਿਊਕ ਆਫ਼ ਯਾਰਕ ਦੀ ਉਪਾਧੀ ਦਿੱਤੀ ਗਈ। ਸੰਨ 1923 ਵਿਚ ਇਸ ਦਾ ਵਿਆਹ ਅਰਲ ਆਫ਼ ਸਟ੍ਰੈਥਮੂਰ ਦੀ ਲੜਕੀ ਇਲਿਜ਼ਬੈੱਥ ਨਾਲ ਹੋਇਆ। ਇਸ ਦੀਆਂ ਦੋ ਲੜਕੀਆਂ ਰਾਜਕੁਮਾਰੀ ਇਲਿਜ਼ਬੈੱਥ ਅਤੇ ਰਾਜਕੁਮਾਰੀ ਮਾਰਗਰੈਟ ਸਨ। ਆਪਣੇ ਭਰਾ ਐਡਵਰਡ ਅੱਠਵੇਂ ਦੇ ਰਾਜ ਤਿਆਗਣ ਤੋਂ ਬਾਅਦ 11 ਦਸੰਬਰ, 1936 ਵਿਚ ਜਾਰਜ ਇੰਗਲੈਂਡ ਦੇ ਰਾਜ ਸਿੰਘਾਸਨ ਉੱਤੇ ਬੈਠਾ। 12 ਮਈ, 1937 ਵਿਚ ਇਸ ਦਾ ਰਾਜ ਤਿਲਕ ਹੋਇਆ। ਇਸ ਨੇ ਕਰਾਊਨ ਦੀ ਸ਼ਾਨ ਸਥਾਪਿਤ ਕੀਤੀ ਅਤੇ ਲੋਕਾਂ ਵਿਚ ਕਾਫ਼ੀ ਹਰਮਨ ਪਿਆਰਾ ਹੋ ਗਿਆ। ਜਾਰਜ ਪਹਿਲਾ ਬਰਤਾਨਵੀ ਬਾਦਸ਼ਾਹ ਸੀ ਜਿਸ ਨੇ 1939 ਵਿਚ ਅਮਰੀਕਾ ਦੀ ਯਾਤਰਾ ਕੀਤੀ।

ਦੂਜੇ ਵਿਸ਼ਵ-ਯੁੱਧ ਵਿਚ ਇਸ ਨੇ ਸਾਰੇ ਬਰਤਾਨਵੀ ਮੋਰਚਿਆਂ ਦੀ ਯਾਤਰਾ ਕੀਤੀ। ਸੰਨ 1939 ਵਿਚ ਫ਼ਰਾਂਸ, ਇਕ ਸਾਲ ਬਾਅਦ ਕੈਨੇਡਾ, 1943 ਵਿਚ ਮਾਲਟਾ ਅਤੇ 1944 ਵਿਚ ਨਾਰਵੇ ਦੀ ਯਾਤਰਾ ਕੀਤੀ। ਸੰਨ 1949 ਵਿਚ ਇਸ ਦੇ ਪੈਰ ਦਾ ਅਪਰੇਸ਼ਨ ਹੋਇਆ ਅਤੇ 1951 ਵਿਚ ਫੇਫੜੇ ਦਾ ਅਪਰੇਸ਼ਨ ਹੋਇਆ।

ਜਾਰਜ ਛੇਵੇਂ ਦਾ ਸ਼ਾਸਨ ਕਾਲ ਦੂਜੇ ਵਿਸ਼ਵ-ਯੁੱਧ ਦੀਆਂ ਘਟਨਾਵਾਂ ਨਾਲ ਭਰਿਆ ਹੋਇਆ ਹੈ। ਇਸ ਨੇ ਅਸ਼ਾਂਤ ਵਾਤਾਵਰਣ ਵਿਚ ਵੀ ਬੜੀ ਸਾਵਧਾਨੀ ਨਾਲ ਸ਼ਾਸਨ ਚਲਾਇਆ ਅਤੇ ਮੰਤਰੀ ਮੰਡਲ ਦਾ ਪੂਰਾ ਸਾਥ ਦਿੱਤਾ। ਇਹ ਹਾਲਾਤ ਦੀ ਪੂਰੀ ਜਾਣਕਾਰੀ ਲੈਣ ਉਪਰੰਤ ਹੀ ਪੂਰੀ ਸੂਝ ਬੂਝ ਅਤੇ ਧੀਰਜ ਨਾਲ ਕੋਈ ਕਾਰਵਾਈ ਕਰਦਾ ਸੀ। ਇਸ ਦੇ ਇਸ ਗੁਣ ਨੇ ਇਸ ਨੂੰ ਬਰਤਾਨੀਆ ਦੇ ਗਿਣਤੀ ਦੇ ਸ਼ਾਸਕਾਂ ਵਿਚ ਲੈ ਆਂਦਾ।

6 ਫ਼ਰਵਰੀ, 1953 ਵਿਚ ਸੈਂਡਰਿੰਘਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4 : 485 ; ਕੋਲ. ਐਨ. 8 : 384; ਐਨ. ਬ੍ਰਿ. 4 : 485

**ਜਾਰਜ ਆਫ਼ ਟ੍ਰੈਬਿਜ਼ਾਂਦ** : ਇਸ ਬਾਜ਼ਨਤੀਨੀ ਵਿਦਵਾਨ ਤੇ ਦਾਰਸ਼ਨਿਕ ਦਾ ਜਨਮ 1396 ਵਿਚ ਕੀਟ ਵਿਚ ਕੈਂਡੀਆ ਵਿਖੇ ਹੋਇਆ। ਜਵਾਨੀ ਵਿਚ ਇਹ ਇਟਲੀ ਚਲਾ ਗਿਆ, ਜਿਥੇ ਇੱਕ ਵਿਦਵਾਨ ਵਜੋਂ ਪ੍ਰਸਿੱਧ ਹੋ ਗਿਆ। ਸੰਨ 1420 ਵਿਚ ਇਹ ਵੀਚੈਂਟਸਾ ਵਿਖੇ ਅਤੇ 1435 ਵਿਚ ਵੀਨਿਸ ਵਿਚ ਪ੍ਰੋਫ਼ੈਸਰ ਵਜੋਂ ਕੰਮ ਕਰਦਾ ਰਿਹਾ। ਇਸ ਨੇ ਅਫ਼ਲਾਤੂਨ ਅਤੇ ਅਰਸਤੂ ਦੀਆਂ ਰਚਨਾਵਾਂ ਦਾ ਅਨੁਵਾਦ ਕੀਤਾ। ਇਸ ਦੀ ਸ਼ੁਹਰਤ ਸੁਣ ਕੇ ਪੋਪ ਚੌਥੇ ਨੇ ਇਸ ਨੂੰ ਆਪਣਾ ਨਿੱਜੀ ਸਕੱਤਰ ਨਿਯੁਕਤ ਕੀਤਾ। ਪਰ ਕ਼ਾਹਲੀ ਕਾਹਲੀ ਵਿਚ ਕੀਤੇ ਅਨੁਵਾਦ ਵਿਚ ਬੇਸ਼ੁਮਾਰ ਗ਼ਲਤੀਆਂ ਕਾਰਨ ਇਸ ਨੂੰ ਅਰਸਤੂਵਾਦੀ ਪੋਪ ਨਿਕੋਲਸ ਪੰਜਵੇਂ ਦੀ ਸਰਪ੍ਰਸਤੀ ਤੋਂ ਹੱਥ ਧੋਣੇ ਪਏ। ਸੰਨ 1453 ਵਿਚ ਇਸ ਨੂੰ ਰੋਮ ਛੱਡ ਕੇ ਜਾਣਾ ਪਿਆ। ਸੰਨ 1466 ਵਿਚ ਇਹ ਫਿਰ ਰੋਮ ਆ ਗਿਆ। ਸੰਨ 1471 ਵਿਚ ਜਦੋਂ ਇਸ ਨੇ ਆਪਣੀ ਸੋਧੀ ਹੋਈ ਲਾਤੀਨੀ ਗਰਾਮਰ ਪ੍ਰਕਾਸ਼ਿਤ ਕੀਤੀ ਤਾਂ ਇਸ ਨੂੰ ਕਾਫ਼ੀ ਸਫ਼ਲਤਾ ਪ੍ਰਾਪਤ ਹੋਈ।

ਸੰਨ 1486 ਵਿਚ ਰੋਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. ਐਨ. ਬ੍ਰਿ. ਮਾ. 4:486; ਹਿੰ. ਵਿ. ਕੋ. 5. 198

**ਜਾਰਜ ਆਫ਼ ਲਾਓਡੇਸੀਆ** : ਸੀਰੀਆ ਦੇ ਲਾਓਡੇਸ਼ੀਆ ਦਾ ਜਾਰਜ ਆਰੀਅਨ ਸੰਪ੍ਰਦਾਇ ਦਾ ਅਨੁਯਾਈ ਅਤੇ ਅਲੈਗਜ਼ਾਂਦਰੀਆ ਦਾ ਆਰਕਬਿਸ਼ਪ ਸੀ। ਇਸਦਾ ਜਨਮ 356 ਈ. ਵਿਚ ਐਪਫ਼ਨੀਆ (ਸੀਰੀਆ) ਵਿਖੇ ਹੋਇਆ। ਕਈ ਸਾਲ ਇਧਰ ਉਧਰ

ਭਟਕਦੇ ਰਹਿਣ ਤੋਂ ਬਾਅਦ 356 ਵਿਚ ਇਹ ਸਿਕੰਦਰੀਆ ਪਹੁੰਚਿਆ ਜੇਥੇ ਆਰਕਬਿਸ਼ਪ ਦਾ ਸਥਾਨ ਖਾਲੀ ਸੀ। ਜਲਦੀ ਹੀ ਆਰੀਅਨ ਸੰਪ੍ਰਦਾਇ ਨੇ ਇਸ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਇਸਨੂੰ ਆਰਕਬਿਸ਼ਪ ਨਿਯੁਕਤ ਕਰ ਦਿੱਤਾ। ਇਸ ਮਹਾਨ ਪਦ ਤੇ ਸੁਸ਼ੋਭਿਤ ਹੋ ਕੇ ਇਸ ਨੇ ਨੇਤਾ ਬਣਨ ਦੀ ਇੱਛਾ ਕੀਤੀ।

ਇਸ ਨੇ ਦੂਜਾ ਸਿਧਾਂਤ ਉਕਸਾਇਆ ਜੋ ਕੱਟੜ ਆਰੀਆਵਾਦ ਨਾਲ ਮੇਲ ਖਾਂਦਾ ਸੀ। ਇਸ ਨੇ ਇਸ ਨੂੰ ਜਲਦੀ ਹੀ ਚਰਚਾ ਦਾ ਵਿਸ਼ਾ ਬਣਾ ਦਿੱਤਾ ਅਤੇ ਜਿਉਂ ਜਿਉਂ ਇਸਦੀ ਵਿਰੋਧਤਾ ਵਧਦੀ ਗਈ, ਇਹ ਦਮਨ ਨੀਤੀ ਦਾ ਆਸਰਾ ਲੈਂਦਾ ਗਿਆ। ਜਲਦੀ ਹੀ ਇਸ ਨੇ ਕੱਟੜ ਪੰਥੀਆਂ ਦਾ ਦਮਨ ਕਰਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਵਿਦਰੋਹ ਖੜ੍ਹਾ ਹੋ ਗਿਆ ਅਤੇ ਇਸ ਨੂੰ ਭੱਜਣਾ ਪਿਆ ਪਰ ਸੈਨਾ ਵਿਚ ਇਸ ਦੇ ਕਈ ਸਮਰਥਕ ਨਿਕਲ ਆਏ ਅਤੇ ਇਸ ਤੋਂ ਇਲਾਵਾ ਇਸਨੇ ਉੱਚ ਅਧਿਕਾਰੀਆਂ ਨੂੰ ਅਨੇਕਾਂ ਲਾਲਚ ਦੇ ਕੇ ਆਪਣੇ ਪੱਖ ਵਿਚ ਕਰ ਲਿਆ। ਸੈਨਾ ਦੀ ਮਦਦ ਨਾਲ ਇਸ ਦਾ ਅਧਿਕਾਰ ਸਥਾਪਿਤ ਹੋ ਗਿਆ। ਸੈਨਾ ਨਾਲ ਸਾਜ਼ਿਸ਼ ਕਰਨ ਕਾਰਨ ਜਨਤਾ ਇਸ ਨੂੰ ਹੋਰ ਵੀ ਨਫ਼ਰਤ ਦੀ ਨਿਗਾਹ ਨਾਲ ਦੇਖਣ ਲਗੀ। ਫ਼ਲਸਰੂਪ 24 ਦਸੰਬਰ, 361 ਵਿਚ ਜਨਤਾ ਨੇ ਹੀ ਇਸ ਨੂੰ ਕਤਲ ਕਰ ਦਿੱਤਾ।

ਹ. ਪੁ. -ਹਿੰ. ਵਿ. ਕੋ. 4: 486; ਐਨ. ਬ੍ਰਿ. 10:192

**ਜਾਰਜ, ਸਟੀਫਨ** : ਇਹ ਜਰਮਨੀ ਦਾ ਸਰੋਦੀ ਕਵੀ ਸੀ ਜੋ 19ਵੀਂ ਸਦੀ ਦੇ ਅੰਤ ਸਮੇਂ ਜਰਮਨ ਕਵਿਤਾ ਦੀ ਪੁਨਰ ਸੁਰਜੀਤੀ ਲਈ ਮਸ਼ਹੂਰ ਹੋਇਆ। ਇਸ ਦਾ ਜਨਮ ਬਿੰਗਐਨ ਦੇ ਨੇੜੇ ਬੂਡੈਸ਼ੀਮ ਵਿਖੇ 12 ਜੁਲਾਈ, 1868 ਨੂੰ ਹੋਇਆ। ਇਸ ਨੇ ਪੈਰਿਸ, ਮਿਊਨਿਖ ਅਤੇ ਬਰਲਿਨ ਤੋਂ ਸਿੱਖਿਆ ਪ੍ਰਾਪਤ ਕੀਤੀ। ਇਹ ਦੂਰ ਦੂਰ ਤੱਕ ਘੁੰਮਿਆ ਫਿਰਿਆ ਅਤੇ ਫਿਰ ਜਰਮਨੀ ਵਾਪਸ ਆ ਗਿਆ। ਇਸ ਨੇ ਆਪਣੀ ਇਕ ਸਾਹਿਤਿਕ ਸੰਸਥਾ ਕਾਇਮ ਕੀਤੀ, ਜਿਸ ਵਿਚ ਵੱਡੇ ਵੱਡੇ ਲੇਖਕ ਸ਼ਾਮਲ ਸਨ। ਸੰਨ 1892 ਵਿਚ ਇਸ ਨੇ ਇੱਕ ਰਸਾਲਾ 'Blatter fur die Kunst' ਕੱਢਿਆ, ਜਿਸ ਵਿਚ ਉੱਘੇ ਵਿਦਵਾਨਾਂ ਦੇ ਲੇਖ ਛਪਦੇ ਸਨ। ਇਸ ਰਸਾਲੇ ਦਾ ਮੁੱਖ ਉਦੇਸ਼ ਜਰਮਨ ਸਾਹਿਤਕ ਭਾਸ਼ਾ ਨੂੰ ਮੁੜ ਸੁਰਜੀਤ ਕਰਨਾ ਸੀ।



**ਜਾਰਜ ਸਟੀਫਨ**

ਜਾਰਜ ਦੀਆਂ ਸਾਰੀਆਂ ਰਚਨਾਵਾਂ 18 ਜਿਲਦਾਂ ਵਿਚ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਵਿਚੋਂ 5 ਅਨੁਵਾਦ ਅਤੇ ਇਕ ਗੱਦ ਰੇਖਾ ਚਿੱਤਰ ਦੀ ਹੈ। ਇਸ ਦੀਆਂ ਕਵਿਤਾ ਦੀਆਂ ਪੁਸਤਕਾਂ ਵਿਚੋਂ 'Hymnen' (1890) 'Pilgerfahrten' (1891), 'Algabal' (1892) 'Das Jahr der Seele' (1897) 'Der Siebente Ring' (1907) 'Der Stern des Bundes' (1914) 'Das neue Reich' (1928) ਆਦਿ ਬਹੁਤ ਮਸ਼ਹੂਰ ਹਨ।

4 ਦਸੰਬਰ, 1933 ਨੂੰ ਲੋਕਾਰਨੋ ਦੇ ਨੇੜੇ ਮੀਨੂਸਿਓ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 10: 218; ਐਨ. ਬ੍ਰਿ. ਮਾ. 4:486

**ਜਾਰਜ, ਸੰਤ** : ਪੰਜਵੀਂ ਸਦੀ ਤੋਂ ਸੰਤ ਜਾਰਜ ਦੀ ਸ਼ਹੀਦੀ ਬਾਰੇ ਬਹੁਤ ਸਾਰੀਆਂ ਦੰਦ ਕਥਾਵਾਂ ਪ੍ਰਚੱਲਤ ਹਨ ਪਰ ਇਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਸ਼ੱਕ ਹੈ। ਇਹ ਗੱਲ ਯਕੀਨੀ ਹੈ ਕਿ ਇਹ ਲਗਭਗ 300 ਈ. ਵਿਚ ਫ਼ਿਲਿਸਤੀਨ ਦੇਸ਼ ਦੇ ਲਿੱਦਾ ਸ਼ਹਿਰ ਵਿਚ ਸ਼ਹੀਦ ਹੋਇਆ। ਇਹ ਸ਼ਾਹੀ ਸੈਨਾ ਦਾ ਉੱਚ ਅਧਿਕਾਰੀ ਸੀ। ਇਸ ਨੇ ਸਮਰਾਟ ਡਾਇਓਕਲੀਸ਼ਨ ਨਾਲ ਮਿਲ ਕੇ ਈਸਾਈਆਂ ਉੱਤੇ ਹੋ ਰਹੇ ਅਤਿਆਚਾਰਾਂ ਵਿਰੁੱਧ ਆਵਾਜ਼ ਉਠਾਈ। ਇਸ ਦੇ ਬਰਤਾਨੀਆ ਆਉਣ ਦਾ ਕੋਈ ਇਤਿਹਾਸਕ ਹਵਾਲਾ ਨਹੀਂ ਮਿਲਦਾ। ਯੂਨਾਨੀ ਪੌਰਾਣਿਕ ਕਥਾ ਅਨੁਸਾਰ ਇਸ ਬਾਰੇ ਇਹ ਕਹਾਣੀ ਬਹੁਤ ਪ੍ਰਚੱਲਤ ਹੋ ਗਈ ਹੈ ਕਿ ਲਿਬੀਆ (ਉੱਤਰੀ ਅਫ਼ਰੀਕਾ) ਦੇ ਸਿਲੇਨ ਸ਼ਹਿਰ ਦੇ ਲਾਗੇ ਇਕ ਝੀਲ ਵਿਚ ਇਕ ਅਜਗਰ ਰਹਿੰਦਾ ਸੀ ਜਿਸ ਨੂੰ ਸ਼ਹਿਰ ਨਿਵਾਸੀ ਹਰ ਰੋਜ਼ ਦੋ ਭੇਡਾਂ ਭੇਟਾ ਕਰਦੇ ਸਨ। ਭੇਡਾਂ ਖ਼ਤਮ ਹੋਣ ਤੇ ਮਨੁੱਖਾਂ ਦੀ ਵਾਰੀ ਆਈ। ਇਸ ਕਾਰਨ ਹਰ ਰੋਜ਼ ਪਰਚੀ ਕੱਢੀ ਜਾਂਦੀ ਸੀ। ਇਕ ਦਿਨ ਰਾਜੇ ਦੀ ਇਕਲੌਤੀ ਪੁੱਤਰੀ ਦੀ ਪਰਚੀ ਨਿਕਲ ਆਈ, ਪਰ ਉਸੇ ਸਮੇਂ ਸੰਤ ਜਾਰਜ ਉਥੇ ਆ ਪਹੁੰਚਿਆ। ਇਸ ਨੇ ਅਜਗਰ ਨੂੰ ਜ਼ਖਮੀ ਕਰ ਦਿੱਤਾ ਅਤੇ ਰਾਜਕੁਮਾਰੀ ਨੂੰ ਆਦੇਸ਼ ਦਿੱਤਾ ਕਿ ਉਹ ਉਸ ਦੇ ਗਲ ਵਿਚ ਆਪਣੀ ਬੈਲਟ ਪਾ ਕੇ ਉਸ ਨੂੰ ਸ਼ਹਿਰ ਵਿਚ ਲੈ ਆਵੇ। ਉਥੇ ਇਸ ਨੇ ਸ਼ਹਿਰੀਆਂ ਨੂੰ ਈਸਾਈ ਬਣਨ ਦੀ ਪ੍ਰਤਿਗਿਆ ਕਰਵਾਈ ਅਤੇ ਬਾਅਦ ਵਿਚ ਅਜਗਰ ਨੂੰ ਮਾਰ ਦਿੱਤਾ। ਇਹ ਦੇਖ ਕੇ ਰਾਜੇ ਨੇ ਆਪਣੀ ਸਾਰੀ ਪਰਜਾ ਨਾਲ ਈਸਾਈ ਦੀਖਿਆ ਲੈ ਲਈ। ਧਰਮ ਯੁੱਧਾਂ ਦੇ ਸਮੇਂ ਸੰਤ ਜਾਰਜ ਦੀ ਸ਼ੁਹਰਤ ਪੱਛਮ ਵਿਚ ਅਤੇ ਖ਼ਾਸ ਕਰਕੇ ਫ਼ੌਜੀਆਂ ਵਿਚ ਬਹੁਤ ਫੈਲ ਗਈ। ਚੌਦਵੀਂ ਸਦੀ ਵਿਚ ਇਸ ਨੂੰ ਇੰਗਲੈਂਡ ਦਾ ਰੱਖਿਆ ਕਰਨ ਵਾਲਾ ਸੰਤ ਕਰਾਰ ਦਿੱਤਾ ਗਿਆ। ਇਸ ਦਾ ਪੁਰਬ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ।

ਹ. ਪੁ. -ਹਿੰ. ਵਿ. ਕੋ. 4 : 486

**ਜਾਰਜ ਝੀਲ** : ਇਹ ਨਿਊਯਾਰਕ ਰਾਜ (ਸੰ. ਰ. ਅ) ਦੇ ਪੂਰਬੀ ਖੇਤਰ ਦੀ ਇਕ ਤੰਗ ਅਤੇ ਲੰਬੂਤਰੀ ਜਿਹੀ ਸ਼ਕਲ ਦੀ ਝੀਲ ਹੈ ਜਿਹੜੀ ਐਡੇਰਾਨਡੈਕ ਪਰਬਤਾਂ ਦੇ ਪੈਰਾਂ ਵਿਚ ਵਾਕਿਆ ਹੈ। ਇਹ ਪਹਾੜ ਝੀਲ ਤੋਂ 590 ਮੀ. (2000 ਫੁੱਟ) ਤੋਂ ਵੀ ਵੱਧ ਉਚਾਈ ਤੱਕ ਜਾਂਦੇ ਹਨ। ਪਰਾਸਪੈਕਟ ਅਤੇ ਬਲੈਕ ਪਹਾੜਾਂ ਨੇ ਇਸ ਨੂੰ ਘੇਰਿਆ ਹੋਇਆ ਹੈ। ਜਾਰਜ ਝੀਲ ਦੀ ਵਧ ਤੋਂ ਵਧ ਡੂੰਘਾਈ 118 ਮੀ. (400 ਫੁੱਟ) ਹੈ ਜਿਹੜੀ ਸਮੁੰਦਰ ਤਲ ਤੋਂ 104 ਮੀ. (317 ਫੁੱਟ) ਤੇ ਝੀਲ ਸ਼ੈਪਲੇਨ ਤੋਂ 67 ਮੀ. ਉੱਚੀ ਹੈ ਅਤੇ ਇਸ ਦੇ ਨਾਲ ਇਹ ਇਕ ਤੰਗ ਜਿਹੇ ਮਾਰਗ ਨਾਲ ਜੁੜੀ ਹੋਈ ਹੈ। ਜਾਰਜ ਝੀਲ 51 ਕਿ. ਮੀ. ਲੰਬੀ ਅਤੇ ਡੇਢ ਕਿ. ਮੀ. ਤੋਂ ਪੰਜ ਕਿ. ਮੀ. ਤੱਕ ਚੌੜੀ ਹੈ। ਇਸ ਦੇ ਸ੍ਰੋਤ ਪਹਾੜੀ ਕੂਲਾਂ ਅਤੇ ਜ਼ਮੀਨਦੋਜ਼ ਚਸ਼ਮੇ ਹਨ। ਇਹ ਪਾਣੀ ਇੰਨਾ ਨਿਰਮਲ ਤੇ ਸਵੱਛ ਹੈ ਕਿ ਝੀਲ ਦਾ ਰੇਤਲਾ ਤਲਾ ਸਾਫ਼ ਦਿਖਾਈ ਦਿੰਦਾ ਹੈ। ਇਸ ਵਿਚ ਹਰੇ ਤੇ ਨੀਲੇ ਰੰਗ ਦੀ ਬਹੁਤ ਹੀ ਸੁਹਣੀ ਭਾਅ ਮਾਰਦੀ ਹੈ। ਝੀਲ ਮਨਮੋਹਕ ਪਹਾੜੀ ਦ੍ਰਿਸ਼ਾਂ ਅਤੇ ਇਸ ਵਿਚਲੇ ਸੁੰਦਰ ਜਜ਼ੀਰਿਆਂ ਲਈ ਮਸ਼ਹੂਰ ਹੈ। ਗਰਮੀਆਂ ਲਈ ਇਹ ਇਕ ਬਹੁਤ ਹੀ ਨਫ਼ੀਸ ਸੈਰਗਾਹ ਵੀ ਹੈ।

ਭੂ-ਵਿਗਿਆਨੀਆਂ ਅਨੁਸਾਰ ਬਰਫ਼ ਯੁੱਗ ਦੌਰਾਨ ਹੋਂਦ ਵਿਚ ਆਈ ਗੋਰਿਆਂ ਦੀ ਆਮਦ ਤੋਂ ਪਹਿਲਾਂ ਇਹ ਝੀਲ ਕੁਦਰਤੀ ਰਸਤੇ

ਦਾ ਹਿੱਸਾ ਸੀ ਜਿਸ ਰਾਹੀਂ ਇੰਡੀਅਨ ਜਾਤੀ ਦੇ ਆਇਰੋਕਵਾਇਜ਼ ਲੋਕ ਉੱਤਰ ਵੱਲੋਂ ਐਲਗਾਨਕਿਨ ਦੇ ਹਿਊਰਾਨ ਜਾਤੀਆਂ ਤੇ ਹਮਲੇ ਕਰਨ ਲਈ ਅਕਸਰ ਲੰਘਦੇ ਰਹੇ ਹਨ। ਉੱਤਰੀ ਅਮਰੀਕਾ ਵਿਚ ਅੰਗਰੇਜ਼ਾਂ ਤੇ ਫ਼ਰਾਂਸੀਸੀਆਂ ਵਿਚਕਾਰ ਚਲਦੀ ਜੱਦੋ ਜਹਿਦ ਅਤੇ ਅਮਰੀਕਾ ਦੀ ਕ੍ਰਾਂਤੀ ਦੌਰਾਨ ਅਤੇ ਨਿਊਯਾਰਕ ਤੇ ਕੈਨੇਡਾ ਵਿਚਕਾਰ ਆਵਾਜਾਈ ਲਈ ਸਭ ਤੋਂ ਵਧੀਆ ਕੁਦਰਤੀ ਰਾਹ ਸੀ। ਯੁੱਧ-ਕਲਾ ਲਈ ਵੀ ਇਸ ਦੀ ਸਥਿਤੀ ਬਹੁਤ ਅਨੁਕੂਲ ਸੀ।

ਸੰਨ 1609 ਵਿਚ ਸੈਮੁਅਲ ਡੀ ਸ਼ੈਪਲੇਨ ਨੇ ਝੀਲ ਸ਼ੈਪਲੇਨ ਦੀ ਖੋਜ ਸਮੇਂ ਇੰਡੀਅਨ ਲੋਕਾਂ ਕੋਲੋਂ ਇਸ ਸੁੰਦਰ ਤੇ ਰਮਣੀਕ ਝੀਲ ਬਾਰੇ ਸੁਣਿਆ ਜਿਸ ਨੂੰ ਇਨ੍ਹਾਂ ਨੇ ਐਂਡਿਐਟਾਰੱਕਟ (ਉਹ ਥਾਂ ਜਿਥੇ ਝੀਲ ਬਹੁਤ ਘੱਟ ਚੌੜੀ ਹੋਵੇ) ਦਾ ਨਾਂ ਦਿੱਤਾ ਮੰਨਿਆ ਜਾਂਦਾ ਹੈ ਪਰ ਲਿਖਤੀ ਰੂਪ ਵਿਚ ਇਹ ਕਿਧਰੇ ਨਹੀਂ ਮਿਲਿਆ ਕਿ ਸ਼ੈਪਲੇਨ ਕਦੇ ਇਸ ਪਾਸੇ ਗਿਆ ਹੋਵੇ। ਫਾਦਰ ਇਸਾਕ ਜ਼ੋਗਸ ਨਾਮੀ ਫ਼ਰਾਂਸੀਸੀ ਯਸੂਹੀ ਮਿਸ਼ਨਰੀ 18 ਅਗਸਤ, 1646 ਦੌਰਾਨ ਬਹਾਰ ਦੇ ਮੌਸਮ ਵਿਚ ਦੁਬਾਰਾ ਇਥੋਂ ਦੀ ਲੰਘਿਆ ਅਤੇ ਇਸ ਦਾ ਨਾਂ ਉਸ ਨੇ 'Lac du Saint Sacnement' ਰੱਖਿਆ। ਸੰਨ 1755 ਵਿਚ ਜਨਰਲ ਸਰ ਵਿਲੀਅਮ ਜਾਨਸਨ ਨੇ ਇਸਦਾ ਨਾਂ ਜਾਰਜ ਦੂਜੇ (ਇੰਗਲੈਂਡ) ਦੇ ਨਾਂ ਤੇ ਲੇਕ ਜਾਰਜ ਰੱਖਿਆ। ਜੇਮਜ਼ ਫੈਨੀਮੋਰ ਕੂਪਰ ਨੇ ਆਪਣੇ ਨਾਵਲ ਵਿਚ ਇਸਨੂੰ ਲੇਕ ਹਾਰੇਕਾਨ ਕਿਹਾ ਹੈ।

ਫ਼ਰਾਂਸੀਸੀਆਂ ਤੇ ਇੰਡੀਅਨ ਲੋਕਾਂ ਦੇ ਯੁੱਧਾਂ ਤੇ ਕ੍ਰਾਂਤੀ ਸਮੇਂ ਇਸ ਝੀਲ ਉਪਰ ਕਈ ਮਹੱਤਵਪੂਰਨ ਮੁੱਠਭੇੜਾਂ ਹੋਈਆਂ। 8 ਸਤੰਬਰ, 1755 ਨੂੰ ਇਥੇ ਹੀ ਜਨਰਲ ਵਿਲੀਅਮ ਜਾਨਸਨ ਨੇ 1400 ਫ਼ਰਾਂਸੀਸੀਆਂ, ਕੈਨੇਡੀਅਨਾਂ ਤੇ ਇੰਡੀਅਨਾਂ ਦੀ ਫ਼ੌਜ ਨੂੰ ਹਰਾਇਆ। ਇਸ ਲੜਾਈ ਨੂੰ 'ਝੀਲ ਜਾਰਜ ਦਾ ਯੁੱਧ' ਕਿਹਾ ਜਾਂਦਾ ਹੈ। ਸੰਨ 1900 ਵਿਚ ਇਸੇ ਯੁੱਧ ਦੀ ਯਾਦਗਾਰ ਇਕ ਸਮਾਰਕ ਦੇ ਰੂਪ ਵਿਚ ਸਥਾਪਤ ਕੀਤੀ ਗਈ। ਜੰਗ ਉਪਰੰਤ ਮੈਦਾਨੇ ਜੰਗ ਵਿਚ ਝੀਲ ਦੇ ਕੰਢੇ ਜਨਰਲ ਜਾਨਸਨ ਨੇ ਕਾਠ ਤੇ ਮਿੱਟੀ ਦਾ ਇਕ ਕਿਲਾ ਬਣਵਾਇਆ ਜਿਸਦਾ ਨਾਂ ਵਿਲੀਅਮ ਹੈਨਰੀ ਫੋਰਟ ਰੱਖਿਆ ਗਿਆ। ਇਸ ਤੋਂ ਦੋ ਸਾਲ ਪਿੱਛੋਂ ਕੈਨੇਡਾ ਦੇ ਗਵਰਨਰ ਨੇ 2,1600 ਆਦਮੀਆਂ ਦੀ ਇਕ ਮੁਹਿੰਮ ਕਿਲੇ ਉਪਰ ਕਬਜ਼ਾ ਕਰਨ ਲਈ ਭੇਜੀ ਪਰ ਅਸਫ਼ਲ ਰਹੀ। ਇਸੇ ਤਰ੍ਹਾਂ ਜਾਰਜ ਝੀਲ ਦਾ ਆਲਾ ਦੁਆਲਾ ਅਤੇ ਝੀਲ ਨਿਰੰਤਰ ਇਤਿਹਾਸਕ ਘਟਨਾਵਾਂ ਦਾ ਸਥਾਨ ਹੈ।

ਝੀਲ ਦੇ ਦੱਖਣੀ ਸਿਰੇ ਤੇ ਲੇਕ ਜਾਰਜ ਪਿੰਡ ਵਸਿਆ ਹੋਇਆ ਹੈ।

ਹ. ਪੁ. -ਐਨ. ਬ੍ਰਿ. 10 :193; ਕੋਲ. ਐਨ. 8:386

**ਜਾਰਜ ਟਾਊਨ** : ਉੱਤਰੀ ਕੈਂਟਕੀ ਰਾਜ (ਸੰ. ਰ. ਅ.) ਦੀ ਸਕਾਟ ਕਾਉਂਟੀ ਦਾ ਸਦਰਮੁਕਾਮ ਹੈ। ਸੰਨ 1775 ਵਿਚ ਇਹ ਮੈਕ ਕਲੀਲੈਂਡਜ਼ ਸਟੇਸ਼ਨ ਦੇ ਨਾਂ ਹੇਠ ਆਬਾਦ ਹੋਇਆ ਤੇ ਬਾਅਦ ਵਿਚ ਇਸਨੂੰ ਲੈਬਨਾਨ ਦਾ ਨਾਂ ਦਿੱਤਾ ਗਿਆ। ਇਹ ਸ਼ਹਿਰ ਰਾਇਲ ਸਪਰਿੰਗ ਨਾਂ ਦੇ ਚਸ਼ਮੇ ਦੁਆਲੇ ਹੀ ਵਿਕਸਿਤ ਹੋਇਆ। ਹੁਣ ਵੀ ਇਥੇ ਇਸੇ ਚਸ਼ਮੇ ਤੋਂ ਹੀ ਜਲ ਸਪਲਾਈ ਹੁੰਦੀ ਹੈ। ਸੰਨ 1790 ਵਿਚ ਇਸਨੂੰ ਨਿਗਮਿਤ ਕਰਨ ਉਪਰੰਤ ਜਾਰਜ ਵਾਸ਼ਿੰਗਟਨ ਦੇ ਨਾਂ ਤੇ ਇਸ ਦਾ ਨਾਂ ਬਦਲ ਕੇ ਜਾਰਜ ਟਾਊਨ ਰੱਖ ਦਿੱਤਾ।

ਬਰਲੀ ਤਮਾਕੂ, ਅਨਾਜ, ਡੇਅਰੀ ਅਤੇ ਮੀਟ ਤੋਂ ਤਿਆਰ ਕੀਤੀਆਂ ਵਸਤਾਂ ਇਥੋਂ ਦੀ ਫਾਰਮ ਆਰਥਿਕਤਾ ਦਾ ਆਧਾਰ ਹਨ। ਛੋਟੇ ਪੈਮਾਨੇ ਦੇ ਉਦਯੋਗਾਂ ਨੇ ਵੀ ਫਾਰਮ ਆਰਥਿਕਤਾ ਦੇ ਵਿਕਾਸ ਨੂੰ ਕਾਫ਼ੀ ਹਲੂਣਾ ਦਿੱਤਾ ਹੈ। ਸੰਨ 1787 ਵਿਚ ਇਥੇ ਜਾਰਜ ਟਾਊਨ ਕਾਲਜ ਇਕ ਅਕਾਦਮੀ ਦੇ ਤੌਰ ਤੇ ਆਰੰਭ ਕੀਤਾ ਗਿਆ।

ਆਬਾਦੀ—10, 972 (1980)

38° 13′ ਉ. ਵਿਥ.; 84° 33′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 4: 488

**ਜਾਰਜ ਟਾਊਨ** : ਦੱਖਣੀ ਕੈਰੋਲਾਈਨਾ ਰਾਜ (ਸੰ. ਰ.ਅ.) ਦੀ ਜਾਰਜ ਟਾਊਨ ਕਾਉਂਟੀ ਦਾ ਸਦਰ-ਮੁਕਾਮ ਅਤੇ ਦਾਖਲਾ ਬੰਦਰਗਾਹ ਹੈ। ਇਹ ਸ਼ਹਿਰ ਅੰਧ ਮਹਾਂਸਾਗਰ ਦੇ ਤਟ ਦੇ ਨੇੜੇ ਖਾੜੀ ਵਿਨਯਾਹ ਵਿਚ ਡਿਗਣ ਵਾਲੇ ਦਰਿਆਵਾਂ ਦੇ ਮੁਹਾਣਿਆਂ ਉਪਰ ਵਾਕਿਆ ਹੈ। ਸੰਨ 1526 ਵਿਚ ਸਪੇਨੀ ਲੋਕ ਸਭ ਤੋਂ ਪਹਿਲਾਂ ਇਥੇ ਪਹੁੰਚੇ ਅਤੇ ਆਬਾਦ ਹੋਏ ਪਰ ਬੀਮਾਰੀ ਫੈਲ ਜਾਣ ਕਰਕੇ ਇਹ ਬਸਤੀ ਉਜੜ ਗਈ। ਇਸ ਉਪਰੰਤ 1700 ਦੇ ਲਗਭਗ ਇਥੇ ਪਹਿਲੀ ਅੰਗਰੇਜ਼ ਬਸਤੀ ਸਥਾਪਿਤ ਕੀਤੀ ਗਈ ਅਤੇ 1734 ਵਿਚ ਰਸਮੀ ਤੌਰ ਤੇ ਸਥਾਪਿਤ ਕੀਤੀ ਗਈ ਕਮਿਊਨਿਟੀ ਦਾ ਨਾਂ ਉਸ ਸਮੇਂ ਦੇ ਪ੍ਰਿੰਸ ਆਫ਼ ਵੇਲਜ਼ ਜਾਰਜ ਦੂਜੇ ਦੇ ਨਾਂ ਤੇ 'ਜਾਰਜ ਟਾਊਨ' ਰੱਖਿਆ ਗਿਆ। ਸ਼ਹਿਰ ਦੀ ਆਰਥਿਕਤਾ ਬਾਗ਼ ਬਗੀਚਿਆਂ ਅਤੇ ਨੀਲ ਦੀ ਬਰਾਮਦ ਉਪਰ ਨਿਰਭਰ ਹੈ। ਇਨ੍ਹਾਂ ਪੌਦਿਆਂ ਦੇ ਸਿਰ ਤੇ ਇਹ ਸ਼ਹਿਰ ਕਾਫ਼ੀ ਖ਼ੁਸ਼ਹਾਲ ਹੈ।

ਯੁੱਧ ਕਲਾ ਦੀ ਨੁਕਤਾ ਨਿਗਾਹ ਤੋਂ ਵੀ ਜੇਕਰ ਵੇਖਿਆ ਜਾਵੇ ਤਾਂ ਇਸ ਸ਼ਹਿਰ ਦੀ ਸਥਿਤੀ ਬਹੁਤ ਵਧੀਆ ਹੈ ਤੇ ਇਸੇ ਕਾਰਨ ਦੱਖਣੀ ਕੈਰੋਲਾਈਨਾ ਦਾ ਤਟੀ ਖੇਤਰ ਵੀ ਕਾਫ਼ੀ ਵਧਿਆ ਫੁਲਿਆ ਹੈ। ਬਹੁਤ ਸਾਰੇ ਇਤਿਹਾਸਕ ਭੂ-ਦ੍ਰਿਸ਼ਾਂ ਦੀ ਹੋਂਦ ਵੀ ਸ਼ਹਿਰ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਾਉਂਦੀ ਹੈ। ਮਾਰਕੁਇਸ ਡੇਲਾ ਫਿਐੱਟ ਅਮਰੀਕਾ ਦੀ ਧਰਤੀ ਉਪਰ 13 ਜੂਨ, 1777 ਨੂੰ ਸਭ ਤੋਂ ਪਹਿਲਾਂ ਇਸ ਸ਼ਹਿਰ ਦੇ ਨੇੜੇ ਹੀ ਪੈਂਦੇ ਉੱਤਰੀ ਦੀਪ ਉੱਤੇ ਉੱਤਰਿਆ ਸੀ ਅਤੇ ਫ਼ਰਾਂਸਿਸ ਮੇਰੀਆਨ ਨੇ ਇਸ ਉਪਰ ਚੋਖਾ ਧਨ ਖਰਚਿਆ।

ਅੰਤਰ ਦੇਸ਼ੀ ਜਲ ਮਾਰਗ ਪ੍ਰਣਾਲੀ ਉਪਰ ਪੈਂਦੀ ਜਾਰਜ ਟਾਊਨ ਦੀ ਬੰਦਰਗਾਹ ਨੂੰ ਡੂੰਘੇ ਪਾਣੀ ਦੀ ਇਕ ਬੰਦਰਗਾਹ ਵਜੋਂ ਵਿਕਸਿਤ ਕੀਤਾ ਗਿਆ ਹੈ। ਇਥੇ ਇਮਾਰਤੀ ਲੱਕੜੀ, ਸਮੁੰਦਰੀ ਫ਼ੌਜ ਦਾ ਸਾਮਾਨ, ਕਪਾਹ ਅਤੇ ਮੱਛੀ ਜ਼ਹਾਜ਼ਾਂ ਵਿਚ ਲੱਦੀ ਜਾਂਦੀ ਹੈ। ਕਾਗਜ਼ ਇਸ ਸ਼ਹਿਰ ਦਾ ਸਭ ਤੋਂ ਵੱਡਾ ਉਤਪਾਦਨ ਹੈ। ਸੰਨ 1805 ਵਿਚ ਇਸ ਨੂੰ ਨਗਰ ਦੇ ਰੂਪ ਵਿਚ ਨਿਗਮਿਤ ਕੀਤਾ ਗਿਆ ਤੇ 1892 ਵਿਚ ਵੱਡੇ ਸ਼ਹਿਰ ਦੇ ਤੌਰ ਤੇ ਇਸ ਦਾ ਨਾਂ ਲਿਆ ਜਾਣ ਲੱਗਾ।

ਆਬਾਦੀ—10,144 (1980)

33° 23′ ਉ. ਵਿਥ. ; 79° 17′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 4: 488

**ਜਾਰਜ ਟਾਊਨ** : ਇਹ ਦੱਖਣੀ ਅਮਰੀਕਾ ਦੇ ਉੱਤਰ ਵਿਚ ਗਾਈਐਨਾ (ਸਾਬਕਾ ਬ੍ਰਿਟਿਸ਼ ਗੀਐਨਾ) ਦੇਸ਼ ਦੀ ਰਾਜਧਾਨੀ ਅਤੇ ਇਕ ਮੁੱਖ ਬੰਦਰਗਾਹ ਹੈ। ਇਹ ਸ਼ਹਿਰ ਡੈਮੇਰੇਅਰਾ ਦਰਿਆ ਦੇ ਮੁਹਾਣੇ ਉਪਰ ਅੰਧ ਮਹਾਂਸਾਗਰ ਦੇ ਤਟ ਤੇ ਵਾਕਿਆ ਹੈ। ਸੰਨ 1781 ਵਿਚ ਅੰਗਰੇਜ਼ਾਂ ਨੇ ਇਸਨੂੰ ਇਕ ਬਸਤੀ ਵਜੋਂ ਵਸਾਇਆ ਸੀ ਤੇ ਜਾਰਜ ਤੀਜੇ ਦੇ ਨਾਂ ਤੇ ਇਸ ਦਾ ਨਾਂ ਜਾਰਜ ਟਾਊਨ ਪਿਆ। ਸੰਨ 1784 ਵਿਚ ਫ਼ਰਾਂਸੀਸੀਆਂ ਨੇ ਇਸ ਬਸਤੀ ਦੀ ਮੁੜ ਉਸਾਰੀ ਵਿਚ ਕਾਫ਼ੀ ਧਨ ਖਰਚ ਕੀਤਾ। ਡੱਚਾਂ ਦੇ ਕਬਜ਼ੇ ਦੌਰਾਨ ਇਸ ਦਾ ਨਾਂ ਜਾਰਜ ਟਾਊਨ ਦੀ ਜਗ੍ਹਾ ਸਟਾਬਰੁੱਕ ਪ੍ਰਚੱਲਤ ਹੋਇਆ ਜਿਸ ਦਾ ਅਰਥ ਟੋਭਾ ਸੀ। ਸੰਨ 1784 ਵਿਚ ਇਸਨੂੰ ਐਸਾਕਵੀਬੋ ਅਤੇ ਡੈਮੈਰੇਅਰਾ ਨਾਉਂ ਦੀਆਂ ਸੰਯੁਕਤ ਬਸਤੀਆਂ ਦੇ ਸਰਕਾਰੀ ਸਦਰ-ਮੁਕਾਮ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ। ਮੁੜ 1812 ਵਿਚ ਬਰਤਾਨੀਆ ਦੇ ਕਬਜ਼ੇ ਵਿਚ ਜਾਣ ਤੇ ਇਸ ਦਾ ਪਹਿਲਾ ਨਾਂ 'ਜਾਰਜ ਟਾਊਨ' ਹੀ ਪ੍ਰਚੱਲਤ ਕੀਤਾ ਗਿਆ।

ਮਲੇਰੀਏ ਕਾਰਨ ਇਸ ਸ਼ਹਿਰ ਦੀ ਆਬਾਦੀ ਬੁਰੀ ਤਰ੍ਹਾਂ ਘਟਣ ਲੱਗ ਗਈ ਸੀ ਪਰ 1945 ਤੱਕ ਇਸ ਬੀਮਾਰੀ ਨੂੰ ਇਥੋਂ ਖ਼ਤਮ ਕਰ ਦਿੱਤਾ ਗਿਆ ਅਤੇ ਫਿਰ ਤੋਂ ਇਥੇ ਚਹਿਲ-ਪਹਿਲ ਸ਼ੁਰੂ ਹੋਈ।

ਸ਼ਹਿਰ ਵਿਚ ਬਹੁਤੇ ਮਕਾਨ ਅਤੇ ਸਰਕਾਰੀ ਇਮਾਰਤਾਂ ਲੱਕੜੀ ਦੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ ਬਣੀਆਂ ਇਮਾਰਤਾਂ ਆਮ ਤੌਰ ਤੇ ਇੱਟਾਂ ਦੇ ਬਣੇ ਹੋਏ ਥੰਮ੍ਹਾਂ ਦੇ ਸਹਾਰੇ ਉਸਰੀਆਂ ਹੋਈਆਂ ਹਨ। ਇਹ ਥੰਮ੍ਹ ਇਕ ਤੋਂ ਤਿੰਨ ਮੀਟਰ ਤੱਕ ਮੋਟੇ ਹਨ। ਸੰਨ 1945 ਤੋਂ 1951 ਦੌਰਾਨ ਅੱਗਾਂ ਲਗਣ ਕਰਕੇ ਦੂਜੀ ਵਾਰ ਸਾਰੀਆਂ ਮਹੱਤਵਪੂਰਨ ਇਮਾਰਤਾਂ ਬਜ਼ਰੀ ਕੰਕਰ ਨਾਲ ਬਣਾਈਆਂ ਗਈਆਂ। ਸ਼ਹਿਰ ਦੇ ਕੇਂਦਰ ਵਿਚ ਸਰਕਾਰੀ ਦਫ਼ਤਰ, ਟਾਊਨ ਹਾਲ, ਮੁੱਖ ਗਿਰਜੇ ਘਰ ਤੇ ਗਾਈਐਨਾ ਯੂਨੀਵਰਸਿਟੀ ਅਤੇ ਹੋਰ ਵਿਦਿਅਕ ਅਦਾਰਿਆਂ ਆਦਿ ਦੀਆਂ ਸਰਕਾਰੀ ਇਮਾਰਤਾਂ ਹਨ। ਇਨ੍ਹਾਂ ਤੋਂ ਇਲਾਵਾ ਇਥੇ ਇਕ ਹੋਰ ਬਹੁਤ ਹੀ ਵਡਮੁੱਲਾ ਬਨਸਪਤੀ ਵਿਗਿਆਨਕ ਬਾਗ਼, ਚਿੜੀਆ-ਘਰ, ਸਮੁੰਦਰੀ ਤਟ ਤੇ ਬਣੀ ਇਕ ਸੈਰਗਾਹ ਅਤੇ ਬਾਹਰਲੇ ਮਨੋਰੰਜਨ ਲਈ ਕਈ ਸਹੂਲਤਾਂ ਹਨ।

ਪ੍ਰਸ਼ਾਸਕੀ ਤੇ ਸਭਿਆਚਾਰਕ ਸਰਗਰਮੀਆਂ ਤੋਂ ਇਲਾਵਾ ਇਹ ਸ਼ਹਿਰ ਦੇਸ਼ ਦਾ ਮੁੱਖ ਤਜਾਰਤੀ ਅਤੇ ਨਿਰਮਾਣ ਕੇਂਦਰ ਹੈ। ਖੰਡ, ਚੌਲ, ਫ਼ਲ ਅਤੇ ਇਮਾਰਤੀ ਲੱਕੜ, ਬਾਕਸਾਈਟ, ਤੇ ਹੀਰੇ ਇਥੋਂ ਬਰਾਮਦ ਕੀਤੇ ਜਾਂਦੇ ਹਨ। ਇਥੇ ਖੰਡ ਸਾਫ਼ ਕਰਨ ਦੇ ਕਾਰਖ਼ਾਨੇ ਹਨ। ਗਾਈਐਨਾ ਵਿਚ ਵੱਡੀਆਂ ਸੜਕਾਂ ਘੱਟ ਹਨ ਪਰ ਤਟ ਦੇ ਨਾਲ ਨਾਲ ਜਾਰਜ ਟਾਊਨ ਤੋਂ ਪ੍ਰਦੇਸ਼ ਦੇ ਅੰਦਰੂਨੀ ਖੇਤਰ ਨੂੰ ਕੁਝ ਦੂਰੀ ਤੱਕ ਸੜਕਾਂ ਜਾਂਦੀਆਂ ਹਨ। ਇਹ ਅੰਤਰ-ਰਾਸ਼ਟਰੀ ਸਮੁੰਦਰੀ ਅਤੇ ਹਵਾਈ ਜਹਾਜ਼ਾਂ ਰਾਹੀਂ ਹੋਰਨਾਂ ਸਥਾਨਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ–9,90, 000 (1989)

6° 48' ਉ. ਵਿਥ.; 58° 10' ਪੱ. ਲੰਬ.

ਹ. ਪੁ. –ਐਨ. ਬ੍ਰਿ. ਮਾ. 5: 487

**ਜਾਰਜ ਦਾ ਮਾਂਕ** : ਇਹ ਬਾਜ਼ਨਤੀਨੀ ਇਤਿਹਾਸਕਾਰ ਸੀ ਜਿਹੜਾ ਮਾਈਕਲ ਤੀਜੇ (842-867) ਦਾ ਸਮਕਾਲੀ ਸੀ। ਇਸਨੇ ਉਸ ਸਮੇਂ ਦੀਆਂ ਘਟਨਾਵਾਂ ਦਾ ਵਰਨਣ ਕੀਤਾ ਹੈ। ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸਨੇ ਪ੍ਰਿਥਵੀ ਦੀ ਰਚਨਾ ਦੇ ਪ੍ਰਾਰੰਭ ਤੋਂ ਲੈ ਕੇ ਸਮਰਾਟ ਨਿਓਫਿਲਸ ਦੇ ਸ਼ਾਸਨ ਤੱਕ ਦਾ ਵਰਨਣ ਕਰਕੇ ਸਾਹਿਤ ਦੇ ਖੇਤਰ ਵਿਚ ਇਕ ਰੋਮਾਂਸ ਪੈਦਾ ਕੀਤਾ ਹੈ।

ਇਸਨੇ ਮਾਨਵ ਸਭਿਅਤਾ ਦੇ ਉਨ੍ਹਾਂ ਸਾਰੇ ਪੱਖਾਂ ਅਤੇ ਅੰਗਾਂ ਦਾ ਵਰਨਣ ਕੀਤਾ ਜੋ ਮਾਨਵ ਜਗਤ ਨੂੰ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦੇ ਸਨ। ਇਹ ਮੂਰਤੀ ਪੂਜਾ ਦਾ ਸਮਰਥਕ ਸੀ ਅਤੇ ਇਸਨੇ ਆਪਣੀ ਲਿਖਤ ਵਿਚ ਪ੍ਰਭਾਵਸ਼ਾਲੀ ਸ਼ਬਦਾਂ ਰਾਹੀਂ ਉਨ੍ਹਾਂ ਤੱਤਾਂ ਦਾ ਸਖ਼ਤ ਵਿਰੋਧ ਕੀਤਾ ਜੋ ਮੂਰਤੀ ਪੂਜਾ ਦਾ ਖੰਡਨ ਚਾਹੁੰਦੇ ਸਨ।

ਜਾਰਜ ਦਾ ਮਾਂਕ ਦੀ ਰਚਨਾ ਆਪਣੇ ਸਮੇਂ ਦਾ ਵਿਸ਼ਵਾਸ ਯੋਗ ਸਾਹਿਤ ਹੈ ਜਿਸ ਦੇ ਅਧਿਐਨ ਤੋਂ ਨੌਵੀਂ ਸਦੀ ਦੇ ਪਹਿਲੇ ਅੱਧ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਦਸ਼ਾ ਬਾਰੇ ਜਾਣਕਾਰੀ ਮਿਲਦੀ ਹੈ। ਸਭਿਅਤਾ ਦੇ ਉਸ ਯੁੱਗ ਵਿਚ ਜਦੋਂ ਕਿ ਮਾਨਵ ਅਜੇ ਵੀ ਅਸੱਭਯ ਸੀ ਅਤੇ ਜਿਥੇ ਕਲਾ ਅਤੇ ਲਲਿਤ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ ਸੀ, ਮਨੁੱਖ ਲੁੱਟ ਮਾਰ ਦੇ ਕੰਮਾਂ ਵਿਚ ਰੁੱਝਿਆ ਹੋਇਆ ਸੀ, ਅਜਿਹੇ ਸਮੇਂ ਪ੍ਰਿਥਵੀ ਦੀ ਰਚਨਾ ਤੋਂ ਲੈ ਕੇ ਆਪਣੇ ਸਮੇਂ ਤੱਕ ਦੀਆਂ ਘਟਨਾਵਾਂ ਦਾ ਵਰਨਣ ਕਰਨਾ ਜਾਰਜ ਮਾਂਕ ਦੀ ਇਕ ਅਮਰ ਦੇਣ ਹੈ।

ਹ. ਪੁ. -ਹਿੰ. ਵਿ. ਕੋ. 4: 489

**ਜਾਰਜੀਆ** : ਇਹ ਇਕ ਸੁਤੰਤਰ ਗਣਰਾਜ ਹੈ ਜਿਹੜਾ ਕਾਲੇ ਸਾਗਰ ਦੇ ਪੂਰਬ ਵੱਲ ਟ੍ਰਾਂਸ ਕਾਕੇਸ਼ੀਆ ਖੇਤਰ ਵਿਚ ਵਾਕਿਆ ਹੈ। ਇਹ 25 ਫ਼ਰਵਰੀ, 1921 ਨੂੰ ਗਣਰਾਜ ਦੇ ਤੌਰ ਤੇ ਸਥਾਪਿਤ ਹੋਇਆ। ਇਸ ਦਾ ਖੇਤਰਫਲ 69,700 ਵ. ਕਿ. ਮੀ. ਅਤੇ ਆਬਾਦੀ 5,456,000 (1991) ਹੈ। ਇਥੋਂ ਦੀ ਰਾਜਧਾਨੀ ਤਬਿਲਸੀ ਹੈ। ਇਸ ਗਣਰਾਜ ਦੀਆਂ ਹੱਦਾਂ ਦੱਖਣ ਵੱਲ ਤੁਰਕੀ ਪੂਰਬ ਵੱਲ ਆਜ਼ਰਬਾਈਜਾਨ ਅਤੇ ਦੱਖਣ-ਪੂਰਬ ਵੱਲ ਆਰਮੀਨੀਆ ਨਾਲ ਲਗਦੀਆਂ ਹਨ। ਇਸ ਦੇ ਪੱਛਮ ਵੱਲ ਕਾਲਾ ਸਾਗਰ ਹੈ। ਇਸ ਗਣਰਾਜ ਵਿਚ ਐਬਨੇਜ਼ਨ, ਅਜ਼ਾਰ ਅਤੇ ਦੱਖਣੀ ਆਸੀਸ਼ੀਆ ਖ਼ੁਦਮੁਖ਼ਤਾਰ ਪ੍ਰਾਂਤ ਸ਼ਾਮਲ ਹਨ।

ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਜਾਰਜੀਆ ਗਣਰਾਜ ਦਾ 85% ਖੇਤਰ ਉਘੜ-ਦੁੱਘੜਾ ਜਿਹਾ ਹੈ ਅਤੇ ਕੁੱਲ ਭੂਮੀ ਦਾ 1/3 ਹਿੱਸਾ ਜੰਗਲਾਂ ਜਾਂ ਝਾੜੀਆਂ ਹੇਠਾਂ ਹੈ। ਇਸ ਗਣਰਾਜ ਵਿਚ ਉੱਚੇ ਬਰਫ਼ ਨਾਲ ਢਕੇ ਪਰਬਤਾਂ ਤੋਂ ਇਲਾਵਾ ਨੀਵੇਂ ਦਲਦਲੀ ਖੇਤਰ ਵੀ ਪਾਏ ਜਾਂਦੇ ਹਨ।

ਧਰਾਤਲ ਅਨੁਸਾਰ ਪੂਰੇ ਗਣਰਾਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉੱਤਰ ਵਾਲੇ ਪਾਸੇ ਗ੍ਰੇਟ ਕਾਕੇਸ਼ਸ ਲੜੀ ਹੈ ਜਿਹੜੀ ਪੂਰਬ ਤੋਂ ਪੱਛਮ ਦੀ ਦਿਸ਼ਾ ਵਿਚ ਫੈਲੀ ਹੋਈ ਹੈ। ਇਸੇ ਵਿਚ ਕਈ ਹੋਰ ਸਮਾਨਾਂਤਰ ਪਰਬਤੀ ਲੜੀਆਂ ਵੱਡੀਆਂ, ਡੂੰਘੀਆਂ ਘਾਟੀਆਂ ਦੁਆਰਾ ਇਕ ਦੂਜੇ ਤੋਂ ਵੱਖ ਹੁੰਦੀਆਂ ਹਨ। ਇਨ੍ਹਾਂ ਪਰਬਤਾਂ ਦੀਆਂ ਸਿਖਰਾਂ 4,700 ਮੀਟਰ ਤੋਂ ਵਧੇਰੇ ਉੱਚੀਆਂ ਹਨ। ਬਰਫ਼ ਨਾਲ ਢਕੇ ਪਰਬਤਾਂ ਵਿਚੋਂ ਗਣਰਾਜ ਦੇ ਕਈ ਦਰਿਆ ਨਿਕਲਦੇ ਹਨ ਜਿਨ੍ਹਾਂ ਵਿਚੋਂ ਇਨਗੁਰੀ, ਰੀਓਨੀ, ਕੋਡੋਰੀ ਦਰਿਆ ਵਰਣਨਯੋਗ ਹਨ।

ਜਾਰਜੀਆ ਦਾ ਦੂਜਾ ਭੂ-ਅਕਾਰ ਕਾਲੇ ਸਾਗਰ ਦੇ ਪੂਰਬ ਵੱਲ ਤਟ ਦੇ ਨਾਲ ਲਗਵਾਂ ਨੀਵਾਂ ਜਿਹਾ ਦਲਦਲੀ ਮੈਦਾਨ ਹੈ। ਗ੍ਰੇਟ ਕਾਕੇਸ਼ਸ ਪਰਬਤੀ ਲੜੀਆਂ ਦੀਆਂ ਦੱਖਣੀ ਢਲਾਣਾਂ ਇਨ੍ਹਾਂ ਮੈਦਾਨਾਂ ਵਿਚ ਹੀ ਅਲੋਪ ਹੋ ਜਾਂਦੀਆਂ ਹਨ। ਕੋਲਖਿਦਾ ਨਾਂ ਦੇ ਇਹ ਨੀਵੇਂ ਮੈਦਾਨ ਦਰਿਆਵਾਂ ਨਾਲ ਲਿਆਂਦੀ ਗਾਦ ਤੋਂ ਬਣੇ ਹਨ। ਇਸੇ ਨੀਵੀਂ ਡੂੰਘਾਣ ਦੇ ਪੂਰਬ ਵੱਲ ਇਮਰਟਿਨ ਅਤੇ ਸੁਰਾਮ ਪਰਬਤ ਹਨ। ਇਹ ਪਰਬਤ ਕਾਲੇ ਸਾਗਰ ਦੇ ਬੇਸਿਨਾਂ ਨੂੰ ਕੈਸਪੀਅਨ ਸਾਗਰ ਦੇ ਬੇਸਿਨਾਂ ਨਾਲੋਂ ਨਿਖੇੜਦੇ ਹਨ। ਇਨ੍ਹਾਂ ਪਰਬਤਾਂ ਤੋਂ ਪਾਰ ਕੇਂਦਰੀ ਜਾਰਜੀਆ ਦਾ ਪਰਬਤਾਂ ਨਾਲ ਘਿਰਿਆ ਹੋਇਆ ਮੈਦਾਨ ਹੈ।

ਗਣਰਾਜ ਦੀ ਤੀਜੀ ਧਰਾਤਲੀ ਨੁਹਾਰ ਲੈੱਸਰ ਕਾਕੇਸ਼ਸ ਨਾਲ ਬਣਦੀ ਹੈ। ਇਹ ਗਣਰਾਜ ਦੇ ਦੱਖਣ ਵੱਲ ਪੂਰਬ ਤੋਂ ਪੱਛਮ ਵੱਲ ਫੈਲੇ ਹੋਏ ਹਨ। ਇਨ੍ਹਾਂ ਦੀ ਸਭ ਤੋਂ ਉੱਚੀ ਸਿਖਰ ਬਾਲਸ਼ਾਇ ਅਬੁਲ 3, 301 ਮੀ. ਉੱਚੀ ਹੈ।

**ਜਲਵਾਯੂ**—ਜਾਰਜੀਆ ਗਣਰਾਜ ਦੇ ਉੱਤਰ ਵੱਲ ਦੇ ਪਰਬਤੀ ਸਿਲਸਿਲਿਆਂ ਕਾਰਨ ਉੱਤਰ ਵੱਲੋਂ ਠੰਢੀਆਂ ਹਵਾਵਾਂ ਦਾ ਪ੍ਰਭਾਵ ਤਾਂ ਨਹੀਂ ਪੈਂਦਾ ਪਰ ਪੱਛਮ ਵੱਲ ਕਾਲੇ ਸਾਗਰ ਵੱਲੋਂ ਆਉਣ ਵਾਲੀਆਂ ਹਵਾਵਾਂ ਇਥੋਂ ਦੀ ਜਲਵਾਯੂ ਨੂੰ ਪ੍ਰਭਾਵਿਤ ਕਰਦੀਆਂ ਹਨ। ਸਮੁੰਦਰ ਨੇੜੇ ਪੱਛਮੀ ਜਾਰਜੀਆ ਖੇਤਰ ਦੀ ਜਲਵਾਯੂ ਉਪ-ਉਸ਼ਣ ਖੰਡੀ ਮੋਅਤਦਿਲ ਜਿਹੀ ਹੈ। ਇਥੇ ਔਸਤ ਸਾਲਾਨਾ ਵਰਖਾ 100 ਸੈਂ. ਮੀ. ਤੋਂ 200 ਸੈਂ. ਮੀ. ਹੁੰਦੀ ਹੈ। ਇਥੇ ਤਾਪਮਾਨ ਕਦੇ ਵੀ 0° ਸੈਂ. ਤੋਂ ਹੇਠਾਂ ਨਹੀਂ ਜਾਂਦਾ। ਸਮੁੰਦਰ ਤੋਂ ਦੂਰ ਪੂਰਬੀ ਜਾਰਜੀਆ ਵਿਚ ਵਰਖਾ ਘੱਟ ਹੁੰਦੀ ਹੈ। ਇਥੋਂ ਦੇ ਮੈਦਾਨਾਂ ਅਤੇ ਤਲਹਟੀਆਂ ਵਿਚ 40 ਸੈਂ. ਮੀ. ਤੋਂ 70 ਸੈਂ. ਮੀ. ਤੱਕ ਵਰਖਾ ਹੁੰਦੀ ਹੈ। ਇਥੇ ਸਰਦੀਆਂ ਖੁਸ਼ਕ ਹੁੰਦੀਆਂ ਹਨ ਜਦ ਕਿ ਪੱਛਮੀ ਜਾਰਜੀਆ ਵਿਚ ਵਧੇਰੇ ਵਰਖਾ ਹੁੰਦੀ ਹੈ। ਇਥੇ ਗਰਮੀ ਦੀ ਰੁੱਤ ਨਾਂਹ ਦੇ ਬਰਾਬਰ ਹੁੰਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਪੂਰੇ ਗਣਰਾਜ ਦਾ 1/3 ਹਿੱਸਾ ਜੰਗਲਾਂ ਅਤੇ ਝਾੜੀਆਂ ਨਾਲ ਢਕਿਆ ਹੋਇਆ ਹੈ। ਜੰਗਲਾਂ ਵਿਚ ਕਈ ਤਰ੍ਹਾਂ ਦੇ ਦਰਖ਼ਤ ਮਿਲਦੇ ਹਨ ਜਿਨ੍ਹਾਂ ਵਿਚ ਬਲੂਤ, ਅਖਰੋਟ, ਭੋਜ ਪੱਤਰ, ਬੀਚ, ਬਾਂਸ, ਸਫ਼ੈਦਾ, ਲਾਰਲ, ਖਜੂਰ, ਸਰੂ, ਮੈਗਨੋਲੀਆ ਅਤੇ ਅਗਵੇ ਦੇ ਦਰਖ਼ਤ ਖਾਸ ਹਨ। ਰਸਦਾਰ ਫ਼ਲਾਂ ਦੀਆਂ ਝਾੜੀਆਂ ਸਾਰੇ ਗਣਰਾਜ ਵਿਚ ਹੀ ਮਿਲਦੀਆਂ ਹਨ। ਪੂਰਬੀ ਜਾਰਜੀਆ ਵਿਚ ਜੰਗਲ ਘੱਟ ਹਨ। ਬਹੁਤ ਉੱਚੇ ਪਰਬਤ ਅਲਪਾਈਨ ਬਨਸਪਤੀ ਨਾਲ ਢੱਕੇ ਹੋਏ ਹਨ।

ਇਥੋਂ ਦੇ ਜੰਗਲਾਂ ਵਿਚ ਜੀਵ ਜੰਤੂਆਂ ਦੀ ਭਰਮਾਰ ਹੈ। ਉੱਚੇ ਪਰਬਤਾਂ ਦੇ ਜੰਗਲਾਂ ਵਿਚ ਬੱਕਰੇ ਅਤੇ ਕੇਕੇਸ਼ੀਅਨ ਬਾਰਾਸਿੰਗਾ ਮਿਲਦੇ ਹਨ। ਹੋਰਨਾਂ ਜੰਗਲਾਂ ਵਿਚ ਜੰਗਲੀ ਸੂਰ, ਹਿਰਨ, ਹਿਰਨੀਆਂ, ਰਿੱਛ, ਮਿੰਕ (ਨਿਓਲ), ਗਿੱਦੜ, ਅਤੇ ਹੋਰ ਕਈ ਤਰ੍ਹਾਂ ਦੇ ਜੀਵ ਮਿਲਦੇ ਹਨ। ਦਰਿਆਵਾਂ ਅਤੇ ਝੀਲਾਂ ਵਿਚ ਮੱਛੀਆਂ ਮਿਲਦੀਆਂ ਹਨ।

## ਇਤਿਹਾਸ

ਜਾਰਜੀਆ ਗਣਰਾਜ ਦੀ ਇਤਿਹਾਸਕ ਜਾਣਕਾਰੀ ਈਸਾ ਤੋਂ 2000 ਸਾਲ ਪਹਿਲੋਂ ਤੋਂ ਮਿਲਦੀ ਹੈ। ਇਹ ਕਾਲਕਸ ਅਤੇ ਆਈਬਿਰੀਆ ਪ੍ਰਾਚੀਨ ਸਾਮਰਾਜ ਵਾਲਾ ਇਲਾਕਾ ਹੀ ਹੈ। ਪਹਿਲੀ ਸਦੀ ਈ. ਪੂ. ਤੋਂ ਪਿੱਛੋਂ ਇਹ ਰੋਮਨ ਅਧੀਨ ਆਇਆ ਪਰ ਮਗਰੋਂ ਆਜ਼ਾਦ ਹੋ ਗਿਆ। ਚੌਥੀ ਸਦੀ ਵਿਚ ਇਥੇ ਈਸਾਈਆਂ ਦਾ ਪ੍ਰਭਾਵ ਵਧਿਆ। ਉਸ ਸਮੇਂ ਇਸ ਦੇ ਦੋ ਹਿੱਸੇ ਸਨ। ਪੂਰਬੀ ਹਿੱਸੇ ਉੱਤੇ ਪਰਸ਼ੀਅਨਾਂ ਦਾ ਅਤੇ ਪੱਛਮੀ ਉੱਤੇ ਬਾਜ਼ਨਤੀਨੀਆਂ ਦਾ ਰਾਜ ਸੀ। ਸੱਤਵੀਂ ਸਦੀ ਵਿਚ ਮੁਸਲਮਾਨ ਵੀ ਇਧਰ ਆਏ ਜਿਨ੍ਹਾਂ ਨੇ ਪੂਰਬੀ ਹਿੱਸਿਆਂ ਨੂੰ ਆਪਣੇ ਅਧੀਨ ਕਰ ਲਿਆ। ਗਿਆਰ੍ਹਵੀਂ ਸਦੀ ਵਿਚ ਸੈਲਜੂਕਾਂ ਦੇ ਹਮਲਿਆਂ ਤੱਕ ਇਥੇ ਤਬਿਲਸੀ ਆਜ਼ਾਦ ਸਾਮਰਾਜ ਤੋਂ ਇਲਾਵਾ ਕਈ ਹੋਰ ਅਜ਼ਾਦ ਰਿਆਸਤਾਂ ਕਾਇਮ ਸਨ। ਡੇਵਿਡ ਚੌਥੇ (1089-1125) ਨੇ ਸੈਲਜੂਕਾਂ ਨੂੰ ਇਥੋਂ ਕੱਢ ਕੇ ਪੂਰਬੀ ਅਤੇ ਪੱਛਮੀ ਖੇਤਰਾਂ ਨੂੰ ਮਿਲਾ ਕੇ ਕਾਲਾ ਸਾਗਰ ਤੋਂ ਕੈਸਪੀਅਨ ਸਾਗਰ ਤੱਕ ਜਾਰਜੀਆ ਸਾਮਰਾਜ ਸਥਾਪਿਤ ਕਰ ਲਿਆ। ਸੰਨ 1220 ਤੋਂ 1222 ਤੱਕ ਇਸ ਸਾਮਰਾਜ ਉੱਤੇ ਮੰਗੋਲੀਆ ਦਾ ਰਾਜ ਰਿਹਾ। ਇੰਜ 18ਵੀਂ ਸਦੀ ਵਿਚ ਰੂਸੀ ਪ੍ਰੋਟੈਕਟੋਰੇਟ ਬਣਨ ਤੱਕ ਇਹ ਆਰਮੀਨੀਅਨਾਂ, ਤੁਰਕੀਆਂ ਅਤੇ ਪਰਸ਼ੀਅਨਾਂ ਅਧੀਨ ਰਿਹਾ। ਸੰਨ 1801 ਵਿਚ ਇਸਨੇ ਰੂਸ ਨੂੰ ਆਪਣੇ ਅਧੀਨ ਕੀਤਾ ਅਤੇ ਪਿੱਛੋਂ 1810 ਵਿਚ ਇਸੇ ਦੀਆਂ ਕਈ ਹੋਰ ਰਿਆਸਤਾਂ ਵੀ ਆਪਣੇ ਰਾਜ ਨਾਲ ਮਿਲਾ ਲਈਆਂ। ਪੂਰਬੀ ਖੇਤਰਾਂ ਨੂੰ ਆਪਣੇ ਮਾਤਹਿਤ ਕਰਨ ਕਰਕੇ ਹੀ ਰੂਸ ਦੀ ਪਰਸ਼ੀਆ ਨਾਲ 1804 ਤੋਂ 1813 ਤੱਕ ਲੜਾਈ ਵੀ ਹੁੰਦੀ ਰਹੀ। ਅੰਤ 1829 ਵਿਚ ਏਡਰੀਆਨੋਪਲ ਵਿਚ ਸੰਧੀ ਹੋਈ। ਇਸ ਨਾਲ ਜਾਰਜੀਆ ਵਿਚ ਰੂਸ ਦੇ ਪੈਰ ਕਾਫ਼ੀ ਹੱਦ ਤੱਕ ਜੰਮ ਚੁਕੇ ਸਨ ਪਰ ਹਾਲੇ ਵੀ ਮੁਕੰਮਲ ਤੌਰ ਤੇ ਕਬਜ਼ਾ ਕਰਨ ਵਾਸਤੇ ਘੱਟੋ ਘੱਟ ਤਿੰਨ ਦਹਾਕੇ ਹੋਰ ਲੱਗਣੇ ਸਨ। ਸੰਨ 1917 ਵਿਚ ਟ੍ਰਾਂਸ ਕਾਕੇਸ਼ੀਆ ਲੋਕਾਂ ਦੀ ਇਕ ਕੌਂਸਲ ਨੇ ਰੂਸ ਵਿਚ ਹੀ ਟ੍ਰਾਂਸਕਾਕੇਸ਼ੀਆ ਫੈਡਰਲ ਰਿਪਬਲਿਕ ਬਣਾਉਣ ਦਾ ਫ਼ੈਸਲਾ ਕੀਤਾ ਤੇ ਪਿੱਛੋਂ 1918 ਵਿਚ ਇਹ ਵੱਖਰਾ ਗਣਰਾਜ ਬਣ ਗਿਆ ਪਰ 1921 ਵਿਚ ਫੇਰ ਸੋਵੀਅਤ ਹਕੂਮਤ ਕਾਇਮ ਹੋਣ ਸਮੇਂ ਇਹ ਰੂਸ ਵਿਚ ਹੀ ਸ਼ਾਮਲ ਕਰ ਲਿਆ ਗਿਆ। ਸੰਨ 1922 ਵਿਚ ਟ੍ਰਾਂਸਕਾਕੇਸ਼ੀਆ ਦੀਆਂ **ਤਿੰਨ ਸਟੇਟਾਂ** (ਆਰਮੀਨੀਆ, ਆਜ਼ਰਬਾਈਜ਼ਾਨ, ਜਾਰਜੀਆ) ਨੂੰ ਇਕੋ **ਗਣਰਾਜ ਵਿਚ** ਸ਼ਾਮਲ ਕੀਤਾ ਗਿਆ ਪਰ 1936 ਤੋਂ ਇਹ ਵੱਖ-ਵੱਖ ਗਣਰਾਜਾਂ **ਬਤੌਰ ਸਥਾਪਿਤ** ਹਨ।

## ਆਰਥਿਕਤਾ

**ਕੁਦਰਤੀ ਸਾਧਨ**—ਕੋਲਾ, ਮੈਂਗਨੀਜ਼ ਅਤੇ ਪੈਟਰੋਲ ਦੇ ਕਾਫ਼ੀ ਭੰਡਾਰ ਇਥੇ ਹਨ। ਯੂਕਰੇਨ ਵਿਚ ਕੋਲੇ ਦੇ ਵੱਡੇ ਭੰਡਾਰ ਹਨ। ਚੀਆਟੂਰਾ ਵਿਚੋਂ ਮੈਂਗਨੀਜ਼ ਕੱਢਿਆ ਜਾਂਦਾ ਹੈ।

**ਖੇਤੀਬਾੜੀ**—ਪੂਰੇ ਗਣਰਾਜ ਵਿਚ ਜ਼ਰਾਇਤੀ ਜ਼ਮੀਨ ਦੀ ਘਾਟ ਹੈ। ਪਹਾੜਾਂ ਦੀਆਂ ਢਲਾਣਾਂ ਨੂੰ ਵੀ ਵਾਹ ਲਿਆ ਗਿਆ ਹੈ। ਪੂਰੇ ਗਣਰਾਜ ਦੀ ਕੁੱਲ 40% ਭੂਮੀ ਹੀ ਖੇਤੀਬਾੜੀ ਯੋਗ ਹੈ। ਵਾਹੀਯੋਗ ਭੂਮੀ ਉੱਤੇ ਚਾਹ, ਰਸਦਾਰ ਫਲ, ਕਣਕ, ਸਬਜ਼ੀਆਂ, ਚੁਕੰਦਰ ਅਤੇ ਤਮਾਕੂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਥੇ ਸ਼ਰਾਬ ਲਈ ਬਹੁਤ ਸਾਰੀਆਂ ਕਿਸਮਾਂ ਦੇ ਅੰਗੂਰਾਂ ਦੇ ਬਾਗ਼ ਲਾਏ ਹੋਏ ਹਨ। ਅੰਗੂਰਾਂ ਤੋਂ ਤਿਆਰ ਕੀਤੀ ਸ਼ਰਾਬ ਦੇਸ਼ ਭਰ ਵਿਚ ਮਸ਼ਹੂਰ ਹੈ।

**ਸੱਨਅਤਾਂ**—ਇਥੇ ਰਸਾਇਣਕ ਪਦਾਰਥ, ਨਕਲੀ ਰੇਸ਼ੇ, ਦਵਾਈਆਂ ਖਾਣ-ਪੀਣ ਦੀਆਂ ਵਸਤਾਂ ਤਿਆਰ ਕਰਨ ਪਿੱਛੋਂ ਉਨ੍ਹਾਂ ਦੀ ਡੱਬਾਬੰਦੀ ਵੀ ਕੀਤੀ ਜਾਂਦੀ ਹੈ। ਸ਼ਰਾਬ ਬਣਾਉਣ ਵਿਚ ਇਹ ਦੇਸ਼ ਵਿਚ ਪਹਿਲੇ ਨੰਬਰ ਤੇ ਹੈ। ਚਾਹ ਦੀ ਪ੍ਰਾਸੈਸਿੰਗ ਵੀ ਕੀਤੀ ਜਾਂਦੀ ਹੈ।

ਇਸ ਗਣਰਾਜ ਵਿਚ ਆਵਾਜਾਈ ਦੇ ਸਾਧਨ ਵੀ ਵਧੀਆ ਹਨ। ਰੇਲਾਂ ਅਤੇ ਸੜਕਾਂ ਰਾਹੀਂ ਆਵਾਜਾਈ ਹੁੰਦੀ ਹੈ।

ਹ. ਪੁ. -ਐਨ. ਬ੍ਰਿ. ਮੈ. 7: 1132; ਕੋਲ. ਐਨ. 8: 388

**ਜਾਰਜੀਆ** : ਇਹ ਸੰਯੁਕਤ ਰਾਜ ਅਮਰੀਕਾ ਦਾ ਦੱਖਣ ਵੱਲ ਦਾ ਰਾਜ ਹੈ ਜਿਹੜਾ ਸਭ ਤੋਂ ਪਹਿਲਾਂ ਕਾਇਮ ਹੋਏ 13 ਰਾਜਾਂ ਵਿਚੋਂ ਇਕ ਹੈ। ਇਸ ਦਾ ਖੇਤਰਫਲ 152,488 ਵ. ਕਿ. ਮੀ. ਅਤੇ ਆਬਾਦੀ 6,478,216 (1990) ਹੈ। ਰਾਜ ਦੀ ਰਾਜਧਾਨੀ ਅਟਲਾਂਟਾ ਹੈ।

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਰਾਜ ਦੀ ਉੱਤਰ ਤੋਂ ਦੱਖਣ ਵੱਲ ਲੰਬਾਈ 512 ਕਿ. ਮੀ. ਅਤੇ ਚੌੜਾਈ 404 ਕਿ. ਮੀ. ਹੈ। ਇਸ ਦੇ ਪੂਰਬ ਵੱਲ ਅੰਧ ਮਹਾਂ ਸਾਗਰ ਦਾ ਵਿਸ਼ਾਲ ਸਮੁੰਦਰ ਹੈ ਜਿਸ ਵਿਚਲੇ ਗੋਲਡਨ ਆਈਲਸ



**ਉੱਤਰੀ ਜਾਰਜੀਆ ਵਿਚ ਬਲੂ ਰਿਜ ਪਹਾੜਾਂ ਦਾ ਇਕ ਖ਼ੂਬਸੂਰਤ ਨਜ਼ਾਰਾ**

ਟਾਪੂ ਸਮੂਹ ਵੀ ਇਸ ਰਾਜ ਦਾ ਹਿੱਸਾ ਹਨ। ਰਾਜ ਵਿਚ ਪਰਬਤ, ਪੱਧਰੇ ਮੈਦਾਨ ਅਤੇ ਪਠਾਰ ਵੇਖਣ ਨੂੰ ਮਿਲਦੇ ਹਨ। ਪੂਰਬ ਵਾਲੇ ਪਾਸੇ ਅੰਧ ਮਹਾਂ ਸਾਗਰ ਦੇ ਨਾਲ ਨਾਲ ਨੀਵਾਂ ਜਿਹਾ ਸਾਹਿਲੀ ਮੈਦਾਨ ਹੈ ਜਿਸ ਦੀ ਉਚਾਈ ਘੱਟ ਹੀ ਹੈ ਪਰ ਅੰਦਰੂਨੀ ਖੇਤਰਾਂ ਵੱਲ ਵਧਦੀ ਜਾਂਦੀ ਹੈ। ਇਸ ਮੈਦਾਨ ਨੇ ਰਾਜ ਦਾ 3/5 ਹਿੱਸਾ ਰੋਕਿਆ ਹੋਇਆ ਹੈ। ਇਸੇ ਮੈਦਾਨ ਦੇ ਉੱਤਰ ਵੱਲ ਪੂਰਬ ਤੋਂ ਪੱਛਮ ਦੀ ਦਿਸ਼ਾ ਵਿਚ ਸਮ-ਉਚਾਈ ਦੀ ਪੱਟੀ ਜਿਹੀ ਹੈ ਜਿਸਨੂੰ 'ਫਾਲ ਲਾਈਨ' ਕਹਿੰਦੇ ਹਨ। ਇਸ ਦੇ ਨੇੜੇ ਹੀ ਸੈਂਡ ਹਿਲਜ਼ ਸਫੈਦ ਰੰਗ ਦੀ ਰੇਤ ਨਾਲ ਢਕੀਆਂ ਪਹਾੜੀਆਂ ਹਨ।

ਰਾਜ ਦੇ ਉੱਤਰ ਵੱਲ ਐਪਾਲੇਚੀਅਨ ਹਾਈਲੈਂਡਜ਼ ਹਨ, ਇਨ੍ਹਾਂ ਨੇ ਰਾਜ ਦਾ 4736 ਵ. ਕਿ. ਮੀ. ਖੇਤਰ ਮੱਲਿਆ ਹੋਇਆ ਹੈ। ਇਨ੍ਹਾਂ ਪਰਬਤਾਂ ਦੀ ਸਭ ਤੋਂ ਉੱਚੀ ਸਿਖ਼ਰ ਬ੍ਰੈਸਟਾਊਨ ਬਾਲਡ 1458 ਮੀ. ਉੱਚੀ ਹੈ। ਰਾਜ ਦੇ ਉੱਤਰ-ਪੱਛਮੀ ਹਿੱਸੇ ਵਿਚ ਕੰਬਰਲੈਂਡ ਪਠਾਰ ਦਾ ਇਕ ਹਿੱਸਾ ਹੈ ਜਿਸ ਵਿਚ ਐਟਲਾਂਟਾ ਨੇੜੇ ਸਟੋਨ ਪਰਬਤ ਆਲੇ-ਦੁਆਲੇ ਦੇ ਖੇਤਰ ਨਾਲੋਂ 197 ਮੀ. ਉੱਚਾ ਹੈ। ਇਹ ਗ੍ਰੇਨਾਈਟ ਦੀ ਚਟਾਨ ਹੈ।

**ਜਲਵਾਯੂ**—ਰਾਜ ਦੇ ਧਰਾਤਲੀ ਵਖਰੇਵਿਆਂ ਕਰਕੇ ਜਲਵਾਯੂ ਭਿੰਨ ਹੋ ਜਾਂਦੀ ਹੈ। ਦੱਖਣ ਵੱਲ ਸਮੁੰਦਰ ਨੇੜੇ ਹੋਣ ਕਾਰਨ ਸਮੁੰਦਰ ਵੱਲੋ ਆਉਂਦੀਆਂ ਪੌਣਾਂ ਦਾ ਪ੍ਰਭਾਵ ਵੇਖਿਆ ਜਾਂਦਾ ਹੈ।

ਇਥੇ ਵਰਖਾ ਗਰਮੀਆਂ ਵਿਚ ਹੁੰਦੀ ਹੈ। ਸਮੁੰਦਰ ਨੇੜੇ ਵਸੇ ਸ਼ਹਿਰਾਂ ਦੇ ਤਾਪਮਾਨ ਵੀ ਦਰਮਿਆਨੇ ਰਹਿੰਦੇ ਹਨ। ਸਾਗਰੀ ਪ੍ਰਭਾਵ ਕਾਰਨ ਮੋਅਤਦਿਲ ਜਿਹੀ ਜਲਵਾਯੂ ਹੁੰਦੀ ਹੈ ਪਰ ਉੱਤਰ ਵੱਲ ਸਮੁੰਦਰ ਤਲ ਨਾਲੋਂ ਉਚਾਈ ਵਧਦੀ ਜਾਂਦੀ ਹੈ। ਪਰਬਤੀ ਖੇਤਰ ਹੋਣ ਕਾਰਨ ਵਰਖਾ ਸਾਰਾ ਸਾਲ ਹੀ ਹੁੰਦੀ ਹੈ। ਉੱਤਰੀ ਜਾਰਜੀਆ ਵਿਚ ਸਾਲ ਵਿਚ ਔਸਤ ਵਰਖਾ 1270 ਮਿ. ਮੀ. ਹੁੰਦੀ ਹੈ। ਉੱਤਰੀ ਖੇਤਰਾਂ ਵਿਚ ਸਰਦੀਆਂ ਵਿਚ ਠੰਢੀਆਂ ਪੌਣਾਂ ਵੀ ਚਲਦੀਆਂ ਹਨ। ਅਟਲਾਂਟਾ ਵਿਚ ਜਨਵਰੀ ਦਾ ਔਸਤ ਤਾਪਮਾਨ 4° ਸੈਂ. (39° ਫਾ.) ਅਤੇ ਗਰਮੀ ਦੇ ਮਹੀਨਿਆਂ ਵਿਚ ਜੁਲਾਈ ਦਾ 26° ਸੈਂ. (79° ਫਾ.) ਹੁੰਦਾ ਹੈ।

**ਜਲ ਪ੍ਰਵਾਹ**—ਪੂਰੇ ਰਾਜ ਦਾ ਜਲ ਨਿਕਾਸ 4 ਵੱਡੇ ਅਤੇ 5 ਛੋਟੇ ਦਰਿਆ ਕਰਦੇ ਹਨ। ਇਥੇ ਦਰਿਆਵਾਂ ਦਾ ਪਾਣੀ ਅੰਧ ਮਹਾਂ ਸਾਗਰ ਵਿਚ ਅਤੇ ਕੁਝ ਅਲਾਬਾਮਾ ਅਤੇ ਫਲੋਰਿਡਾ ਵਿਚੋਂ ਹੋ ਕੇ ਮੈਕਸੀਕੋ ਦੀ ਖਾੜੀ ਵਿਚ ਜਾ ਡਿਗਦਾ ਹੈ। ਕੁਝ ਨਦੀਆਂ, ਨਾਲੇ ਪਹਿਲਾਂ ਟੈਨਿਸੀ ਵਿਚ ਮਿਲਦੇ ਹਨ ਫਿਰ ਓਹਾਇਓ ਅਤੇ ਮਿਸਿਸੱਪੀ ਦੇ ਰਸਤਿਓਂ ਖਾੜੀ ਵਿਚ ਜਾ ਡਿਗਦੇ ਹਨ।

ਕੂਸਾ, ਚੈਟਾਹੂਚੀ, ਫਲਿੰਟ, ਆਲਟਾਮਾਹਾ, ਸਵੈਨਾ ਇਥੋਂ ਦੇ ਵੱਡੇ ਦਰਿਆ ਹਨ। ਸਵੈਨਾ ਅਤੇ ਚੇਟਾਹੂਚੀ ਵਿਚ ਫਾਲ ਲਾਈਨ ਖੇਤਰਾਂ ਤੱਕ ਜਹਾਜ਼ਰਾਨੀ ਹੁੰਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਦਲਦਲੀ ਖੇਤਰਾਂ ਵਿਚ ਝਾੜੀਆਂ ਅਤੇ ਦਰਖ਼ਤ ਉੱਗੇ ਹੋਏ ਹਨ। ਦਲਦਲਾਂ ਵਿਚ ਸ਼ੁਰੂ ਦੇ ਦਰਖ਼ਤਾਂ ਦੇ ਨਾਲ ਹੋਰ ਵੀ ਬਨਸਪਤੀ ਮਿਲਦੀ ਹੈ। ਉੱਤਰ ਵੱਲ ਦੇ ਪਰਬਤਾਂ ਉੱਤੇ 24 ਮੀ. ਤੱਕ ਉੱਚੇ ਬਲੂਤ ਦੇ ਦਰਖ਼ਤ ਮਿਲਦੇ ਹਨ। ਚੀਲ ਇਥੋਂ ਦਾ ਆਮ ਦਰਖ਼ਤ ਹੈ ਪਰ 160 ਤੋਂ ਵੀ ਵਧੇਰੇ ਖੇਤਰਾਂ ਵਿਚ ਹੋਰ ਕਿਸਮਾਂ ਮਿਲਦੀਆਂ ਹਨ। ਪੂਰੇ ਰਾਜ ਦਾ 63.8% ਖੇਤਰ ਜੰਗਲਾਂ ਅਧੀਨ ਹੈ। ਇਨ੍ਹਾਂ ਤੋਂ ਪ੍ਰਾਪਤ ਲੱਕੜੀ ਉੱਤੇ ਰਾਜ ਦੇ ਕਈ ਉਦਯੋਗ ਧੰਦੇ ਨਿਰਭਰ ਹਨ।

ਜੰਗਲਾਂ ਵਿਚ ਵੱਡੇ ਜਾਨਵਰ ਰਹਿੰਦੇ ਹਨ ਜਿਨ੍ਹਾਂ ਵਿਚੋਂ ਹਿਰਨ ਵਰਣਨ ਯੋਗ ਹੈ। ਫਰ ਵਾਲੇ ਜਾਨਵਰਾਂ ਵਿਚ ਲੂੰਬੜੀ, ਖਰਗੋਸ਼, ਗਲਹਿਰੀਆਂ, ਓਪੋਸਮ ਰੈਕੂਨ, ਨਿਓਲਾ, ਉਦਬਿਲਾਓ ਪਾਏ ਜਾਂਦੇ ਹਨ। ਦਲਦਲੀ ਖੇਤਰਾਂ ਵਿਚ ਜ਼ਹਿਰੀਲੇ ਸੱਪ, ਦਰਿਆਵਾਂ ਅਤੇ ਝੀਲਾਂ ਦੇ ਪਾਣੀਆਂ ਵਿਚ ਕਈ ਤਰ੍ਹਾਂ ਦੀਆਂ ਮੱਛੀਆਂ ਮਿਲਦੀਆਂ ਹਨ। ਟੈਰਾਪਿਨ ਅਤੇ ਕਛੂ-ਕੁੰਮੇ ਵੀ ਮਿਲਦੇ ਹਨ।

## ਇਤਿਹਾਸ

ਜਾਰਜੀਆ ਦੀ ਇਸ ਧਰਤੀ ਦੀ ਖੋਜ ਸਪੇਨੀਆ ਨੇ ਕੀਤੀ ਸੀ ਪਰ ਇਸ ਦਾ ਅਸਲੀ ਇਤਿਹਾਸ 1732 ਵਿਚ ਜੇਮਜ਼ ਐਡਵਰਡ ਓਗਲ ਥਾਰਪ ਦੇ 20 ਸਾਥੀਆਂ ਨਾਲ ਇਸ ਪਾਸੇ ਆਉਣ ਨਾਲ ਸ਼ੁਰੂ ਹੁੰਦਾ ਹੈ। ਇਸ ਵਿਅਕਤੀ ਨੂੰ ਬਰਤਾਨੀਆ ਨੇ 13ਵੀਂ ਅਮਰੀਕੀ ਬਸਤੀ ਕਾਇਮ ਕਰਨ ਦਾ ਅਖ਼ਤਿਆਰ ਦਿੱਤਾ ਸੀ। 12 ਫ਼ਰਵਰੀ, 1733 ਨੂੰ ਓਗਲ ਥਾਰਪ ਨੇ ਸਵੈਨਾ ਸ਼ਹਿਰ ਵਿਚ 144 ਟ੍ਰਸਟੀਆਂ ਨੂੰ ਵਧਾ ਕੇ ਬਸਤੀ ਦੀ ਨੀਂਹ ਰੱਖੀ। ਸੰਨ 1736 ਵਿਚ ਇਸੇ ਨੇ ਸੇਂਟ ਸਾਈਮਨ ਟਾਪੂ ਉੱਤੇ ਫੋਰਟ ਫ੍ਰੈਡਰਿਕਾ ਫ਼ੌਜੀ ਛਾਉਣੀ ਵੀ ਬਣਾਈ। ਇਹ ਉਸ ਸਮੇਂ ਦੀ ਸਭ ਤੋਂ ਵੱਡੀ ਅਮਰੀਕੀ ਛਾਉਣੀ ਸੀ।



**ਜਾਰਜੀਆ ਸੰਘ ਦੇ ਬਹਾਦਰ ਜਰਨੈਲ ਜੈਫ਼ਰਸਨ ਡੇਵਿਸ, ਲੀ ਅਤੇ ਜੈਕਸਨ ਦੀਆਂ ਪੱਥਰ ਵਿਚ ਘੜੀਆਂ ਵਿਸ਼ਾਲ ਮੂਰਤਾਂ**

ਇਸ ਤੋਂ ਕੁਝ ਸਾਲ ਪਿੱਛੋਂ ਜਿਹੜੇ ਟ੍ਰਸਟੀ ਜਾਰਜੀਆਂ ਵਿਚ ਵਸੇ ਹੋਏ ਸਨ, ਵਾਪਸ ਜਾਣੇ ਸ਼ੁਰੂ ਹੋ ਗਏ, ਬਰਤਾਨੀਆ ਦੀ ਵੀ ਇਧਰ ਕੋਈ ਬਹੁਤੀ ਰੁਚੀ ਨਾ ਰਹੀ। ਅਖ਼ੀਰ 1752 ਵਿਚ ਟ੍ਰਸਟੀਆਂ ਨੇ ਖ਼ਾਸ ਅਧਿਕਾਰ ਜਿਸ ਅਧੀਨ ਇਧਰ ਆਏ ਸਨ, ਵਾਪਸ ਕਰ ਦਿੱਤਾ। ਇਸ ਪਿੱਛੋਂ ਸਵੈਨਾ ਸਿੱਧਾ ਹੀ ਕ੍ਰਾਊਨ ਅਧੀਨ ਆ ਗਿਆ। ਇਸੇ ਦੌਰਾਨ ਬਰਤਾਨੀਆ ਦੀਆਂ ਅਮਰੀਕੀ ਬਸਤੀਆਂ ਆਜ਼ਾਦੀ ਦੀ ਜਦੋਂ ਜਹਿਦ ਕਰਦੀਆਂ ਸਨ ਪਰ ਜਾਰਜੀਆ ਹਾਲੇ ਇਸ ਲਹਿਰ ਤੋਂ ਪ੍ਰਭਾਵਿਤ ਨਹੀਂ ਸੀ ਕਿਉਂਕਿ ਇਹ ਬਰਤਾਨੀਆ ਦੇ ਵਣਜ-ਵਪਾਰ ਵਿਚ ਪੂਰੀ ਤਰ੍ਹਾਂ ਸੰਤੁਸ਼ਟ ਸੀ। ਇਧਰੋਂ ਵਸਤੂਆਂ ਦਾ ਲੈਣ ਦੇਣ ਵੀ ਬਹੁਤ ਹੁੰਦਾ ਸੀ। ਬਰਤਾਨਵੀ ਪ੍ਰਸ਼ਾਸਨ ਹੇਠ ਇਸ ਖੇਤਰ ਨੇ ਉੱਨਤੀ ਵੀ ਬਹੁਤ ਕਰ ਲਈ ਸੀ। ਇਥੋਂ ਦੇ ਪ੍ਰਤਿਨਿਧਾਂ ਵਿਚੋਂ ਜਾਰਜ ਵਾਲਟਨ, ਲਾਈਮਨ ਹਾਲ, ਬਟਨ ਸਵਿਨੈੱਟ ਨੇ ਵੀ ਆਜ਼ਾਦੀ ਦੀ ਜਦੋਂ ਜਹਿਦ ਦਾ ਐਲਾਨ ਕਰ ਦਿੱਤਾ। ਬਰਤਾਨੀਆ ਨੇ ਇਥੇ ਲਹਿਰ ਉੱਤੇ ਕਾਬੂ ਪਾਉਣ ਲਈ ਸਵੈਨਾ ਉੱਤੇ 1778 ਵਿਚ ਕਬਜ਼ਾ ਕਰ ਲਿਆ। 2 ਜਨਵਰੀ, 1788 ਨੂੰ ਜਾਰਜੀਆ ਹੋਰਨਾਂ ਅਮਰੀਕੀ ਬਸਤੀਆਂ ਦੇ ਸੰਘ ਵਿਚ ਸ਼ਾਮਲ ਹੋ ਗਿਆ। ਇਸ ਪਿੱਛੋਂ 1802 ਵਿਚ ਚੇਟਾਹੂਚੀ ਦਰਿਆ ਦੇ ਪੱਛਮ ਵੱਲ ਦੇ ਖੇਤਰ ਫ਼ੈਡਰਲ ਸਰਕਾਰ ਨੂੰ ਸਮਰਪਣ ਕਰ ਦਿੱਤੇ। ਇੰਡੀਅਨ ਕਬੀਲਿਆਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਲਈਆਂ। ਸੰਨ 1861 ਵਿਚ ਇਹ ਸੰਘ ਵਿਚੋਂ ਅੱਡ ਹੋ ਗਿਆ। ਖ਼ਾਨਾਜੰਗੀ ਵੇਲੇ ਰਾਜ ਵਿਚ ਬਹੁਤ ਹੀ ਤਬਾਹੀ ਹੋਈ। ਫਿਰ ਪਿੱਛੋਂ ਸੰਯੁਕਤ ਰਾਜ ਅਮਰੀਕਾ ਦੇ ਆਜ਼ਾਦ ਹੋਣ ਨਾਲ ਇਹ ਰਾਜ ਦੇ ਤੌਰ ਤੇ ਸ਼ਾਮਲ ਕਰ ਲਿਆ ਗਿਆ।

ਆਰਥਿਕਤਾ

**ਕੁਦਰਤੀ ਸਾਧਨ**—ਜਾਰਜੀਆ ਵਿਚ 25 ਤੋਂ ਵੱਧ ਖਣਿਜ ਮਿਲਦੇ ਹਨ। ਉੱਤਰੀ ਜਾਰਜੀਆ ਵਿਚੋਂ ਸੰਗਮਰਮਰ, ਗ੍ਰੇਨਾਈਟ ਮਿਲਦਾ ਹੈ। ਮਧਵਰਤੀ ਜਾਰਜੀਆ ਦਾ ਮੁੱਖ ਖਣਿਜ ਕਾਓਲਿਨ ਮਿੱਟੀ ਹੈ। ਇਸ ਤੋਂ ਬਿਨਾਂ ਇਥੇ ਸੋਨਾ, ਅਬਰਕ, ਗ੍ਰੇਨਾਈਟ, ਸਲੇਟ-ਪੱਥਰ ਸਲਫ਼ਰ ਐਸਬੈਸਟਾਸ, ਕ੍ਰੋਮਾਈਟ ਤਾਂਬਾ ਆਦਿ ਖਣਿਜ ਵੀ ਕੱਢੇ ਜਾਂਦੇ ਹਨ।

**ਖੇਤੀਬਾੜੀ**—ਮੁੱਖ ਤੌਰ ਤੇ ਇਹ ਖੇਤੀ ਪ੍ਰਧਾਨ ਇਲਾਕਾ ਹੈ। ਕਪਾਹ, ਤਮਾਕੂ, ਮੂੰਗਫਲੀ, ਪੇਕਾਨ (ਅਖਰੋਟ), ਮੱਕੀ ਇਥੋਂ ਦੀਆਂ ਮੁਖ ਫ਼ਸਲਾਂ ਹਨ। ਇਥੇ ਆੜੂ, ਖੁਰਮਾਣੀ, ਸੋਇਆਬੀਨ, ਸੇਬ, ਚੁਕੰਦਰ, ਆਲੂ, ਜੌਂ ਅਤੇ ਗੰਨੇ ਦੀ ਪੈਦਾਵਾਰ ਵੀ ਹੁੰਦੀ ਹੈ।

**ਉਦਯੋਗ**—ਸੂਤੀ ਕੱਪੜੇ ਦੇ ਉਦਯੋਗ ਵਿਚ ਇਹ ਦੇਸ਼ ਭਰ ਵਿਚ ਤੀਜੇ ਸਥਾਨ ਤੇ ਹੈ। ਲੱਕੜੀ ਦੀ ਚਰਾਈ, ਕਾਗਜ਼, ਰਸਾਇਣ, ਮਸ਼ੀਨਰੀ, ਚਮੜੇ ਦੀਆਂ ਚੀਜ਼ਾਂ, ਕੱਚ ਦੀਆਂ ਚੀਜ਼ਾਂ, ਕੁੰਭਕਾਰੀ ਕਲਾ ਦੇ ਭਾਂਡੇ, ਖਾਣ ਪੀਣ ਦੀਆਂ ਚੀਜ਼ਾਂ ਬਣਾਉਣਾ ਵੀ ਇਥੋਂ ਦੇ ਉਦਯੋਗਿਕ ਧੰਦਿਆਂ ਵਿਚ ਸ਼ਾਮਲ ਹੈ। ਖਾਦ, ਮਸ਼ੀਨਰੀ, ਇਸਪਾਤ, ਜਹਾਜ਼ ਆਦਿ ਬਣਾਉਣ ਦੇ ਕਾਰਖ਼ਾਨੇ ਵੀ ਇਥੇ ਲਗਾਏ ਹੋਏ ਹਨ।

**ਪ੍ਰਸ਼ਾਸਨ**—ਸਥਾਨਕ ਪ੍ਰਸਾਸ਼ਨ ਲਈ ਕਾਉਂਟੀਆਂ, ਮਿਉਂਸਪਲਟੀਆਂ ਅਤੇ ਸਪੈਸ਼ਲ ਡਿਸਟ੍ਰਿਕਟਾਂ ਵਿਚ ਵੰਡਿਆ ਗਿਆ ਹੈ। ਅਟਲਾਂਟਾ, ਕੋਲੰਬਸ, ਸਵੈਨਾ ਅਤੇ ਆਲਬਨੀ ਇਥੋਂ ਦੇ ਵੱਡੇ ਸ਼ਹਿਰ ਹਨ।

ਹ. ਪੁ.-ਐਨ. ਬ੍ਰਿ. ਮੈ. 7:1127; ਕੋਲ. ਐਨ 8:389; ਐਨ. ਅਮੈ. 12:482

**ਜਾਰਜੀਆਈ ਸਾਹਿਤ** : ਜਾਰਜੀਆ ਦਾ ਸਾਹਿਤਕ ਇਤਿਹਾਸ, ਚੌਥੀ ਸਦੀ ਵਿਚ ਇਥੋਂ ਦੇ ਲੋਕਾਂ ਦੇ ਈਸਾਈ ਮੱਤ ਗ੍ਰਹਿਣ ਕਰਨ ਤੋਂ ਸ਼ੁਰੂ ਹੁੰਦਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਬਾਈਬਲ ਦੇ ਪਾਠ ਦਾ ਸਥਾਨਕ ਬੋਲੀ ਵਿਚ ਪ੍ਰਚਾਰ ਕਰਨ ਲਈ ਵਰਣਮਾਲਾ ਦੀ ਲੋੜ ਪਈ। ਪੰਜਵੀਂ ਸਦੀ ਵਿਚ ਬਾਈਬਲ ਦੇ ਆਰਮੀਨੀਆਈ ਅਨੁਵਾਦ ਤੋਂ ਜਾਰਜੀਆਈ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ। ਆਰਮੀਨੀਆਈ ਅਨੁਵਾਦ ਸੀਰੀਆਈ ਤੋਂ ਲਿਆ ਗਿਆ ਸੀ। ਇਸ ਤੋਂ ਛੇਤੀ ਹੀ ਪਿੱਛੋਂ ਐਕਟ ਅਤੇ ਧਰਮ ਗੀਤ ਵੀ ਅਨੁਵਾਦ ਕੀਤੇ ਗਏ। ਫਿਰ ਮੁੱਢਲੇ ਯੂਨਾਨੀ ਪਾਦਰੀਆਂ ਦੀਆਂ ਰਚਨਾਵਾਂ ਵੀ ਇਸ ਭਾਸ਼ਾ ਵਿਚ ਅਨੁਵਾਦ ਕੀਤੀਆਂ ਗਈਆਂ।

ਜਾਰਜੀਆਈ ਸਾਹਿਤ ਦਾ ਆਰੰਭ ਸੰਤਾਂ ਦੀਆਂ ਜੀਵਨੀਆਂ ਨਾਲ ਹੁੰਦਾ ਹੈ। ਇਨ੍ਹਾਂ ਵਿਚੋਂ ਬਚੀ ਇਕ ਜੀਵਨੀ ਸੰਤ ਸ਼ੁਸਾਨਿਕ (ਲ. 480 ਈ.) ਦੀ ਹੈ। ਹੋਰ ਮੁੱਢਲੀਆਂ ਰਚਨਾਵਾਂ ਵਿਚ ਸੰਤ ਨੀਕੋ ਵੱਲੋਂ ਜਾਰਜੀਆ ਵਿਚ ਈਸਾਈ ਧਰਮ ਚਲਾਉਣ ਦੇ ਵੇਰਵੇ ਅਤੇ 5ਵੀਂ ਸਦੀ ਦੇ ਨਾਇਕ ਬਾਦਸ਼ਾਹ ਵਖਤਾਂਗ ਗੋਰਗਾਮਲਾਨੀ ਦੇ ਕਾਰਨਾਮਿਆਂ ਦੀਆਂ ਨੀਮ-ਕਾਲਪਨਿਕ ਹਨ।

ਜਾਰਜੀਆਈ ਧਾਰਮਿਕ ਸਾਹਿਤ ਦੀਆਂ ਜੜ੍ਹਾਂ ਬਿਜ਼ਨਤੀਨੀ ਯੂਨਾਨੀ ਸਭਿਆਚਾਰ ਵਿਚ ਹਨ। ਇਸ ਲਈ ਜਾਰਜੀਆ ਦਾ ਮੱਧਕਾਲੀ ਰੋਮਾਂਸ ਅਤੇ ਮਹਾਂਕਾਵਿ ਈਰਾਨ ਦੀ ਸਭਿਆਤਾ ਨਾਲ ਭਰਪੂਰ ਹੈ, ਜਿਸ ਵਿਚ ਕਾਕੇਸ਼ਿਆਈ ਲੋਕ ਗੀਤਾਂ ਦੇ ਮੂਲ ਤੱਤ ਵੀ ਹਨ। ਇਸੇ ਸਮੇਂ ਗ਼ੈਰ ਮਜ਼ਹਬੀ ਕਵਿਤਾ ਦੀ ਨੀਂਹ ਰੱਖੀ ਗਈ, ਜਦੋਂ ਬਾਦਸ਼ਾਹ ਡੇਵਿਡ ਦੂਜੇ (1089-1125) ਅਤੇ ਮਹਾਰਾਣੀ ਤਾਮਾਰਾ (1184-1213) ਦੀ ਉਸਤਤ ਵਿਚ ਸੰਬੋਧਨ ਗੀਤ ਲਿਖੇ ਗਏ। ਜਾਰਜੀਆ ਦੇ ਸੁਨਹਿਰੀ ਕਾਲ ਦੀ ਸਰਬੋਤਮ ਸਾਹਿਤਕ ਪ੍ਰਾਪਤ ਸ਼ੋਤ 'ਅ ਰੁਸਤ' ਆਵੇਲੀ ਦਾ ਮਹਾਂਕਾਵਿ **'Vep Khis taoSani'** ਹੈ। ਇਸ ਦੀ ਕਵਿਤਾ ਸੰਬੰਧੀ ਪਰੰਪਰਾ, ਜਿਹੜੀ ਮੰਗੋਲਾਂ **ਦੇ ਹਮਲੇ ਕਰਕੇ** ਟੁੱਟ ਗਈ ਸੀ। 17ਵੀਂ ਸਦੀ ਵਿਚ ਸ਼ਾਹੀ **ਕਵੀਆਂ ਤਾਇਮੁਰਾਜ਼** ਪਹਿਲੇ (1589-1663) ਅਤੇ ਆਰਚਿਲ **(1647-1713) ਨੇ ਮੁੜ** ਕੀਤੀ।

**18ਵੀ** ਸਦੀ ਦੌਰਾਨ, ਜਾਰਜੀਆ ਵਿਚ ਮੁੜ ਨਿਰੋਲ ਸਾਹਿਤਕ ਲਿਖਤਾਂ ਦਾ ਮੁੱਢ ਬੱਝਾ। ਸੁਲੱਖਨ ਸਾਬਾ ਆਰਬੇਲੀਆਨੀ ਕੋਸ਼ਕਾਰ ਨੇ ਕਹਾਣੀਆਂ ਦੀ ਪੁਸਤਕ ਲਿਖੀ, ਬਾਦਸ਼ਾਹ ਵਖਤਾਂਗ ਛੇਵੇਂ ਨੇ ਤਿਫਲਿਸ ਵਿਚ ਇਕ ਛਾਪਾਖਾਨਾ ਲਗਵਾਇਆ ਅਤੇ ਜਾਰਜੀਆ ਦਾ ਇਤਿਹਾਸ ਸੰਪਾਦਿਤ ਅਤੇ ਮੁਕੰਮਲ ਕਰਵਾਇਆ। ਉਸ ਦਾ ਪੁੱਤਰ ਵਾਖੁਸ਼ਤੀ (ਲ. 1695-1772) ਇਕ ਇਤਿਹਾਸਕਾਰ ਅਤੇ ਭੂਗੋਲਵੇਤਾ ਸੀ। ਉਸ ਸਮੇਂ ਦੇ ਮੁੱਖ ਕਵੀ ਡੇਵਿਡ ਗੁਰਾਮਿਸ਼ਵਿਲੀ (1705-92) ਅਤੇ ਬੇਸਾਰੀਅਨ ਗਾਬਾਸ਼ੀਵਿਲੀ (1750-91) ਸਨ।

ਸੰਨ 1801 ਵਿਚ ਜਾਰਜੀਆ ਰੂਸ ਦੇ ਕਬਜ਼ੇ ਵਿਚ ਆ ਗਿਆ, ਜਿਸ ਨਾਲ ਜਾਰਜੀਆ ਯੂਰਪੀ ਯੁਧੀ ਜੀਵੀਆਂ ਦੇ ਘੇਰੇ ਵਿਚ ਆ ਗਿਆ। ਉਸ ਸਮੇਂ ਦੇ ਰੋਮਾਂਟਿਕ ਕਵੀਆਂ ਵਿਚ ਅਲੈਗਜ਼ੈਂਡਰ ਚਾਵਤਚਾਵਾਦਜ਼ੇ (1786-1846) ਅਤੇ ਨਿਕੋਜਾਜ ਬਾਗਤ ਅਸ਼ਵਿਲੀ (1817-45) ਸਨ। ਜੋਰਜੀ ਐਰਿਸਤਆਵੀ (1811-64) ਵਿਅੰਗਾਤਮਕ ਸੁਖਾਂਤ ਦਾ ਮੋਢੀ ਸੀ ਜਿਸ ਨੇ ਅਜੋਕੇ ਜਾਰਜੀਆਈ ਥੀਏਟਰ ਦੀ ਨੀਂਹ ਰਖੀ। ਯਥਾਰਥਵਾਦੀ ਨਾਵਲਕਾਰਾਂ ਵਿਚ ਲਾਵਰੈਂਤੀ ਆਰਦਾਜ਼ਿਆਨੀ (1815-70) ਅਤੇ ਇਲੀਆ ਚਾਵਤਚਾਵਾਦਜ਼ੇ (1837-1907) ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਮਗਰਲੇ ਨੂੰ ਜਾਰਜੀਆ ਦੇ ਅਜੋਕੇ ਸਮੇਂ ਦਾ ਉੱਘਾ ਵਿਦਵਾਨ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ, ਅਕਾਕੀ ਸੈਰਿਤੇਲਾਈ (Akaki Tsereteli,) (1840-1915) ਇਕ ਦੇਸ਼ ਭਗਤ ਕਵੀ ਅਤੇ ਵਿਦਵਾਨ ਵਜੋਂ ਬਹੁਤ ਪ੍ਰਸਿੱਧ ਹੋਇਆ ਹੈ। ਅਨੁਵਾਦ ਦੇ ਖੇਤਰ ਵਿਚ ਈਵਾਨੇ ਮਾਚਾਬੇਲੀ (1854-98) ਨੇ ਚੰਗਾ ਨਾਮਣਾ ਖੱਟਿਆ। ਇਸ ਨੇ ਸ਼ੈਕਸਪੀਅਰ ਦੇ ਕਈ ਨਾਟਕ ਅਨੁਵਾਦ ਕੀਤੇ ਹਨ।

ਜ਼ਾਰ ਦੇ ਰਾਜ-ਕਾਲ ਦੌਰਾਨ ਜਾਰਜੀਆਈ ਸਾਹਿਤ ਨੇ ਪ੍ਰਚਾਰਕਾਂ ਅਤੇ ਸਦਾਚਾਰਕਾਂ ਵਾਲਾ ਰਾਹ ਅਪਣਾਇਆ। ਸੰਨ 1937 ਵਿਚ ਸਟਾਲਿਨ ਵੱਲੋਂ ਕੀਤੀ ਗਈ 'ਸ਼ੁੱਧੀ' ਦੌਰਾਨ ਕਿੰਨੇ ਹੀ ਜਾਰਜੀਆਈ ਕਵੀ ਤੇ ਨਾਵਲਕਾਰ ਖ਼ਤਮ ਕਰ ਦਿੱਤੇ ਗਏ। ਫਿਰ ਵੀ ਆਈਓਸਬ ਗਰਿਸ਼ਾ-

ਸ਼ਵਿਲੀ ਵਰਗੇ ਕਵੀ, ਸ਼ਾਲਵਾ ਦਾਦਿਆਨੀ ਵਰਗੇ ਨਾਟਕਕਾਰ ਅਤੇ ਕਾਨਸਟੈਂਟਾਈਨ ਗਾਮਸਾਖੁਰਦੀਆ ਵਰਗੇ ਨਾਵਲਕਾਰ ਮੌਲਿਕ ਰਚ-ਨਾਵਾਂ ਪੇਸ਼ ਕਰਨ ਵਿਚ ਬਹੁਤ ਸਫਲ ਰਹੇ।

ਹ. ਪੁ. -ਐਨ. ਬ੍ਰਿ. 10: 227

**ਜਾਰਜੀਆ ਖਾੜੀ** : ਕੈਨੇਡਾ ਦੇ ਦੱਖਣ-ਕੇਂਦਰੀ ਆਨਟੇ-ਰੀਓ ਰਾਜ ਵਿਚ ਹਿਊਰਾਨ ਝੀਲ ਦੇ ਉੱਤਰ-ਪੂਰਬੀ ਹਿੱਸੇ ਦਾ ਨਾਂ ਹੈ। ਇਹ ਖਾੜੀ ਹਿਊਰਾਨ ਝੀਲ ਨਾਲੋਂ ਮੈਨਾਟੂਲਨ ਅਤੇ ਬ੍ਰੂਸ ਟਾਪੂਆਂ ਦੁਆਰਾ ਵੱਖ ਹੁੰਦੀ ਹੈ। ਵੱਖਰੀ ਜਿਹੀ ਇਸ ਖਾੜੀ ਦੀ ਡੂੰਘਾਈ 30 ਤੋਂ 90 ਮੀ. ਤੱਕ ਹੈ ਪਰ ਮੇਨ ਚੈਨਲ ਵਿਚ ਇਹ 166 ਮੀ. ਤੱਕ ਵੀ ਡੂੰਘੀ ਹੈ। ਇਸ ਦਾ ਪਾਣੀ ਹੇਠ ਰਕਬਾ ਕੋਈ 2, 202 ਵ. ਕਿ. ਮੀ. ਹੈ। ਖਾੜੀ ਦੀ ਉੱਤਰ ਤੋਂ ਦੱਖਣ ਵੱਲ ਲੰਬਾਈ 190 ਕਿ. ਮੀ. ਅਤੇ ਚੌੜਾਈ 81 ਕਿ. ਮੀ. ਹੈ। ਮੈਨਾਟੂਲਨ ਟਾਪੂ ਦੇ ਪੂਰਬ ਵੱਲ 32 ਕਿ. ਮੀ. ਦਾ ਜਲ ਮਾਰਗ ਇਸਨੂੰ ਉੱਤਰੀ ਚੈਨਲ ਨਾਲ ਜੋੜਦਾ ਹੈ। ਟ੍ਰੈਂਟ ਨਹਿਰੀ ਪ੍ਰਣਾਲੀ ਇਸਨੂੰ ਆਂਟੇਰੀਓ ਝੀਲ ਨਾਲ ਜੋੜਦੀ ਹੈ। ਖਾੜੀ ਦਾ ਤਟ ਕਾਫ਼ੀ ਕੱਟਿਆ ਵੱਢਿਆ ਹੋਇਆ ਹੈ। ਇਸ ਉੱਤੇ ਕਈ ਛੋਟੀਆਂ ਛੋਟੀਆਂ ਖਾੜੀਆਂ, ਜਲ ਦੁਆਰ ਅਤੇ ਟਾਪੂ ਮਿਲਦੇ ਹਨ। ਇਨ੍ਹਾਂ ਟਾਪੂਆਂ ਵਿਚੋਂ ਲੋਨਲੀ, ਪੈਰੀ ਅਤੇ ਕ੍ਰਿਸਚੀਅਨ ਹੀ ਵੱਡੇ ਹਨ। ਖਾੜੀ ਦੇ ਪੂਰਬ ਵੱਲ 30 ਟਾਪੂਆਂ ਦਾ ਇਕ ਹੋਰ ਟਾਪੂ ਸਮੂਹ ਹੈ ਜਿਸਨੂੰ ਥਰਟੀ ਥਾਊਸੈਂਡ ਆਈਲੈਂਡਜ਼ ਕਹਿੰਦੇ ਹਨ। ਇਸ ਉੱਤੇ ਜਾਰਜੀਆ ਦੀ ਮਸ਼ਹੂਰ ਸੈਰਗਾਹ ਵਾਕਿਆ ਹੈ।

ਖਾੜੀ ਦੇ ਆਲੇ-ਦੁਆਲੇ ਦੇ ਖੇਤਰਾਂ ਉੱਤੇ ਬਹੁਤ ਜ਼ਿਆਦਾ ਠੰਢ ਪੈਂਦੀ ਹੈ। ਔਸਤ ਸਾਲਾਨਾ ਵਰਖਾ 50 ਸੈਂ. ਮੀ. ਤੋਂ 75 ਸੈਂ. ਮੀ. ਹੁੰਦੀ ਹੈ। ਇਨ੍ਹਾਂ ਖੇਤਰਾਂ ਉੱਤੇ ਜੰਗਲਾਂ ਦੀ ਭਰਮਾਰ ਹੈ। ਇਥੇ ਚੀਲ, ਅਖ਼ਰੋਟ, ਬਲੂਤ, ਯੈਲੋ ਪੋਪਲਰ ਆਦਿ ਦੇ ਦਰਖ਼ਤ ਮਿਲਦੇ ਹਨ। ਇਨ੍ਹਾਂ ਖੇਤਰਾਂ ਉੱਤੇ ਵਸੋਂ ਵੀ ਵਿਰਲੀ ਹੈ। ਵੱਡੇ ਸ਼ਹਿਰਾਂ ਦੀ ਗਿਣਤੀ ਵੀ ਘੱਟ ਹੀ ਹੈ। ਓਵਮਨਸਾਊਂਡ, ਕਾਲਿੰਗਵੁੱਡ, ਮਿਡਲੈਂਡ ਅਤੇ ਪੈਰੀ ਸਾਊਂਡ ਨਾਂ ਦੇ ਕੁਝ ਇਕ ਵੱਡੇ ਸ਼ਹਿਰ ਹਨ ਜਿਹੜੇ ਮਸ਼ਹੂਰ ਬੰਦਰਗਾਹਾਂ ਵੀ ਹਨ।

ਇਸ ਖਾੜੀ ਦੀ ਹੋਂਦ ਦਾ ਪਤਾ 1615 ਵਿਚ ਫ਼ਰਾਂਸੀਸੀ ਖੋਜੀ ਸੈਮੂਅਲਡ ਚੈਮਪਲੇਨ ਨੇ ਉੱਤਰ ਵੱਲੋਂ ਦੀ ਗ੍ਰੇਟ ਲੇਕਸ ਵਲੋਂ ਆਉਣ ਸਮੇਂ ਕੀਤਾ ਸੀ। ਬ੍ਰਿਟਿਸ਼ ਰਾਇਲ ਨੇਵੀ ਦੇ ਕਪਤਾਨ ਹੈਨਰੀ ਬੇਫੀਲਡ ਨੇ ਜਾਰਜ ਚੌਥੇ ਦੇ ਨਾਂ ਤੇ ਇਸ ਦਾ ਨਾਂ ਰੱਖਿਆ ਸੀ।

45° 15′ ਉ. ਵਿਥ.; 80° 50′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 4: 489; ਕੋਲ. ਐਨ. 8:398; ਹਿੰ. ਵਿ. ਕੋ. 4: 487

**ਜਾਰਜੀਆਈ ਭਾਸ਼ਾ** : ਜਾਰਜੀਆਈ ਭਾਸ਼ਾ ਕਾਕੇਸ਼ੀ ਭਾਸ਼ਾਵਾਂ ਦੇ ਕਾਰਟਵੇਲੀਅਨ ਗਰੁੱਪ ਦੀ ਭਾਸ਼ਾ ਹੈ। ਕਾਕੇਸ਼ੀ ਭਾਸ਼ਾਵਾਂ ਵਿਚ ਸਿਰਫ਼ ਜਾਰਜੀਅਨ ਭਾਸ਼ਾ ਹੀ ਪ੍ਰਾਚੀਨ ਸਾਹਿਤਕ ਪਰੰਪਰਾ ਹੈ। ਇਸ ਦੀ ਸਭ ਤੋਂ ਪੁਰਾਣੀ ਲਿਖਤ ਪੰਜਵੀਂ ਸਦੀ ਦੀ ਉਪਲੱਬਧ ਹੈ ਤੇ ਇਸ ਸਮੇਂ ਦੇ ਬਾਈਬਲ ਦੇ ਕੁਝ ਹਿੱਸਿਆਂ ਦਾ ਅਨੁਵਾਦ ਵੀ ਮਿਲਦਾ ਹੈ ਜੋ ਆਰਮੀਨੀ ਭਾਸ਼ਾ ਤੋਂ ਜਾਰਜੀਆਈ ਭਾਸ਼ਾ ਵਿਚ ਹੋਇਆ। 10ਵੀਂ ਤੇ 11ਵੀਂ ਸਦੀ ਦੀ ਸਨਾਤਨੀ ਭਾਸ਼ਾ ਨਾਲੋਂ ਪਹਿਲੀ ਜਾਰਜੀਆਈ ਭਾਸ਼ਾ ਵਿਚ ਕਈ ਥਾਈਂ ਫ਼ਰਕ ਨਜ਼ਰ ਆਉਂਦਾ ਹੈ। ਪੁਰਾਣੀ ਜਾਰਜੀਆਈ ਭਾਸ਼ਾ ਨੂੰ ਸਮਝਣ ਵਿਚ ਕਠਿਨਾਈ ਆਉਂਦੀ ਹੈ। ਇਸ ਭਾਸ਼ਾ ਦਾ ਪ੍ਰਯੋਗ 18ਵੀਂ ਸਦੀ ਦੇ ਅੰਤ ਤੱਕ ਧਾਰਮਿਕ ਤੇ ਧਰਮਸ਼ਾਸਤਰ ਨਾਲ ਸੰਬੰਧਤ ਰਚਨਾਵਾਂ ਲਈ ਕੀਤਾ ਜਾਂਦਾ ਰਿਹਾ ਹੈ। ਪੁਰਾਤਨ ਜਾਰਜੀਆਈ ਭਾਸ਼ਾ ਵਿਚ ਆਰਮੀਨੀਆਈ ਭਾਸ਼ਾ ਤੋਂ ਅਤੇ ਖ਼ਾਸ ਕਰਕੇ ਯੂਨਾਨੀ ਭਾਸ਼ਾ ਤੋਂ ਸ਼ਬਦ ਉਧਾਰੇ ਲਏ ਗਏ ਹਨ। ਯੂਨਾਨੀ ਭਾਸ਼ਾ ਦੀ ਮਦਦ ਨਾਲ ਦਾਰਸ਼ਨਿਕ ਸ਼ਬਦਾਵਲੀ ਬਣਾਈ ਗਈ। ਮੱਧਕਾਲੀਨ ਕਵਿਤਾ ਦੀ ਭਾਸ਼ਾ ਸਮਕਾਲੀ ਭਾਸ਼ਾ ਦੇ ਨੇੜੇ ਹੈ, ਜਿਸ ਉੱਤੇ ਫ਼ਾਰਸੀ ਦਾ ਪ੍ਰਭਾਵ ਪ੍ਰਤੱਖ ਹੈ। 19ਵੀਂ ਸਦੀ ਦੇ ਅੱਧ ਵਿਚ ਲੋਕ ਭਾਸ਼ਾ ਨੂੰ ਸਾਹਿਤਕ ਭਾਸ਼ਾ ਬਣਾਇਆ ਜਾਣ ਲੱਗਾ। ਪੁਰਾਣੀ ਜਾਰਜੀਆਈ ਭਾਸ਼ਾ ਦੇ ਮੁਕਾਬਲੇ ਨਵੀਂ ਭਾਸ਼ਾ ਵਿਚ ਇਲਾਕਾਈ ਅਤੇ ਬਾਹਰੋਂ ਲਈ ਸ਼ਬਦਾਵਲੀ ਦੀ ਭਰਮਾਰ ਹੈ।

ਜਾਰਜੀਆਈ ਭਾਸ਼ਾ ਦੇ ਪੰਜ ਬੁਨਿਆਦੀ ਸੁਰ ਤੇ 28 ਵਿਅੰਜਨ ਹਨ। ਉੱਤਰੀ ਕਾਕੇਸ਼ੀ ਭਾਸ਼ਾਵਾਂ ਨਾਲੋਂ ਇਹ ਪ੍ਰਣਾਲੀ ਸਾਦੀ ਹੈ। ਪੁਰਾਣੀ ਜਾਰਜੀਆਈ ਭਾਸ਼ਾ ਵਿਚ ਦੂੱਤ ਸੁਰ ਸਨ ਜੋ ਹੁਣ ਇਕਹਿਰੇ ਸੁਰ ਬਣ ਗਏ ਹਨ।

ਇਸ ਵਿਚ ਵਾਕ ਦੇ ਉਹੋ ਸ਼ਬਦ-ਭੇਦ ਹਨ, ਜੋ ਇੰਡੋ-ਯੂਰਪੀ ਭਾਸ਼ਾਵਾਂ ਵਿਚ ਹਨ। ਨਾਂਵ ਅਤੇ ਕਿਰਿਆ ਵਿਰੋਧ ਬੜਾ ਪ੍ਰਤੱਖ ਹੈ। ਇਸ ਦੇ ਨਾਂਵ ਦੇ ਅੱਠ ਕਾਰਕ ਹਨ। ਬਹੁ-ਵਚਨ ਬਣਾਉਣ ਲਈ ਅਗੇਤਰ ਲਗਾਇਆ ਜਾਂਦਾ ਹੈ। ਇੰਡੋ ਯੂਰਪੀ ਭਾਸ਼ਾਵਾਂ ਨਾਲ ਕਿਰਿਆ ਪੱਖੋਂ ਵੀ ਬਹੁਤ ਫ਼ਰਕ ਹੈ।

ਇੰਜ ਜਾਪਦਾ ਹੈ ਕਿ ਜਾਰਜੀਆਈ ਲਿਪੀ ਦਾ ਨਿਰਮਾਣ ਈਸਾਈ ਸਿਤਾਰਿਆਂ ਨੇ ਯੂਨਾਨੀ ਲਿਪੀ ਦੇ ਪ੍ਰਭਾਵ ਅਧੀਨ ਅਤੇ ਉਸ ਦੀ ਸਹਾਇਤਾ ਨਾਲ ਪੰਜਵੀਂ ਸਦੀ ਵਿਚ ਕੀਤਾ। ਬਹੁਤ ਸਾਰੇ ਚਿੰਨ੍ਹ ਅਰਬੀ ਲਿਪੀ ਤੋਂ ਲਏ ਗਏ ਜਾਪਦੇ ਹਨ।

ਹ. ਪੁ. –ਐਨ. ਬ੍ਰਿ. 10: 226

**ਜਾਰਜੀਆ ਜਲ–ਡਮਰੂ** : ਇਹ ਕੈਨੇਡਾ ਦੇ ਦੱਖਣ-ਪੱਛਮ ਵੱਲ ਅਤੇ ਸੰਯੁਕਤ ਰਾਜ ਅਮਰੀਕਾ ਦੇ ਉੱਤਰ-ਪੱਛਮ ਵੱਲ ਸਥਿਤ ਹੈ। ਇਸ ਦੇ ਪੱਛਮ ਵੱਲ ਵੈਨਕੂਵਰ ਦੀਪ (ਕੈਨੇ) ਹੈ ਅਤੇ ਪੂਰਬ ਵੱਲ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਭੂਮੀ ਅਤੇ ਵਾਸ਼ਿੰਗਟਨ ਰਾਜ (ਸੰ. ਰ. ਅ.) ਦੀ ਵਟਕਾਮ ਕਾਊਂਟੀ ਹੈ। ਇਹ ਜਲ-ਡਮਰੂ ਇਕ ਤਰ੍ਹਾਂ ਦਾ ਸਮੁੰਦਰੀ ਮਾਰਗ ਹੈ ਜਿਥੋਂ ਸੀਏਟਲ, ਵਾਸ਼ਿੰਗਟਨ, ਸਕੈਗਵੇ ਅਤੇ ਅਲਾਸਕਾ ਵੱਲ ਆਵਾਜਾਈ ਹੁੰਦੀ ਹੈ। ਇਸ ਦੇ ਉੱਤਰ ਵੱਲ ਕਵੀਨ ਸ਼ਾਰਲਟ ਟਾਪੂ ਅਤੇ ਦੱਖਣ ਵੱਲ ਸੈਨ ਹਵਾਨ ਟਾਪੂ ਹਨ ਜਿਹੜੇ ਇਸਨੂੰ ਕਵੀਨ ਸ਼ਾਰਲਟ, ਜਾਨਸਟਨ ਅਤੇ ਹੋਰ ਖਾੜੀਆਂ ਨਾਲੋਂ ਵੱਖ ਕਰਦੇ ਹਨ। ਇਸ ਦੀ ਉੱਤਰ ਤੇ ਦੱਖਣ ਵੱਲ ਲੰਬਾਈ 225 ਤੋਂ 240 ਕਿ. ਮੀ. ਅਤੇ ਚੌੜਾਈ 32 ਕਿ. ਮੀ. ਹੈ। ਦਰਮਿਆਨ ਵਿਚ ਇਸ ਦੀ ਡੂੰਘਾਈ 275 ਤੋਂ 370 ਮੀ. ਹੈ। ਇਸ ਵਿਚ ਅਣਗਿਣਤ ਰੇਤ ਭਿੱਤੀਆਂ, ਟਾਪੂ ਅਤੇ ਮੁੱਖ ਧਰਤੀ ਵੱਲ ਦਰਿਆਵਾਂ ਦੇ ਪਾਣੀ ਹੇਠ ਡੁੱਬੇ ਹੋਏ ਮੁਹਾਣੇ ਅਤੇ ਡੂੰਘੀਆਂ ਵਾਦੀਆਂ ਪਾਈਆਂ ਜਾਂਦੀਆਂ ਹਨ। ਮੁੱਖ ਧਰਤੀ ਵੱਲੋਂ ਫ਼ੇਜ਼ਰ ਦਰਿਆ ਇਸ ਵਿਚ ਡਿਗਦਾ ਹੈ ਜਿਸ ਦੇ ਪਾਣੀ ਨਾਲ ਸਟ੍ਰੇਟ ਦਾ ਪਾਣੀ ਕਾਫ਼ੀ ਵੱਧ ਜਾਂਦਾ ਹੈ ਅਤੇ ਗੋਲ ਜਿਹੀ ਸ਼ਕਲ ਵਿਚ ਪਾਣੀ ਗਤੀ ਵਿਚ ਆ ਜਾਂਦਾ ਹੈ। ਮੁੱਖ ਧਰਤੀ ਦਾ ਤਟ ਵੀ ਕਾਫ਼ੀ ਕਟਿਆ ਵੱਢਿਆ ਹੋਇਆ ਹੈ। ਸਟ੍ਰੇਟ ਦੇ ਮੱਧ ਵਿਚ ਟੈਕਸੇਦਾ ਅਤੇ ਚਾਸਦਵੇਤੀ ਦੋ ਵੱਡੇ ਟਾਪੂ ਹਨ। ਇਨ੍ਹਾਂ ਤੋਂ ਇਲਾਵਾ ਉੱਤਰ ਵੱਲ ਕਈ ਛੋਟੇ ਛੋਟੇ ਹੋਰ ਟਾਪੂ ਵੀ ਹਨ।

49° 20′ ਉ. ਵਿਥ.; 124° 00′ ਪੱ. ਲੰਬ.

ਹ. ਪੁ. –ਐਨ. ਬ੍ਰਿ. ਮਾ. 4: 489; ਵੈ. ਜਗ. ਡਿ.

**ਜਾਰਜੋਨੇ** : ਇਹ ਇਤਾਲਵੀ ਚਿੱਤਰਕਾਰ ਸੀ। ਅਸਲ ਵਿਚ ਇਸ ਦਾ ਨਾਂ ਜਾਰਜੀਓ ਬਾਰਬਾਰੇਲੀ (ਜਾਂ ਬਾਰਬਾਰੇਲਾ) ਸੀ। ਇਹ ਸੰਨ 1478 ਵਿਚ ਕਾਸਤਲ ਫ਼ਰਾਂਕੋ ਵਿਖੇ ਪੈਦਾ ਹੋਇਆ। ਇਸ ਨੇ ਵਧੇਰੇ ਕਰਕੇ ਇਤਿਹਾਸਕ ਚਿੱਤਰ ਬਣਾਏ। ਇਸ ਦੀ ਰੁਚੀ ਵਿਅਕਤੀ ਚਿਤਰਣ ਵੱਲ ਸੀ। ਤਿਸ਼ਿਅਨ ਨਾਲ ਇਸ ਨੇ ਵੀਨਿਸ ਸ਼ੈਲੀ ਦਾ ਅਧਿਐਨ ਕੀਤਾ। ਜੇ ਇਹ ਹੋਰ ਜਿਉਂਦਾ ਰਹਿੰਦਾ ਤਾਂ ਸੰਭਵ ਸੀ ਕਿ ਤਿਸ਼ੀਅਨ ਦਾ ਮੁਕਾਬਲਾ ਕਰਦਾ। ਵੀਨਿਸ ਸ਼ੈਲੀ ਦੀਆਂ ਕਈ ਅਸਾਧਾਰਣ ਅਤੇ ਅਦਭੁਤ ਤਕਨੀਕਾਂ ਨੂੰ ਵਿਕਸਿਤ ਕਰਨ ਦਾ ਸਿਹਰਾ ਇਸੇ ਦੇ ਹੀ ਸਿਰ ਹੈ। ਇਸ ਦੀਆਂ ਅਨੇਕ ਪ੍ਰਕਾਰ ਦੀਆਂ ਰੰਗ ਯੋਜਨਾਵਾਂ ਅਣਗਿਣਤ ਚਿੱਤਰਕਾਰਾਂ ਨੇ ਅਪਣਾਈਆਂ ਹਨ। ਆਪਣੇ ਹੀ ਸਮੇਂ ਦੀ ਚਿੱਤਰਕਲਾ ਉਤੇ ਇਸ ਦਾ ਇਨ੍ਹਾਂ ਵਿਆਪਕ ਪ੍ਰਭਾਵ ਹੈ ਕਿ ਦੂਜੇ ਚਿੱਤਰਕਾਰਾਂ ਨਾਲੋਂ

ਇਸ ਦੇ ਚਿੱਤਰਾਂ ਨੂੰ ਅੱਡ ਕਰਨਾ ਕਠਿਨ ਹੈ। ਫਿਰ ਵੀ 12 ਚਿੱਤਰ ਅਜਿਹੇ ਹਨ, ਜੋ ਪ੍ਰਮਾਣਿਕ ਰੂਪ ਨਾਲ ਇਸ ਦੇ ਹੀ ਮੰਨੇ ਜਾਂਦੇ ਹਨ। ਇਨ੍ਹਾਂ ਵਿਚੋਂ ਕੁਝ ਖ਼ਾਸ ਤੌਰ ਤੇ ਵਰਣਨਯੋਗ ਹਨ, ਜਿਸ ਤਰ੍ਹਾਂ 'ਜਾਰਜੋਨੇ ਦਾ ਪਰਿਵਾਰ' ਅਤੇ 'ਤਿੰਨ ਦਾਰਸ਼ਨਿਕ' ਆਦਿ। ਇਸ ਦੀ ਮੌਤ ਸੰਨ 1511 ਵਿਚ ਹੋਈ।

ਹ. ਪ੍ਰ.-ਹਿੰ. ਵਿ. ਕੋ. 4: 487

**ਜਾਰਡਨ** : ਦੱਖਣ-ਪੱਛਮੀ ਏਸ਼ੀਆ ਵਿਚ ਅਰਬ ਪ੍ਰਾਇਦੀਪ ਦੇ ਉੱਤਰ-ਪੱਛਮ ਵੱਲ ਇਹ ਇਕ ਅਜ਼ਾਦ ਦੇਸ਼ ਹੈ ਜਿਸ ਨੂੰ 26 ਅਪ੍ਰੈਲ, 1949 ਤੋਂ ਪਹਿਲੋਂ 'ਟ੍ਰਾਂਸਜਾਰਡਨ' ਕਹਿੰਦੇ ਸਨ। ਇਸਦੇ ਦੱਖਣ ਅਤੇ ਦੱਖਣ-ਪੂਰਬ ਵੱਲ ਸਊਦੀ ਅਰਬ, ਉੱਤਰ-ਪੂਰਬ ਵਿਚ ਸੀਰੀਆ ਅਤੇ ਪੱਛਮ ਵਿਚ ਇਜ਼ਰਾਈਲ ਦੇਸ਼ ਹਨ। ਇਸ ਦੀ ਰਾਜਧਾਨੀ ਅਮਾਨ ਸ਼ਹਿਰ ਹੈ। ਜਾਰਡਨ ਦਰਿਆ ਦੇ ਪੂਰਬ ਵਾਲੇ ਹਿੱਸੇ ਨੂੰ 'ਈਸਟ ਬੈਂਕ' ਅਤੇ ਪੱਛਮ ਵਾਲੇ ਹਿੱਸੇ ਨੂੰ 'ਵੈਸਟ ਬੈਂਕ' ਕਿਹਾ ਜਾਂਦਾ ਹੈ। ਇਸ ਦਾ ਖੇਤਰਫਲ 37, 737 ਵ. ਕਿ. ਮੀ. ਅਤੇ ਆਬਾਦੀ 3,165,000 (1990) ਹੈ। ਵੈਸਟ ਬੈਂਕ ਖੇਤਰ ਉੱਤੇ ਇਜ਼ਰਾਈਲ ਨੇ ਕਬਜ਼ਾ ਕਰ ਰੱਖਿਆ ਹੈ। ਅਰਬੀ ਦੇਸ਼ ਦੀ ਰਾਸ਼ਟਰੀ ਭਾਸ਼ਾ ਹੈ।

ਭੂ-ਆਕ੍ਰਿਤੀ ਵਿਗਿਆਨ

ਇਸ ਦੇਸ਼ ਦਾ ਵਿਸਤਾਰ ਜਾਰਡਨ ਦਰਿਆਈ ਵਾਦੀ ਤੋਂ ਲੈ ਕੇ ਪੂਰਬ ਵਾਲੇ ਪਾਸੇ ਅਰਬ ਦੇ ਮਾਰੂਥਲਾਂ ਤੱਕ ਹੈ। ਇਸ ਦੀ ਧਰਾਤਲ ਪਠਾਰੀ ਹੈ ਅਤੇ ਇਥੇ ਡੂੰਘੀਆਂ ਘਾਟੀਆਂ ਵੀ ਮਿਲਦੀਆਂ ਹਨ। ਦੇਸ਼ ਦਾ ਸਭ ਤੋਂ ਵਧੇਰੇ ਮਹੱਤਵਪੂਰਨ ਭੂ-ਆਕਾਰ ਇਥੋਂ ਦੀ ਵਾਦੀ ਹੈ ਜਿਹੜੀ ਪੱਛਮੀ ਹਿੱਸੇ ਵਿਚ ਲੰਬੇ ਦਾਅ ਪਾਈ ਜਾਂਦੀ ਹੈ। ਇਹ ਅਫ਼ਰੀਕਾ ਦੀ ਗ੍ਰੇਟ ਰਿਫਟ ਵੈਲੀ ਦਾ ਹੀ ਇਕ ਹਿੱਸਾ ਹੈ। ਇਹ ਮ੍ਰਿਤ ਸਾਗਰ ਨੇੜੇ ਸਮੁੰਦਰ ਤਲ ਤੋਂ ਕੋਈ 394 ਮੀ. ਡੂੰਘੀ ਹੈ। ਮ੍ਰਿਤ ਸਾਗਰ ਨੇ ਇਸ ਦਰਾੜ ਦਾ ਵਿਚਲਾ ਹਿੱਸਾ ਰੋਕਿਆ ਹੋਇਆ ਹੈ। ਦੱਖਣ ਵੱਲ ਵਾਦੀ ਅਲ ਅਰਾਬਾਹ ਹੈ। ਵਾਦੀ ਦੇ ਉੱਤਰੀ ਹਿੱਸੇ ਵਿਚ ਜਾਰਡਨ ਦਰਿਆ ਵਗਦਾ ਹੈ।

ਦੇਸ਼ ਦਾ ਦੂਜਾ ਭੂ-ਆਕਾਰ ਵਿਸ਼ਾਲ ਮਾਰੂਥਲ ਹੈ ਜਿਸਨੇ ਜਾਰਡਨ ਦਰਿਆ ਦੇ ਪੂਰਬ ਵਾਲੇ ਪਾਸੇ ਦਾ 4/5 ਹਿੱਸਾ ਰੋਕਿਆ ਹੋਇਆ ਹੈ। ਮਾਰੂਥਲ ਦੇ ਉੱਤਰੀ ਹਿੱਸੇ ਵਿਚ ਲਾਵੇ ਦੀਆਂ ਚਟਾਨਾਂ ਅਤੇ ਦੱਖਣ ਵੱਲ ਰੇਤ ਪੱਥਰ ਅਤੇ ਗ੍ਰੇਨਾਈਟ ਵਾਲੀਆਂ ਚਟਾਨਾਂ ਮਿਲਦੀਆਂ ਹਨ।

ਵਾਦੀ ਦੇ ਪੂਰਬ ਤੇ ਪੱਛਮ ਵੱਲ ਉੱਚ ਭੂ-ਭਾਗ ਵੱਖਰੀ ਜਿਹੀ ਧਰਾਤਲੀ ਨੁਹਾਰ ਬਣਾਉਂਦੇ ਹਨ। ਵਾਦੀ ਦੇ ਪੂਰਬ ਵੱਲ ਦੇ ਪਰਬਤੀ ਵਧਾਓ ਦੀ ਉਚਾਈ ਲ. 600 ਮੀ. (2000 ਫ਼ੁੱਟ) ਤੋਂ ਲ. 900 ਮੀ. (3000 ਫ਼ੁੱਟ) ਹੈ। ਇਨ੍ਹਾਂ ਦੀ ਉਚਾਈ ਦੱਖਣ ਵੱਲ ਵਧੇਰੇ ਹੈ। ਵਾਦੀ ਦੇ ਪੱਛਮ ਵੱਲ ਸਮੇਰੀਅਨ ਅਤੇ ਜੂਡੀਅਨ ਪਹਾੜ ਹਨ ਜਿਨ੍ਹਾਂ ਦੀ ਉਚਾਈ ਲ. 900 ਮੀ. ਹੈ। ਇਨ੍ਹਾਂ ਉੱਤੇ ਕਾਂਟ ਛਾਂਟ ਦੀ ਕ੍ਰਿਆ ਵਧੇਰੇ ਹੈ ਜਿਸ ਕਾਰਨ ਇਨ੍ਹਾਂ ਦੀ ਉਚਾਈ ਘੱਟ ਗਈ ਹੈ ਤੇ ਇਹ ਪਠਾਰਾਂ ਹੀ ਲਗਦੀਆਂ ਹਨ। ਇਨ੍ਹਾਂ ਦੀ ਢਲਾਣ ਰੂਮ ਸਾਗਰ ਵੱਲ ਹੈ।



ਜਾਰਡਨ ਦਾ ਰਾਜਧਾਨੀ ਸ਼ਹਿਰ ਅਮਾਨ ਜਿਹੜਾ ਅਰਬੀ ਪਠਾਰ ਦੇ ਪੱਛਮੀ ਕੰਢੇ ਉੱਤੇ ਵਾਕਿਆ ਸੈਵਨ ਹਿੱਲਜ਼ ਤੇ ਵਸਿਆ ਹੋਇਆ ਹੈ।

**ਜਲਵਾਯੂ**—ਧਰਾਤਲੀ ਵੱਖਰੇਵਿਆਂ ਕਾਰਨ ਦੇਸ਼ ਦੀ ਜਲਵਾਯੂ ਵੀ ਵੱਖ-ਵੱਖ ਤਰ੍ਹਾਂ ਦੀ ਹੈ। ਪੱਛਮ ਵੱਲ ਰੂਮ ਸਾਗਰੀ ਜਲਵਾਯੂ ਤੋਂ ਲੈ ਕੇ ਪੂਰਬ ਵੱਲ ਮਾਰੂਥਲੀ ਜਾਂ ਖ਼ੁਸ਼ਕ ਜਲਵਾਯੂ ਵੇਖਣ ਨੂੰ ਮਿਲਦੀ ਹੈ। ਵਾਦੀ ਵਿਚ ਵੱਡੇ ਸ਼ਹਿਰਾਂ ਵਿਚ ਤਾਪਮਾਨ ਉੱਚੀਆਂ ਥਾਵਾਂ ਨਾਲੋਂ ਜ਼ਿਆਦਾ ਰਹਿੰਦੇ ਹਨ। ਉੱਚੇ ਖੇਤਰਾਂ ਉੱਤੇ ਤਾਪਮਾਨ ਘੱਟ ਰਹਿੰਦੇ ਹਨ। ਇਥੇ ਵਰਖਾ ਨਵੰਬਰ ਤੋਂ ਅਪ੍ਰੈਲ ਵਿਚ ਹੁੰਦੀ ਹੈ, ਪੱਛਮ ਵੱਲ ਵਰਖਾ ਜ਼ਿਆਦਾ ਅਤੇ ਪੂਰਬ ਵੱਲ ਘੱਟ ਹੁੰਦੀ ਹੈ। ਪੂਰਬੀ ਮਾਰੂਥਲ ਵਿਚ ਇਹ 20 ਸੈਂ. ਮੀ. ਅਤੇ ਦੱਖਣ ਵੱਲ ਮ੍ਰਿਤ ਸਾਗਰ ਨੇੜੇ ਸਿਰਫ 10 ਸੈਂ. ਮੀ. ਰਹਿ ਜਾਂਦੀ ਹੈ ਪਰ ਪੱਛਮ ਵੱਲ ਪਹਾੜੀ ਖੇਤਰਾਂ ਉੱਤੇ ਸਾਲ ਵਿਚ 37 ਤੋਂ 87 ਸੈਂ. ਮੀ. ਵਰਖਾ ਹੁੰਦੀ ਹੈ।

**ਬਨਸਪਤੀ ਅਤੇ ਜੀਵ ਜੰਤੂ**—ਇਸ ਦੇਸ਼ ਵਿਚ ਰੂਮ ਸਾਗਰੀ, ਮੈਦਾਨੀ ਅਤੇ ਮਾਰੂਥਲੀ ਕਿਸਮਾਂ ਦੀ ਬਨਸਪਤੀ ਮਿਲਦੀ ਹੈ। ਉੱਚੇ ਖੇਤਰਾਂ ਉੱਤੇ ਰੂਮ ਸਾਗਰੀ ਕਿਸਮਾਂ ਦੇ ਦਰਖ਼ਤ ਹਨ। ਖ਼ੁਸ਼ਕ ਸਟੈਪੀ ਮੈਦਾਨੀ ਖੇਤਰ ਵਿਚ ਸੇਜ-ਬਰੱਸ਼, ਕੁਝ ਦਰਖ਼ਤ ਤੇ ਝਾੜੀਆਂ ਪਾਈਆਂ ਜਾਂਦੀਆਂ ਹਨ। ਮਾਰੂਥਲਾਂ ਵਿਚ ਬਨਸਪਤੀ ਦੀ ਘਾਟ ਹੈ।

ਜੀਵ ਜੰਤੂਆਂ ਦੀਆਂ ਤਾਂ ਬਹੁਤ ਹੀ ਕਿਸਮਾਂ ਵੇਖਣ ਵਿਚ ਆਉਂਦੀਆਂ ਹਨ। ਇਥੇ ਜੰਗਲੀ ਸੂਰ, ਪਹਾੜੀ ਬੱਕਰਾ ਤੇ ਲੂੰਬੜੀ, ਬਘਿਆੜ, ਹਿਰਨ, ਲੰਗੂਰ, ਟੱਟੂ, ਗਧੇ, ਊਠ, ਆਦਿ ਮਿਲਦੇ ਹਨ। ਕੰਨ-ਖਜੂਰੇ, ਬਿਛੂ ਛਿਪਕਲੀਆਂ ਵੀ ਕਾਫ਼ੀ ਮਿਲਦੀਆਂ ਹਨ।

## ਇਤਿਹਾਸ

ਜਾਰਡਨ ਦੇ ਇਸ ਖੇਤਰ ਵਿਚ ਕੋਈ 6000 ਸਾਲ ਪਹਿਲੋਂ ਤੋਂ ਲੋਕ ਵਸੇ ਹੋਏ ਹਨ। ਪ੍ਰਾਚੀਨ ਸ਼ਹਿਰ ਐਡੋਮਾ ਗਿਲੀਅਡ ਅਤੇ ਸੀਰੀਆ ਦੇ ਪ੍ਰਾਚੀਨ ਮੋਐਬ ਸਾਮਰਾਜ ਵੀ ਇਸੇ ਹਿੱਸੇ ਵਿਚ ਹੁੰਦੇ ਸਨ। ਚੌਥੀ ਅਤੇ ਤੀਜੀ ਸਦੀ ਈ. ਪੂ. ਵਿਚ ਦੇਸ਼ ਦੇ ਉੱਤਰ ਵੱਲ ਦੇ ਖੇਤਰ ਯੂਨਾਨੀ (ਸਿਲੋਕਸੀ) ਸਲਿਊਸਿਡ ਸਾਮਰਾਜ ਵਿਚ ਸ਼ਾਮਲ ਹੋ ਗਏ। ਪਹਿਲੀ ਸਦੀ ਈ. ਪੂ. ਵਿਚ ਇਸ ਪਾਸੇ ਵੱਲ ਰੋਮਨਾਂ ਦਾ ਪ੍ਰਭਾਵ ਵਧਿਆ। ਸੱਤਵੀਂ ਸਦੀ ਵਿਚ ਮੁਸਲਮਾਨ ਇਧਰ ਆਏ ਤੇ ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ। ਇਹ ਖੇਤਰ ਸੀਰੀਆ ਦਾ ਇਕ ਹਿੱਸਾ ਬਣ ਗਿਆ। 16ਵੀਂ ਸਦੀ ਤੋਂ ਲੈ ਕੇ ਪਹਿਲੇ ਮਹਾਂਯੁੱਧ ਤੱਕ ਇਹ ਤੁਰਕੀ ਵਿਚ ਸ਼ਾਮਲ ਰਹੇ। ਸੰਨ 1918 ਵਿਚ ਬਰਤਾਨੀਆ ਨੇ ਅਰਬਾਂ ਨਾਲ ਰਲ ਕੇ ਤੁਰਕਾਂ ਨੂੰ ਇਧਰੋਂ ਕੱਢ ਦਿੱਤਾ। ਇੰਜ ਜਾਰਡਨ ਦਰਿਆ ਦੇ ਪੱਛਮ ਵੱਲ ਦਾ ਖੇਤਰ ਸੀਰੀਆ ਵਿਚ ਸ਼ਾਮਲ ਹੋ ਗਿਆ। ਇਥੇ ਸੀਰੀਆ ਦੇ ਬਾਦਸ਼ਾਹ ਫੈਸਲ ਪਹਿਲੇ ਦਾ ਰਾਜ ਹੋ ਗਿਆ। ਸੰਨ 1920 ਵਿਚ ਫਰਾਂਸੀਸੀਆਂ ਨੇ ਇਸ ਬਾਦਸ਼ਾਹ ਨੂੰ ਦਮਿਸ਼ਕ ਵਿਚ ਗੱਦੀਓਂ ਲਾਹ ਦਿੱਤਾ। ਇਸੇ ਦੌਰਾਨ ਜਾਰਡਨ ਵਾਲਾ ਖੇਤਰ ਜਿਸ ਨੂੰ 'ਟ੍ਰਾਂਸ ਜਾਰਡਨ' ਕਹਿੰਦੇ ਸਨ, ਹੌਲੀ ਹੌਲੀ ਬਰਤਾਨੀਆ ਨੇ ਆਪਣੇ ਅਧੀਨ ਕਰ ਲਿਆ। ਸੰਨ 1921 ਵਿਚ ਤੁਰਕੀ ਨਾਲੋਂ ਇਹ ਵੱਖਰਾ ਹੋ ਗਿਆ। ਪਿੱਛੋਂ ਮਈ, 1923 ਨੂੰ ਬਾਦਸ਼ਾਹ ਇਬਨ ਹੁਸੈਨ ਹੇਠਾਂ ਇਸਨੂੰ ਵੱਖਰਾ ਮੁਲਕ ਮੰਨ ਲਿਆ ਗਿਆ ਪਰ ਇਕ ਤਰ੍ਹਾਂ ਇਹ ਬਰਤਾਨੀਆ ਦੇ ਅਧੀਨ ਹੀ ਸੀ ਅਤੇ ਉਸ ਨੇ ਇਸਨੂੰ ਆਰਥਿਕਤਾ ਅਤੇ ਬਦੇਸ਼ੀ ਮਾਮਲਿਆਂ ਵਿਚ ਸਹਾਇਤਾ ਆਦਿ ਦੇਣੀ ਮੰਨੀ ਹੋਈ ਸੀ। ਇਥੋਂ ਦੇ ਬਾਦਸ਼ਾਹ ਉੱਤੇ ਵੀ ਬਰਤਾਨਵੀ ਸਰਕਾਰ ਨੂੰ ਪੂਰਾ ਭਰੋਸਾ ਸੀ। ਦੂਜੇ ਮਹਾਂਯੁੱਧ ਦੌਰਾਨ ਵੀ ਇਸਨੇ ਬਰਤਾਨੀਆ ਦਾ ਸਾਥ ਦਿੱਤਾ। ਸੰਨ 1944-45 ਵਿਚ ਇਹ ਅਰਬ ਲੀਗ ਦਾ ਮੈਂਬਰ ਬਣ ਗਿਆ। 22 ਮਾਰਚ, 1946 ਦੀ ਸੰਧੀ ਨਾਲ ਇਹ ਬਰਤਾਨੀਆ ਤੋਂ ਵੀ ਆਜ਼ਾਦ ਹੋ ਕੇ ਹਾਸ਼ਮੀ ਸਲਤਨਤ ਦੇ ਨਾਂ ਨਾਲ ਵੱਖਰਾ ਦੇਸ਼ ਬਣ ਗਿਆ। ਸੰਨ 1948-49 ਵਿਚ ਇਸ ਦੀ ਇਜ਼ਰਾਈਲ ਨਾਲ ਲੜਾਈ ਹੋਈ। ਅਪ੍ਰੈਲ, 1949 ਵਿਚ ਇਸਨੇ ਲੜਾਈ ਰੋਕ ਕੇ ਇਜ਼ਰਾਈਲ ਨਾਲ ਸਮਝੌਤਾ ਕਰਕੇ ਫ਼ਲਸਤੀਨ ਦੇ ਕੇਂਦਰੀ ਹਿੱਸੇ ਆਪਣੇ ਨਾਲ ਮਿਲਾ ਲਏ, ਫਿਰ 1950 ਵਿਚ ਜਾਰਡਨ ਦਰਿਆ ਦੇ ਪੱਛਮ ਵੱਲ ਦਾ ਖੇਤਰ ਵੀ ਆਪਣੇ ਨਾਲ ਮਿਲਾ ਲਿਆ। ਸੰਨ 1957 ਵਿਚ ਇਸਨੇ ਬਰਤਾਨੀਆਂ ਨਾਲੋਂ ਆਪਣਾ ਸਮਝੌਤਾ ਤੋੜ ਲਿਆ। ਫਿਰ 1967 ਵਿਚ ਅਰਬ-ਇਜ਼-ਰਾਈਲ ਜੰਗ ਲੜੀ। ਨਤੀਜੇ ਵਜੋਂ ਜਾਰਡਨ ਦਰਿਆ ਦੇ ਪੱਛਮੀ ਖੇਤਰ ਉੱਤੇ ਇਜ਼ਰਾਈਲ ਨੇ ਕਬਜ਼ਾ ਕਰ ਲਿਆ ਜਿਸਨੂੰ ਹੁਣ ਵੈਸਟ ਬੈਂਕ ਖੇਤਰ ਕਹਿੰਦੇ ਹਨ।

## ਆਰਥਿਕਤਾ

**ਖਣਿਜ**—ਇਥੇ ਫ਼ਾਸਫ਼ੇਟ, ਸੀਮਿੰਟ, ਲੋਹਾ, ਫ਼ਾਸਫ਼ੋਰਸ, ਮੈਗਨੀਜ਼ ਅਤੇ ਤਾਂਬੇ ਦੇ ਭੰਡਾਰ ਹਨ। ਕਈਆਂ ਰੰਗਾਂ ਦਾ ਸੰਗਮਰਮਰ ਪੱਥਰ ਵੀ ਇਥੋਂ ਕੱਢਿਆ ਜਾਂਦਾ ਹੈ। ਇਸ ਤੋਂ ਇਲਾਵਾ ਬੇਰਾਈਟ, ਕੁਆਰਟਜ਼ਾਈਟ, ਜਿਪਸਮ ਅਤੇ ਸਲਫਰ ਵੀ ਕੱਢਿਆ ਜਾਂਦਾ ਹੈ। ਪੋਟਾਸ਼ ਅਤੇ ਫ਼ਾਸਫ਼ੇਟ ਬਾਕੀ ਖਣਿਜਾਂ ਨਾਲੋਂ ਵਧੇਰੇ ਮਿਲਦੇ ਹਨ। ਪੋਟਾਸ਼ ਮ੍ਰਿਤ ਸਾਗਰ ਦੇ ਪਾਣੀ ਵਿਚੋਂ ਪ੍ਰਾਪਤ ਕੀਤਾ ਜਾਂਦਾ ਹੈ।

**ਖੇਤੀਬਾੜੀ**—ਜਾਰਡਨ ਜ਼ਰਾਇਤੀ ਦੇਸ਼ ਹੈ ਅਤੇ ਇਥੋਂ ਦੀ ਵਸੋਂ ਦਾ ਤਿੰਨ ਚੌਥਾਈ ਹਿੱਸਾ ਖੇਤੀਬਾੜੀ ਅਤੇ ਪਸ਼ੂ ਪਾਲਣ ਆਦਿ ਰੁਝੇਵਿਆਂ ਵਿਚ ਲਗਾ ਹੋਇਆ ਹੈ ਪਰ ਸਾਰੀ ਭੂਮੀ ਦਾ ਸਿਰਫ 10 ਫੀ ਸਦੀ ਰਕਬਾ ਹੀ ਵਾਹੀ ਹੇਠ ਹੈ। ਫ਼ਸਲਾਂ ਦੀ ਪੈਦਾਵਾਰ ਜਾਰਡਨ ਦਰਿਆਈ ਵਾਦੀ ਵਿਚ ਕੀਤੀ ਜਾਂਦੀ ਹੈ। ਇਹੋ ਹੀ ਦੇਸ਼ ਦਾ ਉਪਜਾਊ ਇਲਾਕਾ ਹੈ। ਖੇਤੀਬਾੜੀ ਦੇ ਤੌਰ ਤਰੀਕੇ ਵੀ ਸਦੀਆਂ ਪੁਰਾਣੇ ਹਨ। ਜਾਰਡਨ ਦੀ ਮੁੱਖ ਫ਼ਸਲ ਕਣਕ ਹੈ ਪਰ ਇਸ ਤੋਂ ਇਲਾਵਾ ਬਾਜਰੇ ਅਤੇ ਜੌਂ ਦਾ ਉਤਪਾਦਨ ਵੀ ਕਾਫ਼ੀ ਹੁੰਦਾ ਹੈ। ਸਬਜ਼ੀਆਂ ਵਿਚ ਟਮਾਟਰ ਦਾ ਉਤਪਾਦਨ ਜ਼ਿਆਦਾ ਹੈ। ਸਿੰਜੀ ਹੋਈ ਭੂਮੀ ਉੱਤੇ ਕੇਲੇ, ਖਜੂਰ ਅਤੇ ਰਸਦਾਰ ਫ਼ਲਾਂ ਦੀ ਕਾਸ਼ਤ ਹੁੰਦੀ ਹੈ। ਮਾਰੂ ਜ਼ਮੀਨ ਉੱਤੇ ਜ਼ੈਤੂਨ ਦੇ ਦਰਖਤ ਪਾਲੇ ਜਾਂਦੇ ਹਨ। ਖੇਤੀ ਪਹਾੜਾਂ ਦੀਆਂ ਢਲਾਣਾਂ ਉੱਤੇ ਵੀ ਕੀਤੀ ਜਾਂਦੀ ਹੈ।

**ਸੱਨਅਤਾਂ**—ਇਸ ਦੇਸ਼ ਵਿਚ ਵੱਡੀਆਂ ਸਨਅਤਾਂ ਘੱਟ ਹੀ ਹਨ। ਸ਼ਹਿਰਾਂ ਅਤੇ ਕਸਬਿਆਂ ਵਿਚ ਛੋਟੇ ਛੋਟੇ ਸੱਨਅਤੀ ਅਦਾਰੇ ਸਥਾਪਿਤ ਕੀਤੇ ਹੋਏ ਹਨ ਜਿਨ੍ਹਾਂ ਵਿਚ ਜ਼ੈਤੂਨ ਦਾ ਤੇਲ ਕੱਢਣ, ਸਿਗਰਟ, ਮਾਚਸਾਂ, ਸਪਿਰਟ, ਸਾਬਣ, ਜੁੱਤੀਆਂ, ਕੱਪੜਾ ਅਤੇ ਫਰਨੀਚਰ ਆਦਿ ਬਣਾਉਣ ਦਾ ਕੰਮ ਹੁੰਦਾ ਹੈ।

**ਆਵਾਜਾਈ ਦੇ ਸਾਧਨ**—ਆਵਾਜਾਈ ਦੇ ਸਾਧਨਾਂ ਲਈ ਸੜਕਾਂ ਅਤੇ ਰੇਲ ਪਟੜੀਆਂ ਬਣਾਈਆਂ ਹੋਈਆਂ ਹਨ। ਸਾਲ 1989 ਅਨੁਸਾਰ ਇਥੇ 5,865 ਕਿ. ਮੀ. ਲੰਬੀਆਂ ਸੜਕਾਂ ਹਨ। ਇਸ ਵਿਚੋਂ 24,00 ਕਿ. ਮੀ. ਵਧੀਆ ਸੜਕਾਂ ਹਨ। ਮੁੱਖ ਸੜਕ ਮਾਰਗ, ਅਮਾਨ ਨੂੰ ਵੱਡੇ ਵੱਡੇ ਸ਼ਹਿਰਾਂ ਨਾਲ ਜੋੜਦਾ ਹੈ। ਇਥੇ ਰੇਲ ਪਟੜੀ ਉੱਤਰ ਵਿਚ ਡੈਰਆ ਤੋਂ ਅਮਾਨ ਹੁੰਦੀ ਹੋਈ ਮਾਐਨ ਵੱਲ ਜਾਂਦੀ ਹੈ। ਅਮਾਨ ਵਿਖੇ ਅੰਤਰ-ਰਾਸ਼ਟਰੀ ਹਵਾਈ ਅੱਡਾ ਹੈ।

**ਵਪਾਰ**—ਇਸ ਦੇਸ਼ ਦਾ ਬਹੁਤਾ ਲੈਣ ਦੇਣ ਅਰਬ ਦੇਸ਼ਾਂ ਨਾਲ ਹੁੰਦਾ ਹੈ। ਇਥੋਂ ਫ਼ਲ, ਸਬਜ਼ੀਆਂ, ਜਾਨਵਰਾਂ ਦੀਆਂ ਖੱਲਾਂ ਅਤੇ ਹੱਡੀਆਂ, ਜ਼ੈਤੂਨ ਦਾ ਤੇਲ, ਉੱਨ, ਫ਼ਾਸਫ਼ੇਟ, ਲਿਬਨਾਨ, ਸਉਦੀ ਅਰਬ ਅਤੇ ਇਰਾਕ ਦੇਸ਼ਾਂ ਨੂੰ ਜਾਂਦੇ ਹਨ। ਅਯਾਤ ਦੀਆਂ ਵਸਤਾਂ ਵਿਚ ਅਨਾਜ, ਪੈਟਰੋਲ ਦੀਆਂ ਤਿਆਰ ਚੀਜ਼ਾਂ, ਖੰਡ, ਚਾਹ, ਕਾਫ਼ੀ ਆਦਿ ਸ਼ਾਮਲ ਹਨ। ਲੋਹਾ, ਮਸ਼ੀਨਰੀ, ਕੱਪੜਾ ਅਤੇ ਹੋਰ ਤਿਆਰ ਚੀਜ਼ਾਂ, ਬਰਤਾਨੀਆ, ਜਰਮਨੀ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਆਉਂਦੀਆਂ ਹਨ।

ਇਥੇ ਆਯਾਤ ਨਿਰਯਾਤ ਨਾਲੋਂ ਕਿਧਰੇ ਜ਼ਿਆਦਾ ਹਨ।

## ਲੋਕ

**ਆਬਾਦੀ ਅਤੇ ਆਬਾਦੀ ਦੀ ਵੰਡ**—ਦੇਸ਼ ਦੀ ਕੁੱਲ ਆਬਾਦੀ 3,165,000 (1990) ਹੈ ਅਤੇ ਇਸ ਤੋਂ ਇਲਾਵਾ 725,00 ਲੋਕ ਪੱਛਮੀ ਖੇਤਰਾਂ ਵਿਚ ਆ ਕੇ ਵਸੇ ਹੋਏ ਹਨ। ਵਸੋਂ ਪੂਰਬੀ ਖੇਤਰਾਂ ਵਿਚ ਵਧੇਰੇ ਹੈ ਪਰ ਵਸੋਂ ਦੀ ਘਣਤਾ ਪੱਛਮੀ ਖੇਤਰ ਵਿਚ ਵੱਧ ਹੈ। ਪੂਰਬੀ ਖੇਤਰ ਵਿਚ ਪ੍ਰਤੀ ਵ. ਕਿ. ਮੀ. ਵਿਚ 76 ਅਤੇ ਪੱਛਮੀ ਬੈਂਕ ਖੇਤਰ ਵਿਚ 143 ਵਿਅਕਤੀ ਪ੍ਰਤੀ ਵ. ਕਿ. ਮੀ. ਵਿਚ ਰਹਿੰਦੇ ਹਨ। ਸਭ ਤੋਂ ਵਧੇਰੇ ਵਸੋਂ ਜਾਰਡਨ ਦਰਿਆਈ ਵਾਦੀ ਵਿਚ ਹੈ। ਦੇਸ਼ ਦੀ ਵਸੋਂ ਵਿਚ ਸ਼ਰਨਾਰਥੀਆਂ ਦੀ ਗਿਣਤੀ ਵੀ ਕਾਫ਼ੀ ਰਹੀ ਹੈ। ਇਹ ਇਥੋਂ ਦੀ ਵੱਡੀ ਸਮੱਸਿਆ ਵੀ ਬਣੀ ਰਹੀ ਹੈ। ਜਿਹੜੇ ਲੋਕ ਜਾਰਡਨ ਅਤੇ ਗਵਾਂਢੀ ਦੇਸ਼ਾਂ ਨਾਲ ਹੋਈਆਂ ਲੜਾਈਆਂ ਦੌਰਾਨ ਇਥੇ ਆ ਕੇ ਵਸੇ, ਇਨ੍ਹਾਂ ਨੂੰ ਸ਼ਰਨਾਰਥੀਆਂ ਦਾ ਦਰਜਾ ਮਿਲਿਆ। ਇਹ ਕੈਂਪਾਂ ਵਿਚ ਰਹਿੰਦੇ ਹਨ। ਸੰਨ 1971 ਦੀ ਮਰਦਮਸ਼ੁਮਾਰੀ ਵੇਲੇ ਇਨ੍ਹਾਂ ਦੀ ਗਿਣਤੀ 1,400,000 ਤੱਕ ਪਹੁੰਚ ਗਈ ਸੀ। ਬਹੁਤਿਆਂ ਨੂੰ ਜਾਰਡਨ ਨੇ ਆਪਣੀ ਨਾਗਰਿਕਤਾ ਦੇ ਦਿੱਤੀ ਹੈ ਪਰ ਫਿਰ ਵੀ ਯੂਨਾਈਟਿਡ ਨੈਸ਼ਨਲ ਰੀਲੀਫ ਐਂਡ ਵਰਕਸ ਏਜੰਸੀ ਇਨ੍ਹਾਂ ਲਈ ਕਾਫ਼ੀ ਕੰਮ ਕਰ ਰਹੀ ਹੈ। ਇਸੇ ਏਜੰਸੀ ਨੇ ਇਥੇ ਕਈ ਮਿਸ਼ਨਰੀ ਸਕੂਲ ਅਤੇ ਹਸਪਤਾਲ ਖੋਲ੍ਹ ਰੱਖੇ ਹਨ।

ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਅਮਾਨ, ਹੀਬਰਾਨ, ਇਰਬਿਡ, ਜਾਹਕਾ ਵਰਣਨਯੋਗ ਹਨ। ਇਥੇ ਬਹੁ-ਗਿਣਤੀ ਮੁਸਲਮਾਨਾਂ ਦੀ ਹੈ ਪਰ ਇਥੇ ਈਸਾਈ ਵੀ ਵਸੇ ਹੋਏ ਹਨ। ਕੁੱਲ ਵਸੋਂ ਵਿਚ 94 ਫੀ ਸਦੀ ਮੁਸਲਮਾਨ ਅਤੇ 6 ਫੀ ਸਦੀ ਹੀ ਈਸਾਈ ਹਨ। ਇਹ ਦੋਨੋਂ ਗੁਰਪ ਅਰਬੀ ਬੋਲਦੇ ਹਨ ਜਿਹੜੀ ਦੇਸ਼ ਦੀ ਰਾਸ਼ਟਰੀ ਭਾਸ਼ਾ ਹੈ।

ਜਾਰਡਨ ਦੇ ਵਸਨੀਕ ਅਰਬੀ ਮੂਲ ਦੇ ਹਨ। ਇਹ ਲੋਕ ਕੇਅਸੀ ਯੇਮਿਨੀ ਕਬੀਲਿਆਂ ਦੇ ਦੂਫਾੜ ਹੋਣ ਤੇ ਵੱਖਰੀ ਕੌਮ ਬਣੇ। ਆਮ ਤੌਰ ਤੇ ਇਨ੍ਹਾਂ ਨੂੰ ਉੱਤਰ ਵੱਲ ਦੇ ਕੇਅਸੀ ਜਾਂ ਦੱਖਣ ਵੱਲ ਦੇ ਯੇਮਿਨੀ ਕਬੀਲਿਆਂ ਦੀ ਸੰਤਾਨ ਹੀ ਮੰਨਿਆ ਜਾਂਦਾ ਹੈ।

**ਸਿੱਖਿਆ**—ਜਾਰਡਨ ਵਿਚ ਸਿੱਖਿਆ ਦੀਆਂ ਸਹੂਲਤਾਂ ਮੌਜੂਦ ਹਨ। ਇਥੇ ਤਿੰਨ ਤਰ੍ਹਾਂ ਦੇ ਸਕੂਲ ਹਨ ਸਰਕਾਰੀ, ਪ੍ਰਾਈਵੇਟ ਅਤੇ ਮਿਸ਼ਨਰੀ ਅਤੇ ਇਨ੍ਹਾਂ ਤੋਂ ਇਲਾਵਾ ਸ਼ਰਨਾਰਥੀਆਂ ਦੇ ਵੱਖਰੇ ਸਕੂਲ ਹਨ ਜਿਨ੍ਹਾਂ ਸਭ ਦਾ ਪ੍ਰਬੰਧ ਸਿੱਖਿਆ ਵਿਭਾਗ ਅਧੀਨ ਹੈ। 6 ਸਾਲ ਦੀ ਪ੍ਰਾਇਮਰੀ ਪੜ੍ਹਾਈ ਪਿੱਛੋਂ, 3 ਸਾਲਾਂ ਦੀ ਪੜ੍ਹਾਈ ਹੋਰ ਵੀ ਕਰਵਾਈ ਜਾਂਦੀ ਹੈ। ਇਸ ਪਿੱਛੋਂ 3 ਸਾਲ ਦੀ ਸਿੱਖਿਆ ਸੈਕੰਡਰੀ ਸਕੂਲ ਦਿੰਦੇ ਹਨ। ਸਿਖਲਾਈ ਜਾਂ ਖ਼ਾਸ ਪੜ੍ਹਾਈ ਉੱਚ ਵਿੱਦਿਅਕ ਸੰਸਥਾਵਾਂ ਦਿੰਦੀਆਂ ਹਨ। ਸਿੱਖਿਆ ਭਾਵੇਂ ਮੁਫ਼ਤ ਹੈ ਪਰ ਫਿਰ ਵੀ ਸਾਰੇ ਬੱਚੇ ਇਸ ਸਹੂਲਤ ਦਾ ਫਾਇਦਾ ਨਹੀਂ ਉਠਾਉਂਦੇ। 14 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀ ਪੜ੍ਹਾਈ ਸਰਕਾਰ ਨੇ ਲਾਜ਼ਮੀ ਕੀਤੀ ਹੋਈ ਹੈ। ਸੰਨ 1988-89 ਵਿਚ ਇਥੇ 515 ਬਾਲਵਾੜੀ , 1,435 ਐਲੀਮੈਂਟਰੀ, 622 ਸੈਕੰਡਰੀ ਅਤੇ 30 ਵੋਕੇਸ਼ਨਲ ਸਕੂਲ ਸਨ। ਇਥੇ ਚਾਰ ਯੂਨੀਵਰਸਿਟੀਆਂ ਜਾਰਡਨ ਯੂਨੀਵਰਸਿਟੀ (1962), ਯਾਰਮੂਕ ਯੂਨੀਵਰਸਿਟੀ (1976), ਮੂ-ਤਾਹ ਯੂਨੀਵਰਸਿਟੀ (1981) ਅਤੇ ਜਾਰਡਨ ਯੂਨੀਵਰਸਿਟੀ ਆਫ਼ ਸਾਇੰਸ ਐਂਡ ਟੈਕਨਾਲੋਜੀ (1987) ਸਥਾਪਿਤ ਹਨ। ਨਰਸਿੰਗ, ਮਿਲਟਰੀ, ਜ਼ਰਾਇਤੀ ਤਕਨੀਕੀ ਸਿੱਖਿਆ ਦੀਆਂ ਸਹੂਲਤਾਂ ਵੀ ਇਥੇ ਮੌਜੂਦ ਹਨ।

**ਸਿਹਤ**—ਸਿਹਤ ਦੀਆਂ ਸਹੂਲਤਾਂ ਵੀ ਠੀਕ ਹਨ। ਛੂਆ-ਛਾਤ ਦੀਆਂ ਕਈ ਬੀਮਾਰੀਆਂ ਉਪਰ ਤਾਂ ਪੂਰੀ ਤਰ੍ਹਾਂ ਕੰਟਰੋਲ ਕੀਤਾ ਗਿਆ ਹੈ। ਲੋੜਵੰਦਾਂ ਨੂੰ ਦਵਾਈਆਂ ਮੁਫ਼ਤ ਵੀ ਮਿਲਦੀਆਂ ਹਨ। ਦੇਸ਼ ਵਿਚ 35 ਹਸਪਤਾਲ ਹਨ। ਵਧੀਆ ਹਸਪਤਾਲ ਅਮਾਨ ਅਤੇ ਹੋਰ ਸ਼ਹਿਰਾਂ ਵਿਚ ਹੀ ਖੁੱਲ੍ਹੇ ਹੋਏ ਹਨ।

**ਮੰਨੋਰੰਜਨ**—ਹੋਰ ਸਹੂਲਤਾਂ ਵਿਚ ਇਥੇ ਪ੍ਰਸਾਰਣ ਅਤੇ ਮਨੋਰੰਜਨ ਦੀਆਂ ਸਹੂਲਤਾਂ ਮੌਜੂਦ ਹਨ। ਪ੍ਰੈਸ ਵੀ ਆਜ਼ਾਦ ਹੈ। ਸਾਰੀਆਂ ਖ਼ਬਰਾਂ ਵਗੈਰਾ ਛਾਪ ਸਕਦੀ ਹੈ। ਦੂਰਦਰਸ਼ਨ ਅਤੇ ਰੇਡੀਓ ਪ੍ਰਸਾਰਣ ਦੀਆਂ ਸਹੂਲਤਾਂ ਵੀ ਪ੍ਰਾਪਤ ਹਨ। ਫਿਲਮਾਂ ਵਿਖਾਉਣ ਲਈ ਥੀਏਟਰ ਬਣਾਏ ਹੋਏ ਹਨ ਜਿਨ੍ਹਾਂ ਵਿਚ ਅਰਬੀ ਅਤੇ ਬਦੇਸ਼ੀ ਫਿਲਮਾਂ ਵੇਖੀਆਂ ਜਾ ਸਕਦੀਆਂ ਹਨ।

### ਰਾਜ-ਪ੍ਰਬੰਧ

**ਜਾਰਡਨ ਅਰਬ ਉੱਮ੍ਹਾ ਕੌਮ ਦਾ ਇਕ ਹਿੱਸਾ ਹੈ। ਇਸਲਾਮੀ ਪਰੰਪਰਾਵਾਂ ਅਨੁਸਾਰ ਇਥੇ ਪਿਤਾ ਪੁਰਖੀ ਰਾਜੇ ਦੀ ਪ੍ਰਥਾ ਪ੍ਰਚੱਲਤ ਹੈ। ਇਥੇ ਇਕੋ ਬੰਸ ਦਾ ਰਾਜ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲੋਂ ਤੋਂ ਚਲਿਆ** ਆ ਰਿਹਾ ਹੈ। ਦੇਸ਼ ਦਾ ਰਾਜ ਪ੍ਰਬੰਧ ਪ੍ਰਧਾਨ ਮੰਤਰੀ ਅਧੀਨ ਕੇਂਦਰੀ ਸਰਕਾਰ ਚਲਾਉਂਦੀ ਹੈ। ਪ੍ਰਧਾਨ ਮੰਤਰੀ ਦੀ ਨਿਯੁਕਤੀ ਬਾਦਸ਼ਾਹ ਆਪ ਚਾਰ ਸਾਲਾਂ ਲਈ ਕਰਦਾ ਹੈ। ਪ੍ਰਧਾਨ ਮੰਤਰੀ ਅੱਗੋਂ ਆਪਣੇ ਮੰਤਰੀਆਂ ਦੀ ਚੋਣ ਆਪ ਕਰਦਾ ਹੈ ਪਰ ਪ੍ਰਧਾਨ ਮੰਤਰੀ ਅਤੇ ਉਸ ਦੇ ਮੰਤਰੀ-ਮੰਡਲ ਦੀ ਨਿਯੁਕਤੀ ਦੀ ਪ੍ਰਵਾਨਗੀ ਪਾਰਲੀਮੈਂਟ ਦਿੰਦੀ ਹੈ ਜਿਸ ਦੀ ਨਾਮਜ਼ਦਗੀ ਵੀ ਬਾਦਸ਼ਾਹ ਕਰਦਾ ਹੈ। ਇਥੋਂ ਪਾਰਲੀਮੈਂਟ ਦੇ ਦੋ ਸਦਨ ਹੁੰਦੇ ਸਨ ਪਰ 9 ਨਵੰਬਰ, 1974 ਵਿਚ ਪਾਰਲੀਮੈਂਟ ਦੇ ਦੋਨਾਂ ਸਦਨਾਂ ਨੇ ਮਤਾ ਪਾਸ ਕਰਕੇ ਸੰਵਿਧਾਨ ਵਿਚ ਸੰਸ਼ੋਧਨ ਕੀਤਾ ਜਿਸ ਅਨੁਸਾਰ ਬਾਦਸ਼ਾਹ ਨੂੰ ਪਾਰਲੀਮੈਂਟ ਨੂੰ ਭੰਗ ਕਰਨ ਦਾ ਅਖ਼ਤਿਆਰ ਦਿਤਾ ਗਿਆ। 5 ਫ਼ਰਵਰੀ, 1976 ਨੂੰ ਇਥੇ ਸੰਸ਼ੋਧਨ ਨੂੰ ਲਾਗੂ ਕਰਦੇ ਹੋਏ ਹੇਠਲਾ ਸਦਨ ਖਤਮ ਕਰ ਦਿੱਤਾ ਗਿਆ। ਚੋਣਾਂ ਨੂੰ ਰੱਦ ਕਰਨ ਦਾ ਹੱਕ ਵੀ ਬਾਦਸ਼ਾਹ ਨੂੰ ਮਿਲ ਗਿਆ।

ਪ੍ਰਸਾਸ਼ਨ ਦੀ ਸਹੂਲਤ ਲਈ ਪੂਰੇ ਦੇਸ਼ ਨੂੰ 8 ਮੁਹਾਫਜ਼ਾਤਾਂ ਵਿਚ ਵੰਡਿਆ ਹੋਇਆ ਹੈ। ਅੱਗੋਂ ਇਨ੍ਹਾਂ ਮੁਹਾਫਜ਼ਾਤਾਂ ਨੂੰ ਡਿਸਟ੍ਰਿਕਟਾਂ, ਉਪ-ਡਿਸਟ੍ਰਿਕਟਾਂ ਵਿਚ ਵੰਡਿਆ ਹੋਇਆ ਹੈ। ਸ਼ਹਿਰਾਂ ਦਾ ਪ੍ਰਬੰਧ ਮੇਅਰਾਂ ਅਤੇ ਕੌਂਸਲਾਂ ਚਲਾਉਂਦੀਆਂ ਹਨ। ਪੱਛਮੀ ਬੈਂਕ ਖੇਤਰ ਜਿਹੜਾ ਇਜ਼ਰਾਈਲ ਦੀ ਮਿਲਟਰੀ ਅਧੀਨ ਹੈ ਵਿਚ ਵੀ ਰਾਜ-ਪ੍ਰਬੰਧ ਮਿਉਂਸਪਲ ਕੌਂਸਲਾਂ ਅਧੀਨ ਹੈ ਪਰ ਜ਼ਿਆਦਾ ਅਖ਼ਤਿਆਰਤ ਮਿਲਟਰੀ ਹੀ ਵਰਤਦੀ ਹੈ।

ਰਾਜਸੀ ਪਾਰਟੀਆਂ ਉੱਤੇ ਵੀ ਸਰਕਾਰੀ ਤੌਰ ਤੇ 1957 ਤੋਂ ਹੀ ਪਾਬੰਦੀ ਲਾ ਦਿੱਤੀ ਗਈ ਹੈ। ਇਸ ਤੋਂ ਪਹਿਲੋਂ ਇਥੇ ਕਮਿਊਨਿਸਟ, ਨੇਸ਼ਨਲ ਸੋਸ਼ਲਿਸਟ ਲਿਬਰੇਸ਼ਨ ਮੂਵਮੈਂਟ, ਨਾਵਾ, ਮੁਸਲਿਮ ਬ੍ਰਦਰਹੁੱਡ ਅਤੇ ਕਈ ਹੋਰ ਪਾਰਟੀਆਂ ਸਿਆਸਤ ਵਿਚ ਸਰਗਰਮ ਸਨ ਪਰ ਕਿਸੇ ਨੂੰ ਬਹੁਤ ਜ਼ਿਆਦਾ ਬਹੁਮਤ ਕਦੇ ਨਹੀਂ ਮਿਲਿਆ।

ਵੋਟਾਂ ਪਾਉਣ ਦਾ ਅਧਿਕਾਰ 18 ਸਾਲ ਤੋਂ ਉਪਰ ਦੀ ਉਮਰ ਦੇ ਲੜਕਿਆਂ ਨੂੰ ਹੀ ਹੈ ਪਰ ਉਹ ਵੀ ਤਾਂ ਜੇ ਉਹ ਸੰਵਿਧਾਨਕ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਸ਼ਾਹੀ ਖਾਨਦਾਨ ਨਾਲ ਸਬੰਧ ਨਾ ਰੱਖਦੇ ਹੋਣ।

**ਕਰੰਸੀ**—1 ਜੁਲਾਈ, 1950 ਤੋਂ ਜਾਰਡਨ ਦੀ ਆਪਣੀ ਕਰੰਸੀ ਲਾਗੂ ਹੈ। ਇਸ ਦੀ ਕਰੰਸੀ ਦੀਨਾਰ ਹੈ, ਦੀਨਾਰ ਦੇ ਅੱਗੋਂ ਫਿਲ ਹੁੰਦੇ ਹਨ ਅਤੇ 1/2, 1, 5, 10, 20, 50 ਅਤੇ 100 ਫਿਲ ਸਿੱਕਿਆਂ ਵਿਚ ਹਨ। ਇਹ ਦੇਸ਼ ਅਰਬ ਦੇ ਸਟਰਲਿੰਗ ਬਲਾਕ ਦਾ ਮੈਂਬਰ ਵੀ ਹੈ।

**ਝੰਡਾ**—ਦੇਸ਼ ਦੇ ਝੰਡੇ ਵਿਚ ਤਿੰਨ ਲੇਟਵੀਆਂ ਪੱਟੀਆਂ ਹਨ। ਸਭ ਤੋਂ ਉਪਰ ਕਾਲੀ ਵਿਚਕਾਰ ਚਿੱਟੀ ਅਤੇ ਹੇਠਾਂ ਹਰੀ ਪੱਟੀ ਹੈ। ਡੰਡੇ ਵਾਲੇ ਪਾਸੇ ਲਾਲ ਰੰਗ ਦਾ ਤਿਕੋਣ ਹੈ ਜਿਸ ਵਿਚ ਚਿੱਟਾ ਸੱਤਕੋਣੀ ਸਿਤਾਰਾ ਹੈ।

ਹ. ਪੁ. -ਐਨ. ਅਮੈ. 16: 209; ਐਨ. ਬ੍ਰਿ. ਮੈ. 10: 270; ਕੋਲ. ਐਨ. 11: 56

**ਜਾਰਡੀਨੀ, ਫੈਲਿਸ ਡੀ** : ਇਟਲੀ ਦੇ ਇਸ ਵਾਇਲਿਨ-ਵਾਦਕ ਅਤੇ ਸੰਗੀਤਕਾਰ ਦਾ ਜਨਮ 12 ਅਪ੍ਰੈਲ, 1716 ਨੂੰ ਤਿਊਰਿਨ ਵਿਖੇ ਹੋਇਆ। ਇਸਨੇ ਉੱਘੇ ਕਲਾਕਾਰਾਂ ਤੋਂ ਸਿੱਖਿਆ ਗ੍ਰਹਿਣ ਕੀਤੀ ਅਤੇ ਇੰਗਲੈਂਡ ਦੇ 18ਵੀਂ ਸਦੀ ਦੇ ਸੰਗੀਤ ਦੇ ਵਿਕਾਸ ਨੂੰ ਪ੍ਰਭਾਵਿਤ ਕੀਤਾ। ਮੁੱਢਲੀ ਉਮਰ ਵਿਚ ਇਹ ਰੋਮ ਅਤੇ ਨੇਪਲਜ਼ ਦੇ ਸੰਗੀਤ ਨਾਟ ਆਰਕੈਸਟਰਿਆਂ ਵਿਚ ਸਾਜ਼ ਵਜਾਉਂਦਾ ਸੀ। ਸੰਨ 1748 ਵਿਚ ਇਸ ਨੇ ਜਰਮਨੀ ਦਾ ਦੌਰਾ ਕੀਤਾ ਅਤੇ 1750 ਦੇ ਲਗਭਗ ਲੰਡਨ ਗਿਆ। ਆਪਣੀ ਜ਼ਿੰਦਗੀ ਦਾ ਵਧੇਰਾ ਹਿੱਸਾ ਇਸ ਨੇ ਲੰਡਨ ਵਿਖੇ ਇੱਕ ਸੰਗੀਤਕਾਰ, ਵਾਇਲਿਨਵਾਦਕ ਅਤੇ ਸੰਗੀਤ ਮੰਡਲੀ ਦੇ ਡਾਇਰੈਕਟਰ ਅਤੇ ਪ੍ਰਬੰਧਕ ਵਜੋਂ ਬਿਤਾਇਆ। ਆਪਣੇ ਸਮੇਂ ਵਿਚ ਇਸ ਦੀ ਬਹੁਤ ਪ੍ਰਸਿੱਧੀ ਸੀ। ਸੰਨ 1784 ਵਿਚ ਇਸ ਨੇ ਇਟਲੀ ਵਿਚ ਜਾ ਕੇ ਵਸਣ ਲਈ ਲੰਡਨ ਛੱਡ ਦਿੱਤਾ, ਪਰ 1790 ਦੇ ਕਰੀਬ ਇਹ ਫਿਰ ਲੰਡਨ ਵਾਪਸ ਆ ਗਿਆ। ਸੰਨ 1793 ਦੇ ਲਗਭਗ ਇਹ ਰੂਸ ਗਿਆ।

8 ਜੂਨ, 1796 ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. ਐਨ. ਬ੍ਰਿ. ਮਾ. 4: 528; ਐਨ. ਬ੍ਰਿ. 10: 394

**ਜਾਰਮੋ** : ਇਰਾਕ ਦੇ ਕਿਰਕੁਕ ਪ੍ਰਾਂਤ ਵਿਚ ਕਿਰਕੁਕ ਸ਼ਹਿਰ ਦੇ ਪੂਰਬ ਵੱਲ ਪੂਰਵ ਇਤਿਹਾਸਕ ਕਾਲ ਦੇ ਥੇਹ ਹਨ। ਥੇਹਾਂ ਵਾਲੀ ਇਸ ਥਾਂ ਨੂੰ ਸੰਸਾਰ ਭਰ ਵਿਚ ਸਭ ਤੋਂ ਮੁੱਢਲੀਆਂ ਜ਼ਰਾਇਤੀ ਬਸਤੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਸ ਕਸਬੇ ਵਿਚ ਥੇਹਾਂ ਤੋਂ ਇਸ ਦੇ 7000 ਈ. ਪੂ. ਵਿਚ ਵਸੇ ਹੋਣ ਬਾਰੇ ਪਤਾ ਲੱਗਦਾ ਹੈ। ਇਥੋਂ ਦੇ ਥੇਹਾਂ ਉਪਰ ਕੋਈ 12 ਤਹਿਆਂ ਵਿਛੀਆਂ ਹੋਈਆਂ ਹਨ ਜੋ ਇਸਦੇ ਘੱਟੋ ਘੱਟ 12 ਵਾਰ ਢਹਿ ਕੇ ਮੁੜ ਵਸਣ ਬਾਰੇ ਦਸਦੀਆਂ ਹਨ। ਇਥੋਂ ਦੇ ਲੋਕ ਬਹੁਤ ਪਹਿਲਾਂ ਤੋਂ ਹੀ ਖੇਤੀਬਾੜੀ ਕਰਨ ਦੀ ਕਲਾ ਤੋਂ ਜਾਣੂ ਸਨ। ਇਹ ਘਰ ਦੇ ਆਸਪਾਸ ਵਾਲੀ ਥਾਂ ਉੱਤੇ ਹੀ ਕਣਕ ਅਤੇ ਜੌਆਂ ਦੀ ਖੇਤੀ ਕਰ ਲੈਂਦੇ ਹਨ। ਇਹ ਕੁੱਤੇ ਅਤੇ ਬੱਕਰੀਆਂ ਪਾਲਣ ਦਾ ਸ਼ੌਕ ਵੀ ਰੱਖਦੇ ਸਨ।

ਹ. ਪੁ. -ਐਨ. ਬ੍ਰਿ. ਮਾ. 5: 524

**ਜਾਰਵਸ ਟਾਪੂ** : ਪੱਛਮੀ ਕੇਂਦਰੀ ਸ਼ਾਂਤ ਮਹਾਂਸਾਗਰ ਵਿਚ ਭੂ-ਮੱਧ ਰੇਖਾ ਦੇ ਦੱਖਣ ਵਾਲੇ ਪਾਸੇ, ਹਵਾਈ ਟਾਪੂ ਤੋਂ 1600 ਕਿ. ਮੀ. ਦੱਖਣ-ਪੱਛਮ ਵਿਚ ਲਾਈਨ ਟਾਪੂਆਂ 'ਚੋਂ ਇਕ ਟਾਪੂ ਹੈ ਜਿਸਨੂੰ ਬੰਕਰ, ਵਲੰਟੀਅਰ, ਬ੍ਰੁਕ ਆਦਿ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ

ਦਾ ਖੇਤਰਫਲ 4.1 ਵ. ਕਿ. ਮੀ. ਹੈ। ਇਸ ਟਾਪੂ ਉਪਰ ਗਵਾਨੋ ਖਾਦ ਦੇ ਨਿਖੇਪ ਮਿਲਦੇ ਹਨ।

ਇਸ ਟਾਪੂ ਦੀ ਹੋਂਦ ਦਾ ਪਤਾ 1821 ਵਿਚ ਕਪਤਾਨ ਬ੍ਰਾਊਨ ਨਾਮੀ ਖੋਜੀ ਨੇ ਲਾਇਆ ਸੀ। ਸੰਨ 1856 ਵਿਚ ਗਵਾਨੋ ਐਕਟ ਅਧੀਨ ਸੰਯੁਕਤ ਰਾਜ ਅਮਰੀਕਾ ਨੇ ਇਸਨੂੰ ਅਪਣਾ ਲਿਆ ਸੀ। ਇਸੇ ਕਾਰਨ ਅਮਰੀਕੀ ਖੋਜੀਆਂ ਨੇ 1857 ਤੋਂ 1879 ਦੌਰਾਨ ਇਥੋਂ ਦੀ ਗਵਾਨੋ ਖਾਦ ਨੂੰ ਵਰਤੋਂ ਵਿਚ ਲਿਆਂਦਾ, ਪਿੱਛੋਂ 1889 ਵਿਚ ਬਰਤਾਨੀਆ ਨੇ ਟਾਪੂ ਉੱਤੇ ਆਪਣਾ ਕਬਜ਼ਾ ਕਰ ਲਿਆ ਪਰ ਇਨ੍ਹਾਂ ਨੇ ਗਵਾਨੋ ਖਾਦ ਦੇ ਨਿਖੇਪਾਂ ਨੂੰ ਨਹੀਂ ਛੇੜਿਆ। ਫਿਰ 1935 ਵਿਚ ਸੰਯੁਕਤ ਰਾਜ ਅਮਰੀਕਾ ਨੇ ਟਾਪੂ ਉੱਤੇ ਆਪਣਾ ਹੱਕ ਜਤਾਇਆ ਤੇ ਇਸਨੂੰ ਆਪਣੇ ਮਾਤਹਿਤ ਕਰ ਲਿਆ। ਅੰਤਰ-ਰਾਸ਼ਟਰੀ ਭੂ-ਭੌਤਿਕ ਸਾਲ (1957-58) ਦੌਰਾਨ ਖੋਜੀਆਂ ਨੇ ਇਸ ਦੀ ਕਾਫ਼ੀ ਖੋਜ ਕੀਤੀ। ਇਸ ਉੱਤੇ ਸਥਾਈ ਵਸੋਂ ਨਹੀਂ ਮਿਲਦੀ।

0° 23′ ਦੱ. ਵਿਥ.; 160° 02′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 526; ਵੈ. ਜਗ. ਡਿ.

**ਜ਼ਾਰਾਰ, ਪਾਲ** : ਜਰਮਨੀ ਦੇ ਇਸ ਲੂਥਰਪੰਥੀ ਅਤੇ ਭਜਨ ਲੇਖਕ ਦਾ ਜਨਮ 12 ਮਾਰਚ, 1607 ਨੂੰ ਸੈਕਸਨੀ ਵਿਖੇ ਵਿਟਨਬੈਰਕ ਦੇ ਨੇੜੇ ਹੋਇਆ। ਵਿਟਨਬੈਰਕ ਵਿਖੇ ਧਰਮ-ਸ਼ਾਸਤਰ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ, 1651 ਵਿਚ ਇਹ ਮਿਟਨਵਾਲਡੇ ਵਿਖੇ ਉਪਦੇਸ਼ਕ ਲਗ ਗਿਆ। ਸੰਨ 1657 ਤੋਂ ਲੈ ਕੇ 1666 ਤੱਕ ਇਹ ਬਰਲਿਨ ਵਿਖੇ ਸੇਂਟ ਨਿਕੋਲਸ ਦੇ ਗਿਰਜੇ ਦਾ ਉਪ-ਅਧਿਕਾਰੀ ਰਿਹਾ। ਦੋ ਸਾਲ ਬਾਅਦ ਇਸ ਨੂੰ ਲੂਬੈੱਨ ਵਿਖੇ ਮੁੱਖ ਅਧਿਕਾਰੀ ਨਿਯੁਕਤ ਕੀਤਾ ਗਿਆ ਅਤੇ ਆਪਣੀ ਮੌਤ ਤੱਕ ਇਹ ਇਸ ਅਹੁਦੇ ਤੇ ਰਿਹਾ।

ਜ਼ਾਰਾਰ ਨੇ 120 ਭਜਨ ਲਿਖੇ, ਜਿਨ੍ਹਾਂ ਦਾ ਦਰਜਾ ਲੂਥਰ ਦੇ ਭਜਨਾਂ ਤੋਂ ਦੂਜੇ ਨੰਬਰ ਤੇ ਮੰਨਿਆ ਜਾਂਦਾ ਹੈ। ਕੁਝ ਭਜਨਾਂ ਦਾ ਅੰਗਰੇਜ਼ੀ ਅਨੁਵਾਦ ਬਹੁਤ ਪ੍ਰਸਿੱਧ ਹੈ ਜਿਵੇਂ 'ਜ਼ੀਜਸ', 'ਦੀ ਬਾਊਂਡਲੈੱਸ ਲਵ ਟੂ ਮੀ' ਅਤੇ 'ਓ ਸੇਕਰਡ ਹੈਡ ਨਾਊ ਵੂੰਡਿਡ' ਆਦਿ। ਕਈ ਭਜਨਾਂ ਨੂੰ ਅੱਜ ਵੀ ਗਾਇਆ ਜਾਂਦਾ ਹੈ। ਇਸ ਦੇ ਭਜਨਾਂ ਦਾ ਪਹਿਲਾ ਮੁਕੰਮਲ ਸੰਸਕਰਣ 1666-67 ਵਿਚ ਪ੍ਰਕਾਸ਼ਤ ਹੋਇਆ।

7 ਜੂਨ, 1676 ਨੂੰ ਲੂਬੈੱਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਅਮੈ. 12: 496; ਐਨ. ਬ੍ਰਿ. ਮਾ. 4: 493

**ਜ਼ਾਰੀ** : ਉੱਤਰ-ਪੂਰਬੀ ਬ੍ਰਾਜ਼ੀਲ ਦਾ ਦਰਿਆ ਹੈ ਜਿਹੜਾ ਟਾਮੂਕਾਮਾਕ ਪਰਬਤੀ ਲੜੀਆਂ ਵਿਚੋਂ ਨਿਕਲਦਾ ਹੋਇਆ ਦੱਖਣ-ਪੂਰਬ ਦੀ ਦਿਸ਼ਾ ਵਿਚ ਵਗਦਾ ਹੈ। ਇਹ ਬ੍ਰਾਜ਼ੀਲ ਦੇ ਪਾਰਾ ਰਾਜ ਅਤੇ ਐਮਾਪਾ ਖੇਤਰ ਵਿਚਕਾਰ ਹੱਦ ਬਣਾਉਂਦਾ ਹੋਇਆ, ਕੁੱਲ 560 ਕਿ. ਮੀ. ਦਾ ਸਫ਼ਰ ਤੈਅ ਕਰਨ ਮਗਰੋਂ ਬੋਕਾ ਡੋ ਜ਼ਾਰੀ ਦੇ ਸਥਾਨ ਉੱਤੇ ਐਮੇਜ਼ਨ ਦਰਿਆ ਨਾਲ ਹੀ ਮਿਲ ਜਾਂਦਾ ਹੈ। ਹੇਠਲੇ ਵਹਿਣ ਵਿਚ ਇਹ ਜਹਾਜ਼ਰਾਨੀ ਯੋਗ ਹੈ।

1° 09′ ਉ. ਵਿਥ.; 51° 34′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 524

**ਜ਼ਾਰੇਅਸ ਜਾਂ ਜਾਨ** : ਫ਼ਰਾਂਸ ਦੇ ਇਸ ਪ੍ਰਸਿੱਧ ਸਮਾਜਵਾਦੀ ਅਤੇ ਸਿਆਸਤਦਾਨ ਦਾ ਜਨਮ 3 ਸਤੰਬਰ, 1859 ਵਿਚ ਕਾਸਟਰ ਦੇ ਸਥਾਨ ਤੇ ਇਕ ਮੱਧ-ਵਰਗੀ ਦਿਹਾਤੀ ਪਰਿਵਾਰ ਵਿਚ ਹੋਇਆ।

ਹੇਗਲ, ਕਾਂਤ ਅਤੇ ਰੇਨਾਨ ਦਿਆਂ ਫ਼ਲਸਫ਼ਿਆਂ ਨੇ ਇਸਨੂੰ ਕਾਫ਼ੀ ਪ੍ਰਭਾਵਿਤ ਕੀਤਾ। ਮਾਈਕਲੇਤ ਇਤਿਹਾਸਕਾਰ ਤੋਂ ਇਸਨੇ ਇਤਿਹਾਸ ਦਾ ਅਧਿਐਨ ਕਰਨਾ ਸਿਖਿਆ।

ਜ਼ਾਰੇਅਸ ਜੀਨ ਨੇ ਪਹਿਲਾਂ ਅਧਿਆਪਕ ਵਜੋਂ ਕੰਮ ਕੀਤਾ। ਇਸ ਤੋਂ ਪਿੱਛੋਂ ਇਹ ਸਿਆਸਤ ਵਿਚ ਬਹੁਤ ਦਿਲਚਸਪੀ ਲੈਣ ਲਗ ਪਿਆ। ਸੰਨ 1885 ਵਿਚ ਤਾਰਨ ਡਿਪਾਰਟਮੈਂਟ ਲਈ ਚੈਂਬਰ ਦਾ ਮੈਂਬਰ ਚੁਣਿਆ ਗਿਆ। ਇਸ ਸਮੇਂ ਇਹ ਵਿਚਲੇ ਦਰਜੇ ਦਾ ਗਣਤੰਤਰਵਾਦੀ ਸੀ। ਸੰਨ 1889 ਦੀਆਂ ਦੁਬਾਰਾ ਚੋਣਾਂ ਵਿਚ ਇਹ ਅਸਫ਼ਲ ਰਿਹਾ ਅਤੇ ਸਮਾਜਵਾਦ ਦੇ ਅਧਿਐਨ ਲਈ ਟੂਲੂਜ਼ ਵਾਪਸ ਆ ਗਿਆ ਅਤੇ ਇਸਨੇ ਕਾਲਜ ਆਫ਼ ਮੈਡੀਸਨ ਦੀ ਸਥਾਪਨਾ ਵਿਚ ਹਿੱਸਾ ਪਾਇਆ। ਸਮਾਜਵਾਦੀ ਬਣਨ ਤੋਂ ਬਾਅਦ ਇਸ ਨੇ ਕਾਰਮੋ ਵਿਖੇ ਹੜਤਾਲੀਆਂ ਦੀ ਤਰਫ਼ਦਾਰੀ ਕੀਤੀ। ਸੰਨ 1893 ਵਿਚ ਇਹ ਚੈਂਬਰ ਵਿਚ ਦੁਬਾਰਾ ਚੁਣਿਆ ਗਿਆ, ਜਿਥੇ ਇਹ ਸਮਾਜਵਾਦੀਆਂ ਦੇ ਪ੍ਰਸਿੱਧ ਲੀਡਰਾਂ ਵਿਚ ਗਿਣਿਆ ਜਾਣ ਲਗਾ। ਸੰਨ 1898 ਦੀਆਂ ਚੋਣਾਂ ਵਿਚ ਹਾਰ ਗਿਆ, ਪਰ 1902 ਵਿਚ ਇਹ ਮੁੜ ਚੁਣਿਆ ਗਿਆ। ਇਸ ਦੀ ਸਪਸ਼ਟ ਦਲੀਲਬਾਜ਼ੀ ਅਤੇ ਸਿਰੇ ਦੀ ਇਮਾਨਦਾਰੀ ਨੇ ਇਸਨੂੰ ਇਕ ਤਕੜਾ ਵਕਤਾ ਬਣਾ ਦਿਤਾ। ਇਸਨੇ ਫ਼ਰਾਂਸੀਸੀ ਸਮਾਜਵਾਦੀ ਪਾਰਟੀ ਦਾ ਏਕੀਕਰਨ ਕਰਨ ਅਤੇ ਉਸਦੀ ਪ੍ਰਤਿਨਿਧਤਾ ਕਰਨਾ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ।

ਸੰਨ 1904 ਵਿਚ ਜ਼ਾਰੇਅਸਜਾਨ ਨੇ ਸਮਾਜਵਾਦੀ ਅਖ਼ਬਾਰ 'L' Humanite' ਚਾਲੂ ਕੀਤਾ। ਸੰਨ 1898 ਅਤੇ 1902 ਦੇ ਵਿਚਲੇ ਸਮੇਂ ਦੌਰਾਨ ਇਸਨੇ ਸੋਸ਼ਲਿਸਟ ਹਿਸਟਰੀ ਆਫ਼ ਫ਼ਰਾਂਸ ਲਿਖੀ। ਸੰਨ 1905 ਵਿਚ ਇਹ ਸਮਾਜਵਾਦੀ ਪਾਰਟੀ ਨੂੰ ਇਕ ਕਰਨ ਵਿਚ ਸਫ਼ਲ ਹੋ ਗਿਆ ਅਤੇ ਇਹ ਜਰਮਨ ਅਤੇ ਫ਼ਰਾਂਸੀਸੀ ਸਮਾਜਵਾਦੀਆਂ ਵਿਚਕਾਰ ਇਕਮੁੱਠਤਾ ਲਿਆ ਕੇ ਫ਼ਰਾਂਸ ਅਤੇ ਜਰਮਨੀ ਵਿਚਕਾਰ ਲਮਕਦੀ ਲੜਾਈ ਨੂੰ ਰੋਕਣਾ ਚਾਹੁੰਦਾ ਸੀ।

ਸੰਨ 1910 ਵਿਚ ਇਸ ਨੇ 'L' Armee Novelle' ਪ੍ਰਕਾਸ਼ਿਤ ਕੀਤਾ ਜਿਸ ਵਿਚ ਆਧੁਨਿਕ ਲੜਾਈ ਅਤੇ ਰਾਸ਼ਟਰੀ ਸੁਰੱਖਿਆ ਦੀਆਂ ਜ਼ਰੂਰਤਾਂ ਦਾ ਪ੍ਰਤਿਭਾਸ਼ਾਲੀ ਅਧਿਐਨ ਸੀ। ਸੰਨ 1914 ਦੀ ਬ੍ਰਸਲਜ਼ ਵਿਖੇ ਹੋਈ ਸਮਾਜਵਾਦ ਦੀ ਕਾਨਫਰੰਸ ਵਿਚ ਇਸਨੇ ਫ਼ੌਜਗਰਦੀ ਦੀ ਸਖ਼ਤ ਨਿੰਦਾ ਕੀਤੀ ਅਤੇ ਯੁੱਧ ਰੋਕਣ ਲਈ ਕੌਮੀ ਹੜਤਾਲ ਦਾ ਪੱਖ ਪੂਰਿਆ। ਨਤੀਜੇ ਵਜੋਂ ਇਸ ਦੀ ਬਹੁਤ ਵਿਰੋਧਤਾ ਹੋਈ ਅਤੇ 31 ਜੁਲਾਈ, 1914 ਨੂੰ ਇਸ ਨੂੰ ਕਤਲ ਕਰ ਦਿੱਤਾ ਗਿਆ।

ਹ. ਪੁ. -ਐਨ. ਅਮੈ. 15: 758; ਐਨ. ਕੋਲ. 8: 63

**ਜਾਲ** : ਜਾਲ ਕਿਸੇ ਧਾਗੇ ਜਾਂ ਤਾਰ ਆਦਿ ਵਿਚ ਗੰਢਾਂ ਲਗਾ ਕੇ ਜਾਂ ਮੋੜ ਮੋੜ ਕੇ ਬਣਾਈ ਜਾਲੀ ਤੋਂ ਬਣਦਾ ਹੈ। ਸਵੈਟਰ ਬੁਣਨ, ਕੱਪੜਾ ਬੁਣਨ, ਲੈਸ ਬਣਾਉਣ ਆਦਿ ਦੀ ਤਰ੍ਹਾਂ ਜਾਲ ਬਣਾਉਣਾ ਵੀ ਇਕ ਬਹੁਤ ਪੁਰਾਣਾ ਅਤੇ ਸੰਸਾਰ ਵਿਆਪੀ ਹੁੱਨਰ ਹੈ।

**ਪੁਰਾਤਨ ਕਿਸਮ ਦੇ ਜਾਲ**—ਜਾਲ ਬਣਾਉਣਾ ਮਨੁੱਖ ਦੀਆਂ ਸਭ ਤੋਂ ਪਹਿਲੀਆਂ ਕਾਢਾਂ ਵਿਚੋਂ ਇਕ ਸਮਝੀ ਜਾਂਦੀ ਹੈ। ਇਨ੍ਹਾਂ ਨੂੰ ਸ਼ਿਕਾਰ ਮਾਰਨ, ਮੱਛੀਆਂ ਪਕੜਨ ਅਤੇ ਭੋਜਨ ਇਕੱਠਾ ਕਰਨ ਲਈ ਵਰਤਿਆ ਜਾਂਦਾ ਸੀ। ਇਹ ਜਾਲ ਬਨਸਪਤ ਰੇਸ਼ਿਆਂ (ਜਿਵੇਂ ਦਰਖਤਾਂ ਦੇ ਸੱਕ, ਰੂੰਈ, ਖੋਪਾ, ਪੱਤੇ, ਜੜ੍ਹਾਂ, ਤਣੇ ਆਦਿ) ਅਤੇ ਪਸ਼ੂ-ਟਿਸ਼ੂਆਂ, ਵਾਲ, ਅੰਤੜੀਆਂ, ਚਮੜੀ, ਪੇਸ਼ੀਆਂ ਆਦਿ ਤੋਂ ਬਣਾਏ ਧਾਗਿਆਂ ਜਾਂ ਤਾਰਾਂ ਦੇ ਬਣਾਏ ਜਾਂਦੇ ਸਨ।

**ਅਜੋਕੀ ਕਿਸਮ ਦੇ ਜਾਲ**—ਅੱਜਕੱਲ੍ਹ ਜਾਲ ਬਨਸਪਤੀ ਉਤਪਾਦਕ ਅਤੇ ਬਣਾਉਟੀ ਦੋਨੋਂ ਕਿਸਮਾਂ ਦੇ ਰੇਸ਼ਿਆਂ ਦੇ ਬਣਾਏ ਜਾਂਦੇ ਹਨ। ਬਣਾਉਟੀ ਰੇਸ਼ੇ ਗਲਦੇ-ਸੜਦੇ ਨਹੀਂ ਪਰ ਬਨਸਪਤੀ ਉਤਪਾਦਕ ਰੇਸ਼ਿਆਂ ਨੂੰ ਗਲਣ-ਸੜਨ ਤੋਂ ਬਚਾਉਣ ਲਈ ਇਨ੍ਹਾਂ ਉੱਤੇ ਕਿਸੇ ਤਾਰਕੋਲ ਵਰਗੀ ਚੀਜ਼ ਦਾ ਇਸਤੇਮਾਲ ਕੀਤਾ ਜਾਂਦਾ ਹੈ। ਮੱਛੀਆਂ ਫੜਨ ਲਈ ਹੀਰਾ-ਨੁਮਾ ਜਾਲੀ ਵਾਲੇ ਜਾਲ ਵਰਤੇ ਜਾਂਦੇ ਹਨ। ਇਹ ਜਾਲ ਤਿੰਨ ਕਿਸਮਾਂ ਦੇ ਹੁੰਦੇ ਹਨ: ਗਲਫੜਾ-ਜਾਲ, ਮਹਾਜਾਲ ਅਤੇ ਕੁੜਿੱਕੀ ਜਾਲ।

ਗਲਫੜਾ-ਜਾਲ ਜਿਸ ਨੂੰ ਡਰਿਫਟ ਨੈੱਟ ਵੀ ਕਹਿੰਦੇ ਹਨ, ਮੱਛੀਆਂ ਨੂੰ ਗਲਫੜਿਆਂ ਤੋਂ ਫਸਾਉਂਦਾ ਹੈ। ਇਸ ਦੀ ਇਕ ਹੋਰ ਕਿਸਮ ਟ੍ਰੈੱਮਲ ਨੈੱਟ ਹੈ ਜਿਹੜਾ ਬਾਹਰਲੀਆਂ ਦੋ ਵੱਡੀ ਜਾਲੀ ਵਾਲੀਆਂ ਪੈਨਲਾਂ ਅਤੇ ਇਕ ਅੰਦਰਲੀ ਛੋਟੀ ਜਾਲੀ ਦੇ ਵਿਚੋਂ ਲੰਘਾ ਕੇ ਜੇਬਾਂ ਜਿਹੀਆਂ ਬਣ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਵਿਚ ਮੱਛੀਆਂ ਫਸਦੀਆਂ ਹਨ। ਇਸ ਵਿਚ ਫਸਣ ਵਾਲੀਆਂ ਮੱਛੀਆਂ ਦਾ ਆਕਾਰ ਜਾਲੀ ਦੇ ਖੁਲ੍ਹੇ ਜਾ ਤੰਗ ਹੋਣ ਤੇ ਨਿਰਭਰ ਕਰਦਾ ਹੈ। ਇਸ ਕਿਸਮ ਦੇ ਜਾਲ ਪਾਣੀ ਦੀ ਸਤ੍ਹਾ ਤੇ, ਵਿਚਕਾਰ ਜਾਂ ਤਲ ਤੇ ਮੱਛੀਆਂ ਫੜਨ ਲਈ ਵਰਤੇ ਜਾ ਸਕਦੇ ਹਨ ਅਤੇ ਇਹ ਸੈਟਿੰਗ ਜਾਲ ਦੀ ਕੰਨੀ ਤੇ ਲਾਏ ਕਾਰਕ ਅਤੇ ਹੇਠਾਂ ਲਟਕਦੇ ਭਾਰ ਨੂੰ ਸੈੱਟ ਕਰਕੇ ਕੀਤੀ ਜਾਂਦੀ ਹੈ।

ਮਹਾਜਾਲ ਬਹੁਤ ਵੱਡੇ ਅਤੇ ਤੰਗ ਬਣੇ ਹੋਏ ਹੁੰਦੇ ਹਨ ਅਤੇ ਇਹ ਮੱਛੀਆਂ ਦੇ ਝੁੰਡ ਪਕੜਨ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦੀਆਂ ਅੱਗੋਂ ਕਈ ਕਿਸਮਾਂ ਹਨ। ਬੀਚ-ਮਹਾਜਾਲ, ਬੀਚਾਂ ਉਪਰ ਘਸੀਟ ਕੇ ਸਾਰਾ ਮਾਦਾ ਵਿਚ ਭਰ ਲਿਆ ਜਾਂਦਾ ਹੈ, ਪਰਸ-ਮਹਾਜਾਲ, ਕੰਢਿਆਂ ਤੋਂ ਦੂਰ ਡੂੰਘੇ ਪਾਣੀ ਵਿਚ ਕਿਸ਼ਤੀਆਂ ਤੋਂ ਲਟਕਾਏ ਜਾਂਦੇ ਹਨ, ਇਹ ਜਾਲ ਕਿਸ਼ਤੀ ਦੇ ਬਾਹਰਵਾਰ ਲਾਇਆ ਜਾਂਦਾ ਹੈ ਅਤੇ ਇਸ ਵਿਚ ਆਏ ਮਾਦੇ ਨੂੰ ਜਾਲ ਦੇ ਹੇਠਲੇ ਹਿੱਸੇ ਦੇ ਦੁਆਲੇ ਰੱਸਾ ਬੰਨ੍ਹ ਕੇ ਇੱਕਠਾ ਕਰ ਲਿਆ ਜਾਂਦਾ ਹੈ। ਇਸ ਕਿਸਮ ਦੇ ਜਾਲਾਂ ਨੂੰ ਪਾਣੀ ਦੀ ਸਤ੍ਹਾ ਤੋਂ ਹੀ ਲਟਕਾਇਆ ਜਾਂਦਾ ਹੈ ਅਤੇ ਇਸ ਦੇ ਉਪਰਲੇ ਸਿਰੇ ਤੇ ਫਲੋਟ ਤੇ ਹੇਠਲੇ ਤੇ ਭਾਰ ਜਾਂ ਸੰਗਲ ਹੁੰਦਾ ਹੈ। ਇਸ ਵਿਚ ਹੈਰਿੰਗ, ਸਾਰਡੀਨ, ਸਾਮਾਨ ਆਦਿ ਮੱਛੀਆਂ 45400 ਕਿ. ਗ੍ਰਾਮ ਭਾਰ ਤੱਕ ਇਕ ਵਾਰੀ ਵਿਚ ਫਸ ਸਕਦੀਆਂ ਹਨ।

ਕੁੜਿਕੀ ਜਾਲ ਨੂੰ ਕੰਢੇ ਤੋਂ ਜਾਂ ਮੁਹਾਣਿਆਂ ਵਿਚ ਟੰਗ ਦਿੱਤਾ ਜਾਂਦਾ ਹੈ ਤੇ ਇਹ ਇਕ ਕਿਸਮ ਦਾ ਭੁਲ-ਭੁਲੱਈਆਂ ਵਰਗਾਂ ਚੈਂਬਰ ਬਣਾ ਦਿੰਦਾ ਹੈ ਜਿਸ ਵਿਚ ਮੱਛੀਆਂ ਤੈਰਦੀਆਂ ਰਹਿੰਦੀਆਂ ਹਨ। ਇਸ ਦੀ ਜਾਲੀ ਇੰਨੀ ਤੰਗ ਹੁੰਦੀ ਹੈ ਕਿ ਲੋੜੀਂਦੇ ਆਕਾਰ ਦੀਆਂ ਮੱਛੀਆਂ ਤਾਂ ਇਸ ਵਿਚੋਂ ਬਾਹਰ ਨਹੀਂ ਲੰਘ ਸਕਦੀਆਂ ਪ੍ਰੰਤੂ ਹੋਰ ਛੋਟੀਆਂ ਆਰਾਮ ਨਾਲ ਅੰਦਰ-ਬਾਹਰ ਲੰਘਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚ ਮੁੱਖ ਤੌਰ ਤੇ ਸਾਮਨ, ਟ੍ਰਾਊਟ ਤੇ ਈਲ ਮੱਛੀਆਂ ਫੜੀਆਂ ਜਾਂਦੀਆਂ ਹਨ।

ਮੱਛੀਆਂ ਫੜਨ ਤੋਂ ਬਿਨਾਂ ਹੋਰ ਕੰਮ ਲਈ ਵਰਤੇ ਜਾਣ ਵਾਲੇ ਜਾਲ ਵੀ ਇਸੇ ਪਦਾਰਥ ਦੇ ਬਣੇ ਹੁੰਦੇ ਹਨ ਪਰ ਉਨ੍ਹਾਂ ਦੀ ਜਾਲੀ ਆਮ ਤੌਰ ਤੇ ਚੌਰਸ ਕਿਸਮ ਦੀ ਹੁੰਦੀ ਹੈ। ਖੇਡਾਂ ਵਿਚ (ਕ੍ਰਿਕਟ, ਟੈਨਿਸ ਆਦਿ), ਮਟਰ, ਫਲੀਆਂ ਆਦਿ ਦੀਆਂ ਵੇਲਾਂ ਨੂੰ ਸਹਾਰਾਂ ਦੇਣ ਲਈ ਫ਼ਸਲਾਂ ਨੂੰ ਪੰਛੀਆਂ ਅਤੇ ਕੁਹਰੇ ਆਦਿ ਤੋਂ ਬਚਾਉਣ ਲਈ ਵੀ ਜਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਕੁਝ ਜਾਲ ਹੁਣ ਵੀ ਪੁਰਾਣੇ ਤਰੀਕੇ ਨਾਲ ਦੋਸਾਂਗੀ ਸਲਾਈ ਅਤੇ ਜਾਲੀ-ਪਿੰਨ ਨਾਲ ਹੀ ਬਣਾਏ ਜਾਂਦੇ ਹਨ ਪਰ ਬਹੁਤੇ ਜਾਲ ਮਸ਼ੀਨਾਂ ਨਾਲ ਬਣਦੇ ਹਨ।

ਹ. ਪੁ. -ਐਨ. ਬ੍ਰਿ. 16: 254

**ਜਾਲਨਾ** : ਪਹਾੜੀਆਂ—ਮਹਾਰਾਸ਼ਟਰ ਰਾਜ (ਭਾਰਤ) ਦੇ ਔਰੰਗਾਬਾਦ ਜ਼ਿਲ੍ਹੇ ਵਿਚ 192 ਕਿ. ਮੀ. ਲੰਬੀ ਪਰਬਤੀ ਲੜੀ ਹੈ ਜਿਹੜੀ ਦੌਲਤਾਬਾਦ ਸ਼ਹਿਰ ਦੇ ਪੂਰਬ ਵੱਲੋਂ ਫੈਲੀ ਹੋਈ ਹੈ। ਬਰਾਰ ਦੀ ਹੱਦ ਨੇੜੇ ਇਸ ਵਿਚ ਜਾਲਨਾ ਸ਼ਹਿਰ ਵੱਲੋਂ ਆਉਂਦੇ ਕਈ ਪਰਬਤੀ ਵਧਾਓ ਨਾਲ ਰਲ ਜਾਂਦੇ ਹਨ। ਬਰਾਰ ਤੋਂ ਅੱਗੇ ਇਹ ਸਤਮਾਲਾ ਲੜੀ ਨਾਲ ਹੀ ਮਿਲ ਜਾਂਦੀ ਹੈ। ਇਨ੍ਹਾਂ ਪਹਾੜੀਆਂ ਦੀ ਔਸਤਨ ਉਚਾਈ 727 ਮੀ. ਹੈ ਅਤੇ ਇਨ੍ਹਾਂ ਦੀ ਸਭ ਤੋਂ ਉੱਚੀ ਦੌਲਤਾਬਾਦ ਸਿਖਰ ਦੀ ਉਚਾਈ 915 ਮੀ. ਹੈ।

ਹ. ਪੁ. -ਇੰਪ. ਗ. ਇੰਡ. 14: 28

**ਜਾਲਨਾ** : ਸ਼ਹਿਰ—ਭਾਰਤ ਦੇ ਮਹਾਰਾਸ਼ਟਰ ਰਾਜ ਵਿਚ ਔਰੰਗਾਬਾਦ ਜ਼ਿਲ੍ਹੇ ਦੇ ਇਸੇ ਹੀ ਨਾਂ ਦੇ ਤਅਲੁਕੇ ਦਾ ਇਹ ਸਦਰ-ਮੁਕਾਮ ਹੈ ਜਿਹੜਾ ਕੁੰਦਾਲਿਕਾ ਦਰਿਆ ਦੇ ਸੱਜੇ ਕੰਢੇ ਉੱਤੇ ਅਤੇ ਕਾਦਿਰਾਬਾਦ ਸ਼ਹਿਰ ਦੇ ਸਾਹਮਣੇ ਸਥਿਤ ਹੈ। ਸਥਾਨਕ ਰਵਾਇਤ ਅਨੁਸਾਰ ਇਸ ਸ਼ਹਿਰ ਦੀ ਨੀਂਹ ਸ੍ਰੀ ਰਾਮ ਚੰਦਰ ਜ਼ੀ ਦੇ ਵੇਲੇ ਰੱਖੀ ਗਈ ਸੀ। ਇਹ ਸੀਤਾ ਦਾ ਵੀ ਰਿਹਾਇਸ਼ੀ ਸਥਾਨ ਹੁੰਦਾ ਸੀ ਅਤੇ ਉਸ ਸਮੇਂ ਇਸ ਨੂੰ ਜਨਕਪੁਰ ਦੇ ਨਾਂ ਨਾਲ ਸੱਦਿਆ ਜਾਂਦਾ ਸੀ ਪਰ ਮਗਰੋਂ ਇਕ ਅਮੀਰ ਮੁਸਲਮਾਨ ਜੁਲਾਹੇ ਨੇ ਇਹ ਨਾਂ ਜਾਲਨਾ ਵਿਚ ਤਬਦੀਲ ਕਰ ਦਿੱਤਾ। ਸ਼ਹਿਨਸ਼ਾਹ ਅਕਬਰ ਦਾ ਇਕ ਵਜ਼ੀਰ ਅਬੁਲ ਫ਼ਜ਼ਲ ਵੀ ਕੁਝ ਸਮੇਂ ਲਈ ਇਥੇ ਰਿਹਾ ਸੀ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਵੀ ਆਪਣੀ ਸੂਬੇਦਾਰੀ ਦੌਰਾਨ ਇਥੇ ਕਦੇ-ਕਦਾਈਂ ਆਇਆ ਕਰਦਾ ਸੀ। ਇਥੋਂ ਦੀਆਂ ਵੇਖਣ ਯੋਗ ਥਾਵਾਂ ਵਿਚ 1568 ਦੀ ਬਣੀ ਇਕ ਮਸਜਿਦ ਅਤੇ ਪੱਥਰਾਂ ਦੀ ਬਣੀ ਇਕ ਆਲੀਸ਼ਾਨ ਸਰਾਂ ਅਤੇ ਇਕ ਤੁਰਕੀ ਇਸ਼ਨਾਨ ਘਰ ਹੈ। ਤਿੰਨ ਹਿੰਦੂ ਮੰਦਰਾਂ ਜਿਨ੍ਹਾਂ ਵਿਚੋਂ ਮੁੱਖ ਅਨੰਦ ਸਵਾਮੀ ਦਾ ਹੈ ਅਤੇ ਜਿਹੜਾ ਬਹੁਤ ਵੱਡੇ ਆਕਾਰ ਵਾਲਾ ਹੈ, ਤੋਂ ਇਲਾਵਾ ਸ਼ਹਿਰ ਵਿਚ ਮਹੱਤਤਾ ਵਾਲੀਆਂ ਕਈ ਹੋਰ ਵੀ ਮਸਜਿਦਾਂ ਅਤੇ ਧਰਮ ਅਸਥਾਨ ਹਨ। ਜਾਲਨਾ ਦਾ ਕਿਲਾ ਜਿਹੜਾ 1728 ਵਿਚ ਉਸਾਰਿਆ ਗਿਆ ਸੀ, ਹੁਣ ਖੰਡਰ ਬਣ ਚੁੱਕਾ ਹੈ। ਇਥੋਂ ਦੇ ਬਾਗ਼ਾਂ ਵਿਚ ਬਹੁਤ ਭਾਰੀ ਮਾਤਰਾਂ ਵਿਚ ਫ਼ਲ ਪੈਦਾ ਹੁੰਦਾ ਹੈ ਜਿਹੜਾ ਬੰਬਈ ਅਤੇ ਹੋਰਨਾਂ ਥਾਵਾਂ ਨੂੰ ਭੇਜਿਆ ਜਾਂਦਾ ਹੈ। ਜਾਲਨਾ ਛਾਉਣੀ (ਸਥਾਪਨਾ 1827) ਇਸ ਸ਼ਹਿਰ ਦੇ ਪੂਰਬ ਵੱਲ ਨੂੰ ਹੈ। ਸੰਨ 1903 ਵਿਚ ਇਹ ਛਾਉਣੀ ਛੱਡ ਦਿੱਤੀ ਗਈ। ਇਥੇ ਈਸਾਈਆਂ ਦੇ ਵੀ ਕਈ ਧਰਮ ਅਸਥਾਨ ਹਨ ਜਿਨ੍ਹਾਂ ਨਾਲ ਕਈ ਸਕੂਲ ਵੀ ਜੁੜੇ ਹੋਏ ਹਨ।

19° 51′ ਉ. ਵਿਥ.; 74° 54′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 28

**ਜਾਲਾ ਪਹਾੜ** : ਉੱਤਰ-ਪੂਰਬੀ ਭਾਰਤ ਵਿਚ ਪੱਛਮੀ ਬੰਗਾਲ ਰਾਜ ਦੇ ਦਾਰਜੀਲਿੰਗ ਜ਼ਿਲ੍ਹੇ ਵਿਚ ਦਾਰਜੀਲਿੰਗ ਸ਼ਹਿਰ ਨੇੜੇ ਇਕ ਪਹਾੜ ਹੈ ਜਿਸ ਉੱਤੇ ਇਸ ਪਹਾੜੀ ਦੇ ਨਾਂ ਦੀ ਇਕ ਫ਼ੌਜੀ ਛਾਉਣੀ ਸਥਾਪਿਤ ਹੈ। ਇਸ ਜਗ੍ਹਾ ਦੀ ਸਮੁੰਦਰ ਤਲ ਤੋਂ ਉਚਾਈ 2,272 ਮੀ. (7,500 ਫੁੱਟ) ਹੈ। ਇਥੇ ਹੀ ਹੋਰ ਉਤਾਂਹ 2278 ਮੀ. ਦੀ ਉਚਾਈ ਉੱਤੇ ਪਰੇਡ ਗਰਾਊਂਡ ਬਣਾਏ ਗਏ ਹਨ। ਇਥੇ ਹੀ ਫ਼ੌਜੀ ਛਾਉਣੀ ਦੀ ਸਥਾਪਨਾ ਵੀ 1848 ਵਿਚ ਅੰਗਰੇਜ਼ਾਂ ਨੇ ਬੈਰਕਾਂ ਬਣਾ ਕੇ ਕੀਤੀ ਸੀ। ਇਸੇ ਪਹਾੜ ਤੋਂ 64 ਕਿ. ਮੀ. ਉੱਤਰ ਵੱਲ ਕੰਚਨਜੰਗਾ ਅਤੇ ਮਾਊਂਟ ਐਵਰੈਸਟ ਸੰਸਾਰ ਪ੍ਰਸਿੱਧ ਚੋਟੀਆਂ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ।

ਹ. ਪੁ. -ਇੰਪ. ਗ. ਇੰਡ. 14: 17

**ਜਾਲਾਪਾ** : ਡਿਪਾਰਟਮੈਂਟ—ਦੱਖਣ-ਪੂਰਬੀ ਗਵਾਤੇਮਾਲਾ ਦਾ ਇਕ ਡਿਪਾਰਟਮੈਂਟ ਹੈ ਜਿਸ ਦਾ ਖੇਤਰਫਲ 2, 063 ਵ. ਕਿ. ਮੀ. ਅਤੇ ਆਬਾਦੀ 1,90,847 (1990) ਹੈ। ਇਹ ਉੱਘੜ ਦੁੱਘੜਾ ਜਿਹਾ ਇਲਾਕਾ ਹੈ। ਇਸੇ ਕਰਕੇ ਇਥੇ ਰੇਲ-ਮਾਰਗ ਨਹੀਂ ਹਨ। ਸੜਕਾਂ ਹੀ ਆਵਾਜਾਈ ਦਾ ਸਾਧਨ ਹਨ। ਇਹ ਗਵਾਤੇਮਾਲਾ ਸ਼ਹਿਰ ਅਤੇ ਪੈਨ-ਅਮਰੀਕੀ ਹਾਈਵੇ ਨਾਲ ਸੜਕਾਂ ਦੁਆਰਾ ਜੁੜਿਆ ਹੋਇਆ ਹੈ। ਇਸ ਡਿਪਾਰਟਮੈਂਟ ਵਿਚ ਇੰਡੀਅਨ ਕਬੀਲੇ ਵਸੇ ਹੋਏ ਹਨ ਜਿਹੜੇ ਖੇਤੀਬਾੜੀ ਕਰਦੇ ਹਨ। ਮੱਕੀ, ਕਣਕ, ਫਲੀਆਂ, ਤਮਾਕੂ ਅਤੇ ਚੌਲ

ਇਥੋਂ ਦੀਆਂ ਖ਼ਾਸ ਉਪਜਾਂ ਹਨ। ਇਥੇ ਪਸ਼ੂ ਪਾਲਣ ਅਤੇ ਲੱਕੜ ਚਿਰਾਈ ਦੇ ਧੰਦੇ ਵੀ ਪ੍ਰਚੱਲਤ ਹਨ। ਇਸ ਦੀ ਰਾਜਧਾਨੀ ਜਾਲਾਪਾ ਹੈ ਜੋ ਡਿਪਾਰਟਮੈਂਟ ਦਾ ਵੱਡਾ ਸ਼ਹਿਰ ਵੀ ਹੈ।

ਹ. ਪੁ. -ਐਨ. ਬ੍ਰਿ. ਮਾ. 5:504

**ਜਾਲਾਪਾ** : ਸ਼ਹਿਰ—ਦੱਖਣ-ਪੂਰਬੀ ਗਵਾਤੇਮਾਲਾ ਦੇ ਇਸੇ ਨਾਂ ਦੇ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਸਮੁੰਦਰ ਤਲ ਤੋਂ 1, 380 ਮੀ. ਦੀ ਉਚਾਈ ਉੱਤੇ ਸਥਿਤ ਹੈ। ਇਥੇ ਦੀ ਜਲਵਾਯੂ ਬਹੁਤ ਸੁਹਾਵਣੀ ਹੈ। ਮੱਕੀ, ਕਣਕ, ਸੋਆਬੀਨ ਇਥੋ ਦੀਆਂ ਖ਼ਾਸ ਫ਼ਸਲਾਂ ਹਨ। ਪਸ਼ੂ ਅਤੇ ਸੂਰ ਪਾਲਣਾ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਹੈ। ਡੇਅਰੀ ਉਤਪਾਦਨਾਂ ਲਈ ਇਹ ਮਸ਼ਹੂਰ ਹੈ। ਸ਼ਹਿਰ ਦੇ ਨੇੜਿਓਂ ਕ੍ਰੋਮਾਈਟ ਖਣਿਜ ਕੱਢਿਆ ਜਾਂਦਾ ਹੈ। ਇਹ ਸ਼ਹਿਰ ਆਲੇ-ਦੁਆਲੇ ਦੇ ਜ਼ਰਾਇਤੀ ਉਤਪਾਦਨਾਂ ਦਾ ਵਪਾਰਕ ਕੇਂਦਰ ਵੀ ਹੈ।

ਆਬਾਦੀ—1,90,847 (1991)

14° 38′ ਉ. ਵਿਥ.; 89° 59′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 504

**ਜਾਲਾਪਾ** : ਸ਼ਹਿਰ—ਇਸ ਦਾ ਪੂਰਾ ਨਾਂ ਜਾਲਪਾ ਐਨਰੀਕਵੇਜ਼ ਹੈ। ਪੂਰਬੀ ਕੇਂਦਰੀ ਮੈਕਸੀਕੋ ਵਿਚ ਵੈਰਾਕਰੂਜ਼ ਰਾਜ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਸਿਐਰਾ ਮਾਦਰੇ ਆਰੀਐਂਟਲ ਪਰਬਤਾਂ ਉੱਤੇ ਸਮੁੰਦਰ ਤਲ ਤੋਂ ਕੋਈ 1, 427 ਮੀ. ਦੀ ਉਚਾਈ ਉੱਤੇ ਸਥਿਤ ਹੈ। ਸ਼ਹਿਰ ਦੇ ਆਸਪਾਸ ਕਾਫ਼ੀ ਅਤੇ ਤਮਾਕੂ ਦੀ ਪੈਦਾਵਾਰ ਹੁੰਦੀ ਹੈ ਤੇ ਇਹ ਸ਼ਹਿਰ ਇਨ੍ਹਾਂ ਉਤਪਾਦਨਾਂ ਦੀ ਵੱਡੀ ਮੰਡੀ ਹੈ। ਆਲੇ-ਦੁਆਲੇ ਦੇ ਸ਼ਹਿਰਾਂ ਨਾਲ ਇਹ ਰੇਲਾਂ ਅਤੇ ਸੜਕਾਂ ਨਾਲ ਜੁੜਿਆ ਹੋਇਆ ਹੈ। ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ 1944 ਦੀ ਸਥਾਪਿਤ ਵੈਰਾਕਰੂਜ਼ ਯੂਨੀਵਰਸਿਟੀ ਅਤੇ ਸਪੇਨੀ ਮੂਰੀ ਇਮਾਰਤ ਉਸਾਰੀ ਕਲਾ ਦੇ ਨਮੂਨੇ ਦੀਆਂ ਪ੍ਰਾਚੀਨ ਇਮਾਰਤਾਂ ਹਨ। ਇਥੋਂ ਦੀ ਜਲਵਾਯੂ ਬਹੁਤ ਸੁਹਾਵਣੀ ਹੈ ਜਿਸ ਕਰਕੇ ਫੁੱਲਾਂ ਦੀ ਭਰਮਾਰ ਰਹਿੰਦੀ ਹੈ ਅਤੇ ਇਸ ਕਰਕੇ ਇਹ ਇਕ ਮਸ਼ਹੂਰ ਸੈਰਗਾਹ ਵੀ ਹੈ।

ਆਬਾਦੀ—2,88,331 (1991)

19° 32′ ਉ. ਵਿਥ.; 96° 55′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 504; ਵੈ. ਜਗ. ਡਿ.

**ਜ਼ਾਂਲੀਸ** (Genlis, Stephanie Felicite Du Crest De Saint Aubin) : ਵਿੱਦਿਅਕ ਕਿਤਾਬਾਂ, ਨਾਟਕਾਂ, ਨਾਵਲਾਂ ਅਤੇ ਇਤਿਹਾਸ ਦੀ ਇਸ ਬਹੁਤ ਹੀ ਸਫ਼ਲ ਫਰਾਂਸੀਸੀ ਲੇਖਿਕਾ ਦਾ ਜਨਮ ਔਤੂੰ ਦੇ ਨੇੜੇ ਚਾਂਪਸੈਰੀ ਵਿਖੇ ਜਨਵਰੀ, 1746 ਵਿਚ ਹੋਇਆ। ਸੰਨ 1756 ਵਿਚ ਇਹ ਪੈਰਿਸ ਜਾ ਕੇ ਵਸ ਗਈ। ਇਹ ਬਹੁਤ ਹੀ ਖ਼ੂਬਸੂਰਤ, ਸਿਆਣੀ, ਹਸਮੁੱਖ ਅਤੇ ਸੁਹਿਰਦ ਸੀ ਅਤੇ ਝੱਟ ਹੀ ਸਾਹਿਤਕ ਜੀਵਨ ਦਾ ਕੇਂਦਰ ਬਣ ਗਈ। ਇਹ ਰੂਸੋ, ਟੈਲੀਰੈਂਡ ਅਤੇ ਸ਼ਾਟੋਬ੍ਰੀਆਂ ਦੀ ਦੋਸਤ ਸੀ। ਨਪੋਲੀਅਨ ਇਸ ਨੂੰ 'ਜਾਦੂਗਰਨੀ' ਕਹਿੰਦਾ ਹੁੰਦਾ ਸੀ। 16 ਸਾਲ ਦੀ ਉਮਰ ਵਿਚ ਇਸ ਨੇ ਵਿਆਹ ਕਰਵਾ ਲਿਆ ਅਤੇ ਦੋਹਾਂ ਨੇ ਸ਼ਾਰਤ (ਮਗਰੋਂ ਔਰਲੀਆਂ) ਦੇ ਡਿਊਕ ਅਤੇ ਡਚੈੱਸ ਦੀ ਨੌਕਰੀ ਕਰ ਲਈ। 12 ਸਾਲ ਇਹ ਉਨ੍ਹਾਂ ਦੇ ਬੱਚਿਆਂ ਦੀ ਗਵਰਨੈਸ ਰਹੀ ਅਤੇ ਪਰਿਵਾਰ ਵਿਚ ਬੜੀ ਸਤਿਕਾਰੀ ਜਾਂਦੀ ਸੀ। ਚੋਰੀ ਛਿਪੇ ਇਹ ਡਿਊਕ ਦੀ ਰਖੇਲ ਅਤੇ ਜੀਵਨ ਭਰ ਉਸ ਦੀ ਦੋਸਤ ਰਹੀ।

ਇਸ ਦੀਆਂ ਵਿਦਿਅਕ ਵਿਧੀਆਂ ਅਗਾਂਹ-ਵਧੂ ਸਨ। ਇਸਨੇ ਸਿੱਖਿਆ ਨੂੰ ਨਾਟਕਾਂ, ਪ੍ਰਦਰਸ਼ਨ ਅਤੇ ਸਰੀਰਕ ਕਸਰਤ ਦੀ ਮਦਦ ਨਾਲ ਸੁਖਾਲਾ ਬਣਾ ਦਿੱਤਾ। ਇਸ ਨੇ ਫ਼ਰਾਂਸੀਸੀ ਇਨਕਲਾਬ ਦਾ ਸਵਾਗਤ ਕੀਤਾ, ਪਰ ਇਸ ਨੂੰ ਦੇਸ਼ ਵਿਚੋਂ ਭੱਜਣਾ ਪਿਆ। ਸੰਨ 1783 ਵਿਚ ਜਦੋਂ ਇਸ ਦੇ ਪਤੀ ਅਤੇ ਪ੍ਰੇਮੀ ਦੋਹਾਂ ਨੂੰ ਫ਼ਾਂਸੀ ਦਿੱਤੀ ਗਈ, ਉਦੋਂ ਇਹ ਸਵਿਟਜ਼ਰਲੈਂਡ ਵਿਚ ਰਹਿੰਦੀ ਸੀ। ਬਾਅਦ ਵਿਚ ਜਰਮਨੀ ਚਲੀ ਗਈ ਸੀ। ਸੰਨ 1802 ਵਿਚ ਨਪੋਲੀਅਨ ਦੇ ਸਮੇਂ ਫ਼ਰਾਂਸ ਆ ਗਈ, ਇਸ ਨੂੰ ਪੈਨਸ਼ਨ ਲਾ ਦਿੱਤੀ ਗਈ ਅਤੇ ਇਸ ਨੇ ਆਪਣੀ ਸਾਹਿਤਕ ਪ੍ਰਸਿੱਧੀ ਨੂੰ ਮੁੜ ਤੋਂ ਕਾਇਮ ਕਰ ਲਿਆ। ਸੰਨ 1830 ਵਿਚ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 10: 104

**ਜਾੱਲੀ ਬੈਲੰਸ** : ਇਹ ਉਹ ਯੰਤਰ ਹੈ, ਜਿਸ ਦੁਆਰਾ ਠੋਸਾਂ ਅਤੇ ਤਰਲਾਂ ਦੀ ਵਿਸ਼ਿਸ਼ਟ ਘਣਤਾ (ਸਾਪੇਖੀ ਘਣਤਾ) ਦਾ ਪਤਾ ਲਾਇਆ ਜਾਂਦਾ ਹੈ। ਜਾੱਲੀ ਬੈਲੰਸ ਵਿਚ ਇਕ ਲੰਬੀ, ਪਤਲੀ ਕੁੰਡਲਨੀ ਕਮਾਣੀ



ਜਾੱਲੀ ਬੈਲੰਸ

ਹੁੰਦੀ ਹੈ ਜਿਸ ਦਾ ਇਕ ਸਿਰਾ ਇਕ ਇਕਸਾਰ ਅੰਕਿਤ ਪੈਮਾਨੇ ਦੇ ਸਾਹਮਣੇ ਲਟਕਦਾ ਹੈ। ਕਮਾਣੀ ਦੇ ਹੇਠਲੇ ਸਿਰੇ ਨਾਲ ਇਕ ਵੱਟਿਆਂ ਵਾਲਾ ਪਲੜਾ ਲੱਗਾ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਥੱਲੇ ਵੱਲ ਤਾਰ ਦੀ ਬਣੀ ਇਕ ਟੋਕਰੀ ਹੁੰਦੀ ਹੈ ਜਿਸ ਵਿਚ ਉਹ ਵਸਤੂ ਪਾਈ ਜਾਂਦੀ ਹੈ, ਜਿਸ ਦੀ ਵਿਸ਼ਿਸ਼ਟ ਘਣਤਾ ਕੱਢਣੀ ਹੋਵੇ। ਜਦੋਂ ਵਸਤੂ ਨੂੰ ਕ੍ਰਮਵਾਰ ਹਵਾ ਅਤੇ ਪਾਣੀ ਵਿਚ ਡੁਬੋਇਆ ਜਾਂਦਾ ਹੈ ਤਾਂ ਕਮਾਣੀ ਦੇ ਵਾਧੇ ਵਿਚ ਅੰਤਰ ਆ ਜਾਂਦਾ ਹੈ। ਹੁੱਕ ਦੇ ਲਚਕਤਾ ਨਿਯਮ ਅਨੁਸਾਰ ਕਮਾਣੀ ਵਿਚ ਵਿਕਾਰ, ਉਸ ਉੱਤੇ ਲੱਗ ਰਹੇ ਪ੍ਰਤਿਬਲ ਦੇ ਸਮ-ਅਨੁਪਾਤੀ ਹੁੰਦਾ ਹੈ। ਇਸ ਤਰ੍ਹਾਂ ਵਸਤੂ ਦੇ ਭਾਰ ਵਿਚ ਪਾਣੀ ਵਿਚ ਡੁਬੋਣ ਨਾਲ ਆਈ ਕਮੀ ਕਮਾਣੀ ਉੱਤੇ ਲੱਗ ਰਹੇ ਪ੍ਰਤਿਬਲ ਘਟਾ ਦਿੰਦੀ ਹੈ। ਇਸ ਲਈ ਕਮਾਣੀ ਦੀਆਂ ਦੋਵੇਂ ਪੜ੍ਹਤਾਂ ਵਿਚਲੇ ਅੰਤਰ ਤੋਂ ਵਿਸ਼ਿਸ਼ਟ ਘਣਤਾ ਪਤਾ ਕੀਤੀ ਜਾ ਸਕਦੀ ਹੈ, ਕਿਉਂਕਿ ਆਰਕੀਮਿਡੀਜ਼ ਦੇ ਨਿਯਮ ਅਨੁਸਾਰ

$$\text{ਵਿਸ਼ਿਸ਼ਟ ਘਣਤਾ} = \frac{\text{ਠੋਸ ਦਾ ਹਵਾ ਵਿਚ ਭਾਰ}}{\text{ਪਾਣੀ ਵਿਚ ਠੋਸ ਦੇ ਭਾਰ ਵਿਚ ਆਈ ਕਮੀ}}$$

ਇਹ ਵਿਸ਼ਿਸ਼ਟ ਘਣਤਾ ਕਮਰੇ ਦੇ ਤਾਪਮਾਨ ਤੇ ਪਾਣੀ ਦੀ ਸਾਪੇਖੀ ਵਿਸ਼ਿਸ਼ਟ ਘਣਤਾ ਹੈ। ਕਿਸੇ ਤਰਲ ਦੀ ਵਿਸ਼ਿਸ਼ਟ ਘਣਤਾ ਪਤਾ ਕਰਨ ਲਈ ਇਹੋ ਹੀ ਢੰਗ ਵਰਤਿਆ ਜਾਂਦਾ ਹੈ, ਅੰਤਰ ਕੇਵਲ ਇੰਨਾ ਹੈ ਕਿ ਕਿਸੇ ਵੀ ਠੋਸ ਨਾਲ ਪਾਣੀ ਵਿਚ ਉਸ ਦੇ ਭਾਰ ਦੀ ਕਮੀ ਅਤੇ ਲੋੜੀਂਦੇ ਤਰਲ ਵਿਚ ਠੋਸ ਦੇ ਭਾਰ ਵਿਚ ਕਮੀ ਦੁਆਰਾ ਕੱਢੀ ਜਾ ਸਕਦੀ ਹੈ। ਠੋਸ ਅਜਿਹਾ ਹੋਣਾ ਚਾਹੀਦਾ ਹੈ ਕਿ ਇਹ ਪਾਣੀ ਅਤੇ ਤਰਲ ਦੋਹਾਂ ਵਿਚੋਂ ਕਿਸੇ ਨਾਲ ਵੀ ਕਿਰਿਆ ਨਾ ਕਰੇ।

ਤਰਲ ਦੀ ਵਿਸ਼ਿਸ਼ਟ ਘਣਤਾ ਇਸ ਫ਼ਾਰਮੂਲੇ ਤੋਂ ਪਤਾ ਲਗਾਈ ਜਾ ਸਕਦੀ ਹੈ:

$$\text{ਵਿਸ਼ਿਸ਼ਟ ਘਣਤਾ (ਤਰਲ)} = \frac{\text{ਤਰਲ ਵਿਚ ਆਈ ਠੋਸ ਦੇ ਭਾਰ ਵਿਚ ਕਮੀ}}{\text{ਪਾਣੀ ਵਿਚ ਆਈ ਠੋਸ ਦੇ ਭਾਰ ਵਿਚ ਕਮੀ}}$$

ਹ. ਪੁ. -ਐਨ. ਬ੍ਰਿ. 13: 68 ; ਹਿੰ. ਵਿ. ਕੋ. 4: 489

**ਜਾਲੌਰ** : ਜ਼ਿਲ੍ਹਾ—ਭਾਰਤ ਦੇ ਰਾਜਸਥਾਨ ਰਾਜ ਦਾ ਇਕ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 10,640 ਵ. ਕਿ. ਮੀ. ਅਤੇ ਆਬਾਦੀ 11,42,563 (1991) ਹੈ। ਇਸ ਦੀ ਰਾਜਧਾਨੀ ਇਸੇ ਨਾਂ ਦਾ ਸ਼ਹਿਰ ਹੈ। ਜਾਲੌਰ ਰਾਜ ਦੀਆਂ ਹੱਦਾਂ ਉੱਤਰ ਪੂਰਬ ਵਿਚ ਪਾਲੀ, ਉੱਤਰ-ਪੱਛਮ ਵਿਚ ਬਰਮੇੜ ਅਤੇ ਦੱਖਣ-ਪੂਰਬ ਵਿਚ ਸਿਰੋਹੀ ਰਾਜਾਂ ਨਾਲ ਲਗਦੀਆਂ ਹਨ। ਦੱਖਣ ਵਿਚ ਗੁਜਰਾਤ ਰਾਜ ਦੀ ਹੱਦ ਲਗਦੀ ਹੈ।

ਧਰਾਤਲ ਪੱਖੋਂ ਇਹ ਮਾਰੂਥਲੀ ਰੇਤਲਾ ਜਿਹਾ ਇਲਾਕਾ ਹੈ। ਰਾਜ ਦਾ ਪੂਰਬੀ ਹਿੱਸਾ ਅਰਾਵਲੀ ਦੀਆਂ ਇੱਕਾ ਦੁੱਕਾ ਪਹਾੜੀਆਂ ਨੇ ਰੋਕਿਆ ਹੋਇਆ ਹੈ। ਭੂਗੋਲਿਕ ਤੌਰ ਤੇ ਇਹ ਘੱਟ ਰੇਤਲੇ ਖ਼ੁਸ਼ਕ ਮਾਰੂਥਲੀ ਖੰਡ ਵਿਚ ਪੈਂਦਾ ਹੈ। ਇਸੇ ਕਰਕੇ ਇਸ ਦੀ ਜਲਵਾਯੂ ਵੀ ਖ਼ੁਸ਼ਕ ਜਿਹੀ ਹੈ। ਗਰਮੀਆਂ ਵਿਚ ਗਰਮੀ ਵਧੇਰੇ ਪੈਂਦੀ ਹੈ ਅਤੇ ਲੂ ਚਲਦੀ ਹੈ। ਜ਼ਿਲ੍ਹੇ ਦੇ ਪੂਰਬੀ ਹਿੱਸੇ ਵਿਚ ਸਾਲ ਵਿਚ ਵਰਖਾ 50 ਸੈਂ. ਮੀ. ਅਤੇ ਪੱਛਮੀ ਹਿੱਸੇ ਵਿਚ 25 ਸੈਂ. ਮੀ. ਹੀ ਹੁੰਦੀ ਹੈ। ਲੂਨੀ ਅਤੇ ਇਸ ਦੀਆਂ ਸਹਾਇਕ ਨਦੀਆਂ ਜ਼ਿਲ੍ਹੇ ਦਾ ਜਲ ਨਿਕਾਸ ਕਰਦੀਆਂ ਹਨ।

ਜ਼ਿਲ੍ਹੇ ਵਿਚ ਵਰਖਾ ਦੀ ਘਾਟ ਨੂੰ ਪੂਰਾ ਕਰਨ ਲਈ ਬੰਬੀਆਂ ਨਾਲ ਭੂਮੀ ਦੀ ਸਿੰਜਾਈ ਕੀਤੀ ਜਾਂਦੀ ਹੈ। ਸਿੰਜੀ ਹੋਈ ਭੂਮੀ ਵਿਚ ਬਾਜਰਾ, ਤਿਲਹਨ, ਮੋਟੇ ਅਨਾਜ ਆਦਿ ਫ਼ਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ। ਜ਼ਿਲ੍ਹੇ ਵਿਚੋਂ ਸੰਗਮਰਮਰ ਵੀ ਕੱਢਿਆ ਜਾਂਦਾ ਹੈ। ਸੱਨਅਤਾਂ ਦੀ ਤਾਂ ਇਥੇ ਘਾਟ ਹੀ ਹੈ। ਇਥੋਂ ਦੇ ਜਾਲੌਰ ਸ਼ਹਿਰ ਵਿਚ ਕੱਪੜਾ ਅਤੇ ਭਾਂਡੇ ਆਦਿ ਬਣਾਉਣ ਦਾ ਕੰਮ ਹੁੰਦਾ ਹੈ। ਜ਼ਿਲ੍ਹੇ ਵਿਚ ਆਵਾਜਾਈ ਲਈ ਰੇਲਾਂ ਦੀ ਸਹੂਲਤ ਵੀ ਹੈ।

ਜ਼ਿਲ੍ਹੇ ਦਾ ਇਤਿਹਾਸ ਜੋਧਪੁਰ ਰਿਆਸਤ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਭਾਰਤ ਦੀ ਆਜ਼ਾਦੀ ਤੋਂ ਪਹਿਲੋਂ ਇਹ ਜੋਧਪੁਰ ਰਿਆਸਤ ਵਿਚ ਸ਼ਾਮਲ ਹੁੰਦਾ ਸੀ। ਰਾਜਪੂਤਾਨੇ ਦੇ ਪਾਰਮਾਰ ਰਾਜੇ ਇਥੇ ਰਾਜ ਕਰਦੇ ਸਨ ਜਿਨ੍ਹਾਂ ਨੇ ਜਾਲੌਰ ਸ਼ਹਿਰ ਵਿਚ ਪਹਾੜੀ ਉੱਤੇ ਇਕ ਕਿਲਾ ਬਣਵਾਇਆ ਸੀ ਜਿਹੜਾ ਰਾਜਪੂਤਾਨੇ ਵਿਚ ਪ੍ਰਸਿੱਧ ਸੀ। 12 ਵੀਂ ਸਦੀ ਤੱਕ ਇਥੇ ਪਰਮਾਰਾਂ ਦਾ ਰਾਜ ਰਿਹਾ। ਸੰਨ 1310 ਵਿਚ ਇਹ ਮੁਸਲਮਾਨ ਬਾਦਸ਼ਾਹ ਅਲਾਉਦੀਨ ਖਿਲਜੀ ਦੇ ਕਬਜ਼ੇ ਵਿਚ ਆ ਗਿਆ।

ਹ. ਪੁ. -ਐਨ. ਬ੍ਰਿ. ਮਾ. 5: 505

**ਜਾਲੌਰ** : ਸ਼ਹਿਰ—ਰਾਜਸਥਾਨ ਰਾਜ (ਭਾਰਤ) ਦੇ ਦੱਖਣ-ਪੂਰਬੀ ਹਿੱਸੇ ਵਿਚ ਜਾਲੌਰ ਰਾਜ ਦਾ ਪੁਰਾਣਾ ਜਿਹਾ ਕਿਲੇ ਵਾਲਾ ਸ਼ਹਿਰ ਹੈ। ਇਹ ਜੋਧਪੁਰ ਸ਼ਹਿਰ ਤੋਂ 120 ਕਿ. ਮੀ. ਦੂਰ ਦੱਖਣ ਵੱਲ ਇਕ ਪਹਾੜੀ ਉਪਰ ਸਥਿਤ ਹੈ। ਇਹ ਰਾਜਪੂਤਾਨੇ ਦੇ ਪਰਮਾਰਾਂ ਰਾਜਪੂਤਾਂ ਨੇ ਬਣਵਾਇਆ ਸੀ। ਇਹ ਚੰਗੀ ਹਾਲਤ ਵਿਚ ਹੈ। ਕਿਲੇ ਦੀ ਲੰਬਾਈ 800 ਗਜ਼ ਅਤੇ ਚੌੜਾਈ 400 ਗਜ਼ ਹੈ। ਇਸ ਵਿਚ 458 ਕਿ. ਮੀ. ਲੰਬੀ ਸਿੱਧੀ ਜਿਹੀ ਪਟੜੀ ਰਾਹੀਂ ਜਾਇਆ ਜਾ ਸਕਦਾ ਹੈ। ਪਰਮਾਰਾਂ ਰਾਜਪੂਤਾਂ ਨੇ ਵੱਡੇ ਵੱਡੇ ਪੱਥਰਾਂ ਨਾਲ ਕਿਲੇ ਦੀ ਉਸਾਰੀ ਕਰਵਾਈ ਸੀ। 12 ਵੀਂ ਸਦੀ ਵਿਚ ਚੌਹਾਨ ਰਾਓ ਕਿਰਥੀਪਾਲ ਦੇ ਹੇਠ ਆਉਣ ਤੱਕ ਕਿਲੇ ਉਪਰ ਪਰਮਾਰਾਂ ਦਾ ਹੀ ਕਬਜ਼ਾ ਰਿਹਾ। ਚੌਹਾਨ ਰਾਓ ਨੇ ਇਸਨੂੰ ਆਪਣੀ ਰਾਜਧਾਨੀ ਵੀ ਬਣਾਇਆ। ਇਸ ਦੇ ਪੋਤੇ ਉਦੈ ਸਿੰਘ ਨੇ 1210 ਵਿਚ ਇਹ ਕਿਲਾ ਸਮਸਉਦੀਨ ਅਲਤਮਸ਼ ਨੂੰ ਸਮਰਪਣ ਕਰ ਦਿੱਤਾ। ਇਸ ਤੋਂ 100 ਸਾਲ ਪਿੱਛੋਂ ਅਲਾਉਦੀਨ ਖਿਲਜੀ ਨੇ ਇਹ ਕਿਲਾ ਕਾਨਾਰਦਿਓ ਚੌਹਾਨ ਤੋਂ ਖੋਹ ਲਿਆ। ਉਸਨੇ ਇਥੇ ਗੁੰਬਦਾਂ ਵਾਲੀ ਮਸਜਿਦ ਵੀ ਬਣਵਾਈ। ਸੰਨ 1540 ਵਿਚ ਕਿਲਾ ਅਤੇ ਸ਼ਹਿਰ ਦੋਨਾਂ ਉਪਰ ਜੋਧਪੁਰ ਦੇ ਰਾਜਾ ਮਾਲ ਦਿਓ ਦਾ ਕਬਜ਼ਾ ਹੋ ਗਿਆ।

ਅੱਜਕੱਲ੍ਹ ਇਥੇ ਕੱਪੜਾ, ਭਾਂਡੇ, ਕਾਠੀਆਂ ਆਦਿ ਬਣਾਉਣ ਦਾ ਕੰਮ ਹੁੰਦਾ ਹੈ। ਸ਼ਹਿਰ ਵਿਚ ਆਮ ਸਹੂਲਤਾਂ ਵੀ ਮੁਹੱਈਆ ਹਨ। ਇਥੇ ਰਾਜਸਥਾਨ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਵੀ ਹੈ।

ਆਬਾਦੀ—33,650 (1991)

25° 21′ ਉ. ਵਿਥ.; 71° 37′ ਪੂ. ਲੰਬ

ਹ. ਪੁ. -ਇੰਪ. ਗ. ਇੰਡ. 14: 29

**ਜਾਵਦ** : ਮੱਧ ਪ੍ਰਦੇਸ਼ ਰਾਜ (ਭਾਰਤ) ਦੇ ਮੰਦਸੌਰ ਜ਼ਿਲ੍ਹੇ ਵਿਚ ਇਹ ਪ੍ਰਾਚੀਨ ਸ਼ਹਿਰ ਹੈ ਜਿਹੜਾ ਸਮੁੰਦਰ ਤਲ ਤੋਂ 687 ਕਿ. ਮੀ. ਦੀ ਉਚਾਈ ਉਪਰ ਸਥਿਤ ਹੈ। ਸ਼ਹਿਰ ਦੀ ਸਥਾਪਨਾ ਲਗਭਗ 500 ਸਾਲ ਪਹਿਲਾਂ ਕੀਤੀ ਗਈ ਸੀ। ਇਹ ਮੇਵਾੜ ਦੇ ਸਰਦਾਰਾਂ ਦਾ ਸ਼ਹਿਰ ਹੁੰਦਾ ਸੀ। ਸ਼ਹਿਰ ਦੇ ਆਲੇ-ਦੁਆਲੇ ਦੀ ਦੀਵਾਰ ਵੀ ਰਾਣਾ ਸੰਗਰਾਮ ਸਿੰਘ ਅਤੇ ਉਸਦੇ ਉਤਰਾਧਿਕਾਰੀ ਜਗਤ ਸਿੰਘ ਦੇ ਰਾਜ ਕਾਲ ਦੌਰਾਨ ਬਣਾਈ ਗਈ ਸੀ। ਪਿੰਡਾਰੀ ਯੁੱਧ (1818) ਦੌਰਾਨ ਸਿੰਧੀਆ ਦੇ ਇਕ ਅਫ਼ਸਰ ਜਸਵੰਤ ਰਾਓ ਨੇ ਪਿੰਡਾਰੀ ਨੇਤਾਵਾਂ ਚਿੱਤੂ ਅਤੇ ਫਜ਼ਲ ਖ਼ਾਨ ਦਾ ਸਾਥ ਦਿੱਤਾ। ਇਸ ਮਗਰੋਂ 1819 ਵਿਚ ਸ਼ਹਿਰ ਉਤੇ ਹਮਲਾ ਹੋਇਆ ਤੇ ਜਨਰਲ ਬ੍ਰਾਊਨ ਨੇ ਇਸ ਉੱਤੇ ਕਬਜ਼ਾ ਕਰ ਲਿਆ ਪਰ ਫਿਰ ਇਹ ਸਿੰਧੀਆ ਨੂੰ ਸੌਂਪ ਦਿੱਤਾ ਗਿਆ। ਪਿੱਛੋਂ 1844 ਵਿਚ ਗਵਾਲੀਅਰ ਦੀ ਫ਼ੌਜ ਨਾਲ ਸਬੰਧਤ ਜ਼ਿਲ੍ਹਿਆਂ ਵਿਚ ਮਿਲਾ ਲਿਆ ਗਿਆ ਪਰ 1960 ਵਿਚ ਇਹ ਦੁਬਾਰਾ ਸਿੰਧੀਆ ਕੋਲ ਆ ਗਿਆ। ਇਸ ਸ਼ਹਿਰ ਦੀ ਵਪਾਰਕ ਮਹੱਤਤਾ ਵੀ ਰਹੀ ਹੈ। ਇਥੇ ਅਨਾਜ ਅਤੇ ਕੱਪੜੇ ਦਾ ਵਪਾਰ ਵੀ ਹੁੰਦਾ ਰਿਹਾ ਹੈ। ਇਹ ਕੱਪੜੇ ਦੀ ਰੰਗਾਈ ਵਾਸਤੇ ਵੀ ਮਸ਼ਹੂਰ ਹੁੰਦਾ ਸੀ ਪਰ ਪਿੱਛੋਂ ਯੂਰਪੀਅਨ ਢੰਗ ਨਾਲ ਕੱਪੜਾ ਰੰਗਣ ਦੇ ਤਰੀਕੇ ਨਿਕਲਣ ਕਰਕੇ ਇਥੋਂ ਦਾ ਇਹ ਕੰਮ ਪਹਿਲੋਂ ਨਾਲੋਂ ਘਟ ਗਿਆ। ਸ਼ਹਿਰ ਵਿਚ ਸਕੂਲ, ਹਸਪਤਾਲ ਅਤੇ ਹੋਰ ਸਹੂਲਤਾਂ ਵੀ ਉਪਲਬਧ ਹਨ।

ਆਬਾਦੀ—14,228 (1991)

24° 36′ ਉ. ਵਿਥ.; 74° 52′ ਪੂ. ਲੰਬ.

ਹ. ਪੁ. -ਇੰਪ. ਗ. ਇੰਡ 14: 83

**ਜਾਵਾ** : ਇੰਡੋਨੇਸ਼ੀਆ ਗਣਰਾਜ ਦਾ ਚੌਥਾ ਵੱਡਾ ਟਾਪੂ ਹੈ ਜਿਹੜਾ ਮਲਾਇਆ ਦੇ ਦੱਖਣ ਵਿਚ ਸਮਾਟਰਾ ਦੇ ਪੂਰਬ ਵੱਲ ਅਤੇ ਬਾਲੀ ਦੇ ਪੱਛਮ ਵਿਚ ਸਥਿਤ ਹੈ। ਇਸ ਦਾ ਖੇਤਰਫ਼ਲ ਮਦੁਰਾ ਟਾਪੂ ਸਮੇਤ 130,987 ਵ. ਕਿ. ਮੀ. ਅਤੇ ਆਬਾਦੀ 10,75,13,798 (1989) ਹੈ। ਆਰਥਕ ਅਤੇ ਰਾਜਨੀਤਿਕ ਪੱਖੋਂ ਦੇਸ਼ ਦਾ ਮਹੱਤਵਪੂਰਨ ਟਾਪੂ ਹੈ। ਇਸ ਦੀ ਰਾਜਧਾਨੀ ਜਕਾਰਤਾ ਹੈ ਜਿਸ ਨੂੰ ਪਹਿਲੋਂ ਬਾਟੇਵੀਆ ਕਹਿੰਦੇ ਸਨ।

ਭੂ-ਆਕ੍ਰਿਤੀ ਵਿਗਿਆਨ

ਜਾਵਾ ਟਾਪੂ ਦੀ ਪੂਰਬ ਤੋਂ ਪੱਛਮ ਵੱਲ ਲੰਬਾਈ 1040 ਕਿ. ਮੀ. ਅਤੇ ਉੱਤਰ ਤੋਂ ਦੱਖਣ ਵੱਲ ਚੌੜਾਈ 200 ਕਿ. ਮੀ. ਦੇ ਲਗਭਗ ਹੈ।

ਆਲੇ ਦੁਆਲਿਓਂ ਇਹ ਹਿੰਦ ਮਹਾਂਸਾਗਰ, ਜਾਵਾ ਸਾਗਰ, ਬਾਲੀ ਅਤੇ ਸੁੰਡਾ ਜਲ-ਡਮਰੂਆਂ ਨਾਲ ਘਿਰਿਆ ਹੋਇਆ ਹੈ।

ਟਾਪੂ ਨੂੰ ਭੂਗੋਲਿਕ ਤੌਰ ਤੇ ਭਿੰਨ-ਭਿੰਨ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ ਮੱਧ ਵਿਚ ਪੂਰਬ ਤੋਂ ਪੱਛਮ ਵੱਲ ਨੂੰ ਫੈਲੀ ਹੋਈ ਪਰਬਤੀ ਲੜੀ ਹੈ ਜਿਹੜੀ ਟਾਪੂ ਨੂੰ ਉੱਤਰੀ ਅਤੇ ਦੱਖਣੀ ਦੋ ਹਿੱਸਿਆਂ ਵਿਚ ਵੰਡਦੀ ਹੈ। ਪੱਛਮੀ ਹਿੱਸੇ ਵਿਚ ਇਹ ਪਰਬਤੀ ਲੜੀ ਦੱਖਣ ਵੱਲ ਹੋ ਜਾਂਦੀ ਹੈ ਤੇ ਇਥੇ ਦੀ ਢਲਾਣ ਤਿੱਖੀ ਹੋ ਜਾਂਦੀ ਹੈ। ਇਸ ਕਰਕੇ ਇਸ ਹਿੱਸੇ ਵਿਚ ਕੁਦਰਤੀ ਬੰਦਰਗਾਹਾਂ ਨਹੀਂ ਬਣ ਸਕੀਆਂ। ਉੱਤਰ ਵੱਲ ਇਨ੍ਹਾਂ ਪਰਬਤਾਂ ਦੀ ਢਲਾਣ ਘੱਟ ਹੈ ਅਤੇ ਧਰਾਤਲ ਮੈਦਾਨੀ ਜਿਹੀ ਜਾਪਦੀ ਹੈ। ਇਸ ਪਾਸੇ ਦਾ ਮੈਦਾਨ ਦੱਖਣ ਨਾਲੋਂ ਵੱਡਾ ਹੈ। ਪੂਰਬੀ ਹਿੱਸੇ ਵਿਚ ਚਟਾਨਾਂ ਰੇਤ, ਪੱਥਰ ਅਤੇ ਚੂਨੇ ਵਾਲੀਆਂ ਹਨ ਅਤੇ ਕਈ ਘਾਟੀਆਂ ਪਾਈਆਂ ਜਾਂਦੀਆਂ ਹਨ। ਇਥੇ 125 ਜਵਾਲਾ-ਮੁਖੀ ਪਹਾੜ ਹਨ ਜਿਨ੍ਹਾਂ ਵਿਚੋਂ 27 ਕਿਰਿਆਸ਼ੀਲ ਹਨ ਅਤੇ ਇਨ੍ਹਾਂ ਵਿਚੋਂ ਲਾਵਾ ਨਿਕਲਦਾ ਰਹਿੰਦਾ ਹੈ। ਪਰਬਤੀ ਚੋਟੀਆਂ ਦੀ ਆਮ ਉਚਾਈ ਲਗਭਗ 2400 ਮੀ. ਤੱਕ ਹੈ। ਇਨ੍ਹਾਂ ਦੀ ਸਭ ਤੋਂ ਉੱਚੀ ਚੋਟੀ ਸੈਮੂਰ ਹੈ ਜਿਸ ਦੀ ਉਚਾਈ 3, 676 ਮੀ. ਹੈ।

**ਜਲ ਪ੍ਰਵਾਹ**—ਜਾਵਾ ਟਾਪੂ ਦੀਆਂ ਨਦੀਆਂ ਦਾ ਪ੍ਰਵਾਹ ਉੱਤਰ ਜਾਂ ਦੱਖਣ ਦੀ ਦਿਸ਼ਾ ਵਿਚ ਹੈ। ਉੱਤਰ ਵੱਲ ਵਹਿਣ ਵਾਲੀਆਂ ਨਦੀਆਂ ਲੰਬੀਆਂ ਅਤੇ ਜਹਾਜ਼ਰਾਨੀ ਯੋਗ ਹਨ। ਹਿੰਦ ਮਹਾਂਸਾਗਰ ਵਿਚ ਡਿਗਣ ਵਾਲੀਆਂ ਨਦੀਆਂ ਛੋਟੀਆਂ ਅਤੇ ਤੇਜ਼ ਵਹਾਓ ਵਾਲੀਆਂ ਹਨ। ਟਾਪੂ ਦਾ ਸਭ ਤੋਂ ਵੱਡਾ ਦਰਿਆ ਸੋਲੋ ਹੈ। ਇਸ ਤੋਂ ਇਲਾਵਾ ਬ੍ਰੈਂਟਸ ਅਤੇ ਜੀਲੀਵੰਗਾ ਹੋਰ ਨਦੀਆਂ ਹਨ। ਜਹਾਜ਼ਰਾਨੀ ਲਈ ਤਾਂ ਇਹ ਦਰਿਆ ਬਹੁਤ ਲਾਹੇਵੰਦ ਨਹੀਂ ਹਨ ਪਰ ਸਿੰਜਾਈ ਲਈ ਇਨ੍ਹਾਂ ਦਾ ਪਾਣੀ ਆਮ ਵਰਤਿਆ ਜਾਂਦਾ ਹੈ।

**ਜਲਵਾਯੂ**—ਜਾਵਾ ਭਾਵੇਂ ਉਸ਼ਨ ਖੰਡ ਵਿਚ ਸਥਿਤ ਹੈ ਪਰ ਇਸ ਦੀ ਜਲਵਾਯੂ ਉਪਰ ਮੌਸਮੀ ਹਵਾਵਾਂ ਅਤੇ ਸਮੁੰਦਰ ਦਾ ਪ੍ਰਭਾਵ ਬਹੁਤ ਪੈਂਦਾ ਹੈ। ਇਥੇ ਦੋ ਹੀ ਮੌਸਮ ਹੁੰਦੇ ਹਨ। ਅਪ੍ਰੈਲ ਤੋਂ ਅਕਤੂਬਰ ਤੱਕ ਦਾ ਖੁਸ਼ਕ ਮੌਸਮ ਅਤੇ ਨਵੰਬਰ ਤੋਂ ਮਾਰਚ ਤੱਕ ਬਰਸਾਤੀ ਮੌਸਮ। ਵਰਖਾ ਉੱਤਰੀ-ਪੱਛਮੀ ਹਵਾਵਾਂ ਨਾਲ ਹੁੰਦੀ ਹੈ। ਔਸਤ ਸਾਲਾਨਾ ਵਰਖਾ 2000 ਮਿ. ਮੀ. ਦੇ ਲਗਭਗ ਹੈ। ਜਕਾਰਤਾ ਵਿਚ ਸਾਲ ਵਿਚ 1760 ਮਿ. ਮੀ. ਵਰਖਾ ਹੁੰਦੀ ਹੈ।

ਜਕਾਰਤਾ ਵਿਚ ਵੱਧ ਤੋਂ ਵੱਧ ਤਾਪਮਾਨ 36° ਸੈਂ. ਹੈ ਅਤੇ ਘੱਟ ਤੋਂ ਘੱਟ 19° ਸੈਂ. ਹੈ।

**ਬਨਸਪਤੀ ਅਤੇ ਜੀਵ-ਜੰਤੂ**—ਇਥੋਂ ਦੀ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਕਿਸਮਾਂ ਤੋਂ ਇਸ ਦੇ ਕਿਸੇ ਸਮੇਂ ਏਸ਼ੀਆ ਅਤੇ ਆਸਟ੍ਰੇਲੀਆ ਨਾਲ ਜੁੜੇ ਹੋਣ ਬਾਰੇ ਵੀ ਖ਼ਿਆਲ ਕੀਤਾ ਜਾਂਦਾ ਹੈ। ਇਥੇ ਆਸਟ੍ਰੇਲੀਆ ਅਤੇ ਏਸ਼ੀਆ ਦੀ ਬਨਸਪਤੀ ਨਾਲ ਮਿਲਦੀ ਜੁਲਦੀ ਬਨਸਪਤੀ ਮਿਲਦੀ ਹੈ। ਪੌਦਿਆਂ ਦੀਆਂ 5000 ਕਿਸਮਾਂ ਪਾਈਆਂ ਜਾਂਦੀਆਂ ਹਨ। ਕੇਲਾ, ਅੰਬ ਅਤੇ ਹੋਰ ਏਸ਼ਿਆਈ ਕਿਸਮਾਂ ਦੇ ਫ਼ਲ ਵੀ ਮਿਲਦੇ ਹਨ।

ਇਥੇ ਜਾਨਵਰਾਂ ਦੀਆਂ ਵੀ ਅਨੇਕਾਂ ਹੀ ਕਿਸਮਾਂ ਹਨ। ਇਥੇ ਕਈ ਕਿਸਮਾਂ ਦੇ ਪੰਛੀ, ਕੱਛੂਕੰਮੇ, 100 ਕਿਸਮਾਂ ਦੇ ਸੱਪ, 500 ਕਿਸਮਾਂ ਦੀਆਂ ਤਿੱਤਲੀਆਂ ਅਤੇ ਕਈ ਤਰ੍ਹਾਂ ਦੇ ਕੀੜੇ, ਮਕੌੜੇ ਮਿਲਦੇ ਹਨ। ਵੱਡੇ ਜਾਨਵਰਾਂ ਵਿਚ ਗੈਂਡਾ, ਹਿਰਨ, ਜੰਗਲੀ ਸੂਰ, ਬੈਲ, ਘੋੜੇ, ਲੰਗੂਰ ਭੇਡਾਂ ਅਤੇ ਬੱਕਰੀਆਂ ਆਦਿ ਵਰਣਨਯੋਗ ਹਨ।

## ਇਤਿਹਾਸ

ਪ੍ਰਾਚੀਨ ਕਾਲ ਵਿਚ ਜਾਵਾ ਆਪਣੇ ਆਲੇ-ਦੁਆਲੇ ਦੇ ਖੇਤਰਾਂ ਵਾਂਗ ਹਿੰਦੂ ਰਾਜਿਆਂ ਅਧੀਨ ਸੀ। ਹਿੰਦੂ ਰਾਜਿਆਂ ਨੇ ਇਥੇ ਬੁੱਧ ਧਰਮ ਦਾ ਪ੍ਰਚਾਰ ਕੀਤਾ। ਉਨ੍ਹਾਂ ਦੇ ਬਣਵਾਏ ਹਿੰਦੂ ਅਤੇ ਬੁੱਧ ਮੰਦਰਾਂ ਤੋਂ ਇਲਾਵਾ, ਹੋਰ ਵੀ ਸਬੂਤ ਹਨ। ਮੈਗੇਲਾਂਗ ਨੇੜੇ ਬੋਰੋਬੁਦੂਰ ਮੰਦਰ ਸੰਸਾਰ ਦਾ ਵਰਣਨਯੋਗ ਬੋਧੀ ਮੰਦਰ ਹੈ। 14ਵੀਂ ਅਤੇ 15ਵੀਂ ਸਦੀ ਵਿਚ ਇਥੇ ਮੁਸਲਮਾਨੀ ਸੰਸਕ੍ਰਿਤੀ ਫੈਲੀ। ਪੱਛਮੀ ਜਾਵਾ ਦੇ ਸੁੰਡਾਨੀਆਂ ਉੱਤੇ ਇਸਲਾਮ ਦਾ ਪ੍ਰਭਾਵ ਵਧੇਰੇ ਪਿਆ। ਇਸ ਪਿੱਛੋਂ ਪੁਰਤਗਾਲੀ ਡੱਚ ਅਤੇ ਅੰਗਰੇਜ਼ ਵਪਾਰੀ ਇੱਧਰ ਆਉਂਦੇ ਰਹੇ। ਸੰਨ 1799 ਤੋਂ ਇਥੇ ਡੱਚਾਂ ਦਾ ਰਾਜ ਸ਼ੁਰੂ ਹੋ ਗਿਆ ਫਿਰ 1811 ਤੋਂ 1876 ਵਿਚ ਇਹ ਅੰਗਰੇਜ਼ਾਂ ਅਧੀਨ



ਪੱਛਮੀ ਜਾਵਾ ਵਿਚ ਗਾਰੂਟ ਵਾਦੀ ਦੇ ਖੇਤਾਂ ਵਿਚ ਝੋਨਾ ਲਾਉਂਦੇ ਹੋਏ ਕਿਸਾਨ

ਰਿਹਾ। ਪਿੱਛੋਂ ਫਿਰ ਇਹ ਡੱਚਾਂ ਅਧੀਨ ਹੀ ਰਿਹਾ। ਦੂਜੇ ਮਹਾਯੁੱਧ ਦੌਰਾਨ (ਮਾਰਚ 1942 ਤੋਂ ਸਤੰਬਰ 1945) ਜਾਪਾਨੀਆਂ ਨੇ ਇਸ ਉੱਤੇ ਕਬਜ਼ਾ ਕਰ ਲਿਆ। ਇਸ ਯੁੱਧ ਪਿੱਛੋਂ ਇੰਡੋਨੇਸ਼ੀਆ ਵਿਚ ਆਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ ਅਤੇ ਆਖ਼ਰ 1947 ਵਿਚ ਇੰਡੋਨੇਸ਼ੀਆ ਆਜ਼ਾਦ ਗਣਰਾਜ ਬਣਨ ਦੇ ਨਾਲ ਜਾਵਾ ਨੂੰ ਵੀ 1950 ਵਿਚ ਹੀ ਇਸ ਵਿਚ ਸ਼ਾਮਲ ਕਰ ਲਿਆ ਗਿਆ।

### ਆਰਥਿਕਤਾ

ਖਣਿਜ ਪਦਾਰਥ ਇਥੇ ਬਹੁਤੇ ਨਹੀਂ ਮਿਲਦੇ ਫਿਰ ਵੀ ਪੈਟਰੋਲ ਤੋਂ ਇਲਾਵਾ ਮੈਂਗਨੀਜ਼, ਗੰਧਕ, ਸੋਨਾ, ਚਾਂਦੀ ਆਦਿ ਖਣਿਜ ਇਥੋਂ ਕੱਢੇ ਜਾਂਦੇ ਹਨ।

**ਖੇਤੀਬਾੜੀ**—ਚੌਲ ਇਸ ਟਾਪੂ ਦੀ ਖ਼ਾਸ ਪੈਦਾਵਾਰ ਹੈ। ਮੱਕੀ, ਕਸਾਵਾ, ਮੂੰਗਫਲੀ, ਸੋਇਆਬੀਨ, ਆਲੂ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਕੇਲੇ ਤੋਂ ਬਿਨਾਂ ਰਸਦਾਰ ਅਤੇ ਹੋਰ ਫ਼ਲਾਂ ਦੀ ਬਾਗ਼ਬਾਨੀ ਵੀ ਹੁੰਦੀ ਹੈ। ਸਿਨਕੋਨੇ ਦੀ ਪੈਦਾਵਾਰ ਵਿਚ ਇਹ ਸੰਸਾਰ ਭਰ ਵਿਚ ਪ੍ਰਸਿੱਧ ਹੈ। ਚਾਹ, ਕਾਫ਼ੀ, ਤਮਾਕੂ, ਗਰਮ ਮਸਾਲੇ, ਨਾਰੀਅਲ, ਸਿਨਕੋਨਾ ਦਾ ਉਤਪਾਦਨ ਵੀ ਕਾਫ਼ੀ ਹੁੰਦਾ ਹੈ।

**ਸੱਨਅਤਾਂ**—ਵੱਡੀਆਂ ਸੱਨਅਤਾਂ ਦੀ ਇਥੇ ਘਾਟ ਹੈ। ਕੱਪੜਾ ਬੁਣਨਾ, ਲੋਹੇ ਦੀ ਢਲਾਈ, ਚਾਂਦੀ ਦਾ ਕੰਮ, ਜ਼ਰਾਇਤੀ ਸੰਦ ਬਣਾਉਣਾ, ਚਮੜਾ ਰੰਗਣ, ਕੁੰਭਕਾਰੀ ਨਮੂਨੇ ਦੇ ਭਾਂਡੇ ਬਣਾਉਣ ਆਦਿ ਦੀਆਂ ਹਲਕੀਆਂ ਸੱਨਅਤਾਂ ਉੱਨਤ ਹਨ। ਇਥੋਂ ਦੀ ਕੱਪੜੇ ਦੀ ਰੰਗਾਈ ਅਤੇ ਉਸ ਉੱਤੇ ਖਾਸ ਕਿਸਮ ਦੀ ਬਾਰੀਕ ਛਪਾਈ ਕਾਫ਼ੀ ਪ੍ਰਸਿੱਧ ਹੈ।

**ਆਵਾਜਾਈ ਦੇ ਸਾਧਨ**—ਆਵਾਜਾਈ ਦੀ ਸਹੂਲਤ ਖਾਤਰ ਜਾਵਾ ਵਿਚ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਮੁੱਖ ਸੜਕ ਮਾਰਗ ਪੂਰਬ ਅਤੇ ਪੱਛਮ ਵੱਲ ਜਾਂਦੇ ਹਨ। ਬਾਕੀ ਸੜਕਾਂ ਇਨ੍ਹਾਂ ਦੋਨਾਂ ਮਾਰਗਾਂ ਨਾਲ ਮਿਲਦੀਆਂ ਹਨ। ਇਥੇ ਕੁਝ ਸੜਕਾਂ ਸਰਕਾਰ ਦੀਆਂ ਆਪਣੀਆਂ ਹਨ ਅਤੇ ਕੁਝ ਲੋਕਾਂ ਦੀਆਂ ਵੀ ਹਨ।

ਰੇਲ-ਪਟੜੀਆਂ ਵੀ ਵੱਡੇ ਵੱਡੇ ਸ਼ਹਿਰਾਂ ਨੂੰ ਆਪੋ ਵਿਚ ਜੋੜਦੀਆਂ ਹਨ। ਜਾਵਾ ਦੇ ਦਰਿਆਵਾਂ ਵਿਚ ਢੋ-ਢੁਆਈ ਅਤੇ ਆਵਾਜਾਈ ਘੱਟ ਹੀ ਹੁੰਦੀ ਹੈ। ਇਥੇ ਸਮੁੰਦਰੀ ਬੰਦਰਗਾਹਾਂ ਹਨ। ਜਕਾਰਤਾ ਤੋਂ 8 ਕਿ. ਮੀ. ਪੂਰਬ ਵੱਲ ਦੀ ਟੈਂਡਜੋਗ ਪ੍ਰੀਆਕ ਸੁਰਬਈਆ, ਸਮਾਰਆਂਗ ਅਤੇ ਦੱਖਣੀ ਤਟ ਉੱਤੇ ਦੀ ਚੀਲਾਚਾਪ ਨਾਂ ਦੀ ਇਕੋ ਇਕ ਬੰਦਰਗਾਹ ਹੈ। ਜਾਵਾ ਦੀਆਂ ਬੰਦਰਗਾਹਾਂ ਉੱਤੇ ਜਹਾਜ਼ ਅਤੇ ਯਾਤਰੂ ਅਕਸਰ ਆਉਂਦੇ ਹਨ। ਟਾਪੂ ਦੇ ਵੱਡੇ ਸ਼ਹਿਰ ਦੇਸ਼ ਅਤੇ ਬਦੇਸ਼ ਦੇ ਵੱਡਿਆਂ ਸ਼ਹਿਰਾਂ ਨਾਲ ਹਵਾਈ ਜਹਾਜ਼ਾਂ ਰਾਹੀਂ ਵੀ ਜੁੜੇ ਹੋਏ ਹਨ।

### ਲੋਕ

ਜਾਵਾ ਦੇਸ਼ ਅਤੇ ਸੰਸਾਰ ਵਿਚ ਘਣੀ ਵਸੋਂ ਵਾਲਾ ਖੇਤਰ ਗਿਣਿਆ ਜਾਂਦਾ ਹੈ। ਇਥੋਂ ਦੀ ਵਧਦੀ ਆਬਾਦੀ ਦੇਸ਼ ਦੀ ਇਕ ਸਮੱਸਿਆ ਬਣੀ ਹੋਈ ਹੈ। ਜਾਵਾ ਨੇ ਦੇਸ਼ ਦਾ 7 ਫੀ ਸਦੀ ਖੇਤਰ ਰੋਕਿਆ ਹੋਇਆ ਹੈ ਪਰ ਇਥੇ ਦੇਸ਼ ਦੀ 70 ਫੀ ਸਦੀ ਵਸੋਂ ਹੈ। ਵਸੋਂ ਦੀ ਘਣਤਾ 527 ਵਿਅਕਤੀ ਪ੍ਰਤੀ ਵ. ਕਿ. ਮੀ. ਹੈ।

ਨਸਲੀ ਵੰਡ ਅਨੁਸਾਰ ਇਹ ਲੋਕ ਮੰਗੋਲਾਂ ਵਿਚੋਂ ਹੀ ਹਨ। ਇਨ੍ਹਾਂ ਦੇ ਵਾਲ ਕਾਲੇ, ਰੰਗ ਗੋਰਾ ਜਾਂ ਕਣਕ ਭਿੰਨਾ ਜਿਹਾ ਹੁੰਦਾ ਹੈ। ਇਥੋਂ ਦੀ ਵਸੋਂ ਵਿਚ 75 ਫੀ ਸਦੀ ਲੋਕ ਜਾਵਾ ਦੇ ਮੂਲ ਹੀ ਹਨ ਅਤੇ ਇਹ ਉੱਤਰੀ ਹਿੱਸੇ ਵਿਚ ਰਹਿੰਦੇ ਹਨ। ਕੁੱਲ ਵਸੋਂ ਵਿਚ 15 ਫੀ ਸਦੀ ਵਸੋਂ ਸੁੰਡਾਨੀਆਂ ਦੀ ਹੈ ਜਿਹੜੇ ਪੱਛਮੀ ਖੇਤਰ ਵਿਚ ਰਹਿੰਦੇ ਹਨ। ਪੂਰਬੀ ਹਿੱਸੇ ਵਿਚ ਮਦੂਰਾਈ ਲੋਕ ਆਬਾਦ ਹਨ। ਇਹ ਸਾਰੇ ਮੁਸਲਿਮ ਧਰਮ ਦੇ ਪੈਰੋਕਾਰ ਹਨ ਪਰ ਸਭਿਆਚਾਰ ਪੱਖੋਂ ਇਨ੍ਹਾਂ ਉੱਤੇ ਹਿੰਦੂ ਅਤੇ ਬੁੱਧ ਧਰਮ ਦੀ ਪ੍ਰਭਾਵ ਵੀ ਵੇਖਣ ਵਿਚ ਮਿਲਦਾ ਹੈ। ਇਹ ਸਾਰੇ ਮਲਾਵੀ ਭਾਸ਼ਾ ਬੋਲਦੇ ਹਨ।

ਜਾਵਾ ਟਾਪੂ ਦਾ ਜਾਕਾਰਤਾ ਸ਼ਹਿਰ ਬਹੁਤ ਪ੍ਰਸਿੱਧ ਹੈ। ਇਹ ਨਾ ਸਿਰਫ ਟਾਪੂ ਦਾ ਸਗੋਂ ਇੰਡੋਨੇਸ਼ੀਆ ਦਾ ਰਾਜਧਾਨੀ ਵਾਲਾ ਵੱਡਾ ਸ਼ਹਿਰ ਹੈ। ਇਸ ਤੋਂ ਇਲਾਵਾ ਸਮਾਰਆਂਗ, ਸੁਬਈਆ, ਸੁਕਾਰਟਾ, ਜਾਗਯਾਕਾਰਟ ਇਥੋਂ ਦੇ ਹੋਰ ਵੱਡੇ ਸ਼ਹਿਰ ਹਨ।

### ਰਾਜ ਪ੍ਰਬੰਧ

ਇਸ ਪੱਖੋਂ ਇਸਨੂੰ ਕੇਂਦਰੀ, ਪੱਛਮੀ ਅਤੇ ਪੂਰਬੀ ਤਿੰਨ ਪ੍ਰਾਂਤਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਤਿੰਨਾਂ ਤੋਂ ਇਲਾਵਾ ਰਾਜਧਾਨੀ ਗ੍ਰੇਟਰ ਜਕਾਰਤਾ ਅਤੇ ਯੋਕਯਾਕਾਰਤਾ ਨੂੰ ਖ਼ਾਸ ਪ੍ਰਸ਼ਾਸਕੀ ਅਖ਼ਤਿਆਰ ਹਾਸਲ ਹਨ। ਇਹ ਵੀ ਇਕ ਤਰ੍ਹਾਂ ਦੇ ਪ੍ਰਾਂਤ ਹੀ ਹਨ। ਪ੍ਰਾਂਤ ਅੱਗੋਂ ਡਿਸਟ੍ਰਿਕਟਾਂ ਅਤੇ ਉਪ-ਡਿਸਟ੍ਰਿਕਟਾਂ ਵਿਚ ਵੰਡੇ ਹੋਏ ਹਨ।

ਹ. ਪੁ. -ਹਿੰ. ਵਿ. ਕੋ. 4: 489; ਕੋਲ. ਐਨ. 10: 643 ; ਐਨ. ਬ੍ਰਿ. ਮਾ. 5: 529

**ਜਾਵਾ ਸਾਗਰ** : ਪੱਛਮੀ ਸ਼ਾਂਤ ਮਹਾਂਸਾਗਰ ਦਾ ਇਕ ਹਿੱਸਾ ਹੈ ਜਿਹੜਾ ਬੋਰਨੀਓ ਦੇ ਦੱਖਣ ਵੱਲ, ਜਾਵਾ ਦੇ ਉੱਤਰ ਵੱਲ ਅਤੇ ਦੱਖਣੀ ਸਮਾਟਰਾ ਦੇ ਪੂਰਬ ਵੱਲ ਫੈਲਿਆ ਹੋਇਆ ਹੈ। ਸਾਗਰ ਦੀ ਪੂਰਬ ਤੋਂ ਪੱਛਮ ਵੱਲ ਲੰਬਾਈ 1,450 ਕਿ. ਮੀ. ਅਤੇ ਉੱਤਰ ਤੋਂ ਦੱਖਣ ਵੱਲ ਚੌੜਾਈ 416 ਕਿ. ਮੀ. ਹੈ। ਸਾਗਰ ਦਾ ਖੇਤਰਫਲ 433,000 ਵ. ਕਿ. ਮੀ. ਹੈ। ਇਸ ਵਿਚ ਸੁੰਡਾ ਸ਼ੈਲਫ ਦਾ ਦੱਖਣੀ ਹਿੱਸਾ ਵੀ ਸ਼ਾਮਲ ਹੈ। ਸਾਗਰ ਦੀ ਡੂੰਘਾਈ ਬੜੀ ਘੱਟ ਹੈ। ਇਹ ਸਿਰਫ਼ 46 ਮੀ. ਹੀ ਡੂੰਘਾ ਹੈ।

ਸਾਗਰ ਹੇਠਲਾ ਬੇਸਨ ਪੱਧਰਾ ਜਿਹਾ ਹੈ, ਕਿਸੇ ਸਮੇਂ ਇਸ ਦੇ ਸਾਗਰ ਤੋਂ ਬਾਹਰ ਹੋਣ ਦਾ ਵੀ ਖ਼ਿਆਲ ਕੀਤਾ ਜਾਂਦਾ ਹੈ, ਜਿਸ ਉੱਤੇ ਨਦੀਆਂ ਵੀ ਵਗਦੀਆਂ ਸਨ। ਇਸ ਉੱਪਰ ਗ੍ਰੇਨਾਈਟ ਦੇ ਪਹਾੜ ਵੀ ਸਨ ਜਿਹੜੇ ਖੁਰ ਕੇ ਛੋਟੇ ਹੋ ਗਏ ਹਨ। ਇਸ ਮੈਦਾਨ ਦੇ ਸਾਗਰ ਹੇਠਾਂ ਡੁੱਬ ਜਾਣ ਤੇ ਇਹ ਪਹਾੜ ਅੱਜ ਟਾਪੂਆਂ ਦੀ ਸ਼ਕਲ ਵਿਚ ਦਿਖਾਈ ਦਿੰਦੇ ਹਨ। ਇਸ ਸਾਗਰ ਹੇਠਲੇ ਦੱਖਣੀ ਬੇਸਿਨ ਦੀਆਂ ਚਟਾਨਾਂ, ਜਾਵਾ ਦੇ ਉੱਤਰੀ ਹਿੱਸੇ ਦੀਆਂ ਚਟਾਨਾਂ ਨਾਲ ਮੇਲ ਖਾਂਦੀਆਂ ਹਨ। ਜਾਵਾ ਦੇ ਉੱਤਰੀ ਹਿੱਸੇ ਉੱਤੇ ਪੈਟਰੋਲ ਖਣਿਜਾਂ ਵਾਲੀਆਂ ਚਟਾਨਾਂ ਹਨ ਅਤੇ ਸਾਗਰ ਹੇਠਾਂ ਵੀ ਇਹੋ ਜਿਹੀਆਂ ਹੀ ਚਟਾਨਾਂ ਮਿਲਦੀਆਂ ਹਨ। ਆਲੇ-ਦੁਆਲੇ ਦੇ ਟਾਪੂਆਂ ਦੇ ਦਰਿਆ ਇਸ ਵਿਚ ਡਿਗਣ ਨਾਲ ਸਾਗਰ ਦਾ ਪਾਣੀ ਘੱਟ ਖਾਰਾ ਹੈ।

ਦੂਜੇ ਮਹਾਂ ਯੁੱਧ ਦੌਰਾਨ 1942 ਵਿਚ ਜਾਵਾ ਸਾਗਰ ਵਿਚ ਭਾਰੀ ਲੜਾਈ ਹੋਈ ਤੇ ਇਸੇ ਵਿਚ ਇਹਿਤਾਦੀ ਸਮੁੰਦਰੀ ਫ਼ੌਜ ਨੂੰ ਹਾਰ ਹੋਈ ਜਿਸ ਨਾਲ ਜਾਵਾ ਟਾਪੂ ਉੱਤੇ ਜਾਪਾਨੀਆਂ ਦਾ ਕਬਜ਼ਾ ਹੋਇਆ।

ਹ. ਪੁ. -ਐਨ. ਬ੍ਰਿ. ਮਾ. 5: 530

**ਜਾਵਾ ਡੂੰਘਾਣ** : ਇੰਡੋਨੇਸ਼ੀਆ ਦੇ ਜਾਵਾ ਅਤੇ ਸਮਾਟਰਾ ਟਾਪੂਆਂ ਦੇ ਦੱਖਣ-ਪੱਛਮੀ ਤਟ ਤੋਂ 305 ਕਿ. ਮੀ. ਦੂਰ ਹਿੰਦ ਮਹਾਂ ਸਾਗਰ ਵਿਚ ਇਹ ਇਕ ਡੂੰਘਾਣ ਹੈ। ਉੱਤਰ-ਪੱਛਮ ਤੋਂ ਦੱਖਣ-ਪੂਰਬ ਦੀ ਦਿਸ਼ਾ ਵਿਚ ਇਸਦੀ ਲੰਬਾਈ 2560 ਕਿ. ਮੀ. ਹੈ। ਉੱਤਰ-ਪੱਛਮ ਵਿਚ ਇਹ ਡੂੰਘਾਣ ਟਾਪੂਆਂ ਅਤੇ ਮਹਾਂਦੀਪੀ ਸ਼ੈਲਫਾਂ ਨਾਲ ਹੀ ਮਿਲ ਜਾਂਦੀ ਹੈ। ਇਸ ਬੇਸਿਨ ਦਾ ਬਹੁਤਾ ਹਿੱਸਾ ਖ਼ਾਸ ਕਰਕੇ ਸੁੰਡਾ ਟਾਪੂਆਂ ਦੇ ਨੇੜੇ ਦਾ ਹਿੱਸਾ ਨਿਖੇਪਾਂ ਨਾਲ ਢਕਿਆ ਹੋਇਆ ਹੈ। ਇਸੇ ਹਿੱਸੇ ਵਿਚ ਕਈ ਜਵਾਲਾਮੁਖੀ ਟਾਪੂ ਵੀ ਸਮੁੰਦਰ ਤੋਂ ਬਾਹਰ ਵਿਖਾਈ ਦਿੰਦੇ ਹਨ। ਇਨ੍ਹਾਂ ਵਿਚੋਂ ਲਾਵਾ ਵੀ ਨਿਕਲਦਾ ਰਹਿੰਦਾ ਹੈ। ਸਮਾਟਰਾ ਦੇ ਦੱਖਣ ਵਿਚ ਪਾਣੀ ਹੇਠਲੀ ਇਕ ਪਰਬਤੀ ਲੜੀ ਇਸ ਡੂੰਘਾਣ ਦੇ ਦੋ ਸਮਾਨਾਂਤਰ ਹਿੱਸੇ ਕਰ ਦਿੰਦੀ ਹੈ। ਸਾਰੇ ਬੇਸਿਨ ਵਿਚ ਡੂੰਘਾਈ ਇਕੋ ਜਿਹੀ ਨਹੀਂ ਹੈ। ਇਸ ਡੂੰਘਾਣ ਦੀ ਵੱਧ ਤੋਂ ਵੱਧ ਡੂੰਘਾਈ 7450 ਮੀ. ਹੈ।

ਹ. ਪੁ. -ਐਨ. ਬ੍ਰਿ. ਮਾ. 6: 514

**ਜਾਵਾਰੀ ਦਰਿਆ** : ਜਾਵਾਰੀ ਜਾਂ ਯਾਵਾਰੀ ਕੇਂਦਰੀ ਦੱਖਣੀ ਅਮਰੀਕਾ ਦੇ ਉੱਤਰ-ਪੱਛਮੀ ਹਿੱਸੇ ਵਿਚ 960 ਕਿ. ਮੀ. ਲੰਬਾ ਦਰਿਆ

ਜਿਹੜਾ ਬ੍ਰਾਜ਼ੀਲ ਅਤੇ ਪੀਰੂ ਦੀ ਹੱਦ ਨੇੜਿਓਂ ਉਕਾਯਾਲੀ ਉੱਚ-ਭੂਗਾਂ ਉਪਰੋਂ ਨਿਕਲਦਾ ਹੈ। ਸ੍ਰੋਤ ਤੋਂ ਉੱਤਰ-ਪੂਰਬ ਦੀ ਦਿਸ਼ਾ ਵਿਚ ਹੁੰਦਾ ਹੋਇਆ ਦੋਨਾਂ ਦੇਸ਼ਾਂ ਵਿਚਲੀ ਹੱਦ ਦਾ ਕਾਫ਼ੀ ਹਿੱਸਾ ਬਣਾਉਂਦਾ। ਐਂਡੀਅਨ ਤਲਹੱਟੀਆਂ ਤੇ ਪਾਰ ਐਮੇਜ਼ਨ ਮੈਦਾਨੀ ਖੇਤਰ ਵਿਚ ਹੁੰਦਾ ਹੋਇਆ ਅੱਗੇ ਜਾ ਕੇ ਬ੍ਰਾਜ਼ੀਲ ਦੀ ਹੱਦ ਨੇੜੇ ਐਮੇਜ਼ਨ ਦਰਿਆ ਲ ਰਲ ਜਾਂਦਾ ਹੈ। ਇਸ ਵਿਚ ਮੁਹਾਣੇ ਤੋਂ ਸ੍ਰੋਤ ਤੱਕ ਕਿਸ਼ਤੀਆਂ ਚਲਦੀਆਂ ਹਨ ਪਰ ਸਟੀਮਰ ਸਿਰਫ਼ ਮੁਹਾਣੇ ਤੋਂ 320 ਕਿ. ਮੀ. ਉਪਰ ਕ ਹੀ ਚਲਦੇ ਹਨ।

4° 21′ ਦੱ. ਵਿਥ.; 70° 02′ ਪੱ. ਲੰਬ.

ਹ. ਪੁ. -ਕੋਲ. ਐਨ. 10: 446; ਐਨ. ਬ੍ਰਿ. ਮਾ. 5: 530; ਵੈ. ਜਗ. ਡਿ.

**ਜਾਵੀ ਭਾਸ਼ਾ** : ਇਹ ਮਲਾਇਆ ਪਾਲੇਨੀਸ਼ੀਅਨ ਗਰੁੱਪ ਆਂ ਭਾਸ਼ਾਵਾਂ ਵਿਚੋਂ ਸਭ ਤੋਂ ਵੱਧ ਲੋਕਾਂ ਦੀ ਬੋਲੀ ਹੈ। ਜਾਵਾ ਵਿਚ ਸਦੇ ਪੱਛਮੀ ਭਾਗ ਦੇ ਤੀਜੇ ਹਿੱਸੇ ਅਤੇ ਮਾਦੂਰਾ ਦੇ ਸਾਹਮਣੇ ਦੇ ੱਤਰੀ ਤੱਟ ਦੇ ਭਾਗ ਨੂੰ ਛੱਡ ਕੇ ਜਾਵਾ ਦੀ ਬਹੁ-ਗਿਣਤੀ ਇਸ ਨੂੰ ਲਦੀ ਹੈ। ਇਸ ਤੋਂ ਬਿਨ੍ਹਾਂ ਇਹ ਪੱਛਮੀ ਇੰਡੋਨੇਸ਼ੀਆ ਦੇ ਵੱਡੇ ਵੱਡੇ ਹਿਰਾਂ ਅਤੇ ਸੁਮਾਟਰਾ ਦੀਆਂ ਬਸਤੀਆਂ ਅਤੇ ਤੇਲ ਖੇਤਰਾਂ ਵਿਚ ਵੀ ਲੀ ਜਾਂਦੀ ਹੈ।

ਕੇਂਦਰੀ ਜਾਵੀ ਭਾਸ਼ਾ, ਜੋ ਸੁਰਾਕਾਰਟਾ ਅਤੇ ਜੋਗਜਾਕਾਰਤਾ ਦੀ ੁਪ-ਭਾਸ਼ਾ ਹੈ, ਸਭ ਤੋਂ ਉੱਤਮ ਮੰਨੀ ਜਾਂਦੀ ਹੈ। ਟੇਗਾਲ ਦੇ ਦੁਆਲੇ ੀ ਪੱਛਮੀ ਜਾਵੀ ਅਤੇ ਸੁਰਾਬਾਜਾ ਦੇ ਦੁਆਲੇ ਦੀ ਪੂਰਬੀ ਜਾਵੀ ਹੋਰ ੁਪ ਭਾਸ਼ਾਵਾਂ ਹਨ। ਇਸ ਭਾਸ਼ਾ ਦੀਆਂ ਕਈ ਸ਼ੈਲੀਆਂ ਜਾਂ ਰੂਪ ਹਨ, ਜਵੇਂ ਨਗੋਕੋ, ਕਰਾਮਾ, ਮਦਯਾ, ਕਰਾਮਾ ਇਨਗਿੱਲ ਅਤੇ ਬਾਸਾ ਦਾਤੋਨ। ਜਾਵੀ ਦੀ ਲਿਪੀ ਦੱਖਣੀ ਭਾਰਤੀ ਲਿੱਪੀ ਪਲਵੀ ਦਾ ਹੀ ਇੱਕ ਪਾਂਤਰ ਹੈ। ਜਾਵੀ ਸਾਹਿਤ ਵਿਸ਼ਾਲ ਅਤੇ ਭਿੰਨ ਪ੍ਰਕਾਰ ਦਾ ਹੈ। ਪੁਰਾਤਨ ਾਵੀ ਕਾਲ (ਲ. ਭ. 750 ਤੋਂ 1400 ਈ.) ਵਿਚ ਭਾਰਤੀ ਪ੍ਰਭਾਵ ਪੂਰੇ ਜੋਖਰ ਤੇ ਸੀ। ਸਭ ਤੋਂ ਪੁਰਾਣੇ ਸ਼ਿਲਾਲੇਖ, ਮਹਾਂਭਾਰਤ ਅਤੇ ਰਾਮਾਇਣ ਦੇ ਅਨੁਵਾਦ ਅਤੇ ਹੋਰ ਕਵਿਤਾ ਤੇ ਵਾਰਤਕ ਇਸੇ ਕਾਲ ਦੇ ਹਨ। ਮੱਧ ਾਵੀ ਕਾਲ (1400-1500) ਵਿਚ ਇਸਲਾਮ ਦੇ ਆਉਣ ਨਾਲ ਇਸ ਦੇ ਰੂਪ ਦੀ ਬਜਾਏ, ਇਸ ਦੇ ਮੂਲ ਤੱਤਾਂ ਵਿਚ ਤਬਦੀਲੀ ਆਈ। ਵ-ਜਾਵੀ ਕਾਲ (1500 ਤੋਂ ਹੁਣ ਤਕ) ਵਿਚ ਆਧੁਨਿਕ ਪੱਛਮੀ ਸਾਹਿਤ ਤੁੱਲ, ਹੌਲੀ ਹੌਲੀ ਪਰਿਵਰਤਨ ਹੋਇਆ ਹੈ। ਜਾਵੀ ਸਾਹਿਤ ਨੇ ਬਾਲੀ, ਸੁੰਡਾ, ਮਾਦੂਰਾ ਅਤੇ ਮਲਾਇਆ ਦੇ ਸਾਹਿਤਾਂ ਉਤੇ ਬਹੁਤ ਅਸਰ ਪਾਇਆ ਹੈ। ਇੰਡੋਨੇਸ਼ੀਆਈ ਸਾਹਿਤ ਦੇ ਵਿਕਾਸ ਵੱਲ ਬਹੁਤ ਧਿਆਨ ਦਿੱਤੇ ਜਾਣ ਕਰਕੇ ਜਾਵੀ ਵਿਚ ਬਹੁਤ ਘੱਟ ਪ੍ਰਕਾਸ਼ਨ ਹੋਇਆ ਹੈ।

ਹ. ਪੁ. -ਐਨ. ਬ੍ਰਿ. 12: 980

**ਜ਼ਿਉਨ** : ਯਹੂਦੀਆਂ ਦੇ ਧਾਰਮਿਕ ਸੰਕਲਪ ਦਾ ਇਕ ਸਥਾਨ ਹੈ, ਜਿਸ ਬਾਰੇ ਇਨ੍ਹਾਂ ਦੇ ਧਾਰਮਿਕ ਗ੍ਰੰਥਾਂ ਵਿਚ ਵੀ ਇਸ ਦਾ ਜ਼ਿਕਰ ਅਕਸਰ ਆਉਂਦਾ ਹੈ। ਇਸ ਬਾਰੇ ਇਨ੍ਹਾਂ ਅੰਦਰ ਕਈ ਵੱਖ-ਵੱਖ ਮੱਤ ਪਾਏ ਜਾਂਦੇ ਹਨ। ਪਰ ਆਖ਼ਿਰ ਇਹ ਸਾਰੇ ਧਾਰਮਿਕ ਸ਼ਰਧਾ ਅੰਦਰ ਹੀ ਖ਼ਤਮ ਹੋ ਜਾਂਦੇ ਹਨ ਓਲਡ ਟੈਸਟਾਮੈਂਟ ਪੁਰਾਣੀ ਬਾਈਬਲ ਵਿਚ ਪ੍ਰਾਚੀਨ ਯੋਰੋਸ਼ਲਮ ਦੀਆਂ ਦੋ ਪਹਾੜੀਆਂ ਵਿਚੋਂ ਧੁਰ-ਪੂਰਬ ਦੀ ਇਕ ਪਹਾੜੀ ਅਤੇ ਜੈਬੱਸੀ ਖੇਤਰ ਦਾ ਸਥਾਨ ਸੀ। ਦੱਸਵੀਂ ਸਦੀ ਪੂ. ਇਜ਼ਰਾਈਲ ਅਤੇ ਜੂਡਾ ਦੇ ਬਾਦਸ਼ਾਹ ਦਾਊਦ ਨੇ ਇਸ ਮੁਕਾਮ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਥਾਂ ਆਪਣੀ ਸ਼ਾਹੀ ਰਾਜਧਾਨੀ ਸਥਾਪਤ ਕਰ ਦਿੱਤੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ 'ਜ਼ਿਉਨ ਦਾ ਗੜ੍ਹ' ਇਸੇ ਹੀ ਨਾਂ ਦਾ ਸੀ ਅਤੇ ਦਾਊਦ ਨੇ ਇਸ ਗੜ੍ਹ ਨੂੰ ਵੀ ਆਪਣੇ ਕਬਜ਼ੇ 'ਚ ਲੈ ਲਿਆ ਸੀ। ਹੋ ਸਕਦਾ ਹੈ ਕਿ ਇਹੀ ਗੜ੍ਹ ਸ਼ਹਿਰ ਦਾ ਕਿਲਾ ਹੋਵੇ। ਪਹਿਲੀ ਈਸਵੀ ਵਿਚ ਯਹੂਦੀ ਇਤਿਹਾਸਕਾਰ ਜੋਜ਼ੀਫਸ (Josephus) ਨੇ ਜ਼ਿਉਨ ਨੂੰ ਯੋਰੋਸ਼ਲਮ ਦੀ ਪੱਛਮੀ ਪਹਾੜੀ ਜਿੱਥੇ ਕਿ ਉਸ ਦੇ ਵੇਲੇ ਸ਼ਹਿਰ ਦਾ ਬਹੁਤਾ ਹਿੱਸਾ ਪੈਂਦਾ ਸੀ, ਹੀ ਸਮਝਿਆ ਸੀ। ਉਨ੍ਹੀਂਵੀਂ ਸਦੀ ਦੇ ਅਖ਼ੀਰ ਜਾਂ ਵੀਹਵੀਂ ਸਦੀ ਦੇ ਆਰੰਭ ਤੋਂ ਪਹਿਲਾਂ ਇਸ ਮੁਕਾਮ ਬਾਰੇ ਇਹ ਗਲਤ ਵਿਚਾਰ ਹੀ ਚਲਦਾ ਰਿਹਾ ਪਰ ਪਿਛੋਂ ਜ਼ਿਉਨ ਦੇ ਸਥਾਨ ਨੂੰ ਪੂਰਬੀ ਪਹਾੜੀ ਵਜੋਂ ਪਛਾਣਿਆ ਗਿਆ। ਇਸ ਨੂੰ ਸੋਲ੍ਹਵੀਂ ਸਦੀ ਦੀਆਂ ਕਿਲਾਬੰਦੀਆਂ ਦੀਆਂ ਦੀਵਾਰਾਂ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ ਅਤੇ ਹੁਣ ਵੀ ਇਹ ਖੇਤਾਂ ਅਤੇ ਅੰਗੂਰਾਂ ਦੇ ਬਾਗ਼ਾਂ ਨਾਲ ਭਰਿਆ ਪਿਆ ਹੈ।

ਜ਼ਿਉਨ ਨਾਂ ਦੀ ਵਿਉਂਤਪਤੀ ਅਤੇ ਅਰਥ ਅਸਪੱਸ਼ਟ ਹਨ। ਪ੍ਰਤੀਤ ਹੁੰਦਾ ਹੈ ਕਿ ਇਹ ਇਕ ਪੂਰਵ ਇਜ਼ਰਾਈਲੀ ਕਨਆਨੀ (ਫ਼ਲਸਤੀਨੀ) ਪਹਾੜੀ ਦਾ ਨਾਂ ਹੋਵੇ, ਜਿਸ ਉਤੇ ਯੋਰੋਸ਼ਲਮ ਉਸਾਰਿਆ ਗਿਆ ਸੀ। "ਜ਼ਿਉਨ ਦਾ ਪਹਾੜ" ਨਾਂ ਤਾਂ ਆਮ ਹੀ ਪ੍ਰਚਲਤ ਹੈ। ਬਾਈਬਲੀ ਵਰਤੋਂ ਵਿਚ "ਮਾਊਂਟ ਜ਼ਿਉਨ" ਤੋਂ ਪਹਾੜੀ ਦੀ ਬਜਾਏ ਸ਼ਹਿਰ ਦਾ ਭਾਵ ਲਿਆ ਜਾਂਦਾ ਹੈ।

ਓਲਡ ਟੈਸਟਾਮੈਂਟ ਵਿਚ ਜ਼ਿਉਨ ਦਾ ਯੋਰੋਸ਼ਲਮ ਦੇ ਨਾਂ ਵਜੋਂ 152 ਵਾਰ ਜ਼ਿਕਰ ਆਇਆ ਹੈ ਅਤੇ ਨਿਊ ਟੈਸਟਾਮੈਂਟ ਵਿਚ ਸੱਤ ਵਾਰ।

ਇਹ ਨਾਂ ਵਧੇਰੇ ਕਰਕੇ ਕਾਵਿਕ ਅਤੇ ਪੈਗ਼ੰਬਰੀ ਲਹਿਜ਼ੇ ਵਿਚ ਵਰਤਿਆ ਜਾਂਦਾ ਹੈ ਅਤੇ ਵਾਰਤਕ ਵਿਚ ਇਸ ਨੂੰ ਕਦੇ ਕਦਾਈਂ ਹੀ ਵਰਤਿਆ ਗਿਆ ਹੈ। ਇਸ ਨਾਂ ਵਿਚ ਆਮ ਕਰਕੇ ਜਜ਼ਬਾਤੀ ਅਤੇ ਧਾਰਮਿਕ ਰਮਜ਼ਾਂ ਪਾਈਆਂ ਜਾਂਦੀਆਂ ਹਨ ਪਰ ਇਹ ਗੱਲ ਬਿਲਕੁਲ ਸਪਸ਼ਟ ਨਹੀਂ ਕਿ ਯੋਰੋਸ਼ਲਮ ਦੀ ਥਾਂ ਤੇ ਇਹ ਰਮਜ਼ਾਂ ਜ਼ਿਉਨ ਨਾਲ ਕਿਉਂ ਇੰਨੀਆਂ ਜੁੜੀਆਂ ਹੋਈਆਂ ਹਨ। ਇਸ ਨਾਂ ਦੇ ਭਾਵਾਤਮਕ ਅਤੇ ਧਾਰਮਿਕ ਗੁਣ ਯੋਰੋਸ਼ਲਮ ਕਾਰਨ ਹੀ ਹਨ, ਜਿਸ ਦੀ ਮਹੱਤਤਾ ਇਥੋਂ ਦੇ ਟੈਂਪਲ ਅਤੇ ਇਸ ਦੇ ਸ਼ਾਹੀ ਰੁਤਬੇ ਕਰਕੇ ਹੈ। ਇਹ ਸ਼ਹਿਰ ਤਾਂ ਆਪਣੇ ਆਪ ਵਿਚ ਹੀ ਬਹੁਤ ਸਾਰੇ ਇਜ਼ਰਾਈਲੀ ਬੁਨਿਆਦੀ ਵਿਸ਼ਵਾਸਾਂ ਦਾ ਪ੍ਰਗਟਾਵਾ ਹੈ। ਮਾਊਂਟ ਜ਼ਿਉਨ ਉਹ ਥਾਂ ਹੈ ਜਿਥੇ ਜਿਹੋਵਾ (ਇਜ਼ਰਾਈਲੀਆਂ ਦਾ ਰੱਬ) ਬਿਰਾਜਮਾਨ ਹੈ ਅਤੇ ਉਹ ਖ਼ੁਦ ਬਾਦਸ਼ਾਹ ਹੈ। ਇਸੇ ਥਾਂ ਤੇ ਹੀ ਉਸ ਨੇ ਦਾਊਦ ਨੂੰ ਬਾਦਸ਼ਾਹ ਸਥਾਪਤ ਕੀਤਾ ਹੋਇਆ ਹੈ। ਇਸ ਤਰ੍ਹਾਂ ਇਤਿਹਾਸ ਅੰਦਰ ਇਹ ਜਿਹੋਵਾ ਦੀ ਸਰਗਰਮੀ ਦਾ ਮੁਕਾਮ ਹੈ।

ਯੋਰੋਸ਼ਲਮ ਦੇ ਸ਼ਹਿਰ ਨੂੰ ਇਕ ਔਰਤ ਵਜੋਂ ਮਾਨਵੀ ਰੂਪ ਦਿੱਤਾ ਗਿਆ ਹੈ ਅਤੇ ਇਸ ਨੂੰ "ਜ਼ਿਉਨ ਦੀ ਧੀ" ਵਜੋਂ ਸੰਬੋਧਤ ਕੀਤਾ ਜਾਂ ਬੁਲਾਇਆ ਜਾਂਦਾ ਹੈ ਅਤੇ ਇਸ ਨੂੰ ਹਮੇਸ਼ਾ ਹੀ ਦੋ ਵਿਰੋਧੀ ਵਿਚਾਰਾਂ ਯੋਰੋਸ਼ਲਮ ਦੀ ਤਬਾਹੀ ਜਾਂ ਮੁਕਤੀ ਦੁਆਰਾ ਉਭਾਰੇ ਗਏ ਇਤਿਹਾਸ ਦੇ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ। 586 ਈ. ਪੂ. ਵਿਚ ਬਾਬਲ ਵਾਸੀਆ ਨੇ ਯੋਰੋਸ਼ਲਮ ਨੂੰ ਤਬਾਹ ਕਰ ਦਿੱਤਾ। ਇਸ ਤੋਂ ਪਿਛੋਂ ਇਜ਼ਰਾਈਲੀਆਂ ਨੂੰ ਜ਼ਿਉਨ ਦੀ ਯਾਦ ਹਮੇਸ਼ਾਂ ਹੀ ਟੁੰਬਦੀ ਰਹੀ। ਯਹੂਦੀਆਂ ਦੀ ਬਾਬਲੀ ਜਲਾਵਤਨੀ ਸਬੰਧੀ ਕੀਤੀ ਭਵਿੱਖਬਾਣੀ ਵਿਚ ਜ਼ਿਉਨ ਜਿਹੋਵਾ ਦੀ ਮਸੀਹੀ ਮੁਕਤੀ ਦਾ ਘਟਨਾ ਸਥਾਨ ਹੈ, ਜਲਾਵਤਨੀ ਜ਼ਿਉਨ ਨੂੰ ਹੀ ਵਾਪਸ ਕਰ ਦਿੱਤੇ ਜਾਣਗੇ ਅਤੇ ਉਥੇ ਉਹ ਜਿਹੋਵਾ ਦੇ ਦਰਸ਼ਨ ਕਰ ਲੈਣਗੇ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇੰਜ ਹੀ ਜਾਪਦਾ ਹੈ ਕਿ ਜ਼ਿਉਨ ਨੂੰ ਯਹੂਦੀ ਆਪਣਾ ਧਾਰਮਿਕ ਅਤੇ ਅਧਿਆਤਮਕ ਘਰ ਮੰਨਦੇ ਹਨ ਅਤੇ ਯਹੂਦੀਵਾਦ ਦੇ ਪ੍ਰਤੀਕ ਵਜੋਂ ਹੀ ਉਨ੍ਹਾਂ ਦੇ ਜੀਵਨ ਵਿਚ ਇਸ ਦਾ ਜ਼ਿਕਰ ਹੁੰਦਾ ਹੈ।

ਜਦੋਂ ਕਿ ਜ਼ਿਉਨ ਦਾ ਨਾਂ ਨਿਊ ਟੈਸਟਾਮੈਂਟ ਵਿਚ ਤਾਂ ਦੁਰਲੱਭ ਹੈ, ਫਿਰ ਵੀ ਇਸ ਦਾ ਨਾਂ ਈਸਾਈ ਸਾਹਿਤ ਅਤੇ ਭਜਨਾਂ ਵਿਚ ਸਵਰਗੀ ਸ਼ਹਿਰ ਲਈ ਜਾਂ ਈਸਾਈ ਮੱਤ ਅਤੇ ਭਗਤਰੀ ਦੇ ਦੁਨਿਆਵੀ ਸ਼ਹਿਰ ਵਜੋਂ ਆਮ ਵਰਤਿਆ ਜਾਂਦਾ ਹੈ।

ਹ. ਪੁ. -ਐਨ. ਬ੍ਰਿ. ਮਾ. 10: 885

**ਜਿਉੜ** : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਵਿਚ ਅਹਿਮਦ ਨਗਰ ਜ਼ਿਲ੍ਹੇ ਦੀ ਇਕ ਮੰਡੀ ਹੁੰਦੀ ਸੀ ਜਿਹੜੀ ਇਸ ਦੇ ਦੱਖਣ-ਪੂਰਬ ਵਿਚ 'ਟੋਕਾ' ਮਾਰਗ ਉੱਪਰ 15 ਕ. ਕਿ. ਮੀ. ਦੀ ਵਿਥ ਤੇ ਵਾਕਿਆ ਹੈ। ਮੁੱਢ ਵਿਚ ਇਸ ਸ਼ਹਿਰ ਦੁਆਲੇ ਇਕ ਫ਼ਸੀਲ ਬਣਾਈ ਹੋਈ ਸੀ ਤੇ ਸ਼ਹਿਰ ਦੇ ਅੰਦਰ ਦਾਖਲ ਹੋਣ ਲਈ ਇਕ ਮਜ਼ਬੂਤ ਦਰਵਾਜ਼ਾ ਸੀ। ਜਿਉੜ ਦੇ ਨਾਲ ਲਗਵੀਂ ਇਕ ਪਹਾੜੀ ਉਪਰ ਤਿੰਨ ਮੰਦਰ ਹਨ। ਇਨ੍ਹਾਂ ਵਿਚੋਂ ਇਕ 1781 ਦਾ ਬਣਿਆ ਹੋਇਆ ਹੈ। ਬਾਕੀ ਦੇ ਦੋਹਾਂ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਜਿਉੜ ਦੇ ਉੱਤਰ ਵਿਚ ਇਕ ਬਹੁਤ ਹੀ ਸੁੰਦਰ ਕੰਦਰਾ ਦੇ ਉਪਰ ਇਕ ਇਮਾਮਪੁਰ ਨਾਮੀ ਬੰਗਲਾ ਹੈ। ਇਹ ਬੰਗਲਾ ਦਰਖ਼ਤਾਂ ਦੇ ਇਕ ਝਿੜੇ ਵਿਚ ਮਸੀਤ ਦੇ ਰੂਪ ਵਿਚ ਬਣਿਆ ਸੀ ਜਿਸ ਤੇ ਬਾਅਦ ਵਿਚ ਯਾਤਰੀ ਆ ਕੇ ਠਹਿਰਨ ਲਗੇ।

19° 18′ ਉ. ਵਿਥ.; 74° 48′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 102

**ਜ਼ਿਊਸ** : ਇਹ ਯੂਨਾਨੀ ਦੇਵਤਿਆਂ ਵਿਚੋਂ ਸਭ ਤੋਂ ਵੱਡਾ ਅਤੇ ਆਕਾਸ਼ ਤੇ ਰੁੱਤਾਂ ਦਾ ਦੇਵਤਾ ਹੈ। ਇਹ ਰੋਮ ਦੇ ਦੇਵਤੇ ਜੂਪੀਟਰ ਦੇ ਸਮਰੂਪ ਹੈ। ਯੂਨਾਨੀ ਮਿਥਿਹਾਸ ਅਨੁਸਾਰ ਇਹ ਕ੍ਰੋਨਸ ਅਤੇ ਰ੍ਹੀਆ ਦਾ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਕ੍ਰੋਨਸ ਨੂੰ ਜਦੋਂ ਲਗਿਆ ਕਿ ਉਸ ਦੀ ਔਲਾਦ ਵਿਚੋਂ ਕਿਸੇ ਇਕ ਨੇ ਉਸ ਨੂੰ ਤਖ਼ਤੋਂ ਲਾਹੁਣਾ ਹੈ ਤਾਂ ਉਸ ਨੇ ਆਪਣੇ ਬੱਚਿਆਂ ਨੂੰ ਜਨਮ ਦੇ ਤੁਰੰਤ ਬਾਅਦ ਖਾਣਾ ਸ਼ੁਰੂ ਕਰ ਦਿਤਾ। ਜਦੋਂ ਜ਼ਿਊਸ ਪੈਦਾ ਹੋਇਆ ਤਾਂ ਇਸ ਦੀ ਮਾਂ ਰ੍ਹੀਆ ਨੇ ਇਸ ਨੂੰ ਬਚਾ ਲਿਆ। ਰ੍ਹੀਆ ਨੇ ਜ਼ਿਊਸ ਨੂੰ 'ਮਾਊਂਟ ਇੰਡਾ' ਤੇ ਛੁਪਾ ਦਿੱਤਾ ਅਤੇ ਪੱਥਰ ਦਾ ਇਕ ਟੁਕੜਾ ਕੱਪੜੇ ਵਿਚ ਲਪੇਟ ਕੇ ਕ੍ਰੋਨਸ ਨੂੰ ਖਾਣ ਲਈ ਦੇ ਦਿਤਾ। ਵਣ-ਦੇਵੀਆਂ ਨੇ ਇਸ ਬੱਚੇ ਦੀ ਰੱਖਿਆ ਕੀਤੀ। ਜਦੋਂ ਜ਼ਿਊਸ ਵੱਡਾ ਹੋਇਆ ਤਾਂ ਇਸ ਨੇ ਟਾਈਟਨਾਂ ਦੇ ਵਿਰੁੱਧ ਜੰਗ ਛੇੜ ਦਿਤੀ ਅਤੇ ਆਪਣੇ ਭਰਾਵਾਂ ਦੀ ਮਦਦ ਨਾਲ ਕ੍ਰੋਨਸ ਨੂੰ ਗੱਦੀ ਤੋਂ ਲਾਹ ਦਿੱਤਾ। ਸਵਰਗ ਦਾ ਹੁਕਮਰਾਨ ਬਣਨ ਮਗਰੋਂ ਜ਼ਿਊਸ ਨੇ ਹੋਰ ਦੇਵਤਿਆਂ ਨੂੰ ਨਾਲ ਲੈ ਕੇ ਦੈਂਤਾਂ ਨੂੰ ਹਰਾ ਦਿੱਤਾ ਅਤੇ ਕਈ ਸਾਜ਼ਸ਼ਾਂ ਨੂੰ ਵੀ ਦਬਾਇਆ।



**ਜ਼ਿਊਸ**

ਜ਼ਿਊਸ ਆਪਣੀ ਇਸ਼ਕ ਮਿਜ਼ਾਜੀ ਲਈ ਪ੍ਰਸਿੱਧ ਸੀ। ਇਸ ਕਾਰਨ ਇਸ ਦੀ ਆਪਣੀ ਪਤਨੀ ਹੇਰਾ ਨਾਲ ਹਮੇਸ਼ਾਂ ਹੀ ਝਗੜਾ ਰਹਿੰਦਾ ਸੀ। ਇਸ ਦੇ ਕਿੰਨੇ ਹੀ ਯਾਰਾਨੇ ਚਲਦੇ ਸਨ ਅਤੇ ਪ੍ਰੇਮ ਦੀ ਪ੍ਰਾਪਤੀ ਲਈ ਇਹ ਵੱਖ-ਵੱਖ ਢੰਗ ਵਰਤਦਾ ਸੀ, ਜਿਵੇਂ ਕਿ ਕਦੇ ਕੋਇਲ ਬਣ ਗਿਆ ਅਤੇ ਕਦੇ ਸਾਨ੍ਹ। ਵੱਖ-ਵੱਖ ਔਰਤਾਂ ਤੋਂ ਇਸ ਦੇ ਕਿੰਨੇ ਹੀ ਬੱਚੇ ਪੈਦਾ ਹੋਏ। ਅੰਤ ਵਿਚ ਇਸ ਨੇ ਆਪਣੀ ਭੈਣ ਹੇਰਾ ਨਾਲ ਸਬੰਧ ਕਾਇਮ ਕੀਤੇ, ਜਿਸ ਤੋਂ ਹੀਬੀ, ਆਰਿਸ ਅਤੇ ਹੇਫਾਸਟਸ ਨਾਂ ਦੇ ਬੱਚੇ ਪੈਦਾ ਹੋਏ।

ਜ਼ਿਊਸ ਦੇਵਤਿਆਂ ਵਿਚੋਂ ਸਭ ਤੋਂ ਮਹਾਨ, ਵਿਧੀ ਵਿਗਿਆਨ ਅਤੇ ਅਨੁਸ਼ਾਸਨ ਦਾ ਸਥਾਪਕ, ਅਪਰਾਧਾਂ ਦੇ ਦੰਡ ਦਾ ਨਿਰਣਾ ਕਰਨ ਵਾਲਾ, ਸ਼ੁਭ ਕੰਮ ਲਈ ਚੰਗਾ ਫ਼ਲ ਦਾਤਾ, ਦੈਵੀ ਸ਼ਕਤੀਆਂ ਦਾ ਸੋਮਾ, ਸਾਰੀਆਂ ਸੁੰਦਰ ਵਸਤੂਆਂ ਦਾ ਨਿਰਮਾਤਾ, ਸਰਬਸ਼ਕਤੀਮਾਨ, ਬੁੱਧੀਮਾਨ ਅਤੇ ਸੰਸਾਰ ਦਾ ਉਦਾਰ ਸ਼ਾਸਕ ਮੰਨਿਆਂ ਜਾਂਦਾ ਹੈ। ਭਾਵੇਂ ਇਸ ਨੂੰ ਸਾਰੇ ਦੇਵੀ ਦੇਵਤਿਆਂ ਦਾ ਮੁੱਖੀ ਮੰਨਿਆ ਜਾਂਦਾ ਹੈ ਪਰ ਕਈ ਸਥਾਨਕ ਦੇਵੀ ਦੇਵਤਿਆਂ ਜਿਵੇਂ ਕਿ ਐਥੀਨਾ ਅਤੇ ਹੇਰਾ ਦੇ ਮੁਕਾਬਲੇ ਤੇ ਇਸ ਦੀ ਪ੍ਰਸਿੱਧੀ ਘੱਟ ਜਾਂਦੀ ਹੈ। ਯੂਨਾਨੀ ਘਰਾਂ ਦੇ ਵਿਹੜਿਆਂ ਵਿਚ ਇਸ ਦੀਆਂ ਮੂਰਤੀਆਂ ਬਣੀਆਂ ਹੁੰਦੀਆਂ ਸਨ ਅਤੇ ਪਹਾੜਾਂ ਦੀਆਂ ਚੋਟੀਆਂ ਉਤੇ ਇਸ ਦੇ ਮੰਦਰਾਂ ਵਿਚ ਹਜ਼ਾਰਾਂ ਯਾਤਰੂ ਜਾਂਦੇ ਰਹਿੰਦੇ ਸਨ। ਪਰ ਏਥਨਜ਼ ਵਿਚ ਛੇਵੀਂ ਸਦੀ ਈਸਵੀ ਪੂਰਵ ਤੱਕ ਵੀ ਇਸ ਦਾ ਕੋਈ ਮੰਦਰ ਨਹੀਂ ਬਣਿਆ ਸੀ ਅਤੇ ਓਲਿੰਪੀਆ ਵਿਚ ਇਸ ਦਾ ਮੰਦਰ ਹੇਰਾ ਦੇ ਮੰਦਰ ਤੋਂ ਮਗਰੋਂ ਬਣਿਆ ਸੀ।

ਐਪੀਰੂਸ ਵਿਚ ਡੋਡੋਨਾ ਵਿਖੇ ਪ੍ਰਾਚੀਨ ਪੁੱਛ-ਸਥਾਨ ਜ਼ਿਊਸ ਲਈ ਪਵਿੱਤਰ ਮੰਨਿਆ ਜਾਂਦਾ ਸੀ। ਓਲਿੰਪੀਆ ਵਿਚ ਵੀ ਇਸ ਦੀ ਵੇਦੀ ਉਤੇ ਪੁਜਾਰੀਆਂ ਵਲੋਂ ਪੁੱਛਾਂ ਦਿਤੀਆਂ ਜਾਂਦੀਆਂ ਸਨ। ਜ਼ਿਊਸ ਦੀ ਯਾਦ ਵਿਚ ਕਈ ਪੁਰਬ ਮਨਾਏ ਜਾਂਦੇ ਸਨ।

ਹ. ਪੁ. -ਹਿੰ. ਵਿ. ਕੋ, ਐਨ. ਬ੍ਰਿ. ਮਾ. 10: 877

**ਜਿਊਜ਼ ਈਅਰੋ** : ਇਹ ਉੱਲੀ ਦੀ ਇਕ ਖਾਣਯੋਗ ਕਿਸਮ ਹੈ ਜੋ ਬੈਸੀਡੀਓਮਾਈਸਿਟੀਜ਼ ਵਰਗ ਨਾਲ ਸਬੰਧਤ ਹੈ। ਇਸ ਦਾ ਪ੍ਰਚਲਿਤ ਵਿਗਿਆਨਿਕ ਨਾਂ ਔਰੀਕੁਲੇਰੀਆ ਔਰੀਕੁਲਾ ਹੈ। ਇਹ ਉੱਲੀ ਪੌਦਾ ਕਪ ਦੇ ਆਕਾਰ ਜਾਂ ਮਨੁੱਖੀ ਕੰਨ ਦੇ ਆਕਾਰ ਦਾ ਹੋ ਸਕਦਾ ਹੈ। ਇਸ ਦਾ ਰੰਗ ਗੁਲਾਬੀ ਭੂਰੇ ਤੋਂ ਬਹੁਤ ਗੂੜ੍ਹਾ ਭੂਰਾ ਹੋ ਸਕਦਾ ਹੈ ਅਤੇ ਇਹ ਕਠੋਰ ਹੋਣ ਦੇ ਬਾਵਜੂਦ ਲਚਕਦਾਰ ਹੁੰਦਾ ਹੈ। ਇਹ ਨਿੱਘੇ ਇਲਾਕਿਆਂ ਵਿਚ ਬਹੁਤ ਕਿਸਮ ਦੇ ਰੁੱਖਾਂ ਦੀ ਸੜ ਰਹੀ ਲੱਕੜੀ ਉਪਰ ਉੱਗਦਾ ਹੈ। ਇਸ ਤਰ੍ਹਾਂ ਦੀ ਉੱਲੀ ਦੀ ਲਾਗ ਵਾਲੀ ਲੱਕੜੀ ਨੂੰ ਪਾਣੀ ਦੇਣ ਨਾਲ ਉੱਲੀ ਪੌਦੇ ਦੇ ਲਗਾਤਾਰ ਕਈ ਝਾੜ ਪ੍ਰਾਪਤ ਕੀਤੇ ਜਾਂਦੇ ਹਨ। ਪੂਰਬੀ ਦੇਸ਼ਾਂ ਵਿਚ ਇਸ ਉੱਲੀ ਪੌਦੇ ਦੇ ਝਾੜ ਨੂੰ ਕੱਟ ਕੇ ਸੁਕਾਇਆ ਜਾਂਦਾ ਹੈ ਅਤੇ ਫਿਰ ਵਪਾਰਕ ਮੰਡੀਆਂ ਵਿਚ ਖਾਣਯੋਗ ਸਮਗਰੀ ਵਿਚ ਵੇਚਿਆ ਜਾਂਦਾ ਹੈ।

ਹ. ਪੁ. -ਐਨ. ਬ੍ਰਿ. 12: 1081

**ਜਿਊਰੀ** : ਇਹ ਇਕ ਇਤਿਹਾਸਕ ਐਂਗਲੋ-ਅਮਰੀਕੀ ਕਾਨੂੰਨੀ ਸੰਸਥਾ ਹੈ, ਜਿਸ ਵਿਚ ਸਾਧਾਰਣ ਆਦਮੀ ਅਦਾਲਤੀ ਮੁਕੱਦਮਿਆਂ ਦੇ ਫ਼ੈਸਲਿਆਂ ਸਬੰਧੀ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਵੱਖ-ਵੱਖ ਦੇਸ਼ਾਂ, ਪ੍ਰਾਂਤਾਂ ਜਾਂ ਰਾਜਾਂ ਦੇ ਕਾਨੂੰਨ ਅਤੇ ਵਿਵਹਾਰ ਅਨੁਸਾਰ ਜਿਊਰੀ ਦੀ ਨੁਹਾਰ ਅਤੇ ਅਧਿਕਾਰ ਵੱਖ-ਵੱਖ ਤਰ੍ਹਾਂ ਦੇ ਹਨ। ਆਪਣੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਕਾਰਨ ਇਹ ਇਕ ਮਹੱਤਵਪੂਰਨ ਰਾਜਸੀ ਸੰਸਥਾ ਬਣ ਗਈ ਹੈ। ਕਿਸੇ ਖ਼ਾਸ ਅਦਾਲਤੀ ਮੁਕੱਦਮੇ ਲਈ ਜਿਊਰੀ ਬਿਲਕੁਲ ਹੀ ਸਾਧਾਰਣ ਵਿਅਕਤੀਆਂ ਨੂੰ ਚੁਣ ਕੇ ਗੁਪਤ ਰੂਪ ਵਿਚ ਕੇਸ ਦੀ ਪੜਤਾਲ ਕਰਨ, ਸੋਚ-ਵਿਚਾਰ ਕਰਨ ਅਤੇ ਫ਼ੈਸਲੇ ਉੱਤੇ ਅਪੜਨ ਦੀ ਆਗਿਆ ਦਿੰਦੀ ਹੈ। ਜਿਊਰੀ ਦੀ ਸੰਸਥਾ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੀ ਅੱਜ ਤੱਕ ਇਸ ਨੂੰ ਸਲਾਹਿਆ ਵੀ ਬਥੇਰਾ ਗਿਆ ਹੈ ਅਤੇ ਭੰਡਿਆਂ ਵੀ ਗਿਆ ਹੈ।

ਸੰਭਵ ਹੈ ਕਿ ਜਿਊਰੀ ਦਾ ਮੁੱਢ ਇੰਗਲੈਂਡ ਵਿਚ ਹੀ ਬੱਝਾ ਹੋਵੇ ਜਾਂ ਨਾਰਮਨ ਹਮਲਾਵਰ 1066 ਵਿਚ ਇਸ ਨੂੰ ਇਥੇ ਲਿਆਏ ਹੋਣ। ਸ਼ੁਰੂ ਸ਼ੁਰੂ ਵਿਚ ਜਿਊਰੀ ਦੇ ਮੈਂਬਰ ਆਂਢ-ਗੁਆਂਢ ਵਿਚੋਂ ਹੀ ਹੁੰਦੇ ਸਨ ਅਤੇ

ਆਪਣੀ ਨਿੱਜੀ ਜਾਣਕਾਰੀ ਦੇ ਆਧਾਰ ਤੇ ਆਪਣਾ ਫ਼ੈਸਲਾ ਦਿੰਦੇ ਸਨ। ਮੱਧਕਾਲੀ ਸਮਾਜ ਦੇ ਟੁੱਟਣ ਅਤੇ ਸ਼ਹਿਰਾਂ ਦੇ ਹੋਂਦ ਵਿਚ ਆਉਣ ਨਾਲ ਇਸ ਵਿਚ ਪਰਿਵਰਤਨ ਆ ਗਿਆ ਅਤੇ ਜਿਊਰੀ ਮੁਕੱਦਮਿਆਂ ਦਾ ਫ਼ੈਸਲਾ ਅਦਾਲਤ ਵਿਚ ਸਬੂਤ ਪੇਸ਼ ਕਰਨ ਤੋਂ ਬਾਅਦ ਹੀ ਦੇਣ ਲੱਗੀ।

ਦੋ ਕਾਰਨਾਂ ਕਰਕੇ ਜਿਊਰੀ ਦੀ ਪ੍ਰਥਾ ਬਾਹਰਲੇ ਦੇਸ਼ਾਂ ਵਿਚ ਪ੍ਰਚਲਤ ਹੋਈ—ਪਹਿਲਾ ਕਾਰਨ ਬਰਤਾਨਵੀ ਰਾਜ ਦਾ ਪ੍ਰਸਾਰ ਸੀ, ਜਿਸ ਨਾਲ ਜਿਊਰੀ ਏਸ਼ੀਆ, ਅਫ਼ਰੀਕਾ ਅਤੇ ਅਮਰੀਕੀ ਮਹਾਂਦੀਪਾਂ ਵਿਚ ਜਾ ਪਹੁੰਚੀ ਅਤੇ ਦੂਜਾ ਕਾਰਨ ਫ਼ਰਾਂਸੀਸੀ ਅੰਦੋਲਨ ਅਤੇ ਇਸ ਦੇ ਬਾਅਦ ਦੇ ਪ੍ਰਭਾਵ ਹਨ, ਜਿਸ ਨਾਲ ਯੂਰਪੀ ਮਹਾਂਦੀਪ ਵਿਚ ਲੋਕਪ੍ਰਿਯ ਸਰਕਾਰ ਹੋਂਦ ਵਿਚ ਆਈ। 19ਵੀਂ ਸਦੀ ਦੇ ਮੱਧ ਵਿਚ ਸ਼ੁਰੂ ਹੋਈ ਜਿਊਰੀ ਹੌਲੀ ਹੌਲੀ ਨਿਤਾਣੀ ਬਣਾ ਦਿੱਤੀ ਗਈ। ਇਸ ਦੇ ਅਧਿਕਾਰ ਖੇਤਰ ਤੋਂ ਵੱਖ ਵੱਖ ਵਿਸ਼ੇ ਖੋਹੇ ਜਾਂਦੇ ਰਹੇ। ਸੋਵੀਅਤ ਗੁੱਟ ਦੇ ਦੇਸ਼ਾਂ ਅਤੇ ਫ਼ਾਸ਼ੀਵਾਦ ਰਾਜਾਂ ਨੇ ਇਸ ਨੂੰ ਪੂਰੀ ਤਰ੍ਹਾਂ ਹੀ ਖ਼ਤਮ ਕਰ ਦਿੱਤਾ। ਸੰਨ 1940 ਦੇ ਦਹਾਕੇ ਵਿਚ ਜਰਮਨੀ ਦੇ ਕਬਜ਼ੇ ਵੇਲੇ ਖ਼ਤਮ ਕੀਤੀ ਜਿਊਰੀ ਨੂੰ ਫ਼ਰਾਂਸ ਨੇ ਮੁੜ ਤੋਂ ਬਹਾਲ ਨਹੀਂ ਕੀਤਾ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਸਟ੍ਰੀਆ ਨੇ ਇਸ ਪ੍ਰਥਾ ਨੂੰ ਮੁੜ ਤੋਂ ਸ਼ੁਰੂ ਕੀਤਾ।

ਅੱਜ ਕੱਲ੍ਹ ਸੰਯੁਕਤ ਰਾਜ ਅਮਰੀਕਾ ਵਿਚ ਜਿਊਰੀ ਪ੍ਰਣਾਲੀ ਦੀ ਜ਼ਾਬਤਾ ਦੀਵਾਨੀ ਅਤੇ ਜ਼ਾਬਤਾ ਫ਼ੌਜਦਾਰੀ ਦੋਹਾਂ ਹੀ ਸੂਰਤਾਂ ਵਿਚ ਵਰਤੋਂ ਕੀਤੀ ਜਾਂਦੀ ਹੈ। ਉਥੇ ਹਰ ਸਾਲ ਤਕਰੀਬਨ 1,20,000 ਅਦਾਲਤੀ ਮੁਕੱਦਮੇ ਜਿਊਰੀ ਸਾਹਮਣੇ ਆਉਂਦੇ ਹਨ। ਸੰਯੁਕਤ ਰਾਜ ਅਮਰੀਕਾ ਵਿਚ ਇਸ ਦੀ ਵਰਤੋਂ ਦੋ ਕਾਰਨਾਂ ਤੇ ਨਿਰਭਰ ਕਰਦੀ ਹੈ ਪਹਿਲਾ ਇਹ ਕਿ ਅਧਿਕਾਰ ਪੱਖੋਂ ਇਹ ਕਿਸ ਹੱਦ ਤੱਕ ਉਪਲਬਧ ਹੈ ਅਤੇ ਦੂਜਾ ਇਹ ਕਿ ਕਿਸ ਹੱਦ ਤੱਕ ਦੋਵੇਂ ਧੜੇ ਇਸ ਨੂੰ ਵਰਤੋਂ ਵਿਚ ਲਿਆਉਣਾ ਚਾਹੁੰਦੇ ਹਨ। ਸੰਨ 1968 ਵਿਚ ਸੰਯੁਕਤ ਰਾਜ ਦੀ ਸੁਪਰੀਮ ਕੋਰਟ ਨੇ ਜਿਊਰੀ ਦੀ ਵਰਤੋਂ ਨੂੰ ਉਨ੍ਹਾਂ ਸਾਰੇ ਫ਼ੌਜਦਾਰੀ ਮੁਕੱਦਮਿਆਂ ਵਿਚ ਸੰਵਿਧਾਨਿਕ ਅਧਿਕਾਰ ਘੋਸ਼ਿਤ ਕੀਤਾ ਹੈ ਜਿਨ੍ਹਾਂ ਵਿਚ ਸਜ਼ਾ ਛੇ ਮਹੀਨੇ ਤੋਂ ਵੱਧ ਸਮੇਂ ਦੀ ਹੋਵੇ। ਦੀਵਾਨੀ ਮੁਕੱਦਮਿਆਂ ਬਾਰੇ ਜਿਊਰੀ ਸਬੰਧੀ ਸੰਵਿਧਾਨਕ ਅਧਿਕਾਰ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹਨ।

ਇਤਿਹਾਸਕ ਤੌਰ ਤੇ ਜਿਊਰੀ ਦੇ ਮੈਂਬਰਾਂ ਦੀ ਕੁਝ ਘੱਟੋ-ਘੱਟ ਸੰਪਤੀ ਅਤੇ ਯੋਗਤਾ ਰੱਖੀ ਜਾਂਦੀ ਸੀ। ਰਵਾਇਤ ਅਨੁਸਾਰ ਜਿਊਰੀ ਵਿਚ 12 ਮੈਂਬਰ ਹੁੰਦੇ ਸਨ ਅਤੇ ਉਨ੍ਹਾਂ ਨੇ ਸਰਬ ਸੰਮਤੀ ਨਾਲ ਆਪਣੇ ਫ਼ੈਸਲਿਆਂ ਉੱਤੇ ਪਹੁੰਚਣਾ ਹੁੰਦਾ ਸੀ। ਅਮਰੀਕੀ ਦੇਸ਼ਾਂ ਵਿਚ ਫ਼ੈਸਲੇ ਬਹੁ-ਸੰਮਤੀ ਨਾਲ ਹੁੰਦੇ ਸਨ। ਹੁਣ ਜਿਊਰੀ ਦੀ ਬਣਤਰ ਵਿਚ ਤਬਦੀਲੀ ਕੀਤੀ ਗਈ ਹੈ। ਕਈ ਖੇਤਰਾਂ ਵਿਚ ਛੋਟੇ ਮੁੱਕਦਮਿਆਂ ਲਈ ਛੇ ਵਿਅਕਤੀਆਂ ਦੀ ਜਿਊਰੀ ਦੀ ਮਨਜ਼ੂਰੀ ਦਿੱਤੀ ਗਈ। ਯੂਰਪ ਵਿਚ ਜਿਊਰੀਆਂ ਅਲੱਗ ਸਿਧਾਂਤ ਅਧੀਨ ਕੰਮ ਕਰਦੀਆਂ ਹਨ। ਜੇਕਰ ਜਿਊਰੀ ਦੇ ਘੱਟੋ ਘੱਟ ਦੋ-ਤਿਹਾਈ ਮੈਂਬਰ ਦੋਸ਼ੀ ਦੇ ਵਿਰੁੱਧ ਵੋਟ ਨਾ ਦੇਣ ਤਾਂ ਦੋਸ਼ੀ ਨੂੰ ਬਰੀ ਕਰ ਦਿੱਤਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਦੀ ਕੋਰਟ ਮਾਰਸ਼ਲ ਜਿਊਰੀ ਵੀ ਇਸੇ ਸਿਧਾਂਤ ਅਨੁਸਾਰ ਕੰਮ ਕਰਦੀ ਹੈ।

ਦੀਵਾਨੀ ਮੁਕੱਦਮਿਆਂ ਵਿਚ ਜਿਊਰੀ ਨੁਕਸਾਨ ਦੀ ਰਕਮ ਅਤੇ ਦੇਣਦਾਰੀ ਬਾਰੇ ਵਿਚਾਰ ਕਰਦੀ ਹੈ ਪਰ ਫ਼ੌਜਦਾਰੀ ਮੁਕੱਦਮਿਆਂ ਵਿਚ ਕੇਵਲ ਕਸੂਰ ਤੱਕ ਹੀ ਮਹਿਦੂਦ ਰਹਿੰਦੀ ਹੈ ਅਤੇ ਜੱਜ ਜੁਰਮ ਲਈ ਸਜ਼ਾ ਨਿਸ਼ਚਿਤ ਕਰਦਾ ਹੈ। ਸੰਯੁਕਤ ਰਾਜ ਦੇ ਕੁਝ ਦੱਖਣੀ ਰਾਜਾਂ ਵਿਚ ਜਿਊਰੀ ਕਾਨੂੰਨ ਅਨੁਸਾਰ ਸਜ਼ਾ ਬਾਰੇ ਵੀ ਆਪਣਾ ਫ਼ੈਸਲਾ ਦਿੰਦੀ ਹੈ। ਜਿਊਰੀ ਅਤੇ ਜੱਜ ਦੇ ਅਧਿਕਾਰਾਂ ਦਾ ਮਾਮਲਾ ਬੜਾ ਪੇਚੀਦਾ ਹੈ। ਇਹ ਗੱਲ ਜੱਜ ਨਿਸ਼ਚਿਤ ਕਰਦਾ ਹੈ ਕਿ ਜਿਊਰੀ ਨੇ ਨਿਯਮਾਂ ਅਨੁਸਾਰ ਗਵਾਹ ਤੋਂ ਕੀ ਪੁੱਛਣਾ ਹੈ ਤੇ ਕੀ ਨਹੀਂ ਪੁੱਛਣਾ। ਜੇ ਜੱਜ ਨੂੰ ਇਹ ਲਗੇ ਕਿ ਪੇਸ਼ ਕੀਤੇ ਗਏ ਮੁਕੱਦਮੇ ਵਿਚ ਕੋਈ ਅਸਲੀਅਤ ਨਹੀਂ ਹੈ ਤਾਂ ਉਹ ਮੁਕੱਦਮੇ ਨੂੰ ਜਿਊਰੀ ਤੋਂ ਵਾਪਸ ਲੈ ਸਕਦਾ ਹੈ ਅਤੇ ਜਿਊਰੀ ਦੇ ਦੋਸ਼ੀ ਨੂੰ ਬਰੀ ਕਰਨ ਦਾ ਆਦੇਸ਼ ਦੇ ਸਕਦਾ ਹੈ। ਕੁਝ ਅਧਿਕਾਰ ਖੇਤਰਾਂ ਵਿਚ ਜੱਜ ਮੁਕੱਦਮੇ ਨੂੰ ਸੰਖੇਪ ਵਿਚ ਪੇਸ਼ ਕਰਦਾ ਹੈ ਜਾਂ ਉਸ ਦੇ ਮਹੱਤਵ ਬਾਰੇ ਵਿਚਾਰ ਕਰਦਾ ਹੈ। ਜੱਜ ਜਿਊਰੀ ਨੂੰ ਆਦੇਸ਼ ਦਿੰਦਾ ਹੈ ਕਿ ਉਹ ਇਨਸਾਫ਼ ਅਨੁਸਾਰ ਫ਼ੈਸਲਾ ਕਰੇ। ਜੇ ਕਰ ਜੱਜ ਨੂੰ ਜਿਊਰੀ ਦਾ ਫ਼ੈਸਲਾ ਸਪੱਸ਼ਟ ਤੌਰ ਤੇ ਸ਼ਹਾਦਤ ਦੇ ਵਿਰੁੱਧ ਲਗੇ ਤਾਂ ਉਹ ਮੁਕੱਦਮੇ ਨੂੰ ਨਵੇਂ ਸਿਰਿਉਂ ਪੇਸ਼ ਕਰਨ ਦਾ ਆਦੇਸ਼ ਦੇ ਸਕਦਾ ਹੈ।

ਜਿਊਰੀ ਦੀ ਹੋਂਦ ਬਾਰੇ ਵੀ ਕਈ ਵਿਵਾਦ ਚਲਦੇ ਰਹੇ ਹਨ, ਜਿਵੇਂ ਇਹ ਇਕ ਮਹਿੰਗੀ ਪ੍ਰਣਾਲੀ ਹੈ, ਇਸ ਨਾਲ ਅਨੁਚਿਤ ਦਬਾਉ ਪੈਂਦਾ ਹੈ ਅਤੇ ਇਸ ਨਾਲ ਬਹੁਤ ਦੇਰ ਹੋ ਜਾਂਦੀ ਹੈ। ਇਹ ਵੀ ਮੰਨਿਆ ਗਿਆ ਹੈ ਕਿ ਸਿਖਲਾਈ ਤਜਰਬੇ ਆਦਿ ਕਾਰਨ ਜੱਜ ਨਿਯਮਾਂ ਅਤੇ ਤੱਥਾਂ ਨੂੰ ਸਾਧਾਰਨ ਵਿਅਕਤੀ ਨਾਲੋਂ ਵਧੇਰੇ ਚੰਗੀ ਤਰ੍ਹਾਂ ਸਮਝ ਸਕਦਾ ਹੈ ਪਰ ਦੂਜੇ ਪਾਸੇ ਇਹ ਵੀ ਕਿਹਾ ਜਾਂਦਾ ਹੈ ਕਿ 12 ਵਿਅਕਤੀਆਂ ਦੇ ਵਿਚਾਰ ਇਕ ਨਾਲੋਂ ਵਧੇਰੇ ਚੰਗੇ ਹੁੰਦੇ ਹਨ। ਕੁਝ ਆਲੋਚਕਾਂ ਅਨੁਸਾਰ ਜਿਊਰੀ ਨਿਯਮਾਂ ਅਨੁਸਾਰ ਨਹੀਂ ਚਲਦੀ।

ਫਿਰ ਵੀ ਜਿਊਰੀ ਦੀ ਬਹੁਤ ਮਹੱਤਤਾ ਮੰਨੀ ਗਈ ਹੈ। ਹਾਲ ਵਿਚ ਹੋਏ ਸਰਵੇਖਣ ਅਨੁਸਾਰ ਦੀਵਾਨੀ ਅਤੇ ਫ਼ੌਜਦਾਰੀ ਦੋਵੇਂ ਤਰ੍ਹਾਂ ਦੇ 78% ਮੁਕੱਦਮਿਆਂ ਵਿਚ ਜਿਊਰੀ ਅਤੇ ਜੱਜਾਂ ਦੇ ਵਿਚਾਰ ਇਕੋ ਜਿਹੇ ਸਨ। ਅੱਜ ਪੱਛਮੀ ਜਰਮਨੀ, ਆਸਟ੍ਰੀਆ ਅਤੇ ਕੁਝ ਸਕੈਂਡੇਨੇਵੀਆਈ ਦੇਸ਼ਾਂ ਵਿਚ ਮਿਲੇ ਜੁਲੇ ਟ੍ਰਿਬਿਊਨਲ ਹਨ, ਜਿਨ੍ਹਾਂ ਵਿਚ ਦੀਵਾਨੀ ਅਤੇ ਫ਼ੌਜਦਾਰੀ ਦੋਹਾਂ ਤਰ੍ਹਾਂ ਦੇ ਮੁਕੱਦਮਿਆਂ ਵਿਚ ਗ਼ੈਰ ਪੇਸ਼ਾਵਰ ਜੱਜ ਅਲੱਗ-ਅਲੱਗ ਅਨੁਪਾਤ ਵਿਚ ਵਿਦਵਾਨ ਜੱਜਾਂ ਨਾਲ ਬੈਠ ਕੇ ਫ਼ੈਸਲੇ ਦਿੰਦੇ ਹਨ। ਪੱਛਮੀ ਜਰਮਨੀ ਅਤੇ ਫ਼ਰਾਂਸ ਵਿਚ ਇਸ ਤਰ੍ਹਾਂ ਦੇ ਮਿਲੇ ਜੁਲੇ ਟ੍ਰਿਬਿਊਨਲ ਜਿਨ੍ਹਾਂ ਨੂੰ ਜਿਊਰੀ ਕਿਹਾ ਜਾਂਦਾ ਹੈ, ਬਹੁਤ ਹਨ। ਇਸ ਵਿਚ ਤਿੰਨ ਵਿਦਵਾਨ ਅਤੇ ਛੇ ਗ਼ੈਰ-ਮਾਹਰ ਜੱਜ ਹੁੰਦੇ ਹਨ।

ਇੰਗਲੈਂਡ ਵਿਚ ਅੱਜਕੱਲ੍ਹ ਫ਼ੌਜਦਾਰੀ ਮੁਕੱਦਮਿਆਂ ਲਈ ਕਈ ਤਰ੍ਹਾਂ ਦੀਆਂ ਜਿਊਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਕਾਰੋਨਰ ਜਿਊਰੀ ਵਿਚ 12 ਵਿਅਕਤੀ ਹੁੰਦੇ ਹਨ ਜੋ ਕਿ ਅਚਾਨਕ ਹੋਈ ਮੌਤ ਬਾਰੇ ਜਾਂਚ ਪੜਤਾਲ ਕਰਦੇ ਹਨ। ਵੱਡੀ ਜਿਊਰੀ ਜਿਸ ਨੂੰ 1933 ਵਿਚ ਮਨਸੂਖ ਕੀਤਾ ਗਿਆ, ਵਿਚ ਘੱਟ ਤੋਂ ਘੱਟ 12 ਅਤੇ ਵੱਧ ਤੋਂ ਵੱਧ 23 ਵਿਅਕਤੀ ਹੁੰਦੇ ਸਨ। ਛੋਟੀ ਜਿਊਰੀ 12 ਵਿਅਕਤੀਆਂ ਦੀ ਹੁੰਦੀ ਹੈ। ਲੰਡਨ ਸ਼ਹਿਰ ਵਿਚਲੇ ਵਪਾਰਕ ਮਾਮਲਿਆਂ ਦੀਆਂ ਜਿਊਰੀਆਂ ਨੂੰ ਛੱਡ ਕੇ ਜਿਊਰੀਜ਼ ਐਕਟ 1949 ਦੀ ਧਾਰਾ 18 ਅਨੁਸਾਰ ਜਿਊਰੀ ਦੇ ਮੈਂਬਰਾਂ ਦੀ ਖ਼ਾਸ ਨਿਯੁਕਤੀ ਖ਼ਤਮ ਕਰ ਦਿੱਤੀ ਗਈ ਹੈ।

ਹ. ਪੁ. –ਐਨ. ਬ੍ਰਿ. ਮੈ. 10:360 ; ਕੋਲ. ਐਨ. 8: 158

**ਜਿਓਡ** : ਇਹ ਤਹਿਦਾਰ ਚਟਾਨਾਂ ਵਿਚ ਖੁਰਨ ਕਾਰਨ ਬਣਿਆ ਖੋਲ ਜਾਂ ਖੋੜ ਹੁੰਦਾ ਹੈ ਜਿਸ ਦੇ ਅੰਦਰਲੇ ਪਾਸੇ ਦੀਆਂ ਕੰਧਾਂ ਚੂਨੇ-ਪੱਥਰ, ਕੁਆਰਟਜ਼, ਕੈਲਿਸਡੋਨੀ, ਬ੍ਰਾਈਟ, ਸੈਲਿਸਟਾਈਟ ਅਤੇ ਡੋਲੋਮਾਈਟ ਖਣਿਜਾਂ ਦੀਆਂ ਰਵੇਦਾਰ ਹੁੰਦੀਆਂ ਹਨ। ਜਿਓਡ ਦੀ ਬਾਹਰਲੀ ਸਤ੍ਹਾ ਬੜੀ ਹੀ ਉਭੜ-ਖਾਭੜ ਹੁੰਦੀ ਹੈ। ਪਾਣੀ ਦੇ ਵਹਾਉ ਕਾਰਨ ਖੋੜ ਦੇ ਅੰਦਰਲੀ ਮਿੱਟੀ ਸ਼ਖ਼ਤ ਹੁੰਦੀ ਹੁੰਦੀ ਪਥਰੀਲੀ ਹੋ ਜਾਂਦੀ ਹੈ। ਸ਼ਾਇਦ ਪਾਣੀ ਵਿਚਲੇ ਖਣਿਜ ਪਦਾਰਥਾਂ ਦੇ ਜਮ੍ਹਾਂ ਹੋ ਜਾਣ ਕਰਕੇ ਇਸ ਤਰ੍ਹਾਂ ਹੁੰਦਾ ਹੋਵੇ।

ਮੂਲ ਰੂਪ ਵਿਚ ਜਿਓਡ ਪਾਣੀ ਵਿਚ ਘੁਲੇ ਹੋਏ ਮੈਟਰ ਦੇ ਕਿਸੇ ਚੂਨੇ ਪੱਥਰ ਵਾਲੀ ਚਟਾਨ ਦੇ ਖੋਲ ਦੀ ਸੰਰਚਨਾਤਮਕ ਤੇ ਦਰਾੜਦਾਰ ਸਤ੍ਹਾ ਉਪਰ ਅਵਖੇਪਣ (ਜੰਮਣ) ਨਾਲ ਹੋਂਦ ਵਿਚ ਆਉਂਦੇ ਹਨ। ਇਸ ਕਿਰਿਆ ਨਾਲ ਸਾਧਾਰਣ ਖੋੜ ਪਹਿਲਾਂ ਨਾਲੋਂ ਕੁਝ ਵੱਡਾ ਹੋ ਜਾਂਦਾ ਹੈ ਅਤੇ ਹੌਲੀ ਹੌਲੀ ਪਾਣੀ ਦੇ ਵਹਾਉ ਨਾਲ ਅਖੇਪਕ ਮੈਟਰ ਰਵੇਦਾਰ ਬਣ

ਜਾਂਦਾ ਹੈ। ਆਮ ਤੌਰ ਤੇ ਬ੍ਰੇਕਿਓਪੱਡਜ਼ ਤੇ ਕ੍ਰਾਂਈਨਾਇਡਜ਼ ਆਦਿ ਕਿਸਮ ਦੇ ਖੋੜ ਹੀ ਜਿਓਡ ਦਾ ਰੂਪ ਧਾਰਨ ਕਰਦੇ ਹਨ।



ਜਿਓਡ

ਜੇਕਰ ਕੋਈ ਵੀ ਜਿਓਡ ਮੌਸਮੀ ਤਬਦੀਲੀਆਂ ਪ੍ਰਤੀ ਆਪਣੀ ਬਾਹਰਲੀ ਚਟਾਨ ਨਾਲੋਂ ਜ਼ਿਆਦਾ ਮਜ਼ਬੂਤ (ਸਖ਼ਤ) ਹੋਵੇ ਤਾਂ ਚਟਾਨ ਦੇ ਖ਼ਤਮ ਹੋਣ ਉਪਰੰਤ ਇਹ ਸੁੰਤਤਰ ਹੋ ਕੇ ਤੇ ਜਿਉਂ ਦਾ ਤਿਉਂ ਰਹਿੰਦਾ ਹੈ ਪਰ ਇਸ ਦੇ ਉਲਟ ਜੇ ਬਾਹਰਲੀ ਚਟਾਨ ਜ਼ਿਆਦਾ ਪੱਕੀ ਹੋਵੇ ਤਾਂ ਜਿਓਡ ਦੇ ਅੰਦਰਲੀ ਖਣਿਜੀ ਸਤ੍ਹਾ ਖ਼ਤਮ ਹੋ ਜਾਂਦੀ ਹੈ ਅਤੇ ਅੰਤ ਵਿਚ ਇਕ ਡੂੰਘ ਜਾਂ ਟੋਇਆ ਜਿਹਾ ਰਹਿ ਜਾਂਦਾ ਹੈ।

ਜਿਓਡ ਦਾ ਆਕਾਰ ਭਿੰਨ-ਭਿੰਨ ਹੁੰਦਾ ਹੈ ਪਰ ਵੱਡੇ ਤੋਂ ਵੱਡਾ ਜਿਓਡ 25-30 ਕੁ ਸੈਂ. ਮੀ. ਦੇ ਅਰਧ-ਵਿਆਸ ਦਾ ਹੁੰਦਾ ਹੈ।

ਹ. ਪੁ. –ਐਨ. ਬ੍ਰਿ. 10: 131, ;ਕੋਲ ਐਨ. 8: 331

**ਜਿਸਤ** : ਇਸ ਧਾਤਵੀ ਤੱਤ ਦਾ ਪਰਮਾਣੂ ਕ੍ਰਮ ਅੰਕ 30 ਅਤੇ ਪਰਮਾਣੂ ਭਾਰ 65.38 ਹੈ। ਇਸ ਦਾ ਰਸਾਇਣਿਕ ਚਿੰਨ੍ਹ Zn ਹੈ।

| Ia | | | | | | | | | | | | | | | | | 0 |
|---|---|---|---|---|---|---|---|---|---|---|---|---|---|---|---|---|---|
| 1 H | IIa | | | | | | | | | | | IIIa | IVa | Va | VIa | VIIa | 2 He |
| 3 Li | 4 Be | | | | | | | | | | | 5 B | 6 C | 7 N | 8 O | 9 F | 10 Ne |
| 11 Na | 12 Mg | IIIb | IVb | Vb | VIb | VIIb | | VIII | | Ib | IIb | 13 Al | 14 Si | 15 P | 16 S | 17 Cl | 18 Ar |
| 19 K | 20 Ca | 21 Sc | 22 Ti | 23 V | 24 Cr | 25 Mn | 26 Fe | 27 Co | 28 Ni | 29 Cu | 30 Zn | 31 Ga | 32 Ge | 33 As | 34 Se | 35 Br | 36 Kr |
| 37 Rb | 38 Sr | 39 Y | 40 Zr | 41 Nb | 42 Mo | 43 Tc | 44 Ru | 45 Rh | 46 Pd | 47 Ag | 48 Cd | 49 In | 50 Sn | 51 Sb | 52 Te | 53 I | 54 Xe |
| 55 Cs | 56 Ba | 57 La | 72 Hf | 73 Ta | 74 W | 75 Re | 76 Os | 77 Ir | 78 Pt | 79 Au | 80 Hg | 81 Tl | 82 Pb | 83 Bi | 84 Po | 85 At | 86 Rn |
| 87 Fr | 88 Ra | 89 Ac | 104 Rf | 105 Ha | 106 | 107 | 108 | 109 | 110 | 111 | 112 | 113 | 114 | 115 | 116 | 117 | 118 |

| | | | | | | | | | | | | | | |
|---|---|---|---|---|---|---|---|---|---|---|---|---|---|---|
| ਲੈਂਨਥੇਨਾਈਡ ਲੜੀ | 58 Ce | 59 Pr | 60 Nd | 61 Pm | 62 Sm | 63 Eu | 64 Gd | 65 Tb | 66 Dy | 67 Ho | 68 Er | 69 Tm | 70 Yb | 71 Lu |
| ਐੱਕਟਿਨਾਈਡ ਲੜੀ | 90 Th | 91 Pa | 92 U | 93 Np | 94 Pu | 95 Am | 96 Cm | 97 Bk | 98 Cf | 99 Es | 100 Fm | 101 Md | 102 No | 103 Lr |

ਆਵਰਤੀ ਸਾਰਨੀ

ਰੋਮਨ ਕਾਲ ਵਿਚ ਇਹ ਤਾਂਬੇ ਨਾਲ ਰਲੀ ਮਿਸ਼ਰਿਤ-ਧਾਤ ਪਿੱਤਲ ਦੇ ਰੂਪ ਵਿਚ ਮਿਲਦੀ ਸੀ ਪਰੰਤੂ ਇਸ ਦੇ ਅਜੋਕੇ ਨਾਂ ਜਿਸਤ ਬਾਰੇ 16ਵੀਂ ਸਦੀ ਵਿਚ ਪੈਰਾਸੈਲਸਸ ਨੇ ਪਤਾ ਲਾਇਆ ਅਤੇ ਇਸ ਨੂੰ ਜ਼ਿੰਕਕੌਮ ਜਾਂ ਤਾਂਬੇ ਦਾ ਨਕਲੀ ਜਾਂ ਖੋਟਾ ਰੂਪ ਦੱਸਿਆ। ਸੰਨ 1661 ਵਿਚ ਸਪੈਲਟਰ ਸ਼ਬਦ ਦੀ ਵਰਤੋਂ ਡੱਚ ਸ਼ਬਦ ਸਪਾਈਆਟਰ ਤੋਂ ਹੋਣ ਲੱਗੀ, ਜਿਸ ਦਾ ਅਰਥ ਜਿਸਤ ਅਤੇ ਪੀਟਰ ਦੋਵੇਂ ਸੀ।

ਧਾਤ ਦੇ ਰੂਪ ਵਿਚ ਜਿਸਤ ਕੁਦਰਤ ਵਿਚ ਨਹੀਂ ਮਿਲਦਾ ਪ੍ਰੰਤੂ ਇਸ ਦੇ ਖਣਿਜ ਬਹੁਤ ਮਿਲਦੇ ਹਨ। ਜਿਸਤ ਦੀ ਮੁੱਖ ਕੱਚੀ-ਧਾਤ ਜ਼ਿੰਕ ਬਲੈਂਡ (ZnS) ਜਾਂ ਸਫ਼ੈਲਰਾਈਟ ਹੈ, ਜਿਸਤ ਦੇ ਬਹੁਤ ਵਪਾਰਕ ਡਿਪਾਜ਼ਿਟ ਚੂਨਾ-ਪੱਥਰ ਅਤੇ ਡੋਲਮਾਈਟ ਵਿਚ ਮਿਲਦੇ ਹਨ। ਸਫ਼ੈਲਰਾਈਟ ਵਿਚ ਆਮ ਕਰਕੇ ਸਿੱਕੇ ਦਾ ਸਲਫ਼ਾਈਡ ਗੈਲੀਨਾ ਮਿਲਿਆ ਹੁੰਦਾ ਹੈ। ਇਹ ਤਾਂਬੇ ਜਾਂ ਦੂਸਰੀਆਂ ਖਾਰੀਆਂ ਧਾਤਾਂ ਦੇ ਸਲਫ਼ਾਈਡਾਂ ਨਾਲ ਰਲਿਆ ਵੀ ਮਿਲਦਾ ਹੈ। ਹੋਰ ਕੱਚੀਆਂ-ਧਾਤਾਂ ਕੈਲਾਮੀਨ, ਸਮਿਥੇਨੋਨਾਈਟ, ਵਿਲੈਮਾਈਟ ਜ਼ਿੰਕਾਈਟ ਅਤੇ ਫਰੈਂਕ ਲੀਨਾਈਟ ਹਨ। ਧਰਤੀ ਦੀ ਪੇਪੜੀ ਵਿਚ 0.004% ਜਿਸਤ ਮਿਲਦਾ ਹੈ।

ਸ਼ੁੱਧ ਅਤੇ ਤਾਜ਼ਾ ਪਾਲਿਸ਼ ਕੀਤੀ ਜਿਸਤ ਨੀਲੀ, ਚਿੱਟੀ ਅਤੇ ਚਮਕਦਾਰ ਹੁੰਦੀ ਹੈ। ਸਿੱਲੀ ਹਵਾ ਨਾਲ ਇਸ ਦਾ ਰੰਗ ਭੂਸਲਾ ਹੋ ਜਾਂਦਾ ਹੈ। ਸ਼ੁੱਧ ਜਿਸਤ ਕੁਟੀਣਯੋਗ ਅਤੇ ਖਿਚੀਣਯੋਗ ਹੁੰਦੀ ਹੈ। ਇਸ ਵਿਚ ਹੋਰ ਧਾਤਾਂ ਦੀ ਮਿਲਾਵਟ ਕਾਰਨ ਇਹ ਕਈ ਵਾਰੀ ਭੁਰਭੁਰੀ ਹੋ ਜਾਂਦੀ ਹੈ। ਇਸ ਦਾ ਪਿਘਲਾਉ-ਦਰਜਾ 906° ਸੈਂ. ਹੈ। ਇਸ ਦੀ ਘਣਤਾ 7.13 ਹੈ। ਜਿਸਤ ਦੇ ਤੇਰਾਂ ਸਮਸਥਾਨਕ ਹਨ, ਜਿਨ੍ਹਾਂ ਵਿਚੋਂ 64, 66,67,68 ਅਤੇ 70 ਪਰਮਾਣਵੀ ਭਾਰ ਵਾਲੇ ਪੰਜ ਸਥਾਈ ਹਨ।

ਜਿਸਤ ਕਾਫ਼ੀ ਕਿਰਿਆਸ਼ੀਲ ਧਾਤ ਹੈ। ਇਸ ਨੂੰ ਥੋੜ੍ਹੀ ਮੁਸ਼ਕਿਲ ਨਾਲ ਹਵਾ ਵਿਚ ਜਲਾਇਆ ਜਾ ਸਕਦਾ ਹੈ ਅਤੇ ਇਸ ਦੀ ਲਾਟ ਨੀਲੀ ਹਰੀ ਹੁੰਦੀ ਹੈ। ਜਿਸਤ ਅਤੇ ਹਲਕੇ ਤੇਜ਼ਾਬ ਦੀ ਕਿਰਿਆ ਆਮ ਕਰਕੇ ਪ੍ਰਯੋਗਸ਼ਾਲਾ ਵਿਚ ਹਾਈਡ੍ਰੋਜਨ ਤਿਆਰ ਕਰਨ ਲਈ ਵਰਤੀ ਜਾਂਦੀ ਹੈ। ਸੋਡੀਅਮ ਹਾਈਡ੍ਰੌਕਸਾਈਡ ਵਰਗੀਆਂ ਤੇਜ਼ ਖਾਰਾਂ ਵਿਚ ਜਿਸਤ ਘੁਲ ਕੇ ਹਾਈਡ੍ਰੋਜਨ ਉਤਪੰਨ ਕਰਦੀ ਹੈ ਅਤੇ ਡਾਈਨੈਗੇਟਿਵ ਚਾਰਜਿਤ ਟੈਟ੍ਰਾਹਾਈਡ੍ਰਾੱਕਸੋਜ਼ਿੰਕੇਟ ਆਇਨ ਬਣਦੇ ਹਨ। ਜਲੀ ਘੋਲਾਂ ਵਿਚ ਜਿਸਤ ਆਇਨ Zn (NH3) $4^{++}$ ਅਤੇ Zn (CN)$4^{--}$ ਵਰਗੇ ਕੰਪਲੈਕਸ ਆਇਨ ਬਣਾਉਂਦੀ ਹੈ।

**ਜਿਸਤ ਦੇ ਲਾਭ**—ਇਸ ਦਾ ਸਭ ਤੋਂ ਮੁੱਖ ਲਾਭ ਦੂਸਰੀਆਂ ਧਾਤਾਂ ਉੱਤੇ ਰੱਖਿਅਕ ਤਹਿ ਚਾੜ੍ਹਨਾ ਹੈ। ਲੋਹੇ ਜਾਂ ਸਟੀਲ ਉੱਤੇ ਜਿਸਤ ਦੀ ਤਹਿ ਚਾੜ੍ਹਨ ਨੂੰ ਗੈਲਵੇਨਾਈਜ਼ਿੰਗ ਜਾਂ ਜਿਸਤ ਚਾੜ੍ਹਨਾ ਕਿਹਾ ਜਾਂਦਾ ਹੈ ਅਤੇ ਇਹ ਕਿਰਿਆ ਚੀਜ਼ ਨੂੰ ਪਿਘਲੇ ਹੋਏ ਜਿਸਤ ਵਿਚ ਡੁਬੋਣ ਨਾਲ ਕੀਤੀ ਜਾਂਦੀ ਹੈ। ਇਸ ਵਿਧੀ ਨੂੰ ਹਾਟ ਡਿਪ ਪ੍ਰੋਸੈੱਸ ਕਿਹਾ ਜਾਂਦਾ ਹੈ। ਅਜਿਹਾ ਕਰਨ ਦੇ ਹੋਰ ਢੰਗ ਇਲੈੱਕਟ੍ਰੋਗੈਲਵੇਨਾਈਜ਼ਿੰਗ, ਸੀਰਾਰਡਾਈਜ਼ਿੰਗ ਅਤੇ ਮੈਟਾਲਾਈਜ਼ਿੰਗ ਹਨ। (ਵਿਸਥਾਰ ਲਈ ਵੇਖੋ ਜਿਸਤੀ ਲੋਹਾ ਅਤੇ ਸਟੀਲ) ਜਿਸਤ ਦੀ ਹੋਰ ਵਰਤੋਂ ਪਿੱਤਲ ਅਤੇ ਜਿਸਤ ਡਾਈਕਾਸਟਿੰਗ ਮਿਸ਼ਰਿਤ ਧਾਤਾਂ ਵਿਚ ਜਿਸਤ ਦੀ ਚਾਦਰ ਅਤੇ ਪੱਤੀ ਵਿਚ, ਬਿਜੱਲਈ ਖੁਸ਼ਕ ਸੈਲਾਂ ਵਿਚ ਜਿਸਤ ਦੇ ਕੁਝ ਵਿਸ਼ੇਸ਼ ਯੋਗਿਕ ਬਣਾਉਣ ਲਈ ਅਤੇ ਰਸਾਇਣਿਕ ਵਿਧੀਆਂ ਵਿਚ ਲਘੂ ਕਾਰਕ ਦੇ ਤੌਰ ਤੇ ਕੀਤੀ ਜਾਂਦੀ ਹੈ। ਜਿਸਤ ਪੌਦਿਆਂ ਅਤੇ ਪਸ਼ੂਆਂ ਦੇ

ਆਰਗੈਨਿਜ਼ਮਾਂ ਦੇ ਵਾਧੇ ਲਈ ਵੀ ਜ਼ਰੂਰੀ ਤੱਤ ਹੈ। ਇਨਸੂਲਿਨ ਯੋਗਿਕ ਇਕ ਜਿਸਤ ਮਿਲਿਆ ਪ੍ਰੋਟੀਨ ਹੈ।

ਜਿਸਤ ਦੇ ਮੁੱਖ ਯੋਗਿਕਾਂ ਵਿਚੋਂ ਜ਼ਿੰਕ ਆੱਕਸਾਈਡ ਇਕ ਚਿੱਟਾ ਪਿਗਮੈਂਟ ਹੈ ਜਿਸ ਦੀ ਵਰਤੋਂ ਉਦਯੋਗਾਂ ਵਿਚ ਕੀਤੀ ਜਾਂਦੀ ਹੈ। ਚੀਨੀ-ਮਿੱਟੀ ਅਤੇ ਸ਼ਿੰਗਾਰ ਸਮੱਗਰੀ ਵਿਚ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਜ਼ਿੰਕ ਪਰਆੱਕਸਾਈਡ ਇਕ ਅਨਿਸ਼ਚਿਤ ਰਚਨਾ ਵਾਲਾ ਯੋਗਿਕ ਹੈ ਅਤੇ ਬਹੁਤ ਚੰਗਾ ਰੋਗਾਣੂਨਾਸ਼ਕ ਹੈ। ਇਸ ਦੀ ਵਰਤੋਂ ਵਧੇਰੇ ਕਰਕੇ ਚਮੜੀ ਦੇ ਰੋਗਾਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਜ਼ਿੰਕ ਕਲੋਰਾਈਡ ਤਿਆਰ ਕਰਨ ਲਈ ਧਾਤਵੀ ਜਿਸਤ ਨੂੰ ਖੁਸ਼ਕ ਕਲੋਰੀਨ ਗੈਸ ਵਿਚ ਗਰਮ ਕੀਤਾ ਜਾਂਦਾ ਹੈ। ਜ਼ਿੰਕ ਕਲੋਰਾਈਡ ਦੇ ਗਾੜ੍ਹੇ ਘੋਲ ਟਾਂਕੇ ਲਾਉਣ ਵਿਚ ਫਲੱਕਸ ਦੇ ਤੌਰ ਤੇ ਵਰਤੇ ਜਾਂਦੇ ਹਨ। ਇਸ ਵਿਚ ਆੱਕਸਾਈਡ ਘੁਲ ਕੇ ਆੱਕਸੀਕਲੋਰਾਈਡ ਬਣਾਉਂਦੇ ਹਨ, ਜਿਹੜਾ ਕਿ ਦੰਦ ਸਾਜ਼ੀ ਵਿਚ ਭਰਾਈ ਲਈ ਵਰਤਿਆ ਜਾਂਦਾ ਹੈ। ਜ਼ਿੰਕ ਕਲੋਰਾਈਡ ਦੀ ਵਰਤੋਂ ਅੱਗ ਪ੍ਰੂਫ਼ ਲੱਕੜੀ ਦੀ ਸੰਭਾਲ ਲਈ ਵੀ ਕੀਤੀ ਜਾਂਦੀ ਹੈ।

ਦਵਾਈ ਵਿਚ ਜਿਸਤ ਦੀ ਵਰਤੋਂ ਕਈ ਲੂਣਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ ਜਿਨ੍ਹਾਂ ਵਿਚੋਂ ਵਧੇਰੇ ਰੋਗਾਣੂਨਾਸ਼ਕ, ਕਾਸਟਿਕ, ਜ਼ਹਿਰੀਲੇ ਖ਼ੂਨ ਦੇ ਪ੍ਰਵਾਹ ਨੂੰ ਰੋਕਣ ਵਾਲੇ ਅਤੇ ਉੱਤੇਜਨਾ ਪੈਦਾ ਕਰਨ ਵਾਲੇ ਹੁੰਦੇ ਹਨ। ਜਿਸਤ ਦੀਆਂ ਅਲਕੋਹਲ ਜਾਂ ਪਾਣੀ ਵਿਚ ਬਣੀਆਂ ਦਵਾਈਆਂ ਦੀ ਵਰਤੋਂ ਅੱਖਾਂ, ਕੰਨ ਅਤੇ ਜ਼ਖ਼ਮ ਆਦਿ ਧੋਣ ਲਈ ਕੀਤੀ ਜਾਂਦੀ ਹੈ। ਮਲ੍ਹਮਾਂ ਅਤੇ ਸਾਫ਼ ਕਰਨ ਵਾਲੇ ਪਾਊਡਰ ਆਮ ਤੌਰ ਤੇ ਜ਼ਿੰਕ ਆੱਕਸਾਈਡ ਜਾਂ ਸਟੀਐਰੇਟ ਤੋਂ ਬਣਾਏ ਜਾਂਦੇ ਹਨ। ਜਿਸਤ ਦੇ ਜਲਣ ਪੈਦਾ ਕਰਨ ਵਾਲੇ ਅਤੇ ਕਾਸਟਿਕ ਲੂਣ ਖਾਣ ਲਈ ਬਹੁਤ ਖ਼ਤਰਨਾਕ ਹਨ ਅਤੇ ਮੌਤ ਵੀ ਹੋ ਸਕਦੀ ਹੈ।

ਹ. ਪੁ. -ਮੈਕ. ਐਨ. ਸ. ਟ. 14: 611

**ਜਿਸਤੀ ਲੋਹਾ ਅਤੇ ਸਟੀਲ** : ਲੋਹੇ ਅਤੇ ਸਟੀਲ ਨੂੰ ਜੰਗਾਲ ਤੋਂ ਬਚਾਉਣ ਲਈ ਇਨ੍ਹਾਂ ਉੱਤੇ ਜਿਸਤ ਦੀ ਤਹਿ ਚੜ੍ਹਾਉਣ ਦੀ ਕਿਰਿਆ ਨੂੰ ਜਿਸਤੀਕਰਨ ਕਿਹਾ ਜਾਂਦਾ ਹੈ। ਸਮਾਂ ਪੈਣ ਤੇ ਜਦੋਂ ਕਦੇ ਤਹਿ ਵਿਚ ਮੁਸਾਮ ਹੋ ਜਾਣ ਜਾਂ ਜਿਸਤੀ ਕਿਰਿਆ ਘੱਟ ਜਾਵੇ ਤਾਂ ਸਟੀਲ ਦੀ ਰੱਖਿਆ ਲਈ ਸੈਕਰੀਫ਼ੀਸ਼ੀਅਲ ਖੋਰ ਕਿਰਿਆ ਵਰਤੀ ਜਾਂਦੀ ਹੈ, ਜਿਸਤ ਐਨੋਡ ਹੁੰਦੀ ਹੈ ਅਤੇ ਸਟੀਲ ਕੈਥੋਡ। ਚੰਗੀ ਤਰ੍ਹਾਂ ਜਿਸਤ ਚੜ੍ਹੇ ਸਟੀਲ ਦੀ ਉਮਰ 15 ਤੋਂ 30 ਜਾਂ ਜ਼ਿਆਦਾ ਗੁਣਾਂ ਵੱਧ ਜਾਂਦੀ ਹੈ।

ਜਿਸਤੀਕਰਨ ਦੇ ਦੋ ਆਮ ਢੰਗ ਹਨ ਜਿਸਤ ਨੂੰ ਗਰਮ-ਬਾਥ ਵਿਚ ਡਬੋਣ ਦਾ ਢੰਗ (ਹਾਟ-ਡਿਪਿੰਗ) ਅਤੇ ਬਿੱਜਲੀ ਢੰਗ।

**ਹਾਟ-ਡਿਪ ਵਿਧੀਆਂ**—ਹਾਟ ਡਿਪ ਦੀਆਂ ਤਿੰਨ ਵੱਖ-ਵੱਖ ਵਿਧੀਆਂ ਹਨ : (1) ਸਟੀਲ ਦੀਆਂ ਛੋਟੀਆਂ ਚੀਜ਼ਾਂ ਲਈ ਹੈਂਡ ਡਿਪ; (2) ਨਿਰੰਤਰ ਸ਼ੀਟ ਲੇਪਣ ਲਈ ਮਸ਼ੀਨੀ ਢੰਗ; (3) ਨਿਰੰਤਰ-ਤਾਰ ਜਿਸਤੀਕਰਨ। ਦੂਸਰੇ ਵਿਸ਼ੇਸ਼ ਢੰਗ ਸ਼ੀਰਾਰਡਾਈਜ਼ਿੰਗ ਅਤੇ ਧਾਤ ਫੁਹਾਰ ਹਨ।

ਜਿਸਤੀਕਰਨ ਤੋਂ ਪਹਿਲਾਂ ਚੀਜ਼ ਨੂੰ ਚੰਗੀ ਤਰ੍ਹਾਂ ਸਾਫ਼ ਕੀਤਾ ਜਾਂਦਾ ਹੈ ਤਾਂ ਕਿ ਉਸ ਉੱਤੇ ਤੇਲ ਜਾਂ ਗ੍ਰੀਸ ਬਿਲਕੁਲ ਨਾ ਰਹੇ। ਅਜਿਹਾ ਕਰਨ ਲਈ ਚੀਜ਼ ਨੂੰ ਹਲਕੀ ਖਾਰ ਦੇ ਘੋਲ ਵਿਚ ਡੁਬੋਇਆ ਜਾਂਦਾ ਹੈ। ਸਾਫ਼ ਕਰਨ ਮਗਰੋਂ ਚੀਜ਼ ਨੂੰ ਖੁਰਚ ਕੇ ਪਿਘਲੇ ਹੋਏ ਜਿਸਤ ਵਿਚ ਪਾ ਦਿੱਤਾ ਜਾਂਦਾ ਹੈ।

**ਪਿਕਲਿੰਗ**—ਆਮ ਕਰਕੇ 5% ਤੋਂ 20% ਸੰਘਣਤਾ ਵਾਲਾ ਗੰਧਕ ਦਾ ਤੇਜ਼ਾਬ (60°ਸੈ.) ਵਰਤਿਆ ਜਾਂਦਾ ਹੈ। ਇਹ ਤੇਜ਼ਾਬ ਜੰਗਾਲ ਨੂੰ ਵੱਖਰਾ ਕਰ ਦਿੰਦਾ ਹੈ, ਜਿਹੜਾ ਕਿ ਮਗਰੋਂ ਅਘੁਲਣਸ਼ੀਲ ਹੁੰਦਾ ਹੈ।

ਹਾਈਡ੍ਰੋਕਲੋਰਿਕ ਐਸਿਡ (5% ਤੋਂ 10%) ਜੰਗਾਲ ਅਤੇ ਥੱਲੇ ਵਾਲੀ ਧਾਤ ਦੋਹਾਂ ਤੇ ਰਸਾਇਣਿਕ ਕਿਰਿਆ ਕਰਦਾ ਹੈ। ਇਸ ਲਈ ਜਦੋਂ ਇਸ ਤੇਜ਼ਾਬ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਸਟੀਲ ਵੀ ਕਾਫ਼ੀ ਜ਼ਾਇਆ ਜਾਂਦਾ ਹੈ।

ਤੇਜ਼ਾਬ ਦੀ ਬਹੁਤੀ ਕਿਰਿਆ ਨੂੰ ਰੋਕਣ ਲਈ ਤੇਲ, ਸ਼ੀਰਾ, ਬੂਰਾ ਆਦਿ ਯੋਗਿਕਾਂ ਦੀ ਵਰਤੋਂ ਨਿਰੋਧਕਾਂ ਦੇ ਤੌਰ ਤੇ ਕੀਤੀ ਜਾਂਦੀ ਹੈ।

ਹਾਟ-ਡਿਪ ਲੇਪਣ (ਚਿੱਤਰ1) ਵਿਚ ਜਦੋਂ ਤਹਿ ਮੋਟੀ ਹੁੰਦੀ ਹੈ ਤਾਂ ਭੁਰਭੁਰੀ ਹੋਣ ਕਾਰਨ ਜਦੋਂ ਚਾਦਰ ਨੂੰ ਮੋੜਿਆ ਜਾਂਦਾ ਹੈ ਤਾਂ ਲੇਪਣ ਵਿਚ ਤ੍ਰੇੜ ਪੈ ਜਾਂਦੀ ਹੈ। ਸਟੀਲ ਤੋਂ ਅਗਲੀ ਮਲਟੀਪਲ ਤਹਿ ਦੇ ਹਿੱਸੇ ਨੂੰ $FeZn_3$ ਜਾਂ ਘੱਟ ਜਿਸਤ ਵਾਲੀ ਮਿਸ਼ਰਿਤ ਧਾਤ ਕਿਹਾ ਜਾਂਦਾ ਹੈ। ਇਹ ਆਮ ਕਰਕੇ ਦਿਖਾਈ ਨਹੀਂ ਦਿੰਦੀ ਜਾਂ ਫਿਰ ਬਹੁਤ ਹੀ ਪਤਲੀ ਹੁੰਦੀ ਹੈ। ਇਸ ਤੋਂ ਅਗਲੀ ਲੋਹਾ ਜਿਸਤ ਮਿਸ਼ਰਿਤ ਧਾਤ $FeZn_7$ ਹੈ। ਇਸ ਵਿਚ ਜਿਸਤ ਜ਼ਿਆਦਾ ਹੁੰਦੀ ਹੈ ਅਤੇ ਇਹ ਬਾਹਰੀ ਜਿਸਤ ਤਹਿ ਨਾਲ ਅਨਿਯਮਿਤ ਸੀਮਾਂ ਬਣਾਉਂਦੀ ਹੈ ਅਤੇ ਇਸ ਤੋਂ ਜਿਸਤ ਬਾਥ ਦੀ ਰਚਨਾ ਦਾ ਅੰਦਾਜ਼ਾ ਲਗ ਜਾਂਦਾ ਹੈ।

ਜੇਕਰ ਸਾਫ਼ ਜੰਗਾਲ ਲੱਥੀ ਸਟੀਲ ਦੀ ਚਾਦਰ ਨੂੰ ਜਿਸਤ ਬਾਥ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਜਿਸਤ ਕਲੋਰਾਈਡ (25%) ਜਾਂ ਜ਼ਿੰਕ ਅਮੋਨੀਅਮ ਕਲੋਰਾਈਡ ਦੇ ਗਾੜ੍ਹੇ ਘੋਲ ਵਿਚੋਂ ਲੰਘਾਇਆ ਜਾਵੇ ਤਾਂ ਇਹ ਪਤਲੀ ਮਿਸ਼ਰਿਤ ਧਾਤ ਦੀ ਤਹਿ ਅਤੇ ਵਧੇਰੇ ਖਿਚੀਣਯੋਗ ਲੇਪਣ




**ਚਿੱਤਰ 1. ਜਿਸਤ ਲੋਹਾ ਮਿਸ਼ਰਿਤ ਧਾਤ ਤਹਿਆਂ ਦੀ ਡ੍ਰਾਇੰਗ ਜਿਸ ਵਿਚ A ਮਿਸ਼ਰਿਤ ਤਹਿਆਂ ਅਤੇ ਬਾਹਰਲੀ ਜਿਸਤ ਵਿਚਕਾਰ ਦੰਦੇਦਾਰ ਸੀਮਾ ਅਤੇ B ਸਫ਼ਾਈ ਕਰਕੇ ਪੱਧਰ ਸੀਮਾ ਵਿਖਾਈ ਗਈ ਹੈ।**

ਪ੍ਰਾਪਤ ਹੁੰਦੇ ਹਨ। ਜਦੋਂ ਸਟੀਲ ਦੀ ਸਤ੍ਹਾ ਨੂੰ ਸਲਫੇਟਾਂ, ਕਲੋਰਾਈਡਾਂ ਜਾਂ ਪਿਕਲਿੰਗ ਉਪਜਾਂ ਰਹਿਤ ਨਹੀਂ ਕੀਤਾ ਜਾਂਦਾ ਤਾਂ ਲੂਣ, ਪਿਘਲੇ ਹੋਏ ਜਿਸਤ ਦੀ ਕਿਰਿਆ ਨਾਲ ਸਪੰਜ ਲੋਹੇ ਵਿਚ ਬਦਲ ਜਾਂਦੇ ਹਨ ਅਤੇ ਸਟੀਲ ਦੀ ਸਤ੍ਹਾ ਨੂੰ ਮਿਸ਼ਰਿਤ ਧਾਤ ਦੇ ਅਨਿਯਮਿਤ ਦੰਦਿਆਂ ਵਾਲੇ ਬਿੰਦੂਆਂ ਨਾਲ ਢਕ ਦਿੰਦੇ ਹਨ।

ਹਾਟ-ਡਿਪ ਵਿਚ ਲੱਛਣਿਕ ਰਵੇਦਾਰ ਪੈਟਰਨ ਹੁੰਦੇ ਹਨ ਜਿਨ੍ਹਾਂ ਨੂੰ ਸਪੈਂਗਲਜ਼ (ਸਿਲਮਾ ਸਿਤਾਰਾ) ਕਿਹਾ ਜਾਂਦਾ ਹੈ। ਇਨ੍ਹਾਂ ਧਾਤ ਦੇ ਰਵਿਆਂ ਦਾ ਰੂਪ ਅਤੇ ਆਕਾਰ ਸਟੀਲ ਦੀ ਸਤ੍ਹਾ ਦੀ ਹਾਲਤ, ਬਾਥ ਵਿਚ ਅਸ਼ੁੱਧੀਆਂ ਦੀ ਕਿਸਮ ਤੇ ਮਾਤਰਾ, ਬਾਥ ਵਿਚ ਧਾਤ ਦੇ ਵਾਧੇ ਅਤੇ ਸੀਤਨ ਦੀ ਦਰ ਉੱਤੇ ਨਿਰਭਰ ਹੈ (ਵੇਖੋ ਚਿੱਤਰ 2)।



**ਚਿੱਤਰ 2. ਜਿਸਤੀ ਕ੍ਰਿਤ ਸ਼ੀਟ ਸਟੀਲ ਦੀ ਸਤ੍ਹਾ ਉੱਤੇ ਸਪੈਂਗਲ**

**ਲੋਹੇ ਤੋਂ ਬਿਨਾਂ ਜਿਸਤ ਬਾਥ** ਵਿਚ ਹੋਰ ਧਾਤਾਂ 1% ਕੈਡਮੀਅਮ ਅਤੇ ਸਿੱਕਾ ਹਨ ਅਤੇ **ਇਹ ਅਸ਼ੁੱਧੀਆਂ** ਜਿਸਤ ਦੇ ਉਤਪਾਦਨ ਲਈ

ਵਰਤੀ ਗਈ ਕੱਚੀ-ਧਾਤ ਵਿਚੋਂ ਆਉਂਦੀਆਂ ਹਨ। ਵਿਸ਼ੇਸ਼ ਪ੍ਰਭਾਵ ਲਈ ਬਾਥ ਵਿਚ ਮਿਲਾਈਆਂ ਜਾਣ ਵਾਲੀਆਂ ਧਾਤਾਂ ਕਲੱਈ, ਐਲੂਮਿਨੀਅਮ ਅਤੇ ਕਈ ਵਾਰੀ ਐਂਟੀਮਨੀ ਹਨ। ਕਲੱਈ ਅਤੇ ਐਲੂਮਿਨੀਅਮ ਬਾਥ ਦੀ ਤਰਲਤਾ ਨੂੰ ਵਧਾਉਂਦੇ ਹਨ ਅਤੇ ਕਲੱਈ ਲੇਪਿਤ ਚਾਦਰ ਨੂੰ ਚਮਕ ਵੀ ਦਿੰਦੇ ਹਨ। ਐਲੂਮਿਨੀਅਮ, ਲੋਹੇ ਅਤੇ ਜਿਸਤ ਦੀ ਕਿਰਿਆ ਨੂੰ ਘਟਾਉਂਦਾ ਹੈ ਜਿਸ ਨਾਲ ਲੋਹਾ ਜਿਸਤ ਮਿਸ਼ਰਿਤ-ਧਾਤ ਦੀ ਮੋਟਾਈ ਘਟ ਜਾਂਦੀ ਹੈ ਅਤੇ ਲੇਪਣ ਵਧੇਰੇ ਖਿਚੀਣਯੋਗ ਹੋ ਜਾਂਦਾ ਹੈ।

ਅਸਲ ਜਿਸਤੀਕਰਨ ਲਈ ਇਕ ਵੈਲਡ ਕੀਤੀ ਸਟੀਲ ਦੀ ਦੇਗਚੀ ਵਿਚ ਪਿਘਲਿਆ ਹੋਇਆ ਜਿਸਤ ਪਾਇਆ ਜਾਂਦਾ ਹੈ ਅਤੇ ਇਸ ਨੂੰ ਪਾਸਿਆਂ ਤੋਂ ਗਰਮ ਕਰਕੇ ਲਗਭਗ 455° ਸੈਂ (850° ਫਾ.) ਤੇ ਰੱਖਿਆ ਜਾਂਦਾ ਹੈ ਜਿਵੇਂ ਕਿ ਚਿੱਤਰ (3) ਤੋਂ ਸਪੱਸ਼ਟ ਹੈ। ਚਾਦਰ ਦੀ ਸਤ੍ਹਾ ਉੱਤੇ ਜਿਸਤ ਦੀ ਮਾਤਰਾ ਪ੍ਰਤੀ ਸੱਤਈ ਵਰਗ ਫੁੱਟ ਅੱਧੀ ਔਂਸ ਤੋਂ ਦੋ ਔਂਸ ਹੋ ਸਕਦੀ ਹੈ ਪਰੰਤੂ ਇਹ ਵਰਤੀ ਗਈ ਵਿਧੀ ਉੱਤੇ, ਆਪਰੇਸ਼ਨ ਦੀ ਵਿਸ਼ੇਸ਼ਤਾ ਅਤੇ ਚਾਹੀ ਗਈ ਸਰਵਿਸ ਨਿਰਭਰ ਹੈ।




ਚਿੱਤਰ 3. ਹਾਟ ਡਿਪ ਵਿਧੀ ਦੇ ਸ਼ੀਟ ਜਿਸਤੀਕਰਨ ਬਾਥ ਦੇ ਰੇਖਾ-ਚਿੱਤਰ ਦਾ ਖ਼ਾਕਾ

ਲੋਹੇ ਅਤੇ ਘੱਟ ਕਾਰਬਨ ਵਾਲੇ ਸਟੀਲ ਉੱਤੇ ਜਿਸਤੀਕਰਨ ਲਈ ਇਕ ਨਿਰੰਤਰ ਵਿਧੀ ਵਿਕਸਿਤ ਹੋਈ ਹੈ ਜਿਸ ਨੂੰ ਸੈਂਡਜ਼ੀਮੀਰ ਜ਼ਿੰਕਗਰਿਪ ਵਿਧੀ ਕਿਹਾ ਜਾਂਦਾ ਹੈ। ਇਸ ਵਿਧੀ ਦਾ ਮੰਤਵ ਜਿਸਤੀ ਕਰਨ ਤੋਂ ਪਹਿਲਾਂ ਸਤ੍ਹਾ ਨੂੰ ਪੂਰਨ ਤੌਰ ਤੇ ਆੱਕਸਾਈਡਾਂ ਤੋਂ ਮੁਕਤ ਕਰਨਾ ਹੈ। ਇਹ ਵਿਧੀ ਚਿੱਤਰ (4) ਤੋਂ ਸਪੱਸ਼ਟ ਹੋ ਜਾਂਦੀ ਹੈ।




ਚਿੱਤਰ 4. ਜ਼ਿੰਕਗਰਿਪ ਵਿਧੀ ਦੀ ਵਿਉਂਤ ਦਾ ਖ਼ਾਕਾ

**ਤਾਰਾ ਜਿਸਤੀਕਰਨ**—ਇਹ ਵੀ ਇਕ ਨਿਰੰਤਰ-ਵਿਧੀ ਹੈ। ਤਾਰ ਨੂੰ ਲਗਾਤਾਰ ਪਿਕਲਿੰਗ, ਅਨੀਲੀਕਰਨ ਅਤੇ ਧੋਣ ਵਾਲੇ ਆਪਰੇਸ਼ਨਾਂ ਵਿਚੋਂ ਲੰਘਾਇਆ ਜਾਂਦਾ ਹੈ। ਜਿਸਤੀਕਰਨ ਵਾਲੀ ਦੇਗਚੀ ਵਿਚ ਜਾਣ ਤੋਂ ਪਹਿਲਾਂ ਇਸ ਨੂੰ ਸੁਕਾ ਲਿਆ ਜਾਂਦਾ ਹੈ ਅਤੇ ਚਾਰਕੋਲ, ਸੰਤ੍ਰਿਪਤ ਕਾਰਬਨ, ਕੋਕ, ਰੇਤ ਜਾਂ ਐਸਬੈੱਸਟਾਸ ਦੇ ਵਾਈਪਰਾਂ ਵਿਚੋਂ ਬਾਹਰ ਕੱਢ ਲਿਆ ਜਾਂਦਾ ਹੈ। ਪਿੰਕਨਿੰਗ ਲਈ ਲਗਭਗ 57° (135° ਫਾ.) ਤੋਂ 68° ਸੈ. (155° ਫਾ.) ਤੱਕ ਦਾ 20% ਹਾਈਡ੍ਰੋਕਲੋਰਿਕ ਐਸਿਡ ਘੋਲ ਵਰਤਿਆ ਜਾਂਦਾ ਹੈ।

**ਨਿਮਨ-ਤਾਪਮਾਨ ਵਾਲੀਆਂ ਵਿਧੀਆਂ**—ਸ਼ੀਰਾਰਡਾਈਜ਼ਿੰਗ ਵਿਧੀ ਵਿਚ ਸਟੀਲ ਦੀ ਚੀਜ਼ ਨੂੰ ਜਿਸਤ ਦੇ ਪਿਘਲਾਉ ਦਰਜੇ ਤੋਂ ਥੱਲੇ ਜਿਸਤ ਦੇ ਬਾਰੀਕ ਪਾਊਡਰ ਦੀ ਹੋਂਦ ਵਿਚ ਗਰਮ ਕਰਕੇ ਇਸ ਦੀ ਸਤ੍ਹਾ ਉੱਤੇ ਲੋਹੇ ਅਤੇ ਜਿਸਤ ਦੇ ਅੰਤਰਧਾਤਵੀ ਯੋਗਿਕ ਬਣਾਏ ਜਾਂਦੇ ਹਨ। ਧਾਤਵੀ ਫੁਹਾਰ (ਸਕੂਪ ਵਿਧੀ)—ਇਸ ਵਿਧੀ ਵਿਚ ਸਟੀਲ ਨੂੰ ਸੈਂਡਬਲਾਸਟਿੰਗ ਵਾਂਗ ਸਾਫ਼ ਅਤੇ ਖੁਰਦਰਾ ਕਰਨ ਉਪਰੰਤ ਗਰਮ ਕਰਕੇ ਇਸ ਉੱਤੇ ਪਿਘਲੇ ਹੋਏ ਜਿਸਤ ਦੀ ਫੁਹਾਰ ਪਾਈ ਜਾਂਦੀ ਹੈ। ਇਸ ਵਿਧੀ ਵਿਚ ਕੋਈ ਯੋਗਿਕ ਨਹੀਂ ਬਣਦੇ ਸਗੋਂ ਜਿਸਤ ਸਿੱਧਾ ਹੀ ਸਤ੍ਹਾ ਉੱਤੇ ਚਿਪਕ ਜਾਂਦਾ ਹੈ।

**ਬਿਜਲ-ਜਿਸਤੀਕਰਨ ਵਿਧੀਆਂ**—ਇਸ ਠੰਢੀ ਵਿਧੀ ਦੇ ਗਰਮ ਜਿਸਤੀਕਰਨ ਨਾਲੋਂ ਕਈ ਲਾਭ ਹਨ ਜਿਵੇਂ ਕਿ (1) ਜਿਸਤ ਦੀ ਵਰਤੋਂ ਘੱਟ ਹੁੰਦੀ ਹੈ, ਅਤੇ ਹਾਲਾਤ ਕੁਝ ਸੁਖਾਵੇਂ ਹੁੰਦੇ ਹਨ। (2) ਲੇਪਣ ਦੀ ਮੋਟਾਈ ਉੱਤੇ ਪੂਰਨ ਕੰਟਰੋਲ ਹੁੰਦਾ ਹੈ, (3) ਸ਼ੁੱਧ ਜਿਸਤ ਦਾ ਲੇਪ ਡਿਪਾਜ਼ਿਟ ਹੁੰਦਾ ਹੈ, (4) ਹਾਟ-ਡਿਪ ਵਿਧੀ ਨਾਲ ਪਿਘਲੇ ਹੋਏ ਜਿਸਤ ਦੇ ਤਾਪਮਾਨ ਕਾਰਨ ਜਿਨ੍ਹਾਂ ਚੀਜ਼ਾਂ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ, ਉਨ੍ਹਾਂ ਲਈ ਇਹ ਵਿਧੀ ਯੋਗ ਹੈ ਅਤੇ (5) ਹਾਟ-ਵਿਧੀ ਵਾਂਗ ਕਿਸੇ ਵੀ ਪੱਧਰੀ ਸਤ੍ਹਾ ਦੇ ਲੇਪਣ ਵਿਚ ਕੋਈ ਵਿਕਾਰ ਨਹੀਂ ਹੁੰਦਾ।

ਇਸ ਵਿਧੀ ਵਿਚ ਨੁਕਸ ਇਹ ਹੈ ਕਿ ਠੀਕ ਲੇਪਣ ਪ੍ਰਾਪਤ ਕਰਨ ਲਈ ਬਹੁਤ ਧਿਆਨ ਅਤੇ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਅਤੇ ਹਾਟ-ਵਿਧੀ ਜਲ ਰੋਧਕ (ਵਾਟਰ ਟਾਈਟ) ਚੀਜ਼ਾਂ ਲਈ ਇਸ ਨਾਲੋਂ ਵਧੇਰੇ ਚੰਗੀ ਹੈ। ਜਿਸਤ ਨਾਲ ਬਿਜਲ ਜਿਸਤੀਕਰਨ ਜਾਂ ਬਿਜਲੀ ਮੁਲੰਮਾਂ ਵਿਧੀਆਂ ਦੋ ਕਾਰਨਾਂ ਕਾਰਨ ਵੱਖਰੀਆਂ ਕੀਤੀਆਂ ਗਈਆਂ ਹਨ ਅਰਥਾਤ (ੳ) ਘੱਟ ਤੇਜ਼ਾਬ ਮਾਤਰਾ ਵਾਲੇ ਜਿਸਤ ਸਲਫ਼ੇਟ ਦੇ ਘੋਲ ਵਿਚ ਅਘੁਲਣਸ਼ੀਲ ਐਨੋਡ, (ਅ) ਉੱਚ ਤੇਜ਼ਾਬ ਦੀ ਮਾਤਰਾ ਵਾਲੇ ਜਿਸਤ ਸਲਫ਼ੇਟ ਦੇ ਘੋਲ ਵਿਚ ਅਘੁਲਣਸ਼ੀਲ ਐਨੋਡ।

ਘੁਲਣਸ਼ੀਲ ਐਨੋਡ ਵਿਧੀ ਵਿਚ ਤਾਰ ਜਾਂ ਪੱਤਰੀ ਨੂੰ ਆਮ ਕਰਕੇ ਪਿਘਲੇ ਹੋਏ ਸਿੱਕੇ ਵਿਚੋਂ ਲੰਘਾ ਕੇ ਅਨੀਲ ਕੀਤਾ ਜਾਂਦਾ ਹੈ ਅਤੇ ਜੁੜੀ ਹੋਈ ਜੰਗਾਲ ਨੂੰ ਹਾਈਡ੍ਰੋਕਲੋਰਿਕ ਐਸਿਡ ਵਿਚ ਪਿੰਕਨਿੰਗ ਦੁਆਰਾ ਦੂਰ ਕੀਤਾ ਜਾਂਦਾ ਹੈ। ਲੇਪਣ, ਭੁਰਭੁਰੀ ਮਿਸ਼ਰਿਤ ਧਾਤ ਦੀ ਤਹਿ ਰਹਿਤ ਹੋਣ ਕਾਰਨ ਵਧੇਰੇ ਖਿਚੀਣਯੋਗ ਤੇ ਇਕ ਸਾਰ ਹੁੰਦਾ ਹੈ ਅਤੇ ਚੰਗੀ ਤਰ੍ਹਾਂ ਚਿਪਕਦਾ ਹੈ।

ਅਘੁਲਣਸ਼ੀਲ ਐਨੋਡ ਵਿਧੀ ਵਿਚ ਜਿਸਤ ਦੀ ਭੁੰਨੀ ਹੋਈ ਕੱਚੀ ਧਾਤ ਨੂੰ ਹਲਕੇ ਗੰਧਕ ਦੇ ਤੇਜ਼ਾਬ ਨਾਲ ਖੋਰਿਆ ਜਾਂਦਾ ਹੈ, ਘੋਲ ਨੂੰ ਸਾਫ਼ ਕਰਕੇ ਘੁਲਣਸ਼ੀਲ

ਜਿਸਤ ਨੂੰ ਉੱਚ ਕਰੰਟ ਘਣਤਾ ਤੇ ਤਾਰ ਜਾਂ ਪੱਤਰੀ ਉੱਤੇ ਬਿਜਲੀ ਲੇਪਣ ਕੀਤਾ ਜਾਂਦਾ ਹੈ। ਸਿੱਕਾ ਚਾਂਦੀ ਮਿਸ਼ਰਿਤ ਧਾਤ ਐਨੋਡ (1% ਚਾਂਦੀ) ਦੀ ਵਰਤੋਂ ਕਰਕੇ ਇਸ ਘੋਲ ਵਿਚੋਂ ਕੈਥੋਡੀ ਡਿਪਾਜ਼ਿਟ ਬਹੁਤ ਜ਼ਿਆਦਾ ਸ਼ੁੱਧ (99, 99% ਜਿਸਤ) ਅਤੇ ਖਿਚੀਣਯੋਗ ਹੁੰਦੇ ਹਨ।

ਅਨੀਲੀਕਰਨ ਲਈ ਤਾਰਾਂ ਲਗਭਗ 538° ਸੈਂ. (1000° ਫਾ.) ਉੱਤੇ ਪਿਘਲੇ ਹੋਏ ਸਿੱਕੇ ਦੀ ਦੇਗਚੀ ਦੇ ਅਧਾਰ ਵਿਚ ਦਾਖ਼ਲ ਹੁੰਦੀਆਂ ਹਨ ਅਤੇ ਝੁਕੀ ਹਾਲਤ ਵਿਚ ਉਪਰ ਵੱਲ ਜਾਂਦੀਆਂ ਹਨ। ਸਿੱਕੇ ਵਿਚੋਂ ਨਿਕਲ ਕੇ ਇਹ ਪਿਘਲੇ ਹੋਏ ਕਾਸਟਿਕ ਸੋਡੇ ਵਾਲੇ ਬਾਥ ਵਿਚ ਜਾਂਦੀਆਂ ਹਨ ਅਤੇ ਕੈਥੋਡੀ ਬਿਜੱਲਈ ਅਪਘਟਨ ਦੁਆਰਾ ਸਾਫ਼ ਹੁੰਦੀਆਂ ਹਨ। ਫਿਰ ਤਾਰਾਂ ਨੂੰ ਧੋ ਕੇ ਇਲੈਕੱਟ੍ਰੋਲਿਟੀ ਜਿਸਤ ਸੈੱਲ ਵਿਚ ਜਾਂਦੀਆਂ ਹਨ ਜਿਸ ਵਿਚ 700 ਤੋਂ 1, 500 ਐਂਪੀਅਰ ਪ੍ਰਤੀ ਵਰਗ ਫੁੱਟ ਕਰੰਟ ਹੁੰਦਾ ਹੈ। ਲੇਪਿਤ ਤਾਰਾਂ ਨੂੰ ਪਾਣੀ ਵਿਚ ਧੋ ਕੇ ਪਾਲਿਸ਼ ਕੀਤਾ ਜਾਂਦਾ ਹੈ। ਇਸ ਵਿਧੀ ਨਾਲ ਜਿਸਤ ਹਾਟ ਡਿੱਪ ਵਿਧੀ ਨਾਲੋਂ ਵਧੇਰੇ ਚਿਪਕਦਾ ਹੈ।

ਹ. ਪੁ. -ਐਨ. ਬ੍ਰਿ. 9: 1107

**ਜਿਹਲਮ** : ਦਰਿਆ—ਇਹ ਅਣਵੰਡੇ ਪੰਜਾਬ ਦੇ ਉਨ੍ਹਾਂ ਪੰਜ ਦਰਿਆਵਾਂ ਵਿਚੋਂ ਇਕ ਦਰਿਆ ਹੈ, ਜਿਨ੍ਹਾਂ ਕਾਰਨ ਪੰਜਾਬ ਨੂੰ ਪੰਜਾਬ ਕਿਹਾ ਜਾਂਦਾ ਹੈ। ਇਸ ਦੀ ਲੰਬਾਈ ਲਗਭਗ 725 ਕਿ. ਮੀ. ਹੈ। ਮੁਸਲਮਾਨ ਇਤਿਹਾਸਕਾਰ ਇਸ ਨੂੰ ਬਿਹਾਤ, ਵਿਹਾਤ ਜਾਂ ਬਿਹਾਤਾਬ ਕਹਿੰਦੇ ਹਨ ਜਿਹੜਾ ਸੰਸਕ੍ਰਿਤ ਦੇ ਵਿਤਸਤਾ ਨਾਂ ਤੋਂ ਵਿਗੜ ਕੇ ਬਣਿਆ ਹੈ। ਸਿਕੰਦਰੀਆ ਦੇ ਇਤਿਹਾਸਕਾਰਾਂ ਨੇ ਇਸ ਨੂੰ ਹਾਈਦਾਸਪਸ ਕਿਹਾ ਹੈ ਜਦ ਕਿ ਟਾਲਮੀ ਨੇ ਇਸ ਨੂੰ ਬਿਦਾਸਪਸ ਕਿਹਾ ਹੈ। ਆਧੁਨਿਕ ਕਸ਼ਮੀਰੀ ਵਿਚ ਇਸ ਨੂੰ ਵੈੱਥ ਕਿਹਾ ਜਾਂਦਾ ਹੈ। ਇਹ ਦਰਿਆ ਕਸ਼ਮੀਰ ਵਿਚ ਇਕ ਕਾਫ਼ੀ ਉੱਚੀ ਪਹਾੜੀ ਦੇ ਹੇਠਾਂ ਵੈਰੀ ਨਾਗ ਨਾਂ ਦੇ ਸਾਫ਼ ਪਾਣੀ ਦੇ ਝਰਨੇ ਤੋਂ ਨਿਕਲਦਾ ਹੈ। ਖ਼ਾਨ ਬਾਲ ਵਿਖੇ ਇਸ ਦਰਿਆ ਨਾਲ ਆਦਪਤ, ਬ੍ਰਿੰਗ ਅਤੇ ਸਨਡ੍ਰਾਨ ਆਦਿ ਨਦੀਆਂ ਆ ਕੇ ਰਲ ਜਾਂਦੀਆਂ ਹਨ। ਵੂਲਰ ਝੀਲ, ਜਿਸ ਨੂੰ ਇਸ ਦਰਿਆ ਦਾ ਡੈਲਟਾ ਵੀ ਕਿਹਾ ਜਾਂਦਾ ਹੈ, ਵਿਚ ਪਹੁੰਚਣ ਤੱਕ ਇਹ ਦਰਿਆ ਕਾਫ਼ੀ ਤੇਜ਼ ਰਫਤਾਰ ਨਾਲ ਵਹਿੰਦਾ ਹੈ। ਵੂਲਰ ਝੀਲ ਵਿਚ ਮਿਲਣ ਨਾਲ ਇਸ ਦੀ ਰਫਤਾਰ ਮੱਧਮ ਪੈ ਜਾਂਦੀ ਹੈ।

ਇਸ ਦਰਿਆ ਦੀਆਂ ਬਹੁਤ ਸਾਰੀਆਂ ਸਹਾਇਕ ਨਦੀਆਂ ਹਨ। ਸੱਜੇ ਪਾਸੇ ਤੋਂ ਸਦਾ ਬਰਫ਼ ਨਾਲ ਢਕੀ ਰਹਿਣ ਵਾਲੀ ਲਿਦੜ ਘਾਟੀ ਤੋਂ ਆਉਣ ਵਾਲੀ ਲਿਦੜ ਨਦੀ ਇਸ ਨਾਲ ਆ ਕੇ ਮਿਲ ਜਾਂਦੀ ਹੈ। ਸ੍ਰੀ ਨਗਰ ਤੋਂ ਹੇਠਾਂ ਸਾਦੀਪੁਰ ਦੇ ਨਜ਼ਦੀਕ ਸਿੰਧ ਦਰਿਆ ਇਸ ਨਾਲ ਮਿਲ ਜਾਂਦਾ ਹੈ। ਇਸ ਦੇ ਖੱਬੇ ਪਾਸੇ ਤੋਂ, ਵਿਸ਼ਵ, ਰਾਮ ਜੀ, ਦੁੱਧ ਗੰਗਾ, ਸੁਕਨਾਗ ਅਤੇ ਫਿਰੋਜ਼ਪੁਰਾ ਆਦਿ ਨਦੀਆਂ ਇਸ ਨਾਲ ਆ ਕੇ ਰਲ ਜਾਂਦੀਆਂ ਹਨ। ਬਾਰਾਮੂਲਾ ਤੋਂ ਹੇਠਾਂ ਇਹ ਦਰਿਆ ਉਪਜਾਊ ਘਾਟੀ ਨੂੰ ਛੱਡ ਕੇ ਕੁਹਾਲਾ ਤੱਕ ਕਾਜੀਨਾਗ ਪਰਬਤ ਲੜੀ ਤੇ ਪੀਰ ਪੰਜਾਲ ਪਹਾੜ ਦੇ ਵਿਚਕਾਰਲੇ ਇਕ ਡੂੰਘੇ ਦੱਰੇ ਰਾਹੀਂ ਵਹਿੰਦਾ ਹੈ। ਮੁਜ਼ਫਰਾਬਾਦ ਵਿਖੇ ਪਹੁੰਚਣ ਸਮੇਂ ਇਸ ਨਾਲ ਸੱਜੇ ਪਾਸੇ ਤੋਂ ਆ ਕੇ ਕਿਸ਼ਨਗੰਗਾ ਦਰਿਆ ਮਿਲ ਜਾਂਦਾ ਹੈ ਤੇ ਇਸ ਤੋਂ ਕੁਝ ਕੁ ਹੋਰ ਕਿਲੋ ਮੀਟਰ ਅਗਾਂਹ ਜਾਣ ਸਮੇਂ ਹਜ਼ਾਰਾ ਜ਼ਿਲ੍ਹੇ ਦੀ ਜਲ ਨਿਕਾਸੀ ਕਰਨ ਵਾਲਾ ਕੁੰਨਹਾਰ ਦਰਿਆ ਇਸ ਨਾਲ ਮਿਲ ਜਾਂਦਾ ਹੈ। ਖ਼ਾਨਬਾਲ ਅਤੇ ਬਾਰਾਮੂਲਾ ਦੇ ਵਿਚਕਾਰ ਇਸ ਦਰਿਆ ਉਪਰ ਬਹੁਤ ਸਾਰੇ ਪੁਲ ਬਣੇ ਹੋਏ ਹਨ। ਕਸ਼ਮੀਰ ਦਾ ਬਹੁਤ ਸਾਰਾ ਅੰਦਰੂਨੀ ਵਪਾਰ ਵੀ ਇਸੇ ਦਰਿਆ ਉਪਰ ਨਿਰਭਰ ਕਰਦਾ ਹੈ ਤੇ ਇਸ ਵਿਚ ਬਹੁਤ ਸਾਰੀਆਂ ਕਿਸ਼ਤੀਆਂ ਵੀ ਚਲਦੀਆਂ ਹਨ। ਜਿਹਲਮ ਸ਼ਹਿਰ ਕੋਲ ਪਹੁੰਚ ਕੇ ਇਸ ਦੀ ਚੌੜਾਈ ਲਗਭਗ 160 ਮੀਟਰ ਹੋ ਜਾਂਦੀ ਹੈ। ਇਸ ਤੋਂ ਅਗਾਂਹ ਇਹ ਦਰਿਆ ਪੱਛਮ ਵੱਲ ਮੁੜ ਜਾਂਦਾ ਹੈ ਤੇ ਜਲਾਲਪੁਰ ਮੋਗਾ, ਭੇੜਾਂ ਅਤੇ ਖੁਸਾਬ ਦੇ ਇਲਾਕਿਆਂ ਵਿਚੋਂ ਦੀ ਲੰਘਦਾ ਹੈ। ਫੇਰ ਦੱਖਣ ਵੱਲ ਮੁੜ ਕੇ, ਗਿਰੋਤ, ਸਾਹੀਵਾਲ ਵਿਚੋਂ ਦੀ ਲੰਘ ਕੇ ਝੰਗ ਦੇ ਇਲਾਕੇ ਵਿਚ ਚਲਾ ਜਾਂਦਾ ਹੈ। ਝੰਗ ਦੇ ਇਲਾਕੇ ਵਿਚ ਇਸ ਦੇ ਦੋਹੀਂ ਪਾਸੀਂ ਘਣੇ ਜੰਗਲ ਹਨ, ਇਸ ਕਾਰਣ ਇਥੇ ਵਰਖਾ ਬਹੁਤ ਹੁੰਦੀ ਹੈ ਤੇ ਦਰਿਆ ਵਿਚ ਅਕਸਰ ਹੜ੍ਹ ਆਉਂਦੇ ਰਹਿੰਦੇ ਹਨ। ਮੁਲਤਾਨ ਦੇ ਨਜ਼ਦੀਕ ਇਹ ਚਨਾਬ ਦਰਿਆ ਨਾਲ ਰਲ ਜਾਂਦਾ ਹੈ। ਜਿਸ ਥਾਂ ਤੇ ਇਹ ਦੋਵੇਂ ਦਰਿਆ ਮਿਲਦੇ ਹਨ, ਉਸ ਨੂੰ ਤ੍ਰਿਮੂ ਕਹਿੰਦੇ ਹਨ।

ਚਨਾਬ ਦਰਿਆ ਵਿਚ ਅੱਗੇ ਚਲ ਕੇ ਰਾਵੀ ਦਰਿਆ ਮਿਲ ਜਾਂਦਾ ਹੈ ਅਤੇ ਉੱਚ ਦੇ ਇਲਾਕੇ ਵਿਚ ਸਤਲੁਜ ਵੀ ਇਸ ਨਾਲ ਆ ਰਲਦਾ ਹੈ ਤੇ ਇਹ ਸਾਰੇ ਇਕੱਠੇ ਹੋ ਕੇ ਮਿਥਨਕੋਟ ਵਿਖੇ ਸਿੰਧ ਦਰਿਆ ਨਾਲ ਰਲ ਜਾਂਦੇ ਹਨ। ਇਨ੍ਹਾਂ ਪੰਜ ਦਰਿਆਵਾਂ ਕਾਰਣ ਹੀ ਪੰਜ ਨਾਦ ਨਾਂ ਪਿਆ।

ਕੁਝ ਦੂਰੀ ਤੱਕ ਪੰਜਨਾਦ ਅਤੇ ਸਿੰਧ ਦਰਿਆ ਸਮਾਂਤਰ ਵਗਦੇ ਹਨ ਅਤੇ ਫਿਰ ਇਹ ਰਲ ਕੇ ਵੱਡਾ ਸਿੰਧ ਦਰਿਆ ਬਣਾ ਦਿੰਦੇ ਹਨ। ਜਿਹਲਮ ਦਰਿਆ ਉਪਰ ਪ੍ਰਸਿੱਧ ਸ਼ਹਿਰ ਸ੍ਰੀ ਨਗਰ, ਜਿਹਲਮ, ਪਿੰਡ ਦਾਦਨ ਖਾਨ, ਭੇੜਾ ਮਿਆਨੀ ਅਤੇ ਸ਼ਾਹਪੁਰ ਵਸੇ ਹੋਏ ਹਨ। ਇਸ ਉਪਰ ਮੰਗਲਾ ਡੈਮ ਬਣਾ ਕੇ 1000,000 ਕਿਊਬਕ ਵਾਟ ਬਿਜਲੀ ਪੈਦਾ ਕੀਤੀ ਜਾਂਦੀ ਹੈ ਅਤੇ 300,000 ਏਕੜ ਰਕਬੇ ਦੀ ਸਿੰਜਾਈ ਕੀਤੀ ਜਾਂਦੀ ਹੈ। ਸਿੰਕਦਰ ਮਹਾਨ ਅਤੇ ਪੋਰਸ ਵਿਚਕਾਰ ਯੁੱਧ ਵੀ ਇਸੇ ਦਰਿਆ ਦੇ ਕੰਢੇ ਉੱਤੇ ਹੋਇਆ ਸੀ। ਜਨਰਲ ਕਨਿੰਘਮ ਅਨੁਸਾਰ ਸਿੰਕਦਰ ਨੇ ਜਿਹਲਮ ਜ਼ਿਲ੍ਹੇ ਵਿਚ ਪੈਂਦੇ ਜਲਾਲਪੁਰ ਦੇ ਸਥਾਨ ਤੋਂ ਇਸ ਦਰਿਆ ਨੂੰ ਪਾਰ ਕੀਤਾ ਸੀ।

ਹ. ਪੁ. -ਇੰਪ. ਗ. ਇੰਡ. 14: 160-61; ਐਨ. ਬ੍ਰਿ. ਮਾ. 6: 548

**ਜਿਹਲਮ** : ਨਹਿਰ ਲੋਇਰ—ਪੱਛਮੀ ਪੰਜਾਬ (ਪਾਕਿ.) ਵਿਚ ਜਿਹਲਮ ਦਰਿਆ ਦੇ ਖੱਬੇ ਕੰਢਿਓਂ ਕੱਢੀ ਗਈ ਨਹਿਰ ਹੈ ਜਿਹੜੀ ਜਿਹਲਮ ਅਤੇ ਚਨਾਬ ਦਰਿਆਵਾਂ ਦਰਮਿਆਨ ਪੈਂਦੇ ਇਲਾਕੇ ਦੀ ਸਿੰਜਾਈ ਕਰਦੀ ਹੈ। ਇਹ ਗੁਜਰਾਤ ਜ਼ਿਲ੍ਹੇ ਵਿਚ ਮੋਂਗ ਰਸੂਲ ਪਿੰਡ ਦੇ ਨਜ਼ਦੀਕ ਕੱਢੀ ਗਈ ਹੈ। 30 ਅਕਤੂਬਰ, 1901 ਨੂੰ ਇਹ ਨਹਿਰ ਚਾਲੂ ਕੀਤੀ ਗਈ। ਜਿਹਲਮ ਦਰਿਆ ਤੋਂ ਨਿਕਲੀ ਇਸ ਨਹਿਰ ਤੇ 4, 100 ਫੁੱਟ ਉੱਚਾ ਬੰਨ੍ਹ ਤੇ 24 1/2 ਫੁੱਟ ਦੇ ਅੱਠ ਮਜ਼ਬੂਤ ਖਾਣ ਬਣਾ ਕੇ ਪੁਲ ਬਣਾਇਆ ਗਿਆ ਹੈ, ਇਸ ਦੀ ਚੌੜਾਈ 140 ਫੁੱਟ ਅਤੇ ਲੰਬਾਈ 167 ਮੀਲ ਹੈ।

ਨਹਿਰ ਵਿਚੋਂ ਕਈ ਹੋਰ ਉਪ ਨਹਿਰਾਂ ਕੱਢੀਆਂ ਗਈਆਂ ਹਨ। ਲਗਭਗ 2400 ਵ. ਮੀਲ ਖੇਤਰ ਨੂੰ ਇਸ ਨਹਿਰ ਦੇ ਪਾਣੀ ਤੋਂ ਸਿੰਜਾਈ ਦੀ ਸਹੂਲਤ ਪ੍ਰਾਪਤ ਹੋਈ। ਨਹਿਰ ਦੇ ਨਾਲ ਲਗਦੇ ਖੇਤਰ ਤੇ ਕਲੋਨੀ ਵਸਾਈ ਗਈ ਜਿਸ ਵਿਚ ਚੰਗੀ ਨਸਲ ਦੇ ਘੋੜੇ ਤਿਆਰ ਕਰਨ ਲਈ ਲੋਕਾਂ ਨੂੰ ਗਰਾਂਟ ਆਦਿ ਦਿੱਤੀ ਗਈ।

**ਜਿਹਲਮ** : ਜ਼ਿਲ੍ਹਾ—ਇਹ ਪਾਕਿਸਤਾਨ ਵਿਚ ਪੰਜਾਬ ਰਾਜ ਦੀ ਰਾਵਲਪਿੰਡੀ ਡਿਵੀਜਨ ਦਾ ਇਕ ਜ਼ਿਲ੍ਹਾ ਹੈ, ਜਿਸ ਦਾ ਰਕਬਾ 7179 ਵ. ਕਿ. ਮੀ. ਅਤੇ ਆਬਾਦੀ 1162000 (1981) ਹੈ। ਇਸੇ ਨਾਂ ਦਾ ਸ਼ਹਿਰ ਇਸ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਸ਼ਾਹਪੁਰ ਅਤੇ ਅਟਕ ਜ਼ਿਲ੍ਹੇ ਇਸ ਦੀ ਪੱਛਮੀ ਹੱਦ ਬਣਾਉਂਦੇ ਹਨ, ਦੱਖਣ ਪੂਰਬ ਵੱਲ ਗੁਜਰਾਤ ਜ਼ਿਲ੍ਹਾ ਹੈ— ਜਿਹਲਮ ਦਰਿਆ ਉੱਤਰ ਪੂਰਬ ਵੱਲੋਂ ਇਸ ਨੂੰ ਕਸ਼ਮੀਰ ਨਾਲੋਂ ਵੱਖ ਕਰਦਾ ਹੈ ਅਤੇ ਦੱਖਣ ਵੱਲ ਇਹ ਗੁਜਰਾਤ ਅਤੇ ਸ਼ਾਹਪੁਰ ਨਾਲੋਂ ਵੱਖ ਹੁੰਦਾ ਹੈ।

ਧਰਾਤਲ ਪੱਖੋਂ ਤਿੰਨ ਹਿੱਸਿਆਂ ਵਿਚ ਵੰਡੇ ਇਸ ਜ਼ਿਲ੍ਹੇ ਦੇ ਉੱਤਰ ਪੂਰਬੀ ਹਿੱਸੇ ਵਿਚ ਚਕਵਾਨ ਅਤੇ ਜਿਹਲਮ ਤਹਿਸੀਲਾਂ ਦੇ ਉੱਤਰ ਵੱਲ ਤੰਗ ਪੱਬੀ ਖੇਤਰ ਆਉਂਦਾ ਹੈ। ਇਹ ਵਿਸ਼ਾਲ ਖੇਤਰ ਪੱਠਾਰ ਰੂਪ ਵਿਚ ਹੈ ਅਤੇ ਉੱਤਰ ਪੱਛਮ ਵੱਲ ਢਾਲਵਾਂ ਹੈ। ਜ਼ਿਲ੍ਹੇ ਦਾ ਦੂਜਾ ਹਿੱਸਾ ਦੱਖਣੀ

ਭਾਗ ਹੈ ਜਿਸ ਵਿਚ ਸਾਲਟ ਰੇਂਜ ਪਰਬਤ ਖੇਤਰ ਹੈ। ਇਹ ਪਰਬਤ ਲੜੀਆਂ ਕਟਾਸ ਦੇ ਪੂਰਬ ਵੱਲ ਰਲ ਜਾਂਦੀਆਂ ਹਨ ਅਤੇ ਹੋਰ ਅਗਾਂਹ ਜਾ ਕੇ ਦੁਬਾਰਾ ਨਿਖੜ ਜਾਂਦੀਆਂ ਹਨ। ਸਾਲਟ ਰੇਂਜ ਪਹਾੜਾਂ ਦੀ ਉਚਾਈ 750 ਮੀ. ਹੈ ਅਤੇ ਚੈਲ ਚੋਟੀ 1100 ਮੀ. ਦੇ ਕਰੀਬ ਉੱਚੀ ਹੈ। ਇਸ ਜ਼ਿਲ੍ਹੇ ਦਾ ਤੀਜਾ ਹਿੱਸਾ ਟਿੱਲਾ ਪਰਬਤ ਲੜੀ ਹੈ ਅਤੇ ਦੱਖਣ ਵੱਲ ਦਰਿਆ ਜਿਹਲਮ ਦੇ ਨਾਲ ਨਾਲ ਜਿਹਲਮ ਸ਼ਹਿਰ ਤੋਂ ਸ਼ਾਹਪੁਰ ਦੀ ਹੱਦ ਤੱਕ ਜਾਂਦਾ ਹੈ। ਇਹ ਭਾਗ ਕਾਫ਼ੀ ਉਪਜਾਊ ਹੈ।

ਪਹਿਲਾਂ ਪਹਿਲ ਇਥੇ ਜੰਜੂਆ, ਜੱਟ ਅਤੇ ਹੋਰ ਕਈ ਜਾਤਾਂ ਦੇ ਲੋਕ ਵਸਦੇ ਸਨ। ਬਾਅਦ ਵਿਚ ਗੋਖੜ ਅਤੇ ਅਵਾਣ ਕਬੀਲੇ ਦੇ ਲੋਕ ਵੀ ਇਥੇ ਆ ਕੇ ਵਸ ਗਏ। ਮੁਗ਼ਲ ਕਾਲ ਸਮੇਂ ਇਥੇ ਗੋਖੜਾਂ ਦੀ ਸਰਦਾਰੀ ਸੀ। ਬਾਅਦ ਵਿਚ ਇਥੇ ਸਿੱਖ ਰਾਜ ਸਥਾਪਤ ਹੋਣ ਨਾਲ 1810 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਸ ਜ਼ਿਲ੍ਹੇ ਨੂੰ ਸ਼ਾਮਲ ਕਰ ਲਿਆ ਗਿਆ। ਸੰਨ 1849 ਵਿਚ ਇਹ ਜ਼ਿਲ੍ਹਾ ਵੀ ਬਾਕੀ ਇਲਾਕੇ ਨਾਲ ਬਰਤਾਨਵੀ ਹਕੂਮਤ ਅਧੀਨ ਚਲਾ ਗਿਆ। ਇਤਿਹਾਸਕ ਪੱਖ ਤੋਂ ਵੀ ਇਸ ਜ਼ਿਲ੍ਹੇ ਦੀ ਕਾਫ਼ੀ ਮਹਾਨਤਾ ਹੈ। ਹਿੰਦੂ ਪਰੰਪਰਾ ਅਨੁਸਾਰ ਸਾਲਟ ਰੇਂਜ ਪਰਬਤ ਵਾਲਾ ਖੇਤਰ ਜਲਾਵਤਨ ਪਾਂਡਵਾਂ ਦੀ ਪਨਾਹਗਾਹ ਸੀ। ਮਹਾਨ ਸਿਕੰਦਰ ਤੇ ਪੋਰਸ ਵਿਚਕਾਰ ਵੀ ਲੜਾਈ ਇਸੇ ਖੇਤਰ ਵਿਚ ਹੋਈ ਮੰਨੀ ਜਾਂਦੀ ਹੈ। ਕਟਾਸ ਵਿਚ ਮੰਦਰਾਂ ਦੇ ਖੰਡਰਾਤ ਯਕੀਨਨ ਹੀ 8ਵੀਂ 9ਵੀਂ ਸਦੀ ਵਿਚ ਇਥੇ ਫੈਲੇ ਬੁੱਧ ਧਰਮ ਦਾ ਪ੍ਰਤੀਕ ਹਨ। ਵਿਦੇਸ਼ੀ ਹਮਲਾਵਰਾਂ ਦਾ ਮੁੱਖ ਦੁਆਰਾ ਹੋਣ ਕਾਰਣ ਇਸ ਖੇਤਰ ਵਿਚ ਬਹੁਤ ਸਾਰੇ ਕਿਲੇ ਵੀ ਬਣੇ ਹੋਏ ਹਨ।

ਇਸ ਜ਼ਿਲ੍ਹੇ ਵਿਚ ਜਿਪਸਮ, ਸੰਗਮਰਮਰ, ਤੇਲ, ਲੂਣਾ ਪਾਣੀ ਤੇ ਡਲਾ ਨਮਕ ਦੇ ਭੰਡਾਰ ਹਨ। ਇਥੇ ਇਕ ਬਹੁਤ ਵੱਡੀ ਸੀਮਿੰਟ ਦੀ ਫੈਕਟਰੀ ਵੀ ਹੈ। ਅਪਰ ਜਿਹਲਮ ਨਹਿਰ ਇਸ ਜ਼ਿਲ੍ਹੇ ਦੇ ਵਿਚਕਾਰ ਦੀ ਲੰਘਦੀ ਹੈ ਅਤੇ 300,000 ਏਕੜ ਰਕਬੇ ਦੀ ਸਿੰਜਾਈ ਕਰਦੀ ਹੈ। ਕਣਕ ਅਤੇ ਕਪਾਹ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਨ੍ਹਾਂ ਤੋਂ ਇਲਾਵਾ ਬਾਜਰੇ, ਤੇਲ ਵਾਲੇ ਬੀਜਾਂ ਅਤੇ ਫ਼ਲਦਾਰ ਫ਼ਸਲਾਂ ਦੀ ਵੀ ਕਾਸ਼ਤ ਕੀਤੀ ਜਾਂਦੀ ਹੈ।

ਹ. ਪੁ-ਐਨ. ਬ੍ਰਿ. ਮਾ. 6: 548; ਇੰਪ. ਗ. ਇੰ. 150 ਇੰਪ. ਗ. ਇੰਡ. 14: 161

**ਜਿਹਲਮ** : ਸ਼ਹਿਰ—ਇਹ ਪਾਕਿਸਤਾਨ ਦੇ ਰਾਵਲਪਿੰਡੀ ਮੰਡਲ ਦੇ ਇਸੇ ਨਾਂ ਦੇ ਜ਼ਿਲੇ ਦਾ ਇਕ ਪ੍ਰਸਿੱਧ ਸ਼ਹਿਰ ਤੇ ਸਦਰ-ਮੁਕਾਮ ਹੈ। ਸ਼ਹਿਰ ਦਰਿਆ ਜਿਹਲਮ ਦੇ ਪੱਛਮੀ ਕੰਢੇ ਉਪਰ ਪੱਛਮੀ ਰੇਲ ਮਾਰਗ ਤੇ ਵਾਕਿਆ ਹੈ। ਇਥੋਂ ਪੇਸ਼ਾਵਰ ਤੇ ਲਾਹੌਰ ਤੱਕ ਰੇਲ-ਮਾਰਗ ਤੇ ਸੜਕਾਂ ਜਾਂਦੀਆਂ ਹਨ। ਸ਼ੇਰਸ਼ਾਹ ਦੇ ਸਮੇਂ ਦੀ ਕਲਕੱਤਾ ਤੋਂ ਪੇਸ਼ਾਵਰ ਤੱਕ ਜਾਂਦੀ ਜਰਨੈਲੀ ਸੜਕ (Grand Trunk Road) ਵੀ ਜਿਹਲਮ ਸ਼ਹਿਰ ਦੇ ਵਿਚੋਂ ਦੀ ਗੁਜ਼ਰਦੀ ਹੈ। ਕੋਈ ਸਮਾਂ ਸੀ ਜਦੋਂ ਜਿਹਲਮ ਲੂਣ ਦੇ ਵਪਾਰ ਦੇ ਕੇਂਦਰ ਦੇ ਰੂਪ ਵਿਚ ਜਾਣਿਆ ਜਾਂਦਾ ਸੀ, ਪਰ ਹੁਣ ਇਹ ਟਿੰਬਰ ਦੀ ਭਾਰੀ ਮੰਡੀ ਦੇ ਤੌਰ ਤੇ ਪ੍ਰਸਿੱਧ ਹੈ।

ਦਰਿਆ ਦੇ ਪੂਰਬੀ ਕੰਢੇ ਉਪਰ ਦਾ ਪ੍ਰਾਚੀਨ ਸ਼ਹਿਰ ਸਿਕੰਦਰ ਦੇ (Bucephale of Alexander) ਨਾਂ ਨਾਲ ਮਸ਼ਹੂਰ ਸੀ। ਕਿਹਾ ਜਾਂਦਾ ਹੈ ਕਿ ਸਿਕੰਦਰ ਨੇ ਇਹ ਚੌਥੀ ਸਦੀ ਈ. ਪੂ. ਦੌਰਾਨ ਵਸਾਇਆ। ਸਿੱਖ ਰਾਜ ਸਮੇਂ ਇਸ ਸਥਾਨ ਦੀ ਕੋਈ ਵਿਸ਼ੇਸ਼ਤਾ ਨਾ ਰਹੀ। ਉਸ ਸਮੇਂ ਇਹ ਮਾਹੀਗੀਰਾਂ ਦੀ ਇਕ ਬਸਤੀ ਦੇ ਰੂਪ ਵਿਚ ਸੀ। ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋਣ ਸਮੇਂ ਇਥੇ 500 ਦੇ ਲਗਭਗ ਮਕਾਨ ਸਨ। ਅੰਗਰੇਜ਼ਾਂ ਨੇ ਇਥੇ ਫ਼ੌਜੀ ਛਾਉਣੀ ਬਣਾਈ ਅਤੇ ਸਿਵਲ ਪ੍ਰਸ਼ਾਸਨ ਦਾ ਸਦਰ-ਮੁਕਮ ਵੀ ਇਥੇ ਹੀ ਸਥਾਪਤ ਕੀਤਾ। ਕੁਝ ਕੁ ਸਮਾਂ ਇਥੇ ਡਵੀਜ਼ਨ ਦੇ ਕਮਿਸ਼ਨਰ ਦਾ ਦਫ਼ਤਰ ਵੀ ਰਿਹਾ ਫਿਰ 1859 ਈ. ਵਿਚ ਇਹ ਦਫ਼ਤਰ ਰਾਵਲਪਿੰਡੀ ਚਲਾ ਗਿਆ।

ਬਰਤਾਨਵੀ ਰਾਜ ਸਮੇਂ ਜਿਹਲਮ ਸ਼ਹਿਰ ਨੇ ਕਾਫ਼ੀ ਤਰੱਕੀ ਕੀਤੀ ਤੇ ਵਧਿਆ ਫੁਲਿਆ। ਜ਼ਿਲ੍ਹੇ ਦੇ ਤਕਰੀਬਨ ਸਮੁੱਚੇ ਵਪਾਰ ਦਾ ਹੀ ਇਹ ਦਾਖਲ ਦੁਆਰ ਵੀ ਰਿਹਾ। ਉੱਤਰ-ਪੱਛਮੀ ਰੇਲਵੇ ਦੀ ਸਿੰਧ ਸਾਗਰ ਸ਼ਾਖਾ ਮੁਕੰਮਲ ਹੋਣ ਤੇ ਲੂਣ ਦਾ ਵਪਾਰ ਜਿਹਲਮ ਵੱਲੋਂ ਦੀ ਬੰਦ ਹੋ ਗਿਆ। ਇਸ ਉਪਰੰਤ ਹੌਲੀ ਹੌਲੀ ਇਹ ਟਿੰਬਰ ਦਾ ਇਕ ਪ੍ਰਸਿੱਧ ਡਿਪੂ ਬਣ ਗਿਆ। ਜਿਹਲਮ ਦਰਿਆ ਰਾਹੀਂ ਪਹਾੜਾਂ ਤੋਂ ਆਉਣ ਵਾਲੀ ਸਾਰੀ ਦੀ ਸਾਰੀ ਟਿੰਬਰ ਇਥੇ ਇਕੱਠੀ ਕੀਤੀ ਜਾਣ ਲਗ ਪਈ।

ਛਾਉਣੀ ਦੀ ਸਥਾਪਨਾ ਦੇ ਨਾਲ ਹੀ ਇਥੇ ਇਕ ਡਾਕ ਘਰ ਤੇ ਇਕ ਗਿਰਜਾ ਘਰ ਬਣਾਏ ਗਏ। ਸੰਨ 1867 ਵਿਚ ਮਿਊਂਸਪਲਟੀ ਦੀ ਸਥਾਪਨਾ ਹੋਈ। ਹੌਲੀ ਹੌਲੀ ਇਥੇ ਪ੍ਰਾਇਮਰੀ, ਮਿਡ਼ਲ ਅਤੇ ਮਿਊਂਸਪਲ ਹਾਈ ਸਕੂਲ ਤੋਂ ਇਲਾਵਾ ਅੰਗਰੇਜ਼ੀ ਤੇ ਦੇਸੀ ਭਾਸ਼ਾ ਦ ਸਕੂਲ ਵੀ ਖੋਲ੍ਹਿਆ ਗਿਆ। ਸਿਵਲ ਅਤੇ ਮਿਲਟਰੀ ਹਸਪਤਾਲ ਬਣਾਏ ਗਏ।

ਅਜੋਕਾ ਜਿਲਹਮ ਇਕ ਉਦਯੋਗਿਕ ਸ਼ਹਿਰ ਹੈ ਜਿਥੇ ਲੱਕੜੀ ਚੀਰਨ ਦੇ ਆਰੇ, ਨਿਊਜ਼ ਪ੍ਰਿੰਟ ਪਲਾਂਟਸ, ਕੱਚ ਦਾ ਕੰਮ ਤੇ ਸਿਗਰਟ ਬਣਾਉਣ ਦੀਆਂ ਫੈਕਟਰੀਆਂ ਆਦਿ ਵਰਗੇ ਉਦਯੋਗ ਸਥਾਪਤ ਹਨ। ਅੱਜਕੱਲ੍ਹ ਜਿਹਲਮ ਸਿਹਤ ਭਲਾਈ, ਵਿਦਿਆ ਅਤੇ ਫ਼ੌਜੀ ਸਿਖਲਾਈ ਦਾ ਇਕ ਚੰਗਾ ਕੇਂਦਰ ਹੈ। ਪੰਜਾਬ ਯੂਨੀਵਰਸਿਟੀ ਲਾਹੌਰ ਨਾਲ ਸੰਬੰਧਤ ਇਕ ਸਰਕਾਰੀ ਕਾਲਜ ਵੀ ਇਥੇ ਮੌਜੂਦ ਹੈ।

32° 56′ ਉ. ਵਿਥ.; 73° 47′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 159; ਐਨ. ਬ੍ਰਿ. ਮਾ. 5: 556

**ਜਿਹਲਮ** : ਕਾਲੋਨੀ—ਅਣਵੰਡੇ ਭਾਰਤ ਵਿਚ ਪੰਜਾਬ ਰਾਜ (ਹੁਣ ਪਾਕਿਸਤਾਨ ਵਿਚ) ਦੇ ਜਿਹਲਮ ਜ਼ਿਲ੍ਹੇ ਦੀ ਸ਼ਾਹਪੁਰ ਤਹਿਸੀਲ ਵਿਚ ਇਸੇ ਹੀ ਨਾਉਂ ਦੀ ਨਹਿਰ ਤੇ ਵਸੀ ਇਕ ਨਹਿਰੀ ਕਾਲੋਨੀ ਹੈ। ਜ਼ਿਲਹਮ ਨਹਿਰ ਸ਼ਾਹਪੁਰ ਅਤੇ ਝੰਗ (ਪਾਕਿਸਤਾਨ) ਦੇ ਇਲਾਕਿਆਂ ਵਿਚ 2,392 ਵ. ਮੀਲ ਖੇਤਰ ਦੀ ਸਿੰਜਾਈ ਕਰਦੀ ਹੈ। ਇਸ ਇਲਾਕੇ ਵਿਚੋਂ 750 ਵ. ਮੀ. ਇਲਾਕਾ ਬਾਰ ਦਾ ਹੈ ਅਤੇ ਇਥੋਂ ਦੇ ਪਿੰਡਾਂ ਨੂੰ ਸਰਕਾਰ ਨੇ ਵਸਾਇਆ ਹੈ। ਇਥੇ ਰਹਿਣ ਵਾਲੇ ਲੋਕਾਂ ਨੂੰ ਮਾਲੀ ਸਹਾਇਤਾ ਇਸ ਸ਼ਰਤ ਤੇ ਦਿੱਤੀ ਗਈ ਕਿ ਉਹ ਘੋੜਿਆਂ ਦੀ ਚੰਗੀ ਨਸਲ ਤਿਆਰ ਕਰਨਗੇ। ਸੰਨ 1904 ਦੇ ਅੰਤ ਤੱਕ ਇਨ੍ਹਾਂ ਲੋਕਾਂ ਨੂੰ 231 ਵ. ਮੀ. ਜ਼ਮੀਨ ਅਲਾਟ ਕੀਤੀ ਗਈ। ਘੋੜਿਆਂ ਵਾਸਤੇ ਵੱਖਰੀ ਅਤੇ ਕਾਫ਼ੀ ਜਮੀਨ ਰੱਖੀ ਗਈ। ਇਸ ਕਾਲੋਨੀ ਦਾ ਸਦਰਮੁਕਾਮ ਸਰਗੋਧ ਵਿਖੇ ਸੀ। ਕਲੋਨੀ ਰੇਲਵੇ ਰਾਹੀਂ ਵੱਖ ਵੱਖ ਸਥਾਨਾਂ ਨਾਲ ਜੁੜੀ ਹੋਈ ਹੈ। ਪੱਕੀਆਂ ਸੜਕਾਂ ਅਤੇ ਵੱਡੇ ਬਜ਼ਾਰਾਂ ਦਾ ਨਿਰਮਾਣ ਕੀਤਾ ਗਿਆ ਸੀ।

ਹ. ਪੁ. -ਇੰਪ. ਗ. ਇੰਡ. 14: 163

**ਜਿਗਜ਼ ਅਤੇ ਫਿਕਸਚਰਜ਼** : ਇਹ ਔਜ਼ਾਰਾਂ ਦੀ ਇਕ ਅਜਿਹੀ ਵਿਉਂਤ ਹੈ ਜੋ ਕਿਸੇ ਕਿਸਮ ਦੇ ਵੀ ਨਿਰਮਾਣ-ਪੁਰਜ਼ਿਆਂ ਨੂੰ ਬਣਾਉਣ ਲਈ ਵਰਤੀ ਜਾਂਦੀ ਹੈ। ਜਿਗਜ਼ ਮਸ਼ੀਨੀ ਆਪਰੇਸ਼ਨਾਂ, ਜਿਵੇਂ ਡ੍ਰਿਲਿੰਗ (ਵਰਮੀ ਨਾਲ ਛੇਕ ਕਰਨਾ), ਮਿਲਿੰਗ, ਰੀਮਿੰਗ (ਲੋਹੇ ਦੀ ਚਾਦਰ ਵਿਚ ਛੇਕ ਕਰਨਾ) ਅਤੇ ਬੋਰਿੰਗ ਲਈ ਪੁਰਜ਼ਿਆਂ ਨੂੰ ਸੈੱਟ ਕਰਦੇ ਹਨ ਅਤੇ ਫਿਕਸਚਰਜ਼ ਮਸ਼ੀਨਿੰਗ, ਵੈਲਡਿੰਗ ਜਾਂ ਜੋੜਨ ਵਰਗੇ ਆਪਰੇਸ਼ਨਾਂ ਲਈ ਪੁਰਜ਼ਿਆਂ ਨੂੰ ਸੈੱਟ ਕਰਦੇ ਹਨ ਪਰ ਕੱਟਣ ਵਾਲੇ ਔਜ਼ਾਰਾਂ ਨੂੰ ਆਪਣਾ ਰਾਹ ਆਪ ਲੱਭਣਾ ਪੈਂਦਾ ਹੈ। ਡਾਈਆਂ ਅਜਿਹੇ ਔਜ਼ਾਰ ਹੁੰਦੇ ਹਨ ਜਿਨ੍ਹਾਂ ਨੂੰ ਜੇ ਕਰ ਪ੍ਰੈਸ ਵਿਚ ਸੈੱਟ ਕੀਤਾ ਜਾਵੇ ਤਾਂ ਇਹ ਕੱਟਣ ਅਤੇ ਬਣਾਉਣ ਦੀ ਕਿਰਿਆ ਨਾਲ ਪੁਰਜ਼ੇ ਤਿਆਰ ਕਰਦੇ ਹਨ।

**ਜਿਗਜ਼ ਅਤੇ ਫਿਕਸਚਰ ਨਿਰਮਾਣ**—ਇਸ ਨਿਰਮਾਣ ਵਿਚ ਢਾਲੀਆਂ ਹੋਈਆਂ ਧਾਤਾਂ ਨਾਲੋਂ, ਬਣਾਵਟੀ ਸਟੀਲ, ਜਿਸਦਾ ਵੈਲਡਿੰਗ ਉਪਰੰਤ ਤਣਾਅ ਘਟਾ ਦਿਤਾ ਜਾਂਦਾ ਹੈ ਅਤੇ ਰਗੜ ਵਾਲੀਆਂ ਥਾਵਾਂ ਉਤੇ ਠੋਸ ਸਟੀਲ ਦੀ ਪਰਤ ਲਗਾ ਦਿਤੀ ਜਾਂਦੀ ਹੈ, ਜ਼ਿਆਦਾ ਸਫ਼ਲ ਹੈ। ਹਲਕੀਆਂ ਅਤੇ ਸੰਭਾਲਣਯੋਗ ਧਾਤਾਂ ਹੋਣ ਕਾਰਨ ਐਲੂਮਿਨੀਅਮ,

ਅਤੇ ਮੈਗਨੀਸ਼ੀਅਮ ਦੀ ਇਸ ਕੰਮ ਲਈ ਬਹੁਤ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਉਪਰ ਲਾਗਤ ਵੀ ਘੱਟ ਹੁੰਦੀ ਹੈ। ਆਟੋਮੋਬੀਲ ਅਤੇ ਹਵਾਈ ਜਹਾਜ਼ ਦੇ ਉਦਯੋਗਾਂ ਵਿਚ ਵੱਡੇ ਪੁਰਜ਼ੇ ਬਣਾਉਣ ਲਈ ਫ਼ਾਈਬਰਗਲਾਸ ਜਾਂ ਅਜੇਹੇ ਪਾਦਰਥ ਰਲੇ ਇਪੌਕਸੀ ਬਰੋਜ਼ੇ (Epoxy resin) ਠੋਸ ਸਟੀਲ ਦੀਆਂ ਪਰਤਾਂ ਨਾਲ ਵਰਤੇ ਜਾਂਦੇ ਹਨ। ਕਰਕਸਾਈਟ ਅਤੇ ਹੋਰ ਨਿਮਨ ਪਿਘਲਣ ਦਰਜ਼ੇ ਨੂੰ ਬਣਾਉਣ ਲਈ ਵਰਤੇ ਜਾਂਦੇ ਹਨ।

**ਨਿਰਧਾਰਣ ਤਰੀਕੇ**—ਜਿਗਜ਼ ਅਤੇ ਫਿਰਕਸਚਰਜ਼ ਦੇ ਸਹੀ ਪਰਿਣਾਮ, ਇਨ੍ਹਾਂ ਦੇ ਪਹਿਲੀ ਜਾਂ ਉਸ ਤੋਂ ਬਾਅਦ ਪੁਰਜ਼ਿਆਂ ਨੂੰ ਸਹੀ ਸੈੱਟ ਕਰਨ ਉਪਰ ਨਿਰਧਾਰਤ ਹੈ। ਪੁਰਜ਼ੇ ਦੀ ਆਪਣੀ ਪਸਾਰੀ ਦ੍ਰਿੜ੍ਹਤਾ ਵੀ ਇਸ ਵਿਚ ਇਕ ਕਾਰਨ ਹੋ ਸਕਦੀ ਹੈ। ਆਮ ਤੌਰ ਤੇ ਇਕ ਕਿਸਮ ਦੇ ਆਪਰੇਸ਼ਨ ਵਿਚ ਪਹਿਲੀ ਵਾਰ ਜਿਗ ਅਤੇ ਫਿਕਸਚਰ ਇਸ ਤਰ੍ਹਾਂ ਸੈੱਟ ਕੀਤੇ ਜਾਂਦੇ ਹਨ, ਜੋ ਪੁਰਜ਼ੇ ਉਪਰ ਇਕ ਸਤ੍ਹਾ ਜਾਂ ਛੇਕਾਂ ਦੇ ਰੂਪ ਵਿਚ ਨਿਰਧਾਰਣ ਸਥਾਨ ਨਿਯਤ ਕਰ ਦਿੰਦੇ ਹਨ ਅਤੇ ਇਹ ਬਾਅਦ ਦੇ ਆਪਰੇਸ਼ਨਾਂ ਵਿਚ ਅਸਾਨੀ ਨਾਲ ਵਰਤੇ ਜਾਂਦੇ ਹਨ। ਇਹੀ ਨਿਰਧਾਰਣ ਸਥਾਨ ਵੱਧ ਤੋਂ ਵੱਧ ਸੰਭਵ ਆਪਰੇਸ਼ਨਾਂ ਲਈ ਵਰਤੇ ਜਾਂਦੇ ਹਨ।

ਕਿਸੇ ਵੀ ਪੁਰਜ਼ੇ ਉਪਰ ਜੇਕਰ ਸਹੀ ਨਿਰਧਾਰਣ ਸਥਾਨ ਨਿਯਤ ਨਹੀਂ ਕੀਤੇ ਜਾਂਦੇ ਤਾਂ ਸ਼ਿਕੰਜੇ (ਕਲੈਂਪ) ਵਿਚ ਪਾਉਣ ਉਪਰੰਤ ਪੁਰਜ਼ੇ ਵਿਚ ਵਿਗਾੜ ਆ ਜਾਂਦਾ ਹੈ। ਇਹ ਨਿਰਧਾਰਣ ਸਥਾਨ ਪੁਰਜ਼ੇ ਉਪਰ ਵੱਧ ਤੋਂ ਵੱਧ ਉਪਲੱਬਧ ਦੂਰੀ ਉਤੇ ਹੋਣੇ ਚਾਹੀਦੇ ਹਨ ਅਤੇ ਇਹ ਯੋਗ ਸਹਾਰੇ ਦੇ ਨਾਲ ਪੂਰਵ ਅਨੁਮਾਨਿਤ ਤੋੜ-ਭੱਜ ਨੂੰ ਧਿਆਨ ਵਿਚ ਰਖਦਿਆਂ ਬਹੁਤ ਛੋਟੇ ਅਕਾਰ ਦੇ ਹੋਣੇ ਚਾਹੀਦੇ ਹਨ। ਤਿੰਨ ਬਟਨ ਜਾਂ ਪੈਡ ਇਕ ਸਤ੍ਹਾ ਨੂੰ ਦਰਸਾਉਂਦੇ ਹਨ ਅਤੇ ਪਿੰਨ ਇਸ ਸਤ੍ਹਾ ਉਤੇ ਨਿਰਧਾਰਣ ਸਥਾਨ ਦਰਸਾਉਂਦੇ ਹਨ। (ਚਿੱਤਰ 1)




ਚਿੱਤਰ 1

ਦੋ ਜਾਂ ਵੱਧ ਸਿੱਧੇ ਪਿੰਨਾਂ ਦੇ ਛੇਕਾਂ ਤੋਂ ਨਿਰਧਾਰਣ ਕਰਨ ਲਈ ਵਰਤੋਂ ਸਹੀ ਨਹੀਂ ਮੰਨੀ ਜਾਂਦੀ ਕਿਉਂਕਿ ਇਸ ਨਾਲ ਛੇਕਾਂ ਵਿਚਕਾਰ ਗਿਣਤੀ ਦਾ ਮਮੂਲੀ ਜਿਹਾ ਵੀ ਫ਼ਰਕ ਪੁਰਜ਼ੇ ਨੂੰ ਲੋਡ ਜਾਂ ਅਨਲੋਡ ਕਰਨ ਸਮੇਂ ਔਖ ਪੇਸ਼ ਕਰ ਸਕਦਾ ਹੈ। ਇਸ ਲਈ ਆਮ ਵਰਤੇ ਜਾਣ ਵਾਲੇ ਢੰਗ ਵਿਚ ਇਕ ਗੋਲ ਪਿੰਨ ਅਤੇ ਇਕ ਅੰਡਾਕਾਰ ਜਾਂ ਹੀਰੇ ਦੇ ਆਕਾਰ ਦਾ ਪਿੰਨ ਵਰਤਿਆ ਜਾਂਦਾ ਹੈ (ਚਿੱਤਰ 2)




ਚਿਤਰ 2

ਗੋਲਾਈ ਵਾਲੇ ਪੁਰਜ਼ਿਆਂ ਵਿਚ v- ਆਕਾਰ ਦੇ ਨਿਰਧਾਰਕਾਂ, ਜਿਨ੍ਹਾਂ ਵਿਚ v ਲਗਭਗ 90° ਦਾ ਹੋਵੇ, ਨਾਲ ਨਿਰਧਾਰਣ ਕੀਤਾ ਜਾਂਦਾ ਹੈ। ਪੁਰਜ਼ੇ ਬਣਾਉਣ ਵਾਲੇ ਲਈ, ਇਹ ਦੇਖਣ ਲਈ ਕਿ ਪੁਰਜ਼ਾ ਸਹੀ ਬਟਨ ਅਤੇ ਪਿੰਨਾਂ ਉਪਰ ਸੈੱਟ ਹੋ ਗਿਆ ਹੈ ਜਾਂ ਨਹੀਂ, ਬਰੀਕ ਛੇਕ ਜ਼ਰੂਰ ਰਖਣੇ ਚਾਹੀਦੇ ਹਨ। ਜੇਕਰ ਸੰਭਵ ਹੋਵੇ ਤਾਂ ਬਹੁਤ ਸਾਰੇ ਜਿਗਜ਼ ਅਤੇ ਫਿਕਸਚਰਜ਼ ਇਸ ਢੰਗ ਨਾਲ ਸੈੱਟ ਕਰਨੇ ਚਾਹੀਦੇ ਹਨ ਜਿਸ ਨਾਲ ਪੁਰਜ਼ੇ ਇਕ ਪਾਸੇ ਬਣਦੇ ਹੋਣ ਅਤੇ ਦੂਜੇ ਪਾਸੇ ਲੋਡ ਕੀਤਾ ਜਾ ਸਕੇ। ਪੁਰਜ਼ੇ ਬਣਾਉਣ ਨਾਲੋਂ ਲੋਡਿੰਗ ਅਤੇ ਅਨਲੋਡਿੰਗ ਵਿਚ ਜ਼ਿਆਦਾ ਖਰਚ ਆਉਂਦਾ ਹੈ।

**ਕਲੈਂਪਿੰਗ**—ਪੁਰਜ਼ੇ ਬਣਾਉਣ ਸਮੇਂ ਕਲੈਂਪਿੰਗ ਦਾ ਪ੍ਰਬੰਧ ਸਾਧਾਰਣ ਹੋਣਾ ਚਾਹੀਦਾ ਹੈ। ਸਤ੍ਹਾ ਉਪਰ ਬਣੇ ਬਟਨ ਜਾਂ ਪੈਡ ਉਪਰ ਜਾਂ ਇਨ੍ਹਾਂ ਵਿਚਕਾਰ ਹੀ ਕਲੈਂਪ ਦਾ ਦਬਾਉ ਰੱਖਣਾ ਚਾਹੀਦਾ ਹੈ। ਜਿਥੇ ਸੰਭਵ ਹੋਵੇ ਉਥੇ ਮਸ਼ੀਨੀ ਫਿਕਸਚਰਜ਼ ਵਜੋਂ ਸਟੈਂਡਰਡ ਸ਼ਿਕੰਜੇ ਵਰਤੇ ਜਾਂਦੇ ਹਨ। ਸਥਿਰ ਸ਼ਿਕੰਜੇ ਵੱਲ ਮਸ਼ੀਨੀਕਰਨ ਕੀਤਾ ਜਾਂਦਾ ਹੈ ਅਤੇ ਹਵਾ ਦੇ ਸਟੈਂਡਰਡ ਸਿਲਿੰਡਰ ਵੀ ਵਰਤੇ ਜਾਂਦੇ ਹਨ। ਜਿਥੇ ਕਿਤੇ ਵੀ ਰੈਂਚ ਦੀ ਲੋੜ ਹੋਵੇ ਉਥੇ ਪੇਚ ਅਤੇ ਢਿਬਰੀਆਂ ਸਟੈਂਡਰਡ ਅਕਾਰ ਦੇ ਵਰਤੇ ਜਾਂਦੇ ਹਨ।

**ਸੰਦ ਗਾਈਡ**—ਜਿਗਜ਼ ਵਿਚ ਡ੍ਰਿੱਲਾਂ, ਰੀਮਰਾ ਅਤੇ ਬੋਰਿੰਗ ਬਾਰ ਨੂੰ ਗਾਈਡ ਕਰਨ ਲਈ ਬੁਸ਼ ਹੁੰਦੇ ਹਨ। ਇਹ ਬੁਸ਼ ਸਹੀ ਪਰਿਣਾਮ ਯਕੀਨੀ ਬਣਾਉਣ ਲਈ ਪੁਰਜ਼ੇ ਦੇ ਬਹੁਤ ਨਜ਼ਦੀਕ ਤੱਕ ਵੀ ਚਲੇ ਜਾਂਦੇ ਹਨ।

ਫਿਕਸਚਰਜ਼ ਵਿਚ ਸੰਦ ਗਾਈਡ ਕੁਝ ਟੁਕੜਿਆਂ ਤੱਕ ਹੀ ਸੀਮਿਤ ਹੁੰਦੇ ਹਨ ਜਿਸ ਵਿਚ ਫਿਕਸਚਰ ਅਤੇ ਕੱਟਣ ਵਾਲੇ ਸੰਦ ਵਿਚਕਾਰ ਸਬੰਧ ਜੋੜਿਆ ਜਾਂਦਾ ਹੈ। ਇਹ ਫਿਕਸਚਰ ਉਪਰ ਪੱਕੇ ਤੌਰ ਤੇ

ਨਿਰਧਾਰਤ ਹੁੰਦੇ ਹਨ ਅਤੇ ਕੱਟਣ ਵਾਲੇ ਸੰਦਾਂ ਅਤੇ ਸੈੱਟ ਕੀਤੇ ਟੁਕੜਿਆਂ ਵਿਚਕਾਰ ਪੂਰੀ ਸਪੱਸ਼ਟਤਾ ਹੁੰਦੀ ਹੈ।

**ਚਿਪ ਕੰਟਰੋਲ**—ਡ੍ਰਿਲਿੰਗ ਦੌਰਾਨ ਚਿਪ ਜਾਂ ਟੁਕੜੇ ਜਾਂ ਤਾਂ ਬੁਸ਼ਿੰਗ ਰਾਹੀਂ ਬਾਹਰ ਕੱਢੇ ਜਾਂਦੇ ਹਨ ਜਾਂ ਫਿਰ ਜਿਗ ਅੰਦਰ ਹੀ ਇਨ੍ਹਾਂ ਦੇ ਇਕੱਠੇ ਪਏ ਰਹਿਣ ਦੀ ਥਾਂ ਬਣਾਈ ਹੁੰਦੀ ਹੈ। ਚਿਪਸ ਨੂੰ ਬਾਹਰ ਕੱਢ ਦੇਣ ਦਾ ਢੰਗ ਹੀ ਬਹੁਤਾ ਪ੍ਰਚਲਿਤ ਹੈ ਪਰ ਬੁਸ਼ਿੰਗ ਉਪਰ ਰਗੜ ਆਦਿ ਘਟਾਉਣ ਲਈ ਦੂਜੇ ਢੰਗ ਅਨੁਸਾਰ ਟੁਕੜੇ ਜਿਗ ਵਿਚ ਹੀ ਰਹਿਣ ਦਿਤੇ ਜਾਂਦੇ ਹਨ।

ਜਿਗਜ਼ ਅਤੇ ਫਿਕਸਚਰਜ਼ ਅਜਿਹੇ ਢੰਗ ਨਾਲ ਡਿਜ਼ਾਈਨ ਕੀਤੇ ਜਾਂਦੇ ਹਨ ਕਿ ਆਕਰਸ਼ਣ ਸ਼ਕਤੀ, ਕੂਲੈਂਟ ਫਲੋਅ, ਬ੍ਰਸ਼ ਜਾਂ ਹਵਾ ਦੇ ਬੁੱਲੇ ਨਾਲ ਚਿਪਸ ਨੂੰ ਬਾਹਰ ਕੱਢਣ ਦੀ ਵਿਉਂਤ ਹੁੰਦੀ ਹੈ। ਬਾਹਰ ਮਿੱਟੀ ਇਕੱਠੀ ਕਰਨ ਲਈ ਪਾਤਰ ਬਣਾਏ ਜਾਂਦੇ ਹਨ ਜਿਨ੍ਹਾਂ ਵਿਚ ਸੁੱਕੇ ਚਿਪਸ ਜਾਂ ਅਣ-ਧਾਤਵੀ ਚਿਪਸ ਜਾਂ ਫਿਰ ਜ਼ਹਿਰੀਲੇ ਪਦਾਰਥਾਂ ਦੇ ਚਿਪਸ ਇਕੱਤਰ ਕੀਤੇ ਜਾਂਦੇ ਹਨ।

**ਸੁਰੱਖਿਆ**—ਹਰ ਕਿਸਮ ਦੇ ਜਿਗਜ਼ ਅਤੇ ਫਿਕਸਚਰਜ਼, ਜੋ 50 ਪਾਉਂਡ ਜਾਂ ਇਸ ਤੋਂ ਵੱਧ ਭਾਰ ਦੇ ਹੋਣ, ਵਿਚ ਕੁੰਡੀ-ਕਾਬਲੇ ਲਈ 1/2 ਤੋਂ 13 ਨੰ. ਜਾਂ ਇਸ ਤੋਂ ਵੀ ਵੱਡੇ ਸੁਰਾਖ਼ ਰੱਖੇ ਜਾਂਦੇ ਹਨ ਜੋ ਸੁਰੱਖਿਆ ਪੱਖੋਂ ਲਾਹੇਵੰਦ ਹੁੰਦੇ ਹਨ। ਇਸ ਦੇ ਨਾਲ ਹੀ ਸਾਰੀਆਂ ਤਿੱਖੀਆਂ ਨੁਕਰਾਂ ਦੂਰ ਕਰ ਦਿਤੀਆਂ ਹਨ ਤਾਂ ਜੋ ਕੰਮ ਕਰਨ ਵਾਲੇ ਨੂੰ ਕੋਈ ਸੱਟ ਜਾਂ ਨੁਕਸਾਨ ਨਾ ਹੋਵੇ।

**ਸਟੈਂਪਿੰਗ ਡਾਈ**—ਡਾਈਆਂ ਨਾਲ ਪੁਰਜ਼ੇ ਬਣਾਉਣ ਵਾਲੇ ਪਦਾਰਥ ਉਪਰ ਉਸ ਦੇ ਲਿਫ਼ ਜਾਣ ਤੋਂ ਵੀ ਵੱਧ ਦਬਾਉ ਪਾਇਆ ਜਾਂਦਾ ਹੈ ਜਿਥੇ ਇਹ ਇਕ ਸਥਿਰ ਆਕਾਰ ਗ੍ਰਹਿਣ ਕਰ ਲੈਂਦਾ ਹੈ। ਇਸ ਵਿਚ ਦਬਾਉ ਇਤਨਾ ਜ਼ਿਆਦਾ ਵੀ ਨਹੀਂ ਪਾਇਆ ਜਾਂਦਾ ਕਿ ਪਦਾਰਥ ਟੁੱਟ ਹੀ ਜਾਵੇ। ਪਹਿਲੀ ਕਿਸਮ ਦੀਆਂ ਡਾਈਆਂ ਵਿਚ ਬਲੈਂਕਿੰਗ, ਪੀਅ-ਰਸਿੰਗ, ਕਟ-ਆਫ਼ ਅਤੇ ਲਾਂਸਿੰਗ ਡਾਈਆਂ ਹਨ ਅਤੇ ਦੂਜੀ ਕਿਸਮ ਵਿਚ ਡ੍ਰਾਇੰਗ, ਬੈਂਡਿੰਗ, ਐਮਬਾ-ਸਿੰਗ ਅਤੇ ਫ਼ੱਰਮਿੰਗ ਡਾਈਆਂ ਹਨ।



ਚਿੱਤਰ 3

**ਡਾਈ ਰਚਨਾ**—ਸਾਧਾਰਨ ਸਟੈਂਪਿੰਗ ਡਾਈਆਂ ਹੇਠ ਲਿਖੇ ਮੁੱਖ ਹਿੱਸਿਆਂ ਨਾਲ ਬਣੀਆਂ ਹੁੰਦੀਆਂ ਹਨ—ਡਾਈ ਸੈੱਟ; ਜਿਸ ਵਿਚ ਉਪਰਲੇ ਅਤੇ ਹੇਠਲੇ ਸ਼ੂ, ਗਾਈਡ ਪਿੰਨ ਅਤੇ ਬੁਸ਼ਿੰਗ ਆਉਂਦੇ ਹਨ। ਪੰਚ ਨੂੰ ਮੁੱਖ ਕੱਟਣ ਅਤੇ ਬਣਾਉਣ ਵਾਲਾ ਸਹਾਇਕ ਮੈਂਬਰ ਗਿਣਿਆ ਜਾਂਦਾ ਹੈ। ਸਟ੍ਰਿਪਰ ਪੁਰਜ਼ੇ ਨੂੰ ਪੰਚ ਜਾਂ ਡਾਈ ਨਾਲੋਂ ਵੱਖਰਾ ਕਰਦਾ ਹੈ, ਗੇਜ ਪੁਰਜ਼ੇ ਨੂੰ ਪੰਚ ਜਾਂ ਡਾਈ ਨਾਲੋਂ ਵੱਖਰਾ ਕਰਦਾ ਹੈ, ਗੇਜ ਜੋ ਪੁਰਜੇ ਜਾਂ ਪੁਰਜੇ ਦੇ ਪਦਾਰਥ ਦਾ ਨਿਰਧਾਰਨ ਕਰਦਾ ਹੈ ਅਤੇ ਸਾਦੇ (blank) ਹੋਲਡਰ ਜੋ ਵੱਟ ਦੂਰ ਕਰਕੇ ਡ੍ਰਾਇੰਗ ਵਿਚ ਪਦਾਰਥ ਦਾ ਪੱਧਰਾ ਵਹਾਉ ਬਣਾਉਂਦੇ ਹਨ। (ਚਿੱਤਰ 4)

**ਡਾਈ ਚੋਣ**—ਕਿਸੇ ਵੀ ਕੰਮ ਲਈ ਡਾਈ ਦੀ ਚੋਣ, ਪੁਰਜ਼ੇ ਦੇ ਡਿਜ਼ਾਈਨ ਅਤੇ ਆਰਥਿਕ ਲੋੜ, ਜਿਵੇਂ ਕਿੰਨੇ ਪੁਰਜੇ ਤਿਆਰ ਕਰਨੇ ਹਨ, ਤਿਆਰੀ ਉਪਰ ਲਾਗਤ ਅਤੇ ਇਸਦੀ ਸੰਭਾਲ ਅਨੁਸਾਰ ਕੀਤੀ ਜਾਂਦੀ ਹੈ।

ਪੁਰਜ਼ਿਆਂ ਦੀ ਘੱਟ ਵਰਤੋਂ ਅਤੇ ਅਧਿਕ ਸਹਿਨਸ਼ੀਲਤਾ ਕਾਰਨ ਖਾਸ ਕਿਸਮ ਦੀਆਂ ਡਾਈਆਂ ਹੁੰਦੀਆਂ ਹਨ ਜਿਵੇਂ ਸਟੀਲ ਰੂਲ ਡਾਈ,



(ਚਿਤਰ 4)

ਕੱਟਣ ਦੇ ਆਪਰੇਸ਼ਨ ਲਈ ਅਤੇ ਪਲਾਸਟਿਕ ਜਾਂ ਰਬੜ ਡਾਈ ਨਿਰਮਾਣ ਆਪਰੇਸ਼ਨ ਲਈ। ਵਧੇਰੇ ਵਰਤੋਂ ਵਾਲੇ ਪੁਰਜ਼ਿਆਂ ਲਈ ਜ਼ਿਆਦਾ ਲਾਗਤ ਨਾਲ ਟੰਗਸਟਨ ਕਾਰਬਾਈਡ ਤੋਂ ਤਿਆਰ ਡਾਈਆਂ ਹੁੰਦੀਆਂ ਹਨ। ਵਧੀਆਂ ਡਿਜ਼ਾਈਨ ਅਤੇ ਵਧੀਆਂ ਨਿਰਮਿਤ ਟੰਗਸਟਨ ਕਾਰਬਾਈਡ ਦੀਆਂ ਡਾਈਆਂ ਬੜੀ ਤੇਜ਼ ਗਤੀ ਨਾਲ ਬਹੁਤ ਵਧੀਆ ਅਤੇ ਬਹੁਤ ਜ਼ਿਆਦਾ ਮਿਕਦਾਰ ਵਿਚ ਪੁਰਜ਼ੇ ਤਿਆਰ ਕਰ ਸਕਦੀਆਂ ਹਨ ਜਿਨ੍ਹਾਂ ਨੂੰ ਮੁਰੰਮਤ ਦੀ ਖ਼ਾਸ ਲੋੜ ਨਹੀਂ ਹੁੰਦੀ।

**ਸਟੈਂਪਿੰਗ ਲਈ ਸਮੱਗਰੀ**—ਕੋਈ ਵੀ ਅਜਿਹਾ ਪਦਾਰਥ ਜੋ ਪੰਚ ਡਾਈ ਤੋਂ ਨਰਮ ਹੋਵੇ ਅਤੇ ਜੋ ਟਕਰਾਉ ਨਾਲ ਖਿੱਲਰੇ ਨਾ, ਡਾਈ ਵਿਚ ਕੱਟਿਆ, ਛੇਕਿਆ ਜਾਂ ਬਲੈਂਕ ਕੀਤਾ ਜਾ ਸਕਦਾ ਹੈ। ਡ੍ਰਾਇੰਗ, ਬੈਂਡਿੰਗ ਜਾਂ ਨਿਰਮਾਣ ਆਪਰੇਸ਼ਨਾਂ ਵਿਚ ਲਚਕ ਨੂੰ ਮਹੱਤਤਾ ਦਿੱਤੀ ਜਾਂਦੀ ਹੈ। ਨਿਰਮਾਣ ਆਪਰੇਸ਼ਨਾਂ ਸਮੇਂ ਰਹਿ ਗਈਆਂ ਕਮੀਆਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸ ਪਦਾਰਥ ਨੂੰ ਟੁਕੜਿਆਂ, ਪੱਤੀ ਜਾਂ ਵਲਦਾਰ ਤਾਰ ਦੇ ਰੂਪ ਵਿਚ ਵਰਤਿਆ ਜਾਂਦਾ ਹੈ।

**ਸਟੈਂਪਿੰਗ ਸਹਿਨਸ਼ੀਲਤਾ**—ਪੁਰਜ਼ੇ ਬਣਾਉਣ ਸਮੇਂ ਸਹੀ ਪਰਿਣਾਮ ਪੁਰਜ਼ੇ ਬਣਾਉਣ ਦੇ ਪਦਾਰਥ, ਪੰਚ ਕਰਨ ਵਾਲੇ ਪਦਾਰਥ ਦੀ ਮੋਟਾਈ, ਆਕਾਰ ਅਤੇ ਪੁਰਜ਼ੇ ਦੀ ਬਣਤਰ, ਮੋਰੀਆਂ ਅਤੇ ਮੋੜਾਂ ਦੀ ਨਿਕਟਤਾ ਉਪਰ ਨਿਰਭਰ ਹਨ। ਸੰਯੁਕਤ ਕਿਸਮ ਦੀਆਂ ਡਾਈਆਂ ਦੀ ਵਰਤੋਂ ਨਾਲ ਪਤਲੇ ਪਦਾਰਥਾਂ ਤੋਂ +0.0005 ਇੰਚ ਤੱਕ ਦੇ ਸਹੀ ਪਰਿਣਾਮ ਪ੍ਰਾਪਤ ਕੀਤੇ ਗਏ ਹਨ। ਹਲਕੇ ਪਦਾਰਥਾਂ ਉਪਰ ਸਹਿਨਸ਼ੀਲਤਾ +0.002 ਤੋਂ 0.010 ਇੰਚ ਤੱਕ ਅਤੇ ਭਾਰੀ ਪਦਾਰਥਾਂ ਉਪਰ 0.010 ਤੋਂ 0.035 ਇੰਚ ਤੱਕ ਸੰਭਵ ਹੈ। ਵਿਗਾੜਾਂ ਤੋਂ ਬਚਣ ਲਈ ਪਦਾਰਥ ਦੀ ਮੋਟਾਈ ਜਿੰਨੀ ਦੂਰੀ ਉਪਰ ਮੋਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਇਕ ਮੋੜ ਦੇ ਰੇਡੀਅਸ ਤੋਂ ਇਸ ਮੋਟਾਈ ਦੇ ਤ੍ਰਿੰਨ ਗੁਣਾ ਦੂਰੀ ਉਪਰ ਹੁੰਦੀਆਂ ਹਨ।




(ਚਿੱਤਰ 5)

**ਸਾਧਾਰਣ ਡਿਜ਼ਾਈਨ**—ਇਕ ਪੁਰਜ਼ੇ ਨੂੰ ਮੁਕੰਮਲ ਕਰਨ ਲਈ ਆਪਰੇਸ਼ਨਾਂ ਦੀ ਵਿਧੀ ਅਤੇ ਡਾਈਆਂ ਦੀ ਕਿਸਮ ਅਤੇ ਗਿਣਤੀ ਨਿਸ਼ਚਿਤ ਕੀਤੀ ਜਾਂਦੀ ਹੈ। ਸਮੱਗਰੀ ਦੀ ਵੱਧ ਤੋਂ ਵੱਧ ਵਰਤੋਂ ਅਤੇ ਘੱਟੋ ਘੱਟ ਰਹਿੰਦ-ਖੂੰਹਦ ਲਈ ਇਕ ਨਿਰਲੇਪ ਜਿਹਾ ਖਾਕਾ ਤਿਆਰ ਕੀਤਾ ਜਾਂਦਾ ਹੈ।



(ਚਿੱਤਰ 6)

ਡਾਈ ਵਿਚ ਆਮ ਤੌਰ ਤੇ ਪਦਾਰਥ ਸੱਜੇ ਤੋਂ ਖੱਬੇ ਵੱਲ ਜਾਂ ਸਾਹਮਣੇ ਤੋਂ ਪਿਛੇ ਵੱਲ ਪਾਇਆ ਜਾਂਦਾ ਹੈ। ਡਾਈ ਦੀ ਜੀਵਨ ਮਿਆਦ, ਅਜਿਹੀ ਇਕ ਪ੍ਰੈਸ, ਜਿਸਦੀ ਸਮਰੱਥਾ ਲੋੜੀਂਦੀ ਨਾਲੋਂ ਦੁੱਗਣੀ ਹੋਵੇ, ਨਾਲ ਵਧਾਉਣੀ ਸੰਭਵ ਹੈ। ਗਿਣੀ ਹੋਈ ਸਮਰੱਥਾ ਤੋਂ ਘੱਟ ਵਾਲੀਆਂ ਪ੍ਰੈਸਾਂ ਉਪਰ ਵੀ ਕੰਮ ਚਲਾਇਆ ਜਾ ਸਕਦਾ ਹੈ ਜਿਨ੍ਹਾਂ ਵਿਚ ਪੰਚਾਂ ਦੀਆਂ ਲੰਬਾਈਆਂ ਟੇਢੀਆਂ-ਮੇਢੀਆਂ ਸੈੱਟ ਕੀਤੀਆਂ ਜਾਂਦੀਆਂ ਹਨ। ਸੁਰੱਖਿਆ ਵਜੋਂ 50 ਪਾਉਂਡ ਜਾਂ ਵੱਧ ਭਾਰ ਵਾਲੀਆਂ ਡਾਈਆਂ ਵਿਚ ਕੁੰਡੀ ਕਾਬਲੇ ਲਈ ਸੁਰਾਖ਼ ਰੱਖੇ ਜਾਂਦੇ ਹਨ ਅਤੇ ਡਾਈ ਨੂੰ ਜਦੋਂ ਇਹ ਵਰਤੋਂ ਵਿਚ ਨਾ ਹੋਵੇ, ਥਾਂ ਟਿਕਾਣੇ ਰੱਖਣ ਲਈ ਸੁਰੱਖਿਆ ਕਾਬਲੇ ਹੋਣੇ ਜ਼ਰੂਰੀ ਹਨ। ਕੰਮ ਕਰਨ ਵਾਲੇ ਦੀ ਸੁਰੱਖਿਆ ਵਜੋਂ ਡਾਈਆਂ ਵਿਚ ਜੰਗਲੇ ਬਣਾਏ ਜਾਂਦੇ ਹਨ। ਗੋਲ, ਲੰਬੂਤਰੇ, ਚਕੋਰ ਜਾਂ ਆਇਤਾਕਾਰ ਸੁਰਾਖ਼ਾਂ ਲਈ ਸਟੈਂਡਰਡ ਪੰਚ ਅਤੇ ਡਾਈਆਂ ਖਰੀਦਣ ਲਈ ਉਪਲੱਬਧ ਹੁੰਦੇ ਹਨ ਅਤੇ ਇਹ ਟੁੱਟ ਭੱਜ ਹੋਣ ਉਪਰੰਤ ਤੁਰੰਤ ਬਦਲੇ ਵੀ ਜਾ ਸਕਦੇ ਹਨ।

ਹ. ਪੁ. -ਮੈਕ. ਐਨ. ਸ. ਟ. 7:346

**ਜ਼ਿਗਮਾਂਡੀ, ਰਿਚਰਡ ਅਡਾੱਲਫ** : ਕੋਲਾਇਡੀ ਘੋਲਾਂ ਦੇ ਬਿਖਮ-ਅੰਗੀ ਸੁਭਾਅ ਦਾ ਨਿਰੂਪਣ ਕਰਨ ਅਤੇ ਅਜਿਹੀਆਂ ਵਿਧੀਆਂ ਦੀ ਵਰਤੋਂ ਕਰਨ ਲਈ, ਜਿਨ੍ਹਾਂ ਦੀ ਵਰਤੋਂ ਹੁਣ ਤੱਕ ਆਧੁਨਿਕ ਕੋਲਾਇਡੀ ਰਸਾਇਣ ਵਿਗਿਆਨ ਵਿਚ ਕੀਤੀ ਜਾਂਦੀ ਹੈ, ਸੰਬੰਧੀ ਖੋਜ ਕਰਨ ਕਰਕੇ 1925 ਦਾ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਜਿੱਤਣ ਵਾਲੇ ਇਸ ਵਿਗਿਆਨੀ ਦਾ ਜਨਮ 1 ਅਪ੍ਰੈਲ, 1865 ਨੂੰ ਵੀਆਨਾ ਵਿਖੇ ਹੋਇਆ ਸੀ। ਇਸ ਦਾ ਪਿਤਾ ਅਡਾੱਲਫ ਜ਼ਿਗਮਾਂਡੀ ਇਕ ਦੰਦਾਂ ਦਾ ਡਾਕਟਰ ਸੀ, ਜਿਸ ਨੇ ਕਈ ਸਰਜੀਕਲ ਯੰਤਰਾਂ ਤੇ ਔਜ਼ਾਰਾਂ ਦੀ ਖੋਜ ਕੀਤੀ ਅਤੇ ਬਹੁਤ ਸਾਰੇ ਵਿਗਿਆਨਕ ਤੇ ਡਾਕਟਰੀ ਨਾਲ ਸਬੰਧਤ ਖੋਜ ਕੰਮਾਂ ਨੂੰ ਛਪਵਾਇਆ। ਉਹ ਚਾਹੁੰਦਾ ਸੀ ਕਿ ਉਸ ਦੇ ਬੱਚੇ ਪ੍ਰਾਕਿਰਤਕ ਵਿਗਿਆਨ ਸ਼ੌਕ ਨਾਲ ਪੜ੍ਹਨ।



**ਰਿਚਰਡ ਅਡਾੱਲਫ ਜ਼ਿਗਮਾਂਡੀ**

ਜਦੋਂ ਇਹ ਅਜੇ ਸਿਰਫ 15 ਸਾਲਾਂ ਦਾ ਹੀ ਸੀ ਇਸ ਦੇ ਪਿਤਾ ਦੀ ਮੌਤ ਹੋ ਗਈ ਅਤੇ ਇਸ ਦੀ ਪਾਲਣਾ ਇਸ ਦੀ ਮਾਤਾ ਨੇ ਕੀਤੀ ਜਿਸ ਨੇ ਇਸ ਨੂੰ ਆਪਣੇ ਰੁਝਾਨ ਅਨੁਸਾਰ ਜ਼ਿੰਦਗੀ ਜੀਉਣ ਲਈ ਉਤਸਾਹਿਤ ਕੀਤਾ ਅਤੇ ਆਜ਼ਾਦੀ ਪ੍ਰਦਾਨ ਕੀਤੀ। ਇਸ ਨੇ ਆਪਣੀ ਜਵਾਨੀ ਦੀ ਅਵਸਥਾ ਵਿਚ ਹੀ ਰਸਾਇਣ-ਵਿਗਿਆਨ ਪ੍ਰਤਿ ਰੁਝਾਨ ਬਣਾ ਲਿਆ ਸੀ ਅਤੇ ਆਪਣੇ ਘਰ ਵਿਚ ਹੀ ਛੋਟੀ ਜਿਹੀ ਪ੍ਰਯੋਗਸ਼ਾਲਾ ਬਣਾ ਲਈ ਜਿਥੇ ਇਹ ਸਾਧਾਰਣ ਪ੍ਰਯੋਗ ਕਰਦਾ ਹੁੰਦਾ ਸੀ।

ਸੰਨ 1889 ਵਿਚ ਮਿਊਨਿਕ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰਨ ਮਗਰੋਂ ਇਸ ਨੇ ਬਰਲਿਨ ਵਿਖੇ ਖੋਜ ਦਾ ਕੰਮ ਕੀਤਾ ਅਤੇ ਫਿਰ 1893 ਵਿਚ ਗਰਾਜ ਯੂਨੀਵਰਸਿਟੀ, ਆਸਟਰੀਆ ਦੀ ਫ਼ੈਕਿਲਟੀ ਵਿਖੇ ਹਾਜ਼ਰ ਹੋ ਗਿਆ। ਇਸ ਤੋਂ ਮਗਰੋਂ ਇਸ ਨੇ ਕੱਚ ਦਾ ਕੰਮ ਕਰਨ ਵਾਲੀ ਸਕਾਟ ਐਂਡ ਜੀਨੋਸੈਨ ਫਰਮ ਵਿਚ ਯੇਨਾ ਵਿਖੇ

ਨਿਯੁਕਤੀ ਪ੍ਰਵਾਨ ਕਰ ਲਈ, ਜਿਥੇ ਇਸ ਨੇ 1900 ਤੱਕ ਕੰਮ ਕੀਤਾ। ਇਥੇ ਇਸ ਦਾ ਰੁਝਾਨ ਕੋਲਾਇਡੀ ਸੋਨੇ ਵੱਲ ਹੋ ਗਿਆ ਜਿਹੜਾ ਰੂਬੀ ਕੱਚ ਵਿਚ ਮੌਜੂਦ ਹੁੰਦਾ ਹੈ ਅਤੇ ਸੋਨੇ ਦੀ ਪਾਣੀ ਅੰਦਰ ਸਥਗਨ (ਸਸਪੈਨਸ਼ਨ) ਤਿਆਰ ਕੀਤੀ। ਵਿਗਿਆਨਕ ਖੋਜਾਂ ਜਾਰੀ ਰੱਖਣ ਲਈ ਇਸ ਨੇ ਨੌਕਰੀ ਛੱਡ ਦਿਤੀ ਅਤੇ 1907 ਵਿਚ ਗਾਸੈਨ ਯੂਨੀਵਰਸਿਟੀ ਵਿਖੇ ਇਨਸਟੀਚਿਊਟ ਆਫ਼ ਇਨਆਰਗੈਨਿਕ ਕਮਿਸਟਰੀ ਦੇ ਪ੍ਰੋਫ਼ੈਸਰ ਅਤੇ ਡਾਇਰੈਕਟਰ ਵਜੋਂ ਨਿਯੁਕਤੀ ਪ੍ਰਾਪਤ ਕੀਤੀ ਜਿਥੇ ਇਸ ਨੇ ਆਪਣੀ ਸੇਵਾ ਨਿਵਿਰਤੀ ਸਮੇਂ 1929 ਤੱਕ ਕੰਮ ਕੀਤਾ। ਨੋਬਲ ਪੁਰਸਕਾਰ ਵਿਜੇਤਾ ਹੋਣ ਕਾਰਨ ਇਸ ਦੀਆਂ ਉਨ੍ਹਾਂ ਸਾਰੀਆਂ ਔਕੜਾਂ ਦਾ ਸਮਾਧਾਨ ਹੋ ਗਿਆ ਜਿਨ੍ਹਾਂ ਦਾ ਸਾਹਮਣਾ 1922-23 ਵਿਚ ਪਹਿਲੇ ਸੰਸਾਰ ਯੁੱਧ ਦੇ ਨਤੀਜਿਆਂ ਵਜੋਂ ਇਸ ਨੂੰ ਕਰਨਾ ਪਿਆ ਸੀ।

ਸੰਨ 1903 ਵਿਚ ਇਸ ਨੇ ਯੇਨਾ ਦੇ ਰੋਗਾਤਮਕ ਅੰਗ-ਵਿਗਿਆਨ ਦੇ ਲੈਕਚਰਾਰ, ਪ੍ਰੋਫ਼ੈਸਰ ਵਿਲਹੈਲਮ ਮੂਲਰ ਦੀ ਲੜਕੀ ਲੇਰਾ ਲੂਈਸ, ਨੀ ਮੂਲਰ ਨਾਲ ਵਿਆਹ ਕਰਵਾਇਆ ਸੀ। ਇਨ੍ਹਾਂ ਦੇ ਦੋ ਪੁਤਰੀਆਂ ਸਨ ਅਤੇ ਵੱਡੀ ਪੁਤਰੀ ਐਨਮੇਰੀ ਨੇ ਡਾ. ਐਰਿਕ ਹੱਕਲ ਨਾਲ ਵਿਆਹ ਕੀਤਾ ਜਿਹੜਾ ਜ਼ਿਗਮਾਂਡੀ ਦੇ ਨਾਲ ਕੰਮ ਕਰਦਾ ਸੀ ਅਤੇ ਜ਼ਿਊਰਿਕ ਵਿਚ ਪ੍ਰੋਫ਼ੈਸਰ ਡੈਬਾਈ ਦਾ ਸਹਾਇਕ ਸੀ।

ਕੋਲੱਾਇਡੀ ਦੇ ਅਰਥ ਹਨ ਕਿ ਜਿਹੜਾ ਝਿੱਲੀਆਂ ਵਿਚੋਂ ਦੀ ਲੰਘ ਨਾ ਸਕੇ ਜਿਵੇਂ ਚਰਮ-ਕਾਗਜ਼ ਆਦਿ ਅਤੇ ਬਹੁਤ ਹੀ ਘੱਟ ਪਸਰਣਸ਼ੀਲ ਹੋਵੇ। ਇਹ ਕ੍ਰਿਸਟਲਾਇੱਡ ਤੋਂ ਵੱਖਰਾ ਹੈ ਜਿਵੇਂ ਸਾਧਾਰਨ ਲੂਣ। ਅਸਲ ਵਿਚ ਕ੍ਰਿਸਟਲੱਾਇਡ ਜਦੋਂ ਘੋਲ ਅਵਸਥਾ ਵਿਚ ਹੁੰਦਾ ਹੈ ਤਾਂ ਇਹ ਅਜਿਹੀ ਝਿੱਲੀਆਂ ਵਿਚੋਂ ਆਸਾਨੀ ਨਾਲ ਲੰਘ ਜਾਂਦਾ ਹੈ ਅਤੇ ਬਹੁਤ ਜ਼ਿਆਦਾ ਪਸਰਣਸ਼ੀਲਤਾ ਦਾ ਪ੍ਰਦਰਸ਼ਨ ਕਰਦਾ ਹੈ। ਕੋਲਾਇੱਡ ਸ਼ਬਦ ਯੂਨਾਨੀ ਸ਼ਬਦ ਗਲੂ ਤੋਂ ਲਿਆ ਗਿਆ ਹੈ। ਸਾਧਾਰਣ ਤੌਰ ਤੇ ਜਾਣੇ ਜਾਣ ਵਾਲੇ ਕੋਲੱਾਇਡ ਉਦਾਹਰਣ ਵਜੋਂ ਪ੍ਰੋਟੀਨ, ਸਟਾਰਚ, ਰਬੜ ਆਦਿ ਹਨ। ਇਕੋ ਹੀ ਪਦਾਰਥ ਉਹ ਕੋਲੱਾਇਡ ਦੇ ਤੌਰ ਤੇ ਜਾਂ ਕ੍ਰਿਸਟਲੱਾਇਡ ਦੇ ਤੌਰ ਤੇ ਹੋ ਸਕਦਾ ਹੈ। ਇਸ ਲਈ ਜ਼ਰੂਰਤ ਇਸ ਗੱਲ ਦੀ ਹੈ ਕਿ ਕੋਲੱਾਇਡੀ ਅਤੇ ਕ੍ਰਿਸਟਲੱਾਇਡੀ ਅਵਸਥਾਵਾਂ ਵਿਚ ਕੀ ਅੰਤਰ ਹੈ ਨਾ ਕਿ ਕੋਲੱਾਇਡੀ ਤੇ ਕ੍ਰਿਸਟਲੱਾਇਡੀ ਪਦਾਰਥਾਂ ਵਿਚਲੇ ਅੰਤਰ ਦੀ।

ਜ਼ਿਗਮਾਂਡੀ ਨੇ ਸਿਧਾਂਤਕ ਤੌਰ ਤੇ ਦੱਸਿਆ ਕਿ ਜਿਸ ਢੰਗ ਨਾਲ ਖਿਲਰੇ ਹੋਏ ਪ੍ਰਕਾਸ਼ ਦਾ ਅਧਿਐਨ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਤੱਤ ਦੀ ਕੋਲੱਾਇਡੀ ਅਵਸਥਾ ਬਾਰੇ ਵੀ ਅਧਿਐਨ ਕਰਨ ਨਾਲ ਬਹੁਤ ਕੁਝ ਜਾਣਿਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਅਧਿਐਨ ਵਿਚ ਸੌਖ ਲਈ ਇਸ ਨੇ ਜ਼ੀਅਸ ਫਰਮ ਵਿਖੇ ਕੰਮ ਕਰ ਰਹੇ ਐਕਨ ਸਾਜ਼ ਹਾਈਨਰਿਕ ਸਾਈਡੈਂਟਾਫ ਨਾਲ ਮਿਲਕੇ ਅਲਟ੍ਰਾਮਾਈਕ੍ਰੋਸਕੋਪ ਬਣਾਇਆ। ਇਹ ਯੰਤਰ ਦਾ ਕੰਮ ਕਰਨ ਦਾ ਨਿਯਮ ਇਹ ਹੈ ਕਿ ਤੀਬਰਤਾ ਪੂਰਵਕ ਪ੍ਰਦੀਪਤ ਵਸਤੂ ਜਿਹੜਾ ਕਿ ਇਕ ਪ੍ਰੇਖਣ ਅਧੀਨ ਘੋਲ ਹੈ, ਨੂੰ ਪਾਸਿਆਂ ਤੋਂ ਮਾਈਕ੍ਰੋਸਕੋਪ ਨਾਲ ਵੇਖਿਆ ਜਾਂਦਾ ਹੈ ਭਾਵ ਆਪਾਤੀ ਕਿਰਨ ਪੁੰਜ ਦੇ ਧੁਰੇ ਨਾਲ ਲੰਬਾਤਮਕ ਦਿਸ਼ਾ ਵਿਚ ਇਹ ਬਹੁਤ ਹੀ ਛੋਟੇ ਆਕਾਰ ਦੇ ਕਣਾਂ ਨੂੰ ਵੱਖਰਾ ਕਰਨ ਵਿਚ ਸਹਾਇਤਾ ਕਰਦਾ ਹੈ, ਜਿਨ੍ਹਾਂ ਨੂੰ ਸ਼ਾਧਾਰਣ ਮਾਈਕ੍ਰੋਸਕੋਪ ਨਾਲ ਵੇਖਿਆ ਵੀ ਨਹੀਂ ਜਾ ਸਕਦਾ।

ਸੋਨੇ ਦੇ ਕੋਲੱਾਇਡਾਂ ਦਾ ਅਲਟ੍ਰਾਮਾਈਕ੍ਰੋਸਕੋਪ ਦੁਆਰਾ ਅਧਿਐਨ ਕਰਕੇ ਜ਼ਿਗਮਾਂਡੀ ਨੇ ਸਿੱਧ ਕੀਤਾ ਕਿ ਕੋਲੱਾਇਡੀ ਘੋਲ ਬਿਖਮ ਅੰਗੀ ਹੁੰਦੇ ਹਨ। ਇਸ ਢੰਗ ਨਾਲ ਕਣਾਂ ਦੇ ਆਕਾਰ ਦਾ ਪਤਾ ਕਰਨਾ ਸੰਭਵ ਹੋ ਸਕਿਆ ਅਤੇ ਇਸ ਤਰ੍ਹਾਂ ਬਿਖਮ ਅੰਗਤਾ ਜਾਣੀ ਜਾ ਸਕਦੀ ਹੈ। ਇਸ ਦੁਆਰਾ ਕੀਤੇ ਮੂਲ ਕੰਮ ਦੀ ਸਹਾਇਤਾ ਨਾਲ ਜਮਾਉਣ ਕਿਰਿਆ ਸਿਧਾਂਤ ਦੀ ਮਕੈਨਿਜ਼ਮ ਬਾਰੇ ਵਧੇਰੇ ਜਾਣਕਾਰੀ ਮਿਲ ਸਕੀ ਅਤੇ ਜੈੱਲ ਦੀ ਬਣਤਰ ਬਾਰੇ ਅਧਿਐਨ ਵਿਚ ਸਹਾਇਤਾ ਪ੍ਰਾਪਤ ਹੋਈ ਹੈ। ਇਸ ਦੁਆਰਾ ਵਰਤੇ ਗਏ ਢੰਗ ਆਧੁਨਿਕ ਕੋਲੱਾਇਡੀ ਰਸਾਇਣ-ਵਿਗਿਆਨ ਦਾ ਅਧਾਰ ਹਨ। ਇਸ ਦੀ ਖੋਜ ਦਾ ਕੰਮ ਵਿਸ਼ੇਸ਼ ਤੌਰ ਤੇ ਆਧੁਨਿਕ ਜੀਵ-ਰਸਾਇਣ ਵਿਗਿਆਨ ਅਤੇ ਜੀਵਾਣੂ ਵਿਗਿਆਨ ਲਈ ਬਹੁਤ ਹੀ ਲਾਹੇਵੰਦ ਸਿੱਧ ਹੋਇਆ ਹੈ।

24 ਸਤੰਬਰ, 1929 ਨੂੰ ਗਾਇਮੈਨ ਵਿਖੇ ਜਰਮਨੀ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਨੋਬਲ ਲਾਉਰੈਟਸ (1901-87) : 160

**ਜਿਗਰ** : ਇਹ ਇਕ ਗਲੈਂਡ ਹੈ ਜਿਹੜੀ ਸਰੀਰ ਦੀਆਂ ਹੋਰ ਸਾਰੀਆਂ ਗਲੈਂਡਾਂ ਤੋਂ ਜ਼ਿਆਦਾ ਵੱਡੀ ਅਤੇ ਲਗਭਗ 1.5 ਕਿ. ਗ੍ਰਾ. ਭਾਰੀ ਹੁੰਦੀ ਹੈ। ਇਹ ਪੇਟ ਦੇ ਉਪਰਲੇ ਸੱਜੇ ਹਿੱਸੇ ਵਿਚ ਸਥਿਤ ਹੁੰਦੀ ਹੈ ਅਤੇ ਇੰਨੀ ਜ਼ਿਆਦਾ ਨਰਮ ਹੁੰਦੀ ਹੈ ਕਿ ਇਸ ਦੇ ਆਸ ਪਾਸ ਦੇ ਅੰਗ ਇਸ ਦੇ ਵਿਚ ਧਸਦੇ ਜਾਂਦੇ ਹਨ ਪਰ ਜੇ ਇਸ ਨੂੰ ਵੱਖਰਾ ਕਰਕੇ ਬਾਹਰ ਕੱਢ ਲਿਆ ਜਾਵੇ ਤਾਂ ਨਾਮੋ ਨਿਸ਼ਾਨ ਹੀ ਮਿਟ ਜਾਂਦਾ ਹੈ ਕਿ ਕਿਹੜਾ ਅੰਗ ਕਿਸ ਜਗ੍ਹਾ ਤੇ ਧੱਸਿਆ ਸੀ। ਪਿੱਤਾ ਇਸ ਵਿਚ ਇਸ ਤਰ੍ਹਾਂ ਲਟਕਿਆ ਹੁੰਦਾ ਹੈ ਜਿਵੇਂ ਡੋਰੀ ਵਿਚ ਬੱਝਾ ਹੋਵੇ। ਸਾਰੇ (ਅਤੇ ਸਿਰਫ਼) ਰੀੜ੍ਹ ਧਾਰੀਆਂ ਵਿਚ ਇਹ ਗਲੈਂਡ ਹੁੰਦੀ ਹੈ। ਇਹ ਪ੍ਰੋਟੀਨ, ਚਰਬੀ,




ਜਿਗਰ ਦਾ ਪਿਛਲਾ ਪਾਸਾ

ਵਿਟਾਮਿਨ (ਖ਼ਾਸ ਕਰਕੇ ਵਿਟਾਮਿਨ ਏ, ਡੀ, ਈ ਅਤੇ ਬੀ. ਕੰਪਲੈਕਸ) ਲੋਹੇ ਅਤੇ ਤਾਂਬੇ ਨਾਲ ਭਰਪੂਰ ਹੁੰਦੀ ਹੈ, ਇਸੇ ਲਈ ਖਾਧੀ ਜਾਂਦੀ ਹੈ।

**ਕੰਮ**—ਜਿਗਰ ਕਈ ਤਰ੍ਹਾਂ ਦੇ ਵੱਖ ਵੱਖ ਕੰਮ ਕਰਦਾ ਹੈ ਜਿਵੇਂ ਖ਼ੂਨ ਨੂੰ ਸਾਫ਼ ਕਰਕੇ ਫਿਲਟਰ ਦਾ ਕੰਮ ਕਰਨਾ, ਭੋਜਨ ਨੂੰ ਜਮ੍ਹਾਂ ਰਖਣਾ (ਖ਼ਾਸ ਕਰਕੇ ਖੰਡ ਅਤੇ ਵਿਟਾਮਿਨਾਂ ਨੂੰ), ਕਈ ਤਰ੍ਹਾਂ ਦੇ ਪ੍ਰੋਟੀਨ ਅਤੇ ਜੀਵਨਾਸ਼ਕ ਪਦਾਰਥ ਪੈਦਾ ਕਰਨਾ, ਭੋਜਨ ਨੂੰ ਹਜ਼ਮ ਕਰਨਾ ਅਤੇ ਮਲ-ਮੂਤਰ ਨੂੰ ਦੂਰ ਕਰਨ ਵਿਚ ਸਹਾਇਤਾ ਕਰਨਾ।

ਸਰੀਰ ਵਿਚ ਦੌਰਾ ਕਰਦੇ ਸਮੇਂ ਆਂਦਰਾਂ ਤੋਂ ਦਿਲ ਨੂੰ ਮੁੜਦਾ ਹੋਇਆ ਗੰਦਾ ਖ਼ੂਨ ਜਿਗਰ ਦੇ ਸੈੱਲਾਂ ਵਿਚੋਂ ਦੀ ਲੰਘਦਾ ਹੈ ਜਿਥੇ ਇਸ ਵਿਚੋਂ ਜ਼ਹਿਰੀਲੇ ਪਦਾਰਥ ਅਤੇ ਜੀਵਾਣੂ ਆਦਿ ਵੱਖ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਇਹ ਫਿਲਟਰ ਦਾ ਕੰਮ ਕਰਦਾ ਹੈ। ਲਹੂ ਵਿਚੋਂ ਇਹ ਗਲੈਂਡ ਆਹਾਰਕ ਮਾਦਾ, ਖ਼ਾਸ ਕਰਕੇ ਖੰਡ, ਵੱਖ ਕਰਕੇ ਭਵਿੱਖ ਦੀ ਲੋੜ ਲਈ ਜਮ੍ਹਾਂ ਰੱਖਦੀ ਹੈ। ਪਹਿਲਾਂ ਇਹ ਖੰਡ ਗਲਾਈਕੋਜੈੱਨ ਵਿਚ ਤਬਦੀਲ ਕਰ ਦਿਤੀ ਜਾਂਦੀ ਹੈ ਅਤੇ ਫਿਰ ਲੋੜ ਵੇਲੇ ਮੁੜ (ਗਲੂਕੋਜਾੱਨ ਹਾਰਮੋਨ ਦੇ ਅਸਰ ਹੇਠ) ਖੰਡ ਵਿਚ ਤਬਦੀਲ ਹੋ ਜਾਂਦੀ ਹੈ। ਚਰਬੀ, ਵਿਟਾਮਿਨ ਅਤੇ ਹੋਰ ਖ਼ੁਰਾਕੀ ਤੱਤ ਵੀ ਇੰਹ ਜਮ੍ਹਾਂ ਰੱਖਦੀ ਹੈ। ਜਦੋਂ ਲਹੂ ਇਸ ਵਿਚੋਂ ਲੰਘਦਾ ਹੈ ਤਾਂ ਪ੍ਰੋਟੀਨ ਅਤੇ ਜੀਵਨਾਸ਼ਕ ਪਦਾਰਥ ਵੀ ਇਸ ਵਿਚ ਮਿਲ ਜਾਂਦੇ ਹਨ। ਅਨੇਕਾਂ ਛੋਟੀਆਂ ਛੋਟੀਆਂ ਨਲੀਆਂ ਰਾਹੀਂ ਇਹ ਗਲੈਂਡ ਪਿੱਤ (ਜਿਗਰ ਰਾਹੀਂ ਰਿਸਾਇਆ ਹਰੇ-ਪੀਲੇ ਰੰਗ ਦਾ ਕੌੜਾ ਪਦਾਰਥ) ਆਂਦਰਾਂ ਵਿਚ ਭੇਜਦੀ ਹੈ ਜਿਹੜਾ ਚਰਬੀ ਨੂੰ ਹਜ਼ਮ ਅਤੇ ਜਜ਼ਬ ਕਰਨ ਦੇ ਅਤੇ ਕਈ ਹੋਰ ਕੰਮ ਕਰਦਾ ਹੈ। ਯੂਰੀਆ ਅਤੇ ਯੂਰਿਕ ਤੇਜ਼ਾਬ ਵੀ ਪਿੱਤ ਰਾਹੀਂ ਬਾਹਰ ਨਿਕਲਦੇ ਹਨ। ਲਗਭਗ ਇਕ ਕਿਲੋ ਪਿੱਤ ਤੋਂ ਵੀ ਵੱਧ ਮਹੱਤਵਪੂਰਨ ਉਹ ਰੰਗ ਹਨ ਜੋ ਇਸ ਵਿਚ ਮਿਲੇ ਹੁੰਦੇ ਹਨ। ਇਨ੍ਹਾਂ ਵਿਚੋਂ ਇਕ ਰੰਗ ਬਿਲੀਰੂਬਿਨ ਹੈ। ਖ਼ੂਨ ਵਿਚ ਜੇ ਇਸ ਦੀ ਮਾਤਰਾ ਵੱਧ ਜਾਏ ਤਾਂ ਪੀਲੀਆ ਹੋ ਜਾਂਦਾ ਹੈ।

**ਬਣਤਰ ਅਤੇ ਐਨਾਟਮੀ**—ਜਿਗਰ ਦੀ ਖ਼ੁਰਦਬੀਨੀ ਬਣਤਰ ਬਾਰੇ 1949 ਵਿਚ ਅਤੇ ਇਸ ਦੀ ਐਨਾਟਮੀ ਬਾਰੇ 1952 ਵਿਚ ਹੀ ਪੂਰਾ ਪਤਾ ਲਗਿਆ ਹੈ।

ਜਿਗਰ, ਸੈੱਲਾਂ ਦਾ ਇਕ ਨਿਰੰਤਰ ਪੁੰਜ ਹੁੰਦਾ ਹੈ ਜਿਨ੍ਹਾਂ ਦੇ ਵਿਚ ਆਪਸ ਵਿਚ ਜੁੜੀਆਂ ਹੋਈਆਂ ਖਾਲੀ ਥਾਵਾਂ ਹੁੰਦੀਆਂ ਹਨ। ਇਨ੍ਹਾਂ ਖਾਲੀ ਥਾਵਾਂ ਵਿਚ ਲਹੂ ਕੇਸ਼ਨਲੀਆਂ ਦਾ ਜਾਲ ਹੁੰਦਾ ਹੈ। ਨਿਮਨ ਪੱਧਰ ਰੀੜ੍ਹ ਧਾਰੀਆਂ ਵਿਚ ਖਾਲੀ ਥਾਵਾਂ ਵਿਚਲੀ ਸੈੱਲਾਂ ਦੀ ਦੀਵਾਰ ਦੋ ਸੈੱਲ ਮੋਟੀ ਅਤੇ ਥਣਧਾਰੀਆਂ ਅਤੇ ਕਈ ਪੰਛੀਆਂ ਵਿਚ ਵੀ ਇਹ ਇਕ ਸੈੱਲ ਮੋਟੀ ਹੁੰਦੀ ਹੈ। ਦੀਵਾਰਾਂ ਦੇ ਇਸ ਸਿਸਟਮ ਨੂੰ ਮਿਊਰੇਲੀਅਮ ਕਹਿੰਦੇ ਹਨ।



ਜਿਗਰ ਦੇ ਮਿਊਰੇਲੀਅਮ ਅਤੇ ਲੈਬਿਰਿੰਥ ਦਾ ਇਕ ਹਿੱਸਾ

ਨਾਲ ਲਗਦੇ ਜਿਗਰ ਸੈੱਲਾਂ ਦੇ ਵਿਚਕਾਰ ਛੋਟੀਆਂ ਛੋਟੀਆਂ ਨਲੀਆਂ ਪਿੱਤ-ਨਿਕੀਆਂ ਨਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਵਿਚ ਪ੍ਰੋਟੋਪਲਾਜ਼ਮਿਕ ਧਾਗਿਆਂ (ਮਾਈਕ੍ਰੋਵਿਲਾਈ) ਦੇ ਵਾਧਰੇ ਹੁੰਦੇ ਹਨ। ਇਹ ਨਲੀਆਂ ਇਕੱਠੀਆਂ ਹੋ ਕੇ ਬਹੁ-ਭੁਜੀ ਜਾਲੀ ਵਰਗੇ ਜਾਲ ਬਣਾਉਂਦੀਆਂ ਹਨ ਜਿਨ੍ਹਾਂ ਵਿਚੋਂ ਹਰੇਕ ਇਕ ਵੱਖਰੇ ਜਿਗਰ ਸੈੱਲ ਦੇ ਦੁਆਲੇ ਹੁੰਦਾ ਹੈ। ਹਰੇਕ ਸੈੱਲ ਵਿਚ ਇਕ, ਦੋ ਜਾਂ ਤਿੰਨ ਨਿਊਕਲੀਆਈ (ਅਤੇ ਹਰੇਕ ਵਿਚ ਨਿਊਕਲੀਓਲਸ) ਹੁੰਦੇ ਹਨ। ਖ਼ਾਲੀ ਥਾਵਾਂ ਵਾਲੇ ਪਾਸੇ ਜਿਗਰ ਸੈੱਲਾਂ ਤੋਂ ਕਈ ਉਂਗਲ-ਅਕਾਰ ਵਾਧਰੇ ਨਿਕਲੇ ਹੁੰਦੇ ਹਨ।




**ਜਿਗਰ ਵਿਚ ਲਹੂ ਲੈ ਕੇ ਆਉਣ ਵਾਲੀਆਂ ਅਤੇ ਇਥੋਂ ਲੈ ਕੇ ਜਾਣ ਵਾਲੀਆਂ ਸ਼ਿਰਾਵਾਂ ਅਤੇ ਧਮਣੀਆਂ ਦੀ ਦਿਸ਼ਾ ਦਰਸਾਈ ਗਈ ਹੈ।**

ਜਿਗਰ ਵਿਚ ਲਹੂ ਮੁੱਖ ਤੌਰ ਤੇ ਆਂਦਰਾਂ ਦੀਆਂ ਕੇਸ਼ਨਲੀਆਂ ਰਾਹੀਂ ਆਉਂਦਾ ਹੈ ਜਿਹੜੀਆਂ ਇਕੱਠੀਆਂ ਹੋ ਕੇ ਮੀਜ਼ੈਂਟੇਰਿਕ ਸ਼ਿਰਾਵਾਂ ਬਣਾਉਂਦੀਆਂ ਹਨ। ਇਹ ਸ਼ਿਰਾਵਾਂ, ਇਕ ਸ਼ਿਰਾ ਤਿੱਲੀ ਤੋਂ ਅਤੇ ਕੁਝ ਛੋਟੀਆਂ ਛੋਟੀਆਂ ਸ਼ਿਰਾਵਾਂ ਮਿਹਦੇ ਤੋਂ ਆਉਂਦੀਆਂ ਹੋਈਆਂ ਮਿਲ ਕੇ ਇਕ ਛੋਟੀ ਤੇ ਮੋਟੀ ਪੋਰਟਲ ਸ਼ਿਰਾ ਬਣਾਉਂਦੀਆਂ ਹਨ।

ਇਹ ਸ਼ਿਰਾ ਜਿਗਰ ਵਿਚ ਪੋਰਟਾ ਹਿਪੈਟਿਸ (ਜਿਗਰ ਦੁਆਰ) ਤੇ ਦਾਖ਼ਲ ਹੁੰਦੀ ਹੈ। ਇਥੇ ਇਹ ਦੋ ਸ਼ਾਖਾਵਾਂ (ਸੱਜੀ ਅਤੇ ਖੱਬੀ) ਵਿਚ ਵੰਡੀ ਜਾਂਦੀ ਹੈ ਜਿਨ੍ਹਾਂ ਤੋਂ ਅੱਗੋਂ ਕਈ ਸ਼ਾਖਾਵਾਂ (ਰੋਮਾਈ ਵੀਨੀ) ਨਿਕਲਦੀਆਂ ਹਨ। ਜਿਗਰ, ਪੋਰਟਲ ਗੰਦੇ ਲਹੂ ਤੇ ਆਪਣਾ ਕੰਮ ਕਰਦਾ ਹੈ ਜਿਸ ਲਈ ਲੋੜੀਂਦੀ ਊਰਜਾ ਕਾਰਬਨ (ਭੋਜਨ ਵਿਚੋਂ) ਅਤੇ ਆੱਕਸੀਜਨ ਦੇ ਸੰਯੋਜਨ ਰਾਹੀਂ ਪ੍ਰਾਪਤ ਹੁੰਦੀ ਹੈ। ਆੱਕਸੀਜਨ ਇਕ ਛੋਟੀ ਜਿਹੀ ਧਮਣੀ ਵਿਚੋਂ ਆਉਂਦੀ ਹੈ ਜਿਸ ਦੀਆਂ ਛੋਟੀਆਂ ਸ਼ਾਖਾਵਾਂ ਪੋਰਟਲ ਸ਼ਿਰਾ ਦੀਆਂ ਰੋਮਾਈ ਵੀਨੀ ਦੇ ਬਰਾਬਰ ਹੁੰਦੀਆਂ ਹਨ। ਦੋਹਾਂ ਦੀਆਂ ਛੋਟੀਆਂ ਸ਼ਾਖਾਵਾਂ ਤੋਂ ਲਹੂ ਵਿਸ਼ਿਸ਼ਟ ਕੇਸ਼-ਨਲੀਆਂ (ਸਾਈਨਸਾੱਇਡਾਂ) ਵਿਚ ਆਉਂਦਾ ਹੈ। ਇਥੋਂ ਇਹ ਲਹੂ ਜਿਗਰ ਸ਼ਿਰਾਵਾਂ ਦੀਆਂ ਸ਼ਾਖਾਵਾਂ ਵਿਚ ਜਾਂਦਾ ਹੈ ਅਤੇ ਉਥੋਂ ਅੱਗੇ ਹੇਠਲੀ ਮਹਾਸ਼ਿਰਾ (ਇਨਫੀਰੀਅਰ ਵੀਨਾ ਕੇਵਾ) ਵਿਚ ਅਤੇ ਫਿਰ ਦਿਲ ਦੇ ਸੱਜੇ ਏਟ੍ਰੀਅਮ ਵਿਚ ਚਲਾ ਜਾਂਦਾ ਹੈ।

ਪੋਰਟਾ ਹਿਪੈਟਿਸ ਵਿਚੋਂ ਪਿੱਤ ਵੀ ਬਾਹਰ ਜਾਂਦੀ ਹੈ। ਸੂਖਮ ਪਿੱਤ ਨਿੱਕੀਆਂ ਨਲੀਆਂ ਜਿਗਰ ਵਿਚ ਇਕੱਠੀਆਂ ਹੋ ਕੇ ਨਿੱਕੀਆਂ ਨਲੀਆਂ

ਨਿੱਕੀਆਂ ਨਿਕਾਸ ਵਹਿਣੀਆਂ, ਵੱਡੀਆਂ ਨਿਕਾਸ ਵਹਿਣੀਆਂ ਅਤੇ ਫਿਰ ਇੰਨੀਆਂ ਮੋਟੀਆਂ ਨਿਕਾਸ ਵਹਿਣੀਆਂ ਬਣਦੀਆਂ ਹਨ ਜਿਹੜੀਆਂ ਨੰਗੀ ਅੱਖ ਨਾਲ ਦਿਸ ਸਕਦੀਆਂ ਹਨ। ਇਹ ਪੋਰਟਲ ਸ਼ਿਰਾ ਦੀਆਂ ਸ਼ਾਖਾਵਾਂ ਦੇ ਨਾਲ ਨਾਲ ਜਾਂਦੀਆਂ ਹਨ ਪਰ ਪਿੱਤ ਦੀ ਦਿਸ਼ਾ ਲਹੂ ਦੀ ਦਿਸ਼ਾ ਤੋਂ ਉਲਟ ਪਾਸੇ ਵੱਲ ਹੁੰਦੀ ਹੈ। ਪਿੱਤ ਨਿਕਾਸ ਵਹਿਣੀਆਂ ਅੱਗੋਂ ਇਕੱਠੀਆਂ ਹੋ ਕੇ ਪੋਰਟਾ ਹਿਪੈਟਿਸ ਉਤੇ ਜਿਗਰ ਨਿਕਾਸ ਵਹਿਣੀ ਬਣਦੀ ਹੈ। ਜਿਗਰ ਤੋਂ ਬਾਹਰ ਫਿਰ ਇਹ ਦੋ ਵੱਡੀਆਂ ਸ਼ਾਖਾਵਾਂ ਵਿਚ ਵੰਡੀ ਜਾਂਦੀ ਹੈ, ਇਕ ਸ਼ਾਖਾ ਪਿੱਤ-ਬਲੈਡਰ ਨਿਕਾਸ ਵਹਿਣੀ (ਸਿਸਟਿਕ ਡਕਟ) ਕਹਾਉਂਦੀ ਹੈ ਅਤੇ ਪਿੱਤੇ (ਗਾਲ ਬਲੈਡਰ) ਵਿਚ ਖ਼ਤਮ ਹੁੰਦੀ ਹੈ। ਪਿੱਤੇ ਵਿਚ ਕੁਝ ਦੇਰ ਲਈ ਪਿੱਤ ਇਕੱਠਾ ਹੁੰਦਾ ਹੈ ਅਤੇ ਇਸ ਦੀ ਅੰਦਰਲੀ ਸਤ੍ਹਾ ਇਸ ਵਿਚੋਂ ਪਿੱਤ ਚੂਸਦੀ ਰਹਿੰਦੀ ਹੈ ਜਿਸ ਨਾਲ ਉਹ ਜ਼ਿਆਦਾ ਸੰਘਣਾ ਹੁੰਦਾ ਰਹਿੰਦਾ ਹੈ ਅਤੇ ਕਈ ਵਿਚੋਂ ਇੰਨਾ ਪਾਣੀ ਚੂਸਿਆ ਜਾਂਦਾ ਹੈ ਕਿ ਪਿੱਤ ਦੇ ਪੱਥਰ ਬਣ ਜਾਂਦੇ ਹਨ। ਦੂਜੀ ਸ਼ਾਖਾ ਨੂੰ ਮੂਲ ਪਿੱਤ ਨਿਕਾਸ ਵਹਿਣੀ (ਕਾੱਮਨ ਬਾਈਲ ਡਕਟ) ਕਹਿੰਦੇ ਹਨ ਅਤੇ ਇਹ ਅੱਗੋਂ ਡਿਊਓਡੀਨਮ ਵਿਚ ਖੁਲ੍ਹਦੀ ਹੈ।

ਹ. ਪੁ.-ਐਨ. ਬ੍ਰਿ. 14: 143; ਪੰ. ਟ੍ਰਿ. 23 ਮਈ, 1984

**ਜਿਗਰ ਜਲੰਧਰੀ** : ਉਰਦੂ ਦੇ ਇਸ ਕਵੀ ਦਾ ਪੂਰਾ ਨਾਂ ਧਰਮਪਾਲ ਮਰਵਾਹ ਹੈ ਪਰ ਇਹ ਜਿਗਰ ਜਲੰਧਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਜਨਮ 18 ਜਨਵਰੀ, 1935 ਨੂੰ ਪਿੰਡ ਸਾਰੰਗਦੇਵ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਸ ਨੇ ਬੀ. ਏ. ਐਲ. ਐਲ. ਬੀ. ਅਤੇ ਅਦੀਬ ਫ਼ਾਜ਼ਿਲ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਹ ਪੰਜਾਬ ਰਾਜ ਬਿਜਲੀ ਬੋਰਡ ਵਿਚ ਉਪ ਸਕੱਤਰ ਦੀ ਪਦਵੀ ਤੇ ਪਹੁੰਚਿਆ।



ਧਰਮਪਾਲ ਮਰਵਾਹਾ 'ਜਿਗਰ ਜਲੰਧਰੀ'

ਜਿਗਰ ਜਲੰਧਰੀ ਦਾ ਸਬੰਧ ਪੰਜਾਬ ਦੀ ਉਸ ਮਹਾਨ ਪਰੰਪਰਾ ਨਾਲ ਹੈ ਜਿਸ ਦਾ ਮੋਢੀ ਪਦਮ ਸ੍ਰੀ ਜੋਸ਼ ਮਲਸਿਆਨੀ ਸੀ। ਇਹ ਪਿਛਲੇ ਚਾਰ ਦਹਾਕਿਆਂ ਤੋਂ ਉਰਦੂ ਅਦਬ ਦੀ ਸੇਵਾ ਕਰਦਾ ਆ ਰਿਹਾ ਹੈ। ਇਸ ਦੀਆਂ ਰਚਨਾਵਾਂ ਜ਼ਿੰਦਗੀ ਦੇ ਆਮ ਪਰ ਅਹਿਮ ਮਸਲਿਆਂ ਅਤੇ ਮਨੁੱਖੀ ਜਜ਼ਬਿਆਂ ਦੀ ਖ਼ੂਬਸੂਰਤ ਤਰਜਮਾਨੀ ਕਰਦੀਆਂ ਹਨ। ਰਵਾਇਤੀ ਮਜ਼ਮੂਨਾਂ ਦਾ ਬਾਖ਼ੂਬੀ ਨਿਭਾਅ ਅਤੇ ਖ਼ਿਆਲਾਂ ਤੇ ਤਜਰਬੇ ਦੇ ਸੁਮੇਲ ਤੋਂ ਇਲਾਵਾ, ਖ਼ਿਆਲ ਦੀ ਬੁਲੰਦੀ, ਜ਼ੁਬਾਨ ਦੀ ਸਾਦਗੀ ਅਤੇ ਬਿਆਨ ਦੀ ਬੰਦਸ਼ ਅਤੇ ਚੁਸਤੀ ਇਸ ਦੇ ਕਲਾਮ ਦੇ ਵਿਸ਼ੇਸ਼ ਗੁਣ ਹਨ। ਜਿਗਰ ਜਲੰਧਰੀ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:–

ਉਰਦੂ ਵਿਚ 'ਸੋਜ਼ੇ ਜਿਗਰ' 'ਲਖ਼ਤੇ ਜਿਗਰ' 'ਖ਼ੂਨੇ ਜਿਗਰ' 'ਦਰਦੇ ਜਿਗਰ' ਦੇਵ ਨਾਗਰੀ ਲਿਪੀ ਵਿਚ ਉਰਦੂ 'ਅੰਦਾਜ਼ੇ ਜਿਗਰ ਅਤੇ ਗਲੇ ਖ਼ਾਰ' ਇਹ ਦੋਵੇਂ ਪੁਸਤਕਾਂ ਭਾਸ਼ਾ ਵਿਭਾਗ, ਵੱਲੋਂ ਗੁਰਮੁਖੀ ਲਿਪੀ ਵਿਚ ਛਾਪੀਆਂ ਜਾ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਜਿਗਰ ਸਾਹਿਬ ਨੇ 'ਸ਼ਗੀਮੇ ਸੁਖ਼ਨ' ਨਾਂ ਦੀ ਪੁਸਤਕ ਦੀ ਸੰਪਾਦਨਾ ਕੀਤੀ ਹੈ।

ਆਪਣੀਆਂ ਰਚਨਾਵਾਂ ਲਈ ਜਿਗਰ ਜਲੰਧਰੀ ਨੇ ਕਿੰਨੇ ਹੀ ਪੁਰਸਕਾਰ ਪ੍ਰਾਪਤ ਕੀਤੇ ਹਨ, ਜਿਨ੍ਹਾਂ ਵਿਚੋਂ ਉੱਤਰ ਪ੍ਰਦੇਸ਼ ਉਰਦੂ ਅਕਾਦਮੀ ਐਵਾਰਡ, ਆਲ ਇੰਡੀਆ ਮੀਰ ਅਕਾਦਮੀ ਐਵਾਰਡ, ਭਾਸ਼ਾ ਵਿਭਾਗ ਦਾ ਸਾਹਿਰ ਲੁਧਿਆਣਵੀ ਐਵਾਰਡ, ਰਾਸ਼ਟਰਪਤੀ ਵੱਲੋਂ ਵਿਸ਼ੇਸ਼ ਸਨਮਾਨ, ਪੰਜਾਬ ਸਰਕਾਰ ਵੱਲੋਂ ਪ੍ਰਮਾਣ ਪੱਤਰ 1991, ਪੰਜਾਬ ਰਾਜ ਬਿਜਲੀ ਬੋਰਡ ਦਾ ਸਾਹਿਤਕ ਐਵਾਰਡ ਆਦਿ ਵਰਣਨਯੋਗ ਹਨ। ਇਸ ਤੋਂ ਇਲਾਵਾ ਜਿਗਰ ਸਾਹਿਬ ਨੂੰ ਅਨੇਕਾਂ ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਜਸ਼ਨੇ ਜਿਗਰ ਕਮੇਟੀ ਪਟਿਆਲਾ ਨੇ 27-11-92 ਨੂੰ ਜਿਗਰ ਜਲੰਧਰੀ ਦੇ ਸਨਮਾਨ ਵਿਚ ਇਕ ਸੁਵਿਨਰ ਵੀ ਕੱਢਿਆ ਸੀ।

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਜਿਗਰ ਜਲੰਧਰੀ ਨੂੰ ਸਾਲ 1991 ਦਾ ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਜਿਗਰ ਜਲੰਧਰੀ ਦੀ ਰਿਹਾਇਸ਼ ਗੁਰਬਖ਼ਸ਼ ਕਾਲੋਨੀ; ਪਟਿਆਲਾ ਵਿਖੇ ਹੈ ਅਤੇ ਸਾਹਿਤਕ ਖੇਤਰ ਵਿਚ ਅਜੇ ਇਸ ਸਾਹਿਤਕਾਰ ਕੋਲੋਂ ਬੜੀਆਂ ਆਸਾਂ ਰੱਖੀਆਂ ਜਾ ਸਕਦੀਆਂ ਹਨ।

ਹ. ਪੁ.-ਸੁਵਿਨਰ ਸਨਮਾਨ ਸਮਾ ਭਾ. ਵਿ. ਪੰ. 1991, ਜਸ਼ਨੇ ਜਿਗਰ ਕਮੇਟੀ, ਪਟਿਆਲਾ ਸੁਵਿਨਰ 27-11-92

**ਜਿਗਰ ਮੁਰਾਦਾਬਾਦੀ** : ਇਹ ਉਰਦੂ ਦਾ ਇਕ ਪ੍ਰਸਿੱਧ ਸ਼ਾਇਰ ਸੀ। ਜਿਸ ਦਾ ਪੂਰਾ ਨਾਂ ਅਲੀ ਸਿਕੰਦਰ ਜਿਗਰ ਮੁਰਾਦਾਬਾਦੀ ਸੀ। ਇਸ ਦਾ ਜਨਮ 6 ਅਪ੍ਰੈਲ, 1890 ਨੂੰ ਬਨਾਰਸ (ਉੱਤਰ ਪ੍ਰਦੇਸ਼) ਵਿਚ ਹੋਇਆ। ਸ਼ਾਇਰੀ ਇਸ ਨੂੰ ਵਰਾਸਤ ਵਿਚ ਪ੍ਰਾਪਤ ਹੋਈ ਸੀ। ਇਸ ਦਾ ਪਿਤਾ ਅਲੀ ਨਜ਼ਰ ਸਾਹਿਬੇ-ਦੀਵਾਨ ਸੀ। ਜਿਗਰ ਨੇ ਆਪਣੇ ਕਲਾਮ ਲਈ ਸਲਾਹ ਆਪਣੇ ਪਿਤਾ ਤੋਂ ਇਲਾਵਾ ਤਸਲੀਮ ਲਖਨਵੀ, ਦਾਗ਼ ਦੇਹਲਵੀ ਅਤੇ ਕੁਝ ਸਮਾਂ ਰਸਾ ਰਾਮਪੁਰੀ ਪਾਸੋਂ ਪ੍ਰਾਪਤ ਕੀਤੀ। ਸੰਨ 1920 ਤੋਂ 1938 ਦਾ ਸਮਾਂ ਜਿਗਰ ਦੇ ਸ਼ਬਾਬ ਤੇ ਸ਼ਰਾਬ ਦਾ ਸਮਾਂ ਕਿਹਾ ਜਾਂਦਾ ਹੈ। ਸੰਨ 1939 ਵਿਚ ਆਪਣੀ ਪਤਨੀ ਨਸੀਮ ਦੇ ਕਹਿਣ ਤੇ ਇਸ ਨੇ ਸ਼ਰਾਬ ਤਿਆਗ ਦਿੱਤੀ। ਕੁਝ ਸਮੇਂ ਲਈ ਜਿਗਰ ਨੇ ਐਨਕਾਂ ਦੇ ਫਰੇਮ ਵੇਚਣ ਦਾ ਧੰਦਾ ਕੀਤਾ, ਪਰ ਇਸ ਤੋਂ ਪਿੱਛੋਂ ਇਸ ਨੇ ਕੋਈ ਨੌਕਰੀ ਸਵੀਕਾਰ ਨਹੀਂ ਕੀਤੀ।

ਜਿਗਰ ਨੇ ਕਲਾਮ ਦੇ ਤਿੰਨ ਸੰਗ੍ਰਹਿ 'ਦਾਗੇ-ਜਿਗਰ' (1925) 'ਸ਼ੋਅਲਾ-ਏ-ਤੂਰ' (1932) ਅਤੇ 'ਆਤਿਸ਼ੇ ਗੁਲ' (1955) ਛਪੇ ਹਨ। ਮੁਹੰਮਦ ਇਸਲਾਮ ਨੇ ਇਸ ਦਾ ਬਾਕੀ ਕਲਾਮ 'ਯਾਦਗਾਰੇ ਜਿਗਰ' ਸੰਗ੍ਰਹਿ (1964) ਵਿਚ ਪ੍ਰਕਾਸ਼ਿਤ ਕੀਤਾ ਹੈ। ਜਿਗਰ ਬੁਨਿਆਦੀ ਤੌਰ ਤੇ ਰੋਮਾਂਟਿਕ ਸ਼ਾਇਰ ਸੀ ਪਰ ਇਸ ਦਾ ਰੋਮਾਂਸ ਯਥਾਰਥਕਤਾ ਨਾਲ ਜੁੜਿਆ ਹੋਇਆ ਸੀ। ਇਸ ਨੇ ਸਮੇਂ ਦੇ ਬਦਲਦੇ ਤਕਾਜ਼ਿਆਂ ਦਾ ਸਾਥ ਨਿਭਾਇਆ। ਆਪਣੇ ਯੁੱਗ ਦੇ ਸਮਾਜਿਕ ਤੇ ਸਿਆਸੀ ਮਾਹੌਲ ਦਾ ਅਕਸ ਵੀ ਇਸ ਦੇ ਕਲਾਮ ਵਿਚ ਮੌਜੂਦ ਹੈ ਪਰ ਇਸ ਨੇ ਪ੍ਰਚਾਰ ਨੂੰ ਕਦੇ ਵੀ ਆਪਣੀ ਸ਼ਾਇਰੀ ਉੱਪਰ ਹਾਵੀ ਨਹੀਂ ਹੋਣ ਦਿੱਤਾ। ਜਿਗਰ ਨੇ ਨਜ਼ਮਾ ਵੀ ਲਿਖੀਆਂ ਹਨ ਪਰ ਮੂਲ ਰੂਪ ਵਿਚ ਇਹ ਗ਼ਜ਼ਲ ਦਾ ਹੀ ਸ਼ਾਇਰ ਸੀ। ਇਸ ਦੇ ਸਾਰੇ ਕਲਾਮ ਵਿਚ ਆਪਣੇ ਬੇਲਾਗ ਤੇ ਸੁਥਰੇ ਜੀਵਨ ਦੇ

ਲਿਸ਼ਕਾਰੇ ਮਿਲਦੇ ਹਨ। ਜਿਗਰ ਨੇ ਉਰਦੂ ਗ਼ਜ਼ਲ ਨੂੰ ਇਕ ਸਿਹਤਮੰਦ ਲਹਿਜਾ ਪ੍ਰਦਾਨ ਕੀਤਾ ਅਤੇ ਇਸ਼ਕ ਦਾ ਅਜਿਹਾ ਪਵਿੱਤਰ ਤਸੱਵਰ ਪੇਸ਼ ਕੀਤਾ ਹੈ ਜਿਹੜਾ ਇਸ ਤੋਂ ਪਹਿਲਾਂ ਉਰਦੂ ਗ਼ਜ਼ਲ ਵਿਚ ਨਹੀਂ ਸੀ। ਇਸ ਦੀ ਗ਼ਜ਼ਲ ਵਿਚ ਮਹਿਬੂਬ ਉਹ ਜੀਉਂਦਾ ਜਾਗਦਾ ਇਨਸਾਨ ਹੈ, ਜਿਸ ਵਿਚ ਬਾਜ਼ਾਰੀਪਣ ਨਹੀਂ। ਇਸ ਦੀ ਕਵਿਤਾ ਵਿਚ ਜਿਸਮ ਦੀ ਤਲਬ ਘੱਟ ਤੇ ਆਤਮਾ ਦੀ ਲੋੜ ਜ਼ਿਆਦਾ ਹੈ। ਜਿਗਰ ਇਸ਼ਕ ਤੇ ਆਸ਼ਕੀ ਨੂੰ ਇਨਸਾਨੀ ਸੜ੍ਹਾ ਦੇ ਨੇੜੇ ਲਿਆਉਣ ਵਾਲੇ ਮੁੱਢਲੇ ਸ਼ਾਇਰਾਂ ਵਿਚੋਂ ਹੈ ਅਤੇ ਮੁਹੱਬਤ ਦੇ ਦੁੱਖ-ਸੁੱਖ ਨੂੰ ਹੱਡ ਬੀਤੇ ਅਨੁਭਵਾਂ ਦੀ ਚਾਸ਼ਨੀ ਵਿਚ ਰੰਗ ਕੇ ਪੇਸ਼ ਕਰਦਾ ਹੈ।

ਜਿਗਰ ਨੂੰ ਆਪਣੇ ਜੀਵਨ ਵਿਚ ਹੀ ਢੁੱਕਵਾਂ ਆਦਰ ਤੇ ਸਨਮਾਨ ਮਿਲਿਆ। ਮੁਸ਼ਾਇਰਿਆਂ ਵਿਚ ਤਾਂ ਇਹ ਸਦਾ ਹੀ ਹਰਮਨ ਪਿਆਰਾ ਰਿਹਾ। ਮੁਹੰਮਦ ਇਕਬਾਲ ਤੋਂ ਪਿੱਛੋਂ ਇਹ ਦੂਜਾ ਸ਼ਾਇਰ ਹੈ ਜਿਸ ਨੂੰ ਅਲੀਗੜ੍ਹ ਯੂਨੀਵਰਸਿਟੀ ਨੇ ਸਨਮਾਨ ਵਜੋਂ ਡਾਕਟਰੇਟ ਦੀ ਡਿਗਰੀ ਦਿੱਤੀ। ਸੰਨ 1958 ਵਿਚ ਇਸ ਨੂੰ 'ਆਤਿਸ਼ੇ ਗੁਲ' ਕਾਵਿ ਸੰਗ੍ਰਹਿ ਲਈ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਦਿੱਤਾ ਗਿਆ।

9 ਸਤੰਬਰ, 1960 ਨੂੰ ਗੋਂਡਾ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਆਜ਼ਾਦ ਗੁਲਾਟੀ

**ਜਿੰਗੋ** : ਇਹ ਪਵਿੱਤਰ ਰੁੱਖ ਪੁਰਾਤਨ ਸਮੇਂ ਤੋਂ ਚੀਨ ਵਿਚ ਮੰਦਰਾਂ ਵਿਚ ਉਗਾਇਆ ਜਾਂਦਾ ਹੈ। ਭਾਵੇਂ ਇਸ ਦਾ ਮੂਲ ਸਥਾਨ ਪੱਛਮੀ ਚੀਨ ਵਿਚ ਸਮਝਿਆ ਜਾਂਦਾ ਹੈ ਪਰ ਇਹ ਅਸਲ ਵਿਚ ਜੰਗਲੀ ਹਾਲਤ ਵਿਚ ਨਹੀਂ ਮਿਲਦਾ।

ਇਹ ਇਕ ਪੱਧਰਾ, ਕਾਫ਼ੀ ਸ਼ਾਖਾਵਾਂ ਵਾਲਾ ਰੁੱਖ ਹੈ ਜੋ ਕਰੀਬ 40 ਮੀ. ਤੱਕ ਉੱਚਾ ਹੋ ਸਕਦਾ ਹੈ। ਇਸਦੇ ਪੱਤੇ ਝੜ ਜਾਂਦੇ ਹਨ, ਜੋ 5-10 ਸੈਂ. ਮੀ. ਤੱਕ ਚੌੜੇ ਅਤੇ ਇੰਨੇ ਹੀ ਲੰਬੇ ਹੁੰਦੇ ਹਨ। ਇਹ ਪੱਤੇ ਆਪਣੇ ਆਕਾਰ ਅਤੇ ਨਾੜੀਆਂ ਵਜੋਂ ਮੇਡਨ ਹੇਅਰ ਫ਼ਰਨ ਨਾਲ ਮਿਲਦੇ ਜੁਲਦੇ ਹਨ। ਬਨਸਪਤੀ ਪੱਖੋਂ ਇਨ੍ਹਾਂ ਨਾਲ ਨੇੜੇ ਤੋਂ ਸੰਬੰਧਤ ਕੇਵਲ ਸਾਈਕੈਡ ਹੀ ਹਨ। ਇਨ੍ਹਾਂ ਵਾਂਗ ਇਹ ਇਕ ਲਿੰਗੀ ਹਨ।



ਜਿੰਗੋ ਰੁੱਖ ਦਾ ਇਕ ਪੱਤਾ

ਜਿੰਗੋ ਨੂੰ 'ਜਿਉਂਦਾ ਪਥਰਾਟ' ਵੀ ਕਿਹਾ ਜਾ ਸਕਦਾ ਹੈ ਕਿਉਂਕਿ ਅ-ਗਰਭੀ ਨਸਲ ਦੇ ਬਹੁਤ ਸਾਰੇ ਪੌਦਿਆਂ ਵਿਚੋਂ ਕੇਵਲ ਇਕੋ ਹੀ ਜੀਵਿਤ ਰੁੱਖ ਹੈ। ਇਸ ਵਿਚ ਲੱਖਾਂ ਸਾਲਾਂ ਤੋਂ ਕੋਈ ਵਿਸ਼ੇਸ਼ ਤਬਦੀਲੀ ਨਹੀਂ ਆਈ। ਇਸਦੇ ਪਥਰਾਟਾਂ ਦੀਆਂ ਜਾਤੀਆਂ ਬਰਤਾਨਵੀ ਦੀਪ ਸਮੂਹਾਂ ਦੀਆਂ ਟ੍ਰਾਈਐਸਿਕ, ਜੂਰੈਸਿਕ ਅਤੇ ਟਰਸ਼ਰੀ ਬਣਤਰਾਂ ਵਿਚ ਮਿਲਦੀਆਂ ਹਨ। ਇਸ ਦੇ ਪੱਤਿਆਂ ਨਾਲ ਮਿਲਦੇ ਜੁਲਦੇ ਪੱਤਿਆਂ ਦੀਆਂ ਸ਼ਕਲਾਂ ਉੱਤਰੀ ਅਮਰੀਕਾ ਦੀ ਸ਼ਾਂਤ ਮਹਾਂਸਾਗਰੀ ਤੱਟ ਦੀਆਂ ਟ੍ਰਾਈਐਸਿਕ ਅਤੇ ਜੂਰੈਸਿਕ ਚਟਾਨਾਂ ਵਿਚ ਵਿਸ਼ੇਸ਼ ਕਰਕੇ ਓਰੀਗਨ ਤੇ ਅਲਾਸਕਾ ਵਿਚ ਮਿਲਦੀਆਂ ਹਨ।

ਸ਼ੀਤ ਖੰਡੀ ਦੇਸ਼ਾਂ ਵਿਚ ਜਿੰਗੋ ਇਕ ਸਜਾਵਟੀ ਰੁੱਖ ਵਜੋਂ ਕਾਸ਼ਤ ਕੀਤਾ ਜਾਂਦਾ ਹੈ। ਇਹ ਯੂਰਪ ਦੇ ਕਈ ਹਿੱਸਿਆਂ ਅਤੇ ਉੱਤਰੀ ਅਮਰੀਕਾ ਵਿਚ ਅਤੇ ਉੱਤਰ ਵਿਚ ਗਰੇਟ ਲੈਕਸ ਅਤੇ ਬਗ਼ੈਰ ਕਿਸੇ ਖ਼ਾਸ ਸੰਭਾਲ ਦੇ ਪੈਦਾ ਹੋਇਆ ਮਿਲਦਾ ਹੈ।

ਹ. ਪੁ.–ਐਨ. ਬ੍ਰਿ. 10 : 423

**ਜਿੰਗੋ** : ਇਸ ਨੂੰ ਜਿੰਗੂ ਕੋਗੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਜਾਪਾਨ ਦੀ ਅੱਧ-ਪਰੱਧ ਜਿਹੀ ਮਿਥਿਹਾਸਕ ਸ਼ਹਿਜ਼ਾਦੀ ਮੰਨੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇਸ ਨੇ ਕੋਰੀਆ ਉੱਪਰ ਜਾਪਾਨੀ ਚੌਧਰ ਕਾਇਮ ਕੀਤੀ। ਪ੍ਰਾਚੀਨ ਜਾਪਾਨ ਦੇ ਪਰੰਪਰਾਗਤ ਰਿਕਾਰਡ ਮੁਤਾਬਕ ਇਹ ਚੁਆਈ ਬਾਦਸ਼ਾਹ ਦੀ ਪਤਨੀ ਸੀ ਜਿਸ ਨੇ 192 ਤੋਂ 200 ਦੌਰਾਨ ਹਕੂਮਤ ਕੀਤੀ ਅਤੇ ਆਪਣੇ ਪੁੱਤਰ ਓਜ਼ੀਨ ਦਾ ਕਾਇਮ-ਮੁਕਾਮ ਹਾਕਮ ਵੀ ਰਿਹਾ। ਚੁਆਈ ਜਾਪਾਨ ਦਾ ਚੌਧਵਾਂ ਸਹਿਨਸ਼ਾਹ ਸੀ। ਜਿੰਗੋ ਗੈਬੀ ਰਤਨਾਂ ਦੇ ਇਕ ਜੋੜੇ ਦੀ ਮਦਦ ਨਾਲ ਉਥਲ-ਪੁਥਲ ਆਦਿ ਉੱਪਰ ਕਾਬੂ ਰੱਖਦੀ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਸੰਨ 200 ਵਿਚ ਆਪਣੇ ਪਤੀ ਚੁਆਈ ਦੀ ਮੌਤ ਉਪਰੰਤ ਕੋਰੀਆ ਉੱਪਰ ਬਿਨਾਂ ਕਿਸੇ ਖ਼ੂਨ-ਖਰਾਬੇ ਦੇ ਜਿੱਤ ਹਾਸਲ ਕਰਨੀ ਸ਼ੁਰੂ ਕੀਤੀ। ਲੋਕ-ਕਥਾਵਾਂ ਅਨੁਸਾਰ ਜਿੰਗੋ ਦਾ ਅਣ-ਜੰਮਿਆ ਪੁੱਤਰ ਓਜ਼ੀਨ ਬਾਅਦ ਵਿਚ ਹੈਚੀਮਨ ਦੇਵਤੇ (ਲੜਾਈ ਦਾ ਦੇਵਤਾ) ਦਾ ਰੂਪ ਧਾਰਨ ਕਰ ਗਿਆ ਅਤੇ ਰਾਣੀ ਜਿੰਗੋ ਦੇ ਪੇਟ ਵਿਚ ਕੋਈ ਤਿੰਨ ਸਾਲ ਤੱਕ ਰਿਹਾ ਤਾਂ ਕਿ ਉਹ ਆਪਣੀ ਜਿੱਤ ਪੂਰੀ ਕਰਕੇ ਜਾਪਾਨ ਵਾਪਸ ਮੁੜ ਆਵੇ।

ਭਾਵੇਂ ਇਸ ਸਮੇਂ ਦਾ ਘਟਨਾ ਕਾਲ-ਕ੍ਰਮ ਕਈ ਥਾਈਂ ਸ਼ੱਕ ਪੈਦਾ ਕਰਦਾ ਹੈ ਜਦ ਕਿ ਜਿੰਗੋ ਦੇ ਕੀਤੇ ਗਏ ਕੰਮ ਕਾਲਪਨਿਕ ਹੀ ਹਨ; ਪਰ ਇਹ ਗੱਲ ਪੱਕੀ ਹੈ ਕਿ ਚੌਥੀ ਸਦੀ ਈ. ਦੌਰਾਨ ਜਾਪਾਨੀਆਂ ਨੇ ਦੱਖਣੀ ਕੋਰੀਆ ਵਿਚ ਆਪਣੀ ਚੌਧਰ ਕਾਇਮ ਕੀਤੀ ਅਤੇ ਇਕ ਸਮੇਂ ਇਹ ਧੁਰ ਉੱਤਰ ਵਿਚ ਪਯੋਗਯਾਂਗ ਤੱਕ ਵੀ ਪਹੁੰਚਿਆ।

ਵਾਸਤਵ ਵਿਚ ਇਸ ਗੱਲ ਬਾਰੇ ਪੜਤਾਲ ਕਰਨੀ ਨਾਮੁਮਕਿਨ ਹੈ ਕਿ ਜਿੰਗੋ ਨਾਂ ਦੀ ਕੋਈ ਵਿਸ਼ੇਸ਼ ਸ਼ਹਿਜ਼ਾਦੀ ਹੋਂਦ ਵਿਚ ਜ਼ਰੂਰ ਆਈ। ਖ਼ਿਆਲ ਕੀਤਾ ਜਾਂਦਾ ਹੈ ਕਿ ਪੱਛਮੀ ਜਾਪਾਨ ਵਿਚ ਇਸ ਸਮੇਂ ਇਕ ਮਾਂ-ਪ੍ਰਧਾਨ ਸਮਾਜ ਦੀ ਹੋਂਦ ਜ਼ਰੂਰ ਸੀ। ਉਸ ਸਮੇਂ ਦੇ ਚੀਨ ਤੇ ਕੋਰੀਆ ਦੇ ਰਿਕਾਰਡ ਜਾਪਾਨ ਦੇ ਸਮਕਾਲੀ ਰਿਕਾਰਡ ਨਾਲੋਂ ਜ਼ਿਆਦਾ ਸਹੀ ਮੰਨੇ ਜਾਂਦੇ ਹਨ। ਇਨ੍ਹਾਂ ਅਨੁਸਾਰ ਜਾਪਾਨ ਦੇਸ਼ ਦਾ ਹਵਾਲਾ 'ਵਾ' (Wa) ਸ਼ਬਦ ਨਾਲ ਦਿੱਤਾ ਗਿਆ ਹੈ ਜਿਸ ਦਾ ਮਤਲਬ ਰਾਣੀ ਦੇਸ਼ (Queen Country) ਹੈ ਅਤੇ ਚੀਨ ਤੇ ਕੋਰੀਆ ਨਾਲ ਨਜ਼ਦੀਕੀ ਸਬੰਧਾਂ ਦਾ ਵੀ ਹਵਾਲਾ ਮਿਲਦਾ ਹੈ।

ਜਿੰਗੋ ਦੇ ਜਨਮ ਅਤੇ ਮਰਨ ਸੰਬੰਧੀ ਪੱਕੀ ਤਾਰੀਖ ਨਿਸ਼ਚਿਤ ਨਹੀਂ ਹੋ ਸਕੀ ਪਰ ਫਿਰ ਵੀ ਇਸ ਦਾ ਜਨਮ 169 ਈ. ਅਤੇ ਮੌਤ 269 ਈ. ਖ਼ਿਆਲ ਕੀਤੀ ਜਾਂਦੀ ਹੈ।

ਹ. ਪੁ.–ਐਨ. ਬ੍ਰਿ. ਮਾ. 5 : 561

**ਜਿੰਗੋਇਜ਼ਮ** : ਇਹ ਜੰਗਵਾਦੀ ਵਤਨਪ੍ਰਸਤੀ ਦਾ ਇਕ ਰਵੱਈਆ ਹੈ, ਅੰਗਰੇਜ਼ੀ ਵਿਚ ਇਸ ਦਾ ਸਮਾਨਾਰਥਕ ਸ਼ੋਵਨਵਾਦ (Chauvinism) ਹੈ। ਇਸ ਦਾ ਮਤਲਬ ਬਦੇਸ਼ ਘਿਰਣਾ ਜਾਂ ਕੱਟੜ ਨੀਤੀ ਤੋਂ ਲਿਆ ਹੈ। 'ਸ਼ੋਵਨ', ਨੈਪੋਲੀਅਨ ਦੇ ਇਕ ਲੜਾਕੇ ਤੇ ਕੱਟੜ ਦੇਸ਼ ਭਗਤ ਸਾਥੀ ਦਾ ਨਾਂ ਸੀ ਜਿਸ ਦੇ ਨਾਂ ਪਿੱਛੇ ਸ਼ੋਵਨਵਾਦ ਪ੍ਰਚਲਿਤ ਹੋਇਆ। ਜਿੰਗੋਵਾਦ ਦਾ ਰਵੱਈਆ ਭਾਵੇਂ ਨੈਪੋਲੀਅਨ ਦੀਆਂ ਜੰਗਾਂ ਦੌਰਾਨ ਫ਼ਰਾਂਸ ਵਿਚ ਪੈਦਾ ਹੋਇਆ, ਪਰ ਇਹ ਸ਼ਬਦ ਪ੍ਰਤੱਖ ਰੂਪ ਵਿਚ ਇੰਗਲੈਂਡ ਅੰਦਰ ਪ੍ਰਚਲਿਤ ਹੋਇਆ। ਸੰਨ 1877-78 ਦੌਰਾਨ ਜਦੋਂ ਰੂਸ ਤੇ ਤੁਰਕੀ ਜੰਗ ਵਿਚ ਬਰਤਾਨਵੀ ਭੂ-ਮੱਧ ਸਾਗਰੀ ਸਕੁਐਡਰਨ ਨੂੰ ਰੂਸ ਤੇ ਕਾਬੂ ਪਾਉਣ ਲਈ ਗਲੀਪੋਲੀ ਭੇਜਿਆ ਗਿਆ ਇਸ ਨਾਲ ਆਮ

ਲੋਕਾਂ ਵਿਚ ਜ਼ੰਗ ਪ੍ਰਤੀ ਡਰ ਪੈਦਾ ਹੋ ਗਿਆ। ਬਰਤਾਨੀਆ ਸਰਕਾਰ ਦੀ ਰੂਸ ਪ੍ਰਤੀ ਪਾਲਿਸੀ ਦੇ ਹਿਮਾਇਤੀਆਂ ਨੂੰ ਜਿੰਗੋ ਕਿਹਾ ਜਾਣ ਲੱਗਾ।

ਹ. ਪੁ.–ਐਨ. ਬ੍ਰਿ. 12 : 1086

**ਜਿੰਜੀ** : ਇਹ ਤਾਮਿਲਨਾਡੂ ਰਾਜ (ਭਾਰਤ) ਦਾ ਇਕ ਇਤਿਹਾਸਕ ਪਿੰਡ ਹੈ ਜਿਹੜਾ ਆਰਕਾਡੂ ਜ਼ਿਲ੍ਹੇ ਵਿਚ ਤਿੰਡੀਵਨਮ-ਤਿਰੂਵੰਨਮਲੈ ਸੜਕ ਉੱਤੇ ਸਥਿਤ ਹੈ। ਜਿੰਜੀ ਦੀ ਪ੍ਰਸਿੱਧੀ ਇਥੋਂ ਦੇ ਪ੍ਰਾਚੀਨ ਕਿਲੇ ਕਰਕੇ ਹੈ। ਇਤਿਹਾਸਕਾਰਾਂ ਦੇ ਖ਼ਿਆਲ ਅਨੁਸਾਰ ਇਹ ਕਿਲਾ ਪ੍ਰਾਚੀਨ ਵਿਜੈਨਗਰ ਦੀ ਰਾਜ ਕੁਲ ਦੇ ਰਾਜਿਆਂ ਦੁਆਰਾ ਰਾਜਗਿਰੀ, ਕ੍ਰਿਸ਼ਨਗਿਰੀ ਅਤੇ ਚੰਦਰਦੁਰਗ ਨਾਮੀਂ ਪਹਾੜੀਆਂ ਉੱਪਰ ਬਣਿਆ ਹੋਇਆ ਹੈ। ਕਿਲੇ ਦੇ ਚਾਰੇ ਪਾਸੇ ਇਕ ਦੀਵਾਰ ਬਣੀ ਹੋਈ ਹੈ। ਕਿਲੇ ਦਾ ਮਹੱਤਵਪੂਰਨ ਭਾਗ ਰਾਜਗਿਰੀ ਪਹਾੜੀ ਉੱਪਰ ਹੈ। ਇਹ ਪਹਾੜੀ ਆਪਣੇ ਆਲੇ ਦੁਆਲੇ ਨਾਲੋਂ ਕੋਈ ਪੌਣੇ ਦੋ ਕੁ ਸੌ ਮੀਟਰ (6000 ਫੁੱਟ) ਉੱਚੀ ਹੈ। ਯੁੱਧ ਕਲਾ ਦੀ ਦ੍ਰਿਸ਼ਟੀ ਤੋਂ ਇਹ ਕਿਲਾ ਪੂਰੀ ਤਰ੍ਹਾਂ ਸੁਰੱਖਿਅਤ ਹੈ। ਇਥੋਂ ਤੱਕ ਕਿਹਾ ਗਿਆ ਹੈ ਕਿ ਸਿਰਫ 10 ਸੁਰੱਖਿਆ ਸੈਨਿਕ ਕਿਲੇ ਤੇ ਖੜੇ ਹੋ ਕੇ ਕੋਈ 10,000 ਦੁਸ਼ਮਣ ਸੈਨਿਕਾਂ ਦਾ ਮੁਕਾਬਲਾ ਕਰ ਸਕਦੇ ਹਨ।

12° 15′ ਉ. ਵਿਥ.; 79° 15′ ਪੂ. ਲੰਬ.

ਹ. ਪੁ.–ਹਿੰ. ਵਿ. ਕੋ. 4 : 491

**ਜਿੰਜੀਰਾਮ** : ਇਹ ਭਾਰਤ ਦੇ ਆਸਾਮ ਰਾਜ ਵਿਚ ਵਹਿਣ ਵਾਲੀ ਇਕ ਨਦੀ ਹੈ ਜਿਹੜੀ ਜ਼ਿਲ੍ਹਾ ਗੋਲਪਾੜਾ ਦੇ ਉੜਪਦ ਬਿਲ ਤੋਂ ਨਿਕਲ ਕੇ ਜ਼ਿਲ੍ਹੇ ਦੇ ਦੱਖਣੀ ਭਾਗ ਵਿਚੋਂ ਦੀ ਵਹਿੰਦੀ ਹੋਈ ਮਾਨਿਕਰਚਰ ਦੇ ਦੱਖਣ ਵਿਚ ਬ੍ਰਹਮਪੁੱਤਰ ਦਰਿਆ ਵਿਚ ਜਾ ਮਿਲਦੀ ਹੈ। ਇਹ ਨਦੀ 192 ਕਿ. ਮੀ. ਲੰਬੀ ਹੈ। ਲੱਖੀਪੁਰ ਦੱਖਣੀ ਸਾਲਮਾਰਾ ਤੇ ਸਿੰਗਿਮਾਰੀ ਨਾਂ ਦੇ ਪ੍ਰਸਿੱਧ ਸ਼ਹਿਰ ਇਸ ਦੇ ਕੰਢੇ ਵਸੇ ਹੋਏ ਹਨ। ਸਾਲਮਾਰਾ ਦੇ ਉਪਰਲੇ ਪਾਸੇ ਬਰਸਾਤ ਦੇ ਮੌਸਮ ਵਿਚ ਪਾਣੀ ਹੀ ਪਾਣੀ ਦਿਖਾਈ ਦਿੰਦਾ ਹੈ ਤੇ ਲੱਖੀਪੁਰ ਤੱਕ ਇਸ ਵਿਚ ਚਾਰ ਟਨ ਤੱਕ ਦੇ ਭਾਰ ਵਾਲੀਆਂ ਕਿਸ਼ਤੀਆਂ ਚੱਲ ਸਕਦੀਆਂ ਹਨ। ਖੁਸ਼ਕ ਮੌਸਮ ਵਿਚ ਇਹ ਕਿਸ਼ਤੀਆਂ ਮਸਾਂ ਸਿੰਗਮਾਰੀ ਤੱਕ ਜਾਂਦੀਆਂ ਹਨ। ਇਹ ਨਦੀ ਗੋਲਪਾੜਾ ਦੇ ਦੱਖਣੀ ਹਿੱਸੇ ਤੇ ਗਾਰੋ ਪਹਾੜੀਆਂ ਲਈ ਇਕ ਵਪਾਰਕ ਰਸਤੇ ਦਾ ਕੰਮ ਦਿੰਦੀ ਹੈ।

ਹ. ਪੁ.–ਇੰਪ. ਗ. ਇੰਡ. 14 : 177.

**ਜਿਜੂਰਿ** (Jeuri) : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਜ਼ਿਲ੍ਹਾ ਪੂਨਾ ਦਾ ਧਾਰਮਿਕ ਦ੍ਰਿਸ਼ਟੀ ਤੋਂ ਇਕ ਪ੍ਰਸਿੱਧ ਨਗਰ ਹੈ। ਇਹ ਨਗਰ ਦੱਖਣੀ ਮਰਾਠਾ ਰੇਲ ਲਾਈਨ ਉੱਪਰ ਵਸਿਆ ਹੋਇਆ ਹੈ। ਇਥੇ ਹਰ ਸਾਲ ਖਾਂਡੋਬਾ ਦੇਵਤੇ ਦੇ ਪੂਜਾ ਕਰਨ ਲਈ ਕਈ ਮੇਲੇ ਲਗਦੇ ਹਨ ਅਤੇ ਆਲੇ ਦੁਆਲਿਓਂ ਲੋਕਾਂ ਦਾ ਕਾਫੀ ਇਕੱਠ ਹੁੰਦਾ ਹੈ। ਇਸੇ ਕਰਕੇ 1868 ਵਿਚ ਮੇਲਿਆਂ ਦੌਰਾਨ ਨਗਰ ਦੀ ਸਫ਼ਾਈ ਦੇ ਪ੍ਰਬੰਧ ਲਈ ਮਿਉਂਸਪੈਲਟੀ ਕਾਇਮ ਕੀਤੀ ਗਈ। ਦਸੰਬਰ ਤੋਂ ਅਪ੍ਰੈਲ ਤੱਕ ਦੇ ਚਾਰ ਮਹੀਨੇ ਇਥੇ ਅੰਗਰੇਜ਼ੀ ਸਰਕਾਰ ਵਲੋਂ ਯਾਤਰਾ ਟੈਕਸ ਲਗਾਇਆ ਜਾਂਦਾ ਸੀ। ਸ਼ੁਰੂ ਸ਼ੁਰੂ ਵਿਚ ਇਥੇ ਇਕ ਡਿਸਪੈਂਸਰੀ ਤੇ ਇਕ ਸਕੂਲ ਖੋਲ੍ਹਿਆ ਗਿਆ ਜਿਸ ਦਾ ਪ੍ਰਬੰਧ ਪੂਨਾ ਜ਼ਿਲ੍ਹੇ ਦੀ ਸੰਸਥਾ ਕਰਦੀ ਸੀ।

18° 16′ ਉ. ਵਿਥ.; 74° 9′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14:89

**ਜਿਝੌਤੀਆਂ** : ਇਹ ਕੰਨਿਆਕੁਬਜ਼ ਜਾਤੀ ਦੀ ਇਕ ਉਪਸ਼ਾਖਾ ਹੈ। ਕਈ ਇਸ ਨੂੰ ਯਜੁਰਹੋਤਾ ਦਾ ਵਿਗੜਿਆ ਹੋਇਆ ਰੂਪ ਦਸਦੇ ਹਨ ਪਰ ਦੂਜਿਆਂ ਦੇ ਅਨੁਸਾਰ ਵਰਤਮਾਨ ਬੁੰਦੇਲਖੰਡ ਦਾ ਨਾਮ ਪਹਿਲਾਂ ਜਿਝੌਤੀ ਸੀ ਅਤੇ ਇਹ ਜਾਤੀ ਉੱਥੇ ਹੀ ਵਸਦੀ ਸੀ। ਇਸ ਲਈ ਇਸ ਦਾ ਨਾਮ ਜਿਝੌਤੀਆਂ ਪਿਆ। ਇਹ ਮਤ ਠੀਕ ਲਗਦਾ ਹੈ ਕਿਉਂਕਿ ਬੁੰਦੇਲਖੰਡੀ ਵਪਾਰੀ ਵੀ ਜਿਝੌਤੀਆਂ ਕਹੇ ਜਾਂਦੇ ਹਨ।

ਹ. ਪੁ.–ਹਿੰ. ਵਿ. ਕੋ. 4 : 493

**ਜਿੰਦ ਕੌਰ, ਮਹਾਰਾਣੀ** : ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਅਤੇ ਰੂਪਵਾਨ ਰਾਣੀ ਜਿਸ ਨੂੰ ਰਾਣੀ ਜਿੰਦਾਂ ਕਰਕੇ ਜਾਣਿਆ ਜਾਂਦਾ ਹੈ, ਦਾ ਜਨਮ ਸੰਨ 1817 ਵਿਚ ਸਿਆਲਕੋਟ (ਪਾਕਿਸਤਾਨ) ਦੇ ਪਿੰਡ ਚਾਹੜ ਵਿਖੇ ਸਰਦਾਰ ਮੰਨਾ ਸਿੰਘ ਔਲਖ ਦੇ ਘਰ ਹੋਇਆ। ਮੰਨਾ ਸਿੰਘ ਰੱਜਿਆ ਪੁੱਜਿਆ ਜ਼ਿਮੀਂਦਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਨਾਮਵਰ ਘੋੜ ਚੜ੍ਹੇ ਸਰਦਾਰਾਂ ਵਿਚੋਂ ਸੀ। ਇਸ ਨੇ ਜਿੰਦਾਂ ਦੀ ਪਾਲਣਾ ਬੜੇ ਸੁਚੱਜੇ ਢੰਗ ਨਾਲ ਕੀਤੀ। ਧਾਰਮਕ ਵਿੱਦਿਆ ਦੇ ਨਾਲ ਨਾਲ ਉਸ ਨੂੰ ਇਤਿਹਾਸ ਅਤੇ ਰਾਜਨੀਤੀ ਸੰਬੰਧੀ ਸਿੱਖਿਆ ਵੀ ਦਿੱਤੀ ਗਈ। ਜਿੰਦਾਂ ਦਾ ਜੀਜਾ ਸ. ਜਵਾਲਾ ਸਿੰਘ ਭੜਾਣੀਆ ਸ਼ੇਰੇ ਪੰਜਾਬ ਦਾ ਹਾਣੀ ਤੇ ਮੂੰਹ ਲੱਗੇ ਸਰਦਾਰਾਂ ਵਿਚੋਂ ਸੀ।



**ਮਹਾਰਾਣੀ ਜਿੰਦ ਕੌਰ**

ਉਸ ਨੇ ਵਿਚ ਪੈ ਕੇ ਜਿੰਦਾਂ ਦਾ ਰਿਸ਼ਤਾ ਸ਼ੇਰੇ ਪੰਜਾਬ ਨਾਲ ਪੱਕਾ ਕਰਵਾਇਆ। ਸੰਨ 1835 ਨੂੰ ਜਿੰਦਾਂ, ਰਾਣੀ ਜਿੰਦ ਕੌਰ ਬਣ ਕੇ ਲਾਹੌਰ ਆ ਗਈ। ਆਪਣੇ ਲਾਜਵਾਬ ਰੂਪ ਅਤੇ ਗੁਣਾਂ ਸਦਕਾ ਇਸ ਨੇ ਮਹਾਰਾਜੇ ਦਾ ਦਿਲ ਜਿੱਤ ਲਿਆ।

4 ਸਤੰਬਰ, 1838 ਨੂੰ ਰਾਣੀ ਜਿੰਦਾਂ ਦੀ ਕੁੱਖੋਂ ਦਲੀਪ ਸਿੰਘ ਦਾ ਜਨਮ ਹੋਇਆ। ਸ਼ੇਰੇ ਪੰਜਾਬ ਨੇ ਖੁਸ਼ ਹੋ ਕੇ ਰਾਣੀ ਜਿੰਦਾਂ ਨੂੰ 'ਮਹਾਰਾਣੀ' ਦਾ ਖ਼ਿਤਾਬ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਦੇ ਵਾਰਸਾਂ ਵਿਚ ਖ਼ਾਨਾਜੰਗੀ ਸ਼ੁਰੂ ਹੋ ਗਈ। ਡੋਗਰਿਆਂ ਅਤੇ ਸੰਧਾਵਾਲੀਏ ਸਰਦਾਰਾਂ ਵਿਚਕਾਰ ਆਪਣੀ ਸੱਤ੍ਹਾ ਮਜ਼ਬੂਤ ਕਰਨ ਲਈ ਮੁਕਾਬਲਾ ਜਿਹਾ ਸ਼ੁਰੂ ਹੋਇਆ। ਪਹਿਲਾਂ ਖੜਕ ਸਿੰਘ ਤੇ ਫਿਰ ਕੰਵਰ ਨੌਨਿਹਾਲ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਕੁਝ ਸਮਾਂ ਰਾਣੀ ਚੰਦ ਕੌਰ ਨੂੰ ਗੱਦੀ ਤੇ ਬਿਠਾਇਆ ਗਿਆ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ

17 ਸਤੰਬਰ, 1843 ਨੂੰ 6 ਸਾਲ ਦੀ ਉਮਰ ਵਿਚ ਦਲੀਪ ਸਿੰਘ ਗੱਦੀ ਤੇ ਬੈਠਾ। ਮਹਾਰਾਣੀ ਜਿੰਦ ਕੌਰ ਉਸ ਦੀ ਸਰਪ੍ਰਸਤ ਬਣੀ ਜਿਸਨੇ ਆਪਣੇ ਭਰਾ ਜਵਾਹਰ ਸਿੰਘ ਦੀ ਮਦਦ ਨਾਲ ਰਾਜਕਾਜ ਚਲਾਉਣਾ ਸ਼ੁਰੂ ਕੀਤਾ। ਜਵਾਹਰ ਸਿੰਘ ਆਪਣਾ ਰਸੂਖ ਵਧਾਉਣਾ ਚਾਹੁੰਦਾ ਸੀ ਪਰ ਡੋਗਰੇ ਸਰਦਾਰਾਂ ਨੂੰ ਇਹ ਮਨਜ਼ੂਰ ਨਹੀਂ ਸੀ। 21 ਸਤੰਬਰ, 1845 ਨੂੰ ਖ਼ਾਲਸਾ ਫ਼ੌਜ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਮਰਵਾਉਣ ਦੇ ਦੋਸ਼ ਵਿਚ ਜਵਾਹਰ ਸਿੰਘ ਨੂੰ ਵੀ ਕਤਲ ਕਰ ਦਿੱਤਾ। ਮਹਾਰਾਣੀ ਲਈ ਇਹ ਬੜੀ ਵੱਡੀ ਸੱਟ ਸੀ।

ਇਸ ਤੋਂ ਬਾਅਦ ਮਹਾਰਾਣੀ ਜਿੰਦਾਂ ਨੇ ਸਾਰੀ ਤਾਕਤ ਆਪਣੇ ਹੱਥਾਂ ਵਿਚ ਲੈ ਲਈ ਤੇ ਪੰਚਾਇਤ ਬਣਾ ਕੇ ਉਸਦੀ ਮਦਦ ਨਾਲ ਰਾਜ ਕਰਨ ਲੱਗੀ। ਲੇਡੀ ਲਾਗਨ ਜਿੰਦਾਂ ਬਾਰੇ ਲਿਖਦੀ ਹੈ ਕਿ ਇਹ ਇਕ ਲਾਇਕ ਤੇ ਪੱਕੇ ਇਰਾਦੇ ਵਾਲੀ ਔਰਤ ਸੀ। ਪੰਚਾਇਤਾਂ ਉੱਪਰ ਇਸ ਦਾ ਕਾਫ਼ੀ ਅਸਰ ਸੀ। ਇਹ ਨੀਤੀ ਨੂੰ ਸਮਝਣ ਵਾਲੀ ਤੇ ਵੱਡੇ ਹੌਂਸਲੇ ਵਾਲੀ ਸੀ। ਲਾਹੌਰ ਦਰਬਾਰ ਸਰਦਾਰਾਂ ਦੀ ਆਪਸੀ ਈਰਖਾ ਕਾਰਨ ਬਿਲਕੁਲ ਖੋਖਲਾ ਹੋ ਚੁੱਕਾ ਸੀ। ਪੰਡਤ ਲਾਲ ਸਿੰਘ ਤੇ ਤੇਜਾ ਸਿੰਘ ਨੇ ਤਾਕਤ ਹਾਸਲ ਕਰਨ ਲਈ ਅੰਗਰੇਜ਼ਾਂ ਨਾਲ ਅੰਦਰਖਾਤੇ ਗਠਜੋੜ ਕਰ ਲਿਆ ਅਤੇ ਇਹ ਸਾਜ਼ਿਸ਼ ਕੀਤੀ ਕਿ ਖ਼ਾਲਸਾ ਫ਼ੌਜ ਨੂੰ ਅੰਗਰੇਜ਼ੀ ਫ਼ੌਜ ਨਾਲ ਲੜਵਾ ਕੇ ਖਤਮ ਕਰਵਾ ਦਿੱਤਾ ਜਾਵੇ। ਇਨ੍ਹਾਂ ਦੋਹਾਂ ਨੇ ਅੰਗਰੇਜ਼ਾਂ ਦੀਆਂ ਵਧੀਕੀਆਂ ਤੋਂ ਤੰਗ ਆਏ ਸਿੰਘਾਂ ਨੂੰ ਭੜਕਾ ਕੇ ਲੜਾਈ ਲਈ ਤਿਆਰ ਕਰਵਾ ਲਿਆ। ਜਿੰਦਾਂ ਅਤੇ ਸ. ਸ਼ਾਮ ਸਿੰਘ ਅਟਾਰੀ ਨੇ ਇਸਦਾ ਬੜਾ ਵਿਰੋਧ ਕੀਤਾ ਪਰ ਅੰਤ ਇਨ੍ਹਾਂ ਨੂੰ ਝੁਕਣਾ ਪਿਆ। ਜੰਗ ਵਿਚ ਸਿੱਖ ਹਾਰ ਗਏ। ਡੋਗਰਿਆਂ ਨੇ ਹਾਰ ਲਈ ਮਹਾਰਾਣੀ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਨੂੰ ਬਦਨਾਮ ਕਰਨ ਦਾ ਜਤਨ ਕੀਤਾ। 10 ਫ਼ਰਵਰੀ 1846 ਨੂੰ ਸਭਰਾਵਾਂ ਦੀ ਫ਼ੈਸਲਾਕੁੰਨ ਲੜਾਈ ਮਗਰੋਂ ਅੰਗਰੇਜ਼ ਕਸੂਰ ਆ ਪਹੁੰਚੇ। ਗੁਲਾਬ ਸਿੰਘ ਡੋਗਰਾ ਨੇ ਉਨ੍ਹਾਂ ਦਾ ਸਵਾਗਤ ਕੀਤਾ। 9 ਮਾਰਚ, 1846 ਨੂੰ ਅੰਗਰੇਜ਼ਾਂ ਦਾ ਲਾਹੌਰ ਦਰਬਾਰ ਨਾਲ ਅਹਿਦਨਾਮਾ ਹੋਇਆ। ਸਤਲੁਜ ਤੇ ਬਿਆਸ ਵਿਚਕਾਰਲਾ ਇਲਾਕਾ ਅੰਗਰੇਜ਼ਾਂ ਨੇ ਹਰਜਾਨੇ ਵਜੋਂ ਹੜੱਪ ਲਿਆ। ਬਾਕੀ ਪੰਜਾਬ ਦਾ ਮਾਲਕ ਦਲੀਪ ਸਿੰਘ ਨੂੰ ਹੀ ਬਣਾਇਆ। ਮਹਾਰਾਣੀ ਨੂੰ ਡੇਢ ਲੱਖ ਰੁਪਏ ਦੀ ਸਾਲਾਨਾ ਪੈਨਸ਼ਨ ਦੇ ਕੇ ਰਾਜ-ਕਾਜ ਤੋਂ ਵੱਖ ਕਰ ਦਿੱਤਾ ਅਤੇ ਨਾਬਾਲਗ ਦਲੀਪ ਸਿੰਘ ਦੀ ਸਹਾਇਤਾ ਲਈ ਇਕ ਕੌਂਸਲ ਬਣਾਈ ਗਈ।

ਮਹਾਰਾਣੀ ਜਿੰਦਾਂ ਦੀ ਹਸਤੀ ਅੰਗਰੇਜ਼ਾਂ ਨੂੰ ਪੰਜਾਬ ਵਿਚ ਆਪਣਾ ਰਾਜ ਕਾਇਮ ਕਰਨ ਦੇ ਰਾਹ ਵਿਚ ਭਾਰੀ ਰੁਕਾਵਟ ਜਾਪੀ। ਸਿੱਖ ਰਾਜ ਵਿਚ ਦੋ ਧੜੇ ਹੋ ਗਏ। ਇਕ ਮਹਾਰਾਣੀ ਜਿੰਦਾਂ ਦਾ ਧੜਾ ਜਿਹੜਾ ਅੰਗਰੇਜ਼ਾਂ ਤੋਂ ਖਲਾਸੀ ਪਾਉਣੀ ਚਾਹੁੰਦਾ ਸੀ ਤੇ ਦੂਜਾ ਤੇਜਾ ਸਿੰਘ ਦਾ ਧੜਾ ਜਿਹੜਾ ਹਰ ਕਿਸਮ ਦੀਆਂ ਸ਼ਰਤਾਂ ਮੰਨ ਕੇ ਅੰਗਰੇਜ਼ਾਂ ਨੂੰ ਰੱਖਣਾ ਚਾਹੁੰਦਾ ਸੀ।

ਮਹਾਰਾਜਾ ਦਲੀਪ ਸਿੰਘ ਉੱਪਰ ਮਹਾਰਾਣੀ ਜਿੰਦਾਂ ਦਾ ਵਧਦਾ ਅਸਰ ਵੇਖ ਕੇ ਅੰਗਰੇਜ਼ ਮਾਂ ਪੁੱਤਰ ਨੂੰ ਅਲਹਿਦਾ ਕਰਨ ਦੀਆਂ ਗੋਂਦਾਂ ਗੁੰਦਣ ਲੱਗੇ। ਇਸ ਲਈ 20 ਅਗਸਤ, 1847 ਨੂੰ ਮਹਾਰਾਣੀ ਨੂੰ ਸ਼ੇਖੂਪੁਰੇ ਦੇ ਕਿਲੇ ਵਿਚ ਕੈਦ ਕਰ ਦਿੱਤਾ ਗਿਆ। ਪੈਨਸ਼ਨ ਨੂੰ ਵੀ ਘਟਾ ਕੇ 48 ਹਜ਼ਾਰ ਰੁਪਏ ਸਾਲਾਨਾ ਕਰ ਦਿੱਤਾ। ਮਹਾਰਾਣੀ ਨੇ ਆਪਣੇ ਉੱਪਰ ਲਾਏ ਗਏ ਦੋਸ਼ਾਂ ਦੀ ਪੜਤਾਲ ਦੀ ਮੰਗ ਕੀਤੀ ਅਤੇ ਸ. ਜੀਵਨ ਸਿੰਘ ਨੂੰ ਵਕੀਲ ਬਣਾ ਕੇ ਗਵਰਨਰ ਜਨਰਲ ਨੂੰ ਮਿਲਣ ਲਈ ਕਲਕੱਤੇ ਭੇਜਿਆ ਪਰ ਇਸ ਸੰਬੰਧੀ ਕੋਈ ਪੜਤਾਲ ਨਾ ਕੀਤੀ ਗਈ।

ਅਪ੍ਰੈਲ 1848 ਵਿਚ ਮੁਲਤਾਨ ਦੀ ਬਗ਼ਾਵਤ ਵਿਚ ਵੀ ਮਹਾਰਾਣੀ ਦਾ ਹੱਥ ਹੋਣ ਦਾ ਸ਼ੱਕ ਕੀਤਾ ਗਿਆ ਅਤੇ ਉਸ ਦੀ ਪੈਨਸ਼ਨ ਹੋਰ ਵੀ ਘਟਾ ਕੇ 12 ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ ਗਈ। ਮਹਾਰਾਣੀ ਨੂੰ ਸ਼ੇਖੂਪੁਰੇ ਤੋਂ ਬਨਾਰਸ ਭੇਜ ਦਿੱਤਾ ਅਤੇ ਇਸ ਤੋਂ ਬਾਅਦ ਚੁਨਾਰ ਦੇ ਕਿਲੇ ਵਿਚ ਭੇਜ ਦਿੱਤਾ ਗਿਆ। 18 ਅਪ੍ਰੈਲ, 1849 ਨੂੰ ਮਹਾਰਾਣੀ ਇਕ ਨੌਕਰਾਣੀ ਦੇ ਭੇਸ ਵਿਚ ਉਥੋਂ ਨਿਕਲ ਕੇ ਨੇਪਾਲ ਆ ਗਈ ਅਤੇ ਕਾਠਮੰਡੂ ਵਿਚ ਨੇਪਾਲ ਦੇ ਰਾਣਾ ਨੇ ਸ਼ੇਰੇ ਪੰਜਾਬ ਦੀ ਵਿਧਵਾ ਦੇ ਰਹਿਣ ਦਾ ਪ੍ਰਬੰਧ ਕਰ ਦਿੱਤਾ ਅਤੇ ਉਸਨੂੰ 20 ਹਜ਼ਾਰ ਰੁਪਏ ਸਾਲਾਨਾ ਪੈਨਸ਼ਨ ਵੀ ਲਾ ਦਿੱਤੀ। ਸੰਨ 1854 ਵਿਚ ਦਲੀਪ ਸਿੰਘ ਨੂੰ ਇੰਗਲੈਂਡ ਭੇਜ ਦਿੱਤਾ ਗਿਆ।

ਨੇਪਾਲ ਦਰਬਾਰ ਨੇ ਅੰਗਰੇਜ਼ ਸਰਕਾਰ ਦੇ ਦਬਾਉ ਹੇਠ ਆ ਕੇ ਮਹਾਰਾਣੀ ਉੱਪਰ ਕਈ ਪਾਬੰਦੀਆਂ ਲਾਉਣੀਆਂ ਸ਼ੁਰੂ ਕੀਤੀਆਂ। ਮਹਾਰਾਜਾ ਦਲੀਪ ਸਿੰਘ ਆਪਣੀ ਮਾਂ ਨੂੰ ਮਿਲਣਾ ਚਾਹੁੰਦਾ ਸੀ ਪਰ ਉਸ ਨੂੰ ਨੇਪਾਲ ਆਉਣ ਦੀ ਆਗਿਆ ਨਾ ਮਿਲੀ ਪਰ ਕਲਕੱਤੇ ਆਉਣ ਦੀ ਇਜਾਜ਼ਤ ਨਾਲ ਉਹ ਭਾਰਤ ਆਇਆ ਅਤੇ ਕਲਕੱਤੇ ਪਹੁੰਚਿਆ। ਮਹਾਰਾਣੀ ਵੀ ਆਪਣੇ ਉੱਪਰ ਲਾਈਆਂ ਬੰਦਸ਼ਾਂ ਤੋਂ ਤੰਗ ਆ ਚੁੱਕੀ ਸੀ। ਇਸ ਲਈ 12 ਵਰ੍ਹੇ ਨੇਪਾਲ ਰਹਿਣ ਮਗਰੋਂ ਆਪਣੇ ਪੁੱਤਰ ਨੂੰ ਮਿਲਣ ਲਈ ਕਲਕੱਤੇ ਪਹੁੰਚੀ। ਬਾਅਦ ਵਿਚ ਦਲੀਪ ਸਿੰਘ ਉਸ ਨੂੰ ਆਪਣੇ ਨਾਲ ਇੰਗਲੈਂਡ ਲੈ ਗਿਆ।

ਅੰਗਰੇਜ਼ ਅਫ਼ਸਰਾਂ ਨੂੰ ਮਾਂ ਪੁੱਤਰ ਦਾ ਇਕੱਠਾ ਰਹਿਣਾ ਖ਼ਤਰਨਾਕ ਜਾਪਿਆ ਅਤੇ ਉਨ੍ਹਾਂ ਨੂੰ ਅਲੱਗ ਰਹਿਣ ਲਈ ਮਜਬੂਰ ਕੀਤਾ ਗਿਆ। ਮਹਾਰਾਣੀ ਨੂੰ ਕੈਨਸਿੰਗਟਨ ਵਿਚ ਅਬਿੰਗਟਨ ਹਾਊਸ ਭੇਜਿਆ ਗਿਆ। ਮਹਾਰਾਣੀ ਦੀ ਸਿਹਤ ਦਿਨੋ ਦਿਨ ਵਿਗੜਦੀ ਗਈ। ਇਸਦੀ ਇੱਛਾ ਸੀ ਕਿ ਇਸ ਦੀ ਮੌਤ ਮਗਰੋਂ ਇਸ ਦਾ ਸੰਸਕਾਰ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਨੇੜੇ ਕੀਤਾ ਜਾਵੇ। ਸੰਨ 1863 ਵਿਚ ਮਹਾਰਾਣੀ ਜਿੰਦ ਕੌਰ ਦੀ ਮੌਤ ਹੋ ਗਈ। ਇਸ ਦੀ ਲਾਸ਼ ਨੂੰ ਕੈਨਸ਼ਲ ਗ੍ਰੀਨ ਕਬਰਸਤਾਨ ਦੀ ਇਕ ਗੁਫ਼ਾ ਵਿਚ ਰੱਖਿਆ ਗਿਆ। ਸੰਨ 1864 ਨੂੰ ਮਹਾਰਾਜਾ ਦਲੀਪ ਸਿੰਘ ਨੂੰ ਭਾਰਤ ਆਉਣ ਦੀ ਆਗਿਆ ਮਿਲੀ ਪਰ ਇਹ ਆਪਣੀ ਮਾਂ ਦੀ ਅੰਤਮ ਇੱਛਾ ਪੂਰੀ ਨਾ ਕਰ ਸਕਿਆ ਕਿਉਂਕਿ ਇਸ ਦੇ ਪੰਜਾਬ ਆਉਣ ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਅੰਤ ਬੰਬਈ ਦੇ ਨਜ਼ਦੀਕ ਨਾਸਿਕ ਵਿਖੇ ਗੋਦਾਵਰੀ ਨਦੀ ਦੇ ਕੰਢੇ ਇਸਨੇ ਆਪਣੀ ਮਾਂ ਦਾ ਅੰਤਮ ਸੰਸਕਾਰ ਕਰਕੇ ਇਸ ਦੇ ਫੁੱਲ ਗੋਦਾਵਰੀ ਵਿਚ ਹੀ ਜਲ ਪ੍ਰਵਾਹ ਕੀਤੇ। ਇਸ ਦੁਖਾਂਤ ਭਰੀ ਕਹਾਣੀ ਦੇ ਬਾਰੇ ਪੰਜਾਬੀ ਦੇ ਪ੍ਰਸਿੱਧ ਕਵੀ ਵਿਧਾਤਾ ਸਿੰਘ ਤੀਰ ਨੇ 'ਨੀ ਗੁਦਾਵਰੀ' ਨਾਂ ਦੀ ਇਕ ਲੰਬੀ ਕਵਿਤਾ ਲਿਖੀ ਜਿਹੜੀ ਸਿੱਖਾਂ ਵਿਚ ਬਹੁਤ ਹੀ ਹਰਮਨ ਪਿਆਰੀ ਹੋਈ ਅਤੇ ਸਿੱਖ ਸੰਗਤਾਂ ਵਿਚ ਅਕਸਰ ਸਟੇਜਾਂ ਉੱਪਰ ਪੜ੍ਹੀ ਤੇ ਗਾਈ ਜਾਂਦੀ ਰਹੀ–

'ਨੀ ਗੁਦਾਵਰੀ ਆਣ ਕੇ ਅੱਜ ਤੈਨੂੰ
ਅੰਮੀ ਆਪਣੀ ਭੇਟ ਚੜ੍ਹਾ ਚਲਿਆਂ।
ਮੈਨੂੰ ਗੋਦ ਵਿਚ ਜਿਹੜੀ ਬਿਠਾਲਦੀ ਸੀ
ਤੇਰੀ ਗੋਦ ਵਿਚ ਉਸ ਨੂੰ ਬਿਠਾ ਚੱਲਿਆਂ।

ਰੱਖੀਂ ਯਾਦ, ਰਣਜੀਤ ਦੀ ਜਿੰਦ ਹੈ ਈ
ਏਹਨੂੰ ਜਿੰਦ ਦੇ ਵਾਂਗ ਸੰਭਾਲ ਰੱਖੀਂ।
ਮੇਰੀ ਅੰਬੜੀ ਕਿਤੇ ਨਾ ਜਾਏ ਘਾਬਰ
ਏਹਨੂੰ ਲਾ ਕਲੇਜੇ ਨਾਲ ਰੱਖੀਂ।

ਮੇਰੇ ਭਾਗ ਜੇਕਰ ਮੇਰੇ ਵੱਲ ਹੁੰਦੇ,
ਜੇਕਰ ਮੈਨੂੰ ਨਸੀਬ ਉਹ ਘੜੀ ਹੁੰਦੀ।
ਸਾਡੀ ਜਿੰਦਾਂ ਰਣਜੀਤ ਦੀ ਮੜ੍ਹੀ ਹੁੰਦੀ,
ਲਾਲਾਂ ਪੰਨਿਆਂ ਦੇ ਨਾਲ ਜੜੀ ਹੁੰਦੀ।

ਕਾਫ਼ੀ ਸਮਾਂ ਮਗਰੋਂ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਅੰਬਾ ਦਲੀਪ ਸਿੰਘ ਨੇ 27 ਮਾਰਚ, 1924 ਨੂੰ ਸ਼ੇਰੇ ਪੰਜਾਬ ਦੀ ਸਮਾਧੀ ਨਜ਼ਦੀਕ ਸਰਦਾਰ ਹਰਬੰਸ ਸਿੰਘ ਅਟਾਰੀ ਤੋਂ ਅਰਦਾਸ ਕਰਵਾ ਕੇ

ਨਾਸਿਕ ਤੋਂ ਲਿਆਂਦੀ ਮਹਾਰਾਣੀ ਦੀ ਭਸਮ ਅਸਥਾਪਤ ਕਰਵਾਈ, ਜਿਥੇ ਹੁਣ ਸਮਾਧ ਬਣਾਈ ਜਾ ਚੁੱਕੀ ਹੈ।

ਹ. ਪੁ. ਮਹਾਰਾਣੀ ਜਿੰਦ ਕੌਰ–ਰੌਸ਼ਨ ਲਾਲ ਆਹੂਜਾ; ਮਹਾਰਾਣੀ ਜਿੰਦਾਂ–ਸੋਹਣ ਸਿੰਘ ਸੀਤਲ; ਸਿੱਖ ਰਾਜ ਦੇ ਵੀਰ ਨਾਇਕ : 121; ਭਾਰਤ ਕੀ ਮਹਿਲਾ ਸਵਤੰਤਰਤਾ ਸੰਗਰਾਮੀ : 41; ਮ. ਕੋ. 523

**ਜਿੱਦ੍ਹਾ** : ਇਹ ਸਊਦੀ ਅਰਬ ਦਾ ਇਕ ਇਤਿਹਾਸਕ ਸ਼ਹਿਰ ਅਤੇ ਮਹੱਤਵਪੂਰਣ ਬੰਦਰਗਾਹ ਹੈ। ਇਹ ਪੱਛਮੀ ਸਊਦੀ ਅਰਬ ਦੇ ਹੈਜਾਜ਼ ਖੰਡ ਮੱਕੇ ਦੇ ਪੱਛਮ ਵੱਲ ਲਾਲ ਸਾਗਰ ਦੇ ਪੂਰਬੀ ਤੱਟ ਤੇ ਵਾਕਿਆ ਹੈ। ਅਰਬੀ ਵਿਚ ਇਸ ਨੂੰ ਜੁਦ੍ਹਾ ਵੀ ਕਿਹਾ ਜਾਂਦਾ ਹੈ। 'ਜੁੱਦਾ' ਸ਼ਬਦ ਦਾ ਅਰਥ 'ਪਿੱਤਰ-ਨਾਰੀ' ਜਾਂ ਆਦਿ ਨਾਰੀ ਤੋਂ ਹੈ। ਆਮ ਲੋਕਾਂ ਦੇ ਵਿਸ਼ਵਾਸ ਅਨੁਸਾਰ ਇਹ ਸਥਾਨ 'ਜੁਦ੍ਹਾ' ਦਾ ਕਬਰਗਿਸਤਾਨ ਸੀ ਇਸ ਕਰਕੇ ਸ਼ਹਿਰ ਦਾ ਨਾਂ ਵੀ ਇਸੇ ਦੇ ਪਿੱਛੇ ਜੁਦ੍ਹਾ ਪੈ ਗਿਆ। ਇਥੋਂ ਦੇ ਈਵ ਦੀ ਸੁਪ੍ਰਸਿੱਧ ਮਿਨਾਰ ਸਊਦੀ ਅਰਬ ਸਰਕਾਰ ਵੱਲੋਂ 1928 ਵਿਚ ਢਾਹ ਦਿੱਤੀ ਗਈ ਤਾਂ ਕਿ ਨਵੇਂ ਨਵੇਂ ਵਹਿਮ ਭਰਮ ਪੈਦਾ ਹੋਣ ਤੋਂ ਰੋਕੇ ਜਾਣ। ਮੱਕੇ ਅਤੇ ਮਦੀਨੇ ਨੂੰ ਜਾਣ ਵਾਲੇ ਯਾਤਰੂਆਂ ਦਾ ਇਹ ਮੁੱਖ ਪੜਾਅ ਹੈ। ਇਨ੍ਹਾਂ ਅਸਥਾਨਾਂ ਤੇ ਸਮੁੰਦਰੀ ਅਤੇ ਹਵਾਈ ਜਹਾਜ਼ਾਂ ਰਾਹੀਂ ਪਹੁੰਚਣ ਵਾਲੇ ਯਾਤਰੀ ਪਹਿਲਾਂ ਇਥੇ ਆ ਕੇ ਉਤਰਦੇ ਹਨ। ਇਸ ਕਰਕੇ ਇਸ ਦੀ ਆਰਥਕ ਮਹੱਤਤਾ ਵੀ ਬਹੁਤ ਹੈ।

ਅਜੋਕਾ ਜਿੱਦ੍ਹਾ ਸ਼ਹਿਰ 17ਵੀਂ ਸਦੀ ਵਿਚ ਬਣਿਆ। ਇਥੋਂ ਦਾ ਪਹਿਲਾ ਹਵਾਈ ਅੱਡਾ ਸ਼ਹਿਰ ਦੇ ਦੱਖਣ ਵਿਚ 20 ਕੁ ਕਿ. ਮੀ. ਦੇ ਫ਼ਾਸਲੇ ਤੇ ਅਸਵਾਦ ਵਿਖੇ ਸੀ। ਸੰਨ 1916 ਵਿਚ ਇਸੇ ਸ਼ਹਿਰ ਵਿਖੇ ਤੁਰਕੀ ਰੱਖਿਆ ਸੈਨਾ ਨੇ ਬਰਤਾਨੀਆ ਅੱਗੇ ਹਥਿਆਰ ਸੁੱਟੇ ਤੇ 1925 ਤੱਕ ਇਥੇ ਹੈਜਾਜ਼ ਦੀ ਸ਼ਰੀਫੀਆਂ ਬਾਦਸ਼ਾਹਤ ਰਹੀ। ਸੰਨ 1925 ਵਿਚ ਇਸ ਸ਼ਹਿਰ ਉੱਪਰ ਇਬਨ ਸਊਦ ਨੇ ਕਬਜ਼ਾ ਕਰਕੇ ਇਸਨੂੰ ਸਊਦੀ ਅਰਬ ਵਿਚ ਮਿਲਾ ਲਿਆ।

ਦੂਜੇ ਮਹਾਨ ਯੁੱਧ ਤੋਂ ਪਿੱਛੋਂ ਅਤੇ ਸਊਦੀ ਅਰਬ ਕੋਲ ਤੇਲ ਦੀ ਰਾਇਲਟੀ ਦਾ ਧਨ ਆ ਜਾਣ ਕਰਕੇ ਇਸ ਸ਼ਹਿਰ ਦਾ ਪੂਰੀ ਤਰ੍ਹਾਂ ਨਵੀਨੀਕਰਣ ਹੋਇਆ ਤੇ ਚਾਰੇ ਪਾਸਿਓਂ ਇਸ ਨੂੰ ਵਧਾਇਆ ਗਿਆ। ਮੱਕੇ ਤੇ ਮਦੀਨੇ ਵੱਲ ਦੀਆਂ ਸੜਕਾਂ ਵੱਲ ਇਸ ਦਾ ਵਿਸ਼ੇਸ਼ ਤੌਰ ਤੇ ਵਾਧਾ ਹੋਇਆ। ਸੰਨ 1959 ਵਿਚ ਇਥੋਂ ਮਦੀਨੇ ਤੱਕ ਇਕ ਹੋਰ ਸੜਕ ਬਣਾਈ ਗਈ। ਸ਼ਹਿਰ ਦੀਆਂ ਬਹੁਤੀਆਂ ਸੜਕਾਂ ਪੱਕੀਆਂ ਹਨ ਤੇ ਥਾਂ ਥਾਂ ਤੇ ਬਾਗ਼ ਦਿਖਾਈ ਦਿੰਦੇ ਹਨ। ਸੰਘਣੀ ਆਬਾਦੀ ਵਾਲੇ ਥਾਵਾਂ ਤੇ ਪਾਣੀ ਦੇ ਨਵੀਨ ਢੰਗ ਅਪਣਾਏ ਗਏ ਹਨ। ਪਹਿਲਾਂ ਸ਼ਹਿਰ ਨੂੰ ਪਾਣੀ ਸਮੁੰਦਰੀ ਪਾਣੀ ਦੇ ਕੰਡੈਂਸਰਾਂ ਤੋਂ ਜਾਂਦਾ ਸੀ।

ਸ਼ਹਿਰ ਦੀਆਂ ਵਿਸਮਈ ਪ੍ਰਾਚੀਨ ਇਮਾਰਤਾਂ ਨੂੰ ਢਾਹ ਕੇ ਇਨ੍ਹਾਂ ਨੂੰ ਕੰਕਰੀਟ ਨਾਲ ਨਵੀਨ ਯੁੱਗ ਦੀਆਂ ਫਲੈਟਨੁਮਾਂ ਢੰਗ ਦੀਆਂ ਬਣਾ ਦਿੱਤਾ ਗਿਆ ਹੈ।

ਡੂੰਘੇ ਪਾਣੀ ਵਿਚ ਇਕ ਜਹਾਜ਼ ਘਾਟ ਵੀ ਬਣਾਇਆ ਗਿਆ ਹੈ ਜਿਥੇ ਸਮੁੰਦਰੀ ਯਾਤਰਾ ਕਰਨ ਵਾਲੇ ਜਹਾਜ਼ ਕਾਫੀ ਗਿਣਤੀ ਵਿਚ ਖੜ੍ਹੇ ਕੀਤੇ ਜਾ ਸਕਣ। ਅੱਜਕੱਲ੍ਹ ਯਾਤਰੀਆਂ ਲਈ ਡਾਕਟਰੀ ਸਹੂਲਤਾਂ ਤੇ ਰਹਾਇਸ਼ ਦਾ ਵਧੀਆ ਪ੍ਰਬੰਧ ਹੈ। ਜਿੱਦ੍ਹਾ ਹਵਾਈ ਅੱਡਾ ਵੀ ਅੰਤਰ ਰਾਸ਼ਟਰੀ ਪੱਧਰ ਅਨੁਸਾਰ ਪੂਰੀ ਤਰ੍ਹਾਂ ਆਧੁਨਿਕ ਹੈ।

ਜਿੱਦ੍ਹਾ ਸਊਦੀ ਅਰਬ ਦੇਸ਼ ਦੀ ਰਾਜਨੀਤਕ ਰਾਜਧਾਨੀ ਹੈ ਤੇ ਸਊਦੀ ਅਰਬ ਦਾ ਬਦੇਸ਼ੀ ਮੰਤ੍ਰਾਲਾ ਵੀ ਇਥੇ ਹੀ ਹੈ ਜਿਸ ਕਰਕੇ ਬਦੇਸ਼ੀ ਦੂਤਾਵਾਸ ਤੇ ਮਿਸ਼ਨ ਵੀ ਇਸੇ ਸ਼ਹਿਰ ਵਿਚ ਸਥਾਪਤ ਹਨ। ਸ਼ਹਿਰ ਦਾ ਪ੍ਰਸ਼ਾਸਨ ਮਿਊਂਸਪਲ ਕੌਂਸਲ ਦੇ ਅਖ਼ਤਿਆਰ ਵਿਚ ਹੈ।

ਪਹਿਲਾਂ ਪਹਿਲ ਇਸ ਸ਼ਹਿਰ ਦੀ ਆਮਦਨ ਯਾਤਰੂਆਂ ਤੇ ਜਾਂ ਮੱਛੀ ਫੜਨ ਦੇ ਕੰਮ ਤੇ ਨਿਰਭਰ ਸੀ ਪਰ ਅੱਜਕੱਲ੍ਹ ਕਈ ਸੱਨਅਤਾਂ ਜਿਵੇਂ ਸੀਮਿੰਟ, ਬਸਤਰ ਤੇ ਬਰਤਨ ਬਣਾਉਣ ਦੇ ਕਾਰਖਾਨੇ, ਤੇਲ ਸਾਫ਼ ਕਰਨ ਤੇ ਲੁਬਰੀਕੇਟਿੰਗ ਦੇ ਉਦਯੋਗ ਨੇ ਇਸ ਸ਼ਹਿਰ ਦੀ ਆਰਥਿਕਤਾ ਵਿਚ ਵਾਧਾ ਕੀਤਾ ਹੈ। ਜਿੱਦ੍ਹਾ ਸਊਦੀ ਅਰਬ ਦੇ ਸਭ ਤੋਂ ਵੱਡੇ ਸ਼ਹਿਰਾਂ ਵਿਚੋਂ ਹੈ ਤੇ ਭੀੜ-ਭੜੱਕੇ ਵਾਲੀ ਬੰਦਰਗਾਹ ਹੈ। ਅਰਥ ਸ਼ਾਸਤਰ ਤੇ ਪ੍ਰਸ਼ਾਸਨ ਵਿਸ਼ਿਆਂ ਦੀ ਵਿਦਿਆ ਕਿੰਗ ਅਬਦੁਲ ਅਜ਼ੀਜ਼ ਪ੍ਰਾਈਵੇਟ ਯੂਨੀਵਰਸਿਟੀ ਤੋਂ ਦਿੱਤੀ ਜਾਂਦੀ ਹੈ।

21° 30′ ਉ. ਵਿਥ.; 39° 12′ ਪੂ. ਲੰਬ.

ਆਬਾਦੀ–1500,000 (1983)

ਹ. ਪੁ.–ਐਨ. ਬ੍ਰਿ. ਮਾ. 5 : 558

**ਜਿੱਨ ਸ਼ਰਾਬ** : ਵੇਖੋ ਸ਼ਰਾਬ

**ਜਿੰਨ** : ਅਰਬੀ ਮਿਥਿਹਾਸ ਵਿਚ ਇਹ ਦੇਵਤਿਆਂ ਅਤੇ ਸ਼ੈਤਾਨਾਂ ਦੀ ਪੱਧਰ ਤੋਂ ਹੇਠਾਂ ਵਾਲੇ ਦੈਵੀ ਪੁਰਖਾਂ ਦਾ ਨਾਂ ਹੈ। ਮਨੁੱਖੀ ਜੀਵਨ ਵਿਚ ਜਿੰਨਾਂ ਦੇ ਦਾਖਲ ਸੰਬੰਧੀ ਕਿੰਨੀਆਂ ਹੀ ਦਿਲਚਸਪ ਗੱਲਾਂ ਦਾ ਜ਼ਿਕਰ ਅਰੇਬੀਅਨ ਨਾਈਟਸ ਵਿਚ ਪ੍ਰਾਪਤ ਹੈ। ਪੁਰਾਤਨ ਅਰਬ ਵਾਸੀਆਂ ਨੂੰ ਅਤੇ ਸਦੀਆਂ ਤੋਂ ਅਰਬ ਦੇ ਅਤੇ ਹੋਰ ਮੁਸਲਮਾਨਾਂ ਨੂੰ ਇਨ੍ਹਾਂ ਦੀ ਹੋਂਦ ਬਾਰੇ ਵਿਸ਼ਵਾਸ ਰਿਹਾ ਹੈ। ਇਹ ਵੀ ਮੰਨਿਆ ਜਾਂਦਾ ਸੀ ਕਿ ਇਹ ਜਿੰਨ ਮਨੁੱਖੀ ਪ੍ਰਾਣੀਆਂ ਅਤੇ ਕਈ ਕਿਸਮ ਦੇ ਪਸ਼ੂਆਂ, ਖਾਸ ਕਰਕੇ ਸੱਪਾਂ ਦੀਆਂ ਸ਼ਕਲਾਂ ਧਾਰਨ ਕਰਨ ਦੇ ਯੋਗ ਹਨ। ਇਹ ਸਾਰੀਆਂ ਬੇਜਾਨ ਵਸਤੂ ਖੰਡਰਾਂ, ਧਰਤੀ ਦੇ ਹੇਠ ਹਵਾ ਵਿਚ ਅਤੇ ਅੱਗ ਵਿਚ ਰਹਿੰਦੇ ਹਨ। ਕਦੇ ਕਦੇ ਇਨ੍ਹਾਂ ਨੂੰ ਮਨੁੱਖ ਦੇ ਹਿਤੈਸ਼ੀਆਂ ਵਜੋਂ ਵੀ ਵਿਖਾਇਆ ਗਿਆ ਹੈ ਪਰ ਅਕਸਰ ਇਹ ਜਾਣ ਬੁੱਝ ਕੇ ਜਾਂ ਅਣਜਾਣੇ ਇਨ੍ਹਾਂ ਨੂੰ ਪਹੁੰਚਾਈ ਗਈ ਹਾਨੀ ਕਰਕੇ ਇਹ ਮਨੁੱਖਾਂ ਨੂੰ ਸਜ਼ਾ ਦਿੰਦੇ ਨਜ਼ਰ ਆਉਂਦੇ ਹਨ। ਜਿੰਨ ਕਈ ਬੀਮਾਰੀਆਂ ਫੈਲਾਉਂਦੇ ਅਤੇ ਦੁਰਘਟਨਾਵਾਂ ਕਰਵਾਉਂਦੇ ਵਿਖਾਏ ਗਏ ਹਨ। ਇਨ੍ਹਾਂ ਦੀਆਂ ਵੀ ਮਨੁੱਖਾਂ ਵਰਗੀਆਂ ਸਰੀਰਕ ਲੋੜਾਂ ਹੁੰਦੀਆਂ ਹਨ। ਇਨ੍ਹਾਂ ਨੂੰ ਮਾਰਿਆ ਵੀ ਜਾ ਸਕਦਾ ਹੈ ਪਰ ਫਿਰ ਵੀ ਇਹ ਸਾਰੇ ਸਰੀਰਕ ਬੰਧਨਾਂ ਤੋਂ ਆਜ਼ਾਦ ਹਨ। ਇਨ੍ਹਾਂ ਕੋਲ ਅਸਾਧਾਰਨ ਸ਼ਕਤੀਆਂ ਹੁੰਦੀਆਂ ਹਨ। ਜਾਦੂ-ਟੂਣੇ ਕਰਨ ਵਾਲੇ ਸਿਆਣੇ ਹੀ ਇਨ੍ਹਾਂ ਦੀ ਦੁਰਵਰਤੋਂ ਕਰ ਸਕਦੇ ਹਨ। ਕੁਰਾਨ ਸ਼ਰੀਫ਼ ਵਿਚ ਜਿੰਨ ਦਾ ਥਾਂ ਥਾਂ ਉੱਤੇ ਜ਼ਿਕਰ ਆਉਂਦਾ ਹੈ। ਐਵਿਸੀਨਾ ਦਾ ਮੱਤ ਹੈ ਕਿ ਜਿੰਨ ਹਵਾਈ ਅਤੇ ਪਾਰਦਰਸ਼ੀ ਸਰੀਰ ਵਾਲਾ ਸਜੀਵ ਪ੍ਰਾਣੀ ਹੁੰਦਾ ਸੀ ਜੋ ਵੱਖ-ਵੱਖ ਤਰ੍ਹਾਂ ਦੀਆਂ ਸ਼ਕਲਾਂ ਧਾਰਨ ਕਰਨ ਦੇ ਯੋਗ ਹੁੰਦਾ ਹੈ। ਜਿੰਨ ਆਧੁਨਿਕ ਤਕਨੀਕਾਂ ਦੀਆਂ ਸਾਰੀਆਂ ਨਵੀਆਂ ਕਾਢਾਂ ਨੂੰ ਨਫ਼ਰਤ ਕਰਦੇ ਹਨ।

ਹ. ਪੁ.–ਐਨ. ਬ੍ਰਿ. 12 : 1086

**ਜਿਨਸੈਨ** : ਇਹ ਪੈਨੈਕਸ ਪੌਦੇ ਦੀਆਂ ਦੋ ਜਾਤੀਆਂ ਦਾ ਆਮ ਨਾਂ ਹੈ। ਇਹ ਛੋਟੇ ਬੂਟੀ-ਨੁਮਾ ਪੌਦੇ ਹਨ ਜਿਨ੍ਹਾਂ ਦੀਆਂ ਜੜ੍ਹਾਂ ਤੋਂ ਚੀਨ ਵਿਚ ਦਵਾਈ ਤਿਆਰ ਕੀਤੀ ਜਾਂਦੀ ਹੈ। ਪੈਨੇਕਸ ਕਿਉਨਕਿਊਫੋਲੀਅਸ (Panax Quinquefolius) ਅਮਰੀਕਾ ਦਾ ਜਿਨਸੈਨ ਹੈ ਜੋ ਜ਼ਿਆਦਾਤਰ ਕਿਊਬੈਕ, ਮੈਨੀਟੋਬਾ ਦੇ ਦੱਖਣ ਤੋਂ ਫਲੋਰਿਡਾ, ਅਲਬਾਮਾ, ਲਿਊਜ਼ੀਆਨਾ ਅਤੇ ਆਰਕੈਨਸਾਸ ਦੇ ਠੰਢੇ ਇਲਾਕਿਆਂ ਵਿਚ ਮਿਲਦਾ ਹੈ। ਇਕ ਅਨੁਮਾਨ ਅਨੁਸਾਰ ਅਮਰੀਕਾ ਵਿਚ 150 ਏਕੜ ਵਿਚ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਇਥੋਂ ਇਹ ਹਾਂਗਕਾਂਗ ਵਿਚ ਭੇਜ ਦਿੱਤਾ ਜਾਂਦਾ ਹੈ ਜਿਥੋਂ ਫਿਰ ਇਹ ਦੱਖਣ ਪੂਰਬੀ ਏਸ਼ੀਆ ਵਿਚ ਵੰਡ ਦਿੱਤਾ ਜਾਂਦਾ ਹੈ। ਇਕ ਹੋਰ ਜਾਤੀ ਪੈਨੈਕਸ ਜਿਨਸੈਨ (Panax Ginseng) ਹੈ ਜੋ ਮਾਨਚੂਰੀਆ, ਕੋਰੀਆ ਅਤੇ ਜਾਪਾਨ ਵਿਚ ਕਾਸ਼ਤ ਕੀਤੀ ਜਾਂਦੀ ਹੈ ਅਤੇ ਅਮਰੀਕਨ ਜਿਨਸੈਨ ਤੋਂ ਕਿਤੇ ਜ਼ਿਆਦਾ ਪਸੰਦ ਕੀਤੀ ਜਾਂਦੀ ਹੈ।

ਚੀਨੀ ਲੋਕ ਬਹੁਤ ਪੁਰਾਤਨ ਸਮੇਂ ਤੋਂ ਹੀ ਜਿਨਸੈਨ ਨੂੰ ਕਈ ਬੀਮਾਰੀਆਂ ਅਤੇ ਵਿਗਾੜਾਂ ਦੇ ਇਲਾਜ ਲਈ ਵਰਤਦੇ ਆ ਰਹੇ ਹਨ।

ਅਸਲ ਵਿਚ ਪੈਨੈਕਸ ਪ੍ਰਜਾਤੀ ਨਾਂ, ਯੂਨਾਨੀ ਸ਼ਬਦ ਪੈਨੇਸੀਆ ਦਾ ਅਨੁਵਾਦਿਕ ਨਾਂ ਹੈ ਜਿਸ ਦਾ ਮਤਲਬ ਹੈ, ਜੋ ਸਭ ਨੂੰ ਰਾਜ਼ੀ ਕਰਦਾ ਹੈ। ਇਹ ਇਕ ਮਨੌਤ ਹੀ ਸੀ ਕਿ ਜਿਨਸੈਨ ਦੀਆਂ ਜੜ੍ਹਾਂ ਜੋ ਮਨੁੱਖੀ ਸ਼ਕਲ ਨਾਲ ਮਿਲਦੀਆਂ ਜੁਲਦੀਆਂ ਹੋਣ ਇਕ ਤਰ੍ਹਾਂ ਨਾਲ ਕਾਮ-ਉਤੇਜਕ (ਦਵਾਈ) ਵਜੋਂ ਕੰਮ ਕਰਦੀਆਂ ਸਨ ਪਰ ਇਸ ਗੱਲ ਦਾ ਸਬੂਤ ਨਹੀਂ ਮਿਲਦਾ ਕਿ ਜਿਨਸੈਨ ਦਾ ਕੋਈ ਲਾਭ ਹੈ ਜਾਂ ਇਸ ਵਿਚ ਕਿਸੇ ਕਿਸਮ ਦੀ ਦਵਾਈ ਜਾਂ ਕਾਮ-ਉਤੇਜਕ ਕਿਰਿਆ ਹੁੰਦੀ ਹੈ।

ਅਮਰੀਕਾ ਤੋਂ ਜਿਨਸੈਨ ਦੀ ਦਰਾਮਦ 1700 ਵਿਚ ਸ਼ੁਰੂ ਹੋਈ ਅਤੇ ਕੋਰੀਆ ਵਿਚ ਇਸ ਦੀ ਕਾਸ਼ਤ ਇਸ ਸਦੀ ਦੇ ਮੁੱਢ ਤੋਂ ਕਿਆਸ ਕੀਤੀ ਜਾਂਦੀ ਹੈ। ਜਿਨਸੈਨ ਦੇ ਬਹੁਤ ਸਾਰੇ ਜ਼ਖੀਰੇ ਸ਼ੁਰੂ ਕੀਤੇ ਗਏ ਅਤੇ ਕਈ ਕੰਪਨੀਆਂ ਨੇ ਇਸ ਨੂੰ ਸਟਾਕ ਕਰਨਾ ਸ਼ੁਰੂ ਕੀਤਾ। ਸੰਨ 1904 ਵਿਚ ਇਸ ਦੇ ਪੱਤਿਆਂ ਉੱਪਰ ਲੱਗਣ ਵਾਲੀ ਇਕ ਬੀਮਾਰੀ ਨੇ ਕਈ ਜ਼ਖੀਰੇ ਤਬਾਹ ਕਰ ਦਿੱਤੇ।

ਬਹੁਤ ਸਾਰੇ ਜਿਨਸੈਨ ਬਗੀਚੇ ਇਕ ਏਕੜ ਤੋਂ ਵੀ ਛੋਟੇ ਹਨ। ਇਸ ਦੀ ਤੀਬਰ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਸ ਦੀ ਕਾਸ਼ਤ ਦਾ ਬਹੁਤ ਸਾਰਾ ਕੰਮ ਹੱਥ ਨਾਲ ਹੀ ਕੀਤਾ ਜਾਂਦਾ ਹੈ। ਭਾਰੀ ਜ਼ਮੀਨ ਅਤੇ ਜੰਗਲ ਜਿਨ੍ਹਾਂ ਵਿਚ ਕਾਫ਼ੀ ਛਾਂ ਰਹਿੰਦੀ ਹੋਵੇ ਜਾਂ ਫ਼ਾਰਮਾਂ ਵਿਚ ਜਿਥੇ ਬਣਾਉਟੀ ਛਾਂ ਕੀਤੀ ਜਾ ਸਕੇ, ਇਸ ਦੀ ਕਾਸ਼ਤ ਲਈ ਜ਼ਰੂਰੀ ਹੁੰਦੇ ਹਨ। ਇਸ ਦੇ ਬੀਜ ਤੋਂ ਪੂਰਨ ਪੌਦਾ ਬਣਨ ਲਈ 5 ਤੋਂ 7 ਸਾਲ ਲੱਗ ਜਾਂਦੇ ਹਨ। ਇਸ ਦੀ ਫ਼ਸਲ ਜਾਂ ਪੈਦਾਵਾਰ ਇਸ ਨੂੰ ਮਿਲੀ ਤਵੱਜੋਂ ਜਾਂ ਮੰਡੀਆਂ ਵਿਚ ਵੇਚਣ ਵੇਲੇ ਸੰਭਾਲ ਤੇ ਨਿਰਭਰ ਕਰਦੀ ਹੈ। ਇਸ ਦੀ ਫ਼ਸਲ ਨੂੰ ਦਰਜਾਬੰਦ ਕਰਨਾ ਵੀ ਇਕ ਕਲਾ ਹੈ।

ਹ. ਪੁ.–ਐਨ. ਬ੍ਰਿ. 10 : 423

**ਜਿਨਜਾ** : ਪੂਰਬੀ ਅਫ਼ਰੀਕਾ ਦੇ ਯੂਗਾਂਡਾ ਗਣਰਾਜ ਦਾ ਦੂਜਾ ਵੱਡਾ ਸ਼ਹਿਰ ਹੈ। ਇਹ ਸ਼ਹਿਰ ਵਿਕਟੋਰੀਆ ਝੀਲ ਦੇ ਨਜ਼ਦੀਕ ਦਰਿਆ ਨੀਲ ਦੇ ਨਿਕਾਸ ਸਥਾਨ ਉੱਤੇ ਸਮੁੰਦਰੀ ਸਤ੍ਹਾ ਤੋਂ 1,140 ਮੀ. (3,740 ਫੁੱਟ) ਦੀ ਉਚਾਈ ਤੇ ਵਸਿਆ ਹੋਇਆ ਹੈ। ਸੰਨ 1901 ਵਿਚ ਇਸ ਸ਼ਹਿਰ ਦੀ ਨੀਂਹ ਬਰਤਾਨੀਆ ਦੇ ਪ੍ਰਸ਼ਾਸਕੀ ਕੇਂਦਰ ਦੇ ਰੂਪ ਵਿਚ ਰੱਖੀ ਗਈ। ਸੰਨ 1957 ਵਿਚ ਓਅਲ ਆਬਸਾਰਾਂ ਉੱਪਰ ਡੈਮ ਬਣਾਉਣ ਕਾਰਨ ਉਸੇ ਸਾਲ ਇਸ ਨੂੰ ਮਿਊਂਸਪਲਟੀ ਦਾ ਦਰਜਾ ਮਿਲਿਆ। ਇਸ ਤਰ੍ਹਾਂ ਜਲ-ਸ਼ਕਤੀ ਕਾਰਨ ਜਿਨਜਾ ਇਸ ਪ੍ਰਦੇਸ਼ ਵਿਚ ਉਦਯੋਗਕ ਕੇਂਦਰ ਦੇ ਰੂਪ ਵਿਚ ਵਿਕਸਤ ਹੋਣ ਲੱਗਾ। ਇਥੇ ਪੂਰਬੀ ਅਫ਼ਰੀਕਾ ਦਾ ਸਭ ਤੋਂ ਪਹਿਲਾ ਲੋਹੇ ਦਾ ਕਾਰਖ਼ਾਨਾ ਸਥਾਪਤ ਕੀਤਾ ਗਿਆ। ਇਸ ਪਿੱਛੋਂ ਤਾਂਬੇ ਨੂੰ ਗਾਲ ਕੇ ਸਾਫ਼ ਕਰਨ ਦਾ ਕਾਰਖ਼ਾਨਾ, ਲੱਕੜੀ ਅਤੇ ਤਮਾਕੂ ਉਦਯੋਗ ਵੀ ਸਥਾਪਤ ਹੋਏ। ਇਕ ਗ੍ਰੇਨ ਕੰਡੀਸ਼ਨਿੰਗ ਪਲਾਂਟ ਵੀ ਲਗਾਇਆ ਗਿਆ। ਸ਼ਹਿਰ ਦੇ ਨਜ਼ਦੀਕ ਹੀ ਇਕ ਬੀਅਰ ਤੇ ਟੈਕਸਟਾਈਲ ਫ਼ੈਕਟਰੀਆਂ ਹਨ। ਇਥੋਂ ਦੇ ਉਤਪਾਦਨ ਝੀਲ ਵਿਚ ਚੱਲਣ ਵਾਲੇ ਸਟੀਮਰਾਂ ਅਤੇ ਰੇਲਾਂ ਸੜਕਾਂ ਰਾਹੀਂ ਦੂਜੇ ਥਾਵਾਂ ਤੇ ਭੇਜੇ ਜਾਂਦੇ ਹਨ। ਜਿਨਜਾ ਤੋਂ ਕੰਪਾਲਾ ਤੱਕ ਰੇਲ ਦੀ ਲਾਈਨ ਜਾਂਦੀ ਹੈ ਜਿਹੜੀ 80 ਕਿ. ਮੀ. ਲੰਬੀ ਹੈ। ਇਸ ਤੋਂ ਬਿਨਾਂ ਮੋਬਾਸਾ ਤੇ ਕੀਨੀਆ ਨੂੰ ਵੀ ਰੇਲ ਜਾਂਦੀ ਹੈ।

ਆਬਾਦੀ–2, 84,900 (1991)

00° 26′ ਉ. ਵਿਥ.; 33° 12′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 561

**ਜਿਨਪ੍ਰਭ ਸੂਰੀ** : ਇਹ ਚੌਦ੍ਹਵੀਂ ਸਦੀ ਦਾ ਇਕ ਅਸਾਧਾਰਣ ਬੁੱਧੀਮਾਨ ਜੈਨ ਆਚਾਰੀਆ ਸੀ। ਮੁਗ਼ਲ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਜੋ ਸਥਾਨ ਜਗਤ ਗੁਰੂ ਹੀਰਵਿਜੈ ਸੂਰੀ ਨੂੰ ਪ੍ਰਾਪਤ ਸੀ, ਉਹੀ ਸਥਾਨ ਤੁਗ਼ਲਕ ਸੁਲਤਾਨ ਮੁਹੰਮਦ ਸ਼ਾਹ ਦੇ ਦਰਬਾਰ ਵਿਚ ਜਿਨਪ੍ਰਭ ਸੂਰੀ ਦਾ ਸੀ। ਇਹ ਲਘੂ ਖਰਤਰ ਗੱਛ ਦੇ ਸੰਚਾਲਕ ਜਿਨ ਸਿੰਘ ਸੂਰੀ ਦਾ ਸਭ ਤੋਂ ਵੱਡਾ ਚੇਲਾ ਸੀ। ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ ਅਨੇਕ ਵਿਸ਼ਿਆਂ ਉੱਤੇ ਇਸ ਨੇ ਮਹੱਤਵਪੂਰਨ ਗ੍ਰੰਥ ਲਿਖੇ ਹਨ। ਹਰ ਰੋਜ਼ ਕਿਸੇ ਨਵੇਂ ਕਾਵਿ ਦੀ ਰਚਨਾ ਕਰਨ ਪਿੱਛੋਂ ਹੀ ਭੋਜਨ ਛਕਣ ਦਾ ਉਸ ਦਾ ਨੇਮ ਸੀ। ਇਸ ਦੇ ਜੀਵਨ ਸਮੇਂ ਬਘੇਲਾ ਬੰਸ ਦਾ ਅੰਤ, ਗੁਜਰਾਤ ਦਾ ਮੁਸਲਮਾਨ ਬਾਦਸ਼ਾਹਾਂ ਦੇ ਅਧਿਕਾਰ ਵਿਚ ਚਲੇ ਜਾਣਾ, ਦਿੱਲੀ ਵਿਚ ਮੁਗ਼ਲ ਸਲਤਨਤ ਦਾ ਆਰੰਭ ਆਦਿ ਅਨੇਕ ਰੋਮਾਂਟਿਕ ਇਤਿਹਾਸਕ ਘਟਨਾਵਾਂ ਹੋਈਆਂ।

ਜਿਨਪ੍ਰਭ ਸੂਰੀ ਨੂੰ ਘੁੰਮਣ ਫਿਰਨ ਦਾ ਬਹੁਤ ਸ਼ੌਕ ਸੀ ਅਤੇ ਇਸ ਨੇ ਗੁਜਰਾਤ, ਰਾਜਸਥਾਨ, ਮਾਲਵਾ, ਮੱਧ ਪ੍ਰਦੇਸ਼, ਬਰਾਰ, ਦੱਖਣ, ਕਰਨਾਟਕ, ਤਿਲੰਗਾਨਾ, ਬਿਹਾਰ, ਅਵਧ, ਯੂ. ਪੀ. ਅਤੇ ਪੰਜਾਬ ਆਦਿ ਥਾਵਾਂ ਦੀ ਯਾਤਰਾ ਕੀਤੀ। ਆਪਣੀਆਂ ਵੱਖ-ਵੱਖ ਰਚਨਾਵਾਂ ਵਿਚ ਇਸ ਨੇ ਯਾਤਰਾ ਦਾ ਵੇਰਵੇ ਸਹਿਤ ਵਰਣਨ ਕੀਤਾ ਹੈ। ਇਸ ਬਿਰਤਾਂਤ ਅਨੁਸਾਰ 1199 ਵਿਚ ਸੁਲਤਾਨ ਅਲਾਉੱਦੀਨ ਦੇ ਛੋਟੇ ਭਾਈ ਉੱਲੂ ਖਾਂ (ਅਲਫ ਖਾਂ) ਨੇ ਦਿੱਲੀ ਤੋਂ ਗੁਜਰਾਤ ਤੇ ਹਮਲਾ ਕੀਤਾ। ਉਸ ਸਮੇਂ ਚਿਤੌੜ ਦੇ ਰਾਜੇ ਸਮਰ ਸਿੰਘ ਨੇ ਉੱਲੂ ਖਾਂ ਨੂੰ ਦੰਡ ਦੇ ਕੇ ਮੇਵਾੜ ਦੀ ਰੱਖਿਆ ਕੀਤੀ। ਭਾਂਤ-ਭਾਂਤ ਦੇ ਤੀਰਥ-ਕਲਪਾਂ ਵਿਚ ਬਨਾਰਸ ਦੇ ਮਣਿਕਰਣਿਕਾਘਾਟ ਅਤੇ ਦੇਵਵਾਰਾਣਸੀ, ਰਾਜਧਾਨੀ ਵਾਰਾਣਸੀ, ਮਦਨ ਵਾਰਾਣਸੀ ਅਤੇ ਵਿਜੈਵਾਰਾਣਸੀ ਦਾ ਉਲੇਖ ਹੈ। ਰਾਜਧਾਨੀ ਵਾਰਾਣਸੀ ਵਿਚ ਯਵਨ ਰਹਿੰਦੇ ਸਨ। ਅੱਜਕੱਲ੍ਹ ਦਾ ਮਦਨਪੁਰਾ ਹੀ ਮਦਨ ਵਾਰਾਣਸੀ ਹੋ ਸਕਦਾ ਹੈ।

ਹ. ਪੁ. ਹਿੰ. ਵਿ. ਕੋ. 4 : 493

**ਜਿਨਾਹ, ਮੁਹੰਮਦ ਅਲੀ** : ਪਾਕਿਸਤਾਨ ਦੇ ਬਾਨੀ, ਵੰਡ ਤੋਂ ਪਹਿਲਾਂ ਭਾਰਤ ਦੇ ਪ੍ਰਸਿੱਧ ਸਿਆਸਤਦਾਨ ਅਤੇ ਮੁਸਲਮਾਨਾਂ ਦੇ ਹਰਮਨ ਪਿਆਰਾ ਨੇਤਾ ਜਿਸ ਨੂੰ 'ਕਾਇਦ-ਏ-ਆਜ਼ਮ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਦਾ ਜਨਮ 25 ਦਸੰਬਰ, 1876 ਨੂੰ ਕਰਾਚੀ ਵਿਖੇ ਇਕ ਅਮੀਰ ਸੌਦਾਗਰ ਜਿਨਾਹ ਭਾਈ ਦੇ ਘਰ ਹੋਇਆ। ਇਹ ਆਪਣੇ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਡਾ ਸੀ। ਮੁੱਢਲੀ ਵਿੱਦਿਆ ਘਰ ਵਿਚ ਹੀ ਹਾਸਲ ਕੀਤੀ ਅਤੇ 1887 ਨੂੰ ਸਿੰਧ ਮਦਰਸਾ ਹਾਈ ਸਕੂਲ ਵਿਚ ਦਾਖ਼ਲ ਹੋਇਆ। ਮਗਰੋਂ ਇਹ ਮਿਸ਼ਨ ਹਾਈ ਸਕੂਲ ਵਿਚ ਭਰਤੀ ਹੋਇਆ ਅਤੇ 16 ਸਾਲ ਦੀ ਉਮਰ ਵਿਚ ਇਸ ਨੇ ਬੰਬਈ ਯੂਨੀਵਰਸਿਟੀ ਤੋਂ ਦਸਵੀਂ ਪਾਸ ਕੀਤੀ। ਇਕ ਅੰਗਰੇਜ਼ ਮਿੱਤਰ ਦੇ ਮਸ਼ਵਰੇ ਤੇ ਇਸ ਦਾ ਪਿਤਾ ਇਸ ਨੂੰ ਕਾਰੋਬਾਰ ਸਬੰਧੀ ਤਜਰਬਾ ਹਾਸਲ ਕਰਨ ਲਈ ਵਿਲਾਇਤ ਭੇਜਣ ਵਾਸਤੇ ਰਾਜ਼ੀ ਹੋ ਗਿਆ ਪਰ ਜਿਨਾਹ ਵਕੀਲ ਬਣਨ ਦਾ ਨਿਸ਼ਚਾ ਕਰ ਚੁੱਕਾ ਸੀ। ਉਸ ਸਮੇਂ ਦੀਆਂ ਰਵਾਇਤਾਂ ਨੂੰ ਮੁੱਖ ਰੱਖਦੇ ਹੋਏ ਇੰਗਲੈਂਡ ਭੇਜਣ ਤੋਂ ਪਹਿਲਾਂ ਇਸ ਦੇ ਬਜ਼ੁਰਗਾਂ ਨੇ ਇਸ ਦਾ ਵਿਆਹ ਕਰ ਦਿੱਤਾ।



**ਮੁਹੰਮਦ ਅਲੀ, ਜਿਨਾਹ**

ਲੰਡਨ ਆ ਕੇ ਇਹ 'ਲਿੰਕਨਜ਼ ਇਨ' ਵਿਚ ਦਾਖ਼ਲ ਹੋਇਆ ਜਿਥੇ ਬਾਰ ਦਾ ਮੈਂਬਰ ਬਣਨ ਲਈ ਸਿਖਲਾਈ ਲੈਣ ਉਪਰੰਤ 19 ਸਾਲ ਦੀ ਉਮਰ ਵਿਚ ਇਹ ਮੈਂਬਰ ਬਣ ਗਿਆ। ਲੰਡਨ ਵਿਖੇ ਹੀ ਇਸ ਨੂੰ ਆਪਣੀ ਮਾਂ ਅਤੇ ਪਤਨੀ ਦੀ ਮੌਤ ਦੇ ਸਮਾਚਾਰ ਮਿਲੇ।

ਇੰਗਲੈਂਡ ਵਿਚ ਇਸ ਨੇ ਆਪਣੀ ਵਿੱਦਿਆ ਪੂਰੀ ਕੀਤੀ ਅਤੇ ਇਸਦੇ ਨਾਲ ਹੀ ਬਰਤਾਨਵੀ ਹਾਊਸ ਆਫ਼ ਕਾਮਨਜ਼ ਵਿਚ ਜਾ ਕੇ ਉਥੋਂ ਦੇ ਰਾਜਨੀਤਿਕ ਢਾਂਚੇ ਦਾ ਵੀ ਚੰਗੀ ਤਰ੍ਹਾਂ ਅਧਿਐਨ ਕੀਤਾ। ਇਹ ਇੰਗਲੈਂਡ ਦੇ ਚੌਥੀ ਵੇਰ ਬਣੇ ਪ੍ਰਧਾਨ ਮੰਤਰੀ ਵਿਲੀਅਮ ਈ ਗਲੈਡਸਟੋਨ ਦੇ ਵਿਚਾਰਾਂ ਤੋਂ ਕਾਫ਼ੀ ਮੁਤਾਸਰ ਹੋਇਆ। ਜਿਨਾਹ ਨੂੰ ਭਾਰਤ ਅਤੇ ਭਾਰਤੀ ਵਿਦਿਆਰਥੀਆਂ ਦੇ ਮਾਮਲਿਆਂ ਵਿਚ ਚੋਖੀ ਦਿਲਚਸਪੀ ਸੀ। ਜਦੋਂ ਭਾਰਤ ਦੇ ਇਕ ਰਾਸ਼ਟਰਵਾਦੀ ਦਾਦਾ ਭਾਈ ਨਾਰੋਜੀ ਨੇ ਬਰਤਾਨਵੀ ਸੰਸਦ ਦਾ ਮੈਂਬਰ ਬਣਨ ਲਈ ਜਤਨ ਸ਼ੁਰੂ ਕੀਤੇ ਤਾਂ ਜਿਨਾਹ ਨੇ ਆਪਣੇ ਸਾਥੀਆਂ ਸਮੇਤ ਉਸ ਦੀ ਪੂਰੀ ਮਦਦ ਕੀਤੀ। ਸਿੱਟੇ ਵਜੋਂ ਨਾਰੋਜੀ ਬਰਤਾਨਵੀ ਹਾਊਸ ਆਫ ਕਾਮਨਜ਼ ਦਾ ਪਹਿਲਾ ਭਾਰਤੀ ਮੈਂਬਰ ਬਣਿਆ।

ਸੰਨ 1896 ਵਿਚ ਜਿਨਾਹ ਨੇ ਵਾਪਸ ਕਰਾਚੀ ਆ ਕੇ ਦੇਖਿਆ ਕਿ ਇਸ ਦੇ ਪਿਤਾ ਨੂੰ ਵਪਾਰ ਵਿਚ ਕਾਫ਼ੀ ਘਾਟਾ ਪੈ ਚੁੱਕਾ ਸੀ। ਇਸ ਲਈ ਆਪਣੇ ਪਰਿਵਾਰ ਨੂੰ ਇਸ ਵਿੱਤੀ ਸੰਕਟ ਵਿਚੋਂ ਕੱਢਣ ਲਈ ਇਸ ਨੇ ਬੰਬਈ ਵਿਚ ਵਕਾਲਤ ਕਰਨੀ ਆਰੰਭ ਕੀਤੀ। ਕਰੀਬ ਦਸ ਸਾਲ ਮਗਰੋਂ ਇਹ ਮੁੜ ਰਾਜਨੀਤੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗਾ। ਆਪਣੇ ਘਰਦਿਆਂ ਦੀ ਜ਼ੋਰਦਾਰ ਮੁਕਾਲਫ਼ਤ ਦੇ ਬਾਵਜੂਦ ਇਸ ਨੇ ਬੰਬਈ ਦੇ ਇਕ ਲੱਖਪਤੀ ਪਾਰਸੀ ਦੀ ਧੀ ਰਤਨਬਾਈ ਨਾਲ ਵਿਆਹ ਕਰਵਾਇਆ ਪਰ ਇਸ ਦਾ ਵਿਆਹੁਤਾ ਜੀਵਨ ਖ਼ੁਸ਼ਹਾਲ ਸਿੱਧ ਨਾ ਹੋਇਆ।

ਸੰਨ 1906 ਵਿਚ ਇਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਲਕੱਤਾ ਸੈਸ਼ਨ ਵਿਚ ਭਾਗ ਲਿਆ ਅਤੇ ਇਸ ਨਾਲ ਇਹ ਰਾਜਨੀਤੀ ਵਿਚ ਸਿੱਧੇ ਤੌਰ ਤੇ ਸ਼ੁਮਾਰ ਹੋ ਗਿਆ। ਚਾਰ ਸਾਲ ਮਗਰੋਂ ਇਹ 'ਇੰਪੀਰੀਅਲ ਲੈਜਿਸਲੇਟਿਵ ਕਾਂਸਲ' ਦਾ ਮੈਂਬਰ ਚੁਣਿਆ ਗਿਆ। ਇਹ ਇਸ ਦੇ ਲੰਬੇ ਅਤੇ ਸ਼ਾਨਦਾਰ ਪਾਰਲੀਮਾਨੀ ਜੀਵਨ ਦੀ ਸ਼ੁਰੂਆਤ ਸੀ। ਬੰਬਈ ਵਿਚ ਇਸ ਦੀ ਜਾਣ-ਪਛਾਣ ਗੋਪਾਲ ਕਿਸ਼ਨ ਗੋਖਲੇ ਨਾਲ ਹੋਈ ਅਤੇ ਉਸ ਦੇ ਵਿਚਾਰਾਂ ਤੋਂ ਇਹ ਕਾਫ਼ੀ ਪ੍ਰਭਾਵਿਤ ਹੋਇਆ। ਜਿਨਾਹ ਬਰਤਾਨਵੀ ਰਾਜਨੀਤਿਕ ਸੰਸਥਾਵਾਂ ਦਾ ਪ੍ਰਸ਼ੰਸਕ ਸੀ। ਇਹ ਅੰਤਰ-ਰਾਸ਼ਟਰੀ ਭਾਈਚਾਰੇ ਵਿਚ ਭਾਵੇਂ ਭਾਰਤ ਦੀ ਅਹਿਮੀਅਤ ਵਧਾਉਣੀ ਚਾਹੁੰਦਾ ਸੀ ਅਤੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਰਹਿੰਦੇ ਲੋਕਾਂ ਵਿਚ ਆਪਸੀ ਭਾਈਚਾਰਾ ਕਾਇਮ ਕਰਨ ਦੇ ਹੱਕ ਵਿਚ ਸੀ ਪਰ ਫਿਰ ਵੀ ਇਹ ਮੁਸਲਮਾਨਾਂ ਦੇ ਹਿੱਤਾਂ ਪ੍ਰਤੀ ਵਧੇਰੇ ਸੁਚੇਤ ਸੀ ਅਤੇ ਉਨ੍ਹਾਂ ਨੂੰ ਸਦਾ ਪਹਿਲ ਦਿੰਦਾ ਸੀ।

ਵੀਹਵੀਂ ਸਦੀ ਦੇ ਆਰੰਭ ਵਿਚ ਮੁਸਲਮਾਨਾਂ ਵਿਚ ਇਹ ਧਾਰਣਾ ਜ਼ੋਰ ਫੜ ਗਈ ਕਿ ਭਾਰਤੀ ਰਾਸ਼ਟਰ ਹਿੰਦੂ ਪੱਖੀ ਹੈ ਅਤੇ ਉਨ੍ਹਾਂ ਦੇ ਹਿੱਤ ਆਪਣੀ ਵੱਖਰੀ ਹੋਂਦ ਕਾਇਮ ਕਰਕੇ ਹੀ ਸੁਰੱਖਿਅਤ ਰਹਿ ਸਕਦੇ ਹਨ। ਇਸ ਲਈ 1906 ਵਿਚ ਆਲ ਇੰਡੀਆ ਮੁਸਲਿਮ ਲੀਗ ਦੀ ਸਥਾਪਨਾ ਹੋਈ। ਪਹਿਲੇ ਕੁਝ ਸਾਲ ਜਿਨਾਹ ਇਸ ਵਿਚ ਸ਼ਾਮਲ ਨਾ ਹੋਇਆ। ਸੰਨ 1913 ਵਿਚ ਇਹ ਇਸ ਲੀਗ ਦਾ ਮੈਂਬਰ ਬਣ ਗਿਆ। ਇੰਡੀਅਨ ਹੋਮ ਰੂਲ ਲੀਗ ਦੀ ਸਥਾਪਨਾ ਹੋਣ ਤੇ ਇਹ ਬੰਬਈ ਵਿਖੇ ਇਸ ਦਾ ਪ੍ਰਮੁੱਖ ਪ੍ਰਬੰਧਕ ਅਤੇ ਇਸ ਦੀ ਬੰਬਈ ਸ਼ਾਖਾ ਦਾ ਪ੍ਰਧਾਨ ਚੁਣਿਆ ਗਿਆ।

ਜਿਨਾਹ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਰਾਜਨੀਤਿਕ ਭਾਈਚਾਰਾ ਕਾਇਮ ਰੱਖਣ ਦੇ ਜ਼ੋਰਦਾਰ ਜਤਨ ਕੀਤੇ। ਇਸ ਨੂੰ ਵੇਖਦੇ ਹੋਏ ਗੋਖਲੇ ਨੇ ਇਸ ਨੂੰ 'ਹਿੰਦੂ ਮੁਸਲਿਮ ਏਕਤਾ ਦਾ ਬਿਹਤਰੀਨ ਪ੍ਰਤਿਨਿਧ' ਦਾ ਖ਼ਿਤਾਬ ਦਿੱਤਾ। ਸੰਨ 1915 ਵਿਚ ਬੰਬਈ ਵਿਖੇ ਅਤੇ 1916 ਵਿਚ ਲਖਨਊ ਵਿਖੇ ਦੋਹਾਂ ਸੰਗਠਨਾਂ ਨੇ ਆਪਣੀਆਂ ਸਾਂਝੀਆਂ ਬੈਠਕਾਂ ਕੀਤੀਆਂ ਅਤੇ 'ਲਖਨਊ ਪੈਕਟ' ਨੂੰ ਨੇਪਰੇ ਚਾੜ੍ਹਿਆ ਜਿਸ ਦੀ ਮੁੱਖ ਮੰਗ ਬਰਤਾਨਵੀ ਸਰਕਾਰ ਤੋਂ ਸੰਵਿਧਾਨਕ ਸੁਧਾਰ ਲਾਗੂ ਕਰਵਾਉਣਾ ਸੀ। ਇਸ ਦੇ ਨਾਲ ਹੀ ਮੁਸਲਮਾਨਾਂ ਨੇ ਵੱਖਰੇ ਚੋਣਕਾਰ ਹੋਂਦ ਦੀ ਸਹੂਲਤ ਵੀ ਲੈ ਲਈ। ਹੋਮ ਰੂਲ ਲੀਗ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੋਵੇਂ ਹੀ ਗਾਂਧੀ ਦੇ ਪ੍ਰਭਾਵ ਹੇਠ ਸਨ। ਗਾਂਧੀ ਦੇ ਅਸਹਿਯੋਗ ਅੰਦੋਲਨ ਅਤੇ ਰਾਜਨੀਤੀ ਵਿਚ ਹਿੰਦੂ ਪੱਖੀ ਵਤੀਰੇ ਕਾਰਨ ਜਿਨਾਹ ਨੇ 1920 ਵਿਚ ਲੀਗ ਅਤੇ ਕਾਂਗਰਸ ਦੋਵੇਂ ਹੀ ਛੱਡ ਦਿੱਤੇ ਅਤੇ ਆਉਣ ਵਾਲੇ ਕੁਝ ਸਾਲਾਂ ਵਿਚ ਇਸ ਨੇ ਸਰਗਰਮ ਰਾਜਨੀਤੀ ਵਿਚ ਕੋਈ ਹਿੱਸਾ ਨਾ ਲਿਆ ਪਰ ਇਸ ਸਮੇਂ ਦੌਰਾਨ ਵੀ ਇਹ ਹਿੰਦੂ ਮੁਸਲਿਮ ਏਕਤਾ ਦਾ ਪੱਕਾ ਹਾਮੀ ਸੀ ਅਤੇ ਸੰਵਿਧਾਨਕ ਢੰਗਾਂ ਰਾਹੀਂ ਆਪਣੇ ਰਾਜਨੀਤਿਕ ਟੀਚਿਆਂ ਦੀ ਪੂਰਤੀ ਕਰਨੀ ਚਾਹੁੰਦਾ ਸੀ। ਕਾਂਗਰਸ ਨੂੰ ਛੱਡਣ ਮਗਰੋਂ ਇਸ ਨੇ ਮੁਸਲਿਮ ਲੀਗ ਨੂੰ ਆਪਣੇ ਵਿਚਾਰਾਂ ਦੇ ਪ੍ਰਚਾਰ ਕਰਨ ਲਈ ਚੁਣਿਆ। ਸੰਨ 1920 ਦੇ ਦਹਾਕੇ ਵਿਚ ਕਾਂਗਰਸ ਅਤੇ ਮੁਸਲਿਮ ਖਿਲਾਫ਼ਤ ਕਮੇਟੀ ਜਿਨਾਹ ਅਤੇ ਲੀਗ ਉੱਪਰ ਭਾਰੂ ਰਹੇ।

ਅਸਹਿਯੋਗ ਅੰਦੋਲਨ ਦੀ ਅਸਫ਼ਲਤਾ ਅਤੇ ਹਿੰਦੂ ਪੁਨਰ ਸੁਰਜੀਤੀਵਾਦੀ ਅੰਦੋਲਨਾਂ ਦੇ ਸ਼ੁਰੂ ਹੋਣ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਧਾਰਮਿਕ ਕੱਟੜਤਾ ਵਧੀ ਅਤੇ ਧਰਮ ਦੇ ਨਾਂ ਤੇ ਫ਼ਸਾਦ ਹੋਣੇ ਸ਼ੁਰੂ ਹੋ ਗਏ। ਸਿੱਟੇ ਵਜੋਂ ਲੀਗ ਕਾਂਗਰਸ ਨਾਲੋਂ ਪੂਰੀ ਤਰ੍ਹਾਂ ਅਲਹਿਦਾ ਹੋ ਗਈ। ਜਿਨਾਹ ਲੀਗ ਨੂੰ ਇਕ ਸ਼ਾਨਦਾਰ ਰਾਜਨੀਤਿਕ ਸੰਗਠਨ ਬਣਾਉਣ ਅਤੇ ਭਾਰਤ ਦੇ ਹਿੱਤ ਲਈ ਕੰਮ ਕਰ ਰਹੇ ਦੂਜੇ ਅਦਾਰਿਆਂ ਨਾਲ ਸਾਂਝ ਕਾਇਮ ਕਰਨ ਵਿਚ ਜਤਨਸ਼ੀਲ ਰਿਹਾ।

ਸੰਨ 1930-32 ਵਿਚ ਲੰਡਨ ਵਿਖੇ ਹੋਣ ਵਾਲੀ ਗੋਲ ਮੇਜ਼ ਕਾਨਫ਼ਰੰਸ ਵਿਚ ਇਸ ਨੇ ਸੰਘੀ ਸਰਕਾਰ ਦੀ ਸਥਾਪਨਾ, ਘੱਟ ਗਿਣਤੀ ਲਈ ਵਧੇਰੇ ਹੱਕ, ਕੇਂਦਰੀ ਵਿਧਾਨ ਸਭਾ ਵਿਚ ਮੁਸਲਮਾਨਾਂ ਦੀ 1/3 ਨੁਮਾਇੰਦਗੀ, ਬੰਬਈ ਪਰਾਵਿੰਸ ਨਾਲੋਂ ਮੁਸਲਿਮ ਸਿੰਧੀ ਖੇਤਰ ਦੀ ਅਲਹਿਦਗੀ ਅਤੇ ਉੱਤਰ ਪੱਛਮ ਸਰਹਦੀ ਸੂਬੇ ਵਿਚ ਸੁਧਾਰ ਲਿਆਉਣ ਵਰਗੀਆਂ 14 ਮੰਗਾਂ ਕੀਤੀਆਂ ਪਰ ਇਸ ਵਿਚ ਇਨ੍ਹਾਂ ਨੂੰ ਸਫ਼ਲਤਾ ਹਾਸਲ ਨਾ ਹੋਈ ਅਤੇ ਇਸ ਅਸਫ਼ਲਤਾ ਨੇ ਇਸ ਦੀ ਸਥਿਤੀ ਨੂੰ ਕਾਫ਼ੀ ਡਾਂਵਾਡੋਲ ਕੀਤਾ। ਮੁਸਲਮਾਨਾਂ ਨੂੰ ਇਸ ਦੇ ਵਧੇਰੇ ਰਾਸ਼ਟਰਵਾਦੀ ਰਵੱਈਏ ਕਾਰਨ ਆਪਣੇ ਹੱਕ ਅਸੁਰੱਖਿਅਤ ਜਾਪੇ ਅਤੇ ਦੂਜੇ ਪਾਸੇ ਇੰਡੀਅਨ ਨੈਸ਼ਨਲ ਕਾਂਗਰਸ ਵਾਲੇ ਇਸ ਦੇ ਲੀਗ ਪੱਖੀ ਵਿਚਾਰਾਂ ਕਾਰਨ ਸਹਿਮਤ ਨਹੀਂ ਸਨ। ਪੰਜਾਬ ਮੁਸਲਿਮ ਲੀਗ ਇਸ ਦੀ ਨੁਮਾਇੰਦਗੀ ਨੂੰ ਅਸਵੀਕਾਰ ਕਰਦੀ ਹੋਈ ਵੱਖਰੀ ਹੋ ਗਈ। ਇਸ ਨਿਰਾਸ਼ਾ ਭਰੇ ਦੌਰ ਵਿਚ 1930 ਵਿਚ ਜਿਨਾਹ ਭਾਰਤ ਛੱਡ ਕੇ ਇੰਗਲੈਂਡ ਚਲਾ ਗਿਆ ਅਤੇ ਉਥੇ ਇਹ 1935 ਤੀਕ ਰਿਹਾ। ਇਸ ਦੌਰਾਨ ਇਸਨੇ ਪ੍ਰੀਵੀ ਕਾਂਸਲ ਵਿਚ ਵਕਾਲਤ ਕਰਨ ਦੀ ਤਿਆਰੀ ਕੀਤੀ। ਜਦੋਂ ਭਾਰਤ ਵਿਚ ਸੰਵਿਧਾਨਕ ਤਬਦੀਲੀਆਂ ਆਉਣ ਦਾ ਮਾਹੌਲ ਬਣਿਆ ਤਾਂ ਇਹ ਭਾਰਤ ਵਾਪਸ ਪਰਤ ਆਇਆ।

ਸੰਨ 1935 ਦੇ ਐਕਟ ਅਨੁਸਾਰ ਇਥੇ ਚੋਣਾਂ ਦੀ ਤਿਆਰੀ ਸ਼ੁਰੂ ਹੋਈ। ਜਿਨਾਹ ਹਾਲੇ ਵੀ ਲੀਗ ਅਤੇ ਕਾਂਗਰਸ ਦੇ ਆਪਸੀ ਭੇਦਭਾਵ ਖ਼ਤਮ ਕਰਕੇ ਸਾਂਝਿਆਂ ਚੋਣਾਂ ਲੜਨ ਦੇ ਹੱਕ ਵਿਚ ਸੀ ਤਾਂ ਕਿ ਪ੍ਰਾਂਤਾਂ ਵਿਚ ਸਾਂਝੀ ਸਰਕਾਰ ਬਣ ਸਕੇ। ਸੰਨ 1937 ਦੀਆਂ ਚੋਣਾਂ ਦੋਹਾਂ ਸੰਗਠਨਾਂ ਲਈ ਫ਼ੈਸਲਾਕੁਨ ਸਿੱਧ ਹੋਈਆਂ। ਛੇ ਪ੍ਰਾਂਤਾਂ ਵਿਚ ਕਾਂਗਰਸ ਨੂੰ ਬਹੁਮਤ ਹਾਸਲ ਹੋਇਆ ਪਰ ਲੀਗ ਨੂੰ ਸਫ਼ਲਤਾ ਹਾਸਲ ਨਾ ਹੋਈ। ਕਾਂਗਰਸ ਨੇ ਪ੍ਰਾਂਤਕ ਸਰਕਾਰ ਵਿਚ ਲੀਗ ਨੂੰ ਨਾ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਅਤੇ ਕਾਂਗਰਸ ਨੇ ਆਪਣੀ ਸਰਕਾਰ ਹੀ ਬਣਾਈ। ਸਿੱਟੇ ਵਜੋਂ ਹਿੰਦੂ ਮੁਸਲਿਮ ਸਬੰਧ ਹੋਰ ਵੀ ਵਿਗੜ ਗਏ ਅਤੇ ਮੁਸਲਮਾਨਾਂ ਵਿਚ ਅਸੰਤੁਸ਼ਟੀ ਕਾਫ਼ੀ ਵਧ ਗਈ।

ਇਸ ਸਮੇਂ ਜਿਨਾਹ ਨਵੇਂ ਕਾਇਮ ਹੁੰਦੇ ਮੁਸਲਮਾਨ ਦੇਸ਼ ਦਾ ਨੇਤਾ ਬਣ ਕੇ ਸਾਹਮਣੇ ਆਇਆ। 22 ਦਸੰਬਰ, 1939 ਨੂੰ ਪ੍ਰਾਂਤਕ ਕਾਂਗਰਸ ਸਰਕਾਰਾਂ ਦੇ ਤਿਆਗ ਪੱਤਰ ਦੇਣ ਤੇ ਜਿਨਾਹ ਨੇ ਮੁਸਲਮਾਨਾਂ ਨੂੰ ਇਹ ਦਿਨ 'ਮੁਕਤੀ ਦਿਵਸ' (Day of Delinerance) ਵਜੋਂ ਮਨਾਉਣ ਦਾ ਸੱਦਾ ਦਿੱਤਾ। ਤਿੰਨ ਮਹੀਨੇ ਮਗਰੋਂ 22-23 ਮਾਰਚ, 1940 ਨੂੰ ਲੀਗ ਨੇ ਲਾਹੌਰ ਵਿਖੇ ਸਿੰਧ, ਉੱਤਰ ਪੱਛਮੀ ਸਰਹੱਦੀ ਸੂਬਾ, ਪੰਜਾਬ ਅਤੇ ਬੰਗਾਲ

ਨੂੰ ਮਿਲਾ ਕੇ ਇਕ ਅਲੱਗ ਮੁਸਲਿਮ ਦੇਸ਼ ਬਣਾਉਣ ਦਾ ਮਤਾ ਪਾਸ ਕੀਤਾ। ਕਾਂਗਰਸ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਕਾਂਗਰਸੀ ਨੇਤਾਵਾਂ ਵਲੋਂ ਜਿਨਾਹ ਨੂੰ ਭਾਰਤ ਵਿਚ ਰਹਿਣ ਬਦਲੇ ਉੱਚੇ ਅਹੁਦਿਆਂ ਦੀ ਪੇਸ਼ਕਸ਼ ਵੀ ਕੀਤੀ ਗਈ ਪਰ ਜਿਨਾਹ ਨੂੰ ਮੁਸਲਮਾਨਾਂ ਦਾ ਭਵਿੱਖ ਫਿਰ ਵੀ ਸੁਰੱਖਿਅਤ ਨਹੀਂ ਸੀ ਜਾਪਦਾ ਅਤੇ ਉਸ ਨੇ ਭਾਰਤ ਤੋਂ ਵੱਖ ਹੋਣਾ ਹੀ ਬੇਹਤਰ ਸਮਝਿਆ। ਚੋਣਾਂ ਵਿਚ ਕੇਂਦਰੀ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਵਿਚ ਸਾਰੀਆਂ ਮੁਸਲਿਮ ਸੀਟਾਂ ਲੀਗ ਨੂੰ ਮਿਲੀਆਂ। ਜਿਨਾਹ ਨੇ ਆਪਣੇ ਅੰਦੋਲਨ ਦੀ ਇਸ ਖ਼ੂਬੀ ਨਾਲ ਨੁਮਾਇੰਦਗੀ ਕੀਤੀ ਕਿ ਅੰਤ ਵਿਚ ਕਾਂਗਰਸ ਅਤੇ ਬਰਤਾਨਵੀ ਸਰਕਾਰ ਨੂੰ ਇਸ ਦੇ ਫ਼ੈਸਲੇ ਨਾਲ ਸਹਿਮਤ ਹੋ ਕੇ ਭਾਰਤ ਦੀ ਵੰਡ ਦਾ ਨਿਸ਼ਚਾ ਕਰਨਾ ਪਿਆ।

14 ਅਗਸਤ, 1947 ਨੂੰ ਪਾਕਿਸਤਾਨ ਇਕ ਵੱਖਰਾ ਦੇਸ਼ ਬਣਿਆ ਅਤੇ ਜਿਨਾਹ ਇਸ ਦੇਸ਼ ਦਾ ਪਹਿਲਾ ਮੁਖੀ ਅਤੇ ਗਵਰਨਰ ਜਨਰਲ ਬਣਿਆ। ਇਸ ਨੇ ਪਾਕਿਸਤਾਨ ਦੀਆਂ ਦਰਪੇਸ਼ ਮੁਸ਼ਕਿਲਾਂ ਨੂੰ ਬੜੀ ਸਿਆਣਪ ਨਾਲ ਨਜਿੱਠਿਆ। ਸਾਰੀ ਮੁਸਲਿਮ ਕੌਮ ਨੂੰ ਇਸ ਤੇ ਬੜਾ ਫ਼ਖ਼ਰ ਸੀ ਅਤੇ ਇਸ ਨੂੰ 'ਰਾਸ਼ਟਰ ਪਿਤਾ' ਦਾ ਮਾਣ ਹਾਸਲ ਸੀ।

11 ਸਤੰਬਰ, 1948 ਨੂੰ ਕਰਾਚੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 6 : 554; ਐਨ ਅਮੇ. 16 : 94

**ਜ਼ਿਨਾਵਯੈੱਫ, ਗ੍ਰਿਗੋਰੀ ਐਵਸੀਵਿਚ** : ਰੂਸ ਦੇ ਇਸ ਨਾਮਵਰ ਇਨਕਲਾਬੀ ਨੇਤਾ ਦਾ ਜਨਮ ਸਤੰਬਰ 1883 ਨੂੰ ਯੂਕਰੇਨ ਵਿਚ ਕ੍ਰਿਵੋਗ੍ਰਾਦ ਵਿਖੇ ਹੋਇਆ। ਸੰਨ 1901 ਵਿਚ ਇਹ ਇਕ ਖ਼ੁਫ਼ੀਆ ਕਿਰਤੀ ਲਹਿਰ ਵਿਚ ਸ਼ਾਮਲ ਹੋਇਆ। ਸੰਨ 1903 ਵਿਚ ਇਸ ਨੇ ਰੂਸੀਅਨ ਸੋਸ਼ਲਿਸਟ ਡੈਮੋਕ੍ਰੇਟਿਕ ਪਾਰਟੀ ਦੇ ਬਾਲਸ਼ਵਿਕ ਵਿੰਗ ਨੂੰ ਜਥੇਬੰਦ ਕਰਨ ਵਿਚ ਲੈਨਿਨ ਦਾ ਸਾਥ ਦਿਤਾ। ਸੰਨ 1908 ਵਿਚ ਇਸ ਨੂੰ ਰੂਸ ਛੱਡਣਾ ਪਿਆ। ਬਾਹਰ ਜਾ ਕੇ ਵੀ ਇਸ ਨੇ ਲੈਨਿਨ ਦੇ ਇਕ ਨਜ਼ਦੀਕੀ ਸਾਥੀ ਵਜੋਂ ਕੰਮ ਕੀਤਾ। ਸੰਨ 1917 ਵਿਚ ਇਹ ਲੈਨਿਨ ਦੇ ਨਾਲ ਹੀ ਰੂਸ ਵਾਪਸ ਆ ਗਿਆ ਜਦੋਂ ਕਿ ਜ਼ਾਰ ਦੀ ਹਕੂਮਤ ਡਾਵਾਂ ਡੋਲ ਹੋਣੀ ਸ਼ੁਰੂ ਹੋ ਗਈ ਸੀ। ਸੰਨ 1918 ਵਿਚ ਜ਼ਿਨਾਵਯੈੱਫ ਪੀਟਰੋਗ੍ਰਾਦ (ਮਗਰੋਂ ਲੈਨਿਨ ਗ੍ਰਾਦ) ਸੋਵੀਅਤ ਦਾ ਪ੍ਰੈਜ਼ੀਡੈਂਟ ਅਤੇ ਪਾਰਟੀ ਦੀ ਪੋਲਿਟ ਬਿਊਰੋ ਦਾ ਮੈਂਬਰ ਬਣਿਆ। ਸੰਨ 1919 ਵਿਚ ਇਹ ਕਮਿਊਨਿਸਟ ਇੰਟਰਨੈਸ਼ਨਲ ਦਾ ਚੇਅਰਮੈਨ ਬਣਿਆ। ਪਾਰਟੀ ਦੀਆਂ ਅੰਦਰੂਨੀ ਲੜਾਈਆਂ ਵਿਚ ਇਹ 1924 ਵਿਚ ਟ੍ਰਾਟਸਕੀ ਵਿਰੁੱਧ ਵੀ ਬਹੁਤ ਸਰਗਰਮ ਸੀ। ਇਹ "ਜ਼ਿਨਾਵਯੈੱਫ ਚਿੱਠੀ" ਜਿਸ ਵਿਚ ਇਸਨੇ ਬਰਤਾਨੀਆ ਵਿਚ ਇਨਕਲਾਬ ਖੜ੍ਹਾ ਕਰਨ ਦੀ ਆਵਾਜ਼ ਦਿੱਤੀ ਸੀ, ਕਾਰਨ ਬਰਤਾਨੀਆ ਵਿਚ ਮਸ਼ਹੂਰ ਹੋ ਗਿਆ ਸੀ ਅਤੇ 1924 ਦੀਆਂ ਉਥੋਂ ਦੀਆਂ ਚੋਣ ਮੁਹਿੰਮਾਂ ਵਿਚ ਇਸ ਚਿੱਠੀ ਦਾ ਬਹੁਤ ਜ਼ਿਕਰ ਹੁੰਦਾ ਰਿਹਾ। ਸੰਨ 1926 ਵਿਚ ਇਸ ਨੇ ਕੈਮਲੈਫ ਨਾਲ ਰਲਕੇ ਲਿਓਨ ਟ੍ਰਾਟਸਕੀ ਦਾ ਸਾਥ ਦਿਤਾ ਅਤੇ ਸਟਾਲਿਨ ਦੀ ਵਿਰੋਧਤਾ ਕੀਤੀ। ਸੰਨ 1926-27 ਵਿਚ ਇਸ ਨੂੰ ਇਸ ਦੇ ਸਾਰਿਆਂ ਅਹੁਦਿਆਂ ਤੋਂ ਹਟਾ ਦਿਤਾ ਗਿਆ ਅਤੇ ਕਮਿਊਨਿਸਟ ਪਾਰਟੀ ਵਿਚੋਂ ਕੱਢ ਦਿਤਾ ਗਿਆ। ਪਾਰਟੀ ਵਿਚ ਤਾਂ ਭਾਵੇਂ ਇਸ ਨੂੰ ਫਿਰ ਲੈ ਲਿਆ ਗਿਆ ਪਰ ਇਸ ਨੂੰ ਪਹਿਲਾਂ ਵਾਲਾ ਮਾਣ ਕੰਦੇ ਵੀ ਨਾ ਮਿਲ ਸਕਿਆ। ਇਸ ਨੂੰ 1932 ਅਤੇ 1934 ਵਿਚ ਦੋ ਵਾਰ ਫਿਰ ਪਾਰਟੀ ਵਿਚੋਂ ਕੱਢਿਆ ਗਿਆ। ਸੰਨ 1935 ਵਿਚ ਇਸ ਨੂੰ ਸਰਗਈ ਮਿਰੱਕੋ ਵਿਚ ਕਿਰੋਵ ਦੇ ਕਤਲ ਵਿਚ ਫਸਾ ਲਿਆ ਗਿਆ ਅਤੇ ਗੁਪਤ ਰੂਪ ਵਿਚ ਮੁਕੱਦਮਾ ਚਲਾ ਕੇ 10 ਸਾਲਾਂ ਦੀ ਸਜ਼ਾ ਦਿਤੀ ਗਈ। ਸੰਨ 1936 ਵਿਚ ਹੋਰਨਾਂ ਲੀਡਰਾਂ ਦੇ ਨਾਲ ਹੀ ਬਦੇਸ਼ੀ ਤਾਕਤਾਂ ਨਾਲ ਰਲਕੇ ਸਟਾਲਿਨ ਵਿਰੁਧ ਸਾਜ਼ਸ਼ ਤਿਆਰ ਕਰਨ ਦੇ ਦੋਸ਼ ਵਿਚ ਇਸ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 25 ਅਗਸਤ 1936 ਨੂੰ ਇਸ ਨੂੰ ਫ਼ਾਂਸੀ ਲਾ ਦਿਤਾ ਗਿਆ।

ਹ. ਪੁ. -ਚੈਂਬ. ਐਨ. 14: 806; ਐਨ. ਐਮ. 29: 782; ਐਨ. ਬ੍ਰਿ. ਮਾ. 10: 885

**ਜਿਨੇਸ਼ਵਰ ਸੂਰੀ** : ਇਹ ਚੰਦਰਕੁਲ ਦੇ ਵਰਧਮਾਨ ਸੂਰੀ ਦਾ ਪ੍ਰਤਿਭਾਸ਼ਾਲੀ ਚੇਲਾ ਸੀ। ਇਹ ਖਰਤਰ ਮੱਛ ਦਾ ਸੰਸਥਾਪਕ ਸੀ। ਜੈਨ ਆਗਮ ਗ੍ਰੰਥਾਂ ਦੇ ਟੀਕਾਕਾਰ ਅਤੇ ਦੇਵ ਸੂਰੀ, ਸੁਰ ਸੁੰਦਰੀ ਕਥਾ ਦੇ ਕਰਤਾ ਧਨੇਸ਼ਵਰ ਸੂਰੀ ਅਤੇ ਮਹਾਂਵੀਰ ਚਰਿਤ੍ਰ ਦੇ ਕਰਤਾ ਗੁਣਚੰਦਰਗਣਿ ਜਿਨੇਸ਼ਵਰ ਸੂਰੀ ਦੇ ਚੇਲੇ ਪੜਚੇਲਿਆਂ ਵਿਚ ਗਿਣੇ ਜਾਂਦੇ ਹਨ। 745 ਈ. (ਬਿ. ਸੰ. 802) ਵਿਚ ਅਗਹਿੱਲਪੁਰ ਪਾਟਣ ਦੇ ਰਾਜ ਵਨਰਾਜ ਚਾਵੜਾ ਦੇ ਗੁਰੂ ਸੀਲਗੁਣ ਸੂਰੀ ਨੇ ਇਹ ਰਾਜ ਆਗਿਆ ਜਾਰੀ ਕਰਵਾ ਦਿਤੀ ਸੀ ਕਿ ਪਾਟਣ ਵਿਚ ਚੈਤਿਆਵਾਸੀ ਸਾਧੂਆਂ ਨੂੰ ਛੱਡ ਕੇ ਦੂਜੇ ਬਨਵਾਸੀ ਸਾਧੂ ਪ੍ਰਵੇਸ਼ ਨਾ ਕਰਨ। ਅੱਗੇ ਚਲ ਕੇ ਬਿ. ਸੰ. 1074 ਵਿਚ ਜਿਨੇਸ਼ਵਰ ਸੂਰੀ ਅਤੇ ਬੁਧੀਸਾਗਰ ਨਾਂ ਦੇ ਵਿਧੀਮਾਰਗੀ ਵਿਦਵਾਨਾਂ ਨੇ ਚੋਲੂਕੀਆ ਰਾਜ ਦੁਰਲਭ ਦੇਣ ਦੀ ਸਭਾ ਵਿਚ ਚੈਤਿਆ ਵਾਸੀਆਂ ਨੂੰ ਸ਼ਾਸਤਰਾਰਥ ਵਿਚ ਹਰਾ ਕੇ ਇਸ ਆਗਿਆ ਨੂੰ ਰੱਦ ਕਰ ਦਿਤਾ। ਚੈਤਿਆਵਾਸੀ ਆਲਸੀ ਹੋਣ ਕਾਰਨ ਅਕਸਰ ਚੈਤਿਆ (ਮੰਦਰਾਂ) ਵਿਚ ਹੀ ਰਹਿੰਦੇ, ਉਥੇ ਹੀ ਖਾਣਾ ਖਾਂਦੇ ਅਤੇ ਉਥੇ ਹੀ ਉਪਦੇਸ਼ ਦਿੰਦੇ ਸਨ। ਚੈਤਿਆ ਹੀ ਇਕ ਤਰ੍ਹਾਂ ਨਾਲ ਉਨ੍ਹਾਂ ਦੇ ਮੱਠ ਜਾਂ ਨਿਵਾਸ ਅਸਥਾਨ ਬਣ ਗਏ ਸਨ। ਇਸੇ ਲਈ ਇਨ੍ਹਾਂ ਨੂੰ ਚੈਤਿਆਵਾਸੀ ਕਿਹਾ ਜਾਂਦਾ ਸੀ। ਹਰੀਭਦ੍ਰ ਸੂਰੀ ਨੇ ਸੰਬੋਧਕਰਣ ਵਿਚ ਚੈਤਿਆਵਾਸੀਆਂ ਨੂੰ ਸਾਧੂ ਦਸਦੇ ਹੋਏ ਕਿਹਾ ਹੈ ਕਿ ਇਹ ਦੇਵ ਦ੍ਰਵ ਦੀ ਵਰਤੋਂ ਕਰਦੇ ਹਨ, ਜਿਨ ਮੰਦਰ ਬਣਾਉਂਦੇ ਹਨ, ਰੰਗ ਬਰੰਗੇ ਸੁਗੰਧਤ ਕੱਪੜੇ ਪਹਿਨਦੇ ਹਨ, ਬੇਲਗਾਮੇ ਸ਼ਬਦਾਂ ਵਾਂਗ ਔਰਤਾਂ ਅੱਗੇ ਗਾਉਂਦੇ ਹਨ, ਮਹੂਰਤ ਕਢਦੇ ਹਨ, ਭਭੂਤੀ ਦਿੰਦੇ ਹਨ, ਸਾਰੀ ਰਾਤ ਸੌਂਦੇ ਹਨ। ਵਪਾਰ ਕਰਦੇ ਹਨ, ਚੇਲਾ ਬਣਾਉਣ ਲਈ ਛੋਟੇ ਬੱਚੇ ਨੂੰ ਖਰੀਦਦੇ ਹਨ, ਭੋਲੇ ਲੋਕਾਂ ਨੂੰ ਠਗਦੇ ਹਨ ਅਤੇ ਜਿਨ ਮੂਰਤੀਆਂ ਆਦਿ ਨੂੰ ਵੇਚਦੇ ਖਰੀਦਦੇ ਹਨ। ਸ਼ਵੇਤਾਂਬਰਾਂ ਵਿਚ ਅੱਜਕੱਲ੍ਹ ਜੋ 'ਜਤੀ ਜਾਂ ਸ੍ਰੀ ਪੂਜ' ਅਖਵਾਉਂਦੇ ਹਨ, ਇਨ੍ਹਾਂ ਹੀ ਚੈਤਿਆ ਵਾਸੀਆਂ ਜਾਂ ਮੱਠਵਾਸੀਆਂ ਦੇ ਅਤੇ ਜਿਨ੍ਹਾਂ ਨੂੰ 'ਸੰਵੇਗੀ' ਆਖਿਆ ਜਾਂਦਾ ਹੈ ਉਹ ਬਨਵਾਸੀਆਂ ਦੇ ਬਾਕੀ ਬਚੇ ਲੋਕ ਹਨ। ਸੰਵੇਗੀ ਆਪਣੇ ਆਪ ਨੂੰ ਵਿਧੀਮਾਰਗ ਦੇ ਪੈਰੋਕਾਰ ਦਸਦੇ ਹਨ। ਜਿਨੇਸ਼ਵਰ ਸੂਰੀ ਦੇ ਗੁਰੂ ਵਰਧਮਾਨ ਸੂਰੀ ਪਹਿਲਾਂ ਆਪ ਚੈਤਿਆਵਾਸੀ ਜਾਤੀਆਂ ਦੇ ਪ੍ਰਮੁੱਖ ਅਚਾਰੀਆ ਸੀ।

ਜਿਨੇਸ਼ਵਰ ਸੂਰੀ ਨੇ ਦੂਰ ਦੂਰ ਤੱਕ ਯਾਤਰਾ ਕੀਤੀ ਅਤੇ ਗੁਜਰਾਤ, ਮਾਲਵਾ ਅਤੇ ਰਾਜਸਥਾਨ ਇਸ ਦੀਆਂ ਯਾਤਰਾਵਾਂ ਦੇ ਕੇਂਦਰ ਬਣ ਗਏ। ਇਸ ਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿਚ ਅਨੇਕ ਮਹੱਤਵਪੂਰਨ ਗ੍ਰੰਥ ਲਿਖੇ ਹਨ, ਜਿਨ੍ਹਾਂ ਵਿਚ ਹਰਿਭਦ੍ਰਅਸ਼ਟਕ ਦਾ ਟੀਕਾ, ਪ੍ਰਅਲਕਸ਼ਣ, ਪੰਚ ਲਿੰਗੀ ਪ੍ਰਕਰਣ, ਵੀਰ ਚਰਿਤ੍ਰ, ਕਥਾਕੋਸ਼ ਪ੍ਰਕਰਣ, ਨਿਵਾਰਵ ਲੀਲਾਵਤੀ ਕਥਾ ਆਦਿ ਮੁੱਖ ਹਨ। ਕਥਾਕੋਸ਼ ਪ੍ਰਕਰਣ ਪ੍ਰਾਕ੍ਰਿਤ ਕਥਾਵਾਂ ਦਾ ਸੁੰਦਰ ਗ੍ਰੰਥ ਹੈ। ਇਹ 1052 ਵਿਚ ਲਿਖਿਆ ਗਿਆ ਸੀ।

ਹ. ਪੁ. -ਹਿੰ. ਵਿ. ਕੋ. 4: 494

**ਜਿਪਸਮ** : ਇਹ ਸਾਧਾਰਣ ਖਣਿਜ ਕੈਲਸੀਅਮ ਸਲਫ਼ੇਟ ਡਾਈਹਾਈਡ੍ਰੇਟ, $CaSO_4 2H_2O$ ਦਾ ਬਣਿਆ ਹੁੰਦਾ ਹੈ ਅਤੇ ਇਹ ਨਾਂ ਯੂਨਾਨੀ gpsos, 'ਚਾਕ' ਤੋਂ ਪਿਆ। ਪੂਰਨ ਵਿਕਸਿਤ ਰਵਿਆਂ ਦੇ ਰੂਪ ਵਿਚ ਇਸ ਖਣਿਜ ਨੂੰ selene 'ਚੰਦ' ਤੋਂ ਸੈਲੀਨਾਈਟ ਪਿਆ। ਇਸ ਦੀ ਕਠੋਰਤਾ 2 ਹੈ ਅਤੇ ਇਸ ਨੂੰ ਉਂਗਲੀ ਦੇ ਨਹੁੰ ਨਾਲ ਖੁਰਚਿਆ ਜਾ ਸਕਦਾ ਹੈ। ਵਧੇਰੇ ਜਿਪਸਮ ਰੰਗਹੀਨ ਤੋਂ ਚਿੱਟਾ ਹੁੰਦਾ ਹੈ ਪ੍ਰੰਤੂ ਅਸ਼ੁੱਧੀਆਂ ਕਾਰਨ ਇਸ ਦਾ ਰੰਗ ਗ੍ਰੇਅ, ਪੀਲਾ ਗੁਲਾਬੀ ਜਾਂ ਭੂਰਾ ਹੋ ਸਕਦਾ ਹੈ। ਇਸ ਦੀ ਵਿਸ਼ਿਸ਼ਟ ਘਣਤਾ 2.317 ਹੈ। ਇਹ ਚਿੱਟੀ ਲੀਕ ਲਾਉਂਦਾ ਹੈ ਅਤੇ ਇਸ ਦੀ ਚਮਕ ਅਲਪ ਪਾਰਦਰਸ਼ੀ ਹੁੰਦੀ ਹੈ। ਅਣਸੋਧੇ ਜਿਪਸਮ ਦੀ ਵਰਤੋਂ ਫਲਕਸੀਕਾਰਕ, ਖਾਦ, ਕਾਗਜ਼ ਅਤੇ ਕੱਪੜੇ ਬਣਾਉਣ ਵਿਚ ਫਿਲਰ ਦੇ ਤੌਰ ਤੇ ਅਤੇ ਪੋਰਟਲੈਂਡ ਸੀਮਿੰਟ ਵਿਚ ਮੰਦਕ ਦੇ ਤੌਰ ਤੇ ਕੀਤੀ ਜਾਂਦੀ ਹੈ। ਉੱਤਪਾਦਨ ਦਾ ਲਗਭਗ ਤਿੰਨ ਚੌਥਾਈ ਭਾਗ ਭਸਮ ਕਰਕੇ ਭਾਂਡੇ ਅਤੇ ਦੰਦਾਂ ਦੇ ਪਲਾਸਟਰ ਬਣਾਉਣ ਲਈ ਪਲਾਸਟਰ ਆਫ਼ ਪੈਰਿਸ ਦੇ ਤੌਰ ਤੇ ਵਰਤਿਆ ਜਾਂਦਾ ਹੈ।

ਦਾਣੇਦਾਰ ਕਿਸਮ, ਜਿਸ ਨੂੰ ਐਲਾਬਾਸਟਰ ਕਿਹਾ ਜਾਂਦਾ ਹੈ, ਦੀ ਵਰਤੋਂ ਬੁੱਤਾਂ ਅਤੇ ਉਕਰੇ ਹੋਏ ਸਜਾਵਟੀ ਗਹਿਣਿਆਂ ਵਿਚ ਕੀਤੀ ਜਾਂਦੀ ਹੈ।

ਵਧੇਰੇ ਜਿਪਸਮ ਐਨਹਾਈਡ੍ਰਾਈਟ ਚਟਾਨ ਤੇ ਖਣਿਜ ਲੂਣ ਵਰਗੇ ਵਾਸ਼ਪਸ਼ੀਲ ਖਣਿਜਾਂ, ਚੂਨਾਂ ਪੱਥਰ ਅਤੇ ਸ਼ੈਲ ਨਾਲ ਮਿਲੀਆਂ ਅਵਸਾਦੀ ਤਹਿਆਂ ਵਿਚ ਮਿਲਦਾ ਹੈ। ਹੋਰ ਖਣਿਜ ਜੋ ਇਸ ਵਿਚ ਆਮ ਮਿਲਦੇ ਹਨ, ਐਨਹਾਈਡ੍ਰਈਟ, ਕੈਲਸਾਈਟ, ਡੋਲਮਾਈਟ, ਹੈਲਾਈਟ, ਗੰਧਕ, ਬੈਰਾਈਟ, ਕੁਆਰਟਜ਼ ਅਤੇ ਮਿੱਟੀ ਆਦਿ ਹਨ। ਜਿਪਸਮ ਨੂੰ ਸਮੁੰਦਰੀ ਪਾਣੀ ਦਾ 30° ਸੈਂ. ਉੱਤੇ ਵਾਸ਼ਪੀਕਰਨ ਕਰਕੇ ਵੀ ਡਿਪਾਜ਼ਿਟ ਕੀਤਾ ਜਾਂਦਾ ਹੈ। ਜਿਪਸਮ ਦੇ ਅਸਾਧਾਰਣ ਰਵੇ ਚੂਨਾ ਪੱਥਰ ਖੇਤਰਾਂ ਵਿਚ ਕਈ ਗੁਫ਼ਾਵਾਂ ਵਿਚੋਂ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਬਹੁਤ ਜ਼ਿਆਦਾ ਵਿੰਗੇ ਟੇਢੇ ਅਤੇ ਕੁਝ ਬਹੁਤ ਹੀ ਵੱਡੇ ਆਕਾਰ ਦੇ ਹੁੰਦੇ ਹਨ। ਕੈਲਸੀਕਰਨ ਜਾਂ ਭਸਮੀਕਰਨ ਨਾਲ 120°ਸੈਂ. ਵਿਚਕਾਰ ਜਿਪਸਮ ਵਿਚੋਂ ਤਿੰਨ ਚੌਥਾਈ ਪਾਣੀ ਨਿਕਲ ਜਾਂਦਾ ਹੈ ਅਤੇ ਹੈਮੀਹਾਈਡ੍ਰੇਟ (ਪਲਾਸਟਰ ਆਫ਼ ਪੈਰਿਸ) ਬਣ ਜਾਂਦਾ ਹੈ। ਜਦੋਂ ਇਸ ਨੂੰ ਪਾਣੀ ਨਾਲ ਮਿਲਾਇਆ ਜਾਂਦਾ ਹੈ ਤਾਂ ਇਹ ਮੁੜ ਹਾਈਡ੍ਰੇਟ ਬਣ ਜਾਂਦਾ ਹੈ ਅਤੇ ਜਿਪਸਮ ਅੰਤਰ ਗੁੰਦਿਤ ਰੇਸ਼ੇਦਾਰ ਰਵਿਆਂ ਦੇ ਚਿੱਟੇ ਠੋਸ ਪੁੰਜ ਵਿਚ ਜੰਮ ਜਾਂਦਾ ਹੈ। ਜੇਕਰ ਜਿਪਸਮ ਨੂੰ ਲਗਭਗ 240° ਸੈਂ. ਤੇ ਗਰਮ ਕੀਤਾ ਜਾਂਦਾ ਹੈ ਤਾਂ ਇਸ ਵਿਚੋਂ ਸਾਰਾ ਪਾਣੀ ਨਿਕਲ ਜਾਂਦਾ ਹੈ ਅਤੇ ਐਨਹਾਈਡ੍ਰਾਈਟ ਬਣ ਜਾਂਦਾ ਹੈ।

**ਕ੍ਰਿਸਟੈਲੋਗ੍ਰਾਫ਼ੀ—**ਜਿਪਸਮ ਦੇ ਰਵੇ ਮਾੱਨੋਕਲੀਨਿਕ ਸਿਸਟਮ ਵਿਚ ਬਣਦੇ ਹਨ। ਅੰਤ-ਸਥਿਤ ਫਲਕਾਂ ਦੀ ਗੁਲਾਈ ਨਾਲ ਰਵੇ ਲੈਂਜ਼ ਰੂਪੀ ਵੀ ਹੋ ਸਕਦੇ ਹਨ। ਦੂਸਰੇ ਰਵੇ ਮੁੜੇ ਹੋਏ ਹੁੰਦੇ ਹਨ ਅਤੇ ਇਨ੍ਹਾਂ ਵਿਚੋਂ ਵਧੇਰੇ ਉਦਾਹਰਨ ਅਨਿਯਮਿਤ ਜਾਂ ਕੁੰਡਲੀ ਦੀ ਸ਼ਕਲ ਵਿਚ ਮਿਲਦੇ ਹਨ ਜਿਹੜੇ ਕਿਸੇ ਧੁਰੇ ਦੁਆਲੇ ਮਰੋੜ ਖਾਏ ਹੁੰਦੇ ਹਨ। ਰਵੇ ਦੇ ਪਾਸੇ ਦੇ ਫ਼ਲਕ ਦੀ ਦਰਾੜ (010) ਚੰਗੀ ਤਰ੍ਹਾਂ ਵਿਕਸਿਤ ਹੁੰਦੀ ਹੈ ਅਤੇ ਸਾਹਮਣੇ ਫ਼ਲਕ ਦੀ ਦਰਾੜ (100) ਵੱਖਰੀ ਹੁੰਦੀ ਹੈ। ਕਈ ਰਵਿਆਂ ਵਿਚ ਰੇਤ ਅਤੇ ਮਿੱਟੀ ਦੇ ਕਣ ਮਿਲੇ ਹੁੰਦੇ ਹਨ ਜਿਸ ਕਾਰਨ ਕਿਨਾਰਿਆਂ ਜਾਂ ਵਿਸ਼ੇਸ਼ ਫਲਕਾਂ ਦੇ ਸਮਾਂਤਰਣ ਕ੍ਰਿਸਟੈਲੋਗ੍ਰਾਫੀ ਤੌਰ ਤੇ ਅਨੁਸਥਿਤ ਸੰਘਣਤਾ ਦਰਸਾਉਂਦੇ ਹਨ।

ਹ. ਪੁ.-ਐਨ. ਬ੍ਰਿ. 10 : 1075

**ਜਿਪਸੀ ਮਾਥ** (**Gypsy moth**): ਇਹ ਲੈਪਿਡਾੱਪੈਟਰਾ ਵਰਗ ਦੀ ਲਿਪੈਰਡੀ ਕੁਲ ਦਾ ਇਕ ਯੂਰਪੀ ਪਤੰਗਾਂ (ਮਾੱਥ) ਹੈ। ਇਸ ਦਾ ਵਿਗਿਆਨਕ ਨਾਂ ਪੋਰਥੈਟ੍ਰੀਆ ਡਿਸਪਾਰ *(Porthetria dispar)* ਜਾਂ ਲਾਈਮੈਨਟ੍ਰੀਆ ਡਿਸਪਾਰ *(Lymanitria dispar)* ਹੈ। ਸੰਨ 1866 ਵਿਚ ਇਹ ਪਤੰਗਾ ਪੂਰਬੀ ਉੱਤਰੀ ਅਮਰੀਕਾ ਵਿਚ ਦਾਖ਼ਲ ਹੋ ਗਿਆ ਸੀ ਅਤੇ ਹੁਣ ਜੰਗਲੀ ਅਤੇ ਫਲਦਾਰ ਦਰਖ਼ਤਾਂ ਦਾ ਖ਼ਤਰਨਾਕ ਪੈਸਟ ਬਣ ਚੁੱਕਾ ਹੈ।

ਇਸ ਦੀ ਮਾਦਾ ਦਾ ਸਰੀਰ ਭਾਰਾ ਤੇ ਰੰਗ ਚਿੱਟਾ (ਜਿਸ ਉੱਤੇ ਕਾਲੇ ਰੰਗ ਦੇ ਵਿੰਗ-ਤੜਿੰਗੇ ਨਿਸ਼ਾਨ ਹੁੰਦੇ ਹਨ) ਅਤੇ ਪਰ ਪਸਾਰ 38-50 ਮਿ. ਮੀ. ਹੁੰਦਾ ਹੈ। ਇਹ ਹੌਲੀ-ਹੌਲੀ ਉੱਡਦੀ ਹੈ। ਨਰ ਪਤੰਗਾ ਛੋਟਾ, ਗੂੜ੍ਹੇ ਰੰਗ ਦਾ ਅਤੇ ਤੇਜ਼ ਉੱਡਣ ਵਾਲਾ ਹੁੰਦਾ ਹੈ।

ਇਹ ਜੁਲਾਈ ਦੇ ਮਹੀਨੇ ਵਿਚ, ਇਕ ਗੁੱਛੇ ਦੇ ਰੂਪ ਵਿਚ ਅੰਡੇ ਦਿੰਦੇ ਹਨ ਜਿਨ੍ਹਾਂ ਨੂੰ ਮਾਦਾ ਆਪਣੇ ਪੇਟ ਤੋਂ ਲੰਬੇ ਬਦਾਮੀ ਜਿਹੇ ਰੰਗ ਦੇ ਵਾਲਾਂ ਨਾਲ ਢਕ ਦਿੰਦੀ ਹੈ। ਆਉਂਦੀ ਬਸੰਤ ਰੁੱਤ ਵਿਚ ਇਨ੍ਹਾਂ ਵਿਚੋਂ ਲਾਰਵੇ ਨਿਕਲਦੇ ਹਨ। ਲਾਰਵੇ ਪੀਲੇ ਜਿਹੇ ਭੂਰੇ ਰੰਗ ਦੇ, ਚਪਟੇ ਸਰੀਰ ਵਾਲੇ ਤੇ ਤਕਰੀਬਨ 50 ਮਿ. ਮੀ. ਲੰਬੇ ਹੁੰਦੇ ਹਨ। ਇਨ੍ਹਾਂ ਦੇ ਪਾਸਿਆਂ ਉੱਤੇ ਭੂਰੇ ਅਤੇ ਪੀਲੇ ਰੰਗ ਦੇ ਕਰੜੇ ਵਾਲਾ ਦੇ ਗੁੱਛੇ ਹੁੰਦੇ ਹਨ। ਇਹ ਲਾਰਵੇ ਬਹੁਤ ਤੇਜ਼ ਖਾਂਦੇ ਹਨ। ਲਾਰਵਿਆਂ ਵਿਚੋਂ ਪਹਿਲਾਂ ਪਿਊਪੇ ਅਤੇ ਤਕਰੀਬਨ 10 ਦਿਨ ਬਾਅਦ ਬਾਲਗ ਕੀੜੇ ਬਣਦੇ ਹਨ। ਸਾਲ ਵਿਚ ਇਨ੍ਹਾਂ ਦੀ ਇਕ ਪੀੜ੍ਹੀ ਪੈਦਾ ਹੁੰਦੀ ਹੈ।

ਡੀ. ਡੀ. ਟੀ. ਦਾ ਛਿੜਕਾਅ, ਦਰਖ਼ਤਾਂ ਦੀ ਬੈਂਡਿੰਗ ਕਰਨ ਨਾਲ (ਜਿਸ ਨਾਲ ਲਾਰਵੇ ਉੱਪਰ ਨਾ ਚੜ੍ਹ ਸਕਣ), ਅੰਡਿਆਂ ਤੇ ਕ੍ਰੀਓਸੋਟ




**ਜਿਪਸੀ ਮਾਥ ਦਾ ਲਾਰਵਾ, ਨਰ ਅਤੇ ਮਾਦਾ**

ਪਾਉਣ ਅਤੇ ਕਈ ਪਰਜੀਵੀ ਛੱਡਣ ਨਾਲ ਇਨ੍ਹਾਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

ਹ. ਪੁ. ਐਨ. ਬ੍ਰਿ. ਮਾ. 4:820; ਐਨ. ਬ੍ਰਿ. 17:1077

**ਜਿਬਰਾਈਲ** : ਇਹ ਇਕ ਫ਼ਰਿਸ਼ਤਾ ਹੈ। ਇਸਲਾਮੀ ਕਿਤਾਬਾਂ ਅਨੁਸਾਰ ਫ਼ਰਿਸ਼ਤੇ ਖ਼ੁਦਾ ਦੇ ਨੂਰ ਤੋਂ ਪੈਦਾ ਹੋਏ ਹਨ। ਉਨ੍ਹਾਂ ਨੂੰ ਭੁੱਖ ਤ੍ਰੇਹ ਨਹੀਂ ਲਗਦੀ ਅਤੇ ਉਹ ਸ਼ਕਤੀਸ਼ਾਲੀ ਹੁੰਦੇ ਹਨ। ਇਨ੍ਹਾਂ ਦੀ ਗਿਣਤੀ ਕਿਤੇ ਸਵਾ ਲੱਖ ਅਤੇ ਕਿਤੇ 80 ਹਜ਼ਾਰ ਹੈ ਪਰੰਤੂ ਕੁਰਾਨ ਵਿਚ ਚਾਰ ਫ਼ਰਿਸ਼ਤੇ ਮੁਖੀਏ ਹਨ ਜਿਨ੍ਹਾਂ ਵਿਚੋਂ ਜਿਬਰਾਈਲ ਇਕ ਹੈ। ਇਹ ਖ਼ੁਦਾ ਦਾ ਪੈਗ਼ਾਮ ਪੈਗ਼ੰਬਰਾਂ ਕੋਲ ਲੈ ਜਾਂਦਾ ਹੈ। ਇਸੇ ਨੇ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਬਹੁਤ ਸਾਰੀਆਂ ਆਇਤਾਂ ਸਮੇਂ ਸਮੇਂ ਤੇ ਲਿਆ ਕੇ ਦਿੱਤੀਆਂ ਸਨ। ਇਸ ਨੂੰ ਰੂਹੁਲਕੁਦਸ (Holy Ghost) ਵੀ ਆਖਿਆ ਗਿਆ ਹੈ ਜਿਸ ਦਾ ਭਾਵ ਪਵਿੱਤਰ ਰੂਹ ਹੈ। ਈਸਾਈਆਂ ਦੇ ਧਾਰਮਕ ਗ੍ਰੰਥਾਂ ਵਿਚ ਵੀ ਜਿਬਰਾਈਲ ਫ਼ਰਿਸ਼ਤੇ ਦਾ ਜ਼ਿਕਰ ਹੈ। ਇਹ ਇਸ ਦੀ ਗਿਣਤੀ ਤ੍ਰਿਕੁਟੀ (Trinity) ਵਿਚ ਕਰਦੇ ਹਨ। ਉਨ੍ਹਾਂ ਅਨੁਸਾਰ ਇਸੇ ਨੇ ਹੀ ਮਰੀਅਮ ਨੂੰ ਖ਼ੁਦਾ ਦਾ ਸੁਨੇਹਾ ਦਿੱਤਾ ਸੀ ਕਿ ਤੂੰ ਗਰਭ ਧਾਰਨ ਕਰੇਂਗੀ। ਇਸ ਪਿੱਛੋਂ ਤੁਰੰਤ ਇਸੇ ਤਰ੍ਹਾਂ ਹੋਇਆ।

ਹ. ਪੁ.–ਮ. ਕੋ.

**ਜਿਬਰਾਨ, ਖ਼ਲੀਲ** : ਵੇਖੋ ਖ਼ਲੀਲ ਜਿਬਰਾਨ

**ਜਿਬਰਾਲਟਰ** : ਜਲ-ਡਮਰੂ—ਇਸ ਦਾ ਪ੍ਰਾਚੀਨ ਨਾਂ ਫ੍ਰੈਟਮ ਹਰਕੁਲਮ ਸੀ ਜਿਸ ਦਾ ਮਤਲਬ ਸੀ 'ਹਰਕੁਲੀਸ ਦਾ ਜਲ-ਡਮਰੂ'। ਇਹ ਜਲ-ਡਮਰੂ ਧੁਰ ਦੱਖਣੀ ਸਪੇਨ ਅਤੇ ਉੱਤਰ ਪੱਛਮੀ ਅਮਰੀਕਾ ਦੇ ਵਿਚਕਾਰ ਪੈਂਦਾ ਹੈ ਅਤੇ ਇਹ ਰੂਮ ਸਾਗਰ ਅਤੇ ਅੰਧ ਮਹਾਂਸਾਗਰ ਨੂੰ ਜੋੜਦਾ ਹੈ। ਇਹ ਜਲ-ਮਾਰਗ 58 ਕਿ. ਮੀ. ਲੰਬਾ ਅਤੇ 16.5 ਕਿ. ਮੀ. ਚੌੜਾ ਹੈ। ਜਲ-ਡਮਰੂ ਦਾ ਪੱਛਮੀ ਸਿਰਾ 43.5 ਕਿ. ਮੀ. ਚੌੜਾ ਹੈ। ਇਸ ਦੇ ਉੱਤਰ ਵਿਚ ਟ੍ਰੈਫਾਲਗਰ ਅਤੇ ਦੱਖਣ ਵਿਚ ਸਪਾਰਟੈਲ

ਰਾਸਾਂ (Capes) ਹਨ। ਪੂਰਬੀ ਸਿਰਾ ਪਿਲਰਜ਼ ਆਫ਼ ਹਰਕੁਲੀਸ (ਉੱਤਰ) ਅਤੇ ਮਾਊਂਟ ਐਕੋ (Acho) (ਦੱਖਣ) ਦੇ ਵਿਚਕਾਰ, 22.4 ਕਿ. ਮੀ. ਚੌੜਾ ਹੈ। ਜਿਬਰਾਲਟਰ ਜਲ-ਡਮਰੂ ਇਕ ਬਹੁਤ ਹੀ ਮਹੱਤਵਪੂਰਨ ਪਾੜ ਹੈ ਜਿਹੜਾ ਉ. ਅਫ਼ਰੀਕਾ ਦੇ ਐਟਲਸ ਪਰਬਤਾਂ ਅਤੇ ਸਪੇਨ ਦੇ ਉੱਚੇ ਪਠਾਰ ਵਿਚਕਾਰ ਇਕ ਵਕਰ ਦੇ ਰੂਪ ਵਿਚ ਬਣਿਆ ਹੋਇਆ ਹੈ। ਇਸ ਦੀ ਔਸਤਨ ਡੂੰਘਾਈ 365 ਮੀ. ਹੈ। ਇਸ ਜਲ-ਡਮਰੂ ਦੇ ਉੱਪਰੋਂ ਦੀ ਵਹਿਣ ਵਾਲੀਆਂ ਹਵਾਵਾਂ ਪੂਰਬੀ ਜਾਂ ਪੱਛਮੀ ਰੁੱਖ ਦੀਆਂ ਹੁੰਦੀਆਂ ਹਨ। ਉੱਤਰ ਵੱਲੋਂ ਠੰਢੀਆਂ ਸਤ੍ਹਈ ਹਵਾਵਾਂ ਪੱਛਮੀ ਰੂਮ ਸਾਗਰ ਵਿਚ ਦਾਖ਼ਲ ਹੁੰਦੀਆਂ ਹਨ। ਇਹ ਅਕਸਰ ਨੀਵੇਂ ਪੱਧਰ ਤੇ ਤੇਜ਼-ਚਾਲ ਤੇ ਪੂਰਬੀ ਰੁੱਖ ਦੀਆਂ ਹੁੰਦੀਆਂ ਹਨ ਤੇ ਸਥਾਨਕ ਸ਼ਬਦਾਂ ਵਿਚ ਇਨ੍ਹਾਂ ਨੂੰ 'ਲਿਵੈਂਡਰ' ਕਿਹਾ ਜਾਂਦਾ ਹੈ। ਜਲ-ਡਮਰੂ ਰਾਹੀਂ ਪਾਣੀ ਦੀ ਵੀ ਚੋਖੀ ਅਦਲਾ-ਬਦਲੀ ਹੁੰਦੀ ਹੈ। ਜਦੋਂ ਪੂਰਬੀ ਪੌਣਾਂ ਦਾ ਅਸਰ ਖ਼ਤਮ ਹੋ ਜਾਂਦਾ ਹੈ ਤਾਂ ਚੈਨਲ ਕੇਂਦਰ ਵਿਚੋਂ ਦੀ ਇਕ ਸਤ੍ਹਈ ਰੌ ਪੂਰਬ ਵੱਲ ਨੂੰ ਚਲਦੀ ਹੈ ਜਿਸ ਨਾਲ ਇਸ ਦਾ ਪੱਛਮੀ ਰੁੱਖ ਵਾਲਾ ਭਾਗ ਠੰਢਾ ਹੋ ਜਾਂਦਾ ਹੈ। ਜ਼ਿਆਦਾ ਲੂਣਾ ਪਾਣੀ ਪਿੱਛੇ ਰਹਿ ਜਾਂਦਾ ਹੈ ਅਤੇ ਇਹ ਲੂਣਾ ਪਾਣੀ ਉਪਰਲੀ ਸਤਹਿ ਤੋਂ 120 ਮੀ. (408 ਫੁੱਟ) ਹੇਠਾਂ ਚਲਾ ਜਾਂਦਾ ਹੈ ਜਿਸ ਦੇ ਫਲਸਰੂਪ ਜਲ-ਡਮਰੂ ਦੀ ਹੋਂਦ ਰੂਮ ਸਾਗਰ ਨੂੰ ਸੁੰਗੜ ਰਹੀ ਲੂਣੀ ਝੀਲ ਦਾ ਰੂਪ ਧਾਰਨ ਕਰਨ ਤੋਂ ਬਚਾਉਂਦੀ ਹੈ।

ਜਿਬਰਾਲਟਰ ਜਲ-ਡਮਰੂ ਦੀ ਸਥਿਤੀ ਯੁੱਧ ਕਲਾ ਦੇ ਅਨੁਕੂਲ ਹੋਣ ਕਰਕੇ ਆਰਥਿਕ ਪੱਖੋਂ ਇਹ ਕਾਫ਼ੀ ਮਹੱਤਤਾ ਵਾਲਾ ਹੈ ਜਿਸ ਕਰਕੇ ਬਹੁਤ ਸਾਰੇ ਪ੍ਰਾਰੰਭਕ ਅੰਧ-ਮਹਾਂਸਾਗਰੀ ਯਾਤਰੂ ਇਸੇ ਰਸਤਿਓਂ ਲੰਘੇ। ਦੱਖਣੀ ਯੂਰਪ, ਉੱਤਰੀ ਅਫ਼ਰੀਕਾ ਅਤੇ ਪੱਛਮੀ ਏਸ਼ੀਆ ਦੀ ਜਹਾਜ਼ਰਾਨੀ ਲਗਭਗ ਇਸੇ ਜਲ-ਡਮਰੂ ਉੱਪਰ ਨਿਰਭਰ ਹੈ।

35° 57' ਉ. ਵਿਥ.: 5° 36' ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 531

**ਜਿਬਰਾਲਟਰ** : ਬਸਤੀ—ਸਪੇਨ ਦੇ ਦੱਖਣੀ ਰੂਮ ਸਾਗਰ ਦੇ ਤਟ ਤੇ ਜਿਬਰਾਲਟਰ ਜਲ-ਡਮਰੂ ਦੇ ਠੀਕ ਉੱਤਰ ਪੂਰਬ ਵਿਚ ਇਕ ਪ੍ਰਾਇਦੀਪ ਬਰਤਾਨਵੀ ਬਸਤੀ ਹੈ। ਇਸ ਦੀ ਲੰਬਾਈ 5 ਕਿ. ਮੀ. (3 ਮੀਲ) ਅਤੇ ਚੌੜਾਈ 1.4 ਕਿ. ਮੀ. ਹੈ। ਇਹ ਲਗਭਗ ਡੇਢ ਕਿਲੋਮੀਟਰ ਲੰਬੇ ਨੀਵੇਂ ਜਿਹੇ ਰੇਤਲੇ ਥਲ-ਜੋੜ ਰਾਹੀਂ ਸਪੇਨ ਨਾਲ ਜੁੜੀ ਹੋਈ ਹੈ। ਇਸ ਦਾ ਨਾਂ ਅਰਬ ਦੀ ਇਕ ਪਹਾੜੀ 'ਜਬਲ ਤਾਰਿਕ' ਦੇ ਨਾਂ ਤੇ ਪਿਆ। ਅਰਬੀ ਵਿਚ 'ਜਬਲ' ਸ਼ਬਦ ਦੀ ਵਰਤੋਂ ਪਹਾੜੀ ਲਈ ਕੀਤੀ ਜਾਂਦੀ ਹੈ ਅਤੇ ਇਸ ਪਹਾੜੀ ਦਾ ਨਾਂ 'ਜਬਲ ਤਾਰਿਕ' ਇਕ ਮੁਸਲਮਾਨ ਕਮਾਂਡਰ ਤਾਰਿਕ ਇਬਨ ਜ਼ਿਆਦ ਦੇ ਸਨਮਾਨ ਵਿਚ ਰੱਖਿਆ ਗਿਆ ਸੀ ਜਿਸਨੇ 711 ਵਿਚ ਇਸ ਪ੍ਰਾਇਦੀਪ ਨੂੰ ਆਪਣੇ ਕਬਜ਼ੇ ਵਿਚ ਲਿਆ ਸੀ। ਇਸ ਬਸਤੀ ਦਾ ਕੁੱਲ ਖੇਤਰਫਲ 58 ਵ. ਕਿ. ਮੀ. ਹੈ।

ਇਸ ਪ੍ਰਾਇਦੀਪ ਤੇ ਚੂਨਾ ਪੱਥਰ ਅਤੇ ਸਲੇਟੀ ਪੱਥਰ ਦੀ ਇਕ ਤਰਬਤ ਲੜੀ ਹੈ ਜਿਹੜੀ ਰੱਕ ਦੇ ਨਾਂ ਨਾਲ ਮਸ਼ਹੂਰ ਹੈ। ਇਸ ਥਲ-ਜੋੜ ਤੋਂ ਲ. 2 ਕਿ. ਮੀ. ਦੀ ਉਚਾਈ ਤੱਕ ਇਕਦਮ ਉੱਪਰ ਉੱਠਦੀ ਹੋਈ ਇਸਦੀ ਧੁਰ ਉੱਤਰੀ ਸਿਖਰ ਰੱਕ ਗਨ ਤੇ ਪਹੁੰਚਦੀ ਹੈ। ਇਸ ਦੀ ਸਭ ਤੋਂ ਵੱਧ ਉਚਾਈ 1, 396 ਫੁੱਟ ਇਸ ਦੇ ਦੱਖਣੀ ਸਿਰੇ ਦੇ ਨੇੜੇ ਹੈ। ਜਿਬਰਾਲਟਰ ਦੇ ਧੁਰ ਦੱਖਣੀ ਸਿਰੇ ਯੂਰੋਪਾ ਪੁਆਇੰਟ ਵਿਖੇ ਜਿਹੜਾ ਸਪੇਨ ਦੇ ਐਨਕਲੇਵ ਸੇਊਟਾ ਦੇ ਸਾਮ੍ਹਣੇ ਹੈ, ਰੱਕ ਦੀ ਢਲਾਣ ਹੇਠਾਂ ਸਮੁੰਦਰ ਵੱਲ ਨੂੰ ਹੈ। ਰੂਮ ਸਾਗਰ ਤੋਂ ਪਰਾਂ ਕੈਟਾਲਨ ਅਤੇ ਸੈਂਡੀ ਖਾੜੀਆਂ ਤੇ ਉੱਪਰ ਜਿਬਰਾਲਟਰ ਸਮੁੰਦਰ ਦੇ ਸਾਹਮਣੇ ਸਿੱਧੀਆਂ ਖੜ੍ਹੀਆਂ ਅਪੁਹੰਚ ਟੀਸੀਆਂ ਜਿਨ੍ਹਾਂ ਨੂੰ ਰੇਤਲੀਆਂ ਢਲਾਣਾਂ ਨੇ ਵੱਖ-ਵੱਖ ਕੀਤਾ ਹੋਇਆ ਹੈ ਦੀ ਲੜੀ ਦਿਖਾਈ ਦਿੰਦੀ ਹੈ। ਪੱਛਮੀ ਪਾਸੇ ਤੇ ਇਹ ਢਲਾਣ ਬੜੀ ਘੱਟ ਜਾਂਦੀ ਹੈ ਅਤੇ ਇਸ ਤੇ ਪੁਰਾਣੀਆਂ ਸੁਰੱਖਿਆਕਾਰੀ ਫ਼ਸੀਲਾਂ ਤੋਂ ਕੋਈ 300 ਫੁੱਟ ਉੱਪਰ ਤਕ ਘਰਾਂ ਉੱਪਰ ਘਰਾਂ ਦੀਆਂ ਕਤਾਰਾਂ ਬਣੀਆਂ ਹੋਈਆਂ ਹਨ। ਉਪਰਲੇ ਪਾਸੇ ਚੂਨਾ ਪੱਥਰ ਦੀਆਂ ਟੀਸੀਆਂ ਉੱਪਰਲੀ ਰੱਕ ਨੂੰ ਲਗਭਗ ਵੱਖ ਕਰ ਦਿੰਦੀਆਂ ਹਨ। ਇਹ ਉੱਪਰਲੀ ਰੱਕ ਜੰਗਲੀ ਦਰੱਖ਼ਤਾਂ ਦੇ ਝੁਰਮੁਟ ਨਾਲ ਢਕੀ ਹੋਈ ਹੈ।

ਜਿਬਰਾਲਟਰ ਵਿਚ ਕੋਈ ਵੀ ਝਰਨਾ ਜਾਂ ਦਰਿਆ ਨਹੀਂ ਮਿਲਦਾ। ਪੂਰਬੀ ਰੇਤਲੀਆਂ ਚਟਾਨਾਂ ਨੂੰ ਵਿਛਾ ਕੇ 34 ਏਕੜ ਦੇ ਖੇਤਰ ਵਿਚ ਮੀਂਹ ਦਾ ਪਾਣੀ ਇਕੱਠਾ ਕਰਨ ਲਈ ਇਕ ਝੀਲ ਬਣਾਈ ਗਈ ਹੈ। ਪਾਣੀ ਨੂੰ ਰੱਕ ਵਿਚ ਵਿਸਫ਼ੋਟ ਦੁਆਰਾ ਬਣਾਏ ਗਏ ਕਈ ਤਲਾਬਾਂ ਵਿਚ ਇਕੱਠਾ ਕੀਤਾ ਜਾਂਦਾ ਹੈ ਅਤੇ ਫਿਰ ਬਰਸਾਤੀ ਪਾਣੀ ਨੂੰ ਸ਼ੁੱਧ ਕੀਤੇ ਸਮੁੰਦਰੀ ਪਾਣੀ ਜਾਂ ਥਲ ਜੋੜ ਤੇ ਖੂਹਾਂ ਵਿਚੋਂ ਕੱਢੇ ਗਏ ਪਾਣੀ ਨਾਲ ਮਿਲਾ ਦਿੱਤਾ ਜਾਂਦਾ ਹੈ। ਜਦੋਂ ਇਹ ਸਰੋਤ ਖ਼ਤਮ ਹੋਣ ਵਾਲੇ ਹੁੰਦੇ ਹਨ ਤਾਂ ਪਾਣੀ ਉੱਤਰੀ ਯੂਰਪ ਤੋਂ ਮੰਗਵਾਇਆ ਜਾਂਦਾ ਹੈ। ਸਫ਼ਾਈ ਦੇ ਪ੍ਰਬੰਧ ਆਦਿ ਲਈ ਸਮੁੰਦਰ ਦੇ ਪਾਣੀ ਨੂੰ ਵਰਤਿਆ ਜਾਂਦਾ ਹੈ।

ਪ੍ਰਾਇਦੀਪ ਦੀ ਜ਼ਿਆਦਾਤਰ ਧਰਤੀ ਚੂਨਾ ਪੱਥਰ ਦੀ ਭੰਨ ਤੋੜ ਨਾਲ ਬਣੀ ਹੋਈ ਹੈ। ਸ਼ਹਿਰ ਦੇ ਹੇਠਲੇ ਪਾਸੇ ਦੱਖਣ ਵੱਲ ਲਾਲ ਰੇਤ ਮਿਲਦੀ ਹੈ। ਰੱਕ ਦਾ ਅੱਧੇ ਨਾਲੋਂ ਜ਼ਿਆਦਾ ਪੂਰਬੀ ਹਿੱਸਾ ਹਲਕੇ ਬਦਾਮੀ ਰੰਗ ਦੀਆਂ ਰੇਤਲੀਆਂ ਢਲਾਣਾਂ ਵਾਲਾ ਹੈ। ਪੂਰਬੀ ਹਿੱਸੇ ਦੀ ਰੇਤ ਸਹਾਰਾ ਮਾਰੂਥਲ ਤੋਂ ਉੱਡ ਕੇ ਆਈ ਮੰਨੀ ਜਾਂਦੀ ਹੈ।

ਜਿਬਰਾਲਟਰ ਵਿਚ ਕੋਈ 500 ਤੋਂ ਵੀ ਜ਼ਿਆਦਾ ਛੋਟੇ ਫੁੱਲਾਂ ਵਾਲੇ ਪੌਦਿਆਂ ਦੀਆਂ ਕਿਸਮਾਂ ਮਿਲਦੀਆਂ ਹਨ। ਉਪਰਲੀ ਰੱਕ 'ਤੇ ਜੰਗਲੀ ਜੈਤੂਨ ਅਤੇ ਚੀਲ੍ਹ ਦੇ ਦਰੱਖ਼ਤ ਮਿਲਦੇ ਹਨ। ਥਣਧਾਰੀ ਜੀਵਾਂ ਵਿਚੋਂ ਖਰਗੋਸ਼, ਲੂੰਬੜੀ ਅਤੇ ਲੰਡੇ ਬਾਂਦਰ ਮਿਲਦੇ ਹਨ। ਰੱਕ ਤੇ ਪਿਛਲੇ ਕਈ ਸੌ ਸਾਲਾਂ ਤੋਂ ਲੰਡੇ ਬਾਂਦਰ ਮਿਲਦੇ ਹਨ ਅਤੇ ਇਹ ਜਿਬਰਾਲਟਰ ਵਿਚ ਬਰਤਾਨਵੀਆ ਦੀ ਲੰਬੇ ਸਮੇਂ ਤੋਂ ਮੌਜੂਦਗੀ ਦਾ ਸੰਕੇਤ ਹਨ। ਭਾਵੇਂ ਇਨ੍ਹਾਂ ਨੂੰ ਘੁੰਮਣ ਫਿਰਨ ਦੀ ਪੂਰੀ ਆਜ਼ਾਦੀ ਹੈ ਪਰ ਇਹ ਆਮ ਤੌਰ ਤੇ ਉੱਪਰਲੀ ਰੱਕ ਤੇ ਹੀ ਦਿਖਾਈ ਦਿੰਦੇ ਹਨ। ਪਰਵਾਸੀ ਪੰਛੀ ਵੀ ਆਮ ਹਨ। ਜਿਬਰਾਲਟਰ ਯੂਰਪ ਵਿਚ ਇਕੋ ਇਕ ਅਜਿਹੀ ਜਗ੍ਹਾ ਹੈ ਜਿਥੇ ਬਰਬਰੀ ਤਿੱਤਰਾਂ ਦੀਆਂ ਕਿਸਮਾਂ ਮਿਲਦੀਆਂ ਹਨ।

ਜਿਬਰਾਲਟਰ ਨੂੰ ਪਿਲਰਜ਼ ਆਫ ਹਰਕੁਲੀਸ ਵਿਚੋਂ ਇਕ ਮੰਨਿਆ ਜਾਂਦਾ ਹੈ। ਜਿਸ ਨੇ ਪ੍ਰਾਚੀਨ ਰੂਮ ਸਾਗਰ ਵਿਚ ਸਮੁੰਦਰੀ ਜਹਾਜ਼ਰਾਨੀ ਦੀਆਂ ਹੱਦਾਂ ਨਿਰਧਾਰਤ ਕੀਤੀਆਂ। 18ਵੀਂ ਸਦੀ ਤੋਂ ਇਹ ਬਰਤਾਨੀਆ ਦੀ ਨੌ-ਸੈਨਿਕ ਸ਼ਕਤੀ ਦਾ ਪ੍ਰਤੀਕ ਰਿਹਾ ਹੈ ਅਤੇ ਇਸੇ ਸੰਦਰਭ ਵਿਚ ਇਹ ਰੱਕ ਦੇ ਨਾਂ ਨਾਲ ਮਸ਼ਹੂਰ ਹੈ। ਸੰਨ 1869 ਵਿਚ ਸੁਏਜ਼ ਨਹਿਰ ਦੇ ਨਿਕਲਣ ਨਾਲ ਜਿਬਰਾਲਟਰ ਦੀ ਸੈਨਿਕ ਮਹੱਤਤਾ ਵਧ ਗਈ ਅਤੇ ਖ਼ਾਧ-ਸਮਗਰੀ ਦੀ ਬੰਦਰਗਾਹ ਹੋਣ ਕਰਕੇ ਇਸ ਦੀ ਸਥਿਤੀ ਹੋਰ ਵੀ ਮਹੱਤਵਪੂਰਨ ਹੋ ਗਈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਰਤਾਨਵੀ ਫ਼ੌਜੀ ਰੱਖਿਅਕ ਸੈਨਾ ਅਤੇ ਜਹਾਜ਼ਾਂ ਦਾ ਗੋਦੀਵਾੜਾ ਜਿਬਰਾਲਟਰ ਦੀ ਅਰਥ ਵਿਵਸਥਾ ਦਾ ਇਕ ਮਹੱਤਵਪੂਰਨ ਭਾਗ ਰਿਹਾ ਅਤੇ ਉੱਤਰੀ ਐਟਲਾਂਟਿਕ ਸੰਧੀ ਵਾਲੇ ਦੇਸ਼ਾਂ (ਨਾਟੋ) ਦੀਆਂ ਨੌ-ਸੈਨਿਕ ਕਾਰਵਾਈਆਂ ਲਈ ਆਮ ਤੌਰ ਤੇ ਇਸ ਬੰਦਰਗਾਹ ਨੂੰ ਵਰਤਿਆ ਜਾਂਦਾ ਰਿਹਾ ਹੈ। ਬਸਤੀ ਦੇ ਸੰਸਕ੍ਰਿਤਕ ਰੀਤੀ ਰਿਵਾਜਾਂ, ਸਮਾਜਕ ਬਣਤਰ ਅਤੇ ਕੁਝ ਬਰਤਾਨੀਆ ਅਤੇ ਸਪੇਨ ਦੇ ਵਿਚਕਾਰ ਰਾਜਨੀਤਕ ਪੱਧਰ ਤੇ ਹੋਏ ਝਗੜਿਆਂ ਵਿਚੋਂ ਜਿਬਰਾਲਟਰ ਦੇ ਇਤਿਹਾਸਕ ਵਿਰਸੇ ਦੀ ਝਲਕ ਮਿਲਦੀ ਹੈ।

ਜਿਬਰਾਲਟਰ ਬਰਤਾਨੀਆ ਦੀ ਇਕ ਅਜਿਹੀ ਬਸਤੀ ਹੈ ਜਿਹੜੀ ਰੱਖਿਆ ਨੂੰ ਛੱਡ ਕੇ ਹਰੇਕ ਮਾਮਲੇ ਵਿਚ ਖ਼ੁਦਮੁਖ਼ਤਾਰ ਹੈ। ਸੰਨ 1981

ਵਿਚ ਜਿਬਰਾਲਟਰ ਦੇ ਲੋਕਾਂ ਨੂੰ ਬਰਤਾਨੀਆ ਦੀ ਨਾਗਰਿਕਤਾ ਦੇ ਦਿੱਤੀ ਗਈ। 18 ਸਾਲ ਤੋਂ ਵੱਧ ਉਮਰ ਦੇ ਔਰਤਾਂ ਅਤੇ ਮਰਦਾਂ ਅਤੇ 6 ਮਹੀਨੇ ਤੋਂ ਵੱਧ ਸਮੇਂ ਲਈ ਇਥੇ ਰਹਿ ਰਹੇ ਬਰਤਾਨਵੀ ਨਾਗਰਿਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ। ਜਿਬਰਾਲਟਰ ਦੀ ਕੌਂਸਲ ਦੀ ਸਿਫਾਰਸ਼ ਤੇ ਬਰਾਤਨੀਆ ਦੇ ਅਧਿਰਾਜ ਵੱਲੋਂ ਗਵਰਨਰ ਨੂੰ ਚੁਣਿਆ ਜਾਂਦਾ ਹੈ। ਇਹ ਕਾਰਜ ਕਾਰਣੀ ਦਾ ਮੁਖੀ ਹੁੰਦਾ ਹੈ। ਗਵਰਨਰ ਵਿਧਾਨ ਸਭਾ ਵਿਚ ਬਹੁਮਤ ਪ੍ਰਾਪਤ ਕਰਨ ਵਾਲੀ ਪਾਰਟੀ ਜਾਂ ਪਾਰਟੀਆਂ ਦੇ ਗੱਠਜੋੜ ਤੋਂ ਮਨਿਸਟਰ ਆਫ਼ ਕੌਂਸਲ ਦੀ ਨਿਯੁਕਤੀ ਕਰਦਾ ਹੈ ਜਿਸ ਵਿਚ ਇਕ ਚੀਫ਼-ਮਨਿਸਟਰ ਅਤੇ ਅੱਠ ਹੋਰ ਮਨਿਸਟਰ ਹੁੰਦੇ ਹਨ। ਹਾਊਸ ਆਫ਼ ਅਸੈਂਬਲੀ ਵਿਚ ਇਕ ਸਪੀਕਰ ਹੁੰਦਾ ਹੈ ਜਿਸ ਦੀ ਚੋਣ ਗਵਰਨਰ ਕਰਦਾ ਹੈ। ਇਸ ਤੋਂ ਬਿਨਾਂ 15 ਮੈਂਬਰ 4 ਸਾਲ ਦੀ ਮਿਆਦ ਲਈ ਚੁਣੇ ਜਾਂਦੇ ਹਨ ਅਤੇ 2 ਪਦ ਕਾਰਣੀ ਮੈਂਬਰ ਹੁੰਦੇ ਹਨ। ਸਿਟੀ ਕੌਂਸਲ ਦੀ ਥਾਂ ਤੇ ਇਕ ਮਨਿਸਟਰ ਮਿਊਂਸਪਲ ਮਾਮਲਿਆਂ ਲਈ ਜ਼ਿੰਮੇਵਾਰ ਹੁੰਦਾ ਹੈ।

ਪ੍ਰਾਇਦੀਪ ਤੇ ਬਰਤਾਨਵੀ ਫ਼ੌਜਾਂ ਤੋਂ ਇਲਾਵਾ ਵਾਲੰਟੀਅਰ ਜਿਬਰਾਲਟਰ ਰੈਜਮੈਂਟ ਪਿਆਦਾ ਫ਼ੌਜ ਤੇ ਤੱਟੀ ਤੋਪਚੀ-ਦਲ ਦੀ ਇਕਾਈ ਦਾ ਕੰਮ ਕਰਦੀ ਹੈ। ਇਥੋਂ ਦੀ ਪੁਲਿਸ ਹੋਰ ਜ਼ਿੰਮੇਵਾਰੀਆਂ ਤੋਂ ਇਲਾਵਾ ਆਵਾਸ, ਰਿਹਾਇਸ਼ੀ ਪਰਮਿਟ, ਐਂਬੂਲੈਂਸ ਸੇਵਾਵਾਂ ਅਤੇ ਟਰੈਫ਼ਿਕ ਕੰਟਰੋਲ ਕਰਦੀ ਹੈ।

ਪ੍ਰਾਇਦੀਪ ਤੇ ਜ਼ਮੀਨ ਦੀ ਘਾਟ ਹੋਣ ਕਾਰਨ ਇਥੇ ਖੇਤੀ ਨਹੀਂ ਕੀਤੀ ਜਾਂਦੀ। ਇਥੇ ਤਮਾਕੂ, ਸ਼ਰਾਬ ਖਾਧ-ਪਦਾਰਥਾਂ ਦੀ ਡੱਬਾਬੰਦੀ ਆਦਿ ਦੇ ਕੁਝ ਹਲਕੇ ਉਦਯੋਗ ਹਨ। ਸੈਰ ਸਪਾਟਾ, ਸੈਨਿਕ ਵਰਗ ਅਤੇ ਪੁਨਰ ਨਿਰਯਾਤ ਵਪਾਰ ਆਦਿ ਆਮਦਨ ਦੇ ਮੁੱਖ ਸਾਧਨ ਹਨ। ਸੈਰ ਸਪਾਟੇ ਨੂੰ ਉੱਤਸ਼ਾਹਿਤ ਕਰਨ ਲਈ ਵੱਡੇ ਪੈਮਾਨੇ ਤੇ ਹੋਟਲਾਂ ਦਾ ਪਸਾਰ ਅਤੇ ਸਮੁੰਦਰ ਦੇ ਕੰਢੇ ਤੇ ਸੈਰ ਸਪਾਟੇ ਲਈ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਪੁਨਰ ਨਿਰਯਾਤ ਦੀਆਂ ਚੀਜ਼ਾਂ ਵਿਚ ਸਭ ਤੋਂ ਮਹੱਤਵਪੂਰਨ ਆਉਣ ਜਾਣ ਵਾਲੇ ਜਹਾਜ਼ਾਂ ਲਈ ਵਰਤਿਆ ਜਾਣ ਵਾਲਾ ਤੇਲ ਹੈ। ਖਾਧ ਸਮਗਰੀ ਦੀਆਂ ਸਹੂਲਤਾਂ ਨੂੰ ਉੱਤਸਾਹਿਤ ਕਰਨ ਲਈ ਵਸਤਾਂ ਅਤੇ ਪਾਣੀ ਦੇ ਦਰ ਬੜੇ ਘੱਟ ਰੱਖੇ ਗਏ ਹਨ। ਸੀਮਾਂ ਅਤੇ ਆਮਦਨ ਕਰ ਬਸਤੀ ਦੀ ਆਮਦਨ ਦਾ ਵੱਡਾ ਸਾਧਨ ਹਨ। ਸਪੇਨ ਦੇ ਪਾਬੰਦੀਆਂ ਲਾਉਣ ਤੋਂ ਬਾਅਦ ਜਿਬਰਾਲਟਰ ਨੂੰ ਬਰਤਾਨੀਆ ਤੋਂ ਸਹਾਇਤਾ ਮਿਲਣੀ ਸ਼ੁਰੂ ਹੋਈ ਹੈ। ਇਸ ਤੋਂ ਪਹਿਲਾਂ ਇਹ ਆਪਣਾ ਬਜਟ ਆਪ ਹੀ ਚਲਾਉਂਦਾ ਸੀ। ਸਿਹਤ ਸੇਵਾਵਾਂ, ਵਿੱਦਿਆ ਅਤੇ ਘਰ ਆਦਿ ਬਣਾਉਣ ਦੇ ਖਰਚੇ ਇਥੋਂ ਦੇ ਮੁੱਖ ਖਰਚਿਆਂ ਵਿਚ ਸ਼ਾਮਲ ਹਨ। ਸੰਨ 1973 ਤੋਂ ਜਿਬਰਾਲਟਰ ਬਰਤਾਨੀਆ ਦੇ ਨਾਲ ਯੂਰਪੀ ਆਰਥਿਕ ਸੰਘ ਵਿਚ ਸ਼ਾਮਲ ਹੈ।

ਸੰਨ 1969 ਵਿਚ ਸਪੇਨ ਨੇ ਜਿਬਰਾਲਟਰ ਨਾਲੋਂ ਆਪਣੇ ਰਸਤੇ ਬੰਦ ਕਰ ਲਏ ਅਤੇ ਬਸਤੀ ਨੂੰ ਜਾਣ ਵਾਲੀਆਂ ਸਮੁੰਦਰੀ ਅਤੇ ਹਵਾਈ ਸੇਵਾਵਾਂ ਤੇ ਵੀ ਰੋਕ ਲਾ ਦਿੱਤੀ। ਯਾਤਰੀ ਅਤੇ ਸਾਮਾਨ ਲੱਦਣ ਵਾਲੇ ਜਹਾਜ਼ ਬੰਦਰਗਾਹ ਤੇ ਆ ਕੇ ਰੁਕਦੇ ਹਨ ਅਤੇ ਇਥੋਂ ਇਕ ਕਾਰ ਬੇੜੀ ਰੋਜ਼ਾਨਾ ਤੈਨਜਿਅਰ (ਮਰਾੱਕੋ) ਤੱਕ ਜਾਂਦੀ ਹੈ। ਜਿਬਰਾਲਟਰ ਨੂੰ ਲੰਡਨ ਅਤੇ ਤੈਨਜਿਅਰ ਨਾਲ ਜੋੜਨ ਵਾਲੀਆਂ ਰੋਜ਼ਾਨਾ ਹਵਾਈ ਸੇਵਾਵਾਂ ਚਲਦੀਆਂ ਹਨ। ਪ੍ਰਾਇਦੀਪ ਦੇ ਵਿਚ ਵਾਹਣਾਂ ਦੀ ਆਵਾਜਾਈ ਲਈ ਸੜਕਾਂ ਦਾ ਪ੍ਰਬੰਧ ਹੈ। ਰੱਕ ਦੇ ਵਿਚ ਦੂਰ ਤੱਕ ਪਹੁੰਚਣ ਵਾਲੀਆਂ ਸੁਰੰਗਾਂ ਦਾ ਪ੍ਰਬੰਧ ਹੈ। ਚੱਟਾਨ ਦੀ ਸਭ ਤੋਂ ਉਪਰਲੀ ਚੋਟੀ ਤੇ ਕੇਬਲ ਕਾਰ ਚਲਦੀ ਹੈ।

ਇਥੋਂ ਦੀ ਆਬਾਦੀ ਦਾ ਦੋ ਤਿਹਾਈ ਹਿੱਸਾ ਉਨ੍ਹਾਂ ਜਿਬਰਾਲਟਰੀ ਲੋਕਾਂ ਦਾ ਹੈ ਜਿਨ੍ਹਾਂ ਦਾ 1925 ਤੋਂ ਪਹਿਲਾਂ ਜਨਮ ਹੋਇਆ। ਲਗਭਗ ਪੰਜਵਾਂ ਹਿੱਸਾ ਬਦੇਸ਼ੀ ਹਨ ਬਾਕੀ ਬਰਤਾਨਵੀ ਫ਼ੌਜੀ ਕਰਮਚਾਰੀਆਂ ਦੇ ਪਰਿਵਾਰ ਹਨ। ਬਸਤੀ ਵਿਚ ਰਹਿਣ ਦਾ ਹੱਕ ਸਿਰਫ਼ ਜਿਬਰਾਲਟਰੀਆਂ ਨੂੰ ਹੈ। ਜ਼ਿਆਦਾਤਰ ਜਿਬਰਾਲਟਰੀ ਲੋਕ ਮਿਸ਼ਰਤ ਜੈਨੋਈ, ਬਰਤਾਨਵੀ, ਸਪੇਨੀ, ਮਾਲਵੀ ਅਤੇ ਪੁਰਤਗਾਲੀ ਨਸਲਾਂ ਦੇ ਹਨ। ਬਦੇਸ਼ੀ ਲੋਕਾਂ ਵਿਚ ਭਾਰਤੀ ਦੁਕਾਨਦਾਰ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਮੋਰੱਕੋ ਦੇ ਕੁਝ ਕਾਮੇ ਸ਼ਾਮਲ ਹਨ। ਵਸੋਂ ਦਾ ਬਹੁਤਾ ਹਿੱਸਾ ਰੋਮਨ ਕੈਥੋਲਿਕ ਚਰਚ ਨੂੰ ਮੰਨਦਾ ਹੈ ਪਰ ਦੱਖਣੀ ਯੂਰਪ ਵਿਚ ਕੁਝ ਸਮੁਦਾਇ ਐਂਗਲੀਕੀ ਮੱਤ ਦੇ ਧਾਰਨੀ ਵੀ ਹਨ। ਯਹੂਦੀਆਂ ਦਾ ਇਕ ਛੋਟਾ ਜਿਹਾ ਸਮੂਹ ਸਪੇਨੀਆਂ ਦੀ ਨਸਲ 'ਚੋਂ ਹੈ। ਬਹੁਤੇ ਲੋਕਾਂ ਦੀ ਭਾਸ਼ਾ ਸਪੇਨੀ ਹੈ। ਭਾਵੇਂ ਜ਼ਿਆਦਾਤਰ ਜਿਬਰਾਲਟਰੀ ਲੋਕ ਅੰਗਰੇਜ਼ੀ ਤੇ ਸਪੇਨੀ ਦੋਵੇਂ ਭਾਸ਼ਾਵਾਂ ਬੋਲ ਲੈਂਦੇ ਹਨ।

ਇਥੇ 5-15 ਸਾਲ ਤੱਕ ਸਿੱਖਿਆ ਲਾਜ਼ਮੀ ਤੇ ਮੁਫ਼ਤ ਹੈ। ਸਿੱਖਿਆ ਮੁਹੱਈਆ ਕਰਨ ਲਈ ਕਈ ਪ੍ਰਾਇਮਰੀ ਸਕੂਲ ਅਤੇ ਦੋ ਸੈਕੰਡਰੀ ਸਕੂਲ ਹਨ। ਇਸ ਤੋਂ ਇਲਾਵਾ ਕਈ ਪ੍ਰਾਈਵੇਟ ਅਤੇ ਮਿਲਟਰੀ ਸੰਸਥਾਵਾਂ ਹਨ। ਅੰਗਹੀਣ ਬੱਚਿਆਂ ਲਈ ਸਕੂਲ ਅਤੇ ਇਕ ਤਕਨੀਕੀ ਕਾਲਜ ਵੀ ਹੈ। ਬਰਤਾਨੀਆ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ।

ਇਥੋਂ ਦੇ ਅਜਾਇਬ ਘਰ ਵਿਚ ਕੁਦਰਤੀ ਇਤਿਹਾਸ, ਪੁਰਾੱਤਤਵ ਅਤੇ ਸੈਨਿਕ ਦਸਤਾਵੇਜ਼ਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ।

ਆਬਾਦੀ—30,000 (ਅੰਦਾ. 1984)

ਹ. ਪੁ.—ਐਨ. ਬ੍ਰਿ. ਮਾ. 5 : 253

**ਜਿਮਨੇਜ਼ੀਅਮ** : ਜਰਮਨ ਗਣਰਾਜ ਸੰਘ ਵਿਚ ਇਹ ਸ਼ਬਦ ਪਰੰਪਰਾਗਤ ਸੈਕੰਡਰੀ ਸਕੂਲਾਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਸਕੂਲਾਂ ਵਿਚ ਕਲਾਸਕੀ ਸਿੱਖਿਆ ਅਕਾਦਮਿਕ ਢੰਗ ਨਾਲ ਦਿੱਤੀ ਜਾਂਦੀ ਹੈ। ਜਰਮਨ ਜਿਮਨੇਜ਼ੀਅਮ ਤਿੰਨ ਭਾਗਾਂ ਵਿਚ ਵੰਡੇ ਜਾ ਸਕਦੇ ਹਨ। ਪਹਿਲਾ ਕਲਾਸਕੀ ਜਿਸ ਵਿਚ ਲਾਤੀਨੀ ਅਤੇ ਯੂਨਾਨੀ ਭਾਸ਼ਾਵਾਂ ਦੇ ਨਾਲ ਨਾਲ ਆਧੁਨਿਕ ਭਾਸ਼ਾਵਾਂ ਦਾ ਵੀ ਅਧਿਆਪਨ ਕਰਵਾਇਆ ਜਾਂਦਾ ਹੈ; ਦੂਜਾ ਮਾਡਰਨ ਜਾਂ ਆਧੁਨਿਕ ਜਿਥੇ ਦੋ ਆਧੁਨਿਕ ਭਾਸ਼ਾਵਾਂ ਤੇ ਜ਼ੋਰ ਦਿੱਤਾ ਜਾਂਦਾ ਹੈ ਤੇ ਨਾਲ ਨਾਲ ਲਾਤੀਨੀ ਭਾਸ਼ਾ ਵੀ ਲਾਜ਼ਮੀ ਹੈ। ਤੀਜੀ ਕਿਸਮ ਦੇ ਜਿਮਨੇਜ਼ੀਅਮਾਂ ਵਿਚ ਦੋ ਆਧੁਨਿਕ ਭਾਸ਼ਾਵਾਂ ਅਤੇ ਲਾਤੀਨੀ ਭਾਸ਼ਾ ਆਪਸ਼ਨਲ ਦੇ ਰੂਪ ਵਿਚ ਸਿਖਾਈ ਜਾਂਦੀ ਹੈ ਅਤੇ ਗਣਿਤ ਅਤੇ ਵਿਗਿਆਨ ਵਿਸ਼ਿਆਂ ਦੀ ਸਿੱਖਿਆ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਕਈ ਥਾਈਂ ਮੁੱਢਲੇ ਤੇ ਮਿਡਲ ਸਕੂਲਾਂ ਦੇ ਸੀਨੀਅਰ ਵਿਭਾਗਾਂ, ਟੀਚਰ ਟ੍ਰੇਨਿੰਗ ਅਤੇ ਕਮਰਸ਼ੀਅਲ ਤੇ ਸੀਨੀਅਰ ਗਰਲਜ਼ ਕਾਲਜਾਂ ਵਿਚ ਪੋਸਟ ਪ੍ਰਾਇਮਰੀ ਸਿੱਖਿਆ ਅਤੇ ਤਕਨੀਕੀ, ਕਮਰਸ਼ਲ ਅਤੇ ਸਮਾਜਕ ਸੇਵਾਵਾਂ ਵਰਗੇ ਕਿੱਤਿਆਂ ਦੀ ਸਿੱਖਿਆ ਤੇ ਟ੍ਰੇਨਿੰਗ ਦਿੱਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 10 : 1958

**ਜਿਮਨੇਜ਼ੀਅਮ** : ਇਹ ਸਭ ਤੋਂ ਪਹਿਲਾਂ ਯੂਨਾਨ ਵਿਚ ਸਾਧਾਰਣ ਕਸਰਤ ਘਰ ਦੇ ਰੂਪ ਵਿਚ ਪ੍ਰਚੱਲਤ ਹੋਏ। ਯੂਨਾਨੀ ਬੋਲੀ ਵਿਚ ਇਨ੍ਹਾਂ ਨੂੰ ਜਿਮਨੇਸ਼ਨ ਕਿਹਾ ਜਾਂਦਾ ਸੀ ਜਿਸ ਦਾ ਸ਼ਾਬਦਿਕ ਅਰਥ ਵੀ ਨੰਗੇ ਪਿੰਡੇ ਦੀ ਕਸਰਤ ਹੁੰਦਾ ਹੈ। ਪਹਿਲਾਂ ਪਹਿਲ 'ਜਿਮਨੇਸ਼ਨ' ਇਕ ਖੁੱਲ੍ਹੇ-ਡੁੱਲੇ ਕਮਰੇ ਦੇ ਰੂਪ ਵਿਚ ਬਣਾਇਆ ਜਾਂਦਾ ਸੀ ਜਿਸਦੇ ਅੰਦਰ ਹੀ ਸਾਰੀਆਂ ਖੇਡਾਂ ਖੇਡੀਆਂ ਜਾਂਦੀਆਂ ਸਨ ਅਤੇ ਖੇਡਣ ਲਈ ਸਾਜ਼ੋ-ਸਾਮਾਨ ਵੀ ਇਥੋਂ ਹੀ ਮੁਹੱਈਆ ਕੀਤਾ ਜਾਂਦਾ ਸੀ। ਉਸ ਸਮੇਂ ਯੂਨਾਨ ਵਿਚ ਜਿਮਨੇਜ਼ੀਅਮਾਂ ਨੂੰ ਕਾਫ਼ੀ ਮਹੱਤਤਾ ਪ੍ਰਾਪਤ ਸੀ। ਹਰੇਕ ਪ੍ਰਸਿੱਧ ਸ਼ਹਿਰ ਵਿਚ ਘੱਟ ਤੋਂ ਘੱਟ ਇਕ ਜਿਮਨੇਜ਼ੀਅਮ ਜ਼ਰੂਰੀ ਹੁੰਦਾ ਸੀ ਜਿਸ ਦਾ ਪ੍ਰਬੰਧ ਸਰਕਾਰ ਕਰਦੀ ਸੀ। ਇਕ ਸਾਧਾਰਣ ਜਿਹੇ ਕਸਰਤ ਘਰ ਤੋਂ ਆਰੰਭ ਹੋ ਕੇ ਇਹ ਵਿਕਾਸ ਕਰਦੀ ਕਰਦੀ ਡ੍ਰੈਸਿੰਗ ਰੂਮ,

ਗੁਸਲਖਾਨਿਆਂ, ਸਿਖਲਾਈ ਕੁਆਟਰ ਅਤੇ ਮੁਕਾਬਲਿਆਂ ਲਈ ਵਿਸ਼ੇਸ਼ ਖੇਤਰਾਂ ਵਾਲੀ ਇਕ ਬਹੁਪੱਖੀ ਸ਼ਾਨਦਾਰ ਬਣਤਰ ਦਾ ਰੂਪ ਧਾਰ ਚੁੱਕੀ ਹੈ। ਆਰੰਭ ਵਿਚ ਇਹ ਜਿਮਨੇਜ਼ੀਅਮ ਪਬਲਿਕ ਸੰਸਥਾਵਾਂ ਦੇ ਰੂਪ ਵਿਚ ਸਨ ਜਿਥੇ 18 ਸਾਲ ਤੋਂ ਵੱਧ ਉਮਰ ਉਮਰ ਦੇ ਲੜਕੇ ਪਲਬਿਕ ਗੇਮਾਂ ਲਈ ਸਿਖਲਾਈ ਪ੍ਰਾਪਤ ਕਰਦੇ ਸਨ। ਇਨ੍ਹਾਂ ਦੀ ਦੇਖ-ਰੇਖ ਕੁਝ ਸਰਕਾਰੀ ਅਧਿਕਾਰੀਆਂ ਦਾ ਟ੍ਰਸਟ ਕਰਦਾ ਸੀ। ਉਹੋ ਹੀ ਪਬਲਿਕ ਤਿਉਹਾਰਾਂ ਤੇ ਖੇਡਾਂ ਦੇ ਮੁਕਾਬਲੇ ਕਰਵਾਉਣ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। 'ਜਿਮਨਾਸਟਿਕ' ਕਰਨ ਵਾਲੇ ਵਿਅਕਤੀ ਅਥਲੀਟਾਂ ਨੂੰ ਸਿੱਖਿਆ ਦਿੰਦੇ ਤੇ ਉਨ੍ਹਾਂ ਦੀ ਅਗਵਾਈ ਕਰਦੇ ਸਨ।

ਸਮੇਂ ਦੇ ਨਾਲ-ਨਾਲ ਜਿਮਨੇਜ਼ੀਅਮਾਂ ਦਾ ਵਿਕਾਸ ਹੋਇਆ ਤੇ ਇਹ ਸਿਰਫ਼ ਖੇਡ ਮੁਕਾਬਲੇ ਆਦਿ ਦੇ ਕੇਂਦਰ ਨਾ ਰਹਿ ਕੇ ਸਿੱਖਿਆ ਪ੍ਰਾਪਤੀ ਦੀਆਂ ਸੰਸਥਾਵਾਂ ਅਤੇ ਬੌਧਿਕ ਸਭਿਅਤਾ ਦੀਆਂ ਪਾਠਸ਼ਾਲਾਵਾਂ ਦਾ ਰੂਪ ਧਾਰਨ ਕਰ ਗਏ। ਜਰਮਨ ਬੋਲੀ ਬੋਲਣ ਵਾਲੇ ਦੇਸ਼ਾਂ ਵਿਚ 'ਜਿਮਨੇਜ਼ੀਅਮ' ਸ਼ਬਦ ਹੁਣ ਵੀ ਉਚੇਰੇ ਗ੍ਰੇਡ ਦੇ ਸਕੂਲਾਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਸਕੂਲਾਂ ਦਾ ਅਥਲੈਟਿਕਸ ਜਾਂ ਖੇਡਾਂ ਨਾਲ ਕੋਈ ਵਾਸਤਾ ਨਹੀਂ ਹੁੰਦਾ ਸਗੋਂ 'ਸਰੀਰਕ ਕਸਰਤ' ਵਾਲੇ ਸਥਾਨ ਨੂੰ ਟਰਨਵਰੀਨ (Turnverein) ਕਿਹਾ ਜਾਂਦਾ ਹੈ। ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਵਿਚ ਜਰਮਨਾਂ ਤੋਂ ਉਲਟ ਇਹ ਸ਼ਬਦ ਸਰੀਰਕ ਸਾਧਨਾਂ ਦੇ ਅਭਿਆਸ ਲਈ ਨਿਸ਼ਚਿਤ ਕਮਰੇ ਜਾਂ ਇਮਾਰਤ ਲਈ ਵਰਤਿਆ ਜਾਂਦਾ ਹੈ।

ਯੂਨਾਨੀਆਂ ਨੇ ਰੋਮਨ ਸਾਮਰਾਜ ਵਿਚ ਜਿਮਨੇਜ਼ੀਅਮ ਸਥਾਪਤ ਕਰਨ ਦੇ ਕਾਫ਼ੀ ਉਪਰਾਲੇ ਕੀਤੇ ਪਰ ਉਨ੍ਹਾਂ ਨੇ ਇਨ੍ਹਾਂ ਨੂੰ ਕੋਈ ਮਹੱਤਤਾ ਨਾ ਦਿੱਤੀ।

ਆਧੁਨਿਕ ਜਿਮਨੇਜ਼ੀਅਮਾਂ ਵਿਚੋਂ ਸਭ ਤੋਂ ਪਹਿਲੀ ਸੰਸਥਾ 1811 ਵਿਚ ਫ੍ਰੈਡਰਿਕ ਲੁਦਵਿਕ ਜਾੱਨ ਨੇ ਬਰਲਿਨ ਵਿਖੇ ਸਥਾਪਤ ਕੀਤੀ। ਫਿਰ 1817 ਵਿਚ ਸੰਯੁਕਤ ਰਾਜ ਵਿਚ ਮਿਲਟਰੀ ਜਿਮਨੇਜ਼ੀਅਮ ਖੋਲ੍ਹਿਆ ਗਿਆ। ਸੰਨ 1859 ਵਿਚ ਉਪਿੰਘਮ ਵਿਖੇ ਇੰਗਲੈਂਡ ਦਾ ਪਹਿਲਾ ਸਕੂਲ ਖੁੱਲ੍ਹਿਆ। ਇਸੇ ਤਰ੍ਹਾਂ ਹੋਰ ਵੀ ਕਈ ਥਾਵਾਂ ਤੇ ਅਜਿਹੇ ਸਕੂਲ ਖੋਲ੍ਹੇ ਗਏ। ਸੰਨ 1848 ਵਿਚ ਬਰਤਾਨਵੀ ਸਰਕਾਰ ਨੇ ਲੰਡਨ ਵਿਚ ਪ੍ਰਿਮਰੋਜ ਪਹਾੜ ਉੱਪਰ ਇਕ ਖੁੱਲ੍ਹੇ (ਛੱਤ ਬਾਹਰੇ) ਜਿਮਨੇਜ਼ੀਅਮ ਲਈ ਉਪਕਰਣ ਖੜ੍ਹਾ ਕੀਤਾ। ਇਸੇ ਤਰ੍ਹਾਂ ਇਸੇ ਸਦੀ ਦੌਰਾਨ ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਜਿਮਨੇਜ਼ੀਅਮ ਉਸਾਰੇ ਗਏ।

ਇਨ੍ਹਾਂ ਵਿਚੋਂ ਹਾਵਰਡ ਯੂਨੀਵਰਸਿਟੀ 'ਹੈਮਨਵੇ' ਜਿਮਨੇਜ਼ੀਅਮ ਆਪਣੇ ਸਮੇਂ ਦਾ ਸਭ ਤੋਂ ਨਫ਼ੀਸ ਜਿਮਨੇਜ਼ੀਅਮ ਸੀ। ਸੰਨ 1862 ਵਿਚ ਪਹਿਲੀ ਵਾਰੀ ਲੜਕੀਆਂ ਦੇ ਕਾਲਜ ਵਿਚ ਜਿਮਨੇਜ਼ੀਅਮ ਸੰਬੰਧੀ ਸਿੱਖਿਆ ਦਿੱਤੀ ਗਈ।

ਇਨ੍ਹਾਂ ਸਾਰੀਆਂ ਪ੍ਰਾਰੰਭਕ ਸੰਸਥਾਵਾਂ ਦਾ ਮੁੱਖ ਮੰਤਵ ਜਿਸਮਾਨੀ ਕਸਰਤ ਲਈ ਢੁੱਕਵੀਂ ਜਗ੍ਹਾ ਦਾ ਉਪਬੰਧ ਕਰਨਾ ਅਤੇ ਸਾਰੇ ਉਪਕਰਣਾਂ ਅਤੇ ਸਾਰੀਆਂ ਜਿਮਨੇਜ਼ੀਅਮ ਦੀਆਂ ਖੇਡਾਂ ਦਾ ਅਭਿਆਸ ਕਰਨਾ ਸੀ। ਹੌਲੀ-ਹੌਲੀ ਜਿਮਨੇਜ਼ੀਅਮਾਂ ਅੰਦਰਲੀਆਂ ਸਰਗਰਮੀਆਂ ਦਾ ਘੇਰਾ ਵਿਸ਼ਾਲ ਹੁੰਦਾ ਇਥੋਂ ਤੱਕ ਵੱਧ ਗਿਆ ਕਿ 20ਵੀਂ ਸਦੀ ਦੇ ਜਿਮਨੇਜ਼ੀਅਮਾਂ ਅੰਦਰ ਬਾਸਕਟ ਬਾਲ, ਵਾਲੀਬਾਲ, ਟੈਨਿਸ, ਹੈਂਡਬਾਲ ਆਦਿ ਵਰਗੀਆਂ ਗੇਮਾਂ ਵੀ ਸ਼ਾਮਲ ਹੋ ਗਈਆਂ।

ਅੱਜਕੱਲ੍ਹ ਦੇ ਜਿਮਨੇਜ਼ੀਅਮਾਂ ਵਿਚ ਡ੍ਰੈਸਿੰਗ ਰੂਮ, ਲਾਕਰ ਰੂਮ, ਸ਼ਾਵਰ ਰੂਮ, ਤੈਰਨ ਲਈ ਤਲਾ ਆਦਿ ਵੀ ਵੱਖਰੇ-ਵੱਖਰੇ ਬਣਾਏ ਜਾਂਦੇ ਹਨ। ਸਕੂਲ ਪੱਧਰ ਤੇ ਜਿਮਨੇਜ਼ੀਅਮਾਂ ਵਿਚ ਨਾਚ, ਮੇਲੇ ਆਦਿ ਵਰਗੀਆਂ ਸਮਾਜਕ ਸਰਗਰਮੀਆਂ ਅਤੇ ਸਰੀਰਕ ਸਿੱਖਿਆ ਆਦਿ ਦਾ ਵੀ ਉਪਬੰਧ ਹੁੰਦਾ ਹੈ। ਕਈ ਵਾਰੀ ਆਮ ਜਨਤਾ ਲਈ ਵਿਹਲੇ ਸਮੇਂ ਦੀਆਂ ਸਰਗਰਮੀਆਂ ਲਈ ਵੀ ਉਪਬੰਧ ਕੀਤਾ ਹੁੰਦਾ ਹੈ। ਪਰ ਬਰਤਾਨੀਆ ਵਿਚ ਅਜਿਹੇ ਪਬਲਿਕ ਜਿਮਨੇਜ਼ੀਅਮ ਘੱਟ ਵੱਧ ਹੀ ਹੁੰਦੇ ਹਨ। ਇਥੇ ਬਹੁਤ ਜਿਮਨੇਜ਼ੀਅਮ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਨਾਲ ਹੀ ਸਬੰਧਤ ਹਨ।

ਹ. ਪੁ.–ਐਨ. ਬ੍ਰਿ. 10 : 1057

**ਜਿਮਨੋਸਪੱਰਮ** : ਇਹ ਬੀਜ ਪੈਦਾ ਕਰਨ ਵਾਲੇ ਪੌਦਿਆਂ ਦੇ ਦੋ ਵੱਡੇ ਸਮੂਹਾਂ ਵਿਚੋਂ ਇਕ ਦਾ ਨਾਂ ਹੈ ਜਿਨ੍ਹਾਂ ਦੇ ਬੀਜ ਫੁੱਲ ਦੇ



ਐੱਰਾਕੇਰੀਆ (ਜਿਮਨੋਸਪੱਰਮ)

ਅੰਦਰ ਨਹੀਂ ਹੁੰਦੇ। ਇਨ੍ਹਾਂ ਨੂੰ ਪਾਈਨੋਫਾਈਟਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੀਆਂ ਤਕਰੀਬਨ 750 ਜਾਤੀਆਂ ਹਨ। ਵਿਗਿਆਨਕ ਤੌਰ ਤੇ ਇਹ ਬਹੁਤ ਦਿਲਚਸਪ, ਮਹੱਤਵਪੂਰਨ ਅਤੇ ਜਾਣੇ ਪਹਿਚਾਣੇ ਪੌਦੇ ਹਨ, ਜਿਵੇਂ ਚੀਲ੍ਹ, ਜੂਨੀਪਰ, ਆਰੋਕੇਰੀਆ, ਸੀਡਾਰ ਅਤੇ ਸਪਰੂਸ ਆਦਿ। ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿਚ ਇਹ ਬਨਸਪਤੀ ਦਾ ਵੱਡਾ ਹਿੱਸਾ ਹਨ। ਇਨ੍ਹਾਂ ਦੀਆਂ ਬਹੁਤ ਸਾਰੀਆਂ ਜਾਤੀਆਂ ਲੱਕੜੀ, ਸਜਾਵਟੀ ਰੁੱਖ, ਖੁਰਾਕੀ ਮਹੱਤਤਾ ਵਾਲੇ ਪੌਦੇ ਅਤੇ ਜ਼ਰੂਰੀ ਤੇਲਾਂ ਅਤੇ ਦਵਾਈਆਂ ਆਦਿ ਲਈ ਮਸ਼ਹੂਰ ਹਨ। ਅੱਜ ਦੇ ਕੋਲਾ ਭੰਡਾਰਾਂ ਦੇ ਮੁੱਖ ਸੋਮੇ ਪੁਰਾਤਨ ਸਮੇਂ ਵਿਚ ਨਸ਼ਟ ਹੋਏ ਜਿਮਨੋਸਪੱਰਮਾਂ ਦੇ ਜੰਗਲਾਂ ਕਾਰਨ ਹੀ ਬਣੇ ਹਨ ਪਰ ਕੁਝ ਜਿਮਨੋਸਪੱਰਮ ਜ਼ਹਿਰੀਲੇ ਅਤੇ ਕੁਝ ਜੜ੍ਹੀ ਬੂਟੀਆਂ ਦੇ ਰੂਪ ਵਿਚ ਹਨ। ਇਨ੍ਹਾਂ ਪੌਦਿਆਂ ਵਿਚ ਮਿਲਦੀ ਵਿਲੱਖਣਤਾ, ਅਜੋਕੀ ਅਤੇ ਪੁਰਾਣੀ ਵੰਡ ਅਤੇ ਪਥਰਾਟਾਂ ਤੋਂ ਪ੍ਰਾਪਤ ਹੋਏ ਰਿਕਾਰਡਾਂ ਕਾਰਨ ਇਹ ਵਿਗਿਆਨਕ ਪੱਖੋਂ ਬਹੁਤ ਦਿਲਚਸਪ ਹਨ। ਇਨ੍ਹਾਂ ਦੇ ਵੱਡੇ ਸਮੂਹ ਇਹ ਹਨ (1) ਕੋਨੀਫਰੋਫ਼ਾਈਟ; ਜਿਨ੍ਹਾਂ ਵਿਚ ਕੋਨੀਫ਼ਰ, ਟੈਕਸੈਂਡ ਅਤੇ ਜਿੰਗੋ ਸ਼ਾਮਲ ਹਨ। (2) ਸਾਈਕੈਡੋਫ਼ਾਈਟ ; ਜਿਨ੍ਹਾਂ ਵਿਚ ਸਾਈਕੈਡ ਆਉਂਦੇ ਹਨ ਅਤੇ (3)ਨੀਟੋਫ਼ਾਈਟ; ਜਿਨ੍ਹਾਂ ਵਿਚ ਫਰ, ਨੀਟਮ ਅਤੇ ਵੈਲੀਵਿਸ਼ੀਆ ਸ਼ਾਮਲ ਹਨ।

**ਭੂਗੋਲਕ ਵੰਡ**—ਜਿਮਨੋਸਪੱਰਮ ਐਨਟਾਰਕਟਿਕ ਮਹਾਂਦੀਪ ਨੂੰ ਛੱਡ ਕੇ ਲਗਭਗ ਸਾਰੇ ਮਹਾਂਦੀਪਾਂ ਵਿਚ ਮਿਲਦੇ ਹਨ। ਇਹ ਖ਼ਾਸ ਤੌਰ ਤੇ ਸੀਤ-ਖੰਡੀ ਉਚਾਈਆਂ ਅਤੇ ਊਸ਼ਣ ਖੰਡੀ ਪਹਾੜਾਂ ਤੇ ਮਿਲਦੇ ਹਨ।

ਜ਼ਿਮਨੋਸਪੱਰਮਾਂ ਦੀਆਂ ਸਭ ਤੋਂ ਵੱਧ ਜਾਤੀਆਂ ਯੂਰੇਸ਼ੀਆ ਵਿਚ ਮਿਲਦੀਆਂ ਹਨ, ਜਿਥੇ ਇਨ੍ਹਾਂ ਦੀ ਗਿਣਤੀ 340 ਦੇ ਲਗਭਗ ਹੈ। ਉੱਤਰੀ ਅਮਰੀਕਾ ਵਿਚ ਇਹ ਗਿਣਤੀ 150, ਅਫ਼ਰੀਕਾ, ਦੱਖਣੀ ਅਮਰੀਕਾ ਅਤੇ ਆਸਟ੍ਰੇਲੀਆ ਵਿਚ 50, 50 ਹੈ। ਇਨ੍ਹਾਂ ਦੀ ਸਭ ਤੋਂ ਵੱਧ ਮਿਲਣ ਵਾਲੀ ਪ੍ਰਜਾਤੀ ਜੂਨੀਪਰਸ ਹੈ ਜੋ ਉੱਤਰੀ ਅਰਧ ਗੋਲੇ ਵਿਚ ਪੂਰਬੀ ਅਫ਼ਰੀਕਾ ਵਿਚ ਮਿਲਦੀ ਹੈ। ਇਸ ਤੋਂ ਇਲਾਵਾ ਕੁਝ ਹੋਰ ਪ੍ਰਜਾਤੀਆਂ ਵੀ ਹਨ ਜੋ ਕਾਫ਼ੀ ਖੇਤਰਾਂ ਵਿਚ ਮਿਲਦੀਆਂ ਹਨ ਜਿਵੇਂ ਉੱਤਰੀ ਅਮਰੀਕਾ ਅਤੇ ਯੂਰੇਸ਼ੀਆ ਆਦਿ ਵਿਚ। ਏਬੀਜ਼ ਜਾਂ ਫਰ, ਲੈਰਿਕਸ ਜਾਂ ਲਾਰਚਿਜ਼, ਪੀਸੀਆ ਜਾਂ ਸਪਰੂਸ ਅਤੇ ਪਾਈਨਸ ਜਾਂ ਚੀੜ੍ਹ ਹਨ। ਦੱਖਣ ਵਿਚ ਮਿਲਣ ਵਾਲੀ ਅਤੇ ਸਭ ਤੋਂ ਵਿਸ਼ਾਲ ਖੇਤਰ ਘੇਰਨ ਵਾਲੀ ਪ੍ਰਜਾਤੀ ਪੋਡੋਕਾਰਪਸ ਹੈ ਜੋ ਮੈਕਸੀਕੋ ਤੋਂ ਦੱਖਣੀ ਅਮਰੀਕਾ, ਅਫ਼ਰੀਕਾ, ਮੈਡਗਾਸਕਰ, ਦੱਖਣ-ਪੂਰਬੀ ਏਸ਼ੀਆ, ਇੰਡੋਨੇਸ਼ੀਆ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਬਹੁਤ ਸਾਰੇ ਦੱਖਣੀ ਸ਼ਾਂਤ ਮਹਾਸਾਗਰੀ ਦੀਪਾਂ ਵਿਚ ਮਿਲਦੀ ਹੈ।

ਕੁਝ ਪ੍ਰਜਾਤੀਆਂ ਸੀਮਿਤ ਖੇਤਰਾਂ ਵਿਚ ਹੀ ਮਿਲਦੀਆਂ ਹਨ ਜਿਵੇਂ ਸਿਕਵਾਇਆ ਕੇਵਲ ਕੈਲਿਫ਼ੋਰਨੀਆ ਅਤੇ ਆਰੀਗਨ ਵਿਚ ਸਿਕਵਾਇਆ ਡੈਂਡਰਾਨ ਕੈਲਿਫ਼ੋਰਨੀਆ ਵਿਚ, ਥੇਵੀਂਨੀਆ ਉੱਤਰ-ਪੂਰਬੀ ਆਸਟ੍ਰੇਲੀਆ, ਮਾ-ਈਕ੍ਰੋਕੈਂਕਰੀਜ਼ ਤਸਮਾਨੀਆ ਵਿਚ ਅਤੇ ਤੈਵਾਨੀਆ ਤੈਵਾਨ ਆਦਿ ਵਿਚ। ਢਕੇ ਬੀਜਾਂ ਵਾਲੇ ਰੁੱਖਾਂ (ਐਂਜੀਓ-ਸਪੱਰਮਾਂ) ਦੇ ਮੁਕਾਬਲੇ ਜਿਮਨੋਸਪੱਰਮ ਬਹੁਤ ਉੱਚੀਆਂ ਸਿਖਰਾਂ ਤੱਕ ਪਹੁੰਚ ਜਾਂਦੇ ਹਨ। ਇਕ ਵੱਡਾ ਫਰ ਕਸ਼ਮੀਰ ਵਿਚ ਲਗਭਗ 5, 350 ਮੀ. ਦੀ ਉਚਾਈ ਤੱਕ ਵੀ ਮਿਲਦਾ ਹੈ। ਜਿਮਨੋਸਪੱਰਮ, ਖ਼ਾਸ ਕਰਕੇ ਦੁਨੀਆ ਦੇ ਬਹੁਤੇ ਹਿੱਸਿਆਂ ਵਿਚ ਹਾਵੀ ਹਨ। ਭੂ-ਦ੍ਰਿਸ਼ਾਂ ਦੀ ਖ਼ਾਸੀਅਤ ਸਾਈਕੈਡ ਦੇ ਪੌਦੇ ਹਨ ਅਤੇ ਚਰਾਗਾਹਾਂ ਦੀ ਵਿਸ਼ੇਸ਼ਤਾ ਫਰ ਪੌਦੇ ਹਨ।



ਇਕ ਵੱਡਾ ਸਿਕਵਾਇਆ ਰੁੱਖ

ਕੁਝ ਜਿਮਨੋਸਪੱਰਮ ਭੂ-ਗਰਭੀ ਕਾਲ ਵਿਚ ਜ਼ਿਆਦਾ ਗਿਣਤੀ ਵਿਚ ਮਿਲਦੇ ਸਨ। ਜਿਵੇਂ ਪੂਰਬੀ ਅਤੇ ਪੱਛਮੀ ਅਰਧ-ਗੋਲਿਆਂ ਵਿਚ ਕਿਸੇ ਸਮੇਂ ਜਿੰਗੋ ਰੁੱਖਾਂ ਦੀ ਬਹੁਤਾਤ ਸੀ। ਹੁਣ ਸਿਰਫ਼ ਇਸ ਪ੍ਰਜਾਤੀ ਦੀ ਇਕ ਹੀ ਜਾਤੀ ਨੂੰ ਬਚਾਇਆ ਜਾ ਸਕਿਆ ਹੈ ਜਿਸ ਦਾ ਨਾਂ ਜਿੰਗੋ ਬਾਈਲੋਬਾ (Ginkgo Biloba) ਹੈ। ਸਾਈਕੈਡ, ਜੋ ਕਿਸੇ ਜ਼ਮਾਨੇ ਆਰਕਟਿਕ ਤੋਂ ਐਨਟਾਰਕਟਿਕ ਤੱਕ ਬਹੁ-ਗਿਣਤੀ ਵਿਚ ਫੈਲੇ ਹੋਏ ਸਨ, ਹੁਣ ਕੇਵਲ ਉਸ਼ਣ ਖੰਡਾਂ ਅਤੇ ਉਪ-ਉਸ਼ਣ ਖੰਡਾਂ ਦੇ ਥੋੜ੍ਹੇ ਜਿਹੇ ਹਿੱਸੇ ਵਿਚ ਹੀ ਮਿਲਦੇ ਹਨ। ਮੈਟਾ ਸਿਕਵੱਇਆ ਜੋ ਅੱਜ ਤੋਂ 26,000,000 ਤੋਂ ਲਗਭਗ 70,000,000 ਸਾਲ ਪਹਿਲਾਂ ਉੱਤਰੀ ਅਮਰੀਕਾ ਅਤੇ ਯੂਰੇਸ਼ੀਆ ਵਿਚ ਬਹੁ-ਗਿਣਤੀ ਵਿਚ ਮਿਲਦਾ ਸੀ ਹੁਣ ਲਗਭਗ ਪਥਰਾਟਾਂ ਦੇ ਰੂਪ ਵਿਚ ਹੀ ਮਿਲਦਾ ਹੈ। ਸੰਨ 1940 ਵਿਚ ਚੀਨ ਵਿਚ ਇਸ ਦਾ ਕੇਵਲ ਇਕੋ ਜਿਉਂਦਾ ਅੰਸ਼ ਪਾਇਆ ਗਿਆ ਹੈ।

**ਜੀਵਨ ਚੱਕਰ**—ਜਿਮਨੋਸਪੱਰਮਾਂ ਵਿਚ ਜੀਵਨ ਚੱਕਰ ਦਰਸਾ-ਉਣ ਲਈ ਚੀਲ੍ਹ ਨੂੰ ਪ੍ਰਤੀਨਿਧ ਪੌਦੇ ਵਜੋਂ ਲਿਆ ਜਾਂਦਾ ਹੈ। ਸਾਰੇ ਜ਼ਿਮਨੋਸਪੱਰਮ ਪੌਦਿਆਂ ਵਿਚ ਪੀੜ੍ਹੀ ਏਕਾਂਤਰਣ ਮਿਲਦੀ ਹੈ, ਜਿਨ੍ਹਾਂ ਵਿਚੋਂ ਇਕ ਪੀੜ੍ਹੀ ਸਪੋਰੋਫ਼ਾਈਟ ਹਾਲਤ ਨਾਲ ਤੇ ਦੂਜੀ ਗੈਮੀਟੋਫ਼ਾਈਟ ਹਾਲਤ ਨਾਲ ਬਣਦੀ ਹੈ। ਸਪੋਰੋਫ਼ਾਈਟ ਮੁੱਖ ਅਲਿੰਗੀ ਦਰੱਖ਼ਤ ਹੁੰਦਾ ਹੈ ਜਿਸ ਵਿਚ ਜੜ੍ਹਾਂ, ਤਣਾਂ, ਟਹਿਣੀਆਂ, ਪੱਤੇ ਅਤੇ ਕੋਨ ਬਣਦੇ ਹਨ। ਇਹ ਸਪੋਰ ਪੈਦਾ ਕਰਦਾ ਹੈ ਜਿਹੜੇ ਪੁੰਗਰਣ ਤੇ ਗੈਮੀਟੋਫਿਟਿਕ ਪੀੜ੍ਹੀ ਨੂੰ ਜਨਮ ਦਿੰਦੇ ਹਨ। ਗੈਮੀਟੋਫ਼ਾਈਟ ਪੌਦੇ ਨਰ ਅਤੇ ਮਾਦਾ ਗੈਮੀਟ ਪੈਦਾ ਕਰਦੇ ਹਨ ਜਿਨ੍ਹਾਂ ਨੂੰ ਅੰਡਾ ਅਤੇ ਸ਼ੁਕ੍ਰਾਣੂ ਕਿਹਾ ਜਾਂਦਾ ਹੈ। ਸ਼ੁਕ੍ਰਾਣੂ ਦੁਆਰਾ ਫਲਣ ਕਿਰਿਆ ਹੋਣ ਤੇ ਇਹ ਅੰਡਾ (ਜ਼ਾਈਗੋਟ) ਫਿਰ ਸਪੋਰੋਫਿਟਿਕ ਪੌਦੇ ਨੂੰ ਜਨਮ ਦਿੰਦਾ ਹੈ। ਜਿਮਨੋਸਪੱਰਮਾਂ ਵਿਚ ਪਰਾਗ ਕਣ ਅਤੇ ਬੀਜਾਂ ਵਾਲੇ ਕੋਨ ਇਕੋ ਹੀ ਦਰੱਖ਼ਤ ਤੇ ਲੱਗਦੇ ਹਨ। ਬੀਜਾਂ ਵਾਲੇ ਕੋਨਾਂ ਵਿਚ ਬੀਜ-ਅੰਡ ਹੁੰਦੇ ਹਨ ਜੋ ਸਕੇਲਾਂ ਨਾਲ ਘਿਰੇ ਹੁੰਦੇ ਹਨ। ਇਉਂ ਬੀਜ-ਅੰਡ ਫੁੱਲ ਜਾਂ ਫਲ ਵਿਚ ਨਹੀਂ ਸਗੋਂ ਸਿੱਧੇ ਹੀ ਮੁੱਖ ਧੁਰੇ ਤੇ ਲੱਗੇ ਹੁੰਦੇ ਹਨ। ਹਵਾ ਦੁਆਰਾ ਜਾਂ ਕੀੜਿਆਂ ਮਕੌੜਿਆਂ ਦੁਆਰਾ ਉਸੇ ਰੁੱਖ ਦੇ ਜਾਂ ਕਿਸੇ ਹੋਰ ਰੁੱਖ ਦੇ ਪਰਾਗ ਕਣ ਬੀਜ-ਅੰਡਾਂ ਤੇ ਡਿਗਦੇ ਹਨ ਅਤੇ ਫਲਣ ਕਿਰਿਆ ਦੁਆਰਾ ਬੀਜਾਂ ਦਾ ਵਿਕਾਸ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਬਾਅਦ ਭਰੂਣ ਵਧਣੀ ਸ਼ੁਰੂ ਹੋ ਜਾਂਦੀ ਹੈ। ਬੀਜ ਦੀ ਬਾਹਰਲੀ ਤਹਿ ਅੰਦਰੂਨੀ ਇੰਟਗੂਮੈਂਟ ਤੋਂ ਵਿਕਸਿਤ ਹੋ ਜਾਂਦੀ ਹੈ। ਬੀਜ ਅੰਡ ਵਿਚ ਇਕ ਮੈਗਾਸਪੋਰੈਂਜੀਅਮ ਹੁੰਦਾ ਹੈ ਜੋ ਕਿਸੇ ਖ਼ਾਸ ਆਕਾਰ ਤੱਕ ਵਧ ਕੇ ਅਰਧ-ਸੂਤਰੀ ਵਿਭਾਜਨ ਦੁਆਰਾ ਚਾਰ ਸੈੱਲਾਂ ਵਿਚ ਵੰਡਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਤਿੰਨ ਨਸ਼ਟ ਹੋ ਜਾਂਦੇ ਹਨ ਅਤੇ ਚੌਥਾ ਜਿਸ ਨੂੰ ਮੈਗਾਸਪੋਰ ਆਖਦੇ ਹਨ, ਮਾਦਾ ਗੈਮੀਟੋਫ਼ਾਈਟ ਬਣਾਉਂਦਾ ਹੈ। ਇਸੇ ਤਰ੍ਹਾਂ ਹਵਾ ਜਾਂ ਕੀੜਿਆਂ ਦੁਆਰਾ ਬੀਜ-ਅੰਡ ਉੱਤੇ ਡਿੱਗਿਆ ਪਰਾਗ, ਪਰਾਗ-ਨਲੀ ਬਣਾਉਂਦਾ ਹੈ ਜਿਸ ਵਿਚ ਨਰ ਸ਼ੁਕ੍ਰਾਣੂ ਹੁੰਦਾ ਹੈ। ਇਹ ਭਾਗ ਨਰ ਗੈਮੀਟੋਫ਼ਾਈਟ ਬਣਾਉਂਦਾ ਹੈ।

**ਆਕਾਰ ਅਤੇ ਬਣਤਰ ਦੀ ਵਿਭਿੰਨਤਾ**—ਲਗਭਗ 60% ਜਿਮਨੋਸਪੱਰਮ ਪ੍ਰਜਾਤੀਆਂ ਰੁੱਖਾਂ ਦੇ ਰੂਪ ਵਿਚ ਮਿਲਦੀਆਂ ਹਨ ਅਤੇ ਬਹੁਤ ਸਾਰੀਆਂ ਝਾੜੀਆਂ ਦੇ ਰੂਪ ਵਿਚ, ਕੁਝ ਵੇਲਾਂ ਅਤੇ ਕੁਝ-ਕੁ ਪਾਮ ਜਾਂ ਫ਼ਰਨ ਵਰਗੇ ਪੌਦਿਆਂ ਵਾਂਗ ਵੀ ਹਨ। ਬਹੁਤੇ ਜਿਮਨੋਸਪੱਰਮ ਸਦਾ ਬਹਾਰ ਪੌਦੇ ਹਨ, ਸਿਰਫ਼ ਜਿੰਗੋ, ਲਾਰਚ, ਸਾਈਪਰਸ ਅਤੇ ਰੈੱਡਵੁੱਡ ਜਿਹੇ ਪੌਦੇ ਇਕ ਵਾਧੇ ਬਾਅਦ ਆਪਣੇ ਪੱਤੇ ਛੱਡ ਦਿੰਦੇ ਹਨ। ਸਾਈਕੈਡ, ਜਿਨ੍ਹਾਂ ਵਿਚ ਸੰਯੁਕਤ ਪੱਤੇ ਹੁੰਦੇ ਹਨ ਨੂੰ ਛੱਡ ਕੇ ਪੱਤਿਆਂ ਦੀ ਸ਼ਕਲ ਵਿਚ ਵੀ ਬਹੁਤ ਭਿੰਨਤਾਵਾਂ ਮਿਲਦੀਆਂ ਹਨ। ਜਿੰਗੋ ਦੇ ਪੱਤੇ ਪੱਖੇ ਦੀ ਸ਼ਕਲ ਦੇ ਹੁੰਦੇ ਹਨ। ਸਾਈਕੈਡ ਦੇ ਪੱਤੇ ਪਾਮ ਜਾਂ ਫਰਨ ਵਾਂਗ ਹੁੰਦੇ ਹਨ ਅਤੇ ਨੀਟਮ ਦੇ ਪੱਤੇ ਜਾਲੀ-ਨੁਮਾ ਸ਼ਿਰਾਵਾਂ ਨਾਲ ਐਂਜੀਓਸਪਰਮ ਦੇ ਪੱਤਿਆਂ ਵਰਗੇ ਲੱਗਦੇ ਹਨ। ਕੋਨੀਫਰਾਂ ਵਿਚ ਸੂਈਆਂ ਵਰਗੇ ਅਤੇ ਚੌੜੇ ਪੱਤੇ ਮਿਲਦੇ ਹਨ।

ਪੱਤਿਆਂ ਦੀ ਤਰਤੀਬ ਕਿਸੇ ਵਿਚ ਚੱਕਰਦਾਰ, ਆਹਮੋ-ਸਾਹਮਣੀ ਅਤੇ ਕਿਸੇ ਵਿਚ ਝੁੰਡਾਂ ਵਰਗੀ ਹੁੰਦੀ ਹੈ। ਕੁਝ ਕੋਨੀਫਰਾਂ ਵਿਚ ਪੱਤੇ ਦੋ ਕਿਸਮ ਦੇ ਹੁੰਦੇ ਹਨ ਜਿਵੇਂ ਸਕੇਲੀ ਪੱਤੇ ਜੋ ਛੋਟੇ ਚਿੱਟੇ ਕਾਗਜ਼ੀ ਅਤੇ

ਛੇਤੀ ਝੜਨ ਵਾਲੇ ਹੁੰਦੇ ਹਨ ਜਾਂ ਸੂਈਆਂ ਵਰਗੇ ਲੰਬੇ ਹਰੇ ਪੱਤੇ। ਬਹੁਤੇ ਜਿਮਨੋਸਪੱਰਮਾਂ ਦੇ ਪਰਾਗ ਕੋਸ਼ ਅਤੇ ਬੀਜ ਕੋਨਾਂ ਵਰਗੀਆਂ ਰਚਨਾਵਾਂ ਵਿਚ ਹੁੰਦੇ ਹਨ ਜੋ ਇਕ ਪੌਦੇ ਤੇ (ਕੋਨੀਫਰ) ਜਾਂ ਅੱਡ ਅੱਡ ਪੌਦਿਆਂ ਤੇ ਜਿਵੇਂ ਸਾਈਕੈਡ, ਖਿਊ, ਜਿੰਗੋ ਆਦਿ ਵਿਚ ਲੱਗੀਆਂ ਹੋ ਸਕਦੀਆਂ ਹਨ। ਨਰ ਕੋਨਾਂ ਦਾ ਆਕਾਰ 2 ਮਿ. ਮੀ. (ਜੂਨੀਪਰ) ਤੋਂ ਲੈ ਕੇ 80 ਸੈਂ. ਮੀ. ਤੱਕ (ਸਾਈਕੈਡ) ਹੋ ਸਕਦਾ ਹੈ। ਮਾਦਾ ਕੋਨ ਕਾਫ਼ੀ ਵੱਡੇ ਆਕਾਰ ਵਿਚ ਮਿਲਦੇ ਹਨ। ਆਸਟ੍ਰੇਲੀਅਨ ਮੈਕਰੋਜਿਮੀਆ ਡੈਨੀਸੋਨੀ (Macrozamia Denisoni) ਵਿਚ 100 ਸੈਂ. ਮੀ. ਲੰਬੇ ਅਤੇ ਲਗਭਗ 38 ਕਿ. ਗ੍ਰਾਮ ਭਾਰੇ ਹੋ ਸਕਦੇ ਹਨ। ਜੂਨੀਪਰਜ਼ ਵਿਚ ਸਭ ਤੋਂ ਛੋਟੇ ਮਾਦਾ ਕੋਨ ਮਿਲਦੇ ਹਨ ਜਿਨ੍ਹਾਂ ਦਾ ਵਿਆਸ 4 ਜਾਂ 5 ਮਿ. ਮੀ. ਹੁੰਦਾ ਹੈ।

**ਕ੍ਰਮ ਵਿਕਾਸ ਅਤੇ ਪਥਰਾਟ ਵਿਗਿਆਨ**—ਜਿਮਨੋਸਪੱਰਮ ਮਗਰਲੇ ਡੀਵੋਨੀਅਨ ਕਾਲ ਵਿਚ ਪ੍ਰਗਟ ਹੋਏ ਅਤੇ ਮੀਜ਼ੋਜ਼ੋਇਕ ਕਾਲ ਵਿਚ ਇਹ ਦੁਨੀਆ ਦੇ ਪ੍ਰਮੁੱਖ ਤੇ ਸਭ ਤੋਂ ਵਿਕਸਿਤ ਪੌਦੇ ਸਨ। ਕ੍ਰੀਟੇਸ਼ਸ ਕਾਲ ਦੇ ਅੰਤ ਵਿਚ ਇਨ੍ਹਾਂ ਦਾ ਸਥਾਨ ਐਂਜੀਓਸਪੱਰਮਾਂ ਨੇ ਲੈ ਲਿਆ। ਆਕਾਰ ਰਚਨਾ ਵਿਗਿਆਨੀਆਂ ਨੇ ਜਿਮਨੋਸਪੱਰਮਾਂ ਨੂੰ ਤਿੰਨ ਵੱਡੇ ਗਰੁੱਪਾਂ ਵਿਚ ਵੰਡਿਆ ਹੈ ਜਿਨ੍ਹਾਂ ਦੇ ਨਾਂ ਇਹ ਹਨ–ਨੀਟਿਸੀ ਸਾਈਕੈਡਿਸੀ ਅਤੇ ਪਾਈਨਸੀ ਗਰੁੱਪ ਨੀਟਸੀ ਅਤੇ ਉੱਤਪਤੀ ਅਤੇ ਵਿਕਾਸ ਬਾਰੇ ਕੁਝ ਵੀ ਪਤਾ ਨਹੀਂ ਲੱਗਾ ਕਿਉਂਕਿ ਇਨ੍ਹਾਂ ਦੇ ਪਥਰਾਟ ਨਹੀਂ ਮਿਲੇ ਪਰ ਇਹ ਐਂਜੀਓਸਪੱਰਮ ਨਾਲ ਮਿਲਦੇ ਜੁਲਦੇ ਸਨ ਅਤੇ ਵਿਗਿਆਨੀਆਂ ਨੇ ਇਨ੍ਹਾਂ ਨੂੰ ਫੁੱਲਦਾਰ ਪੌਦਿਆਂ ਦੇ ਵਡੇਰੇ ਮੰਨਿਆ ਹੈ। ਸਾਈਕੈਡਿਸੀ ਅਤੇ ਪਾਈਨਿਸੀ ਦੇ ਕਾਫ਼ੀ ਪਥਰਾਟ ਮਿਲਦੇ ਹਨ। ਸਾਈਕੈਡਿਸੀ ਦੇ ਚਾਰ ਵਰਗਾਂ ਵਿਚੋਂ ਕੇਵਲ ਇਕ ਹੀ ਜੀਵਿਤ ਹੈ। ਅਲੋਪ ਹੋ ਚੁੱਕੇ ਵਰਗਾਂ ਦੇ ਨਾਂ ਇਸ ਤਰ੍ਹਾਂ ਹਨ, ਸਾਈਕੈਡੋਫਿਲੀਕੇਲੀਜ਼ ਜਾਂ ਸੀਡ ਫ਼ਰਨਜ਼, ਕੇਟੋਨੀਏਲੀਜ਼ ਅਤੇ ਬੈਨੀਟਾਈਟੈਲੀਜ਼ ਚੌਥੇ ਜੀਵਿਤ ਵਰਗ ਦਾ ਨਾਂ ਹੈ ਸਾਈਕੈਡੇਲੀਜ਼ ਜਿਸ ਦੀਆਂ 9 ਪ੍ਰਜਾਤੀਆਂ ਅਤੇ 100 ਜਾਤੀਆਂ ਮਿਲਦੀਆਂ ਹਨ। ਸਾਈਕੈਡਜ਼ ਵਿਚ ਸ਼ੁਕ੍ਰਾਣੂ ਗਤੀਸ਼ੀਲ ਹੁੰਦਾ ਹੈ ਅਤੇ ਵਾਸਕੁਲਰ ਪੌਦਿਆਂ ਵਿਚ ਸਭ ਤੋਂ ਵੱਡੇ ਆਕਾਰ ਦਾ ਹੁੰਦਾ ਹੈ। ਸਾਈਕੈਡਜ਼ ਦੀ ਉੱਤਪਤੀ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲਦਾ ਪਰ ਇਨ੍ਹਾਂ ਦੀ ਉੱਤਪਤੀ ਸੀਡ-ਫਰਨਜ਼ ਤੋਂ ਹੋਈ ਮੰਨੀ ਜਾ ਸਕਦੀ ਹੈ। ਤੀਸਰੇ ਗਰੁੱਪ ਪਾਈਨਿਸੀ ਦੇ ਚਾਰ ਵਰਗਾਂ ਵਿਚੋਂ ਇਕ ਵਰਗ ਕਾਰਡੇਟੇਲੀਜ਼ ਅਲੋਪ ਹੋ ਚੁੱਕਾ ਹੈ। ਦੂਸਰਾ ਵਰਗ ਜਿੰਗੋਏਲੀਜ਼ ਕਿਸੇ ਜ਼ਮਾਨੇ ਵਿਚ ਸਰਵ-ਵਿਆਪਕ ਸੀ ਪਰ ਅੱਜ ਇਸ ਦਾ ਇਕੋ ਇਕ ਜੀਵਿਤ ਪ੍ਰਤਿਨਿਧ ਜਿੰਗੋ ਬਾਈਲੋਬਾ (ਵਿਸਥਾਰ ਲਈ ਵੇਖੋ ਜਿੰਗੋ) ਹੀ ਬਚਿਆ ਹੈ। ਤੀਜੇ ਵਰਗ ਟੈਕਸੇਲੀਜ਼ ਵਿਚ ਪੰਜ ਜੀਵਿਤ ਪ੍ਰਜਾਤੀਆਂ ਅਤੇ 20 ਜਾਤੀਆਂ ਮਿਲਦੀਆਂ ਹਨ। ਜਿਮਨੋਸਪੱਰਮਾਂ ਦਾ ਅਖ਼ੀਰਲਾ ਵਰਗ ਕੋਨੀਫਰੇਲੀਜ਼ ਅੱਜ ਦਾ ਸਭ ਤੋਂ ਵੱਡਾ ਅਤੇ ਬਹੁ-ਵਿਸ਼ਾਲ ਵਰਗ ਹੈ। ਇਸ ਵਿਚ 50 ਪ੍ਰਜਾਤੀਆਂ ਅਤੇ ਲਗਭਗ 570 ਜਾਤੀਆਂ ਹਨ। (ਵਿਸਥਾਰ ਲਈ ਵੇਖੋ ਕੋਨੀਫਰ ਰੁੱਖ)। ਇਨ੍ਹਾਂ ਦੇ ਪਥਰਾਟ ਕਾਰਬਨੀਫਰਸ ਕਾਲ ਤੱਕ ਦੇ ਮਿਲਦੇ ਹਨ। ਇਹ ਰੁੱਖਾਂ ਜਾਂ ਝਾੜੀਆਂ ਦੇ ਰੂਪ ਵਿਚ ਮਿਲਦੇ ਹਨ। ਇਨ੍ਹਾਂ ਦੇ ਪੱਤੇ ਛੋਟੇ ਅਤੇ ਸਰਲ ਹੁੰਦੇ ਹਨ ਅਤੇ ਉਪਜਾਊ ਰਚਨਾਵਾਂ ਕੋਨਾਂ ਵਿਚ ਹੁੰਦੀਆਂ ਹਨ। ਮੁੱਢਲੇ ਕੋਨੀਫਰ ਕਾਰਡੇਟਲੀਜ਼ ਨਾਲ ਮਿਲਦੇ ਜੁਲਦੇ ਸਨ ਅਤੇ ਇਨ੍ਹਾਂ ਦੀ ਉਤਪਤੀ ਇਸੇ ਵਰਗ ਤੋਂ ਹੋਈ ਮੰਨੀ ਜਾ ਸਕਦੀ ਹੈ।

**ਵਰਗੀਕਰਨ**—ਜਿਮਨੋਸਪੱਰਮਾਂ ਦਾ ਵਰਗੀਕਰਨ ਕਰਨ ਸਮੇਂ ਇਨ੍ਹਾਂ ਨੂੰ ਇਕ ਹੀ ਵੱਡੇ ਗਰੁੱਪ ਵਿਚ ਰੱਖਿਆ ਗਿਆ ਹੈ ਜਿਸ ਦਾ ਦਰਜਾ ਐਂਜੀਓਸਪੱਰਮ ਦੇ ਬਰਾਬਰ ਹੈ। ਕਈ ਪ੍ਰਕਾਰ ਦੀਆਂ ਹੋਰ ਵੀ ਵਰਗੀਕਰਨ ਸਕੀਮਾਂ ਇਨ੍ਹਾਂ ਨੂੰ ਦੋ ਤੋਂ ਚਾਰ ਗਰੁੱਪਾਂ ਵਿਚ ਵੰਡਦੀਆਂ ਹਨ ਪਰ ਕੋਈ ਵੀ ਵਰਗੀਕਰਨ ਸਕੀਮ ਇੰਨੀ ਸੰਤੋਸ਼ਜਨਕ ਨਹੀਂ ਹੈ ਕਿਉਂਕਿ ਇਹ ਗਰੁੱਪ ਇੰਨਾ ਵਿਸ਼ਾਲ ਹੈ ਕਿ ਹਰੇਕ ਸਕੀਮ ਇਕੱਲੇ ਜਾਂ ਵੱਖ-ਵੱਖ ਤੱਥਾਂ ਦੀ ਵਿਆਖਿਆ ਤੇ ਨਿਰਭਰ ਕਰਦੀ ਹੈ ਪਰ ਫਿਰ ਵੀ ਹੇਠਲਾ ਵਰਗੀਕਰਨ ਕਿਸੇ ਹੱਦ ਤੱਕ ਮੰਨ ਲਿਆ ਗਿਆ ਹੈ।

ਜਿਮਨੋਸਪੱਰਮਾਂ ਦੀਆਂ 50 ਕੁ ਪ੍ਰਜਾਤੀਆਂ ਵਿਚ 12 ਤੋਂ ਘੱਟ ਜਾਤੀਆਂ ਹਨ, ਇਨ੍ਹਾਂ ਵਿਚੋਂ 25 ਦੀਆਂ ਕੁੱਲ ਇਕੋ ਇਕ ਹੀ ਜਾਤੀਆਂ ਹਨ। ਦੋ ਵੱਡੀਆਂ ਪ੍ਰਜਾਤੀਆਂ ਵਿਚੋਂ ਪੋਡੋਕ੍ਰਾਰਪਸ ਵਿਚ 80 ਜਾਤੀਆਂ ਅਤੇ ਪਾਈਨਸ ਦੀਆਂ 95 ਜਾਤੀਆਂ ਹਨ।

**ਡਵੀਜ਼ਨ ਪਾਈਨੋਫਾਈਟਾ ਜਾਂ ਜਿਮਨੋਸਪੱਰਮੀ**—ਇਹ ਲੱਕੜੀ ਵਾਲੇ ਪੌਦੇ ਹਨ ਜੋ ਝਾੜੀਆਂ ਤੋਂ ਲੰਬੇ ਰੁੱਖਾਂ ਤੱਕ ਮਿਲਦੇ ਹਨ। ਇਨ੍ਹਾਂ ਦੇ ਬੀਜ ਅੰਡ ਨੰਗੇ ਹੁੰਦੇ ਹਨ ਜੋ ਬੀਜਦਾਨੀ ਵਿਚ ਘਿਰੇ ਨਹੀਂ ਹੁੰਦੇ। ਮਾਦਾ ਗੈਮੀਟੋਫ਼ਾਈਟਾਂ ਵਿਚ 500 ਜਾਂ ਜ਼ਿਆਦਾ ਸੈੱਲ ਹੁੰਦੇ ਹਨ ਅਤੇ ਸਿਵਾਇ ਨੀਟਮ ਅਤੇ ਵੈਲਗਿਸ਼ੀਆ ਦੇ ਇਹ ਪੂਰਨ ਆਰਕੀਗੋਨੀਆਂ ਪੈਦਾ ਕਰਦੇ ਹਨ। ਸਿਵਾਇ ਨੀਟਸੀ ਦੇ ਇਨ੍ਹਾਂ ਦੀ ਲੱਕੜ ਵੈਸਲਜ਼ ਤੋਂ ਬਿਨਾ ਹੁੰਦੀ ਹੈ। ਫ਼ਲੋਇਮ ਵਿਚ ਸਹਿ-ਸੈੱਲ ਨਹੀਂ ਹੁੰਦੇ ਅਤੇ ਨਾ ਹੀ ਇਨ੍ਹਾਂ ਵਿਚ ਦੋਹਰੀ ਫਲਨ ਕਿਰਿਆ ਹੁੰਦੀ ਹੈ।

**ਸਬ-ਡਵੀਜ਼ਨ ਸਾਈਕੈਡਿਸੀ**—ਇਹ ਪਾਮ ਤੋਂ ਫਰਨ ਵਰਗੇ ਰੁੱਖ ਹੁੰਦੇ ਹਨ। ਇਨ੍ਹਾਂ ਦੀਆਂ ਜੀਵਿਤ ਜਾਤੀਆਂ ਵਿਚ ਗਤੀਸ਼ੀਲ ਸ਼ੁਕ੍ਰਾਣੂ ਹੁੰਦੇ ਹਨ। ਲੱਕੜ, ਵੈਸਲਜ਼ ਤੋਂ ਬਿਨਾਂ ਹੁੰਦੀ ਹੈ, ਸਾਧਾਰਣ ਤੌਰ ਤੇ ਮਾਈਕ੍ਰੋ ਸਟਰੋਬਿਲੀ ਨਰਮ ਅਤੇ ਸੁਤੰਤਰ ਹੁੰਦੇ ਹਨ।

**ਵਰਗ ਸਾਈਕੈਡੋਫ਼ਿਲੀਕੇਲੀਜ਼**—ਇਸ ਵਰਗ ਵਿਚ ਡੀਵੋਨੀ-ਅਨ ਕਾਲ ਤੋਂ ਜੁਰੈਸਕ ਕਾਲ ਦੇ ਫਰਨ ਵਰਗੇ ਅਲੋਪ ਹੋ ਚੁੱਕੇ ਪੌਦੇ ਸ਼ਾਮਲ ਹਨ। ਇਨ੍ਹਾਂ ਦੇ ਪੱਤੇ ਆਮ ਤੌਰ ਤੇ ਵੱਡੇ ਹੁੰਦੇ ਹਨ। ਬੀਜ ਅੰਡ ਮੈਗਾਸਪੋਰੋਫ਼ਿਲ ਦੀ ਸੜ੍ਹਾ ਦੇ ਨਾਲ-ਨਾਲ ਜਾਂ ਸਿਰੇ ਤੇ ਲਗਦੇ ਹਨ।

**ਵਰਗ ਕੈਟੋਨੀਏਲੀਜ਼**—ਇਹ ਟ੍ਰਾਈਐਸਿਕ ਤੋਂ ਕ੍ਰੀਟੇਸ਼ਸ ਕਾਲ ਦੇ ਅਲੋਪ ਹੋ ਚੁੱਕੇ ਪੌਦੇ ਸਨ। ਇਨ੍ਹਾਂ ਦੇ ਪੱਤੇ 3-6 ਪੱਤੀਆਂ ਦੇ ਬਣੇ ਹੁੰਦੇ ਸਨ ਜਿਨ੍ਹਾਂ ਵਿਚ ਜਾਲੀਨੁਮਾਂ ਨਾੜੀਆਂ ਹੁੰਦੀਆਂ ਸਨ। ਬੀਜ ਅੰਡ ਮੈਗਾਸਪੋਰੋਫਿਲ ਵਿਚ ਤੇ ਝੁੰਡਾਂ ਵਿਚ ਹੁੰਦੇ ਸਨ।

**ਵਰਗ ਬੈਨੀਟਾਈਟੇਲੀਜ਼**—ਇਹ ਟ੍ਰਾਈਐਸਿਕ ਕਾਲ ਤੋਂ ਕ੍ਰੀਟੇਸ਼ਸ ਕਾਲ ਦੇ ਸਾਈਕੈਡ ਵਰਗੇ ਅਲੋਪ ਹੋ ਚੁੱਕੇ ਪੌਦੇ ਸਨ ਜਿਨ੍ਹਾਂ ਦੇ ਪੱਤੇ ਸੰਯੁਕਤ ਅਤੇ ਬੀਜ ਅੰਡ ਮੈਗਾਸਪੋਰੋਫ਼ਿਲਸ ਦੇ ਸ਼ਿਖ਼ਰ ਤੇ ਇਕੱਲੇ-ਇਕੱਲੇ ਲੱਗੇ ਹੁੰਦੇ ਸਨ।

**ਵਰਗ ਸਾਈਕੈਡੋਲੀਜ਼**—ਇਹ ਟ੍ਰਾਈਐਸਿਕ ਕਾਲ ਤੋਂ ਅਜੋਕੇ ਸਮੇਂ ਤੱਕ ਮਿਲਣ ਵਾਲੇ ਪਾਮ ਵਰਗੇ ਜਾਂ ਫ਼ਰਨ ਜਿਹੇ ਪੌਦੇ ਹਨ। ਨਰ ਅਤੇ ਮਾਦਾ ਪੌਦੇ ਵੱਖੋ-ਵੱਖ ਹੁੰਦੇ ਹਨ ਅਤੇ ਇਨ੍ਹਾਂ ਦੇ ਪੱਤੇ ਸੰਯੁਕਤ ਹੁੰਦੇ ਹਨ। ਇਨ੍ਹਾਂ ਪੌਦਿਆਂ ਦੀ ਇਕ ਅਜੋਕੀ ਕੁਲ ਸਾਈਕੈਡਿਸੀ ਹੈ ਜਿਸ ਵਿਚ 9 ਪ੍ਰਜਾਤੀਆਂ ਹਨ।

**ਸਬ-ਡਿਵੀਜ਼ਨ ਪਾਈਨਿਸੀ**—ਇਨ੍ਹਾਂ ਪੌਦਿਆਂ ਦੇ ਪੱਤੇ ਸਰਲ ਹੁੰਦੇ ਹਨ। ਸ਼ੁਕ੍ਰਾਣੂ ਗਤੀਸ਼ੀਲ ਨਹੀਂ ਹੁੰਦੇ। ਲੱਕੜੀ ਵੈਸ਼ਲਜ਼ ਤੋਂ ਬਿਨਾਂ ਹੁੰਦੀ ਹੈ। ਨਰ ਕੋਨ ਸਾਧਾਰਣ ਅਤੇ ਬੀਜ-ਅੰਡਾਂ ਵਿਚ ਇਕ ਪਰਤ ਹੁੰਦੀ ਹੈ।

**ਵਰਗ ਜਿੰਗੋਏਲੀਜ਼**—ਇਹ ਪਰਮੀਅਨ ਕਾਲ ਤੋਂ ਵਰਤਮਾਨ ਕਾਲ ਤੱਕ ਮਿਲਣ ਵਾਲੇ ਰੁੱਖ ਹਨ ਜਿਨ੍ਹਾਂ ਦੇ ਪੱਤੇ ਪੱਖੇ ਵਰਗੇ ਜਾਂ ਚਪਟੇ, ਬੀਜ ਅੰਡ 2 ਤੋਂ 10, ਨਰ ਕੋਨ ਕੈਨਕਿਨ ਵਾਂਗ ਅਤੇ ਸ਼ੁਕ੍ਰਾਣੂ

ਗਤੀਸ਼ੀਲ ਹੁੰਦੇ ਹਨ। ਇਕੋ ਇਕ ਜੀਵਿਤ ਜਾਤੀ ਜਿੰਗੋ ਬਾਈਲੋਬਾ ਚੀਨ ਵਿਚ ਮਿਲਦੀ ਹੈ।

**ਵਰਗ ਕਾੱਰਡੇਟੇਲੀਜ਼**—ਇਹ ਅਲੋਪ ਹੋ ਚੁੱਕਾ ਵਰਗ ਡੀਵੋ-ਨੀਅਨ ਕਾਲ ਤੋਂ ਪਰਮੀਅਨ ਕਾਲ ਤੱਕ ਮਿਲਦਾ ਸੀ। ਇਨ੍ਹਾਂ ਵਿਚ ਪੱਤੇ ਚਪਟੇ, ਕੋਨ ਦੋ ਤਰ੍ਹਾਂ ਦੇ ਅਤੇ ਸਰਲ ਹੁੰਦੇ ਸਨ।

**ਵਰਗ ਕੋਨੀਫ਼ਰੇਲੀਜ਼**—ਇਹ ਕਾਰਬਨੀਫ਼ਰਸ ਕਾਲ ਤੋਂ ਵਰਤ-ਮਾਨ ਕਾਲ ਤੱਕ ਮਿਲਣ ਵਾਲੇ ਰੁੱਖ ਜਾਂ ਝਾੜੀਆਂ ਹਨ। ਪੱਤੇ ਸੂਈ-ਨੁਮਾ, ਸਕੇਲ ਵਰਗੇ ਜਾਂ ਚੌੜੇ ਹੁੰਦੇ ਹਨ। ਨਰ ਕੋਨ ਸਾਧਾਰਣ ਅਤੇ ਮਾਦਾ ਕੋਨ ਸੰਯੁਕਤ ਹੁੰਦੇ ਹਨ। ਇਨ੍ਹਾਂ ਦੀਆਂ 6 ਅਜੋਕੀਆਂ ਕੁਲਾਂ ਅਰਥਾਤ ਪਾਈਨੇਸੀ, ਟੈਕਸੋਡੀਏਸੀ, ਕਿਊਪਰੈਸੇਸੀ, ਪੋਡੋਕਾਰਪੇਸੀ, ਸੇਫੈਲੋਟ-ਕਸੇਸੀ ਅਤੇ ਆਰੱਕੈਰੀਏਸੀ ਮਿਲਦੀਆਂ ਹਨ।

**ਵਰਗ ਟੈਕਸੇਲੀਜ਼**—ਇਹ ਟ੍ਰਾਈਐਸਿਕ ਕਾਲ ਤੋਂ ਵਰਤਮਾਨ ਕਾਲ ਤੱਕ ਮਿਲਣ ਵਾਲੇ ਰੁੱਖ ਜਾਂ ਝਾੜੀਆਂ ਹਨ ਜਿਨ੍ਹਾਂ ਦੇ ਪੱਤੇ ਸੂਈ-ਨੁਮਾ ਅਤੇ ਬੀਜ-ਅੰਡ ਇਕੱਲੇ-ਇਕੱਲੇ ਹੁੰਦੇ ਹਨ। ਇਨ੍ਹਾਂ ਦੀ ਇਕ ਅਜੋਕੀ ਕੁਲ ਟੈਕਸੇਸੀ ਹੈ ਜਿਸ ਦੀਆਂ 5 ਪ੍ਰਜਾਤੀਆਂ ਹਨ।

**ਸਬ ਡਵੀਜ਼ਨ ਨੀਟਿਸੀ**—ਇਸ ਦੇ ਪੌਦਿਆਂ ਦੇ ਪੱਤੇ ਸਰਲ, ਸ਼ੁਕ੍ਰਾਣੂ ਗਤੀ-ਰਹਿਤ ਲੱਕੜ ਵੈਸਲਜ਼ ਵਾਲੀ ਅਤੇ ਨਰ ਕੋਨ ਸੰਯੁਕਤ ਅਤੇ ਬੀਜ-ਅੰਡ ਦੋ ਪਰਤਾਂ ਵਾਲੇ ਹੁੰਦੇ ਹਨ।

**ਵਰਗ ਅਏਫੀਡ੍ਰੇਲੀਜ਼**—ਇਹ ਸੰਘਣੀਆਂ ਸ਼ਾਖਾਵਾਂ ਵਾਲੀਆਂ ਝਾੜੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਪੱਤੇ ਛੋਟੇ-ਛੋਟੇ ਅਤੇ ਸਕੇਲ ਵਰਗੇ ਹੁੰਦੇ ਹਨ ਇਨ੍ਹਾਂ ਦੀ ਇਕੋ ਹੀ ਕੁਲ ਐਫ਼ੀਡ੍ਰੇਸੀ ਹੈ ਜਿਸ ਦੀ ਇਕੋ ਹੀ ਪ੍ਰਜਾਤੀ ਐਫ਼ੀਡ੍ਰਾ ਮਿਲਦੀ ਹੈ।

**ਵਰਗ ਵੈਲਵਿਸ਼ੀਏਲੀਜ਼**—ਇਨ੍ਹਾਂ ਪੌਦਿਆਂ ਦੇ ਤਣੇ ਸ਼ਲਗਮ ਵਰਗੇ ਅਤੇ ਜ਼ਮੀਨ ਹੇਠ ਹੁੰਦੇ ਹਨ ਜਿਨ੍ਹਾਂ ਨੂੰ ਦੋ ਮੋਟੇ-ਮੋਟੇ ਸਖ਼ਤ ਅਤੇ ਲੰਬੇ ਪੱਤੇ ਲਗਦੇ ਹਨ। ਇਹ ਪੱਤੇ ਪੌਦੇ ਦੀ ਉਮਰ ਤਕ ਨਾਲ ਹੀ ਰਹਿੰਦੇ ਹਨ। ਇਸ ਵਰਗ ਦੀ ਇਕ ਕੁਲ ਵੈਲਵਿਸ਼ੀਏਸੀ ਮਿਲਦੀ ਹੈ ਜਿਸ ਦੀ ਇਕ ਹੀ ਪ੍ਰਜਾਤੀ ਵੈਲਵਿਸ਼ੀਆ ਮਿਰਾਬਿਲਿਸ ਹੈ।

**ਵਰਗ ਨੀਟੇਲੀਜ਼**—ਇਹ ਵੇਲਾਂ, ਝਾੜੀਆਂ ਜਾਂ ਰੁੱਖਾਂ ਦੇ ਰੂਪ ਵਿਚ ਮਿਲਦੇ ਹਨ। ਇਨ੍ਹਾਂ ਦੇ ਪੱਤੇ ਪਰਤਵੇਂ ਅਤੇ ਐਂਜੀਓਸਪੱਰਮਾਂ ਵਰਗੇ ਹੁੰਦੇ ਹਨ। ਇਕ ਕੁਲ ਨੀਟਿਸੀ ਮਿਲਦੀ ਹੈ, ਜਿਸ ਦੀ ਇਕ ਪ੍ਰਜਾਤੀ ਨੀਟਮ ਹੈ।

**ਆਰਥਿਕ ਮਹੱਤਤਾ**—ਜਿਮਨੋਸਪੱਰਮ ਸਭ ਤੋਂ ਕੀਮਤੀ ਲੱਕੜੀ ਦੇਣ ਵਾਲੇ ਸੋਮੇ ਹਨ। ਹੈਮਲਾਕ, ਸਪਰੂਸ ਅਤੇ ਪਾਈਨ (ਚੀਲ੍ਹ) ਕਾਗਜ਼ ਬਣਾਉਣ ਵਾਲੀ ਗੁੱਦੇਦਾਰ ਲੱਕੜ ਦੇ ਸੋਮੇ ਹਨ। ਇਹ ਸਜਾਵਟੀ ਪੌਦਿਆਂ ਵਿਚ ਵੀ ਹਰਮਨ ਪਿਆਰੇ ਹਨ। ਸਾਈਕੈਡ, ਸਪਰੂਸ, ਜੂਨੀਪਰ, ਐਰੱਕੇਰੀਆ ਆਦਿ ਵੀ ਗ੍ਰੀਨ ਹਾਊਸ ਅਤੇ ਬਾਗ਼ਬਾਨੀ ਦੇ ਸ਼ਿੰਗਾਰ ਹਨ। ਐਰੱਕੇਰੀਆ ਜਿੰਗੋ ਪਾਈਨ ਅਤੇ ਨੀਟਮ ਦੇ ਬੀਜ ਖਾਣ ਲਈ ਵਰਤੇ ਜਾਂਦੇ ਹਨ। ਸਾਈਕਸ ਮੈਕ੍ਰੋਜ਼ੇਮੀਆ ਆਦਿ ਤੋਂ ਇਕ ਨਸ਼ਾਸਤਾ ਮਿਲਦਾ ਹੈ ਜੋ ਕਾਲ ਪੀੜਤਾਂ ਲਈ ਖ਼ੁਰਾਕ ਵਜੋਂ ਦਿੱਤਾ ਜਾ ਸਕਦਾ ਹੈ। ਕੁਝ ਜਿਮਨੋਸਪੱਰਮ ਜੰਗਲੀ ਜੀਵਨ ਲਈ ਖ਼ੁਰਾਕ ਦਾ ਮੁੱਖ ਸੋਮਾ ਬਣਦੇ ਹਨ ਜਿਵੇਂ ਪਾਈਨ, ਸਪਰੂਸ, ਜੂਨੀਪਰ, ਹੈਮਲਾਕ ਅਤੇ ਫਰ ਆਦਿ। ਕਈ ਵਾਰ ਇਨ੍ਹਾਂ ਹੀ ਰੁੱਖਾਂ ਦੇ ਪੱਤੇ ਚਰਨ ਵਾਲੇ ਜਾਨਵਰਾਂ ਲਈ ਜ਼ਹਿਰ ਬਣ ਜਾਂਦੇ ਹਨ। ਸਾਈਕਸ ਆਦਿ ਕਿਊ ਦੇ ਬੀਜ ਮਨੁੱਖ ਲਈ ਵੀ ਘਾਤਕ ਹੁੰਦੇ ਹਨ। ਸਪਰੂਸ, ਪਾਈਨ, ਜੂਨੀਪਰ, ਫਰ ਅਤੇ ਹੈਮਲਾਕ ਤੋਂ ਜ਼ਰੂਰੀ ਤੇਲ ਮਿਲਦੇ ਹਨ ਜੋ ਸ਼ਿੰਗਾਰ ਸਮੱਗਰੀ, ਸੈਂਟਾਂ ਜਾਂ ਸਾਬਣਾਂ ਵਿਚ ਵਰਤੇ ਜਾਂਦੇ ਹਨ। ਕੁਝ ਜਿਮਨੋਸਪੱਰਮ ਔਸ਼ਧੀ ਵਜੋਂ ਵੀ ਵਰਤੇ ਜਾਂਦੇ ਹਨ ਜਿਵੇਂ ਵੱਡੇ ਫਰ ਤੋਂ ਅਏਫਿਡ੍ਰੀਨ ਮਿਲਦੀ ਹੈ ਜੋ ਸਾਹ ਦੀਆਂ ਬੀਮਾਰੀਆਂ ਦੇ ਇਲਾਜ ਲਈ ਵਰਤੀ ਜਾਂਦੀ ਹੈ।

ਅਲੋਪ ਹੋ ਚੁੱਕੇ ਜਿਮਨੋਸਪੱਰਮ ਵੀ ਘੱਟ ਮਹੱਤਵਪੂਰਨ ਨਹੀਂ। ਕਾੱਰਬਨੀਫ਼ਰਸ ਕਾਲ ਦੇ ਧਰਤੀ ਵਿਚ ਦੱਬੇ ਗਏ ਜਿਮਨੋਸਪੱਰਮ ਰੁੱਖ ਹੀ ਅਜੋਕੇ ਕੋਲਾ-ਭੰਡਾਰਾਂ ਦਾ ਮੁੱਖ ਸੋਮਾ ਹਨ। ਕੁਝ ਜੂਨੀਪਰ ਕਈ ਤਰ੍ਹਾਂ ਦੀਆਂ ਉੱਲੀਆਂ ਤੇ ਮੇਜ਼ਬਾਨ ਬਣਦੇ ਹਨ ਜੋ ਫਲਦਾਰ ਰੁੱਖਾਂ ਦੀ ਬੀਮਾਰੀ ਦਾ ਕਾਰਨ ਹੁੰਦੇ ਹਨ। ਸਾਈਕੈਡ ਦੀਆਂ ਜੜ੍ਹਾਂ ਵਿਚ ਨਾਈਟ੍ਰੋਜਨ ਜਮ੍ਹਾਂ ਕਰਨ ਵਾਲੇ ਬੈਕਟੀਰੀਆ ਮਿਲਦੇ ਹਨ ਅਤੇ ਜਿਥੇ ਇਹ ਰੁੱਖ ਬਹੁ-ਗਿਣਤੀ ਵਿਚ ਹੋਣ ਉਥੇ ਭੋਂ ਵਿਚ ਨਾਇਟ੍ਰੋਜਨ ਦੀ ਮਾਤਰਾ ਕਾਫ਼ੀ ਵੱਧ ਜਾਂਦੀ ਹੈ। ਕ੍ਰਿਸਮਸ-ਰੁੱਖ ਉਦਯੋਗ ਕਈ ਤਰ੍ਹਾਂ ਦੇ ਜਿਮਨੋਸਪੱਰਮ ਰੁੱਖਾਂ ਤੇ ਨਿਰਭਰ ਹੈ ਜਿਵੇਂ ਡਗਲਸ ਫ਼ਰ, ਪਾਈਨ, ਜੂਨੀਪਰ ਅਤੇ ਸਪਰੂਸ ਆਦਿ।

ਭੋਂ ਖੁਰਨ ਨੂੰ ਰੋਕਣ ਲਈ ਵੀ ਜਿਮਨੋਸਪੱਰਮ ਖ਼ਾਸ ਕਰਕੇ ਕੋਨੀਫਰ ਕਾਫ਼ੀ ਸਹਾਇਕ ਸਿੱਧ ਹੁੰਦੇ ਹਨ। ਇਹ ਪਾਈਨ, ਐਰੱਕੇਰੀਆ, ਪੋਡੋਕਾਰਪਸ, ਕ੍ਰਿਪਟੋ-ਮੇਰੀਆ ਅਤੇ ਲਾਰਚ ਜੰਗਲਾਤਾਂ ਦੀ ਮੁੜ ਉੱਤਪਤੀ ਲਈ ਵਰਤੇ ਜਾਂਦੇ ਹਨ। ਡਗਲਸ ਫਰ, ਜੂਨੀਪਰ, ਸਪਰੂਸ ਅਤੇ ਕੈਲੀਟਰਿਸ ਓਟ ਵਾਲੇ ਰੁੱਖ ਹੋਣ ਕਾਰਨ ਤੇਜ਼ ਹਵਾ ਰੋਕਣ ਲਈ ਵੀ ਉਗਾਏ ਜਾਂਦੇ ਹਨ।

ਹ. ਪੁ.–ਐਨ. ਬ੍ਰਿ. ਮੈ. 8 : 519

**ਜ਼ਿਮਬਾਬਵੇ** : ਇਹ ਦੱਖਣ ਪੂਰਬੀ ਅਫ਼ਰੀਕਾ ਵਿਚ ਵਾਕਿਆ ਇਕ ਆਜ਼ਾਦ ਦੇਸ਼ ਹੈ। ਇਸ ਦੀਆਂ ਹੱਦਾਂ ਦੱਖਣ ਵੱਲੋਂ ਦੱਖਣੀ ਅਫਰੀਕਾ, ਦੱਖਣ ਪੱਛਮ ਅਤੇ ਪੱਛਮ ਵੱਲੋਂ ਬਾਟਸਵਾਨਾ ਅਤੇ ਉੱਤਰ ਪੱਛਮ ਵੱਲੋਂ ਜ਼ੈਂਬੀਆ ਨਾਲ ਲੱਗਦੀਆਂ ਹਨ। 390,758 ਵ. ਕਿ. ਮੀ. ਰਕਬੇ ਵਿਚ ਫੈਲੇ ਇਸ ਦੇਸ਼ ਦੀ ਵਸੋਂ 9.9, ਮਿਲੀਅਨ (1992) ਹੈ। ਅੰਗਰੇਜ਼ੀ ਨੂੰ ਇਥੋਂ ਦੀ ਰਾਜ ਭਾਸ਼ਾ ਦਾ ਦਰਜਾ ਹਾਸਲ ਹੈ। ਹਰਾਰੇ ਜ਼ਿਮਬਾਬਵੇ ਦੀ ਰਾਜਧਾਨੀ ਹੈ।

### ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਜ਼ਿਮਬਾਬਵੇ ਦੱਖਣੀ ਅਫ਼ਰੀਕਾ ਵੈਲਡ ਦਾ ਹੀ ਇਕ ਭਾਗ ਹੈ। ਇਥੋਂ ਦੇ ਚੌਥਾਈ ਭਾਗ ਨੂੰ ਉੱਚ ਵੈਲਡ ਕਿਹਾ ਜਾਂਦਾ ਹੈ ਜਿਸ ਦੀ ਸਮੁੰਦਰ ਤਲ ਤੋਂ ਉੱਚਾਈ 1200-1500 ਮੀਟਰ ਹੈ। 80-160 ਕਿ. ਮੀ. ਚੌੜੀਆਂ ਇਹ ਉੱਚ ਭੂਮੀਆਂ ਜ਼ਿਮਬਾਬਵੇ ਦੇ ਕੇਂਦਰੀ ਭਾਗ ਵਿਚ ਦੱਖਣ ਪੱਛਮ ਤੋਂ ਉੱਤਰ ਪੂਰਬ ਵੱਲ ਫੈਲੀਆਂ ਹੋਈਆਂ ਹਨ। ਇਥੋਂ ਦੀ ਪੂਰਬੀ ਹੱਦ ਦੇ ਨਾਲ ਵਾਕਿਆ ਆਇਨਯਾਂਗ ਪਹਾੜਾਂ ਵਿਚ ਇਥੋਂ ਦਾ ਸਭ ਤੋਂ ਉੱਚਾ ਪਰਬਤੀ ਸਿਖਰ ਹੈ ਜਿਸ ਦੀ ਉੱਚਾਈ 2, 592 ਮੀਟਰ ਹੈ। ਉਭਰੇ ਹੋਏ ਕੇਂਦਰੀ ਭਾਗ ਦੇ ਉੱਤਰ ਪੱਛਮ ਅਤੇ ਦੱਖਣ ਪੱਛਮ ਵੱਲ ਦੀਆਂ ਢਲਾਣਾਂ ਉੱਪਰ ਦੋਵੇਂ ਪਾਸਿਆਂ ਤੇ ਕੇਂਦਰੀ ਵੈਲਡ ਦੀ ਪਠਾਰ ਹੈ ਜਿਸਨੇ ਕੁਝ ਧਰਤੀ ਦਾ ਲਗਭਗ 2/5 ਹਿੱਸਾ ਮੱਲਿਆ ਹੋਇਆ ਹੈ। ਦੂਰ ਉੱਤਰ ਪੱਛਮੀ ਅਤੇ ਦੱਖਣ ਪੂਰਬੀ ਭਾਗ ਨੀਵਾਂ ਵੈਲਡ ਖੇਤਰ ਹੈ ਅਤੇ ਇਸਨੇ ਲਗਭਗ 1/3 ਹਿੱਸਾ ਘੇਰਿਆ ਹੋਇਆ ਹੈ।

**ਦਰਿਆ** : ਇਥੋਂ ਦਾ ਮੁੱਖ ਦਰਿਆ ਹੈ ਜਿਹੜਾ ਜ਼ੈਂਬੀਆ ਨਾਲ ਇਸ ਦੀ ਹੱਦਬੰਦੀ ਕਰਦਾ ਹੈ। ਸੰਨ 1959 ਵਿਚ ਇਸ ਦਰਿਆ ਉੱਪਰ ਬੰਨ੍ਹ ਮੁਕੰਮਲ ਕੀਤਾ ਗਿਆ ਹੈ। ਇਥੋਂ ਦੀ ਕਾਰੀਬਾ ਝੀਲ ਨੇ 3200 ਵ. ਕਿ. ਮੀ. (2000 ਵ. ਮੀਲ) ਖੇਤਰ ਵਿਚ ਫੈਲੀ ਹੋਈ ਹੈ ਅਤੇ ਇਹ ਸੰਸਾਰ ਭਰ ਵਿਚ ਮਨੁੱਖ ਦੁਆਰਾ ਬਣਾਈ ਹੋਈ ਸਭ ਤੋਂ ਵੱਡੀ ਝੀਲ ਹੈ। ਇਨ੍ਹਾਂ ਤੋਂ ਇਲਾਵਾ ਲਿਮਪੋਪੋ ਅਤੇ ਸਾਬੀ ਇਸਦੇ ਮਹੱਤਵਪੂਰਨ ਹੋਰ ਦਰਿਆ ਹਨ।

**ਜਲਵਾਯੂ**—ਦੇਸ਼ ਭਰ ਵਿਚ ਜੂਨ ਤੋਂ ਸਤੰਬਰ ਦਰਮਿਆਨ ਪੌਣਪਾਣੀ ਠੰਢਾ ਅਤੇ ਖੁਸ਼ਕ ਹੁੰਦਾ ਹੈ। ਇਥੇ ਸਰਦੀਆਂ ਦਾ ਤਾਪਮਾਨ

14° ਅਤੇ 19° ਸੈਂ. ਹੈ ਜਦੋਂ ਕਿ ਗਰਮੀਆਂ ਦਾ ਤਾਪਮਾਨ 20° ਤੋਂ 27° ਸੈਂ. ਹੋ ਜਾਂਦਾ ਹੈ। ਅਕਤੂਬਰ ਤੋਂ ਮਈ ਤੱਕ ਬਰਸਾਤ ਦਾ ਮੌਸਮ ਰਹਿੰਦਾ ਹੈ। ਦਿਨ ਵੇਲੇ ਸਰਦੀ ਘੱਟ ਅਤੇ ਮੌਸਮ ਖੁਸ਼ਗਵਾਰ ਹੁੰਦਾ ਹੈ ਪਰ ਰਾਤਾਂ ਕਾਫ਼ੀ ਠੰਡੀਆਂ ਹੁੰਦੀਆਂ ਹਨ। ਦੱਖਣੀ ਅਫ਼ਰੀਕਾ ਨਾਲ ਲਗਦੇ ਸਰਹੱਦੀ ਇਲਾਕਿਆਂ ਵਿਚ ਔਸਤਨ ਸਾਲਾਨਾ ਵਰਖਾ 400 ਮਿ. ਮੀ. (16") ਅਤੇ ਪੂਰਬੀ ਪਹਾੜੀ ਖੇਤਰ ਵਿਚ 1000 ਮਿ. ਮੀ. (40") ਹੁੰਦੀ ਹੈ।

**ਬਨਸਪਤੀ ਅਤੇ ਜੀਵ ਜੰਤੂ**—ਜ਼ਿਮਬਾਬਵੇ ਦਾ 60% ਖੇਤਰ ਜੰਗਲਾਂ ਨੇ ਮੱਲਿਆ ਹੋਇਆ ਹੈ ਜਿਸ ਵਿਚੋਂ ਪੂਰਬੀ ਪਹਾੜੀ ਖੇਤਰ ਸਦਾ ਬਹਾਰ ਜੰਗਲਾਂ ਵਾਲਾ ਹੈ। ਦੇਸ਼ ਭਰ ਵਿਚ ਵੱਖ-ਵੱਖ ਕਿਸਮਾਂ ਦੇ ਰੁੱਖ ਮਿਲਦੇ ਹਨ। ਕੇਂਦਰੀ ਵੈਲਡ ਅਤੇ ਉੱਚ ਵੈਲਡ ਵਿਚ ਬਰੈਕੀਸਟੈਜੀਆ ਦੀਆਂ ਕਈ ਜਾਤੀਆਂ ਵਧੇਰੇ ਉੱਗਦੀਆਂ ਹਨ। ਵਾਗਕੀ ਨੈਸ਼ਨਲ ਪਾਰਕ ਲਗਭਗ 11008 ਵ. ਕਿ. ਮੀ. (4300 ਵ. ਮੀ.) ਖੇਤਰ ਵਿਚ ਫੈਲਿਆ ਹੋਇਆ ਹੈ।

ਸ਼ੇਰ, ਗਿੱਦੜ, ਲੱਕੜਬੱਗੇ, ਹਾਥੀ, ਦਰਿਆਈ ਘੋੜੇ, ਲੰਗੂਰ, ਸੱਪ, ਮਗਰਮੱਛਾਂ ਆਦਿ ਤੋਂ ਇਲਾਵਾ ਰੋਝ ਇਥੋਂ ਦੇ ਜੰਗਲਾਂ ਵਿਚ ਆਮ ਵੇਖਣ ਨੂੰ ਮਿਲਦੇ ਹਨ।

## ਇਤਿਹਾਸ

ਜ਼ਿਮਬਾਬਵੇ ਵਿਚ 500,000 ਸਾਲ ਪੁਰਾਣੇ ਪੱਥਰ ਯੁੱਗ ਦੇ ਖੰਡਰਾਂ ਤੋਂ ਇਥੋਂ ਦੀ ਪ੍ਰਾਚੀਨਤਾ ਦਾ ਗਿਆਨ ਹੁੰਦਾ ਹੈ। ਸਭ ਤੋਂ ਪਹਿਲਾਂ ਬਾਂਟੂ ਭਾਸ਼ਾਈ ਲੋਕ ਪੰਜਵੀਂ ਤੋਂ ਦਸਵੀਂ ਸਦੀ ਦੌਰਾਨ ਇਸ ਖੇਤਰ ਵਿਚ ਆਏ ਜਿਨ੍ਹਾਂ ਨੇ ਇਥੋਂ ਦੇ ਸਾਨ ਲੋਕਾਂ ਨੂੰ ਰੇਗਸਤਾਨੀ ਇਲਾਕੇ ਵੱਲ ਕੱਢ ਦਿੱਤਾ। ਆਨਟੋਨੀਓ ਫਰਨਾਂਡੇਜ਼ ਸ਼ਾਇਦ ਪਹਿਲਾ ਯੂਰਪੀ ਸੀ ਜਿਹੜਾ 16ਵੀਂ ਸਦੀ ਵਿਚ ਇਥੇ ਪੁੱਜਾ। ਸੰਨ 1569 ਵਿਚ ਸੋਨੇ ਦੀ ਭਾਲ ਵਿਚ ਪੁਰਤਗਾਲ ਦੀ ਇਕ ਨਾਕਾਮਯਾਬ ਸੈਨਕ ਟੁਕੜੀ ਇਥੇ ਆਈ। ਸੰਨ 1830 ਦੇ ਆਸਪਾਸ ਕੁਝ ਹੋਰ ਬਾਂਟੂ ਭਾਸ਼ਾਈ ਲੋਕ ਆਪਣੇ ਸ਼ਾਕਾ ਸਰਦਾਰ ਨੂੰ ਛੱਡ ਕੇ ਇਥੇ ਆ ਵਸੇ। ਬਾਅਦ ਵਿਚ ਐਨਡਬੀਲੀ ਕਬੀਲੇ ਨੇ ਸ਼ੌਨ ਕਬੀਲਿਆਂ ਨੂੰ ਜਿੱਤ ਕੇ ਇਥੇ ਆਪਣਾ ਰਾਜ ਕਾਇਮ ਕੀਤਾ। ਇਸੇ ਕਾਲ ਵਿਚ ਬਰਤਾਨੀਆ ਅਤੇ ਅਫ਼ਰੀਕਾ ਦੇ ਸ਼ਿਕਾਰੀ, ਵਪਾਰੀ ਅਤੇ ਸੋਨਾ ਲੱਭਣ ਵਾਲੇ ਲੋਕ ਆਪਣੇ ਮਿਸ਼ਨਰੀਆਂ ਸਮੇਤ ਦੱਖਣੀ ਇਲਾਕਿਆਂ ਵਿਚੋਂ ਇਥੇ ਆ ਕੇ ਵਸ ਗਏ। ਸੰਨ 1889 ਵਿਚ ਇਸ ਖੇਤਰ ਵਿਚ ਵਪਾਰ ਨੂੰ ਪ੍ਰਫੁੱਲਤ ਕਰਨ ਲਈ ਅਤੇ ਇਥੇ ਆਪਣੀ ਨੌਆਬਾਦੀ ਕਾਇਮ ਕਰਨ ਲਈ ਸੈਸਿਲ ਰੋਡਜ਼ ਨੇ 'ਬ੍ਰਿਟਿਸ਼ ਸਾਊਥ ਅਫਰੀਕਾ ਕੰਪਨੀ' ਦੀ ਸਥਾਪਨਾ ਕੀਤੀ। ਸੰਨ 1890 ਦੌਰਾਨ ਕੁਝ ਹੋਰ ਯੂਰਪ ਵਾਸੀ ਸੋਨਾ ਲੱਭਣ ਲਈ ਇਥੇ ਆਏ ਅਤੇ ਇਸ ਕੰਮ ਉੱਤੇ ਆਪਣਾ ਹੀ ਹੱਕ ਜਤਾਇਆ। ਸਿੱਟੇ ਵਜੋਂ ਐਨਡਬੀਲੀ ਅਤੇ ਸ਼ੌਨ ਕਬੀਲਿਆਂ ਨੇ ਭਾਰੀ ਵਿਰੋਧ ਕੀਤਾ ਪਰ 1897 ਵਿਚ ਇਥੇ ਸ਼ਾਂਤੀ ਕਾਇਮ ਹੋ ਗਈ। ਸੰਨ 1923 ਤੱਕ ਦੇਸ਼ ਉੱਪਰ ਕੰਪਨੀ ਦੀ ਹਕੂਮਤ ਕਾਇਮ ਰਹੀ। ਸੰਨ 1923 ਵਿਚ ਇਸ ਦੇਸ਼ ਨੂੰ ਬਰਤਾਨਵੀ ਸਾਮਰਾਜ ਨੇ ਆਪਣੇ ਨਾਲ ਮਿਲਾ ਲਿਆ। ਸੰਨ 1953 ਵਿਚ 'ਸੈਂਟਰਲ ਅਫ਼ਰੀਕਨ ਫੈਡਰੇਸ਼ਨ ਆਫ਼ ਰੋਡੇਸ਼ੀਆ' ਦੀ ਸਥਾਪਨਾ ਹਿਤ ਇਸ ਨੌਆਬਾਦੀ ਨੇ ਨੀਆਸਾਲੈਂਡ ਅਤੇ ਉੱਤਰੀ ਰੋਡੇਸ਼ੀਆ ਨਾਲ ਗੱਠਜੋੜ ਕਰ ਲਿਆ। ਆਉਣ ਵਾਲੇ 10 ਸਾਲਾਂ ਦੌਰਾਨ 'ਨੈਸ਼ਨਲ ਡੈਮੋਕ੍ਰੇਟਿਕ ਪਾਰਟੀ' ਦੀ ਅਗਵਾਈ ਹੇਠ ਅਫ਼ਰੀਕੀ ਕੌਮੀ ਅੰਦੋਲਨ ਨੇ ਜ਼ੋਰ ਫੜਿਆ। ਬਾਅਦ ਵਿਚ ਇਹ ਪਾਰਟੀ ਟੁੱਟ ਕੇ ਦੋ ਅਲੱਗ-ਅਲੱਗ ਪਾਰਟੀਆਂ ਵਿਚ ਵੰਡੀ ਗਈ। ਸੰਨ 1963 ਵਿਚ ਸੰਘ ਖ਼ਤਮ ਹੋ ਗਿਆ ਅਤੇ ਦੇਸ਼ ਨੂੰ ਮੁੜ ਨੌ-ਆਬਾਦੀ ਦਾ ਦਰਜਾ ਹਾਸਲ ਹੋਇਆ। ਸੰਨ 1965 ਵਿਚ ਇਆਨ ਸਮਿੱਥ ਦੀ ਅਗਵਾਈ ਹੇਠ ਰੂੜ੍ਹੀਵਾਦੀ 'ਰੋਡੇਸ਼ੀਅਨ ਫਰੰਟ' ਸਰਕਾਰ ਨੇ ਇਕਤਰਫ਼ਾ ਹੀ ਦੇਸ਼ ਦੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਅਤੇ ਇਸਨੂੰ ਰੋਡੇਸ਼ੀਆ ਦਾ ਨਾਉਂ ਦਿੱਤਾ ਗਿਆ। ਨਤੀਜੇ ਵਜੋਂ ਪਹਿਲਾਂ ਇੰਗਲੈਂਡ ਤੇ ਫੇਰ ਸੰਯੁਕਤ ਰਾਜ ਅਮਰੀਕਾ ਦੀਆਂ ਰੋਡੇਸ਼ੀਆ ਪ੍ਰਤੀ ਅਪਣਾਈਆਂ ਆਰਥਿਕ ਨੀਤੀਆਂ ਕਾਰਨ 1960 ਅਤੇ 1970 ਦੇ ਦਹਾਕਿਆਂ ਵਿਚ ਇਥੋਂ ਦੀ ਆਰਥਿਕਤਾ ਨੂੰ ਕਾਫ਼ੀ ਧੱਕਾ ਲੱਗਾ ਪਰ ਇਸ ਸਮੇਂ ਸਾਊਥ ਅਫ਼ਰੀਕਾ ਵੱਲੋਂ ਇਸ ਨੂੰ ਮਦਦ ਮੁਹੱਈਆ ਕੀਤੀ ਗਈ। 2 ਮਾਰਚ, 1970 ਨੂੰ ਸਮਿੱਥ ਸਰਕਾਰ ਨੇ ਰੋਡੇਸ਼ੀਆ ਦਾ ਇਕ ਆਜ਼ਾਦ ਗਣਤੰਤਰ ਵਜੋਂ ਐਲਾਨ ਕਰ ਦਿੱਤਾ। ਦਸੰਬਰ 1972 ਵਿਚ ਇਥੋਂ ਦੇ ਕਾਲੇ ਲੋਕਾਂ ਨੇ ਦੇਸ਼ ਦੀ ਸਾਰੀ ਤਾਕਤ ਆਪਣੇ ਹੱਥ ਵਿਚ ਕਰਨ ਲਈ ਗੁਰੀਲਾ ਯੁੱਧ ਨੀਤੀ ਨੂੰ ਅਪਣਾਇਆ। ਸੰਨ 1975 ਵਿਚ ਜ਼ਾਪੂ ਅਤੇ ਜ਼ਾਨੂ ਦੇ ਗੁਰੀਲਾ ਸੰਗਠਨਾਂ ਦਾ ਮੌਜ਼ਮਬੀਕ ਅਤੇ ਜ਼ੈਂਬੀਆ ਵਿਚ ਮੁੱਢ ਬੱਝਾ। 'ਯੂਨਾਈਟਿਡ ਅਫ਼ਰੀਕਨ ਨੈਸ਼ਨਲ ਕਾਂਸਲ' ਨੇ 1979 ਦੀਆਂ ਚੋਣਾਂ ਵਿਚ ਜਿੱਤ ਹਾਸਲ ਕੀਤੀ ਪਰ ਗੋਰਿਆਂ ਦੀ ਘਟ ਗਿਣਤੀ ਦੇ ਬਾਵਜੂਦ ਇਹ ਉਨ੍ਹਾਂ ਦੀ ਤਾਕਤ ਘਟ ਨਾ ਕਰ ਸਕੀ। ਸੰਨ 1980 ਵਿਚ ਮੁੜ ਚੋਣਾਂ ਹੋਈਆਂ ਜਿਸ ਵਿਚ ਜ਼ਾਨ ਕਬੀਲੇ ਦੇ ਰਾਬਰਟ ਮੁਗਾਬੇ ਨੂੰ ਭਾਰੀ ਜਿੱਤ ਮਿਲੀ। ਇਸਨੇ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੇ ਅਹੁਦੇ ਸੰਭਾਲੇ ਅਤੇ ਕੁਝ ਚਿਰ ਲਈ ਸਾਬਕਾ ਗੁਰੀਲਿਆਂ ਨੂੰ ਆਪਣੀ ਸਰਕਾਰ ਵਿਚ ਲੈ ਲਿਆ। ਜ਼ਾਪੂ ਕਬੀਲੇ ਦੇ ਮੁਖੀ ਨਕੋਮੋ ਨੇ ਮੁਗਾਬੇ ਦੀ ਜਿੱਤ ਦਾ ਕੋਈ ਸਵਾਗਤ ਨਾ ਕੀਤਾ ਅਤੇ ਉਸਦੇ ਬਹੁਤ ਸਾਰੇ ਸਾਥੀਆਂ ਨੇ ਆਪਣੀ ਲੜਾਈ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਜਿਸ ਕਾਰਨ ਨਕੋਮੋ ਨੂੰ ਸਰਕਾਰ ਵਿਚੋਂ ਕੱਢ ਦਿੱਤਾ ਗਿਆ। 18 ਅਪਰੈਲ, 1980 ਵਿਚ ਜ਼ਿਮਬਾਬਵੇ ਬਾਹਰੀ ਹਕੂਮਤਾਂ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਗਿਆ।

## ਆਰਥਿਕਤਾ

**ਖਣਿਜ**—ਜ਼ਿਮਬਾਬਵੇ ਦੇ ਖਣਿਜਾਂ ਵਿਚੋਂ ਸੋਨਾ ਸਭ ਤੋਂ ਵੱਧ ਮਾਤਰਾ ਵਿਚ ਨਿਕਲਦਾ ਹੈ। ਇਸ ਖਣਿਜ ਨੇ ਬਾਹਰੀ ਤਾਕਤਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਸੋਨੇਂ ਤੋਂ ਇਲਾਵਾ ਕੋਲਾ ਵੀ ਕਾਫ਼ੀ ਮਾਤਰਾ ਵਿਚ ਕੱਢਿਆ ਜਾਂਦਾ ਹੈ। ਕੱਚਾ ਲੋਹਾ, ਚੂਨਾ ਪੱਥਰ, ਕ੍ਰੋਮਾਈਟ, ਸਲਫ਼ਰ, ਤਾਂਬਾ, ਨਿਕਲ, ਚਾਂਦੀ, ਐਸਬੈਸਟਸ, ਲਿਥੀਅਮ ਅਤੇ ਬਲੌਰ ਆਦਿ ਖਣਿਜ ਵੀ ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਕੱਚਾ ਕਰੋਮ ਸੰਸਾਰ ਭਰ ਵਿਚੋਂ ਸਭ ਤੋਂ ਵੱਧ ਇਥੇ ਹੀ ਮਿਲਦਾ ਹੈ।

**ਖੇਤੀਬਾੜੀ**—ਇਥੋਂ ਦੇ ਲਗਭਗ 30% ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਹੋਰ ਜ਼ਮੀਨ ਨੂੰ ਖੇਤੀ ਯੋਗ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਮੱਕੀ ਇਥੋਂ ਦੀ ਮੁੱਖ ਫ਼ਸਲ ਹੈ। ਇਸ ਤੋਂ ਇਲਾਵਾ ਗੰਨਾ, ਕਣਕ, ਤਮਾਕੂ, ਸੌਰਗਮ ਅਤੇ ਸੋਇਆਬੀਨ ਆਦਿ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਇਹ ਫ਼ਸਲਾਂ ਵਧੇਰੇ ਕਰਕੇ ਵੱਡੇ-ਵੱਡੇ ਫ਼ਾਰਮਾਂ ਵਿਚ ਉਗਾਈਆਂ ਜਾਂਦੀਆਂ ਹਨ। ਛੋਟੇ-ਛੋਟੇ ਖੇਤਾਂ ਵਿਚ ਕਸਾਵਾ, ਆਲੂ, ਜਵੀ, ਮੂੰਗਫਲੀ, ਕੇਲੇ ਅਤੇ ਸੰਤਰੇ ਆਦਿ ਦੀ ਪੈਦਾਵਾਰ ਹੁੰਦੀ ਹੈ। ਕਿਧਰੇ-ਕਿਧਰੇ ਚਾਹ ਅਤੇ ਕਾਫ਼ੀ ਦੀ ਖੇਤੀ ਵੀ ਕੀਤੀ ਜਾਣ ਲੱਗੀ ਹੈ।

ਜ਼ਿਮਬਾਬਵੇ ਦੀ ਕੁੱਲ ਜ਼ਮੀਨ ਦਾ ਲਗਭਗ 1/7 ਹਿੱਸਾ ਪਸ਼ੂ ਪਾਲਣ ਲਈ ਚਰਾਂਦਾਂ ਦੇ ਰੂਪ ਵਿਚ ਵਿਕਸਤ ਕੀਤਾ ਗਿਆ ਹੈ। ਮੁੱਖ ਤੌਰ ਤੇ ਬੱਕਰੀਆਂ, ਮੁਰਗੀਆਂ, ਮੱਝਾਂ, ਗਊਆਂ, ਭੇਡਾਂ ਆਦਿ ਪਸ਼ੂ ਪਾਲੇ ਜਾਂਦੇ ਹਨ। ਇਨ੍ਹਾਂ ਡੰਗਰਾਂ ਤੋਂ ਪ੍ਰਾਪਤ ਹੋਣ ਵਾਲਾ ਦੁੱਧ ਅਤੇ ਮਾਸ ਇਥੋਂ ਦੇ ਲੋਕਾਂ ਲਈ ਕਾਫ਼ੀ ਹੁੰਦਾ ਹੈ।

**ਉਦਯੋਗ**—ਇਸ ਪ੍ਰਤੀ ਬਦੇਸ਼ੀ ਨੀਤੀਆਂ ਨੂੰ ਵੇਖਦੇ ਹੋਏ ਇਥੋਂ ਦੇ ਲੋਕ ਆਤਮ ਨਿਰਭਰ ਹੋਣ ਲਈ ਕਾਫ਼ੀ ਪ੍ਰਯਤਨਸ਼ੀਲ ਸਨ। ਇਸੇ ਕਾਰਨ ਇਥੋਂ ਦੇ ਉਦਯੋਗ ਧੰਦਿਆਂ ਨੂੰ ਕਾਫ਼ੀ ਉਤਸ਼ਾਹ ਮਿਲਿਆ। ਵਧੇਰੇ ਕਰਕੇ ਖਾਦ ਪਦਾਰਥਾਂ ਦੀ ਪ੍ਰਾਸੈਸਿੰਗ ਕਰਨ ਦੇ ਉਦਯੋਗ ਹਨ ਪਰ ਇਨ੍ਹਾਂ ਤੋਂ ਇਲਾਵਾ ਕੱਚਾ ਇਸਪਾਤ, ਕੱਚਾ, ਲੋਹਾ, ਸੀਮਿੰਟ, ਮਸ਼ੀਨਰੀ, ਕੱਪੜਾ, ਰਸਾਇਣ, ਪਲਾਸਟਿਕ, ਰਬੜ ਦੀਆਂ ਵਸਤਾਂ , ਖਾਦ

ਕੀਟਨਾਸ਼ਕ ਦਵਾਈਆਂ, ਜੁੱਤੀਆਂ ਆਦਿ ਬਣਾਉਣ ਦੇ ਉਦਯੋਗ ਕਾਫ਼ੀ ਉੱਨਤ ਹਨ।

**ਵਪਾਰ**—ਜ਼ਿਮਬਾਬਵੇ ਦੇ ਵਪਾਰਕ ਸਬੰਧ ਵਧੇਰੇ ਕਰਕੇ ਸਾਊਥ ਅਫ਼ਰੀਕਾ ਨਾਲ ਹਨ। ਇਸ ਤੋਂ ਬਿਨਾਂ ਜ਼ੈਂਬੀਆ, ਤਨਜ਼ਾਨੀਆ, ਅੰਗੋਲਾ, ਸਵਾਜ਼ੀਲੈਂਡ, ਮੌਜ਼ਮਬੀਕ ਅਤੇ ਕੁਝ ਹੋਰ ਦੇਸ਼ਾਂ ਨਾਲ ਵੀ ਵਪਾਰਕ ਸਬੰਧ ਕਾਇਮ ਹੋਏ ਹਨ। ਪੈਟਰੋਲੀਅਮ ਪਦਾਰਥ, ਰਸਾਇਣ ਅਤੇ ਆਵਾਜਾਈ ਸਾਧਨਾਂ ਦਾ ਆਯਾਤ ਕੀਤਾ ਜਾਂਦਾ ਹੈ। ਤਮਾਕੂ, ਐਸਬੈਸਟਸ, ਬਾਰੀਕ ਸੂਤੀ ਜਾਲੀਦਾਰ ਕੱਪੜਾ ਆਦਿ ਵਸਤਾਂ ਦਾ ਨਿਰਯਾਤ ਕੀਤਾ ਜਾਂਦਾ ਹੈ।

## ਲੋਕ

ਦੂਜੀ ਸੰਸਾਰ ਜੰਗ ਤੋਂ ਬਾਅਦ ਗੋਰੇ ਲੋਕ ਕਾਫ਼ੀ ਗਿਣਤੀ ਵਿਚ ਇਥੇ ਆ ਕੇ ਵਸ ਗਏ। ਸੰਨ 1963 ਵਿਚ ਰੋਡੇਸ਼ੀਆ ਅਤੇ ਨੀਆਸਾਲੈਂਡ ਦੇ ਸੰਘ ਦੀ ਸਮਾਪਤੀ ਤੋਂ ਬਾਅਦ ਇਨ੍ਹਾਂ ਵਿਚੋਂ ਲਗਭਗ 13,000 ਲੋਕ ਇਹ ਦੇਸ਼ ਛੱਡ ਕੇ ਵਾਪਸ ਚਲੇ ਗਏ। ਸੰਨ 1976 ਤੋਂ ਬਾਅਦ ਇਨ੍ਹਾਂ ਲੋਕਾਂ ਦੀ ਗਿਣਤੀ ਲਗਾਤਾਰ ਘਟਣ ਲੱਗੀ। ਮੂਲ ਨਿਵਾਸੀਆਂ ਵਿਚ ਜਨਮ ਦਰ ਕਾਫ਼ੀ ਜ਼ਿਆਦਾ ਹੈ ਜਿਸ ਕਾਰਨ 1980 ਤੋਂ ਬਾਅਦ ਸਰਕਾਰੀ ਪੱਧਰ ਤੇ ਪਰਿਵਾਰ ਨਿਯੋਜਨ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਸੰਨ 1992 ਵਿਚ ਇਥੋਂ ਦੀ ਆਬਾਦੀ 99,00,000 (1992) ਸੀ।

**ਨਸਲ**—ਵਸੋਂ ਦੇ 70% ਲੋਕ ਸ਼ੋਨ ਗਰੁੱਪ, 20.25% ਐਨਡਬੀਲੀ ਅਤੇ 3% ਲੋਕ ਗੋਰੀ ਨਸਲ ਦੇ ਹਨ। ਲਗਭਗ 300,000 ਕਾਲੇ ਲੋਕ ਮਾਲਾਵੀ ਅਤੇ ਮੌਜ਼ਮਬੀਕ ਤੋਂ ਗੋਰਿਆਂ ਦੇ ਖੇਤਾਂ ਵਿਚ ਅਤੇ ਖਾਣਾਂ ਵਿਚ ਕੰਮ ਕਰਨ ਲਈ ਇਥੇ ਆ ਕੇ ਵਸ ਗਏ ਹਨ।

**ਧਰਮ**—ਕੁੱਲ ਆਬਾਦੀ ਦਾ ਲਗਭਗ 3/4 ਹਿੱਸਾ ਲੋਕ ਈਸਾਈ ਮੱਤ ਨੂੰ ਮੰਨਦੇ ਹਨ ਅਤੇ ਬਾਕੀ ਦੇ ਕੁਝ ਆਤਮਾਵਾਂ ਵਿਚ ਯਕੀਨ ਰੱਖਦੇ ਹਨ ਅਤੇ ਕੁਝ ਮੁਸਲਮਾਨ ਹਨ।

**ਬੋਲੀ**—ਅੰਗਰੇਜ਼ੀ ਇਥੋਂ ਦੀ ਰਾਜ ਭਾਸ਼ਾ ਹੈ ਜਿਸ ਤੋਂ ਇਲਾਵਾ ਸ਼ੋਨ ਅਤੇ ਐਨਡਬੀਲੀ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

**ਸਿੱਖਿਆ**—ਪ੍ਰਾਇਮਰੀ, ਸੈਕੰਡਰੀ ਅਤੇ ਯੂਨੀਵਰਸਿਟੀ ਸਿੱਖਿਆ ਪ੍ਰਣਾਲੀ ਪ੍ਰਚੱਲਤ ਹੈ। ਸਰੀਰਕ ਅਤੇ ਮਾਨਸਿਕ ਅਪਾਹਜਾਂ ਲਈ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਹੈ। ਗੋਰੇ ਵਾਸੀਆਂ ਵਿਚ 100% ਲੋਕ ਹੀ ਪੜ੍ਹੇ ਲਿਖੇ ਹਨ। ਹਰ ਪੱਧਰ ਤੇ ਸਿੱਖਿਆ ਨੂੰ ਮੁਫ਼ਤ ਰੱਖਿਆ ਗਿਆ ਹੈ। ਜ਼ਿਮਬਾਬਵੇ ਯੂਨੀਵਰਸਿਟੀ ਨਾਲ ਸਬੰਧਤ ਅੱਠ ਟਰੇਨਿੰਗ ਕਾਲਜ ਹਨ।

**ਸਿਹਤ**—ਲੋਕਾਂ ਦੀ ਅਤੇ ਵਿਸ਼ੇਸ਼ ਕਰਕੇ ਜੱਚਾ ਅਤੇ ਬੱਚੇ ਦੀ ਸਿਹਤ ਸੁਧਾਰਨ ਲਈ ਕਈ ਕਦਮ ਚੁੱਕੇ ਗਏ ਹਨ। ਮਲੇਰੀਆ, ਖਸਰਾ ਅਤੇ ਨਮੂਨੀਆ ਜਿਹੀਆਂ ਬੀਮਾਰੀਆਂ ਆਮ ਹਨ ਜਿਨ੍ਹਾਂ ਕਾਰਨ ਮੌਤ ਦਰ ਕਾਫ਼ੀ ਜ਼ਿਆਦਾ ਹੈ।

## ਰਾਜ ਪ੍ਰਬੰਧ

ਸੰਨ 1979 ਵਿਚ ਜ਼ਿਮਬਾਬਵੇ ਨੂੰ ਆਜ਼ਾਦੀ ਪ੍ਰਾਪਤ ਹੋਈ। ਇਸ ਦੇ ਨਵੇਂ ਸੰਵਿਧਾਨ ਨੂੰ ਲਾਗੂ ਕੀਤਾ ਗਿਆ ਜਿਸ ਦੁਆਰਾ ਰਾਸ਼ਟਰਪਤੀ ਨੂੰ ਰਾਜ ਦੇ ਮੁਖੀ ਦਾ ਦਰਜਾ ਹਾਸਲ ਹੋਇਆ। ਇਥੋਂ ਦੀ ਸੰਸਦ ਵਿਚ ਸੈਨਟ ਅਤੇ ਹਾਊਸ ਆਫ਼ ਅਸੈਂਬਲੀ ਦੋ ਸਦਨ ਹਨ। ਕੈਬਨਟ ਦਾ ਮੁਖੀ ਪ੍ਰਧਾਨ ਮੰਤਰੀ ਹੈ ਜਿਸ ਦੀ ਚੋਣ ਸੰਸਦ ਵਿਚੋਂ ਹੁੰਦੀ ਹੈ। ਨਿਆਂ ਵਿਭਾਗ ਦਾ ਮੁਖੀ ਹਾਈ ਕੋਰਟ ਦਾ ਜੱਜ ਹੁੰਦਾ ਹੈ ਜਿਸ ਦੀ ਚੋਣ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੇ ਰਾਸ਼ਟਰਪਤੀ ਦੁਆਰਾ ਹੁੰਦੀ ਹੈ। ਬਾਕੀ ਦੇ ਜੱਜਾਂ ਨੂੰ ਅਦਾਲਤੀ ਸਰਵਿਸ ਕਮਿਸ਼ਨ ਦੀ ਸਿਫਾਰਸ਼ ਤੇ ਰਾਸ਼ਟਰਪਤੀ ਨਿਯੁਕਤ ਕਰਦਾ ਹੈ।

**ਕਰੰਸੀ**—ਜ਼ਿਮਬਾਬਵੇ ਡਾਲਰ ਇਥੋਂ ਦੀ ਕਰੰਸੀ ਹੈ।

**ਤੋਲ ਪ੍ਰਣਾਲੀ**—ਮੀਟ੍ਰਕ ਸਿਸਟਮ ਦੇ ਨਾਲ-ਨਾਲ ਸੰਯੁਕਤ ਰਾਜ ਦਾ ਛੋਟਾ ਟਨ ਵੀ ਪ੍ਰਚੱਲਤ ਹੈ।

**ਰਾਸ਼ਟਰੀ ਝੰਡਾ**—ਰਾਸ਼ਟਰੀ ਝੰਡੇ ਵਿਚ ਲੇਟਵੇਂ ਦਾਅ ਸੱਤ ਹਰੀ, ਪੀਲੀ, ਲਾਲ, ਕਾਲੀ, ਲਾਲ, ਪੀਲੀ ਅਤੇ ਹਰੀਆਂ ਧਾਰੀਆਂ ਹਨ ਜਿਨ੍ਹਾਂ ਵਿਚ ਸਫੇਦ ਬਣੇ ਤਿਕੋਣ ਉੱਪਰ ਇਕ ਲਾਲ ਸਿਤਾਰਾ ਹੈ ਜਿਸ ਵਿਚ ਜ਼ਿਮਬਾਬਵੇ ਦਾ ਪੰਛੀ ਸੁਨਹਿਰੇ ਰੰਗ ਵਿਚ ਬਣਿਆ ਹੋਇਆ ਹੈ।

ਹ. ਪੁ.–ਐਨ. ਬ੍ਰਿ. ਮਾ. 12 : 916; ਐਨ. ਅਮੈ. 29 : 775; ਸਟੇ. ਯੀ. ਬੁ. 1988-89. 1993-94

**ਜ਼ਿਮੀਕੰਦ** : ਇਸ ਗੱਠਦਾਰ ਸਬਜ਼ੀ ਦਾ ਮੂਲ ਸਥਾਨ ਭਾਰਤ ਹੀ ਹੈ। ਇਸ ਦੀਆਂ ਗੱਠੀਆਂ ਜਾਂ ਗੱਠਲ ਖਾਣ ਦੇ ਕੰਮ ਆਉਂਦੇ ਹਨ। ਜ਼ਿਮੀਕੰਦ ਦੇ ਖ਼ੁਰਾਕੀ ਗੁਣਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ–

(ਪ੍ਰਤੀ 100 ਗ੍ਰਾ. ਖਾਣ ਯੋਗ ਭਾਗ ਵਿਚ)

| | | | |
|---|---|---|---|
| ਨਮੀ | 78.7 ਗ੍ਰਾ. | ਖਣਿਜਾਂ | 0.8 ਗ੍ਰਾ. |
| ਚਰਬੀ | 0.1 ਗ੍ਰਾ. | ਹੋਰ ਕਾਰਬੋਹਾਈਡ੍ਰੇਟ | 18.4 ਗ੍ਰਾ. |
| ਰੇਸ਼ੇ | 0.8 ਗ੍ਰਾ. | ਕੈਲਸ਼ੀਅਮ | 50 ਮਿ. ਗ੍ਰਾ. |
| ਕੈਲੋਰੀਆਂ | 79 | ਲੋਹਾ | 0.6 ਮਿ. ਗ੍ਰਾ. |
| ਫ਼ਾਸਫ਼ੋਰਸ | 34 ਮਿ. ਗ੍ਰਾ. | ਥਾਇਆਮੀਨ | 0.6 ਮਿ. ਗ੍ਰਾ. |
| ਵਿਟਾਮਿਨ ਏ | 434 ਪ੍ਰਤੀ ਇਕਾਈ | ਨਿਕੋਟੀਨਿਕ ਐਸਿਡ | 0.7 ਮਿ. ਗ੍ਰਾ. |
| ਰਿਬੋਫਲਾਵੀਨ | 0.07 ਮਿ. ਗ੍ਰਾ. | ਵਿਟਾਮਿਨ ਸੀ | ਨਿੱਲ |
| ਪ੍ਰੋਟੀਨ | 1.2 ਗ੍ਰਾ. | | |

ਜ਼ਿਮੀਕੰਦ ਦਾ ਸਬੰਧ ਐਰੇਸੀ ਕੁਲ ਤੇ ਐਮੋਰਫ਼ੋਫ਼ੈਲਸ ਪ੍ਰਜਾਤੀ ਨਾਲ ਹੈ। ਇਸ ਨੂੰ ਕੈਂਪੇਨੁਲੇਟਸ ਜਾਤੀ 'ਚ ਸ਼ਾਮਲ ਕੀਤਾ ਜਾਂਦਾ ਹੈ। ਜ਼ਿਮੀਕੰਦ ਦੀਆਂ ਦੋ ਬਿਲਕੁਲ ਵੱਖਰੀਆਂ-ਵੱਖਰੀਆਂ ਕਿਸਮਾਂ ਹਨ। ਇਕ ਦੀਆਂ ਗੱਠੀਆਂ ਨਰਮ ਹੁੰਦੀਆਂ ਹਨ ਤੇ ਇਸ ਕਿਸਮ ਦੀ ਜ਼ਿਮੀਕੰਦ ਗੱਠੀਆਂ ਦੇ ਛੋਟੇ-ਛੋਟੇ ਟੁਕੜੇ ਬੀਜ ਕੇ ਹੀ ਉਗਾਇਆ ਜਾਂਦਾ ਹੈ। ਇਸ ਵਿਚ ਥੋੜ੍ਹੀ ਜਿਹੀ ਕੁੜੱਤਣ ਤੇ ਜਲੂਣ ਹੁੰਦੀ ਹੈ ਜਿਸ ਨਾਲ ਮੂੰਹ ਅਤੇ ਗਲੇ ਨੂੰ ਖ਼ਾਰਸ਼ ਜਿਹੀ ਲੱਗ ਜਾਂਦੀ ਹੈ ਪਰ ਇਸ ਕਿਸਮ ਤੋਂ ਝਾੜ ਵਧੀਆ ਮਿਲਦਾ ਹੈ। ਉਬਾਲਣ ਨਾਲ ਇਹ ਜਲੂਣ ਮੱਠੀ ਪੈ ਜਾਂਦੀ ਹੈ। ਦੂਸਰੀ ਕਿਸਮ ਦਾ ਨਸਲ-ਵਾਧਾ ਸਾਬਤ ਗੱਠੀਆਂ ਜਾਂ ਮਾਦਾ ਗੱਠਲ ਲਾ ਕੇ ਕੀਤਾ ਜਾਂਦਾ ਹੈ। ਇਹ ਕਿਸਮ ਵਧੀਆ ਹੁੰਦੀ ਹੈ ਤੇ ਇਸ ਵਿਚ ਜਲੂਣ ਵੀ ਨਹੀਂ। ਇਸ ਦੀ ਬਿਜਾਈ ਲਈ ਸ਼ੁਰੂ ਬਹਾਰ ਦਾ ਸਮਾਂ ਸਭ ਤੋਂ ਚੰਗਾ ਰਹਿੰਦਾ ਹੈ। ਬੀਜ ਲਈ ਗੱਠੀਆਂ ਦੇ ਛੋਟੇ-ਛੋਟੇ ਟੁਕੜੇ ਜਿਨ੍ਹਾਂ ਦਾ ਵਜ਼ਨ ਕੁਝ ਗ੍ਰਾ. ਹੀ ਹੁੰਦਾ ਹੈ, ਵਰਤੇ ਜਾਂਦੇ ਹਨ। ਬੀਜੀ ਗਈ ਨਿੱਕੀ ਜਿਹੀ ਗੰਢ ਵੱਧ ਕੇ ਕਈ ਕਿਲੋ ਦਾ ਗੱਠਲ ਬਣ ਜਾਂਦੀ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਵਧਣ ਲਈ ਤਿੰਨ ਚਾਰ ਸਾਲ ਦਾ ਸਮਾਂ ਲੱਗ ਜਾਂਦਾ ਹੈ। ਗੁਜਰਾਤ ਵਿਚ ਜ਼ਿਮੀਕੰਦ ਸਮਤਲ ਕਿਆਰੀਆਂ 'ਚ ਲਗਾਇਆ ਜਾਂਦਾ ਹੈ ਜਦ ਕਿ ਕੁਝ ਦੱਖਣੀ ਰਾਜਾਂ 'ਚ ਇਹ ਚੌੜੀਆਂ-ਚੌੜੀਆਂ ਵੱਟਾਂ ਤੇ ਲਾਇਆ ਜਾਂਦਾ ਹੈ। ਜ਼ਿਮੀਕੰਦ ਮੁੱਖ ਰੂਪ ਵਿਚ ਤਪਤ ਖੰਡੀ, ਅਰਧ-ਤਪਤ-ਖੰਡੀ ਫ਼ਸਲ ਹੈ। ਇਸ ਦੀ ਕਾਸ਼ਤ ਲਈ ਵਰਖਾ ਵਕਫ਼ਿਆਂ ਨਾਲ ਹੋਣੀ ਚਾਹੀਦੀ ਹੈ ਜਾਂ ਫਿਰ ਸਿੰਜਾਈ ਦੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਅਧਿਕਤਮ ਤੇ ਨਿਊਨਤਮ ਤਾਪਮਾਨ 'ਚ ਵੀ ਬਹੁਤਾ ਅੰਤਰ ਨਹੀਂ ਹੋਣਾ ਚਾਹੀਦਾ। ਜ਼ਿਮੀਕੰਦ ਅਕਸਰ ਅਦਰਕ ਤੇ ਕੇਲਿਆਂ ਦੇ ਨਾਲ ਵੀ ਬੀਜਿਆ ਜਾਂਦਾ ਹੈ। ਇਸ ਤੋਂ ਬਿਨਾਂ ਜ਼ਿਮੀਕੰਦ ਦੇ ਨਾਲ ਕਈ ਵਾਰ ਗੁਆਰਾ, ਮੂੰਗਫਲੀ ਤੇ ਮੇਥੀ ਆਦਿ ਫ਼ਸਲਾਂ ਵੀ ਬੀਜੀਆਂ ਜਾਂਦੀਆਂ ਹਨ। ਇਹ ਫ਼ਸਲਾਂ ਜ਼ਿਮੀਕੰਦ ਨੂੰ ਢੱਕ ਲੈਂਦੀਆਂ ਹਨ।

ਜ਼ਿਮੀਕੰਦ ਦੀਆਂ ਗੱਠੀਆਂ ਇਕ ਇਕ ਕਰਕੇ ਕਹੀ ਨਾਲ ਪੁੱਟੀਆਂ ਜਾਂਦੀਆਂ ਹਨ। ਚਾਰ ਕੁ ਸਾਲਾਂ ਦੀ ਫ਼ਸਲ ਦੀਆਂ ਗੱਠੀਆਂ ਦੇ ਪੁੰਗਾਰੇ ਅਗਲੀ ਫ਼ਸਲ ਦੀ ਬਿਜਾਈ ਲਈ ਵਰਤੇ ਜਾਂਦੇ ਹਨ। ਜ਼ਿਮੀਕੰਦ ਨੂੰ ਜੇ ਪੂਰਾ ਪੱਕਣ ਤੇ ਪੁੱਟਿਆ ਜਾਵੇ ਤਾਂ ਇਕ ਹੈਕਟਰ ਵਿਚੋਂ ਲਗਭਗ 300 ਤੋਂ 4000 ਕੁਇੰਟਲ ਝਾੜ ਮਿਲਦਾ ਹੈ।

ਹ. ਪੁ.–ਸਬਜ਼ੀਆਂ-ਚੌਧਰੀ : 236

**ਜਿਮਪੀ** : ਆਸਟ੍ਰੇਲੀਆ ਦੇ ਦੱਖਣ-ਪੂਰਬੀ ਕਵੀਨਜ਼ਲੈਂਡ ਵਿਚ ਜਿਮਪੀ ਦੀ ਤੰਗ ਖਾੜੀ ਅਤੇ ਮੈਰੀ ਦਰਿਆ ਦੇ ਕੰਢੇ ਤੇ ਸਥਿਤ ਇਕ ਸ਼ਹਿਰ ਹੈ। ਪਹਿਲਾਂ ਇਹ ਸ਼ਹਿਰ ਨੈਸ਼ਵਿਲ ਦੇ ਨਾਂ ਨਾਲ ਮਸ਼ਹੂਰ ਸੀ। ਇਸਦਾ ਇਹ ਨਾਂ ਜੇਮਜ਼ ਨੈਸ਼ ਦੇ ਨਾਂ ਤੇ ਪਿਆ ਸੀ ਜਿਸ ਨੇ 1867 ਵਿਚ ਇਥੇ ਸੋਨੇ ਦੀਆਂ ਖਾਣਾਂ ਦਾ ਪਤਾ ਲਾਇਆ। ਇਸਦਾ ਮੌਜੂਦਾ ਨਾਂ ਡੰਗ ਮਾਰਨ ਵਾਲੇ ਦਰਖ਼ਤ (ਬਿਛੂ ਦਰਖ਼ਤ) ਦੇ ਨਾਂ ਲਈ ਵਰਤੇ ਜਾਂਦੇ ਇਕ ਪ੍ਰਾਚੀਨ ਸ਼ਬਦ ਜਿਮਪੀ-ਜਿਮਪੀ ਦੇ ਨਾਂ ਤੇ ਪਿਆ। ਸੰਨ 1890 ਵਿਚ ਇਸਨੂੰ ਇਕ ਕਸਬਾ ਅਤੇ 1905 ਵਿਚ ਸ਼ਹਿਰ ਐਲਾਨਿਆ ਗਿਆ। ਸੰਨ 1930 ਤਕ ਇਥੇ ਸੋਨੇ ਦੀ ਖੁਦਾਈ ਦਾ ਕੰਮ ਹੁੰਦਾ ਰਿਹਾ ਹੈ। ਇਸ ਤੋਂ ਇਲਾਵਾ ਇਸ ਜਗ੍ਹਾ ਤੇ ਚੂਨਾ ਪੱਥਰ ਅਤੇ ਚਾਂਦੀ ਵੀ ਕੱਢੇ ਜਾਂਦੇ ਰਹੇ ਹਨ। ਯਾਬਾ ਦੀ ਤੰਗ ਖਾੜੀ ਤੇ ਬੁਰੂਮਬਾ ਡੈਮ ਬਣਾਇਆ ਗਿਆ ਜਿਹੜਾ ਕਿ 1964 ਵਿਚ ਪੂਰਾ ਹੋਇਆ। ਇਹ ਡੈਮ ਹੜ੍ਹਾਂ ਨੂੰ ਰੋਕਣ ਅਤੇ ਲਾਗਲੇ ਖੇਤਰ ਲਈ ਸਿੰਜਾਈ ਲਈ ਪਾਣੀ ਮੁਹੱਈਆ ਕਰਨ ਲਈ ਲਾਹੇਵੰਦ ਸਾਬਤ ਹੋਇਆ ਹੈ। ਇਥੇ ਊਸ਼ਣ ਕਟੀਬੰਧੀ ਫ਼ਲ ਖਾਸ ਕਰਕੇ ਅਨਾਨਾਸ ਅਤੇ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਦੁੱਧ ਤੋਂ ਬਣੇ ਪਦਾਰਥ ਅਤੇ ਗਊ ਮਾਸ ਆਦਿ ਵੀ ਉਪਲਬਧ ਹੈ। ਇਥੇ ਸਰਕਾਰ ਵਲੋਂ ਚੀਲ ਦੇ ਦਰਖ਼ਤ ਵੀ ਲਗਾਏ ਗਏ ਹਨ। 145 ਕਿ.ਮੀ. ਦੱਖਣ ਵੱਲ ਬਰਿਜ਼ਬੇਨ ਨੂੰ ਜਾਂਦੀ ਮੁੱਖ ਉੱਤਰੀ ਰੇਲ ਲਾਈਨ ਅਤੇ ਬ੍ਰੂਸ ਸ਼ਾਹਰਾਹ ਤੇ ਆਰਾ ਮਿੱਲਾਂ ਅਤੇ ਲੱਕੜੀ ਦਾ ਫ਼ਰਨੀਚਰ ਅਤੇ ਖਾਦ-ਪਦਾਰਥ ਪ੍ਰਾਸੈੱਸ ਕਰਨ ਦੇ ਉਦਯੋਗ ਸਥਾਪਿਤ ਹਨ।

ਹ. ਪੁ. -ਐਨ. ਬ੍ਰਿ. ਮਾ. 5 : 529

**ਜਿਰਾਸੈਕ, ਅਲਾਇਸ** : ਇਹ ਚੈਕ ਸਾਹਿਤ ਦਾ 1914 ਤੋਂ ਪਹਿਲੇ ਕਾਲ ਦਾ ਪ੍ਰਸਿੱਧ ਨਾਵਲਕਾਰ ਤੇ ਰਾਸ਼ਟਰੀ ਪ੍ਰਸਿੱਧੀ ਵਾਲਾ ਮਹਾਨ ਵਿਅਕਤੀ ਸੀ। ਇਸ ਦਾ ਜਨਮ 23 ਅਗਸਤ, 1951 ਨੂੰ ਚੈਕੋਸਲੋਵਾਕੀਆ ਵਿਚ ਹਰੋਨਵ ਵਿਖੇ ਹੋਇਆ।



**ਅਲਾਇਸ ਜਿਰਾਸੈਕ**

ਸੰਨ 1909 ਵਿਚ ਰਿਟਾਇਰ ਹੋਣ ਤੱਕ ਇਹ ਸੈਕੰਡਰੀ ਸਕੂਲ ਵਿਚ ਅਧਿਆਪਕ ਰਿਹਾ। ਇਸ ਨੇ ਇਤਿਹਾਸਕ ਨਾਵਲਾਂ ਦੀ ਲੜੀ ਪੇਸ਼ ਕੀਤੀ ਜਿਨ੍ਹਾਂ ਵਿਚ ਕੌਮ ਵਿਚ ਵਿਸ਼ਵਾਸ ਤੇ ਆਜ਼ਾਦੀ ਤੇ ਨਿਆਂ ਵੱਲ ਹੋਈ ਪ੍ਰਗਤੀ ਦਾ ਵਰਣਨ ਸੀ। ਇਸ ਨੇ ਹੁਸਾਈਟ ਕਾਲ ਬਾਰੇ ਵਿਸ਼ੇਸ਼ ਰੂਪ ਵਿਚ ਤਿੰਨ ਨਾਵਲ 'ਬਿਟਵੀਨ ਦਾ ਕਰੰਟਸ' (1891), 'ਅਗੇਂਸਟ ਆਲ ਦਾ ਵਰਲਡ' (1894) ਅਤੇ 'ਬ੍ਰਦਰਹੁੱਡ' (1899-1988) ਲਿਖੇ। ਕਲਾ ਪੱਖੋਂ ਇਸ ਦੀ ਪ੍ਰਸਿੱਧ ਰਚਨਾ 'F.L. Vek' (1888-1906) ਹੈ ਜੋ ਪੰਜ ਜਿਲਦਾਂ ਵਿਚ ਹੈ। ਇਸ ਵਿਚ ਚੈਕ ਦੀ ਰਾਸ਼ਟਰੀ ਜਾਗ੍ਰਤੀ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੀ ਸਭ ਤੋਂ ਮਹਾਨ ਰਚਨਾ 'ਡਾਰਕਨੈੱਸ' (1915) ਹੈ।

ਪਹਿਲੇ ਵਿਸ਼ਵ ਯੁੱਧ ਦੌਰਾਨ ਜਿਰਾਸੈਕ ਨੇ ਰਾਸ਼ਟਰੀ ਆਜ਼ਾਦੀ ਦੀ ਇੱਛਾ ਪ੍ਰਗਟ ਕੀਤੀ ਅਤੇ 13 ਅਪ੍ਰੈਲ, 1918 ਨੂੰ ਪ੍ਰਾਗ ਵਿਚ ਹੋਏ ਇਕ ਜਲਸੇ ਵਿਚ ਰਾਸ਼ਟਰੀ ਹਲਫ ਪੜ੍ਹਿਆ। ਇਸ ਦੀ ਮੌਤ 12 ਮਾਰਚ, 1930 ਨੂੰ ਪ੍ਰਾਗ ਵਿਖੇ ਹੋਈ।

ਹ. ਪੁ.–ਐਨ. ਬ੍ਰਿ. 13 : 1; ਐਨ. ਬ੍ਰਿ. ਮਾ. 5 : 562

**ਜਿਰਾਂਡ** : ਇਹ ਦੱਖਣ-ਪੱਛਮੀ ਫ਼ਰਾਂਸ ਦਾ ਇਕ ਸਾਹਿਲੀ ਡਿਪਾਰਟਮੈਂਟ ਹੈ ਜਿਹੜਾ ਇਸੇ ਨਾਂ ਦੀ ਐੱਸਚੁਅਰੀ ਦੇ ਦੋਹੀਂ ਪਾਸੀਂ 'ਗਰਾਨ' (garonne) ਅਤੇ ਡਾੱਰਡੋਨ (Dordogne) ਦਰਿਆਵਾਂ ਦੀਆਂ ਨੀਵੀਆਂ ਵਾਦੀਆਂ ਵਿਚ ਫੈਲਿਆ ਹੋਇਆ ਹੈ। ਜਿਰਾਂਡ ਡਿਪਾਰਟਮੈਂਟ ਦੇ ਉੱਤਰ ਵਿਚ ਸ਼ਰਾਂਟ ਇਨਫ਼ੀਰੀਅਰ (Charente Intferieure), ਡਾੱਰਡੋਨ; ਉੱਤਰ-ਪੂਰਬ ਵਿਚ ਲਾਟ-ਏ-ਗਰਾਨ ਅਤੇ ਦੱਖਣ-ਪੂਰਬ ਵਿਚ ਲਾਨਦ (Landes) ਨਾਮੀ ਡਿਪਾਰਟਮੈਂਟ ਦੱਖਣ ਵਿਚ ਹੱਦਬੰਦੀ ਕਰਦੇ ਹਨ। ਖਾੜੀ ਬਿਸਕੇ ਇਸ ਦੇ ਪੱਛਮ ਵਿਚ ਹੈ। ਇਸਦਾ ਕੁੱਲ ਰਕਬਾ 10,000 ਵ. ਕਿ.ਮੀ. (3, 861 ਵ. ਮੀ.) ਅਤੇ ਆਬਾਦੀ 12,23,600 (1991) ਹੈ। ਬੋਰਡਾ ਡਿਪਾਰਟਮੈਂਟ ਦੀ ਪ੍ਰੀਫੈਕਚਰ ਹੈ ਅਤੇ ਇਹ ਫ਼ਰਾਂਸ ਦੇ ਸਭ ਤੋਂ ਵੱਡੇ ਸ਼ਹਿਰਾਂ ਵਿਚੋਂ ਇਕ ਹੈ। ਕਦੇ ਇਹ ਗ੍ਰਿਅਨ ਪ੍ਰਾਵਿੰਸ ਦੀ ਰਾਜਧਾਨੀ ਵੀ ਹੁੰਦਾ ਸੀ। ਇਸੇ ਪ੍ਰਾਵਿੰਸ ਦੇ ਕੁਝ ਹਿੱਸੇ ਵਿਚੋਂ ਜਿਰਾਂਡ ਡਿਪਾਰਮੈਂਟ ਸਥਾਪਿਤ ਕੀਤਾ ਗਿਆ। ਬੋਰਡਾ ਵਪਾਰਕ ਬੰਦਰਗਾਹ ਹੈ ਜਿਹੜੀ ਫ਼ਰਾਂਸ ਦੀਆਂ ਅਹਿਮ ਬੰਦਰਗਾਹਾਂ ਵਿਚੋਂ ਇਕ ਹੈ। ਇਸ ਐੱਸਚੁਅਰੀ ਵਿਚ ਬਹੁਤ ਸਾਰੇ ਛੋਟੇ ਛੋਟੇ ਟਾਪੂ ਅਤੇ ਰੇਤਲੇ ਕੰਢੇ ਹੋਣ ਕਰਕੇ ਜਹਾਜ਼ਰਾਨੀ ਬਹੁਤ ਮੁਸ਼ਕਿਲ ਹੈ। ਇਸੇ ਕਾਰਨ ਆਧੁਨਿਕ ਯੁਗ ਵਿਚ ਹੋਰ ਬਰਾਮਦ ਬੰਦਰਗਾਹਾਂ ਦਾ ਵਿਕਾਸ ਹੋਇਆ ਹੈ।

ਦਰਿਆ ਡਾਰਡੋਨ ਅਤੇ ਗਰਾਨ ਦੇ ਸੰਗਮ ਉਪਰ ਇਕ ਤੇਲ ਸਾਫ਼ ਕਰਨ ਦਾ ਆਧੁਨਿਕ ਪਲਾਂਟ ਸਥਾਪਿਤ ਕੀਤਾ ਗਿਆ ਹੈ। ਜਿਰਾਂਡ ਮੁਹਾਣੇ ਉਪਰ ਇਕ ਮਸ਼ਹੂਰ ਲਾਈਟ ਹਾਊਸ ਟਾਵਰ ਹੈ ਜਿਹੜਾ 1585 ਤੋਂ 1611 ਦੇ ਦੌਰਾਨ ਉਸਾਰਿਆ ਗਿਆ ਸੀ।

ਜਿਰਾਂਡ ਡਿਪਾਰਟਮੈਂਟ ਦਾ ਪੌਣਪਾਣੀ ਨਮੀ ਭਰਪੂਰ ਹੈ। ਗਰਮੀ ਸਾਲ ਵਿਚ ਜ਼ਿਆਦਾ ਸਮਾਂ ਰਹਿੰਦੀ ਹੈ। ਦਰਿਆ ਗਰਾੱਨ ਦੇ ਪੱਛਮ ਵਾਲੇ ਪਾਸੇ ਦਾ ਖੇਤਰ ਇਕ ਰੇਤਲੀ ਵਿਸ਼ਾਲ ਪੱਟੀ ਹੈ। ਇਸ ਖੇਤਰ ਵਿਚ ਬਹੁਤ ਸਾਰੀਆਂ ਮੂੰਗਿਆਂ ਵਾਲੀਆਂ ਝੀਲਾਂ ਹਨ ਅਤੇ ਇਹ ਖੇਤਰ ਚੀਲ ਤੇ ਬਲੂਤ ਦੇ ਸੰਘਣੇ ਜੰਗਲਾਂ ਨਾਲ ਢਕਿਆ ਹੋਇਆ ਹੈ। ਗਰਾਨ ਦਰਿਆ ਦੇ ਪੂਰਬ ਵੱਲ ਜਿਰਾਂਡ ਦਰਿਆ ਦੀਆਂ ਸਹਾਇਕ ਨਦੀਆਂ ਵਾਲਾ ਜਰਖੇਜ਼ ਦਰਿਆਈ ਖੇਤਰ ਹੈ। ਇਹ ਸਾਰੇ ਦਾ ਸਾਰਾ ਖੇਤਰ ਕਾਸ਼ਤਕਾਰੀ ਲਈ ਪ੍ਰਸਿੱਧ ਹੈ। ਸਬਜ਼ੀਆਂ ਤੇ ਅੰਗੂਰ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਗ੍ਰੇਵਜ਼, ਬਾਰਸਕ, ਮਾਦੋਕ ਤੇ ਸਾਤਰਨ ਸ਼ਰਾਬਾਂ ਇਸ ਡਿਪਾਰਟਮੈਂਟ ਦਾ ਮੁੱਖ ਉੱਤਪਾਦਨ ਹਨ। ਇਸ ਤੋਂ ਬਿਨਾਂ ਇਸ ਇਲਾਕੇ ਦੇ ਲੋਕ ਡੇਅਰੀ ਤੇ ਪਸ਼ੂ ਪਾਲਣ ਦਾ ਧੰਦਾ ਵੀ ਕਰਦੇ ਹਨ।

ਡਿਪਾਰਟਮੈਂਟ ਵਿਚ ਕਈ ਚੀਨੀ ਸਾਫ਼ ਕਰਨ ਅਤੇ ਜੈਤੂਨ ਦਾ ਤੇਲ ਕੱਢਣ ਦੇ ਕਾਰਖਾਨੇ ਹਨ। ਸਾਹਿਲੀ ਖੇਤਰ ਵਿਚ ਮੱਛੀ ਨੂੰ ਸੁਕਾ ਕੇ ਲੂਣ ਲਾਉਣ ਦਾ ਕੰਮ ਕਾਫ਼ੀ ਪ੍ਰਚਲਤ ਹੈ। ਸਿੱਪ ਪੈਦਾ ਕਰਨ ਦਾ ਧੰਦਾ ਵੀ ਇਸ ਡਿਪਾਰਟਮੈਂਟ ਦੇ ਹੀ ਹਿੱਸੇ ਹੈ। ਬੋਰਡਾ ਵਿਖੇ ਰਸਾਇਣਕ ਉਦਯੋਗ ਸਥਾਪਿਤ ਹਨ। ਧਾਤ ਵਿਗਿਆਨਕ ਉਦਯੋਗ, ਸਮੁੰਦਰੀ ਸੈਨਾ ਅਤੇ ਏਅਰੋਨਾਟਿਕ ਸਬੰਧੀ ਸਾਮਾਨ ਤਿਆਰ ਕਰਨ, ਤਾਂਬੇ ਤੇ ਲੋਹੇ ਦੇ ਕਾਰਖਾਨੇ ਵੀ ਜਿਰਾਂਡ ਡਿਪਾਰਟਮੈਂਟ ਦੀ ਆਮਦਨ ਦਾ ਕਾਫ਼ੀ ਵੱਡਾ ਵਸੀਲਾ ਹਨ। ਅਚੂਕ ਔਜ਼ਾਰ, ਖੇਤੀਬਾੜੀ ਦੀਆਂ ਮਸ਼ੀਨਾਂ, ਬਿਜਲੀ ਦਾ ਸਾਮਾਨ ਵੀ ਕਈ ਥਾਵਾਂ ਤੇ ਤਿਆਰ ਕੀਤਾ ਜਾਂਦਾ ਹੈ।

ਖਾੜੀ ਬਿਸਕੇ ਉਪਰ ਆਰਕੇਚੋਨ (Arcachon) ਅਤੇ ਗਰਾੱਨ ਦਰਿਆ ਉਪਰ ਬੋਰਡਾ ਤੇ ਲਿਬੋਰਨ (Libourne) ਜਿਰਾਂਡ ਦੀਆਂ ਪ੍ਰਸਿੱਧ ਬੰਦਰਗਾਹਾਂ ਹਨ।

ਹ. ਪੁ.–ਐਨ. ਬ੍ਰਿ. 10 : 435 ; ਕੋਲ. ਐਨ. 8 : 492

**ਜਿਰਾਂਡਿਨ** : ਫ਼ਰਾਂਸ ਦੀ ਇਕ ਜਿਰਾਂਡ ਨਾਮੀ ਰਾਜਨੀਤਕ ਪਾਰਟੀ ਦੇ ਮੈਂਬਰਾਂ ਨੂੰ ਜਿਰਾਂਡਿਨ ਕਿਹਾ ਜਾਂਦਾ ਹੈ। ਇਹ ਪਾਰਟੀ ਫ਼ਰਾਂਸ ਦੀ ਕ੍ਰਾਂਤੀ ਦੌਰਾਨ ਉਭਰੀ ਅਤੇ ਅਕਤੂਬਰ 1791 ਤੋਂ ਲੈ ਕੇ ਸਤੰਬਰ 1792 ਤੱਕ ਲੈਜਿਸਲੇਟਿਵ ਅਸੈਂਬਲੀ ਵਿਚ ਇਸ ਪਾਰਟੀ ਦੇ ਮੈਂਬਰਾਂ ਦਾ ਕਾਫ਼ੀ ਦਬਦਬਾ ਰਿਹਾ। ਨੈਸ਼ਨਲ ਕਨਵੈਨਸ਼ਨ ਵਿਚ ਵੀ ਇਹ ਵਿਰੋਧੀ ਧੜਿਆਂ ਵਿਚੋਂ ਸਨ। ਕਈ ਮਹੱਤਵਪੂਰਨ ਜਿਰਾਂਡਿਨ ਕਿਉਂਕਿ ਬੋਰਡਾ ਖੇਤਰ ਦੇ ਜਿਰਾਂਡ ਡਿਪਾਰਟਮੈਂਟ ਦੇ ਡਿਪਟੀ ਸਨ, ਇਸ ਲਈ ਇਸ ਪਾਰਟੀ ਦਾ ਨਾਂ ਜਿਰਾਂਡ ਪੈ ਗਿਆ।

ਅਜੋਕੀ ਖੋਜ ਤੋਂ ਪਤਾ ਲਗਦਾ ਹੈ ਕਿ ਇਹ ਪਾਰਟੀ ਕੋਈ ਵਿਸ਼ੇਸ਼ ਰੂਪ ਵਿਚ ਸੰਗਠਿਤ ਪਾਰਟੀ ਨਹੀਂ ਸੀ ਬਲਕਿ ਕੁਝ ਲੋਕ ਸਮੁੱਚੀ ਦੋਸਤੀ ਅਤੇ ਸਾਂਝੇ ਰਵੱਈਏ ਦੇ ਪੱਖ ਤੋਂ ਇੱਕਠੇ ਹੋਏ ਸਨ। ਪਿੱਛੋਂ ਜਾ ਕੇ ਇਨ੍ਹਾਂ ਦੇ ਬਹੁਤੇ ਵਿਅਕਤੀ ਚੰਗੇ ਪੜ੍ਹੇ ਲਿਖੇ ਤੇ ਦਰਮਿਆਨੇ ਦਰਜੇ ਦੇ ਅਤੇ ਅਮੀਰ ਕਿੱਤਿਆਂ ਦੇ ਧਾਰਨੀ ਬਣ ਗਏ ਸਨ। ਇਨ੍ਹਾਂ ਗੁਣਾਂ ਕਰਕੇ ਅਤੇ ਆਰੰਭ ਵਿਚ ਇਨ੍ਹਾਂ ਦੇ ਗਣਰਾਜੀ ਝੁਕਾਉ ਸਦਕਾ ਇਹਨਾਂ ਨੇ ਕ੍ਰਾਂਤੀ ਲਈ ਪੁਰ ਜੋਰ ਹਾਮੀ ਭਰੀ। ਸੰਨ 1789 ਤੋਂ ਪਹਿਲਾਂ ਇਨ੍ਹਾਂ ਵਿਚੋਂ ਬਹੁਤਿਆਂ ਦੀ ਗੱਲ ਬਾਤ ਸੁਧਾਰਵਾਦੀ ਦਾਇਰੇ ਦੇ ਲੋਕਾਂ ਨਾਲ ਵੀ ਹੁੰਦੀ ਰਹੀ।

ਸਭ ਤੋਂ ਪਹਿਲਾਂ ਜਿਰਾਂਡਿਨ ਵਿਧਾਨ ਸਭਾ ਦੇ ਲੀਡਰ ਬਣੇ ਅਤੇ ਇਨ੍ਹਾਂ ਨੇ ਅਦਾਲਤ ਦੀ ਸਖ਼ਤੀ ਨਾਲ ਆਲੋਚਨਾ ਕੀਤੀ।

ਸੰਨ 1791 ਦੌਰਾਨ ਇਨ੍ਹਾਂ ਜਿਰਾਂਡਿਨਾਂ ਨੇ ਬ੍ਰਿਸੱਤ ਅਤੇ ਵਰਨੀਆੱਡ ਦੀ ਆਗਵਾਈ ਹੇਠ ਜਲਾਵਤਨ ਰਈਸਾਂ ਅਤੇ ਕ੍ਰਾਂਤੀ ਵਿਰੋਧੀ ਪਾਦਰੀਆਂ ਵਿਰੁੱਧ ਕੀਤੀ ਗਈ ਸਰਕਾਰੀ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ, ਜਦ ਕਿ ਇਸ ਵਰ੍ਹੇ ਦੇ ਅੰਤਲੇ ਦਿਨਾਂ ਵਿਚ ਇਨ੍ਹਾਂ ਨੇ ਕ੍ਰਾਂਤੀ ਤੋਂ ਬਚਣ ਲਈ ਤੇ ਲੋਕਾਂ ਨੂੰ ਇਕੱਠੇ ਕਰਨ ਲਈ ਬਦੇਸ਼ੀ ਜੰਗ ਦੀ ਹਾਮੀ ਵੀ ਭਰੀ।

20 ਅਪ੍ਰੈਲ, 1792 ਨੂੰ ਫ਼ਰਾਂਸ ਨੇ ਆਸਟ੍ਰੀਆ ਨਾਲ ਜੰਗ ਦਾ ਐਲਾਨ ਕੀਤਾ। ਇਸ ਜੰਗ ਦਾ ਅਸਰ ਜਿਰਾਂਡਿਨਾਂ ਦੀ ਆਸ ਤੋਂ ਬਿਲਕੁਲ ਉਲਟ ਹੋਇਆ ਤੇ ਇਨ੍ਹਾਂ ਦੀ ਇਕ-ਪੁਰਖੀ ਸਰਕਾਰ ਡਾਵਾਂ-ਡੋਲ ਹੋ ਗਈ। ਅੰਤ ਵਿਚ 10 ਅਗਸਤ, 1792 ਨੂੰ ਪੈਰਿਸ ਦੇ ਟਵੀਲਰੀਜ ਮਹਿਲ (Tuileries Palace) ਉੱਪਰ ਅਜਿਹਾ ਝੱਖੜ ਝੁਲਿਆ ਜਿਸ ਨੇ ਇਕ ਪੁਰਸ਼ੇਸ ਰਾਜ ਦਾ ਤਖ਼ਤਾ ਹੀ ਉਲਟਾ ਦਿੱਤਾ। ਜਿਰਾਂਡਨਾਂ ਦੀ ਤਾਕਤ ਬਿਲਕੁਲ ਹੀ ਖ਼ਤਮ ਹੋ ਗਈ। ਹੁਣ ਇਕ ਪਾਸੇ ਇਸ ਪਾਰਟੀ ਦਾ ਪਤਨ ਸ਼ੁਰੂ ਹੋਇਆ ਤੇ ਦੂਜੇ ਪਾਸੇ ਪੈਰਿਸੀ ਕਮਿਊਨ, ਪ੍ਰਸ਼ੀਅਨ ਵਰਕਿੰਗ ਵਰਗ ਅਤੇ ਜੈਕੋਬਿਨ ਵਰਗੀਆਂ ਪਾਰਟੀਆਂ ਨੂੰ ਕ੍ਰਾਂਤੀ ਦੀ ਅਗਵਾਈ ਲਈ ਅੱਗੇ ਆਉਣ ਦਾ ਮੌਕਾ ਮਿਲ ਗਿਆ।

ਹੁਣ ਜਿਰਾਂਡਿਨਾਂ ਅਤੇ ਬਗ਼ਾਵਤ ਨੂੰ ਵਿਉਂਤਬੱਧ ਕਰਨ ਵਾਲਿਆਂ ਵਿਚਕਾਰ ਸਿੱਧਮ-ਸਿੱਧੀ ਖਿੱਚੋਤਾਣ ਚਲ ਪਈ। ਸਤੰਬਰ 1792 ਦੌਰਾਨ ਹੋਈ ਤਬਾਹੀ ਨਾਲ ਇਹ ਖਿੱਚੋਤਾਣ ਹੋਰ ਵੀ ਸੰਗੀਨ ਹੋ ਗਈ। ਸੰਮੇਲਨ ਲਈ ਮਾਂਟੇਨਯਾਰਦਾਂ ਦੀ ਚੋਣ ਉਪਰੰਤ ਜਿਰਾਂਡਿਨਾਂ ਨੇ ਆਪਣੇ ਆਪ ਨੂੰ ਲਿਤਾੜੇ ਜਾਣ ਦੇ ਡਰੋਂ ਆਪਣੀਆਂ ਤਕਲੀਫ਼ਾਂ ਲਈ ਗਰੀਬ ਤਬਕੇ ਦੇ ਬਾਗੀਆਂ ਉੱਪਰ ਇਲਜ਼ਾਮ ਲਗਾਇਆ। ਮਾਂਟੇਨਯਾਰਦਾਂ ਦੀ ਪੈਰਿਸ ਤੇ ਨਿਰਭਰ ਕੇਂਦਰੀਕ੍ਰਿਤ ਤਾਨਾਸ਼ਾਹੀ ਦੇ ਬਰਖਿਲਾਫ਼ ਜਿਰਾਂਡਿਨਾਂ ਦੇ ਸਥਾਨਕ ਪ੍ਰਸ਼ਾਸਨ ਖੁਭੇ ਸਾਧਾਰਣ ਬੁਰਜੁਆ ਵਰਗ ਨੂੰ ਪ੍ਰਾਦੇਸ਼ਕ ਖੁਦਮੁਖਤਾਰੀ ਲਈ ਪ੍ਰੇਰਿਆ। ਕਈਆਂ ਨੇ ਇਸ ਦ੍ਰਿਸ਼ਟੀਕੋਣ ਦੀ ਹਾਮੀ ਵੀ ਭਰੀ।

ਜਿਰਾਂਡਿਨਾਂ ਅਤੇ ਮਾਂਟੇਨਯਾਰਦ ਵਿਚਕਾਰ ਹੋ ਰਹੇ ਝਗੜੇ ਦਾ ਸਮਾਜਿਕ ਪੱਖ ਆਰਥਿਕ ਆਜ਼ਾਦੀ ਸੀ ਜਿਹੜੀ ਜਿਰਾਂਡਿਨਾਂ ਤੇ ਵਿਸ਼ੇਸ਼ ਕਰਕੇ ਰੋਲਾਂ (Roland) ਨੇ ਪੈਰਿਸੀ ਗ਼ਰੀਬ ਬਾਗ਼ੀਆਂ ਦੀਆਂ ਸਖ਼ਤੀ ਨਾਲ ਟੈਕਸ ਲਾਉਣ ਦੀਆਂ ਮੰਗਾ ਦੇ ਵਿਰੁੱਧ ਆਰਥਿਕ ਆਜ਼ਾਦੀ ਲਈ ਆਵਾਜ਼ ਉਠਾਉਣ ਤੇ ਸਪਸ਼ਟ ਹੋਈ। ਸੰਮੇਲਨ ਵਿਚ ਅਤੇ ਵੱਖ ਵੱਖ ਡਿਪਾਰਟਮੈਂਟਾਂ ਵਿਚ ਮੱਧ-ਵਰਗ ਵਾਲਿਆਂ ਨੇ ਜਿਰਾਂਡਿਨਾਂ ਦੀ ਮਦਦ ਨਾਲ ਇਸ ਸਬੰਧੀ ਰੈਲੀਆਂ ਕੀਤੀਆਂ। ਸੰਮੇਲਨ ਦੌਰਾਨ ਬਾਦਸ਼ਾਹ ਨੇ ਮੁਕੱਦਮੇ ਦੀ ਸੁਣਵਾਈ ਉਪਰੰਤ ਇਨ੍ਹਾਂ ਦਾ ਵਿਰੋਧ ਹੋਰ ਤੀਬਰ ਹੋ ਗਿਆ। ਜਿਰਾਂਡਿਨ ਬਾਦਸ਼ਾਹ ਦੀ ਜਾਨ ਬਖ਼ਸ਼ੀ ਲਈ ਆਨੇ-ਬਹਾਨੇ ਨਵੇਂ ਨਵੇਂ ਮਸਲੇ ਖੜ੍ਹੇ ਕਰਨ ਲੱਗ ਪਏ ਪਰ ਇਸ ਦੇ ਬਾਵਜੂਦ 21 ਜਨਵਰੀ, 1793 ਨੂੰ ਬਾਦਸ਼ਾਹ ਨੂੰ ਫ਼ਾਸੀ ਲਗਾ ਦਿੱਤੀ ਗਈ ਅਤੇ ਫ਼ਰਾਂਸ ਨੂੰ ਨੀਦਰਲੈਂਡ ਵਿਚ ਲੱਗੇ ਧੱਕੇ ਦੇ ਫਲਸਰੂਪ ਜਿਰਾਂਡਿਨ ਬਿਲਕੁਲ ਹੀ ਤਬਾਹ ਹੋ ਗਏ। ਬ੍ਰਿਸੱਤ ਵਲੋਂ ਬਦੇਸ਼ੀ ਪਾਲਿਸੀ ਲਈ ਕੀਤੇ ਸੰਮੇਲਨ ਨਾਲ ਫ਼ਰਾਂਸ ਵਿਰੁੱਧ ਇਕ ਵਿਆਪਕ ਗੱਠ-ਜੋੜ ਹੋਇਆ।

ਨੀਅਰ ਵਿਨਡਰ ਦੀ ਹਾਰ ਅਤੇ ਇਸ ਉਪਰੰਤ ਨਾਲ ਹੀ ਸੀ.ਐਫ ਵੱਲੋਂ ਧੋਖਾ ਦਿੱਤੇ ਜਾਣ ਨਾਲ ਆਮ ਜਨਤਾ ਦੀਆਂ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਧੱਕਾ ਵੱਜਾ। ਜਿਰਾਂਡਿਨ ਵੀ ਫ਼ਰਾਂਸ ਦੇ ਬਚਾਉ ਤੇ ਕ੍ਰਾਂਤੀ ਲਈ ਕਿਸੇ ਤਰ੍ਹਾਂ ਦੇ ਅਸਰਦਾਰ ਤਰੀਕੇ ਦੀ ਵਰਤੋਂ ਕਰਨੋਂ ਸੰਕੋਚ ਕਰ ਗਏ ਜਦ ਕਿ ਦੂਜੇ ਪਾਸੇ ਮਾਂਟੇਨਯਾਰਦ ਪਾਰਟੀ ਨੂੰ ਪੈਰਿਸ ਕਮਿਊਨ ਤੇ ਹੋਰ ਬਹੁਤ ਸਾਰੀਆਂ ਜਮਾਤਾਂ ਦੀ ਮਦਦ ਮਿਲੀ ਜਿਸ ਨਾਲ ਇਹ ਲੋਕਾਂ ਵਿਚ ਹਰਮਨ ਪਿਆਰੇ ਹੋ ਗਏ।

2 ਜੂਨ, 1793 ਨੂੰ 80000 ਸ਼ਸਤਰਬੱਧ ਸਿਪਾਹੀਆਂ ਨੇ ਜਿਰਾਂਡਿਨਾਂ ਨੂੰ ਸੰਮੇਲਨ ਦੌਰਾਨ ਘੇਰ ਲਿਆ ਤੇ 29 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਕਤੂਬਰ, 1793 ਵਿਚ ਕੁੱਲ 31 ਜਿਰਾਂਡਿਨਾਂ ਦੀ ਕ੍ਰਾਂਤੀਕਾਰੀ ਟ੍ਰਿਬਿਊਨਲ ਅੱਗੇ ਪੁੱਛ-ਪੜਤਾਲ ਕਰਨ ਉਪਰੰਤ 31 ਅਕਤੂਬਰ ਨੂੰ ਫ਼ਾਂਸੀ ਦਿੱਤੀ ਗਈ। ਇਨ੍ਹਾਂ ਪਿੱਛੋਂ ਮੈਡਮ ਰੋਲਾਂ ਤੇ ਹੋਰ ਮੈਂਬਰਾਂ ਦੀ ਪੁੱਛ-ਗਿਛ ਕੀਤੀ ਗਈ ਜਿਸ ਦੇ ਫਲਸਰੂਪ ਰੋਲਾਂ ਅਤੇ ਕਈ ਹੋਰਾਂ ਨੇ ਆਤਮ ਘਾਤ ਕਰਕੇ ਆਪਣਾ ਖ਼ਾਤਮਾ ਕਰ ਲਿਆ।

ਹ. ਪੁ–ਐਨ. ਬ੍ਰਿ. 10 : 435

**ਜਿਰਾਫ਼** : ਇਹ ਆਰਟੀਓਕਟਾ ਵਰਗ ਦੀ ਜਿਰੈਫਿਡੀ ਕੁਲ ਦਾ ਖੁਰਾਂ ਵਾਲਾ ਥਣਧਾਰੀ ਪ੍ਰਾਣੀ ਹੈ। ਇਸ ਦਾ ਵਿਗਿਆਨਿਕ ਨਾਂ ਜਿਰੈਫ਼ਾਂ ਕਮੈਲਪਾੱਰਡੈਲਿਸ ਹੈ। ਰੋਮਨ ਲੋਕ ਇਸ ਪ੍ਰਾਣੀ ਨੂੰ ਕਮੈਲਪਾੱਰ-ਡੈਲਿਸ (ਧੱਬੇਦਾਰ ਊਠ) ਕਹਿੰਦੇ ਸਨ ਅਤੇ ਅੰਗਰੇਜ਼ਾਂ ਵਿਚ ਇਹ ਸ਼ਬਦ ਕਮੈੱਲਪੈਰਡ ਦੇ ਨਾਂ ਨਾਲ ਪ੍ਰਸਿੱਧ ਸੀ। ਇਹ ਪ੍ਰਾਣੀ ਸਵਾਨਾ ਅਤੇ ਸਹਾਰਾ ਦੇ ਦੱਖਣ ਵੱਲ ਅਫ਼ਰੀਕਾ ਵਿਚ ਇੱਜੜਾਂ ਵਿਚ ਰਹਿੰਦੇ ਹਨ।

ਜਿਰਾਫ਼ ਥਣਧਾਰੀ ਜਾਨਵਰਾਂ ਵਿਚੋਂ ਸਭ ਤੋਂ ਵੱਧ ਉੱਚਾ ਹੈ। ਇਹ ਤਕਰੀਬਨ 5.5 ਮੀ, ਇਸ ਤੋਂ ਵੀ ਕੁਝ ਵੱਧ ਉੱਚਾ ਹੁੰਦਾ ਹੈ। ਇਸ ਦੀ ਪਛਾਣ ਇਸ ਦਾ ਛੋਟਾ ਸਰੀਰ ਅਤੇ ਬਹੁਤ ਲੰਬੀਆਂ ਲੱਤਾਂ ਅਤੇ ਗਰਦਨ

ਹੈ। ਇਸ ਦੀ ਪਿੱਠ ਦੀ ਢਲਾਨ ਅਗਲੇ ਪਾਸੇ ਤੋਂ ਪਿਛਲੇ ਚੌਥਾਈ ਹਿੱਸੇ ਤੱਕ ਵਧਦੀ ਰਹਿੰਦੀ ਹੈ।



ਜਿਰਾਫ਼

ਇਸ ਦੀ ਗਰਦਨ ਬਹੁਤ ਲੰਬੀ ਹੋਣ ਦੇ ਬਾਵਜੂਦ ਇਸ ਵਿਚ ਸਿਰਫ਼ ਸੱਤ ਗਰਦਨ ਮੁਹਰੇ ਹੀ ਹੁੰਦੇ ਹਨ। ਮੂੰਹ ਜ਼ਮੀਨ ਤੇ ਪਹੁੰਚਾਣ ਲਈ ਇਸ ਨੂੰ ਝੁਕਣਾ ਜਾਂ ਅਗਲੀਆਂ ਲੱਤਾਂ ਚੌੜੀਆਂ ਕਰਨੀਆਂ ਪੈਂਦੀਆਂ ਹਨ। ਪੂਛ ਦੇ ਪਿਛਲੇ ਸਿਰੇ ਤੇ ਵਾਲਾਂ ਦਾ ਇਕ ਗੁੱਛਾ ਅਤੇ ਗਰਦਨ ਉੱਤੇ ਛੋਟੀ ਅਯਾਲ ਹੁੰਦੀ ਹੈ। ਇਸ ਦੀ ਚਮੜੀ ਦਾ ਰੰਗ ਪਿਲੱਤਣ ਤੇ ਬਦਾਮੀ ਹੁੰਦਾ ਹੈ ਜਿਸ ਉੱਤੇ ਥੋੜ੍ਹੇ ਜਾਂ ਬਹੁਤ ਸਾਰੇ ਲਾਲ-ਭੂਰੇ ਰੰਗ ਦੇ ਧੱਬੇ ਹੁੰਦੇ ਹਨ।

ਨਰ ਅਤੇ ਮਾਦਾ ਦੋਨਾਂ ਵਿਚ 2-4 ਛੋਟੇ-ਛੋਟੇ ਚਮੜੀ ਨਾਲ ਢਕੇ ਹੋਏ ਸਿੰਗ ਹੁੰਦੇ ਅਤੇ ਅੱਖਾਂ ਦੇ ਵਿਚਾਲੇ ਇਕ ਉਭਾਰ ਹੁੰਦਾ ਹੈ ਜਿਹੜਾ ਉੱਤਰੀ ਜਿਰਾਫ਼ਾਂ ਵਿਚ ਸਿੰਗਾਂ ਜਿੰਨਾ ਹੀ ਲੰਬਾ ਹੁੰਦਾ ਹੈ। ਚਮੜੀ ਦੇ ਡਿਜ਼ਾਈਨਾਂ ਅਤੇ ਸਿੰਗਾਂ ਦੀ ਗਿਣਤੀ ਅਤੇ ਆਕਾਰ ਦੇ ਆਧਾਰ ਤੇ ਜਿਰਾਫ਼ਾਂ ਨੂੰ ਕਈ ਉਪ-ਜਾਤੀਆਂ ਵਿਚ ਵੰਡਿਆ ਗਿਆ ਹੈ।

ਇਨ੍ਹਾਂ ਦਾ ਮੁੱਖ ਆਹਾਰ ਕਿੱਕਰ ਦੇ ਪੱਤੇ ਹਨ। ਇਨ੍ਹਾਂ ਦੀ ਦੇਖਣ, ਸੁੰਘਣ ਅਤੇ ਸੁਣਨ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਲੰਬੇ ਲੰਬੇ ਕਦਮ ਪੁੱਟਣ ਕਾਰਨ ਇਹ ਕਾਫ਼ੀ ਤੇਜ਼ ਚਾਲ ਨਾਲ (ਤਕਰੀਬਨ 48 ਕਿ.ਮੀ. ਪ੍ਰਤੀ ਘੰਟਾ) ਚਲਦੇ ਹਨ, ਭਾਵੇਂ ਦੇਖਣ ਵਿਚ ਇਹ ਚਾਲ ਘੱਟ ਲਗਦੀ ਹੈ। ਇਨ੍ਹਾਂ ਦੇ ਦੁਸ਼ਮਣ ਮਨੁੱਖ ਅਤੇ ਸ਼ੇਰ ਹਨ। ਸਵੈ-ਰੱਖਿਆ ਲਈ ਇਹ ਪ੍ਰਾਣੀ ਆਪਣੇ ਭਾਰੇ ਭਾਰੇ ਖੁਰਾਂ ਨਾਲ ਠੁੱਡੇ ਮਾਰਦੇ ਹਨ। ਜ਼ਿਰਾਫ਼ ਇਕ ਦੂਜੇ ਨਾਲ ਸਿਰ ਮਾਰ ਮਾਰ ਕੇ ਲੜਦੇ ਹਨ। ਇਨ੍ਹਾਂ ਦੀ ਆਵਾਜ਼ ਬਹੁਤ ਮੱਧਮ ਹੁੰਦੀ ਹੈ। ਆਮ ਤੌਰ ਤੇ ਸੋਚਿਆ ਜਾਂਦਾ ਹੈ ਕਿ ਇਹ ਕੋਈ ਆਵਾਜ਼ ਨਹੀਂ ਕੱਢਦੇ। ਇਹ ਤਕਰੀਬਨ 14-15 ਮਹੀਨੇ ਦੇ ਗਰਭ ਕਾਲ ਤੋਂ ਬਾਅਦ ਆਮ ਤੌਰ ਤੇ ਇਕ ਬੱਚੇ ਨੂੰ ਜਨਮ ਦਿੰਦੇ ਹਨ।

ਪੂਰਬੀ ਅਫ਼ਰੀਕਾ ਨੂੰ ਛੱਡ ਕੇ ਜਿਥੇ ਇਨ੍ਹਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ, ਬਾਕੀ ਸਭ ਥਾਵਾਂ ਤੇ ਮਨੁੱਖ ਨੇ ਇਨ੍ਹਾਂ ਦਾ ਸ਼ਿਕਾਰ ਕਰਕੇ ਇਨ੍ਹਾਂ ਦੀ ਗਿਣਤੀ ਬਹੁਤ ਘਟਾ ਜਾਂ ਖ਼ਤਮ ਕਰ ਦਿੱਤੀ ਹੈ।

ਹ. ਪੁ. -ਐਨ. ਬ੍ਰਿ. ਮਾ. 4 : 552

**ਜਿਰਾਰਡ ਸਟੀਫਨ** : ਅਮਰੀਕਾ ਦੇ ਇਸ ਸਰਮਾਏਦਾਰ ਦਾ ਜਨਮ 20 ਮਈ, 1750 ਨੂੰ ਫ਼ਰਾਂਸ ਦੇ ਬਾਰਡੋ ਸ਼ਹਿਰ ਵਿਚ ਹੋਇਆ। ਇਸਨੇ 1812 ਦੀ ਲੜਾਈ ਦੌਰਾਨ ਸਰਕਾਰੀ ਬਾਂਡ ਖਰੀਦ ਕੇ ਅਮਰੀਕਾ ਦੀਆਂ ਸੈਨਿਕ ਮੁਹਿੰਮਾਂ ਲਈ ਆਰਥਿਕ ਸਹਾਇਤਾ ਪ੍ਰਦਾਨ ਕੀਤੀ।

14 ਸਾਲ ਦੀ ਉਮਰ ਵਿਚ ਹੀ ਜਿਰਾਰਡ ਨੇ ਸਮੁੰਦਰੀ ਜਹਾਜ਼ ਵਿਚ ਨੌਕਰੀ ਕਰ ਲਈ। ਸੰਨ 1774 ਵਿਚ ਇਹ ਵੈਸਟ ਇੰਡੀਜ਼ ਨਾਲ ਅਮਰੀਕੀ ਤੱਟੀ ਵਪਾਰ ਕਰਨ ਵਾਲੇ ਜਹਾਜ਼ ਦਾ ਕਪਤਾਨ ਬਣ ਗਿਆ।

ਸੰਨ 1775-83 ਦਰਮਿਆਨ ਕ੍ਰਾਂਤੀਕਾਰੀ ਯੁੱਧ (1775-83) ਦੇ ਦੌਰਾਨ ਅਮਰੀਕੀ ਸਮੁੰਦਰੀ ਬੰਦਰਗਾਹਾਂ ਦੇ ਬਰਤਾਨਵੀ ਘੇਰੇਬੰਦੀ ਵਿਚ ਆਉਣ ਕਾਰਨ ਇਹ ਫ਼ਿਲਾਡੈਲਫ਼ੀਆ ਵਿਚ ਚਲਾ ਗਿਆ ਪਰ ਯੁੱਧ ਤੋਂ ਬਾਅਦ ਸਮੁੰਦਰੀ ਕੰਢੇ ਤੇ ਮੁੜ ਵਪਾਰ ਸ਼ੁਰੂ ਕਰ ਦਿੱਤਾ। ਇਸਨੇ ਇਕ ਵਿਸ਼ਵ–ਵਿਆਪੀ ਵਪਾਰਕ ਬੇੜੇ ਦਾ ਨਿਰਮਾਣ ਕੀਤਾ ਅਤੇ ਇਸ ਦੀ ਅਸੂਲ ਪਰਸਤੀ ਅਤੇ ਕਾਰਗਰ ਵਪਾਰਕ ਤਰੀਕਿਆਂ ਨੇ ਇਸ ਦੀ ਕਿਸਮਤ ਨੂੰ ਕਾਫ਼ੀ ਚਮਕਾਇਆ। ਸੰਨ 1812 ਵਿਚ ਇਸਨੇ ਬੈਂਕ ਆਫ਼ ਯੂਨਾਈਟਿਡ ਸਟੇਟਸ ਨੂੰ ਖਰੀਦ ਲਿਆ ਅਤੇ ਇਸ ਦਾ ਨਾਂ ਬੈਂਕ ਆਫ਼ ਸਟੀਫਨ ਜਿਰਾਰਡ ਰੱਖਿਆ। ਇਹ ਬੈਂਕ 1812 ਦੇ ਯੁੱਧ ਦੌਰਾਨ ਸਰਕਾਰੀ ਕਰਜ਼ੇ ਦਾ ਆਖ਼ਰੀ ਸਹਾਰਾ ਸੀ। ਸੰਨ 1814 ਵਿਚ ਜਦੋਂ ਅਮਰੀਕਾ ਦਾ ਖ਼ਜ਼ਾਨਾ ਢਹਿੰਦੀਆਂ ਕਲਾ ਵਿਚ ਸੀ ਤਾਂ ਇਸਨੇ ਜੰਗ ਸਮੇਂ ਲਈ ਸਰਕਾਰੀ ਕਰਜ਼ੇ ਦੇ 95 ਫ਼ੀ ਸਦੀ ਹਿੱਸੇ ਦੀ ਅਦਾਇਗੀ ਆਪਣੇ ਕੋਲੋਂ ਕੀਤੀ ਜਿਸ ਕਾਰਨ ਅਮਰੀਕਾ ਯੁੱਧ ਜਾਰੀ ਰੱਖ ਸਕਿਆ।

ਜਿਰਾਰਡ ਨੇ ਲਗਭਗ ਆਪਣਾ ਸਾਰਾ ਧਨ ਸਮਾਜ ਭਲਾਈ ਦੀਆਂ ਸੰਸਥਾਵਾਂ ਤੇ ਲਗਾਇਆ। ਇਸ ਨੇ ਫ਼ਿਲਾਡੈਲਫ਼ੀਆ ਵਿਚ ਯਤੀਮ ਪੁਰਸ਼ਾਂ ਲਈ ਇਕ ਕਾਲਜ ਬਣਵਾਇਆ ਜਿਹੜਾ ਸਟੀਫਨ **ਜਿਰਾਰਡ** ਕਾਲਜ ਵਜੋਂ 1933 ਵਿਚ ਸਥਾਪਿਤ ਕੀਤਾ ਗਿਆ।

26 ਦਸੰਬਰ, 1831 ਨੂੰ ਫ਼ਿਲਾਡੈਲਫ਼ੀਆ ਵਿਖੇ ਇਸਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 5 : 553

**ਜਿਰਾਰਡ, ਜੀਨ ਬੈਪਤਿਸਤੇ** : ਇਹ ਫਰੈਂਚ-ਸਵਿਸ ਸਿੱਖਿਆ-ਸ਼ਾਸਤਰੀ ਸੀ ਜਿਸਨੂੰ ਪਿਰੇ ਜ਼ਿਰਾਰਡ ਜਾਂ ਪਿਰੇ ਗ੍ਰੇਗਰੀ ਦੇ ਨਾਵਾਂ ਨਾਲ ਵੀ ਜਾਣਿਆਂ ਜਾਂਦਾ ਹੈ। ਇਸ ਦਾ ਜਨਮ ਸਵਿਟਜ਼ਰਲੈਂਡ ਦੇ ਫ੍ਰੀਬਅਰ ਕੈਨਟਨ ਵਿਖੇ 17 ਦਸੰਬਰ, 1765 ਨੂੰ ਹੋਇਆ। ਇਸਨੇ ਲੂਸਰਨ ਵਿਖੇ ਪਾਦਰੀਪੁਣੇ ਲਈ ਸਿੱਖਿਆ ਪ੍ਰਾਪਤ ਕੀਤੀ। ਸੰਨ 1804 ਦੌਰਾਨ ਇਸ ਨੇ ਇੱਕ ਪਬਲਿਕ ਟੀਚਰ ਦੇ ਤੌਰ ਤੇ ਨੌਕਰੀ ਆਰੰਭ ਕੀਤੀ। ਸੰਨ 1805-23 ਤੱਕ ਇਹ ਫ੍ਰੀਬਰਗ ਦੇ ਐਲੀਮੈਂਟਰੀ ਸਕੂਲ ਵਿਚ ਰਿਹਾ। ਫਿਰ ਯਸੂਹੀਆਂ ਦੀ ਈਰਖਾ ਤੇ ਵੈਰ ਕਾਰਨ ਇਹ ਲੂਸਰਨ ਵਿਖੇ ਜਿਮਨੇਜ਼ੀਅਮ ਵਿਚ ਚਲਾ ਗਿਆ। ਇਥੇ ਇਹ 1834 ਤੱਕ ਰਿਹਾ ਅਤੇ ਰਿਟਾਇਰ ਹੋਣ ਉਪਰੰਤ ਇਸੇ ਸਾਲ ਇਹ ਫ੍ਰੀਬਰਗ ਵਾਪਸ ਚਲਾ ਗਿਆ ਤੇ ਇਥੇ ਇਸ ਨੇ ਸਿੱਖਿਆ ਦੇ ਵਿਸ਼ੇ ਤੇ ਪੁਸਤਕਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਵਿਚੋਂ De lenseingnement regulier de la langue cours education ਦਾ ਨਾਂ ਵਰਨਣ ਯੋਗ ਹੈ।

ਜਿਰਾਰਡ ਦੀਆਂ ਕਿਤਾਬਾਂ ਨੇ ਹੋਰਾਂ ਸਥਾਨਾਂ ਦੀ ਸਿੱਖਿਆ ਪ੍ਰਣਾਲੀ ਉੱਪਰ ਵੀ ਕਾਫ਼ੀ ਅਸਰ ਪਾਇਆ। ਉਸ ਨੇ ਨਿਯਮਾਂ ਅਤੇ ਤੱਥਾਂ ਦੇ ਆਧਾਰ ਤੇ ਬੱਚਿਆਂ ਵਿਚ ਰੱਟਾਬਾਜ਼ੀ ਦੇ ਸਿਸਟਮ ਦੀ ਨਿੰਦਾ ਕੀਤੀ।

ਉਸ ਅਨੁਸਾਰ ਬੱਚਿਆਂ ਦੀ ਬੁੱਧੀ ਵਿਚ ਯਾਦ ਕਰਨ ਸਮੇਂ ਉਤੇਜਨਾ ਪੈਦਾ ਕਰਨੀ ਚਾਹੀਦੀ ਹੈ।

6 ਮਾਰਚ, 1850 ਨੂੰ ਜਿਰਾਰਡ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 10 : 431

**ਜਿਰਾਲਡਸ, ਕੈਬਹੈਨਾਸਿਸ** : ਇਹ ਇੰਗਲੈਂਡ ਦਾ ਪ੍ਰਸਿੱਧ ਪਾਦਰੀ ਅਤੇ ਇਤਿਹਾਸਕਾਰ ਸੀ। ਇਸ ਦਾ ਜਨਮ ਲ. 1146 ਵਿਚ ਪੈਂਬ੍ਰੋਕਸ਼ਿਰ ਵਿਚ ਮੈਨੋਬਾਇਰ ਕਾਸਲ ਵਿਖੇ ਇਕ ਅਮੀਰ ਘਰਾਣੇ ਵਿਚ ਹੋਇਆ। ਇਸ ਨੂੰ ਜਿਰਾਲਡ ਆਫ਼ ਵੇਲਜ਼ ਜਾਂ ਜਿਰਾਲਡ ਡੀ. ਬੱਰੀ ਵੀ ਕਿਹਾ ਜਾਂਦਾ ਹੈ। ਇਹ ਵੇਲਜ਼ ਦੇ ਧਰਮ ਵਿਚ ਐਂਗਲੋ ਨਾਰਮਲ ਦਖ਼ਲ ਦਾ ਕੱਟੜ ਵਿਰੋਧੀ ਸੀ। ਇਸ ਨੇ ਪੈਰਿਸ ਵਿਖੇ ਸਿੱਖਿਆ ਪ੍ਰਾਪਤ ਕੀਤੀ ਅਤੇ 1175 ਵਿਚ ਵੇਲਜ਼ ਵਾਪਸ ਆਉਣ ਤੇ ਇਸ ਨੂੰ ਬ੍ਰੈਕਨੌਕ ਦਾ ਆਰਕਡੀਕਨ ਨਿਯੁਕਤ ਕੀਤਾ ਗਿਆ। ਅਗਲੇ ਸਾਲ ਪੈਂਬ੍ਰੋਕਸ਼ਿਰ ਵਿਚ ਸੇਂਟ ਡੇਵਿਡ ਦੇ ਗਿਰਜੇ ਦਾ ਬਿਸ਼ਪ ਨਾਮਜ਼ਦ ਹੋਣ ਪਿੱਛੋਂ ਇਹ ਧਰਮ ਸ਼ਾਸਤਰ ਦੇ ਅਧਿਐਨ ਲਈ ਫਿਰ ਪੈਰਿਸ ਚਲਾ ਗਿਆ।

ਜੁਲਾਈ 1184 ਦੇ ਲਗਭਗ ਜਿਰਾਲਡਸ ਹੈਨਰੀ ਦੂਜੇ ਦੀ ਸੇਵਾ ਵਿਚ ਆਇਆ। ਆਇਰਲੈਂਡ ਅਤੇ ਵੈਲਜ਼ ਦੀਆਂ ਯਾਤਰਾਵਾਂ ਦੇ ਸਿੱਟੇ ਵਜੋਂ ਇਸਨੇ ਇਤਿਹਾਸ ਸਬੰਧੀ ਆਪਣੀਆਂ ਪ੍ਰਸਿੱਧ ਪੁਸਤਕਾਂ 'ਹਿਸਟਰੀ ਆਫ਼ ਦੀ ਕਾੱਨਕੁਐਸਟ ਆਫ਼ ਆਇਰਲੈਂਡ' (1189), 'ਇਟੀਨੇਰੇਰੀ ਆਫ਼ ਵੈਲਜ਼' (1191) ਅਤੇ 'ਡਿਸਕ੍ਰਿਪਸ਼ਨ ਆਫ਼ ਵੇਲਜ਼' (1194) ਲਿਖੀਆਂ। ਸੰਨ 1195 ਵਿਚ ਇਸ ਨੇ ਬਾਦਸ਼ਾਹ ਦੀ ਨੌਕਰੀ ਛੱਡ ਦਿੱਤੀ। ਸੰਨ 1199 ਵਿਚ ਇਸ ਨੂੰ ਮੁੜ ਤੋਂ ਸੇਂਟ ਡੇਵਿਡ ਦਾ ਆਰਚ ਡੀਕਨ ਨਾਮਜ਼ਦ ਕੀਤਾ ਗਿਆ। ਕੈਂਟਰਬਰੀ ਦੇ ਲਾਟਪਾਦਰੀ ਨਾਲ ਇਸ ਦਾ ਝਗੜਾ ਹੋ ਗਿਆ। ਸੰਨ 1205 ਵਿਚ ਇਸ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਭਾਵੇਂ ਜਿਰਾਲਡਸ ਦਾ ਖੇਤਰ ਮੁੱਖ ਰੂਪ ਵਿਚ ਧਰਮ ਸੀ ਪਰ ਉਸ ਨੇ ਬਹੁਤ ਕੁਝ ਲਿਖਿਆ ਹੈ। ਇਸ ਦੇ ਲਿਖੇ ਗਏ ਬਿਰਤਾਂਤਾਂ ਤੋਂ 12ਵੀਂ ਸਦੀ ਦੇ ਮਗਰਲੇ ਹਿੱਸੇ ਵਿਚ ਲੋਕ-ਜੀਵਨ ਸਬੰਧੀ ਭਰਪੂਰ ਇਤਿਹਾਸਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਸੰਨ 1204-05 ਵਿਚ ਲਿਖੀ ਇਸ ਦੀ ਸਵੈ-ਜੀਵਨੀ ਨੂੰ ਐਚ. ਬਟਰਲ ਨੇ 1937 ਵਿਚ ਅੰਗਰੇਜ਼ੀ ਵਿਚ ਅਨੁਵਾਦ ਕਰਕੇ 'ਦੀ ਆਟੋ ਬਾਇਉਗ੍ਰਾਫ਼ੀ ਆਫ਼ ਜਿਰਾਲਡਸ ਕੈਬਹੈਨਾਸਿਸ' ਨਾਂ ਹੇਠ ਪ੍ਰਕਾਸ਼ਿਤ ਕੀਤਾ।

ਹ. ਪੁ.–ਐਨ. ਬ੍ਰਿ. ਮਾ. 4 : 553

**ਜਿਰਾਲਡੀ ਜਿਆਮਬਤਿਸਤਾ** : ਇਹ ਇਟਲੀ ਦਾ ਨਾਵਲਕਾਰ, ਨਾਟਕਕਾਰ ਤੇ ਕਵੀ ਸੀ। ਇਸ ਨੂੰ ਸਿਨਟਸੀਓ ਜਾਂ ਸਿੱਧੀਓ ਨਾਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਇਹ ਸੋਲ੍ਹਵੀਂ ਸਦੀ ਦੇ ਮੱਧ ਦੇ ਸਾਹਿਤਕ ਆਦਰਸ਼ਾਂ ਦਾ ਪ੍ਰਤਿਨਿਧਤਵ ਕਰਦਾ ਹੈ। ਇਸ ਦਾ ਜਨਮ 1504 ਵਿਚ ਫੈਰਾਰਾ ਵਿਖੇ ਹੋਇਆ। ਇਸ ਨੇ ਫੈਰਾਰਾ ਯੂਨੀਵਰਸਿਟੀ ਤੋਂ ਵਿਦਿਆ ਪ੍ਰਾਪਤ ਕੀਤੀ। ਸੰਨ 1541 ਵਿਚ ਇਹ ਉਥੇ ਹੀ ਪ੍ਰੋਫੈਸਰ ਲਗ ਗਿਆ। ਮਗਰੋਂ ਇਹ ਟੂਰਿਨ ਅਤੇ ਪਾਵੀਆ ਯੂਨੀਵਰਸਿਟੀਆਂ ਵਿਚ ਲਗਿਆ ਰਿਹਾ। ਜਿਰਾਲਡੀ ਅਰਸਤੂ ਦੇ ਸਾਹਿਤਕ ਸਿਧਾਤਾਂ ਤੇ ਇਸ ਬਾਰੇ ਕੈਥੋਲਿਕਾਂ ਦੇ ਪ੍ਰਤਿਕਰਮ ਦੋਹਾਂ ਤੋਂ ਪ੍ਰਭਾਵਤ ਹੋਇਆ। ਆਪਣੀ ਰਚਨਾ 'Aiscarso intoronoal comparrede romanzi' (1549) ਵਿਚ ਇਹ ਰੋਮਾਂਟਿਕ ਮਹਾਂਕਾਵਿ ਦੀ ਉਚਿਤਤਾ ਦਾ ਸਮਰਥਨ ਕਰਦਾ ਹੈ ਅਤੇ 'Ercole' ਨਾਂ ਦੀ ਕਵਿਤਾ ਵਿਚ ਅਰਸਤੂ ਦੇ ਸਾਹਿਤਕ ਸਿਧਾਤਾਂ ਨੂੰ ਕੈਥੋਲਿਕ ਨੈਤਿਕਤਾ (1557) ਅਨੁਸਾਰ ਪੂਰਾ ਉਤਰਣ ਦੀ ਕੋਸ਼ਿਸ਼ ਕਰਦਾ ਹੈ।

ਇਸ ਨੇ ਨਾਟਕ ਬਾਰੇ 'Discorso delle comedie edlle tragedie' (1543) ਪੁਸਤਕ ਲਿਖੀ ਹੈ। 'Orbecche' (1541), 'Didone' (1542), 'Altile' (1543), 'Cleopatra (1543) ਅਤੇ 'Antinallomeni' (1549) ਆਦਿ ਇਸ ਦੇ ਦੁਖਾਂਤ ਨਾਟਕ ਹਨ। 'Ecatommiti' (1565) ਇਸ ਦੀਆਂ 112 ਕਹਾਣੀਆਂ ਦਾ ਸੰਗ੍ਰਹਿ ਹੈ। ਸ਼ੈਕਸਪੀਅਰ ਦੇ ਅਥੈਲੋ ਅਤੇ 'ਮਈਅਰ ਫ਼ਾਰ ਮਈਅਰ' ਦਾ ਸਰੋਤ ਇਸ ਦੀਆਂ ਰਚਨਾਵਾਂ ਹਨ। ਸੰਨ 1573 ਵਿਚ ਫੈਰਾਰਾ ਵਿਖੇ ਇਸ ਦੀ ਮੌਤ ਹੋਈ।

ਹ. ਪੁ. -ਐਨ. ਬ੍ਰਿ. 10 : 430; ਐਨ. ਬ੍ਰਿ. ਮਾ. 4 : 552

**ਜਿਰੀ** : ਇਹ ਭਾਰਤ ਦੇ ਆਸਾਮ ਰਾਜ ਦਾ ਇਕ ਦਰਿਆ ਹੈ ਜਿਹੜਾ ਬਰਾਈਲ ਪਰਬਤਾਂ ਦੀਆਂ ਦੱਖਣੀ ਢਲਾਣਾਂ ਵਿਚੋਂ ਨਿਕਲਦਾ ਹੈ। ਇਥੋਂ ਇਹ ਦੱਖਣੀ ਦਿਸ਼ਾ ਵਿਚ ਵਹਿੰਦਾ ਹੋਇਆ 120 ਕਿ.ਮੀ. ਦਾ ਫ਼ਾਸਲਾ ਤੈਅ ਕਰਨ ਪਿੱਛੋਂ ਇਹ ਬਰਾਕ ਦਰਿਆ ਵਿਚ ਜਾ ਮਿਲਦਾ ਹੈ ਜਿਹੜਾ ਸੁਰਮਾ ਨਦੀ ਦਾ ਹੀ ਉਪਰਲਾ ਹਿੱਸਾ ਹੈ। ਇਹ ਦਰਿਆ ਆਰੰਭ ਤੋਂ ਲੈ ਕੇ ਅੰਤ ਤੀਕ ਕਾਛਾਰ ਜ਼ਿਲ੍ਹੇ ਅਤੇ ਮਨੀਪੁਰ ਰਾਜ ਦੇ ਵਿਚਕਾਰ ਹੱਦਬੰਦੀ ਕਰਦਾ ਹੈ। ਜਿਰੀਘਾਟ ਦੇ ਸਥਾਨ ਤੋਂ ਬੇੜੀਆਂ ਰਾਹੀਂ ਇਸ ਦਰਿਆ ਨੂੰ ਪਾਰ ਕੀਤਾ ਜਾਂਦਾ ਹੈ। ਦਰਿਆ ਦਾ ਬਹੁਤਾ ਪੰਧ ਪਹਾੜੀ ਖੇਤਰ ਦੇ ਵਿਚੋਂ ਹੀ ਹੋਣ ਕਾਰਨ ਇਸ ਦੇ ਨੇੜੇ-ਤੇੜੇ ਵਾਲੀ ਜ਼ਮੀਨ ਨਾ ਮਾਤਰ ਹੀ ਹੈ। ਸਿਰਫ਼ ਜੰਗਲੀ ਉਤਪਾਦਨ ਅਤੇ ਜਿਰੀਘਾਟ ਦੇ ਚਾਹ ਦੇ ਬਾਗ਼ ਦੀ ਚਾਹ ਹੀ ਦਰਿਆ ਦੇ ਰਸਤੇ ਹੇਠਾਂ ਬਰਾਕ ਦੇ ਨਜ਼ਦੀਕ ਪਹੁੰਚਾਈ ਜਾਂਦੀ ਹੈ।

ਹ. ਪੁ.–ਇੰਪ. ਗ. ਇੰਡ. 14 : 177

**ਜਿਰੇਨੀਅਮ** : ਇਹ ਬਨਸਪਤੀ ਜਗਤ ਦੀ ਜਿਰੇਨਿਏਸੀ ਕੁਲ



ਜਿਰੇਨੀਅਮ

ਦਾ ਪੌਦਾ ਹੈ। ਇਸ ਦੇ ਫਲ ਦਾ ਆਕਾਰ ਸਾਰਸ ਪੰਛੀ ਦੀ ਚੁੰਝ ਦੇ ਬਰਾਬਰ ਹੋਣ ਕਾਰਨ ਇਸ ਨੂੰ ਅੰਗਰੇਜ਼ੀ ਵਿਚ 'ਕਰੇਨਜ਼ ਬਿਲ' ਕਿਹਾ

ਜਾਂਦਾ ਹੈ। ਉਪ-ਊਸ਼ਣ ਖੰਡੀ ਦੇਸ਼ਾਂ ਵਿਚ ਜਿਰੇਨੀਅਮ ਪ੍ਰਜਾਤੀ ਵਿਚ 250 ਤੋਂ ਅਧਿਕ ਜਾਤੀਆਂ ਦੇ ਪੌਦੇ ਮਿਲਦੇ ਹਨ। ਗਰਮ ਦੇਸ਼ਾਂ ਵਿਚ ਇਹ ਪੌਦਾ ਘੱਟ ਮਿਲਦਾ ਹੈ। ਇਹ ਛੋਟਾ ਜਿਹਾ ਪੌਦਾ ਇਕ ਜਾਂ ਦੋ-ਵਰਸ਼ੀ ਹੁੰਦਾ ਹੈ। ਇਸ ਦੇ ਫੁੱਲ ਹਲਕੇ ਅਤੇ ਗੂੜ੍ਹੇ ਵੈਂਗਣੀ, ਪਿਆਜ਼ੀ ਜਾਂ ਨੀਲੇ ਰੰਗ ਦੇ ਹੁੰਦੇ ਹਨ। ਆਮ ਤੌਰ ਤੇ ਇਨ੍ਹਾਂ ਪੌਦਿਆਂ ਲਈ ਚੰਗੀ ਉਪਜਾਊ ਮਿੱਟੀ ਜ਼ਰੂਰੀ ਹੁੰਦੀ ਹੈ।

ਜਿਰੇਨੀਅਮ ਮੈਕਿਉਲੇਟਮ ਅਤੇ ਜਿਰੇਨੀਅਮ ਰੌਬਰਟਿਨਮ ਦੇ ਪੌਦੇ ਰੁੱਖਾਂ ਦੀ ਛਾਂ ਦੇ ਹੇਠਾਂ ਵੀ ਕਾਫ਼ੀ ਵਧਦੇ-ਫੁਲਦੇ ਹਨ। ਕਈ ਜਾਤੀਆਂ ਦੇ ਪੌਦਿਆਂ ਦੇ ਕੁਝ ਹਿੱਸਿਆਂ ਜਿਵੇਂ ਮੈਕਿਉਲੇਟਮ ਦੀਆਂ ਜੜ੍ਹਾਂ ਦਾ ਉਪਯੋਗ ਦਵਾਈਆਂ ਵਿਚ ਵੀ ਕੀਤਾ ਜਾਂਦਾ ਹੈ। ਇਸ ਦੀਆਂ ਦੋ ਕਿਸਮਾਂ, ਮੈਕਰੋਨਿਜ਼ਮ ਅਤੇ ਮਾਲਵਰੋਸਾ ਦੇ ਪੌਦਿਆਂ ਵਿਚ ਸੁਗੰਧੀ ਵਾਲਾ ਤੇਲ ਮਿਲਦਾ ਹੈ।

ਹ. ਪੁ.–ਹਿੰ. ਵਿ. ਕੋ. 4 : 498; ਸ. ਸਾ. ਹਾ. 2 : 1331

**ਜਿਲਦਸਾਜ਼ੀ** : ਛਪੇ ਹੋਏ ਪੰਨਿਆਂ ਨੂੰ ਪੁਸਤਕ ਦਾ ਰੂਪ ਦੇਣ, ਇਸਦੀ ਸੁਰੱਖਿਆ ਲਈ ਜਿਲਦ ਚੜ੍ਹਾਉਣ ਅਤੇ ਜਿਲਦ ਨੂੰ ਖ਼ੂਬਸੂਰਤ ਬਣਾਉਣ ਦੀ ਕਿਰਿਆ ਹੀ ਜਿਲਦਸਾਜ਼ੀ ਹੈ। ਯੂਰਪ ਵਿਚ ਜਿਲਦਸਾਜ਼ੀ ਦੇ ਅਜੋਕੇ ਰੂਪ ਦਾ ਵਿਕਾਸ ਈਸਾ ਦੀ ਪਹਿਲੀ ਸਦੀ ਵਿਚ ਹੋਇਆ। ਭਾਰਤ ਵਿਚ ਜਿਲਦਸਾਜ਼ੀ ਛਪਾਈ ਕਲਾ ਦੇ ਨਾਲ ਹੀ ਵਿਕਸਿਤ ਹੋਈ।

ਪ੍ਰਾਚੀਨ ਕਾਲ ਤੋਂ ਹੀ ਜਿਲਦਸਾਜ਼ੀ ਲਈ ਚਮੜੇ ਦੀ ਵਰਤੋਂ ਹੁੰਦੀ ਆ ਰਹੀ ਹੈ ਅਤੇ ਇਹ ਇਸ ਕੰਮ ਲਈ ਸਭ ਤੋਂ ਵਧੀਆ ਚੀਜ਼ ਗਿਣੀ ਜਾਂਦੀ ਹੈ। ਗਿੱਲਾ ਹੋਣ ਉਪਰੰਤ ਚਮੜਾ ਬੜੀ ਆਸਾਨੀ ਨਾਲ ਪੁਸਤਕ ਦੇ ਆਕਾਰ ਵਿਚ ਮੁੜ ਜਾਂਦਾ ਹੈ। ਆਪਣੇ ਚੀੜ੍ਹੇਪਨ ਅਤੇ ਲਚਕੀਲਾ ਹੋਣ ਕਾਰਨ ਇਹ ਪੁਸਤਕਾਂ ਨੂੰ ਮਜ਼ਬੂਤ ਬਣਾਉਂਦਾ ਹੈ ਪਰ ਪੁਸਤਕਾਂ ਨੂੰ ਖੋਲ੍ਹਣ ਵਿਚ ਕੋਈ ਔਖ ਨਹੀਂ ਹੁੰਦੀ। ਕਈ ਵਾਰ ਚਮੜਾ ਬਹੁਤ ਮਹਿੰਗਾ ਹੋਣ ਕਾਰਨ ਪੂਰੀ ਜਿਲਦ ਦੀ ਥਾਂ ਕੇਵਲ ਨੁਕਰਾਂ ਅਤੇ ਪਿਛਲੇ ਪਾਸੇ ਹੀ ਵਰਤਿਆ ਜਾਂਦਾ ਹੈ। ਬਾਕੀ ਹਿੱਸੇ ਉੱਤੇ ਕਾਗਜ਼ ਜਾਂ ਕੱਪੜੇ ਦੀ ਵਰਤੋਂ ਕੀਤੀ ਜਾਂਦੀ ਹੈ। ਚਮੜੇ ਦੀ ਥਾਂ ਘੱਟ ਖ਼ਰਚ ਨੂੰ ਮੁੱਖ ਰੱਖਦਿਆਂ, ਬੁਕਰਮ ਜਾਂ ਅਜਿਹੇ ਹੀ ਸਸਤੇ ਕੱਪੜੇ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜਕੱਲ੍ਹ ਜਿਲਦ ਦੀ ਮਜ਼ਬੂਤੀ ਅਤੇ ਸੁੰਦਰਤਾ ਲਈ ਪਲਾਸਟਿਕ ਦੇ ਕਵਰ ਦੀ ਵਰਤੋਂ ਕੀਤੀ ਜਾਂਦੀ ਹੈ।

ਅੱਜਕੱਲ੍ਹ ਹੱਥ ਅਤੇ ਮਸ਼ੀਨਾਂ ਦੋਹਾਂ ਤਰੀਕਿਆਂ ਨਾਲ ਜਿਲਦਸਾਜ਼ੀ ਕੀਤੀ ਜਾਂਦੀ ਹੈ। ਹੱਥ ਨਾਲ ਜਿਲਦ ਬੰਨ੍ਹਣ ਲਈ ਜੋ ਯੰਤਰ ਇਸਤੇਮਾਲ ਕੀਤੇ ਜਾਂਦੇ ਹਨ, ਉਹ ਇਸ ਤਰ੍ਹਾਂ ਹਨ–1. **ਸਿਲਾਈ ਕਰਨ ਦਾ ਚੌਖਟਾ**—ਇਸ ਵਿਚ ਪੁਸਤਕ ਦੇ ਮੁੜੇ ਹੋਏ ਫ਼ਰਮੇ ਧਾਗੇ ਨਾਲ ਸਿਉਂ ਦਿੱਤੇ ਜਾਂਦੇ ਹਨ। 2. **ਕੱਟਣ ਦਾ ਯੰਤਰ**—ਇਹ ਪੁਸਤਕ ਦੇ ਵਧੇ ਹੋਏ ਕਿਨਾਰਿਆਂ ਨੂੰ ਕੱਟਣ ਦਾ ਕੰਮ ਕਰਦਾ ਹੈ। 3. **ਦਬਾਉ ਯੰਤਰ ਜਾਂ ਸ਼ਿਕੰਜਾ**—ਇਸ ਨਾਲ ਜਿਲਦਸਾਜ਼ੀ ਦੌਰਾਨ ਪੁਸਤਕਾਂ ਨੂੰ ਦੱਬਿਆ ਜਾਂਦਾ ਹੈ।

**ਹੱਥ ਨਾਲ ਜਿਲਦਸਾਜ਼ੀ**—ਭਾਰਤ ਵਿਚ ਡਿਮਾਈ ਅੱਠ ਪੰਨੇ ਜਾਂ ਡਬਲ ਡਿਮਾਈ 16 ਪੰਨੇ, ਰਾਇਲ ਅੱਠ ਪੰਨੇ ਅਤੇ ਡਬਲ ਕ੍ਰਾਊਨ 16 ਪੰਨਿਆਂ ਦੇ ਆਕਾਰ ਦੀਆਂ ਪੁਸਤਕਾਂ ਪ੍ਰਚੱਲਤ ਹਨ। ਇਸ ਤਰ੍ਹਾਂ ਦੇ ਆਕਾਰ ਦੇ ਕਾਗਜ਼ ਇਕ ਸ਼ੀਟ ਵਿਚ ਹੁੰਦੇ ਹਨ ਪਰ ਡਿਮਾਈ ਅੱਠ ਪੰਨੇ ਦਾ ਹੀ ਹੁੰਦਾ ਹੈ। ਪਹਿਲਾਂ ਇਨ੍ਹਾਂ ਛਪੀਆਂ ਹੋਈਆਂ ਸ਼ੀਟਾਂ ਨੂੰ ਦੋ ਬਰਾਬਰ ਹਿੱਸਿਆਂ ਵਿਚ ਕੱਟ ਲਿਆ ਜਾਂਦਾ ਹੈ। ਇਸ ਤੋਂ ਬਾਅਦ ਮੋੜਨ ਦੀ ਕਿਰਿਆ ਹੁੰਦੀ ਹੈ। ਜਿਲਦਸਾਜ਼ ਇਸ ਸਮੇਂ ਦੋ ਖ਼ਾਸ ਗੱਲਾਂ ਦਾ ਧਿਆਨ ਰੱਖਦਾ ਹੈ–ਪਹਿਲੀ ਇਹ ਕਿ ਅੰਦਰੋਂ ਬਾਹਰੋਂ ਹਾਸ਼ੀਆ ਠੀਕ ਰਹੇ ਅਤੇ ਦੂਜੀ ਇਹ ਕਿ ਮੋੜ ਇਸ ਤਰ੍ਹਾਂ ਹੋਣ ਕਿ ਪੰਨਿਆਂ ਦੀ ਗਿਣਤੀ ਕ੍ਰਮ-ਅਨੁਸਾਰ ਹੋਵੇ। ਸਾਰੇ ਫ਼ਰਮਿਆਂ ਨੂੰ ਮੋੜ ਲੈਣ ਬਾਅਦ ਮਿਸਲ ਚੁੱਕਣ ਦੀ ਕਿਰਿਆ ਹੁੰਦੀ ਹੈ। ਜਿਲਦਸਾਜ਼ ਹਰ ਫ਼ਰਮੇ ਦੀ ਦੱਥੀ ਆਪਣੇ ਖੱਬੇ ਤੋਂ ਸੱਜੇ ਪਾਸੇ ਵੱਲ ਸਜਾਉਂਦਾ ਹੈ। ਖੱਬੇ ਪਾਸੇ ਸਭ ਤੋਂ ਪਹਿਲਾਂ ਅੰਦਰਲੀ ਜਿਲਦ ਆਦਿ ਦਾ ਫ਼ਰਮਾ ਅਤੇ ਅਖ਼ੀਰ ਵਿਚ ਸੱਜੇ ਪਾਸੇ ਪੁਸਤਕ ਦਾ ਅਖ਼ੀਰੀ ਫ਼ਰਮਾ ਰੱਖਦਾ ਹੈ। ਫਿਰ ਉਹ ਇਕ ਇਕ ਫ਼ਰਮਾ ਚੁੱਕਦਾ ਹੈ ਅਤੇ ਕ੍ਰਮ ਅਨੁਸਾਰ ਫ਼ਰਮਿਆਂ ਦਾ ਮਿਲਾਨ ਕਰਦਾ ਹੈ।

ਮਿਸਲ ਚੁੱਕਣ ਜਾਂ ਇਕੱਠੀ ਕਰਨ ਬਾਅਦ ਪੁਸਤਕ ਵਿਚ ਲੱਗਣ ਵਾਲੇ ਚਿੱਤਰਾਂ ਨੂੰ ਸਹੀ ਥਾਂ ਲਗਾ ਕੇ ਸਿਲਾਈ ਕਰ ਦਿੱਤੀ ਜਾਂਦੀ ਹੈ। ਇਹ ਸਿਲਾਈ ਦੋ ਕਿਸਮ ਦੀ ਹੁੰਦੀ ਹੈ–ਸਟਿਚਿੰਗ ਅਤੇ ਜੁਜ਼ਬੰਦੀ। ਸਟਿਚਿੰਗ ਵਿਚ ਫ਼ਰਮਿਆਂ ਨੂੰ ਸਟਿਚਿੰਗ ਯੰਤਰ ਨਾਲ ਤਾਰ ਜਾਂ ਸੂਏ ਨਾਲ ਛੇਕ ਕਰਕੇ, ਸੂਈ ਅਤੇ ਧਾਗੇ ਨਾਲ ਸਿਉਂ ਕੇ, ਉੱਪਰ ਜਿਲਦ ਚਿਪਕਾ ਦਿੱਤੀ ਜਾਂਦੀ ਹੈ। ਜੁਜ਼ਬੰਦੀ ਵਿਚ ਪੰਨੇ ਜੋੜਿਆਂ ਵਿਚ ਸੀਤੇ ਜਾਂਦੇ ਹਨ। ਸ਼ਿਕੰਜੇ ਵਿਚ ਪੁਸਤਕ ਨੂੰ ਉਲਟਾ ਕਸ ਕੇ ਜਿਥੇ ਰੱਸੀ ਰੱਖਣੀ ਹੋਵੇ ਉਸ ਥਾਂ ਆਰੀ ਨਾਲ ਕੱਟ ਕੇ ਥੋੜ੍ਹਾ ਡੂੰਘਾ ਨਿਸ਼ਾਨ ਬਣਾਇਆ ਜਾਂਦਾ ਹੈ। ਜੁਜ਼ਬੰਦੀ ਵਿਚ ਇਕ ਫ਼ਰਮੇ ਨੂੰ ਇਕ ਪਾਸਿਉਂ ਨਿਸ਼ਾਨ ਉੱਪਰੋਂ ਸਿਉਂਣਾ ਸ਼ੁਰੂ ਕਰਕੇ ਦੂਜੇ ਸਿਰੇ ਤੱਕ ਲੈ ਜਾਂਦੇ ਹਨ। ਇਸੀ ਤਰ੍ਹਾਂ ਸਾਰੇ ਫ਼ਰਮੇ ਸਿਉਂ ਦਿੱਤੇ ਜਾਂਦੇ ਹਨ। ਸਾਰੀ ਸਿਲਾਈ ਹੋਣ ਤੋਂ ਬਾਅਦ ਪੁਸਤਕ ਦੇ ਦੋਨੋਂ ਪਾਸੇ ਪੁਸਤਕ ਦੇ ਮਾਪ ਦਾ ਕਾਗਜ਼ ਚਿਪਕਾ ਦਿੱਤਾ ਜਾਂਦਾ ਹੈ, ਇਸ ਨੂੰ ਪੋਸਤੀਨ ਕਹਿੰਦੇ ਹਨ। ਪੋਸਤੀਨ ਦਾ ਕਾਗਜ਼ ਰੰਗੀਨ ਅਤੇ ਚੀੜ੍ਹਾ ਜਾਂ ਮਜ਼ਬੂਤ ਹੋਣਾ ਚਾਹੀਦਾ ਹੈ। ਪੋਸਤੀਨ ਲਗਾਉਣ ਤੋਂ ਬਾਅਦ ਪੁਸਤਕ ਦੀ ਕਟਾਈ ਕੀਤੀ ਜਾਂਦੀ ਹੈ ਅਤੇ ਸਭ ਤੋਂ ਪਹਿਲਾਂ ਜਿਸ ਪਾਸੇ ਪੁਸਤਕ ਖੁਲ੍ਹਦੀ ਹੈ, ਉਹ ਕਿਨਾਰਾ ਕੱਟਿਆ ਜਾਂਦਾ ਹੈ। ਕਟਾਈ ਉਪਰੰਤ ਪਿਛਲੇ ਹਿੱਸੇ ਉੱਤੇ ਪਤਲੇ ਸੁਰੇਸ਼ ਦਾ ਹਲਕਾ ਲੇਪ ਕੀਤਾ ਜਾਂਦਾ ਹੈ ਅਤੇ ਸੁੱਕਣ ਤੋਂ ਪਹਿਲਾਂ, ਪੁਸਤਕ ਦਾ ਪਿਛਲਾ ਹਿੱਸਾ ਗੋਲ ਕਰ ਦਿੱਤਾ ਜਾਂਦਾ ਹੈ। ਇਸ ਮਗਰੋਂ ਇਸ ਦਾ ਕਿਨਾਰਾ ਕੱਢਿਆ ਜਾਂਦਾ ਹੈ। ਇਸ ਲਈ ਪੁਸਤਕ ਨੂੰ ਸ਼ਿਕੰਜੇ ਵਿਚ ਫਸਾ ਕੇ ਦੋਹਾਂ ਪਾਸਿਆਂ ਤੋਂ ਹੌਲੀ-ਹੌਲੀ ਕੁੱਟਿਆ ਜਾਂਦਾ ਹੈ। ਇਹ ਕਿਨਾਰਾ ਇਸ ਲਈ ਕੱਢਿਆ ਜਾਂਦਾ ਹੈ ਤਾਂ ਜੋ ਜਿਲਦ ਬੰਨ੍ਹਣ ਤੋਂ ਬਾਅਦ ਪੁਸਤਕ ਖੋਲ੍ਹਣ ਵਿਚ ਆਸਾਨੀ ਰਹੇ।

ਪੁਸਤਕ ਦੇ ਆਕਾਰ ਅਨੁਸਾਰ ਜਿਲਦ ਦੀ ਮੋਟਾਈ ਨਿਸ਼ਚਿਤ ਕੀਤੀ ਜਾਂਦੀ ਹੈ। ਜਿਲਦ ਦੋ ਤਰ੍ਹਾਂ ਲਗਾਈ ਜਾਂਦੀ ਹੈ। ਇਕ ਤਾਂ ਬਿਲਕੁਲ ਪੁਸਤਕ ਦੇ ਮਾਪ ਦੀ ਹੁੰਦੀ ਹੈ ਜਿਸਨੂੰ ਫਲੱਸ਼ ਕੱਟ ਕਹਿੰਦੇ ਹਨ ਅਤੇ ਦੂਜੀ ਤਿੰਨ ਪਾਸਿਆਂ ਵੱਲ ਥੋੜ੍ਹੀ ਜਿਹੀ ਬਾਹਰ ਨਿਕਲੀ ਹੁੰਦੀ ਹੈ। ਜਿਲਦ ਦੇ ਅੰਦਰਲੇ ਪਾਸੇ ਕਾਗਜ਼ ਚਿਪਕਾ ਦਿੱਤਾ ਜਾਂਦਾ ਹੈ। ਜੇਕਰ ਸਾਰੀ ਜਿਲਦ ਉੱਪਰ ਕੱਪੜਾ ਜਾਂ ਚਮੜਾ ਮੜ੍ਹਨਾ ਹੋਵੇ ਤਾਂ ਦੋਹਾਂ ਪਾਸਿਆਂ ਉੱਪਰ ਕਾਗਜ਼ ਚਿਪਕਾਇਆ ਜਾਂਦਾ ਹੈ। ਹਰ ਰੱਸੀ ਦੇ ਸਾਹਮਣੇ, ਰੱਸੀ ਦੀ ਲੰਬਾਈ ਅਨੁਸਾਰ ਜਿਲਦ ਉੱਪਰ ਨਿਸ਼ਾਨ ਲਗਾ ਦਿੱਤੇ ਜਾਂਦੇ ਹਨ। ਹਰ ਨਿਸ਼ਾਨ ਉੱਪਰ ਸੂਏ ਨਾਲ ਦੋ ਛੇਕ ਬਣਾਏ ਜਾਂਦੇ ਹਨ ਜਿਸ ਵਿਚ ਦੂਜਾ ਛੇਕ ਜਿਲਦ ਦੇ ਸਿਰੇ ਤੋਂ 3/8 ਇੰਚ ਪਿੱਛੇ ਹਟ ਕੇ ਬਣਾਇਆ ਜਾਂਦਾ ਹੈ। ਜਿਲਦ ਨੂੰ ਪੁਸਤਕ ਉੱਪਰ ਰੱਖ ਕੇ ਰੱਸੀ ਨੂੰ ਨੇੜੇ ਵਾਲੇ ਛੇਕ ਵਿਚੋਂ ਕੱਢ ਕੇ ਦੂਜੇ ਛੇਕ ਵਿਚ ਪਰੋਇਆ ਜਾਂਦਾ ਹੈ ਅਤੇ ਇਸ ਜਗ੍ਹਾ ਕਾਗਜ਼ ਦੀ ਚੇਪੀ ਚਿਪਕਾ ਦਿੱਤੀ ਜਾਂਦੀ ਹੈ। ਪੁਸਤਕ ਦੇ ਪਿਛਲੇ ਹਿੱਸੇ ਨੂੰ ਹਥੌੜੀ ਨਾਲ ਠੋਕਦੇ ਹਨ ਅਤੇ ਸੁਰੇਸ਼ ਨਾਲ ਜਿਲਦ ਦੇ ਸਿਰਿਆਂ ਨੂੰ ਕਸ ਕੇ ਰਗੜ ਦਿੰਦੇ ਹਨ। ਹੁਣ ਜਿਲਦ ਉੱਪਰ ਲੱਕੜੀ ਦਾ ਫੱਟਾ ਰੱਖ ਕੇ ਪੁਸਤਕ ਨੂੰ ਪ੍ਰੈਸ ਵਿਚ ਘੱਟ ਤੋਂ ਘੱਟ 24 ਘੰਟੇ ਦੱਬੀ ਰੱਖਦੇ ਹਨ।

ਪੁਸਤਕ ਦੇ ਪਿਛਲੇ ਪਾਸੇ ਜਿਲਦ ਦੋ ਤਰੀਕਿਆਂ ਨਾਲ ਲਗਾਈ ਜਾਂਦੀ ਹੈ। ਇਕ ਤਰੀਕੇ ਨਾਲ ਜਿਲਦ ਪਿਛਲੇ ਹਿੱਸੇ ਨਾਲ ਚਿਪਕੀ ਹੁੰਦੀ ਹੈ ਅਤੇ ਦੂਜੇ ਤਰੀਕੇ ਵਿਚ ਜਿਲਦ ਅਤੇ ਪਿਛਲੇ ਹਿੱਸੇ ਵਿਚਕਾਰ ਖਾਲੀ

ਥਾਂ ਛੱਡੀ ਹੁੰਦੀ ਹੈ। ਪਹਿਲੇ ਤਰੀਕੇ ਵਿਚ ਪਿਛਲੇ ਹਿੱਸੇ ਉੱਪਰ ਪਤਲਾ ਕੱਪੜਾ ਚਿਪਕਾ ਦਿੱਤਾ ਜਾਂਦਾ ਹੈ ਅਤੇ ਉੱਪਰ ਸਰੇਸ਼ ਲਗਾ ਕੇ ਜਿਲਦ ਚਿਪਕਾ ਦਿੱਤੀ ਜਾਂਦੀ ਹੈ। ਦੂਜੇ ਤਰੀਕੇ ਅਨੁਸਾਰ ਕਾਗਜ਼ ਦਾ ਦੂਹਰਾ ਅਸਤਰ ਚੜ੍ਹਾਇਆ ਜਾਂਦਾ ਹੈ। ਪਹਿਲਾ ਅਸਤਰ ਦਾ ਕੱਟ ਕੇ ਚਿਪਕਾਇਆ ਜਾਂਦਾ ਹੈ ਅਤੇ ਦੂਜਾ ਅਸਤਰ ਕਾਗਜ਼ ਦੀ ਚੌੜੀ ਪੱਟੀ, ਤਿੰਨ ਵਾਰ ਮੋੜ ਕੇ, ਇਕ ਹਿੱਸੇ ਦਾ ਕਿਨਾਰਾ ਵਿਚਕਾਰ ਚਿਪਕਾ ਦਿੱਤਾ ਜਾਂਦਾ ਹੈ ਅਤੇ ਦੂਜਾ ਹਿੱਸਾ ਇਸ ਦੇ ਉੱਪਰ ਚਿਪਕਾਇਆ ਜਾਂਦਾ ਹੈ। ਵਿਚਕਾਰੋਂ ਇਹ ਦੋਵੇਂ ਹਿੱਸੇ ਖੁੱਲ੍ਹੇ ਰਹਿੰਦੇ ਹਨ। ਅਖ਼ੀਰ ਵਿਚ ਇਸਨੂੰ ਪਹਿਲੇ ਅਸਤਰ ਨਾਲ ਪੂਰੀ ਤਰ੍ਹਾਂ ਚਿਪਕਾ ਦਿੱਤਾ ਜਾਂਦਾ ਹੈ।

ਇਸ ਸਭ ਤੋਂ ਬਾਅਦ ਨੁਕਰਾਂ ਉੱਪਰ ਚਮੜਾ ਜਾਂ ਕੱਪੜਾ ਮੜ੍ਹਨ ਤੋਂ ਬਾਅਦ ਹੀ ਜਿਲਦ ਉੱਪਰ ਕਵਰ ਚੜ੍ਹਾਇਆ ਜਾਂਦਾ ਹੈ। ਇਹ ਕਵਰ ਤਿੰਨ ਪਾਸਿਆਂ ਤੋਂ ਲਗਭਗ ਇਕ ਜਾਂ ਅੱਧਾ ਇੰਚ ਵੱਧ ਕੱਟ ਲਿਆ ਜਾਂਦਾ ਹੈ ਜਿਸਨੂੰ ਅੰਦਰ ਮੋੜ ਕੇ ਚਿਪਕਾਇਆ ਜਾਂਦਾ ਹੈ। ਸਭ ਤੋਂ ਅਖ਼ੀਰ ਵਿਚ ਪੋਸਤੀਨ ਅੰਦਰ ਵੱਲ ਚਿਪਕਾਇਆ ਜਾਂਦਾ ਹੈ। ਜਿਲਦ ਦੀ ਮਜ਼ਬੂਤੀ ਲਈ ਪੋਸਤੀਨ ਦੇ ਦੋਹਾਂ ਪੰਨਿਆਂ ਵਿਚਕਾਰ ਬਰੀਕ ਕੱਪੜੇ ਦੀ ਪੱਟੀ ਚਿਪਕਾਈ ਜਾਂਦੀ ਹੈ। ਇਸ ਤੋਂ ਬਾਅਦ ਪੁਸਤਕ ਨੂੰ ਧਾਗੇ ਨਾਲ ਬੰਨ੍ਹ ਕੇ ਸੁੱਕਣ ਲਈ ਰੱਖ ਦਿੱਤਾ ਜਾਂਦਾ ਹੈ।

ਜਿਲਦ ਉਪਰਲੇ ਕਵਰ ਨੂੰ ਸੁਹਣਾ ਬਣਾਉਣ ਲਈ ਲੱਕੜੀ ਦੇ ਮੁੱਠ ਵਾਲੇ ਤਾਂਬੇ ਦੇ ਠੱਪੇ ਨਾਲ ਗਰਮ ਚਮੜੇ ਦੇ ਕਵਰ ਉੱਤੇ ਠੱਪੇ ਲਾ ਕੇ ਅੱਖਰ ਜਾਂ ਡਿਜ਼ਾਈਨ ਛਾਪੇ ਜਾਂਦੇ ਹਨ। ਤਿਆਰ ਚਮੜੇ ਉੱਪਰ ਠੱਪੇ ਦੁਆਰਾ ਸੁਨਹਿਰੀ ਵਰਕ ਨੂੰ ਦਬਾਉਣ ਨਾਲ ਸੁਨਹਿਰੀ ਅੱਖਰ ਉੱਘੜ ਆਉਂਦੇ ਹਨ। ਮੱਧਕਾਲ ਵਿਚ ਗਿਰਜਾ ਘਰਾਂ ਵਿਚ ਅਤੇ ਰਾਜੇ ਮਹਾਰਾਜਿਆਂ ਦੁਆਰਾ ਵਰਤੀਆਂ ਜਾਣ ਵਾਲੀਆਂ ਪੁਸਤਕਾਂ ਉੱਤੇ ਕੀਮਤੀ ਸਜਾਵਟ ਕੀਤੀ ਜਾਂਦੀ ਸੀ।

**ਯੰਤ੍ਰਿਕ ਜਿਲਦਸਾਜ਼ੀ**—ਅਜੋਕੇ ਸਮੇਂ ਵਿਚ ਜਿਲਦਸਾਜ਼ੀ ਸਵੈ-ਚਾਲਿਤ ਯੰਤਰਾਂ ਨਾਲ ਕੀਤੀ ਜਾਂਦੀ ਹੈ। ਇਸ ਤਰੀਕੇ ਨਾਲ ਬਹੁਤ ਗਿਣਤੀ ਵਿਚ ਪੁਸਤਕਾਂ ਦੀ ਜਿਲਦਸਾਜ਼ੀ ਸੰਭਵ ਹੋ ਗਈ ਹੈ। ਇਸ ਕਿਸਮ ਦੀ ਜਿਲਦਸਾਜ਼ੀ ਨੂੰ ਵੀ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ–ਕਾਗਜ਼ ਦੀ ਜਿਲਦ (Pamphlet Binding) ਅਤੇ ਦ੍ਰਿੜ ਜਿਲਦ (Edition Binding)।

**ਕਾਗਜ਼ ਦੀ ਜਿਲਦ**—ਛਪਾਈ ਮਸ਼ੀਨਾਂ ਦੇ ਅੰਦਰ ਹੀ ਕਾਗਜ਼ ਮੋੜਨ ਦੇ ਯੰਤਰ ਲਗਾਏ ਜਾਂਦੇ ਹਨ ਜਿਸ ਨਾਲ ਸਮੇਂ ਦੀ ਬਹੁਤ ਬੱਚਤ ਹੁੰਦੀ ਹੈ। ਸਵੈ-ਚਾਲਿਤ ਮਸ਼ੀਨਾਂ ਵਿਚ ਫ਼ਰਮੇ ਜਾਂ ਪੰਨੇ ਆਪਣੇ ਆਪ ਪ੍ਰਵੇਸ਼ ਕਰਦੇ ਹਨ। ਸਵੈ-ਚਾਲਿਤ ਸੰਯੋਜਨ, ਤਾਰ-ਸਿਲਾਈ ਅਤੇ ਜਿਲਦ-ਕਵਰ ਯੰਤਰਾਂ ਨਾਲ ਕਾਗਜ਼ ਦੀ ਜਿਲਦ ਚੜ੍ਹਾਉਣ ਦੀ ਕਿਰਿਆ ਕੀਤੀ ਜਾਂਦੀ ਹੈ। ਅਜਿਹੀਆਂ ਮਸ਼ੀਨਾਂ ਵਿਚ ਕਿਨਾਰੇ ਕੱਟਣ, ਗੌਂਦ ਲਗਾਉਣ, ਮੋਟਾ ਕੱਪੜਾ ਚਿਪਕਾ ਕੇ ਕਾਗਜ਼ ਦੇ ਕਵਰ ਉੱਤੇ ਗੌਂਦ ਲਗਾਉਣ ਅਤੇ ਜਿਲਦ ਉੱਪਰ ਚਿਪਕਾਉਣ ਨਾਲ ਜਿਲਦਸਾਜ਼ੀ ਦੀ ਕਿਰਿਆ ਸੰਪੂਰਨ ਹੋ ਜਾਂਦੀ ਹੈ। ਕੱਟਣ ਦੀ ਕਿਰਿਆ ਤਿੰਨ ਧਾਰ ਵਾਲੇ ਯੰਤਰ ਨਾਲ ਕੀਤੀ ਜਾਂਦੀ ਹੈ ਜੋ ਕਿਨਾਰਿਆਂ ਨੂੰ ਛੱਡ ਕੇ ਬਾਕੀ ਤਿੰਨ ਪਾਸਿਆਂ ਵੱਲੋਂ ਕੱਟਦੀ ਹੈ। ਇਸ ਢੰਗ ਨਾਲ ਪੁਸਤਕਾਂ, ਸਪਤਾਹਕ ਜਾਂ ਮਾਸਿਕ ਪੱਤਰਾਂ ਸਭ ਦੀ ਕਟਾਈ ਕੀਤੀ ਜਾਂਦੀ ਹੈ।

**ਦ੍ਰਿੜ ਜਿਲਦਸਾਜ਼ੀ**—ਪੁਸਤਕ ਦੇ ਫ਼ਰਮਿਆਂ ਨੂੰ ਮੋੜਨ ਉਪਰੰਤ ਬੰਡਲ ਵਾਯੂ-ਦਾਬ ਯੰਤਰਾਂ ਨਾਲ ਬਣਾਇਆ ਜਾਂਦਾ ਹੈ। ਮੈਰਿਸ਼ਫੋਰਡ ਟੀਥਿੰਗ ਯੰਤਰ ਨਾਲ ਚਿੱਤਰਾਂ ਦੀ ਸੈਟਿੰਗ, ਪਹਿਲਾ ਅਤੇ ਅਖ਼ੀਰੀ ਫ਼ਰਮਾ, ਕਵਰ ਅਤੇ ਪੋਸਤੀਨ ਜੋੜਨ ਆਦਿ ਦਾ ਕੰਮ ਕੀਤਾ ਜਾਂਦਾ ਹੈ। ਨਕਸ਼ਿਆਂ ਅਤੇ ਮੁੜੇ ਹੋਏ ਫ਼ਰਮਿਆਂ ਨੂੰ ਪੱਟੀ ਲਾ ਕੇ ਦ੍ਰਿੜ ਕਰਨ ਦਾ ਕੰਮ ਬ੍ਰੈਕਟ ਸਟ੍ਰਿਪਿੰਗ ਯੰਤਰ ਨਾਲ ਕੀਤਾ ਜਾਂਦਾ ਹੈ। ਮਲਮਲ, ਟਵਿੱਲ ਅਤੇ ਕਾਗਜ਼ ਲਈ ਇਹ ਯੰਤਰ ਬਹੁਤ ਵਧੀਆ ਕੰਮ ਕਰਦਾ ਹੈ। ਇਸ ਕਿਸਮ ਦੇ ਹੋਰ ਯੰਤਰ ਮਾਰਸ਼ ਐਂਡ ਪੇਪਰ; ਮਾਰਸ਼ ਟਵਿੱਲ ਸਕੂਲ ਬੁਕ ਐਂਡ ਪੇਪਰ ਅਤੇ ਏਲਰਿੰਗ ਐਂਡ ਪੇਪਰ ਹਨ। ਸ਼ੇਰੀਡਨ, ਜੇਂਗਸਟ ਅਤੇ ਪਲੀਮਲ ਯੰਤਰਾਂ ਦੁਆਰਾ ਪੁਸਤਕ ਦੇ ਫ਼ਰਮਿਆਂ ਨੂੰ ਕ੍ਰਮ ਵਿਚ ਲਗਾਉਣ ਦਾ ਕੰਮ ਕੀਤਾ ਜਾਂਦਾ ਹੈ। ਸ਼ੇਰੀਡਨ ਬੈਲਟ ਕਨਵੇਅਰ ਸਮੈਸ਼ਰ ਦੁਆਰਾ ਕਤਰਨ, ਛਪਾਈ ਦੇ ਧੱਬੇ ਸਾਫ਼ ਕਰਨ ਅਤੇ ਪੁਸਤਕ ਦੇ ਸਮੂਹ ਨੂੰ ਇਕੋ ਜਿਹਾ ਵਿਸਤਾਰ ਦੇਣ ਦਾ ਕੰਮ ਕੀਤਾ ਜਾਂਦਾ ਹੈ। ਸੀਬੋਲਡ ਕੰਪ੍ਰੈਸ਼ਰ ਨਾਲ ਸਿਲਾਈ ਕਾਰਨ ਹੋਈ ਸੁੰਗੜਨ ਨੂੰ ਦੂਰ ਕੀਤਾ ਜਾਂਦਾ ਹੈ। ਹੋਰ ਯੰਤਰਾਂ ਨਾਲ ਕਵਰ ਲਗਾਉਣ ਅਤੇ ਸਜਾਵਟ ਦਾ ਕੰਮ ਕੀਤਾ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ. 4 : 499

**ਜ਼ਿਲੀ** : ਇਹ ਇਕ ਬਹੁਤ ਹੀ ਖ਼ੂਬਸੂਰਤ ਫੁੱਲਾਂ ਦੇ ਸਮੂਹ ਦਾ ਆਮ ਨਾਂ ਹੈ ਜਿਨ੍ਹਾਂ ਵਿਚੋਂ ਲੌਂਗਾਂ ਵਰਗੀ ਖ਼ੁਸ਼ਬੂ ਆਉਂਦੀ ਹੈ। ਇਨ੍ਹਾਂ ਵਿਚੋਂ ਵਰਣਨ ਯੋਗ ਕਾਰਨੇਸ਼ਨ ਜਾਂ ਕਲਾਵ ਪਿੰਕ (Dianthus Caryophyllus) ਅਤੇ ਸਟਾਕ (Matthiola Incana) ਹਨ ਪਰੰਤੂ ਵਾਲ ਫਲਾਵਰ (Cheiranthus Cheiri) ਲਈ ਵੀ ਇਹ ਨਾਂ ਵਰਤਿਆ ਜਾਂਦਾ ਹੈ।

ਇਹ ਨਾਂ ਯੂਨਾਨੀ ਅੱਖਰ ਜੋ ਲੌਂਗ ਰੁੱਖ ਕੇਰੀਓਫਾਈਲਾਨ (ਜਿਸ ਦਾ ਸਾਹਿਤਕ ਨਾਂ ਨਟ ਪੱਤਾ ਹੁੰਦਾ ਹੈ) ਤੋਂ ਲਿਆ ਗਿਆ ਹੈ ਅਤੇ ਪਹਿਲਾਂ ਪਹਿਲ ਇਹ ਨਾਂ ਇਟਲੀ ਵਿਚ ਪਿੰਕ ਫੈਮਿਲੀ (ਕੈਰਿਓਫਾਇਲੇਸੀ) ਲਈ ਦਿੱਤਾ ਗਿਆ ਸੀ। ਚੌਸਰ, ਸਪੈਂਸਰ ਅਤੇ ਸ਼ੈਕਸਪੀਅਰ ਸਮੇਂ ਦਾ ਜ਼ਿਲੀ ਫੁੱਲ ਕਾਰਨੇਸ਼ਨ ਸੀ। ਹੋਰ ਪੌਦੇ ਜਿਨ੍ਹਾਂ ਦੇ ਨਾਂਵਾਂ ਵਿਚ ਜ਼ਿਲੀ ਫੁੱਲ ਵਰਤਿਆ ਜਾਂਦਾ ਹੈ, ਉਨ੍ਹਾਂ ਵਿਚੋਂ ਡੇਮਜ਼ ਵਾਇਲਿੰਟ (Heriperis Matronalis) ਜਾਂ ਡੇਮਜ਼ ਜ਼ਿਲੀ ਫੁੱਲ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਸੋਪਵਰਟ ਜਾਂ ਬਾਊਸਿੰਗ ਬੈਟ (Saponaria Officinatis) ਹੈ, ਜਿਸ ਨੂੰ ਮੌਕ ਜ਼ਿਲੀ ਫੁੱਲ; ਦੀ ਗਰਾਸ ਜਾਂ ਗਾਰਡਨ ਪਿੰਕ (Dianthus Plumarius), ਜਿਸ ਨੂੰ ਸਮੁੰਦਰੀ ਜ਼ਿਲੀ ਫੁੱਲ ਅਤੇ ਥਰਿਫਟ (Armeria Maritina) ਜਿਸ ਨੂੰ ਸਮੁੰਦਰੀ ਪਿੰਕ ਜਾਂ ਸਮੁੰਦਰੀ ਜ਼ਿਲੀ ਫੁੱਲ ਕਿਹਾ ਜਾਂਦਾ ਹੈ, ਆਦਿ ਸਭ ਫੁੱਲ ਇਸ ਗਰੁੱਪ ਵਿਚ ਸ਼ਾਮਲ ਹਨ।

ਹ. ਪੁ.–ਐਨ. ਬ੍ਰਿ. 10:420

**ਜਿਲੇਟਿਨ** : ਇਹ ਸਾਧਾਰਣ ਪ੍ਰੋਟੀਨਾਂ ਵਿਚੋਂ ਇਕ ਹੈ ਅਤੇ ਇਸ ਨੂੰ ਵਧੇਰੇ ਕਰਕੇ ਭੋਜਨ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਸ ਦੇ ਕਈ ਉਦਯੋਗਿਕ ਲਾਭ ਵੀ ਹਨ ਜਿਨ੍ਹਾਂ ਲਈ ਵਧੇਰੇ ਸ਼ੁੱਧਤਾ ਵਾਲੇ ਗ੍ਰੇਡ ਦੀ ਲੋੜ ਨਹੀਂ। ਜਿਲੇਟਿਨ ਸ਼ਬਦ ਲਾਤੀਨੀ ਸ਼ਬਦ Gelata ਤੋਂ ਪਿਆ ਜੋ ਇਸ ਦੇ ਲੱਛਣਿਕ ਗੁਣ ਅਰਥਾਤ ਪਾਣੀ ਵਿਚ ਜੈੱਲ ਦੇ ਬਣਨ ਦੀ ਵਿਆਖਿਆ ਕਰਦਾ ਹੈ। ਸਿੰਗਾਂ, ਖੁਰਾਂ, ਫੇਫੜਿਆਂ, ਪੇਸ਼ੀ ਟਿਸ਼ੂਆਂ ਅਤੇ ਖ਼ੂਨ ਵਰਗੇ ਪ੍ਰੋਟੀਨਾਂ ਤੋਂ ਜਿਲੇਟਿਨ ਤਿਆਰ ਨਹੀਂ ਹੋ ਸਕਦੀ। ਪਸ਼ੂਆਂ ਦੇ ਸਰੀਰ ਵਿਚ ਮਿਲਦੇ ਸਾਰੇ ਚਿੱਟੇ ਰੇਸ਼ੇਦਾਰ ਜੋੜਕ ਤੰਤੂਆਂ ਦੇ ਮੁੱਖ ਅੰਸ਼ ਕਾੱਲਜੈੱਨ 'ਚੋਂ ਇਹ ਕੱਢੀ ਜਾਂਦੀ ਹੈ। ਜਲ-ਅਪਘਟਨ ਦੁਆਰਾ ਕਾੱਲਜੈੱਨ, ਨਿਮਨਕਰਨ ਉਪਜਾਂ ਦੀ ਇਕ ਲੜੀ ਬਣਾਉਂਦੀ ਹੈ ਜਿਹੜੀਆਂ ਕਿ ਕਦੇ ਵੀ ਜੀਵਿਤ ਪਸ਼ੂ ਦੇ ਸਰੀਰ ਵਿਚ ਨਹੀਂ ਮਿਲਦੀਆਂ ਅਤੇ ਇਨ੍ਹਾਂ ਨੂੰ ਜਿਲੇਟਿਨ ਕਿਹਾ ਜਾਂਦਾ ਹੈ। ਇਹ ਜੋੜਕ ਤੰਤੂ ਕਾਰਟੀਲੇਜ (ਉਪ-ਅਸਥੀ), ਪੱਠਿਆਂ, ਚਮੜੀ ਜਾਂ ਆੱਸੀਨ (ਹੱਡੀ ਦਾ ਪ੍ਰੋਟੀਨ ਮੈਟ੍ਰਿਕਸ) ਦੇ ਰੂਪ ਵਿਚ ਵਧੇਰੇ ਜਾਣਿਆ ਜਾਂਦਾ ਹੈ।

ਭਾਵੇਂ ਕਾੱਲਜੈਨ ਅਤੇ ਜਿਲੇਟਿਨ ਵਿਚ ਐਮੀਨੋ ਐਸਿਡਾਂ ਦੇ ਅੰਸ਼ ਦੇ ਸਾਪੇਖੀ ਅਨੁਪਾਤ ਅਸਲ ਵਿਚ ਇਕੋ ਹਨ ਪਰੰਤੂ ਇਨ੍ਹਾਂ ਪ੍ਰੋਟੀਨਮਈ ਪਦਾਰਥਾਂ ਦੇ ਭੌਤਿਕ ਅਤੇ ਰਸਾਇਣਿਕ ਗੁਣਾਂ ਵਿਚ ਬਹੁਤ ਅੰਤਰ ਹੈ।

ਕਾੱਲਜੈਨ ਦੀ ਜਿਲੇਟਿਨ ਵਿਚ ਤਬਦੀਲੀ ਨਿਸ਼ਾਸਤੇ ਦੇ ਜਲ ਅਪਘਟਨ ਨਾਲ ਮਿਲਦੀ ਜੁਲਦੀ ਹੈ–

ਕਾੱਲਜੈਨ → ਜਿਲੇਟਿਨ → ਪ੍ਰੋਟੀਓਸ → ਪੈੱਪਟੋਨ → ਪੈੱਪਟਾਈਡ → ਐਮੀਨੋ ਐਸਿਡ (ਉੱਚ ਵਿੱਸਕਾਸਿਤਾ) → ਨਿਮਨ ਵਿੱਸਕਾਸਿਤਾ ਨਿਸ਼ਾਸਤਾ → ਡੈੱਕਟ੍ਰੀਨ → ਗਲੂਕੋਜ਼।

ਡੈਕਸਟ੍ਰੀਨ ਵਾਂਗ ਜਿਲੇਟਿਨ ਦਾ ਅਣਵੀ-ਅਕਾਰ ਵੀ ਬਦਲ ਸਕਦਾ ਹੈ। ਜਿਲੇਟਿਨ ਅਣੂ ਲਈ ਕੋਈ ਵੀ ਨਿਸ਼ਚਿਤ ਆਕਾਰ ਜਾਂ ਰਚਨਾ ਨਹੀਂ ਮਿਥੀ ਜਾ ਸਕੀ ਕਿਉਂਕਿ ਇਹ ਨਿਮਨਕਰਨ ਉਪਜਾਂ ਦਾ ਮਿਸ਼ਰਣ ਹੈ।

**ਰਚਨਾ**—ਵਿਸ਼ਲੇਸ਼ਣ ਦੁਆਰਾ ਜਿਲੇਟਿਨ ਅਤੇ ਕਾੱਲਜੈਨ ਇਕੋ ਜਿਹੀ ਰਚਨਾ ਦਰਸਾਉਂਦੀਆਂ ਹਨ। ਇਨ੍ਹਾਂ ਦੀ ਰਚਨਾ ਇਸ ਪ੍ਰਕਾਰ ਹੈ–ਕਾਰਬਨ (50%), ਨਾਈਟ੍ਰੋਜਨ (18%), ਆੱਕਸੀਜਨ (25%), ਹਾਈਡ੍ਰੋਜਨ (7%) ਅਤੇ ਗੰਧਕ (ਥੋੜ੍ਹੀ ਮਾਤਰਾ ਵਿਚ)। ਐਮੀਨੋ ਐਸਿਡ ਅਤੇ ਇਨ੍ਹਾਂ ਦੀਆਂ ਸਾਪੇਖੀ ਮਾਤਰਾਵਾਂ ਅੰਦਾਜ਼ਨ ਗਲਾਈਸੀਨ (25%) ਐਲਾਨੀਨ (9%), ਲਿਊਸੀਨ (7%), ਸੈਰੀਨ (0.5%), ਫ਼ੀਨਾਈਲਐਲਾਨੀਨ (1%), ਮੈਥੀਓਨੀਨ (1%), ਪ੍ਰੋਲੀਨ (19%), ਹਾਈਡ੍ਰਾਕਸੀਪ੍ਰੋਲੀਨ (14%), ਐਸਪਾਰਟਿਕ ਐਸਿਡ (3%), ਗਲੂਟੈਮਿਕ ਐਸਿਡ (6%), ਹਿਸਟੀਡੀਨ (1%), ਆਰਜਿਨੀਨ (9%) ਅਤੇ ਲਾਈਸੀਨ (6%) ਹਨ। ਵੈਲੀਨ ਆਈਸੋਲਿਊਸੀਨ, ਟਾਇਰੋਸੀਨ, ਟ੍ਰਿਪਟੋਫੇਨ ਅਤੇ ਸਿਸਟੀਨ ਵਰਗੇ ਐਮੀਨੋ ਐਸਿਡ ਜਾਂ ਤਾਂ ਉੱਕੇ ਹੀ ਨਹੀਂ ਹੁੰਦੇ ਜਾਂ ਫਿਰ ਬਹੁਤ ਹੀ ਘੱਟ ਮਾਤਰਾ ਵਿਚ ਹੁੰਦੇ ਹਨ।

**ਲਾਭ**—ਭੋਜਨ ਉਦਯੋਗ ਵਿਚ ਇਸ ਦੇ ਜੈਲੀ ਬਣਾਉਣ ਦੇ ਗੁਣਾਂ ਦੀ ਵਰਤੋਂ ਜਿਲੇਟਿਨ ਮਠਿਆਈਆਂ, ਜੈਲੀ ਵਾਲੇ ਮੀਟ ਤੇ ਸੂਪ, ਮਾਰਸ਼ਮੈਲੋ (ਦਲਦਲ ਵਾਲੀ ਜ਼ਮੀਨ ਵਿਚ ਉੱਗਣ ਵਾਲੇ ਰੂੰ ਵਾਲੇ ਜੰਗਲੀ ਕੋਮਲ ਪੌਦੇ ਦੀ ਜੜ੍ਹ ਤੋਂ ਤਿਆਰ ਕੀਤਾ ਜਿਲੇਟਿਨੀ ਮਿੱਠਾ ਮੀਟ), ਜੈਲੀ ਵਾਲੇ ਮੁਰੱਬੇ ਅਤੇ ਹੋਰ ਕਈ ਕਿਸਮ ਦੀਆਂ ਮਠਿਆਈਆਂ ਬਣਾਉਣ ਲਈ ਕੀਤੀ ਜਾਂਦੀ ਹੈ। ਦਵਾਈਆਂ ਵਿਚ ਇਸ ਦੀ ਵਰਤੋਂ ਗਲਿਸਰੀਨ ਮਿਲਾ ਕੇ ਨਰਮ ਕੈਪਸਿਊਲ ਤਿਆਰ ਕਰਨ ਲਈ ਕੀਤੀ ਜਾਂਦੀ ਹੈ।

ਇਸ ਦੀ ਵਰਤੋਂ ਭੋਜਨ ਵਾਲੀਆਂ ਚੀਜ਼ਾਂ ਤੋਂ ਬਿਨਾਂ ਫ਼ੋਟੋਗ੍ਰਾਫ਼ੀ ਤੋਂ ਲੈ ਕੇ ਕੱਪੜੇ ਦੀ ਛਪਾਈ ਤੱਕ ਕੀਤੀ ਜਾਂਦੀ ਹੈ। ਫ਼ੋਟੋਗ੍ਰਾਫ਼ਿਕ ਇਮਲਸ਼ਨ ਬਣਾਉਣ ਲਈ ਜਿਲੇਟਿਨ ਇਕ ਜ਼ਰੂਰੀ ਅੰਸ਼ ਹੈ। ਸੁਰੱਖਿਅਕ ਕੋਲਾਇਡ ਦੇ ਤੌਰ ਤੇ ਰੰਗ ਉਦਯੋਗ ਵਿਚ ਇਸ ਦੀ ਵਰਤੋਂ ਉੱਥੇ ਕੀਤੀ ਜਾਂਦੀ ਹੈ ਜਿਥੇ ਰੰਗ ਦੀ ਤਹਿ ਇਕਸਾਰ ਡਿਪਾਜ਼ਿਟ ਨਾ ਹੁੰਦੀ ਹੋਵੇ।

**ਗੁਣ**—ਜਿਲੇਟਿਨ ਬਾਰੀਕ ਜਾਂ ਸਾਫ਼ ਪੇਪੜੀਆਂ ਦੇ ਰੂਪ ਵਿਚ ਜਾਂ ਬਾਰੀਕ ਪਾਊਡਰ ਦੇ ਰੂਪ ਵਿਚ ਮਾਰਕਿਟ ਵਿਚ ਆਉਂਦੀ ਹੈ। ਰਵੇ ਹਲਕੇ ਪੀਲੇ ਜਾਂ ਐਂਬਰ ਰੰਗ ਦੇ ਹੁੰਦੇ ਹਨ। ਖੁਸ਼ਕ ਜਿਲੇਟਿਨ ਵਿਚ 8% ਤੋਂ 12% ਸਿੱਲ ਹੁੰਦੀ ਹੈ ਜਿਹੜੀ ਕਿ ਵਾਯੂ ਮੰਡਲੀ ਨਮੀ ਉੱਤੇ ਨਿਰਭਰ ਕਰਦੀ ਹੈ। ਇਸ ਦੀ ਸੁਆਹ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ 2% ਤੋਂ ਘੱਟ ਖਣਿਜੀ ਅੰਸ਼ ਹੁੰਦੇ ਹਨ। ਇਹ ਸ਼ੁੱਧ ਠੰਢੇ ਪਾਣੀ ਵਿਚ ਅਘੁਲਣਸ਼ੀਲ ਹੈ ਪਰੰਤੂ ਪਾਣੀ ਨੂੰ ਜਜ਼ਬ ਕਰਕੇ ਫੁੱਲ ਜਾਂਦੀ ਹੈ।

ਜਦੋਂ ਇਸ ਫੁੱਲੀ ਹੋਈ ਜੈੱਲ ਨੂੰ 48.89° ਸੈਂ. ਤੱਕ ਗਰਮ ਕੀਤਾ ਜਾਂਦਾ ਹੈ ਤਾਂ ਪੂਰਨ ਤੌਰ ਤੇ ਘੁਲ ਜਾਂਦੀ ਹੈ ਅਤੇ ਠੰਢੀ ਹੋ ਕੇ ਫਿਰ ਜੈੱਲ ਬਣ ਜਾਂਦੀ ਹੈ। ਫੁੱਲੀ ਹੋਈ ਜੈੱਲ ਗਰਮ ਪਾਣੀ, ਗਰਮ ਜਲੀ ਗਲਿਸਰੀਨ, ਗਰਮ ਤੇਜ਼ਾਬ, ਖਾਰਾਂ ਅਤੇ ਲੂਣਾਂ ਵਿਚ ਘੁਲ ਜਾਂਦੀ ਹੈ। ਪਾਣੀ ਵਿਚ ਘੁਲਣਸ਼ੀਲ ਫ਼ੀਨੋਲ ਅਤੇ ਕਾਰਬਾੱਕਸੀਲਿਕ ਐਸਿਡਾਂ ਨੂੰ ਛੱਡ ਕੇ ਬਾਕੀ ਸਾਰੇ ਆਰਗੈਨਿਕ ਘੋਲਕਾਂ ਵਿਚ ਇਹ ਅਘੁਲਣਸ਼ੀਲ ਹੈ। ਗਾੜ੍ਹੇ ਖਣਿਜੀ ਤੇਜ਼ਾਬਾਂ ਅਤੇ ਖਾਰਾਂ ਵਿਚ ਜਲ-ਅਪਘਟਨ ਦੁਆਰਾ ਇਹ ਕਾਫ਼ੀ ਮਾਤਰਾ ਵਿਚ ਘੁਲ ਜਾਂਦੀ ਹੈ। ਠੰਢੇ ਤੇ ਗਾੜ੍ਹੇ ਐਸੀਟਿਕ ਅਤੇ ਫ਼ਾਰਮਿਕ ਐਸਿਡ ਵਿਚ ਜਿਲੇਟਿਨ ਘੁਲ ਜਾਂਦੀ ਹੈ।

ਜਿਲੇਟਿਨ ਜਾਂ ਆਈਸੋਇਲੈੱਕਟ੍ਰਿਕ ਬਿੰਦੂ ਇਸ ਨੂੰ ਤਿਆਰ ਕਰਨ ਦੀ ਵਿਧੀ ਤੇ ਨਿਰਭਰ ਕਰਦਾ ਹੈ ਅਤੇ ਇਹ 4.85 ਜਾਂ 7.8 ਹੁੰਦਾ ਹੈ। ਪਾਣੀ ਵਿਚ ਘੁਲਣ ਵਾਲੇ ਦੂਸਰੇ ਪ੍ਰੋਟੀਨਾਂ ਵਾਂਗ ਜਦੋਂ ਜੈਲ ਨੂੰ ਸੁੱਕਾ ਹੀ ਗਰਮ ਕੀਤਾ ਜਾਂਦਾ ਹੈ ਤਾਂ ਇਹ ਮੱਕੀ ਦੇ ਦਾਣਿਆਂ ਵਾਂਗ ਫੁੱਲ ਜਾਂਦੀ ਹੈ। ਇਹ 148.80° ਸੈਂ. ਉੱਤੇ ਪਾੱਲੀਮਰਾਈਜ਼ ਹੋ ਜਾਂਦੀ ਹੈ ਅਤੇ ਸਿੱਟੇ ਵਜੋਂ ਵਿੱਸਕਾਸਿਤਾ ਵਧ ਜਾਂਦੀ ਹੈ ਅਤੇ ਘੁਲਣਸ਼ੀਲਤਾ ਘਟ ਜਾਂਦੀ ਹੈ। ਚਮੜਾ ਤਿਆਰ ਕਰਨ ਲਈ ਵਰਤੇ ਜਾਂਦੇ ਆਮ ਚਮੜਾ ਰੰਗਾਈ ਕਾਰਕ ਜਿਲੇਟਿਨ ਉੱਤੇ ਕਿਰਿਆ ਕਰਕੇ ਇਸ ਦੀ ਪਾਣੀ ਵਿਚ ਅਘੁਲਣਸ਼ੀਲਤਾ ਪੈਦਾ ਕਰਦੇ ਹਨ। ਜਿਲੇਟਿਨ ਦੋ ਕਿਸਮਾਂ ਅਰਥਾਤ ਸੱਲ ਅਤੇ ਜੈੱਲ ਦੀ ਮੰਨੀ ਜਾਂਦੀ ਹੈ।

ਹ. ਪੁ.–ਐਨ. ਬ੍ਰਿ. 10:51

**ਜਿਲੈਟ, ਵਿਲੀਅਮ ਹੁਕਰ** : ਇਹ ਸੰਯੁਕਤ ਰਾਜ ਅਮਰੀਕਾ ਦਾ ਨਾਟਕਕਾਰ ਅਤੇ ਅਭਿਨੇਤਾ ਸੀ ਜਿਹੜਾ ਸਰ ਆਰਥਰ ਕੋਨਨ ਡੋਇਲ ਦੇ ਪ੍ਰਸਿੱਧ ਪਾਤਰ 'ਸ਼ਰਲਕ ਹੋਮਜ਼' ਨੂੰ ਪੇਸ਼ ਕਰਨ ਲਈ ਮਸ਼ਹੂਰ ਹੋਇਆ। ਇਸ ਦਾ ਜਨਮ ਕਨੈਕਟੀਕਟ ਰਾਜ ਦੇ ਹਾਰਟਫ਼ਰਡ ਸ਼ਹਿਰ ਵਿਖੇ 24 ਜੁਲਾਈ, 1853 ਨੂੰ ਹੋਇਆ। ਹਾਰਟਫ਼ਰਡ ਸਕੂਲ ਤੋਂ ਬੀ. ਏ. ਕਰਨ ਪਿੱਛੋਂ ਇਹ ਨਿਊਯਾਰਕ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਪੜ੍ਹਿਆ।

ਜਿਲੈਟ ਨੇ ਬਹੁਤ ਸਾਰੀਆਂ ਨਾਟਕ ਕੰਪਨੀਆਂ ਵਿਚ ਨੌਕਰੀ ਕੀਤੀ। ਸੰਨ 1875 ਵਿਚ ਪਹਿਲੀ ਵਾਰ ਬੋਸਟਨ ਸ਼ਹਿਰ ਤੇ ਗਲੋਬ ਥੀਏਟਰ ਵਿਚ ਸਟੇਜ ਤੇ ਆਇਆ। ਇਸ ਦਾ ਨਾਟਕ 'ਦੀ ਪ੍ਰੋਫ਼ੈਸਰ' ਜੋ ਹਲਕਾ ਸੁਖਾਂਤ ਹੈ, ਨਿਊਯਾਰਕ ਵਿਖੇ 1881 ਵਿਚ ਦਿਖਾਇਆ ਗਿਆ। ਇਸ ਨੇ ਹੋਰ ਸੁਖਾਂਤਾਂ ਵਿਚ 'ਐੱਸ ਐਸਮੈਰਾਲਡਾ' (1881), 'ਹੈੱਲਡ ਬਾਈ ਦੀ ਐਨੇਮੀ' (1886) ਅਤੇ 'ਸੀਕ੍ਰਿਟ ਸਰਵਿਸ' (1895) ਸਭ ਤੋਂ ਵੱਧ ਪ੍ਰਸਿੱਧ ਹਨ। ਇਸ ਦਾ ਬਹੁਤ ਉੱਘਾ ਨਾਟਕ 'ਸ਼ਰਲਕ ਹੋਮਜ਼' 1899 ਵਿਚ ਪਹਿਲੀ ਵਾਰ ਨਿਊਯਾਰਕ ਵਿਚ ਖੇਡਿਆ ਗਿਆ। ਉਸ ਨੇ ਕੇਵਲ ਇਕੋ ਵਾਰ 1915 ਵਿਚ ਬਣੀ ਪਿਕਚਰ ਵਿਚ 'ਸ਼ਰਲਕ ਹੋਮਜ਼' ਦਾ ਅਭਿਨੈ ਕੀਤਾ।

ਇਸ ਦੀ ਮੌਤ ਹਾਰਟਫ਼ਰਡ ਵਿਖੇ 29 ਅਪਰੈਲ, 1937 ਨੂੰ ਹੋਈ।

ਹ. ਪੁ.–ਐਨ. ਬ੍ਰਿ. 10:919; ਐਨ. ਬ੍ਰਿ. ਮਾ. 4:544

**ਜੀਉਣਾ ਮੌੜ** : ਇਹ 19ਵੀਂ ਸਦੀ ਦੇ ਦੂਜੇ ਅੱਧ ਵਿਚ ਪੰਜਾਬ ਦੇ ਮਾਲਵੇ ਖੇਤਰ ਵਿਖੇ ਹੋਇਆ ਇਕ ਪ੍ਰਸਿੱਧ ਡਾਕੂ ਸੀ ਜਿਸ ਨੇ ਅਮੀਰਾਂ, ਸ਼ਾਹੂਕਾਰਾਂ ਤੇ ਸਮਾਜ ਦੇ ਲਹੂ ਚੂਸਣ ਵਾਲੇ ਲੋਕਾਂ ਨੂੰ ਖੂਬ ਲੁੱਟਿਆ ਅਤੇ ਗਰੀਬਾਂ, ਲੋੜਵੰਦਾਂ ਤੇ ਦੀਨ ਦੁਖੀਆਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਲੋਕਾਂ ਵਿਚ ਇਸ ਦੀ ਬੜੀ ਪ੍ਰਸਿੱਧੀ ਹੋਈ। ਇਹ ਦਲੇਰੀ ਦਾ ਪ੍ਰਤੀਕ ਮੰਨਿਆ ਜਾਣ ਲੱਗਾ। ਜੀਉਣੇ ਦੇ ਭਰਾ ਕਿਸ਼ਨੇ ਨੂੰ ਅਹਿਮਦ ਡੋਗਰ ਨੇ ਪੁਲਿਸ ਕੋਲ ਪਕੜਾ ਦਿੱਤਾ। ਉਸ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ। ਉਹ ਜਾਂਦਾ ਹੋਇਆ ਜੀਉਣੇ ਨੂੰ ਬਦਲਾ ਲੈਣ ਲਈ ਆਖ ਗਿਆ। ਜੀਉਣੇ ਨੇ ਆਪਣੇ ਸਾਥੀਆਂ ਸਮੇਤ ਪੁਲਿਸ ਦੀ ਵਰਦੀ ਪਹਿਨੀ ਤੇ ਡਸਕੇ ਵੱਲ ਤੁਰ ਪਿਆ। ਉਥੇ ਜਾ ਕੇ ਪੂਰੀ ਦਲੇਰੀ ਤੇ ਚੁਸਤੀ ਨਾਲ ਅਹਿਮਦ ਦਾ ਕਤਲ ਕਰ ਦਿੱਤਾ। ਇਸ ਨਾਲ ਜੀਉਣੇ ਦੀ ਗੁੱਡੀ ਹੋਰ ਚੜ੍ਹ ਗਈ। ਲੋਕਾਂ ਨੇ ਇਸ ਬਾਰੇ ਲੋਕ ਗੀਤ ਜੋੜੇ ਤੇ ਮਰਾਸੀਆਂ ਨੇ ਵਾਰਾਂ ਲਿਖੀਆਂ। ਅਖ਼ੀਰ ਪੁਲਿਸ ਨੇ ਉਸ ਨੂੰ ਪਕੜ ਲਿਆ। ਅਦਾਲਤ ਵੱਲੋਂ ਇਸ ਨੂੰ ਫ਼ਾਸੀ ਦੀ ਸਜ਼ਾ ਸੁਣਾਈ ਗਈ। ਇਸ ਦੇ ਫ਼ਾਂਸੀ ਲੱਗਣ ਮਗਰੋਂ ਧਨਵਾਨ ਲੋਕ ਆਰਾਮ ਦੀ ਨੀਂਦ ਸੌਣ ਲੱਗੇ ਤੇ ਗਰੀਬਾਂ ਦੇ

ਮਨਾਂ ਵਿਚ ਉਦਾਸੀ ਆਈ। ਪੰਜਾਬੀ ਵਿਚ ਜੀਉਣਾ ਮੌੜ ਦਾ ਕਿੱਸਾ ਸਭ ਤੋਂ ਪਹਿਲਾਂ ਭਗਵਾਨ ਸਿੰਘ ਕਵੀਸ਼ਰ ਨੇ ਲਿਖਿਆ। ਇਸ ਮਗਰੋਂ ਹੋਰ ਬਹੁਤ ਸਾਰੇ ਕਿੱਸਾਕਾਰਾਂ ਨੇ ਇਹ ਕਥਾ ਆਪਣੀ ਕਲਪਨਾ ਦੀ ਪਾਹ ਦੇ ਕੇ ਪੇਸ਼ ਕੀਤੀ।

ਹ. ਪੁ.–ਭਗਵਾਨ ਸਿੰਘ ਰਚਨਾਵਲੀ–ਪ. ਸ. ਪਦਮ

**ਜ਼ੀਓਲਾਈਟ** : ਇਸ ਵਰਗ ਦੇ ਪ੍ਰਮੁੱਖ ਖਣਿਜ ਸੰਸ਼ਲਿਸ਼ਟ ਯੋਗਿਕ ਇਕ ਵਿਸ਼ੇਸ਼ ਐਲੂਮੀਨੋਸਿਲੀਕੇਟ ਦੇ ਚੌਫ਼ਲਕੀ ਢਾਂਚੇ ਦੇ ਬਣੇ ਹੁੰਦੇ ਹਨ। ਇਨ੍ਹਾਂ ਦੇ ਕੈਟਾਇਨ ਆਪਣੇ ਆਇਨ ਬਦਲਣ ਦੀ ਸਮਰੱਥਾ ਰੱਖਦੇ ਹਨ ਅਤੇ ਗਰਮ ਕਰਨ ਤੇ ਪਾਣੀ ਦੇ ਅਣੂ ਛਡਦੇ ਹਨ। ਇਸ ਦਾ ਫਾਰਮੂਲਾ $X^{1+,2+}$ $YAl^{3+}$

$X - Si^{4+} 1 - x^{02}.nH_2O$ ਹੈ। ਇਸ ਵਿਚ (Si, Al) : 0 ਦਾ ਅਨੁਪਾਤ 1:2 ਹੈ। ਇਸ ਵਰਗ ਦੇ ਸਾਰੇ ਖਣਿਜ ਅਗਨ-ਚਟਾਨਾਂ ਵਿਚ ਮੌਜੂਦ ਫੈਲਸਪਾਰ ਅਤੇ ਐਲੂਮੀਨਿਅਮ ਵਾਲੇ ਹੋਰ ਖਣਿਜਾਂ ਦੇ ਪਰਿਵਰਤਨ ਨਾਲ ਬਣਦੇ ਹਨ। ਇਨ੍ਹਾਂ ਖਣਿਜਾਂ ਦੀ 'ਅਣੂ-ਛਾਣਨੀ' ਦੀ ਉਤਪ੍ਰੇਰਕ ਵਜੋਂ ਅਤੇ ਪਾਣੀ ਹਲਕਾ ਕਰਨ ਲਈ ਵਰਤੋਂ ਕੀਤੀ ਜਾਂਦੀ ਹੈ। ਨਿਰਜਲਿਤ ਜ਼ੀਓਲਾਈਟ ਹੋਰ ਤਰਲ ਪਦਾਰਥਾਂ, ਜਿਵੇਂ ਅਮੋਨੀਆ, ਅਲਕੋਹਲ ਅਤੇ ਹਾਈਡ੍ਰੋਜਨ ਸਲਫਾਈਡ, ਨੂੰ ਜਜ਼ਬ ਕਰ ਲੈਂਦਾ ਹੈ ਪਰ ਪਾਣੀ ਨੂੰ ਨਹੀਂ ਕਰ ਸਕਦਾ। ਪਾਣੀ ਨੂੰ ਹਲਕਾ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਪਾਣੀ ਨੂੰ ਹਲਕਾ ਕਰਨ ਸਮੇਂ ਜ਼ੀਓਲਾਈਟ ਦਾ $Na^+$ ਅਤੇ ਪਾਣੀ ਦਾ $Ca^{2+}$ ਆਇਨ ਆਪਸ ਵਿਚ ਬਦਲੇ ਜਾਂਦੇ ਹਨ।

ਜ਼ੀਓਲਾਈਟ ਨਿਮਨ ਤਾਪ ਅਤੇ ਨਿਮਨ ਦਬਾਉ ਵਾਲੇ ਖਣਿਜ ਮੰਨੇ ਜਾਂਦੇ ਹਨ ਅਤੇ ਇਹ ਐਮੀਡਲਾਇਡਲ ਬਸਾਲਤਾਂ (ਅਗਨ ਪੱਥਰ) ਵਿਚ ਖਣਿਜ ਵਜੋਂ ਮਿਲਦੇ ਹਨ। ਇਹ ਅਪਾਰਦਰਸ਼ੀ ਕਣ, ਉਤਪਾਦ, ਰੇਤੀਲੇ ਪੱਥਰਾਂ ਵਿਚ ਔਥੀਜੈਨਿਕ ਖਣਿਜਾਂ, ਫ਼ੈਲਸਪਾਰ ਅਤੇ ਨੈਫ਼ਲੀਨ ਦੇ ਪਰਿਵਰਤਨ ਉਤਪਾਦਾਂ ਵਜੋਂ ਮਿਲਦੇ ਹਨ। ਫਿਲੀਸਾਈਟ ਅਤੇ ਲੋਮੋਨਟਾਈਟ, ਮਹਾਸਾਗਰ ਦੇ ਤਲ ਤੇ ਤਲਛੱਟ ਵਜੋਂ ਮਿਲਦੇ ਹਨ। ਸਟਿਲਬਾਈਟ, ਹਿਊਲੈਂਡਾਈਟ, ਐਨਸਾਈਮ, ਕੈਬੇਜ਼ਾਈਟ ਅਤੇ ਸਕੋਲੇਟਾਈਟ ਜਿਹੇ ਖਣਿਜ, ਨੋਵਾ ਸਕਾਸ਼ੀਆ, ਨਿਊ ਜਰਸੀ, ਆਈਸਲੈਂਡ ਅਤੇ ਪੂਨਾ (ਭਾਰਤ) ਦੇ ਸਮੁੰਦਰੀ ਤਟੀ ਇਲਾਕਿਆਂ ਵਿਚ ਬਸਾਲਤਾਂ ਦੀਆਂ ਖੋੜਾਂ ਵਿਚ ਵੱਡੇ ਰਵਿਆਂ ਦੇ ਰੂਪ ਵਿਚ ਮਿਲਦੇ ਹਨ।

ਜ਼ੀਓਲਾਈਟ ਅਕਸਰ ਚਿੱਟੇ ਰੰਗ ਵਿਚ ਮਿਲਦੇ ਹਨ ਪਰ ਮਿਲਾਵਟ ਕਾਰਨ ਇਹ ਗੁਲਾਬੀ, ਭੂਰੇ, ਲਾਲ, ਪੀਲੇ ਅਤੇ ਹਰੇ ਰੰਗ ਦੇ ਵੀ ਹੋ ਸਕਦੇ ਹਨ। ਇਨ੍ਹਾਂ ਦੀ ਕਠੋਰਤਾ 3 ਤੋਂ 5 ਤੀਕ ਅਤੇ ਵਿਸ਼ਿਸ਼ਟ ਘਣਤਾ 2.0 ਤੋਂ 2.5 ਤੀਕ ਹੁੰਦੀ ਹੈ। ਇਨ੍ਹਾਂ ਦੇ ਗੁਣਾਂ ਵਿਚ ਬਹੁਤ ਵਖਰੇਵੇਂ ਮਿਲਦੇ ਹਨ ਜੋ ਇਨ੍ਹਾਂ ਦੀ ਪਰਮਾਣੂ ਬਣਤਰ ਉੱਪਰ ਨਿਰਭਰ ਹਨ। ਕੁਝ ਜ਼ੀਓਲਾਈਟ ਰੇਸ਼ੇਦਾਰ ਅਤੇ ਉੱਨ ਵਰਗੇ ਹੁੰਦੇ ਹਨ ਅਤੇ ਕੁਝ ਤਹਿਦਾਰ ਅਤੇ ਅਬਰਕ ਵਾਂਗ।

ਇਨ੍ਹਾਂ ਦੇ ਰਵਿਆਂ ਦੀ ਬਣਾਵਟ ਦੇ ਅਧਿਐਨ ਦੇ ਫਲਸਰੂਪ, ਬਹੁਤ ਸਾਰੇ ਜ਼ੀਓਲਾਈਟ ਖਣਿਜਾਂ ਦੀ ਪਰਮਾਣੂ ਵਿਉਂਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਪ੍ਰਮੁੱਖ ਲੱਛਣਾਂ ਵਿਚ 4–, 5–, 6–, 8– ਅਤੇ 12– ਮੈਂਬਰਾਂ ਦੀ ਚੌਫ਼ਲਕੀ ਘੇਰਿਆਂ ਦੇ ਲੂਪ ਹਨ ਜੋ ਅੱਗੇ ਚੈਨਲ ਅਤੇ ਢਾਂਚੇ ਬਣਾਉਣ ਲਈ ਸਹਾਈ ਹੁੰਦੇ ਹਨ।

ਜ਼ੀਓਲਾਈਟਾਂ ਦੇ ਰਵਿਆਂ ਦੀ ਬਣਤਰ ਸਬੰਧੀ ਜਾਣਕਾਰੀ ਨਾਲ ਇਨ੍ਹਾਂ ਦੇ ਸੀਵਿੰਗ (Sieving) ਗੁਣਾਂ ਬਾਰੇ ਵੀ ਜਾਣਿਆ ਜਾ ਸਕਦਾ ਹੈ। ਕਿਸੇ ਵੀ ਚੈਨਲ ਦੀ ਘੱਟੋ ਘੱਟ ਚੌੜਾਈ, ਇਕ ਅਣੂ ਦੇ ਵੱਧ ਤੋਂ ਵੱਧ ਘੇਰੇ ਦੀ ਸੂਚਕ ਹੈ ਜੋ ਉਸ ਵਿਚੋਂ ਲੰਘ ਸਕਦਾ ਹੈ। ਇਸ ਤਰ੍ਹਾਂ ਕੈਬੇਜ਼ਾਈਟ, ਜਿਸਦੀ ਚੈਨਲ ਦੀ ਚੌੜਾਈ 3.9- ਹੈ, ਸਿੱਧੀ ਚੇਨ ਦੇ ਹਾਈਡ੍ਰੋਕਾਰਬਨਾਂ ਨੂੰ ਲੰਘਣ ਦਿੰਦਾ ਹੈ ਪਰ ਸ਼ਾਖਾਵਾਂ ਵਾਲੀ ਚੇਨ ਨੂੰ ਨਹੀਂ। ਇਸੇ ਤਰ੍ਹਾਂ ਫ਼ੈਜੇਸਾਈਟ, ਜਿਸ ਵਿਚ 12 ਮੈਂਬਰੀ ਰਿੰਗ ਹਨ ਅਤੇ ਚੈਨਲ ਦਾ ਘੇਰਾ 9A ਹੈ, ਬੈਂਨਜ਼ੀਨ ਰਿੰਗਾਂ ਲਈ ਵੀ ਲੰਘਣ ਯੋਗ ਹੈ। ਇਹ ਜ਼ੀਓਲਾਈਟ ਜੋ ਕਿਸੇ ਸਮੇਂ ਖਣਿਜ ਖੋਜੀਆਂ ਲਈ ਉਤਸੁਕਤਾ ਦਾ ਕਾਰਨ ਬਣਿਆ ਹੋਇਆ ਸੀ, ਹੁਣ ਪੈਟ੍ਰੋਲੀਅਮ ਦੀ ਉਤਪ੍ਰੇਰਕ ਤੋੜ ਭੰਨ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਫ਼ੈਜੇਸਾਈਟ ਅਤੇ ਹੋਰ ਜ਼ੀਓਲਾਈਟ ਖਣਿਜਾਂ ਦਾ ਮਰਜ਼ੀ ਦੇ ਚੰਗੇ ਗੁਣ-ਭਰਪੂਰ, ਸੰਸ਼ਲਿਸ਼ਟ ਤੌਰ ਤੇ ਉਤਪਾਦਨ ਕੀਤਾ ਜਾਂਦਾ ਹੈ।

ਜ਼ੀਓਲਾਈਟ ਆਮ ਤੌਰ ਤੇ ਪਣ-ਬਿਜਲਈ ਸੰਸ਼ਲਿਸਟ ਤਰੀਕੇ ਨਾਲ ਤਿਆਰ ਕੀਤੇ ਜਾਂਦੇ ਹਨ। ਇਸ ਉਤਪਾਦਨ ਦੌਰਾਨ ਤਾਪਮਾਨ 450°C ਤੋਂ 100° ਸੈਂ ਤੱਕ ਰੱਖਿਆ ਜਾਂਦਾ ਹੈ। ਚਟਾਨਾਂ ਵਿਚ ਜ਼ੀਓਲਾਈਟ ਖਣਿਜਾਂ ਦੀ ਹੋਂਦ, ਉਨ੍ਹਾਂ ਨੂੰ ਘਟੀਆ ਕਿਸਮ ਦੀਆਂ ਚਟਾਨਾਂ ਦਰਸਾਉਂਦੀ ਹੈ।

ਜ਼ੀਓਲਾਈਟ ਖਣਿਜਾਂ ਵਿਚ ਮਹੱਤਵਪੂਰਨ ਐਨੇਲਸਾਈਟ, ਨੈਟ੍ਰੋਲਾਈਟ ਅਤੇ ਸਟਿਲਬਾਈਟ ਹੀ ਮੰਨੇ ਗਏ ਹਨ। ਐਨੇਲਸਾਈਟ ਕਿਊਬਿਕ ਰਵਿਆਂ ਦੇ ਗਰੁੱਪ ਵਿਚ ਗਿਣਿਆ ਜਾਂਦਾ ਹੈ। ਇਹ ਰੰਗਹੀਣ ਜਾਂ ਸਫੈਦ ਹੁੰਦਾ ਹੈ। ਇਸ ਦੀ ਕਠੋਰਤਾ 5 ਤੋਂ 5.5 ਤੀਕ ਅਤੇ ਵਿਸ਼ਿਸ਼ਟ ਘਣਤਾ 2.25 ਹੁੰਦੀ ਹੈ। ਨੈਟ੍ਰੋਲਾਈਟ ਦੇ ਰਵੇ ਸੂਈ ਦੇ ਅਕਾਰ ਦੇ ਹੁੰਦੇ ਹਨ ਅਤੇ ਕੱਚ ਵਾਂਗ ਚਮਕੀਲੇ ਹੁੰਦੇ ਹਨ। ਇਸ ਦੀ ਕਠੋਰਤਾ ਅਤੇ ਵਿਸ਼ਿਸ਼ਟ ਘਣਤਾ ਐਨੇਲਸਾਈਟ ਵਾਂਗ ਹੀ ਹੁੰਦੀ ਹੈ। ਸਟਿਲਬਾਈਟ ਇਕ ਨਤਧੁੱਰਈ ਕ੍ਰਿਸਟਲ ਵਾਲੇ ਗਰੁੱਪ ਵਿਚ ਗਿਣਿਆ ਜਾਂਦਾ ਹੈ। ਇਸ ਦਾ ਰੰਗ ਸਫ਼ੈਦ ਜਾਂ ਲਾਲ ਹੋ ਸਕਦਾ ਹੈ। ਇਸ ਦੀ ਕਠੋਰਤਾ 3.5 ਤੋਂ 4 ਤੀਕ ਅਤੇ ਵਿਸ਼ਿਸ਼ਟ ਘਣਤਾ 2.1 ਤੋਂ 2.2 ਤੀਕ ਹੋ ਸਕਦੀ ਹੈ।

ਭਾਰਤ ਵਿਚ ਰਾਜਮਹਲ ਦੀਆਂ ਪਹਾੜੀਆਂ ਵਿਚ, ਕਾਠੀਆਵਾੜ ਦੇ ਗਿਰਨਾਰ ਪਰਬਤ ਅਤੇ ਦੱਖਣੀ ਟ੍ਰੈਪ ਵਿਚ ਜ਼ੀਓਲਾਈਟਾਂ ਦੇ ਭਰਪੂਰ ਭੰਡਾਰ ਹਨ।

ਹ. ਪੁ–ਮੈਕ. ਐਨ. ਸਾ. ਟ. 14:696; ਹਿੰ. ਵਿ. ਕੋ. 4:462

**ਜ਼ੀਓਕ, ਵਿਲੀਅਮ ਫ੍ਰਾਂਸਿਸ** : ਇਸ ਭੌਤਿਕੀ ਰਸਾਇਣ-ਵਿਗਿਆਨੀ ਦਾ ਜਨਮ 12 ਮਈ, 1895 ਨੂੰ ਨਿਆਗਰਾ ਆਬਸ਼ਾਰ, ਅੰਟਾਰੀਓ ਵਿਖੇ ਹੋਇਆ। ਇਸ ਨੇ ਪਰਮ ਜ਼ੀਰੋ ਦੇ ਨੇੜੇ ਦੀਆਂ ਹਾਲਤਾਂ ਹੇਠ ਮਾਦੇ ਦੇ ਗੁਣਾਂ ਦੇ ਅਧਿਐਨ ਵਜੋਂ 1949 ਦਾ ਰਸਾਇਣ-ਵਿਗਿਆਨ ਦਾ ਨੋਬਲ ਪੁਰਸਕਾਰ ਪ੍ਰਾਪਤ ਕੀਤਾ। ਇਸ ਨੇ ਕੁਆਂਟਮ ਸਟੈਟਿਸਟਿਕਸ ਅਤੇ ਤਾਪ ਗਤੀ ਵਿਗਿਆਨ ਦੇ ਤੀਸਰੇ ਨਿਯਮ ਦੇ ਪ੍ਰਯੋਗਿਕ ਆਧਾਰ ਨੂੰ ਸਥਾਪਿਤ ਕੀਤਾ ਅਤੇ ਇਸ ਨਿਯਮ ਦੀਆਂ ਸਪਸ਼ਟ ਛੋਟਾਂ ਨੂੰ ਸਮਝਿਆ। ਹੈਰਿਕ ਐੱਲ ਜਾਨਸਟਨ ਨਾਲ ਮਿਲ ਕੇ ਆੱਕਸੀਜਨ ਦੇ 17 ਅਤੇ 18 ਪਰਮਾਣਵੀ ਭਾਰ ਵਾਲੇ ਸਮਸਥਾਨਕਾਂ ਦੀ ਖੋਜ ਕੀਤੀ। ਸੰਨ 1926 ਵਿਚ ਇਸ ਨੇ 272.15° ਸੈਂ. ਤੋਂ ਵੀ ਕਾਫ਼ੀ ਥੱਲੇ ਤਾਪਮਾਨ ਨੂੰ ਮਿਲਣ ਦਾ ਇਕ ਢੰਗ ਤਜਵੀਜ਼ ਕੀਤਾ ਜਿਸ ਨੂੰ 1935 ਵਿਚ ਪਹਿਲੀ ਵਾਰ ਡੀ. ਪੀ. ਮੈਕ-ਡੂਗਾਲ ਨਾਲ ਰਲ ਕੇ ਕਾਮਯਾਬੀ ਨਾਲ ਵਰਤਿਆ।

ਹ. ਪੁ.–ਐਨ. ਬ੍ਰਿ. ਮਾ. 4:528

**ਜੀਆ ਗੰਜ** : ਇਹ ਬੰਗਾਲ ਦੇ ਮੁਰਸ਼ਦਾਬਾਦ ਜ਼ਿਲ੍ਹੇ ਦੇ ਲਾਲ ਬਾਗ਼ ਉਪ-ਮੰਡਲ ਵਿਚ ਇਕ ਪਿੰਡ ਹੈ। ਇਹ ਭਾਗੀਰਥੀ ਨਦੀ ਦੇ ਖੱਬੇ ਕੰਢੇ ਉੱਤੇ ਮੁਰਸ਼ਿਦਾਬਾਦ ਸ਼ਹਿਰ ਤੋਂ 5 ਕਿ. ਮੀ. ਉੱਤਰ ਵੱਲ ਅਤੇ ਈਸਟ ਇੰਡੀਅਨ ਰੇਲਵੇ ਉੱਤੇ ਅਜ਼ੀਮਗੰਜ ਸਟੇਸ਼ਨ ਦੇ ਸਾਹਮਣੇ ਸਥਿਤ ਹੈ। ਭਾਵੇਂ ਇਸ ਪਿੰਡ ਦਾ ਬਹੁਤਾ ਮਹੱਤਵ ਨਹੀਂ ਹੈ, ਫਿਰ ਵੀ ਜੀਆ ਗੰਜ ਚੌਲ, ਪਟਸਨ, ਸਿਲਕ, ਗੰਨਾ ਅਤੇ ਕਪਾਹ ਦਾ ਮੁੱਖ ਕੇਂਦਰ ਹੈ ਅਤੇ ਇਹ ਵਸਤਾਂ ਬਰਾਮਦ ਕਰਨ ਲਈ ਇਥੇ ਇਕੱਠੀਆਂ ਕੀਤੀਆਂ

ਜਾਂਦੀਆਂ ਹਨ। ਇਥੇ ਇਕ ਪਟਸਨ ਦੀ ਪ੍ਰੈੱਸ ਵੀ ਲੱਗੀ ਹੋਈ ਹੈ। ਜੀਆ ਗੰਜ ਅਜ਼ੀਮਗੰਜ ਮਿਊਂਸਪਲਟੀ ਵਿਚ ਸ਼ਾਮਲ ਹੈ ਅਤੇ ਅਜ਼ੀਮਗੰਜ ਨਾਲ ਇਹ ਪਿੰਡ ਬੇੜੀ ਰਾਹੀਂ ਜੁੜਿਆ ਹੋਇਆ ਹੈ। ਵਰਖਾ ਰੁੱਤ ਦੌਰਾਨ ਇਕ ਅਗਨਬੋਟ ਜੀਆ ਗੰਜ ਅਤੇ ਢੂਡੀਆਂ ਵਿਚਕਾਰ ਚਲਦੀ ਹੈ। ਇਥੇ ਕਾਫ਼ੀ ਵੱਡੇ-ਵੱਡੇ ਮਕਾਨ ਹਨ, ਜੈਨ ਵਪਾਰੀਆਂ ਦੀ ਜਾਇਦਾਦ ਹੈ। ਇਨ੍ਹਾਂ ਵਿਚੋਂ ਕਾਫ਼ੀ ਲੋਕ ਇਥੇ ਰਹਿੰਦੇ ਹਨ ਪਰ ਮੁੱਖ ਬਸਤੀ ਅਜ਼ੀਮਗੰਜ ਹੈ।

ਆਬਾਦੀ–42,104 (1991)

24° 15′ ਉ. ਵਿਥ; 88° 16′ ਪੂ. ਲੰਬ

ਹ. ਪੁ.–ਇੰਪ. ਗ. ਇੰਡ. 14:165

**ਜੀਆਂਗ ਮਾਈ** : ਉੱਤਰੀ ਥਾਈਲੈਂਡ ਵਿਚ ਇਸੇ ਹੀ ਨਾਂ ਦੇ ਪ੍ਰਾਵਿੰਸ ਦਾ ਰਾਜਧਾਨੀ ਸ਼ਹਿਰ ਹੈ ਜੋ ਮੈਨਾਮ ਚਾਉਂਫ੍ਰਾਇਆ ਦੀ ਮੁੱਖ ਸਹਾਇਕ ਨਦੀ ਪਿੰਗ ਦੇ ਕੰਢੇ ਸਮੁੰਦਰ ਤਲ ਤੋਂ 335 ਮੀ. ਦੀ ਉਚਾਈ ਤੇ ਵਾਕਿਆ ਹੈ। ਇਸ ਦੇ ਆਲੇ ਦੁਆਲੇ, 1845 ਮੀ. (6,000 ਫੁੱਟ) ਤੋਂ 2,121 ਮੀ. (7,000 ਫੁੱਟ) ਉੱਚੇ ਪਰਬਤ ਹਨ। ਇਹ ਜੀਆਂਗ ਮਾਈ ਪ੍ਰਾਂਤ ਦੀ ਰਾਜਧਾਨੀ ਵੀ ਹੈ। ਇਹ ਉੱਤਰੀ ਥਾਈਲੈਂਡ ਅਤੇ ਬਰਮਾ ਦੇ ਸ਼ਾਨ ਰਾਜ ਦਾ ਧਾਰਮਿਕ, ਸਭਿਆਚਾਰਕ, ਸਿੱਖਿਆ ਅਤੇ ਆਵਾਜਾਈ ਦਾ ਕੇਂਦਰ ਵੀ ਹੈ। ਆਮ ਤੌਰ ਤੇ ਇਸ ਨੂੰ 'ਉੱਤਰ ਦਾ ਗੁਲਾਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਹਿਲੋਂ ਪਹਿਲ ਇਹ ਸੁਤੰਤਰ ਲਾਓ ਸਾਮਰਾਜ ਦੀ ਰਾਜਧਾਨੀ ਵੀ ਹੋਇਆ ਕਰਦਾ ਸੀ। ਇਥੇ ਬਹੁਤੀ ਵਸੋਂ ਲਾਓ ਲੋਕਾਂ ਦੀ ਹੀ ਹੈ। ਸੰਘਣੀ ਵਸੋਂ ਵਾਲਾ ਇਹ ਸ਼ਹਿਰ ਆਮ ਏਸ਼ਿਆਈ ਸ਼ਹਿਰਾਂ ਦੇ ਮੁਕਾਬਲੇ ਬੜਾ ਸਾਫ਼ ਸੁਥਰਾ ਜਾਪਦਾ ਹੈ। ਇਸ ਸ਼ਹਿਰ ਦੀ ਸਥਾਪਨਾ 1296 ਵਿਚ ਹੋਈ। ਸੰਨ 1558 ਵਿਚ ਬਰਮਾ ਅਧੀਨ ਆਉਣ ਤੱਕ ਇਹ ਲਾਓ ਸਲਤਨਤ ਰਾਜ ਦੀ ਰਾਜਧਾਨੀ ਰਿਹਾ। ਸੰਨ 1774 ਵਿਚ ਸਿਆਮੀ ਬਾਦਸ਼ਾਹ ਟਾਕਸਿਨ ਨੇ ਇਥੋਂ ਬਰਮਾ ਵਾਸੀਆਂ ਨੂੰ ਕੱਢ ਦਿੱਤਾ ਪਰ 19ਵੀਂ ਸਦੀ ਦੇ ਅੰਤ ਤੱਕ ਜੀਆਂਗ ਮਾਈ ਬੈਂਕਾਕ ਤੋਂ ਸੁਤੰਤਰ ਹੀ ਰਿਹਾ।

ਇਹ ਸ਼ਹਿਰ ਦਰਿਆ ਦੇ ਦੋਵੇਂ ਪਾਸੇ ਵਸਿਆ ਹੋਇਆ ਹੈ। ਸ਼ਹਿਰ ਦਾ ਪ੍ਰਾਚੀਨ ਮੰਦਰਾਂ ਵਾਲਾ ਹਿੱਸਾ ਦਰਿਆ ਦੇ ਪੱਛਮ ਵੱਲ ਹੈ। ਇਸ ਵਿਚ ਤੇਰ੍ਹਵੀਂ ਅਤੇ ਚੌਦਵੀਂ ਸਦੀ ਦੇ ਬਣੇ ਮੰਦਰਾਂ ਦੇ ਖੰਡਰ ਵੇਖਣ ਨੂੰ ਮਿਲਦੇ ਹਨ। ਨਵਾਂ ਵਸਿਆ ਹਿੱਸਾ ਜਿਹੜਾ ਆਧੁਨਿਕ ਵੀ ਹੈ ਅਤੇ ਖੁੱਲ੍ਹਾ-ਡੁੱਲ੍ਹਾ ਹੈ, ਦਰਿਆ ਦੇ ਪੂਰਬ ਵੱਲ ਹੈ। ਪਿੰਗ ਦਰਿਆ ਉੱਤੇ ਦੋ ਪੁਲ ਵੀ ਹਨ। ਅੱਜਕੱਲ੍ਹ ਇਹ ਸ਼ਹਿਰ ਉੱਨਤ ਸੈਲਾਨੀ ਕੇਂਦਰ ਤੋਂ ਇਲਾਵਾ ਥਾਈਲੈਂਡ ਦੀ ਦਸਤਕਾਰੀ ਦਾ ਕੇਂਦਰ ਵੀ ਹੈ। ਇਥੇ ਥਾਈ ਰੇਸ਼ਮ ਦੀ ਬੁਣਾਈ ਵੀ ਹੁੰਦੀ ਹੈ।

ਸ਼ਹਿਰ ਸਿੱਖਿਆ ਦਾ ਇਕ ਵੱਡਾ ਕੇਂਦਰ ਹੈ। ਇਥੋਂ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਅਧਿਆਪਕ ਸਿਖਲਾਈ ਕਾਲਜ, ਉੱਤਰੀ ਤਕਨੀਕੀ ਸੰਸਥਾ, ਜ਼ਰਾਇਤੀ ਕਾਲਜ, ਕਬੀਲਿਆਂ ਸਬੰਧੀ ਖੋਜ ਕੇਂਦਰ ਅਤੇ ਲੇਨਾ ਥਾਈ ਸਮਾਜ-ਵਿਗਿਆਨ ਖੋਜ ਕੇਂਦਰ ਆਦਿ ਹਨ। ਸੰਨ 1964 ਤੋਂ ਇਥੇ ਯੂਨੀਵਰਸਿਟੀ ਵੀ ਸਥਾਪਤ ਹੈ।

ਬੈਂਕਾਕ ਤੋਂ ਆਉਂਦੀ 752 ਕਿ. ਮੀ. ਲੰਬੀ ਰੇਲ ਪਟੜੀ ਦਾ ਇਹ ਆਖਰੀ ਸਟੇਸ਼ਨ ਹੈ। ਸੜਕ ਤੇ ਹਵਾਈ ਮਾਰਗਾਂ ਰਾਹੀਂ ਇਹ ਥਾਈਲੈਂਡ ਦੇ ਹੋਰ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਇਥੇ ਪਹਾੜੀ ਢਲਾਣ ਦੇ ਉੱਪਰ ਬੁੱਧ ਨਾਲ ਸਬੰਧਤ ਕਈ ਮੰਦਰ ਹਨ ਜਿਨ੍ਹਾਂ ਵਿਚ ਮਹਾਤਮਾ ਬੁੱਧ ਦੀਆਂ ਪਵਿੱਤਰ ਯਾਦਗਾਰਾਂ ਅਤੇ ਉਨ੍ਹਾਂ ਦੀਆਂ ਮੂਰਤੀਆਂ ਪ੍ਰਕਾਸ਼ਮਾਨ ਹਨ। ਇਸ ਲਈ ਲੋਕ ਇਸ ਸ਼ਹਿਰ ਵਿਚ ਧਾਰਮਿਕ ਯਾਤਰਾ ਲਈ ਵੀ ਆਉਂਦੇ ਹਨ।

ਆਬਾਦੀ–1,01,595 (1980)

18° 46′ ਉ. ਵਿਥ.; 98° 58′ ਪੂ. ਲੰਬ.

ਹ. ਪੁ.–ਐਨ ਬ੍ਰਿ. ਮਾ. 2:832; ਵੈ. ਜਗ ਡਿ. 260, ਕੋਲ. ਐਨ. 4:654

**ਜੀਸਸ ਸੁਸਾਇਟੀ** : ਇਹ ਯਸੂਹੀਆਂ ਦੀ ਇਕ ਸੁਸਾਇਟੀ ਹੈ। ਧਾਰਮਿਕ ਵਿਅਕਤੀਆਂ ਦੇ ਇਸ ਰੋਮਨ ਕੈਥੋਲਿਕ ਮੱਤ ਨੂੰ ਲੋਈਓਲਾ ਦੇ ਸੇਂਟ ਇਗਨੇਟੀਅਸ ਨੇ ਕਾਇਮ ਕੀਤਾ ਸੀ। ਇਹ ਮੱਤ ਆਪਣੇ ਸਿਖਿਅਕ, ਧਰਮ ਪ੍ਰਚਾਰ ਸਬੰਧੀ ਅਤੇ ਖ਼ੈਰਾਤੀ ਕੰਮਾਂ ਕਾਰਨ ਬਹੁਤ ਪ੍ਰਸਿੱਧ ਹੈ। ਇਸਨੂੰ ਕੈਥੋਲਿਕ ਪ੍ਰਤਿ ਸੁਧਾਰ ਅੰਦੋਲਨ ਦਾ ਅਤੇ ਇਸ ਤੋਂ ਬਾਅਦ, ਖ਼ਾਸ ਤੌਰ ਤੇ ਦੂਜੀ ਵੈਟੀਕਨ ਕੌਂਸਲ (1962-65) ਮਗਰੋਂ ਗਿਰਜਿਆਂ ਨੂੰ ਆਧੁਨਿਕ ਬਣਾਉਣ ਦਾ ਪ੍ਰਮੁੱਖ ਸਾਧਨ ਸਮਝਿਆ ਗਿਆ। ਯਸੂਹੀ ਹਮੇਸ਼ਾ ਵਿਵਾਦ ਦਾ ਵਿਸ਼ਾ ਰਹੇ ਹਨ। ਕਈ ਲੋਕ ਕਹਿੰਦੇ ਹਨ ਕਿ ਇਨ੍ਹਾਂ ਤੋਂ ਡਰ ਕੇ ਰਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਭੰਡੀ ਕਰਨੀ ਚਾਹੀਦੀ ਹੈ ਅਤੇ ਕਈ ਇਨ੍ਹਾਂ ਨੂੰ ਕੈਥੋਲਿਕ ਮੱਤ ਦੀ ਸਭ ਤੋਂ ਵਧੀਆ ਅਤੇ ਮਾਨਯੋਗ ਧਾਰਮਿਕ ਸੰਸਥਾ ਮੰਨਦੇ ਹਨ।

ਇਹ ਮੱਤ ਸਪੇਨ ਦੇ ਇਕ ਸੈਨਿਕ ਇਗੇਨਟੀਅਸ ਦੇ ਉੱਦਮ ਨਾਲ ਹੋਂਦ ਵਿਚ ਆਇਆ, ਜਿਸ ਨੇ ਲੜਾਈ ਵਿਚ ਫੱਟੜ ਹੋਣ ਉਪਰੰਤ ਆਪਣੇ ਇਲਾਜ ਦੌਰਾਨ ਧਰਮ ਪਰਿਵਰਤਨ ਦਾ ਅਨੁਭਵ ਕੀਤਾ। ਘੋਰ ਪ੍ਰਾਰਥਨਾ ਉਪਰੰਤ ਇਸ ਨੇ ਰੂਹਾਨੀ ਸਾਧਨਾਂ (Spiritual Science) ਲਈ ਇਕ ਅਜਿਹੀ ਸੂਚਨਾ ਪੁਸਤਕ ਦੀ ਰਚਨਾ ਕੀਤੀ ਜਿਸ ਦੁਆਰਾ ਦਿਲ ਅਤੇ ਦਿਮਾਗ ਇੰਜ ਬਦਲੇ ਜਾਣ ਕਿ ਉਹ ਈਸਾ ਮਸੀਹ ਦੇ ਹੋਰ ਡੂੰਘੇ ਅਨੁਯਾਈ ਹੋ ਜਾਣ। ਸੰਨ 1539 ਵਿਚ ਇਗਨੇਟੀਅਸ ਨੇ ਇਸ ਧਰਮ ਸੰਘ ਦਾ ਮਸੌਦਾ ਤਿਆਰ ਕੀਤਾ ਜਿਸ ਨੂੰ ਪੋਪ ਪਾਲ ਤੀਜੇ ਨੇ 27 ਸਤੰਬਰ, 1540 ਨੂੰ ਮਨਜ਼ੂਰੀ ਦਿੱਤੀ।

ਧਾਰਮਿਕ ਜੀਵਨ ਸਬੰਧੀ ਸੁਸਾਇਟੀ ਨੇ ਕਈ ਨਵੀਆਂ ਗੱਲਾਂ ਪੇਸ਼ ਕੀਤੀਆਂ ਜਿਨ੍ਹਾਂ ਵਿਚੋਂ ਕਈ ਮੱਧਕਾਲੀ ਰਹੁ-ਰੀਤਾਂ ਦਾ ਖ਼ਤਮ ਹੋਣਾ ਪ੍ਰਮੁੱਖ ਗੱਲ ਸੀ। ਇਨ੍ਹਾਂ ਵਿਚ ਵਰਤ-ਨੇਮ ਰੱਖਣੇ, ਇਕੋ ਜਿਹੀ ਪੁਸ਼ਾਕ ਪਹਿਨਣੀ ਅਤੇ ਪੂਜਾ ਅਨੁਸਾਰ ਸਹਿਗਾਣ ਗਾਉਣੇ ਆਦਿ ਸ਼ਾਮਲ ਹਨ। ਸੇਵਕੀ ਜਾਂ ਸ਼ਹੀਦੀ ਅਤੇ ਖ਼ਾਸ ਤੌਰ ਤੇ ਪੋਪ ਦੀ ਸੇਵਕੀ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉਦਾਰਚਿੱਤਾ ਤੇ ਵੀ ਜ਼ੋਰ ਦਿੱਤਾ ਗਿਆ ਅਤੇ ਯਸੂਹੀਆਂ ਨੂੰ ਸੰਸਾਰ ਦੇ ਵੱਖ-ਵੱਖ ਭਾਗਾਂ ਵਿਚ ਪਾਦਰੀ-ਪਦ ਗ੍ਰਹਿਣ ਕਰਨ ਦੀ ਖੁੱਲ੍ਹ ਦਿੱਤੀ ਗਈ।

ਇਸ ਸੁਸਾਇਟੀ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੋਇਆ ਅਤੇ ਸੁਧਾਰਵਾਦੀ ਅੰਦੋਲਨ ਦੇ ਵਿਰੋਧੀ ਵਜੋਂ ਇਸ ਨੇ ਖੂਬ ਜ਼ੋਰ ਫੜਿਆ ਅਤੇ ਕੈਥੋਲਿਕ ਮੱਤ ਦਾ ਮੁੜ ਬੋਲਬਾਲਾ ਹੋ ਗਿਆ। ਪਹਿਲੇ ਯਸੂਹੀਆਂ ਨੇ ਅਜਿਹੇ ਧਰਮ ਉਪਦੇਸ਼ਕ ਅਤੇ ਧਰਮ-ਸ਼ਾਸਤਰੀ ਤਿਆਰ ਕੀਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਨੌਜਵਾਨਾਂ, ਬੀਮਾਰਾਂ, ਕੈਦੀਆਂ, ਵੇਸਵਾਵਾਂ ਅਤੇ ਸੈਨਿਕਾਂ ਦੀ ਦੇਖਭਾਲ ਲਈ ਸਮਰਪਿਤ ਕੀਤਾ। ਸੁਸਾਇਟੀ ਹੋਂਦ ਵਿਚ ਆਉਣ ਦੇ ਕੁਝ ਮਹੀਨੇ ਉਪਰੰਤ ਹੀ ਆਪਣੇ ਕੁਝ ਸਾਥੀਆਂ ਨੂੰ ਪੂਰਬ ਵਿਚ ਬਦੇਸ਼ੀ ਮਿਸ਼ਨ ਤੇ ਭੇਜਿਆ। ਸੰਨ 1556 ਤੱਕ ਤਕਰੀਬਨ 1000 ਯਸੂਹੀ ਸਾਰੇ ਯੂਰਪ, ਏਸ਼ੀਆ, ਅਫ਼ਰੀਕਾ ਅਤੇ ਅਮਰੀਕਾ ਵਿਖੇ ਕੰਮ ਕਰ ਰਹੇ ਸਨ। 18ਵੀਂ ਸਦੀ ਦੇ ਮੱਧ ਤੱਕ ਕਈ ਵਿਰੋਧੀ ਜਿਨ੍ਹਾਂ ਵਿਚ ਪਾਦਰੀ ਅਤੇ ਸਾਧਾਰਣ ਲੋਕ ਸ਼ਾਮਲ ਸਨ, ਸੁਸਾਇਟੀ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਸਨ। ਸੰਨ 1773 ਵਿਚ ਪੋਪ ਕਲੀਮੈਂਟ ਚੌਦਵੇਂ ਨੇ ਫ਼ਰਾਂਸ, ਸਪੇਨ ਅਤੇ ਪੁਰਤਗਾਲ ਦੀਆਂ ਸਰਕਾਰਾਂ ਤੇ ਦਬਾਉ ਅਧੀਨ ਇਸ ਧਰਮ ਸੰਘ ਨੂੰ ਖਤਮ ਕਰਨ ਲਈ ਇਕ ਫ਼ੁਰਮਾਨ ਜਾਰੀ ਕੀਤਾ। ਰੂਸ ਵਿਚ ਸੁਸਾਇਟੀ ਦੀ ਸਮੂਹਿਕ ਹੋਂਦ ਕਾਇਮ ਰਹੀ ਕਿਉਂਕਿ

ਇਥੋਂ ਦੀ ਸਿਆਸੀ ਹਾਲਤ ਇਸ ਦੇ ਖ਼ਾਤਮੇ ਲਈ ਇਕ ਰੁਕਾਵਟ ਸੀ। ਇਸ ਮੰਗ ਦੇ ਜ਼ੋਰ ਫੜਨ ਤੇ ਕਿ ਯਸੂਹੀ ਆਪਣੇ ਪੁਰਾਣੇ ਕੰਮ ਖ਼ਾਸ ਤੌਰ ਤੇ ਸਿੱਖਿਆ ਅਤੇ ਪ੍ਰਚਾਰ ਦੇ ਖੇਤਰ ਦੇ ਕੰਮ ਮੁੜ ਤੋਂ ਸ਼ੁਰੂ ਕਰਨ। ਪੋਪ ਪਾਇਸ ਸੱਤਵੇਂ ਨੇ ਇਸ ਸੁਸਾਇਟੀ ਨੂੰ 1814ਵਿਚ ਮੁੜ ਤੋਂ ਸਥਾਪਿਤ ਕੀਤਾ।

ਇਸ ਦੀ ਮੁੜ ਬਹਾਲੀ ਉਪਰੰਤ ਇਸ ਦੀ ਗਿਣਤੀ ਉੱਘੇ ਧਾਰਮਿਕ ਸੰਘਾਂ ਵਿਚ ਹੋਣ ਲੱਗੀ। ਯਸੂਹੀ ਸਿੱਖਿਆ ਤੋਂ ਇਲਾਵਾ ਸੰਚਾਰ, ਸਮਾਜਕ ਕੰਮਾਂ ਅਤੇ ਸਿਆਸਤ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਉਂਦੇ ਹਨ।

ਹ. ਪੁ.–ਐਨ. ਬ੍ਰਿ. ਮਾ. 5:549

**ਜੀਹੂ** : ਇਸਰਾਈਲ ਦਾ ਦਸਵਾਂ ਬਾਦਸ਼ਾਹ ਹੋਇਆ ਹੈ। ਇਸ ਦਾ ਜਨਮ ਜੈਹੋਸਅਫਤ (Jehoshaphat) ਨਾਉਂ ਦੇ ਇਕ ਸਾਧਾਰਣ ਆਦਮੀ ਦੇ ਘਰ ਹੋਇਆ। ਉਸ ਵੇਲੇ ਇਸਰਾਈਲ ਵਿਚ ਉਮਰੀ ਬਾਦਸ਼ਾਹਤ ਕਾਇਮ ਸੀ। ਬਾਦਸ਼ਾਹ ਅਹਾਬ (Ahab) ਦੇ ਕਾਲ ਵਿਚ ਇਹ ਇਸਰਾਈਲੀ ਸੈਨਾ ਦਾ ਪਹਿਲਾ ਜਰਨੈਲ ਸੀ। ਇਹ ਇਕ ਤੇਜ਼ ਰੱਥ ਚਲਾਉਣ ਵਾਲੇ ਵਜੋਂ ਕਾਫ਼ੀ ਪ੍ਰਸਿੱਧ ਹੋਇਆ। ਇਸਰਾਈਲ ਦੀ ਪ੍ਰੋਫੈਟਿਕ ਪਾਰਟੀ (ਧਾਰਮਕ ਪੈਗ਼ੰਬਰੀਆਂ ਦੀ ਪਾਰਟੀ) ਦਾ ਸ਼ਾਹੀ ਪਰਿਵਾਰ ਨਾਲ ਕਾਫ਼ੀ ਝਗੜਾ ਸੀ। ਇਹ ਜਦੋਂ ਜੀਹੂ ਬਾਦਸ਼ਾਹ ਵੱਲੋਂ ਸੀਰੀਆ ਨਾਲ ਯੁੱਧ ਕਰ ਰਿਹਾ ਸੀ ਤਾਂ ਪੈਗ਼ੰਬਰ (Elisha) ਨੇ ਇਸਨੂੰ ਬਾਦਸ਼ਾਹ ਵਿਰੁਧ ਬਗ਼ਾਵਤ ਕਰਨ ਲਈ ਉਕਸਾਇਆ। ਜੀਹੂ ਨੇ ਉਸ ਦੀ ਮਦਦ ਨਾਲ 842 ਈ. ਪੂ. ਵਿਚ ਉਮਰੀ (Omri) ਸਲਤਨਤ ਦਾ ਤਖ਼ਤਾ ਪਲਟ ਦਿੱਤਾ ਅਤੇ ਸਿਪਾਹੀਆਂ ਨੇ ਇਸ ਨੂੰ ਆਪਣਾ ਬਾਦਸ਼ਾਹ ਤਸਲੀਮ ਕਰ ਲਿਆ। ਫਿਰ ਇਸਨੇ ਜਾਜ਼ਰੀਲ (Jazreel) ਤੇ ਹੱਲਾ ਬੋਲ ਕੇ ਬਾਦਸ਼ਾਹ ਜੈਹੋਰਮ (Jehoram), ਉਸ ਦੀ ਮਾਂ ਜਾਜ਼ਬੀਲ (Jazebel), ਉਸ ਦੇ ਕਈ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਇਥੋਂ ਤੱਕ ਕਿ ਉਨ੍ਹਾਂ ਕਈ ਪਾਦਰੀਆਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਿਨ੍ਹਾਂ ਨੇ ਦੇਸ਼ ਵਿਚ ਮੂਰਤੀ ਪੂਜਾ ਸ਼ੁਰੂ ਕੀਤੀ ਸੀ ਅਤੇ ਆਪ ਤਖ਼ਤ ਹਾਸਲ ਕਰ ਲਿਆ। ਇਸ ਨੇ ਇਸਰਾਈਲੀਆਂ ਅਤੇ ਫੋਨੀਸ਼ੀਆਈਆਂ ਦਰਮਿਆਨ ਹੋਇਆ ਇਤਿਹਾਦ ਵੀ ਖ਼ਤਮ ਕਰ ਦਿੱਤਾ।

ਇਸ ਨੇ 815 ਈ. ਪੂ. ਤੱਕ ਰਾਜ ਕੀਤਾ। ਇਸ ਦੇ ਰਾਜ ਦੌਰਾਨ ਸੀਰੀਆ ਵੱਲੋਂ ਇਸ ਨੂੰ ਕਈ ਹਮਲਿਆਂ ਦਾ ਮੁਕਾਬਲਾ ਕਰਨਾ ਪਿਆ ਅਤੇ ਇਸ ਦੇ ਕੁਝ ਇਲਾਕਿਆਂ ਤੇ ਵੀ ਸੀਰੀਆ ਦਾ ਕਬਜ਼ਾ ਹੋ ਗਿਆ। 842 ਈ. ਪੂ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਕੋਲ. ਐਨ. 10:662

**ਜੀਗਲਰ, ਕਾਰਲ** : ਇਸ ਰਸਾਇਣ-ਵਿਗਿਆਨੀ ਦਾ ਜਨਮ 26 ਨਵੰਬਰ, 1898 ਨੂੰ ਕਾਸੈੱਲ (ਹੁਣ ਜਰਮਨੀ ਵਿਚ) ਨੇੜੇ ਹੈੱਲਸਾ ਵਿਖੇ ਹੋਇਆ। ਇਸਨੇ 1963 ਦਾ ਰਸਾਇਣ-ਵਿਗਿਆਨ ਦਾ ਨੋਬਲ ਪੁਰਸਕਾਰ ਜੂਲਯੋ ਨਾਟਾ ਨਾਲ ਸਾਂਝਾ ਕੀਤਾ। ਇਨ੍ਹਾਂ ਨੇ ਪਲਾਸਟਿਕ ਦੇ ਗੁਣਾਂ ਵਿਚ ਸੁਧਾਰ ਲਈ ਖੋਜ ਕੀਤੀ।



ਕਾਰਲ ਜੀਗਲਰ

ਇਹ ਪਹਿਲਾ ਵਿਗਿਆਨੀ ਸੀ ਜਿਸ ਨੇ ਰਬੜ ਦੇ ਸੰਸ਼ਲੇਸ਼ਣ ਵਿਚ ਆਉਂਦੀਆਂ ਕਿਰਿਆਵਾਂ ਦੀ ਵਿਆਖਿਆ ਕੀਤੀ। ਕਾਰਬਨ-ਧਾਤਵੀ ਰਸਾਇਣ-ਵਿਗਿਆਨ ਵਿਚ ਲਿਥੀਅਮ ਨਾਲ ਇਸ ਦੀਆਂ ਖੋਜਾਂ ਦੁਆਰਾ ਗ੍ਰੀਨਯਾਰਡ ਰੀਏਜੰਟਾਂ ਤੋਂ ਅਜਿਹੇ ਵਧੇਰੇ ਕਿਰਿਆਸ਼ੀਲ ਯੋਗਿਕ ਉਤਪੰਨ ਕੀਤੇ ਗਏ ਜਿਨ੍ਹਾਂ ਉੱਤੇ ਇਹ ਮਾਡਲ ਕੀਤੇ ਗਏ ਸਨ। ਕੰਪਲੈਕਸ ਕਾਰਬਨ ਰਿੰਗ ਬਣਤਰਾਂ ਉੱਤੇ ਇਸ ਦਾ ਕੀਤਾ ਕੰਮ ਸੁਗੰਧੀ ਵਾਲੇ ਪਦਾਰਥਾਂ ਲਈ ਕਸਤੂਰੀ ਦੀ ਖ਼ੁਸ਼ਬੂ ਦਾ ਸੰਸ਼ਲੇਸ਼ਣ ਕਰਨ ਲਈ ਬਹੁਤ ਲਾਹੇਵੰਦ ਹੈ।

ਦੂਸਰੇ ਸੰਸਾਰ ਯੁੱਧ ਤੋਂ ਮਗਰੋਂ ਇਸ ਨੇ ਆਰਗੈਨੋ ਐਲੂਮਿਨੀਅਮ ਯੋਗਿਕਾਂ ਉੱਤੇ ਖੋਜ ਸ਼ੁਰੂ ਕਰ ਦਿੱਤੀ ਅਤੇ ਸਿੱਟੇ ਵਜੋਂ ਐਂਟੀਨਾੱਕ ਗੈਸੋਲੀਨ ਯੋਜਕ ਪਦਾਰਥ, ਟ੍ਰੈਟਾਈਥਾਈਲ ਲੈੱਡ ਵਿਕਸਿਤ ਹੋਇਆ। ਸੰਨ 1953 ਵਿਚ ਐਲੂਮਿਨੀਅਮ ਪਰਮਾਣੂ ਨਾਲ ਜੁੜ ਸਕਣ ਵਾਲੇ ਕਾਰਬਨ ਪਰਮਾਣੂਆਂ ਦੀਆਂ ਚੇਨਾਂ ਨੂੰ ਲੰਬਾ ਕਰਨ ਦੀ ਕੋਸ਼ਿਸ਼ ਕਰਦੇ ਹੋਏ ਇਸ ਨੇ ਅਤੇ ਇਸ ਦੇ ਸਹਾਇਕ ਨੇ ਅਚਾਨਕ ਹੀ ਐਥੀਲੀਨ ਨੂੰ 1-ਬਿਊਟੀਨ ਵਿਚ ਬਦਲ ਦਿੱਤੇ। ਇਹ ਉਸ ਖੋਜ ਦੀ ਸ਼ੁਰੂਆਤ ਸੀ ਜਿਸ ਨਾਲ ਐਥੀਲੀਨ ਅਤੇ ਬਿਊਟਾਡਾਈਈਨ ਦੇ ਲੰਬੀ ਚੇਨ ਵਾਲੇ ਬਹੁਲਕ ਤਿਆਰ ਕਰਨ ਲਈ ਨਵੇਂ ਉਤਪ੍ਰੇਰਕਾਂ ਦੀ ਵਰਤੋਂ ਸ਼ੁਰੂ ਹੋਈ। ਮਨੁੱਖ ਦੁਆਰਾ ਬਣਾਏ ਵਧੀਆ ਗੁਣਾਂ ਵਾਲੇ ਪਲਾਸਟਿਕ, ਰੇਸ਼ੇ, ਰਬੜਾਂ ਅਤੇ ਫ਼ਿਲਮਾਂ ਦਾ ਪ੍ਰਫੁਲਣ ਜ਼ੀਗਲਰ ਅਤੇ ਨਾਟਾ ਦੀ ਬਹੁਤ ਵੱਡੀ ਪ੍ਰਾਪਤੀ ਹੈ।

12 ਅਗਸਤ, 1973 ਨੂੰ ਮੂਲਹਾਈਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 10:880

**ਜੀਜਾ ਬਾਈ** : ਇਹ ਨਿਜ਼ਾਮ ਸ਼ਾਹੀ ਸਾਮੰਤ ਲਖਜੀ ਜਾਦਵ ਰਾਓ ਦੀ ਲੜਕੀ ਸੀ। ਸੰਨ 1605 ਵਿਚ ਇਸ ਦਾ ਵਿਆਹ ਇਕ ਬਹੁਤ ਸਾਧਾਰਣ ਪਰਿਵਾਰ ਵਿਚ ਮਾਲੋ ਜੀ ਭੌਂਸਲੇ ਦੇ ਲੜਕੇ ਸ਼ਾਹ ਜੀ ਭੌਂਸਲੇ ਨਾਲ ਹੋਇਆ ਪਰ ਬਾਅਦ ਵਿਚ ਸ਼ਾਹ ਜੀ ਭੌਂਸਲੇ ਨੇ ਹੋਰ ਸ਼ਾਦੀ ਕਰਵਾ ਲਈ ਜਿਸ ਕਾਰਨ ਜੀਜਾ ਬਾਈ ਦਾ ਵਿਆਹਕ ਜੀਵਨ ਦੁਖਦਾਈ ਹੋ ਗਿਆ। ਨਤੀਜੇ ਵਜੋਂ ਆਪਣੇ ਪਤੀ ਤੋਂ ਅਲੱਗ ਹੋ ਕੇ ਆਪਣੇ ਇਕਲੌਤੇ ਪੁੱਤਰ ਸ਼ਿਵਾ ਜੀ ਨਾਲ ਪੂਨੇ ਜਾ ਕੇ ਰਹਿਣ ਲੱਗ ਪਈ।

ਇਹ ਇਕ ਧਾਰਮਿਕ ਵਿਚਾਰਾਂ ਵਾਲੀ ਹਿੰਦੂ ਇਸਤਰੀ ਸੀ। ਇਕੱਲਿਆਂ ਜੀਵਨ ਬਤੀਤ ਕਰਨ ਕਾਰਨ ਇਸ ਦੀਆਂ ਸਾਰੀਆਂ ਭਾਵਨਾਵਾਂ ਪੁੱਤਰ ਤੇ ਕੇਂਦਰਿਤ ਹੋ ਗਈਆਂ। ਧਾਰਮਿਕ ਭਾਵਨਾਵਾਂ ਨਾਲ ਭਰਪੂਰ ਸਾਹਸੀ ਮਾਤਾ ਨੇ ਮਨ ਲਗਾਕੇ ਬਚਪਨ ਤੋਂ ਹੀ ਸ਼ਿਵਾ ਜੀ ਨੂੰ ਹਿੰਦੂ ਧਰਮ ਦੇ ਉੱਚ ਆਦਰਸ਼ਾਂ ਤੋਂ ਜਾਣੂੰ ਕਰਵਾਇਆ। ਰਾਮਾਇਣ ਅਤੇ ਪੁਰਾਣਾਂ ਵਿਚ ਹਿੰਦੂ ਯੋਧਿਆਂ ਦੀਆਂ ਵੀਰਤਾ ਦੀਆਂ ਕਹਾਣੀਆਂ ਸੁਣਾ ਕੇ ਸ਼ਿਵਾ ਜੀ ਦੇ ਮਨ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਪੈਦਾ ਕੀਤੀਆਂ। ਇਸ ਪ੍ਰਕਾਰ ਸ਼ਿਵਾ ਜੀ ਦੇ ਵਿਅਕਤੀਤਵ ਅਤੇ ਭਵਿੱਖ ਸਵਾਰਨ ਵਿਚ ਜੀਜਾ ਬਾਈ ਦਾ ਕਾਫ਼ੀ ਹੱਥ ਸੀ।

ਸ਼ਿਵਾ ਜੀ ਦੇ ਰਾਜ ਤਿਲਕ ਤੋਂ 11 ਦਿਨਾਂ ਬਾਅਦ 1764 ਵਿਚ ਜੀਜਾ ਬਾਈ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4:501

**ਜੀਜਾ ਬਾਈ ਸਰ ਜਮਸ਼ੇਦ ਜੀ** : ਭਾਰਤ ਵਿਚ ਇਸ ਉੱਘੇ ਉਦਯੋਗਪਤੀ ਅਤੇ ਸਮਾਜ ਸੇਵੀ ਦਾ ਜਨਮ ਗੁਜਰਾਤ ਰਾਜ ਵਿਚ ਨੌਸਾਰੀ (ਬੜੌਦਾ) ਵਿਖੇ 1783 ਵਿਚ ਇਕ ਪਾਰਸੀ ਪਰਿਵਾਰ ਵਿਚ ਹੋਇਆ। ਬਦਕਿਸਮਤੀ ਨਾਲ ਬਚਪਨ ਵਿਚ ਹੀ ਇਸ ਦੇ ਮਾਤਾ ਪਿਤਾ ਚਲਾਣਾ ਕਰ ਗਏ ਪਰ ਇਸ ਨੇ ਆਪਣੀ ਤੀਖਣ ਬੁੱਧੀ ਸਦਕਾ ਅਦਭੁਤ ਤਰੱਕੀ ਕੀਤੀ। 20 ਸਾਲ ਦੀ ਉਮਰ ਤੋਂ ਪਹਿਲਾਂ ਹੀ ਇਸ ਨੇ ਚੀਨ ਵਿਚ ਜਾ ਕੇ ਉਥੇ ਵਪਾਰਕ ਅਦਾਰੇ ਕਾਇਮ ਕੀਤੇ। ਪੰਜ ਵਾਰੀ ਚੀਨ ਦੀ ਯਾਤਰਾ ਕਰਨ ਮਗਰੋਂ ਇਹ ਬੰਬਈ ਵਿਚ ਵਸ ਗਿਆ ਅਤੇ ਉਥੇ ਵੱਡੇ

ਪੈਮਾਨੇ ਤੇ ਵਪਾਰਕ ਕਾਰਜਾਂ ਦਾ ਸੰਚਾਲਨ ਅਤੇ ਪ੍ਰਸਾਰ ਕਰਨ ਲੱਗਾ। ਸੰਨ 1836 ਤੱਕ ਇਸ ਨੇ ਬੇਸ਼ੁਮਾਰ ਦੌਲਤ ਇਕੱਠੀ ਕਰ ਲਈ ਸੀ।

ਇਸ ਤੋਂ ਬਾਅਦ ਜਮਸ਼ੇਦ ਜੀ ਨੇ ਆਪਣਾ ਜੀਵਨ ਸਮਾਜ ਸੇਵਾ ਦੇ ਕੰਮਾਂ ਵਿਚ ਲਗਾ ਦਿੱਤਾ। ਅਸਲ ਵਿਚ ਇਸ ਦੀ ਸ਼ਖਸੀਅਤ ਦਾ ਇਹੋ ਪੱਖ ਹੀ ਇਸ ਦੀ ਵਡਿਆਈ ਅਤੇ ਮਹਾਨਤਾ ਦਾ ਮੁੱਖ ਕਾਰਨ ਹੈ। ਇਸ ਨੇ ਸਰਬਜਨਕ ਭਲਾਈ ਲਈ ਹਸਪਤਾਲ, ਸਿੱਖਿਆ ਸੰਸਥਾਵਾਂ, ਦਾਨਸ਼ਾਲਾਵਾਂ ਅਤੇ ਪੈਨਸ਼ਨ ਨਿਧੀ ਆਦਿ ਦੀ ਸਥਾਪਨਾ ਕੀਤੀ। ਬੰਬਈ ਅਤੇ ਬੰਬਈ ਤੋਂ ਬਾਹਰ ਦੇਸ਼ ਦੇ ਦੂਜੇ ਭਾਗਾਂ ਵਿਚ ਜਨਤਾ ਦੀ ਭਲਾਈ ਲਈ ਇਸ ਨੇ ਖੂਹ, ਤਲਾਬ, ਪੁਲ ਅਤੇ ਬੰਨ੍ਹ ਆਦਿ ਬਣਵਾਏ। ਇਸ ਨੇ ਜੀਵਨ ਭਰ ਲੋਕਾਂ ਵਿਚ ਅਵਿਰਕੂ ਚੇਤਨਾ ਪੈਦਾ ਕਰਨ ਦੇ ਉਪਰਾਲੇ ਕੀਤੇ। ਇਸ ਦੀਆਂ ਸਮਾਜਕ ਸੇਵਾਵਾਂ ਕਰਕੇ 1842 ਵਿਚ ਇਸ ਨੂੰ 'ਸਰ' ਦੀ ਉਪਾਧੀ ਮਿਲੀ ਅਤੇ 1858 ਵਿਚ ਬੈਰੋਨੈੱਟ ਦਾ ਪਦ ਮਿਲਿਆ। ਇਹ ਸਭ ਤੋਂ ਪਹਿਲਾ ਭਾਰਤੀ ਸੀ ਜਿਸ ਨੂੰ ਮਹਾਰਾਣੀ ਵਿਕਟੋਰੀਆ ਨੇ ਇਸ ਤਰ੍ਹਾਂ ਸਨਮਾਨਿਤ ਕੀਤਾ ਸੀ।

ਇਸ ਦੀ ਮੌਤ 1859 ਵਿਚ ਹੋਈ।

ਹ. ਪੁ.–ਹਿੰ. ਵਿ. ਕੋ. 4:501

**ਜੀਡ ਚਾਰਲਸ** : ਇਹ ਇਕ ਫਰਾਂਸੀਸੀ ਅਰਥ ਵਿਗਿਆਨੀ ਅਤੇ ਸਹਿਕਾਰਤਾ ਲਹਿਰ ਦਾ ਹਮਾਇਤੀ ਸੀ। ਇਹ 29 ਜੂਨ, 1847 ਵਿਚ ਉਜੇਸ (Uzes) ਵਿਖੇ ਜਨਮਿਆ। ਇਸ ਨੇ ਕਾਲਜ ਡੀ. ਉਜੇਸ (College d'uzes) ਤੋਂ ਸਿੱਖਿਆ ਹਾਸਲ ਕੀਤੀ ਅਤੇ ਬਾਅਦ ਵਿਚ ਪੈਰਿਸ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿਚ ਦਾਖ਼ਲ ਹੋ ਗਿਆ।

ਜਲਦੀ ਹੀ ਇਹ ਪਹਿਲਾਂ ਬਾਰਡੋ ਅਤੇ ਫਿਰ ਮੈਪੈਲਯੋ ਵਿਖੇ ਰਾਜਨੀਤਿਕ ਆਰਥਿਕਤਾ ਦਾ ਪ੍ਰੋਫੈਸਰ ਲੱਗ ਗਿਆ। ਸੰਨ 1898 ਤੋਂ 1920 ਤੱਕ ਇਸ ਨੇ ਪੈਰਿਸ ਯੂਨੀਵਰਸਿਟੀ ਵਿਚ ਕੰਮ ਕੀਤਾ। ਰਾਜਨੀਤਿਕ ਆਰਥਿਕਤਾ ਉੱਤੇ ਲਿਖੇ ਵਧੀਆ ਆਰੰਭਕ ਲੇਖਾਂ ਵਿਚੋਂ ਇਹ 'Principes d'economic Politique' ਦਾ ਲੇਖਕ ਸੀ। ਇਸ ਤੋਂ ਇਲਾਵਾ ਇਸ ਨੇ ਚਾਰਲਸ ਰਿਸਟ ਨਾਲ ਮਿਲ ਕੇ ਆਰਥਿਕ ਸਿਧਾਂਤ ਤੇ ਇਤਿਹਾਸ ਉੱਤੇ 'Historie des doctrines economiques' ਨਾਮਕ ਲੇਖ ਲਿਖਿਆ।

ਜੀਡ ਨੇ ਆਪਣੀ ਬਹੁਤੀ ਤਾਕਤ ਅਤੇ ਸਮਾਂ ਫ਼ਰਾਂਸ ਵਿਚ ਸਹਿਕਾਰਤਾ ਲਹਿਰ ਨੂੰ ਉਤਸ਼ਾਹਤ ਅਤੇ ਉੱਨਤ ਕਰਨ ਵਿਚ ਲਗਾਇਆ ਅਤੇ ਇਸ ਬਾਰੇ ਬਹੁਤ ਕੁਝ ਲਿਖਿਆ।

13 ਮਾਰਚ, 1932 ਵਿਚ ਪੈਰਿਸ ਵਿਖੇ ਜੀਡ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 10:404

**ਜੀਤ ਸਿੰਘ ਸੀਤਲ** : ਵੇਖੋ ਸੀਤਲ, ਜੀਤ ਸਿੰਘ

**ਜੀਤੋ ਮਾਤਾ** : ਮਾਤਾ ਜੀਤੋ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਸਨ। ਆਪ ਜੀ ਲਾਹੌਰ ਦੇ ਹਰਿਜਸ ਸੁਭਿਖੀਏ ਖੱਤਰੀ ਦੀ ਪੁੱਤਰੀ ਸਨ। 23 ਹਾੜ ਸੰਮਤ 1734 (1677 ਈ.) ਨੂੰ ਆਨੰਦਪੁਰ ਦੇ ਨਗੇ ਗੁਰੂ ਦੇ ਲਾਹੌਰ ਵਿਖੇ ਆਪ ਦਾ ਵਿਆਹ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਮਾਤਾ ਜੀ ਦਾ ਪਹਿਲਾ ਨਾਂ ਅਜੀਤੋ ਸੀ ਅਤੇ ਅੰਮ੍ਰਿਤ ਸੰਸਕਾਰ ਮਗਰੋਂ ਅਜੀਤ ਕੌਰ ਨਾਂ ਰੱਖਿਆ ਗਿਆ। ਆਪ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਦਾ ਜਨਮ ਹੋਇਆ। 13 ਅੱਸੂ ਸੰਮਤ 1753 (1700 ਈ.) ਨੂੰ ਆਨੰਦਪੁਰ ਸਾਹਿਬ ਵਿਖੇ ਆਪ ਜੀ ਦਾ ਪਰਲੋਕ ਗਮਨ ਹੋਇਆ। ਆਪ ਦਾ ਦੇਹਰਾ ਅਗੰਮਪੁਰ ਵਿਖੇ ਹੈ।

ਹ. ਪੁ.–ਮ. ਕੋ.

**ਜ਼ੀਦ, ਆਂਦਰੇ** : ਇਹ ਬਹੁਤ ਹੀ ਪ੍ਰਸਿੱਧ ਫ਼ਰਾਂਸੀਸੀ ਲੇਖਕ ਹੋਇਆ ਜਿਹੜਾ 20ਵੀਂ ਸਦੀ ਦੇ ਪਹਿਲੇ ਅੱਧ ਵਿਚ ਯੂਰਪੀਨ ਸਾਹਿਤ ਉੱਤੇ ਛਾਇਆ ਹੋਇਆ ਸੀ। ਸੰਨ 1947 ਵਿਚ ਇਸ ਨੇ ਨੋਬਲ ਪੁਰਸਕਾਰ ਪ੍ਰਾਪਤ ਕੀਤਾ।

ਜ਼ੀਦ ਦਾ ਜਨਮ ਇਕ ਚੰਗੇ ਪੜ੍ਹੇ ਲਿਖੇ ਘਰ ਵਿਚ 22 ਨਵੰਬਰ, 1869 ਨੂੰ ਪੈਰਿਸ ਵਿਚ ਹੋਇਆ। ਇਸ ਦਾ ਪਿਤਾ ਕਾਨੂੰਨ ਦਾ ਪ੍ਰੋਫ਼ੈਸਰ ਸੀ ਅਤੇ ਜ਼ੀਦ 11 ਸਾਲਾਂ ਦਾ ਹੀ ਸੀ ਜਦੋਂ ਇਸ ਦੇ ਪਿਤਾ ਦੀ ਮੌਤ ਹੋ ਗਈ। ਇਸ ਦੀ ਮਾਂ ਨੇ ਆਪਣੇ ਇਕਲੌਤੇ ਪੁੱਤਰ ਨੂੰ ਕਰੜੇ ਪ੍ਰੋਟੈਸਟੈਂਟ ਵਾਤਾਵਰਣ ਵਿਚ ਪਾਲਿਆ। ਮੁੱਢ ਵਿਚ ਇਹ ਸਿਹਤ ਪੱਖੋਂ ਬੜਾ ਕਮਜ਼ੋਰ ਸੀ ਪਰ ਇਸ ਨੂੰ ਸਭ ਤਰ੍ਹਾਂ ਦਾ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਸੀ। ਬਾਈਬਲ ਇਸ ਨੂੰ ਜ਼ਬਾਨੀ ਯਾਦ ਸੀ।



**ਆਂਦਰੇ ਜ਼ੀਦ**

ਜ਼ੀਦ ਨੂੰ ਸਫ਼ਰ ਕਰਨ ਦਾ ਬੜਾ ਸ਼ੌਕ ਸੀ। ਸੰਨ 1893 ਵਿਚ ਜਦੋਂ ਇਹ ਉੱਤਰੀ ਅਫ਼ਰੀਕਾ ਗਿਆ ਤਾਂ ਉੱਥੇ ਇਸ ਨੂੰ ਸਮਲਿੰਗ ਭੋਗ ਦੀ ਆਦਤ ਪੈ ਗਈ ਅਤੇ ਇਸ ਨੇ ਧਰਮ ਵੱਲੋਂ ਠੋਸੀਆਂ ਗਈਆਂ ਸਦਾਚਾਰਕ ਕਦਰਾਂ ਕੀਮਤਾਂ ਦਾ ਵਿਰੋਧ ਕੀਤਾ। ਇਹ ਪਿਆਰ ਨੂੰ ਸਰੀਰੀ ਭੁੱਖ ਤੋਂ ਅੱਡਰੀ ਚੀਜ਼ ਸਮਝਦਾ ਸੀ। ਸੰਨ 1895 ਵਿਚ ਆਪਣੀ ਮਾਂ ਦੀ ਮੌਤ ਤੋਂ ਝੱਟ ਮਗਰੋਂ ਹੀ ਇਸ ਨੇ ਆਪਣੀ ਰਿਸ਼ਤੇਦਾਰੀ ਵਿਚ ਲੱਗਦੀ ਭੈਣ ਮੈਡੇਲੀਨ ਨਾਲ ਵਿਆਹ ਕਰਵਾ ਲਿਆ। ਸੰਨ 1896 ਵਿਚ ਇਹ ਲਾ ਰੋਕ ਦਾ ਮੇਅਰ ਬਣ ਗਿਆ ਸੀ। ਸੰਨ 1918 ਵਿਚ ਜਦੋਂ ਜ਼ੀਦ ਦੀ ਪਤਨੀ ਮੈਡੇਲੀਨ ਨੂੰ ਇਸ ਦੀਆਂ ਆਦਤਾਂ ਬਾਰੇ ਪਤਾ ਲੱਗਿਆ ਤਾਂ ਉਸ ਨੇ ਇਸ ਵੱਲੋਂ ਲਿਖੇ ਸਾਰੇ ਪ੍ਰੇਮ ਪੱਤਰ ਜਲਾ ਦਿੱਤੇ। ਇਸ ਨਾਲ ਜ਼ੀਦ ਨੂੰ ਡੂੰਘੀ ਸੱਟ ਲੱਗੀ ਅਤੇ ਆਪਣੀਆਂ ਸਾਰੀਆਂ ਕਿਰਤਾਂ ਵਿਚ ਉਹ ਉਮਰ ਭਰ ਆਪਣੀ ਅੰਦਰੂਨੀ ਖਿੱਚੋਤਾਣ ਨੂੰ ਹੀ ਬਿਆਨ ਕਰਦਾ ਰਿਹਾ।

ਜ਼ੀਦ ਨੇ ਆਪਣੀਆਂ ਰਚਨਾਵਾਂ ਵਿਚ ਕਈ ਨਵੇਂ-ਨਵੇਂ ਵਿਚਾਰ ਸੰਸਾਰ ਸਾਹਿਤ ਨੂੰ ਪ੍ਰਦਾਨ ਕੀਤੇ, ਜਿਵੇਂ ਇਸ ਅਥਾਹ ਸੰਸਾਰ ਵਿਚ ਆਪੇ ਦੀ ਭਾਲ, ਸਵੈ-ਸੁਤੰਤਰਤਾ ਅਤੇ ਬੁਰਜ਼ੂਵਾ ਸਮਾਜ ਦੀਆਂ ਨੈਤਿਕ ਕਦਰਾਂ ਕੀਮਤਾਂ ਸ਼ਾਮਲ ਸਨ। ਇਸ ਦੇ ਸਮਕਾਲੀਆਂ ਵਿਚ ਇਸ ਦੇ ਨਿਜੀ ਜੀਵਨ ਅਤੇ ਇਸ ਦੀਆਂ ਕਿਰਤਾਂ ਸਬੰਧੀ ਬੜਾ ਵਿਚਾਰ ਵਟਾਂਦਰਾ ਹੁੰਦਾ ਰਿਹਾ। ਦੂਜੇ ਸੰਸਾਰ ਯੁੱਧ ਦੇ ਦੌਰਾਨ ਜਦੋਂ ਇਸ ਦੀ ਪ੍ਰਸਿੱਧੀ ਸਿਖਰਾਂ ਤੇ ਸੀ ਤਾਂ ਇਕ ਧੜਾ ਇਸ ਨੂੰ ਸ਼ੈਤਾਨ ਅਤੇ ਦੂਜਾ ਮੁਕਤੀਦਾਤਾ ਕਹਿੰਦਾ ਸੀ। ਅਗਲੀ ਪੀੜ੍ਹੀ ਇਸ ਨੂੰ ਮਹਾਨ ਕਲਾਕਾਰ ਅਤੇ ਉਪਨਿਆਸ ਦੇ ਨਵੇਂ-ਨਵੇਂ ਰੂਪਾਂ ਦਾ ਜਨਮਦਾਤਾ ਸਮਝਣ ਲਗੀ।

ਆਪਣੀ ਜਵਾਨੀ ਸਮੇਂ ਜ਼ੀਦ ਉੱਤੇ ਚਿੰਨ੍ਹਵਾਦੀ ਕਵੀ ਮੱਲਾਰਮ ਦਾ ਕੁਝ ਪ੍ਰਭਾਵ ਪਿਆ ਪਰ ਝੱਟ ਹੀ ਇਹ ਖ਼ੁਦ ਆਪਣਾ ਰਾਹ ਲੱਭਣ ਲਗ ਪਿਆ। ਉੱਤਰੀ ਅਫ਼ਰੀਕਾ ਦੇ ਆਪਣੇ ਪਹਿਲੇ ਸਫ਼ਰ ਮਗਰੋਂ ਇਸ ਨੇ ਕਿੰਨੀਆਂ ਹੀ ਉੱਤਮ ਰਚਨਾਵਾਂ ਪੇਸ਼ ਕੀਤੀਆਂ। ਪਹਿਲਾਂ ਉਨ੍ਹਾਂ ਦੀ ਕੋਈ ਕਦਰ ਨਾ ਪਈ ਪਰ ਮਗਰੋਂ ਉਨ੍ਹਾਂ ਦੇ ਅੰਗਰੇਜ਼ੀ ਅਨੁਵਾਦ ਇਸ ਪ੍ਰਕਾਰ ਹੋਏ–ਸਰੋਦੀ ਵਾਰਤਕ ਕਵਿਤਾ 'ਫ਼ਰਟੂਸ ਆਫ਼ ਦੀ ਅਰਥ' (1987) ਅਤੇ ਤਿੰਨ ਨਾਟਕ 'ਫਿਲੋਕਟੀਟੀਜ਼' (1899), 'ਕਿੰਗ ਕੈਨਡੋਲ' (1901) ਅਤੇ 'ਸੌਲ' (1903) ਪਰ ਇਸ ਦੀ ਅਸਲ ਪ੍ਰਸਿੱਧੀ ਉਸ ਵੱਲੋਂ ਲਿਖੇ ਗਏ ਦੋ ਵਿਅੰਗਾਂ 'ਮਾਰਸ਼ਲੈਂਡਜ਼' (1895) ਅਤੇ 'ਪ੍ਰੋਮੀਥੀਮਿ ਮਿਸਬਾਊਂਡ' (1899) ਕਾਰਨ ਹੋਣ ਲੱਗੀ। 1900ਵੇਂ ਦਹਾਕੇ ਤੱਕ ਤਾਂ ਇਹ ਇਕ ਉੱਘੇ ਸਮਾਲੋਚਕ ਵਜੋਂ ਵੀ ਜਾਣਿਆ ਜਾਣ ਲਗ ਪਿਆ ਸੀ।

ਜ਼ੀਦ ਦੇ ਮੈਡੇਲੀਨ ਨਾਲ ਪਿਆਰ ਦੇ ਸਿੱਟੇ ਵਜੋਂ ਉਸ ਦੇ ਤਿੰਨ ਛੋਟੇ ਨਾਵਲ **'L'Immaraliste' (1902), 'La Forteturte' (1909)** ਅਤੇ **'La Symphonie Postarale' (1919)** ਹੋਂਦ ਵਿਚ ਆਏ। ਲਘੂ ਨਾਵਲਾਂ ਅਤੇ ਆਪਣੀ ਮਹਾਨ ਕਿਰਤ **'Strait is the Gate' (1909)** ਦੁਆਰਾ ਜ਼ੀਦ ਨੇ ਆਪਣੇ ਵਿਆਹਕ ਜੀਵਨ ਵਿਚ ਇਕਸੁਰਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਰਚਨਾਵਾਂ ਵਿਚ ਇਸ ਨੇ ਵਿਅਕਤੀਗਤ ਕਦਰਾਂ ਕੀਮਤਾਂ ਸਬੰਧੀ ਭਰਪੂਰ ਚਰਚਾ ਕੀਤੀ ਹੈ।

ਜ਼ੀਦ ਨੇ ਨਾਵਲਕਾਰਾਂ ਲਈ ਬੜੀਆਂ ਸੇਧਾਂ ਪ੍ਰਦਾਨ ਕੀਤੀਆਂ ਹਨ। ਇਸ ਅਨੁਸਾਰ ਨਾਵਲ ਸਮੁੱਚੇ ਜੀਵਨ ਨੂੰ ਬਿਆਨ ਕਰਦਾ ਹੈ। ਇਸ ਦਾ 'ਕਾਉਂਟਰੈਫ਼ੀਟਰਜ਼' ਇਕ ਨਵੇਕਲੀ ਰਚਨਾ ਹੈ ਜਿਸ ਵਿਚ ਨਾਵਲ ਦੇ ਸਾਰੇ ਤੱਤਾਂ ਨੂੰ ਨਵੇਂ ਸਾਂਚੇ ਵਿਚ ਢਾਲਿਆ ਗਿਆ ਹੈ। ਇਸ ਦੀਆਂ ਹੋਰ ਪੁਸਤਕਾਂ ਵਿਚ 'ਦੀ ਕ੍ਰਾਇਨਰਜ਼', 'ਟ੍ਰੇਵਲਜ਼ ਇਨ ਦੀ ਕਾਂਗੋ', 'ਰਿਟਰਨ ਫ਼੍ਰਾਮ ਦੀ ਯੂ. ਐਸ. ਐਸ. ਆਰ.' ਆਦਿ ਪ੍ਰਸਿੱਧ ਹਨ। ਆਪਣੀ ਉੱਤਮ ਰਚਨਾ 'ਇਫ਼ ਇਟ ਡਾਈ' ਵਿਚ ਇਸ ਨੇ ਆਪਣੇ ਜਨਮ ਤੋਂ ਵਿਆਹ ਤੱਕ ਦੇ ਹਾਲਾਤ ਨੂੰ ਸੱਚ ਸੱਚ ਬਿਆਨ ਕੀਤਾ ਹੈ।

ਆਪਣੇ ਜਟਿਲ ਜੀਵਨ ਬਾਰੇ ਜ਼ੀਦ ਨੇ ਆਪਣੇ 'ਜਰਨਲ' ਵਿਚ ਵੀ ਬੜਾ ਕੁਝ ਲਿਖਿਆ ਹੈ। ਅਸਲ ਵਿਚ ਇਸ ਨੂੰ ਸਹੀ ਰੂਪ ਵਿਚ ਸਮਝਣ ਲਈ ਜਰਨਲ ਹੀ ਵਧੇਰੇ ਸਹਾਈ ਹੁੰਦਾ ਹੈ। ਇਸ ਦੀ ਅੰਤਲੀ ਜਿਲਦ ਇਸ ਨੇ 1950 ਵਿਚ ਪ੍ਰਕਾਸ਼ਿਤ ਕੀਤੀ। ਸੰਨ 1947 ਵਿਚ ਜ਼ੀਦ ਨੂੰ ਆਪਣੇ ਜੀਵਨ ਵਿਚ ਪਹਿਲੀ ਵਾਰ ਸਨਮਾਨ ਮਿਲਿਆ, ਜਦੋਂ ਆਕਸਫੋਰਡ ਯੂਨੀਵਰਸਿਟੀ ਵੱਲੋਂ ਇਸ ਨੂੰ 'ਡਾਕਟਰ ਆਫ਼ ਲੈਟਰਜ਼' ਦੀ ਡਿਗਰੀ ਪ੍ਰਦਾਨ ਕੀਤੀ ਗਈ। ਉਸੇ ਸਾਲ ਨਵੰਬਰ ਵਿਚ ਇਸ ਨੂੰ ਨੋਬਲ ਪੁਰਸਕਾਰ ਪ੍ਰਾਪਤ ਹੋਇਆ।

19 ਫ਼ਰਵਰੀ, 1950 ਨੂੰ ਪੈਰਿਸ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮੈ. 8:157; ਐਨ. ਅਮੈ. 12:645

**ਜੀਂਦ** : ਰਿਆਸਤ—ਭਾਰਤ ਦੇ ਪੰਜਾਬ ਰਾਜ ਦੀਆਂ ਫੂਲਕੀਆਂ ਰਿਆਸਤਾਂ ਵਿਚੋਂ ਇਹ ਇਕ ਸਾਬਕਾ ਸਿੱਖ ਰਿਆਸਤ ਹੁੰਦੀ ਸੀ। ਇਸ ਦਾ ਕੁੱਲ ਰਕਬਾ 3,310 ਵ. ਕਿ. ਮੀ. (1,332 ਵ. ਮੀਲ) ਹੁੰਦਾ ਸੀ ਅਤੇ ਇਸ ਵਿਚ ਇਸ ਦੀਆਂ ਤਿੰਨ ਤਹਿਸੀਲਾਂ–ਸੰਗਰੂਰ, ਜੀਂਦ ਅਤੇ ਦਾਦਰੀ ਸ਼ਾਮਲ ਸਨ। ਰਿਆਸਤ ਵਿਚ 4 ਮੁੱਖ ਸ਼ਹਿਰ (ਜੀਂਦ, ਸੰਗਰੂਰ, ਦਾਦਰੀ ਅਤੇ ਸਫੀਦੋਂ) ਅਤੇ 442 ਪਿੰਡ ਸ਼ਾਮਲ ਸਨ।

ਜੀਂਦ ਦਾ ਇਤਿਹਾਸ ਇਕ ਵੱਖਰੀ ਸ਼ਾਹੀ ਰਿਆਸਤ ਦੇ ਰੂਪ ਵਿਚ 1763 ਤੋਂ ਆਰੰਭ ਹੁੰਦਾ ਹੈ। ਇਸ ਸਾਲ ਵਿਚ ਹੀ ਮਿਸਲੀ ਸਿੱਖਾਂ ਨੇ ਅਹਿਮਦ ਸ਼ਾਹ ਦੁਰਾਨੀ ਦੇ ਸੂਬੇਦਾਰ ਕੋਲੋਂ ਸਰਹੰਦ ਸ਼ਹਿਰ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਸ ਰਿਆਸਤ ਦੀ ਸਥਾਪਨਾ ਸੁਖਚੈਨ ਸਿੰਘ ਨੇ ਕੀਤੀ ਸੀ। ਸੁਖਚੈਨ ਸਿੰਘ ਦੇ ਘਰ ਹੀ ਮਾਈ ਆਗਾਂ ਦੀ ਕੁੱਖੋਂ 1738 ਵਿਚ ਗਜਪਤਿ ਸਿੰਘ ਨੇ ਜਨਮ ਲਿਆ। ਸੰਨ 1751 ਵਿਚ ਸੁਖਚੈਨ ਸਿੰਘ ਦੀ ਮੌਤ ਹੋ ਜਾਣ ਤੇ ਉਸ ਦੇ ਸਭ ਤੋਂ ਵੱਡੇ ਪੁੱਤਰ ਆਲਮ ਸਿੰਘ ਨੂੰ ਬਾਲਾਂ ਵਾਲੀ, ਦੂਜੇ ਪੁੱਤਰ ਗਜਪਤਿ ਸਿੰਘ ਨੂੰ ਬਡਰੁੱਖਾਂ ਅਤੇ ਤੀਜੇ ਪੁੱਤਰ ਬੁਲਾਕੀ ਨੂੰ ਦਿਆਲਪੁਰਾ ਮਿਲਿਆ।

ਆਪਣੇ ਤਿੰਨਾਂ ਭਰਾਵਾਂ ਵਿਚੋਂ ਗਜਪਤਿ ਸਿੰਘ ਹੀ ਵਧੇਰੇ ਸਾਹਸੀ ਸੀ। ਸੰਨ 1754 ਵਿਚ ਆਲਮ ਸਿੰਘ ਦੀ ਮੌਤ ਹੋ ਜਾਣ ਤੇ ਬਾਲਾਂਵਾਲੀ ਵੀ ਗਜਪਤਿ ਸਿੰਘ ਅਧੀਨ ਚਲਾ ਗਿਆ। ਸੰਨ 1755 ਵਿਚ ਗਜਪਤਿ ਸਿੰਘ ਨੇ ਜੀਂਦ ਅਤੇ ਸਫੀਦੋਂ ਦੇ ਪਰਗਨੇ ਜਿੱਤ ਲਏ। ਉਸ ਨੇ ਪਾਣੀਪਤ ਤੇ ਕਰਨਾਲ ਵੀ ਤਬਾਹ ਕਰ ਦਿੱਤੇ ਪਰ ਉਹ ਉਨ੍ਹਾਂ ਤੇ ਕੋਈ ਬਹੁਤਾ ਚਿਰ ਕਬਜ਼ਾ ਨਾ ਜਮਾ ਸਕਿਆ। ਅਗਲੇ ਸਾਲ ਉਸ ਨੇ ਜੀਂਦ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾਇਆ। ਸੰਨ 1772 ਵਿਚ ਉਸ ਨੂੰ ਰਾਜੇ ਦਾ ਖ਼ਿਤਾਬ ਮਿਲਿਆ ਅਤੇ ਉਸ ਸਮੇਂ ਤੋਂ ਉਹ ਦਿੱਲੀ ਸਲਤਨਤ ਦਾ ਇਕ ਜਾਗੀਰਦਾਰ ਬਣਿਆ ਰਿਹਾ। ਸੰਨ 1773 ਵਿਚ ਉਸਨੇ ਅਮਲੋਹ, ਭਾਦਸੋਂ ਅਤੇ ਸੰਗਰੂਰ (ਜਿਹੜੇ ਉਸ ਸਮੇਂ ਨਾਭਾ ਰਿਆਸਤ ਵਿਚ ਹੀ ਹੁੰਦੇ ਸਨ) ਉੱਤੇ ਹਮਲੇ ਕੀਤੇ। ਜਦੋਂ ਪਟਿਆਲੇ ਦੇ ਰਾਜੇ ਨੇ ਉਸ ਉੱਤੇ ਦਬਾਅ ਪਾਇਆ ਤਾਂ ਅਮਲੋਹ ਅਤੇ ਭਾਦਸੋਂ ਤਾਂ ਉਸ ਦੇ ਹੱਥੋਂ ਨਿਕਲ ਗਏ ਪਰ ਉਸ ਨੇ ਸੰਗਰੂਰ ਉੱਤੇ ਆਪਣਾ ਕਬਜ਼ਾ ਜਮਾਈ ਰੱਖਿਆ। ਉਦੋਂ ਤੋਂ ਹੀ ਇਹ ਜੀਂਦ ਰਿਆਸਤ ਦਾ ਹਿੱਸਾ ਬਣਿਆ ਰਿਹਾ। ਸੰਨ 1774 ਵਿਚ ਦਿੱਲੀ ਸਹਿਨਸ਼ਾਹ ਨੇ ਜੀਂਦ ਨੂੰ ਮੁੜ ਹਾਸਲ ਕਰਨ ਲਈ ਇਕ ਅਸਫ਼ਲ ਹਮਲਾ ਕੀਤਾ। ਸੰਨ 1775 ਵਿਚ ਗਜਪਤਿ ਸਿੰਘ ਨੇ ਪਟਿਆਲੇ ਦੇ ਰਾਜੇ ਨਾਲ ਰਲਕੇ ਰੋਹਤਕ ਤੇ ਹਮਲਾ ਕੀਤਾ ਪਰ ਅੱਗੋਂ ਮੁਗ਼ਲ ਫ਼ੌਜਾਂ ਨੇ ਇਕ ਮੁੱਠ ਹੋ ਕੇ ਇਸ ਹਮਲੇ ਨੂੰ ਪਛਾੜ ਦਿੱਤਾ। ਸੰਨ 1780 ਵਿਚ ਉਸ ਨੇ ਦੂਜੀਆਂ ਰਿਆਸਤਾਂ ਨਾਲ ਮਿਲਕੇ ਮੇਰਠ ਵੱਲ ਇਕ ਅਸਫਲ ਹਮਲਾ ਕੀਤਾ। ਰਾਜਾ ਗਜਪਤਿ ਸਿੰਘ ਨੂੰ ਕੈਦੀ ਬਣਾ ਲਿਆ ਗਿਆ ਸੀ ਅਤੇ ਬਹੁਤ ਚੋਖਾ ਭੁਗਤਾਨ ਕਰਕੇ ਉਸ ਨੂੰ ਰਿਹਾਂ ਕਰਵਾ ਲਿਆ ਗਿਆ।

ਸੰਨ 1789 ਵਿਚ ਰਾਜਾ ਗਜਪਤਿ ਸਿੰਘ ਦੀ ਮੌਤ ਹੋ ਗਈ। ਉਸ ਦੇ ਪੁੱਤਰ ਭਾਗ ਸਿੰਘ ਨੂੰ ਰਾਜੇ ਦਾ ਖ਼ਿਤਾਬ ਦਿੱਤਾ ਗਿਆ ਅਤੇ ਨਾਲ ਹੀ ਜੀਂਦ ਅਤੇ ਸਫੀਦੋਂ ਦੇ ਇਲਾਕੇ ਉਸ ਨੂੰ ਸੌਂਪੇ ਗਏ। ਉਸ ਦੇ ਦੂਜੇ ਪੁੱਤਰ ਭੂਪ ਸਿੰਘ ਨੂੰ ਬਡਰੁੱਖਾਂ ਦਾ ਇਲਾਕਾ ਮਿਲਿਆ। ਜਦੋਂ ਲਾਰਡ ਲੇਕ ਜਸਵੰਤ ਰਾਓ ਹੋਲਕਰ ਦਾ ਪਿੱਛਾ ਕਰ ਰਿਹਾ ਸੀ ਤਾਂ ਰਾਜਾ ਭਾਗ ਸਿੰਘ ਨੇ ਵੀ ਬਿਆਸ ਤੱਕ ਉਸ ਦਾ ਸਾਥ ਦਿੱਤਾ। ਇਸ ਤੋਂ ਇਲਾਵਾ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਕੋਲ ਵੀ ਜਸਵੰਤ ਰਾਓ ਹੋਲਕਰ ਨੂੰ ਉਸ ਦੇ ਇਲਾਕੇ ਵਿਚ ਭਜਾ ਦੇਣ ਲਈ ਭੇਜਿਆ ਗਿਆ। ਲਾਰਡ ਲੇਕ ਦਾ ਮਨੋਰਥ ਪੂਰਾ ਹੋ ਗਿਆ ਅਤੇ ਹੋਲਕਰ ਨੂੰ ਪੰਜਾਬੋਂ ਨਸਾ ਦਿੱਤਾ ਗਿਆ। ਇਨਾਮ ਵਜੋਂ ਰਾਜਾ ਭਾਗ ਸਿੰਘ ਨੂੰ ਪਾਣੀਪਤ ਦੇ ਦੱਖਣ-ਪੱਛਮ ਵਿਚ ਪੈਂਦਾ ਬਵਾਨਾ ਦਾ ਪਰਗਨਾ ਦਿੱਤਾ ਗਿਆ। ਇਸ ਤੋਂ ਇਲਾਵਾ ਉਸ ਨੇ ਜੰਡਾਲਾ, ਰਾਏਕੋਟ, ਬਸੀਆਂ ਅਤੇ ਜਗਰਾਓਂ ਮਹਾਰਾਜਾ ਰਣਜੀਤ ਸਿੰਘ ਕੋਲੋਂ ਪ੍ਰਾਪਤ ਕੀਤੇ।

ਸੰਨ 1819 ਵਿਚ ਭਾਗ ਸਿੰਘ ਦੀ ਮੌਤ ਹੋ ਗਈ। ਮਗਰੋਂ ਉਸ ਦਾ ਪੁੱਤਰ ਫ਼ਤਹਿ ਸਿੰਘ ਰਾਜ ਗੱਦੀ ਤੇ ਬੈਠਾ ਪਰ 1822 ਵਿਚ ਉਸ ਦੀ ਵੀ ਮੌਤ ਹੋ ਗਈ। ਸੰਨ 1834 ਵਿਚ ਸੰਗਤ ਸਿੰਘ (ਫ਼ਤਹਿ ਸਿੰਘ ਦਾ ਲੜਕਾ) ਬੇ-ਔਲਾਦਾ ਮਰ ਗਿਆ ਅਤੇ ਜਾਂਨਸ਼ੀਨੀ ਲਈ ਝਗੜਾ ਚਲ ਪਿਆ। ਆਖਰ 1837 ਵਿਚ ਇਹ ਝਗੜਾ ਤੈਅ ਹੋ ਗਿਆ। ਇਸ ਸਮੇਂ ਸਰੂਪ ਸਿੰਘ ਨੂੰ ਆਪਣੇ ਪੜਦਾਦੇ ਦੇ ਥੱਲੇ ਰਹੇ ਸਾਰਿਆਂ ਇਲਾਕਿਆਂ ਦਾ ਸਰਦਾਰ ਮੰਨ ਲਿਆ ਗਿਆ। ਬਾਕੀ ਇਲਾਕੇ ਜਿਹੜੇ ਰਾਜਾ ਸਰੂਪ ਸਿੰਘ ਨੇ ਆਪ ਜਿੱਤੇ ਸਨ ਜਾਂ ਪ੍ਰਾਪਤ ਕੀਤੇ ਸਨ, ਅੰਗਰੇਜ਼ਾਂ ਨੇ ਮੁੜ ਆਪਣੇ ਅਧੀਨ ਕਰ ਲਏ। ਪਹਿਲੇ ਸਿੱਖ ਯੁੱਧ ਤੋਂ ਪਹਿਲਾਂ ਰਾਜਾ ਸਰੂਪ ਸਿੰਘ ਦਾ ਅੰਗਰੇਜ਼ਾਂ ਪ੍ਰਤਿ ਰਵੱਈਆ ਕੋਈ ਬਹੁਤਾ ਚੰਗਾ ਨਹੀਂ

ਸੀ ਪਰ ਜਦੋਂ ਉਸ ਨੇ ਅੰਗਰੇਜ਼ਾਂ ਨੂੰ ਟ੍ਰਾਂਸਪੋਰਟ ਦੀਆਂ ਸਹੂਲਤਾਂ ਪ੍ਰਦਾਨ ਨਾ ਕੀਤੀਆਂ ਤਾਂ ਉਸ ਨੂੰ 10,000 ਰੁਪਏ ਜੁਰਮਾਨਾ ਕੀਤਾ ਗਿਆ। ਪਹਿਲੇ ਸਿੱਖ ਯੁੱਧ ਦੇ ਦੌਰਾਨ ਉਸ ਨੇ ਅੰਗਰੇਜ਼ਾਂ ਦੀ ਸਹਾਇਤਾ ਲਈ ਆਪਣੀਆਂ ਫ਼ੌਜਾਂ ਭੇਜੀਆਂ ਅਤੇ ਨਾਲ ਹੀ ਰਾਸ਼ਨ ਵੀ ਸਪਲਾਈ ਕੀਤਾ। ਇਸੇ ਸੇਵਾ ਦੀ ਅੰਗਰੇਜ਼ਾਂ ਨੇ ਬਹੁਤ ਤਾਰੀਫ਼ ਕੀਤੀ ਅਤੇ ਪਹਿਲਾਂ ਕੀਤਾ ਜੁਰਮਾਨਾ (10,000 ਰੁਪਏ) ਵੀ ਮੁਆਫ਼ ਕਰ ਦਿੱਤਾ ਅਤੇ ਉਸ ਨੂੰ 3000 ਰੁਪਏ ਦੀ ਸਾਲਾਨਾ ਆਮਦਨ ਦੇਣ ਵਾਲੀ ਜ਼ਮੀਨ ਦੀ ਸਨਦ ਦਿੱਤੀ ਗਈ। ਗਦਰ ਦੌਰਾਨ ਰਾਜਾ ਸਰੂਪ ਸਿੰਘ ਨੇ ਨਾ ਕੇਵਲ ਅੰਗਰੇਜ਼ਾਂ ਦੀ ਮਦਦ ਹੀ ਕੀਤੀ ਸਗੋਂ ਆਪਣੇ 800 ਆਦਮੀਆਂ ਨਾਲ ਕਰਨਾਲ ਛਾਉਣੀ ਉੱਪਰ ਕਬਜ਼ਾ ਜਮਾਈ ਰੱਖਿਆ। ਇਸ ਨੇ ਅਲੀਪੁਰ ਦੀ ਲੜਾਈ ਵਿਚ ਵੀ ਆਪਣੀਆਂ ਫ਼ੌਜਾਂ ਦੀ ਅਗਵਾਈ ਕੀਤੀ। ਗਦਰ ਉਪਰੰਤ ਉਸ ਨੂੰ ਦਾਦਰੀ ਦਾ ਇਲਾਕਾ, ਸੰਗਰੂਰ ਦੇ ਗੁਆਂਢ ਵਿਚ ਪੈਂਦੇ ਕੁਲਾਰਾਂ ਪਰਗਣੇ ਦੇ 13 ਪਿੰਡ ਅਤੇ ਦਿੱਲੀ ਵਿਖੇ ਇਕ ਮਕਾਨ ਦਿੱਤਾ ਗਿਆ। ਦੂਜੇ ਫੂਲਕੀਆਂ ਸਰਦਾਰਾਂ ਵਾਂਗ ਉਸ ਨੂੰ ਵੀ 11 ਤੋਪਾਂ ਦੀ ਸਲਾਮੀ ਦਿੱਤੀ ਜਾਣ ਲੱਗ ਪਈ।

ਸੰਨ 1864 ਵਿਚ ਰਾਜਾ ਸਰੂਪ ਸਿੰਘ ਦੀ ਮੌਤ ਹੋ ਗਈ ਅਤੇ ਇਸ ਤੋਂ ਪਿੱਛੋਂ ਉਸ ਦਾ ਪੁੱਤਰ ਰਘਬੀਰ ਸਿੰਘ ਰਾਜਗੱਦੀ ਤੇ ਬੈਠਾ। ਰਾਜਾ ਬਣਨ ਤੋਂ ਤੁਰੰਤ ਪਿੱਛੋਂ ਉਸ ਨੇ ਦਾਦਰੀ ਇਲਾਕੇ ਵਿਚ ਮਾਲੀਏ ਸਬੰਧੀ ਉੱਠੇ ਵਿਦਰੋਹ ਨੂੰ ਆਪਣੇ 2000 ਆਦਮੀਆਂ ਨਾਲ ਬੁਰੀ ਤਰ੍ਹਾਂ ਕੁਚਲ ਦਿੱਤਾ। ਰਾਜਾ ਰਘਬੀਰ ਸਿੰਘ ਨੇ ਅੰਗਰੇਜ਼ਾਂ ਦੀ 1872 ਵਿਚ ਕੂਕਾ ਲਹਿਰ ਸਮੇਂ ਅਤੇ 1878 ਵਿਚ ਅਫ਼ਗਾਨ ਯੁੱਧ ਵੇਲੇ ਬਹੁਤ ਸਹਾਇਤਾ ਕੀਤੀ।

ਇਨਾਮ ਵਜੋਂ ਉਸ ਨੂੰ ਰਾਜਾ-ਇ-ਰਾਜਾਗਨ (Raja-i-Rajagan) ਦੇ ਆਨਰੇਰੀ ਖ਼ਿਤਾਬ ਨਾਲ ਸਨਮਾਨਿਆ ਗਿਆ। ਸੰਨ 1887 ਵਿਚ ਰਘਬੀਰ ਸਿੰਘ ਦੀ ਮੌਤ ਹੋ ਗਈ ਅਤੇ ਪਿੱਛੇ ਰਾਜਗੱਦੀ ਲਈ ਆਪਣਾ ਪੋਤਰਾ ਰਣਬੀਰ ਸਿੰਘ ਛੱਡ ਗਿਆ। ਉਸ ਸਮੇਂ ਉਸ ਦੀ ਉਮਰ ਮਸਾਂ ਅੱਠਾਂ ਸਾਲਾਂ ਦੀ ਸੀ। ਉਸ ਦੀ ਨਾਬਾਲਗੀ ਦੌਰਾਨ ਰਿਆਸਤ ਦਾ ਰਾਜ ਪ੍ਰਬੰਧ ਚਲਾਉਣ ਲਈ ਇਕ ਕੌਂਸਲ ਆਫ਼ ਰੀਜੈਂਸੀ ਸਥਾਪਿਤ ਕੀਤੀ ਗਈ। ਨਵੰਬਰ 1899 ਵਿਚ ਸੰਗਰੂਰ ਵਿਖੇ ਇਕ ਦਰਬਾਰ ਹੋਇਆ ਜਿਸ ਵਿਚ ਉਸ ਨੂੰ ਰਾਜੇ ਦੇ ਪੂਰੇ ਇਖ਼ਤਿਆਰ ਸੌਂਪੇ ਗਏ।

ਸੰਨ 1947 ਵਿਚ ਆਜ਼ਾਦੀ ਪ੍ਰਾਪਤ ਹੋਣ ਸਮੇਂ ਵੀ ਰਾਜਾ ਰਣਬੀਰ ਸਿੰਘ ਦੀ ਹੀ ਜੀਂਦ ਰਿਆਸਤ ਵਿਚ ਹਕੂਮਤ ਚੱਲ ਰਹੀ ਸੀ। 5 ਮਈ 1948 ਨੂੰ ਹੋਰਨਾਂ 8 ਸ਼ਾਹੀ ਰਿਆਸਤਾਂ—ਪਟਿਆਲਾ, ਜੀਂਦ, ਨਾਭਾ, ਫ਼ਰੀਦਕੋਟ, ਕਪੂਰਥਲਾ, ਮਲੇਰਕੋਟਲਾ, ਨਾਲਾਗੜ੍ਹ ਅਤੇ ਕਲਸੀਆਂ ਦੇ ਨਾਲ ਹੀ ਇਸ ਨੂੰ ਪੈਪਸੂ ਵਿਚ ਸ਼ਾਮਲ ਕਰ ਲਿਆ ਗਿਆ। ਸੰਨ 1966 ਵਿਚ ਜਦੋਂ ਪੰਜਾਬ ਰਾਜ ਵਿਚੋਂ ਹਰਿਆਣਾ ਨਾਂ ਦਾ ਨਵਾਂ ਰਾਜ ਬਣਿਆ ਤਾਂ ਇਸ ਰਿਆਸਤ ਦਾ ਕੁਝ ਹਿੱਸਾ ਪੰਜਾਬ ਵਿਚ ਰਹਿ ਗਿਆ ਅਤੇ ਕੁਝ ਹਿੱਸਾ ਹਰਿਆਣਾ ਰਾਜ ਵਿਚ ਚਲਾ ਗਿਆ।

ਹ. ਪੁ.—ਇੰਪ. ਗ. ਇੰਡ. 14:165; ਸੇਸਿ. ਆਫ਼ ਇੰਡੀਆ—1961; ਡਿ. ਸ. ਹੈਂ. ਬੁ—ਸੰਗਰੂਰ ਡਿਸਟ੍ਰਿਕਟ

**ਜੀਂਦ** : ਸ਼ਹਿਰ—ਹਰਿਆਣਾ ਰਾਜ (ਭਾਰਤ) ਦਾ ਇਕ ਸ਼ਹਿਰ ਹੈ ਜਿਹੜਾ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਅਤੇ ਪਹਿਲਾਂ ਇਸੇ ਹੀ ਨਾਂ ਦੀ ਸਾਬਕਾ ਰਿਆਸਤ ਦੀ ਇਹ ਰਾਜਧਾਨੀ ਹੁੰਦਾ ਸੀ। ਜੀਂਦ ਸੰਗਰੂਰ ਤੋਂ 100 ਕਿ. ਮੀ. (60 ਮੀਲ) ਦੱਖਣ-ਪੂਰਬ ਵੱਲ ਅਤੇ ਰੋਹਤਕ ਦੇ ਲ. 40 ਕਿ. ਮੀ. (25 ਮੀਲ) ਉੱਤਰ-ਪੱਛਮ ਵੱਲ ਸਥਿਤ ਹੈ। ਜੀਂਦ ਦੇ ਰਾਜਿਆਂ ਦੀ ਇਥੇ ਹੀ ਤਖ਼ਤ-ਨਸ਼ੀਨੀ ਹੋਇਆ ਕਰਦੀ ਸੀ। ਇਹ ਸ਼ਹਿਰ ਕੁਰੂਕਸ਼ੇਤਰ ਦੇ ਪਵਿੱਤਰ ਖੇਤਰ ਵਿਚ ਪੈਂਦਾ ਹੈ। ਰਵਾਇਤ ਇਹ ਹੈ ਕਿ ਇਸ ਸ਼ਹਿਰ ਦੀ ਨੀਂਹ ਪਾਂਡਵਾਂ ਨੇ ਰੱਖੀ ਸੀ। ਪਾਂਡਵਾਂ ਨੇ ਇਥੇ ਹੀ ਜੈਯੰਤੀ ਦੇਵੀ (ਜਿੱਤ ਦੀ ਦੇਵੀ) ਦਾ ਮੰਦਰ ਬਣਵਾਇਆ ਸੀ ਅਤੇ ਇਸ ਮੰਦਰ ਦੇ ਆਲੇ-ਦੁਆਲੇ ਜੈਯੰਤਾਪੁਰੀ ਨਾਂ ਦਾ ਕਸਬਾ ਉੱਨਤ ਹੋ ਗਿਆ ਅਤੇ ਇਹੀ ਨਾਂ ਵਿਗੜ ਕੇ ਜੀਂਦ ਦਾ ਰੂਪ ਧਾਰ ਗਿਆ। ਮੁਸਲਮਾਨਾਂ ਦੇ ਰਾਜ ਕਾਲ ਵੇਲੇ ਇਹ ਕੋਈ ਬਹੁਤੀ ਪ੍ਰਸਿੱਧੀ ਵਾਲਾ ਸ਼ਹਿਰ ਨਹੀਂ ਸੀ। ਸੰਨ 1775 ਵਿਚ ਇਸ ਨੂੰ ਜੀਂਦ ਦੇ ਪਹਿਲੇ ਰਾਜੇ ਗਜਪਤਿ ਸਿੰਘ ਨੇ ਆਪਣੇ ਅਧੀਨ ਕਰ ਲਿਆ। ਸੰਨ 1775 ਵਿਚ ਦਿੱਲੀ ਦੀ ਸਰਕਾਰ ਨੇ ਜੀਂਦ ਨੂੰ ਮੁੜ ਹਥਿਆਉਣ ਲਈ ਰਹੀਮ ਦਾਦ ਖਾਂ ਨੂੰ ਭੇਜਿਆ ਪਰ ਉਸ ਨੂੰ ਬੁਰੀ ਹਾਰ ਹੋਈ ਅਤੇ ਉਹ ਲੜਾਈ ਦੇ ਮੈਦਾਨ ਵਿਚ ਹੀ ਮਾਰਿਆ ਗਿਆ। ਉਸ ਦਾ ਮਕਬਰਾ ਅਜੇ ਵੀ ਸਫ਼ੀਦੋਂ ਦਰਵਾਜ਼ੇ ਕੋਲ ਮੌਜੂਦ ਹੈ। ਇਸ ਸ਼ਹਿਰ ਵਿਚ ਕਈ ਪੁਰਾਣੇ ਮੰਦਰ ਅਤੇ ਤੀਰਥ ਯਾਤਰਾ ਲਈ ਕਈ ਥਾਵਾਂ ਹਨ। ਇਥੇ ਇਕ ਫ਼ਤਹਿਗੜ੍ਹ ਨਾਂ ਦਾ ਕਿਲਾ ਹੈ ਜਿਸ ਨੂੰ ਰਾਜਾ ਗਜਪਤਿ ਸਿੰਘ ਨੇ ਬਣਾਇਆ ਸੀ।

ਇਹ ਅਨਾਜ ਦਾ ਇਕ ਸਥਾਨਕ ਵਪਾਰਕ ਕੇਂਦਰ ਹੈ। ਇਥੇ ਕਪਾਹ ਵੇਲਣ ਦੇ ਕਈ ਕਾਰਖ਼ਾਨੇ ਹਨ। ਇਸ ਤੋਂ ਇਲਾਵਾ ਇਥੇ ਇਕ ਸਰਕਾਰੀ ਕਾਲਜ ਹੈ।

ਆਬਾਦੀ—85,315 (1991)

29° 20′ ਉ. ਵਿਥ.; 76° 19′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14:176; ਐਨ. ਬ੍ਰਿ. ਮਾ. 5: 560

**ਜੀਨਜ਼, ਸਰ ਜੇਮਜ਼ ਹੋਪਵੁਡ** : ਇਹ ਇਕ ਅੰਗਰੇਜ਼ ਭੌਤਿਕ ਵਿਗਿਆਨੀ, ਖ਼ਗੋਲਵੇਤਾ ਅਤੇ ਲਿਖਾਰੀ ਹੋਇਆ ਹੈ ਜਿਸ ਦਾ ਜਨਮ 11 ਸਤੰਬਰ, 1877 ਨੂੰ ਲੰਡਨ ਵਿਖੇ ਹੋਇਆ। ਟ੍ਰਿਨਿਟੀ ਕਾਲਜ ਕੈਂਬਰਿਜ ਯੂਨੀਵਰਸਿਟੀ ਤੋਂ ਇਸ ਨੇ ਵਿੱਦਿਆ ਪ੍ਰਾਪਤ ਕੀਤੀ। ਸੰਨ 1904 ਵਿਚ ਇਹ ਯੂਨੀਵਰਸਿਟੀ ਵਿਖੇ ਗਣਿਤ ਦਾ ਲੈਕਚਰਾਰ, 1905 ਤੋਂ 1909 ਤੱਕ ਪ੍ਰਿੰਸਟਨ ਯੂਨੀਵਰਸਿਟੀ ਵਿਚ ਅਪਲਾਈਡ ਮੈਥੇਮੈਟਿਕਸ ਦਾ ਪ੍ਰੋਫ਼ੈਸਰ, 1910-1912 ਤੱਕ ਕੈਂਬਰਿਜ ਵਿਖੇ ਅਪਲਾਈਡ ਮੈਥੇਮੈਟਿਕਸ ਦਾ ਲੈਕਚਰਾਰ, 1919 ਤੋਂ 1929 ਤੱਕ ਰਾਇਲ ਸੁਸਾਇਟੀ ਦਾ ਸਕੱਤਰ, 1924 ਤੋਂ 1929 ਤੱਕ ਅਤੇ 1934 ਤੋਂ ਫਿਰ ਇਹ ਰਾਇਲ ਇਨਸਟੀਚਿਊਸ਼ਨ ਵਿਚ ਖ਼ਗੋਲ ਦਾ ਪ੍ਰੋਫ਼ੈਸਰ ਵੀ ਰਿਹਾ। ਸੰਨ 1923 ਤੋਂ 1944 ਤੱਕ ਇਹ ਕੈਲਿਫ਼ੋਰਨੀਆ ਵਿਖੇ ਮਾਊਂਟ ਵਿਲਸਨ ਪ੍ਰੇਖਣਸ਼ਾਲਾ ਵਿਚ ਰੀਸਰਚ ਐਸੋਸੀਏਟ ਰਿਹਾ। ਭੌਤਿਕ-ਵਿਗਿਆਨੀ ਦੇ ਤੌਰ ਤੇ ਇਸ ਨੇ ਗੈਸਾਂ ਦੇ ਅਣੂ-ਗਤੀ ਸਿਧਾਂਤ ਅਤੇ ਵਿਕੀਰਣ ਦੇ ਪਹਿਲੂਆਂ ਵੱਲ ਵਧੇਰੇ ਧਿਆਨ ਦਿੱਤਾ ਅਤੇ ਖ਼ਗੋਲਵੇਤਾ ਦੇ ਤੌਰ ਤੇ ਵਿਸ਼ਵ-ਉਤਪਤੀ ਸਬੰਧੀ ਸਮੱਸਿਆਵਾਂ ਦਾ ਗਣਿਤੀ ਵਿਸ਼ਲੇਸ਼ਣ ਕੀਤਾ। ਇਸ ਨੇ ਤਾਰਾ ਗਤੀਆਂ ਉੱਪਰ ਗੁਰੂਤਵੀ ਖਿੱਚਾਂ ਦੇ ਪ੍ਰਭਾਵਾਂ, ਯੁਗਮ ਤਾਰਿਆਂ, ਕੁੰਡਲ ਧੁੰਦ ਤਾਰਿਆਂ, ਦਾਨਵ ਦੇ ਬੌਣੇ ਤਾਰਿਆਂ ਅਤੇ ਗੈਸੀ ਤਾਰਿਆਂ ਦੇ ਸਰੂਪ ਅਤੇ ਬਣਤਰ ਦੇ ਸਿਧਾਂਤ ਪੇਸ਼ ਕੀਤੇ। ਇਸ ਦੀਆਂ ਖੋਜ ਰਚਨਾਵਾਂ ਵਿਚ ਦੇਡਾਇਨੈਮੀਕਲ ਥਿਊਰੀ ਆਫ਼ ਗੈਸਿਜ਼ (1904); ਥਿਊਰੈਟੀਕਲ ਮਕੈਨਿਕਸ (1906); ਦੀ ਮੈਥੇਮੈਟੀਕਲ ਥਿਊਰੀ ਆਫ਼ ਇਲੈਕਟ੍ਰੀਸਿਟੀ ਐਂਡ ਮੈਗਨੇਟਿਜ਼ਮ (1908); ਰੇਡੀਏਸ਼ਨ ਐਂਡ ਦੀ ਕੁਆਂਟਮ ਥਿਊਰੀ (1914); ਪ੍ਰਾਬਲਮਜ਼ ਆਫ਼ ਕਾਸਮੋਗੋਨੀ ਐਂਡ ਸਟੈਲਰ ਡਾਈਨੈਮਿਕਸ (1919); ਐਟਾਮਿਸਿਟੀ ਐਂਡ ਕੁਆਂਟਾ (1926); ਐਸਟ੍ਰਾਨੋਮੀ ਐਂਡ ਕਾਸਮੋਗੋਨੀ (1928); ਦੀ ਯੂਨੀਵਰਸ ਅਰਾਊਂਡ ਅਸ (1929); ਦੀ ਮਿਸਟੀਰੀਅਸ ਯੂਨੀਵਰਸ (1930); ਦੀ ਸਟਾਰਜ਼ ਇੰਨ ਦੇਅਰ ਕੋਰਸਿਜ਼ (1931); ਥਰੂ ਸਪੇਸ ਐਂਡ ਟਾਈਮ (1934); ਸਾਇੰਸ ਐਂਡ ਮਿਊਜ਼ਿਕ (1937); ਐਨ ਇਨਟ੍ਰੋਡਕਸ਼ਨ ਟੂ ਦੀ ਕਾਇਨੈਟਿਕ- ਥਿਊਰੀ ਆਫ਼ ਗੈਸਿਜ਼ (1940) ਅਤੇ ਫ਼ਿਜ਼ਿਕਸ ਐਂਡ ਫ਼ਿਲਾਸਫ਼ੀ (1942) ਸ਼ਾਮਲ ਹਨ।

16 ਸਤੰਬਰ, 1946 ਨੂੰ ਸਰੇ ਕਾਉਂਟੀ ਵਿਚ ਡਾਰਕਿੰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਅਮੈ. 15:771

**ਜੀਨਾਨ ਪੇਅਰੇ** : ਬਾਦਸ਼ਾਹ ਹੈਨਰੀ ਚੌਥੇ ਦੇ ਕਾਲ ਵਿਚ ਫ਼ਰਾਂਸ ਦਾ ਇਕ ਉੱਘਾ ਸਿਆਸਤਦਾਨ ਸੀ ਜਿਸ ਦਾ ਜਨਮ 1540 ਵਿਚ ਫ਼ਰਾਂਸ ਵਿਚ ਆੱਟਨ ਵਿਖੇ ਹੋਇਆ।

ਇਹ ਆਪਣੇ ਸਮੇਂ ਦੇ ਉੱਘੇ ਵਿਦਵਾਨ ਜੈਕੁਇਸ ਕੁਜਾਸ ਦਾ ਸ਼ਾਗਿਰਦ ਸੀ ਅਤੇ ਉਸ ਦੇ ਕਾਫ਼ੀ ਅਸਰ ਹੇਠ ਸੀ। ਸੰਨ 1569 ਵਿਚ ਬਰਗੰਡੀ ਦੀ ਹਾਈ ਕੋਰਟ ਵਿਚ ਇਸ ਨੇ ਵਕਾਲਤ ਸ਼ੁਰੂ ਕੀਤੀ। ਸੰਨ 1579 ਵਿਚ ਕਾਂਸਲਰ ਅਤੇ ਮਗਰੋਂ ਪ੍ਰਧਾਨ ਬਣ ਗਿਆ। ਇਸ ਨੇ 1572 ਵਿਚ ਹੋਏ ਪ੍ਰੋਟੈਸਟੈਂਟਾਂ ਦੇ ਕਤਲਿਆਮ ਦਾ ਅਸਫ਼ਲ ਵਿਰੋਧ ਕੀਤਾ।

ਕੈਥੋਲਿਕ ਹੋਣ ਦੇ ਨਾਤੇ ਇਹ ਪਹਿਲਾਂ ਪਹਿਲ ਨਵਾਰ ਦੇ ਹੈਨਰੀ ਦੇ ਵਿਰੁੱਧ ਲੋਰੇਨ ਦੇ ਚਾਰਲਸ ਦਾ ਸਮਰਥਕ ਸੀ ਅਤੇ 1591 ਵਿਚ ਕੈਥੋਲਿਕ ਲੀਗ ਦਾ ਨੁਮਾਇੰਦਾ ਬਣ ਕੇ ਸਪੇਨ ਵੀ ਗਿਆ। ਇਸ ਨੇ ਲੋਰੇਨ ਅਤੇ ਹੈਨਰੀ ਵਿਚਕਾਰ ਸੁਲ੍ਹਾ ਕਰਵਾਉਣ ਦਾ ਜਤਨ ਕੀਤਾ। ਸੰਨ 1595 ਵਿਚ ਫਾਨਟੇਨ ਫ੍ਰੈਂਕੇਸ (Fontaine Francaise) ਦੀ ਜਿੱਤ ਮਗਰੋਂ ਇਹ ਹੈਨਰੀ ਚੌਥੇ ਦੇ ਪੱਖ ਵਿਚ ਹੋ ਗਿਆ।

ਕਾਂਸਲ ਆਫ਼ ਸਟੇਟ ਦੇ ਮੈਂਬਰ ਦੀ ਹੈਸੀਅਤ ਵਿਚ ਇਸ ਨੇ ਹੈਨਰੀ ਚੌਥੇ ਦੇ ਰਾਜ ਕਾਲ ਦੀ ਰਾਜਨੀਤੀ ਵਿਚ ਮਹੱਤਵਪੂਰਨ ਕੰਮ ਕੀਤੇ।

ਸੰਨ 1601 ਵਿਚ ਸਵਾਏ ਨਾਲ ਲਯੋਨ ਦੀ ਸੰਧੀ ਕੀਤੀ। ਸੰਨ 1607-09 ਦੌਰਾਨ ਸੰਯੁਕਤ ਰਾਜ ਵਿਚ ਰਾਜਦੂਤ ਵਜੋਂ ਅਹੁਦਾ ਸੰਭਾਲਿਆ। ਸੰਨ 1610 ਵਿਚ ਹੈਨਰੀ ਚੌਥੇ ਦੇ ਕਤਲ ਮਗਰੋਂ ਇਹ ਮੈਰੀ ਦੇ ਮੈਡੀਕਿਸ ਅਤੇ ਉਸ ਦੇ ਪੁੱਤਰ ਬਾਦਸ਼ਾਹ ਲੂਈ ਸੋਹਲਵੇਂ ਦਾ ਰੀਜੈਂਟ ਬਣਿਆ। ਸੰਨ 1616 ਵਿਚ ਇਹ ਇਸ ਅਹੁਦੇ ਤੋਂ ਬਰਖ਼ਾਸਤ ਹੋ ਗਿਆ। ਸੰਨ 1617 ਵਿਚ ਇਸਨੂੰ ਸਰਕਾਰ ਵਿਚ ਮੁੜ ਵਾਪਸ ਬੁਲਾ ਲਿਆ ਗਿਆ।

ਸੰਨ 1622 ਵਿਚ ਫ਼ਰਾਂਸ ਵਿਚ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 6: 521; ਕੋਲ. ਐਨ. 11:982

**ਜੀਨੇਡੀਅਸ ਦੂਜਾ** : ਇਸ ਦਾ ਅਸਲੀ ਨਾਮ ਜਾਰਜੀਅਸ ਸ਼ੋਲਾਰੀਓਸਾ (Georgias Scholariosa) ਸੀ। ਇਹ ਕਾਨਸਟੈਂਟਾ-ਈਨਓਪਲੇ ਦਾ ਚਾਂਸਲਰ ਸੀ ਜੋ ਆਪਣੇ ਸਮੇਂ ਦੇ ਬਾਜ਼ਨਤੀਨ ਦੇ ਪ੍ਰਸਿੱਧ ਨੀਤੀਵਾਨਾਂ ਵਿਚੋਂ ਇਕ ਸੀ। ਇਹ 1400 ਵਿਚ ਪੈਦਾ ਹੋਇਆ। ਇਸ ਨੂੰ ਬਾਦਸ਼ਾਹ ਮੈਨੂਅਲ ਪੇਲੀਓਲਾਕਸ ਦੀ ਹਮਾਇਤ ਪ੍ਰਾਪਤ ਸੀ ਜਿਸ ਕਰਕੇ ਇਹ ਅਗਲੇ ਬਾਦਸ਼ਾਹ ਜਾਨ ਅੱਠਵੇਂ ਦੇ ਬਹੁਤ ਨਜ਼ਦੀਕੀ ਸਲਾਹਕਾਰਾਂ ਵਿਚੋਂ ਇਕ ਬਣਿਆ ਅਤੇ ਇਸ ਨੂੰ ਸੁਪਰੀਮ ਕੋਰਟ ਦਾ ਪ੍ਰੈਜ਼ੀਡੈਂਟ ਨਿਯੁਕਤ ਕੀਤਾ ਗਿਆ।

ਕੌਂਸਲ ਆਫ਼ ਫ਼ਰਾਗ ਫਲਾਰੈਂਸ ਸਮੇਂ ਇਸ ਨੇ ਗ੍ਰਿਕ ਚਰਚ ਅਤੇ ਰੋਮਨ ਵਿਚਕਾਰ ਪੁਨਰ ਏਕੀਕਰਣ ਦਾ ਪੱਖ ਪੂਰਿਆ। ਕਾਂਨਸਟੈਂਟਾ-ਈਨਓਪਲੇ ਨੂੰ ਵਾਪਸੀ ਸਮੇਂ ਇਸ ਨੇ ਆਪਣੀ ਨੀਤੀ ਬਦਲ ਲਈ ਅਤੇ 1443 ਵਿਚ ਇਸਨੇ ਸੰਮੇਲਨ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸੰਨ 1449 ਵਿਚ ਇਹ ਸੰਨਿਆਸੀ ਬਣ ਗਿਆ ਅਤੇ ਆਪਣਾ ਨਾਮ ਜੀਨੇਡੀਅਸ ਰੱਖ ਲਿਆ।

ਸੰਨ 1453 ਵਿਚ ਕਾਨਸਟੈਂਟਾਈਓਪਲ ਤੁਰਕਾਂ ਕੋਲ ਚਲੇ ਜਾਣ ਤੋਂ ਬਾਅਦ ਇਸ ਨੂੰ ਚਾਂਸਲਰ ਚੁਣ ਲਿਆ ਗਿਆ। ਪੰਜ ਸਾਲਾਂ ਬਾਅਦ ਤੁਰਕ ਹਾਕਮਾਂ ਅਤੇ ਚਰਚ ਨਾਲ ਮੱਤਭੇਦ ਹੋ ਜਾਣ ਤੇ ਜੀਨੇਡੀਅਸ ਸੈਂਟ ਜਾਨ ਦੀ ਖ਼ਾਨਗਾਹ ਵਿਚੋਂ ਚਲਾ ਗਿਆ ਜਿਥੇ 1468 ਵਿਚ ਇਸ ਦੀ ਮੌਤ ਹੋ ਗਈ।

ਸੰਮੇਲਨ ਵਿਚ ਰੋਮ ਨਾਲ ਉਸ ਦੇ ਪਹਿਲੇ ਅਤੇ ਬਾਅਦ ਦੇ ਵਿਚਾਰਾਂ ਵਿਚ ਮੱਤਭੇਦ ਹੋਣ ਕਾਰਨ 17ਵੀਂ ਤੇ 18ਵੀਂ ਸਦੀ ਦੇ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਜਾਰਜੀਅਸ ਅਤੇ ਜੀਨੇਡੀਅਸ ਦੋ ਵੱਖ-ਵੱਖ ਆਦਮੀ ਸਨ।

ਹ. ਪੁ.–ਐਨ. ਬ੍ਰਿ. 10:104

**ਜੀ. ਬੀ. ਸਿੰਘ** : ਇਸ ਪ੍ਰਸਿੱਧ ਖੋਜੀ ਦਾ ਜਨਮ ਸ. ਤੇਜਾ ਸਿੰਘ ਦੇ ਘਰ 18 ਫ਼ਰਵਰੀ, 1877 ਨੂੰ ਗਜਿਆਨ, ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਹੋਇਆ। ਇਸ ਦਾ ਪੂਰਾ ਨਾਂ ਸ. ਗੁਰਬਖ਼ਸ਼ ਸਿੰਘ ਸੀ। ਬੀ. ਏ. ਕਰਨ ਮਗਰੋਂ ਇਸਨੇ ਟਾਮਸਨ ਇੰਜੀਨੀਅਰਿੰਗ ਕਾਲਜ ਰੁੜਕੀ ਤੋਂ ਕੋਰਸ ਕਰਕੇ ਤਾਰ ਵਿਭਾਗ ਵਿਚ ਨੌਕਰੀ ਕਰ ਲਈ ਤੇ ਨੌਕਰੀ ਕਾਰਨ ਇਸ ਨੂੰ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਰਹਿਣ ਦਾ ਮੌਕਾ ਮਿਲਿਆ। ਸੰਨ 1932 ਵਿਚ ਪੋਸਟ ਮਾਸਟਰ ਜਨਰਲ ਵਜੋਂ ਰਿਟਾਇਰ ਹੋ ਕੇ ਇਹ ਮਾਡਲ ਟਾਊਨ ਲਾਹੌਰ ਵਿਖੇ ਰਹਿਣ ਲੱਗਾ, ਪੰਜਾਬ ਦੀ ਵੰਡ ਮਗਰੋਂ ਇਹ ਆਪਣੇ ਪੁੱਤਰ ਹਰਬੰਸ ਸਿੰਘ ਪਾਸ ਨੌਰਿਚ (ਇੰਗਲੈਂਡ) ਚਲਾ ਗਿਆ।

ਜੀ. ਬੀ. ਸਿੰਘ ਨੇ ਖੋਜ ਦੇ ਆਲੋਚਨਾ ਦੇ ਖੇਤਰ ਵਿਚ ਕਾਫ਼ੀ ਕੰਮ ਕੀਤਾ ਜਿਸ ਕਾਰਨ ਇਸ ਨੂੰ ਪੰਜਾਬੀ ਦੇ ਉਚਤਮ ਖੋਜੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦੀਆਂ ਪ੍ਰਸਿੱਧ ਰਚਨਾਵਾਂ ਵਿਚ ਵੈਸ਼ਨਵ ਧਰਮ (1913), ਗੁਰਮੁਖੀ ਦੇ ਜਨਮ ਪੁਰ ਵਿਚਾਰ (1919), ਯੋਗ ਤੇ ਯੋਗੀ (1915), ਗੁਰੂ ਗ੍ਰੰਥ ਸਾਹਿਬ ਤੇ ਭਗਤ ਤੇ ਉਹਨਾਂ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ (1949), ਸਿੱਖ ਧਰਮ ਉਧਯ ਸ੍ਰੀ ਜੈਦੇਵ ਚਰਿਤ੍ਰ (1905), ਸ੍ਰੀਮਤੀ ਮੀਰਾ ਬਾਈ ਜੀ ਦਾ ਜੀਵਨ (1905), ਭਗਤ ਨਾਮਦੇਵ ਦਾ ਜੀਵਨ ਚਰਿਤ੍ਰ (1906), ਸ਼ੇਖ਼ ਫ਼ਰੀਦ ਜੀ ਦਾ ਚਰਿਤ੍ਰ, ਵੈਦਿਕ ਰਿਸ਼ੀਆਂ ਦੇ ਇਲਗਹੁਨਰ, ਵੇਦਕ ਜਾਦੂਗਰੀ, ਵੇਦਕ ਗੁਰਬਾਨੀਆਂ ਗੀਤਾ ਸਾਰ, ਭਰਤਰੀ ਹਰੀ ਤੇ ਤ੍ਰੈਲਤਕ ਹਠਯੋਗ ਪ੍ਰਚੀਸਿਕਾ, ਕਿਆ ਵੇਦ ਇਲਹਾਮੀ ਹੈ? (ਉਰਦੂ), ਨਿਯੰਗ (ਉਰਦੂ), ਵੈਦਕ ਰੀਤੀ (ਉਰਦੂ), ਲਾਈਟ ਐਂਡ ਪ੍ਰੀਚਿਡਾਜ਼ ਆਫ਼ ਭਗਤ ਨਾਮਦੇਵ (ਅੰਗਰੇਜ਼ੀ) ਸ਼ਾਮਲ ਹਨ।

ਪੰਜਾਬੀ ਸਾਹਿਤ ਵਿਚ ਵਿਗਿਆਨਕ ਲੀਹਾਂ ਤੇ ਖੋਜ ਦਾ ਮੁੱਢ ਜੀ. ਬੀ. ਸਿੰਘ ਨੇ ਹੀ ਬੰਨ੍ਹਿਆ ਸੀ। ਇਕ ਵਾਰਤਕ ਲਿਖਾਰੀ ਵੱਜੋਂ ਇਸ ਦਾ ਸਥਾਨ ਪੰਜਾਬੀ ਦੇ ਉੱਚੇ ਵਿਦਵਾਨਾਂ ਵਿਚ ਆਉਂਦਾ ਹੈ।

30 ਜਨਵਰੀ 1950 ਨੂੰ ਨੌਰਿਚ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਪੰ. ਲਿ. ਕੋ. ਕਲਮ ਦੇ ਧਨੀ (ਭਾਗ ਦੂਜਾ) ਪਿਆਰਾ ਸਿੰਘ ਪਦਮ; ਪੰ. ਸ. ਇ.–ਭਾ. ਵਿ. ਪੰ.

**ਜੀਭ ਅਤੇ ਜੀਭ ਦੇ ਰੋਗ** : ਜੀਭ ਮਨੁੱਖ ਦਾ ਬੋਲਣ, ਚੱਖਣ, ਚਬਾਉਣ ਅਤੇ ਨਿਗਲਣ ਦਾ ਮੁੱਖ ਅੰਗ ਹੈ। ਇਹ ਇਕ ਹਿੱਲਣਨਸ਼ੀਲ, ਪੇਸ਼ੀਦਾਰ ਅੰਗ ਹੈ ਅਤੇ ਬਹੁਤੇ ਰੀੜ੍ਹਧਾਰੀਆਂ ਵਿਚ ਮੂੰਹ ਵਿਚ ਤਾਲੂ ਹੇਠਾਂ ਪਈ ਹੁੰਦੀ ਹੈ। ਇਹ ਭੋਜਨ ਨੂੰ ਉਪਰਲੇ ਅਤੇ ਹੇਠਲੇ ਜਬਾੜ੍ਹੇ ਦੇ ਦੰਦਾਂ ਵਿਚ ਉਦੋਂ ਤੱਕ ਰੱਖੀ ਰੱਖਦੀ ਹੈ ਜਦੋਂ ਤੱਕ ਕਿ ਭੋਜਨ ਚੰਗੀ ਤਰ੍ਹਾਂ ਚਿੱਥਿਆ ਨਹੀਂ ਜਾਂਦਾ। ਥਣਧਾਰੀ ਪ੍ਰਾਣੀਆਂ ਦੀ ਜੀਭ ਚੁੰਘਣ ਵਿਚ ਵੀ ਸਹਾਇਤਾ ਕਰਦੀ ਹੈ।

ਜੀਭ ਬਲਗਮ ਝਿੱਲੀ ਨਾਲ ਢੱਕੀ ਹੁੰਦੀ ਹੈ ਜਿਸ ਵਿਚ ਵਿਸ਼ਿਸ਼ਟ ਐਪੀਥੀਲੀਅਲ ਸੈੱਲਾਂ ਦੇ ਗਰੁੱਪ ਹੁੰਦੇ ਹਨ ਜਿਨ੍ਹਾਂ ਨੂੰ ਸੁਆਦ ਅੰਕੁਰ (ਟੇਸਟ ਬੱਡ) ਕਹਿੰਦੇ ਹਨ। ਇਹ ਸੁਆਦ ਦੀਆਂ ਗਿਆਨ ਇੰਦਰੀਆਂ ਹਨ। ਕਈ ਨਾੜੀ ਰੇਸ਼ੇ ਹੁੰਦੇ ਹਨ ਜਿਹੜੇ ਉੱਤੇਜਨਾ ਨੂੰ ਮੂੰਹ ਤੋਂ ਕੇਂਦਰੀ ਨਾੜੀ ਸਿਸਟਮ ਤੱਕ ਲਿਜਾਂਦੇ ਹਨ। ਜੀਭ ਦੀਆਂ ਗਲੈਂਡਾਂ ਨਿਗਲਣ ਲਈ ਲੋੜੀਂਦੀ ਕੁਝ ਥੁੱਕ ਵੀ ਰਿਸਾਉਂਦੀਆਂ ਹਨ।

ਥਣਧਾਰੀ ਪ੍ਰਾਣੀਆਂ ਦੀ ਜੀਭ ਵਿਚ ਧਾਰੀਦਾਰ ਪੇਸ਼ੀਆਂ ਦਾ ਜਾਲ ਵਿਛਿਆ ਹੁੰਦਾ ਹੈ ਜਿਨ੍ਹਾਂ ਉੱਤੇ ਬਲਗਮ ਝਿੱਲੀ ਹੁੰਦੀ ਹੈ ਅਤੇ ਕੁਝ ਗਲੈਂਡਾਂ ਵਿਚ ਚਰਬੀ ਵੀ ਹੁੰਦੀ ਹੈ। ਆਪਣੀਆਂ ਬਾਹਰਵਰਤੀ ਪੇਸ਼ੀਆਂ ਨਾਲ ਇਹ ਹੇਠਲੇ ਜਬਾੜ੍ਹੇ ਹਾਇਆਇਡ ਹੱਡੀ, ਖੋਪਰੀ, ਨਰਮ ਤਾਲੂ ਅਤੇ ਸੰਘ (ਫ਼ੈਰਿੰਕਸ) ਨਾਲ ਜੁੜੀ ਹੁੰਦੀ ਹੈ। ਬਲਗਮ ਝਿੱਲੀ ਦੇ ਵਾਧਰਿਆਂ ਰਾਹੀਂ ਇਹ ਮੂੰਹ ਦੇ ਹੇਠਲੇ ਪਾਸੇ ਅਤੇ ਘੰਡੀ ਢੱਕਣ (ਐਪੀਗਲਾਟਿਸ) ਨਾਲ ਜੁੜੀ ਹੁੰਦੀ ਹੈ।

ਜੀਭ ਦੇ ਉਪਰਲੇ ਪਾਸੇ ਮੱਧ ਵਿਚ ਇਕ ਝਿਰੀ ਹੁੰਦੀ ਹੈ। ਜਿਹੜੀ ਪਿੱਛੇ ਇਕ ਛੇਕ ਵਿਚ ਖ਼ਤਮ ਹੁੰਦੀ ਹੈ। ਇਸ ਛੇਕ ਨੂੰ ਫੋਰੈਮਨ ਸੀਕਮ ਲਿੰਗੁਈ ਕਹਿੰਦੇ ਹਨ। ਇਹੀ ਨੁਕਤਾ ਇਕ ਆਕਾਰ ਦੀ ਝਿਰੀ ਸਲਕਸ ਟਰਮੀਨੇਲਿਸ ਲਿੰਗੁਈ ਦਾ ਸਿਰਾ ਵੀ ਬਣਦਾ ਹੈ ਅਤੇ ਇਸ ਤਰ੍ਹਾਂ ਮੱਧ ਝਿਰੀ ਅਤੇ ਆਕਾਰ ਦੀ ਝਿਰੀ ਇਕ ਤੀਰ ਦੀ ਸ਼ਕਲ ਵਿਚ ਬਣਦੇ ਹਨ ਜਿਸ ਦਾ ਸਿਰਾ ਸੰਘ ਵਾਲੇ ਪਾਸੇ ਹੁੰਦਾ ਹੈ। ਟਰਮੀਨਲ ਸਲਕਸ ਜੀਭ ਨੂੰ ਦੋ ਹਿੱਸਿਆਂ ਵਿਚ ਵੰਡ ਦਿੰਦਾ ਹੈ। ਅਰਥਾਤ ਅਗਲੇ ਵੱਡੇ ਹਿੱਸੇ ਨੂੰ ਬਾਡੀ ਅਤੇ ਪਿਛਲੇ ਛੋਟੇ ਹਿੱਸੇ ਨੂੰ ਜੜ੍ਹ ਕਹਾ ਜਾਂਦਾ ਹੈ।




ਜੀਭ ਦੀ ਕਾਟ ਦਾ ਵਿਉਂਤਪੂਰਵਕ ਚਿੱਤਰ

ਜੀਭ ਦੀ ਉਪਰਲੀ ਸਤ੍ਹਾ ਨੂੰ ਡਾਰਸਮ ਕਹਿੰਦੇ ਹਨ। ਇਹ ਸਤ੍ਹਾ ਵੇਖਣ ਵਿਚ ਖੁਰਦਰੀ ਜਿਹੀ ਲੱਗਦੀ ਹੈ ਕਿਉਂਕਿ ਇਸ ਤੋਂ ਅਸੰਖਾਂ ਛੋਟੇ ਛੋਟੇ ਜੀਭ ਪੈਪਿਲੀ ਉੱਠਦੇ ਹਨ। ਇਹ ਪੈਪਿਲੀ ਪੰਜ ਕਿਸਮਾਂ ਦੇ ਹੁੰਦੇ ਹਨ। ਤੰਤੂ ਰੂਪ ਅਤੇ ਨੋਕਦਾਰ ਪੈਪਿਲੀ, ਪਤਲੇ ਧਾਗੇ ਵਰਗੇ ਲਸਿੰਗਮਈ ਐਪੀਥੀਲੀਅਮ ਦੇ ਉਭਾਰ ਹੁੰਦੇ ਹਨ ਜਿਹੜੇ ਟਰਮੀਨਲ ਸਲਕਸ ਦੇ ਸਮਾਂਤਰ ਆਕਾਰ ਦੀਆਂ ਲਾਈਨਾਂ ਵਿਚ ਲੱਗੇ ਹੁੰਦੇ ਹਨ। ਇਹ ਅਸੰਖਾਂ ਦੀ ਗਿਣਤੀ ਵਿਚ ਹੁੰਦੇ ਹਨ। ਫ਼ੰਗਸ ਦੀ ਸ਼ਕਲ ਵਾਲੇ ਪੈਪਿਲੀ ਦੀ ਬਣਤਰ ਵੀ ਉਪਰਲਿਆਂ ਵਰਗੀ ਹੀ ਹੁੰਦੀ ਹੈ ਪਰ ਇਹ ਵੱਡੇ ਅਤੇ ਲਾਲ ਰੰਗ ਦੇ ਹੁੰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਵੀ ਘੱਟ ਹੁੰਦੀ ਹੈ। ਕੁਝ ਫ਼ੰਗਸ ਰੂਪੀ ਪੈਪਿਲੀ ਉੱਤੇ ਸੁਆਦ ਅੰਕੁਰ ਹੁੰਦੇ ਹਨ। ਸਰਕਮ-ਵੈਲੇਟ ਪੈਪਿਲੀ ਸਲਕਸ ਟਰਮੀਨੇਲਿਸ ਲਿੰਗੁਈ ਦੇ ਬਿਲਕੁਲ




ਜੀਭ ਦਾ ਡਾਰਸਮ

ਗੇ ਅਤੇ ਇਸ ਦੇ ਸਮਾਂਤਰ ਹੁੰਦੇ ਹਨ। ਇਨ੍ਹਾਂ ਦੀ ਗਿਣਤੀ 7-11 ਦੀ ਹੈ। ਪੱਤਾ ਆਕਾਰ ਪੈਪਿਲੀ ਜਿਹੜੇ ਮਨੁੱਖ ਵਿਚ ਅਵਿਕਸਿਤ ਹੁੰਦੇ ਹ ਡਾਰਮਸ ਦੇ ਪਿਛਲੇ ਹਿੱਸੇ ਤੇ ਲੇਟਰਲ ਕਿਨਾਰਿਆਂ ਤੋਂ ਕੁਝ (3-8) ਖੜਵੇਂ ਫੋਲਡਾਂ ਦੀ ਸ਼ਕਲ ਵਿਚ ਹੁੰਦੇ ਹਨ। ਇਨ੍ਹਾਂ ਦੇ ਆਮ੍ਹਣੇ ਸਾਹਮਣੇ ਦੇ ਪਾਸਿਆਂ ਤੇ ਸੁਆਦ ਅੰਕੁਰ ਹੁੰਦੇ ਹਨ।

ਜੀਭ ਦੀ ਬਾਡੀ ਦਾ ਹੇਠਲਾ ਪਾਸਾ (ਮੁਕਤ ਹਿੱਸੇ ਵਿਚ) ਪਤਲੀ, ਪੱਧਰੀ ਬਲਗਮ ਝਿੱਲੀ ਰਾਹੀਂ ਢਕਿਆ ਹੁੰਦਾ ਹੈ। ਇਸ ਵਿਚ ਇਕ ਪਰਤੱਖ ਮੱਧ ਫ਼ੋਲਡ ਫ਼ੀਨਲਮ ਲਿੰਗੁਈ ਹੁੰਦਾ ਹੈ ਜਿਹੜਾ ਜੀਭ ਨੂੰ ਹੇਠਲੇ ਜਬਾੜ੍ਹੇ ਅਤੇ ਮੂੰਹ ਦੇ ਹੇਠਲੇ ਪਾਸੇ ਨਾਲ ਜੋੜਦਾ ਹੈ। ਇਸ ਦੇ ਦੋਨੋਂ ਪਾਸੇ, ਬੇਢੰਗੀ, ਝਾਲਰਦਾਰ ਫ਼ੋਲਡ ਪਲੀਕਾ ਫ਼ਿਮਬ੍ਰੀਏਟ ਹੁੰਦਾ ਹੈ ਇਨ੍ਹਾਂ ਦੋਨਾਂ ਦੇ ਵਿਚਕਾਰ ਜੀਭ ਸ਼ਿਰਾ (ਦੋਨੋਂ ਪਾਸੇ) ਦਿਸਦੀ ਹੈ।

ਜੀਭ ਦਾ ਜੜ੍ਹ ਵਾਲਾ ਹਿੱਸਾ ਬਾੱਡੀ ਬਣਤਰ, ਦਿੱਖ, ਕੰਮ ਆਦਿ ਦੇ ਲਿਹਾਜ ਨਾਲ ਹਰ ਪੱਖੋਂ ਵੱਖਰਾ ਹੁੰਦਾ ਹੈ।

ਜਿਹੜੀਆਂ ਪੇਸ਼ੀਆਂ ਜੀਭ ਦੇ ਅੰਦਰ ਹੀ ਹੁੰਦੀਆਂ ਹਨ, ਅੰਦਰਵਰਤੀ ਪੇਸ਼ੀਆਂ ਕਹਾਉਂਦੀਆਂ ਹਨ। ਇਹ ਹਰੇਕ ਪਾਸੇ ਚਾਰ ਚਾਰ (ਉੱਪਰਲੀ ਅਤੇ ਹੇਠਲੀ ਲੰਬਕਾਰੀ, ਖੜ੍ਹਵੀਂ ਅਤੇ ਆਡੀ ਪੇਸ਼ੀ) ਹੁੰਦੀਆਂ ਹਨ। ਸੁੰਗੜਨ ਨਾਲ ਇਹ ਜੀਭ ਦੀ ਲੰਬਾਈ, ਚੌੜਾਈ ਬਦਲਣ ਅਤੇ ਇਸ ਨੂੰ ਬਾਹਰ ਨਿਕਾਲਣ ਵਿਚ ਵੀ ਸਹਾਇਤਾ ਕਰਦੀਆਂ ਹਨ। ਦੋਨਾਂ ਪਾਸੇ ਚਾਰ ਚਾਰ ਬਾਹਰਵਰਤੀ ਪੇਸ਼ੀਆਂ ਵੀ ਹੁੰਦੀਆਂ ਹਨ।

**ਤੁਲਨਾਤਮਕ ਐਨਾਟਮੀ—** ਮੱਛੀਆਂ ਵਿਚ ਜੀਭ ਅਵਿਕਸਿਤ ਅਤੇ ਅਹਿੱਲ ਹੁੰਦੀ ਹੈ। ਕਈ ਮੱਛੀਆਂ ਵਿਚ ਇਸ ਉੱਤੇ ਦੰਦ ਵੀ ਹੁੰਦੇ ਹਨ। ਜਲ-ਥਲੀ ਜੀਵਾਂ ਦੀਆਂ ਪੂਛ ਵਾਲੀਆਂ ਕਿਸਮਾਂ ਵਿਚ ਜੀਭ ਮੱਛੀਆਂ ਵਰਗੀ ਹੁੰਦੀ ਹੈ ਪਰ ਪੂਛ ਰਹਿਤ ਕਿਸਮਾਂ ਵਿਚ ਇਹ ਪੇਸ਼ੀਦਾਰ ਅਤੇ ਹਿੱਲਣਸ਼ੀਲ ਹੁੰਦੀ ਹੈ। ਮਗਰਮੱਛ ਐਲੀਗੇਟਰ ਅਤੇ ਕੱਛੂਆਂ ਤੋਂ ਬਿਨਾਂ ਬਾਕੀ ਪ੍ਰਾਣੀਆਂ ਵਿਚ ਇਹ ਬਹੁਤ ਜ਼ਿਆਦਾ ਹਿਲਣਸ਼ੀਲ ਹੁੰਦੀ ਹੈ। ਸੱਪਾਂ ਦੀ ਜੀਭ

ਦੁਸਾਂਗੀ ਹੁੰਦੀ ਹੈ। ਪੰਛੀਆਂ ਦੀ ਜੀਭ ਵਿਚ ਅੰਦਰਵਰਤੀ ਪੇਸ਼ੀਆਂ ਨਹੀਂ ਹੁੰਦੀਆਂ। ਥਣਧਾਰੀ ਪ੍ਰਾਣੀਆਂ ਵਿਚੋਂ ਵੇਲ੍ਹ ਨੂੰ ਛੱਡ ਕੇ ਬਾਕੀਆਂ ਵਿਚ ਇਹ ਹਿਲਣਸ਼ੀਲ ਅਤੇ ਬਾਹਰ ਨਿਕਲਣ ਯੋਗ ਹੁੰਦੀ ਹੈ।

**ਜੀਭ ਦੇ ਰੋਗ**—ਜੀਭ ਦੇ ਮੁੱਖ ਰੋਗ ਕੈਂਸਰ, ਲੂਕੋਪਲੇਕੀਆ, ਸਿਫਲਿਸ਼ ਅਤੇ ਐਕਟਿਨੋਮਾਈਕੋਸਿਸ ਹਨ। ਕੈਂਸਰ ਆਮ ਤੌਰ ਤੇ ਅਲਸਰ ਤੋਂ ਸ਼ੁਰੂ ਹੁੰਦਾ ਹੈ ਪਰ ਇਸ ਵਿਚ ਇੰਨੇ ਵਖਰੇਵੇਂ ਮਿਲਦੇ ਹਨ ਕਿ ਸਿਰਫ ਦੇਖਣ ਅਤੇ ਜਾਂਚ ਤੋਂ ਇਸ ਦੀ ਖਤਰਨਾਕ ਅਤੇ ਖਤਰਾਹੀਣ ਹਾਲਤ ਵਿਚ ਫ਼ਰਕ ਨਹੀਂ ਪਤਾ ਲਗ ਸਕਦਾ। ਜਦੋਂ ਵੀ ਜੀਭ ਉੱਤੇ ਕੋਈ ਵਿਕਾਰ ਹੌਲੀ-ਹੌਲੀ ਬਣਦਾ ਅਤੇ ਸਥਾਈ ਰਹਿੰਦਾ ਹੈ ਤਾਂ ਕੈਂਸਰ ਦਾ ਸ਼ੱਕ ਪੈਦਾ ਹੁੰਦਾ ਹੈ। ਸ਼ੁਰੂ ਦੀ ਹਾਲਤ ਵਿਚ ਕੈਂਸਰ ਨੂੰ ਸਰਜਰੀ ਅਤੇ ਵਿਕੀਰਣਾਂ ਦੀ ਸਹਾਇਤਾ ਨਾਲ ਠੀਕ ਕੀਤਾ ਜਾ ਸਕਦਾ ਹੈ। ਜੀਭ ਦੇ ਕੈਂਸਰ ਦੇ ਪੱਕੇ ਕਾਰਨਾਂ ਦਾ ਪਤਾ ਨਹੀਂ ਲਗ ਸਕਿਆ ਪਰ ਖਰਾਬ ਦੰਦ, ਤੰਮਾਕੂ ਦਾ ਸੇਵਨ ਆਦਿ ਵੀ ਕਾਰਨਾਂ ਵਿਚ ਗਿਣੇ ਜਾ ਸਕਦੇ ਹਨ।

ਲੂਕੋਪਲੇਕੀਆ ਵਿਚ ਜੀਭ ਦੀ ਬਲਗਮ ਝਿੱਲੀ ਸਖ਼ਤ ਹੋ ਜਾਂਦੀ ਹੈ ਅਤੇ ਇਕ ਪਰਤੱਖ ਚਿੱਟਾ ਚਟਾਖ਼ ਜਿਹਾ ਨਜ਼ਰ ਆਉਂਦਾ ਹੈ। ਭਾਵੇਂ ਇਸ ਨਾਲ ਕੋਈ ਦਰਦ ਨਾ ਵੀ ਹੁੰਦਾ ਹੋਵੇ ਤੇ ਇਹ ਵੱਧ ਵੀ ਨਾ ਰਿਹਾ ਹੋਵੇ ਤਾਂ ਵੀ ਇਸ ਨੂੰ ਕੱਢ ਦੇਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਕੈਂਸਰ ਦਾ ਵੀ ਡਰ ਰਹਿੰਦਾ ਹੈ। ਇਸ ਦੇ ਕਾਰਨ ਵੀ ਤੰਮਾਕੂ ਦਾ ਸੇਵਨ, ਖਰਾਬ ਦੰਦ ਆਦਿ ਹੀ ਹੋ ਸਕਦੇ ਹਨ। ਸਿਫਲਿਟਿਕ ਲੂਕੋਪਲੇਕੀਆ ਵਿਚ ਸਾਰੀ ਜੀਭ ਉੱਤੇ ਅਸਰ ਹੋ ਜਾਂਦਾ ਹੈ।

ਸਿਫ਼ਲਿਸ਼ ਪ੍ਰਾਇਮਰੀ ਜ਼ਖਮ ਜਾਂ ਟਿਊਮਰ ਦੀ ਤਰ੍ਹਾਂ ਸ਼ੁਰੂ ਹੁੰਦਾ ਹੈ ਅਤੇ ਫਿਰ ਵਧ ਜਾਂਦਾ ਹੈ ਤੇ ਜੀਭ ਦੇ ਕੰਮਾਂ ਵਿਚ ਰੁਕਾਵਟ ਪਾਉਂਦਾ ਹੈ। ਇਸ ਦਾ ਇਲਾਜ ਐਂਟੀਸਿਫ਼ਲਿਟਿਕ ਦਵਾਈਆਂ ਲੈਣਾ ਜਾਂ ਜੇ ਲੋੜ ਪਏ ਤਾਂ ਸਰਜਰੀ ਹੈ।

ਐਕਟਿਨੋਮਾਈਕੋਸਿਸ ਵਿਚ ਜੀਭ ਦੇ ਅੰਦਰ ਛੋਟੀ ਜਿਹੀ ਗਿਲਟੀ ਜਿਹੀ ਬਣ ਜਾਂਦੀ ਹੈ ਜਾਂ ਜੀਭ ਦੇ ਕਿਸੇ ਹਿੱਸੇ ਤੇ ਸੋਜਸ਼ ਜਿਹੀ ਹੋ ਜਾਂਦੀ ਹੈ। ਐਂਟੀਬਾਇਆਟਿਕ ਦਵਾਈਆਂ ਲੈਣ ਨਾਲ ਇਸ ਤੋਂ ਆਰਾਮ ਮਿਲ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਥਥਲਾ ਕੇ ਬੋਲਣਾ ਜਾਂ ਰੁਕ ਰੁਕ ਕੇ ਬੋਲਣਾ ਵੀ ਜੀਭ ਦੇ ਰੋਗਾਂ ਵਿਚ ਹੀ ਆ ਜਾਂਦੇ ਹਨ।

ਪਾਚਨ ਸਿਸਟਮ ਵਿਚ ਕਿਸੇ ਵਿਗਾੜ ਕਰਕੇ ਜੀਭ ਦੀ ਰੰਗਤ, ਸਤ੍ਹਾ ਅਤੇ ਗਿਲੇਪਣ ਵਿਚ ਫ਼ਰਕ ਪੈ ਜਾਂਦਾ ਹੈ। ਇਸੇ ਤਰ੍ਹਾਂ ਮੂੰਹ ਵਿਚਲੀ ਕਿਸੇ ਬੀਮਾਰੀ ਨਾਲ ਵੀ ਜੀਭ ਤੇ ਅਸਰ ਪੈਂਦਾ ਹੈ ਅਤੇ ਇਹ ਦੁਖਣ ਵੀ ਲੱਗ ਜਾਂਦੀ ਹੈ। ਜੀਭ ਦਾ ਆਕਾਰ ਜ਼ਿਆਦਾ ਹੀ ਛੋਟਾ ਜਾਂ ਵੱਡਾ ਹੋ ਸਕਦਾ ਹੈ। ਕਈ ਵਾਰ ਜੀਭ ਦਾ ਸਿਰਾ ਮੱਧ ਵਿਚ ਰਹਿਣ ਦੀ ਥਾਂ ਇਕ ਪਾਸੇ ਮੁੜਦਾ ਜਾਂਦਾ ਹੈ। ਇਹ ਆਮ ਤੌਰ ਤੇ ਉਨ੍ਹਾਂ ਮਨੁੱਖਾਂ ਵਿਚ ਹੁੰਦਾ ਹੈ ਜਿਨ੍ਹਾਂ ਨੂੰ ਅਧਰੰਗ ਹੋਇਆ ਹੋਵੇ।

ਹ. ਪੁ.—ਐਨ. ਬ੍ਰਿ. 22 : 286

**ਜ਼ੀਮਨ ਪ੍ਰਭਾਵ** : ਕਿਸੇ ਪ੍ਰਕਾਸ਼ ਸ੍ਰੋਤ ਨੂੰ ਚੁੰਬਕੀ ਖੇਤਰ ਵਿਚ ਰੱਖਣ ਨਾਲ ਸਪੈਕਟਮੀ ਰੇਖਾ ਕਈ ਅੰਸ਼ਾਂ ਵਿਚ ਵਿਭਾਜਤ ਹੋ ਜਾਂਦੀ ਹੈ ਜਿਨ੍ਹਾਂ ਦੀਆਂ ਅਵ੍ਰਿੱਤੀਆਂ ਵਿਚਕਾਰ ਅੰਤਰ ਬਹੁਤ ਹੀ ਘੱਟ ਹੁੰਦਾ ਹੈ। ਵਿਭਾਜਨ ਦੀ ਇਸ ਕਿਰਿਆ ਨੂੰ ਭੌਤਿਕ ਅਤੇ ਖ਼ਗੋਲਕ ਵਿਗਿਆਨ ਵਿਚ ਜ਼ੀਮਨ ਪ੍ਰਭਾਵ ਕਿਹਾ ਜਾਂਦਾ ਹੈ। ਇਸ ਪ੍ਰਭਾਵ ਨੇ ਕੁਆਂਟਮ ਮਕੈਨਿਕਸ ਦੇ ਵਿਕਾਸ ਉੱਤੇ ਬਹੁਤ ਅਸਰ ਪਾਇਆ। ਐਟਾਮਿਕ ਕਣਾਂ ਅਤੇ ਨਿਊਕਲੀਅਸਾਂ ਦੇ ਅਧਿਐਨ, ਸਿਤਾਰਿਆਂ ਦੇ ਚੁੰਬਕੀ ਖੇਤਰ ਮਿਣਨ, ਨਿਮਨ ਤਾਪਮਾਨ ਹਾਸਲ ਕਰਨ ਅਤੇ ਨਿਊਕਲੀ ਚੁੰਬਕੀ ਮੋਮੈਂਟ ਮਿਣਨ ਵਿਚ ਇਸ ਪ੍ਰਭਾਵ ਦੀ ਵਰਤੋਂ ਕੀਤੀ ਜਾਂਦੀ ਹੈ।

ਇਹ ਪ੍ਰਭਾਵ ਫ਼ੈਰਾਡੇ ਪ੍ਰਭਾਵ (1845) ਤੋਂ ਮਗਰੋਂ ਲੱਭਿਆ ਗਿਆ। ਫ਼ੈਰਾਡੇ ਪ੍ਰਭਾਵ ਵਿਚ ਪ੍ਰਕਾਸ਼ ਧਰੁਵਣ ਚੁੰਬਕੀ ਖੇਤਰ ਦੁਆਰਾ ਪ੍ਰਭਾਵਿਤ ਹੁੰਦਾ ਹੈ। ਇਸ ਨੂੰ ਸਭ ਤੋਂ ਪਹਿਲਾਂ ਡੱਚ ਭੌਤਿਕ ਵਿਗਿਆਨੀ, ਜ਼ੀਮਨ, ਪੀਟਰ ਨੇ 1896 ਵਿਚ ਪ੍ਰਬਲ ਚੁੰਬਕੀ ਧਰੁਵਾਂ ਵਿਚਕਾਰ ਰੱਖੀ ਸੋਡੀਅਮ ਦੀ ਲਾਟ ਨੂੰ ਦੋ ਪੀਲੀਆਂ ਡੀ-ਰੇਖਾਵਾਂ ਵਿਚ ਖਿਲਰਿਆ ਵੇਖਿਆ। ਡੱਚ ਭੌਤਿਕ-ਵਿਗਿਆਨੀ ਹੈਂਡਰਿਕ ਏ. ਲੌਰੈਂਟਸ ਨੇ ਦਸਿਆ ਕਿ ਪ੍ਰਕਾਸ਼ ਦਾ ਉਤਸਰਜਨ ਐਟਮ ਦੇ ਕੇਂਦਰ ਦੁਆਲੇ ਇਲੈੱਕਟ੍ਰਾਨ ਕੰਪਨਾਂ ਦੁਆਰਾ ਹੁੰਦਾ ਹੈ; ਜਿਸ ਦੀ ਆਵ੍ਰਿੱਤੀ ਸਪੈੱਕਟਮੀ ਰੇਖਾ ਜਿੰਨੀ ਹੁੰਦੀ ਹੈ। ਕੁਆਂਟਮ ਸਿਧਾਂਤ ਦੀ ਇਸ ਧਾਰਨਾ ਨਾਲ ਕਿ ਹਰ ਸਪੈੱਕਟਮੀ ਰੇਖਾ, ਇਕ ਵਿਸ਼ੇਸ਼ ਵੱਖਰੇ ਊਰਜਾ ਸਤਰ ਤੋਂ ਦੂਸਰੇ ਊਰਜਾ ਸਤਰ ਤੱਕ ਇਕ ਇਲੈਕਟ੍ਰਾਨ ਦੇ ਕੁੱਦਣ ਕਾਰਨ ਊਰਜਾ ਉੱਤਸਰਜਨ ਤੋਂ ਬਣਦੀ ਹੈ। ਹਰ ਊਰਜਾ ਸਤਰ ਦਾ ਕੋਈ ਨਾ ਕੋਈ ਕੋਣੀ ਸੰਵੇਗ ਹੁੰਦਾ ਹੈ ਅਤੇ ਜਦੋਂ ਚੁਬੰਕੀ ਖੇਤਰ ਲਗਾਇਆ ਜਾਂਦਾ ਹੈ ਤਾਂ ਇਹ ਸਬ-ਲੈਵਲਾਂ ਵਿਚ ਨਿਖੜ ਜਾਂਦੀ ਹੈ। ਦੋ ਸਬ-ਲੈਵਲਾਂ ਵਿਚਕਾਰ ਊਰਜਾ ਅੰਤਰ ਇਕਸਾਰ ਹੁੰਦਾ ਹੈ। ਊਰਜਾ ਅੰਤਰ ਦੀ ਇਸ ਮਾਤਰਾ ਨੂੰ ਬਹੁਤੀਆਂ ਹਾਲਤਾਂ ਵਿਚ ਕੋਣੀ ਸੰਵੇਗ ਦੇ ਦੋ ਘਟਕਾਂ ਨਾਲ ਦਰਸਾਇਆ ਜਾਂਦਾ ਹੈ ਜਿਨ੍ਹਾਂ ਵਿਚੋਂ ਇਕ ਸਾਧਾਰਣ ਜ਼ੀਮਨ ਵਿਭਾਜਨ ਅਤੇ ਦੂਸਰਾ ਇਸ ਤੋਂ ਦੁਗਣੇ ਵਿਭਾਜਨ ਦੇ ਬਰਾਬਰ ਹੁੰਦਾ ਹੈ। ਇਸ ਤੋਂ ਇਹ ਹਾਈਪੱਥੇਸਿਸ (ਪਰਿਕਲਪਣਾ) ਉੱਤਪੰਨ ਹੁੰਦੀ ਹੈ ਕਿ ਹਰ ਇਲੈੱਕਟ੍ਰਾੱਨ ਦਾ ਅੰਤਰੀ ਸਪਿੰਨ ਕੋਣੀ -ਸੰਵੇਗ 1/2 ਕੁਆਂਟਮ ਇਕਾਈ ਹੁੰਦਾ ਹੈ ਅਤੇ ਇਸ ਨਾਲ ਦੁਗਣਾ ਸਾਧਾਰਣ ਜ਼ੀਮਨ ਵਿਭਾਜਨ ਹੁੰਦਾ ਹੈ।

ਕਈ ਸਪੈੱਕਟ੍ਰਮਾਂ ਦੇ ਊਰਜਾ-ਲੈਵਲਾਂ ਦਾ ਪਤਾ ਲਾਉਣ ਅਤੇ ਕੋਣੀ ਸੰਵੇਗਾਂ ਦੇ ਰੂਪ ਵਿਚ ਇਨ੍ਹਾਂ ਦੀ ਪਛਾਣ ਲਈ ਜ਼ੀਮਨ ਪ੍ਰਭਾਵ ਦਾ ਬਹੁਤ ਯੋਗਦਾਨ ਹੈ। ਮੂਲ ਕੁਆਂਟਮ ਸੁਧਾਂਤ ਦੁਆਰਾ ਨਿਸ਼ਚਿਤ ਔੱਰਬਿਟਾਂ ਵਿਚ ਇਲੈਕਟ੍ਰਾਨਾਂ ਦੀ ਮੌਜੂਦਗੀ ਦੀ ਬਜਾਏ ਸੰਭਾਵ੍ਯਕਤਾ ਵੰਡ ਦੀ ਵਿਆਖਿਆ ਵੀ ਜ਼ੀਮਨ-ਪ੍ਰਭਾਵ ਤੋਂ ਮਿਲਦੀ ਹੈ। ਨਵੀਂ ਕੁਆਂਟਮ ਮਕੈਨਿਕਸ ਦੁਆਰਾ ਜ਼ੀਮ ਪੈਟਰਨ ਦੀਆਂ ਸਾਪੇਖੀ ਤੀਬਰਤਾਵਾਂ ਸਮੇਤ ਐਟਮੀ ਸਪੈੱਕਟ੍ਰਮ ਦੇ ਕਈ ਹੋਰ ਵੇਰਵਿਆਂ ਦਾ ਪਤਾ ਚੱਲਿਆ।

ਜਦੋਂ ਦੋ ਜਾਂ ਜ਼ਿਆਦਾ ਊਰਜਾ ਸਤਰ ਇੰਨੇ ਨੇੜੇ ਹੋਣ ਕਿ ਤੀਬਰ ਚੁੰਬਕੀ ਖੇਤਰਾਂ ਅਧੀਨ ਵੀ ਵਿਭਾਜਨ ਵੱਖਰੇ ਨਾ ਕੀਤੇ ਜਾ ਸਕਣ ਤਾਂ ਸਾਧਾਰਣ ਜ਼ੀਮਨ ਪ੍ਰਭਾਵ ਪਾਸ਼ਨ ਬੈਕ ਪ੍ਰਭਾਵ ਵਿਚ ਬਦਲ ਜਾਂਦਾ ਹੈ। ਜ਼ੀਮਨ ਪ੍ਰਭਾਵ ਕੁਝ-ਕੁ ਬਣਤਰ ਬਾਰੇ ਵਡਮੁੱਲੀ ਜਾਣਕਾਰੀ ਭਿੰਨ-ਭਿੰਨ ਯੋਗਿਕਾਂ ਵਿਚ ਗਿਆਤ ਨਿਊਕਲੀ ਜਾਂ ਐਟਮੀ ਮੋਮੈਂਟ ਦੀ ਆਵ੍ਰਿਤੀ ਵਿਚ ਥੋੜ੍ਹੀ ਜਿਹੀ ਤਬਦੀਲੀ ਤੋਂ ਮਿਲ ਸਕਦੀ ਹੈ। ਖ਼ਗੋਲ ਵਿਗਿਆਨ ਦੇ ਪੱਖੋਂ ਜ਼ੀਮਨ-ਪ੍ਰਭਾਵ ਵਿਸ਼ੇਸ਼ ਕਰਕੇ ਸੂਰਜ ਅਤੇ ਹੋਰ ਨਛੱਤਰਾਂ ਦੇ ਚੁੰਬਕੀ ਖੇਤਰ ਮਿਣਨ ਲਈ ਲਾਹੇਵੰਦ ਰਿਹਾ ਹੈ। ਸੂਰਜ ਉੱਤੇ ਵਿਸ਼ੇਸ਼ ਵਿਭਾਜਨ ਸੂਰਜੀ ਧੱਬਿਆਂ ਉੱਤੇ ਵੇਖਿਆ ਗਿਆ ਹੈ ਪਰੰਤੂ ਸਤ੍ਹਾ ਉੱਤੇ ਦੂਸਰੇ ਭਾਗਾਂ ਵਿਚ ਵਿਭਾਜਨ ਬਹੁਤ ਹੀ ਘਟ ਹੈ। ਕੁਝ ਕੁ ਸਿਤਾਰਿਆਂ ਦੇ ਸਪੈੱਕਟ੍ਰਮਾਂ ਵਿਚ ਜ਼ੀਮਨ ਪੈਟਰਨ ਕਈ ਹਜ਼ਾਰ ਦੇ ਚੁੰਬਕੀ ਖੇਤਰ ਦਰਸਾਉਂਦੇ ਹਨ ਪਰੰਤੂ ਵਧੇਰਿਆਂ ਵਿਚ ਪ੍ਰਭਾਵ ਦਾ ਪਤਾ ਨਹੀਂ ਲਾਇਆ ਜਾ ਸਕਦਾ।

ਹ. ਪੁ-ਐਨ. ਬ੍ਰਿ.ਮਾ. 10 : 870

**ਜ਼ੀਮਨ, ਪੀਟਰ** : ਇਸ ਪ੍ਰਸਿੱਧ ਭੌਤਿਕ-ਵਿਗਿਆਨੀ ਦਾ ਜਨਮ 25 ਮਈ, 1865 ਨੂੰ ਨੀਂਦਰਲੈਂਡ ਵਿਚ ਜ਼ੈਨੈਮੇਅਰ ਵਿਖੇ ਹੋਇਆ। ਸੰਨ 1902 ਦਾ ਭੌਤਿਕ-ਵਿਗਿਆਨ ਦਾ ਨੋਬਲ ਪ੍ਰਾਈਜ਼ ਇਸ ਨੇ ਨੀਂਦਰਲੈਂਡ ਵਾਸੀ ਹੈਡਰਿਕ ਏ. ਲੈਰੇ ਲਰੈਂਟਸ ਨਾਲ ਜ਼ੀਮਨ ਪ੍ਰਭਾਵ ਦੀ ਖੋਜ ਕਰਕੇ ਸਾਂਝਾ ਕੀਤਾ। ਜ਼ੀਮਨ ਪ੍ਰਭਾਵ ਪ੍ਰਕਾਸ਼ ਦਾ ਉਹ ਗੁਣ ਹੈ ਜਿਸ ਦੀ ਵਰਤੋਂ ਸੂਰਜ ਦੀ ਸਤ੍ਹਾ ਉੱਤੇ ਚੁੰਬਕੀ ਖੇਤਰਾਂ ਦਾ ਪਤਾ ਲਾਉਣ ਅਤੇ ਇਲੈੱਕਟ੍ਰਾਨਾਂ ਦੇ ਅਧਿਐਨ ਲਈ ਕੀਤੀ ਗਈ ਹੈ।

ਸੰਨ 1890 ਵਿਚ ਜਦੋਂ ਜ਼ੀਮਨ ਲੀਡਨ ਯੂਨੀਵਰਸਿਟੀ ਵਿਖੇ ਦਿਆਰਥੀ ਸੀ ਤਾਂ ਇਸ ਨੇ ਉਥੇ ਲੈਕਚਰ ਕਰਨੇ ਆਰੰਭ ਕਰ ਦਿੱਤੇ। ਇਸ ਤੋਂ ਛੇ ਸਾਲ ਮਗਰੋਂ ਲੋਰੈਂਟਸ ਦੇ ਸੁਝਾਅ ਤੇ ਇਸ ਨੇ ਕਿੱਸੇ ਪ੍ਰਕਾਸ਼ ਸ੍ਰੋਤ ਉੱਤੇ ਚੁੰਬਕੀ ਖੇਤਰਾਂ ਦੇ ਪ੍ਰਭਾਵ ਉੱਤੇ ਖੋਜ ਕੀਤੀ ਅਤੇ ਪਤਾ ਲਾਇਆ ਕਿ ਉਤਸਰਜਿਤ ਪ੍ਰਕਾਸ਼ ਅਤੇ ਹਰ ਸਪੈਕਟ੍ਰਮੀ ਰੇਖਾ ਕਈ ਰੇਖਾਵਾਂ ਵਿਚ ਵਿਭਾਜਿਤ ਹੋ ਜਾਂਦੀ ਹੈ। ਇਸੇ ਨੂੰ ਜ਼ੀਮਨ ਪ੍ਰਭਾਵ ਕ੍ਰਿਹਾ ਜਾਂਦਾ ਹੈ। ਸੰਨ 1900 ਵਿਚ ਇਸ ਨੂੰ ਇਸੇ ਯੂਨੀਵਰਸਿਟੀ ਦੇ ਫ਼ਿਜ਼ੀਕਲ ਇੰਸਟੀਚਿਊਟ ਦਾ ਡਾਇਰੈਕਟਰ ਨਿਯੁਕਤ ਕਰ ਦਿੱਤਾ ਗਿਆ। ਇਥੇ ਰਹਿ ਕੇ ਸ ਨੇ ਆਪਣੀ ਬਾਕੀ ਸਾਰੀ ਉਮਰ ਪਾਣੀ, ਕੁਆਰਟਜ਼ ਅਤੇ ਫ਼ਲਿੰਟ ਤਗੇ ਮਾਧਿਅਮ ਵਿਚ ਪ੍ਰਕਾਸ਼ ਸੰਚਾਰ ਦੀ ਖੋਜ ਉੱਤੇ ਲਾ ਦਿੱਤੀ। ਅੰਤ ਚ 9 ਅਕਤੂਬਰ, 1943 ਨੂੰ ਐਮਸਟਰਡਮ ਵਿਖੇ ਇਸ ਦੀ ਮ੍ਰਿਤੂ ਹੋ ਈ।


ਪੀਟਰ ਜ਼ੀਮਨ

ਹ. ਪੁ. -ਐਨ. ਬ੍ਰਿ.ਮਾ. 10 : 870 ; ਅ. ਫ਼ਿ-ਰਾਜਮ

**ਜ਼ੀਮਿਸਟਸ ਪਲੀਥੋ, ਜਾਰਜ** : ਇਸ ਬਾਜ਼ਨਤੀਨੀ ਲਾਸਫ਼ਰ ਅਤੇ ਮਾਨਵਵਾਦੀ ਵਿਦਵਾਨ ਦਾ ਜਨਮ 1355 ਵਿਚ ਤਤੁਨਤੁਨੀਆਂ (ਮੌਜੂਦਾ ਇਸਤੰਬੋਲ) ਵਿਖੇ ਹੋਇਆ। ਇਸ ਨੇ ਆਪਣੀ ਖਿਆ ਕੁਸਤੁਨਤੁਨੀਆਂ ਤੋਂ ਪ੍ਰਾਪਤ ਕੀਤੀ। ਆਪਣੀ ਜ਼ਿੰਦਗੀ ਦਾ ਰੇਰਾ ਸਮਾਂ ਇਸ ਨੇ ਮਿਸਤਰਾ ਵਿਖੇ ਬਿਤਾਇਆ। ਉਥੇ ਇਸ ਨੇ ਇਕ ਲਾਸਫ਼ੀ ਸਕੂਲ ਦੀ ਸਥਾਪਨਾ ਕੀਤੀ। ਉਥੇ ਹੀ ਇਸ ਨੇ ਬਾਦਸ਼ਾਹ ਨੂਅਲ ਨੂੰ ਸਮਾਜੀ ਪ੍ਰਸ਼ਨਾਂ ਬਾਰੇ ਇਕ ਯਾਦ ਪੱਤਰ ਦਿੱਤਾ ਅਤੇ ਅਦ ਵਿਚ ਸਿਵਲ ਅਤੇ ਮਿਲਟਰੀ ਢਾਂਚੇ ਨੂੰ ਮੁੜ ਤੋਂ ਸੰਗਠਿਤ ਕਰਨ ਤੀ ਤਜਵੀਜ਼ਾਂ ਪੇਸ਼ ਕੀਤੀਆਂ। ਇਸ ਨੇ ਫ਼ਲੋਰੈਂਸ ਦੇ ਨੇਤਾ ਕੱਸੀਮੋ ਦੀ ਡੀਚੀ ਦੀ ਸਹਾਇਤਾ ਨਾਲ ਪਲੈਟੋਨਿਕ ਅਕਾਦਮੀ ਆਫ਼ ਫ਼ਲੋਰੈਂਸ ਦੀ ਥਾਪਨਾ ਕੀਤੀ।

ਜ਼ੀਮਿਸਟਸ ਪੱਛਮੀ ਯੂਰਪ ਦੇ ਜਾਗ੍ਰਤੀ ਯੁਗ ਵਿਚ ਆਪਣੇ ਭਾਵ ਅਤੇ ਆਪਣੀ ਪ੍ਰਮੁੱਖ ਕ੍ਰਿਤ 'ਲੱਅਜ਼' ਕਾਰਨ ਪ੍ਰਸਿੱਧ ਹੋਇਆ। ਸ ਨੇ ਅਫਲਾਤੂਨਵਾਦ ਸਟੋਇਕਵਾਦ ਅਤੇ ਇਸਲਾਮੀ ਮੱਤ ਆਦਿ ਚੋਂ ਗੱਲਾਂ ਲੈ ਕੇ ਇਕ ਨਵੇਂ ਸਮਾਜ ਦੀ ਸਿਰਜਨਾ ਕਰਨ ਦੀ ਵਿਉਂਤ ਣਾਈ ਪਰ ਯੂਨਾਨੀ ਧਰਮ ਸ਼ਾਸਤਰੀਆਂ ਨੇ ਇਸ ਨੂੰ ਅਰਸਤੂ ਵਿਰੋਧੀ ਹ ਕੇ ਇਸ ਦੀ ਨਿਖੇਧੀ ਕੀਤੀ। 'ਲੱਅਜ਼' ਤੋਂ ਇਲਾਵਾ ਇਸ ਨੇ ਫ਼ਲਾਤੂਨ ਅਤੇ ਅਰਸਤੂ ਦੇ ਵਿਚਾਰਾਂ ਦੇ ਮਤਭੇਦ ਬਾਰੇ ਪਾਰਸੀ ਮੱਤ ਰੇ, ਤਾਰਾ ਵਿਗਿਆਨ, ਸੰਗੀਤ, ਇਤਿਹਾਸ, ਸਾਹਿਤ ਸ਼ਾਸਤਰ ਅਤੇ ਧਿਆਤਮਕ ਵਿਧੀਆਂ ਤੇ ਲੇਖ ਲਿਖੇ। ਇਸ ਦੇ ਨਵ ਅਫ਼ਲਾਤੂਨੀ ਅਤੇ ਰਸਤੂਨੀ ਵਿਚਾਰਾਂ ਦਾ ਭਰਪੂਰ ਵਿਰੋਧ ਕੀਤਾ ਗਿਆ; ਇਥੋਂ ਤੱਕ ਕਿ ੀਆਰਕ ਜੈਨਾਡੀਅਸ ਨੇ ਇਸ ਦੀਆਂ ਕ੍ਰਿਤਾਂ ਨੂੰ ਖੁੱਲ੍ਹੇਆਮ ਅੱਗ ਦੀ ਾ ਕੀਤਾ।

ਸੰਨ 1450 ਜਾਂ 1452 ਵਿਚ ਯੂਨਾਨ ਵਿਚ ਮਿਸਰ ਵਿਖੇ ਇਸ ਮੌਤ ਹੋ ਗਈ।

ਹ. ਪੁ-ਐਨ. ਅਮੈ. 12:364; ਐਨ. ਬ੍ਰਿ. 10:65; ਐਨ. ਬ੍ਰਿ. ਮਾ.4 : 455

**ਜੀ.ਮੈੱਨ** : ਇਹ ਗਵਰਨਮੈਂਟ ਮੈੱਨ ਦਾ ਸੰਖੇਪ ਰੂਪ ਹੈ। ਇਹ ਦ ਪੱਤਰਕਾਰੀ ਵਿਚ ਸੰਯੁਕਤ ਰਾਜ ਦੇ ਨਿਆ ਵਿਭਾਗ ਵਿਚ ਤੀਸ਼-ਬੀਓਰੋ ਦੇ ਵਿਸ਼ੇਸ਼ ਏਜੰਟਾਂ ਲਈ ਵਰਤਿਆ ਜਾਂਦਾ ਹੈ। ਸਤੰਬਰ, 1933 ਵਿਚ ਇਕ ਮਸ਼ਹੂਰ ਦੋਸ਼ੀ ਜਾਰਜ ਨੀਲੇ ਦੇ ਫੜੇ ਜਾਣ ਤੇ ਇਸ ਮੁਹਾਵਰੇ ਦੇ ਅਰਥ ਨਿਸਚਤ ਹੋਏ। ਬਾਅਦ ਵਿਚ ਇਸ ਦੀ ਅਨੁਰੂਪਤਾ ਦਾ ਇਕ ਹੋਰ ਸ਼ਬਦ ਟੀ. ਐੱਨ ਵੀ ਪ੍ਰਚਲਤ ਹੋਇਆ ਜਿਹੜਾ ਸੰਯੁਕਤ ਰਾਜ ਦੇ ਖ਼ਜਾਨਾ ਵਿਭਾਗ ਦੇ ਤਫ਼ਤੀਸ਼ੀ ਏਜੰਟਾਂ ਲਈ ਸੰਖੇਪ ਰੂਪ ਵਿਚ ਵਰਤਿਆ ਜਾਂਦਾ ਹੈ।

ਹ. ਪੁ.-ਐਨ. ਬ੍ਰਿ. 10 : 502

**ਜੀਰਾ** : ਇਹ ਇਕ ਔਸ਼ਧੀਜਨਕ ਪੌਦੇ ਦੇ ਬੀਜ ਅਤੇ ਪੌਦੇ ਦਾ ਆਮ ਨਾਂ ਹੈ ਜਿਸ ਨੂੰ ਬਨਸਪਤੀ ਵਿਗਿਆਨ ਵਿਚ ਕਿਊਮੀਨਮ ਸਾਇਮੀਨਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ 'ਕਿਊਮਿਨ ਸੀਡਜ਼' ਕਹਿੰਦੇ ਹਨ। ਇਹ ਇਕ ਸਾਲੀ ਮੁਲਾਇਮ ਪੌਦਾ 0.30 ਸੈਂ. ਮੀ. ਤੋਂ 1 ਮੀ. ਦੀ ਉਚਾਈ ਤੱਕ ਪਹੁੰਚ ਜਾਂਦਾ ਹੈ। ਇਸ ਦੀਆਂ ਜੜ੍ਹਾਂ ਸਿੱਧੀਆਂ ਅਤੇ ਲੰਬੀਆਂ ਹੁੰਦੀਆਂ ਹਨ। ਇਸ ਦੀਆਂ ਟਹਿਣੀਆਂ ਫੈਲੀਆਂ ਹੁੰਦੀਆਂ ਹਨ। ਇਸ ਦੇ ਛੋਟੇ ਛੋਟੇ ਫੁੱਲ ਲੰਬੀ ਡੰਡੀ ਵਾਲੇ ਅਤੇ ਸ਼ਾਖ਼ਾਵਾਂ ਵਾਲੇ ਵੱਡੇ ਫੁੱਲ ਛਤਰੀ ਵਿਚ ਹੁੰਦੇ ਹਨ।

ਜੀਰੇ ਦੇ ਪੌਦੇ ਅਰਬ ਦੇਸ਼ਾਂ ਜਿਵੇਂ ਸਾਊਦੀ ਅਰਬ, ਮਿਸਰ ਸੀਰੀਆ ਅਤੇ ਸਪੇਨ ਤੋਂ ਇਲਾਵਾ ਭਾਰਤ ਵਿਚ ਬੰਗਾਲ ਅਤੇ ਆਸਾਮ ਤੋਂ ਛੁੱਟ ਸਾਰੇ ਭਾਰਤ ਵਿਚ ਹੀ ਮਿਲਦੇ ਹਨ। ਇਸ ਦੀ ਪ੍ਰਮੁੱਖ ਕਾਸ਼ਤ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿਚ ਹੀ ਕੀਤੀ ਜਾਂਦੀ ਹੈ।

ਜੀਰੇ ਦੇ ਫੁੱਲ ਵਿਚ ਪੇਟ ਦਰਦ ਦੂਰ ਕਰਨ, ਪਿਸ਼ਾਬ ਲਿਆਉਣ, ਬੈ-ਬਾਦੀ ਦੂਰ ਕਰਨ, ਮਾਹਵਾਰੀ ਠੀਕ ਕਰਨ ਆਦਿ ਦੇ ਗੁਣ ਹੁੰਦੇ ਹਨ ਅਤੇ ਇਹ ਬਦਹਜ਼ਮੀ ਪੇਚਸ ਅਤੇ ਆਵਾਜ਼ ਦੀ ਭਰੜਾਈ ਹੋਈ ਹਾਲਤ ਨੂੰ ਠੀਕ ਕਰਨ ਲਈ ਵੀ ਦਿੱਤਾ ਜਾਂਦਾ ਹੈ। ਜੀਰਾ ਉਤੇਜਕ ਅਤੇ ਬਾਧਕ ਹੈ। ਇਸ ਨੂੰ ਨਿੰਬੂ ਦੇ ਰਸ ਨਾਲ ਮਿਲਾ ਕੇ ਗਰਭਵਤੀ ਔਰਤ ਨੂੰ ਉਲਟੀਆਂ ਆਦਿ ਹਟਾਉਣ ਲਈ ਵੀ ਦਿੱਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਮਾਂ ਦੇ ਦੁੱਧ ਦਾ ਰਿਸਾਉ ਵਧਾਉਣ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਸੁਜਾਕ ਰੋਗ ਇਲਾਜ ਲਈ ਵਰਤੀਆਂ ਜਾਂਦੀਆਂ ਬਹੁਤ ਸਾਰੀਆਂ ਦਵਾਈਆਂ ਵਿਚ ਵੀ ਜੀਰੇ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸਾਫ਼ ਕੀਤੇ ਹੋਏ ਮੱਖਣ ਨਾਲ ਤੰਮਾਕੂ ਵਾਂਗ ਜੀਰੇ ਦਾ ਫਲ ਪੀਣ ਨਾਲ ਹਿਚਕੀ ਹਟ ਜਾਂਦੀ ਹੈ। ਜੀਰੇ ਤੋਂ ਤਿਆਰ ਕੀਤੀ ਪੁਲਟਿਸ ਛਾਤੀ ਅਤੇ ਪਤਾਲੂ ਉਪਰ ਹੋਈ ਸੋਜਿਸ਼ ਹਟਾਉਣ ਲਈ ਵਰਤੀ ਜਾਂਦੀ ਹੈ। ਬਾਰੀਕ ਕੀਤੇ ਫ਼ਲ ਸ਼ਹਿਦ ਅਤੇ ਸਾਫ਼ ਕੀਤੇ ਮੱਖਣ ਤੋਂ ਤਿਆਰ ਕੀਤਾ ਲੇਪ ਬਿਛੂ ਦੇ ਡੰਗ ਤੋਂ ਪੈਦਾ ਹੋਈ ਪੀੜ ਲਈ ਵੀ ਵਰਤਿਆ ਜਾਂਦਾ ਹੈ। ਇਸ ਦੇ ਬੀਜ ਸੱਪ ਦੇ ਡੱਸਣ ਦੇ ਇਲਾਜ ਲਈ ਵੀ ਵਰਤੇ ਜਾਂਦੇ ਹਨ।

ਹ. ਪੁ.-ਐ. ਪ. ਇੰ. ਪਾ. 97; ਗ. ਇੰ. ਮੈ. ਪ. : 84

**ਜੀਰਾ** : ਤਹਿਸੀਲ—ਇਹ ਪੰਜਾਬ (ਭਾਰਤ) ਦੇ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਇਕ ਤਹਿਸੀਲ ਹੈ। ਇਸੇ ਨਾਂ ਦਾ ਨਗਰ ਇਸ ਦਾ ਸਦਰ-ਮੁਕਾਮ ਹੈ। ਇਹ ਤਹਿਸੀਲ 1312. 64 ਵ. ਕਿ.ਮੀ. ਦੇ ਰਕਬੇ ਵਿਚ ਫੈਲੀ ਹੋਈ ਹੈ। ਇਸ ਦੀ ਆਬਾਦੀ 1,41,460 (1991) ਹੈ। ਸਤਲੁਜ ਇਸ ਦੇ ਉੱਤਰ ਵੱਲੋਂ ਲੰਘਦਾ ਹੋਇਆ ਇਸ ਨੂੰ ਅੰਮ੍ਰਿਤਸਰ ਜ਼ਿਲ੍ਹੇ ਨਾਲੋਂ ਵੱਖ ਕਰਦਾ ਹੈ। ਤਹਿਸੀਲ ਦਾ ਖੇਤਰ ਕੁਦਰਤੀ ਤੌਰ ਤੇ ਹੀ ਬੇਟ, ਰੋਹੀ ਅਤੇ ਬੇਟ ਤੋਂ ਰੋਹੀ ਵਿਚਕਾਰ ਦੀ ਲੰਬੀ ਪੱਟੀ ਦੇ ਖੇਤਰ, ਤਿੰਨਾਂ ਹਿੱਸਿਆਂ ਵਿਚ ਵੰਡਿਆਂ ਗਿਆ ਹੈ। ਬੇਟ ਵਾਲਾ ਇਲਾਕਾ ਦਰਿਆ ਦੇ ਨਾਲ ਨਾਲ ਜਲੋਢ ਮਿੱਟੀ ਵਾਲਾ ਹੈ ਜਿਸ ਨੂੰ ਗ੍ਰੇ ਨਹਿਰਾਂ ਸਿੰਜਦੀਆਂ ਹਨ। ਰੋਹੀ ਜਿਸ ਨੂੰ ਉਚ-ਭੂਮੀ ਪਠਾਰ ਵੀ ਕਿਹਾ ਜਾ ਸਕਦਾ ਹੈ। ਵਧੀਆ ਮੈਰਾ ਜਾਂ ਦੁਮਟ ਮਿੱਟੀ ਵਾਲੀ ਉਪਜਾਊ ਜ਼ਮੀਨ ਹੈ। ਤੀਜਾ ਖੇਤਰ ਬਹੁਤ ਹੀ ਨਵੀਨਤਮ ਹੋਂਦ ਵਾਲਾ ਤੰਗ ਤੇ ਨਮੀ ਪੱਟੀ ਦੇ ਰੂਪ ਵਿਚ ਬੇਟ ਤੇ ਮੈਰਾ ਖੇਤਰਾਂ ਵਿਚਕਾਰ ਪੈਂਦਾ ਹੈ।

ਮਖੂ ਤੇ ਧਰਮਕੋਟ ਕਸਬਿਆਂ ਤੋਂ ਇਲਾਵਾ ਕਈ ਪਿੰਡ ਇਸ ਤਹਿਸੀਲ ਵਿਚ ਸ਼ਾਮਲ ਹਨ। ਤਹਿਸੀਲ ਦੇ ਸਦਰ-ਮੁਕਾਮ ਜ਼ੀਰਾ ਵਿਖੇ ਇਕ ਸਰਕਾਰੀ ਡਿਗਰੀ ਕਾਲਜ ਹੈ। ਗੰਨਾ ਮਿੱਲ ਦੀ ਸਥਾਪਨਾ ਕੀਤੀ ਗਈ ਹੈ।

ਹ. ਪੁ.–ਇੰਪ. ਗ. ਇੰਡ. 24 : 437

**ਜ਼ੀਰਾ** : ਸ਼ਹਿਰ–ਇਹ ਭਾਰਤ ਦੇ ਪੰਜਾਬ ਰਾਜ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਇਕ ਮਸ਼ਹੂਰ ਕਸਬਾ ਹੈ ਜਿਹੜਾ ਫ਼ਿਰੋਜ਼ਪੁਰ ਸ਼ਹਿਰ ਦੇ ਪੂਰਬ ਵਿਚ 45 ਕੁ. ਕਿ.ਮੀ. ਦੇ ਫ਼ਾਸਲੇ ਤੇ ਸਥਿਤ ਹੈ। ਜ਼ੀਰਾ ਇਸੇ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ। ਸੰਨ 1867 ਵਿਚ ਇਥੇ ਮਿਉਂਸਪਲਟੀ ਪਹਿਲੀ ਵਾਰ ਸਥਾਪਿਤ ਹੋਈ। ਪਹਿਲਾਂ ਪਹਿਲਾਂ ਭਾਵੇਂ ਇਸ ਸਥਾਨ ਦੀ ਵਪਾਰਕ ਪੱਖੋਂ ਖ਼ਾਸ ਮਹੱਤਤਾ ਨਹੀਂ ਸੀ ਪਰ ਹੁਣ ਇਥੇ ਝੋਨੇ ਤੇ ਕਣਕ ਦੀ ਵੱਡੀ ਮੰਡੀ ਹੈ ਤੇ ਮਾਰਕਿਟ ਕਮੇਟੀ ਹੈ ਜਿਸ ਦੇ ਫਲਸਰੂਪ ਇਥੇ ਕਈ ਰਾਈਸ ਸ਼ੈੱਲਰ ਵੀ ਲਗ ਗਏ ਹਨ। ਇਥੇ ਰੇਲਵੇ ਸਟੇਸ਼ਨ ਹੈ ਅਤੇ ਤਲਵੰਡੀ ਭਾਈ, ਮਖੂ, ਫ਼ਿਰੋਜ਼ਪੁਰ, ਧਰਮਕੋਟ ਆਦਿ ਥਾਵਾਂ ਨੂੰ ਇਥੋਂ ਸਿਧੀਆਂ ਸੜਕਾਂ ਜਾਂਦੀਆਂ ਹਨ।

ਇਥੇ ਇਕ ਜੈਨੀ ਮੰਦਰ, ਲੜਕੇ ਅਤੇ ਲੜਕੀਆਂ ਦੇ ਵੱਖੋ ਵੱਖਰੇ ਦੋ ਹਾਈ ਸਕੂਲ ਹਨ। ਇਕ ਸਰਕਾਰੀ ਡਿਗਰੀ ਕਾਲਜ ਵੀ ਹੈ। ਰੈੱਡ ਕਰਾਸ ਸੁਸਾਇਟੀ ਦਾ ਚਲਾਇਆ ਹੋਇਆ ਇਕ ਬਾਲ ਭਲਾਈ ਕੇਂਦਰ ਤੇ ਪ੍ਰਸੂਤ ਘਰ ਵੀ ਹੈ। ਰੋਗੀਆਂ ਦੇ ਇਲਾਜ ਲਈ ਇਕ ਸਿਵਲ ਹਸਪਤਾਲ ਹੈ। ਦਿਨੋ-ਦਿਨ ਹੁਣ ਇਹ ਕਸਬਾ ਵਧ ਫੁੱਲ ਰਿਹਾ ਹੈ ਤੇ ਨਵੇਂ ਨਵੇਂ ਧੰਦੇ ਸਥਾਪਿਤ ਹੋ ਰਹੇ ਹਨ। ਅੱਜਕੱਲ੍ਹ ਗੰਨੇ ਦੀ ਵੀ ਇਕ ਮਿੱਲ ਲਗਾਈ ਗਈ ਹੈ।

ਆਬਾਦੀ–23,722 (1991)

30° 59′ ਉ. ਵਿਥ.; 74° 59′ ਪੂ. ਲੰਬ.

ਹ. ਪੁ.–ਡਿ. ਸੈ. ਹੈਂ. ਬੁਕ 12 (ਫ਼ਿਰੋਜ਼ਪੁਰ); ਇੰਪ. ਗ. ਇੰਡ. 24 : 437

**ਜੀਰਾਰਡਾੱਨ, ਫ਼ਰਾਂਸਵਾ** : ਇਸ ਫ਼ਰਾਂਸੀਸੀ ਬੁੱਤਘਾੜੇ ਨੇ 17 ਮਾਰਚ, 1628 ਨੂੰ ਟ੍ਰਵਾ (Troyes) ਵਿਖੇ ਬਪਤਿਸਮਾ ਲਿਆ। ਇਸ ਨੇ ਆਪਣਾ ਜੀਵਨ ਲੱਕੜੀ ਦੇ ਚਿੱਤਰ ਘੜਨ ਤੋਂ ਸ਼ੁਰੂ ਕੀਤਾ। ਲੂਈ 14 ਵੇਂ ਦੇ ਸਮੇਂ ਇਹ ਵਰਸੇਲਜ਼ ਵਿਖੇ ਬਹੁਤ ਬੈਰੋਕ ਬੁੱਤ ਘਾੜਿਆਂ ਵਿਚ ਗਿਣਿਆ ਜਾਂਦਾ ਸੀ। ਚਾਂਸਲਰ ਪੀਅਰੇ ਸੈਗੁਈਅਰ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹ ਇਸ ਨੂੰ ਪੈਰਿਸ ਲੈ ਆਇਆ ਅਤੇ ਬਾਅਦ ਵਿਚ ਸਿਖਲਾਈ ਲਈ ਇਸ ਨੂੰ ਰੋਮ ਭੇਜਿਆ ਗਿਆ।

ਸੰਨ 1650 ਦੇ ਲਗਭਗ ਇਹ ਵਾਪਸ ਫ਼ਰਾਂਸ ਆਇਆ ਅਤੇ 1657 ਈ. ਪੂ. ਵਿਚ 'ਰਾਇਲ ਅਕਾਦਮੀ ਆਫ਼ ਪੇਂਟਿੰਗ ਅਤੇ ਸਕਲਪਚਰ' ਦਾ ਮੈਂਬਰ ਬਣ ਗਿਆ। ਇਸ ਨੇ ਸ਼ਾਹੀ ਮਹੱਲਾਂ ਦੀ ਸਜਾਵਟ ਲਈ ਬਹੁਤ ਕੰਮ ਕੀਤਾ। ਇਸ ਨੇ ਲੂਵਰ ਵਿਖੇ ਕੰਮ ਕੀਤਾ ਅਤੇ 1666 ਵਿਚ ਇਸ ਨੂੰ ਇਸ ਦੀ ਸਭ ਤੋਂ ਉੱਘੀ ਕ੍ਰਿਤ 'Apolle Tended by the Nymphs' ਦਾ ਕੰਮ ਸੌਂਪਿਆ ਗਿਆ। ਵਰਸੇਲਜ਼ ਵਿਖੇ ਇਸ ਦੀ ਹੋਰ ਪ੍ਰਸਿੱਧ ਕ੍ਰਿਤ ਵਿਚ 'Bain des Numphes' (1668-70) ਅਤੇ 'The rape of per séphone' (1677-79) ਸ਼ਾਮਲ ਹਨ।

ਆਪਣੇ ਕਲਾਸਕੀ ਝੁਕਾਵਾਂ ਕਰਕੇ ਅਤੇ ਸਜਾਵਟੀ ਕੰਮ ਵਿਚ ਮਾਹਿਰ ਹੋਣ ਕਰਕੇ ਸ਼ਾਹੀ ਦਰਬਾਰ ਵੱਲੋਂ ਇਸ ਨੂੰ ਬੇਸ਼ੁਮਾਰ ਕਾਰਜ ਸੌਂਪੇ ਜਾਂਦੇ ਰਹੇ।

1 ਸਤਬੰਰ, 1715 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 4 : 554; ਐਨ. ਅਮੈ. 12 :664; ਐਨ. ਬ੍ਰਿ. 10:431

**ਜੀਰਾਰਦੈਨ, ਐਮੀਲ ਦਾ** : ਇਹ ਇਕ ਫ਼ਰਾਂਸੀਸੀ ਲੇਖਕ ਅਤੇ ਆਧੁਨਿਕ ਪੱਤਰਕਾਰੀ ਦਾ ਮੋਢੀ ਸੀ ਜਿਸ ਨੂੰ ਇਸ ਦੇ ਅਖ਼ਬਾਰਾਂ ਦੀ ਬੇਤਹਾਸ਼ਾ ਵਿਕਰੀ ਕਾਰਨ 'ਪ੍ਰੈੱਸ ਦਾ ਨੈਪੋਲੀਅਨ' ਆਖਿਆ ਜਾਂਦਾ ਸੀ। ਇਸ ਦਾ ਜਨਮ ਪੈਰਿਸ ਵਿਖੇ 21 ਜੂਨ, 1806 ਨੂੰ ਹੋਇਆ। ਇਸ ਦੀ ਪਹਿਲੀ ਕ੍ਰਿਤ ਇਸ ਦਾ ਸਵੈ-ਜੀਵਨੀ ਨਾਵਲ 'ਐਮੀਲ' (1827) ਸੀ। ਸੰਨ 1828 ਵਿਚ ਇਸ ਨੇ 'Le Valeur' ਨਾਂ ਦਾ ਮਾਸਿਕ ਮੈਗਜ਼ੀਨ ਕੱਢਿਆ। ਸੰਨ 1837 ਵਿਚ ਇਸ ਨੇ ਲੇਖਿਕਾ ਡੈਲਫੀਨ ਦੇ ਨਾਲ ਵਿਆਹ ਕਰਾ ਲਿਆ। ਪ੍ਰਕਾਸ਼ਨਾਵਾਂ ਦੇ ਖੇਤਰ ਵਿਚ ਜੀਰਾਰਡੈਨ ਨੂੰ ਬੜੀ ਸਫਲਤਾ ਮਿਲੀ ਅਤੇ 1834 ਵਿਚ ਇਹ ਡਿਪਟੀ ਚੁਣਿਆ ਗਿਆ। ਸੰਨ 1836 ਵਿਚ 'La Presse' ਪੱਤਰਕਾਰੀ ਕਰਕੇ ਇਸ ਨੇ ਹੋਰ ਵੀ ਵਧੇਰੇ ਪ੍ਰਸਿੱਧੀ ਪ੍ਰਾਪਤ ਕੀਤੀ। ਇਕ ਹੋਰ ਪ੍ਰਕਾਸ਼ਕ ਆਰਮੰਡ ਕਾਰੇਲ ਨਾਲ ਨਿਜੀ ਤੇ ਰਾਜਨੀਤਿਕ ਝਗੜੇ ਕਾਰਨ 22 ਜੁਲਾਈ, 1836 ਨੂੰ ਇਸਨੇ ਉਸ ਦਾ ਕਤਲ ਕਰ ਦਿੱਤਾ, ਜਿਸ ਨਾਲ ਇਸ ਦੀ ਪ੍ਰਸਿੱਧੀ ਦਾ ਪਤਨ ਹੋ ਗਿਆ।

ਸੰਨ 1848 ਵਿਚ ਇਸ ਨੇ ਲੂਈ ਫਿਲਾਟਸ ਨੂੰ ਗੱਦੀ ਛੱਡਣ ਦੀ ਸਲਾਹ ਦਿੱਤੀ ਪਰ ਜੂਨ, 1848 ਦੀ ਗੜਬੜ ਸਮੇਂ ਇਸ ਨੇ ਲੂਈ ਨੈਪੋਲੀਅਨ ਦੀ ਸਹਾਇਤਾ ਦਾ ਐਲਾਨ ਕੀਤਾ। ਸੰਨ 1856 ਵਿਚ ਇਸ ਨੇ 'La Presser' ਦੀ ਸੰਪਾਦਕੀ ਛੱਡ ਦਿੱਤੀ ਪਰ 1862 ਵਿਚ ਵਾਪਸ ਆ ਗਿਆ। ਸੰਨ 1866 ਵਿਚ ਇਹ 'La Liberty' ਮੈਗਜ਼ੀਨ ਦਾ ਸੰਪਾਦਕ ਬਣ ਗਿਆ। ਸਮੇਂ ਸਮੇਂ ਜੀਰਾਰਡੈਨ ਪਾਰਟੀਆਂ ਬਦਲਦਾ ਰਿਹਾ। ਸੰਨ 1870 ਵਿਚ ਇਹ ਰੀਪਬਲੀਕਨ ਬਣ ਗਿਆ। ਸੰਨ 1872 ਵਿਚ ਇਸ ਨੇ 'Lepetit Journal' ਖਰੀਦ ਲਿਆ ਅਤੇ 1874 ਵਿਚ ਇਹ 'La France' ਦਾ ਰਾਜਨੀਤਿਕ ਸੰਪਾਦਕ ਬਣ ਗਿਆ। ਇਸ ਦੀ ਮੌਤ ਪੈਰਿਸ ਵਿਖੇ 27 ਅਪ੍ਰੈਲ, 1881 ਨੂੰ ਹੋਈ।

ਹ. ਪੁ.–ਐਨ. ਬ੍ਰਿ. 10 : 431

**ਜੀਰੀ ਆਰਥਰ (Giry Arthur)** : ਇਹ ਇਕ ਫ਼ਰਾਂਸੀਸੀ ਇਤਿਹਾਸਕਾਰ ਹੋਇਆ ਹੈ ਜਿਸਨੇ ਫ਼ਰਾਂਸ ਦੇ ਸ਼ਹਿਰੀ ਭਾਈਚਾਰਿਆਂ ਦੇ ਮੂਲ ਅਤੇ ਉਨ੍ਹਾਂ ਦੀ ਮਹੱਤਤਾ ਸਬੰਧੀ ਡੂੰਘਾ ਅਧਿਐਨ ਕੀਤਾ ਅਤੇ ਇਸ ਸਬੰਧੀ ਇਤਿਹਾਸਕ ਖੇਤਰ ਵਿਚ ਇਸ ਦੀ ਕਾਫ਼ੀ ਦੇਣ ਹੈ। ਜੀਰੀ ਆਰਥਰ ਨੂੰ ਜੀਨ ਮੇਰੀ ਜੋਸਫ ਵੀ ਕਿਹਾ ਜਾਂਦਾ ਸੀ। ਇਸ ਦਾ ਜਨਮ ਐਨ ਡਿਪਾਰਟਮੈਂਟ ਦੇ ਟ੍ਰੇਵ ਸ਼ਹਿਰ ਵਿਖੇ 28 ਫ਼ਰਵਰੀ, 1848 ਨੂੰ ਹੋਇਆ। ਇਸ ਨੇ 'Ecole de Droit', 'the Ecole des chartes' ਅਤੇ 'Ecoledes Hautes Etudes' ਵਿਖੇ ਵਿੱਦਿਆ ਪ੍ਰਾਪਤ ਕੀਤੀ। ਇਸਨੇ ਬਿਬਲੀਓਥੀਕ ਨੈਸ਼ਨਲ ਅਤੇ ਆਰਕਾਈਵਜ਼ ਨੈਸ਼ਨਲਜ਼ ਵਿਖੇ ਨੌਕਰੀ ਕਰਨ ਉਪਰੰਤ 1877 ਵਿਚ 'Ecole des Haunter Etudes' ਵਿਖੇ ਲੈਕਚਰਾਰ ਨਿਯੁਕਤ ਹੋਇਆ। ਸੰਨ 1981 ਵਿਚ ਇਹ ਸਾੱਬੋਨ ਵਿਖੇ 'ਫੈਕਲਟੀ ਆਫ਼ ਲੈਟਰਜ਼' ਵਿਚ ਵੀ ਲੈਕਚਰਾਰ ਦੇ ਤੌਰ ਤੇ ਰਿਹਾ। ਇਸ ਦੀਆਂ ਕ੍ਰਿਤਾਂ ਵਿਚੋਂ ਹੇਠਾਂ ਲਿਖੀਆਂ ਕਾਫ਼ੀ ਪ੍ਰਸਿੱਧ ਹਨ–

1. Histoire de la ville de saint omeret de ses institutions jusquau XVI siecle (1877)

2. Les Etablissements de Rouen (1883-85)

3. Documents sur les relations de la royante avec les villes de France de 1180 a 1314 (1885).

4. Manuel de diplomatique

ਲਿਖਣ ਕਰਕੇ ਅਕਾਦਮੀ ਇਨਸਕ੍ਰਿਪਸ਼ਨਜ਼ ਲਈ ਇਸ ਨੂੰ ਚੁਣਿਆ ਗਿਆ।

13 ਨਵੰਬਰ, 1899 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 10 : 436

**ਜੀਰੋ, ਆਨਰੀ ਆਨੌਰ** (Giraud Henri Honare): ਇਹ ਇਕ ਫ਼ਰਾਂਸੀਸੀ ਸਿਪਾਹੀ ਸੀ, ਜਿਸ ਦਾ ਜਨਮ 18 ਜਨਵਰੀ, 1879 ਵਿਚ ਪੈਰਿਸ ਵਿਖੇ ਹੋਇਆ। ਇਸ ਨੇ ਸਥਾਨਕ ਸਕੂਲਾਂ ਅਤੇ (St. cyss) ਵਿਖੇ ਸਿੱਖਿਆ ਹਾਸਲ ਕੀਤੀ। ਇਹ ਮੁਢਲੀ ਉਮਰ ਵਿਚ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਕੁਝ ਸਮੇਂ ਲਈ ਮੋਰਾਕੋ ਵਿਚ ਨੌਕਰੀ ਕੀਤੀ। ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਵਿਚ ਇਹ ਕੈਪਟਨ ਦੇ ਅਹੁਦੇ ਤੱਕ ਪਹੁੰਚ ਗਿਆ ਅਤੇ ਮੁਢਲੇ ਮੁਕਾਬਲੇ ਵਿਚ ਹਿੱਸਾ ਲਿਆ। ਇਸ ਦੌਰਾਨ ਇਹ ਜ਼ਖ਼ਮੀ ਹੋ ਗਿਆ ਅਤੇ ਸਤੰਬਰ, 1914 ਦੇ ਸ਼ੁਰੂ ਵਿਚ ਜਰਮਨਾਂ ਨੇ ਇਸ ਨੂੰ ਫੜ ਲਿਆ ਪਰ ਜਲਦੀ ਹੀ ਨਵੰਬਰ ਵਿਚ ਇਹ ਜਰਮਨ ਹਸਪਤਾਲ ਵਿਚੋਂ ਬਚਕੇ ਨਿਕਲ ਗਿਆ ਅਤੇ ਹਾਲੈਂਡ ਤੋਂ ਇੰਗਲੈਂਡ ਹੁੰਦਾ ਹੋਇਆ 1915 ਦੇ ਸ਼ੁਰੂ ਵਿਚ ਫ਼ਰਾਂਸ ਵਾਪਸ ਆ ਗਿਆ। ਫ਼ਰਾਂਸ ਵਿਚ ਇਸ ਨੇ ਮੁੱਖ ਕਾਰਵਾਈਆਂ ਵਿਚ ਹਿੱਸਾ ਲਿਆ ਅਤੇ 1918 ਵਿਚ ਤੁਰਕੀ ਦੇ ਈਨ ਮੰਨ ਲੈਣ ਤੋਂ ਬਾਅਦ ਇਸ ਨੇ ਦੱਖਣ ਪੱਛਮ ਵਿਚ ਤੁਰਕੀ ਰਾਜ਼ੀਨਾਮੇ ਦੇ ਸਬੰਧ ਵਿਚ ਕੁਝ ਸਮੇਂ ਲਈ ਨੌਕਰੀ ਕੀਤੀ। ਇਸ ਤੋਂ ਬਾਅਦ ਇਹ ਫ਼ਰਾਂਸ ਵਾਪਸ ਆ ਗਿਆ ਅਤੇ 1922 ਵਿਚ Marshal Lyautey ਦੇ ਸਟਾਫ਼ ਦੇ ਚੀਫ਼ ਵਜੋਂ ਮੋਰਾਕੋ ਚਲਾ ਗਿਆ। ਸੰਨ 1925-26 ਵਿਚ ਇਸ ਨੇ ਰਿਫ (Riff) ਲੀਡਰ Abd-el-Krim ਨੂੰ ਹਰਾਇਆ। ਇਸ ਲੜਾਈ ਦੌਰਾਨ ਇਹ ਜ਼ਖ਼ਮੀ ਹੋ ਗਿਆ। ਇਸ ਨੂੰ ਸਿਹਤਯਾਬੀ ਲਈ ਫ਼ਰਾਂਸ ਭੇਜਿਆ ਗਿਆ। ਅਗਲੇ ਸਾਲ ਇਹ ਮੋਰਾਕੋ ਵਾਪਸ ਆ ਗਿਆ। ਸੰਨ 1930 ਵਿਚ ਇਸ ਨੂੰ ਬਗ਼ਾਵਤੀ ਕਬੀਲਿਆਂ ਵਿਰੁੱਧ ਫ਼ੌਜਾਂ ਦਾ ਕਮਾਂਡਰ ਬਣਾਇਆ ਗਿਆ।

ਦੂਜਾ ਵਿਸ਼ਵ ਯੁੱਧ ਸ਼ੁਰੂ ਹੋਣ ਤੇ ਜੀਰੋ ਨੂੰ ਦੱਖਣੀ ਫ਼ਰਾਂਸ ਵਿਚ ਸੱਤਵੀਂ ਫ਼ਰਾਂਸੀਸੀ ਫ਼ੌਜ (French Seventh Army) ਦੀ ਕਮਾਨ ਸੰਭਾਲੀ ਗਈ। ਸੰਨ 1940 ਵਿਚ ਇਸ ਨੂੰ ਫੜ ਲਿਆ ਗਿਆ। ਦੋ ਸਾਲ ਜਰਮਨੀ ਦੀ ਜੇਲ੍ਹ ਵਿਚ ਰਹਿਣ ਮਗਰੋਂ ਇਹ ਬਚ ਨਿਕਲਣ ਵਿਚ ਸਫ਼ਲ ਹੋ ਗਿਆ ਅਤੇ 1942 ਵਿਚ ਫ਼ਰਾਂਸ ਵਿਚ Vicky ਦੇ ਸਥਾਨ ਤੇ ਚਲਾ ਗਿਆ। ਇਹ ਫ਼ਰਾਂਸ ਪ੍ਰਤੀ ਬੜਾ ਵਫ਼ਾਦਾਰ ਸੀ। ਸੰਨ 1942 ਵਿਚ ਇਹ ਦੱਖਣੀ ਅਫ਼ਰੀਕਾ ਵਿਚ ਸਾਰੀਆਂ ਫ਼ਰਾਂਸੀਸੀ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਅਤੇ ਬਾਅਦ ਵਿਚ ਹਾਈ ਕਮਿਸ਼ਨਰ ਬਣਿਆ। ਜੂਨ 1, 1943 ਵਿਚ ਫ੍ਰੈਂਚ ਕਮੇਟੀ ਆਫ਼ ਨੈਸ਼ਨਲ ਲਿਬਰੇਸ਼ਨ ਦੇ Gaulle ਦਾ ਸਹਿ-ਪ੍ਰੈਜ਼ੀਡੈਂਟ ਬਣਿਆ। ਅਪ੍ਰੈਲ, 1944 ਵਿਚ ਇਸ ਨੂੰ ਫ਼ਰਾਂਸੀਸੀ ਫ਼ੌਜ ਦੀ ਕਮਾਨ ਤੋਂ ਮੁਕਤ ਕਰ ਦਿੱਤਾ ਗਿਆ। ਜੂਨ, 1946 ਵਿਚ ਇਸ ਨੂੰ ਦੂਜੀ ਸੰਵਿਧਾਨ ਸਭਾ ਦਾ ਡਿਪਟੀ ਚੁਣਿਆ ਗਿਆ।

11 ਮਾਰਚ, 1949 ਵਿਚ ਡਾਈਜਾਂ (ਫ਼ਰਾਂਸ) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਕੋਲ. ਐਨ. 8 : 490

**ਜ਼ੀਰੋਦੇ ਕੀਓਸਨ** : ਇਸ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ 29 ਫ਼ਰਵਰੀ, 1767 ਨੂੰ ਮੋਤਾਰਜੀ ਵਿਖੇ ਹੋਇਆ। ਇਸ ਦਾ ਪੂਰਾ ਨਾਂ ਐਨ-ਲੂਈ ਜੀਰੋਦੇ ਦਾ ਗਊਸੀ ਸੀ। ਇਸ ਦੇ ਬਣਾਏ ਚਿੱਤਰ ਫ਼ਰਾਂਸੀਸੀ ਕਲਾ ਦੀ ਰੋਮਾਂਚਿਕ ਲਹਿਰ ਦੇ ਪਹਿਲੇ ਪੜਾਅ ਨੂੰ ਉਜਾਗਰ ਕਰਦੇ ਹਨ। ਸੰਨ 1789 ਵਿਚ ਇਸ ਨੂੰ ਆਪਣੇ ਚਿੱਤਰ 'ਜੋਜ਼ਫ ਕਗਨਸੁਈਜ਼ਡ ਬਾਈ ਹਿਜ਼ ਬ੍ਰਦਰਜ਼' ਲਈ 'ਰੋਮ ਪ੍ਰਾਈਜ਼' ਮਿਲਿਆ। ਸੰਨ 1806 ਵਿਚ ਆਪਣੇ ਬਣਾਏ ਇਕ ਹੋਰ ਚਿੱਤਰ 'ਡਿਲਿਊਜ਼' ਤੇ ਇਨਾਮ ਮਿਲਣ ਕਾਰਨ ਇਹ ਬਹੁਤ ਪ੍ਰਸਿੱਧ ਹੋ ਗਿਆ। ਜ਼ੀਰੋਦੇ ਇਕ ਚੰਗਾ ਕਵੀ ਵੀ ਸੀ। ਆਪਣੀ ਇਸ ਰੁਚੀ ਦਾ ਵਿਖਾਵਾ ਇਸ ਨੇ ਆਪਣੀਆਂ ਕ੍ਰਿਤਾਂ ਵਿਚ ਭਲੀਭਾਂਤ ਕੀਤਾ ਹੈ। 'ਫਿੰਗਲ' (1802) 'ਐਨਟੂੰਬਮੈਂਟ ਆਫ਼ ਅਟਾਲਾ' (1908) ਅਤੇ 'ਸ਼ਾਟੋਬ੍ਰੀਆਂ ਦਾ ਪੋਰਟਰੇਟ' (1809) ਇਸ ਦੇ ਮਿਸਾਲੀ ਚਿੱਤਰ ਹਨ। ਇਸ ਦੇ ਬਣਾਏ ਭੂ-ਦ੍ਰਿਸ਼ ਚਿੱਤਰਾਂ ਅਤੇ ਪੁਸਤਕਾਂ ਲਈ ਬਣਾਈਆਂ ਤਸਵੀਰਾਂ ਵਿਚ ਇਕ ਅਨੋਖੀ ਤਾਜ਼ਗੀ ਹੈ।

9 ਦਸੰਬਰ, 1824 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 10 : 435; ਐਨ. ਬ੍ਰਿ. ਮਾ. 4 : 555

**ਜੀਲਯੀ, ਬੈਨੀਐਮੀਨੋ** (Gigli, Beniamino) : ਇਟਲੀ ਦੇ ਇਸ ਉੱਘੇ ਗਾਇਕ ਅਤੇ ਐਕਟਰ ਦਾ ਜਨਮ 20 ਮਾਰਚ, 1890 ਨੂੰ ਰੇਕਨਾਟੀ ਵਿਖੇ ਹੋਇਆ। ਇਸ ਨੇ ਰੋਮ ਵਿਖੇ ਸਿੱਖਿਆ ਪ੍ਰਾਪਤ ਕੀਤੀ। ਸੰਨ 1914 ਵਿਚ ਪਾਰਮਾ ਵਿਖੇ ਇਕ ਮੁਕਾਬਲੇ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਇਹ ਇਟਲੀ ਵਿਚ ਰੋਵੀਗੋ ਵਿਖੇ 'ਲਾ ਜੋਕੋਂਡਾ' ਵਿਚ ਕੰਮ ਕਰਨ ਤੇ ਲੋਕਾਂ ਦੀਆਂ ਨਜ਼ਰਾਂ ਵਿਚ ਚੜ੍ਹਿਆ। ਕਈ ਯੂਰਪੀ ਗੀਤ-ਨਾਟਾਂ ਵਿਚ ਹਿੱਸਾ ਲੈਣ ਕਰਕੇ ਇਸ ਨੂੰ ਬਹੁਤ ਪ੍ਰਸਿੱਧੀ ਮਿਲੀ। ਸੰਨ 1919-20 ਵਿਚ ਦੱਖਣੀ ਅਮਰੀਕਾ ਅਤੇ ਸਪੇਨ ਦਾ ਦੌਰਾ ਕਰਨ ਤੋਂ ਬਾਅਦ ਨਵੰਬਰ, 1820 ਵਿਚ ਇਸ ਨੇ ਨਿਊਯਾਰਕ ਸਿਟੀ ਦੇ ਮੈਟਰੋਪਾਲਿਟਨ ਊਪੇਰੇ ਵਿਚ ਕਮਾਲ ਦਿਖਾਏ ਅਤੇ 12 ਸਾਲ ਤੱਕ ਇਸ ਕੰਪਨੀ ਨਾਲ ਰਿਹਾ।



**ਬੈਨੀਐਮੀਨੋ ਜੀਲਯੀ**

ਸੰਨ 1930 ਵਿਚ ਇਸ ਦੇ ਕੋਵੈਂਟ ਗਾਰਡਨ ਦੇ ਪ੍ਰੋਗਰਾਮ ਨਾਲ ਲੰਡਨ ਦੇ ਪ੍ਰੋਗਰਾਮਾਂ ਦੀ ਲੜੀ ਸ਼ੁਰੂ ਹੋਈ। ਸੰਨ 1935 ਅਤੇ 1951 ਦੌਰਾਨ ਇਸ ਨੇ ਜਰਮਨੀ ਅਤੇ ਇਟਲੀ ਵਿਚ ਬਹੁਤ ਸਾਰੀਆਂ ਫ਼ਿਲਮਾਂ ਬਣਾਈਆਂ। ਸੰਨ 1946 ਤੋਂ ਬਾਅਦ ਇਹ ਕਿੰਨੀ ਵਾਰੀ ਆਪਣੀ ਲੜਕੀ ਰੀਨੋ ਜੀਲਯੀ ਨਾਲ ਗੀਤ ਨਾਟ ਵਿਚ ਅਤੇ 1955 ਵਿਚ ਆਖ਼ਰੀ ਵਾਰ ਸੰਗੀਤ-ਮੰਡਲੀ ਵਿਚ ਸ਼ਾਮਲ ਹੋਇਆ। ਇਸ ਦੀ ਸੰਗੀਤਮਈ ਆਵਾਜ਼ ਰਸੀਲੇਪਣ, ਕੋਮਲਤਾ ਅਤੇ ਸੋਜ਼ ਨਾਲ ਭਰਪੂਰ ਸੀ।

30 ਨਵੰਬਰ, 1957 ਨੂੰ ਰੋਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਅਮੈ. 12 : 647; ਐਨ. ਬ੍ਰਿ. ਮਾ. 4 : 537; ਐਨ. ਬ੍ਰਿ. 10 : 403

**ਜੀਲਯੋ** : ਇਟਲੀ ਦੇ ਗ੍ਰੋਸਾਟੋ ਪ੍ਰਾਂਤ ਦਾ ਰੂਮ ਸਾਗਰ ਵਿਚ ਸਥਿਤ ਇਕ ਟਾਪੂ ਹੈ ਜਿਹੜਾ ਇਤਾਲਵੀ ਤਟ ਤੋਂ 16 ਕਿ. ਮੀ. ਦੂਰ ਵਸਿਆ ਹੈ। ਜੀਲਯੋ 8 ਕਿ. ਮੀ. ਲੰਬਾ, 5 ਕਿ. ਮੀ. ਚੌੜਾ ਹੈ ਅਤੇ ਇਹ 21 ਵ. ਕਿ. ਮੀ. ਦੇ ਰਕਬੇ ਉੱਪਰ ਫੈਲਿਆ ਹੋਇਆ ਹੈ। ਇਸ ਦਾ ਧਰਾਤਲ ਪਰਬਤੀ ਹੈ। ਪੌੜੀਦਾਰ ਵਾਦੀਆਂ ਵਿਚ ਅੰਗੂਰਾਂ ਦੀ ਖੇਤੀ ਕੀਤੀ ਜਾਂਦੀ ਹੈ ਜਿਨ੍ਹਾਂ ਤੋਂ ਵਧੀਆ ਕਿਸਮ ਦੀ ਸ਼ਰਾਬ ਤਿਆਰ ਕੀਤੀ ਜਾਂਦੀ ਹੈ। ਸਾਹਿਲ ਦੇ ਨਾਲ-ਨਾਲ ਲੋਕ ਮੱਛੀਆਂ ਫੜਨ ਦਾ ਧੰਦਾ ਵੀ ਕਰਦੇ ਹਨ। 'ਜੀਲਯੋ ਕਾਸਟੈਲੋ' ਨਾਉਂ ਦੇ ਟਾਪੂ ਵਿਚ ਇਕੋ ਇਕ ਸ਼ਹਿਰ ਹੈ ਅਤੇ 'ਜੀਲਯੋ ਪੋਰਟੋ' ਨਾਉਂ ਦੀ ਇਥੇ ਇਕ ਬੰਦਰਗਾਹ ਹੈ। ਮੱਧ

ਕਾਲ ਦੌਰਾਨ ਪੀਸਾ ਅਤੇ ਫ਼ਲੋਰੈਂਸ ਨੇ ਜੀਲਯੋ ਉੱਪਰ ਰਾਜ ਕੀਤਾ ਅਤੇ ਪਿੱਛੋਂ ਪਿਕਾਲੋਮਿਨੀ ਨੇ ਇਸ ਉੱਪਰ ਕਬਜ਼ਾ ਕਰ ਲਿਆ। ਇਸ ਪਿੱਛੋਂ ਟੋਲੀਡੋ ਦੇ ਇਲੀਨਾਰ (Eleanor) ਨੇ ਇਸ ਨੂੰ ਆਪਣੇ ਪ੍ਰਬੰਧ ਹੇਠ ਰੱਖਿਆ। ਇਲੀਨਾਰ ਟਸਕਨੀ ਗਰੈਂਡ ਡਿਊਕ ਕਾਸੀਮੋ ਪਹਿਲੇ (Cosimo I) ਦੀ ਪਤਨੀ ਸੀ। ਟਸਕਾਨੀ ਤਟ ਤੇ ਸਥਿਤ 'ਪੋਰਟੋ ਸਟੀਫਾਨੋ' ਤੋਂ ਜੀਲਯੋ ਤੱਕ ਸਟੀਮਰ ਰੋਜ਼ ਚੱਲਦੇ ਹਨ।

ਹ. ਪੁ.–ਐਨ. ਬ੍ਰਿ. 10 : 408

**ਜੀਲਾਨੀ, ਅਬਦੁਲ ਕਾਦਿਰ** : ਇਹ ਇਸਲਾਮ ਧਰਮ ਦਾ ਉੱਘਾ ਵਿਦਵਾਨ ਪ੍ਰਚਾਰਕ ਅਤੇ ਸੂਫ਼ੀ ਸੀ ਜਿਸ ਨੇ ਕਾਦਰੀ ਫ਼ਿਰਕਾ ਕਾਇਮ ਕੀਤਾ। ਵਿਦਵਾਨਾਂ ਦੀ ਆਮ ਰਾਇ ਇਹ ਹੈ ਕਿ ਇਹ ਈਰਾਨੀ ਸੀ ਅਤੇ ਇਸ ਦਾ ਜਨਮ ਕੈਸਪੀਅਨ ਸਾਗਰ ਦੇ ਦੱਖਣ ਵੱਲ ਜੀਲਾਨ ਵਿਚ ਨਾਇਫ ਵਿਖੇ 470 ਹਿਜਰੀ (1077-78 ਈ.) ਵਿਚ ਹੋਇਆ। ਇਸ ਦਾ ਪੂਰਾ ਨਾਂ ਮੁਹੀਉੱਦੀਨ ਅਬੂ ਮੁਹੰਮਦ ਬਿਨ ਅਥੀ ਸਾਲਿਹ ਜੰਗੀ ਦੋਸ਼ਤ ਸੀ। ਕਿਹਾ ਜਾਂਦਾ ਹੈ ਕਿ ਇਹ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ਹਸਨ ਦੀ ਅੰਸ਼ ਵਿਚੋਂ ਸੀ।

18 ਸਾਲ ਦੀ ਉਮਰ ਵਿਚ ਜੀਲਾਨੀ ਬਗ਼ਦਾਦ ਵਿਖੇ ਪੜ੍ਹਨ ਗਿਆ ਅਤੇ ਫਿਰ ਉਮਰ ਭਰ ਉਥੇ ਹੀ ਰਿਹਾ। ਇਸ ਨੇ ਉਸ ਸਮੇਂ ਦੇ ਉੱਚ ਵਿਦਵਾਨਾਂ ਅਤੇ ਕਾਜ਼ੀਆਂ ਤੋਂ ਵਿੱਦਿਆ ਗ੍ਰਹਿਣ ਕੀਤੀ। ਅਬੁਲ ਖ਼ੈਰ ਹਮੱਦ ਅਲ ਦਬੱਸ ਨੇ ਇਸ ਨੂੰ ਸੂਫ਼ੀਮਤ ਦਾ ਗਿਆਨ ਕਰਵਾਇਆ। ਦੀਖਿਆ ਕਾਲ ਤੋਂ ਮਗਰੋਂ ਅਲ ਮੁੱਖਰਿਮੀ ਨੇ ਇਸ ਨੂੰ ਸੂਫ਼ੀ ਮੱਤ ਦਾ ਚੋਲਾ ਪਹਿਨਾਇਆ। ਸੰਨ 1127 ਵਿਚ 50 ਸਾਲਾਂ ਦੀ ਉਮਰ ਵਿਚ ਜੀਲਾਨੀ ਇਕ ਪ੍ਰਚਾਰਕ ਵਜੋਂ ਲੋਕਾਂ ਦੇ ਸਾਹਮਣੇ ਆਇਆ। ਛੇਤੀ ਹੀ ਇਸ ਨੇ ਇਕ ਸੁਘੜ ਪ੍ਰਚਾਰਕ ਅਤੇ ਅਧਿਆਪਕ ਹੋਣ ਦਾ ਡੰਕਾ ਵਜਾ ਦਿੱਤਾ। ਛੇ ਸਾਲ ਮਗਰੋਂ ਇਸ ਦੇ ਉਸ ਉਸਤਾਦ ਅਲ ਮੁੱਖਰਿਮੀ ਨੇ ਇਸ ਨੂੰ ਸਕੂਲ ਦਾ ਚਾਰਜ ਸੰਭਾਲ ਦਿੱਤਾ। ਇਹ ਹਦੀਸ ਅਤੇ ਫਿਕਰ ਦੇ ਉਸਤਾਦ ਅਤੇ ਪ੍ਰਚਾਰਕ ਵਜੋਂ ਪ੍ਰਸਿੱਧ ਹੋ ਗਿਆ। ਇਸ ਦੀ ਪ੍ਰੇਰਨਾ ਨਾਲ ਯਹੂਦੀਆਂ ਅਤੇ ਈਸਾਈਆਂ ਵਿਚੋਂ ਬੇਸ਼ੁਮਾਰ ਲੋਕਾਂ ਨੇ ਇਸਲਾਮ ਕਬੂਲ ਕਰ ਲਿਆ।

ਅਬੁਲ ਕਾਦਿਰ ਦੇ ਸਮੇਂ ਸੂਫ਼ੀਵਾਦ ਸਿਖ਼ਰ ਤੇ ਸੀ ਭਾਵੇਂ ਇਹ ਪੱਕਾ ਸੂਫ਼ੀ ਸੀ ਅਤੇ ਇਸ ਦਾ ਉਸ ਸਮੇਂ ਦੀ ਹੰਬਲੀ ਵਿਚਾਰਧਾਰਾ ਨਾਲ ਕੋਈ ਖਾਸ ਮੱਤਭੇਦ ਨਹੀਂ ਸੀ। ਆਪਣੀਆਂ 'ਅਲ ਗੁਨੀਆ ਲਿ-ਤਾਲਿਬੀ ਤਾਰੀਕ ਅੱਲਹੱਕ', 'ਅਲ ਫਤਹਿ ਅਲ', 'ਰੱਬਾਨੀ' ਅਤੇ 'ਫ਼ਤੂਹ ਅਲ ਗੈਬ' ਨਾਂ ਦੀਆਂ ਪੁਸਤਕਾਂ ਵਿਚ ਇਸ ਨੇ ਧਾਰਮਕ ਸਿੱਖਿਆ ਭਰੀਆਂ ਗੱਲਾਂ ਅਤੇ ਉਪਦੇਸ਼ ਲਿਖੇ ਹਨ। 'ਅਲ ਕਸੀਦਾ ਅਲ ਗੌਸੀਆ' ਇਸ ਦੀ ਪ੍ਰਸਿੱਧ ਰਹੱਸਵਾਦੀ ਕਵਿਤਾ ਮੰਨੀ ਜਾਂਦੀ ਹੈ।

ਇਸ ਦੀ ਮੌਤ 1166 ਵਿਚ ਬਗ਼ਦਾਦ ਵਿਚ ਹੋਈ।

ਹ. ਪੁ. -ਐਨ. ਇਸ. 1 : 69;

**ਜ਼ੀਲੈਂਡ** : ਦੱਖਣ-ਪੱਛਮੀ ਨੀਦਰਲੈਂਡਜ਼ ਦਾ ਇਹ ਇਕ ਤਟੀ ਪ੍ਰਾਂਤ ਹੈ ਜਿਸ ਨੇ ਸਕੈਲਟ ਅਤੇ ਮਾਸ ਦਰਿਆ ਦਾ ਡੈਲਟਾ ਮੱਲਿਆ ਹੋਇਆ ਹੈ। ਇਸ ਵਿਚ ਜੀਨਵਸ ਵਾਲੈਂਡਰੈਨ, ਪੱਛਮੀ ਸਕੈਲਟ ਅਤੇ ਬੈਲਜ਼ੀਅਮ ਵਿਚਕਾਰਲੀ ਫਲੈਂਡਰਜ਼ ਮੁੱਖ ਭੂਮੀ ਦੀ ਇਕ ਪੱਟੀ ਅਤੇ ਸਾਬਕਾ ਦੀਪ ਸਕਾਊਰੈਨ ਡਾਇਵਲਾਂਟ ਟੋਲੈਨ ਉੱਤਰੀ ਬੇਵਲਾਂਟ ਵਾਲ ਕਰੈਨ, ਦੱਖਣੀ ਬੇਵਲਾਂਟ ਅਤੇ ਸਿੰਟ ਫਿਲਿਪਸਲਾਂਟ ਸ਼ਾਮਲ ਹਨ। ਇਨ੍ਹਾਂ ਵਿਚੋਂ ਕਿਸੇ ਵੀ ਦੀਪ ਕੋਲ ਆਪਣੀ ਅਸਲੀ ਹੋਂਦ ਨਹੀਂ ਰਹੀ। ਇਹ ਸਾਰੇ ਦੀਪ ਇਕ ਦੂਜੇ ਨਾਲ ਜਾਂ ਉੱਤਰੀ ਬਰਾਂਬਾਂਟ ਨਾਲ ਡੈਮਾਂ ਜਾਂ ਪੁਲਾਂ ਰਾਹੀਂ ਜੁੜੇ ਹੋਏ ਹਨ।

ਸੰਨ 1323 ਵਿਚ ਹਾਲੈਂਡ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਇਹ ਫਲੈਂਡਰਜ਼ ਅਤੇ ਹਾਲੈਂਡ ਦੇ ਕਾਊਂਟੀ ਵਿਚਕਾਰ ਝਗੜਾ ਬਣਿਆ ਰਿਹਾ। ਸਟੈਡਹੋਲਡਰ ਵਿਲੀਅਮ ਤੀਜੇ (1672-1702) ਦੇ ਰਾਜ ਕਾਲ ਦੌਰਾਨ ਇਸ ਨੂੰ ਬਾਕੀ ਦੇ ਦੇਸ਼ ਵਿਚ ਸ਼ਾਮਲ ਕਰ ਲਿਆ ਗਿਆ। ਇਥੋਂ ਦਾ ਇਤਿਹਾਸ ਸਮੁੰਦਰ ਸਬੰਧੀ ਇਕ ਨਿਰੰਤਰ ਜੱਦੋ-ਜਹਿਦ ਨਾਲ ਭਰਿਆ ਰਿਹਾ। ਜਲੋਢੀ ਗਾਦ ਨਾਲ ਦੀਪਾਂ ਦਾ ਖੇਤਰ ਵਧਦਾ ਰਿਹਾ। ਬੰਨ੍ਹ ਮਾਰਕੇ ਇਨ੍ਹਾਂ ਦੀ ਰੱਖਿਆ ਕੀਤੀ ਗਈ। ਹੜ੍ਹਾਂ ਨੇ ਵੀ ਇਨ੍ਹਾਂ ਦੀਪਾਂ ਦਾ ਕਾਫ਼ੀ ਇਲਾਕਾ ਖੋਰ ਦਿੱਤਾ। ਇਸ ਤਰ੍ਹਾਂ ਜ਼ੀਲੈਂਡ ਦੇ ਨਕਸ਼ੇ ਵਿਚ ਲਗਾਤਾਰ ਤਬਦੀਲੀ ਆਉਂਦੀ ਰਹੀ। ਬੰਨ੍ਹਾਂ ਦੇ ਬਾਵਜੂਦ 1 ਫ਼ਰਵਰੀ, 1953 ਨੂੰ ਇਥੇ ਬਹੁਤ ਭਾਰੀ ਹੜ੍ਹ ਆਏ ਜਿਨ੍ਹਾਂ ਨਾਲ ਇਥੋਂ ਦਾ ਬਹੁਤ ਨੁਕਸਾਨ ਹੋਇਆ। ਸੰਨ 1971 ਵਿਚ ਇਸ ਪ੍ਰਾਂਤ ਦਾ ਕੁੱਲ ਰਕਬਾ 2,746 ਵ. ਕਿ. ਮੀ. (1,060 ਵ. ਮੀਲ) ਸੀ ਅਤੇ ਵਸੋਂ 3,59,205 (1992) ਸੀ।

ਦੂਜੇ ਵਿਸ਼ਵ ਯੁੱਧ ਦੀ ਤਬਾਹੀ ਅਤੇ 1953 ਦੇ ਹੜ੍ਹਾਂ ਪਿੱਛੋਂ ਵਾਲਕਰੈਨ ਅਤੇ ਸਕਾਊਵੈਨ ਡਾਇਵਲਾਂਟ (Schouwen Duiveland) ਦੀਪਾਂ ਉੱਤੇ ਬਹੁਤ ਭਾਰੀ ਤਬਦੀਲੀਆਂ ਆਈਆਂ। ਬੰਨ੍ਹਾਂ ਦੀ ਮੁਰੰਮਤ ਕਰਨ ਉਪਰੰਤ ਵਿਸਤ੍ਰਿਤ ਰੂਪ ਵਿਚ ਦੇਹਾਤੀ ਪੁਨਰ-ਉਸਾਰੀ ਕੀਤੀ ਗਈ ਅਤੇ ਆਈਸੈੱਲਮੀਰ (Ijsselmeer) ਦੇ ਉੱਤਰ-ਪੂਰਬੀ ਪੋਲਡਰ ਵਿਚਾਲੇ ਜ਼ੀਲੈਂਡ ਦੇ ਕਿਸਾਨਾਂ ਦੇ ਪੁਨਰਵਾਸ ਹੋ ਜਾਣ ਨਾਲ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਹੋਰਨਾਂ ਫ਼ਾਰਮਾਂ ਦਾ ਵਿਸਥਾਰ ਕਰਨ ਲਈ ਵਰਤ ਲਿਆ ਗਿਆ। ਅਜਿਹੇ ਕਦਮਾਂ ਨਾਲ ਇਥੋਂ ਦੀ ਖੇਤੀਬਾੜੀ ਦਾ ਮੁਕੰਮਲ ਰੂਪ ਵਿਚ ਵਿਗਿਆਨਕ ਢੰਗ ਨਾਲ ਪੁਨਰ-ਗਠਨ ਕਰ ਲਿਆ ਗਿਆ ਅਤੇ ਇਥੋਂ ਦੀ ਵਾਹੀ ਦਾ ਵਿਸਤ੍ਰਿਤ ਰੂਪ ਵਿਚ ਮਸ਼ੀਨੀਕਰਨ ਕਰ ਦਿੱਤਾ ਗਿਆ ਹੈ। ਵਾਹੀ ਵਿਚ ਬਹੁਤ ਅਸਰਦਾਇਕ ਤਰੀਕੇ ਅਪਨਾਏ ਗਏ ਹਨ ਜਿਨ੍ਹਾਂ ਨਾਲ ਇਥੋਂ ਦੀਆਂ ਫ਼ਸਲਾਂ ਦਾ ਪ੍ਰਤੀ ਏਕੜ ਝਾੜ ਬਹੁਤ ਜ਼ਿਆਦਾ ਹੈ। ਜ਼ੀਲੈਂਡ ਦੀ ਭੂਮੀ ਦਾ ਵਧੇਰੇ ਹਿੱਸਾ ਸਮੁੰਦਰੀ ਚਿਕਣੀ ਮਿੱਟੀ ਵਾਲਾ ਹੈ ਜਿਥੇ ਪੂਰੀ ਵਾਹੀ ਹੁੰਦੀ ਹੈ। ਇਸ ਹਿੱਸੇ ਵਿਚ ਅਨਾਜ, ਆਲੂ, ਚਕੰਦਰ ਅਤੇ ਹੋਰ ਵਪਾਰਕ ਫ਼ਸਲਾਂ ਜਿਵੇਂ ਸਣ (ਵਿਸ਼ੇਸ਼ ਤੌਰ ਤੇ ਬੇਵਲਾਂਟ ਵਿਚ), ਤੋਰੀਆ, ਖਸਖਸ ਆਦਿ ਬੀਜੀ ਜਾਂਦੀ ਹੈ।

ਇਥੋਂ ਦੀ ਵਾਹੀ ਹੋਈ ਜ਼ਮੀਨ ਦਾ ਲਗਭਗ 15% ਪਸ਼ੂਆਂ ਦੀ ਚਰਾਂਦਾਂ ਅਤੇ ਰਸਾਲੇ ਦੇ ਘੋੜਿਆਂ ਲਈ ਅਤੇ ਲਗਭਗ 9% ਬਾਗ਼ਬਾਨੀ, ਗੰਢਿਆਂ, ਸਬਜ਼ੀਆਂ ਅਤੇ ਫ਼ਲਾਂ ਲਈ ਵਿਸ਼ੇਸ਼ ਤੌਰ ਤੇ ਬੇਵਲਾਂਟ ਲਈ ਵਰਤਿਆ ਜਾਂਦਾ ਹੈ। ਡੈਲਟਾ ਪਲਾਨ ਨਾਲ ਜਦੋਂ ਸਮੁੰਦਰੀ ਚੈਨਲਾਂ ਵਿਚ ਕਾਫ਼ੀ ਤਾਜ਼ਾ ਪਾਣੀ ਆ ਗਿਆ ਤਾਂ ਰਵਾਇਤੀ ਸਿੱਪ ਕਲਚਰ ਅਤੇ ਮਸਲ (Mussel) ਕਿਸਮ ਦੇ ਮੱਛੀ ਉਦਯੋਗ ਨੂੰ ਕਾਫ਼ੀ ਸੱਟ ਵਜੇਗੀ ਪਰ ਸੈਰ-ਸਪਾਟੇ ਅਤੇ ਸਮੁੰਦਰੀ ਕੰਢੇ ਬਣੀਆਂ ਅਰਾਮਗਾਹਾਂ ਨੂੰ ਉੱਨਤ ਹੋਏ ਸੰਚਾਰ ਸਾਧਨਾਂ ਤੋਂ ਕਾਫ਼ੀ ਲਾਭ ਪੁੱਜੇਗਾ।

ਡੱਚ ਪ੍ਰਾਂਤਾਂ ਵਿਚੋਂ ਇਹ ਆਬਾਦੀ ਵਿਚ ਸਭ ਤੋਂ ਛੋਟਾ ਪ੍ਰਾਂਤ ਹੈ। ਇਥੇ ਉਦਯੋਗ ਬਹੁਤ ਥੋੜ੍ਹੇ ਹਨ। ਇਥੇ ਕੋਈ ਵੱਡੇ ਨਗਰ ਵੀ ਨਹੀਂ ਹਨ। ਡੈਲਟਾ ਪਲਾਨ ਦੇ ਮੁਕੰਮਲ ਹੋ ਜਾਣ ਨਾਲ ਇਥੇ ਅਗਾਊਂ ਵਿਕਾਸ ਦੀ ਕਾਫ਼ੀ ਆਸ ਹੈ। ਵਲਿਸਿੰਗੇਨ (Vilisingen), ਮਿਡਲਬਰਗ (Middleburg), ਗੂਸ (Goes), ਟਰਨਜ਼ੈਨ (Terneuzen) ਅਤੇ ਸਾਸ ਵਾਨ ਗੈਂਟ (Sars Von Gent) ਇਥੋਂ ਦੀ ਆਬਾਦੀ ਦੇ ਮਹੱਤਵਪੂਰਨ ਕੇਂਦਰ ਹਨ।

ਇਥੋਂ ਦੀਆਂ ਦੋ ਕੁਦਰਤੀ ਰੱਖਾਂ ਤਟਵਰਤੀ ਰੇਤ ਤੇ ਟਿੱਬਿਆਂ ਵਾਲੇ ਖੇਤਰਾਂ ਅਤੇ ਜੰਗਲੀ ਜਾਨਵਰਾਂ ਨੂੰ ਸੁਰੱਖਿਅਤ ਰੱਖਦੀਆਂ ਹਨ।

51°30′ ਉ. ਵਿਥ.; 3°50′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 10 : 869

**ਜੀਲੋ, ਕਲਾਡ** (Gillot Claude) : ਇਹ ਫ਼ਰਾਂਸ ਦਾ ਚਿੱਤਰਕਾਰ, ਨਕਸ਼ਾਕਾਰ ਅਤੇ ਸਟੇਜ ਡਿਜ਼ਾਇਨਕਾਰ ਸੀ। ਇਸ ਦਾ ਜਨਮ 27 ਅਪ੍ਰੈਲ, 1673 ਨੂੰ Iangres ਵਿਚ ਹੋਇਆ। ਇਹ ਮਹਾਨ ਚਿੱਤਰਕਾਰ ਆਂਤਵਾਂ ਵੱਤੋ ਦਾ ਉਸਤਾਦ ਸੀ। ਜੀਲੋ ਥੀਏਟਰ ਅਤੇ ਗੀਤ ਨਾਟਕ ਦੋਹਾਂ ਲਈ ਸੀਨਰੀਆਂ ਅਤੇ ਪੁਸ਼ਾਕਾਂ ਦੇ ਡਿਜ਼ਾਇਨਾਂ ਦਾ ਨਿਰਦੇਸ਼ਨ ਕਰਦਾ ਸੀ। ਇਹ 'ਫ਼ੀਸਟ ਆਫ਼ ਪੈਨ' ਵਰਗੇ ਆਪਣੇ ਸੁਗਲੀ ਮਿਥਿਹਾਸਕ ਚਿੱਤਰਾਂ ਕਰਕੇ 1715 ਵਿਚ ਪੈਰਿਸ ਦੀ ਫ਼ਰੈਂਚ ਅਕੈਡਮੀ ਵਿਚ ਪਹੁੰਚਿਆ। ਉਦੋਂ ਤੱਕ ਸਮੇਂ ਦੀ ਮੰਗ ਅਨੁਸਾਰ ਇਹ ਆਪਣੀ ਕਲਾ ਵਿਚ ਲੋੜੀਂਦਾ ਸੋਹਜ ਲੈ ਆਇਆ ਸੀ। ਇਸ ਨੇ ਰੋਕੋਕੋ ਸ਼ੈਲੀ ਦੇ ਡੈਸ਼ਨਕਾਰ ਚਿੱਤਰਕਾਰ ਨਿਕੋਲਸ ਲਾਂਸਰੇ ਉੱਤੇ ਵੀ ਬਹੁਤ ਪ੍ਰਭਾਵ ਪਾਇਆ।



ਕਲਾਡ ਜੀਲੋ ਦੁਆਰਾ ਬਣਾਇਆ ਇਕ ਚਿੱਤਰ

4 ਮਈ, 1722 ਨੂੰ ਪੈਰਿਸ ਵਿਚ ਇਸ ਚਿੱਤਰਕਾਰ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 4 : 545; ਐਨ. ਬ੍ਰਿ. 10 : 419

**ਜੀਵ ਉੱਤਪਤੀਵਾਦ ਜਾਂ ਜੀਵੋਂ ਜੀਵ ਉੱਤਪਤੀ** : ਜੀਵ ਉੱਤਪਤੀਵਾਦ ਜਾਂ ਜੀਵੋਂ ਜੀਵ ਉੱਤਪਤੀ ਦਾ ਅਰਥ ਹੈ ਜੀਵ ਤੋਂ ਜੀਵ ਦੀ ਉੱਤਪਤੀ। ਜਾਨਵਰਾਂ ਦੀ ਉੱਤਪਤੀ ਜਾਨਵਰਾਂ ਤੋਂ ਹੀ ਹੋ ਸਕਦੀ ਹੈ। ਨਿਰਜੀਵ ਚੀਜ਼ਾਂ ਤੋਂ ਨਹੀਂ।

ਪ੍ਰਾਚੀਨ ਪ੍ਰਕਿਰਤੀਵਾਦੀ ਅਰਸਤੂ, ਥਿਓਫ੍ਰੈਸਟਸ ਆਦਿ ਦਾ ਵਿਚਾਰ ਸੀ ਕਿ ਜੀਵਾਂ ਦੀ ਉੱਤਪਤੀ ਨਿਰਜੀਵ ਪਦਾਰਥਾਂ ਤੋਂ ਹੁੰਦੀ ਹੈ। ਉਨ੍ਹਾਂ ਦੇ ਖ਼ਿਆਲ ਅਨੁਸਾਰ ਕਈ ਕੀੜਿਆਂ ਦੇ ਲਾਰਵੇ ਚਿੱਕੜ ਵਿਚ ਅਤੇ ਮੱਖੀਆਂ ਜੰਤੂਆਂ ਦੇ ਮਾਸ ਵਿਚ ਪੈਦਾ ਹੁੰਦੀਆਂ ਹਨ। ਕਈਆਂ ਦਾ ਖ਼ਿਆਲ ਸੀ ਕਿ ਅਨੁਕੂਲ ਹਾਲਤਾਂ ਵਿਚ ਜੀਵਾਂ ਦੀ ਉੱਤਪਤੀ ਆਪਣੇ ਆਪ ਹੋ ਜਾਂਦੀ ਹੈ। ਇਸ ਦਾ ਪ੍ਰਮਾਣ ਉਹ ਇਸ ਤਰ੍ਹਾਂ ਦਿੰਦੇ ਸਨ ਕਿ ਜੇ ਮਾਸ ਦਾ ਕੋਈ ਟੁਕੜਾ ਜਾਂ ਅਜਿਹੀ ਕੋਈ ਚੀਜ਼ ਹਵਾ ਵਿਚ ਖੁੱਲ੍ਹੀ ਰੱਖ ਦਿੱਤੀ ਜਾਵੇ ਉਸ ਵਿਚ ਅਨੇਕਾਂ ਕੀੜੇ ਆਪਣੇ ਆਪ ਪੈਦਾ ਹੋ ਜਾਂਦੇ ਹਨ। ਇਸ ਸਮੱਸਿਆ ਦਾ ਸਭ ਤੋਂ ਪਹਿਲਾ ਹੱਲ ਦੇਣ ਵਾਲਾ ਵਿਗਿਆਨੀ ਇਟਲੀ ਦਾ ਫ੍ਰੈਂਸਿਸਕੋ ਰੈਡੀ ਸੀ। ਉਸ ਨੇ ਸ਼ੀਸ਼ੇ ਦੇ ਕਈ ਬਰਤਨਾਂ ਵਿਚ ਮਾਸ ਦੇ ਟੁਕੜੇ ਰੱਖੇ। ਉਨ੍ਹਾਂ ਵਿਚੋਂ ਕੁਝ ਨੂੰ ਖੁੱਲ੍ਹਾ ਰੱਖਿਆ ਅਤੇ ਕੁਝ ਨੂੰ ਬਾਰੀਕ ਜਾਲੀ ਨਾਲ ਢਕ ਦਿੱਤਾ। ਕੁਝ ਦੇਰ ਬਾਅਦ ਉਸ ਨੇ ਦੇਖਿਆ ਕਿ ਖੁੱਲ੍ਹੇ ਬਰਤਨਾਂ ਵਿਚ ਤਾਂ ਮੱਖੀਆਂ ਦੇ ਅੰਡੇ ਅਤੇ ਬੱਚੇ ਬਰਤਨ ਦੇ ਅੰਦਰ ਸਨ ਪਰ ਢਕੇ ਹੋਇਆਂ ਵਿਚ ਜਾਲੀ ਦੇ ਉਪਰ ਹੀ ਸਨ। ਇਸ ਪ੍ਰਯੋਗ ਤੋਂ ਸਿੱਧ ਹੋਇਆ ਕਿ ਅੰਡੇ ਮੱਖੀ ਨੇ ਦਿੱਤੇ ਸਨ ਨਾ ਕਿ ਆਪਣੇ ਆਪ ਪੈਦਾ ਹੋਏ।

19ਵੀਂ ਸਦੀ ਦੇ ਮੱਧ ਵਿਚ ਲੂਈ ਪਾਸ਼ਚਰ ਨੇ ਸਿੱਧ ਕਰ ਦਿੱਤਾ ਕਿ ਜੀਵਾਂ ਦੀ ਉੱਤਪਤੀ ਨਿਰਜੀਵ ਤੋਂ ਜਾਂ ਆਪਣੇ ਆਪ ਨਹੀਂ ਹੁੰਦੀ ਸਗੋਂ ਪਹਿਲਾਂ ਤੋਂ ਹੀ ਮੌਜੂਦ ਕਿਸੇ ਚੀਜ਼ ਤੋਂ ਹੁੰਦੀ ਹੈ। ਉਸ ਨੇ ਸਿੱਧ ਕਰ ਦਿੱਤਾ ਕਿ ਸ਼ੋਰਵਾ ਜਾਂ ਮਾਸ ਦਾ ਟੁਕੜਾ ਜਾਂ ਹੋਰ ਚੀਜ਼ਾਂ, ਜਿਨ੍ਹਾਂ ਨੂੰ ਹਵਾ ਵਿਚ ਖੁੱਲ੍ਹਾ ਰੱਖਣ ਤੇ ਅਨੇਕਾਂ ਕੀੜੇ ਪੈਦਾ ਹੋ ਜਾਂਦੇ ਹਨ, ਉਨ੍ਹਾਂ ਨੂੰ ਜੇ ਕੀਟਾਣੂ ਰਹਿਤ ਕਰਕੇ ਹਵਾ ਅਤੇ ਹੋਰ ਦੂਜੀਆਂ ਚੀਜ਼ਾਂ ਤੋਂ ਸੁਰੱਖਿਅਤ ਰੱਖਿਆ ਜਾਵੇ ਤਾਂ ਉਨ੍ਹਾਂ ਵਿਚ ਜੀਵ ਪੈਦਾ ਨਹੀਂ ਹੁੰਦੇ ਅਤੇ ਇਸ ਤੋਂ ਉਸ ਨੇ ਸਿੱਧ ਕਰ ਦਿੱਤਾ ਕਿ ਜੀਵਾਂ ਦੀ ਉੱਤਪਤੀ ਜੀਵਾਂ ਤੋਂ ਹੀ ਹੋ ਸਕਦੀ ਹੈ।

ਹ. ਪੁ.–ਹਿੰ. ਵਿ. ਕੋ. 4 : 504

**ਜੀਵ ਸੰਦੀਪਤੀ (ਜਾਂ ਜੀਵ ਪ੍ਰਕਾਸ਼)**: ਕੋਈ ਵੀ ਪ੍ਰਕਾਸ਼ ਜਿਸ ਨਾਲ ਨਾਂ ਮਾਤਰ ਤਾਪ ਦੀ ਮਾਤਰਾ ਮਿਲੀ ਹੋਵੇ, ਨੂੰ ਜੀਵ-ਸੰਦੀਪਤੀ ਜਾਂ ਠੰਢਾ ਪ੍ਰਕਾਸ਼ ਕਿਹਾ ਜਾਂਦਾ ਹੈ। ਇਹ ਤਾਪ-ਸੰਦੀਪਤੀ ਨਾਲੋਂ ਬਿਲਕੁਲ ਵੱਖਰੀ ਹੈ ਕਿਉਂਕਿ ਤਾਪ-ਸੰਦੀਪਤੀ ਵਿਚ ਤਾਪ ਦੀ ਮਾਤਰਾ ਬਹੁਤ ਉਤਪੰਨ ਹੁੰਦੀ ਹੈ ਅਤੇ ਪ੍ਰਕਾਸ਼ ਸਿੱਧੇ ਹੀ ਉੱਚ ਤਾਪਮਾਨ ਨਾਲ ਮਿਲਿਆ ਹੁੰਦਾ ਹੈ। ਸੰਦੀਪਤੀ ਕਈ ਵਿਧੀਆਂ ਤੋਂ ਉਤਪੰਨ ਹੋ ਸਕਦੀ ਹੈ ਅਤੇ ਆਮ ਕਰਕੇ ਇਸ ਸ਼ਬਦ ਦੇ ਅੱਗੇ ਰੇਡੀਓ, ਇਲੈਕਟ੍ਰਾਨ, ਕ੍ਰਿਸਟੈਲੋ, ਟ੍ਰਿਬੋ ਅਤੇ ਕੈਮੀ ਆਦਿ ਲਗਾ ਹੁੰਦਾ ਹੈ। ਇਨ੍ਹਾਂ ਅਗੇਤਰਾਂ ਤੋਂ ਕ੍ਰਮਵਾਰ ਭਿੰਨ-ਭਿੰਨ ਕਿਸਮ ਦੇ ਵਿਕੀਰਣ ਜਾਂ ਬਿਜਲਈ ਉੱਤੇਜਨ ਦੁਆਰਾ, ਕ੍ਰਿਸਟਲੀਕਰਨ ਦੁਆਰਾ ਪਦਾ-ਰਥਾਂ ਦੀ ਇਕ ਦੂਸਰੇ ਨਾਲ ਰਗੜ ਦੁਆਰਾ ਜਾਂ ਕਿਸੇ ਰਸਾਇਣਿਕ ਕਿਰਿਆ ਦੌਰਾਨ ਪੂਰਵ ਪ੍ਰਕਾਸ਼ ਪ੍ਰਭਾਵਨ ਦਾ ਸੰਕੇਤ ਮਿਲਦਾ ਹੈ। ਪ੍ਰਤਿਦੀਪਤੀ (ਫ਼ਲੋਰੀਸੈਂਸ) ਇਕ ਰੇਡੀਓ ਸੰਦੀਪਤੀ ਦੀ ਕਿਸਮ ਹੈ ਜਿਸ ਵਿਚ ਜਦੋਂ ਪਦਾਰਥਾਂ ਨੂੰ ਕਿਰਨ ਪ੍ਰਭਾਵਿਤ ਕੀਤਾ ਜਾਂਦਾ ਹੈ ਤਾਂ ਇਹ ਪ੍ਰਕਾਸ਼ ਦਾ ਉੱਤਸਰਜਨ ਕਰਦੇ ਹਨ, ਜਦੋਂ ਕਿ ਸਵੈ-ਦੀਪਤੀ (ਫ਼ਾਸਫ਼ੋਰੈਸੈਂਸ) ਵਿਚ ਕਿਰਨ ਪ੍ਰਭਾਵਨ ਤੋਂ ਮਗਰੋਂ ਪ੍ਰਕਾਸ਼ ਉੱਤਸਰਜਨ ਸ਼ੁਰੂ ਹੁੰਦਾ ਹੈ। ਸਵੈ-ਦੀਪਤੀ ਸ਼ਬਦ ਕੇਵਲ ਵਿਸ਼ੇਸ਼ ਪਦਾਰਥ, ਜਿਨ੍ਹਾਂ ਨੂੰ ਫ਼ਾਸਫ਼ੋਰ ਕਿਹਾ ਜਾਂਦਾ ਹੈ, ਦੁਆਰਾ ਦੂਸਰੀਆਂ ਕਿਸਮਾਂ ਦੇ ਪੂਰਵ ਪ੍ਰਕਾਸ਼ ਪ੍ਰਭਾਵਨ ਜਾਂ ਵਿਕੀਰਣ ਮਗਰੋਂ ਘੱਟ ਤਾਪਮਾਨ ਉੱਤੇ ਪ੍ਰਕਾਸ਼ ਉਤਪਤੀ ਲਈ ਵਰਤਿਆ ਜਾਂਦਾ ਹੈ। ਭਿੰਨ-ਭਿੰਨ ਕਿਸਮਾਂ ਦੇ ਜੀਵਿਤ ਜੀਵਾਂ ਕਾਰਨ ਸਮੁੰਦਰ ਜਾਂ ਮੱਛੀ, ਮਾਸ ਜਾਂ ਲੱਕੜ ਦਾ ਪ੍ਰਕਾਸ਼ ਉੱਤਪੰਨ ਹੁੰਦਾ ਹੈ। ਇਸ ਲਈ ਇਸ ਨੂੰ ਜੀਵ ਸੰਦੀਪਤੀ ਜਾਂ ਜੀਵ ਪ੍ਰਕਾਸ਼ ਉੱਤਸਰਜਨ (ਬਾਇਓਫ਼ੋਟੋਜੈਨੀਸਿਸ) ਕ਼ਿਹਾ ਜਾਂਦਾ ਹੈ। ਅਜਿਹਾ ਪ੍ਰਕਾਸ਼ ਜੀਵਾਂ ਦੁਆਰਾ ਤਿਆਰ ਕੀਤੇ ਪਦਾਰਥਾਂ ਦੇ ਮੰਦ ਆੱਕਸੀਕਰਨ ਕਾਰਨ ਉਤਪੰਨ ਹੁੰਦਾ ਹੈ, ਇਸ ਲਈ ਇਹ ਰਸਾਇਣਿਕ ਸੰਦੀਪਤੀ ਦੀ ਇਕ ਉਦਾਹਰਣ ਹੈ।

**ਸੰਦੀਪਤ ਜੀਵ—ਪ੍ਰਾਣੀਆਂ ਦੇ ਤਕਰੀਬਨ 40 ਵਰਗਾਂ ਅਤੇ ਪੌਦਿਆਂ ਦੇ ਦੋ ਗਰੁੱਪਾਂ ਵਿਚ ਰੋਸ਼ਨੀ ਪੈਦਾ ਕਰਨ ਵਾਲੀਆਂ ਜਾਤੀਆਂ ਮਿਲਦੀਆਂ ਹਨ।**




ਚਿੱਤਰ 1. ਅਤੇ 2. ਦੀਪਤ ਬੈਕਟੀਰੀਆ, 3. ਕੌਂਬ ਜੈਲੀਫਿਸ਼ ਜਾਂ ਟੈਨੋਫੋਰ, 4. ਕੀਟਾਪਟੈਰਸ, 5. ਪਾਇਰੋਸੋਆ, 6. ਦੀਪਤ ਸਕੁਇਡ

**ਪੌਦੇ**—ਪੌਦਿਆਂ ਵਿਚ ਇਕ ਤਾਂ ਬੈਕਟੀਰੀਆ ਹੈ ਜਿਹੜੇ ਮੱਸ ਪੌਦਿਆਂ ਵਿਚ ਰੌਸ਼ਨੀ ਪੈਦਾ ਕਰਦੇ ਹਨ ਅਤੇ ਦੂਜੀ ਉੱਲੀ ਹੈ ਜਿਹੜੇ ਲੱਕੜਾਂ ਵਿਚ ਰੌਸ਼ਨੀ ਪੈਦਾ ਕਰਦੇ ਹਨ। ਉੱਲੀ ਦੇ ਜਾਲੇ (ਮਾਈਸੀਲੀਆ) ਜਾਂ ਖੁੰਭਾਂ ਜਾਂ ਦੋਨੋਂ ਹੀ ਚਮਕਦੇ ਹਨ।

ਰੌਸ਼ਨੀ ਪੈਦਾ ਕਰਨ ਵਾਲੇ ਬੈਕਟੀਰੀਆ ਇੰਨੇ ਛੋਟੇ ਹੁੰਦੇ ਹਨ ਕਿ ਉਹ ਇਕੱਲੇ ਇਕੱਲੇ ਆਪਣੀ ਰੌਸ਼ਨੀ ਨਾਲ ਵੀ ਨਹੀਂ ਦਿਖਾਈ ਦਿੰਦੇ ਪਰ ਉਨ੍ਹਾਂ ਦੀਆਂ ਕਾਲੋਨੀਆਂ ਨਜ਼ਰ ਆ ਜਾਂਦੀਆਂ ਹਨ। ਇਨ੍ਹਾਂ ਨੂੰ ਬਣਾਉਟੀ ਮਾਧਿਅਮਾਂ ਉੱਤੇ ਵੀ ਕਲਚਰ ਕੀਤਾ ਜਾ ਸਕਦਾ ਹੈ। ਇਹ ਮਨੁੱਖ ਲਈ ਹਾਨੀਕਾਰਕ ਨਹੀਂ ਹਨ ਪਰ ਕਈ ਜਿਉਂਦੇ ਜੀਵਾਂ ਵਿਚ ਬੀਮਾਰੀ ਫੈਲਾਉਂਦੇ ਹਨ। ਇਹ ਮੱਛੀ ਦੇ ਰੌਸ਼ਨੀ ਦੇ ਅੰਗ ਦੇ ਅੰਦਰ ਸਹਿਜੀਵੀ ਜੀਵਨ ਵੀ ਬਿਤਾ ਸਕਦੇ ਹਨ।

ਬੈਕਟੀਰੀਆ ਅਤੇ ਉੱਲੀ ਦੀ ਰੌਸ਼ਨੀ ਦੀ ਖ਼ਾਸੀਅਤ ਜਿਹੜੀ ਇਨ੍ਹਾਂ ਨੂੰ ਬਾਕੀ ਸਾਰਿਆਂ ਤੋਂ ਅੱਡ ਕਰਦੀ ਹੈ, ਇਸ ਦੀ ਇਕਸਾਰ ਤੀਬਰਤਾ ਅਤੇ ਬਗੈਰ ਕਿਸੇ ਉਤੇਜਨਾ ਤੋਂ ਦਿਨੇ-ਰਾਤੀ ਚਮਕਦੇ ਰਹਿਣਾ ਹੈ; ਜਦੋਂ ਕਿ ਦੂਜੇ ਜੀਵ ਉਤੇਜਿਤ ਹੋਣ ਤੇ ਜਾਂ ਛੇੜਨ ਤੇ ਹੀ ਰੌਸ਼ਨੀ ਪੈਦਾ ਕਰਦੇ ਹਨ।

**ਪ੍ਰਾਣੀ**—ਸਮੁੰਦਰ ਦੇ ਪਾਣੀ ਤੇ ਦਿਸਦੀ ਰੌਸ਼ਨੀ ਮੁੱਖ ਤੌਰ ਤੇ ਕੁਝ ਪ੍ਰੋਟੋਜ਼ੋਆ (ਰੇਡੀਓਲੇਰੀਆ ਅਤੇ ਡਾਈਨੋਫਲੈਜੈਲੇਟਾ) ਕਰਕੇ ਹੈ। ਰੌਸ਼ਨੀ ਦੇ ਵੱਡੇ-ਵੱਡੇ ਚਟਾਖ ਮੁੱਖ ਤੌਰ ਤੇ ਸੀਲੇਂਟਰੇਟਾਂ, ਜੈਲੀਫਿਸ਼ਾਂ, ਸਾਈਫੋਨੋਫੋਰਾਂ ਜਾਂ ਟੈਨੋਫੋਰਾਂ ਕਰਕੇ ਹੁੰਦੇ ਹਨ। ਸੂਰਜ ਦੀ ਰੌਸ਼ਨੀ ਵਿਚ ਜਾਂ ਬਿਜਲੀ ਦੀ ਰੌਸ਼ਨੀ ਵਿਚ ਪਿਛਲੀ ਕਿਸਮ ਦੇ ਜੀਵ ਚਮਕਣਾ ਬੰਦ ਕਰ ਦਿੰਦੇ ਹਨ ਪਰ ਅੱਧਾ ਕੁ ਘੰਟਾ ਹਨੇਰੇ ਵਿਚ ਰਹਿਣ ਤੇ ਫਿਰ ਰੌਸ਼ਨੀ ਕੱਢਣੀ ਸ਼ੁਰੂ ਕਰ ਦਿੰਦੇ ਹਨ। ਸਮੁੰਦਰੀ ਪੈਨ ਜਾਂ ਪੈਨੈਟੂਲਿਡ ਦੀ ਬਹੁਤ ਚਮਕਦੀ ਰੌਸ਼ਨੀ ਹੁੰਦੀ ਹੈ ਜਿਹੜੀ ਪਾੱਲਿਪਾਂ ਦੀ ਕਾਲੋਨੀ ਉੱਤੇ ਲਹਿਰ ਦੀ ਤਰ੍ਹਾਂ ਚਲਦੀ ਹੈ, ਇਕ ਨੈਮਰਟਿਅਨ ਵਰਮ (Emplectonema) ਵੀ ਦੀਪਤ ਹੁੰਦਾ ਹੈ। ਐਨੇਲਿਡਾਂ ਵਿਚੋਂ ਕੁਝ ਗੰਡੋਏ ਅਤੇ ਕਈ ਸਮੁੰਦਰੀ ਕਿਸਮਾਂ (Chaetopterus, Polynoe, Tomopteris, Polycirus ਅਤੇ Odontosyllis) ਵੀ ਦੀਪਤ ਪ੍ਰਾਣੀ ਹਨ।

ਕੀਟਾਪਟੈਰਸ ਰੇਤ ਵਿਚ ਦਬੇ ਹੋਏ ਅਤੇ ਝਿੱਲੀ ਵਰਗੀਆਂ ਟਿਊਬਾਂ ਵਿਚ ਰਹਿੰਦੇ ਹਨ। ਇਸ ਦੇ ਸਾਰੇ ਸਰੀਰ ਉੱਤੇ ਗਲੈਂਡ ਸੈੱਲ ਹੁੰਦੇ ਹਨ ਜਿਨ੍ਹਾਂ ਵਿਚੋਂ ਪ੍ਰਾਣੀ ਨੂੰ ਛੇੜਨ ਤੇ ਇਕ ਚਮਕਦਾ, ਰੌਸ਼ਨ ਲੇਸਲਾ ਪਦਾਰਥ ਨਿਕਲਦਾ ਹੈ। ਸਪੰਜਾਂ ਦੀ ਰੌਸ਼ਨੀ ਉਨ੍ਹਾਂ ਦੇ ਅੰਦਰ ਰਹਿਣ ਵਾਲੇ ਦੀਪਤ ਪ੍ਰਾਣੀਆਂ ਦੀ ਰੌਸ਼ਨੀ ਕਰਕੇ ਹੁੰਦੀ ਹੈ, ਸਿਰਫ ਇਕ ਜਾਤੀ ਹੀ ਆਪਣੇ ਕਰਕੇ ਦੀਪਤ ਹੈ।

ਦੀਪਤ ਮੋਲਸਕਾਂ ਵਿਚ ਫੋਲੈਸ ਡੈਕਟਾਈਲਸ (Phalas Dactylus) ਕੁਝ ਨਿਊਡੀਬ੍ਰੈਂਕ (Phyllirrhoe, Plocamopherus) ਇਕ ਸਥੱਲੀ ਸਨਲੇ (Dykia), ਇਕ ਅਲੂਣੇ ਪਾਣੀ ਦਾ ਲਿੰਪੈਟ (Latia) ਇਕ ਸਮੁੰਦਰੀ ਗੈਸਟ੍ਰੋਪੋਡ (Planaxis) ਅਤੇ ਕੁਝ ਸੈਫੈਲੋਪੋਡ ਆਉਂਦੇ ਹਨ। ਸੈਫੈਲੋਪੋਡਾਂ ਅਤੇ ਡੂੰਘੇ ਸਮੁੰਦਰਾਂ ਦੀਆਂ ਮੱਛੀਆਂ ਵਿਚ ਬਹੁਤ ਗੁੰਝਲਦਾਰ ਲੈਂਪਾਂ ਵਰਗੇ ਦੀਪਤ ਅੰਗ ਹੁੰਦੇ ਹਨ। ਇਕਾਈਨੋਡਰਮੇਟਾਂ ਵਿਚੋਂ ਸਿਰਫ ਬ੍ਰਿਟਲ ਸਟਾਰ ਦੀਪਤ ਪ੍ਰਾਣੀ ਹਨ।

ਕ੍ਰਾਸਟੇਸ਼ੀਅਨਾਂ ਵਿਚੋਂ ਮਿਸਿਡ, ਕੋਪੇਪੋਡਾਂ ਅਤੇ ਆੱਸਟ੍ਰੈਕੋਡਾਂ ਵਿਚ ਕਈ ਦੀਪਤ ਕਿਸਮਾਂ ਮਿਲਦੀਆਂ ਹਨ। ਸ਼ਾਈਜ਼ੋਪੋਡ ਅਤੇ ਡੈਕਾਪੋਡ ਸ਼ਰਿਪਾਂ ਵਿਚ ਅਗਨੀ ਦੀਪਤ ਅੰਗ ਜਾਂ ਫ਼ੋਟੋਫੋਰ ਹੁੰਦੇ ਹਨ। ਆੱਸਟ੍ਰੈਕੋਡ ਅਤੇ ਕੁਝ ਸ਼ਰਿੰਪ ਆਪਣੀਆਂ ਵੱਡੀਆਂ ਗਲੈਂਡਾਂ ਵਿਚੋਂ ਸਮੁੰਦਰ ਵਿਚ ਕਾਫ਼ੀ ਸਾਰਾ ਦੀਪਤ ਰਿਸਾਉ ਕੱਢਦੇ ਹਨ ਜਿਹੜਾ ਉਨ੍ਹਾਂ ਦੁਆਲੇ ਤਰਲ ਅੱਗ ਵਾਂਗ ਦਿੱਸਦਾ ਹੈ। ਕੁਝ ਮਿਰੀਆਪੋਡ, ਸਪਰਿੰਗਟੇਲ ਅਤੇ ਕੁਝ ਮੱਖੀਆਂ **ਅਰੈਕਨੋਕੈਂਪਾ** ਤੇ ਬੀਟਲਾਂ (ਫ਼ਾਇਰ ਫਲਾਈ, ਗਲੋ ਵਰਮ ਆਦਿ) ਦੇ ਲਾਰਵੇ ਵੀ ਦੀਪਤ ਹੁੰਦੇ ਹਨ। ਕੁਝ ਫ਼ਾਇਰ ਫ਼ਲਾਈ ਕੀੜਿਆਂ ਦੀ ਕਾਇਆ ਬਦਲੀ ਵਿਚ ਸਾਰੀਆਂ ਅਵਸਥਾਵਾਂ (ਅੰਡੇ ਸਮੇਤ) ਦੀਪਤ ਹੁੰਦੀਆਂ ਹਨ।

ਬੈਲੈਨੋਗਲਾਸਸ ਅਤੇ ਐਸਿਡੀਅਨ ਵੀ ਦੀਪਤ ਪ੍ਰਾਣੀ ਹਨ। ਪਿਛਲਿਆਂ ਵਿਚੋਂ ਹਰੇਕ ਪ੍ਰਾਣੀ ਉੱਤੇ ਦੋ ਚਮਕਦੇ ਚਟਾਖ ਹੁੰਦੇ ਹਨ।

ਮੱਛੀਆਂ ਵਿਚੋਂ ਇਲੈਸਮੋਬੈਂਕ ਅਤੇ ਟੀਲੀਓਸਟ ਦੋਹਾਂ ਵਿਚ ਦੀਪਤ ਮੈਂਬਰ ਮਿਲਦੇ ਹਨ। ਬਹੁਤੀਆਂ ਮੱਛੀਆਂ ਦੀ ਆਪਣੀ ਰੌਸ਼ਨੀ ਹੁੰਦੀ ਹੈ ਪਰ ਕਈ ਉਨ੍ਹਾਂ ਦੇ ਅੰਦਰ ਰਹਿਣ ਵਾਲੇ ਸਹਿਜੀਵੀ ਬੈਕਟੀਰੀਆ ਦੀ ਰੌਸ਼ਨੀ ਕਰਕੇ ਚਮਕਦੀਆਂ ਹਨ। ਇਨ੍ਹਾਂ ਦੇ ਖ਼ਾਸ ਦੀਪਤ ਅੰਗ ਹੁੰਦੇ ਹਨ ਜਿਹੜੇ ਬੈਕਟੀਰੀਆ ਨੂੰ ਪੋਸ਼ਣ ਪਹੁੰਚਾਂਦੇ ਹਨ।

ਦੀਪਤ ਅੰਗ ਜਾਂ ਹਿੱਸੇ ਆਮ ਤੌਰ ਤੇ ਗਲੈਂਡਦਾਰ ਹੁੰਦੇ ਹਨ ਅਤੇ ਇਨ੍ਹਾਂ ਵਿਚੋਂ ਇਕ ਦੀਪਤ ਲੇਸਦਾਰ ਮਾਦਾ ਜਾਂ ਰਿਸਾਉ ਬਾਹਰ ਨਿਕਲਦਾ ਹੈ ਜਾਂ ਇਹ ਮਾਦਾ ਫ਼ੋਟੋਜੈਨਿਕ ਸੈੱਲਾਂ ਦੇ ਅੰਦਰ ਹੀ ਰਹਿੰਦਾ ਹੈ। ਟ੍ਰੇਕੀਆ ਜਾਂ ਲਹੂ-ਗੇੜ ਰਾਹੀਂ ਇਸ ਅੰਗ ਨੂੰ ਆੱਕਸੀਜਨ ਪਹੁੰਚਦੀ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਆੱਕਸੀਜਨ ਦੀ ਕਿਰਿਆ ਰਾਹੀਂ ਰੌਸ਼ਨੀ ਪੈਦਾ ਹੁੰਦੀ ਹੈ ਪਰ ਟੈਨੋਫੋਰਾਂ ਵਿਚ ਘੁਲੀ ਹੋਈ ਆੱਕਸੀਜਨ ਦੀ ਲੋੜ ਨਹੀਂ ਪੈਂਦੀ।

ਇਸ ਰੌਸ਼ਨੀ ਦਾ ਪ੍ਰਾਣੀ ਨੂੰ ਕੀ ਫਾਇਦਾ ਪਹੁੰਚਦਾ ਹੈ, ਇਸ ਬਾਰੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਪਰ ਫ਼ਾਇਰ ਫ਼ਲਾਈ ਵਿਚ ਇਹ ਲਿੰਗ-ਆਕਰਸ਼ਣ ਦਾ ਕੰਮ ਕਰਦੀ ਹੈ। ਵੱਖ-ਵੱਖ ਜ਼ਾਤੀਆਂ ਦੀ ਇਕ ਵਾਰ ਵਿਚ ਪੈਦਾ ਕੀਤੀ ਰੌਸ਼ਨੀ ਦਾ ਸਮਾਂ ਅਤੇ ਰੌਸ਼ਨੀਆਂ ਦੇ ਵਿਚਕਾਰ ਦਾ ਵਕਫ਼ਾ ਵੱਖ-ਵੱਖ ਹੁੰਦਾ ਹੈ ਅਤੇ ਇਸ ਤਰ੍ਹਾਂ ਜਾਤੀ ਦੀ ਪਛਾਣ ਹੁੰਦੀ ਹੈ।

ਹ. ਪੁ.–ਐਨ. ਬ੍ਰਿ. 3 : 667

**ਜੀਵ ਗੋਸਵਾਮੀ** : ਇਹ ਸਨਾਤਨ ਗੋਸਵਾਮੀ ਦੇ ਛੋਟੇ ਭਰਾ ਵੱਲਭ ਦਾ ਪੁੱਤਰ ਸੀ। ਇਸ ਦਾ ਜਨਮ 1511 ਈ. ਵਿਚ ਰਾਕੋਲੀ ਨਾਂ ਦੇ ਪਿੰਡ ਵਿਚ ਹੋਇਆ। 20 ਵਰ੍ਹਿਆਂ ਦੀ ਉਮਰ ਵਿਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਇਹ ਨਵਦੀਪ ਚਲਾ ਗਿਆ, ਜਿੱਥੇ ਇਹ ਸ੍ਰੀ ਨਿਤਯਨੰਦ ਦੇ ਸੰਪਰਕ ਵਿਚ ਆਇਆ ਫਿਰ ਇਹ ਕਾਸ਼ੀ ਚਲਾ ਗਿਆ, ਜਿੱਥੇ ਇਸ ਨੇ ਚਾਰ ਸਾਲ ਵੇਦਾਂਤ ਆਦਿ ਦਾ ਅਧਿਐਨ ਕੀਤਾ। ਉਸ ਤੋਂ ਮਗਰੋਂ ਇਹ ਬਿੰਦਰਾਬਨ ਚਲਾ ਗਿਆ। ਉਥੇ ਇਸਨੇ ਰੂਪ ਗੋਸਵਾਮੀ ਤੋਂ ਦੀਖਿਆ ਪ੍ਰਾਪਤ ਕਰਕੇ ਭਗਤੀ ਦੇ ਪ੍ਰਚਾਰ ਤੇ ਗ੍ਰੰਥਾਂ ਦੀ ਰਚਨਾ ਕਰਨ ਵਿਚ ਵ੍ਰਿੱਧ ਗੋਸਵਾਮੀ ਦੀ ਸਹਾਇਤਾ ਤੇ ਸੇਵਾ ਵਿਚ ਜੁੱਟ ਪਿਆ।

ਜੀਵ ਗੋਸਵਾਮੀ ਨੇ ਗੋਸਵਾਮੀ ਗ੍ਰੰਥਾਂ ਦੇ ਸਰਲ ਟੀਕੇ ਲਿਖੇ ਅਤੇ ਆਪ ਵੀ ਅਨੇਕ ਗ੍ਰੰਥ ਲਿਖੇ। ਸਮਰਾਟ ਅਕਬਰ ਦੀ ਇਨ੍ਹਾਂ ਗੋਸਵਾਮੀਆਂ 'ਚ ਬਹੁਤ ਸ਼ਰਧਾ ਸੀ, ਜਿਸ ਕਰਕੇ ਇਨ੍ਹਾਂ ਦੇ ਸਮੇਂ ਲਾਲ ਪੱਥਰ ਦੇ ਕਈ ਮੰਦਰ ਬਿੰਦਰਾਬਨ ਵਿਚ ਬਣਾਏ ਗਏ। ਸੰਨ 1573 ਵਿਚ ਸਮਰਾਟ ਅਕਬਰ ਜਦੋਂ ਬਿੰਦਰਾਬਨ ਗਿਆ ਤਾਂ ਜੀਵ ਗੋਸਵਾਮੀ ਨਾਲ ਉਸ ਦੀ ਭੇਂਟ ਹੋਈ ਅਤੇ ਇਕ ਫ਼ੁਰਮਾਨ ਜਾਰੀ ਕਰਕੇ ਉਥੇ ਉਸ ਨੇ ਜੀਵ-ਹੱਤਿਆ, ਰੁੱਖ ਕੱਟਣੇ ਤੇ ਵੇਸਵਾਵਾਂ ਨੂੰ ਕਸ਼ਟ ਦੇਣਾ ਬੰਦ ਕਰ ਦਿੱਤਾ। 40 ਵਰ੍ਹੇ ਜੀਵ ਗੋਸਵਾਮੀ ਆਪਣੇ ਸੰਪ੍ਰਦਾਇ ਦਾ ਮੁਖੀ ਰਿਹਾ।

ਜੀਵ ਗੋਸਵਾਮੀ ਨੇ ਵਿਆਕਰਣ ਤੇ ਹਰੀਨਾਮ ਅੰਮ੍ਰਿਤ, ਸੂਤ੍ਰਮਾਲਿਕਾ ਤੇ ਧਾਤੂ ਸੰਗ੍ਰਹਿ, ਲੀਲਾ ਗ੍ਰੰਥ, ਸ੍ਰੀ ਗੋਪਲਾ ਚੰਪੂ ਅਤੇ ਵੈਸ਼ਣਵ ਦਰਸ਼ਨ ਉੱਤੇ ਸੱਤ ਸੰਦਰਭ ਗ੍ਰੰਥ ਲਿਖੇ। ਇਸ ਨੇ ਸੱਤ-ਅੱਠ ਸੰਗ੍ਰਹਿ ਗ੍ਰੰਥ ਵੀ ਪੇਸ਼ ਕੀਤੇ ਹਨ ਜਿਵੇਂ ਸ੍ਰੀ ਕ੍ਰਿਸ਼ਨ ਪਦਚਿੰਨ੍ਹ, ਸ੍ਰੀ ਰਾਧਿਕਾ ਪਦ ਚਿੰਨ੍ਹ ਆਦਿ।

1596 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 4 : 504

**ਜੀਵ ਤੱਤ** : ਭਾਰਤੀ ਵਿਚਾਰਵਾਨਾਂ ਨੇ ਆਤਮਬੋਧ ਤੇ ਜਗਤਬੋਧ ਵਿਚਕਾਰ ਕਿਸੇ ਅਵਸਥਾ ਦੀ ਕਲਪਨਾ ਨਹੀਂ ਕੀਤੀ। ਮਨੁੱਖ ਜਿੰਨਾ ਵਧੇਰੇ ਰੂਪ ਤੇ ਵਿਗਿਆਨ ਦੇ ਵੱਖ-ਵੱਖ ਪੜਾਵਾਂ ਦੇ ਚੱਕਰ ਵਿਚ ਪੈ ਕੇ ਅਗਿਆਨ ਅਤੇ ਅਭਿਮਾਨ ਆਦਿ ਵਿਚ ਫਸਦਾ ਹੈ, ਉੱਨਾ ਹੀ ਮਲੀਨ ਹੋ ਕੇ ਉਸ ਨੂੰ ਪਛਤਾਵੇ ਦੀ ਅੱਗ ਵਿਚ ਸੜਨਾ ਪੈਂਦਾ ਹੈ ਕਿਉਂਕਿ ਸਾਰੇ ਧਰਮਾਂ ਦੀ ਬਿਰਤੀ ਅਗਾਂਹਵਧੂ ਹੈ।

ਬੁੱਧ ਧਰਮ ਵਿਚ ਨਾਸ਼ਵਾਨ ਜਗਤ ਤੇ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਦੇ ਵਿਸ਼ੇ ਵਿਚ ਬੇਸ਼ੁਮਾਰ ਵਿਆਖਿਆਵਾਂ ਮਿਲਦੀਆਂ ਹਨ–ਵਿਚਾਰਾਂ ਦੇ ਕਮਜ਼ੋਰ ਹੋਣ ਨਾਲ ਅਗਿਆਨ ਕਾਰਨ ਨਾਮ ਅਤੇ ਰੂਪ ਸਪਰਸ਼ ਵੇਦਨਾ, ਤ੍ਰਿਸ਼ਨਾ ਉਤਪਤੀ, ਜਨਮ, ਬੁਢਾਪਾ ਆਦਿ ਦੁੱਖਾਂ ਦੀ ਨਿਰੰਤਰ ਪਰੰਪਰਾ ਸਥਾਪਿਤ ਹੋ ਜਾਂਦੀ ਹੈ। ਇਸ ਲਈ ਵਿਵੇਕ ਨੂੰ ਬਣਾਈ ਰੱਖਣ ਲਈ ਸਰੀਰ ਦੇ ਸਾਧਾਰਣ ਧਰਮ ਦਾ ਸਰੂਪ ਸਮਝ ਲੈਣਾ ਹਰ ਇਕ ਵਿਅਕਤੀ ਲਈ ਉੱਨਾ ਹੀ ਜ਼ਰੂਰੀ ਹੈ ਜਿੰਨੀ ਜੀਵਨ ਲਈ ਹਵਾ ਜ਼ਰੂਰੀ ਹੈ।

ਵਿਹਾਰਕ ਦ੍ਰਿਸ਼ਟੀ ਵਿਚ ਵੀ ਅਸੀਂ ਜੇਕਰ ਆਪਣੇ ਜੀਵਨ ਨੂੰ ਸੁਖੀ ਤੇ ਸੁੰਦਰ ਬਣਾਉਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਮਨ ਦੀਆਂ ਸਾਧਾਰਣ ਸਰਗਰਮੀਆਂ ਤੇ ਇਛਾਵਾਂ ਵੱਲ ਧਿਆਨ ਦੇਣਾ ਹੋਵੇਗਾ ਕਿਉਂਕਿ ਸਾਡੇ ਬਾਹਰੀ ਵਿਹਾਰ ਅੰਦਰਲੀ ਪ੍ਰਵਿਰਤੀ ਦੀ ਅਭਿਵਿਅਕਤੀ ਮਾਤਰ ਹੁੰਦੇ ਹਨ।

ਹ. ਪੁ.–ਹਿੰ. ਵਿ. ਕੋ. 4 : 504

**ਜੀਵਨ ਸੰਘਰਸ਼** : ਜੀਵਨ ਸੰਘਰਸ਼ ਦੇ ਅਰਥ ਹਨ ਆਪਣੀ ਉੱਤਰਜੀਵਿਤਾ ਲਈ ਜੀਵਾਂ ਦਾ ਪਰਸਪਰ ਸੰਘਰਸ਼। ਜੀਵਾਂ ਦੀ ਉਤਪਤੀ ਅਤੇ ਵਿਕਾਸ ਵਿਗਿਆਨੀਆਂ ਵਿਚ ਹਮੇਸ਼ਾਂ ਹੀ ਕਾਫ਼ੀ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਿਹਾ ਹੈ। ਨਵੀਂ ਕਿਸਮ ਦੇ ਜੀਵ ਦੀ ਉਤਪਤੀ ਬਾਰੇ ਚਾਰਲਸ ਡਾਰਵਿਨ ਨੇ 1858 ਵਿਚ 'ਪ੍ਰਾਕਿਰਤਿਕ ਚੋਣ (ਨੈਚੁਰਲ ਸਿਲੇਕਸ਼ਨ) ਦਾ ਸਿਧਾਂਤ ਦਿੱਤਾ ਅਤੇ 1859 ਵਿਚ ਜੀਵ ਜਾਤੀ ਦੀ ਉਤਪਤੀ ਬਾਰੇ 'ਓਰਿਜਨ ਆਫ਼ ਸਪੀਸ਼ਿਜ਼' ਦੀ ਪੁਸਤਕ ਪ੍ਰਕਾਸ਼ਿਤ ਕੀਤੀ। ਪ੍ਰਾਕਿਰਤਿਕ ਚੋਣ ਦੇ ਸਿਧਾਂਤ ਦੀ ਪੁਸ਼ਟੀ ਲਈ ਉਸ ਨੇ ਜੀਵਨ ਸੰਘਰਸ਼ (ਸਟਰਗਲ ਫ਼ਾਰ ਐਗਜ਼ਿਸਟੈਂਸ) ਦਾ ਸਹਾਇਕ ਸਿਧਾਂਤ ਪੇਸ਼ ਕੀਤਾ।

ਪ੍ਰਕਿਰਤੀ ਵਿਚ ਜੀਵਾਂ ਦਾ ਜਣਨ ਹੁੰਦਾ ਰਹਿੰਦਾ ਹੈ ਅਤੇ ਲਗਾਤਾਰ ਉਨ੍ਹਾਂ ਦੀ ਗਿਣਤੀ ਵਧਦੀ ਰਹਿੰਦੀ ਹੈ ਪਰ ਜਿਸ ਅਨੁਪਾਤ ਵਿਚ ਜੀਵਾਂ ਦੀ ਸੰਖਿਆ ਵਧਦੀ ਹੈ ਉਸੇ ਅਨੁਪਾਤ ਵਿਚ ਖ਼ੁਰਾਕ ਦੇ ਵਸੀਲੇ ਅਤੇ ਨਿਵਾਸ ਸਥਾਨਾਂ ਦੀ ਗਿਣਤੀ ਨਹੀਂ ਵਧਦੀ। ਇਸ ਕਰਕੇ ਜੀਵਾਂ ਵਿਚ ਖ਼ੁਰਾਕ ਅਤੇ ਨਿਵਾਸ ਸਥਾਨਾਂ ਲਈ ਸੰਘਰਸ਼ ਚਲਦਾ ਹੈ ਅਤੇ ਚਲਦਾ ਹੀ ਰਹਿੰਦਾ ਹੈ। ਇਸ ਸੰਘਰਸ਼ ਵਿਚ ਬਹੁਤ ਸਾਰੇ ਜੀਵ ਮਾਰੇ ਜਾਂਦੇ ਹਨ ਅਤੇ ਇਸ ਤਰ੍ਹਾਂ ਕੁਦਰਤ ਵਿਚ ਸੰਤੁਲਨ ਬਣਿਆ ਰਹਿੰਦਾ ਹੈ। ਜੇ ਇਹ ਆਪਸੀ ਸੰਘਰਸ਼ ਨਾ ਹੋਵੇ ਤਾਂ ਜੀਵਾਂ ਦੇ ਕਿਸੇ ਇਕ ਹੀ ਜੋੜੇ ਤੋਂ ਪੈਦਾ ਹੋਈ ਸੰਤਾਨ ਦੀ ਗਿਣਤੀ ਇੰਨੀ ਵੱਧ ਜਾਵੇ ਕੇ ਹੋਰ ਕਿਸੇ ਜੀਵ ਨੂੰ ਰਹਿਣ ਲਈ ਜਗ੍ਹਾ ਮਿਲਣੀ ਔਖੀ ਹੋ ਜਾਵੇ। ਉਦਾਹਰਣ ਵਜੋਂ ਡਾਰਵਿਨ ਦੇ ਦਿੱਤੇ ਅੰਕੜਿਆਂ ਅਨੁਸਾਰ ਇਕ ਜੋੜਾ ਹਾਥੀ, ਜਿਹੜਾ 100 ਸਾਲ ਤੱਕ ਜਿਉਂਦਾ ਰਹੇ, 30 ਸਾਲ ਦੀ ਉਮਰ ਵਿਚ ਜਣਨ ਸ਼ੁਰੂ ਕਰੇ ਅਤੇ ਆਪਣੇ ਪੂਰੇ ਆਯੂ ਕਾਲ ਵਿਚ ਸਿਰਫ਼ ਛੇ ਬੱਚੇ ਪੈਦਾ ਕਰੇ, ਫਿਰ ਅੱਗੋਂ ਇਹ ਬੱਚੇ ਵੀ ਮਾਂ-ਬਾਪ ਦੀ ਤਰ੍ਹਾਂ ਹੀ ਜਣਨ ਕਰਦੇ ਰਹਿਣ ਤਾਂ 750 ਸਾਲਾਂ ਵਿਚ ਇਨ੍ਹਾਂ ਹਾਥੀਆਂ ਦੀ ਗਿਣਤੀ ਇਕ ਕਰੋੜ ਨੱਬੇ ਲੱਖ ਹੋ ਜਾਵੇਗੀ। ਇਸੇ ਤਰ੍ਹਾਂ ਹਕਸਲੇ ਦੇ ਦਿੱਤੇ ਅੰਕੜਿਆਂ ਅਨੁਸਾਰ ਜੇ ਇਕ ਹਰੀ ਮੱਖੀ (ਗ੍ਰੀਨ ਫਲਾਈ) ਦੀਆਂ ਸਾਰੀਆਂ ਸੰਤਾਨਾਂ ਜ਼ਿੰਦਾ ਰਹਿਣ ਅਤੇ ਸਾਰੀਆਂ ਜਣਨ ਕਰਨ ਤਾਂ ਸਿਰਫ਼ ਗਰਮੀ ਦੀ ਰੁੱਤ ਦੇ ਅਖ਼ੀਰ ਤੱਕ ਹੀ ਇਨ੍ਹਾਂ ਦੀ ਗਿਣਤੀ ਚੀਨ ਦੀ ਕੁੱਲ ਆਬਾਦੀ ਤੋਂ ਵੱਧ ਜਾਏਗੀ।

ਇਸੇ ਤਰ੍ਹਾਂ ਸਭ ਵਰਗਾਂ ਦੇ ਜੀਵਾਂ ਵਿਚ ਜਣਨ ਬਹੁਤ ਤੇਜ਼ੀ ਨਾਲ ਹੁੰਦਾ ਰਹਿੰਦਾ ਹੈ ਅਤੇ ਜੇ ਇਨ੍ਹਾਂ ਤੇ ਕੋਈ ਕੰਟਰੋਲ ਨਾ ਹੋਵੇ ਤਾਂ ਇਕ ਹੀ ਕਿਸਮ ਦੇ ਜੀਵਾਂ ਦੀ ਗਿਣਤੀ ਬਹੁਤ ਵੱਧ ਜਾਏਗੀ। ਪ੍ਰਾਣੀਆਂ ਦੀ ਤਰ੍ਹਾਂ ਹੀ ਪੌਦਿਆਂ ਵਿਚ ਵੀ ਖਾਧ-ਪਦਾਰਥ, ਧੁੱਪ ਅਤੇ ਰੌਸ਼ਨੀ ਲਈ ਆਪਸ ਵਿਚ ਸੰਘਰਸ਼ ਚਲਦਾ ਰਹਿੰਦਾ ਹੈ।

ਜੀਵਾਂ ਵਿਚ ਇਹ ਜੀਵਨ ਸੰਘਰਸ਼ ਸਿਰਫ਼ ਇਕ ਹੀ ਜਾਤੀ ਜਾਂ ਇਕੋ ਕਿਸਮ ਦੇ ਜੀਵਾਂ ਵਿਚ ਪਰਸਪਰ ਨਹੀਂ ਹੁੰਦਾ ਸਗੋਂ ਦੂਸਰੀਆਂ ਜਾਤੀਆਂ ਜਾਂ ਕਿਸਮਾਂ ਨਾਲ ਵੀ ਅਤੇ ਵਾਤਾਵਰਣ ਨਾਲ ਵੀ ਚਲਦਾ ਹੈ। ਇਸ ਜੀਵਨ ਸੰਘਰਸ਼ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ–

**1. ਅੰਤਰਾ-ਜਾਤੀ ਸੰਘਰਸ਼**—ਇਹ ਇਕ ਹੀ ਜਾਤੀ ਜਾਂ ਕਿਸਮ ਦੇ ਜੀਵਾਂ ਵਿਚ ਆਪਸ ਵਿਚ ਆਪਣੀਆਂ ਜ਼ਰੂਰਤਾਂ ਲਈ ਚਲਦਾ ਹੈ ਕਿਉਂਕਿ ਇਕ ਜਾਤੀ ਦੇ ਸਭ ਜੀਵਾਂ ਦੀਆਂ ਜ਼ਰੂਰਤਾਂ ਇਕੋ ਜਿਹੀਆਂ ਹੁੰਦੀਆਂ ਹਨ ਇਸ ਲਈ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਵਿਚ ਅੰਤਰਾ-ਜਾਤੀ ਸੰਘਰਸ਼ ਚਲਦਾ ਰਹਿੰਦਾ ਹੈ।

**2. ਅੰਤਰ-ਜਾਤੀ ਸੰਘਰਸ਼**—ਇਹ ਸੰਘਰਸ਼ ਵੱਖ-ਵੱਖ ਕਿਸਮਾਂ ਦੇ ਜੀਵਾਂ ਵਿਚ ਹੁੰਦਾ ਹੈ। ਉਦਾਹਰਣ ਵਜੋਂ ਨਿਉਲੇ ਤੇ ਸੱਪ ਵਿਚ, ਕੁੱਤੇ ਅਤੇ ਬਿੱਲੀ ਵਿਚ, ਬਿੱਲੀ ਅਤੇ ਚੂਹੇ ਵਿਚ ਆਦਿ। ਇਸ ਵਿਚ ਇਕ ਜੀਵ ਤਾਂ ਦੁਸ਼ਮਣ ਤੋਂ ਆਪਣੀ ਰੱਖਿਆ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ ਅਤੇ ਦੂਜਾ ਉਸ ਸ਼ਿਕਾਰ ਨੂੰ ਪਕੜਨ ਦੀ।

**3. ਵਾਤਾਵਰਣਕ ਸੰਘਰਸ਼**—ਜੀਵਾਂ ਨੂੰ ਅੰਤਰਾ ਅਤੇ ਅੰਤਰ-ਜਾਤੀ ਦੇ ਜੀਵਾਂ ਵਿਚ ਸੰਘਰਸ਼ ਤੋਂ ਇਲਾਵਾ ਵਾਤਾਵਰਣਕ ਪਰਿਸਥਿਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਗਰਮੀ, ਸਰਦੀ, ਹਨੇਰੀ, ਤੂਫ਼ਾਨ, ਹੜ੍ਹ, ਸੋਕਾ, ਕਾਲ, ਸੂਰਜ ਦੀ ਰੌਸ਼ਨੀ, ਤੇਜ਼ ਧੁੱਪ, ਲੂ ਆਦਿ ਵਰਗੀਆਂ ਪਰਿਸਥਿਤੀਆਂ।

ਇਨ੍ਹਾਂ ਹਾਲਤਾਂ ਦਾ ਮੁਕਾਬਲਾ ਕਰ ਸਕਣ ਵਾਲੇ ਜੀਵ ਬਚ ਨਿਕਲਦੇ ਹਨ ਅਤੇ ਦੂਜੇ ਮਰ ਜਾਂਦੇ ਹਨ। ਖੇਤ ਵਿਚੋਂ ਕਮਜ਼ੋਰ ਅਤੇ ਹਾਨੀਕਾਰਕ ਪੌਦਿਆਂ ਨੂੰ ਨਿਕਾਲ ਸੁੱਟਣ ਵਾਲੇ ਮਾਲੀ ਜਾਂ ਕਿਸਾਨ ਵਾਂਗ ਕੁਦਰਤ ਵੀ ਨਿਰਬਲ ਅਤੇ ਬੇਲੋੜੇ ਜੀਵਾਂ ਨੂੰ ਖਤਮ ਕਰ ਦਿੰਦੀ ਹੈ ਅਤੇ ਇਸ ਸੰਘਰਸ਼ ਵਿਚ ਉਹੀ ਜੀਵ ਬਚਦੇ ਹਨ ਜਿਨ੍ਹਾਂ ਵਿਚ ਕੋਈ ਖ਼ਾਸ ਗੁਣ ਹੁੰਦੇ ਹਨ ਅਤੇ ਇਸ ਸਿਧਾਂਤ ਨੂੰ 'ਯੋਗਤਮ ਦੀ ਉੱਤਰਜੀਵਿਤਾ' (ਸਰਵਾਈਵਲ ਆਫ਼ ਦੀ ਫ਼ਿਟੈਸਟ) ਕਹਿੰਦੇ ਹਨ। ਇਸ ਤਰ੍ਹਾਂ ਕੁਦਰਤ ਵਿਚ ਸੰਤੁਲਨ ਬਣਿਆ ਰਹਿੰਦਾ ਹੈ।

ਇਸ ਪਰਸਪਰ ਸੰਘਰਸ਼ ਕਾਰਨ, ਖ਼ਾਸ ਗੁਣਾਂ, ਵਿਸ਼ੇਸ਼ਤਾਵਾਂ ਅਤੇ ਵਿਭਿੰਨਤਾਵਾਂ ਵਾਲੀਆਂ ਕਿਸਮਾਂ ਪੈਦਾ ਹੁੰਦੀਆਂ ਹਨ ਅਤੇ ਇਹ ਖਾਸ ਗੁਣ ਅੱਗੋਂ ਉਨ੍ਹਾਂ ਦੀ ਸੰਤਾਨ ਵਿਚ ਚਲੇ ਜਾਂਦੇ ਹਨ। ਇਸ ਤਰ੍ਹਾਂ ਪੀੜ੍ਹੀ-ਦਰ-ਪੀੜ੍ਹੀ ਉੱਨਤ ਕਿਸਮਾਂ ਪੈਦਾ ਹੋ ਕੇ ਇਕ ਐਸੀ ਜਾਤੀ ਬਣ ਜਾਂਦੀ ਹੈ ਜੋ ਪੂਰਵਜ ਕਿਸਮਾਂ ਤੋਂ ਬਿਲਕੁਲ ਵੱਖਰੀ ਲੱਗਦੀ ਹੈ ਅਤੇ ਇਸ ਤਰ੍ਹਾਂ ਨਵੀਂ ਜਾਤੀ ਦਾ ਜਨਮ ਹੋ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ. 5 : 5

**ਜੀਵਨ ਸਾਰਨੀ** : ਇਨ੍ਹਾਂ ਸਾਰਨੀਆਂ ਦੀ ਰਚਨਾ ਮਨੁੱਖੀ ਜੀਵਨ ਦੀ ਉਮਰ (ਭਾਵ ਸੰਭਾਵੀ ਸਮਾਂ) ਦੀ ਗਣਨਾ ਲਈ ਕੀਤੀ ਜਾਂਦੀ ਹੈ। ਇਨ੍ਹਾਂ ਸਾਰਨੀਆਂ ਨੂੰ ਉਮਰ-ਸਾਰਣੀ ਕਹਿਣਾ ਵੀ ਉਚਿਤ ਹੈ। ਇਨ੍ਹਾਂ ਵਿਚ ਹਰ ਕ੍ਰਮਵਾਰ ਸਮਿਆਂ ਉੱਤੇ ਉਨ੍ਹਾਂ ਜੀਵਿਤ ਪ੍ਰਾਣੀਆਂ ਦੀ ਗਿਣਤੀ

ਦਿੱਤੀ ਹੁੰਦੀ ਹੈ ਜੋ ਕਿਸੇ ਸਥਿਰ ਸੰਖਿਆ ਦੇ (ਆਮਤੌਰ ਤੇ 1,00,000) ਸਜੀਵਜਾਤ ਪ੍ਰਾਣੀਆਂ ਵਿਚੋਂ ਵੱਖ-ਵੱਖ ਸਮੇਂ ਉੱਤੇ, ਮੌਤ ਦਰਾਂ ਦੇ ਅਨੁਸਾਰ ਸੰਭਾਵਿਤ ਹਨ। ਉਦਾਹਰਣ ਵਜੋਂ ਇੰਗਲੈਂਡ ਦੇ ਪੁਰਖਾਂ ਦੀ ਆਯੂ ਸਾਰਨੀ 'ਦੀ ਇੰਗਲਿਸ਼ ਲਾਈਫ਼ ਟੇਬਲਜ਼ ਨੰ: 10 ਫ਼ਾਰ ਮੇਲਜ਼', ਅਨੁਸਾਰ ਪ੍ਰਤੀ ਇਕ ਲੱਖ ਸਜੀਵਜਾਤ ਪੁਰਖ ਬਾਲਕਾਂ ਵਿਚੋਂ ਕ੍ਰਮ ਅਨੁਸਾਰ, 1, 2, 20, 45, 70, 95 ਸਾਲ ਦੇ ਸਮੇਂ ਤੱਕ ਉਤਰਜੀਵੀਆਂ ਦੀ ਸੰਖਿਆ, 92, 814; 91, 394; 87, 245; 78, 375; 43, 361 ਅਤੇ 232 ਹੈ। ਆਮਤੌਰ ਤੇ ਆਯੂ ਸਾਰਨੀ ਵਿਚ ਅਜਿਹੇ ਅੰਕੜੇ ਵੀ ਦਿੱਤੇ ਹੁੰਦੇ ਹਨ ਜੋ ਉੱਤਰਜੀਵਿਤਾਂ ਦੀਆਂ ਸੰਖਿਆਵਾਂ ਦੀ ਗਿਣਤੀ ਦੁਆਰਾ ਪ੍ਰਾਪਤ ਕੀਤੇ ਹੁੰਦੇ ਹਨ ਜਿਵੇਂ ਹਰ ਸਮੇਂ ਉੱਤੇ ਮਿਰਤਕਾਂ ਦੀ ਸੰਖਿਆ, ਹਰ ਜਨਮ ਦਿਵਸ ਉੱਤੇ ਬਾਕੀ ਸੰਭਾਵਿਤ-ਜੀਵਨ ਅਤੇ ਅਗਲੇ ਜਨਮ ਦਿਵਸ ਤੱਕ ਜੀਵਿਤ ਰਹਿਣ ਦੀ ਸੰਭਾਵਨਾ। ਇਸ ਆਯੂ-ਸਾਰਣੀ ਵਿਚ ਸੰਭਾਵਿਤ ਜੀਵਨ ਕੋਈ ਭਵਿੱਖ-ਬਾਣੀ ਨਹੀਂ ਹੁੰਦੀ ਇਹ ਤਾਂ ਭੂਤਕਾਲ ਦੇ ਅਨੁਭਵ ਦੇ ਆਧਾਰ ਉੱਤੇ ਕੀਤਾ ਅਨੁਮਾਨ ਹੈ। ਸਿਰਫ਼ ਬੀਮਾ ਕੀਤੇ ਜੀਵਨਾਂ ਦੇ ਅੰਕੜਿਆਂ ਉੱਤੇ ਅਧਾਰਤ ਇਕ ਵਿਸ਼ੇਸ਼ ਪ੍ਰਕਾਰ ਦੀ ਆਯੂ-ਸਾਰਣੀ ਦੀ ਵਰਤੋਂ ਬੀਮਾ ਕੰਪਨੀਆਂ ਦੁਆਰਾ ਬੀਮਾ-ਕਿਸ਼ਤ ਆਦਿ ਦੇ ਨਿਰਧਾਰਨ ਲਈ ਕੀਤੀ ਜਾਂਦੀ ਹੈ।

ਆਯੂ-ਸਾਰਨੀ ਕਿਸੇ ਦੇਸ਼, ਜਾਤੀ, ਲਿੰਗ ਜਾਂ ਵਿਸ਼ੇਸ਼ ਸੰਗਠਨ ਲਈ ਵੀ ਬਣਾਈ ਜਾਂਦੀ ਹੈ ਅਤੇ ਅਰਥ-ਸ਼ਾਸਤਰੀਆਂ, ਸਮਾਜ-ਸ਼ਾਸਤਰੀਆਂ, ਜਨ-ਸਿਹਤ ਕਾਰਜਕਰਤਾਵਾਂ ਦੁਆਰਾ ਵੱਖ-ਵੱਖ ਕੰਮਾਂ ਵਿਚ ਵਰਤੀ ਜਾਂਦੀ ਹੈ। ਔਸਤ ਆਯੂ ਅਤੇ ਵੱਖਰੇ ਸਮਿਆਂ ਤੱਕ ਜੀਵਿਤ ਰਹਿਣ ਦੀਆਂ ਦਰਾਂ ਦੀ ਤੁਲਨਾ ਕਰਕੇ ਵੱਖ-ਵੱਖ ਦੇਸ਼ਾਂ ਦੀ ਲੰਬੀ ਉਮਰ ਅਤੇ ਸਧਾਰਨ ਸਿਹਤ ਦੀਆਂ ਹਾਲਤਾਂ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਆਯੂ ਸਾਰਨੀ ਨਾਲ ਸਮਾਜਿਕ ਬੀਮਾ-ਯੋਜਨਾਵਾਂ ਦੇ ਭਾਵੀ ਖਰਚਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ। ਜੀਵਨ ਅਤੇ ਪਰਵਸਣ ਦੇ ਅੰਕੜਿਆਂ ਦੀ ਆਯੂ-ਸਾਰਨੀ ਦੁਆਰਾ ਆਬਾਦੀ ਵਿਚ ਭਾਵੀ ਵਾਧੇ ਦਾ ਅਤੇ ਆਬਾਦੀ ਵਿਚ ਵੱਖ-ਵੱਖ ਸਮਿਆਂ ਉੱਤੇ ਪੁਰਖਾਂ ਅਤੇ ਇਸਤਰੀਆਂ ਦੇ ਅਨੁਪਾਤ ਵਿਚ ਭਾਵੀ ਪਰਿਵਰਤਨ ਆਦਿ ਦਾ ਵੀ ਪਹਿਲਾਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਆਯੂ-ਸਾਰਨੀ ਦੀ ਵਰਤੋਂ ਅਦਾਲਤ ਵਿਚ ਜਾਇਦਾਦ ਸਬੰਧੀ ਝਗੜਿਆਂ ਦੇ ਨਿਪਟਾਰੇ ਲਈ ਵੀ ਕੀਤੀ ਜਾਂਦੀ ਹੈ।

**ਇਤਿਹਾਸ—ਪ੍ਰਸਿੱਧ ਅੰਗ੍ਰੇਜ਼ ਜੋਤਸ਼ੀ** ਐਡਮੰਡ ਹੈਲੀ ਨੇ 1663 ਈ. ਵਿਚ ਪਹਿਲੀ ਵਾਰ **ਆਯੂ ਸਾਰਨੀ ਪ੍ਰਕਾਸ਼ਿਤ** ਕੀਤੀ। ਬਾਅਦ ਵਿਚ ਸਮੇਂ ਅਨੁਸਾਰ ਮੌਤ ਅਤੇ **ਜਨਗਣਨਾ**, ਦੋਹਾਂ ਦੇ ਅੰਕੜਿਆਂ ਦੀ ਵਰਤੋਂ ਕਰਕੇ, ਵਿਗਿਆਨਕ ਸਿਧਾਂਤਾਂ ਉੱਤੇ ਅਧਾਰਤ, ਕਾਰਲਾਈਲ ਦੀ ਸਾਰਨੀ 1815 ਈ. ਵਿਚ ਪ੍ਰਕਾਸ਼ਿਤ ਹੋਈ। ਇੰਗਲੈਂਡ ਅਤੇ ਵੇਲਜ਼ ਵਿਚ 1837 ਈ. ਤੋਂ ਜਨਮ, ਮੌਤ ਅਤੇ ਵਿਆਹ ਦਾ ਰਾਸ਼ਟਰੀਕਰਣ ਜ਼ਰੂਰੀ ਹੋ ਗਿਆ ਅਤੇ 1843 ਈ. ਤੋਂ ਹਰ ਦਸ ਸਾਲ ਬਾਅਦ ਸਾਲਾਨਾ ਜਨਗਣਨਾ ਦੇ ਆਧਾਰ ਉੱਤੇ 'ਇੰਗਲਿਸ਼ ਲਾਈਫ਼ ਟੇਬਲਜ਼' ਬਣਨ ਲੱਗੇ। ਅਜਿਹੀ ਲੜੀ ਦੀ ਦਸਵੀਂ ਸਾਰਨੀ 1936 ਈ. ਵਿਚ ਪ੍ਰਕਾਸ਼ਿਤ ਹੋਈ। ਜੀਵਨ ਬੀਮਾ ਕੰਪਨੀਆਂ ਦੇ ਅਨੁਭਵ ਦੇ ਆਧਾਰ ਉੱਤੇ ਪਹਿਲੀ ਮ੍ਰਿਤੂ-ਸਾਰਨੀ 1834 ਈ. ਵਿਚ ਬਣੀ। ਭਾਰਤ ਦੇ ਰਜਿਸਟਰਾਰ ਜਨਰਲ ਦੇ ਦਫ਼ਤਰ ਤੋਂ ਸਮੇਂ ਸਮੇਂ ਸਿਰ ਮ੍ਰਿਤੂ-ਦਰ ਸੰਭਾਵੀ ਉਮਰ ਆਦਿ ਦੇ ਅੰਕੜੇ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ ਪਰ ਇਹ ਨਮੂਨਿਆਂ ਉੱਪਰ ਅਧਾਰਤ ਹੁੰਦੇ ਹਨ। ਸਾਰੀ ਆਬਾਦੀ ਦੇ ਆਧਾਰ ਉੱਤੇ ਅੰਕੜੇ ਇਕੱਠੇ ਕਰਨ ਵਿਚ ਔਖ ਦਾ ਕਾਰਨ ਸਾਧਨਾਂ ਦੀ ਕਮੀ ਅਤੇ ਜਨਤਾ ਵਿਚ ਸਿੱਖਿਆ ਅਤੇ ਇਸ ਵਿਸ਼ੇ ਵਿਚ ਰੁਚੀ ਦੀ ਘਾਟ ਹੈ। ਆਯੂ-ਸਾਰਨੀ ਦੀ ਇਕ ਉਦਾਹਰਣ—

| ਸਮਾਂ | ਉੱਤਰਜੀਵੀਆਂ ਦੀ ਸੰਖਿਆ | ਮਿਰਤਕਾਂ ਦੀ ਸੰਖਿਆ | ਉੱਤਰ-ਜੀਵੀਆਂ ਦਾ ਅਨੁਪਾਤ | ਮਿਰਤਕਾਂ ਦਾ ਅਨੁਪਾਤ | ਬਾਕੀ ਸੰਭਾਵੀ ਜੀਵਨ |
|---|---|---|---|---|---|
| ਵ(x) | ਉਵ($i_x$) | ਮਿਵ($d_x$) | ਸਵ($p_x$) | ਹਵ($q_x$) | ਪਵ($e_x$) |
| 0 | 1, 00, 000 | 7, 186 | .92814 | .07186 | 58.74 |
| 1 | 92,814 | 1, 420 | .98474 | .01530 | 92.25 |
| 2 | 91,394 | 600 | .99343 | .00657 | 92.21 |

ਹ. ਪੁ.–ਹਿੰ. ਵਿ. ਕੋ. 5 : 6

**ਜੀਵਨ–ਕਾਲ, ਜਾਨਵਰਾਂ ਦਾ** : ਜਾਨਵਰਾਂ ਦੇ ਜੀਵਨ ਕਾਲ ਬਾਰੇ ਜਾਣਕਾਰੀ, ਪਾਲਤੂ ਜਾਨਵਰਾਂ, ਚਿੜੀਆ ਘਰਾਂ ਵਿਚ ਜਾਂ ਪ੍ਰਯੋਗਸ਼ਾਲਾਵਾਂ ਵਿਚ ਰੱਖੇ ਜਾਨਵਰਾਂ ਦਾ ਅਧਿਐਨ ਕਰਕੇ ਪ੍ਰਾਪਤ ਕੀਤੀ ਗਈ ਹੈ ਪਰ ਇਸ ਅਧਿਐਨ ਵਿਚ ਇਕ ਸਮੱਸਿਆ ਰਹਿ ਜਾਂਦੀ ਹੈ ਕਿ ਜਾਨਵਰ ਕੁਦਰਤੀ ਵਾਤਾਵਰਨਾਂ ਵਿਚ ਕਿੰਨਾ ਚਿਰ ਜਿਉਂਦੇ ਹਨ। ਕੁਝ ਕਿਸਮਾਂ ਜਿਵੇਂ ਕੁਝ ਮੱਛੀਆਂ, ਸਿੱਪੀਆਂ ਅਤੇ ਕੁਝ ਪ੍ਰਾਣੀਆਂ ਦੇ ਕਿਸੇ ਹਿੱਸੇ ਉੱਤੇ ਪੌਦਿਆਂ ਦੀ ਤਰ੍ਹਾਂ ਵ੍ਰਿਧੀ ਚੱਕਰ ਬਣਦੇ ਹਨ। ਇਸੇ ਤਰ੍ਹਾਂ ਕਈ ਸ਼ਿਕਾਰੀ ਜਾਤੀਆਂ ਵਿਚ ਦੰਦਾਂ ਦੇ ਭੁਰਨ ਜਾਂ ਹੱਡੀਆਂ ਦੀ ਬਣਤਰ ਵਿਚ ਤਬਦੀਲੀਆਂ ਤੋਂ, ਪੰਛੀਆਂ ਦੇ ਬੈਂਡਾਂ ਆਦਿ ਤੋਂ ਉਮਰ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਪਰ ਫਿਰ ਵੀ ਬਹੁਤ ਕਿਸਮਾਂ ਜਿਹੜੀਆਂ ਆਪਣੇ ਕੁਦਰਤੀ ਵਾਤਾਵਰਨਾਂ ਵਿਚ ਵਿਚਰਦੀਆਂ ਹਨ, ਉਨ੍ਹਾਂ ਦੀ ਉਮਰ ਬਾਰੇ ਅੰਦਾਜ਼ਾ ਲਗਾਉਣਾ ਔਖਾ ਹੈ।

**ਵੱਧ ਤੋਂ ਵੱਧ ਅਤੇ ਔਸਤਨ ਆਯੂ ਕਾਲ**—ਕਿਸੇ ਜਾਤੀ ਦੀ ਵੱਧ ਤੋਂ ਵੱਧ ਉਮਰ ਦਾ ਪਤਾ ਲਗਾਉਣ ਲਈ ਉਸ ਜਾਤੀ ਦੇ ਕੁਝ ਪ੍ਰਾਣੀਆਂ ਦੀ ਉਮਰ ਪਤਾ ਕੀਤੀ ਜਾਂਦੀ ਹੈ ਅਤੇ ਇਸ ਤੋਂ ਉਸ ਜਾਤੀ ਦੀ ਵੱਧ ਤੋਂ ਵੱਧ ਉਮਰ (ਲਗਭਗ) ਪਤਾ ਲਗਾਈ ਜਾਂਦੀ ਹੈ ਪਰ ਇਹ ਅਧਿਐਨ ਬੰਦੀ ਹਾਲਤਾਂ ਵਿਚ ਰੱਖੇ ਉਨ੍ਹਾਂ ਜਾਨਵਰਾਂ ਤੇ ਹੀ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਜੰਗਲੀ ਹਾਲਤਾਂ ਵਿਚ ਰਹਿਣ ਵਾਲੇ ਪ੍ਰਾਣੀਆਂ ਤੋਂ ਘੱਟ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੇਠਾਂ ਸਾਰਨੀ ਵਿਚ ਕੁਝ ਕਿਸਮਾਂ ਦੀ ਵੱਧ ਤੋਂ ਵੱਧ ਉਮਰ ਦਰਸਾਈ ਗਈ ਹੈ।

**ਬੰਦੀ ਹਾਲਤਾਂ ਵਿਚ ਰੱਖੇ ਪ੍ਰਾਣੀਆਂ ਦੀ ਵੱਧ ਤੋਂ ਵੱਧ ਉਮਰ ਦੀ ਸਾਰਨੀ**

**ਥਣਧਾਰੀ ਪ੍ਰਾਣੀ**

| ਪ੍ਰਾਣੀ ਦਾ ਨਾਂ | ਵੱਧ ਤੋਂ ਵੱਧ ਉਮਰ (ਸਾਲਾਂ ਵਿਚ) |
|---|---|
| ਚਮਗਿੱਦੜ (Eptesicus fuscus) | 2 |
| ਬਿੱਲੀ (Felis catus) | 21 |
| ਕੁੱਤਾ (Canis familiaris) | 34 |
| ਬੱਕਰੀ (Capra hircus) | 18 |
| ਘੋੜਾ (Equus caballus) | 62 |
| ਚੂਹਾ (Mus musculus) | 3 |
| ਸਲੇਟੀ ਗਲਿਹਰੀ (Sciurus cardinensis) | 15 |
| ਭੂਰਾ ਰਿੱਛ (Ursus horribilis) | 31 |
| ਚਿੰਪੈਂਜ਼ੀ (Pan troglodytes) | 37 |
| ਭਾਰਤੀ ਹਾਥੀ (Elephas maximus) | 57 |

| | |
|---|---|
| ਸੁਨਹਿਰੀ ਹੈਮਸਟਰ (Mesocricetus auratus) | 1.8 |
| ਬੱਬਰ ਸ਼ੇਰ (Panthera leo) | 29 |
| ਬੈਲ (Bos taurus) | 30 |
| ਜੰਗਲੀ ਸੂਰ (Sus scrofa) | 27 |
| **ਪੰਛੀ** | |
| ਨੀਲੀ ਜੈ (Cyanocitta cristata) | 4 |
| ਕਾਨੇਅਰੀ (Serinus canaria) | 24 |
| ਮੱਕੋ (Ara macao) | 64 |
| ਕਬੂਤਰ (Columba livia domestica) | 35 |
| ਨਾਈਟਿੰਗੇਲ (Luscinia luscinia) | 3.8 |
| ਟਿਟਮਾਊਸ (Parus major) | 9 |
| **ਰੀਂਗਣੇ ਪ੍ਰਾਣੀ** | |
| ਸੰਸਾਰ (Alligator mississipensis) | 56 |
| ਬਾਕਸ ਕੱਛੂ (ਸਮੁੰਦਰੀ) (Terrapene carolina) | 123 |
| ਪਾਣੀ ਦਾ ਕੱਛੂ (Pseudemys scripta) | 7 |
| ਗਾਰਟਰ ਸੱਪ (Thamnophis sirtalis) | 6 |
| ਮਹਾਂ ਕੱਛੂ (Testudo elephantopus) | 177 |
| **ਜਲ-ਥਲੀ ਜੀਵ** | |
| ਯੂਰਪੀ ਕਾਲਾ ਸਮੁੰਦਰ (Salmandra alra) | 3 |
| ਡੱਡੂ (Rana species) | 5-15 |
| ਧੱਬੇਦਾਰ ਸਮੁੰਦਰ (Ambystoma maculatum) | 25 |
| **ਮੱਛੀਆਂ** | |
| ਈਲ (Anguilla rostrata) | 6 |
| ਗੋਲਡਫਿਸ਼ (Carassius auratus) | 25 |
| ਸਟਰਜਨ (Acipenser transmontanus) | 50 |
| **ਕੀਟ** | |
| ਕੀੜੀ (Lasius species) | 15 |
| ਫਰੂਟ ਫਲਾਈ (Drosophilla melanogaster) | 0.1 |
| ਬੈਪਰੈਸਟਿਡ ਬੀਟਲ (Buprestis splenders) | 30 |
| **ਮੱਕੜੀਆਂ** | |
| ਬਰਡ ਸਪਾਈਡਰ (Avicularis avicularis) | 15 |
| ਕ੍ਰੇਫਿਸ਼ (Astacus fluviatilis) | 30 |
| ਹਾਊਸ ਸਪਾਈਡਰ (Tegenaria civilis) | 0.01 |
| ਜਲ ਪਿੱਸੂ (Daphnia magna) | 0.2 |
| **ਮੌਲਸਕ** | |
| ਸਿੱਪੀਆਂ (ਕਈ ਜਾਤੀਆਂ) | 1-10 |
| ਸਨੇਲ (ਕਈ ਜਾਤੀਆਂ) | 1-30 |
| **ਐਨੇਲਿਡ ਵਰਮ** | |
| ਗੰਡੋਆ (Lumbricus terrestris) | 10 |
| ਜੋਕ (Hirudomedicinalis) | 27 |
| **ਰੋਟੀਫਰ** | |
| ਕਈ ਜਾਤੀਆਂ | (0.03-01) |

ਜਾਨਵਰਾਂ ਦੀ ਵੱਧ ਤੋਂ ਵੱਧ ਉਮਰ ਬਾਰੇ ਬਹੁਤ ਘੱਟ ਹੀ ਵਿਆਪਕਤਾਵਾਂ ਬਣਾਈਆਂ ਗਈਆਂ ਹਨ। ਕਈ ਪ੍ਰਾਣੀ ਬਹੁਤ ਲੰਬੀ ਉਮਰ ਜਿਉਂਦੇ ਹਨ। ਕਈ ਕੱਛੂ 100 ਸਾਲ ਤੋਂ ਵੀ ਵੱਧ ਤੱਕ ਜਿਉਂਦੇ ਰਹਿੰਦੇ ਹਨ। ਆਮਤੌਰ ਤੇ ਜਾਨਵਰਾਂ ਲਈ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਵੱਡੇ ਜਾਨਵਰ ਲੰਬੀ ਉਮਰ ਭੋਗਦੇ ਹਨ ਪਰ ਇਸ ਵਿਚ ਵੀ ਕਈ ਛੋਟਾਂ ਹਨ ਜਿਵੇਂ ਬਾਕਸ ਕੱਛੂ ਅਤੇ ਪਾਣੀ ਦਾ ਕੱਛੂ ਭਾਵੇਂ ਇਕੋ ਆਕਾਰ ਦੇ ਹਨ ਪਰ ਇਨ੍ਹਾਂ ਦੇ ਆਯੂ ਕਾਲ ਦਾ ਬਹੁਤ ਫ਼ਰਕ ਹੈ। ਇਹ ਵੀ ਅਨੁਮਾਨ ਲਗਾਇਆ ਗਿਆ ਹੈ ਕਿ ਸਭ ਤੋਂ ਵੱਧ ਆਯੂਕਾਲ, ਵੱਡੇ ਆਕਾਰ ਵਾਲੇ ਜਾਨਵਰਾਂ ਦੇ ਗਰੁੱਪ ਜਿਵੇਂ ਰੀਂਗਣੇ ਪ੍ਰਾਣੀਆਂ ਵਿਚ ਮਿਲਦਾ ਹੈ ਪਰ ਇਨ੍ਹਾਂ ਦੇ ਹਰੇਕ ਗਰੁੱਪ ਵਿਚ ਛੋਟੇ ਆਕਾਰ ਵਾਲੀਆਂ ਜਾਤੀਆਂ ਵੀ ਮਿਲਦੀਆਂ ਹਨ।

ਨਾ ਸਿਰਫ ਵੱਖ-ਵੱਖ ਜਾਤੀਆਂ ਦੇ ਸਗੋਂ ਇਕੋ ਜਾਤੀ ਦੇ ਵੱਖ-ਵੱਖ ਪ੍ਰਾਣੀਆਂ ਦੇ ਆਯੂ ਕਾਲ ਵਿਚ ਵੀ ਵਖਰੇਵੇਂ ਮਿਲਦੇ ਹਨ। ਇਸ ਲਈ ਵੱਖ-ਵੱਖ ਉਮਰ ਗਿਆਤ ਕਰ ਲੈਣ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਔਸਤਨ ਉਮਰ ਪਤਾ ਕਰਨਾ ਹੈ।

**ਇਕੱਲਾ ਪ੍ਰਾਣੀ ਅਤੇ ਕਾਲੋਨੀ**—ਆਯੂ ਕਾਲ ਦੀ ਧਾਰਨਾ ਦੇਖਣ ਲਈ ਪਹਿਲਾਂ ਸਾਨੂੰ ਫਰਜ਼ ਕਰਨਾ ਪਵੇਗਾ ਕਿ ਹਰ ਪ੍ਰਾਣੀ ਦਾ ਇਕ ਖਾਸ ਵਜੂਦ ਹੈ ਜਿਸ ਦਾ ਇਕ ਨਿਸ਼ਚਿਤ ਆਦਿ ਅਤੇ ਅੰਤ ਹੈ। ਲਿੰਗੀ ਜਣਨ ਵਾਲੀਆਂ ਕਿਸਮਾਂ ਵਿਚ ਹਰੇਕ ਜੀਵ ਕਿਸੇ ਖਾਸ ਜਿਉਂਦੇ ਪਦਾਰਥ ਦਾ ਬਣਿਆ ਹੁੰਦਾ ਹੈ ਜਿਸ ਵਿਚ ਆਪਣੇ ਆਪ ਨੂੰ ਜਿਉਂਦਾ ਰੱਖਣ ਦੀ ਸ਼ਕਤੀ ਹੁੰਦੀ ਹੈ ਅਤੇ ਇਸ ਵਿਚ ਖਾਸ ਅਨੁਵੰਸ਼ਿਕ ਲੱਛਣ ਹੁੰਦੇ ਹਨ। ਕਈ ਪ੍ਰਾਣੀਆਂ ਵਿਚ ਲਗਾਤਾਰ ਵ੍ਰਿਧੀ ਅਤੇ ਵੰਡੀਜਣ ਹੁੰਦਾ ਰਹਿੰਦਾ ਹੈ ਅਤੇ ਜਣਕ ਸੈੱਲ ਦੀ ਤਰ੍ਹਾਂ ਹੀ ਨਵੇਂ ਸੈੱਲ ਬਣਦੇ ਰਹਿੰਦੇ ਹਨ। ਜੇ ਵੰਡੀਜਣ ਪੂਰਾ ਨਾ ਹੋਵੇ ਤਾਂ ਨਵੇਂ ਬਣੇ ਸੈੱਲ ਨਾਲ ਨਾਲ ਹੀ ਰਹਿੰਦੇ ਹਨ ਅਤੇ ਇਸ ਤਰ੍ਹਾਂ ਕਾਲੋਨੀ ਬਣਦੀ ਹੈ। ਇਕ ਸੈੱਲੇ-ਜੀਵਾਂ ਵਿਚ ਜਣਕ ਅਤੇ ਸੰਤਾਨ ਸੈੱਲਾਂ ਵਿਚ ਫ਼ਰਕ ਲੱਭਣਾ ਔਖਾ ਹੋ ਜਾਂਦਾ ਹੈ ਅਤੇ ਇਨ੍ਹਾਂ ਦਾ ਆਯੂ ਕਾਲ ਵੀ ਨਿਸ਼ਚਿਤ ਕਰਨਾ ਔਖਾ ਹੁੰਦਾ ਹੈ।

ਕਿਸੇ ਵੀ ਜੀਵ ਦੀ ਮੌਤ ਉਦੋਂ ਹੁੰਦੀ ਹੈ ਜਦੋਂ ਉਸ ਵਿਚ ਅਪਰਤਵੀਆਂ ਤਬਦੀਲੀਆਂ ਉਸ ਹੱਦ ਤੱਕ ਆ ਜਾਂਦੀਆਂ ਹਨ ਕਿ ਜੀਵ ਦੇ ਅੰਦਰ ਸੰਗਠਨ ਪੂਰੀ ਤਰ੍ਹਾਂ ਨਹੀਂ ਰਹਿੰਦਾ ਪਰ ਕਈ ਜੀਵ ਅਜਿਹੇ ਹੁੰਦੇ ਹਨ ਜਿਹੜੇ ਅਨਿਸ਼ਚਿਤ ਸਮੇਂ ਤੱਕ ਵਧਦੇ ਤੇ ਵੰਡੀਜਦੇ ਰਹਿੰਦੇ ਹਨ। ਉਨ੍ਹਾਂ ਦੀ ਮੌਤ ਸਿਰਫ਼ ਕਿਸੇ ਦੁਰਘਟਨਾ ਆਦਿ ਕਾਰਨ ਹੀ ਹੁੰਦੀ ਹੈ।

ਲਿੰਗੀ ਕਿਸਮਾਂ ਵਿਚ ਕਿਸੇ ਜੀਵ ਦੀ ਸ਼ੁਰੂਆਤ ਉਦੋਂ ਹੁੰਦੀ ਹੈ ਜਦੋਂ ਅੰਡੇ ਦਾ ਨਿਸ਼ੇਚਨ ਹੋ ਜਾਂਦਾ ਹੈ ਅਤੇ ਅਲਿੰਗੀ ਕਿਸਮਾਂ ਵਿਚੋਂ ਉਦੋਂ ਜਦੋਂ ਦੋ ਜੀਵ ਵੰਡ ਉਪਰੰਤ ਵੱਖ ਹੋ ਜਾਂਦੇ ਹਨ। ਆਯੂ ਕਾਲ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਨਵਾਂ ਜੀਵ ਜਨਮ ਲੈਂਦਾ ਹੈ ਪਰ ਜਨਮ ਲੈਣ ਸਮੇਂ ਅਤੇ ਉਸ ਵਕਤ ਬੱਚੇ ਦੀ ਹਾਲਤ ਵਿਚ ਵੀ ਬਹੁਤ ਜ਼ਿਆਦਾ ਵਖਰੇਵੇਂ ਮਿਲਦੇ ਹਨ। ਇਸ ਲਈ ਉਮਰ ਦੇ ਸ਼ੁਰੂ ਲਈ ਵੀ ਇਹ ਕੋਈ ਪੱਕਾ ਲੱਛਣ ਨਹੀਂ ਹੈ।

**ਵਾਤਾਵਰਨਕ ਪ੍ਰਭਾਵ**—ਆਯੂ-ਕਾਲ ਸਮੇਂ ਦੀਆਂ ਇਕਾਈਆਂ ਵਿਚ ਮਾਪਿਆ ਜਾਂਦਾ ਹੈ ਪਰ ਇਸ ਵਿਚ ਵੀ ਕੁਝ ਔਕੜਾਂ ਪੇਸ਼ ਆਉਂਦੀਆਂ ਹਨ ਜਿਵੇਂ ਸਰੀਰ ਦੀਆਂ ਮੈਟਾਬੋਲਿਜ਼ਮ ਦੀਆਂ ਕਿਰਿਆਵਾਂ ਉੱਤੇ ਤਾਪਮਾਨ ਤੇ ਖ਼ੁਰਾਕ ਦਾ ਅਸਰ ਪੈਂਦਾ ਹੈ, ਇਸੇ ਤਰ੍ਹਾਂ ਕਈ ਜੀਵ ਸੀਤ ਨਿਸ਼ਕਿਰਿਆ ਦੀ ਅਵਸਥਾ ਧਾਰਨ ਕਰਦੇ ਹਨ ਅਤੇ ਕਿਸੇ ਵੀ ਜਾਨਵਰ ਦੇ ਆਯੂ ਕਾਲ ਉੱਤੇ ਕਈ ਗੱਲਾਂ ਅਸਰ ਪਾਉਂਦੀਆਂ ਹਨ ਜਿਨ੍ਹਾਂ ਨੂੰ ਇਕੱਠੇ ਵਾਤਾਵਰਨਕ ਪ੍ਰਭਾਵ ਕਿਹਾ ਜਾਂਦਾ ਹੈ। ਉਨ੍ਹਾਂ ਸਾਰੇ ਵਾਤਾਵਰਨਕ ਪ੍ਰਭਾਵਾਂ ਨੂੰ ਦੇਣਾ ਮੁਸ਼ਕਿਲ ਹੈ ਜਿਹੜੇ ਮੌਤ ਦਾ ਕਾਰਨ ਬਣਦੇ ਹਨ। ਇਸ ਲਈ ਕੁਝ ਵੱਖ-ਵੱਖ ਕੈਟਾਗਰੀਆਂ ਬਣਾਈਆਂ

ਜਾਂਦੀਆਂ ਹਨ। ਹਰੇਕ ਜਾਨਵਰ ਇਨ੍ਹਾਂ ਸਾਰੀਆਂ ਹਾਲਤਾਂ ਦਾ ਸਾਹਮਣਾ ਕਰਦਾ ਹੈ; (1) ਉਹ ਸਾਰੀਆਂ ਘਟਨਾਵਾਂ ਜਿਨ੍ਹਾਂ ਰਾਹੀਂ ਕਦੀ ਵੀ ਮੌਤ ਹੋ ਸਕਦੀ ਹੈ; (2) ਨਿਵਾਸ ਸਥਾਨ ਵਿਚ ਮੌਸਮੀ ਜਾਂ ਹੋਰ ਤਬਦੀਲੀਆਂ ਜਿਨ੍ਹਾਂ ਰਾਹੀਂ ਘਾਤਕ ਘਟਨਾਵਾਂ ਵਾਪਰ ਸਕਦੀਆਂ ਹਨ ਅਤੇ (3) ਸਰੀਰ ਦੇ ਵੱਖ-ਵੱਖ ਸਿਸਟਮਾਂ ਵਿਚ ਅੰਦਰੂਨੀ ਤਬਦੀਲੀਆਂ ਜਿਹੜੀਆਂ ਵਾਤਾਵਰਨਕ ਪ੍ਰਭਾਵਾਂ ਨੂੰ ਬਦਲ ਸਕਦੀਆਂ ਹਨ।

ਪ੍ਰਾਣੀਆਂ ਦੀ ਉਮਰ ਮੁਤਾਬਕ ਜਿਉਂਦੇ ਰਹਿਣ ਦੀ ਸੰਭਾਵਿਕਤਾ ਨੂੰ ਗ੍ਰਾਫ ਰਾਹੀਂ ਦਰਸਾਇਆ ਗਿਆ ਹੈ। ਇਸ ਗ੍ਰਾਫ ਵਿਚ ਚਾਰ ਕਿਸਮਾਂ ਦੀਆਂ ਵਕਰਾਂ ਹਨ। ਵਕਰ (ੳ) ਵਿਚ ਅਨੁਕੂਲਨ ਦਿਖਾਇਆ ਗਿਆ ਹੈ। ਬੱਚੇ ਆਲੇ-ਦੁਆਲੇ ਦੇ ਵਾਤਾਵਰਨ ਅਨੁਸਾਰ ਆਪਣੇ ਆਪ ਨੂੰ ਸਭ ਤੋਂ ਜ਼ਿਆਦਾ ਢਾਲ ਸਕਦੇ ਹਨ ਪਰ ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ। ਅਨੁਕੂਲਨ ਦੀ ਸਮੱਰਥਾ ਵੀ ਘੱਟਦੀ ਜਾਂਦੀ ਹੈ। ਵਕਰ (ਅ) ਵਿਚ ਇਤਫ਼ਾਕੀਆ ਮੌਤਾਂ ਦੀ ਸੰਭਾਵਨਾ ਦਿਖਾਈ ਗਈ ਹੈ। ਇਸ ਅਨੁਸਾਰ ਜਨਮ ਸਮੇਂ ਮੌਤ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ ਅਤੇ ਜਿਉਂ ਜਿਉਂ ਉਮਰ ਵਧਦੀ ਹੈ ਇਤਫ਼ਾਕੀਆ ਮੌਤ ਦੀ ਸੰਭਾਵਨਾ ਘਟਦੀ ਹੈ। ਇਸ ਅਨੁਸਾਰ ਵੀ ਬੱਚਿਆਂ ਵਿਚ ਵੱਡਿਆਂ ਦੇ ਮੁਕਾਬਲੇ ਇਤਫ਼ਾਕੀਆ ਮੌਤਾਂ ਜ਼ਿਆਦਾ ਹੁੰਦੀਆਂ ਹਨ। ਵਕਰ (ੲ) ਉਮਰ ਭੋਗ ਕੇ ਮੌਤ ਦਰਸਾਉਂਦੀ ਹੈ। ਇਕ ਖ਼ਾਸ ਉਮਰ ਹੈ ਜਿਥੇ ਪਹੁੰਚ ਕੇ ਮੌਤ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਕੋਈ ਕੋਈ ਹੀ ਇਸ ਨੂੰ ਪਾਰ ਕਰਦਾ ਹੈ। ਵਕਰ (ਸ) ਪਹਿਲੀਆਂ ਤਿੰਨਾਂ ਵਕਰਾਂ ਦੀ ਔਸਤ ਹੈ। ਇਸ ਅਨੁਸਾਰ ਕੁਝ ਉਮਰ ਤੱਕ ਮੌਤ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਫਿਰ ਕੁਝ ਉਮਰ ਤੱਕ ਬਹੁਤ ਘੱਟ ਜਾਂਦੀ ਹੈ, ਫਿਰ ਇਕ ਦਮ ਵਧਦੀ ਹੈ, ਫਿਰ ਘਟ ਜਾਂਦੀ ਹੈ ਤੇ ਫਿਰ ਵਕਰ ਦਾ ਅਖੀਰਲਾ ਹਿੱਸਾ ਉਮਰ ਭੋਗ ਕੇ ਮਰ ਜਾਣਾ ਦਰਸਾਉਂਦਾ ਹੈ।




**ਉੱਤਰਜੀਵਤਾ ਵਕਰਾਂ ਦੀਆਂ ਕਿਸਮਾਂ**

ਹ. ਪ੍ਰ.–ਐਨ. ਬ੍ਰਿ. 13 : 1097

**ਜੀਵਨ-ਕਾਲ, ਪੌਦਿਆਂ ਦਾ** : ਪੌਦੇ ਵੀ ਉਨਾ ਚਿਰ ਹੀ ਜਿਉਂਦੇ ਰਹਿ ਸਕਦੇ ਹਨ ਜਿੰਨਾ ਚਿਰ ਤਾਈਂ ਪ੍ਰਾਣੀ ਜਿਉਂਦੇ ਰਹਿੰਦੇ ਹਨ ਪਰ ਫਿਰ ਵੀ ਪੌਦਿਆਂ ਦੀ ਉਮਰ ਸਬੰਧੀ ਕੋਈ ਵੀ ਪਰਿਭਾਸ਼ਾ ਅਜੇ ਤੱਕ ਪ੍ਰਮਾਣੀਕ ਨਹੀਂ ਮੰਨੀ ਗਈ। ਜੇਕਰ ਕਿਸੇ ਇਕ ਪੌਦੇ ਦੀ ਉਮਰ ਪੁਨਰ ਉਤਪਾਦਕ ਵਿਧੀ ਨਾਲ ਉਸ ਦੀ ਉਤਪਤੀ ਅਤੇ ਉਸ ਇਕੱਲੇ ਪੌਦੇ ਦੀ ਮੌਤ ਵਿਚਕਾਰਲਾ ਸਮਾਂ ਮੰਨਿਆ ਜਾਵੇ ਤਾਂ ਕਈ ਕਿਸਮਾਂ ਦੇ ਪੌਦਿਆਂ ਦੀ ਉਮਰ ਦੱਸੀ ਜਾ ਸਕਦੀ ਹੈ ਪਰ ਸਾਰਿਆਂ ਦੀ ਨਹੀਂ। ਹੇਠਾਂ ਦਿੱਤੀ ਸਾਰਨੀ ਵਿਚ ਬੀਜ ਵਾਲੇ ਕੁਝ ਪੌਦਿਆਂ ਦੀ ਵੱਧ ਤੋਂ ਵੱਧ ਉਮਰ (ਅਨੁਮਾਨਤ ਅਤੇ ਪ੍ਰਮਾਣਿਤ) ਦਿੱਤੀ ਗਈ ਹੈ।

**ਪੌਦਿਆਂ ਦੀ ਉਮਰ ਦੀ ਪਰਿਭਾਸ਼ਾ ਦੱਸਣ ਵਿਚ ਆਉਂਦੀਆਂ ਔਕੜਾਂ**—ਇੰਗਲੈਂਡ ਵਿਚ ਪੈਦਾ ਹੋਣ ਵਾਲੇ ਇਕ ਓਕ ਰੁੱਖ ਦੇ ਤਣੇ ਵਿਚ ਜੇਕਰ 1000 ਚੱਕਰ ਹੋਣ ਤਾਂ ਇਹ ਪੌਦਾ 1000 ਸਾਲ ਪੁਰਾਣਾ ਹੈ ਪਰੰਤੂ ਇਕ ਆਰਕਟਿਕ ਲਿਊਪਾਈਨ ਦੀ ਉਮਰ ਹੋ ਸਕਦਾ ਹੈ ਘੱਟ ਹੀ ਹੋਵੇ ਜੋ ਕਿ ਇਕ ਭਰੂਣ ਤੋਂ ਜਨਮਿਆ ਹੈ ਅਤੇ ਆਰਕਟਿਕ ਵਿਚ ਪੱਕੇ ਤੌਰ ਤੇ ਜੰਮੇ ਹੋਏ ਰੂਪ ਵਿਚ ਚੂਹੇ ਆਦਿ ਦੀਆਂ ਖੁੱਡਾਂ ਵਿਚ ਲਗਭਗ 10,000 ਸਾਲ ਤੋਂ ਪਿਆ ਰਿਹਾ ਹੈ।

ਖੁੰਬਾਂ ਦੀਆਂ ਛਤਰੀਆਂ ਜੋ ਇਕ ਰਾਤ ਵਿਚ ਹੀ ਪ੍ਰਗਟ ਹੁੰਦੀਆਂ ਹਨ ਅਤੇ ਕੁਝ ਹੀ ਦਿਨ ਤਕ ਜੀਵਿਤ ਰਹਿੰਦੀਆਂ ਹਨ ਪਰ ਇਨ੍ਹਾਂ ਉੱਲੀਆਂ ਦੇ ਫ਼ਿਲਾਮੈਂਟ ਜੋ ਜ਼ਮੀਨ ਵਿਚ ਹੁੰਦੇ ਹਨ ਹੋ ਸਕਦਾ ਹੈ ਉਹ 400 ਸਾਲ ਪੁਰਾਣੇ ਹੋਣ। ਬਣਤਰ ਵਿਚ ਵਿਭਿੰਨਤਾ ਹੋਣ ਕਾਰਨ ਪੌਦਿਆਂ ਦੇ ਜੀਵਨ ਕਾਲ ਦੀ ਤੁਲਨਾ ਵੱਡੇ ਪ੍ਰਾਣੀਆਂ ਨਾਲ ਨਹੀਂ ਕੀਤੀ ਜਾ ਸਕਦੀ। ਸਧਾਰਨ ਤੌਰ ਤੇ ਪ੍ਰਾਣੀਆਂ ਦੇ ਜੀਵਨ ਦੇ ਸ਼ੁਰੂ ਵਿਚ ਭਰੂਣ ਸੈੱਲ ਆਪਣੀ ਹੋਂਦ ਗਵਾ ਬੈਠਦੇ ਹਨ। ਪੌਦਿਆਂ ਵਿਚ ਫਿਰ ਵੀ, ਭਰੂਣ ਤੰਤੂ (ਪੌਦੇ ਵਿਭਾਜਨ ਯੋਗ ਤੰਤੂ) ਕਈ ਪੌਦਿਆਂ ਦੀ ਜ਼ਿੰਦਗੀ ਵਿਚ ਵਾਧੇ ਅਤੇ ਤੰਤੂ ਬਣਾਉਣ ਵਿਚ ਬਹੁਤ ਸਮਾਂ ਲੈ ਜਾਂਦੇ ਹਨ। ਇਥੋਂ ਤੱਕ ਕਿ ਕਈ ਹਾਲਤਾਂ ਵਿਚ ਇਹ ਪੌਦੇ ਦੀ ਸਾਰੀ ਉਮਰ ਤੱਕ ਹੀ ਹਿੱਸਾ ਪਾਉਂਦੇ ਰਹਿੰਦੇ ਹਨ।

**ਸਾਰਨੀ—ਕੁਝ ਬੀਜ ਵਾਲੇ ਪੌਦਿਆਂ ਦੀ ਵੱਧ ਤੋਂ ਵੱਧ ਉਮਰ**

| **ਪੌਦੇ** | **ਪੌਦਿਆਂ ਦੀ ਵੱਧ ਤੋਂ ਵੱਧ ਉਮਰ** ਅਨੁਮਾਨਤ (ਸਾਲ) | ਪ੍ਰਮਾਣਿਤ (ਸਾਲ) | **ਪ੍ਰਮਾਣਿਤ ਕਿਸਮ ਦਾ ਸਥਾਨ** |
|---|---|---|---|
| **ਕੋਨੀਫਰਜ਼** | | | |
| ਆਮ ਜੂਨੀਪਰਜ਼ (Juniperus communis) | 2,000 | 544 | ਕੋਲਾ ਪ੍ਰਾਇਦੀਪ (ਉੱਤਰੀ ਪੂਰਬੀ ਰੂਸ) |
| ਨਾਰਵੇ ਸਪਰੂਸ (Picea abies) | 1, 200 | 340-400 | ਈਸਟੈਟ (ਬਾਵੇਰੀਆ) |
| ਯੂਰਪੀਅਨ ਲਾਰਚ (Larin decidua) | 700 | 417 | ਰਿਫੈਲ ਐਲਪ (ਸਵਿਟਜ਼ਰਲੈਂਡ) |
| ਸਕਾਚ ਪਾਈਨ (Pinus sylvestris) | – | 584 | |
| ਸਵਿਸ ਸਟੋਨ ਪਾਈਨ (Pinus cembra) | 1, 200 | 750 | ਰਿਫੈਲ ਐਲਪ (ਸਵਿਟਜ਼ਰਲੈਂਡ) |
| ਚਿੱਟਾ ਪਾਈਨ (Pinus strobus) | – | 400-450 | |
| ਬ੍ਰਿਸਨਕੋਨ ਪਾਈਨ (Pinus aristata) | – | 4, 900 | ਵੀਲਰ ਪਾਰਕ, ਹਮਬਲ ਬੋਲਟ ਨੈਸ਼ਨਲ ਫਾਰੈ-ਸਟ, ਨੈਵੇਦਾ |
| ਸੀਆਰਾ ਰੈਡਵੁੱਡ (Sequoiade ndron giganteum) | 4,000 | 2, 200-2, 300 | ਉੱਤਰੀ ਕੈਲੀਫ਼ੋ-ਰਨੀਆ |
| **ਫੁੱਲ ਪੈਦਾ ਕਰਨ ਵਾਲੇ ਪੌਦੇ** | | | |
| **ਇਕ ਬੀਜ ਪੱਤਰੀ** | | | |
| ਡਰੈਗਨ ਰੁੱਖ (Dracaena draco) | 200* | – | ਟੈਨਰਿਫ (ਕੈਨੇਰੀ ਦੀਪ ਸਮੂਹ) |

| | | | |
|---|---|---|---|
| ਸੋਲੋਮਾਨਾਜ਼ ਸੀਲ (Polygonatum) | 17+ | — | |
| **ਦੋ ਬੀਜ ਪੱਤਰੀ** | | | |
| ਛੋਟਾ ਬਿਰਚ (Betula nana) | — | 80 | ਪੂਰਬੀ ਗਰੀਨ-ਲੈਂਡ |
| ਯੂਰਪੀਅਨ ਬੀਚ (Fagus sylvatica) | 900 | 250 | ਮਾਨਟਿਨੀ, ਨਾਰ-ਮੰਡੀ (ਫ਼ਰਾਂਸ) |
| ਇੰਗਲਿਸ਼ ਓਕ (Quereus robur) | 2, 000 | 1, 500 | ਹੈਸਬਰਚ ਫਾਰੈ-ਸਟ |
| ਪਿੱਪਲ (Ficus religiosa) | 2000-3000 ‡ | | ਬੁਧਗਯਾ, ਭਾਰਤ, ਲੰਕਾ |
| ਲਿਨਡੈਨ (Tilia) | — | 815 | ਲਿਥੂਨੀਆ |
| ਇੰਗਲਿਸ਼ ਆਈਵੀ (Hedera helin) | 440 | — | ਗਿਨੈਕ (ਫ਼ਰਾਂਸ) |

* ਇਸ ਜਾਤੀ ਦੇ ਇਤਿਹਾਸਕ ਨਮੂਨਿਆਂ ਦਾ ਅਨੁਮਾਨ ਮੁਬਾਲਗਨ 6000 ਸਾਲ ਤੱਕ ਵੀ ਮਿਲਦਾ ਹੈ।

\+ ਜੜ੍ਹਾਂ ਉੱਪਰ ਪਏ ਸਕਾਰ ਗਿਣੇ ਗਏ ਹਨ।

‡ ਇਹ ਬੋਧੀ ਅਤੇ ਰੋਮਨ ਇਤਿਹਾਸ ਅਨੁਸਾਰ ਹੈ।

ਇਸ ਤਰ੍ਹਾਂ ਹੀ ਕੈਲੀਫੋਰਨੀਆ ਅਤੇ ਨੈਵੇਦਾ ਦੇ ਇਕ ਬ੍ਰਿਸਲਕੋਨ ਪਾਈਨ ਵਿਚ ਕੇਵਲ ਇਕ ਹੀ ਮੈਰਿਸਟਮ (Cambium) ਹੁੰਦਾ ਹੈ ਜੋ ਕਿ ਇਨ੍ਹਾਂ ਰੁੱਖਾਂ ਦੇ ਘੇਰੇ ਵਿਚ ਕੋਈ 4,000 ਸਾਲ ਤੋਂ ਵੀ ਵੱਧ ਸਮੇਂ ਤੱਕ, ਸੈੱਲ ਸ਼ਾਮਲ ਕਰਦਾ ਰਹਿੰਦਾ ਹੈ ਅਤੇ ਇਕ ਹੋਰ ਮੈਰਿਸਟਮ (Apical) ਹੈ ਜੋ ਇਨ੍ਹਾਂ ਦੀ ਲੰਬਾਈ ਵਿਚ ਇੰਨੇ ਹੀ ਸਮੇਂ ਲਈ ਵਾਧਾ ਕਰਦਾ ਹੈ। ਇਹ ਵਿਭਾਜਨ ਯੋਗ ਤੰਤੂ ਉੰਨੇ ਹੀ ਪੁਰਾਣੇ ਹੁੰਦੇ ਹਨ ਜਿੰਨਾ ਪੁਰਾਣਾ ਰੁੱਖ ਹੁੰਦਾ ਹੈ ਅਤੇ ਇਹ ਭਰੂਣ ਤੋਂ ਪੈਦਾ ਹੋਏ ਸਨ। ਲੱਕੜ, ਛਿੱਲ, ਪੱਤੇ ਅਤੇ ਕੋਨ, ਫ਼ਿਰ ਵੀ ਕੁਝ ਸਾਲਾਂ ਤੱਕ ਹੀ ਰਹਿੰਦੇ ਹਨ। ਤਣੇ ਅਤੇ ਜੜ੍ਹਾਂ ਦੀ ਲੱਕੜ ਭਾਵੇਂ ਮਰ ਚੁੱਕੀ ਹੁੰਦੀ ਹੈ ਪਰ ਅਣਮਿਥੇ ਸਮੇਂ ਲਈ ਇਹ ਰੁੱਖ ਦੇ ਨਾਲ ਹੀ ਰਹਿੰਦੀ ਹੈ ਪਰੰਤੂ ਛਿੱਲ, ਪੱਤੇ ਅਤੇ ਕੋਨ ਇਕ ਨਿਰੰਤਰ ਪ੍ਰਤਿਕਿਰਿਆ ਅਨੁਸਾਰ ਮਰਦੇ ਅਤੇ ਡਿੱਗਦੇ ਰਹਿੰਦੇ ਹਨ।

ਛੋਟੇ ਪੌਦਿਆਂ ਖ਼ਾਸ ਕਰਕੇ ਕੁਝ-ਕੁ ਮੱਸ ਪੌਦਿਆਂ ਵਿਚ ਅਜਿਹੀਆਂ ਰਚਨਾਵਾਂ ਹੁੰਦੀਆਂ ਹਨ ਜੋ ਪੌਦਿਆਂ ਦੀ ਉਮਰ ਦਾ ਅਨੁਮਾਨ ਲਗਾਉਣ ਦੇ ਯੋਗ ਬਣਾਉਂਦੀਆਂ ਹਨ ਜਿਵੇਂ ਹੇਅਰ ਕੈਪ ਮੱਸ (Polytrichum) ਹਰੇਕ ਸਾਲ ਆਪਣੇ ਤਣੇ ਦੀ ਨੋਕ ਤੋਂ ਪੈਦਾ ਹੁੰਦੀ ਹੈ ਅਤੇ ਇਸ ਤਰ੍ਹਾਂ ਪਿੱਛੇ ਰਹਿ ਗਏ ਸਕੇਲਾਂ ਤੋਂ ਉਮਰ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਮੱਸ ਦੀ ਉਮਰ ਤਿੰਨ ਸਾਲ ਤੋਂ ਪੰਜ ਸਾਲ ਤੱਕ ਤਾਂ ਆਮ ਹੀ ਹੈ ਪਰ ਦਸ ਸਾਲ ਤੱਕ ਦੀ ਉਮਰ ਵੀ ਰਿਕਾਰਡ ਕੀਤੀ ਗਈ ਹੈ। ਇਸ ਮੱਸ ਦੇ ਹੇਠਲੇ ਹਿੱਸੇ ਮਰ ਚੁੱਕੇ ਹੁੰਦੇ ਹਨ ਪਰ ਉਹ ਉਸੇ ਤਰ੍ਹਾਂ ਹੀ ਪਏ ਹੁੰਦੇ ਹਨ। ਪੀਟ ਮੱਸ (Sphagnum) ਵੀ ਬਹੁਤ ਜ਼ਿਆਦਾ ਵੱਧ ਜਾਂਦੀ ਹੈ ਅਤੇ ਇਸ ਤਰ੍ਹਾਂ ਇਹ ਤੇਜ਼ਾਬੀ ਦਲਦਲ ਵਾਲੀਆਂ ਜ਼ਮੀਨਾਂ ਨੂੰ ਪੀਟ ਦੀ ਟਰਫ ਨਾਲ ਭਰ ਦਿੰਦੀ ਹੈ ਜਿਸ ਵਿਚ ਬਹੁਤਾ ਹਿੱਸਾ ਹੇਠਲੇ ਮਰ ਚੁੱਕੇ ਭਾਗਾਂ ਦਾ ਹੁੰਦਾ ਹੈ ਜਦ ਕਿ ਇਸ ਦੀਆਂ ਜੀਵਿਤ ਸਿਖ਼ਰਾਂ ਆਪਣਾ ਵਾਧਾ ਚਾਲੂ ਰੱਖਦੀਆਂ ਹਨ। ਉਨ੍ਹਾਂ ਮੱਸ ਪੌਦਿਆਂ ਤੇ ਜਿਨ੍ਹਾਂ ਉੱਤੇ ਚੂਨੇ ਦੀ ਇਕ ਤਹਿ ਜੰਮ ਜਾਂਦੀ ਹੈ, ਨੂੰ ਇਕ ਖਾਸ ਨਾਂ 'ਟਿਊਫਾ' (tufa) ਦਿੱਤਾ ਜਾਂਦਾ ਹੈ। ਇਹ ਟਿਊਫਾ ਦੀਆਂ ਤਹਿਆਂ ਕਈ ਕਈ ਮੀ. ਮੋਟੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਹੇਠਲਾ ਹਿੱਸਾ ਮਰਿਆ ਅਤੇ ਉਪਰਲੀਆਂ ਸਿਖ਼ਰਾਂ ਜੀਵਿਤ ਹੁੰਦੀਆਂ ਹਨ। ਇਨ੍ਹਾਂ ਦੇ ਸਾਲਾਨਾ ਵਾਧੇ ਨੂੰ ਘੋਖਣ ਦੇ ਅਧਾਰ ਤੇ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਕੁਝ ਟਿਊਫਾ ਮੱਸ 2,800 ਸਾਲ ਦੇ ਲੰਬੇ ਅਰਸੇ ਤੱਕ ਵੀ ਵੱਧਦੇ ਰਹੇ ਹਨ।

ਫ਼ਰਨ ਪੌਦਿਆਂ ਦੀ ਉਮਰ ਨਿਰਧਾਰਨ ਕਰਨ ਲਈ ਕੋਈ ਵੀ ਭਰੋਸੇ ਯੋਗ ਤਰੀਕਾ ਹੋਂਦ ਵਿਚ ਨਹੀਂ ਆਇਆ ਹੈ ਪਰੰਤੂ ਵਾਧੇ ਦੀ ਦਰ ਅਤੇ ਆਕਾਰ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਕੁਝ ਫ਼ਰਨ ਰੁੱਖ ਤਾਂ ਬਹੁਤ ਦਹਾਕੇ ਪੁਰਾਣੇ ਹਨ। ਕੁਝ ਕਲਬ ਮੱਸ ਜਾਂ ਲਾਈਕੋਪਸਿਡ ਵਿਚ ਹੇਅਰਕੱਪ ਮੱਸ ਪੌਦਿਆਂ ਵਾਂਗ ਮੰਜ਼ਲਾਂ (Storied) ਵਾਲਾ ਵਾਧਾ ਪਾਇਆ ਜਾਂਦਾ ਹੈ। ਮੁਆਫ਼ਕ ਹਾਲਤਾਂ ਵਿਚ ਕਈ ਪੌਦਿਆਂ ਦੇ ਨਮੂਨੇ ਪੰਜ ਤੋਂ ਸੱਤ ਸਾਲ ਤੱਕ ਵੀ ਜੀਵਿਤ ਪਾਏ ਗਏ ਹਨ।

ਲੱਕੜ ਵਾਲੇ ਬੀਜ ਪੌਦੇ ਜਿਵੇਂ ਕੋਨੀਫਰਜ਼ ਅਤੇ ਚੌੜੇ ਪੱਤਿਆਂ ਵਾਲੇ ਰੁੱਖ ਉਮਰ ਦਾ ਪਤਾ ਲਗਾਉਣ ਲਈ ਬਹੁਤ ਜ਼ਿਆਦਾ ਉੱਤਰਦਾਈ ਹਨ। ਸੀਤ ਖੰਡੀ ਇਲਾਕਿਆਂ ਵਿਚ ਜਿਥੇ ਹਰੇਕ ਸਾਲ ਦਾ ਵਾਧਾ ਠੰਢ ਜਾਂ ਖੁਸ਼ਕੀ ਨਾਲ ਬੰਦ ਹੋ ਜਾਂਦਾ ਹੈ, ਤਾਂ ਹਰੇਕ ਵਾਧਾ ਕਾਲ ਇਕ ਇਕ ਸਾਲੀ ਚੱਕਰ ਨਾਲ ਸੀਮਿਤ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਰੁੱਖ ਦੇ ਘੇਰੇ ਵਿਚ ਲੱਕੜੀ ਦੀ ਇਕ ਪਰਤ ਹਰ ਸਾਲ ਸ਼ਾਮਲ ਹੋ ਜਾਂਦੀ ਹੈ। ਇਹ ਚੱਕਰ ਕਿਸੇ ਡਿੱਗੇ ਹੋਏ ਦਰਖ਼ਤ ਦੇ ਤਣੇ ਤੋਂ ਜਾਂ ਇਕ ਵਿਸ਼ੇਸ਼ ਔਜ਼ਾਰ ਜਿਸ ਨਾਲ ਤਣੇ ਦਾ ਇਕ ਸਿਲਿੰਡਰ ਕੱਟ ਲਿਆ ਜਾਂਦਾ ਹੈ, ਉਸ ਰਾਹੀਂ ਅਧਿਐਨ ਕੀਤੇ ਜਾ ਸਕਦੇ ਹਨ। ਊਸ਼ਣ ਖੰਡੀ ਤਰ ਇਲਾਕਿਆਂ ਵਿਚ ਜਿਥੇ ਵਾਧਾ ਵੱਧ ਜਾਂ ਘੱਟ ਨਿਰੰਤਰ ਹੀ ਹੁੰਦਾ ਹੈ, ਕਾਰਨ ਚੱਕਰਾਂ ਦੀ ਗਿਣਤੀ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ।

ਪੌਦਿਆਂ ਦੀ ਉਮਰ ਦਾ ਅੰਦਾਜ਼ਾ ਅਕਸਰ ਇਨ੍ਹਾਂ ਦੇ ਘੇਰੇ ਤੋਂ ਲਗਾਇਆ ਜਾਂਦਾ ਹੈ, ਵਿਸ਼ੇਸ਼ ਕਰਕੇ ਜਦੋਂ ਔਸਤਨ ਸਾਲਾਨਾ ਵਾਧੇ ਦਾ ਪਤਾ ਹੋਵੇ। ਇਸ ਤਰੀਕੇ ਨਾਲ ਤਰੁੱਟੀ ਉਸ ਸਮੇਂ ਪੈਦਾ ਹੋ ਸਕਦੀ ਹੈ ਜਦ ਇਕ ਤੋਂ ਵੱਧ ਪੌਦਿਆਂ ਦੇ ਤਣੇ ਆਪਸ ਵਿਚ ਰਲਗੱਡ ਹੋਏ ਹੋਣ। ਕਈ ਬਰਤਾਨਵੀ ਯਿਊ ਪੌਦਿਆਂ ਦੀ ਉਮਰ ਦਾ ਅੰਦਾਜ਼ਾ 3000 ਸਾਲ ਤੱਕ ਵੀ ਲਗਾਇਆ ਗਿਆ ਹੈ ਪਰ ਇਹ ਅੰਦਾਜ਼ਾ ਵੀ ਸ਼ਾਇਦ ਕਈ ਤਣਿਆਂ ਦੇ ਆਪਸ ਵਿਚ ਮਿਲ ਜਾਣ ਤੋਂ ਉਤਪੰਨ ਹੋਇਆ ਹੈ। ਇਨ੍ਹਾਂ ਵਿਚੋਂ ਕੋਈ ਰੁੱਖ 250 ਸਾਲ ਤੋਂ ਵੱਧ ਪੁਰਾਣਾ ਨਹੀਂ ਹੈ।

## ਬੀਜਾਂ ਵਾਲੇ ਪੌਦਿਆਂ ਦਾ ਵਧਣਸ਼ੀਲ ਕਾਲ

**ਇਕ ਸਾਲੀ ਪੌਦੇ**—ਇਹ ਪੌਦੇ ਅਕਸਰ ਬੂਟੀਨੁਮਾ ਹੁੰਦੇ ਹਨ ਜੋ ਕੇਵਲ ਇਕ ਵਾਧਾ ਕਾਲ ਤੱਕ ਹੀ ਜੀਵਿਤ ਰਹਿੰਦੇ ਹਨ ਅਤੇ ਇਸੇ ਹੀ ਸਮੇਂ ਫੁੱਲ ਅਤੇ ਬੀਜ ਪੈਦਾ ਕਰਨ ਤਾਂ ਇਨ੍ਹਾਂ ਨੂੰ ਇਕ ਸਾਲੀ ਪੌਦਾ ਕਿਹਾ ਜਾਂਦਾ ਹੈ। ਇਨ੍ਹਾਂ ਦੀ ਪ੍ਰਤਿਨਿਧਤਾ ਕਰਨ ਵਾਲੇ ਪੌਦੇ ਮੱਕੀ ਅਤੇ ਮੇਰੀਗੋਲਡ ਪੌਦੇ ਹਨ ਜੋ ਕੁਝ ਹਫ਼ਤਿਆਂ ਤੋਂ ਕੁਝ ਮਹੀਨਿਆਂ ਤੱਕ ਦਾ ਸਮਾਂ ਜਲਦੀ ਜਲਦੀ ਖ਼ੁਰਾਕ ਜਮ੍ਹਾਂ ਕਰਨ ਵਿਚ ਬਿਤਾ ਦਿੰਦੇ ਹਨ। ਹਾਰਮੋਨਾਂ ਵਿਚਲੀਆਂ ਤਬਦੀਲੀਆਂ ਕਾਰਨ ਜੋ ਬਹੁਤ ਸਾਰੇ ਪੌਦਿਆਂ ਵਿਚ ਜਲਵਾਯੂ ਤੱਥਾਂ ਜਿਵੇਂ ਦਿਨ ਦੀ ਲੰਬਾਈ ਅਤੇ ਤਾਪਮਾਨ; ਪੱਤੇ ਬਣਾਉਣ ਵਾਲੇ ਤੰਤੂ ਜਲਦੀ ਹੀ ਫੁੱਲ ਪੈਦਾ ਕਰਨ ਵਾਲੇ ਤੰਤੂਆਂ ਵਿਚ ਬਦਲ ਜਾਂਦੇ ਹਨ। ਫੁੱਲ, ਫਲ ਅਤੇ ਬੀਜਾਂ ਦੇ ਬਣਨ ਨਾਲ ਖੁਰਾਕ ਭੰਡਾਰ ਘੱਟ ਜਾਂਦੇ ਹਨ ਅਤੇ ਪੌਦੇ ਦਾ ਬਨਸਪਤਿਕ ਭਾਗ ਹੌਲੀ ਹੌਲੀ ਮਰ ਜਾਂਦਾ ਹੈ।

**ਦੋ-ਸਾਲੀ ਪੌਦੇ**—ਇਹ ਪੌਦੇ ਵੀ ਆਮਤੌਰ ਤੇ ਬੂਟੀਨੁਮਾ ਹੀ ਹੁੰਦੇ ਹਨ। ਇਹ ਦੋ ਵਧਣਸ਼ੀਲ ਕਾਲਾਂ ਲਈ ਜੀਵਿਤ ਰਹਿੰਦੇ ਹਨ। ਪਹਿਲੇ ਕਾਲ ਵਿਚ ਇਹ ਖੁਰਾਕ ਆਮਤੌਰ ਤੇ ਮੋਟੀ ਜੜ੍ਹ (ਚੁਕੰਦਰ, ਗਾਜਰ) ਵਿਚ ਇਕੱਠੀ ਕਰਦੇ ਅਤੇ ਦੂਜੇ ਕਾਲ ਵਿਚ ਫੁੱਲ ਪੈਦਾ ਹੁੰਦੇ

ਹਨ ਜਿਵੇਂ ਇਕ ਸਾਲੀ ਪੌਦਿਆਂ ਵਿਚ ਹੁੰਦਾ ਹੈ, ਫੁੱਲ ਪੈਦਾ ਹੋਣ ਨਾਲ ਖੁਰਾਕ ਭੰਡਾਰ ਖਤਮ ਹੋ ਜਾਂਦੇ ਹਨ ਅਤੇ ਬੀਜ ਜਦ ਪੱਕ ਜਾਂਦੇ ਹਨ ਤਾਂ ਪੌਦੇ ਮਰ ਜਾਂਦੇ ਹਨ।

**ਬਹੁ-ਸਾਲੀ ਪੌਦੇ**—ਇਨ੍ਹਾਂ ਪੌਦਿਆਂ ਦਾ ਜੀਵਨ-ਕਾਲ ਕਈ ਸਾਲਾਂ ਤੋਂ ਬਹੁਤ ਸਾਲਾਂ ਤੱਕ ਦਾ ਹੁੰਦਾ ਹੈ। ਇਨ੍ਹਾਂ ਵਿਚੋਂ ਕੁਝ ਪੌਦੇ ਬੂਟੀਨੁਮਾ (Iris, Delphinium) ਝਾੜੀਆਂ ਤੋਂ ਰੁੱਖਾਂ ਤੱਕ ਹੁੰਦੇ ਹਨ। ਇਹ ਪੌਦੇ ਉੱਪਰ ਦਿੱਤੀਆਂ ਗਈਆਂ ਦੋ ਕਿਸਮਾਂ ਦੇ ਪੌਦਿਆਂ ਤੋਂ ਇਸ ਤਰ੍ਹਾਂ ਭਿੰਨ ਹੁੰਦੇ ਹਨ ਕਿ ਇਨ੍ਹਾਂ ਵਿਚ ਖ਼ੁਰਾਕ ਜਮ੍ਹਾਂ ਕਰਨ ਵਾਲੀਆਂ ਰਚਨਾਵਾਂ ਜਾਂ ਤਾਂ ਸਥਾਈ ਹੁੰਦੀਆਂ ਹਨ ਜਾਂ ਇਹ ਹਰ ਸਾਲ ਨਵੀਆਂ ਬਣਦੀਆਂ ਰਹਿੰਦੀਆਂ ਹਨ। ਬਹੁਸਾਲੀ ਪੌਦਿਆਂ ਨੂੰ ਫੁੱਲ ਲੱਗਣ ਤੋਂ ਪਹਿਲਾਂ ਇਕ ਤੋਂ ਜ਼ਿਆਦਾ ਸਾਲਾਂ ਦਾ ਸਮਾਂ ਲੋੜੀਂਦਾ ਹੈ। ਫੁੱਲ ਲੱਗਣ ਤੋਂ ਪਹਿਲਾਂ ਦਾ ਸਮਾਂ ਰੁੱਖਾਂ ਅਤੇ ਘੱਟ ਜੀਵਨ ਕਾਲ ਵਾਲੀਆਂ ਬੂਟੀਆਂ ਝਾੜੀਆਂ ਵਿਚ ਲੰਬੇ ਜੀਵਨ ਕਾਲ ਵਾਲੀਆਂ ਝਾੜੀਆਂ ਨਾਲੋਂ ਥੋੜ੍ਹਾ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਬਹੁਤ ਸਮਾਂ ਜੀਵਿਤ ਰਹਿ ਸਕਣ ਵਾਲਾ ਇਕ ਸਫ਼ੈਦੇ ਵਰਗਾ ਰੁੱਖ (Beech) ਆਪਣੀ ਉਮਰ ਦੇ 30-40 ਸਾਲ ਅਲੂਈਂ ਹਾਲਤ ਵਿਚ ਹੀ ਗੁਜ਼ਾਰਦਾ ਹੈ। ਇਸ ਸਮੇਂ ਦੌਰਾਨ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੁੰਦਾ ਹੈ ਪਰ ਕੋਈ ਫੁੱਲ ਨਹੀਂ ਲੱਗਦੇ।

ਕੁਝ ਪੌਦੇ ਜਿਵੇਂ ਕਪਾਹ ਅਤੇ ਟਮਾਟਰ, ਆਪਣੇ ਮੂਲ ਸਥਾਨੀ ਊਸ਼ਣ-ਖੰਡੀ ਖੇਤਰਾਂ ਵਿਚ ਭਾਵੇਂ ਬਹੁਸਾਲੀ ਹਨ ਪਰ ਇਹ ਪਹਿਲੇ ਸਾਲ ਹੀ ਫਲ, ਬੀਜ ਅਤੇ ਉਪਯੋਗੀ ਹਿੱਸੇ ਪੈਦਾ ਕਰਨ ਦੇ ਯੋਗ ਹੁੰਦੇ ਹਨ। ਅਜਿਹੇ ਪੌਦੇ ਸੀਤ-ਖੰਡੀ ਖੇਤਰਾਂ ਵਿਚ ਅਕਸਰ ਇਕ-ਸਾਲੀ ਪੌਦਿਆਂ ਦੇ ਤੌਰ ਤੇ ਉਗਾਏ ਜਾਂਦੇ ਹਨ।

**ਬੀਜਾਂ ਦੀ ਮਿਆਦ**—ਭਾਵੇਂ ਬੀਜਾਂ ਦੀ ਦੀਰਘ ਉਮਰ ਵਿਚ ਵਿਭਿੰਨਤਾ ਪਾਈ ਜਾਂਦੀ ਹੈ ਪਰ ਫਿਰ ਵੀ ਜੇਕਰ ਪੌਦੇ ਦੇ ਸੁਪਤ ਭਰੂਣ ਦਾ ਪੁੰਗਾਰਾ ਕਿਸੇ ਵਿਸ਼ੇਸ਼ ਸਮੇਂ ਵਿਚ ਨਹੀਂ ਹੁੰਦਾ ਤਾਂ ਇਹ ਆਪਣੀ ਉਗਣ ਯੋਗਤਾ ਖੋ ਬੈਠਦੀ ਹੈ। ਭਾਰਤੀ ਕੰਵਲ ਫੁੱਲ ਦੇ ਪੌਦੇ ਦੇ ਬੀਜਾਂ ਵਿਚ ਉੱਗਣ ਸ਼ਕਤੀ ਬਹੁਤ ਸਮੇਂ ਤੱਕ ਸਮਾਈ ਹੋਈ ਮਿਲਦੀ ਹੈ। ਦੂਜੇ ਪਾਸੇ ਕਈ ਵਿਲੋ ਪੌਦਿਆਂ ਦੇ ਬੀਜ ਆਪਣੀ ਉੱਗਣ ਸ਼ਕਤੀ ਆਪਣੀ ਪ੍ਰੋਢਤਾ ਦੇ ਪਹੁੰਚਣ ਤੋਂ ਕੁਝ ਹਫ਼ਤੇ ਬਾਅਦ ਹੀ ਗਵਾ ਬੈਠਦੇ ਹਨ।

ਸਟੋਰ ਕੀਤੇ ਹੋਏ ਬੀਜਾਂ ਵਿਚਲੀ ਉੱਗਣ ਸ਼ਕਤੀ ਦੀ ਘਾਟ, ਭਾਵੇਂ ਜਲਵਾਯੂ ਤੱਥਾਂ ਕਾਰਨ ਘੱਟ ਜਾਂ ਵੱਧ ਗਈ ਹੋਵੇ, ਇਹ ਉਨ੍ਹਾਂ ਤਬਦੀਲੀਆਂ ਦਾ ਸਿੱਟਾ ਹੈ ਜੋ ਬੀਜ ਦੇ ਵਿਚ ਵਾਪਰਦੀਆਂ ਹਨ। ਤਬਦੀਲੀਆਂ ਜੋ ਅਧਿਐਨ ਕੀਤੀਆਂ ਗਈਆਂ ਹਨ ਉਹ ਇਹ ਹਨ; ਖੁਰਾਕ ਦਾ ਘਟ ਜਾਣਾ ਜਾਂ ਮੁੱਕ ਜਾਣਾ, ਪ੍ਰੋਟੋਪਲਾਜ਼ਮ ਵਿਚਲੀਆਂ ਪ੍ਰੋਟੀਨਾਂ ਵਿਚ ਵਿਗਾੜ ਆ ਜਾਣਾ, ਐਨਜ਼ਾਈਮਾਂ ਵਿਚਲੇ ਵਿਗਾੜ; ਬੀਜ ਵਿਚ ਪੈਦਾ ਹੋਈਆਂ ਢਾਹ ਉਸਾਰੂ ਪਰਕਿਰਿਆਵਾਂ ਦੇ ਨਤੀਜੇ ਵਜੋਂ ਨਿਕਲੇ ਜ਼ਹਿਰੀਲੇ ਪਦਾਰਥਾਂ ਕਾਰਨ ਆਦਿ। ਕੁਝ ਬੀਜਾਂ ਵਿਚ ਸਵੈ-ਉਤਪੰਨ ਜ਼ਹਿਰੀਲੇ ਪਦਾਰਥਾਂ ਕਾਰਨ ਵੀ ਉਤਪਰਿਵਰਤਨ ਪੈਦਾ ਹੋ ਜਾਂਦੇ ਹਨ ਜੋ ਬੀਜਾਂ ਦੀ ਉੱਗਣ ਸ਼ਕਤੀ ਘਟਾ ਦਿੰਦੇ ਹਨ। ਬਹੁਤ ਸਾਰੇ ਕਿਸਮਾਂ ਦੇ ਬੀਜਾਂ ਦੀ ਜਦੋਂ ਰਚਨਾ, ਫ਼ਿਜ਼ਿਆਲੋਜੀ ਅਤੇ ਜੀਵਨ ਇਤਿਹਾਸ ਵਿਚ ਫਰਕ ਹੋਵੇ ਤਾਂ ਕੋਈ ਵੀ ਇਕੱਲਾ ਉਮਰ ਤੱਥਾਂ ਦਾ ਸੈੱਟ ਸਾਰੇ ਬੀਜਾਂ ਲਈ ਹੀ ਉਮਰ ਨਿਰਧਾਰਨ ਲਈ ਨਹੀਂ ਵਰਤਿਆ ਜਾ ਸਕਦਾ।

ਹ. ਪੁ.–ਐਨ. ਬ੍ਰਿ. ਮੈ. 10 : 914

**ਜੀਵਨ ਕਾਲ, ਮਨੁੱਖ ਦਾ** : ਮਨੁੱਖ ਦਾ ਜੀਵਨ ਕਾਲ, ਗਰਭ ਧਾਰਨ ਤੋਂ ਉਸ ਸਮੇਂ ਤੱਕ ਦੇ ਵਕਫ਼ੇ ਨੂੰ ਕਹਿੰਦੇ ਹਨ ਜਿਸ ਤੋਂ ਬਾਅਦ ਮਨੁੱਖ ਜਿਊਂਦਾ ਨਹੀਂ ਰਹਿ ਸਕਦਾ, ਹਾਲਾਤ ਭਾਵੇਂ ਕਿੰਨੇ ਹੀ ਸੁਖਾਵੇਂ ਕਿਉਂ ਨਾ ਹੋਣ। ਇਸ ਨੂੰ ਵੱਧ ਤੋਂ ਵੱਧ ਉਮਰ ਜਾਂ ਵੱਧ ਤੋਂ ਵੱਧ ਆਯੂ-ਕਾਲ ਵੀ ਕਿਹਾ ਜਾ ਸਕਦਾ ਹੈ।

**ਟਰਮਾਂ ਅਤੇ ਸੰਕਲਪ**—ਜੀਵਨ ਕਾਲ ਨੂੰ ਆਮ ਤੌਰ ਤੇ ਗਲਤੀ ਨਾਲ (1) ਔਸਤਨ ਆਯੂ ਕਾਲ ਅਤੇ (2) ਜੀਵਨ ਦੀ ਆਸ਼ਾ ਜਾਂ ਉਮੀਦ ਦੇ ਸਮਾਨਾਰਥ ਸਮਝ ਲਿਆ ਜਾਂਦਾ ਹੈ।

ਔਸਤਨ ਉਮਰ ਮਨੁੱਖਾਂ ਦੇ ਇਕ ਗਰੁੱਪ ਦੀ ਕੁੱਲ ਉਮਰ ਨੂੰ ਉੱਨੇ ਹੀ ਮਨੁੱਖਾਂ ਦੀ ਗਿਣਤੀ ਨਾਲ ਵੰਡਣ ਤੇ ਮਿਲਦੀ ਹੈ। ਇਹ ਇਕ ਗਰੁੱਪ ਜਾਂ ਇਕ ਗੋਤ ਦੇ ਸਮੂਹ ਦੇ ਮਨੁੱਖਾਂ (ਜਿਹੜੇ ਕਈ ਸਾਲਾਂ ਦੇ ਅਰਸੇ ਵਿਚ ਮਰੇ ਹੋਣ) ਦੀ ਔਸਤਨ ਉਮਰ ਦੇ ਬਰਾਬਰ ਹੁੰਦੀ ਹੈ ਜਦੋਂ ਤੱਕ ਕਿ ਉਸ ਗਰੁੱਪ ਦਾ ਅਖ਼ੀਰਲਾ ਮੈਂਬਰ ਮਰ ਨਹੀਂ ਚੁਕਦਾ ਜਾਂ ਉਨ੍ਹਾਂ ਮਨੁੱਖਾਂ ਦੀ ਮੌਤ ਦੇ ਸਮੇਂ ਕੁੱਲ ਉਮਰ ਦੀ ਔਸਤ ਕੱਢੀ ਜਾਂਦੀ ਹੈ ਜਿਹੜੇ ਇਕੱਠੇ ਹੀ ਬਹੁਤ ਥੋੜ੍ਹੇ ਸਮੇਂ ਵਿਚ ਮਰੇ ਹੁੰਦੇ ਹਨ।

ਜੀਵਨ ਦੀ ਆਸ਼ਾ ਇਕ ਕਲਪਿਤ ਅੰਕ ਹੈ ਜਿਹੜਾ ਮੌਤ-ਦਰ ਸਾਰਨੀ ਵਿਚ ਦਿੱਤਾ ਹੁੰਦਾ ਹੈ। ਇਹ ਇਕੋ ਸਮੇਂ ਪੈਦਾ ਹੋਏ ਅਤੇ ਮਰਨ ਤੱਕ ਇਕੋ ਜਿਹੀਆਂ ਹਾਲਤਾਂ ਵਿਚ ਰਹਿਣ ਵਾਲੇ ਮਨੁੱਖਾਂ ਦੇ ਇਕ ਗਰੁੱਪ ਦੀ ਉਮਰ ਦਾ ਔਸਤਨ ਅੰਕ ਹੈ।

ਔਸਤਨ ਆਯੂ ਕਾਲ, ਮਰਨ ਸਮੇਂ ਔਸਤਨ ਉਮਰ ਅਤੇ ਜੀਵਨ ਦੀ ਆਸ਼ਾ ਵੱਖ-ਵੱਖ ਗਰੁੱਪਾਂ ਵਿਚ ਵੱਖ-ਵੱਖ ਹੁੰਦੀਆਂ ਹਨ ਜਿਵੇਂ ਇਕ ਗਰੁੱਪ ਦਾ ਕੋਈ ਮੈਂਬਰ ਔਸਤਨ ਉਮਰ ਤੋਂ ਵੱਧ, ਕੋਈ ਘੱਟ ਸਾਲ ਜਿਊਂਦਾ ਹੈ ਤੇ ਸ਼ਾਇਦ ਹੀ ਕੋਈ ਮੈਂਬਰ ਬਿਲਕੁਲ ਉੱਨੀ ਹੀ ਉਮਰ ਭੋਗਦਾ ਹੋਵੇ ਪਰ ਜੀਵਨ-ਕਾਲ ਉਹ ਵੱਧ ਤੋਂ ਵੱਧ ਉਮਰ ਹੈ ਜਿਸ ਤੋਂ ਵੱਧ ਕੋਈ ਵੀ ਮੈਂਬਰ ਜ਼ਿੰਦਾ ਨਹੀਂ ਰਹਿ ਸਕਦਾ ਪਰ ਜੀਵਨ ਕਾਲ ਕਲਪਿਤ ਅੰਕ ਹੈ ਅਤੇ ਵੱਧ ਤੋਂ ਵੱਧ ਉਮਰ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ।

**ਆਯੂ ਕਾਲ ਬਾਰੇ ਕੀਤਾ ਗਿਆ ਅਧਿਐਨ**—ਆਯੂ ਕਾਲ ਦੀ ਅਨੁਵੰਸ਼ਿਕਤਾ ਬਾਰੇ ਬਹੁਤੀ ਜਾਣਕਾਰੀ ਬੰਸਾਵਲੀ ਦੇ ਰਿਕਾਰਡਾਂ ਦੇ ਅਧਿਐਨ ਤੋਂ ਪ੍ਰਾਪਤ ਹੁੰਦੀ ਹੈ। ਐਮ. ਬੇਟਨ (M.Beeton), ਕਾਰਲ ਪੀਅਰਸਨ, ਬੀ. ਸਟੋਸੀਗਰ (B.Stoessiger) ਐਸ. ਜੇ. ਹੋਮਜ਼ (S.J. Holmes),, ਅਲੈਗਜ਼ੈਂਡਰ, ਗਰਾਹਮ ਬੈੱਲ, ਈ. ਬੀ. ਵਿਲਸਨ, ਕਾਰਲ ਡੋਇਰਿੰਗ, ਆਈ. ਚਿੰਨ ਯੂਆਨ ਆਦਿ ਦਾ ਅਧਿਐਨ ਵਰਣਨ ਯੋਗ ਹੈ। ਯੂਆਨ ਨੇ ਸਿੱਧ ਕੀਤਾ ਕਿ ਲੰਬੀ ਉਮਰ ਭੋਗਣ ਵਾਲੇ ਮਾਪਿਆਂ (70 ਸਾਲ ਜਾਂ ਇਸ ਤੋਂ ਵੀ ਵੱਧ) ਦੇ ਲੜਕਿਆਂ ਦੀ ਛੋਟੀ ਉਮਰ ਭੋਗਣ ਵਾਲੇ ਮਾਪਿਆਂ (50 ਸਾਲ ਤੋਂ ਘੱਟ) ਦੇ ਲੜਕਿਆਂ ਦੇ ਮੁਕਾਬਲੇ ਜ਼ਿਆਦਾ ਚਿਰ ਜਿਉਣ ਦੀ ਉਮੀਦ ਕੀਤੀ ਜਾਂਦੀ ਹੈ।

ਪਰਲ ਨੇ ਇਕ ਨਵੀਂ ਟਰਮ ਪ੍ਰਚਲਿਤ ਕੀਤੀ 'ਟੋਟਲ ਇਮੀਜੀਏਟ ਐਨਸੈਸਟਰਲ ਲੋਂਗੈਵਿਟੀ' (TIAL)। ਕਿਸੇ ਮਨੁੱਖ ਦਾ ਆਯੂ-ਕਾਲ ਕੱਢਣ ਲਈ ਉਸ ਦੇ ਦੋ ਮਾਪੇ ਅਤੇ ਚਾਰ ਪੜ-ਮਾਪਿਆਂ ਦੀ ਮਰਨ ਵੇਲੇ ਤੱਕ ਦੀ ਉਮਰ ਦਾ ਜੋੜ ਕਰ ਲਿਆ ਜਾਂਦਾ ਹੈ। ਇਹ 600 ਤੋਂ ਵੱਧ ਜਾਂ 90 ਤੋਂ ਘੱਟ ਨਹੀਂ ਹੋ ਸਕਦਾ। ਪਰਲ ਨੇ ਮਰਨ ਸਮੇਂ ਦੀ ਉਮਰ ਦੇ ਅਧਾਰ ਤੇ ਪਿਉਆਂ ਨੂੰ ਤਿੰਨ ਗਰੁੱਪਾਂ ਵਿਚ ਵੰਡਿਆ ਤੇ ਉਨ੍ਹਾਂ ਦੇ ਲੜਕਿਆਂ ਦੀ ਉਮਰ ਦਾ ਅਨੁਮਾਨ ਲਗਾਇਆ। ਇਹ ਤਿੰਨ ਗਰੁੱਪ ਸਨ–(1) 50 ਸਾਲ ਤੋਂ ਘੱਟ, (2) 50-79 ਸਾਲ ਅਤੇ (3) 80 ਜਾਂ ਇਸ ਤੋਂ ਵੱਧ ਉਮਰ ਵਾਲੇ। ਜਨਮ ਸਮੇਂ ਇਨ੍ਹਾਂ ਤਿੰਨ ਗਰੁੱਪਾਂ ਦੇ ਲੜਕਿਆਂ ਦੀ ਉਮਰ ਦਾ ਅੰਦਾਜ਼ਾ ਕ੍ਰਮਵਾਰ 47.0, 50.5 ਅਤੇ 57.2 ਸਾਲ ਲਗਾਇਆ ਗਿਆ। ਇਸੇ ਤਰ੍ਹਾਂ ਹੀ 40 ਸਾਲ ਦੀ ਉਮਰ ਤੇ ਉਨ੍ਹਾਂ ਲੜਕਿਆਂ ਦੀ ਉਮਰ ਦਾ ਅੰਦਾਜ਼ਾ ਕ੍ਰਮਵਾਰ 27.3, 28.9 ਅਤੇ 32.0 ਸਾਲ ਲਗਾਇਆ ਗਿਆ।

ਇਨ੍ਹਾਂ ਅੰਕੜਿਆਂ ਤੋਂ ਵੀ ਪਤਾ ਲੱਗਦਾ ਹੈ ਕਿ ਲੰਬੀ ਉਮਰ ਜਿਉਣ ਵਾਲੇ ਲੜਕਿਆਂ ਦੇ ਮਾਪੇ ਅਤੇ ਪੜ-ਮਾਪੇ ਲੰਬੀ ਉਮਰ ਵਾਲੇ ਅਤੇ ਛੋਟੀ ਉਮਰ ਭੋਗਣ ਵਾਲਿਆਂ ਦੇ ਛੋਟੀ ਉਮਰ ਵਾਲੇ ਸਨ ਪਰ

ਪਰਲ ਦੇ ਕੰਮ ਬਾਰੇ ਵੀ ਨੁਕਤਾ-ਚੀਨੀ ਕੀਤੀ ਗਈ ਕਿਉਂਕਿ ਉਸ ਦੇ ਚੁਣੇ ਗਰੁੱਪ ਦੇ ਮਨੁੱਖਾਂ ਦੇ ਛੇ ਦੇ ਛੇ ਮਾਪੇ ਮਰ ਚੁੱਕੇ ਸਨ ਅਤੇ ਉਹ ਆਪ ਵੀ ਵੱਖ-ਵੱਖ ਉਮਰ ਭੋਗ ਕੇ ਮਰ ਗਏ। ਇਸ ਤਰ੍ਹਾਂ ਉਨ੍ਹਾਂ ਮੈਂਬਰਾਂ ਦੀ ਉਮਰ ਦੀ ਹੇਠਲੀ ਸੀਮਾ ਨਿਸ਼ਚਿਤ ਕਰਨੀ ਮੁਸ਼ਕਿਲ ਹੋ ਗਈ ਅਤੇ ਇਸ ਨਾਲ ਇਸ ਗੱਲ ਦੀ ਸੰਭਾਵਨਾ ਵੱਧ ਗਈ ਕਿ ਇਸ ਗਰੁੱਪ ਦੀ ਔਸਤਨ 'TIAL' ਲੰਬੀ ਉਮਰ ਭੋਗਣ ਵਾਲੇ ਗਰੁੱਪ ਤੋਂ ਘੱਟ ਹੋਵੇਗੀ। ਕਿਸੇ 20 ਸਾਲ ਦੇ ਮਨੁੱਖ ਦੇ ਜੇ ਮਾਪੇ ਅਤੇ ਪੜ-ਮਾਪੇ ਸਾਰੇ ਮਰ ਚੁੱਕੇ ਹੋਣ ਤਾਂ ਉਨ੍ਹਾਂ ਵਿਚੋਂ ਕੁਝ ਜ਼ਰੂਰ ਕਾਫ਼ੀ ਛੋਟੀ ਉਮਰ ਵਿਚ ਮਰੇ ਹੋਣਗੇ। ਜਿਹਾ ਕਿ ਕਿਸੇ ਤੁਲਨਾਤਮਕ ਗਰੁੱਪ ਵਿਚ ਚਾਰ ਬੰਦੇ 20 ਸਾਲ ਤੋਂ ਘੱਟ ਉਮਰ ਦੇ ਸਨ, ਇਸ ਲਈ ਪਰਲ ਦੇ ਅਧਿਐਨ ਉੱਤੇ ਜ਼ਰੂਰ ਗਰੁੱਪ ਚੋਣ ਦੇ ਤਰੀਕੇ ਦਾ ਪ੍ਰਭਾਵ ਪਿਆ ਹੋਵੇਗਾ। ਉਸਨੇ ਆਪਣੀ ਤਰੁੱਟੀ ਦਾ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਸਿੱਧ ਕੀਤਾ ਕਿ ਹਰੇਕ ਮਨੁੱਖ ਦੇ ਆਯੂ-ਕਾਲ ਲਈ ਅਨੁਵੰਸ਼ਿਕਤਾ ਇਕ ਮਹੱਤਵਪੂਰਨ ਨਿਰਧਾਰਕ ਹੈ।

**ਵਾਸਤਵਿਕ ਅਤੇ ਸੰਭਵ ਜੀਵਨ-ਕਾਲ**—ਮਨੁੱਖ ਦੀ ਵਾਸਤਵਿਕ ਉਮਰ ਸੰਭਵ ਉਮਰ ਨਾਲੋਂ ਘੱਟ ਹੀ ਹੁੰਦੀ ਹੈ ਕਿਉਂਕਿ ਵਾਸਤਵਿਕ ਉਮਰ ਉੱਤੇ ਕਈ ਤਰ੍ਹਾਂ ਦੀਆਂ ਅਣਅਨੁਕੂਲ ਹਾਲਤਾਂ ਦਾ ਵੀ ਅਸਰ ਪੈਂਦਾ ਹੈ। ਭਾਵੇਂ ਸਿੱਧੀ ਤਰ੍ਹਾਂ ਅਸੀਂ ਅਨੁਵੰਸ਼ਿਕਤਾ ਦਾ ਅਸਰ ਨਹੀਂ ਮਾਪ ਸਕਦੇ ਪਰ ਇਹ ਪਤਾ ਲੱਗ ਚੁੱਕਾ ਹੈ ਕਿ ਇਸ ਦਾ ਮਨੁੱਖ ਦੇ ਆਯੂ-ਕਾਲ ਦੀ ਮਿਆਦ ਉੱਤੇ ਅਸਰ ਪੈਂਦਾ ਹੈ।

ਮਰ ਚੁੱਕੇ ਲੋਕਾਂ ਦੀ ਵਾਸਤਵਿਕ ਉਮਰ ਤੋਂ ਮਨੁੱਖ ਦੀ ਵੱਧ ਤੋਂ ਵੱਧ ਉਮਰ ਦੀ ਸੀਮਾ ਦਾ ਅੰਦਾਜ਼ਾ ਲੱਗ ਸਕਦਾ ਹੈ ਪਰ ਇਸ ਤੋਂ ਕੋਈ ਪੱਕੀ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

ਕਿਸੇ ਇਕ ਥਾਂ ਜਾਂ ਦੇਸ਼ ਦੀ ਸਾਰੀ ਆਬਾਦੀ ਵਿਚੋਂ ਕੁਝ ਦੀ, ਮਰਨ ਸਮੇਂ ਦੀ ਉਮਰ ਦੀ ਸਾਰਨੀ ਤਿਆਰ ਕਰਨ ਨਾਲ ਇਕ ਅਨਜੋੜ ਵਰਤਕਤਾ ਵੰਡ ਮਿਲਦੀ ਹੈ ਜਿਸ ਦੇ ਦੋ ਸਿਖ਼ਰ ਹਨ। ਇਕ ਸਿਖ਼ਰ ਸਾਲ ਦੀ ਉਮਰ ਅਤੇ ਦੂਜਾ 75-80 ਸਾਲ ਦੇ ਵਿਚਕਾਰ। ਹੇਠਲੀ ਸੀਮਾ ਤੇ ਤਾਂ ਵਰਤਕਤਾ ਸੀਮਾ ਸਿਖ਼ਰ ਸਾਲ ਹੈ ਪਰ ਉਪਰਲੀ ਸੀਮਾ ਤੇ ਕੋਈ ਹੱਦ ਨਹੀਂ ਹੈ। ਜਿਨ੍ਹਾਂ ਦੀ ਉਮਰ ਦੀ ਮਿਆਦ ਉਪਰਲੀ ਸੀਮਾ ਦੇ ਨੇੜੇ ਹੈ (ਜਿਵੇਂ 100 ਸਾਲ ਜਾਂ ਇਸ ਤੋਂ ਵੱਧ) ਉਨ੍ਹਾਂ ਵਿਚ ਮੌਤਾਂ ਦੀ ਗਿਣਤੀ ਹਰੇਕ ਸਾਲ ਫ਼ਰਕ ਹੁੰਦੀ ਹੈ। ਸਭ ਤੋਂ ਬੁੱਢਾ ਹੋ ਕੇ ਮਰਨ ਵਾਲੇ ਮਨੁੱਖ ਦੀ ਉਮਰ ਵੀ ਹਰੇਕ ਸਾਲ ਵੱਖ-ਵੱਖ ਹੁੰਦੀ ਹੈ।

ਹਰੇਕ ਸਾਲ ਅਨੇਕਾਂ ਮਨੁੱਖ ਮਰਦੇ ਹਨ ਪਰ ਇਨ੍ਹਾਂ ਸਾਰਿਆਂ ਦਾ ਰਿਕਾਰਡ ਨਹੀਂ ਰੱਖਿਆ ਜਾਂਦਾ। ਅੱਗੋਂ ਹੋਣ ਵਾਲੀਆਂ ਮੌਤਾਂ ਦੀ ਸੰਭਵ ਗਿਣਤੀ ਪਹਿਲਾਂ ਹੋ ਚੁੱਕੀਆਂ ਤੋਂ ਬਹੁਤ ਵੱਧ ਜਾਪਦੀ ਹੈ। ਆਂਕਿਕ ਸਿਧਾਂਤ ਤੋਂ ਇਸ ਗੱਲ ਦੀ ਪੁਸ਼ਟੀ ਮਿਲਦੀ ਹੈ ਕਿ ਜਿਵੇਂ ਮੌਤਾਂ ਦੀ ਗਿਣਤੀ ਲਗਾਤਾਰ ਵੱਧਦੀ ਜਾਂਦੀ ਹੈ ਇਸ ਲਈ ਸਿਰਫ਼ ਉਸ ਮਨੁੱਖ ਦੀ ਮੌਤ ਦਾ ਰਿਕਾਰਡ ਰੱਖਿਆ ਜਾਵੇਗਾ ਜਿਹੜਾ ਆਪਣੇ ਤੋਂ ਪਹਿਲਾਂ ਮਰ ਚੁੱਕੇ ਸਾਰਿਆਂ ਨਾਲੋਂ ਵੱਧ ਉਮਰ ਭੋਗ ਕੇ ਮਰਿਆ ਹੈ।

ਉੱਤਰੀ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮੱਧ ਅਤੇ ਉੱਤਰ-ਪੱਛਮੀ ਯੂਰਪ ਆਦਿ ਦੇਸ਼ਾਂ ਵਿਚ ਤੁਲਨਾਤਮਕ ਮੌਤ-ਦਰ ਮਿਲਦੇ ਹਨ। ਜਿਹਾ ਕਿ 110 ਜਾਂ 115 ਸਾਲ ਤੱਕ ਜਿਉਣ ਵਾਲੇ ਮਨੁੱਖਾਂ ਦੀ ਗਿਣਤੀ 100 ਸਾਲ ਤੱਕ ਜਿਉਣ ਵਾਲੇ ਮਨੁੱਖਾਂ ਦੀ ਗਿਣਤੀ ਨਾਲ ਸਿੱਧੇ ਤੌਰ ਤੇ ਸਬੰਧਤ ਹੈ, ਇਸ ਲਈ ਪਿਛਲੇ ਨੰਬਰ ਵਿਚ ਵਾਧੇ ਨਾਲ ਉਨ੍ਹਾਂ ਮਨੁੱਖਾਂ ਦੇ ਵੱਧ ਉਮਰ ਭੋਗ ਕੇ ਮਰਨ ਦੀ ਸੰਭਾਵਨਾ ਵੱਧ ਜਾਂਦੀ ਹੈ।

ਪ੍ਰਾਪਤ ਪ੍ਰਮਾਣਿਕ ਅਤੇ ਅਪ੍ਰਮਾਣਿਕ ਰਿਕਾਰਡ ਤੋਂ ਸਿੱਟਾ ਕੱਢਿਆ ਗਿਆ ਹੈ ਕਿ ਮਨੁੱਖ ਦੀ ਉਮਰ ਦੀ ਮਿਆਦ ਆਮ ਤੌਰ 114 ਸਾਲ ਹੈ ਪਰ ਇਹ ਵੱਧ ਤੋਂ ਵਧ ਉਮਰ ਦੀ ਸੀਮਾ ਨਹੀਂ ਹੈ ਜਿਵੇਂ ਕਿ ਆਯੂ-ਕਾਲ ਅਨੁਵੰਸ਼ਿਕਤਾ ਨਾਲ ਨਿਰਧਾਰਨ ਹੁੰਦਾ ਹੈ। ਇਸ ਲਈ ਹਰੇਕ ਮਨੁੱਖ ਦੇ ਆਯੂ-ਕਾਲ ਵਿਚ ਵਖਰੇਵੇਂ ਮਿਲਦੇ ਹਨ। ਕਾਫ਼ੀ ਗਿਣਤੀ ਵਿਚ ਭਰੂਣ ਅਤੇ ਬੱਚੇ ਜਨਮ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਕਈ ਬੱਚਿਆਂ ਵਿਚ ਜਨਮ ਸਮੇਂ ਕਈ ਬੀਮਾਰੀਆਂ ਜਾਂ ਵਿਗਾੜ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦੀ ਉਮਰ ਕੁਝ ਸਾਲਾਂ ਤਕ ਹੀ ਸੀਮਿਤ ਰਹਿ ਜਾਂਦੀ ਹੈ। ਇਨ੍ਹਾਂ ਵਿਚੋਂ ਕਈ ਬੀਮਾਰੀਆਂ ਜਣਨਿਕ ਨਹੀਂ ਹੁੰਦੀਆਂ ਤੇ ਇਲਾਜ ਰਾਹੀਂ ਉਨ੍ਹਾਂ ਨੂੰ ਠੀਕ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਬੰਦਿਆਂ ਦੀ ਉਮਰ ਵਧ ਜਾਂਦੀ ਹੈ।

ਅਣਅਨੁਕੂਲ ਹਾਲਤਾਂ ਕਰਕੇ ਸੰਭਾਵੀ ਆਯੂ-ਕਾਲ ਨਾਲੋਂ ਵਾਸਤਵਿਕ ਉਮਰ ਘੱਟ ਰਹਿ ਜਾਂਦੀ ਹੈ। ਇਨ੍ਹਾਂ ਹਾਲਤਾਂ ਜਾਂ ਕਾਰਨਾਂ ਨੂੰ ਕੰਟਰੋਲ ਕਰ ਲਿਆ ਜਾਵੇ ਤਾਂ ਵਾਸਤਵਿਕ ਆਯੂ-ਕਾਲ, ਸੰਭਾਵੀ ਆਯੂ ਕਾਲ ਦੇ ਨੇੜੇ ਜਿਹੇ ਹੀ ਪਹੁੰਚ ਜਾਵੇਗਾ। ਪਿਛਲੇ 2,000 ਸਾਲ ਵਿਚ ਅਨੁਕੂਲ ਹਾਲਤਾਂ ਵਿਚ, ਔਸਤਨ ਉਮਰ ਦਾ 20-25 ਸਾਲ ਤੋਂ 70 ਸਾਲ ਦੀ ਉਮਰ ਤੱਕ ਦੇ ਵਾਧੇ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਕੋਈ ਮਨੁੱਖ ਆਪਣੇ ਆਯੂ-ਕਾਲ ਦੀ ਵੱਧ ਤੋਂ ਵੱਧ ਸੀਮਾ ਤੱਕ ਜਿਉਂਦਾ ਰਹਿ ਸਕਦਾ ਹੈ।

ਹ. ਪੁ. -ਐਨ ਬ੍ਰਿ. 13: 1100

**ਜੀਵਨ ਦਾ ਆਰੰਭ** : 'ਜ਼ਿੰਦਗੀ' ਜਾਂ 'ਜੀਵਨ' ਸ਼ਬਦ ਦੀ ਕੋਈ ਵੀ ਸਰਬ ਸਪੱਸ਼ਟ ਪਰਿਭਾਸ਼ਾ ਨਹੀਂ ਦਿਤੀ ਜਾ ਸਕਦੀ ਅਤੇ ਨਾ ਹੀ ਜਾਨਦਾਰ ਅਤੇ ਬੇਜਾਨ ਚੀਜ਼ਾਂ ਦੇ ਵਿਚਕਾਰ ਇਕ ਨਿਸ਼ਚਿਤ ਰੇਖਾ ਖਿੱਚ ਕੇ ਉਨ੍ਹਾਂ ਨੂੰ ਵੱਖ ਕੀਤਾ ਜਾ ਸਕਦਾ ਹੈ। 'ਜੀਵਨ' ਬਾਰੇ ਕੁਝ ਆਮ ਪ੍ਰਚਲਿਤ ਪਰਿਭਾਸ਼ਾਵਾਂ ਇਸ ਤਰ੍ਹਾਂ ਹਨ : ਮੈਟਾਬੋਲਿਜ਼ਮ ਦੇ ਪੱਖ ਤੋਂ ਕਿਹਾ ਜਾ ਸਕਦਾ ਹੈ ਕਿ 'ਜ਼ਿੰਦਗੀ' ਲੜੀ ਬੱਧ ਜੀਵ ਕਿਰਿਆਵਾਂ ਦਾ ਇਕ ਖੁਲ੍ਹਾ ਸਿਸਟਮ ਹੈ ਜਿਹੜੀਆਂ ਨਿਮਨ ਤਾਪਮਾਨ ਤੇ ਵਿਸ਼ਿਸ਼ਟ ਐਨਜ਼ਾਈਮਾਂ ਨਾਲ ਉਤਪ੍ਰੇਰਿਤ ਹੁੰਦੀਆਂ ਹਨ ਜਾਂ ਜ਼ਿੰਦਗੀ ਐਨਜ਼ਾਈਮਾਂ ਦੀ ਰਚਨਾਤਮਕ ਪ੍ਰਤਿਰੂਪ (replication) ਹੈ ਜਿਹੜੇ ਪੂਰਨ ਤੌਰ ਤੇ ਮਾਲੀਕਿਊਲਾਂ ਤੋਂ ਬਣਦੇ ਹਨ।

ਧਰਤੀ ਤੇ ਜੀਵਨ ਕਿਵੇਂ ਸ਼ੁਰੂ ਹੋਇਆ ਹੋਵੇਗਾ ਇਸ ਬਾਰੇ ਕਈ ਖ਼ਿਆਲ ਅਤੇ ਵਿਚਾਰ ਦਿਤੇ ਗਏ ਹਨ ਅਤੇ ਹੇਠਾਂ ਦਿਤਾ ਵੇਰਵਾ ਉਨ੍ਹਾਂ ਵਿਚੋਂ ਹੀ ਇਕ ਹੈ।

ਜੀਵਨ ਦੇ ਆਰੰਭ ਦਾ ਪਤਾ ਲਗਾਉਣ ਵੱਲ ਬਹੁਤ ਸਮੇਂ ਤੱਕ ਵਿਗਿਆਨੀਆਂ ਨੇ ਕੋਈ ਧਿਆਨ ਨਹੀਂ ਦਿਤਾ। ਚਾਰਲਸ ਡਾਰਵਿਨ ਨੇ ਹੀ ਸਭ ਤੋਂ ਪਹਿਲਾਂ ਸਿੱਧ ਕੀਤਾ ਕਿ ਕਿਸੇ ਪੂਰਵਜ ਜੀਵ (ਜਿਹੜਾ ਪ੍ਰਾਣੀਆਂ ਅਤੇ ਪੌਦਿਆਂ ਵਿਚ ਸਾਂਝਾ ਲਿਆ ਜਾ ਸਕਦਾ ਹੈ) ਤੋਂ ਵਿਕਾਸ ਸ਼ੁਰੂ ਹੋਇਆ। ਸਤਾਰ੍ਹਵੀਂ ਸਦੀ ਦੇ ਮੱਧ ਵਿਚ ਡਬਲਿਊ. ਹਾਰਵੇ ਨੇ ਸਿੱਧ ਕੀਤਾ ਕਿ ਹਰੇਕ ਪ੍ਰਾਣੀ ਅੰਡੇ ਤੋਂ ਨਿਕਲਦਾ ਹੈ, ਸਤਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਹੀ ਐਫ. ਰੇਅਡੀ ਨੇ ਦੱਸਿਆ ਕਿ ਮਾਸ ਵਿਚ ਲਾਰਵੇ (ਮੈਗਟ) ਮੱਖੀਆਂ ਦੇ ਅੰਡਿਆਂ ਤੋਂ ਨਿਕਲਦੇ ਹਨ ਅਤੇ ਅਠਾਰ੍ਹਵੀਂ ਸਦੀ ਵਿਚ ਐਲ. ਸਪੈਲੈਂਨਜ਼ਾਨੀ ਨੇ ਦੱਸਿਆ ਕਿ ਥਣਧਾਰੀਆਂ ਦੇ ਪੈਦਾ ਹੋਣ ਲਈ ਸ਼ੁਕ੍ਰਾਣੂਆਂ ਦਾ ਹੋਣਾ ਜ਼ਰੂਰੀ ਹੈ। ਇਸ ਸਮੇਂ ਤੱਕ ਇਹ ਸਿੱਧ ਹੋ ਗਿਆ ਕਿ ਵੱਡੇ ਪ੍ਰਾਣੀ ਅੰਡਿਆਂ ਤੋਂ ਪੈਦਾ ਹੁੰਦੇ ਰਹਿੰਦੇ ਹਨ ਪਰ ਸੂਖ਼ਮਦਰਸ਼ੀ ਜੀਵ ਜਿਹੜੇ ਸਰਬ ਵਿਆਪੀ ਹਨ, ਆਪਣੇ ਆਪ ਹੀ ਪੈਦਾ ਹੁੰਦੇ ਰਹਿੰਦੇ ਹਨ ਪਰ 1850 ਦੇ ਸਾਲਾਂ ਵਿਚ ਲੂਈ ਪਾਸਚਰ ਨੇ ਸਿੱਧ ਕੀਤਾ ਕਿ ਛੋਟੇ ਤੋਂ ਛੋਟਾ ਜੀਵ ਵੀ ਆਪਣੇ ਆਪ ਪੈਦਾ ਨਹੀਂ ਹੋ ਸਕਦਾ ਸਗੋਂ ਇਹ ਆਸ ਪਾਸ ਦੀ ਹਵਾ ਵਿਚ ਘੁੰਮਦੇ ਫਿਰਦੇ ਜਰਮਾਂ ਤੋਂ ਪੈਦਾ ਹੁੰਦਾ ਹੈ। ਟੀ. ਐਚ. ਹਕਸਲੇ (1869) ਅਤੇ ਟਿਨਡੈਲ (1874) ਨੇ ਦੱਸਿਆ ਕਿ ਅਕਾਰਬਨੀ ਰਸਾਇਣਾਂ ਤੋਂ ਜ਼ਿੰਦਗੀ ਪੈਦਾ ਕੀਤੀ ਜਾ

ੀ ਹੈ ਪਰ ਉਹ ਇਸ ਕਥਨ ਨੂੰ ਸਿੱਧ ਨਾ ਕਰ ਸਕੇ। ਅੰਤ ਵਿਚ ਫ਼. ਜੀ. ਨੇ ਵੀਹਵੀਂ ਸਦੀ ਵਿਚ ਜੀਵ-ਰਸਇਣ ਵਿਗਿਆਨ ਦੀ ਰਖੀ। ਇਹ ਵਿਗਿਆਨ ਜੀਵਨ ਨੂੰ ਰਸਾਇਣ ਵਿਗਿਆਨ ਨਾਲ ਾ ਹੈ।

1920 ਤੋਂ ਬਾਅਦ ਦੇ ਕੀਤੇ ਤਜਰਬਿਆਂ ਨਾਲ ਇਹ ਸਿੱਧ ਕੀਤਾ ਜ਼ਦਾ ਹੈ ਕਿ ਜੀਵਨ ਧਰਤੀ ਉੱਤੇ ਆਰੰਭ ਹੋਇਆ ਸੀ ਪਰ ਇਸ ਦਾ ਜਵਾਬ ਕਿ ਜੀਵਨ ਕਿਵੇਂ ਆਰੰਭ ਹੋਇਆ? ਪਹਿਲੇ ਸਵਾਲ ਾਣਾਂ ਅਤੇ ਸਿੱਟਿਆਂ ਦੇ ਅਧਿਐਨ ਉੱਤੇ ਨਿਰਭਰ ਕਰਦਾ ਹੈ।

ਚਟਾਨਾਂ ਵਿਚੋਂ ਮਿਲੇ ਸਭ ਤੋਂ ਪਹਿਲੇ ਪਥਰਾਟਾਂ ਦੇ ਸਮੇਂ ਤੋਂ ਵੀ ਪਹਿਲਾਂ ਜੀਵਨ ਆਰੰਭ ਹੋਇਆ ਹੋਵੇਗਾ। ਪਹਿਲੇ ਪਥਰਾਟ ਕਿਸੇ ਜਾਂ ਪੌਦੇ ਦੀ ਰਹਿੰਦ-ਖੂੰਹਦ ਜਾਂ ਉਨ੍ਹਾਂ ਵਰਗੇ ਵੀ ਨਹੀਂ ਹਨ ਸਗੋਂ ੀਵਨ ਦਾ ਰਸਾਇਣਿਕ ਪ੍ਰਮਾਣ ਹਨ। ਪ੍ਰੀ-ਕੈਂਬਰੀਅਨ ਸਮੇਂ ਦੀਆਂ ਵਿਚੋਂ ਮਿਲੇ ਕੁਝ ਐਮੀਨੋ ਐਸਿਡਾਂ ਦੀ ਹੋਂਦ ਤੋਂ ਪੀ. ਐਚ. ਜ਼ਨ ਨੇ ਉਸ ਸਮੇਂ ਵਿਚ ਜੀਵਾਂ ਦੀ ਹੋਂਦ ਦਾ ਕਿਆਸ ਕੀਤਾ ਹੈ। ਮਨ ਸਮੇਂ ਦੀਆਂ ਚਟਾਨਾਂ ਵਿਚ ਮਿਲੇ ਸਭ ਤੋਂ ਪੁਰਾਣੇ ਪਥਰਾਟ , 800,000,000 ਸਾਲ ਤੋਂ ਵਧ ਪੁਰਾਣੇ ਨਹੀਂ ਅਤੇ ਇਹ ਸਮਾਂ ਨੇ ਦਾ ਸਿਰਫ਼ ਇਕ ਚੌਥਾਈ ਭਾਗ ਹੈ। ਸਿਰਫ਼ ਥਣਧਾਰੀ ਪ੍ਰਾਣੀਆਂ ਕੇ ਬਾਕੀ ਤਕਰੀਬਨ ਸਾਰੇ ਅਜੋਕੇ ਪ੍ਰਾਣੀ ਕੈਂਬਰੀਅਨ ਸਮੇਂ ਵਿਚ ਨ ਜਿਨ੍ਹਾਂ ਦਾ ਅਗੋਂ ਵਿਕਾਸ ਹੁੰਦਾ ਰਿਹਾ ਹੋਵੇਗਾ। ਇਹ ਤਾਂ ਪੱਕਾ ਮੁਸ਼ਕਿਲ ਹੈ ਕਿ ਸਭ ਤੋਂ ਪਹਿਲਾ ਸੈੱਲ ਕਦੋਂ ਬਣਿਆ ਹੋਵੇਗਾ ਤ ਸਮੇਂ ਧਰਤੀ ਦੀ ਕੀ ਹਾਲਤ ਸੀ ਇਸ ਬਾਰੇ ਦੱਸਿਆ ਜਾ ਹੈ।

ਇਹ ਵੀ ਕਿਆਸ ਕੀਤਾ ਗਿਆ ਹੈ ਕਿ ਜੀਵ ਜਿਹੜੇ ਪਰਮਾਣੂਆਂ ਹਨ ਉਹ ਸੁਭਾਵਕ ਹੀ ਠੀਕ ਫਿਟ ਨਹੀਂ ਹੋ ਜਾਂਦੇ ਸਗੋਂ ਉਹ ਮਿਤ ਤੇ ਨਿਯਮਿਤ ਤਰਤੀਬਾਂ ਵਿਚ ਜੁੜਦੇ ਹਨ ਜਿਨ੍ਹਾਂ ਵਿਚੋਂ ਤਸ ਤੋਂ ਹੇਠਲੇ ਪੱਧਰ ਦੇ ਤੱਤਾਂ ਤੋਂ ਬਣਦੀ ਹੈ, ਸਧਾਰਨ ਅਣੂ, ਆਂ ਤੋਂ (ਕੁਆਂਟਮ ਦੇ ਨਿਯਮਾਂ ਅਨੁਸਾਰ) ਬਣਦੇ ਹਨ ਅਤੇ ਲਕਾਂ ਵਿਚ ਜੁੜ ਕੇ ਕੋਲੌਇਡੀ ਕਣ, ਰੇਸ਼ੇ ਅਤੇ ਸੈੱਲ ਝਿੱਲੀਆਂ ਦੇ ਹਨ, ਸੈੱਲ ਜੁੜ ਕੇ ਟਿਸ਼ੂ, ਟਿਸ਼ੂ ਅੱਗੋਂ ਅੰਗ ਅਤੇ ਵੱਖ ਵੱਖ ੇ ਜੀਵ ਦਾ ਹਿੱਸਾ ਬਣਦੇ ਹਨ।

ੀਵਨ ਦਾ ਆਰੰਭ ਦੱਸਣ ਲਈ ਪਹਿਲਾਂ ਤਿੰਨ ਸਵਾਲਾਂ ਦਾ ਣ ਪੈਂਦਾ ਹੈ। (1) ਉਸ ਮਾਦੇ ਦਾ ਆਰੰਭ (ਜਾਂ ਉਤਪਤੀ) ਜਿਸ ਜੀਵ ਬਣੇ ਹਨ, (2) ਊਰਜਾ ਦੀਆਂ ਵਿਧੀਆਂ ਜਿਨ੍ਹਾਂ ਰਾਹੀਂ ੇ ਕਾਰਵਿਹਾਰ (ਮੈਟਾਬੋਲਿਜ਼ਮ) ਚਲਦੇ ਹਨ ਅਤੇ (3) ਜਣਨ, ਮਣੂਆਂ ਦਾ ਅਤੇ ਫਿਰ ਜੀਵਾਂ ਦਾ ਜਿਹੜਾ ਮੌਜੂਦਾ ਜੀਵਨ ਦਾ ਹੈ—ਭਾਵੇਂ ਇਹ ਸਾਰੇ ਜੀਵਨ ਲਈ ਜ਼ਰੂਰੀ ਨਹੀਂ।

**ੀਵਨ ਦੀਆਂ ਜ਼ਰੂਰਤਾਂ**—ਜੀਵਨ ਕੋਈ 4, 000,000,000 ਇਸ ਤੋਂ ਵੀ ਪਹਿਲਾਂ ਆਰੰਭ ਹੋਇਆ ਹੋਵੇਗਾ। ਇਹ ਧਰਤੀ ਾਸ ਜਿੰਨਾ ਜਾਂ ਸ਼ਾਇਦ ਇਸ ਤੋਂ ਵੀ ਵੱਧ ਪੁਰਾਣਾ ਹੋਵੇਗਾ। ਹੈ ਕਿ ਪੂਰਵਜ ਕਿਸਮਾਂ ਧਰਤੀ ਦੇ ਹੋਂਦ ਵਿਚ ਆਉਣ ਤੋਂ ਾਂ ਵਿਚਰਦੀਆਂ ਰਹੀਆਂ ਹੋਣ। ਧਰਤੀ ਤੇ ਹੀ ਜੀਵਨ ਆਰੰਭ ੋਵੇਗਾ। ਇਹ ਇਸ ਲਈ ਸੋਚਿਆ ਜਾ ਸਕਦਾ ਹੈ ਕਿਉਂਕਿ ਨੀ ਵੱਡੀ ਹੈ ਕਿ ਆਪਣੀ ਗੁਰੂਤਾ ਸ਼ਕਤੀ ਰਾਹੀਂ ਹਾਈਡ੍ਰੋਜਨ ਤਕਰੀਬਨ ਸਾਰੇ ਤੱਤਾਂ ਨੂੰ ਪਕੜ ਵਿਚ ਰਖ ਸਕਦੀ ਹੈ ਅਤੇ ; ਇਹ ਕਿ ਸੂਰਜ ਤੋਂ ਇਸ ਦਾ ਫ਼ਾਸਲਾ ਵੀ ਐਸਾ ਹੈ ਕਿ ਤ ਉੱਤੇ ਤਰਲ ਹਾਲਤ ਵਿਚ ਰਹਿ ਸਕਦਾ ਹੈ ਅਤੇ ਇਹ ਜਾਂ ਉਬਲਦੇ ਰਹਿਣ ਤੋਂ ਬਚਿਆ ਹੋਇਆ ਹੈ।

ਜੀਵਨ ਲਈ ਜ਼ਰੂਰੀ ਤੱਤ ਹਾਈਡ੍ਰੋਜਨ, ਕਾਰਬਨ, ਨਾਈਟ੍ਰੋਜਨ ਅਤੇ ਆੱਕਸੀਜਨ ਹਨ। ਓਪੇਰਿਨ ਦੇ ਕਿਆਸ ਅਨੁਸਾਰ ਪਹਿਲੇ ਪਹਿਲ ਵਾਤਾਵਰਨ ਵਿਚ ਮੀਥੇਨ ਅਤੇ ਅਮੋਨੀਆ ਹੁੰਦੇ ਸਨ। ਪੁਰਾਤਨ ਸਮੁੰਦਰਾਂ ਦੇ ਅੰਦਰ ਜਾਂ ਸਤ੍ਹਾ ਉੱਤੇ ਕਾਰਬਨ ਅਤੇ ਨਾਈਟ੍ਰੋਜਨ ਸਨ। ਧਰਤੀ ਵਿਚ ਹਾਈਡ੍ਰੋਕਾਰਬਨ ਮੌਜੂਦ ਸਨ ਜਿਨ੍ਹਾਂ ਦੀ ਮੌਜੂਦਗੀ ਕਾਰਬਨੀ ਤਾਰੋਟਾਂ (meteorites) ਤੋਂ ਸਿੱਧ ਹੋ ਜਾਂਦੀ ਹੈ। ਸੋ ਇਹ ਸੋਚਿਆ ਜਾ ਸਕਦਾ ਹੈ ਕਿ ਪੂਰਵਜ ਧਰਤੀ ਉੱਤੇ ਨਾਈਟ੍ਰੋਜਨ ਦਾ ਵਾਤਾਵਰਨ ਸੀ ਜਿਹੜੀ ਸਮੁੰਦਰਾਂ ਦੀ ਸਤ੍ਹਾ ਤੋਂ ਕਿਨਾਰਿਆਂ ਤੱਕ ਫੈਲੀ ਹੋਵੇਗੀ। ਸੋ ਜੀਵਨ ਦੇ ਆਰੰਭ ਲਈ ਪਹਿਲੀਆਂ ਪ੍ਰਤਿਕਿਰਿਆਵਾਂ ਕਾਰਬਨੀ ਅਤੇ ਨਾਈਟ੍ਰੋਜਨੀ ਵਾਤਾਵਰਨ ਵਿਚ ਹੋ ਕੇ, ਜ਼ਿਆਦਾ ਗੁੰਝਲਦਾਰ ਅਣੂਆਂ ਦਾ ਜਨਮ ਹੋਇਆ ਹੋਵੇਗਾ। ਇਹ ਪ੍ਰਤਿਕਿਰਿਆਵਾਂ ਜਿਹੜੀਆਂ ਜ਼ਿੰਦਗੀ ਵਿਚ ਐਨਜ਼ਾਈਮ ਪ੍ਰਤਿਕਿਰਿਆਵਾਂ ਹਨ, ਸਲਫ਼ਰ ਫ਼ਾਸਫੋਰਸ, ਲੋਹਾ ਆਦਿ ਵਰਗੇ ਤੱਤਾਂ ਦੀ ਮੌਜੂਦਗੀ ਵਿਚ ਹੋਈਆਂ ਹੋਣਗੀਆਂ।

**ਊਰਜਾ ਦਾ ਸੋਮਾ**—ਦੂਜਾ ਸਵਾਲ ਉਠਦਾ ਹੈ ਕਿ ਇਨ੍ਹਾਂ ਪ੍ਰਤਿਕਿਰਿਆਵਾਂ ਲਈ ਊਰਜਾ ਕਿਥੋਂ ਆਈ। ਅਜੋਕੇ ਸਮੇਂ ਵਿਚ ਸੂਰਜ ਦੀ ਊਰਜਾ ਨੂੰ ਪੌਦੇ ਖੁਰਾਕ ਵਿਚ ਬਦਲ ਲੈਂਦੇ ਹਨ। ਪੁਰਾਤਨ ਸਮਿਆਂ ਵਿਚ ਇਸੇ ਵਿਧੀ ਰਾਹੀਂ ਕੋਲਾ ਅਤੇ ਤੇਲ ਜਮ੍ਹਾਂ ਹੁੰਦੇ ਰਹੇ ਪਰ ਕਲੋਰੋਫ਼ਿਲ ਵਰਗੇ ਅਣੂ ਬਣਨ ਤੋਂ ਪਹਿਲਾਂ ਇਸ ਊਰਜਾ ਨੂੰ ਵਰਤੋਂ ਵਿਚ ਨਹੀਂ ਲਿਆਂਦਾ ਜਾ ਸਕਦਾ ਸੀ। ਇਸ ਲਈ ਬਹੁਤੇ ਵਿਗਿਆਨੀਆਂ ਦਾ ਖਿਆਲ ਹੈ ਕਿ ਉਸ ਵਕਤ ਜੀਵਨ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਮੁਕਤ ਊਰਜਾ, ਊਰਜਾ ਭਰਪੂਰ ਯੋਗਿਕਾਂ ਦੇ ਰੂਪ ਵਿਚ ਉਪਲੱਬਧ ਹੋਵੇਗੀ। ਇਹ ਮੂਲ ਸੋਮਾ ਉਸ ਸਮੇਂ ਸੂਰਜ ਦੀ ਰੌਸ਼ਨੀ, ਪੁਲਾੜੀ ਕਿਰਨਾਂ ਜਾਂ ਰੇਡੀਓ ਐਕਟਿਵ ਤੱਤਾਂ ਰਾਹੀਂ ਜਮ੍ਹਾਂ ਹੋਈ ਹੋਵੇਗੀ। ਕਾਰਬਨੀ ਤਾਰੋਟਾਂ ਦੇ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਇਹ ਮੂਲਕ ਸੰਚਣ ਪੁਲਾੜ ਵਿਚਲੇ ਧੂੜ-ਘੱਟੇ ਵਿਚ ਪੈਦਾ ਹੋਏ ਹੋਣਗੇ ਜਿਸ ਤੋਂ ਉਪ ਗ੍ਰਹਿ ਬਣੇ ਹਨ। ਇਸ ਤੱਥ ਵਿਚ ਜੇ ਕੁਝ ਸਚਾਈ ਹੈ ਤਾਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਊਰਜਾ ਭਰਪੂਰ ਯੋਗਿਕ ਪੂਰਵਜ ਧਰਤੀ ਵਿਚ ਬਣੇ ਸਨ।

**ਨਵ ਜੰਮੇ ਅਣੂਆਂ ਦਾ ਇਕੱਠਾ ਹੋਣਾ**—ਹਾਲਡੇਨ ਅਤੇ ਓਪੇਰਿਨ ਅਨੁਸਾਰ ਮੂਲਕ ਸੰਚਿਤ ਪਦਾਰਥ ਸੂਰਜ ਦੀਆਂ ਪਾਰ ਵੈਂਗਣੀ ਕਿਰਨਾਂ ਰਾਹੀਂ ਪੈਦਾ ਹੋਏ ਹੋਣਗੇ ਅਤੇ ਫਿਰ ਟੁੱਟੇ ਨਹੀਂ। ਇਹ ਰੌਸ਼ਨੀ ਦੇ ਮੁੜ ਅਸਰ ਤੋਂ ਪਰ੍ਹੇ ਹੋ ਗਏ ਹੋਣਗੇ ਤੇ ਟੁੱਟ ਭੱਜ ਤੋਂ ਬਚ ਕੇ ਸਮੁੰਦਰ ਦੇ ਕੰਢਿਆਂ ਤੇ ਜਵਾਨ ਦਹਾਨਿਆਂ ਦੀ ਮਿੱਟੀ ਦੇ ਕਣਾਂ ਵਿਚ ਸਮਾ ਗਏ ਹੋਣਗੇ। ਇਨ੍ਹਾਂ ਪਹਿਲੀਆਂ ਹਾਲਤਾਂ ਨੂੰ ਅਲਪ-ਜੀਵਨ ਕਿਹਾ ਜਾ ਸਕਦਾ ਹੈ, ਜਿਸ ਤੋਂ ਇਹ ਮੰਨਿਆ ਜਾ ਸਕਦਾ ਹੈ ਕਿ ਜੀਵਨ ਕਿਸੇ ਪ੍ਰਤੱਖ ਜੀਵ ਦੇ ਪੈਦਾ ਹੋਣ ਤੋਂ ਵੀ ਪਹਿਲਾਂ ਸ਼ੁਰੂ ਹੋਇਆ ਹੋਵੇਗਾ।

**ਬਹੁਲਕਾਂ ਦਾ ਬਣਨਾ**—ਜਦੋਂ ਤੱਕ ਜੀਵਨ ਦੀਆਂ ਇਹ ਇਕਾਈਆਂ ਮਿੱਟੀ ਵਿਚ ਆਪਣੇ ਆਪ ਨੂੰ ਵੱਖ ਵੱਖ ਨਹੀਂ ਕਰ ਸਕਦੀਆਂ ਸਨ, ਜੀਵ ਦਾ ਬਣਨਾ ਮੁਸ਼ਕਿਲ ਸੀ। ਪਹਿਲਾਂ ਕੁਝ ਬਹੁਲਕੀਕਰਨ ਹੋ ਕੇ ਛੋਟੇ ਅਣੂ ਜਿਵੇਂ ਐਮੀਨੋ ਤੇਜ਼ਾਬ, ਨਾਈਟ੍ਰੋਜਨੀ ਖਾਰਾਂ, ਖੰਡ ਅਤੇ ਫ਼ਾਸਫੇਟ ਆਦਿ ਜੁੜ ਕੇ ਲੰਬੀਆਂ ਚੇਨਾਂ ਬਣੀਆਂ ਹੋਣਗੀਆਂ।

**ਮੁਕਤ ਫਿਰਦੇ ਬਲੌਥ (ਬੂੰਦਾਂ) ਅਤੇ ਪ੍ਰੋਟੋ ਐਂਨਜ਼ਾਈਮ**—ਇਕ ਵਾਰ ਬਹੁਲਕ ਬਣਨ ਤੋਂ ਬਾਅਦ ਉਹ ਮੁਕਤ ਹਾਲਤ ਵਿਚ ਵਿਚਰ ਸਕਦੇ ਸਨ ਅਤੇ ਉਨ੍ਹਾਂ ਨੂੰ ਮਿੱਟੀ ਦੇ ਕਣਾਂ ਵਿਚ ਹੀ ਰਹਿਣ ਦੀ ਫਿਰ ਲੋੜ ਨਹੀਂ ਸੀ। ਪ੍ਰਯੋਗਸ਼ਾਲਾਵਾਂ ਵਿਚ ਬਣਾਏ ਇਹੋ ਜਿਹੇ ਬਲੌਥਾਂ ਨੂੰ ਕੋਐਸਰਵੇਟ ਕਹਿੰਦੇ ਹਨ। (ਇਹ ਕੋਲੌਇਡੀ ਬੂੰਦਾਂ ਦਾ ਇਕ ਇਕੱਠ ਹੁੰਦਾ ਹੈ ਜਿਹੜਾ ਬਿਜਲੀ ਬਲਾਂ ਨਾਲ ਆਕਰਸ਼ਿਤ ਹੁੰਦਾ ਹੈ। ਇਨ੍ਹਾਂ ਕੋਐਸਰਵੇਟਾਂ ਦੀਆਂ ਵਿੱਥਾਂ ਵਿਚ ਕਈ ਤਰ੍ਹਾਂ ਦੀਆਂ ਮੈਟਾਬੋਲਿਕ

ਕਿਰਿਆਵਾਂ ਸ਼ੁਰੂ ਹੋ ਗਈਆਂ। ਅਜੋਕੇ ਐੱਨਜ਼ਾਈਮ ਪ੍ਰੋਟੋ-ਐੱਨਜ਼ਾਈਮਾਂ ਤੋਂ ਬਣੇ ਹਨ ਜਿਹੜੇ ਲੋਹੇ ਜਾਂ ਤਾਂਬੇ ਵਰਗੀਆਂ ਧਾਤਾਂ (ਸਧਾਰਨ ਕਾਰਬਨੀ ਖਾਰਾਂ ਸਮੇਤ) ਦੀ ਸਿੱਧੀ ਕਿਰਿਆ ਤੋਂ ਪੈਦਾ ਹੋਏ ਸਨ। ਈਓਬਾਇਆਂਟ (ਪੁਰਾਤਨ ਵੰਡ ਅਨੁਸਾਰ ਜੀਵਿਤ ਪਦਾਰਥ ਦਾ ਇਕ ਨਿੱਖੜਵਾਂ ਅੰਗ) ਦਾ ਬਣਨਾ ਅਗਲੀ ਵਿਕਸਿਤ ਸਟੇਜ (ਪਿਰੀ ਅਨੁਸਾਰ) ਈਓਬਾਇਐਂਟ ਦਾ ਬਣਨਾ ਹੈ। (ਓਪੇਰਿਨ ਅਨੁਸਾਰ) ਇਨ੍ਹਾਂ ਨੇ ਸੰਯੁਕਤ ਬਹੁਲਕਾਂ ਦੇ ਜਾਲ ਦੀ ਸ਼ਕਲ ਅਖ਼ਤਿਆਰ ਕਰ ਲਈ ਹੋਵੇਗੀ। ਇਨ੍ਹਾਂ ਜੀਵਨ ਦੀਆਂ ਇਕਾਈਆਂ (ਈਓਬਾਇਆਂਟਾਂ) ਦੇ ਦੁਆਲੇ ਲਿਪਿਡ ਜਾਂ ਚਰਬੀਦਾਰ ਪਦਾਰਥ ਬਣ ਗਏ ਜਿਨ੍ਹਾਂ ਨੇ ਇਨ੍ਹਾਂ ਨੂੰ ਬਾਕੀ ਦੇ ਮਾਧਿਅਮ ਤੋਂ ਵਖਰਾ ਕਰ ਦਿਤਾ ਹੋਵੇਗਾ ਅਤੇ ਫਿਰ ਇਨ੍ਹਾਂ ਦੇ ਅੰਦਰ ਝਿੱਲੀਆਂ ਬਣ ਜਾਣ ਨਾਲ ਇਨ੍ਹਾਂ ਦੇ ਵੱਖ ਵੱਖ ਹਿੱਸੇ ਵੱਖ-ਵੱਖ ਕੰਮ ਕਰਨ ਦੇ ਸਮਰੱਥ ਹੋ ਗਏ। ਅਜਿਹਾ ਹੋ ਜਾਣ ਤੋਂ ਬਾਅਦ ਪ੍ਰਕਾਸ਼ ਸੰਸ਼ਲੇਸ਼ਣ ਦੀ ਕਿਰਿਆ ਸ਼ੁਰੂ ਹੋਈ ਹੋਵੇਗੀ ਜਿਸ ਵਿਚ ਸੂਰਜ ਦੀਆਂ ਕਿਰਨਾਂ ਨੂੰ ਜਜ਼ਬ ਕਰਕੇ ਇਹ ਕਾਰਬਨੀ ਮਾਦਾ ਬਣਾਉਂਦੇ ਹਨ। ਊਰਜਾ ਮਿਲਣ ਨਾਲ ਇਨ੍ਹਾਂ ਵਿਚ ਵੰਡ ਜਲਦੀ ਜਲਦੀ ਹੋਈ ਹੋਵੇਗੀ ਅਤੇ ਆੱਕਸੀਜਨ ਵਾਤਾਵਰਨ ਵਿਚ ਛੱਡੀ ਜਾਂਦੀ ਰਹੀ ਹੋਵੇਗੀ ਜਿਸ ਨਾਲ ਆੱਕਸੀਕਰਨ ਦੀਆਂ ਕਿਰਿਆਵਾਂ ਜਲਦੀ ਜਲਦੀ ਹੁੰਦੀਆਂ ਰਹੀਆਂ ਹੋਣਗੀਆਂ ਤੇ ਪੂਰਵਜ ਜੀਵਾਂ ਦੀ ਕਿਰਿਆਸ਼ੀਲਤਾ ਵਧਦੀ ਰਹੀ ਹੋਵੇਗੀ। ਇਸ ਤਰ੍ਹਾਂ ਦੋ ਤਰ੍ਹਾਂ ਦੇ ਜੀਵ ਬਣ ਗਏ ਹੋਣਗੇ, ਇਕ ਤਾਂ ਜਿਹੜੇ ਸੂਰਜ ਤੋਂ ਊਰਜਾ ਲੈ ਕੇ ਕਾਰਬਨੀ ਮਾਦਾ ਬਣਾਉਂਦੇ ਹਨ ਅਤੇ ਦੂਜੇ ਜਿਹੜੇ ਇਹ ਮਾਦਾ ਅਤੇ ਵਾਤਾਵਰਨਕ ਆੱਕਸੀਜਨ ਲੈਂਦੇ ਹਨ। ਇਸ ਤਰ੍ਹਾਂ ਪੌਦਿਆਂ ਅਤੇ ਕੁਝ ਜੀਵਾਣੂਆਂ (ਸਵੈ-ਪੋਸ਼ਿਤ) ਅਤੇ ਪ੍ਰਾਣੀਆਂ (ਪਰ ਪੋਸ਼ਿਤ) ਵਿਚ ਵੰਡ ਹੋ ਗਈ ਹੋਵੇਗੀ। ਇਸ ਤੋਂ ਬਾਅਦ ਜਣਨ ਦੀਆਂ ਕਿਰਿਆਵਾਂ ਹੋਣ ਨਾਲ ਮੈਟਾਬੋਲਿਜ਼ਮ ਵਿਚ ਵੀ ਵਿਕਾਸ ਹੁੰਦਾ ਰਿਹਾ। ਜਣਨ ਨਿਊਕਲਿਕ ਤੇਜ਼ਾਬਾਂ ਦੇ ਕੁਝ ਵਿਸ਼ਿਸ਼ਟ ਅਣੂਆਂ ਚਾਰ ਨਿਊਕਲੀਓਟਾਈਡਾਂ ਦੇ ਬਹੁਲਕਾਂ (ਜਿਹੜੇ ਖੰਡ, ਅਤੇ ਫ਼ਾਸਫ਼ੇਟਾਂ ਦੇ ਬਣੇ ਹੁੰਦੇ ਹਨ) ਦੀ ਹੋਂਦ ਤੇ ਨਿਰਭਰ ਕਰਦਾ ਹੈ।

ਲਿਪਿਡ ਦੀਵਾਰਾਂ ਵਿਚ ਘਿਰਿਆ ਨਿਊਕਲਿਕ ਤੇਜ਼ਾਬਾਂ, ਐਨਜ਼ਾਈਮਾਂ ਅਤੇ ਕੋ-ਐਨਜ਼ਾਈਮਾਂ ਦਾ ਸੰਗਠਨ ਜੀਵਨ ਦੀਆਂ ਸਾਰੀਆਂ ਮੁੱਖ ਕਿਰਿਆਵਾਂ ਕਰ ਸਕਣ ਦੇ ਸਮਰੱਥ ਸੀ ਪਰ ਇਹ ਪੂਰੇ ਜੀਵ ਨਹੀਂ ਸਨ ਕਿਉਂਕਿ ਇਹ ਆਪਣੇ ਮਾਧਿਅਮ ਉੱਤੇ ਨਿਰਭਰ ਕਰਦੇ ਸਨ। ਇਨ੍ਹਾਂ ਨੂੰ ਸੈੱਲ ਅੰਦਰਲੀਆਂ ਰਚਨਾਵਾਂ ਜਿਵੇਂ ਮਾਈਟੋਕ੍ਰਾਂਡ੍ਰੀਆ, ਮਾਈਕ੍ਰੋਸੋਮ, ਪਲਾਸਟਿਡ ਆਦਿ ਦੇ ਬਰਾਬਰ ਦਿਤਾ ਜਾ ਸਕਦਾ ਹੈ। ਇਹ ਲਗਭਗ ਵਿਸ਼ਾਣੂਆਂ ਵਰਗੇ ਜੀਵ ਸਨ।

**ਸੈੱਲ ਦਾ ਬਣਨਾ**—ਸੈੱਲ ਬਣਨ ਲਈ ਪੌਸ਼ਟਿਕਤਾ ਦੀ ਕਾਫ਼ੀ ਜ਼ਰੂਰਤ ਸੀ। ਪੂਰਵਜ ਵਿਸ਼ਾਣੂਆਂ ਅਤੇ ਸੈੱਲ ਦੇ ਸਾਈਟੋਪਲਾਜ਼ਮ ਵਿਚ ਜਿਹੜਾ ਨਿਊਕਲਿਕ ਤੇਜ਼ਾਬ ਮਿਲਦਾ ਹੈ ਉਸ ਨੂੰ ਆਰ ਐਨ ਏ ਕਹਿੰਦੇ ਹਨ। ਇਹ ਸਧਾਰਨ ਅਤੇ ਅਸਥਿਰ ਰਹਿਣ ਵਾਲਾ ਨਿਊਕਲਿਕ ਤੇਜ਼ਾਬ ਹੈ। ਰਸਾਇਣਿਕ ਵਿਕਾਸ ਦੀ ਅੰਤਮ ਸਟੇਜ ਹਰੇਕ ਨਿਊਕਲੀਓਟਾਈਡ ਇਕਾਈ ਵਿਚ ਖੰਡ ਦੇ ਇਕ ਪਰਮਾਣੂ ਦਾ ਮਿਲਣਾ ਹੈ ਜਿਸ ਨਾਲ ਜ਼ਿਆਦਾ ਸਥਿਰ, ਡੀ. ਐਨ. ਏ. ਬਣਦਾ ਹੈ ਜਿਹੜਾ ਸਾਰੇ ਸੈੱਲਾਂ ਵਿਚ ਮਿਲਦਾ ਹੈ। ਇਸ ਤੋਂ ਬਾਅਦ ਜੀਵ ਵਿਕਾਸ ਅਤੇ ਪ੍ਰਕ੍ਰਿਤਿਕ ਚੋਣ ਨਾਲ ਜੀਵਾਂ ਵਿਚ ਜ਼ਿਆਦਾ ਵਿਕਸਿਤ ਕਿਸਮਾਂ ਪੈਦਾ ਹੋਈਆਂ।

ਹ. ਪੁ. -ਐਨ. ਬ੍ਰਿ. 13: 1083

**ਜੀਵਨੀ ਤੇ ਜੀਵਨ ਚਰਿਤਰ** : ਕਿਸੇ ਵਿਸ਼ੇਸ਼ ਵਿਅਕਤੀ ਦੇ ਜੀਵਨ ਬਿਰਤਾਂਤ ਨੂੰ ਜੀਵਨੀ ਆਖਿਆ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਬਾਇਓਗ੍ਰਾਫ਼ੀ ਆਖਦੇ ਹਨ ਜਿਹੜਾ ਦੋ ਯੂਨਾਨੀ ਸ਼ਬਦਾਂ 'ਬਾਇਓਸ' ਅਰਥਾਤ 'ਜੀਵਨ' ਅਤੇ 'ਗ੍ਰਾਫੇਸ' ਅਰਥਾਤ 'ਲਿਖਤ' ਦੇ ਸਮਾਸ ਤੋਂ ਬਣਿਆ ਹੈ। ਇਉਂ ਜੀਵਨੀ ਵਿਚ ਮਨੁੱਖ ਦੇ ਜੀਵਨ ਦਾ ਲੇਖਾ ਜੋਖਾ ਹੁੰਦਾ ਹੈ। ਆਮ ਕਰਕੇ ਇਸ ਵਿਚ ਜੀਵਨ ਦੀ ਸਾਰੀ ਕਾਰਗੁਜ਼ਾਰੀ ਦਾ ਵੇਰਵਾ ਹੁੰਦਾ ਹੈ। ਇਕ ਆਦਰਸ਼ ਜੀਵਨੀ ਵਿਚ ਸਬੰਧਤ ਮਨੁੱਖ ਦੀਆਂ ਸਾਰੀਆਂ ਸਫ਼ਲਤਾਵਾਂ ਅਸਫ਼ਲਤਾਵਾਂ ਦਾ ਵਰਣਨ ਹੁੰਦਾ ਹੈ ਪਰ ਇਹ ਕੋਈ ਪੱਕਾ ਨਿਯਮ ਨਹੀਂ ਹੈ ਜਿਸ ਦੀ ਪਾਲਣਾ ਹਰ ਸਮੇਂ ਕੀਤੀ ਜਾਵੇ।

ਕਈ ਜੀਵਨੀਆਂ ਨਾਇਕਾਂ ਦੇ ਜੀਵਨ ਕਾਲ ਵਿਚ ਹੀ ਲਿਖੀਆਂ ਜਾਂਦੀਆਂ ਹਨ ਜਿਸ ਕਾਰਨ ਉਸ ਬਾਰੇ ਬੇਲਾਗ ਤੇ ਬਿਲਕੁਲ ਠੀਕ ਲਿਖਣਾ ਅਸੰਭਵ ਹੋ ਜਾਂਦਾ ਹੈ। ਇਕ ਆਦਰਸ਼ ਜੀਵਨੀ, ਨਾਇਕ ਦੇ ਸਮੇਂ ਦਾ ਵਿਸ਼ੇਸ਼ ਇਤਿਹਾਸ ਹੁੰਦਾ ਹੈ ਜਿਸ ਨੂੰ ਲੇਖਕ ਆਪਣੀ ਕਲਪਨਾ ਦੀ ਪਾਣ ਚੜ੍ਹਾ ਦਿੰਦਾ ਹੈ। ਇਹ ਪਰਿਭਾਸ਼ਾ ਜੀਵਨੀ ਨੂੰ ਵਿਸ਼ੇਸ਼ ਸਾਹਿਤਕ ਵੰਨਗੀ ਬਣਾ ਦਿੰਦੀ ਹੈ।

ਪੱਛਮੀ ਸਾਹਿਤ ਵਿਚ ਜੀਵਨੀ ਨੂੰ ਬਹੁਤ ਚਿਰ ਤੋਂ ਇਕ ਵਿਸ਼ੇਸ਼ ਸਾਹਿਤ ਰੂਪ ਮੰਨਿਆ ਜਾਂਦਾ ਹੈ। ਪੁਨਰ ਜਾਗ੍ਰਤੀ ਕਾਲ ਤੋਂ ਪਹਿਲਾਂ ਵਿਚਾਰਾਂ ਤੇ ਸਿਧਾਂਤਾਂ ਦੀ ਵਿਆਖਿਆ ਕਰਨ ਦੇ ਉਦੇਸ਼ ਲਈ ਜੀਵਨ ਚਰਿੱਤਰ ਲਿਖੇ ਜਾਂਦੇ ਸਨ। ਇਨ੍ਹਾਂ ਦਾ ਉਦੇਸ਼ ਸਿਰਫ਼ ਉਪਦੇਸ਼ ਦੇਣਾ ਸੀ।

ਜੀਵਨ ਚਰਿੱਤਰ ਦੇ ਪ੍ਰਾਚੀਨ ਰੂਪ ਦੀਆਂ ਉਦਾਹਰਨਾਂ ਕਿਸੇ ਵੀ ਦੇਸ਼ ਦੀਆਂ ਧਾਰਮਿਕ, ਪੌਰਾਣਿਕ ਅਤੇ ਦੰਦ ਕਥਾਵਾਂ ਵਿਚ ਮਿਲ ਸਕਦੀਆਂ ਹਨ ਜਿਨ੍ਹਾਂ ਵਿਚ ਮਨੁੱਖੀ ਚਰਿੱਤਰ, ਉਸ ਦੇ ਮਨੋ ਵਿਕਾਰ ਤੇ ਮਨੋਭਾਵਾਂ ਨੂੰ ਰੂਪਮਾਨ ਕੀਤਾ ਹੁੰਦਾ ਹੈ।

ਮਿਸਰ ਤੇ ਪੱਛਮੀ ਏਸ਼ੀਆ ਦੇ ਦੇਸ਼ਾਂ ਵਿਚ ਪੱਥਰਾਂ ਉਪਰ ਰਾਜਿਆਂ ਦੀਆਂ ਕਬਰਾਂ ਦੇ ਜੰਗਲਿਆਂ ਉੱਤੇ ਅਤੇ ਥੰਮਾਂ ਤੇ ਦੀਵਾਰ ਉੱਤੇ ਉਨ੍ਹਾਂ ਦੇ ਜੀਵਨ ਦੀਆਂ ਜਿੱਤਾਂ ਆਦਿ ਦੀਆਂ ਮਹੱਤਵਪੂਰਣ ਉਕਰਾਈਆਂ ਦੀ ਪਰੰਪਰਾ ਬੜੀ ਪੁਰਾਣੀ ਹੈ। ਇਸ ਤਰ੍ਹਾਂ ਦੀ ਸਮੱਗਰੀ ਨੂੰ ਜੀਵਨ ਚਰਿੱਤਰ ਦਾ ਪ੍ਰਾਚੀਨ ਤੇ ਮੁਢਲਾ ਰੂਪ ਮੰਨਿਆ ਜਾ ਸਕਦਾ ਹੈ।

ਪਹਿਲੀ ਸਦੀ ਈਸਵੀ ਪੂਰਵ ਵਿਚ ਚੀਨ ਵਿਚ ਸਸੂ-ਮਾ ਚਿਏ ਨੇ ਆਪਣੇ ਇਤਿਹਾਸਕ ਸੰਸਕਰਣਾਂ ਦੇ ਇਕ ਹਿੱਸੇ ਵਿਚ ਸਮਕਾਲ ਵਿਸ਼ੇਸ਼ ਵਿਅਕਤੀਆਂ ਦਾ ਜੀਵਨ ਚਰਿੱਤਰ ਲਿਖਿਆ ਹੈ। ਬਾਅਦ ਵਿ ਚੀਨੀ ਬਾਦਸ਼ਾਹ ਚਿਏਨ ਨੇ ਚੀਨ ਦੀਆਂ ਬੰਸਾਵਲੀਆਂ ਦਾ ਇਤਿਹਾ 1747 ਈ. ਵਿਚ 217 ਖੰਡਾਂ ਵਿਚ ਸੰਗ੍ਰਹਿ ਕਰਕੇ ਪ੍ਰਕਾਸ਼ਿਤ ਕਰਵਾਇਆ ਜਿਸ ਵਿਚ ਚੀਨ ਦੇ ਪੰਜ ਕਾਲਪਨਿਕ ਸਮਰਾਟਾਂ ਤੋਂ ਲੈਕੇ ਸਸੂ-ਮਾ-ਚਿਏ ਦੇ ਕਾਲ ਤੱਕ ਦੇ ਬਾਦਸ਼ਾਹਾਂ ਦਾ ਵਰਣਨ ਹੋਇਆ ਹੈ।

ਯੂਨਾਨੀ ਜੀਵਨੀਕਾਰਾਂ ਵਿਚ ਪਲੂਟਾਰਕ ਦਾ ਵਿਸ਼ੇਸ਼ ਮਹੱਤ ਹੈ। ਉਸ ਦੀ ਕਿਰਤ ਵਿਚ ਯੂਨਾਨ, ਰੋਮ ਅਤੇ ਫ਼ਰਾਂਸ ਦੇ 46 ਵਿਸ਼ੇ ਅਤੇ ਤੇਜਸਵੀ ਵਿਅਕਤੀਆਂ ਦੇ ਜੀਵਨ ਬਿਰਤਾਂਤ ਦਿੱਤੇ ਗਏ ਹਨ।

ਲਾਤੀਨੀ ਸਾਹਿਤ ਵਿਚ ਪਹਿਲੀ ਸਦੀ ਈਸਵੀ ਪੂਰਵ ਦਾ ਜੀਵ ਲੇਖਕ ਕਾਰਨੇਲੀਅਸ ਨੇਪੋਸ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਯੋਗ ਜਿਸ ਨੇ ਕਾਂਤੋ ਤੇ ਉਸ ਦੇ ਮਿੱਤਰ ਸਿਸਰੋ ਦੇ ਜੀਵਨ ਚਰਿੱਤਰ ਲਿ ਸਨ। ਇਸ ਦੇ ਹੋਰ ਜੀਵਨ ਚਰਿੱਤਰ ਵਿਸ਼ੇਸ਼ ਜਰਨੈਲਾਂ ਨਾਲ ਸਬੰਧ ਹਨ।

ਅੰਗਰੇਜ਼ੀ ਸਾਹਿਤ ਵਿਚ 17ਵੀਂ ਸਦੀ ਤੋਂ ਪਹਿਲਾਂ ਦਾ ਜੀਵ ਸਾਹਿਤ ਬੜਾ ਸੰਖੇਪ ਹੈ। ਇਲਿਜ਼ਾਬੱਥ ਦੇ ਸਮਕਾਲੀ ਵਿਸ਼ੇ ਵਿਅਕਤੀਆਂ ਦੀ ਇਥੋਂ ਤੱਕ ਕਿ ਸ਼ੈਕਸਪੀਅਰ ਆਦਿ ਦੀਆਂ ਜੀਵਨੀਆਂ ਦੀ ਅਣਹੋਂਦ ਕਰਕੇ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਆਰੰਭ ਵਿਚ ਅਨੇਕ ਔਕੜਾਂ ਦਾ ਸਾਹਮਣਾ ਕਰਨਾ ਪਿਆ। ਬਾਅ ਵਿਚ ਇਸ ਦਿਸ਼ਾ ਵਿਚ ਅਨੇਕ ਯਤਨ ਹੋਏ। 18ਵੀਂ ਸਦੀ ਤ

ੰਦਿਆਂ ਹੋਇਆਂ ਜੇਮਜ਼ ਬਾਸਵੇਲ ਦੁਆਰਾ ਲਿਖਿਤ ਸੈਮੂਅਲ ਜਨ ਦੀ ਜੀਵਨੀ ਵਿਚ ਇਸ ਦਾ ਕਾਫ਼ੀ ਵਿਕਸਿਤ ਰੂਪ ਦੇਖਣ ਨੂੰ ਤਾ ਹੈ। 1791 ਈ. ਵਿਚ ਇਸ 'ਜੀਵਨੀ' ਦਾ ਪ੍ਰਕਾਸ਼ਨ ਅੰਗਰੇਜ਼ੀ ਈ ਸਾਹਿਤ ਵਿਚ ਇਕ ਮਹੱਤਵਪੂਰਨ ਘਟਨਾ ਹੈ। ਇਹ ਗ੍ਰੰਥ ਣ ਵਾਲੇ ਜੀਵਨੀਕਾਰਾਂ ਲਈ ਇਕ ਨਿਸ਼ਚਿਤ ਸ਼ੈਲੀ ਤੇ ਸਰੂਪ ਦਾ ਰਸ਼ ਬਣ ਗਿਆ। ਇਤਿਹਾਸਕ ਚੇਤਨਾ ਦੇ ਵਿਕਾਸ ਦੇ ਨਾਲ ਅਤੀਤ ਹਾਂ ਪੁਰਖਾਂ ਦੀਆਂ ਨਿਆਂ ਪੂਰਨ ਜੀਵਨੀਆਂ ਲਿਖਣ ਦੀ ਉਤਸੁਕਤਾ ਤ੍ਰ ਹੋਈ। ਪ੍ਰਾਚੀਨਤਾ ਦੇ ਅਧਿਐਨ ਦੀ ਰੁਚੀ, ਵਿਸ਼ਵਕੋਸ਼ ਦੀ ਹਾ ਸਬੰਧੀ ਯਤਨਾਂ ਅਤੇ ਵਿਗਿਆਨਕ ਖੋਜ ਕਾਰਨ ਵਿਦਵਤਾਪੂਰਨ ਨੀਆਂ ਲਿਖੀਆਂ ਜਾਣ ਲੱਗੀਆਂ।

ਮਨੋ-ਵਿਗਿਆਨਕ ਜੀਵਨੀਕਾਰਾਂ ਦਾ ਮੱਤ ਹੈ ਕਿ ਬਾਹਰਲੇ ਜਾਂ, ਤੱਥਾਂ ਜਾਂ ਤਰੀਕਾਂ ਨਾਲ ਜੀਵਨ ਦੇ ਮਹੱਤਵਪੂਰਨ ਕਾਲ ਨੂੰ ਜਾਣਿਆ ਜਾ ਸਕਦਾ। ਫ਼ਰਾਇਡਵਾਦੀ ਵਿਚਾਰਾਂ ਅਨੁਸਾਰ ਕਿਸੇ ਤ ਦੇ ਸੂਝ ਬੂਝ ਨਾਲ ਆਖੇ ਹੋਏ ਬਚਨ ਹੀ ਉਸ ਦੇ ਅੰਦਰਲੇ ਮਨ ਮਖਿਆਨਾਂ ਦੀ ਵਿਆਖਿਆ ਕਰਦੇ ਹਨ। ਵੈਨ ਵਾਈਕ ਬਰੁਕਸ ਾਂ ਜੀਵਨੀਆਂ, ਗਾਸੈਲੀਅਲ ਬ੍ਰੈਡਫੋਰਡ ਦੇ ਮਨੋ-ਵਿਗਿਆਨਕ , ਪ੍ਰੈਪੀਜ਼ ਅਤੇ ਡਾਕਟਰ ਜਾਨਸਨ ਬਾਰੇ ਮਿਲਦੀ ਸਮੱਗਰੀ ਦੀ ਨਵੇਂ ਤੋਂ ਕੀਤੀ ਗਈ ਵਿਆਖਿਆ, ਇਸ ਪ੍ਰਕਾਰ ਦੀਆਂ ਜੀਵਨੀਆਂ ਦੇ ਨੇ ਹਨ। ਕਈ ਨਵੀਨ ਜੀਵਨੀਆਂ ਨੂੰ ਕਲਾਤਮਕ ਜੀਵਨੀਆਂ ਦਾ ਦਿੱਤਾ ਗਿਆ ਹੈ। ਅਜਿਹੀਆਂ ਜੀਵਨੀਆਂ ਦੇ ਨਾਇਕਾਂ ਦੇ ਜੀਵਨ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਹ ਪਾਠਕ ਨੂੰ ਨਾਵਲ ਜਾਪਦੇ । ਨਾਇਕ ਦੇ ਜੀਵਨ ਦੀਆਂ ਕੁਝ ਰੋਚਿਕ ਘਟਨਾਵਾਂ, ਉਸ ਨਾਲ ਧਤ ਕੁਝ ਰੋਚਕ ਪਾਤਰ ਅਤੇ ਕੁਝ ਰੋਚਿਕ ਯਾਦਾਂ ਨੂੰ ਵਾਰਤਾਲਾਪ, ਤਮ ਬਚਨੀ ਅਤੇ ਲੰਮੀ ਗੱਲਬਾਤ ਦੀਆਂ ਵਿਧੀਆਂ ਦੁਆਰਾ ਪੇਸ਼ ਤਾ ਜਾਂਦਾ ਹੈ। ਆਂਦ੍ਰੇ ਮੋਰਵਾ, ਫ਼ਿਲਿਪ ਗੈਦਾਲ ਅਤੇ ਡੇਵਿਡ ਸੈਸਿਲ ਅਜਿਹੀਆਂ ਜੀਵਨੀਆਂ ਲਿਖੀਆਂ ਹਨ। ਇਸ ਤੋਂ ਇਲਾਵਾ ਲਿਟਨ ਚੀ ਨੇ ਆਪਣੀਆਂ ਵਿਆਖਿਆਤਮਕ ਤੇ ਕਲਾਤਮਕ ਜੀਵਨੀਆਂ ਮੰਗਾਤਮਕ ਸ਼ੈਲੀ ਵਿਚ ਲਿਖੀਆਂ ਹਨ। ਜੀਵਨੀ ਦੀ ਸਮੱਗਰੀ ਦਾ ਾ ਇਨ੍ਹਾਂ ਗੱਲਾਂ ਤੇ ਆਧਾਰਤ ਹੈ (1)ਵਿਸ਼ੇ ਉਪਰ ਲਿਖੀਆਂ ਪਹਿਲੀਆਂ ਤਕਾਂ (2) ਪੱਤਰ, ਡਾਇਰੀਆਂ ਤੇ ਪ੍ਰਮਾਣਿਕ ਦਸਤਾਵੇਜ਼, (3) ਕਾਲੀਨ ਸੰਸਮਰਣ (4) ਸਮਕਾਲੀਨ ਜੀਉਂਦੇ ਵਿਅਕਤੀਆਂ ਦੀਆਂ ਦਾਂ, (5) ਲੇਖਕ ਦਾ ਨਾਇਕ ਨਾਲ ਵਿਅਕਤੀਗਤ ਸਬੰਧ ਅਤੇ (6) ਨ੍ਹਾਂ ਥਾਵਾਂ ਦਾ ਭ੍ਰਮਣ ਜਿਥੇ ਨਾਇਕ ਗਿਆ ਹੋਵੇ।

ਭਾਰਤ ਵਿਚ ਤੀਜੀ ਸਦੀ ਈਸਵੀ ਪੂਰਵ ਦੇ ਸ਼ਿਲਾਲੇਖਾਂ ਤੇ ਸ਼ੋਕ ਦੁਆਰਾ ਲਿਖੀਆਂ ਇਬਾਰਤਾਂ ਵਿਚ ਆਤਮਕਥਾ ਦਾ ਰੂਪ ਵੇਖਿਆ ਸਕਦਾ ਹੈ। ਇਹ ਪਰੰਪਰਾ ਅਸ਼ੋਕ ਮਗਰੋਂ ਵੀ ਚਲਦੀ ਰਹੀ। ਇਸ ਨਾਲ ਨਾਲ ਕਈ ਵਾਰ ਜੀਵਨੀ ਲਿਖਣ ਦਾ ਸਪਸ਼ਟ ਰੂਪ ਵੀ ਦਿਖਾਈ ਣ ਲਗਾ। ਬਾਣ ਭੱਟ ਦੁਆਰਾ ਰਚਿਤ 'ਹਰਸ਼ ਚਰਿਤ' ਇਕ ਅਜਿਹੀ ਦਾਹਰਨ ਹੈ।

ਮਗਰੋਂ ਮੁਗ਼ਲ ਬਾਦਸ਼ਾਹਾਂ ਵਿਚ ਤਾਂ ਆਤਮ ਕਥਾ ਲਿਖਣ ਦੀ ਰੀ ਪ੍ਰਬਲ ਹੋ ਗਈ। ਬਾਬਰ ਤੋਂ ਜਹਾਂਗੀਰ ਤੱਕ ਸਾਰਿਆਂ ਨੇ ਤਮਕਥਾਵਾਂ ਲਿਖੀਆਂ ਹਨ। ਇਹ ਹਨ ਬਾਬਰ ਨਾਮਾ, ਹਮਾਯੂੰ ਨਾਮਾ, ਕਬਰ ਨਾਮਾ ਤੇ ਜਹਾਂਗੀਰ ਨਾਮਾ। ਭਾਰਤੀ ਰਾਜਿਆਂ ਦੇ ਦਰਬਾਰੀ ਵੀਆਂ ਨੇ ਵੀ ਉਨ੍ਹਾਂ ਦੀਆਂ ਜੀਵਨੀਆਂ ਕਵਿਤਾ ਵਿਚ ਲਿਖੀਆਂ ਹਨ। ਰ ਗਾਥਾਕਾਲ ਦੇ ਰਾਸੋ ਕਾਵਿ ਇਸ ਦਾ ਵਧੀਆ ਨਮੂਨਾ ਹਨ।

ਨਾਭਾ ਦਾਸ ਨੇ 'ਭਗਤਮਾਲਾ' ਤੇ ਪ੍ਰਿਯਦਾਸ ਨੇ ਉਸ ਦਾ ਟੀਕਾ ਖ ਕੇ ਭਗਤਾਂ ਦੀਆਂ ਜੀਵਨੀਆਂ ਲਿਖੀਆਂ ਹਨ। ਇਸੇ ਤਰ੍ਹਾਂ 'ਚੌਰਾਸੀ ਸ਼ਣਵਨ ਕੀ ਵਾਰਤਾ' ਅਤੇ 'ਦੋ ਸੌ ਬਾਵਨ ਵੈਸ਼ਣਵਨ ਕੀ ਵਾਰਤਾ' ਾਪਣੇ ਕਿਸਮ ਦੇ ਵਧੀਆ ਜੀਵਨ ਚਰਿੱਤਰ ਹਨ। ਇਸੇ ਤਰ੍ਹਾਂ ਬਹੁਤ ਸਾਰੀਆਂ ਪਰਚੀਆਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚ ਭਗਤਾਂ ਅਤੇ ਸੰਤਾਂ ਦੀਆਂ ਜੀਵਨੀਆਂ ਅੰਕਿਤ ਹਨ।

ਪੰਜਾਬੀ ਵਿਚ ਜੀਵਨ ਚਰਿੱਤਰ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਨਾਲ ਹੁੰਦਾ ਹੈ। ਪ੍ਰਸਿੱਧ ਜਨਮਸਾਖੀਆਂ ਹਨ ਪੁਰਾਤਨ ਜਨਮ ਸਾਖੀ, ਬਾਲੇਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਆਦਿ ਸਾਖੀਆਂ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਆਦਿ। ਇਸ ਤੋਂ ਇਲਾਵਾ ਭਗਤ ਕਬੀਰ ਦੀ ਜਨਮ ਸਾਖੀ ਵੀ ਮਿਲਦੀ ਹੈ। ਗੁਰਪ੍ਰਤਾਪ ਸੂਰਜ ਗ੍ਰੰਥ, ਮਹਿਮਾ ਪ੍ਰਕਾਸ਼, ਗੁਰੂ ਨਾਨਕ ਵਿਜਯ, ਪੰਥ ਪ੍ਰਕਾਸ਼ ਆਦਿ ਵਿਚ ਸਿੱਖ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅੰਕਿਤ ਕੀਤੀਆਂ ਗਈਆਂ ਹਨ।

ਆਧੁਨਿਕ ਕਾਲ ਵਿਚ ਪੰਜਾਬੀ ਵਿਚ ਬਹੁਤ ਸਾਰਾ ਜੀਵਨੀ ਸਾਹਿਤ ਲਿਖਿਆ ਗਿਆ ਹੈ। ਭਾਈ ਵੀਰ ਸਿੰਘ ਨੇ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਅਸ਼ਟਗੁਰੂ ਚਮਤਕਾਰ, ਸੰਤਗਾਥਾ, ਆਦਿ ਪੁਸਤਕਾਂ ਲਿਖੀਆਂ ਹਨ। ਇਵੇਂ ਹੀ ਦੁਰਲਭ ਸਿੰਘ ਨੇ ਨਿਰਭੈ ਯੋਧਾ (ਮਾਸਟਰ ਤਾਰਾ ਸਿੰਘ), ਬਾਗ਼ੀ ਜਰਨੈਲ (ਸੁਭਾਸ਼ ਚੰਦਰ ਬੋਸ) ਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਲਿਖੀਆਂ ਹਨ। ਸੁਰਜੀਤ ਸਿੰਘ ਸੇਠੀ ਨੇ ਜੀਵਨੀ ਜਰਨੈਲ ਮੋਹਨ ਸਿੰਘ, ਡਾ. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਆਦਿ, ਬਾਬਾ ਪ੍ਰੇਮ ਸਿੰਘ ਹੋਤੀ ਨੇ ਜੀਵਨ ਮਹਾਰਾਜਾ ਰਣਜੀਤ ਸਿੰਘ, ਜੀਵਨ ਸ. ਹਰੀ ਸਿੰਘ ਨਲੂਆ ਜੀਵਨ ਕੰਵਰ ਨੌਨਿਹਾਲ ਸਿੰਘ, ਖਾਲਸਾ ਰਾਜ ਦੇ ਉਸਰਈਏ ਤੇ ਖਾਲਸਾ ਰਾਜ ਦੇ ਬਦੇਸ਼ੀ ਕਰਿੰਦੇ, ਪ੍ਰੋ. ਕਰਤਾਰ ਸਿੰਘ ਨੇ ਜੀਵਨੀ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਡਾ. ਗੁਰਦਿਆਲ ਸਿੰਘ ਫੁੱਲ ਨੇ ਜੀਵਨ ਭਾਈ ਜੋਧ ਸਿੰਘ, ਡਾ. ਪਿਆਰਾ ਸਿੰਘ ਨੇ ਤੇਜਾ ਸਿੰਘ ਸਮੁੰਦਰੀ, ਸੂਬਾ ਸਿੰਘ ਨੇ ਦੀਵਾਨ ਸਿੰਘ ਕਾਲੇ ਪਾਣੀ, ਸ਼ਮਸ਼ੇਰ ਸਿੰਘ ਅਸ਼ੋਕ ਨੇ ਪ੍ਰਸਿੱਧ ਵਿਦਵਾਨ ਕਾਨ੍ਹ ਸਿੰਘ ਨਾਭਾ, ਮੁਨਸ਼ਾ ਸਿੰਘ ਦੁਖੀ ਨੇ ਭਾਈ ਮੋਹਨ ਸਿੰਘ ਵੈਦ, ਕਿਰਪਾਲ ਸਿੰਘ ਤੇ ਆਹਲੂਵਾਲੀਆ ਨੇ ਸੁਤੰਤਰਤਾ ਸੰਗਰਾਮੀਏ, ਕਿਰਪਾਲ ਸਿੰਘ ਕਸੇਲ ਨੇ ਰਾਜ ਹੰਸ ਤੇ ਪ੍ਰੋ. ਪੂਰਨ ਸਿੰਘ ਦੀ ਜੀਵਨੀ, ਜਸਵੰਤ ਸਿੰਘ ਜੱਜ ਨੇ ਬਾਬਾ ਰਾਮ ਸਿੰਘ, ਜੱਸਾ ਸਿੰਘ ਅਤੇ ਜੀਵਨੀਆਂ ਲਿਖੀਆਂ।

ਰਾਜਸੀ ਖੇਤਰ ਦੇ ਬੀਰ ਸਪੂਤਾਂ ਤੇ ਸੰਗਰਾਮੀਆਂ ਸਬੰਧੀ ਕੁਝ ਜੀਵਨੀਆਂ ਖ਼ਾਸ ਤੌਰ ਤੇ ਵਰਣਨਯੋਗ ਹਨ। ਜਸਵੰਤ ਸਿੰਘ ਜੱਜ ਰਚਿਤ ਬਾਬਾ ਰਾਮ ਸਿੰਘ, ਤੇ ਬਾਬਾ ਸੋਹਣ ਸਿੰਘ ਭਕਨਾ, ਸੁਰਿੰਦਰ ਸਿੰਘ ਜੌਹਰ ਰਚਿਤ ਲਾਲਾ ਲਾਜਪਤ ਰਾਏ, ਰਾਬਿੰਦਰ ਨਾਥ ਟੈਗੋਰ ਆਦਿ ਵਰਣਨਯੋਗ ਰਚਨਾਵਾਂ ਹਨ। ਦੋਹਾਂ ਦਾ ਲਿਖਣ ਢੰਗ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਧਾਰਮਿਕ ਮਹਾਂ ਪੁਰਸ਼ਾਂ ਦੀਆਂ ਜੀਵਨ ਕਥਾਵਾਂ ਵਿਚੋਂ ਡਾ. ਤ੍ਰਿਲੋਚਨ ਸਿੰਘ ਦੀ ਭਾਈ ਰਣਧੀਰ ਸਿੰਘ, ਗੁਰੂ ਤੇਗ ਬਹਾਦਰ ਜੀ ਦੀ ਜੀਵਨੀ (ਅੰਗਰੇਜ਼ੀ ਤੇ ਪੰਜਾਬੀ) ਜੀਵਨੀ ਸਾਹਿਤ ਦਾ ਵਧੀਆ ਨਮੂਨਾ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ ਸ਼ਤਾਬਦੀ ਦੇ ਮੌਕੇ ਤੇ ਉਨ੍ਹਾਂ ਦੇ ਜੀਵਨ ਸਬੰਧੀ ਲਿਖੀਆਂ ਹਰਬੰਸ ਸਿੰਘ, ਸੋਹਨ ਸਿੰਘ ਸੀਤਲ, ਗੋਪਾਲ ਸਿੰਘ ਦਰਦੀ ਤੇ ਭਗਤ ਸਿੰਘ ਦੀਆਂ ਪੁਸਤਕਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਉੱਤੇ ਪ੍ਰੋ. ਸਾਹਿਬ ਸਿੰਘ, ਪ੍ਰਿੰ. ਸਤਿਬੀਰ ਸਿੰਘ, ਪਿਆਰਾ ਸਿੰਘ ਦਾਤਾ, ਗੋਪਾਲ ਸਿੰਘ ਦਰਦੀ ਤੇ ਸੋਹਣ ਸਿੰਘ ਸੀਤਲ ਦੀਆਂ ਪੁਸਤਕਾਂ ਵਰਣਨਯੋਗ ਹਨ।

ਕੁਝ ਵਿਦਵਾਨਾਂ ਤੇ ਸਾਹਿਤਕਾਰਾਂ ਨੇ ਸਵੈ-ਜੀਵਨੀਆਂ ਵੀ ਲਿਖੀਆਂ ਜਿਵੇਂ ਪ੍ਰੋ. ਤੇਜਾ ਸਿੰਘ ਨੇ ਆਰਸੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਮੇਰੀ ਜੀਵਨ ਕਹਾਣੀ, ਨਾਨਕ ਸਿੰਘ ਨੇ ਮੇਰੀ ਦੁਨੀਆ, ਪ੍ਰੋ. ਸਾਹਿਬ ਸਿੰਘ ਨੇ ਮੇਰੀ ਜੀਵਨ ਕਹਾਣੀ, ਬਾਬਾ ਸੋਹਣ ਸਿੰਘ ਭਕਨਾ ਨੇ ਜੀਵਨ

ਸੰਗ੍ਰਾਮ, ਅੰਮ੍ਰਿਤਾ ਪ੍ਰੀਤਮ ਨੇ ਰਸੀਦੀ ਟਿਕਟ, ਦਲੀਪ ਕੌਰ ਟਿਵਾਣਾ ਨੇ ਨੰਗੇ ਪੈਰਾਂ ਦਾ ਸਫ਼ਰ ਆਦਿ।

ਸਪਸ਼ਟ ਹੈ ਕਿ ਪੰਜਾਬੀ ਵਿਚ ਵੀ ਜੀਵਨੀ ਸਾਹਿਤ ਰੂਪ ਨੇ ਕਾਫ਼ੀ ਉੱਨਤੀ ਕੀਤੀ ਹੈ।

ਹ. ਪ੍ਰ. -ਪੰ. ਸ਼ਾ. ਕੋ; ਪੰ. ਸਾ. ਇ. -ਭਾ. ਵਿ. ਪੰ.

**ਜੀਵ-ਪਦਾਰਥ (ਪ੍ਰੋਟੋਪਲਾਜ਼ਮ)** : ਪ੍ਰਾਣੀਆਂ ਅਤੇ ਪੌਦਿਆਂ ਦੋਹਾਂ ਦੀ ਮੂਲਕ ਇਕਾਈ ਸੈੱਲ ਹੈ ਅਤੇ ਸੈੱਲ ਦਾ ਅਧਾਰ ਜੀਵ-ਪਦਾਰਥ ਹੈ। ਇਸ ਲਈ ਪ੍ਰਾਣੀਆਂ ਅਤੇ ਪੌਦਿਆਂ ਦੋਹਾਂ ਦੇ ਜੀਵਨ ਦਾ ਆਧਾਰ ਜੀਵ-ਪਦਾਰਥ ਹੈ। ਉੱਤੇਜਨਾ, ਗਤੀਸ਼ੀਲਤਾ, ਮੈਟਾਬੋਲਿਜ਼ਮ (ਢਾਹ ਉਸਾਰ ਕਿਰਿਆ) ਵਿਕਾਸ, ਪ੍ਰਜਣਨ, ਅਤੇ ਅਨੁਕੂਲਨ ਇਸ ਦੇ ਮੁੱਖ ਗੁਣ ਹਨ। ਇਨ੍ਹਾਂ ਨੂੰ ਸਮਝਣ ਲਈ ਜੀਵ ਪਦਾਰਥ ਦੀ ਭੌਤਿਕ ਅਤੇ ਰਸਾਇਣਿਕ ਰਚਨਾ ਦਾ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ।

**ਭੌਤਿਕ ਗੁਣ**—ਸੂਖਮਦਰਸ਼ੀ ਹੇਠਾਂ ਦੇਖਣ ਤੋਂ ਜੀਵ ਪਦਾਰਥ ਗਾੜ੍ਹਾ, ਤਰਲ, ਰੰਗਹੀਨ ਅਤੇ ਪਾਰਦਰਸ਼ੀ ਦਿਖਾਈ ਦਿੰਦਾ ਹੈ ਪਰ ਨਿਓਨ ਦੇ ਪ੍ਰਕਾਸ਼ ਖੇਤਰ ਵਿਚ ਦੇਖਿਆਂ ਇਸ ਦੀ ਬਣਤਰ ਦਾਣੇਦਾਰ ਲਗਦੀ ਹੈ। ਇਸ ਦੇ ਮੱਧ ਵਿਚ ਨਿਊਕਲੀਅਸ ਅਤੇ ਉਸ ਦੇ ਮੱਧ ਵਿਚ ਇਕ ਜਾਂ ਜ਼ਿਆਦਾ ਨਿਊਕਲੀਓਲਸ ਹੁੰਦੇ ਹਨ। ਇਨ੍ਹਾਂ ਵਿਚਲਾ ਤਰਲ ਜ਼ਿਆਦਾ ਗਾੜ੍ਹਾ ਹੁੰਦਾ ਹੈ। ਸੈੱਲ ਤਰਲ ਅਤੇ ਨਿਊਕਲੀਅਸ ਇਕੱਠੇ ਜੀਵ ਪਦਾਰਥ ਕਹਾਉਂਦੇ ਹਨ।

ਪੱਤਿਆਂ ਦੇ ਸੈੱਲਾਂ ਵਿਚ ਹਰੇ ਰੰਗ ਦੇ ਕਣ ਹੁੰਦੇ ਹਨ ਜਿਨ੍ਹਾਂ ਨੂੰ ਕਲੋਰੋਪਲਾਸਟ ਕਹਿੰਦੇ ਹਨ। ਇਲੈਕਟ੍ਰਾਨ ਸੂਖ਼ਮਦਰਸ਼ੀ ਹੇਠਾਂ ਦੇਖਿਆਂ ਇਨ੍ਹਾਂ ਵਿਚ ਬਹੁਤ ਸਾਰੇ ਗ੍ਰੇਨ ਦਿਖਾਈ ਦਿੰਦੇ ਹਨ ਜਿਹੜੇ ਸੂਰਜ ਦੀ ਰੌਸ਼ਨੀ ਦੀ ਊਰਜਾ ਨੂੰ ਰਸਾਇਣਿਕ ਊਰਜਾ ਵਿਚ ਤਬਦੀਲ ਕਰਦੇ ਹਨ।

ਇਨ੍ਹਾਂ ਜਿਉਂਦੇ ਅੰਗਾਂ ਤੋਂ ਇਲਾਵਾ ਜੀਵ ਪਦਾਰਥ ਵਿਚ ਸਟਾਰਚ, ਪ੍ਰੋਟੀਨ ਦੇ ਕਣ ਅਤੇ ਤੇਲ ਦੀਆਂ ਬੂੰਦਾਂ ਵੀ ਹੁੰਦੀਆਂ ਹਨ। ਇਹ ਖਾਧ-ਪਦਾਰਥ ਹਨ ਅਤੇ ਇਨ੍ਹਾਂ ਤੋਂ ਜੀਵ ਪਦਾਰਥ ਨੂੰ ਪੋਸ਼ਣ ਮਿਲਦਾ ਹੈ। ਸੈੱਲ ਤਰਲ ਦੇ ਅੰਦਰ ਇਹ ਸਾਰੇ ਪਦਾਰਥ ਘੁੰਮਦੇ ਰਹਿੰਦੇ ਹਨ। ਇਨ੍ਹਾਂ ਦੇ ਘੁੰਮਣ ਦੀ ਗਤੀ ਜੀਵ ਪਦਾਰਥ ਦੇ ਗਾੜ੍ਹੇਪਨ ਤੇ ਨਿਰਭਰ ਹੁੰਦੀ ਹੈ ਜੋ ਗਰਮੀ ਵਿਚ ਘਟਦਾ ਅਤੇ ਸਰਦੀ ਵਿਚ ਵਧਦਾ ਹੈ। ਜੀਵ ਪਦਾਰਥ ਲਚਕਦਾਰ ਅਤੇ ਚਿਪਚਿਪਾ ਹੁੰਦਾ ਹੈ।

**ਰਸਾਇਣਿਕ ਰਚਨਾ**—ਜੀਵ ਪਦਾਰਥ ਵਿਚ 80 ਤੋਂ 90 ਪ੍ਰਤਿਸ਼ਤ ਤੱਕ ਪਾਣੀ ਹੁੰਦਾ ਹੈ ਅਤੇ ਬਾਕੀ ਰਹਿੰਦੇ ਖੁਸ਼ਕ ਪਦਾਰਥਾਂ ਵਿਚ ਹੇਠ ਲਿਖੇ ਪਦਾਰਥ ਮੌਜੂਦ ਹੁੰਦੇ ਹਨ।

| | |
|---|---|
| **(ੳ) ਕਾਰਬਨੀ ਅੰਗ** | |
| **(1) ਪਾਣੀ ਵਿਚ ਘੁਲਣਸ਼ੀਲ** | ਪ੍ਰਤਿਸ਼ਤ ਖੁਸ਼ਕ ਪਦਾਰਥ |
| ਮਾਨੋਸੈਕੇਰਾਈਡ | 14.2 |
| ਪ੍ਰੋਟੀਨਾਂ | 2.2 |
| ਐਮੀਨੋ ਐਸਿਡ, ਪਿਊਰੀਨ, ਐਸਪੈਰਾਜੀਨ | 24.3 |
| **(2) ਪਾਣੀ ਵਿਚ ਅਘੁਲਣਸ਼ੀਲ** | |
| ਨਿਊਕਲੀਓ-ਪ੍ਰੋਟੀਨ | 32.2 |
| ਨਿਊਕਲਿਕ ਐਸਿਡ | 2.5 |
| ਗਲੋਬਿਊਲਿਨ | 0.5 |
| ਲਿਪੋਪ੍ਰੋਟੀਨ | 4.8 |
| ਉਦਾਸੀਨ ਚਰਬੀ | 6.8 |
| ਫ਼ਾਈਟੋਸਟੈਰੋਲ | 3.2 |
| ਫ਼ਾਸਫ਼ੇਟਾਈਡ | 1.3 |
| ਪਾੱਲੀਸੈਕੇਰਾਈਡ, ਰੰਗ, ਰੇਜ਼ਿਨ ਆਦਿ | 3.5 |
| **(ਅ) ਖਣਿਜ ਪਦਾਰਥ** | 4.4 |
| ਕੁੱਲ ਜੋੜ | 99.9 |

ਜੀਵ ਪਦਾਰਥ ਵਿਚ ਅਨੇਕਾਂ ਰਸਾਇਣਿਕ ਕਿਰਿਆਵਾਂ ਹਮੇਸ਼ਾਂ ਹੁੰਦੀਆਂ ਰਹਿੰਦੀਆਂ ਹਨ। ਜਿਨ੍ਹਾਂ ਕਿਰਿਆਵਾਂ ਵਿਚ ਛੋਟੇ ਅਣੂਆਂ ਤੋਂ ਵੱਡੇ ਅਣੂਆਂ ਦਾ ਸੰਸ਼ਲੇਸ਼ਣ ਹੁੰਦਾ ਹੈ, ਉਨ੍ਹਾਂ ਨੂੰ ਸੰਯੋਜਨ ਕਹਿੰਦੇ ਹਨ ਅਤੇ ਇਸ ਦੇ ਉਲਟ ਜਿਨ੍ਹਾਂ ਵਿਚ ਵੱਡੇ ਅਣੂਆਂ ਤੋਂ ਛੋਟੇ ਅਣੂ ਬਣਦੇ ਹਨ, ਉਨ੍ਹਾਂ ਨੂੰ ਲਘੂਕਰਨ ਕਹਿੰਦੇ ਹਨ। ਇਹ ਸਾਰੀਆਂ ਜੀਵ ਰਸਾਇਣਿਕ ਕਿਰਿਆਵਾਂ ਐੱਨਜ਼ਾਈਮਾਂ ਦੀ ਸਹਾਇਤਾ ਨਾਲ ਉੱਤੇਜਿਤ ਹੁੰਦੀਆਂ ਹਨ। ਹਰੇਕ ਵਿਸ਼ੇਸ਼ ਕਿਰਿਆ ਵਿਸ਼ੇਸ਼ ਐੱਨਜ਼ਾਈਮਾਂ ਤੇ ਆਧਾਰਿਤ ਹੈ। ਹਰੇਕ ਐੱਨਜ਼ਾਈਮ ਦਾ ਆਧਾਰ ਪ੍ਰੋਟੀਨ ਅਣੂ ਹੈ ਜਿਨ੍ਹਾਂ ਦੀ ਵਿਸ਼ੇਸ਼ਤਾ ਇਨ੍ਹਾਂ ਦੀ ਰਚਨਾ ਅਤੇ ਬਨਾਵਟ ਉੱਤੇ ਨਿਰਭਰ ਕਰਦੀ ਹੈ। ਜੀਵ-ਪਦਾਰਥ ਦੀ ਕਿਰਿਆਸ਼ੀਲਤਾ ਉਸਦੀ ਬਨਾਵਟ ਤੇ ਨਿਰਭਰ ਹੈ।

ਜੀਵ ਪਦਾਰਥ ਸਭ ਤੋਂ ਥੋੜ੍ਹੀ ਮਾਤਰਾ ਵਿਚ ਜੀਵਾਣੂਆਂ ਵਿਚ ਮਿਲਦਾ ਹੈ। ਜੀਵਾਣੂ 8 ਮਾਈਕ੍ਰਾੱਨ ਤੋਂ ਘੱਟ ਲੰਬਾ ਅਤੇ 0.5 ਮਾਈਕ੍ਰਾੱਨ ਤੋਂ ਘੱਟ ਚੌੜਾ ਹੁੰਦਾ ਹੈ ਪਰ ਇਸ ਵਿਚ ਵੀ ਜੀਵ ਪਦਾਰਥ ਵਿਚ ਸਭ ਕਿਰਿਆਵਾਂ ਸਫਲਤਾ ਨਾਲ ਹੁੰਦੀਆਂ ਰਹਿੰਦੀਆਂ ਹਨ। ਵਿਸ਼ਾਣੂ ਇੰਨਾ ਛੋਟਾ ਹੁੰਦਾ ਹੈ ਕਿ ਉਸ ਵਿਚ ਆਪਣੇ ਆਪ ਕਿਰਿਆਵਾਂ ਕਰਨ ਦੀ ਸ਼ਕਤੀ ਨਹੀਂ ਹੁੰਦੀ। ਇਹ ਪ੍ਰਾਣੀਆਂ ਦੇ ਸਰੀਰਾਂ ਵਿਚ ਹੀ ਉਨ੍ਹਾਂ ਦੇ ਐੱਨਜ਼ਾਈਮਾਂ ਦੀ ਸਹਾਇਤਾ ਨਾਲ ਕਿਰਿਆਸ਼ੀਲ ਹੁੰਦਾ ਹੈ।

ਪਹਿਲਾਂ ਪਹਿਲ ਵਿਚਾਰ ਸੀ ਕਿ ਅਨੁਕੂਲ ਪਰਿਸਥਿਤੀਆਂ ਵਿਚ ਨਿਰਜੀਵ ਪਦਾਰਥਾਂ ਤੋਂ ਜੀਵ ਉਤਪੰਨ ਹੋ ਜਾਂਦੇ ਹਨ ਪਰ ਲੂਈ ਪਾਸਚਰ ਨੇ ਪ੍ਰਯੋਗਾਂ ਦੁਆਰਾ ਇਸ ਨੂੰ ਅਸੰਭਵ ਸਿੱਧ ਕਰ ਦਿਤਾ। ਸੋ ਇਹ ਸਿੱਧ ਹੁੰਦਾ ਹੈ ਕਿ ਜੀਵ ਪਦਾਰਥ ਆਦਿ ਸ੍ਰਿਸ਼ਟੀ ਵਿਚ ਇਕ ਹੀ ਸਮੇਂ ਬਣਿਆ ਅਤੇ ਇਸੇ ਦੇ ਪ੍ਰਜਣਨ ਰਾਹੀਂ ਸਮੇਂ ਸਮੇਂ ਤੇ ਅਨੇਕ ਕਿਸਮਾਂ ਦੇ ਪੌਦੇ ਅਤੇ ਪ੍ਰਾਣੀ ਪੈਦਾ ਹੁੰਦੇ ਰਹੇ।

ਜੀਵ-ਪਦਾਰਥ ਦੇ ਅੰਗ ਜਿਵੇਂ ਨਿਊਕਲੀਅਸ, ਪਲਾਸਟਿਡ ਆਦਿ ਵੀ ਸੈੱਲ ਵਿਭਾਜਨ ਵੇਲੇ ਵਿਭਾਜਿਤ ਹੋ ਜਾਂਦੇ ਹਨ ਅਤੇ ਨਵੇਂ ਬਣੇ ਛੋਟੇ ਸੈੱਲਾਂ ਵਿਚ ਚਲੇ ਜਾਂਦੇ ਹਨ।

ਜੀਵ ਪਦਾਰਥ ਦੀ ਕ੍ਰਿਆਸ਼ੀਲਤਾ ਉਸ ਦੀ ਭੌਤਿਕ ਅਤੇ ਰਸਾਇਣਿਕ ਰਚਨਾ ਤੋਂ ਨਹੀਂ ਸਮਝੀ ਜਾ ਸਕਦੀ। ਇਲੈੱਕਟ੍ਰਾਨ ਸੂਖ਼ਮਦਰਸ਼ੀ ਨਾਲ ਇਨ੍ਹਾਂ ਦਾ ਆਕਾਰ 50 ਹਜ਼ਾਰ ਤੋਂ 80 ਹਜ਼ਾਰ ਤੱਕ ਵਧਾ ਕੇ ਵੇਖਿਆ ਜਾ ਸਕਦਾ ਹੈ। ਇਸ ਵਿਚ ਅਤਿ ਸੂਖ਼ਮ ਦਾਣੇ, ਝਿੱਲੀਆਂ ਅਤੇ ਤੰਤੂ ਦਿਸਦੇ ਹਨ ਜਿਹੜੇ ਵਾਰ ਵਾਰ ਬਣਦੇ ਤੇ ਟੁੱਟਦੇ ਰਹਿੰਦੇ ਹਨ। ਇਸ ਦਾ ਪੈਟਰਨ ਲਚਕਦਾਰ ਕਿਸਮ ਦਾ ਹੈ ਜੋ ਸਾੱਲ ਅਤੇ ਜੈੱਲ ਵਿਚ ਤਬਦੀਲ ਹੁੰਦਾ ਰਹਿੰਦਾ ਹੈ। ਇਸ ਸੰਗਠਨ ਦੇ ਅੰਤਰੀਵ ਸਥਾਨ ਪਾਣੀ ਨਾਲ ਭਰੇ ਹੁੰਦੇ ਹਨ ਜਿਨ੍ਹਾਂ ਵਿਚੋਂ ਸੋਡੀਅਮ, ਪੋਟਾਸ਼ੀਅਮ, ਕੈਲਸ਼ੀਅਮ ਆਦਿ ਆਇਨ ਜ਼ਿਆਦਾ ਮਹੱਤਵਪੂਰਨ ਹਨ।

ਜੀਵ-ਪਦਾਰਥ ਅੰਦਰ ਹੁੰਦੀਆਂ ਸਾਰੀਆਂ ਕਿਰਿਆਵਾਂ ਨੂੰ ਜਾਰੀ ਰਖਣ ਲਈ ਜੀਵ ਪਦਾਰਥ ਆਲੇ-ਦੁਆਲੇ ਤੋਂ ਊਰਜਾ ਅਤੇ ਰਸਾਇਣਾਂ ਨੂੰ ਜਜ਼ਬ ਕਰਦਾ ਹੈ। ਇਨ੍ਹਾਂ ਨੂੰ ਮਿਲਾ ਕੇ ਸੰਯੋਜਨ ਵਿਧੀਆਂ ਦੁਆਰਾ ਆੱਕਸੀਕਰਨ ਹੁੰਦਾ ਹੈ ਜਿਸ ਨਾਲ ਟੁੱਟ ਫੁੱਟ ਵਿਚ ਨਸ਼ਟ ਹੋਏ ਜੀਵ ਪਦਾਰਥ ਦੇ ਕਣਾਂ ਦਾ ਫਿਰ ਤੋਂ ਨਿਰਮਾਣ ਹੁੰਦਾ ਰਹਿੰਦਾ ਹੈ। ਜੀਵ

ਪਦਾਰਥ ਦੀ ਕਿਰਿਆਸ਼ੀਲਤਾ ਲਈ ਊਰਜਾ ਜ਼ਰੂਰੀ ਹੈ ਜੋ ਲਘੂਕਰਨ ਕਿਰਿਆਵਾਂ ਰਾਹੀਂ ਜਟਿਲ ਅਣੂਆਂ ਦੀ ਟੁੱਟ ਭੱਜ ਤੋਂ ਮਿਲਦੀ ਰਹਿੰਦੀ ਹੈ। ਜੀਵ ਪਦਾਰਥ ਦਾ ਹਰੇਕ ਹਿੱਸਾ ਆੱਕਸੀਕਰਨ ਰਾਹੀਂ ਨਵਾਂ ਨਹੀਂ ਹੋ ਸਕਦਾ ਜਿਸ ਕਰਕੇ ਸੈੱਲ ਕਮਜ਼ੋਰ ਹੋ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਰਸਾਇਣਿਕ ਕਿਰਿਆਵਾਂ ਵਿਚ ਰੁਕਾਵਟ ਆ ਜਾਂਦੀ ਹੈ ਅਤੇ ਇਸ ਨਾਲ ਐਂਜ਼ਾਈਮਾਂ ਦਾ ਸਵੈ-ਪਾਚਨ ਹੁੰਦਾ ਹੈ। ਇਸ ਤਰ੍ਹਾਂ ਸੰਯੋਜਨ ਲਘੂਕਰਨ ਕਿਰਿਆਵਾਂ ਦੇ ਖ਼ਤਮ ਹੋਣ ਨਾਲ ਜੀਵਨ ਦੀ ਸਮਾਪਤੀ ਹੁੰਦੀ ਹੈ।

ਹ. ਪੁ. -ਹਿੰ. ਵਿ. ਕੋ. 5:2

**ਜੀਵ ਭੌਤਿਕ ਵਿਗਿਆਨ** : ਮੋਟੇ ਸ਼ਬਦਾਂ ਵਿਚ ਇਹ ਜੀਵਿਤ ਪਦਾਰਥਾਂ ਦਾ ਭੌਤਿਕ ਵਿਗਿਆਨ ਹੈ ਅਰਥਾਤ ਆਰਗੈਨਿਜ਼ਮ ਜਾਂ ਆਰਗੈਨਿਜ਼ਮਾਂ ਦੇ ਗਰੁੱਪਾਂ ਦੀ ਬਣਤਰ ਅਤੇ ਸਰਗਰਮੀਆਂ ਬਾਰੇ ਸਾਰਾ ਭੌਤਿਕ ਗਿਆਨ ਇਸ ਦੇ ਖੇਤਰ ਵਿਚ ਸ਼ਾਮਲ ਹਨ। ਸੀਮਿਤ, ਵਧੇਰੇ ਪ੍ਰਯੋਗਿਕ ਅਤੇ ਸਧਾਰਨ ਤੌਰ ਤੇ ਇਸ ਸ਼ਬਦ ਦੀ ਵਰਤੋਂ ਆਰਗੈਨਿਜ਼ਮਾਂ ਦੇ ਉਨ੍ਹਾਂ ਪੱਖਾਂ ਨਾਲ ਸਬੰਧਤ ਵਿਗਿਆਨਕ ਵਿਸ਼ੇਸ਼ਤਾ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਸਮਝ ਅਤੇ ਖੋਜ ਲਈ ਮਾਹਿਰ ਨੂੰ ਸਮਕਾਲੀ ਭੌਤਿਕ ਵਿਗਿਆਨ ਜਾਂ ਭੌਤਿਕੀ ਰਸਾਇਣ ਵਿਗਿਆਨ ਬਾਰੇ ਸੰਪੰਨਤਾ ਜ਼ਰੂਰੀ ਹੈ। ਇਸ ਐਂਟਰੀ ਵਿਚ ਇਸ ਸ਼ਬਦ ਦੀ ਵਰਤੋਂ ਇਨ੍ਹਾਂ ਅਰਥਾਂ ਵਿਚ ਹੀ ਲਈ ਗਈ ਹੈ।

**ਦੂਸਰਿਆਂ ਵਿਗਿਆਨਾਂ ਨਾਲ ਸਬੰਧ**—ਕੁਝ ਲੋਕ ਜੀਵ ਭੌਤਿਕ ਵਿਗਿਆਨ ਨੂੰ ਭੌਤਿਕ ਵਿਗਿਆਨ ਦਾ ਅਤੇ ਕੁਝ ਪ੍ਰਾਣੀ ਵਿਗਿਆਨ ਦਾ ਭਾਗ ਸਮਝਦੇ ਹਨ। ਭੌਤਿਕੀ ਪੱਖੋਂ ਇਹ ਮੁੱਖ ਤੌਰ ਤੇ ਪੁਲਾੜ, ਸਮਾਂ ਅਤੇ ਪੁੰਜ ਊਰਜਾ ਨਾਲ ਸਬੰਧਤ ਜੀਵਿਤ ਪਦਾਰਥ ਦੀ ਬਨਾਵਟ ਅਤੇ ਸਰਗਰਮੀਆਂ ਨਾਲ ਸਬੰਧ ਰੱਖਦੀ ਹੈ। ਇਸੇ ਤਰ੍ਹਾਂ ਹੀ ਇਹ ਜੀਵ ਰਸਾਇਣ ਵਿਗਿਆਨ ਦੀ ਪੂਰਕ ਹੈ (ਵਿਸਥਾਰ ਲਈ ਵੇਖੋ ਜੀਵ ਰਸਾਇਣ ਵਿਗਿਆਨ)। ਇਹ ਦੋਵੇਂ ਵਿਗਿਆਨ ਇਕ ਦੂਜੇ ਦੇ ਇੰਨਾ ਨੇੜੇ ਆ ਚੁੱਕੇ ਹਨ ਕਿ ਇਨ੍ਹਾਂ ਨੂੰ ਪੂਰਨ ਤੌਰ ਤੇ ਵਖਰਾ ਕਰਨਾ ਅਸੰਭਵ ਹੈ। ਇਨ੍ਹਾਂ ਦਾ ਸਬੰਧ ਅਤੇ ਪੂਰਕਤਾ ਵਿਸ਼ੇਸ਼ ਕਰਕੇ ਮੌਲੀਕਿਊਲਰ ਪ੍ਰਾਣੀ ਵਿਗਿਆਨ ਵਿਚ ਮਹੱਤਵਪੂਰਨ ਹਨ। ਮੌਲੀਕਿਊਲਰ ਪ੍ਰਾਣੀ ਵਿਗਿਆਨ, ਪ੍ਰੋਟੀਨਾਂ ਅਤੇ ਨਿਊਕਲਿਕ ਐਸਿਡਾਂ ਵਰਗੇ ਪਾਲੀਮੈਰਿਕ ਮੈਕਰੋਮਾਲੀ-ਕਿਊਲਾਂ ਦੀ ਜੀਵ ਵਿਗਿਆਨਕ ਮਹੱਤਤਾ ਦਰਸਾਉਂਦੀ ਹੈ।

ਜੀਵ ਵਿਗਿਆਨਕ ਪੱਖੋਂ ਜੀਵ ਭੌਤਿਕ ਵਿਗਿਆਨ ਕਿਸੇ ਵੀ ਆਰਗੈਨਿਜ਼ਮ, ਆਰਗੈਨਿਜ਼ਮ ਦੇ ਕਿਸੇ ਭਾਗ ਜਾਂ ਆਰਗੈਨਿਜ਼ਮਾਂ ਦੇ ਗਰੁੱਪ ਦੀ ਰਚਨਾ ਅਤੇ ਸਰਗਰਮੀ ਨੂੰ ਵਿਗਿਆਨਕ ਤੌਰ ਤੇ ਸਮਝਣ ਵਿਚ ਸਹਾਈ ਹੈ। ਇਸ ਨੇ ਬਨਸਪਤੀ ਵਿਗਿਆਨ, ਪ੍ਰਾਣੀ ਵਿਗਿਆਨ, ਮਾਈਕ੍ਰੋਬਾਇਓਲੌਜੀ ਤੇ ਵਾਇਰਸ ਵਿਗਿਆਨ, ਆਕ੍ਰਿਤੀ ਵਿਗਿਆਨ ਅਤੇ ਸਰੀਰ ਕਿਰਿਆ ਵਿਗਿਆਨ ਵਿਚ ਕਈ ਪ੍ਰਮੁੱਖ ਵਾਧੇ ਕੀਤੇ ਹਨ।

**ਜੀਵ ਭੌਤਿਕ ਵਿਗਿਆਨ ਦਾ ਯੋਗਦਾਨ**—ਜੀਵ ਵਿਗਿਆਨੋਂ ਦਾ ਅਸਲ ਮਨੋਰਥ ਸਭ ਤਰ੍ਹਾਂ ਦੇ ਜੀਵਿਤ ਪਦਾਰਥਾਂ ਨੂੰ ਪੂਰਨ ਤੌਰ ਤੇ ਸਮਝਣਾ ਹੈ। ਆਰਗੈਨਿਜ਼ਮਾਂ ਦੇ ਰਸਾਇਣਿਕ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਨਿਰਜੀਵ ਬ੍ਰਹਿਮੰਡ ਵਿਚ ਮਿਲਦੇ ਐਟਮਾਂ ਵਰਗੇ ਐਟਮ ਹੁੰਦੇ ਹਨ ਅਤੇ ਇਨ੍ਹਾਂ ਤੋਂ ਕਈ ਤਰ੍ਹਾਂ ਦੇ ਆਇਨ ਅਤੇ ਅਣੂ ਬਣਦੇ ਹਨ ਜਿਨ੍ਹਾਂ ਵਿਚੋਂ ਕੁਝ ਦਾ ਟਾਕਰਾ ਨਿਰਜੀਵ ਵਸਤਾਂ ਵਿਚ ਹੁੰਦਾ ਹੈ ਅਤੇ ਕੁਝ ਦਾ ਨਹੀਂ। ਇਨ੍ਹਾਂ ਰਸਾਇਣਿਕ ਕਿਸਮਾਂ ਦੇ ਗੁਣਾਂ ਅਤੇ ਲੱਛਣਾਂ ਦਾ ਸਬੰਧ ਭੌਤਿਕ ਅਤੇ ਰਸਾਇਣ ਵਿਗਿਆਨ ਨਾਲ ਹੈ। ਜੀਵ ਭੌਤਿਕ ਵਿਗਿਆਨ ਅਤੇ ਜੀਵ ਰਸਾਇਣ ਵਿਗਿਆਨ ਦਾ ਕੰਮ ਇਹ ਪਤਾ ਲਾਉਣਾ ਹੈ ਕਿ ਇਹ ਬਿਲਡਿੰਗ ਬਲਾਕ, ਜੀਵਿਤ ਸੈੱਲਾਂ ਅਤੇ ਆਰਗੈਨਿਜ਼ਮਾਂ ਦੇ ਉਤਪੰਨ ਹੋਣ ਤੱਕ ਕਿਵੇਂ ਲਗਾਤਾਰ ਵੱਡੇ ਅਤੇ ਵਧੇਰੇ ਜਟਿਲਤਾ ਨਾਲ ਕੰਮ ਕਰਦੇ ਸਮੂਹਾਂ ਵਿਚ ਇਕੱਠੇ ਰੱਖੇ ਹੋਏ ਹਨ। ਇਸ ਅਦਭੁਤ ਜਾਂ ਵੱਡੇ ਕੰਮ ਲਈ ਜੀਵ ਰਸਾਇਣ ਅਤੇ ਜੀਵ ਭੌਤਿਕ ਵਿਗਿਆਨ ਨੂੰ ਇਕ ਦੂਸਰੇ ਦਾ ਪੂਰਕ ਹੋਣਾ ਜ਼ਰੂਰੀ ਹੈ। ਜੀਵਿਤ ਪਦਾਰਥਾਂ ਦੀ ਬਣਤਰ ਅਤੇ ਕਿਰਿਆਵਾਂ ਦੀ ਸਮਝ ਲਈ ਜੀਵ ਭੌਤਿਕ ਵਿਗਿਆਨ ਦੀ ਕਿਸਮ ਅਤੇ ਮਹੱਤਤਾਂ ਨੂੰ ਕੁਝ ਉਦਾਹਰਨਾਂ ਨਾਲ ਦਰਸਾਇਆ ਜਾ ਸਕਦਾ ਹੈ।

ਜ਼ਿਆਦਾਤਰ ਸੈੱਲਾਂ ਦੇ ਆਕਾਰ ਦਸ ਮਾਈਕ੍ਰੌਨ ਤੱਕ ਹੁੰਦੇ ਹਨ। ਇਕ ਦ੍ਰਿਸ਼ਟਮਾਨ ਪ੍ਰਕਾਸ਼ੀ ਖ਼ੁਰਦਬੀਨ ਦੀ ਸਹਾਇਤਾ ਨਾਲ ਵੱਧ ਤੋਂ ਵਧ 10 ਸੈਂ. ਮੀ. ਤੱਕ ਦੇ ਆਕਾਰ ਵਾਲੇ ਸੈੱਲਾਂ ਨੂੰ ਘੋਖਿਆ ਜਾ ਸਕਦਾ ਹੈ। ਸੈੱਲਾਂ ਦੇ ਮੂਲ ਬਿਲਿਡਿੰਗ ਬਲਾਕਾਂ ਦੇ ਆਕਾਰ ਐਂਗਸਟ੍ਰਾਮ ($10^{-8}$ ਸੈਂ, ਮੀ.) ਤੱਕ ਹੁੰਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਜੀਵਿਤ ਪਦਾਰਥਾਂ ਦੀ ਪੂਰਨ ਰਚਨਾ ਦੀ ਵਿਆਖਿਆ ਕਰਨ ਲਈ ਪ੍ਰਕਾਸ਼ ਮਾਈਕ੍ਰੋਸਕੋਪੀ ਨਾਲੋਂ ਵਧੇਰੇ ਸੂਖ਼ਮ ਢੰਗਾਂ ਦੀ ਲੋੜ ਹੈ। ਅਜਿਹੇ ਬਹੁਤ ਸਾਰੇ ਢੰਗਾਂ ਵਿਚੋਂ ਦੋ ਪ੍ਰਮੁੱਖ ਢੰਗ ਇਲੈਕਟ੍ਰਾਨ ਮਾਈਕ੍ਰੋਸਕੋਪੀ ਅਤੇ ਐਕਸ ਕਿਰਨ ਵਿਵਰਤਨ ਹਨ (ਵਿਸਥਾਰ ਲਈ ਵੇਖੋ ਇਲੈਕ੍ਰਟਾਨ ਖ਼ੁਰਦਬੀਨ ਅਤੇ ਐਕਸ ਕਿਰਨ ਵਿਵਰਤਨ)।

**ਜੀਵ ਭੌਤਿਕ ਵਿਗਿਆਨ ਦਾ ਵਿਕਾਸ**—ਜੀਵ ਭੌਤਿਕ ਵਿਗਿਆਨ ਵਿਚ ਬਹੁਮੁਖਤਾ ਲੋੜੀਂਦੀ ਹੈ। ਕਿਸੇ ਆਰਗੈਨਿਜ਼ਮ ਦੇ ਕਿਸੇ ਵੀ ਪੱਖ ਉੱਤੇ ਪ੍ਰਭਾਵਸ਼ੀਲ ਜੀਵ ਭੌਤਿਕ ਖੋਜ ਲਈ ਕੇਵਲ ਆਧੁਨਿਕ ਭੌਤਿਕ ਵਿਗਿਆਨ ਉੱਤੇ ਮਹਾਰਤ ਦੀ ਲੋੜ ਨਹੀਂ ਸਗੋਂ ਸਧਾਰਨ ਜੀਵ ਵਿਗਿਆਨਕ ਸਿਧਾਂਤਾਂ ਉੱਤੇ ਪੂਰਨ ਸੰਪੰਨਤਾ ਅਤੇ ਜਾਂਚ ਪੜਤਾਲ ਵਾਲੇ ਵਿਸ਼ੇਸ਼ ਪਦਾਰਥ ਬਾਰੇ ਗਿਆਤ ਜਾਣਕਾਰੀ ਦਾ ਵਿਸਥਾਰਪੂਰਵਕ ਪਤਾ ਹੋਣਾ ਚਾਹੀਦਾ ਹੈ। ਕਈ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਇਕ ਪੇਸ਼ਾਵਰ ਭੌਤਿਕ ਵਿਗਿਆਨੀ ਅਤੇ ਇਕ ਪੇਸ਼ਾਵਰ ਜੀਵ ਵਿਗਿਆਨੀ ਰਲ ਕੇ ਇਕ ਲਾਹੇਵੰਦ ਟੀਮ ਬਣਾਉਂਦੇ ਹਨ। ਉਥੇ ਮੁੱਖ ਤਰੁੱਟੀ ਉਨ੍ਹਾਂ ਵਿਚਕਾਰ ਤਾਲਮੇਲ ਦੀ ਹੈ। ਜੇਕਰ ਕੰਮ ਪ੍ਰਭਾਵਸ਼ੀਲ ਬਣਾਉਣਾ ਹੈ ਤਾਂ ਦੋਹਾਂ ਨੂੰ ਇਕ ਦੂਸਰੇ ਦੇ ਮੂਲ ਖੇਤਰ ਬਾਰੇ ਜਾਣਕਾਰੀ ਬਹੁਤ ਜ਼ਰੂਰੀ ਹੈ।

ਹ. ਪੁ. -ਐਨ. ਬ੍ਰਿ. 3: 70

**ਜੀਵ ਰਸਾਇਣ ਵਿਗਿਆਨ** : ਇਹ ਵਿਗਿਆਨ ਦੀ ਉਹ ਸ਼ਾਖਾ ਹੈ ਜਿਹੜੀ ਜੀਵਿਤ ਆਰਗੈਨਿਜ਼ਮਾਂ ਦੀਆਂ ਕਿਰਿਆਵਾਂ ਨਾਲ ਸਬੰਧ ਰੱਖਦੀ ਹੈ। ਪੌਸ਼ਟਿਕਤਾ, ਦਵਾਈਆਂ, ਜਿਨੈਟਿਕਸ (ਪ੍ਰਜਣਨ-ਵਿਗਿਆਨ), ਖੇਤੀਬਾੜੀ ਅਤੇ ਜੀਵਨ ਦੇ ਦੂਸਰੇ ਮੁੱਢਲੇ ਪੱਖਾਂ ਵਿਚ ਇਸ ਦੀ ਵਰਤੋਂ ਦੁਆਰਾ ਇਨਸਾਨ ਚੰਗੀ ਅਤੇ ਲੰਬੀ ਉਮਰ ਭੋਗ ਸਕਦਾ ਹੈ। ਅੱਜਕੱਲ੍ਹ ਆਰਗੈਨਿਕ, ਫ਼ਿਜ਼ੀਕਲ ਅਤੇ ਵਿਸ਼ਲੇਸ਼ੀ ਰਸਾਇਣ ਵਿਗਿਆਨਾਂ ਦੀ ਪ੍ਰਬੀਨਤਾ ਜੀਵ-ਰਸਾਇਣ-ਵਿਗਿਆਨ ਵੱਲ ਖਿੱਚੀ ਗਈ ਹੈ ਕਿਉਂਕਿ ਰਸਾਇਣ-ਵਿਗਿਆਨ ਦੀਆਂ ਇਨ੍ਹਾਂ ਸ਼ਾਖਾਵਾਂ ਵਿਚ ਮੂਲ ਸਿਧਾਂਤਾਂ ਦੀ ਰੂਪ-ਰੇਖਾ ਬਣਾਈ ਜਾ ਚੁੱਕੀ ਹੈ, ਵਧੇਰੇ ਸਪੱਸ਼ਟ ਸੰਸ਼ਲੇਸ਼ਣ ਅਤੇ ਨਿਖੇੜ ਕੀਤੇ ਜਾ ਚੁੱਕੇ ਹਨ ਅਤੇ ਜੀਵਨ ਤੇ ਜੀਵਿਤ ਮਾਦੇ ਲਈ ਜ਼ਿੰਮੇਵਾਰ ਪਦਾਰਥਾਂ ਦੀ ਜਟਿਲ ਰਚਨਾ ਅਤੇ ਲੱਛਣਾਂ ਦੇ ਅਧਿਐਨਾਂ ਵੱਲ ਵਿਗਿਆਨੀ ਦਾ ਝੁਕਾਅ ਵੱਧ ਗਿਆ ਹੈ। ਜੀਵ ਰਸਾਇਣ-ਵਿਗਿਆਨ; ਬਾਇਆੱਲੌਜੀਕਲ ਅਤੇ ਫ਼ਿਜ਼ੀਕਲ ਵਿਗਿਆਨਾਂ ਦੇ ਸਰੀਰ-ਕਿਰਿਆ-ਵਿਗਿਆਨ ਅਤੇ ਰਸਾਇਣ-ਵਿਗਿਆਨ ਦੇ ਵਿਚਕਾਰ ਹੈ।

ਜੀਵ-ਰਸਾਇਣ-ਵਿਗਿਆਨ ਦਾ ਖੇਤਰ ਇੰਨਾ ਵੱਧ ਚੁੱਕਾ ਹੈ ਕਿ ਇਸ ਦੇ ਕਈ ਉਪ-ਵਿਸ਼ੇਸ਼ ਗੁਣਾਂ ਨੂੰ ਮਾਨਤਾ ਪ੍ਰਾਪਤ ਹੋ ਗਈ ਹੈ। ਕਈਆਂ ਨੂੰ ਵਧੇਰੇ ਕਰਕੇ ਦਵਾਈਆਂ ਅਤੇ ਪੌਸ਼ਟਿਕ ਪਦਾਰਥਾਂ ਵਿਚ ਵਰਤਿਆ ਜਾਂਦਾ ਹੈ। ਸੰਨ 1950 ਤੋਂ ਇਹ ਝੁਕਾਅ ਰਿਹਾ ਹੈ ਕਿ ਜੀਵ

ਰਸਾਇਣ ਵਿਗਿਆਨ ਨੂੰ 'ਮੌਲੀਕਿਊਲਰ ਬਾਇਆਲੌਜੀ' ਕਿਹਾ ਜਾਵੇ ਕਿਉਂਕਿ ਜੀਵ ਰਸਾਇਣ-ਵਿਗਿਆਨ ਦਾ ਸਬੰਧ ਸਭ ਕਿਸਮ ਦੇ ਜੀਵਿਤ ਆਰਗੈਨਿਜ਼ਮਾਂ ਨਾਲ ਹੈ ਅਤੇ ਇਸ ਦਾ ਮੰਤਵ ਮੌਲੀਕਿਊਲੀ ਸਤਰ ਉੱਤੇ ਜੀਵਨ ਦੀ ਪੂਰਨ ਵਿਆਖਿਆ ਕਰਨਾ ਹੈ। ਮੌਲੀਕਿਊਲਰ ਬਾਇਆਲੌਜੀ ਸ਼ਬਦ ਦੀ ਵਰਤੋਂ ਜੀਵ ਭੌਤਿਕ-ਵਿਗਿਆਨ ਅਤੇ ਜੀਵ-ਰਸਾਇਣ ਵਿਗਿਆਨ ਦੇ ਰਲੇ ਮਿਲੇ ਅਧਿਐਨ ਲਈ ਵੀ ਕੀਤੀ ਜਾ ਸਕਦੀ ਹੈ।

ਅਣਵੀ ਸਤਰ ਉੱਤੇ ਜੀਵਨ ਦੀ ਵਿਆਖਿਆ ਵਿਚ ਸੈੱਲ ਅੰਦਰ ਹੁੰਦੀਆਂ ਸਾਰੀਆਂ ਪਰਸਪਰ ਸਬੰਧਤ ਰਸਾਇਣਿਕ ਤਬਦੀਲੀਆਂ ਜ਼ਰੂਰ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਇਸ ਵਿਧੀ ਨੂੰ ਮਧਿਅਸਥ ਵਿਪਚਨ ਕਿਹਾ ਜਾਂਦਾ ਹੈ। ਪੁਨਰ-ਉਤਪਾਦਨ ਉਤਪਤੀ ਅਤੇ ਵੰਸ਼-ਪਰੰਪਰਾ ਵਿਧੀਆਂ ਵੀ ਜੀਵ-ਵਿਗਿਆਨੀ ਲਈ ਬਹੁਤ ਉਤਸੁਕਤਾ ਵਾਲੇ ਵਿਸ਼ੇ ਹਨ ਅਤੇ ਇਹ ਸਾਰੀਆਂ ਵਿਧੀਆਂ ਮਧਿਅਸਥ ਵਿਪਚਨ ਨਾਲ ਕਾਫ਼ੀ ਸਬੰਧਤ ਹਨ।

**ਜੀਵਿਤ ਪਦਾਰਥਾਂ ਦੀ ਰਸਾਇਣਿਕ ਬਣਤਰ—** ਭਿੰਨ-ਭਿੰਨ ਕਿਸਮ ਦੇ ਜੀਵਿਤ ਪਦਾਰਥਾਂ ਦੀ ਰਸਾਇਣਿਕ ਬਣਤਰ ਵਿਚ ਕਾਫ਼ੀ ਅੰਤਰ ਹੁੰਦਾ ਹੈ। ਇਕੋ ਪਦਾਰਥ ਵਿਚ ਖ਼ੂਨ, ਪੱਠੇ, ਜਿਗਰ, ਹੱਡੀਆਂ ਅਤੇ ਦੁੱਧ ਵਰਗੇ ਭਿੰਨ-ਭਿੰਨ ਤੰਤੂ ਅਤੇ ਰਸ ਬਣਤਰ ਵਿਚ ਬਹੁਤ ਅੰਤਰ ਦਰਸਾਉਂਦੇ ਹਨ ਪਰੰਤੂ ਫਿਰ ਵੀ ਰਸਾਂ, ਵਿੱਥੀ ਪਦਾਰਥ ਅਤੇ ਸਹਾਇਕ ਬਣਤਰਾਂ ਸ਼੍ਰੇਣੀ ਤੋਂ ਸ਼੍ਰੇਣੀ ਅਤੇ ਉਸੇ ਸ਼੍ਰੇਣੀ ਵਿਚ ਇਕ ਤੰਤੂ ਤੋਂ ਦੂਸਰੇ ਤੰਤੂ ਲਈ ਰਸਾਇਣਿਕ ਬਣਤਰ ਦਾ ਮਿਲਦਾ ਜੁਲਦਾ ਪੈਟਰਨ ਦਰਸਾਉਂਦੇ ਹਨ। ਆਮ ਕਰਕੇ ਇਕ ਸੈੱਲ ਦੇ ਵਧੇਰੇ ਆਰਗੈਨਿਕ ਮਾਦੇ ਨੂੰ ਖੰਡ ਜਾਂ ਕਾਰਬੋਹਾਈਡ੍ਰੇਟ, ਚਰਬੀ ਜਾਂ ਲਾਈਪਿਡ ਅਤੇ ਪ੍ਰੋਟੀਨ ਵਿਚ ਸ਼੍ਰੇਣੀ ਬੱਧ ਕੀਤਾ ਜਾ ਸਕਦਾ ਹੈ। ਨਿਊਕਲਿਕ ਤੇਜ਼ਾਬ ਅਤੇ ਭਿੰਨ-ਭਿੰਨ ਪੈਰਾਫਿਨ ਵਿਉਂਤਪੰਨ ਵੀ ਜ਼ਰੂਰੀ ਅੰਸ਼ ਹਨ।

**ਪ੍ਰੋਟੀਨ ਅਤੇ ਨਿਊਕਲੀਕ ਐਸਡਿ—ਪ੍ਰੋਟੀਨ—** ਪੈਪਟਾਈਡ ਬੰਧਨਾਂ ਦੁਆਰਾ ਜੁੜੇ ਲੰਬੀਆਂ ਚੇਨਾਂ ਵਾਲੇ ਐਮੀਨੋ ਐਸਿਡ ਹੁੰਦੇ ਹਨ। ਇਕ ਪ੍ਰੋਟੀਨ ਅਣੂ ਵਿਚ ਕਈ ਹਜ਼ਾਰ ਐਮੀਨੋ ਐਸਿਡ ਰੈਜ਼ਿਡਿਊ ਹੋ ਸਕਦੇ ਹਨ। ਪ੍ਰੋਟੀਨ ਦੇ ਇਕ ਅਣੂ ਵਿਚ ਹਰ ਐਮੀਨੋ ਐਸਿਡ ਦੀ ਸਾਪੇਖੀ ਮਾਤਰਾ ਦਾ ਪਤਾ ਵਿਸ਼ਲੇਸ਼ਣ ਦੇ ਵਿਸ਼ੇਸ਼ ਢੰਗਾਂ ਦੁਆਰਾ ਲਾਇਆ ਜਾ ਸਕਦਾ ਹੈ। ਸੰਨ 1963 ਤੱਕ ਐਨਜ਼ਾਈਮ ਰਾਈਬੋਨਿਊਕਲੀਏਜ਼ ਪ੍ਰੋਟੀਨ ਵਿਚ ਐਮੀਨੋ ਐਸਿਡਾਂ ਦੀ ਤਰਤੀਬ ਦਾ ਪਤਾ ਲੱਗ ਚੁੱਕਾ ਸੀ। ਇਹ ਸਾਪੇਖੀ ਤੌਰ ਤੇ ਛੋਟੇ ਪ੍ਰੋਟੀਨ ਹਨ, ਇਨਸੂਲਿਨ ਦਾ ਅਣਵੀ ਭਾਰ ਕੇਵਲ 5, 700 ਅਤੇ ਰਾਈਬੋਨਿਊਕਲੀਏਜ਼ ਦਾ 12, 700 ਹੈ। ਪ੍ਰੋਟੀਨ ਦੇ ਅਣੂਆਂ ਦੀ ਬਣਤਰ ਦਾ ਅਧਿਐਨ ਕਰਨ ਲਈ ਕਈ ਸ਼ਕਤੀਸ਼ਾਲੀ ਭੌਤਿਕ ਢੰਗਾਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਵਿਚ ਸਭ ਤੋਂ ਕਾਮਯਾਬ ਢੰਗ ਐਕਸ ਕਿਰਨ ਵਿਸ਼ਲੇਸ਼ਣ ਰਿਹਾ ਹੈ। ਇਹ ਢੰਗ ਰੇਸ਼ਿਆਂ ਅਤੇ ਰਵਿਆਂ ਉੱਤੇ ਲਾ ਕੇ ਇਸ ਗੱਲ ਦਾ ਪਤਾ ਲੱਗ ਗਿਆ ਹੈ ਕਿ ਪ੍ਰੋਟੀਨ ਅਣੂ ਵਿਚ ਪੈਪਟਾਈਡ ਚੇਨਾਂ ਕਿਵੇਂ ਵਲੀਆਂ ਅਤੇ ਲਿਪਟੀਆਂ ਹਨ। ਖ਼ੂਨ ਦਾ ਆੱਕਸੀਜਨ ਲਿਜਾਣ ਵਾਲਾ ਪਿਗਮੈਂਟ ਹੀਮੋਗਲੋਬਿਨ ਅਤੇ ਸਬੰਧਤ ਪੱਠਿਆਂ ਦਾ ਪਿਗਮੈਂਟ ਮਾਇਓਗਲੋਬਿਨ ਦਾ ਐਕਸ-ਕਿਰਨ ਵਿਵਰਤਨ ਕੀਤਾ ਗਿਆ ਅਤੇ ਸੰਨ 1960 ਤੱਕ ਕੇ. ਸੀ. ਕੈਂਡਰਿਊ ਅਤੇ ਐਮ. ਐਫ. ਪੈਰਟਜ਼ ਨੇ ਐਕਸ ਕਿਰਨ ਡੈਟੇ ਦੇ ਅਧਾਰ ਉੱਤੇ ਇਨ੍ਹਾਂ ਕੰਪਲੈਕਸ ਪ੍ਰੋਟੀਨਾਂ ਦੀ ਬਣਤਰ ਦੇ ਵਿਖਿਆਤਮਕ ਐਟਮੀ ਮਾਡਲ ਤਿਆਰ ਕਰ ਲਏ ਸਨ। ਇਨ੍ਹਾਂ ਦੇ ਸਿੱਟਿਆਂ ਦੀ ਰਸਾਇਣਿਕ ਅਧਿਐਨਾਂ ਦੁਆਰਾ ਪੁਸ਼ਟੀ ਕੀਤੀ ਜਾ ਚੁਕੀ ਹੈ ਅਤੇ ਹੀਮੋਗਲੋਬਿਨ ਤੇ ਮਾਇਓਗਲੋਬਿਨ ਦੀ ਬਣਤਰ ਪੂਰੀ ਤਰ੍ਹਾਂ ਪਤਾ ਲਗਾਈ ਜਾ ਚੁੱਕੀ ਹੈ। ਨਿਊਕਲਿਕ ਐਸਿਡ ਉੱਚ ਅਣਵੀਂ-ਭਾਰ ਵਾਲੇ ਸੈੱਲਾਂ ਦੇ ਅੰਸ਼ਾ ਦਾ ਇਕ ਹੋਰ ਗਰੁੱਪ ਬਣਾਉਂਦੇ ਹਨ। ਇਹ ਐਸਿਡ ਸੈੱਲ ਵਿਚ ਪ੍ਰੋਟੀਨ ਨਾਲ ਮਿਲੇ ਹੁੰਦੇ ਹਨ ਜਿਵੇਂ ਕਿ ਨਿਊਕਲੀਓਪ੍ਰੋਟੀਨ। ਨਿਊਕਲੀਅਸ ਦੀ ਕ੍ਰੋਮੇਟਿਨ ਵਿਚ ਨਿਊਕਲੀਓ ਪ੍ਰੋਟੀਨ ਹੁੰਦੇ ਹਨ ਅਤੇ ਜੀਨ ਡੀਆਕਸਰਾਈਬੋਨਿਊਕਲਿਕ ਐਸਿਡ (DNA) ਦੇ ਬਣੇ ਹੁੰਦੇ ਹਨ। ਨਿਊਕਲਿਕ ਐਸਿਡਾਂ ਦੀ ਰਸਾਇਣਿਕ ਬਣਤਰ ਦਾ ਪਤਾ ਲਾਉਣ ਵਿਚ ਉਹੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ ਜਿਹੜੀਆਂ ਪ੍ਰੋਟੀਨਾਂ ਦੀ ਬਣਤਰ ਪਤਾ ਲਾਉਣ ਵਿਚ।

**ਪੌਸ਼ਟਿਕਤਾ—**ਜੀਵ ਰਸਾਇਣ-ਵਿਗਿਆਨੀ ਬੜੀ ਦੇਰ ਤੋਂ ਪਸ਼ੂਆਂ ਦੀ ਖ਼ੁਰਾਕ ਦੀ ਰਸਾਇਣਿਕ ਰਚਨਾ ਪ੍ਰਤਿ ਦਿਲਚਸਪੀ ਲੈ ਰਹੇ ਹਨ। ਇਸ ਦਾ ਪਤਾ ਲਾਉਣ ਦਾ ਅਰਥ ਸਪਸ਼ਟ ਹੈ ਕਿ ਚੰਗੀ ਸਿਹਤ ਰੱਖਣ ਲਈ ਖ਼ੁਰਾਕ ਵਿਚ ਕਿਹੜੇ ਜ਼ਰੂਰੀ ਤੱਤ ਚਾਹੀਦੇ ਹਨ। ਇਹ ਤੱਥ ਕਿ ਖ਼ੁਰਾਕ ਵਿਚ ਜ਼ਰੂਰੀ ਅੰਸ਼ਾਂ ਦਾ ਗਿਆਨ ਜੀਵਨ ਦੀਆਂ ਕਿਰਿਆਵਾਂ ਨੂੰ ਸਮਝਣ ਵਿਚ ਸਹਾਈ ਹੈ, ਲਈ ਉਚੇਚ ਦੀ ਲੋੜ ਹੈ।

ਪਾਣੀ ਅਤੇ ਖਣਿਜਾਂ ਦੇ ਨਾਲ ਨਾਲ ਸਭ ਪਸ਼ੂਆਂ ਨੂੰ ਖ਼ੁਰਾਕ ਵਿਚ ਆਰਗੈਨਿਕ ਪਦਾਰਥਾਂ ਦੀ ਵੀ ਲੋੜ ਹੈ। ਆਰਗੈਨਿਕ ਪਦਾਰਥ ਇੰਨੇ ਕੁ ਹੋਣੇ ਚਾਹੀਦੇ ਹਨ ਕਿ ਪਸ਼ੂਆਂ ਨੂੰ ਲੋੜੀਂਦੀ ਊਰਜਾ ਜਾਂ ਕੈਲੋਰੀਆਂ ਮਿਲ ਸਕਣ। ਕੁਝ ਕੁ ਹੱਦ ਤੱਕ ਇਸ ਮੰਤਵ ਲਈ ਬਦਲ ਬਦਲ ਕੇ ਕਾਰਬੋਹਾਈਡ੍ਰੇਟ, ਚਰਬੀ ਅਤੇ ਪ੍ਰੋਟੀਨ ਵੀ ਵਰਤੇ ਜਾ ਸਕਦੇ ਹਨ। ਕਈ ਵੱਡੇ ਪਸ਼ੂਆਂ ਨੂੰ ਕੁਝ ਫੈਟੀ ਐਸਿਡਾਂ, ਲਗਭਗ ਭਿੰਨ-ਭਿੰਨ ਦਸ ਐਮੀਨੋ ਐਸਿਡਾਂ ਅਤੇ ਯੋਗਿਕਾਂ ਦੇ ਹੈਟਰੋਜੀਨੀਅਸ ਗਰੁੱਪ ਜਿਨ੍ਹਾਂ ਨੂੰ ਵਿਟਾਮਿਨ ਕਿਹਾ ਜਾਂਦਾ ਹੈ, ਦੀ ਲੋੜ ਹੁੰਦੀ ਹੈ। ਭਿੰਨ-ਭਿੰਨ ਉਪਜਾਤੀਆਂ ਦੀਆਂ ਪੌਸ਼ਟਿਕ ਲੋੜਾਂ ਮਿਲਦੀਆਂ ਜੁਲਦੀਆਂ ਹਨ ਪਰੰਤੂ ਇਹ ਜ਼ਰੂਰੀ ਨਹੀਂ। ਇਨਸਾਨ ਅਤੇ ਗਿਨੀ ਪਿੱਗ ਨੂੰ ਵਿਟਾਮਿਨ-ਸੀ ਜਾਂ ਐਸਕਾਰਬਿਕ ਐਸਿਡ ਦੀ ਲੋੜ ਹੈ ਪਰੰਤੂ ਚੂਹੇ ਨੂੰ ਨਹੀਂ। ਥਾਇਆਸੀਨ (ਵਿਟਾਮਿਨ $D_1$), ਰਾਈਬੋਫਲੈਵਿਨ (ਵਿਟਾਮਿਨ $B_2$), ਨਾਈਐਸਿਨ, ਪਾਇਰੀਡਾਕਸੀਨ (ਵਿਟਾਮਿਨ $B_6$) ਅਤੇ ਕੈਬੋਲਾਮੀਨ (ਵਿਟਾਮਿਨ $B_{12}$) ਸਾਰੇ ਹੀ ਵਿਸ਼ੇਸ਼ ਐਨਜ਼ਾਈਮ ਸਿਸਟਮਾਂ ਦੇ ਅੰਸ਼ਾਂ ਦੇ ਤੌਰ ਤੇ ਕੰਮ ਕਰਦੇ ਹਨ। ਪ੍ਰਕਾਸ਼-ਸੰਸ਼ਲੇਸ਼ੀ ਪੌਦੇ ਪਸ਼ੂਆਂ ਨਾਲੋਂ ਇਸ ਗੱਲ ਵਿਚ ਭਿੰਨ ਹਨ ਕਿ ਇਨ੍ਹਾਂ ਨੂੰ ਕਿਸੇ ਤਿਆਰ ਹੋਏ ਆਰਗੈਨਿਕ ਪਦਾਰਥ ਦੀ ਲੋੜ ਨਹੀਂ ਸਗੋਂ ਇਹ ਆਪਣਾ ਸੈੱਲਮਈ ਪਦਾਰਥ ਕਾਰਬਨ ਡਾਈਆੱਕਸਾਈਡ, ਪਾਣੀ, ਲੂਣ ਅਤੇ ਅਮੋਨੀਆ ਜਾਂ ਨਾਈਟ੍ਰੇਟ ਵਰਗੇ ਸਧਾਰਨ ਪਦਾਰਥਾਂ ਤੋਂ ਤਿਆਰ ਕਰਦੇ ਹਨ। ਇਸ ਵਿਧੀ ਲਈ ਲੋੜੀਂਦੀ ਊਰਜਾ ਸੂਰਜੀ ਪ੍ਰਕਾਸ਼ ਤੋਂ ਮਿਲਦੀ ਹੈ। ਇਸ ਵਿਧੀ ਨੂੰ ਪ੍ਰਕਾਸ਼ ਸੰਸ਼ਲੇਸ਼ਣ ਕਿਹਾ ਜਾਂਦਾ ਹੈ।

ਜੀਵ ਰਸਾਇਣ-ਵਿਗਿਆਨ ਦਾ ਇਕ ਮਹੱਤਵਪੂਰਨ ਲੱਛਣ ਉਹ ਢੰਗ ਹਨ ਜਿਨ੍ਹਾਂ ਦੁਆਰਾ ਜੀਵ ਰਸਾਇਣੀ ਪਦਾਰਥਾਂ ਅਤੇ ਵਿਧੀਆਂ ਦਾ ਪਤਾ ਲਾਇਆ ਜਾਂਦਾ ਹੈ, ਵਿਸ਼ੇਸ਼ਤਾ ਦੱਸੀ ਜਾਂਦੀ ਹੈ ਅਤੇ ਮਿਣਤੀ ਕੀਤੀ ਜਾਂਦੀ ਹੈ।

**ਪਦਾਰਥ—**ਪ੍ਰੋਟੀਨ ਅਤੇ ਨਿਊਕਲਿਕ ਐਸਿਡਾਂ ਤੋਂ ਬਿਨਾਂ ਹੋਰ ਪਦਾਰਥ ਕਾਰਬੋਹਾਈਡ੍ਰੇਟ ਊਰਜਾ ਸ੍ਰੋਤ ਦਾ ਕੰਮ ਕਰਦੇ ਹਨ ਅਤੇ ਮਿਊਕੋਪ੍ਰੋਟੀਨ, ਨਿਊਕਲੀਓਟਾਈਡ, ਨਿਊਕਲਿਕ ਐਸਿਡ ਤੇ ਸੈੱਲੂਲੋਜ਼ ਵਰਗੇ ਤੰਤੂ ਅੰਸ਼ਾਂ ਦੀ ਰਚਨਾ ਵਿਚ ਸ਼ਾਮਲ ਹੋ ਜਾਂਦੇ ਹਨ। ਚਰਬੀਆਂ ਅਤੇ ਦੂਸਰੇ ਲਾਈਪਿਡ ਪੌਦਿਆਂ ਅਤੇ ਪਸ਼ੂਆਂ ਦੋਹਾਂ ਵਿਚ ਊਰਜਾ ਸ੍ਰੋਤ ਦਾ ਕੰਮ ਕਰਦੇ ਹਨ ਅਤੇ ਲਾਈਪੋਪ੍ਰੋਟੀਨ ਵਰਗੇ ਤੰਤੂ ਅੰਸ਼ਾਂ ਅਤੇ ਖ਼ੂਨ ਦੀ ਰਚਨਾ ਵਿਚ ਵੀ ਦਾਖ਼ਲ ਹੋ ਜਾਂਦੇ ਹਨ। ਹੱਡੀਆਂ, ਲਾਈਪਿਡਾਂ, ਨਿਊਕਲਿਕ ਐਸਿਡਾਂ, ਨਿਊਕਲੋਟਾਈਡਾਂ, ਕੋ-ਐਨਜ਼ਾਈਮਾਂ ਅਤੇ ਫ਼ਾਸਫ਼ੋਰੀਕ੍ਰਿਤ ਕਾਰਬੋਹਾਈਡ੍ਰੇਟ ਵਿਉਤਪੰਨਾਂ ਵਿਚਲਾ ਫਾਸਫੋਰਸ ਇਨ੍ਹਾਂ ਪਦਾਰਥਾਂ ਦੀਆਂ ਬਣਤਰਾਂ ਅਤੇ ਕਈ ਹੋਰ ਐਨਜ਼ਾਈਮੀ ਕਿਰਿਆਵਾਂ ਵਿਚ ਭਾਗ ਲੈਂਦਾ ਹੈ। ਗੰਧਕ, ਐਮੀਨੋ ਐਸਿਡਾਂ, ਸਿਸਟੀਨ ਸਿਸਟੀਆਈਨ ਅਤੇ ਮੈਥੀਓਨੀਨ, ਪ੍ਰੋਟੀਨਾਂ ਅਤੇ ਪੈਪਟਾਈਡਾਂ,

-ਐਨਜ਼ਾਈਮ ਏ, ਮਿਊਕੋਪਾਲੀਸੈਕੈਰਾਈਡ ਅਤੇ ਦਿਮਾਗ ਦੇ ਈਪਿਡਾਂ ਦਾ ਇਕ ਜ਼ਰੂਰੀ ਆਰਗੈਨਿਕ ਅੰਸ਼ ਹੈ। ਕਲੋਰਾਈਡ ਦੇ ı ਵਿਚ ਕਲੋਰੀਨ, ਪਸ਼ੂਆਂ ਦੇ ਸੈੱਲ ਬਾਹਰਲੇ ਤਰਲਾਂ ਵਿਚ ਅਤੇ ਈਡ੍ਰੋਕਲੋਰਿਕ ਐਸਿਡ ਦੇ ਰੂਪ ਵਿਚ ਮਿਹਦਾ ਰਸ ਵਿਚ ਮਿਲਦੀ ਹੈ। ਤ ਸਪੰਜਾਂ ਅਤੇ ਪਸ਼ੂਆਂ ਦੇ ਥਾਈਰਾਇਡ ਗਲੈਂਡਾਂ ਵਿਚ ਆਇਓਡੀਨ ੜੀ ਹੋ ਜਾਂਦੀ ਹੈ। ਪਸ਼ੂਆਂ ਵਿਚ ਧਾਤਵੀ ਤੱਤਾਂ ਵਿਚੋਂ ਸੈੱਲਾਂ ਵਿਚ ਖ ਤੌਰ ਤੇ ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਹੁੰਦਾ ਹੈ। ਸੋਡੀਅਮ ਸੈੱਲ ਹਰਲੇ ਤਰਲਾਂ ਵਿਚ, ਹੀਮੋਗਲੋਬਿਨ, ਸਾਈਕੋਟ੍ਰੋਮ ਅਤੇ ਫੈਰੀਟਿਨ ਜ਼ ਲੋਹਾ ਅਤੇ ਹੱਡੀਆਂ ਦੇ ਤੰਤੂਆਂ ਵਿਚ ਕੈਲਸ਼ੀਅਮ ਹੁੰਦਾ ਹੈ। ਸਤ, ਤਾਂਬਾ, ਮੈਗਨੀਜ਼ ਅਤੇ ਕੋਬਾਲਟ ਵਰਗੀਆਂ ਧਾਤਾਂ ਪਸ਼ੂਆਂ ਦੇ ਨਜ਼ਾਈਮ ਜਾਂ ਹੱਰਮੋਨ ਅੰਸ਼ਾਂ ਵਿਚ ਟ੍ਰੇਸਾਂ ਵਿਚ ਮਿਲਦੀਆਂ ਹਨ। ੱਕਸੀਜਨ ਅਤੇ ਕਾਰਬਨ ਡਾਈਆੱਕਸਾਈਡ ਵਰਗੀਆਂ ਗੈਸਾਂ ਸਾਰੇ ੱਚ ਆਰਗੇਨਿਜ਼ਮਾਂ ਅਤੇ ਜ਼ਿਆਦਾਤਰ ਮਾਈਕ੍ਰੋਆਰਗਨਿਜ਼ਮਾਂ ਦੀਆਂ ਰਿਆਵਾਂ ਵਿਚ ਨਿਰੰਤਰ ਰੋਲ ਅਦਾ ਕਰਦੀਆਂ ਹਨ। ਮਾਤਰਾ ਵਿਚ ਟ ਪਰੰਤੂ ਜ਼ਿੰਦਗੀ ਲਈ ਆਵਸ਼ਕ ਹੱਰਮੋਨ ਅਤੇ ਵਿਟਾਮਿਨ ਹਨ। ਖੇਰੇ ਆਰਗੈਨਿਜ਼ਮਾਂ ਦਾ ਵੱਡਾ ਭਾਗ ਪਾਣੀ ਹੈ ਜਿਹੜਾ ਕਿ ਦੂਸਰੇ ਦਾਰਥਾਂ ਅਤੇ ਕਿਰਿਆਵਾਂ ਲਈ ਇਕ ਮਾਧਿਅਮ ਦਾ ਕੰਮ ਦਿੰਦਾ ਹੈ। ਾਣੀ ਆਪ ਵੀ ਬਹੁਤ ਸਾਰੀਆਂ ਕਿਰਿਆਵਾਂ ਵਿਚ ਭਾਗ ਲੈਂਦਾ ਹੈ ਜਿਵੇਂ ਕ ਜਲ-ਅਪਘਟਨ ਅਤੇ ਪ੍ਰੋਟੀਨ, ਚਰਬੀਆਂ ਅਤੇ ਕਾਰਬੋਹਾਈਡ੍ਰੇਟਾਂ ਾ ਸੰਸ਼ਲੇਸ਼ਣ।

**ਕਿਰਿਆਵਾਂ**—ਮਨੁੱਖ ਵਿਚ ਆੱਕਸੀਜਨ ਦੀ ਖਪਤ ਉੱਤੇ ਯੋਗ ਕਰਕੇ ਏ. ਐਲ. ਲਾਵਾਜ਼ਿਏ ਨੇ 1780 ਵਿਚ "La Via est Une fonction chimique" ਲਿਖਿਆ। ਇਸ ਧਾਰਨਾ ਤੋਂ ਅਤੇ ਾਵਾਜ਼ਿਏ ਦੁਆਰਾ ਸ਼ੁਰੂ ਕੀਤੇ ਮਾਤਰਾਤਮਕ ਗੈਸਮਾਪੀ ਅਤੇ ਭਾਰਾਤਮਕ ਤੰਗਾਂ ਤੋਂ ਮਿਲੀ ਪ੍ਰੇਰਨਾ ਨਾਲ ਜੀਵਿਤ ਆਰਗੈਨਿਜ਼ਮਾਂ ਵਿਚ ਕਿਰਿਆਵਾਂ ਾ ਰਸਾਇਣਿਕ ਅਧਿਐਨ ਸ਼ੁਰੂ ਹੋਇਆ। ਜੀਵ ਰਸਾਇਣ ਵਿਗਿਆਨ ੇ ਇਸ ਭਾਗ ਵਿਚ ਉਹ ਕਿਰਿਆਵਾਂ ਸ਼ਾਮਲ ਹਨ ਜਿਨ੍ਹਾਂ ਦੁਆਰਾ ਮੀਨੋ ਐਸਿਡ, ਪ੍ਰੋਟੀਨ, ਚਰਬੀਆਂ, ਕਾਰਬੋਹਾਈਡ੍ਰੇਟ ਅਤੇ ਦੂਸਰੇ ਦਾਰਥਾਂ ਦਾ ਪੌਦਿਆਂ ਅਤੇ ਮਾਈਕ੍ਰੋ ਆਰਗੇਨਿਜ਼ਮਾਂ ਵਿਚ ਸੰਸ਼ਲੇਸ਼ਣ ਹੁੰਦਾ ਹੈ। ਉਹ ਮਕੈਨਿਜ਼ਮ ਵੀ ਵਿਚਾਰੇ ਜਾਂਦੇ ਹਨ ਜਿਹੜੇ ਇਨ੍ਹਾਂ ਪਦਾਰਥਾਂ ਨਾਲ ਪਸ਼ੂਆਂ ਨੂੰ ਸ਼ਕਤੀ ਦੇਣ ਅਤੇ ਤੰਤੂ ਤੇ ਖੂਨ ਸੰਸ਼ਲੇਸ਼ਣ ਕਰਨ ਲਈ ਹਜ਼ਮ, ਜਜ਼ਬ ਅਤੇ ਰੂਪਾਂਤਰ ਕਰਦੇ ਹਨ। ਇਸ ਤੋਂ ਇਲਾਵਾ ਜੀਵ ਰਸਾਇਣ ਵਿਗਿਆਨ ਦਾ ਸਬੰਧ ਉਨ੍ਹਾਂ ਐੱਨਜ਼ਾਈਮੀ ਕਿਰਿਆਵਾਂ ਨਾਲ ੈ ਜਿਹੜੀਆਂ ਮੈਟਾਬੱਲਿਕ ਅਤੇ ਦੂਸਰੀਆਂ ਵਿਧੀਆਂ ਵਿਚ ਹੁੰਦੀਆਂ ਹਨ। ਇਸ ਦਾ ਸਬੰਧ ਬੀਮਾਰੀ ਵਿਚ ਅਤੇ ਛੂਤ ਦੀਆਂ ਬੀਮਾਰੀਆਂ ਦੀਆਂ ਕਿਰਿਆਵਾਂ ਨਾਲ ਵੀ ਹੈ।

**ਵਿਧੀਆਂ**—ਜੀਵ ਰਸਾਇਣ-ਵਿਗਿਆਨ ਵਿਚ ਘੱਟ ਮਾਤਰਾ ਵਾਲੇ ਪਦਾਰਥ ਦੇ ਵਿਸ਼ਲੇਸ਼ਣ ਲਈ ਕਈ ਢੰਗ ਵਿਕਸਿਤ ਹੋਏ ਹਨ। ਇਨ੍ਹਾਂ ਵਿਚੋਂ ਕੁਝ-ਕੁ ਹੇਠ ਲਿਖੇ ਅਨੁਸਾਰ ਹਨ—

1. ਸੂਖਮਭਾਰਾਤਮਕ ਵਿਸ਼ਲੇਸ਼ਣ—ਜਿਸ ਵਿਚ ਕੁਹਲਮੈਨ ਬੀਮ ਬੈਲੰਸ ਉੱਤੇ ±0.002 ਮਿ. ਗ੍ਰਾ. ਤੱਕ ਜਾਂ ਕੁਆਟਰਜ਼ ਰੇਸ਼ੇ ਵਾਲੀ ਐਠਣਤੁਲਾ ਦੁਆਰਾ ±0.0001 ਮਿ. ਗ੍ਰਾ. ਤੱਕ ਤੋਲਿਆ ਜਾਂਦਾ ਹੈ।

2. ਮਾਈਕ੍ਰੋਟਾਈਟ੍ਰੇਸ਼ਨ—ਜਿਨ੍ਹਾਂ ਵਿਚ ਆਈ. ਬੈਂਗ ਦੀ ਬਿਊਰਟ ਨਾਲ ± 1 ਮਿ. ਮੀ.$^3$ ਤੱਕ ਅਤੇ ਪੀ. ਬੀ. ਰੀਬੈਰਗ ਦੀ ਬਿਊਰਟ ਨਾਲ ± 0.1 ਮਿ. ਮੀ.$^3$ ਤੱਕ ਆਇਤਨ ਮਿਣਿਆ ਜਾਂਦਾ ਹੈ।

2. ਦ੍ਰਿਸ਼ਟਮਾਨ ਕਿਰਨਾਂ ਨਾਲ ਫ਼ੋਟੋਮੀਟਰੀ (ਪ੍ਰਕਾਸ਼ਮਿਤੀ)—ਇਹ ਆਮ ਵਿਸ਼ਲੇਸ਼ਣਾਂ ਲਈ ਲੰਬਾਈ ਵਿਚ 4000 ਤੋਂ 7000 ਐਂਗਸਟ੍ਰਮ ਵਾਲੀਆਂ ਕਿਰਨਾਂ ਲਈ ਵਰਤੀ ਜਾਂਦੀ ਹੈ। ਅਜਿਹੇ ਪਦਾਰਥ ਜਿਹੜੇ 4000 ਐਂਗਸਟ੍ਰਮ ਤੋਂ ਹੇਠਾਂ ਤਰੰਗ-ਲੰਬਾਈ ਵਾਲਾ ਪ੍ਰਕਾਸ਼ ਜਜ਼ਬ ਜਾਂ ਉਤਸਰਜ ਕਰਦੇ ਹਨ ਦਾ ਵਿਸ਼ਲੇਸ਼ਣ ਅਲਟ੍ਰਾਵਾਇਲਿਟ ਕਿਰਨਾਂ ਨਾਲ ਅਤੇ 7000 ਐਂਗਸਟ੍ਰਮ ਤੋਂ ਉੱਪਰ ਤਰੰਗ-ਲੰਬਾਈ ਵਾਲੀਆਂ ਦਾ ਵਿਸ਼ਲੇਸ਼ਣ ਇਨਫ਼ਰਾਰੈੱਡ ਕਿਰਨਾਂ ਦੁਆਰਾ ਕੀਤਾ ਜਾਂਦਾ ਹੈ। ਇਸ ਢੰਗ ਨਾਲ ਆਰਗੈਨਿਕ ਬਣਤਰਾਂ ਦਾ ਵੀ ਪਤਾ ਲੱਗਦਾ ਹੈ।

4. ਖੂਨ ਦੀਆਂ ਗੈਸਾਂ ਅਤੇ ਬਾਇਆਲੌਜੀਕਲ ਆਰਗੈਨਿਜ਼ਮਾਂ ਜਾਂ ਪਦਾਰਥਾਂ ਦੀਆਂ ਕਿਰਿਆਵਾਂ ਦੁਆਰਾ ਵਿਟ੍ਰੋ ਵਿਚ ਉਤਪੰਨ ਹੋਈਆਂ ਗੈਸਾਂ ਦੇ ਮਾਈਕ੍ਰੋ ਵਿਸ਼ਲੇਸ਼ਣ।

5. ਹਾਈਡ੍ਰੋਜਨ ਇਲੈਕੱਟ੍ਰੋਡ, ਕੱਚ ਦੀ ਇਲੈੱਕਟ੍ਰੋਡ ਜਾਂ ਸੂਚਕ ਫ਼ੋਟੋਮੀਟਰੀ ਦੁਆਰਾ ਪੀ. ਐਚ. ਦਾ ਪਤਾ ਲਾਉਣਾ।

6. ਘੋਲ ਵਿਚ ਵੱਡੇ ਅਣੂਆਂ ਦੇ ਨਖੇੜ ਜਾਂ ਸਸਪੈਂਸ਼ਨ ਵਿਚ ਸੈੱਲ ਕਣਾਂ ਦੇ ਨਖੇੜ ਲਈ ਅਤਿ ਸੂਖਮ ਅਪਕੇਂਦਰਨ।

7. ਵੱਡੇ ਚਾਰਜਿਤ ਅਣੂਆਂ ਦੇ ਨਖੇੜ ਲਈ ਬਿਜਲਈ ਕਣ ਸੰਚਾਲਨ।

8. ਘੁਲੇ ਹੋਏ ਪਦਾਰਥਾਂ ਦਾ ਵਿਭੇਦੀ ਸੜ੍ਹਾ ਸੋਖਣ ਲਈ ਈਲੂਸ਼ਨ ਦੁਆਰਾ ਨਖੇੜ ਜਿਸ ਨੂੰ ਕ੍ਰੋਮੈਟੋਗ੍ਰਾਫ਼ੀ ਕਿਹਾ ਜਾਂਦਾ ਹੈ, ਕਿਉਂਕਿ ਵੱਖਰੇ ਕੀਤੇ ਪਦਾਰਥਾਂ ਦੀ ਪਛਾਣ ਲਈ ਰੰਗ ਵਰਤਿਆ ਗਿਆ ਸੀ।

9. ਗੈਸ ਫੇਜ਼ ਵਿਚ ਪਦਾਰਥਾਂ ਦੇ ਨਖੇੜ ਲਈ ਗੈਸਾਂ ਦੀ ਕ੍ਰੋਮੈਟੋਗ੍ਰਾਫ਼ੀ।

10. ਬਾਇਆਲੌਜੀਕਲ ਪਰਖਾਂ—ਜਿਨ੍ਹਾਂ ਵਿਚ ਸਾਰੇ ਜਾਂ ਵੱਖਰੇ ਕੀਤੇ ਅੰਸ਼ਾਂ ਦੀਆਂ ਕਿਰਿਆਵਾਂ ਦੀ ਵਰਤੋਂ ਪੌਸ਼ਟਿਕ, ਜ਼ਹਿਰੀਲੇ ਜਾਂ ਦੂਸਰੇ ਕਿਰਿਆਸ਼ੀਲ ਪਦਾਰਥਾਂ ਦੀ ਹੋਂਦ, ਮਾਤਰਾ ਅਤੇ ਪ੍ਰਭਾਵਾਂ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਹੈ।

11. ਆਰਗੈਨਿਕ ਪਦਾਰਥਾਂ ਦਾ ਸੰਸ਼ਲੇਸ਼ਣ—ਜਿਸ ਤੋਂ ਇਨ੍ਹਾਂ ਦੀ ਅਣਵੀ ਬਣਤਰ ਦਾ ਪਤਾ ਲੱਗਦਾ ਹੈ।

12. ਕਿਰਿਆਵਾਂ ਦੁਆਰਾ ਅਗਲੇ ਐਟਮਾਂ ਦੀ ਸਮਸਥਾਨਕ ਲੇਬਲਕਾਰੀ—ਜਿਸ ਨਾਲ ਤੰਤੂਆਂ ਵਿਚ ਸਮਸਥਾਨਕ ਮਿਣਤੀ ਜਾਂ ਰੇਡੀਓਗ੍ਰਾਫ਼ੀ ਦੁਆਰਾ ਤੱਤਾਂ ਦਾ ਪਤਾ ਲਾਇਆ ਜਾਂਦਾ ਹੈ ਅਤੇ ਨਿਊਟ੍ਰਾਨਾਂ ਦੀ ਬੰਬਾਰੀ ਦੁਆਰਾ ਅਲਟ੍ਰਾ-ਮਾਈਕ੍ਰੋ ਵਿਸ਼ਲੇਸ਼ਣ ਅਤੇ ਸਕਿਰਿਆਕਰਨ ਵਿਸ਼ਲੇਸ਼ਣ।

ਹ. ਪੁ.—ਐਨ. ਬ੍ਰਿ. 3 : 630; ਐਨ. ਅਮੇ. 3 : 717; ਮੈਕ. ਐਨ. ਸ. ਟ. 2 : 199

**ਜੀਵ ਵਿਕਾਸ** : ਵਿਕਾਸ ਉਹ ਵਿਧੀ ਹੈ ਜਿਸ ਰਾਹੀਂ ਜਿਉਂਦੇ ਜੀਵ ਅਜੋਕਾ ਰੂਪ ਧਾਰ ਸਕੇ ਹਨ। ਉਨ੍ਹੀਵੀਂ ਸਦੀ ਦੇ ਮੱਧ ਵਿਚ ਇਕ ਬਰਤਾਨਵੀ ਪ੍ਰਕਿਰਤੀਵਾਦੀ ਚਾਰਲਸ ਡਾਰਵਿਨ ਨੇ ਜੀਵ-ਵਿਕਾਸ ਦਾ ਸਿਧਾਂਤ ਦਿੱਤਾ ਜਿਸ ਉੱਤੇ ਅਜੋਕੇ ਜੀਵ-ਵਿਗਿਆਨ ਦਾ ਬਹੁਤ ਹਿੱਸਾ ਅਧਾਰਿਤ ਹੈ। ਇਸ ਸਿਧਾਂਤ ਅਨੁਸਾਰ ਇਕ ਕਿਸਮ ਜਾਂ ਇਕ ਗਰੁੱਪ ਦੇ ਜੀਵ ਜਿਨ੍ਹਾਂ ਨੂੰ ਇਕ 'ਜਾਤੀ' ਕਿਹਾ ਜਾ ਸਕਦਾ ਹੈ, ਸਮਾਂ ਬੀਤਣ ਦੇ ਨਾਲ ਆਪਣੀ ਮੂਲਕ ਕਿਸਮ ਤੋਂ ਵੱਖਰੇ ਦਿੱਸਣ ਲੱਗ ਜਾਂਦੇ ਹਨ। ਇਸੇ ਤਰ੍ਹਾਂ ਪੌਦਿਆਂ ਅਤੇ ਪ੍ਰਾਣੀਆਂ ਦੀਆਂ ਅਜੋਕੀਆਂ ਕਿਸਮਾਂ ਆਪਣੀਆਂ ਪੂਰਵਜ ਭਿੰਨ ਕਿਸਮਾਂ ਤੋਂ ਪੈਦਾ ਹੋਈਆਂ ਹਨ ਅਤੇ ਉਹ ਪੂਰਵਜ ਕਿਸਮਾਂ ਅੱਗੋਂ ਹੋਰ ਭਿੰਨ, ਮੂਲਕ ਕਿਸਮਾਂ ਤੋਂ ਪੈਦਾ ਹੋਈਆਂ ਹਨ। ਕਿਸੇ ਸਮੇਂ ਵਿਚ ਜੀਵਾਂ ਦੀਆਂ ਸਿਰਫ ਥੋੜ੍ਹੀਆਂ ਜਿਹੀਆਂ ਕਿਸਮਾਂ ਹੀ ਹੁੰਦੀਆਂ ਹੋਣਗੀਆਂ ਜਿਨ੍ਹਾਂ ਦਾ ਅੱਗੋਂ ਕਈ ਦਿਸ਼ਾਵਾਂ ਵੱਲ ਵਿਕਾਸ ਹੋਇਆ ਅਤੇ ਇਨ੍ਹਾਂ ਤੋਂ ਕਈ ਕਿਸਮਾਂ ਦੇ ਜੀਵ ਪੈਦਾ ਹੋਏ ਜਿਹੜੇ ਇਸ ਖਿਆਲ ਤੋਂ ਇਕ ਦੂਜੇ ਨਾਲ ਸਬੰਧਤ ਸਮਝੇ ਜਾਂਦੇ ਹਨ ਕਿ ਇਹ ਕਿਸੇ ਸਾਂਝੇ ਪੂਰਵਜਾਂ ਤੋਂ ਪੈਦਾ ਹੋਏ ਹਨ ਜਿਵੇਂ ਸਾਰੇ ਸਥੱਲੀ ਪ੍ਰਾਣੀ, ਜਲ-ਥਲੀ

ਜੀਵ, ਰੀਂਗਣੇ ਪ੍ਰਾਣੀ, ਪੰਛੀ ਅਤੇ ਥਣਧਾਰੀ ਪ੍ਰਾਣੀ ਇਕ ਸਾਂਝੇ ਪੂਰਵਜ, ਕ੍ਰਾਸਾਪਟੇਰਿਜਿਅਨ ਮੱਛੀਆਂ ਤੋਂ ਪੈਦਾ ਹੋਏ ਸਮਝੇ ਜਾਂਦੇ ਹਨ। ਫਿਰ ਬਾਅਦ ਵਿਚ ਰੀਂਗਣੇ ਪ੍ਰਾਣੀਆਂ ਦੇ ਇਕ ਗਰੁੱਪ ਕਾਟਿਲੋਸਰਾਂ ਤੋਂ ਵੱਖ-ਵੱਖ ਦਿਸ਼ਾਵਾਂ ਵਿਚ ਵਿਕਾਸ ਹੋ ਕੇ ਵੱਖ-ਵੱਖ ਕਿਸਮਾਂ ਦੇ ਰੀਂਗਣੇ ਪ੍ਰਾਣੀ, ਪੰਛੀ ਅਤੇ ਥਣਧਾਰੀ ਪ੍ਰਾਣੀ ਬਣੇ। ਜੀਵ-ਵਿਕਾਸ ਹੋਣ ਬਾਰੇ ਸਾਨੂੰ ਬਹੁਤ ਪ੍ਰਮਾਣ ਮਿਲਦੇ ਹਨ।

## ਜੀਵ ਵਿਕਾਸ ਦੇ ਪ੍ਰਮਾਣ

**ਸਮਜਾਤੀ ਸਮਾਨਤਾਵਾਂ**—ਬਿਲਕੁਲ ਵੱਖਰੀ ਕਿਸਮ ਦਾ ਜੀਵਨ ਜਿਉਂਣ ਵਾਲੇ ਪ੍ਰਾਣੀਆਂ ਵਿਚ ਵੀ ਕੁਝ ਮੂਲ ਸਮਾਨਤਾਵਾਂ ਮਿਲਦੀਆਂ ਹਨ ਜਿਨ੍ਹਾਂ ਨੂੰ ਸਮਜਾਤੀ ਸਮਾਨਤਾਵਾਂ ਕਹਿੰਦੇ ਹਨ।

**ਬਣਤਰ ਵਿਚ ਸਮਾਨਤਾ**—ਮਨੁੱਖ ਦੀ ਬਾਂਹ ਅਤੇ ਪੰਛੀ ਦੇ ਖੰਭਾਂ ਦੀਆਂ ਹੱਡੀਆਂ ਬਿਲਕੁਲ ਇਕੋ ਜਿਹੀਆਂ ਹਨ ਭਾਵੇਂ ਦੋਨੋਂ ਇਨ੍ਹਾਂ ਨੂੰ ਬਿਲਕੁਲ ਵੱਖਰੇ ਕੰਮਾਂ ਲਈ ਵਰਤਦੇ ਹਨ। ਸਾਰੇ ਸਥੱਲੀ ਪ੍ਰਾਣੀਆਂ ਵਿਚ ਬਾਂਹ ਦੀਆਂ ਹੱਡੀਆਂ ਦਾ ਮੂਲਕ ਇਹੀ ਪੈਟਰਨ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਸਾਰੇ ਸਥੱਲੀ ਪ੍ਰਾਣੀ ਕਿਸੇ ਸਾਂਝੇ ਪੂਰਵਜ ਤੋਂ ਵਿਕਾਸ ਰਾਹੀਂ ਪੈਦਾ ਹੋਏ ਹਨ।

**ਅਵਸ਼ੇਸ਼ ਅੰਗਾਂ ਵਿਚ ਸਮਾਨਤਾ**—ਕੁਝ ਪ੍ਰਾਣੀਆਂ ਵਿਚ ਕੁਝ ਅਵਸ਼ੇਸ਼ ਅੰਗ ਮਿਲਦੇ ਹਨ ਜਿਹੜੇ ਪੂਰਵਜ ਕਿਸਮਾਂ ਵਿਚ ਕੋਈ ਖਾਸ ਕੰਮ ਕਰਦੇ ਸਨ। ਮਨੁੱਖ ਦੀ ਪਾਚਨ ਨਲੀ ਦੀ ਸੀਕਮ ਅਤੇ ਵਰਮਰੂਪ ਆਂਦਰ-ਉਪਅੰਗ ਇਸੇ ਦੀਆਂ ਉਦਾਹਰਣਾਂ ਹਨ। ਕੁਝ ਬਨਸਪਤੀ ਆਹਾਰੀ ਪ੍ਰਾਣੀ ਜਿਵੇਂ ਖਰਗੋਸ਼ ਵਿਚ ਸੀਕਮ ਵਿਚ ਅੱਧ ਪੱਚੀ ਖੁਰਾਕ ਜਮ੍ਹਾਂ ਹੁੰਦੀ ਹੈ।




ਰੀੜ੍ਹਧਾਰੀ ਪ੍ਰਾਣੀਆਂ ਦੀਆਂ ਬਾਹਾਂ, (ੳ) ਡੱਡੂ, (ਅ) ਇਕਥੀਓਸੋਰਸ, (ੲ) ਪੰਛੀ, (ਸ) ਵੇਲ੍ਹ, (ਹ) ਘੋੜਾ, (ਕ) ਆਦਮੀ

**ਭਰੂਣ ਵਿਚ ਸਮਾਨਤਾਵਾਂ**—ਸਾਰੇ ਰੀੜ੍ਹਧਾਰੀ ਪ੍ਰਾਣੀਆਂ ਦੇ ਭਰੂਣ ਸ਼ੁਰੂ ਵਿਚ ਇਕ ਦੂਜੇ ਨਾਲ ਮਿਲਦੇ ਜੁਲਦੇ ਹੁੰਦੇ ਹਨ ਪਰ ਜਿਉਂ-ਜਿਉਂ ਭਰੂਣ ਦਾ ਵਿਕਾਸ ਹੁੰਦਾ ਜਾਂਦਾ ਹੈ ਉਨ੍ਹਾਂ ਵਿਚ ਅਸਮਾਨਤਾਵਾਂ ਵਧਦੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਉੱਚ ਪੱਧਰੀ ਪ੍ਰਾਣੀਆਂ ਦੇ ਭਰੂਣ ਜਿਹੜੀਆਂ ਹਾਲਤਾਂ ਵਿਚੋਂ ਲੰਘਦੇ ਹਨ ਉਹ ਕੁਝ ਨਿਮਨ ਪੱਧਰ ਪ੍ਰਾਣੀਆਂ ਦੇ ਭਰੂਣਾਂ ਵਿਚ ਮਿਲਦੀਆਂ ਹਨ। ਇਸ ਵਿਧੀ ਨੂੰ ਪੁਨਰ ਚੱਕਰ ਕਹਿੰਦੇ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਨਿਮਨ-ਪੱਧਰ ਪ੍ਰਾਣੀ, ਉੱਚ ਪੱਧਰੀ ਪ੍ਰਾਣੀਆਂ ਦੇ ਪੂਰਵਜ ਹਨ।

**ਸੂਖ਼ਮਦਰਸ਼ੀ ਸਮਾਨਤਾਵਾਂ**—ਸਾਰੇ ਜੀਵਾਂ ਦੀ ਮੂਲਕ ਇਕਾਈ ਸੈੱਲ ਹੈ ਅਤੇ ਉਸ ਵਿਚਲੇ ਨਿਊਕਲੀਆਈ ਅਤੇ ਗੁਣਸੂਤਰ ਸਭ ਵਿਚ ਇਕੋ ਜਿਹੇ ਹਨ। ਸਾਰੇ ਪੌਦੇ ਅਤੇ ਪ੍ਰਾਣੀਆਂ ਦੇ ਸੈੱਲ ਮਾਈਟਾਸਿਸ ਦੀ ਵਿਧੀ ਰਾਹੀਂ ਵੰਡੀਜਦੇ ਅਤੇ ਮਾਈਓਸਿਸ ਦੀ ਵਿਧੀ ਰਾਹੀਂ ਗੈਮੀਟ ਬਣਾਉਂਦੇ ਹਨ।




ਰੀੜ੍ਹਧਾਰੀ ਪ੍ਰਾਣੀਆਂ ਦੇ ਭਰੂਣ : (ੳ) ਮੱਛੀ, (ਅ) ਸਮੰਦਰ, (ੲ) ਕੱਛੂਕੁਮਾ, (ਸ) ਕੁੱਕੜ, (ਹ) ਮਨੁੱਖ

**ਜੀਵ ਰਸਾਇਣਿਕ ਅਤੇ ਸਰੀਰ ਕਿਰਿਆਵਾਂ ਵਿਚ ਸਮਾਨਤਾ**—ਸਾਰੇ ਜੀਵਾਂ ਦੇ ਸੈੱਲ ਇਕੋ ਜਿਹੇ ਜਿਉਂਦੇ ਪਦਾਰਥ, ਜੀਵ ਪਦਾਰਥ ਦੇ ਬਣੇ ਹੁੰਦੇ ਹਨ ਜਿਸ ਦੀ ਰਸਾਇਣਿਕ ਰਚਨਾ ਸਾਰੇ ਪੌਦਿਆਂ ਅਤੇ ਪ੍ਰਾਣੀਆਂ ਵਿਚ ਇਕੋ ਜਿਹੀ ਹੈ। ਇਸੇ ਤਰ੍ਹਾਂ ਪ੍ਰਾਣੀਆਂ ਦੇ ਲਹੂ ਦੀ ਰਚਨਾ ਵੀ ਇਕੋ ਜਿਹੀ ਹੈ ਜਿਸ ਤੋਂ ਉਨ੍ਹਾਂ ਦੇ ਸਾਂਝੇ ਪੂਰਵਜਾਂ ਦਾ ਅਨੁਮਾਨ ਲੱਗਦਾ ਹੈ।

ਜੀਵਾਂ ਦੀਆਂ ਕਿਰਿਆਵਾਂ ਅਤੇ ਅੰਗਾਂ ਵਿਚ ਵੀ ਬਹੁਤ ਸਮਾਨਤਾ ਮਿਲਦੀ ਹੈ। ਭਿੰਨ-ਭਿੰਨ ਤਰ੍ਹਾਂ ਦੇ ਜੀਵਾਂ ਵਿਚ ਵੀ ਮੈਟਾਬੋਲਿਜ਼ਮ ਦੀ ਕਿਰਿਆ ਵਿਚ ਬਹੁਤ ਸਮਾਨਤਾ ਹੈ।

**ਭੂਗੋਲਿਕ ਵੰਡ**—ਜੀਵਾਂ ਦੀ ਭੂਗੋਲਿਕ ਵੰਡ ਤੋਂ ਵੀ ਜੀਵ ਵਿਕਾਸ ਦਾ ਪ੍ਰਮਾਣ ਮਿਲਦਾ ਹੈ। ਕਈ ਕਿਸਮਾਂ ਉਨ੍ਹਾਂ ਇਲਾਕਿਆਂ ਵਿਚ ਨਹੀਂ ਮਿਲਦੀਆਂ ਜਿਹੜੇ ਉਨ੍ਹਾਂ ਦੀ ਜ਼ਿੰਦਗੀ ਨੂੰ ਜ਼ਿਆਦਾ ਮਾਫ਼ਕ ਹਨ; ਇਸ ਦਾ ਕਾਰਨ ਸੀ ਕਿ ਉਹ ਉਥੇ ਤੱਕ ਪਹੁੰਚ ਨਹੀਂ ਸਕਦੇ ਸਨ। ਕਈ ਸਮੁੰਦਰੀ ਟਾਪੂਆਂ ਉੱਤੇ ਮਿਲਦੇ ਪੌਦੇ ਅਤੇ ਪ੍ਰਾਣੀਆਂ ਦਾ ਇਹੀ ਕਾਰਨ ਹੈ ਕਿ ਉਹੀ ਕਿਸਮਾਂ ਉਥੇ ਤੱਕ ਪਹੁੰਚ ਸਕੀਆਂ ਹਨ ਪਰ ਦੂਜੀਆਂ ਕਈ ਕਿਸਮਾਂ ਜਿਨ੍ਹਾਂ ਦੀ ਜ਼ਿੰਦਗੀ ਨੂੰ ਉਹ ਜ਼ਿਆਦਾ ਮਾਫ਼ਕ ਹਨ, ਉਥੇ ਨਹੀਂ ਮਿਲਦੀਆਂ। ਸੋ ਕੋਈ ਵੀ ਕਿਸਮ ਕਿਧਰੇ ਪੈਦਾ ਹੁੰਦੀ ਹੈ ਅਤੇ ਉਥੇ ਤੱਕ ਪਹੁੰਚ ਜਾਂਦੀ ਹੈ ਜਿਥੇ ਤੱਕ ਉਨ੍ਹਾਂ ਦਾ ਪਹੁੰਚਣਾ ਸੰਭਵ ਹੈ। ਜਦੋਂ ਕੋਈ ਕਿਸਮ ਇਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਦੀ ਹੈ ਤਾਂ ਉਸ ਵਿਚ ਥੋੜ੍ਹੀ ਬਹੁਤ ਤਬਦੀਲੀ ਆ ਜਾਂਦੀ ਹੈ। ਇਸ ਤਰ੍ਹਾਂ ਨੇੜੇ ਨੇੜੇ ਦੇ ਇਲਾਕਿਆਂ ਵਿਚ ਮਿਲਣ ਵਾਲੀਆਂ ਜਾਤੀਆਂ ਵਿਚ ਫ਼ਰਕ ਹੁੰਦਾ ਹੈ। ਇਸ ਤਰ੍ਹਾਂ ਇਕ ਕਿਸਮ ਕਈ ਥਾਵਾਂ ਤੱਕ ਫੈਲ ਜਾਂਦੀ ਹੈ ਪਰ ਕਈ ਵਾਰ ਇਨ੍ਹਾਂ ਵਿਚੋਂ ਕਿਸੇ ਥਾਂ ਤੋਂ ਉਹ ਕਿਸਮ ਲੁਪਤ ਹੋ ਜਾਂਦੀ ਹੈ ਪਰ ਉਸ ਤੋਂ ਬਹੁਤ ਦੂਰ ਇਲਾਕਿਆਂ ਵਿਚ ਮਿਲਦੀ ਰਹਿੰਦੀ ਹੈ। ਦੱਖਣੀ ਅਮਰੀਕਾ ਦੇ ਲਾਮਾ ਅਤੇ ਅਫ਼ਰੀਕਾ ਤੇ ਏਸ਼ੀਆ ਦੇ ਊਠ ਇਸੇ ਦੀ ਉਦਾਹਰਨ ਹਨ। ਪਥਰਾਟਾਂ ਤੋਂ ਪਤਾ ਲੱਗਦਾ ਹੈ ਕਿ ਊਠ

ਕੁਲ ਉੱਤਰੀ ਅਮਰੀਕਾ ਵਿਚ ਪੈਦਾ ਹੋਈ ਤੇ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਤੱਕ ਫੈਲ ਗਈ ਪਰ ਫਿਰ ਉੱਤਰੀ ਅਮਰੀਕਾ ਵਿਚ ਇਹ ਲੁਪਤ ਹੋ ਗਈ ਅਤੇ ਇਸ ਦੀ ਵੰਡ ਦੀ ਨਿਰੰਤਰ ਲੜੀ ਟੁੱਟ ਗਈ ਹੈ।

**ਪਥਰਾਟ**—ਜੀਵ ਵਿਕਾਸ ਦਾ ਸਿੱਧੇ ਤੌਰ ਤੇ ਪ੍ਰਮਾਣ ਪਥਰਾਟਾਂ ਦੇ ਅਧਿਐਨ ਤੋਂ ਮਿਲਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਬਾਅਦ




**ਘੋੜੇ ਦੇ ਵਿਕਾਸ ਦੀਆਂ ਕੁਝ ਹਾਲਤਾਂ (1) ਈਓਹਿਪਸ, (2) ਮੀਜ਼ੋਹਿਪਸ,**

ਦੀਆਂ ਜ਼ਿਆਦਾ ਗੁੰਝਲਦਾਰ ਅਤੇ ਵਿਸ਼ਿਸ਼ਟ ਕਿਸਮਾਂ ਸਧਾਰਨ ਪੂਰਵਜ ਅਤੇ ਘੱਟ ਵਿਕਸਿਤ ਕਿਸਮਾਂ ਤੋਂ ਨਿਕਲੀਆਂ ਹਨ। ਪਥਰਾਟਾਂ ਵਿਚੋਂ ਕਈ ਜੀਵਾਂ ਦੇ ਵਿਕਾਸ ਦੀਆਂ ਹਾਲਤਾਂ ਦੀ ਪੂਰੀ ਲੜੀ ਮਿਲਦੀ ਹੈ। ਲੜੀ ਦੀ ਹਰੇਕ ਕਿਸਮ ਆਪਣੇ ਤੋਂ ਅਗਲੀ ਅਤੇ ਪਿਛਲੀ ਕਿਸਮ ਤੋਂ ਥੋੜ੍ਹੀ ਬਹੁਤ ਫ਼ਰਕ ਵਾਲੀ ਹੈ ਪਰ ਸ਼ੁਰੂ ਅਤੇ ਅਖੀਰ ਵਾਲੀਆਂ ਕਿਸਮਾਂ ਆਪਸ ਵਿਚ ਬਹੁਤ ਫ਼ਰਕ ਵਾਲੀਆਂ ਹਨ। ਘੋੜੇ ਦੀ ਬੰਸਾਵਲੀ ਵਿਚ ਸ਼ੁਰੂ ਤੋਂ ਅਖੀਰ ਤੱਕ ਕ੍ਰਮਵਾਰ ਈਓਹਿਪਸ, ਮੀਜ਼ੋਹਿਪਸ, ਮਾਇਓਹਿਪਸ, ਪੈਰਾਹਿਪਸ, ਸੈਰੀਹਿਪਸ, ਪਲਾਇਓਹਿਪਸ ਅਤੇ ਈਕਵੱਸ ਘੋੜੇ ਮਿਲਦੇ ਹਨ। ਈਕਵੱਸ ਅਜੋਕੀ ਕਿਸਮ ਦਾ ਘੋੜਾ ਹੈ। ਪਰ ਬਹੁਤੀਆਂ ਕਿਸਮਾਂ ਦੇ ਪੂਰੇ ਪਥਰਾਟ ਉਪਲਬਧ ਨਹੀਂ ਹਨ। ਆਰਕੀਆਪਟੇਰਿਕਸ ਦੇ ਪਥਰਾਟ ਮਿਲਣ ਨਾਲ ਰੀਂਗਣੇ ਪ੍ਰਾਣੀਆਂ ਤੋਂ ਪੰਛੀਆਂ ਦਾ ਵਿਕਾਸ ਸਿੱਧ ਹੁੰਦਾ ਹੈ। ਇਹ ਇਕ ਅਜਿਹਾ ਪੰਛੀ ਹੈ ਜਿਸ ਦੇ ਬਹੁਤੇ ਲੱਛਣ ਰੀਂਗਣੇ ਪ੍ਰਾਣੀਆਂ ਵਾਲੇ ਹਨ ਜਿਵੇਂ ਦੰਦ, ਨਹੁੰਦਰਾਂ ਵਾਲੇ ਖੰਭ ਅਤੇ ਪੂਛ ਵਿਚ ਬਹੁਤ ਸਾਰੇ ਮਹੁਰਿਆਂ ਦਾ ਹੋਣਾ ਆਦਿ।

**ਜਣਨਿਕ ਪ੍ਰਮਾਣ**—ਇਸ ਤੱਥ ਦਾ ਪ੍ਰਮਾਣ ਕਿ ਜੀਵਾਂ ਵਿਚ ਤਬਦੀਲੀਆਂ ਆਉਂਦੀਆਂ ਹਨ, ਪੌਦਿਆਂ ਅਤੇ ਪ੍ਰਾਣੀਆਂ ਦੇ ਜਣਨ ਤੋਂ ਮਿਲ ਜਾਂਦਾ ਹੈ। ਕੁਝ ਤਬਦੀਲੀਆਂ ਅੱਗੋਂ ਅਗਲੀ ਪੀੜ੍ਹੀ ਵਿਚ ਚਲੀਆਂ ਜਾਂਦੀਆਂ ਹਨ ਅਤੇ ਇਸ ਦਾ ਫਾਇਦਾ ਉਠਾ ਕੇ ਹੀ ਕਾਸ਼ਤਯੋਗ ਪੌਦਿਆਂ ਅਤੇ ਪਾਲਤੂ ਪ੍ਰਾਣੀਆਂ ਦੀਆਂ ਕਈ ਨਵੀਆਂ ਕਿਸਮਾਂ ਪੈਦਾ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਕਈ ਤਬਦੀਲੀਆਂ ਜਿਵੇਂ ਕਿ ਉਤਪਰਿਵਰਤਨ ਨਾਲ ਜਰਮ-ਪਲਾਜ਼ਮ ਵਿਚ ਹੀ ਤਬਦੀਲੀ ਆ ਜਾਂਦੀ ਹੈ। ਇਹ ਉਤਪਰਿਵਰਤਨ ਜੰਗਲੀ ਅਤੇ ਪਾਲਤੂ ਦੋਨੋਂ ਕਿਸਮਾਂ ਵਿਚ ਕਦੇ ਵੀ ਇਕਦਮ ਆ ਜਾਂਦੇ ਹਨ। ਇਹ ਤਬਦੀਲੀਆਂ ਵਿਕਾਸ ਦੀਆਂ ਤਬਦੀਲੀਆਂ ਦਾ ਮੁੱਖ ਅਧਾਰ ਹਨ।

**ਵਿਕਾਸਗਤ ਤਬਦੀਲੀਆਂ ਦੇ ਸਾਧਨ ਅਤੇ ਤਰੀਕੇ**—ਉਨ੍ਹੀਵੀਂ ਸਦੀ ਤੋਂ ਜੀਵ ਵਿਕਾਸ ਦੇ ਮੈਕੇਨਿਜ਼ਮ ਦੇ ਹੇਠ ਲਿਖੇ ਮੁੱਖ ਦੋ ਸਿਧਾਂਤ ਦਿੱਤੇ ਗਏ ਹਨ।

**ਲੈਮਾਰਕਵਾਦ**—ਸੰਨ 1809 ਵਿਚ ਫ਼ਰਾਂਸ ਦੇ ਇਕ ਜੀਵ ਵਿਗਿਆਨੀ ਜੇ. ਬੀ. ਲੈਮਾਰਕ ਨੇ ਵਿਕਾਸ ਬਾਰੇ ਆਪਣਾ ਸਿੱਧਾਂਤ ਦਿੱਤਾ ਜਿਸਨੂੰ ਲੈਮਾਰਕਵਾਦ ਕਿਹਾ ਜਾਂਦਾ ਹੈ। ਉਸ ਨੇ ਦੱਸਿਆ ਕਿ ਜੀਵ ਹਮੇਸ਼ਾਂ ਹੀ ਵਾਤਾਵਰਨ ਵਿਚ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਅਤੇ ਇਸ ਕੋਸ਼ਿਸ਼ ਵਿਚ ਉਨ੍ਹਾਂ ਦੇ ਕੁਝ ਅੰਗਾਂ ਨੂੰ ਦੂਜਿਆਂ ਦੀ ਬਨਿਸਬਤ ਜ਼ਿਆਦਾ ਕੰਮ ਕਰਨਾ ਪੈਂਦਾ ਹੈ। ਇਸ ਦੇ ਫਲਸਰੂਪ ਉਹ ਅੰਗ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਵੱਡੇ, ਤਾਕਤਵਰ ਅਤੇ ਵਿਕਸ਼ਿਤ ਹੋ ਜਾਂਦੇ ਹਨ। ਇਨ੍ਹਾਂ ਤਬਦੀਲੀਆਂ ਨੂੰ ਉਪਾਰਜਿਤ ਜਾਂ ਗ੍ਰਹਿਣਿਤ ਲੱਛਣ ਕਿਹਾ ਜਾਂਦਾ ਹੈ ਕਿਉਂਕਿ ਜੀਵ ਆਪਣੀਆਂ ਲੋੜਾਂ ਅਨੁਸਾਰ ਇਹ ਲੱਛਣ ਪੈਦਾ ਕਰਦੇ ਹਨ। ਲੈਮਾਰਕ ਅਨੁਸਾਰ ਇਹ ਉਪਾਰਜਿਤ ਲੱਛਣ ਫਿਰ ਅੱਗੋਂ ਸੰਤਾਨ ਵਿਚ ਚਲੇ ਜਾਂਦੇ ਹਨ ਪਰ ਕਈ ਵਿਗਿਆਨੀ ਇਸ ਤੱਥ ਨੂੰ ਨਹੀਂ ਮੰਨਦੇ ਕਿ ਇਹ ਉਪਾਰਜਿਤ ਲੱਛਣ ਮਾਪਿਆਂ ਤੋਂ ਅੱਗੇ ਸੰਤਾਨ ਵਿਚ ਜਾਂਦੇ ਹਨ।

**ਡਾਰਵਿਨਵਾਦ**—ਸੰਨ 1858 ਵਿਚ ਚਾਰਲਸ ਡਾਰਵਿਨ ਅਤੇ ਐਲਫਰੈਡ ਰੱਸਲ ਵਾਲਿਸ ਨੇ ਪ੍ਰਕਿਰਤਿਕ ਚੋਣ ਰਾਹੀਂ ਵਿਕਾਸ ਦਾ ਸਿੱਧਾਂਤ ਦਿੱਤਾ ਅਤੇ 1859 ਵਿਚ ਡਾਰਵਿਨ ਨੇ ਸਿੱਧਾਂਤ 'ਦਾ ਓਰਿਜਨ ਆਫ਼ ਸਪੀਸ਼ਿਜ਼ ਬਾਇ ਮੀਨਜ਼ ਆਫ਼ ਨੈਚੁਰਲ ਸਿਲੈਕਸ਼ਨ' ਵਿਚ ਪ੍ਰਕਾਸ਼ਿਤ ਕੀਤਾ।

ਪ੍ਰਕਿਰਤੀ ਵਿਚ ਜੀਵਾਂ ਦੇ ਲਗਾਤਾਰ ਜਣਨ ਨਾਲ ਉਨ੍ਹਾਂ ਦੀ ਗਿਣਤੀ ਬਹੁਤ ਵਧ ਜਾਂਦੀ ਹੈ ਪਰ ਖ਼ੁਰਾਕ ਦੇ ਵਸੀਲੇ ਉੱਨੇ ਨਹੀਂ ਵੱਧਦੇ। ਉਨ੍ਹਾਂ ਵਿਚ ਆਪਸ ਵਿਚ ਜਿਊਣ ਲਈ 'ਜੀਵਨ ਸੰਘਰਸ਼' ਸ਼ੁਰੂ ਹੋ ਜਾਂਦਾ ਹੈ (ਵਿਸਥਾਰ ਲਈ ਵੇਖੋ ਜੀਵਨ ਸੰਘਰਸ਼)। ਇਸ ਸੰਘਰਸ਼ ਵਿਚ ਜਿਹੜੇ ਪ੍ਰਾਣੀ ਜਿੱਤ ਪ੍ਰਾਪਤ ਕਰਦੇ ਹਨ ਉਹ ਜਿਉਂਦੇ ਰਹਿ ਸਕਦੇ ਹਨ ਅਤੇ ਬਾਕੀ ਖ਼ਤਮ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਪ੍ਰਕਿਰਤਿਕ ਚੋਣ ਹੋ ਜਾਂਦੀ ਹੈ। ਇਨ੍ਹਾਂ ਜਿਉਂਦੇ ਰਹਿਣ ਵਾਲੇ ਜੀਵਾਂ ਵਿਚ ਆਈਆਂ ਤਬਦੀਲੀਆਂ ਅੱਗੋਂ ਸੰਤਾਨ ਵਿਚ ਚਲੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਉਤਪਰਿਵਰਤਨ ਕਹਿੰਦੇ ਹਨ। ਸੋ ਪ੍ਰਕਿਰਤਿਕ ਚੋਣ ਬਹੁਤਾ ਕਰਕੇ ਉਤਪਰਿਵਰਤਨਾਂ ਉੱਤੇ ਹੁੰਦੀ ਹੈ ਅਤੇ ਇਸ ਤਰ੍ਹਾਂ ਕੋਈ ਪੀੜ੍ਹੀ ਅਜਿਹੀ ਆ ਜਾਂਦੀ ਹੈ ਜਿਸ ਦੇ ਸਾਰੇ ਮੈਂਬਰ ਕਿਸੇ ਹੋਰ ਵਾਤਾਵਰਨ ਵਿਚ ਚਲੇ ਜਾਂਦੇ ਹਨ ਜਾਂ ਵਾਤਾਵਰਨਕ ਹਾਲਤਾਂ ਬਦਲ ਜਾਂਦੀਆਂ ਹਨ ਤਾਂ ਇਥੇ ਪ੍ਰਕਿਰਤਿਕ ਚੋਣ ਹੋਰ ਕਿਸੇ ਉਤਪਰਿਵਰਤਨਾਂ ਵੱਲ ਪ੍ਰੇਰਿਤ ਹੁੰਦੀ ਹੈ। ਇਸੇ ਤਰ੍ਹਾਂ ਸਮਾਂ ਬੀਤਣ ਦੇ ਨਾਲ ਇਥੋਂ ਦੇ ਜੀਵਾਂ ਵਿਚ ਉਹੋ ਜਿਹੇ ਲੱਛਣ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨਾਲ ਇਹ ਜੀਵ ਪੁਰਾਣਿਆਂ ਨਾਲੋਂ ਵੱਖਰੇ ਹੋ ਜਾਂਦੇ ਹਨ। ਇਸ ਤਰ੍ਹਾਂ ਇਹ ਇਕ ਵੱਖਰੀ 'ਜਾਤੀ' ਬਣ ਜਾਂਦੇ ਹਨ।

**ਭੂਗੋਲਿਕ ਵਿਤਕਰੇ**—ਇਹ ਵੱਖਰੀਆਂ ਜਾਤੀਆਂ ਭਾਵੇਂ ਇਕੋ ਸਾਂਝੀ ਜਾਤੀ ਵਿਚੋਂ ਬਣਦੀਆਂ ਹਨ, ਇਹ ਸ਼ਾਇਦ ਥਾਂ ਦੀ ਦੂਰੀ ਕਰਕੇ ਵੀ ਹੋ ਸਕਦੀਆਂ ਹਨ। ਇਸ ਤਰ੍ਹਾਂ ਇਕ ਥਾਂ ਦੇ ਜੀਵਾਂ ਵਿਚ ਆਏ ਉਤਪਰਿਵਰਤਨ ਦੂਜੇ ਥਾਂ ਦੇ ਜੀਵਾਂ ਦੇ ਉਤਪਰਿਵਰਤਨਾਂ ਤੋਂ ਬਿਲਕੁਲ ਵੱਖਰੇ ਹੁੰਦੇ ਹਨ ਅਤੇ ਸਮਾਂ ਬੀਤਣ ਨਾਲ ਇਨ੍ਹਾਂ ਦੋਨਾਂ ਥਾਵਾਂ ਦੇ ਜੀਵਾਂ ਵਿਚ ਫ਼ਰਕ ਵਧਦੇ ਰਹਿੰਦੇ ਹਨ।

**ਜਣਨ ਵਿਤਕਰੇ**—ਇਸ ਤਰ੍ਹਾਂ ਵੱਖ-ਵੱਖ ਥਾਵਾਂ ਦੇ ਜੀਵਾਂ ਵਿਚ ਫ਼ਰਕ ਇੰਨੇ ਜ਼ਿਆਦਾ ਆ ਜਾਂਦੇ ਹਨ ਕਿ ਇਹ ਦੋਨੋਂ ਕਿਸਮਾਂ ਆਪਸ ਵਿਚ ਜਣਨ ਨਹੀਂ ਕਰ ਸਕਦੀਆਂ ਅਤੇ ਜਣਨ ਵਿਤਕਰੇ ਪੈਦਾ ਹੋ ਜਾਂਦੇ ਹਨ। ਇਸ ਤਰ੍ਹਾਂ ਇਹ ਜੀਵ ਬਿਲਕੁਲ ਵੱਖਰੀਆਂ ਜਾਤੀਆਂ ਬਣ ਜਾਂਦੀਆਂ ਹਨ। ਬਹੁਤੇ ਵਿਗਿਆਨੀਆਂ ਅਨੁਸਾਰ ਇਸ ਤਰ੍ਹਾਂ ਫ਼ਰਕ ਲਗਾਤਾਰ ਵਧਦੇ ਜਾਣ ਨਾਲ ਨਵੀਆਂ ਪ੍ਰਜਾਤੀਆਂ, ਕੁਲਾਂ, ਵਰਗਾਂ ਅਤੇ ਸ਼੍ਰੇਣੀਆਂ ਵੀ ਬਣ ਸਕਦੀਆਂ ਹਨ।

ਹ. ਪੁ.–ਮੈਕ. ਐਨ. ਸ. ਟ. 5 : 130; ਕਾ. ਜੂ. ਜਾਰਡਨ : 639

**ਜੀਵ ਵਿਗਿਆਨ** : ਜੀਵ ਧਾਰੀਆਂ ਨਾਲ ਸਬੰਧਤ ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਨੂੰ ਇਕੱਠਾ ਜੀਵ ਵਿਗਿਆਨ ਕਿਹਾ ਜਾਂਦਾ ਹੈ। ਇਸ ਅਧੀਨ ਮੁੱਖ ਤੌਰ ਤੇ (1) ਬਨਸਪਤੀ ਵਿਗਿਆਨ (ਪੌਦਿਆਂ ਨਾਲ ਸਬੰਧਤ), (2) ਪ੍ਰਾਣੀ ਵਿਗਿਆਨ (ਜੰਤੂਆਂ ਨਾਲ ਸਬੰਧਤ), ਅਤੇ (3) ਜੀਵਾਣੂ ਵਿਗਿਆਨ (ਸੂਖਮ ਜੀਵਾਂ ਨਾਲ ਸਬੰਧਤ) ਆਉਂਦੇ ਹਨ। 'ਜੀਵ' ਸ਼ਬਦ ਦੀ ਵਰਤੋਂ ਇਥੇ ਪੌਦੇ ਅਤੇ ਪ੍ਰਾਣੀ ਦੋਹਾਂ ਲਈ ਸਾਂਝੀ ਕੀਤੀ ਗਈ ਹੈ।

**ਜੀਵ ਪ੍ਰਕ੍ਰਿਤੀ**—ਜੀਵ ਆਪਣੇ ਨਾਪ, ਆਕਾਰ, ਵਾਤਾਵਰਨ, ਰਹਿਣ-ਸਹਿਣ ਅਤੇ ਹੋਰ ਕਈ ਗੁਣਾਂ ਕਰਕੇ ਇਕ ਦੂਜੇ ਤੋਂ ਵਿਭਿੰਨ ਹਨ। ਜੰਤੂਆਂ ਅਤੇ ਪੌਦਿਆਂ ਦੀਆਂ ਬਹੁਤ ਸਾਰੀਆ ਕਿਸਮਾਂ ਮਿਲਦੀਆਂ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਦੋ ਆਪਸ ਵਿਚ ਨਹੀਂ ਰਲਦੇ। ਉਨ੍ਹਾਂ ਵਿਚ ਕੁਝ ਨਾ ਕੁਝ ਫ਼ਰਕ ਜ਼ਰੂਰ ਹੁੰਦੇ ਹਨ। ਵਾਤਾਵਰਨ ਦੀ ਦ੍ਰਿਸ਼ਟੀ ਤੋਂ ਜੇਕਰ ਦੇਖਿਆ ਜਾਵੇ ਤਾਂ ਧਰਤੀ ਤੇ ਸ਼ਾਇਦ ਹੀ ਕੋਈ ਅਜਿਹੀ ਥਾਂ ਹੋਵੇਗੀ ਜਿਥੇ ਕਿਸੇ ਨਾ ਕਿਸੇ ਕਿਸਮ ਦੇ ਜੀਵ ਨਾ ਮਿਲਦੇ ਹੋਣ। ਇਹ ਜਲ, ਥਲ ਸਭ ਥਾਵਾਂ ਤੇ ਮਿਲ ਜਾਂਦੇ ਹਨ। ਜੀਵ ਸੁਤੰਤਰ, ਸਮੂਹਕ, ਸਮਾਜਿਕ, ਪਰਜੀਵੀ, ਸਹਿਜੀਵੀ ਆਦਿ ਅਨੇਕਾਂ ਤਰੀਕਿਆਂ ਨਾਲ ਜੀਵਨ ਬਤੀਤ ਕਰਨ ਵਾਲੇ ਮਿਲਦੇ ਹਨ।

ਜੀਵਾਂ ਦੇ ਕੁਝ ਖਾਸ ਗੁਣ–

ਜਿਉਂਦੇ ਅਤੇ ਨਿਰਜੀਵ ਪਦਾਰਥਾਂ ਵਿਚ (ਵਿਸ਼ਾਣੂਆਂ ਨੂੰ ਛੱਡ ਕੇ) ਕੁਝ ਪ੍ਰਤੱਖ ਫ਼ਰਕ ਹੇਠ ਲਿਖੇ ਅਨੁਸਾਰ ਹਨ–

**ਨਿਸ਼ਚਿਤ ਆਕਾਰ ਅਤੇ ਆਕ੍ਰਿਤੀ**—ਹਰੇਕ ਜੀਵ ਦਾ ਇਕ ਖ਼ਾਸ ਆਕਾਰ ਅਤੇ ਸ਼ਕਲ ਸੂਰਤ ਹੁੰਦੀ ਹੈ ਜਿਸ ਕਰਕੇ ਇਹ ਦੂਜੇ ਜੀਵਾਂ ਤੋਂ ਪਛਾਣਿਆ ਜਾਂਦਾ ਹੈ।

**ਹੋਮਿਓਸਟੈਸਿਸ**—ਸਾਰੇ ਜਿਉਂਦੇ ਜੀਵ ਆਪਣੇ ਅੰਦਰ ਇਕ ਸਥਿਰ ਅੰਦਰੂਨੀ ਵਾਤਾਵਰਨ ਕਾਇਮ ਰੱਖਦੇ ਹਨ।

**ਸਮਰੂਪਤਾ**—ਸਾਰੇ ਜਿਉਂਦੇ ਜੀਵਾਂ ਵਿਚ ਇਕ ਸਾਂਝਾ ਲੱਛਣ ਹੈ ਕਿ ਇਨ੍ਹਾਂ ਸਾਰਿਆਂ ਦੀ ਮੂਲਕ ਇਕਾਈ ਸੈੱਲ ਹੈ ਅਤੇ ਉਨ੍ਹਾਂ ਦੇ ਰਸਾਇਣਿਕ ਪਦਾਰਥ ਸਾਰੇ ਸੈੱਲਾਂ ਵਿਚ ਲਗਭਗ ਇਕੋ ਜਿਹੇ ਹੀ ਹੁੰਦੇ ਹਨ।

**ਵ੍ਰਿਧੀ**—ਸਾਰੇ ਜੀਵਾਂ ਦੇ ਸਰੀਰ ਵਿਚ ਹੌਲੀ-ਹੌਲੀ ਵਾਧਾ ਹੁੰਦਾ ਰਹਿੰਦਾ ਹੈ। ਇਹ ਵਾਧਾ ਉਨ੍ਹਾਂ ਦੇ ਸਰੀਰ ਦੇ ਅੰਦਰਲੇ ਅੰਗਾਂ ਅਤੇ ਹਿੱਸਿਆਂ ਵਿਚ ਹੁੰਦਾ ਹੈ।

**ਸਵੈਅੰਗੀਕਰਨ ਦੀ ਸ਼ਕਤੀ**—ਜੀਵਧਾਰੀ ਵਿਭਿੰਨ ਕਿਸਮਾਂ ਦੇ ਜਾਨਦਾਰ ਅਤੇ ਬੇਜਾਨ ਖਾਧ ਪਦਾਰਥਾਂ ਤੋਂ ਆਪਣੇ ਸਰੀਰ ਦੇ ਤੱਤ ਜਿਵੇਂ ਮਾਸ, ਲਹੂ, ਹੱਡੀਆਂ ਆਦਿ ਬਣਾ ਸਕਦੇ ਹਨ।

**ਜਣਨ ਸ਼ਕਤੀ**—ਜੀਵਧਾਰੀਆਂ ਵਿਚ ਆਪਣੀ ਹੀ ਕਿਸਮ ਦੇ ਦੂਜੇ ਜੀਵ ਪੈਦਾ ਕਰਨ ਦੀ ਯੋਗਤਾ ਹੁੰਦੀ ਹੈ। ਜਣਨ ਅਲਿੰਗੀ ਜਾਂ ਲਿੰਗੀ ਕਿਸੇ ਵੀ ਢੰਗ ਨਾਲ ਹੋ ਸਕਦਾ ਹੈ।

**ਸੰਵੇਦਨਸ਼ੀਲਤਾ ਜਾਂ ਉਤੇਜਨਸ਼ੀਲਤਾ**—ਬਾਹਰੀ ਵਾਤਾਵਰਨਕ ਕਾਰਕਾਂ ਜਿਵੇਂ ਸਰਦੀ, ਗਰਮੀ, ਰੌਸ਼ਨੀ ਆਦਿ ਦੇ ਪ੍ਰਭਾਵ ਤੋਂ ਜੀਵ ਸੰਵੇਦਨਸ਼ੀਲ ਹੁੰਦੇ ਹਨ। ਇਹ ਸੰਵੇਦਨਸ਼ੀਲਤਾ ਪੌਦਿਆਂ ਨਾਲੋਂ ਜੰਤੂਆਂ ਵਿਚ ਜ਼ਿਆਦਾ ਹੁੰਦੀ ਹੈ।

**ਸੁਆਸ ਕਿਰਿਆ**—ਸਾਰੇ ਜੀਵ ਸਾਹ ਲੈਂਦੇ ਹਨ। ਸਾਹ-ਕਿਰਿਆ ਦੁਆਰਾ ਉਹ ਆਕਸੀਜਨ ਅੰਦਰ ਖਿੱਚਦੇ ਅਤੇ ਕਾਰਬਨ ਡਾਈਆਕਸਾਈਡ ਬਾਹਰ ਕੱਢਦੇ ਹਨ।

**ਮਲ ਤਿਆਗ**—ਪੋਸ਼ਣ, ਸੁਆਸ ਆਦਿ ਕਿਰਿਆਵਾਂ ਨਾਲ ਸਰੀਰ ਦੇ ਅੰਦਰ ਮਲ-ਮੂਤਰ, ਕਾਰਬਨ ਡਾਈਆਕਸਾਈਡ ਆਦਿ ਪਦਾਰਥ ਬਣਦੇ ਹਨ ਜਿਨ੍ਹਾਂ ਨੂੰ ਸਰੀਰ ਵਿਚੋਂ ਬਾਹਰ ਕੱਢਣਾ ਜ਼ਰੂਰੀ ਹੁੰਦਾ ਹੈ ਅਤੇ ਇਹ ਗੁਣ ਜੀਵਾਂ ਵਿਚ ਮਿਲਦਾ ਹੈ।

**ਗਤੀਸ਼ੀਲਤਾ**—ਆਪਣੀ ਅੰਦਰੂਨੀ ਸ਼ਕਤੀ ਦੇ ਨਾਲ ਜੀਵ ਗਤੀ ਕਰਦੇ ਹਨ। ਪ੍ਰਾਣੀਆਂ ਵਿਚ ਗਤੀਸ਼ੀਲਤਾ ਜ਼ਿਆਦਾ ਅਤੇ ਪ੍ਰਤੱਖ ਹੁੰਦੀ ਹੈ ਜਦੋਂ ਕਿ ਪੌਦਿਆਂ ਵਿਚ (ਕੁਝ ਕੁ ਨੂੰ ਛੱਡ ਕੇ) ਅਪ੍ਰਤੱਖ ਹੁੰਦੀ ਹੈ।

**ਮੌਤ**—ਹਰੇਕ ਜਿਉਂਦਾ ਪਦਾਰਥ ਅਖ਼ੀਰ ਮਰ ਮਿਟ ਜਾਂਦਾ ਹੈ। ਮੌਤ ਉਨ੍ਹਾਂ ਦੀਆਂ ਅੰਦਰੂਨੀ ਕਿਰਿਆਵਾਂ ਦੇ ਬੰਦ ਹੋਣ ਦਾ ਸਿੱਟਾ ਹੈ।

ਜੀਵ ਵਿਗਿਆਨ ਦੇ ਅੰਗ–

ਜੀਵ ਵਿਗਿਆਨ ਸਿਰਲੇਖ ਹੇਠ ਜੀਵਧਾਰੀਆਂ ਦੇ ਹਰ ਪਹਿਲੂ ਦਾ ਅਧਿਐਨ ਆਉਂਦਾ ਹੈ। ਇਨ੍ਹਾਂ ਵਿਚੋਂ ਕੁਝ ਨਿਮਨਲਿਖਤ ਪਹਿਲੂ ਵਿਸ਼ੇਸ਼ ਕਰਕੇ ਵਰਣਨਯੋਗ ਹਨ ਜਿਨ੍ਹਾਂ ਦਾ ਅਧਿਐਨ ਜੀਵ-ਵਿਗਿਆਨ ਦੀਆਂ ਵੱਖ-ਵੱਖ ਸ਼ਾਖ਼ਾਵਾਂ ਵਿਚ ਕੀਤਾ ਜਾਂਦਾ ਹੈ–

**ਆਕਾਰ ਰਚਨਾ ਵਿਗਿਆਨ (ਮਾਰਫਾਲੋਜੀ)**—ਵਿਚ ਜੀਵਾਂ ਦੇ ਆਕਾਰ ਅਤੇ ਉਨ੍ਹਾਂ ਦੇ ਵਿਭਿੰਨ ਅੰਗਾਂ ਦਾ ਅਧਿਐਨ ਆਉਂਦਾ ਹੈ ਜਿਸ ਦੀਆਂ ਅੱਗੋਂ ਦੋ ਸ਼ਾਖਾਵਾਂ ਹਨ ਅਰਥਾਤ ਸਰੀਰ ਰਚਨਾ ਵਿਗਿਆਨ (ਐਨਾਟਮੀ) ਜਿਸ ਵਿਚ ਸਰੀਰ ਦੀਆਂ ਵਿਭਿੰਨ ਰਚਨਾਵਾਂ, ਖ਼ਾਸ ਕਰਕੇ ਅੰਦਰੂਨੀ ਰਚਨਾਵਾਂ ਜੋ ਨੰਗੀ ਅੱਖ ਨਾਲ ਦੇਖੀਆਂ ਜਾ ਸਕਦੀਆਂ ਹਨ, ਦਾ ਅਧਿਐਨ ਆਉਂਦਾ ਹੈ ਅਤੇ ਟਿਸ਼ੂ ਵਿਗਿਆਨ (ਹਿਸਟਾਲੋਜੀ) ਜਿਸ ਵਿਚ ਵਿਭਿੰਨ ਅੰਗਾਂ ਦੀ ਸੂਖਮ ਰਚਨਾ ਦਾ ਸੂਖਮਦਰਸ਼ੀ ਦੀ ਸਹਾਇਤਾ ਨਾਲ ਅਧਿਐਨ ਕੀਤਾ ਜਾਂਦਾ ਹੈ।

**ਸਰੀਰ ਕਿਰਿਆ ਵਿਗਿਆਨ (ਫਿਜ਼ਿਆਈਲੋਜੀ)**—ਇਸ ਵਿਚ ਸਰੀਰ ਦੇ ਸੈੱਲਾਂ, ਟਿਸ਼ੂਆਂ, ਅੰਗਾਂ ਅਤੇ ਸਿਸਟਮਾਂ ਦਾ ਅਤੇ ਸਰੀਰ ਦੀਆਂ ਵੱਖ-ਵੱਖ ਕਿਰਿਆਵਾਂ ਦਾ ਅਧਿਐਨ ਆਉਂਦਾ ਹੈ।

**ਸੈੱਲ ਵਿਗਿਆਨ (ਸਾਈਟਾਲੋਜੀ)**—ਇਸ ਅਧੀਨ ਸੈੱਲਾਂ ਦੀ ਰਚਨਾ ਅਤੇ ਉਨ੍ਹਾਂ ਦੇ ਕੰਮਾਂ ਦਾ ਅਧਿਐਨ ਆਉਂਦਾ ਹੈ।

**ਵਰਗੀਕਰਨ ਵਿਗਿਆਨ (ਟੈਕਸਾਨੋਮੀ)**—ਇਸ ਵਿਚ ਜੀਵਾਂ ਦੇ ਵਰਗੀਕਰਨ ਦਾ ਅਧਿਐਨ ਕੀਤਾ ਜਾਂਦਾ ਹੈ।

**ਭਰੂਣ ਵਿਗਿਆਨ (ਐਂਬ੍ਰੀਆਲੋਜੀ)**—ਇਸ ਵਿਚ ਪ੍ਰਾਣੀ ਅਤੇ ਪੌਦਿਆਂ ਵਿਚ ਭਰੂਣ ਦੇ ਬਣਨ ਅਤੇ ਭਰੂਣ ਵਿਕਾਸ ਦਾ ਅਧਿਐਨ ਆਉਂਦਾ ਹੈ। ਇਸ ਵਿਚ ਅੰਡੇ ਅਤੇ ਸ਼ੁਕ੍ਰਾਣੂ ਦੇ ਮੇਲ ਤੋਂ ਲੈ ਕੇ ਪੂਰਾ ਜੀਵ ਬਣਨ ਤੱਕ ਦਾ ਵਰਣਨ ਸ਼ਾਮਲ ਹੈ।

**ਅਨੁਵੰਸ਼ਿਕ ਵਿਗਿਆਨ (ਜਿਨੈਟਿਕਸ)**—ਇਸ ਵਿਚ ਅਨੁਵੰਸ਼ਿਕਤਾ ਅਤੇ ਜੀਵਾਂ ਵਿਚ ਵਿਭਿੰਨਤਾਵਾਂ ਦਾ ਅਤੇ ਉਨ੍ਹਾਂ ਮੈਕੇਨਿਜ਼ਮਾਂ ਦਾ ਅਧਿਐਨ ਆਉਂਦਾ ਹੈ ਜਿਨ੍ਹਾਂ ਰਾਹੀਂ ਇਹ ਕਿਰਿਆਵਾਂ ਚਲਦੀਆਂ ਅਤੇ ਕੰਟਰੋਲ ਹੁੰਦੀਆਂ ਹਨ।

**ਪਰਿਸਥਿਤੀ ਵਿਗਿਆਨ (ਇਕਾਲੋਜੀ)**—ਇਸ ਅਧੀਨ ਪ੍ਰਾਣੀਆਂ ਅਤੇ ਪੌਦਿਆਂ ਦੇ ਇਕ ਦੂਜੇ ਨਾਲ ਅਤੇ ਵਾਤਾਵਰਨ ਨਾਲ ਸਬੰਧਾਂ ਦਾ ਅਧਿਐਨ ਆਉਂਦਾ ਹੈ।

**ਵਿਕਾਸ (ਐਵੋਲਿਊਸ਼ਨ)**—ਇਸ ਅਧੀਨ ਜੀਵਾਂ ਦੀ ਉਤਪਤੀ ਤੇ ਵਿਕਾਸ ਦੇ ਸੰਭਵ ਤਰੀਕੇ ਜਿਨ੍ਹਾਂ ਰਾਹੀਂ ਇਨ੍ਹਾਂ ਵਿਚ ਤਬਦੀਲੀਆਂ ਆਈਆਂ ਹਨ, ਦਾ ਅਧਿਐਨ ਆਉਂਦਾ ਹੈ।

**ਜੀਵ-ਭੂਗੋਲ (ਬਾਇਓ-ਜੀਓਗ੍ਰਾਫ਼ੀ)**—ਇਸ ਵਿਚ ਜੀਵਾਂ ਦੀ ਭੂਗੋਲਿਕ ਵੰਡ ਦਾ ਅਧਿਐਨ ਆਉਂਦਾ ਹੈ।

**ਫਾਸਿਲ ਵਿਗਿਆਨ (ਪੈਲੀਓਂਨਟਾਲੋਜੀ)**—ਇਸ ਅਧੀਨ ਪਥਰਾਟ ਜੀਵਾਂ ਦਾ ਅਧਿਐਨ ਆਉਂਦਾ ਹੈ।

**ਪਰਜੀਵੀ ਵਿਗਿਆਨ (ਪੈਰਾਸਾਈਟਾਲੋਜੀ)**—ਇਸ ਵਿਚ ਪਰਜੀਵੀ ਜੀਵਾਂ ਦਾ ਅਧਿਐਨ ਆਉਂਦਾ ਹੈ।

**ਪ੍ਰਕਿਰਤੀ ਵਿਗਿਆਨ (ਨੈਚੁਰਲ ਹਿਸਟਰੀ)**—ਇਸ ਅਧੀਨ ਜੀਵਾਂ ਦਾ ਉਨ੍ਹਾਂ ਦੇ ਪ੍ਰਕਿਰਤਿਕ ਵਾਤਾਵਰਨ ਵਿਚ ਰਹਿਣ-ਸਹਿਣ ਦਾ ਅਧਿਐਨ ਆਉਂਦਾ ਹੈ।

**ਮਨੋਵਿਗਿਆਨ**—ਇਸ ਵਿਚ ਜੰਤੂਆਂ ਦੀਆਂ ਮਾਨਸਿਕ ਪ੍ਰਵਿਰਤੀਆਂ ਦਾ ਅਧਿਐਨ ਆਉਂਦਾ ਹੈ।

**ਸਮਾਜ- ਵਿਗਿਆਨ—ਵਿਚ ਜੰਤੂਆਂ ਅਤੇ ਮਾਨਵ ਸਮਾਜ ਦਾ ਅਧਿਐਨ ਕੀਤਾ ਜਾਂਦਾ ਹੈ।**

ਮਨੋਵਿਗਿਆਨ ਅਤੇ ਸਮਾਜ ਵਿਗਿਆਨ, ਜੀਵ ਵਿਗਿਆਨ ਦੇ ਨੈਤਿਕ ਵਿਸ਼ੇ ਕਹਾਉਂਦੇ ਹਨ।

**ਜੀਵ ਵਿਗਿਆਨ ਦਾ ਇਤਿਹਾਸ**—ਜੀਵਾਂ ਦੇ ਅਧਿਐਨ ਦਾ ਇਤਿਹਾਸ, ਮਨੁੱਖ ਦੇ ਇਤਿਹਾਸ ਦੇ ਨਾਲ-ਨਾਲ ਹੀ ਚਲਦਾ ਹੈ। ਭੂ-ਵਿਗਿਆਨਕ ਸਮੇਂ ਅਨੁਸਾਰ ਮਨੁੱਖ ਧਰਤੀ ਉੱਤੇ ਸਭ ਜੀਵਾਂ ਤੋਂ ਬਾਅਦ ਵਿਚ ਆਇਆ ਹੈ ਅਤੇ ਫਿਰ ਉਸ ਦੀ ਰੁਚੀ ਆਪਣੇ ਆਸਪਾਸ ਦੇ ਜੀਵ-ਜੰਤੂਆਂ ਬਾਰੇ ਜਾਣਨ ਵਲ ਵਧਦੀ ਗਈ ਅਤੇ ਸਭਿਅਤਾ ਦੇ ਵਿਕਾਸ ਦੇ ਨਾਲ-ਨਾਲ ਜੀਵਾਂ ਦਾ ਅਧਿਐਨ ਵੀ ਵਧਦਾ ਗਿਆ ਹੋਵੇਗਾ। ਜੀਵ ਵਿਗਿਆਨ ਦਾ ਲਿਖਤੀ ਇਤਿਹਾਸ ਯੂਨਾਨੀ ਸਭਿਅਤਾ ਤੋਂ ਸ਼ੁਰੂ ਹੁੰਦਾ ਹੈ।

**ਜੀਵਾਂ ਦਾ ਵਰਗੀਕਰਨ**—ਵਰਗੀਕਰਨ ਨੂੰ ਸਥਾਈ ਅਤੇ ਆਧੁਨਿਕ ਰੂਪ ਸਵੇਡ ਲਿਨੀਅਸ (1707-78) ਨੇ ਦਿੱਤਾ ਸੀ। ਉਸ ਸਮੇਂ ਤੱਕ ਉਸ ਨੂੰ ਜਿੰਨੇ ਵੀ ਪ੍ਰਾਣੀਆਂ ਅਤੇ ਪੌਦਿਆਂ ਦਾ ਗਿਆਨ ਪ੍ਰਾਪਤ ਸੀ, ਉਸ ਨੇ ਉਨ੍ਹਾਂ ਦਾ ਸ਼੍ਰੇਣੀ, ਵਰਗ, ਕੁਲ ਅਤੇ ਜਾਤੀ ਦੇ ਸਥਾਨ ਤੱਕ ਵਰਗੀਕਰਨ ਕੀਤਾ। ਇਸ ਤੋਂ ਇਲਾਵਾ ਉਸ ਨੇ ਦੋ ਨਾਂਵੀਂ ਨਾਂ ਪੱਧਤੀ ਜਿਸ ਰਾਹੀਂ ਜੀਵਾਂ ਨੂੰ ਵਿਗਿਆਨਕ ਨਾਂ ਦਿੱਤਾ ਜਾਂਦਾ ਹੈ, ਸ਼ੁਰੂ ਕੀਤੀ। ਇਸ ਪਧਤੀ ਅਨੁਸਾਰ ਹਰੇਕ ਜੀਵ ਦੇ ਵਿਗਿਆਨਕ ਨਾਂ ਦੇ ਦੋ ਭਾਗ ਹੁੰਦੇ ਹਨ, ਪ੍ਰਜਾਤੀ ਨਾਂ ਅਤੇ ਜਾਤੀ ਨਾਂ (ਵਿਸਥਾਰ ਲਈ ਵੇਖੋ ਵਰਗੀਕਰਨ)।

**ਪੌਦੇ ਅਤੇ ਪ੍ਰਾਣੀਆਂ ਦੀ ਸੈੱਲਮਈ ਬਣਤਰ**—ਐਮ. ਐਫ. ਐਕਸ. ਬਿਸ਼ਾਟ ਨੇ ਲਗਭਗ 21 ਵਿਭਿੰਨ ਸੈੱਲਾਂ ਦਾ ਅਧਿਐਨ ਕਰਕੇ ਹਿਸਟਾਲੋਜੀ ਦੀ ਨੀਂਹ ਰੱਖੀ। ਹਿਸਟਾਲੋਜੀ ਸ਼ਬਦ ਦਾ ਨਿਰਮਾਣ ਰਿਚਰਡ ਓਵੇਨ ਨੇ ਕੀਤਾ ਸੀ। (ਵਿਸਥਾਰ ਲਈ ਵੇਖੋ ਹਿਸਟਾਲੋਜੀ)।

ਜੀਵ ਉਤਪਤੀ—ਜੀਵਾਂ ਦੀ ਉਤਪਤੀ ਬਾਰੇ ਪਤਾ ਲਗਾਉਣ ਲਈ ਬਹੁਤ ਪੁਰਾਣੇ ਸਮੇਂ ਤੋਂ ਵਿਗਿਆਨੀ ਖੋਜ ਕਰਦੇ ਆ ਰਹੇ ਹਨ। ਉਨ੍ਹਾਂ ਦੇ ਕੰਮ ਨੂੰ ਹੇਠ ਲਿਖੇ ਸਿਧਾਂਤਾਂ ਵਿਚ ਸੰਖੇਪ ਰੂਪ ਵਿਚ ਦਿੱਤਾ ਜਾ ਸਕਦਾ ਹੈ :—

**1. ਈਸ਼ਵਰਵਾਦ ਜਾਂ ਵਿਸ਼ਿਸ਼ਟ ਉਤਪਤੀ**—ਇਸ ਸਿਧਾਂਤ ਅਨੁਸਾਰ ਸਾਰੇ ਜੀਵ ਇਕ ਹੀ ਵਾਰ ਜਾਂ ਥੋੜ੍ਹੇ-ਥੋੜ੍ਹੇ ਸਮੇਂ ਦੇ ਫ਼ਰਕ ਤੇ ਪੈਦਾ ਹੋਏ ਅਤੇ ਹਰੇਕ ਜੀਵ ਦੀ ਉਤਪਤੀ ਵੱਖਰੀ-ਵੱਖਰੀ ਹੋਈ।

**2. ਕ੍ਰਾਸਮਿਕ ਸਿਧਾਂਤ**—ਇਸ ਅਨੁਸਾਰ ਜੀਵ ਪਦਾਰਥ ਕਿਸੇ ਰੂਪ ਵਿਚ ਧਰਤੀ ਤੇ ਡਿੱਗਿਆ ਤੇ ਵਧਦਾ ਗਿਆ ਅਤੇ ਇਸ ਤੋਂ ਜੀਵਾਂ ਦੀ ਉਤਪਤੀ ਹੋਈ।

**3. ਪ੍ਰਕਿਰਤੀਵਾਦ**—ਇਸ ਅਨੁਸਾਰ ਜਦੋਂ ਧਰਤੀ ਰਹਿਣ ਯੋਗ ਬਣੀ ਤਾਂ ਕਿਸੇ ਖਾਸ ਹਾਲਤ ਵਿਚ ਕੁਝ ਤੱਤਾਂ ਵਿਚ ਸੰਯੋਗ ਹੋ ਕੇ ਇਕ ਮਿਸ਼ਰਨ ਜਾਂ ਯੌਗਿਕ ਬਣਿਆ ਜਿਸ ਵਿਚ ਜੀਵ-ਪਦਾਰਥ ਦੇ ਕੁਝ ਗੁਣ ਸਨ। ਇਸ ਨੇ ਫਿਰ ਸੈੱਲ ਦਾ ਰੂਪ ਧਾਰਿਆ ਅਤੇ ਫਿਰ ਇਸ ਤੋਂ ਜੀਵ ਪੈਦਾ ਹੋਏ।

**4. ਤਤਕਾਲੀ ਉਤਪਾਦਨ**—ਇਸ ਸਿਧਾਂਤ ਅਨੁਸਾਰ ਪਹਿਲਾਂ ਪਹਿਲ ਖਿਆਲ ਸੀ ਕਿ ਸੂਖ਼ਮ ਜੀਵ ਆਪਣੇ ਆਪ ਪੈਦਾ ਹੋ ਜਾਂਦੇ ਹਨ ਪਰ ਫਿਰ ਵਿਗਿਆਨੀਆਂ ਨੇ ਸਿੱਧ ਕਰ ਦਿੱਤਾ ਕਿ ਕੋਈ ਵੀ ਜੀਵ ਆਪਣੇ ਆਪ ਪੈਦਾ ਨਹੀਂ ਹੋ ਸਕਦਾ (ਵਿਸਥਾਰ ਲਈ ਵੇਖੋ ਜੀਵ ਉਤਪਤੀਵਾਦ)।

**ਵਿਸ਼ਾਣੂ**—ਵਿਸ਼ਾਣੂ ਇੰਨੇ ਸੂਖਮ ਜੀਵ ਹਨ ਜੋ ਸੁਤੰਤਰ ਰੂਪ ਵਿਚ ਜੀਵਨ ਨਹੀਂ ਬਿਤਾ ਸਕਦੇ ਸਗੋਂ ਪੌਦਿਆਂ ਅਤੇ ਪ੍ਰਾਣੀਆਂ ਦੇ ਸੈੱਲਾਂ ਵਿਚ ਸਿਰਫ਼ ਪਰਜੀਵੀਆਂ ਦੇ ਰੂਪ ਵਿਚ ਹੀ ਰਹਿੰਦੇ ਹਨ (ਵਿਸਥਾਰ ਲਈ ਵੇਖੋ ਵਿਸ਼ਾਣੂ)।

**ਜੀਵ ਵਿਕਾਸ**—ਸ੍ਰਿਸ਼ਟੀ ਵਿਚ ਅਸੰਖਾਂ ਕਿਸਮਾਂ ਅਤੇ ਆਕਾਰਾਂ ਦੇ ਪੌਦੇ ਅਤੇ ਪ੍ਰਾਣੀ ਮਿਲਦੇ ਹਨ। ਵਿਕਾਸਵਾਦ ਦੇ ਸਿਧਾਂਤ ਤੋਂ ਪਤਾ ਲੱਗਦਾ ਹੈ ਕਿ ਇੰਨੇ ਕਿਸਮਾਂ ਦੇ ਜੀਵ ਕਿਵੇਂ ਪੈਦਾ ਅਤੇ ਵਿਕਸਿਤ ਹੋਏ (ਵਿਸਥਾਰ ਲਈ ਵੇਖੋ ਜੀਵ-ਵਿਕਾਸ)।

**ਵਿਕਾਸਵਾਦ ਵਿਚ ਤਰੁੱਟੀ**—ਵਿਕਾਸਵਾਦ ਦੇ ਦਿੱਤੇ ਸਿਧਾਂਤਾਂ ਵਿਚ ਇਕ ਤਰੁੱਟੀ ਇਹ ਸੀ ਕਿ ਉਹ ਜੀਵਾਂ ਦੇ ਲੁਪਤ ਹੋਣ ਅਤੇ ਜਿੰਦਾ ਰਹਿਣ ਬਾਰੇ ਤਾਂ ਦੱਸਦੇ ਹਨ ਪਰ ਉਨ੍ਹਾਂ ਦੇ ਆਗਮਨ ਬਾਰੇ ਕੁਝ ਨਹੀਂ ਦੱਸਦੇ। ਇਸ ਦਾ ਇਕ ਕਾਰਨ ਇਹ ਸੀ ਕਿ ਉਸ ਵਕਤ ਤੱਕ ਅਨੁਵੰਸ਼ਿਕਤਾ ਦੇ ਨਿਯਮਾਂ ਦਾ ਗਿਆਨ ਪ੍ਰਾਪਤ ਨਹੀਂ ਸੀ। ਸਭ ਤੋਂ ਪਹਿਲਾਂ ਮੈਂਡਲ ਨੇ ਅਨੁਵੰਸ਼ਿਕਤਾ ਦੇ ਨਿਯਮ ਦਿੱਤੇ।

**ਮੈਂਡਲਵਾਦ**—ਮਾਪਿਆਂ ਤੋਂ ਗੁਣ ਉਨ੍ਹਾਂ ਦੀ ਸੰਤਾਨ ਵਿਚ ਜਾਂਦੇ ਹਨ। ਇਹ ਗੁਣ ਸੰਤਾਨ ਤੱਕ ਕਿਵੇਂ ਪਹੁੰਚਦੇ ਹਨ ਅਤੇ ਪੀੜ੍ਹੀ-ਦਰ-ਪੀੜ੍ਹੀ ਕਿਵੇਂ ਚੱਲਦੇ ਹਨ, ਇਨ੍ਹਾਂ ਨੂੰ ਅਨੁਵੰਸ਼ਿਕਤਾ ਦੇ ਨਿਯਮ ਜਾਂ ਮੈਂਡਲ ਦੇ ਨਾਂ ਨਾਲ 'ਮੈਂਡਲ ਦੇ ਨਿਯਮ' ਕਿਹਾ ਜਾਂਦਾ ਹੈ ਅਤੇ ਇਸ ਸਿਧਾਂਤ ਨੂੰ ਮੈਂਡਲਵਾਦ ਦਾ ਨਾਂ ਦਿੱਤਾ ਜਾਂਦਾ ਹੈ (ਵਿਸਥਾਰ ਲਈ ਵੇਖੋ ਮੈਂਡਲਵਾਦ)।

**ਅਨੁਵੰਸ਼ਿਕਤਾ ਦਾ ਅਧਾਰ ਗੁਣਸੂਤਰ**—ਸਭ ਤੋਂ ਪਹਿਲਾਂ ਟਾਮਸ ਹੰਟ ਮਾਰਗਨ ਅਤੇ ਉਸਦੇ ਸਾਥੀਆਂ ਨੇ ਅਨੁਵੰਸ਼ਿਕਤਾ ਦਾ ਗੁਣਸੂਤਰਾਂ ਨਾਲ ਸਬੰਧ ਦੱਸਿਆ। ਜੀਵਾਂ ਦੇ ਸੈੱਲਾਂ ਦੇ ਨਿਊਕਲੀਆਈ ਵਿਚ ਗੁਣਸੂਤਰ ਹੁੰਦੇ ਹਨ ਜਿਹੜੇ ਸੈੱਲ ਵਿਭਾਜਨ ਸਮੇਂ ਦੇਖੇ ਜਾ ਸਕਦੇ ਹਨ। ਹਰੇਕ ਜਾਤੀ ਲਈ ਗੁਣਸੂਤਰਾਂ ਦੀ ਗਿਣਤੀ ਨਿਸ਼ਚਿਤ ਹੁੰਦੀ ਹੈ। ਮਨੁੱਖ ਲਈ ਇਨ੍ਹਾਂ ਦੀ ਗਿਣਤੀ 46 ਹੈ। ਪਹਿਲਾਂ ਪਹਿਲ ਖਿਆਲ ਸੀ ਕਿ ਗੁਣਸੂਤਰ ਜੀਨਾਂ ਦੇ ਵਿਭਿੰਨ ਲੱਛਣਾਂ ਦੇ ਸਮੂਹ ਤੋਂ ਬਣੇ ਹੁੰਦੇ ਹਨ ਅਤੇ ਹਰੇਕ ਗੁਣਸੂਤਰ ਵਿਚ ਜੀਵਾਂ ਦੇ ਸਮੂਹ ਹੁੰਦੇ ਹਨ। ਗਰਭ ਸਮੇਂ ਮਾਤਾ ਤੇ ਪਿਤਾ ਦੋਨਾਂ ਦੇ ਸਮੂਹ ਇਕੱਠੇ ਹੋ ਕੇ ਪ੍ਰਜਣਨ ਕਰਦੇ ਹਨ ਤੇ ਸੰਤਾਨ ਵਿਚ ਮਾਤਾ ਤੇ ਪਿਤਾ ਦੋਨਾਂ ਦੇ ਗੁਣ ਆ ਜਾਂਦੇ ਹਨ। ਆਧੁਨਿਕ ਵਿਚਾਰ ਅਨੁਸਾਰ ਗੁਣਸੂਤਰ, ਪ੍ਰੋਟੀਨ, ਡੀ. ਐਨ. ਏ. ਅਤੇ ਆਰ. ਐਨ. ਏ. ਦੇ ਬਣੇ ਹੁੰਦੇ ਹਨ ਅਤੇ ਅਨੁਵੰਸ਼ਿਕਤਾ ਦਾ ਅਧਾਰ ਸਿਰਫ਼ ਡੀ. ਐਨ. ਏ. ਵਿਚ ਹੀ ਹੁੰਦਾ ਹੈ (ਵਿਸਥਾਰ ਲਈ ਵੇਖੋ ਜੀਨ)।

**ਆਧੁਨਿਕ ਜੀਵ-ਵਿਗਿਆਨ**—ਆਧੁਨਿਕ ਸਮੇਂ ਵਿਚ ਜੀਵ-ਵਿਗਿਆਨ ਦਾ ਰੂਪ ਪਹਿਲਾਂ ਨਾਲੋਂ ਬਹੁਤ ਬਦਲ ਚੁੱਕਾ ਹੈ ਅਤੇ ਵਿਗਿਆਨ ਦੀਆਂ ਦੂਜੀਆਂ ਸ਼ਾਖਾਵਾਂ ਨਾਲ ਮਿਲ ਕੇ ਜੀਵ-ਰਸਾਇਣ ਅਤੇ ਜੀਵ-ਭੌਤਿਕੀ ਵਰਗੀਆਂ ਸ਼ਾਖਾਵਾਂ ਦਾ ਜਨਮ ਹੋਇਆ ਹੈ ਜੋ ਜੀਵ

ਗਿਆਨ ਦਾ ਅਨਿੱਖੜਵਾਂ ਅੰਗ ਬਣ ਗਈਆਂ ਹਨ। ਇਸੇ ਤਰ੍ਹਾਂ ਡਲਵਾਦ ਵਿਚ ਵੀ ਪਹਿਲਾਂ ਨਾਲੋਂ ਬਹੁਤ ਤਬਦੀਲੀ ਆ ਚੁੱਕੀ ਹੈ।

ਜੀਵ ਵਿਗਿਆਨ ਦੀ ਇਕ ਹੋਰ ਨਵੀਂ ਸ਼ਾਖਾ ਵਿਕੀਰਨ ਜੀਵ ਗਿਆਨ (ਰੇਡੀਏਸ਼ਨ ਬਾਇਆਲੋਜੀ) ਹੈ। ਇਸ ਦੇ ਅਧੀਨ ਸਜੀਵ ਦਾਰਥਾਂ ਉੱਤੇ ਵਿਕੀਰਨਾਂ ਦੇ ਪ੍ਰਭਾਵ ਦਾ ਅਤੇ ਰੇਡੀਓ ਐਕਟਿਵ ਦਾਰਥਾਂ ਦੇ ਅਸਰ ਦਾ ਅਧਿਐਨ ਕੀਤਾ ਜਾਂਦਾ ਹੈ। ਇਨ੍ਹਾਂ ਦੀ ਸਹਾਇਤਾ ਾਲ ਸਰੀਰ ਦੇ ਅੰਦਰਲੇ ਅੰਗਾਂ ਤੇ ਉਨ੍ਹਾਂ ਦੇ ਰੋਗਾਂ ਦਾ ਵੀ ਪਤਾ ਗਾਇਆ ਜਾਂਦਾ ਹੈ ਅਤੇ ਇਲਾਜ ਵੀ ਕੀਤਾ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ. 5 : 9; ਐਨ. ਬ੍ਰਿ. ਮੈ. 2 : 1014

**ਜੀਵ ਵਿਗਿਆਨਕ ਯੁੱਧ** : ਮਨੁੱਖਾਂ, ਜਾਨਵਰਾਂ ਜਾਂ ਫ਼ਸਲਾਂ ਚ ਬੀਮਾਰੀ ਫੈਲਾਉਣ ਜਾਂ ਉਨ੍ਹਾਂ ਨੂੰ ਖ਼ਤਮ ਕਰਨ ਲਈ ਜਾਣ ਬੁੱਝ ਵਰਤੇ ਜਾਣ ਵਾਲੇ ਕੁਝ ਸਾਧਨਾਂ (ਜਾਂ ਪਦਾਰਥਾਂ) ਅਤੇ ਇਨ੍ਹਾਂ ਪਦਾਰਥਾਂ ੀ ਇਸ ਕੰਮ ਲਈ ਵਰਤੋਂ ਤੋਂ ਬਚਾਉ ਜੀਵ ਵਿਗਿਆਨਕ ਯੁੱਧ ਸਿਰਲੇਖ 5 ਆਉਂਦੇ ਹਨ। ਜੀਵ ਵਿਗਿਆਨਕ ਯੁੱਧ ਨੂੰ ਜਰਮ ਯੁੱਧ ਜਾਂ ਜੀਵਾਣੂ ਧ ਜਾਂ BW ਦੇ ਨਾਂ ਵੀ ਦਿੱਤੇ ਜਾਂਦੇ ਹਨ। ਇਹ ਏਜੰਟ (ਜੀਵਾਣੂ ਜਾਂ ਰਮ) ਯੁੱਧ ਵਿਚ ਇਮਾਰਤਾਂ ਜਾਂ ਮਸ਼ੀਨਾਂ ਨੂੰ ਕੋਈ ਨੁਕਸਾਨ ਨਹੀਂ ਚਾਂਦੇ ਸਗੋਂ ਮਨੁੱਖ ਜਾਂ ਉਸ ਦੇ ਖਾਧ-ਪਦਾਰਥਾਂ ਉੱਤੇ ਅਸਰ ਕਰਦੇ । ਇਨ੍ਹਾਂ ਦਾ ਅਸਰ ਪ੍ਰਤੱਖ ਹੋਣ ਨੂੰ ਕਾਫ਼ੀ ਲੰਬਾ ਸਮਾਂ ਲੱਗ ਜਾਂਦਾ ਇਸ ਲਈ ਇਹ ਪਤਾ ਨਹੀਂ ਲੱਗ ਸਕਦਾ ਕਿ ਕੋਈ ਵੀ ਬੀਮਾਰੀ ਣ ਬੁੱਝ ਕੇ ਫੈਲਾਈ ਗਈ ਹੈ ਜਾਂ ਕੁਦਰਤੀ ਹੀ ਲੱਗੀ ਹੈ।

ਜੀਵ ਵਿਗਿਆਨਕ ਯੁੱਧ ਦੇ ਦੋ ਮੁੱਖ ਪਹਿਲੂ ਹਨ–ਪਹਿਲਾ ਤਾਂ ਉਂਦੇ ਏਜੰਟਾਂ ਰਾਹੀਂ ਹਮਲਾ ਕਰਨਾ ਅਤੇ ਦੂਜਾ ਕਿਸੇ ਖ਼ਾਸ ਕਿਸਮ ਰਸਾਇਣਿਕ ਪਦਾਰਥਾਂ ਜਿਵੇਂ ਹੱਰਮੋਨਾਂ ਆਦਿ ਦੀ ਵਰਤੋਂ ਰਾਹੀਂ ਲਾ। ਜਿਉਂਦੇ ਏਜੰਟਾਂ ਵਿਚ ਰੋਗਾਣੂ ਜਾਂ ਪੌਦਿਆਂ ਨੂੰ ਖ਼ਤਮ ਕਰਨ ੇ ਕੀੜੇ, ਜੀਵਾਣੂ, ਵਿਸ਼ਾਣੂ, ਉੱਲੀ ਆਦਿ ਆਉਂਦੇ ਹਨ ਅਤੇ ਇਹ ਂ, ਪਸ਼ੂਆਂ ਜਾਂ ਪੌਦਿਆਂ ਵਿਚ ਬੀਮਾਰੀ ਫੈਲਾਉਂਦੇ ਹਨ ਅਤੇ ਹੱਰਮੋਨ ੀ ਤੇ ਅਸਰ ਪਾਉਂਦੇ ਹਨ। ਇਸ ਲਈ ਇਨ੍ਹਾਂ ਨੂੰ ਨਦੀਨਾਂ ਤੇ ਹੋਰ ੜੇ ਪੌਦਿਆਂ ਨੂੰ ਖ਼ਤਮ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਵਿਗਿਆਨ ਦੇ ਪੱਖੋਂ ਕੋਈ ਵੀ ਉੱਨਤ ਦੇਸ਼ ਅਜਿਹੇ ਏਜੰਟ ਪੈਦਾ ਸਕਦਾ ਹੈ। ਇਸ ਦੀ ਵਰਤੋਂ (1) ਅਸਲੀ ਯੁੱਧ ਸ਼ੁਰੂ ਹੋਣ ਤੋਂ ਕਾਫ਼ੀ ਲਾਂ ਕੀਤੀ ਜਾ ਸਕਦੀ ਹੈ। (2) ਯੁੱਧ ਵਿਚ ਦੂਜੇ ਹਥਿਆਰਾਂ ਦੇ -ਨਾਲ ਇਨ੍ਹਾਂ ਏਜੰਟਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਜਾਂ (3) ਨਤਾ ਜਾਂ ਉਤਪਾਦਨ ਘਟਾਉਣ ਲਈ ਵੀ ਇਨ੍ਹਾਂ ਦੀ ਵਰਤੋਂ ਕੀਤੀ ਜਕਦੀ ਹੈ।

**ਇਤਿਹਾਸਕ ਪ੍ਰਮਾਣ**—ਯੁੱਧ ਅਤੇ ਜਰਮਾਂ ਦਾ ਆਪਸੀ ਸਬੰਧ ਪੁਰਾਣਾ ਮੰਨਿਆ ਜਾਂਦਾ ਹੈ ਅਤੇ ਇਤਿਹਾਸ ਵਿਚੋਂ ਵੀ ਇਸ ਂ ਮਿਸਾਲਾਂ ਮਿਲਦੀਆਂ ਹਨ। ਵੱਡੀਆਂ-ਵੱਡੀਆਂ ਲੜਾਈਆਂ ਤੋਂ ਦ ਕੋਈ ਨਾ ਕੋਈ ਬੀਮਾਰੀ ਮਹਾਂਮਾਰੀ ਦੇ ਰੂਪ ਵਿਚ ਫੈਲੀ ਮਿਲਦੀ ਹੈ।

**ਏਜੰਟਾਂ ਦੀਆਂ ਕਿਸਮਾਂ**—ਬੀਮਾਰੀ ਲਾਉਣ ਲਈ ਵਰਤੇ ਜਾਣ ਏਜੰਟਾਂ ਵਿਚ ਕੁਝ ਖ਼ਾਸ ਗੁਣ ਹੋਣੇ ਚਾਹੀਦੇ ਹਨ ਜਿਵੇਂ ਇਸ ਨੂੰ ਦੇਰ ਤੱਕ ਪ੍ਰਭਾਵਸ਼ਾਲੀ ਰਹਿਣਾ ਚਾਹੀਦਾ ਹੈ, ਇਹ ਗਰਮੀ, , ਸੋਕਾ ਆਦਿ ਨੂੰ ਸਹਾਰ ਸਕਦਾ ਹੋਵੇ। ਬਹੁਤ ਜਲਦੀ ਫੈਲ ਹੋਵੇ, ਇਸ ਵਿਚ ਜਲਦੀ ਹੀ ਮਾਰ ਦੇਣ ਦੀ ਸ਼ਕਤੀ ਹੋਵੇ ਅਤੇ ਜਗ੍ਹਾ ਤੇ ਛੱਡਿਆ ਜਾਵੇ ਉਸ ਥਾਂ ਲਈ ਨਵਾਂ ਹੀ ਹੋਵੇ ਤਾਂ ਕਿ ਾਂ ਤੇ ਪਹਿਲਾਂ ਉਸ ਦੇ ਵਿਰੁੱਧ ਕੁਦਰਤੀ ਸੁਰੱਖਿਆ ਪੈਦਾ ਨਾ ਹੋ ਵੇ।

ਇਸ ਤੋਂ ਇਲਾਵਾ ਇਸ ਗੱਲ ਵੱਲ ਪਹਿਲਾਂ ਹੀ ਧਿਆਨ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਏਜੰਟਾਂ ਨੂੰ ਕਿਸ ਮੰਤਵ ਲਈ ਵਰਤਣਾ ਹੈ ਉਦਾਹਰਨ ਵਜੋਂ ਜੇ ਲੋਕਾਂ ਵਿਚ ਮਹਾਂਮਾਰੀ ਫੈਲਾਉਣੀ ਹੋਵੇ ਜਾਂ ਬਹੁਤ ਲੋਕ ਖ਼ਤਮ ਕਰਨੇ ਹੋਣ ਤਾਂ ਪਲੇਗ, ਹੈਜ਼ਾ, ਚੇਚਕ ਆਦਿ ਵਰਗੀਆਂ ਬੀਮਾਰੀਆਂ ਦੇ ਜਰਮ ਵਰਤੇ ਜਾਂਦੇ ਹਨ। ਪਰ ਜੇ ਮਾਰਨਾ ਨਾ ਹੋਵੇ ਤੇ ਸਿਰਫ਼ ਬੀਮਾਰ ਹੀ ਕਰਨਾ ਹੋਵੇ ਤਾਂ ਕਿਸੇ ਅਜਿਹੀ ਬੀਮਾਰੀ ਦੇ ਜਰਮ ਵਰਤੇ ਜਾਂਦੇ ਹਨ ਜਿਸ ਨਾਲ ਮੌਤ ਦਾ ਡਰ ਨਾ ਹੋਵੇ। ਇਹ ਜਰਮ ਕਈ ਸਾਧਨਾਂ ਜਾਂ ਤਰੀਕਿਆਂ ਨਾਲ ਫੈਲ ਸਕਦੇ ਹਨ ਜਿਵੇਂ ਸਿੱਧਾ ਸਪਰਸ਼, ਹਵਾ, ਪਾਣੀ ਜਾਂ ਭੋਜਨ ਆਦਿ ਰਾਹੀਂ। ਕਈ ਵਾਰ ਉਨ੍ਹਾਂ ਪਸ਼ੂਆਂ ਵਿਚ ਬੀਮਾਰੀ ਫੈਲਾ ਦਿੱਤੀ ਜਾਂਦੀ ਹੈ ਜਿਨ੍ਹਾਂ ਉੱਤੇ ਭੋਜਨ ਅਤੇ ਪੁਸ਼ਾਕ ਲਈ ਮਨੁੱਖ ਨਿਰਭਰ ਕਰਦਾ ਹੈ। ਤਾਕਤਵਰ ਪਸ਼ੂਆਂ ਵਿਚ ਬੀਮਾਰੀ ਫੈਲਾ ਦਿੱਤੀ ਜਾਂਦੀ ਹੈ ਜਿਨ੍ਹਾਂ ਦੀਆਂ ਕੁਝ ਖ਼ਾਸ ਗਲੈਂਡਾਂ ਵਿਚੋਂ ਕੁਝ ਮਹੱਤਵਪੂਰਨ ਰਿਸਾਉ ਨਿਕਲਦੇ ਹਨ। ਇਸੇ ਤਰ੍ਹਾਂ ਫ਼ਸਲਾਂ ਨੂੰ ਖਰਾਬ ਕਰਨ ਲਈ ਪੌਦਿਆਂ ਦੀ ਪਲੇਗ, ਬਲਾਈਟ, ਪੈੱਸਟ ਆਦਿ ਸਾਧਨ ਵਰਤੇ ਜਾ ਸਕਦੇ ਹਨ।

**ਬਚਾਉ**—ਜੀਵ ਵਿਗਿਆਨਕ ਯੁੱਧ ਤੋਂ ਬਚਾਉ ਲਈ ਜਨ-ਸਿਹਤ ਅਤੇ ਖੇਤੀਬਾੜੀ ਸੰਸਥਾਵਾਂ ਨੂੰ ਕਾਫ਼ੀ ਸੁਚੇਤ ਰਹਿਣਾ ਪੈਂਦਾ ਹੈ। ਬਚਾਉ ਦੇ ਮੁੱਖ ਤਰੀਕੇ, ਇਸ ਦਾ ਪਤਾ ਲਗਾਉਣਾ, ਇਸ ਦੇ ਵਿਰੁੱਧ ਸਰੀਰ ਅੰਦਰ ਸੁਰੱਖਿਆ ਪੈਦਾ ਕਰਨਾ, ਪੱਤਣ ਰੋਕ ਲਗਾਉਣੀ (Quarantive) ਤੇ ਨਿਵਾਰਕ ਹਾਲਤਾਂ ਵਿਚ ਜਾਂਚ ਕਰਨੀ ਅਤੇ ਸਰੀਰ ਤੇ ਸੁਰੱਖਿਅਤ ਕੱਪੜੇ ਅਤੇ ਚਿਹਰੇ ਤੇ ਕੱਜਣ ਪਾਉਣੇ ਅਤੇ ਹਮਲੇ ਸਮੇਂ ਜਾਂ ਪਿੱਛੋਂ ਜਾਂ ਜੇ ਹਮਲੇ ਦਾ ਸ਼ੱਕ ਹੋਵੇ ਤਾਂ ਵੀ ਹਵਾ ਪਾਣੀ ਨੂੰ ਸ਼ੁੱਧ ਕਰਨਾ ਆਦਿ ਇਸ ਵਿਚ ਆ ਜਾਂਦੇ ਹਨ। ਰੋਗ ਭਾਵੇਂ ਜਲਦੀ ਹੀ ਲੱਗਦਾ ਹੋਵੇ ਉਸ ਨੂੰ ਮਹਾਂਮਾਰੀ ਦਾ ਰੂਪ ਧਾਰਨ ਕਰਨ ਵਿਚ ਕੁਝ ਸਮਾਂ ਲੱਗਦਾ ਹੈ, ਇਸ ਲਈ ਜੇ ਰੋਗ ਨੂੰ ਫੈਲਣ ਤੋਂ ਰੋਕ ਲਿਆ ਜਾਵੇ ਤਾਂ ਮਹਾਂਮਾਰੀ ਤੋਂ ਬਚਿਆ ਜਾ ਸਕਦਾ ਹੈ।

ਹ. ਪੁ.–ਐਨ. ਬ੍ਰਿ. 3 : 641

**ਜੀਵਾਣੂ** (Bacteria) : ਜੀਵਾਣੂ ਅਰਥਾਤ ਬੈਕਟੀਰੀਆ ਸੂਖ਼ਮਦਰਸ਼ੀ ਜੀਵ ਹਨ ਜੋ ਲਗਭਗ ਸਾਰੇ ਕੁਦਰਤੀ ਵਾਤਾਵਰਨ ਵਿਚ ਪਾਏ ਜਾਂਦੇ ਹਨ। ਬਾਗ਼ ਦੀ ਚੰਗੀ ਜ਼ਰਖੇਜ਼ ਭੋਂ ਦੇ ਇਕ ਗਰਾਮ ਵਿਚ ਜੀਵਾਣੂਆਂ ਦੀ ਗਿਣਤੀ ਅਰਬਾਂ ਵਿਚ ਅਤੇ ਲੁਆਬ ਦੇ ਇਕ ਤੁਪਕੇ ਵਿਚ ਇਨ੍ਹਾਂ ਦੀ ਗਿਣਤੀ ਲੱਖ ਤੱਕ ਹੋ ਸਕਦੀ ਹੈ। ਇਹ ਜੀਵ ਸ਼ਾਈਜ਼ੋਮਾਇਕ੍ਰੋਫਾਈਟਾ ਵਰਗ ਦੀ ਸ਼ਾਈਜ਼ੋਮਾਇਸੀਟਸ ਸ਼੍ਰੇਣੀ ਦੇ ਮੈਂਬਰ ਹਨ। ਇਨ੍ਹਾਂ ਜੀਵਾਣੂਆਂ ਦਾ ਜੀਵ-ਮੰਡਲ ਉੱਪਰ ਬੇ-ਹਿਸਾਬ ਅਸਰ ਹੈ। ਇਨ੍ਹਾਂ ਤੋਂ ਬਿਨਾਂ ਜ਼ਮੀਨ ਜ਼ਰਖੇਜ਼ ਨਹੀਂ ਹੋ ਸਕਦੀ ਅਤੇ ਨਾ ਹੀ ਉਹ ਪੌਦੇ ਉਗਾ ਸਕਣ ਦੇ ਕਾਬਲ ਹੋ ਸਕਦੀ ਹੈ। ਪੌਦਿਆਂ ਤੇ ਹੀ ਆਖ਼ਰਕਾਰ ਸਾਰੇ ਪ੍ਰਾਣੀਆਂ ਨੂੰ ਭੋਜਨ ਲਈ ਨਿਰਭਰ ਹੋਣਾ ਪੈਂਦਾ ਹੈ। ਭਾਵੇਂ ਕੁਝ ਜੀਵਾਣੂਆਂ ਦੁਆਰਾ ਬੀਮਾਰੀਆਂ ਪੈਦਾ ਹੁੰਦੀਆਂ ਹਨ ਪਰ ਬਹੁਤ ਸਾਰੀਆਂ ਜਾਤੀਆਂ (Benign) ਸਿੱਧੇ ਤੌਰ ਤੇ ਉਨ੍ਹਾਂ ਵਿਧੀਆਂ ਵਿਚ ਰੁੱਝੀਆਂ ਹੋਈਆਂ ਹਨ ਜਿਨ੍ਹਾਂ ਤੋਂ ਮਨੁੱਖ ਜਾਤੀ ਨੂੰ ਕਾਫ਼ੀ ਲਾਭ ਪਹੁੰਚਦਾ ਹੈ।

**ਆਕਾਰ**—ਇਹ ਜੀਵਤ ਜੀਵਾਂ ਵਿਚੋਂ ਸਭ ਤੋਂ ਛੋਟੇ ਅਤੇ ਇਕ ਸੈੱਲ ਵਾਲੇ ਸੂਖਮਦਰਸ਼ੀ ਜੀਵ ਹਨ। ਹਾਲਾਂਕਿ ਜੀਵਾਣੂਆਂ ਦੇ ਠੀਕ ਆਕਾਰ ਵਿਚ ਇਕ ਜਾਤੀ ਤੋਂ ਦੂਜੀ ਜਾਤੀ ਤੱਕ ਭਿੰਨਤਾ ਪਾਈ ਜਾਂਦੀ ਹੈ ਪਰ ਫਿਰ ਵੀ ਇਹ ਜੀਵ 1 ਤੋਂ 5 ਮਾਇਕ੍ਰੋਨ ਤੱਕ ਹੁੰਦੇ ਹਨ। ($1\mu$ = 1/1000 ਮਿ. ਮੀ. ਜਾਂ 1/25.000 ਇੰਚ) ਬਣਤਰ ਦੇ ਹਿਸਾਬ ਨਾਲ ਜੀਵਾਣੂਆਂ ਦੀਆਂ ਤਿੰਨ ਕਿਸਮਾਂ ਹਨ (1) ਗੋਲਾਕਾਰ (Coccus), (2) ਬੇਸਿਲਸ (Bacillus), (3) ਕੁੰਡਲਦਾਰ (Spirillum)।

ਪ੍ਰਯੋਗਸ਼ਾਲਾ ਵਿਚ ਉਤਪਤੀ ਸਮੇਂ ਹਰੇਕ ਕਿਸਮ ਆਪਣੀ ਸ਼ਕਲ ਬਰਕਰਾਰ ਰੱਖਦੀ ਹੈ ਪ੍ਰੰਤੂ ਭਿੰਨ-ਭਿੰਨ ਵਾਤਾਵਰਨਾਂ ਵਿਚ ਇਨ੍ਹਾਂ ਦੀਆਂ

ਲਾਂ ਵਿਚ ਤਬਦੀਲੀ ਹੋ ਸਕਦੀ ਹੈ। ਜਦੋਂ ਹਾਲਾਤ ਅਨੁਕੂਲ ਹੋਣ ਇਨ੍ਹਾਂ ਵਿਚ ਬਹੁਤ ਜਲਦੀ ਵਾਧਾ ਹੁੰਦਾ ਹੈ (ਕਈ ਕਿਸਮਾਂ ਵਿਚ




**1. ਜੀਵਾਣੂ ਸੈੱਲਾਂ ਦੀਆਂ ਤਿੰਨ ਪ੍ਰਮੁੱਖ ਕਿਸਮਾਂ (ੳ) ਗੋਲਾਕਾਰ (ਅ) ਬੇਸਿਲਸ (ੲ) ਕੁੰਡਲਦਾਰ**

ਨ ਕਿਰਿਆ ਹਰ 15 ਮਿੰਟਾਂ ਬਾਅਦ ਦੁਹਰਾਈ ਜਾਂਦੀ ਹੈ) ਜਿਸ ਨਾਲ ਗਸ਼ਾਲਾ ਵਿਚ ਕਲਚਰ ਪਲੇਟਾਂ ਤੇ ਇਨ੍ਹਾਂ ਦੀਆਂ ਕਲੋਨੀਆਂ ਬਣ ਿਆਂ ਹਨ। ਇਨ੍ਹਾਂ ਕਲੋਨੀਆਂ ਵਿਚ ਵਿਸ਼ੇਸ਼ ਜਾਤੀਆਂ, ਰੰਗ, ਆਕਾਰ ਸੜ੍ਹਾ ਆਦਿ ਗੁਣਾਂ ਕਰਕੇ ਪਛਾਣੀਆਂ ਜਾ ਸਕਦੀਆਂ ਹਨ ਅਤੇ ਹਾਲਤਾਂ ਵਿਚ ਇਕ ਹੀ ਜਾਤੀ ਦੀਆਂ ਵੱਖ-ਵੱਖ ਕਿਸਮਾਂ ਅਤੇ ਦਾਂ (Strains) ਵਿਚ ਫ਼ਰਕ ਦੇਖਿਆ ਜਾ ਸਕਦਾ ਹੈ।

**ਵੰਡ**—ਜੀਵਾਣੂ ਧਰਤੀ ਤੇ ਹਰ ਹਿੱਸੇ ਅਤੇ ਵਾਤਾਵਰਨ ਵਿਚ ਜਾਂਦੇ ਹਨ ਜਿਵੇਂ ਧਰੁਵੀ ਬਰਫਾਂ ਤੋਂ ਗਰਮ ਚਸ਼ਮਿਆਂ ਤੱਕ, ਪਹਾੜਾਂ ਾਂ ਚੋਟੀਆਂ ਤੋਂ ਸਮੁੰਦਰੀ ਡੂੰਘਾਈਆਂ ਤੱਕ ਅਤੇ ਸਰੀਰਾਂ ਤੋਂ ਲੈ ਕੇ ਲੀ ਜ਼ਮੀਨਾਂ ਤੱਕ। ਬਹੁਤ ਸਾਰੇ ਜੀਵਾਣੂ ਉਸ ਵਾਤਾਵਰਨ ਵਿਚ ਹੁੰਦੇ ਹਨ ਜਿਥੇ ਤਾਪਮਾਨ 5° ਸੈ. ਤੋਂ ਜ਼ਿਆਦਾ ਹੋਵੇ। ਇਨ੍ਹਾਂ ਵਿਚੋਂ ਕੁਝ ਕਿਸਮਾਂ ਵਿਸ਼ੇਸ਼ ਹੀ ਹੁੰਦੀਆਂ ਹਨ ਅਤੇ 0° ਸੈ. ਤੋਂ ਕੁਝ ਘੱਟ ; ਤਾਪਮਾਨ ਤੇ ਵੀ ਚੁਸਤ ਰਹਿੰਦੀਆਂ ਹਨ। ਤਾਪਮਾਨ ਦੀ ਉਪਰਲੀ 30° ਸੈ. ਹੈ। ਜ਼ਮੀਨੀ ਜੀਵਾਣੂਆਂ ਅਤੇ ਪ੍ਰਾਣੀ ਪਰਜੀਵਾਂ ਲਈ ਵੱਧ ਤੋਂ ਵੱਧ ਤਾਪਮਾਨ ਜਿਸ ਤੇ ਵਾਧਾ ਰੁਕ ਜਾਂਦਾ ਹੈ ਉਹ 70° ਸੈ. ਹੈ. ਇਨ੍ਹਾਂ ਹੱਦਾਂ ਤੋਂ ਬਾਹਰ ਜੀਵਾਣੂ ਅਕ੍ਰਿਆਸ਼ੀਲ ਹੋ ਜਾਂਦੇ ਹਨ। ਕੁਝ ਜੀਵਾਣੂ ਸੁਪਤ ਅਵਸਥਾ ਵਿਚ ਜੀਵਤ ਰਹਿੰਦੇ ਹਨ ਅਤੇ ਮਾਕੂਲ ਅਵਸਥਾ ਦੇ ਆਉਣ ਤੇ ਇਹ ਆਪਣਾ ਕੰਮ ਸ਼ੁਰੂ ਕਰ ਦਿੰਦੇ ਹਨ। ਇਸੇ ਸਮਰਥਾ ਕਾਰਨ ਹੀ ਇਹ ਜੀਵ ਧਰਤੀ ਤੇ ਬਹੁਤ ਜ਼ਿਆਦਾ ਵਿਕਸ਼ਿਤ ਹੋ ਸਕੇ ਹਨ।

**ਪ੍ਰਾਕ੍ਰਿਤਿਕ ਇਤਿਹਾਸ**—ਜੀਵਾਣੂਆਂ ਦੀ ਵਿਸ਼ਾਲ ਹੋਂਦ ਹੋਣ ਕਾਰਨ ਮਨੁੱਖ ਦੁਆਰਾ ਇਨ੍ਹਾਂ ਨੂੰ ਘਟਾਉਣ ਜਾਂ ਕੰਟਰੋਲ ਕਰਨ ਲਈ ਅਪਣਾਏ ਜਾਂਦੇ ਸਾਧਨ ਜ਼ਿਆਦਾ ਹੈਰਾਨੀ ਨਹੀਂ ਪੈਦਾ ਕਰਦੇ। ਅੱਗੇ ਆਉਣ ਵਾਲੇ ਭਾਗਾਂ ਵਿਚ ਜੀਵਾਣੂਆਂ ਦੀਆਂ ਉਨ੍ਹਾਂ ਵਿਸ਼ੇਸ਼ ਸਥਿਤੀਆਂ ਤੇ ਜ਼ੋਰ ਦਿੱਤਾ ਗਿਆ ਹੈ ਜਿਨ੍ਹਾਂ ਨਾਲ ਮਨੁੱਖਾਂ ਦੀਆਂ ਲੋੜਾਂ ਨੂੰ ਨੁਕਸਾਨ ਪਹੁੰਚਾਂਦਾ ਹੈ।

**ਜਣਨ ਕਿਰਿਆ ਅਤੇ ਵਾਧਾ**—ਜੀਵਾਣੂਆਂ ਦੇ ਜੀਵਨ ਕਾਲ ਵਿਚ ਜਣਨ ਕਿਰਿਆ ਅਤੇ ਵਾਧਾ ਹੋਰਨਾਂ ਜੀਵਾਂ ਵਾਂਗ ਹੀ ਹੁੰਦਾ ਹੈ। ਕੁਝ ਲੱਛਣ ਭਾਵੇਂ ਸੂਖਮਦਰਸ਼ੀ ਜੀਵ ਲਈ ਅਵੱਲੇ ਹੁੰਦੇ ਹਨ। ਵਾਧਾ ਸ਼ਬਦ ਮਾਈਕ੍ਰੋ ਜੀਵ ਵਿਗਿਆਨ ਵਿਚ ਕਿਸੇ ਦਿੱਤੀ ਹੋਈ ਵਸੋਂ ਦੀ ਗਿਣਤੀ ਵਿਚ ਵਾਧੇ ਵੱਲ ਸੰਕੇਤ ਕਰਦਾ ਹੈ ਨਾ ਕਿ ਆਕਾਰ ਵਿਚਲੇ ਵਾਧੇ ਨੂੰ। ਵਧਨ ਕਾਲ ਦੀਆਂ ਵਿਸ਼ੇਸ਼ ਅਵਸਥਾਵਾਂ ਵਿਚ ਇਕੱਲੇ ਇਕੱਲੇ ਜੀਵਾਣੂ ਸੈੱਲ ਦੇ ਆਕਾਰ ਵਿਚ ਤਬਦੀਲੀਆਂ ਜ਼ਰੂਰ ਹੁੰਦੀਆਂ ਰਹਿੰਦੀਆਂ ਹਨ।



**2. ਮਨੁੱਖੀ ਪਿੱਤੇ ਵਿਚ ਲਾਗ ਵਾਲੇ ਇਕ ਬੈਕਟੀਰੀਆ (Clostridium perfringens) ਵਿਚ ਹੋ ਰਹੀ ਜਣਨ ਕਿਰਿਆ ਦਾ ਇਕ ਚਿੱਤਰ**

**ਜਣਨ ਕਿਰਿਆ**—ਜੀਵਾਣੂ ਆਮ ਤੌਰ ਤੇ ਅਲਿੰਗੀ ਜਣਨ ਕਿਰਿਆ ਰਾਹੀਂ ਵਧਦੇ ਹਨ ਜਿਸ ਨੂੰ 'ਬਾਈਨਰੀ ਫਿਸ਼ਨ' (Binary Fission) ਕਿਹਾ ਜਾਂਦਾ ਹੈ। ਇਸ ਵਿਧੀ ਵਿਚ ਇਕਹਿਰਾ ਸੈੱਲ ਦੋ ਸੈੱਲਾਂ ਵਿਚ ਵੰਡਿਆ ਜਾਂਦਾ ਹੈ। ਸੈੱਲ ਵਧਦਾ ਜਾਂਦਾ ਹੈ ਅਤੇ ਸੈੱਲ ਕੰਧ ਵਿਚਕਾਰੋਂ ਦਬੀ ਜਾਂਦੀ ਹੈ ਆਖ਼ਰਕਾਰ ਇਕ ਆਡੇ ਦਾਅ ਸੈੱਲ ਕੰਧ ਜਣਨ ਸੈੱਲ ਨੂੰ ਦੋ ਨਵੇਂ ਸੈੱਲਾਂ (ਸੰਤਾਨ-ਸੈੱਲਾਂ) ਵਿਚ ਵੱਖਰਿਆਂ ਕਰ ਦਿੰਦੀ ਹੈ ਅਤੇ ਇਹੀ ਵਿਧੀ ਦੁਬਾਰਾ ਸ਼ੁਰੂ ਹੋ ਜਾਂਦੀ ਹੈ। ਇਹ ਜਣਨ-ਕਿਰਿਆ ਜੁਮੈਟਰੀਈ ਵਿਕਾਸ (Geometric progression) ਰਾਹੀਂ ਹੁੰਦੀ ਹੈ।

ਇਕ ਸੈੱਲ ਤੋਂ 2, 2 ਤੋਂ 4, 4 ਤੋਂ 8, 8 ਤੋਂ 16, 16 ਤੋਂ 32 ਅਤੇ ਇਸ ਤਰ੍ਹਾਂ ਇਹ ਵਾਧਾ ਜਾਰੀ ਰਹਿੰਦਾ ਹੈ। ਇਸ ਵਸੋਂ ਨੂੰ ਦੁਗਣੀ ਹੋਣ



ਮਾਈਕੋਪਲਾਜ਼ਮਾ ਹੋਮਿਨਿਸ ਬੈਕਟੀਰੀਆ ਸੈੱਲਾਂ ਦੀ ਜਣਨ ਕਿਰਿਆ ਦਰ-ਸਾਉਂਦਾ ਇਕ ਇਲੈਕਟ੍ਰਾਨ ਮਾਈਕ੍ਰੋਗਰਾਫ

ਲਈ ਵਸੋਂ ਦੇ ਵਕਤ ਦਾ ਅੰਦਾਜ਼ਾ (G) ਹੇਠ ਲਿਖੇ ਫਾਰਮੂਲੇ ਨਾਲ ਲਾਇਆ ਜਾ ਸਕਦਾ ਹੈ।

$$G = \frac{1}{n} = \frac{t}{3.3.\log b/B}$$

ਉਪਰੋਕਤ ਫਾਰਮੂਲੇ ਵਿਚ B ਜੀਵਾਣੂਆਂ ਦਾ ਵਾਧਾ ਸ਼ੁਰੂ ਹੋਣ ਵੇਲੇ ਦੀ ਗਿਣਤੀ, b ਦਿੱਤੇ ਹੋਏ ਵਕਤ ਦੇ ਅੰਤ ਤੇ ਜੀਵਾਣੂਆਂ ਦੀ ਗਿਣਤੀ, t ਵਕਤ ਵਕਫ਼ਾ ਹੈ ਜਦਕਿ n ਪੀੜ੍ਹੀਆਂ ਦੀ ਗਿਣਤੀ ਨੂੰ ਦਰਸਾਉਂਦਾ ਹੈ।

ਜੀਵਾਣੂ ਜਾਤੀਆਂ ਦੀ ਪੀੜ੍ਹੀ ਕਾਲ ਵਿਚ ਬਹੁਤ ਜ਼ਿਆਦਾ ਭਿੰਨਤਾ ਵੇਖਣ ਵਿਚ ਆਉਂਦੀ ਹੈ। ਐਸਰੀਚੀਆ ਕੋਲੀ (Escherichia coli) ਸਭ ਤੋਂ ਜਲਦੀ ਵਧਣ ਵਾਲੀ ਜਾਤੀ ਹੈ ਜਿਸ ਦਾ ਪੀੜ੍ਹੀ ਕਾਲ 15 ਮਿੰਟ ਹੈ। ਇਕ ਹੋਰ ਜਾਤੀ ਮਾਈਕੋਬੈਕਟੀਰੀਅਮ ਟਿਊਬਰਕਿਊਲੋਸਿਸ (Mycobacterium tuberculosis) ਜਿਸ ਦਾ ਵਾਧਾ ਕਾਫ਼ੀ ਹੌਲੀ-ਹੌਲੀ ਹੁੰਦਾ ਹੈ ਅਤੇ ਇਸ ਦਾ ਪੀੜ੍ਹੀ ਕਾਲ 16 ਘੰਟੇ ਹੈ।

ਭਾਵੇਂ ਦੋਹਰੀ ਵੰਡ ਹੀ ਜੀਵਾਣੂਆਂ ਦੇ ਵਾਧੇ ਦਾ ਇਕ ਖਾਸ ਲੱਛਣ ਹੈ ਪਰ ਫਿਰ ਵੀ ਜੀਵਾਣੂਆਂ ਦਾ ਵਾਧਾ ਕਈ ਹੋਰ ਤਰੀਕਿਆਂ ਨਾਲ ਵੀ ਹੁੰਦਾ ਹੈ ਜਿਵੇਂ ਰੋਡੋਮਾਈਕ੍ਰੋਬੈਕਟੀਰੀਅਮ ਵੈਨੀਲੀ (Rhodomicrobacmerium Vanelli) ਵਿਚ ਵਾਧਾ ਬਡਿੰਗ (Budding) ਰਾਹੀਂ ਹੁੰਦਾ ਹੈ। ਸਟ੍ਰੈਪਟੋਮਾਈਸੀਜ਼ ਵਿਚ ਸਪੋਰ (Spore) ਦੀ ਇਕ ਲੜੀ ਪੈਦਾ ਹੋ ਜਾਂਦੀ ਹੈ।

ਜੀਵਾਣੂਆਂ ਵਿਚ ਲਿੰਗੀ ਜਣਨ ਦੀਆਂ ਵੀ ਕੁਝ ਉਦਾਹਰਣਾਂ ਮਿਲਦੀਆਂ ਹਨ। ਘੱਟ ਗਿਣਤੀ ਵਿਚ ਇਹ ਆਂਤੜੀਆਂ ਵਿਚ ਮਿਲਣ ਵਾਲੇ ਜੀਵਾਣੂਆਂ (Escherichia, Shigelle, Salmonella) ਵਿਚ ਪਾਈ ਜਾਂਦੀ ਹੈ। ਇਸ ਕਿਸਮ ਦੇ ਲਿੰਗੀ ਪ੍ਰਜਣਨ ਵਿਚ ਇਕ ਨਰ ਅਤੇ ਮਾਦਾ ਜੀਵਾਣੂ ਸੈੱਲ ਦਾ ਸੁਮੇਲ ਹੋ ਜਾਂਦਾ ਹੈ। ਇਸ ਤਰ੍ਹਾਂ ਜੀਵਾਣੂਆਂ ਦੇ ਇਕ ਕ੍ਰੋਮੋਸੋਮ ਟੁਕੜੇ ਦੇ ਦੂਜੇ ਸੈੱਲ ਦੇ ਕ੍ਰੋਮੋਸੋਮ ਵਿਚ ਮਿਲ ਜਾਣ ਤੇ ਜਣਨਕ ਪਦਾਰਥ ਦਾ ਵਟਾਂਦਰਾ ਹੋ ਜਾਂਦਾ ਹੈ।

## ਜੀਵਾਣੂ ਅਤੇ ਪ੍ਰਸਥਿਤੀ ਵਿਗਿਆਨ

**ਪਾਣੀ ਵਿਚਲੇ ਜੀਵਾਣੂ**—ਮਨੁੱਖ ਅਤੇ ਜੰਤੂਆਂ ਦੀਆਂ ਅੰਤੜੀਆਂ ਵਿਚ ਮਿਲਣ ਵਾਲੇ ਜੀਵਾਣੂ (Escherichia Coli, Aerobacter aerogens) ਮਲ ਦੇ ਨਾਲ ਵੀ ਸਰੀਰ ਵਿਚੋਂ ਬਾਹਰ ਆ ਜਾਂਦੇ ਹਨ ਤੇ ਪਾਣੀ ਨੂੰ ਗੰਦਾ ਕਰਦੇ ਹਨ। ਇਸੇ ਤਰ੍ਹਾਂ ਘਰਾਂ ਦੀ ਗੰਦਗੀ ਤੇ ਕੂੜੇ ਕਰਕਟ ਵਿਚ ਅਨੇਕਾਂ ਹਾਨੀਕਾਰਕ ਜੀਵਾਣੂ ਹੋ ਸਕਦੇ ਹਨ ਜੋ ਪਾਣੀ ਨੂੰ ਅਸ਼ੁੱਧ ਬਣਾਉਂਦੇ ਹਨ। ਪੀਣ-ਯੋਗ ਪਾਣੀ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਇਨ੍ਹਾਂ ਦੀ ਲਾਗ ਤੋਂ ਬਚਾਇਆ ਜਾ ਸਕਦਾ ਹੈ। ਸਮੁੰਦਰਾਂ ਵਿਚ ਵੀ ਤਲ ਤੋਂ ਲੈ ਕੇ ਉੱਪਰਲੀ ਸਤਹ ਤੱਕ ਅਨੇਕਾਂ ਜੀਵਾਣੂ ਹੁੰਦੇ ਹਨ ਜੋ ਕਾਰਬਨਿਕ ਅਤੇ ਅਕਾਰਬਨਿਕ ਯੋਗਿਕਾਂ ਉੱਤੇ ਕਿਰਿਆ ਕਰਕੇ ਸਮੁੰਦਰੀ ਜੀਵਾਂ ਦੀ ਖ਼ੁਰਾਕ ਬਣਾਉਂਦੇ ਹਨ।

**ਹਵਾ ਵਿਚਲੇ ਜੀਵਾਣੂ**—ਹਵਾ ਵਿਚਲੇ ਜੀਵਾਣੂ ਮਨੁੱਖ ਦੀ ਸਾਹ ਪ੍ਰਣਾਲੀ ਤੇ ਹਮਲਾ ਕਰਕੇ ਤਪਦਿਕ ਅਤੇ ਨਮੂਨੀਆ ਵਰਗੇ ਭਿਆਨਕ ਰੋਗ ਪੈਦਾ ਕਰਦੇ ਹਨ। ਰੋਗੀ ਮਨੁੱਖਾਂ ਦੇ ਸਾਹ ਲੈਣ, ਛਿੱਕ ਆਉਣ ਜਾਂ ਖੰਘਣ ਨਾਲ ਇਹ ਦੁਬਾਰਾ ਹਵਾ ਵਿਚ ਮਿਲ ਕੇ ਇਸ ਨੂੰ ਅਸ਼ੁੱਧ ਕਰ ਦਿੰਦੇ ਹਨ। ਪੌਦਿਆਂ ਦੇ ਤੰਤੂਆਂ ਨੂੰ ਲਾਗ ਲਾਉਣ ਵਾਲੇ ਜੀਵਾਣੂ ਹੌਲੀ-ਹੌਲੀ ਹਵਾ ਵਿਚ ਫੈਲਦੇ ਰਹਿੰਦੇ ਹਨ। ਮਿੱਟੀ ਵਿਚ ਵੀ ਅਨੇਕਾਂ ਜੀਵਾਣੂ ਹੋ ਸਕਦੇ ਹਨ। ਜਦੋਂ ਧੂੜ ਉੱਡਦੀ ਹੈ ਤਾਂ ਇਨ੍ਹਾਂ ਦੇ ਸਪੋਰ ਹਵਾ ਵਿਚ ਮਿਲ ਜਾਂਦੇ ਹਨ। 3.5 ਹਜ਼ਾਰ ਮੀਟਰ ਦੀ ਉਚਾਈ ਤੋਂ ਉੱਪਰਲੀ ਹਵਾ ਵਿਚ ਮਿੱਟੀ ਦੇ ਕਣ ਘੱਟ ਹੁੰਦੇ ਹਨ, ਇਸ ਲਈ ਜੀਵਾਣੂ ਵੀ ਘੱਟ ਹੁੰਦੇ ਹਨ। ਭਾਰੀ ਵਰਖਾ ਮਗਰੋਂ ਵੀ ਹਵਾ ਸਾਫ਼ ਹੋ ਜਾਂਦੀ ਹੈ।

**ਭੂਮੀ ਵਿਚਲੇ ਜੀਵਾਣੂ**—ਭੂਮੀ ਵਿਚਲੇ ਜੀਵਾਣੂਆਂ ਦੀ ਦੁਨੀਆਂ ਪੌਦਿਆਂ ਅਤੇ ਜੰਤੂਆਂ ਲਈ ਬੜੀ ਲਾਭਦਾਇਕ ਸਿੱਧ ਹੁੰਦੀ ਹੈ। ਇਹ ਜੀਵ-ਜੰਤੂਆਂ ਦੇ ਮ੍ਰਿਤਕ ਸਰੀਰਾਂ ਵਿਚਲੇ ਕਾਰਬਨਿਕ ਮਾਦੇ ਨੂੰ ਤੋੜ ਭੰਨ ਕੇ ਰਸਾਇਣਕ ਪਰਿਵਰਤਨਾਂ ਦੁਆਰਾ ਸਧਾਰਨ ਅਕਾਰਬਨਿਕ ਯੋਗਿਕਾਂ ਵਿਚ ਬਦਲ ਦਿੰਦੇ ਹਨ ਜਿਨ੍ਹਾਂ ਨੂੰ ਪੌਦੇ ਖ਼ੁਰਾਕ ਵਜੋਂ ਵਰਤ ਲੈਂਦੇ ਹਨ। ਇਹੀ ਪੌਦੇ ਜੰਤੂਆਂ ਦੀ ਖ਼ੁਰਾਕ ਬਣਦੇ ਹਨ। ਇਉਂ ਕੁਦਰਤ ਵਿਚ ਇਕ ਲਗਾਤਾਰ ਚੱਕਰ ਚਲਦਾ ਰਹਿੰਦਾ ਹੈ ਜਿਸ ਵਿਚ ਕਦੇ ਕੋਈ ਪਦਾਰਥ ਕਾਰਬਨਿਕ ਅਤੇ ਅਕਾਰਬਨਿਕ ਰੂਪ ਵਿਚ ਜਾਂ ਸੁਤੰਤਰ ਰੂਪ ਵਿਚ ਆਉਂਦਾ ਰਹਿੰਦਾ ਹੈ ਤੇ ਇਸ ਦਾ ਸੰਤੁਲਨ ਕਾਇਮ ਰਹਿੰਦਾ ਹੈ। ਨਾਈਟ੍ਰੋਜਨ ਚੱਕਰ ਵਿਚ ਭਾਗ ਲੈਣ ਵਾਲੇ ਜੀਵਾਣੂ ਜਿਵੇਂ (Azotobacter ਅਤੇ Clostridium) ਫ਼ਲੀਦਾਰ ਪੌਦਿਆਂ ਦੀਆਂ ਜੜ੍ਹਾਂ ਵਿਚ ਰਹਿੰਦੇ ਹਨ। ਇਹ ਸੁਤੰਤਰ ਨਾਈਟ੍ਰੋਜਨ ਨੂੰ ਅਕਾਰਬਨਿਕ ਯੋਗਿਕਾਂ (Nitrites, Nitrates) ਵਿਚ ਬਦਲ ਕੇ ਕਿਸਾਨ ਦੇ ਮਿੱਤਰ ਬਣਦੇ ਹਨ।

**ਭੋਜਨ ਵਿਚਲੇ ਜੀਵਾਣੂ**—ਪਸ਼ੂਆਂ ਦੇ ਦੁੱਧ ਵਿਚ ਕਈ ਕਿਸਮਾਂ ਦੇ ਹਾਨੀਕਾਰਕ ਜੀਵਾਣੂ ਹੋ ਸਕਦੇ ਹਨ ਜੋ ਟਾਈਫ਼ਾਈਡ (ਮਿਆਦੀ ਬੁਖ਼ਾਰ) ਅਤੇ ਡਿਫਥੀਰੀਆ ਵਰਗੇ ਰੋਗ ਵੀ ਫੈਲਾ ਸਕਦੇ ਹਨ। ਇਨ੍ਹਾਂ ਨੂੰ ਨਸ਼ਟ ਕਰਨ ਲਈ ਪਾਸਚਰੀਕਰਨ ਇਕੋ ਇਕ ਉਪਾਅ ਹੈ। ਦੋ ਤਰ੍ਹਾਂ ਦੇ ਤਾਪਮਾਨ ਦੇਣ ਨਾਲ ਇਹ ਕਿਰਿਆ ਪੂਰੀ ਹੁੰਦੀ ਹੈ, ਜਾਂ ਤਾਂ ਘੱਟ ਤਾਪਮਾਨ ਜਾਂ ਜ਼ਿਆਦਾ ਤਾਪਮਾਨ ਤੇ ਘੱਟ ਸਮੇਂ ਲਈ ਰੱਖਣ ਨਾਲ ਸਾਰੇ ਤਰ੍ਹਾਂ ਦੇ ਜੀਵਾਣੂ ਮਰ ਜਾਂਦੇ ਹਨ।

ਦੂਸਰੇ ਪਾਸੇ ਜੀਵਾਣੂਆਂ ਦੀਆਂ ਕੁਝ ਖ਼ਾਸ ਜਾਤੀਆਂ ਅਤੇ ਕਿਸਮਾਂ ਦੁੱਧ ਅਤੇ ਕੇਸੀਨ ਨੂੰ ਲੱਸੀ, ਯੋਗ੍ਰਟ ਅਤੇ ਪਨੀਰ ਵਿਚ ਬਦਲ ਦਿੰਦੀਆਂ ਹਨ। ਸ਼ੁਰੂ ਕਰਨ ਵਾਲਾ ਕਲਚਰ **ਸਟ੍ਰੈਪਟੋਕੋਕਸ ਲੈਕਟਸ** ਜਾਂ

ਰੀਮਨਸ (Streptococcus lactus, S. cremons) ਦਾ ਹੁੰਦਾ ਹੈ। ਗੁਰਟ ਵੱਖ-ਵੱਖ ਕਲਚਰਾਂ ਦੁਆਰਾ ਬਣਾਏ ਜਾਂਦੇ ਹਨ। ਪਨੀਰ ਵੀ ਝ ਇਸ ਤਰ੍ਹਾਂ ਹੀ ਬਣਾਇਆ ਜਾਂਦਾ ਹੈ। ਜੀਵਾਣੂਆਂ ਦੀ ਮਹੱਤਤਾ ਧ ਵਾਲੇ ਪਦਾਰਥਾਂ ਤੋਂ ਬਿਨਾਂ ਉੱਨੀ ਹੀ ਹੁੰਦੀ ਹੈ ਜਿੰਨੀ ਕੁ ਦੁੱਧ ਲੇ ਪਦਾਰਥਾਂ ਵਿਚ। ਜੇਕਰ ਇਨ੍ਹਾਂ ਨੂੰ ਖਾਣ ਵਾਲੇ ਪਦਾਰਥਾਂ ਵਿਚ ਧਣ ਦਿੱਤਾ ਜਾਏ ਤਾਂ ਇਸ ਨਾਲ ਜ਼ਹਿਰਬਾਦ ਹੋ ਸਕਦਾ ਹੈ।

**ਕੰਟਰੋਲ**—ਬਹੁਤ ਸਾਰੇ ਪਦਾਰਥ ਚੀਜ਼ਾਂ ਅਤੇ ਖ਼ਾਸ ਤਰ੍ਹਾਂ ਦੇ ਾਤਾਵਰਨਾਂ ਵਿਚ ਜੀਵਾਣੂਆਂ ਦੀ ਗਿਣਤੀ ਬਹੁਤ ਘੱਟ ਜਾਂਦੀ ਹੈ ਜਾਂ ਝਰ ਇਹ ਉੱਕਾ ਹੀ ਖ਼ਤਮ ਕਰ ਦਿੱਤੇ ਜਾਂਦੇ ਹਨ। ਇਹ ਭੌਤਿਕੀ ਅਤੇ ਸਾਇਣੀ ਤਰੀਕਿਆਂ ਨਾਲ ਸੰਭਵ ਹੋ ਸਕਦਾ ਹੈ।

**ਤਾਪ**—ਕਈ ਤਰੀਕਿਆਂ ਨਾਲ ਦਿੱਤਾ ਗਿਆ ਜ਼ਿਆਦਾ ਤਾਪ ੀਵਾਣੂ ਰਹਿਤ ਕਰਨ ਦਾ ਇਕ ਸਭ ਤੋਂ ਅਸਰਦਾਰ ਤਰੀਕਾ ਹੈ। ਤਾਪ ੇਣ ਦੇ ਵੀ ਤਿੰਨ ਚਾਰ ਤਰੀਕੇ ਹਨ। ਇੰਸੀਨੇਰੇਸ਼ਨ, ਦਬਾ ਤੇ ਭਾਫ਼ ੇਣਾ, ਖੁਸ਼ਕ ਤਾਪ, ਗਰਮ ਜਾਂ ਉਬਲਦੇ ਪਾਣੀ ਨਾਲ ਤਾਪ ਅਤੇ ੇਡੀਏਸ਼ਨ। ਰੇਡੀਏਸ਼ਨ ਤਰੀਕੇ ਵਿਚ ਅਲਟ੍ਰਾਵਾਇਲੈੱਟ ਕਿਰਨਾਂ (2650 ਐਂਗਸਟ੍ਰਾਮ) ਦੀ ਵਰਤੋਂ ਕੀਤੀ ਜਾਂਦੀ ਹੈ। ਗੈਮਾ ਰੇਡੀਏਸ਼ਨ ਜਿਸ ਵਿਚ ਗੈਮਾ ਕਿਰਨਾਂ ਦੇ ਦੂਰ ਤੱਕ ਧਸਣ ਅਤੇ ਘਾਤਕ ਅਸਰ ਆਦਿ ਗੁਣ ਹੁੰਦੇ ਹਨ, ਕਾਫ਼ੀ ਲਾਭਦਾਇਕ ਸਿੱਧ ਹੋਏ ਹਨ।

**ਰਸਾਇਣਕ ਪਦਾਰਥ**—ਕਈ ਤਰ੍ਹਾਂ ਦੇ ਰਸਾਇਣਕ ਪਦਾਰਥਾਂ ਜਾਂ ਜ਼ਹਿਰੀਲੀਆਂ ਗੈਸਾਂ ਨਾਲ ਵੀ ਵਸਤੂਆਂ ਨੂੰ ਜੀਵਾਣੂ ਰਹਿਤ ਕੀਤਾ ਜਾ ਸਕਦਾ ਹੈ ਜਿਵੇਂ ਐਥੀਲੀਨ ਗੈਸ ਆਦਿ। ਠੀਕ ਘਣਤਾ ਨਮੀ ਅਤੇ ਤਾਪਮਾਨ ਤੇ ਐਥੀਲੀਨ ਆਕਸਾਈਡ ਇਕ ਚੰਗੇ ਜਰਮ ਰਹਿਤ ਵਜੋਂ ਵਰਤੀ ਜਾ ਸਕਦੀ ਹੈ। ਇਸ ਵਿਚ ਪਦਾਰਥਾਂ ਵਿਚ ਬਹੁਤ ਡੂੰਘਾਈ ਤੱਕ ਵੀ ਅਸਰ ਕਰਨ ਦੀ ਸਮਰਥਾ ਹੁੰਦੀ ਹੈ। ਐਥੀਲੀਨ ਆਕਸਾਈਡ ਨਾਲ ਕਈ ਕਿਸਮਾਂ ਦੀਆਂ ਵਸਤਾਂ ਨੂੰ ਜਰਮ ਰਹਿਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿਚ ਪਲਾਸਟਿਕ ਵੀ ਸ਼ਾਮਲ ਹੈ ਕਿਉਂਕਿ ਇਨ੍ਹਾਂ ਵਸਤਾਂ ਲਈ ਹੋਰ ਜਰਮ ਰਹਿਤ ਪਦਾਰਥ ਨਹੀਂ ਵਰਤੇ ਜਾ ਸਕਦੇ।

ਹੋਰ ਕਈ ਤਰ੍ਹਾਂ ਦੇ ਰਸਾਇਣਕ ਪਦਾਰਥ ਉਪਲਬਧ ਹਨ ਜਿਨ੍ਹਾਂ ਨੂੰ ਵਾਤਾਵਰਨ ਵਿਚਲੀਆਂ ਸਤ੍ਹਾ ਤੇ ਵਰਤਿਆ ਜਾ ਸਕਦਾ ਹੈ। ਇਨ੍ਹਾਂ ਨਾਲ ਪੂਰਨ ਜਰਮ ਰਹਿਤ ਹਾਲਤਾਂ ਤਾਂ ਪੈਦਾ ਨਹੀਂ ਕੀਤੀਆਂ ਜਾ ਸਕਦੀਆਂ ਪਰ ਇਹ ਜੀਵਾਣੂਆਂ ਦੀ ਗਿਣਤੀ ਘਟਾ ਸਕਣ ਅਤੇ ਜੀਵਾਣੂਆਂ ਦੀਆਂ ਕਈ ਕਿਸਮਾਂ ਮੁਕਾਉਣ ਦੇ ਯੋਗ ਹੁੰਦੀਆਂ ਹਨ ਇਨ੍ਹਾਂ ਨੂੰ ਐਂਟੀਸੈਪਟਿਕ, ਜਰਮੀਸਾਈਡ, ਡਿਸਇਨਫੈਕਟੈਂਟ ਅਤੇ ਸੈਨੇਟਾਈਜ਼ਰ ਆਦਿ ਨਾਂ, ਇਨ੍ਹਾਂ ਦੀ ਕਿਰਿਆ ਆਦਿ ਦੇ ਆਧਾਰ ਤੇ ਦਿੱਤੇ ਜਾਂਦੇ ਹਨ।

**ਆਕਾਰ ਅਤੇ ਕੰਮ**—ਆਮ ਵਾਤਾਵਰਨ ਵਿਚ ਜੀਵਾਣੂ ਨਾ ਕੇਵਲ ਬਹੁ-ਗਿਣਤੀ ਵਿਚ ਪਾਏ ਜਾਂਦੇ ਹਨ ਸਗੋਂ ਅਨੇਕ ਰੂਪਾਂ ਵਿਚ ਵੀ ਮਿਲਦੇ ਹਨ। ਇਕੱਲੀ-ਇਕੱਲੀ ਜਾਤੀ ਦੇ ਖ਼ਾਸ ਲੱਛਣਾਂ ਦਾ ਅਧਿਐਨ ਹਰੇਕ ਜਾਤੀ ਦੇ ਸ਼ੁੱਧ ਕਲਚਰ ਤੋਂ ਹੀ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸੈੱਲ ਮਾਰਫੋਲੋਜੀ, ਕਲਚਰ ਅਤੇ ਫ਼ਿਜ਼ਿਆਲੋਜੀਕਲ ਲੱਛਣ, ਬਾਇਓ-ਰਸਾਇਣਕ ਵਿਧੀਆਂ, ਐਂਟੀਜੈਨਿਕ ਲੱਛਣਾਂ ਅਤੇ ਪੈਥੋਜੀਨਿਸਟੀ ਦਾ ਅਧਿਐਨ ਕੀਤਿਆਂ ਹੀ ਸੰਭਵ ਹੋ ਸਕਦਾ ਹੈ।

**ਮਾਰਫੋਲੋਜੀਕਲ ਲੱਛਣ—ਜੀਵਾਣੂ ਸੈੱਲ**—ਯੂਬੈਕਟ੍ਰੀ-ਏਲੀਜ਼ ਜਾਤੀ ਦੇ ਵਿਸ਼ੇਸ਼ ਸੈੱਲ ਜਾਂ ਅਸਲ ਜੀਵਾਣੂ ਇਕ ਬੇਸਿਲਸ ਹੁੰਦਾ ਹੈ ਅਤੇ ਇਸ ਦਾ ਘੇਰਾ ਤਕਰੀਬਨ ਇਕ ਮਾਈਕ੍ਰੋਨ ਅਤੇ ਲੰਬਾਈ ਕੁਝ ਮਾਈਕ੍ਰੋਨ ਤੱਕ ਹੁੰਦੀ ਹੈ। ਕੋਕਾਇਡ ਸੈੱਲ ਖ਼ਾਸ ਗਠਜੋੜ ਵਿਚ ਵੀ ਹੋ ਸਕਦੇ ਹਨ ਜਿਵੇਂ ਡਿਪਲੋਕਾਕਸ ਨਿਊਮੋਨੀ ਜੋੜਿਆਂ ਵਿਚ ਪਾਏ ਜਾਂਦੇ ਹਨ। ਸਟ੍ਰੈਪਟੋਕਾਕਸ ਔਰੀਅਸ ਅੰਗੂਰਾ ਦੇ ਗੁੱਛਿਆਂ ਵਾਂਗ ਅਤੇ ਸਟ੍ਰੈਪਟੋਕਾਕਸ ਪਾਇਓਸੀਨਸ ਲੜੀ ਰੂਪ ਵਿਚ ਪਾਏ ਜਾਂਦੇ ਹਨ।

ਅਸਲ ਜੀਵਾਣੂਆਂ ਦੇ ਵਿਪਰੀਤ ਵੱਡੇ (Higher) ਬੈਕਟੀਰੀਆ ਉਹ ਹਨ ਜਿਨ੍ਹਾਂ ਦੀ ਸ਼ਕਲ ਸੈੱਲਮਈ ਵਿਭੇਦੀਕਰਨ ਵੱਲ ਮੁੜਦੀ ਹੈ। ਇਹ ਅਸਲ ਜੀਵਾਣੂਆਂ ਤੋਂ ਉਚੇਰੇ ਅਤੇ ਇਨ੍ਹਾਂ ਦੀ ਸ਼ਕਲ, ਖਮੀਰ, ਉੱਲੀ, ਸਾਵਲ ਜਾਂ ਪ੍ਰੋਟੋਜ਼ੋਆ ਨਾਲ ਮਿਲਦੀ ਜੁਲਦੀ ਹੈ। ਇਕ ਵਿਸ਼ੇਸ਼ ਜੀਵਾਣੂ ਸੈੱਲ ਦੀ ਸ਼ਕਲ ਚਿੱਤਰ ਨੰ: 4 ਵਿਚ ਦਿਖਾਈ ਗਈ ਹੈ। ਸਾਰੀਆਂ ਜੀਵਾਣੂ ਜਾਤੀਆਂ ਵਿਚ ਇਹ ਰਚਨਾਵਾਂ ਮੌਜੂਦ ਨਹੀਂ ਹੁੰਦੀਆਂ। ਸਾਰੇ ਜੀਵਾਣੂ ਸੈੱਲਾਂ ਵਿਚ ਨਿਊਕਲੀ ਮਾਦਾ ਹੁੰਦਾ ਹੈ। ਮਾਈਟਾਟਿਕ ਵੰਡ ਜਿਸ ਰਾਹੀਂ ਪੌਦਿਆਂ ਅਤੇ ਜੀਵਾਂ ਦੇ ਸੈੱਲਾਂ ਦੀ ਵੰਡ ਹੁੰਦੀ ਹੈ, ਇਨ੍ਹਾਂ ਵਿਚ ਨਹੀਂ ਹੁੰਦੀ। ਸਾਰੇ ਜੀਵਾਣੂ ਸੈੱਲ ਵਿਚ ਇਕ ਝਿੱਲੀ ਅਤੇ ਇਕ ਸੈੱਲ ਕੰਧ ਹੁੰਦੀ ਹੈ, ਫਿਰ ਵੀ ਇਨ੍ਹਾਂ ਜਾਤੀਆਂ ਦੀਆਂ ਬਨਾਵਟਾਂ ਵਿਚਲੀ ਰਸਾਇਣ-ਰਚਨਾ ਵਿਚ ਬਹੁਤ ਅੰਤਰ ਹੈ। ਕੁਝ ਜੀਵਾਣੂ ਜਾਤੀਆਂ ਵਿਚ ਇਕ ਛਾਂਟੇ ਵਰਗੀ ਬਣਤਰ ਹੁੰਦੀ ਹੈ ਜਿਸਨੂੰ ਫ਼ਲੈਜੈੱਲਾ ਕਿਹਾ ਜਾਂਦਾ ਹੈ। ਫ਼ਲੈਜੈੱਲਾ ਦੀ ਗਿਣਤੀ ਅਤੇ ਗਠਜੋੜ ਹਰੇਕ ਜਾਤੀ ਵਿਚ ਵੱਖਰਾ-ਵੱਖਰਾ ਹੁੰਦਾ ਹੈ। ਸਖਤ ਛੋਟੇ ਫ਼ਲੈਜੈੱਲਾ ਨੂੰ ਪਿਲੀ ਕਿਹਾ ਜਾਂਦਾ ਹੈ ਜਾਂ ਫਿੰਬਰੀ ਵੀ ਕਈ ਸੈੱਲਾਂ ਵਿਚ ਨਜ਼ਰ ਆਉਂਦੀਆਂ ਹਨ। ਕੁਝ ਸੈੱਲ ਇਕ ਸਰੇਸ਼ ਜਾਂ ਚਿਕਨਾਈ ਦੁਆਰਾ ਘਿਰੇ ਹੁੰਦੇ ਹਨ ਜਿਸ ਨੂੰ ਕੈਪਸੂਲ ਕਿਹਾ ਜਾਂਦਾ ਹੈ। ਕਈ ਜੀਵਾਣੂ ਸਿਥਿਲ ਹਾਲਤ ਅਖਤਿਆਰ ਕਰ ਲੈਂਦੇ ਹਨ ਜਿਵੇਂ ਸਪੋਰ ਆਦਿ।




**ਇਕ ਵਿਸ਼ੇਸ਼ ਜੀਵਾਣੂ ਸੈੱਲ ਦੀ ਬਣਤਰ (Schematic Structure)**

**ਜੀਵਾਣੂ ਕਲੋਨੀ**—ਮਾਧਿਅਮ ਦੇ ਵਿਚ ਜਾਂ ਉੱਪਰ ਜੀਵਾਣੂਆਂ ਦੀ ਕੁੱਲ ਦੁਆਰਾ ਕਿਸੇ ਵੀ ਜਾਤੀ ਦੇ ਵਿਸ਼ੇਸ਼ ਲੱਛਣਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਜੀਵਾਣੂ ਕਲੋਨੀ ਇਕ ਪਿੰਨ ਦੇ ਸਿਰੇ ਦੇ ਆਕਾਰ ਦੀ ਜਾਂ ਕਈ ਮਿ. ਮੀ. ਆਰ-ਪਾਰ ਪੱਧਰੀ ਜਾਂ ਉਭਰੀ ਹੋਈ ਅਤੇ ਕੁੱਬੀ, ਸਮਤਲ ਜਾਂ ਟੁੱਟੇ ਹੋਏ ਕਿਨਾਰਿਆਂ ਵਾਲੀ, ਰੇਸ਼ੇਦਾਰ ਭੁਰਭੁਰੀ ਜਾਂ ਮੱਖਣ ਵਰਗੀ ਘਣਤਾ ਵਾਲੀ ਅੰਦਰੋਂ ਰੰਗਦਾਰ ਜਾਂ ਰਿਸਾਅ ਨਿਕਲ ਬਾਹਰੋਂ ਰੰਗਦਾਰ ਅਪਾਰਦਰਸ਼ੀ ਜਾਂ ਪਾਰਦਰਸ਼ੀ ਅਤੇ ਧੁੰਦਲੀ ਆਦਿ ਹੋ ਸਕਦੀ ਹੈ।

ਅਗਰ ਸਲਾਂਟ ਕਲਚਰਾਂ ਤੇ ਪੈਦਾ ਕੀਤੇ ਜੀਵਾਣੂਆਂ ਵਿਚ ਵੀ ਕਲੋਨੀਆਂ ਵਰਗੇ ਵੱਖ-ਵੱਖ ਫ਼ਰਕ ਨਜ਼ਰ ਆਉਂਦੇ ਹਨ। ਤਰਲ ਮਾਧਿਅਮ (Broth) ਵਿਚ ਇਨ੍ਹਾਂ ਦਾ ਵਾਧਾ ਇਕ ਫਿਲਮ ਦੀ ਸਤ੍ਹਾ ਤੱਕ ਹੀ ਰਹਿ ਸਕਦਾ ਹੈ ਜਾਂ ਤਰਲ ਵਿਚ ਇਕਸਾਰ ਵੰਡੇ ਜਾਂ ਪਾਰਟੀਕੁਲੇਟ ਜਿਸ ਨਾਲ ਤਲਛੱਟ ਹੋਣ ਵੱਲ ਵੀ ਰੁਝਾਨ ਹੋ ਸਕਦਾ ਹੈ।

**ਫਿਜ਼ਿਆਲੋਜੀਕਲ ਲੱਛਣ**—ਤਾਪਮਾਨ ਦੀ ਲੋੜ ਅਨੁਸਾਰ ਜੀਵਾਣੂਆਂ ਨੂੰ ਤਿੰਨ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ, ਮਾਈਕ੍ਰੋਫਾਈਲਜ਼ 0° ਤੋਂ 30° ਸੈ. ਮੀਜ਼ੋਫਾਈਲਜ਼ 15° ਤੋਂ 45° ਸੈ. ਜਿਨ੍ਹਾਂ ਦੇ ਵਾਧੇ ਲਈ ਸਭ ਤੋਂ ਚੰਗਾ ਤਾਪਮਾਨ 25° ਤੋਂ 40° ਸੈ. ਹੁੰਦਾ ਹੈ ਅਤੇ ਤੀਸਰੀ ਕਿਸਮ ਦੇ ਥਰਮੋਟਾਈਲਜ਼ 45° ਤੋਂ 60° ਸੈ. ਤਾਪਮਾਨ ਵਾਲੇ।

ਵਾਯੂ ਮੰਡਲੀ ਆਕਸੀਜਨ ਵੀ ਕਈ ਜੀਵਾਣੂਆਂ ਲਈ ਲੋੜੀਂਦੀ ਹੁੰਦੀ ਹੈ ਪਰ ਸਭ ਲਈ ਨਹੀਂ। ਸਗੋਂ ਇਸ ਦੀ ਹੋਂਦ ਉਨ੍ਹਾਂ ਦਾ ਵਾਧਾ ਰੋਕ ਦਿੰਦੀ ਹੈ। ਏਰੋਬਜ਼ ਜੀਵਾਣੂ ਉਹ ਹੁੰਦੇ ਹਨ ਜਿਨ੍ਹਾਂ ਨੂੰ ਵਾਧੇ ਲਈ ਆਕਸੀਜਨ ਦੀ ਲੋੜ ਹੋਵੇ ਅਤੇ ਐਨਏਰੋਬਜ਼ ਉਹ ਹੁੰਦੇ ਹਨ ਜਿਨ੍ਹਾਂ ਦਾ ਵਾਧਾ ਆਕਸੀਜਨ ਦੀ ਹੋਂਦ ਵਿਚ ਨਹੀਂ ਹੋ ਸਕਦਾ। ਫੈਕਲਟੇਟਿਵ ਐਨਏਰੋਬਜ਼ ਲਈ ਆਕਸੀਜਨ ਦੀ ਲੋੜ ਨਹੀਂ ਪੈਂਦੀ ਅਤੇ ਉਹ ਇਸਦੀ ਅਣਹੋਂਦ ਵਿਚ ਵੀ ਵਧ ਸਕਦੇ ਹਨ। ਜੀਵਾਣੂ ਵੱਖ-ਵੱਖ ਤਰ੍ਹਾਂ ਦੇ ਲੂਣੇ ਘੋਲਾਂ ਵਿਚ ਵੀ ਪਾਏ ਜਾਂਦੇ ਹਨ। ਬਹੁਤ ਸਾਰੇ ਜੀਵਾਣੂ ਖ਼ਾਸ ਕਰਕੇ ਉਹ ਜੋ ਮਨੁੱਖ ਨਾਲ ਸਬੰਧਤ ਹਨ, ਪ੍ਰਕਾਸ਼ ਤੋਂ ਬਗੈਰ ਬਹੁਤ ਚੰਗੀ ਤਰ੍ਹਾਂ ਹੋ ਸਕਦੇ ਹਨ। ਫੋਟੋਸਿੰਥੈਟਿਕ ਜੀਵਾਣੂਆਂ ਨੂੰ ਫਿਰ ਵੀ ਪ੍ਰਕਾਸ਼ ਦੀ ਲੋੜ ਪੈਂਦੀ ਹੈ।

**ਖੁਰਾਕੀ ਲੋੜਾਂ**—ਖੁਰਾਕ ਸਬੰਧੀ ਲੋੜ ਅਨੁਸਾਰ ਜੀਵਾਣੂਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ (1) ਆਟੋਟ੍ਰੋਪ ਅਤੇ (2) ਹੈਟੀਰੋਟ੍ਰੋਪ। ਆਟੋਟ੍ਰੋਪ ਪੂਰੀ ਤਰ੍ਹਾਂ ਤੇ ਅਕਾਰਬਾਨੀ ਵਸਤਾਂ ਤੇ ਵਧ ਸਕਣ ਦੇ ਯੋਗ ਹੁੰਦੇ ਹਨ ਜਦੋਂ ਕਿ ਹੈਟੀਰੋਟ੍ਰੋਪ ਕਿਸਮ ਲਈ ਕਾਰਬਨ ਦੀ ਕਾਰਬਨੀ ਕਿਸਮ ਦੇ ਮਾਧਿਅਮ ਦੀ ਲੋੜ ਪੈਂਦੀ ਹੈ।

**ਬਾਇਓ ਰਸਾਇਣਕ ਲੱਛਣ**—ਜੀਵਾਣੂ ਮਿਸ਼ਰਤ ਵਸਤਾਂ ਨੂੰ ਉਧੇੜਨ ਅਤੇ ਨਵੀਂ ਉਪਜਾਂ ਦੇ ਸੰਸ਼ਲੇਸ਼ਣ ਦੇ ਯੋਗ ਹੁੰਦੇ ਹਨ ਅਤੇ ਇਹ ਇੰਜ ਬਹੁਤ ਸਾਰੀਆਂ ਰਸਾਇਣਕ ਕਿਰਿਆਵਾਂ ਰਾਹੀਂ ਕਰਦੇ ਹਨ। ਇਕ ਯੋਗਿਕ ਨੂੰ ਵੱਖ-ਵੱਖ ਉਪਜਾਂ ਵਿਚ ਵੱਖ-ਵੱਖ ਜਾਤੀਆਂ ਰਾਹੀਂ ਵੱਖ-ਵੱਖ ਵਸਤਾਂ ਵਿਚ ਸੰਸ਼ਲਿਸ਼ਟ ਕੀਤਾ ਜਾਂ ਸਕਦਾ ਹੈ।

**ਰੋਗ ਮੂਲਕਤਾ** (Pathogenicity)—ਜੀਵਾਣੂਆਂ ਦੀ ਉਸ ਤਾਕਤ ਨੂੰ ਜਿਸ ਨਾਲ ਉਹ ਬੀਮਾਰੀ ਪੈਦਾ ਕਰ ਸਕਦੇ ਹੋਣ, ਘਾਤਕਤਾ (Virrulence) ਕਿਹਾ ਜਾਂਦਾ ਹੈ ਅਤੇ ਇਹ ਇਕ ਹੀ ਜਾਤੀ ਵਿਚ ਵੀ ਬਦਲਦੀ ਰਹਿੰਦੀ ਹੈ। ਪ੍ਰਯੋਗਸ਼ਾਲਾਵਾਂ ਵਿਚ ਤਜਰਬਿਆਂ ਰਾਹੀਂ ਘਾਤਕਤਾ ਦਾ ਪਤਾ ਲਾਇਆ ਜਾ ਸਕਦਾ ਹੈ ਕਿ ਕਿੰਨੇ ਜੀਵਾਣੂ ਸੈੱਲ ਕਿਸੇ ਖਾਸ ਜੀਵ ਨੂੰ ਲਾਗ ਲਗਾ ਸਕਦੇ ਹਨ ਜਾਂ ਖ਼ਤਮ ਕਰ ਸਕਦੇ ਹਨ। ਲੀਥਲ ਡੋਜ਼ 50 (LD50) ਜੀਵਾਣੂਆਂ ਦੀ ਗਿਣਤੀ ਨੂੰ ਦਰਸਾਉਂਦੀ ਹੈ ਜੋ ਕਿਸੇ ਲਾਗ ਲਾਏ ਜੀਵ ਨੂੰ ਮਾਰਨ ਲਈ ਜ਼ਰੂਰੀ ਹੁੰਦੇ ਹਨ।

**ਐਂਟੀਜਿਨਕ ਲੱਛਣ**—ਜਦੋਂ ਜੀਵਾਣੂ ਸੈੱਲ ਕਿਸੇ ਜੀਵ ਦੇ ਤੰਤੂਆਂ ਵਿਚ ਸ਼ਾਮਲ ਹੁੰਦੇ ਹਨ ਤਾਂ ਇਹ ਸੰਭਵ ਹੈ ਕਿ ਇਹ ਐਂਟੀਜਿਨਜ਼ ਦੇ ਤੌਰ ਤੇ ਕੰਮ ਕਰਨਗੇ (ਉਹ ਏਜੰਟ ਜੋ ਐਂਟੀਬਾਡੀਜ਼ ਬਣਾਉਂਦੇ ਹਨ) ਇਕ ਜੀਵਾਣੂ ਸੈੱਲ ਵਿਚ ਬਹੁਤ ਸਾਰੇ ਵੱਖਰੇ-ਵੱਖਰੇ ਐਂਟੀਜਿਨ (ਜਿਵੇਂ ਫਲੈਜੈਲਰ, ਕੈਪਸੂਲਰ ਅਤੇ ਸੈੱਲ ਵਾਲ ਐਂਟੀਜੀਨ) ਹੁੰਦੇ ਹਨ। ਇਕ ਜਾਤੀ ਦੀ ਐਂਟੀਜਨ ਵੰਨਗੀ ਦੂਜੀ ਨਾਲੋਂ ਵੱਖਰੀ ਹੁੰਦੀ ਹੈ।

**ਭਿੰਨਤਾ**—ਇਕ ਜੀਵਾਣੂ ਜਾਤੀ ਦੇ ਲੱਛਣ ਇਸ ਨੂੰ ਦੂਜੀ ਜਾਤੀ ਤੋਂ ਵੱਖਰਿਆਂ ਕਰਨ ਵਾਸਤੇ ਕਾਫ਼ੀ ਨਿਰਣਾਤਮਕ ਅਤੇ ਸਥਿਰ ਹੁੰਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਹਰੇਕ ਲੱਛਣ ਬਹੁਤ ਸਪੱਸ਼ਟ ਅਤੇ ਸਾਰੀਆਂ ਹਾਲਤਾਂ ਵਿਚ ਸਾਰੀਆਂ ਜਾਤੀਆਂ ਦੀਆਂ ਕਿਸਮਾਂ ਦੁਆਰਾ ਪ੍ਰਗਟਾਇਆ ਜਾਂਦਾ ਹੋਵੇ।

**ਪਰਿਵਰਤਨਸ਼ੀਲ ਤਬਦੀਲੀਆਂ**—ਜੀਵਾਣੂ ਸਮਾਨ ਹਾਲਤਾਂ ਵਿਚ ਲੱਛਣਾਂ ਦੀ ਸਥਿਰਤਾ ਪ੍ਰਗਟਾਉਂਦੇ ਹਨ। ਜੇਕਰ ਇਸੇ ਹੀ ਜਾਤੀ ਦੇ ਜੀਵਾਣੂਆਂ ਨੂੰ ਵੱਖਰੀ ਭੌਤਿਕ ਸਥਿਤੀ ਜਾਂ ਰਸਾਇਣਕ ਮਾਧਿਅਮ ਵਿਚ ਰੱਖਿਆ ਜਾਵੇ ਤਾਂ ਇਸ ਤਰ੍ਹਾਂ ਪੈਦਾ ਹੋਣ ਵਾਲੀ ਵਿਧੀ ਵਿਚ ਫ਼ਰਕ ਪ੍ਰਤੱਖ ਹੋਵੇਗਾ।

**ਚਿਰ ਸਥਾਈ ਤਬਦੀਲੀਆਂ**—ਜਣਨ ਸੈੱਲਾਂ ਤੋਂ ਉਪਜੇ ਸੰਤਾਨ ਸੈੱਲ ਜਿਨ੍ਹਾਂ ਦੀ ਜਣਨਕ ਬਣਤਰ ਵੱਖਰੀ ਹੁੰਦੀ ਹੈ ਉਹ ਨਵੀਆਂ ਸਮਜੀਨੀ ਕਿਸਮਾਂ ਬਣਾਉਂਦੇ ਹਨ। ਇਹ ਚਿਰ ਸਥਾਈ ਕਿਸਮ ਦੀਆਂ ਸਮਜੀਨੀ ਤਬਦੀਲੀਆਂ ਚਾਰ ਵਿਧੀਆਂ ਰਾਹੀਂ ਪੈਦਾ ਹੁੰਦੀਆਂ ਹਨ। ਉਤਪਰਿਵਰਤਨ (Mutation), ਸੰਯੁਗਮਨ (Conjugation), ਰੂਪਾਂਤਰਨ (Transformation) ਅਤੇ ਪਰ-ਅੰਤਰਣ (Transduction)

**ਉਤਪਤੀ ਅਤੇ ਸਬੰਧ**—ਜੀਵਾਣੂ ਧਰਤੀ ਤੇ ਪੈਦਾ ਹੋਣ ਵਾਲੇ ਜੀਵਨ ਦੇ ਇਤਿਹਾਸ ਵਿਚ ਬਹੁਤ ਸਮਾਂ ਪਹਿਲਾਂ ਹੋਂਦ ਵਿਚ ਆਉਣ ਵਾਲੇ ਜੀਵ ਹਨ। ਇਹ ਡੈਵੋਨੀਅਨ ਕਾਲ (395,000,000 ਸਾਲ ਪਹਿਲਾਂ) ਦੇ ਪਥਰਾਟਾਂ ਵਿਚੋਂ ਵੀ ਮਿਲੇ ਹਨ। ਇਨ੍ਹਾਂ ਵਿਚ ਅਸਪਸ਼ਟ (Indistrict) ਨਿਊਕਲੀ ਮਾਦੇ ਦੇ ਆਧਾਰ ਤੇ ਇਹ ਮੰਨਿਆ ਜਾ ਸਕਦਾ ਹੈ ਕਿ ਇਹ ਨੀਲੇ ਹਰੇ ਸਾਵਲ ਨਾਲ ਸਬੰਧਤ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਕ ਫੋਟੋਸਿੰਥੈਟਿਕ ਪਿਤਰ ਤੋਂ ਜੀਵਾਣੂ ਅਤੇ ਨੀਲੇ ਹਰੇ ਸਾਵਲ ਉਪਜੇ ਹੋਣਗੇ।

**ਸ਼੍ਰੇਣੀ ਵੰਡ**—ਜੀਵਾਣੂ ਸੈੱਲਾਂ ਦੀ ਵੰਡ ਵਿਚ ਇਨ੍ਹਾਂ ਦੀ ਸ਼ਕਲ ਅਤੇ ਆਕਾਰ ਬਹੁਤ ਸਹਾਈ ਹੁੰਦੀ ਹੈ। ਹੋਰ ਤਰ੍ਹਾਂ ਦੇ ਲੱਛਣਾਂ ਵਿਚ ਖੁਰਾਕ ਦੀ ਕਿਸਮ, ਰਸ ਪ੍ਰਕਿਰਿਆ ਦੀਆਂ ਉਪਜਾਂ, ਖ਼ਾਸ ਰਸਾਇਣਾਂ ਪ੍ਰਤਿ ਪ੍ਰਤੀਕਿਰਿਆ, ਐਂਟੀਜੈਨਿਕ ਰਚਨਾ ਅਤੇ ਵਾਤਾਵਰਨਕ ਤਬਦੀਲੀਆਂ ਆਦਿ ਸ਼ਾਮਲ ਹਨ। ਹੇਠਲੀ ਸ਼੍ਰੇਣੀ ਵੰਡ ਇਨ੍ਹਾਂ ਦੀ ਸ਼ਕਲ ਜੀਵਾਣੂ ਸੈੱਲ ਦੀ ਸਥਿਰਤਾ ਅਤੇ ਇਨ੍ਹਾਂ ਦੀ ਗਤੀਸ਼ੀਲ ਯੋਗਤਾ ਦੇ ਆਧਾਰ ਤੇ ਕੀਤੀ ਗਈ ਹੈ। ਇਹ ਬਰਗ੍ਰੀਜ਼ ਮੈਨੂਅਲ ਆਫ਼ ਡਿਟਰਮੀਨੇਟਿਵ ਬੈਕਟੀਰੀਓਲੋਜੀ (Bergey's Manual of Determinative Bacteriology) ਵਿਚ ਦਿੱਤੀ ਗਈ ਅਤੇ ਆਮ ਤੌਰ ਤੇ ਮੰਨ ਲਈ ਗਈ ਹੈ।

**ਸ਼੍ਰੇਣੀ ਸਾਈਜ਼ੋਮਾਈਸੀਟੀਜ਼**—ਇਕ ਸੈੱਲ ਸੂਖਮ ਜੀਵ ਇਸ ਕੁਲ ਦੇ ਮੈਂਬਰ ਹਨ ਜੋ ਆਕਾਰ ਵਿਚ 1 ਤੋਂ 5 ਮਾਈਕ੍ਰੋਨ ਹੁੰਦੇ ਹਨ। ਇਨ੍ਹਾਂ ਦੀ ਸ਼ਕਲ ਅਤੇ ਖੁਰਾਕੀ ਲੋੜਾਂ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚ ਕੋਈ ਨਿਸ਼ਚਤ ਨਿਊਕਲੀਅਸ ਨਹੀਂ ਹੁੰਦਾ। ਬਹੁਤ ਸਾਰੀਆਂ ਜਾਤੀਆਂ ਕਲੋਰੋਫਿਲ ਰਹਿਤ ਹੁੰਦੀਆਂ ਹਨ। ਇਹ ਜੀਵਾਣੂ ਇਕੱਲੇ-ਇਕੱਲੇ ਲੜੀਆਂ ਜਾਂ ਸਮੂਹਾਂ ਵਿਚ ਮਿਲਦੇ ਹਨ ਅਤੇ ਸਪਸ਼ਟ ਕਲੋਨੀਆਂ ਬਣਾਉਂਦੇ ਹਨ ਇਨ੍ਹਾਂ ਦੀਆਂ 1500 ਜਾਤੀਆਂ ਸਾਰੀ ਦੁਨੀਆਂ ਵਿਚ ਮਿਲਦੀਆਂ ਹਨ।

**ਆਰਡਰ ਸਿਊਰੋਮੋਨੇਡੇਲਜ਼**—ਇਹ ਭਿੰਨ-ਭਿੰਨ ਸ਼ਕਲਾਂ ਦੇ ਸਖ਼ਤ ਕੰਧਾਂ ਵਾਲੇ ਸੈੱਲ ਹਨ ਜੋ ਕਈ ਜਾਤੀਆਂ ਵਿਚ ਪਾਏ ਜਾਂਦੇ ਹਨ। ਸੈੱਲਾਂ ਦੀ ਗਤੀਸ਼ੀਲਤਾ ਇਕਹਿਰੇ ਫਲੈਜੈਲਮ ਦੁਆਰਾ ਹੁੰਦੀ ਹੈ। ਇਹ ਜਾਤੀਆਂ ਤਾਜ਼ੇ ਪਾਣੀ ਅਤੇ ਖਾਰੇ ਪਾਣੀ ਵਿਚ ਮਿਲਦੀਆਂ ਹਨ। ਉਦਾਹਰਨ ਵਜੋਂ ਵਿਬਰੀਓ ਕਾਮਾ (Vibrio Camma) ਸਿਊਰੋਮੋਨਾਸ, ਨਾਈਟ੍ਰੋਮੋਨਾਜ਼ ਅਤੇ ਬਾਇਓ ਬੈਸੀਲਸ ਆਦਿ।

**ਆਰਡਰ ਕਲਾਈਡੋਬੇਕਟ੍ਰੀਏਲਜ਼**—ਬਹੁਤ ਸੈੱਲ ਫਿਲਾਮੈਂਟ ਵਿਚ ਪਾਏ ਜਾਂਦੇ ਹਨ। ਇਹ ਜੀਵਾਣੂ ਸਖ਼ਤ ਕੰਧਾਂ ਵਾਲੇ ਅਤੇ ਬਹੁਤ ਵਾਰ ਇਕ ਗਿਲਾਫ ਦੀ ਤਰ੍ਹਾਂ ਵਲ੍ਹੇਟੇ ਹੋਏ ਹੁੰਦੇ ਹਨ। ਇਹ ਗਤੀਸ਼ੀਲ ਸਪੋਰ ਪੈਦਾ ਕਰਦੇ ਹਨ। ਇਹ ਜਾਤੀਆਂ ਤਾਜ਼ੇ ਅਤੇ ਸਮੁੰਦਰੀ ਪਾਣੀ ਵਿਚ ਮਿਲਦੀਆਂ ਹਨ ਉਦਾਹਰਨ ਵਜੋਂ ਸਫੀਰੋਟਿਲਸ ਨੇਟੈਂਜ਼ ਗੰਦਗੀ ਵਾਲੇ ਪਾਣੀ ਵਿਚ ਮਿਲਦੇ ਹਨ।

ਸੜ੍ਹਾ ਨਾਲ ਅਕਸਰ ਇਕ ਡੰਡੀ ਨਾਲ ਜੁੜੇ ਹੋਏ ਇਹ ਜੀਵਾਣੂ ਸਖ਼ਤ ਕੰਧਾਂ ਵਾਲੇ ਹੁੰਦੇ ਹਨ ਜਿਨ੍ਹਾਂ ਦਾ ਜਣਨਕ ਵਾਧਾ ਬਡਿੰਗ ਰਾਹੀਂ ਹੁੰਦਾ ਹੈ ਨਾ ਕਿ ਸਧਾਰਨ ਵੰਡ ਕਾਰਨ। ਪ੍ਰਜਾਤੀਆਂ ਵਿਚ ਰੋਡੋਮਾਈ-ਕ੍ਰੋਬੀਅਮ ਅਤੇ ਹਾਈਫੋਮਾਈਕ੍ਰੋਬੀਅਮ ਸ਼ਾਮਲ ਹੈ।

**ਆਰਡਰ ਯੂਬੈਕਟ੍ਰੀਏਲਜ਼**—ਸਖ਼ਤ ਕੰਧਾਂ ਵਾਲੇ ਇਹ ਕੋਕਾਇਡ ਜਾਂ ਬੈਸਿਲਾਇਡ ਕਈ ਵਾਰ ਲੜੀਆਂ ਵਿਚ ਹੁੰਦੇ ਹਨ। ਗਤੀਸ਼ੀਲ ਕਿਸਮਾਂ ਬਗਲਵਰਤੀ ਫਲੈਜੈੱਲਾਂ ਦੀ ਮਦਦ ਨਾਲ ਹਿਲਜੁਲ ਕਰ ਸਕਦੀਆਂ ਹਨ। ਇਹ ਐਸਿਡ-ਫਾਸਟ ਨਹੀਂ ਹੁੰਦੇ। ਮਨੁੱਖੀ ਸਾਂਝ ਵਾਲੀਆਂ ਸਭ ਤੋਂ ਵਧ ਪ੍ਰਜਾਤੀਆਂ ਇਸ ਵਿਚ ਸ਼ਾਮਲ ਹਨ ਜਿਵੇਂ ਐਸਰੀਦੀਆ, ਡਿਪਲੋਕਾਕਸ; ਸਟੈਫਾਈਲੋਕੋਕਸ, ਸਟ੍ਰੈਪਟੋਕੋਕਸ, ਬੈਸਿਲਸ ਅਤੇ ਲੈਕਟੋਬੈਸਿਲਸ।

**ਆਰਡਰ ਕੇਰਿਓਫੇਨੇਲਜ਼**—ਬਗਲ ਵਰਤੀ ਫਲੈਜਲਾ ਦੀ ਮਦਦ ਨਾਲ ਗਤੀ ਪ੍ਰਾਪਤ ਕਰਨ ਕਰਨ ਵਾਲੇ ਇਹ ਸਖ਼ਤ ਕੰਧਾਂ ਵਾਲੇ ਵੱਡੇ ਸੈੱਲ (30°A ਲੰਬੇ ਅਤੇ 30°A ਚੌੜੇ) ਅਕਸਰ ਪਾਣੀ ਗਲ ਸੜ ਰਹੇ ਮਾਦੇ, ਐਥਰੋਪਾਇਡ ਅਤੇ ਰੀੜ੍ਹ ਧਾਰੀ ਜੀਵਾਂ ਦੀਆਂ ਆਂਤੜੀਆਂ ਵਿਚ ਮਿਲਦੇ ਹਨ। ਕੇਰਿਓਫੇਨਲੇਟਮ ਆਮ ਤੌਰ ਤੇ ਗੋਹੇ ਵਿਚ ਅਤੇ 'ਸਾਈਮਾਸੀਟੇਲਾ ਮਿਊਲੇਰੀ' ਮਨੁੱਖਾਂ ਤੇ ਘਰੇਲੂ ਜਾਨਵਰਾਂ ਦੇ ਮੂੰਹਾਂ ਵਿਚ ਮਿਲਦੇ ਹਨ।

**ਆਰਡਰ ਐਕਟੀਨੋਮਾਈਸੀਟੇਲਜ਼—ਇਕ** ਸ਼ਾਖਾਵੀਂ ਸਿਸਟਮ ਵਿਚ ਵਧਣ ਵਾਲੇ ਸਖ਼ਤ ਕੰਧਾਂ ਵਾਲੇ ਸੈੱਲ ਹਨ ਜੋ ਉੱਲੀਆਂ ਦੀਆਂ ਕਲੋਨੀਆਂ ਨਾਲ ਮਿਲਦੇ ਜੁਲਦੇ ਹਨ। ਇਨ੍ਹਾਂ ਵਿਚ ਮਾਈਕ੍ਰੋਬੈਕਟੀਰੀਅਮ ਟਿਊਬਰਕਿਊਲੋਸਸ ਅਤੇ ਸਟ੍ਰੈਪਟੋਮਾਈਸੀਜ਼ ਸ਼ਾਮਲ ਹਨ।

**ਆਰਡਰ ਮਿਕਸੋਬੈਕਟ੍ਰੀਏਲਜ਼—ਇਹ** ਕੁੰਡਲੀਦਾਰ ਸੈੱਲ ਜੋ ਫਲੈਕਸੀਅਨ ਦੁਆਰਾ ਭਰਦੇ ਹਨ। ਇਹ ਰੀੜ੍ਹ-ਧਾਰੀ ਪ੍ਰਾਣੀਆਂ ਅਤੇ ਪਾਣੀ ਵਿਚ ਮਿਲਦੇ ਹਨ। ਇਸ ਆਰਡਰ ਦੀਆਂ ਪ੍ਰਜਾਤੀਆਂ ਵਿਚ ਬੋਰੀਲੀਆ, ਟਰੈਪੋਨੀਆ ਅਤੇ ਲੈਪਟੋਸਪਾਇਰਾ ਸ਼ਾਮਲ ਹਨ। ਇਹ ਸਾਰੇ ਪ੍ਰਾਣੀਆਂ ਅਤੇ ਮਨੁੱਖ ਦੇ ਪਰਜੀਵੀ ਹਨ।

**ਆਰਡਰ ਮਾਈਕੋਪਲਾਜਮੇਟੇਲਜ਼**—ਲਚਕਦਾਰ ਕੰਧਾਂ ਵਾਲੇ ਇਹ ਸੈੱਲ ਗਤੀਸ਼ੀਲ ਨਹੀਂ ਹੁੰਦੇ। ਜੀਵਨ ਦੀਆਂ ਵੱਖ-ਵੱਖ ਹਾਲਤਾਂ ਵਿਚ ਇਨ੍ਹਾਂ ਦੀਆਂ ਸ਼ਕਲਾਂ ਵਿਚ ਤਬਦੀਲੀ ਵੀ ਆਉਂਦੀ ਰਹਿੰਦੀ ਹੈ। ਇਸ ਵਿਚ ਮਾਈਕੋਪਲਾਜ਼ਮਾ ਅਤੇ ਉਹ ਕਿਸਮਾਂ ਸ਼ਾਮਲ ਹਨ ਜਿਨ੍ਹਾਂ ਨੂੰ ਕਈ ਪਲਿਊਰੋਨਿਊਮੋਨੀਆ ਵਰਗੇ (PPLO) ਜੀਵ ਕਿਹਾ ਜਾਂਦਾ ਸੀ। ਇਹ ਰਿਕਟੈਸੀਅਸ ਅਤੇ ਜੀਵਾਣੂਆਂ ਦੇ ਵਿਚਾਲੇ ਆਉਂਦੇ ਜੀਵਾਣੂ ਹਨ।

ਹ. ਪੁ.–ਐਨ. ਬ੍ਰਿ. ਮੈ. 2 : 568

**ਜੀਵਾਣੂ ਵਿਗਿਆਨ** : ਜੀਵਾਣੂਆਂ ਨਾਲ ਸਬੰਧਤ ਵਿਗਿਆਨ ਦੀ ਸ਼ਾਖਾਂ ਨੂੰ ਜੀਵਾਣੂ ਵਿਗਿਆਨ ਕਹਿੰਦੇ ਹਨ। ਹਰੇਕ ਜੀਵ ਦੇ ਜਿਉਂਦੇ ਰਹਿਣ ਲਈ ਜੀਵਾਣੂਆਂ ਦਾ ਮਹੱਤਵਪੂਰਨ ਹੱਥ ਹੈ। ਭਾਵੇਂ ਕੁਝ ਜੀਵਾਣੂ ਨੁਕਸਾਨਦਾਇਕ ਹੁੰਦੇ ਹਨ ਪਰ ਇਨ੍ਹਾਂ ਤੋਂ ਵਧ ਕਿਸਮਾਂ ਸਾਡੇ ਲਈ ਲਾਭਦਾਇਕ ਵੀ ਹਨ।

ਜੀਵਾਣੂ ਕਈ ਲੱਛਣਾਂ ਵਿਚ ਸਧਾਰਨ ਪੌਦਿਆਂ, ਖਾਸ ਤੌਰ ਤੇ ਨੀਲੀ ਹਰੀ ਐਲਗੀ ਅਤੇ ਕੁਝ ਉੱਲੀਆਂ ਨਾਲ ਬਹੁਤ ਜ਼ਿਆਦਾ ਮਿਲਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਪ੍ਰਾਣੀਆਂ ਦੀ ਥਾਂ ਸਾਧਾਰਨ ਪੌਦੇ ਸਮਝਿਆ ਜਾਂਦਾ ਹੈ। ਇਹ ਪ੍ਰਾਣੀਆਂ ਦੇ ਪ੍ਰੋਟੋਜ਼ੋਆ ਗਰੁੱਪ ਨਾਲ ਵੀ ਸਬੰਧਤ ਹਨ।

ਕਈ ਹੋਰ ਸੂਖਮ ਜੀਵਾਂ ਦੇ ਗਰੁੱਪ ਵੀ ਭਾਵੇਂ ਜੀਵਾਣੂ ਵਿਗਿਆਨ ਵਿਚ ਸ਼ਾਮਲ ਕਰ ਲਏ ਜਾਂਦੇ ਹਨ ਪਰ ਉਹ ਆਪਣੇ ਆਪ ਵਿਚ ਵੱਖਰੇ ਗਰੁੱਪ ਹਨ ਜਿਵੇਂ ਵਿਸ਼ਾਣੂ ਅਤੇ ਰਿਕੈਟੱਸੀਆਈ।

ਜੀਵਾਣੂਆਂ ਦਾ ਸੁਭਾਅ

**ਦਿੱਖ ਆਕਾਰ ਅਤੇ ਬਣਾਵਟ**—ਜੀਵਾਣੂ ਇਕ ਸੈੱਲ ਅਤੇ ਬਹੁਤ ਛੋਟੇ ਆਕਾਰ ਦੇ ਜੀਵ ਹਨ। ਅਤਿਅੰਤ ਛੋਟੇ ਆਕਾਰ ਦੇ ਹੋਣ ਕਰਕੇ ਇਨ੍ਹਾਂ ਨੂੰ ਆਮ ਤੌਰ ਤੇ ਸੂਖਮਜੀਵ ਵੀ ਕਿਹਾ ਜਾਂਦਾ ਹੈ। ਇਹ ਆਮ ਤੌਰ ਤੇ ਚਾਰ ਤਰ੍ਹਾਂ ਦੇ ਮਿਲਦੇ ਹਨ—ਗੋਲਾਣੂ ਜਾਂ ਕੱਕਸ, ਡੰਡਾਨੁਮਾ ਜਾਂ ਬੇਸਿਲਸ, ਕੁੰਡਲੀਨੁਮਾ ਜੀਵਾਣੂ ਅਤੇ ਤੰਤੂਨੁਮਾ ਜੀਵਾਣੂ। ਡੰਡਾਨੁਮਾ ਜਾਂ ਕੁੰਡਲੀਨੁਮਾ ਜੀਵਾਣੂ ਦਾ ਔਸਤਨ ਵਿਆਸ ਲਗਭਗ 1 ਮਾਈਕ੍ਰਾਨ ($1\mu = 10^{-4}$ ਸੈਂ. ਮੀ.) ਹੈ ਭਾਵੇਂ ਕੁਝ ਲੰਬੀਆਂ ਕੁੰਡਲਦਾਰ ਅਤੇ ਤੰਤੂਨੁਮਾ ਕਿਸਮਾਂ $10\mu$ ਤੋਂ $20\mu$ ਜਾਂ ਇਸ ਤੋਂ ਵੀ ਜ਼ਿਆਦਾ ਲੰਬੀਆਂ ਮਿਲਦੀਆਂ ਹਨ ਅਤੇ ਇਨ੍ਹਾਂ ਦੀ ਚੌੜਾਈ $1\mu$ ਤੋਂ $2\mu$ ਤੱਕ ਹੁੰਦੀ ਹੈ।




**ਚਿੱਤਰ 1. ਜੀਵਣੂਆਂ ਦੀ ਬਨਾਵਟ ਅਤੇ ਤਰਤੀਬ**

ਹਰੇਕ ਜੀਵਾਣੂ ਸੈੱਲ ਵਿਚ ਕੁਝ ਜੀਵ ਪਦਾਰਥ ਹੁੰਦੇ ਹਨ ਜਿਹੜੇ ਸਾਰੇ ਪਾਸਿਓਂ ਇਕ ਪਤਲੀ ਸੈੱਲ-ਝਿੱਲੀ ਅਤੇ ਉਸ ਤੋਂ ਬਾਹਰ ਸੈੱਲ ਭਿੱਤੀ ਨਾਲ ਢੱਕੇ ਹੁੰਦੇ ਹਨ। ਸਬੂਤ ਮਿਲ ਚੁੱਕੇ ਹਨ ਕਿ ਸੈੱਲ ਦੇ ਵਿਚਕਾਰ ਨਿਊਕਲੀਅਸ ਵੀ ਹੁੰਦਾ ਹੈ; ਇਹ ਗੋਲ ਜਾਂ ਡੰਬਲ ਦੀ ਸ਼ਕਲ ਦਾ ਅਤੇ ਜੋੜਿਆਂ ਵਿਚ ਜਾਂ ਕਈ ਵਾਰ ਚਾਰ ਚਾਰ ਵੀ ਹੁੰਦੇ ਹਨ।




**ਚਿੱਤਰ 2. ਜੀਵਾਣੂ-ਸੈੱਲ ਦੀ ਸਕੀਮੈਟਿਕ ਬਣਤਰ**

ਇਸ ਵਿਚ ਡੀ. ਐਨ. ਏ. ਹੁੰਦਾ ਹੈ ਅਤੇ ਜੀਵਾਣੂ ਦਾ ਸੈੱਲ ਵੀ ਹੋਰ ਜਿਉਂਦੇ ਜੀਵਾਂ ਦੇ ਸੈੱਲ ਵਰਗਾ ਹੀ ਹੁੰਦਾ ਹੈ। ਸੈੱਲ ਵਿਚ ਕਿਣਕੇ ਅਤੇ ਚਰਬੀਦਾਰ ਮਾਦਾ ਹੁੰਦਾ ਹੈ। ਕਈਆਂ ਵਿਚ ਕਲੋਰੋਪਲਾਸਟ ਵੀ ਹੁੰਦੇ ਹਨ। ਜਿਲੈਟਿਨੀ ਮਾਦੇ ਨਾਲ ਢੱਕੇ ਜੀਵਾਣੂ ਸੈੱਲਾਂ ਨੂੰ ਕੈਪਸਿਊਲ ਕਿਹਾ ਜਾਂਦਾ ਹੈ। ਕਈ ਵਾਰ ਕੁਝ ਸੈੱਲ ਇਕੱਠੇ ਇਕ ਕੈਪਸਿਊਲ ਵਿਚ ਢੱਕੇ ਹੁੰਦੇ ਹਨ ਜਿਹੜਾ ਜੁਓਗਲੀਆ ਕਹਾਉਂਦਾ ਹੈ। ਕਈ ਜੀਵਾਣੂਆਂ

ਵਿਚ ਇਕ ਜਾਂ ਜ਼ਿਆਦਾ ਫਲੈਜੈੱਲਾ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਬਹੁਤ ਤੇਜ਼ ਗਤੀਆਂ ਵੀ ਕਰ ਸਕਦੇ ਹਨ।

**ਬੀਜਾਣੂ ਬਣਨਾ**—ਡੰਡੀਨੁਮਾ ਕਿਸਮ ਦੇ ਜੀਵਾਣੂ ਬੀਜਾਣੂ ਵੀ ਬਣਾ ਸਕਦੇ ਹਨ। ਇਕ ਸੈੱਲ ਵਿਚ ਆਮ ਤੌਰ ਤੇ ਇਕੋ ਬੀਜਾਣੂ ਬਣਦਾ ਹੈ ਅਤੇ ਇਸ ਤੋਂ ਅਕਸਰ ਹੀ ਨਵਾਂ ਸੈੱਲ ਪੈਦਾ ਹੁੰਦਾ ਹੈ। ਬੀਜਾਣੂ ਬਣਨ ਤੋਂ ਪਹਿਲਾਂ ਸੈੱਲ ਦੀ ਹਾਲਤ ਬਿਲਕੁਲ ਵੱਖਰੀ ਹੋ ਜਾਂਦੀ ਹੈ। ਇਸ ਵਿਚ ਹਲਕਾ ਧੱਬਾ ਜਿਹਾ ਬਣਦਾ ਹੈ ਜਿਹੜਾ ਵੱਡਾ ਹੁੰਦਾ ਜਾਂਦਾ ਹੈ ਅਤੇ ਕਈ ਘੰਟਿਆਂ ਤੋਂ ਬਾਅਦ ਇਕ ਗੋਲ ਜਾਂ ਅੰਡਾਕਾਰ ਸ਼ਕਲ ਦਾ ਬੀਜਾਣੂ ਬਣ ਜਾਂਦਾ ਹੈ ਜਿਸ ਦੇ ਦੁਆਲੇ ਭਿੱਤੀ ਹੁੰਦੀ ਹੈ। ਇਸ ਤੋਂ ਬਾਅਦ ਸੈੱਲ ਦਾ ਬਾਕੀ ਮਾਦਾ ਹੌਲੀ-ਹੌਲੀ ਇਸਦੇ ਦੁਆਲਿਉਂ ਆਪਣੇ ਆਪ ਲੁਪਤ ਹੋ ਜਾਂਦਾ ਹੈ ਕਿਉਂਕਿ ਇਹ ਸੈੱਲ ਦੇ ਅੰਦਰ ਬਣਦੇ ਹਨ ਇਸ ਲਈ ਇਨ੍ਹਾਂ ਨੂੰ ਐਂਡੋਸਪੋਰ ਕਹਿੰਦੇ ਹਨ।



**ਇਕ ਆਮ ਮਿਲਣ ਵਾਲੇ, ਕਈ ਫਲੈਜੈੱਲਾ ਵਾਲੇ ਜੀਵਾਣੂ (Proteus Vulgaris) ਦਾ ਇਲੈਕਟ੍ਰਾਨ ਮਾਈਕ੍ਰੋਗ੍ਰਾਫ਼ (ਬਹੁਤ ਵੱਡਾ ਕੀਤਾ ਹੋਇਆ)**

ਇਹ ਬੀਜਾਣੂ ਗੈਰਮੁਆਫ਼ਕ ਹਾਲਤਾਂ ਨੂੰ ਚੰਗੀ ਤਰ੍ਹਾਂ ਸਹਾਰ ਸਕਦੇ ਹਨ ਅਤੇ ਮੁੜ ਮੁਆਫ਼ਕ ਹਾਲਤਾਂ ਮਿਲਣ ਤੀਕ ਇਸੇ ਅਵਸਥਾ ਵਿਚ ਪਏ ਰਹਿੰਦੇ ਹਨ, ਮਰਦੇ ਨਹੀਂ।

**ਸਰੀਰ ਕਿਰਿਆਤਮਕ ਵਿਸ਼ੇਸ਼ਤਾਈਆਂ**—ਵੱਖ-ਵੱਖ ਕਿਸਮਾਂ ਦੇ ਜੀਵਾਣੂਆਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਕਿਰਿਆਵਾਂ ਹੁੰਦੀਆਂ ਹਨ। ਇਨ੍ਹਾਂ ਨੂੰ ਸਰੀਰ ਦੀਆਂ ਕਿਰਿਆਵਾਂ ਕਰਨ ਅਤੇ ਨਵੇਂ ਸੈੱਲ ਪੈਦਾ ਕਰਨ ਲਈ ਊਰਜਾ ਦੀ ਲੋੜ ਪੈਂਦੀ ਹੈ ਜਿਹੜੀ ਇਹ ਵੱਖ-ਵੱਖ ਢੰਗਾਂ ਨਾਲ ਹਾਸਲ ਕਰਦੇ ਹਨ। ਊਰਜਾ ਦੀ ਪ੍ਰਾਪਤੀ ਅੱਗੋਂ ਇਨ੍ਹਾਂ ਵਿਚ ਮਿਲਦੇ ਐਨਜ਼ਾਈਮਾਂ ਨਾਲ ਸਬੰਧਤ ਹੁੰਦੀ ਹੈ। ਕਈ ਹਵਾ, ਪਾਣੀ ਅਤੇ ਮਿੱਟੀ ਵਿਚ ਮਿਲਣ ਵਾਲੇ ਜੀਵਾਣੂ ਮਰੇ ਹੋਏ ਕਾਰਬਨੀ ਪਦਾਰਥ, ਪ੍ਰੋਟੀਨ, ਕਾਰਬੋਹਾਈਡ੍ਰੇਟ ਦੀ ਤੋੜ ਭੰਨ ਕਰਕੇ ਉਨ੍ਹਾਂ ਨੂੰ ਵਰਤਦੇ ਹਨ। ਕਈ ਸੈੱਲ ਭਿੱਤੀ ਵਿਚੋਂ ਲੰਘ ਸਕਣ ਵਾਲੇ ਸਧਾਰਨ ਕਾਰਬਨੀ ਪਦਾਰਥਾਂ ਨੂੰ ਜਜ਼ਬ ਕਰਦੇ ਹਨ। ਕਈ ਜੀਵਾਣੂ ਜਿਨ੍ਹਾਂ ਵਿਚ ਕਲੋਰੋਫਿਲ ਵਰਗਾ ਮਾਦਾ ਹੁੰਦਾ ਹੈ, ਸੂਰਜ ਦੀ ਰੌਸ਼ਨੀ ਵਿਚ ਆਪਣੇ ਲਈ ਭੋਜਨ ਆਪ ਬਣਾਉਂਦੇ ਹਨ। ਕਈ ਮਿੱਟੀ ਤੇ ਪਾਣੀ ਦੀਆਂ ਕਿਸਮਾਂ ਅਕਾਰਬਨੀ ਮਾਦੇ ਦਾ ਆਕਸੀਕਰਨ ਕਰਕੇ ਉਸ ਨਾਲ ਪੈਦਾ ਹੋਈ ਊਰਜਾ ਨੂੰ ਵਰਤਦੇ ਹਨ।

## ਜੀਵਾਣੂਆਂ ਵਿਚ ਜਣਨ

**ਜਣਨ ਢੰਗ**—ਜੀਵਨ ਮੁੱਖ ਤੌਰ ਤੇ ਅਲਿੰਗੀ ਕਿਸਮ ਦਾ ਅਤੇ ਖੰਡਣ ਦੇ ਤਰੀਕੇ ਨਾਲ ਹੁੰਦਾ ਹੈ। ਵੰਡਣ ਸਮੇਂ ਸੈੱਲ ਦਾ ਮਾਦਾ ਲਗਭਗ ਦੁੱਗਣਾ ਹੋ ਜਾਂਦਾ ਹੈ। ਗੋਲ ਕਿਸਮਾਂ ਅੰਡਾਕਾਰ ਸ਼ਕਲ ਦੀਆਂ ਹੋ ਜਾਂਦੀਆਂ ਹਨ। ਡੰਡਾਨੁਮਾ ਕਿਸਮਾਂ ਲਗਭਗ ਦੁੱਗਣੀਆਂ ਲੰਬੀਆਂ ਹੋ ਜਾਂਦੀਆਂ ਹਨ ਅਤੇ ਫਿਰ ਸਾਰਾ ਮਾਦਾ ਸੁੰਗੜਨ ਨਾਲ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ ਜਾਂ ਇਨ੍ਹਾਂ ਦੇ ਵਿਚਕਾਰ ਇਕ ਪਰਦਾ ਜਿਹਾ ਬਣ ਜਾਂਦਾ ਹੈ ਜਿਹੜਾ ਸਾਰੇ ਮਾਦੇ ਨੂੰ ਦੋ ਭਾਗਾਂ ਵਿਚ ਵੰਡ ਦਿੰਦਾ ਹੈ। ਫਿਰ ਇਹ ਦੋਨੋਂ ਹਿੱਸੇ ਕੁਝ ਦੇਰ ਲਈ ਆਪਸ ਵਿਚ ਜੁੜੇ ਰਹਿੰਦੇ ਹਨ ਜਾਂ ਬਿਲਕੁਲ ਵੱਖ ਹੋ ਜਾਂਦੇ ਹਨ ਅਤੇ ਦੋਨੋਂ ਵੱਖ-ਵੱਖ ਸੈੱਲ ਇਕ ਦੂਜੇ ਨਾਲ ਵੀ ਅਤੇ ਜਣਕ ਸੈੱਲ ਦੀ ਵੀ ਬਿਲਕੁਲ ਨਕਲ ਹੁੰਦੇ ਹਨ। ਬਡਿੰਗ ਰਾਹੀਂ ਵੀ ਜਣਨ ਕਈ ਕਿਸਮਾਂ ਵਿਚ ਦੇਖਿਆ ਗਿਆ ਹੈ। ਇਸ ਤੋਂ ਇਲਾਵਾ ਕਈ ਕਿਸਮਾਂ ਵਿਚ ਖ਼ਾਸ ਜਣਨਕ ਸੈੱਲ (Conidia) ਵੀ ਬਣਦੇ ਦੇਖੇ ਗਏ ਹਨ। ਇਸ ਗੱਲ ਦੇ ਵੀ ਸਬੂਤ ਮਿਲੇ ਹਨ ਕਿ ਕਈ ਕਿਸਮਾਂ ਵਿਚ ਕਦੀ ਕਦੀ ਲਿੰਗੀ ਜਣਨ ਵਰਗੀ ਕਿਰਿਆ ਵੀ ਹੁੰਦੀ ਹੈ। ਉੱਚ-ਪੱਧਰੀ ਜੀਵਾਂ ਦੀ ਤਰ੍ਹਾਂ ਜੀਵਾਣੂਆਂ ਵਿਚ ਵੀ ਅਨੁਵੰਸ਼ਿਕਤਾ ਜੀਨਾਂ ਰਾਹੀਂ ਹੀ ਕੰਟਰੋਲ ਹੁੰਦੀ ਹੈ।

**ਜਣਨ ਦਰ**—ਅਨੁਕੂਲ ਹਾਲਤਾਂ ਵਿਚ ਜੀਵਾਣੂਆਂ ਵਿਚ ਅਲਿੰਗੀ ਤਰੀਕੇ ਨਾਲ ਜਣਨ ਬਹੁਤ ਜਲਦੀ-ਜਲਦੀ ਹੁੰਦਾ ਹੈ। ਹਰੇਕ ਸੈੱਲ ਹਰ 20 ਜਾਂ 30 ਮਿੰਟਾਂ ਪਿੱਛੋਂ ਵੰਡਿਆ ਜਾਂਦਾ ਹੈ। ਜੇ ਹਰੇਕ ਸੈੱਲ 30 ਮਿੰਟਾਂ ਪਿੱਛੋਂ ਵੰਡਿਆ ਜਾਂਦਾ ਹੋਵੇ ਤਾਂ 15 ਘੰਟਿਆਂ ਪਿੱਛੋਂ ਇਕ ਸੈੱਲ ਦੇ ਲਗਭਗ 1,000,000 ਸੈੱਲ ਬਣ ਜਾਂਦੇ ਹਨ ਅਤੇ ਇਕ ਘਣ ਮਿ., ਮੀ. ਦੀ ਥਾਂ ਘੇਰਦੇ ਹਨ। ਜੀਵਾਣੂਆਂ ਦਾ ਇਹ ਪੁੰਜ ਜਿਹੜਾ ਨੰਗੀ ਅੱਖ ਨਾਲ ਵੇਖਿਆ ਜਾ ਸਕਦਾ ਹੈ, ਕਾਲੋਨੀ ਕਹਾਉਂਦਾ ਹੈ।

## ਜੀਵਾਣੂਆਂ ਦੀ ਵ੍ਰਿਧੀ ਤੇ ਅਸਰ ਪਾਉਣ ਵਾਲੇ ਫੈਕਟਰ

**ਭੋਜਨ**—ਜੀਵਾਣੂਆਂ ਨੂੰ ਆਪਣੇ ਭੋਜਨ ਵਿਚ ਕਾਰਬਨ, ਹਾਈਡ੍ਰੋਜਨ, ਆਕਸੀਜਨ, ਨਾਈਟ੍ਰੋਜਨ, ਗੰਧਕ ਅਤੇ ਫਾਸਫ਼ੋਰਸ ਦੀ ਲੋੜ ਪੈਂਦੀ ਹੈ। ਇਹ ਭੋਜਨ ਤਰਲ ਰੂਪ ਵਿਚ ਉਨ੍ਹਾਂ ਦੇ ਸੈੱਲ ਵਿਚੋਂ ਲੰਘਦਾ ਹੈ। ਦੂਜੇ ਜੀਵਾਂ ਦੀ ਤਰ੍ਹਾਂ ਇਨ੍ਹਾਂ ਦੇ ਭੋਜਨ ਨੂੰ ਵੀ ਚਾਰ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ—(1) ਊਰਜਾ ਦੇ ਸੋਮੇ (2) ਸੈੱਲ ਦੇ ਬੁਨਿਆਦੀ ਤੱਤ (3) ਵਿਟਾਮਿਨ ਅਤੇ (4) ਅਕਾਰਬਨੀ ਲੂਣ। ਪਾਣੀ ਵੀ ਜ਼ਰੂਰੀ ਤੱਤ ਹੈ। ਖੁਰਾਕੀ ਤੱਤਾਂ ਨੂੰ ਜੀਵਾਣੂ ਕਈ ਰੂਪਾਂ ਵਿਚ ਲੈਂਦੇ ਹਨ।

**ਸਵੈ-ਪੋਸ਼ਿਤ ਜੀਵਾਣੂ**—ਇਹ ਉਹ ਜੀਵਾਣੂ ਹਨ ਜਿਹੜੇ ਅਕਾਰਬਨੀ ਮਾਦੇ ਨੂੰ (ਕਾਰਬਨ ਡਾਈਆਕਸਾਈਡ ਸਮੇਤ) ਭੋਜਨ ਵਿਚ ਲੈਣ ਦੇ ਸਮਰੱਥ ਹੁੰਦੇ ਹਨ। ਇਨ੍ਹਾਂ ਵਿਚੋਂ ਕੁਝ ਅਜਿਹੇ ਜੀਵਾਣੂ ਹਨ ਜਿਨ੍ਹਾਂ ਵਿਚ ਕਲੋਰੋਫਿਲ ਜਾਂ ਇਸ ਵਰਗਾ ਹੀ ਕੋਈ ਪਦਾਰਥ ਹੁੰਦਾ ਹੈ ਅਤੇ ਉਹ ਸੂਰਜ ਦੀ ਰੋਸ਼ਨੀ ਤੋਂ ਊਰਜਾ ਪ੍ਰਾਪਤ ਕਰਦੇ ਹਨ। ਕੁਝ ਹੋਰ ਜੀਵਾਣੂ ਅਜਿਹੇ ਹਨ ਜਿਨ੍ਹਾਂ ਵਿਚ ਕਲੋਰੋਫਿਲ ਨਹੀਂ ਹੁੰਦੀ। ਇਹ ਤੱਤਾਂ ਜਾਂ ਸਧਾਰਨ ਯੋਗਿਕਾਂ ਦੇ ਆਕਸੀਕਰਨ ਤੋਂ ਊਰਜਾ ਪ੍ਰਾਪਤ ਕਰਦੇ ਹਨ। ਕੁਝ ਗੰਧਕ ਦੇ ਆਕਸੀਕਰਨ ਕੁਝ ਅਮੋਨੀਆ ਤੇ ਨਾਈਟ੍ਰਾਈਟਾਂ ਅਤੇ ਕੁਝ ਨਾਈਟ੍ਰਾਈਟਾਂ ਤੋਂ ਨਾਈਟ੍ਰੇਟਾਂ ਦੇ ਆਕਸੀਕਰਨ ਤੋਂ ਊਰਜਾ ਪ੍ਰਾਪਤ ਕਰਦੇ ਹਨ।

**ਪਰ ਆਹਾਰੀ ਜੀਵਾਣੂ**—ਇਨ੍ਹਾਂ ਨੂੰ ਭੋਜਨ ਲਈ ਕਾਰਬਨੀ ਪਦਾਰਥਾਂ (ਜਿਉਂਦੇ ਜੀਵਾਂ ਤੋਂ) ਦੀ ਲੋੜ ਪੈਂਦੀ ਹੈ। ਇਹ ਗੁੰਝਲਦਾਰ

ਕਾਰਬਨੀ ਮਾਦੇ ਜਿਵੇਂ ਕਾਰਬੋਹਾਈਡ੍ਰੇਟਾਂ, ਖੰਡ ਅਤੇ ਚਰਬੀ ਦੇ ਆਕਸੀਕਰਨ ਤੋਂ ਊਰਜਾ ਪ੍ਰਾਪਤ ਕਰਦੇ ਹਨ।

**ਤਾਪਮਾਨ**—ਹਰੇਕ ਜੀਵਾਣੂ ਦੇ ਪ੍ਰਫੁੱਲਤ ਹੋਣ ਲਈ ਤਾਪਮਾਨ ਕਾਫ਼ੀ ਅਸਰ ਪਾਉਂਦਾ ਹੈ ਜਿਵੇਂ ਕਿ ਨਿਊਨਤਮ ਤਾਪਮਾਨ ਜਿਸ ਤੋਂ ਹੇਠਾਂ ਇਨ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਬਹੁਤਿਆਂ ਜੀਵਾਣੂਆਂ ਵਿਚ ਇਹ 5°ਸੈਂ. ਅਤੇ 10°ਸੈਂ. ਦੇ ਵਿਚਕਾਰ ਹੁੰਦਾ ਹੈ। ਇਸ ਤਰ੍ਹਾਂ ਅਨੁਕੂਲਤਮ ਤਾਪਮਾਨ ਜ਼ਮੀਨ ਵਿਚ ਰਹਿਣ ਵਾਲੇ ਜੀਵਾਣੂਆਂ ਲਈ 30° ਸੈਂ. ਅਤੇ ਜਾਨਵਰਾਂ ਤੇ ਪਰਜੀਵੀਆਂ ਲਈ 37°ਸੈਂ. ਦੇ ਲਗਭਗ ਹੁੰਦਾ ਹੈ। ਉੱਚਤਮ ਤਾਪਮਾਨ 38° ਸੈਂ. ਅਤੇ 48° ਸੈਂ. ਦੇ ਵਿਚਕਾਰ ਹੁੰਦਾ ਹੈ ਜਿਸ ਤੋਂ ਉੱਪਰ ਇਨ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਇਸ ਤਾਪਮਾਨ ਤੋਂ 10° ਸੈਂ. ਤੋਂ 15° ਸੈਂ. ਜ਼ਿਆਦਾ ਹੋਣ ਤੇ ਇਨ੍ਹਾਂ ਦੀ ਮੌਤ ਹੋ ਜਾਂਦੀ ਹੈ ਪਰ ਅਸਲੀ ਘਾਤਕ ਤਾਪਮਾਨ ਸਿਰਫ਼ ਸਮੇਂ ਦੇ ਮੁਤਾਬਕ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਕੁਝ ਜੀਵਾਣੂ 50° ਤੋਂ 60° ਸੈਂ. ਜਾਂ ਇਸ ਤੋਂ ਵੀ ਉੱਪਰ ਦੇ ਤਾਪਮਾਨ ਤੇ ਆਪਣੀਆਂ ਸਾਰੀਆਂ ਕਿਰਿਆਵਾਂ ਕਰਦੇ ਰਹਿੰਦੇ ਹਨ ਇਨ੍ਹਾਂ ਨੂੰ ਥਰਮੋਫਿਲਿਕ ਜੀਵਾਣੂ ਕਿਹਾ ਜਾਂਦਾ ਹੈ।

**ਜੀਵਾਣੂ ਰਹਿਤ ਕਰਨਾ**—ਆਮ ਜੀਵਾਣੂ 50° ਤੋਂ 60° ਦੇ ਤਾਪਮਾਨ ਤੇ ਮਰ ਜਾਂਦੇ ਹਨ। ਇਸ ਲਈ ਕਿਸੇ ਤਰਲ ਪਦਾਰਥ ਨੂੰ ਇਕ ਵਾਰ ਉਬਾਲਣ ਨਾਲ ਜਾਂ ਪੈਸਚਰਾਈਜ਼ ਕਰਨ ਨਾਲ (63° ਸੈਂ. ਤੇ ਗਰਮ ਕਰਕੇ) ਇਨ੍ਹਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ ਪਰ ਬੀਜਾਣੂਆਂ ਨੂੰ ਨਸ਼ਟ ਕਰਨ ਲਈ ਕਾਫ਼ੀ ਦੇਰ ਤਕ ਗਰਮ ਕਰਨਾ ਚਾਹੀਦਾ ਹੈ। ਥੋੜ੍ਹੇ ਸਮੇਂ ਵਿਚ ਹੀ ਜੀਵਾਣੂ ਰਹਿਤ ਕਰਨ ਲਈ 120° ਸੈਂ. ਤੋਂ ਉੱਪਰ ਗਰਮ ਕਰਨਾ ਚਾਹੀਦਾ ਹੈ। 160° ਸੈਂ. ਤੇ ਲਗਾਤਾਰ ਇਕ ਘੰਟਾ ਗਰਮ ਕਰਨ ਨਾਲ ਸੁੱਕੇ ਬੀਜਾਣੂ ਵੀ ਨਸ਼ਟ ਹੋ ਜਾਂਦੇ ਹਨ।

**ਨਮੀ**—ਜੀਵਾਣੂ ਆਪਣੀ ਸੈੱਲ ਭਿੱਤੀ ਰਾਹੀਂ ਹੀ ਭੋਜਨ ਅੰਦਰ ਜਜ਼ਬ ਕਰਦੇ ਤੇ ਮਲ ਦਾ ਤਿਆਗ ਕਰਦੇ ਹਨ, ਸੋ ਮਿੱਟੀ ਵਿਚਲੀ ਨਮੀ ਉਨ੍ਹਾਂ ਦੇ ਜੀਵਨ ਲਈ ਬਹੁਤ ਮਹੱਤਤਾ ਰੱਖਦੀ ਹੈ। ਮਿੱਟੀ ਵਿਚ ਤਕਰੀਬਨ 5% ਤੋਂ 10% ਤਕ ਦੀ ਨਮੀ ਵਿਚ ਹੀ ਉਹ ਕਿਰਿਆਵਾਂ ਕਰਨੀਆਂ ਸ਼ੁਰੂ ਕਰਦੇ ਹਨ ਅਤੇ ਅਨੁਕੂਲਤਮ ਨਮੀ 25% ਤੋਂ 40% ਤੱਕ ਹੁੰਦੀ ਹੈ।

**ਆਕਸੀਜਨ**—ਹਵਾ ਵਿਚ ਕਈ ਤਰ੍ਹਾਂ ਦੇ ਬੀਜਾਣੂ ਮਿਲਦੇ ਹਨ। ਕਈ ਆਕਸੀਜਨ ਤੋਂ ਬਿਨਾਂ ਸ਼ਾਹ ਨਹੀਂ ਲੈ ਸਕਦੇ ਅਤੇ ਮਰ ਜਾਂਦੇ ਹਨ। ਇਹ ਆਕਸੀ ਜੀਵਾਣੂ ਕਹਾਉਂਦੇ ਹਨ। ਕਈ ਬਿਲਕੁਲ ਆਕਸੀਜਨ ਦੀ ਅਣਹੋਂਦ ਵਿਚ ਹੀ ਰਹਿੰਦੇ ਹਨ ਤੇ ਅਣਆਕਸੀ ਜੀਵਾਣੂ ਕਹਾਉਂਦੇ ਹਨ ਅਤੇ ਕਈ ਦੋਨਾਂ ਵਿਚੋਂ ਕਿਸੇ ਵੀ ਹਾਲਤ ਵਿਚ ਜਿਉਂਦੇ ਰਹਿ ਸਕਦੇ ਹਨ ਅਤੇ ਅਨਿਸ਼ਚਿਤ ਜਾਂ ਵਿਕਲਪੀ ਜੀਵਾਣੂ ਕਹਾਉਂਦੇ ਹਨ।

**ਰੌਸ਼ਨੀ**—ਜੇ ਜੀਵਾਣੂਆਂ ਦੀਆਂ ਪਤਲੀਆਂ ਤਹਿਆਂ ਉੱਤੇ ਸੂਰਜ ਦੀ ਰੌਸ਼ਨੀ ਸਿੱਧੀ ਪੈਣ ਦਿੱਤੀ ਜਾਵੇ ਤਾਂ ਇਹ ਬਹੁਤ ਜਲਦੀ ਮਰ ਜਾਂਦੇ ਹਨ। ਕੁਝ ਜੀਵਾਣੂ ਇਹ ਤਾਪਮਾਨ ਸਿਰਫ 10 ਜਾਂ 15 ਮਿੰਟਾਂ ਲਈ ਸਹਾਰ ਸਕਦੇ ਹਨ। ਸਭ ਤੋਂ ਵਧ ਅਸਰ ਤਕਰੀਬਨ 2, 600 °A ਤਰੰਗ-ਤੀਬਰਤਾ ਦੀਆਂ ਪਾਰ-ਵੈਂਗਣੀ ਕਿਰਨਾਂ ਕਰਦੀਆਂ ਹਨ।

**ਕਲਚਰ ਮਾਧਿਅਮ ਦਾ ਅਸਰ**—ਕਲਚਰ ਮਾਧਿਅਮ ਵਿਚ ਮੌਜੂਦ ਤੇਜ਼ਾਬ ਜਾਂ ਖਾਰ ਦੀ ਮਾਤਰਾ ਦਾ ਜੀਵਾਣੂਆਂ ਦੀ ਵ੍ਰਿਧੀ ਤੇ ਬਹੁਤ ਅਸਰ ਪੈਂਦਾ ਹੈ। ਬਿਲਕੁਲ ਤੇਜ਼ਾਬੀਪਨ ਜਾਂ ਖਾਰੇਪਨ ਤੋਂ ਮੁਕਤ ਮਾਧਿਅਮ ਨੂੰ ਉਦਾਸੀਨ ਮਾਧਿਅਮ ਕਹਿੰਦੇ ਹਨ ਅਤੇ ਇਸ ਦਾ pH ਮੁੱਲ 7.0 ਹੈ। ਜਿਉਂ-ਜਿਉਂ ਇਸ ਤੋਂ ਹੇਠਾਂ ਵੱਲ ਜਾਂਦੇ ਜਾਈਏ ਤਾਂ ਤੇਜ਼ਾਬੀਪਨ ਵਧਦਾ ਜਾਂਦਾ ਹੈ ਅਤੇ ਜਿਉਂ-ਜਿਉਂ ਉੱਪਰ ਵੱਲ ਜਾਈਏ ਤਾਂ ਖਾਰਾਪਨ ਵਧ ਹੁੰਦਾ ਹੈ। ਬਹੁਤੀਆਂ ਜਾਤੀਆਂ pH ਮੁੱਲ 6.0 ਤੋਂ 8.0 ਦੇ ਵਿਚਕਾਰ ਵਧਦੀਆਂ ਫੁੱਲਦੀਆਂ ਹਨ।

**ਕਿਰਮਨਾਸ਼ਕ ਅਤੇ ਰੋਗਾਣੂਨਾਸ਼ਕ ਪਦਾਰਥ**—ਜੀਵਾਣੂਆਂ ਦੀਆਂ ਸਰੀਰਕ ਕਿਰਿਆਵਾਂ ਵਿਚ ਬਹੁਤ ਸਾਰੀਆਂ ਵਸਤੂਆਂ ਰੁਕਾਵਟ ਪਾਉਂਦੀਆਂ ਹਨ। ਕੁਝ ਇਹ ਅਸਰ ਜੀਵਾਣੂਆਂ ਨੂੰ ਬਿਨਾਂ ਮਾਰਨ ਤੋਂ ਹੀ ਕਰ ਦਿੰਦੀਆਂ ਹਨ ਅਤੇ ਕਈ ਥੋੜ੍ਹੇ ਸਮੇਂ ਦੇ ਅੰਦਰ ਹੀ ਉਨ੍ਹਾਂ ਨੂੰ ਖ਼ਤਮ ਕਰ ਦਿੰਦੀਆਂ ਹਨ। ਜ਼ਿਆਦਾ ਪਤਲਾ ਕਰਨ ਨਾਲ ਮਰਨ ਦਾ ਅਸਰ ਘੱਟਦਾ ਜਾਂਦਾ ਹੈ ਅਤੇ ਜ਼ਿਆਦਾ ਸੰਘਣਾ ਕਰਨ ਨਾਲ ਇਹ ਅਸਰ ਵਧਦਾ ਜਾਂਦਾ ਹੈ।

## ਹਵਾ ਅਤੇ ਪਾਣੀ ਵਿਚ ਜੀਵਾਣੂ

ਜਿਵੇਂ ਕਿ ਪਥਰਾਟਾਂ ਤੋਂ ਪਤਾ ਲੱਗਦਾ ਹੈ ਕਿ ਜੀਵਾਣੂ ਪੁਰਾਤਨ ਸਮੇਂ ਤੋਂ ਵਿਚਰਦੇ ਆ ਰਹੇ ਹਨ। ਬੀ. ਰੇਨਾਲਟ ਪੀ. ਫ਼੍ਰਾਨ ਟਾਈਅਨ ਨੇ ਸਿੱਧ ਕੀਤਾ ਹੈ ਕਿ ਕਾਰਬਨੀਫਰਸ ਅਤੇ ਡੀਵੋਨੀਅਨ ਸਮੇਂ ਵਿਚ ਵੀ ਇਕ ਵੱਡੀ ਗਿਣਤੀ ਵਿਚ ਜੀਵਾਣੂ ਮਿਲਦੇ ਸਨ। ਅਜੋਕੇ ਸਮੇਂ ਵਿਚ ਇਹ ਹਰੇਕ ਥਾਂ ਤੇ ਖੜੋਤੇ ਜਾਂ ਚਲਦੇ ਪਾਣੀ, ਗੰਦ ਮੰਦ ਵਿਚ ਜ਼ਮੀਨ ਵਿਚ ਜਾਂ ਜਿੱਥੇ ਕਿਤੇ ਵੀ ਕੋਈ ਕਾਰਬਨੀ ਮਾਦਾ ਥੋੜ੍ਹੇ ਸਮੇਂ ਲਈ ਖੜੋਣ ਦਿੱਤਾ ਜਾਵੇ; ਉਥੇ ਹੀ ਪੈਦਾ ਹੋ ਜਾਂਦੇ ਹਨ।

ਇਹ ਭਾਵੇਂ ਸਾਰੀ ਦੁਨੀਆ ਵਿਚ ਹਵਾ ਵਿਚ ਮਿਲਦੇ ਹਨ ਪਰ ਇਨ੍ਹਾਂ ਦੀ ਵੰਡ ਹਰੇਕ ਥਾਂ ਤੇ ਬਰਾਬਰ ਨਹੀਂ ਹੈ। ਪਿੰਡਾਂ ਦੇ ਮੁਕਾਬਲੇ ਇਹ ਸ਼ਹਿਰਾਂ ਵਿਚ ਜ਼ਿਆਦਾ ਮਿਲਦੇ ਹਨ ਪਰ ਸੂਰਜ ਦੀ ਰੌਸ਼ਨੀ ਅਤੇ ਹਵਾ (ਜਿਹੜੀ ਇਨ੍ਹਾਂ ਨੂੰ ਜ਼ਮੀਨ ਤੋਂ ਉੱਪਰ ਵੱਲ ਲਿਜਾਂਦੀ ਹੈ) ਵਿਚ ਇਹ ਨਸ਼ਟ ਵੀ ਹੁੰਦੇ ਜਾਂਦੇ ਹਨ। ਸਮੁੰਦਰ ਉੱਤੇ ਇਹ ਘੱਟ ਗਿਣਤੀ ਵਿਚ ਮਿਲਦੇ ਹਨ ਕਿਉਂਕਿ ਜ਼ਮੀਨ ਤੋਂ ਇਨ੍ਹਾਂ ਦਾ ਫਾਸਲਾ ਵਧਦਾ ਜਾਂਦਾ ਹੈ। ਰੋਗੀ ਤੋਂ ਜੀਵਾਣੂ ਖੰਘਣ ਜਾਂ ਨੱਕ ਸੁਣਕਣ ਨਾਲ ਆਸ ਪਾਸ ਦੀ ਹਵਾ ਵਿਚ ਆ ਜਾਂਦੇ ਹਨ ਅਤੇ ਉੱਥੋਂ ਦੂਜੇ ਜੀਵਾਂ ਤੱਕ ਪਹੁੰਚ ਜਾਂਦੇ ਹਨ। ਹਵਾ ਵਿਚਲੇ ਜੀਵਾਣੂ ਆਸਪਾਸ ਦੀ ਜ਼ਮੀਨ ਤੋਂ ਆਉਂਦੇ ਹਨ। ਕੁਝ ਮਰ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਕੁਝ ਕਾਰਬਨੀ ਮਾਦਾ ਮਿਲ ਜਾਂਦਾ ਹੈ ਉਸ ਉੱਤੇ ਵਧਦੇ ਫੁੱਲਦੇ ਹਨ।

## ਜੀਵਾਣੂਆਂ ਦੀਆਂ ਕੁਝ ਕਿਰਿਆਵਾਂ

**ਦੁੱਧ ਅਤੇ ਡੇਅਰੀ ਵਸਤੂਆਂ ਵਿਚ**—ਜੀਵਾਣੂਆਂ ਅਤੇ ਹੋਰ ਸੂਖਮ ਜੀਵਾਂ ਤੋਂ ਬਿਨਾਂ ਦੁੱਧ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਵੱਖ-ਵੱਖ ਕਿਸਮਾਂ ਦੇ ਜੀਵਾਣੂ ਅਤੇ ਸੂਖਮ ਜੀਵ ਜਦੋਂ ਦੁੱਧ ਵਿਚ ਵਧਦੇ-ਫੁੱਲਦੇ ਹਨ ਤਾਂ ਵੱਖ-ਵੱਖ ਤਰ੍ਹਾਂ ਦੇ ਅਸਰ ਕਰਦੇ ਹਨ। ਕੁਝ ਇਸ ਦੀ ਪ੍ਰੋਟੀਨ ਦੀ ਤੋੜ ਭੰਨ ਕਰਕੇ ਵਾਸ਼ਨਾ ਪੈਦਾ ਕਰਦੇ ਹਨ, ਕੁਝ ਦੁੱਧ ਦੀ ਸ਼ੱਕਰ ਤੇ ਅਸਰ ਕਰਕੇ ਤੇਜ਼ਾਬ ਪੈਦਾ ਕਰਦੇ ਹਨ ਜਿਸ ਨਾਲ ਦਹੀਂ ਬਣਦਾ ਹੈ ਅਤੇ ਕੁਝ ਸੈੱਲਾਂ ਰਾਹੀਂ ਰਿਸਾਏ ਐਨਜਾਈਮਾਂ ਦੇ ਅਸਰ ਹੇਠ ਦਹੀਂ ਬਣਨ ਦੀ ਕਿਰਿਆ ਨੂੰ ਹੋਰ ਵਧਾਉਂਦੇ ਹਨ। ਠੰਢੇ ਦੁੱਧ ਵਿਚ ਤੇਜ਼ਾਬ ਪੈਦਾ ਕਰਨ ਵਾਲੇ ਜੀਵਾਣੂ ਜ਼ਿਆਦਾ ਅਸਰ ਕਰਦੇ ਹਨ ਜਿਸ ਨਾਲ ਦੁੱਧ ਖੱਟਾ ਹੋ ਜਾਂਦਾ ਹੈ ਪਰ ਜੰਮਦਾ ਨਹੀਂ। ਘੱਟ ਤਾਪਮਾਨ ਤੇ ਜੀਵਾਣੂਆਂ ਦਾ ਵਾਧਾ ਰੁਕ ਜਾਂਦਾ ਹੈ। ਇਸ ਲਈ ਖਰਾਬ ਹੋਣ ਤੋਂ ਬਚਾਉਣ ਲਈ ਇਸ ਨੂੰ ਬਹੁਤ ਠੰਢਾ ਕਰ ਦੇਣਾ ਬਹੁਤ ਮਹੱਤਤਾ ਰੱਖਦਾ ਹੈ। ਜ਼ਿਆਦਾ ਉਬਾਲ ਕੇ ਦੁੱਧ ਨੂੰ ਜੀਵਾਣੂ-ਰਹਿਤ ਬਣਾਇਆ ਜਾ ਸਕਦਾ ਹੈ।

ਮੱਖਣ ਬਣਾਉਣ ਅਤੇ ਵੱਖ-ਵੱਖ ਤਰ੍ਹਾਂ ਦੇ ਪਨੀਰ ਬਣਾਉਣ ਲਈ ਵੀ ਵੱਖ-ਵੱਖ ਤਰ੍ਹਾਂ ਦੇ ਜੀਵਾਣੂ ਕੰਮ ਕਰਦੇ ਹਨ। ਜਿਹਾ ਕਿ ਜੀਵਾਣੂਆਂ ਦੀ ਗਿਣਤੀ ਅਤੇ ਕਿਸਮ ਦੀ ਬਹੁਤ ਮਹੱਤਤਾ ਹੈ ਇਸ ਲਈ ਲੋੜੀਂਦੀ ਕਿਸਮ ਦੇ ਕਲਚਰ ਜਿਨ੍ਹਾਂ ਨੂੰ 'ਸਟਾਰਟਰ' ਕਹਿੰਦੇ ਹਨ ਵਿਚ ਪਾ ਦਿੱਤੇ ਜਾਂਦੇ ਹਨ ਤਾਂ ਕਿ ਮਨਚਾਹੀ ਖੁਸ਼ਬੋ ਅਤੇ ਸ਼ਕਲ ਸੂਰਤ ਪ੍ਰਾਪਤ ਕੀਤੀ ਜਾ ਸਕੇ।

**ਜ਼ਮੀਨ ਵਿਚ**—ਜ਼ਮੀਨ ਨੂੰ ਉਪਜਾਊ ਬਣਾਉਣ ਵਿਚ ਵੀ ਜੀਵਾਣੂਆਂ ਅਤੇ ਹੋਰ ਸੂਖਮ ਜੀਵਾਂ ਦਾ ਵੱਡਾ ਹੱਥ ਹੈ। ਇਨ੍ਹਾਂ ਵਿਚੋਂ ਬਹੁਤੇ ਤਾਂ ਮਿੱਟੀ ਦੀਆਂ ਉੱਪਰਲੀਆਂ ਕੁਝ ਤਹਿਆਂ ਤੱਕ ਹੀ ਸੀਮਿਤ ਹੁੰਦੇ ਹਨ। ਇਕ ਗ੍ਰਾ. ਮਿੱਟੀ ਵਿਚ ਇਨ੍ਹਾਂ ਦੀ ਅੰਦਾਜ਼ਨ ਗਿਣਤੀ 1,000,000 ਤੋਂ 50,000,000 ਤੱਕ ਹੁੰਦੀ ਹੈ।

**ਨਾਈਟ੍ਰੋਜਨ ਯੋਗਿਕੀਕਰਨ**—ਨਾਈਟ੍ਰੋਜਨ (ਜਿਹੜੀ ਹਵਾ ਦਾ ਲਗਭਗ 80% ਹਿੱਸਾ ਬਣਾਉਂਦੀ ਹੈ) ਆਮ ਹਾਲਤਾਂ ਵਿਚ ਸੌਖੀ ਤਰ੍ਹਾਂ ਹੋਰ ਗੈਸਾਂ ਨਾਲ ਕਿਰਿਆ ਨਹੀਂ ਕਰਦੀ। ਜੀਵਾਣੂ ਇਹ ਕੰਮ ਆਮ ਤਾਪਮਾਨ ਅਤੇ ਦਬਾਉ ਤੋਂ ਕਰ ਦਿੰਦੇ ਹਨ ਅਤੇ ਨਾਈਟ੍ਰੋਜਨ ਦਾ ਹਾਈਡ੍ਰੋਜਨ ਨਾਲ ਯੋਗਿਕੀਕਰਨ ਕਰਦੇ ਹਨ। ਸਭ ਤੋਂ ਪਹਿਲਾਂ ਉਤਪਾਦਨ ਅਮੋਨੀਆ ਜਾਂ ਅਮੋਨੀਅਮ ਯੋਗਿਕ ਹੈ। ਇਹ ਸਧਾਰਨ ਨਾਈਟ੍ਰੋਜਨ ਯੋਗਿਕ ਫਿਰ ਜੀਵਾਣੂਆਂ ਜਾਂ ਪੌਦਿਆਂ ਰਾਹੀਂ ਕਾਰਬਨ ਯੋਗਿਕਾਂ ਨਾਲ ਮਿਲ ਕੇ ਕਈ ਤਰ੍ਹਾਂ ਦੇ ਕਾਰਬਨੀ ਨਾਈਟ੍ਰੋਜਨੀ ਯੋਗਿਕ ਬਣਾਉਂਦੇ ਹਨ। ਅਜਿਹੀਆਂ ਕਈ ਤਬਦੀਲੀਆਂ ਤੋਂ ਬਾਅਦ ਹੀ ਨਾਈਟ੍ਰੋਜਨ ਪੌਦਿਆਂ ਦੇ ਆਹਾਰ ਦੇ ਤੌਰ ਤੇ ਵਰਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਇਸ ਕਿਰਿਆ ਵਿਚ ਮਿੱਟੀ ਅਜਿਹੇ ਨਾਈਟ੍ਰੋਜਨੀ ਯੋਗਿਕਾਂ ਨਾਲ ਭਰਪੂਰ ਰਹਿੰਦੀ ਹੈ।

**ਰਾਈਜ਼ੋਬੀਅਮ**—ਜੀਵਾਣੂ ਫਲੀਦਾਰ ਪੌਦਿਆਂ ਦੀਆਂ ਜੜ੍ਹਾਂ ਉੱਤੇ ਛੋਟੀਆਂ-ਛੋਟੀਆਂ ਗਿਲਟੀਆਂ ਬਣਾ ਦਿੰਦੇ ਹਨ ਅਤੇ ਇਨ੍ਹਾਂ ਗਿਲਟੀਆਂ ਦੇ ਵਿਚ ਹੀ ਨਾਈਟ੍ਰੋਜਨ ਯੋਗਿਕੀਕਰਨ ਦੀਆਂ ਕਿਰਿਆਵਾਂ ਹੁੰਦੀਆਂ ਹਨ। ਇਸ ਜੀਵਾਣੂ ਦੀਆਂ ਵੱਖ-ਵੱਖ ਜਾਤੀਆਂ ਵੱਖ-ਵੱਖ ਕਿਸਮ ਦੇ ਫਲੀਦਾਰ ਪੌਦਿਆਂ ਉੱਤੇ ਗਿਲਟੀਆਂ ਬਣਾਉਂਦੀਆਂ ਹਨ।



**ਸੋਇਆਬੀਨ ਦੀਆਂ ਜੜ੍ਹਾਂ ਉੱਤੇ ਬਣੀਆਂ ਗਿਲਟੀਆਂ**

**ਕਾਰਬਨੀ ਮਾਦੇ ਦਾ ਅਪਘਟਨ**—ਜੀਵਾਣੂਆਂ ਦਾ ਇਕ ਹੋਰ ਮਹੱਤਵਪੂਰਨ ਕੰਮ ਕਾਰਬਨੀ ਮਾਦੇ ਨੂੰ ਗਾਲਣਾ-ਸਾੜਨਾ ਹੈ। ਪੌਦਿਆਂ ਅਤੇ ਜਾਨਵਰਾਂ ਦੇ ਮਰਨ ਨਾਲ ਜ਼ਮੀਨ ਵਿਚ ਇਕੱਠੇ ਹੁੰਦੇ ਜਾ ਰਹੇ ਕਾਰਬਨ ਅਤੇ ਨਾਈਟ੍ਰੋਜਨ ਨੂੰ ਇਹ ਜੀਵਾਣੂ ਆਪਣੇ ਐੱਨਜ਼ਾਈਮਾਂ ਰਾਹੀਂ ਛੋਟੇ ਅਣੂਆਂ ਵਿਚ ਤੋੜ ਭੰਨ ਦਿੰਦੇ ਹਨ। ਪ੍ਰੋਟੀਨ ਅਤੇ ਦੂਜੇ ਨਾਈਟ੍ਰੋਜਨੀ ਕਾਰਬਨੀ ਯੋਗਿਕਾਂ ਨੂੰ ਪਹਿਲਾਂ ਇਹ ਸਧਾਰਨ ਅਮੋਨੀਆ ਯੋਗਿਕਾਂ ਵਿਚ ਤਬਦੀਲ ਕਰਦੇ ਹਨ ਅਤੇ ਫਿਰ ਇਨ੍ਹਾਂ ਦਾ ਆਕਸੀਕਰਨ ਹੁੰਦਾ ਹੈ ਜਿਸ ਵਿਚ ਪਹਿਲਾਂ ਨਾਈਟ੍ਰੋਸੋਮੋਨਾਸ ਅਤੇ ਨਾਈਟ੍ਰੋਕਾਕਸ ਅਮੋਨੀਆ ਯੋਗਿਕਾਂ ਨੂੰ ਨਾਈਟ੍ਰਾਈਟਾਂ ਵਿਚ ਅਤੇ ਫਿਰ ਨਾਈਟ੍ਰੋਬੈਕਟਰ ਇਨ੍ਹਾਂ ਨੂੰ ਨਾਈਟ੍ਰੇਟਾਂ ਵਿਚ ਤਬਦੀਲ ਕਰ ਦਿੰਦੇ ਹਨ।

ਇਸੇ ਤਰ੍ਹਾਂ ਨਾਈਟ੍ਰੋਜਨ ਰਹਿਤ ਯੋਗਿਕ ਜਿਵੇਂ ਸੈੱਲੂਲੋਜ਼ ਅਤੇ ਸਟਾਰਚ (ਜਿਨ੍ਹਾਂ ਵਿਚ ਕਾਰਬਨ, ਹਾਈਡ੍ਰੋਜਨ ਅਤੇ ਆਕਸੀਜਨ ਹੁੰਦੀ ਹੈ) ਵੀ ਜੀਵਾਣੂਆਂ ਰਾਹੀਂ ਸਧਾਰਨ ਟੁਕੜਿਆਂ ਵਿਚ ਤਬਦੀਲ ਹੋ ਜਾਂਦੇ ਹਨ। ਇਸੇ ਤਰ੍ਹਾਂ ਗੰਧਕ, ਫਾਸਫੋਰਸ, ਲੋਹਾ ਅਤੇ ਅਕਾਰਬਨੀ ਯੋਗਿਕਾਂ ਵਿਚ ਵੀ ਤਬਦੀਲੀਆਂ ਆਉਂਦੀਆਂ ਹਨ। ਥਾਇਓਬੇਸਿਲਸ ਜੀਵਾਣੂ ਗੰਧਕ ਨੂੰ ਗੰਧਕ ਦੇ ਤੇਜ਼ਾਬ ਵਿਚ ਬਦਲਦੇ ਹਨ ਜਿਹੜਾ ਜਲਦੀ ਹੀ ਸਲਫੇਟ ਵਿਚ ਤਬਦੀਲ ਹੋ ਜਾਂਦਾ ਹੈ।

**ਮਲ ਨਿਪਟਾਰਾ**—ਮਲ ਦਾ ਨਿਪਟਾਰਾ ਕਰਨ ਵਿਚ ਵੀ ਸੂਖਮ ਜੀਵਾਂ ਦਾ ਬਹੁਤ ਵੱਡਾ ਯੋਗਦਾਨ ਹੈ। ਮਲ ਵਿਚ ਬਹੁਤ ਸਾਰੇ ਜੀਵਾਣੂ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਮਲ ਵਿਚਲੇ ਜੀਵ ਮਾਦੇ ਦਾ ਅਪਘਟਨ ਕਰਕੇ ਅਜਿਹੀ ਹਾਲਤ ਵਿਚ ਬਣਾ ਦਿੰਦੇ ਹਨ ਜਿਹੜਾ ਰਸਾਇਣਿਕ ਤੌਰ ਤੇ ਸਥਿਰ ਹੁੰਦਾ ਹੈ ਅਤੇ ਉਸਦਾ ਹੋਰ ਅਪਘਟਨ ਨਹੀਂ ਹੋ ਸਕਦਾ। ਦੂਜਾ ਉਸ ਵਿਚ ਮੌਜੂਦ ਬੀਮਾਰੀਆਂ ਫੈਲਾਉਣ ਵਾਲੇ ਜੀਵਾਣੂਆਂ ਦਾ ਖ਼ਾਤਮਾ ਕੀਤਾ ਜਾਂਦਾ ਹੈ।

## ਉਦਯੋਗਾਂ ਵਿਚ ਜੀਵਾਣੂ ਵਿਗਿਆਨ ਦੀ ਮਹੱਤਤਾ

**ਬੇਕਰੀ ਵਿਚ ਜੀਵਾਣੂਆਂ ਦਾ ਉਦਯੋਗ**—ਆਟੇ ਜਾਂ ਹੋਰ ਕਿਸੇ ਪਦਾਰਥ ਵਿਚ ਖਮੀਰ ਪੈਦਾ ਕਰਨ ਲਈ ਯੀਸਟ ਪਾ ਦਿੱਤਾ ਜਾਂਦਾ ਹੈ। ਯੀਸਟ (ਖਮੀਰ) ਤਿਆਰ ਕਰਨ ਲਈ ਸੈਕਰੋਮਾਇਸੀਜ਼ ਸ਼ੈਰੀਵੀਸੀ ਦੇ ਚੋਣਵੇਂ ਵਿਭੇਦ ਵਰਤੇ ਜਾਂਦੇ ਹਨ।

**ਪੈਕਟਿਨ ਦਾ ਵਿਭਾਜੀਕਰਨ**—ਪੌਦਿਆਂ ਦੀ ਸਖ਼ਤ ਪੈਕਟਿਨ ਤਹਿ ਨੂੰ ਨਰਮ ਕਰਨ ਦਾ ਕੰਮ ਵੀ ਉਨ੍ਹਾਂ ਜੀਵਾਣੂਆਂ ਅਤੇ ਹੋਰ ਸੂਖਮ ਜੀਵਾਂ ਤੋਂ ਲਿਆ ਜਾਂਦਾ ਹੈ ਜਿਨ੍ਹਾਂ ਵਿਚ ਇਕ ਖ਼ਾਸ ਐੱਨਜ਼ਾਈਮ ਹੁੰਦਾ ਹੈ ਜੋ ਇਹ ਕੰਮ ਕਰਦਾ ਹੈ।

**ਸਟਾਰਚ ਅਤੇ ਖੰਡਾਂ ਦਾ ਵਿਭਾਜੀਕਰਨ**—ਕਈ ਜ਼ਰੂਰੀ ਪਦਾਰਥ ਤਿਆਰ ਕਰਨ ਲਈ ਸਟਾਰਚ ਅਤੇ ਖੰਡ ਦਾ ਅਪਘਟਨ ਜੀਵਾਣੂਆਂ, ਯੀਸਟਾਂ ਅਤੇ ਉੱਲੀਆਂ ਦੇ ਐੱਨਜ਼ਾਈਮਾਂ ਰਾਹੀਂ ਕੀਤਾ ਜਾਂਦਾ ਹੈ। ਐਥੇਨਾਲ, ਗਲਿਸਰੌਲ ਐਸੀਟੋਨ, ਬਿਊਟੈਨੌਲ ਖਮੀਰਨ, ਐਸੀਟਿਕ ਤੇਜ਼ਾਬ ਖਮੀਰਨ, ਨਿੰਬੂ ਦਾ ਤੇਜ਼ਾਬ, ਗਲੂਕੌਨਿਕ ਤੇਜ਼ਾਬ, ਲੈੱਕਟਿਕ ਤੇਜ਼ਾਬ ਆਦਿ ਇਨ੍ਹਾਂ ਦੀ ਸਹਾਇਤਾ ਨਾਲ ਤਿਆਰ ਹੁੰਦੇ ਹਨ।

**ਐੱਨਜ਼ਾਈਮ ਬਣਾਉਣਾ**—ਕਈ ਜੀਵਾਣੂ ਅਜਿਹੇ ਜ਼ਰੂਰੀ ਐੱਨਜ਼ਾਈਮ ਬਣਾਉਂਦੇ ਹਨ ਜਿਹੜੇ ਕਈ ਉਦਯੋਗਾਂ ਵਿਚ ਬਹੁਤ ਮਹੱਤਵਪੂਰਨ ਕੰਮ ਕਰਦੇ ਹਨ। ਪ੍ਰੋਟੀਨਾਂ ਅਤੇ ਸਟਾਰਚਾਂ ਦੀ ਤੋੜ-ਭੰਨ ਕਰਨ ਵਾਲੇ ਐੱਨਜ਼ਾਈਮ (Proteases ਅਤੇ amylases), ਉੱਲੀ (Aspergillus oryzae) ਅਤੇ ਜੀਵਾਣੂਆਂ ਤੋਂ ਤਿਆਰ ਕੀਤੇ ਜਾਂਦੇ ਹਨ।

**ਵਿਟਾਮਿਨ ਬਣਾਉਣਾ**—ਬਹੁਤੇ ਸੂਖਮ ਜੀਵ ਕਈ ਬੀ-ਕੰਪਲੈਕਸ ਵਿਟਾਮਿਨ ਤਿਆਰ ਕਰ ਸਕਦੇ ਹਨ ਅਤੇ ਇਨ੍ਹਾਂ ਨੂੰ ਇਸ ਕੰਮ ਲਈ ਵਰਤਿਆ ਜਾਂਦਾ ਹੈ।

**ਪ੍ਰਤਿ ਜੀਵ ਪਦਾਰਥ ਬਣਾਉਣਾ**—ਕਈ ਸੂਖਮ ਜੀਵ ਅਜਿਹੀਆਂ ਰਸਾਇਣਿਕ ਚੀਜ਼ਾਂ ਪੈਦਾ ਕਰਦੇ ਹਨ ਜਿਹੜੀਆਂ ਦੂਜੇ

ਮ ਜੀਵਾਂ ਦੇ ਵਾਧੇ ਤੇ ਰੋਕ ਪਾਉਂਦੀਆਂ ਹਨ ਅਤੇ ਇਸ ਤਰ੍ਹਾਂ ਪ੍ਰਤਿ ਵ (ਐਂਟੀਬਾਇਓਟਿਕ) ਪਦਾਰਥਾਂ ਦਾ ਕੰਮ ਕਰਦੀਆਂ ਹਨ।

**ਜੀਵਾਣੂ ਨੁਕਸਾਨਦਾਇਕ ਵੀ ਹਨ**—ਉਕਤ ਫ਼ਾਇਦਿਆਂ ਤੋਂ ਨਾਂ ਉਦਯੋਗਾਂ ਵਿਚ ਕਈ ਵਾਰ ਇਹ ਜੀਵਾਣੂ ਬਹੁਤ ਭਾਰੀ ਨੁਕਸਾਨ ਪਹੁੰਚਾਂਦੇ ਹਨ, ਜਿਵੇਂ ਕੱਪੜਾ ਉਦਯੋਗਾਂ ਵਿਚ ਇਹ ਰੇਸ਼ਿਆਂ ਅਤੇ ਗੜਿਆਂ ਨੂੰ ਬਹੁਤ ਨੁਕਸਾਨ ਪਹੁੰਚਾਂਦੇ ਹਨ। ਇਸੇ ਤਰ੍ਹਾਂ ਮੀਟ ਉਦਯੋਗਾਂ ਰ ਜੀਵਾਣੂਆਂ ਤੇ ਦੂਜੇ ਸੂਖਮ ਜੀਵਾਂ ਦੀ ਗਿਣਤੀ ਘਟਾਉਣਾ ਅਤੇ ਨ੍ਹਾਂ ਦੀਆਂ ਕਿਰਿਆਵਾਂ ਨੂੰ ਰੋਕਣ ਵਿਚ ਸਮੱਸਿਆ ਪੇਸ਼ ਆਉਂਦੀ ਇਸੇ ਤਰ੍ਹਾਂ ਖੰਡ ਉਦਯੋਗਾਂ ਅਤੇ ਲੱਕੜੀ ਦੇ ਉਦਯੋਗਾਂ ਵਿਚ ਵੀ ਹ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਂਦੇ ਹਨ।

ਹ. ਪ੍ਰ.–ਐਨ. ਬ੍ਰਿ. 2 : 1000

**ਜੀਵਾਂ ਦੀ ਗਤੀਸ਼ੀਲਤਾ** : ਜੀਵਾਂ ਦੀ ਉਹ ਸਮਰੱਥਾ, ਸ ਵਿਚ ਉਹ ਆਪਣੇ ਹੱਥਾਂ, ਪੈਰਾਂ ਆਦਿ ਰਾਹੀਂ ਇਕ ਥਾਂ ਤੋਂ ਦੂਜੀ ਤੱਕ ਪਹੁੰਚਦੇ ਹਨ, ਉਨ੍ਹਾਂ ਦੀ ਗਤੀਸ਼ੀਲਤਾ ਚੱਲਣ ਕਿਰਿਆ ਜਾਂ ਲ ਕਹਾਉਂਦੀ ਹੈ। ਆਪਣੇ ਇਸ ਗੁਣ ਕਰਕੇ ਹੀ ਇਹ (ਕੁਝ ਨਿਮਨ ਰ ਕਿਸਮਾਂ ਨੂੰ ਛੱਡ ਕੇ) ਪੌਦਿਆਂ ਤੋਂ ਵੱਖਰੇ ਹਨ। ਜੀਵ ਖ਼ੁਰਾਕ ਦੀ ਲ, ਹਮਜੋਲੀ ਦਾ ਪਿੱਛਾ ਕਰਨ, ਦੁਸ਼ਮਣ ਜਾਂ ਕਿਸੇ ਹੋਰ ਹਾਨੀਕਾਰਕ ਜ਼ ਤੋਂ ਬਚਣ ਲਈ ਜਾਂ ਇਹੋ ਜਿਹੇ ਕਿਸੇ ਹੋਰ ਕਾਰਨ ਕਰਕੇ ਇਕ ਤੋਂ ਦੂਜੀ ਤੱਕ ਤੁਰਦੇ ਜਾਂ ਉਡਾਰੀਆਂ ਲਾਉਂਦੇ ਹਨ। ਵੱਖ-ਵੱਖ ਸਮਾਂ ਦੇ ਪ੍ਰਾਣੀਆਂ ਵਿਚ ਆਪਣੀ ਹੀ ਕਿਸਮ ਦਾ ਜੀਵਨ ਜਿਉਣ ਈ ਅਨੁਕੂਲਣ ਹੋਇਆ ਹੁੰਦਾ ਹੈ ਅਤੇ ਇਸ ਤਰ੍ਹਾਂ ਕਈ ਜਾਨਵਰ ਤ ਚੰਗੇ ਅਤੇ ਵਿਸ਼ਿਸ਼ਟ ਤਰੀਕਿਆਂ ਨਾਲ ਗਤੀਆਂ ਕਰਦੇ ਹਨ। ਈ ਘੱਟ ਵਿਕਸਿਤ ਤਰੀਕਿਆਂ ਨਾਲ ਅਤੇ ਕਈ ਸਥਾਨ-ਬੱਧ ਜੀਵਨ ਤੀਤ ਕਰਦੇ ਹਨ। ਖ਼ਰਗੋਸ਼ ਦੁਸ਼ਮਣਾਂ ਤੋਂ ਬਚਣ ਲਈ ਬਹੁਤ ਤੇਜ਼ ੜ ਸਕਦਾ ਹੈ; ਸੇਹ ਤੇਜ਼ ਨਹੀਂ ਭੱਜ ਸਕਦੀ ਪਰ ਸਵੈ-ਰੱਖਿਆ ਲਈ ਸ ਦੇ ਸਰੀਰ ਉੱਤੇ ਲੰਬੇ ਤੱਕਲੇ (ਕੰਡੇ) ਹੁੰਦੇ ਹਨ। ਇਸੇ ਤਰ੍ਹਾਂ ਕਈ ਛੀ ਬਦਲਦੇ ਮੌਸਮ ਨਾਲ ਇਕ ਥਾਂ ਤੋਂ ਦੂਜੀ ਥਾਂ ਪ੍ਰਵਾਸ ਕਰ ਜਾਂਦੇ ਨ।

ਗਤੀਸ਼ੀਲਤਾ ਲਈ ਹੋਇਆ ਅਨੁਕੂਲਣ ਉਨ੍ਹਾਂ ਵਾਤਾਵਰਣਕ ਤਾਵਾਂ ਜਿਨ੍ਹਾਂ ਵਿਚ ਪ੍ਰਾਣੀ ਵਿਕਸਿਤ ਹੋਇਆ ਹੈ ਅਤੇ ਉਸ ਮੁੱਢਲੀ ਵਜ ਸਰੀਰਕ ਬਣਤਰ ਜਿਸ ਤੋਂ ਇਸ ਦਾ ਨਿਕਾਸ ਹੋਇਆ ਹੈ, ਨਾਂ ਦੀ ਝਲਕ ਦਰਸਾਉਂਦਾ ਹੈ। ਇਸ ਦੀ ਉਦਾਹਰਣ ਉਹ ਰੀੜ੍ਹਧਾਰੀ ਣੀ ਹਨ ਜਿਨ੍ਹਾਂ ਦਾ ਨਿਕਾਸ ਪੰਛੀਆਂ ਤੋਂ ਹੋਇਆ ਹੈ। ਉਨ੍ਹਾਂ ਵਿਚ ਦੋ ੜੇ ਲੱਤਾਂ-ਬਾਹਾਂ ਦੇ ਹੁੰਦੇ ਹਨ। ਕੁਝ ਇਨ੍ਹਾਂ ਦੋਹਾਂ ਜੋੜਿਆਂ ਨੂੰ ਇਕੋ ਸਮ ਦੀਆਂ ਗਤੀਆਂ ਲਈ (ਚੌਪਾਏ ਸਥੱਲੀ ਥਣਧਾਰੀ), ਕੁਝ ਦੋਹਾਂ ਵੱਖ ਵੱਖ ਕਿਸਮ ਦੀਆਂ ਗਤੀਆਂ ਲਈ (ਪੰਛੀ), ਕੁਝ ਸਿਰਫ ਇਕ ੜੇ ਨੂੰ ਚਲਣ ਲਈ (ਮਨੁੱਖ) ਵਰਤਦੇ ਹਨ, ਅਤੇ ਕਈਆਂ ਵਿਚ ਇਹ ਵਸ਼ੇਸ਼ ਹਾਲਤਾਂ ਵਿਚ ਮਿਲਦੇ ਹਨ (ਸੱਪ) ਤੇ ਗਤੀਸ਼ੀਲਤਾ ਲਈ ਨਹੀਂ ਤੇ ਜਾਂਦੇ।

**ਮੁੱਢਲੇ ਮੈਕੇਨਿਜ਼ਮ**—ਜੀਵਾਂ ਦੀ ਗਤੀਸ਼ੀਲਤਾ ਦਾ ਆਧਾਰ ਨ੍ਹਾਂ ਦੀ ਪ੍ਰੋਟੋਪਲਾਜ਼ਮ ਦੀ ਭੋਜਨ ਤੋਂ ਪ੍ਰਾਪਤ ਕੀਤੀ ਰਸਾਇਣਿਕ ਊਰਜਾ ਸੁੰਗੜਨ ਦੀ ਮਕੈਨੀਕਲ ਊਰਜਾ ਵਿਚ ਬਦਲ ਸਕਣ ਦੀ ਸਮਰੱਥਾ ਅਮੀਬਾ ਵਿਚ ਸਾਰੇ ਪ੍ਰੋਟੋਪਲਾਜ਼ਮ ਦੇ ਆਕਾਰ ਵਿਚ ਤਬਦੀਲੀ ਉਂਦੀ ਹੈ। ਸਧਾਰਣ ਜੀਵਾਂ ਵਿਚ ਕੁਝ ਖ਼ਾਸ ਪ੍ਰੋਟੋਪਲਾਜ਼ਮੀ ਬਣਤਰਾਂ ਤੇ ਬਹੁਤੇ ਜੀਵਾਂ ਵਿਚ ਚਲਣ ਲਈ ਸੁੰਗੜਾਉ ਲੰਬੇ ਅਤੇ ਪਤਲੇ ਸ਼ੀ-ਸੈੱਲਾਂ ਰਾਹੀਂ ਪੈਦਾ ਹੁੰਦਾ ਹੈ। ਇਨ੍ਹਾਂ ਸੈੱਲਾਂ ਵਿਚ ਛੋਟੇ ਛੋਟੇ ਚਕਦਾਰ ਰੇਸ਼ੇ ਹੁੰਦੇ ਹਨ ਜਿਹੜੇ ਸੁੰਗੜ ਕੇ ਪਹਿਲਾਂ ਛੋਟੇ ਅਤੇ ਫਿਰ ਪਣੇ ਮੂਲ ਆਕਾਰ ਦੇ ਹੋ ਸਕਦੇ ਹਨ।

**ਪੇਸ਼ੀ ਤਰਤੀਬ**—ਸਭ ਤੋਂ ਪੁਰਾਤਨ ਕਿਸਮ ਦੀ ਪੇਸ਼ੀ-ਤਰਤੀਬ ਸੀਲੈਂਟਰੇਟਾਂ ਵਿਚ ਮਿਲਦੀ ਹੈ। ਇਨ੍ਹਾਂ ਦੀ ਦੇਹ-ਭਿਤੀ ਵਿਚ ਆਮ੍ਹੋ-ਸਾਹਮਣੇ ਅਧਿਛੱਦ-ਪੇਸ਼ੀ-ਸੈੱਲਾਂ ਦੇ ਸੈੱਟ ਹੁੰਦੇ ਹਨ ਜਿਹੜੇ ਸਰੀਰ ਨੂੰ ਛੋਟਾ ਕਰਨ ਜਾਂ ਇਸ ਦਾ ਵਿਆਸ ਘਟਾਉਣ ਵਿਚ ਸਹਾਇਤਾ ਕਰਦੇ ਹਨ। ਚਪਟੇ ਵਰਮਾਂ ਵਿਚ ਪੇਸ਼ੀ-ਰੇਸ਼ੇ ਲੰਬੇ ਦਾਅ, ਆੜੇ ਦਾਅ ਅਤੇ ਉਪਰੋਂ-ਥੱਲੇ ਦਿਸ਼ਾਵਾਂ ਵਿਚ ਸਥਿਤ ਹੁੰਦੇ ਹਨ; ਜਦੋਂ ਇਕ ਦਿਸ਼ਾ ਵਿਚ ਪੇਸ਼ੀਆਂ ਸੁੰਗੜਦੀਆਂ ਹਨ ਤਾਂ ਲਚਕਦਾਰ ਤੇ ਤਰਲ ਨਾਲ ਭਰਿਆ ਸਰੀਰ ਦੂਜੀਆਂ ਦੋਨੋਂ ਦਿਸ਼ਾਵਾਂ ਵਿਚ ਫੈਲ ਜਾਂਦਾ ਹੈ। ਗੋਲ ਵਰਮਾਂ ਵਿਚ ਪੇਸ਼ੀ-ਸੈੱਲ ਸਰੀਰ ਦੇ ਧੁਰੇ ਦੇ ਸਮਾਂਤਰ ਸਥਿਤ ਹੁੰਦੇ ਹਨ। ਸ਼ਰੀਰ ਦੇ ਆਮ੍ਹੋ ਸਾਹਮਣੇ ਪਾਸਿਆਂ ਦੇ ਰੇਸ਼ਿਆਂ ਦੇ ਵਾਰੀ ਵਾਰੀ ਸੁੰਗੜਨ ਨਾਲ ਸਰੀਰ ਝੁਕਦਾ ਅਤੇ ਸਿੱਧਾ ਹੁੰਦਾ ਹੈ। ਐਨੇਲਿਡਾਂ ਦੀ ਦੇਹ-ਭਿੱਤੀ ਵਿਚ ਬਾਹਰਲੀ ਤਹਿ ਚਕਰਾਕਾਰ ਪੇਸ਼ੀਆਂ ਅਤੇ ਅੰਦਰਲੀ ਤਹਿ ਲੰਬਕਾਰੀ ਪੇਸ਼ੀਆਂ ਦੀ ਹੁੰਦੀ ਹੈ। ਪਹਿਲੀਆਂ ਦੇ ਸੁੰਗੜਨ ਨਾਲ ਸਰੀਰ ਲੰਬਾ ਅਤੇ ਪਿਛਲੀਆਂ ਦੇ ਸੁੰਗੜਨ ਨਾਲ ਛੋਟਾ ਹੁੰਦਾ ਹੈ। ਆਰਥ੍ਰੋਪੋਡਾਂ ਵਿਚ ਪੇਸ਼ੀਆਂ ਕਈ ਆਕਾਰਾਂ ਅਤੇ ਕਈ ਤਰਤੀਬਾਂ ਵਿਚ ਹੁੰਦੀਆਂ ਹਨ। ਇਹ ਬਾਹਰਲੇ ਸਖ਼ਤ ਪਿੰਜਰ ਦੇ ਅੰਦਰਲੇ ਪਾਸੇ ਆਮ੍ਹੋ-ਸਾਹਮਣੇ ਜੋੜਿਆਂ ਵਿਚ ਲਗੀਆਂ ਹੁੰਦੀਆਂ ਹਨ। ਇਨ੍ਹਾਂ ਪੇਸ਼ੀਆਂ ਦੀ ਸਹਾਇਤਾ ਨਾਲ ਖੰਡਾਂ ਅਤੇ ਉਪ-ਅੰਗਾਂ ਵਿਚ ਹਿੱਲਜੁਲ ਹੁੰਦੀ ਹੈ। ਰੀੜ੍ਹਧਾਰੀਆਂ ਦੀਆਂ ਪੇਸ਼ੀਆਂ ਦੇ ਆਕਾਰਾਂ ਅਤੇ ਤਰਤੀਬ ਵਿਚ ਵੀ ਕਈ ਵਖਰੇਵੇਂ ਮਿਲਦੇ ਹਨ ਅਤੇ ਆਮ ਤੌਰ ਤੇ ਆਮ੍ਹੋ-ਸਾਹਮਣੇ ਜੋੜਿਆਂ ਵਿਚ ਲਗੀਆਂ ਹੁੰਦੀਆਂ ਹਨ। ਇਹ ਹੱਡੀਆਂ ਦੇ ਬਾਹਰ ਵੱਲ ਜੁੜੀਆਂ ਹੁੰਦੀਆਂ ਹਨ। ਬਹੁਤੇ ਰੀੜ੍ਹ ਰਹਿਤ ਪ੍ਰਾਣੀਆਂ ਦੇ ਪੇਸ਼ੀ-ਸਿਸਟਮ ਦਾ ਮੁੱਖ ਅੰਗ ਪੱਧਰੀ ਪੇਸ਼ੀ ਹੈ ਜਿਹੜੀ ਕਿ ਹੌਲੀ-ਹੌਲੀ ਸੁੰਗੜ ਸਕਦੀ ਹੈ। ਆਰਥ੍ਰੋਪੋਡਾਂ ਅਤੇ ਰੀੜ੍ਹਧਾਰੀ ਪ੍ਰਾਣੀਆਂ ਦੀ ਗਤੀ ਵਿਚ ਮੁੱਖ ਸਹਾਇਕ ਧਾਰੀਦਾਰ ਪੇਸ਼ੀਆਂ ਹੁੰਦੀਆਂ ਹਨ ਜਿਹੜੀਆਂ ਬਹੁਤ ਤੇਜ਼ੀ ਨਾਲ ਸੁੰਗੜ ਸਕਦੀਆਂ ਹਨ।

## ਰੀੜ੍ਹ ਰਹਿਤ ਪ੍ਰਾਣੀ

**ਪ੍ਰੋਟੋਜ਼ੋਆ ਤੋਂ ਆਰਥ੍ਰੋਪੋਡਾ ਤੱਕ**—ਪ੍ਰੋਟੋਜ਼ੋਆ ਦੇ ਇਕ ਮੁੱਖ ਗੱਰੁਪ ਮੈਸਟਿਗੋਫੋਰਾ (ਜਾਂ ਫ਼ਲੈਜੈਲੇਟਾ) ਵਿਚ ਪ੍ਰੋਟੋਪਲਾਜ਼ਮ ਦਾ ਇਕ ਲੰਬਾ ਵਾਧਰਾ ਹੁੰਦਾ ਹੈ ਜਿਸ ਨੂੰ ਫ਼ਲੈਜੈੱਲਾ ਕਹਿੰਦੇ ਹਨ। ਇਸ ਦੀਆਂ ਚਾਬੁਕ ਵਾਂਗ ਹਰਕਤਾਂ ਨਾਲ ਪ੍ਰਾਣੀ ਪਾਣੀ ਵਿਚ ਚਲਦੇ ਹਨ। ਯੂਗਲੀਨਾ ਅੱਗੇ ਤੈਰਦੇ ਸਮੇਂ ਆਪਣੇ ਲੰਬੇ ਧੁਰੇ ਦੇ ਉਤੇ ਘੁੰਮਦੇ ਵੀ ਰਹਿੰਦੇ ਹਨ। ਕਾਲੋਨੀਅਲ ਪ੍ਰਾਣੀਆਂ ਜਿਵੇਂ ਵਾੱਲਵੱਕਸ ਵਿਚ ਇਕ ਜਿਲੈਟਿਨੀ ਮਾਦੇ ਦੀ ਗੇਂਦ ਦੀ ਸਤ੍ਹਾ ਵਿਚ ਕਈ ਸੈੱਲ ਧਸੇ ਹੁੰਦੇ ਹਨ। ਇਨ੍ਹਾਂ ਦੇ ਫ਼ਲੈਜੈੱਲਾ ਦੀ ਸਾਂਝੀ ਗਤੀ ਦੇ ਨਾਲ ਸਾਰੀ ਗੇਂਦ ਪਾਣੀ ਵਿਚ ਘੁੰਮਦੀ ਰਹਿੰਦੀ ਹੈ ਪਰ ਕਾਲੋਨੀ ਦਾ ਇਕ ਸਿਰਾ ਹਮੇਸ਼ਾਂ ਅੱਗੇ ਵੱਲ ਰਹਿੰਦਾ ਹੈ।

ਦੂਜੇ ਗਰੁੱਪ ਸਾਰਕੋਡਾਈਨਾ ਵਿਚ ਹਰੇਕ ਪ੍ਰਾਣੀ ਐਮੀਬਾਨੁਮਾ ਹਰਕਤਾਂ ਰਾਹੀਂ ਚਲਦਾ ਹੈ। ਸਰੀਰ ਦੇ ਪਿਛਲੇ ਸਿਰੇ ਦਾ ਪ੍ਰੋਟੋਪਲਾਜ਼ਮ ਪਤਲਾ ਹੋ ਕੇ ਪਲਾਜ਼ਮਾਸੱਲ ਬਣ ਕੇ ਅਗਲੇ ਸਿਰੇ ਵੱਲ ਵਗਦਾ ਹੈ। ਅਗਲੇ ਸਿਰੇ ਤੇ ਇਹ ਗਾੜ੍ਹੇ ਪਲਾਜ਼ਮਾਜੈੱਲ ਵਿਚ ਤਬਦੀਲ ਹੋ ਜਾਂਦਾ ਹੈ ਜਿਹੜਾ ਫਿਰ ਪਿੱਛੇ ਵੱਲ ਨੂੰ ਵਗਦਾ ਤੇ ਪਲਾਜ਼ਮਾਸੱਲ ਵਿਚ ਤਬਦੀਲ ਹੁੰਦਾ ਜਾਂਦਾ ਹੈ। ਕਈ ਹੋਰ ਵਿਕਸਿਤ ਕਿਸਮਾਂ ਵਿਚ ਵੀ ਇਸ ਐਮੀਬਾਨੁਮਾ ਤਰੀਕੇ ਰਾਹੀਂ ਹਰਕਤਾਂ (ਸੰਸ਼ੋਧਿਤ ਰੂਪ ਵਿਚ) ਮਿਲਦੀਆਂ ਹਨ।

ਸਿਲੀਏਟਾ ਗਰੁੱਪ ਦੇ ਪ੍ਰਾਣੀਆਂ ਵਿਚ ਪ੍ਰੋਟੋਪਲਾਜ਼ਮ ਦੀ ਸਤ੍ਹਾ ਉਤੇ ਸੂਖਮ ਵਾਲ ਵਰਗੇ ਵਾਧਰੇ ਹੁੰਦੇ ਹਨ ਜਿਨ੍ਹਾਂ ਨੂੰ ਸਿਲੀਆ ਕਹਿੰਦੇ ਹਨ। ਪੈਰਾਮੀਸ਼ੀਅਮ ਵਿਚ ਸਿਲੀਆ ਪਿੱਛੇ ਵੱਲ ਗਤੀ ਕਰਦੇ ਹਨ ਅਤੇ ਪ੍ਰਾਣੀ ਅਗੇ ਵੱਲ ਤੁਰ ਜਾਂਦਾ ਹੈ ਪਰ ਜਿਹਾ ਕਿ ਪ੍ਰਾਣੀ ਸਮਮਿਤ ਨਹੀਂ

ਹੈ ਅਤੇ ਸਿਲੀਆ ਦਾ ਸਟਰੋਕ ਤਿਰਛਾ ਹੁੰਦਾ ਹੈ ਇਸ ਲਈ ਪ੍ਰਾਣੀ ਆਪਣੇ ਲੰਬੇ ਧੁਰੇ ਦੇ ਉਤੇ ਘੁੰਮਦਾ ਰਹਿੰਦਾ ਹੈ ਅਤੇ ਇਸ ਤਰ੍ਹਾਂ ਇਹ ਸਿੱਧੀ ਲਾਈਨ ਉਤੇ ਘੁੰਮ ਘੁੰਮ ਕੇ ਚੱਲਦਾ ਹੈ। ਜੇ ਰਸਤੇ ਵਿਚ ਕੋਈ ਰੁਕਾਵਟ ਆ ਜਾਵੇ ਤਾਂ ਸਿਲੀਆ ਦੀ ਹਰਕਤ ਦੀ ਦਿਸ਼ਾ ਉਲਟਾ ਕੇ ਇਹ ਪਿੱਛੇ ਵੱਲ ਮੁੜ ਜਾਂਦੇ ਹਨ। ਸਪੰਜਾਂ, ਸੀਲੈਂਟਰੇਟਾਂ, ਬ੍ਰਾਈਆਜ਼ੋਨਾਂ ਅਤੇ ਸਮੁੰਦਰੀ ਐਨੇਲਿਡਾਂ ਦੇ ਲਾਰਵੇ ਅਤੇ ਸੁਤੰਤਰ ਤਾਰੂ ਰੋਟੀਫ਼ਰ ਵੀ ਸਿਲੀਆ ਦੀਆਂ ਹਰਕਤਾਂ ਰਾਹੀਂ ਚਲਦੇ ਹਨ।

ਚਪਟੇ ਵਰਮ ਆਪਣੀਆਂ ਚਕਰਾਕਾਰ ਅਤੇ ਉਪਰੋਂ-ਥੱਲੇ ਦੀਆਂ ਪੇਸ਼ੀਆਂ ਨੂੰ ਸੁੰਗੜਾ ਕੇ ਸਰੀਰ ਨੂੰ ਲੰਬਾ ਕਰ ਲੈਂਦੇ ਹਨ, ਫਿਰ ਸਿਰ ਵਾਲੇ ਸਿਰੇ ਨੂੰ ਲੇਸਦਾਰ ਪਦਾਰਥ ਰਾਹੀਂ ਚਿਪਕਾ ਕੇ, ਲੰਬਕਾਰੀ ਪੇਸ਼ੀਆਂ ਨੂੰ ਸੁੰਗੜਾਉਂਦੇ ਅਤੇ ਸਰੀਰ ਨੂੰ ਛੋਟਾ ਕਰਦੇ ਹਨ; ਇਸ ਤਰ੍ਹਾਂ ਇਹ ਰੀਂਗਦੇ ਹੋਏ ਤੁਰਦੇ ਹਨ। ਮੁਕਤ-ਜੀਵੀ ਚਪਟੇ ਵਰਮ ਸਿਲੀਆ ਦੀ ਸਹਾਇਤਾ ਨਾਲ ਚਲਦੇ ਹਨ। ਬਹੁਤੇ ਨੈਮਾਟੋਡਾਂ ਉਤੇ ਕੰਡੇ ਜਾਂ ਸਕੇਲ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਜ਼ਮੀਨ ਤੇ ਰੀਂਗਦੇ ਹਨ।

ਮੋਲਸਕਾਂ ਵਿਚ ਤੁਰਨ ਲਈ ਇਕ ਪੈਰ ਹੁੰਦਾ ਹੈ। ਇਨ੍ਹਾਂ ਦੇ ਮੂੰਹ ਦੇ ਹੇਠਲੇ ਪਾਸੇ ਇਕ ਗਲੈਂਡ ਹੁੰਦੀ ਹੈ ਜਿਸ ਵਿਚੋਂ ਇਕ ਲੇਸਦਾਰ ਮਾਦਾ ਨਿਕਲਦਾ ਹੈ ਅਤੇ ਪੈਰ ਦੇ ਹੇਠਲੇ ਪਾਸੇ ਦੀਆਂ ਪੇਸ਼ੀਆਂ ਦੇ ਸੁੰਗੜਨ ਨਾਲ ਇਹ ਇਸ ਲੇਸਦਾਰ ਪਦਾਰਥ ਉਤੇ ਘਿਸਰਦੇ ਹਨ।

ਗੰਡੋਏ ਜ਼ਮੀਨ ਉਤੇ ਘਿਸਰ ਕੇ ਚਲਦੇ ਹਨ। ਇਨ੍ਹਾਂ ਉਤੇ ਕਰੜੇ ਵਾਲ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਜ਼ਮੀਨ ਨੂੰ ਪਕੜਦੇ ਹਨ। ਵਾਰੀ ਵਾਰੀ ਸਰੀਰ ਨੂੰ ਲੰਬਾ ਅਤੇ ਛੋਟਾ ਕਰਨ ਨਾਲ ਇਹ ਅੱਗੇ ਚਲਦੇ ਹਨ।

ਸਟਾਰ ਫ਼ਿਸ਼ ਅਤੇ ਹੋਰ ਇਕਾਈਨੋਡਰਮ ਪ੍ਰਾਣੀ ਸਮੁੰਦਰੀ ਤਲ ਤੇ ਰੀਂਗਦੇ ਹਨ। ਆਪਣੀਆਂ ਬਾਹਵਾਂ ਨੂੰ ਲੰਬਾ ਕਰਕੇ ਉਨ੍ਹਾਂ ਉਤੇ ਸਥਿਤ ਟਿਊਬ ਪੈਰਾਂ ਦੀ ਸਹਾਇਤਾ ਨਾਲ ਇਹ ਸਤ੍ਹਾ ਨੂੰ ਪਕੜਦੇ ਹਨ, ਫਿਰ ਸੁੰਗੜਦੇ ਅਤੇ ਨਾਲ ਹੀ ਸਰੀਰ ਨੂੰ ਅੱਗੇ ਵੱਲ ਖਿੱਚਦੇ ਹਨ। ਸਮੁੰਦਰੀ ਅਰਚਿਨਾਂ ਵਿਚ ਟਿਊਬ ਪੈਰ ਨਹੀਂ ਹੁੰਦੇ ਪਰ ਆਪਣੇ ਹੇਠਲੇ ਪਾਸੇ ਸਥਿਤ ਹਿੱਲਣ-ਸ਼ੀਲ ਕੰਡਿਆਂ ਦੀ ਸਹਾਇਤਾ ਨਾਲ ਇਹ ਚਲਦੇ ਹਨ। ਹਾਈਡ੍ਰਾ ਬਿਲਕੁਲ ਵਖਰੇ ਤਰੀਕੇ ਨਾਲ ਚਲਦਾ ਹੈ। ਇਹ ਟੋਹਣੀਆਂ ਨੂੰ ਜ਼ਮੀਨ ਤੇ ਚਿਪਕਾ ਕੇ, ਫਿਰ ਅਧਾਰ ਡਿਸਕ ਨੂੰ ਛੁੜਾ ਕੇ ਨਵੀਂ ਥਾਂ ਤੇ ਚਿਪਕਾਂਦਾ ਹੈ ਤੇ ਫਿਰ ਟੋਹਣੀਆਂ ਨੂੰ ਛੁੜਾ ਕੇ ਹੋਰ ਅਗੇ ਨਵੀਂ ਥਾਂ ਤੇ ਚਿਪਕਾਂਦਾ ਹੈ ਅਤੇ ਇਸ ਤਰ੍ਹਾਂ ਅਗੇ ਵਧਦਾ ਜਾਂਦਾ ਹੈ। ਜੋਕਾਂ ਅਤੇ ਰੋਟੀਫ਼ਰ ਵੀ ਇਸੇ ਤਰ੍ਹਾਂ ਚਲਦੇ ਹਨ।

ਰੀੜ੍ਹਰਹਿਤ ਪ੍ਰਾਣੀਆਂ ਵਿਚ ਕਈ ਹੋਰ ਤਰ੍ਹਾਂ ਦੀਆਂ ਗਤੀਆਂ ਵੀ ਮਿਲਦੀਆਂ ਹਨ। ਆੱਰਥ੍ਰੋਪੋਡਾਂ ਵਿਚ ਜੋੜਾਂ ਵਾਲੇ ਉਪ-ਅੰਗ ਅਤੇ ਕਈ ਤਰ੍ਹਾਂ ਦੀਆਂ ਪੇਸ਼ੀਆਂ ਹੋਣ ਕਰਕੇ ਕਈ ਤਰ੍ਹਾਂ ਨਾਲ ਗਤੀਆਂ ਹੁੰਦੀਆਂ ਹਨ। ਇਹ ਚੰਗੀ ਤਰ੍ਹਾਂ, ਤੈਰ, ਦੌੜ, ਛਾਲਾਂ ਮਾਰ ਕੇ ਉੱਡ ਸਕਦੇ ਹਨ। ਕੋਪੇਪੋਡਾਂ ਵਿਚ ਸਿਰ ਉੱਤੇ ਲੱਗੀਆਂ ਟੋਹਣੀਆਂ ਵੀ ਥੋਰੈਸਿਕ ਲੱਤਾਂ ਦੇ ਨਾਲ ਗਤੀਸ਼ੀਲਤਾ ਦੇ ਕੰਮ ਆਉਂਦੀਆਂ ਹਨ। ਐਰੈਕਨਿਡਾਂ ਵਿਚ ਚਾਰ ਜੋੜੇ ਲੱਤਾਂ ਦੇ ਹੁੰਦੇ ਹਨ ਤੇ ਇਹ ਚੰਗੀ ਤਰ੍ਹਾਂ ਦੌੜ ਅਤੇ ਉਪਰ ਚੜ੍ਹ ਸਕਦੇ ਹਨ। ਮਿਲੀਪੀਡਾਂ ਦੇ ਸਰੀਰ ਦੇ 20-100 ਖੰਡ ਹੁੰਦੇ ਹਨ ਅਤੇ ਹਰੇਕ ਖੰਡ ਉਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ। ਕਈ ਕੀੜੇ ਪਾਣੀ ਦੀ ਸਤ੍ਹਾ ਦੇ ਹੇਠਾਂ, ਪਾਣੀ ਦੇ ਉਤੇ, ਸੁੱਕੀ ਜ਼ਮੀਨ, ਬਨਸਪਤੀ ਅਤੇ ਬਿਲਕੁਲ ਗਲਾਸ ਵਰਗੀਆਂ ਪੱਧਰੀਆਂ ਥਾਵਾਂ ਤੇ ਵੀ ਰੀਂਗ ਕੇ ਚਲ ਸਕਦੇ ਹਨ। ਕਈ ਤਰ੍ਹਾਂ ਦੀਆਂ ਨਹੁੰਦਰਾਂ ਇਨ੍ਹਾਂ ਨੂੰ ਉਘੜ ਦੁਘੜੀਆਂ ਥਾਵਾਂ ਤੇ ਵੀ ਚੱਲਣ ਵਿਚ ਸਹਾਇਤਾ ਕਰਦੀਆਂ ਹਨ। ਪਲਵਿੱਲਾਈ (ਪੈਰਾਂ ਉਤੇ ਰੋਮਦਾਰ ਪੈਡ ਜਾਂ ਚੂਸਕਾਂ ਵਰਗੀਆਂ ਬਣਤਰਾਂ) ਦੀ ਸਹਾਇਤਾ ਨਾਲ ਇਹ ਪੱਧਰੀਆਂ ਥਾਵਾਂ ਤੇ ਚਿੰਬੜ ਸਕਦੇ ਹਨ। ਬਗੈਰ ਲੱਤਾਂ ਵਾਲੀਆਂ ਕਿਸਮਾਂ ਵਿਚ ਗਤੀ ਆਭਾਸੀ ਪੈਰਾਂ ਰਾਹੀਂ ਹੁੰਦੀ ਹੈ। ਬਹੁਤ ਤੇਜ਼ ਵਹਿੰਦੇ ਪਾਣੀਆਂ ਵਿਚ ਰਹਿਣ ਵਾਲੇ ਕੀੜਿਆਂ ਦੇ ਸਰੀਰ ਅਤੇ ਲੱਤਾਂ ਬਹੁਤ ਚਪਟੀਆਂ ਹੁੰਦੀਆਂ ਹਨ ਤੇ ਇਹ ਤਲ ਤੇ ਚਿੰਬੜੇ ਜਾਂ ਰੀਂਗਦੇ ਰਹਿੰਦੇ ਹਨ। ਕੀੜੇ ਚੰਗੇ ਉਡਾਰੂ ਵੀ ਹਨ ਅਤੇ ਇਨ੍ਹਾਂ ਵਿਚ ਉੱਡਣ ਦਾ ਸਿਧਾਂਤ ਤਕਰੀਬਨ ਪੰਛੀਆਂ ਅਤੇ ਹਵਾਈ ਜਹਾਜ਼ ਵਾਲਾ ਹੀ ਹੈ।

## ਰੀੜ੍ਹਧਾਰੀ ਪ੍ਰਾਣੀ

ਰੀੜ੍ਹਧਾਰੀ ਪ੍ਰਾਣੀਆਂ ਵਿਚ ਗਤੀਆਂ ਕਈ ਤਰ੍ਹਾਂ ਦੇ ਲੀਵਰਾਂ ਦੀ ਸਹਾਇਤਾ ਨਾਲ ਹੁੰਦੀਆਂ ਹਨ। ਪਿੰਜਰ ਦੇ ਕਈ ਹਿੱਸੇ ਜਿਵੇਂ ਲੱਤਾਂ-ਬਾਹਾਂ ਜਾਂ ਮੁਹਰੇ ਪੇਸ਼ੀਆਂ ਦੀ ਸਹਾਇਤਾ ਨਾਲ, ਲੀਵਰਾਂ ਦਾ ਕੰਮ ਕਰਦੇ ਹਨ। ਇਹ ਪੇਸ਼ੀਆਂ ਆਹਮੋ-ਸਾਹਮਣੇ ਜੋੜਿਆਂ ਵਿਚ ਲੱਗੀਆਂ ਹੁੰਦੀਆਂ ਹਨ। ਹਰੇਕ ਜੋੜੇ ਦੀ ਇਕ ਪੇਸ਼ੀ ਲੀਵਰ ਨੂੰ ਅਗੇ ਵੱਲ ਅਤੇ ਦੂਜੀ ਫਿਰ ਪਿੱਛੇ ਵੱਲ ਖਿੱਚਦੀ ਹੈ।

**ਤੈਰਨਾ**—ਜਲੀ ਪ੍ਰਾਣੀਆਂ ਦੇ ਮੁਹਰੇ ਲੀਵਰ ਵਾਂਗ ਕੰਮ ਕਰਦੇ ਹਨ। ਮੱਛੀ ਦੀ ਲਚਕਦਾਰ ਪੂਛ-ਸਿਰੇ-ਲੀਵਰ ਲਈ, ਸਿਰ ਫਲਕਰਮ ਲਈ ਹੁੰਦਾ ਹੈ। ਸਰੀਰ ਨੂੰ ਅੱਗੇ ਧੱਕਣ ਦੀ ਤਾਕਤ ਪਿੱਠ ਦੀਆਂ ਪੇਸ਼ੀਆਂ ਤੋਂ ਆਉਂਦੀ ਹੈ। ਤੈਰਦੇ ਸਮੇਂ ਇਹ ਪੂਛ ਨੂੰ ਚੱਪੂ ਵਾਂਗ ਪਾਸਿਆਂ ਤੇ ਮਾਰਦੀਆਂ ਹਨ। ਵੇਲ੍ਹ ਅਤੇ ਡਾਲਫਿਨ (ਥਣਧਾਰੀ) ਵੀ ਮੱਛੀਆਂ ਦੀ ਤਰ੍ਹਾਂ ਤੈਰਦੀਆਂ ਹਨ, ਇਥੇ ਸਿਰਫ ਪੂਛ ਉਪਰ-ਹੇਠਾਂ ਵੱਲ ਵਜਦੀ ਹੈ।

ਸਰੀਰ ਸਿੱਧਾ ਹੋਣ ਕਰਕੇ ਅਤੇ ਸਰੀਰ ਉਤੇ ਚਿਪਚਿਪੇ ਪਦਾਰਥ ਦੀ ਤਹਿ ਹੋਣ ਕਰਕੇ ਮੱਛੀਆਂ ਬਹੁਤ ਤੇਜ਼ੀ ਨਾਲ ਪਾਣੀ ਵਿਚ ਤੈਰਦੀਆਂ ਹਨ। ਮੱਛੀ ਦੇ ਤੈਰਨ ਦੀ ਰਫ਼ਤਾਰ ਇਸ ਦੀ ਪੂਛ ਧੱਕੇ ਦੀ ਬਾਰੰਬਾਰਤਾ ਅਤੇ ਸਰੀਰ ਦੀ ਲੰਬਾਈ ਦੇ ਤਕਰੀਬਨ ਅਨੁਪਾਤੀ ਹੁੰਦੀ ਹੈ। ਇਕ ਛੋਟੀ ਮੱਛੀ ਦੀ (ਪ੍ਰਤੀ ਸੈਕੰਡ) ਵੱਧ ਤੋਂ ਵੱਧ ਰਫ਼ਤਾਰ ਇਸ ਤੇ ਸਰੀਰ ਦੀ ਲੰਬਾਈ ਦਾ ਦਸ ਗੁਣਾ ਹੁੰਦੀ ਹੈ। ਮੱਛੀ ਪਾਣੀ ਵਿਚ ਕਿਸ ਡੂੰਘਾਈ ਤੱਕ ਜਾ ਸਕਦੀ ਹੈ ਇਹ ਹਵਾਥੈਲੀ ਦੀ ਸਹਾਇਤਾ ਨਾਲ ਨਿਯਮਤ ਕਰਦੀ ਹੈ ਅਤੇ ਇਹ ਦਿਸ਼ਾ ਅਤੇ ਸੰਤੁਲਨ ਗਲਫੜਿਆਂ ਦੀ ਸਹਾਇਤਾ ਨਾਲ ਕੰਟਰੋਲ ਕਰਦੀ ਹੈ।

ਕੁਝ ਮੱਛੀਆਂ ਪੈਕਟੋਰਲ ਗਲਫੜਿਆਂ ਦੀ ਸਹਾਇਤਾ ਨਾਲ ਤਲ ਤੇ ਘਿਸਰਦੀਆਂ ਹਨ, ਕੁਝ ਗਿਲ-ਚੈਂਬਰਾਂ ਵਿਚੋਂ ਕੱਢੇ ਪਾਣੀ ਦੇ ਜੈੱਟਾਂ ਦੀ ਸਹਾਇਤਾ ਨਾਲ ਥੋੜ੍ਹੀ-ਥੋੜ੍ਹੀ ਦੂਰੀ ਤੱਕ ਚਲਦੀਆਂ ਹਨ ਅਤੇ ਉੱਡਣੀ ਮੱਛੀ ਪਾਣੀ ਦੀ ਸਤ੍ਹਾ ਦੇ ਹੇਠਾਂ ਕਾਫ਼ੀ ਤੇਜ਼ ਰਫ਼ਤਾਰ ਹਾਸਲ ਕਰਨ ਤੋਂ ਬਾਅਦ ਬਹੁਤ ਵੱਡੇ ਪੈਕਟੋਰਲ ਗਲਫੜਿਆਂ ਦੀ ਸਹਾਇਤਾ ਨਾਲ ਪਾਣੀ ਤੋਂ ਉਪਰ ਉਡਦੀ ਹੈ।

**ਰਿੜ੍ਹਨਾ**—ਇਸ ਤਰੀਕੇ ਵਿਚ ਪ੍ਰਾਣੀ ਸਰੀਰ ਨੂੰ ਜ਼ਮੀਨ ਦੇ ਨਾਲ ਲੱਗਾ ਕੇ ਚਲਦਾ ਹੈ। ਇਹ ਤਰੀਕਾ ਮੁੱਖ ਤੌਰ ਤੇ ਸੱਪਾਂ ਵਿਚ ਮਿਲਦਾ ਹੈ। ਇਹ ਲਹਿਰਦਾਰ ਤਰੀਕੇ ਨਾਲ ਚਲਦੇ ਹਨ। ਇਨ੍ਹਾਂ ਦਾ ਸਰੀਰ ਖਿਤਿਜੀ ਵਿੰਗਾਂ ਦੀ ਇਕ ਲੜੀ ਵਿਚ ਵੰਡਿਆ ਹੁੰਦਾ ਹੈ ਅਤੇ ਹਰੇਕ ਵਿੰਗ ਤੇ ਸਰੀਰ ਜ਼ਮੀਨ ਉਤੇ ਦਬਾਇਆ ਜਾਂਦਾ ਹੈ। ਹਰੇਕ ਹਿੱਸਾ ਆਪਣੇ ਤੋਂ ਅਗਲੇ ਹਿੱਸੇ ਰਾਹੀਂ ਦਰਸਾਏ ਰਸਤੇ ਤੇ ਚਲਦਾ ਹੈ ਅਤੇ ਇਸ ਤਰ੍ਹਾਂ ਸਾਰਾ ਸਰੀਰ ਅੱਗੇ ਵਧਦਾ ਜਾਂਦਾ ਹੈ। ਇਸ ਤਰ੍ਹਾਂ ਦੀ ਗਤੀਸ਼ੀਲਤਾ ਲਈ ਕੰਗਰੋੜ ਵਿਚ ਮੁਹਰਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਣੀ ਜ਼ਰੂਰੀ ਹੁੰਦੀ ਹੈ ਅਤੇ ਕਈ ਸੱਪਾਂ ਵਿਚ ਇਹ 200 ਦੇ ਕਰੀਬ ਹੁੰਦੀ ਹੈ। ਕਈ ਸੱਪ ਸਿੱਧੀ ਲਾਈਨ ਵਿਚ ਵੀ ਤੁਰਦੇ ਹਨ। ਸਾਰੇ ਸੱਪ ਧਰਤੀ ਤੇ ਚਲਣ ਦੇ ਤਰੀਕੇ ਵਾਂਗ ਹੀ ਪਾਣੀ ਵਿਚ ਵੀ ਤੈਰ ਲੈਂਦੇ ਹਨ। ਸੱਪ ਦਰਖ਼ਤਾਂ ਵਗੈਰਾ ਤੇ ਚੰਗੀ ਤਰ੍ਹਾਂ ਲਟਕ ਵੀ ਲੈਂਦੇ ਹਨ।

ਕਈ ਬਹੁਤ ਲੰਬੀਆਂ ਮੱਛੀਆਂ ਅਤੇ ਕਿਰਲੀਆਂ ਵਿਚ ਵੀ ਜਿਨ੍ਹਾਂ ਵਿਚ ਲੱਤਾਂ-ਬਾਹਾਂ ਅਵਿਕਸਿਤ ਹੁੰਦੀਆਂ ਹਨ ਜਾਂ ਹੁੰਦੀਆਂ ਹੀ ਨਹੀਂ, ਸੱਪਾਂ ਵਰਗੀ ਗਤੀਸ਼ੀਲਤਾ ਮਿਲਦੀ ਹੈ।

**ਉਡਾਣ**—ਪੰਛੀ ਬਹੁਤ ਚੰਗੀ ਤਰ੍ਹਾਂ ਉੱਡ ਸਕਦੇ ਹਨ। ਇਨ੍ਹਾਂ ਵਿਚ ਵੀ ਉਡਾਣ ਦਾ ਉਹੀ ਸਿੱਧਾਂਤ ਹੈ ਜਿਹੜਾ ਹਵਾਈ ਜਹਾਜ਼ਾਂ ਦਾ ਹੈ। ਹਵਾ ਵਿਚ ਉੱਡਦੇ ਸਮੇਂ ਸਿੱਧੇ ਪਰ ਉਤਾਂਹ ਵੱਲ ਚੁੱਕਦੇ ਹਨ ਕਿਉਂਕਿ ਇਨ੍ਹਾਂ ਦੀ ਉਪਰਲੀ ਸਤ੍ਹਾ ਨਾਲੋਂ ਹੇਠਲੀ ਤੇ ਹਵਾ ਦਾ ਦਬਾਉ ਜ਼ਿਆਦਾ ਹੁੰਦਾ ਹੈ। ਕਲਾਈ ਦੇ ਅਗਲੇ ਸਿਰੇ ਤੇ ਖੰਭਾਂ ਦਾ ਇਕ ਗਰੁੱਪ ਐਲਿਊਲਾ ਜਾਂ ਬਾਸਟਰਡ ਵਿੰਗ, ਸਹਾਇਕ ਏਅਰਫੌਇਲ ਦਾ ਕੰਮ ਕਰਦਾ ਹੈ। ਅੰਦਰਲਾ ਪਰ ਜਿਹੜਾ ਮੋਢੇ ਤੋਂ ਕਲਾਈ ਤੱਕ ਜਾਂਦਾ ਹੈ, ਹਵਾਈ ਜਹਾਜ਼ ਦੇ ਬਰਾਬਰ ਹੈ ਤੇ ਇਸ ਨੂੰ ਉਤਾਂਹ ਵੱਲ ਨੂੰ ਚੁੱਕਦਾ ਹੈ। ਬਾਹਰਲਾ ਪਰ ਜਿਹੜਾ ਕਲਾਈ ਤੋਂ ਸਿਰੇ ਤੱਕ ਹੁੰਦਾ ਹੈ ਪ੍ਰੋਪੈਲਰ ਦਾ ਕੰਮ ਕਰਦਾ ਹੈ ਅਤੇ ਉਡਾਣ ਸਮੇਂ ਅਗਾਂਹ ਵੱਲ ਨੂੰ ਧੱਕਦਾ ਹੈ। ਪਰ ਦਾ ਬਾਹਰਲਾ ਅੱਧਾ ਹਿੱਸਾ ਕਲਾਈ ਦੇ ਜੋੜ ਤੋਂ ਹਿਲਦਾ ਹੈ ਮੋਢੇ ਤੋਂ ਪਰਾਂ ਦੇ ਸਿਰਿਆਂ ਦੇ ਨੇੜੇ ਦੇ ਪ੍ਰਾਇਮਰੀ ਖੰਭ, ਪਰਾਂ ਦੀ ਫੜਫੜਾਹਟ ਸਮੇਂ ਮੁੜ ਜਾਂਦੇ ਹਨ ਅਤੇ ਪ੍ਰੋਪੈਲਰਾਂ ਦਾ ਕੰਮ ਕਰਦੇ ਹਨ। ਪਰਾਂ ਦੇ ਹੇਠਾਂ ਵੱਲ ਹੋਣ ਸਮੇਂ ਇਨ੍ਹਾਂ ਦੀ ਦਿਸ਼ਾ ਹੇਠਾਂ ਤੇ ਅਗੇ ਵੱਲ ਅਤੇ ਉਤਾਂਹ ਵੱਲ ਹੋਣ ਸਮੇਂ ਉਪਰ ਅਤੇ ਪਿੱਛੇ ਵੱਲ ਹੁੰਦੀ ਹੈ।

ਇਸ ਉਡਾਣ ਤੋਂ ਇਲਾਵਾ ਕਈ ਪੰਛੀਆਂ ਵਿਚ ਲੰਬੇ ਅਤੇ ਪਤਲੇ ਪਰ ਹੁੰਦੇ ਹਨ ਜਿਹੜੇ ਗਲਾਈਡਿੰਗ (ਸਹਿਜੇ ਚੱਲਣਾ) ਵਿਚ ਸਹਾਇਤਾ ਕਰਦੇ ਹਨ।

**ਤੁਰਨਾ ਅਤੇ ਦੌੜਨਾ**—ਇਸ ਕਿਸਮ ਦੀ ਗਤੀਸ਼ੀਲਤਾ ਵਿਚ ਲੱਤਾਂ-ਬਾਹਵਾਂ ਦਾ ਖ਼ਾਸ ਕੰਮ ਹੁੰਦਾ ਹੈ। ਕੁੱਤੇ ਅਤੇ ਬਿੱਲੀਆਂ ਦੌੜਨ ਵੇਲੇ ਤਾਕਤ ਵਧਾ ਲੈਂਦੀਆਂ ਹਨ। ਘੋੜੇ ਵਿਚ ਤਕਰੀਬਨ ਸਾਰੀ ਤਾਕਤ ਲੱਤਾਂ ਦੀਆਂ ਪੇਸ਼ੀਆਂ ਤੋਂ ਮਿਲਦੀ ਹੈ।

ਜਾਨਵਰਾਂ ਵਿਚ ਗੁਰੂਤਾ ਕੇਂਦਰ ਅਗਲੇ ਪੈਰਾਂ ਦੇ ਨੇੜੇ (ਘੋੜਾ), ਪਿਛਲੇ ਪੈਰਾਂ ਦੇ ਨੇੜੇ (ਖਰਗੋਸ਼, ਰਿੱਛ), ਪਿਛਲੇ ਪੈਰਾਂ ਦੇ ਸਿੱਧੇ ਉੱਤੇ (ਪੰਛੀ, ਮਨੁੱਖ) ਜਾਂ ਪਿਛਲੇ ਪੈਰਾਂ ਦੇ ਪਿੱਛੇ (ਕੰਗਰੂ) ਹੁੰਦਾ ਹੈ ਅਤੇ ਇਸ ਨਾਲ ਇਨ੍ਹਾਂ ਦੀ ਗਤੀਸ਼ੀਲਤਾ ਵੀ ਵੱਖ-ਵੱਖ ਤਰੀਕਿਆਂ ਨਾਲ ਹੁੰਦੀ ਹੈ।

ਚਾਰ ਲੱਤਾਂ ਵਾਲੇ ਜਾਨਵਰ ਇਕ ਸਮੇਂ ਵਿਚ ਇਕ ਪੈਰ ਉਪਰ ਚੁਕ ਕੇ ਹੀ ਚਲਦੇ ਹਨ। ਇਸ ਨੂੰ ਚੁਕ ਕੇ ਇਹ ਕੁਝ ਅੱਗੇ ਜ਼ਮੀਨ ਤੇ ਰਖਦੇ ਹਨ ਅੰਤੇ ਹੁਣ ਇਹ ਫਲਕਰਮ ਦਾ ਕੰਮ ਕਰਦਾ ਹੈ ਜਿਸ ਤੋਂ ਲੱਤ ਦੀਆਂ ਪੇਸ਼ੀਆਂ ਸਰੀਰ ਨੂੰ ਅੱਗੇ ਵੱਲ ਚੁਕਦੀਆਂ ਹਨ। ਹੌਲੀ ਚਲਦੇ ਸਮੇਂ ਪੈਰ ਇਸ ਤਰੀਕੇ ਨਾਲ ਚਲਦੇ ਹਨ: ਅਗਲਾ ਸੱਜਾ, ਪਿਛਲਾ ਖੱਬਾ, ਅਗਲਾ ਖੱਬਾ, ਪਿਛਲਾ ਸੱਜਾ। ਤੇਜ਼ ਚਾਲ ਸਮੇਂ ਇਕ ਸਮਾਂ ਅਜਿਹਾ ਆ ਜਾਂਦਾ ਹੈ ਜਦੋਂ ਹਰੇਕ ਪੈਰ ਜ਼ਮੀਨ ਤੇ ਲੱਗਿਆ ਨਹੀਂ ਹੁੰਦਾ ਅਤੇ ਥੋੜ੍ਹੇ ਸਮੇਂ ਲਈ ਸਰੀਰ ਸਿਰਫ਼ ਦੋ ਪੈਰਾਂ ਤੇ ਹੀ ਸੰਤੁਲਿਤ ਹੋਇਆ ਹੁੰਦਾ ਹੈ। ਜਦੋਂ ਰਫ਼ਤਾਰ ਹੋਰ ਵੱਧ ਜਾਂਦੀ ਹੈ ਤਾਂ ਇਕ ਅਵਸਥਾ ਆ ਜਾਂਦੀ ਹੈ ਜਦੋਂ ਕਦੇ ਵੀ ਦੋ ਤੋਂ ਜ਼ਿਆਦਾ ਪੈਰ ਇਕੱਠੇ ਜ਼ਮੀਨ ਨੂੰ ਨਹੀਂ ਛੂੰਹਦੇ ਅਤੇ ਸਰੀਰ ਨੂੰ ਸੰਤੁਲਿਤ ਕਰਨ ਲਈ ਜਲਦੀ ਹੀ ਪੈਰਾਂ ਦਾ ਦੂਜਾ ਜੋੜਾ ਜ਼ਮੀਨ ਤੇ ਲਗਣਾ ਜ਼ਰੂਰੀ ਹੁੰਦਾ ਹੈ। ਜਦੋਂ ਰਫ਼ਤਾਰ ਬਹੁਤ ਹੀ ਤੇਜ਼ ਹੋ ਜਾਂਦੀ ਹੈ ਤੇ ਇਕ ਪੈਰ ਬਹੁਤ ਹੀ ਥੋੜ੍ਹੀ ਦੇਰ ਲਈ ਜ਼ਮੀਨ ਨਾਲ ਲਗਦਾ ਹੈ ਤਾਂ ਅਜਿਹੇ ਵਕਫ਼ੇ ਆਉਂਦੇ ਹਨ ਜਦੋਂ ਕੋਈ ਵੀ ਪੈਰ ਜ਼ਮੀਨ ਨਾਲ ਨਹੀਂ ਲਗ ਰਿਹਾ ਹੁੰਦਾ।

**ਕੁਝ ਹੋਰ ਤਰੀਕੇ**—ਕੁਝ ਜਾਨਵਰ ਟਪੂਸੀਆਂ ਮਾਰ ਕੇ ਚਲਦੇ ਹਨ ਜਿਵੇਂ ਡੱਡੂ, ਖ਼ਰਗੋਸ਼ ਆਦਿ। ਇਨ੍ਹਾਂ ਦੀਆਂ ਲੰਬੀਆਂ ਤੇ ਪਤਲੀਆਂ ਲੱਤਾਂ ਸਰੀਰ ਦੇ ਹੇਠਾਂ ਚੰਗੀ ਤਰ੍ਹਾਂ ਇਕੱਠੀਆਂ ਹੋ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਫੈਲਾ ਕੇ ਇਹ ਜਾਨਵਰ ਅੱਗੇ ਵੱਲ ਅਤੇ ਉਪਰ ਨੂੰ ਛਾਲ ਮਾਰਦੇ ਹਨ। ਇਕ ਹੋਰ ਤਰੀਕਾ ਕੰਗਾਰੂ ਵਿਚ ਮਿਲਦਾ ਹੈ ਜਿਹੜਾ ਤਕਰੀਬਨ ਸਿਰਫ ਪਿਛਲੀਆਂ ਲੱਤਾਂ ਦੀ ਸਹਾਇਤਾ ਨਾਲ ਚਲਦਾ ਹੈ। ਏਪ, ਦਰਖ਼ਤਾਂ ਦੀਆਂ ਟਹਿਣੀਆਂ ਨਾਲ ਬਾਹਾਂ (ਸੰਸ਼ੋਧਿਤ ਅੱਗਲੀਆਂ ਲੱਤਾਂ) ਦੀ ਸਹਾਇਤਾ ਨਾਲ ਲਟਕ ਲਟਕ ਕੇ ਚਲਦੇ ਹਨ। ਵੱਖ ਵੱਖ ਤਰ੍ਹਾਂ ਦੀਆਂ ਜ਼ਮੀਨਾਂ ਤੇ ਚਲਨ ਲਈ ਵੱਖ ਵੱਖ ਥਾਵਾਂ ਦੇ ਜਾਨਵਰਾਂ ਦੇ ਪੈਰਾਂ ਵਿਚ ਵੀ ਕੁਝ ਵਿਸ਼ਿਸ਼ਟ ਤਬਦੀਲੀਆਂ ਮਿਲਦੀਆਂ ਹਨ।

ਹ. ਪੁ.-ਐਨ. ਬ੍ਰਿ. 14: 194

**ਜ਼ੁਆਇਡਾਨਿਚ, ਪੀਅਰ ਗਾਬਰੀਲ** (Goidanich, Pier Gabriele) : ਇਹ ਇਟਲੀ ਦਾ ਇਕ ਪ੍ਰਸਿੱਧ ਭਾਸ਼ਾ ਵਿਗਿਆਨੀ ਸੀ। ਇਸ ਦਾ ਜਨਮ 30 ਜੁਲਾਈ, 1868 ਨੂੰ ਇਸਤ੍ਰੀਆ ਵਿਚ ਵੋਲੋਸਕਾ ਵਿਖੇ ਹੋਇਆ। ਇਸ ਨੇ ਪੀਸਾ ਦੀ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਉਥੇ ਹੀ ਇਹ ਸੰਨ 1899 ਤੋਂ 1906 ਤੱਕ ਕਲਾਸਕੀ ਅਤੇ ਨਵ-ਲਾਤੀਨੀ ਭਾਸ਼ਾਵਾਂ ਦੇ ਤੁਲਨਾਤਮਕ ਇਤਿਹਾਸ ਦਾ ਪ੍ਰੋਫ਼ੈਸਰ ਰਿਹਾ। ਇਸ ਪਿਛੋਂ ਇਸ ਨੂੰ ਬੋਲੋਨਯਾ ਯੂਨੀਵਰਸਿਟੀ ਵਿਚ ਬਦਲ ਦਿਤਾ ਗਿਆ ਜਿਥੇ ਕਿ ਇਹ ਆਪਣੀ ਸੇਵਾ ਨਵਿਰਤੀ ਤੱਕ ਕੰਮ ਕਰਦਾ ਰਿਹਾ। ਇਹ ਰੋਮਾਂਸ ਭਾਸ਼ਾਵਾਂ, ਪ੍ਰਾਚੀਨ ਲਾਤੀਨੀ ਅਤੇ ਇੰਡੋ-ਯੂਰਪੀ ਭਾਸ਼ਾਵਾਂ ਦਾ ਮੁੱਖ ਖੋਜੀ ਸੀ। 1910 ਤੋਂ 1926 ਤੱਕ ਇਹ 'AGI' ਰਸਾਲੇ ਦਾ ਸੰਪਾਦਕ ਅਤੇ 1926 ਤੋਂ 1953 ਤੱਕ ਸਹਿ ਸੰਪਾਦਕ ਰਿਹਾ। ਇਸ ਰਸਾਲੇ ਵਿਚ ਇਸ ਨੇ ਅਣਗਿਣਤ ਲੇਖ ਛਪਵਾਏ।

ਇਸ ਦੀ ਮੌਤ ਬੋਲੋਨਯਾ ਵਿਖੇ ਇਕ ਨਵੰਬਰ, 1953 ਨੂੰ ਹੋਈ।

ਹ. ਪੁ.-ਐਨ. ਬ੍ਰਿ. 10 : 533

**ਜ਼ੁਗ** : ਕੈਨਟਨ—ਇਹ ਉੱਤਰ ਕੇਂਦਰੀ ਸਵਿਟਜ਼ਰਲੈਂਡ ਦੀ ਅਣਵੰਡੀ ਕੈਨਟਨ ਹੈ ਜਿਸ ਨੇ 239 ਵ. ਕਿ. ਮੀ. ਦਾ ਰਕਬਾ ਮੱਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 77,234 (1983) ਹੈ। ਇਸ ਵਿਚੋਂ 2.4 ਵ. ਕਿ. ਮੀ. (12 ਵ. ਮੀਲ) ਦਾ ਰਕਬਾ ਇਸੇ ਨਾਂ ਦੀ ਅਤੇ ਆਗੇਰੀ (Ageri) ਝੀਲ ਹੇਠ ਹੈ। ਇਸ ਦੇ ਪੱਛਮ ਵਿਚ ਲੂਜ਼ਰਨ (Luzern) ਤੇ ਆਰਗੈਉ (Aargau) ਕੈਨਟਨਾਂ, ਉੱਤਰ ਵਿਚ ਜ਼ੁਰਿਕ ਤੇ ਪੂਰਬ ਅਤੇ ਦੱਖਣ ਵੱਲ ਸ਼ਵਿਟਸ (Schwyzes) ਕੈਨਟਨਾਂ ਇਸ ਦੀ ਹੱਦਬੰਦੀ ਕਰਦੀਆਂ ਹਨ। ਜ਼ੁਗ ਸਵਿਟਜ਼ਰਲੈਂਡ ਦੀ ਕੇਂਦਰੀ ਪਰਬਤੀ ਪਠਾਰ ਉੱਪਰ ਸਥਿਤ ਹੈ। ਪੂਰਬੀ ਹੱਦ ਦੇ ਨਜ਼ਦੀਕ ਹੋਹੇਨ (Hohehone) ਦੇ ਸਥਾਨ ਤੇ ਇਸ ਦੀ ਉਚਾਈ 1232 ਮੀ. ਤੱਕ ਪਹੁੰਚ ਜਾਂਦੀ ਹੈ। ਝੀਲਾਂ ਦੇ ਵਿਚਕਾਰ ਦੱਖਣੀ ਪਾਸੇ ਵੱਲ ਰਾਸਬੈਰੀ ਪਹਾੜ ਤੇ ਜ਼ਗਰਬਰਗ ਰਿੱਜ 955 ਮੀ. (3,225 ਫੁੱਟ) ਉੱਚਾ ਹੈ। ਦਰਿਆ ਲਾਰਜ਼ੇ ਜ਼ੁਗ ਕੈਨਟਨ ਦੀ ਜਲਨਿਕਾਸੀ ਕਰਦਾ ਹੈ। ਰਾਇਸ ਦਰਿਆ ਇਸ ਦੀ ਉੱਤਰ-ਪੱਛਮੀ ਹੱਦ ਬਣਾਉਂਦਾ ਹੈ।

ਇਤਿਹਾਸਕ ਪੱਖੋਂ 1798 ਤੱਕ ਇਸ ਕੈਨਟਨ ਵਿਚ ਜ਼ੁਗ ਰਾਜਧਾਨੀ ਦੁਆਰਾ ਉਪਾਰਜਿਤ ਨੀਵੀਆਂ ਭੂਮੀਆਂ ਸ਼ਾਮਲ ਸਨ ਤੇ ਜ਼ੁਗ ਸ਼ਹਿਰ ਕੈਨਟਨ ਦਾ ਸਦਰ ਮੁਕਾਮ ਸੀ। ਝੀਲ ਆਗੇਰੀ (Ageri) ਦੇ ਦੱਖਣ-ਪੂਰਬੀ ਕੋਨੇ ਵੱਲ ਮਾਰਗਾਰਟਨ' (Morgarten) ਸਥਾਨ ਹੈ। ਇਹ 1315 ਈ. ਵਿਚ ਹੈਬਸਬਰਗਜ਼ ਉਪਰ ਹੋਣ ਵਾਲੀ ਸਵਿਸ ਕਾਨਫੈਡਰੇਸ਼ਨ ਦੀ ਜਿੱਤ ਲਈ ਮਸ਼ਹੂਰ ਹੈ। ਸੰਨ 1798 ਵਿਚ ਜ਼ੁਗ-ਵਾਸੀਆਂ ਨੇ ਫਰਾਂਸ ਦੀਆਂ ਬਾਗ਼ੀ ਫ਼ੌਜਾਂ ਦਾ ਵਿਰੋਧ ਕੀਤਾ ਅਤੇ ਵਾਲਣਸਟੈੱਟਰ ਨਾਂ ਦੀ ਵਿਸ਼ਾਲ ਕੈਨਟਨ ਦਾ ਇਕ ਡਿਸਟ੍ਰਿਕਟ ਬਣਿਆ। ਸੰਨ 1803 ਵਿਚ ਇਹ ਫੇਰ ਵੱਖਰੀ ਕੈਨਟਨ ਬਣ ਗਿਆ। ਬਾਕੀ ਦੀਆਂ ਕੈਥੋਲਿਕ ਕੈਨਟਨਾਂ ਵਾਂਗ ਇਹ ਕੈਨਟਨ ਵੀ ਸੰਨ 1845

ਜ਼ਾਂਡਰਸਬੰਡ (Sondirbund) ਵਿਚ ਸ਼ਾਮਲ ਹੋਈ ਤੇ 1847 ਵਿਚ ਜ਼ਾਂਡਰਸਬੰਡ ਯੁੱਧ ਵਿਚ ਸ਼ਰੀਕ ਹੋਈ। ਸੰਨ 1848 ਅਤੇ 1874 ਵਿਚ ਇਸ ਕੈਨਟਨ ਦੇ ਵਾਸੀਆਂ ਨੇ ਮਨੋਨੀਤ ਸੰਘੀ ਵਿਧਾਨਾਂ ਦੇ ਵਿੱਰੁਧ ਵੋਟ ਪਾਈ।

ਜ਼ੁਗ ਕੈਨਟਨ ਦੀ ਆਰਥਿਕਤਾ ਵਧੇਰੇ ਕਰਕੇ ਖੇਤੀਬਾੜੀ ਅਤੇ ਵਿਸ਼ੇਸ਼ ਕਰਕੇ ਫਲਾਂ ਦੇ ਉਤਪਾਦਨ ਉਪਰ ਨਿਰਭਰ ਹੈ। ਧਾਤ ਦਾ ਸਾਮਾਨ ਤਿਆਰ ਕਰਨ, ਟੈਕਸਟਾਈਲ ਅਤੇ ਅਲਕੋਹਲਮਈ ਪੀਣ-ਪਦਾਰਥਾਂ ਦੇ ਉਦਯੋਗ ਲਈ ਕੈਨਟਨ ਦਾ ਮੁੱਖ ਸ਼ਹਿਰ ਜ਼ੁਗ ਹੀ ਕੇਂਦਰ ਹੈ।

ਇਸ ਖੇਤਰ ਦੇ ਲੋਕ ਜ਼ਿਆਦਾਤਰ ਜਰਮਨ ਬੋਲੀ ਬੋਲਦੇ ਹਨ ਅਤੇ ਰੋਮਨ ਕੈਥੋਲਿਕ ਮਤ ਦੇ ਧਾਰਨੀ ਹਨ।

ਹ. ਪੁ.-ਐਨ. ਬ੍ਰਿ. ਮਾ. 10:898; ਕੋਲ. ਐਨ. 19:665

**ਜ਼ੁਗ** : ਸ਼ਹਿਰ—ਇਹ ਸਵਿਟਜ਼ਰਲੈਂਡ ਦੀ ਉੱਤਰ-ਕੇਂਦਰੀ ਇਸੇ ਹੀ ਨਾਂ ਦੀ ਕੈਨਟਨ ਦਾ ਸਦਰ ਮੁਕਾਮ ਅਤੇ ਮੁੱਖ ਸ਼ਹਿਰ ਹੈ ਜਿਹੜਾ ਬਰਨ ਤੋਂ 80 ਕਿ. ਮੀ. ਦੀ ਵਿਥ ਤੇ ਉੱਤਰ-ਪੂਰਬ ਵਿਚ ਜ਼ੁਗਰਬਰਗ ਪਰਬਤ ਦੇ ਪੈਰਾਂ ਵਿਚ ਝੀਲ ਜ਼ੁਗ ਦੇ ਪੂਰਬੀ ਕੰਢੇ ਉਪਰ ਵਸਿਆ ਹੋਇਆ ਹੈ। ਇਸ ਸ਼ਹਿਰ ਵਿਚ ਚਾਰ ਟਾਵਰ ਹਨ ਤੇ 15ਵੀਂ ਸਦੀ ਦੀ ਦੀਵਾਰ ਤੇ ਖੰਡਰਾਤ ਜ਼ੁਗ ਦੀ ਪ੍ਰਾਚੀਨਤਾ ਦਰਸਾਉਂਦੇ ਹਨ। ਸੇਂਟ ਓਸਵਾਲਡ ਕਿਰਚ ਆਦਿ ਇਮਾਰਤਾਂ ਇਥੋਂ ਦੀ ਮੱਧਕਾਲੀਨ ਉਸਾਰੀ ਕਲਾ ਦੀਆਂ ਪ੍ਰਤੀਕ ਹਨ।

ਆਪਣੀ ਸੁਹਾਵਣੀ ਪਰਬਤੀ ਸਥਿਤੀ ਸਦਕਾ ਇਹ ਸ਼ਹਿਰ ਸੈਲਾਨੀਆਂ ਲਈ ਖਿੱਚ ਦਾ ਕਾਰਨ ਹੈ। ਇਥੋਂ ਦਾ ਮੁੱਖ ਉਦਯੋਗ ਸ਼ਰਾਬ ਤਿਆਰ ਕਰਨਾ ਹੈ। ਜ਼ੁਗ ਸ਼ਹਿਰ ਡਿਸਟ੍ਰਿਕਟ ਦਾ ਵਪਾਰਕ ਕੇਂਦਰ ਹੈ ਅਤੇ ਪਸ਼ੂਆਂ ਦੇ ਵਪਾਰ ਦੀ ਇਕ ਚੰਗੀ ਮੰਡੀ ਹੈ।

ਸੰਨ 1273 ਵਿਚ ਇਸ ਸ਼ਹਿਰ ਨੂੰ ਹੈਪਸਬਰਗ ਦੇ ਰੋਡਾਲਫ ਨੇ ਕ਼ੀਬਰਗ ਦੀ ਵਾਰਸ ਐਨਾ ਕੋਲੋਂ ਪ੍ਰਾਪਤ ਕੀਤਾ। ਜੂਨ, 1352 ਨੂੰ ਇਹ ਸ਼ਹਿਰ ਸਵਿਸ ਸੰਘ ਵਿਚ ਸ਼ਾਮਲ ਹੋ ਗਿਆ ਪਰ ਕੁਝ ਹੀ ਮਹੀਨਿਆਂ ਪਿਛੋਂ ਇਹ ਲੀਗ ਨਾਲੋਂ ਵੱਖਰਾ ਹੋ ਗਿਆ ਤੇ ਸੰਨ 1364 ਵਿਚ ਇਹ ਮੁੜ ਲੀਗ ਵਿਚ ਹੀ ਮਿਲਾ ਲਿਆ ਗਿਆ। 1389 ਈ. ਵਿਚ ਹੈਪਸਬਰਗ ਨੇ ਆਪਣੇ ਸਾਰੇ ਦਾਅਵੇ ਛੱਡ ਦਿਤੇ। ਪੁਨਰਗਠਨ ਦੌਰਾਨ ਜ਼ੁਗ ਉਪਰ ਫਰ ਕੈਥੋਲਿਕ ਵਿਸ਼ਵਾਸ ਹਾਵੀ ਹੋਇਆ। 1586 ਵਿਚ ਇਹ ਸ਼ਹਿਰ ਗੋਲਡਨ ਲੀਗ ਦਾ ਮੈਂਬਰ ਬਣਿਆ। ਹੈਵੇਸੀਅਨ ਗਣਰਾਜ ਦੌਰਾਨ 1795-1802) ਇਹ ਸ਼ਹਿਰ ਵਾਲਟ ਸਟੈੱਟਨ ਕੈਨਟਨ ਦਾ ਹਿੱਸਾ ਰਿਹਾ। ਸੰਨ 1803 ਵਿਚ ਗਣਰਾਜ ਦੇ ਪਤਨ ਦੇ ਨਾਲ ਹੀ ਜ਼ੁਗ ਤੇ ਇਸ ਦੇ ਆਲੇ-ਦੁਆਲੇ ਦੇ ਡਿਸਟ੍ਰਿਕਟ ਇਕ ਵੱਖਰੀ ਕੈਨਟਨ ਦਾ ਰੂਪ ਧਾਰ ਗਏ। ਹੁਣ ਇਹ ਰੋਮਨ ਕੈਥੋਲਿਕ ਕੈਨਟਨਾਂ ਵਿਚੋਂ ਇਕ ਸੀ ਜਿਨ੍ਹਾਂ ਨੇ 19ਵੀਂ ਸਦੀ ਦੌਰਾਨ ਜਾਡਹ-ਸਬੰਡ ਬਣਾਇਆ।

ਆਬਾਦੀ—21, 369 (1983)

40° 10′ ਉ. ਵਿਥ.; 8° 31′ ਪੂ. ਲੰਬ.

ਹ. ਪੁ. -ਕੋਲ. ਐਨ. 19: 665; ਹਿੰ. ਵਿ. ਕੋ. 5: 25

**ਜੁੰਗਜੀਆ** (Chung-Chia) : ਚੀਨ ਦੇ ਗਵੇਜੋ ਪ੍ਰਾਂਤ ਵਿਚ ਰਹਿਣ ਵਾਲੀ ਇਕ ਨਸਲ ਹੈ ਅਤੇ ਪ੍ਰਾਰੰਭਕ ਕਾਲ ਤੋਂ ਹੀ ਇਸ ਨਸਲ ਦੇ ਲੋਕ ਦੱਖਣੀ ਚੀਨ ਵਿਚ ਰਹਿ ਰਹੇ ਹਨ। ਛੇਵੀਂ ਅਤੇ ਸੱਤਵੀਂ ਈ.ਪੂ. ਦੌਰਾਨ ਇਹ ਕਿਆਗਸੀ ਖੇਤਰ ਵਿਚ ਵੀ ਦਿਖਾਈ ਦੇਣ ਲੱਗੇ। ਇਨ੍ਹਾਂ ਦੀ ਬੋਲੀ 'ਤਾਈ' ਬੋਲੀ ਨਾਲ ਮਿਲਦੀ ਜੁਲਦੀ ਹੈ। ਇਨ੍ਹਾਂ ਦੀ ਬੋਲੀ ਦੀ ਕੋਈ ਆਪਣੀ ਹੱਥ-ਲਿਖਤ ਨਹੀਂ ਮਿਲਦੀ। ਲਾਤੀਨੀ ਅੱਖਰਾਂ ਵਿਚ ਇਸ ਬੋਲੀ ਦੀਆਂ ਲਿਖਤਾਂ ਜ਼ਰੂਰ ਹਨ ਜਿਹੜੇ ਇਨ੍ਹਾਂ ਨੂੰ ਚੀਨੀ ਕਮਿਊਨਿਸਟਾਂ ਨੇ ਸਿਖਾਏ। ਸੰਨ 1730 ਦੇ ਚੀਨੀ ਲੇਖਿਆਂ ਅਨੁਸਾਰ ਜੁੰਗਜੀਆ ਲੋਕ ਪੂਰਵਲੇ ਚੀਨੀਆਂ ਨਾਲ ਹੀ ਸਬੰਧਤ ਹਨ। ਇਹ ਚੀਨੀ ਈਸਾ-ਪੂਰਵਲੇ ਸਮਿਆਂ ਦੌਰਾਨ ਗਵੇਜੋ ਨਾਮੀ ਖੇਤਰ ਵੱਲ ਜਾ ਲੁਕੇ ਸਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਪੂਰਵਲੇ ਚੀਨੀ 'ਤਾਈ' ਵਰਗ ਵਾਲੇ ਸਨ ਜਿਨ੍ਹਾਂ ਨੂੰ ਜ਼ਬਰਦਸਤੀ ਜ਼ਰਖੇਜ਼ ਵਾਹੀਯੋਗ ਭੂਮੀ ਵਿਚੋਂ ਕੱਢ ਕੇ ਗਵੇਜੋ ਪਠਾਰ ਦੀਆਂ ਬੰਜਰ ਵਾਦੀ ਦੀਆਂ ਨੀਵੀਆਂ ਭੂਮੀਆਂ ਵੱਲ ਧੱਕ ਦਿਤਾ ਗਿਆ ਸੀ। ਸੰਨ 1951 ਵਿਚ ਗਵੇਜੋ ਦੇ ਇਲਾਕੇ ਵਿਚ ਇਨ੍ਹਾਂ ਦੀ ਗਿਣਤੀ 16,00,000 ਦੇ ਲਗਭਗ ਸੀ। ਜ਼ਿਆਦਾਤਰ ਇਹ ਇਸ ਪ੍ਰਾਂਤ ਦੇ ਦੱਖਣੀ ਭਾਗ ਵਿਚਲੇ ਸੀਹੈਗ ਅਤੇ ਵਾਂਗਮੋ ਜ਼ਿਲ੍ਹਿਆਂ ਵਿਚ ਕੇਂਦਰਿਤ ਸਨ। ਸੰਨ 1990 ਵਿਚ ਚੀਨੀਆਂ ਦੇ ਅਨੁਮਾਨ ਅਨੁਸਾਰ ਇਨ੍ਹਾਂ ਦੀ ਗਿਣਤੀ 26,20,000 ਰਹਿ ਗਈ ਸੀ।

ਜੁੰਗਜੀਆ ਵਿਚੋਂ ਬਹੁਤ ਸਾਰੇ ਵਿਅਕਤੀ ਤਾਂ ਏਨੇ ਚੀਨੀ ਕ੍ਰਿਤ ਹੋ ਗਏ ਸਨ ਕਿ ਕਬਾਇਲੀਆਂ ਵਿਚ ਉਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾਂਦੀ। ਚੀਨ ਦੀ ਕਮਿਊਨਿਸਟ ਸਰਕਾਰ ਨੇ ਇਨ੍ਹਾਂ ਨੂੰ ਕਈ ਘੱਟ ਗਿਣਤੀ ਵਾਲੇ ਕੌਮੀ ਖ਼ੁਦਮੁਖ਼ਤਾਰ ਜ਼ਿਲ੍ਹਿਆਂ ਦੇ ਤੌਰ ਤੇ ਸੰਗਠਤ ਕਰ ਦਿੱਤਾ ਹੈ। ਦੱਖਣੀ ਗਵੇਜੋ ਵਿਚ ਜੀਐੱਨ—ਨਾਨ, ਪਿਊਈ ਅਤੇ ਮੀਆਓ ਇਸੇ ਕਿਸਮ ਦੇ ਜ਼ਿਲ੍ਹੇ ਹਨ।

ਇਸੇ ਤਰ੍ਹਾਂ ਦੱਖਣੀ ਗਵੇਜੋ ਵਿਚ ਤੁੰਗ ਅਤੇ ਮਿਆਓ ਡਿਸਟ੍ਰਿਕਟ ਸੰਗਠਿਤ ਕੀਤੇ ਗਏ ਹਨ।

ਜੁੰਗਜੀਆ ਲੋਕ ਧਾਰਮਿਕ ਅਤੇ ਸਭਿਆਚਾਰਕ ਪੱਖੋਂ ਆਪਣੇ ਆਲੇ-ਦੁਆਲੇ ਦੇ ਚੀਨੀਆਂ ਨਾਲੋਂ ਵੱਖਰੇ ਨਹੀਂ ਹਨ। ਇਨ੍ਹਾਂ ਦੇ ਪਰੰਪਰਾਗਤ ਰੂਪ ਵਿਚ ਇਹ ਵੀ ਬਹੁਤ ਸਾਰੇ ਦੇਵਤਿਆਂ ਅਤੇ ਰੂਹਾਂ ਵਿਚ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਵਿਚ ਥੋੜ੍ਹੇ ਬਹੁਤ ਬੋਧੀ ਅਤੇ ਕੁਝ ਕੁ ਈਸਾਈ ਮਤ ਦੇ ਧਾਰਨੀ ਵੀ ਹਨ।

ਹ. ਪੁ.—ਐਨ. ਬ੍ਰਿ. ਮਾ. 2: 918

**ਜੁਗਨੂੰ** : ਜੁਗਨੂੰ ਜਾਂ ਟਟਹਿਣਾ ਉਨ੍ਹਾਂ ਦੀਪਿਤ ਕੀੜਿਆਂ ਨੂੰ ਕਿਹਾ ਜਾਂਦਾ ਹੈ ਜਿਹੜੇ ਲਗਾਤਾਰ ਜਾਂ ਰੁਕ ਰੁਕ ਕੇ ਰੌਸ਼ਨੀ ਕੱਢਦੇ ਰਹਿੰਦੇ ਹਨ। ਇਨ੍ਹਾਂ ਵਿਚ ਸ਼ਾਮਲ ਕੀਤੇ ਜਾਣ ਵਾਲੇ ਮੁੱਖ ਕੀੜੇ ਇਹ ਹਨ : (1) ਯੂਰਪੀ ਲੈਂਪਰਿਡ ਬੀਟਲਾਂ ਦੀਆਂ ਬਾਲਗ ਪਰਹੀਨ ਮਾਦਾ; (2) ਅਮਰੀਕਾ ਵਿਚ ਮਿਲਣ ਵਾਲੀਆਂ ਲੈਂਪਰਿਡ ਅਤੇ ਊਸ਼ਣ ਖੰਡੀ ਇਲੈਡਰਿਡ ਮੱਖੀਆਂ ਦੇ ਲਾਰਵੇ; (3) ਉੱਤਰੀ ਅਮਰੀਕਾ ਦੀ ਫੈਂਗੋਡਜ਼ ਪ੍ਰਜਾਤੀ ਅਤੇ ਦੱਖਣੀ ਅਮਰੀਕਾ ਦੀ ਫ਼ਰਾਕਸਥਰਿਕਸ ਪ੍ਰਜਾਤੀ ਦੇ ਕੁਝ ਬੀਟਲਾਂ ਦੇ ਲਾਰਵੇ ਅਤੇ ਬਾਲਗ ਮਾਦਾ ਅਤੇ (4) ਕੁਝ ਨੈਟ ਮੱਖੀਆਂ ਦੇ ਲਾਰਵੇ।

ਇਨ੍ਹਾਂ ਵਿਚ ਰੌਸ਼ਨੀ ਪੈਦਾ ਕਰਨ ਵਾਲੇ ਅੰਗਾਂ ਦੇ ਆਕਾਰ, ਗਿਣਤੀ, ਸਥਿਤੀ ਅਤੇ ਬਣਤਰ ਦੇ ਹਿਸਾਬ ਨਾਲ ਕਈ ਵਖਰੇਵੇਂ ਮਿਲਦੇ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਨ੍ਹਾਂ ਵਿਚ ਰੌਸ਼ਨੀ ਪੈਦਾ ਕਰ ਸਕਣ ਦੀ ਯੋਗਤਾ ਸੁਤੰਤਰ ਰੂਪ ਵਿਚ ਵਿਕਸਿਤ ਹੋਈ ਹੈ। ਇਹ ਰੌਸ਼ਨੀ ਕਿਸੇ ਕਿਸੇ ਵੱਡੇ ਸੈੱਲ, ਸੰਸ਼ੋਧਿਤ ਮਲ-ਤਿਆਗ ਅੰਗਾਂ, ਸੰਸ਼ੋਧਿਤ ਲੁਆਬ-ਗਲੈਂਡਾਂ ਆਦਿ ਰਾਹੀਂ ਪੈਦਾ ਹੁੰਦੀ ਹੈ। ਇਹ ਰੌਸ਼ਨੀ ਆਮ ਤੌਰ ਤੇ ਹਰੇ ਜਿਹੇ ਰੰਗ ਦੀ ਹੁੰਦੀ ਹੈ। ਸਪਰ ਫਰਾਕਸੋਥਰਿਕਸ ਵਿਚ ਨਾਲ ਇਕ

ਹੈੱਡਲਾਈਟ ਵੀ ਹੁੰਦੀ ਹੈ। ਲੈਂਪਰਿਸ, ਫੈਂਗਡੋਜ਼ ਅਤੇ ਫ਼ਰਾਕਸੋਥਰਿਕਸ ਕੀੜਿਆਂ ਦੇ ਨਰ, ਮਾਦਾ ਦੀ ਰੌਸ਼ਨੀ ਵੱਲ ਆਕਰਸ਼ਿਤ ਹੁੰਦੇ ਹਨ।



**ਜੁਗਨੂੰ ਦੀ ਰੌਸ਼ਨੀ ਦੇ ਅੰਗ**

(ੳ) ਫੋਟਿਊਰਿਸ ਪੈੱਨਸਿਲਵੈਨਿਕਾ ਦੇ ਲਾਰਵੇ ਦਾ ਪਿੱਛਲਾ ਪਾਸਾ

(ਅ) ਫੋਟਿਊਰਿਸ ਲਾਰਵੇ ਦੇ ਪੇਟ ਦਾ ਹੇਠਲਾ ਪਾਸਾ

(ੲ) ਲੈਂਪਰਿਸ ਨੌਕਟਲੂਕਾ ਦੀ ਮਾਦਾ ਦਾ ਪਿੱਠਲਾ ਪਾਸਾ

(ਸ) ਲੈਂਪਰਿਸ ਦੇ ਪੇਟ ਦਾ ਹੇਠਲਾ ਪਾਸਾ ਅਤੇ

(ਹ) ਫੈਂਗੋਡਜ਼ ਫਰੰਟੈਲਿਸ ਦਾ ਪਿੱਠਲਾ ਪਾਸਾ

ਆਮ ਤੌਰ ਤੇ ਇਹ ਜ਼ਮੀਨ ਦੇ ਉਪਰ ਜਾਂ ਹੇਠਾਂ ਰਹਿੰਦੇ ਹਨ ਅਤੇ ਸਨੇਲਾਂ ਅਤੇ ਸਲੱਗਾਂ ਉੱਤੇ ਆਹਾਰ ਕਰਦੇ ਹਨ। ਲਾਰਵੇ ਨੂੰ ਵਿਕਸਿਤ ਹੋਣ ਵਿਚ ਦੋ ਸਾਲ ਲਗ ਜਾਂਦੇ ਹਨ। ਕੁਝ ਜਾਤੀਆਂ ਜਲੀ ਜੀਵਨ ਵੀ ਬਿਤਾਉਂਦੀਆਂ ਹਨ।

ਹ. ਪੁ.-ਐਨ. ਬ੍ਰਿ. ਮਾ. 4: 581; ਐਨ. ਬ੍ਰਿ. 10: 495

**ਜੁਝਾਰ ਸਿੰਘ, ਸਾਹਿਬਜ਼ਾਦਾ** : ਸਿੱਖਾਂ ਦੇ ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰਾਂ ਨੂੰ ਸਤਿਕਾਰ ਵਜੋਂ ਸਾਹਿਬਜ਼ਾਦਾ ਕਿਹਾ ਜਾਂਦਾ ਹੈ (ਫ਼ਾਰਸੀ ਵਿਚ ਜ਼ਾਦਾ ਦਾ ਭਾਵ ਪੁੱਤਰ ਹੈ)। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਮਾਤਾ ਦਾ ਨਾਂ ਜੀਤੋ ਜੀ ਸੀ। ਮਾਤਾ ਜੀਤੋ ਜੀ ਲਾਹੌਰ ਦੇ ਰਹਿਣ ਵਾਲੇ ਹਰਜਸ ਸੁਭਿਖੀਏ ਖੱਤਰੀ ਦੀ ਸਪੁੱਤਰੀ ਸੀ। ਆਪ ਦਾ ਆਨੰਦਕਾਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਨੰਦਪੁਰ ਸਾਹਿਬ (ਮੌਜੂਦਾ ਜ਼ਿਲ੍ਹਾ ਰੋਪੜ) ਕੋਲ ਗੁਰੂ ਕੇ ਲਾਹੌਰ ਵਿਖੇ (23 ਹਾੜ ਸੰਮਤ 1734 ਮੁਤਾਬਕ) 21 ਜੂਨ 1677 ਈ. ਨੂੰ ਹੋਇਆ। ਆਪ ਨੇ ਤਿੰਨ ਸਾਹਿਬਜ਼ਾਦਿਆਂ ਨੂੰ ਜਨਮ ਦਿੱਤਾ–ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ। ਮਾਤਾ ਜੀ ਅਨੰਦਪੁਰ ਸਾਹਿਬ ਵਿਚ 13 ਅਸੂ 1757 ਨੂੰ ਪਰਲੋਕ ਸਿਧਾਰ ਗਏ।

ਮਾਤਾ ਜੀਤੋ ਜੀ ਦੇ ਉਦਰ ਤੋਂ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ (ਸੰਮਤ 1747 ਮੁਤਾਬਕ) 1690 ਈ. ਵਿਚ ਹੋਇਆ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 1753 ਬਿਕਰਮੀ ਤੇ ਜ਼ੋਰਾਵਰ ਸਿੰਘ ਦਾ ਜਨਮ 1747 ਦੱਸਦੇ ਹਨ। ਇਸ ਤਰ੍ਹਾਂ ਉਹ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਜਨਮ ਕ੍ਰਮ ਅਨੁਸਾਰ ਤੀਸਰੇ ਸਾਹਿਬਜ਼ਾਦੇ ਦੱਸਦੇ ਹਨ ਜੋ ਠੀਕ ਨਹੀਂ ਜਾਪਦਾ। ਇਹ ਖ਼ਿਆਲ ਵੀ, ਕਿ ਸਾਹਿਬਜ਼ਾਦਾ ਜੁਝਾਰ ਸਿੰਘ ਦੇ ਹੀ ਦੋ ਨਾਂ ਸਨ ਗਲਤ ਜਾਪਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਸਪਸ਼ਟ ਲਿਖਿਆ ਹੈ–''ਚਿਹਾ ਸ਼ੁਦ ਕਿਹ ਚੂੰ ਬੱਚਗਾਂ ਕੁਸ਼ਤਾ ਚਾਰ'', ਜੋ ਸਿਧ ਕਰਦਾ ਹੈ ਕਿ ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦੇ ਸਨ।

ਸੌ ਸਾਖੀ ਦਾ ਕਰਤਾ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਸਭ ਤੋਂ ਵੱਡਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸਭ ਤੋਂ ਛੋਟਾ ਮੰਨਦਾ ਹੈ, ਜੋ ਠੀਕ ਨਹੀਂ। ਇਸ ਦੇ ਉਲਟ ਸਭ ਪੁਰਾਤਨ ਲਿਖਤਾਂ ਜਿਵੇਂ ਕਿ ਗੁਰ ਬਿਲਾਸ ਭਾਈ ਸੁਖਾ ਸਿੰਘ, ਗੁਰ ਬਿਲਾਸ ਕੋਇਰ ਸਿੰਘ ਅਤੇ ਮਹਿਮਾ ਪ੍ਰਕਾਸ਼ ਵਾਰਤਕ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸਭ ਤੋਂ ਵੱਡਾ ਸਾਹਿਬਜ਼ਾਦਾ ਲਿਖਦੇ ਹਨ। ਕੋਇਰ ਸਿੰਘ ਨੇ ਤਾਂ ਸਪਸ਼ਟ ਕਰ ਦਿੱਤਾ ਹੈ :–

ਜੁਝਾਰ ਸਿੰਘ ਹੈ ਦੂ ਤੀਓ ਭਾਈ
ਜਾ ਨੇ ਰਣ ਮੇ ਤੇਗ ਵਗਾਈ

ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਸਰਹੰਦ ਦੇ ਲੋਕਾਂ ਵਿਚ ਸੀਨਾ ਬਸੀਨਾ ਆ ਰਹੀ ਰਵਾਇਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਸਾਹਿਬਜ਼ਾਦਾ ਜੁਝਾਰ ਸਿੰਘ ਦੂਜੇ ਸਾਹਿਬਜ਼ਾਦੇ ਸਨ। ਨਵੀਨ ਲਿਖਾਰੀ ਗਿਆਨੀ ਗਿਆਨ ਸਿੰਘ (ਤਵਾਰੀਖ ਗੁਰੂ ਖਾਲਸਾ ਵਿਚ) ਅਤੇ ਮੈਕਾਲਿਫ਼ ਨੇ (ਸਿੱਖ ਰਿਲਿਜਨ ਵਿਚ) ਇਹ ਹੀ ਗੱਲ ਸਹੀ ਮੰਨੀ ਹੈ।

ਸਾਹਿਬਜ਼ਾਦਾ ਜੁਝਾਰ ਸਿੰਘ ਭਾਈ ਕਾਹਨ ਸਿੰਘ ਨਾਭਾ ਦੇ ਕਥਨ ਅਨੁਸਾਰ (8 ਪੋਹ ਸੰਮਤ 1761 ਮੁਤਾਬਕ) 7 ਦੰਸਬਰ, 1704 ਈ. ਨੂੰ ਚਮਕੌਰ ਸਾਹਿਬ (ਮੌਜੂਦਾ ਜ਼ਿਲ੍ਹਾ ਰੋਪੜ) ਦੀ ਲੜਾਈ ਵਿਚ ਮੁਗ਼ਲ ਸੈਨਾ ਦਾ ਸੂਰਬੀਰਤਾ ਨਾਲ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ। ਆਪਦੀ ਸੂਰਬੀਰਤਾ ਦਾ ਕਥਨ ਸੈਨਾਪਤ ਨੇ ਗੁਰ ਸੋਭਾ ਵਿਚ ਇਸ ਤਰ੍ਹਾਂ ਕੀਤਾ ਹੈ–

ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ
ਦੋਰਿਓ ਦਲ ਮੇ ਧਾਇ ਕੇ ਕਰ ਮੈਂ ਗਹੀ ਕਮਾਨ.......
ਚਹੂ ਓਰ ਦਲ ਦੇਖਕੇ ਨਿਕਟ ਪਹੂਚੇ ਆਇ
ਤਬ ਨੇਜਾ ਕਰ ਮੈ ਜੀਓ ਨਿਮਖ ਬਿਲਮ ਨਹੀਂ ਜਾਇ।

ਕਿਰਪਾਲ ਸਿੰਘ

**ਜੁਨਾਰ** : ਭਾਰਤ ਦੇ ਮਹਾਰਾਸ਼ਟਰ ਰਾਜ ਦੇ ਜ਼ਿਲ੍ਹਾ ਪੂਨਾ ਦਾ ਇਕ ਪ੍ਰਾਚੀਨ ਇਤਿਹਾਸਕ ਸ਼ਹਿਰ ਹੈ। ਇਹ ਸ਼ਹਿਰ ਪੱਛਮੀ ਘਾਟਾਂ ਦੇ ਪੂਰਬ ਵਿਚ ਪੂਨਾ ਸ਼ਹਿਰ ਤੋਂ 90 ਕਿ. ਮੀ. ਉੱਤਰ ਵੱਲ ਵਸਿਆ ਹੋਇਆ ਹੈ। 'ਜੁਨਾਰ' ਅਤੇ 'ਸ਼ਿਵਨੇਰ' ਨਾਉਂ ਦੇ ਕਿਲੇ ਇਸ ਸ਼ਹਿਰ ਦੀ ਪੁਰਾਣੀ ਰਾਜਨੀਤਕ ਅਹਿਮੀਅਤ ਦਰਸਾਉਂਦੇ ਹਨ। ਮਰਾਠਾ ਇਤਿਹਾਸ ਦੇ ਬਿਰਤਾਂਤ ਵਿਚ 'ਜੁਨਾਰ' ਦੇ ਕਿਲੇ ਦਾ ਨਾਂ ਅਕਸਰ ਆਉਂਦਾ ਹੈ। ਇਹ ਕਿਲਾ 1436 ਈ. ਵਿਚ ਮਲਿਕ-ਉਤ-ਤੁਜ਼ਾਰ (**Malik-ut-Tujar**) ਨੇ ਬਣਵਾਇਆ ਸੀ। ਸੰਨ 1657 ਵਿਚ ਜਦੋਂ ਸ਼ਿਵਾ ਜੀ ਨੂੰ ਜੁਨਾਰ ਸ਼ਹਿਰ ਵਿਚੋਂ ਬਹੁਤ ਸਾਰੇ ਕੀਮਤੀ ਮਾਲ ਤੋਂ ਇਲਾਵਾ 10 ਲੱਖ ਦਾ ਸੋਨਾ ਚਾਂਦੀ ਵੀ ਮਿਲਿਆ ਤਾਂ ਉਸਦੀ ਹੈਰਾਨੀ ਦੀ ਹੱਦ ਨਾ ਰਹੀ। ਸ਼ਹਿਰ ਦੇ ਦੱਖਣ-ਪੱਛਮ ਵਿਚ ਪਹਾੜੀ ਉਪਰ ਸ਼ਿਵਨੇਰ ਕਿਲਾ ਹੈ। ਸੰਨ 1599 ਵਿਚ ਇਹ ਕਿਲਾ ਸ਼ਿਵਾ ਜੀ ਦੇ ਦਾਦਾ ਨੂੰ ਭੇਟ ਕੀਤਾ ਗਿਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਿਵਾ ਜੀ ਦਾ ਦਾਦਾ 1627 ਈ. ਨੂੰ ਇਸ ਕਿਲੇ ਵਿਚ ਪੈਦਾ ਹੋਇਆ। ਮਰਾਠਿਆਂ ਦੇ ਜੰਗਾਂ-ਯੁੱਧਾਂ ਦੇ ਸਮੇਂ ਸ਼ਿਵਨੇਰ ਕਈ ਵਾਰ ਇਨ੍ਹਾਂ ਦੇ ਕਬਜ਼ੇ ਵਿਚ ਆਇਆ ਤੇ ਕਈ ਵਾਰ ਇਨ੍ਹਾਂ ਤੋਂ ਖੋਹਿਆ ਗਿਆ। ਸੰਨ 1670 ਵਿਚ ਸ਼ਿਵਾ ਜੀ ਦੀਆਂ ਫ਼ੌਜਾਂ ਮੁਗ਼ਲ ਫ਼ੌਜਾਂ ਦੁਆਰਾ

ਇੱਥੋਂ ਭਜਾ ਦਿੱਤੀਆਂ ਗਈਆਂ। ਸ਼ਿਵਨੇਰ ਦਾ ਕਿਲਾ ਇਸ ਦੇ ਪਾਏਦਾਰ ਦਰਵਾਜ਼ੇ, ਮਜ਼ਬੂਤ ਕਿਲੇਬੰਦੀ ਅਤੇ ਇਸ ਵਿਚਲੇ ਡੂੰਘੇ ਚਸ਼ਮਿਆਂ ਕਰਕੇ ਮਸ਼ਹੂਰ ਹੈ।

ਜਾਮਾ ਮਸਜਿਦ, ਆਫ਼ਿਜ਼ ਬਾਗ ਅਤੇ ਬਹੁਤ ਹੀ ਵਧੀਆ ਦੋ ਦਰਗਾਹਾਂ ਜੁਨਾਰ ਸ਼ਹਿਰ ਦੀ ਇਤਿਹਾਸਕ ਅਤੇ ਉਸਾਰੀ ਕਲਾ ਪੱਖੋਂ ਸ਼ਾਨ ਦਰਸਾਉਂਦੀਆਂ ਹਨ। ਜੁਨਾਰ ਦੇ ਇਰਦ-ਗਿਰਦ ਪਹਾੜੀਆਂ ਉਪਰ ਮਖੀਰਨੁਮਾ ਦ੍ਰਿਸ਼ ਪੇਸ਼ ਕਰਦੀਆਂ ਬੋਧੀ ਗੁਫ਼ਾਵਾਂ ਦਿਖਾਈ ਦਿੰਦੀਆਂ ਹਨ। ਇਨ੍ਹਾਂ ਵਿਚੋਂ ਕਈ ਤਾਂ ਕਾਫ਼ੀ ਦਿਲਕਸ਼ ਹਨ। ਸ਼ਿਵਨੇਰ ਦੇ ਪਿਛਲੇ ਪਹਾੜ ਉਪਰ ਬਣੀ ਗੋਲਾਈਕਾਰ ਗੁਫ਼ਾ ਇਨ੍ਹਾਂ ਵਿਚੋਂ ਸਭ ਤੋਂ ਵੱਧ ਵਿਸ਼ੇਸ਼ਤਾ ਰੱਖਦੀ ਹੈ। ਇਨ੍ਹਾਂ ਵਿਚੋਂ ਕਈ ਤਾਂ ਪਹਿਲੀ ਸਦੀ ਈ. ਤੋਂ ਵੀ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ। ਪੱਛਮੀ ਕਸ਼ਤਰਪਾ ਰਾਜ ਦੌਰਾਨ ਇਸ ਸ਼ਹਿਰ ਨੂੰ ਕਾਫ਼ੀ ਮਹੱਤਤਾ ਪ੍ਰਾਪਤ ਸੀ। ਮੁਸਲਮਾਨੀ ਰਾਜ ਦੌਰਾਨ ਇਸ ਦੀ ਮਹੱਤਤਾ ਇਕ ਦਮ ਘਟੀ। ਸੰਨ 1861 ਵਿਚ ਇਥੇ ਮਿਉਂਸਪਲਟੀ ਸਥਾਪਿਤ ਹੋਈ ਅਤੇ ਜ਼ਿਲ੍ਹੇ ਦੇ ਉੱਤਰੀ ਭਾਗ ਦੀ ਮੁੱਖ ਮੰਡੀ ਹੋਣ ਕਰਕੇ ਇਸ ਦੀ ਮਹੱਤਤਾ ਵਪਾਰਕ ਪੱਖੋਂ ਬਰਕਰਾਰ ਰਹੀ।

ਆਬਾਦੀ–21,416 (1991)

16° 12′ ਉ. ਵਿਥ.; 73° 53′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 14: 239; ਹਿੰ. ਵਿ. ਕੋ. 5: 25

**ਜੁੱਬਲ** : ਸ਼ਿਮਲਾ ਦੀਆਂ ਪਹਾੜੀ ਰਿਆਸਤਾਂ ਵਿਚੋਂ ਇਹ ਇਕ ਰਿਆਸਤ ਸੀ ਜਿਸ ਉਪਰ ਰਾਠੌਰ ਬੰਸ ਦਾ ਰਾਜ ਸੀ। ਇਹ ਬੰਸ ਰਾਜਪੂਤਾਂ ਵਿਚੋਂ ਸੀ। ਦੇਵਢਾ ਜੁੱਬਲ ਰਿਆਸਤ ਦੀ ਰਾਜਧਾਨੀ ਸੀ। ਇਸ ਵਿਚ ਕੁੱਲ 84 ਪਿੰਡ ਸ਼ਾਮਲ ਸਨ ਅਤੇ ਰਿਆਸਤ ਦਾ ਕੁੱਲ ਰਕਬਾ 737 ਵ. ਕਿ. ਮੀ. (288 ਵ. ਮੀਲ) ਸੀ। ਉਸ ਸਮੇਂ ਦੇ ਮੁੱਖ ਉਤਪਾਦਨ ਅਨਾਜ, ਤਮਾਕੂ ਅਤੇ ਅਫ਼ੀਮ ਸਨ।

ਹ. ਪੁ. -ਹਿੰ. ਵਿ. ਕੋ. 5: 25

**ਜੁਬੋ** : ਇਹ ਪਾਕਿਸਤਾਨ ਦੇ ਸਿੰਧ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਪਹਿਲਾਂ ਸਿੰਧ ਇਲਾਕੇ ਦੀ ਖੈਰਪੁਰ ਰਿਆਸਤ ਵਿਚ ਹੁੰਦਾ ਸੀ। ਇਥੇ ਇਥੋਂ ਦੇ ਮੀਰ ਦੁਆਰਾ ਬਣਵਾਏ ਇਕ ਕਿਲ੍ਹੇ ਦੇ ਖੰਡਰ ਹੁਣ ਵੀ ਮੌਜੂਦ ਹਨ। ਭੇਡਾਂ ਬੱਕਰੀਆਂ ਪਾਲਣਾ ਇਥੋਂ ਦੇ ਲੋਕਾਂ ਦਾ ਕਿੱਤਾ ਰਿਹਾ ਹੈ। ਬੱਕਰੀ ਦੇ ਵਾਲਾਂ ਤੋਂ ਘਟੀਆ ਕਿਸਮ ਦੇ ਗਲੀਚੇ ਵੀ ਇਥੇ ਬਣਾਏ ਜਾਂਦੇ ਰਹੇ ਹਨ।

26° 22′ ਉ. ਵਿਥ.; 69°34′ ਪੂ. ਲੰਬ.

ਹ. ਪੁ.-ਇੰਪ. ਗ. ਇੰਡ. 14: 220

**ਜੁਰੱਅਤ** : ਇਹ ਉਰਦੂ ਦਾ ਪ੍ਰਸਿਧ ਸ਼ਾਇਰ ਸੀ। ਇਸ ਦਾ ਅਸਲੀ ਨਾਂ ਯਹ੍ਹੀਆ ਅਮਾਨ ਸੀ ਪਰ ਲੋਕ ਇਸ ਨੂੰ ਕਲੰਦਰ ਬਖ਼ਸ਼ ਕਰਕੇ ਜਾਣਦੇ ਸਨ। ਇਸ ਦੇ ਬਜ਼ੁਰਗ ਮੁਗ਼ਲ ਖ਼ਾਨਦਾਨ ਦੇ ਦਰਬਾਰੀ ਸਨ। ਇਸ ਨੇ ਆਪਣੀ ਮੁੱਢਲੀ ਜ਼ਿੰਦਗੀ ਦਿੱਲੀ ਵਿਚ ਗੁਜ਼ਾਰੀ ਪਰ ਜਦੋਂ ਦਿੱਲੀ ਦੀ ਹਾਲਤ ਖ਼ਰਾਬ ਹੋ ਗਈ ਤਾਂ ਇਹ ਫ਼ੈਜ਼ਾਬਾਦ (ਉੱਤਰ ਪ੍ਰਦੇਸ਼) ਚਲਾ ਗਿਆ ਅਤੇ ਉਥੇ ਹੀ ਵਿਦਿਆ ਪ੍ਰਾਪਤ ਕੀਤੀ। ਕੁਝ ਸਮਾਂ ਨਵਾਬ ਮਹੁਬਤ ਖ਼ਾਂ ਪਾਸ ਨੌਕਰੀ ਕਰ ਕੇ 1207 ਹਿ. ਵਿਚ ਇਹ ਲਖਨਊ ਚਲਾ ਗਿਆ। ਉਥੇ ਸ਼ਾਹੀ ਦਰਬਾਰ ਤੱਕ ਇਸ ਦੀ ਪਹੁੰਚ ਹੋ ਗਈ ਅਤੇ 1810 ਈ. ਵਿਚ ਲਖਨਊ ਵਿਖੇ ਹੀ ਇਸ ਦੀ ਮੌਤ ਹੋ ਗਈ।

ਉਰਦੂ ਸ਼ਾਇਰੀ ਦੇ ਖੇਤਰ ਵਿਚ ਜੁਰੱਅਤ ਜਾਫ਼ਰ ਅਲੀ ਖ਼ਾਂ 'ਹਸਰਤ' ਦਾ ਸ਼ਾਗਿਰਦ ਸੀ। ਇਸ ਨੂੰ ਸੰਗੀਤ ਅਤੇ ਨਜੂਮ ਦੀ ਵੀ ਕਾਫ਼ੀ ਮੁਹਾਰਤ ਸੀ। ਇਹ ਜ਼ਬਾਨ ਦਾ ਬਹੁਤ ਮਿੱਠਾ ਸੀ ਪਰ ਜਵਾਨੀ ਵਿਚ ਹੀ ਇਸ ਦੀ ਨਜ਼ਰ ਖ਼ਤਮ ਹੋ ਗਈ ਸੀ। ਜੁਰੱਅਤ ਦੀਆਂ ਗ਼ਜ਼ਲਾਂ ਦਾ ਆਪਣਾ ਹੀ ਇਕ ਨਵੇਕਲਾ ਰੰਗ ਹੈ। ਇਨ੍ਹਾਂ ਵਿਚ ਪਿਆਰ ਦੇ ਅਨੁਭਵ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਸਮੋਇਆ ਹੈ। ਗ਼ਜ਼ਲਾਂ ਵਿਚ ਮਿੱਠੀ ਮਿੱਠੀ ਸ਼ੋਖੀ ਪੈਦਾ ਕਰ ਸਕਣਾ ਜੁਰੱਅਤ ਵਰਗੇ ਉਸਤਾਦ ਸ਼ਾਇਰ ਦਾ ਹੀ ਕੰਮ ਹੈ। ਇਸ ਦੀਆਂ ਗ਼ਜ਼ਲਾਂ ਲੋਕਾਂ ਵਿਚ ਆਮ ਪਸੰਦ ਕੀਤੀਆਂ ਜਾਂਦੀਆਂ ਸਨ। ਇਨਸ਼ਾ ਅੱਲਾ ਖ਼ਾਂ ਨਾਲ ਇਸ ਦੀ ਨੋਕ-ਝੋਕ ਰਹਿੰਦੀ ਸੀ।

ਜੁਰੱਅਤ ਨੇ ਉਰਦੂ ਸ਼ਾਇਰੀ ਦੇ ਲਗਭਗ ਹਰ ਰੂਪ-ਗ਼ਜ਼ਲ, ਰੁਬਾਈ, ਮੁੱਖਮਸ ਅਤੇ ਹਿਜਵ ਆਦਿ ਉੱਤੇ ਕਲਮ ਚਲਾਈ ਪਰ ਇਸ ਦੇ ਦੀਵਾਨ ਵਿਚ ਕਸੀਦਾ ਕੋਈ ਨਹੀਂ। ਇਸ ਦੀ ਭਾਸ਼ਾ ਵਿਚ ਸਫ਼ਾਈ ਅਤੇ ਸਾਦਗੀ ਹੈ। ਇਸ ਦੇ ਕਲਾਮ ਵਿਚ ਹੁਸਨ ਅਤੇ ਇਸ਼ਕ ਦੀ ਭਰਮਾਰ ਹੈ ਅਤੇ ਕਿਤੇ ਕਿਤੇ ਸ਼ੋਖੀ ਹੱਦ ਤੋਂ ਵੱਧ ਜਾਂਦੀ ਹੈ।

ਹ. ਪੁ.– ਤਾਰੀਖ਼ ਅਦਬੇ ਉਰਦੂ ਸੱਯਦ ਇਅਜਾਜ ਹੁਸੈਨ

**ਜੁਰਜਾਨੀ** : ਅਰਬੀ ਦੇ ਇਸ ਪ੍ਰਸਿੱਧ ਵਿਦਵਾਨ ਦਾ ਪੂਰਾ ਨਾਂ ਅਬੂ ਬਕਰ ਅਬਦੁਲ ਕਾਹਿਰ ਇਬਨ ਅਬਦੁਰਹਿਮਾਨ ਅਲ-ਜੁਰਜਾਨੀ ਸੀ। ਇਸ ਦੇ ਜਨਮ ਬਾਰੇ ਨਹੀਂ ਪਤਾ ਪਰ ਇਸ ਦੀ ਮੌਤ 1078 ਈ. ਵਿਚ ਹੋਈ। ਵਿਆਕਰਣ ਸਬੰਧੀ ਇਸ ਦੀ 'ਕਿਤਾਬੁਲ-ਅਵਾਮਿਲ ਅਲ-ਮਿਯਾ', ਜਾਂ 'ਮਿਯਾਤ ਆਮਿਲ' ਬਹੁਤ ਪ੍ਰਸਿਧ ਕਿਰਤ ਹੈ ਜਿਸ ਨੂੰ ਐਰਪੀਨੀਅਸ (1617), ਬੇਲੀ (ਕਲਕੱਤਾ, 1803) ਅਤੇ ਏ ਲਾਕੇਟ (ਕਲੱਕਤਾ, 1811) ਵਰਗੇ ਵਿਦਵਾਨਾਂ ਨੇ ਵੱਖ-ਵੱਖ ਸਮਿਆਂ ਤੇ ਸੰਪਾਦਤ ਕੀਤਾ। 'ਅਸਗਰੁਲ-ਬਲਾਗਰ' ਇਸ ਦੀ ਦੂਜੀ ਰਚਨਾ ਹੈ ਜਿਸ ਵਿਚ ਸਾਹਿਤਕ ਆਲੋਚਨਾ ਅਤੇ ਸ਼ੈਲੀ ਆਦਿ ਵਿਸ਼ਿਆਂ ਬਾਰੇ ਲਿਖਿਆ ਗਿਆ ਹੈ।

ਹ. ਪੁ.– ਹਿੰ. ਵਿ. ਕੋ.; ਐਨ. ਬ੍ਰਿ. ਮਾ. 5: 642

**ਜੁਰਜੁ** : ਇਹ ਦੱਖਣੀ ਰੋਮਾਨੀਆ ਵਿਚ ਇਸੇ ਹੀ ਨਾਂ ਦੇ ਜ਼ਿਲੇ ਦੀ ਰਾਜਧਾਨੀ ਹੈ ਜੋ ਡੈਨਿਊਬ ਦਰਿਆ ਦੇ ਖੱਬੇ ਕੰਢੇ ਤੇ ਬੁਖਾਰੈੱਸਟ ਤੋਂ ਦੱਖਣ ਵੱਲ 65 ਕਿ. ਮੀ. ਦੂਰ ਵਸਿਆ ਹੋਇਆ ਹੈ। ਇਹ ਬੁਲਗਾਰੀਆ ਦੇ ਨਾਲ ਲੱਗਦਾ ਸਰਹੱਦੀ ਸ਼ਹਿਰ ਅਤੇ ਇਕ ਮਹੱਤਵਪੂਰਨ ਦਰਿਆਈ ਬੰਦਰਗਾਹ ਵੀ ਹੈ। ਇਸ ਸ਼ਹਿਰ ਦਾ ਮੁੱਢ ਕਦੋਂ ਬੱਝਾ ਇਸ ਬਾਰੇ ਨਿਸਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਕਿਆਸ ਕੀਤਾ ਜਾਂਦਾ ਹੈ ਕਿ ਸ਼ਾਇਦ ਜੈਨੋਈ ਜਹਾਜ਼ਰਾਨਾਂ ਨੇ ਇਸ ਦੀਪ ਤੇ ਬੰਦਰਗਾਹ ਦੇ ਸਾਹਮਣੇ ਇਕ ਗੜ੍ਹੀ ਬਣਾਈ ਸੀ ਜਿਸ ਦਾ ਨਾਂ ਸੇਨ ਜੋਰਜੋ ਰੱਖਿਆ ਤੇ ਸ਼ਹਿਰ ਦਾ ਮੌਜੂਦਾ ਨਾਂ ਇਸੇ ਤੋਂ ਹੀ ਵਿਗੜ ਕੇ ਪਿਆ। ਇਤਿਹਾਸ ਵਿਚ ਸ਼ਹਿਰ ਦਾ ਜ਼ਿਕਰ ਸਭ ਤੋਂ ਪਹਿਲਾਂ 1403 ਈ. ਵਿਚ ਆਇਆ ਹੈ। ਸੰਨ 1417 ਵਿਚ ਇਹ ਸ਼ਹਿਰ ਤੁਰਕੀਆਂ ਨੇ ਜਿੱਤਿਆ ਅਤੇ 1829 ਈ. ਤੱਕ ਇਨ੍ਹਾਂ ਦੇ ਕਬਜ਼ੇ ਵਿਚ ਰਿਹਾ। ਰੋਮਾਨੀਆ ਦਾ ਸਭ ਤੋਂ ਪਹਿਲਾ ਰੇਲ ਰਾਹ 1896 ਈ. ਵਿਚ ਬੁਖਾਰੈੱਸਟ ਤੋਂ ਜੁਰਜੁ ਤੱਕ ਹੀ ਬਣਾਇਆ ਗਿਆ ਸੀ। ਸੰਨ 1954 ਵਿਚ ਸ਼ਾਹੀ ਰੇਲਵੇ ਲਈ ਡੈਨਿਊਬ ਦਰਿਆ ਉੱਤੇ ਪੁਲ ਬਣਾ ਕੇ ਇਸ ਸ਼ਹਿਰ ਨੂੰ ਬੁਲਗਾਰੀਆ ਦੇ ਰੂਸੇ (Ruse) ਸ਼ਹਿਰ ਨਾਲ ਜੋੜਿਆ ਗਿਆ। ਜੁਰਜੁ ਵਿਚ ਇਕ ਆਧੁਨਿਕ ਕਿਸਮ ਦਾ ਸਮੁੰਦਰੀ ਜ਼ਹਾਜ਼ਾਂ ਦਾ ਅੱਡਾ ਹੈ। ਖੰਡ ਸਾਫ਼ ਕਰਨ, ਡੱਬਾ ਬੰਦੀ ਕਰਨ, ਰੰਗ ਅਤੇ ਗਲੀਚੇ ਬਣਾਉਣਾ ਇਥੋਂ ਦੇ ਉਦਯੋਗ ਹਨ।

ਆਬਾਦੀ–71,875 (1989)

43° 55′ ਉ. ਵਿਥ.; 25° 57′ ਪੂ. ਲੰਬ.

ਹ. ਪੁ. -ਐਨ. ਬ੍ਰਿ. 4 : 560

**ਜੁਰਮ** : ਜਿਸ ਸਮੇਂ ਮਨੁੱਖੀ ਸਮਾਜ ਦੀ ਰਚਨਾ ਹੋਈ, ਉਸੇ ਸਮੇਂ ਉਸ ਨੇ ਆਪਣੇ ਸਮਾਜਿਕ ਸੰਗਠਨ ਦੀ ਰੱਖਿਆ ਲਈ ਸਮਾਜਿਕ ਨਿਯਮ ਬਣਾਏ ਅਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਮਨੁੱਖ ਦਾ ਧਰਮ ਮੰਨਿਆ ਗਿਆ ਪਰ ਇਨ੍ਹਾਂ ਨਿਯਮਾਂ ਵਿਰੁੱਧ ਕੰਮ ਕਰਨ ਵਾਲੇ

ਮਨੁੱਖ ਵੀ ਉਸੇ ਸਮੇਂ ਤੋਂ ਸਮਾਜ ਵਿਚ ਉਪਲੱਬਧ ਹੁੰਦੇ ਰਹੇ ਅਤੇ ਹਰ ਕਿਸਮ ਦੇ ਜੁਰਮ ਹੁੰਦੇ ਰਹੇ।

ਪ੍ਰਾਚੀਨ ਕਾਲ ਤੋਂ ਹੀ 'ਜੁਰਮ' ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਹੁੰਦੀ ਰਹੀ। ਪੂਰਬੀ ਤੇ ਪੱਛਮੀ ਦੇਸ਼ਾਂ ਦੇ ਆਰੰਭਿਕ ਵਿਧਾਨਾਂ ਦੇ ਨੈਤਿਕ, ਧਾਰਮਿਕ ਤੇ ਸਮਾਜਿਕ ਨਿਯਮਾਂ ਦੀ ਉਲੰਘਣਾ ਜੁਰਮ ਸੀ। ਸਾਰਜੈਂਟ ਸਟੀਫਨ ਨੇ ਲਿਖਿਆ ਹੈ ਕਿ ਸਮੁਦਾਇ ਦਾ ਬਹੁਮਤ ਜਿਸ ਗੱਲ ਨੂੰ ਮੰਨੇ, ਉਸ ਦੇ ਉਲਟ ਕੰਮ ਕਰਨਾ ਹੀ ਜੁਰਮ ਹੈ। ਕਿਸੇ ਦੂਸਰੇ ਦੇ ਅਧਿਕਾਰ ਨੂੰ ਸੱਟ ਮਾਰਨੀ ਜਾਂ ਸਮਾਜ ਪ੍ਰਤਿ ਕਰਤੱਵ ਦੀ ਪਾਲਣਾ ਨਾ ਕਰਨੀ ਜੁਰਮ ਹੈ। ਰੋਮ ਵਿਚ ਜੁਰਮ ਦਾ ਨਿਰਣਾ ਸਮੁੱਚੀ ਜਨਤਾ ਕਰਦੀ ਸੀ। ਉਦੋਂ ਤੋਂ ਜੁਰਮ ਨੂੰ ਸਰਵਜਨਕ ਭੁਲ ਕਿਹਾ ਜਾਣ ਲੱਗਾ। ਅੱਜ ਦੇ ਕਾਨੂੰਨ ਵਿਚ ਜੁਰਮ ਨੂੰ 'ਸਰਵਜਨਕ ਹਾਨੀ' ਸਮਝਿਆ ਜਾਂਦਾ ਹੈ।

ਦੋ ਸੌ ਵਰ੍ਹੇ ਪਹਿਲਾਂ ਤੱਕ ਸੰਸਾਰ ਦੇ ਸਾਰੇ ਦੇਸ਼ਾਂ ਦੀ ਇਹ ਨਿਸ਼ਚਿਤ ਨੀਤੀ ਸੀ ਕਿ ਜਿਸ ਨੇ ਸਮਾਜ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ, ਉਸ ਤੋਂ ਬਦਲਾ ਲੈਣਾ ਚਾਹੀਦਾ ਹੈ। ਇਸੇ ਲਈ ਜੁਰਮ ਕਰਨ ਵਾਲੇ ਨੂੰ ਦੁੱਖ-ਤਕਲੀਫ਼ਾਂ ਦਿੱਤੀਆਂ ਜਾਂਦੀਆਂ ਹਨ। ਜੇਲ੍ਹਾਂ ਵਿਚ ਉਸ ਨਾਲ ਪਸ਼ੂਆਂ ਤੋਂ ਵੀ ਬੁਰਾ ਵਿਹਾਰ ਕੀਤਾ ਜਾਂਦਾ ਸੀ ਪਰ ਹੁਣ ਇਹ ਭਾਵਨਾ ਬਦਲ ਗਈ ਹੈ। ਹੁਣ ਸਮਾਜ ਦੀ ਇਹ ਨਿਸ਼ਚਿਤ ਧਾਰਨਾ ਹੈ ਕਿ ਜੁਰਮ ਸਰੀਰਕ ਤੇ ਮਾਨਸਕ ਦੋਹਾਂ ਕਿਸਮਾਂ ਦਾ ਰੋਗ ਹੈ। ਇਸ ਲਈ ਜੁਰਮ ਕਰਨ ਵਾਲੇ ਦਾ ਇਲਾਜ ਕਰਨਾ ਚਾਹੀਦਾ ਹੈ। ਉਸ ਨੂੰ ਸਮਾਜ ਵਿਚ ਇਕ ਸਭਿਅਕ, ਸ਼ਿਸ਼ਟ ਤੇ ਨੈਤਿਕ ਨਾਗਰਿਕ ਬਣਾ ਕੇ ਵਾਪਸ ਭੇਜਿਆ ਜਾਂਦਾ ਹੈ। ਇਸ ਲਈ ਜੇਲ੍ਹਾਂ ਦੁੱਖ-ਤਕਲੀਫ਼ ਦੇਣ ਲਈ ਨਹੀਂ, ਸੁਧਾਰ ਲਈ ਹਨ ਅਤੇ ਇਸੇ ਲਈ ਅੱਜਕਲ੍ਹ ਜੇਲ੍ਹਾਂ ਦਾ ਨਾਂ ਸੁਧਾਰ ਘਰ ਰੱਖਿਆ ਗਿਆ ਹੈ।

ਜਿਵੇਂ ਕਿ ਇਹ ਸਪਸ਼ਟ ਹੋ ਗਿਆ ਹੈ ਕਿ ਜੁਰਮ ਜੇ ਸਮਾਜਿਕ ਤੇ ਨੈਤਿਕ ਹੁਕਮਾਂ ਦੀ ਉਲੰਘਣਾ ਦਾ ਨਾਂ ਹੈ ਤਾਂ ਇਸ ਸ਼ਬਦ ਦਾ ਕੋਈ ਨਿਸ਼ਚਿਤ ਅਰਥ ਨਹੀਂ ਦੱਸਿਆ ਜਾ ਸਕਦਾ। ਡਾਕਟਰ ਫ਼ਰਾਇਡ ਹਰ ਜੁਰਮ ਦਾ ਆਧਾਰ ਕਾਮਵਾਸਨਾ ਨੂੰ ਦੱਸਦਾ ਹੈ ਜਦੋਂ ਕਿ ਕੁਝ ਹੋਰ ਵਿਦਵਾਨ ਇਸ ਨੂੰ ਸਮਾਜਿਕ ਵਾਤਾਵਰਣ ਦਾ ਸਿੱਟਾ ਮੰਨਦੇ ਹਨ। ਕੁਝ ਵਿਦਵਾਨ ਇਸ ਨੂੰ ਪਰਿਵਾਰਕ ਦੇਣ ਮੰਨਦੇ ਹਨ। ਪ੍ਰਾਚੀਨ ਭਾਰਤੀ ਸ਼ਾਸਤ੍ਰਕਾਰਾਂ ਨੇ ਜਿਨ੍ਹਾਂ ਗੱਲਾਂ ਨੂੰ ਜੀਵਨ ਦੀ ਮੌਲਿਕ ਨੈਤਿਕਤਾ ਮੰਨ ਲਿਆ ਸੀ, ਉਨ੍ਹਾਂ ਦੀ ਅਵਗਿਆ ਨੂੰ ਭਾਰਤੀ ਦ੍ਰਿਸ਼ਟੀਕੋਣ ਵਿਚ ਜੁਰਮ ਕਹਿਣਾ ਉਚਿਤ ਹੋਵੇਗਾ। ਸੰਯੁਕਤ ਰਾਸ਼ਟਰ ਸੰਘ ਨੇ ਵੀ ਸਮਾਜਿਕ ਅਥਵਾ ਸਮਾਜ ਵਿਰੋਧੀ ਕੰਮਾਂ ਨੂੰ ਜੁਰਮ ਮੰਨਿਆ ਹੈ। ਮੋਟੇ ਤੌਰ ਤੇ ਸੱਚ ਬੋਲਣਾ, ਚੋਰੀ ਨਾ ਕਰਨਾ, ਦੂਸਰੇ ਦੇ ਧਨ ਜਾਂ ਜੀਵਨ ਦਾ ਅਪਹਰਣ ਨਾ ਕਰਨਾ, ਮਾਤਾ-ਪਿਤਾ ਤੇ ਗੁਰੂਜਨਾਂ ਦਾ ਆਦਰ ਕਰਨਾ, ਕਾਮ ਵਾਸਨਾ ਤੇ ਕੰਟਰੋਲ ਕਰਨਾ ਆਦਿ ਮੌਲਿਕ ਨੈਤਿਕਤਾ ਹੈ ਜਿਸਦੀ ਹਰ ਸਮਾਜ ਵਿਚ ਪਾਲਣਾ ਹੁੰਦੀ ਹੈ ਅਤੇ ਇਸ ਤੋਂ ਉਲਟ ਕੰਮ ਕਰਨਾ ਜੁਰਮ ਹੈ।

ਇਟਲੀ ਦਾ ਡਾ. ਲਾਂਬ੍ਰੋਜ਼ੋ ਪਹਿਲਾ ਵਿਦਵਾਨ ਸੀ ਜਿਸ ਨੇ ਜੁਰਮ ਦੀ ਥਾਂ ਜੁਰਮ ਕਰਨ ਵਾਲੇ ਨੂੰ ਪਹਿਚਾਨਣ ਦੀ ਕੋਸ਼ਿਸ਼ ਕੀਤੀ। ਗੈਰੋਫਾਲੀ ਜੁਰਮ ਨੂੰ ਮਨੋਵਿਗਿਆਨ ਦਾ ਵਿਸ਼ਾ ਮੰਨਦਾ ਹੈ। ਉਸ ਅਨੁਸਾਰ ਹਰ ਕਿਸਮ ਦੇ ਅਪਰਾਧੀ ਹੁੰਦੇ ਹਨ—ਹਤਿਆਰੇ, ਉਗਰ ਅਪਰਾਧੀ, ਜਾਇਦਾਦ ਵਿਰੁਧ ਅਪਰਾਧੀ ਅਤੇ ਕਾਮ ਵਾਸਨਾ ਦੇ ਅਪਰਾਧੀ। ਉਸ ਦੇ ਮੱਤ ਵਿਚ ਪ੍ਰਾਣਦੰਡ, ਉਮਰ ਕੈਦ ਅਤੇ ਦੇਸ਼ ਨਿਕਾਲਾ ਇਹ ਤਿੰਨ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਫੱਨ ਹਾਮੇਲ ਨੇ ਪਹਿਲੀ ਵਾਰ ਅਪਰਾਧੀ ਦੇ ਸੁਧਾਰ ਦੀ ਚਰਚਾ ਕੀਤੀ। ਫ਼ਰਾਂਸ ਦੀ ਰਾਜ ਕ੍ਰਾਂਤੀ ਨੇ ਮਾਨਵ ਅਧਿਕਾਰ ਦੀ ਘੋਸ਼ਣਾ ਕੀਤੀ। ਜੁਰਮ ਕਰਨ ਵਾਲਾ ਵੀ ਮਨੁੱਖ ਹੈ। ਉਸ ਦਾ ਵੀ ਕੁਝ ਅਧਿਕਾਰ ਹੈ। ਜੁਰਮ ਕਰਨ ਵਾਲਾ ਵੀ ਜੁਰਮ ਦੀ ਵਿਆਖਿਆ ਚਾਹੁੰਦਾ ਹੈ। ਇਸ ਦੀ ਸਭ ਤੋਂ ਸਪਸ਼ਟ ਵਿਆਖਿਆ 1934 ਵਿਚ ਫ਼ਰਾਂਸੀਸੀ ਦੰਡ-ਵਿਧਾਨ ਨੇ ਕੀਤੀ। ਜਿਸ ਅਨੁਸਾਰ ਜੁਰਮ ਉਹ ਹੈ ਜਿਸ ਨੂੰ ਕਾਨੂੰਨੀ ਤੌਰ ਤੇ ਮਨ੍ਹਾ ਕੀਤਾ ਗਿਆ ਹੋਵੇ। ਅੱਜ ਉਸ ਨਿਯਮ ਦੀ ਉਲੰਘਣਾ ਨੂੰ ਜੁਰਮ ਮੰਨਿਆ ਜਾਂਦਾ ਹੈ ਜਿਸ ਦੀ ਉਲੰਘਣਾ ਜਾਣਬੁਝ ਕੇ ਕੀਤੀ ਗਈ ਹੋਵੇ। ਮਿਸਾਲ ਵਜੋਂ ਜੇ ਛੱਤ ਤੇ ਪਤੰਗ ਉਡਾਉਂਦਿਆ ਕਿਸੇ ਲੜਕੇ ਦੇ ਪੈਰ ਨਾਲ ਇਕ ਪੱਥਰ ਹੇਠਾਂ ਸੜਕ ਤੇ ਆ ਪਵੇ ਅਤੇ ਕਿਸੇ ਹੋਰ ਵਿਅਕਤੀ ਦੇ ਸਿਰ ਤੇ ਲੱਗ ਕੇ ਉਸ ਦੀ ਮੌਤ ਹੋ ਜਾਵੇ ਤਾਂ ਉਹ ਲੜਕਾ ਹੱਤਿਆ ਦਾ ਅਪਰਾਧੀ ਨਹੀਂ। ਇਸ ਤਰ੍ਹਾਂ ਮੁੱਖ ਗੱਲ ਨੀਅਤ ਦੀ ਹੈ। ਜੁਰਮ ਅਤੇ ਉਸ ਦੇ ਕਰਨ ਦੀ ਨੀਅਤ-ਇਨ੍ਹਾਂ ਦੋਹਾਂ ਨੂੰ ਮਿਲਾ ਦੇਣ ਨਾਲ ਹੀ ਵਾਸਤਵਿਕ ਨਿਆਂ ਹੋ ਸਕਦਾ ਹੈ।

ਜਿਥੋਂ ਤੱਕ ਜੁਰਮ ਕਰਨ ਵਾਲੇ ਨੂੰ ਦੰਡ ਦੇਣ ਜਾਂ ਉਸ ਨਾਲ ਕਿਹੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ, ਇਸਦੇ ਸਬੰਧ ਵਿਚ ਅਫ਼ਲਾਤੂਨ ਦਾ ਮੱਤ ਸੀ ਕਿ ਨੁਕਸਾਨ ਪਹੁੰਚਾਉਣ ਵਾਲੇ ਦਾ ਨੁਕਸਾਨ ਕਰਨਾ ਅਨੁਚਿਤ ਹੈ। ਪ੍ਰਸਿੱਧ ਸਮਾਜ-ਸ਼ਾਸਤ੍ਰੀ ਸਿਜਵਿਕ ਨੇ ਸਪਸ਼ਟ ਕਿਹਾ ਸੀ ਕਿ ਨਿਆਂ ਕਦੇ ਨਹੀਂ ਚਾਹੁੰਦਾ ਕਿ ਜੁਰਮ ਕਰਨ ਵਾਲੇ ਨੂੰ ਦੁੱਖ ਦਿੱਤਾ ਜਾਵੇ। ਲਾਰਡ ਹਾਲਡੇਨ ਨੇ ਵੀ ਜੁਰਮ ਦਾ ਵਿਚਾਰ ਨਾ ਕਰਕੇ ਜੁਰਮ ਕਰਨ ਵਾਲੇ ਵਿਅਕਤੀ, ਉਸ ਦੀਆਂ ਸਮੱਸਿਆਵਾਂ ਅਤੇ ਉਸ ਦੇ ਵਾਤਾਵਰਣਾਂ ਤੇ ਵੀ ਸਲਾਹ ਦਿੱਤੀ। ਬ੍ਰਿਟੇਨ ਦੇ ਪ੍ਰਸਿੱਧ ਰਾਜਨੀਤਕ ਨੇਤਾ ਅਤੇ ਕਈ ਵਾਰ ਬਣੇ ਪ੍ਰਧਾਨ ਮੰਤਰੀ ਚਰਚਿਲ ਦਾ ਕਥਨ ਹੈ ਕਿ ਜੁਰਮ ਤੇ ਜੁਰਮ ਕਰਨ ਵਾਲੇ ਵਿਅਕਤੀ ਪ੍ਰਤੀ ਲੋਕਾਂ ਦੀ ਕਿਹੋ ਜਿਹੀ ਭਾਵਨਾ ਤੇ ਦ੍ਰਿਸ਼ਟੀ ਹੈ, ਉਸੇ ਤੋਂ ਉਸ ਦੇਸ਼ ਦੀ ਸਭਿਅਤਾ ਦਾ ਵਾਸਤਵਿਕ ਅਨੁਮਾਨ ਲਗਾਇਆ ਜਾ ਸਕਦਾ ਹੈ।

ਅੱਜ ਜੁਰਮ ਬਾਰੇ ਧਾਰਣਾਵਾਂ ਬਦਲ ਗਈਆਂ ਹਨ। ਪ੍ਰੋ. ਵਿਨਫੋਲਡ ਦਾ ਮੱਤ ਅੱਜ ਵੀ ਮਹੱਤਵਪੂਰਨ ਹੈ ਕਿ ਹਰ ਇਕ ਜੁਰਮ ਮਨੁੱਖ ਦੇ ਉਸ ਆਚਰਣ ਦਾ ਫ਼ਲ ਹੈ ਜਿਸ ਨੂੰ ਕਾਨੂੰਨ ਰੋਕਣਾ ਚਾਹੁੰਦਾ ਹੈ। ਇਸ ਲਈ ਜੁਰਮ ਇਕ ਭੌਤਿਕ ਘਟਨਾ ਹੈ। ਵਕੀਲਾਂ ਨੇ ਸਿਰਫ਼ ਇਹ ਸਾਬਤ ਕਰਨਾ ਹੁੰਦਾ ਹੈ ਕਿ ਜੁਰਮ ਕਰਨ ਵਾਲੇ ਵਿਅਕਤੀ ਨੇ ਅਜਿਹਾ ਕੰਮ ਕੀਤਾ ਹੈ। ਪਰ ਅਜਿਹਾ ਕੰਮ ਕੋਈ ਕਿਉਂ ਕਰਦਾ ਹੈ? ਵਿਲੀਅਮ ਟਕਰ ਨੇ ਇਸ ਨੂੰ ਮਨ ਦਾ ਰੋਗ ਕਿਹਾ ਹੈ। ਫ੍ਰਾਂਕਰੋਸ ਇਸ ਨੂੰ ਉਸ ਵਾਤਾਵਰਣ ਦਾ ਫਲ ਦਸਦਾ ਹੈ ਜਿਸ ਵਿਚ ਮਨੁੱਖ ਪਲਦਾ ਹੈ ਪਰ ਹੁਣ ਇਹ ਗੱਲ ਮੰਨੀ ਨਹੀਂ ਜਾਂਦੀ ਕਿ ਗਰੀਬੀ ਅਥਵਾ ਕਿਸੇ ਚੀਜ਼ ਦੀ ਘਾਟ ਕਾਰਨ ਜੁਰਮ ਹੁੰਦੇ ਹਨ।

ਨਵੀਂ ਉਦਯੋਗਿਕ ਸਭਿਅਤਾ ਵਿਚ ਜੁਰਮ ਦਾ ਰੂਪ ਤੇ ਪ੍ਰਕਾਰ ਬਦਲ ਗਿਆ ਹੈ। ਨਵੇਂ ਕਿਸਮ ਦੇ ਜੁਰਮ ਹੋਣ ਲੱਗ ਪਏ ਹਨ, ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਅੱਜਕਲ੍ਹ ਹਰ ਉਸ ਕੰਮ ਨੂੰ ਜੁਰਮ ਮੰਨਿਆ ਜਾਂਦਾ ਹੈ ਜਿਹੜਾ ਕਾਨੂੰਨੀ ਤੌਰ ਤੇ ਮਨ੍ਹਾਂ ਹੋਵੇ। ਜਿਸ ਕਿਸੇ ਨੇ ਮਨ੍ਹਾਂ ਕੀਤਾ ਹੋਇਆ ਕੰਮ ਕੀਤਾ ਹੈ, ਉਹ ਅਪਰਾਧੀ ਹੈ ਅਤੇ ਅਪਰਾਧੀ ਆਪਣੇ ਹਾਲਾਤ ਦਾ ਦਾਸ ਹੋ ਸਕਦਾ ਹੈ, ਮਜਬੂਰ ਹੋ ਸਕਦਾ ਹੈ। ਇਸ ਲਈ ਉਸ ਨੂੰ ਪਹਿਚਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਜ ਦਾ ਜੁਰਮ-ਸ਼ਾਸਤਰ ਇਸ ਗੱਲ ਵਿਚ ਵਿਸ਼ਵਾਸ ਨਹੀਂ ਰੱਖਦਾ ਕਿ ਕੋਈ ਵਿਅਕਤੀ ਜਮਾਂਦਰੂ ਅਪਰਾਧੀ ਹੁੰਦਾ ਹੈ ਜਾਂ ਜਾਣ-ਬੁਝ ਕੇ ਅਜਿਹਾ ਜੀਵਨ ਬਤੀਤ ਕਰਨਾ ਚਾਹੁੰਦਾ ਹੈ। ਇਸ ਲਈ ਹਰ ਇਕ ਜੁਰਮ ਦਾ ਅਤੇ ਅਪਰਾਧੀ ਦਾ ਅਧਿਐਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਅੱਜ ਹਰ ਇਕ ਜੁਰਮ ਤੇ ਹਰ ਇਕ ਅਪਰਾਧੀ ਵਿਅਕਤੀਗਤ ਅਧਿਐਨ ਤੇ ਵਿਅਕਤੀਗਤ ਉਪਚਾਰ ਦਾ ਵਿਸ਼ਾ ਬਣ ਗਿਆ ਹੈ।

ਹ. ਪੁ.–ਹਿੰ. ਵਿ. ਕੋ. 1: 135; ਐਨ. ਬ੍ਰਿ. ਮਾ. 3: 24

**ਜ਼ੁਰਵਾਰਨ, ਫ੍ਰਾਂਸਿਸਕੋ ਦਾ** : ਇਸ ਸਪੇਨੀ ਚਿੱਤਰਕਾਰ ਦਾ ਜਨਮ 7 ਨਵੰਬਰ, 1598 ਨੂੰ ਇਕ ਕਿਸਾਨ ਮਜ਼ਦੂਰ ਪਰਿਵਾਰ ਵਿਚ ਹੋਇਆ। ਬਚਪਨ ਤੋਂ ਹੀ ਇਸ ਨੂੰ ਚਿੱਤਰਕਲਾ ਵਿਚ ਰੁਚੀ ਸੀ। ਦਿਯੇਗੋ

ਪੇਰੇਜ਼ ਵਿਲਾਨਯੁਵਾ ਅਤੇ ਜ਼ਾਨ ਰੋਲਸ ਦੇ ਤੋਂ ਇਸ ਨੇ 16 ਸਾਲ ਦੀ ਉਮਰ ਵਿਚ ਹੀ ਪੂਰੀ ਸਿੱਖਿਆ ਪ੍ਰਾਪਤ ਕਰ ਲਈ। ਛਾਂ ਅਤੇ ਪ੍ਰਕਾਸ਼ ਦੇ ਤੇਜ਼ ਪ੍ਰਭਾਵ ਅਨੁਸਾਰ ਇਸ ਨੇ ਗ੍ਰਾਫਿਕ ਸ਼ੈਲੀ ਵਿਚ ਚਿੱਤਰ ਬਣਾਏ। ਸੈਵਿਲ ਦੇ ਚਰਚ ਲਈ ਸੰਤ ਪੀਟਰ ਦੇ ਜੀਵਨ ਉੱਤੇ ਚਿੱਤਰਾਵਲੀ ਬਣਾਉਣ ਨਾਲ ਇਹ ਕਾਫ਼ੀ ਪ੍ਰਸਿਧ ਹੋ ਗਿਆ। ਸੰਨ 1629 ਵਿਚ ਇਹ ਸੈਵਿਲ ਸ਼ਹਿਰ ਦੇ ਚਿੱਤਰਕਾਰ ਦੇ ਅਹੁਦੇ ਉੱਤੇ ਨਿਯੁਕਤ ਕੀਤਾ ਗਿਆ ਅਤੇ ਵੇਲਾਸਕਵੇਜ਼ ਨਾਲ ਮਿਤਰਤਾ ਹੋਣ ਕਾਰਨ ਇਹ ਰਾਜ ਚਿੱਤਰਕਾਰ ਬਣ ਗਿਆ। ਸੈਵਿਲ ਲੂਵਰ, ਬਰਲਿਨ, ਡ੍ਰੈਸਡੇਨ, ਬੁਡਾਪੈਸਟ ਅਤੇ ਬੋਸਟਨ ਵਿਚ ਇਸ ਦੇ ਬਣਾਏ ਹੋਏ ਚਿੱਤਰ ਅਜ ਵੀ ਮੌਜੂਦ ਹਨ। ਸੰਨ 1669 ਵਿਚ ਇਸ ਦਾ ਦੇਹਾਂਤ ਹੋ ਗਿਆ।

ਹ. ਪੁ. –ਹਿੰ. ਵਿ. ਕੋ. 5: 26

**ਜੁਰੈਸਿਕ ਯੁਗ** : ਮੱਧਜੀਵ ਕਾਲ ਅਧੀਨ ਤਿੰਨ ਯੁੱਗ ਆਉਂਦੇ ਹਨ ਜਿਨ੍ਹਾਂ ਵਿਚ ਜੁਰੈਸਿਕ ਯੁਗ ਦਾ ਸਥਾਨ ਵਿਚਕਾਰ ਹੈ। ਬ੍ਰੌਨਿਆਰ ਨੇ 1829 ਈ. ਵਿਚ ਐਲਪਸ ਪਰਬਤ ਦੀ ਜੁਰਾ ਸ਼੍ਰੇਣੀ ਦੇ ਆਧਾਰ ਉੱਤੇ ਇਸ ਪ੍ਰਣਾਲੀ ਦਾ ਨਾਂ ਜੁਰੈਸਿਕ ਰੱਖਿਆ। ਸੰਸਾਰ ਭਰ ਵਿਚ ਪਰਤਦਾਰ ਚਟਾਨ-ਵਿਗਿਆਨ (stratigraphy) ਵਿਚ ਇਸ ਪ੍ਰਣਾਲੀ ਦਾ ਵਿਸ਼ੇਸ਼ ਮਹੱਤਵ ਹੈ। ਵਿਲਿਅਮ ਸਮਿੱਥ ਜੋ ਇਸ ਵਿਗਿਆਨ ਦਾ ਮੋਢੀ ਮੰਨਿਆ ਗਿਆ ਹੈ, ਨੇ ਇਸੇ ਦੇ ਅਧਾਰ ਉੱਤੇ ਇਸ ਵਿਗਿਆਨ ਦੇ ਨਿਯਮਾਂ ਦਾ ਨਿਰਮਾਣ ਕੀਤਾ।

**ਧਰਤੀ ਦੀ ਅਵਸਥਾ**—ਇਸ ਯੁੱਗ ਦੇ ਅਰੰਭ ਵਿਚ ਬਣੇ ਸਮੁੰਦਰੀ ਤਲਾਂ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਸਮੇਂ ਧਰਤੀ ਦਾ ਧਰਾਤਲ ਸ਼ਾਂਤ ਸੀ। ਕਈ ਥਾਵਾਂ ਉਪਰ ਸਮੁੰਦਰੀ ਉਥਲ-ਪੁਥਲ ਦੇ ਵੀ ਚਿੰਨ੍ਹ ਮਿਲੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਧਰਤੀ ਉੱਤੇ ਬਹੁਤ ਪਰਿਵਰਤਨ ਆਏ ਜਿਨ੍ਹਾਂ ਦੇ ਫਲਸਰੂਪ ਧਰਤੀ ਦੇ ਜਲ ਅਤੇ ਥਲ ਦੇ ਵਿਤਰਣ ਵਿਚ ਵੀ ਬਹੁਤ ਪਰਿਵਰਤਨ ਆਏ। ਇਸ ਯੁੱਗ ਵਿਚ ਧਰਤੀ ਦਾ ਉੱਤਰੀ ਮੱਧਵਰਤੀ ਅਤੇ ਦੱਖਣੀ ਹਿੱਸਾ ਪਾਣੀ ਵਿਚ ਡੁਬੇ ਹੋਏ ਸਨ। ਬਾਕੀ ਸਾਰਾ ਹਿੱਸਾ ਸੁੱਕਾ ਸੀ। ਉੱਤਰੀ ਸਮੁੰਦਰ, ਉੱਤਰੀ ਅਮਰੀਕਾ ਅਤੇ ਗ੍ਰੀਨਲੈਂਡ ਦੇ ਉੱਤਰ ਤੋ ਲੈ ਕੇ ਅਜੋਕੇ ਆਰਕਟਿਕ ਸਾਗਰ ਅਤੇ ਸਾਇਬੇਰੀਆ ਤੱਕ ਫੈਲਿਆ ਹੋਇਆ ਸੀ। ਯੂਰਾਲ ਪਰਬਤ ਦੇ ਪੱਛਮੀ ਭਾਗ ਤੋਂ ਇਸ ਸਾਗਰ ਦੀ ਇਕ ਸ਼ਾਖਾ ਇਸਨੂੰ ਉਸ ਸਮੇਂ ਦੇ ਭੂ-ਮੱਧ ਸਾਗਰ ਨਾਲ ਮਿਲਾਉਂਦੀ ਸੀ। ਅਜੋਕੇ ਭੂ-ਮੱਧ ਸਾਗਰ ਦੇ ਵਿਸਤਾਰ ਦੀ ਤੁਲਨਾ ਵਿਚ ਉਸ ਸਮੇਂ ਦਾ ਸਾਗਰ ਬਹੁਤ ਵਿਸ਼ਾਲ ਸੀ ਅਤੇ ਸਚਮੁੱਚ ਹੀ ਲਗਭਗ ਸਾਰੀ ਧਰਤੀ ਨੂੰ ਘੇਰਿਆ ਹੋਇਆ ਸੀ। ਇਸ ਸਾਗਰ ਨੂੰ ਟੇਥਿਸ ਸਾਗਰ ਕਹਿੰਦੇ ਹਨ। ਦੱਖਣੀ ਸਾਗਰ ਆਸਟ੍ਰੇਲੀਆ ਮਹਾਂਦੀਪ ਦੇ ਦੱਖਣ ਵਲੋਂ ਹੁੰਦਾ ਹੋਇਆ ਦੱਖਣੀ ਅਮਰੀਕਾ ਦੇ ਦੱਖਣੀ ਪ੍ਰਦੇਸ਼ ਤੱਕ ਫੈਲਿਆ ਹੋਇਆ ਸੀ। ਵਿਦਵਾਨਾਂ ਦਾ ਇਹ ਅਨੁਮਾਨ ਹੈ ਕਿ ਭਾਰਤ ਦੇ ਉੱਤਰੀ ਪ੍ਰਦੇਸ਼ ਤੋ ਲੈ ਕੇ ਉੱਤਰੀ ਬਰਮਾ, ਹਿੰਦਚੀਨ ਅਤੇ ਫਿਲੀਪੀਨ ਵਲੋਂ ਹੁੰਦਾ ਟੇਥਿਸ ਸਾਗਰ ਦਾ ਹੀ ਇਕ ਭਾਗ 'ਦੱਖਣੀ ਸਾਗਰ' ਬਣਾਉਂਦਾ ਹੈ।

**ਵਿਸਥਾਰ**—ਲਗਭਗ 15 ਕਰੋੜ ਸਾਲ ਪੁਰਾਣੇ ਇਹ ਚਟਾਨ-ਸਮੂਹ, ਮੁੱਖ ਰੂਪ ਵਿਚ ਯੂਰਪ, ਦੱਖਣੀ-ਪੂਰਬੀ ਇੰਗਲੈਂਡ, ਉੱਤਰੀ ਅਮਰੀਕਾ ਦੇ ਪੱਛਮੀ ਭਾਗ, ਏਸ਼ੀਆ ਮਾਈਨਰ, ਹਿਮਾਲਾ, ਉੱਤਰੀ ਬਰਮਾ ਅਤੇ ਅਫ਼ਰੀਕਾ ਦੇ ਪੂਰਬੀ ਕੰਢੇ ਤੇ ਮਿਲਦੇ ਹਨ। ਇਸ ਤੋਂ ਇਲਾਵਾ ਪੱਛਮੀ ਆਸਟ੍ਰੇਲੀਆ, ਨਿਊਜ਼ੀਲੈਂਡ, ਦੱਖਣੀ ਅਮਰੀਕਾ ਅਤੇ ਸਾਇਬੇਰੀਆ ਵਿਚ ਵੀ ਇਸ ਯੁੱਗ ਦੀਆਂ ਚਟਾਨਾਂ ਮਿਲੀਆਂ ਹਨ। ਭਾਰਤ ਵਿਚ ਜੁਰੈਸਿਕ ਪ੍ਰਣਾਲੀ ਦੀਆਂ ਚਟਾਨਾਂ ਸਪਿੱਤੀ, ਕਸ਼ਮੀਰ, ਸ਼ਿਮਲਾ, ਗੜ੍ਹਵਾਲ ਆਦਿ ਉੱਤਰੀ ਇਲਾਕਿਆਂ ਵਿਚ ਮਿਲੀਆਂ ਹਨ। ਅਜਿਹਾ ਵੀ ਅਨੁਮਾਨ ਲਾਇਆ ਜਾਂਦਾ ਹੈ ਕਿ ਟੇਥਿਸ ਸਾਗਰ ਦੀ ਹੀ ਇਕ ਸ਼ਾਖ ਸਾਲਟਰੇਂਜ (ਪਾਕਿਸਤਾਨ) ਅਤੇ ਬਲੋਚਿਸਤਾਨ ਵਿਚੋਂ ਹੁੰਦੀ ਹੋਈ ਕੱਛ ਅਤੇ ਪੱਛਮੀ ਰਾਜਸਥਾਨ ਤੱਕ ਖਾੜੀ ਦੇ ਰੂਪ ਵਿਚ ਆਈ ਸੀ। ਭਾਰਤ ਵਿਚ ਪਰਤਦਾਰ-ਚਟਾਨਾਂ ਦੇ ਵਿਗਿਆਨ ਵਿਚ ਕੱਛ ਦੀਆਂ ਜੁਰੈਸਿਕ ਚਟਾਨਾਂ ਦਾ ਮਹੱਤਵਪੂਰਨ ਸਥਾਨ ਹੈ ਕਿਉਂਕਿ ਇਨ੍ਹਾਂ ਵਿਚ ਜੀਵਾਂ ਦੇ ਫ਼ਾੱਸਿਲ ਬਹੁਤ ਜ਼ਿਆਦਾ ਅਤੇ ਵੱਖ-ਵੱਖ ਵਰਗਾਂ ਦੇ ਹਨ ਜਿਨ੍ਹਾਂ ਤੋਂ ਜੀਵਾਂ ਦੇ ਵਿਕਾਸ ਉਪਰ ਬਹੁਤ ਚਾਨਣ ਪੈਂਦਾ ਹੈ।

**ਜੁਰੈਸਿਕ ਯੁਗ ਦੇ ਪੱਧਰਾਂ ਦਾ ਵਰਗੀਕਰਨ ਅਤੇ ਸਹਿਸਬੰਧ**

| | | | ਭਾਰਤ | | | |
|---|---|---|---|---|---|---|
| ਇੰਗਲੈਂਡ | ਫਰਾਸ | ਜਰਮਨੀ | ਸਪਿੱਤੀ | ਸ਼ਿਮਲਾ | ਕੱਛ | ਰਾਜਸਥਾਨ |
| ਪਰਬੇਕਿਅਨ | | | ਲੋਚੰਬੇਲ | | ਉਮਿਆ | ਜੈਸਲਮੇਰ |
| ਪੋਰਟਲੈਂਡਿਅਨ | | | | ਤਾਲ | ਕੰਤਰੋਲਾ | ਬੀਕਾਨੇਰ |
| ਕਿਮਰਿਜਿਅਨ | | | ਚਿਡਾਮੂ | ਸ਼੍ਰੇਣੀ | ਚਾਰੀ | ਬਦਸਾਰ |
| ਆੱਕਸਫੋਰਡਿਅਨ | | | ਬੇਲਮੇਨਾਈਟ | | ਪੱਚਮ | ਪਰਿਹਾਰ |
| ਕੈਲੋਵਿਅਨ | | | | | | ਆਬਰੂ |
| ਬੈਥੋਨਿਅਨ | | | | | | |
| ਬੈਜੋਸਿਅਨ | | | | | | |
| ਟੋਅਰਸਿਅਨ | | | ਸਲਕੇਕਿਉਟਸ | | | |
| ਪਲਾਇੰਸ ਬੇਕਿਅਨ | | | ਟੈਂਗਲਿੰਗ | | | |
| ਸਿਨੇਮਰਿਅਨ | | | ਮੈਗਾਲੋਡਾਨ | | | |
| ਹਿਟੈਂਗਿਅਨ | | | | | | |

**ਜੀਵ-ਜੰਤੂ ਅਤੇ ਬਨਸਪਤੀ**—ਇਸ ਯੁੱਗ ਦੇ ਜੀਵਾਂ ਵਿਚ ਐਮੋਨਾਇਡ ਵਰਗ ਦੇ ਜੀਵਾਂ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਦੇ ਆਧਾਰ ਉੱਤੇ ਹੀ ਓਪੇਲ ਨੇ ਪਹਿਲੀ ਵਾਰ ਇਨ੍ਹਾਂ ਚਟਾਨ-ਸਮੂਹਾਂ ਦਾ ਵਰਗੀਕਰਨ ਕੀਤਾ। ਇਸ ਯੁਗ ਦੇ ਹੋਰ ਜੀਵਾਂ ਵਿਚ ਬੇਲੇਮਨਾਈਟਸ, ਬ੍ਰੈਕੀਓਪੋਡਾ, ਏਕੀਨਾਇਡ ਅਤੇ ਕੋਰਲ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹਨ। ਰੀੜ੍ਹਧਾਰੀ ਜੀਵ ਅਤੇ ਰੀਂਗਣੇ-ਪ੍ਰਾਣੀ ਬਹੁਤ ਵਿਸ਼ਾਲ ਸਰੀਰ ਵਾਲੇ ਸਨ ਅਤੇ ਗਿਣਤੀ ਵਿਚ ਵੀ ਬਹੁਤ ਜ਼ਿਆਦਾ ਸਨ। ਇਸੇ ਯੁਗ ਵਿਚ ਪਹਿਲੇ ਪੰਛੀ ਦੇ ਫਾੱਸਿਲ ਵੀ ਮਿਲੇ ਹਨ।

ਇਸ ਯੁਗ ਦੀ ਬਨਸਪਤੀ ਵਿਚ ਸਾਈਕੈਡ, ਕੋਨੀਫ਼ਰ ਅਤੇ ਫ਼ਰਨ ਵਰਗ ਦੇ ਪੌਦੇ ਬਹੁਤ ਗਿਣਤੀ ਵਿਚ ਸਨ।

ਹ. ਪੁ.–ਹਿੰ. ਵਿ. ਕੋ. 5: 26

**ਜੁਲਨਾ** : ਇਹ ਭਾਰਤ ਦੇ ਹਰਿਆਣਾ ਰਾਜ ਦੇ ਜੀਂਦ ਜ਼ਿਲ੍ਹੇ ਦੀ ਜੀਂਦ ਤਹਿਸੀਲ ਦਾ ਇਕ ਸ਼ਹਿਰ ਹੈ ਜੋ ਜੀਂਦ ਤੋਂ 18 ਕਿ. ਮੀ. ਅਤੇ ਰੋਹਤਕ ਤੋ ਲਗਭਗ 20 ਕਿ. ਮੀ. ਦੀ ਦੂਰੀ ਤੇ ਜੀਂਦ ਤੋਂ ਰੋਹਤਕ ਜਾਣ ਵਾਲੀ ਸੜਕ ਉੱਤੇ ਵਸਿਆ ਹੋਇਆ ਹੈ। ਫਿਰੋਜ਼ਪੁਰ- ਦਿੱਲੀ ਰੇਲ-ਰਾਹ ਉੱਤੇ ਇਸ ਦਾ ਰੇਲਵੇ ਸਟੇਸ਼ਨ ਵੀ ਹੈ। ਤੀਜੇ ਦਰਜੇ ਦੀ ਮਿਉਂਸਪਲ ਕਮੇਟੀ ਸ਼ਹਿਰ ਦਾ ਪ੍ਰਬੰਧ ਕਰਦੀ ਹੈ। ਇਸ ਦੇ ਨਾਲ ਹੀ ਇਥੇ ਇਕ ਮਾਰਕਿਟ ਕਮੇਟੀ ਵੀ ਹੈ। ਜੁਲਨਾ ਇਲਾਕੇ ਦੇ ਗੁੜ ਅਤੇ ਖੰਡਸਰੀ ਦੀ ਖ਼ਰੀਦੋ ਫਰੋਖ਼ਤ ਦਾ ਚੰਗਾ ਕੇਂਦਰ ਹੈ। ਸ਼ਹਿਰ ਵਿਚ ਖੰਡਸਰੀ ਬਣਾਉਣ ਦੇ ਪੰਜ ਕੇਂਦਰ ਹਨ। ਇਸ ਤੋਂ ਇਲਾਵਾ ਸ਼ਹਿਰ ਵਿਚ ਹਾਈ ਸਕੂਲ,

ਸਿਵਲ ਡਿਸਪੈਂਸਰੀ ਅਤੇ ਇਕ ਪਸ਼ੂਆਂ ਦਾ ਹਸਪਤਾਲ ਵੀ ਹੈ। ਇਥੇ ਹਰ ਸਾਲ ਅਕਤੂਬਰ ਦੇ ਮਹੀਨੇ ਵਿਚ ਡੰਗਰਾਂ ਦੀ ਮੰਡੀ ਲੱਗਦੀ ਹੈ ਜਿਸ ਵਿਚ ਗਊਆਂ ਤੇ ਮੱਝਾਂ ਦੀ ਖ਼ਰੀਦੋ-ਫ਼ਰੋਖ਼ਤ ਹੁੰਦੀ ਹੈ।

ਆਬਾਦੀ–11,424 (1991)

23° 25' ਉ. ਵਿਥ.; 74° 10' ਪੂ. ਲੰਬ.

ਹ. ਪੁ.-ਪੰ. ਡਿ. ਸੈਂ. ਹੈਂ. ਬੁ. -ਸੰਗਰੂਰ

**ਜੁਲਾਹਾ** : ਇਹ ਤਾਣੀ (ਹੱਥ ਖੱਡੀ ਤੇ ਕੱਪੜਾ) ਬੁਣਨ ਵਾਲੀ ਇਕ ਜਾਤੀ ਹੈ ਜਿਸ ਨੂੰ ਪੱਛਮੀ ਪੰਜਾਬ ਦੇ ਉੱਤਰ-ਪੱਛਮੀ ਜ਼ਿਲ੍ਹਿਆਂ ਵਿਚ ਪਲੋਈ ਅਤੇ ਪੂਰਬੀ ਪੰਜਾਬ ਦੇ ਦੱਖਣ-ਪੂਰਬੀ ਪਿੰਡਾਂ ਵਿਚ ਜੁਲਾਹਾ ਕਿਹਾ ਜਾਂਦਾ ਸੀ। ਇਹ ਇਕ ਮਹੱਤਵਪੂਰਨ ਕਾਰੀਗਰ ਸ਼੍ਰੇਣੀ ਹੈ। ਪੱਛਮੀ ਜ਼ਿਲ੍ਹਿਆਂ ਵਿਚ ਇਸ ਦਾ ਖ਼ਾਸ ਮਹੱਤਵ ਹੈ ਕਿਉਂਕਿ ਇਥੇ ਸਫ਼ਾਈ ਸੇਵਕ ਤੇ ਚਮੜੇ ਦਾ ਕੰਮ ਕਰਨ ਵਾਲੇ ਤਾਣੀ ਬੁਣਨ ਦਾ ਕੰਮ ਨਹੀਂ ਕਰਦੇ। ਸਰ ਜੇਮਜ਼ ਵਿਲਸਨ ਦੇ ਵਿਚਾਰ ਵਿਚ ਚਮੜੇ ਦਾ ਕੰਮ ਕਰਨ ਵਾਲੇ ਅਤੇ ਜੁਲਾਹੇ ਸ਼ਾਇਦ ਇਕੋ ਮੂਲ ਦੇ ਹਨ। ਫ਼ਰਕ ਕੇਵਲ ਇਨ੍ਹਾਂ ਦੇ ਕੰਮਾਂ ਦੀ ਕਿਸਮ ਦੇ ਵਖਰੇਵੇਂ ਕਰਕੇ ਹੈ। ਜੁਲਾਹੇ ਹੁਣ ਚਮੜੇ ਦਾ ਕੰਮ ਨਹੀਂ ਕਰਦੇ। ਨਾ ਮੁਰਦਾਰ ਖਾਂਦੇ ਹਨ ਤੇ ਨਾ ਹੀ ਮਰੇ-ਪਸ਼ੂਆਂ ਨੂੰ ਢੋਣ- ਚੁੱਕਣ ਦਾ ਕੰਮ ਕਰਦੇ ਹਨ। ਸਗੋਂ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚ ਜੁਲਾਹਿਆਂ ਨੂੰ ਧਾਰਮਕ ਬਰਾਬਰੀ ਦਿੱਤੀ ਹੋਈ ਹੈ। ਅਸਲੀਅਤ ਇਹ ਜਾਪਦੀ ਹੈ ਕਿ ਜੁਲਾਹਾ ਸ਼ਬਦ ਫ਼ਾਰਸੀ ਦੇ ਜੁਲਾਹ ਸ਼ਬਦ ਤੋਂ ਬਣਿਆ ਹੈ ਜਿਸ ਦਾ ਮਤਲਬ ਹੈ ਧਾਗੇ ਦਾ ਗੋਲਾ ਤੇ ਇਸ ਦਾ ਹਿੰਦੀ ਰੂਪਾਂਤਰ ਹੈ ਤਾਂਤੀ ਅਤੇ ਇਹ ਕਿਸੇ ਵੀ ਸਮਾਜਕ ਤਬਕੇ ਦੇ ਬੇਘਰੇ ਵਿਅਕਤੀ ਨੂੰ ਸੌਂਪਿਆ ਜਾਣ ਵਾਲਾ ਇਕ ਉੱਚ ਧੰਦਾ ਹੁੰਦਾ ਸੀ ਜਿਸ ਕਰਕੇ ਵੱਖ-ਵੱਖ ਤਬਕਿਆਂ ਦੇ ਵੱਖ-ਵੱਖ ਜੁਲਾਹੇ ਹੁੰਦੇ ਸਨ ਜਿਵੇਂ ਕੋਲੀ ਜੁਲਾਹੇ, ਚਮੜੇ ਦਾ ਕੰਮ ਕਰਨ ਵਾਲੇ ਜੁਲਾਹੇ, ਮੋਚੀ ਜੁਲਾਹੇ ਅਤੇ ਰਾਮਦਾਸੀਏ ਜੁਲਾਹੇ ਆਦਿ। ਹੋ ਸਕਦਾ ਹੈ ਕਿ ਕੁਝ ਪੀੜ੍ਹੀਆਂ ਤੋਂ ਬਾਅਦ ਇਨ੍ਹਾਂ ਲੋਕਾਂ ਨੇ ਜੁਲਾਹੇ ਦੇ ਅਗੇਤਰ ਸ਼ਬਦਾਂ ਨੂੰ ਛੱਡ ਦਿੱਤਾ ਹੋਵੇ ਜੋ ਇਨ੍ਹਾਂ ਦੀਆਂ ਨੀਵੀਆਂ ਜਾਤਾਂ ਦਰਸਾਉਂਦੇ ਸਨ ਤੇ ਸਿੱਧਾ ਜੁਲਾਹਾ ਹੀ ਕਹਾਉਣ ਲੱਗ ਪਏ।

ਦੱਖਣ-ਪੂਰਬੀ ਪੰਜਾਬ ਵਿਚ ਅਜਿਹੇ ਜੁਲਾਹੇ ਨਾ ਹੋਣ ਬਰਾਬਰ ਹਨ ਤੇ ਇਨ੍ਹਾਂ ਦੀ ਥਾਂ ਤੇ ਕੋਲੀ ਜਾਂ ਚਮੜੇ ਦਾ ਕੰਮ ਕਰਨ ਵਾਲੇ ਤਾਣੀ ਦਾ ਕੰਮ ਕਰਦੇ ਹਨ। ਡੇਰਾਜਾਤ (ਪਾਕਿਸਤਾਨ) ਵਿਚ ਤਾਂ ਜੁਲਾਹੇ ਹਨ ਹੀ ਨਹੀਂ ਉਥੇ ਜੱਟ ਹੀ ਤਾਣੀ ਦਾ ਕੰਮ ਕਰਦੇ ਹਨ। ਕਾਂਗੜਾ, ਦਿੱਲੀ, ਅੰਬਾਲਾ, ਕਰਨਾਲ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਵਿਚ ਹਿੰਦੂ ਜੁਲਾਹੇ ਹਨ ਪਰ ਜੁਲਾਹਿਆਂ ਦੀ ਕੁੱਲ ਗਿਣਤੀ ਵਿੱਚੋਂ 92% ਮੁਸਲਮਾਨ ਸਨ।

ਜੁਲਾਹਿਆਂ ਦੇ ਕਈ ਗੋਤ ਹਨ ਜਿਨ੍ਹਾਂ ਵਿਚੋਂ ਭੱਟੀ, ਖੋਖਰ, ਜੰਜੂਆ, ਅਵਾਨ, ਸਿੰਧੂ ਅਤੇ ਕਬੀਰਬੰਸੀ ਆਦਿ ਮੁੱਖ ਹਨ। ਉਪਰੋਕਤ ਵਿਚ ਹਿੰਦੂ ਤੇ ਮੁਸਲਮਾਨ ਜੁਲਾਹੇ ਸ਼ਾਮਲ ਹਨ। ਕਬੀਰਬੰਸੀ ਜੁਲਾਹੇ ਆਪਣੇ ਆਪ ਨੂੰ ਭਗਤ ਕਬੀਰ ਜੀ ਨਾਲ ਜੋੜਦੇ ਹਨ ਜੋ ਖ਼ੁਦ ਤਾਣੀ ਬੁਣਨ ਦਾ ਕੰਮ ਕਰਦੇ ਸਨ ਤੇ ਇਹ ਲੋਕ ਇਨ੍ਹਾਂ ਦੀ ਧਾਰਮਿਕ ਸਿੱਖਿਆ ਨੂੰ ਮੰਨਦੇ ਹਨ।

ਕਬੀਰ ਪੰਥੀਆਂ ਦੇ ਨਾਲ ਸਾਬਕਾ ਫੂਲਕੀਆਂ ਰਿਆਸਤ ਵਿਚ ਇਕ ਹੋਰ ਸ਼੍ਰੇਣੀ ਦੇ ਹਿੰਦੂ ਜੁਲਾਹੇ ਵੀ ਸਨ ਜਿਨ੍ਹਾਂ ਨੂੰ ਰਾਮਦਾਸੀ ਜੁਲਾਹੇ ਕਿਹਾ ਜਾਂਦਾ ਹੈ। ਇਹ ਲੋਕ ਚਮੜੇ ਦਾ ਕੰਮ ਕਰਨ ਵਾਲਿਆਂ ਨਾਲ ਕਿਸੇ ਕਿਸਮ ਦੀ ਸਾਂਝ ਨਹੀਂ ਰੱਖਦੇ ਅਤੇ ਸਿੱਖਾਂ ਤੇ ਹਿੰਦੂਆਂ ਦੇ ਰਲਵੇਂ ਜਿਹੇ ਰਸਮੋਂ ਰਿਵਾਜ ਕਰਦੇ ਹਨ। ਭੰਗਰ, ਬਰਾਹ, ਬਰਵਾਲ, ਸੋਕਰੀ, ਚੌਹਾਨ, ਸਰੋਏ, ਸੈਨਮਾਰ, ਮਾਤੀ ਅਤੇ ਗੋਰੂ ਆਦਿ ਰਾਮਦਾਸੀ ਜੁਲਾਹਿਆਂ ਦੇ ਕੁਝ ਗੋਤ ਹਨ।

ਉਪਰੋਕਤ ਤੋਂ ਇਲਾਵਾ ਮੁਸਲਮਾਨ ਜੁਲਾਹਿਆਂ ਦੇ ਕਈ ਨਾਂ ਉਨ੍ਹਾਂ ਦੇ ਇਲਾਕੇ ਦੇ ਨਾਂ ਤੇ ਵੀ ਸਨ ਜਿਵੇਂ ਜੀਂਦ ਵਿਚ ਜੰਗਲੀ ਆਦਿ। ਨਾਭੇ ਦੇ ਜੁਲਾਹੇ ਆਪਣੇ ਛੇ ਉਪ ਗੋਤ ਦਸਦੇ ਹਨ ਜਿਨ੍ਹਾਂ ਵਿਚੋਂ ਚਾਰ ਤਾਂ ਇਲਾਕਾਈ ਗਰੁੱਪ ਸਨ ਜਿਵੇਂ ਜੰਗਲ, ਪੁਆਧੀ, ਬਾਗੜੀ ਤੇ ਮੁਲਤਾਨੀ। ਜੰਗਲੀ ਇਲਾਕੇ ਦੇ ਮੁਸਲਮਾਨ ਜੁਲਾਹਿਆਂ ਦੇ ਜੱਦੀ ਪੀਰ ਤੇ ਸੱਯਦ ਹੁੰਦੇ ਸਨ। ਇਥੋਂ ਦੇ ਜੁਲਾਹਿਆਂ ਦੇ ਗੋਤ ਜੱਟਾਂ ਦੇ ਰਾਜਪੂਤਾਂ ਵਾਲੇ ਸਨ ਤੇ ਕਿਹਾ ਜਾਂਦਾ ਹੈ ਕਿ ਇਹ ਲੋਕ ਔਰੰਗਜ਼ੇਬ ਦੇ ਸਮੇਂ ਤੋਂ ਮੁਸਲਮਾਨ ਬਣੇ ਸਨ।

ਹ. ਪੁ. -ਗ. ਟ੍ਰਾ. ਕਾ. 2 : 413

**ਜੁਲਾਬ** : ਇਸ ਦਾ ਮੂਲ 'ਗੁਲ-ਆਬ' ਅਰਥਾਤ ਗੁਲਾਬ ਦਾ ਅਰਕ ਹੈ। ਗੁਲਾਬ ਦਾ ਅਰਕ ਦਸਤਾਵਰ ਹੁੰਦਾ ਹੈ। ਇਸ ਲਈ ਦ੍ਰਾਵਕ ਦਵਾਈਆਂ ਲਈ ਇਹ ਸ਼ਬਦ ਆਮ ਵਰਤਿਆ ਜਾਂਦਾ ਹੈ। ਜੁਲਾਬ ਸ਼ਬਦ ਜਾਂ ਤਾਂ ਸਾਧਾਰਣ ਅਰਥਾਂ ਵਿਚ ਸਾਰੀਆਂ ਹੀ ਦਸਤਾਵਰ ਦਵਾਈਆਂ ਲਈ ਵਰਤਿਆ ਜਾਂਦਾ ਹੈ ਜਾਂ ਵਿਸ਼ੇਸ਼ ਤੌਰ ਤੇ ਇਹ ਦਸਤਾਵਰ ਦਵਾਈਆਂ ਦੀ ਸ਼੍ਰੇਣੀ ਵਿਚੋਂ ਕਿਸੇ ਇਕ ਲਈ ਵੀ ਵਰਤਿਆ ਜਾ ਸਕਦਾ ਹੈ। ਇਹ ਦਸਤਾਵਰ ਦਵਾਈਆਂ ਹਲਕੇ ਤੋਂ ਬਹੁਤ ਤੇਜ਼ ਜੁਲਾਬ ਲਿਆਉਣ ਦੇ ਯੋਗ ਹੁੰਦੀਆਂ ਹਨ।

ਜੁਲਾਬ ਦਾ ਅਸਰ ਪੈਦਾ ਕਰਨ ਲਈ ਵਰਤੇ ਜਾਂਦੇ ਪਦਾਰਥਾਂ ਨੂੰ ਉਨ੍ਹਾਂ ਦੀ ਕਿਰਿਆ ਅਨੁਸਾਰ ਆਮ ਤੌਰ ਤੇ ਤਿੰਨ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਪਹਿਲੇ ਗਰੁੱਪ ਵਿਚ ਸਨਾਹ, ਕੈਸਕਾਰਾ, ਕੁਆਰ ਗੰਦਲ, ਜਲਪ, ਕੌੜ-ਤੁੰਮਾ, ਪੋਡੋਫ਼ਾਈਲਮ, ਅਰਿੰਡ ਦਾ ਤੇਲ, ਫ਼ੀਨੋਲ-ਫ਼ਥੈਲੀਨ ਅਤੇ ਕੈਲੋਮਲ ਸ਼ਾਮਲ ਹਨ ਜੋ ਮਿਹਦਾ-ਆਂਦਰ ਰਸਤੇ ਵਿਚ ਖ਼ਲਸ਼ (ਜਲਣ) ਪੈਦਾ ਕਰਕੇ ਇਸ ਵਿਚ ਮੌਜੂਦ ਮਾਦੇ ਨੂੰ ਜਲਦੀ ਬਾਹਰ ਕੱਢਣ ਵਿਚ ਮਦਦ ਕਰਦੇ ਹਨ। ਦੂਜੇ ਗਰੁੱਪ ਵਿਚ ਉਹ ਪਦਾਰਥ ਸ਼ਾਮਲ ਹਨ ਜੋ ਮਿਹਦਾ-ਆਂਦਰ ਵਿਚਲੇ ਮਾਦੇ ਦੀ ਮਾਤਰਾ ਵਧਾ ਕੇ ਬਾਹਰ ਕੱਢਣ ਵਿਚ ਸਹਾਈ ਹੁੰਦੇ ਹਨ ਜਿਸ ਤਰ੍ਹਾਂ ਕਈ ਤਰ੍ਹਾਂ ਦੇ ਲੂਣ ਜਿਵੇਂ ਮੈਗਨੀਸ਼ੀਅਮ ਸਲਫ਼ੇਟ ਤੇ ਸੋਡੀਅਮ ਸਲਫ਼ੇਟ ਅਤੇ ਜਲ ਸਨੇਹੀ ਕੋਲੱਇਡ ਜਿਵੇਂ ਐਗਾਰ, ਸਿਲੀਅਮ ਬੀਜ ਅਤੇ ਮੀਥਾਈਲ ਸੈਲੂਲੋਜ਼ ਆਦਿ ਮਿਹਦਾ-ਆਂਦਰ ਰਸਤੇ ਵਿਚ ਪਾਣੀ ਰੋਕ ਕੇ ਭਾਰ ਵਧਾ ਦਿੰਦੇ ਹਨ ਜਦੋਂ ਕਿ ਗੂਹੜੇ ਲਾਲ ਨਾ ਪਚਣ ਵਾਲੇ ਰੇਸ਼ੇ ਹੀ ਵੱਧ ਜਾਂਦੇ ਹਨ। ਤੀਸਰੇ ਗਰੁੱਪ ਵਿਚ ਖਣਿਜ ਤੇਲ ਅਤੇ ਜ਼ੈਤੂਨ ਦਾ ਤੇਲ ਸ਼ਾਮਲ ਹਨ ਜੋ ਮਿਹਦਾ-ਆਂਦਰ ਰਸਤੇ ਵਿਚ ਚਿਕਨਾਹਟ ਪੈਦਾ ਕਰਦੇ ਹਨ ਅਤੇ ਮਿਹਦਾ-ਆਂਦਰ ਰਸਤੇ ਵਿਚਲਾ ਮਾਦਾ ਸੌਖਿਆਂ ਹੀ ਬਾਹਰ ਨਿਕਲ ਜਾਂਦਾ ਹੈ।

ਜੁਲਾਬ ਲਿਆਉਣ ਵਾਲੇ ਪਦਾਰਥ ਕਿਸੇ ਡਾਕਟਰ ਦੀ ਸਲਾਹ ਨਾਲ ਹੀ ਲੈਣੇ ਚਾਹੀਦੇ ਹਨ। ਗਲਤ ਕਿਸਮ ਅਤੇ ਮਾਤਰਾ ਵਿਚ ਜੁਲਾਬ ਲੈਣ ਨਾਲ ਖ਼ਤਰਨਾਕ ਹਾਲਾਤ ਵੀ ਪੈਦਾ ਹੋ ਸਕਦੇ ਹਨ।

ਹ. ਪੁ.–ਐਨ. ਬ੍ਰਿ. 5 : 74; ਮ. ਕੋ. 530

**ਜ਼ੁਲਿਫ਼ਕਾਰ ਖ਼ਾਂ ਨਸਰਤ ਜੰਗ** : ਇਸ ਦਾ ਅਸਲੀ ਨਾਉਂ ਮੁਹੰਮਦ ਇਸਮਾਈਲ ਸੀ। ਇਹ ਅਸਦ ਖ਼ਾਂ ਆਸਫ਼ੁੱਦੌਲਾ ਦਾ ਲੜਕਾ ਸੀ ਜਿਸ ਦਾ ਜਨਮ 1657 ਈ. ਵਿਚ ਹੋਇਆ।

ਔਰੰਗਜ਼ੇਬ ਦੇ ਰਾਜ ਕਾਲ ਸਮੇਂ ਇਹ 300 ਸਵਾਰਾਂ ਦੇ ਮਨਸਬ ਉੱਤੇ ਨਿਯੁਕਤ ਹੋਇਆ। ਕਾਫ਼ੀ ਦੇਰ ਬਾਅਦ ਇਸਨੂੰ ਇਤਕਾਦ ਖ਼ਾਂ ਦੀ ਉਪਾਧੀ ਦਿੱਤੀ ਗਈ। ਇਸਨੇ ਸ਼ਾਇਸਤਾ ਖ਼ਾਂ ਅਮੀਰ ਉਲ ਉਮਰਾ ਦੀ ਲੜਕੀ ਨਾਲ ਵਿਆਹ ਕਰਵਾਇਆ। ਔਰੰਗਜ਼ੇਬ ਦੇ ਸ਼ਾਸਨ ਦੇ 25ਵੇਂ ਸਾਲ ਵਿਚ ਇਸਨੂੰ ਅਜਮੇਰ ਵਿਚ ਜੁਮਲਤੁਲਮੁਲਕ ਸੁਲਤਾਨ ਮੁਹੰਮਦ ਆਜ਼ਿਮ ਦੇ ਨਾਲ ਨਿਯੁਕਤ ਕੀਤਾ ਗਿਆ। ਇਸਨੇ ਦੱਖਣ ਵਿਚ ਕ੍ਰਾਂਤੀਕਾਰੀ ਰਾਠੌਰਾਂ ਨਾਲ ਹੋਏ ਯੁੱਧ ਵਿਚ ਬੜੀ ਵੀਰਤਾ ਦਿਖਾਈ। ਇਸ ਦੀ ਬਹਾਦਰੀ ਨੂੰ ਦੇਖਦੇ ਹੋਏ ਇਸਦੇ ਅਹੁਦੇ ਵਿਚ ਵਾਧਾ ਹੋਇਆ।

ਸੰਨ 1689 ਵਿਚ ਇਸਨੇ ਰਾਹੇਰੀ ਦੇ ਕਿਲੇ ਨੂੰ ਜਿੱਤਿਆ ਅਤੇ ਸ਼ੰਭਾ ਜੀ ਨੂੰ ਉਸਦੇ ਰਿਸ਼ਤੇਦਾਰਾਂ ਸਮੇਤ ਕੈਦ ਕਰ ਲਿਆ। ਸਮਰਾਟ ਨੇ

ਖੁਸ਼ ਹੋ ਕੇ ਇਸ ਨੂੰ 2,000 ਸਵਾਰਾਂ ਦਾ ਮਨਸਬ ਦੇ ਕੇ ਸਨਮਾਨਿਤ ਕੀਤਾ ਅਤੇ ਨਾਲ ਹੀ ਜ਼ੁਲਿਫ਼ਕਾਰ ਖ਼ਾਂ ਦੀ ਉਪਾਧੀ ਦਿੱਤੀ। 35ਵੇਂ ਸਾਲ ਵਿਚ ਇਸ ਦਾ ਮਨਸਬ ਵਧਾ ਕੇ ਚਾਰ ਹਜ਼ਾਰੀ ਕਰ ਦਿੱਤਾ।

ਇਸ ਤੋਂ ਮਗਰੋਂ ਇਸ ਨੂੰ ਜਿੰਜੀ ਕਿਲੇ ਉੱਤੇ ਹਮਲਾ ਕਰਨ ਲਈ ਨਿਯੁਕਤ ਕੀਤਾ ਗਿਆ। ਇਸਨੇ ਬੜੇ ਹੌਂਸਲੇ ਨਾਲ ਕਿਲੇ ਨੂੰ ਘੇਰ ਲਿਆ ਪਰ ਖਾਣ ਦੀ ਸਾਮੱਗਰੀ ਦੀ ਘਾਟ ਕਾਰਨ ਤੇ ਮਰਾਠਾ ਲੁਟੇਰਿਆਂ ਦੇ ਵਿਭਚਾਰ ਕਰਕੇ ਇਸਨੂੰ ਆਪਣੀ ਸਥਿਤੀ ਤਬਦੀਲ ਕਰਨੀ ਪਈ। ਇਸਨੇ ਕਿਲੇ ਤੋਂ 39 ਕਿ.ਮੀ. ਹਟਕੇ ਡੇਰਾ ਲਾਇਆ। ਕਾਫ਼ੀ ਸੰਘਰਸ਼ ਕਰਨ ਮਗਰੋਂ ਇਸ ਨੇ ਜਿੰਜੀ ਦਾ ਕਿਲਾ ਜਿੱਤ ਲਿਆ। 46ਵੇਂ ਸਾਲ ਵਿਚ ਇਸ ਨੂੰ ਮੀਰ ਬਖ਼ਸ਼ੀ ਨਿਯੁਕਤ ਕੀਤਾ। 48ਵੇਂ ਸਾਲ ਵਿਚ ਇਸ ਨੇ ਵਾਕਨਕੀਰਾ ਕਿਲੇ ਉੱਤੇ ਜਲਦੀ ਹੀ ਅਧਿਕਾਰ ਕਰ ਲਿਆ।

ਔਰੰਗਜ਼ੇਬ ਦੀ ਮੌਤ ਮਗਰੋਂ ਸ਼ਹਿਜ਼ਾਦਾ ਮੁਹੰਮਦ ਆਜ਼ਮ ਨੇ ਇਸਨੂੰ ਮੀਰਬਖ਼ਸ਼ੀ ਦੇ ਅਹੁਦੇ ਤੇ ਬਹਾਲ ਰੱਖਿਆ। ਬਹਾਦਰਸ਼ਾਹ ਨੇ ਇਸਨੂੰ ਬਹੁਤ ਵੱਡਾ ਮਨਸਬ ਅਤੇ ਸਮਸਾਮੁੱਦੌਲਾ ਅਮੀਰ ਉਲ-ਉਮਰਾ ਬਹਾਦੁਰ ਨਸਰਤ ਜੰਗ ਦੀ ਉਪਾਧੀ ਦੇ ਨਾਲ ਦੱਖਣ ਦੀ ਸੂਬੇਦਾਰੀ ਅਤੇ ਬਖ਼ਸ਼ੀਗੀਰੀ ਦੇ ਅਹੁਦੇ ਤੇ ਨਿਯੁਕਤ ਕੀਤਾ। ਮੁਨੀਮ ਖ਼ਾਂ ਖਾਨਖਾਨਾ ਦੀ ਮੌਤ ਤੋਂ ਮਗਰੋਂ ਜ਼ੁਲਿਫ਼ਕਾਰ ਖ਼ਾਂ ਨੂੰ ਮੰਤਰੀ ਪਦ ਸੌਂਪਿਆ ਗਿਆ।

ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਪੈਦਾ ਹੋਈ ਹਲਚਲ ਸਮੇਂ ਜ਼ੁਲਿਫ਼ਕਾਰ ਖ਼ਾਂ ਨੇ ਬੜੀ ਸਿਆਣਪ ਨਾਲ ਸਾਰੀ ਸਥਿਤੀ ਤੇ ਕਾਬੂ ਪਾ ਲਿਆ। ਸਾਮਰਾਜ ਦਾ ਅਧਿਕਾਰ ਜਹਾਂਦਰ ਸ਼ਾਹ ਦੇ ਹੱਥ ਆ ਗਿਆ। ਜਹਾਂਦਰ ਸ਼ਾਹ ਵਿਲਾਸੀ ਸੀ। ਜ਼ੁਲਿਫ਼ਕਾਰ ਖ਼ਾਂ ਵੀ ਸਾਰਾ ਕੰਮ ਆਪਣੇ ਪ੍ਰਬੰਧਕਾਂ ਨੂੰ ਸੌਂਪ ਕੇ ਨਿਸ਼ਚਿੰਤ ਹੋ ਗਿਆ। ਫ਼ਰੁੱਖਸਿਯਰ ਨੇ ਮੌਕੇ ਦਾ ਲਾਭ ਉਠਾ ਕੇ ਜਹਾਂਦਰ ਸ਼ਾਹ ਤੇ ਹਮਲਾ ਕਰ ਦਿੱਤਾ। ਜਹਾਂਦਰ ਸ਼ਾਹ ਤਾਂ ਭੱਜ ਗਿਆ ਪਰ ਫ਼ਰੁੱਖਸਿਯਰ ਨੇ ਜ਼ੁਲਿਫ਼ਕਾਰ ਖ਼ਾਂ ਨੂੰ ਬੜੀ ਬੇਰਹਿਮੀ ਨਾਲ ਮਰਵਾ ਦਿੱਤਾ।

ਜ਼ੁਲਿਫ਼ਕਾਰ ਖ਼ਾਂ ਇਕ ਅਨੁਭਵੀ ਵਿਅਕਤੀ ਸੀ। ਇਸ ਨੇ ਆਪਣੇ ਜੀਵਨ ਵਿਚ ਬੜਾ ਮਾਣ ਅਤੇ ਜਸ ਪ੍ਰਾਪਤ ਕੀਤਾ।

ਹ. ਪੁ.–ਹਿੰ. ਵਿ. ਕੋ. 5 : 27

**ਜੁਐਲ, ਜਾਨ** : ਇਹ ਵਿਲਟਸ਼ਿਰ ਵਿਚ ਸਾਲਿਸਬਰੀ ਦਾ ਪਾਦਰੀ ਸੀ ਜੋ ਰੋਮਨ ਕੈਥੋਲਿਕ ਵਿਰੋਧੀਆਂ ਦੇ ਉਲਟ ਮਲਕਾ ਇਲਿਜ਼ਬਥ ਪਹਿਲੀ ਦੀ ਧਾਰਮਕ ਨੀਤੀ ਦਾ ਪੱਖੀ ਸੀ। ਇਸ ਦਾ ਜਨਮ ਡੈਵੋਨਸ਼ਿਰ ਵਿਚ ਬੂਡਨ ਵਿਖੇ 24 ਮਈ, 1522 ਨੂੰ ਹੋਇਆ। ਵਿਦਿਆ ਪ੍ਰਾਪਤ ਕਰਨ ਮਗਰੋਂ 1542 ਈ. ਵਿਚ ਇਹ ਕਾਰਪਸ ਕ੍ਰਿਸਟੀ ਕਾਲਜ ਦਾ ਫੈਲੋ ਚੁਣਿਆ ਗਿਆ। ਪ੍ਰੋਟੈਸਟੈਂਟ ਬਾਦਸ਼ਾਹ, ਐਡਵਰਡ ਛੇਵੇਂ ਦੇ ਰਾਜ ਸਮੇਂ ਇਹ ਇਟਲੀ ਦੇ ਵਿਦਵਾਨ ਤੇ ਸੁਧਾਰਕ ਪੀਟਰ ਮਾਰਟਰ ਤੋਂ ਪ੍ਰਭਾਵਤ ਹੋਇਆ



ਜਾਨ ਜੁਐਲ

ਅਤੇ ਇੰਗਲੈਂਡ ਵਿਚ ਸੁਧਾਰਵਾਦੀ ਪਾਰਟੀ ਦਾ ਨੇਤਾ ਬਣ ਗਿਆ। ਕੈਥੋਲਿਕ ਮਹਾਰਾਣੀ, ਮੇਰੀ ਪਹਿਲੀ ਦੇ ਰਾਜਗੱਦੀ ਤੇ ਬੈਠਣ ਸਮੇਂ ਇਸ ਨੇ ਸਵੈ-ਸੁਰੱਖਿਆ ਲਈ ਕਈ ਪ੍ਰੋਟੈਸਟੈਂਟ ਵਿਰੋਧੀ ਬਿਆਨ ਜਾਰੀ ਕੀਤੇ ਅਤੇ ਫਿਰ ਹੁਸ਼ਿਆਰੀ ਨਾਲ ਦੇਸ਼ ਵਿਚੋਂ ਭੱਜ ਕੇ ਜਰਮਨੀ ਵਿਚ ਫ੍ਰੈਂਕਫਰਟ ਵਿਖੇ ਜਾ ਵੱਸਿਆ। ਉਥੇ 1552 ਈ. ਵਿਚ 'ਬੁੱਕ ਆਫ਼ ਪ੍ਰੇਅਰ' ਦੀ ਵਰਤੋਂ ਦੇ ਵਿਵਾਦ ਸਮੇਂ ਇਸ ਨੇ ਨਰਮ ਧੜੇ ਦਾ ਪੱਖ ਕੀਤਾ। ਇਸ ਪਿੱਛੋਂ ਇਸ ਨੇ ਸਾਰੇ ਯੂਰਪ ਦਾ ਸਫ਼ਰ ਕੀਤਾ।

ਪ੍ਰੋਟੈਸਟੈਂਟ ਪੱਖੀ ਇਲਿਜ਼ਬਥ ਪਹਿਲੀ ਦੇ ਗੱਦੀ ਤੇ ਬੈਠਣ ਸਮੇਂ ਇਹ ਇੰਗਲੈਂਡ ਪਰਤ ਆਇਆ। ਸੰਨ 1559 ਦੀ ਵੈਸਟਮਿਨਸਟਰ ਕਾਨਫਰੰਸ ਸਮੇਂ ਇਸ ਨੇ ਰੋਮਨਵਾਦੀਆਂ ਦਾ ਵਿਰੋਧ ਕੀਤਾ। ਮਗਰੋਂ ਇਲਿਜ਼ਬਥ ਦੇ ਰਵੱਈਏ ਅਨੁਸਾਰ ਕੈਥੋਲਿਕਾਂ ਪ੍ਰਤੀ ਇਹ ਵੀ ਕੁਝ ਨਰਮ ਹੋ ਗਿਆ।

ਸੰਨ 1560 ਵਿਚ ਇਹ ਸਾਲਿਸਬਰੀ ਦਾ ਬਿਸ਼ਪ ਬਣ ਗਿਆ। 23 ਸਤੰਬਰ, 1571 ਨੂੰ ਵਿਲਟਸ਼ਿਰ ਵਿਚ ਮੌਂਕਟਨ ਫਾਰਲੀ ਵਿਖੇ ਇਸ ਦੀ ਮੌਤ ਹੋ ਗਈ।

ਸੰਨ 1562 ਵਿਚ ਜੁਐਲ ਦੀ ਪ੍ਰਸਿੱਧ ਪੁਸਤਕ 'Apologia pro Ecclesia Anglicana' ਪ੍ਰਕਾਸ਼ਿਤ ਹੋਈ। ਇਸ ਦੇ ਕਈ ਨੁਕਤਿਆਂ ਬਾਰੇ ਵਿਰੋਧੀ ਗੱਲਾਂ ਪ੍ਰਕਾਸ਼ਿਤ ਹੋਈਆਂ ਜਿਨ੍ਹਾਂ ਦੇ ਉੱਤਰ ਵਿਚ ਇਸ ਨੇ 'Reply' 1565 ਈ. ਵਿਚ ਅਤੇ 'Defense of the Apology' (1566) ਈ.) ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਸ ਤਰ੍ਹਾਂ ਇਸ ਨੇ ਇੰਗਲੈਂਡ ਦੀ ਧਾਰਮਕ ਨੀਤੀ ਨੂੰ ਪੱਕੇ ਪੈਰਾਂ ਤੇ ਖੜਾ ਕਰ ਦਿੱਤਾ।

ਹ. ਪੁ.–ਐਨ. ਬ੍ਰਿ. ਮਾ. 5: 552

**ਜੂੰ** : ਇਹ ਪੰਛੀਆਂ ਅਤੇ ਥਣਧਾਰੀ ਪ੍ਰਾਣੀਆਂ ਉੱਤੇ ਪਰਜੀਵੀ ਜੀਵਨ ਜੀਉਣ ਵਾਲੇ, ਛੋਟੇ-ਛੋਟੇ ਪਰਹੀਨ ਕੀੜੇ ਹਨ। ਇਨ੍ਹਾਂ ਨੂੰ ਮੈਲੋਫੈਗਾ (ਕੱਟਣ ਵਾਲੀਆਂ ਜੂੰਆਂ) ਅਤੇ ਐਨਾਪਲੂਰਾ (ਚੂਸਣ ਵਾਲੀਆਂ ਜੂੰਆਂ) ਦੋ ਵਰਗਾਂ ਵਿਚ ਰੱਖਿਆ ਜਾਂਦਾ ਹੈ। ਅਸਲੀ ਜੂੰਆਂ ਤੋਂ ਇਲਾਵਾ ਕਈ ਹੋਰ ਵਰਗਾਂ ਦੇ ਕੀੜਿਆਂ ਦੇ ਨਾਂ ਨਾਲ ਵੀ ਜੂੰ ਸ਼ਬਦ ਲਾ ਦਿੱਤਾ ਜਾਂਦਾ ਹੈ।

ਜੂੰਆਂ ਰੋਮਦਾਰ ਅਤੇ ਚਪਟੇ ਕੀੜੇ ਹਨ ਜਿਨ੍ਹਾਂ ਦੀਆਂ ਅੱਖਾਂ ਬਹੁਤ ਛੋਟੀਆਂ ਹੁੰਦੀਆਂ ਹਨ ਜਾਂ ਹੁੰਦੀਆਂ ਹੀ ਨਹੀਂ। ਇਨ੍ਹਾਂ ਦੀਆਂ ਚੰਗੀਆਂ ਵਿਕਸਿਤ ਨਹੁੰਦਰਾਂ ਹੁੰਦੀਆਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਪਰਪੋਸ਼ੀ ਨਾਲ ਚਿੰਬੜੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਅੰਡੇ ਵਾਲਾਂ, ਖੰਭਾਂ ਜਾਂ ਕੱਪੜਿਆਂ ਨਾਲ ਚਿੰਬੜੇ ਰਹਿੰਦੇ ਹਨ ਅਤੇ ਬੱਚੇ ਅੰਡਿਆਂ ਵਿਚੋਂ ਨਿਕਲਦੇ ਸਾਰ ਚੁਸਤ ਹੁੰਦੇ ਹਨ। ਬੱਚੇ ਸਰੀਰਕ ਬਣਤਰ ਅਤੇ ਆਦਤਾਂ ਵਿਚ ਬਾਲਗ਼ ਨਾਲ ਮਿਲਦੇ ਜੁਲਦੇ ਹੁੰਦੇ ਹਨ ਪਰ ਲਿੰਗੀ ਪ੍ਰੋੜਤਾ ਆਉਣ ਤੋਂ ਪਹਿਲਾਂ ਇਹ ਕਈ ਵਾਰ ਕੁੰਜ ਉਤਾਰਦੇ ਹਨ। ਜਦੋਂ ਇਨ੍ਹਾਂ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਬਹੁਤ ਖ਼ੁਰਕ ਹੁੰਦੀ ਹੈ।

ਕੱਟਣ ਵਾਲੀਆਂ ਜੂੰਆਂ ਪੰਛੀਆਂ ਅਤੇ ਕੁਝ ਥਣਧਾਰੀ ਪ੍ਰਾਣੀਆਂ (ਮਨੁੱਖ ਤੋਂ ਬਿਨਾਂ) ਉੱਤੇ ਪਰਜੀਵੀ ਹੁੰਦੀਆਂ ਹਨ। ਇਹ ਤਕਰੀਬਨ 6 ਮਿ. ਮੀ. ਲੰਬੀਆਂ ਅਤੇ ਚਿੱਟੇ ਜਿਹੇ, ਪੀਲੇ, ਲਾਲ, ਭੂਰੇ, ਕਾਲੇ ਆਦਿ ਰੰਗਾਂ ਦੀਆਂ ਹੁੰਦੀਆਂ ਹਨ।

ਚੂਸਣ ਵਾਲੀਆਂ ਜੂੰਆਂ ਥਣਧਾਰੀਆਂ ਦੇ ਲਹੂ ਜਾਂ ਟਿਸ਼ੂ-ਤਰਲ ਤੇ ਆਹਾਰ ਕਰਦੀਆਂ ਹਨ। ਇਹ ਕੱਟਣ ਵਾਲੀਆਂ ਜੂੰਆਂ ਤੋਂ ਛੋਟੀਆਂ ਅਤੇ ਇਨ੍ਹਾਂ ਦਾ ਰੰਗ ਪੀਲਾ ਜਿਹਾ ਹੁੰਦਾ ਹੈ। ਇਹ ਕਿਸੇ ਇਕ ਪ੍ਰਜਾਤੀ ਦੀ ਸਿਰਫ਼ ਇਕੋ ਜਾਂ ਕੁਝ ਕੁ ਹੀ ਜਾਤੀਆਂ ਉੱਤੇ ਪਰਜੀਵੀ ਹੁੰਦੀਆਂ ਹਨ।

ਮਨੁੱਖ ਤੇ ਮਿਲਣ ਵਾਲੀ ਜਾਤੀ ਪਿਡੀਕਿਉਲਸ ਹਿਊਮੇਨਸ (Pediculus Humanus) ਦੀਆਂ ਦੋ ਕਿਸਮਾਂ ਹਨ–ਪਿਡੀਕਿਉਲਸ

ੇਹਊਮੇਨਸ ਕੈਪਟਿਸ (P.H. Capitis), ਜਿਹੜੀ ਸਿਰ ਦੇ ਵਾਲਾਂ ਵਿਚ ੁੰਦੀ ਹੈ ਅਤੇ ਪਿਡੀਕਿਊਲਸ ਹਿਊਮੇਨਸ ਕਾਰਪੋਰਿਸ (P.H.



ਜੂੰ

ੋorporis), ਜਿਹੜੀ ਸਰੀਰ ਉੱਤੇ ਹੁੰਦੀ ਹੈ। ਇਹ ਚਮੜੀ ਵਿਚ ਬਹੁਤ ਰਕ ਪੈਦਾ ਕਰਦੀਆਂ ਹਨ ਪਰ ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ੰਮ ਇਹ ਹੈ ਕਿ ਇਹ ਇਕ ਮਨੁੱਖ ਤੋਂ ਦੂਜੇ ਤੱਕ ਕਈ ਬੀਮਾਰੀਆਂ ਦੇ ਜੰਟ ਪਹੁੰਚਾਉਂਦੀਆਂ ਹਨ ਜਿਵੇਂ ਟਾਈਫ਼ਸ ਫ਼ੀਵਰ, ਪਹਿਲੇ ਸੰਸਾਰ ੁੱਧ ਦਾ ਟ੍ਰੈਂਚ ਫ਼ੀਵਰ (ਖੰਦਕ ਰੋਗ) ਅਤੇ ਜੂੰਆਂ ਰਾਹੀਂ ਪੈਦਾ ਕੀਤਾ ਰਲੈਪਸਿੰਗ ਫ਼ੀਵਰ।

ਮਨੁੱਖ ਤੇ ਮਿਲਣ ਵਾਲੀ ਇਕੋ ਇਕ ਹੋਰ ਕਿਸਮ ਪਿਊਬਿਕ ਜਾਂ ੈਬ ਜੂੰ (Phthirus Pubis) ਹੈ ਜਿਹੜੀ ਕਦੀ-ਕਦੀ ਕੱਛਾਂ, ਰਵੱਟਿਆਂ, ਦਾੜ੍ਹੀ ਅਤੇ ਪਿਊਬਿਸ ਹਿੱਸਿਆਂ ਦੇ ਵਾਲਾਂ ਵਿਚ ਮਿਲਦੀ ।

ਇਸ ਨਾਲ ਮਿਲਦੀਆਂ ਜੁਲਦੀਆਂ ਕੁਝ ਹੋਰ ਜਾਤੀਆਂ ਡੀਕਿਊਲਸ ਸ਼ਾਫੀ (P. Shaffi ਚਿੰਪੈਂਜੀ ਉੱਤੇ ਮਿਲਣ ਵਾਲੀ), ਡੀਕਿਊਲਸ ਗੋਰਿੱਲੀ (P. Gorillae ਗੋਰਿੱਲਾ ਤੇ ਮਿਲਣ ਵਾਲੀ), ਡੀਕਿਊਲਸ ਮੱਜਾਬਰਗੀ (P. Mjobergi ਨਵੀਂ ਦੁਨੀਆ ਦੇ ਬਾਂਦਰਾਂ ਚ) ਅਤੇ ਪਿਡੀਕੀਨਸ ਪ੍ਰਜਾਤੀ ਪੁਰਾਣੀ ਦੁਨੀਆ ਦੇ ਪ੍ਰਾਈਮੇਟਾਂ ਵਿਚ ਲਣ ਵਾਲੀ ਕਿਸਮ ਹੈ।

ਮਨੁੱਖ ਦੇ ਸਰੀਰ ਉੱਤੇ ਇਨ੍ਹਾਂ ਦੇ ਝੁੰਡਾਂ ਉੱਤੇ ਕਈ ਰਸਾਇਣਿਕ ਟ ਨਾਸ਼ਕਾਂ ਦੀ ਵਰਤੋਂ, ਕੱਪੜਿਆਂ ਨੂੰ ਜ਼ਹਿਰੀਲੀਆਂ ਗੈਸਾਂ, ਸਾਇਣਿਕ ਘੋਲਾਂ ਅਤੇ ਗਰਮੀ ਨਾਲ ਜਰਮ-ਰਹਿਤ ਕਰਨ ਦੇ ਤਰੀਕੇ ਤੇ ਪਾਲਤੂ ਜਾਨਵਰਾਂ ਨੂੰ ਰਸਾਇਣਿਕ ਘੋਲਾਂ ਵਿਚ ਨਹਾਉਣ ਜਾਂ ੜਕਾਉ ਲਾਭਦਾਇਕ ਸਿੱਧ ਹੋਏ ਹਨ।

ਹ. ਪੁ.–ਐਨ. ਬ੍ਰਿ. 14 : 362

**ਜੂਇਟ, ਸਾਰਾ ਆੱਰਨ** : ਇਸ ਅਮਰੀਕੀ ਨਾਵਲਕਾਰ ਅਤੇ ਕਹਾਣੀ ਲੇਖਿਕਾ ਦਾ ਜਨਮ 3 ਸਤੰਬਰ, 1849 ਨੂੰ ਮੇਨ ਰਾਜ ਵਿਚ ਦੱਖਣੀ ਬੈਰਿਕ ਵਿਖੇ ਹੋਇਆ। ਇਸਨੇ ਬੈਰਿਕ ਅਕਾਦਮੀ ਤੋਂ ਸਿੱਖਿਆ ਪ੍ਰਾਪਤ ਕੀਤੀ ਪਰ ਅਸਲ ਵਿਦਿਆ ਇਸ ਨੇ ਆਪਣੇ ਡਾਕਟਰ ਪਿਤਾ ਨਾਲ ਖੇਤਾਂ ਵਿਚ ਪਿੰਡਾਂ ਵਿਚ ਘੋੜ-ਸਵਾਰੀ ਕਰਦਿਆਂ ਪ੍ਰਾਪਤ ਕੀਤੀ। ਸੰਨ 1869 ਵਿਚ ਇਸ ਨੇ 'ਐਟਲਾਂਟਿਕ ਮੰਥਲੀ' ਵਿਚ ਲੇਖ ਭੇਜੇ। ਇਸ ਰਸਾਲੇ ਵਿਚ ਇਸ ਦੇ ਕਈ ਲੇਖ ਛਪੇ। ਇਸ ਨੇ ਆਪਣੇ ਆਲੇ-ਦੁਆਲੇ ਦੇ ਪ੍ਰਾਂਤਕ ਜੀਵਨ ਨੂੰ ਇਸ ਢੰਗ ਅਤੇ ਖ਼ੂਬੀ ਨਾਲ ਚਿਤਰਿਆ ਹੈ ਕਿ ਇਸ ਦੀਆਂ ਤੇਜ਼ੀ ਨਾਲ ਖ਼ਤਮ ਹੋ ਰਹੀਆਂ ਨਰੋਈਆਂ ਰਵਾਇਤਾਂ ਕਾਇਮ ਰਹਿ ਸਕਣ। ਇਸ ਨੇ ਕਈ ਨਾਵਲ ਲਿਖੇ ਪਰ ਇਸ ਦੀਆਂ ਨਿੱਕੀਆਂ ਕਹਾਣੀਆਂ ਅਤੇ ਰੇਖਾ-ਚਿੱਤਰਾਂ ਦੀ ਗਿਣਤੀ ਵਧੇਰੇ ਹੈ। ਇਸ ਦੀਆਂ ਸੰਗ੍ਰਹਿ ਕੀਤੀਆਂ ਕਵਿਤਾਵਾਂ ਨੂੰ 1916 ਈ. ਵਿਚ ਇਸ ਦੀ ਮੌਤ ਤੋਂ ਬਾਅਦ ਪ੍ਰਕਾਸ਼ਿਤ ਕੀਤਾ ਗਿਆ। ਇਹ ਪਹਿਲੀ ਔਰਤ ਸੀ ਜਿਸ ਨੂੰ 1901 ਈ. ਵਿਚ ਬੋਡੋਇਨ ਕਾਲਜ ਤੋਂ ਆਨਰੇਰੀ ਡਿਗਰੀ ਪ੍ਰਾਪਤ ਹੋਈ। ਸੰਨ 1902 ਵਿਚ ਇਕ ਐਕਸੀਡੈਂਟ ਨੇ ਇਸ ਨੂੰ ਨਕਾਰਾ ਕਰ ਦਿੱਤਾ ਜਿਸ ਕਾਰਨ ਇਸ ਦਾ ਲਿਖਾਰੀ ਜੀਵਨ ਖ਼ਤਮ ਹੋ ਗਿਆ। 24 ਜੂਨ, 1909 ਨੂੰ ਦੱਖਣੀ ਬੈਰਿਕ ਵਿਖੇ ਇਸ ਦੀ ਮੌਤ ਹੋ ਗਈ।

ਇਸ ਦੀਆਂ 20 ਪੁਸਤਕਾਂ ਵਿਚੋਂ 'ਡੀਪਹੈਵਨ' (1877) ਅਤੇ 'ਦੀ ਕੰਟਰੀ ਆਫ਼ ਦੀ ਪੁਆਇੰਟਿਡ ਫਰਜ਼' (1896) ਬਹੁਤ ਪ੍ਰਸਿੱਧ ਹਨ। 'ਏ ਵਾਈਟ ਹੈਰਨ' (1888), 'ਦੀ ਕਿੰਗ ਆਫ਼ ਫੋਲੀ ਆਈਲੈਂਡ' (1888), 'ਏ ਨੇਟਿਵ ਆਫ਼ ਵਿਨਜ਼ਬਾਈ' (1893) ਅਤੇ 'ਦੀ ਲਾਈਫ਼ ਆਫ਼ ਨੈਨਸੀ' (1895) ਇਸ ਦੀਆਂ ਉੱਤਮ ਕਹਾਣੀਆਂ ਹਨ। 'ਏ ਕੰਟਰੀ ਡਾਕਟਰ' (1884), 'ਏ ਮਾਰਸ਼ ਆਈਲੈਂਡ' (1885) ਅਤੇ 'ਦੀ ਟੋਰੀ ਲਵਰ' (1901) ਇਸ ਦੇ ਤਿੰਨ ਨਾਵਲ ਹਨ।

ਹ. ਪੁ.–ਵ. ਯੂ. ਐਨ. 8 : 2661; ਐਨ. ਅਮੈ. 16 : 59; ਐਨ. ਬ੍ਰਿ. ਮਾ. 5 : 553; ਐਨ. ਬ੍ਰਿ. 12 : 1039

**ਜੂਸਟੀ, ਜੂਸੈਪ** : ਇਹ ਇਟਲੀ ਦਾ ਕਵੀ ਅਤੇ ਵਿਅੰਗ ਲੇਖਕ ਸੀ। ਇਸ ਦਾ ਜਨਮ 13 ਮਈ, 1809 ਨੂੰ ਟਸਕਨੀ ਵਿਚ, ਮਾਨਸੂਮਨੋ ਵਿਖੇ ਹੋਇਆ। ਪੀਸਾ ਵਿਖੇ ਦੋ ਵਾਰ (1826-29 ਅਤੇ 1832-34 ਈ.) ਕਾਨੂੰਨ ਦਾ ਵਿਦਿਆਰਥੀ ਰਹਿਣ ਤੋਂ ਬਾਅਦ 1848 ਦੇ ਵਿਦਰੋਹ ਤੱਕ ਇਸ ਦਾ ਜੀਵਨ ਗੁਮਨਾਮ ਰਿਹਾ ਸੀ। ਕੁਝ ਚਿਰ ਲਈ



ਜੂਸੈਪ ਜੂਸਟੀ

ਇਹ ਟਸਕਨੀ ਦੀ ਲੈਜਿਸਲੇਟਿਵ ਅਸੈਂਬਲੀ ਦਾ ਡਿਪਟੀ ਰਿਹਾ। ਇਸ ਦੀ ਮੌਤ ਫ਼ਲੋਰੈਂਸ ਵਿਖੇ 31 ਮਾਰਚ, 1850 ਨੂੰ ਹੋਈ।

ਇਸ ਦੀਆਂ ਵਿਅੰਗਾਤਮਕ ਕਵਿਤਾਵਾਂ ਦਾ ਪਹਿਲਾਂ ਹੱਥ ਲਿਖਤ ਰੂਪ ਵਿਚ ਹੀ ਪ੍ਰਚਾਰ ਹੋਇਆ। ਇਸ ਦੇ ਪਹਿਲੇ ਕਾਵਿ ਸੰਗ੍ਰਹਿ 'Pesie Itialliane' ਅਤੇ 'Versi' ਇਟਲੀ ਤੋਂ ਬਾਹਰ ਲੇਖਕ ਦੇ ਨਾਂ ਤੋਂ ਬਿਨਾਂ ਹੀ ਛਪਵਾਉਣੇ ਪਏ। ਇਸ ਦੀਆਂ 'La Ghigliottina a Uapore' (1833), 'Lo Stivale' (1836), 'La Terra Demorti' ਅਤੇ 'Gl Gingillino' ਆਦਿ ਪ੍ਰਸਿੱਧ ਵਿਅੰਗਾਤਮਕ ਕਵਿਤਾਵਾਂ ਹਨ। 'Sant Ambrogio' (ਲ. 1846 ਈ.) ਇਸ ਦੀ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। ਇਸ ਦੀ ਸੰਪੂਰਨ ਰਚਨਾ ਦਾ ਸੰਪਾਦਨ 1924 ਈ. ਵਿਚ ਐਫ. ਮਾਰਟੀਨੀ ਨੇ ਕੀਤਾ। ਇਸ ਵਿਚ ਛਪੀਆਂ ਤੇ ਅਣਛਪੀਆਂ ਰਚਨਾਵਾਂ ਨੂੰ ਇਕੱਤਰ ਕਰ ਦਿੱਤਾ ਗਿਆ।

ਹ. ਪੁ.–ਐਨ. ਬ੍ਰਿ. 10 : 437; ਐਨ. ਬ੍ਰਿ. ਮਾ. 4 : 560

**ਜੂਸਟੀ ਨਿਆਨੀ** : ਇਹ ਇਟਲੀ ਦਾ ਇਕ ਪ੍ਰਸਿੱਧ ਖ਼ਾਨਦਾਨ ਸੀ ਜਿਸ ਦਾ ਮੁੱਢ ਵੀਨਸ ਤੋਂ ਹੋਇਆ ਤੇ ਬਾਅਦ ਵਿਚ ਇਹ ਜੈਨੋਆ ਵਿਖੇ ਜਾ ਕੇ ਵੱਸਣ ਲੱਗ ਪਿਆ। ਇਸ ਖ਼ਾਨਦਾਨ ਦੇ ਬਹੁਤ ਸਾਰੇ ਮੈਂਬਰਾਂ ਵਿਚੋਂ ਕਈ ਉੱਘੇ ਵਿਅਕਤੀ ਹੋਏ ਹਨ। ਲੀਓਨਾਰਦੋ ਜੂਸਟੀ ਨਿਆਨੀ ਦਾ ਜਨਮ 1388 ਈ. ਵਿਚ ਹੋਇਆ ਤੇ ਇਹ ਵੀਨਸੀ ਕਵੀ ਦੇ ਤੌਰ ਤੇ ਮਸ਼ਹੂਰ ਹੋਇਆ। ਇਸ ਨੇ ਇਤਾਲਵੀ ਭਾਸ਼ਾ ਵਿਚ ਕਈ ਹਲਕੇ-ਫੁਲਕੇ ਸਰੋਦੀ ਗੀਤ ਲਿਖੇ ਜੋ ਪੁਨਰ-ਜਾਗ੍ਰਿਤੀ ਕਾਲ ਸਮੇਂ ਸੰਗੀਤ ਨਾਲ ਗਾਏ ਜਾਣ ਤੇ ਇੰਨੇ ਪ੍ਰਸਿੱਧ ਹੋਏ ਕਿ ਇਸ ਕਿਸਮ ਦੇ ਗੀਤਾਂ ਨੂੰ ਜੂਸਟੀ ਨਿਆਨੀ ਕਿਹਾ ਜਾਣ ਲੱਗਾ। ਸੰਨ 1446 ਵਿਚ ਇਸ ਦੀ ਮੌਤ ਹੋ ਗਈ।

ਆੱਗਾਸਟੀਨੋ ਜੂਸਟੀ ਨਿਆਨੀ ਦਾ ਜਨਮ 1470 ਈ. ਵਿਚ ਹੋਇਆ। ਇਹ ਇਸ ਬੰਸ਼ ਦੀ ਜੈਨੋਆ ਸ਼ਾਖਾ ਵਿਚੋਂ ਸੀ। ਸੋਲ੍ਹਵੀਂ ਸਦੀ ਦੇ ਮੁੱਢ ਤੋਂ ਹੀ ਇਹ ਕੋਰਸਿਕਾ ਦਾ ਬਿਸ਼ਪ ਬਣ ਗਿਆ ਅਤੇ ਬਾਅਦ ਵਿਚ ਪੈਰਿਸ ਯੂਨੀਵਰਸਿਟੀ ਵਿਚ ਇਸ ਨੇ ਹੀਬ੍ਰਿਊ ਅਤੇ ਅਰਬੀ ਭਾਸ਼ਾ ਦੀ ਸਭ ਤੋਂ ਵੱਡੀ ਚੇਅਰ ਸੰਭਾਲੀ। ਇਸ ਦੀ ਅੰਜੀਲ ਦੀ ਬਹੁ-ਭਾਸ਼ਾਈ ਐਡੀਸ਼ਨ 1516 ਈ. ਵਿਚ ਛਾਪੀ ਗਈ। ਸੰਨ 1536 ਵਿਚ ਇਸ ਦੀ ਮੌਤ ਹੋ ਗਈ। ਇਨ੍ਹਾਂ ਤੋਂ ਇਲਾਵਾ ਲਾਰੈਨਜ਼ੋ (1380-1350 ਈ.) ਪੀਐਂਟਰੇ, ਬਰਨਾਰਗੋ (1408-1489 ਈ.), ਆਰਸਤੋ (1538-1603 ਈ.) ਅਤੇ ਪਾਪੀਓ (1569-1616) ਇਸ ਬੰਸ਼ ਦੇ ਹੋਰ ਮਸ਼ਹੂਰ ਵਿਅਕਤੀ ਹੋਏ ਹਨ।

ਹ. ਪੁ.–ਐਨ. ਬ੍ਰਿ. 10-438; ਐਨ. ਅਮੈ. 12 : 670

**ਜੂਜ਼ ਵਾਨ ਕਲੀਵ** : ਇਹ ਫਲੈਂਡਰਜ਼ ਦਾ ਚਿੱਤਰਕਾਰ ਸੀ। ਇਸ ਦਾ ਪੂਰਾ ਨਾਂ ਜੂਜ਼ਵਾਨ ਡੇਰ ਵੀਕ ਵਾਨ ਕਲੀਵ ਸੀ। ਇਸ ਦਾ ਜਨਮ 1480 ਈ. ਵਿਚ ਹੋਇਆ। ਇਹ ਆਰੰਭ ਤੋਂ ਹੀ ਧਾਰਮਕ ਪ੍ਰਸੰਗਾਂ ਅਤੇ ਪੌਰਾਣਿਕ ਕਥਾਵਾਂ ਨੂੰ ਲੈ ਕੇ ਕਲਾ ਸਾਧਨਾ ਵੱਲ ਪਰਵਰਤਿਤ ਹੋਇਆ। ਇਸ ਦੀ ਸਭ ਤੋਂ ਪਹਿਲੀ ਕਲਾ ਕ੍ਰਿਤ 'ਆਦਮ ਅਤੇ ਹਵਾ' ਦਾ ਪੱਖਦਾਰ ਚਿੱਤਰ ਹੈ। ਮਰੀਅਮ ਦੇ ਜੀਵਨ ਪ੍ਰਸੰਗਾਂ ਸਬੰਧੀ ਇਸ ਨੇ 'ਵਰਜਿਨ' ਸਮੇਤ ਕਿੰਨੀਆਂ ਹੀ ਹੋਰ ਕਲਾ-ਕ੍ਰਿਤੀਆਂ ਦਾ ਨਿਰਮਾਣ ਕੀਤਾ। ਸੰਨ 1520 ਵਿਚ ਇਹ ਐਂਟਵਰਪ ਵਿਚ ਆਪਣੀ ਗਿਲਡ ਦਾ ਡੀਨ ਬਣਿਆ। ਇਸੇ ਦੌਰਾਨ ਡਿਊਰਰ ਇਸ ਨਗਰ ਵਿਚ ਯਾਤਰਾ ਕਰਨ ਆਇਆ। ਜੂਜ਼ ਉਸ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਇਸ ਨੇ ਮਹਾਨ ਜਰਮਨ ਕਲਾਕਾਰ ਦੇ 'ਸੇਂਟ ਜੇਰੋਮ' ਨਾਂ ਦੇ ਪ੍ਰਸਿੱਧ ਚਿੱਤਰ ਦੀ ਨਕਲ ਤਿਆਰ ਕੀਤੀ। ਇਸ ਨੂੰ ਹੋਰ ਕਲਾਕਾਰਾਂ ਤੋਂ ਸਦਾ ਅੱਗੇ ਵਧਣ ਦੀ ਪ੍ਰੇਰਨਾ ਵੀ ਮਿਲੀ। ਇਹ ਅਤਿ ਪ੍ਰਸਿੱਧ ਇਤਾਲਵੀ ਕਲਾਕਾਰ, ਲਿਉਨਾਰ ਦੋ ਦਾ ਵਿੰਚੀ ਦੀ ਵਿਲੱਖਣ ਨਿਰਮਾਣ ਪੱਧਤੀ, ਸੁਚੱਜੇ ਪ੍ਰਗਟਾਅ ਅਤੇ ਰੰਗ ਵਿਉਂਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਕਾਫ਼ੀ ਦੇਰ ਤੱਕ ਇਹ ਉਸ ਦੀ ਲੀਹ ਤੇ ਚੱਲਦਾ ਰਿਹਾ। ਇਹ 'ਪੋਰਟਰੇਟ' ਬਣਾਉਣ ਵਿਚ ਵੀ ਮਾਹਰ ਸੀ। ਇਸ ਨੇ ਅਣਗਿਣਤ ਸੁੰਦਰ ਚਿੱਤਰਾਂ ਦਾ ਨਿਰਮਾਣ ਕੀਤਾ। ਲੋਵੇਰ ਅਤੇ ਜੈਨੋਆ ਦੇ ਗਿਰਜਾ ਘਰਾਂ ਵਿਚ 'ਪਿਯਤਾ' ਅਤੇ ਹੋਰ ਕਿੰਨੇ ਹੀ ਸੁੰਦਰ ਚਿੱਤਰ ਬਣਾ ਕੇ ਦਿੱਤੇ। ਬੋਸਟਨ ਦੀ ਗਾਰਡਨਰ ਗੈਲਰੀ ਵਿਚ ਅਤੇ ਨੇਪਲਜ਼ ਅਜਾਇਬ ਘਰ ਵਿਚ 'ਈਸਾ ਦੀ ਸੂਲੀ' ਦ੍ਰਿਸ਼ ਉੱਤੇ ਇਸ ਦੇ ਦੋ ਚਿੱਤਰ ਮਿਲਦੇ ਹਨ। ਮੈਡੋਨਾ ਦੇ ਅਣਗਿਣਤ ਸੁੰਦਰ ਹਾਵਭਾਵ ਦਰਸਾਉਂਦੇ ਚਿੱਤਰ ਬਹੁਤ ਹੀ ਨਿਪੁੰਨਤਾ ਨਾਲ ਬਣਾਏ ਗਏ ਹਨ। ਇਸ ਨੇ ਆਪਣੇ ਚਿੱਤਰਾਂ ਦੀ ਪਿੱਠ-ਭੂਮੀ ਵਿਚ ਕੁਦਰਤੀ ਦ੍ਰਿਸ਼ ਚਿੱਤਰਣ ਕਰਕੇ ਮਨੋਹਰ ਸੁੰਦਰਤਾ ਦਾ ਅਦਭੁਤ ਮੇਲ ਕੀਤਾ ਹੈ। ਇਸ ਪਿੱਛੋਂ ਇਸ ਦਾ ਪੁੱਤਰ ਵੀ ਇਕ ਪ੍ਰਸਿੱਧ 'ਪੋਟਰੇਟ' ਚਿੱਤਰਕਾਰ ਹੋਇਆ।

ਹ. ਪੁ.–ਹਿੰ. ਵਿ. ਕੋ. 5 : 28

**ਜੂਡਿਆ** : ਇਸ ਨੂੰ ਜੂਡਾ ਵੀ ਕਹਿੰਦੇ ਹਨ। ਇਹ ਪੁਰਾਤਨ ਫ਼ਲਸਤੀਨ ਦੀਆਂ ਤਿੰਨ ਰਵਾਇਤੀ ਡਵੀਜ਼ਨਾਂ ਵਿਚੋਂ ਦੱਖਣੀ ਡਵੀਜ਼ਨ ਦਾ ਨਾਂ ਸੀ। ਦੂਸਰੀਆਂ ਦੋ ਡਵੀਜ਼ਨਾਂ ਵਿਚੋਂ ਉੱਤਰੀ ਨੂੰ ਗੈਲੀਲੀ ਅਤੇ ਕੇਂਦਰੀ ਡਵੀਜ਼ਨ ਨੂੰ ਸਮਾਰੀਆ ਕਹਿੰਦੇ ਸਨ। ਇਨ੍ਹਾਂ ਵਿਚੋਂ ਜੂਡਿਆ ਤੇ ਸਮਾਰੀਆ ਵਿਚਕਾਰ ਕੋਈ ਨਿਸ਼ਚਿਤ ਸੀਮਾ ਨਹੀਂ ਸੀ। ਇਸ ਖੇਤਰ ਦੇ ਕਈ ਵੱਖ-ਵੱਖ ਕਿਸਮ ਦੇ ਭੂਗੋਲਿਕ ਲੱਛਣ ਪਾਏ ਜਾਂਦੇ ਸਨ ਪਰ ਜੂਡਿਆ ਦਾ ਅਸਲੀ ਖੇਤਰ ਉਪਰਲਾ ਪਹਾੜੀ ਖੇਤਰ ਹੀ ਸੀ ਜੋ ਬੈਥਲ ਤੋਂ ਦੱਖਣ ਵੱਲ ਬੀਰਸ਼ੀਬਾ ਤੱਕ ਫੈਲਿਆ ਹੋਇਆ ਸੀ ਤੇ ਇਸ ਵਿਚ ਬੈਥਲਹੈਮ ਅਤੇ ਹੀਬ੍ਰਾਨ ਖੇਤਰ ਵੀ ਸ਼ਾਮਲ ਸੀ।

ਇਜ਼ਰਾਈਲੀਆਂ (ਯਹੂਦੀਆਂ) ਦੇ ਫ਼ਲਸਤੀਨ ਨੂੰ ਜਿੱਤਣ ਤੋਂ ਪਹਿਲਾਂ ਇਥੇ ਕਨਿਆਨਾ ਦਾ ਪ੍ਰਭਾਵ ਸੀ ਅਤੇ ਹੀਬ੍ਰਾਨ ਇਕ ਪ੍ਰਮੁੱਖ ਸ਼ਹਿਰ ਸੀ। ਜਦੋਂ ਇਜ਼ਰਾਈਲੀ ਕਬੀਲਿਆਂ ਨੇ ਇਸ ਖੇਤਰ ਤੇ ਹਮਲਾ ਕੀਤਾ ਤਾਂ ਇਨ੍ਹਾਂ ਵਿਚੋਂ ਜੂਡਾ ਕਬੀਲੇ ਨੇ ਇਸ ਖੇਤਰ ਉੱਤੇ ਅਧਿਕਾਰ ਜਮਾ ਲਿਆ। ਇਸ ਸਮੇਂ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਕਬੀਲਿਆਂ ਨੇ ਵੀ ਇਸ ਸਮੇਂ ਇਸ ਖੇਤਰ ਨੂੰ ਆਬਾਦ ਕੀਤਾ। ਦਸਵੀਂ ਪੂ. ਈ. ਵਿਚ ਜਦੋਂ ਡੇਵਿਡ, ਜੂਡਿਆ ਦਾ ਰਾਜਾ ਬਣਿਆ ਤਾਂ ਉਸ ਨੇ ਇਜ਼ਰਾਈਲੀ ਕਬੀਲਿਆਂ ਦਾ ਇਕ ਸਾਂਝਾ ਰਾਜ ਕਾਇਮ ਕੀਤਾ ਅਤੇ ਯੋਰੋਸ਼ਲਮ ਨੂੰ ਇਸ ਦਾ ਸਦਰ-ਮੁਕਾਮ ਬਣਾਇਆ। ਇਸ ਤੋਂ ਬਾਅਦ ਦੱਸਵੀਂ ਸਦੀ ਵਿਚ ਹੀ ਇਨ੍ਹਾਂ ਦੇ 10 ਉੱਤਰੀ ਕਬੀਲੇ ਸਾਂਝੇ ਰਾਜ ਵਿਚੋਂ ਵੱਖ ਹੋ ਗਏ ਪਰ ਯੋਰੋਸ਼ਲਮ ਫਿਰ ਵੀ 586 ਈ. ਤੱਕ ਇਸ ਦਾ ਸਦਰ-ਮੁਕਾਮ ਬਣਿਆ ਰਿਹਾ। ਸੰਨ 586 ਵਿਚ ਬੈਬਿਲੋਨੀਆਂ ਨੇ ਜੂਡਿਆ ਨੂੰ ਜਿੱਤ ਲਿਆ ਤੇ ਯੋਰੋਸ਼ਲਮ ਨੂੰ ਤਬਾਹ ਕਰ ਦਿੱਤਾ। ਬਾਅਦ ਵਿਚ ਈਰਾਨੀ ਰਾਜਿਆਂ ਨੇ ਬੰਦੀ ਯਹੂਦੀਆਂ ਨੂੰ ਬੈਬਿਲੋਨੀਆ ਤੋਂ ਇਨ੍ਹਾਂ ਦੇ ਮੂਲ ਸਥਾਨ ਜੂਡਿਆ ਵਾਪਸ ਆਉਣ ਦੀ ਆਗਿਆ ਦੇ ਦਿੱਤੀ ਤੇ ਨਾਲ ਹੀ ਇਹ ਵੀ ਆਗਿਆ ਦੇ ਦਿੱਤੀ ਕਿ ਉਹ ਆਪਣਾ ਧਾਰਮਕ ਮੰਦਰ ਅਤੇ ਯੋਰੋਸ਼ਲਮ ਦੀ ਦੀਵਾਰ ਮੁੜ ਬਣਾ ਲੈਣ।

ਸਿਕੰਦਰ ਮਹਾਨ ਦੀ ਪੂਰਬ ਦੀ ਜਿੱਤ ਪਿੱਛੋਂ ਕਈ ਵੱਖ-ਵੱਖ ਅਧਿਕਾਰਾਂ ਹੇਠ ਰਹਿਣ ਤੋਂ ਬਾਅਦ ਜੂਡਿਆ ਦਾ ਆਪਣਾ ਰਾਜ ਫਿਰ ਹੋਂਦ ਵਿਚ ਆਇਆ ਪਰ ਇਨ੍ਹਾਂ ਦੀ ਖਾਨਾ-ਜੰਗੀ ਕਰਕੇ 63 ਈ. ਪੂ. ਵਿਚ ਰੋਮ ਨੂੰ ਇਸ ਵਿਚ ਦਖ਼ਲਅੰਦਾਜ਼ੀ ਕਰਨੀ ਪਈ ਜਿਸ ਕਾਰਨ ਇਸ ਉੱਤੇ ਕਦੇ ਇਸ ਦੇ ਸਥਾਨਕ ਹੁਕਮਰਾਨ ਅਤੇ ਕਦੇ ਰੋਮ ਦੇ ਪ੍ਰਤੀਨਿਧ ਹਕੂਮਤ ਚਲਾਉਂਦੇ ਰਹੇ। ਸੰਨ 66 ਵਿਚ ਯਹੂਦੀ ਅੰਦੋਲਨ ਦੇ ਨਤੀਜੇ ਵਜੋਂ 70 ਈ. ਵਿਚ ਯੋਰੋਸ਼ਲਮ ਦਾ ਸ਼ਹਿਰ ਫਿਰ ਤਬਾਹ ਕਰ ਦਿੱਤਾ ਗਿਆ। ਪਰ ਆਧੁਨਿਕ ਇਜ਼ਰਾਈਲ ਵਿਚ ਲਗਭਗ ਪੁਰਾਣੇ ਉਸ ਖੇਤਰ ਲਈ ਜੂਡਿਆ ਨਾਂ ਹਾਲੇ ਵੀ ਪ੍ਰਚਲਿਤ ਹੈ।

ਹ. ਪੁ.–ਐਨ. ਬ੍ਰਿ. ਮਾ. 5 : 622; ਹਿੰ. ਵਿ. ਕੋ. 5 : 30

**ਜੂਨਟਾ ਪੀਸਾਨੋ** (Giunta Pisano) : ਇਟਲੀ ਦਾ ਇਹ ਚਿੱਤਰਕਾਰ ਪੀਸਾ ਦਾ ਰਹਿਣ ਵਾਲਾ ਸੀ। ਇਸ ਦੇ ਜਨਮ ਬਾਰੇ ਕੁਝ ਪਤਾ ਨਹੀਂ ਪਰੰਤੂ ਇਸ ਦੀ ਮੌਤ ਲਗਭਗ 1260 ਈ. ਵਿਚ ਹੋਈ। ਕੁਝ

ਆਲੋਚਕਾਂ ਅਨੁਸਾਰ ਇਸ ਨੇ ਅੰਬੀਅਨ ਕਲਾ ਦੇ ਵਿਕਾਸ ਉੱਤੇ ਬੜਾ ਪ੍ਰਭਾਵ ਪਾਇਆ। ਕਿਹਾ ਜਾਂਦਾ ਹੈ ਕਿ ਇਸ ਨੇ ਅਸੀਸੀ ਦੇ ਉਪਰਲੇ ਗਿਰਜੇ ਵਿਚ ਚਿੱਤਰਕਾਰੀ ਕੀਤੀ ਸੀ ਅਤੇ ਉੱਥੇ ਪ੍ਰਸਿੱਧ ਚਿੱਤਰ **'Crucifixion'** (1236 ਈ.) ਬਣਾਇਆ ਸੀ ਜੋ ਹੁਣ ਉਪਲਬਧ ਨਹੀਂ। ਈਸਾ ਦੇ ਸੂਲੀ ਚਾੜ੍ਹੇ ਜਾਣ ਸਬੰਧੀ ਦੋ ਤਿੰਨ ਹੋਰ ਵੱਡੇ ਆਕਾਰ ਦੇ ਚਿੱਤਰ ਅਸੀਸੀ ਅਤੇ ਪੀਸਾ ਵਿਚ ਮੌਜੂਦ ਹਨ। ਇਨ੍ਹਾਂ ਚਿੱਤਰਾਂ ਤੇ ਇਸ ਦੇ ਦਸਤਖ਼ਤ ਹਨ। ਇਨ੍ਹਾਂ ਚਿੱਤਰਾਂ ਵਿਚ ਈਸਾ ਦਾ ਸਿਰ ਦਰਦ ਦਾ ਪ੍ਰਗਟਾਉ ਕਰਦੇ ਹੋਏ ਇਕ ਪਾਸੇ ਨੂੰ ਝੁਕਿਆ ਹੋਇਆ ਦਿਖਾਇਆ ਗਿਆ ਹੈ ਅਤੇ ਸਰੀਰ ਵੀ ਦਰਦ ਨਾਲ ਅੱਗੇ ਨੂੰ ਝੁਕਿਆ ਹੋਇਆ ਦਿਖਾਇਆ ਗਿਆ ਹੈ। ਇਹ ਧਾਰਨਾ ਉਸ ਤੋਂ ਪਹਿਲੇ ਜ਼ਮਾਨੇ ਤੋਂ ਉਲਟ ਹੈ ਜਦੋਂ ਕਿ ਈਸਾ ਨੂੰ ਜਿੱਤ ਦੀ ਸ਼ਕਲ ਵਿਚ ਦਿਖਾਇਆ ਜਾਂਦਾ ਸੀ।

ਹ. ਪੁ.–ਐਨ. ਬ੍ਰਿ. ਮਾ. 4 : 560; ਐਨ. ਬ੍ਰਿ. 10 : 437

**ਜੂਨਾਗੜ੍ਹ** : ਰਿਆਸਤ—ਇਹ ਭਾਰਤ ਦੀ 'ਕਾਠੀਆਵਾੜ ਪੁਲੀਟੀਕਲ ਏਜੰਸੀ' ਬੰਬਈ ਦੀ ਇਕ ਸਾਬਕਾ ਰਿਆਸਤ ਸੀ ਇਸ ਦਾ ਕੁੱਲ ਖੇਤਰਫਲ ਲਗਭਗ 8,407 ਵ. ਕਿ. ਮੀ. (3,284 ਵ. ਮੀਲ) ਸੀ। ਇਸ ਦੇ ਉੱਤਰ ਵੱਲ ਬਾਰਦਾ ਅਤੇ ਹਾਲਾਰ ਅਤੇ ਪੂਰਬ ਵੱਲ ਅਰਬ ਸਾਗਰ ਇਸ ਦੀ ਸਰਹੱਦ ਬਣਾਉਂਦਾ ਸੀ। ਜੂਨਾਗੜ੍ਹ ਸ਼ਹਿਰ ਰਿਆਸਤ ਦਾ ਸਦਰ-ਮੁਕਾਮ ਸੀ। ਇਥੋਂ ਦੀ ਇਕੋ ਇਕ ਪਹਾੜੀ ਲੜੀ ਗਿਰਨਾਰ ਸੀ ਜਿਸ ਦੀ ਸਭ ਤੋਂ ਉੱਚੀ ਚੋਟੀ ਗੋਰਖ ਨਾਥ ਦੀ ਸਮੁੰਦਰ ਸਤਹ ਤੋਂ ਉਚਾਈ ਲਗਭਗ 1,100 ਮੀ. (3, 686 ਫੁੱਟ) ਸੀ। ਭਾਦਰ ਅਤੇ ਸਰਸਵਤੀ ਇਥੋਂ ਦੀਆਂ ਮੁੱਖ ਨਦੀਆਂ ਸਨ। ਵੇਰਾਵੇਲ, ਨਵਾਬੰਦਰ, ਸੂਤਰਪਾਰਾ ਅਤੇ ਮੰਗੋਲੋਰ ਇਸ ਦੀਆਂ ਠੀਕ ਮੌਸਮ ਵਿਚ ਕੰਮ ਆਉਣ ਵਾਲੀਆਂ ਬੰਦਰਗਾਹਾਂ ਸਨ।

ਇਤਿਹਾਸਕ ਪੱਖ ਤੋਂ 1472 ਈ. ਤੱਕ ਜੂਨਾਗੜ੍ਹ ਇਕ ਰਾਜਪੂਤ ਰਿਆਸਤ ਸੀ। ਇਸ ਤੋਂ ਬਾਅਦ ਅਹਿਮਦਾਬਾਦ ਦੇ ਸੁਲਤਾਨ, ਮੁਹੰਮਦ ਬੇਗਰਾ ਨੇ ਇਸ ਉੱਤੇ ਕਬਜ਼ਾ ਕਰ ਲਿਆ। ਅਕਬਰ ਬਾਦਸ਼ਾਹ ਦੇ ਸਮੇਂ ਇਹ ਗੁਜਰਾਤ ਦੇ ਮੁਗ਼ਲ ਗਵਰਨਰ ਦੇ ਅਧੀਨ ਸੌਂਪੀ ਦਿੱਲੀ ਦਰਬਾਰ ਦੀ ਮਲਕੀਅਤ ਸੀ। ਸੰਨ 1735 ਵਿਚ ਜਦੋਂ ਗੁਜਰਾਤ ਵਿਚ ਮੁਗ਼ਲ ਹਕੂਮਤ ਖ਼ਤਮ ਹੋ ਗਈ, ਇਥੋਂ ਦੇ ਇਕ ਸਿਪਾਹੀ ਨੇ ਮੁਗ਼ਲ ਗਵਰਨਰ ਨੂੰ ਇਥੋਂ ਕੱਢ ਕੇ ਆਪਣਾ ਰਾਜ ਕਾਇਮ ਕਰ ਲਿਆ। ਇਸ ਦੀਆਂ ਕੁਝ ਪੀੜ੍ਹੀਆਂ ਤੋਂ ਬਾਅਦ ਇਸ ਦੇ ਉੱਤਰਾਧਿਕਾਰੀਆਂ ਨੇ 1807 ਈ. ਵਿਚ ਬਰਤਾਨਵੀ ਸਰਕਾਰ ਨਾਲ ਸੰਧੀ ਕਰ ਲਈ।

ਜੂਨਾਗੜ੍ਹ ਕਾਠੀਆਵਾੜ ਦੀਆਂ ਪਹਿਲੇ ਦਰਜੇ ਦੀਆਂ ਰਿਆਸਤਾਂ ਵਿਚ ਗਿਣੀ ਜਾਂਦੀ ਸੀ। ਇਥੋਂ ਦੇ ਰਾਜੇ/ਸਰਦਾਰ ਨੂੰ ਆਪਣੀ ਪਰਜਾ ਨੂੰ ਮੌਤ ਦੀ ਸਜ਼ਾ ਦੇਣ ਦਾ ਹੱਕ ਸੀ। ਇਨ੍ਹਾਂ ਦੀ ਆਪਣੀ ਟਕਸਾਲ ਸੀ। ਇਸ ਦੀਆਂ 18 ਮਿਉਂਸਪਲਟੀਆਂ ਵਿਚੋਂ ਜੂਨਾਗੜ੍ਹ ਸਭ ਤੋਂ ਵੱਡੀ ਸੀ। ਰਿਆਸਤ ਵਿਚ 9 ਜੇਲ੍ਹ-ਘਰ, ਇਕ ਆਰਟਸ ਕਾਲਜ, ਸਰਕਾਰੀ ਹਾਈ ਸਕੂਲ ਅਤੇ 124 ਹੋਰ ਸਕੂਲ, 21 ਦਵਾਖ਼ਾਨੇ, ਇਕ ਹਸਪਤਾਲ ਅਤੇ ਇਕ ਕੋੜ੍ਹੀਆਂ ਦਾ ਆਸ਼ਰਮ ਸੀ। ਬਹੁਤੀ ਆਬਾਦੀ ਹਿੰਦੂ, ਮੁਸਲਮਾਨ ਅਤੇ ਜੈਨੀਆਂ ਦੀ ਸੀ। ਹਿੰਦੂਆਂ ਦਾ ਮਸ਼ਹੂਰ ਸੋਮਨਾਥ ਦਾ ਮੰਦਰ ਵੀ ਇਸੇ ਰਿਆਸਤ ਵਿਚ ਹੀ ਸੀ। ਇਸ ਤੋਂ ਇਲਾਵਾ ਇਥੇ ਕਈ ਹੋਰ ਪੁਰਾਣੇ ਜੈਨ, ਬੋਧੀ ਅਤੇ ਹਿੰਦੂ ਮੰਦਰ ਵੀ ਸਨ।

22° 44' ਤੋਂ 21° 51' ਉ. ਵਿਥ.; 70° ਤੋਂ 72' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 236; ਹਿੰ. ਵਿ. ਕੋ. 5 : 30

**ਜੂਨਾਗੜ੍ਹ** : ਜ਼ਿਲ੍ਹਾ—ਇਹ ਭਾਰਤ ਦੇ ਦੱਖਣ-ਪੱਛਮੀ ਗੁਜਰਾਤ ਰਾਜ ਦਾ ਇਕ ਜ਼ਿਲ੍ਹਾ ਹੈ ਜੋ ਕਾਠੀਆਵਾੜ ਪ੍ਰਾਇਦੀਪ ਦੇ ਦੱਖਣ-ਪੱਛਮ ਵਿਚ 10843 ਵ. ਕਿ. ਮੀ. (41,861 ਵ. ਮੀਲ) ਵਿਚ ਫੈਲਿਆ ਹੋਇਆ ਹੈ। ਇਸ ਦੀ ਆਬਾਦੀ 23,94,859 (1991) ਹੈ। ਇਸ ਦੇ ਦੱਖਣ-ਪੱਛਮ ਵੱਲ ਅਰਬ ਸਾਗਰ ਲੱਗਦਾ ਹੈ। ਗਿਰਨਾਰ ਪਹਾੜੀਆਂ ਤੋਂ ਇਲਾਵਾ ਇਹ ਇਕ ਪੱਧਰਾ ਮੈਦਾਨੀ ਖੇਤਰ ਹੈ। ਭਾਰਤ ਦਾ ਮਸ਼ਹੂਰ ਤੇ ਘਣਾ ਗੀਰ ਜੰਗਲ ਇਸੇ ਜ਼ਿਲ੍ਹੇ ਵਿਚ ਹੈ ਜੋ ਭਾਰਤੀ ਨਸਲ ਦੇ ਸ਼ੇਰਾਂ ਲਈ ਸਰਕਾਰੀ ਤੌਰ ਤੇ ਰਾਖਵਾਂ ਹੈ।

ਇਥੇ ਕਪਾਹ, ਅਨਾਜ, ਦਾਲਾਂ, ਤੇਲ ਵਾਲੇ ਬੀਜ ਅਤੇ ਗੰਨੇ ਦੀ ਪੈਦਾਵਾਰ ਹੁੰਦੀ ਹੈ। ਜ਼ਿਲ੍ਹੇ ਵਿਚ ਕਈ ਸਮੁੰਦਰੀ ਬੰਦਰਗਾਹਾਂ ਹਨ ਜਿਨ੍ਹਾਂ ਵਿਚੋਂ ਪੋਰਬੰਦਰ ਮੁੱਖ ਬੰਦਰਗਾਹ ਹੈ।

ਹ. ਪੁ.–ਐਨ. ਬ੍ਰਿ. ਮਾ. 5 : 634

**ਜੂਨਾਗੜ੍ਹ** : ਸ਼ਹਿਰ—ਇਹ ਭਾਰਤ ਦੇ ਦੱਖਣ-ਪੱਛਮੀ ਗੁਜਰਾਤ ਰਾਜ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਇਕ ਪੁਰਾਣਾ ਸ਼ਹਿਰ ਹੈ ਜੋ ਹੁਣ ਇਸ ਦਾ ਸਦਰ-ਮੁਕਾਮ ਹੈ ਤੇ ਪਹਿਲਾਂ ਭਾਰਤ ਦੀ ਇਸੇ ਨਾਂ ਦੀ ਇਕ ਸਾਬਕਾ ਰਿਆਸਤ ਦਾ ਸਦਰ-ਮੁਕਾਮ ਹੁੰਦਾ ਸੀ। ਇਹ ਰਾਜ ਕੋਟ ਤੋਂ 90 ਕਿ. ਮੀ. ਦੱਖਣ-ਪੱਛਮ ਵਿਚ ਕਾਠੀਆਵਾੜ ਪ੍ਰਾਇਦੀਪ ਦੀਆਂ ਗਿਰਨਾਰ ਅਤੇ ਦਾਤਾਰ ਪਹਾੜੀਆਂ ਦੀ ਤਲਹੱਟੀ ਵਿਚ ਸਥਿਤ ਕੁਦਰਤੀ ਸੁੰਦਰਤਾ ਨਾਲ ਘਿਰਿਆ ਭਾਰਤ ਦੇ ਖ਼ੂਬਸੂਰਤ ਨਜ਼ਾਰਿਆਂ ਵਾਲੇ ਸ਼ਹਿਰਾਂ ਵਿਚੋਂ ਇਕ ਹੈ। ਇਥੇ ਪਾਏ ਜਾਣ ਵਾਲੇ ਬਹੁਤ ਸਾਰੇ ਮੰਦਰ ਅਤੇ ਮਸਜਿਦਾਂ ਸ਼ਹਿਰ ਦੇ ਲੰਬੇ ਇਤਿਹਾਸ ਦਾ ਪਤਾ ਦੱਸਦੇ ਹਨ। ਅਪਰਕੋਟ (ਪੁਰਾਣਾ ਜੂਨਾਗੜ੍ਹ) ਅਤੇ ਇਸ ਦੇ ਦੁਆਲੇ ਦਾ ਖੇਤਰ ਲਗਭਗ ਤੀਜੀ ਈ. ਪੂ. ਦੇ ਪੁਰਾਤਨ ਬੋਧੀ ਗੁਫ਼ਾਵਾਂ ਦੇ ਖੰਡਰਾਤ ਨਾਲ ਭਰਿਆ ਪਿਆ ਹੈ। ਇਨ੍ਹਾਂ ਵਿਚ ਖਪਰਾਕੋਡੀਆ ਸਭ ਤੋਂ ਵੱਧ ਦਿਲਚਸਪ ਹੈ ਜੋ ਵੇਖਣ ਤੋਂ ਲੱਗਦਾ ਹੈ ਕਿ ਕਿਸੇ ਸਮੇਂ ਦੋ ਜਾਂ ਤਿੰਨ ਮੰਜ਼ਲਾਂ ਮਠ ਰਿਹਾ ਹੋਵੇਗਾ। ਇਸੇ ਤਰ੍ਹਾਂ ਗਿਰਨਾਰ ਪਹਾੜ ਜੈਨ ਮੰਦਰਾਂ ਨਾਲ ਭਰਿਆ ਪਿਆ ਹੈ। ਅਪਰਕੋਟ ਵਿਚ ਦੋ ਖੂਹ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਰਾਜਪੂਤ ਰਾਜਿਆਂ ਦੀਆਂ ਰੱਖੀਆਂ ਦੋ ਗ਼ੁਲਾਮ ਲੜਕੀਆਂ ਦੇ ਬਣਾਏ ਹੋਏ ਹਨ। ਪੁਰਾਣੇ ਸਮੇਂ ਵਿਚ ਸੁਲਤਾਨ ਮਹਿਮੂਦ ਬੇਗਰਾ ਨੇ ਇਕ ਮਸਜਿਦ ਬਣਵਾਈ ਸੀ ਜਿਸ ਦੇ ਨਜ਼ਦੀਕ ਹੀ ਪਈ ਇਕ 17 ਫੁੱਟ ਲੰਬੀ ਤੋਪ ਸ਼ਹਿਰ ਦੀ ਪੁਰਾਣੀ ਸ਼ਾਨ ਦੀ ਹਾਮੀ ਭਰਦੀ ਹੈ। ਇਤਿਹਾਸਕ ਪੱਖ ਤੋਂ 15ਵੀਂ ਸਦੀ ਤੱਕ ਇਸ ਸ਼ਹਿਰ ਉੱਤੇ ਰਾਜਪੂਤ ਰਾਜਿਆਂ ਦੀ ਹਕੂਮਤ ਰਹੀ। ਸੰਨ 1472 ਵਿਚ ਇਸ ਉੱਤੇ ਗੁਜਰਾਤ ਦੇ ਮੁਹੰਮਦ ਬੇਗਰਾ ਨੇ ਕਬਜ਼ਾ ਕਰਕੇ ਇਸ ਦਾ ਨਾਂ ਬਦਲ ਕੇ ਮੁਸਤਫ਼ਾਬਾਦ ਰੱਖ ਦਿੱਤਾ।

ਅੱਜਕੱਲ੍ਹ ਇਹ ਇਕ ਚੰਗਾ ਵਪਾਰਕ ਤੇ ਉਦਯੋਗਿਕ ਸ਼ਹਿਰ ਹੈ ਜੋ ਰੇਲਾਂ ਅਤੇ ਸੜਕਾਂ ਤੋਂ ਇਲਾਵਾ ਕੌਮੀ ਸ਼ਾਹ-ਰਾਹ ਦੁਆਰਾ ਬਾਕੀ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ–1,67,110 (1991)

21° 31' ਉ. ਵਿਥ.; 70° 31' ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 634; ਇੰਪ. ਗ. ਇੰਡ. 14 : 238

**ਜੂਨਾਨ** : ਇਹ ਬਹਾਵਲਪੁਰ ਦਾ ਇਕ ਕਬੀਲਾ ਹੈ ਜਿਸ ਦਾ ਆਰੰਭ ਜਾਮਜੂਨਾ ਨਸਲ ਵਿਚੋਂ ਹੋਇਆ। ਇਹ ਜਾਮਜੂਨਾ ਸੰਮਾ ਹੋ ਸਕਦਾ ਹੈ ਜੋ ਉਨਾਰ ਦਾ ਉੱਤਰਾਧਿਕਾਰੀ ਸੀ ਤੇ ਸੰਮਾ ਰਾਜ ਘਰਾਣੇ ਦਾ ਦੂਜਾ ਸ਼ਾਸਕ ਸੀ। ਅੱਠਵੀਂ ਸਦੀ ਹਿਜਰੀ ਵਿਚ ਇਸ ਨੇ ਰਾਜ ਕੀਤਾ। ਜੂਨਾਗੜ੍ਹ ਦੇ ਰਾਜ ਦਾ ਨਾਮ ਇਸ ਦੇ ਨਾਂ ਤੋਂ ਹੀ ਪਿਆ। 18ਵੀਂ ਸਦੀ ਵਿਚ ਇਹ ਸ਼ਿਕਾਰਪੁਰ ਤੋਂ ਚਲੇ ਗਏ ਅਤੇ ਬਹਾਵਲਪੁਰ ਵਿਚ ਇਨ੍ਹਾਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ।

ਹ. ਪੁ.–ਗਲਾ. ਟ੍ਰਾ. ਕਾ. 2 : 416

**ਜੂਨੋ** : ਇਹ ਸੰਯੁਕਤ ਰਾਜ ਅਮਰੀਕਾ ਦੇ ਅਲਾਸਕਾ ਰਾਜ ਦੀ ਰਾਜਧਾਨੀ ਅਤੇ ਬਰੋ ਹੈ। ਇਹ ਰਾਬਰਟਸ ਅਤੇ ਜੂਨੋ ਪਹਾੜਾਂ ਦੇ ਪੈਰਾਂ ਵਿਚ ਗੈਸਟੀਨੋ ਜਲਮਾਰਗ ਤੇ ਸਥਿਤ ਹੈ। ਪੱਛਮ ਵੱਲੋਂ ਇਹ 121 ਕਿ. ਮੀ. ਲੰਬੀ ਟਾਪੂਆਂ ਦੀ ਇਕ ਲੜੀ ਨਾਲ ਘਿਰੀ ਹੋਈ ਹੈ ਜਿਹੜੀ ਇਸ ਨੂੰ ਸ਼ਾਂਤਮਹਾਂਸਾਗਰ ਦੀ ਮਾਰ ਤੋਂ ਬਚਾਉਂਦੀ ਹੈ। ਜੋ ਜੂਨੋ ਅਤੇ

ਰਿਚਰਡ ਹੈਰੀਜ਼ ਨੂੰ ਸੋਨੇ ਦੇ ਭੰਡਾਰਾਂ ਦਾ ਪਤਾ ਲੱਗਣ ਪਿੱਛੋਂ ਇਹ ਸ਼ਹਿਰ 880 ਈ. ਵਿਚ ਆਬਾਦ ਕੀਤਾ ਗਿਆ। ਇਥੇ ਹੀ ਰਾਬਰਟ ਪਹਾੜ ਦੀ ਢਲਾਣ ਤੇ 'ਅਲਾਸਕਾ ਜੂਨੋ ਗੋਲਡ ਮਾਈਨ' ਨਾਮੀ ਸੰਸਾਰ ਪ੍ਰਸਿੱਧ ਸੋਨੇ ਦੀ ਖਾਣ ਸੀ ਜੋ 1944 ਈ. ਵਿਚ ਬੰਦ ਹੋ ਗਈ ਹੈ। ਇਸ ਤੋਂ ਬਾਅਦ ਮੱਛੀ ਫੜਨਾ, ਜੰਗਲਾਤ ਅਤੇ ਸਰਕਾਰੀ ਕੰਮ ਧੰਦੇ ਅਤੇ ਸੈਲਾਨੀਆਂ ਦੀ ਆਵਾਜਾਈ ਹੀ ਇਥੋਂ ਦੀ ਆਰਥਿਕਤਾ ਦਾ ਆਧਾਰ ਹਨ। ਇਸ ਤੋਂ ਇਲਾਵਾ ਇਥੇ ਲੱਕੜੀ ਚੀਰਨ ਅਤੇ ਪਲਾਈਵੁੱਡ ਬਣਾਉਣ ਦਾ ਕੇਂਦਰ ਹੈ।

ਇਹ ਅਲਾਸਕਾ ਦੀਆਂ ਤਟਵਰਤੀ ਹਵਾਈ ਉਡਾਣਾਂ ਦਾ ਕੇਂਦਰ ਹੈ ਅਤੇ ਐਨ (Haines) ਦਰਿਆ ਵਿਚੋਂ ਕਿਸ਼ਤੀਆਂ ਰਾਹੀਂ ਅਲਾਸਕਾ ਕੌਮੀ ਸ਼ਾਹ ਰਾਹ ਨਾਲ ਜੁੜਿਆ ਹੋਇਆ ਹੈ। ਇਸ ਦੀ ਬੰਦਰਗਾਹ ਸਰਦੀਆਂ ਵਿਚ ਵੀ ਚਾਲੂ ਰਹਿੰਦੀ ਹੈ।

ਜੂਨੋ ਡਗਲਾਸ ਕਮਿਊਨਿਟੀ ਕਾਲਜ (1956) ਅਤੇ ਅਲਾਸਕਾ ਹਿਸਟੋਰੀਕਲ ਲਾਇਬ੍ਰੇਰੀ ਐਂਡ ਮਿਊਜ਼ੀਅਮ (1900) ਇਥੇ ਹੀ ਸਥਿਤ ਹਨ। ਮੈਡਨਹਾਲ ਗਲੇਸ਼ੀਅਰ ਇਸ ਤੋਂ ਲਗਭਗ 20 ਕਿ. ਮੀ. ਉੱਤਰ ਵੱਲ ਹਨ। ਉੱਤਰ-ਪੱਛਮ ਵੱਲ ਗਲੇਸ਼ੀਅਰ ਬੇ ਨੈਸ਼ਨਲ ਮਾਨਯੂਮੈਂਟ ਹੈ। ਸੰਨ 1970 ਵਿਚ ਜੂਨੋ ਨੂੰ ਡਗਲਾਸ ਜਿਹੜਾ ਕਿ ਜਲ-ਮਾਰਗ ਤੋਂ ਪਾਰ ਇਕ ਟਾਪੂ ਤੇ ਵੱਸਿਆ ਹੋਇਆ ਹੈ, ਨਾਲ ਮਿਲਾ ਦਿੱਤਾ ਗਿਆ ਹੈ। ਇਸ ਤਰ੍ਹਾਂ 8,050 ਵ. ਕਿ. ਮੀ. ਫੈਲਿਆ ਹੋਇਆ ਇਹ ਸੰਯੁਕਤ ਰਾਜ ਦੇ ਖੇਤਰ ਪੱਖੋਂ ਸਭ ਤੋਂ ਵੱਡਾ ਸ਼ਹਿਰ ਬਣ ਗਿਆ।

ਆਬਾਦੀ–26,751 (1990)

58° 20' ਉ. ਵਿਥ.; 134° 27' ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 635; ਹਿੰ. ਵਿ. ਕੋ. 5 : 31

**ਜੂਪੀਟਰ** : ਇਸ ਨੂੰ 'ਬ੍ਰਹਸਪਤ' ਵੀ ਕਿਹਾ ਜਾਂਦਾ ਹੈ। ਇਹ ਗ੍ਰਹਿਆਂ ਵਿਚੋਂ ਸਭ ਤੋਂ ਵੱਡਾ ਗ੍ਰਹਿ ਹੈ ਜਿਹੜਾ 777,314,000 ਕਿ. ਮੀ. (483,000,000 ਮੀਲ) ਔਸਤ ਦੂਰੀ ਉੱਤੇ ਸੂਰਜ ਦੁਆਲੇ ਘੁੰਮਦਾ ਹੈ। ਇਸ ਦਾ ਭੂ-ਮੱਧ ਰੇਖੀ ਵਿਆਸ 1,42,861 ਕਿ. ਮੀ. (ਲਗਭਗ 88,770 ਮੀਲ) ਹੋਣ ਕਰਕੇ ਇਹ ਇਕ ਡਿਸਕ ਵਾਂਗ ਲੱਗਦਾ ਹੈ। ਇਸ ਗ੍ਰਹਿ ਨੂੰ ਇਕ ਪੂਰਨ ਨਛੱਤਰੀ ਚੱਕਰ ਲਾਉਣ ਲਈ 4,333 ਦਿਨ (11.86 ਸਾਲ) ਲੱਗਦੇ ਹਨ ਅਤੇ ਇਸ ਦਾ ਸੰਗਮ ਕਾਲ ਜਾਂ ਸਿਲਸਿਲੇਵਾਰ ਟਕਰਾਵਾਂ ਵਿਚਕਾਰ ਔਸਤਨ ਵਕਫ਼ਾ 399 ਦਿਨ ਹੈ। ਆਮ ਕਰਕੇ ਜੂਪੀਟਰ ਨੂੰ ਦੂਸਰਾ ਚਮਕਦਾਰ ਗ੍ਰਹਿ (ਸ਼ੁੱਕਰ ਤੋਂ ਮਗਰੋਂ) ਮੰਨਿਆ ਜਾਂਦਾ ਹੈ। ਕਈ ਵਾਰੀ ਮੰਗਲ ਤਾਰਾ ਵੀ ਬਹੁਤ ਨੇੜੇ ਆ ਕੇ ਚਮਕਦਾ ਵਿਖਾਈ ਦੇਣ ਲੱਗ ਪੈਂਦਾ ਹੈ। ਅਨੁਕੂਲ ਹਾਲਤਾਂ ਵਿਚ ਇਹ ਜੂਪੀਟਰ ਉੱਤੇ ਪੈ ਰਹੇ ਸੂਰਜੀ ਪ੍ਰਕਾਸ਼ ਦਾ 51% ਭਾਗ ਪਰਾਵਰਤ ਕਰ ਦਿੰਦਾ ਹੈ। ਦੂਰਬੀਨ ਨਾਲ ਵੇਖਣ ਨੂੰ ਗ੍ਰਹਿ ਦੀ ਡਿਸਕ ਧਰੁਵਾਂ ਉੱਤੇ ਕਾਫ਼ੀ ਚਪਟੀ ਨਜ਼ਰ ਆਉਂਦੀ ਹੈ। ਇਸ ਚਪਟੇ ਖੇਤਰ ਦਾ ਪਤਾ ਮਾਈਕ੍ਰੋਮੀਟਰੀ ਮਿਣਤੀਆਂ ਦੁਆਰਾ ਅਤੇ ਸਿਧਾਂਤਕ ਤੌਰ ਤੇ ਐਚ. ਸਟਰੂਵੇ ਦੁਆਰਾ ਲਾਇਆ ਗਿਆ ਹੈ ਅਤੇ ਇਹ 1/15.4 ਤੋਂ ਜ਼ਿਆਦਾ ਨਹੀਂ ਹੈ। ਇਹ ਧਰਤੀ ਨਾਲੋਂ ਲਗਭਗ 320 ਗੁਣਾ ਭਾਰਾ ਹੈ। ਇਸ ਦਾ ਆਇਤਨ ਧਰਤੀ ਨਾਲੋਂ 1300 ਗੁਣਾ ਅਤੇ ਔਸਤਨ ਘਣਤਾ ਧਰਤੀ ਦੀ ਘਣਤਾ ਦੇ 1/4 ਤੋਂ ਵੀ ਘੱਟ ਹੈ।

**ਦੂਰਬੀਨੀ ਦਿੱਖ**—ਪ੍ਰਕਾਸ਼ੀ ਦੂਰਬੀਨ ਰਾਹੀਂ ਵੇਖਣ ਤੇ ਜੂਪੀਟਰ ਇਕ ਇਲਿਪਸੀ (ਅੰਡਾਕਾਰ) ਡਿਸਕ ਵਾਂਗ ਲੱਗਦਾ ਹੈ ਜਿਹੜੀ ਕਿ ਕਿਨਾਰਿਆਂ ਨੇੜੇ ਬਹੁਤ ਗੂੜ੍ਹੀ ਹੁੰਦੀ ਹੈ ਅਤੇ ਭੂ-ਮੱਧ ਰੇਖਾ ਦੇ ਸਮਾਂਤਰ ਬੈਂਡਾਂ ਦੀ ਇਕ ਲੜੀ ਹੁੰਦੀ ਹੈ। (ਚਿੱਤਰ 1)।

ਛੋਟੀਆਂ ਦੂਰਬੀਨਾਂ ਨਾਲ ਵੀ ਬੈਂਡਾਂ ਵਿਚ ਕਾਫ਼ੀ ਗੁੰਝਲਦਾਰ ਬਣਤਰ ਵੇਖੀ ਜਾ ਸਕਦੀ ਹੈ ਅਤੇ ਗ੍ਰਹਿ ਦੇ ਘੁੰਮਣ ਦੀ ਤੇਜ਼ ਗਤੀ ਦਾ ਪਤਾ ਲਗਦਾ ਹੈ। ਕੇਂਦਰੀ ਮਧਿਆਨ੍ਹ-ਰੇਖਾ (ਮੈਰੀਡੀਅਨ) ਉੱਤੇ ਬੈਂਡਾਂ ਦੇ ਕਈ ਪ੍ਰੇਖਣਾਂ ਦੁਆਰਾ ਪਤਾ ਲਗਾਇਆ ਘੁੰਮਣ-ਕਾਲ ਬਹੁਤ ਘੱਟ



**ਚਿੱਤਰ ਨੰ 1. ਜੂਪੀਟਰ**

ਅਰਥਾਤ 9 ਘੰਟੇ 55 ਮਿੰਟ ਹੈ ਜਿਹੜਾ ਕਿ ਵੱਡੇ ਗ੍ਰਹਿਆਂ ਵਿਚੋਂ ਸਭ ਤੋਂ ਘੱਟ ਹੈ। ਪ੍ਰੇਖਿਤ ਵੇਰਵੇ ਗ੍ਰਹਿ ਦੀ ਠੋਸ ਬਾੱਡੀ ਦੇ ਅਨੁਸਾਰ ਨਹੀਂ ਹਨ ਸਗੋਂ ਇਸ ਦੇ ਵਾਯੂ ਮੰਡਲ ਵਿਚ ਬੱਦਲਾਂ ਦੇ ਅਨੁਸਾਰ ਹਨ ਅਤੇ ਘੁੰਮਣ ਕਾਲ ਵਿਥਕਾਰ ਨਾਲ ਕਾਫ਼ੀ ਬਦਲ ਜਾਂਦਾ ਹੈ। ਕਿਸੇ ਵੀ ਜ਼ੋਨ ਦਾ ਘੁੰਮਣ-ਕਾਲ ਪੂਰਨ ਤੌਰ ਤੇ ਸਥਿਰ ਨਹੀਂ ਰਹਿੰਦਾ ਪਰ ਇਸ ਵਿਚ ਇਕ ਔਸਤ ਮੁੱਲ ਦੇ ਨੇੜੇ ਤੇੜੇ ਲਗਾਤਾਰ ਉਤਾਰ-ਚੜ੍ਹਾਉ ਆਉਂਦੇ ਰਹਿੰਦੇ ਹਨ। ਘੁੰਮਣ ਧੁਰਾ ਆੱਰਬਿਟਲ ਤਲ ਦੇ ਲੰਬ ਕੇਵਲ 3° ਝੁਕਿਆ ਹੁੰਦਾ ਹੈ ਇਸ ਲਈ ਮੌਸਮੀ ਪ੍ਰਭਾਵ ਅਨੁਭਵ ਨਹੀਂ ਹੁੰਦੇ।

**ਲਾਲ ਧੱਬਾ**—ਬੈਲਟਾਂ ਦੇ ਵੇਰਵਿਆਂ ਦੇ ਲਗਾਤਾਰ ਬਦਲਣ ਤੋਂ ਇਲਾਵਾ ਕੁਝ ਸਥਾਈ ਜਾਂ ਉਪ-ਸਥਾਈ ਚਿੰਨ੍ਹ ਵੀ ਵੇਖੇ ਗਏ ਹਨ ਜਿਹੜੇ ਕਿ ਦਹਾਕਿਆਂ ਤੋਂ ਲੈ ਕੇ ਸਦੀਆਂ ਤੱਕ ਰਹਿੰਦੇ ਹਨ। ਇਨ੍ਹਾਂ ਦੀ ਦਿਖ ਵਿਚ ਥੋੜ੍ਹਾ ਬਹੁਤਾ ਫ਼ਰਕ ਪੈਂਦਾ ਰਹਿੰਦਾ ਹੈ। ਸਭ ਤੋਂ ਜ਼ਿਆਦਾ ਸਪਸ਼ਟ ਅਤੇ ਪੱਕਾ ਚਿੰਨ੍ਹ ਵੱਡਾ ਲਾਲ ਧੱਬਾ ਹੈ ਜਿਹੜਾ ਕਿ 17ਵੀਂ ਸਦੀ ਦੇ ਮੱਧ ਤੋਂ ਕੁਝ ਚਿਰ ਬਾਅਦ ਰੀਕਾਰਡ ਕੀਤਾ ਗਿਆ ਹੈ ਅਤੇ 1878 ਤੋਂ ਲਗਾਤਾਰ ਵਿਖਾਈ ਦੇ ਰਿਹਾ ਹੈ। ਇਹ ਮੁੜ ਵਧੇਰੇ ਸਪਸ਼ਟ ਅਤੇ ਰੰਗਦਾਰ 1879-1882, 1893-1894, 1903-1907, 1911-1914, 1919-1920, 1926-1927 ਅਤੇ ਵਿਸ਼ੇਸ਼ ਕਰਕੇ 1936-37 ਈ. ਵਿਚ ਰਿਹਾ ਅਤੇ ਬਾਕੀ ਦੂਸਰੇ ਸਾਲਾਂ ਵਿਚ ਬਹੁਤ ਮੱਧਮ ਅਤੇ ਬਹੁਤ ਹੀ ਘੱਟ ਰੰਗਦਾਰ ਵਿਖਾਈ



**ਚਿੱਤਰ ਨੰ 2. ਲਾਲ ਧੱਬੇ ਦੀ ਪਰਿਵਰਤਨਸ਼ੀਲ ਦ੍ਰਿਸ਼ਟਤਾ**
**(ੳ) 1929 (ਅ) 1935**
**(ੲ) 1936 (ਸ) 1938**

ਦਿੱਤਾ। ਕਈ ਵਾਰੀ ਤਾਂ ਇਸ ਦੇ ਦੁਆਲੇ ਦੇ ਦੱਖਣੀ ਮੱਧਮ ਖੇਤਰ ਦੀ ਚਮਕਦਾਰ 'ਬੇ' ਜਾਂ ਹੱਲੇ ਜਾਂ ਕੇਵਲ ਇਸ ਦੀ ਰੂਪ-ਰੇਖਾ ਹੀ ਵਿਖਾਈ ਦਿੰਦੀ ਹੈ (ਚਿੱਤਰ 2)।

ਸੰਨ 1831 ਤੋਂ ਅਤੇ 1955 ਵਿਚਕਾਰ ਲਾਲ ਧੱਬੇ ਦਾ ਔਸਤ ਘੁੰਮਣ ਕਾਲ 9 ਘੰਟੇ 55 ਮਿੰਟ 37 ਸੈਕੰਡ ਸੀ ਜਿਸ ਵਿਚ ਸਿਰਫ਼ ਲਗਭਗ ± 6 ਸੈਕੰਡ ਦੀ ਤਰੁੱਟੀ ਸੀ। ਲਾਲ ਧੱਬੇ ਦੇ ਔਸਤ ਵਿਸਤਾਰ; ਲੰਬਕਾਰ ਲਗਭਗ 48,280 ਕਿ. ਮੀ. (30,000 ਮੀਲ) ਅਤੇ ਵਿਥਕਾਰ ਲਗਭਗ 16,093 ਕਿ. ਮੀ. (10,000 ਮੀਲ) ਹਨ।

**ਦੂਸਰੇ ਚਿੰਨ੍ਹ**—ਇਕ ਹੋਰ ਵਿਸ਼ੇਸ਼ ਉਪਸਥਾਈ ਚਿੰਨ੍ਹ ਜਿਸ ਨੂੰ ਦੱਖਣੀ ਊਸ਼ਣ ਖੰਡੀ ਅਸ਼ਾਂਤੀ ਕਿਹਾ ਜਾਂਦਾ ਹੈ, ਨੂੰ ਜੂਪੀਟਰ ਉੱਤੇ ਥੋੜ੍ਹੇ-ਥੋੜ੍ਹੇ ਸਮੇਂ ਬਾਅਦ 1901 ਤੇ 1935 ਅਤੇ ਸ਼ਾਇਦ 1940 ਈ. ਵਿਚ ਵੀ ਵੇਖਿਆ ਗਿਆ। ਇਹ ਚਿੰਨ੍ਹ ਵੀ ਲਾਲ ਧੱਬੇ ਵਾਂਗ ਉਸੇ ਖੇਤਰ ਵਿਚ ਗੇੜੇ ਕੱਢਦਾ ਸੀ ਪਰ ਇਸ ਦਾ ਘੁੰਮਣ-ਕਾਲ ਘੱਟ ਅਰਥਾਤ 9 ਘੰਟੇ 55 ਮਿੰਟ ਅਤੇ 16 ਸੈਕੰਡ ਸੀ, ਕਈ ਹੋਰ ਅਸਥਾਈ ਅਤੇ ਥੋੜ੍ਹੇ ਚਿਰ ਵਾਲੇ ਲੱਛਣ (ਫ਼ੀਚਰ) ਵੀ ਵੇਖੇ ਗਏ। ਜੂਪੀਟਰ ਦੀ ਦ੍ਰਿਸ਼ਟਮਾਨ ਸਤ੍ਹਾ ਉੱਤੇ ਧੱਬਿਆਂ ਦੀਆਂ ਸਥਿਤੀਆਂ ਦੋ ਲੰਬਕਾਰ ਸਿਸਟਮਾਂ ਅਰਥਾਤ 9 ਘੰਟੇ 50 ਮਿੰਟ 30.003 ਸੈਕੰਡ ਵਾਲੇ ਘੁੰਮਣ ਕਾਲ ਉੱਤੇ ਅਧਾਰਿਤ ਸਿਸਟਮ I, ਜਿਹੜਾ ਕਿ ਭੂ-ਮੱਧ ਰੇਖੀ ਖੇਤਰ ਵਿਚਲੇ ਧੱਬਿਆਂ ਵਾਸਤੇ ਵਰਤਿਆ ਜਾਂਦਾ ਹੈ ਅਤੇ 9 ਘੰਟੇ 55 ਮਿੰਟ 40.632 ਸੈਕੰਡ ਵਾਲੇ ਘੁੰਮਣ-ਕਾਲ ਉੱਤੇ ਅਧਾਰਿਤ ਸਿਸਟਮ II, ਜਿਹੜਾ ਕਿ ਇਸ ਖੇਤਰ ਤੋਂ ਬਾਹਰਲੇ ਧੱਬਿਆਂ ਲਈ ਵਰਤਿਆ ਜਾਂਦਾ ਹੈ, ਵਿਚ ਰੀਕਾਰਡ ਕੀਤੀਆਂ ਗਈਆਂ ਹਨ।

**ਵਾਯੂਮੰਡਲ**—ਜੂਪੀਟਰ ਦੇ ਪ੍ਰਕਾਸ਼ੀ ਸਪੈਕਟ੍ਰਮ ਵਿਚ ਮੀਥੇਨ ਅਤੇ ਅਮੋਨੀਆ ਦੇ ਪ੍ਰਬਲ ਸੋਖਣ ਬੈਂਡ ਸਪਸ਼ਟ ਹਨ। ਬੱਦਲ ਦੀ ਤਹਿ ਤੋਂ ਉਪਰ ਵਾਯੂਮੰਡਲ ਵਿਚ ਇਨ੍ਹਾਂ ਗੈਸਾਂ ਦੀ ਮੋਟਾਈ ਕ੍ਰਮਵਾਰ ਸਟੈਂਡਰਡ ਤਾਪਮਾਨ ਅਤੇ ਦਬਾਉ (S.T.P.) ਅਤੇ 7 ਮੀ. ਸਟੈਂਡਰਡ ਤਾਪਮਾਨ ਅਤੇ ਦਬਾਉ ਤੇ 150 ਮੀ. ਹੁੰਦੀ ਸੀ। ਸਿਧਾਂਤਕ ਤੌਰ ਤੇ ਹਾਈਡ੍ਰੋਜਨ ਅਤੇ ਹੀਲੀਅਮ ਗੈਸਾਂ ਦੀ ਹੋਂਦ ਦਾ ਸੰਕੇਤ ਵੀ ਮਿਲਦਾ ਹੈ ਅਤੇ ਜੂਪੀਟਰ ਦੁਆਰਾ ਤਾਰਾ-ਗ੍ਰਹਿਣ ਦੇ ਸਿੱਧੇ ਪ੍ਰੇਖਣਾਂ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੋ ਗਈ ਹੈ। ਜੂਪੀਟਰ ਦੀ ਰੇਡੀਓਮੀਟਰੀ ਸਤ੍ਹਾ ਦਾ ਪ੍ਰੇਖਿਤ ਤਾਪਮਾਨ 138° ਸੈਂ. ਅਤੇ ਅਮੋਨੀਆ ਜਮਾਉ-ਦਰਜਾ 78° ਸੈਂ. ਹੋਣ ਕਰਕੇ ਵਾਯੂਮੰਡਲ ਵਿਚ ਇੰਨੀ ਜ਼ਿਆਦਾ ਅਮੋਨੀਆ ਗੈਸ ਦੀ ਹੋਂਦ ਦਾ ਪੂਰਵ ਅਨੁਮਾਨ ਨਹੀਂ ਸੀ ਲਾਇਆ ਜਾ ਸਕਿਆ। ਜੂਪੀਟਰ ਬੱਦਲਾਂ ਦੇ ਰੰਗਾਂ ਦਾ ਕਾਰਨ ਵਾਯੂਮੰਡਲ ਵਿਚ ਸੋਡੀਅਮ ਜਾਂ ਪੋਟਾਸ਼ੀਅਮ ਵਰਗੀਆਂ ਭਿੰਨ-ਭਿੰਨ ਅਸ਼ੁੱਧੀਆਂ ਹਨ।

**ਅੰਦਰੂਨੀ ਬਣਤਰ**—ਸੰਨ 1930 ਤੋਂ ਮਗਰੋਂ ਪਤਾ ਲਾਏ ਜੂਪੀਟਰ ਦੇ ਕਈ ਸਿਧਾਂਤਕ ਮਾਡਲਾਂ ਤੋਂ ਇਸ ਦੀ ਰਚਨਾ ਹੇਠ ਅਨੁਸਾਰ ਮੰਨੀ ਗਈ ਹੈ—ਸਾਪੇਖੀ ਤੌਰ ਤੇ ਛੋਟੀ ਚੱਟਾਨ ਅਤੇ ਲੋਹੇ ਦੀ ਕੋਰ ਜਿਸ ਦੇ ਦੁਆਲੇ ਕਈ ਕਿਸਮਾਂ ਦੀ ਪਾਣੀ ਦੀ ਬਰਫ਼ ਅਤੇ ਦੂਸਰੀਆਂ ਬਰਫ਼ਾਂ (ਬਹੁਤ ਉੱਚੇ ਦਬਾਵਾਂ ਅਤੇ ਬਹੁਤ ਨਿਮਨ ਤਾਪਮਾਨ ਉੱਤੇ) ਹੁੰਦੀਆਂ ਹਨ ਅਤੇ ਇਸ ਤੋਂ ਉੱਤੇ ਵਿਸ਼ਾਲ ਤਰਲ ਅਤੇ ਗੈਸੀ ਵਾਯੂਮੰਡਲ ਹੈ ਜਿਸ ਦੀਆਂ ਕੇਵਲ ਉੱਪਰ ਵਾਲੀਆਂ ਤਹਿਆਂ ਦ੍ਰਿਸ਼ਟਮਾਨ ਹਨ। ਸੰਨ 1954 ਵਿਚ ਜੂਪੀਟਰ ਦੁਆਰਾ 15 ਮੀ. ਦੇ ਨੇੜੇ ਦੀਆਂ ਤਰੰਗ ਲੰਬਾਈਆਂ ਉੱਤੇ ਤਾਪਹੀਨ ਰੇਡੀਓ ਸ਼ੋਰ ਦੀਆਂ ਪ੍ਰਬਲ ਪਲਸਾਂ ਦੇ ਉਤਸਰਜਨ ਨੇ ਖਗੋਲ ਵਿਗਿਆਨੀਆਂ ਨੂੰ ਅਜਿਹੇ ਮਾਡਲਾਂ ਬਾਰੇ ਸ਼ੱਕ ਪਾ ਦਿੱਤਾ ਅਤੇ ਉਨ੍ਹਾਂ ਨੇ ਪ੍ਰਕਾਸ਼ੀ ਤੌਰ ਤੇ ਅਪਾਰ ਬੱਦਲਾਂ ਦੇ ਗਿਲਾਫ਼ ਹੇਠ ਸਧਾਰਨ ਡੂੰਘਾਈ ਉੱਤੇ ਇਕ ਠੋਸ ਸਤ੍ਹਾ ਹੇਠ ਗਰਮ ਊਰਜਾ ਸ੍ਰੋਤਾਂ ਦੀ ਸੰਭਵ ਹੋਂਦ ਬਾਰੇ ਵਿਚਾਰ ਕੀਤਾ। ਕੁਝ ਵਿਸ਼ੇਸ਼ ਲੰਬਕਾਰਾਂ ਵਿਚ ਰੇਡੀਓ ਉਤਸਰਜਨ ਦੇ ਮੁੜ ਉਤਪੰਨ ਹੋਣ ਤੋਂ 9 ਘੰਟੇ 55 ਮਿੰਟ 29.6 ਸੈਕੰਡ ਦੇ ਕਾਲ ਨਾਲ ਲਗਾਤਾਰ ਘੁੰਮਣ ਵਾਲੇ ਊਰਜਾ ਸ੍ਰੋਤਾਂ ਦੀ ਹੋਂਦ ਦਾ ਸੰਕੇਤ ਮਿਲਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਬੱਦਲਾਂ ਹੇਠ ਇਸ ਕਾਲ ਨਾਲ ਇਕ ਠੋਸ ਸਤ੍ਹਾ ਘੁੰਮਦੀ ਹੈ।



**ਚਿੱਤਰ ਨੰ. 3. ਗਲੀਲਿਆਈ ਉਪ-ਗ੍ਰਹਿਆਂ ਦੇ ਦੂਰਬੀਨੀ ਪੱਖ**

10 ਸੈਂ. ਮੀ. ਤੋਂ ਘੱਟ ਤਰੰਗ ਲੰਬਾਈਆਂ ਉੱਤੇ ਜੂਪੀਟਰ ਦੇ ਤਾਪ ਰੇਡੀਓ ਉਤਸਰਜਨ ਦੀ ਮਿਣਤੀ ਦੁਆਰਾ ਉੱਚ ਤਾਪ-ਮਾਨ ਉੱਤੇ ਅੰਦਰੂਨੀ ਠੋਸ ਬਾਡੀ ਦੀ ਹੋਂਦ ਸਿੱਧ ਹੋ ਜਾਂਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਵਿਕੀਰਨ ਤਾਪਮਾਨ 327° ਸੈਂ. (600°K) ਤੱਕ ਹੁੰਦਾ ਹੈ।

**ਉਪ-ਗ੍ਰਹਿ**—ਜੂਪੀਟਰ ਦੇ 13 ਉਪ-ਗ੍ਰਹਿ ਗਿਆਤ ਹਨ। ਇਨ੍ਹਾਂ ਵਿਚੋਂ ਪਹਿਲੇ ਚਾਰਾਂ I I., II ਯੂਰੋਪਾ, III ਗੈਨਿਮੀਡ ਅਤੇ IV ਕੈਲਿਸਟੋ ਦੀ ਖੋਜ ਗਲੈਲੀਓ ਨੇ 1610 ਈ. ਵਿਚ ਕੀਤੀ ਅਤੇ ਇਹੀ ਚਾਰ ਸਭ ਨਾਲੋਂ ਪ੍ਰਸਿੱਧ ਹਨ। ਇਨ੍ਹਾਂ 13 ਉਪ-ਗ੍ਰਹਿਆਂ ਦੇ ਮੁੱਖ ਤੱਤ ਸਾਰਨੀ 1 ਵਿਚ ਦਰਜ ਕੀਤੇ ਗਏ ਹਨ। ਚਾਰ ਗਲੀ-ਲਿਆਈ ਉਪ ਗ੍ਰਹਿਆਂ ਦੀਆਂ ਡਿਸਕਾਂ ਆਸਾਨੀ ਨਾਲ 15 ਤੋਂ 20 ਸੈਂ. ਮੀ. ਦੁਆਰਕ ਵਾਲੀਆਂ ਦੂਰਬੀਨਾਂ ਨਾਲ ਵੇਖੀਆਂ ਜਾ ਸਕਦੀਆਂ ਹਨ। ਵੱਡੀਆਂ ਦੂਰ-ਬੀਨਾਂ ਨਾਲ ਡਿਸਕਾਂ ਉੱਤੇ ਵਿਸੇਸ਼ ਚਿੰਨ੍ਹ ਨਜ਼ਰ ਆਉਂਦੇ ਹਨ। (ਚਿੱਤਰ 3)।



**ਚਿੱਤਰ ਨੰ. 4. ਉਪ-ਗ੍ਰਹਿ ਕਾਰਜ-ਵਿਧੀ**

**ਜੂਪੀਟਰ ਦੇ ਉਪ-ਗ੍ਰਹਿ** : ਗ੍ਰਹਿਆਂ ਦੇ ਸੂਰਜ ਗ੍ਰਹਿਣਾਂ, ਮਧਿਆਨ੍ਹ ਰੇਖਾਵਾਂ ਅਤੇ ਤਾਰਾ-ਗ੍ਰਹਿਣਾਂ (ਚਿੱਤਰ 4) ਦੁਆਰਾ 1675 ਈ. ਵਿਚ ਓ. ਰੋਮਰ ਨੇ ਪ੍ਰਕਾਸ਼ ਸੰਚਾਰ ਦੇ ਪਰਿਮਿਤ ਵੇਗ ਦੀ ਖੋਜ ਕੀਤੀ।

**ਸਾਰਨੀ**

| ਉਪ-ਗ੍ਰਹਿ | ਖੋਜੀ ਦਾ ਨਾਂ | ਸੰਨ | ਜੁਪੀਟਰ ਤੋਂ ਔਸਤ ਦੂਰੀ ($x 10^3$) ਕਿ. ਮੀ. | ਨਛੱਤਰੀ ਕਾਲ (ਦਿਨਾਂ ਵਿਚ) | ਪੁੰਜ ($x 10^{21}$ ਕਿ. ਗ੍ਰਾ.) | ਘਣਤਾ | ਅਰਧ-ਵਿਆਸ ਕਿ. ਮੀ. |
|---|---|---|---|---|---|---|---|
| I. ਈਓ | ਗਲੈਲੀਓ | 1610 | 485 | 1.769 | 73 | 4.0 | 1670† |
| II. ਯੂਰੋਪਾ | ਗਲੈਲੀਓ | 1610 | 671 | 3.551 | 47.5 | 3.6 | 1460† |
| III. ਗੈਨਿਮੀਡ | ਗਲੈਲੀਓ | 1610 | 1072 | 7.155 | 154 | 3.0 | 2550† |
| IV. ਕੈਲਿਸਟੋ | ਗਲੈਲੀਓ | 1610 | 1883 | 16.689 | 95 | 2.0 | 2360† |
| V. ਅਮੈਲਥੀਆ | ਈ. ਈ. ਬਾਹਨਰਡ | 1892 | 182 | 0.498 | | | 81 |
| VI. ਹਿਮਾਲੀਆ | ਸੀ. ਡੀ. ਪੈਰਾਈਨ | 1904 | 11485 | 250.6 | | | 59 |
| VII. ਈਲਾਰਾ | ਸੀ. ਡੀ. ਪੈਰਾਈਨ | 1905 | 11732 | 259.6 | | | 20 |
| VIII. ਪੇਸੀਫਾਈ | ਪੀ. ਜੇ. ਮੈਲੋਟੈ | 1908 | 23496 | 739 | | | 6 |
| IX. ਸਿਨੋਪ | ਐਸ. ਬੀ. ਨਿਕਲਸਨ | 1914 | 23657 | 758 | | | 7 |
| X. ਲਿਸੀਥੀਆ | ਐਸ. ਬੀ. ਨਿਕਲਸਨ | 1938 | 11748 | 260.5 | | | 6 |
| XI. ਕਾਰਮੇ | ਐਸ. ਬੀ. ਨਿਕਲਸਨ | 1938 | 22531 | 700 | | | 8 |
| XII. ਅਨਾਨਕੇ | ਐਸ. ਬੀ. ਨਿਕਲਸਨ | 1951 | 20926 | 625 | | | 6 |
| XIII. ਲੈਡਾ | | | 11265 | 260 | | | - |

‡ ਉਪ-ਗ੍ਰਹਿ ਦਾ ਅਰਧ-ਵਿਆਸ ਪਤਾ ਕਰਨ ਲਈ ਉਸ ਸਤ੍ਹਾ ਤੋਂ ਪ੍ਰਕਾਸ਼ ਦੇ ਪਰਾਵਰਤਨ ਲਈ 20% ਦੀ ਸੋਧ ਮੰਨੀ ਗਈ ਹੈ।

† ਛੋਟਾ ਅਤੇ ਪਰਿਵਰਤਨਸ਼ੀਲ।

ਹ. ਪੁ.–ਮੈਕ. ਐਨ. ਸ. ਟ. 7: 321; ਐਨ. ਬ੍ਰਿ. ਮੈ. 10 : 346

**ਜੂਬਾ** : ਇਹ ਭਾਰਤ ਦੇ ਕੇਂਦਰੀ ਪ੍ਰਾਂਤਾਂ ਵਿਚ ਸਰਗੁਜਾ ਨਾਂ ਦੀ ਸਾਬਕਾ ਰਿਆਸਤ ਦੀ ਇਕ ਪੁਰਾਣੀ ਗੜ੍ਹੀ ਸੀ ਜਿਹੜੀ ਮਾਨਪੁਰ ਪਿੰਡ ਤੋਂ 3ਕਿ. ਮੀ. ਦੂਰ ਇਕ ਖੰਡਰਾਤ ਬਣੀ ਪਈ ਹੈ। ਇਕ ਚਟਾਨੀ ਪਹਾੜੀ ਤੇ ਬਣੀ ਹੋਈ ਇਹ ਗੜ੍ਹੀ ਹੁਣ ਘਣੇ ਜੰਗਲਾਂ ਵਿਚ ਛੁਪੀ ਹੋਈ ਹੈ। ਇਸ ਦੇ ਦੁਆਲੇ ਪਹਾੜਾਂ ਵਿਚੋਂ ਤਰਾਸ਼ੇ ਹੋਏ ਕੁਝ ਮੰਦਰਾਂ ਦੇ ਚਿੰਨ੍ਹ ਵੀ ਹਨ। ਉਹ ਵੀ ਹੁਣ ਜੰਗਲੀ ਬਨਸਪਤੀ ਹੇਠਾਂ ਦੱਬੇ ਹੋਏ ਹਨ।

23° 43' ਉ. ਵਿਥ.; 83° 26' ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 204

**ਜੂਬਾ ਦਰਿਆ** : ਇਸ ਨੂੰ ਜਾਨੇਨਾ ਜਾਂ ਜਨੇਲ ਭੀ ਕਿਹਾ ਜਾਂਦਾ ਹੈ। ਇਹ ਉੱਤਰ-ਪੂਰਬੀ ਅਫ਼ਰੀਕਾ ਵਿਚ ਸੋਮਾਲੀਆ ਦਾ ਮੁੱਖ ਦਰਿਆ ਹੈ ਜਿਥੇ ਇਸ ਨੂੰ ਵੈਬੀ ਜੂਬਾ ਦਾ ਨਾਂ ਦਿੱਤਾ ਜਾਂਦਾ ਹੈ। ਦੱਖਣੀ ਈਥੋਪੀਆ ਦੇ ਮੈਨਡੈਬੋ ਪਰਬਤ ਵਿਚ ਆਪਣੇ ਮੁੱਖ ਦਰਿਆ ਵਿਚੋਂ ਆਰੰਭ ਹੋ ਕੇ ਇਹ ਡੂਲੋ ਤੋਂ ਤਕਰੀਬਨ 879 ਕਿ. ਮੀ. ਤੇ ਵੱਗਦਾ ਹੈ। ਇਹ ਈਥੋਪੀਆਈ ਸਰਹੱਦ ਤੋਂ ਹੁੰਦਾ ਹੋਇਆ ਸੋਮਾਲੀਆ ਦੀ ਕਿਸਮਾਓ ਬੰਦਰਗਾਹ ਦੇ ਉੱਤਰ ਵੱਲ ਹਿੰਦ ਮਹਾਂਸਾਗਰ ਵਿਚ ਜਾ ਡਿੱਗਦਾ ਹੈ।

ਮਧ-ਜੂਨ ਤੋਂ ਮੱਧ-ਸਤੰਬਰ ਦੌਰਾਨ ਇਸ ਦਰਿਆ ਦੇ ਹੇਠਲੇ ਮਾਰਗ ਤੇ ਖ਼ੁਸ਼ਕ ਮੌਸਮ ਹੁੰਦੇ ਹੋਏ ਵੀ ਇਹ ਦਰਿਆ ਕਦੇ ਵੀ ਸੁੱਕਦਾ ਨਹੀਂ ਕਿਉਂਕਿ ਇਸ ਸਮੇਂ ਦੌਰਾਨ ਇਸਦੇ ਸ੍ਰੋਤ ਖੇਤਰ ਵਿਚ ਪ੍ਰਮੁੱਖ ਬਰਸਾਤੀ ਮੌਸਮ ਹੁੰਦਾ ਹੈ। ਸਾਰੇ ਸਾਲ ਵਿਚ ਯਕੀਨਨ ਚੱਲਣ ਵਾਲਾ ਇਸ ਖੇਤਰ ਦਾ ਇਹ ਇਕੋ ਇਕ ਦਰਿਆ ਹੈ। ਭਾਵੇਂ ਦਸੰਬਰ ਤੋਂ ਮੱਧ ਅਪ੍ਰੈਲ ਅਤੇ ਜੂਨ ਤੋਂ ਅਕਤੂਬਰ ਤੱਕ ਇਸ ਵਿਚ ਪਾਣੀ ਘੱਟ ਹੁੰਦਾ ਹੈ, ਫਿਰ ਵੀ ਬਾਰਡੈਰਾ ਸ਼ਹਿਰ (ਸੋਮਾਲੀਆ) ਤੋਂ ਤਕਰੀਬਨ 32 ਕਿ. ਮੀ. ਉਪਰ ਇਸ ਦੇ ਮੁਹਾਣੇ ਤੇ ਜਹਾਜ਼ਰਾਨੀ ਹੁੰਦੀ ਹੈ। ਆਪਣੇ ਮੁੱਖ ਸ੍ਰੋਤ ਦੇ ਪਹਾੜੀ ਰਸਤਿਆਂ ਤੋਂ ਹੇਠਾਂ ਇਹ ਦਰਿਆ ਖ਼ੁਸ਼ਕ ਤੇ ਬੰਜਰ ਇਲਾਕਿਆਂ ਵਿਚੋਂ ਦੀ ਲੰਘਦਾ ਹੈ। ਇਸ ਦੇ ਕੰਢਿਆਂ ਦੇ ਨੇੜੇ-ਨੇੜੇ ਸਿਰਫ਼ ਸਬਜ਼ੀ ਪੈਦਾ ਹੁੰਦੀ ਹੈ। ਇਸ ਤੋਂ ਹੋਰ ਹੇਠਾਂ ਜਾ ਕੇ ਜੰਗਲ ਦੇ ਵਿਸ਼ਾਲ ਖੇਤਰ ਵਿਚ ਇਸਦੇ ਆਲੇ-ਦੁਆਲੇ ਦੀ ਜ਼ਮੀਨ ਖੜੀਆ ਤੇ ਖਣਿਜੀ ਹੈ। ਕੰਢਿਆਂ ਦੇ ਨਾਲ ਨੀਵੀਂ ਉਪਜਾਊ ਜ਼ਮੀਨ ਵਿਚ ਕਪਾਹ, ਮੂੰਗਫਲੀ, ਮੱਕੀ, ਸ਼ਾਈਸਲ, ਤਿਲ, ਕੇਲਾ ਅਤੇ ਹੋਰ ਫਲ ਪੈਦਾ ਹੁੰਦੇ ਹਨ। ਜੂਬਾ ਦਰਿਆ ਉੱਤੇ ਫੈਨੋਲ (Fanole) ਪਾਵਰ ਪਲਾਂਟ ਰਾਹੀਂ 1980 ਈ. ਤੱਕ ਪੰਜ ਮੈਗਾਵਾਟ ਦੀ ਹਾਈਡਰੋ-ਇਲੈਕਟ੍ਰਿਕ ਕੈਪੇਸਟੀ ਮੁਹੱਈਆ ਕੀਤੀ ਗਈ।

ਹ. ਪੁ.–ਐਨ. ਬ੍ਰਿ. ਮਾ. 5: 621

**ਜੂਬਾਲੈਂਡ** : ਇਹ ਇਤਾਲਵੀ ਸੋਮਾਲੀਲੈਂਡ ਦੇ ਧੁਰ ਦੱਖਣੀ ਹਿੱਸੇ ਦਾ ਨਾਂ ਹੈ। ਇਸ ਦੇ ਉੱਤਰ ਵੱਲ ਜੂਬਾ ਦਰਿਆ ਤੇ ਦੱਖਣ ਵੱਲ ਕੀਨੀਆ ਕਾਲੋਨੀ ਹੈ। ਸੰਨ 1925 ਤੱਕ ਇਹ ਕੀਨੀਆ ਕਾਲੋਨੀ ਦਾ ਇਕ ਪ੍ਰਾਂਤ ਸੀ। ਸੰਨ 1926 ਤੱਕ ਇਕ ਅਲੱਗ ਬਸਤੀ ਦੇ ਤੌਰ ਤੇ ਇਸ ਉੱਤੇ ਇਟਲੀ ਦਾ ਪ੍ਰਬੰਧ ਰਿਹਾ। ਇਸ ਤੋਂ ਬਾਅਦ ਇਸ ਨੂੰ ਇਤਾਲਵੀ ਸੋਮਾਲੀਲੈਂਡ ਵਿਚ ਮਿਲਾ ਲਿਆ ਗਿਆ। ਜੂਬਾਲੈਂਡ ਦਾ ਕੁੱਲ ਖੇਤਰਫਲ ਲਗਭਗ 75,000 ਵ. ਕਿ. ਮੀ. (30,000 ਵ. ਮੀਲ) ਹੈ ਤੇ ਇਸ ਦਾ

ਜ਼ਹੁਤਾ ਭਾਗ ਨੀਮ ਬੰਜਰ ਹੈ। ਕਿਸਮੀਉ ਇਥੋਂ ਦਾ ਮੁੱਖ ਸ਼ਹਿਰ ਅਤੇ ਬੰਦਰਗਾਹ ਹੈ। ਇਥੋਂ ਦੇ ਲੋਕ ਵੱਡੀ ਗਿਣਤੀ ਵਿਚ ਊਠ ਤੇ ਗਾਈਆਂ ਰੱਖਦੇ ਹਨ। ਇਹ ਕਈ ਪ੍ਰਕਾਰ ਦੀਆਂ ਦਾਲਾਂ ਵੀ ਉਗਾਉਂਦੇ ਹਨ।

ਹ. ਪੁ.–ਐਨ. ਅਮੈ. 16 : 227

**ਜ਼ੂਰਿਕ** : ਇਹ ਉੱਤਰ-ਪੂਰਬੀ ਸਵਿਟਜ਼ਰਲੈਂਡ ਦਾ ਇਕ ਕੈਨਟਨ ਹੈ। ਇਸ ਕੈਨਟਨ ਦੇ ਉੱਤਰ ਵੱਲ ਸ਼ਾਫਹਾਉਜ਼ਨ ਅਤੇ ਰ੍ਹਾਈਨ ਦਰਿਆ ਹੈ ਜੋ ਇਸ ਦੀ ਜਰਮਨੀ ਨਾਲ ਸਰਹੱਦ ਬਣਾਉਂਦੇ ਹਨ। ਪੱਛਮ ਵਿਚ ਆਰਗਾਊ ਦੀ ਕੈਨਟਨ, ਦੱਖਣ ਵੱਲ ਟੂਰਗਾਊ ਅਤੇ ਸੇਂਟ ਗਾਲਨ ਹਨ। ਜ਼ੂਰਿਕ ਝੀਲ ਜੋ ਇਸ ਦੀ ਦੱਖਣੀ ਸਰਹੱਦ ਦਾ ਕੁਝ ਹਿੱਸਾ ਬਣਾਉਂਦੀ ਹੈ, ਉੱਤਰ ਵੱਲੋਂ ਇਸ ਵਿਚ ਦਾਖ਼ਲ ਹੁੰਦੀ ਹੈ। ਇਸ ਝੀਲ ਦੇ ਉੱਤਰੀ ਹਿੱਸੇ ਤੇ ਕੈਨਟਨ ਦਾ ਸਦਰ-ਮੁਕਾਮ ਜ਼ੂਰਿਕ ਸਥਿਤ ਹੈ। ਇਸ ਕੈਨਟਨ ਦਾ ਖੇਤਰਫਲ 1,729 ਵ. ਕਿ. ਮੀ. ਅਤੇ ਆਬਾਦੀ 11,59,080 (1991) ਹੈ।

ਇਸ ਦੀ ਧਰਾਤਲ ਦਰਿਆਈ ਵਾਦੀਆਂ ਵਾਲੀ ਹੈ। ਇਸ ਦੀ ਜਲ-ਨਿਕਾਸੀ ਉੱਤਰ-ਪੱਛਮ ਵੱਲ ਰ੍ਹਾਈਨ ਦਰਿਆ ਵੱਲ ਹੁੰਦੀ ਹੈ। ਧਰਾਤਲ ਦੇ ਲਗਭਗ 450 ਵ. ਕਿ. ਮੀ. ਖੇਤਰ ਵਿਚ ਜੰਗਲ ਹਨ। ਇਸ ਦੇ ਜੰਗਲੀ ਖੇਤਰ ਸਮੇਤ ਇਸ ਦਾ 90% ਖੇਤਰ ਉਪਜਾਊ ਹੈ ਤੇ ਬਾਕੀ ਦੇ ਖੇਤਰ ਵਿਚੋਂ ਲਗਭਗ 75 ਵ. ਕਿ. ਮੀ. ਖੇਤਰ ਵਿਚ ਝੀਲਾਂ ਫੈਲੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਗ੍ਰਿਫਨ, ਫੈਫਿਕਾਅਨ (ਪਫੈਫਿਕਾਮਨ) ਅਤੇ ਜ਼ੂਰਿਕ ਮੁੱਖ ਹਨ। ਇਸ ਦੀ ਵੱਧ ਤੋਂ ਵੱਧ ਉਚਾਈ 1,200 ਮੀ. ਦੇ ਲਗਭਗ ਹੈ। ਇਥੇ ਮੱਕੀ, ਦਾਲਾਂ ਅਤੇ ਫ਼ਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਬੇਸ਼ਕ ਇਹ ਇਕ ਉਪਜਾਊ ਖੇਤਰ ਹੈ ਫਿਰ ਵੀ ਇਥੇ ਉਦਯੋਗ ਹੀ ਜ਼ਿਆਦਾ ਵਿਕਸਿਤ ਹੈ ਜਿਨ੍ਹਾਂ ਵਿਚ ਮੁੱਖ ਤੌਰ ਤੇ ਮਸ਼ੀਨਰੀ, ਰੇਲ-ਗੱਡੀਆਂ ਦੇ ਇੰਜਣ ਅਤੇ ਡੱਬੇ, ਸੂਤੀ ਤੇ ਰੇਸ਼ਮੀ ਕੱਪੜਾ ਆਦਿ ਬਣਾਇਆ ਜਾਂਦਾ ਹੈ। ਉਦਯੋਗਿਕ ਕਾਰਖਾਨੇ ਮੁੱਖ ਤੌਰ ਤੇ ਜ਼ੂਰਿਕ ਅਤੇ ਵੌਂਟਰਟੁਰ ਵਿਚ ਹਨ। ਰ੍ਹਾਈਨ ਦਰਿਆ ਦੇ ਨਾਲ-ਨਾਲ ਜਲ-ਬਿਜਲੀ ਪਲਾਂਟ ਹਨ।

ਸ਼ੁਰੂ ਵਿਚ ਝੀਲ ਦੀ ਵਾਦੀ ਇਕ ਪਰਵਾਸੀ-ਮਾਰਗ ਹੀ ਸੀ ਜੋ ਬਾਅਦ ਵਿਚ ਵਪਾਰ ਦਾ ਪ੍ਰਮੁੱਖ ਕੇਂਦਰ ਬਣ ਗਿਆ ਅਤੇ ਇਥੋਂ ਦੀ ਸੁਖਾਵੀਂ ਭੂ-ਆਕ੍ਰਿਤੀ ਕਰਕੇ ਇਹ ਜਲਦੀ ਹੀ ਆਬਾਦ ਹੋ ਗਿਆ। ਜ਼ੂਰਿਕ ਸ਼ਹਿਰ ਦੀ ਜਿੱਤ ਨਾਲ ਆਧੁਨਿਕ ਕੈਨਟਨ ਹੋਂਦ ਵਿਚ ਆਈ। ਸੰਨ 1351 ਵਿਚ ਇਸ ਕੈਨਟਨ ਨੂੰ ਸਵਿਸ ਸੰਘ ਵਿਚ ਮਿਲਾ ਲਿਆ ਗਿਆ ਪਰ ਇਸ ਤੋਂ ਬਾਅਦ ਇਹ ਆਸਟ੍ਰੀਆ ਨਾਲ ਮਿਲ ਗਿਆ ਤੇ 10 ਸਾਲ ਸੰਘ ਤੋਂ ਅਲੱਗ ਰਿਹਾ ਪਰ 1450 ਈ. ਵਿਚ ਇਸ ਨੂੰ ਫਿਰ ਤੋਂ ਸਵਿਸ ਸੰਘ ਵਿਚ ਮਿਲਾ ਲਿਆ ਗਿਆ।

ਕੈਨਟਨ ਵਿਚ ਰੇਲਾਂ ਕਾਫ਼ੀ ਵਿਕਸਿਤ ਹਨ ਤੇ ਜ਼ੂਰਿਕ ਸ਼ਹਿਰ ਤੋਂ ਕਈ ਪਾਸਿਆਂ ਨੂੰ ਆਮ ਰੇਲਾਂ ਤੇ ਪਹਾੜੀ ਰੇਲਾਂ ਜਾਂਦੀਆਂ ਹਨ। ਆਬਾਦੀ ਦੇ ਪੱਖ ਤੋਂ ਇਹ ਸਵਿਟਜ਼ਰਲੈਂਡ ਦੀ ਸਭ ਤੋਂ ਵੱਡੀ ਕੈਨਟਨ ਹੈ। ਇਥੋਂ ਦੇ ਲੋਕ ਮੁੱਖ ਤੌਰ ਤੇ ਪ੍ਰੋਟੈਸਟੈਂਟ ਧਰਮ ਨੂੰ ਮੰਨਦੇ ਹਨ ਅਤੇ ਜਰਮਨ ਭਾਸ਼ਾ ਬੋਲਦੇ ਹਨ। ਇਨ੍ਹਾਂ ਦੇ ਰੀਤੀ ਰਿਵਾਜ ਅਤੇ ਕਾਨੂੰਨ ਵੀ ਜਰਮਨੀ ਵਾਲੇ ਹੀ ਹਨ।

ਹ. ਪੁ.–ਐਨ. ਅਮੈ. 29 : 823; ਐਨ. ਬ੍ਰਿ. ਮਾ. 10 : 902

**ਜੂਰੈਸਿਕ ਸਿਸਟਮ** : ਇਹ ਉਨ੍ਹਾਂ ਚਟਾਨਾਂ ਦਾ ਸਿਸਟਮ ਹੈ ਜਿਹੜੀਆਂ ਮੀਜ਼ੋਜ਼ੋਇਕ ਐਰਾ ਦੇ ਮੱਧ ਸਮੇਂ ਬਣੀਆਂ ਸਨ। ਭੂ-ਵਿਗਿਆਨਕ ਸਮਾਂ ਸਾਰਨੀ ਵਿਚ ਜੂਰੈਸਿਕ ਸਿਸਟਮ, ਟ੍ਰਾਈਐਸਿਕ ਅਤੇ ਕ੍ਰੀਟੇਸ਼ਸ ਸਿਸਟਮ ਦੇ ਵਿਚਕਾਰ ਆਉਂਦਾ ਹੈ। ਇਸ ਸਿਸਟਮ ਦਾ ਨਾਂ ਸਵਿਟਜ਼ਰਲੈਂਡ ਦੇ ਜ਼ੂਰਾ ਪਹਾੜਾਂ ਤੋਂ ਪਿਆ ਹੈ ਜਿਸ ਵਿਚ ਮੁੱਖ ਤੌਰ ਤੇ ਤਲਛੱਟੀ ਚਟਾਨਾਂ ਆਉਂਦੀਆਂ ਹਨ। ਜਵਾਲਾਮੁਖੀ ਚਟਾਨਾਂ ਕੁਝ ਹਿੱਸਿਆਂ ਤੱਕ ਹੀ ਖ਼ਾਸ ਤੌਰ ਤੇ ਉੱਤਰੀ ਅਮਰੀਕਾ ਦੀ ਪਰਬਤ ਮਾਲਾ ਤੱਕ ਸੀਮਿਤ ਹਨ। ਮੈਕ. ਐਨ. ਸ. ਟ. ਅਨੁਸਾਰ ਜੂਰੈਸਿਕ ਪੀਰੀਅਡ ਲਗਭਗ 135,000,000 ਸਾਲ ਪਹਿਲਾਂ ਖ਼ਤਮ ਹੋ ਗਿਆ ਸੀ ਅਤੇ ਇਸ ਦਾ ਆਯੂ-ਕਾਲ ਲਗਭਗ 55,60,000,000 ਸਾਲ ਦਾ ਹੈ। ਐਨ. ਬ੍ਰਿ.ਮਾ. ਅਨੁਸਾਰ ਇਹ ਪੀਰੀਅਡ 136,000,000 ਸਾਲ ਪਹਿਲਾਂ ਖ਼ਤਮ ਹੋਇਆ ਅਤੇ ਇਸ ਦਾ ਆਯੂ-ਕਾਲ 54,000,000 ਸਾਲ ਦਾ ਸੀ।

**ਕਾਲ ਵੰਡ**—ਜੂਰੈਸਿਕ ਸਿਸਟਮ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ, ਹੇਠਲਾ, ਮੱਧ ਅਤੇ ਉਪਰਲਾ ਜੂਰੈਸਿਕ ਪੀਰੀਅਡ। ਕਈ ਦੇਸ਼ਾਂ ਵਿਚ (ਖ਼ਾਸ ਕਰਕੇ ਜਰਮਨੀ ਵਿਚ) ਇਨ੍ਹਾਂ ਉਪ-ਭਾਗਾਂ ਨੂੰ ਕਈ ਹੋਰ ਨਾਂ ਵੀ ਦਿੱਤੇ ਗਏ ਹਨ ਜਿਵੇਂ ਕ੍ਰਮਵਾਰ ਲਾਈਅਸ, ਡੱਗਰ ਅਤੇ ਮਾਮ ਜਾਂ ਕਾਲਾ, ਭੂਰਾ ਅਤੇ ਚਿੱਟਾ ਜੂਰੈਸਿਕ ਪੀਰੀਅਡ। ਇਹ ਉਪ-ਭਾਗ ਅੱਗੋਂ ਹੋਰ ਛੋਟੇ ਭਾਗਾਂ, ਸਟੇਜਾਂ ਅਤੇ ਜ਼ੋਨਾਂ ਵਿਚ ਵੰਡਿਆ ਗਿਆ ਹੈ। ਇਹ ਵੰਡ ਐਮੋਨਾਇਟਾਂ ਸੈਫੈਲੋਪੋਡਾ ਦੇ ਐਮੋਨਾਇਡੀਆ ਵਰਗ ਦੀਆਂ ਉਨ੍ਹਾਂ ਕੁਝ ਜਾਤੀਆਂ ਦੇ ਆਧਾਰ ਤੇ ਕੀਤੀ ਗਈ ਹੈ ਜਿਹੜੀਆਂ ਕੁਝ ਪਰਤਾਂ ਦੀ ਖ਼ਾਸੀਅਤ ਹਨ। ਉੱਤਰ-ਪੱਛਮੀ ਯੂਰਪੀ ਸਟੈਂਡਰਡ ਸੈਕਸ਼ਨ ਨੂੰ 58 ਐਮੋਨਾਇਟ ਜ਼ੋਨਾਂ ਵਿਚ ਵੰਡਿਆ ਗਿਆ ਹੈ। ਇਕ ਹੋਰ ਕਾਲ-ਵੰਡ ਉਨ੍ਹਾਂ ਕੁਝ ਬਣਤਰਾਂ ਦੇ ਆਧਾਰ ਤੇ ਕੀਤੀ ਗਈ ਹੈ ਜਿਨ੍ਹਾਂ ਦੀ ਪਰਿਭਾਸ਼ਾ ਲਿਥਾਲੋਜੀ (ਪੱਥਰ-ਵਿਗਿਆਨ) ਰਾਹੀਂ ਦਿੱਤੀ ਗਈ ਹੈ ਅਤੇ ਜਿਹੜੀਆਂ ਭੂ-ਵਿਗਿਆਨਕ ਸਾਰਨੀ ਦਾ ਆਧਾਰ ਬਣਦੀਆਂ ਹਨ।

**ਪੁਰਾ ਭੂਗੋਲ**—ਜੂਰੈਸਿਕ ਪੀਰੀਅਡ ਵਿਚ ਉੱਤਰੀ ਅੰਧ-ਮਹਾਂਸਾਗਰ, ਸਕੈਂਡੀ (ਸਕੈਂਡੇਨੇਵੀ) ਅਤੇ ਉੱਤਰੀ ਹਿਮ-ਮਹਾਸਾਗਰ ਹੋਂਦ ਵਿਚ ਆਏ ਹੋਏ ਸਨ। ਉੱਤਰੀ ਅੰਧ-ਮਹਾਂਸਾਗਰ ਅਤੇ ਸਕੈਂਡੀ ਸ਼ਾਇਦ ਇਕ ਦੂਜੇ ਤੋਂ ਧਰਤੀ ਦੇ ਟੁਕੜੇ ਨਾਲ ਵੱਖ ਹੋਏ ਸਨ ਜਿਹੜਾ ਸਕਾਟਲੈਂਡ ਤੋਂ ਆਈਸਲੈਂਡ ਅਤੇ ਗ੍ਰੀਨਲੈਂਡ ਤੱਕ ਜਾਂਦਾ ਸੀ ਕਿਉਂਕਿ ਦੱਖਣੀ ਅੰਧ ਮਹਾਂਸਾਗਰ ਦੇ ਕਿਸੇ ਵੀ ਕਿਨਾਰੇ ਉੱਤੇ ਉਸ ਸਮੇਂ ਦਾ ਕੋਈ ਵੀ ਸਮੁੰਦਰੀ ਡਿਪਾਜ਼ਿਟ ਨਹੀਂ ਮਿਲਦਾ, ਇਸ ਲਈ ਹੋ ਸਕਦਾ ਹੈ ਕਿ ਗੋਂਡਵਾਨਾਲੈਂਡ ਦੇ ਪੱਛਮੀ ਇਲਾਕੇ ਵਿਚ ਅਫ਼ਰੀਕਨ-ਬ੍ਰਾਜ਼ੀਲੀਅਨ ਉਪ-ਦੀਪ ਵਾਕਿਆ ਹੋਵੇ। ਗੋਂਡਵਾਨਾ ਲੈਂਡ ਦਾ ਪੂਰਬੀ ਅੱਧਾ ਹਿੱਸਾ ਹਿੰਦ ਮਹਾਂਸਾਗਰ ਵਿਚ ਸੀ, ਇਹ ਜੂਰੈਸਿਕ ਸਮੇਂ ਵਿਚ ਸ਼ਾਇਦ ਸੁੱਕੀ ਧਰਤੀ ਸੀ ਅਤੇ ਆਸਟ੍ਰੇਲੋ-ਇੰਡੋ-ਮੈਡਾਗੈਸਕਨ ਮਹਾਦੀਪ ਜਾਂ ਲਿਮਿਊਰੀਆ ਬਣਦਾ ਸੀ। ਗੋਂਡਵਾਨਾਲੈਂਡ ਦੇ ਪੱਛਮੀ ਅਤੇ ਪੂਰਬੀ ਹਿੱਸੇ ਜੂਰੈਸਿਕ ਸਮੁੰਦਰ (ਅਫ਼ਰੀਕਾ ਦੇ ਪੂਰਬ ਵੱਲ) ਰਾਹੀਂ ਵੱਖ ਹੋਏ ਸਨ। ਜੂਰੈਸਿਕ ਮਹਾਂਸਾਗਰਾਂ ਦੇ ਸਮੁੰਦਰੀ ਨਿਖੇਪ ਅੱਜ ਵੀ ਮਹਾਂਸਾਗਰਾਂ ਦੇ ਤਲ ਦੇ ਹੇਠਾਂ ਲੁਕੇ ਹੋਏ ਹਨ। ਇਹ ਨਿਖੇਪ ਮਹਾਂਦੀਪਾਂ ਦੇ ਕੁਝ ਘੱਟ ਡੂੰਘੇ ਹਿੱਸਿਆਂ ਵਿਚੋਂ ਮਿਲਦੇ ਹਨ। ਸ਼ਾਇਦ ਹੀ ਕੋਈ ਅਜਿਹਾ ਮਹਾਦੀਪੀ ਹਿੱਸਾ ਹੋਵੇਗਾ ਜਿਹੜਾ ਸਾਰੇ ਜੂਰੈਸਿਕ ਸਮੇਂ ਵਿਚ ਇਕੋ ਥਾਂ ਤੇ ਰਿਹਾ ਹੋਵੇ। ਜੂਰੈਸਿਕ ਸਮੁੰਦਰੀ ਅਤਿਕ੍ਰਮਨਾਂ ਦਾ ਆਯੂ ਕਾਲ ਉਸ ਮਹਾਂਦੀਪ ਦੀ ਰਚਨਾ ਉੱਤੇ ਨਿਰਭਰ ਕਰਦਾ ਹੈ ਜਿਹੜਾ ਰੁੜ੍ਹ ਗਿਆ ਸੀ। ਸਥਿਰ ਸ਼ੈਲਫਾਂ (ਜਿਵੇਂ ਰੂਸ ਦੇ ਯੂਰਪੀ ਹਿੱਸੇ ਵਿਚ ਮਿਲਦੇ ਹਨ) ਉੱਤੇ ਜੂਰੈਸਿਕ ਤਲਛੱਟਾਂ ਦੀ ਪਤਲੀ ਤੇ ਅਧੂਰੀ ਤਹਿ ਸੀ ਅਤੇ ਘੱਟ ਸਥਿਰ ਸ਼ੈਲਫਾਂ (ਜਿਵੇਂ ਉੱਤਰ-ਪੱਛਮੀ ਯੂਰਪ ਵਿਚ) ਉੱਤੇ ਮੋਟੇ ਨਿਖੇਪ ਜਮ੍ਹਾਂ ਹੋਏ ਹਨ। ਜ਼ਿਆਦਾ ਮੋਟੀਆਂ ਤਲਛੱਟਾਂ ਭੂ-ਅਭਿਨਤੀ ਹਿੱਸਿਆਂ ਜ਼ਿਵੇਂ ਅਮਰੀਕੀ ਪਰਬਤ ਲੜੀ, ਉੱਤੇ ਜਮ੍ਹਾਂ ਹੋਏ ਸਨ ਜਿਨ੍ਹਾਂ ਤੋਂ ਸਰਕਮ ਪੈਸਿਫਿਕ ਮੋਬਾਈਲ ਬੈਲਟ ਦਾ ਹਿੱਸਾ ਬਣਿਆ ਸੀ। ਦੂਜੀ ਮੋਬਾਈਲ ਬੈਲਟ ਰੂਮ-ਸਾਗਰ ਤੋਂ ਫ਼ਾਰਸ, ਹਿਮਾਲੀਆ ਅਤੇ ਇੰਡੋਨੇਸ਼ੀਆ ਤੱਕ ਹੈ। ਇਹ ਹਿੱਸੇ ਬੜੀ ਤੇਜ਼ੀ ਨਾਲ ਡੁੱਬਣ ਵਾਲੇ ਗਰਤ (ਡੂੰਘ) ਸਨ। ਇਨ੍ਹਾਂ ਦੇ ਆਲੇ-ਦੁਆਲੇ ਦੀ ਤੇਜ਼ੀ ਨਾਲ ਉਪਰ ਉੱਠਦੀ ਧਰਤੀ ਦੇ ਖੁਰਨ ਨਾਲ ਕਾਫ਼ੀ ਤਲਛੱਟਾਂ ਇਨ੍ਹਾਂ ਡੁੱਬਦੇ ਹਿੱਸਿਆਂ ਵਿਚ ਗਿਰਦੀਆਂ ਗਈਆਂ।

ਬਹੁਤ ਤੇਜ਼ੀ ਨਾਲ ਡੁੱਬਦੇ ਜਾਣ ਦੇ ਬਾਵਜੂਦ ਵੀ ਇਨ੍ਹਾਂ ਭੂ-ਅਭਿਨਤੀ ਸਮੁੰਦਰਾਂ ਦੀ ਗਹਿਰਾਈ, ਜ਼ਿਆਦਾ ਸਥਿਰ ਹਿੱਸਿਆਂ ਤੋਂ ਬਹੁਤ ਜ਼ਿਆਦਾ ਨਹੀਂ ਸੀ ਕਿਉਂਕਿ ਇਹ ਉਨੀ ਤੇਜ਼ੀ ਨਾਲ ਹੀ ਭਰਦੇ ਵੀ ਗਏ ਸਨ।

ਪ੍ਰੀਕੈਂਬਰੀਅਨ ਸ਼ੀਲਡਾਂ ਜਿਹੜੇ ਭੂ-ਪਟਨ ਦੇ ਸਭ ਤੋਂ ਸਥਿਰ ਹਿੱਸੇ ਸਨ, ਜੁਰੈਸਿਕ ਸਮੇਂ ਵਿਚ ਖੁਰਦੇ ਗਏ। ਇਸ ਤਰ੍ਹਾਂ ਉੱਤਰੀ ਅਮਰੀਕਾ ਵਿਚ ਕੈਨੇਡੀਅਨ ਸ਼ੀਲਡ ਧਰਤੀ ਦਾ ਟੁਕੜਾ ਸੀ ਜਿਸ ਦੇ ਉੱਤਰ ਤੇ ਪੱਛਮ ਵਿਚ ਸਮੁੰਦਰ ਸਨ, ਸਕੈਂਡੇਨੇਵੀਅਨ ਸ਼ੀਲਡ ਵੀ ਪਿਛਲੇਰੇ ਜੂਰੈਸਿਕ ਸਮੇਂ ਵਿਚ ਸਮੁੰਦਰਾਂ ਰਾਹੀਂ ਘਿਰੀ ਹੋਈ ਸੀ।

ਜੁਰੈਸਿਕ ਪੀਰੀਅਡ ਦੇ ਇਤਿਹਾਸ ਵਿਚ ਸਭ ਤੋਂ ਵੱਧ ਮਹੱਤਤਾ ਵਾਲੀਆਂ ਭੂ-ਰੂਪ ਜਨਕ ਹਰਕਤਾਂ ਹਨ। ਇਹ ਸਮੁੰਦਰਾਂ ਦੇ ਅਤਿਕ੍ਰਮਨ ਅਤੇ ਪ੍ਰਤਿਕ੍ਰਮਨ ਸਮੁੰਦਰੀ ਰਸਤਿਆਂ ਦੇ ਬਣਨ ਤੇ ਬੰਦ ਹੋਣ ਅਤੇ ਜੀਵ-ਜੰਤੂਆਂ ਦੇ ਪ੍ਰਵਾਸ ਦਾ ਮੁੱਖ ਕਾਰਨ ਸਨ। ਇਨ੍ਹਾਂ ਦਾ ਤਲਛੱਟਾਂ ਦੀ ਦਰ ਅਤੇ ਕਿਸਮ ਤੇ ਵੀ ਅਸਰ ਪਿਆ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਜੁਰੈਸਿਕ ਯੁੱਗ ਦੀ ਬਨਸਪਤੀ ਵਿਚ ਮੁੱਖ ਤੌਰ ਤੇ ਫਰਨ (ਜਿਹੜੇ ਕੁਝ ਭਾਗਾਂ ਤੱਕ ਸੀਮਿਤ ਸਨ) ਅਤੇ ਜਿਮਨੋਸਪਰਮ ਸਨ। ਇਸ ਵਿਚੋਂ ਪ੍ਰਮੁੱਖ ਅਜੋਕੇ ਸਾਈਕੈਡ ਪੌਦਿਆਂ ਨਾਲ ਸਬੰਧਿਤ ਲੁਪਤ ਹੋ ਚੁੱਕੇ ਖਜੂਰ ਵਰਗੇ ਸਾਈਕੈਡਿਆੱਇਡ ਜਿਵੇਂ **Taeniopteris, Nilssonia** ਅਤੇ **Pterophyllum** ਸਨ। ਜਿੰਕੋ ਪੌਦੇ ਵੀ ਬਹੁਤ ਵਿਸਤ੍ਰਿਤ ਮਿਲਦੇ ਸਨ ਅਤੇ ਚੀਲ, ਦਿਆਰ ਤੇ ਕਈ ਹੋਰ ਕੋਨ ਬਿਰਛ ਵੀ ਆਮ ਦਿੱਸਦੇ ਸਨ। ਪਰਾਗ ਕਣਾਂ ਤੋਂ ਐਂਜਿਓਸਪਰਮਾਂ ਦੀ ਹੋਂਦ ਦਾ ਵੀ ਪਤਾ ਲੱਗਦਾ ਹੈ। ਕੁਝ ਸਮੁੰਦਰੀ ਹਿੱਸਿਆਂ ਵਿਚ ਕੈਲਕੇਰੀਅਸ ਤੋਂ ਚੱਟਾਨ ਭਿੱਤੀਆਂ ਬਣ ਗਈਆਂ ਸਨ।

ਜੀਵ-ਜੰਤੂਆਂ ਵਿਚੋਂ ਮੁੱਖ ਤੌਰ ਤੇ ਰੀਂਗਣੇ ਪ੍ਰਾਣੀਆਂ ਦਾ ਰਾਜ ਸੀ। ਇਨ੍ਹਾਂ ਦੀਆਂ ਕਈ ਕਿਸਮਾਂ ਮਿਲਦੀਆਂ ਸਨ। ਸਥੱਲੀ ਕਿਸਮਾਂ ਵਿਚੋਂ ਮੁੱਖ ਸੌਰਿਸਕੀਆ ਅਤੇ ਆੱਰਨਿਥਿਸਕੀਆ ਵਰਗ ਦੇ ਡਾਈਨੋਸੋਰ ਸਨ। ਸੌਰਿਸਕੀਆ ਦੀਆਂ ਛੋਟੀਆਂ ਅਤੇ ਬਹੁਤ ਵੱਡੇ ਆਕਾਰ ਦੀਆਂ ਕਿਸਮਾਂ ਵੀ ਮਿਲਦੀਆਂ ਸਨ। ਸਮੁੰਦਰਾਂ ਵਿਚ ਪਲੀਸੀਓਸੌਰਸ, ਮੱਛੀ ਵਰਗੇ ਇਕਥੀਓਸੌਰਸ ਤੇ ਮਗਰਮੱਛ ਅਤੇ ਉੱਡਣ ਵਾਲੇ ਜੀਵਾਂ ਵਿਚ ਟੈਰੋਡੈਕਟਾਈਲਸ ਅਤੇ ਕਈ ਹੋਰ ਜੀਵ ਮਿਲਦੇ ਸਨ।

ਸਭ ਤੋਂ ਪਹਿਲੇ ਪੰਛੀ ਆਰਕੀਅੱਪਟੈਰਿਕੱਸ (ਜਿਹੜਾ ਰੀਂਗਣੇ ਪ੍ਰਾਣੀਆਂ ਅਤੇ ਪੰਛੀਆਂ ਦੇ ਵਿਚਕਾਰ ਕੜੀ ਸਮਝਿਆ ਜਾਂਦਾ ਹੈ) ਦੇ ਪਿੰਜਰ ਵੀ ਪਿਛਲੇਰੇ ਜੁਰੈਸਿਕ ਯੁੱਗ ਵਿਚ ਹੀ ਮਿਲੇ ਹਨ। ਅਜੋਕੀਆਂ ਮੱਛੀਆਂ ਦੇ ਲਗਭਗ ਸਾਰੇ ਗਰੁੱਪ ਵੀ ਉਸ ਯੁੱਗ ਵਿਚੋਂ ਮਿਲੇ ਹਨ। ਜਲ-ਥਲੀ ਜੀਵਾਂ ਵਿਚੋਂ ਡੱਡੂ ਅਤੇ ਡਡੂਏ ਵੀ ਮਿਲਦੇ ਸਨ। ਮਾਰਸੂਪੀਏਲੀਆ ਗਰੁੱਪ ਦੇ ਕਈ ਛੋਟੇ ਥਣਧਾਰੀਆਂ ਦੇ ਜਬਾੜੇ ਅਤੇ ਦੰਦ ਵੀ ਇੰਗਲੈਂਡ ਅਤੇ ਉੱਤਰੀ ਅਮਰੀਕਾ ਵਿਚੋਂ ਮਿਲੇ ਹਨ।

ਸਮੁੰਦਰੀ ਰੀੜ੍ਹਰਹਿਤ ਪ੍ਰਾਣੀਆਂ ਵਿਚੋਂ ਪ੍ਰਸਿੱਧ ਐਮੋਨਾਇਟ ਹਨ ਜਿਨ੍ਹਾਂ ਤੋਂ ਕਈ ਨਵੀਆਂ ਕੁੱਲਾਂ ਅਤੇ ਪ੍ਰਜਾਤੀਆਂ ਨਿਕਲੀਆਂ। ਇਨ੍ਹਾਂ ਤੋਂ ਇਲਾਵਾ ਨੌਟੀਲਾੱਇਡ ਅਤੇ ਬੈਲੈਮਨਾੱਇਡ ਵੀ ਬਹੁਤ ਮਿਲਦੇ ਸਨ, ਗੈਸਟ੍ਰੋਪੋਡ, ਸੈਫੈਲੋਪੋਡ, ਐਕੀਨਾੱਇਡ, ਕ੍ਰਾਈਨਾੱਇਡ ਬ੍ਰੈਕੀਓਪੋਡ, ਸਿਲੀਕਾਮਈ ਸਪੰਜ, ਹਾਈਡ੍ਰੋਜ਼ੂਆਨ ਕਾੱਲੋਨੀਆਂ, ਕੋਰਲ ਆਦਿ ਵੀ ਮਿਲੇ ਹਨ। ਸਥੱਲੀ ਰੀੜ੍ਹਰਹਿਤ ਪ੍ਰਾਣੀਆਂ ਵਿਚੋਂ ਮੱਖੀਆਂ, ਤਿਤਲੀਆਂ ਅਤੇ ਪਤੰਗੇ (ਕੀਟ) ਤੇ ਕ੍ਰਸਟੇਸ਼ੀਅਨਾਂ ਵਿਚੋਂ ਆੱਸਟ੍ਰੈਕੋਡ ਮਿਲੇ ਹਨ।

**ਆਰਥਿਕ ਉਪਜਾਂ**—ਜੁਰੈਸਿਕ ਸਮੇਂ ਵਿਚ ਪੈਦਾ ਹੋਈਆਂ ਲੋਹੇ ਦੀਆਂ ਕੱਚੀਆਂ ਧਾਤਾਂ ਪੱਛਮੀ ਯੂਰਪ ਵਿਚ ਮਿਲਦੀਆਂ ਹਨ। ਲੋਰੇਨ ਵਾਲੀਆਂ ਮੱਧ ਜੁਰੈਸਿਕ ਸਮੇਂ ਦੀਆਂ ਅਤੇ ਬਰਤਾਨੀਆ ਵਾਲੀਆਂ ਹੇਠਲੇ ਅਤੇ ਉਪਰਲੇ ਜੁਰੈਸਿਕ ਸਮੇਂ ਦੀਆਂ ਹਨ। ਕੋਲਾ ਮੁੱਖ ਤੌਰ ਤੇ ਹੇਠਲੇ ਜੁਰੈਸਿਕ ਯੁੱਗ ਦਾ ਹੈ। ਉਪਰਲੇ ਜੁਰੈਸਿਕ ਸਮੇਂ ਵਿਚ ਇਹ ਸਕਾਟਲੈਂਡ, ਲੋਫੋਟਨ ਟਾਪੂਆਂ ਅਤੇ ਉੱਤਰ-ਪੂਰਬੀ ਗ੍ਰੀਨਲੈਂਡ ਵਿਚ ਮਿਲਿਆ ਹੈ। ਬਿਟਿਊਮਿਨੀ ਚਟਾਨਾਂ ਅਤੇ ਤੇਲ ਦੇ ਸ਼ੈੱਲ ਪੱਛਮੀ ਯੂਰਪ ਵਿਚ ਮਿਲੇ ਹਨ। ਇੰਗਲੈਂਡ ਅਤੇ ਜਰਮਨੀ ਵਿਚ ਚੂਨੇਦਾਰ ਪਰਤਾਂ ਤੋਂ ਚੂਨਾ ਤੇ ਸੀਮਿੰਟ ਅਤੇ ਚੀਕਣੀ ਮਿੱਟੀ ਤੋਂ ਇੱਟਾਂ ਬਣਾਈਆਂ ਗਈਆਂ ਹਨ। ਅਮਰੀਕਾ, ਕੈਨੇਡਾ, ਮੈਕਸੀਕੋ, ਬ੍ਰਾਜ਼ੀਲ, ਫ਼ਰਾਂਸ, ਜਰਮਨੀ, ਮਰਾਕੋ ਅਤੇ ਸਊਦੀ ਅਰਬ ਦੇ ਕਈ ਜੁਰੈਸਿਕ ਖਿਤਿਜਾਂ ਵਿਚੋਂ ਪੈਟ੍ਰੋਲੀਅਮ ਮਿਲਿਆ ਹੈ।

ਹ. ਪੁ.–ਮੈਕ. ਐਨ. ਸ. ਟ. 7 : 325; ਐਨ. ਬ੍ਰਿ. ਮਾ. 5 : 641

**ਜੂਲਜ਼, ਬਾਰਡੇ** : ਮੈਡੀਸਨ ਅਤੇ ਫ਼ਿਜ਼ਿਆੱਲੋਜੀ ਵਿਚ 1919 ਈ: ਵਿਚ ਇਸ ਨੋਬਲ ਪੁਰਸਕਾਰ ਵਿਜੇਤਾ ਵਿਗਿਆਨੀ ਦਾ ਜਨਮ 13 ਜੂਨ, 1870 ਨੂੰ ਸਵਾਨੀਜ਼, ਬੈਲਜੀਅਮ ਵਿਚ ਹੋਇਆ। ਇਸ ਨੇ ਬਰੱਸਲਜ਼ ਯੂਨੀਵਰਸਿਟੀ ਤੋਂ 1892 ਈ. ਵਿਚ ਡਾਕਟਰ ਆਫ਼ ਮੈਡੀਸਨ ਦੀ ਡਿਗਰੀ ਪ੍ਰਾਪਤ ਕੀਤੀ। ਇਸ ਨੇ ਪੈਸਚਰ ਇੰਸਟੀਚਿਊਟ ਵਿਚ ਖ਼ੂਨ ਸੀਰਮ ਵਿਚਲੇ ਜੀਵਾਣੂ ਅਤੇ ਰੈਡਬਲੱਡ ਕਾਰਪਸਲਜ਼ ਦੇ ਤਬਾਹ ਹੋਣ ਦੀ ਖੋਜ ਕੀਤੀ। ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਇਕ ਤਰ੍ਹਾਂ ਨਾਲ 'ਸੀਰਾਲੋਜੀ' ਦੀ ਸ਼ੁਰੂਆਤ ਸੀ। ਬ੍ਰਸਲਜ਼ ਵਿਚ ਇਸ ਨੂੰ 1907 ਈ. ਵਿਚ ਬੈਕਟੀਰੀਆਲੋਜੀ ਦਾ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। ਇਸ ਨੇ ਖ਼ੂਨ ਸੀਰਮ ਤੋਂ ਇਲਾਵਾ ਕਾਲੀ ਖਾਂਸੀ ਫੈਲਾਉਣ ਵਾਲੇ ਜੀਵਾਣੂਆਂ ਦੀ ਵੀ ਖੋਜ ਕੀਤੀ। ਇਕ ਹੋਰ ਟੈੱਸਟ (ਕੰਪਲੀਮੈਂਟ ਫਿਕਸੈੱਸ਼ਨ ਟੈੱਸਟ) ਵੀ ਇਸੇ ਦੀ ਹੀ ਖੋਜ ਸੀ ਜਿਸ ਰਾਹੀਂ ਕਈ ਰੋਗਾਂ ਜਿਵੇਂ ਟਾਈਫੱਾਇਡ ਬੁਖ਼ਾਰ, ਤਪਦਿਕ, ਆਤਸ਼ਕ ਆਦਿ ਰੋਗਾਂ ਦੀ ਪੜਤਾਲ ਕੀਤੀ ਜਾ ਸਕਦੀ ਸੀ। ਬਰੱਸਲਜ਼ ਵਿਚ ਹੀ ਇਸ ਵਿਗਿਆਨੀ ਦੀ 6 ਅਪ੍ਰੈਲ, 1961 ਨੂੰ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 2 : 163

**ਜੂਲ, ਜੇਮਜ਼ ਪ੍ਰੇਸਕਾੱਟ** : ਇਹ ਇੰਗਲੈਂਡ ਦਾ ਪ੍ਰਸਿੱਧ ਭੌਤਿਕ ਵਿਗਿਆਨੀ ਸੀ ਜਿਸਦਾ ਜਨਮ ਮਾਨਚੈੱਸਟਰ ਨੇੜੇ ਸੈਲਫੋਰਡ ਵਿਖੇ 24 ਦਸੰਬਰ, 1818 ਵਿਚ ਹੋਇਆ। ਆਪਣੇ ਜੀਵਨ ਕਾਲ ਵਿਚ ਇਹ ਲਗਾਤਾਰ ਵਿਗਿਆਨਿਕ ਰਾਸ਼ੀਆਂ ਦੇ ਸਹੀ ਨਾਪ ਸਬੰਧੀ ਪਰੀਖਣਾਂ ਵਿਚ ਲੱਗਿਆ ਰਿਹਾ। ਸੰਨ 1840 ਵਿਚ ਇਸ ਨੇ ਬਿਜਲੀ ਦੇ ਪ੍ਰਵਾਹ ਤੋਂ ਉਤਪੰਨ ਹੋਣ ਵਾਲੇ ਤਾਪ ਦੀ ਸਹੀ ਮਾਤਰਾ ਦੀ ਖੋਜ ਕੀਤੀ ਅਤੇ ਇਹ ਖੋਜ ਕਰਨ ਦੇ ਨਿਯਮ ਨੂੰ 'ਜੂਲ ਸਿਧਾਂਤ' ਕਿਹਾ ਗਿਆ। ਇਸ ਤੋਂ ਬਾਅਦ ਇਸਨੇ ਤਾਪ-ਗਤੀ ਵਿਗਿਆਨ ਦੇ ਪਹਿਲੇ ਸਿਧਾਂਤ ਵਿਚ ਸੁਧਾਰ ਕੀਤਾ ਅਤੇ ਚਾਰ ਵੱਖ-ਵੱਖ ਵਿਧੀਆਂ ਨਾਲ ਤਾਪ ਦੇ ਯੰਤ੍ਰਿਕ ਗੁਣਾਂਕ ਦਾ ਮੁੱਲ ਪਤਾ ਕੀਤਾ। ਇਸ ਵਿਚ ਰਗੜ-ਵਿਧੀ ਸਭ ਤੋਂ ਮਹੱਤਵਪੂਰਨ ਸੀ। ਬ੍ਰਿਟਿਸ਼ ਐਸੋਸੀਏਸ਼ਨ ਨੇ ਇਸ ਨੂੰ ਬਿਜਲੀ ਦੇ ਤਾਪ-ਪ੍ਰਭਾਵ ਦੁਆਰਾ ਤਾਪ ਦੇ ਯੰਤ੍ਰਿਕ ਗੁਣਾਂਕ ਦਾ ਮੁੱਲ ਪਤਾ ਕਰਨ ਦਾ ਕੰਮ ਸੌਂਪਿਆ ਸੀ। ਗੈਸਾਂ ਦੇ ਦ੍ਰਵੀਕਰਨ ਦੇ ਖੇਤਰ ਵਿਚ ਇਸਨੇ ਚੋਖਾ ਯੋਗਦਾਨ ਪਾਇਆ ਅਤੇ ਕਈ ਮਹੱਤਵਪੂਰਨ ਪ੍ਰਯੋਗ ਕੀਤੇ। ਲਾਰਡ ਕੈਲਵਿਨ ਦੇ ਸਹਿਯੋਗ ਨਾਲ ਇਸ ਨੇ ਗੈਸਾਂ ਸਬੰਧੀ ਇਹ ਨਵਾਂ ਗੁਣ ਲੱਭਿਆ ਕਿ ਜਦ ਕੋਈ ਗੈਸ ਬਹੁਤ ਸੂਖ਼ਮ ਛੇਕ ਵਿਚੋਂ ਹੋ ਕੇ ਉੱਚੇ ਦਬਾਉ ਤੋਂ ਨਿਮਨ ਦਬਾਉ ਵੱਲ ਵਹਿੰਦੀ ਹੈ ਤਾਂ ਉਸਦੇ ਤਾਪ ਵਿਚ ਕਮੀ ਆ ਜਾਂਦੀ ਹੈ। ਇਸ ਗੁਣ ਨੂੰ ਜੂਲ ਟਾਮਸਨ ਪ੍ਰਭਾਵ ਕਹਿੰਦੇ ਹਨ। ਇਸੀ ਪ੍ਰਭਾਵ ਉੱਤੇ ਆਧਾਰਤ ਕੀਤੇ ਪ੍ਰਯੋਗਾਂ ਦੁਆਰਾ ਆੱਕਸੀਜਨ, ਹਾਈਡ੍ਰੋਜਨ ਅਤੇ ਹੀਲੀਅਮ ਆਦਿ ਗੈਸਾਂ ਨੂੰ ਦ੍ਰਵ ਰੂਪ ਵਿਚ ਬਦਲਿਆ ਗਿਆ। ਜੂਲ ਦੇ ਸਨਮਾਨ ਵਜੋਂ ਹੀ ਊਰਜਾ ਦੀ ਆਮ ਵਰਤੀ ਜਾਣ ਵਾਲੀ ਇਕਾਈ ਦਾ ਨਾਂ ਵੀ 'ਜੂਲ' ਹੈ। ਭੌਤਿਕ ਵਿਗਿਆਨ ਦੇ ਖੇਤਰ ਵਿਚ ਆਪਣਾ ਭਰਪੂਰ ਯੋਗਦਾਨ

ਪਾਉਣ ਉਪਰੰਤ ਇਸ ਉੱਘੇ ਵਿਗਿਆਨੀ ਦੀ 11 ਅਕਤੂਬਰ, 1889 ਨੂੰ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 5 : 31

**ਜੂਲੀਓ ਰੋਮਾਨੋ** : ਵੇਖੋ ਰੋਮਾਨੋ, ਜੂਲੀਓ

**ਜੂਲੀਅਨ ਦੀ ਆਪੱਸਟੇਟ** : ਇਹ ਇਕ ਪ੍ਰਸਿੱਧ ਰੋਮਨ ਸ਼ਹਿਨਸ਼ਾਹ ਸੀ। ਇਸ ਦਾ ਜਨਮ 331-32 ਈ. ਵਿਚ ਜੂਲੀਅਸ ਕਾੱਨਸਟੈਂਟੀਅਸ ਦੇ ਘਰ ਹੋਇਆ। ਇਸ ਦੀ ਮਾਂ ਦਾ ਨਾਂ ਬਸੀਲੀਨਾ ਸੀ। ਇਸ ਦਾ ਪਿਤਾ ਕਾੱਨਸਟੈਨਟਾਈਨ ਪਹਿਲੇ (ਮਹਾਨ) ਦਾ ਮਤਰੇਆ ਭਰਾ ਸੀ। ਜੂਲੀਅਨ ਦਾ ਪੂਰਾ ਨਾਂ ਫਲੇਵੀਅਸ ਕਲਾਡੀਅਸ ਜੂਲੀਆਨਸ ਸੀ। ਵਿਸ਼ਵ ਇਤਿਹਾਸ ਅੰਦਰ ਇਹ ਇਕ ਧਰਮ ਤਿਆਗੀ ਵਜੋਂ ਪ੍ਰਸਿੱਧ ਹੈ। ਇਹ ਉਹ ਅੰਤਮ ਸ਼ਹਿਨਸ਼ਾਹ ਸੀ ਜਿਸ ਨੇ ਯੂਨਾਨੀ ਰੋਮਨ ਪੈਨਥੀਆਨ (ਸਰਬ ਦੇਵ ਮੰਦਰ) ਦੇ ਪੁਨਰ-ਸੁਰਜੀਤ ਹੋਏ ਬਹੁ ਦੇਵ ਵਾਦ ਨੂੰ ਈਸਾਈ ਧਰਮ ਦੀ ਥਾਂ ਦਿਵਾਉਣ ਲਈ ਉਪਰਾਲਾ ਕੀਤਾ ਸੀ। ਇਹ ਅਜੇ ਪੰਜ ਵਰ੍ਹਿਆਂ ਦਾ ਸੀ ਜਦੋਂ ਇਸ ਦੇ ਪਿਤਾ ਦਾ ਇਕ ਭਤੀਜਾ ਜਿਸ ਦਾ ਨਾਂ ਵੀ ਕਾੱਨਸਟੈਂਟੀਅਸ ਸੀ, ਕਾੱਨਸਟੈਂਟੀਅਸ ਦੂਜੇ ਵਜੋਂ ਪੂਰਬ ਵਿਚ ਸ਼ਹਿਨਸ਼ਾਹ ਬਣਿਆ ਅਤੇ 340 ਈ. ਵਿਚ ਆਪਣੇ ਭਰਾ ਕਾੱਨਸਟੈਨਟਾਈਨ ਦੂਜੇ ਦੀ ਮੌਤ ਹੋਣ ਤੇ ਸ਼ਹਿਨਸ਼ਾਹ ਬਣਿਆ। ਦੇਸ਼ ਦੀ ਫ਼ੌਜ ਤਾਂ ਕੇਵਲ ਕਾੱਨਸਟੈਨਟਾਈਨ ਪਹਿਲੇ ਦੇ ਪੁੱਤਰਾਂ ਨੂੰ ਹੀ ਉਸਦੇ ਉੱਤਰਾਧਿਕਾਰੀ ਵਜੋਂ ਮੰਨਣ ਨੂੰ ਤਿਆਰ ਸੀ। ਇਸ ਪ੍ਰਭਾਵ ਥੱਲੇ ਹੀ ਫ਼ੌਜਾਂ ਤੇ ਕਾੱਨਸਟੈਨਟਾਈਨ ਦੇ ਮਤਰੇਏ ਭਰਾਵਾਂ ਅਤੇ ਤਖ਼ਤ ਦੇ ਹਰ ਸੰਭਾਵੀ ਚਾਹਵਾਨਾਂ ਨੂੰ ਕਤਲ ਕਰ ਦਿੱਤਾ। ਕਾੱਨਸਟੈਨਟਾਈਨ ਪਹਿਲੇ ਦੇ ਤੀਜੇ ਪੁੱਤਰ ਕਾੱਨਸਟੈਂਟੀਅਸ ਦੂਜੇ ਨੇ 337 ਈ. ਵਿਚ (337 ਈ. ਤੋਂ ਤੁਰੰਤ ਪਿੱਛੋਂ) ਜੂਲੀਅਨ ਦੇ ਪਿਤਾ ਨੂੰ ਅਤੇ 341 ਈ. ਵਿਚ ਜੂਲੀਅਨ ਦੇ ਵੱਡੇ ਭਰਾ ਨੂੰ ਕਤਲ ਕਰ ਦਿੱਤਾ। ਇਸ ਦੀ ਮਾਂ ਇਸ ਦੇ ਜਨਮ ਤੋਂ ਥੋੜ੍ਹਾ ਚਿਰ ਪਿੱਛੋਂ ਹੀ ਮਰ ਗਈ ਸੀ। ਆਪਣੇ ਜਿਉਂਦੇ ਮਤਰੇਏ ਭਰਾ, ਗੈਲਸ ਦੇ ਨਾਲ ਹੀ ਇਸ ਦੀ ਪਾਲਣਾ ਲੁਕ ਛੁਪ ਕੇ ਹੁੰਦੀ ਰਹੀ। ਜਦੋਂ ਇਹ 19 ਸਾਲਾਂ ਦਾ ਹੋਇਆ ਤਾਂ ਇਸ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਪਹਿਲਾਂ ਕੋਮੋ ਵਿਖੇ ਤੇ ਮਗਰੋਂ ਯੂਨਾਨ ਭੇਜਿਆ ਗਿਆ।

ਵਿਦਿਆਰਥੀ ਉਮਰ ਵਿਚ ਮਾਣੀ ਆਜ਼ਾਦੀ ਨੇ ਇਸ ਉੱਤੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਇਸ ਆਜ਼ਾਦੀ ਨੇ ਹੀ ਇਹ ਗੱਲ ਵੀ ਯਕੀਨੀ ਬਣਾ ਦਿੱਤੀ ਕਿ ਇਕ ਸਦੀ ਦੇ ਅੰਦਰ-ਅੰਦਰ ਇਹ ਪਹਿਲੀ ਗੱਲ ਹੋਵੇਗੀ ਕਿ ਅਗਲਾ ਸ਼ਹਿਨਸ਼ਾਹ ਇਕ ਸੱਭਿਅ ਵਿਅਕਤੀ ਹੋਵੇਗਾ। ਇਸਨੇ ਪਹਿਲਾਂ ਪਰਗਾਮਮ ਐਫ਼ਾਸਸ ਵਿਖੇ ਅਤੇ ਮਗਰੋਂ ਏਥਨਜ਼ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਹ ਨਵ-ਅਫ਼ਲਾਤੂਨਵਾਦ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ 'ਅਜਿੱਤ ਸੂਰਜ' ਦੀ ਪੂਜਾ-ਪੱਧਤੀ ਧਾਰਨ ਕੀਤੀ।

ਇਸ ਦੀ ਸਾਹਿਤਕ ਯੋਗਤਾ ਇਸ ਦੀਆਂ ਮੌਜੂਦਾ ਰਚਨਾਵਾਂ ਵਿਚ ਬਹੁਤ ਝਲਕ ਮਾਰਦੀ ਹੈ। ਬਹੁਤੀਆਂ ਰਚਨਾਵਾਂ ਤਾਂ ਇਸ ਦੇ ਯੂਨਾਨੀ ਸਭਿਆਚਾਰ ਪ੍ਰਤਿ ਡੂੰਘੇ ਪਿਆਰ ਦਾ ਪ੍ਰਗਟਾਵਾ ਕਰਦੀਆਂ ਹਨ। ਇਸ ਨੂੰ ਬਪਤਿਸਮਾ ਦਿੱਤਾ ਗਿਆ ਅਤੇ ਇਕ ਈਸਾਈ ਬਣਾਇਆ ਗਿਆ ਪਰ ਇਹ ਤਾਂ ਉਪਰੋਂ-ਉਪਰੋਂ ਹੀ ਈਸਾਈ ਸੀ ਅਤੇ ਅਖ਼ੀਰ ਨੂੰ ਆਪਣੇ ਆਪ ਨੂੰ ਹੀ ਉੱਚਾ ਸਮਝਣ ਲੱਗ ਪਿਆ ਸੀ। ਇਸ ਦੇ ਅਨੁਸਾਰ ਸਰਕਾਰੀ ਭੇਖ ਵਿਚ ਈਸਾਈ ਮਤ ਤੋਂ ਭਾਵ ਇਕ ਅਜਿਹਾ ਧਰਮ ਸੀ ਜਿਸ ਦੇ ਪੈਰੋਕਾਰਾਂ ਨੇ ਉਸਦੇ ਪਿਤਾ, ਉਸਦੇ ਭਰਾ ਅਤੇ ਉਸਦੇ ਕਈ ਹੋਰ ਰਿਸ਼ਤੇਦਾਰਾਂ ਨੂੰ ਕਤਲ ਕੀਤਾ ਸੀ। ਇਸ ਕਰਕੇ ਉਹ ਅਜਿਹੇ ਧਰਮ ਦੀ ਈਨ ਮੰਨਣ ਨੂੰ ਕਦੇ ਵੀ ਤਿਆਰ ਨਹੀਂ ਸੀ। ਇਸ ਨੂੰ ਆਪਣੇ ਫ਼ਿਲਾਸਫ਼ੀ-ਚਿੰਤਨ ਵਿਚ ਕਈ ਗੁਣਾਂ ਵਧੇਰੇ ਆਨੰਦ ਆਉਂਦਾ ਸੀ।

ਸੰਨ 351 ਵਿਚ ਕਾੱਨਸਟੈਂਟੀਅਸ ਦੂਜੇ ਨੇ ਆਪਣੇ ਭਰਾ ਕਾਸਟੈਨਸ ਅਤੇ ਬਾਅਦ ਵਿਚ ਪੱਛਮ ਵਿਚ ਹੋਈਆਂ ਗੜਬੜਾਂ ਤੋਂ ਦੁਖੀ ਹੋ ਕੇ ਗੈਲਸ ਨੂੰ ਆਪਣਾ ਯੁਵਰਾਜ ਅਰਥਾਤ ਆਪਣਾ ਸਹਾਇਕ ਅਤੇ ਸੰਭਾਵੀ ਉੱਤਰਾਧਿਕਾਰੀ ਨਿਯੁਕਤ ਕੀਤਾ। ਗੈਲਸ ਇਕ ਅਸਫ਼ਲ ਹਾਕਮ ਸਾਬਤ ਹੋਇਆ ਅਤੇ 354 ਈ. ਵਿਚ ਇਟਲੀ ਵਿਚ ਪੋਲਾ ਦੇ ਨੇੜੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕਾੱਨਸਟੈਂਟੀਅਸ ਨੂੰ ਫਿਰ ਆਪਣੇ ਹੀ ਖ਼ਾਨਦਾਨ ਵਿਚੋਂ ਇਕ ਸਹਾਇਕ ਦੀ ਲੋੜ ਪਈ ਅਤੇ ਕਾਫ਼ੀ ਹਿਚਕਚਾਹਟ ਤੋਂ ਪਿੱਛੋਂ ਉਸਨੇ ਜੂਲੀਅਨ ਨੂੰ ਯੂਨਾਨ ਤੋਂ ਬੁਲਾ ਲਿਆ। ਨਵੰਬਰ, 355 ਵਿਚ ਜਦੋਂ ਜੂਲੀਅਨ 23 ਵਰ੍ਹਿਆਂ ਦਾ ਸੀ ਤਾਂ ਬਕਾਇਦਾ ਤੌਰ ਤੇ ਇਸ ਦਾ ਇਕ ਯੁਵਰਾਜ ਵਜੋਂ ਐਲਾਨ ਕੀਤਾ ਗਿਆ। ਸ਼ਹਿਨਸ਼ਾਹ ਨੇ ਆਪਣੀ ਭੈਣ ਹੈਲਨ ਦੀ ਜੂਲੀਅਨ ਨਾਲ ਸ਼ਾਦੀ ਕਰ ਦਿੱਤੀ। ਪੰਜ ਸਾਲਾਂ ਪਿੱਛੋਂ ਹੀ ਹੈਲਨ ਦੀ ਮੌਤ ਹੋ ਗਈ। ਜੂਲੀਅਨ ਨੂੰ ਤੁਰੰਤ ਗਾਲ ਭੇਜ ਦਿੱਤਾ ਗਿਆ ਜਿਥੇ ਇਸਨੇ ਇਕ ਦ੍ਰਿੜ੍ਹ ਅਤੇ ਸਫ਼ਲ ਕਮਾਂਡਰ ਦਾ ਸਬੂਤ ਦਿੱਤਾ। ਇਸਨੇ ਐਲਾਮੈਨਾਈ ਅਤੇ ਫਰੈਂਕਾਂ ਨੂੰ ਹਰਾ ਕੇ ਬਾਹਰ ਕੱਢ ਦਿੱਤਾ। ਇਨ੍ਹਾਂ ਕਾਰਨਾਮਿਆਂ ਨੇ ਕਾੱਨਸਟੈਂਟੀਅਸ ਦੇ ਮਨ ਅੰਦਰ ਈਰਖਾ ਪੈਦਾ ਕਰ ਦਿੱਤੀ ਅਤੇ ਉਸਨੇ ਜੂਲੀਅਨ ਨੂੰ ਮਾਇਕ ਤੰਗੀ ਵਿਚ ਅਤੇ ਸਖ਼ਤ ਨਿਗਰਾਨੀ ਥੱਲੇ ਰੱਖਿਆ। ਸੰਨ 360 ਵਿਚ ਜਦੋਂ ਜੂਲੀਅਨ ਆਪਣੇ ਮਨ ਭਾਉਂਦੇ ਸਦਰ-ਮੁਕਾਮ ਪੈਰਿਸ ਵਿਖੇ ਸਰਦੀਆਂ ਕੱਟ ਰਿਹਾ ਸੀ ਤਾਂ ਸ਼ਹਿਨਸ਼ਾਹ ਨੇ ਜੂਲੀਅਨ ਨੂੰ ਆਪਣੀਆਂ ਵਧੀਆ ਫ਼ੌਜਾਂ ਨੂੰ ਕੇਵਲ ਦਿਖਾਵੇ ਲਈ ਪੂਰਬ ਵਿਚ ਭੇਜਣ ਲਈ ਹੁਕਮ ਦਿੱਤਾ। ਅਸਲ ਵਿਚ ਸ਼ਹਿਨਸ਼ਾਹ ਦਾ ਇਰਾਦਾ ਤਾਂ ਜੂਲੀਅਨ ਨੂੰ ਕਮਜ਼ੋਰ ਕਰਨਾ ਸੀ। ਝੱਟ ਪਿੱਛੋਂ ਹੀ ਜੂਲੀਅਨ ਦੀਆਂ ਫ਼ੌਜਾਂ ਨੇ ਉਸ ਦਾ ਔਗਸਟਸ ਵਜੋਂ ਸਨਮਾਨ ਕੀਤਾ। ਇਸ ਨਾਲ ਸ਼ਹਿਨਸ਼ਾਹ ਕਾੱਨਸਟੈਂਟੀਅਸ ਨੂੰ ਕੁਦਰਤੀ ਹੀ ਗੁੱਸਾ ਆ ਗਿਆ ਅਤੇ ਉਸ ਨੇ ਜੂਲੀਅਨ ਨਾਲ ਸੁਲ੍ਹਾ ਕਰਨ ਤੋਂ ਨਾਂਹ ਕਰ ਦਿੱਤੀ। ਜੂਲੀਅਨ ਨੇ ਇਹ ਮਹਿਸੂਸ ਕੀਤਾ ਕਿ ਕਾੱਨਸਟੈਂਟੀਅਸ ਅਤੇ ਉਸ ਦੇ ਵਿਚਕਾਰ ਹੁਣ ਯੁੱਧ ਹਰ ਹਾਲਤ ਵਿਚ ਹੋਵੇਗਾ ਪਰ ਇਹ ਯੁੱਧ ਹੋਣ ਤੋਂ ਪਹਿਲਾਂ ਹੀ ਸ਼ਹਿਨਸ਼ਾਹ ਕਾੱਨਸਟੈਂਟੀਅਸ ਦੀ ਨਵੰਬਰ, 361 ਵਿਚ ਟਾਰਸੱਸ ਨੇੜੇ ਮੌਤ ਹੋ ਗਈ। ਇਸ ਤਰ੍ਹਾਂ ਸਾਰਾ ਸਾਮਰਾਜ ਜੂਲੀਅਨ ਅਧੀਨ ਹੋ ਗਿਆ।

ਜੂਲੀਅਨ ਜਿਹੜਾ ਕਿ ਹੁਣ ਇਕੱਲਾ ਔਗਸਟਸ ਸੀ, ਨੇ ਮਹੱਲ ਦੀ ਜ਼ਿੰਦਗੀ ਬਹੁਤ ਸਾਦੀ ਕਰ ਦਿੱਤੀ ਅਤੇ ਮਹੱਲ ਦੇ ਖ਼ਰਚੇ ਵੀ ਘਟਾ ਦਿੱਤੇ। ਇਸਨੇ ਕਈ ਐਲਾਨ ਜਾਰੀ ਕੀਤੇ ਅਤੇ ਇਨ੍ਹਾਂ ਸਾਰਿਆਂ ਐਲਾਨਾਂ ਵਿਚ ਮਾਰਕਸ ਆਰੇਲੀਅਸ ਦੇ ਪੂਰਨਿਆਂ ਤੇ ਚਲ ਕੇ ਇਕ ਫ਼ਿਲਾਸਫ਼ਰ ਵਜੋਂ ਰਾਜ ਕਰਨ ਦਾ ਆਪਣਾ ਇਰਾਦਾ ਦਰਸਾਇਆ। ਇਕੱਲੇ ਸ਼ਹਿਨਸ਼ਾਹ (361 ਤੋਂ 363 ਈ.) ਵਜੋਂ ਇਸਨੇ ਈਰਾਨੀਆਂ ਵਿਰੁੱਧ ਮੁਹਿੰਮ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਲਈਆਂ। ਸੰਨ 362 ਵਿਚ ਇਹ ਈਰਾਨੀ ਇਲਾਕੇ ਦੇ ਧੁਰ ਅੰਦਰ ਚਲਾ ਗਿਆ ਪਰ ਟੈਸਾਫਾਨ ਨਾਂ ਦੇ ਮਜ਼ਬੂਤ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਲੈਣ ਤੋਂ ਅਸਮਰੱਥ ਰਿਹਾ। ਮਗਰੋਂ 363 ਈ. ਵਿਚ ਈਰਾਨੀਆਂ ਨੇ ਇਸ ਦੀਆਂ ਫ਼ੌਜਾਂ ਨੂੰ ਮਾਤ ਪਾ ਦਿੱਤੀ ਅਤੇ ਘੇਰਾ ਪਾ ਲਿਆ। ਟੈਸਾਫਾਨ ਸ਼ਹਿਰ ਦੀਆਂ ਕੰਧਾਂ ਤੋਂ ਫ਼ੌਜਾਂ ਦੀ ਵਾਪਸੀ ਸਮੇਂ ਇਹ ਇਕ ਨੇਜ਼ੇ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਅਤੇ ਅਗਲੀ ਹੀ ਰਾਤ (ਜੂਨ, 363) ਨੂੰ 31 ਸਾਲਾਂ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ। ਇਸ ਤਰ੍ਹਾਂ ਇਸ ਦਾ 20 ਮਹੀਨਿਆਂ ਦਾ ਰਾਜ ਖ਼ਤਮ ਹੋ ਗਿਆ।

ਮੁੱਖ ਤੌਰ ਤੇ ਜੂਲੀਅਨ ਈਸਾਈ ਮਤ ਦੀ ਕੀਮਤ ਤੇ ਪੈਗਨਵਾਦ (ਦੇਵੀ ਸ਼ਕਤੀਆਂ ਦੀ ਪੂਜਾ) ਨੂੰ ਪੁਨਰ-ਸਥਾਪਿਤ ਕਰਨ ਲਈ ਜਾਣਿਆ ਜਾਂਦਾ ਹੈ। ਇਹ ਈਸਾਈਆਂ ਨੂੰ ਕਤਲ ਕਰਨ ਦੀ ਹਦ ਤੱਕ ਤਾਂ ਨਹੀਂ

ਸੀ ਪੁੱਜਾ ਪਰ ਇਸ ਨੇ ਈਸਾਈਆਂ ਨੂੰ ਸਾਮਰਾਜੀ ਦਫ਼ਤਰਾਂ ਵਿਚੋਂ ਕੱਢ ਦਿੱਤਾ ਅਤੇ ਈਸਾਈ ਪ੍ਰਚਾਰ ਦੇ ਰਾਹ ਵਿਚ ਕਈ ਅੜਿੱਕੇ ਡਾਹ ਦਿੱਤੇ। ਜੂਲੀਅਨ ਖ਼ੁਦ ਇਕ ਰਹੱਸਵਾਦੀ ਅਤੇ ਨਵ-ਅਫ਼ਲਾਤੂਨਵਾਦੀ ਸੀ ਜਿਸਨੇ ਇਕ ਫ਼ਿਲਾਸਫ਼ਰ ਦਾ ਚੋਲਾ ਪਾਇਆ ਹੋਇਆ ਸੀ। ਇਹ ਇਕ ਬਹੁਤ ਪੜ੍ਹਿਆ ਲਿਖਿਆ ਸ਼ਹਿਨਸ਼ਾਹ ਸੀ। ਇਸਨੇ ਕਈ ਪੁਸਤਕਾਂ ਦੀ ਰਚਨਾ ਵੀ ਕੀਤੀ।

ਹ. ਪੁ. —ਐਨ. ਬ੍ਰਿ. ਮੈ. 10 : 332; ਕੋਲ. ਐਨ. 11 : 88

**ਜ਼ੂਲੂ** : ਦੱਖਣੀ ਅਫ਼ਰੀਕਾ ਦੇ ਨਾਟਾਲ ਗਣਰਾਜ ਵਿਚ ਵੱਸੇ ਲੋਕਾਂ ਦੀ ਇਕ ਕੌਮ ਹੈ ਜੋ ਅੰਗੋਨੀ ਭਾਸ਼ਾ ਬੋਲਦੇ ਹਨ। ਇਹ ਦੱਖਣੀ ਬੰਟੂ ਜਾਤੀ ਦੇ ਲੋਕਾਂ ਵਿਚੋਂ ਹੀ ਹਨ। ਇਨ੍ਹਾਂ ਵਿਚੋਂ ਸਵਾਜ਼ੀ ਤੇ ਕੋਸਾ ਲੋਕਾਂ ਨਾਲ ਇਨ੍ਹਾਂ ਦੇ ਭਾਸ਼ਾਈ, ਸੰਸਕ੍ਰਿਤਕ ਅਤੇ ਨਸਲੀ ਸਬੰਧ ਹਨ। ਸੰਨ 1970 ਵਿਚ ਇਸ ਕੌਮ ਦੀ ਗਿਣਤੀ 3,000,000 ਦੇ ਨੇੜੇ ਸੀ।

ਰਵਾਇਤੀ ਤੌਰ ਤੇ ਇਹ ਅਨਾਜ ਉਗਾਉਣ ਵਾਲੇ ਕਿਸਾਨ ਹੀ ਹਨ ਪਰ ਵਿਰਲੇ ਵਿਰਲੇ ਜੰਗਲੀ ਘਾਹ ਵਾਲੇ ਖੇਤਰ ਵਿਚ ਕਾਫ਼ੀ ਗਿਣਤੀ ਵਿਚ ਪਸ਼ੂ ਵੀ ਪਾਲਦੇ ਹਨ ਅਤੇ ਆਪਣੇ ਪਸ਼ੂਆਂ ਦੀ ਪੂਰਤੀ ਕਰਨ ਲਈ ਆਪਣੇ ਗਵਾਂਢੀਆਂ ਤੇ ਧਾੜੇ ਮਾਰਦੇ ਹਨ। 19 ਵੀਂ ਸਦੀ ਵਿਚ ਯੂਰਪੀਅਨ ਆਬਾਦਕਾਰ ਨੇ ਕਾਫ਼ੀ ਮਾਲੀ ਨੁਕਸਾਨ ਉਠਾ ਕੇ ਅਤੇ ਕਾਫ਼ੀ ਲੰਬੇ ਅਰਸੇ ਲਈ ਯੁੱਧ ਕਰਕੇ ਇਨ੍ਹਾਂ ਤੋਂ ਪਾਣੀ ਅਤੇ ਚਾਰੇ ਦੇ ਸਾਧਨ ਪ੍ਰਾਪਤ ਕੀਤੇ। ਆਧੁਨਿਕ ਜ਼ੂਲੂ ਲੋਕ ਅੰਗਰੇਜ਼ਾਂ ਦੇ ਖੇਤਾਂ ਵਿਚ ਮਜ਼ਦੂਰੀ ਕਰਕੇ ਜਾਂ ਸ਼ਹਿਰਾਂ ਵਿਚ ਕੰਮ ਕਰਕੇ ਆਪਣਾ ਨਿਰਬਾਹ ਕਰਦੇ ਹਨ।

ਜ਼ੂਲੂ ਲੋਕਾਂ ਨੇ 19 ਵੀਂ ਸਦੀ ਵਿਚ ਨਾਟਾਲ ਅੰਗੋਨੀ ਲੋਕਾਂ ਦੇ ਨੇਤਾ ਸ਼ਾਕਾ ਦੀ ਸਰਦਾਰੀ ਹੇਠ ਇਨ੍ਹਾਂ ਲੋਕਾਂ ਨਾਲ ਮਿਲਕੇ ਜ਼ੂਲੂ ਰਾਜ ਸਥਾਪਤ ਕੀਤਾ। ਇਸ ਤੋਂ ਪਹਿਲਾਂ ਇਹ ਇਥੋਂ ਦੇ ਕਈ ਅੰਗੋਨੀ ਕਬੀਲਿਆਂ ਵਿਚੋਂ ਇਕ ਸਨ। ਇਹ ਕਬੀਲੇ ਸਮਾਜਕ ਸੰਗਠਨ ਦੀ ਇਕ ਮੁਢਲੀ ਇਕਾਈ ਬਣੇ ਰਹੇ ਜਿਨ੍ਹਾਂ ਵਿਚ ਕਈ ਪਿੱਤਰੀ ਬੰਸ਼ੀ ਪਰਿਵਾਰ ਹੁੰਦੇ ਸਨ ਤੇ ਹਰ ਪਰਿਵਾਰ ਦਾ ਇਕ ਘਰੇਲੂ ਮੁੱਖੀ ਹੁੰਦਾ ਸੀ ਜਿਸਦੇ ਆਪਣੇ ਖੇਤ ਅਤੇ ਪਸ਼ੂ ਹੁੰਦੇ ਸਨ। ਪਿੱਤਰੀ–ਸੱਤਾ ਇਨ੍ਹੀ ਮੰਨੀ ਜਾਂਦੀ ਸੀ ਕਿ ਜ਼ੂਲੂ ਪਿਤਾ ਪ੍ਰਧਾਨ ਕਹੇ ਜਾਂਦੇ ਸਨ। ਬਹੁ-ਪਤਨੀ ਪ੍ਰਥਾ ਆਮ ਸੀ ਤੇ ਇਕ ਆਦਮੀ ਦੀਆਂ ਪਤਨੀਆਂ ਦੇ ਉਸਦੀ ਵੱਡੀ ਪਤਨੀ ਜੋ ਉਸ ਦੇ ਜਾਨਸ਼ੀਨ ਦੀ ਮਾਂ ਹੁੰਦੀ ਸੀ, ਤੋਂ ਬਾਅਦ ਦਰਜੇ ਹੁੰਦੇ ਸਨ। ਵਿਧਵਾ ਔਰਤ ਨੂੰ ਉਸਦੇ ਪਤੀ ਦੇ ਭਰਾ ਨਾਲ ਵਿਆਹ ਕਰਵਾਉਣਾ ਲਾਜ਼ਮੀ ਸੀ। ਇਸੇ ਤਰ੍ਹਾਂ ਭੂਤ ਵਿਆਹ (ਕਿਸੇ ਔਰਤ ਦਾ ਕਿਸੇ ਮਰੇ ਹੋਏ ਰਿਸ਼ਤੇਦਾਰ ਦੇ ਨਾਂ ਵਿਆਹ) ਦੀ ਪ੍ਰਥਾ ਵੀ ਪ੍ਰਚੱਲਤ ਸੀ। ਸਾਰੇ ਕਬੀਲਿਆਂ ਵਿਚੋਂ ਉਮਰ ਵਿਚ ਵੱਡਾ ਵਿਅਕਤੀ ਸਰਦਾਰ ਹੁੰਦਾ ਸੀ ਜੋ ਆਮ ਤੌਰ ਤੇ ਲੜਾਈ ਵਿਚ ਨੇਤਾ ਤੇ ਅਮਨ ਸਮੇਂ ਇਕ ਨਿਆਂਕਾਰ ਦੇ ਤੌਰ ਤੇ ਕੰਮ ਕਰਦਾ ਸੀ। ਕਬੀਲਿਆਂ ਦੇ ਮੁੱਖੀ ਆਮ ਤੌਰ ਤੇ ਸਰਦਾਰ ਦੇ ਨਜ਼ਦੀਕੀ ਰਿਸ਼ਤੇਦਾਰ ਹੁੰਦੇ ਸਨ ਤੇ ਇਹ ਕਬੀਲਾ ਪ੍ਰਣਾਲੀ ਸਾਰੀ ਕੌਮ ਵਿਚ ਜ਼ੂਲੂ ਰਾਜੇ ਸਮੇਂ ਹੋਈ ਸੀ ਤੇ ਉਸ ਸਮੇਂ ਦੇ ਕਬੀਲਿਆਂ ਦੇ ਮੁੱਖੀਆਂ ਵਿਚੋਂ ਬਹੁਤ ਸਾਰੇ ਇਸ ਦੇ ਸਬੰਧੀ ਸਨ। ਬੇਸ਼ਕ ਰਾਜਾ ਖ਼ੁਦਮੁਖ਼ਤਾਰ ਸੀ ਪਰ ਫਿਰ ਵੀ ਇਹ ਆਪਣੇ ਨਿੱਜੀ ਸਲਾਹਕਾਰਾਂ ਨਾਲ ਸਲਾਹ-ਮਸ਼ਵਰਾ ਕਰਦਾ ਸੀ ਅਤੇ ਕਬੀਲਿਆਂ ਦੇ ਮੁੱਖੀ ਅਤੇ ਉਪ-ਮੁੱਖੀ ਦੀ ਇਕ ਕੌਂਸਲ ਇਸ ਨੂੰ ਪ੍ਰਬੰਧਕੀ ਤੇ ਅਦਾਲਤੀ ਮਾਮਲਿਆਂ ਵਿਚ ਸਲਾਹ ਦਿੰਦੀ ਸੀ। ਸਰਦਾਰਾਂ ਦੀਆਂ ਅਦਾਲਤਾਂ ਦੀਆਂ ਅਪੀਲਾਂ ਰਾਜੇ ਕੋਲ ਲਿਜਾਈਆਂ ਜਾਂਦੀਆਂ ਸਨ ਜੋ ਇਥੇ ਦੇ ਕਾਨੂੰਨ ਅਨੁਸਾਰ ਅਤੇ ਲੋਕਾਂ ਦੀ ਇੱਛਾ ਅਨੁਸਾਰ ਇਨਸਾਫ਼ ਕਰਦਾ ਸੀ ਤੇ ਬਹੁਤੇ ਗੰਭੀਰ ਅਪਰਾਧ ਕਰਨ ਵਾਲਿਆਂ ਤੋਂ ਜੁਰਮਾਨਾ ਲਿਆ ਜਾਂਦਾ ਸੀ।

ਜ਼ੂਲੂ ਬਹੁਤ ਚੰਗੀ ਤਰ੍ਹਾਂ ਸੰਗਠਿਤ ਇਕ ਫ਼ੌਜੀ ਸਮਾਜ ਸੀ ਜਿਸ ਵਿਚ ਲੜਕਿਆਂ ਨੂੰ ਕਿਸ਼ੋਰ ਅਵਸਥਾ ਤੋਂ ਹੀ ਗਰੁਪਾਂ ਵਿਚ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਜਾਂਦੀ ਸੀ। ਇਨ੍ਹਾਂ ਗਰੁਪਾਂ ਨੂੰ 'ਏਜ ਸੈੱਟ' ਕਿਹਾ ਜਾਂਦਾ ਸੀ ਤੇ ਹਰ ਏਜ ਸੈੱਟ ਜ਼ੂਲੂ ਫ਼ੌਜ ਦੀ ਇਕ ਇਕਾਈ ਹੁੰਦਾ ਸੀ। ਇਨ੍ਹਾਂ ਨੂੰ ਘਰਾਂ ਤੋਂ ਦੂਰ ਸ਼ਾਹੀ ਬੈਰਕਾਂ ਵਿਚ ਰੱਖਿਆ ਜਾਂਦਾ ਸੀ ਤੇ ਇਹ ਸਿੱਧੇ ਰਾਜੇ ਦੇ ਅਧੀਨ ਹੁੰਦੇ ਸਨ। ਰੈਜਮੈਂਟਸ ਵਿਚ ਵੰਡੇ ਇਹ ਵਿਅਕਤੀ ਰਾਜੇ ਦੁਆਰਾ ਆਗਿਆ (ਜੋ ਪੂਰੇ ਏਜ ਸੈੱਟ ਨੂੰ ਦਿੱਤੀ ਜਾਂਦੀ ਸੀ) ਦਿੱਤੇ ਜਾਣ ਤੋਂ ਬਾਅਦ ਹੀ ਵਿਆਹ ਕਰਵਾ ਸਕਦੇ ਸਨ। ਇਨ੍ਹਾਂ ਨੂੰ ਜਿੱਤ ਵਿਚ ਹਥਿਆਏ ਹੋਏ ਪਸ਼ੂ ਇਨਾਮ ਵਜੋਂ ਦਿੱਤੇ ਜਾਂਦੇ ਸਨ।

ਰਵਾਇਤੀ ਜ਼ੂਲੂ ਧਰਮ ਵਿਚ ਵੱਡੇ-ਵੱਡੇਰਿਆਂ ਦੀ ਪੂਜਾ, ਸਿਰਜਣਹਾਰ-ਪਰਮਾਤਮਾ, ਭੂਤਾਂ ਅਤੇ ਜਾਦੂਗਰਾਂ ਵਿਚ ਵਿਸ਼ਵਾਸ ਆਦਿ ਤੇ ਆਧਾਰਤ ਸੀ। ਸਾਰੇ ਰਾਸ਼ਟਰੀ ਜਾਦੂ ਅਤੇ ਮੀਂਹ ਵਰਸਾਉਣ ਲਈ ਰਾਜਾ ਜ਼ਿੰਮੇਵਾਰ ਸੀ ਅਤੇ ਬੀਜਾਈ, ਲੜਾਈ ਸਮੇ ਅਤੇ ਕਾਲ ਪੈ ਜਾਣ ਜਿਹੀਆਂ ਸਭ ਹਾਲਤਾਂ ਵਿਚ ਸਾਰੇ ਦੇਸ਼ ਵਲੋਂ ਰਾਜਾ ਕਰਮ-ਕਾਂਡ ਕਰਦਾ ਸੀ ਪਰ ਹੁਣ ਲੋਕਾਂ ਵਿਚ ਈਸਾਈਅਤ ਦਾ ਪ੍ਰਭਾਵ ਕਾਫ਼ੀ ਵਧ ਗਿਆ ਹੈ। ਕੁਝ ਪੈਸੇ ਦੇ ਜ਼ੋਰ ਅਤੇ ਕੁਝ ਪ੍ਰਚਾਰ ਦੇ ਜ਼ੋਰ ਤੇ ਹੁਣ ਇਥੋਂ ਦੇ ਰਾਜੇ ਦੀ ਤਾਕਤ, ਸਰਦਾਰਾਂ ਦਾ ਮਹੱਤਵ ਤੇ ਫ਼ੌਜੀ ਪ੍ਰਣਾਲੀ ਦਾ ਪ੍ਰਭਾਵ ਬਹੁਤ ਘੱਟ ਗਿਆ ਹੈ ਅਤੇ ਬਹੁਤ ਸਾਰੇ ਜ਼ੂਲੂ ਲੋਕ ਰੋਜ਼ਗਾਰ ਦੀ ਭਾਲ ਵਿਚ ਨਾਟਾਲ ਛੱਡ ਦੇ ਦੱਖਣੀ ਅਫ਼ਰੀਕਾ ਵਿਚ ਜਾਣ ਲੱਗ ਪਏ ਹਨ।

ਹ. ਪੁ.—ਐਨ. ਬ੍ਰਿ. ਮਾ. 10 : 899

**ਜ਼ੂਲੂਲੈਂਡ** : ਇਹ ਦੱਖਣੀ ਅਫ਼ਰੀਕਾ ਦੇ ਉੱਤਰ-ਪੂਰਬੀ ਨਾਟਾਲ ਪ੍ਰਾਂਤ ਦਾ ਇਕ ਜ਼ਿਲ੍ਹਾ ਹੈ ਜੋ 26,526 ਵ. ਮੀਲ ਵਿਚ ਫੈਲਿਆ ਹੋਇਆ ਹੈ ਅਤੇ ਜ਼ੂਲੂ ਜ਼ਿਲ੍ਹਾ ਕੌਮ ਦਾ ਮੁਢਲਾ ਸਥਾਨ ਤੇ ਅਫ਼ਰੀਕਾ ਦਾ ਇਕ ਇਤਿਹਾਸਕ ਖੇਤਰ ਹੈ। ਇਸ ਦੇ ਉੱਤਰ ਅਤੇ ਉੱਤਰ-ਪੱਛਮ ਵੱਲ ਮੋਜ਼ੰਬੀਕ ਅਤੇ ਸਵਾਜ਼ੀਲੈਂਡ ਅਤੇ ਦੱਖਣ ਵੱਲ ਟੁਗੇਲਾ ਦਰਿਆ ਹੈ। ਇਹ ਇਕ ਵਿਸ਼ਾਲ, ਤਟੀ ਉਪਜਾਊ ਮੈਦਾਨ ਹੈ ਜਿਸ ਦੀ ਵਧ ਤੋਂ ਵਧ ਚੌੜਾਈ 75 ਕਿ.ਮੀ. ਹੈ। ਜ਼ੂਲੂਲੈਂਡ ਤਟ ਤੋਂ ਲੇਂਵਾਂਬੋ ਪਰਬਤ ਲੜੀ ਉੱਤਰ ਦਿਸ਼ਾ ਵਿਚ ਤਟ ਦੇ ਸਮਾਨਾਂਤਰ ਫੈਲੀ ਹੋਈ ਹੈ ਜੋ ਇਸ ਪ੍ਰਦੇਸ਼ ਨੂੰ ਦੋ ਭਾਗਾਂ ਵਿਚ ਵੰਡਦੀ ਹੈ। ਇਸ ਦੇ ਤਟੀ ਭਾਗ ਦੀ ਸਮੁੰਦਰ ਸਤਹ ਤੋਂ ਕੁੱਲ ਉਚਾਈ ਲਗਭਗ 120 ਮੀ. ਹੈ। ਇਥੋਂ ਦੇ ਜੰਗਲ ਅਤੇ ਜੰਗਲੀ ਪਸ਼ੂ-ਧਨ ਬਹੁਤ ਹੀ ਮਹੱਤਵਪੂਰਨ ਹੈ। ਦੂਸਰੇ ਅੰਦਰੂਨੀ ਭਾਗ ਵਿਚ 500 ਮੀ. ਤੱਕ ਦੀ ਉਚਾਈ ਦੀਆਂ ਕਈ ਪਠਾਰਾਂ ਹਨ। ਜ਼ੂਲੂਲੈਂਡ ਦੇ ਇਹ ਦੋਵੇਂ ਭਾਗ ਕਾਫ਼ੀ ਉਪਜਾਊ ਹਨ। ਟੁਗੇਲਾ, ਅੰਫੋਲੋਜ਼ੀ ਅਤੇ ਅਜਕੂੰਜੀ ਇਥੋਂ ਦੀਆਂ ਮੁੱਖ ਨਦੀਆਂ ਹਨ। ਇਹ ਖੇਤਰ ਕੀਮਤੀ ਖਣਿਜ ਪਦਾਰਥਾਂ ਜਿਵੇਂ ਸੋਨਾ, ਐਸਬੈਸਟਸ ਅਤੇ ਨਿਕਲ ਆਦਿ ਲਈ ਪ੍ਰਸਿੱਧ ਹੈ। ਈਸ਼ੋਵੀ ਇਸ ਦਾ ਸਦਰ-ਮੁਕਾਮ ਹੈ। ਇਸ ਖੇਤਰ ਵਿਚ ਮੁੱਢ ਤੋਂ ਜ਼ੂਲੂ ਕੌਮ ਦਾ ਪ੍ਰਭਾਵ ਰਿਹਾ ਹੈ ਜਿਸ ਕਰਕੇ ਇਸ ਦਾ ਨਾਂ ਜ਼ੂਲੂਲੈਂਡ ਪਿਆ। 19ਵੀਂ ਸਦੀ ਤੱਕ ਜ਼ੂਲੂ ਇਥੋਂ ਦੇ ਕਈ ਆਦਿ ਵਾਸੀ ਕਬੀਲਿਆਂ ਵਿਚੋਂ ਇਕ ਮਾਮੂਲੀ ਕਬੀਲਾ ਸੀ ਪਰ ਇਨ੍ਹਾਂ ਦੇ ਇਕ ਸਰਦਾਰ ਸ਼ਾਕਾ (1816-28 ਈ.) ਨੇ ਇਥੋਂ ਦੇ ਬਾਕੀ ਕਬੀਲਿਆਂ ਉੱਤੇ ਦਬਦਬਾ ਪਾ ਕੇ ਆਪਣੀ ਤਿਆਰ ਕੀਤੀ ਇਕ ਸੰਗਠਿਤ ਫ਼ੌਜ ਦੀ ਸਹਾਇਤਾ ਨਾਲ ਮੌਜੂਦਾ ਨਾਟਾਲ ਦਾ ਲਗਭਗ ਸਾਰਾ ਖੇਤਰ ਜਿੱਤ ਲਿਆ। ਇਸ ਤਰ੍ਹਾਂ 1840 ਤੱਕ ਇਨ੍ਹਾਂ ਦਾ ਰਾਜ ਕਾਇਮ ਰਿਹਾ ਪਰ 1840 ਤੋਂ 1872 ਈ. ਦੇ ਸਮੇਂ ਵਿਚ ਇਸ ਖੇਤਰ ਉੱਤੇ ਬੋਅਰਾਂ (ਡੱਚਾ ਅਤੇ ਬਰਤਾਨੀਆ) ਨੇ ਕਬਜ਼ਾ ਕਰ ਲਿਆ ਅਤੇ 1843 ਈ. ਵਿਚ ਇਸਨੂੰ ਆਪਣੇ ਖੇਤਰ ਵਿਚ

ਸ਼ਾਮਲ ਕਰ ਲਿਆ। ਸੰਨ 1872-79 ਵਿਚ ਇਥੇ ਲੜਾਈ ਛਿੜ ਪਈ। ਜਦੋਂ ਇਥੋਂ ਦੇ ਜ਼ੂਲੂ ਰਾਜੇ ਦੇ ਆਪਣੀਆਂ ਫ਼ੌਜਾਂ ਹਟਾਉਣ ਅਤੇ ਅੰਗਰੇਜ਼ਾਂ ਦੀ ਅਧੀਨਗੀ ਮੰਨਣ ਤੋ ਇਨਕਾਰ ਕਰ ਦਿੱਤਾ ਤਾਂ ਨਤੀਜੇ ਵੱਜੋ 1879 ਈ. ਵਿਚ ਅੰਗਰੇਜ਼ਾਂ ਨੇ ਇਨ੍ਹਾਂ ਦੇ ਸਾਰੇ ਖੇਤਰ ਤੇ ਕਬਜ਼ਾ ਕਰ ਲਿਆ ਅਤੇ ਜ਼ੂਲੂਲੈਂਡ ਨੂੰ 13 ਛੋਟੇ ਛੋਟੇ ਰਾਜਾਂ ਵਿਚ ਵੰਡ ਦਿੱਤਾ। ਸੰਨ 1887 ਵਿਚ ਇਥੋਂ ਦੇ ਸਥਾਨਕ ਕਾਨੂੰਨ ਅਨੁਸਾਰ ਇਸਨੂੰ ਬਰਤਾਨੀਆ ਅਧੀਨ ਇਕ ਪ੍ਰੋਟੈਕਟੋਰੇਟ ਖੇਤਰ ਬਣਾ ਦਿੱਤਾ ਗਿਆ। ਸੰਨ 1894 ਵਿਚ ਜ਼ੂਲੂ ਕੌਮ ਦੀ ਦੋ ਤਿਹਾਈ ਧਰਤੀ ਜਬਤ ਕਰ ਲਈ ਗਈ ਤੇ ਇਨ੍ਹਾਂ ਨੂੰ ਕੇਵਲ ਇਨ੍ਹਾਂ ਦੇ ਮੂਲ ਸਥਾਨ ਤੱਕ ਸੀਮਤ ਕਰ ਦਿੱਤਾ ਗਿਆ। ਸੰਨ 1897 ਵਿਚ ਜ਼ੂਲੂਲੈਂਡ ਨੂੰ ਨਾਟਾਲ ਵਿਚ ਮਿਲਾ ਦੇਣ ਤੋਂ ਬਾਅਦ ਇਸ ਦੀ ਵੱਖਰੀ ਹੋਂਦ ਖ਼ਤਮ ਕਰ ਦਿੱਤੀ ਗਈ।

28° 0' ਦੱ. ਵਿਥ.; 32° 0' ਪੂ. ਲੰਬ

ਹ. ਪੁ. –ਐਨ. ਬ੍ਰਿ. ਮਾ. 10 : 900; ਐਨ. ਅਮੈ. 29 : 822

**ਜ਼ੇਅਰ** : ਮਧਵਰਤੀ ਅਫ਼ਰੀਕਾ ਵਿਚ ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਫੈਲਿਆ ਇਹ ਇਕ ਦੇਸ਼ ਹੈ। ਇਸ ਦੇਸ਼ ਦੀਆਂ ਹੱਦਾਂ ਉੱਤਰ ਵੱਲ ਕੇਂਦਰੀ ਅਫ਼ਰੀਕਾ ਗਣਰਾਜ ਨਾਲ, ਉੱਤਰ-ਪੂਰਬ ਵੱਲ ਸੂਡਾਨ, ਪੂਰਬ ਵਿਚ ਯੂਗਾਂਡਾ, ਰਵਾਂਡਾ, ਬੁਰੂੰਡੀ ਅਤੇ ਟਾਂਗਾਨੀਕਾ ਝੀਲ ਨਾਲ ਅਤੇ ਦੱਖਣ-ਪੱਛਮ ਵਿਚ ਅੰਗੋਲਾ ਨਾਲ ਲੱਗਦੀਆਂ ਹਨ। ਉੱਤਰ-ਪੱਛਮ ਦੀ ਦਿਸ਼ਾ ਵਿਚ ਕਾਂਗੋ ਦਰਿਆ ਵੀ ਇਸਦੀ ਹੱਦ ਬਣਾਉਂਦਾ ਹੈ। ਇਸੇ ਦਰਿਆ ਦੇ ਮੁਹਾਣੇ ਤੇ ਉੱਤਰ ਵੱਲ ਅੰਗੋਲਾ ਦੇ ਕਾਬਿੰਡਾ ਪ੍ਰਾਂਤ ਦੇ ਨਾਲ ਨਾਲ ਇਸ ਦੇਸ਼ ਦਾ 40 ਕਿ.ਮੀ ਖੇਤਰ ਅੰਧ ਮਹਾਸਾਗਰ ਦੇ ਨਾਲ ਲੱਗਦਾ ਹੈ।

ਇਸ ਦੇਸ਼ ਦਾ ਖੇਤਰਫਲ 23,44,885 ਵ. ਕਿ.ਮੀ. ਅਤੇ ਆਬਾਦੀ 3,19,44,000 (1983 ਅੰਦਾਜ਼) ਹੈ। ਦੇਸ਼ ਦੀ ਰਾਜਧਾਨੀ ਕਿਨਸ਼ਾਸਾ ਹੈ।

ਭੂ–ਆਕ੍ਰਿਤੀ ਵਿਗਿਆਨ

**ਧਰਾਤਲ**—ਇਸ ਦੇਸ਼ ਦੀ ਧਰਾਤਲ ਆਮ ਕਰਕੇ ਪਠਾਰੀ ਜਿਹੀ ਹੈ ਪਰ ਫਿਰ ਵੀ ਕੁਦਰਤੀ ਤੌਰ ਤੇ ਇਸਨੂੰ ਕਈ ਵੱਖਰੇ ਭੂ-ਖੰਡਾਂ ਵਿਚ ਵੰਡ ਸਕਦੇ ਹਾਂ। ਅੰਧ ਮਹਾਂਸਾਗਰ ਦੇ ਨਾਲ 6 ਤੋਂ 8 ਕਿ.ਮੀ. ਚੌੜੀ ਪੱਟੀ ਦੇ ਰੂਪ ਵਿਚ ਫੈਲਿਆ ਹੋਇਆ ਤੱਟਵਰਤੀ ਮੈਦਾਨ ਹੈ ਜਿਹੜਾ ਅੰਧ ਸਾਗਰ ਤੋਂ ਸ਼ੁਰੂ ਹੋ ਕੇ ਮੌਂਟਸ ਡੇ ਕ੍ਰਿਸਟਲ ਪਰਬਤ ਤੱਕ ਜਾਂਦਾ ਹੈ।

ਦੇਸ਼ ਦਾ ਦੂਜਾ ਵੱਡਾ ਭੂਗੋਲਿਕ ਖੰਡ ਕੇਂਦਰੀ ਬੇਸਿਨ ਵਾਲਾ ਹੈ। ਇਹ ਪਠਾਰੀ ਜਿਹਾ ਖੇਤਰ ਹੈ। ਕਾਂਗੋ ਦੇ ਇਸ ਵਿਸ਼ਾਲ ਦਰਿਆਈ ਬੇਸਿਨ ਦੀ ਉਚਾਈ ਬਹੁਤੀ ਨਹੀਂ ਹੈ। ਇਸ ਦੀ ਆਮ ਉਚਾਈ ਸਮੁੰਦਰ ਤਲ ਤੋਂ ਕੋਈ 518 ਮੀ. ਹੈ। ਲੀਆਪੋਲਡ ਝੀਲ ਨੇੜੇ ਇਹ ਸਿਰਫ 338 ਮੀ. ਉੱਚਾ ਹੈ। ਇਸ ਪਠਾਰੀ ਖੇਤਰ ਦੀ ਉਚਾਈ ਉੱਤਰ ਵੱਲ ਵਧ ਕੇ 700 ਮੀ. ਤੱਕ ਹੋ ਜਾਂਦੀ ਹੈ। ਕੇਂਦਰੀ ਬੇਸਿਨ ਦੇ ਤਕਰੀਬਨ ਚਾਰੇ ਪਾਸੇ ਉੱਚੀਆਂ ਪਠਾਰਾਂ ਹਨ। ਇਸ ਦੇ ਉੱਤਰ ਵੱਲ ਊਬੈਗੀ ਵੇਲ ਪਠਾਰ ਨੀਲ ਅਤੇ ਕਾਂਗੋ ਦਰਿਆਵਾਂ ਵਿਚਕਾਰ ਜਲ ਵਿਭਾਜਕ ਦਾ ਕੰਮ ਕਰਦੀ ਹੈ। ਇਸ ਦੀ ਉਚਾਈ 909 ਮੀ. ਤੋਂ 1,212 ਮੀ. ਤੱਕ ਹੈ। ਇਹ ਪਠਾਰ ਕੇਂਦਰੀ ਬੇਸਿਨ ਨੂੰ ਚਾਡ ਝੀਲ ਜਲ ਪ੍ਰਵਾਹ ਪ੍ਰਣਾਲੀ ਨਾਲੋਂ ਵੀ ਵੱਖ ਕਰ ਦਿੰਦੀ ਹੈ। ਕੇਂਦਰੀ ਬੇਸਿਨ ਦੇ ਦੱਖਣ ਵੱਲ ਹੋਰ ਵੀ ਉੱਚੀਆਂ ਪਠਾਰਾਂ ਹਨ। ਇਸ ਖੇਤਰ ਵਿਚ ਸ਼ਾਬਾ ਪਠਾਰ ਦੀਆਂ ਚੋਟੀਆਂ 1,000 ਮੀ. ਤੇ ਵਧੇਰੇ ਉੱਚੀਆਂ ਹਨ ਜਿਨ੍ਹਾਂ ਵਿਚੋਂ ਕੁੰਡੇਲੁੰਗੂ ਚੋਟੀ 1,600 ਮੀ. ਉੱਚੀ ਹੈ। ਸ਼ਾਬਾ ਪਠਾਰ ਅੱਗੇ ਉੱਤਰ ਵਾਲੇ ਪਾਸੇ ਲੁਕੂਗਾ ਦਰਿਆ ਤੱਕ ਫੈਲੀ ਹੋਈ ਹੈ। ਕੇਂਦਰੀ ਬੇਸਿਨ ਦੇ ਦੱਖਣ-ਪੱਛਮੀ ਹਿੱਸੇ ਵਿਚ ਅੰਗੋਲਾ ਪਠਾਰਾਂ ਤੇ ਸਿੱਧੇ ਜਿਹੇ ਪਹਾੜ ਹਨ ਅਤੇ ਪੱਛਮ ਵੱਲ ਸਾਹਿਲੀ ਖੇਤਰਾਂ ਦੇ ਕ੍ਰਿਸਟਲ ਪਹਾੜ ਵੀ ਨਾਲ ਲਗਦੇ ਹਨ।

ਜ਼ੇਅਰ ਦੇ ਪੂਰਬੀ ਹਿੱਸੇ ਵਿਚ ਪਰਬਤੀ ਲੜੀਆਂ ਹਨ। ਇਹ ਲੜੀਆਂ ਸੰਸਾਰ ਦੀ ਮਹਾਨ ਦਰਾੜ ਘਾਟੀ ਸਿਸਟਮ ਦਾ ਹਿੱਸਾ ਹਨ। ਮਹਾਨ ਦਰਾੜ ਘਾਟੀ ਦੇ ਪੱਛਮ ਵੱਲ ਲੰਬੇ ਦਾਅ ਵਾਦੀ ਦੇ ਨਾਲ ਨਾਲ ਮੌਟਮ ਮਿੱਟੂੰਬਾ ਪਹਾੜ 2,483 ਮੀ. ਤੱਕ ਉੱਚੇ ਹਨ। ਯੁਗਾਂਡਾਂ ਦੀ ਹੱਦ ਦੇ ਨਾਲ ਨਾਲ ਇਸ ਦੇਸ਼ ਦੇ ਸਭ ਤੋਂ ਉੱਚੇ ਪਹਾੜ ਰੁਵੇਨਜ਼ੋਰੀ ਦੀਆਂ ਬਰਫ਼ ਨਾਲ ਲੱਦੀਆਂ ਚੋਟੀਆਂ ਜ਼ੇਅਰ ਵਿਚੋਂ ਵਿਖਾਈ ਦਿੰਦੀਆਂ ਹਨ। ਇਸੇ ਪੂਰਬੀ ਖੇਤਰ ਵਿਚ ਲੰਬੇ ਰੁਖ ਮਹਾਨ ਦਰਾੜ ਘਾਟੀ ਹੈ। ਇਸ ਵਾਦੀ ਵਿਚ ਦੇਸ਼ ਦੀਆਂ ਹੱਦਾਂ ਉੱਤੇ ਐਲਬਰਟ ਐਡਵਰਡ ਕੀਵੂ, ਟਾਂਗਾਨੀਕਾ, ਮਵੇਰੂ ਝੀਲਾਂ ਪਾਈਆਂ ਜਾਂਦੀਆਂ ਹਨ।

**ਜਲਵਾਯੂ**—ਜ਼ੇਅਰ ਦਾ 30 ਫ਼ੀਸਦੀ ਖੇਤਰ ਭੂ-ਮੱਧ ਰੇਖਾ ਦੇ ਉੱਤਰ ਵਿਚ ਅਤੇ ਬਾਕੀ ਦੱਖਣ ਵਿਚ ਹੈ। ਭੂਮੱਧ ਰੇਖਾ ਦੇ ਦੋਵੇਂ ਪਾਸੇ ਹੋਣ ਕਾਰਨ ਇਹ ਊਸ਼ਣ-ਖੰਡੀ ਜਲਵਾਯੂ ਦੀ ਪੱਟੀ ਵਿਚ ਪੈਂਦਾ ਹੈ ਪਰ ਇਥੋਂ ਦੀ ਜਲਵਾਯੂ ਊਸ਼ਣ-ਖੰਡੀ ਨਾ ਹੋ ਕੇ ਧਰਾਤਲੀ ਵਖਰੇਵਿਆਂ ਕਾਰਨ ਵੱਖਰੀ ਵੱਖਰੀ ਪਾਈ ਜਾਂਦੀ ਹੈ। ਸਮੁੱਚੇ ਤੌਰ ਤੇ ਦੇਸ਼ ਵਿਚ ਚਾਰ ਜਲਵਾਯੂ ਖੰਡ ਬਣ ਜਾਂਦੇ ਹਨ। ਸਮੁੰਦਰ ਨਾਲ ਲਗਵੇਂ ਸਾਹਿਲੀ ਖੇਤਰਾਂ ਉਪਰ ਮੋਅਤਦਿਲ ਜਲਵਾਯੂ ਪਾਈ ਜਾਂਦੀ ਹੈ। ਪੂਰਬ ਵੱਲ ਦੇ ਪਰਬਤਾਂ ਅਤੇ ਪਠਾਰਾਂ ਉੱਤੇ ਸਮੁੰਦਰ ਵੱਲ ਤੋਂ ਉਚਾਈ ਵਧੇਰੇ ਹੋਣ ਕਾਰਨ ਕਈਆਂ ਸ਼ਹਿਰਾਂ ਦਾ ਤਾਪਮਾਨ ਕਾਫ਼ੀ ਘੱਟ ਜਾਂਦਾ ਹੈ। ਇਨ੍ਹਾਂ ਖੇਤਰਾਂ ਵਿਚ ਸਾਲਾਨਾ ਔਸਤ ਤਾਪਮਾਨ 19° ਸੈਂ. ਹੁੰਦਾ ਹੈ। ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਊਸ਼ਣ-ਖੰਡੀ ਜਲਵਾਯੂ ਹੁੰਦੀ ਹੈ। ਇਥੇ ਗਰਮੀ ਵਧੇਰੇ ਅਤੇ ਵਰਖਾ ਵੀ ਵਧੇਰੇ ਹੁੰਦੀ ਹੈ। ਵਰਖਾ ਵੀ ਸਾਲ ਵਿਚ ਲ. 1800 ਮਿ. ਮੀ. ਹੁੰਦੀ ਹੈ। ਤਾਪਮਾਨ ਕਿਸੇ ਵੀ ਮਹੀਨੇ ਵਿਚ 24° ਸੈਂ. ਤੋਂ ਹੇਠਾਂ ਨਹੀਂ ਹੁੰਦਾ। ਇਸ ਜਲਵਾਯੂ ਦੀ ਪੱਟੀ ਦੇ ਉੱਤਰ ਅਤੇ ਦੱਖਣ ਵੱਲ ਦੋਵੇਂ ਪਾਸੇ ਉਪ-ਊਸ਼ਣੀ ਜਲਵਾਯੂ ਖੰਡ ਹੈ ਜਿਥੇ ਗਰਮੀ ਅਤੇ ਵਰਖਾ ਦੋਨੋ ਹੀ ਊਸ਼ਣ ਖੰਡ ਦੇ ਮੁਕਾਬਲੇ ਘੱਟ ਜਾਂਦੇ ਹਨ। ਇਸ ਖੰਡ ਵਿਚ ਖੁਸ਼ਕ ਮੌਸਮ ਵੀ ਪਾਇਆ ਜਾਂਦਾ ਹੈ। ਹਰੇਕ ਸਾਲ ਦੇ ਚੌਥੇ ਤੋਂ ਸੱਤਵੇ ਮਹੀਨੇ ਦਰਮਿਆਨ ਵਰਖਾ ਨਹੀਂ ਹੁੰਦੀ।

**ਜਲ-ਪ੍ਰਵਾਹ**—ਦੇਸ਼ ਦਾ ਇਕੋ ਇਕ ਵੱਡਾ ਦਰਿਆ ਕਾਂਗੋ ਹੈ। ਇਹ 36,17,600 ਵ. ਕਿ. ਮੀ. ਖੇਤਰ ਦਾ ਜਲ ਨਿਕਾਸ ਕਰਦਾ ਹੈ। ਇਹ ਸ਼ਾਬਾ ਪਠਾਰ ਵਿਚੋਂ ਨਿਕਲਦਾ ਹੈ, ਪਹਿਲਾਂ ਉੱਤਰ ਵੱਲ ਵਗਦਾ ਹੈ ਫਿਰ ਦੱਖਣ ਵੱਲ ਮੁੜ ਜਾਂਦਾ ਹੈ। ਭੂ-ਮੱਧ ਰੇਖਾ ਵੱਲ ਮੁੜਨ ਤੋਂ ਪਹਿਲਾਂ ਇਹ ਦੋ ਹਿੱਸਿਆ ਵਿਚ ਵੰਡਿਆ ਜਾਂਦਾ ਹੈ। ਛੋਟਾ ਜਾਂ ਹੇਠਲਾ ਕਾਂਗੋ ਮਤਾਦੀ ਬੰਦਰਗਾਹ ਤੋਂ ਹੇਠਾਂ ਹੁੰਦਾ ਹੋਇਆ ਅੰਧ ਮਹਾਸਾਗਰ ਵਿਚ ਜਾ ਡਿਗਦਾ ਹੈ। ਇਸ ਦੇ ਦਰਿਆਈ ਮਾਰਗ ਵਿਚ ਕਈ ਝੀਲਾਂ ਅਤੇ ਸਹਾਇਕ ਦਰਿਆਵਾਂ ਦਾ ਪਾਣੀ ਵੀ ਆ ਰਲਦਾ ਹੈ। ਇਸ ਦਾ ਜਲ-ਨਿਕਾਸ ਪੂਰਬ ਵਲ ਨੂੰ ਦਰਾੜ ਘਾਟੀ ਦੀਆਂ ਝੀਲਾਂ ਵੱਲ ਵੀ ਹੁੰਦਾ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਜਲਵਾਯੂ ਅਤੇ ਧਰਾਤਲੀ ਵਖਰੇਵਿਆਂ ਕਾਰਨ ਬਨਸਪਤੀ ਦੀਆਂ ਵੀ ਕਈ ਕਿਸਮਾਂ ਵੇਖਣ ਨੂੰ ਮਿਲਦੀਆਂ ਹਨ। ਕਾਂਗੋ ਦਰਿਆਈ ਬੇਸਿਨ ਵਿਚ ਊਸ਼ਣ-ਖੰਡੀ ਬਨਸਪਤੀ ਮਿਲਦੀ ਹੈ। ਇਥੇ ਬਹੁਤ ਹੀ ਸੰਘਣੇ ਜੰਗਲ ਪਾਏ ਜਾਂਦੇ ਹਨ ਜਿਨ੍ਹਾਂ ਵਿਚ ਮਹਾਗਨੀ, ਆਬਨੂਸ, ਬੋਬਾਬ, ਬਲੂਤ, ਦਿਆਰ, ਅਖ਼ਰੋਟ, ਤਾੜ ਅਤੇ ਰਬੜ ਵਰਣਨਯੋਗ ਹਨ। ਇਥੇ ਇਨ੍ਹਾਂ ਦਰਖਤਾਂ ਦੇ ਨਾਲ ਕਈ ਤਰ੍ਹਾਂ ਦੀਆਂ ਵੇਲਾਂ ਵੀ ਉੱਗੀਆਂ ਹੋਈਆਂ ਹਨ ਜਿਹੜੀਆਂ ਦਰਖਤਾਂ ਦੇ ਨਾਲ ਹੀ ਲਿਪਟੀਆਂ ਹੋਈਆਂ ਹਨ। ਇਨ੍ਹਾਂ ਦੀ ਉਚਾਈ 40 ਤੋਂ 48 ਮੀ. ਤੱਕ ਹੁੰਦੀ ਹੈ। ਤਟਵਰਤੀ ਅਤੇ ਦਲਦਲੀ ਖੇਤਰਾਂ ਵਿਚ

ਮੈਨਗ੍ਰੋਵ ਬਨਸਪਤੀ ਹੁੰਦੀ ਹੈ। ਸਵਾਨਾ ਖੇਤਰਾਂ ਵਿਚ ਥੋੜੇ ਬਹੁਤ ਦਰਖ਼ਤ ਅਤੇ ਝਾੜੀਆਂ ਪਾਈਆਂ ਜਾਂਦੀਆਂ ਹਨ।

ਦੇਸ਼ ਦੇ ਸੰਘਣੇ ਜੰਗਲਾਂ ਵਿਚ ਜੀਵ-ਜੰਤੂਆਂ ਦੀ ਭਰਮਾਰ ਹੈ। ਊਸ਼ਣ-ਖੰਡੀ ਜੰਗਲਾਂ ਵਿਚ ਗੋਰਿੱਲਾ ਅਤੇ ਚਿਮਪੈਂਜ਼ੀ ਮਿਲਦੇ ਹਨ। ਪੂਰਬੀ ਖੇਤਰ ਦੇ ਜੰਗਲਾਂ ਵਿਚ ਵੀ ਗੋਰਿੱਲ ਮਿਲਦੇ ਹਨ।

ਸਵਾਨਾ ਦੇ ਜੰਗਲਾਂ ਵਿਚ ਹਾਥੀ, ਬਾਂਦਰ, ਲੰਗੂਰ ਪਾਏ ਜਾਂਦੇ ਹਨ। ਸਵਾਨਾ ਘਾਹ ਵਾਲੇ ਖੇਤਰਾਂ ਵਿਚ ਕਈ ਤਰ੍ਹਾਂ ਦੇ ਹੋਰ ਜੀਵ-ਜੰਤੂ ਜਿਵੇਂ ਓਕਾਪੀ, ਜੰਗਲੀ ਸੂਰ, ਚੀਤੇ, ਲੱਕੜਬੱਘੇ, ਜੰਗਲੀ ਬਿੱਲੀਆਂ, ਜੰਗਲੀ ਕੁੱਤੇ, ਬਾਰਾਸਿੰਗੇ ਅਤੇ ਗੈਂਡੇ ਆਦਿ ਵੀ ਪਾਏ ਜਾਂਦੇ ਹਨ। ਦਰਿਆ ਦੇ ਪਾਣੀਆਂ ਵਿਚ ਦਰਿਆਈ ਘੋੜੇ, ਕੱਛੂ ਕੁੰਮੇ, ਵੇਲ੍ਹ, ਕੈਟਫਿਸ਼, ਜੈਲੀਫਿਸ਼, ਈਲ ਅਤੇ ਹੋਰ ਕਈ ਮੱਛੀਆਂ ਮਿਲਦੀਆਂ ਹਨ।

## ਇਤਿਹਾਸ

ਇਸ ਦੇਸ਼ ਦਾ ਯੂਰਪੀਅਨ ਦੇਸ਼ਾਂ ਨਾਲ ਸੰਪਰਕ 1482 ਈ. ਵਿਚ ਡਿਆਗੋ ਕੈਮ (Diego Cam) ਦੇ ਕਾਂਗੋ ਦਰਿਆਈ ਮੁਹਾਣੇ ਉੱਤੇ ਪਹੁੰਚਣ ਨਾਲ ਹੋਇਆ। ਇਸ ਪਿੱਛੋਂ 1486 ਈ. ਵਿਚ ਬਾਰਥੋਲੋਮਿਓ ਡਿਆਜ਼ ਕਾਂਗੋ ਦਰਿਆਈ ਮੁਹਾਣੇ ਤੱਕ ਆਇਆ ਅਤੇ ਇਸੇ ਦਰਿਆ ਦੇ ਰਸਤਿਓਂ ਹੀ ਮਤਾਦੀ ਦੀ ਬੰਦਰਗਾਹ ਤੱਕ ਪਹੁੰਚਣ ਵਿਚ ਸਫ਼ਲ ਹੋਇਆ। ਉਸ ਸਮੇਂ ਪੁਰਤਗੇਜ਼ੀਆਂ ਨੇ ਆਪਣੇ ਅੱਡੇ ਸਿਰਫ਼ ਮੁਹਾਣੇ ਦੇ ਨੇੜੇ ਹੀ ਬਣਾਏ ਹੋਏ ਸਨ। ਅੰਦਰੂਨੀ ਖੇਤਰਾਂ ਵੱਲ ਇਨ੍ਹਾਂ ਦੀ ਕੋਈ ਰੁਚੀ ਨਹੀਂ ਸੀ। ਪੁਰਤਗੇਜ਼ੀ ਖੋਜੀ ਨੇ 1798 ਈ. ਵਿਚ ਕਾਟੰਗਾ ਦੇ ਤਾਂਬੇ ਦੇ ਭੰਡਾਰਾਂ ਦਾ ਪਤਾ ਲਗਾ ਲਿਆ। 19ਵੀਂ ਸਦੀ ਦੇ ਵਿਚਲੇ ਸਾਲਾਂ ਵਿਚ ਅਰਬਾਂ ਨੇ ਵੀ ਪੂਰਬ ਵਾਲੇ ਪਾਸਿਓਂ ਕਾਟੰਗਾ ਵੱਲ ਆਉਣਾ ਸ਼ੁਰੂ ਕੀਤਾ। ਇਹ ਲੋਕ ਇਥੇ ਗ਼ੁਲਾਮਾਂ ਦਾ ਵਪਾਰ ਕਰਦੇ ਸਨ। ਸੰਨ 1800 ਦੇ ਪਿਛਲੇ ਸਾਲਾਂ ਵਿਚ ਕੇਂਦਰੀ ਅਫ਼ਰੀਕਾ ਵੱਲ ਖੋਜਾਂ ਦਾ ਸਿਲਸਿਲਾ ਆਰੰਭ ਹੋਇਆ। ਇਸੇ ਸਬੰਧ ਵਿਚ ਬੈਲਜ਼ੀਅਮ ਦਾ ਹੈਨਰੀ ਮਾਰਟਨ ਸਟੈਨਲੇ 1876-1877 ਈ. ਵਿਚ ਲੁਆਲਾਬਾ ਦਰਿਆ ਦੇ ਰਸਤਿਓਂ ਬੋਮਾ ਸ਼ਹਿਰ ਤੱਕ ਪਹੁੰਚਿਆ। ਇਸੇ ਦੌਰਾਨ ਡਾ. ਡੇਵਿਡ ਲਿਵਿੰਗਸਟੋਨ ਨੇ ਲੂਆਪੂਲਾ ਅਤੇ ਲੂਆਲਾਬਾ ਦਰਿਆਵਾਂ ਦੀ ਖੋਜ ਵੀ ਕੀਤੀ ਸੀ।

ਬੈਲਜ਼ੀਅਮ ਦੇ ਬਾਦਸ਼ਾਹ, ਲਿਆਪੋਲਡ ਦੂਜੇ ਦੇ ਆਦੇਸ਼ ਤੇ ਸਟੈਨਲੇ ਕਾਂਗੋ ਬੇਸਿਨ ਵਿਚ ਪਰਤ ਆਇਆ। ਇਹ ਇਥੇ 5 ਸਾਲ ਰਿਹਾ। ਇਸਨੇ ਕਾਂਗੋ ਅਤੇ ਇਸਦੀਆਂ ਸਹਾਇਕ ਨਦੀਆਂ ਉੱਤੇ 22 ਅੱਡੇ ਸਥਾਪਤ ਕੀਤੇ। ਉਪਰਲੇ ਕਾਂਗੋ ਵਿਚ ਚਾਰ ਸਟੀਮਰ ਵੀ ਚਲਾਏ। ਸਟੈਨਲੇ ਆਬਸ਼ਾਰਾਂ ਦੇ ਆਲੇ ਦੁਆਲੇ ਸੜਕ ਵੀ ਬਣਵਾਈ। ਸੰਨ 1885 ਵਿਚ ਇਨ੍ਹਾਂ ਖੇਤਰਾਂ ਨੂੰ 'ਕਾਂਗੋ ਫ੍ਰੀ ਸਟੇਟ' ਦਾ ਨਾਂ ਦੇ ਦਿੱਤਾ ਗਿਆ। ਇਹ ਇਕ ਤਰ੍ਹਾਂ ਨਾਲ ਕਾਂਗੋ ਖੇਤਰ ਬੈਲਜ਼ੀਅਮ ਦੇ ਅਧੀਨ ਸੀ ਅਤੇ ਵਪਾਰ ਤੋਂ ਸਾਰੀ ਵਸੂਲੀ ਬਾਦਸ਼ਾਹ ਲੀਆਪੋਲਡ ਨੂੰ ਹੀ ਜਾਂਦੀ ਸੀ। ਸੰਨ 1908 ਵਿਚ ਕਾਂਗੋ ਫ੍ਰੀ ਸਟੇਟ ਨੂੰ ਬੈਲਜ਼ੀਅਮ ਨੇ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ। ਇਸ ਪਿੱਛੋਂ ਇਸਦਾ ਨਾਂ ਬੈਲਜ਼ੀਅਮ ਕਾਂਗੋ ਕਰ ਦਿੱਤਾ ਗਿਆ। ਸੰਨ 1960 ਵਿਚ ਇਨ੍ਹਾਂ ਨੂੰ ਬੈਲਜ਼ੀਅਮ ਤੋਂ ਆਜ਼ਾਦੀ ਮਿਲ ਗਈ। ਇਸ ਪਿੱਛੋਂ ਇਹ ਗਣਰਾਜ ਬਣ ਗਿਆ। ਸੰਨ 1971 ਵਿਚ ਇਸਨੇ ਰਿਪਬਲਿਕ ਆਫ਼ ਕਾਂਗੋ ਦੀ ਬਜਾਇ ਆਪਣਾ ਨਾਂ 'ਜ਼ੇਅਰ' ਰੱਖ ਲਿਆ।

## ਆਰਥਿਕਤਾ

ਆਰਥਿਕ ਪਖੋਂ ਇਹ ਦੇਸ਼ ਕਾਫ਼ੀ ਉੱਨਤ ਹੈ। ਇਹ ਕੁਦਰਤੀ ਸਾਧਨਾਂ ਨਾਲ ਭਰਪੂਰ ਹੈ ਜਿਸ ਕਰਕੇ ਉਦਯੋਗਿਕ ਉੱਨਤੀ ਚੰਗੀ ਹੋਈ ਹੈ।

**ਖਣਿਜ—**ਇਸ ਦੇਸ਼ ਵਿਚ ਖਣਿਜਾਂ ਦੀ ਬਹੁਲਤਾ ਹੈ। ਹੀਰਿਆਂ ਆਦਿ ਦੇ ਉਤਪਾਦਨ ਲਈ ਇਹ ਸੰਸਾਰ ਵਿਚ ਅੱਗੇ ਹੈ। ਸ਼ਾਬਾ ਇਸ ਦੇਸ਼ ਦਾ ਖਣਿਜ-ਭਰਪੂਰ ਖੇਤਰ ਹੈ। ਸ਼ਾਬਾ ਦਾ ਤਾਂਬਾ, ਕਾਸਾਈ ਖੇਤਰ ਦੇ ਹੀਰੇ ਇਸ ਦੇਸ਼ ਦੀ ਖਣਿਜੀ ਦੌਲਤ ਹਨ। ਸ਼ਾਬਾ ਖੇਤਰ ਵਿਚੋਂ ਤਾਂਬਾ, ਕੋਬਾਲਟ, ਜਿਸਤ, ਮੈਂਗਨੀਜ਼, ਕੋਲਾ, ਕੈਡਮੀਅਮ, ਜਰਨੇਨੀਅਮ ਪਲੈਡੀਅਮ ਅਤੇ ਪਲੈਟੀਨਮ ਧਾਤਾਂ ਮਿਲਦੀਆਂ ਹਨ। ਕੀਵੂ ਖੇਤਰ ਵਿਚੋਂ ਕੈਸੀਟੇਰਾਈਟ, ਪੰਨਾ, ਸੋਨਾ, ਮੋਨਾਜ਼ਾਈਟ ਕੱਢਿਆ ਜਾਂਦਾ ਹੈ। ਬਾਨਡੂੰਡੂ ਖੰਡਾਂ ਵਿਚੋਂ ਹੀਰੇ ਮਿਲਦੇ ਹਨ।

ਬਾਸ-ਜ਼ੇਅਰ ਵਿਚੋਂ ਬਾਕਸਾਈਟ ਅਤੇ ਸੋਨਾ ਮਿਲਦੇ ਹਨ। ਤਾਂਬੇ ਦੇ ਉਤਪਾਦਨਾਂ ਤੋਂ ਇਸ ਦੇਸ਼ ਨੂੰ ਸਾਲ 1982 ਵਿਚ ਬਹੁਤ ਆਮਦਨੀ ਹੋਈ। ਇਸ ਸਾਲ ਵਿਚ 505,385 ਟਨ ਤਾਂਬੇ ਦਾ ਉਤਪਾਦਨ ਹੋਇਆ।

**ਖੇਤੀਬਾੜੀ—**ਇਸ ਦੇਸ਼ ਦੀ ਭੂਮੀ ਖੇਤੀ ਲਈ ਯੋਗ ਹੈ। ਕੀਵੂ ਅਤੇ ਬਾਸ ਜ਼ੇਅਰ ਦਾ ਖੇਤਰ ਖੇਤੀਬਾੜੀ ਲਈ ਬਹੁਤ ਉਪਜਾਊ ਹਨ। ਕਪਾਹ, ਰਬੜ ਇਥੋਂ ਦੀਆਂ ਖ਼ਾਸ ਫ਼ਸਲਾਂ ਹਨ। ਰਬੜ ਦੇ ਉਤਪਾਦਨ ਵਿਚ 1970 ਦੇ ਦਹਾਕੇ ਵਿਚ ਇਹ ਸੰਸਾਰ ਭਰ ਵਿਚ ਚੌਥੇ ਨੰਬਰ ਤੇ ਰਿਹਾ। ਕੇਂਦਰੀ ਬੇਸਿਨ ਵਿਚ ਚਾਹ ਅਤੇ ਕਾਫ਼ੀ ਦੀ ਪੈਦਾਵਾਰ ਵਧੇਰੇ ਹੁੰਦੀ ਹੈ। ਕਸਾਵਾ, ਗੰਨਾ, ਮੂੰਗਫਲੀ, ਕੇਲੇ, ਕਚਾਲੂ, ਝੋਨਾ ਇਥੋਂ ਦੀਆਂ ਅਨਾਜੀ ਫ਼ਸਲਾਂ ਹਨ। ਫ਼ਲਾਂ ਵਿਚ ਅਨਾਨਾਸ, ਅੰਬ ਅਤੇ ਸੰਗਤਰਿਆਂ ਦੀ ਪੈਦਾਵਾਰ ਵਧੇਰੇ ਹੁੰਦੀ ਹੈ।

ਇਥੇ ਪਸ਼ੂ ਪਾਲਣ ਅਤੇ ਮੁਰਗੀ ਪਾਲਣ ਦਾ ਕੰਮ ਵੀ ਪ੍ਰਚਲਿਤ ਹੈ। ਓ'ਜ਼ੇਅਰ ਸੂਬਾ, ਕੀਵੂ, ਬਾਸ ਜ਼ੇਅਰ ਵਿਚ ਬਹੁਤ ਪਸ਼ੂ ਪਾਲੇ ਜਾਂਦੇ ਹਨ।

**ਸੱਨਅਤਾਂ—**ਸੱਨਅਤਾਂ ਵਿਚ ਵੀ ਇਹ ਦੇਸ਼ ਅਫ਼ਰੀਕੀ ਦੇਸ਼ਾਂ ਵਿਚ ਅੱਗੇ ਹੈ। ਇਥੇ ਛੋਟੀਆਂ ਅਤੇ ਵੱਡੀਆਂ ਦੋਵੇਂ ਸੱਨਅਤਾਂ ਕਾਇਮ ਹਨ। ਛੋਟੀਆਂ ਸੱਨਅਤਾਂ ਵਿਚ ਨਿਤ ਵਰਤੋਂ ਦੀਆਂ ਚੀਜ਼ਾਂ, ਪੀਣ ਵਾਲੇ ਪਦਾਰਥ, ਹੌਜ਼ਰੀ, ਜੁੱਤੀਆਂ, ਕੱਪੜਾ, ਪਲਾਸਟਿਕ ਦੀਆਂ ਚੀਜ਼ਾਂ ਬਣਾਉਣਾ ਸ਼ਾਮਲ ਹੈ। ਵੱਡੀਆਂ ਸੱਨਅਤਾਂ ਵਿਚ ਮਸ਼ੀਨਰੀ, ਰਸਾਇਣ, ਪੈਟਰੋਲ ਨੂੰ ਸਾਫ਼ ਕਰਨ, ਸਮੁੰਦਰੀ ਜਹਾਜ਼ ਬਣਾਉਣ ਆਦਿ ਦੇ ਕੰਮ ਸ਼ਾਮਲ ਹਨ। ਮੋਆਂਡਾ ਵਿਚ ਪੈਟਰੋਲ ਸੋਧਕ ਕਾਰਖ਼ਾਨਾ ਲਾਇਆ ਗਿਆ ਹੈ। ਸੰਨ 1981 ਵਿਚ ਇਥੇ 341,000 ਟਨ ਪੈਟਰੋਲ ਸਾਫ਼ ਕੀਤਾ ਗਿਆ ਸੀ।

ਦੇਸ਼ ਦੀਆਂ ਸੱਨਅਤਾਂ ਲਈ ਕੋਲੇ ਦੀ ਘਾਟ ਹੈ ਕਿਉਂਕਿ ਇਥੇ ਘਟੀਆ ਕੋਲਾ ਹੀ ਕੱਢਿਆ ਜਾਂਦਾ ਹੈ।

**ਆਵਾਜਾਈ ਦੇ ਸਾਧਨ—**ਇਥੋਂ ਦੀ ਆਵਾਜਾਈ ਦਾ ਮੁੱਖ ਵਸੀਲਾ ਦਰਿਆ ਹਨ। ਕਾਂਗੋ ਅਤੇ ਇਸ ਦੀਆਂ ਸਹਾਇਕ ਨਦੀਆਂ ਆਵਾਜਾਈ ਲਈ ਵਿਸ਼ੇਸ਼ ਕਰਕੇ ਵਰਣਨਯੋਗ ਹਨ। ਦੇਸ਼ ਵਿਚ ਦਰਿਆਈ ਮਾਰਗਾਂ ਦੀ ਲੰਬਾਈ 14,000 ਕਿ. ਮੀ. ਦੇ ਲਗਭਗ ਹੈ। ਇਨ੍ਹਾਂ ਵਿਚ ਲਗਭਗ 12ਮਹੀਨੇ ਹੀ ਆਵਾਜਾਈ ਹੋ ਸਕਦੀ ਹੈ। ਮਤਾਦੀ ਇਥੋਂ ਦੀ ਵੱਡੀ ਬੰਦਰਗਾਹ ਹੈ। ਸਮੁੰਦਰੀ ਮਾਰਗਾਂ ਦੀ ਮਹੱਤਤਾ ਘੱਟ ਹੈ ਕਿਉਂਕਿ ਦੇਸ਼ ਦਾ ਸਿਰਫ਼ 40 ਕਿ. ਮੀ. ਖੇਤਰ ਹੀ ਸਮੁੰਦਰ ਨਾਲ ਲਗਦਾ ਹੈ।

ਰੇਲਾਂ ਆਵਾਜਾਈ ਦਾ ਦੂਜਾ ਵਸੀਲਾ ਹਨ। ਰੇਲ ਮਾਰਗ ਦਰਿਆਈ ਮਾਰਗਾਂ ਨੂੰ ਜੋੜਨ ਲਈ ਬਣਾਏ ਗਏ ਹਨ। ਸੰਨ 1983 ਵਿਚ ਰੇਲ ਮਾਰਗਾਂ ਦੀ ਲੰਬਾਈ 4,803 ਕਿ. ਮੀ. ਸੀ ਜਿਸ ਵਿਚੋਂ 858 ਕਿ. ਮੀ. ਬਿਜਲੀ ਨਾਲ ਚੱਲਣ ਵਾਲੀ ਰੇਲ ਪਟੜੀ ਸੀ।

ਤੀਜਾ ਵਸੀਲਾ ਸੜਕਾਂ ਹਨ ਜੋ ਆਵਾਜਾਈ ਅਤੇ ਢੋ-ਢੁਆਈ ਲਈ ਵਰਤੀਆਂ ਜਾਂਦੀਆਂ ਹਨ। ਸੰਨ 1989 ਵਿਚ ਇਥੇ 160,000 ਕਿ. ਮੀ. ਲੰਬੀਆਂ ਸੜਕਾਂ ਸਨ।

**ਵਪਾਰ**—ਖਣਿਜ ਵਪਾਰਕ ਪੱਖ ਤੋਂ ਵਧੇਰੇ ਮਹੱਤਤਾ ਰੱਖਦੇ ਹਨ। ਕੁੱਲ ਨਿਰਯਾਤ ਵਿਚ ਲਗਭਗ 40% ਤਾਂਬਾ ਅਤੇ 20% ਹੀਰੇ ਹੁੰਦੇ ਹਨ। ਬਹੁਤਾ ਵਪਾਰ ਸੰਯੁਕਤ ਰਾਜ ਅਮਰੀਕਾ ਅਤੇ ਬੈਲਜੀਅਮ ਨਾਲ ਕੀਤਾ ਗਿਆ। ਜ਼ਰਾਇਤੀ ਵਸਤਾਂ ਵੀ ਇਥੋਂ ਬਾਹਰ ਜਾਂਦੀਆਂ ਹਨ। ਮਸ਼ੀਨਰੀ, ਨਿਤ ਵਰਤੋਂ ਦੀਆਂ ਚੀਜ਼ਾਂ, ਚਮੜੇ ਦਾ ਸਾਮਾਨ, ਕੱਪੜੇ, ਧਾਤ ਦੀਆਂ ਵਸਤਾਂ, ਰਸਾਇਣ ਵਗੈਰਾ ਬੈਲਜੀਅਮ, ਲਕਸਮਬਰਗ, ਬਰਤਾਨੀਆ, ਇਟਲੀ, ਫ਼ਰਾਂਸ, ਜਰਮਨੀ, ਨੀਦਰਲੈਂਡਜ਼ ਅਤੇ ਜਾਪਾਨ ਤੋਂ ਮੰਗਵਾਏ ਜਾਂਦੇ ਹਨ।

ਲੋਕ

**ਆਬਾਦੀ**—ਦੇਸ਼ ਦੀ ਵਸੋਂ ਵਿਚ ਬਹੁ-ਗਿਣਤੀ ਬਾਂਟੂ ਕਬੀਲੇ ਦੀ ਹੈ। ਇਹ ਲੋਕ 10ਵੀਂ ਤੋਂ 14ਵੀਂ ਸਦੀ ਵਿਚ ਪੱਛਮ ਅਤੇ ਉੱਤਰ ਵੱਲੋਂ ਦੀ ਇਸ ਦੇਸ਼ ਦੀ ਧਰਤੀ ਤੇ ਆਏ। ਇਨ੍ਹਾਂ ਨੇ ਇਥੇ ਆਪਣੇ ਸਾਮਰਾਜ ਸਥਾਪਿਤ ਕੀਤੇ ਹੋਏ ਸਨ। 16ਵੀਂ ਸਦੀ ਵਿਚ ਅੰਗਰੇਜ਼ਾਂ ਦੇ ਇਥੇ ਆਉਣ ਤੱਕ ਇਹ ਆਪੋ ਆਪਣੇ ਸਾਮਰਾਜਾਂ ਉੱਤੇ ਕਾਬਜ਼ ਸਨ। ਇਨ੍ਹਾਂ ਤੋਂ ਬਿਨਾਂ ਪਿਗਮੀ ਅਤੇ ਹੇਮਾਇਟ ਇਥੋਂ ਦੇ ਹੋਰ ਕਬੀਲੇ ਹਨ। ਪਿਗਮੀ ਇਥੋਂ ਦੇ ਬਹੁਤ ਪੁਰਾਣੇ ਵਸਨੀਕ ਹਨ। ਇਹ ਲੋਕ ਪਿਛਲੇਰੇ ਪੇਲੀਓਲਿਥਿਕ ਯੁੱਗ ਤੋਂ ਇਥੇ ਵਸੇ ਹੋਏ ਹਨ।

ਇਨ੍ਹਾਂ ਤੋਂ ਬਿਨਾਂ ਕੁਝ ਗਿਣਤੀ ਵਿਚ ਸੂਡਾਨੀ, ਨੀਲ ਵਾਸੀ (Niloitic) ਵੀ ਹਨ। ਬਾਹਰੋਂ ਆ ਕੇ ਵਸੇ ਲੋਕਾਂ ਵਿਚ ਯੂਰਪੀ ਅਤੇ ਏਸ਼ੀਆਈ ਹਨ। ਸਾਲ 1983 ਵਿਚ ਇਨ੍ਹਾਂ ਦੀ ਗਿਣਤੀ 283,500 ਸੀ।

ਵਸੋਂ ਵਧੇਰੇ ਕਰਕੇ ਪਿੰਡਾਂ ਵਿਚ ਹੈ। ਸ਼ਹਿਰਾਂ ਦੀ ਗਿਣਤੀ ਘੱਟ ਹੈ। ਵੱਡੇ ਸ਼ਹਿਰਾਂ ਵਿਚ, ਬਾਨਡੰਡੂ (74,467), ਮਤਾਦੀ (162,396), ਕਿਨਸ਼ਾਸਾ (2,443,876), ਕਾਨੰਸਾ (704,211), ਐਮਬੂਜੀ ਮਾਈਈ (382, 632) ਸ਼ਾਮਲ ਹਨ।

ਦੇਸ਼ ਦੀ ਵਸੋਂ ਵਿਚ ਪਿਛਲੇ ਸਾਲਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਵਾਧੇ ਦੀ ਦਰ 2.9 ਫ਼ੀਸਦੀ ਸਾਲਾਨਾ ਹੈ। ਹੇਠਲੇ ਕਾਂਗੋ, ਕਾਸਾਈ ਦਰਿਆਈ ਖੇਤਰਾਂ ਵਿਚ ਵਸੋਂ ਸੰਘਣੀ ਹੈ ਜਦੋਂ ਕਿ ਸ਼ਾਬਾ ਵਿਚ ਵਿਰਲੀ ਹੈ।

**ਧਰਮ**—ਦੇਸ਼ ਦਾ ਕੋਈ ਵੀ ਪ੍ਰਮਾਣਿਤ ਧਰਮ ਨਹੀਂ ਹੈ ਪਰ ਇਥੋਂ ਦੇ ਕਬੀਲਿਆਂ ਦੇ ਲੋਕ ਦੇਵੀ, ਦੇਵਤਿਆਂ, ਭੂਤਾਂ, ਪ੍ਰੇਤਾਂ ਦੀਆਂ ਸ਼ਕਤੀਆਂ ਵਿਚ ਵਿਸ਼ਵਾਸ ਰੱਖਦੇ ਹਨ। ਬਾਹਰਲੇ ਦੇਸ਼ਾਂ ਤੋਂ ਆ ਕੇ ਵੱਸੇ ਲੋਕਾਂ ਦੇ ਆਪੋ-ਆਪਣੇ ਧਰਮ ਹਨ।

**ਭਾਸ਼ਾਵਾਂ**—ਦੇਸ਼ ਵਿਚ ਲਗਭਗ 200 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਇਨ੍ਹਾਂ ਵਿਚੋਂ ਕੇਵਲ ਸਵਾਹਿਲੀ, ਚਿਲੂਬਾ (ਕਿਲੂਬਾ ਜਾਂ ਲੂਬਾ), ਲਿੰਗਾਲਾ ਅਤੇ ਕਿਕਾਂਗੋ ਨੂੰ ਹੀ ਕੌਮੀ ਭਾਸ਼ਾਵਾਂ ਦਾ ਦਰਜਾ ਹਾਸਲ ਹੈ। ਲਿੰਗਾਲਾ ਇਨ੍ਹਾਂ ਸਾਰਿਆਂ ਵਿਚ ਮਹੱਤਵਪੂਰਨ ਭਾਸ਼ਾ ਹੈ ਅਤੇ ਫ਼ਰਾਂਸੀਸੀ ਇਥੋਂ ਦੀ ਸਰਕਾਰੀ ਭਾਸ਼ਾ ਹੈ ਅਤੇ ਇਹ ਫ਼ੌਜ ਦੀ ਭਾਸ਼ਾ ਵੀ ਹੈ।

**ਸਿੱਖਿਆ**—ਆਜ਼ਾਦੀ ਤੋਂ ਪਹਿਲੋਂ ਇਥੇ ਸਿੱਖਿਆ ਦੀ ਸਹੂਲਤ ਨਾਂਹ ਦੇ ਬਰਾਬਰ ਹੀ ਸੀ। ਉਸ ਸਮੇਂ ਮਿਸ਼ਨਰੀ ਪ੍ਰਚਾਰਕ ਹੀ ਸਿੱਖਿਆ ਦੇਣ ਦਾ ਕੰਮ ਕਰਦੇ ਸਨ। ਸਾਲ 1959 ਵਿਚ ਇਥੇ 10,000 ਮਿਸ਼ਨਰੀ ਸਿੱਖਿਆ ਦੇਣ ਵਿਚ ਰੁਝੇ ਹੋਏ ਸਨ। ਆਜ਼ਾਦੀ ਪਿੱਛੋਂ ਇਥੇ ਸਿੱਖਿਆ ਦੀ ਸਹੀ ਬੁਨਿਆਦ ਰੱਖੀ ਗਈ। ਮੁਢਲੀ, ਸੈਕੰਡਰੀ ਅਤੇ ਤਕਨੀਕੀ ਸਿੱਖਿਆ ਵੱਲ ਧਿਆਨ ਦਿੱਤਾ ਗਿਆ। ਸਾਲ 1978-79 ਵਿਚ ਇਥੇ 5,924 ਪ੍ਰਾਇਮਰੀ ਸਕੂਲ ਸਨ। ਇਨ੍ਹਾਂ ਤੋਂ ਇਲਾਵਾ ਸੈਕੰਡਰੀ ਅਤੇ ਤਕਨੀਕੀ ਸੰਸਥਾਵਾਂ ਨੂੰ ਨੈਸ਼ਨਲ ਯੂਨੀਵਰਸਿਟੀ ਆਫ਼ ਜ਼ੇਅਰ ਅਧੀਨ ਰੱਖਿਆ ਗਿਆ ਸੀ ਪਰ 1981 ਈ. ਵਿਚ ਇਥੇ ਤਿੰਨ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਗਈਆਂ।

**ਸਿਹਤ ਅਤੇ ਹੋਰ ਸਹੂਲਤਾਂ**—ਇਹੋ ਜਿਹੀਆਂ ਸਭ ਸਹੂਲਤਾਂ ਦੇਸ਼ ਦੀ ਆਜ਼ਾਦੀ ਤੋਂ ਪਹਿਲੋਂ ਘੱਟ ਹੀ ਸਨ। ਇਥੇ ਯੂਰਪੀਅਨ ਡਾਕਟਰ ਹੀ ਹਸਪਤਾਲਾਂ ਵਿਚ ਕੰਮ ਕਰਦੇ ਸਨ। ਆਜ਼ਾਦੀ ਪਿੱਛੋਂ ਇਨ੍ਹਾਂ ਦੀ ਗਿਣਤੀ ਹੌਲੀ ਹੌਲੀ ਵੱਧ ਕੇ 1979 ਵਿਚ 1900 ਹੋ ਗਈ। ਇਸ ਸਮੇਂ 942 ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਲੋਕਾਂ ਦੀ ਸੇਵਾ ਕਰ ਰਹੀਆਂ ਹਨ।

**ਰਾਜ-ਪ੍ਰਬੰਧ**—ਸੰਨ 1960 ਵਿਚ ਆਜ਼ਾਦੀ ਮਿਲਣ ਉਪਰੰਤ ਤਿੰਨ ਸੰਵਿਧਾਨ ਘੜੇ ਅਤੇ ਸੋਧੇ ਗਏ। ਫਿਰ ਦੁਬਾਰਾ 15 ਫ਼ਰਵਰੀ, 1978 ਈ. ਨੂੰ ਨਵਾਂ ਸੰਵਿਧਾਨ ਘੜਿਆ ਗਿਆ। ਇਹ ਵੀ 1980 ਈ. ਵਿਚ ਸੋਧਿਆ ਜਾ ਚੁੱਕਾ ਹੈ। ਇਸ ਅਨੁਸਾਰ ਇਥੇ ਲੋਕ-ਰਾਜੀ ਪ੍ਰਸ਼ਾਸਕੀ ਪ੍ਰਣਾਲੀ ਲਾਗੂ ਹੈ। ਪ੍ਰਸ਼ਾਸਕੀ ਸ਼ਕਤੀਆਂ ਇਥੋਂ ਦੀ ਪਾਰਲੀਮੈਂਟ ਕੋਲ ਕੇਂਦਰਿਤ ਹੁੰਦੀਆਂ ਹਨ। ਪਾਰਲੀਮੈਂਟ ਦੇ ਦੋ ਸਦਨ ਹੁੰਦੇ ਹਨ। ਇਨ੍ਹਾਂ ਨੂੰ ਨੈਸ਼ਨਲ ਐਗਜ਼ੈਕਟਿਵ ਕੌਂਸਲ ਅਤੇ ਨੈਸ਼ਨਲ ਲੈਜਿਸਲੇਟਿਵ ਕੌਂਸਲ ਕਹਿੰਦੇ ਹਨ। ਦੇਸ਼ ਵਿਚ ਇਕੋ ਹੀ ਸਿਆਸੀ ਪਾਰਟੀ 'ਮੂਵਮੈਂਟ ਪੋਪੂਲੇਅਰ ਡੀ ਲਾ ਰੈਵੋਲਿਊਸ਼ਨ' ਹੈ ਜਿਸ ਦਾ ਨੇਤਾ ਪਾਰਲੀਮੈਂਟ ਦੇ ਦੋਨਾਂ ਸਦਨਾਂ ਦਾ ਮੁੱਖੀ ਅਤੇ ਦੇਸ਼ ਦਾ ਮੁੱਖੀ ਹੁੰਦਾ ਹੈ।

ਸਥਾਨਕ ਪ੍ਰਸਾਸ਼ਨ ਲਈ ਦੇਸ ਨੂੰ 8 ਖੰਡਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਦਾ ਪ੍ਰਬੰਧ ਖੇਤਰ ਦੇ ਕਮਿਸ਼ਨਰ ਅਤੇ 6 ਕੌਂਸਲਰਾਂ ਅਧੀਨ ਹੈ। ਕਿਨਸ਼ਾਸਾ ਦਾ ਪ੍ਰਸ਼ਾਸਨ ਗਵਰਨਰ ਦੇ ਅਧੀਨ ਹੈ।

**ਕਰੰਸੀ**—ਦੇਸ਼ ਦੀ ਕਰੰਸੀ ਦਾ ਨਾਂ ਜ਼ੇਅਰ ਹੈ। ਜ਼ੇਅਰ ਵਿਚ 100 ਮਾਕੂਤ ਹੁੰਦੇ ਹਨ। ਇਸ ਤੋਂ ਛੋਟੀ ਕਰੰਸੀ ਲਕੂਤਾ ਹੈ। ਲਕੂਤਾ ਵਿਚ ਅਗੋ ਸੈਂਗੀ ਹੁੰਦੇ ਹਨ।

**ਮਾਪ ਤੋਲ ਪ੍ਰਣਾਲੀ**—ਸੰਨ 1910 ਤੋਂ ਇਥੇ ਮੀਟ੍ਰਿਕ ਸਿਸਟਮ ਲਾਗੂ ਹੈ।

**ਝੰਡਾ**—ਦੇਸ਼ ਦੇ ਝੰਡੇ ਦਾ ਰੰਗ ਬਿਲਕੁਲ ਹਰਾ ਹੈ ਜਿਸ ਉੱਤੇ ਅੱਧ ਵਿਚਕਾਰ ਪੀਲੇ ਰੰਗ ਦੀ ਵੱਡੀ ਸਾਰੀ ਟਿੱਕੀ ਹੈ। ਟਿੱਕੀ ਵਿਚ ਸੁਲਗਦੀ ਮਸ਼ਾਲ ਫੜੀ ਹੋਈ ਬਾਂਹ ਦੀ ਤਸਵੀਰ ਹੈ।

ਹ. ਪੁ.–ਐਨ. ਬ੍ਰਿ. ਮੈ. 19 : 1119; ਲਾ. ਐਨ. ਵਰ. 317; ਕੋਲ. ਐਨ. 5 : 445; ਸਟੇ. ਯੀ. ਬੁ. 1993-94; ਐਨ. ਅਮੇ. 3 : 455

**ਜੇ ਸੰਧੀ** : ਇਹ ਸੰਯੁਕਤ ਰਾਜ ਅਮਰੀਕਾ ਤੇ ਬਰਤਾਨੀਆ ਦਾ ਆਪੋ ਵਿਚ ਸਮਝੌਤਾ ਸੀ ਜਿਸ ਉਪਰ 19 ਨਵੰਬਰ, 1794 ਨੂੰ ਲੰਡਨ ਵਿਖੇ ਜੇ ਜਾਨ (ਅਮਰੀਕਾ) ਅਤੇ ਵਿਲੀਅਮ ਲਾਰਡ ਗ੍ਰੀਨਵਿਚ (ਬਰਤਾਨੀਆ) ਪ੍ਰਤਿਨਿਧਾਂ ਨੇ ਹਸਤਾਖ਼ਰ ਕੀਤੇ। ਇਸ ਸਮਝੌਤੇ ਦਾ ਸਿਹਰਾ 'ਜਾਨ ਜੇ' ਦੇ ਸਿਰ ਹੈ ਜਿਸ ਕਰਕੇ ਇਸ ਦਾ ਨਾਂ ਵੀ ਜੇ ਸੰਧੀ ਹੀ ਮਸ਼ਹੂਰ ਹੋਇਆ। ਉੱਤਰੀ ਅਮਰੀਕਾ ਦੇ ਰਾਜ-ਖੇਤਰੀ ਅਤੇ ਬਰਤਾਨਵੀ ਨੌਆਬਾਦੀਆਂ ਦੇ ਸਭ ਤੋਂ ਗੰਭੀਰ ਮਾਮਲੇ ਵਿਚ ਉਪਰੋਕਤ ਦੋਹਾਂ ਦੇਸ਼ਾਂ ਤੋਂ ਬਿਨਾਂ ਫ਼ਰਾਂਸ ਤੇ ਸਪੇਨ ਵੀ ਸ਼ਾਮਲ ਸਨ।

ਸੰਨ 1783 ਦੀ ਸ਼ਾਂਤੀ ਸੰਧੀ ਤੋਂ 10 ਸਾਲ ਪਿੱਛੋਂ ਤੱਕ ਵੀ ਰਾਜਨੀਤਕ ਤੇ ਭੂਗੋਲਿਕ ਝਗੜਿਆਂ ਕਾਰਨ ਸੰਯੁਕਤ ਰਾਜ ਅਮਰੀਕਾ ਅਸਲ ਮਾਅਨਿਆਂ ਵਿਚ ਆਜ਼ਾਦ ਨਹੀਂ ਸੀ ਸਗੋਂ ਨਵਾਂ ਸਥਾਪਿਤ ਹੋਇਆ। ਇਹ ਰਾਸ਼ਟਰ ਯੂਰਪ ਦੀਆਂ ਤਿੰਨ ਵੱਡੀਆਂ ਤਾਕਤਾਂ ਵਿਚਕਾਰ ਘਿਰ ਗਿਆ ਸੀ। ਸੰਨ 1793 ਦੌਰਾਨ ਫ਼ਰਾਂਸ ਨੇ ਬਰਤਾਨੀਆ ਨਾਲ ਜੰਗ ਦਾ ਐਲਾਨ ਕਰ ਦਿੱਤਾ ਅਤੇ ਅਮਰੀਕਾ ਦੀਆਂ ਬੰਦਰਗਾਹਾਂ ਤੋਂ ਗ਼ੈਰ ਸਰਕਾਰੀ ਜੰਗੀ ਜਹਾਜ਼ਾਂ ਦੀ ਵਰਤੋਂ ਨਾਲ ਬਰਤਾਨਵੀ ਜਹਾਜ਼ਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਸਪੇਨ ਨੇ ਅਮਰੀਕਾ ਦੇ ਆਜ਼ਾਦੀ

ਘੋਲ ਵਿਚ ਹਿੱਸਾ ਪਾਉਣ ਦੇ ਇਵਜ਼ ਵਿਚ ਕੈਰਿਬੀਅਨ ਅਧਿਕਾਰ ਖੇਤਰ ਨੂੰ ਮੁੜ ਪੱਕਿਆਂ ਕਰ ਕੇ ਇਸ ਦੀ ਸੁਰੱਖਿਆ ਲਈ ਅਮਰੀਕਾ ਦੇ ਦੱਖਣ-ਪੂਰਬੀ ਫਲੋਰਿਡਾ ਤੇ ਮਿਸਿਸਿੱਪੀ ਉਪਰ ਆਪਣਾ ਕੰਟਰੋਲ ਕਰਨਾ ਚਾਹੁੰਦਾ ਸੀ। ਤੀਜੇ ਪਾਸੇ ਬਰਤਾਨੀਆ ਨੇ ਓਹਾਈਓ ਤੇ ਗ੍ਰੇਟ ਲੇਕਸ ਵਾਲੇ ਖੇਤਰ ਦਾ ਕਬਜ਼ਾ ਨਹੀਂ ਸੀ ਛੱਡਿਆ ਅਤੇ ਝੀਲਾਂ ਦੇ ਦੱਖਣੀ ਤਟ ਦੇ ਨਾਲ ਬਰਤਾਨਵੀ ਸਰਹੱਦੀ ਚੌਕੀਆਂ ਜਿਉਂ ਦੀਆਂ ਤਿਉਂ ਸਨ।

ਹੁਣ ਫ਼ਰਾਂਸ ਦੀਆਂ ਬਰਤਾਨੀਆ ਤੇ ਸਪੇਨ ਨਾਲ ਸਮੁੰਦਰੀ ਵਪਾਰ ਦੇ ਝਗੜੇ ਕਾਰਨ ਜੰਗੀ ਕਾਰਵਾਈਆਂ ਹੋਣ ਲੱਗੀਆਂ। ਇਸ ਨਾਲ ਸਯੁੰਕਤ ਰਾਜ ਦੀ ਜਹਾਜ਼ਰਾਨੀ ਖਤਰੇ ਵਿਚ ਪੈ ਗਈ ਅਤੇ ਜਾਰਜ ਵਾਸ਼ਿੰਗਟਨ ਨੇ ਅਮਰੀਕਾ ਦੇ ਚੀਫ਼ ਜਸਟਿਸ ਜਾਨ ਜੇ ਨੂੰ ਆਪਣੇ ਜਹਾਜ਼ਾਂ ਦੇ ਬਚਾਓ ਲਈ, ਲਿਖਤੀ ਰੂਪ ਵਿਚ ਕਾਰਜਕਾਰੀ ਸਮਝੌਤਾ ਕਰਨ ਲਈ ਲੰਡਨ ਭੇਜਿਆ। ਬਰਤਾਨੀਆ ਨੇ ਸਰਹੱਦੀ ਚੌਕੀਆਂ ਛੱਡਣੀਆਂ ਮੰਨ ਲਈਆਂ ਜਿਸ ਦੇ ਬਦਲੇ ਵਿਚ ਅਮਰੀਕਾ ਨੇ ਕੈਨੇਡੀਅਨ ਫਰ ਦੇ ਵਪਾਰ ਲਈ ਬਰਤਾਨੀਆ ਅਨੁਸਾਰ ਝੀਲਾਂ ਦੇ ਦੱਖਣ ਵੱਲੋਂ ਜਾਣ ਦੀ ਆਗਿਆ ਦੇ ਦਿੱਤੀ। ਇਸ ਤੋਂ ਇਲਾਵਾ ਦੋਵੇਂ ਸਰਕਾਰਾਂ ਮਿਸਿਸਿੱਪੀ ਰਾਹੀਂ ਸੁਤੰਤਰ ਵਪਾਰ ਲਈ ਵੀ ਰਾਜ਼ੀ ਹੋ ਗਈਆਂ ਅਤੇ ਅਮਰੀਕਾ ਦੇ ਜਹਾਜ਼ਾਂ ਦੀ ਸਮੁੰਦਰ ਵਿਚੋਂ ਫੜੋ ਫੜਾਈ ਇਸ ਸ਼ਰਤ ਤੇ ਬੰਦ ਕਰ ਦਿੱਤੀ ਗਈ ਕਿ ਉਨ੍ਹਾਂ ਵਿਚ ਬਰਤਾਨੀਆ ਦੇ ਦੁਸ਼ਮਣਾਂ ਦਾ ਵਿਵਰਜਿਤ ਮਾਲ ਨਾ ਲੱਦਿਆ ਜਾਵੇ। ਇਨ੍ਹਾਂ ਸ਼ਰਤਾਂ ਤੋਂ ਬਿਨਾਂ ਹੋਰ ਵੀ ਕਈ ਛੋਟੇ-ਮੋਟੇ ਸਰਹੱਦੀ ਝਗੜੇ ਨਬੇੜੇ ਗਏ।

ਜੇ ਸੰਧੀ ਤੇ ਹਸਤਾਖਰ ਭਾਵੇਂ 19 ਨਵੰਬਰ, 1794 ਨੂੰ ਕੀਤੇ ਗਏ ਪਰ ਇਸ ਦਾ ਐਲਾਨ 29 ਫ਼ਰਵਰੀ, 1796 ਨੂੰ ਹੋਇਆ। ਇਸ ਸੰਧੀ ਨਾਲ ਭਾਵੇਂ ਜਾਨ ਜੇ ਦੀ ਲੋਕ-ਪ੍ਰਿਯਤਾ ਨੂੰ ਤਾਂ ਧੱਕਾ ਵਜਾ ਪਰ ਇਹ ਗੱਲ ਮੰਨਣ ਵਾਲੀ ਹੈ ਕਿ ਸੰਯੁਕਤ ਰਾਜ ਦੇ ਥਲੀ ਤੇ ਸਮੁੰਦਰੀ ਵਪਾਰ ਦੇ ਪੱਖੋਂ ਸਥਿਤੀ ਬੇਹਤਰ ਹੋ ਗਈ। ਇਸ ਦੇ ਅਸਰ ਹੇਠਾਂ ਫ਼ਰਾਂਸ ਤੇ ਸਪੇਨ ਨੇ ਵੀ ਅਮਰੀਕਾ ਪ੍ਰਤੀ ਆਪਣੇ ਰਵੱਈਏ ਬਦਲ ਲਏ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਸੰਯੁਕਤ ਰਾਜ ਨੂੰ ਸੁਤੰਤਰਤਾ ਅਸਲੀ ਮਾਮਲਿਆਂ ਵਿਚ ਜੇ ਸੰਧੀ ਤੋਂ ਬਾਅਦ ਹੀ ਮਿਲੀ।

ਹ.ਪੁ.-ਐਨ. ਬ੍ਰਿ. ਮਾ. 5:533; ਕੋਲ. ਐਨ 10:647

**ਜੇ, ਜਾਨ** : ਇਹ ਸੰਯੁਕਤ ਰਾਜ ਦਾ ਬਾਨੀ ਤੇ ਸੂਝਵਾਨ ਨੀਤੀਵੇਤਾ ਸੀ ਜਿਸਨੇ ਇਸ ਰਾਸ਼ਟਰ ਦੀ ਕਾਨੂੰਨ-ਸਾਜ਼ੀ ਵਿਚ ਪੂਰਾ ਹਿੱਸਾ ਪਾਇਆ। ਇਸ ਤੋਂ ਬਿਨਾਂ 1794 ਈ. ਦੌਰਾਨ ਬਰਤਾਨੀਆ ਸਰਕਾਰ ਤੇ ਅਮਰੀਕਾ ਵਿਚਕਾਰ ਹੋਣ ਵਾਲੇ ਸਮਝੌਤੇ ਦਾ ਸਿਹਰਾ ਵੀ ਇਸੇ ਦੇ ਸਿਰ ਹੈ ਅਤੇ ਇਸ ਸੰਧੀ ਦਾ ਨਾਂ ਜੇ-ਸੰਧੀ ਵੀ ਇਸੇ ਕਾਰਨ ਪਿਆ।

ਇਸ ਦਾ ਜਨਮ 12 ਦਸੰਬਰ, 1745 ਨੂੰ ਨਿਊਯਾਰਕ ਵਿਖੇ ਹੋਇਆ। ਸੰਨ 1764 ਵਿਚ ਕਿੰਗਜ਼ ਕਾਲਜ (ਅੱਜਕੱਲ੍ਹ ਕੋਲੰਬੀਆ ਯੂਨੀਵਰਸਿਟੀ) ਤੋਂ ਗ੍ਰੈਜੂਏਟ ਦੀ ਡਿਗਰੀ ਹਾਸਲ ਕਰਨ ਉਪਰੰਤ ਕਾਨੂੰਨ ਦੀ ਪੜ੍ਹਾਈ ਆਰੰਭ ਕੀਤੀ। ਸੰਨ 1768 ਵਿਚ ਬਾਰ ਵਿਚ ਦਾਖ਼ਲਾ ਲਿਆ ਤੇ ਜਲਦੀ ਹੀ ਵਕਾਲਤ ਸ਼ੁਰੂ ਕਰ ਦਿੱਤੀ। ਨਿਆਂ ਤੇ ਕਾਨੂੰਨ ਸਬੰਧੀ ਸੂਝ ਸਦਕਾ 1773 ਈ. ਵਿਚ ਇਸਨੂੰ ਨਿਊ ਜਰਸੀ ਤੇ ਨਿਊਯਾਰਕ ਵਿਚਕਾਰ ਹੱਦਬੰਦੀ ਦੇ ਫ਼ੈਸਲੇ ਲਈ ਰਾਇਲ ਕਮਿਸ਼ਨ ਦਾ ਸਕੱਤਰ ਥਾਪਿਆ ਗਿਆ।

ਅਮਰੀਕਾ ਵਿਚ ਕ੍ਰਾਂਤੀ ਦੇ ਸ਼ੁਰੂ ਹੁੰਦਿਆਂ ਹੀ ਇਸਨੇ ਵਕਾਲਤ ਛੱਡ ਦਿੱਤੀ ਦੇ ਲੋਕ-ਸੇਵਾ ਵਿਚ ਜੁਟ ਗਿਆ। ਸੰਨ 1774 ਵਿਚ ਫਿਲਾਡੈਲਫ਼ੀਆ ਵਿਖੇ ਫਸਟ ਕਾਂਟੀਨੈਂਟਲ ਕਾਂਗਰਸ ਦੀ ਮੀਟਿੰਗ ਵਿਚ ਡੈਲੀਗੇਟ ਦੇ ਤੌਰ ਦੇ ਸ਼ਾਮਲ ਹੋਇਆ ਅਤੇ ਇਸ ਦੀ ਬਹੁਤ ਸ਼ੁਹਰਤ ਹੋਈ। ਇਸਨੇ ਆਪਣੇ 'ਦੀ ਐਡਰੈਸ ਟੂ ਦੀ ਪੀਪਲ ਆਫ਼ ਗ੍ਰੇਟ ਬ੍ਰਿਟੇਨ' ਨਾਮੀ ਖਰੜੇ ਵਿਚ ਨੌਆਬਾਦਕਾਰੀ ਦੇ ਹੱਕਾਂ ਸਬੰਧੀ ਸਪਸ਼ਟੀਕਰਣ ਦਿੱਤਾ। ਭਾਵੇਂ ਇਸਨੇ 1776 ਈ. ਦੇ ਸੁਤੰਤਰਤਾ ਸਬੰਧੀ ਐਲਾਨਨਾਮੇ ਉਪਰ ਹਸਤਾਖ਼ਰ ਨਹੀਂ ਸਨ ਕੀਤੇ ਪਰ ਨਿਊਯਾਰਕ ਵਿਖੇ ਪ੍ਰਾਵਿੰਸ ਕਾਂਗਰਸ ਦੇ ਮੈਂਬਰ ਦੀ ਹੈਸੀਅਤ ਵਿਚ ਇਸਨੇ ਪੂਰੀ ਹਾਮੀ ਭਰੀ। ਅਗਲੇ ਸਾਲ ਇਸਨੇ ਨਿਊਯਾਰਕ ਦੇ ਪਹਿਲੇ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਤੇ ਰਾਜ ਦਾ ਪਹਿਲਾ ਚੀਫ਼ ਜੱਜ ਨਿਯਕੁਤ ਹੋਇਆ। 10 ਦਸੰਬਰ, 1778 ਨੂੰ ਕਾਂਟੀਨੈਂਟਲ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ।

27 ਸਤੰਬਰ, 1779 ਨੂੰ ਸਪੇਨ ਲਈ ਸਰਬ ਅਧਿਕਾਰੀ ਮੰਤਰੀ ਬਣਿਆ ਜਿਥੋਂ ਇਸ ਦੀ ਬਦੇਸ਼ੀ ਕਾਰਜ-ਕਿਰਿਆ ਆਰੰਭ ਹੋਈ। ਫਿਰ ਬਰਤਾਨੀਆ ਨਾਲ ਸ਼ਾਂਤੀ ਸਥਾਪਿਤ ਕਰਨ ਲਈ ਬੈਂਜਾਮਿਨ ਫ੍ਰੈਂਕਲਿਨ ਨਾਲ ਗੱਲ-ਬਾਤ ਕਰਨ ਲਈ ਗਿਆ। ਸੰਨ 1784 ਤੋਂ 1789 ਤੱਕ ਸੰਯੁਕਤ ਰਾਜ ਵਿਚ ਬਦੇਸ਼ੀ ਮਾਮਲਿਆਂ ਦਾ ਸਕੱਤਰ ਰਿਹਾ। ਇਸ ਰੁਤਬੇ ਤੇ ਇਸਨੇ ਪੂਰੀ ਇਮਾਨਦਾਰੀ ਨਾਲ ਕੰਮ ਅਤੇ ਦੇਸ਼ ਸੇਵਾ ਕੀਤੀ। ਇਸ ਦੌਰਾਨ ਇਸਨੇ ਮਹਿਸੂਸ ਕੀਤਾ ਕਿ ਸੰਯੁਕਤ ਰਾਜ ਵਿਚ ਕਾਨਫੈਡਰੇਸ਼ਨ ਦੀ ਜਗ੍ਹਾ ਤਾਕਤਵਰ ਕੇਂਦਰਿਤ ਸਰਕਾਰ ਬਿਹਤਰ ਰਹੇਗੀ ਅਤੇ 1787 ਈ. ਵਿਚ ਇਸਨੇ ਨਵੇਂ ਸੰਵਿਧਾਨ ਦੀ ਰੂਪ-ਰੇਖਾ ਤਿਆਰ ਕੀਤੀ ਅਤੇ 1789 ਈ. ਵਿਚ ਸੰਯੁਕਤ ਰਾਜ ਅਮਰੀਕਾ ਦੇ ਪ੍ਰਧਾਨ ਜਾਰਜ ਵਾਸ਼ਿੰਗਟਨ ਨੇ ਇਸਨੂੰ ਦੇਸ਼ ਦਾ ਪਹਿਲਾ ਚੀਫ਼ ਜੱਜ ਨਿਯੁਕਤ ਕੀਤਾ। ਇਸ ਅਹੁਦੇ ਤੇ ਰਹਿੰਦਿਆ ਇਸਨੇ ਸੁਪਰੀਮ ਕੋਰਟ ਦੀਆਂ ਕਾਰਜ-ਵਿਧੀਆਂ ਨੂੰ ਚੰਗੀ ਸੇਧ ਦਿੱਤੀ।

19 ਨਵੰਬਰ, 1794 ਦੀ 'ਜੇ ਸੰਧੀ' ਬਰਤਾਨੀਆ ਤੇ ਸੰਯੁਕਤ ਰਾਜ ਵਿਚਕਾਰ ਇਕ ਮਹੱਤਵਪੂਰਨ ਇਤਿਹਾਸਕ ਸੰਧੀ ਸੀ ਪਰ ਸੰਯੁਕਤ ਰਾਜ ਦੇ ਕਈ ਗਣਰਾਜੀਆਂ ਨੇ ਇਸ ਸੰਧੀ ਨੂੰ ਗਲਤ ਸਮਝਿਆ ਤੇ ਰੋਸ ਵਿਚ ਉਨ੍ਹਾਂ ਨੇ ਇਸ ਦੇ ਪੁਤਲੇ ਸਾੜੇ ਤੇ ਗਦਾਰ ਕਿਹਾ ਜਦੋਂ ਕਿ ਇਸ ਤੋਂ ਪਹਿਲਾਂ ਇਸਨੂੰ ਵਾਸ਼ਿੰਗਟਨ ਦੀ ਕਾਮਯਾਬੀ ਦਾ ਨੇਤਾ ਸਮਝਿਆ ਗਿਆ। ਇਸ ਸੰਧੀ ਕਾਰਨ ਹੋਈ ਝੂਠੀ ਬੇ-ਪਰਤੀਤੀ ਕਰਕੇ ਇਸਦੇ ਪ੍ਰੈਜ਼ੀਡੈਂਟ ਬਣਨ ਦੇ ਮੌਕੇ ਜਾਂਦੇ ਰਹੇ ਪਰ ਫਿਰ ਵੀ ਨਿਊਯਾਰਕ ਸੰਘਵਾਦੀਆਂ ਨੇ ਇਸਨੂੰ ਗਵਰਨਰ ਥਾਪ ਦਿੱਤਾ। ਇਸ ਸੇਵਾ ਤੋਂ ਮੁਕਤ ਹੋਣ ਉਪਰੰਤ ਇਸ ਨੇ ਬੈਡਫੋਰਡ ਵਿਚ ਆਪਣੇ ਨਿੱਜੀ ਫਾਰਮ ਤੇ ਜਾ ਕੇ ਆਪਣੀ ਜ਼ਿੰਦਗੀ ਦੇ ਪਿਛਲੇ 27 ਸਾਲ ਸ਼ਾਂਤੀਪੂਰਬਕ ਬਿਤਾਏ। 17 ਮਈ, 1829 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 5 : 532; ਕੋਲ. ਐਨ. 10 : 647

**ਜੇਜੋਂ/ਜੈਜੋਂ** : ਇਹ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਦਾ ਇਕ ਪੁਰਾਣਾ ਸ਼ਹਿਰ ਹੈ ਜੋ ਸ਼ਿਵਾਲਿਕ ਪਰਬਤ ਲੜੀ ਦੇ ਵਧਾਉ ਤੇ ਗੜ੍ਹਸ਼ੰਕਰ ਸ਼ਹਿਰ ਤੋਂ ਲਗਭਗ 15 ਕਿ. ਮੀ. ਦੂਰੀ ਤੇ ਸਥਿਤ ਹੈ। ਇਹ ਰੇਲ ਅਤੇ ਸੜਕ ਰਾਹੀਂ ਗੜ੍ਹਸ਼ੰਕਰ ਨਾਲ ਜੁੜਿਆ ਹੋਇਆ ਹੈ। ਬੇਸ਼ਕ ਇਹ ਸ਼ਹਿਰ ਹੁਣ ਬਹੁਤਾ ਮਹੱਤਵਪੂਰਨ ਨਹੀਂ ਰਿਹਾ ਪਰ ਪੁਰਾਣੇ ਸਮੇਂ ਵਿਚ ਇਹ ਜਸਵਾਲ ਰਾਜਿਆਂ ਦਾ ਸਦਰ-ਮੁਕਾਮ ਸੀ। ਸਭ ਤੋਂ ਪਹਿਲਾਂ ਰਾਜਾ ਰਾਮ ਸਿੰਘ ਨੇ ਆਪਣੀ ਰਿਹਾਇਸ਼ ਇਥੇ ਰੱਖੀ ਅਤੇ 1701 ਈ. ਦੇ ਲਗਭਗ ਇਥੇ ਦਾ ਕਿਲਾ ਬਣਵਾਇਆ ਜੋ ਇਕ ਪਹਾੜੀ ਦੱਰੇ ਦੀ ਰਖਵਾਲੀ ਕਰਦਾ ਸੀ। ਸੰਨ 1815 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਉੱਤੇ ਕਬਜ਼ਾ ਕਰ ਲਿਆ ਪਰ ਬਰਤਾਨਵੀ ਸਰਕਾਰ ਨੇ ਇਸ ਉੱਤੇ ਕਬਜ਼ਾ ਕਰਨ ਸਮੇਂ ਕਿਲੇ ਨੂੰ ਤੋੜ-ਫੋੜ ਦਿੱਤਾ। ਜਸਵਾਲ ਰਾਜਿਆ ਦੇ ਮਹਿਲਾਂ ਦੇ ਖੰਡਰ ਹਾਲੇ ਵੀ ਇਥੇ ਮੌਜੂਦ ਹਨ। ਪਹਿਲਾਂ ਇਹ ਸ਼ਹਿਰ ਇਕ ਚੰਗਾ ਵਪਾਰਕ ਕੇਂਦਰ ਹੁੰਦਾ ਸੀ ਜੋ ਹੁਸ਼ਿਆਰਪੁਰ ਵਿਚ ਦੂਜੇ ਨੰਬਰ ਤੇ ਸੀ।

31° 21′ ਉ. ਵਿਥ.; 76° 13′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 13 : 379

**ਜੇਠੂਵਾਲੀਆ, ਚੰਨਣ ਸਿੰਘ** : ਪੰਜਾਬੀ ਦੇ ਇਸ ਅਲਬੇਲੇ ਕਵੀ ਦਾ ਜਨਮ 5 ਮਈ, 1877 ਨੂੰ ਭਾਈ ਕਨ੍ਹਈਆ ਸਿੰਘ ਦੇ ਘਰ ਪਿੰਡ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਸ ਨੇ 1897 ਈ. ਵਿਚ ਖਾਲਸਾ ਹਾਈ ਸਕੂਲ, ਅੰਮ੍ਰਿਤਸਰ ਤੋਂ ਦਸਵੀਂ ਪਾਸ ਕੀਤੀ। ਸੰਨ 1901 ਵਿਚ ਇਹ ਇੰਜੀਨੀਅਰਿੰਗ ਵਿਭਾਗ ਵਿਚ ਲੱਗ ਗਿਆ ਅਤੇ ਉਥੋਂ 1932 ਈ. ਵਿਚ ਰਿਟਾਇਰ ਹੋਇਆ। ਨੌਕਰੀ ਦੇ ਸਬੰਧ ਵਿਚ ਇਸ ਨੂੰ ਮੁਜ਼ੱਫਰਨਗਰ, ਡੇਰਾ ਇਸਮਾਈਲ ਖ਼ਾਂ, ਸਿੰਧ, ਰਾਏਪੁਰ (ਮੱਧ ਪ੍ਰਦੇਸ਼) ਆਦਿ ਸ਼ਹਿਰਾਂ ਵਿਚ ਰਹਿਣਾ ਪਿਆ। ਤੀਖਣ ਬੁਧੀ ਦਾ ਮਾਲਕ ਹੋਣ ਕਾਰਨ ਇਸ ਨੇ ਕਾਫ਼ੀ ਅਨੁਭਵ ਪ੍ਰਾਪਤ ਕੀਤੇ।

ਰਿਟਾਇਰ ਹੋ ਕੇ ਇਹ ਅੰਮ੍ਰਿਤਸਰ ਆ ਗਿਆ ਜਿਥੇ ਇਸ ਨੂੰ ਲਾਲਾ ਧਨੀ ਰਾਮ ਚਾਤ੍ਰਿਕ, ਪ੍ਰਿੰ. ਤੇਜਾ ਸਿੰਘ, ਚਰਨ ਸਿੰਘ ਸ਼ਹੀਦ ਅਤੇ ਡਾ. ਮੋਹਨ ਸਿੰਘ ਦੀਵਾਨਾ ਦੀ ਸੰਗਤ ਪ੍ਰਾਪਤ ਹੋਈ। ਇਸ ਨੇ ਪੰਜਾਬੀ ਕਾਵਿ ਦਾ ਅਧਿਐਨ ਕੀਤਾ। ਇਸ ਦਾ ਪਹਿਲਾ ਕਾਵਿ ਸੰਗ੍ਰਿਹ 'ਮਨ ਆਈਆ' 1941 ਈ. ਵਿਚ ਪ੍ਰਕਾਸ਼ਿਤ ਹੋਇਆ। ਜਦੋਂ ਇਸ ਦੀ ਉਮਰ 65 ਸਾਲ ਦੀ ਸੀ। ਇਸ ਮਗਰੋਂ ਇਸ ਦਾ ਦੂਜਾ ਕਾਵਿ ਸੰਗ੍ਰਹਿ 'ਆਪ ਮੁਹਾਰੀਆਂ' ਪ੍ਰਕਾਸ਼ਿਤ ਹੋਇਆ। ਇਨ੍ਹਾਂ ਦੇ ਪ੍ਰਕਾਸ਼ਨ ਨਾਲ ਪੰਜਾਬੀ ਦੇ ਨਾਮੀ ਆਲੋਚਕਾਂ ਨੇ ਇਨ੍ਹਾਂ ਕਾਵਿ ਸੰਗ੍ਰਹਿਆਂ ਨੂੰ ਪੰਜਾਬੀ ਕਵਿਤਾ ਦੀ ਪ੍ਰਾਪਤੀ ਮੰਨਿਆ।

ਜੇਠੂਵਾਲੀਆ ਦੀ ਕਵਿਤਾ ਦਾ ਮੀਰੀ ਗੁਣ ਬਿਆਨ ਦੀ ਤੀਬਰਤਾ ਹੈ। ਇਹ ਵੱਡੀ ਤੋਂ ਵੱਡੀ ਗੱਲ ਨੂੰ ਘੱਟ ਤੋਂ ਘੱਟ ਸ਼ਬਦਾਂ ਦੇ ਕਹਿਣ ਵਿਚ ਸਫਲ ਹੋਇਆ ਹੈ। ਇਸ ਵਿਚ ਨਾ ਤਾਂ ਵਿਸ਼ੇ ਹੀ ਰਵਾਇਤੀ ਹਨ ਤੇ ਨਾ ਹੀ ਬਿਆਨ। ਪਿਆਰ ਤੇ ਰੁਮਾਂਸਵਾਦ ਇਸ ਦੀ ਕਵਿਤਾ ਦਾ ਧੁਰਾ ਹੈ ਪਰ ਇਸ ਨੇ ਆਪਣੇ ਸਮਕਾਲੀ ਜੀਵਨ, ਸਮਾਜਕ ਤੇ ਰਾਜਨੀਤਕ ਦਸ਼ਾ ਆਦਿ ਨੂੰ ਵੀ ਅੱਖੋ ਓਹਲੇ ਨਹੀਂ ਕੀਤਾ।

ਹ. ਪੁ. –ਚੰਨਣ ਸਿੰਘ ਜੇਠੂਵਾਲੀਆ ਜਨਮ ਸ਼ਤਾਬਦੀ ਸੁਵੀਨਰ; ਪੰ. ਸਾ. ਇ.– ਭਾ. ਵਿ. ਪੰ; ਪੰ; ਸਾ. ਇ-ਕੋਹਲੀ

**ਜੇਡ** : ਜੇਡ ਸ਼ਬਦ ਦੀ ਵਰਤੋਂ ਆਮ ਕਰਕੇ ਉਨ੍ਹਾਂ ਭਿੰਨ-ਭਿੰਨ ਕਿਸਮ ਦੇ ਖਣਿਜਾਂ ਲਈ ਕੀਤੀ ਜਾਂਦੀ ਹੈ ਜਿਹੜੇ ਮਜ਼ਬੂਤ, ਸਖ਼ਤ ਅਤੇ ਬਾਰੀਕ ਦਾਣੇਦਾਰ ਹੁੰਦੇ ਹਨ ਅਤੇ ਜਿਨ੍ਹਾਂ ਦਾ ਰੰਗ ਪੂਰਨ ਤੌਰ ਤੇ ਚਿੱਟੇ, ਸਾਫ਼ ਹਰੇ ਜ਼ਮੁਰਦ ਤੋਂ ਲੈ ਕੇ ਗੂੜ੍ਹੇ ਕਾਲੇ ਹਰੇ ਤੱਕ ਹੋ ਸ਼ਕਦਾ ਹੈ। ਸੁਹਾਵਣੇ ਰੰਗ ਅਤੇ ਬਹੁਤ ਜ਼ਿਆਦਾ ਮਜ਼ਬੂਤੀ ਕਾਰਨ ਜੇਡ ਦੀ ਵਰਤੋਂ ਵਧੇਰੇ ਕਰਕੇ ਪੁਰਾਤਨ ਅਤੇ ਅਜੋਕੇ ਯੁੱਗ ਵਿਚ ਜੌਹਰੀ ਪੱਥਰ ਦੇ ਤੌਰ ਤੇ ਅਤੇ ਛੋਟੀਆਂ ਸਜਾਵਟੀ ਮੂਰਤੀਆਂ ਤਰਾਸ਼ਣ ਲਈ ਕੀਤੀ ਜਾਂਦੀ ਹੈ। ਵਧੇਰੇ ਜੇਡ, ਜੇਡਾਈਟ ਜਾਂ ਨੈੱਫ਼ਰਾਈਟ ਵਿਚੋਂ ਕਿਸੇ ਇਕ ਖਣਿਜ ਦੇ ਬਣੇ ਹੁੰਦੇ ਹਨ।

**ਜੇਡਾਈਟ**—ਇਹ ਇਕ ਪਾਇਰਾਕਸੀਨ ਹੈ, ਜਿਸ ਦਾ ਫ਼ਾਰਮੂਲਾ ($Na_2O. Al_2O_3.4 SiO_2$) ਹੈ। ਇਹ ਕੁਦਰਤ ਵਿਚ ਧਰਤੀ ਦੀ ਪੇਪੜੀ ਹੇਠ ਲਗਭਗ 32 ਕਿ. ਮੀ. ਤੋਂ ਲੈ ਕੇ 48 ਕਿ. ਮੀ. ਡੂੰਘਾਈ ਤੱਕ ਉੱਚ ਦਬਾਉ ਉੱਤੇ ਬਣਦਾ ਹੈ। ਪ੍ਰਯੋਗਸ਼ਾਲਾ ਵਿਚ ਇਸ ਦਾ ਸੰਸ਼ਲੇਸ਼ਣ ਕਰਨ ਲਈ ਅਰਲੈਸਾਈਟ ($Na_2Al_2O_3.4SiO_2O$) ਖਣਿਜ ਨੂੰ 15,000 ਵਾਯੂਮੰਡਲ ਦਬਾਉ ਤੇ 400°-800° ਸੈਂ. ਤੱਕ ਗਰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜੇਡਾਈਟ ਅਤੇ ਪਾਣੀ ਉਤਪੰਨ ਹੁੰਦੇ ਹਨ। ਸਾਧਾਰਨ ਫ਼ਲੈਂਸਪਾਰ ਐਲਬਾਈਟ ($Na_2O. Al_2O_3.6 SiO_2$) ਨੂੰ ਜੇਡਾਈਟ ਅਤੇ ਕੁਆਰਟਜ਼ ਦੇ ਮਿਸ਼ਰਣ ਵਿਚ ਬਦਲਣ ਲਈ ਇਸ ਨੂੰ 15,000–20,000 ਵਾਯੂ ਮੰਡਲ ਦਬਾਉ ਹੇਠ 500°-800° ਸੈਂ. ਤਾਪਮਾਨ ਉੱਤੇ ਗਰਮ ਕਰਨਾ ਪੈਂਦਾ ਹੈ। ਜੇਡਾਈਟ ਇਕ ਦੁਰਲੱਭ ਖਣਿਜ ਹੈ ਕਿਉਂਕਿ ਇੰਨੇ ਦਬਾਉ ਅਤੇ ਤਾਪਮਾਨ ਤੱਕ ਚਟਾਨਾਂ ਘੱਟ ਹੀ ਧਰਤੀ ਦੀ ਸਤ੍ਹਾ ਉੱਤੇ ਮਿਲਦੀਆਂ ਹਨ। ਇਸ ਦੀ ਹੋਂਦ ਤੋਂ ਮੁਢਲੇ ਡੂੰਘੇ ਦੱਬੇ ਹੋਏ ਖੇਤਰਾਂ ਦੀ ਉੱਥਾਨ ਅਤੇ ਭੋਂ ਖੋਰ ਦੀ ਵੱਡੀ ਮਾਤਰਾ ਦਾ ਸੰਕੇਤ ਮਿਲਦਾ ਹੈ। ਇਸ ਖਣਿਜ ਵਿਚ ਆਮ ਕਰਕੇ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਆਇਰਨ ਔੱਕਸਾਈਡ ਵਰਗੀਆਂ ਅਸ਼ੁੱਧੀਆਂ ਹੁੰਦੀਆਂ ਹਨ ਅਤੇ ਜੇਡਾਈਟ ਦੇ ਭਿੰਨ-ਭਿੰਨ ਨਮੂਨਿਆਂ ਵਿਚ ਰੰਗ ਦਾ ਜ਼ਿਆਦਾ ਫ਼ਰਕ ਇਨ੍ਹਾਂ ਅਸ਼ੁੱਧੀਆਂ ਕਾਰਨ ਹੀ ਹੁੰਦਾ ਹੈ।

**ਨੈੱਫ਼ਰਾਈਟ**—ਜੇਡ ਕੁਲ ਦਾ ਦੂਸਰਾ ਖਣਿਜ ਨੈੱਫ਼ਰਾਈਟ ਭਾਵੇਂ ਬਾਹਰੋ ਜੇਡਾਈਟ ਨਾਲ ਮਿਲਦਾ ਜੁਲਦਾ ਹੈ ਪਰੰਤੂ ਮੂਲ ਅਤੇ ਰਚਨਾ ਵਿਚ ਇਸ ਨਾਲੋਂ ਬਿਲਕੁਲ ਭਿੰਨ ਹੈ। ਇਹ ਇਕ ਐਂਫ਼ੀਬੋਲ ਹੈ ਜਿਸ ਦੀ ਰਚਨਾ ਟਰੈਮੋਲਾਈਟ ਖਣਿਜ ਤੋਂ ਐਕਟਿਨੋਲਾਈਟ ਖਣਿਜ ਤੱਕ ਹੋ ਸਕਦੀ ਹੈ। ਟਰੈਮੋਲਾਈਟ ਦੀ ਰਚਨਾ ($2CaO.5MgO.8SiO_2.2H_2O$) ਹੈ। ਐਕਟਿਨੋਲਾਈਟ ਵਿਚ MgO ਦੀ ਥਾਂ 50% FeO ਅਣੂ ਹੁੰਦਾ ਹੈ। ਨੈੱਫ਼ਰਾਈਟ ਦਾ ਰੰਗ ਬਿਲਕੁਲ ਚਿੱਟੇ ਤੋਂ ਲੈ ਕੇ ਖਣਿਜ ਵਿਚ ਲੋਹੇ ਦੀ ਮਾਤਰਾ ਤੇ ਅਧਾਰਿਤ ਗੂੜ੍ਹਾ ਕਾਲਾ-ਹਰਾ ਹੋ ਸਕਦਾ ਹੈ ।

ਹ. ਪੁ. – ਐਨ. ਬ੍ਰਿ. 12 : 840

**ਜੇਡ ਅਤੇ ਹੋਰ ਕਰੜੇ ਪੱਥਰਾਂ ਦੀ ਚਿੱਤਰਕਾਰੀ** : ਮੁੱਢ ਕਾਲ ਤੋਂ ਹੀ ਲਗਭਗ ਸੰਸਾਰ ਦੇ ਸਾਰੇ ਦੇਸ਼ਾਂ ਵਿਚ, ਜੇਡਾਈਟ, ਨੈੱਫ਼ਰਾਈਟ ਅਤੇ ਉਸ ਦੇ ਨਾਲ ਮਿਲਦੇ ਜੁਲਦੇ ਖਣਿਜਾਂ ਦੀ ਉਪਯੋਗਤਾਵਾਦੀ, ਸੋਹਜਵਾਦੀ ਅਤੇ ਹੋਰ ਧਾਰਮਿਕ ਕੰਮਾਂ ਲਈ ਵਰਤੋਂ ਹੁੰਦੀ ਆ ਰਹੀ ਹੈ।

ਜੇਡ ਸ਼ਬਦ ਦੀ ਵਰਤੋਂ ਆਮ ਕਰਕੇ ਉਨ੍ਹਾਂ ਭਿੰਨ-ਭਿੰਨ ਕਿਸਮ ਦੇ ਖਣਿਜਾਂ ਲਈ ਕੀਤੀ ਜਾਂਦੀ ਹੈ, ਜਿਹੜੇ ਮਜ਼ਬੂਤ, ਸਖ਼ਤ ਅਤੇ ਬਾਰੀਕ ਦਾਣੇਦਾਰ ਹੁੰਦੇ ਹਨ ਅਤੇ ਜਿਨ੍ਹਾਂ ਉਤੇ ਹੀਰੇ ਆਦਿ ਜੜਨ ਦਾ ਕੰਮ ਕੀਤਾ ਜਾਂਦਾ ਹੈ ਪਰੰਤੂ ਅੱਜਕਲ੍ਹ ਦੋਵੇਂ ਜੇਡਾਈਟ ਅਤੇ ਨੈੱਫ਼ਰਾਈਟ ਨੂੰ ਹੀ ਜੇਡ ਕੀਤਾ ਜਾਂਦਾ ਹੈ। ਇਹ ਦੋਵੇਂ ਪੱਥਰ ਇਕ ਦੂਜੇ ਤੋਂ ਰਸਾਇਣਕ ਬਣਤਰ ਅਤੇ ਰਵੇਦਾਰ ਸੰਰਚਨਾ ਵਿਚ ਭਿੰਨ ਹਨ। ਪਹਿਲਾਂ ਸੋਡੀਅਮ ਅਤੇ ਐਲੂਮੀਨੀਅਮ ਦਾ ਸਿਲੀਕੇਟ ਹੈ। ਜਿਸ ਨੂੰ ਪਾਇਰਾਕਸੀਨ ਕਿਹਾ ਜਾਂਦਾ ਹੈ। ਇਹ ਇਕ ਕ੍ਰਿਪਟੋਕ੍ਰਿਸਟਲੀ (ਗੁੜ੍ਹਕ੍ਰਿਸਟਲੀ) ਖਣਿਜ ਹੈ, ਜਿਸ ਦੇ ਛੋਟੇ-ਛੋਟੇ ਰਵੇ ਇਕ ਦੂਜੇ ਵਿਚ ਫਸ ਕੇ ਮਜ਼ਬੂਤ ਪੱਥਰ ਦਾ ਰੂਪ ਬਣਦੇ ਹਨ। ਇਸ ਦੀ ਕਠੋਰਤਾ ਪੈਮਾਨੇ ਉਤੇ 6-3/4 ਜਾਂ 7 ਅਤੇ ਵਿਸ਼ੇਸ਼ ਤੌਰ ਤੇ ਇਸ ਦੀ ਸਥਿਰ ਸਾਪੇਖੀ ਘਣਤਾ 3.33ਅਤੇ ਪਰਿਵਰਤਨ ਅੰਕ 1.65 ਤੋਂ 1.68 ਹੁੰਦਾ ਹੈ। ਦੂਜੇ ਪਾਸੇ ਨੈੱਫ਼ਰਾਈਟ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦਾ ਸਿਲੀਕੇਟ ਹੈ, ਜਿਸ ਦਾ ਸਬੰਧ ਐਂਫ਼ੀਬੋਲ ਗਰੁੱਪ ਦੇ ਖਣਿਜਾਂ ਨਾਲ ਹੈ। ਇਸ ਨੂੰ ਟ੍ਰੈਮੋਲਾਈਟ ਦਾ ਅਸਲੀ ਠੋਸ ਰੂਪ ਮੰਨਿਆ ਜਾਂਦਾ ਹੈ ਜਾਂ ਜੇਕਰ ਲੋੜੀਂਦੀ ਮਾਤਰਾ ਵਿਚ ਲੋਹਾ ਵੀ ਮੌਜੂਦ ਹੋਵੇ ਤਾਂ ਇਸ ਨੂੰ ਐਕਟਿਨੋਲਾਈਟ ਮੰਨਿਆ ਜਾਂਦਾ ਹੈ। ਇਨ੍ਹਾਂ ਖਣਿਜਾਂ ਵਿਚ ਰਵੇ ਵਾਲਾਂ ਵਰਗੇ ਬਹੁਤ ਹੀ ਸੂਖਮ ਆਕਾਰ ਦੇ ਹੁੰਦੇ ਹਨ ਅਤੇ ਨੈੱਫ਼ਰਾਈਟ ਵਿਚ ਇਹ ਰਵੇ ਇਕ ਦੂਜੇ ਵਿਚ ਇਸ ਤਰ੍ਹਾਂ ਫਸੇ ਹੁੰਦੇ ਹਨ ਜਿਵੇਂ ਬਹੁਤ ਮਜ਼ਬੂਤ ਤੇ ਬਾਰੀਕ ਜਾਲੀ ਹੁੰਦੀ ਹੈ। ਇਨ੍ਹਾਂ ਦੀ ਕਠੋਰਤਾ 6-1/2 ਅਤੇ ਸਾਪੇਖੀ ਘਣਤਾਂ ਆਮ ਕਰਕੇ 3.00 ਹੁੰਦੀ ਹੈ । ਪਰਿਵਰਤਨ ਅੰਕ 1.60 ਅਤੇ 1.65 ਦੇ ਵਿਚਕਾਰ ਹੁੰਦਾ ਹੈ। ਦੋਵੇਂ ਜੇਡ ਪੱਥਰ ਇੰਨੇ ਕਠੋਰ ਹੁੰਦੇ ਹਨ ਕਿ ਧਾਤ ਦੇ ਔਜ਼ਾਰਾਂ ਨਾਲ ਛਿੱਲੇ ਨਹੀਂ ਜਾ ਸਕਦੇ ਪਰੰਤੂ ਨੈੱਫ਼ਰਾਈਟ ਬੇਸ਼ਕ ਜੇਡਾਈਟ ਜਿਨਾ ਸਖ਼ਤ ਨਹੀਂ ਹੁੰਦਾ, ਫਿਰ ਵੀ ਚਿੱਤਰਕਾਰਾਂ ਲਈ ਔਕੜਾਂ ਪੈਦਾ ਕਰਦਾ ਹੈ। ਨੈੱਫ਼ਰਾਈਟ ਨਾਂ ਅਠਾਰ੍ਹਵੀਂ ਸਦੀ ਵਿਚ ਭੂ-ਵਿਗਿਆਨਕ ਨਾਂ ਦੇ ਤੌਰ ਤੇ ਪ੍ਰਚੱਲਤ ਕੀਤਾ ਗਿਆ ਹੈ। ਏ. ਡੈਮਿਊਰ ਨੇ ਸੋਡੀਅਮ-ਐਲੂਮਿਨੀਅਮ ਸਿਲੀਕੇਟ ਨੂੰ ਜੇਡਾਈਟ ਅਤੇ ਕੈਲਸ਼ੀਅਮ, ਮੈਗਨੀਸ਼ੀਅਮ, ਸਿਲੀਕੇਟ ਨੂੰ ਨੈੱਫ਼ਰਾਈਟ ਦਾ ਨਾਂ ਦਿੱਤਾ।

ਦੋਵੇਂ ਪੱਥਰ ਚਿੱਟੇ ਜਾਂ ਰੰਗਹੀਨ ਹੋ ਸਕਦੇ ਹਨ। ਹੋਰ ਅਨੇਕਾਂ ਰੰਗਾਂ ਦੇ ਜੇਡਾ ਜਿਵੇਂ ਹਰਾ, ਭੂਰਾ, ਨੀਲਾ, ਪੀਲਾ, ਲਾਲ ਅਤੇ ਕਾਲਾ

ਆਦਿ ਹਨ। ਦੋਵੇਂ ਖਣਿਜਾਂ ਨੂੰ ਜਦੋਂ ਚਿਤਰਿਆ ਤੇ ਪਾਲਿਸ਼ ਕੀਤਾ ਗਿਆ ਹੋਵੇ ਤਾਂ ਹੀ ਦੇਖ ਕੇ ਇਕ ਦੂਜੇ ਤੋਂ ਵੱਖਰਾ ਕੀਤਾ ਜਾ ਸਕਦਾ ਹੈ। ਪਾਲਿਸ਼ ਕੀਤੇ ਹੋਏ ਨੈੱਫ਼ਰਾਈਟ ਦੀ ਚਮਕ ਕੱਚ ਵਰਗੀ ਚਮਕ ਦੀ ਥਾਂ ਚਿਕਨਾਹਟ ਵਾਲੀ ਹੁੰਦੀ ਹੈ ਅਤੇ ਜੇਡਾਈਟ ਦੀ ਇਸ ਤੋਂ ਉਲਟ ਹੁੰਦੀ ਹੈ, ਜਦੋਂ ਕਿ ਕੁਝ ਰੰਗ ਇਨ੍ਹਾਂ ਦੋਹਾਂ ਦੀ ਆਪਣੀ ਆਪਣੀ ਵਿਸ਼ੇਸ਼ਤਾ ਹੁੰਦੀ ਹੈ। ਉਦਾਹਰਣ ਵਜੋਂ ਹਰਮਨ ਪਿਆਰੇ ਸੇਬ ਵਰਗੀ ਹਰੀ ਭਾਹ ਮਾਰਦੇ ਹਰੇ ਅਤੇ ਜ਼ਮੁਰਦੀ ਰੰਗੇ ਗਹਿਣਿਆਂ ਵਾਲੇ ਜੇਡ ਮੁੱਖ ਤੌਰ ਤੇ ਜੇਡਾਈਟ ਹਨ। ਦੋਵੇਂ ਤਰ੍ਹਾਂ ਦੇ ਪੱਥਰਾਂ ਵਿਚ ਅਨੇਕਾਂ ਪ੍ਰਕਾਰ ਦੀ ਅਲਪ ਪਾਰਦਰਸ਼ਤਾ ਦੇਖੀ ਜਾਂਦੀ ਹੈ।

ਸੰਨ 1940 ਤੋਂ ਪਹਿਲਾਂ ਜੇਡਾਈਟ ਦੇ ਪੱਕੇ ਸੋਮੇ ਬਹੁਤ ਘੱਟ ਸਨ ਅਤੇ ਹੁਣ ਵੀ ਟਾਵਮਾਵ ਦੇ ਨੇੜੇ ਅਪਰ ਬਰਮਾ ਵਿਚ ਵਧੀਆ ਕਿਸਮ ਦੇ ਜੌਹਰੀ ਪੱਥਰ ਮਿਲਣ ਦਾ ਇਕੋ ਇਕ ਪ੍ਰਸਿੱਧ ਕੇਂਦਰ ਹੈ। ਇਹ ਖਣਿਜ ਜਾਪਾਨ ਪੱਛਮੀ ਕੈਲਿਫੋਰਨੀਆ ਵਿਚ ਕਈ ਥਾਵਾਂ ਉੱਤੇ, ਸੈਲੀਬੀਜ਼ ਅਤੇ ਨਿਊਗਿਨੀ ਵਿਚ ਵੀ ਮਿਲਣ ਲੱਗ ਪਿਆ ਹੈ। ਹੁਣੇ-ਹੁਣੇ ਮੋਟਾਗਵਾ ਦਰਿਆ ਦੀ ਗੁਵਾਤੇਮਾਲਾ ਵਾਦੀ ਵਿਚ ਵੀ ਇਸ ਖਣਿਜ ਦੀ ਹੋਂਦ ਦਾ ਪਤਾ ਲੱਗਾ ਹੈ। ਨੈੱਫ਼ਰਾਈਟ ਬਹੁਤ ਵੱਡੀ ਮਾਤਰਾ ਵਿਚ ਉਪਲੱਬਧ ਹੈ। ਚੀਨ ਦੇ ਇਤਿਹਾਸ ਵਿਚ ਕੋਟਾ ਹੋਟੀਅੱਨ ਇਸ ਦਾ ਪ੍ਰਸਿੱਧ ਸੋਮਾ ਰਿਹਾ ਹੈ ਅਤੇ ਇਸੇ ਤਰ੍ਹਾਂ ਕੇਂਦਰੀ ਏਸ਼ੀਆ ਵਿਚ ਯਾਰਕਾਂਟ ਥੋੜ੍ਹੇ ਚਿਰ ਪਹਿਲਾਂ ਹੀ ਬੇਕਲ ਝੀਲ ਦੇ ਨੇੜੇ ਤੇੜੇ ਪੂਰਬੀ ਸਾਈਬੇਰੀਆ ਵਿਚ ਚੀਨ ਨੇ ਨੈੱਫ਼ਰਾਈਟ ਦਾ ਪਤਾ ਲਗਾਇਆ ਹੈ। ਨੈੱਫ਼ਰਾਈਟ ਦੇ ਹੋਰ ਪ੍ਰਮੁੱਖ ਸੋਮੇ ਨਿਊਜ਼ੀਲੈਂਡ ਦੇ ਦੱਖਣੀ ਜ਼ਖੀਰੇ, ਅਲਾਸਕਾ ਵਿਚ ਕਾਟਸਾਥਿਊ ਨੇੜੇ ਅਤੇ ਵਾਈਓਮਿੰਗ ਵਿਚ ਸਵੀਟਵਾਟਰ ਦਰਿਆ ਦੇ ਆਲੇ ਦੁਆਲੇ ਦਾ ਖੇਤਰ ਹੈ। ਨੈੱਫ਼ਰਾਈਟ ਦੀਆਂ ਵੱਡੀਆਂ ਵੱਡੀਆਂ ਚਟਾਨਾਂ ਦਾ ਸੀਲੀਸੀਆ ਵਿਚ ਜਾਰਡਾਨਵ ਸਲਾਸਕੀ ਦੇ ਨੇੜੇ, ਬ੍ਰਿਟਿਸ਼ ਕੋਲੰਬੀਆ ਵਿਚ ਟਰਨਾਗੇਨ ਤੇ ਫਰੇਜ਼ਰ ਦਰਿਆਵਾਂ ਦੀਆਂ ਘਾਟੀਆਂ ਵਿਚ ਪਤਾ ਲੱਗਾ ਹੈ। ਬ੍ਰਾਜ਼ੀਲ ਵਿਚ ਨੈੱਫ਼ਰਾਈਟ ਅਤੇ ਲੀਗੂਰੀਐੱਨ ਵਿਚ ਦੋਵੇਂ ਨੈੱਫ਼ਰਾਈਟ ਤੇ ਜੇਡਾਈਟ ਮਿਲਣ ਦੀਆਂ ਭੂ-ਵਿਗਿਆਨਕ ਰਿਪੋਰਟਾਂ ਪ੍ਰਾਪਤ ਹੋਈਆਂ ਹਨ। ਚੀਨ, ਮੈਕਸੀਕੋ, ਤਿੱਬਤ, ਮੰਗੋਲੀਆ ਇੰਡੋਚਾਈਨਾ ਆਦਿ ਦੇਸ਼ਾਂ ਵਿਚ ਅਜਿਹੇ ਖਣਿਜ ਮਿਲਣ ਦੀਆਂ ਖ਼ਬਰਾ ਗਲਤ ਸਾਬਤ ਹੋਈਆਂ।

**ਨਵ-ਪੱਥਰ ਕਾਲੀਨ ਜੇਡ**—ਦੋਵੇਂ ਜੇਡ ਪੱਥਰਾਂ; ਨੈੱਫ਼ਰਾਈਟ ਅਤੇ ਜੇਡਾਈਟ ਉੱਤੇ ਨਵ ਪੱਥਰ-ਕਾਲੀਨ ਦੇ ਮਨੁੱਖਾਂ ਦੁਆਰਾ ਦੁਨੀਆ ਦੇ ਅਨੇਕਾਂ ਹਿੱਸਿਆਂ ਵਿਚ ਕੰਮ ਕੀਤਾ ਹੋਇਆ ਮਿਲਦਾ ਹੈ। ਸੰਸਾਰ ਦੀਆਂ ਪ੍ਰਸਿੱਧ ਲੱਭਤਾਂ ਪੱਛਮੀ ਫ਼ਰਾਂਸ ਤੇ ਸਵਿਟਜ਼ਰਲੈਂਡ ਦੀਆਂ ਝੀਲ ਬਸਤੀਆਂ ਅਤੇ ਚੀਨ ਤੋਂ ਪ੍ਰਾਪਤ ਹੋਈਆਂ ਹਨ, ਪਰੰਤੂ ਯੂਰਪ, ਏਸ਼ੀਆ ਤੇ ਅਮਰੀਕਾ ਮਹਾਂਦੀਪਾਂ ਤੇ ਹੋਰ ਮੁਲਕਾਂ ਤੋਂ ਨਮੂਨੇ ਮਿਲਣ ਦੀ ਰਿਪੋਰਟ ਮਿਲੀ ਹੈ। ਜੇਡ ਕਠੋਰ, ਮਜ਼ਬੂਤ ਤੇ ਭਾਰੇ ਪੱਥਰ ਹੁੰਦੇ ਹਨ, ਜਿਨ੍ਹਾਂ ਦੇ ਸੋਹਣੇ ਤੇ ਸੁਚੱਜੇ ਕਿਨਾਰੇ ਮੁੱਖ ਵਿਸ਼ੇਸ਼ਤਾ ਹੈ, ਜਦੋਂ ਕਿ ਸੂਖਮ ਰੰਗ ਤੇ ਵਧੀਆ ਪਾਲਿਸ਼ ਪੱਥਰ ਯੁੱਗ ਦੀ ਵਿਸ਼ੇਸ਼ਤਾ ਹੈ। ਦੂਜੇ ਪੱਥਰਾਂ ਦੇ ਉੱਲਟ, ਇਨ੍ਹਾਂ ਨੂੰ ਆਸਾਨੀ ਨਾਲ ਕੱਟਿਆ ਜਾਂ ਛਿੱਲਿਆ ਨਹੀਂ ਜਾ ਸਕਦਾ। ਫਿਰ ਵੀ ਸਖ਼ਤ ਮਿਹਨਤ ਨਾਲ ਇਨ੍ਹਾਂ ਉੱਤੇ ਚਿੱਤਰਕਾਰੀ, ਇਸ ਗੱਲ ਦੀ ਪੁਸ਼ਟੀ ਕਰਦੀ ਹੈ। ਕੈਪਟਨ ਕੁੱਕ ਦੀ ਖੋਜ ਤੋਂ ਪਹਿਲਾਂ ਅਜੋਕੇ ਸਾਲਾਂ ਵਿਚ ਵੀ ਪ੍ਰਾਚੀਨ ਮਨੁੱਖ ਜਿਸ ਨੂੰ ਕਿ ਧਾਤਾਂ ਦਾ ਗਿਆਨ ਨਹੀਂ ਸੀ ਜਿਵੇਂ ਕਿ ਅਲਾਸਕਨ ਇੰਡੀਅਨਾਂ ਅਤੇ ਨਿਊਜ਼ੀਲੈਂਡ ਦੇ ਮਾਉਰੀਆਂ ਮਨੁੱਖਾਂ ਨੇ ਵੀ ਜੇਡ ਦੇ ਔਜ਼ਾਰ, ਹਥਿਆਰ ਅਤੇ ਸਾਧਾਰਣ ਗਹਿਣੇ ਬਣਾਏ ਹੋਏ ਹੁੰਦੇ ਹਨ। ਜਦੋਂ ਤਾਂਬੇ ਅਤੇ ਲੋਹੇ ਨੇ ਪੱਥਰਾਂ ਦੀ ਥਾਂ ਲੈ ਲਈ ਤਾਂ ਜੇਡ ਦੀਆਂ ਵੀ ਉਦਯੋਗਿਕ ਕਦਰਾਂ ਕੀਮਤਾਂ ਘੱਟ ਗਈਆਂ ਅਤੇ ਇਹ ਸਿਰਫ ਜੌਹਰੀ ਪੱਥਰ ਕਰਕੇ ਜਾਣਿਆ ਜਾਂਦਾ ਰਿਹਾ।

**ਮੈਕਸੀਕੋ ਅਤੇ ਕੇਂਦਰੀ ਅਮਰੀਕਾ**—ਯੂਰਪ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਚਿੱਤਰੇ ਜਾਂ ਉੱਕਰੇ ਹੋਏ ਜੇਡ, ਪ੍ਰਾਚੀਨ ਸਪੇਨੀ ਜਹਾਜ਼ਰਾਨਾਂ ਦੁਆਰਾ ਉਨ੍ਹਾਂ ਦੀਆਂ ਮੈਕਸੀਕੋ ਅਤੇ ਕੇਂਦਰੀ ਅਮਰੀਕਾ ਵਿਚਲੀਆਂ ਬਸਤੀਆਂ ਤੋਂ ਲਿਆਂਦੇ ਗਏ ਸਨ। ਸਪੇਨੀਆਂ ਵਿਚ ਇਨ੍ਹਾਂ ਪੱਥਰਾਂ ਦੀ ਪ੍ਰਸਿੱਧੀ ਗੁਰਦਿਆਂ ਦੀਆਂ ਬੀਮਾਰੀਆਂ ਦੇ ਇਲਾਜ ਅਤੇ ਰੋਕ ਕਰਕੇ ਸੀ ਜਦੋਂ ਇਸ ਪੱਥਰ ਨੂੰ 'Piedra de las rinones' (ਸਟੋਨ ਆਫ਼ ਦੀ ਕਿਡਨੀਜ਼) ਕਿਹਾ ਜਾਂਦਾ ਸੀ। ਕੁਝ ਸਮਾਂ ਬੀਤਣ ਬਾਅਦ ਇਸ ਨੂੰ ਨੈੱਫ਼ਰਾਈਟ ਕਿਹਾ ਜਾਣ ਲੱਗਾ ਪਰ ਜੇਡਾਈਟ ਐਜ਼ਟੈਕ ਤੇ ਮਾਯਾ ਜਾਤੀ ਦੇ ਜੇਡ ਪੱਥਰ ਤਰਾਸ਼ਾਂ ਦਾ ਪ੍ਰਮੁੱਖ ਪਦਾਰਥ ਸੀ ਅਤੇ ਉਨ੍ਹਾਂ ਦਾ ਵਧੇਰੇ ਕੰਮ ਇਨ੍ਹਾਂ ਪੱਥਰਾਂ ਉੱਤੇ ਹੀ ਕੀਤਾ ਹੋਇਆ ਹੈ, ਇਥੋਂ ਇਹ ਪਤਾ ਲੱਗਦਾ ਹੈ ਕਿ 16ਵੀਂ ਤੇ 17ਵੀਂ ਸਦੀ ਵਿਚ ਵਰਤੇ ਜਾਣ ਵਾਲੇ 'Lapis Nephriticus' ਪਦਾਰਥਾਂ ਨੂੰ ਹੁਣ ਜੇਡਾਈਟ ਕਿਹਾ ਜਾਂਦਾ ਹੈ।

ਲਗਭਗ ਸਾਰੇ ਦੇ ਸਾਰੇ ਮੈਜ਼ੋ ਅਮਰੀਕਨ ਜੇਡ ਕਿਸੇ ਨਾ ਕਿਸੇ ਹਰੇ, ਸਬਜ਼ੀ,ਮਟਰ ਅਤੇ ਕਾਹੀ-ਰੰਗੀ ਸ਼ੇਡ ਤੋਂ ਲੈ ਕੇ ਹਰੀ-ਭੂਰੀ ਸ਼ੇਡ ਦੇ ਹੁੰਦੇ ਹਨ। ਹੋਰ ਖ਼ਾਸ ਗੂੜ੍ਹੇ ਹਰੇ ਅਤੇ ਬਹੁਤ ਜ਼ਿਆਦਾ ਗੂੜ੍ਹੇ ਹਰੇ ਰੰਗਾਂ ਦੀਆਂ ਕਿਸਮਾਂ ਵੀ ਮਿਲਦੀਆਂ ਹਨ, ਜਿਨ੍ਹਾਂ ਨੂੰ ਡਾਈਆਪਸਾ-ਈਡ-ਜੇਡਾਈਟ ਅਤੇ ਕਲੋਰੋਮੀਨੇਨਾਈਟ ਕਿਹਾ ਜਾਂਦਾ ਹੈ। ਐਜਟੈੱਕ ਜਾਤੀ ਦੇ ਲੋਕ ਇਨ੍ਹਾਂ ਨੂੰ 'nui-l' ਕਰਕੇ ਜਾਣਦੇ ਹਨ ਅਤੇ ਵੱਖੋ ਵੱਖਰੇ ਰੰਗਾਂ ਲਈ ਨਾਂ ਵੀ ਵੱਖੋ-ਵੱਖਰੇ ਰੱਖੇ ਹੋਏ ਹਨ। ਸਭ ਤੋਂ ਵੱਧ ਕੀਮਤੀ ਸਬਜ਼ੀ ਰੰਗਾ ਹੁੰਦਾ ਹੈ ਜਿਸ ਨੂੰ ਇਹ 'r' ਕਹਿੰਦੇ ਹਨ, ਜਿਹੜਾ ਕਿ ਕੁਏਜ਼ਲ ਪੰਛੀ ਦੇ ਨਾਂ ਤੇ ਰੱਖਿਆ ਹੋਇਆ ਹੈ। ਇਨ੍ਹਾਂ ਦੀ ਚਿੱਤਰਕਾਰੀ ਦੀਆਂ ਵਸਤਾਂ ਆਮ ਕਰਕੇ ਛੋਟੇ ਬੁੱਤ, ਸਜਾਵਟੀ ਫੱਟੀਆਂ, ਛੋਟੇ ਮਖੌਟੇ ਅਤੇ ਔਜ਼ਾਰ ਹੁੰਦੇ ਸਨ। ਆਮ ਕਰਕੇ ਇਹ ਪਾਲਿਸ਼ ਕੀਤੇ ਹੋਏ ਹੁੰਦੇ ਹਨ ਅਤੇ ਦਿੱਖ ਗੁਰਦਿਆਂ ਵਰਗੇ ਪੱਥਰਾਂ ਵਾਲੀ ਹੁੰਦੀ ਸੀ, ਜਿਨ੍ਹਾਂ ਤੋਂ ਇਹ ਘੜੇ ਜਾਂਦੇ ਸਨ। ਇਸੇ ਕਰਕੇ ਇਨ੍ਹਾਂ ਨੂੰ ਗੁਰਦਿਆਂ ਦੀ ਬੀਮਾਰੀ ਦਾ ਇਲਾਜ ਮੰਨਿਆ ਜਾਂਦਾ ਸੀ। ਸਪੇਨ ਦੀ ਜਿੱਤ ਤੋਂ ਇਕ ਦਮ ਬਾਅਦ ਮੱਧ ਅਮਰੀਕਾ ਵਿਚ ਜੇਡ ਅਤੇ ਇਨ੍ਹਾਂ ਦੀ ਚਿੱਤਰਕਾਰੀ ਦੀ ਪਸੰਦ ਬਹੁਤ ਘੱਟ ਗਈ ਸੀ।

**ਚੀਨ**—ਜੇਡ ਅਤੇ ਜੇਡ ਪੱਥਰਾਂ ਦੀ ਉਕਰਾਈ ਦਾ ਚੀਨ ਨਾਲ ਆਦਿ-ਕਾਲ ਤੋਂ ਹੀ ਸਬੰਧ ਰਿਹਾ ਹੈ। ਜਦੋਂ ਸੰਸਾਰ ਦੇ ਕਿਸੇ ਵੀ ਭਾਗ ਵਿਚ ਇਹ ਕਠੋਰ ਖਣਿਜ ਨਹੀਂ ਮਿਲਦਾ, ਜਿਹੜਾ ਕੀ ਸਟੀਲ ਨਾਲ ਵੀ ਬਹੁਤ ਔਖਾ ਕੱਟਿਆ ਜਾਂਦਾ ਹੈ, ਉੱਤੇ ਚੀਨੀਆਂ ਨੇ ਉਕਰਾਈ ਵਿਚ ਬਹੁਤ ਵੱਡੀ ਮੁਹਾਰਤ ਹਾਸਲ ਕੀਤੀ ਹੋਈ ਸੀ, ਜਿਹੜੀ ਕਿ ਬਹੁਤ ਚਿਰੋਕੀ ਨਾ ਖ਼ਤਮ ਹੋਣ ਵਾਲੀ ਰਵਾਇਤ ਸੀ। ਚੀਨ ਦੀ ਸਭਿਅਤਾ ਦੇ ਆਰੰਭ ਹੋਣ ਤੋਂ ਹੀ ਉਹ ਜੇਡ ਨੂੰ ਵਧੀਆ ਅਤੇ ਉਪਯੋਗੀ ਮੰਨਦੇ ਰਹੇ ਹਨ ਕਿਉਂਕਿ ਇਹ ਇਕ ਅਜਿਹਾ ਪਦਾਰਥ ਹੈ ਜਿਹੜਾ ਧਾਰਮਕ ਰਸਮਾਂ ਅਤੇ ਰਾਜੇ-ਮਹਾਰਾਜਿਆਂ ਦੇ ਤਮਗ਼ਿਆਂ ਲਈ ਸ਼ੁਭ ਗਿਣਿਆ ਜਾਂਦਾ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੁੱਖ ਤੌਰ ਤੇ ਸਵਰਗ ਦੀ ਉਪਜ ਹੈ, ਇਸ ਕਰਕੇ ਇਸ ਦੀ ਕੀਮਤ ਵੀ ਵਧੇਰੇ ਸੀ। ਸਰੀਰਕ ਰੋਗ ਦੇ ਇਲਾਜ ਅਤੇ ਮੁਕਤੀ ਪ੍ਰਾਪਤ ਕਰਨ ਦਾ ਗੁਣ ਇਨ੍ਹਾਂ ਨਾਲ ਜੁੜਿਆ ਹੋਇਆ ਕਿਹਾ ਜਾਂਦਾ ਹੈ। ਇਹ ਸੋਚ ਕੇ ਕਿ ਮੁਰਦਾ ਸਰੀਰ ਖ਼ਰਾਬ ਨਾ ਹੋਵੇ, ਜੇਡ ਦਾ ਤਵੀਤ ਮੁਰਦਿਆਂ ਦੇ ਨਾਲ ਹੀ ਦਫ਼ਨਾਇਆ ਜਾਂਦਾ ਸੀ। ਹੋਰ ਜੇਡ ਪੱਥਰਾਂ ਨੂੰ ਘਰਾਂ ਵਿਚ ਰੱਖਿਆ ਜਾਂਦਾ ਸੀ ਜਾਂ ਇਨਸਾਨ ਪਹਿਨ ਕੇ ਰਖਦੇ ਸਨ। ਇਸ ਤੋਂ ਇਲਾਵਾ, ਸੂਖਮ ਚਿੱਤਰਕਾਰੀ ਵਾਲੀਆਂ ਜੇਡ ਦੀਆਂ ਬਣੀਆਂ ਵਸਤਾਂ ਨੂੰ ਆਪਣੇ ਕੋਲ ਰੱਖਣਾ ਅਤੇ ਵਾਰ ਵਾਰ ਦੇਖਣਾ ਵਿਸ਼ੇਸ਼ ਕਰਕੇ ਚਿੱਟੇ ਜੇਡ ਨੂੰ ਗੁਣਾਂ ਦੀ ਉਤਪਤੀ ਵਿਚ ਵਾਧੇ ਅਤੇ ਭੈੜੇ

ਦਿਮਾਗੀ ਅਸਰ ਤੋਂ ਬਚਾਉਣ ਦਾ ਸਾਧਨ ਮੰਨਿਆ ਜਾਂਦਾ ਸੀ। ਇਸੇ ਅਰਸੇ ਦੌਰਾਨ ਇਹ ਪੱਥਰ ਚਿੱਤਰਕਾਰੀ ਦਾ ਮਾਧਿਅਮ ਬਣ ਗਏ ਅਤੇ ਇਕ ਜੇਡ ਪੱਥਰ ਚਿੱਤਰਕਾਰ ਦਾ ਰੁਤਬਾ ਪੱਛਮੀ ਸੁਨਿਆਰੇ ਦੇ ਬਰਾਬਰ ਗਿਣਿਆ ਜਾਣ ਲੱਗ ਪਿਆ। ਚੀਨ ਵਿਚ ਜੇਡ ਨੂੰ ਸ੍ਰੇਸ਼ਟਤਾ, ਸੁੰਦਰਤਾ ਅਤੇ ਸ਼ੁੱਧਤਾ ਦਾ ਠੀਕ ਉਸੇ ਤਰ੍ਹਾਂ ਪ੍ਰਤੀਕ ਮੰਨਿਆ ਜਾਂਦਾ ਹੈ ਜਿਵੇਂ ਕਿ ਅੰਗਰੇਜ਼ ਸੋਨੇ ਅਤੇ ਸੁਨਹਿਰੀ (ਸੋਨੇ ਵਰਗਾ) ਨੂੰ ਮੰਨਦੇ ਹਨ।

ਚੀਨ ਦੇ 18 ਪ੍ਰਾਂਤਾਂ ਵਿਚ ਜੇਡ ਕੁਦਰਤੀ ਤੌਰ ਤੇ ਨਹੀਂ ਮਿਲਦਾ। ਇਹ ਵੀ ਕਿਹਾ ਜਾਂਦਾ ਹੈ ਕਿ ਉਨ੍ਹਾਂ ਸਜਾਵਟੀ ਪੱਥਰਾਂ ਨੂੰ ਜਿਹੜੇ ਜੇਡ ਪੱਥਰਾਂ ਨਾਲ ਮਿਲਦੇ ਜੁਲਦੇ ਸਨ, ਹੀ ਜੇਡ ਕਿਹਾ ਜਾਂਦਾ ਸੀ ਜਿਵੇਂ ਕਿ ਇਕ ਕਿਸਮ ਦਾ ਚੁੰਬਕੀ ਪੱਥਰ ਸਪਰੈਨਟਾਈਨ। ਇਥੋਂ ਤੱਕ ਕਿ ਚੀਨ ਦੇ ਕਾਂਸੂ, ਸ਼ੈਂਸੀ ਅਤੇ ਯੂਨਾਨ ਪ੍ਰਾਂਤ ਜਿਨ੍ਹਾਂ ਨੂੰ ਜੇਡ ਪੱਥਰ ਦੇ ਉਤਪਾਦਕ ਮੰਨਿਆ ਜਾਂਦਾ ਹੈ, ਦੇ ਸਬੰਧ ਵਿਚ ਇਹ ਕਿਹਾ ਜਾਂਦਾ ਹੈ ਕਿ ਇਹ ਪੱਥਰ ਇਨ੍ਹਾਂ ਪ੍ਰਾਂਤਾਂ ਵਿਚ ਬਾਹਰੋਂ ਆਉਂਦੇ ਸਨ, ਜਿਥੋਂ ਫਿਰ ਦੇਸ਼ ਦੇ ਦੂਜੇ ਪ੍ਰਾਂਤਾਂ ਨੂੰ ਸਪਲਾਈ ਹੁੰਦੇ ਸਨ।

ਇਹ ਵੀ ਸੰਭਵ ਹੈ ਕਿ ਚੀਨ ਲਗਾਤਾਰ 2,000 ਸਾਲਾਂ ਤੱਕ ਜੇਡ ਪੱਥਰ ਕੋਟਾਂ ਤੇ ਯਾਰਕੰਟ ਦੇ ਖੇਤਰਾਂ ਤੋਂ ਪ੍ਰਾਪਤ ਕਰਦਾ ਰਿਹਾ, ਜਿਹੜਾ ਕਿ ਹੁਣ ਸੀਕਿਆਂਗ ਵਿਚ ਹੈ, ਜਿਥੇ ਕੀਮਤੀ ਪੱਥਰ ਤੇ ਚਟਾਨਾਂ ਦਰਿਆਵਾਂ ਦੇ ਤੱਟਾਂ ਤੋਂ ਕੱਢੇ ਜਾਂਦੇ ਸਨ, ਜਿਥੇ ਮਗਰੋਂ ਪੱਛਮੀ ਕੂਨਲੂਨ ਪਹਾੜੀਆਂ ਵਿਚੋਂ ਜੇਡ ਕੱਢਿਆ ਜਾਂਦਾ ਸੀ। ਲੰਬੀ ਤੇ ਖ਼ਤਰਨਾਕ ਯਾਤਰਾ ਇਸ ਦੀ ਚੀਨ ਵਿਚ ਵਧੇਰੇ ਕੀਮਤ ਹੋਣ ਦਾ ਪ੍ਰਮੁੱਖ ਕਾਰਨ ਸੀ।

ਨਵ-ਪੱਥਰ-ਕਾਲੀਨ ਸਥਾਨਾਂ ਤੋਂ ਕੇਵਲ ਔਜ਼ਾਰ ਹੀ ਨਹੀਂ ਮਿਲੇ ਸਗੋਂ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਧਾਰਮਕ ਭਾਂਡੇ, ਜਿਵੇਂ ਚੌੜੀਆਂ ਥਾਲੀਆਂ ਜਿਨ੍ਹਾਂ ਦੇ ਕੇਂਦਰ ਵਿਚ ਸੁਰਾਖ ਹੁੰਦੇ ਸਨ, ਵਰਗੀਆਂ ਚੀਜ਼ਾਂ ਵੀ ਮਿਲੀਆਂ ਹਨ। ਕਾਂਸੀ-ਯੁੱਗ ਅਤੇ ਲਗਭਗ ਸਾਰੇ ਰਚਨਾਤਮਕ ਯੁੱਗ ਦੌਰਾਨ ਚੀਨੀ ਜੇਡ ਨੂੰ ਸਭ ਤੋਂ ਵਧ ਕੀਮਤੀ ਵਸਤੂ ਮੰਨਦੇ ਆਏ ਹਨ। ਨਿਆਂ ਕਰਦੇ ਸਮੇਂ ਅਤੇ ਹੋਰ ਦੂਜੀਆਂ ਧਾਰਮਕ ਰਵਾਇਤਾਂ ਸਮੇਂ ਜੇਡ ਨੂੰ ਤਾਂਬੇ ਦੇ ਬਰਾਬਰ ਪ੍ਰਮੁੱਖ ਤੇ ਖ਼ਾਸ ਮਹੱਤਤਾ ਦਿੱਤੀ ਜਾਂਦੀ ਸੀ। ਪ੍ਰਾਚੀਨ ਚੀਨੀ ਚਿੱਤਰਕਾਰਾਂ ਦਾ ਜੇਡ ਪੱਥਰ ਨੈੱਫ਼ਰਾਈਟ ਹੁੰਦਾ ਸੀ। ਸਭ ਤੋਂ ਪੁਰਾਣੇ ਧਾਰਮਕ ਗ੍ਰੰਥ 'Chou Li' ਜਿਹੜਾ ਕਿ ਚੌਥੀ ਸਦੀ ਈ. ਪੂ. ਪ੍ਰੰਤੂ ਇਸ ਤੋਂ ਵੀ ਪਹਿਲੇ ਸਮੇਂ ਦੇ ਪਦਾਰਥਾਂ ਬਾਰੇ ਦੱਸਦਾ ਹੈ, ਵਿਚ ਜੇਡ ਪੱਥਰ ਦੇ ਬਣੇ ਤਮਗ਼ੇ ਅਤੇ ਪਵਿੱਤਰ ਚੀਜ਼ਾਂ ਦਾ ਜ਼ਿਕਰ ਕਰਦਾ ਹੈ ਅਤੇ ਇਨ੍ਹਾਂ ਤੋਂ ਲਏ ਜਾਂਦੇ ਕੰਮਾਂ ਦੀ ਵਿਆਖਿਆ ਕਰਦਾ ਹੈ। ਸਭ ਤੋਂ ਪ੍ਰਮੁੱਖ 'pi' ਅਤੇ 'ts'ung' ਸਨ। ਇਕ ਗੋਲ ਥਾਲੀ ਜਿਸ ਨੂੰ ਸਭ ਤੋਂ ਪਹਿਲਾਂ ਪਰਮਾਤਮਾ ਦਾ ਪ੍ਰਾਚੀਨ ਚਿੰਨ੍ਹ ਮੰਨਿਆ ਜਾਂਦਾ ਸੀ, ਸਰਵੋਤਮ ਧਾਰਮਕ ਤੇ ਭਰੋਸੇ ਯੋਗ ਚੀਨੀ ਧਾਰਮਕ ਚਿੰਨ੍ਹ ਸੀ, ਜਿਸ ਦਾ ਰੁਤਬਾ ਈਸਾਈ ਧਰਮ ਦੇ ਕ੍ਰਾਸ ਜਿੰਨਾ ਸੀ। ਇਸ ਦੀ ਅਜਿਹੀ ਬਣਤਰ ਇਕ ਸਜਾਵਟੀ ਸਾਧਨ ਦੇ ਤੌਰ ਤੇ ਵਰਤੀ ਜਾਂਦੀ ਸੀ। ਇਹ ਖ਼ਾਸ ਕਰਕੇ ਜੇਡ ਤੋਂ ਤਿਆਰ ਕੀਤੀ ਹੋਈ। ਇਕ ਹੋਰ ਪ੍ਰਸਿੱਧ ਸੰਰਚਨਾ ਦੇ ਅੰਦਰ ਜਿਸ ਨੂੰ 'ts'ung' ਕਿਹਾ ਜਾਂਦਾ ਸੀ, ਇਕ ਆਇਤਾਕਾਰ ਬਕਸੇ, ਖੋਖਲਾ ਸਲਿੰਡਰ ਜਾਂ ਟੁੰਡ-ਮੁੰਡ ਕੀਤਾ ਸ਼ੰਕੂ ਸੀ, ਜਿਸ ਨੂੰ ਧਰਤੀ ਦੇ ਦੇਵਤਾ ਦਾ ਰਵਾਇਤੀ ਚਿੰਨ੍ਹ ਤੇ ਸਵਰਗ ਦਾ ਸਾਨੀ ਮੰਨਿਆ ਜਾਂਦਾ ਸੀ। ਇਸ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਅਜਿਹੀ ਸੰਰਚਨਾ ਪ੍ਰਾਚੀਨ ਗੁੰਬਦਾਂ ਤੋਂ ਲਈ ਗਈ ਹੈ ਜਿਸ ਦੀ ਪੁਸ਼ਟੀ ਆਂਗਯਾਂਗ, ਹੋਨਾਨ ਪ੍ਰਾਂਤਾਂ ਵਿਖੇ ਖੁਦਾਈ ਕਰਨ ਤੋਂ ਮਿਲੀਆਂ ਲੱਭਤਾਂ ਵੀ ਕਰਦੀਆਂ ਹਨ। ਮਾਂ ਦੀ ਗੋਦ ਵਿਚ ਬੱਚੇ ਵਾਲੇ ਬੁੱਤ ਤੋਂ ਵਧੀਆ ਉਦਾਹਰਣ ਸ਼ਾਇਦ ਹੀ ਕੋਈ ਮਿਲਦੀ ਹੋਵੇ, ਜਿਹੜਾ ਕਿ ਮਾਂ ਧਰਤੀ ਨੂੰ ਦਰਸਾਉਂਦਾ ਹੈ। 'Chou Li' ਵਿਚ ਵਰਣਨ ਕੀਤੀਆਂ ਹੋਈਆਂ ਹੋਰ ਧਾਰਮਕ ਵਸਤਾਂ ਦੀ ਪ੍ਰਾਚੀਨ ਜੇਡ ਪੱਥਰਾਂ ਦੀਆਂ ਲੱਭਤਾਂ ਨਾਲ ਮੇਲ ਕੇ ਪਹਿਚਾਣ ਕੀਤੀ ਗਈ ਹੈ।

ਜੇਡ ਪੱਥਰਾਂ ਦੀਆਂ ਪ੍ਰਾਚੀਨ ਸਜਾਵਟੀ ਵਸਤਾਂ ਵਿਚ ਛੋਟੇ-ਛੋਟੇ ਤਵੀਤ ਅਤੇ ਕਾਂਟੇ ਆਉਂਦੇ ਹਨ, ਜਿਹੜੇ ਕੁਝ ਕੁ ਮਿ. ਮੀ. ਮੋਟੀ ਪੱਥਰ ਦੀ ਸਲੈਬ ਵਿਚੋਂ ਘੜੇ ਹੋਏ ਹੁੰਦੇ ਸਨ ਅਤੇ ਜਿਨ੍ਹਾਂ ਉੱਤੇ ਘੱਟ ਉੱਭਰਵੀਂ ਨੱਕਾਸ਼ੀ ਜਾਂ ਉਕਰਾਈ ਕੀਤੀ ਹੁੰਦੀ ਸੀ। ਬਹੁਤ ਸਾਰਿਆਂ ਉੱਤੇ ਜਾਨਵਰ, ਥਣਧਾਰੀ ਜਾਨਵਰ, ਪੰਛੀ, ਮੱਛੀਆਂ ਅਤੇ ਕੀੜੇ ਮਕੌੜੇ ਬਣੇ ਹੁੰਦੇ ਸਨ। ਵਧੇਰੇ ਪ੍ਰਚਲਿਤ ਅਜਗਰ, ਸ਼ੇਰ, ਹਿਰਨ, ਖਰਗੋਸ਼, ਤਿੱਤਰ, ਉੱਲੂ ਅਤੇ ਤੋਤੇ ਸਨ। ਸਭ ਕੁਝ ਤਬਾਹ ਹੋ ਜਾਣ ਕਾਰਨ ਇਨ੍ਹਾਂ ਦੀ ਹੋਂਦ ਦਾ ਪਤਾ ਕੇਵਲ ਹਾਲਤਾਂ ਦਾ ਜਾਇਜ਼ਾ ਲੈਣ ਤੋਂ ਹੀ ਲਗਾਇਆ ਗਿਆ ਹੈ। ਵਧੇਰੇ ਨਿਪੁੰਨ ਉਕਰਾਈਆਂ ਵਸਤਾਂ ਚਓ ਸਲਤਨਤ ਦੇ ਮੱਧ ਕਾਲੀਨ ਅਤੇ ਮਗਰਲੇ ਕਾਲ ਦੀਆਂ ਹਨ, ਵਿਸ਼ੇਸ਼ ਕਰਕੇ ਲੋਹੇ ਦੇ ਔਜ਼ਾਰਾਂ ਦੇ ਇਸਤੇਮਾਲ ਤੋਂ ਲਗਭਗ 500 ਈ. ਪੂ. ਬਾਅਦ। ਇਸ ਤੋਂ ਮਗਰੋਂ ਜੇਡ ਪੱਥਰਾਂ ਦੀ ਉਕਰਾਈ ਨੂੰ ਸਾਧਾਰਣ ਧਾਰਮਕ ਵਸਤਾਂ ਅਤੇ ਸਜਾਵਟੀ ਵਸਤਾਂ ਤੋਂ ਐਸ਼ੋ-ਇਸ਼ਰਤ ਦੀਆਂ ਵਸਤਾਂ ਲਈ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਬੈਲਟਾਂ ਦੀਆਂ ਹੁੱਕਾਂ, ਗਹਿਣੇ, ਤਲਵਾਰਾਂ, ਮਿਆਨ ਆਦਿ ਤਿਆਰ ਕਰਨਾ, ਖੋਖਲੇ ਭਾਂਡੇ, ਕਿਸੇ ਠੋਸ ਪੱਥਰ ਤੋਂ ਵੱਖ-ਵੱਖ ਭਾਗ ਤਿਆਰ ਕਰਕੇ ਗੋਲਾਕਾਰ ਆਕਾਰ ਵਿਚ ਬੁੱਤ ਤਿਆਰ ਕਰਨਾ ਆਦਿ। ਇਸ ਸਮੇਂ ਦੇ ਸਰਵੋਤਮ ਡਿਜ਼ਾਈਨ ਬੇਮਿਸਾਲ ਤੇ ਜਿਉਂਦੀ ਜਾਗਦੀ ਜਾਪਦੀ ਸੁੰਦਰੀ ਦੀ ਮੂਰਤ ਹੈ, ਜਿਸ ਵਰਗੀ ਫੋਟੋ ਕੈਮਰਾ ਨਹੀ ਲੈ ਸਕਦਾ। ਚਓ ਸਲਤਨਤ ਤੋਂ ਬਾਅਦ ਇਹ ਕੰਮ ਹਾਂਨ ਸਲਤਨਤ ਤੱਕ ਵੀ ਪਹੁੰਚ ਗਿਆ।

ਚੀਨ ਵਿਚ ਜੇਡ ਪੱਥਰਾਂ ਦੀ ਚਿੱਤਰਕਾਰੀ ਦੇ ਕੰਮ ਦਾ ਕੁਝ ਕੁ ਸਦੀਆਂ ਵਿਚ ਹੋਣ ਬਾਰੇ ਖੁਦਾਈ ਤੋਂ ਲੱਭੀਆਂ ਵਸਤਾਂ ਜਾਂ ਦੂਜੀਆਂ ਵਸਤਾਂ ਉੱਤੇ ਕੀਤੀ ਹੋਈ ਕਲਾ ਤੋਂ ਸਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਇਸ ਵੱਡਮੁੱਲੇ ਪਦਾਰਥ ਜੇਡ ਪੱਥਰ ਦੀ ਕਲਾਤਮਕ ਕੀਮਤ ਦਾ ਸਹੀ ਅੰਦਾਜ਼ਾ ਹੁਣ ਲੱਗਿਆ ਹੈ, ਬੇਸ਼ਕ ਇਸ ਉੱਤੇ ਕੰਮ ਕਰਨਾ ਬਹੁਤ ਔਖਾ ਹੈ, ਪਰੰਤੂ ਇਸ ਨਾਲ ਹੋਰ ਕਈ ਔਕੜਾਂ ਹੱਲ ਹੋ ਸਕਦੀਆਂ ਹਨ ਜਿਹੜੀਆਂ ਕਿ ਦੂਜੇ ਪਦਾਰਥਾਂ ਵਿਚ ਦੂਰ ਨਹੀਂ ਹੋ ਸਕਦੀਆਂ। ਇਸ ਲਈ ਇਨ੍ਹਾਂ ਉੱਤੇ ਉੱਕਰਿਆ ਜਾਣ ਵਾਲਾ ਚਿੱਤਰ ਜਾਂ ਲੇਖ ਹੋਰਨਾਂ ਨਾਲੋਂ ਵੱਖਰਾ ਹੁੰਦਾ ਹੈ ਤਾਂ ਜੋ ਇਨ੍ਹਾਂ ਦੀ ਪਹਿਚਾਣ ਆਸਾਨੀ ਨਾਲ ਹੋ ਸਕੇ। ਮਹਾਨ ਰਾਜੇ ਚ 'ਇਨ ਲੰਗ' (1736-95) ਦੇ ਰਾਜ ਦੌਰਾਨ ਐਸ਼ੋ-ਇਸ਼ਰਤ ਵਧੇਰੇ ਵਧੀ ਜਿਸ ਕਾਰਨ ਜੇਡ ਪੱਥਰਾਂ ਅਤੇ ਇਨ੍ਹਾਂ ਦੀ ਉਕਰਈ ਵੱਲ ਬਹੁਤ ਝੁਕਾਅ ਹੋ ਗਿਆ। ਕਈ ਹਜ਼ਾਰ ਚਿੱਤਰਕਾਰੀ ਕੀਤੇ ਹੋਏ ਜੇਡ ਪੱਥਰਾਂ ਨੂੰ ਸ਼ਾਹੀ ਭੰਡਾਰਾਂ ਵਿਚ ਸ਼ਾਮਲ ਕਰ ਲਿਆ ਗਿਆ। ਕੁਝ ਕੁ ਉਪਰ ਉਨ੍ਹਾਂ ਦੇ ਮਾਲਕਾਂ ਦੁਆਰਾ ਲਿਖੀਆਂ ਕਵਿਤਾਵਾਂ ਉੱਕਰੀਆਂ ਗਈਆਂ ਸਨ, ਜਿਨ੍ਹਾਂ ਵਿਚ ਸ਼ਾਹੀ ਖ਼ਾਨਦਾਨ ਦੀ ਤਾਰੀਫ਼ ਕੀਤੀ ਹੋਈ ਸੀ। ਫ਼ਾਰਬੀਡਨ ਸਿਟੀ ਅਤੇ ਅਫ਼ਸਰਾਂ ਤੇ ਵਜ਼ੀਰਾਂ ਦੇ ਘਰਾਂ ਵਿਚ ਜੇਡ ਤੋਂ ਅਣਗਿਣਤ ਕੰਮ ਲਏ ਜਾਂਦੇ ਸਨ। ਭਾਵੇਂ ਅੱਜ ਤੋਂ 2,000 ਸਾਲ ਪਹਿਲੇ ਡਿਜ਼ਾਈਨਰਾਂ ਵਾਲਾ ਉਤਸ਼ਾਹ ਨਹੀਂ ਮਿਲਦਾ, ਕਿਉਂਕਿ ਉਨ੍ਹਾਂ ਨੇ ਕਿਸੇ ਕਿਸਮ ਦੀ ਕਮੀ ਨਹੀਂ ਸੀ ਛੱਡੀ। ਅਨੇਕ ਕਿਸਮਾਂ ਦਾ ਕੱਚਾ ਮਾਲ ਚੀਨ ਵਿਚ ਅੱਜਕੱਲ੍ਹ ਆਉਂਦਾ ਹੈ ਜਿਸ ਕਰਕੇ ਡਿਜ਼ਾਈਨਰ, ਚਿੱਤਰਕਾਰ, ਦਸਤਕਾਰ ਵੀ ਵੱਖੋ-ਵੱਖਰੇ ਹੋ ਗਏ ਹਨ। ਮਨਪਸੰਦ ਰੰਗਾਂ ਤੇ ਦਿੱਖ ਵਾਲੇ ਨੈੱਫ਼ਰਾਈਟ ਉੱਤੇ ਕੰਮ ਲਈ ਵਧੇਰੇ ਕੀਮਤ ਦਿੱਤੀ ਜਾਂਦੀ ਸੀ ਜਿਵੇਂ ਕਿ 'Yang Chin' ਕੰਨਜੀਲਡ ਮਟਨ, ਗੂੜ੍ਹੇ ਹਰੇ ਰੰਗ ਵਿਚ 'piyu' ਅਤੇ ਦੁਰਲਭ chi-tan-huang (ਐਗ-ਯੋਕ ਯੈਲੋ) ਪ੍ਰਾਚੀਨ ਜੇਡਾਂ ਅਤੇ ਸੜੀਆਂ ਤੇ ਬੁਝੀਆਂ ਹੋਈਆਂ ਉਕਰਾਈਆਂ 'chi-ku-pai' (ਚਿਕਨ-ਬੋਨ-ਵ੍ਹਾਈਟ) ਲਈ ਫਿਰ ਝੁਕਾਅ ਤੇ ਸ਼ੌਕ ਉਤਪੰਨ ਹੋ ਗਿਆ ਸੀ।

ਇਸੇ ਸਮੇਂ ਦੌਰਾਨ ਬਰਮਾ ਦੇ ਭੜਕੀਲੇ ਹਰੇ ਰੰਗ ਦੇ ਜੇਡਾਈਟ ਵੀ ਪ੍ਰਚਲਿਤ ਹੋ ਗਏ ਸਨ, ਜੋ ਬਾਅਦ ਵਿਚ ਯੂਰਪੀਅਨਾਂ ਤੇ ਅਮਰੀਕਨਾਂ ਦੇ ਮਨਪਸੰਦ ਬਣ ਗਏ। ਚੀਨ ਦੇ ਇਕ ਲੇਖਕ ਨੇ ਜੇਡਾਈਟ ਨੂੰ ਜੇਡ ਦਾ ਹੀ ਵਿਗੜਿਆ ਹੋਇਆ ਨਾਂ ਦੱਸਿਆ ਹੈ, ਪਰੰਤੂ ਸਬਜ਼ੀ ਹਰੇ ਰੰਗ ਜੇਡਾਈਟ ਨੇ ਕੀਮਤੀ ਨੈੱਫ਼ਰਾਈਟ ਦੀ ਤਰ੍ਹਾਂ ਪ੍ਰਸਿੱਧਤਾ ਹਾਸਲ ਕਰ ਲਈ ਸੀ ਤੇ ਬਹੁਤ ਵੱਡਾ ਮੁੱਲ ਪੈਣ ਲੱਗ ਪਿਆ ਸੀ।

ਵੀਹਵੀਂ ਸਦੀ ਵਿਚ ਪੀਕਿੰਗ ਵਿਚ ਮੁੱਖ ਤੌਰ ਤੇ ਦੋਵੇਂ 'yu', ਨੈੱਫ਼ਰਾਈਟ ਅਤੇ 'fee-ts'ui' ਜੇਡਾਈਟ ਉੱਤੇ ਉਕਰਾਈ ਤੇ ਚਿੱਤਰਕਾਰੀ ਵਿਚ ਬਹੁਤ ਸਫ਼ਲਤਾ ਤੇ ਮੁਹਾਰਤ ਹਾਸਲ ਕੀਤੀ ਹੋਈ ਸੀ। ਸਰਵੋਤਮ ਕੰਮ ਚਾਇੰਗ ਲੰਗ ਦੇ ਸਮੇਂ ਨਾਲੋਂ ਕੁਝ ਘਟੀਆ ਡਿਜ਼ਾਈਨ ਤੇ ਮਿਆਰ ਵਾਲਾ ਹੁੰਦਾ ਸੀ। ਜੇਡਾਈਟ ਦੇ ਗਹਿਣਿਆਂ ਦਾ ਕੰਮ ਚੀਨ ਵਿਚ ਆਮ ਕਰਕੇ ਵਧੇਰੇ ਕੈਂਟਨ ਅਤੇ ਸ਼ੰਘਾਈ ਵਿਖੇ ਹੀ ਹੋਇਆ ਹੈ।

**ਭਾਰਤ ਅਤੇ ਪਰਸ਼ੀਆ (ਈਰਾਨ)**—ਭਾਰਤ ਵਿਚ ਜੇਡ ਪੱਥਰਾਂ ਦੀ ਚਿੱਤਰਕਾਰੀ ਵਿਸ਼ੇਸ਼ ਕਰਕੇ ਮੁਗ਼ਲ ਬਾਦਸ਼ਾਹਾਂ ਨਾਲ ਜੁੜੀ ਹੋਈ ਹੈ। ਸੋਲ੍ਹਵੀਂ ਸਦੀ ਤੋਂ ਪਹਿਲਾਂ ਭਾਰਤ ਵਿਚ ਜੇਡ ਪੱਥਰਾਂ ਦੀ ਚਿੱਤਰਕਾਰੀ ਦਾ ਨਾਂ ਨਿਸ਼ਾਨ ਵੀ ਨਹੀਂ ਸੀ, ਬੇਸ਼ਕ ਕੁਝ ਹੋਰ ਦੂਜੇ ਸਖ਼ਤ ਪੱਥਰਾਂ ਦੀ ਚਿੱਤਰਕਾਰੀ ਮੁਸਲਿਮ ਯੁੱਗ ਵਿਚ ਭਾਰਤ ਸਮੇਤ ਕਈ ਸਦੀਆਂ ਤੱਕ ਹੁੰਦੀ ਰਹੀ ਹੈ। ਕੁਝ ਕੁ ਦਹਾਕਿਆਂ ਬਾਅਦ ਹੀ ਜੇਡ ਪੱਥਰਾਂ ਤੋਂ ਤਿਆਰ ਕੀਤੇ ਗਏ ਭਾਂਡੇ ਜਿਨ੍ਹਾਂ ਵਰਗੀ ਡਿਜ਼ਾਈਨ ਤੇ ਪੇਚੀਦਗੀ ਚੀਨ ਨੂੰ ਛੱਡ ਕੇ ਕਿਸੇ ਹੋਰ ਦੇਸ਼ ਵਿਚ ਨਹੀਂ ਲੱਭਦੀ। ਇਹ ਵਰਣਨਯੋਗ ਹੈ ਕਿ ਮੁਗ਼ਲ ਬਾਦਸ਼ਾਹ ਚੀਨੀ ਜੇਡ ਪੱਥਰ ਚਿੱਤਰਕਾਰਾਂ ਨੂੰ ਭਾਰਤ ਵਿਚ ਖਿੱਚਣ ਵਿਚ ਸਫ਼ਲ ਹੋ ਗਏ, ਜਿਵੇਂ ਚੀਨ ਨੇ ਦੂਜੇ ਮੁਲਕਾਂ ਤੋਂ ਖਿੱਚੇ ਸਨ।

ਭਾਰਤੀ ਚਿੱਤਰਕਾਰੀ ਲਈ ਨੈੱਫ਼ਰਾਈਟ ਵਰਤਿਆ ਜਾਂਦਾ ਸੀ, ਆਮ ਕਰਕੇ ਚਿੱਟੇ ਜਾਂ ਹਲਕੇ ਹਰੇ ਰੰਗ ਵਾਲਾ ਜਿਹੜਾ ਕੋਟਾ ਜਾਂ ਯਾਰਕਾਂਟ ਤੋਂ ਦਰਾਮਦ ਕੀਤਾ ਜਾਂਦਾ ਸੀ ਜਿਵੇਂ ਜੇਡ ਜਿਸ ਦੀ ਵਰਤੋਂ ਚੀਨੀ ਆਮ ਕਰਦੇ ਸਨ, ਕਿਉਂਕਿ ਭਾਰਤ ਵਿਚ ਨੈੱਫ਼ਰਾਈਟ ਦਾ ਕੋਈ ਪ੍ਰਸਿੱਧ ਸੋਮਾ ਨਹੀਂ ਹੈ। ਮੁਗ਼ਲ ਜੇਡ ਜਿਹੜੇ ਚੀਨੀ ਜੇਡ ਤੋਂ ਵੱਖਰੇ ਸਨ, ਤੋਂ ਪਰਸ਼ੀਅਨ ਡਿਜ਼ਾਈਨ ਵਾਲੇ ਕਿਰਪਾਨਾਂ ਦੇ ਦਸਤੇ ਅਤੇ ਛੁਰੇ ਜਾਂ ਖੰਜਰ ਤਿਆਰ ਕੀਤੇ ਜਾਂਦੇ ਸਨ। ਇਹ ਬਿਲਕੁਲ ਪੱਧਰੇ ਪ੍ਰੰਤੂ ਵਧੀਆ ਅਤੇ ਸੁਚੱਜੇ ਢੰਗ ਨਾਲ ਬਣੇ ਤੇ ਪਾਲਿਸ਼ ਕੀਤੇ ਹੁੰਦੇ ਸਨ ਕਿਉਂਕਿ ਇਨ੍ਹਾਂ ਨੂੰ ਤਿਆਰ ਕਰਨ ਤੇ ਸਜਾਉਣ ਲਈ ਕਿਸੇ ਪੇਚੀਦੇ ਔਜ਼ਾਰ ਜਾਂ ਯੰਤਰ ਦੀ ਲੋੜ ਨਹੀਂ ਪੈਂਦੀ। ਇਨ੍ਹਾਂ ਨੂੰ ਪਰਸ਼ੀਅਨ ਜਾਂ ਅਫ਼ਗਾਨ ਲੋਕ ਵਧੇਰੇ ਸਫਲਤਾ-ਪੂਰਵਕ ਦੂਜੇ ਮੁਲਕਾਂ ਜਾਂ ਭਾਰਤ ਵਿਚ ਤਿਆਰ ਕਰਦੇ ਰਹੇ ਹਨ। ਮੁਗ਼ਲ ਜੇਡ ਚਿੱਤਰਕਾਰੀ ਦੀਆਂ ਵਸਤਾਂ ਦੀ ਸਜਾਵਟ ਕਰਨ ਲਈ ਸੋਨੇ ਅਤੇ ਕੀਮਤੀ ਪੱਥਰਾਂ, ਹੀਰੇ, ਰੂਬੀ ਜਾਂ ਨਗ ਆਦਿ ਜੜੇ ਜਾਂਦੇ ਸਨ। ਅਠ੍ਹਾਰਵੀਂ ਸਦੀ ਵਿਚ ਇਨ੍ਹਾਂ ਵਿਚੋਂ ਕੁਝ ਕੁ ਜੇਡ ਪੀਕਿੰਗ ਪਹੁੰਚੇ, ਸ਼ਾਇਦ ਸ਼ਾਹੀ ਤੋਹਫਿਆਂ ਦੇ ਤੌਰ ਤੇ ਜਿਨ੍ਹਾਂ ਉੱਤੇ ਉਥੋਂ ਦੇ ਬਾਦਸ਼ਾਹ ਦੇ ਹੁਕਮ ਅਨੁਸਾਰ ਕਵਿਤਾਵਾਂ ਉਕਰੀਆਂ ਗਈਆਂ। ਮੁਗ਼ਲ ਸਟਾਈਲ ਦੇ ਹੋਰ ਦੂਜੇ ਜੇਡ ਪੱਥਰਾਂ ਦੀ ਉਕਰਾਈ ਚੀਨ ਵਿਚ ਹੀ ਹੋਈ ਮੰਨੀ ਜਾਂਦੀ ਹੈ ਤਾਂ ਜੋ ਭਾਰਤੀ ਸ਼ੌਕ ਜਾਂ ਵਿਸ਼ੇਸ਼ ਤੌਰ ਤੇ ਭਾਰਤ ਨੂੰ ਬਰਾਮਦ ਕਰਨ ਦੇ ਮਕਸਦ ਨਾਲ ਸੀ।

**ਨਿਊਜ਼ੀਲੈਂਡ**—ਜਦੋਂ 1769 ਈ. ਵਿਚ ਕੈਪਟਨ ਜੇਮਜ਼ ਕੁੱਕ ਨਿਊਜ਼ੀਲੈਂਡ ਪਹੁੰਚਿਆ ਸੀ ਤਾਂ ਉਥੋਂ ਦੇ ਮਾਉਰੀ ਕਬੀਲੇ ਦੇ ਲੋਕਾਂ ਨੂੰ ਧਾਤਾਂ ਬਾਰੇ ਕੋਈ ਗਿਆਨ ਨਹੀਂ ਸੀ। ਉਨ੍ਹਾਂ ਦੇ ਹਥਿਆਰ, ਸੰਦ ਜਾਂ ਔਜ਼ਾਰ ਸਖ਼ਤ ਤੇ ਮਜ਼ਬੂਤ ਲੱਕੜ, ਵੇਲ੍ਹ ਮੱਛੀ ਦੀਆਂ ਹੱਡੀਆਂ, ਪੱਥਰਾਂ ਤੇ ਸ਼ੈੱਲਾਂ ਦੇ ਬਣੇ ਹੋਏ ਸਨ। ਇਨ੍ਹਾਂ ਦਾ ਸਭ ਤੋਂ ਵਧ ਕੀਮਤੀ ਉਦਯੋਗਿਕ ਪੱਥਰ 'pounamu' ਜਾਂ ਨੈੱਫ਼ਰਾਈਟ ਸੀ, ਜਿਸ ਨੂੰ ਯੂਰਪੀਅਨ ਵਾਸੀ ਗ੍ਰੀਨਸਟੋਨ ਕਹਿੰਦੇ ਸਨ। ਇਹ ਇਸ ਦੇ ਕੁਹਾੜੇ, ਚਾਕੂ, ਛੈਣੀਆਂ, ਫ਼ਾਲੇ ਅਤੇ ਆਪਣੇ ਮੁੱਖੀ ਲਈ mere ਜਾਂ ਵਾਰਕਲੱਬ ਤਿਆਰ ਕਰਦੇ ਸਨ। ਇਹ mere ਲਗਭਗ 33 ਤੋਂ 38 ਮਿ. ਮੀ. (13 ਤੋਂ 15 ਇੰਚ) ਲੰਬਾਈ ਵਾਲਾ ਚਮੜਾ ਜਿਹਾ ਤਿਰਛੇ ਕਿਨਾਰਿਆਂ ਵਾਲਾ ਹੁੰਦਾ ਸੀ। ਇਸ ਦੇ ਹੱਥੇ ਵਿਚ ਇਕ ਸੁਰਾਖ਼ ਕੀਤਾ ਹੁੰਦਾ ਹੈ, ਜਿਸ ਵਿਚੋਂ ਚਮੜੇ ਦਾ ਪੱਟਾ ਲੰਘਾਇਆ ਜਾਂਦਾ ਹੈ ਤਾਂ ਜੋ ਲੱਕ ਨਾਲ ਕੱਸਿਆ ਜਾ ਸਕੇ। ਇਹ ਜੇਡ ਨਾ ਕੇਵਲ ਇਕ ਹਥਿਆਰ ਦਾ ਹੀ ਕੰਮ ਕਰਦੇ ਸਨ, ਸਗੋਂ ਇਕ ਅਧਿਕਾਰੀ ਤੇ ਉਸ ਖੇਤਰ ਦੇ ਮੁਖੀਏ ਦੀ ਪਛਾਣ ਸਨ। ਇਹ ਵਿਸ਼ੇਸ਼ ਤੌਰ ਤੇ ਸਾਫ ਸੁੱਥਰੇ ਰੰਗ ਤੇ ਵਿਸ਼ੇਸ਼ ਚਿੰਨ੍ਹ ਵਾਲੇ ਪੱਥਰਾਂ ਤੋਂ ਤਿਆਰ ਕੀਤੇ ਜਾਂਦੇ ਸਨ।

ਮਾਉਰੀ ਜਾਤੀ ਦੇ ਲੋਕਾਂ ਦੇ ਜੇਡ ਗਹਿਣੇ ਮੁੱਖ ਤੌਰ ਤੇ ਕਾਂਟੇ ਅਤੇ ਪੈਂਡਲ ਹੁੰਦੇ ਸਨ ਜਿਨ੍ਹਾਂ ਵਿਚੋਂ 'hei-tiki' ਵਿਸ਼ੇਸ਼ ਸੀ। ਇਸ ਦੇ ਨਾਂ ਦੇ ਅਰਥ ਹਨ-ਮਨੁੱਖ ਵਰਗਾ ਗਲੇ ਦਾ ਗਹਿਣਾ। ਆਕਾਰ ਥੋੜ੍ਹਾ ਜਿਹਾ ਵੱਖਰਾ ਹੁੰਦਾ ਸੀ, ਜਿਹੜਾ ਚੌਕੜੀ ਮਾਰ ਕੇ ਬੈਠੇ ਮਨੁੱਖ ਦਾ ਸੀ ਅਤੇ ਵੱਡਾ ਸਿਰ ਇਕ ਪਾਸੇ ਵੱਲ ਢਲਵਾਂ ਹੁੰਦਾ ਹੈ। ਇਨ੍ਹਾਂ ਪੈਂਡਲਾਂ ਨੂੰ ਵੱਡੇ-ਵਡੇਰਿਆਂ ਦੀ ਅਮਾਨਤ ਮੰਨਿਆ ਜਾਂਦਾ ਸੀ, ਜਿਨ੍ਹਾਂ ਦੀ ਵਧੇਰੇ ਮਹਾਨਤਾ ਹੁੰਦੀ ਸੀ ਪ੍ਰੰਤੂ ਧਾਰਮਕ ਮਹੱਤਤਾ ਨਹੀਂ।

**ਯੂਰਪ ਅਤੇ ਸੰਯੁਕਤ ਰਾਜ**—ਜੇਡ ਪੱਥਰਾਂ ਦੀ ਚਿੱਤਰਕਾਰੀ ਦਾ ਪੱਛਮੀ ਮੁਲਕਾਂ ਵਿਚ ਬਹੁਤ ਵੱਡੀ ਪੱਧਰ ਉੱਤੇ ਇਸਤੇਮਾਲ ਕੀਤਾ ਜਾਂਦਾ ਸੀ। ਕੁਝ ਵਧੇਰੇ ਸੁਹਜ ਡਿਜ਼ਾਈਨ ਵਾਲੇ ਹੀਰੇ ਅਤੇ ਛੋਟੇ ਛੋਟੇ ਗਹਿਣੇ ਜੇਡ ਲੱਗੇ ਹੁੰਦੇ ਸਨ, ਮੁੱਖ ਤੌਰ ਤੇ ਸਾਈਬੇਰੀਅਨ ਨੈੱਫ਼ਰਾਈਟ, ਸੇਂਟ ਪੀਟਰਜ਼ਬਰਗ ਦੇ ਜੌਹਰੀਏ ਪੀਟਰ ਕਾਰਲ ਫੈੱਬਰਜੀ (1870-1918) ਨੇ ਤਿਆਰ ਕੀਤਾ ਸੀ। ਸੈਨ ਡੀਐਗੋ ਦੇ ਡੋਨਲ ਹੋਰਡ ਨਾਮੀ ਬੁੱਤ ਘਾੜੇ ਨੇ ਵਾਈਓਮਿੰਗ ਨੈੱਫ਼ਰਾਈਟ ਬੁੱਤ ਤਿਆਰ ਕੀਤੇ ਹਨ, ਅਜਿਹਾ ਕਰਨ ਲਈ ਉਸ ਨੇ ਸ਼ਕਤੀ ਚਾਲਿਤ ਵਰਮੇ ਅਤੇ ਕਾਰਬੋਰੰਡਮ ਦੀਆਂ ਛੜਾਂ ਦਾ ਇਸਤੇਮਾਲ ਕੀਤਾ। ਉਸ ਨੇ ਦੱਸਿਆ ਹੈ ਕਿ ਉਸ ਨੇ ਇਕ ਸਹਾਇਕ ਸਮੇਤ 161 ਪੌਂਡ ਭਾਰ ਵਾਲੀ ਇਕ ਮੂਰਤੀ ਨੂੰ ਘੜਨ ਤੇ ਪਾਲਿਸ਼ ਕਰਨ ਲਈ 15 ਮਹੀਨੇ ਦਾ ਸਮਾਂ ਲਗਾਇਆ ਜਿਹੜੀ ਕਿ 300 ਪੌਂਡ ਭਾਰੇ ਪੱਥਰ ਨੂੰ ਤਰਾਸ਼ ਕੇ ਤਿਆਰ ਕੀਤੀ ਗਈ ਸੀ। ਪੱਥਰਾਂ ਨੂੰ ਸ਼ਕਤੀ ਚਾਲਿਤ ਮਸ਼ੀਨਾਂ ਉੱਤੇ ਖਰਾਦ ਕੇ ਮਸ਼ੀਨ ਉੱਤੇ ਛੋਟੇ-ਛੋਟੇ ਗਹਿਣੇ ਤਿਆਰ ਕੀਤੇ ਜਾਂਦੇ ਸਨ।

**ਤਕਨੀਕ ਜਾਂ ਢੰਗ**—ਜਿਨ੍ਹਾਂ ਢੰਗਾਂ ਨਾਲ ਜੇਡ ਪੱਥਰਾਂ ਉੱਤੇ ਚਿੱਤਰਕਾਰੀ ਕੀਤੀ ਜਾਂਦੀ ਸੀ ਉਸ ਦਾ ਅੰਦਾਜ਼ਾ ਪਿਛਲੀਆਂ ਮਿਲੀਆਂ ਚੀਜ਼ਾਂ ਤੇ ਰੀਕਾਰਡ ਢੰਗਾਂ ਤੋਂ ਲਗਾਇਆ ਜਾਂਦਾ ਹੈ ਜਿਹੜੇ ਮਾਉਰੀ ਜਾਤੀ ਦੇ ਲੋਕ 19ਵੀਂ ਸਦੀ ਵਿਚ ਵਰਤਦੇ ਸਨ। ਪੱਥਰਾਂ ਨੂੰ ਸਾਧਾਰਣ ਪੱਥਰਾਂ ਦੇ ਫਾਲਿਆਂ ਜਾਂ ਸਲੇਟ ਦੇ ਕਠੋਰ ਕਟਰਾਂ ਨਾਲ ਕਟਿਆ ਜਾਂਦਾ ਸੀ। ਪਾਣੀ ਅਤੇ ਰੇਤ ਵਿਚ ਘਸਾਈ ਕਰਨ ਉਪਰੰਤ ਸਾਧਾਰਣ ਪੱਥਰਾਂ ਨਾਲ ਰਗੜ ਕੇ ਲੋੜੀਂਦਾ ਆਕਾਰ ਤਿਆਰ ਕੀਤਾ ਜਾਂਦਾ ਸੀ। ਸੁਰਾਖ਼ ਕਰਨ ਲਈ ਲੱਕੜ ਖੋਖਲੀਆਂ ਹੱਡੀਆਂ ਜਾਂ ਬਾਂਸ ਦੇ ਵਰਮਿਆਂ ਨਾਲ ਗਿੱਲੀ ਰੇਤ ਦਾ ਇਸਤੇਮਾਲ ਕੀਤਾ ਜਾਂਦਾ ਸੀ। ਔਜ਼ਾਰਾਂ ਦੇ ਛੇਤੀ ਘਸਣ ਕਰਕੇ ਇਨ੍ਹਾਂ ਦੇ ਮੂੰਹ ਸ਼ੰਕੂ ਵਰਗੇ ਹੁੰਦੇ ਸਨ। ਜੇਕਰ ਦੋਵੇਂ ਪਾਸੇ ਤੋਂ ਸੁਰਾਖ਼ ਕਰਨਾ ਹੁੰਦਾ ਸੀ ਤਾਂ ਦੋਹਰੇ ਸ਼ੰਕੂ ਆਕਾਰ ਦੇ ਹੁੰਦੇ ਸਨ। ਕਾਂਸੀ ਤੇ ਲੋਹ ਯੁੱਗ ਵਿਚ ਅਜਿਹਾ ਕਰਨ ਲਈ ਧਾਤ ਦੇ ਸੰਦਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਚੀਨ ਵਿਚ ਵਧੇਰੇ ਕੰਮ ਅੱਜ ਵੀ ਉਸੇ ਤਰ੍ਹਾਂ ਕੀਤਾ ਜਾਂਦਾ ਹੈ ਜਿਵੇਂ ਕਈ ਸਦੀਆਂ ਤੋਂ ਖਰਾਦ ਉੱਤੇ ਫ਼ੌਲਾਦ ਦੇ ਨਰਮ ਲੋਹੇ, ਲੱਕੜ ਅਤੇ ਚਮੜੇ ਦੇ ਸੰਦਾਂ ਦਾ ਉਪਯੋਗ ਹੁੰਦਾ ਆ ਰਿਹਾ ਹੈ। ਇਨ੍ਹਾਂ ਢੰਗਾਂ ਵਿਚ ਸਿਖਲਾਈ ਦੀਰਘਕਾਲੀ ਤੇ ਸਖ਼ਤ ਹੁੰਦੀ ਹੈ ਅਤੇ ਕੰਮ

ਲਈ ਕਲਾਕਾਰ ਦਾ ਵਧੇਰੇ ਸੰਜੀਦਗੀ ਤੇ ਤਸੱਵਰ ਵਾਲਾ ਹੋਣਾ ਜ਼ਰੂਰੀ ਹੈ।

**ਖਣਿਜ ਅਤੇ ਨਕਲੀ ਜੇਡ**—ਚੀਨ ਵਿਚ ਮਿਲਣ ਵਾਲੇ ਅਨੇਕ ਖਣਿਜ ਨੈੱਫ਼ਰਾਈਟ ਨਾਲ ਰਲਦੇ-ਮਿਲਦੇ ਹਨ ਅਤੇ ਨੈੱਫ਼ਰਾਈਟ ਦੀ ਥੁੜ੍ਹ ਅਤੇ ਘੱਟ ਉਪਲਬਧੀ ਕਾਰਨ, ਇਨ੍ਹਾਂ ਖਣਿਜਾਂ ਦਾ ਇਸਤੇਮਾਲ ਉਨ੍ਹਾਂ ਸਾਰੇ ਕੰਮਾਂ ਲਈ ਕੀਤਾ ਜਾਂਦਾ ਰਿਹਾ ਹੈ, ਜਿਹੜੇ ਜੇਡ ਪੱਥਰਾਂ ਤੋਂ ਲਏ ਜਾਂਦੇ ਸਨ। ਇਨ੍ਹਾਂ ਪੱਥਰਾਂ ਨੂੰ ਚੀਨੀ ਲੋਕ 'yu' ਕਹਿੰਦੇ ਸਨ ਜਿਨ੍ਹਾਂ ਨੂੰ ਕਦੇ ਵੀ 'Cheu yu' ਅਸਲ ਜੇਡ ਨੈੱਫ਼ਰਾਈਟ ਨਹੀਂ ਮੰਨਿਆ ਗਿਆ। ਇਨ੍ਹਾਂ ਨੂੰ ਕਈ ਵਾਰੀ 'fu yu' ਝੂਠੇ ਜੇਡ ਨੈੱਫ਼ਰਾਈਟ ਨਾਲੋਂ ਨਰਮ ਹੋਣ ਕਰਕੇ, ਇਨ੍ਹਾਂ ਨੂੰ ਤਰਾਸ਼ਣ ਲਈ ਵਧੇਰੇ ਮੁਹਾਰਤ ਦੀ ਲੋੜ ਨਹੀਂ ਪੈਂਦੀ ਸੀ ਅਤੇ ਕਿਸੇ ਵੀ ਢੰਗ ਨਾਲ ਇਨ੍ਹਾਂ ਉੱਤੇ ਜੇਡ ਪੱਥਰਾਂ ਵਾਲੀ ਸਫ਼ਾਈ ਨਹੀਂ ਆ ਸਕਦੀ। ਅਸਲੀ ਜੇਡ ਪੱਥਰਾਂ ਦਾ ਭੁਲੇਖਾ ਪ੍ਰਾਚੀਨ ਯੁੱਗ ਵਿਚ ਆਮ ਪੈਂਦਾ ਰਿਹਾ ਹੈ, ਬੇਸ਼ਕ ਕਈ ਵਾਰੀ ਇਨ੍ਹਾਂ ਨੂੰ ਬਣਾਉਟੀ ਕਿਹਾ ਜਾਂਦਾ ਸੀ। ਬਹੁਤ ਸਾਰੇ ਝੂਠੇ ਜੇਡ ਪੱਥਰਾਂ ਨੂੰ ਕਿਸੇ ਨਾ ਕਿਸੇ ਸਰਪੈਂੱਟਾਈਨ ਦੀ ਕਿਸਮ ਕਿਹਾ ਜਾਂਦਾ ਸੀ। ਨੈੱਫ਼ਰਾਈਟ ਵਾਲੀ ਝਿਲਮਿਲ ਤੋਂ ਇਲਾਵਾ ਇਨ੍ਹਾਂ ਦੀ ਕਠੋਰਤਾ ਅਤੇ ਸਾਪੇਖੀ ਗੁਰੁਤਾ ਵੀ ਘੱਟ ਹੁੰਦੀ ਹੈ। ਨੈੱਫ਼ਰਾਈਟ ਦੇ ਨਾਲ ਬਿਲਕੁਲ ਮਿਲਣ ਵਾਲੀ ਕਿਸਮ ਨੂੰ ਬੋਵੈੱਨਾਈਟ ਕਿਹਾ ਜਾਂਦਾ ਹੈ ਜਿਸ ਦੀ ਕਠੋਰਤਾ 6 ਤਕ ਹੁੰਦੀ ਹੈ ਅਤੇ ਵਿਸ਼ਿਸ਼ਟ ਘਣਤਾ 2.8 ਹੁੰਦੀ ਹੈ। ਬੋਵੈੱਨਾਈਟ ਜਾਂ ਹੋਰ ਦੂਜੇ ਜੇਡ ਪੱਥਰਾਂ ਦੇ ਚਿੱਤਰਾਂ ਦੀ ਮਿਆਰ ਰੰਗ ਚੜ੍ਹਾਉਣ ਨਾਲ ਵਧਾਈ ਜਾ ਸਕਦੀ ਹੈ। ਪਾਇਰੋਫਾਈਲਾਈਟ ਇਕ ਐਲੂਮਿਨੀਅਮ ਸਿਲੀਕੇਟ ਚੀਨ ਵਿਚ ਵਧੇਰੇ ਵਰਤਿਆ ਜਾਣ ਵਾਲਾ ਇਕ ਹੋਰ ਖਣਿਜ ਹੈ ਅਤੇ ਕਈ ਵਾਰੀ ਇਸ ਦਾ ਨੈੱਫ਼ਰਾਈਟ ਹੋਣ ਦਾ ਭੁਲੇਖਾ ਪੈ ਜਾਂਦਾ ਹੈ। ਇਹ ਵੀ ਬੋਵੈੱਨਾਈਟ ਨਾਲੋਂ ਨਰਮ ਤੇ ਹਲਕਾ ਹੁੰਦਾ ਹੈ। ਜੇਡਾਈਟ ਨਾਲ ਮਿਲਦੇ ਜੁਲਦੇ ਭਾਰ ਅਤੇ ਕਠੋਰਤਾ ਵਾਲੇ ਕੁਝ ਕੁ ਕ੍ਰਿਪਟੋਕ੍ਰਿਸਟੇਲਾਈਨ ਖਣਿਜ ਹਨ, ਜਿਵੇਂ ਕਿ ਸਿਲੀਮੇਨਾਈਟ, ਐਲੂਮੀਨੀਅਮ ਸਿਲੀਕੇਟ ਅਤੇ ਸੌਸੇਰਾਈਟ, ਕੈਲਸ਼ੀਅਮ ਤੇ ਐਲੂਮੀਨੀਅਮ ਦੇ ਸਿਲੀਕੇਟ। ਜੇਡ ਵਾਲੀ ਕੁਦਰਤੀ ਦਿੱਖ ਨਾ ਹੋਣ ਕਾਰਨ ਅਤੇ ਵਧੇਰੇ ਸਖ਼ਤ ਕੰਮ ਹੋਣ ਕਰਕੇ ਇਨ੍ਹਾਂ ਨੂੰ ਜੇਡ ਪੱਥਰਾਂ ਦੀ ਥਾਂ ਪੂਰਕ ਦੇ ਤੌਰ ਤੇ ਵਰਤਿਆ ਜਾਂਦਾ ਹੈ। ਨਕਲੀ ਜੇਡ ਪੱਥਰ ਲੈੱਡ ਗਲਾਸ ਤੋਂ ਤਿਆਰ ਕੀਤੇ ਜਾਂਦੇ ਹਨ ਅਤੇ ਬਹੁਤ ਹੁਸ਼ਿਆਰੀ ਨਾਲ ਐਪਲ-ਗ੍ਰੀਨ ਰੰਗ ਦਿੱਤਾ ਜਾਂਦਾ ਹੈ। ਅਨੇਕ ਪ੍ਰਕਾਰ ਦੀਆਂ ਚੂੜੀਆਂ, ਹਾਰ, ਕਾਂਟੇ ਅਤੇ ਪੈਂਡਲ ਤਿਆਰ ਕੀਤੇ ਜਾਂਦੇ ਹਨ।

**ਹੋਰ ਕਰੜੇ ਪੱਥਰ**—ਜੇਡ ਪੱਥਰਾਂ ਦੀ ਉਕਰਾਈ ਵਰਗੇ ਢੰਗਾਂ ਨਾਲ ਹੀ ਸਜਾਵਟੀ ਪੱਥਰਾਂ ਨੂੰ ਉਕਰਿਆ ਤੇ ਪਾਲਿਸ਼ ਕੀਤਾ ਜਾਂਦਾ ਹੈ। ਚੀਨੀ ਲੋਕ ਵੀ ਇਹ ਕੰਮ ਕਰਦੇ ਰਹੇ ਹਨ, ਭਾਵੇਂ ਜੇਡ ਪੱਥਰਾਂ ਵਾਂਗੂੰ ਇਹ ਕੰਮ ਵੱਧ ਨਹੀਂ ਸਕਿਆ। ਵਧੇਰੇ ਕਰਕੇ ਇਹ ਕੁਆਰਟਜ਼ ਗਰੁੱਪ ਨਾਲ ਸਬੰਧਤ ਹੁੰਦੇ ਹਨ। ਇਹ ਨਗ ਤਿੰਨ ਤਰ੍ਹਾਂ ਦੇ ਹੁੰਦੇ ਹਨ, ਪਾਰਦਰਸ਼ੀ, ਅਲਪ-ਪਾਰਦਰਸ਼ੀ ਅਤੇ ਅਪਾਰਦਰਸ਼ੀ। ਪਾਰਦਰਸ਼ੀ ਕਿਸਮਾਂ ਅਕਸਰ 50 ਸੈਂ. ਮੀ. ਜਾਂ ਇਸ ਤੋਂ ਵਧੇਰੇ ਲੰਬਾਈ ਵਾਲੇ ਇਕਹਿਰੇ ਕ੍ਰਿਸਟਲ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਸਾਫ਼, ਰੰਗਰਹਿਤ ਰਾਕ ਕ੍ਰਿਸਟਲ, ਐਮੇਥਿਸਟ ਅਤੇ ਸਿਟਰੀਨ ਧੁੰਦਲਾ ਕੁਆਰਟਜ਼ ਅਤੇ ਰੋਜ਼ ਕੁਆਰਟਜ਼ (ਇਹ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ ਹੁੰਦਾ) ਆਉਂਦੇ ਹਨ। ਅਲਪ ਪਾਰਦਰਸ਼ੀ ਛੋਟੇ-ਛੋਟੇ, ਸੂਈ-ਨੁਮਾ ਕ੍ਰਿਸਟਲਾਂ ਦਾ ਸਮਾਂਤਰ ਪਰਤਾਂ ਵਿਚ ਸੰਗ੍ਰਹਿ ਹੁੰਦਾ ਹੈ ਅਤੇ ਇਨ੍ਹਾਂ ਦਾ ਖ਼ਾਸ ਨਾਂ ਕੈਲਸੇਡੋਨੀ ਹੈ। ਇਹ ਅਨੇਕ ਰੰਗਾਂ ਵਿਚ ਮਿਲਦੇ ਹਨ। ਪੀਲੇ, ਸੰਗਤਰੀ ਅਤੇ ਲਾਲ ਰੰਗੇ ਨੂੰ ਕਾਰਨੇਲੀਅਨ, ਭੂਰੇ ਨੂੰ ਸਾਰਡ ਅਤੇ ਗੂੜ੍ਹੇ ਹਰੇ ਨੂੰ ਕ੍ਰਿਸੋਪ੍ਰੇਜ਼ ਕਹਿੰਦੇ ਹਨ। ਹਲਕੇ, ਨੀਲੇ, ਜਾਮਣੀ ਅਤੇ ਕਾਸ਼ਨੀ ਕੈਲਸੇਡੋਨੀ ਵੀ ਹੁੰਦੇ ਹਨ। ਕਈ ਵਾਰੀ ਗਰਮ ਕਰਕੇ ਬਣਾਉਟੀ ਰੰਗ ਵੀ ਬਣਾਏ ਜਾਂਦੇ ਹਨ ਜਾਂ ਗੂੜ੍ਹੇ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਸਾਧਾਰਣ ਅੱਖ ਨਾਲ ਪਹਿਚਾਣਿਆ ਨਹੀਂ ਜਾ ਸਕਦਾ। ਪ੍ਰਸਿੱਧ ਐਗੇਟ (ਸੁਲੇਮਾਨੀ ਪੱਥਰ) ਕਿਸਮ ਦੇ ਪੱਥਰਾਂ ਦੀਆਂ ਵੱਖੋ-ਵੱਖਰੇ ਰੰਗ ਵਾਲੀਆਂ ਪਰਤਾਂ ਨੂੰ ਇਕ ਰੰਗ ਵਿਚ ਬਦਲਿਆ ਜਾ ਸਕਦਾ ਹੈ। ਇਸੇ ਕਰਕੇ ਚੀਨੀ ਲੋਕ ਇਸ ਗੁਣ ਦਾ ਉਪਯੋਗ ਕਰਕੇ ਇਨ੍ਹਾਂ ਨੂੰ ਕੁਦਰਤੀ ਤੇ ਢੁੱਕਵੇਂ ਰੰਗ ਦਿੰਦੇ ਰਹੇ ਹਨ। ਅਵੈਨੈਚੂਰੀਨ ਕੁਆਰਟਜ਼ ਇਕ ਅਲਪ ਅਪਾਰਦਰਸ਼ੀ ਪੱਥਰ ਹੈ ਜਿਸ ਵਿਚ ਅਬਰਕ ਹੋਣ ਕਰਕੇ ਇਹ ਝਿਲਮਿਲ ਕਰਦੇ ਰਹਿੰਦੇ ਹਨ। ਹੋਰ ਅਨੇਕ ਅਪਾਰਦਰਸ਼ੀ ਸੁੰਦਰ ਪੱਥਰਾਂ ਉੱਤੇ ਚਿੱਤਰਕਾਰੀ ਸਦੀਆਂ ਤੋਂ ਹੁੰਦੀ ਆ ਰਹੀ ਹੈ। ਲੈਪਿਸ ਲਾਜ਼ੂਲੀ ਇਕ ਰਵੇਦਾਰ ਚੂਨਾ-ਪੱਥਰ ਹੈ ਜਿਸ ਵਿਚ ਥੋੜ੍ਹੀ ਮਿਕਦਾਰ ਵਿਚ ਗੂੜ੍ਹੇ ਨੀਲੇ ਰੰਗ ਲੈਜ਼ਰਾਈਟ ਖਣਿਜ ਵਾਲੇ ਵੀ ਹੁੰਦੇ ਹਨ ਜਿਨ੍ਹਾਂ ਵਿਚੋਂ ਪਿੱਤਲ ਵਰਗੇ ਪੀਲੇ ਲੋਹੇ ਦੇ ਪਾਇਰਾਈਟੀਜ਼ ਦੀ ਝਲਕ ਪੈਂਦੀ ਹੈ। ਟਰਕਾਇਜ਼ (ਫ਼ੀਰੋਜ਼ਾ) ਐਲੂਮਿਨੀਅਮ ਦਾ ਹਾਈਡ੍ਰਸ ਵੀ ਫ਼ਾੱਸਫ਼ੇਟ ਹੈ ਜਿਸ ਵਿਚ ਤਾਂਬੇ ਅਤੇ ਲੋਹੇ ਦੀ ਮਿਕਦਾਰ ਅਨੁਸਾਰ ਅਸਮਾਨੀ ਰੰਗ ਤੋਂ ਲੈ ਕੇ ਹਲਕੇ ਹਰੇ ਰੰਗ ਤੱਕ ਅਨੇਕ ਰੰਗ ਮਿਲਦੇ ਹਨ। ਮੈਲੇਕਾਈਟ ਭਰਵੇਂ ਹਰੇ ਰੰਗ ਵਾਲੇ ਤਾਂਬੇ ਦੇ ਹਾਈਡ੍ਰਸ ਕਾਰਬੋਨੇਟ ਹੁੰਦੇ ਹਨ, ਇਹ ਗੰਢਾਂ ਵਰਗੇ ਹੁੰਦੇ ਹਨ ਜਿਸ ਕਰਕੇ ਇਹ ਉਕਰਾਈ ਤੇ ਪਾਲਿਸ਼ ਕਰਦੇ ਸਮੇਂ ਰੁਕਾਵਟ ਪਾਉਂਦੇ ਹਨ। ਫ਼ਲੋਰ-ਸੱਪਾਰ ਜਾਂ ਫ਼ਲੋਰਾਈਟ ਇਕ ਅਜਿਹਾ ਹੀ ਘੱਟ ਕੀਮਤੀ ਪੱਥਰ ਹੈ ਜਿਸ ਦੀ ਕਠੋਰਤਾ 4 ਤਕ ਹੁੰਦੀ ਹੈ ਅਤੇ ਚੀਨੀ ਲੋਕ ਇਸ ਉੱਤੇ ਕੰਮ ਕਰਦੇ ਰਹੇ ਹਨ। ਇਹ ਬਹੁਤ ਹੀ ਸੂਖਮ ਰੰਗਾਂ ਵਿਚ ਮਿਲਦੇ ਹਨ ਅਤੇ ਹਲਕੇ ਹਰੇ ਤੇ ਨੀਲੇ ਰੰਗਾਂ ਵਿਚ ਆਮ ਹੁੰਦੇ ਹਨ।

ਯੂਰਪ ਅਤੇ ਚੀਨ ਵਿਚ ਸਫ਼ਲਤਾ ਪੂਰਵਕ ਦੋ ਹੋਰ ਮਣੀ ਪਦਾਰਥ ਭਾਵੇਂ ਖਣਿਜ ਨਹੀਂ ਹਨ, ਲੈਪੀਡਰੀ (ਮਣੀਕਾਰ) ਢੰਗਾਂ ਨਾਲ ਤਿਆਰ ਕੀਤੇ ਗਏ ਹਨ। ਇਹ ਅੰਬਰ, ਇਕ ਫ਼ਾੱਸਿਲ ਬਰੋਜ਼ਾ, ਜਿਸ ਦਾ ਰੰਗ ਅੰਬਰ-ਪੀਲੇ ਤੋਂ ਲਾਲ ਅਤੇ ਗੂੜ੍ਹਾ ਭੂਰਾ ਹੋ ਸਕਦਾ ਹੈ ਅਤੇ ਕੋਰਲ (ਮੂੰਗਾ) ਹਨ। ਸਭ ਤੋਂ ਕੀਮਤੀ ਪੱਥਰ ਸੁੰਦਰ ਗੁਲਾਬੀ ਰੰਗ ਦਾ ਹੁੰਦਾ ਹੈ।

ਹ. ਪੂ.–ਐਨ. ਬ੍ਰਿ. 12 : 840

**ਜੇਤਪੁਰ** : ਸ਼ਹਿਰ—ਗੁਜਰਾਤ ਰਾਜ (ਭਾਰਤ) ਦੇ ਰਾਜਕੋਟ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਭਾਦਰ ਨਦੀ ਦੇ ਪੱਛਮੀ ਕੰਢੇ ਉੱਤੇ ਪੋਰਬੰਦਰ ਤੋਂ 64 ਕਿ. ਮੀ. ਉੱਤਰ-ਪੂਰਬ ਵੱਲ ਵਾਕਿਆ ਹੈ। ਸ਼ਹਿਰ ਤੋਂ $1\frac{1}{2}$ ਕਿ. ਮੀ. ਉੱਤਰ ਵੱਲ ਇਕ ਖ਼ੂਬਸੂਰਤ ਪੁਲ ਬਣਿਆ ਹੋਇਆ ਹੈ। ਸ਼ਹਿਰ ਵਿਚ ਕਈ ਵਰਣਨ ਯੋਗ ਇਮਾਰਤਾਂ ਹਨ।

ਆਬਾਦੀ–73,560 (1991)

21° 40′ ਉ. ਵਿਥ.; 71° 53′ ਪੂ. ਲੰਬ.

ਹ. ਪੂ.–ਇੰਪ. ਗ. ਇੰਡ. 14 : 102; ਹਿੰ. ਵਿ. ਕੋ. 5 : 33

**ਜੇਤਪੁਰ (ਦੇਵਲੀ)** : ਰਿਆਸਤ—ਸਾਬਕਾ ਕਾਠੀਆਵਾੜ ਪੋਲਿਟਿਕਲ ਏਜੰਸੀ (ਭਾਰਤ) ਵਿਚ ਇਕ ਰਿਆਸਤ ਸੀ ਜਿਸ ਦਾ ਖੇਤਰਫਲ 240 ਵ. ਕਿ. ਮੀ. ਸੀ। ਇਸ ਦੇ 172 ਵ. ਕਿ. ਮੀ. ਦੇ ਖੇਤਰ ਵਿਚ ਖੇਤੀ ਕੀਤੀ ਜਾਂਦੀ ਸੀ। ਰਿਆਸਤ ਵਿਚ 21 ਪਿੰਡ ਸ਼ਾਮਲ ਸਨ।

ਹ. ਪੂ.–ਹਿੰ. ਵਿ. ਕੋ. 5 : 33

**ਜੇਤਪੁਰ (ਨਜ਼ਾਕਲਾ ਜਾਂ ਬਿਲਖਾਂ)** : ਰਿਆਸਤ—ਇਹ ਭਾਰਤ ਦੀ ਸਾਬਕਾ ਕਾਠੀਆਵਾੜ ਪੋਲਿਟਿਕਲ ਏਜੰਸੀ ਵਿਚ ਰਿਆਸਤ ਸੀ ਜਿਸ ਦਾ ਖੇਤਰਫਲ 184 ਵ. ਕਿ. ਮੀ. ਸੀ। ਇਸ ਵਿਚੋਂ 133 ਵ. ਕਿ. ਮੀ. ਵਾਹੀਯੋਗ ਖੇਤਰ ਸੀ। ਇਸ ਵਿਚ 24 ਪਿੰਡ ਸ਼ਾਮਲ ਸਨ।

ਹ. ਪੂ.–ਹਿੰ. ਵਿ. ਕੋ. 5 : 33

**ਜੇਤਪੁਰ (ਮੂਲੂ–ਸੁਰਾਗ)** : ਰਿਆਸਤ—ਭਾਰਤ ਦੀ ਆਜ਼ਾਦੀ ਤੋਂ ਪਹਿਲੋਂ ਬੰਬਈ ਵਿਚ ਸਾਬਕਾ ਕਾਠੀਆਵਾੜ ਪੋਲਿਟਿਕਲ

ਏਜੰਸੀ ਦੀ ਇਕ ਰਿਆਸਤ ਸੀ। ਇਸ ਵਿਚ 16 ਪਿੰਡ ਸ਼ਾਮਲ ਹੁੰਦੇ ਸਨ। ਇਸ ਦਾ ਖੇਤਰਫਲ 64 ਵ. ਕਿ. ਮੀ. ਸੀ।

ਹ. ਪੁ.–ਇੰਪ. ਗ. ਇੰਡ 14 : 101; ਹਿੰ. ਵਿ. ਕੋ. 5 : 33

**ਜੇਤਪੁਰ (ਵਾਦੀਆ)** : ਰਿਆਸਤ–ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਬੰਬਈ ਵਿਚ ਸਾਬਕਾ ਕਾਠੀਆਵਾੜ ਪੋਲਿਟਿਕਲ ਏਜੰਸੀ ਦੀ ਰਿਆਸਤ ਸੀ। ਇਸ ਦਾ ਖੇਤਰਫਲ 184 ਵ. ਕਿ. ਮੀ. ਸੀ। ਇਹ ਖੇਤੀ ਪ੍ਰਧਾਨ ਰਿਆਸਤ ਸੀ। ਇਸ ਦੇ 110 ਵ. ਕਿ. ਮੀ. ਖੇਤਰ ਉੱਤੇ ਖੇਤੀ ਕੀਤੀ ਜਾਂਦੀ ਸੀ। ਇਸ ਵਿਚ 17 ਪਿੰਡ ਸ਼ਾਮਲ ਸਨ।

ਹ. ਪੁ.–ਇੰਪ. ਗ. ਇੰਡ 14 : 102; ਹਿੰ. ਵਿ. ਕੋ. 5 : 33

**ਜੇਨਸ** : ਇਹ ਦਰ-ਦਰਵਾਜ਼ਿਆਂ ਦਾ ਰੱਖਿਅਕ ਦੋ ਮੁਖਾ ਪ੍ਰਾਚੀਨ ਇਤਾਲਵੀ ਦੇਵਤਾ ਹੈ। ਰੋਮ ਵਿਚ ਕਿਸੇ ਮੁਹਿੰਮ ਉੱਤੇ ਜਾ ਰਹੀ ਪਾਰਟੀ ਖ਼ਾਸ ਤੌਰ ਤੇ ਫ਼ੌਜ ਦੀ ਚੜ੍ਹਾਈ ਸਮੇਂ ਕਿੰਨੇ ਹੀ ਦਵਾਰ ਬਣਾਏ ਜਾਂਦੇ ਸਨ; ਇਨ੍ਹਾਂ ਵਿਚੋਂ ਉੱਤਰ ਵਾਲੇ ਪਾਸੇ ਜੇਨਸ ਜੈਮੀਨਸ ਦਵਾਰ ਸਭ ਤੋਂ ਮਹੱਤਵਪੂਰਨ ਸੀ। ਰੋਮ ਵਿਚ ਕਾਫ਼ੀ ਸਾਰੇ ਪ੍ਰਵੇਸ਼ ਮਾਰਗ ਅਤੇ ਪ੍ਰਸਥਾਨ ਮਾਰਗਾਂ ਦੇ ਢਾਂਚੇ ਸਨ।

ਕਈ ਵਿਦਵਾਨਾਂ ਦੇ ਖ਼ਿਆਲ ਵਿਚ ਇਹ ਕਾਰਜ ਦਾ ਪ੍ਰਾਰੰਭਕ ਦੇਵਤਾ ਹੈ ਅਤੇ ਦਰ-ਦਰਵਾਜ਼ਿਆਂ ਨਾਲ ਇਸ ਦਾ ਸਬੰਧ ਜੁੜ ਗਿਆ ਹੈ। ਸਾਰੇ ਦੇਵਤਿਆਂ ਤੋਂ ਪਹਿਲਾਂ ਇਸ ਦੀ ਪੂਜਾ ਕੀਤੀ ਜਾਂਦੀ ਸੀ। ਦਿਨ, ਮਹੀਨੇ ਅਤੇ ਸਾਲ ਦੇ ਮੁੱਢ ਇਸ ਲਈ ਪਵਿੱਤਰ ਸਨ। ਜਨਵਰੀ ਮਹੀਨੇ ਦਾ ਨਾਂ ਇਸ ਦੇ ਨਾਂ ਤੇ ਹੀ ਪਿਆ ਹੈ ਅਤੇ ਇਸ ਦਾ ਤਿਉਹਾਰ 9 ਜਨਵਰੀ ਨੂੰ ਹੁੰਦਾ ਸੀ। ਜੇਨਸ ਦੇ ਕਿੰਨੇ ਹੀ ਵੱਡੇ-ਵੱਡੇ ਮੰਦਰ ਬਣਾਏ ਗਏ।

ਦਰਵਾਜ਼ੇ ਤੋਂ ਇਲਾਵਾ ਦੋ-ਮੂੰਹਾਂ ਸਿਰ ਵੀ ਇਸ ਦਾ ਚਿੰਨ੍ਹ ਸੀ ਅਤੇ ਇਸ ਨੂੰ ਦਾੜ੍ਹੀ ਵਾਲਾ ਅਤੇ ਅਣਦਾੜ੍ਹੀਆ ਦੋਵੇਂ ਤਰ੍ਹਾਂ ਦਰਸਾਇਆ ਜਾਂਦਾ ਸੀ। ਕਈ ਵਾਰ ਚਾਰ ਪੱਖੀ ਡਾਟ ਉੱਤੇ ਇਸ ਨੂੰ ਚਾਰ ਮੂੰਹਾਂ ਵਾਲਾ ਵੀ ਵਿਖਾਇਆ ਜਾਂਦਾ ਸੀ।

ਹ. ਪੁ.–ਐਨ. ਬ੍ਰਿ. 12 : 876; ਐਨ. ਬ੍ਰਿ. ਮਾ. 5 : 517

**ਜੇਨਕਵਿਨ, ਕਲੀਮੈਂਟ** : ਇਹ ਸੋਲ੍ਹਵੀਂ ਸਦੀ ਵਿਚ ਫ਼ਰਾਂਸ ਦਾ ਉੱਘਾ ਸੰਗੀਤਕਾਰ ਹੋਇਆ ਹੈ। ਇਸ ਦਾ ਜਨਮ ਸ਼ਾਟੈਲਗਾਊ ਵਿਖੇ ਲ. 1480 ਈ. ਵਿਚ ਹੋਇਆ। ਸੰਨ 1549 ਵਿਚ ਪੈਰਿਸ ਵਿਖੇ ਟਿਕਣ ਤੋਂ ਪਹਿਲਾਂ ਇਸ ਨੇ ਬੋਰਡੋ ਅਤੇ ਆਜੂ ਵਿਖੇ ਕੰਮ ਕੀਤਾ। ਸੰਨ 1555 ਤੋਂ ਇਹ ਹੈਨਰੀ ਦੂਜੇ ਦੀ ਨੌਕਰੀ ਵਿਚ ਆਇਆ ਪਰ ਆਪਣੀ ਮੌਤ (ਲ. 1560) ਵੇਲੇ ਇਹ ਬਿਲਕੁਲ ਗ਼ਰੀਬ ਸੀ। ਭਾਵੇਂ ਇਹ ਇਕ ਪਾਦਰੀ ਸੀ ਅਤੇ ਇਸ ਨੇ ਕਈ ਧਾਰਮਕ ਗ੍ਰੰਥ ਤਿਆਰ ਕੀਤੇ ਪਰ ਇਸ ਦੀ ਪ੍ਰਸਿੱਧੀ ਇਸ ਦੇ 186 ਗੀਤਾਂ ਕਰਕੇ ਹੋਈ। ਇਸ ਦੇ ਗੀਤ ਕੁਦਰਤ, ਪੰਛੀਆਂ, ਲੜਾਈਆਂ ਅਤੇ ਗਲੀਆਂ ਦੀਆਂ ਆਵਾਜ਼ਾਂ ਦੀ ਨਕਲਾਂ ਤੇ ਅਧਾਰਤ ਹਨ ਅਤੇ ਇਸ ਕਰਕੇ ਹਰਮਨ ਪਿਆਰੇ ਹੋਏ ਇਸ ਦੇ ਗੀਤਾਂ ਵਿਚ 'La Bataille de Marignan', 'Voulez Ouir les crises de Paris', ਅਤੇ 'Le Chant des Oiseaux', ਆਦਿ ਪ੍ਰਸਿੱਧ ਹਨ।

ਹ. ਪੁ.–ਐਨ. ਬ੍ਰਿ. 12 : 871; ਐਨ. ਬ੍ਰਿ. ਮਾ. 5 : 514

**ਜੇਨਜ਼ਵਿਲ** : ਦੱਖਣੀ ਵਿਸਕਾਨਸਨ ਰਾਜ (ਸੰ. ਰ. ਅ.) ਦੀ ਰੌਕ ਕਾਊਂਟੀ ਵਿਚ, ਮਿਲਵਾਕੀ ਤੋਂ 112 ਕਿ. ਮੀ. ਦੱਖਣ-ਪੱਛਮ ਦੀ ਦਿਸ਼ਾ ਵਿਚ ਰਾਕ ਦਰਿਆ ਦੇ ਕੰਢੇ ਤੇ ਵਾਕਿਆ ਇਕ ਸ਼ਹਿਰ ਹੈ। ਇਹ ਕਾਊਂਟੀ ਦੀ ਸੀਟ ਵੀ ਹੈ। ਅੱਜਕੱਲ੍ਹ ਇਹ ਕਾਊਂਟੀ ਦਾ ਸੱਨਅਤੀ ਕੇਂਦਰ ਅਤੇ ਜ਼ਰਾਇਤੀ ਉਤਪਾਦਨਾਂ ਦੀ ਮੰਡੀ ਹੈ। ਸ਼ਹਿਰ ਦੇ ਆਸਪਾਸ ਡੇਅਰੀ ਅਨਾਜ ਅਤੇ ਤਮਾਕੂ ਦੀ ਪੈਦਾਵਾਰ ਹੁੰਦੀ ਹੈ। ਇਨ੍ਹਾਂ ਸਭ ਚੀਜ਼ਾਂ ਦੀ ਇਹ ਮੰਡੀ ਹੈ। ਇਥੇ ਟ੍ਰੈਕਟਰ ਫੈਕਟਰੀ, ਪਾਰਕਰ ਪੈਨਾਂ ਦੀ ਫੈਕਟਰੀ ਅਤੇ ਕਈ ਹੋਰ ਕਲ-ਪੁਰਜ਼ੇ, ਊਨੀ ਕੱਪੜੇ ਤਿਆਰ ਕਰਨ ਵਾਲੀਆਂ ਫੈਕਟਰੀਆਂ ਸਥਾਪਤ ਹਨ।

ਸ਼ਹਿਰ ਦੀ ਸਥਾਪਨਾ 1835 ਈ. ਵਿਚ ਹੈਨਰੀ ਆਫ਼ ਜੇਨਜ਼ ਨੇ ਕੀਤੀ ਸੀ, ਉਸ ਦੇ ਨਾਂ ਤੇ ਇਸ ਦਾ ਨਾਂ ਪੈ ਗਿਆ। ਪਿੱਛੋਂ 1922 ਈ. ਵਿਚ ਇਸ ਨੂੰ ਸ਼ਹਿਰ ਦੇ ਤੌਰ ਤੇ ਨਿਗਮਤ ਕਰ ਲਿਆ ਗਿਆ। ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਵਿਸਕਾਨਸਨ ਸਕੂਲ, ਲਿੰਕਨ-ਟਾਲਮੈਨ ਅਜਾਇਬ ਘਰ ਅਤੇ ਖਾਨਾਜੰਗੀ ਦਾ ਪ੍ਰਤੀਕ ਧਰਤੀ ਹੇਠਲੀ ਰੇਲ ਪਟੜੀ ਦਾ ਸਟੇਸ਼ਨ ਆਦਿ ਹਨ। ਇਸ ਸ਼ਹਿਰ ਵਿਚ ਵੁਮੈਨ ਕ੍ਰਿਸਚੀਅਨ ਟੈਮਪਰੈਂਸ ਯੂਨੀਅਨ ਦੇ ਮੋਢੀ ਫ਼ਰਾਂਸੀਸ ਵਿਲਾਰਡ ਦਾ ਘਰ ਵੀ ਹੈ।

ਆਬਾਦੀ–52,133 (1990)

42° 41′ ਉ. ਵਿਥ.; 89° 01′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 514; ਕੋਲ. ਐਨ. 10 : 601

**ਜੇਨਟੀਲੀ, ਅਲਬੈਰੀਕੋ** (Gentili, Alberico) : ਇਟਲੀ ਦੇ ਇਸ ਕਾਨੂੰਨਦਾਨ ਦਾ ਜਨਮ 14 ਜਨਵਰੀ, 1552 ਨੂੰ ਮਾਚੇਰਾਟਾ ਵਿਚ ਸਾਂਜਾਂਸ਼ੋ (San Ginesio) ਵਿਖੇ ਹੋਇਆ। ਇਹ ਅੰਤਰਰਾਸ਼ਟਰੀ ਕਾਨੂੰਨ ਵਿਗਿਆਨ ਦਾ ਮੋਢੀ ਅਤੇ ਪੱਛਮੀ ਯੂਰਪ ਵਿਚ ਰੋਮਨ ਕੈਥੋਲਿਕ ਧਰਮ-ਸ਼ਾਸਤਰ ਅਤੇ ਧਾਰਮਕ ਕਾਨੂੰਨ ਤੋਂ ਧਰਮ-ਨਿਰਪੇਖ ਕਾਨੂੰਨ ਨੂੰ ਵਖਰਿਆਉਣ ਵਾਲਾ ਪਹਿਲਾ ਵਿਅਕਤੀ ਮੰਨਿਆ ਜਾਂਦਾ ਹੈ।

ਸੰਨ 1572 ਵਿਚ ਜੇਨਟੀਲੀ ਨੇ ਡਾਕਟਰ ਆਫ਼ ਸਿਵਲ ਲਾਅ ਦੀ ਡਿਗਰੀ ਪ੍ਰਾਪਤ ਕੀਤੀ। ਪ੍ਰੋਟੈਸਟੈਂਟ ਹੋਣ ਕਰਕੇ 1579 ਈ. ਵਿਚ ਇਸ ਨੂੰ ਇਟਲੀ ਤੋਂ ਕੱਢ ਦਿੱਤਾ ਗਿਆ। ਸੰਨ 1581 ਤੋਂ ਲੈ ਕੇ 19 ਜੂਨ, 1608 ਨੂੰ ਆਪਣੀ ਮੌਤ ਤੱਕ ਇਹ ਆੱਕਸਫੋਰਡ ਯੂਨੀਵਰਸਿਟੀ, ਲੰਡਨ ਵਿਚ ਪੜ੍ਹਾਉਂਦਾ ਰਿਹਾ। ਇਹ ਰੋਮਨ ਕਾਨੂੰਨ ਉੱਤੇ ਲੈਕਚਰਾਂ ਅਤੇ ਆਪਣੀਆਂ ਅਣਗਿਣਤ ਰਚਨਾਵਾਂ ਕਰਕੇ ਬਹੁਤ ਪ੍ਰਸਿੱਧ ਹੋ ਗਿਆ। ਸੰਨ 1588 ਵਿਚ ਇਸ ਨੇ **'De Jure belli commentatio Prima'** ਪ੍ਰਕਾਸ਼ਤ ਕੀਤੀ। ਇਸ ਦਾ ਮੁਕੰਮਲ ਤੇ ਸੋਧਿਆ ਹੋਇਆ ਐਡੀਸ਼ਨ **'De Jure Belli Libritres'** (ਥ੍ਰੀ ਬੁਕਸ ਆਨ ਦੀ ਲਾਅ ਆਫ਼ ਵਾਰ) 1598 ਈ. ਵਿਚ ਪ੍ਰਕਾਸ਼ਤ ਹੋਇਆ। ਇਸ ਦੇ ਵਿਚਾਰ ਅਨੁਸਾਰ ਅੰਤਰ-ਰਾਸ਼ਟਰੀ ਕਾਨੂੰਨ ਵਿਚ ਸਭਿਅਕ ਕੌਮਾਂ ਦੀ ਨੈਤਿਕ ਵਿਚਾਰਧਾਰਾ ਸ਼ਾਮਲ ਹੋਣੀ ਚਾਹੀਦੀ ਹੈ। ਭਾਵੇਂ ਇਹ ਚਰਚ ਦੇ ਅਧਿਕਾਰੀ ਨੂੰ ਨਹੀਂ ਮੰਨਦਾ ਸੀ ਪਰ ਇਸ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਜਿਥੇ ਵੀ ਲੋੜ ਪਈ ਧਾਰਮਕ ਸਿਧਾਤਾਂ ਅਤੇ ਸਿਵਲ ਕਾਨੂੰਨਾਂ ਦੀ ਬਰਾਬਰ ਵਰਤੋਂ ਕੀਤੀ।

ਹ. ਪੁ.–ਐਨ. ਬ੍ਰਿ. ਮਾ. 4 : 472

**ਜੇਨਟੀਲੇ, ਜੋਵੱਨੀ** : ਇਹ ਇਟਲੀ ਦਾ ਉੱਘਾ ਦਰਸ਼ਨ-ਵਿਗਿਆਨੀ, ਰਾਜਨੀਤਕ, ਸਿੱਖਿਅਕ ਅਤੇ ਸੰਪਾਦਕ ਹੋਇਆ ਹੈ। ਜਰਮਨ ਦਰਸ਼ਨ ਵਿਗਿਆਨੀ ਹੀਗਲ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਅਸਲ ਦਾਰਸ਼ਨਿਕਵਾਦ ਦਾ ਸਿਧਾਂਤ ਪੇਸ਼ ਕੀਤਾ। ਇਸ ਦਾ ਜਨਮ 30 ਮਈ, 1875 ਨੂੰ ਕਾਸਟੈਲਵੈਤਰਾਨੋ ਵਿਖੇ ਹੋਇਆ। ਯੂਨੀਵਰਸਿਟੀ ਵਿਚ ਕਈ ਵੱਖ ਪਦਵੀਆਂ ਤੇ ਕੰਮ ਕਰਨ ਮਗਰੋਂ ਸੰਨ 1917 ਵਿਚ ਇਹ ਰੋਮ ਯੂਨੀਵਰਸਿਟੀ ਵਿਚ ਫਿਲਾਸਫ਼ੀ ਦੇ ਇਤਿਹਾਸ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਸੰਨ 1903 ਤੋਂ 1922 ਤੱਕ ਇਸ ਨੇ ਇਟਲੀ ਦੇ ਫਿਲਾਸਫਰ ਬੈਨੇਡੇਟੋ ਕ੍ਰੋਚੇ ਨਾਲ ਮਿਲ ਕੇ 'La Critica' ਰਸਾਲੇ ਦੀ ਸੰਪਾਦਨਾ ਕੀਤੀ। ਜੈਨਟੀਲੇ ਦੇ ਰਾਸ਼ਟਰਵਾਦ ਗ੍ਰਹਿਣ ਕਰਨ ਦੇ ਸਿੱਟੇ ਵਜੋਂ 1924 ਈ. ਵਿਚ ਇਨ੍ਹਾਂ ਦੀ ਲੰਬੀ ਦੋਸਤੀ ਖਤਮ ਹੋ ਗਈ।

ਸੰਨ 1922 ਤੋਂ 1924 ਤੱਕ ਜੈਨਟੀਲੇ ਫ਼ਾਸ਼ੀ ਸਰਕਾਰ ਵਿਚ ਸਿੱਖਿਆ ਮੰਤਰੀ ਰਿਹਾ ਅਤੇ ਇਸ ਨੇ ਸਿੱਖਿਆ ਦੇ ਖੇਤਰ ਵਿਚ ਬੜੇ ਸੁਧਾਰ ਲਿਆਂਦੇ। ਇਸ ਨੇ ਸਰਕਾਰ ਦੀਆਂ ਉੱਚ ਪੱਧਰੀਆਂ ਕਮੇਟੀਆਂ

ਜਾਂ ਕੌਂਸਲਾਂ ਵਿਚ ਕੰਮ ਕੀਤਾ ਪਰ 1929 ਈ: ਮਗਰੋਂ ਇਸ ਦਾ ਰਾਜਨੀਤਕ ਅਸਰ ਰਸੂਖ ਘੱਟਣ ਲੱਗ ਪਿਆ। 'ਐਨਸਾਈਕਲੋਪੀਡੀਆ ਇਟੇਲੀਆਨਾ' ਜੈਨਟੀਲੇ ਦੀ ਬਹੁਤ ਵੱਡੀ ਦੇਣ ਹੈ ਜਿਸ ਦੀ ਸੰਪਾਦਨਾ ਇਸ ਨੇ 1943 ਈ: ਤੱਕ ਕੀਤੀ। ਮਗਰੋਂ ਇਸ ਨੂੰ 'ਐਕੇਡੇਮੀਆ ਡਾਇਟੇਲੀਆ' ਦਾ ਪ੍ਰਧਾਨ ਬਣਾ ਦਿੱਤਾ ਗਿਆ। 15 ਅਪ੍ਰੈਲ, 1944 ਨੂੰ ਫ਼ਲੋਰੈਂਸ ਵਿਖੇ ਕਮਿਊਨਿਸਟਾਂ ਦੇ ਹੱਥੋਂ ਆਪਣੀ ਮੌਤ ਤੱਕ ਇਹ ਇਸ ਪਦਵੀ ਉੱਤੇ ਰਿਹਾ।



**ਜੋਵੱਨੀ ਜੇਨਟੀਲੇ**

ਆਪਣੀ **ਫ਼ਿਲਾਸਫ਼ੀ** ਨੂੰ ਜੇਨਟੀਲੇ ਨੇ **ਐਕਚੂਅਲ ਆਈਡੀ-ਆਨਿਜ਼ਮ ਦਾ** ਨਾਂ ਦਿੱਤਾ। 1920 ਵਿਚ ਸ਼ੁਰੂ ਕੀਤੇ ਆਪਣੇ ਰਸਾਲੇ 'Giornale Critico della filosofia italiana' ਵਿਚ ਉਹ ਆਪਣੇ ਅਤੇ ਆਪਣੇ ਸ਼ਾਗਿਰਦਾਂ ਦੇ ਵਿਚਾਰ ਛਾਪਦਾ ਰਿਹਾ। ਇਸ ਨੇ ਸਿੱਖਿਆ ਅਤੇ ਫ਼ਿਲਾਸਫ਼ੀ ਸਬੰਧੀ ਬੇਸ਼ੁਮਾਰ ਲਿਖਿਆ। 'ਦੀ ਰੀਫਾਰਮ ਆਫ਼ ਐਜੂਕੇਸ਼ਨ', 'ਦੀ ਫ਼ਿਲਾਸਫ਼ੀ ਆਫ਼ ਆਰਟ' ਅਤੇ 'ਦੀ ਥਿਊਰੀ ਆਫ਼ ਮਾਈਂਡ ਐਜ਼ ਪਯੋਰ ਐਕਟ' ਆਦਿ ਇਸ ਦੀਆਂ ਉੱਤਮ ਰਚਨਾਵਾਂ ਹਨ।

ਹ. ਪੁ.–ਐਨ. ਬ੍ਰਿ. ਮਾ. 4 : 471

**ਜੇਨਟੀਲੇ ਡ੍ਰਾ ਫਾਬ੍ਰੀਆਨੋ** : ਇਟਲੀ ਦੇ ਇਸ ਚਿੱਤਰਕਾਰ ਦਾ ਜਨਮ ਲਗਭਗ 1370 ਈ: ਵਿਚ ਫ਼ਾਬ੍ਰੀਆਨੋ ਵਿਖੇ ਹੋਇਆ। ਇਸ



**ਡ੍ਰਾ. ਫਾਬ੍ਰੀਆਨੋ ਜੇਨਟੀਲੇ ਦਾ ਬਣਾਇਆ ਇੱਕ ਚਿੱਤਰ**

**ਦਾ ਅਸਲੀ ਨਾਂ ਨਿਕੋਲੋ ਡੀ. ਜੋਵੈਨੀ ਡੀ. ਮਸੀਓ ਸੀ। ਇਸ ਦੇ ਕੁਝ ਕੁ ਬਚੇ ਖੁਚੇ ਚਿੱਤਰ ਅੰਤਰਰਾਸ਼ਟਰੀ ਗਾਥਿਕ ਸ਼ੈਲੀ ਦਾ ਸਭ ਤੋਂ ਵਧੀਆ ਨਮੂਨਾ ਹਨ। ਸੰਨ 1409 ਵਿਚ ਇਸ ਨੂੰ ਵੈਨਿਸ ਵਿਖੇ ਡੌਜਿਜ਼ ਪੈਲੇਸ ਨੂੰ** ਇਤਿਹਾਸਕ ਕੰਧ-ਚਿੱਤਰਾਂ ਨਾਲ ਸਜਾਉਣ ਦਾ ਕੰਮ ਮਿਲਿਆ। ਇਸ ਕੰਮ ਤੋਂ ਖ਼ੁਸ਼ ਹੋ ਕੇ ਇਸ ਨੂੰ ਸਾਲਾਨਾ ਪੈਨਸ਼ਨ ਲਗਾ ਦਿੱਤੀ ਗਈ। ਇਹ ਇਤਿਹਾਸਕ ਮੁਹਰਾਕਸ਼ੀ 1577 ਈ: ਵਿਚ ਤਬਾਹ ਹੋ ਗਈ। ਰੋਮ ਵਿਚ ਸੇਂਟ ਜਾਨ ਲੇਟਰਾਂ ਦੇ ਗਿਰਜੇ ਵਿਚ ਮੁਹਰਾਕਸ਼ੀ ਇਸ ਦਾ ਇਕ ਹੋਰ ਉੱਤਮ ਕਾਰਨਾਮਾ ਸੀ। ਸੰਨ 1423 ਵਿਚ ਮੁਕੰਮਲ ਹੋਇਆ 'ਐਡਰੇਸ਼ਨ ਆਫ਼ ਮੇਜ਼ਾਈ' ਇਸ ਦਾ ਸ਼ਾਹਕਾਰ ਹੈ, ਜਿਹੜਾ ਕਿ ਫਲੋਰੈਂਸ ਵਿਚ ਊਫੀਜ਼ੀ ਵਿਖੇ ਮੌਜੂਦ ਹੈ। ਇਸ ਨੇ ਕਿੰਨੇ ਹੀ ਹੋਰ ਬਹੁਤ ਵਧੀਆ ਚਿੱਤਰ ਬਣਾਏ।

ਸੰਨ 1427 ਵਿਚ ਰੋਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 10 : 111; ਐਨ. ਅਮੈ. 12.406; ਐਨ. ਬ੍ਰਿ. ਮਾ. 4 : 472

**ਜੇੱਬੁਨਿਸਾ** : ਇਹ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਸਭ ਤੋਂ ਵੱਡੀ ਲੜਕੀ ਸੀ ਜਿਸ ਦਾ ਜਨਮ 15 ਫ਼ਰਵਰੀ, 1638 ਨੂੰ ਦੱਖਣੀ ਭਾਰਤ ਵਿਚ ਦੌਲਤਾਬਾਦ ਵਿਖੇ ਹੋਇਆ। ਇਹ ਬਚਪਨ ਤੋਂ ਹੀ ਬੜੀ ਪ੍ਰਤਿਭਾਸ਼ਾਲੀ, ਹੋਣਹਾਰ ਅਤੇ ਸੁੰਦਰ ਬੱਚੀ ਸੀ। ਇਸ ਦੇ ਇਨ੍ਹਾਂ ਗੁਣਾਂ ਕਾਰਨ ਹੀ ਬਹੁਤ ਸਾਰੇ ਇਤਿਹਾਸਕਾਰਾਂ ਨੇ ਇਸ ਨੂੰ 'ਔਰਤ ਜਾਤ ਦਾ ਹੀਰਾ' ਕਹਿ ਕੇ ਵਡਿਆਇਆ ਹੈ।

ਹਾਫ਼ਿਜ਼ਾ ਮਰੀਅਮ ਨਾਉਂ ਦੀ ਅਧਿਆਪਕਾ ਤੋਂ ਇਸ ਨੇ ਸਿੱਖਿਆ ਹਾਸਲ ਕੀਤੀ। ਇਹ ਫ਼ਾਰਸੀ ਅਤੇ ਅਰਬੀ ਵਿਚ ਛੇਤੀ ਹੀ ਮੁਹਾਰਤ ਹਾਸਲ ਕਰ ਗਈ। ਸਾਰੇ ਦਾ ਸਾਰਾ ਕੁਰਾਨ ਇਸ ਨੂੰ ਜ਼ਬਾਨੀ ਯਾਦ ਸੀ। ਇਸੇ ਗੱਲ ਤੋਂ ਖ਼ੁਸ਼ ਹੋ ਕੇ ਇਸ ਦੇ ਪਿਤਾ ਬਾਦਸ਼ਾਹ ਔਰੰਗਜ਼ੇਬ ਨੇ ਇਸ ਨੂੰ 30 ਹਜ਼ਾਰ ਸੋਨੇ ਦੀਆਂ ਮੋਹਰਾਂ ਇਨਾਮ ਵਜੋਂ ਦਿੱਤੀਆਂ ਸਨ। ਔਰੰਗਜ਼ੇਬ ਇਸ ਦਾ ਬੜਾ ਆਦਰ ਕਰਦਾ ਸੀ ਅਤੇ ਇਸ ਦੀਆਂ ਨੇਕ ਸਲਾਹਾਂ ਵੀ ਲੈਂਦਾ ਸੀ। ਇਸ ਦੀ ਮੰਗਣੀ ਸੁਲੇਮਾਨ ਸ਼ਿਕੋਹ ਨਾਲ ਹੋਈ ਪਰ ਉਸਦੀ ਬੇਵਕਤੀ ਮੌਤ ਹੋਣ ਮਗਰੋਂ ਇਸਨੇ ਉਮਰ ਭਰ ਸ਼ਾਦੀ ਹੀ ਨਾ ਕਰਵਾਈ।

ਇਹ ਵੱਖ-ਵੱਖ ਲਿਪੀਆਂ ਦੀ ਸੁੰਦਰ ਅਤੇ ਸਾਫ਼ ਲਿਖਣ ਦੀ ਕਲਾ ਵਿਚ ਵੀ ਬਹੁਤ ਨਿਪੁੰਨ ਸੀ। ਬਚਪਨ ਤੋਂ ਹੀ ਇਸਨੇ ਅਰਬੀ ਅਤੇ ਫ਼ਾਰਸੀ ਵਿਚ ਕਵਿਤਾ ਲਿਖਣੀ ਆਰੰਭ ਕਰ ਦਿੱਤੀ। ਇਸ ਦਾ ਤਖ਼ਲਸ ਮਖ਼ਫ਼ੀ ਸੀ, ਜਿਸ ਦਾ ਅਰਥ ਹੈ ਗੁਪਤ ਰਹਿਣ ਵਾਲੀ। ਇਸ ਦਾ ਫ਼ਾਰਸੀ ਵਿਚ ਲਿਖਿਆ ਕਾਵਿ-ਸੰਗ੍ਰਹਿ 'ਦੀਵਾਨੇ ਮਖ਼ਫ਼ੀ' ਦੇ ਨਾਉਂ ਨਾਲ ਮਿਲਦਾ ਹੈ।

ਇਹ ਸੂਫ਼ੀ ਵਿਚਾਰਾਂ ਵਾਲੀ ਇਕ ਧਾਰਮਿਕ ਔਰਤ ਸੀ। ਇਸ ਨੂੰ ਚਾਰ ਲੱਖ ਰੁਪਈਆ ਸਾਲਾਨਾ ਭੱਤਾ ਮਿਲਦਾ ਸੀ ਜਿਸ ਵਿਚੋਂ ਵੱਡਾ ਹਿੱਸਾ ਵਿਦਵਾਨਾਂ ਨੂੰ ਉਤਸ਼ਾਹ ਦੇਣ ਅਤੇ ਵਿੱਧਵਾਵਾਂ ਤੇ ਯਤੀਮਾਂ ਦੀ ਸਹਾਇਤਾ ਕਰਨ ਵਿਚ ਅਤੇ ਹਰ ਸਾਲ ਮੱਕੇ ਮਦੀਨੇ ਲਈ ਜਾਣ ਵਾਲੇ ਹਾਜੀਆਂ ਉੱਪਰ ਖ਼ਰਚ ਕਰਦੀ ਸੀ।

ਸਾਹਿਤਕ ਕਿਰਤਾਂ ਤਿਆਰ ਕਰਨ ਵਾਲੇ ਬਹੁਤ ਸਾਰੇ ਵਿਦਵਾਨਾਂ ਨੂੰ ਇਸ ਨੇ ਚੰਗੀਆਂ ਤਨਖਾਹਾਂ ਤੇ ਰੱਖਿਆ ਅਤੇ ਮੁੱਲਾਂ ਸੈਫੂਦੀਨ ਅਰਦਬੇਲੀ ਦੀ ਮਦਦ ਨਾਲ ਅਰਬੀ ਦੇ ਗ੍ਰੰਥ 'ਤਫ਼ਸੀਰੇ ਕਬੀਰ' ਦਾ ਫ਼ਾਰਸੀ ਵਿਚ ਅਨੁਵਾਦ ਕਰਵਾਇਆ। ਇਸ ਦੀ ਇਕ ਬਹੁਤ ਸੁੰਦਰ ਲਾਇਬ੍ਰੇਰੀ ਸੀ ਜੋ ਸ਼ਾਹੀ ਲਾਇਬ੍ਰੇਰੀ ਨੂੰ ਛੱਡ ਕੇ ਉਸ ਸਮੇਂ ਦੀਆਂ ਬਾਕੀ ਲਾਇਬ੍ਰੇਰੀਆਂ ਵਿਚੋਂ ਸਭ ਤੋਂ ਵੱਡੀ ਸੀ।

ਸੰਨ 1691 ਵਿਚ ਔਰੰਗਜ਼ੇਬ ਦੇ ਪੁੱਤਰ ਸ਼ਹਿਜ਼ਾਦਾ ਅਕਬਰ ਨੇ ਆਪਣੇ ਪਿਤਾ ਵਿਰੁੱਧ ਬਗ਼ਾਵਤ ਕਰ ਦਿੱਤੀ। ਜੇਬੁਨਿਸਾ ਦਾ ਉਸੇ ਨਾਲ ਗੁਪਤ ਚਿੱਠੀ-ਪੱਤਰ ਚਲਦਾ ਸੀ। ਇਸ ਗੱਲ ਦਾ ਪਤਾ ਬਾਦਸ਼ਾਹ ਨੂੰ ਲੱਗਾ ਅਤੇ ਉਸ ਨੇ ਗੁੱਸੇ ਵਿਚ ਆ ਕੇ ਜੇਬੁਨਿਸਾ ਦਾ ਸਾਲਾਨਾ ਭੱਤਾ ਬੰਦ ਕਰ ਕੇ ਇਸ ਨੂੰ ਦਿੱਲੀ ਵਿਚ ਸਲੀਮਗੜ੍ਹ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਇਸ ਨੇ ਆਪਣੇ ਜੀਵਨ ਦੇ 21 ਵਰ੍ਹੇ ਇਸ ਕਿਲੇ ਦੀ ਕੈਦ ਵਿਚ ਰਹਿ ਕੇ ਗੁਜ਼ਾਰੇ।

25 ਮਈ, 1703 ਨੂੰ ਦਿੱਲੀ ਵਿਖੇ ਹੀ ਇਸ ਦੀ ਮੌਤ ਹੋ ਗਈ। ਇਸ ਨੂੰ ਕਾਬਲੀ ਗੇਟ ਦੇ ਬਾਹਰ ਤੀਸ ਹਜ਼ਾਰੀ ਬਾਗ਼ ਵਿਚ ਦਫ਼ਨਾਇਆ ਗਿਆ।

ਹ. ਪੁ.–ਹਿੰ. ਵਿ. ਕੋ. 5 : 35; ਪੰ. ਟ੍ਰਿ. 25.9.83; ਮ. ਕੋ. 532

**ਜੇਮਸਨ, ਸਰ ਲੀਨਡਰ ਸਟਾਰੇ** : ਇਹ ਇਕ ਬਰਤਾਨਵੀ ਸਿਆਸਤਦਾਨ ਸੀ, ਜਿਸ ਦਾ ਜਨਮ 9 ਫ਼ਰਵਰੀ, 1853 ਨੂੰ ਐਡਿਨਬ੍ਰਾ ਵਿਚ ਹੋਇਆ। ਯੂਨੀਵਰਸਿਟੀ ਕਾਲਜ ਵਿਖੇ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਇਸ ਨੇ ਡਾਕਟਰੀ ਕਿੱਤਾ ਸ਼ੁਰੂ ਕੀਤਾ ਪਰ ਬੀਮਾਰੀ ਨਾਲ ਸਿਹਤ ਕਮਜ਼ੋਰ ਹੋਣ ਕਾਰਨ ਇਹ 1878 ਈ. ਵਿਚ ਦੱਖਣੀ ਅਫ਼ਰੀਕਾ ਚਲਾ ਗਿਆ ਅਤੇ ਕਿੰਬਰਲੇ ਵਿਖੇ ਇਸਨੇ ਅਭਿਆਸ ਕਰਨਾ ਸ਼ੁਰੂ ਕੀਤਾ। ਇਥੇ ਇਹ ਸੈਮਲ ਰੋਡਜ਼ ਦਾ ਗੂੜ੍ਹਾ ਮਿੱਤਰ ਬਣ ਗਿਆ। ਰੋਡਜ਼ ਜਿਸ ਨੇ ਟ੍ਰਾਂਸਵਾਲ ਦੇ ਉੱਤਰ ਵਿਚ ਬਰਤਾਨਵੀ ਰਾਜ ਫੈਲਾਉਣ ਦੇ ਇਰਾਦੇ ਨਾਲ ਬ੍ਰਿਟਿਸ਼ ਸਾਊਥ ਅਫਰੀਕਾ ਕੰਪਨੀ ਸਥਾਪਤ ਕੀਤੀ ਸੀ, 1889 ਈ. ਵਿਚ ਜੇਮਸਨ ਨੂੰ ਮੈਟਾਬੀਲੀ ਦੇ ਮੁੱਖੀ ਲੋਬੈਂਗੁਲਾ ਨਾਲ ਸੋਨੇ ਦੀਆਂ ਖਾਣਾਂ ਸਬੰਧੀ ਅਧਿਕਾਰ ਲਈ ਗੱਲਬਾਤ ਕਰਨ ਲਈ ਭੇਜਿਆ। ਜੇਮਸਨ ਦੇ ਗੱਲ ਕਰਨ ਦੇ ਸੁਚੱਜੇ ਢੰਗ ਅਤੇ ਡਾਕਟਰੀ ਮੁਹਾਰਤ ਨੇ ਮੁੱਖੀ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ। ਜਾਨਸਨ ਨੂੰ ਇਸ ਸੇਵਾ ਬਦਲੇ 1890 ਈ. ਵਿਚ ਮਸ਼ਾਨਾ ਲੈਂਡ (Mashana Land) ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ। 1893 ਈ. ਵਿਚ ਇਸਨੇ ਮੈਟਾਬੀਲੀ ਵਿਖੇ ਹੋਈ ਬਗਾਵਤ ਨੂੰ ਇਕ ਫ਼ੌਜੀ ਦਸਤੇ ਦੀ ਮਦਦ ਨਾਲ ਦਬਾ ਕੇ ਉਥੇ ਬ੍ਰਿਟਿਸ਼ ਰਾਜ ਸਥਾਪਿਤ ਕੀਤਾ।

ਸੰਨ 1895 ਵਿਚ ਟ੍ਰਾਂਸਵਾਲ ਵਿਚ ਪ੍ਰੈਜ਼ੀਡੈਂਟ ਊਮਪਾਲ (Oom Paul) ਦੀ ਸਰਕਾਰ ਅਤੇ ਜ਼ਿਆਦਾਤਰ ਬ੍ਰਿਟਿਸ਼ ਅਬਾਦਕਾਰਾਂ ਵਿਚਕਾਰ ਝਗੜੇ ਕਾਰਨ ਬਗ਼ਾਵਤ ਦੇ ਚਿੰਨ੍ਹ ਨਜ਼ਰ ਆਉਣ ਲੱਗੇ। ਜੇਮਸਨ ਬ੍ਰਿਟਿਸ਼ ਦੱਖਣੀ ਅਫ਼ਰੀਕਾ ਕੰਪਨੀ (British South Africa Company) ਪੁਲਿਸ ਅਤੇ ਵਲੰਟੀਅਰਾਂ ਦੀ ਛੋਟੀ ਜਿਹੀ ਫ਼ੌਜ ਲੈ ਕੇ ਆਪਣੇ ਵਤਨੀ ਭਰਾਵਾਂ ਦੀ ਮਦਦ ਲਈ ਸਰਹੱਦ ਵੱਲ ਤੁਰ ਪਿਆ ਅਤੇ ਰੋਡਜ਼ ਦੇ ਹੁਕਮ ਤੋਂ ਬਿਨਾਂ ਹੀ 29 ਦਸੰਬਰ, 1895 ਨੂੰ ਟ੍ਰਾਂਸਵਾਲ ਉੱਤੇ ਹਮਲਾ ਕਰ ਦਿੱਤਾ ਪਰ ਇਹ ਹਮਲਾ ਪੂਰੀ ਤਰ੍ਹਾਂ ਅਸਫ਼ਲ ਰਿਹਾ ਅਤੇ ਜੇਮਸਨ ਨੂੰ ਬਰਤਾਨੀਆ ਦੇ ਹਵਾਲੇ ਕਰ ਦਿੱਤਾ। ਲੰਡਨ ਵਿਚ ਇਸ ਤੇ ਮੁਕੱਦਮਾ ਚਲਾਇਆ ਗਿਆ ਅਤੇ ਇਸ ਨੂੰ 15 ਮਹੀਨੇ ਦੀ ਕੈਦ ਹੋਈ ਪਰ ਬੀਮਾਰ ਹੋਣ ਕਾਰਨ 4 ਮਹੀਨੇ ਬਾਅਦ ਰਿਹਾ ਕਰ ਦਿੱਤਾ।

ਸੰਨ 1899 ਵਿਚ ਜੇਮਸਨ ਦੱਖਣੀ ਅਫਰੀਕਾ ਵਾਪਸ ਚਲਾ ਗਿਆ ਅਤੇ ਬੋਅਰ ਜੰਗ ਤੋਂ ਬਾਅਦ ਕੇਪ ਪਾਰਲੀਮੈਂਟ ਵਿਚ ਦਾਖ਼ਲ ਹੋਇਆ। ਸੰਨ 1904 ਵਿਚ ਇਹ ਪ੍ਰਾਗਰੈਸਿਵ ਪਾਰਟੀ ਦਾ ਲੀਡਰ ਬਣਿਆ। ਉਸ ਸਾਲ ਹੀ ਕੇਪ ਕਲੋਨੀ ਦਾ ਪ੍ਰਧਾਨ ਮੰਤਰੀ ਬਣਿਆ ਅਤੇ 1908 ਤੱਕ ਇਸ ਅਹੁਦੇ ਤੇ ਰਿਹਾ। ਇਹ ਰਾਜ-ਪ੍ਰਬੰਧ ਆਰਥਿਕ ਦਸ਼ਾ, ਅੰਦਰੂਨੀ ਸੁਧਾਰਾਂ ਅਤੇ ਬ੍ਰਿਟਨ ਅਤੇ ਬੋਅਰ ਦੀ ਵਿਰੋਧਤਾ ਨੂੰ ਦੂਰ ਕਰਨ ਦੀ ਇਸ ਦੀ ਸੁਹਿਰਦ ਖ਼ਾਹਿਸ਼ ਕਾਰਨ ਬਹੁਤ ਪ੍ਰਸਿੱਧ ਹੈ। 1910 ਈ. ਵਿਚ ਜੇਮਸਨ ਨੇ ਯੂਨੀਅਨਿਸਟ ਪਾਰਟੀ ਦੀ ਸਥਾਪਨਾ ਕੀਤੀ ਅਤੇ 1912 ਈ. ਤੱਕ ਵਿਰੋਧੀ ਧੜੇ ਦਾ ਨੇਤਾ ਰਿਹਾ। ਇਸ ਤੋਂ ਬਾਅਦ ਬੀਮਾਰ ਹੋਣ ਕਾਰਨ ਇਸ ਨੂੰ ਅਸਤੀਫ਼ਾ ਦੇਣਾ ਪਿਆ ਅਤੇ ਇਹ ਇੰਗਲੈਂਡ ਚਲਾ ਗਿਆ। 1913 ਈ. ਵਿਚ ਇਹ ਬ੍ਰਿਟਿਸ਼ ਦੱਖਣੀ ਅਫਰੀਕਾ ਕੰਪਨੀ ਦਾ ਪ੍ਰੈਜ਼ੀਡੈਂਟ ਬਣਿਆ। 1909 ਈ. ਵਿਚ ਨਾਈਟ ਅਤੇ 1911 ਈ. ਵਿਚ ਇਸਨੂੰ ਨਵਾਬ ਬਣਾਇਆ ਗਿਆ।

26 ਨਵੰਬਰ, 1917 ਵਿਚ ਜੇਮਸਨ ਦੀ ਮੌਤ ਹੋ ਗਈ। ਇਸਨੂੰ ਮੈਟਾਪੋ ਹਿਲਜ਼ ਵਿਚ ਰੋਡਜ਼ ਨੇੜੇ ਦਫਨਾਇਆ ਗਿਆ।

ਹ. ਪੁ.–ਐਨ. ਅਮੈ. 15 ; 608; ਕੋਲ. ਐਨ. 10

**ਜੇਮਜ਼ ਸੇਂਟ** : ਇਹ ਈਸਾ ਮਸੀਹ ਦੇ 12 ਧਰਮ ਪ੍ਰਚਾਰਕਾਂ ਵਿਚੋਂ ਇਕ ਸੀ। ਇਸ ਇਕੱਲੇ ਦੀ ਸ਼ਹੀਦੀ ਦਾ ਜ਼ਿਕਰ ਬਾਈਬਲ ਵਿਚ ਆਉਂਦਾ ਹੈ। ਇਸ ਦਾ ਜਨਮ ਫ਼ਿਲਸਤੀਨ ਖੇਤਰ ਵਿਚ ਗੈਲੀਲੀ ਵਿਖੇ ਅਤੇ ਮੌਤ ਲ. 44 ਈ. ਵਿਚ ਯੇਰੋਸ਼ਲਮ ਵਿਖੇ ਹੋਈ। ਇਸ ਨੂੰ 'ਜੇਮਜ਼ ਦੀ ਗ੍ਰੇਟ' ਵੀ ਕਿਹਾ ਜਾਂਦਾ ਹੈ। ਇਸ ਨੂੰ ਅਤੇ ਇਸ ਦੇ ਛੋਟੇ ਭਰਾ ਸੇਂਟ ਜਾਨ ਨੂੰ ਇਨ੍ਹਾਂ ਦੇ ਤੇਜਸਵੀ ਸੁਭਾਅ ਕਾਰਨ 'ਗਰਜ ਦੇ ਪੁੱਤਰ' ਕਰਕੇ ਵੀ ਜਾਣਿਆ ਜਾਂਦਾ ਸੀ।



**ਸੇਂਟ ਜੇਮਜ਼**

ਹਜ਼ਰਤ ਈਸਾ ਦੇ ਸੰਖੇਪ ਜੀਵਨ ਸਮਾਚਾਰ ਵਿਚ ਦਿੱਤੀ ਗਈ ਮਿਸ਼ਨਰੀਆ ਦੀ ਸੂਚੀ ਵਿਚ ਸੰਤ ਪੀਟਰ, ਸੰਤ ਐਂਡਰੀਉ, ਸੰਤ ਜੇਮਜ਼ ਅਤੇ ਸੰਤ ਜਾਨ ਦੇ ਨਾਂ ਆਉਂਦੇ ਹਨ। ਜਦੋਂ ਇਹ ਯੇਰੋਸ਼ਲਮ ਆਇਆ ਤਾਂ ਜੂਡੀਆ ਦੇ ਬਾਦਸ਼ਾਹ ਹੈਰੋਡ ਐਗਰਿਪਾ ਪਹਿਲੇ ਦੇ ਹੁਕਮ ਨਾਲ ਇਸ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਹ ਪਹਿਲਾ ਸੰਤ ਸੀ ਜਿਸ ਨੂੰ ਤਸੀਹੇ ਦੇ ਕੇ ਮਾਰਿਆ ਗਿਆ। ਇਕ ਸਪੇਨੀ ਦੰਦ-ਕਥਾ ਅਨੁਸਾਰ ਇਸ ਦੀ ਦੇਹ ਸੈਟਿਆਗੋ ਡੀ. ਕੈਪੋਸਟੈਲਾ ਲਿਆਂਦੀ ਗਈ ਸੀ, ਜਿਥੇ ਇਸ ਦੇ ਧਰਮ-ਅਸਥਾਨ ਤੇ ਸੰਸਾਰ ਭਰ ਤੋਂ ਬੇਸ਼ੁਮਾਰ ਯਾਤਰੂ ਆਉਂਦੇ ਹਨ। ਇਸ ਦਾ ਪੁਰਬ ਹਰ ਸਾਲ 25 ਜੁਲਾਈ ਨੂੰ ਮਨਾਇਆ ਜਾਂਦਾ ਹੈ।

ਹ. ਪੁ.–ਕੋਲ. ਐਨ. 10 : 593; ਐਨ. ਅਮੈ. 15 : 601; ਐਨ. ਬ੍ਰਿ. 5 : 507

**ਜੇਮਜ਼, ਸੇਂਟ** : ਕਈ ਲੋਕ ਇਸ ਸੰਤ ਨੂੰ ਈਸਾ ਮਸੀਹ ਦੇ ਭਰਾ ਦਾ ਦਰਜਾ ਦਿੰਦੇ ਹਨ। ਸੇਂਟ ਪਾਲ ਇਸ ਨੂੰ ਇਕ ਧਰਮ ਪ੍ਰਚਾਰਕ ਮੰਨਦਾ ਸੀ, ਭਾਵੇਂ ਕਿ ਮੁੱਢਲੇ 12 ਧਾਰਮਕ ਆਗੂਆਂ ਵਿਚੋਂ ਨਹੀਂ ਸੀ। ਇਹ ਯੇਰੋਸ਼ਲਮ ਦੇ ਈਸਾਈਆਂ ਦਾ ਮੁਖੀ ਸੀ ਅਤੇ ਸੰਤ ਪੀਟਰ ਅਤੇ ਸੰਤ ਜਾਨ ਸਮੇਤ ਇਸ ਨੂੰ 'ਧਰਮ ਦਾ ਥੰਮ' ਮੰਨਿਆ ਜਾਂਦਾ ਹੈ, ਇਸ ਦੇ ਜਨਮ ਬਾਰੇ ਕੁਝ ਪਤਾ ਨਹੀਂ ਪਰ ਇਸ ਦੀ ਮੌਤ ਲ. 62 ਈ. ਵਿਚ ਯੇਰੋਸ਼ਲਮ ਵਿਚ ਯਹੂਦੀ ਪੁਜਾਰੀ ਐਨਾਨੁਸ ਦੇ ਆਦੇਸ਼ ਤੇ ਇਸ ਨੂੰ ਤਸੀਹੇ ਦੇ ਕੇ ਮਾਰਨ ਤੇ ਹੋਈ।

ਪ੍ਰਾਚੀਨ ਮਤ ਅਨੁਸਾਰ ਸੇਂਟ ਜੇਮਜ਼ ਯੇਰੋਸ਼ਲਮ ਦਾ ਪਹਿਲਾ ਬਿਸ਼ਪ ਸੀ ਪਰ ਬਾਈਬਲ ਵਿਚ ਅਜਿਹਾ ਜ਼ਿਕਰ ਨਹੀਂ ਆਉਂਦਾ। ਇਸ ਨੂੰ ਨੈਤਿਕ ਹਦਾਇਤਾਂ ਬਾਰੇ ਬਾਈਬਲ ਦੇ ਇਕ ਅਧਿਆਇ 'ਲੈਟਜਰ ਆਫ਼ ਜੇਮਜ਼' ਦਾ ਕਰਤਾ ਮੰਨਿਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. ਮਾ. 5 : 507; ਕੋਲ. ਐਨ. 10 : 593; ਐਨ. ਅਮੈ. 15 : 601

**ਜੇਮਜ਼, ਹੈਨਰੀ** : ਅਮਰੀਕਾ ਦੇ ਇਸ ਸੁਪ੍ਰਸਿੱਧ ਗਲਪਕਾਰ ਦਾ ਜਨਮ ਨਿਊਯਾਰਕ ਸ਼ਹਿਰ ਵਿਚ 15 ਅਪ੍ਰੈਲ, 1843 ਨੂੰ ਹੋਇਆ। ਇਸ ਦੇ ਨਾਵਲਾਂ ਦਾ ਮੁੱਖ ਵਿਸ਼ਾ ਦੁਨੀਆ ਦੇ ਭੋਲੇਪਣ ਤੇ ਉਮਾਹ ਅਤੇ ਪੁਰਾਣੀ ਦੁਨੀਆ ਦੇ ਭ੍ਰਿਸ਼ਟਾਚਾਰ ਤੇ ਸਿਆਣਪ ਵਿਚ ਟੱਕਰ ਨੂੰ ਉਜਾਗਰ ਕਰਨਾ ਸੀ। ਇਸ ਨੇ ਅਮਰੀਕਾ ਅਤੇ ਯੂਰਪ ਵਿਚ ਵਿੱਦਿਆ ਪ੍ਰਾਪਤ ਕੀਤੀ ਅਤੇ 21 ਸਾਲ ਦੀ ਉਮਰ ਵਿਚ ਆਪਣੀ ਪਹਿਲੀ ਕਹਾਣੀ ਛਪਵਾਈ। ਹੈਨਰੀ ਜੇਮਜ਼ ਨੇ ਆਪਣੇ ਜੀਵਨ ਦੇ ਪਹਿਲੇ ਤੇ ਮਹੱਤਵਪੂਰਨ ਪੜਾਅ ਦੌਰਾਨ ਵਿਅਕਤੀਗਤ ਸਬੰਧਾਂ ਦੇ ਵਿਸ਼ਿਆਂ ਨੂੰ ਚੁਣਿਆ। 'ਵਾਚ ਐਂਡ ਵਾਰਡ' ਅਤੇ 'ਰਾਡਰਿਕ ਹਡਸਨ' (1875) ਨਾਵਲ ਅਤੇ 'ਟ੍ਰਾਂਸਐਟਲਾਂਟਿਕ ਸਕੈਚਿਜ਼' ਸਫ਼ਰਨਾਮਾ ਲਿਖ ਕੇ ਇਸ ਨੇ ਲੇਖਕ ਵਜੋਂ ਆਪਣੀ ਥਾਂ ਬਣਾ ਲਈ। ਸੰਨ 1875-76 ਵਿਚ ਇਹ ਪੈਰਿਸ ਅਤੇ ਲੰਡਨ ਚਲਾ ਗਿਆ। ਉਥੇ ਇਹ ਟੈਨੀਸ਼ਨ ਗਲੈਡਸਟੋਨ, ਬ੍ਰਾਊਨਿੰਗ ਅਤੇ ਹੋਰ ਲੇਖਕਾਂ ਨੂੰ ਮਿਲਦਾ ਰਿਹਾ ਅਤੇ ਕਈ ਕਲੱਬਾਂ ਆਦਿ ਦਾ ਮੈਂਬਰ ਵੀ



ਹੈਨਰੀ ਜੇਮਜ਼

ਰਿਹਾ। ਇਸ ਸਮੇਂ ਦੌਰਾਨ ਇਹ 'ਨਿਊਯਾਰਕ ਟ੍ਰਿਬਿਊਨ' ਨੂੰ ਸਾਹਿਤਕ ਲੇਖ ਭੇਜਦਾ ਰਿਹਾ। ਸੰਨ 1878 ਵਿਚ 'ਡੇਜ਼ੀ ਮਿਲਰ' ਦੀ ਕਹਾਣੀ ਨਾਲ ਇਸ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਹੋਈ। ਇਹ ਮੁੱਢਲਾ ਪੜਾਅ ਇਸ ਦੇ ਸ਼ਾਹਕਾਰ 'ਪੋਟਰੇਟ ਆਫ਼ ਏ ਲੇਡੀ' (1881) ਦੇ ਛਪਣ ਨਾਲ ਖ਼ਤਮ ਹੁੰਦਾ ਹੈ। ਇਹ ਅਭਿਮਾਨੀਆਂ ਦੇ ਇਕ ਗਰੁੱਪ ਦੀ ਕਮਾਲ ਦੀ ਕਹਾਣੀ ਹੈ ਅਤੇ ਸੰਸਾਰ ਦੇ ਸਭ ਤੋਂ ਉੱਤਮ ਨਾਵਲਾਂ ਵਿਚੋਂ ਇਕ ਹੈ। ਆਪਣੇ ਦੂਜੇ ਪੜਾਅ ਵਿਚ ਹੈਨਰੀ ਜੇਮਜ਼ ਨੇ ਸਮਾਜ ਸੁਧਾਰ ਦੇ ਵਿਸ਼ਿਆਂ ਵੱਲ ਧਿਆਨ ਦਿੱਤਾ। ਸੰਨ 1880 ਵਿਚ ਇਸ ਨੇ 'ਦੀ ਬੋਸਟੋਨੀਅਨਜ਼', 'ਦੀ ਪ੍ਰਿਨਸੈਸ ਕਾਸਾਮਾਸਿੱਮ' ਅਤੇ 'ਦੀ ਟ੍ਰੈਜਿਕ ਮਿਊਜ਼' ਨਾਵਲ ਲਿਖੇ। ਇਸ ਪੜਾਅ ਦਾ ਇਸ ਦਾ ਨਾਟਕ 'Guy Domville' ਬੁਰੀ ਤਰ੍ਹਾਂ ਫੇਲ ਹੋਇਆ। ਇਸ ਲਈ ਇਸ ਨੇ ਆਪਣੀ ਕਹਾਣੀ ਕਹਿਣ ਦੇ ਢੰਗ ਨੂੰ ਬਦਲਿਆ ਅਤੇ 'ਦੀ ਸਪਾਇਲ ਆਫ਼ ਪੋਇਨਟਨ' (1897), 'ਵਟ ਮੇਜ਼ੀ ਨਿਊ' (1897), 'ਇਨ ਦੀ ਕੇਜ਼' (1898) ਅਤੇ 'ਦੀ ਆਕਵਰਡ ਏਜ' (1899) ਆਦਿ ਵਰਗੇ ਕਈ ਚੰਗੇ ਨਾਵਲ ਲਿਖੇ।

ਆਪਣੇ ਅੰਤਲੇ ਪੜਾਅ ਵਿਚ ਜੇਮਜ਼ ਨੇ ਤਿੰਨ ਵਧੀਆ ਨਾਵਲ- 'ਦੀ ਅੰਬੈਸਡਰਜ਼' (1901), 'ਦੀ ਵਿੰਗਜ਼ ਆਫ਼ ਦੀ ਭਵ' (1902) ਅਤੇ 'ਦੀ ਗੋਲਡਨ ਬਾਊਲ' (1904) ਲਿਖੇ।

ਹੈਨਰੀ ਜੇਮਜ਼ ਆਲੋਚਕ ਵੀ ਸੀ। ਇਸ ਨੇ ਆਪਣੇ ਸਮੇਂ ਦੇ ਨਾਵਲਕਾਰਾਂ ਸਬੰਧੀ ਕਿੰਨੇ ਹੀ ਲੇਖ ਲਿਖੇ। ਇਸ ਦੇ ਸਫ਼ਰਨਾਮਿਆਂ ਵਿਚ 'ਇੰਗਲਿਸ਼ ਆਵਰਜ਼', 'ਇੰਟੇਲੀਅਨ ਆਵਰਜ਼' ਅਤੇ 'ਏ ਲਿਟਲ ਟੂਰ ਇਨ ਫ਼ਰਾਂਸ' ਸ਼ਾਮਲ ਹਨ।

ਆਪਣੇ ਅੰਤਲੇ ਸਾਲਾਂ ਵਿਚ ਜੇਮਜ਼ ਸਸੈਕਸ ਵਿਚ ਰਾਈ ਵਿਖੇ ਅਠਾਰ੍ਹਵੀਂ ਸਦੀ ਦੇ ਇਕ ਮਕਾਨ ਵਿਚ ਰਹਿਣ ਲੱਗ ਪਿਆ। ਸਾਹਿਤਕ ਖੇਤਰਾਂ ਵਿਚ ਇਸ ਦਾ ਬਹੁਤ ਮਾਣ ਕੀਤਾ ਜਾਂਦਾ ਸੀ। ਸੰਨ 1904-05 ਵਿਚ ਇਹ ਅਮਰੀਕਾ ਗਿਆ। ਵਾਪਸ ਇੰਗਲੈਂਡ ਪਰਤ ਕੇ ਇਸ ਨੇ ਆਪਣੀ ਕਵਿਤਾ ਦੀ ਪੁਸਤਕ 'ਦੀ ਅਮੈਰੀਕਨ ਸੀਨ' (1907) ਪ੍ਰਕਾਸ਼ਿਤ ਕੀਤੀ।

ਉਮਰ ਦੇ ਆਖ਼ਰੀ ਵਰ੍ਹਿਆਂ ਵਿਚ ਹੈਨਰੀ ਜੇਮਜ਼ ਨੂੰ ਸਨਮਾਨਿਤ ਕੀਤਾ ਗਿਆ। ਆੱਕਸਫੋਰਡ ਅਤੇ ਹਾਰਵਰਡ ਦੀਆਂ ਯੂਨੀਵਰਸਿਟੀਆਂ ਨੇ ਇਸ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਸੰਨ 1915 ਵਿਚ ਬਾਦਸ਼ਾਹ ਜਾਰਜ ਪੰਜਵੇਂ ਨੇ ਇਸ ਨੂੰ 'ਆਰਡਰ ਆਫ਼ ਮੈਰਿਟ' ਨਾਲ ਸਨਮਾਨਿਆ।

ਇਸ ਦੀ ਮੌਤ ਲੰਡਨ ਵਿਚ 28 ਫ਼ਰਵਰੀ, 1916 ਨੂੰ ਹੋਈ।

ਹ. ਪੁ.–ਐਨ. ਬ੍ਰਿ. 12 : 861; ਐਨ. ਬ੍ਰਿ. ਮਾ. 5 : 509; ਐਨ. ਬ੍ਰਿ. ਮੈ. 10:24

**ਜੇਮਜ਼ (ਪਹਿਲਾ–ਆਇਰਲੈਂਡ)** : ਆਇਰਲੈਂਡ ਦੇ ਇਸ ਬਾਦਸ਼ਾਹ ਦਾ ਜਨਮ 19 ਜੂਨ, 1566 ਨੂੰ ਐਡਨਬਰਗ ਵਿਖੇ ਮੇਰੀ ਸਕਾਟ ਅਤੇ ਲਾਰਡ ਡਾਰਨਲੇ ਦੇ ਘਰ ਹੋਇਆ। ਆਪਣੇ ਮਾਂ ਬਾਪ ਦਾ ਇਹ ਇਕਲੌਤਾ ਪੁੱਤਰ ਸੀ। ਸੰਨ 1567 ਵਿਚ ਮੇਰੀ ਸਕਾਟ ਕੋਲੋਂ ਜ਼ਬਰਦਸਤੀ ਤਿਆਗ ਪੱਤਰ ਲੈ ਕੇ ਜੇਮਜ਼ ਨੂੰ ਸਕਾਟਲੈਂਡ ਦਾ ਬਾਦਸ਼ਾਹ ਹੋਣ ਦਾ ਐਲਾਨ ਕੀਤਾ ਗਿਆ। ਨਾਬਾਲਗ਼ ਹੋਣ ਕਰਕੇ ਸ਼ਾਸਨ ਦਾ ਕੰਮ ਰੀਜੈਂਟਾਂ ਨੇ ਆਪਣੇ ਹੱਥਾਂ ਵਿਚ ਰੱਖਿਆ।

ਜੇਮਜ਼ ਦੀ ਸਿੱਖਿਆ ਦਾ ਪ੍ਰਬੰਧ ਜਾਰਜ ਬਿਊਕੈਨ (George Buchanan) ਪੀਟਰ ਯੰਗ ਕੋਲ ਕੀਤਾ ਗਿਆ। ਸੰਨ 1583 ਤੱਕ ਇਹ ਸਕਾਟਲੈਂਡ ਉੱਪਰ ਅਧਿਕਾਰ ਪ੍ਰਾਪਤ ਕਰਨ ਲਈ ਆਪੋ ਵਿਚ ਝਗੜ ਰਹੇ ਦੁਸ਼ਮਨ ਰਾਜਨੀਤਕਾਂ ਦੇ ਕਬਜ਼ੇ ਵਿਚ ਰਿਹਾ ਪਰ ਇਸ ਉਪਰੰਤ ਇਸ ਨੇ ਖ਼ੁਦ ਰਾਜ ਦੀ ਵਾਗ-ਡੋਰ ਸੰਭਾਲੀ। ਸੰਨ 1586 ਵਿਚ ਜੇਮਜ਼ ਨੇ ਇੰਗਲੈਂਡ ਦੀ ਮਲਕਾ ਇਲਜ਼ਬਥ ਨਾਲ ਸਮਝੌਤਾ ਕੀਤਾ ਜਿਸ ਦੇ ਫਲਸਰੂਪ ਇਹ ਆਪਣੀ ਮਾਂ ਤੋਂ ਦੂਰ ਹੋ ਗਿਆ। ਇਸ ਤੋਂ ਅਗਲੇ 20 ਸਾਲਾਂ ਦੌਰਾਨ ਇਸ ਨੇ ਸਕਾਟਲੈਂਡ ਵਿਚ ਇਕ ਚੰਗੀ ਸਰਕਾਰ ਸਥਾਪਿਤ ਕੀਤੀ ਅਤੇ ਬਾਗ਼ੀ ਜਾਗੀਰਦਾਰਾਂ ਨੂੰ ਦਬਾ ਕੇ ਸ਼ਾਹੀ ਅਧਿਕਾਰਾਂ ਨੂੰ ਮਜ਼ਬੂਤ ਕੀਤਾ। ਇਸੇ ਸਮੇਂ ਦੌਰਾਨ ਜੇਮਜ਼ ਨੇ ਹਕੂਮਤ ਉੱਪਰ ਪ੍ਰੈਸਬੀਟਰੀ ਚਰਚ ਦੀ ਪ੍ਰਧਾਨਤਾ ਨੂੰ ਰੋਕਿਆ। ਜੇਮਜ਼ ਬਾਦਸ਼ਾਹ ਦੇ ਦੈਵੀ ਅਧਿਕਾਰਾਂ ਦਾ ਹਾਮੀ ਸੀ ਜਿਸ ਕਰਕੇ ਇਸਨੇ ਚਰਚ ਉੱਪਰ ਰਾਜ ਦੇ ਅਧਿਕਾਰ ਦਾ ਦਾਅਵਾ ਕੀਤਾ।

23 ਨਵੰਬਰ, 1589 ਨੂੰ ਇਸ ਨੇ ਡੈਨਮਾਰਕ ਦੇ ਫ੍ਰੈਡਰਿਕ ਦੂਜੇ ਦੀ ਪੁੱਤਰੀ 'ਐਨ' ਨਾਲ ਸ਼ਾਦੀ ਕਰਵਾਈ ਅਤੇ 1603 ਈ: ਵਿਚ ਮਲਕਾ ਇਲਿਜ਼ਬਥ ਦੀ ਮੌਤ ਉਪਰੰਤ ਇਹ ਇੰਗਲੈਂਡ ਦਾ ਸ਼ਾਸਕ ਬਣਿਆ ਤੇ ਇਸ ਸਮੇਂ ਇਸ ਨੇ ਸਕਾਟਲੈਂਡ ਅਤੇ ਇੰਗਲੈਂਡ ਦੋਹਾਂ ਰਾਜ-ਸ਼ਕਤੀਆਂ ਨੂੰ ਇਕੱਠਾ ਕੀਤਾ। ਇਸੇ ਦੌਰਾਨ ਜੇਮਜ਼ ਨੇ ਕੈਥੋਲਿਕ ਤਾਕਤਾਂ ਨਾਲ ਚੰਗੇ ਸਬੰਧ ਕਾਇਮ ਕੀਤੇ।

ਜੇਮਜ਼ ਪਹਿਲੇ ਦੇ ਸ਼ਾਸਨ ਕਾਲ ਤੋਂ ਰਾਜ ਦੇ ਸੰਸਦ ਵਿਚਕਾਰ ਲੰਬਾ ਸੰਘਰਸ਼ ਸ਼ੁਰੂ ਹੋਇਆ। ਇਸ ਦੇ ਸ਼ਾਸਨ ਵਿਚ ਕੁੱਲ ਚਾਰ ਸੰਸਦਾਂ ਬਣੀਆਂ। ਧਰਮ, ਕਰ-ਵਿਵਸਥਾ ਅਤੇ ਬਦੇਸ਼-ਨੀਤੀ ਜੇਮਜ਼ ਦੇ ਰਾਜ-ਕਾਲ ਦੌਰਾਨ ਸ਼ੁਰੂ ਹੋਣ ਵਾਲੇ ਸੰਘਰਸ਼ ਦੇ ਅਸਲੀ ਕਾਰਨ ਸਨ। ਇਸਨੇ (ਇੰਪੋਜੀਸ਼ਨਜ਼) ਟੈਕਸ ਪਾਰਲੀਮੈਂਟ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਲਗਾ ਦਿੱਤੇ। ਇਸਦੀ ਸਪੇਨ ਨਾਲ ਮਿੱਤਰਤਾ ਵਾਲੇ ਸਬੰਧ ਕਾਇਮ ਕਰਕੇ ਸ਼ਾਂਤੀ ਸਥਾਪਿਤ ਕਰਨ ਦੀ ਨੀਤੀ ਨੇ ਪਰਜਾ ਨੂੰ ਨਾਰਾਜ਼ ਕਰ ਦਿੱਤਾ

ਕਿਉਂਕਿ ਤੀਹ ਸਾਲਾ ਯੁੱਧ ਵਿਚ ਸਾਰੇ ਹੀ ਇਹ ਉਮੀਦ ਕਰਦੇ ਸਨ ਕਿ ਬਾਦਸ਼ਾਹ ਪੈਲੇਟਾਇਨ ਦੇ ਇਲੈਕਟਰ ਫ੍ਰੈਡਰਿਕ ਦੀ ਮਦਦ ਕਰੇਗਾ। ਇਸ ਤੋਂ ਪਿੱਛੋਂ ਇਸ ਦੇ ਲੜਕੇ ਚਾਰਲਸ ਦੀ ਸ਼ਾਦੀ ਸਪੇਨ ਦੀ ਰਾਜ ਕੁਮਾਰੀ ਨਾਲ ਨਾ ਹੋਣ ਕਰਕੇ ਜੇਮਜ਼ ਨੇ 1624 ਈ. ਵਿਚ ਫਿਰ ਸਪੇਨ ਨਾਲ ਯੁੱਧ ਦਾ ਐਲਾਨ ਕਰ ਦਿੱਤਾ।

ਜੇਮਜ਼ ਇਕ ਚੰਗਾ ਵਿਦਵਾਨ ਸੀ ਤੇ ਸਾਹਿਤ ਵਿਚ ਦਿਲਚਸਪੀ ਰੱਖਦਾ ਸੀ। ਇਸਨੇ ਕਈ ਕਾਵਿ-ਸ਼ਾਸਤਰ ਵੀ ਲਿਖੇ।

27 ਮਾਰਚ, 1625 ਨੂੰ ਜੇਮਜ਼ ਦੀ ਮੌਤ ਹੋ ਗਈ।

ਹ. ਪੁ.–ਕੋਲ. ਐਨ. 10 : 594, ਹਿੰ. ਵਿ. ਕੋ. 5 : 39

**ਜੇਮਜ਼ (ਪਹਿਲਾ–ਆਰਾਗੱਨ)** : ਇਸ ਨੂੰ 'ਦੀ ਕਾਂਕਰਰ' (ਜੇਤੂ) ਵੀ ਕਿਹਾ ਜਾਂਦਾ ਹੈ। ਇਹ ਆਰਾਗੱਨ ਦਾ ਬਾਦਸ਼ਾਹ ਸੀ ਜਿਹੜਾ 2 ਫ਼ਰਵਰੀ, 1208 ਵਿਚ ਮਾਟਪੀਯਰ ਵਿਖੇ ਪੀਟਰ ਦੂਜੇ ਦੇ ਘਰ ਪੈਦਾ ਹੋਇਆ।

ਸੰਨ 1211 ਵਿਚ ਪੀਟਰ ਨੇ ਇਸ ਨੂੰ ਦੇਖਭਾਲ ਲਈ ਮਾਨਫਰਾਟ ਦੇ ਹਵਾਲੇ ਕਰ ਦਿੱਤਾ। 12 ਸਤੰਬਰ, 1213 ਵਿਚ ਪੀਟਰ ਦੀ ਮੌਤ ਤੋਂ ਬਾਅਦ ਬਾਲ-ਅਵਸਥਾ ਵਿਚ ਜੇਮਜ਼ ਗੱਦੀ ਤੇ ਬੈਠਾ ਅਤੇ ਇਸ ਨੂੰ ਟੈਂਪਲਰਸ ਦੀ ਦੇਖ-ਰੇਖ ਵਿਚ ਛੱਡਿਆ ਗਿਆ ਜਿਸ ਨੇ ਇਸ ਨੂੰ ਮਾਜ਼ੋਨ ਵਿਖੇ ਸਿੱਖਿਆ ਹਾਸਲ ਕਰਵਾਈ।

ਸੰਨ 1234 ਵਿਚ ਜੇਮਜ਼ ਨੇ ਹੰਗਰੀ ਦੇ ਐਂਡਰਿਊ ਦੂਜੇ ਦੀ ਲੜਕੀ ਨਾਲ ਵਿਆਹ ਕਰਵਾ ਲਿਆ। ਜੇਮਜ਼ ਬਹੁਤ ਵੱਡੇ ਕੱਦ-ਕਾਠ ਵਾਲਾ, ਸਿਆਣਾ, ਧੀਰਜ ਵਾਲਾ ਅਤੇ ਵਿਸ਼ਾਲ ਸ਼ਕਤੀ ਦਾ ਮਾਲਕ ਸੀ। ਸੰਨ 1232 ਵਿਚ ਇਸਨੇ ਬੈਲੀਐਰਿਕ ਟਾਪੂਆਂ ਨੂੰ ਜਿੱਤ ਲਿਆ। ਇਸ ਤੋਂ ਬਾਅਦ 1238 ਈ. ਵਿਚ ਇਸਨੇ ਵਾਲੈਂਸੀਆ ਦੀ ਮੂਰਿਸ਼ ਰਿਆਸਤ ਨੂੰ ਜਿੱਤਿਆ। ਸੰਨ 1244 ਵਿਚ ਅਲਮਿਜ਼ਰਾ ਦੀ ਸੰਧੀ ਰਾਹੀਂ ਜੇਮਜ਼ ਦੱਖਣ ਵਿਚਲੀਆਂ ਭਵਿੱਖ ਦੀਆਂ ਸਾਰੀਆਂ ਜਿੱਤਾਂ ਕੈਸਟੀਲ ਲਈ ਛੱਡ ਦੇਣ ਲਈ ਸਹਿਮਤ ਹੋ ਗਿਆ। 11 ਮਈ, 1258 ਵਿਚ ਜੇਮਜ਼ ਨੇ ਫ਼ਰਾਂਸ ਦੇ ਲੂਈ ਨੌਵੇਂ ਨਾਲ ਕਾਰਬੇ ਦੀ ਸੰਧੀ ਕੀਤੀ ਜਿਸ ਰਾਹੀਂ ਆਰਗੱਨ ਵਾਲਿਆਂ ਦੀਆਂ ਸੈਰਡਾਨਾ ਅਤੇ ਰੂਸੀਯਾਨ ਦੇ ਆਲੇ-ਦੁਆਲੇ ਵਧਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ।

ਆਪਣੇ ਜੀਵਨ ਦੇ ਆਖ਼ਰੀ 20 ਸਾਲਾਂ ਵਿਚ ਜੇਮਜ਼ ਨੇ ਮਾਰਸੀਆ ਵਿਚ ਮੂਰਾਂ ਨਾਲ ਲੜਾਈ ਜਾਰੀ ਰੱਖੀ।

ਇਕ ਵਿਧਾਨਕਾਰ ਅਤੇ ਪ੍ਰਬੰਧਕ ਦੇ ਤੌਰ ਤੇ ਜੇਮਜ਼ ਨੇ ਸਪੇਨ ਦੇ ਬਾਦਸ਼ਾਹਾਂ ਵਿਚ ਉੱਚਾ ਸਥਾਨ ਪ੍ਰਾਪਤ ਕਰ ਲਿਆ। ਉਸਨੇ ਆਪਣੇ ਰਾਜ ਨੂੰ ਆਪਣੇ ਪੁੱਤਰਾਂ ਪੀਟਰ ਅਤੇ ਜੇਮਜ਼ ਵਿਚ ਵੰਡ ਦਿੱਤਾ।

27 ਜੁਲਾਈ, 1276 ਵਿਚ ਜੇਮਜ਼ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 855; ਕੋਲ. ਐਨ. 10 : 593

**ਜੇਮਜ਼ (ਪਹਿਲਾ–ਸਕਾਟਲੈਂਡ)** : ਸਕਾਟਲੈਂਡ ਦੇ ਇਸ ਬਾਦਸ਼ਾਹ ਦਾ ਜਨਮ ਜੁਲਾਈ, 1394 ਵਿਚ ਡਨਫਰਮਲਿਨ ਵਿਖੇ ਹੋਇਆ। ਇਹ ਰਾਬਰਟ ਤੀਜੇ ਦਾ ਤੀਸਰਾ ਲੜਕਾ ਸੀ। ਵਿੱਦਿਆ ਪ੍ਰਾਪਤ ਕਰਨ ਲਈ ਫ਼ਰਾਂਸ ਜਾਂਦਿਆਂ ਇਸ ਨੂੰ 22 ਮਾਰਚ, 1406 ਨੂੰ ਸਮੁੰਦਰੀ ਛਾਪਾਮਾਰਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਹੈਨਰੀ ਚੌਥੇ ਅਤੇ ਪੰਜਵੇਂ ਦੇ ਰਾਜ ਕਾਲ ਦੌਰਾਨ ਇਹ 18 ਸਾਲ ਤੱਕ ਇੰਗਲੈਂਡ ਦੀ ਜੇਲ੍ਹ ਵਿਚ ਬੰਦ ਰੱਖਿਆ ਗਿਆ। ਜੇਲ੍ਹ ਦੇ ਅੰਦਰ ਰਹਿੰਦਿਆਂ ਜੇਮਜ਼ ਲਈ ਚੰਗੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਅਤੇ ਹੈਨਰੀ ਪੰਜਵੇਂ ਨੇ ਇਸ ਨਾਲ ਸਲੂਕ ਵੀ ਮਹਿਮਾਨਾਂ ਵਾਲਾ ਹੀ ਕੀਤਾ। ਕੈਦ ਦੇ ਅਠਾਰ੍ਹਵੇਂ ਵਰ੍ਹੇ ਜੇਮਜ਼ ਦੇ ਪਿਤਾ ਦੀ ਮੌਤ ਹੋ ਗਈ ਤੇ ਇਸ ਨੂੰ ਸਕਾਟਲੈਂਡ ਦਾ ਨਾਂਮਾਤਰ ਹਾਕਮ ਥਾਪਿਆ ਗਿਆ। ਕੈਦ ਵਿਚ ਹੋਣ ਕਰਕੇ ਸਕਾਟਲੈਂਡ ਦੀ ਹਕੂਮਤ ਇਸਦੇ ਚਾਚਾ ਅਲਬਾਨੀ ਨੇ ਸੰਭਾਲੀ।



**ਜੇਮਜ਼ ਪਹਿਲਾ (ਸਕਾਟਲੈਂਡ)**

ਸੰਨ 1424 ਵਿਚ ਸਕਾਟਲੈਂਡ ਵਾਸੀਆਂ ਨੇ ਕਾਫ਼ੀ ਧੰਨ ਮਾਲ ਦੇ ਕੇ ਜੇਮਜ਼ ਨੂੰ ਰਿਹਾ ਕਰਵਾਇਆ। ਰਿਹਾ ਹੋਣ ਤੋਂ ਪਹਿਲਾਂ ਜੇਮਜ਼ ਪਹਿਲੇ ਨੇ ਸਮਰਸੈਟ ਦੇ ਡਿਊਕ ਦੀ ਲੜਕੀ ਜੈਨਬਯੂਫਰਾ ਨਾਲ ਵਿਆਹ ਕਰਵਾਇਆ ਹੋਇਆ ਸੀ। ਕੈਦ ਤੋਂ ਰਿਹਾ ਹੋਣ ਉਪਰੰਤ 21 ਮਈ, 1424 ਨੂੰ ਸਕੂਨ ਵਿਖੇ ਇਸ ਦੀ ਗੱਦੀ ਨਸ਼ੀਨੀ ਕੀਤੀ ਗਈ। ਗੱਦੀ ਤੇ ਬੈਠਦਿਆਂ ਜੇਮਜ਼ ਨੇ ਰਾਜਨੀਤਕ ਅਤੇ ਵਿਧਾਨਕ ਪੱਖੋਂ ਕਈ ਸੁਧਾਰ ਕੀਤੇ ਤੇ ਵਿਧਾਨਕ ਰਾਜਤੰਤਰ ਦੀ ਨੀਂਹ ਰੱਖੀ। ਸੰਸਦ ਦੀ ਸਹਾਇਤਾ ਨਾਲ ਜੇਮਜ਼ ਪਹਿਲੇ ਨੇ ਵਿਰੋਧੀ ਜਾਗੀਰਦਾਰਾਂ ਲਈ ਸਖ਼ਤ ਕਦਮ ਚੁੱਕੇ ਤੇ ਉਨ੍ਹਾਂ ਦੀ ਤਾਕਤ ਨੂੰ ਘਟਾਇਆ। ਦੂਜੇ ਪਾਸੇ ਆਪਣੇ ਅਲਬਾਨੀ ਦੇ ਨਵੇਂ ਡਿਊਕ ਅਤੇ ਉਸਦੇ ਪੁੱਤਰਾਂ ਨੂੰ ਕਤਲ ਕਰਵਾ ਦਿੱਤਾ।

ਸੰਨ 1428 ਵਿਚ ਡਾਫਿਨ ਨਾਲ ਆਪਣੀ ਲੜਕੀ ਦਾ ਰਿਸ਼ਤਾ ਕਰਕੇ ਫ਼ਰਾਂਸ ਨਾਲ ਸੰਧੀ ਨੂੰ ਮੁੜ ਪੱਕਿਆਂ ਕੀਤਾ। ਵਿਰੋਧੀਆਂ ਨਾਲ ਸਖ਼ਤੀ ਵਾਲਾ ਰੱਵਈਆ ਰੱਖਣ ਕਰਕੇ ਜੇਮਜ਼ ਦੇ ਬਹੁਤ ਸਾਰੇ ਦੁਸ਼ਮਨ ਖੜ੍ਹੇ ਹੋ ਗਏ ਅਤੇ ਜਿਸ ਦੇ ਫਲਸਰੂਪ 21 ਫ਼ਰਵਰੀ, 1437 ਨੂੰ ਸਰ ਰੌਬਰਟ ਗ੍ਰੈਹਮਜ਼ ਨੇ ਜਲਾਵਤਨ ਦੀ ਸਜ਼ਾ ਕਰਕੇ ਜੇਮਜ਼ ਦਾ ਕਤਲ ਕਰਵਾ ਦਿੱਤਾ।

ਜੇਮਜ਼ ਪਹਿਲਾ ਸਾਹਿਤ ਨਾਲ ਵੀ ਕਾਫ਼ੀ ਪਿਆਰ ਰੱਖਦਾ ਸੀ ਤੇ ਆਪ ਇਕ ਚੰਗਾ ਕਵੀ ਸੀ। **'The Kyngys Quair'** ਇਸ ਦੀਆਂ ਕਵਿਤਾਵਾਂ ਵਿਚੋਂ ਸਭ ਤੋਂ ਪ੍ਰਸਿੱਧ ਕਵਿਤਾ ਸੀ। ਇਹ ਕਵਿਤਾ ਜੇਮਜ਼ ਨੇ ਜੇਲ੍ਹ ਵਿਚ ਰਹਿੰਦਿਆਂ ਆਪਣੀ ਪਤਨੀ ਦੇ ਨਾਂ ਲਿਖੀ ਸੀ।

ਹ. ਪੁ.–ਕੋਲ. ਐਨ. 10 : 595; ਚੈਂਬ. ਐਨ. 3 : 11; ਹਿੰ. ਵਿ. ਕੋ. 5 : 38

**ਜੇਮਜ਼ (ਦੂਜਾ–ਆਰਾਗੱਨ)** : ਇਹ ਆਰਾਗੱਨ ਦਾ ਬਾਦਸ਼ਾਹ ਸੀ। ਇਸ ਦਾ ਜਨਮ 1264 ਈ. ਵਿਚ ਪੀਟਰ ਤੀਜੇ ਦੇ ਘਰ ਹੋਇਆ। ਸੰਨ 1285 ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਹ ਸਿਸਲੀ ਦਾ ਬਾਦਸ਼ਾਹ ਬਣਿਆ।

ਸੰਨ 1291 ਵਿਚ ਆਪਣੇ ਭਰਾ ਅਲਫਾਂਸੋ ਤੀਜੇ ਦੀ ਮੌਤ ਤੋਂ ਬਾਅਦ ਆਰਾਗੱਨ ਵਿਰਸੇ ਵਿਚ ਮਿਲ ਜਾਣ ਤੇ ਇਸਨੇ 1295 ਈ. ਵਿਚ ਸਿਸਲੀ ਛੱਡ ਦਿੱਤੀ। ਇਸਨੇ ਨੇਪਲਜ਼ ਦੇ ਚਾਰਲਸ ਦੂਜੇ ਦੀ ਲੜਕੀ ਬਲੈਂਕ ਨਾਲ ਸ਼ਾਦੀ ਕਰਵਾਈ। ਸਾਰਡੀਨੀਆ ਅਤੇ ਕਾਰਸੀਕਾ

ਦੇਵੇਂ ਇਸ ਦੇ ਹਵਾਲੇ ਕੀਤੇ ਗਏ ਪਰ ਇਹ ਕੇਵਲ ਸਾਰਡੀਨੀਆ ਨੂੰ ਹੀ ਸੰਭਾਲ ਸਕਿਆ।

ਹ. ਪੁ.–ਐਨ. ਬ੍ਰਿ. 12 : 855

**ਜੇਮਜ਼ (ਦੂਜਾ–ਆਇਰਲੈਂਡ)** : ਇਹ ਬਰਤਾਨੀਆ ਅਤੇ ਆਇਰਲੈਂਡ ਦਾ ਬਾਦਸ਼ਾਹ ਸੀ। ਇਹ 14 ਅਕਤੂਬਰ, 1633 ਵਿਚ ਲੰਡਨ ਵਿਚ ਪੈਦਾ ਹੋਇਆ। ਇਹ ਚਾਰਲਸ ਅਤੇ ਹੈਨਰੀਟਾ ਮੇਰੀਆ ਦਾ ਦੂਜਾ ਲੜਕਾ ਸੀ।

ਸੰਨ 1643 ਵਿਚ ਜੇਮਜ਼ ਯਾਰਕ ਅਤੇ ਆਲਬਾਨੀ ਦਾ ਡਿਊਕ ਬਣਿਆ। ਇਹ ਇਕ ਯੋਗ ਸੈਨਿਕ, ਸਾਹਸੀ ਅਤੇ ਦ੍ਰਿੜ੍ਹ ਇਰਾਦੇ ਵਾਲਾ ਵਿਅਕਤੀ ਸੀ ਪਰ ਇਸ ਵਿਚ ਦੂਰ-ਦ੍ਰਿਸ਼ਟਤਾ ਦੀ ਘਾਟ ਅਤੇ ਧਾਰਮਿਕ ਅਸਹਿਨਸ਼ੀਲਤਾ ਸੀ। ਖ਼ਾਨਾਜੰਗੀ ਦੌਰਾਨ ਆਪਣੇ ਪਿਤਾ ਦੀ ਫਾਂਸੀ ਦੇ ਥੋੜ੍ਹਾ ਸਮਾਂ ਪਹਿਲਾਂ ਹੀ ਇਹ ਬਚ ਕੇ ਹਾਲੈਂਡ ਭੱਜ ਗਿਆ ਅਤੇ ਉਥੋਂ ਫਿਰ ਫ਼ਰਾਂਸ ਚਲਾ ਗਿਆ ਜਿਥੇ ਇਸਨੇ 1652 ਈ. ਵਿਚ ਕੁਝ ਸਮੇਂ ਲਈ ਟਿਊਰੀਨ ਅਧੀਨ ਫਰਾਂਸੀਸੀ ਫੌਜ ਦੀ ਨੌਕਰੀ ਕੀਤੀ ਅਤੇ 1657 ਈ. ਤੋਂ ਬਾਅਦ ਫਲੈਂਡਰਜ਼ ਵਿਖੇ ਸਪੇਨੀ ਫੌਜਾਂ ਵਿਚ ਕੰਮ ਕੀਤਾ। ਸੰਨ 1659 ਵਿਚ ਇਸਨੇ ਅਈਨ ਹਾਈਡ ਨਾਲ ਵਿਆਹ ਕਰਵਾਇਆ। ਪਹਿਲੀ ਪਤਨੀ ਦੀ ਮੌਤ ਤੋਂ ਬਾਅਦ ਕੈਥੋਲਿਕ ਸ਼ਹਿਜ਼ਾਦੀ ਮੇਰੀ ਆਫ਼ ਮੇਡੀਨਾ ਨਾਲ ਸ਼ਾਦੀ ਕਰਵਾਈ।

ਸੰਨ 1660 ਵਿਚ ਰਾਜਤੰਤਰ ਦੀ ਮੁੜ ਸਥਾਪਨਾ ਤੋਂ ਬਾਅਦ ਜੇਮਜ਼ ਆਪਣੇ ਭਰਾ ਚਾਰਲਸ ਦੂਜੇ ਨਾਲ ਵਾਪਸ ਪਰਤ ਆਇਆ ਅਤੇ ਇਸ ਨੂੰ ਲਾਰਡ ਹਾਈ ਐਡਮਿਰਲ ਨਿਯੁਕਤ ਕੀਤਾ ਗਿਆ। ਇਸਨੇ ਐਂਗਲੋ ਡੱਚ ਯੁੱਧ (1664-67) ਸਮੇਂ ਜਲ-ਸੈਨਾ ਦੇ ਕਮਾਂਡਰ ਦੇ ਤੌਰ ਤੇ ਬੜੇ ਹੌਂਸਲੇ ਨਾਲ ਕੰਮ ਕੀਤਾ ਅਤੇ ਜਲ-ਸੈਨਾ ਨੂੰ ਨਵੇਂ ਸਿਰੇ ਤੋਂ ਜਥੇਬੰਦ ਕੀਤਾ ਪਰ 1673 ਈ. ਦੇ ਟੈਸਟ ਐਕਟ ਅਧੀਨ ਇਸ ਨੂੰ ਆਪਣਾ ਅਹੁਦਾ ਛੱਡਣ ਲਈ ਮਜਬੂਰ ਹੋਣਾ ਪਿਆ।

ਫ਼ਰਵਰੀ, 1685 ਵਿਚ ਚਾਰਲਸ ਦੂਜੇ ਦੀ ਮੌਤ ਤੋਂ ਬਾਅਦ ਜੇਮਜ਼ ਗੱਦੀ ਤੇ ਬੈਠਾ। ਇਸਨੇ ਆਪਣੇ ਰਾਜ ਸਮੇਂ ਡਿਊਕ ਆਫ਼ ਆਰਗਾਈਲ ਅਤੇ ਮਾਨਸਥ ਦੇ ਵਿਦਰੋਹਾਂ ਨੂੰ ਦਬਾਇਆ। ਕੈਥੋਲਿਕ ਦੇ ਤੌਰ ਤੇ ਅਤੇ ਨਿਰੰਕੁਸ਼ ਸ਼ਾਸਨ ਦਾ ਸੰਕਲਪ ਕਰ ਲੈਣ ਕਾਰਨ ਇਸਨੇ ਆਪਣੀ ਇੱਛਾ ਅਨੁਸਾਰ ਇੰਗਲੈਂਡ ਦੇ ਕਾਨੂੰਨ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ। ਫੌਜ ਅਤੇ ਯੂਨੀਵਰਸਿਟੀਆਂ ਵਿਚ ਕੈਥੋਲਿਕਾਂ ਦਾ ਦਖਲ ਸ਼ੁਰੂ ਹੋ ਗਿਆ। ਇਕ ਸਥਾਈ ਫੌਜ ਦੀ ਸਥਾਪਨਾ ਦੇ ਨਾਲ-ਨਾਲ ਜੇਮਜ਼ ਨੇ ਇੰਗਲੈਂਡ ਦੇ ਕਾਨੂੰਨਾਂ ਨੂੰ ਮੁਲਤਵੀ ਅਤੇ ਰੱਦ ਕਰਨ ਦਾ ਅਧਿਕਾਰ ਆਪਣੇ ਹੱਥ ਵਿਚ ਲੈ ਲਿਆ।

ਉਸਦੇ ਮੁਆਫ਼ੀਨਾਮੇ ਦੇ ਪਹਿਲੇ ਐਲਾਨ ਨੇ 1687 ਈ. ਵਿਚ ਕੈਥੋਲਿਕਾਂ ਵਿਰੁੱਧ ਲਾਏ ਸਾਰੇ ਦੰਡ ਕਾਨੂੰਨਾਂ ਨੂੰ ਮੁਲਤਵੀ ਕਰ ਦਿੱਤਾ। ਇਸ ਨਾਲ ਰਾਸਟਰੀ ਚੇਤਨਾ ਫੈਲ ਗਈ। ਉਸਨੇ ਮੁਆਫ਼ੀਨਾਮੇ ਦੇ ਦੂਸਰੇ ਐਲਾਨ ਦਾ ਵਿਰੋਧ ਸੱਤ ਬਿਸ਼ਪਾਂ ਨੇ ਕੀਤਾ ਜਿਨ੍ਹਾਂ ਉੱਤੇ ਮੁਕੱਦਮਾ ਚਲਾਇਆ ਗਿਆ।

ਜੇਮਜ਼ ਦੇ ਘਰ ਲੜਕਾ ਪੈਦਾ ਹੋਣ ਨਾਲ ਪ੍ਰੋਟੈਸਟੈਂਟ ਉੱਤਰਾਧਿਕਾਰੀ ਦੀ ਆਸ਼ਾ ਖਤਮ ਹੋ ਗਈ ਅਤੇ ਸੰਘਰਸ਼ ਸ਼ੁਰੂ ਹੋ ਗਿਆ। ਜੇਮਜ਼ ਦੇ ਜਵਾਈ ਪ੍ਰੋਟੈਸਟੈਂਟ ਵਿਲੀਅਮ ਆਫ਼ ਆਰੇਂਜ ਨੂੰ ਇੰਗਲੈਂਡ ਦੀ ਗੱਦੀ ਉੱਤੇ ਬਿਠਾਣ ਲਈ ਅੱਗੇ ਲਿਆਂਦਾ ਗਿਆ। ਵਿਲੀਅਮ ਦੇ ਆਉਣ ਤੇ ਇੰਗਲੈਂਡ ਦੀ ਫੌਜ ਵੀ ਉਸਦੇ ਨਾਲ ਹੋ ਗਈ ਅਤੇ ਜੇਮਜ਼ ਫ਼ਰਾਂਸ ਭੱਜ ਗਿਆ। ਇੰਗਲੈਂਡ ਦੀ ਗੱਦੀ ਮੁੜ ਹਾਸਲ ਕਰਨ ਲਈ ਜੇਮਜ਼ ਨੇ 1690 ਈ. ਵਿਚ ਆਇਰਲੈਂਡ ਦੀ ਮਦਦ ਨਾਲ ਇਕ ਅਸਫਲ ਬਗਾਵਤ ਕੀਤੀ। 6 ਸਤੰਬਰ, 1701 ਵਿਚ ਸੇਂਟ ਜਰਮਨ ਵਿਖੇ ਜੇਮਜ਼ ਦੀ ਮੌਤ ਹੋ ਗਈ। ਬਾਅਦ ਵਿਚ ਜੇਮਜ਼ ਦੀਆਂ ਲੜਕੀਆਂ ਮੇਰੀ ਅਤੇ ਐਨ ਇੰਗਲੈਂਡ ਦੀਆਂ ਰਾਣੀਆਂ ਬਣੀਆਂ। ਮੇਰੀ ਨੇ ਆਪਣੇ ਪਤੀ ਵਿਲਿਅਮ ਨਾਲ ਮਿਲ ਕੇ ਰਾਜ ਕੀਤਾ। ਐਨ ਨੂੰ ਇਨ੍ਹਾਂ ਤੋਂ ਬਾਅਦ ਦਾ ਉੱਤਰਾਧਿਕਾਰੀ ਐਲਾਨ ਕੀਤਾ ਗਿਆ। ਜੇਮਜ਼ ਦਾ ਪੁੱਤਰ ਜਿਸਨੇ ਜੇਮਜ਼ ਤੀਜੇ ਵਜੋਂ ਗੱਦੀ ਦਾ ਦਾਅਵਾ ਕੀਤਾ, ਇਤਿਹਾਸ ਵਿਚ ਓਲਡ ਪ੍ਰੀਟੈਂਡਰ ਕਰਕੇ ਜਾਣਿਆ ਜਾਂਦਾ ਹੈ।

ਹ. ਪੁ.–ਹਿੰ. ਵਿ. ਕੋ. 5 : 39; ਚੈਂਬ. ਐਨ. 8 : 10; ਕੋਲ. ਐਨ. 10 : 594

**ਜੇਮਜ਼ (ਦੂਜਾ–ਸਕਾਟਲੈਂਡ)** : ਇਹ ਸਕਾਟਲੈਂਡ ਦਾ ਬਾਦਸ਼ਾਹ ਸੀ ਜਿਸ ਦਾ ਜਨਮ 16 ਅਕਤੂਬਰ, 1430 ਨੂੰ ਹਾਲੀਰੂਡ ਦੇ ਸਥਾਨ ਤੇ ਹੋਇਆ। ਇਹ ਜੇਮਜ਼ ਪਹਿਲੇ ਦਾ ਇਕੋ ਇਕ ਲੜਕਾ ਸੀ।



ਜੇਮਜ਼ ਦੂਜਾ (ਸਕਾਟਲੈਂਡ)

21 ਫ਼ਰਵਰੀ, 1437 ਵਿਚ ਸੱਤ ਸਾਲ ਦੀ ਉਮਰ ਵਿਚ ਇਹ ਗੱਦੀ ਤੇ ਬੈਠਾ। ਇਸ ਸਮੇਂ ਚਰਚ ਵਿਚ ਮੱਤਭੇਦ ਕਾਰਨ ਡਗਲਸ ਲਿਵਿੰਗ-ਸਟੋਨ ਪਾਰਟੀ ਅਤੇ ਕ੍ਰਿਚਟਨਾਂ ਵਿਚ ਝਗੜਾ ਕਾਫ਼ੀ ਵੱਧ ਗਿਆ ਪਰ ਬਾਦਸ਼ਾਹ ਦੇ ਬਾਲਗ ਹੋਣ ਅਤੇ ਮੱਤ ਭੇਦ ਹੋਣ ਨਾਲ ਹਾਲਾਤ ਬਦਲ ਗਏ। ਸੰਨ 1449 ਵਿਚ ਗੈਲਡਰ-ਲੈਂਡ ਦੀ ਮੇਰੀ ਨਾਲ ਜੇਮਜ਼ ਦੀ ਸ਼ਾਦੀ ਹੋਣ ਨਾਲ ਇਹ ਖ਼ੁਦ ਆਪਣੇ ਪੈਰਾਂ ਤੇ ਖੜਾ ਹੋ ਗਿਆ। ਇਸ ਨੇ ਵੀ ਆਪਣੇ ਪਿਤਾ ਵਾਂਗ ਕੌਮੀ ਚਰਚ ਉੱਤੇ ਕੰਟਰੋਲ ਕੀਤਾ ਅਤੇ ਆਪਣੇ ਆਪ ਨੂੰ ਨਵਾਬਾਂ ਵਿਰੁੱਧ ਸ਼ਕਤੀਸ਼ਾਲੀ ਬਣਾਇਆ।

ਜਦੋਂ ਡਗਲਸਾਂ ਨੇ ਆਪਣੀ ਆਜ਼ਾਦੀ ਦਾ ਦਾਅਵਾ ਜਾਰੀ ਰੱਖਿਆ ਤਾਂ ਜੇਮਜ਼ ਨੇ 1452 ਈ. ਵਿਚ ਅੱਠਵੇਂ ਅਰਲ ਨੂੰ ਆਪਣੇ ਹੱਥੀਂ ਕਤਲ ਕਰ ਦਿੱਤਾ। ਸੰਨ 1455 ਵਿਚ ਬਲੈਕ ਡਗਲਸਾਂ ਨੂੰ ਗੱਦੀ ਤੋਂ ਉਤਾਰ ਕੇ ਉਨ੍ਹਾਂ ਦੇ ਇਲਾਕਿਆਂ ਨੂੰ ਜੇਮਜ਼ ਨੇ ਆਪਣੇ ਰਾਜ ਵਿਚ ਮਿਲਾ ਲਿਆ।

ਇਸ ਤੋਂ ਮਗਰੋਂ ਜੇਮਜ਼ ਨੇ ਫ਼ਰਾਂਸ ਨਾਲ ਸਮਝੌਤਾ ਕੀਤਾ ਅਤੇ ਇੰਗਲੈਂਡ ਵਿਰੁੱਧ ਮਦਦ ਮੰਗੀ। ਸੰਨ 1456 ਵਿਚ ਇਸ ਨੇ ਨਾਰਥੰਬਰਲੈਂਡ ਉੱਤੇ ਹਮਲਾ ਕਰ ਦਿੱਤਾ ਅਤੇ 1460 ਈ. ਵਿਚ ਰਾਕਸਬਰਗ ਕੈਸਲ ਨੂੰ ਘੇਰਾ ਪਾ ਲਿਆ ਜਿਥੇ ਇਕ ਤੋਪ ਦੇ ਫੱਟਣ ਨਾਲ ਜੇਮਜ਼ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 859

**ਜੇਮਜ਼ (ਤੀਜਾ–ਸਕਾਟਲੈਂਡ)** : ਸਕਾਟਲੈਂਡ ਦੇ ਇਸ ਬਾਦਸ਼ਾਹ ਦਾ ਜਨਮ ਮਈ, 1452 ਵਿਚ ਹੋਇਆ। ਇਹ ਜੇਮਜ਼ ਦੂਜੇ ਦਾ ਸਭ ਤੋਂ ਵੱਡਾ ਲੜਕਾ ਸੀ। ਸੰਨ 1460 ਵਿਚ ਪਿਤਾ ਦੀ ਮੌਤ ਉਪਰੰਤ ਇਹ ਕੈਲਸੋ ਵਿਖੇ ਬਾਦਸ਼ਾਹ ਬਣਿਆ। ਇਸ ਦੀ ਨਾਬਾਲਗ਼ੀ ਦੌਰਾਨ ਸਕਾਟਲੈਂਡ ਕਿਲਮਾਰਨਾਕ ਦੇ ਬਾਇਡਾਂ ਦੇ ਅਧਿਕਾਰ ਵਿਚ ਸੀ।

ਦੋ ਸਾਲਾਂ ਬਾਅਦ ਜੇਮਜ਼ ਨੇ ਡੈਨਮਾਰਕ ਦੀ ਸ਼ਹਿਜ਼ਾਦੀ ਮਾਰਗ੍ਰੇਟ ਨਾਲ ਵਿਆਹ ਕਰਵਾ ਲਿਆ ਅਤੇ ਹਕੂਮਤ ਆਪਣੇ ਹੱਥਾਂ ਵਿਚ ਲੈ ਲਈ। ਇਸਨੇ ਰਈਸਾਂ ਦੀ ਸ਼ਕਤੀ ਨੂੰ ਘੱਟ ਕੀਤਾ ਜਿਸ ਕਰਕੇ ਇਸ ਨੂੰ ਆਪਣੇ ਭਰਾਵਾਂ ਆਲਬਾਨੀ ਦੇ ਡਿਊਕ ਅਲੈਗਜ਼ਾਂਦਰ ਅਤੇ ਮਾਰ ਦੇ ਅਰਲ ਜਾਨ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਮਾਰ ਨੂੰ 1479 ਈ. ਵਿਚ ਕਤਲ ਕਰ ਦਿੱਤਾ ਗਿਆ ਪਰ ਆਲਬਾਨੀ ਦਾ ਡਿਊਕ

ਬਚ ਗਿਆ ਅਤੇ ਇੰਗਲੈਂਡ ਤੋਂ ਮਦਦ ਲੈ ਕੇ 1482 ਈ. ਵਿਚ ਐਡਵਰਡ ਚੌਥੇ ਦੁਆਰਾ ਸਕਾਟਲੈਂਡ ਦਾ ਬਾਦਸ਼ਾਹ ਪ੍ਰਵਾਨ ਕਰ ਲਿਆ ਗਿਆ ਅਤੇ ਇਸ ਨੇ ਗਲਾਸਟਰ ਦੇ ਡਿਊਕ ਰਿਚਰਡ ਨਾਲ ਮਿਲ ਕੇ ਬਰਵਿਕ ਲੈਣ ਲਈ ਸਕਾਟਲੈਂਡ ਉੱਤੇ ਹਮਲਾ ਕਰ ਦਿੱਤਾ ਅਤੇ ਐਡਨਬਰਗ ਵੱਲ ਵਧਿਆ ਜਿਥੇ ਜੇਮਜ਼ ਅਤੇ ਅਲਬਾਨੀ ਨੇ ਕੱਚੀ ਸਲਾਹ ਕਰ ਲਈ।



ਜੇਮਜ਼ ਤੀਜਾ (ਸਕਾਟਲੈਂਡ)

ਦੋ ਸਾਲਾਂ ਬਾਅਦ ਬਾਦਸ਼ਾਹ ਵਿਰੁੱਧ ਸਾਜਸ਼ ਰਚਣ ਲਈ ਆਲਬਾਨੀ ਫ਼ਰਾਂਸ ਦੌੜ ਗਿਆ। ਬਗਾਵਤੀ ਰਈਸਾਂ ਨੇ ਬਾਦਸ਼ਾਹ ਦੇ ਲੜਕੇ ਜੇਮਜ਼ ਨੂੰ ਪਾਰਟੀ ਦਾ ਮੁਖੀ ਬਣਾਇਆ ਅਤੇ ਅੰਤ ਵਿਚ 11 ਜੂਨ, 1488 ਵਿਚ ਸ਼ਾਹੀ ਸੈਨਾ ਨੂੰ ਸਾਉਦੀਬਰਨ ਵਿਖੇ ਹਰਾਇਆ ਗਿਆ ਪਰ ਇਸੇ ਦਿਨ ਬਾਦਸ਼ਾਹ ਨੂੰ ਵੀ ਕਤਲ ਕਰ ਦਿੱਤਾ ਗਿਆ।

ਹ. ਪੁ.–ਐਨ. ਅਮੈ. 15 : 603

**ਜੇਮਜ਼ (ਚੌਥਾ–ਸਕਾਟਲੈਂਡ)** : ਸਕਾਟਲੈਂਡ ਦੇ ਇਸ ਬਾਦਸ਼ਾਹ ਦਾ ਜਨਮ 17 ਮਾਰਚ, 1473 ਵਿਚ ਜੇਮਜ਼ ਤੀਜੇ ਦੇ ਘਰ ਹੋਇਆ। ਸੰਨ 1488 ਵਿਚ ਆਪਣੇ ਪਿਤਾ ਦੀ ਸਾਉਦੀਬਰਨ ਦੀ ਲੜਾਈ ਵਿਚ ਮੌਤ ਤੋਂ ਮਗਰੋਂ, ਸਕੂਨ (ਸਕਾਟਲੈਂਡ) ਵਿਖੇ ਬਾਦਸ਼ਾਹ ਬਣਿਆ।



ਜੇਮਜ਼ ਚੌਥਾ (ਸਕਾਟਲੈਂਡ)

ਜੇਮਜ਼ ਬਹੁਤ ਈਮਾਨਦਾਰ ਅਤੇ ਮਿਹ-ਨਤੀ ਸੀ। ਇਸ ਅਧੀਨ ਸਕਾਟਲੈਂਡ ਦੀ ਰਾਜਨੀਤਕ ਮਹੱਤਤਾ ਕਾਫ਼ੀ ਵੱਧ ਗਈ। ਇਸ ਨੇ 1489 ਈ. ਦੀ ਬਗਾਵਤ ਨੂੰ ਆਸਾਨੀ ਨਾਲ ਦਬਾ ਦਿੱਤਾ। ਸੰਨ 1502 ਵਿਚ ਹੈਨਰੀ ਸੱਤਵੇਂ ਦੀ ਲੜਕੀ ਮਾਰਗ੍ਰੇਟ ਨਾਲ ਜੇਮਜ਼ ਦਾ ਵਿਆਹ ਹੋ ਗਿਆ ਅਤੇ 1509 ਈ. ਤੱਕ ਇੰਗਲੈਂਡ ਨਾਲ ਇਸ ਦੇ ਚੰਗੇ ਸਬੰਧ ਰਹੇ।

ਹੈਨਰੀ ਅੱਠਵੇਂ ਦੇ ਗੱਦੀ ਉੱਤੇ ਬੈਠਣ ਨਾਲ ਇੰਗਲੈਂਡ ਅਤੇ ਸਕਾਟਲੈਂਡ ਵਿਚਲੇ ਸਬੰਧ ਵਿਗੜ ਗਏ। ਸੰਨ 1513 ਵਿਚ ਜੇਮਜ਼ ਨੇ ਫ਼ਰਾਂਸ ਦੀ ਮਦਦ ਨਾਲ ਇੰਗਲੈਂਡ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਉਹ ਹਾਰ ਗਿਆ ਅਤੇ ਆਪਣੇ ਬਹੁਤ ਸਾਰੇ ਰਈਸਾਂ ਸਮੇਤ ਫਲਾਡਨ ਵਿਖੇ ਮਾਰਿਆ ਗਿਆ।

ਜੇਮਜ਼ ਬੜਾ ਬਹਾਦਰ ਅਤੇ ਉਦਾਰ ਆਦਮੀ ਅਤੇ ਇਕ ਸਿਆਣਾ ਅਤੇ ਸਰਗਰਮ ਬਾਦਸ਼ਾਹ ਸੀ। ਉਸ ਦੇ ਸ਼ਾਸਨ ਦੌਰਾਨ ਆਬਰਡੀਨ ਸੇਂਟ ਲਿਓਨਰਡ ਯੂਨੀਵਰਸਿਟੀ ਅਤੇ ਕਾਲਜ ਦੀ ਸਥਾਪਨਾ ਹੋਈ ਜਿਸ ਨਾਲ ਸਿੱਖਿਆ ਨੂੰ ਉਤਸ਼ਾਹ ਮਿਲਿਆ ਅਤੇ ਸਾਹਿਤ ਨੇ ਕਾਫ਼ੀ ਤਰੱਕੀ ਕੀਤੀ। ਦੇਸ਼ ਦੀ ਪਦਾਰਥਕ ਹਾਲਤ ਵਿਚ ਤੇਜ਼ੀ ਨਾਲ ਸੁਧਾਰ ਆਇਆ।

ਹ. ਪੁ.–ਐਨ. ਅਮੈ. 15 : 603; ਐਨ. ਬ੍ਰਿ. 12 : 860

**ਜੇਮਜ਼ (ਪੰਜਵਾਂ–ਸਕਾਟਲੈਂਡ)** : ਸਕਾਟਲੈਂਡ ਦੇ ਇਸ ਬਾਦਸ਼ਾਹ ਜਿਸ ਨੂੰ 'ਕਿੰਗ ਆਫ਼ ਕਾਮਨਜ਼' ਵੀ ਕਿਹਾ ਜਾਂਦਾ ਹੈ, ਦਾ ਜਨਮ 10 ਅਪਰੈਲ, 1512 ਵਿਚ ਸਕਾਟਲੈਂਡ ਵਿਚ ਲਿਨਲਿਥਗੋ ਦੇ ਸਥਾਨ ਤੇ ਜੇਮਜ਼ ਚੌਥੇ ਦੇ ਘਰ ਮ੍ਰਾਗੇਟ ਦੇ ਉਦਰ ਤੋਂ ਹੋਇਆ। ਇਸ ਨੇ ਬਚਪਨ ਵਿਚ ਆਪਣੇ ਪਿਤਾ ਦੀ ਫਲਾਡਨ ਦੀ ਲੜਾਈ ਵਿਚ ਮੌਤ ਤੋਂ ਬਾਅਦ ਗੱਦੀ ਹਾਸਲ ਕੀਤੀ। ਨਾਬਾਲਗ਼ੀ ਸਮੇਂ ਇਸ ਦੀ ਮਾਂ ਨੇ ਰਾਜਪ੍ਰਬੰਧ ਚਲਾਇਆ।



ਜੇਮਜ਼ ਪੰਜਵਾਂ (ਸਕਾਟਲੈਂਡ)

ਸੰਨ 1528 ਵਿਚ ਜੇਮਜ਼ ਨੇ ਹਕੂਮਤ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। 1537 ਈ. ਵਿਚ ਇਸਨੇ ਫਰਾਂਸ ਦੀ ਸ਼ਹਿਜ਼ਾਦੀ ਮੈਡਲਈਨ ਨਾਲ ਸ਼ਾਦੀ ਕਰਵਾਈ ਅਤੇ ਇਸ ਦੀ ਮੌਤ ਤੋਂ ਬਾਅਦ ਸੰਨ 1538 ਵਿਚ ਗੀਜ਼ ਦੇ ਡਿਊਕ ਦੀ ਲੜਕੀ ਮੇਰੀ ਨਾਲ ਵਿਆਹ ਕਰਵਾਇਆ।

ਸੰਨ 1542 ਵਿਚ ਜੇਮਜ਼ ਦੇ ਮਾਮੇ ਇੰਗਲੈਂਡ ਦੇ ਹੈਨਰੀ ਅੱਠਵੇਂ ਨੇ ਸਕਾਟਲੈਂਡ ਉੱਤੇ ਹਮਲਾ ਕੀਤਾ ਤਾਂ ਪ੍ਰੋਟੈਸਟੈਂਟ ਨੋਬਲਜ਼ ਨੇ ਜੇਮਜ਼ ਦਾ ਸਾਥ ਦਿੱਤਾ ਅਤੇ ਇਹ ਸੋਲਵੇਮਾਸ ਦੀ ਲੜਾਈ ਵਿਚ ਹਾਰ ਗਿਆ। ਅਗਲੇ ਮਹੀਨੇ ਇਸ ਦੀ ਮੌਤ ਹੋ ਗਈ।

ਜੇਮਜ਼ ਬੜਾ ਤਾਕਤਵਰ ਅਤੇ ਇਨਸਾਫ ਪਸੰਦ ਸੀ। ਇਸ ਨੇ ਗ਼ਰੀਬਾਂ ਨੂੰ ਰਈਸਾਂ ਦੇ ਅਤਿਆਚਾਰਾਂ ਤੋਂ ਬਚਾਉਣ ਦੇ ਬਹੁਤ ਯਤਨ ਕੀਤੇ। ਇਸ ਕਰਕੇ ਹੀ ਇਸ ਨੂੰ ਅਕਸਰ 'ਕਿੰਗ ਆਫ਼ ਦਾ ਕਾਮਨਜ਼' ਕਿਹਾ ਜਾਂਦਾ ਸੀ।

ਹ. ਪੁ.–ਐਨ. ਅਮੈ. 15 : 603

**ਜੇਮਜ਼ ਐਂਡ ਮੇਰੀ ਸੈਂਡਜ਼** : ਭਾਰਤ ਦੇ ਪੱਛਮੀ-ਬੰਗਾਲ ਰਾਜ ਦੇ ਹੁਗਲੀ ਦਰਿਆ ਵਿਚ, ਦਾਮੋਦਰ ਅਤੇ ਰੂਪ ਨਾਰਾਇਣ ਦਰਿਆਵਾਂ ਦੇ ਹੁਗਲੀ ਦਰਿਆ ਨਾਲ ਸੰਗਮ ਕਰਨ ਵਾਲੀ ਥਾਂ ਵਿਚਕਾਰ, ਇਹ ਇਕ ਖਤਰਨਾਕ ਬਰੇਤੀ ਹੈ। ਇਨ੍ਹਾਂ ਰੇਤਿਆਂ ਨੇ ਲ. 5 ਕਿ. ਮੀ. (3 ਮੀਲ) ਲੰਬਾ ਅਤੇ 0.5 ਕਿ. ਮੀ. (1/3 ਮੀਲ) ਚੌੜਾ ਰਕਬਾ ਮੱਲਿਆ ਹੋਇਆ ਹੈ। ਇਨ੍ਹਾਂ ਰੇਤਿਆਂ ਦਾ ਅਜਿਹਾ ਨਾਂ ਰਾਇਲ ਜੇਮਜ਼ ਐਂਡ ਮੇਰੀ ਨਾਂ ਦੇ ਇਕ ਸਮੁੰਦਰੀ ਜਹਾਜ਼ ਜਿਹੜਾ ਇਨ੍ਹਾਂ ਰੇਤਿਆਂ ਉੱਤੇ 1694 ਈ. ਵਿਚ ਤਬਾਹ ਹੋ ਗਿਆ ਸੀ, ਦੇ ਪਿੱਛੇ ਪਿਆ ਸੀ। ਇਨ੍ਹਾਂ ਰੇਤਿਆਂ ਨੇ ਦਰਿਆ ਦਾ ਕੇਂਦਰੀ ਭਾਗ ਮੱਲਿਆ ਹੋਇਆ ਹੈ ਅਤੇ ਦੋਵੇਂ ਪਾਸਿਆਂ ਵੱਲ ਪੂਰਬੀ ਤੇ ਪੱਛਮੀ ਨਾਂ ਦੇ ਦੋ ਦਰਿਆਈ ਮਾਰਗ ਰਹਿ ਜਾਂਦੇ ਹਨ। ਇਸ ਖਤਰਨਾਕ ਬਰੇਤੀ ਤੋਂ ਬਚਣ ਲਈ ਕਈ ਸਕੀਮਾਂ ਦੇ ਸੁਝਾਅ ਦਿੱਤੇ ਗਏ। ਇਹ ਕਈ ਵਾਰ ਤਜ਼ਵੀਜ਼ ਕੀਤਾ ਗਿਆ ਕਿ ਰੇਤਿਆਂ ਤੋਂ ਬਚਣ ਲਈ ਹੁਗਲੀ ਪੁਆਇੰਟ ਦੇ ਪਿਛਲੇ ਪਾਸੇ ਇਕ ਛੋਟੀ ਜਿਹੀ

ਨਹਿਰ ਪੁੱਟੀ ਜਾਵੇ ਜਾਂ ਮਾਲ-ਘਾਟ ਤੋਂ ਡਾਇਮੰਡ ਹਾਰਬਰ ਤੱਕ ਜਾਂ ਮਾਲਟਾ ਦਰਿਆ ਉੱਪਰ ਪੈਂਦੇ ਕੈਨਿੰਗ ਸ਼ਹਿਰ ਤੱਕ ਜਹਾਜ਼ੀ ਨਹਿਰਾਂ ਬਣਾਈਆਂ ਜਾਣ। ਇਸ ਦੇ ਕੁਝ ਨਾ ਕੁਝ ਉਪਾਅ ਕੀਤੇ ਗਏ ਹਨ ਪਰ ਇਹ ਬਰੇਤੀ ਜਹਾਜ਼ਰਾਨੀ ਲਈ ਇਕ ਸਮੱਸਿਆ ਹੀ ਬਣੀ ਹੋਈ ਹੈ।

ਹ. ਪੁ.–ਇੰਪ. ਗ. ਇੰਡ. 14 : 16

**ਜੇਮਜ਼ ਖਾੜੀ** : ਕੈਨੇਡਾ ਵਿਚ ਹਡਸਨ ਖਾੜੀ ਦਾ ਇਹ ਦੱਖਣੀ ਹਿੱਸਾ ਹੈ ਜਿਹੜਾ ਕੈਨੇਡਾ ਦੇ ਉੱਤਰੀ ਆਂਟੇਰੀਓ ਅਤੇ ਕਿਊਬੈਕ ਦਰਮਿਆਨ ਫੈਲਿਆ ਹੋਇਆ ਹੈ। ਹਡਸਨ ਖਾੜੀ ਦਾ ਇਹ ਹਿੱਸਾ ਘੱਟ ਡੂੰਘਾ ਹੈ। ਇਸ ਦੀ ਡੂੰਘਾਈ 60ਮੀ. ਤੋਂ ਵੀ ਘੱਟ ਹੈ। ਖਾੜੀ ਦੀ ਉੱਤਰ ਤੋਂ ਦੱਖਣ ਵੱਲ ਲੰਬਾਈ 443 ਕਿ. ਮੀ. ਅਤੇ ਚੌੜਾਈ 216 ਕਿ. ਮੀ. ਹੈ। ਖਾੜੀ ਵਿਚ ਕਈ ਟਾਪੂ ਹਨ ਜਿਨ੍ਹਾਂ ਵਿਚੋਂ ਐਕਾਮਿਸਕੀ ਸਭ ਤੋਂ ਵੱਡਾ ਹੈ ਅਤੇ ਇਸ ਦਾ ਖੇਤਰਫਲ 2,326 ਵ. ਕਿ. ਮੀ. ਹੈ। ਉੱਤਰ ਵਾਲੇ ਪਾਸੇ ਹਡਸਨ ਖਾੜੀ ਵਿਚ ਬਲਚਰ ਟਾਪੂ-ਸਮੂਹ ਹੈ। ਪ੍ਰਸ਼ਾਸਨ ਪੱਖੋਂ ਖਾੜੀ ਵਿਚਲੇ ਸਾਰੇ ਟਾਪੂ ਨਾਰਥ ਵੈਸਟ ਟੈਰੀਟਰੀਜ਼ ਵਿਚ ਸ਼ਾਮਲ ਹਨ।

ਖਾੜੀ ਵਿਚ ਅਣਗਿਣਤ ਦਰਿਆਵਾਂ ਦਾ ਜਲ ਨਿਕਾਸ ਹੁੰਦਾ ਹੈ। ਇਨ੍ਹਾਂ ਵਿਚੋਂ ਕਈ ਦਰਿਆ ਕਾਫ਼ੀ ਵੱਡੇ ਹਨ। ਪੂਰਬੀ ਹਿੱਸੇ ਵੱਲੋਂ ਦੀ ਫੋਰਟ ਜਾਰਜ, ਓਪੀਨਾਕਾ, ਈਸਟ ਮੇਨ, ਰੂਪਰਟ ਅਤੇ ਨਾਟਾਵੇ, ਆਂਟੇਰੀਓ ਵੱਲੋਂ ਐਟਾਵਾ ਪਿਸਕਟ, ਆਲਬਨੀ ਮੂਸ, ਐਬਾਟਿਬੀ ਦਰਿਆ ਖਾੜੀ ਵਿਚ ਡਿੱਗਦੇ ਹਨ।

ਇਨ੍ਹਾਂ ਦਰਿਆਵਾਂ ਦੇ ਪਾਣੀ ਨਾਲ ਖਾੜੀ ਵਿਚ ਖਾਰਾਪਣ ਘਟ ਜਾਂਦਾ ਹੈ। ਖਾੜੀ ਦੇ ਆਲੇ-ਦੁਆਲੇ ਤਟ ਉੱਤੇ ਮੌਸਮ ਬਹੁਤ ਹੀ ਠੰਡਾ ਹੁੰਦਾ ਹੈ। ਸਿਰਫ਼ 4 ਮਹੀਨਿਆਂ ਵਿਚ ਔਸਤ ਤਾਪਮਾਨ 10° ਸੈਂ. (50° ਫਾ.) ਤੱਕ ਰਹਿੰਦਾ ਹੈ। ਗਰਮੀਆਂ ਵਿਚ ਮਹੀਨੇ ਦਾ ਔਸਤ ਤਾਪਮਾਨ 13° ਸੈਂ. (55° ਫਾ.) ਹੁੰਦਾ ਹੈ। ਬਹੁਤੀਆਂ ਲੰਬੀਆਂ ਸਰਦੀਆਂ ਕਰਕੇ ਤਟ ਉੱਤੇ ਖੇਤੀਬਾੜੀ ਵੀ ਘਟ ਹੁੰਦੀ ਹੈ। ਇਸ ਤੋਂ ਇਲਾਵਾ ਆਲੇ-ਦੁਆਲੇ ਦਾ ਸਾਰਾ ਖੇਤਰ ਸੰਘਣੇ ਜੰਗਲਾਂ ਹੇਠ ਹੈ। ਲੱਕੜੀ ਚੀਰਨ ਅਤੇ ਲੱਕੜੀ ਦੇ ਵਪਾਰ ਖਾਤਰ ਆਸਪਾਸ ਕਈ ਸ਼ਹਿਰ ਵੀ ਵਸਾਏ ਹੋਏ ਹਨ। ਇਨ੍ਹਾਂ ਵੱਡੇ ਸ਼ਹਿਰਾਂ ਵਿਚੋਂ ਫੋਰਟ ਜਾਰਜ਼, ਰੂਪਰਟ ਹਾਊਸ, ਫੋਰਟ ਆਲਬਨੀ, ਮੂਸ ਫੈਕਟਰੀ, ਈਸਟ ਮੇਨ ਵਰਣਨ ਯੋਗ ਹਨ। ਤਟ ਉੱਤੇ ਵਸੋਂ ਵੀ ਵਿਰਲੀ ਹੈ। ਪ੍ਰਤੀ ਵ. ਮੀਲ ਵਿਚ 1 ਤੋਂ ਵੀ ਘਟ ਆਬਾਦੀ ਦੀ ਘਣਤਾ ਹੈ।

ਜੇਮਜ਼ ਖਾੜੀ ਦਾ ਪਤਾ 1610 ਈ. ਵਿਚ ਹੈਨਰੀ ਹਡਸਨ ਨੇ ਲਗਾਇਆ ਸੀ। ਪਿੱਛੋਂ 1631 ਈ. ਵਿਚ ਕਪਤਾਨ ਥਾਮਸ ਜੇਮਜ਼ ਕੋ ਨੇ ਇਸ ਦੀ ਪੂਰੀ ਖੋਜ ਕੀਤੀ ਸੀ।

53° 30′ ਉ. ਵਿਥ.; 80° 30′ ਪੱ. ਲੰਬ.

ਹ. ਪੁ–ਐ. ਬ੍ਰਿ. ਮਾ. 5 : 510; ਕੋਲ. ਐਨ. 10 : 598

**ਜੇਮਜ਼ ਜੈਸੀ ਵੂਡਸਨ** : ਇਸ ਅਮਰੀਕਨ ਜਲਾਵਤਨ ਦਾ ਜਨਮ 5 ਸਤੰਬਰ, 1847 ਵਿਚ ਮਿਜ਼ੂਰੀ ਰਾਜ (ਸੰ.ਰ.ਅ.) ਦੀ ਕਲੇਅ ਕਾਊਂਟੀ ਵਿਚ ਹੋਇਆ। ਇਸ ਦੇ ਪਰਿਵਾਰ ਨੇ ਅਮਰੀਕੀ ਖ਼ਾਨਾਜੰਗੀ ਵਿਚ ਦੱਖਣੀਆਂ ਦੀ ਹਮਾਇਤ ਕੀਤੀ ਜਿਸ ਕਾਰਨ ਇਨ੍ਹਾਂ ਨੂੰ ਯੂਨੀਅਨ ਫੌਜਾਂ ਹੱਥੋਂ ਕਾਫ਼ੀ ਦੁੱਖ ਸਹਾਰਨਾ ਪਿਆ। ਬਦਲੇ ਦੀ ਭਾਵਨਾ ਨਾਲ ਜੈਸੀ ਸੂਹੀਆ ਬਣ ਗਿਆ ਅਤੇ ਬਾਅਦ ਵਿਚ 15 ਸਾਲ ਦੀ ਉਮਰ ਵਿਚ ਡਬਲਿਯੂ. ਸੀ. ਕਵਾਨਟ੍ਰਿਲ ਅਧੀਨ ਗੁਰੀਲਾ ਫ਼ੌਜ ਦੇ ਸੰਘ ਵਿਚ ਸ਼ਾਮਲ ਹੋ ਗਿਆ। ਇਥੇ ਇਸਨੇ ਨਿਪੁੰਨ ਨਿਸ਼ਾਨੇਬਾਜ਼ੀ ਅਤੇ ਬਹਾਦਰੀ ਕਾਰਨ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ। ਲੜਾਈ ਦੇ ਅੰਤ ਤੇ ਜੈਸੀ ਅਤੇ ਇਸ ਦੇ ਦਸਤੇ ਦੇ ਹੋਰ ਮੈਂਬਰਾਂ ਨੇ ਈਨ ਮੰਨ ਲਈ ਪਰ ਬਾਅਦ ਵਿਚ ਧੋਖੇ ਨਾਲ ਇਸ ਨੂੰ ਗੋਲੀ ਮਾਰੀ ਅਤੇ ਇਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਅਗਲੇ ਸਾਲ ਇਸ ਨੂੰ ਜਲਾਵਤਨ ਐਲਾਨ ਕਰ ਦਿੱਤਾ ਅਤੇ ਇਸ ਤੋਂ ਬਾਅਦ ਇਹ ਆਪਣੀ ਮੌਤ ਤੱਕ ਭਗੌੜਾ ਬਣਿਆ ਰਿਹਾ। ਸੰਨ 1867 ਵਿਚ ਇਹ 'ਜੇਮਜ਼ ਦਸਤੇ' ਦੇ ਰੇਲ ਗੱਡੀਆਂ ਅਤੇ ਬੈਂਕ ਡਕੈਤਾਂ ਦਾ ਲੀਡਰ ਬਣਿਆ। ਅਗਲੇ ਸਾਲਾਂ ਦੌਰਾਨ ਇਹ ਕਾਫ਼ੀ ਦਲੇਰ ਅਤੇ ਕਠੋਰ ਬਣ ਗਿਆ ਅਤੇ ਅਪਰਾਧਾਂ ਕਾਰਨ ਬਦਨਾਮੀ ਦੀ ਸਿਖਰ ਤੇ ਪਹੁੰਚ ਗਿਆ।



ਜੇਮਜ਼ ਜੈਸੀ ਵੂਡਸਨ

ਮਿਜ਼ੂਰੀ ਦੇ ਗਵਰਨਰ ਟਾਮਸ ਨੇ ਜੇਮਜ਼ ਨੂੰ ਮਰੇ ਹੋਏ ਜਾਂ ਜਿਉਂਦੇ ਨੂੰ ਫੜਨ ਲਈ 10,000 ਡਾਲਰ ਦਾ ਇਨਾਮ ਰੱਖਿਆ। ਜੇਮਜ਼ ਦੇ ਆਪਣੇ ਦਸਤੇ ਦੇ ਦੋ ਮੈਂਬਰ ਚਾਰਲਸ ਅਤੇ ਰਾਬਰਟ ਫੋਰਡ ਇਸ ਦੇ ਵਿਰੁੱਧ ਹੋ ਗਏ। ਉਨ੍ਹਾਂ ਨੇ 3 ਅਪ੍ਰੈਲ, 1882 ਨੂੰ ਇਸ ਦੇ ਘਰ ਸੇਂਟ ਜੋਸਫ ਵਿਖੇ ਗੋਲੀ ਮਾਰ ਕੇ ਮਾਰ ਦਿੱਤਾ ਜਿਥੇ ਇਹ ਟਾਮਸ ਹੋਵਰਡ ਦੇ ਨਾਉਂ ਨਾਲ ਰਹਿ ਰਿਹਾ ਸੀ।

ਜੈਸੀ ਦੇ ਭਰਾ ਫ੍ਰੈਂਕ ਨੇ ਜੇਮਜ਼ ਦਸਤੇ ਦੇ ਬਹੁਤ ਸਾਰੇ ਕਾਰਨਾਮਿਆਂ ਵਿਚ ਹਿੱਸਾ ਲਿਆ। ਬਾਅਦ ਵਿਚ ਉਸ ਨੇ ਈਨ ਮੰਨ ਲਈ ਅਤੇ ਉਸਦੇ ਭਰਾ (ਜੈਸੀ) ਦੀ ਮੌਤ ਤੋਂ ਬਾਅਦ ਇਸ ਉਤੇ ਦੋ ਵਾਰ ਮੁਕੱਦਮਾ ਚਲਾਇਆ ਗਿਆ ਪਰ ਉਹ ਦੋਵੇਂ ਵਾਰ ਬਰੀ ਹੋ ਗਿਆ। ਉਸਨੇ ਆਪਣਾ ਬਾਕੀ ਦਾ ਸਮਾਂ ਮਿਜ਼ੂਰੀ ਵਿਖੇ ਫਾਰਮ ਵਿਚ ਬਿਤਾਇਆ।

ਆਪਣੇ ਜੀਵਨ ਕਾਲ ਵਿਚ ਬਹਾਦਰੀ ਵਾਲੇ ਕਾਰਨਾਮਿਆਂ ਕਰਕੇ ਜੇਮਜ਼ ਜੈਸੀ ਦੀ ਕਾਫ਼ੀ ਸ਼ਲਾਘਾ ਕੀਤੀ ਜਾਂਦੀ ਸੀ। ਬਾਅਦ ਵਿਚ ਇਸ ਬਾਰੇ ਬਹੁਤ ਸਾਰੀਆਂ ਕਹਾਣੀਆਂ ਉਤਪੰਨ ਹੋ ਗਈਆਂ, ਉਹ 400 ਤੋਂ ਵੱਧ ਜਾਸੂਸੀ ਨਾਵਲਾਂ ਅਤੇ ਇਕ ਪ੍ਰਸਿੱਧ ਬੈਲਡ ਦਾ ਹੀਰੋ ਚਿਤਰਿਆ ਗਿਆ। ਇਸ ਦਾ ਜੈਫਰਸਨ ਸਿਟੀ ਵਿਖੇ ਰਾਜਧਾਨੀ ਵਿਚ ਟਾਮਸ ਹਾਰਟ ਬਾਂਟੋਨ ਦੁਆਰਾ ਚਿਤਰਿਆ ਇਕ ਕੰਧ ਚਿੱਤਰ ਵੀ ਸੀ।

ਹ. ਪੁ.–ਐਨ. ਬ੍ਰਿ. 12 : 862; ਐਨ. ਅਮੈ. 15 : 605

**ਜੇਮਜ਼ਟਾਊਨ** : ਦੱਖਣ-ਪੱਛਮੀ ਨਿਊਯਾਰਕ (ਸੰ. ਰ. ਅ.) ਦਾ ਸ਼ਾਟਾਵਾ ਕਾਊਂਟੀ ਦਾ ਸੱਨਅਤੀ ਸ਼ਹਿਰ ਹੈ ਜਿਹੜਾ ਬੱਫਾਲੋ ਸ਼ਹਿਰ ਤੋਂ 91 ਕਿ. ਮੀ. ਦੱਖਣ-ਦੱਖਣ-ਪੱਛਮ ਦੀ ਦਿਸ਼ਾ ਵਿਚ ਸ਼ਾਟਾਕਵਾ ਝੀਲ ਦੇ ਦੱਖਣੀ ਨਿਕਾਸ ਪੁਆਇੰਟ ਉੱਪਰ ਸਥਿਤ ਹੈ। ਸ਼ਹਿਰ 1810 ਵਿਚ ਵਸਿਆ ਸੀ। ਇਹ 1827 ਵਿਚ ਪਿੰਡ ਦੇ ਤੌਰ ਤੇ ਅਤੇ 1886 ਵਿਚ ਬਤੌਰ ਸ਼ਹਿਰ ਨਿਗਮਤ ਕੀਤਾ ਗਿਆ। ਇਸ ਦੇ ਨੇੜੇ ਹੀ 1825 ਵਿਚ ਇਰੀ ਨਹਿਰ ਦੇ ਖੁੱਲ੍ਹਣ ਨਾਲ ਬਿਜਲੀ ਅਤੇ ਪਾਣੀ ਦੀ ਸਪਲਾਈ ਵਧੇਰੇ ਹੋਣ ਨਾਲ ਅਤੇ 1850 ਵਿਚ ਰੇਲ ਮਾਰਗ ਬਣਨ ਨਾਲ ਸ਼ਹਿਰ ਉੱਨਤ ਹੋਣ ਲੱਗ ਪਿਆ। ਇਸ ਤੋਂ ਪਿੱਛੋਂ ਇਹ ਲੱਕੜੀ ਚੀਰਨ, ਫ਼ਰਨੀਚਰ ਅਤੇ ਕੱਪੜਾ ਆਦਿ ਬਣਾਉਣ ਦੇ ਕੇਂਦਰ ਵਜੋਂ ਉੱਨਤ ਹੋਇਆ ਸੀ। ਅੱਜਕੱਲ੍ਹ ਇਥੇ ਮਸ਼ੀਨਰੀ, ਹਵਾਈ ਜਹਾਜ਼ਾਂ ਦੇ ਪੁਰਜ਼ੇ ਅਤੇ ਦਫਤਰਾਂ ਵਿਚ ਵਰਤੀਆਂ ਜਾਂਦੀਆਂ ਵਸਤਾਂ ਦਾ ਨਿਰਮਾਣ ਹੁੰਦਾ ਹੈ। ਸ਼ਹਿਰ ਦੇ

ਨੇੜੇ ਹੀ ਡੇਅਰੀ ਉਤਪਾਦਨ ਵੀ ਹੁੰਦੇ ਹਨ। ਸ਼ਾਟਾਕਵਾ ਝੀਲ ਉੱਤੇ ਸੈਰਗਾਹਾਂ ਲਈ ਇਹ ਸਹਾਇਕ ਜਿਹਾ ਸ਼ਹਿਰ ਹੈ ਜਿਥੇ ਸੈਲਾਨੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਉਂਦੇ ਹਨ। ਇਥੇ 1950 ਵਿਚ ਜੇਮਜ਼ਟਾਊਨ ਕਮਿਊਨਿਟੀ ਕਾਲਜ ਖੋਲ੍ਹਿਆ ਗਿਆ ਸੀ।

ਸ਼ਹਿਰ ਦਾ ਨਾਂ ਜੇਮਜ਼ਟਾਊਨ ਇਕ ਉਦਯੋਗਪਤੀ ਜੇਮਜ਼ ਦੇ ਨਾਂ ਤੇ ਰੱਖਿਆ ਗਿਆ ਸੀ। ਇਸਨੇ ਇਥੇ 1811 ਵਿਚ ਇਕ ਮਿਲ ਲਗਾਈ ਸੀ।

ਆਬਾਦੀ–34,681 (1990)

42° 06′ ਉ. ਵਿਥ.; 79° 14′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 511; ਵੈ. ਜਗ. ਡਿ.

**ਜੇਮਜ਼ਟਾਊਨ** : ਦੱਖਣੀ ਅੰਧ ਮਹਾਂਸਾਗਰ ਵਿਚ ਬਰਤਾਨਵੀ ਟਾਪੂ ਸੇਂਟ ਹੈਲਨਾ ਦੀ ਰਾਜਧਾਨੀ ਹੈ। ਇਹ ਟਾਪੂ ਦੀ ਮਸ਼ਹੂਰ ਬੰਦਰਗਾਹ ਵੀ ਹੈ। ਇਸ ਸ਼ਹਿਰ ਦੀ ਸਥਾਪਨਾ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ 1659 ਈ. ਵਿਚ ਜੇਮਜ਼ ਖਾੜੀ ਉੱਤੇ ਇਕ ਫ਼ੌਜੀ ਅੱਡਾ ਅਤੇ ਕਿਲਾ ਬਣਾ ਕੇ ਕੀਤੀ ਸੀ। ਮਗਰੋਂ ਇਸ ਦਾ ਨਾਂ ਯਾਰਕ ਦੇ ਡਿਊਕ ਜੇਮਜ਼ ਦੂਜੇ ਨਾਂ ਤੇ ਜੇਮਜ਼ਟਾਊਨ ਪਿਆ। ਸ਼ਹਿਰ ਦੇ ਨੇੜੇ ਤੇੜੇ ਕਈ ਵਰਣਨਯੋਗ ਥਾਵਾਂ ਹਨ ਜਿਨ੍ਹਾਂ ਵਿਚ ਇਸ ਤੋਂ 3 ਕਿ. ਮੀ. ਦੱਖਣ ਵੱਲ ਬਣਿਆ ਗਵਰਨਰ ਦਾ ਰਿਹਾਇਸ਼ੀ ਮਹੱਲ ਅਤੇ ਸੇਂਟ ਪਾਲ ਦਾ ਗਿਰਜਾਘਰ ਸ਼ਾਮਲ ਹਨ। ਇਸੇ ਥਾਂ ਤੋਂ 4 ਕਿ. ਮੀ. ਦੱਖਣ-ਪੱਛਮ ਵੱਲ 1821 ਈ. ਵਿਚ ਨੈਪੋਲੀਅਨ ਦੀ ਮੌਤ ਹੋ ਗਈ ਸੀ।

ਸ਼ਹਿਰ ਦੀ ਆਰਥਿਕਤਾ ਦਾ ਆਧਾਰ ਸੱਨਅਤਾਂ ਜਾਂ ਖੇਤੀਬਾੜੀ ਤਾਂ ਨਹੀਂ ਹਨ ਪਰ ਆਮਦਨੀ ਦਾ ਬਹੁਤਾ ਹਿੱਸਾ ਸੀਮਾ ਕਰ ਅਤੇ ਡਾਕ ਟਿਕਟਾਂ ਇਕੱਠੀਆਂ ਕਰਨ ਵਾਲਿਆਂ ਨੂੰ ਟਿਕਟਾਂ ਆਦਿ ਵੇਚਣ ਤੋਂ ਪ੍ਰਾਪਤ ਹੁੰਦਾ ਹੈ। ਸ਼ਹਿਰ ਵਿਚ ਇਕ ਗਲੀ ਜਿਹੀ ਹੈ ਜਿਹੜਾ ਪੌਣਾ ਕਿ. ਮੀ. ਲੰਬੀ ਹੈ ਅਤੇ ਸਮੁੰਦਰ ਤਲ ਤੋਂ 150 ਮੀ. ਉੱਪਰ ਪਹਾੜੀ ਵੱਲ ਜਾਂਦੀ ਹੈ। ਸਾਰਾ ਬਾਜ਼ਾਰ ਇਸੇ ਦੇ ਆਸ ਪਾਸ ਬਣਿਆ ਹੋਇਆ ਹੈ।

15° 57′ ਦੱ ਵਿਥ; 50° 42′ ਪੱ. ਲੰਬ

ਹ. ਪੁ.–ਐਨ. ਬ੍ਰਿ. ਮਾ. 5 : 511

**ਜੇਮਜ਼ਟਾਊਨ** : ਪੂਰਬੀ ਵਰਜੀਨੀਆ (ਸੰ. ਰ. ਅ.) ਵਿਚ ਜੇਮਜ਼ ਸਿਟੀ ਕਾਉਂਟੀ ਦਾ ਉਜੜਿਆ ਹੋਇਆ ਸ਼ਹਿਰ ਹੈ ਜਿਹੜਾ ਜੇਮਜ਼ ਦਰਿਆ ਵਿਚਲੇ ਪ੍ਰਾਇਦੀਪ ਉਪਰ ਸਥਿਤ ਹੈ। ਇਸ ਜਗ੍ਹਾ ਉਪਰ 13 ਮਈ, 1607 ਨੂੰ ਅਮਰੀਕੀ ਮਹਾਂਦੀਪ ਉੱਤੇ ਪਹਿਲੀ ਸਥਾਈ ਅੰਗਰੇਜ਼ੀ ਬਸਤੀ ਦੀ ਸਥਾਪਨਾ ਕੀਤੀ ਗਈ ਸੀ। ਇਸ ਦਾ ਨਾਂ ਬਾਦਸ਼ਾਹ ਜੇਮਜ ਪਹਿਲੇ ਦੇ ਨਾਂ ਉੱਤੇ ਹੀ ਰੱਖਿਆ ਗਿਆ ਸੀ। ਸੰਨ 1607 ਤੋਂ 1698 ਤੱਕ ਇਹ ਵਰਜੀਨੀਆ ਦੀ ਰਾਜਧਾਨੀ ਰਿਹਾ। ਪਿੱਛੋਂ 1679 ਈ. ਵਿਚ ਰਾਜਧਾਨੀ ਇਸ ਦੀ ਥਾਂ ਤੋਂ ਬਦਲ ਕੇ ਵਿਲੀਅਮਜ਼ਬਰਗ ਵਿਖੇ ਬਣਾ ਲਈ ਗਈ ਜਿਸ ਨਾਲ ਇਸ ਸ਼ਹਿਰ ਦੀ ਪਹਿਲੋਂ ਜਿੰਨੀ ਮਹੱਤਤਾ ਨਾ ਰਹੀ। ਵੈਸੇ ਵੀ ਇਹ ਜਗ੍ਹਾ ਰਹਿਣ-ਸਹਿਣ ਲਈ ਵਧੀਆ ਸਾਬਤ ਨਾ ਹੋ ਸਕੀ ਕਿਉਂਕਿ ਇਹ ਦਲਦਲੀ ਜਿਹੇ ਖੇਤਰ ਵਿਚ ਬਣਾਈ ਗਈ ਸੀ ਜਿਥੇ ਮੌਤਾਂ ਵਧੇਰੇ ਹੁੰਦੀਆਂ ਸਨ। ਸ਼ਾਇਦ ਇਸੇ ਕਾਰਨ ਇਥੇ ਵਸੋਂ ਘੱਟ ਹੀ ਰਹੀ। ਕੁਝ ਕੁਦਰਤ ਦੀਆਂ ਕਰੋਪੀਆਂ ਕਾਰਨ ਵੀ ਸ਼ਹਿਰ ਨੂੰ ਕਾਫ਼ੀ ਨੁਕਸਾਨ ਹੁੰਦਾ ਰਿਹਾ। ਸੰਨ 1608 ਵਿਚ ਇਥੇ ਅਚਾਨਕ ਅੱਗ ਲੱਗ ਗਈ। ਸੰਨ 1609-10 ਵਿਚ ਇਥੇ ਕਾਲ ਪੈ ਗਿਆ, ਪਿੱਛੋਂ ਫਿਰ ਦੁਬਾਰਾ ਇਹ 1676 ਅਤੇ 1698 ਵਿਚ ਅੱਗ ਦੀ ਲਪੇਟ ਵਿਚ ਆ ਗਿਆ, ਇਸ ਤਰ੍ਹਾਂ ਸ਼ਹਿਰ ਬਹੁਤੀ ਉੱਨਤੀ ਨਾ ਕਰ ਸਕਿਆ ਅਤੇ ਅਖ਼ੀਰ ਕੋਈ ਹੋਰ ਜਗ੍ਹਾ ਲੱਭਣੀ ਪਈ। ਸ਼ਹਿਰ ਵਿਚ 17ਵੀਂ ਸਦੀ ਦੀਆਂ ਬਣੀਆਂ ਇਮਾਰਤਾਂ ਬਸਤੀਵਾਦ ਦੀ ਯਾਦ ਨੂੰ ਤਾਜ਼ਾ ਕਰਦੀਆਂ ਹਨ। ਸੰਨ 1936 ਵਿਚ ਇਸ ਟਾਪੂ ਨੂੰ 'ਕਾਲੋਨੀਅਲ ਨੈਸ਼ਨਲ ਹਿਸਟੋਰੀਕਲ ਪਾਰਕ' ਵਿਚ ਮਿਲਾ ਲਿਆ ਗਿਆ। ਸੰਨ 1698 ਵਿਚ ਰਾਜਧਾਨੀ ਇਸ ਦੀ ਥਾਂ ਤੇ ਵਿਲੀਅਮਜ਼ ਬਰਗ ਨੂੰ ਬਣਾ ਲੈਣ ਨਾਲ ਸ਼ਹਿਰ ਦੀ ਮਹੱਤਤਾ ਬਿਲਕੁਲ ਹੀ ਘੱਟ ਗਈ। 19ਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਇਥੇ ਕੁਝਕੁ ਖੰਡਰ ਹੀ ਬਾਕੀ ਰਹਿ ਗਏ।

ਹ. ਪੁ.–ਐਨ. ਬ੍ਰਿ. ਮਾ. 5 : 511; ਵੈ. ਜ. ਡਿ; ਕੋਲ. ਐਨ. 10 : 600

**ਜੇਮਜ਼ ਦਰਿਆ** : ਸੰਯੁਕਤ ਰਾਜ ਅਮਰੀਕਾ ਵਿਚ ਉੱਤਰੀ ਡਾਕੋਟਾ ਅਤੇ ਦੱਖਣੀ ਡਾਕੋਟਾ ਰਾਜਾ ਦਾ ਇਕ ਦਰਿਆ ਹੈ। ਇਸ ਨੂੰ ਜਿਮ ਅਤੇ ਡਾਕੋਟਾ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਮਿਜ਼ੂਰੀ ਦਰਿਆ ਦੇ ਇਸ ਸਹਾਇਕ ਦਰਿਆ ਦੀ ਲੰਬਾਈ 1,126 ਕਿ. ਮੀ. ਹੈ। ਇਹ ਕੇਂਦਰੀ ਉੱਤਰੀ ਡਾਕੋਟਾ ਦੀ ਵੇਲਜ਼ ਕਾਉਂਟੀ ਵਿਚੋਂ ਨਿਕਲਦਾ ਹੈ। ਅੱਗੋਂ ਇਹ ਦੱਖਣ-ਦੱਖਣ-ਪੂਰਬ ਦੀ ਦਿਸ਼ਾ ਵਿਚ ਵਹਿੰਦਾ ਹੋਇਆ ਦੱਖਣੀ ਡਾਕੋਟਾ ਵਿਚ ਯੈਂਕਟਨ ਸ਼ਹਿਰ ਨੇੜੇ ਮਿਜ਼ੂਰੀ ਦਰਿਆ ਵਿਚ ਰਲ ਜਾਂਦਾ ਹੈ। ਇਹ 56,980 ਵ. ਕਿ. ਮੀ. ਖੇਤਰ ਦਾ ਜਲ ਨਿਕਾਸ ਕਰਦਾ ਹੈ। ਉਪਰਲੇ ਵਹਿਣ ਵਿਚ ਕਈ ਝੀਲਾਂ ਦਾ ਪਾਣੀ ਇਸ ਨਾਲ ਹੀ ਵਹਿ ਜਾਂਦਾ ਹੈ। ਮੇਪਲ, ਪਾਇਪ ਸਟੈਮ ਅਤੇ ਟਰਟਲ ਇਸ ਦੇ ਹੋਰ ਸਹਾਇਕ ਦਰਿਆ ਹਨ। ਦਰਿਆ ਉੱਤੇ ਜੇਮਜ਼ਟਾਊਨ ਨੇੜੇ ਬੰਨ੍ਹ ਬਣਾ ਕੇ ਹੜ੍ਹਾਂ ਦੇ ਪਾਣੀ ਉੱਤੇ ਰੋਕਥਾਮ ਕੀਤੀ ਗਈ ਹੈ। ਇਸ ਉੱਤੇ ਕਈ ਥਾਵਾਂ ਉੱਤੇ ਵਾਟਰ ਵਰਕਸ ਵਗੈਰਾ ਬਣਾਏ ਗਏ ਹਨ। ਦਰਿਆ ਦੇ ਕੰਢਿਆਂ ਉੱਤੇ ਕਈ ਸ਼ਹਿਰ ਵੱਸੇ ਹੋਏ ਹਨ ਜਿਸ ਵਿਚੋਂ ਦੱਖਣੀ ਡਾਕੋਟਾ ਵਿਚ ਯੈਂਕਟਨ, ਆਲਵੈੱਟ, ਹਿਊਰਨ, ਉੱਤਰੀ ਡਾਕੋਟਾ ਵਿਚ ਲਾਮੂਰ, ਜੇਮਜ਼ ਟਾਊਨ, ਨਿਊ ਰਾਕਫਰਡ ਵਰਣਨਯੋਗ ਹਨ।

42° ਉ. ਵਿਥ.; 97° 18′ ਪੱ. ਲੰਬ.

ਹ. ਪੁ.–ਕੋਲੀ ਐਨ. 10 : 599; ਐਨ. ਬ੍ਰਿ. ਮਾ. 5 : 511

**ਜੇਮਜ਼ ਦਰਿਆ** : ਸੰਯੁਕਤ ਰਾਜ ਅਮਰੀਕਾ ਵਿਚ ਵਰਜੀਨੀਆ ਰਾਜ ਦਾ ਇਕ ਵੱਡਾ ਦਰਿਆ ਹੈ। ਇਹ ਬਾਟਾਟਾਟ ਕਾਉਂਟੀ ਦੇ ਉੱਤਰੀ ਹਿੱਸੇ ਵਿਚ ਜੈਕਸਨ ਅਤੇ ਕਾਉਪੈਸਚਰ ਦਰਿਆਵਾਂ ਦੇ ਸੰਗਮ ਨਾਲ ਬਣਦਾ ਹੈ। ਇਹ ਦੋਵੇਂ ਦਰਿਆ ਐਲਗੇਨੀ ਫਰੰਟ ਵਿਚੋਂ ਨਿਕਲਦੇ ਹਨ। ਇਨ੍ਹਾਂ ਦੇ ਮਿਲਣ ਤੋਂ ਬਣਿਆ ਜੇਮਜ਼ ਦੂਰ ਪੂਰਬ ਵੱਲ ਵਿੰਗ ਵਲੇਵੇਂ ਖਾਂਦਾ ਹੋਇਆ ਆਪਣਾ ਕੋਈ 550 ਕਿ. ਮੀ. ਦਾ ਪੈਂਡਾ ਤੈਅ ਕਰਦਾ ਹੈ। ਆਇਰਨ ਗੇਟ ਤੋਂ ਬਿਯੂਕੈਨਅਨ ਸ਼ਹਿਰ ਦਰਮਿਆਨ ਇਹ ਦੱਖਣ-ਪੂਰਬ ਦੀ ਦਿਸ਼ਾ ਵਿਚ ਵੱਗਦਾ ਹੈ। ਅੱਗੇ ਕਦੇ ਉੱਤਰ-ਪੂਰਬ ਤੇ ਕਦੇ ਦੱਖਣ-ਪੂਰਬ ਦਾ ਰੁੱਖ ਅਖਤਿਆਰ ਕਰਦਾ ਹੋਇਆ ਇਹ ਨਿਊਪੋਰਟ ਨਿਊਜ਼ ਸ਼ਹਿਰ ਵਿਖੇ 8. ਕਿ. ਮੀ. ਚੌੜੀ ਐਸਚੁਅਰੀ ਰਾਹੀਂ ਹੈਂਪਟਨ ਰੋਡਸ ਖਾੜੀ ਵਿਚ ਅਲੋਪ ਹੋ ਜਾਂਦਾ ਹੈ।

ਇਸ ਦੇ ਪੂਰੇ ਵਹਿਣ ਵਿਚ ਨਾਰਥ, ਰਵੈਨਾ, ਐਪਾਮੈਟਕਸ, ਚਿਕਹਾਮਾਨੀ ਦਰਿਆ ਇਸ ਨਾਲ ਮਿਲਦੇ ਹਨ। ਰਿਚਮੰਡ ਸ਼ਹਿਰ ਤੱਕ ਇਸ ਵਿਚ ਵੱਡੇ ਜਹਾਜ਼ ਚੱਲਦੇ ਹਨ। ਨਿਊਪੋਰਟ ਨਿਊਜ਼ ਵਿਚ ਦਰਿਆ ਉੱਤੇ 7 ਕਿ. ਮੀ. ਲੰਬਾ ਪੁਲ ਬਣਿਆ ਹੋਇਆ ਹੈ। ਇਸ ਦਰਿਆ ਦੀ ਡੂੰਘਾਈ ਅਤੇ ਚੌੜਾਈ ਦੋਨੋਂ ਜ਼ਿਆਦਾ ਹਨ। ਇਸ ਕਰਕੇ ਇਸ ਵਿਚ ਜਹਾਜ਼ਾਂ ਰਾਹੀਂ ਆਵਾਜਾਈ ਅਤੇ ਢੋ-ਢੁਆਈ ਆਸਾਨੀ ਨਾਲ ਹੁੰਦੀ ਹੈ।

ਇਸ ਦਰਿਆ ਦੀ ਇਤਿਹਾਸਕ ਮਹੱਤਤਾ ਵੀ ਹੈ। ਮਈ, 1607 ਵਿਚ ਜੇਮਜ਼ ਦਰਿਆ ਦੇ ਕੰਢੇ ਪਹਿਲੀ ਅੰਗਰੇਜ਼ੀ ਬਸਤੀ ਜਾਨ ਸਮਿਥ ਅਤੇ ਹੋਰ ਅੰਗਰੇਜ਼ਾਂ ਦੇ ਇਧਰ ਆ ਕੇ ਵੱਸਣ ਨਾਲ ਕਾਇਮ ਹੋਈ ਸੀ। ਇਹੋ ਬਸਤੀ ਸੰਨ 1607 ਤੋਂ 1698 ਤੱਕ ਵਰਜੀਨੀਆ ਦੀ ਰਾਜਧਾਨੀ ਵੀ ਰਹੀ। ਪਿੱਛੋਂ ਇਹ ਰਾਜਧਾਨੀ ਵਿਲਮਜ਼ਬਰਗ ਵਿਖੇ ਬਦਲ ਲਈ

ਗਈ। ਇਸੇ ਪੁਰਾਣੀ ਬਸਤੀ ਦਾ ਦੂਸਰਾ ਹਿੱਸਾ ਜੇਮਜ਼ ਦਰਿਆ ਹੇਠਾਂ ਡੁੱਬਿਆ ਹੋਇਆ ਹੈ। ਅਮਰੀਕਾ ਦੀਆਂ ਕ੍ਰਾਂਤੀਆਂ ਅਤੇ ਖਾਨਾ ਜੰਗਾਂ ਵੇਲੇ ਇਸ ਦਰਿਆ ਵਿਚ ਬਸਤੀ ਵਾਲੀ ਥਾਂ ਤੇ ਭਾਰੀ ਲੜਾਈ ਹੋਈ ਸੀ। ਅੱਜਕੱਲ੍ਹ ਦਰਿਆ ਦੇ ਕੰਢੇ ਕਈ ਵੱਡੇ ਸ਼ਹਿਰ ਵੱਸੇ ਹੋਏ ਹਨ ਜਿਨ੍ਹਾਂ ਵਿਚੋਂ ਥਿਊਕਨੈਅਨ, ਗਲਾਸਗੋ, ਲਿੰਚਬਰਗ ਰਿਚਮੰਡ, ਹੋਪਵੈਲ, ਚਾਰਲਸ ਸਿਟੀ, ਹੈਂਪਟਨ, ਓਲਡ ਪੁਆਇੰਟ, ਨਿਊਪੋਰਟ ਨਿਊਜ਼ ਨਾਰਫਾਕ ਆਦਿ ਸ਼ਹਿਰਾਂ ਦੇ ਨਾਂ ਵਰਣਨ ਯੋਗ ਹਨ।

37° 35′ ਉ. ਵਿਥ.; 77° 50′ ਪੱ. ਲੰਬ

ਹ. ਪੁ.–ਐਨ. ਬ੍ਰਿ. ਮਾ. 54 : 511; ਕੋਲ. ਐਨ. 10 : 599

**ਜ਼ੇਰਾਰ ਆਫ਼ ਸ੍ਰੀਮੋਨਾ** : ਇਹ ਇਟਲੀ ਦਾ ਮੱਧਕਾਲ ਦਾ ਉੱਘਾ ਵਿਦਵਾਨ ਸੀ ਜਿਸ ਨੇ ਯੂਨਾਨੀ ਅਤੇ ਅਰਬੀ ਦੇ ਵੱਡੇ-ਵੱਡੇ ਲੇਖਕਾਂ ਦੀਆਂ ਪੁਸਤਕਾਂ ਨੂੰ ਲਾਤੀਨੀ ਵਿਚ ਉਲਥਾਇਆ। ਇਸ ਦਾ ਜਨਮ ਲੰਬਾਰਡੀ ਵਿਚ ਕ੍ਰੀਮੋਨਾ ਵਿਖੇ ਲ. 1114ਵਿਚ ਹੋਇਆ। ਯੂਨਾਨੀ ਗਣਿਤ ਸ਼ਾਸਤਰੀ ਅਤੇ ਤਾਰਾ-ਵਿਗਿਆਨੀ ਟਾਲਮੀ ਦੀ ਦੂਜੀ ਸਦੀ ਈਸਵੀ ਦੀ ਲਿਖੀ ਪੁਸਤਕ 'ਆਲਮੇਜੈਸਟ' ਦਾ ਅਧਿਐਨ ਕਰਨ ਲਈ ਅਰਬੀ ਸਿੱਖਣ ਵਾਸਤੇ ਇਹ ਟੋਲੀਡ (ਸਪੇਨ) ਗਿਆ। ਆਪਣੀ ਜ਼ਿੰਦਗੀ ਦੇ ਬਾਕੀ ਦਿਨ ਇਸ ਨੇ ਉੱਥੇ ਹੀ ਕੱਟੇ। ਅਰਬੀ ਤੋਂ ਲਾਤੀਨੀ ਵਿਚ ਹੋਏ 80 ਅਨੁਵਾਦ ਇਸ ਦੇ ਨਾਂ ਨਾਲ ਜੋੜੇ ਜਾਂਦੇ ਹਨ ਪਰ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਅਨੁਵਾਦਕਾਂ ਦੇ ਇਕ ਸਕੂਲ ਦਾ ਇੰਚਾਰਜ ਸੀ ਜਿਥੇ ਕਈ ਅਨੁਵਾਦ ਹੋਏ। ਸੰਨ 1175ਵਿਚ ਇਸ ਨੇ 'ਆਲਮੇਜੈਸਟ' (Almagest) ਦਾ ਅਨੁਵਾਦ ਮੁਕੰਮਲ ਕੀਤਾ ਜੋ ਸੰਨ 1515 ਵਿਚ ਪ੍ਰਕਾਸ਼ਤ ਹੋਇਆ। ਅਰਸਤੂ, ਯੂਕਲਿਡ ਅਤੇ ਜਾਲੀਨੂਸ ਵਰਗੇ ਹੋਰ ਯੂਨਾਨੀ ਵਿਦਵਾਨਾਂ ਦੀਆਂ ਅਰਬੀ ਵਿਚ ਅਨੁਵਾਦੀਆਂ ਪੁਸਤਕਾਂ ਨੂੰ ਵੀ ਇਸ ਵਲੋਂ ਲਾਤੀਨੀ ਵਿਚ ਉਲਥਾਇਆ ਦਸਿਆ ਜਾਂਦਾ ਹੈ। ਇਸ ਦੇ ਨਾਂ ਨਾਲ ਚਕਿਸਤਾ, ਗਣਿਤ, ਤਾਰਾ- ਵਿਗਿਆਨ, ਜੋਤਿਸ਼ ਤੇ ਕੀਮੀਆ ਆਦਿ ਨਾਲ ਸਬੰਧਤ ਰਚਨਾਵਾਂ ਦੇ ਅਨੁਵਾਦ ਜੋੜੇ ਜਾਂਦੇ ਹਨ।

ਸੰਨ 1187 ਵਿਚ ਟੋਲੀਡੋ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 10: 233; ਐਨ. ਬ੍ਰਿ. ਮਾ. 4: 492

**ਜ਼ੇਰਾਰ, ਫ਼ਰਾਂਸਵਾ, ਬੈਰਨ** : ਇਸ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ 4ਮਈ, 1770 ਨੂੰ ਰੋਮ ਵਿਖੇ ਹੋਇਆ। ਇਸ ਦਾ ਪੂਰਾ ਨਾਂ



**ਫ਼ਰਾਂਸਵਾ ਜ਼ੇਰਾਰ ਵੱਲੋਂ ਬਣਾਇਆ ਇਕ ਤੇਲ ਚਿੱਤਰ**

ਬੈਰਨ ਫ਼ਰਾਂਸਵਾ ਪਾਸਕਲ ਸਾਈਮਨ ਜ਼ੇਰਾਰ ਸੀ। ਪੈਰਿਸ ਵਿਖੇ ਇਸ ਨੇ ਜੈਕਸ ਲੂਈ ਡੇਵਿਡ ਤੋਂ ਸਿਖਿਆ ਪ੍ਰਾਪਤ ਕੀਤੀ। ਆਪਣੇ ਉਸਤਾਦ ਦੀ ਸਿਫ਼ਾਰਸ਼ ਤੇ 1793 ਵਿਚ ਇਸ ਨੂੰ ਫ਼ਰਾਂਸੀਸੀ ਕ੍ਰਾਂਤੀਕਾਰੀ ਟ੍ਰਿਬਿਊਨਲ ਦਾ ਮੈਂਬਰ ਬਣਾਇਆ ਗਿਆ। ਇਹ ਬੜੇ ਮਿੱਠੇ ਸੁਭਾਉ ਦਾ ਸੀ ਅਤੇ ਆਪਣੇ ਸਮੇਂ ਦੇ ਅਧਿਕਾਰ ਪ੍ਰਾਪਤ ਰਾਜਨੀਤਿਕ ਧੜੇ ਨਾਲ ਸਾਂਝ ਬਣਾ ਕੇ ਰੱਖਦਾ ਸੀ।

ਜ਼ੇਰਾਰ ਨੇ ਨੈਪੋਲੀਅਨ ਪਹਿਲੇ ਅਤੇ ਉਸ ਦੇ ਸੰਗੀਆਂ ਦੇ ਚਿੱਤਰ ਬਣਾਏ। ਨੈਪੋਲੀਅਨ ਦੀ ਹਾਰ ਮਗਰੋਂ ਇਹ ਲੂਈ ਅਠਾਰ੍ਹਵੇਂ ਦਾ ਦਰਬਾਰੀ ਚਿੱਤਰਕਾਰ ਨਿਯੁਕਤ ਹੋਇਆ। ਸੰਨ 1819 ਵਿਚ ਇਸ ਨੂੰ ਬੈਰਨ ਦੀ ਉਪਾਧੀ ਪ੍ਰਦਾਨ ਕੀਤੀ ਗਈ। ਬਾਅਦ ਵਿਚ ਚਾਰਲਸ ਦੱਸਵੇਂ ਦੀ ਸਰਪ੍ਰਸਤੀ ਅਧੀਨ 1830 ਵਿਚ ਇਸ ਨੇ ਪੈਰਿਸ ਵਿਚ ਪੈਥੀਆਨ ਇਮਾਰਤ ਦੀ ਛੱਤ ਉੱਤੇ ਚਿੱਤਰਕਾਰੀ ਕੀਤੀ।

ਪੈਰਿਸ ਦੀ ਲੂਵਰ ਗੈਲਰੀ ਵਿਚ ਰੱਖਿਆ ਇਸ ਦਾ 'ਕਿਉਪਿਡ ਐਂਡ ਸਾਈਕੀ' (1789) ਦਾ ਚਿੱਤਰ ਸੰਸਾਰ ਪ੍ਰਸਿੱਧ ਹੈ। ਇਸ ਨਾਲ ਇਕ ਨਵੀਂ ਸ਼ੈਲੀ ਦਾ ਮੁੱਢ ਬਝਿਆ, ਜਿਸ ਦੀ 18 ਵੀਂ ਸਦੀ ਵਿਚ ਬੜੀ ਨਕਲ ਹੋਈ।

11 ਜਨਵਰੀ, 1837 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਐਮ; ਐਨ. ਬ੍ਰਿ. 10: 233; ਐਨ. ਬ੍ਰਿ. ਮਾ. 4: 491; ਨਿ. ਯੂ. ਐਨ. 7: 3723

**ਜ਼ੇਰੀਕੋ (ਜਾਂ ਲੂਈ ਆਂਦਰੇ) ਥੀਓਡੋਰ** (Gericault, Theodore) : ਇਹ ਇਕ ਉੱਘਾ ਫ਼ਰਾਂਸੀਸੀ ਚਿੱਤਰਕਾਰ ਸੀ ਜਿਸ ਨੇ ਫ਼ਰਾਂਸੀਸੀ ਕਲਾ ਦੇ ਰੋਮਾਂਟਿਕ ਅਤੇ ਯਥਾਰਥਵਾਦੀ ਦੋਹਾਂ ਪੱਖਾਂ ਦੇ ਵਿਕਾਸ ਉੱਤੇ ਬੜਾ ਪ੍ਰਭਾਵ ਪਾਇਆ। ਇਸ ਦਾ ਜਨਮ ਰੂਆ (Rouen) ਵਿਖੇ 26 ਸਤੰਬਰ, 1791 ਨੂੰ ਹੋਇਆ। ਭਾਵੇਂ ਇਹ ਚੁਲਬਲੀ ਤਬੀਅਤ ਦਾ ਆਦਮੀ ਸੀ ਅਤੇ ਘੋੜ ਸਵਾਰੀ ਦਾ ਬੜਾ ਸ਼ੌਕੀਨ ਸੀ ਪਰ ਰਾਜਨੀਤੀ ਪਖੋਂ ਖੁੱਲ੍ਹ ਖਿਆਲੀਆ ਅਤੇ ਲੋਕਾਂ ਦਾ ਹਿਤੈਸ਼ੀ ਸੀ। ਇਸੇ ਤਰ੍ਹਾਂ ਦੀ ਵਿਸ਼ਾਲਤਾ ਇਸ ਦੀਆਂ ਕ੍ਰਿਤਾਂ ਤੋਂ ਝਲਕਦੀ ਸੀ।



**ਥੀਓਡੋਰ ਜ਼ੇਰੀਕੋ**

'ਦੀ ਚਾਰਜਿੰਗ ਚਾਸਿਊਰ (1812) ਇਸ ਦੀ ਪਹਿਲੀ ਕਲਾ ਕ੍ਰਿਤ ਸੀ ਜਿਸ ਵਿਚ ਇਸ ਨੇ ਇਕ ਫ਼ੌਜੀ ਅਫ਼ਸਰ ਨੂੰ ਘੋੜੇ ਤੇ ਸਵਾਰ ਵਿਖਾਇਆ ਹੈ। ਅਗਲੇ ਕੁਝ ਸਾਲਾਂ ਵਿਚ ਇਸ ਨੇ ਮਿਲਟਰੀ ਸਬੰਧੀ ਹੀ ਚਿੱਤਰ ਬਣਾਏ। ਇਸ ਤੋਂ ਮਗਰੋਂ ਇਹ 17 ਵੀਂ ਸਦੀ ਦੀ ਫਲੈਂਡਰਜ਼ ਦੀ ਬੈਰੋਕ ਸ਼ੈਲੀ ਅਨੁਸਾਰ ਚਿੱਤਰਕਾਰੀ ਕਰਨ ਲੱਗ ਪਿਆ। ਸੰਨ 1814 ਵਿਚ ਇਕ ਵਾਰਸ਼ਿਕ ਪ੍ਰਦਰਸ਼ਨੀ ਸਮੇਂ ਇਸ ਦੇ ਚਿੱਤਰ 'Wounded Cuirassier' ਵਿਚ ਭਰੇ ਰੰਗਾਂ ਦੀ ਸ਼ੋਖੀ ਨੇ ਆਲੋਚਕਾਂ ਨੂੰ ਵੀ ਹੈਰਾਨ ਕਰ ਦਿੱਤਾ। ਸੰਨ 1816-17 ਵਿਚ ਜਦੋਂ ਇਹ ਰੋਮ ਗਿਆ ਤਾਂ ਮਾਈਕਲ

ਐਜਿਲ ਅਤੇ ਬੈਰੋਕ ਕਲਾ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ। ਇਸ ਦੀ 'ਰਾਈਡਰਲੈਸ ਹੋਰਸ ਰੇਸ' ਉਸ ਸਮੇਂ ਦੀ ਪ੍ਰਸਿੱਧ ਕਲਾ ਕ੍ਰਿਤ ਹੈ। ਪੈਰਿਸ ਵਾਪਸ ਪਰਤਨ ਮਗਰੋਂ ਇਸ ਨੇ 'ਦੀ ਰੈਕਟ ਆਫ ਦੀ ਮੈਡੂਸਾ' ਨਾਂ ਦਾ ਨਾਟਕੀ ਚਿੱਤਰ ਬਣਾਇਆ ਜਿਸ ਵਿਚ ਇਕ ਸਮੁੰਦਰੀ ਜਹਾਜ਼ ਦੇ ਡੁੱਬਣ ਦੀ ਘਟਨਾ ਦੇ ਸਿਲਸਿਲੇ ਵਿਚ ਸਰਕਾਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸ ਚਿੱਤਰ ਦੀਆਂ ਇੰਗਲੈਂਡ ਵਿਚ ਪ੍ਰਦਰਸ਼ਨੀਆਂ ਤੋਂ ਇਸ ਨੂੰ ਬਹੁਤ ਆਮਦਨ ਹੋਈ। ਸੰਨ 1820 ਤੋਂ 1822 ਤੱਕ ਜ਼ੇਰੀਕੋ ਇੰਗਲੈਂਡ ਰਿਹਾ ਅਤੇ ਉਸ ਸਮੇਂ ਵਿਚ ਇਸ ਨੇ ਬਹੁਤ ਹੀ ਵਧੀਆ ਚਿੱਤਰ ਬਣਾਏ। ਘੋੜਿਆਂ ਨੂੰ ਦੇਖ ਕੇ ਇਹ ਮੋਹਿਆ ਜਾਂਦਾ ਸੀ। ਇਸ ਲਈ ਇਸ ਨੇ ਵਧੇਰੇ ਚਿੱਤਰ ਘੋੜਿਆਂ ਸਬੰਧੀ ਹੀ ਬਣਾਏ ਜਿਵੇਂ 'ਦੀ ਡਰਬੀ ਐਟ ਐਪਸਮ', 'ਹੌਰਸ ਫੈਡ ਬਾਈ ਏ ਚਾਈਲਡ', 'ਦੀ ਸਟੈਬਲ' ਅਤੇ 'ਦੀ ਵਿਲੇਜ ਫੋਰਜ'। ਜੇਰੀਕੋ ਦੀ ਮੌਤ ਦਾ ਕਾਰਨ ਵੀ ਘੋੜੇ ਤੋਂ ਡਿਗਣਾ ਹੀ ਬਣਿਆ। ਪੈਰਿਸ ਵਾਪਸ ਪਰਤਣ ਤੇ 1822 ਵਿਚ ਘੋੜੇ ਤੋਂ ਡਿਗਣ ਕਾਰਨ ਕਈ ਉਲਝਣਾਂ ਬਣ ਗਈਆਂ ਅਤੇ ਅੰਤ 26 ਜਨਵਰੀ, 1824 ਨੂੰ ਇਸ ਦੀ ਮੌਤ ਹੋ ਗਈ। ਇਸ ਦੇ ਵਧੇਰੇ ਚਿੱਤਰ ਪੈਰਿਸ ਦੀ ਸੰਸਾਰ ਪ੍ਰਸਿੱਧ ਆਰਟ ਗੈਲਰੀ ਲੂਵਰ ਵਿਚ ਲਗੇ ਹੋਏ ਹਨ।

ਹ. ਪੂ. -ਐਨ. ਐਮ.; ਐਨ. ਬ੍ਰਿ.; ਕੋਲ. ਐਨ.

**ਜੇਰੋਬੋਆਮ (ਪਹਿਲਾ)** : ਇਜ਼ਰਾਈਲ ਦੇ ਇਸ ਪਹਿਲੇ ਬਾਦਸ਼ਾਹ ਦਾ ਜਨਮ ਈਫ਼ਰੈਮ ਕਬੀਲੇ ਵਿਚ ਹੋਇਆ। ਈਫ਼ਰੈਮ ਕਬੀਲੇ ਦਾ ਮੁੱਖੀ ਹੋਣ ਕਾਰਨ ਬਾਦਸ਼ਾਹ ਸੁਲੇਮਾਨ (Solaman) ਨੇ ਇਸਨੂੰ ਆਪਣੀ ਇਮਾਰਤ ਉਸਾਰੀ ਲਈ ਓਵਰਸੀਅਰ ਨਿਯੁਕਤ ਕੀਤਾ। ਸ਼ੁਰੂ ਸ਼ੁਰੂ ਵਿਚ ਇਹ ਬਾਦਸ਼ਾਹ ਸੁਲੇਮਾਨ ਦੇ ਪੱਖ ਵਿਚ ਸੀ ਅਤੇ ਉਸਦੀ ਮਦਦ ਕਰਦਾ ਸੀ ਪਰ ਜਦੋਂ ਜਨਤਾ ਨੇ ਉਸਦੇ ਲਾਏ ਭਾਰੇ ਰਾਜ-ਕਰਾਂ ਦਾ ਵਿਰੋਧ ਕੀਤਾ ਤਾਂ ਜੇਰੋਬੋਆਮ ਵੀ ਉਸਦੇ ਜਾਬਰ ਰੱਵਈਏ ਵਿਰੁੱਧ ਵਿਦਰੋਹ ਵਿਚ ਸ਼ਾਮਲ ਹੋ ਗਿਆ। ਇਸ ਦੀਆਂ ਵਿਦਰੋਹੀ ਹਰਕਤਾਂ ਦੀ ਸੂਚਨਾ ਬਾਦਸ਼ਾਹ ਤੱਕ ਪਹੁੰਚ ਗਈ ਅਤੇ ਆਪਣੇ ਆਪ ਨੂੰ ਬਚਾਉਣ ਲਈ ਇਸਨੂੰ ਦੇਸ਼ ਛਡ ਕੇ ਦੌੜਨਾ ਪਿਆ ਅਤੇ ਇਸਨੇ ਮਿਸਰ ਵਿਚ ਜਾ ਕੇ ਸ਼ਰਣ ਲਈ। ਸੁਲੇਮਾਨ ਦੀ ਮੌਤ ਮਗਰੋਂ ਉਸਦੇ ਪੁੱਤਰ ਰੇਓਬੋਆਮ (Rehobeam) ਨੇ ਜ਼ੁਲਮ ਜਬਰ ਦੀ ਅੱਤ ਚੁਕੀ। ਜੇਰੋਬੋਆਮ ਨੇ ਬਗ਼ਾਵਤ ਲਈ ਉੱਤਰੀ ਖੇਤਰ ਦੇ ਲੋਕਾਂ ਦੀ ਅਗਵਾਈ ਕਰਨ ਲਈ ਮੁੜ ਫ਼ਲਸਤੀਨ ਪਰਤ ਕੇ ਬਾਦਸ਼ਾਹ ਨੂੰ ਗੱਦੀਓਂ ਲਾਹ ਕੇ ਇਜ਼ਰਾਈਲ ਨਾਂ ਦੀ ਨਵੀਂ ਬਾਦਸ਼ਾਹਤ ਸਥਾਪਿਤ ਕੀਤੀ ਅਤੇ ਇਸ ਬਾਦਸ਼ਾਹਤ ਦਾ ਪਹਿਲਾ ਬਾਦਸ਼ਾਹ ਬਣਿਆ। ਇਸਨੇ ਲ. 933-912 ਈ. ਪੂ. ਦੌਰਾਨ ਰਾਜ ਕੀਤਾ। ਇਸਦੀ ਬਾਦਸ਼ਾਹਤ ਦੱਖਣ ਦੀ ਜੂਡਾ (Judah) ਬਾਦਸ਼ਾਹਤ ਨਾਲੋਂ ਵੱਖਰੀ ਸੀ। ਬਾਦਸ਼ਾਹ ਬਣਨ ਮਗਰੋਂ ਇਸਨੇ ਸੈਕਐਮ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਬੈਥਲ ਅਤੇ ਡੈਨ ਵਿਖੇ ਪੂਜਾ ਕੇਂਦਰ ਸਥਾਪਿਤ ਕੀਤੇ। ਏਰੂਸਲੇਮ ਦੇ ਮੰਦਰ ਦਾ ਪ੍ਰਭਾਵ ਘੱਟ ਕਰਨ ਲਈ ਇਸਨੇ ਆਪਣੇ ਰਾਜ ਵਿਚ ਕਈ ਮੰਦਰ ਬਣਵਾਏ ਜੋ ਮੂਰਤੀ ਪੂਜਾ ਦੇ ਕੇਂਦਰ ਬਣ ਗਏ ਅਤੇ ਯੇਰੋਸ਼ਲਮ ਦਾ ਪ੍ਰਭਾਵ ਘਟਿਆ।

ਹ. ਪੂ. -ਐਨ. ਐਮ. 16: 26; ਹਿੰ. ਵਿ. ਕੋ. 5: 41

**ਜੇਰੋਬੋਆਮ (ਦੂਜਾ)** : ਇਜ਼ਰਾਈਲ ਦਾ ਇਹ ਬਾਦਸ਼ਾਹ ਆਪਣੇ ਪਿਤਾ ਦੇ ਪਿਛੋਂ 786 ਈ. ਪੂ. ਵਿਚ ਗੱਦੀ ਤੇ ਬੈਠਾ। ਇਸ ਦੇ ਰਾਜ ਕਾਲ ਦੌਰਾਨ ਇਜ਼ਰਾਈਲੀ ਬਾਦਸ਼ਾਹਤ ਦੀ ਤਾਕਤ ਸਿਖ਼ਰਾਂ ਤੇ ਪਹੁੰਚੀ। ਪਹਿਲੇ ਬਾਦਸ਼ਾਹਾਂ ਦੇ ਸਮੇਂ ਸੀਰੀਆ ਅਤੇ ਅਸੀਰੀਆਈ ਹਕੂਮਤ ਦੇ ਕਬਜ਼ੇ ਵਿਚ ਗਏ ਖੇਤਰ ਮੁੜ ਇਜ਼ਰਾਈਲੀ ਬਾਦਸ਼ਾਹਤ ਵਿਚ ਸ਼ਾਮਲ ਕੀਤੇ ਅਤੇ ਪਰਜਾ ਖੁਸ਼ਹਾਲ ਸੀ ਪਰ ਇਸ ਖੁਸ਼ਹਾਲੀ ਤੇ ਤਰੱਕੀ ਦੇ ਫਲਸਰੂਪ ਕੌਮ ਵਿਆਪਕ ਰੂਪ ਵਿਚ ਆਤਮਕ ਤੌਰ ਤੇ ਨਿੱਘਰ ਗਈ।

ਇਸ ਬਾਦਸ਼ਾਹ ਦੇ ਸਮੇਂ ਬਹੁਤ ਸਾਰੀਆਂ ਭਵਿਖ ਬਾਣੀਆਂ ਤੇ ਇਲਹਾਮ ਹੋਏ। ਏਮਸ ਨੇ ਨੈਤਿਕ ਇਕ ਦੇਵ ਵਾਦ ਦੇ ਨਿਯਮ ਸਥਾਪਿਤ ਕੀਤੇ ਅਤੇ ਹੋਜ਼ ਨੇ ਇਜ਼ਰਾਈਲੀਆਂ ਨੂੰ ਆਪਣੇ ਰੱਬ ਯਾਵੈ ਦੇ ਇਤਿਹਾਸਕ ਰੂਪ ਵਿਚ ਸਬੰਧਾਂ ਬਾਰੇ ਸੁਚੇਤ ਕੀਤਾ। ਜੇਰੋਬੋਆਮ ਦਾ ਰਾਜ ਕਾਲ 40 ਵਰ੍ਹਿਆਂ ਦੇ ਲਗਭਗ ਦਸਿਆ ਜਾਂਦਾ ਹੈ।

ਹ. ਪੂ. -ਐਨ. ਅਮੈ. 16: 23

**ਜੇਲ੍ਹ** : ਜੇਲ ਦਾ ਅੱਖਰੀ ਭਾਵ ਕੈਦਖ਼ਾਨਾ ਹੈ ਜਿਥੇ ਕਿਸੇ ਅਪਰਾਧੀ ਨੂੰ ਬੰਦ ਰੱਖਿਆ ਜਾਂਦਾ ਹੈ। ਜੇਲ੍ਹ ਦੀ ਪਰੰਪਰਾ ਉੱਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਆਪਣਾ ਮਨੁੱਖੀ ਸਮਾਜ ਹੈ ਪਰ ਸਮਾਂ ਪਾ ਕੇ ਸ਼ਮਾਜਿਕ ਕਦਰਾਂ ਬਦਲਣ ਨਾਲ ਜੇਲ੍ਹਾਂ ਵਿਚ ਕੈਦੀਆਂ ਨੂੰ ਰੱਖਣ ਸਬੰਧੀ ਕੁਝ ਸੁਧਾਰ ਜ਼ਰੂਰ ਕੀਤੇ ਗਏ ਹਨ। ਇਸ ਸਬੰਧੀ ਇਕ ਸਦੀ ਤੋਂ ਵੱਧ ਸਮੇਂ ਤੋਂ ਹੁਣ ਤੱਕ ਅਨੇਕ ਹੀ ਕਾਨੂੰਨ ਤੇ ਨਿਯਮ ਬਣਾਏ ਗਏ ਹਨ। ਕਿਸੇ ਅਪਰਾਧੀ ਨੂੰ ਕੈਦਖ਼ਾਨੇ ਵਿਚ ਰੱਖਣ ਦਾ ਭਾਵ ਹੈ ਕਿ ਉਸ ਦੀ ਆਜ਼ਾਦੀ ਨੂੰ ਇਸ ਹੱਦ ਤੱਕ ਘੱਟ ਕਰ ਦਿੱਤਾ ਜਾਵੇ ਕਿ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਤੋਂ ਦੂਰ ਰਹੇ ਤੇ ਜਿਸ ਸਮਾਜ ਪ੍ਰਤੀ ਉਸ ਨੇ ਅਪਰਾਧ ਕੀਤਾ ਹੈ ਉਸ ਵਿਚ ਆਜ਼ਾਦੀ ਨਾਲ ਤੁਰਦਾ ਫਿਰਦਾ ਨਾ ਰਹੇ ਤਾਂ ਕਿ ਸਮਾਜ ਦੇ ਦੂਜੇ ਵਿਅਕਤੀਆਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ ਕਿ ਕੋਈ ਅਪਰਾਧ ਕਰਨਾ ਕਿੰਨਾ ਮਾੜਾ ਕੰਮ ਹੈ। ਇਸ ਤੋਂ ਇਲਾਵਾ ਸਮਾਜ ਦੇ ਮੈਂਬਰਾਂ ਵਿਚ ਕਾਨੂੰਨ ਦੇ ਅੰਦਰ ਰਹਿਣ ਦੀ ਭਾਵਨਾ ਪੈਦਾ ਹੁੰਦੀ ਰਹੇ। ਇਸ ਤਰ੍ਹਾਂ ਜੇਲ੍ਹ ਅਪਰਾਧੀ ਨੂੰ ਸਮਾਜ ਵਿਚ ਖੁਲ੍ਹੇ ਆਮ ਫਿਰਨ ਤੋਂ ਰੋਕ ਕੇ ਦੂਜਿਆਂ ਲਈ ਇਕ ਤਾੜਨਾ ਦਾ ਕੰਮ ਵੀ ਕਰਦੀ ਹੈ। ਇਸ ਤੋਂ ਬਿਨਾਂ ਇਨਸਾਫ ਦੀ ਚੇਤਨਾ ਵੀ ਜਾਗ੍ਰਤ ਹੁੰਦੀ ਹੈ।

ਪਹਿਲਾਂ ਪਹਿਲ ਤਾਂ 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਕੰਮ ਹੀ ਹੁੰਦਾ ਸੀ। ਕੋਈ ਤਕੜਾਂ ਫੌਜੀ ਜਰਨੈਲ ਜਾਂ ਰਾਜਾ ਜਾਂ ਕਬੀਲੇ ਦਾ ਸਰਦਾਰ ਬਿਨਾ ਮੁਕੱਦਮਾ ਚਲਾਇਆਂ ਕਿਸੇ ਵਿਅਕਤੀ ਨੂੰ ਚਾਹੇ ਤਾਂ ਉਮਰ ਭਰ ਲਈ ਆਪਣੀ ਕੈਦ ਵਿਚ ਰੱਖ ਸਕਦਾ ਸੀ ਪਰ ਅਜੇ ਵੀ ਜੇ ਇਹ ਕਿਹਾ ਜਾਵੇ ਕਿ ਉਕਤ ਕਹਾਵਤ ਖ਼ਤਮ ਹੋ ਗਈ ਹੈ ਤਾਂ ਇਹ ਗੱਲ ਠੀਕ ਨਹੀਂ। ਹੁਣ ਇੰਨਾ ਹੀ ਫ਼ਰਕ ਪਿਆ ਹੈ ਕਿ ਕਿਸੇ ਕਾਨੂੰਨ ਦੀ ਆੜ ਹੇਠਾਂ ਕਿਸੇ ਵੀ ਵਿਅਕਤੀ ਨੂੰ ਉਸ ਤੇ ਬਿਨਾਂ ਮੁਕੱਦਮਾ ਚਲਾਏ ਘੱਟੋ ਘੱਟ 3 ਮਹੀਨੇ ਵਾਸਤੇ ਕੈਦਖ਼ਾਨੇ ਵਿਚ ਬੰਦ ਰੱਖਿਆ ਜਾ ਸਕਦਾ ਹੈ। ਫ਼ਰਕ ਇਹੋ ਹੈ ਕਿ ਪੁਰਾਣੇ ਸਮਿਆਂ ਵਿਚ ਕੋਈ ਕਾਨੂੰਨ ਨਹੀਂ ਸੀ ਹੁੰਦਾ ਤੇ ਹੁਣ ਕਾਨੂੰਨ ਬਣਾ ਕੇ ਸੱਤਾਧਾਰੀ ਉਸ ਦੀ ਦੁਰ-ਵਰਤੋਂ ਕਰ ਸਕਦਾ ਹੈ।

ਬਦੇਸ਼ੀ ਰਾਜ ਸਮੇਂ ਜੇਲ੍ਹਾਂ ਵਿਚ ਕੈਦੀਆਂ ਨਾਲ ਬਹੁਤ ਜ਼ਿਆਦਤੀਆਂ ਹੁੰਦੀਆਂ ਸਨ ਤੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਸਨ। ਕਿਸੇ ਦੀ ਕੋਈ ਦਾਦ-ਫ਼ਰਿਆਦ ਨਹੀਂ ਹੁੰਦੀ ਸੀ। ਜਿਨ੍ਹਾਂ ਕੈਦੀਆਂ ਨੂੰ ਸਖ਼ਤ ਸਜ਼ਾਵਾਂ ਦੇਣੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਜਲਾਵਤਨ ਕੀਤਾ ਜਾਂਦਾ ਸੀ, ਜਿਵੇਂ ਭਾਰਤ ਵਿਚ ਅੰਡੇਮਾਨ ਟਾਪੂ ਤੇ ਭੇਜ ਦਿੱਤਾ ਜਾਂਦਾ ਸੀ, ਜਿਸ ਨੂੰ ਕਾਲੇ ਪਾਣੀ ਦੀ ਸਜ਼ਾ ਕਿਹਾ ਜਾਂਦਾ ਸੀ। ਕੈਦੀ ਉਮਰ ਭਰ ਲਈ ਉਥੇ ਹੀ ਰਹਿੰਦਾ ਤੇ ਉਥੇ ਹੀ ਜ਼ਿੰਦਗੀ ਦੀ ਅੰਤਮ ਘੜੀ ਦੀ ਉਡੀਕ ਕਰਦਾ ਸੀ। ਉਮਰ ਕੈਦ ਦਾ ਮਤਲਬ ਉਮਰ ਭਰ ਲਈ ਕੈਦ ਵਿਚ ਰਹਿਣਾ ਹੁੰਦਾ ਸੀ।

ਜੇਲ੍ਹ ਨੂੰ ਕਈ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ, ਜਿਸ ਤਰ੍ਹਾਂ ਕਿ ਬਹੁਤ ਵੱਡਾ ਅਪਰਾਧ ਕਰਨ ਵਾਲੇ ਕੈਦੀ ਨੂੰ ਇਕ ਵੱਖਰੀ ਕੋਠੜੀ ਵਿਚ ਰੱਖਿਆ ਜਾਂਦਾ ਹੈ। ਉਸ ਨੂੰ ਦੂਜੇ ਕੈਦੀਆਂ ਨਾਲ ਮਿਲਣ-ਜੁਲਣ ਨਹੀਂ ਦਿੱਤਾ ਜਾਂਦਾ। ਇਸ ਤਰ੍ਹਾਂ ਹੀ ਆਮ ਕੈਦੀਆਂ ਨੂੰ ਜਿਨ੍ਹਾਂ ਵਿਰੁੱਧ ਗੰਭੀਰ ਦੋਸ਼ ਨਹੀਂ ਹੁੰਦੇ, ਉਨ੍ਹਾਂ ਨੂੰ ਇਕ ਖੁੱਲ੍ਹੀ ਬੈਠਕ ਵਿਚ ਰੱਖਿਆ ਜਾਂਦਾ ਹੈ ਤੇ ਜੇਲ੍ਹ ਦੀ ਚਾਰ ਦੀਵਾਰੀ ਅੰਦਰ ਤੁਰਨ ਫਿਰਨ ਦੀ ਖੁਲ੍ਹ

ਵੀ ਹੁੰਦੀ ਹੈ। ਸਿਆਸੀ ਕੈਦੀਆਂ ਨੂੰ ਜੇਲ੍ਹ ਵਿਚ ਚੰਗੀ ਖੁਰਾਕ, ਰਹਿਣ ਸਹਿਣ ਦੀਆਂ ਸਹੂਲਤਾਂ ਅਤੇ ਲੋਕਾਂ ਨਾਲ ਮੁਲਾਕਾਤਾਂ ਦੀਆਂ ਸਹੂਲਤਾਂ ਆਮ ਕੈਦੀਆਂ ਨਾਲੋਂ ਵਧੇਰੇ ਹੁੰਦੀਆਂ ਹਨ।

ਇਸ ਤਰ੍ਹਾਂ ਹੀ ਜੋ ਕੈਦੀ ਬੀ. ਏ. ਤੱਕ ਪੜ੍ਹੇ-ਲਿਖੇ ਹਨ ਜਾਂ ਸਰਕਾਰ ਨੂੰ ਆਮਦਨ ਟੈਕਸ ਦਿੰਦੇ ਹਨ, ਉਨ੍ਹਾਂ ਨੂੰ 'ਬੀ ਕਲਾਸ' ਭਾਵ ਦੂਜੇ ਦਰਜੇ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਜਿਨ੍ਹਾਂ ਲੋਕਾਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਜਾਂਦੀਆਂ ਉਨ੍ਹਾਂ ਤੇ ਜੇਲ ਵਿਚ ਸਖ਼ਤ ਕੰਮ ਲਿਆ ਜਾਂਦਾ ਹੈ, ਜਿਵੇਂ ਚੱਕੀਆਂ ਤੇ ਕੰਮ ਕਰਨਾ, ਫੈਕਟਰੀ ਵਿਚ ਕੰਮ ਕਰਨਾ, ਖੇਤੀ ਦਾ ਕੰਮ ਕਰਨਾ ਆਦਿ ਸ਼ਾਮਲ ਹਨ। ਇਹ ਵੀ ਗੱਲ ਵਰਣਨਯੋਗ ਹੈ ਕਿ ਜੇਲ੍ਹ ਵਿਚ ਕਈ ਕੈਦੀ ਬਹੁਤ ਹੀ ਚੰਗੇ ਦਰਜੇ ਦੇ ਕਾਰੀਗਰ ਬਣ ਜਾਂਦੇ ਹਨ। ਇਹ ਗੱਲ ਆਰਥਿਕ ਦਸ਼ਾ ਨੂੰ ਸੁਧਾਰਨ ਲਈ ਸਹਾਈ ਹੁੰਦੀ ਹੈ। ਕਦੇ ਕਦੇ ਸਰਕਾਰ ਚੰਗੇ ਆਚਰਣ ਵਾਲੇ ਕੈਦੀਆਂ ਨੂੰ ਕੈਦ ਦਾ ਕੁਝ ਹਿੱਸਾ ਮਾਫ਼ ਵੀ ਕਰ ਦਿੰਦੀ ਹੈ ਤਾਂ ਜੋ ਬਾਕੀ ਕੈਦੀਆਂ ਵਿਚ ਜੇਲ੍ਹ ਵਿਚ ਰਹਿ ਕੇ ਮਿਹਨਤ ਕਰਨ ਅਤੇ ਚੰਗਾ ਆਚਰਣ ਰੱਖਣ ਦੀ ਆਦਤ ਪੈ ਸਕੇ।

ਭਾਰਤ ਵਿਚ ਆਜ਼ਾਦੀ ਤੋਂ ਪਿੱਛੋਂ ਕੁਝ ਇਸ ਤਰ੍ਹਾਂ ਦੇ ਕਾਨੂੰਨ ਬਣਾਏ ਗਏ ਜਿਨ੍ਹਾਂ ਰਾਹੀਂ ਇਹ ਕੋਸ਼ਿਸ਼ ਕੀਤੀ ਗਈ ਕਿ ਅਪਰਾਧ ਨੂੰ ਸਖ਼ਤੀ ਨਾਲ ਖ਼ਤਮ ਨਾ ਕਰਕੇ ਸਗੋਂ ਅਪਰਾਧੀ ਨੂੰ ਸੁਧਾਰ ਕੇ ਉਸ ਨੂੰ ਇਕ ਚੰਗਾ ਨਾਗਰਿਕ ਬਣਾਇਆ ਜਾਵੇ ਕਿਉਂਕਿ ਪਿਛਲੇ ਤਜਰਬੇ ਦੱਸਦੇ ਹਨ ਕਿ ਸਖ਼ਤ ਸਜ਼ਾਵਾਂ ਦਿੱਤੇ ਜਾਣ ਤੇ ਮਨੁੱਖ ਸੁਧਰਦਾ ਨਹੀਂ, ਸਗੋਂ ਉਹ ਆਦੀ ਅਪਰਾਧੀ ਬਣ ਜਾਂਦਾ ਹੈ, ਉਹ ਇਕ ਅਪਰਾਧ ਤੋਂ ਪਿੱਛੋਂ ਦੂਜਾ ਤੇ ਦੂਜੇ ਤੋਂ ਪਿੱਛੋਂ ਤੀਜਾ ਅਪਰਾਧ ਕਰਦਾ ਹੈ ਕਿਉਂਕਿ ਉਸਦਾ ਡਰ-ਭੈਅ ਸਭ ਖ਼ਤਮ ਹੋ ਚੁਕੇ ਹੁੰਦੇ ਹਨ ਅਤੇ ਉਹ ਸਖ਼ਤ ਵਤੀਰਾ ਸਹਿਣ ਦਾ ਆਦੀ ਹੋ ਜਾਂਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਹਰ ਵਿਅਕਤੀ ਦਾ ਅਪਰਾਧ ਕਰਨ ਦਾ ਕੋਈ ਕਾਰਨ ਜ਼ਰੂਰ ਹੁੰਦਾ ਹੈ, ਜਿਵੇਂ ਕਿ ਉਸ ਦੀ ਮਾੜੀ ਸੰਗਤ, ਆਰਥਿਕ ਹਾਲਾਤ, ਰੋਜ਼ਗਾਰ ਦਾ ਨਾ ਮਿਲਣਾ, ਮਾਨਸਿਕ ਅਵਸਥਾ ਆਦਿ।

ਇਸ ਵਾਸਤੇ ਜੇਲ੍ਹਾਂ ਵਿਚ ਵਧੇਰੇ ਸਹੂਲਤਾਂ ਦੇ ਕੇ ਕੈਦੀਆਂ ਨੂੰ ਮੁੜ ਆਪਣੇ ਸਮਾਜ ਦਾ ਇਕ ਅੰਗ ਬਣਾਉਣ ਦੀ ਰੁਚੀ ਵੱਲ ਜ਼ਿਆਦਾ ਸੋਚਿਆ ਜਾ ਰਿਹਾ ਹੈ। ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਵਾਸਤੇ ਜਿਵੇ ਕਿ ਪਹਿਲਾਂ ਦੱਸਿਆ ਜਾ ਚੁਕਾ ਹੈ ਜੇਲ੍ਹਾਂ ਨੂੰ ਕਈ ਹਿੱਸਿਆਂ ਵਿਚ ਵੰਡ ਦਿੱਤਾ ਜਾਂਦਾ ਤਾਂ ਕਿ ਵੱਡੇ ਅਪਰਾਧੀ ਦੀ ਸੰਗਤ ਦਾ ਭੈੜਾ ਅਸਰ ਦੂਜੇ ਕੈਦੀਆਂ ਤੇ ਨਾ ਪਵੇ। ਇਸੇ ਤਰ੍ਹਾਂ ਬੱਚੇ ਅਪਰਾਧੀਆਂ ਨੂੰ ਦੂਜੇ ਕੈਦੀਆਂ ਤੋਂ ਬਿਲਕੁਲ ਹੀ ਵੱਖਰਾ ਰੱਖਿਆ ਜਾਂਦਾ ਹੈ ਤਾਂ ਕਿ ਉਹ ਭੈੜੀ ਸੰਗਤ ਤੋਂ ਬਚ ਸਕਣ।

ਇਸ ਤੋਂ ਇਲਾਵਾ 21 ਸਾਲ ਦੀ ਉਮਰ ਤੱਕ ਦੇ ਵਿਅਕਤੀ ਨੂੰ ਜਿਸ ਨੇ ਪਹਿਲਾਂ ਕੋਈ ਅਪਰਾਧ ਨਾ ਕੀਤਾ ਹੋਵੇ, ਅਦਾਲਤ ਵਲੋਂ ਜ਼ਮਾਨਤ ਤੇ ਛੱਡ ਦਿੱਤਾ ਜਾਂਦਾ ਹੈ ਅਤੇ ਕਦੇ ਕਦੇ ਉਸ ਨੂੰ ਪ੍ਰੋਬੇਸ਼ਨ ਅਫ਼ਸਰ ਦੀ ਨਿਗਰਾਨੀ ਹੇਠ ਜ਼ਮਾਨਤ ਤੇ ਛੱਡ ਦਿੱਤਾ ਜਾਂਦਾ ਹੈ। ਜੇਕਰ ਉਹ ਅਪਰਾਧੀ ਉਸ ਸਮੇਂ ਦੇ ਦੌਰਾਨ ਕੋਈ ਅਪਰਾਧ ਕਰਦਾ ਹੈ ਤਾਂ ਉਸ ਦੀ ਜ਼ਮਾਨਤ ਰੱਦ ਕਰਕੇ ਉਸ ਨੂੰ ਫਿਰ ਕੈਦ ਕੱਟਣ ਲਈ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਕਈ ਮਮੂਲੀ ਅਪਰਾਧਾਂ ਵਿਚ ਅਦਾਲਤਾਂ ਤਾੜਨਾ ਕਰਕੇ ਵੀ ਦੋਸ਼ੀ ਨੂੰ ਛੱਡ ਦਿੰਦੀਆਂ ਹਨ। ਇਹ ਸਾਰਾ ਕੁਝ ਪ੍ਰੋਬੇਸ਼ਨ ਆਫ਼ ਅਫੈਂਡਰ ਐਕਟ, 1958 ਦੇ ਅਧੀਨ ਕੀਤਾ ਜਾਂਦਾ ਹੈ। ਇਹ ਇਕ ਅਗਾਂਹ-ਵਧੂ ਕਾਨੂੰਨ ਹੈ। ਇਸ ਤਰ੍ਹਾਂ ਅਪਰਾਧੀ ਨੂੰ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਹੀ ਜੇਲ੍ਹਾਂ ਵਿਚ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕੁਝ ਖੁਲ੍ਹੀਆਂ ਜੇਲ੍ਹਾਂ ਵੀ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚ ਇਕ ਨਾਭਾ ਜੇਲ੍ਹ ਹੈ ਜਿਥੇ ਅਪਰਾਧੀ ਨੂੰ ਚਾਰ ਦੀਵਾਰੀ ਵਿਚ ਬੰਦ ਨਹੀਂ ਰੱਖਿਆ ਜਾਂਦਾ, ਸਗੋਂ ਉਸ ਨੂੰ ਜੇਲ੍ਹ ਦੇ ਘੇਰੇ ਅੰਦਰ ਤੁਰਨ ਫਿਰਨ ਦੀ ਪੂਰੀ ਪੂਰੀ ਖੁਲ੍ਹ ਹੁੰਦੀ ਹੈ ਅਤੇ ਕੰਮ ਵੀ ਨਿਯਮ ਸਮੇਂ ਅੰਦਰ ਹੀ ਲਿਆ ਜਾਂਦਾ ਹੈ। ਕੈਦੀ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਪਰ ਇਸ ਤਰ੍ਹਾਂ ਦੀ ਖੁਲ੍ਹੀ ਜੇਲ੍ਹ ਵਿਚ ਕੇਵਲ ਉਸ ਅਪਰਾਧੀ ਨੂੰ ਹੀ ਭੇਜਿਆ ਜਾਂਦਾ ਹੈ ਜਿਸ ਦਾ ਰਿਕਾਰਡ ਠੀਕ ਰਿਹਾ ਹੋਵੇ ਤੇ ਉਸ ਨੇ ਆਪਣੀ ਕੈਦ ਦੇ ਦੌਰਾਨ ਚੰਗਾ ਵਤੀਰਾ ਰੱਖਿਆ ਹੋਵੇ।

ਜੇਲ੍ਹਾਂ ਵਿਚ ਅੱਜਕੱਲ੍ਹ ਹਰ ਕੈਦੀ ਦੇ ਅਨੁਸਾਰ ਉਸ ਨੂੰ ਪਾਠ ਪੂਜਾ ਕਰਨ ਦੀ ਪੂਰੀ ਪੂਰੀ ਖੁਲ੍ਹ ਦਿੱਤੀ ਜਾਂਦੀ ਹੈ ਤੇ ਪਰਿਵਾਰ ਵਿਚ ਖੁਸ਼ੀ ਗ਼ਮੀ ਦੇ ਮੌਕੇ ਤੇ ਉਸਨੂੰ ਕੁਝ ਦਿਨਾਂ ਲਈ ਜ਼ਮਾਨਤ ਤੇ ਛੱਡ ਵੀ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾਂ ਉਸ ਦੇ ਸਬੰਧੀਆਂ ਨੂੰ ਹਫ਼ਤੇ ਵਿਚ ਇਕ ਵਾਰੀ ਮਿਲਣ ਦੀ ਖੁਲ੍ਹ ਵੀ ਦਿੱਤੀ ਜਾਂਦੀ ਹੈ। ਕੈਦੀਆਂ ਨੂੰ ਛੁੱਟੀ ਦੇਣ ਦਾ ਪ੍ਰਬੰਧ 'ਦੀ ਪੰਜਾਬ ਗੁਡ ਕੰਡਕਟ ਪ੍ਰਿਜ਼ਨਰਜ਼ ਐਕਟ 1962' ਹੇਠਾਂ ਕੀਤਾ ਜਾਂਦਾ ਹੈ। ਅਜਿਹੀ ਛੁੱਟੀ ਤਿੰਨ ਸਾਲ ਕੈਦ ਕਟ ਚੁਕੇ ਵਿਅਕਤੀ ਨੂੰ ਉੱਚ ਅਧਿਕਾਰੀਆਂ ਦੀ ਇਸ ਤਸੱਲੀ ਬਖ਼ਸ਼ ਰਿਪੋਰਟ ਦੇ ਆਧਾਰ ਤੇ ਦਿੱਤੀ ਜਾਂਦੀ ਹੈ ਕਿ ਕੈਦੀ ਛੁੱਟੀ ਤੇ ਜਾ ਕੇ ਬੱਦ-ਅਮਨੀ ਪੈਦਾ ਨਹੀਂ ਕਰੇਗਾ। ਇਸ ਤੋਂ ਇਲਾਵਾ ਤਿੰਨਾਂ ਸਾਲਾਂ ਦੀ ਕੈਦ ਦੌਰਾਨ ਵੀ ਉਸ ਵੱਲੋਂ ਜੇਲ੍ਹ ਵਿਚ ਕੋਈ ਅਪਰਾਧ ਨਹੀਂ ਕੀਤਾ ਗਿਆ ਹੋਣਾ ਚਾਹੀਦਾ। ਇਸ ਤੋਂ ਇਲਾਵਾ ਇਕ ਕਾਨੂੰਨ 'ਦੀ ਪੰਜਾਬ ਬੋਰਸਟਲ ਐਕਟ, 1926' ਬਣਾਇਆ ਗਿਆ ਸੀ ਜਿਸ ਵਿਚ ਸਭ ਤੋਂ ਵੱਡੀ ਗੱਲ ਇਹ ਰੱਖੀ ਗਈ ਸੀ ਕਿ 21 ਸਾਲ ਜਾਂ ਘੱਟ ਉਮਰ ਦੇ ਕੈਦੀਆਂ ਨੂੰ ਜਿਸ ਜੇਲ੍ਹ ਵਿਚ ਰੱਖਿਆ ਜਾਂਦਾ ਸੀ ਉਥੇ ਉਨ੍ਹਾਂ ਨੂੰ ਦਸਤਕਾਰੀ ਦੇ ਕੰਮ ਤੋਂ ਬਿਨਾਂ ਅਖ਼ਲਾਕੀ ਪਹਿਲੂ ਸਬੰਧੀ ਵੀ ਸਿਖਲਾਈ ਦਿੱਤੀ ਜਾਂਦੀ ਸੀ ਤਾਂ ਕਿ ਨੌਜਵਾਨ ਕੈਦੀਆਂ ਨੂੰ ਸੁਧਾਰਿਆ ਜਾ ਸਕੇ ਅਤੇ ਕੈਦ ਕੱਟਣ ਉਪਰੰਤ ਉਹ ਕੋਈ ਕਾਰੋਬਾਰ ਕਰ ਸਕਣ ਅਤੇ ਸਮਾਜ ਦੇ ਚੰਗੇ ਬਣ ਸਕਣ।

ਇਸਤਰੀ ਅਪਰਾਧੀਆਂ ਨੂੰ ਵੀ ਮਰਦਾਂ ਵਾਲੀ ਜੇਲ੍ਹ ਵਿਚ ਹੀ ਰੱਖਿਆਂ ਜਾਂਦਾ ਹੈ ਪਰ ਜੇਲ੍ਹ ਵਿਚ ਉਨ੍ਹਾਂ ਨੂੰ ਮਰਦਾਂ ਤੋਂ ਬਿਲਕੁਲ ਹੀ ਵੱਖਰਿਆ ਰੱਖਣ ਦੇ ਪ੍ਰਬੰਧ ਹੁੰਦੇ ਹਨ।

ਜਿੰਨੀ ਦੇਰ ਤੱਕ ਕਿਸੇ ਵਿਅਕਤੀ ਤੇ ਮੁਕੱਦਮਾ ਚਲਦਾ ਰਹਿੰਦਾ ਹੈ, ਉਨੀ ਦੇਰ ਤੱਕ ਉਸ ਨੂੰ ਪੁਲਿਸ ਹਰ ਪੇਸ਼ੀ ਤੇ ਅਦਾਲਤ ਵਿਚ ਪੇਸ਼ ਕਰਦੀ ਰਹਿੰਦੀ ਹੈ। ਜੇ ਉਹ ਮੁਕੱਦਮੇ ਵਿਚੋਂ ਬਰੀ ਹੋ ਜਾਵੇ ਤਾਂ ਜੇਲ੍ਹ ਦਾ ਅਧਿਕਾਰੀ ਉਸ ਨੂੰ ਛੱਡ ਦਿੰਦਾ ਹੈ ਅਤੇ ਜੇ ਕੈਦ ਦੀ ਸਜ਼ਾ ਹੋ ਜਾਵੇ ਤਾਂ ਉਸ ਨੂੰ ਜੇਲ੍ਹ ਵਿਚ ਰੱਖਿਆ ਜਾਂਦਾ ਹੈ ਪਰ ਜਿੰਨੀ ਦੇਰ ਮੁਕੱਦਮਾ ਚਲਦਾ ਹੋਵੇ ਉਨੀ ਦੇਰ ਤੱਕ ਉਸ ਵਿਅਕਤੀ ਤੋਂ ਕੋਈ ਕੰਮ ਜਾਂ ਮਿਹਨਤ ਮਜ਼ਦੂਰੀ ਨਹੀਂ ਕਰਵਾਈ ਜਾਂਦੀ।

ਕਪੂਰ ਸਿੰਘ ਚੀਮਾ

**ਜੇਵਾਰ** : ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਮੇਰਠ ਖੰਡ ਵਿਚ ਪੈਂਦੇ ਬੁਲੰਦ ਸ਼ਹਿਰ ਜ਼ਿਲ੍ਹੇ ਦੀ ਖੁਰਜਾ ਤਹਿਸੀਲ ਵਿਚ ਇਹ ਇਕ ਸ਼ਹਿਰ ਹੈ ਜੋ ਖੁਰਜਾ ਸ਼ਹਿਰ ਤੋਂ 32 ਕਿ. ਮੀ. (20 ਮੀਲ) ਪੱਛਮ ਵੱਲ ਸਥਿਤ ਹੈ। ਗਿਆਰਵੀਂ ਸਦੀ ਵਿਚ ਜਾਦੋਂ ਰਾਜਪੂਤ, ਜਿਨ੍ਹਾਂ ਨੂੰ ਜੇਵਾਰ ਦੇ ਬ੍ਰਾਹਮਣਾਂ ਨੇ ਭਰਤਪੁਰ ਤੋਂ ਸਦਵਾਇਆ ਸੀ, ਇਸ ਸ਼ਹਿਰ ਵਿਚ ਆਬਾਦ ਹੋ ਗਏ ਅਤੇ ਉਨ੍ਹਾਂ ਨੇ ਇਥੋਂ ਦੇ ਮੀਓਆਂ ਨੂੰ ਇਸ ਸ਼ਹਿਰ ਤੋਂ ਬਾਹਰ ਕੱਢ ਦਿੱਤਾ। ਪ੍ਰਸਿੱਧ ਬੇਗ਼ਮ ਸਮਰੂ ਦੀ ਮੌਤ 1836 ਈ: ਤੱਕ ਇਹ ਉਸ ਦੇ ਅਧੀਨ ਰਿਹਾ। ਉਸਦੀ ਮੌਤ ਉਪਰੰਤ ਇਹ ਸ਼ਹਿਰ ਸਰਕਾਰ ਦੇ ਹੱਥਾਂ ਵਿਚ ਚਲਾ ਗਿਆ। ਸੰਨ 1881 ਵਿਚ ਇਥੇ ਮੁੜ ਮੰਡੀ ਉਸਾਰੀ ਗਈ ਅਤੇ ਹੌਲੀ ਹੌਲੀ ਪੱਕੀਆਂ ਦੁਕਾਨਾਂ ਦੀਆਂ ਕਤਾਰਾਂ ਹੀ ਕਤਾਰਾਂ ਉਸਰ ਗਈਆਂ। ਇਥੇ ਸੂਤੀ ਖੇਸ ਅਤੇ ਦਰੀਆਂ ਤਿਆਰ

ਕੀਤੀਆਂ ਜਾਂਦੀਆਂ ਹਨ। ਸ਼ਹਿਰ ਵਿਚ ਕਈ ਸਕੂਲ ਹਨ। ਇਥੇ ਇਕ ਜ਼ਰਾਇਤੀ ਬੈਂਕ ਵੀ ਹੈ।

28° 7' ਉ. ਵਿਥ.; 77° 34' ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 102

**ਜ਼ੇਵੀਅਰ, ਸੇਂਟ ਫ੍ਰਾਂਸਿਸ** : ਇਹ ਮਹਾਨ ਰੋਮਨ ਕੈਥੋਲਿਕ ਮਿਸ਼ਨਰੀ ਸੀ ਜਿਸ ਨੇ ਇਕ ਜੈਸੂਇਟ ਵਜੋਂ ਭਾਰਤ ਮਲਾਇਆ ਅਤੇ ਜਾਪਾਨ ਵਿਚ ਈਸਾਈ ਮਤ ਫੈਲਾਇਆ। ਇਹ ਸਪੇਨ ਦੇ ਬਾਸਕ ਪ੍ਰਾਂਤ ਦੇ ਇਕ ਕੁਲੀਨ ਪਰਿਵਾਰ ਵਿਚ 7 ਅਪ੍ਰੈਲ, 1506 ਨੂੰ ਪੈਦਾ ਹੋਇਆ। ਸੰਨ 1525 ਵਿਚ ਪੈਰਿਸ ਦੀ ਯੂਨੀਵਰਸਿਟੀ ਵਿਚ ਦਾਖ਼ਲ ਹੋ ਕੇ 1530 ਈ. ਵਿਚ ਇਸ ਨੇ ਐਮ. ਏ. ਕੀਤੀ। ਜੈਸੂਇਟ ਦੇ ਮੋਢੀ ਇਗਨਾਸੀਅਸ ਲੋਯੋਲਾ ਦਾ ਉਪਦੇਸ਼ ਮੰਨ ਕੇ 1534 ਈ. ਵਿਚ ਇਸ ਨੇ ਸੰਨਿਆਸ ਲੈ ਲਿਆ ਅਤੇ ਇਸ ਤਰ੍ਹਾਂ ਇਹ ਜੈਸੂਇਟ ਧਰਮ ਸੰਘ ਦੇ ਪਹਿਲੇ ਸੰਤ ਮੈਂਬਰ ਵਿਚੋਂ ਇਕ ਬਣਿਆ।



**ਸੇਂਟ ਫ੍ਰਾਂਸਿਸ ਜ਼ੇਵੀਅਰ**

ਸੰਨ 1537 ਵਿਚ ਵੈਨਿਸ ਵਿਚ ਇਹ ਪਾਦਰੀ ਬਣਿਆ। ਸੰਨ 1542 ਵਿਚ ਇਹ ਪੂਰਬੀ ਦੇਸ਼ਾਂ ਵਿਚ ਰੋਮਨ ਕੈਥੋਲਿਕ ਧਰਮ ਦੇ ਪੋਪ ਦਾ ਪ੍ਰਤੀਨਿਧ ਬਣ ਕੇ ਗੋਆ ਪਹੁੰਚਿਆ। ਇਸ ਪਿੱਛੋਂ ਇਹ ਕੇਵਲ 10 ਸਾਲ ਜੀਵਿਆ ਪਰ ਉਨ੍ਹਾਂ ਦਸਾਂ ਸਾਲਾਂ ਵਿਚ ਇਸ ਨੇ ਗੋਆ ਅਤੇ ਦੱਖਣੀ ਭਾਰਤ ਦੇ ਪੂਰਬੀ ਤਟ ਉੱਤੇ ਅਤੇ ਇੰਡੋਨੇਸ਼ੀਆ ਦੇ ਕਈ ਟਾਪੂਆਂ ਵਿੱਚ ਅਤੇ ਅੰਤ ਵਿਚ ਇਕ ਸਾਲ ਜਾਪਾਨ ਵਿਚ ਸਫਲਤਾ ਪੂਰਬਕ ਧਰਮ ਪ੍ਰਚਾਰ ਦਾ ਕੰਮ ਕੀਤਾ। ਇਸੇ ਦੌਰਾਨ ਇਸ ਨੇ ਯੂਰਪ ਦੇ ਲੋਕਾਂ ਨੂੰ ਕਾਫ਼ੀ ਪੱਤਰ ਲਿਖੇ ਜਿਨ੍ਹਾਂ ਸਦਕਾ ਉਥੇ ਇਹ ਬੇਹਦ ਹਰਮਨ ਪਿਆਰਾ ਹੋ ਗਿਆ। ਇਸ ਦੇ ਪੱਤਰਾਂ ਦੇ ਸੰਗ੍ਰਹਿ 1550 ਈ. ਤੋਂ ਪ੍ਰਕਾਸ਼ਿਤ ਹੋਣ ਲਗੇ ਜਿਸ ਕਾਰਨ ਯੂਰਪ ਵਿਚ ਧਰਮ ਪ੍ਰਚਾਰ ਲਈ ਉਤਸ਼ਾਹ ਵੱਧ ਗਿਆ। ਇਹ ਚੀਨ ਵਿਚ ਵੀ ਧਰਮ ਪ੍ਰਚਾਰ ਕਰਨਾ ਚਾਹੁੰਦਾ ਸੀ ਅਤੇ ਉਸੇ ਜਤਨ ਦੌਰਾਨ ਚੀਨ ਦੇ ਨੇੜੇ ਸੰਚੀਅਨ ਨਾਂ ਦੇ ਟਾਪੂ ਵਿਚ 3 ਦਸੰਬਰ, 1552 ਨੂੰ ਇਸ ਦੀ ਮੌਤ ਹੋ ਗਈ। ਸੰਨ 1554 ਵਿਚ ਇਸ ਦੀ ਦੇਹ ਗੋਆ ਲਿਆਂਦੀ ਗਈ ਅਤੇ ਉਹ ਹੁਣ ਤੱਕ ਵੀ ਉਥੇ ਸੁਰੱਖਿਅਤ ਹੈ। ਸਮੇਂ ਸਮੇਂ ਤੇ ਮਕਬਰਾ ਖੋਲ੍ਹ ਕੇ ਤੀਰਥ ਯਾਤਰੀਆਂ ਨੂੰ ਦੇਹ ਦੇ ਦਰਸ਼ਨ ਕਰਵਾਏ ਜਾਂਦੇ ਹਨ।

ਸੰਨ 1527 ਵਿਚ ਇਸ ਨੂੰ ਧਰਮ ਪ੍ਰਚਾਰ ਦੀ ਦੇਖ-ਰੇਖ ਦਾ ਕੰਮ ਸੰਭਾਲਿਆ ਗਿਆ ਸੀ ਅਤੇ 1552 ਈ. ਵਿਚ ਫ੍ਰਾਂਸਿਸ ਜ਼ੇਵੀਅਰ ਨੂੰ ਸੰਤ ਘੋਸ਼ਿਤ ਕੀਤਾ ਗਿਆ ਸੀ। ਇਸ ਦਾ ਪੁਰਬ 3 ਦਸੰਬਰ ਨੂੰ ਮਨਾਇਆ ਜਾਂਦਾ ਹੈ। ਦੂਜੇ ਦੇਸ਼ਾਂ ਵਾਂਗ ਭਾਰਤ ਵਿਚ ਇਸ ਦੇ ਸਤਿਕਾਰ ਵਜੋਂ ਜੈਸੂਇਟ ਸੰਘ ਦੇ ਬਹੁਤ ਸਾਰੇ ਕਾਲਜਾਂ ਦਾ ਨਾਂ ਸੰਤ ਜ਼ੇਵੀਅਰ ਕਾਲਜ ਰੱਖਿਆ ਗਿਆ ਹੈ।

ਹ. ਪੁ. -ਹਿੰ. ਵਿ. ਕੋ. 5: 42; ਐਨ. ਬ੍ਰਿ. ਮੈ. 19: 1055

**ਜੇ** : ਇਹ ਜੰਗਲੀ ਪੰਛੀ ਪੈਸੇਰੀਫ਼ਾੱਰਮੀਜ਼ ਵਰਗ ਦੀ ਕਾਰਵਡੀ ਕੁਲ ਅਤੇ ਗਰੂਲਿਨੀ ਉਪ ਕੁਲ ਨਾਲ ਸਬੰਧਤ ਹਨ। ਇਨ੍ਹਾਂ ਦੀਆਂ ਤਕਰੀਬਨ 35 ਤੋਂ 40 ਜਾਤੀਆਂ ਮਿਲਦੀਆਂ ਹਨ ਜਿਹੜੀਆਂ ਆਪਣੇ ਬਹਾਦਰ ਅਤੇ ਰੁੱਖੇ ਵਤੀਰੇ ਕਾਰਨ ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਬਹੁਤੀਆਂ ਨਵੀਂ ਦੁਨੀਆ ਵਿਚ ਅਤੇ ਕੁਝ ਕੁ ਯੂਰੇਸ਼ੀਆ ਵਿਚ ਵੀ ਮਿਲਦੀਆਂ ਹਨ।



**ਨੀਲਾ ਜੇ**

ਇਨ੍ਹਾਂ ਵਿਚੋਂ ਬਹੁਤੀਆਂ ਜਾਤੀਆਂ ਤਾਕਤਵਰ ਚੁੰਝ ਅਤੇ ਲੰਬੀਆਂ ਲੱਤਾਂ ਅਤੇ ਪੈਰਾਂ ਵਾਲੀਆਂ ਹਨ। ਬਹੁਤੀਆਂ ਕਲਗੀ ਵਾਲੀਆਂ ਅਤੇ ਕਈ ਲੰਬੇ ਪੂੰਛੇ ਵਾਲੀਆਂ ਹੁੰਦੀਆਂ ਹਨ। ਨਰ ਅਤੇ ਮਾਦਾ ਦੇਖਣ ਵਿਚ ਇਕੋ ਜਿਹੇ ਲਗਦੇ ਹਨ। ਨੀਲਾ ਜੇ (Cyanocitta cristata) ਨੀਲੇ ਅਤੇ ਚਿੱਟੇ ਰੰਗ ਦਾ ਤਕਰੀਬਨ 30 ਸੈ. ਮੀ. ਲੰਬਾ ਪੰਛੀ ਹੈ ਜਿਸ ਦੀ ਗਰਦਨ ਦੁਆਲੇ ਪਤਲੀ ਕਾਲੀ ਧਾਰੀ ਹੁੰਦੀ ਹੈ। ਇਹ ਉੱਤਰੀ ਅਮਰੀਕਾ ਵਿਚ, ਰਾਕੀਜ਼ ਦੇ ਪੂਰਬ ਵਿਚ ਮਿਲਦਾ ਹੈ ਪਰ ਇਸ ਦੇ ਨਾਲ ਮਿਲਦੀਆਂ ਜੁਲਦੀਆਂ ਜਾਤੀਆਂ ਹੋਰ ਥਾਵਾਂ ਤੇ ਵੀ ਮਿਲਦੀਆਂ ਹਨ। ਯੂਰੇਸ਼ੀਆ ਦਾ ਜੇ (Garrulus glan darius) ਅਫ਼ਰੀਕਾ ਨੂੰ ਛੱਡ ਕੇ ਪੁਰਾਣੀ ਦੁਨੀਆ ਦੇ ਬਹੁਤ ਮਹਾਂਦੀਪਾਂ ਵਿਚ ਮਿਲਦਾ ਹੈ। ਇਹ ਤਕਰੀਬਨ 33 ਸੈਂ. ਮੀ. ਲੰਬਾ ਪੰਛੀ, ਪਿਆਜੀ, ਭੂਰੇ ਰੰਗ ਦਾ ਹੁੰਦਾ ਹੈ। ਇਸ ਦੇ ਮੋਢਿਆਂ ਉੱਤੇ ਨੀਲੇ ਤੇ ਕਾਲੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ, ਪੂੰਝਾ ਚਿੱਟਾ ਹੁੰਦਾ ਹੈ, ਜਦੋਂ ਕਿ ਖੰਭਾਂ ਉੱਤੇ ਚਿੱਟੇ ਚਟਾਖ਼ ਹੁੰਦੇ ਹਨ। ਊਸ਼ਣ ਖੰਡੀ ਅਮਰੀਕਾਂ ਦੀ ਇਕ ਸ਼ੋਖ਼ ਰੰਗੀ ਜਾਤੀ 'ਹਰਾ ਜੇ' (Cyanocoax yncas) ਹੈ।

ਇਹ ਪੰਛੀ ਲਗਭਗ ਸਰਬ ਆਹਾਰੀ ਹੁੰਦੇ ਹਨ ਅਤੇ ਕੁਝ ਦੂਜੇ ਪੰਛੀਆਂ ਦੇ ਅੰਡੇ ਅਤੇ ਬੱਚੇ ਚੁਰਾ ਕੇ ਖਾਂਦੇ ਹਨ। ਕੁਝ ਜਾਤੀਆਂ ਸਰਦੀਆਂ ਵਿਚ ਖਾਣ ਲਈ ਬੀਜ ਅਤੇ ਨਟ ਵਗੈਰਾ ਜਮ੍ਹਾਂ ਕਰਕੇ ਰੱਖਦੀਆਂ ਹਨ। ਇਨ੍ਹਾਂ ਪੰਛੀਆਂ ਦੀ ਆਵਾਜ਼ ਆਮ ਤੌਰ ਤੇ ਉੱਚੀ ਅਤੇ ਖਰ੍ਹਵੀ ਹੁੰਦੀ ਹੈ ਪਰ ਇਹ ਸੁਰੀਲੀ ਆਵਾਜ਼ ਵੀ ਕਢਦੇ ਹਨ। ਇਹ ਦਰਖ਼ਤਾਂ ਉੱਤੇ, ਟਹਿਣੀਆਂ ਅਤੇ ਜੜ੍ਹਾਂ ਦੇ ਕੱਪ ਵਰਗੇ ਆਲ੍ਹਣੇ ਬਣਾਉਂਦੇ ਹਨ ਅਤੇ ਉਨ੍ਹਾਂ ਵਿਚ 3-10 ਹਰੇ ਜਿਹੇ ਜਾਂ ਚਿੱਟੇ ਰੰਗ ਦੇ ਅੰਡੇ (ਜਿਨ੍ਹਾਂ ਉੱਤੇ ਜੈਤੂਨ ਰੰਗੇ, ਸੰਘਣੇ ਧੱਬੇ ਹੁੰਦੇ ਹਨ) ਦਿੰਦੇ ਹਨ। ਅੰਡਿਆਂ ਨੂੰ ਮਾਦਾ ਇਕੱਲੀ ਹੀ ਸੇਂਦੀ ਹੈ ਪਰ ਬੱਚਿਆਂ ਨੂੰ ਚੋਗਾ ਦੋਨੋਂ ਮਾਪੇ ਖੁਆਂਦੇ ਹਨ।

ਹ. ਪੁ. -ਐਨ. ਬ੍ਰਿ. ਮਾ. 5: 532; ਐਨ. ਬ੍ਰਿ. 12: 979

**ਜੈਸ** : ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਰਾਏ ਬਰੇਲੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਅਵਲ ਰੋਹੇਲਖੰਡ ਰੇਲ ਮਾਰਗ ਉੱਤੇ ਅਤੇ ਲਖਨਊ ਤੋਂ ਸੁਲਤਾਨਪੁਰ ਨੂੰ ਜਾਣ ਵਾਲੀ ਸੜਕ ਉੱਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਮੁੱਢ ਵਿਚ ਇਹ ਇਕ ਭਾਰ (Bhar) ਗੜ੍ਹੀ ਸੀ ਜਿਸਨੂੰ ਉਦੇਨਗਰ ਜਾਂ ਉਜਾਲਕਾ ਨਗਰ ਕਿਹਾ ਜਾਂਦਾ ਸੀ। ਇਕ ਰਿਵਾਇਤ ਅਨੁਸਾਰ ਇਸ ਥਾਂ ਨੂੰ ਸੈਯਦੀ ਸਾਲਾਰ ਦੇ ਇਕ ਅਫ਼ਸਰ

ਨੇ ਤਬਾਹ ਕਰ ਦਿੱਤਾ ਸੀ ਅਤੇ ਇਸ ਦਾ ਮੌਜੂਦਾ ਨਾਂ ਪਰਸ਼ੀਅਨ ਅਤੇ ਫ਼ਾਰਸੀ ਭਾਸ਼ਾ ਦੇ ਜੈਸ ਸ਼ਬਦ ਤੋਂ ਪਿਆ ਜਿਸ ਦਾ ਮਤਲਬ ਹੈ ਕੈਂਪ। ਇਥੋਂ ਦੀ ਵੇਖਣਯੋਗ ਇਮਾਰਤ ਇਕ ਮਸਜਿਦ ਹੈ ਜੋ ਪੁਰਾਣੇ ਹਿੰਦੂ ਮੰਦਰ ਨੂੰ ਢਾਹ ਕੇ ਬਣਾਈ ਗਈ ਸੀ ਅਤੇ ਜੌਨਪੁਰ ਦੇ ਇਬਰਾਹਮ ਸ਼ਾਹ ਨੇ ਇਸਨੂੰ ਮੁੜ ਸੁਰਜੀਤ ਕੀਤਾ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀਆਂ ਦੀਆਂ ਬਣੀਆਂ ਕਈ ਹੋਰ ਚੰਗੀਆਂ ਇਮਾਰਤਾਂ ਵੀ ਹਨ। ਇਹ ਸ਼ਹਿਰ ਮੁਹੰਮਦ ਜੈਸ ਦਾ ਜਨਮ ਸਥਾਨ ਹੈ ਜੋ ਇਥੋਂ ਦੀ ਇਕ ਸਥਾਨਕ ਕਵਿਤਾ (ਪਦਮਾਵਤੀ) ਦਾ ਕਰਤਾ ਸੀ। ਕਿਸੇ ਸਮੇਂ ਇਥੇ ਬਹੁਤ ਵਧੀਆ ਕਿਸਮ ਦੀ ਮਲਮਲ ਬਣਾਈ ਜਾਂਦੀ ਸੀ।

26° 16′ ਉ. ਵਿਥ.; 81° 33′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 13: 402

**ਜੈ ਸ਼ਕਤੀ ਚੰਦੇਲ** : ਚੰਦੇਲ ਅਭਿਲੇਖਾਂ ਵਿਚ ਪੂਰਵਵਰਤੀ ਰਾਜਾ ਵਾਕਪਤੀ ਦੇ ਪੁੱਤਰ ਜੈ ਸ਼ਕਤੀ ਨੂੰ ਦਾ ਉਲੇਖ ਆਉਂਦਾ ਹੈ। ਜੈ ਸ਼ਕਤੀ ਜੇਜਾਕ ਅਤੇ ਜੇਜਾ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਹ ਕੋਈ ਆਜ਼ਾਦ ਰਾਜਾ ਨਹੀਂ ਸੀ ਪਰੰਤੂ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦਾ ਲਾਭ ਉਠਾ ਕੇ ਇਸਨੇ ਆਪਣੀ ਸ਼ਕਤੀ ਮਜ਼ਬੂਤ ਕਰ ਲਈ। ਵਿਦਵਾਨਾਂ ਅਨੁਸਾਰ ਇਹ ਪ੍ਰਤੀਹਾਰਾਂ ਦਾ ਸਾਮੰਤ ਸੀ। ਅਭਿਲੇਖਾਂ ਵਿਚ ਚੰਦੇਲ ਰਾਜਿਆਂ ਦੀ ਨਾਮਾਵਲੀ ਜੈ ਸ਼ਕਤੀ ਦੇ ਨਾਮ ਨਾਲ ਹੀ ਸ਼ੁਰੂ ਹੁੰਦੀ ਹੈ।

ਇਸਨੇ ਆਪਣੀ ਲੜਕੀ ਨੰਦਾ ਦਾ ਵਿਆਹ ਕਲਚੂਰੀ ਰਾਜਾ ਕੋਕਲ ਪਹਿਲੇ ਨਾਲ ਕੀਤਾ। ਅਭਿਲੇਖਾਂ ਵਿਚ ਜੈ ਸ਼ਕਤੀ ਦੇ ਨਾਮ ਨਾਲ ਉਸਦੇ ਛੋਟੇ ਭਰਾ ਵਿਜੈ ਸ਼ਕਤੀ ਦਾ ਨਾਮ ਵੀ ਸਬੰਧਤ ਰਹਿੰਦਾ ਹੈ। ਜੈ ਸ਼ਕਤੀ ਤੋਂ ਮਗਰੋਂ ਵਿਜੈ ਸ਼ਕਤੀ ਹੀ ਗੱਦੀ ਤੇ ਬੈਠਾ।

ਹ. ਪੁ. -ਹਿੰ. ਵਿ. ਕੋ. 4: 394

**ਜੈਸਟਾ ਰੋਮਾਨੋਰਮ** : ਇਸ ਪ੍ਰਸਿੱਧ ਪੁਸਤਕ ਨੂੰ ਰੋਮਨਾ ਦੇ ਕਾਰਨਾਮਿਆਂ ਦੀ ਪੁਸਤਕ ਵੀ ਕਿਹਾ ਜਾਂਦਾ ਹੈ। ਇਹ ਹਦਾਇਤਾਂ ਤੇ ਕਹਾਣੀਆਂ ਦਾ ਲਾਤੀਨੀ ਵਿਚ ਕੀਤਾ ਗਿਆ ਸੰਗ੍ਰਹਿ ਹੈ ਜੋ ਸ਼ਾਇਦ 14ਵੀਂ ਸਦੀ ਦੇ ਮੁੱਢ ਵਿਚ ਇੰਗਲੈਂਡ ਵਿਚ ਕੀਤਾ ਗਿਆ। ਇਹ ਆਪਣੇ ਸਮੇਂ ਦੀ ਪ੍ਰਸਿੱਧ ਪੁਸਤਕ ਹੈ ਜੋ ਬਾਅਦ ਦੇ ਸਾਹਿਤ ਦਾ ਸਿੱਧਾ ਜਾਂ ਅਸਿੱਧਾ ਸ੍ਰੋਤ ਰਹੀ। ਇਸ ਨੂੰ ਚਾਂਸਰ ਜਾਨ ਗਾਵਰ, ਸ਼ੈਕਸਪੀਅਰ ਅਤੇ ਹੋਰਨਾਂ ਨੇ ਵਰਤਿਆ। ਇਸ ਦੇ ਕਰਤਾ ਬਾਰੇ ਕੁਝ ਪਤਾ ਨਹੀਂ ਲੱਗਦਾ। ਇਸ ਦੇ ਨਾਂ ਤੋਂ ਜਾਪਦਾ ਹੈ ਕਿ ਇਹ ਰੋਮਨਾਂ ਨਾਲ ਹੀ ਸਬੰਧਤ ਹੈ ਪਰ ਇਸ ਵਿਚ ਕਲਾਸਿਕੀ ਇਤਿਹਾਸ ਨਾਲ ਸਬੰਧਤ ਕਹਾਣੀਆਂ ਅਤੇ ਕਥਾਵਾਂ ਵੀ ਅੰਕਿਤ ਕੀਤੀਆਂ ਗਈਆਂ ਹਨ। ਇਸ ਵਿਚ ਜਾਦੂਗਰਾਂ, ਦੈਂਤਾਂ, ਮੁਸੀਬਤਾਂ ਵਿਚ ਫਸੀਆਂ ਇਸਤਰੀਆਂ ਆਦਿ ਨਾਲ ਸਬੰਧਤ ਮਧਕਾਲੀਨ ਕਥਾਵਾਂ ਵੀ ਹਨ ਜਿਨ੍ਹਾਂ ਦੁਆਰਾ ਕਿਸੇ ਨੈਤਿਕ ਸਿਖਿਆ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਦੀ ਪਹਿਲੀ ਛਾਪ ਪੰਦਰ੍ਹਵੀਂ ਸਦੀ ਦੇ ਅਖ਼ੀਰ ਵਿਚ ਤਿਆਰ ਕੀਤੀ ਗਈ। ਇਸ ਦੇ ਤਿੰਨ ਅੰਗਰੇਜ਼ੀ ਅਨੁਵਾਦ ਪੰਦਰ੍ਹਵੀਂ ਸਦੀ ਦੇ ਵਿਚ ਹੋਏ।

ਪੁਸਤਕ ਦੀ ਬਣਤਰ ਏਨੀ ਢਿੱਲੀ ਹੈ ਕਿ ਕਈ ਲੋਕਾਂ ਨੇ ਆਪਣੇ ਵੱਲੋਂ ਨਵੀਆਂ ਕਹਾਣੀਆਂ ਵਿਚ ਸ਼ਾਮਲ ਕਰ ਦਿੱਤੀਆਂ ਹਨ। ਇਸ ਕਰਕੇ ਖਰੜਿਆਂ ਵਿਚ ਬੜੀ ਭਿੰਨਤਾ ਹੈ।

ਹ. ਪੁ. -ਐਨ. ਬ੍ਰਿ. 10: 371 ; ਐਨ. ਬ੍ਰਿ. ਮਾ. 4: 512

**ਜੈਸਪਰ** : ਇਹ ਕੈਲਸੇਡੋਨਿਕ ਤੋਂ ਲੈ ਕੇ ਗੂੜ੍ਹ-ਕ੍ਰਿਸਟਲੀ ਕੁਆਰਟਜ਼ ਦੀ ਇਕ ਅਸ਼ੁੱਧ ਕਿਸਮ ਹੈ। ਇਸ ਦੀ ਰਸਾਇਣਿਕ ਰਚਨਾ $SiO_2$ (ਸਿਲਿਕਾ) ਹੈ ਅਤੇ ਇਸ ਦੀ ਵਰਤੋਂ ਬੜੀ ਦੇਰ ਤੋਂ ਜੇਵਰਾਂ ਵਿਚ ਕੀਤੀ ਜਾ ਰਹੀ ਹੈ। ਇਸ ਦਾ ਰੰਗ ਲਾਲ, ਪੀਲਾ, ਭੂਰਾ ਅਤੇ ਗੂੜ੍ਹਾ ਹਰੇ ਤੋਂ ਭੂਸਲਾ ਨੀਲਾ ਹੋ ਸਕਦਾ ਹੈ। ਕਈ ਕਿਸਮਾਂ ਭਿੰਨ ਭਿੰਨ ਰੰਗਾਂ ਦੀਆਂ ਤਹਿਆਂ ਵਿਚ ਪੱਟੀਆਂ ਦੇ ਰੂਪ ਵਿਚ ਹੁੰਦੀਆਂ ਹਨ ਅਤੇ ਕੁਝ ਧਾਰੀਦਾਰ ਜਾਂ ਅਨਿਯਮਿਤ ਤੌਰ ਤੇ ਧੱਬਿਆਂ ਵਾਲੀਆਂ ਹੁੰਦੀਆਂ ਹਨ। ਜ਼ਿਆਦਾਤਰ ਆਮ ਵਰਤੋਂ ਵਾਲਾ ਜੈਸਪਰ ਅਪਾਰਦਰਸ਼ੀ ਹੁੰਦਾ ਹੈ ਜਿਸ ਨੂੰ ਅਰਧ-ਕੀਮਤੀ ਪੱਥਰ ਦੇ ਤੌਰ ਤੇ ਵਰਤਿਆ ਜਾਂਦਾ ਹੈ। ਉਸ ਦਾ ਰੰਗ ਇਸ ਵਿਚ ਰਲੇ ਹੋਏ ਹੈਮਾਟਾਈਟ ਕਾਰਨ ਲਾਲ ਜਾਂ ਭੂਰਾ ਹੁੰਦਾ ਹੈ। ਇਹ ਵਧੇਰੇ ਕਰਕੇ ਉਪਰੋਂ ਗੋਲ ਅਤੇ ਪਿੱਛੋਂ ਤੋਂ ਚਪਟੇ ਰੂਪ ਵਿਚ ਕੱਟਿਆ ਜਾਂਦਾ ਹੈ। ਇਸ ਦੀ ਕਠੋਰਤਾ ਕੁਆਰਟਜ਼ ਜਿੰਨੀ ਅਰਥਾਤ 7 ਹੁੰਦੀ ਹੈ। ਦਵਾਈ ਦੇ ਪੱਖੋਂ ਇਸ ਦਾ ਪਹਿਨਣਾ ਪੇਟ ਦੇ ਰੋਗਾਂ ਲਈ ਚੰਗਾ ਮੰਨਿਆ ਜਾਂਦਾ ਸੀ।

ਜੈਸਪਰ ਮੁੱਖ ਤੌਰ ਤੇ ਤਲਛੱਟੀ ਅਤੇ ਰੂਪਾਂਤਰਿਤ ਚਟਾਨਾਂ ਦੀ ਇਕ ਕਿਸਮ ਵਿਚੋਂ ਧਾਰੀਆਂ, ਪੱਥਰਾਂ ਅਤੇ ਪ੍ਰਤਿਸਥਾਪਨਾਂ ਦੇ ਰੂਪ ਵਿਚ ਮਿਲਦਾ ਹੈ। ਇਸ ਦੀ ਕੁਝ ਕੁ ਮਾਤਰਾ ਜਵਾਲਾਮੁਖੀ ਚਟਾਨਾਂ ਵਿਚੋਂ ਛੋਟੀਆਂ ਛੋਟੀਆਂ ਗੰਢਾਂ ਦੇ ਰੂਪ ਵਿਚ ਵੀ ਮਿਲਦੀ ਹੈ। ਇਹ ਆਕਾਸ਼ੀ ਜਲਾਂ ਜਾਂ ਤਲ-ਸਥਿਤ ਪਾਣੀਆਂ ਜਾਂ ਗਰਮਜਲੀ (ਹਾਈਡ੍ਰੋਥਰਮਲ) ਘੋਲਾਂ ਦੁਆਰਾ ਵੀ ਡਿਪਾਜ਼ਿਟ ਕੀਤਾ ਜਾ ਸਕਦਾ ਹੈ। ਲਿਬੀਆਨ ਮਾਰੂਥਲ ਅਤੇ ਨੀਲ ਘਾਟੀ ਵਿਚ ਮਿਲਦੇ ਸੂਖ਼ਮ ਜੈਸਪਰ ਦਾ ਕਾਫ਼ੀ ਦੇਰ ਤੋਂ ਪਤਾ ਹੈ। ਜੈਸਪਰ ਅਪਰਦੀ ਕੰਕਰਾਂ ਦੇ ਰੂਪ ਵਿਚ ਵੀ ਆਮ ਮਿਲਦਾ ਹੈ। ਸਵਿਟਜ਼ਰਲੈਂਡ ਜਾਂ ਜਰਮਨ ਦਾ ਲੈਪਿਸ ਬਣਾਵਟੀ ਤੌਰ ਤੇ ਤਿਆਰ ਕੀਤਾ ਜੈਸਪਰ ਹੈ ਜਿਹੜਾ ਕਿ ਲਾਜਵਰਦ (ਲੈਪਿਸ ਲੈਜ਼ੂਲੀ) ਦੀ ਨਕਲ ਹੈ।

ਹ. ਪੁ. -ਐਨ. ਬ੍ਰਿ. 12: 968

**ਜੈਸਪੁਰ (ਹੈਨਰੀ)** : ਇਹ ਬੈਲਜੀਅਨ ਸਿਆਸਤਦਾਨ ਸੀ ਜਿਸ ਦਾ ਜਨਮ 28 ਜੁਲਾਈ, 1870 ਵਿਚ ਬਲਸਲਜ਼ ਵਿਚ ਸਰਲਬੈਕ ਦੇ ਸਥਾਨ ਤੇ ਹੋਇਆ। ਇਹ ਕੈਥੋਲਿਕ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਨਵੰਬਰ, 1918 ਵਿਚ ਆਰਥਿਕ ਮਾਮਲਿਆਂ ਦਾ ਮਨਿਸਟਰ ਨਿਯੁਕਤ ਹੋਇਆ। ਇਸਨੇ ਬੈਲਜੀਅਨ ਉਦਯੋਗ ਦੇ ਪੁਨਰ ਨਿਰਮਾਣ ਦਾ ਪ੍ਰਬੰਧ ਕੀਤਾ ਅਤੇ 1919 ਵਿਚ ਲੀਏਜ਼ ਦਾ ਡਿਪਟੀ ਬਣਿਆ। ਸੰਨ 1920 ਵਿਚ ਇੰਟਰ ਅਲਾਈਡ ਕਾਨਫ੍ਰੰਸ ਅਤੇ ਬੈਲਜੀਅਮ ਵਿਚਕਾਰ ਸਮਝੌਤੇ ਨੂੰ ਮਜ਼ਬੂਤ ਕਰਨ ਅਤੇ ਆਪਣੇ ਦੇਸ਼ ਲਈ ਸੁਰੱਖਿਆ ਅਤੇ ਸੁਧਾਰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਸੰਨ 1922 ਵਿਚ ਇਸਨੇ ਇੰਗਲੈਂਡ ਨਾਲ ਸੁਰੱਖਿਆ ਅਤੇ ਜ਼ਾਮਨੀ ਦਾ ਸਮਝੌਤਾ ਕੀਤਾ ਪਰੰਤੂ ਫ਼ਰਾਂਸੀਸੀ ਸਰਕਾਰ ਦੀ ਹਾਰ ਕਾਰਨ ਇਹ ਲਾਗੂ ਹੋਣ ਤੋਂ ਪਹਿਲਾਂ ਹੀ ਫੇਲ ਹੋ ਗਿਆ। ਜੈਸਪੁਰ ਦੀਆਂ ਕੋਸ਼ਿਸ਼ਾਂ ਨਾਲ ਬੈਲਜੀਅਮ ਲੀਗ ਆਫ ਨੇਸ਼ਨਜ਼ ਵਿਚ ਦਾਖ਼ਲ ਹੋਇਆ। ਜੁਲਾਈ, 1921 ਵਿਚ ਇਸ ਨੇ ਬੈਲਜੀਅਮ ਅਤੇ ਲਗਜ਼ਮਬਰਗ ਵਿਚ ਆਰਥਿਕ ਸਮਝੌਤਾ ਕੀਤਾ।

ਸੰਨ 1924 ਵਿਚ ਇਸਨੇ ਡਾਜ਼ ਪਲੈਨ ਗੱਲਬਾਤ ਵਿਚ ਹਿੱਸਾ ਲਿਆ ਪਰੰਤੂ ਫ਼ਰੈਂਕੋ ਬੈਲਜੀਅਮ ਕਨਵੈਨਸ਼ਨ ਦੇ ਮੰਡਲ ਦੇ ਇਨਕਾਰ ਕਰਨ ਤੇ ਇਸਨੇ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸੰਨ 1921 ਤੋਂ 1931 ਤੱਕ ਇਹ ਇਕ ਵਜ਼ਾਰਤ ਵਿਚ ਪ੍ਰਧਾਨ ਮੰਤਰੀ ਰਿਹਾ। ਇਸਨੂੰ ਆਰਥਿਕ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਇਸਦੀ ਨੀਤੀ ਨਾਲ ਮੰਤਰੀ ਮੰਡਲ ਵਿਚ ਮਤਭੇਦ ਹੋ ਗਿਆ ਅਤੇ 1927 ਈ. ਵਿਚ ਮੰਤਰੀ ਮੰਡਲ ਦੁਆਰਾ ਬਣਾਇਆ ਗਿਆ। ਸੰਨ 1932 ਤੋਂ 1934 ਤੱਕ ਜੈਸਪੁਰ ਨੇ ਵਿੱਤ ਮੰਤਰੀ ਵਜੋਂ ਕੰਮ ਕੀਤਾ ਅਤੇ 1934 ਈ. ਵਿਚ ਵਿਦੇਸ਼ ਮੰਤਰੀ ਦੇ ਅਹੁਦੇ ਤੇ ਰਿਹਾ।

15 ਮਈ, 1939 ਈ. ਵਿਚ ਜੈਸਪਰ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 12: 968

**ਜੈਸਲਮੇਰ**: ਰਿਆਸਤ—ਇਹ ਰਾਜਪੂਤਾਨੇ (ਭਾਰਤ) ਦੀ ਪੁਰਾਣੀਆਂ ਰਿਆਸਤਾਂ ਵਿਚੋਂ ਇਕ ਰਿਆਸਤ ਸੀ ਜੋ ਰਕਬੇ ਦੇ ਪੱਖ ਤੋਂ

ਤੀਜੇ ਨੰਬਰ ਤੇ ਸੀ। ਇਸ ਦੇ ਉੱਤਰ ਵੱਲ ਬਹਾਵਲਪੁਰ, ਪੱਛਮ ਵੱਲ ਸਿੰਧ ਦੱਖਣ ਅਤੇ ਪੂਰਬ ਵੱਲ ਜੋਧਪੁਰ ਅਤੇ ਉੱਤਰ-ਪੂਰਬ ਵੱਲ ਬੀਕਾਨੇਰ ਸੀ।

ਇਤਿਹਾਸਕ ਪੱਖ ਤੋਂ ਇਥੋਂ ਦੇ ਮੁਖੀ ਜਾਦੋਂ ਘਰਾਣੇ ਦੇ ਕ੍ਰਿਸ਼ਨ ਬੰਸ਼ੀ ਰਾਜਪੂਤ ਸਨ। ਕ੍ਰਿਸ਼ਨ ਭਗਵਾਨ ਤੋਂ ਬਾਅਦ ਕ੍ਰਿਸ਼ਨ ਜੀ ਦੇ ਦੋਵੇਂ ਲੜਕੇ ਉੱਤਰ ਦਿਸ਼ਾ ਵਿਚ ਸਿੰਧ ਦਰਿਆ ਤੋਂ ਅੱਗੇ ਤੱਕ ਜਾ ਕੇ ਵਸ ਗਏ। ਇਨ੍ਹਾਂ ਲੋਕਾਂ ਵਿਚੋਂ ਇਕ ਗਜ ਨਾਮੀ ਵਿਅਕਤੀ ਨੇ ਇਥੇ ਇਕ ਗਜਨੀ ਨਾਮੀ ਕਿਲਾ ਬਣਵਾਇਆ ਪਰ ਖੁਰਾਸਾਨ ਦੇ ਰਾਜੇ ਨਾਲ ਲੜਾਈ ਵਿਚ ਇਸ ਦੀ ਮੌਤ ਹੋ ਜਾਣ ਕਰਕੇ ਇਸ ਦੇ ਲੋਕਾਂ ਨੂੰ ਦੱਖਣ ਵੱਲ ਨੂੰ ਪੰਜਾਬ ਵਿਚ ਧੱਕ ਦਿੱਤਾ ਗਿਆ। ਇਥੇ ਇਨ੍ਹਾਂ ਦੇ ਇਕ ਸਲਵਾਹਨ ਨਾਮੀ ਰਾਜੇ ਨੇ ਆਪਣੇ ਨਾਓਂ ਤੇ ਨਵੀਂ ਰਾਜਧਾਨੀ ਬਣਾਈ ਜਿਸ ਨੂੰ ਅਜੋਕਾ ਸਿਆਲਕੋਟ (ਪਾਕਿਸਤਾਨ) ਕਿਆਸ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਸਨੇ ਮੁਲਤਾਨ ਦੇ 97 ਕਿ. ਮੀ. (60 ਮੀਲ) ਦੇ ਵਿਚ ਵਿਚ ਦੇ ਇਲਾਕੇ ਵਿਚ ਬਹਰੂਰ ਦੀ ਲੜਾਈ ਜਿੱਤੀ ਜਿਸ ਵਿਚ ਇਸਨੇ ਇੰਡੋਸਿਥਿਅਨਜ਼ ਨੂੰ ਹਰਾਇਆ, ਜਿਸ ਦੇ ਸਿੱਟੇ ਵਜੋਂ ਇਸਨੂੰ ਜੇਤੂ ਸਿਕਾਰੀ ਅਰਥਾਤ ਸਾਕਾਜ਼ (ਸਿਥੀਅਨਜ਼) ਦਾ ਦੁਸ਼ਮਨ ਕਿਹਾ ਜਾਣ ਲਗਾ ਅਤੇ ਇਸ ਲੜਾਈ ਦੀ ਯਾਦਗਾਰ ਕਾਇਮ ਕਰਨ ਲਈ ਇਸਨੇ ਲੜਾਈ ਦੇ ਦਿਨ ਤੋਂ (78 ਈ.) ਸ਼ਕ ਚਲਾਇਆ ਜੋ ਭਾਰਤ ਵਿਚ ਹਾਲੇ ਵੀ ਵਰਤੋਂ ਵਿਚ ਆਉਂਦਾ ਹੈ। ਇਸ ਦੇ ਲੜਕਾ ਭੱਟੀ ਜੋ ਬਹੁਤ ਬਹਾਦਰ ਸੂਰਮਾ ਸੀ, ਨੇ ਦੁਆਲੇ ਦੇ ਬਹੁਤ ਸਾਰੇ ਸਰਦਾਰਾਂ ਤੋਂ ਜਿੱਤ ਪ੍ਰਾਪਤ ਕੀਤੀ ਤੇ ਇਸ ਤੋਂ ਇਸ ਕਬੀਲੇ ਦਾ ਨਾਂ ਭੱਟੀ ਜਾਦੋ ਪਿਆ। ਹੌਲੀ ਹੌਲੀ ਭੱਟੀ ਹੋਰ ਦੱਖਣ ਵੱਲ ਫੈਲਦੇ ਗਏ ਅਤੇ ਸਤਲੁਜ ਦਰਿਆ ਪਾਰ ਕਰਕੇ ਭਾਰਤ ਦੇ ਥਾਰ ਮਾਰੂਥਲ ਵਿਚ ਰਹਿਣ ਲਗ ਪਏ। ਇਸ ਤਰ੍ਹਾਂ ਇਨ੍ਹਾਂ ਨੇ ਆਪਣੀ ਪਹਿਲੀ ਰਾਜਧਾਨੀ ਟਨੋਟ (ਜੈਸਲਮੇਰ) ਵਿਚ ਲਗਭਗ 8ਵੀਂ ਸਦੀ ਦੇ ਮੱਧ ਵਿਚ ਬਣਾਈ। ਇਥੋਂ ਕੱਢੇ ਜਾਣ ਕਰਕੇ ਫਿਰ ਇਨ੍ਹਾਂ ਦੇ ਦਿਓਰਾਜ ਨੇ 853 ਈ. ਵਿਚ ਦਿਓਗੜ੍ਹ ਬਣਵਾਇਆ ਜਿਸਨੂੰ ਅੱਜਕੱਲ੍ਹ ਦੇਵਗੜ੍ਹ ਕਹਿੰਦੇ ਹਨ। ਥੋੜ੍ਹੇ ਸਮੇਂ ਬਾਅਦ ਹੀ ਇਨ੍ਹਾਂ ਦੀ ਰਾਜਧਾਨੀ ਲਡੋਰਵਾ ਵਿਖੇ ਬਦਲ ਗਈ ਜਿਹੜਾ 12 ਦਰਵਾਜ਼ਿਆਂ ਵਾਲਾ ਇਕ ਸ਼ਾਨਦਾਰ ਸ਼ਹਿਰ ਸੀ। ਇਸ ਦੇ ਖੰਡਰਾਤ ਜੈਸਲਮੇਰ ਸ਼ਹਿਰ ਤੋਂ 15 ਕਿ. ਮੀ. ਦੂਰੀ ਤੇ ਅੱਜ ਵੀ ਮੌਜੂਦ ਹਨ। ਸੁਰੱਖਿਆ ਦੇ ਪੱਖ ਤੋਂ ਠੀਕ ਹੋਣ ਕਰਕੇ ਰਾਜਾ ਜੈਸਲ ਨੇ ਆਪਣੀ ਰਾਜਧਾਨੀ ਲਈ ਨਵੀਂ ਥਾਂ ਚੁਣੀ ਅਤੇ 1156 ਈ. ਵਿਚ ਜੈਸਲਮੇਰ ਦਾ ਸ਼ਹਿਰ ਵਸਾਇਆ ਅਤੇ ਇਥੇ ਇਕ ਕਿਲਾ ਬਣਵਾਇਆ। ਜੈਸਲ ਤੋਂ ਬਾਅਦ ਕਈ ਰਾਜੇ ਹੋਏ ਜੋ ਲਗਾਤਾਰ ਲੁਟ-ਮਾਰ ਅਤੇ ਲੜਾਈਆਂ ਕਰਦੇ ਰਹੇ। ਇਨ੍ਹਾਂ ਦਾ ਠੀਕ ਇਤਿਹਾਸ 13 ਵੀਂ ਤੇ 14ਵੀਂ ਸਦੀਆਂ ਤੋਂ ਸ਼ੁਰੂ ਹੁੰਦਾ ਹੈ ਜਦੋਂ ਭੱਟੀ ਰਾਜਿਆ ਦੀ ਲੁਟ-ਖਸੁਟ ਤੋਂ ਗੁਸੇ ਵਿਚ ਆ ਕੇ ਅਲਾਉਦੀਨ ਨੇ ਆਪਣੀ ਫੌਜ ਭੇਜ ਕੇ ਜੈਸਲਮੇਰ ਸ਼ਹਿਰ ਅਤੇ ਕਿਲੇ ਤੇ ਕਬਜ਼ਾ ਕਰ ਲਿਆ। ਫਿਰ ਇਹ ਕਾਫ਼ੀ ਦੇਰ ਤੱਕ ਉਜੜਿਆ ਰਿਹਾ। ਇਸ ਪਿੱਛੋਂ 1651 ਵਿਚ ਜਦੋਂ ਸਬਲ ਸਿੰਘ ਰਾਜਾ ਬਣਿਆਂ ਤਾਂ ਇਸਨੇ ਦਰਬਾਰ ਦੀ ਅਧੀਨਗੀ ਕਬੂਲ ਕਰ ਲਈ ਅਤੇ ਜੈਸਲਮੇਰ ਇਸਨੂੰ ਮਿਲ ਗਿਆ। ਇਸ ਨੇ ਆਪਣੀ ਰਿਆਸਤ ਦੀਆਂ ਸਰਹੱਦਾਂ ਨੂੰ ਕਾਫ਼ੀ ਹੱਦ ਤੱਕ ਵਧਾਇਆ ਜੋ ਉੱਤਰ ਵੱਲ ਸਤਲੁਜ ਦਰਿਆ ਤੱਕ, ਪੱਛਮ ਵੱਲ ਸਿੰਧ ਦਰਿਆ ਤੱਕ ਅਤੇ ਪੂਰਬ ਅਤੇ ਦੱਖਣ ਵੱਲ ਇਸ ਵਿਚ ਕਾਫ਼ੀ ਸਾਰੇ ਜ਼ਿਲ੍ਹੇ ਸ਼ਾਮਲ ਕੀਤੇ ਗਏ ਜੋ ਬਾਅਦ ਵਿਚ ਰਾਠੌਰ ਰਾਜਿਆਂ ਨੇ ਜਿੱਤ ਕੇ ਬੀਕਾਨੇਰ ਅਤੇ ਮਾਰਵਾੜ ਰਿਆਸਤਾਂ ਵਿਚ ਮਿਲਾ ਲਏ। ਇਸ ਰਿਆਸਤ ਦੇ ਇਕ ਪਾਸੇ ਜਿਹੇ ਸਥਿਤ ਹੋਣ ਕਰਕੇ ਇਸ ਉੱਤੇ ਮਰਾਠਿਆਂ ਨੇ ਵੀ ਘੱਟ ਹੀ ਹਮਲੇ ਕੀਤੇ ਅਤੇ ਇਹ ਹੀ ਕਾਰਨ ਸੀ ਕਿ ਬਰਤਾਨਵੀ ਅਧਿਕਾਰ ਹੇਠ ਆਉਣ ਵਾਲੀਆਂ ਰਿਆਸਤਾਂ ਵਿਚੋਂ ਇਹ ਸਭ ਤੋਂ ਆਖ਼ਰੀ ਸੀ। ਬਾਅਦ ਵਿਚ ਇਸ ਦੀਆਂ ਘਰੇਲੂ ਲੜਾਈਆਂ ਹੁੰਦੀਆਂ ਰਹੀਆਂ। ਇਸ ਰਿਆਸਤ ਦਾ ਆਖ਼ਰੀ ਰਾਜਾ ਸਿਆਮ ਸਿੰਘ ਸਲਵਾਹਨ ਸੀ ਜੋ 1894 ਈ. ਤੱਕ ਬਰਤਾਨਵੀ ਸਰਦਾਰ ਦੁਆਰਾ 75 ਤੋਪਾਂ ਦੀ ਸਲਾਮੀ ਦਾ ਹੱਕਦਾਰ ਸੀ।

ਇਥੇ ਪੁਰਾਤਤਵੀ ਦਿਲਚਸਪੀ ਦੀਆਂ ਵੀ ਕਈ ਚੀਜ਼ਾਂ ਹਨ ਜਿਨ੍ਹਾਂ ਵਿਚੋਂ ਦੂਜੀ ਸਦੀ ਦਾ ਬੱਝਿਆ ਬੀਰ. ਮਿਲ ਨਾਮੀ ਪਿੰਡ ਅਤੇ ਕਿਲਾ ਟਨੋਟ ਦਾ ਅਠਵੀਂ ਸਦੀ ਦਾ ਮੰਦਰ ਤੇ ਕਿਲ੍ਹਾ, ਲੋਡੋਰਵਾ ਵਿਖੇ 1000 ਸਾਲ ਪੁਰਾਣਾ ਜੈਨ ਮੰਦਰ ਆਦਿ ਹਨ। ਇਸੇ ਤਰ੍ਹਾਂ ਜੈਸਲਮੇਰ ਸ਼ਹਿਰ ਤੋਂ ਲਗਭਗ 35 ਕਿ. ਮੀ. ਦੱਖਣ-ਦੱਖਣ-ਪੂਰਬ ਵੱਲ ਸਿਰਵਾ ਪਿੰਡ ਹੈ ਜਿਸ ਵਿਚ 820 ਈ. ਦੀ ਬਣੀ ਇਕ 32 ਸਤੂਪਾਂ ਵਾਲੀ ਇਮਾਰਤ ਹੈ।

ਰਿਆਸਤ ਵਿਚ ਪਿੰਡਾਂ ਅਤੇ ਸ਼ਹਿਰਾਂ ਆਦਿ ਦੀ ਕੁੱਲ ਗਿਣਤੀ 472 ਸੀ ਤੇ ਆਬਾਦੀ ਵਿਚ ਸਭ ਤੋਂ ਵੱਧ ਗਿਣਤੀ ਰਾਜਪੂਤਾਂ ਦੀ ਸੀ। ਲਗਭਗ ਤੀਜਾ ਹਿੱਸਾ ਮੁਸਲਮਾਨ ਸਨ। ਰਾਜਪੂਤਾਂ ਤੋਂ ਬਾਅਦ ਫਿਰ ਕ੍ਰਮਵਾਰ ਚਮਾਰ, ਸ਼ੇਖ ਅਤੇ ਮਹਾਜਨ ਸਨ। ਇਨ੍ਹਾਂ ਸਾਰਿਆਂ ਵਿਚੋਂ 36% ਤੋਂ ਵੱਧ ਲੋਕੀ ਖੇਤੀ ਕਰਦੇ ਸਨ ਜਾਂ ਊਠ, ਭੇਡਾਂ ਅਤੇ ਗਾਈਆਂ ਆਦਿ ਪਾਲਣ ਵਾਲੇ ਚਰਵਾਹੇ ਸਨ। ਵਰਖਾ ਘੱਟ ਹੋਣ ਕਰਕੇ ਖੇਤੀਬਾੜੀ ਦੀ ਉਪਜ ਵੀ ਬਹੁਤ ਘੱਟ ਸੀ,ਜਿਸ ਵਿਚ ਕੇਵਲ ਜਵਾਰ, ਬਾਜਰਾ, ਮੂੰਗ ਮੋਠ ਅਤੇ ਤਿਲ ਹੁੰਦੇ ਸਨ। ਪੇਂਡੂ ਆਮਦਨ ਦਾ ਵੱਡਾ ਵਸੀਲਾ ਪਾਲਤੂ ਪਸ਼ੂ ਹੀ ਸਨ।

ਚੰਗੀ ਕਿਸਮ ਦਾ ਲੂਣ ਕਈ ਥਾਵਾਂ ਤੇ ਮਿਲਦਾ ਸੀ ਪਰ ਲੂਣ ਬਣਾਉਣ ਦਾ ਕੰਮ ਕੇਵਲ ਕਾਨੋਡ ਵਿਚ ਹੀ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਇਥੇ ਕਈ ਕਿਸਮ ਅਤੇ ਰੰਗਾਂ ਦੇ ਇਮਾਰਤੀ ਪੱਥਰਾਂ ਦੀਆਂ ਖਾਣਾਂ ਵੀ ਸਨ।

ਆਜ਼ਾਦੀ ਤੋਂ ਬਾਅਦ ਇਹ ਰਿਆਸਤ ਭਾਰਤ ਦੀਆਂ ਹੋਰਨਾਂ ਰਿਆਸਤਾਂ ਵਾਂਗ ਆਪਣੀ ਹੋਂਦ ਖਤਮ ਕਰ ਬੈਠੀ।

ਹ. ਪੁ. -ਇੰਪ. ਗ. ਇੰਡ. 14:1

**ਜੈਸਲਮੇਰ** : ਸ਼ਹਿਰ—ਇਹ ਭਾਰਤ ਦੇ ਰਾਜਸਥਾਨ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਜੋਧਪੁਰ ਬੀਕਾਨੇਰ ਰੇਲ ਮਾਰਗ ਉਪਰ ਬਾੜਮੇਰ ਤੋਂ ਲ. 135 ਕਿ. ਮੀ. ਦੂਰ ਸਥਿਤ ਹੈ। ਇਹ ਸੜਕਾਂ ਰਾਹੀਂ ਜੋਧਪੁਰ, ਬਾੜਮੇਰ, ਫਲੌਦੀ ਆਦਿ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਸ਼ਹਿਰ ਇਕ ਪ੍ਰਮੁੱਖ ਵਪਾਰ ਕੇਂਦਰ ਹੈ ਜਿਥੇ ਉਨ, ਖੱਲਾਂ, ਲੂਣ, ਮੁਲਤਾਨੀ ਮਿੱਟੀ, ਊਠ ਅਤੇ ਭੇਡਾਂ ਆਦਿ ਦਾ ਵਪਾਰ ਹੁੰਦਾ ਹੈ। ਇਹ ਸ਼ਹਿਰ ਇਥੋਂ ਦੀਆਂ ਪੀਲੇ ਭੂਰੇ ਰੰਗ ਦੇ ਪੱਥਰ ਦੀਆਂ ਇਮਾਰਤਾਂ ਲਈ ਮਸ਼ਹੂਰ ਹੈ। ਸ਼ਹਿਰ ਦੀ ਨੀਂਹ ਰਾਓ ਜੈਸਲ ਨਾਂ ਦੇ ਇਕ ਰਾਜਪੂਤ ਸਰਦਾਰ ਨੇ 1156 ਵਿਚ ਰੱਖੀ ਸੀ। ਇਥੋਂ ਦੇ ਪੁਰਾਣੇ ਕਿਲੇ ਵਿਚ ਜੋ ਇਕ ਪਹਾੜੀ ਤੇ ਸਥਿਤ ਹੈ, ਸ਼ਾਹੀ ਮਹਿਲ, ਕਈ ਪੁਰਾਣੇ ਜੈਨ ਮੰਦਰ ਅਤੇ ਗਿਆਨ ਭੰਡਾਰ ਨਾਂ ਦੀ ਇਕ ਲਾਇਬ੍ਰੇਰੀ ਹੈ ਜਿਸ ਵਿਚ ਸੰਸਕ੍ਰਿਤ ਭਾਸ਼ਾ ਦੇ ਪੁਰਾਣੇ ਹੱਥ-ਲਿਖਤ ਖਰੜੇ ਸਾਂਭੇ ਹੋਏ ਹਨ।

ਆਬਾਦੀ—38,735 (1991)

26° 55′ ਉ. ਵਿਥ.; 70° 55′ ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 503 ;ਇੰਪ. ਗ. ਇੰਡ. 14: 9

**ਜੈ ਸਿੰਘ** : ਇਹ ਜੈਪੁਰ ਰਿਆਸਤ ਦਾ ਰਾਜਾ ਸੀ ਜਿਸ ਦੇ ਪਿਤਾ ਦਾ ਨਾਂ ਬਿਸ਼ਨ ਸਿੰਘ ਸੀ। ਇਹ 1697 ਈ. ਵਿਚ ਗੱਦੀ ਤੇ ਬੈਠਾ। ਇਸ ਨੇ 1728 ਈ. ਵਿਚ ਜੈਪੁਰ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਅੰਬਰ ਦੀ ਥਾਂ ਜੈਪੁਰ ਨੂੰ ਰਾਜਧਾਨੀ ਬਣਾਇਆ।

ਔਰੰਗਜ਼ੇਬ ਦੀ ਮੌਤ ਉਪਰੰਤ ਰਾਜ ਸਿੰਘਾਸਨ ਲਈ ਸ਼ਹਿਜ਼ਾਦਿਆਂ ਦੀ ਆਪੋ ਵਿਚਲੀ ਲੜਾਈ ਦੌਰਾਨ ਇਸ ਨੇ ਸ਼ਹਿਜ਼ਾਦਾ ਆਜ਼ਮਸ਼ਾਹ ਦਾ ਪੱਖ ਪੂਰਿਆ ਸੀ। ਬਹਾਦਰ ਸ਼ਾਹ ਨੇ ਇਸ ਦੀ ਰਿਆਸਤ

ਜੈਪੁਰ ਨੂੰ ਜ਼ਬਤ ਕਰ ਲਿਆ ਅਤੇ ਸਯੱਦ ਹੁਸੈਨ ਅਲੀ ਖਾਂ ਜੈਪੁਰ ਦਾ ਗਵਰਨਰ ਥਾਪ ਦਿੱਤਾ।

ਜਦੋਂ ਬਹਾਦਰਸ਼ਾਹ ਆਪਣੇ ਭਰਾ ਕਾਮਬਖਸ਼ ਨੂੰ ਦੱਖਣ ਵੱਲ ਹਰਾਉਣ ਲਈ ਗਿਆ ਤਾਂ ਇਸ ਨੇ ਅਜੀਤ ਸਿੰਘ ਰਾਠੌਰ ਦੀ ਮਦਦ ਨਾਲ 1708 ਵਿਚ ਜੈਪੁਰ ਉੱਤੇ ਫਿਰ ਤੋਂ ਕਬਜ਼ਾ ਕਰ ਲਿਆ।

ਫ਼ਰੁਖ਼ਸਿਆਰ ਦੇ ਸਮੇਂ ਇਸ ਨੂੰ ਰਾਜਾਧਿਰਾਜ ਦੀ ਉਪਾਧੀ ਮਿਲੀ। ਮੁਹੰਮਦਸ਼ਾਹ ਨੇ ਇਸ ਨੂੰ ਸਿਵਾਈ ਖਿਤਾਬ ਦਿੱਤਾ ਅਤੇ ਇਸ ਤੋਂ ਇਲਾਵਾ 1732 ਵਿਚ ਇਸ ਨੂੰ ਮਾਲਵੇ ਦਾ ਗਵਰਨਰ ਬਣਾ ਦਿੱਤਾ।

ਸੰਨ 1743 ਵਿਚ ਇਸ ਦੀ ਮੌਤ ਹੋ ਗਈ ਅਤੇ ਇਸ ਦਾ ਪੁੱਤਰ ਈਸਰੀ ਸਿੰਘ ਰਾਜਗੱਦੀ ਤੇ ਬੈਠਾ।

ਹ. ਪੁ. -ਮ. ਕੋ. : 508

**ਜੈ ਸਿੰਘ ਸਿੱਧਰਾਜ** : ਇਹ ਗੁਜਰਾਤ ਦੇ ਚਾਲੂਕੀਆ ਸ਼ਾਸਕ ਕਰਣ ਦਾ ਲੜਕਾ ਸੀ ਜਿਸ ਦਾ ਜਨਮ 1091 ਈ. ਵਿਚ ਹੋਇਆ। ਇਸ ਦੇ ਚੰਗੇ ਕੰਮਾਂ ਕਾਰਨ ਇਸ ਦੇ ਨਾਮ ਨਾਲ ਸਿੱਧ ਰਾਜ ਸ਼ਬਦ ਜੋੜ ਦਿੱਤਾ ਗਿਆ।

ਪਿਤਾ ਦੀ ਮੌਤ ਸਮੇਂ ਨਾਬਾਲਗ ਹੋਣ ਕਾਰਨ ਇਸ ਦੀ ਮਾਤਾ ਨੇ ਸ਼ਾਸਨ ਸੰਭਾਲਿਆ। ਬਾਲਗ ਹੋਣ ਤੇ ਰਾਜ-ਕਾਜ ਸੰਭਾਲਣ ਉਪਰੰਤ ਸਾਮਰਾਜ ਦੇ ਵਿਸਥਾਰ ਲਈ ਨੇੜੇ ਦੇ ਇਲਾਕਿਆਂ ਨੂੰ ਜਿੱਤਣ ਵੱਲ ਆਪਣਾ ਧਿਆਨ ਦਿੱਤਾ। ਅਨੇਕ ਯੁੱਧਾਂ ਤੋਂ ਬਾਅਦ ਇਸ ਨੇ ਸੌਰਾਸ਼ਟਰ ਦੇ ਅਭੀਰ ਸ਼ਾਸਕ ਨਵਘਣ ਅਤੇ ਖੰਗਾਰ ਨੂੰ ਜਿੱਤਣ ਵਿਚ ਸਫਲਤਾ ਪ੍ਰਾਪਤ ਕੀਤੀ। ਜਿੱਤੇ ਹੋਏ ਇਲਾਕੇ ਦੇ ਸ਼ਾਸਨ ਲਈ ਇਸ ਨੇ ਸੱਜਣ ਨਾਂ ਦੇ ਇਕ ਅਧਿਕਾਰੀ ਨੂੰ ਉਥੋਂ ਦਾ ਗਵਰਨਰ ਨਿਯੁਕਤ ਕੀਤਾ ਪਰ ਇਸ ਦਾ ਇਸ ਇਲਾਕੇ ਉੱਤੇ ਅਧਿਕਾਰ ਚਿਰ ਸਥਾਈ ਨਹੀਂ ਸੀ। ਇਸ ਨੇ ਚਾਲੂਕੀਆਂ ਦੇ ਪੁਰਾਣੇ ਦੁਸ਼ਮਣ ਨਾਡੋਲ ਦੇ ਚਾਹਮਾਨ ਬੰਸੀ ਆਸ਼ਾਰਾਜ ਨੂੰ ਅਧੀਨਤਾ ਸਵੀਕਾਰ ਕਰਨ ਅਤੇ ਜਾਗੀਰਦਾਰ ਦੇ ਰੂਪ ਵਿਚ ਸ਼ਾਸਨ ਕਰਨ ਲਈ ਮਜਬੂਰ ਕੀਤਾ।

ਜੈ ਸਿੰਘ ਨੇ ਉੱਤਰ ਵਿਚ ਸ਼ਾਕੰਭਰੀ ਦੇ ਚਾਹਮਾਨ ਰਾਜ ਉੱਤੇ ਹਮਲਾ ਕਰਕੇ ਉਸਦੀ ਰਾਜਧਾਨੀ ਉੱਤੇ ਅਧਿਕਾਰ ਕਰ ਲਿਆ। ਇਕ ਕੁਸ਼ਲ ਨੀਤੀਵਾਨ ਦੀ ਤਰ੍ਹਾਂ ਇਸ ਨੇ ਆਪਣੇ ਪੱਖ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਆਪਣੀ ਲੜਕੀ ਦਾ ਵਿਆਹ ਚਾਹਮਾਨ ਸ਼ਾਸਕ ਅਰਣੋਰਾਜ ਨਾਲ ਕਰ ਦਿੱਤਾ। ਮਾਲਵਾ ਦੇ ਪਰਮਾਰ ਸ਼ਾਸਕ ਨਰਵਰਮਨ ਵਿਰੁੱਧ ਇਸ ਨੇ ਆਸ਼ਾਰਾਜ ਅਤੇ ਅਰਣੋਰਾਜ ਤੋਂ ਮਦਦ ਪ੍ਰਾਪਤ ਕੀਤੀ। ਲੰਮੇ ਯੁੱਧ ਤੋਂ ਮਗਰੋਂ ਨਰਵਰਮਨ ਨੂੰ ਕੈਦ ਕਰ ਲਿਆ ਪਰ ਬਾਅਦ ਵਿਚ ਇਸ ਨੇ ਉਸ਼ ਨੂੰ ਰਿਹਾ ਕਰ ਦਿੱਤਾ। ਭਾਵੇਂ ਨਰਵਰਮਨ ਦੇ ਪੁੱਤਰ ਯਸੋਵਰਮਨ ਨੇ ਯੁੱਧ ਨੂੰ ਚਾਲੂ ਰੱਖਿਆ ਪਰ ਅੰਤ ਵਿਚ ਇਸ ਨੂੰ ਹੀ ਜਿੱਤ ਪ੍ਰਾਪਤ ਹੋਈ। ਇਸ ਜਿੱਤ ਦੇ ਸਬੰਧ ਵਿਚ ਹੀ ਇਸ ਨੇ ਅਵੰਤਨਾਥ ਦੀ ਉਪਾਧੀ ਧਾਰਨ ਕੀਤੀ।

ਜੈ ਸਿੰਘ ਦੇ ਰਾਜਕਾਲ ਦੇ ਅੰਤਿਮ ਸਾਲਾਂ ਵਿਚ ਯਸੋਵਰਮਨ ਦੇ ਲੜਕੇ ਜਯਵਰਮਨ ਨੇ ਮਾਲਵਾ ਰਾਜ ਦੇ ਕੁਝ ਭਾਗਾਂ ਨੂੰ ਆਜ਼ਾਦ ਕਰਵਾ ਲਿਆਂ ਸੀ। ਜੈ ਸਿੰਘ ਨੇ ਭਿਨਮਾਲ ਦੇ ਪਰਮਾਵੰਸ਼ੀ ਸੋਮੇਸ਼ਵਰ ਨੂੰ ਉਸ ਦੇ ਰਾਜ ਉੱਤੇ ਦੁਬਾਰਾ ਅਧਿਕਾਰ ਪ੍ਰਾਪਤ ਕਰਨ ਵਿਚ ਉਸ ਦੀ ਸਹਾਇਤਾ ਕੀਤੀ ਅਤੇ ਉਸ ਨਾਲ ਪੂਰਬੀ ਪੰਜਾਬ ਉੱਤੇ ਹਮਲਾ ਕੀਤਾ ਸੀ। ਇਹ ਚੰਦੇਲ ਰਾਜਾ ਮਦਨਵਰਮਨ ਵਿਰੁੱਧ ਜਿੱਤ ਪ੍ਰਾਪਤ ਕਰਨ ਵਿਚ ਅਸਫਲ ਰਿਹਾ। ਇਸ ਨੇ ਪਰਮਾਰਦ, ਸਿੰਧਰਾਜ, ਬਰਬਕ ਆਦਿ ਸ਼ਾਸਕਾਂ ਨੂੰ ਵੀ ਹਰਾਇਆ।

ਇਸ ਨੇ ਆਪਣੇ ਸ਼ਾਸਨ ਕਾਲ ਵਿਚ ਜਿੱਤਾਂ ਰਾਹੀਂ ਜਿੰਨਾ ਜ਼ਿਆਦਾ ਵਿਸਥਾਰ ਕੀਤਾ ਉਤਨਾ ਹੋਰ ਕਿਸੇ ਵੀ ਸ਼ਾਸਕ ਦੇ ਸਮੇਂ ਵਿਚ ਨਹੀਂ ਹੋ ਸਕਿਆ। ਉੱਤਰ ਵਿਚ ਇਸ ਦਾ ਅਧਿਕਾਰ ਜੋਧਪੁਰ ਅਤੇ ਜੈਪੁਰ ਤੱਕ ਅਤੇ ਪੱਛਮ ਵਿਚ ਭਿਲਸਾ ਤੱਕ ਫੈਲਿਆ ਹੋਇਆ ਸੀ। ਕਾਠੀਆਵਾੜ ਅਤੇ ਕੱਛ ਵੀ ਉਸ ਦੇ ਰਾਜ ਵਿਚ ਸ਼ਾਮਲ ਸਨ।

ਜੈ ਸਿੰਘ ਪੁੱਤਰ ਦੀ ਦਾਤ ਤੋਂ ਵਾਂਝਾ ਸੀ ਜਿਸ ਕਾਰਨ ਇਹ ਆਪਣੇ ਆਖ਼ਰੀ ਸਾਲਾਂ ਵਿਚ ਕਾਫ਼ੀ ਦੁੱਖੀ ਹੋਇਆ। ਇਸ ਨੇ ਆਪਣੇ ਮੰਤਰੀ ਉਦਯਨ ਦੇ ਲੜਕੇ ਬਾਹੜ ਨੂੰ ਆਪਣਾ ਪੁੱਤਰ ਬਣਾਇਆ। ਇਹ ਜਿੱਤਾਂ ਨਾਲੋਂ ਆਪਣੇ ਸੰਸਕ੍ਰਿਤਕ ਕੰਮਾਂ ਕਾਰਨ ਜ਼ਿਆਦਾ ਪ੍ਰਸਿੱਧ ਹੈ। ਇਸ ਨੇ ਗੁਜਰਾਤ ਨੂੰ ਸਿੱਖਿਆ ਅਤੇ ਸਾਹਿਤ ਦਾ ਕੇਂਦਰ ਬਣਾਇਆ। ਇਸ ਨੇ ਆਪਣੀ ਮਾਤਾ ਦੇ ਕਹਿਣ ਤੇ ਬਾਹਲੋੜ ਵਿਚ ਯਾਤਰੀਆਂ ਤੋਂ ਲਿਆ ਜਾਣ ਵਾਲਾ ਕਰ ਸਮਾਪਤ ਕਰ ਦਿੱਤਾ। ਧਾਰਮਿਕ ਮਾਮਲਿਆਂ ਵਿਚ ਇਸ ਦੀ ਨੀਤੀ ਉਦਾਰ ਸੀ। ਇਸ ਨੇ ਸਿੱਧਪੁਰ ਵਿਚ ਰੁਦਰਮਹਾਲ ਦਾ ਮੰਦਰ ਬਣਾਇਆ। ਸਰਸਵਤੀ ਦੇ ਤਟ ਤੇ ਦਸਾਵਤਾਰ ਨਰਾਇਣ ਦੇ ਮੰਦਰ ਦੀ ਉਸਾਰੀ ਕਰਵਾਈ। ਸੰਨ 1143 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 4: 395

**ਜੈ ਸਿੰਘ ਚਾਲੂਕੀਆ (ਪਹਿਲਾ)** : ਇਹ ਪੁਲਕੇਸ਼ਨ ਪਹਿਲੇ ਦਾ ਦਾਦਾ ਸੀ ਜੋ ਛੇਵੀਂ ਸਦੀ ਦੇ ਆਰੰਭ ਵਿਚ ਹੋਇਆ। ਗਿਆਰ੍ਹਵੀਂ ਸਦੀ ਦੇ ਕਲਿਆਣੀ ਦੇ ਚਾਲੂਕੀਆਂ ਰਾਜਿਆ ਦੇ ਅਭਿਲੇਖਾਂ ਤੋਂ ਪਤਾ ਲੱਗਦਾ ਹੈ ਕਿ ਜੈ ਸਿੰਘ ਪਹਿਲੇ ਨੇ ਪੁਰਾਣੇ ਤਿਮਿਰਾ ਛਨ ਇਤਿਹਾਸ ਦਾ ਅੰਤ ਕਰਕੇ ਅੱਠ ਸੌ ਹਾਥੀਆਂ ਵਾਲੀ ਸੈਨਾ ਦੀ ਮਦਦ ਨਾਲ ਰਾਸ਼ਟਰਕੂਟ ਰਾਜੇ ਇੰਦਰ ਅਤੇ ਹੋਰ ਪੰਜ ਸੌ ਰਾਜਿਆਂ ਨੂੰ ਹਰਾ ਕੇ ਚਾਲੂਕੀਆਂ ਦਾ ਰਾਜ ਸਥਾਪਿਤ ਕੀਤਾ ਸੀ ਪਰ ਇਹ ਵਰਣਨ ਇਤਿਹਾਸਕ ਨਹੀਂ ਹੈ।

ਹ. ਪੁ. -ਹਿੰ. ਵਿ. ਕੋ. 4: 394

**ਜੈ ਸਿੰਘ ਚਾਲੂਕੀਆ (ਦੂਜਾ)** : ਕਲਿਆਣੀ ਦੇ ਚਾਲੂਕੀਆ ਘਰਾਣੇ ਦੇ ਬਿਕਰਮਾਦਿੱਤ ਪੰਜਵੇਂ ਦੀ ਮੌਤ ਤੋਂ ਬਾਅਦ ਉਸ ਦੇ ਦੋ ਛੋਟੇ ਭਰਾ, ਪਹਿਲਾਂ ਅੱਯਨ ਅਤੇ ਇਸ ਤੋਂ ਮਗਰੋਂ ਜੈ ਸਿੰਘ ਦੂਜਾ ਗੱਦੀ ਤੇ ਬੈਠਾ। ਇਸ ਨੂੰ ਸਿੰਘ ਦੇਵ ਵੀ ਕਿਹਾ ਜਾਂਦਾ ਸੀ। ਇਸ ਨੇ 1015 ਤੋਂ 1043 ਈ. ਤੱਕ ਰਾਜ ਕੀਤਾ।

ਜੈ ਸਿੰਘ ਦੂਜੇ ਦੇ ਰਾਜ ਦੇ ਪਹਿਲੇ ਅੱਧ ਵਿਚ ਅਨੇਕਾਂ ਯੁੱਧ ਹੋਏ। ਇਨ੍ਹਾਂ ਯੁੱਧਾਂ ਵਿਚ ਇਸ ਨੂੰ ਆਪਣੇ ਯੋਗ ਸੈਨਾਪਤੀਆਂ ਚਾਵਨਰਸ, ਚਤੁੰਗ ਕਬੰਦ ਅਤੇ ਕੁੰਦਮਰਸ ਕਾਰਨ ਸਫਲਤਾ ਪ੍ਰਾਪਤ ਹੋਈ। ਇਸ ਨੇ ਚਾਲੂਕੀਆਂ ਦੇ ਜਿੱਤੇ ਹੋਏ ਪ੍ਰਦੇਸ਼ਾਂ ਨੂੰ ਚੋਲਾਂ ਕੋਲੋਂ ਦੁਬਾਰਾ ਪ੍ਰਾਪਤ ਕਰਨ ਅਤੇ ਵੇਗੀ ਦੇ ਸਿੰਘਾਸਨ ਉੱਤੇ ਚੋਲ ਸ਼ਾਸਕ ਰਾਜ ਦੀ ਥਾਂ ਆਪਣੇ ਵਿਅਕਤੀ ਨੂੰ ਬਿਠਾਉਣ ਦਾ ਯਤਨ ਕੀਤਾ। ਇਨ੍ਹਾਂ ਯੁੱਧਾਂ ਵਿਚ ਵੀ ਇਸ ਨੂੰ ਸ਼ੁਰੂ ਵਿਚ ਆਪਣੇ ਸੈਨਾਪਤੀਆਂ ਦੀ ਮਦਦ ਨਾਲ ਸਫ਼ਲਤਾ ਮਿਲੀ। ਉਸ ਨੇ ਰਾਏ ਚੂਰ ਦੁਆਬ ਉੱਤੇ ਕਬਜ਼ਾ ਕਰ ਲਿਆ ਅਤੇ ਉਸਦੀ ਸੈਨਾ ਤੁੰਗਭੱਦਰਾ ਪਾਰ ਕਰਕੇ ਬੇਲਾਰੀ ਅਤੇ ਗੰਗਵਾੜੀ ਤੱਕ ਪਹੁੰਚ ਗਈ। ਦੂਜੇ ਪਾਸੇ ਉਸਦੀ ਫ਼ੌਜ ਨੇ ਵੇਗੀ ਵਿਚ ਬੇਜਵਾੜਾ ਉੱਤੇ ਅਧਿਕਾਰ ਕਰ ਲਿਆ।

ਦੋ ਤਿੰਨ ਸਾਲ ਬਾਅਦ ਚੋਲ ਸ਼ਾਸਕ ਰਾਜ ਨੇ ਰਾਏਚੂਰ ਅਤੇ ਬੇਜਵਾੜਾ ਦੇ ਦੋਵੇਂ ਇਲਾਕਿਆਂ ਨੂੰ ਦੁਬਾਰਾ ਜਿੱਤ ਲਿਆ। ਸੰਨ 1020-21 ਵਿਚ ਰਾਜੇਂਦਰ ਚੋਲ ਦੀ ਸੈਨਾ ਅਤੇ ਜੈ ਸਿੰਘ ਦੀ ਸੈਨਾ ਵਿਚਕਾਰ ਮਸਕੀ

**ਵਿਖੇ** ਭਿਆਨਕ ਯੁੱਧ ਹੋਇਆ ਜਿਸ ਵਿਚ ਜੈ ਸਿੰਘ ਹਾਰ ਖਾ ਕੇ ਯੁੱਧ ਦੇ ਮੈਦਾਨ ਵਿਚੋਂ ਭੱਜ ਗਿਆ।

ਇਸ ਦੇ ਰਾਜਕਾਲ ਦੇ ਆਖ਼ਰੀ 20 ਸਾਲਾਂ ਵਿਚ ਕੋਈ ਯੁੱਧ ਨਹੀਂ ਹੋਇਆ ਅਤੇ ਸ਼ਾਂਤੀ ਦੀ ਸਥਿਤੀ ਬਣੀ ਰਹੀ। ਰਾਜ ਦੀ ਰਾਜਧਾਨੀ ਕਲਿਆਣੀ ਬਣ ਗਈ। ਇਸ ਦੇ ਸਿੱਕੇ ਸੋਨੇ ਦੇ ਸਨ ਜੋ ਦੋ ਕਿਸਮਾਂ ਵਿਚ ਮਿਲਦੇ ਹਨ।

ਹ. ਪੂ. -ਹਿੰ. ਵਿ. ਕੋ. 4: 394

**ਜੈ ਸਿੰਘ ਚਾਲੂਕੀਆ (ਤੀਜਾ)** : ਇਹ ਸੋਮੇਸ਼ਵਰ ਪਹਿਲੇ ਦਾ ਸਭ ਤੋਂ ਛੋਟਾ ਲੜਕਾ ਅਤੇ ਵਿਕਰਮਾਦਿੱਤ ਛੇਵੇਂ ਦਾ ਛੋਟਾ ਭਰਾ ਸੀ। ਆਪਣੇ ਪਿਤਾ ਦੇ ਸਮੇਂ ਇਹ ਤਰਦਵਾੜੀ ਦਾ ਗਵਰਨਰ ਸੀ। ਸੰਨ 1061 ਵਿਚ ਇਸ ਨੂੰ ਰਾਜੇਂਦਰ ਚੋਲ ਹਥੋਂ ਭਾਰੀ ਹਾਰ ਦਾ ਮੂੰਹ ਵੇਖਣਾ ਪਿਆ।

ਸੋਮੇਸ਼ਵਰ ਦੂਜੇ ਨੇ ਗੱਦੀ ਉੱਤੇ ਬੈਠਣ ਉਪਰੰਤ ਇਸ ਨੂੰ ਵੀ ਕਈ ਪ੍ਰਾਂਤਾਂ ਦਾ ਰਾਜ ਸੰਭਾਲਿਆ। ਸੰਨ 1068 ਵਿਚ ਇਸ ਨੇ ਕੋਗਲ, ਕਦੰਬਲਿਗ ਅਤੇ ਬਲਕੁੰਦੇ ਦੇ ਪ੍ਰਦੇਸ਼ਾਂ ਉੱਤੇ ਰਾਜ ਕੀਤਾ। ਬਾਅਦ ਵਿਚ ਇਸ ਨੂੰ ਨੋਲਬਾੜ ਅਤੇ ਸਿੰਦਵਾੜ ਦਾ ਗਵਰਨਰ ਨਿਯੁਕਤ ਕੀਤਾ ਗਿਆ। ਇਸ ਅਹੁਦੇ ਤੇ ਇਹ 1063 ਤੱਕ ਰਿਹਾ। ਇਸੇ ਸਮੇਂ ਦੌਰਾਨ ਇਸ ਨੂੰ ਹੋਰ ਵੀ ਇਲਾਕਿਆਂ ਦਾ ਅਧਿਕਾਰ ਮਿਲਦਾ ਰਿਹਾ।

ਵਿਕਰਮਾਦਿੱਤ ਛੇਵੇਂ ਅਤੇ ਸੋਮੇਸ਼ਵਰ ਦੂਜੇ ਦੀ ਆਪਸੀ ਖਿੱਚੋਤਾਣ ਦੌਰਾਨ ਇਸ ਨੇ ਵਿਕਰਮਾਦਿੱਤ ਦਾ ਪੱਖ ਲਿਆ। ਸੰਨ 1076 ਵਿਚ ਇਸ ਨੂੰ ਵਿਕਰਮਦਿੱਤ ਨਾਲ ਕੁਲੋਤੁੰਗ ਪਹਿਲੇ ਹੱਥੋ ਭਾਰੀ ਹਾਰ ਹੋਈ ਕਿਉਂਕਿ ਇਸ ਦੀ ਮਦਦ ਨਾਲ ਵਿਕਰਮਾਦਿੱਤ ਨੇ ਚੋਲ ਸ਼ਾਸਕਾਂ ਨੂੰ ਹਰਾ ਕੇ ਗੱਦੀ ਪ੍ਰਾਪਤ ਕੀਤੀ ਸੀ। ਇਸ ਉਪਕਾਰ ਦੇ ਬਦਲੇ ਵਿਕਰਮਾਦਿੱਤ ਨੇ ਇਸ ਨੂੰ ਬੇਲਬੋਲ, ਪੁਲਿਗੇਰ, ਬਨਵਾਸ ਅਤੇ ਸੰਤ ਲਿੰਗ ਦੇ ਪ੍ਰਾਂਤਾਂ ਦਾ ਅਧਿਕਾਰ ਸੌਂਪਿਆ ਸੀ। ਸੰਨ 1083 ਤੱਕ ਇਸ ਨੇ ਵਿਕਰਮਾਦਿੱਤ ਅਧੀਨ ਰਾਜ ਕੀਤਾ।

ਬਾਅਦ ਵਿਚ ਇਸ ਨੇ ਪਰਜਾ ਤੋਂ ਧਨ ਇਕੱਠਾ ਕਰਕੇ ਇਕ ਵਿਸ਼ਾਲ ਸੈਨਾ ਤਿਆਰ ਕੀਤੀ। ਚੋਲ ਸ਼ਾਸਕਾਂ ਨਾਲ ਮਿਤਰਤਾ ਗੰਢੀ, ਵਣ ਜਾਤੀਆਂ ਨਾਲ ਸੰਧੀ ਕੀਤੀ, ਵਿਕਰਮਾਦਿੱਤ ਦੀ ਫ਼ੌਜ ਵਿਚ ਫੁੱਟ ਪਾਉਣ ਦਾ ਯਤਨ ਕੀਤਾ ਅਤੇ ਸਿੰਘਾਸਨ ਤੇ ਅਧਿਕਾਰ ਕਰਨ ਲਈ ਕ੍ਰਿਸ਼ਨਾ ਨਦੀ ਦੇ ਕਿਨਾਰੇ ਪਹੁੰਚਿਆ ਜਿਥੇ ਉਸ ਨਾਲ ਬਹੁਤ ਸਾਰੇ ਜਾਗੀਰਦਾਰ ਵੀ ਮਿਲ ਗਏ।

ਵਿਕਰਮਾਦਿੱਤ ਨੇ ਪਹਿਲਾਂ ਤਾਂ ਸ਼ਾਂਤੀਪੂਰਨ ਢੰਗ ਨਾਲ ਨਜਿੱਠਣਾ ਚਾਹਿਆ ਪਰ ਅਸਫਲ ਰਹਿਣ ਉਪਰੰਤ ਉਸ ਨੂੰ ਮਜ਼ਬੂਰ ਹੋ ਕੇ ਯੁੱਧ ਕਰਨਾ ਹੀ ਪਿਆ, ਜਿਸ ਵਿਚ ਇਹ ਹਾਰ ਗਿਆ ਅਤੇ ਇਸ ਨੂੰ ਕੈਦ ਕਰ ਲਿਆ ਗਿਆ।

ਹ. ਪੂ. -ਹਿ. ਵਿ. ਕੋ. 4: 394

**ਜੈ ਸਿੰਘਪੁਰਾ** : ਦਿੱਲੀ ਨੇੜੇ ਮਿਰਜ਼ਾ ਜੈ ਸਿੰਘ ਦਾ ਜਿਥੇ ਕੈਂਪ ਹੁੰਦਾ ਸੀ, ਉਸ ਥਾਂ ਵਸਿਆ ਪਿੰਡ ਸੀ ਜੋ ਜੈ ਸਿੰਘ ਦੇ ਲਸ਼ਕਰ ਦੀ ਜ਼ਰੂਰਤ ਪੂਰੀ ਕਰਦਾ ਸੀ। ਇਸੇ ਪਿੰਡ ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਜੈ ਸਿੰਘ ਦਾ ਪ੍ਰੇਮ ਵੇਖ ਕੇ ਕੁਝ ਸਮਾਂ ਵਿਰਾਜੇ ਸਨ। ਉਥੇ ਹੀ ਗੁਰਦੁਆਰਾ ਬੰਗਲਾ ਸਾਹਿਬ ਹੈ ਜੋ ਹੁਣ ਨਵੀਂ ਦਿੱਲੀ ਦੇ ਜੈ ਸਿੰਘ ਮਾਰਗ ਅਤੇ ਕੈਨਟੋਨਮੈਂਟ ਮਾਰਗ ਦੇ ਮੱਧ ਵਿਚ ਪੈਂਦਾ ਹੈ। ਹੁਣ ਨਵੀਂ ਦਿੱਲੀ ਵਸਾਉਣ ਸਮੇਂ ਇਹ ਪਿੰਡ ਉਜਾੜ ਦਿੱਤਾ ਗਿਆ ਸੀ ਪਰ ਦੇਵ ਮੰਦਰ ਆਦਿ ਕੁਝ ਮਕਾਨ ਬਾਕੀ ਰਹਿ ਗਏ ਸਨ।

ਹ. ਪੂ. -ਮ. ਕੋ. : 509

**ਜੈ ਸਿੰਘ ਮਿਰਜ਼ਾ, ਰਾਜਾ** : ਅੰਬਰ ਦੇ ਕਛਵਾਹਾ ਬੰਸ ਦਾ ਇਹ ਇਕ ਪ੍ਰਸਿੱਧ ਰਾਜਾ ਸੀ ਜੋ ਮਹਾਂ ਸਿੰਘ ਦਾ ਪੁੱਤਰ ਸੀ। ਇਸ ਦਾ ਜਨਮ 1611 ਈ. ਵਿਚ ਹੋਇਆ।

ਆਪਣੇ ਚਾਚਾ ਭਾਗ ਸਿੰਘ ਦੀ ਮੌਤ ਤੋਂ ਮਗਰੋਂ ਇਹ ਗੱਦੀ ਤੇ ਬੈਠਾ। ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਇਸ ਨੂੰ ਦੋ ਹਜ਼ਾਰੀ ਮਨਸਬਦਾਰ ਬਣਾਇਆ। ਜਹਾਂਗੀਰ ਦੀ ਮੌਤ ਪਿੱਛੋਂ ਇਸ ਨੇ ਸ਼ਾਹਜਹਾਂ ਦਾ ਪੱਖ ਪੂਰਿਆ। ਸ਼ਾਹਜਹਾਂ ਨੇ ਇਸ ਨੂੰ ਚਾਰ ਹਜ਼ਾਰੀ ਮਨਸਬਦਾਰ ਬਣਾਇਆ ਅਤੇ 'ਮਿਰਜ਼ਾ' ਦਾ ਖਿਤਾਬ ਲਗਾਇਆ ਸੀ।

ਬਲਖ ਜਿੱਤਣ ਸਮੇਂ ਇਸ ਨੇ ਔਰੰਗਜ਼ੇਬ ਦੀ ਸੈਨਾ ਦੀ ਖੱਬੀ ਟੁਕੜੀ ਦੀ ਕਮਾਨ ਸੰਭਾਲੀ ਜਿਥੇ ਇਸ ਨੇ ਬੜੀ ਬਹਾਦਰੀ ਦਾ ਸਬੂਤ ਦਿੱਤਾ। ਦਾਰਾ ਸ਼ਿਕੋਹ ਦੇ ਕੰਧਾਰ ਹਮਲੇ ਸਮੇਂ ਵੀ ਇਸ ਨੇ ਉਸ ਦਾ ਸਾਥ ਦਿੱਤਾ। ਸੰਨ 1657 ਵਿਚ ਸ਼ਾਹਜਹਾਂ ਦੇ ਬਿਮਾਰ ਹੋਣ ਤੇ ਜਦੋਂ ਸ਼ਾਹ ਸ਼ੁਜਾਹ ਬੰਗਾਲ ਤੋਂ ਦਿੱਲੀ ਵੱਲ ਵਧਿਆ ਤਾਂ ਇਸ ਨੂੰ ਛੇ ਹਜ਼ਾਰੀ ਮਨਸਬਦਾਰ ਬਣਾ ਕੇ ਦਾਰਾ ਦੇ ਲੜਕੇ ਸੁਲੇਮਾਨ ਸ਼ਿਕੋਹ ਨਾਲ ਬਨਾਰਸ ਵੱਲ ਭੇਜਿਆ। ਇਸ ਨੇ ਸ਼ਾਹਸ਼ੁਜਾਹ ਨੂੰ ਬਹਾਦਰ ਗੜ੍ਹ ਦੇ ਯੁੱਧ ਵਿਚ ਹਰਾਇਆ ਜਿਸ ਤੋਂ ਖ਼ੁਸ਼ ਹੋ ਕੇ ਬਾਦਸ਼ਾਹ ਨੇ ਇਸ ਨੂੰ ਸੱਤ ਹਜ਼ਾਰ ਜ਼ਾਤ ਅਤੇ 6 ਹਜ਼ਾਰ ਸਵਾਰ ਦਾ ਮਨਸਬਦਾਰ ਬਣਾਇਆ।

25 ਜੂਨ, 1658 ਨੂੰ ਇਸ ਨੇ ਸੁਲੇਮਾਨ ਸ਼ਿਕੋਹ ਦਾ ਸਾਥ ਛੱਡ ਕੇ ਔਰੰਗਜ਼ੇਬ ਦੀ ਅਧੀਨਤਾ ਸਵੀਕਾਰ ਕਰ ਲਈ ਅਤੇ ਸੁਲੇਮਾਨ ਸ਼ਿਕੋਹ ਨੂੰ ਹਰਾਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ। ਜੋਧਪੁਰ ਦੇ ਰਾਜਾ ਜਸਵੰਤ ਸਿੰਘ ਅਤੇ ਔਰੰਗਜ਼ੇਬ ਵਿਚਕਾਰ ਮੇਲ ਕਰਵਾਉਣ ਵਿਚ ਵੀ ਇਸ ਦਾ ਕਾਫ਼ੀ ਹੱਥ ਸੀ। ਸੰਨ 1664 ਵਿਚ ਔਰੰਗਜ਼ੇਬ ਨੇ ਇਸ ਨੂੰ ਦੱਖਣ ਦਾ ਗਵਰਨਰ ਬਣਾਇਆ ਅਤੇ 1665 ਈ. ਵਿਚ ਸ਼ਿਵਾ ਜੀ ਨੂੰ ਸਜ਼ਾ ਦੇਣ ਦਾ ਕੰਮ ਵੀ ਇਸੇ ਨੂੰ ਸੌਂਪਿਆ। ਇਸ ਕੰਮ ਵਿਚ ਇਸ ਨੂੰ ਪੂਰੀ ਸਫਲਤਾ ਮਿਲੀ। ਔਰੰਗਜ਼ੇਬ ਨੇ ਇਸ ਨੂੰ ਸੱਤ ਹਜ਼ਾਰੀ ਜਾਤ, ਸੱਤ ਹਜ਼ਾਰ ਦੋ ਅਸਪਾਜਾਂ ਸੇ ਅਸਪਾ ਸਵਾਰ ਦਾ ਸਭ ਤੋਂ ਵੱਡਾ ਮਨਸਬ ਦਿੱਤਾ।

ਔਰੰਗਜ਼ੇਬ ਨੇ ਇਸ ਨੂੰ ਬੀਜਾਪੁਰ ਵਿਰੁੱਧ ਚੜ੍ਹਾਈ ਕਰਨ ਦਾ ਹੁਕਮ ਦਿੱਤਾ ਪਰੰਤੂ ਇਸ ਨੂੰ ਆਪਣੇ ਜੀਵਨ ਦੀ ਇਸ ਆਖ਼ਰੀ ਚੜ੍ਹਾਈ ਵਿਚ ਸਫਲਤਾ ਨਾ ਮਿਲੀ। ਔਰੰਗਜ਼ੇਬ ਨੇ ਗੁੱਸੇ ਵਿਚ ਆ ਕੇ 1667 ਵਿਚ ਇਸ ਨੂੰ ਦੱਖਣ ਦੀ ਸੂਬੇਦਾਰੀ ਤੋਂ ਹਟਾ ਦਿੱਤਾ।

28 ਅਗਸਤ, 1667 ਵਿਚ ਬੁਰਹਾਨਪੁਰ ਵਿਖੇ ਇਸ ਦੀ ਮੌਤ ਹੋ ਗਈ। ਇਹ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਦਾ ਵਿਦਵਾਨ ਸੀ। ਇਹ ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦਾ ਪਰਮ ਭਗਤ ਸੀ।

ਹ. ਪੂ. -ਹਿੰ. ਵਿ. ਕੋ. 4:395; ਮ. ਕੋ. : 508

**ਜੈਸੁਇਟ ਧਰਮ ਸੰਘ** : ਗਿਣਤੀ ਦੇ ਪੱਖੋਂ ਇਹ ਰੋਮਨ ਕੈਥੋਲਿਕ ਧਰਮ ਦਾ ਸਭ ਤੋਂ ਵੱਡਾ ਧਰਮ ਸੰਘ ਹੈ। ਸੰਨ 1534 ਵਿਚ ਇਗਨਾਸੀਅਸ ਲੋਯੋਲਾ ਨੇ ਪੈਰਿਸ ਯੂਨੀਵਰਸਿਟੀ ਦੇ 6 ਬੁਧੀਮਾਨ ਵਿਦਿਆਰਥੀਆਂ ਨਾਲ ਇਸ ਸੰਘ ਦੀ ਸਥਾਪਨਾ ਕੀਤੀ। ਸੀ। ਪੋਪ ਪੈਲੁਸ ਤੀਜੇ ਨੇ 1540 ਵਿਚ ਇਸ ਦੀ ਪੁਸ਼ਟੀ ਕੀਤੀ। ਉਸ ਸਮੇਂ ਤੱਕ ਧਰਮ ਸੰਘੀਆਂ ਦਾ ਜ਼ਰੂਰੀ ਨਿਯਮ ਇਹ ਸੀ ਕਿ ਉਹ ਦਿਨ ਵਿਚ ਕਈ ਵਾਰੀ ਇਕੱਠੇ ਹੋ ਕੇ ਪ੍ਰਾਰਥਨਾ ਕਰਦੇ ਸਨ। ਵੱਖ ਵੱਖ ਖੇਤਰਾਂ ਵਿਚ ਜ਼ਿਆਦਾ ਖੁਲ੍ਹ ਕੇ ਕੰਮ ਕਰਨ ਦੇ ਉਦੇਸ਼ ਨਾਲ ਇਗਨਾਸੀਅਸ ਨੇ ਆਪਣੇ ਸੰਘ ਲਈ ਇਸ ਨੂੰ ਸਮੂਹਕ ਪ੍ਰਾਥਨਾ ਦੀ ਰੀਤ ਨੂੰ ਹਟਾ ਦਿੱਤਾ। ਇਸ ਕਾਰਨ ਕਰਕੇ ਸੰਘ ਨੂੰ ਰੋਮ ਦਾ ਸਮਰਥਨ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ।

ਯੂਰਪ ਵਿਚ ਇਸ ਸੰਘ ਵਲੋਂ ਚਲਾਏ ਗਏ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਗਿਣਤੀ ਦਿਨੋ ਦਿਨ ਵਧਦੀ ਗਈ। ਸੰਘ ਦੇ ਬਹੁਤ ਸਾਰੇ ਮੈਂਬਰਾਂ ਨੇ ਧਰਮ, ਵਿਗਿਆਨ, ਦਰਸ਼ਨ, ਚਰਚ ਦੇ ਇਤਿਹਾਸ ਬਾਈਬਲ ਦੀ ਵਿਆਖਿਆ ਜਿਹੇ ਧਰਮ ਸਬੰਧੀ ਵਿਸ਼ਿਆਂ ਤੋਂ ਬਿਨਾਂ ਸ਼ੁੱਧ

ਉੱਚ ਗਣਿਤ ਅਤੇ ਜੋਤਿਸ਼ ਆਦਿ ਸ਼ੁੱਧ ਵਿਗਿਆਨ ਦੇ ਖੇਤਰ ਵਿਚ ਵੀ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ। ਪ੍ਰੋਟੈਸਟੈਂਟ ਧਰਮ ਦੇ ਪ੍ਰਭਾਵ ਨੂੰ ਰੋਕਣ ਲਈ ਰੋਮਨ ਕੈਥੋਲਿਕ ਧਰਮ ਵਲੋਂ ਜਿਹੜੇ ਜਤਨ ਕੀਤੇ ਗਏ, ਉਨ੍ਹਾਂ ਵਿਚ ਇਸ ਸੰਘ ਦਾ ਮਹੱਤਵਪੂਰਣ ਸਥਾਨ ਹੈ। ਸੰਤ ਫ੍ਰਾਂਸਿਸ ਜੇਵੀਅਰ ਤੋਂ ਪ੍ਰੇਰਨਾ ਲੈ ਕੇ ਜੈਸੁਇਟਾਂ ਨੇ ਭਾਰਤ, ਜਾਪਾਨ, ਚੀਨ, ਕੈਨੇਡਾ ਅਤੇ ਦੱਖਣੀ ਅਮਰੀਕਾ ਆਦਿ ਵਿਚ ਧਰਮ ਪ੍ਰਚਾਰ ਦਾ ਕੰਮ ਸਫਲਤਾ ਪੂਰਬਕ ਕੀਤਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੇਸ਼ਾਂ ਦੇ ਭੂਗੋਲ ਅਤੇ ਭਾਸ਼ਾਵਾਂ ਸਬੰਧੀ ਯੂਰਪ ਦੇ ਗਿਆਨ ਭੰਡਾਰ ਵਿਚ ਬਹੁਤ ਵਾਧਾ ਕੀਤਾ। ਇਗਨਾਸੀਅਸ ਅਤੇ ਫ੍ਰਾਂਸਿਸ ਜ਼ੇਵੀਅਰ ਤੋਂ ਇਲਾਵਾ ਇਸ ਸੰਘ ਦੇ ਕਈ ਮੈਂਬਰਾਂ ਨੂੰ ਚਰਚ ਦੁਆਰਾ ਸੰਤ ਘੋਸ਼ਿਤ ਕੀਤਾ ਗਿਆ ਹੈ।

ਇਨ੍ਹਾਂ ਸਾਰੇ ਕਾਰਨਾਂ ਕਰਕੇ ਗਿਣਤੀ ਦੇ ਪੱਖੋ ਵੀ ਸੰਘ ਦਾ ਨਾਸਤਿਕਾ, ਸਿਆਸਤਦਾਨਾਂ ਅਤੇ ਕੁਝ ਕੈਥੋਲਿਕਾਂ ਨੇ ਵੀ ਈਰਖਾ ਵਸ ਹੋ ਕੇ ਸੰਘ ਦਾ ਸਖ਼ਤ ਵਿਰੋਧ ਕੀਤਾ। ਇਸ ਦੇ ਮੈਂਬਰਾਂ ਨੂੰ ਪੁਰਤਗਾਲ, ਸਪੇਨ ਅਤੇ ਫ਼ਰਾਂਸ ਤੋਂ ਕੱਢਿਆ ਗਿਆ ਅਤੇ 1773 ਵਿਚ ਪੋਪ ਕਲੈਮੈਂਟ ਚੋਧਵੇਂ ਨੇ ਰਾਜਨੀਤਕ ਦਬਾ ਕਾਰਨ ਸੰਘ ਤੇ ਰੋਕ ਲਗਾ ਦਿੱਤੀ। ਪਰਸ਼ੀਆ ਅਤੇ ਰੂਸ ਦੇ ਸ਼ਾਸਕਾਂ ਨੇ ਆਪਣੇ ਦੇਸ਼ਾਂ ਵਿਚ ਇਹ ਘੋਸ਼ਨਾ ਨਾ ਹੋਣ ਦਿੱਤੀ ਜਿਸ ਕਰਕੇ ਇਨ੍ਹਾਂ ਦੋਹਾਂ ਦੇਸ਼ਾਂ ਵਿਚ ਸੰਘ ਕਾਇਮ ਰਿਹਾ।

ਸੰਨ 1814 ਵਿਚ ਰਾਜਨੀਤਿਕ ਹਾਲਾਤ ਬਦਲ ਗਏ ਅਤੇ ਪੋਪ ਪਾਇਅਸ ਸਤਵੇਂ ਨੇ ਇਸ ਸੰਘ ਉੱਤੇ ਜੋ ਰੋਕ ਲੱਗੀ ਹੋਈ ਸੀ, ਉਹ ਹਟਾ ਲਈ। ਇਸ ਨਾਲ ਜੈਸੁਇਟ ਧਰਮ ਸੰਘ ਫਿਰ ਦੁਨੀਆ ਭਰ ਵਿਚ ਫੈਲ ਗਿਆ। ਆਧੁਨਿਕ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਸੰਘ ਸਿਖਿਆ ਸੰਸਥਾਵਾਂ ਦੇ ਸੰਚਾਲਨ ਤੋਂ ਇਲਾਵਾ ਸਮਾਜਿਕ ਸਮੱਸਿਆਵਾਂ ਦੇ ਹਲ ਲਈ ਵਿਸ਼ੇਸ਼ ਤੌਰ ਤੇ ਪ੍ਰਯਤਨਸ਼ੀਲ ਰਹਿੰਦਾ ਹੈ। ਸੰਘ ਪੱਛਮੀ ਦੇਸ਼ਾਂ ਦੇ ਬੁਧੀਜੀਵੀਆਂ ਲਈ ਉੱਚੀ ਪੱਧਰ ਦੀਆਂ ਪੱਤਰਕਾਵਾਂ ਦਾ ਸੰਪਾਦਨ ਕਰਦਾ ਹੈ। ਪੱਛਮੀ ਯੂਰਪ ਦੀਆਂ ਕਈ ਸਰਕਾਰਾਂ ਦੇ ਵਿਰੋਧ ਦੇ ਬਾਵਜੂਦ ਇਸ ਦੇ ਮੈਂਬਰਾਂ ਦੀ ਗਿਣਤੀ ਵਧਦੀ ਰਹੀ ਹੈ। ਸੰਨ 1962 ਵਿਚ ਭਾਰਤ ਵਿਚ 2256 ਜੈਸੁਇਟ ਸਨ ਜਿਨ੍ਹਾਂ ਵਿਚੋਂ ਅੱਧਿਆਂ ਤੋਂ ਜ਼ਿਆਦਾ ਦਾ ਜਨਮ ਭਾਰਤ ਵਿਚ ਹੀ ਹੋਇਆ ਸੀ।

ਹ. ਪੁ. -ਹਿੰ. ਵਿ. ਕੋ. 5: 43

**ਜੈਸੂਆਲਡੋ, ਡਾਨ ਕਾਰਲੋ** : ਇਟਲੀ ਦੇ ਇਸ ਸੰਗੀਤ -ਕਾਰ ਤੇ ਵੀਣਾ-ਵਾਦਕ ਦਾ ਜਨਮ ਨੇਪਲਜ਼ ਵਿਖੇ ਲ. 1560 ਈ. ਵਿਚ ਹੋਇਆ। ਇਸ ਨੂੰ ਪ੍ਰਿੰਸ ਆਫ਼ ਵੈਨੋਸਾ ਵੀ ਕਿਹਾ ਜਾਂਦਾ ਹੈ। ਇਸ ਦੀ ਪ੍ਰਸਿੱਧੀ ਗਵਾਲ ਗੀਤਾਂ ਕਰਕੇ ਹੋਈ। ਇਸ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਨੇਪਲਜ਼ ਵਿਚ ਹੀ ਗੁਜ਼ਾਰਿਆ। ਸੰਨ 1590 ਵਿਚ ਆਪਣੀ ਬੇਵਫ਼ਾ ਪਤਨੀ ਅਤੇ ਉਸ ਦੇ ਆਸ਼ਕ ਦੇ ਕਤਲ ਮਗਰੋਂ 1594 ਈ. ਵਿਚ ਇਸ ਨੇ ਡੋਨਾ ਇਲੀਓਨੋਰਾ ਡਾ. ਐਸ. ਦੇ ਨਾਲ ਦੂਸਰਾ ਵਿਆਹ ਕਰਵਾ ਲਿਆ। ਇਸ ਦੀਆਂ ਗਵਾਲ ਗੀਤਾਂ ਦੀਆਂ 6 ਪੁਸਤਕਾਂ 1594 ਤੋਂ 1611 ਈ. ਵਿਚਾਲੇ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਵਿਚੋਂ ਪਹਿਲੀਆਂ ਚਾਰ ਪੁਸਤਕਾਂ ਦੇ ਗਵਾਲਗੀਤ ਪਰੰਪਰਾਵਾਦੀ ਹਨ ਜਦੋਂ ਕਿ ਪਿਛਲੀਆਂ ਦੋ ਪੁਸਤਕਾਂ ਦੇ ਗਵਾਲਗੀਤ ਇਸ ਦੀ ਨਿੱਜੀ ਸ਼ੈਲੀ ਦੇ ਪ੍ਰਤੀਕ ਹਨ।

8 ਸਤੰਬਰ, 1613 ਈ. ਨੂੰ ਨੇਪਲਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 10: 513

**ਜੈਸੋਰ** : ਬੰਗਲਾ ਦੇਸ਼ ਵਿਚ ਖੁਲਨਾ ਮੰਡਲ ਦੇ ਜੈਸੋਰ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਪੂਰਬੀ ਬੰਗਾਲ ਰੇਲਵੇ ਲਾਈਨ ਉੱਤੇ ਕਲਕੱਤਾ ਤੋਂ 118 ਕਿ. ਮੀ. ਉੱਤਰ-ਪੂਰਬ ਵਿਚ ਅਤੇ ਖੁਲਨਾ ਸ਼ਹਿਰ ਤੋਂ 56 ਕਿ. ਮੀ. ਉੱਤਰ ਵੱਲ ਭੈਰਵ ਦਰਿਆ ਦੇ ਕੰਢੇ ਸਥਿਤ ਹੈ। ਅੱਜਕੱਲ੍ਹ ਇਹ ਬੰਗਲਾ ਦੇਸ਼ ਦਾ ਵੱਡਾ ਸ਼ਹਿਰ ਹੈ ਜਿਥੇ ਰਾਜਸ਼ਾਹੀ ਯੂਨੀਵਰਸਿਟੀ ਨਾਲ ਸਬੰਧਤ 4 ਸਰਕਾਰੀ ਕਾਲਜ, ਸਟੇਡੀਅਮ ਅਤੇ ਲਾਇਬਰੇਰੀ ਆਦਿ ਮੌਜੂਦ ਹਨ।

ਇਹ ਸ਼ਹਿਰ ਬਹੁਤ ਹੀ ਪੁਰਾਣਾ ਹੈ ਜਿਸ ਦਾ ਪਹਿਲਾ ਸਥਾਨਕ ਨਾਂ 'ਯਸੋਹਾਰਾ' ਹੋਇਆ ਕਰਦਾ ਸੀ ਜਿਹੜਾ ਵਿਗੜ ਕੇ ਜੈਸੋਰ ਬਣ ਗਿਆ। ਮੰਨਿਆ ਜਾਂਦਾ ਹੈ ਕਿ 17ਵੀਂ ਸਦੀ ਵਿਚ ਬੰਗਾਲ ਦੇ ਅਖ਼ੀਰਲੇ ਬਾਦਸ਼ਾਹ ਦਾਉਦਾ ਖਾਂ ਨੇ ਆਪਣੇ ਮੁੱਖ ਮੰਤਰੀ ਵਿਕਰਮਾਦਿੱਤ ਨੂੰ ਸੁੰਦਰਬਨ ਵਾਲੇ ਇਲਾਕੇ ਵਿਚ ਜਾਗੀਰ ਦਿੱਤੀ ਸੀ। ਇਸਨੇ ਆਪਣੀ ਜਾਗੀਰ ਵਿਚ ਈਸ਼ਵਰੀਪੁਰ ਵਾਲੀ ਥਾਂ ਤੇ ਯਸੋਹਾਰਾ ਨਾਂ ਦਾ ਸ਼ਹਿਰ ਵਸਾਇਆ। ਇਥੇ ਹੀ ਉਹ ਪਰਿਵਾਰ ਅਤੇ ਹੋਰ ਨਿਰਭਰ ਵਿਅਕਤੀਆਂ ਸਮੇਤ ਰਹਿੰਦਾ ਰਿਹਾ। ਵਿਕਰਮਾਦਿੱਤ ਦੀ ਮੌਤ ਪਿਛੋਂ ਉਸਦਾ ਲੜਕਾ ਪ੍ਰਤਾਪਦਿੱਤ ਸੁੰਦਰਬਨ ਵਾਲੀ ਜਾਗੀਰ ਦਾ ਰਾਜਾ ਬਣਿਆ। ਇਸ ਬਹਾਦਰ ਰਾਜੇ ਨੇ ਪੂਰਬੀ ਬੰਗਾਲ ਅਤੇ ਦੱਖਣੀ ਬੰਗਾਲ ਦੇ 12 ਸਰਦਾਰਾਂ ਉੱਤੇ ਧਾਕ ਜਮਾ ਲਈ ਪਰ ਇਸੇ ਰਾਜੇ ਨੂੰ 1589 ਤੋਂ 1606 ਵਿਚ ਅਕਬਰ ਦੀਆਂ ਫ਼ੌਜਾਂ ਨੇ ਹਿੰਦੂ ਆਗੂ ਰਾਜਾ ਮਾਨ ਸਿੰਘ ਨੇ ਹਰਾ ਕੇ ਬੰਦੀ ਬਣਾ ਲਿਆ। ਕਾਬਾਡਕ ਦਰਿਆ ਦੇ ਕੰਢੇ ਮਿਰਜਾਨਗਰ ਵਿਖੇ ਇਨ੍ਹਾਂ ਰਿਆਸਤਾਂ ਦਾ ਹੈਡ-ਕੁਆਰਟਰ ਸੀ ਜਿਹੜਾ ਕਾਸਬਾ ਵਿਚ ਲੈ ਆਂਦਾ ਗਿਆ। ਇਸੇ ਨੂੰ ਜੈਸੋਰ ਸ਼ਹਿਰ ਦਾ ਨਾਂ ਦਿੱਤਾ ਗਿਆ। ਸੰਨ 1864 ਵਿਚ ਇਸਨੂੰ ਮਿਉਂਸਪਲਟੀ ਦਾ ਦਰਜਾ ਮਿਲਿਆ। ਉਸ ਸਮੇਂ ਚੰਦਰਾ, ਬਾਗਚਰ, ਸ਼ੰਕਰਪੁਰ ਪੁਰਾਣਾ ਕਸਬਾ ਵੱਸੇ ਹੋਏ ਸਨ। ਇਨ੍ਹਾਂ ਸਾਰਿਆਂ ਨੂੰ ਜੈਸੋਰ ਮਿਉਂਸਪਲਟੀ ਵਿਚ ਮਿਲਾਇਆ ਗਿਆ।

ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਚੰਦਰਾ ਦੀ ਰਾਜਬਿਰੀ ਪ੍ਰਾਚੀਨ ਇਮਾਰਤ ਅਤੇ ਮੁਸਲਿਮ ਫਕੀਰ ਬਹਿਰਾਮ ਸ਼ਾਹ ਅਤੇ ਗ਼ਰੀਬ ਸ਼ਾਹ ਦੇ ਮਕਬਰੇ ਸਨ।

ਆਬਾਦੀ—1,49,426 (1981)

23° 10′ ਉ. ਵਿਥ.; 89° 93′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 92; ਐਨ. ਬ੍ਰਿ. ਮਾ. 5: 549

**ਜੈਕਸਨ** : ਟੈਨਿਸੀ ਰਾਜ (ਸੰ. ਰ. ਅ) ਦੀ ਮੈਡੀਸਿਨ ਕਾਊਂਟੀ ਦੀ ਸੀਟ ਹੈ ਜਿਹੜੀ ਮੈਮਫਿਸ ਤੋਂ 136 ਕਿ. ਮੀ. ਉੱਤਰ-ਪੂਰਬ ਵੱਲ ਅਤੇ ਨੈਸ਼ਵਿਲ ਤੋਂ 227 ਕਿ. ਮੀ. ਪੱਛਮ ਵੱਲ ਸਥਿਤ ਹੈ। ਇਸ ਸ਼ਹਿਰ ਦੀ ਸਥਾਪਨਾ ਫਾਰਕਡ ਡੀਅਰ ਦਰਿਆ ਦੇ ਕੰਢੇ 1821 ਈ. ਵਿਚ ਕੀਤੀ ਗਈ ਸੀ। ਉਦੋਂ ਇਸ ਦਾ ਨਾਂ ਸਿਕੰਦਰੀਆ ਸੀ ਜਿਹੜਾ 1822 ਈ. ਵਿਚ ਜਨਰਲ ਐਂਡਰਿਊ ਜੈਕਸਨ (ਬਾਅਦ ਵਿਚ ਪ੍ਰਧਾਨ) ਦੇ ਸਨਮਾਨ ਵਿਚ ਜੈਕਸਨ ਕਰ ਦਿੱਤਾ ਗਿਆ। ਸੰਨ 1845 ਵਿਚ ਇਸਨੂੰ ਸ਼ਹਿਰ ਦਾ ਦਰਜਾ ਮਿਲ ਗਿਆ।

ਅੱਜਕਲ੍ਹ ਇਹ ਜ਼ਰਾਇਤੀ ਅਤੇ ਸੱਨਅਤੀ ਉਤਪਾਦਨਾਂ ਵਾਲਾ ਸ਼ਹਿਰ ਹੈ। ਸ਼ਹਿਰ ਵਿਚ ਮੱਕੀ, ਕਪਾਹ, ਚਾਰੇ ਦੀਆਂ ਫ਼ਸਲਾਂ ਤੋਂ ਇਲਾਵਾ, ਸਟ੍ਰਾਬੈਰੀ ਅਤੇ ਕਈ ਹੋਰ ਫਲਾਂ ਦੀ ਪੈਦਾਵਾਰ ਹੁੰਦੀ ਹੈ। ਸ਼ਹਿਰ ਵਿਚ ਕਪੜੇ, ਫ਼ਰਨੀਚਰ, ਇਮਾਰਤੀ ਲਕੜੀ, ਬੈਟਰੀਆਂ ਵਗ਼ੈਰਾ ਬਣਦੀਆਂ ਹਨ। ਇਹ ਤਿੰਨ ਪਾਸਿਓਂ ਆਉਂਦੀਆਂ ਰੇਲਾਂ ਦਾ ਜੰਕਸ਼ਨ ਵੀ ਹੈ ਅਤੇ ਇਥੇ ਇਕ ਹਵਾਈ ਅੱਡਾ ਵੀ ਹੈ।

ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਯੂਨੀਅਨ ਯੂਨੀਵਰਸਿਟੀ (1834), ਲੇਨ ਕਾਲਜ (1882), ਲੈਮਬੂਥ ਕਾਲਜ (1924), ਜੈਕਸਨ ਸਟੇਟ ਕਮਿਊਨਿਟੀ ਕਾਲਜ (1965) ਸ਼ਾਮਲ ਹਨ। ਸ਼ਹਿਰ ਤੋਂ 18 ਕਿ. ਮੀ. ਦੱਖਣ ਵੱਲ ਪਿਨਸਨ ਮਾਊਂਡਸ ਪਾਰਕ ਵਿਚ ਪੂਰਵ ਇਤਿਹਾਸਕ ਕਾਲ ਦੇ ਕੁਝ ਇੰਡੀਅਨ ਖੰਡਰ ਆਦਿ ਸੈਲਾਨੀਆਂ ਲਈ ਖਿੱਚ ਦਾ ਕਾਰਨ ਹਨ। ਸ਼ਹਿਰ ਦੀ ਮਹੱਤਤਾ ਜਾਨ ਲੂਥਰ ਰੇਲਵੇ ਇੰਜੀਨੀਅਰ ਕਰਕੇ ਵੀ

ਹੈ। ਉਸਦੀ ਇਥੇ ਹੀ ਮੌਤ ਹੋਈ ਸੀ ਤੇ ਉਸਨੂੰ ਇਥੇ ਹੀ ਦਫਨਾਇਆ ਗਿਆ ਸੀ।

ਆਬਾਦੀ—77,982 (1990)

35° 37′ ਉ. ਵਿਥ.; 88° 49′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 489; ਕੋਲ. ਐਨ. 10: 582

**ਜੈਕਸਨ** : ਦੱਖਣ-ਪੱਛਮੀ ਮਿਸਿਸਿੱਪੀ (ਸੰ. ਰ. ਅ.) ਰਾਜ ਦਾ ਰਾਜਧਾਨੀ ਸ਼ਹਿਰ ਅਤੇ ਹਾਈਡਜ਼ ਕਾਉਂਟੀ ਦੀ ਸੀਟ ਹੈ ਜੋ ਵਿਕਸਬਰਗ ਤੋਂ 64 ਕਿ. ਮੀ. ਪੂਰਬ ਵਿਚ ਪਰਲ ਦਰਿਆ ਦੇ ਕੰਢੇ ਸਥਿਤ ਹੈ। ਇਹ ਰਾਜ ਦਾ ਵੱਡਾ ਸੱਨਅਤੀ ਸ਼ਹਿਰ ਅਤੇ ਆਲੇ-ਦੁਆਲੇ ਦੇ ਕਪਾਹ ਉਤਪਾਦਕ ਖੇਤਰ ਦੀ ਮੰਡੀ ਹੈ। ਸੰਨ 1822 ਵਿਚ ਇਸ ਜਗ੍ਹਾ ਨੂੰ ਰਾਜਧਾਨੀ ਬਣਾਉਣ ਲਈ ਚੁਣਿਆ ਗਿਆ ਸੀ। ਪਿਛੋਂ 1840 ਈ. ਵਿਚ ਹੀ ਇਸ ਦੀ ਯੋਜਨਾ ਬਣਾਈ ਗਈ ਸੀ ਅਤੇ ਇਸ ਦਾ ਨਾਂ ਅਮਰੀਕਾ ਦੇ ਪਰਧਾਨ ਐਂਡਰਿਊ ਜੈਕਸਨ ਦੇ ਨਾਂ ਤੇ ਰੱਖਿਆ ਗਿਆ। ਸੰਨ 1840 ਵਿਚ ਹੀ ਇਥੇ ਰੇਲ ਮਾਰਗ ਬਣਾਇਆ ਗਿਆ ਜਿਸ ਕਰਕੇ ਸ਼ਹਿਰ ਦੀ ਉੱਨਤੀ ਤੇਜ਼ੀ ਨਾਲ ਹੋਈ। 20ਵੀਂ ਸਦੀ ਵਿਚ ਇਸ ਸ਼ਹਿਰ ਨੇ ਬਹੁਤ ਤਰੱਕੀ ਕੀਤੀ। ਇਹ ਰੇਲਾਂ ਦੇ ਕੇਂਦਰ, ਵਿਦਿਅਕ ਕੇਂਦਰ ਅਤੇ ਸਨਅਤੀ ਕੇਂਦਰ ਦੇ ਤੌਰ ਤੇ ਜਾਣਿਆ ਜਾਂਦਾ ਰਿਹਾ ਹੈ। ਸੰਨ 1960 ਵਿਚ ਪਰਲ ਦਰਿਆ ਉੱਤੇ ਬੰਨ੍ਹ ਬਣਾ ਕੇ ਪਾਣੀ ਦੀ ਯੋਗ ਵਰਤੋਂ ਕਰਕੇ ਸ਼ਹਿਰ ਦੇ ਵਿਕਾਸ ਵਿਚ ਹੋਰ ਵੀ ਵਾਧਾ ਕੀਤਾ ਗਿਆ।

ਅੱਜਕੱਲ੍ਹ ਇਥੇ ਕਪੜਾ, ਸ਼ੀਸਾ, ਬਿਜਲੀ ਦੀਆਂ ਚੀਜ਼ਾਂ ਅਤੇ ਟਾਈਲਾਂ ਬਣਾਉਣ, ਮੀਟ ਦੀ ਪੈਕਿੰਗ ਆਦਿ ਕਰਨ ਦਾ ਕੰਮ ਹੁੰਦਾ ਹੈ। ਸ਼ਹਿਰ ਦੇ ਨੇੜੇ ਪੈਟਰੋਲ ਅਤੇ ਗੈਸ ਵੀ ਮਿਲਦੀ ਹੈ।

ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਮਿਲਸੈਪਸ ਕਾਲਜ (1890), ਬੈਲਹੈਵਨ ਕਾਲਜ (1894), ਜੈਕਸਨ ਸਟੇਟ ਕਾਲਜ (1877), ਜੈਕਸਨ ਸਕੂਲ ਆਫ਼ ਲਾਅ (1930), ਮਿਸਿਸਿੱਪੀ ਯੂਨੀਵਰਸਿਟੀ ਅਤੇ ਮਿਸਿਸਿੱਪੀ ਮੈਡੀਕਲ ਸੈਂਟਰ ਆਦਿ ਹਨ। ਇਸ ਸ਼ਹਿਰ ਵਿਚ ਹਰੇਕ ਸਾਲ ਮਿਸਿਸਿੱਪੀ ਆਰਟਸ ਫੈਸਟੀਵਲ ਲੱਗਦਾ ਹੈ।

ਆਬਾਦੀ—1,96,637 (1990)

32° 18′ ਉ. ਵਿਥ.; 90° 12′ ਪੱ. ਲੰਬ.

ਹ. ਪੁ. -ਕੋਲ. ਐਨ. 10: 582; ਐਨ. ਬ੍ਰਿ. ਮਾ. 5: 488

**ਜੈਕਸਨ** : ਮਿਸ਼ੀਗਨ ਰਾਜ (ਸੰ. ਰ. ਅ.) ਦੀ ਜੈਕਸਨ ਕਾਉਂਟੀ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਡੈਟਰਾਇਟ ਤੋਂ 115 ਕਿ. ਮੀ. ਦੱਖਣ-ਪੂਰਬ ਦੀ ਦਿਸ਼ਾ ਵਿਚ ਗ੍ਰੈਂਡ ਦਰਿਆ ਦੇ ਕੰਢੇ ਸਥਿਤ ਹੈ। ਇਸ ਸ਼ਹਿਰ ਦਾ ਨਾਂ ਸੰਯੁਕਤ ਰਾਜ ਦੇ ਪ੍ਰਧਾਨ ਐਂਡਰਿਊ ਜੈਕਸਨ ਦੇ ਨਾਂ ਉਤੇ ਰੱਖਿਆ ਗਿਆ। ਪਹਿਲਾਂ ਇਸ ਦਾ ਨਾਂ ਜੈਕਸਨਬਰਗ ਪ੍ਰਚਲਿਤ ਸੀ ਜਿਹੜਾ ਬਾਅਦ ਵਿਚ ਜੈਕਸਨ ਹੋ ਗਿਆ। ਇਸ ਸ਼ਹਿਰ ਦੀ ਸਥਾਪਨਾ 1829 ਈ. ਵਿਚ ਹੋਰੇਸ ਬਲੈਕਮੇਨ ਨੇ ਕੀਤੀ ਸੀ। ਸੰਨ 1854 ਵਿਚ ਇਸ ਨੂੰ ਨਿਗਮਤ ਕਰ ਦਿੱਤਾ ਗਿਆ। ਇਸੇ ਸ਼ਹਿਰ ਵਿਚ 1854 ਈ. ਵਿਚ ਰਿਪਬਲਿਕਨ ਰਾਜਸੀ ਪਾਰਟੀ ਸਥਾਪਿਤ ਕੀਤੀ ਗਈ ਸੀ ਜਿਸ ਦੀ 1857 ਈ. ਵਿਚ ਪਹਿਲੀ ਬੈਠਕ ਵੀ ਇਸੇ ਸ਼ਹਿਰ ਵਿਚ ਹੋਈ ਸੀ। ਸ਼ਹਿਰ ਦੀਆਂ ਮਹੱਤਵਪੂਰਨ ਥਾਵਾਂ ਵਿਚ 1928 ਈ. ਦਾ ਬਣਿਆ ਜੈਕਸਨ ਕਮਿਊਨਿਟੀ ਕਾਲਜ ਅਤੇ ਇਥੋਂ ਦੇ ਸਪਾਰਕਸ ਕਾਉਂਟੀ ਪਾਰਕ ਵਿਚਲੇ ਬਣਾਵਟੀ ਝਰਨੇ ਸ਼ਾਮਲ ਹਨ। ਇਹ ਆਲੇ-ਦੁਆਲੇ ਦੇ ਉਤਪਾਦਨਾਂ ਦੀ ਮੰਡੀ ਅਤੇ ਸੱਨਅਤੀ ਕੇਂਦਰ ਵੀ ਹੈ ਜਿਥੇ ਮਸ਼ੀਨਰੀ ਰੇਡੀਓ, ਬਿਜਲੀ ਦਾ ਸਾਮਾਨ, ਟਾਇਰ, ਜਹਾਜ਼ਾਂ ਦੇ ਪੁਰਜੇ ਅਤੇ ਖਿਡੌਣੇ ਵਗੈਰਾ ਬਣਦੇ ਹਨ। ਇਹ ਰੇਲਾਂ ਦਾ ਜੰਕਸ਼ਨ ਵੀ ਹੈ।

ਆਬਾਦੀ—39, 739 (1980)

42° 15′ ਉ. ਵਿਥ.; 84° 24′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 5: 488; ਕੋਲ. ਐਨ. 10: 582

**ਜੈਕਸਨ, ਅਬਰਾਹਮ ਵੈਲਨਟਾਈਨ ਵਿਲੀਅਮਜ਼** : ਇਹ ਅਮਰੀਕੀ ਭਾਸ਼ਾ ਵਿਗਿਆਨੀ ਸੀ ਜੋ ਇੰਡੋ-ਈਰਾਨੀ ਭਾਸ਼ਾਵਾਂ ਦਾ ਮਾਹਰ ਸੀ। ਇਸ ਦਾ ਜਨਮ ਨਿਊਯਾਰਕ ਵਿਚ 9 ਫ਼ਰਵਰੀ, 1862 ਨੂੰ ਹੋਇਆ। ਸੰਨ 1886 ਵਿਚ ਕੋਲੰਬੀਆ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਲੈਣ ਪਿਛੋਂ ਇਹ ਉਥੇ ਹੀ ਇਨਸਟਰਕਟਰ ਬਣ ਗਿਆ। ਇਹ ਯੂਰਪ ਗਿਆ ਅਤੇ ਉਥੇ ਵੀ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਵੇਸਤਾ ਦਾ ਅਧਿਐਨ ਜਾਰੀ ਰੱਖਿਆ ਅਤੇ ਆਪਣੀ ਪ੍ਰਸਿੱਧ ਪੁਸਤਕ 'ਐਨ ਅਵੇਸਤਾ ਗਰਾਮਰ ਇਨ ਕੰਪੈਰੀਜ਼ਨ' ਸੰਸਕ੍ਰਿਤ ਵਿਚ (1892) ਪ੍ਰਕਾਸ਼ਿਤ ਕੀਤੀ । ਸੰਨ 1895 ਵਿਚ ਜੈਕਸਨ ਕੋਲੰਬੀਆ ਯੂਨੀਵਰਸਿਟੀ ਵਿਚ ਇੰਡੋਇਰਾਨੀ ਦਾ ਪ੍ਰੋਫ਼ੈਸਰ ਬਣ ਗਿਆ। ਉਥੇ ਇਹ 40 ਸਾਲ ਰਿਹਾ। ਸੰਨ 1901 ਤੋਂ 1910 ਤੱਕ ਇਸ ਨੇ ਈਰਾਨ ਅਤੇ ਭਾਰਤ ਦੇ ਕਈ ਫੇਰੇ ਲਾਏ। ਸੰਨ 1903 ਵਿਚ ਇਸ ਨੇ ਈਰਾਨ ਵਿਚ ਬਾਈਸਿਤੁਣ ਵਿਖੇ ਚੋਟੀ ਤੇ ਚੜ੍ਹ ਕੇ ਦਾਰਾ ਪਹਿਲੇ ਦੇ ਉੱਘੇ ਪ੍ਰਾਚੀਨ ਤਿੰਨ ਭਾਸ਼ੀ ਸ਼ਿਲਾਲੇਖ ਨੂੰ ਪੜ੍ਹਿਆ ਅਤੇ ਉਸ ਦੀ ਫੋਟੋ ਲਈ ਇਨ੍ਹਾਂ ਯਾਤਰਾਵਾਂ ਸਬੰਧੀ ਇਸ ਨੇ ਦੋ ਪੁਸਤਕਾਂ 'ਪਰਸ਼ੀਆ ਪਾਸਟ ਐਂਡ ਪ੍ਰੈਜ਼ੰਟ' (1906) ਅਤੇ 'ਕੁਸਤੁੰਤੁਨੀਆ ਟੂ ਦੀ ਹੋਮ ਆਫ਼ ਉਮਰ ਖਿਆਮ' (1911) ਛਪੀਆਂ। ਇਹ ਈਰਾਨੀ ਧਰਮ ਦਾ ਵੱਡਾ ਵਿਦਵਾਨ ਮੰਨਿਆ ਜਾਂਦਾ ਸੀ ਅਤੇ 1899 ਵਿਚ ਇਸ ਦੀ ਪੁਸਤਕ 'ਜ਼ੋਰੋਸਟਰ ਦੀ ਪ੍ਰੋਫ਼ੈਟ ਆਫ਼ ਏਨਸੈਂਟ ਈਰਾਨ' ਪ੍ਰਕਾਸ਼ਿਤ ਹੋਈ।

ਜੈਕਸਨ ਦਾ ਅਵੇਸਤਾ ਅਤੇ ਸੰਸਕ੍ਰਿਤ ਦਾ ਤੁਲਨਾਤਮਕ ਅਧਿਐਨ ਅਤੇ 'ਅਵੇਸਤਨ ਰੀਡਰ' (Avestan Reader) ਵਿਦਿਆਰਥੀਆਂ ਦੀਆਂ ਕਈ ਪੀੜ੍ਹੀਆਂ ਦੀ ਸਹਾਇਤਾ ਲਈ ਅਨਮੋਲ ਕ੍ਰਿਤਾਂ ਹਨ। ਇਸ ਦੀਆਂ ਹੋਰ ਵੀ ਕਿੰਨੀਆਂ ਹੀ ਪੁਸਤਕਾਂ ਹਨ। 8 ਅਗਸਤ, 1937 ਨੂੰ ਇਹ ਨਿਊਯਾਰਕ ਵਿਚ ਚਲਾਣਾ ਕਰ ਗਿਆ।

ਹ. ਪੁ. -ਐਨ. ਬ੍ਰਿ. 12: 827; ਐਨ. ਬ੍ਰਿ. ਮਾ. 5: 489

**ਜੈਕਸਨ, ਐਂਡਰਿਊ** : ਇਹ ਸੰਯੁਕਤ ਰਾਜ ਅਮਰੀਕਾ ਦਾ ਸੱਤਵਾਂ ਰਾਸ਼ਟਰਪਤੀ ਸੀ। ਇਹ 15 ਮਾਰਚ, 1767 ਵਿਚ ਵੈਕਸਹਾਅ ਦੀ ਸਰਹੱਦੀ ਬਸਤੀ ਵਿਚ ਪੈਦਾ ਹੋਇਆ। ਇਸ ਦੇ ਮਾਤਾ ਪਿਤਾ ਸਕਾਟਲੈਂਡ ਆਇਰਲੈਂਡੀ ਆਵਾਸੀ ਸਨ ਜੋ ਕਿਸਮਤ ਅਜ਼ਮਾਉਣ ਲਈ ਆਪਣੇ ਦੋ ਵੱਡੇ ਪੁੱਤਰਾਂ ਸਮੇਤ ਵੈਕਸਹਾਅ ਦੀ ਬਸਤੀ ਵਿਚ ਆ ਗਏ ਸਨ। ਜੈਕਸਨ ਦੇ ਜਨਮ ਤੋਂ ਦੋ ਹਫ਼ਤੇ ਪਹਿਲਾਂ ਇਸ ਦੇ ਪਿਤਾ ਦੀ ਦੁਰਘਟਨਾ ਕਾਰਨ ਬੇਵਕਤੀ ਮੌਤ ਹੋ ਗਈ। ਜੈਕਸਨ ਦੀ ਮਾਤਾ ਨੇ ਆਪਣੇ ਪਤੀ ਦੇ ਭਰਾ ਦੇ ਘਰ ਵਿਚ ਸ਼ਰਨ ਲੈ ਕੇ 14 ਸਾਲ ਤਕ ਇਸ ਦੀ ਪਾਲਣਾ-ਪੋਸ਼ਣਾ ਕੀਤੀ। ਸੰਨ 1779 ਵਿਚ ਜੰਗ ਦੌਰਾਨ ਇਸ ਦੇ ਵੱਡੇ ਭਰਾ ਦੀ ਮੌਤ ਹੋ ਗਈ।

14 ਸਾਲ ਦੀ ਉਮਰ ਵਿਚ ਜੈਕਸਨ ਮਹਾਂਦੀਪੀ ਫ਼ੌਜ ਵਿਚ ਭਰਤੀ ਹੋ ਗਿਆ। ਇਸ ਨੇ ਅਤੇ ਇਸਦੇ ਭਰਾ ਨੇ ਹੈਂਗਿੰਗ ਰੌਕ ਦੀ ਲੜਾਈ ਵਿਚ ਹਿੱਸਾ ਲਿਆ ਅਤੇ ਅਗਲੇ ਸਾਲ ਇਨ੍ਹਾਂ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਆਪਣੇ ਕੈਦ ਦੇ ਸਮੇਂ ਦੌਰਾਨ ਜੈਕਸਨ ਨੇ ਇਕ ਅਫ਼ਸਰ ਦੇ ਬੂਟ ਪਾਲਿਸ਼ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਗੁਸਤਾਖ਼ੀ ਬਦਲੇ ਇਸਨੂੰ ਤਲਵਾਰ ਦਾ ਇਕ ਫੱਟ ਸਹਿਣਾ ਪਿਆ ਜਿਸਦਾ ਨਿਸ਼ਾਨ ਇਹ ਉਮਰ ਭਰ ਹੀ ਨਾ ਭੁਲਾ ਸਕਿਆ। ਕੈਦ ਦੌਰਾਨ ਦੋਹਾਂ ਭਰਾਵਾਂ ਦੇ ਚੇਚਕ ਨਿਕਲ ਆਈ। ਇਨ੍ਹਾਂ ਦੀ ਮਾਤਾ ਦੇ ਇਤਰਾਜ਼ ਕਰਨ ਅਤੇ ਇਨ੍ਹਾਂ ਦੀ

ਬੀਮਾਰੀ ਅਤੇ ਯੁਵਕ ਅਵਸਥਾ ਕਾਰਨ ਦੋਹਾਂ ਨੂੰ ਰਿਹਾ ਕਰ ਦਿੱਤਾ। ਬੀਮਾਰੀ ਕਾਰਨ ਜੈਕਸਨ ਦੇ ਭਰਾ ਦੀ ਮੌਤ ਹੋ ਗਈ। ਕੁਝ ਮਹੀਨਿਆਂ ਬਾਅਦ ਇਸ ਦੀ ਮਾਤਾ ਵੀ ਚਲ ਵਸੀ।



**ਐਂਡਰਿਊ ਜੈਕਸਨ, ਸੰਯੁਕਤ ਰਾਜ ਅਮਰੀਕਾ ਦਾ ਸੱਤਵਾ ਰਾਸ਼ਟਰਪਤੀ**

ਸੰਨ 1788 ਵਿਚ ਜੈਕਸਨ ਨੂੰ ਉੱਤਰੀ ਕੈਰੋਲਾਈਨਾ ਦੇ ਪੱਛਮੀ ਜ਼ਿਲ੍ਹੇ ਦਾ ਅਟਾਰਨੀ ਨਿਯੁਕਤ ਕੀਤਾ ਗਿਆ। ਉਸੇ ਸਾਲ ਇਹ ਨੈਸ਼ਵਿਲ ਵਿਖੇ ਚਲਾ ਗਿਆ। ਇਸ ਸਰਹੱਦੀ ਪਿੰਡ ਵਿਚ ਜੈਕਸਨ ਨੇ ਵਕਾਲਤ ਸ਼ੁਰੂ ਕਰ ਦਿੱਤੀ। ਦ੍ਰਿੜ ਇਰਾਦੇ ਵਾਲਾ, ਬਦਲੇ ਲਈ ਬੇਸਬਰ ਅਤੇ ਗਰਮ ਮਿਜਾਜ਼ ਹੋਣ ਕਾਰਨ ਇਸ ਦੇ ਬਹੁਤ ਸਾਰੇ ਗੂੜ੍ਹੇ ਮਿੱਤਰ ਵੀ ਸਨ ਅਤੇ ਕਈ ਕੱਟੜ ਦੁਸ਼ਮਣ ਵੀ ਸਨ। ਭਾਵੇਂ ਇਹ ਕਾਮਯਾਬ ਵਕੀਲ ਸੀ ਪਰ ਇਹ ਕੋਈ ਵਿਦਵਾਨ ਨਹੀਂ ਸੀ। ਇਹ ਆਪਣੇ ਵਿਹਲੇ ਸਮੇਂ ਵਿਚ ਘੋੜ ਦੌੜਾਂ, ਜੂਆ ਅਤੇ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਂਦਾ ਸੀ। ਨੈਸ਼ਵਿਲ ਵਿਚ ਇਹ ਪ੍ਰਦੇਸ਼ਕ ਗਵਰਨਰ ਵਿਲੀਅਮ ਬਲਾਂਟ ਦਾ ਚੰਗਾ ਮਿੱਤਰ ਬਣ ਗਿਆ। ਸੰਨ 1781 ਵਿਚ ਸ੍ਰੀਮਤੀ ਰਕੈਲ ਡੋਨੈਲਸਨ ਰਾਬਰਡਜ਼ ਨਾਲ ਇਸ ਦਾ ਵਿਆਹ ਹੋ ਗਿਆ।

ਸੰਨ 1790 ਵਿਚ ਟੈਨਿਸੀ ਨੂੰ ਵੱਖਰਾ ਇਲਾਕਾ ਬਣਾਏ ਜਾਣ ਤੋਂ ਬਾਅਦ ਗਵਰਨਰ ਬਲਾਂਟ ਨੇ ਇਸਨੂੰ ਜ਼ਿਲ੍ਹੇ ਦਾ ਸਰਕਾਰੀ ਵਕੀਲ ਅਤੇ ਕਾਊਂਟੀ ਮਿਲੀਸ਼ੀਆ ਦਾ ਜੱਜ ਐਡਵੋਕੇਟ ਨਿਯੁਕਤ ਕਰ ਦਿਤਾ। ਸੰਨ 1796 ਤੋਂ 1797 ਤੱਕ ਸਟੇਟ ਕਾਂਗਰਸ ਦਾ ਪਹਿਲਾ ਪ੍ਰਤਿਨਿਧ ਚੁਣਿਆ ਗਿਆ।

ਸੰਨ 1797 ਵਿਚ ਜੈਕਸਨ ਸੰਯੁਕਤ ਰਾਜ ਅਮਰੀਕਾ ਦੀ ਸੈਨੇਟ ਵਿਚ ਨਿਯੁਕਤ ਹੋਇਆ ਪਰ ਆਪਣੇ ਆਪ ਨੂੰ ਪ੍ਰਾਈਵੇਟ ਕੰਮਾਂ ਵਿਚ ਲਾਉਣ ਲਈ 1798 ਈ. ਵਿਚ ਇਸਨੇ ਅਸਤੀਫ਼ਾ ਦੇ ਦਿੱਤਾ। ਇਸੇ ਸਾਲ ਇਹ ਟੈਨਿਸੀ ਦਾ ਵੱਡਾ ਜੱਜ ਬਣਿਆ ਅਤੇ ਇਸ ਤੋਂ ਕੁਝ ਦੇਰ ਬਾਅਦ ਟੈਨਿਸੀ ਦੀ ਨਾਗਰਿਕ ਸੈਨਾ ਦਾ ਮੇਜਰ ਜਨਰਲ ਬਣਿਆ।

ਕੁਝ ਚਿਰ ਮਗਰੋਂ ਜੈਕਸਨ ਨੇ ਪ੍ਰੈਜ਼ੀਡੈਂਟ ਟਾਮਸ ਜੈਫ਼ਰਸਨ ਨੂੰ ਆਰਲੀਨਜ਼ ਪ੍ਰਦੇਸ਼ ਦੇ ਗਵਰਨਰ ਦੀ ਨਿਯੁਕਤੀ ਲਈ ਬਿਨੈ ਪੱਤਰ ਦਿੱਤਾ। ਪ੍ਰੈਜ਼ੀਡੈਂਟ ਦੇ ਇਨਕਾਰ ਕਰਨ ਤੇ ਇਹ ਉਸਦੇ ਵਿਰੁੱਧ ਹੋ ਗਿਆ। ਜੈਕਸਨ ਦੀ ਜੈਫ਼ਰਸਨ ਪ੍ਰਤੀ ਵਿਰੋਧਤਾ ਅਤੇ ਗਵਰਨਰ ਜਾਨ ਸੇਵੀਅਰ ਜਿਸ ਨੇ ਟੈਨਿਸੀ ਦੇ ਲਿਬਰਲ ਧੜੇ ਦੀ ਅਗਵਾਈ ਕੀਤੀ ਸੀ, ਨਾਲ ਜੱਦੀ ਦੁਸ਼ਮਣੀ ਨੇ ਇਸ ਨੂੰ ਸਿਆਸੀ ਤੌਰ ਤੇ ਨੁਕਸਾਨ ਪਹੁੰਚਾਇਆ। ਫਿਰ ਇਹ ਨਾਗਰਿਕ ਸੈਨਾ ਦੀ ਕਮਾਂਡ ਤੋਂ ਇਲਾਵਾ ਬਾਕੀ ਦੇ ਲੋਕ ਜੀਵਨ ਤੋਂ ਸੇਵਾ ਮੁਕਤ ਹੋ ਗਿਆ। ਸੰਨ 1806 ਤੋਂ 1812 ਤੱਕ ਇਸਨੇ ਪੇਂਡੂ ਪਰ ਰਈਸੀ ਜ਼ਿੰਦਗੀ ਬਤੀਤ ਕੀਤੀ। ਇਸਨੇ ਘੋੜਿਆਂ ਦੇ ਦੌੜ ਮੁਕਾਬਲੇ ਅਤੇ ਦੁਵੱਲੀਆਂ ਲੜਾਈਆਂ ਵਿਚ ਹਿੱਸਾ ਲਿਆ। ਸੰਨ 1806 ਵਿਚ ਇਸਨੇ ਚਾਰਲਸ ਡਿਕਨਸਨ ਨੂੰ ਦੌੜ ਮੁਕਾਬਲੇ ਬਾਰੇ ਹੋਏ ਝਗੜੇ ਵਿਚ ਗੋਲੀ ਮਾਰਕੇ ਮਾਰ ਦਿੱਤਾ।

ਸੰਨ 1812 ਵਿਚ ਲੜਾਈ ਸ਼ੁਰੂ ਹੋਣ ਤੇ ਜੈਕਸਨ ਨੇ ਟੈਨਿਸੀ ਦੀ ਨਾਗਰਿਕ ਫ਼ੌਜ ਦੀਆਂ ਸੇਵਾਵਾਂ ਨੈਸ਼ਨਲ ਸਰਕਾਰ ਨੂੰ ਅਰਪਣ ਕਰ ਦਿੱਤੀਆਂ। ਇਸਨੇ ਨੇਚੀਜ਼ ਵਿਚ ਦੋ ਹਜ਼ਾਰ ਆਦਮੀਆਂ ਦੀ ਅਗਵਾਈ ਕਰਕੇ ਯੁੱਧ ਵਿਭਾਗ ਵਲੋਂ ਆਦਮੀਆਂ ਨੂੰ ਬਰਤਰਫ਼ ਕਰਨ ਦੇ ਹੁਕਮਾਂ ਦੀ ਉਲੰਘਣਾਂ ਕਰਕੇ ਪੱਛਮ ਵਿਚ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ। ਇਸਨੇ ਸੰਘੀ ਸਰਕਾਰ ਨੂੰ ਉਨ੍ਹਾਂ ਦੀ ਸੇਵਾ ਬਦਲੇ ਘਾਟਾ ਪੂਰਾ ਕਰਨ ਤੇ ਜ਼ੋਰ ਦਿੱਤਾ। ਗਰੀਕ ਇੰਡੀਅਨਾਂ ਵਿਰੁੱਧ ਸਫ਼ਲਤਾ ਪੂਰਵਕ ਮੁਹਿੰਮ ਨੇ ਇਸਦੀ ਪ੍ਰਸਿੱਧੀ ਵਿਚ ਹੋਰ ਵਾਧਾ ਕੀਤਾ। ਔਝੜ ਇਲਾਕੇ ਵਿਚੋਂ ਕੂਚ ਕਰਨ ਤੋਂ ਬਾਅਦ ਇਸਦੀ ਅਣਸੋਧੀ ਟੈਨਿਸੀ ਦੀ ਨਾਗਰਿਕ ਫ਼ੌਜ ਨੇ ਮਾਰਚ, 1814 ਵਿਚ ਹੋਰਸਸ਼ੂ ਬੈਂਡ ਵਿਖੇ ਭਾਰਤੀਆਂ ਨੂੰ ਹਰਾਇਆ। ਨੇਤਾ ਦੇ ਤੌਰ ਤੇ ਇਸਦਾ ਸੁਆਗਤ ਹੋਇਆ ਅਤੇ ਇਸਨੂੰ ਸੰਯੁਕਤ ਰਾਜ ਦੀ ਫ਼ੌਜ ਵਿਚ ਮੇਜਰ ਜਨਰਲ ਨਿਯੁਕਤ ਕੀਤਾ ਗਿਆ। ਉੱਤਰ-ਪੱਛਮੀ ਸਰਹੱਦ ਦੀ ਸੁਰੱਖਿਆ ਦੇ ਮੰਤਵ ਨਾਲ ਜੈਕਸਨ ਨੇ ਆਪਣੀ ਮਾਮੂਲੀ ਸ਼ਕਤੀ ਨਾਲ ਸਪੇਨੀ ਅਧੀਨ ਪੈਸਾਕੋਲਾ ਉੱਤੇ ਕਬਜ਼ਾ ਕਰ ਲਿਆ। ਜਦੋਂ ਇਹ ਹੋਰ ਕਾਰਵਾਈਆਂ ਲਈ ਯੋਜਨਾਵਾਂ ਬਣਾ ਰਿਹਾ ਸੀ ਤਾਂ ਇਸਨੂੰ ਬਰਤਾਨਵੀ ਹਮਲੇ ਵਿਰੁੱਧ ਨਿਊ ਆਰਲੀਨਜ਼ ਦੇ ਸ਼ਹਿਰ ਦੀ ਸੁਰੱਖਿਆ ਲਈ ਬੁਲਾ ਲਿਆ ਗਿਆ। 8 ਜਨਵਰੀ, 1815 ਨੂੰ ਜੈਕਸਨ ਨੇ ਬਰਤਾਨੀਆਂ ਨੂੰ ਭਾਰੀ ਹਾਰ ਦਿੱਤੀ। ਇਸ ਫੈਸਲਾਕੁਨ ਯੁੱਧ ਵਿਚ ਇਹ ਹੀ ਇਕ ਜਰਨੈਲ ਸੀ ਜਿਸਨੇ ਵੱਡੀ ਜਿੱਤ ਪ੍ਰਾਪਤ ਕੀਤੀ ਅਤੇ ਇਹ ਇਕ ਨੈਸ਼ਨਲ ਹੀਰੋ ਬਣ ਗਿਆ। ਇਸ ਦੀਆਂ ਨਿਊ ਆਰਲੀਨਜ਼ ਵਿਚ ਮਾਰਸ਼ਲ ਲਾਅ ਸਥਾਪਿਤ ਕਰਨ ਅਤੇ ਫ਼ੈਡਰਲ ਜੱਜ ਨੂੰ ਗ੍ਰਿਫ਼ਤਾਰ ਕਰਨ ਦੀਆਂ ਸਖ਼ਤ ਕਾਨੂੰਨੀ ਕਾਰਵਾਈਆਂ ਨੇ ਵਿਰੋਧਤਾ ਦੀ ਭਾਵਨਾ ਨੂੰ ਜਨਮ ਦਿਤਾ ਪਰ ਜਿੱਤ ਪ੍ਰਾਪਤੀ ਨਾਲ ਇਹ ਸ਼ਹਿਰ ਵਿਚ ਬਹੁਤ ਪ੍ਰਸਿੱਧ ਹੋ ਗਿਆ।

ਜੈਕਸਨ ਨੇ ਪ੍ਰੈਜ਼ੀਡੈਂਟ ਜੇਮਜ਼ ਮਾਨਰੋ ਵਲੋਂ ਕੀਤੀ ਯੁੱਧ ਸਕੱਤਰ ਦੀ ਪੇਸ਼ਕਸ਼ ਅਸਵੀਕਾਰ ਕਰ ਦਿਤੀ। 1817 ਈ. ਵਿਚ ਇਸਨੂੰ ਸੈਮੀਨੋਲ ਇੰਡੀਅਨਾਂ ਵਿਰੁੱਧ ਦੱਖਣ-ਪੱਛਮੀ ਸਰਹੱਦ ਦੀ ਸੁਰੱਖਿਆ ਦਾ ਹੁਕਮ ਦਿੱਤਾ। ਇਸਨੇ ਸਪੇਨੀ ਫਲੋਰਿਡਾ ਤੇ ਹਮਲਾ ਕਰਕੇ ਇੰਡੀਅਨ ਸ਼ਕਤੀ ਨੂੰ ਤਬਾਹ ਕਰ ਦਿੱਤਾ। ਭਾਰਤੀਆਂ ਨੂੰ ਭੜਕਾਉਣ ਦੇ ਦੋਸ਼ ਵਿਚ ਦੋ ਬਰਤਾਨਵੀ ਨਾਗਰਿਕਾਂ ਨੂੰ ਫਾਹੇ ਲਾ ਦਿੱਤਾ। ਫਲੋਰਿਡਾ ਨੂੰ ਜਿੱਤਣ ਤੋਂ ਬਾਅਦ ਇਸਨੂੰ ਉਥੋਂ ਦਾ ਪਹਿਲਾਂ ਗਵਰਨਰ ਨਿਯੁਕਤ ਕੀਤਾ ਗਿਆ। ਇਸ ਦੇ ਸਿਆਸੀ ਮਿੱਤਰਾਂ ਅਤੇ ਇਸ ਦੀ ਆਪਣੀ ਪ੍ਰਸਿੱਧੀ ਨੇ ਇਸਨੂੰ 1823 ਈ. ਵਿਚ ਦੂਜੀ ਵਾਰ ਸੰਯੁਕਤ ਰਾਜ ਅਮਰੀਕਾ ਦਾ ਸੈਨੇਟਰ ਬਣਾ ਦਿੱਤਾ ਅਤੇ ਇਹ 1824 ਈ. ਦੀਆਂ ਚੋਣਾਂ ਲਈ ਉਭਰ ਕੇ ਲੋਕਾਂ ਸਾਹਮਣੇ ਆਇਆ। ਚੋਣਾਂ ਵਿਚ ਕਾਫ਼ੀ ਗਿਣਤੀ ਵਿਚ ਉਮੀਦਵਾਰ ਸਨ ਪਰ ਕਿਸੇ ਨੂੰ ਵੀ ਬਹੁਮਤ ਪ੍ਰਾਪਤ ਨਾ ਹੋਇਆ। ਕਾਂਗਰਸ ਲਈ ਚੋਣ ਕਰਨੀ ਜ਼ਰੂਰੀ ਸੀ। ਭਾਵੇਂ ਜੈਕਸਨ ਨੂੰ ਐਡਮਜ਼ ਨਾਲੋਂ 15 ਵੋਟਾਂ ਵੱਧ ਪ੍ਰਾਪਤ ਹੋਈਆਂ ਪਰ ਕਿਸੇ ਵੀ ਉਮੀਦਵਾਰ ਨੂੰ ਬਹੁਮਤ ਪ੍ਰਾਪਤ ਨਾ ਹੋਣ ਕਾਰਨ ਜਿੱਤ ਦਾ ਫ਼ੈਸਲਾ ਹਾਊਸ ਆਫ਼ ਰੀਪ੍ਰਜ਼ੈਂਟੇਟਿਵਜ਼ ਤੇ ਛੱਡਿਆ ਗਿਆ। ਇਸੇ ਹਾਊਸ ਦੇ ਸਪੀਕਰ ਕਲੇਅ ਨੇ ਜਾਨ ਕਵਿੰਸੀ ਐਡਮਜ਼ ਦਾ ਸਮਰਥਨ ਕੀਤਾ। ਇੰਜ ਜਾਨ ਕਵਿੰਸੀ ਐਡਮਜ਼ ਚੁਣਿਆ ਗਿਆ।

ਪ੍ਰੈਜ਼ੀਡੈਂਟ ਦੀ ਹੈਸੀਅਤ ਵਿਚ ਜੈਕਸਨ ਦੇ ਜੇਤੂ ਪਾਰਟੀ ਦੇ ਸਮਰਥਕਾਂ ਨੂੰ ਨੌਕਰੀਆਂ ਦੇਣ ਦਾ ਫ਼ੈਸਲੇ ਦੀ ਹਿਮਾਇਤ ਕੀਤੀ। ਨਤੀਜੇ ਵਜੋਂ ਡੈਮੋਕ੍ਰੈਟਿਕ ਪਾਰਟੀ ਦਾ ਮੁੱਢ ਬੱਝਾ। ਇਸਦੇ ਦੁਸ਼ਮਣਾਂ ਨੇ ਤਨਦੇਹੀ ਨਾਲ ਇਸ ਦੀ ਮੁਖ਼ਾਲਫ਼ਤ ਕੀਤੀ। ਐਡਮਜ਼ ਕਿਉਂਕਿ ਪੂਰਾ ਸਿਆਸੀ ਨੇਤਾ ਨਹੀਂ ਸੀ ਇਸ ਲਈ ਉਸਨੇ ਆਪਣੀ ਸ਼ਕਤੀ ਹੈਨਰੀ ਕਲੇਅ ਦੇ

ਹੱਥ ਵਿਚ ਦੇ ਦਿੱਤੀ। ਅਚਾਨਕ ਝਗੜਿਆਂ ਦਾ ਸਿਲਸਲਾ ਸ਼ੁਰੂ ਹੋ ਗਿਆ।

ਸਭ ਤੋਂ ਪਹਿਲਾ ਝਗੜਾ ਰਾਸ਼ਟਰਵਾਦ ਅਤੇ ਰਾਜਸੀ ਅਧਿਕਾਰਾਂ ਵਿਚਕਾਰ ਸੰਘਰਸ਼ ਸੀ। ਭਾਵੇਂ ਇਸ ਦੀ ਪਾਰਟੀ ਵਿਚ ਜ਼ਿਆਦਾਤਰ ਕਾਲਨ ਅਧੀਨ ਰਾਜਸੀ ਅਧਿਕਾਰਾਂ ਦੇ ਸਮਰਥਕ ਸਨ ਪਰ ਜੈਕਸਨ ਨੇ ਇਕੋ ਵਕਤ ਰਾਸ਼ਟਰਵਾਦ ਅਤੇ ਮਜ਼ਬੂਤ ਕੇਂਦਰੀ ਸਰਕਾਰ ਦਾ ਐਲਾਨ ਕਰ ਦਿੱਤਾ। ਦੂਜਾ ਝਗੜਾ ਸਰਕਾਰ ਦੁਆਰਾ ਪਬਲਿਕ ਸੁਧਾਰਾਂ ਦਾ ਇੰਤਜ਼ਾਮ ਕਰਨਾ ਸੀ। ਜਦੋਂ ਕਲੇਅ ਅਤੇ ਉਸਦੇ ਸਾਥੀਆਂ ਨੇ ਕੈਂਟਕੀ ਵਿਚ ਫੈਡਰਲ ਖਰਚੇ ਉੱਤੇ ਇਕ ਸੜਕ ਦੀ ਮੁਰੰਮਤ ਦੇ ਬਿਲ ਨੂੰ ਮੰਨਣ ਲਈ ਜ਼ੋਰ ਪਾਇਆ ਤਾਂ ਜੈਕਸਨ ਨੇ ਇਸਨੂੰ ਨਾ ਮਨਜ਼ੂਰ ਕਰ ਦਿੱਤਾ। ਤੀਜਾ ਝਗੜਾ ਸੰਯੁਕਤ ਰਾਜ ਅਮਰੀਕਾ ਦੇ ਬੈਂਕ ਦੇ ਪੁਨਰ ਚਾਰਟਰ ਦਾ ਸੀ। ਜੈਕਸਨ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਇਹ ਧਨ ਸ਼ਕਤੀ ਉਸਦੇ ਖਿਲਾਫ਼ ਹੈ। ਇਸ ਲਈ ਉਸਨੇ ਇਸ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਦੇ ਵਿਰੋਧੀ ਵਪਾਰੀ ਨੇ ਬੈਂਕਾਂ ਵਿਚ ਜਮ੍ਹਾਂ ਆਪਣੇ ਧਨ ਦੀ ਮਦਦ ਨਾਲ ਪੁਨਰ ਚਾਰਟਰ ਦਾ ਬਿਲ ਪਾਸ ਕਰ ਦਿੱਤਾ ਜਿਸਨੂੰ ਜੈਕਸਨ ਨੇ 1832 ਦੀਆਂ ਚੋਣਾਂ ਦੇ ਮੱਧ ਵਿਚ ਆਪਣੀ ਮਰਜ਼ੀ ਵਰਤਦੇ ਹੋਏ ਰੱਦ ਕਰ ਦਿੱਤਾ।

ਸਭ ਤੋਂ ਵੱਧ ਖਤਰਨਾਕ ਝਗੜਾ ਮਹਿਸੂਲ ਦਾ ਸੀ। ਕਾਂਗਰਸ ਨੇ 1832 ਦੀ ਤਰ੍ਹਾਂ ਸੁਰੱਖਿਅਕ ਅਧਿਨਿਯਮ ਪਾਸ ਕਰ ਦਿੱਤਾ ਅਤੇ ਖੇਤੀਬਾੜੀ ਵਾਲੇ ਦੱਖਣੀ ਹਿੱਸੇ ਵਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ। ਜੈਕਸਨ ਨੇ ਇਸ ਵਿਰੋਧਤਾ ਦੇ ਬਾਵਜੂਦ ਵੀ ਬਿਲ ਉੱਤੇ ਦਸਤਖ਼ਤ ਕਰ ਦਿੱਤੇ। ਜਦੋਂ ਦੱਖਣੀ ਕੈਰੋਲਾਈਨਾ ਨੇ ਕਰ ਅਦਾ ਕਰਨ ਤੋਂ ਇਨਕਾਰ ਕਰਨ ਦੀ ਧਮਕੀ ਦਿੱਤੀ ਤਾਂ ਜੈਕਸਨ ਨੇ ਫ਼ੌਜੀ ਤਾਕਤ ਦਾ ਡਰਾਵਾ ਦਿੱਤਾ। ਨਤੀਜੇ ਵਜੋਂ ਸਮਝੌਤਾ ਹੋ ਗਿਆ ਅਤੇ ਮਹਿਸੂਲ ਪ੍ਰਵਾਨ ਕਰ ਲਿਆ ਗਿਆ ਪਰ ਇਸ ਵਿਚ ਨਿਯਮਿਤ ਛੋਟ ਦੀ ਸ਼ਰਤ ਰੱਖੀ ਗਈ। ਇਸ ਤਰ੍ਹਾਂ ਜੈਕਸਨ ਨੇ ਬੜੇ ਸੁੱਚਜੇ ਢੰਗ ਨਾਲ ਇਨ੍ਹਾਂ ਝਗੜਿਆਂ ਦਾ ਸਾਮ੍ਹਣਾ ਕੀਤਾ।

ਜੈਕਸਨ ਦੀ ਰਾਜ ਪ੍ਰਬੰਧ ਦੇ ਦੂਜੇ ਕਾਲ ਦੌਰਾਨ ਇਸ ਦੇ ਸੰਯੁਕਤ ਰਾਜ ਅਮਰੀਕਾ ਦੇ ਬੈਂਕਾਂ ਵਿਰੁੱਧ ਸੰਘਰਸ਼ ਨੇ ਦੂਜੇ ਸਾਰੇ ਝਗੜਿਆਂ ਦਾ ਮਹੱਤਵ ਘਟਾ ਦਿੱਤਾ। ਬੈਂਕ ਚਾਰਟਰ ਨੂੰ ਨਵਿਆਉਣ ਦੇ ਬਿਲ ਨੂੰ ਰੱਦ ਕਰਕੇ ਜੈਕਸਨ ਨੇ ਇਸਨੂੰ 1832 ਦੀ ਮੁਹਿੰਮ ਦਾ ਮੁੱਖ ਝਗੜਾ ਬਣਾ ਦਿੱਤਾ ਅਤੇ ਸਫ਼ਲਤਾ ਸਹਿਤ ਮੁੜ ਚੁਣਿਆ ਗਿਆ। ਇਸ ਤੋਂ ਬਾਅਦ ਇਸਨੇ ਸਰਕਾਰ ਦੀਆਂ ਜਮ੍ਹਾਂ ਰਕਮਾਂ ਨੂੰ ਕਢਵਾ ਕੇ ਉਨ੍ਹਾਂ ਨੂੰ ਅਖਾਉਤੀ 'ਪੈਟ ਬੈਂਕਸ'-ਗਿਰਾਰਡ ਬੈਂਕ ਆਫ਼ ਫ਼ਿਲਾਡੈਲਫ਼ੀਆ ਅਤੇ 22 ਹੋਰ ਸਰਕਾਰ ਵਲੋਂ ਨਾਮਜ਼ਦ ਕੀਤੇ ਬੈਂਕ ਵਿਚ ਰਖਵਾ ਦਿੱਤਾ।

4 ਮਾਰਚ, 1837 ਈ. ਵਿਚ ਆਪਣਾ ਅਹੁਦਾ ਛੱਡਣ ਵੇਲੇ ਵੀ ਜੈਕਸਨ ਦੀ ਆਪਣੀ ਪਾਰਟੀ ਵਿਚ ਪੂਰੀ ਮਾਨਤਾ ਸੀ ਜਿਸ ਕਰਕੇ ਬੜੀ ਆਸਾਨੀ ਨਾਲ ਇਸਨੇ ਆਪਣੇ ਉਤਰਾਧਿਕਾਰੀ ਦੀ ਚੋਣ ਕਰ ਦਿਤੀ।

ਆਪਣੇ ਇਕਾਂਤ ਨਿਵਾਸ ਸਥਾਨ ਵਿਚ ਮੁੜਨ ਤੋਂ ਬਾਅਦ ਜੈਕਸਨ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਮਾਂ ਆਪਣੇ ਮਿੱਤਰਾਂ ਅਤੇ ਗੁਆਂਢੀਆਂ ਵਿਚ ਬਤੀਤ ਕੀਤਾ। 8 ਜੂਨ, 1845 ਨੂੰ ਇਸ ਦੀ ਮੌਤ ਹੋ ਗਈ।

ਹ. ਪੁ. -ਕੋਲ. ਐਨ. 10: 578, -ਐਨ. ਅਮੈ. 15: 574; ਚੈਂਬ. ਐਨ. 8:2

**ਜੈਕਸਨ, ਹੈਲਨਹੈਟ** : ਇਹ ਸੰਯੁਕਤ ਰਾਜ ਅਮਰੀਕਾ ਦੀ ਕਵਿਤਰੀ ਅਤੇ ਨਾਵਲਕਾਰ ਸੀ ਜੋ ਆਪਣੇ ਨਾਵਲ 'ਰਾਮੋਨਾ' ਲਈ ਬਹੁਤ ਪ੍ਰਸਿੱਧ ਹੈ। ਇਸਦਾ ਜਨਮ ਮੈਸਾਚੂਸੈਟਸ ਰਾਜ ਵਿਚ ਐਮਅਰਸਟ ਵਿਖੇ 15 ਅਕਤੂਬਰ, 1830 ਨੂੰ ਹੋਇਆ।

ਆਪਣੇ ਪਹਿਲੇ ਪਤੀ ਕੈਪਟਨ ਐਡਵਰਡ ਹੰਟ ਅਤੇ ਦੋ ਪੁੱਤਰਾਂ ਦੀ ਮੌਤ ਪਿੱਛੋਂ ਇਸਨੇ ਲਿਖਣਾ ਸ਼ੁਰੂ ਕੀਤਾ। ਸੰਨ 1875 ਵਿਚ ਇਸ ਨੇ



**ਹੈਲਨਹੈਟ ਜੈਕਸਨ**

ਵਿਲੀਅਮ ਜੈਕਸਨ ਨਾਲ ਦੋਬਾਰਾ ਵਿਆਹ ਕਰ ਲਿਆ ਅਤੇ ਕਾਲੋਰਾਡੋ ਚਲੀ ਗਈ। ਇਹ ਸਿਰਜਨਾਤਮਕ ਲੇਖਿਕਾ ਸੀ ਜਿਸ ਨੂੰ ਵਧੇਰੇ ਕਰਕੇ ਅਮਰੀਕੀ ਭਾਰਤੀਆਂ ਲਈ ਕੀਤੇ ਯਤਨਾਂ ਕਰਕੇ ਯਾਦ ਕੀਤਾ ਜਾਂਦਾ ਹੈ। ਆਪਣੀ ਪੁਸਤਕ 'ਏ ਸੈਂਚਰੀ ਆਫ਼ ਡਿਸਆੱਨਰ' (1881) ਵਿਚ ਇਸ ਨੇ ਰੈੱਡ ਭਾਰਤੀਆਂ ਬਾਰੇ ਸਰਕਾਰ ਦੀ ਨੀਤੀ ਨੂੰ ਬਹੁਤ ਭੰਡਿਆ। ਇਸ ਦੇ ਨਾਵਲ 'ਰਾਮੋਨਾ' (1884) ਵਿਚ ਭਾਰਤੀਆਂ ਵਿਰੁੱਧ ਹੋਏ ਅਨਿਆਂ ਦਰਸਾਏ ਗਏ ਹਨ। ਇਸ ਨਾਵਲ ਵਿਚ ਪੁਰਾਤਨ ਕੈਲਿਫੋਰਨੀਆ ਦਾ ਬੜਾ ਰੋਮਾਂਚਕਾਰੀ ਵਰਣਨ ਕੀਤਾ ਗਿਆ ਹੈ। ਜੈਕਸਨ ਦੀ ਮੌਤ ਸਾਨ ਫਰਾਂਸਿਸਕੋ ਵਿਖੇ 12 ਅਗਸਤ, 1885 ਨੂੰ ਹੋਈ।

ਹ. ਪੁ. -ਐਨ. ਬ੍ਰਿ. ਮਾ. 12: 831

**ਜੈਕਸਨ, ਜਾਨ ਹਫਲਿੰਗਜ਼** : ਇਸ ਅੰਗਰੇਜ਼ ਨਾੜੀ-ਵਿਗਿਆਨੀ ਦਾ ਜਨਮ ਯਾਰਕਸ਼ਿਰ ਵਿਚ ਗ੍ਰੀਨ ਹੈਮਰਟਨ ਵਿਖੇ 4 ਅਪ੍ਰੈਲ, 1835 ਨੂੰ ਹੋਇਆ। ਇਸ ਨੇ ਤੰਤੂ-ਵਿਗਿਆਨ ਨਾਲ ਸਬੰਧਤ ਕਾਰਜ ਵਿਧੀ ਦੀ ਵਿਸਥਾਰ ਪੂਰਵਕ ਵਿਆਖਿਆ ਦਾ ਪ੍ਰੇਖਣ ਕੀਤਾ। ਇਸ ਨੇ ਜ਼ਿਆਦਾਤਰ ਕੰਮ ਲੰਡਨ ਵਿਚ ਹੀ ਕੀਤਾ, ਜਿਥੇ ਕਿ ਇਹ 1862 ਵਿਚ ਨੈਸ਼ਨਲ ਹਸਪਤਾਲ, ਕੁਇਨ ਸੁਕੇਅਰ ਵਿਖੇ ਅਤੇ 1863 ਵਿਚ ਲੰਡਨ ਹਸਪਤਾਲ ਵਿਚ ਲੱਗਾ ਰਿਹਾ। ਇਸ ਦੀ ਸਰੀਰ ਕਿਰਿਆ ਵਿਗਿਆਨ ਅਤੇ ਦਾਰਸ਼ਨਿਕ ਸਬੰਧੀ ਵਿਆਖਿਆ ਨੇ ਦਿਮਾਗੀ ਅਤੇ ਨਾੜੀਆਂ ਨਾਲ ਸਬੰਧਤ ਬੀਮਾਰੀਆਂ ਦੀਆਂ ਮੁਸ਼ਕਿਲਾਂ ਨੂੰ ਹੱਲ ਕੀਤਾ ਅਤੇ ਨਾੜੀ ਸਿਸਟਮ ਬਾਰੇ ਅਜੋਕੀ ਖੋਜ ਦੀ ਨੀਂਹ ਰੱਖੀ। ਇਹ ਆਪਣੇ ਦਿਨਾਂ ਵਿਚ ਗੂੰਗੇਪਣ ਬਾਰੇ ਖੋਜ ਕਾਰਨ ਪ੍ਰਸਿੱਧ ਸੀ। ਜੈਕਸਨ ਦੇ ਮਿਰਗੀ ਉੱਤੇ ਅਤੇ ਖ਼ਾਸ ਕਰਕੇ ਇਕ ਤਰਫ਼ਾ ਸ਼ੁਰੂ ਹੋਣ ਵਾਲੇ ਦੌਰਿਆਂ (ਜੈਕਸੋਨੀਅਨ ਫਿਟ) ਉਤੇ ਅਧਿਐਨ ਤੋਂ, ਨਾੜੀ ਸਿਸਟਮ ਉਤੇ ਕਿਸੇ ਸੱਟ ਦੇ ਕਲੀਨਿਕੀ ਸਥਾਨੀਕਰਨ ਦੇ ਅਤੇ ਫੰਕਸ਼ਨਾਂ ਦੇ ਸਥਾਨੀਕਰਨ ਦੀ ਪ੍ਰਯੋਗਿਕ ਜਾਂਚ ਪੜਤਾਲ ਅਜਿਹੇ ਢੰਗ ਵਿਕਸਿਤ ਹੋਏ। ਮਿਰਗੀ ਬਾਰੇ ਜੈਕਸਨ ਦੀ ਪਰਿਭਾਸ਼ਾ (1873) ਕਿ ਇਹ ਦਿਮਾਗ ਦੇ ਸੈੱਲਾਂ ਦਾ ਇਕ ਅਚਨਾਕ, ਵਾਧੂ ਅਤੇ ਤੇਜ਼ ਨਿਕਾਸ ਹੈ, ਵਿਚ ਕਦੇ ਵੀ ਕਿਸੇ ਨੇ ਕੋਈ ਸੋਧ ਨਹੀਂ ਕੀਤੀ ਅਤੇ ਇਸ ਦੀ ਪੂਰਨ ਤੌਰ ਤੇ ਬਿਜਲੀ ਦੁਆਰਾ ਦਿਮਾਗੀ ਐਕਸ ਰੇ ਈ. ਈ. ਜੀ. ਦੁਆਰਾ ਪੁਸ਼ਟੀ ਕੀਤੀ ਗਈ ਹੈ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਇਹ ਦਸਿਆ ਕਿ ਅਸਾਧਾਰਣ ਦਿਮਾਗ਼ੀ ਹਾਲਤਾਂ ਰਚਨਾਤਮਕ ਦਿਮਾਗ਼ੀ ਵਿਗਾੜਾਂ ਕਾਰਨ ਹੁੰਦੀਆਂ

ਹਨ। ਸੰਨ 1878 ਵਿਚ ਜੈਕਸਨ ਰਾਇਲ ਸੁਸਾਇਟੀ ਦਾ ਫੈਲੋ ਚੁਣਿਆ ਗਿਆ। ਲੰਡਨ ਵਿਖੇ 7 ਅਕਤੂਬਰ, 1911 ਨੂੰ ਇਸ ਦੀ ਮੌਤ ਹੋ ਗਈ। ਇਸ ਦੀਆਂ ਵਧੇਰੇ ਪ੍ਰਸਿੱਧ ਲਿਖਤਾਂ ਜੇਮਜ਼ ਟੇਲਰ (1931) ਦੁਆਰਾ ਸੰਪਾਦਿਤ "ਸੀਲੈਕਟਿਡ ਰਾਈਟਿੰਗਜ਼ ਆਫ਼ ਜਾੱਨ ਹਫਲਿੰਗਜ਼ ਜੈਕਸਨ" ਵਿਚ ਸੰਗ੍ਰਹਿਤ ਹਨ।

ਹ. ਪੁ. -ਐਨ. ਬ੍ਰਿ. 12: 831

**ਜੈਕਸਨ ਟਾਮਸ ਜੋਨਾਥਨ** : ਅਮਰੀਕਾ ਦਾ ਇਕ ਉੱਘਾ ਜਰਨੈਲ ਸੀ ਜਿਸਨੇ ਅਮਰੀਕਾ ਦੀ ਖ਼ਾਨਾਜੰਗੀ ਦੌਰਾਨ ਸੰਘੀ (Confederate) ਫ਼ੌਜ ਦੀ ਕਮਾਨ ਸੰਭਾਲੀ। ਇਸਨੂੰ ਸਟੋਨੇਵੈਲ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦਾ ਜਨਮ 21 ਜਨਵਰੀ, 1824 ਵਿਚ ਵਰਜੀਨੀਆ ਵਿਚ ਕਲਾਰਕ ਸਬਰਗ ਵਿਖੇ ਹੋਇਆ। ਛੋਟੀ ਉਮਰੇ ਹੀ ਇਸ ਦੇ ਪਿਤਾ ਦੀ ਮੌਤ ਹੋ ਗਈ ਅਤੇ ਕੁਝ ਦੇਰ ਮਗਰੋਂ ਹੀ ਇਸ ਦੀ ਮਾਤਾ ਵੀ ਚਲ ਵਸੀ। ਇਸਨੂੰ ਆਪਣਾ ਬਚਪਨ ਆਪਣੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਬਿਤਾਉਣਾ ਪਿਆ। ਸੰਨ 1842 ਵਿਚ ਇਸਨੂੰ ਵੈਸਟ ਪੁਆਇੰਟ ਵਿਖੇ ਸੰਯੁਕਤ ਰਾਸ਼ਟਰ ਦੀ ਫ਼ੌਜੀ ਅਕਾਦਮੀ ਵਿਚ ਦਾਖ਼ਲਾ ਮਿਲ ਗਿਆ। ਵਿਦਿਆ ਪ੍ਰਾਪਤੀ ਮਗਰੋਂ ਇਹ ਮੈਕਸਿਕੋ ਵਿਖੇ ਰੈਜਮੰਟ ਦੇ ਤੋਪਖ਼ਾਨਾ ਵਿਭਾਗ ਵਿਚ ਆ ਗਿਆ ਅਤੇ ਅਮਰੀਕਾ ਵਲੋਂ ਲੜਾਈ ਵਿਚ ਭਾਗ ਲਿਆ। ਇਥੇ ਇਸਦੀ ਮੁਲਾਕਾਤ ਜਨਰਲ ਰਾਬਰਟ ਈ. ਲੀ. ਨਾਲ ਹੋਈ। ਇਸੇ ਲੜਾਈ ਦੌਰਾਨ ਜੈਕਸਨ ਨੇ ਆਪਣੀ ਦਲੇਰੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਸੂਝ-ਬੂਝ ਆਦਿ ਯੋਗਤਾਵਾਂ ਦਾ ਪ੍ਰਮਾਣ ਦਿੱਤਾ। ਇਸ ਲੜਾਈ ਦੇ ਅੰਤ ਵਿਚ ਇਸਨੂੰ ਮੇਜਰ ਬਣਾ ਕੇ ਮੈਕਸਿਕੋ ਸ਼ਹਿਰ ਵਿਚ ਕਾਬਜ਼ ਤਾਕਤਾਂ (Occuation forces) ਦਾ ਅਧਿਕਾਰੀ ਥਾਪਿਆ ਗਿਆ ਪਰ ਜਲਦੀ ਹੀ 1851 ਵਿਚ ਇਸ ਕੰਮ ਨੂੰ ਛੱਡ ਕੇ ਵਰਜੀਨੀਆ ਮਿਲਟਰੀ ਇਨਸਟੀਚਿਊਟ ਵਿਚ ਤੋਪਖ਼ਾਨੇ ਦੀ ਸਿਖਲਾਈ ਆਦਿ ਲਈ ਅਧਿਆਪਕ ਬਣ ਗਿਆ।



**ਜੈਕਸਨ ਟਾਮਸ ਜੋਨਾਥਨ**

ਅਮਰੀਕਾ ਵਿਚ ਖ਼ਾਨਾਜੰਗੀ ਸ਼ੁਰੂ ਹੋਣ ਤੇ ਇਹ ਨਾ ਸਿਰਫ਼ ਆਪ ਹੀ ਸੈਨਾ ਵਿਚ ਮੁੜ ਆਇਆ ਸਗੋਂ ਆਪਣੇ ਇਨਸਟੀਚਿਊਟ ਤੋਂ ਵੀ ਕਈ ਕੈਡੇਟ ਨਾਲ ਲੈ ਗਿਆ। ਜਲਦੀ ਹੀ ਇਸਨੂੰ ਕਰਨਲ ਦਾ ਅਹੁਦਾ ਮਿਲ ਗਿਆ। ਇਸ ਤੋਂ ਬਾਅਦ ਇਸ ਨੇ ਸਭ ਤੋਂ ਪਹਿਲਾਂ ਹਾਰਪਰਜ਼ ਫੈਰੀ ਵਿਖੇ ਮੋਰਚਾ ਸੰਭਾਲਿਆ। ਇਸ ਦਾ ਮੁੱਖ ਮੰਤਵ ਇਸ ਇਲਾਕੇ ਦੀ ਕਿਲੇਬੰਦੀ ਕਰਨਾ ਅਤੇ ਇਸਨੂੰ ਆਪਣੇ ਕਾਬੂ ਵਿਚ ਰੱਖਣਾ ਸੀ।

ਜੁਲਾਈ, 1861 ਵਿਚ ਸੰਘੀ ਫ਼ੌਜੀਆਂ ਨੇ ਵਰਜੀਨੀਆ ਤੇ ਧਾਵਾ ਬੋਲ ਦਿੱਤਾ ਅਤੇ ਜੈਕਸਨ ਦੀਆਂ ਫ਼ੌਜਾਂ ਜਾਨਸਟਨ ਦੀ ਫ਼ੌਜ ਨਾਲ ਰਲ ਕੇ ਜਨਰਲ ਪੀ. ਜੀ. ਟੀ ਬਿਊਰੀਗਾਰਡ ਨਾਲ ਮਿਲ ਗਈਆਂ ਅਤੇ ਸੰਘੀ ਫ਼ੌਜਾਂ ਦਾ ਬਲਗਰਨ ਵਿਖੇ ਡਟ ਕੇ ਮੁਕਾਬਲਾ ਕੀਤਾ। ਇਥੇ ਇਸਨੇ ਕਮਾਲ ਦੀ ਜੰਗੀ ਤਕਨੀਕ ਵਰਤੀ ਅਤੇ ਇਸੇ ਕਾਰਨ ਇਸਨੂੰ ਸਟੋਨਵੈਲ ਦਾ ਖ਼ਿਤਾਬ ਮਿਲਿਆ। ਬੁਲਰਨ ਦੀ ਪਹਿਲੀ ਲੜਾਈ ਸੰਘੀ ਫ਼ੌਜਾਂ ਦੀ ਪਹਿਲੀ ਜਿੱਤ ਸੀ। ਜੈਕਸਨ ਨੂੰ ਮੇਜਰ ਜਨਰਲ ਦਾ ਅਹੁਦਾ ਮਿਲਿਆ।

1 ਜਨਵਰੀ, 1862 ਵਿਚ ਇਹ ਆਪਣੀਆਂ ਫ਼ੌਜਾਂ ਨੂੰ ਰਾਮਨੀ ਤੋਂ ਲੈ ਗਿਆ ਅਤੇ ਸਨੈਨਡੋਆ ਵਾਦੀ ਮੁਹਿੰਮ ਸ਼ੁਰੂ ਕੀਤੀ। ਇਸ ਮੁਹਿੰਮ ਦੌਰਾਨ ਇਸ ਦੀ ਫ਼ੌਜ ਨੂੰ 400 ਮੀਲ ਸਫ਼ਰ ਕਰਨਾ ਪਿਆ, ਉਨ੍ਹਾਂ ਨੇ ਪੰਜ ਲੜਾਈਆਂ ਲੜੀਆਂ ਅਤੇ 4,000 ਜੰਗੀ ਕੈਦੀ ਬਣਾਏ। ਸੰਨ 1862 ਵਿਚ ਜੈਕਸਨ ਨੇ ਰਿਚਮੰਡ ਵਿਖੇ ਲੀ ਦੀ ਸਹਾਇਤਾ ਨਾਲ ਜਨਰਲ ਜਾਰਜ ਬੀ ਮੈਕੇਲੀਅਨ ਨੂੰ ਬੁਰੀ ਤਰ੍ਹਾਂ ਹਰਾਇਆ। 30 ਅਗਸਤ, 1862 ਨੂੰ ਬੁਲਰਨ ਵਿਖੇ ਦੂਜੀ ਲੜਾਈ ਹੋਈ। ਜੈਕਸਨ ਨੇ ਹਾਰਪਰਜ਼ ਤੇ ਕਬਜ਼ਾ ਕਰ ਲਿਆ ਅਤੇ ਐਨਟੀਟਮ ਨੂੰ ਜਿੱਤਣ ਵਿਚ ਲੀ ਦੀ ਮੱਦਦ ਕੀਤੀ। 2 ਮਈ, 1863 ਨੂੰ ਚਾਂਸਲਰਜ਼ਵਿਲ ਵਿਖੇ ਜਨਰਲ ਜੋਜ਼ਫ ਹੂਕਰ ਨੂੰ ਬੁਰੀ ਤਰ੍ਹਾਂ ਹਰਾਇਆ ਪਰ ਇਸ ਲੜਾਈ ਵਿਚ ਇਸਨੂੰ ਆਪਣੇ ਹੀ ਫ਼ੌਜੀਆਂ ਹਥੋਂ ਇਸ ਦੀ ਖੱਬੀ ਬਾਂਹ ਵਿਚ ਗਲਤੀ ਨਾਲ ਗੋਲੀ ਲਗੀ। ਇਸ ਤੋਂ ਅੱਠ ਦਿਨ ਮਗਰੋਂ 10 ਮਈ, 1963 ਨੂੰ ਜੈਕਸਨ ਦੀ ਨਮੋਨੀਆ ਹੋਣ ਕਾਰਨ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. ਮਾ. 6: 459; ਕੋਲ. ਐਨ. 10: 581

**ਜੈਕਸਨ ਦਰਿਆ** : ਸੰਯੁਕਤ ਰਾਜ ਅਮਰੀਕਾ ਦੇ ਪੱਛਮੀ ਵਰਜੀਨੀਆ ਰਾਜ ਦਾ ਦਰਿਆ ਹੈ ਜਿਹੜਾ ਐਲਗੇਨੀ ਫਰੰਟ ਨਾਮੀ ਢਲਾਣ ਵਿਚੋਂ ਨਿਕਲਦਾ ਹੈ। ਇਹ ਦੱਖਣ-ਪੱਛਮ ਦੀ ਦਿਸ਼ਾ ਵਿਚ ਵਗਦਾ ਹੋਇਆ ਅਗੇ ਦੱਖਣ-ਪੂਰਬ ਦੀ ਦਿਸ਼ਾ ਵੱਲ ਮੁੜ ਜਾਂਦਾ ਹੈ। ਬਾਟਾਟਾਟ ਅਤੇ ਐਲਗੇਨੀ ਕਾਉਂਟੀਆਂ ਦੀ ਹੱਦ ਉਪਰ ਇਹ ਕਾਊਪੈਸਚਰ ਦਰਿਆ ਨਾਲ ਮਿਲ ਜਾਂਦਾ ਹੈ। ਕਾਊਪੈਸਚਰ ਨਾਲ ਮਿਲਣ ਪਿਛੋਂ ਇਸ ਦਾ ਨਾਂ ਜੇਮਜ਼ ਹੋ ਜਾਂਦਾ ਹੈ।

ਹ. ਪੁ. -ਵੈ. ਜਗ. ਡਿ ; ਕੋਲ. ਐਨ. 10: 599

**ਜੈਕਸਨ ਫੈਡ੍ਰਿਕ ਜਾਰਜ** : ਇਹ ਇੰਗਲੈਂਡ ਦਾ ਇਕ ਖੋਜੀ ਸੀ ਜਿਸ ਨੇ ਉੱਤਰੀ ਧਰੁਵ ਸਬੰਧੀ ਖੋਜ ਕੀਤੀ। ਇਸ ਦਾ ਜਨਮ 6 ਮਾਰਚ, 1860 ਨੂੰ ਵਾਰਿਕਸ਼ਿਰ ਵਿਚ ਅਲਕੈਸਟਰ ਵਿਖੇ ਹੋਇਆ। ਇਸ ਨੇ ਡੈਨਸਟਨ ਕਾਲਜ ਅਤੇ ਐਡਨਬਰਾ ਯੂਨੀਵਰਸਿਟੀ ਤੋਂ ਸਿਖਿਆ ਪ੍ਰਾਪਤ ਕੀਤੀ। ਸੰਨ 1887 ਵਿਚ ਇਹ ਸਮੁੰਦਰੀ ਜਹਾਜ਼ਾਂ ਰਾਹੀਂ ਗਰੀਨਲੈਂਡ ਸਮੁੰਦਰ ਵਿਚ ਗਿਆ ਤੇ ਫਰੈਂਸ ਜੋਜ਼ਫ਼ ਲੈਂਡ ਨੂੰ ਆਪਣਾ ਕੇਂਦਰ ਬਣਾ ਕੇ ਇਸ ਨੇ ਉੱਤਰੀ ਧਰੁਵ ਤੇ ਪਹੁੰਚਣ ਦੀ ਯੋਜਨਾ ਬਣਾਈ। ਸੰਨ 1893-94 ਵਿਚ ਇਸਨੇ ਆਪਣੇ ਸਾਮਾਨ ਦੀ ਜਾਂਚ ਕਰਨ ਲਈ ਉੱਤਰੀ ਨਾਰਵੇ ਵਿਚ ਲੈਪਲੇਡ ਤੋਂ ਕਿਰਕਾਨੇਸ ਵਲੋਂ ਸਾਈਬੇਰੀਆਈ ਟੁੰਡਰਾ ਵਿਚ 4,800 ਕਿਲੋਮੀਟਰ (3000 ਮੀਲ) ਤੱਕ ਦੀ ਯਾਤਰਾ ਕੀਤੀ। ਸੰਨ 1894 ਵਿਚ ਇਸ ਨੇ ਫਰੈਂਸ ਜੋਜ਼ਫ਼ ਲੈਂਡ ਤੋਂ ਜੈਕਸਨ ਹਾਰਮਜ਼ਵਰਥ ਮੁਹਿੰਮ ਦਾ ਪ੍ਰਬੰਧ ਕੀਤਾ। ਤਿੰਨ ਸਾਲ ਲਈ ਇਸਨੇ ਆਪਣੇ ਸਾਥੀਆਂ ਨਾਲ ਮਿਲ ਕੇ ਕੇਪ ਫਲੋਰ ਵਿਖੇ ਮੌਸਮ ਵਿਗਿਆਨ ਸਬੰਧੀ ਕੰਮ ਸ਼ੁਰੂ ਕੀਤਾ ਤੇ ਉਥੇ ਕੁਦਰਤੀ ਇਤਿਹਾਸ ਅਤੇ ਭੂ-ਵਿਗਿਆਨਕ ਖੋਜ ਸਬੰਧੀ ਤੱਥ ਇਕੱਠੇ ਕੀਤੇ। 17 ਜੂਨ 1896 ਨੂੰ ਆਪਣੀ ਯਾਤਰਾ ਮਗਰੋਂ ਇਹ ਐਫ. ਨਾਨਸੈਨ ਤੇ ਐਫ਼. ਐਚ. ਜੋਹਨਸਨ ਨੂੰ ਮਿਲਿਆ ਅਤੇ ਇਨ੍ਹਾਂ ਨੂੰ

ਆਪਣੇ ਜਹਾਜ਼ ਰਾਹੀਂ ਨਾਰਵੇਂ ਵਾਪਸ ਭੇਜਿਆ। ਇਸ ਨੇ ਦੱਖਣੀ ਅਫ਼ਰੀਕੀ ਯੁੱਧ ਤੇ ਪਹਿਲੇ ਮਹਾਯੁੱਧ ਵਿਚ ਹਿੱਸਾ ਲੈਣ ਤੋਂ ਬਾਅਦ ਮੱਧ ਅਫ਼ਰੀਕਾ ਦੀ ਖੋਜ ਕੀਤੀ।

ਆਪਣੀਆਂ ਯਾਤਰਾਵਾਂ ਦੇ ਆਧਾਰ ਤੇ 1895 ਵਿਚ 'ਦੀ ਗ੍ਰੇਟ ਫ੍ਰੋਜ਼ਨ ਲੈਂਡ' 1899 ਵਿਚ 'ਏ ਥਾਊਜ਼ੰਡ ਡੇਜ਼ ਇਨ ਦੀ ਆਰਕਟਿਕ' ਅਤੇ 1935 ਵਿਚ 'ਦੀ ਲਿਓਰ ਆਫ਼ ਦੀ ਅਨਨੋਨ ਲੈਂਡ' ਪੁਸਤਕਾਂ ਲਿਖੀਆਂ।

13 ਮਾਰਚ, 1938 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. –ਐਨ. ਬ੍ਰਿ. 12: 831

**ਜੈਕਸਨਵਿਲ** : ਪੱਛਮੀ ਕੇਂਦਰੀ ਇਲੀਨਾਇ (ਸੰ. ਰ. ਅ.) ਰਾਜ ਦੀ ਮਾਰਗਨ ਕਾਊਂਟੀ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਸਪਰਿੰਗ ਫੀਲਡ ਸ਼ਹਿਰ ਤੋਂ 49.6 ਕਿ. ਮੀ. ਪੱਛਮ ਵੱਲ ਮੱਕੀ ਉਗਾਉਣ ਵਾਲੇ ਖੇਤਰ ਵਿਚ ਸਥਿਤ ਹੈ। ਸ਼ਹਿਰ ਦੀ ਸਥਾਪਨਾ 1825 ਵਿਚ ਕੀਤੀ ਗਈ ਸੀ ਅਤੇ ਪਿੱਛੋਂ 1867 ਈ. ਵਿਚ ਇਸ ਨੂੰ ਸ਼ਹਿਰ ਦੇ ਤੌਰ ਤੇ ਨਿਗਮਤ ਕੀਤਾ ਗਿਆ ਸੀ। ਸ਼ਹਿਰ ਦਾ ਨਾਂ ਸੰਯੁਕਤ ਰਾਜ ਅਮਰੀਕਾ ਦੇ ਪਰਧਾਨ ਜਨਰਲ ਐਂਡਰਿਊ ਜੈਕਸਨ (1829-37) ਦੇ ਮਾਣ ਵਿਚ ਰੱਖਿਆ ਗਿਆ।

ਅੱਜਕੱਲ੍ਹ ਇਸ ਸ਼ਹਿਰ ਦੀ ਵਿੱਦਿਅਕ ਸੰਸਥਾਵਾਂ ਕਰਕੇ ਮਹੱਤਤਾ ਹੈ। ਇਥੇ ਇਲੀਨਾਇ ਕਾਲਜ (1829), ਜੈਕਸਨ ਵਿਲ ਫੀਮੇਲ ਅਕੈਡਮੀ (1830), ਐਥੀਨੇਈਅਮ (1864) ਆਦਿ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਸਨ। ਸੰਨ 1846 ਦੀ ਸਥਾਪਿਤ ਇਲੀਨਾਇ ਕਾਨਫ਼ਰੰਸ ਫੀਮੇਲ ਅਕੈਡਮੀ 1930 ਵਿਚ ਮੈਕਮਰੀ ਕਾਲਜ ਬਣੀ। ਇਸੇ ਨਾਲ ਹੀ 1955 ਵਿਚ ਪੁਰਸ਼ਾਂ ਲਈ ਕਾਲਜ ਵੀ ਜੋੜਿਆ ਗਿਆ। ਇਸ ਤੋਂ ਇਲਾਵਾ ਅਪਾਹਜਾਂ ਲਈ, ਗੂੰਗਿਆਂ ਬੋਲਿਆਂ ਲਈ, ਦਿਮਾਗ਼ੀ ਤੌਰ ਤੇ ਕਮਜ਼ੋਰ ਅਤੇ ਦਿਮਾਗ਼ੀ ਬੀਮਾਰੀਆਂ ਵਾਲੇ ਬੱਚਿਆਂ ਦੀ ਦੇਖਭਾਲ ਲਈ ਸੰਸਥਾਵਾਂ ਸਥਾਪਿਤ ਹਨ। ਇਹ ਸ਼ਹਿਰ ਸੱਨਅਤਾਂ ਦਾ ਕੇਂਦਰ ਵੀ ਹੈ। ਇਥੇ ਭੋਜਨ ਦੀਆਂ ਚੀਜ਼ਾਂ ਦੀ ਪ੍ਰਾਸੈਸਿੰਗ, ਆਤਸ਼ਬਾਜ਼ੀ, ਫੈਰਿਸ ਵੀਲ ਅਤੇ ਕਿਤਾਬਾਂ ਦੀਆਂ ਜਿਲਦਾਂ ਬੰਨ੍ਹਣ ਦਾ ਕੰਮ ਵੀ ਹੁੰਦਾ ਹੈ। ਆਲੇ-ਦੁਆਲੇ ਦੀਆਂ ਜ਼ਰਾਇਤੀ ਉਪਜਾਂ ਦੀ ਇਹ ਮੰਡੀ ਵੀ ਹੈ। ਸ਼ਹਿਰ ਵਿਚ ਤਿੰਨ ਰੇਲ ਮਾਰਗ ਅਤੇ ਇਕ ਹਵਾਈ ਅੱਡਾ ਵੀ ਹੈ।

ਆਬਾਦੀ–20, 284 (1980)

39° 44′ ਉ. ਵਿਥ.; 90° 14′ ਪੱ. ਲੰਬ.

ਹ. ਪੁ. –ਐਨ. ਬ੍ਰਿ. ਮਾ. 5: 490 ; ਕੋਲ. ਐਨ. 10: 583

**ਜੈਕਸਨਵਿਲ** : ਉੱਤਰ-ਪੂਰਬੀ ਫਲੋਰਿਡਾ ਰਾਜ (ਸੰ. ਰ. ਅ.) ਵਿਚ ਡੂਵਾਲ ਕਾਊਂਟੀ ਦਾ ਸ਼ਹਿਰ ਹੈ ਜਿਹੜਾ ਅੰਧ ਮਹਾਂਸਾਗਰ ਤਟ ਤੇ ਵਸਿਆ ਹੋਇਆ ਹੈ। ਅੰਧ ਮਹਾਂਸਾਗਰ ਤੱਟ ਉਪਰ ਇਹ ਇਕ ਮਸ਼ਹੂਰ ਬੰਦਰਗਾਹ ਹੈ ਜਿਥੋਂ ਕੇਂਦਰੀ ਅਮਰੀਕਾ, ਦੱਖਣੀ ਅਮਰੀਕਾ ਅਤੇ ਧੁਰ ਪੂਰਬ ਵੱਲ ਜਹਾਜ਼ ਜਾਂਦੇ ਹਨ। ਬੰਦਰਗਾਹ ਤੋਂ ਇਲਾਵਾ ਇਹ ਰਾਜ ਦਾ ਦੂਜਾ ਵੱਡਾ ਸੱਨਅਤੀ ਸ਼ਹਿਰ ਹੈ। ਪਹਿਲਾਂ ਇਸ ਦਾ ਨਾਂ ਕਾਓਫੋਰਡ ਪ੍ਰਚੱਲਤ ਸੀ। ਸੰਨ 1822 ਵਿਚ ਇਸ ਥਾਂ ਉਤੇ ਸ਼ਹਿਰ ਦੀ ਵਿਉਂਤ ਕੀਤੀ ਗਈ ਸੀ, ਪਿਛੋਂ 1832 ਵਿਚ ਇਸਨੂੰ ਸ਼ਹਿਰ ਦਾ ਦਰਜਾ ਮਿਲ ਗਿਆ। ਫਲੋਰਿਡਾ ਦੇ ਪਹਿਲੇ ਗਵਰਨਰ ਐਂਡਰਿਊ ਜੈਕਸਨ ਦੇ ਨਾਂ ਤੇ ਇਸ ਦਾ ਮੌਜੂਦਾ ਨਾਂ ਰੱਖਿਆ ਗਿਆ। ਅਮਰੀਕੀ ਖ਼ਾਨਾਜੰਗੀ ਦੌਰਾਨ ਸੰਘੀ ਫ਼ੌਜਾਂ ਨੇ ਸ਼ਹਿਰ ਉਤੇ ਕਬਜ਼ਾ ਕਰ ਲਿਆ। ਸੰਨ 1888 ਵਿਚ ਇਥੇ ਪੀਲੀਆ ਤਾਪ ਦੀ ਬੀਮਾਰੀ ਫੈਲੀ ਅਤੇ 1901 ਵਿਚ ਇਹ ਅੱਗ ਦੀ ਲਪੇਟ ਵਿਚ ਆ ਗਿਆ ਜਿਸ ਕਰਕੇ ਇਥੇ ਬਹੁਤ ਨੁਕਸਾਨ ਹੋਇਆ।

ਅੱਜਕੱਲ੍ਹ ਇਹ ਦੱਖਣ ਵੱਲ ਜਾਂਦੇ ਰੇਲ ਮਾਰਗਾਂ ਦਾ ਮੁੱਖ ਜੰਕਸ਼ਨ ਅਤੇ ਵਪਾਰਕ ਕੇਂਦਰ ਵੀ ਹੈ। ਇਹ ਸਨਅਤਾਂ ਦਾ ਕੇਂਦਰ ਵੀ ਹੈ। ਇਸ ਤੋਂ ਇਲਾਵਾ ਇਹ ਅੰਧ ਮਹਾਂਸਾਗਰੀ ਤੱਟ ਉਤੇ ਫਲੋਰਿਡਾ ਦੀ ਲੱਕੜ ਮੰਡੀ ਵੀ ਹੈ। ਇਥੇ ਲੱਕੜ ਦੀਆਂ ਚੀਜ਼ਾਂ, ਸਿਗਾਰ, ਖਾਦ, ਕਾਗਜ਼ ਦਾ ਉਤਪਾਦਨ ਹੁੰਦਾ ਹੈ। ਇਥੇ ਮੀਟ-ਪੈਕਿੰਗ, ਮੱਛੀਆਂ ਫੜਨ ਆਦਿ ਦਾ ਕੰਮ ਵੀ ਹੁੰਦਾ ਹੈ।

ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਜੈਕਸਨਵਿਲ ਬੀਚ ਪ੍ਰਮੁੱਖ ਹੈ ਜਿਹੜੀ ਸੈਲਾਨੀਆਂ ਲਈ ਖਿੱਚ ਦਾ ਕਾਰਨ ਹੈ। ਇਥੇ ਜੈਕਸਨਵਿਲ ਕਾਲਜ ਆਫ਼ ਮਿਊਜ਼ਿਕ, ਐਡਵਰਡ ਵਾਟਰਜ਼ ਕਾਲਜ ਅਤੇ ਜੈਕਸਨਵਿਲ ਜੂਨੀਅਰ ਕਾਲਜ ਆਦਿ ਸੰਸਥਾਵਾਂ ਸਥਾਪਤ ਹਨ।

ਆਬਾਦੀ–6,72,971 (1990)

30° 18′ ਉ. ਵਿਥ.; 81° 24′ ਪੱ. ਲੰਬ.

ਹ. ਪੁ. –ਐਨ. ਬ੍ਰਿ. ਮਾ. 5: 491; ਕੋਲ. ਐਨ. 10: 582

**ਜੈਕਸਨ, ਵਿਲੀਅਮ** : ਇੰਗਲੈਂਡ ਦੇ ਇਸ ਸੰਗੀਤਕਾਰ ਅਤੇ ਸੰਗੀਤ ਸਬੰਧੀ ਲੇਖਕ ਦਾ ਜਨਮ 29 ਮਈ, 1730 ਨੂੰ ਐਕਸਿਟਰ ਵਿਖੇ ਹੋਇਆ। ਸੰਨ 1777 ਵਿਚ ਇਹ ਐਕਸਿਟਰ ਗਿਰਜੇ ਵਿਚ ਆਰਗਾਨ ਵਾਦਕ ਸਮੂਹਗਾਨ ਮਾਸਟਰ ਨਿਯੁਕਤ ਹੋਇਆ। ਇਸ ਦੀਆਂ ਸੰਗੀਤ ਰਚਨਾਵਾਂ ਵਿਚ 'ਟੁਐਲਵ ਸਾਂਗਜ਼' (1755) ਅਤੇ 'ਟੁਐਲਵ ਕਾਨਜੋਨਸ ਫ਼ਾਰ ਟੂ ਵਾਇਸਿਜ਼ (ਲ. 1770) ਸ਼ਾਮਲ ਹਨ। ਇਸ ਨੇ ਦੋ ਸੰਗੀਤ-ਨਾਟ ਵੀ ਲਿਖੇ ਜਿਨ੍ਹਾਂ ਵਿਚੋਂ ਪਹਿਲਾਂ 'ਦੀ ਲਾਰਡ ਆਫ਼ ਦੀ ਮੈਨਰ' ਕਈ ਸਾਲ ਤੱਕ ਖੇਡਿਆ ਜਾਂਦਾ ਰਿਹਾ। ਇਸ ਦੀਆਂ ਕ੍ਰਿਤਾਂ ਵਿਚ 'ਆਬਜ਼ਰਵੇਸ਼ਨ ਆਨ ਦਾ ਪ੍ਰੈਜ਼ੈਂਟ ਸਟੇਟ ਆਫ਼ ਮਿਊਜ਼ਿਕ ਇਨ ਲੰਡਨ' (1791), 'ਥਰਟੀ ਲੈਟਰਜ਼ ਆਨ ਵੇਰੀਅਸ ਸਬਜੈਕਟਸ' (1782) ਅਤੇ ਇਸ ਦੀ ਸਵੈ ਜੀਵਨੀ 'ਦੀ ਫੋਰ ਏਜਿਜ਼' (1798) ਸ਼ਾਮਲ ਹਨ। ਇਹ ਥੋੜ੍ਹੀ ਬਹੁਤ ਚਿੱਤਰਕਾਰੀ ਵੀ ਕਰਦਾ ਸੀ ਅਤੇ ਗੇਨਜ਼ਬਰੋ ਦਾ ਮਿੱਤਰ ਸੀ।

5 ਜੁਲਾਈ, 1803 ਨੂੰ ਐਕਸਿਟਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. –ਐਨ. ਬ੍ਰਿ. 10: 832 ਐਨ. ਬ੍ਰਿ. ਮਾ. 5: 490

**ਜੈਕਸਨ, ਵਿਲੀਅਮ** : ਇਸ ਪਾਦਰੀ ਅਤੇ ਗਰਮ ਖਿਆਲੀਏ ਪੱਤਰਕਾਰ ਦਾ ਜਨਮ ਲ. ਭ. ਸੰਨ 1737 ਵਿਚ ਇੰਗਲੈਂਡ ਵਿਚ ਹੋਇਆ। ਪਬਲਿਕ ਸੇਫ਼ਟੀ ਸਬੰਧੀ ਫ਼ਰਾਂਸੀਸੀ ਕਮੇਟੀ ਨੇ ਅਪ੍ਰੈਲ, 1794 ਵਿਚ ਇਸ ਨੂੰ ਯੂਨਾਈਟਿਡ ਆਇਰਿਸ਼ਮੈਨ ਸੋਸਾਇਟੀ ਨਾਲ ਗੱਲਬਾਤ ਕਰਨ ਲਈ ਡਬਲਿਨ ਭੇਜਿਆ। ਲੰਡਨ ਵਿਖੇ ਇਹ ਦੈਨਿਕ 'ਪਬਲਿਕ ਲੈਜਰ' ਦੇ ਸੰਪਾਦਕ ਵਜੋਂ ਪ੍ਰਸਿੱਧ ਸੀ। ਇਸ ਨੇ ਉੱਤਰੀ ਅਮਰੀਕੀ ਕ੍ਰਾਂਤੀਕਾਰੀਆਂ ਦੀ ਹਮਾਇਤ ਕੀਤੀ ਅਤੇ 'ancientregime' ਦੇ ਪਤਨ ਤੋਂ ਬਾਅਦ ਫ਼ਰਾਂਸ ਚਲਾ ਗਿਆ। ਉਥੇ ਇਹ ਇਨਕਲਾਬ ਦਾ ਪੱਕਾ ਹਮਾਇਤੀ ਬਣ ਗਿਆ। ਕਾਕੇਨ ਨਾਂ ਦੇ ਇਕ ਵਕੀਲ ਦੇ ਧੋਖਾ ਦੇ ਜਾਣ ਕਾਰਨ ਇਸ ਦਾ ਡਬਲਿਨ ਦਾ ਮਿਸ਼ਨ ਅਸਫ਼ਲ ਹੋ ਗਿਆ। 28 ਅਪ੍ਰੈਲ, 1794 ਨੂੰ ਇਸ ਨੂੰ ਕੈਦ ਕਰ ਲਿਆ ਅਤੇ ਇਕ ਸਾਲ ਬਾਅਦ ਗ਼ਦਾਰੀ ਦਾ ਦੋਸ਼ ਲਗਾ ਕੇ ਇਸ ਉੱਤੇ ਮੁਕੱਦਮਾ ਚਲਾਇਆ ਗਿਆ। ਸਜ਼ਾ ਹੋਣ ਤੋਂ ਪਹਿਲਾਂ ਹੀ ਇਸ ਨੇ ਜ਼ਹਿਰ ਖਾ ਲਈ ਅਤੇ 30 ਅਪ੍ਰੈਲ, 1795 ਨੂੰ ਆਇਰਲੈਂਡ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. –ਐਨ. ਬ੍ਰਿ. ਮਾ. 5: 490

**ਜੈਕਸ ਬਲੇਕ ਸੋਫੀਆ ਲੂਇਸਾ** : ਇਸ ਅੰਗਰੇਜ਼ ਲੇਡੀ ਡਾਕਟਰ ਦਾ ਜਨਮ 21 ਜਨਵਰੀ, 1840 ਨੂੰ ਸਸੈੱਕਸ ਵਿਚ ਹੇਸਟਿੰਗਜ਼ ਵਿਖੇ ਹੋਇਆ। ਇਸ ਨੇ ਇਸਤਰੀਆਂ ਨੂੰ ਡਾਕਟਰੀ ਕਿੱਤੇ ਵੱਲ ਪ੍ਰੇਰਿਆ। ਇਸ ਨੇ ਕੁਈਨਜ਼ ਕਾਲਜ ਫ਼ਾਰ ਵਿਮੈਨ, ਲੰਡਨ ਵਿਚ ਵਿਦਿਆ ਪ੍ਰਾਪਤ ਕੀਤੀ ਅਤੇ 1865 ਈ. ਵਿਚ ਲੂਸੀ ਸੁਅਲ ਤੋਂ ਸਿੱਖਿਆ ਪ੍ਰਾਪਤ ਕਰਨ ਲਈ ਚਲੀ ਗਈ। ਤਿੰਨ ਸਾਲ ਮਗਰੋਂ ਇੰਗਲੈਂਡ ਪਰਤ ਆਈ। ਸੰਨ

1869 ਵਿਚ ਇਹ ਐਡਨਬਰੋ ਵਿਖੇ ਡਾਕਟਰੀ ਦੀਆਂ ਕਲਾਸਾਂ ਵਿਚ ਦਾਖਲ ਹੋ ਗਈ ਅਤੇ 1871 ਵਿਚ ਹਸਪਤਾਲ ਵਿਚ ਲੱਗ ਗਈ। ਸੰਨ 1874 ਵਿਚ ਇਹ ਲੰਡਨ ਵਾਪਸ ਆ ਗਈ ਅਤੇ ਇਥੇ ਆ ਕੇ ਲੰਡਨ ਸਕੂਲ ਆਫ਼ ਮੈਡੀਸਨ ਫ਼ਾਰ ਵਿਮੈਨ ਸਥਾਪਿਤ ਕਰਨ ਵਿਚ ਬਹੁਤ ਵੱਡਾ ਹਿਸਾ ਲਿਆ। ਸੰਨ 1877 ਵਿਚ ਇਸ ਨੇ ਬਰਨ ਦੀ ਐਮ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਡਬਲਿਨ ਦੇ ਡਾਕਟਰਾਂ ਦੇ ਕਾਲਜ ਦੀ ਪ੍ਰਮਾਣਿਤ ਲੇਡੀ ਡਾਕਟਰ ਬਣ ਗਈ। ਸੰਨ 1886 ਵਿਚ ਇਸ ਨੇ ਐਡਨਬਰੋ ਸਕੂਲ ਆਫ਼ ਮੈਡੀਸਨ ਫ਼ਾਰ ਵਿਮੈਨ ਸਥਾਪਿਤ ਕੀਤਾ। ਇਹ 1899 ਵਿਚ ਰਿਟਾਇਰ ਹੋ ਗਈ 7 ਜਨਵਰੀ, 1912 ਨੂੰ ਸੱਸੈਕਸ ਵਿਚ ਰੁਦਰਫੀਲਡ ਵਿਖੇ ਇਸ ਦੀ ਮੌਤ ਹੋ ਗਈ। ਇਸ ਦੀਆਂ ਲਿਖਤਾਂ ਵਿਚ 'ਮੈਡੀਕਲ ਵਿਮੈਨ' (1872) ਅਤੇ 'ਅਮਰੀਕਨ ਸਕੂਲਜ਼ ਐਂਡ ਕਾਲਜਿਜ਼' (1886) ਸ਼ਾਮਲ ਹਨ।

ਹ. ਪੁ. -ਐਨ. ਬ੍ਰਿ. 12: 1081

**ਜੈਕ ਦੀ ਰਿੱਪਰ** : ਇਹ 1888 ਵਿਚ ਲੰਡਨ ਦੇ ਵਾਈਟ ਚੈਪਲ ਜ਼ਿਲ੍ਹੇ ਵਿਚ ਹੋਈਆਂ 7 ਔਰਤਾਂ ਦੀਆਂ ਭਿਆਨਕ ਮੌਤਾਂ ਦੇ ਕਾਤਲ ਦਾ ਕਲਪਤ ਨਾਂ ਹੈ। ਕਤਲ ਹੋਣ ਵਾਲੀਆਂ ਔਰਤਾਂ ਗਲੀਆਂ ਵਿਚ ਧੰਦਾ ਚਲਾ ਰਹੀਆਂ ਵੇਸਵਾਵਾਂ ਸਨ। ਹਰ ਕੇਸ ਵਿਚ ਮਕਤੂਲ ਦਾ ਗਲ ਕੱਟਿਆ ਗਿਆ ਅਤੇ ਜਿਸਮ ਦੀ ਇਸ ਤਰ੍ਹਾਂ ਦੁਰਦਸ਼ਾ ਕੀਤੀ ਗਈ ਜਿਵੇਂ ਕਿ ਕਾਤਲ ਨੂੰ ਸਰੀਰ ਰਚਨਾ ਵਿਗਿਆਨ ਦਾ ਪੂਰਾ ਗਿਆਨ ਹੋਵੇ। ਇਕ ਕੇਸ ਵਿਚ ਅੱਧਾ ਗੁਰਦਾ ਕੱਟ ਕੇ ਪੁਲਿਸ ਨੂੰ ਡਾਕ ਰਾਹੀਂ ਭੇਜਿਆ ਗਿਆ। ਕਾਤਲਾਂ ਨੂੰ ਫੜਨ ਲਈ ਅਸਫ਼ਲ ਜਤਨ ਕੀਤੇ ਗਏ। ਇਸ ਪੁੱਛ-ਪੜਤਾਲ ਦੌਰਾਨ ਪੁਲਿਸ ਨੂੰ ਕਾਤਲ ਜੈਕ ਦੀ ਰਿੱਪਰ ਵਲੋਂ ਤਾਅਨੇ ਭਰੇ ਪੱਤਰ ਮਿਲਦੇ ਰਹੇ। ਇਹ ਭੇਦ ਹੱਲ ਨਹੀਂ ਹੋਇਆ ਅਤੇ ਬਰਤਾਨੀਆ ਤੇ ਅਮਰੀਕਾ ਵਿਚ ਇਸ ਦੀ ਬਹੁਤ ਚਰਚਾ ਰਹੀ ਹੈ। ਜੈਕ ਦੀ ਰਿੱਪਰ ਕਿੰਨੀਆਂ ਹੀ ਸਾਹਿਤਕ ਅਤੇ ਨਾਟਕ ਕ੍ਰਿਤਾਂ ਦਾ ਵਿਸ਼ਾ ਬਣਿਆ ਰਿਹਾ। ਇਨ੍ਹਾਂ ਵਿਚੋਂ ਨਾਵਲ 'The Lodger' (1913) ਅਤੇ 'ਦੀ ਹਾਰਲਾਟ ਕਿੱਲਰ' ਪ੍ਰਸਿੱਧ ਹਨ।

ਹ. ਪੁ. -ਐਨ. ਬ੍ਰਿ. 12: 834, ਐਨ. ਬ੍ਰਿ. ਮਾ. 5: 491

**ਜੈਕਬ (ਅਰਬੀ ਵਿਚ ਯਾਕੂਬ)** : ਬਾਈਬਲ ਅਨੁਸਾਰ ਇਹ ਇਸ਼ਹਾਕ ਤੇ ਰੀਬੈਕਾਹ ਦਾ ਪੁੱਤਰ ਅਤੇ ਇਬਰਾਹੀਮ ਦਾ ਪੋਤਾ ਸੀ। ਇਹ ਇਸਰਾਈਲ ਦੇ ਲੋਕਾਂ ਦਾ ਪਰੰਪਰਾਵਾਦੀ ਪੂਰਵਜ ਸੀ। ਇਹ ਐਡਮ (Edom) ਦੇ ਪੂਰਵਜ ਈਸਾਊ (Esau) ਦਾ ਜੁੜਵਾਂ ਭਰਾ ਸੀ। ਦੋਵੇਂ ਭਰਾ ਦੋ ਅੱਡ-ਅੱਡ ਸਮਾਜਕ ਪ੍ਰਣਾਲੀਆਂ ਦੇ ਪ੍ਰਤੀਨਿਧ ਸਨ। ਜੈਕਬ ਆਜੜੀ ਸੀ ਅਤੇ ਈਸਾਊ ਬੰਦੂ ਸ਼ਿਕਾਰੀ ਅਤੇ ਛਾਪਾਮਾਰ ਸੀ। ਭਾਵੇਂ ਈਸਾਊ ਵੱਡਾ ਸੀ ਪਰ ਜੈਕਬ ਨੇ ਧੋਖੇ ਨਾਲ ਵੱਡੇ ਵਾਲੇ ਅਧਿਕਾਰ ਗ੍ਰਹਿਣ ਕਰ ਲਏ। ਫਿਰ ਇਹ ਆਪਣੇ ਪੂਰਵਜਾਂ ਵਾਲੇ ਅਰਾਮੀ ਕਬੀਲੇ ਵਿਚ ਚਲਿਆ ਗਿਆ। ਰਸਤੇ ਵਿਚ ਬੈਥੱਲ (Bethel) ਦੇ ਸਥਾਨ ਤੇ ਇਸ ਨੂੰ ਰੱਬੀ ਇਲਹਾਮ ਹੋਇਆ। ਇਸ ਨੇ ਆਪਣੀਆਂ ਦੋ ਚਚੇਰੀਆਂ ਭੈਣਾਂ ਲੀਆਹ ਅਤੇ ਰਾਸ਼ੇਲ ਨਾਲ ਵਿਆਹ ਕੀਤਾ ਅਤੇ ਬਦਲੇ ਵਿਚ ਦੋਹਾਂ ਲਈ ਸੱਤ ਸੱਤ ਸਾਲ ਉਨ੍ਹਾਂ ਦੇ ਪਿਤਾ ਦੀ ਨੌਕਰੀ ਕੀਤੀ ਅਤੇ ਅਗਲੇ ਛੇ ਸਾਲ ਹੋਰ ਵਾਧੂ ਨੌਕਰੀ ਕਰਕੇ ਬਹੁਤ ਸਾਰਾ ਧਨ ਇੱਕਠਾ ਕੀਤਾ। ਇਸ ਮਗਰੋਂ ਇਹ ਫ਼ਲਸਤੀਨ ਮੁੜ ਆਇਆ। ਦੂਜੀ ਵਾਰੀ ਇਸ ਨੂੰ ਪੈਨੀਅਲ ਦੇ ਸਥਾਨ ਤੇ ਇਲਹਾਮ ਹੋਇਆ। ਉਥੇ ਇਸ ਨੂੰ ਈਸਾਊ ਮਿਲਿਆ ਅਤੇ ਉਸ ਨਾਲ ਸਮਝੌਤਾ ਕਰਕੇ ਇਹ ਕਨਆਨ ਵਿਚ ਵੱਸ ਗਿਆ। ਇਸ ਦੇ 12 ਪੁੱਤਰ ਹੋਏ, 6 ਇਕ ਪਤਨੀ ਦੀ ਕੁੱਖੋਂ ਅਤੇ ਦੋ ਦੂਜੀ ਪਤਨੀ ਅਤੇ ਦੋ-ਦੋ ਦੋਹਾਂ ਦੀਆਂ ਦਾਸੀਆਂ ਦੀ ਕੁੱਖੋਂ ਪੈਦਾ ਹੋਏ। ਇਸ ਦੇ ਜੀਵਨ ਦੇ ਪਿਛਲੇ ਸਾਲਾਂ ਦੀ ਕਹਾਣੀ ਇਸ ਦੇ ਪੁੱਤਰ ਯੂਸਫ਼ ਨਾਲ ਸਬੰਧ ਰੱਖਦੀ ਹੈ ਅਤੇ ਯੂਸਫ਼ ਦੁਆਰਾ ਮਿਸਰ ਵਿਚ ਪ੍ਰਾਪਤ ਕੀਤੀ ਸਫ਼ਲਤਾ ਦਾ ਹੀ ਨਤੀਜਾ ਸੀ ਕਿ ਜੈਕਬ ਅਤੇ ਉਸ ਦੇ ਪੁੱਤਰ ਕਾਲ ਦੇ ਸਮੇਂ ਯੂਸਫ਼ ਕੋਲ ਮਿਸਰ ਚਲੇ ਗਏ। ਉਥੇ ਹੀ ਗੋਸ਼ਨ ਵਿਖੇ ਜੈਕਬ ਦੀ ਮੌਤ ਹੋਈ। ਇਸ ਨੂੰ ਫ਼ਲਸਤੀਨ ਵਿਚ ਦਫ਼ਨਾਇਆ ਗਿਆ।

ਕੁਰਾਨ ਵਿਚ ਜੈਕਬ (ਯਾਕੂਬ) ਦਾ ਜ਼ਿਕਰ ਮੱਕੇ ਦੇ ਇਬਤਦਾਈ ਸੂਰਿਆਂ ਵਿਚ ਆਉਂਦਾ ਹੈ ਜਿਥੇ ਇਸ ਨੂੰ ਇਸਹਾਕ ਦਾ ਭਰਾ ਅਤੇ ਇਬਰਾਹੀਮ ਦਾ ਪੁੱਤਰ ਕਿਹਾ ਗਿਆ ਹੈ।

ਹ. ਪੁ. -ਐਨ. ਬ੍ਰਿ. 12: 834

**ਜੈਕਬ (ਆਫ਼ ਇਡੈਸਾ)** : ਇਹ ਪੁਰਾਣੇ ਮੈਸੋਪੋਟਾਮੀਆਂ (ਮੌਜੂਦਾ ਇਰਾਕ) ਖੇਤਰ ਦਾ ਇਕ ਪ੍ਰਸਿੱਧ ਜੈਕੋਬਾਈਟ ਧਰਮ-ਵਿਗਿਆਨੀ, ਇਤਿਹਾਸਕਾਰ, ਫ਼ਿਲਾਸਫ਼ਰ ਅਤੇ ਵਿਆਕਰਣ-ਸ਼ਾਸਤਰੀ ਸੀ। ਇਸ ਦਾ ਜਨਮ ਐਨ. ਡੈਬਾ ਵਿਖੇ ਲਗਭਗ 640 ਈ. ਵਿਚ ਹੋਇਆ। ਲ.ਭ. 684 ਈ. ਵਿਚ ਇਹ ਇਡੈਸਾ ਦਾ ਬਿਸ਼ਪ ਬਣ ਗਿਆ। ਇਹ ਅਧਿਐਨ ਅਤੇ ਅਧਿਆਪਨ ਵਿਚ ਪੂਰੀ ਲਗਨ ਨਾਲ ਲੱਗਾ ਰਿਹਾ। ਇਸ ਨੇ ਸੀਰੀਆਈ ਧਰਮ ਉਪਦੇਸ਼ਾਂ ਨੂੰ ਵਾਰਤਕ ਅਤੇ ਕਵਿਤਾ ਵਿਚ ਲਿਖਿਆ ਅਤੇ ਪੁਰਾਣੀ ਤੇ ਨਵੀਂ ਬਾਈਬਲ ਉੱਤੇ ਟੀਕੇ ਵੀ ਤਿਆਰ ਕੀਤੇ। ਇਸ ਨੇ ਪੇਸ਼ਿਟਾ ਦੀ ਪੁਰਾਣੀ ਬਾਈਬਲ ਦੀ ਯੂਨਾਨੀ ਅਤੇ ਸੀਰੀਆਈ ਜਿਲਦਾਂ ਦੇ ਆਧਾਰ ਤੇ ਸੋਧ ਕੀਤੀ। ਇਸ ਤੋਂ ਇਲਾਵਾ ਇਸ ਨੇ ਯੂਨਾਨੀ ਤੋਂ ਅਨੁਵਾਦ ਵੀ ਕੀਤੇ ਜਿਨ੍ਹਾਂ ਵਿਚੋਂ ਐਂਟੀਓਕ ਦੇ ਸੈਵੀਰਸ ਦੀ 'Homiliae Cathedrales' ਖ਼ਾਸ ਵਰਣਨਯੋਗ ਹੈ। ਸੀਰੀਆਈ ਗਰਾਮਰ ਵੀ ਸਭ ਤੋਂ ਪਹਿਲਾਂ ਇਸੇ ਨੇ ਤਿਆਰ ਕੀਤਾ ਸੀ।

ਇਸ ਦੀ ਮੌਤ 708 ਈ. ਵਿਚ ਹੋਈ।

ਹ. ਪੁ. -ਐਨ. ਬ੍ਰਿ. 12: 834

**ਜੈਕਬਜ਼, ਵਿਲੀਅਮ ਵਾਈਮਾਰਕ** : ਅੰਗਰੇਜ਼ੀ ਦੇ ਇਸ ਪ੍ਰਸਿੱਧ ਕਹਾਣੀ ਲੇਖਕ ਦਾ ਜਨਮ 8 ਸਤੰਬਰ, 1863 ਨੂੰ ਲੰਡਨ ਵਿਖੇ ਹੋਇਆ। ਇਸ ਨੇ ਆਪਣੀਆਂ ਕਹਾਣੀਆਂ ਵਿਚ ਮਲਾਹਾਂ ਅਤੇ ਗੋਦੀਵਾੜਾ ਮਜ਼ਦੂਰਾਂ ਦੇ ਜੀਵਨ ਨੂੰ ਚਿਤਰਿਆ ਹੈ। ਇਸ ਦੀਆਂ ਪੁਸਤਕਾਂ ਤੋਂ ਸੂਖਮ ਮਜ਼ਾਕ ਅਤੇ ਸੰਕੋਚਵੀਂ ਸ਼ੈਲੀ ਦੀ ਝਲਕ ਮਿਲਦੀ ਹੈ। ਭਾਵੇਂ ਇਸ ਦੇ ਮਲਾਹ ਸਮੁੰਦਰ ਵਿਚ ਘੱਟ ਹੀ ਜਾਂਦੇ ਹਨ ਪਰੰਤੂ ਉਨ੍ਹਾਂ ਦੇ ਸਾਹਿਲੀ ਕਾਰਨਾਮੇ ਇਸ ਦੀਆਂ ਬਹੁਤ ਸਾਰੀਆਂ ਟੁੰਬਣਸ਼ੀਲ ਕਹਾਣੀਆਂ ਦਾ ਵਿਸ਼ਾ ਹਨ। ਇਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਮੈਨੀ ਕਾਰਗੋਜ਼' (1896) ਬਹੁਤ ਸਫ਼ਲ ਰਿਹਾ ਅਤੇ ਇਸ ਮਗਰੋਂ ਇਸ ਦੇ ਦੋ ਹੋਰ ਸੰਗ੍ਰਹਿ 'ਦੀ ਸਕਿਪਰਜ਼ ਵੂਇੰਗ' (1897) ਅਤੇ 'ਸੀ ਅਰਚਿਨਜ਼' ਪ੍ਰਕਾਸ਼ਿਤ ਹੋਏ। ਇਸ ਦੀ ਸਭ ਤੋਂ ਪ੍ਰਸਿੱਧ ਕਹਾਣੀ 'ਦੀ ਮੰਕੀਜ਼ ਪਾਅ' ਨੂੰ ਕਲਾਸਿਕ ਦਾ ਦਰਜਾ ਪ੍ਰਾਪਤ ਹੋਇਆ ਅਤੇ ਬਹੁਤ ਵਾਰ ਇਸ ਦਾ ਨਾਟਕੀਕਰਣ ਕੀਤਾ ਗਿਆ। ਸੰਨ 1931 ਵਿਚ 'ਸਨੱਗ ਹਾਰਬਰ' ਨਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਗਿਆ ਜਿਸ ਵਿਚ ਇਸ ਦੀਆਂ ਰਚਨਾਵਾਂ ਦੀਆਂ 17 ਜਿਲਦਾਂ ਸ਼ਾਮਲ ਸਨ।

ਇਕ ਸਤੰਬਰ, 1943 ਨੂੰ ਲੰਡਨ ਵਿਖੇ ਜੈਕਬਜ਼ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ., 12: 838

**ਜੈਕਬ ਬਿਨ ਅਸਰ** : ਇਹ ਯਹੂਦੀ ਕਾਨੂੰਨ ਨੂੰ ਸੰਘਤਾਬੱਧ ਕਰਨ ਵਾਲਾ ਵਿਦਵਾਨ ਸੀ। ਇਸ ਦਾ ਜਨਮ ਜਰਮਨੀ ਵਿਚ ਲ.ਭ. 1269 ਵਿਚ ਹੋਇਆ। ਇਸ ਦਾ ਪਿਤਾ ਅਸਰ ਬਿਨਾ ਯਹੀਲ ਵੀ ਇਕ ਵੱਡਾ ਧਾਰਮਿਕ ਵਿਦਵਾਨ ਸੀ। 1303 ਵਿਚ ਜੈਕਬ ਆਪਣੇ ਪਿਤਾ ਤੇ ਭਰਾਵਾਂ ਸਮੇਤ ਸਪੇਨ ਚਲਾ ਗਿਆ। ਆਪਣੇ ਪਿਤਾ ਵਾਂਗ ਇਹ ਧਰਮੀ ਨਹੀਂ

ਬਣਿਆ, ਸਗੋਂ ਗੁਜ਼ਾਰੇ ਲਈ ਸ਼ਾਹੂਕਾਰਾ ਕਰਦਾ ਸੀ। ਇਸ ਨੇ ਸਾਰੇ ਯਹੂਦੀ ਕਾਨੂੰਨ ਨੂੰ ਚਾਰ ਸ਼੍ਰੇਣੀਆਂ ਵਿਚ ਵੰਡ ਦਿੱਤਾ।

(1) ਓਰਾਹ ਹਯੀਮ (Orah Hayyim) – ਇਸ ਵਿਚ ਯਹੂਦੀਆਂ ਦੀਆਂ ਪ੍ਰਾਰਥਨਾਵਾਂ ਅਤੇ ਧਾਰਮਿਕ ਰੀਤਾਂ ਦੀ ਪਾਲਣਾ ਸਬੰਧੀ ਕਾਨੂੰਨ ਹਨ, (2) ਯੋਰ ਦੀ ਆ (Yore De, ah) – ਇਸ ਸ਼੍ਰੇਣੀ ਵਿਚ ਕਰਨਯੋਗ ਅਤੇ ਨਾ ਕਰਨਯੋਗ ਗੱਲਾਂ ਸੰਬੰਧੀ ਕਾਨੂੰਨ ਹਨ, ਜਿਵੇਂ ਕਿ ਆਹਾਰ ਸੰਬੰਧੀ (3) ਈਵਨ ਹਾ ਐਜੇਰ (Even ha Ezer) – ਇਸ ਵਿਚ ਪਰਿਵਾਰਕ ਸਬੰਧਾਂ ਬਾਰੇ ਕਾਨੂੰਨ ਹਨ, ਜਿਵੇਂ ਵਿਆਹ ਤੇ ਤਲਾਕ ਆਦਿ ਅਤੇ (4) ਹੋਸ਼ਨ ਮਿਸ਼ਪਤ (Hoshen Mishpat) – ਇਸ ਵਿਚ ਦੀਵਾਨੀ ਅਤੇ ਫ਼ੌਜਦਾਰੀ ਕਾਨੂੰਨ ਸ਼ਾਮਲ ਹਨ। ਇਸ ਨੇ ਉਹ ਸਾਰੇ ਕਾਨੂੰਨ ਅਤੇ ਰਿਵਾਜ ਜਿਹੜੇ ਕਿ 70 ਈ. ਵਿਚ 'ਸੈਕਿੰਡ ਟੈਪਲ' ਦੀ ਤਬਾਹੀ ਪਿੱਛੋਂ ਬੰਦ ਹੋ ਗਏ ਸਨ, ਆਪਣੀ ਪੁਸਤਕ ਵਿਚੋਂ ਕੱਢ ਦਿੱਤੇ। ਜੈਕਬ ਦੇ ਇਸ ਕਾਨੂੰਨ ਨੇ ਪਹਿਲਾਂ ਚਲ ਰਹੇ ਕਾਨੂੰਨਾਂ ਦੀ ਥਾਂ ਲੈ ਲਈ। ਇਸ ਦੀ ਮੌਤ ਸਪੇਨ ਵਿਚ ਤੋਲੀਦੋ ਵਿਖੇ ਸ਼ਾਇਦ 1340 ਈ. ਵਿਚ ਹੋਈ।

ਹ. ਪੁ. -ਐਨ. ਬ੍ਰਿ. 12: 836 ; ਐਨ. ਬ੍ਰਿ. ਮਾ. 5:492

**ਜੈਕਬ, ਮਾਕਸ** (Jacob, Max) : ਇਹ ਫ਼ਰਾਂਸੀਸੀ ਕਵੀ ਸੀ ਜਿਸ ਨੇ ਅਜੋਕੀ ਕਵਿਤਾ ਵਿਚ ਨਵੀਆਂ ਲੀਹਾਂ ਪਾਈਆਂ। ਇਸ ਦਾ ਜਨਮ ਬ੍ਰਿਟੇਨ ਵਿਚ ਕੈਪੀਅਰ (Quimper) ਵਿਖੇ 12 ਜੁਲਾਈ, 1876 ਨੂੰ ਹੋਇਆ। ਸੰਨ 1894 ਵਿਚ ਇਹ ਪੈਰਿਸ ਚਲਾ ਗਿਆ ਜਿਥੇ ਇਹ ਬਹੁਤ ਗਰੀਬੀ ਵਿਚ ਰਿਹਾ। ਇਸ ਦੀਆਂ ਲਿਖਤਾਂ ਯਹੂਦੀ, ਕੈਥੋਲਿਕ ਅਤੇ ਪੈਰਿਸੀ ਆਦਿ ਕਈ ਤੱਤਾਂ ਦਾ ਮਿਲਗੋਭਾ ਹਨ। ਸੰਨ 1909 ਵਿਚ ਇਹ ਈਸਾਈ ਬਣ ਗਿਆ। ਸੰਨ 1915 ਵਿਚ ਇਹ ਰੋਮਨ ਕੈਥੋਲਿਕ ਬਣਿਆ। ਪੈਰਿਸ ਵਿਚ ਪਾਬਲੋ ਪਿਕਾਸੋ ਤੇ ਜੁਆਨ ਗ੍ਰਿਸ ਵਰਗੇ ਚਿੱਤਰਕਾਰਾਂ ਅਤੇ ਗੀਯਾਮ ਵਰਗੇ ਕਵੀਆਂ ਦਾ ਦੋਸਤ ਸੀ। ਜੈਕਬ ਦੀਆਂ ਬਹੁਤ ਵੱਡੀਆਂ ਅਤੇ ਮਹੱਤਵਪੂਰਣ ਕ੍ਰਿਤਾਂ ਵਿਚੋਂ 'Le Connet a des' (1917), 'Le Laboratoire central' (1921), 'Poemes de Morvanle, Gaelique' (1953), 'Le Sacrifice imperial (1929), 'Sanit Matoral' (1909) ਅਤੇ 'La efence de Tortufe' (1919) ਪ੍ਰਸਿੱਧ ਹਨ।

ਇਸ ਦੀ ਮੌਤ 5 ਮਾਰਚ, 1944 ਨੂੰ ਹੋਈ।

ਹ. ਪੁ. -ਐਨ. ਬ੍ਰਿ. 12: 835

**ਜੈਕ ਰੈਬਿਟ** : ਉੱਤਰੀ ਅਮਰੀਕਾ ਦੇ ਪੱਛਮੀ ਇਲਾਕਿਆਂ ਵਿਚ ਮਿਲਣ ਵਾਲੇ ਖਰਗੋਸ਼ਾਂ ਦੀਆਂ ਕਈ ਜਾਤੀਆਂ ਲਈ ਇਹ ਨਾਂ ਵਰਤਿਆ ਜਾਂਦਾ ਹੈ। ਸਭ ਤੋਂ ਵੱਧ ਮਿਲਣ ਵਾਲੀ ਅਤੇ ਆਮ ਜਾਤੀ ਕਾਲੀ ਪੂਛ ਵਾਲੇ ਖਰਗੋਸ਼ਾਂ ਦੀ ਹੈ। ਜਿਨ੍ਹਾਂ ਨੂੰ ਕੈਲਿਫੋਰਨੀਆ ਵਿਚ ਜੈਕ ਰੈਬਿਟ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦਾ ਵਿਗਿਆਨਕ ਨਾਂ ਲੀਪਸ ਕੈਲਿਫੋਰਨੀਕਸ (Lepus Californicus) ਹੈ। ਇਹ ਵਾਸ਼ਿੰਗਟਨ, ਡੀ. ਸੀ. ਅਤੇ ਦੱਖਣੀ ਡਾਕੋਟਾ ਤੋਂ ਲੈ ਕੇ ਮੱਧ ਮੈਕਸੀਕੋ ਤਕ ਮਿਲਦੇ ਹਨ। ਇਸਦੀ ਵਿਸ਼ੇਸ਼ਤਾ ਇਸ ਦੀ ਪੂਛ ਹੈ ਜਿਸ ਉਤੇ ਇਕ ਕਾਲੇ ਰੰਗ ਦੀ ਧਾਰੀ ਹੁੰਦੀ ਹੈ ਜੋ ਇਸ ਦੀ ਪਿੱਠ ਉਪਰ ਤੱਕ ਜਾਂਦੀ ਹੈ। ਚਿੱਟੀ ਪੂਛ ਵਾਲੇ ਜੈਕ ਰੈਬਿਟ (L. townsendii) ਆਮ ਮਿਲਣ ਵਾਲੇ ਜੈਕ ਰੈਬਿਟ ਨਾਲੋਂ ਚਿੱਟੀ ਪੂਛ ਕਾਰਨ ਨਿਖੇੜੇ ਜਾਂਦੇ ਹਨ। ਇਸ ਕਿਸਮ ਵਿਚ ਪੂਛ ਚਿੱਟੀ ਜਾਂ ਪੀਲੇ ਧੱਬਿਆਂ ਵਾਲੀ ਹੁੰਦੀ ਹੈ। ਕਿਸਮ ਐਲਬਰਟਾ ਤੋਂ ਨਿਊ ਮੈਕਸੀਕੋ ਅਤੇ ਇਲੀਨਾਏ ਤੋਂ ਕੈਲਿਫੋਰਨੀਆ ਤੱਕ ਮਿਲਦੀ ਹੈ। ਜੈਕ ਰੈਬਿਟ ਦੀਆਂ ਹੋਰ ਜਾਤੀਆਂ ਮੈਕਸੀਕੋ ਦੇ ਦੂਰ ਦੱਖਣ ਤਕ ਮਿਲਦੀਆਂ ਹਨ। ਇਹ ਖ਼ਰਗੋਸ਼ ਕਿਸਮ ਹਰ ਸਾਲ ਤਿੰਨ ਜਾਂ ਚਾਰ ਵਾਰੀ ਤੋਂ ਛੇ ਤੱਕ ਬੱਚੇ ਦਿੰਦੀ ਹੈ।

ਹ. ਪੁ. -ਐਨ. ਬ੍ਰਿ. 12: 827

**ਜੈਕਲਿੰਗ, ਡੈਨੀਅਲ ਕੋਵਾਨ** : ਇਸ ਅਮਰੀਕਨ ਖਾਣ-ਖੁਦਾਈ ਇੰਜੀਨੀਅਰ ਅਤੇ ਧਾਤ ਕਰਮ-ਵਿਗਿਆਨੀ ਦਾ ਜਨਮ 14 ਅਗਸਤ, 1869 ਨੂੰ ਅਪੈਲਟਨ ਸ਼ਹਿਰ ਨੇੜੇ ਇਕ ਫ਼ਾਰਮ ਵਿਚ ਹੋਇਆ। ਸੰਨ 1892 ਵਿਚ ਇਸ ਨੇ ਮਿਜ਼ੂਰੀ ਸਕੂਲ ਆਫ਼ ਮਾਈਨਜ਼ (ਰੱਲਾ) ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਇਥੇ ਅਤੇ ਕਾਲੋਰਾਡੋ ਵਿਚ ਬਤੌਰ ਰਸਾਇਣ ਅਤੇ ਧਾਤਕਰਮ-ਵਿਗਿਆਨੀ ਕੰਮ ਕੀਤਾ।

ਜਦੋਂ ਇਹ ਮਰਕਰ, ਊਟਾ ਵਿਖੇ ਸੋਨੇ ਦੀਆਂ ਕੱਚੀਆਂ ਧਾਤਾਂ ਉੱਤੇ ਖੋਜ ਕਰ ਰਿਹਾ ਸੀ ਤਾਂ ਇਸ ਨੂੰ ਬਿੰਗੈਮ ਕੈਨਯਨ ਵਿਚ ਤਾਂਬੇ ਦੀ ਖੋਜ ਉੱਤੇ ਇਕ ਰਿਪੋਟ ਪੇਸ਼ ਕਰਨ ਲਈ ਨਿਯੁਕਤ ਕੀਤਾ ਗਿਆ। ਇਸ ਦੀ ਇਸ ਇਤਿਹਾਸਿਕ ਰਿਪੋਟ ਨੇ ਕੁਝ ਸਾਲਾਂ ਮਗਰੋਂ (1905) ਊਟਾ ਕਾੱਪਰ ਕੰਪਨੀ ਸ਼ੁਰੂ ਕਰਾ ਦਿੱਤੀ। ਇਸ ਨੇ ਨੈਵੇਦਾ ਕਨਸਾਲੀਡੇਟਿਡ ਕਾੱਪਰ ਕੰਪਨੀ, ਕੈੱਨੀਕਾੱਟ ਕਾੱਪਰ ਕਾਰਪੋਰੇਸ਼ਨ ਅਤੇ ਮੈੱਸਾਬੀ ਆਇਰਨ ਕੰਪਨੀ ਵਿਚ ਵੀ ਸੇਵਾ ਕੀਤੀ। ਸਰਕਾਰੀ ਵਿਸਫੋਟ ਪਲਾਂਟਾਂ ਦੇ ਬਣਾਉਣ ਅਤੇ ਉਨ੍ਹਾਂ ਨੂੰ ਚਲਾਉਣ ਲਈ (1917-19) ਇਸਨੂੰ ਵਿਸ਼ੇਸ਼ ਸੇਵਾ ਤਮਗਾ ਮਿਲਿਆ। ਸੰਨ 1914 ਤੋਂ ਇਹ ਕੈਲਿਫੋਰਨੀਆ ਵਿਚ ਫਰਾਂਸਿਸਕੋ ਵਿਖੇ ਰਹਿਣ ਲੱਗਾ ਜਿਥੇ 13 ਮਾਰਚ, 1956 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 826

**ਜੈਕਾਨਾ** : ਇਹ ਕੈਰਾਡ੍ਰਾਇਫ਼ਾੱਰਮੀਜ਼ ਵਰਗ ਦੀ ਜੈਕੇਨਿਡੀ ਕੁਲ ਦਾ ਪੰਛੀ ਹੈ ਜਿਸ ਦੀਆਂ ਕਈ ਜਾਤੀਆਂ ਹਨ। ਇਸ ਨੂੰ 'ਲਿਲ-ਟ੍ਰਾਟਰ' 'ਲੋਟਸ-ਬਰਡ' ਵੀ ਕਹਿੰਦੇ ਹਨ। ਇਹ ਪਾਣੀ ਵਿਚ ਰਹਿਣ ਵਾਲਾ ਪੰਛੀ ਹੈ ਜਿਹੜਾ ਦੁਨੀਆ ਦੇ ਗਰਮ ਹਿੱਸਿਆਂ, ਬਹੁਤਾ ਕਰਕੇ ਊਸ਼ਣ-ਖੰਡਾਂ ਦੇ ਛੱਪੜ ਦੇ ਤਟੀ ਦਲਦਲਾਂ, ਝੀਲਾਂ ਜਾਂ ਹੌਲੀ ਹੌਲੀ ਵਹਿੰਦੇ ਦਰਿਆਵਾਂ ਦੇ ਪਾਣੀਆਂ ਵਿਚ ਰਹਿੰਦਾ ਹੈ। ਇਸ ਦੀ ਖ਼ਾਸੀਅਤ ਇਸ ਦੀਆਂ ਮੱਕੜੀ ਵਰਗੀਆਂ ਉਂਗਲਾਂ ਅਤੇ ਉਨ੍ਹਾਂ ਉੱਤੇ ਲੰਬੀਆਂ, ਸਿੱਧੀਆਂ ਨਹੁੰਦਰਾਂ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਇਹ ਪਾਣੀ ਵਿਚ ਤੈਰਦੀ ਬਨਸਪਤੀ ਉੱਤੇ ਬੜੀ ਜਲਦੀ ਜਲਦੀ ਤੁਰ ਸਕਦਾ ਹੈ। ਇਹ ਪੰਛੀ ਤਕਰੀਬਨ 16-53 ਸੈਂ. ਮੀ. ਲੰਬਾ, ਨੋਕੀਲੀ ਚੁੰਝ, ਛੋਟੀ ਪੂਛ ਅਤੇ ਚੌੜੇ ਖੰਭਾਂ ਵਾਲਾ ਹੁੰਦਾ ਹੈ। ਕਈ ਜਾਤੀਆਂ ਦੇ ਮੱਥੇ ਉਤੇ (ਅੱਖਾਂ ਦੇ ਵਿਚਕਾਰ) ਇਕ ਪ੍ਰਤੱਖ ਲਾਲ, ਨੀਲੇ ਜਾਂ ਪੀਲੇ ਰੰਗ ਦੀ ਸ਼ੀਲਡ ਹੁੰਦੀ ਹੈ। ਨਰ ਅਤੇ ਮਾਦਾ ਦੇਖਣ ਵਿਚ ਇਕੋ ਜਿਹੇ ਲਗਦੇ ਹਨ, ਸਿਰਫ਼ ਆਕਾਰ ਵਿਚ ਮਾਦਾ ਕੁਝ ਵੱਡੀ ਹੁੰਦੀ ਹੈ। ਇਨ੍ਹਾਂ ਦਾ ਮੁੱਖ ਆਹਾਰ ਜਲੀ-ਪੌਦਿਆਂ ਦੇ ਬੀਜ, ਜਲੀ-ਕੀੜੇ ਮਕੌੜੇ, ਸਨੇਲ ਜਾਂ ਹੋਰ ਜਲੀ ਰੀੜ੍ਹ-ਰਹਿਤ ਪ੍ਰਾਣੀ ਹਨ। ਕਦੀ ਕਦਾਈਂ ਇਹ ਛੋਟੀਆਂ ਛੋਟੀਆਂ ਮੱਛੀਆਂ ਵੀ ਖਾ ਲੈਂਦੇ ਹਨ। ਇਹ ਛੋਟੀਆਂ ਛੋਟੀਆਂ ਡਾਰਾਂ ਵਿਚ ਇੱਕਠੇ ਰਹਿੰਦੇ ਹਨ ਪਰ ਆਲ੍ਹਣੇ ਆਪਣੇ ਆਪਣੇ ਬਣਾਉਂਦੇ ਹਨ।

ਇਨ੍ਹਾਂ ਦਾ ਆਲ੍ਹਣਾ ਪਾਣੀ ਵਿਚ ਤੈਰਦੀ ਬਨਸਪਤੀ ਵਿਚ ਇਕ ਟੋਏ ਜਿਹੇ ਵਿਚ ਹੁੰਦਾ ਹੈ ਜਿਸ ਵਿਚ ਇਹ ਤਕਰੀਬਨ ਚਾਰ, ਗੂੜ੍ਹੇ ਭੂਰੇ ਜਾਂ ਚਮਕਦੇ ਜਾਂ ਭੂਰੇ ਜਾਂ ਕਾਲੇ ਰੰਗ ਦੇ ਡਿਜ਼ਾਇਨਾਂ ਵਾਲੇ ਅੰਡੇ ਦਿੰਦੇ ਹਨ। ਅੰਡੇ-ਸੇਣ-ਸਮਾਂ 22-24 ਦਿਨ ਹੁੰਦਾ ਹੈ। ਬਹੁਤੀਆਂ ਜਾਤੀਆਂ ਵਿਚ ਅੰਡੇ ਸੇਣ ਅਤੇ ਬੱਚਿਆਂ ਦੀ ਦੇਖ-ਭਾਲ ਦਾ ਕੰਮ ਨਰ ਤੇ ਮਾਦਾ ਦੋਨੋਂ ਜਾਂ ਸਿਰਫ਼ ਮਾਦਾ ਹੀ ਕਰਦੀ ਹੈ। ਕੁਝ ਜਾਤੀਆਂ ਵਿਚ ਇਹ ਦੋਨੋਂ ਕੰਮ ਇਕੱਲਾ ਨਰ ਹੀ ਕਰਦਾ ਹੈ ਜਦੋਂ ਕਿ ਮਾਦਾ ਮਿਲਨ-ਉਡਾਰੀ ਅਤੇ ਖੇਤਰ ਦੀ ਰੱਖਿਆ ਦੇ ਕੰਮਾਂ ਵਿਚ ਹਾਵੀ ਹੁੰਦੀ ਹੈ।

ਹ. ਪੁ.–ਐਨ. ਬ੍ਰਿ. 12 : 825; ਐਨ. ਬ੍ਰਿ. ਮਾ. 5:486

**ਜੈਕਾਰਾ** : ਇਹ ਜੈ ਧੁਨੀ ਹੈ ਜਿਸਨੂੰ ਜੈਕਾਰ ਵੀ ਕਿਹਾ ਜਾਂਦਾ ਹੈ। ਜੈ ਸ਼ਬਦ ਦਾ ਉੱਚੇ ਸੁਰ ਨਾਲ ਉਚਾਰਣ ਜੈਕਾਰਾ ਕਹਾਉਂਦਾ ਹੈ, ਜਿਵੇਂ ਉੱਚੇ ਸੁਰ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ' ਅਤੇ 'ਸਤਿ ਸ੍ਰੀ ਅਕਾਲ' ਦਾ ਨਾਹਰਾ। ਜੈਕਾਰਾ ਸ਼ਬਦ ਗੁਰਬਾਣੀ ਵਿਚ 'ਜੈਕਾਰੁ' ਵਜੋਂ

ਵੀ ਆਉਂਦਾ ਹੈ–'ਸੰਤ ਸਭਾ ਕਉ ਸਦਾ ਜੈਕਾਰੁ' (ਗਉ. ਮ. 5)। ਖ਼ਾਲਸੇ ਦਾ ਜੈਕਾਰਾ ਇਹ ਹੈ–

ਸਭ ਧਰਤੀ ਹਲਚਲ ਭਈ ਛੋਡਯੋ ਘਰਬਾਰਾ,
ਸ਼ਾਹ ਪਾਤਸ਼ਾਹ ਅਮੀਰੜੇ ਖਪਿ ਹੋਏ ਛਾਰਾ,
ਸਤਿਗੁਰ ਬਾਝਹੁ ਕੋ ਨਹੀ ਕਾਟਲਹਾਰਾ,
ਚੜ੍ਹਿਆ ਗੁਰੂ ਗੁਬਿੰਦਸਿੰਘ ਲੈ ਧਰਮ ਨਗਾਰਾ,

ਭੇਖੀ ਭਰਮੀਆਂ ਦੀ ਸਭਾ ਉਠਾਇਕੇ, ਦਬੜੂ ਘੁਸੜੂ ਨੂੰ ਭਾਜੜਾਂ ਪਾਇਕੈ, ਖੋਟੇ ਖਚਰੇ ਦੀ ਸਫਾ ਸਮੇਟਕੇ, ਗੁਰਸਿੰਘਾਂ ਰਚਿਆ ਜੈਕਾਰਾ, ਜੋ ਗਜਕੇ ਬੁਲਾਵੇ ਸੋ ਗੁਰੂ ਕਾ ਪਿਆਰਾ–ਸਤਿ ਸ੍ਰੀ ਅਕਾਲ, ਗੁਰਬਰ ਅਕਾਲ।

ਨਿਹੰਗ ਸਿੰਘ ਜਿਸ ਗੁਰਦੁਆਰੇ ਜਾਂਦੇ ਹਨ, ਉਸ ਗੁਰਦੁਆਰੇ ਨਾਲ ਸਬੰਧਤ ਗੁਰੂ ਜਾਂ ਸ਼ਹੀਦ ਨੂੰ ਸੰਬੋਧਨ ਕਰਕੇ ਉੱਚੀ ਆਵਾਜ਼ ਵਿਚ ਜੈਕਾਰੇ ਛਡਦੇ ਹਨ। ਮਿਸਾਲ ਵਜੋਂ ਜਦੋਂ ਨਿਹੰਗ ਸਿੰਘ ਫਤਹਿਗੜ੍ਹ ਸਾਹਿਬ ਜਾਂਦੇ ਹਨ ਤਾਂ ਜੈਕਾਰਾ ਇਉਂ ਛਡਦੇ ਹਨ–

ਜੈਕਾਰਾ ਬੁਲਾਵੇ ਫਤਹਿ ਪਾਵੈ, ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਨੂੰ ਭਾਵੇ, ਸਤਿ ਸ੍ਰੀ ਅਕਾਲ।

ਹ. ਪੁ. -ਮ. ਕੋ. : 533

**ਜੈਕੋਬ, ਫ਼ਰਾਂਸਵਾ** : ਨੋਬਲ ਪ੍ਰਾਈਜ਼ ਜੇਤੂ ਇਸ ਜੀਵ-ਵਿਗਿਆਨੀ ਦਾ ਜਨਮ 17 ਜੂਨ, 1920 ਨੂੰ ਨੈਂਸੀ, ਫ਼ਰਾਂਸ ਵਿਖੇ ਹੋਇਆ। ਇਸਨੂੰ 1965ਦਾ ਫ਼ਿਜ਼ਿਆਲੋਜੀ ਜਾਂ ਮੈਡੀਸਨ ਦਾ ਨੋਬਲ ਪੁਰਸਕਾਰ (ਆਂਡਰੇ ਲੁਆਫ਼ ਅਤੇ ਜੈਕੁਅਸ ਮਾੱਨੋਡ ਨਾਲ ਸਾਂਝਾ) ਜੀਵਾਣੂਆਂ ਵਿਚ ਨਿਯੰਤ੍ਰਕ ਕਿਰਿਆਸ਼ੀਲਤਾ ਦੀ ਖੋਜ ਸਦਕਾ ਮਿਲਿਆ।



ਫ਼ਰਾਂਸਵਾ ਜੈਕੋਬ

ਸੰਨ 1947ਵਿਚ ਇਸ ਨੇ ਐੱਮ. ਡੀ. ਅਤੇ 1954 ਵਿਚ ਡਾਕਟ੍ਰੇਟ ਦੀ ਡਿਗਰੀ ਹਾਸਲ ਕੀਤੀ। ਸੰਨ 1950ਵਿਚ ਪਾਸਚਰ ਇੰਸਟੀਚਿਊਟ ਵਿਚ ਖੋਜ ਸਹਾਇਕ ਦੇ ਤੌਰ ਤੇ ਕੰਮ ਸ਼ੁਰੂ ਕੀਤਾ ਅਤੇ ਇਨ੍ਹਾਂ ਤਿੰਨਾਂ ਨੋਬਲ ਪੁਰਸਕਾਰ ਜੇਤੂਆਂ ਨੇ ਆਪਣੀ ਖੋਜ ਦਾ ਬਹੁਤਾ ਕੰਮ ਇਥੇ ਹੀ ਕੀਤਾ।

ਇਸ ਨੇ ਦੱਸਿਆ ਕਿ ਜੀਵਾਣੂ ਦੇ ਜੀਨ ਇਕ ਚੱਕਰ ਵਿਚ ਇਕੋ ਲਾਈਨ ਵਿਚ ਤਰਤੀਬਬੱਧ ਹੁੰਦੇ ਹਨ ਅਤੇ ਇਹ ਚੱਕਰ ਕਿਸੇ ਵੀ ਨੁਕਤੇ ਤੇ ਟੁੱਟ ਸਕਦਾ ਹੈ। ਜੈਕੋਬ ਅਤੇ ਮਾੱਨੋਡ ਨੇ ਜੀਵਾਣੂ ਦੇ ਐੱਨਜ਼ਾਈਮ ਬਣਨ ਦੀ ਰੈਗੂਲੇਸ਼ਨ ਉਤੇ ਸਾਂਝਾ ਕੰਮ (1958) ਸ਼ੁਰੂ ਕੀਤਾ। ਇਨ੍ਹਾਂ ਦਾ ਮੁੱਖ ਕੰਮ ਨਿਯੰਤ੍ਰਕ-ਜੀਨਾਂ ਦੀ ਖੋਜ ਸੀ। ਇਨ੍ਹਾਂ ਜੀਨਾਂ ਨੂੰ ਇਹ ਨਾਂ ਉਨ੍ਹਾਂ ਦੇ ਰਚਨਾਤਮਕ ਜੀਨਾਂ ਦੀਆਂ ਕਿਰਿਆਵਾਂ ਨੂੰ ਨਿਯੰਤ੍ਰਿਤ ਕਰਨ ਕਰਕੇ ਦਿੱਤਾ ਗਿਆ। ਇਨ੍ਹਾਂ ਨੇ ਇਕ ਆਰ. ਐਨ. ਏ. ਵਾਹਕ ਦੀ ਹੋਂਦ ਬਾਰੇ ਵੀ ਦੱਸਿਆ ਜਿਹੜਾ ਕਿ ਸੈੱਲ ਦੇ ਦੂਜੇ ਹਿੱਸਿਆਂ ਤੱਕ ਜੈਨੇਟਿਕ ਸੂਚਨਾ ਲਿਜਾਂਦਾ ਹੈ। ਇਨ੍ਹਾਂ ਨੇ ਇਹ ਵੀ ਦੱਸਿਆ ਕਿ ਇਕ ਸਾਧਾਰਣ ਸੈੱਲ ਵਿਚ ਨਿਯੰਤ੍ਰਿਤ ਅਤੇ ਰਚਨਾਤਮਕ ਜੀਨਾਂ ਵਿਚ ਸੰਤੁਲਨ ਹੁੰਦਾ ਹੈ ਜਿਸ ਕਰਕੇ ਸੈੱਲ ਕਈ ਹਾਲਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਸਕਦਾ ਹੈ ਪਰ ਇਸ ਸੰਤੁਲਿਤ ਹਾਲਤ ਵਿਚ ਕਿਸੇ ਰੁਕਾਵਟ ਨਾਲ ਨਵੇਂ ਐੱਨਜ਼ਾਈਮ ਬਣਦੇ ਹਨ ਜਿਹੜੇ ਸੈੱਲ ਲਈ ਲਾਭਦਾਇਕ ਜਾਂ ਨੁਕਸਾਨਦੇਹ ਵੀ ਹੋ ਸਕਦੇ ਹਨ।

ਹ. ਪੁ.–ਐਨ. ਬ੍ਰਿ. ਮਾ. 5: 491

**ਜੈਕੋਬਾਈਟਸ** : ਸੰਨ 1688ਦੀ ਕ੍ਰਾਂਤੀ ਤੋਂ ਬਾਅਦ ਜਲਾਵਤਨ ਕੀਤੇ ਗਏ ਸਟੂਅਰਟ ਬੰਸ ਦੇ ਰਾਜੇ ਜੇਮਜ਼ ਦੂਜੇ (ਜਿਸਨੂੰ ਲਾਤੀਨੀ ਵਿਚ ਜੈਕੋਬਸ ਕਿਹਾ ਜਾਂਦਾ ਹੈ) ਅਤੇ ਉਸਦੇ ਜਾਨਸ਼ੀਨਾਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਬਰਤਾਨੀਆ ਦੇ ਇਤਿਹਾਸ ਵਿਚ ਜੈਕੋਬਾਈਟਸ ਦਾ ਨਾਂ ਦਿੱਤਾ ਗਿਆ ਹੈ। ਸੰਨ 1807 ਵਿਚ ਹੈਨਰੀ ਸਟੂਅਰਟ ਦੀ ਮੌਤ ਪਿੱਛੋਂ ਇਸ ਖ਼ਾਨਦਾਨ ਅਤੇ ਬਰਤਾਨਵੀ ਸਿੰਘਾਸਨ ਦਾ ਸਹੀ ਅਤੇ ਕਾਨੂੰਨੀ ਤੌਰ ਤੇ ਉਚਿਤ ਮਰਦ ਵਾਰਸ ਚਾਰਲਸ ਪਹਿਲੇ ਦੀ ਸਭ ਤੋਂ ਛੋਟੀ ਧੀ ਦੀ ਕੁੱਖੋਂ ਜੰਮਿਆ ਪੁੱਤਰ ਕਾਰਡੀਨਲ ਯਾਰਕ ਸੀ। ਚੂੰਕਿ ਬਰਤਾਨਵੀ ਸਿੰਘਾਸਨ ਲਈ ਸੈਡਿਲਕ ਕਾਨੂੰਨ ਲਾਗੂ ਨਹੀਂ ਹੁੰਦਾ ਇਸ ਲਈ 1807 ਵਿਚ ਇਹ ਸਿੰਘਾਸਨ ਕਾਰਡੀਨਲ ਯਾਰਕ ਦੀ ਥਾਂ ਉਸਦੀ ਭੈਣ ਐਨ ਮੇਰੀ ਦੇ ਪੜਪੋਤੇ ਵਿਕਟਰ ਇਮੈਨੁਅਲ ਪਹਿਲੇ ਨੂੰ ਮਿਲਿਆ। ਬਾਅਦ ਵਿਚ ਇਸ ਦੀ ਮਾਲਕ ਵਿਕਟਰ ਦੀ ਪੁੱਤਰੀ ਮੇਰੀਆ ਬੀਤਰਿਸ (1780 ਤੋਂ 1840) ਬਣੀ ਅਤੇ ਇਹ ਤਖ਼ਤ ਅਗਾਂਹ ਇਸ ਦੀ ਪੋਤੀ, ਮੇਰੀ ਥਰੇਸ (1849-1919) ਜਿਹੜੀ ਲੂਈ ਤੀਜੇ (ਆਫ਼ ਬਾਵੇਰੀਆ) ਦੀ ਘਰਵਾਲੀ ਸੀ ਦੇ ਰਾਹੀਂ ਉਸਦੇ ਪੋਤੇ ਐਲ ਬ੍ਰੈਕਟ ਨੂੰ ਦਿੱਤਾ ਗਿਆ।

ਸੰਨ 1688 ਤੋਂ 1745 ਦਰਮਿਆਨ ਜੈਕੋਬਾਈਟ ਲਹਿਰ ਨੇ ਕਾਫ਼ੀ ਰਾਜਨੀਤਿਕ ਮਹੱਤਤਾ ਪ੍ਰਾਪਤ ਕੀਤੀ ਅਤੇ ਖਾਸ ਕਰਕੇ ਵਿਲੀਅਮ ਤੀਜੇ ਅਤੇ ਮਾਹਰਾਣੀ ਐਨ. ਦੇ ਸਮੇਂ, ਜੈਕੋਬਾਈਟ ਬਾਦਸ਼ਾਹ ਨੂੰ ਸਮੇਂ ਸਮੇਂ ਸਿਰ ਮੁਨਾਸਬ ਖ਼ਿਤਾਬ ਪ੍ਰਦਾਨ ਕਰਦੇ ਰਹੇ ਅਤੇ ਨਿਰਾਸ਼ ਫ਼ੌਜੀ ਨੀਤੀਵਾਨ ਸੇਂਟ ਜਰਮੇਨ ਵਿਖੇ ਜਲਾਵਤਨ ਅਦਾਲਤ ਨਾਲ ਖੁੱਲ੍ਹੇਆਮ ਸੰਪਰਕ ਕਰ ਸਕਦੇ ਸਨ। ਸੰਨ 1714 ਤੋਂ ਪਿੱਛੋਂ ਵਿੱਗਾਂ ਦਾ ਏਕਾਧਿਕਾਰ ਹੋਣ ਕਾਰਨ ਕੁਝ ਟੋਰੀ ਜੈਕੋਬਾਈਟ ਸਾਜ਼ਸ਼ਕਾਰਾਂ ਵਿਚ ਜਾ ਰਲੇ ਅਤੇ ਖਾਸ ਕਰਕੇ ਲਾਰਡ ਬੋਲਿੰਗ ਬ੍ਰੁਕ 1714 ਤੋਂ ਪਿੱਛੋਂ ਕਾਫ਼ੀ ਦੇਰ ਤੱਕ ਅੰਦਰੋਂ-ਅੰਦਰੀ ਜੈਕੋਬਾਈਟ ਹੋਣ ਦਾ ਇਲਜ਼ਾਮ ਲਗਦਾ ਰਿਹਾ। ਸਕਾਟਲੈਂਡ ਅਤੇ ਵੇਲਜ਼ ਵਿਚ ਇਹ ਲਹਿਰ ਖਾਨਦਾਨੀ ਵਿਰਸੇ ਕਰਕੇ ਮਜ਼ਬੂਤ ਸੀ ਪਰ ਆਇਰਲੈਂਡ ਵਿਚ ਇਹ ਆਪਣੇ ਧਾਰਮਿਕ ਪੱਖ ਕਰਕੇ ਤਾਕਤਵਰ ਸੀ।

ਰੋਮਨ ਕੈਥੋਲਿਕ ਅਤੇ ਟੋਰੀ ਐਂਗਲੀਕਨ ਅਕਸਰ ਸਟੂਅਰਟਾਂ ਨਾਲ ਉਨ੍ਹਾਂ ਦੇ ਜਾਨਸ਼ੀਨਾਂ ਨਾਲੋਂ ਕਿਤੇ ਜ਼ਿਆਦਾ ਹਮਦਰਦੀ ਰੱਖਦੇ ਸਨ। ਟੋਰੀ ਐਂਗਲੀਕਨ 1688-98 ਦੌਰਾਨ ਵਾਪਰੀਆਂ ਘਟਨਾਵਾਂ ਦੀ ਜਾਇਜ਼ਤਾ ਬਾਰੇ ਵੀ ਸ਼ੱਕ ਵਿਚ ਸਨ, ਜਦੋਂ ਕਿ ਕੈਥੋਲਿਕਾਂ ਨੂੰ ਜੇਮਜ਼ ਦੂਜੇ ਅਤੇ ਜੇਮਜ਼ ਦੀ ਓਲਡ ਪ੍ਰੀਟੈਂਡਰ (ਜਿਹੜੇ ਪੱਕੇ ਕੈਥੋਲਿਕ ਸਨ) ਕੋਲੋਂ ਬਹੁਤ ਉਮੀਦਾਂ ਸਨ। ਚਾਰਲਸ ਐਡਵਰਡ ਜਿਸਨੂੰ ਯੰਗ ਪ੍ਰੀਟੈਂਡਰ ਕਿਹਾ ਜਾਂਦਾ ਸੀ, ਰਾਜਨੀਤਿਕ ਕਾਰਨਾਂ ਕਰਕੇ ਡੋਲ ਜਾਣ ਦੇ ਬਾਵਜੂਦ ਵੀ ਉਹ ਕਾਫ਼ੀ ਹੱਦ ਤੱਕ ਸਹਿਣਸ਼ੀਲ ਰਿਹਾ। ਸੰਨ 1715 ਤੇ 1745 ਦੇ ਵਿਦਰੋਹ ਦੇ ਨਾਕਾਮਯਾਬ ਹੋਣ ਉਪਰੰਤ ਜੈਕੋਬਾਈਟਵਾਦ ਇਕ ਗੰਭੀਰ ਰਾਜਨੀਤਿਕ ਸ਼ਕਤੀ ਵਜੋਂ ਦਬ ਗਿਆ ਪਰ ਜਜ਼ਬਾਤੀ ਤੌਰ ਤੇ ਇਹ ਕਾਇਮ ਰਿਹਾ। 'ਦੀ ਕਿੰਗ ਓਵਰ ਦੀ ਵਾਟਰ' ਨਾਹਰੇ ਵਿਚ ਇਕ ਵਿਸ਼ੇਸ਼ ਜਜ਼ਬਾਤੀ ਅਪੀਲ ਮੌਜੂਦ ਸੀ। ਖਾਸ ਕਰਕੇ ਸਕਾਟਿਸ਼ ਹਾਈ ਲੈਂਡਜ਼ ਵਿਚ ਤਾਂ ਜੈਕੋਬਾਈਟਾਂ ਦੇ ਗੀਤ ਵੀ ਹੋਂਦ ਵਿਚ ਆਏ ਪਰ 18ਵੀਂ ਸਦੀ ਦੇ ਅੰਤ ਤੱਕ ਬਹੁਤ ਸਾਰੇ ਰਾਜਨੀਤਿਕ ਸਿਰਕੱਢ ਵਿਅਕਤੀਆਂ ਵਿਚੋਂ ਇਨ੍ਹਾਂ ਦਾ ਨਾਂ ਖ਼ਤਮ ਹੋ ਗਿਆ। ਜੈਕੋਬਾਈਟ ਸ਼ਬਦ ਹੁਣ ਮਹਿਜ਼ ਇਤਿਹਾਸਕ ਟਰਮ ਦੇ ਤੌਰ ਤੇ ਰਹਿ ਗਿਆ ਹੈ ਜਿਸ ਦੀ ਵਿਆਖਿਆ ਸਟੂਅਰਟ ਬੰਸ ਦੇ ਮੌਰੂਸੀ ਹੱਕਦਾਰਾਂ ਦੇ ਹਿਮਾਇਤੀ ਗੁੱਟ ਜਾਂ ਪਾਰਟੀ ਦੇ ਰੂਪ ਵਿਚ ਕੀਤੀ ਜਾਂਦੀ ਹੈ।

ਹ. ਪੁ.–ਐਨ. ਬ੍ਰਿ. 12 : 838

**ਜੈਕੋਬਾਬਾਦ** : ਜ਼ਿਲ੍ਹਾ—ਇਹ ਪਾਕਿਸਤਾਨ ਦੇ ਸੂਬਾ-ਸਿੰਧ ਦਾ ਇਕ ਜ਼ਿਲ੍ਹਾ ਹੈ। ਇਸ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਸ ਦਾ ਕੁੱਲ ਖੇਤਰਫਲ 7,723 ਵ. ਕਿ. ਮੀ. (2,982 ਵ. ਮੀਲ) ਹੈ ਅਤੇ ਆਬਾਦੀ 10,13,000 (1981) ਹੈ। ਇਸ ਦਾ ਪੁਰਾਣਾ ਨਾਂ 'ਅਪਰ ਸਿੰਧ ਫ਼ਰੰਟੀਅਰ ਡਿਸਟ੍ਰਿਕਟ' ਸੀ। ਇਹ ਸਿੰਧ ਦਰਿਆ ਦੇ ਨਾਲ-ਨਾਲ ਦੇ ਕਛਾਰੀ ਮੈਦਾਨ ਦਾ ਬਣਿਆ ਹੋਇਆ ਹੈ। ਇਸ ਦੇ ਪੂਰਬ ਵੱਲ ਕੈਸ਼ਮੋਰ ਬੰਨ੍ਹ ਹੈ ਜੋ ਇਸ ਨੂੰ ਹੜ੍ਹ ਤੋਂ ਬਚਾਉਂਦਾ ਹੈ, ਪੱਛਮ ਵੱਲ ਇਕ ਚੀਕਣੀ ਮਿੱਟੀ ਵਾਲਾ ਗੈਰ-ਆਬਾਦ ਵੀਰਾਨ ਇਲਾਕਾ ਹੈ ਅਤੇ ਪੂਰਬ ਵੱਲ ਬੁਗਤੀ ਪਹਾੜੀਆਂ ਹਨ। ਜ਼ਿਲ੍ਹੇ ਵਿਚ ਨਹਿਰਾਂ ਦੁਆਰਾ ਸਿੰਜਾਈ ਕੀਤੀ ਜਾਂਦੀ ਹੈ। ਬਾਜਰਾ, ਛੋਲੇ, ਚੌਲ, ਕਣਕ ਅਤੇ ਤੇਲ ਵਾਲੇ ਬੀਜ, ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਚੌਲਾਂ ਦੀ ਛੜਾਈ ਦਾ ਕੰਮ ਸਥਾਨਕ ਤੌਰ ਤੇ ਹੀ ਕੀਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 5 : 492

**ਜੈਕੋਬਾਬਾਦ** : ਸ਼ਹਿਰ—ਇਹ ਪਾਕਿਸਤਾਨ ਦੇ ਸਿੰਧ ਸੂਬੇ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਪਾਕਿਸਤਾਨ ਪੱਛਮੀ-ਰੇਲ ਮਾਰਗ ਦਾ ਜੰਕਸ਼ਨ ਅਤੇ ਸਿੰਧ ਵਿਚੋਂ ਲੰਘਦੀਆਂ ਮੁੱਖ ਸੜਕਾਂ ਦਾ ਕੇਂਦਰ ਹੈ। ਇਸ ਸ਼ਹਿਰ ਦੀ ਵਿਓਂਤ ਅਤੇ ਨੀਂਹ ਸੰਨ 1847 ਵਿਚ ਜਾਨ ਜੈਕੋਬ ਨਾਂ ਦੇ ਇਕ ਜਰਨੈਲ ਨੇ ਖਾਨਗੜ੍ਹ ਨਾਂ ਦੇ ਇਕ ਪਿੰਡ ਦੀ ਥਾਂ ਤੇ ਰੱਖੀ ਸੀ। ਜਾੱਨ ਜੈਕੋਬ ਜ਼ਿਲ੍ਹੇ ਦਾ ਪਹਿਲਾ ਡਿਪਟੀ ਕਮਿਸ਼ਨਰ ਵੀ ਰਿਹਾ। ਸੰਨ 1875 ਵਿਚ ਇਥੇ ਮਿਊਂਸਪਲ ਕਮੇਟੀ ਬਣੀ। ਇਹ ਸ਼ਹਿਰ ਇਥੋਂ ਦੇ ਲਗਾਤਾਰ ਰਹਿਣ ਵਾਲੇ ਉੱਚ-ਤਾਪ ਕਰਕੇ ਮਸ਼ਹੂਰ ਹੈ ਜੋ ਮਈ ਜੂਨ ਦੇ ਮਹੀਨਿਆਂ ਵਿਚ (ਛਾਂ ਵਿਚ) ਕਈ ਵਾਰੀ 52° ਸੈਂ. (126° ਫਾ.) ਤੋਂ ਵੀ ਵੱਧ ਜਾਂਦਾ ਹੈ। ਇਥੇ ਸੂਤੀ ਗਲੀਚੇ, ਲਾਖ ਦੇ ਕੰਮ ਵਾਲੇ ਲੱਕੜੀ ਦੇ ਖਿਡੌਣੇ ਅਤੇ ਲੈਂਪ ਅਤੇ ਕਸ਼ੀਦਾਕਾਰੀ ਦੇ ਕੰਮ ਦੀਆਂ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਥੇ ਕਈ ਜਨ-ਪਾਰਕ ਹਨ। ਇਨ੍ਹਾਂ ਤੋਂ ਇਲਾਵਾ ਇਥੇ ਜੈਕੋਬ ਦਾ ਵਿਸ਼ਾਲ ਮਕਬਰਾ, ਵਿਕਟੋਰੀਆ ਕਲਾਕ ਟਾਵਰ 1887, ਇਕ ਮਿਊਂਸਪਲ ਪਰਸਾਰਨ ਕੇਂਦਰ ਅਤੇ ਸਿੰਧ ਯੂਨੀਵਰਸਿਟੀ ਨਾਲ ਸਬੰਧਤ ਇਕ ਸਰਕਾਰੀ ਕਾਲਜ ਵੀ ਹੈ।

ਆਬਾਦੀ—80,000 (1981)

28° 17′ ਉ. ਵਿਥ.; 68° 29′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 492; ਇੰਪ. ਗ. ਇੰਡ. 13 : 373

**ਜੈਕੋਬੀ, ਫ਼੍ਰੀਡਰਿਖ਼ ਹਾਈਨਰਿਖ** : ਇਹ ਇਕ ਜਰਮਨ ਦਾਰਸ਼ਨਿਕ ਸੀ ਜਿਹੜਾ ਸੰਵੇਦਨਸ਼ੀਲ ਫ਼ਿਲਾਸਫ਼ੀ (Gefühls Philosophie) ਦਾ ਮੁੱਖ ਵਿਆਖਿਆਕਾਰ ਅਤੇ ਤਰਕਵਾਦ ਦਾ ਵਿਸ਼ੇਸ਼ ਕਰਕੇ ਸਪੀਨੋਜ਼ਾ ਦੇ ਤਰਕਵਾਦ ਦਾ ਕੱਟੜ ਆਲੋਚਕ ਸੀ। ਇਸ ਦਾ ਜਨਮ ਡਸਲਡਾੱਰਫ ਵਿਚ 25 ਜਨਵਰੀ, 1743 ਨੂੰ ਹੋਇਆ। ਸੰਨ 1764 ਵਿਚ ਇਹ ਆਪਣੇ ਪਿਤਾ ਦੀ ਥਾਂ ਤੇ ਇਕ ਖੰਡ ਮਿੱਲ ਦਾ ਮੁਖੀ ਬਣਿਆ। ਸੰਨ 1773 ਵਿਚ ਜਰਮਨ ਕਵੀ ਕ੍ਰਿਸਟਾਫ਼ ਵਾਈਲੈਂਡ ਨਾਲ ਮਿਲ ਕੇ ਇਸ ਨੇ 'Der Teutsche Mercur' ਨਾਂ ਦਾ ਰਸਾਲਾ ਚਾਲੂ ਕੀਤਾ ਜਿਸ ਵਿਚ ਇਸ ਨੇ ਆਪਣੇ ਦਾਰਸ਼ਨਿਕ ਨਾਵਲਾਂ ਦੇ ਕੁਝ ਭਾਗ ਛਾਪੇ। ਸੰਨ 1779 ਵਿਚ ਇਹ ਬਾਵੇਰੀਆ ਦਰਬਾਰ ਵਿਚ ਪ੍ਰਿਵੀ ਕੌਂਸਲਰ ਨਿਯੁਕਤ ਹੋਇਆ। ਇਹ 'ਵਿਸ਼ਵਾਸ' (Belief) ਦੇ ਫ਼ਲਸਫ਼ੇ ਦਾ ਧਾਰਨੀ ਸੀ ਅਤੇ ਸਪੀਨੋਜ਼ਾ ਹਿਊਮ ਅਤੇ ਫਿਕਤੇ ਵਰਗੇ ਦਾਰਸ਼ਨਿਕਾਂ ਦੇ ਬੁੱਧੀਵਾਦ ਦੀ ਇਸ ਨੇ ਖ਼ੂਬ ਆਲੋਚਨਾ ਕੀਤੀ ਅਤੇ ਉਨ੍ਹਾਂ ਉਤੇ ਸਮੀਖਿਆਵਾਂ ਲਿਖੀਆਂ।

ਜੈਕੋਬੀ ਨੇ ਆਪਣੇ ਸਮਕਾਲੀ ਅਤੇ ਉੱਘੇ ਜਰਮਨ ਫ਼ਿਲਾਸਫ਼ਰ ਇਮੈਨੂਅਲ ਕਾਂਤ ਦਾ ਵਿਰੋਧ ਕੀਤਾ ਕਿ 'ਨਿਰਪੱਖ ਆਤਮਪਰਕ ਪ੍ਰੱਤਯਾਵਾਦ' ਨਾਲ ਸੱਚ ਦਾ ਗਿਆਨ ਨਹੀਂ ਹੋ ਸਕਦਾ। ਇਸ ਦਾ ਵਿਚਾਰ ਸੀ ਕਿ ਅਨੁਭਵ ਵਿਸ਼ਵਾਸ ਅਤੇ ਨਿਸ਼ਚੇ ਨਾਲ ਹੀ ਸੱਚ ਦਾ ਗਿਆਨ ਹੋ ਸਕਦਾ ਹੈ।



ਫ਼੍ਰੀਡਰਿਖ ਹਾਈਨਰਿਖ ਜੈਕੋਬੀ

ਸੰਨ 1801 ਤੋਂ 1805 ਤੱਕ ਚਾਰ ਸਾਲ ਜੈਕੋਬੀ ਖ਼ੂਬ ਘੁੰਮਿਆ ਫਿਰਿਆ ਅਤੇ ਫਿਰ ਮਿਊਨਿਖ ਵਿਚ ਰਹਿਣ ਲੱਗ ਪਿਆ। ਉਥੇ ਇਹ 1807 ਤੋਂ 1812 ਤੱਕ ਬਾਵੇਰੀਅਨ ਅਕੈਡਮੀ ਆਫ਼ ਸਾਇੰਸ ਦਾ ਪ੍ਰਧਾਨ ਰਿਹਾ। ਇਸ ਦੀਆਂ ਕਿਰਤਾਂ ਦਾ ਸੰਗ੍ਰਹਿ ਐੱਫ. ਕੋਪੇਨਜ਼ ਨੇ 6 ਜਿਲਦਾਂ ਵਿਚ ਮੁਕੰਮਲ (1812-25) ਕੀਤਾ। 10 ਮਾਰਚ, 1819 ਨੂੰ ਮਿਊਨਿਖ ਵਿਚ ਹੀ ਜੈਕੋਬੀ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 5 : 44; ਐਨ. ਬ੍ਰਿ. ਮਾ. 5 : 493

**ਜੈਗਰਡ, ਵਿਲੀਅਮ** : ਇਹ ਇਕ ਅੰਗਰੇਜ਼ ਛਾਪਕ ਸੀ ਜਿਸ ਨੇ ਸ਼ੈਕਸਪੀਅਰ ਦੇ ਨਾਟਕਾਂ ਨੂੰ ਇਕੋ ਸੈਂਚੀ ਵਿਚ ਪ੍ਰਕਾਸ਼ਿਤ ਕੀਤਾ। ਇਸ ਸੈਂਚੀ ਨੂੰ ਅੰਗਰੇਜ਼ੀ ਸਾਹਿਤ ਵਿਚ ਬਹੁਤ ਮਹੱਤਵਪੂਰਨ ਪੁਸਤਕ ਮੰਨਿਆ ਜਾਂਦਾ ਹੈ। ਜੈਗਰਡ ਦਾ ਜਨਮ ਲਗਭਗ 1568 ਵਿਚ ਹੋਇਆ। ਸੰਨ 1610 ਵਿਚ ਇਸ ਨੂੰ ਲੰਡਨ ਸ਼ਹਿਰ ਵਿਚ ਛਾਪਕ ਨਿਯੁਕਤ ਕੀਤਾ ਗਿਆ। ਇਸ ਤੋਂ ਥੋੜ੍ਹੀ ਦੇਰ ਪਿੱਛੋਂ ਹੀ ਇਹ ਅੰਨ੍ਹਾ ਹੋ ਗਿਆ ਪਰ ਫੇਰ ਵੀ ਇਹ ਆਪਣਾ ਕਾਰੋਬਾਰ ਬਹੁਤ ਚੰਗੀ ਤਰ੍ਹਾਂ ਚਲਾਉਂਦਾ ਰਿਹਾ। ਸੰਨ 1598 ਦੇ ਲਾਗੇ ਚਾਗੇ ਇਸ ਨੇ 'ਦੀ ਪੈਸ਼ਨੇਟ ਪਿਲਗ੍ਰਿਮ' ਨਾਮੀ ਕਾਵਿ-ਸੰਗ੍ਰਹਿ ਛਾਪਿਆ ਜੋ ਕਹਿਣ ਨੂੰ ਸ਼ੈਕਸਪੀਅਰ ਦਾ ਸੀ ਪਰ ਜਿਸ ਵਿਚ ਤਿੰਨ ਚੌਥਾਈ ਕਵਿਤਾਵਾਂ ਹੋਰਾਂ ਦੀਆਂ ਸਨ। ਸੰਨ 1599 ਵਿਚ ਇਸ ਦੀ ਦੂਜੀ ਅਤੇ 1612 ਵਿਚ ਤੀਜੀ ਐਡੀਸ਼ਨ ਛਾਪ ਕੇ ਇਸ ਨੇ ਸ਼ੈਕਸਪੀਅਰ ਨੂੰ ਬਹੁਤ ਨਾਰਾਜ਼ ਕਰ ਲਿਆ। ਸ਼ੈਕਸਪੀਅਰ ਦੇ ਨਾਟਕਾਂ ਦਾ ਸੰਗ੍ਰਹਿ 1623 ਵਿਚ ਜੈਗਰਡ ਦੀ ਮੌਤ ਤੋਂ ਮਗਰੋਂ ਛਪਿਆ।

ਹ. ਪੁ.—ਐਨ. ਬ੍ਰਿ. 12 : 844; ਐਨ. ਅਮੈ. 15 : 595

**ਜੈਗੜ੍ਹ** : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਰਤਨਾਗਿਰੀ ਜ਼ਿਲ੍ਹੇ ਦਾ ਇਕ ਪੁਰਾਣਾ ਬੰਦਰਗਾਹੀ ਸ਼ਹਿਰ ਹੈ ਜੋ ਬੰਬਈ ਸ਼ਹਿਰ ਤੋਂ ਦੱਖਣ ਵੱਲ ਲਗਭਗ 150 ਕਿ. ਮੀ. ਦੂਰ ਸੰਗਮੇਸ਼ਵਰ ਦਰਿਆ ਦੇ ਮੁਹਾਣੇ ਦੇ ਦੱਖਣ ਵੱਲ ਸਥਿਤ ਹੈ। ਹਵਾਵਾਂ ਤੋਂ ਸੁਰੱਖਿਅਤ ਇਸ ਦੀ ਖਾੜੀ 3 ਕਿ. ਮੀ. ਲੰਬੀ, 7 ਕਿ. ਮੀ. ਚੌੜੀ ਅਤੇ ਕਾਫ਼ੀ ਡੂੰਘੀ ਹੈ। ਇਥੇ ਸਮੁੰਦਰੀ ਸਤ੍ਹਾ ਤੋਂ ਲਗਭਗ 60 ਮੀ. ਦੀ ਉਚਾਈ ਤੇ ਚਾਰ ਏਕੜ ਵਿਚ ਬਣਿਆ ਇਕ ਪੁਰਾਣਾ ਕਿਲਾ ਹੈ ਜੋ ਸਮੁੰਦਰੀ ਤਟ ਦੇ ਨਜ਼ਦੀਕ ਹੀ ਹੈ। ਮੁੱਢ ਵਿਚ ਇਹ ਕਿਲਾ ਬੀਜਾਪੁਰ ਦੇ ਰਾਜਿਆਂ ਨੇ ਬਣਵਾਇਆ ਸੀ ਪਰ ਬਾਅਦ ਵਿਚ ਇਹ ਬਹੁਤ ਦੇਰ ਤੱਕ ਇਥੋਂ ਦੇ ਇਕ ਹਿੰਦੂ ਡਾਕੂ ਦੇ ਕਬਜ਼ੇ ਵਿਚ ਰਿਹਾ। ਇਹਦੇ ਕੋਲ ਕਾਫ਼ੀ ਤਾਕਤ ਸੀ ਜਿਸ ਕਰਕੇ ਇਸਨੇ 1583 ਅਤੇ 1585 ਵਿਚ ਬੀਜਾਪੁਰ ਅਤੇ ਪੁਰਤਗਾਲ ਦੀਆਂ ਫ਼ੌਜਾਂ

ਦੇ ਸਾਂਝੇ ਹਮਲੇ ਦਾ ਪੂਰੀ ਤਰ੍ਹਾਂ ਮੁਕਾਬਲਾ ਕੀਤਾ। ਸੰਨ 1713 ਵਿਚ ਜੈਗੜ੍ਹ ਉੱਤੇ ਅੰਗਾਰੀਆ ਨਾਮੀ ਇਕ ਮਸ਼ਹੂਰ ਮਰਹੱਟੇ ਡਾਕੂ ਦਾ ਕਬਜ਼ਾ ਹੋ ਗਿਆ। ਅੰਤ ਨੂੰ ਸੰਨ 1818 ਵਿਚ ਪੇਸ਼ਵਾ ਰਾਜ ਦੇ ਸਮੇਂ ਇਸ ਉੱਤੇ ਬਰਤਾਨੀਆ ਸਰਕਾਰ ਦਾ ਕਬਜ਼ਾ ਹੋ ਗਿਆ। ਸ਼ਹਿਰ ਵਿਚ ਇਕ ਚਾਨਣ-ਮੁਨਾਰਾ ਹੈ ਜੋ ਲਗਭਗ 20 ਕਿ. ਮੀ. ਦੀ ਦੂਰੀ ਤੋਂ ਨਜ਼ਰ ਆਉਂਦਾ ਹੈ।

17° 17′ ਉ. ਵਿਥ; 73° 13′ ਪੂ. ਲੰਬ.

ਹ. ਪੁ.–ਇੰਪ ਗ. ਇੰਡ. 13 : 379

**ਜੈਗੂਅਰ** : ਜੈਗੂਅਰ ਜਾਂ ਬਾਘੜ ਬਿੱਲਾ ਫ਼ੀਲਿੱਡੀ ਕੁਲ (ਬਿੱਲੀਆਂ ਵਾਲੀ ਕੁੱਲ) ਦਾ ਇਕ ਥਣਧਾਰੀ ਪ੍ਰਾਣੀ ਹੈ। ਇਸ ਦਾ ਵਿਗਿਆਨਿਕ ਨਾਂ ਲੀਓ ਔਂਕਾ (Leo Onca ਜਾਂ Panthera Onca) ਹੈ। ਇਸ ਨੂੰ El Tigre Tigre Americano ਨਾਂ ਵੀ ਦਿੱਤੇ ਜਾਂਦੇ ਹਨ। ਇਹ ਅਮਰੀਕਾ ਦੇ ਮੈਕਸੀਕਨ ਬਾਰਡਰ ਤੋਂ ਪੈਟਾਗੋਨੀਆ ਤੱਕ (ਦੱਖਣੀ ਅਮਰੀਕਾ ਵਿਚ ਇਹ ਆਮ ਅਤੇ ਸਭ ਤੋਂ ਵੱਡੇ ਮਿਲਦੇ ਹਨ), ਦਲਦਲਾਂ, ਜੰਗਲਾਂ ਆਦਿ ਵਿਚ ਮਿਲਦੇ ਹਨ। ਇਨ੍ਹਾਂ ਥਾਵਾਂ ਤੇ ਇਨ੍ਹਾਂ ਦੀਆਂ ਅਨੇਕ ਸਥਾਨਕ ਨਸਲਾਂ ਮਿਲਦੀਆਂ ਹਨ।

ਇਹ ਚੀਤੇ ਵਰਗਾ ਜਾਨਵਰ ਹੈ ਪਰ ਉਸ ਤੋਂ ਜ਼ਿਆਦਾ ਵੱਡਾ ਅਤੇ ਭਾਰਾ ਹੁੰਦਾ ਹੈ। ਨਰ ਜੈਗੂਅਰ (ਜਿਹੜਾ ਮਾਦਾ ਤੋਂ ਵੱਡਾ ਹੁੰਦਾ ਹੈ) ਲਗਭਗ 1.7-2.7 ਮੀ. ਲੰਬਾ (0.6-0.9 ਮੀ. ਪੂਛ ਦੀ ਲੰਬਾਈ ਸਮੇਤ) 0.7-0.8 ਮੀ. ਉੱਚਾ (ਮੋਢਿਆਂ ਤੱਕ) ਅਤੇ ਤਕਰੀਬਨ 100-160 ਕਿ. ਗ੍ਰਾ. ਭਾਰਾ ਹੁੰਦਾ ਹੈ। ਇਸ ਦੀ ਚਮੜੀ ਦੇ ਰੰਗ ਵਿਚ ਚਿੱਟੇ ਤੋਂ ਕਾਲੇ ਤੱਕ ਵਖਰੇਵੇਂ ਮਿਲਦੇ ਹਨ। ਆਮ ਤੌਰ ਤੇ ਇਨ੍ਹਾਂ ਉੱਤੇ ਕਾਲੇ ਚਟਾਖ਼ਾਂ ਵਾਲੇ ਸੰਤਰੀ ਰੰਗੇ ਫੁੱਲ ਜਿਹੇ ਬਣੇ ਹੁੰਦੇ ਹਨ ਜਿਨ੍ਹਾਂ ਦੇ ਮੱਧ ਵਿਚ ਕਾਲੀ ਬਿੰਦੀ ਹੁੰਦੀ ਹੈ, ਨੱਕ ਅਤੇ ਉਪਰਲੇ ਬੁਲ੍ਹ ਦਾ ਰੰਗ ਲਾਲ ਜਿਹਾ ਭੂਰਾ ਹੁੰਦਾ ਹੈ। ਪੂਛ ਉੱਤੇ ਕਾਲੇ ਅਨਿਯਮਿਤ ਚਟਾਖ਼ ਹੁੰਦੇ ਹਨ।



ਜੈਗੂਅਰ

ਇਹ ਇਕਾਂਤਵਾਸੀ ਸ਼ਿਕਾਰਖ਼ੋਰ ਪ੍ਰਾਣੀ ਹੈ ਜਿਹੜਾ ਹਿਰਨ, ਟੇਪਰ, ਪੰਛੀਆਂ, ਮੱਛੀਆਂ ਆਦਿ ਤੇ ਆਹਾਰ ਕਰਦਾ ਹੈ ਅਤੇ ਮੱਝਾਂ-ਗਾਵਾਂ, ਘੋੜੇ, ਕੁੱਤੇ ਆਦਿ ਤੇ ਵੀ ਹੱਲਾ ਬੋਲ ਲੈਂਦਾ ਹੈ। ਇਹ ਬੜਾ ਤੇਜ਼ ਅਤੇ ਫੁਰਤੀਲਾ ਪ੍ਰਾਣੀ ਹੈ ਅਤੇ ਪਾਣੀ ਵਿਚ ਤਾਰੀਆਂ ਮਾਰਦਾ ਰਹਿੰਦਾ ਹੈ। ਇਹ ਬੁੜਬੁੜਾਉਣ ਅਤੇ ਲੰਬੀਆਂ ਤੇ ਖਰ੍ਹਵੀਆਂ ਘੁਰ ਘੁਰ ਦੀਆਂ ਆਵਾਜ਼ਾਂ ਕੱਢਦਾ ਹੈ।

ਇਸ ਦਾ ਮੈਥੁਨ ਇਕ ਖ਼ਾਸ ਪ੍ਰਜਣਨ ਰੁੱਤ ਵਿਚ (ਪਰ ਉੱਤਰ ਵਿਚ ਸਾਲ ਦੇ ਅਖ਼ੀਰ ਵਿਚ) ਹੁੰਦਾ ਹੈ ਅਤੇ ਲਗਭਗ 100 ਦਿਨ ਦੇ ਗਰਭਕਾਲ ਤੋਂ ਬਾਅਦ ਮਾਦਾ 1-4 ਬੱਚੇ ਜਣਦੀ ਹੈ ਜਿਨ੍ਹਾਂ ਉੱਤੇ ਟਿਮਕਣੇ ਹੁੰਦੇ ਹਨ। ਬੱਚੇ ਲਗਭਗ ਦੋ ਸਾਲ ਤੱਕ ਮਾਂ ਦੇ ਨਾਲ ਨਾਲ ਹੀ ਰਹਿੰਦੇ ਹਨ।

ਹ. ਪੁ.–ਐਨ. ਬ੍ਰਿ. ਮਾ. 5 : 500; ਐਨ. ਬ੍ਰਿ. 12 : 844

**ਜੈ ਚੰਦ** : ਇਹ ਕਨੌਜ ਦਾ ਆਖ਼ਰੀ ਰਾਜਾ ਸੀ ਜੋ ਗਹਰਵਾਰ ਰਾਜ ਦਾ ਰਾਠੌਰ ਰਾਜਪੂਤ ਸੀ। ਇਸ ਦੇ ਪਿਤਾ ਦਾ ਨਾਮ ਵਿਜੈ ਚੰਦ ਸੀ। ਇਹ ਦਿੱਲੀ ਦੇ ਮਹਾਰਾਜਾ ਅਨੰਗਪਾਲ ਦਾ ਦੋਹਤਾ ਸੀ। ਇਸ ਦਾ ਰਾਜ ਪੂਰਬ ਵਿਚ ਬਨਾਰਸ ਤੱਕ ਫੈਲਿਆ ਹੋਇਆ ਸੀ। ਇਸ ਦੀ ਰਾਜਧਾਨੀ ਕਨੌਜ ਸੀ। ਇਹ ਪ੍ਰਿਥਵੀ ਰਾਜ ਨੂੰ ਬਰਦਾਸ਼ਤ ਨਹੀਂ ਕਰਦਾ ਸੀ। ਇਸ ਲਈ ਇਸ ਨੇ ਪ੍ਰਿਥਵੀ ਰਾਜ ਨੂੰ ਖ਼ਤਮ ਕਰਨ ਲਈ ਸ਼ਾਹਬੁੱਦੀਨ ਨੂੰ ਉਸ ਦੇ ਖ਼ਿਲਾਫ਼ ਚੁੱਕਿਆ। ਦੋਹਾਂ ਦੀ ਦੁਸ਼ਮਣੀ ਦਾ ਕਾਰਨ ਇਹ ਸੀ ਕਿ ਪ੍ਰਿਥਵੀ ਰਾਜ ਜੈ ਚੰਦ ਦੀ ਲੜਕੀ ਨੂੰ ਖੋਹ ਕੇ ਲੈ ਗਿਆ ਸੀ।

ਪਾਨੀਪਤ ਦੀ ਲੜਾਈ ਵਿਚ ਪ੍ਰਿਥਵੀ ਰਾਜ ਮਾਰਿਆ ਗਿਆ ਅਤੇ ਹਿੰਦੂ ਰਾਜ ਖ਼ਤਮ ਹੋ ਗਿਆ। ਕੁਝ ਸਮੇਂ ਪਿੱਛੋਂ ਸੰਨ 1194 ਵਿਚ ਜੈ ਚੰਦ ਵੀ ਮੁਸਲਮਾਨਾਂ ਨਾਲ ਲੜਦਾ ਹੋਇਆ ਹਾਰ ਖਾ ਕੇ ਮੈਦਾਨ ਵਿਚੋਂ ਦੌੜ ਗਿਆ ਤੇ ਬਦਕਿਸਮਤੀ ਨਾਲ ਭੱਜਦਾ ਹੋਇਆ ਨਦੀ ਵਿਚ ਡੁੱਬ ਕੇ ਮਰ ਗਿਆ।

ਹ. ਪੁ.–ਮ. ਕੋ. : 509

**ਜੈਜ਼ਰੀਲ** : ਫ਼ਲਸਤੀਨ ਵਿਚ ਸਮੇਰੀਆ ਦਾ ਇਕ ਪ੍ਰਾਚੀਨ ਸ਼ਹਿਰ ਹੁੰਦਾ ਸੀ ਜਿਹੜਾ ਮਾਊਂਟ ਗਿਲਬੋਆ ਦੇ ਉੱਤਰ-ਪੱਛਮੀ ਹਿੱਸੇ ਵਿਚ ਇਕ ਪਰਬਤੀ ਵਧਾਓ ਉਪਰ ਵਸਿਆ ਹੋਇਆ ਸੀ। ਇਹ ਅਹੈਬ ਅਧੀਨ ਇਜ਼ਰਾਈਲ ਦੇ ਉੱਤਰੀ ਸਾਮਰਾਜ ਦੀ ਰਾਜਧਾਨੀ ਹੋਇਆ ਕਰਦਾ ਸੀ। ਉਸ ਵੇਲੇ ਇਹ ਸ਼ਹਿਰ ਪੂਰਬ ਵਿਚ ਜਾਰਡਨ ਵਾਦੀ ਤੋਂ ਪੱਛਮ ਵੱਲ ਰੂਮ ਸਾਗਰੀ ਤਟਵਰਤੀ ਖੇਤਰਾਂ ਵੱਲ ਦੀ ਸਾਰੀ ਆਵਾਜਾਈ ਕੰਟਰੋਲ ਕਰਦਾ ਸੀ।

ਅੱਜਕਲ੍ਹ ਇਸ ਪ੍ਰਾਚੀਨ ਫ਼ਲਸਤੀਨੀ ਸ਼ਹਿਰ ਵਾਲੀ ਥਾਂ ਉੱਤੇ ਥੇਹ ਜਿਹੇ ਹਨ ਜਿਨ੍ਹਾਂ ਦੀ ਖੁਦਾਈ ਕਰਨ ਉਪਰੰਤ ਇਥੇ 3500 ਈ. ਪੂ. ਵਿਚ ਵਸੋਂ ਹੋਣ ਦੇ ਅਨੁਮਾਨ ਲਾਏ ਗਏ ਹਨ। ਇਥੋਂ ਖ਼ਾਸ ਕਿਸਮ ਦੇ ਭਾਂਡੇ ਵੀ ਮਿਲੇ ਹਨ। ਇਸ ਸ਼ਹਿਰ ਦਾ ਹਵਾਲਾ ਗ੍ਰੰਥਾਂ ਵਿਚ ਵੀ ਆਉਂਦਾ ਹੈ। ਯਹੂਦੀਆਂ ਦੇ ਗ੍ਰੰਥ ਵਿਚ ਇਸ ਨੂੰ 'ਐਜ਼ਡ੍ਰਾਈਲਨ' ਦੱਸਿਆ ਗਿਆ ਹੈ। ਜੈਜ਼ਰੀਲ ਜੂਡਾ ਖੇਤਰ ਵਿਚ ਵਸੇ ਇਕ ਸ਼ਹਿਰ ਦਾ ਨਾਂ ਵੀ ਸੀ ਜਿਹੜਾ ਹਿਬਰਾਨ ਦੇ ਨੇੜੇ ਖਿਰਬਾਤ ਤਗਮਾ ਦੇ ਸਥਾਨ ਤੇ ਵਸਿਆ ਖ਼ਿਆਲ ਕੀਤਾ ਜਾਂਦਾ ਹੈ। ਇਸ ਦਾ ਜ਼ਿਕਰ ਕਈ ਲੜਾਈਆਂ ਵਿਚ ਆਉਂਦਾ ਹੈ। 842-815 ਈ. ਪੂ. ਵਿਚ ਭਾਰੀ ਲੜਾਈ ਤੇ ਖ਼ੂਨ-ਖ਼ਰਾਬੇ ਪਿੱਛੋਂ ਬਾਦਸ਼ਾਹ ਜੇਹੂ ਸੱਤਾ ਵਿਚ ਆਇਆ ਸੀ। ਇਸੇ ਖ਼ੂਨ-ਖ਼ਰਾਬੇ ਦੀ ਯਾਦ ਵਿਚ ਹੋਸ਼ੀਆ ਸੰਤ ਨੇ ਆਪਣੇ ਪਹਿਲੇ ਲੜਕੇ ਦਾ ਨਾਂ ਜੈਜ਼ਰੀਲ ਰੱਖਿਆ। ਇਸੇ ਜਗ੍ਹਾ ਉੱਪਰ ਹੀ ਬਾਦਸ਼ਾਹ ਸਾਓਲ ਨੂੰ ਫ਼ਲਸਤੀਨੀਆਂ ਦੀ ਜੰਗ ਵਿਚ ਕਤਲ ਕਰਵਾਇਆ ਗਿਆ ਸੀ। ਇਸ ਸ਼ਹਿਰ ਦਾ ਹਵਾਲਾ ਕਈ ਹੋਰ ਲੜਾਈਆਂ ਵਿਚ ਵੀ ਆਉਂਦਾ ਹੈ। ਇਥੇ ਹੀ 1468 ਈ. ਪੂ. ਵਿਚ ਮਿਸਰ ਦੇ ਟਟਮੋਸ ਤੀਜੇ ਨੇ ਸੀਰੀਅਨਾਂ ਨੂੰ ਹਰਾਇਆ ਸੀ। 13ਵੀਂ ਸਦੀ ਈ. ਪੂ. ਵਿਚ ਦੇਬੋਰਾ ਅਤੇ ਬਾਰਾਕ ਨੇ ਸੀਸੇਰਾ ਨੂੰ ਵੀ ਹਰਾਇਆ ਸੀ। ਇਥੇ ਹੀ ਮਿਸਰ ਦੇ ਨੀਕੋ ਦੇ ਹੱਥੋਂ ਜੋਸ਼ੀਆ ਦੀ ਮੌਤ ਹੋਈ ਸੀ।

ਹ. ਪੁ.–ਐਨ. ਬ੍ਰਿ. ਮਾ. 5 : 556; ਵੈ. ਜਗ. ਡਿ.

**ਜੈਜਾਵੰਤੀ** : ਇਸ ਨੂੰ ਜਯਜਯਵੰਤੀ ਅਥਵਾ ਜਯਜਯੰਤੀ ਵੀ ਕਿਹਾ ਜਾਂਦਾ ਹੈ। ਇਹ ਕਮਾਰ ਨਾਟ ਦੀ ਸੰਪੂਰਣ ਜਾਤੀ ਦੀ ਇਕ ਰਾਗਣੀ ਹੈ ਜੋ ਧੂਲ ਸ੍ਰੀ ਬਿਲਾਵਲ ਅਤੇ ਸੋਰਣ ਦੇ ਮੇਲ ਤੋਂ ਬਣਦੀ ਹੈ।

ਇਸ ਨੂੰ ਸੁਵਖਤੇ ਵੀ ਗਾਇਆ ਜਾਂਦਾ ਹੈ ਪਰ ਕਈਆਂ ਨੇ ਰਾਤ ਦਾ ਤੀਜਾ ਪਹਿਰ ਇਸ ਦੇ ਗਾਉਣ ਲਈ ਦੱਸਿਆ ਹੈ। ਇਸ ਵਿਚ ਦੋਵੇਂ ਗਾਂਧਾਰ ਅਤੇ ਦੋਵੇਂ ਨਿਸ਼ਾਦ ਲੱਗੇ ਹਨ। ਆਰੋਹੀ ਵਿਚ ਸ਼ੁੱਧ ਨਿਸ਼ਾਦ ਅਤੇ ਸ਼ੁੱਧ ਗਾਂਧਾਰ ਹੈ। ਅਵਰੋਹੀ ਵਿਚ ਦੋਵੇਂ ਕੋਮਲ ਹਨ। ਪੰਚਮ ਅਤੇ ਰਿਸ਼ਭ ਦੀ ਇਸ ਵਿਚ ਸੰਗਤੀ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ ;

ਆਰੋਹੀ–ਸ, ਰੇ, ਗ, ਮ, ਪ, ਧ, ਨੀ, ਸੰ

ਅਵਰੋਹੀ–ਸੰ, ਨੀ, ਧ, ਪ, ਮ, ਗ, ਰੇ, ਸ

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਜੈਜਾਵੰਤੀ ਦਾ ਨੰਬਰ ਇੱਕਤੀਵਾਂ ਹੈ। ਇਸ ਵਿਚ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਹੈ।

ਹ. ਪੁ.–ਮ. ਕੋ.: 533

**ਜੈਜ਼ੈਬੈੱਲ** : ਪੁਰਾਣੀ ਬਾਈਬਲ ਅਨੁਸਾਰ ਇਹ ਇਜ਼ਰਾਈਲ ਦੇ ਬਾਦਸ਼ਾਹ ਅਹਾਬ ਦੀ ਪਤਨੀ ਸੀ। ਇਸ ਨੇ ਇਬਰਾਨੀ ਦੇਵਤੇ ਯਾਹਵੇ ਦੀ ਪੂਜਾ ਰੋਕਣ ਦਾ ਯਤਨ ਕੀਤਾ, ਆਮ ਜਨਤਾ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਰੱਖਿਆ ਅਤੇ ਮਹਾਨ ਅਵਤਾਰਾਂ ਐਲੀਜਾਹ ਅਤੇ ਐਲੀਸਾ ਨੂੰ ਮੰਨਣ ਤੋਂ ਇਨਕਾਰ ਕੀਤਾ। ਇਸ ਦੀਆਂ ਅਜਿਹੀਆਂ ਹਰਕਤਾਂ ਇਜ਼ਰਾਈਲ ਲਈ ਵਿਨਾਸ਼ਕਾਰੀ ਸਿੱਧ ਹੋਈਆਂ। ਸ਼ਾਦੀ ਮਗਰੋਂ ਇਸ ਨੇ ਰਾਜੇ ਤੋਂ ਟਾਇਰ ਦੇ ਪ੍ਰਕਿਰਤੀ ਦੇ ਦੇਵਤੇ ਬਾਲ (Baal) ਦੀ ਪੂਜਾ ਆਰੰਭ ਕਰਵਾਉਣ ਦਾ ਐਲਾਨ ਕਰਵਾਇਆ। ਇਹ ਬਹੁਤ ਜ਼ਾਲਮ ਸੀ ਅਤੇ ਕ੍ਰੋਧ ਵਸ ਇਸ ਨੇ ਆਪਣੇ ਵਿਰੋਧੀਆਂ ਨੂੰ ਕਤਲ ਕਰਵਾਇਆ। ਇਸ ਅਤਿਆਚਾਰ ਤੋਂ ਗੁੱਸਾ ਖਾ ਕੇ ਐਲੀਜਾਹ ਨੇ ਭਿਆਨਕ ਕਾਲ ਦੀ ਭਵਿੱਖਬਾਣੀ ਕੀਤੀ। ਫਿਰ ਉਸ ਨੇ ਬਾਲ ਦੇਵਤੇ ਦੇ ਪੁਜਾਰੀਆਂ ਨੂੰ ਕਤਲ ਕਰਵਾ ਦਿੱਤਾ। ਜਦੋਂ ਜੈਜ਼ੈਬੈੱਲ ਨੂੰ ਇਸ ਕਤਲੇਆਮ ਦਾ ਪਤਾ ਲੱਗਾ ਤਾਂ ਉਸ ਨੇ ਐਲੀਜਾਹ ਨੂੰ ਮਰਵਾਉਣ ਦੀ ਕਸਮ ਖਾਧੀ ਜਿਸ ਤੋਂ ਡਰਦਾ ਮਾਰਿਆ ਉਹ ਭੱਜ ਨਿਕਲਿਆ।

ਜੈਜ਼ੈਬੈੱਲ ਦੇ ਆਖਰੀ ਜ਼ਾਲਮਾਨਾ ਕਾਰਨਾਮੇ ਬਾਰੇ ਬਾਈਬਲ ਵਿਚ ਲਿਖਿਆ ਹੈ ਕਿ ਇਸ ਨੇ ਲਾਲਚ ਵਸ ਅਹਾਬ ਦੇ ਮਹੱਲ ਦੇ ਨਾਲ ਲਗਦੇ ਅੰਗੂਰਾਂ ਦੇ ਬਾਗ਼ ਦੇ ਮਾਲਕ ਨੂੰ ਕੁਫ਼ਰ ਦਾ ਝੂਠਾ ਇਲਜ਼ਾਮ ਲਗਾ ਕੇ ਪੱਥਰਾਂ ਨਾਲ ਮਰਵਾ ਦਿੱਤਾ। ਉਸੇ ਬਾਗ ਵਿਚ ਅਹਾਬ ਨੂੰ ਐਲੀਜਾਹ ਮਿਲਿਆ। ਉਸ ਨੇ ਭਵਿੱਖਬਾਣੀ ਕੀਤੀ ਕਿ ਰਾਜਾ ਅਤੇ ਉਸ ਦੇ ਸਾਰੇ ਵਾਰਸ ਮਾਰੇ ਜਾਣਗੇ ਅਤੇ ਜ਼ੈਜਰੀਲ ਦੇ ਕੁੱਤੇ ਜੈਜ਼ੈਬੈੱਲ ਨੂੰ ਪਾੜ ਕੇ ਖਾ ਜਾਣਗੇ।

ਕੁਝ ਸਾਲਾਂ ਮਗਰੋਂ ਬਾਦਸ਼ਾਹ ਅਹਾਬ ਸੀਰੀਆ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ। ਜੈਜ਼ੈਬੈੱਲ ਦਸ ਸਾਲ ਹੋਰ ਜਿਊਂਦੀ ਰਹੀ। ਐਲੀਜਾਹ ਦੀ ਥਾਂ ਤੇ ਅਗਲਾ ਪੈਗ਼ੰਬਰ ਐਲੀਸ਼ਾ ਵੀ ਜੈਜ਼ੈਬੈੱਲ ਦੀ ਚਲਾਈ ਗਈ ਬਾਲ ਪੂਜਾ ਬੰਦ ਕਰਾਉਣ ਉੱਤੇ ਤੁਲਿਆ ਹੋਇਆ ਸੀ। ਉਦੋਂ ਇਜ਼ਰਾਈਲ ਉੱਤੇ ਜੈਜ਼ੈਬੈੱਲ ਦਾ ਪੁੱਤਰ ਜੋਰਮ ਰਾਜ ਕਰਦਾ ਸੀ। ਐਲੀਸ਼ਾ ਨੇ ਉਸ ਦੇ ਇਕ ਜਰਨੈਲ ਜੇਹੂ ਨੂੰ ਬਾਦਸ਼ਾਹ ਬਣਾਇਆ ਜਿਸ ਕਰਕੇ ਰਾਜ ਵਿਚ ਖ਼ਾਨਾਜੰਗੀ ਛਿੜ ਪਈ। ਜੋਰਮ ਮਾਰਿਆ ਗਿਆ ਅਤੇ ਜੇਹੂ ਦੇ ਹੁਕਮ ਤੇ ਜੈਜ਼ੈਬੈੱਲ ਦੀਆਂ ਗੋਲੀਆਂ ਬਾਂਦੀਆਂ ਨੇ ਇਸ ਨੂੰ ਮਹੱਲ ਦੀ ਬਾਰੀ ਵਿਚੋਂ ਹੇਠਾਂ ਸੁੱਟ ਦਿੱਤਾ। ਇਸ ਨੂੰ ਦਫ਼ਨਾਏ ਜਾਣ ਤੋਂ ਪਹਿਲਾਂ ਇਸ ਦੀ ਲਾਸ਼ ਦੇ ਵਧੇਰੇ ਭਾਗ ਨੂੰ ਕੁੱਤਿਆਂ ਨੇ ਖਾ ਲਿਆ ਸੀ। (ਲ. 843 ਈ. ਪੂ.)

ਹ. ਪੁ.–ਐਨ. ਬ੍ਰਿ. ਮਾ. 5 : 555

**ਜੈੱਟ** : ਕਿਸੇ ਸੁਰਾਖ਼ ਵਿਚੋਂ ਤਰਲ ਦੇ ਬਾਹਰ ਨਿਕਲਣ ਦੇ ਪ੍ਰਵਾਹ ਨੂੰ ਜੈੱਟ ਕਿਹਾ ਜਾਂਦਾ ਹੈ। ਜੈੱਟ ਵਿਸ਼ੇਸ਼ ਕਰਕੇ ਗੈਸ ਜੈੱਟ, ਭਾਫ਼ ਜੈੱਟ ਅਤੇ ਪਾਣੀ ਵਾਲੇ ਜੈੱਟ ਇੰਜੀਨੀਅਰਿੰਗ ਲਈ ਮਹੱਤਵਪੂਰਨ ਹਨ।

ਭਾਫ਼ ਵਾਲਾ ਜੈੱਟ ਉੱਚ ਦਬਾਉ ਤੋਂ ਘੱਟ ਦਬਾਉ ਵੱਲ ਭਾਫ਼ ਦੇ ਫੈਲਣ ਨਾਲ ਉਤਪੰਨ ਹੁੰਦਾ ਹੈ। ਨੋਜ਼ਲਾਂ ਵਿਚੋਂ ਦਬੀਣਯੋਗ ਪ੍ਰਵਾਹ ਦੇ ਸਿਧਾਂਤ ਉੱਤੇ ਆਧਾਰਿਤ ਬੜੇ ਧਿਆਨ ਨਾਲ ਨੋਜ਼ਲਾਂ ਬਣਾਈਆਂ ਜਾ ਸਕਦੀਆਂ ਹਨ ਜਾਂ ਫਿਰ ਸਾਧਾਰਣ ਨੋਜ਼ਲ ਜਿਵੇਂ ਕਿ ਕਿਸੇ ਪਲੇਟ ਵਿਚ ਛੋਟਾ ਜਿਹਾ ਛੇਕ ਹੋ ਸਕਦਾ ਹੈ। ਨੋਜ਼ਲ ਜਿੰਨੀ ਘੱਟ ਪੂਰਨ ਹੋਵੇਗੀ ਉੱਨਾ ਹੀ ਘੱਟ ਭਾਫ਼ ਜੈੱਟ ਵੇਗ ਹੋਵੇਗਾ ਅਤੇ ਜੈੱਟ ਦੀ ਦਿਸ਼ਾ ਵੀ ਘੱਟ ਨਿਸ਼ਚਿਤ ਹੋਵੇਗੀ। ਭਾਵ ਜੈੱਟਾਂ ਦੀ ਘਣਤਾ ਭਾਵੇਂ ਘੱਟ ਹੁੰਦੀ ਹੈ ਫਿਰ ਵੀ ਸਾਧਾਰਣ ਦਬਾਉ ਦੇ ਤੁਪਕਿਆਂ ਨਾਲ ਉਤਪੰਨ ਹੋਏ ਬਹੁਤ ਉੱਚ ਵੇਗਾਂ ਕਾਰਨ ਇਹ ਉੱਚ ਸ਼ਕਤੀ ਦਰਸਾਉਂਦੇ ਹਨ। ਭਾਫ਼ ਦੀਆਂ ਟਰਬਾਈਨਾਂ ਜੈੱਟ ਸ਼ਕਤੀ ਉਤਪੰਨ ਕਰਨ ਵਾਲੀਆਂ ਮਸ਼ੀਨਾਂ ਹਨ ਅਤੇ ਮਗਰੋਂ ਇਸ ਨੂੰ ਬਲੇਡਾਂ ਜਜ਼ਬ ਕਰਦੀਆਂ ਹਨ, ਜਿਹੜੇ ਮਗਰੋਂ ਇਕ ਸ਼ਾਫ਼ਟ (ਜਿਸ ਨਾਲ ਬਲੇਡ ਅਸਿੱਧੇ ਤੌਰ ਤੇ ਜੁੜੇ ਹੁੰਦੇ ਹਨ) ਉੱਤੇ ਘੁੰਮਣਸ਼ੀਲ ਟਾੱਰਕ ਦੇ ਤੌਰ ਤੇ ਸ਼ਕਤੀ ਉਤਪੰਨ ਕਰਦੇ ਹਨ। ਕਈ ਸੀਤਲ ਉਪਕਰਣਾਂ ਵਿਚ ਵੀ ਨਪੀੜਨ ਲਈ ਭਾਫ਼ ਜੈੱਟ ਵਰਤੇ ਜਾਂਦੇ ਹਨ। ਭਾਫ਼ ਵਾਲੇ ਜੈੱਟ ਇੰਜੈਕਟਰ (ਭਰਨ ਵਾਲੇ) ਪੰਪਾਂ ਲਈ ਸ਼ਕਤੀ ਸ੍ਰੋਤ ਹਨ ਅਤੇ ਅਕਸਰ ਇਨ੍ਹਾਂ ਦੀ ਵਰਤੋਂ ਉਡਾਉਣ ਅਤੇ ਸਫ਼ਾਈ ਵਾਲੇ ਕੰਮਾਂ ਵਿਚ ਕੀਤੀ ਜਾਂਦੀ ਹੈ।

ਹ. ਪੁ.–ਵਾ. ਨਾ. ਸ. ਐਨ.:961

**ਜੈੱਟ** : ਇਹ ਸਬ-ਬਿਟਿਊਮਿਨੀ ਕੋਲੇ ਜਾਂ ਲਿਗਨਾਈਟ ਦੀ ਸੰਘਣੀ, ਸੂਖਮ ਕਣਾਂ ਵਾਲੀ ਇਕ ਪੁਖਤਾ ਕਿਸਮ ਹੈ। ਇਸ ਦਾ ਰੰਗ ਕੋਲੇ ਵਰਗਾ ਕਾਲਾ, ਕਠੋਰਤਾ 2 ਅਤੇ ਵਿਸ਼ਿਸ਼ਟ ਘਣਤਾ 1.1 ਤੋਂ 1.4 ਹੈ। ਲਿਗਨਾਈਟ ਦੇ ਉਲਟ ਇਸ ਦੀਆਂ ਪਰਤਾਂ ਨਹੀਂ ਬਣਦੀਆਂ ਜਿਸ ਕਾਰਨ ਇਸ ਵਿਚ ਦਰਾੜਾਂ ਬਹੁਤ ਘੱਟ ਪੈਂਦੀਆਂ ਹਨ। ਇਸ ਨੂੰ ਬੜੀ ਆਸਾਨੀ ਨਾਲ ਖਰਾਦਿਆ ਜਾ ਸਕਦਾ ਹੈ ਅਤੇ ਇਹ ਬਹੁਤ ਚਮਕ ਜਾਂਦਾ ਹੈ।

ਗਹਿਣਿਆਂ ਅਤੇ ਬਟਨਾਂ ਲਈ ਵਰਤਿਆ ਜਾਣ ਵਾਲਾ ਜੈੱਟ ਬਰਤਾਨੀਆ ਵਿਚ ਕਾਂਸੀ ਯੁੱਗ ਦੀਆਂ ਕਬਰਾਂ ਵਿਚੋਂ ਮਿਲਿਆ ਹੈ। ਇਹ ਯਾਰਕਸ਼ਿਰ ਵਿਚ ਵਿਟਬੀ ਨੇੜੇ ਮਿਲਦਾ ਹੈ ਅਤੇ ਮੂਲ ਰੂਪ ਵਿਚ ਗੰਢਾਂ ਜਾਂ ਲੈਂਜ਼ਾਕਾਰ ਪੁੰਜਾਂ ਦੀ ਸ਼ਕਲ ਵਿਚ ਹੁੰਦਾ ਹੈ। ਇਹ ਪੁੰਜ ਸਖ਼ਤ ਸ਼ੇਲਾਂ ਵਿਚੋਂ ਛਿੱਜ ਕੇ ਨਦੀਆਂ ਵਿਚ ਯਾਰਕਸ਼ਿਰ ਤਟ ਤੋਂ ਮਿਲੇ ਸਨ। ਮਗਰੋਂ ਸਪਲਾਈ ਵਧਾਉਣ ਲਈ ਸ਼ੇਲ ਵਿਚ ਛੋਟੀਆਂ ਖਾਣਾਂ ਬਣਾਈਆਂ ਗਈਆਂ। ਅਜਿਹਾ ਪਦਾਰਥ ਕਈ ਹੋਰ ਕੋਲ ਸਮੂਹਾਂ ਵਿਚੋਂ ਵੀ ਮਿਲਿਆ ਹੈ।

ਪੂਰਵ-ਇਤਿਹਾਸਕ ਸੋਮਿਆਂ ਤੋਂ 20ਵੀਂ ਸਦੀ ਤੱਕ ਅੰਗਰੇਜ਼ਾਂ ਦੇ ਗਹਿਣਿਆਂ ਵਿਚ ਜੈੱਟ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਜਾਂਦੀ ਸੀ। ਸੋਗ ਵੇਲੇ ਪਹਿਨਣ ਵਾਲੇ ਗਹਿਣਿਆਂ ਵਿਚ ਇਸ ਦੀ ਵਰਤੋਂ ਇਕ ਪ੍ਰਥਾ ਸੀ। ਨਰਮ ਹੋਣ ਕਰਕੇ ਇਸ ਵਿਚ ਬੜੀ ਜਲਦੀ ਝਰੀਟਾਂ ਪੈ ਜਾਂਦੀਆਂ ਹਨ। ਇਸ ਦੀ ਥਾਂ ਕਠੋਰ ਕੈਲਸੇਡੋਨੀ (ਜਿਸ ਤੇ ਗੂੜ੍ਹਾ ਕਾਲਾ ਰੰਗ ਚਾੜ੍ਹਿਆ ਜਾ ਸਕਦਾ ਹੈ) ਨੇ ਲੈ ਲਈ ਸੀ। ਭਾਵੇਂ ਇਹ ਕਠੋਰ ਹੈ ਪਰੰਤੂ ਭਾਰੀ ਹੋਣ ਕਾਰਨ ਲੰਬੇ ਹਾਰ ਪਹਿਨਣ ਵਾਲੇ ਲਈ ਬਹੁਤ ਬੋਝ ਬਣ ਜਾਂਦੇ ਹਨ। ਰੰਗਦਾਰ ਪਲਾਸਟਿਕਾਂ ਦੀ ਆਮਦ ਕਾਰਨ ਜੈੱਟ ਅੱਜਕਲ੍ਹ ਕੇਵਲ ਪੁਰਾਣੇ ਜੇਵਰਾਂ ਅਤੇ ਅਜਾਇਬ ਘਰਾਂ ਵਿਚ ਹੀ ਵੇਖਿਆ ਜਾਂਦਾ ਹੈ। ਪੁਰਾਤੱਤਵ-ਵਿਗਿਆਨੀਆਂ ਲਈ ਇਸ ਦੀ ਹਾਲੇ ਵੀ ਕਾਫ਼ੀ ਮਹੱਤਤਾ ਹੈ ਪਰੰਤੂ ਗਹਿਣਿਆਂ ਦੇ ਤੌਰ ਤੇ ਇਸ ਦੀ ਵਰਤੋਂ ਬਿਲਕੁਲ ਖ਼ਤਮ ਹੋ ਗਈ ਹੈ।

ਹ. ਪੁ.–ਐਨ. ਬ੍ਰਿ. 12 : 1028

**ਜੈਟਕਿਨ, ਕਲਾਰਾ** : ਜਰਮਨੀ ਦੀ ਇਸ ਸਮਾਜਵਾਦੀ ਇਸਤਰੀ ਦਾ ਜਨਮ 5 ਜੂਨ, 1857 ਨੂੰ ਸੈਕਸਨੀ ਵਿਚ ਵੀਡਰਾਨ ਵਿਖੇ ਹੋਇਆ। ਪੈਰਿਸ ਵਿਸ਼ਵ ਵਿਦਿਆਲੇ ਤੋਂ ਸਿੱਖਿਆ ਪ੍ਰਾਪਤ ਕਰਨ

ਉਪਰੰਤ ਇਸ ਨੇ ਪੜ੍ਹਾਉਣਾ ਸ਼ੁਰੂ ਕੀਤਾ। ਕੁਝ ਸਮੇਂ ਤੱਕ ਇਸ ਨੇ ਔਰਤਾਂ ਦੇ ਪ੍ਰਮੁੱਖ ਸਾਮਾਜਿਕ ਪਰਜਾਤਾਂਤਰਿਕ ਦਲ ਦੇ ਮੂਲ ਪੱਤਰ 'ਗਲਾਈਖਾਈਟ' ਦਾ ਸੰਪਾਦਨ ਕੀਤਾ। ਸੰਨ 1819 ਵਿਚ ਸਥਾਪਿਤ 'ਰਾਈਖ ਸਾਮਵਾਦੀ ਦਲ' ਦੀ ਇਹ ਮੁੱਢ ਤੋਂ ਹੀ ਮੈਂਬਰ ਰਹੀ। ਸੰਨ 1920 ਵਿਚ ਇਹ 'ਰਾਈਖਟਾਰਾ' ਦੀ ਮੈਂਬਰ ਬਣੀ। ਇਹ ਬਹੁਤ ਵਧੀਆ ਭਾਸ਼ਣ ਦੇਂਦੀ ਸੀ।

ਸੰਨ 1933 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 5 : 33

**ਜੈਤਸਿਰੀ** : ਇਸ ਨੂੰ ਜਯਤਿਸ਼ੀ ਵੀ ਕਿਹਾ ਜਾਂਦਾ ਹੈ। ਇਹ ਪੂਰਬੀ ਟਾਟ ਦੀ ਔੜਵ ਸੰਪੂਰਣ ਰਾਗਣੀ ਹੈ। ਇਸ ਰਾਗ ਵਿਚ ਆਰੋਹੀ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ ਪਰ ਅਵਰੋਹੀ ਵਿਚ ਸਾਰੇ ਸੁਰ ਹਨ। ਵਾਦੀ ਸੁਰ ਗਾਂਧਾਰ ਹੈ ਮੱਧਮ ਤੀਵ੍ਰ ਹੈ। ਦੈਵਤ ਅਤੇ ਰਿਸ਼ਭ ਕੋਮਲ ਹਨ। ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਨੂੰ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ–ਸ, ਗ, ਮ, ਪ, ਨੀ, ਸਂ

ਅਵਰੋਹੀ–ਸੰ , ਨੀ, ਧ, ਪ, ਮ, ਗ, ਰੇ, ਸ

ਹ. ਪੁ.–ਮ. ਕੋ.

**ਜੈਂਤੀਆ ਹਿਲਜ਼** : ਉੱਤਰ-ਪੂਰਬੀ ਭਾਰਤ ਦੇ ਮੇਘਾਲਿਆ ਰਾਜ ਦੇ ਪੂਰਬੀ ਹਿੱਸੇ ਵਿਚ ਵਾਕਿਆ ਇਕ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 3,800 ਵ. ਕਿ. ਮੀ.ਅਤੇ ਆਬਾਦੀ 2,20,473 (1991) ਹੈ। ਇਸ ਦਾ ਸਦਰ-ਮੁਕਾਮ ਜੋਵਾਈ ਸ਼ਹਿਰ ਹੈ। ਇਹ ਜ਼ਿਲ੍ਹਾ ਮੇਘਾਲਿਆ ਪਠਾਰ ਉਪਰ ਸਮੁੰਦਰ ਤਲ ਤੋਂ ਲਗਭਗ 900 ਮੀ. ਦੀ ਉਚਾਈ ਉਪਰ ਵਾਕਿਆ ਹੈ। ਇਥੇ ਵਰਖਾ ਵੀ ਬਹੁਤੀ ਹੁੰਦੀ ਹੈ। ਇਸ ਕਰਕੇ ਇਸ ਦਾ ਬਹੁਤਾ ਹਿੱਸਾ ਜੰਗਲਾਂ ਨੇ ਢੱਕਿਆ ਹੋਇਆ ਹੈ। ਜ਼ਿਲ੍ਹੇ ਵਿਚ ਕੋਪੀਲੀ ਦਰਿਆ ਸਾਰੇ ਦਰਿਆਵਾਂ ਵਿਚੋਂ ਵੱਡਾ ਹੈ। ਉਬੜ-ਖਾਬੜ ਭੂਮੀ ਉੱਤੇ ਵਗਣ ਕਾਰਨ ਇਸ ਦਰਿਆ ਦੇ ਰਾਹ ਵਿਚ ਕਈ ਝਰਨੇ ਵੀ ਬਣਦੇ ਹਨ। ਇਸ ਜ਼ਿਲ੍ਹੇ ਦੀ ਜ਼ਮੀਨ ਖੇਤੀਬਾੜੀ ਲਈ ਵੀ ਵਧੀਆ ਹੈ ਅਤੇ ਇਥੇ ਬਦਲਵੀਂ ਖੇਤੀ ਹੀ ਪ੍ਰਚੱਲਤ ਹੈ। ਇਥੇ ਸਥਾਈ ਖੇਤੀ ਦੀ ਪ੍ਰਥਾ ਚਾਲੂ ਕਰਨ ਲਈ ਸਰਕਾਰ ਬਹੁਤ ਯਤਨ ਕਰ ਰਹੀ ਹੈ। ਆਲੂ ਇਸ ਖੇਤਰ ਦੀ ਮੁੱਖ ਫ਼ਸਲ ਹੈ। ਇਸ ਖੇਤਰ ਵਿਚ ਜੈਂਤੀਆ ਲੋਕ ਵਸੇ ਹੋਏ ਹਨ ਜਿਨ੍ਹਾਂ ਦੀਆਂ ਆਦਤਾਂ, ਰੀਤੀ ਰਿਵਾਜ ਨੇੜੇ ਦੇ ਖਾਸੀ ਕਬੀਲਿਆਂ ਵਰਗੇ ਹੀ ਹਨ। ਇਹ ਲੋਕ ਭਾਰਤ ਵਿਚ ਆ ਕੇ ਵਸੇ ਮੰਗੋਲਾਂ ਦੀ ਸੰਤਾਨ ਹਨ।

ਇਨ੍ਹਾਂ ਦੀ ਵੱਖਰੀ ਗੱਲ ਇਹ ਹੈ ਕਿ ਇਹ ਮਾਤਾ ਪ੍ਰਧਾਨ ਪਰਿਵਾਰ ਹੁੰਦੇ ਹਨ। ਜ਼ਿਲ੍ਹੇ ਵਿਚ ਵਸੋਂ ਵਿਰਲੀ ਹੀ ਹੈ।

ਹ. ਪੁ.–ਐਨ. ਬ੍ਰਿ. ਮਾ. 6 : 474

**ਜੈਂਤੀਆ ਪਰਗਨੇ** : ਇਹ ਉੱਤਰੀ ਭਾਰਤ ਦੇ ਮੇਘਾਲਿਆ ਰਾਜ ਅਤੇ ਬੰਗਲਾ ਦੇਸ਼ ਦੇ ਸਿਲਹਟ ਜ਼ਿਲ੍ਹੇ ਵਿਚ ਜੈਂਤੀਆਂ ਪਹਾੜੀਆਂ ਅਤੇ ਸੁਰਮਾ ਦਰਿਆ ਵਿਚਕਾਰ 1,260 ਵ. ਕਿ. ਮੀ. ਵਿਚ ਫੈਲਿਆ ਖੇਤਰ ਹੈ। ਇਸ ਪਰਗਨੇ ਵਿਚ ਨੀਵੀਆਂ ਡੂੰਘਾਣਾਂ ਦੀ ਇਕ ਲੜੀ ਹੈ। ਕਈ ਛੋਟੀਆਂ-ਛੋਟੀਆਂ ਨਦੀਆਂ ਸੁਰਮਾ ਦਰਿਆ ਵਿਚ ਮਿਲਕੇ ਇਨ੍ਹਾਂ ਦੀ ਜਲ-ਨਿਕਾਸੀ ਕਰਦੀਆਂ ਸਨ। ਨਦੀਆਂ ਦੇ ਕੰਢਿਆਂ ਤੇ ਪਿੰਡ ਸਨ ਤੇ ਬੇਸਿਨ ਦੇ ਕੇਂਦਰ ਵਿਚ ਹਮੇਸ਼ਾ ਪਾਣੀ ਰਹਿੰਦਾ ਸੀ। ਧਰਤੀ ਘਣੇ ਜੰਗਲਾਂ ਨਾਲ ਘਿਰੀ ਹੋਈ ਸੀ ਜੋ ਵਾਹੀ ਯੋਗ ਨਹੀਂ ਸੀ।

ਇਸ ਖੇਤਰ ਉੱਤੇ ਖਾਸੀ ਘਰਾਣੇ ਦਾ ਰਾਜ ਸੀ ਅਤੇ ਗੱਦੀ ਦਾ ਵਾਰਸ ਔਰਤ ਦੀ ਬੰਸ ਵਿਚੋਂ ਚੁਣਨ ਦਾ ਰਿਵਾਜ ਸੀ। ਇਥੋਂ ਮਿਲੇ ਸਿੱਕਿਆਂ ਅਤੇ ਪੁਰਾਣੇ ਰਿਕਾਰਡਾਂ ਤੋਂ ਇਥੋਂ ਦੇ 22 ਰਾਜਿਆਂ ਬਾਰੇ ਪਤਾ ਲੱਗਾ ਹੈ। 18ਵੀਂ ਸਦੀ ਦੇ ਸ਼ੁਰੂ ਵਿਚ ਜੈਂਤੀਆ ਰਾਜੇ ਨੂੰ ਅਹੋਮ ਜਰਨੈਲਾਂ ਨੇ ਹਰਾ ਕੇ ਫੜ ਲਿਆ ਪਰ ਇਥੋਂ ਦੇ ਲੋਕਾਂ ਨੇ ਦੁਸ਼ਮਣ ਦੀ ਅਧੀਨਤਾ ਨਾ ਮੰਨੀ। ਸੰਨ 1824 ਵਿਚ ਜੈਂਤੀਆ ਰਾਜੇ ਨੇ ਅੰਗਰੇਜ਼ਾਂ ਨਾਲ ਸੰਧੀ ਕਰ ਲਈ ਪਰ 1832 ਵਿਚ ਇਸਨੇ ਚਾਰ ਅੰਗਰੇਜ਼ ਕਰਮਚਾਰੀਆਂ ਨੂੰ ਸਿਲਹਟ ਤੋਂ ਅਗਵਾ ਕਰ ਕੇ ਫਾਲ ਜੋਰ ਦੇ ਸਥਾਨ ਤੇ ਇਨ੍ਹਾਂ ਵਿਚੋਂ ਤਿੰਨਾਂ ਨੂੰ ਕਾਲੀ ਦੇਵੀ ਦੇ ਬਲੀ ਚੜ੍ਹਾਉਣ ਲਈ ਕਤਲ ਕਰਵਾ ਦਿੱਤਾ। ਇਸ ਨੇ ਤਿੰਨ ਵਾਰ ਪਹਿਲਾਂ ਵੀ ਅਜਿਹਾ ਕੀਤਾ ਸੀ। ਇਸ ਦੇ ਪ੍ਰਤਿਕਰਮ ਵਜੋਂ ਅੰਗਰੇਜ਼ਾਂ ਨੇ ਗੁੱਸੇ ਵਿਚ ਆ ਕੇ ਜੈਂਤੀਆ ਰਾਜ ਤੇ ਹੀ ਕਬਜ਼ਾ ਕਰ ਲਿਆ।

ਹ. ਪੁ.–ਇੰਪ. ਗ. ਇੰਡ 13 : 381

**ਜੈਂਤੀਆਪੁਰ** : ਇਹ ਬੰਗਲਾ ਦੇਸ਼ ਦੇ ਸਿਲਹਟ ਜ਼ਿਲ੍ਹੇ ਦਾ ਇਕ ਪਿੰਡ ਹੈ ਜੋ ਕਿਸੇ ਸਮੇਂ ਜੈਂਤੀਆ ਰਾਜੇ ਦੀ ਰਾਜਧਾਨੀ ਸੀ। ਜੈਂਤੀਆ ਰਾਜੇ ਨੇ ਇਕ ਵਾਰੀ ਅੰਗਰੇਜ਼ਾਂ ਦੇ ਤਿੰਨ ਅੰਗਰੇਜ਼ ਕਰਮਚਾਰੀਆਂ ਨੂੰ ਦੇਵੀ ਤੇ ਬਲੀ ਚੜ੍ਹਾ ਕੇ ਕਤਲ ਕਰਵਾ ਦਿੱਤਾ। ਨਤੀਜੇ ਵਜੋਂ ਬਰਤਾਨੀਆ ਸਰਕਾਰ ਨੇ 1835 ਵਿਚ ਇਸ ਦੇ ਰਾਜ ਨੂੰ ਆਪਣੇ ਬਾਕੀ ਰਾਜ ਵਿਚ ਮਿਲਾ ਲਿਆ।

ਇਥੇ ਪੁਰਾਣੇ ਕਬੀਲਿਆਂ ਦੁਆਰਾ ਵੱਖ-ਵੱਖ ਕੁਦਰਤੀ ਸ਼ਕਤੀਆਂ ਦੀ ਪੂਜਾ ਕੀਤੀ ਜਾਂਦੀ ਸੀ ਜਿਸ ਦੇ ਅੱਜ ਵੀ ਕਈ ਦਿਲਚਸਪ ਚਿੰਨ੍ਹ ਇਥੇ ਮਿਲਦੇ ਹਨ। ਇਸ ਤੋਂ ਇਲਾਵਾ ਇਸ ਦੇ ਬਾਅਦ ਦੇ ਸਮੇਂ, ਜਦੋਂ ਬੰਗਾਲ ਤੋਂ ਹਿੰਦੂ ਧਰਮ ਇਥੇ ਆਇਆ, ਦੇ ਚਿੰਨ੍ਹ ਵੀ ਮਿਲਦੇ ਹਨ। ਪਹਿਲੇ ਸਮਿਆਂ ਦੇ ਚਿੰਨ੍ਹਾਂ ਵਜੋਂ ਪੁਰਾਣੇ ਕਬੀਲਿਆਂ ਦੇ ਇਕ ਪੱਥਰੇ ਅਣਘੜ ਜਿਹੇ ਲਾਠ ਮਿਲੇ ਹਨ ਤੇ ਬਾਅਦ ਦੇ ਹਿੰਦੂ ਸਮੇਂ ਦੇ ਪੱਥਰਾਂ ਨੂੰ ਤਰਾਸ਼ ਕੇ ਬਣਾਏ ਹੋਏ ਮੰਦਰ ਅਤੇ ਮੂਰਤੀਆਂ ਆਦਿ ਦੇ ਖੰਡਰਾਤ ਮਿਲੇ ਹਨ। ਇਹ ਖੰਡਰਾਤ 1897 ਦੇ ਭੂਚਾਲ ਨਾਲ ਕਾਫ਼ੀ ਢਹਿ ਢੇਰੀ ਹੋ ਗਏ ਹਨ ਅਤੇ ਜੈਂਤੀਆਪੁਰ ਵੀ ਇਕ ਇਤਿਹਾਸਕ ਚਿੰਨ੍ਹ ਦੇ ਤੌਰ ਤੇ ਹੀ ਰਹਿ ਗਿਆ ਹੈ।

28° 8′ ਉ. ਵਿਥ.; 92° 8′ ਪ. ਲੰਬ.

ਹ. ਪੁ.-ਇੰਪ. ਗ. ਇੰਡ. 13:38

**ਜੈਤੂਨ** : ਇਹ ਫਲਦਾਰ ਰੁੱਖ ਅਤੇ ਫਲਾਂ ਵਿਚੋਂ ਸਭ ਤੋਂ ਪੁਰਾਣਾ ਫਲ ਮੰਨਿਆ ਜਾਂਦਾ ਹੈ ਜਿਸ ਦੀ ਪੂਰਵ ਇਤਿਹਾਸਕ ਕਾਲ ਤੋਂ ਕਾਸ਼ਤ



ਜੈਤੂਨ ਰੁੱਖ ਦੇ ਪੱਤੇ ਅਤੇ ਫ਼ਲ

ਹੁੰਦੀ ਆ ਰਹੀ ਹੈ। ਇਸ ਦਾ ਵਿਗਿਆਨਕ ਨਾਂ ਓਲੀਆ ਯੂਰੋਪੀਆ (Olea Europaea) ਹੈ। ਮਿਸਰ ਵਿਚ ਸਭ ਤੋਂ ਪਹਿਲਾਂ ਇਸ ਫ਼ਲ ਦਾ ਪਤਾ 17 ਸਦੀ ਈ. ਪੂ. ਵਿਚ ਚਲਿਆ ਅਤੇ ਬਾਈਬਲ ਤੋਂ ਛੁੱਟ ਯੂਨਾਨੀ ਅਤੇ ਰੋਮ ਦੇਸ਼ ਦੀਆਂ ਲਿਖਤਾਂ ਵਿਚ ਇਸ ਦਾ ਬਹੁਤ ਜ਼ਿਕਰ ਆਉਂਦਾ ਹੈ।

ਅੱਜਕਲ੍ਹ ਇਸ ਦੀ ਕਾਸ਼ਤ ਰੂਮ-ਸਾਗਰੀ ਖੇਤਰ ਵਿਚ ਹਰ ਜਗ੍ਹਾ ਕੀਤੀ ਜਾ ਰਹੀ ਹੈ ਅਤੇ ਇਹ ਊਸ਼ਣੀ ਅਤੇ ਉਪ-ਊਸ਼ਣੀ ਖੇਤਰਾਂ ਵਿਚ ਵੀ ਸ਼ਾਮਲ ਕੀਤਾ ਜਾ ਚੁੱਕਾ ਹੈ। ਕੈਲਿਫ਼ੋਰਨੀਆ ਵਿਚ ਇਹ ਸੰਨ 1769 ਤੋਂ ਕਾਸ਼ਤ ਕੀਤਾ ਜਾ ਰਿਹਾ ਹੈ ਅਤੇ ਜ਼ਿਆਦਾਤਰ ਇਸ ਦੀ ਕਾਸ਼ਤ ਸਜਾਵਟੀ ਰੁੱਖ ਵਜੋਂ ਹੀ ਕੀਤੀ ਜਾਂਦੀ ਹੈ।

ਇਹ ਇਕ ਛੋਟਾ ਅਤੇ ਸਦਾ ਬਹਾਰ ਰੁੱਖ ਹੈ ਜੋ ਕਰੀਬ 8 ਤੋਂ 14 ਮੀ. ਉੱਚਾ ਹੋ ਸਕਦਾ ਹੈ। ਇਸ ਦੇ ਪੱਤੇ ਮੋਟੇ, ਫੁੱਲ ਚਿੱਟੇ ਅਤੇ ਫਲ ਚਮਕੀਲੇ ਵੈਂਗਣੀ ਕਾਲੇ ਰੰਗ ਦੇ ਹੁੰਦੇ ਹਨ। ਭਾਵੇਂ ਇਹ ਰੁੱਖ ਬਹੁਤ ਵੱਡੀ ਉਮਰ ਤੱਕ ਜੀਵਿਤ ਰਹਿੰਦਾ ਹੈ ਪਰ ਫਿਰ ਵੀ ਇਸ ਦੀ ਕਾਸ਼ਤ ਲਈ ਸਾਵਧਾਨੀ ਦੀ ਲੋੜ ਹੁੰਦੀ ਹੈ। ਇਸ ਦੀ ਚੰਗੀ ਕਾਸ਼ਤ ਲਈ ਮੋਟੀ ਜ਼ਰਖ਼ੇਜ਼ ਜ਼ਮੀਨ ਅਤੇ ਔਸਤਨ ਤਾਪਮਾਨ 14° ਸੈਂ. ਲੋੜੀਂਦਾ ਹੈ। ਇਸ ਨੂੰ ਸਿੰਜਾਈ ਦੀ ਵੀ ਆਮ ਲੋੜ ਰਹਿੰਦੀ ਹੈ। ਇਸ ਰੁੱਖ ਦਾ ਪਰਵਰਧਨ ਕਲਮਾਂ ਰਾਹੀਂ ਕੀਤਾ ਜਾਂਦਾ ਹੈ।

ਜੈਤੂਨ ਫਲਾਂ ਵਿਚ ਇਕ ਕੌੜਾ ਗਲੂਕੋਸਾੱਈਡ ਹੁੰਦਾ ਹੈ ਅਤੇ ਇਸ ਕੌੜੇਪਨ ਨੂੰ ਦੂਰ ਕਰਨ ਲਈ ਇਨ੍ਹਾਂ ਨੂੰ ਪ੍ਰਾਸੈੱਸ ਕਰਨਾ ਪੈਂਦਾ ਹੈ ਤਾਂ ਜੋ ਇਹ ਖਾਣ ਯੋਗ ਹੋ ਸਕਣ। ਇਸ ਨੂੰ ਸੋਡੀਅਮ ਹਾਈਡ੍ਰਾੱਕਸਾਈਡ ਵਿਚ ਗਰਮ ਕਰਨ ਅਤੇ ਅਚਾਰ ਬਣਾ ਕੇ ਰੱਖੇ ਜਾਣ ਨਾਲ ਕੌੜਾ ਸੁਆਦ ਹਟ ਜਾਂਦਾ ਹੈ। ਜੈਤੂਨ ਦੇ ਪੱਕੇ ਹੋਏ ਫਲ ਬਹੁਤ ਖ਼ੁਰਾਕੀ ਮਹੱਤਤਾ ਵਾਲੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਤੇਲ ਦੀ ਮਾਤਰਾ ਕਾਫ਼ੀ ਹੁੰਦੀ ਹੈ। ਇਸ ਦੀ ਕਾਸ਼ਤ ਖਾਣ ਲਈ ਹੀ ਕੀਤੀ ਜਾਂਦੀ ਹੈ ਪਰ ਵਧੇਰੇ ਕਰਕੇ ਇਸ ਤੋਂ ਜੈਤੂਨ ਦਾ ਤੇਲ ਪ੍ਰਾਪਤ ਕੀਤਾ ਜਾਂਦਾ ਹੈ ਜਿਸ ਦਾ ਜ਼ਿਕਰ ਅੱਗੇ ਕੀਤਾ ਜਾ ਰਿਹਾ ਹੈ।

ਹਰੇ ਰੰਗ ਦੇ ਜੈਤੂਨ ਵੀ ਖਾਣ ਦਾ ਇਕ ਸੋਮਾ ਹਨ। ਜਦ ਇਹ ਥੋੜ੍ਹੇ ਅੱਧ ਪੱਕੇ ਹੀ ਹੋਣ ਤਾਂ ਇਨ੍ਹਾਂ ਨੂੰ ਹੱਥਾਂ ਨਾਲ ਚੁਣ ਲਿਆ ਜਾਂਦਾ ਹੈ। ਇਨ੍ਹਾਂ ਨੂੰ ਸਾਫ਼ ਕਰਕੇ ਲਾਈ ਨਾਲ ਮਿਲਾ ਕੇ ਗਰਮ ਕੀਤਾ ਜਾਂਦਾ ਹੈ। ਜਿਸ ਨਾਲ ਇਹ ਨਰਮ ਹੋ ਜਾਂਦੇ ਹਨ ਤੇ ਇਨ੍ਹਾਂ ਵਿਚਲਾ ਕੌੜਾ ਅੰਸ਼ ਨਿਕਲ ਜਾਂਦਾ ਹੈ। ਇਸ ਤੋਂ ਬਾਅਦ ਵਿਚ ਇਨ੍ਹਾਂ ਨੂੰ ਲੂਣੇ ਘੋਲ ਵਿਚ ਅਚਾਰ ਬਣਾ ਕੇ ਰੱਖ ਲਿਆ ਜਾਂਦਾ ਹੈ। ਇਸ ਦੀ ਕਾਸ਼ਤ ਅਤੇ ਦਰਾਮਦ ਕਰਨ ਵਾਲੇ ਪ੍ਰਮੁੱਖ ਦੇਸ਼ਾਂ ਵਿਚ ਇਟਲੀ, ਪੁਰਤਗਾਲ, ਟਿਊਨੀਸ਼ੀਆ, ਟਰਕੀ ਅਤੇ ਯੂਨਾਨ ਸ਼ਾਮਲ ਹਨ।

**ਜੈਤੂਨ ਦਾ ਤੇਲ**—ਇਹ ਤੇਲ, ਜੋ ਜੈਤੂਨ ਦੇ ਫੁੱਲ ਤੋਂ ਪ੍ਰਾਪਤ ਕੀਤਾ ਜਾਂਦਾ ਹੈ, ਖ਼ੁਸ਼ਕ ਨਾ ਹੋਣ ਵਾਲੇ ਤੇਲਾਂ ਵਿਚੋਂ ਇਕ ਮਹੱਤਵਪੂਰਨ ਤੇਲ ਹੈ। ਦੁਨੀਆ ਦੀ ਜੈਤੂਨ ਦੇ ਤੇਲ ਦੀ ਕੁੱਲ ਪੈਦਾਵਾਰ ਇਕ ਅਨੁਮਾਨ ਅਨੁਸਾਰ, 1,000,000,000 ਕਿ. ਗ੍ਰਾ. ਹੈ। ਇਹ ਤੇਲ ਫਲਾਂ ਵਿਚੋਂ ਹੱਥ ਜਾਂ ਮਸ਼ੀਨਾਂ ਰਾਹੀਂ ਨਿਚੋੜ ਕੇ ਕੱਢਿਆ ਜਾਂਦਾ ਹੈ। ਚੰਗੇ ਦਰਜੇ ਦਾ ਤੇਲ ਮਸ਼ੀਨਾਂ ਰਾਹੀਂ ਹੀ ਨਿਕਲਦਾ ਹੈ। ਇਹ ਤੇਲ ਸੁਨਹਿਰੀ ਪੀਲੇ ਰੰਗ ਦਾ, ਸਾਫ਼ ਨਿੱਤਰਿਆ, ਗੰਧ-ਰਹਿਤ ਅਤੇ ਖਾਣ ਯੋਗ ਹੁੰਦਾ ਹੈ। ਇਨ੍ਹਾਂ ਦਾ ਉਪਯੋਗ ਜ਼ਿਆਦਾਤਰ ਖਾਣਾ ਬਣਾਉਣ ਲਈ ਅਤੇ ਸਾਰਡੀਨ ਨੂੰ ਡੱਬਿਆਂ ਵਿਚ ਬੰਦ ਕਰਨ ਅਤੇ ਔਸ਼ਧੀਆਂ ਵਿਚ ਕੀਤਾ ਜਾਂਦਾ ਹੈ, ਕਿਉਂਕਿ ਇਹ ਕਾਫ਼ੀ ਲੰਬਾ ਅਰਸਾ ਖ਼ਰਾਬ ਹੋਣ ਤੋਂ ਬਿਨਾਂ ਰਹਿ ਸਕਦਾ ਹੈ. ਇਸ ਵਿਚ ਗੰਧ ਉਸ ਸਮੇਂ ਹੀ ਪੈਦਾ ਹੁੰਦੀ ਹੈ ਜਦ ਇਸ ਨੂੰ ਖੁਲ੍ਹੀ ਹਵਾ ਵਿਚ ਰੱਖਿਆ ਜਾਂਦਾ ਹੈ। ਮਾੜੇ ਦਰਜੇ ਦੇ ਤੇਲਾਂ ਵਿਚ ਹਰੇ ਰੰਗ ਦੀ ਭਾਅ ਆ ਜਾਂਦੀ ਹੈ ਅਤੇ ਇਨ੍ਹਾਂ ਦੀ ਵਰਤੋਂ ਸਾਬਣ ਬਣਾਉਣ ਅਤੇ ਚਿਕਨਾਈ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਪੂਰੀ ਤਰ੍ਹਾਂ ਪੱਕੇ ਹੋਏ ਜੈਤੂਨ ਦੇ ਫਲਾਂ ਵਿਚੋਂ ਤੇਲ ਦੀ ਮਾਤਰਾ ਅਧਿਕ ਨਿਕਲਦੀ ਹੈ। ਇਸ ਦੀ ਖੱਲ ਪਸ਼ੂਆਂ ਦੇ ਚਾਰੇ ਲਈ ਵੀ ਵਰਤੀ ਜਾਂਦੀ ਹੈ ਅਤੇ ਕਦੀ ਕਦਾਈਂ ਇਸ ਦੀ ਵਰਤੋਂ ਜ਼ਮੀਨ ਦੀ ਹਾਲਤ ਸੁਧਾਰਨ ਲਈ ਮੱਲ੍ਹੜ ਵਜੋਂ ਵੀ ਕੀਤੀ ਜਾਂਦੀ ਹੈ।

**ਔਸ਼ਧੀ ਗੁਣ**—ਜੈਤੂਨ ਰੁੱਖ ਦੀ ਛਿੱਲ ਕੌੜੀ ਤੇ ਬਾਧਕ ਹੁੰਦੀ ਹੈ ਅਤੇ ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਇਸ ਨੂੰ ਸਿਨਕੋਨਾ ਦੇ ਬਦਲ ਵਜੋਂ ਵੀ ਵਰਤਿਆ ਜਾ ਸਕਦਾ ਹੈ। ਫੁੱਲ ਦੀ ਪੈਰੀਕਾਰਪ ਤੋਂ ਤਿਆਰ ਕੀਤੇ ਤੇਲ ਵਿਚ ਖਰਾਸ਼ ਹਟਾਉਣ, ਪੁਲਟਿਸ ਵਜੋਂ ਅਤੇ ਜੁਲਾਬ ਵਜੋਂ ਵਰਤੇ ਜਾਣ ਵਾਲੇ ਗੁਣ ਹੁੰਦੇ ਹਨ। ਜੈਤੂਨ ਦੇ ਰੁੱਖ ਤੋਂ ਪੈਦਾ ਹੋਈ ਗੂੰਦ ਵਿਚ ਜ਼ਖ਼ਮ ਰਾਜ਼ੀ ਕਰਨ ਵਾਲੇ ਗੁਣ ਵੀ ਹੁੰਦੇ ਹਨ।

ਹ. ਪੁ.–ਇ. ਬਾ. 428; ਗ. ਇੰਪ. ਮੈ. 4 : 180

**ਜੈਤੋਂ** : ਇਹ ਫ਼ਰੀਦਕੋਟ ਜ਼ਿਲ੍ਹੇ ਦਾ ਇਕ ਪਿੰਡ ਹੈ ਜੋ ਬਠਿੰਡਾ ਫ਼ਿਰੋਜ਼ਪੁਰ ਰੇਲਵੇ ਲਾਈਨ ਤੇ ਬਠਿੰਡੇ ਤੋਂ ਲਗਭਗ 25. ਕਿ. ਮੀ. ਦੀ ਦੂਰੀ ਤੇ ਵਾਕਿਆ ਹੈ।

ਇਤਿਹਾਸਕ ਪੱਖੋਂ ਇਸ ਪਿੰਡ ਦਾ ਮਹੱਤਵ ਵਧੇਰੇ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਗੁਰਦੁਆਰਾ ਹੈ ਜਿਸ ਦੀ ਇਮਾਰਤ ਦੀ ਸੇਵਾ ਮਹਾਰਾਜਾ ਹੀਰਾ ਸਿੰਘ ਨੇ ਕਰਵਾਈ ਸੀ। ਗੁਰਦੁਆਰੇ ਦੇ ਨਾਲ ਲਗਦਾ ਇਕ ਤਲਾਬ ਹੈ ਜਿਹੜਾ ਗੰਗਸਰ ਦੇ ਨਾਉਂ ਨਾਲ ਪ੍ਰਸਿੱਧ ਹੈ। ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਇਥੇ ਭਾਰੀ ਮੇਲਾ ਲਗਦਾ ਹੈ।

ਸੰਨ 1923 ਵਿਚ ਗੁਰਦੁਆਰੇ ਵਿਖੇ ਅਖੰਡ ਪਾਠ ਰਖਵਾਏ ਜਾਣ ਦੇ ਮਾਮਲੇ ਨੂੰ ਲੈ ਕੇ ਅਕਾਲੀ ਦਲ ਅਤੇ ਨਾਭਾ ਰਿਆਸਤ ਦੇ ਕਰਮਚਾਰੀਆਂ ਦਰਮਿਆਨ ਕਾਫ਼ੀ ਖਿਚੋਤਾਣ ਸ਼ੁਰੂ ਹੋ ਗਈ। ਇਹ ਝਗੜਾ ਏਨਾ ਵਧ ਗਿਆ ਕਿ ਇਥੇ ਸਤੰਬਰ ਵਿਚ ਇਕ ਮੋਰਚਾ ਸ਼ੁਰੂ ਹੋਇਆ। ਫ਼ਰਵਰੀ, 1924 ਵਿਚ ਲਗਭਗ 500 ਜਾਨਾਂ ਦਾ ਨੁਕਸਾਨ ਹੋਇਆ। ਅੰਤ ਜੁਲਾਈ, 1925 ਨੂੰ 101 ਅਖੰਡ ਪਾਠਾਂ ਦੀ ਇਕ ਲੜੀ ਆਰੰਭ ਕੀਤੀ ਗਈ ਜਿਸ ਦੀ ਸਮਾਪਤੀ ਅਗਸਤ ਵਿਚ ਹੋਈ ਅਤੇ ਇਥੇ ਸ਼ਾਂਤੀ ਸਥਾਪਿਤ ਹੋਈ।

ਜੈਤੋਂ ਤੋਂ ਦੋ ਕਿ. ਮੀ. ਉੱਤਰ ਵਿਚ ਟਿੱਬੀ ਸਾਹਿਬ ਗੁਰਦੁਆਰਾ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਤਰਕਾਲਾਂ ਵੇਲੇ ਰਹਿਰਾਸ ਸਾਹਿਬ ਦੇ ਪਾਠ ਲਈ ਦੀਵਾਨ ਸਜਾਇਆ ਕਰਦੇ ਸਨ।

ਜੈਤੋਂ ਦੀ ਮੰਡੀ ਵੀ ਬੜੀ ਪ੍ਰਸਿੱਧ ਹੈ। ਦੂਰੋਂ ਦੂਰੋਂ ਲੋਕੀਂ ਇਥੇ ਪਸ਼ੂ ਖ਼ਰੀਦਣ ਆਉਂਦੇ ਹਨ। ਇਥੇ ਪ੍ਰਾਇਮਰੀ, ਮਿਡਲ, ਹਾਈ ਸਕੂਲ ਅਤੇ ਕਾਲਜ ਆਦਿ ਵਿੱਦਿਅਕ ਅਦਾਰਿਆਂ ਤੋਂ ਇਲਾਵਾ ਡਾਕ-ਘਰ ਤੇ ਹਸਪਤਾਲ ਆਦਿ ਵੀ ਹਨ।

ਆਬਾਦੀ–28,861 (1991)

ਹ. ਪੁ.–ਮ. ਕੋ. 533; ਡਿ. ਸੈਂ. ਹੈ. ਬੁ.–ਫ਼ਰੀਦਕੋਟ : 65

**ਜੈਥਰੋ** : ਪੁਰਾਣੀ ਬਾਈਬਲ ਅਨੁਸਾਰ ਇਹ ਹਜ਼ਰਤ ਇਬਰਾਹੀਮ ਦੇ ਪੁੱਤਰ ਮਿਡੀਅਨ ਦਾ ਪਰੋਹਿਤ ਸੀ। ਇਸ ਨੂੰ ਰਿਊਐਲ (Reuel) ਅਤੇ ਹੋਬਾਬ ਵੀ ਕਿਹਾ ਜਾਂਦਾ ਹੈ। ਮੂਸਾ ਨੇ ਇਕ ਮਿਸਰ ਵਾਸੀ ਨੂੰ ਕਤਲ ਕਰਕੇ, ਜਿਸ ਦੀ ਧੀ ਨਾਲ ਉਸ ਨੇ ਵਿਆਹ ਕਰਵਾਉਣਾ ਸੀ, ਇਸ ਦੇ ਕੋਲ ਸ਼ਰਨ ਲਈ ਸੀ। ਇਜ਼ਰਾਈਲੀਆਂ ਦੇ ਮਿਸਰ ਤੋਂ ਕੂਚ ਮਗਰੋਂ ਜੈਥਰੋ ਗਾਊਂਟੇਨ ਆਫ਼ ਗਾਡ ਉੱਤੇ ਇਕੱਠੇ ਹੋਏ ਇਬਰਾਨੀਆਂ ਨੂੰ ਮਿਲਿਆ। ਉਥੇ ਇਹ ਮੂਸਾ ਦੀ ਪਤਨੀ ਅਤੇ ਪੁੱਤਰਾਂ ਨੂੰ ਨਾਲ ਲੈ ਕੇ ਆਇਆ ਸੀ। ਉਥੇ ਹੀ ਇਸ ਨੇ ਰੱਬ ਅੱਗੇ ਬਲੀ ਦੇ ਕਾਰਜ ਨੂੰ ਸੰਪੰਨ ਕਰਵਾਇਆ। ਉਸ ਵਿਚ ਆਰੋ ਅਤੇ ਇਜ਼ਰਾਈਲ ਦੇ ਵਡੇਰੇ ਵੀ ਸ਼ਾਮਲ ਸਨ। ਉਥੇ ਹੀ ਇਸ ਨੇ ਮੂਸਾ ਨੂੰ ਸੁਝਾਉ ਦਿੱਤਾ ਕਿ ਆਪਣੀ ਸਹਾਇਤਾ ਲਈ ਜੱਜ ਨਿਯੁੱਕਤ ਕਰੇ ਅਤੇ ਇਸ ਤਰ੍ਹਾਂ ਇਬਰਾਨੀ ਨਿਆਂ ਵਿਵਸਥਾ ਦਾ ਮੁੱਢ ਬੱਝਿਆ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਯਾਹਵੇ ਜੈਥਰੋ ਦੇ ਕੀਨਾਈਟ ਕਬੀਲੇ ਦਾ ਦੇਵਤਾ ਸੀ ਅਤੇ ਇਸੇ ਨੇ ਮੂਸਾ ਅਤੇ ਇਸਰਾਈਲ਼ ਵਾਸੀਆਂ ਨੂੰ ਇਸ ਦੇਵਤੇ ਤੋਂ ਜਾਣੂੰ ਕਰਵਾਇਆ ਸੀ।

ਹ. ਪੁ.–ਐਨ. ਬ੍ਰਿ. 12 : 1028; ਐਨ. ਬ੍ਰਿ. ਮਾ. 5 : 551

**ਜੈਦਬ੍ਰਾਅ** : ਦੱਖਣ-ਪੂਰਬੀ ਸਕਾਟਲੈਂਡ ਵਿਚ ਰਾਕਸਬ੍ਰਾਅ ਕਾਊਂਟੀ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਐਡਿਨਬ੍ਰਾਅ ਤੋਂ 80 ਕਿ. ਮੀ. ਦੱਖਣ-ਪੂਰਬ ਵੱਲ ਇੰਗਲੈਂਡ ਦੀ ਹੱਦ ਤੋਂ ਸਿਰਫ 16 ਕਿ. ਮੀ. ਦੀ ਦੂਰੀ ਉਪਰ ਸਕਾਟਲੈਂਡੀ ਖੇਤਰ ਵਿਚ ਟੀਵੀਅਟ ਦਰਿਆ ਦੀ ਜੈਦ ਵਾਟਰ ਸ਼ਾਖਾ ਉਪਰ ਵਸਿਆ ਹੋਇਆ ਹੈ। ਇਹ ਇਤਿਹਾਸਕ ਸ਼ਹਿਰ ਹੈ, ਜਿਸ ਦੀ ਸਥਾਪਨਾ ਇਸੇ ਜਗ੍ਹਾ ਉੱਤੇ 9ਵੀਂ ਸਦੀ ਵਿਚ ਇਕ ਗਿਰਜਾ-ਘਰ ਬਣਾ ਕੇ ਕੀਤੀ ਗਈ ਸੀ। ਬਾਅਦ ਵਿਚ ਇਥੇ ਹੀ 1118 ਵਿਚ ਸਕਾਟਲੈਂਡ ਦੇ ਬਾਦਸ਼ਾਹ ਡੇਵਿਡ ਪਹਿਲੇ ਨੇ ਫ਼ਰਾਂਸੀਸੀ ਆਗਸਤੀਨੀਆਂ ਵਾਸਤੇ ਇਕ ਮੱਠ ਵੀ ਬਣਵਾਇਆ ਸੀ। ਇਸੇ ਮੱਠ ਨੂੰ 1147 ਵਿਚ ਵੱਡੇ ਮੱਠ (ਐਬੇ) ਦਾ ਦਰਜਾ ਮਿਲ ਗਿਆ। ਇਸ ਤੋਂ ਮਗਰਲੇ ਸਾਲਾਂ ਦੌਰਾਨ ਅੰਗਰੇਜ਼ਾਂ ਨਾਲ ਲੜਾਈਆਂ ਵਿਚ ਸ਼ਹਿਰ ਨੂੰ ਭਾਰੀ ਨੁਕਸਾਨ ਹੁੰਦਾ ਰਿਹਾ। ਸੰਨ 1523 ਵਿਚ ਇਹ ਅੱਗ ਨਾਲ, 1544-45 ਵਿਚ ਅੰਗਰੇਜ਼ਾਂ ਦੇ ਹਮਲਿਆਂ ਨਾਲ ਢਹਿ-ਢੇਰੀ ਹੋ ਗਿਆ ਪਰ ਇਥੋਂ ਦੀ ਖ਼ੂਬਸੂਰਤ ਮੱਠ ਮੱਧ ਕਾਲੀਨ ਨਾਰਮਨ ਇਮਾਰਤ ਉਸਾਰੀ ਦਾ ਨਮੂਨਾ ਹੈ।

ਇਸ ਸ਼ਹਿਰ ਦੀ ਇਕ ਹੋਰ ਵਰਣਨ ਯੋਗ ਇਮਾਰਤ ਇਥੋਂ ਦਾ ਕਿਲਾ ਹੈ। ਇਹ ਵੀ ਬਾਦਸ਼ਾਹ ਡੇਵਿਡ ਪਹਿਲੇ ਨੇ ਸ਼ਹਿਰ ਦੇ ਦੱਖਣੀ ਹਿੱਸੇ ਵਿਚ ਬਣਵਾਇਆ ਸੀ। ਅੰਗਰੇਜ਼ ਇਸ ਕਿਲੇ ਉੱਤੇ ਲਗਾਤਾਰ ਹਮਲੇ ਕਰਦੇ ਰਹੇ। ਇਹ ਸਕਾਟਲੈਂਡ ਦੇ ਵਸਨੀਕਾਂ ਦੀ ਰਾਖੀ ਦੀ ਥਾਂ ਮੁਸੀਬਤ ਦਾ ਕਾਰਨ ਹੀ ਸਾਬਤ ਹੋਇਆ, ਜਿਸ ਤੋਂ ਛੁਟਕਾਰਾ ਪਾਉਣ ਖਾਤਰ 1409 ਵਿਚ ਇਸ ਨੂੰ ਢਾਹੁਣਾ ਹੀ ਪਿਆ। 19ਵੀਂ ਸਦੀ ਵਿਚ ਇਸੇ ਕਿਲੇ ਨੂੰ ਜੇਲ੍ਹ ਦਾ ਰੂਪ ਦੇ ਦਿੱਤਾ ਗਿਆ। ਕਿਲੇ ਦੇ ਨੇੜੇ ਹੀ ਇਕ ਹੋਰ ਜਾਰਜੀਅਨ ਇਮਾਰਤ ਨੂੰ ਵੀ ਕਿਲਾ ਹੀ ਮੰਨਿਆ ਜਾਂਦਾ ਹੈ।

ਇਸ ਸ਼ਹਿਰ ਦੀ ਮਹੱਤਤਾ ਸਕਾਟਲੈਂਡ ਦੀ ਮਹਾਰਾਣੀ ਮੇਰੀ ਦੇ ਆਉਣ ਨਾਲ ਵੀ ਜੁੜੀ ਹੋਈ ਹੈ। ਮਹਾਰਾਣੀ ਮੇਰੀ ਅਕਤੂਬਰ, 1566 ਵਿਚ ਕੁਈਨ ਸਟਰੀਟ ਦੇ ਇਕ ਘਰ ਵਿਚ ਰਹੀ ਸੀ ਜਿਥੇ ਇਸ ਦੀਆਂ ਕੁਝ ਯਾਦਾਂ ਵੀ ਪਈਆਂ ਹਨ। ਇਹ ਘਰ ਵੀ ਅਜਾਇਬ ਘਰ ਬਣਾਇਆ ਗਿਆ ਹੈ। ਪਰ ਅੱਜਕੱਲ੍ਹ ਦਾ ਜੈਦਬ੍ਰਾਅ ਸੱਨਅਤਾਂ ਕਰਕੇ ਵੀ ਜਾਣਿਆ ਜਾਂਦਾ ਹੈ। ਇਥੇ ਬਿਜਲੀ ਇੰਜੀਨੀਅਰਿੰਗ ਕਾਰਖ਼ਾਨੇ, ਚਮੜਾ ਬਣਾਉਣ, ਕੱਪੜਾ ਬਣਾਉਣ, ਦਸਤਾਨੇ ਬਣਾਉਣ ਆਦਿ ਦਾ ਕੰਮ ਹੁੰਦਾ ਹੈ।

ਆਬਾਦੀ—3,910 (1971)

55° 29′ ਉ. ਵਿਥ. ; 2° 34′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 535; ਕੋਲ. ਐਨ. 10 : 653

**ਜੈਦਰਥ** : ਇਹ ਚੰਦਰਬੰਸੀ ਰਾਜਕੁਮਾਰ ਬ੍ਰਿਹਨਮਨ ਦਾ ਪੁੱਤਰ ਅਤੇ ਕੌਰਵਾਂ ਦਾ ਸਾਥੀ ਸੀ। ਇਹ ਸਿੰਧੂ ਦੇਸ਼ ਦਾ ਰਾਜਾ ਸੀ ਜਿਸਨੂੰ ਸੈਂਧਵਾ ਦਾ ਰਾਜਾ, ਸੌਵੀਰਾਂ ਦਾ ਰਾਜਾ ਅਤੇ ਕਈ ਵਾਰ ਸਿੰਧੂ ਸੌਵੀਰਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਇਸ ਦਾ ਵਿਆਹ ਧ੍ਰਿਤਰਾਸ਼ਟਰ ਦੀ ਪੁੱਤਰੀ ਦੁਸ਼ਲਾ ਨਾਲ ਹੋਇਆ। ਜਦੋਂ ਪਾਂਡਵ ਬਨਵਾਸ ਕੱਟ ਰਹੇ ਸਨ ਤਾਂ ਇਹ ਆਪਣੇ ਛੇ ਭਰਾਵਾਂ ਅਤੇ ਨੌਕਰਾਂ ਨਾਲ ਉਨ੍ਹਾਂ ਦੇ ਨਿਵਾਸ ਸਥਾਨ ਤੇ ਗਿਆ। ਉਸ ਸਮੇਂ ਪੰਜੇ ਪਾਂਡਵ ਸ਼ਿਕਾਰ ਖੇਡਣ ਗਏ ਹੋਏ ਸਨ ਅਤੇ ਦ੍ਰੋਪਦੀ ਘਰ ਇਕੱਲੀ ਹੀ ਸੀ। ਦ੍ਰੋਪਦੀ ਨੇ ਇਨ੍ਹਾਂ ਦੀ ਆਓ ਭਗਤ ਕੀਤੀ। ਜੈਦਰਥ ਦ੍ਰੋਪਦੀ ਦੀ ਸੁੰਦਰਤਾ ਤੇ ਮੋਹਿਤ ਹੋ ਗਿਆ ਅਤੇ ਉਸ ਨੂੰ ਆਪਣੇ ਨਾਲ ਚੱਲਣ ਲਈ ਕਿਹਾ। ਦ੍ਰੋਪਦੀ ਵੱਲੋਂ ਬੁਰੀ ਤਰ੍ਹਾਂ ਦੁਰਕਾਰੇ ਜਾਣ ਤੇ ਇਹ ਉਸ ਨੂੰ ਜਬਰਦਸਤੀ ਚੁੱਕ ਕੇ ਲੈ ਗਿਆ। ਵਾਪਸੀ ਤੇ ਪਾਂਡਵਾਂ ਨੇ ਇਸ ਦਾ ਪਿੱਛਾ ਕਰਕੇ ਇਸ ਦੀ ਫ਼ੌਜ ਨੂੰ ਹਰਾ ਦਿੱਤਾ ਅਤੇ ਇਸ ਨੂੰ ਕੈਦੀ ਬਣਾ ਲਿਆ। ਯੁਧਿਸ਼ਟਰ ਦੇ ਹੁਕਮ ਨਾਲ ਇਸ ਦੀ ਜ਼ਿੰਦਗੀ ਤਾਂ ਬਖ਼ਸ਼ ਦਿੱਤੀ ਗਈ ਪਰ ਭੀਮ ਨੇ ਇਸ ਨੂੰ ਬੁਰੀ ਤਰ੍ਹਾਂ ਪਟਕਾਇਆ ਤੇ ਮਾਰਿਆ ਅਤੇ ਇਸ ਦੇ ਵਾਲ ਮੁੰਨ ਦਿੱਤੇ।

ਆਪਣੇ ਅਪਮਾਨ ਦਾ ਬਦਲਾ ਲੈਣ ਲਈ ਇਸ ਨੇ ਸ਼ਿਵ ਦੀ ਪੂਜਾ ਕੀਤੀ ਅਤੇ ਉਸ ਤੋਂ ਅਰਜਨ ਤੋਂ ਇਲਾਵਾ ਬਾਕੀ ਪਾਂਡਵਾਂ ਨੂੰ ਚਾਹੇ ਇਕ ਦਿਨ ਲਈ ਹੀ ਜਿੱਤਣ ਦਾ ਵਰਦਾਨ ਪ੍ਰਾਪਤ ਕੀਤਾ। ਮਹਾਂਭਾਰਤ ਦੇ ਯੁੱਧ ਦੇ ਚੌਦਵੇਂ ਦਿਨ ਅਰਜੁਨ ਨੇ ਇਕ ਬੜੀ ਭਾਰੀ ਲੜਾਈ ਪਿੱਛੋਂ ਇਸ ਨੂੰ ਮਾਰ ਦਿੱਤਾ।

ਪੁਰਾਣਾਂ ਵਿਚ ਵੀ ਜੈਦਰਥ ਦਾ ਉਲੇਖ ਮਿਲਦਾ ਹੈ।

ਹ. ਪੁ.—ਹਿੰ. ਵਿ. 1 : 503; ਹਿੰ. ਵਿ. ਕੋ. 4 : 392; ਹਿੰ. ਮਿ. ਕੋ. : 259

**ਜੈਦੇਵ** : ਇਹ 'ਗੀਤ ਗੋਬਿੰਦ' ਕਾਵਿ ਗ੍ਰੰਥ ਦਾ ਰਚਣਹਾਰ ਸੰਸਕ੍ਰਿਤ ਦਾ ਪ੍ਰਸਿੱਧ ਕਵੀ ਸੀ ਜਿਸ ਨੂੰ ਬੰਗਾਲ ਦੇ ਰਾਜਾ ਲਕਸ਼ਮਣ (1119-1170 ਈ.) ਦੀ ਸਭਾ ਦੇ ਪੰਜ ਰਤਨਾਂ ਵਿਚੋਂ ਮੰਨਿਆ ਜਾਂਦਾ ਹੈ। ਇਸ ਦਾ ਜਨਮ ਪਿੰਡ ਵਿੰਦੂਬਲਿਵ ਜ਼ਿਲ੍ਹਾ ਬੀਰਭੂਮੀ ਵਿਖੇ ਹੋਇਆ। 'ਭਗਤਮਾਲਾ' ਵਿਚ ਇਸ ਦੀ ਚਰਚਾ ਵਿਸ਼ੇਸ਼ ਕ੍ਰਿਸ਼ਨ ਭਗਤਾਂ ਵਿਚ ਕੀਤੀ ਗਈ ਹੈ। ਭਾਵੇਂ ਉਸ ਅਨੁਸਾਰ ਇਸ ਦੀ ਜਨਮ ਭੂਮੀ ਪੁਰੀ ਦੇ ਨੇੜੇ ਵਿੰਦੂਬਲਿਵ ਪਿੰਡ ਸੀ। ਕਿਹਾ ਜਾਂਦਾ ਹੈ ਕਿ ਮਥੁਰਾ ਬਿੰਦਰਾਬਨ ਦੀ ਯਾਤਰਾ ਕਰਦਿਆਂ ਹੋਇਆਂ ਇਕ ਵਾਰ ਇਹ ਜਗਨਨਾਥਪੁਰੀ ਪਹੁੰਚੇ। ਉਥੇ ਇਕ ਬ੍ਰਾਹਮਣ ਨੂੰ ਸੁਪਨਾ ਆਇਆ ਕਿ ਉਹ ਆਪਣੀ ਲੜਕੀ ਪਦਮਾਵਤੀ ਦਾ ਵਿਆਹ ਜੈਦੇਵ ਨਾਲ ਕਰ ਦੇਵੇ। ਉਸ ਨਾਲ ਵਿਆਹ ਕਰਵਾ ਕੇ ਇਸ ਕਵੀ ਦੀ ਅਲੌਕਿਕ ਪ੍ਰਤਿਭਾ ਨਿੱਖਰ ਪਈ। ਇਸ ਨੇ ਗੀਤ ਗੋਬਿੰਦ ਵਿਚ ਪਦਮਾਵਤੀ ਦਾ ਧੰਨਵਾਦ ਵੀ ਕੀਤਾ ਹੈ।

ਗੀਤ ਗੋਬਿੰਦ ਭਾਰਤੀ ਸਾਹਿਤ ਵਿਚ ਸ਼ਕੁੰਤਲਾ ਤੇ ਮੇਘਦੂਤ ਵਾਂਗ ਮਹੱਤਵਪੂਰਨ ਪ੍ਰਤਿਨਿਧ ਕਾਵਿ ਹੈ। ਇਸ ਦੀ ਲੋਕਪ੍ਰਿਯਤਾ ਦੇਸ਼ ਤੇ ਬਿਦੇਸ਼ ਦੋਹਾਂ ਵਿਚ ਹੈ। ਗੇਟੇ ਜਿਹੇ ਮਹਾਨ ਕਵੀ ਇਸ ਤੇ ਮੁਗਧ ਹੋ ਗਏ ਸਨ। ਇਸ ਦੇ ਕਈ ਟੀਕੇ ਲਿਖੇ ਗਏ ਹਨ ਤੇ ਇਸ ਦੀ ਨਕਲ ਤੇ ਕਾਵਿ ਰਚਨਾ ਕੀਤੀ ਗਈ।

ਗੀਤ ਗੋਬਿੰਦ ਸ੍ਰੀਮਦ ਭਾਗਵਤ ਤੇ ਬ੍ਰਹਮਵੈਵਰਤ ਪੁਰਾਣ ਤੋਂ ਪ੍ਰਭਾਵਿਤ ਹੈ। ਸ੍ਰੀਮਦਭਾਗਵਤ ਵਾਂਗ ਇਸ ਦੇ ਵੀ 12 ਸਰਗ ਹਨ। ਹਰ ਸਰਗ ਨੂੰ ਕਵੀ ਨੇ 24 ਅਸ਼ਟਪਦੀਆਂ ਵਿਚ ਅਲੰਕ੍ਰਿਤ ਕੀਤਾ ਹੈ। ਕੋਮਲ ਅਤੇ ਮਧੁਰ ਅਨੁਪ੍ਰਾਸਮਈ ਸ਼ਬਦਾਵਲੀ ਤੇ ਛੰਦਾਬੰਦੀ ਦਾ ਪ੍ਰਯੋਗ ਸੰਗੀਤ, ਨਾਚ, ਅਭਿਨਯ ਨਾਲ ਮਿਲ ਕੇ ਇਸ ਵਿਚ ਕਮਾਲ ਦੇ ਸੁਮੇਲ ਦਾ ਅਵਿਸ਼ਕਾਰ ਕਰਦੇ ਹਨ ਜੋ ਸੰਸਕ੍ਰਿਤ ਸਾਹਿਤ ਲਈ ਬਿਲਕੁਲ ਨਵਾਂ ਸੀ। ਜੈਦੇਵ ਸੰਸਕ੍ਰਿਤ ਦਾ ਅੰਤ੍ਰਿਮ ਮਹਾਂਕਵੀ ਸੀ। ਇਸ ਨੇ ਪ੍ਰਾਚੀਨ ਰਾਧਾ ਕ੍ਰਿਸ਼ਨ ਦੀਆਂ ਲੀਲ੍ਹਾਵਾਂ ਦੀ ਪਰੰਪਰਾ ਨੂੰ ਲੋਕ ਭਾਸ਼ਾਵਾਂ ਦੀਆਂ ਜੀਵਿਤ ਸ਼ਕਤੀਆਂ ਦੇ ਸਹਾਰੇ ਸੰਸਕ੍ਰਿਤ ਵਿਚ ਸਥਾਪਿਤ ਕਰਕੇ ਯੁਗਾਂ ਤਕ ਸੰਸਕ੍ਰਿਤ ਕਾਵਿ ਨੂੰ ਲੋਕਪ੍ਰਿਯ ਬਣਾਈ ਰੱਖਿਆ। ਪ੍ਰਾਚੀਨ ਮਿਥਿਲਾ ਤੇ ਆਧੁਨਿਕ ਨੇਪਾਲ ਵਿਚ ਜੈਦੇਵ ਦੀ ਸੰਗੀਤ ਪਰੰਪਰਾ ਸੁਰੱਖਿਅਤ ਰਹੀ ਹੈ।

ਗੀਤ ਗੋਬਿੰਦ ਦੇ ਆਰੰਭ ਵਿਚ ਕਵੀ ਨੇ ਆਪਣਾ ਪਰਿਚੈ ਦਿੱਤਾ ਹੈ। ਇਸ ਮਗਰੋਂ ਦਸ ਅਵਤਾਰ ਦਾ ਜਸ ਵਰਣਨ ਹੈ ਤੇ ਇਸ ਮਗਰੋਂ ਕ੍ਰਿਸ਼ਨ ਅਵਤਾਰ ਦੀਆਂ ਪ੍ਰਾਚੀਨ ਲੀਲਾਵਾਂ ਦਾ ਵਰਣਨ ਕੀਤਾ ਹੈ। ਕਥਾਨਕ ਦਾ ਆਰੰਭ ਬਸੰਤ ਵਿਚ ਕ੍ਰਿਸ਼ਨ ਦੀ ਰਾਸ ਲੀਲਾ ਤੋਂ ਹੁੰਦਾ ਹੈ। ਪ੍ਰੇਮ ਵਿਚ ਬਿਹਬਲ ਗੋਪੀਆਂ ਕ੍ਰਿਸ਼ਨ ਜੀ ਨੂੰ ਘੇਰ ਲੈਂਦੀਆਂ ਹਨ ਅਤੇ ਉਨ੍ਹਾਂ ਨਾਲ ਮਿਲਣ ਦੀ ਤੀਬਰ ਅਭਿਲਾਸ਼ਾ ਪ੍ਰਗਟ ਕਰਦੀਆਂ ਹਨ। ਦੂਜੇ ਪਾਸੇ ਕ੍ਰਿਸ਼ਨ ਜੀ ਵੀ ਪ੍ਰੇਮ ਵਿਚ ਬੇਤਾਬ ਦਿਖਾਏ ਗਏ ਹਨ ਉਹ ਕਾਮਦੇਵ ਤੇ ਰਾਧਾ ਨੂੰ ਯਾਦ ਕਰਦੇ ਹਨ। ਇਸੇ ਦੌਰਾਨ ਰਾਧਾ ਦੀ ਸਹੇਲੀ ਕ੍ਰਿਸ਼ਨ ਜੀ ਨੂੰ ਉਸ ਦੀ ਹਾਲਤ ਦੱਸਣ ਲਈ ਆਉਂਦੀ ਹੈ ਪਰ ਉਹ ਗੋਪੀਆਂ ਨਾਲ ਚਲੇ ਗਏ ਹਨ ਅਤੇ ਰਾਧਾ ਨਿਰਾਸ਼ ਪਈ ਰਹਿੰਦੀ ਹੈ। ਰਾਤ ਨੂੰ ਚੰਦਰਮਾ ਦੀਆਂ ਕਿਰਣਾਂ ਰਾਧਾ ਨੂੰ ਹੋਰ ਸਤਾਉਂਦੀਆਂ ਹਨ।

ਅਖ਼ੀਰ ਜਦੋਂ ਕ੍ਰਿਸ਼ਨ ਜੀ ਆਪ ਰਾਧਾ ਪਾਸ ਪੁੱਜ ਜਾਂਦੇ ਹਨ ਤਾਂ ਉਸ ਅੰਦਰ ਮਾਣ ਦੀ ਭਾਵਨਾ ਜਾਗਦੀ ਹੈ। ਜਦੋਂ ਰਾਧਾ ਦਾ ਮਾਣ ਟੁੱਟਦਾ ਹੈ ਤਾਂ ਰਾਧਾ ਤੇ ਕ੍ਰਿਸ਼ਨ ਦਾ ਮਿਲਾਪ ਹੁੰਦਾ ਹੈ।

ਜੈਦੇਵ ਦੀਆਂ ਹੋਰ ਰਚਨਾਵਾਂ ਬਾਰੇ ਸ਼ੱਕ ਹੈ ਕਿ ਇਹ ਕਿਸ ਜੈਦੇਵ ਦੀਆਂ ਹਨ। ਜੈਦੇਵ ਦੇ ਸਬੰਧ ਵਿਚ ਮੌਲਿਕ ਗ੍ਰੰਥ ਨਹੀਂ ਲਿਖਿਆ ਗਿਆ ਪਰੰਤੂ ਸੰਸਕ੍ਰਿਤ ਸਾਹਿਤ ਦੇ ਸਾਰੇ ਇਤਿਹਾਸਾਂ ਵਿਚ ਇਸ ਦੀ ਚਰਚਾ ਕੀਤੀ ਗਈ ਮਿਲਦੀ ਹੈ।

ਹ. ਪੁ.--ਹਿੰ. ਵਿ. ਕੋ. 4 : 390; ਮ. ਕੋ.

**ਜੈਦੇਵ ਮਿਸ਼ਰ (ਪਕਸ਼ਧਰ ਮਿਸ਼ਰ)** : ਇਹ ਪ੍ਰਸਿੱਧ ਵਿਦਵਾਨ ਬਿਹਾਰ ਰਾਜ ਵਿਚ ਮਿਥਿਲਾ ਖੇਤਰ ਦੇ ਸੋਦਰਪੁਰ ਪਿੰਡ ਦਾ ਨਿਵਾਸੀ ਅਤੇ ਸਾਂਡਿਲਯ ਗੋਤ ਵਿਚ ਪੈਦਾ ਹੋਏ, ਸ੍ਰੋਤੀਸ਼ ਗੁਣੇ ਮਿਸ਼ਰ ਦਾ ਪੁੱਤਰ ਸੀ। ਇਹ ਏਨਾ ਗੁਣੀ ਗਿਆਨੀ ਸੀ ਕਿ ਵਾਦਵਿਵਾਦ ਦੇ ਜਿਸ ਪੱਖ ਨੂੰ ਇਹ ਇਕ ਵਾਰੀ ਅਪਣਾ ਲੈਂਦਾ ਸਦਾ ਉਸੇ ਪੱਖ ਦੀ ਜਿੱਤ ਹੁੰਦੀ। ਇਸੇ ਕਰਕੇ ਇਹ 'ਪਕਸ਼ਧਰ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਦੇ ਜਨਮ ਤੇ ਮੌਤ ਬਾਰੇ ਕੋਈ ਪੱਕਾ ਪਤਾ ਨਹੀਂ ਲਗਦਾ ਪਰ ਕਈ ਤੱਥਾਂ ਦੇ ਆਧਾਰ ਤੇ ਇਸ ਦਾ ਸਮਾਂ 14ਵੀਂ ਸਦੀ ਦੱਸਿਆ ਗਿਆ ਹੈ। ਆਪਣੇ ਸਮਕਾਲੀ ਵਿਦਵਾਨਾਂ ਨਾਲ ਇਹ ਵਿਚਾਰ ਵਟਾਂਦਰੇ ਕਰਕੇ ਜਿੱਤ ਪ੍ਰਾਪਤ ਕਰਦਾ ਹੈ।

ਕਰਨਾਟਕ ਦੇ ਇਕ ਬਹੁਤ ਵੱਡੇ ਵਿਦਵਾਨ ਅਤੇ ਦਵੈਤਵਾਦੀ ਵਿਆਸਤੀਰਥ ਨੇ ਜੈਦੇਵ ਮਿਸਰ ਨਾਲ ਸ਼ਾਸਤਰ ਵਿਚਾਰ ਕਰਨ ਮਗਰੋਂ ਇਸ ਦੀ ਬੜੀ ਉਸਤਤੀ ਕੀਤੀ ਸੀ। ਇਸ ਨੇ ਨਵ-ਨਿਯਾਯ ਦੀ ਇਕ ਦ੍ਰਿੜ੍ਹ ਪਰੰਪਰਾ ਚਲਾਈ ਜਿਹੜੀ ਸਾਰੇ ਭਾਰਤ ਵਿਚ ਪ੍ਰਚੱਲਤ ਹੋ ਗਈ।

ਜੈਦੇਵ ਮਿਸਰ ਦੀਆਂ ਲਿਖੀਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ—1. ਸਸਧਰ ਦੇ 'ਨਿਯਾਯ ਸਿਧਾਂਤ ਦੀਪ' ਦਾ ਟੀਕਾ, 2. ਤਤਵਚਿੰਤਾਮਣੀ 'ਆਲੋਕ' ਅਤੇ 3. ਤਤਵਚਿੰਤਾਮਣੀ 'ਟਿੱਪਣੀ'। 'ਵਿਵੇਕ' ਨਾਂ ਦੇ ਕੁਝ ਗ੍ਰੰਥਾਂ ਨੂੰ ਕਈ ਵਿਦਵਾਨ ਇਸੇ ਦੀ ਰਚਨਾ ਮੰਨਦੇ ਹਨ। ਬਿਹਾਰ ਅਤੇ ਬੰਗਾਲ ਵਿਚ ਇਸ ਦੇ ਕਿੰਨੇ ਹੀ ਪ੍ਰਸਿੱਧ ਅਤੇ ਬੜੇ-ਬੜੇ ਵਿਦਵਾਨ ਸ਼ਾਗਿਰਦ ਹੋਏ ਹਨ।

ਹ. ਪੁ.–ਹਿੰ. ਵਿ. ਕੋ. 4 : 390

**ਜੈਦੇਵ ਮਿਸ਼ਰ (ਪੀਯੂਸ਼ਵਰਸ਼)** : ਇਹ ਇਕ ਪ੍ਰਸਿੱਧ ਸਾਹਿਤਕਾਰ ਅਤੇ ਕਵੀ ਹੋਇਆ ਹੈ। ਇਹ ਬਿਹਾਰ ਰਾਜ ਦੇ ਮਿਥਿਲਾ ਖੇਤਰ ਦਾ ਵਾਸੀ ਸੀ। ਕਈ ਲੋਕਾਂ ਦਾ ਵਿਚਾਰ ਹੈ ਕਿ 'ਆਲੋਕ' ਦਾ ਕਰਤਾ ਜੈਦੇਵ ਮਿਸ਼ਰ ਪਕਸ਼ਧਰ ਅਤੇ ਸਾਹਿਤਕਾਰ ਜੈਦੇਵ ਮਿਸ਼ਰ ਪੀਯੂਸ਼ਵਰਸ਼ ਇਕੋ ਵਿਅਕਤੀ ਸੀ ਪਰ ਇਹ ਸ਼ੱਕ ਇਸ ਤਰ੍ਹਾਂ ਦੂਰ ਕੀਤਾ ਦੱਸਿਆ ਜਾਂਦਾ ਹੈ ਕਿ ਪਕਸ਼ਧਰ ਦਾ ਗੋਤ ਸ਼ਾਂਡਿਲਯ ਸੀ ਅਤੇ ਪੀਯੂਸ਼ਵਰਸ਼ ਦਾ ਕੌਂਡਨਿਯ ਸੀ। ਇਸ ਦਾ ਸਮਾਂ 13ਵੀਂ ਸਦੀ ਮੰਨਿਆ ਜਾਂਦਾ ਹੈ।

ਜੈਦੇਵ ਮਿਸ਼ਰ ਪਕਸ਼ਧਰ ਦੀ ਤਰ੍ਹਾਂ ਪੀਯੂਸ਼ਵਰਸ਼ ਵੀ ਨਿਯਾਯ ਦਾ ਇਕ ਉਚ ਕੋਟੀ ਦਾ ਵਿਦਵਾਨ ਸੀ। ਵਿਦਵਾਨਾਂ ਦੇ ਵਿਚਾਰ ਅਨੁਸਾਰ 'ਨਥਾਯਲੀਲਾਵਤੀ ਵਿਵੇਕ' 'ਦ੍ਰਵਯਵਿਵੇਕ', 'ਕੁਸੁਮਾਂਜਲੀ ਵਿਵੇਕ', 'ਪ੍ਰਯਕਸ਼ਵਿਵੇਕ' ਆਦਿ ਵਿਵੇਕ ਗ੍ਰੰਥ ਪੀਯੂਸ਼ਵਰਸ਼ ਦੀਆਂ ਹੀ ਪੁਸਤਕਾਂ ਹਨ।

ਹ. ਪੁ.–ਹਿੰ. ਵਿ. ਕੋ. 4 : 392

**ਜੈਦੇਵ ਮਿਸ਼ਰ (ਵਿਜਿਆਕਾਰ)** : ਇਹ ਇਕ ਪ੍ਰਸਿੱਧ ਵਿਆਕਰਣੀ ਸੀ। ਇਹ ਬਿਹਾਰ ਰਾਜ ਦੇ ਮਿਥਿਲਾ ਖੇਤਰ ਵਿਚ ਸੋਦਰਪੁਰ ਪਿੰਡ ਦਾ ਰਹਿਣ ਵਾਲਾ ਸੀ। ਇਸ ਦਾ ਪਿਤਾ ਚਿਤ੍ਰਨਾਥ ਮਿਸ਼ਰ ਸੀ। ਇਸ ਦਾ ਜਨਮ 1854 ਈ. ਵਿਚ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ। ਇਸ ਦੇ ਪੰਜ ਛੋਟੇ ਭਰਾ ਵੀ ਵੱਖ-ਵੱਖ ਸ਼ਾਸਤਰਾਂ ਦੇ ਬੜੇ ਗੁਣੀ ਗਿਆਨੀ ਸਨ। ਇਸ ਨੇ ਮਿਥਿਲਾ ਅਤੇ ਫਿਰ ਕਾਸ਼ੀ ਤੋਂ ਵੱਡੇ-ਵੱਡੇ ਵਿਦਵਾਨਾਂ ਪਾਸੋਂ ਵਿੱਦਿਆ ਗ੍ਰਹਿਣ ਕੀਤੀ। ਇਸ ਨੇ ਸਾਰੇ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ। ਕਸ਼ਮੀਰ ਦੇ ਰਾਜੇ ਦੇ ਜ਼ੋਰ ਦੇਣ ਤੇ ਵੀ ਇਸ ਨੇ ਰਾਜ ਆਦਿ ਦਾ ਆਸਰਾ ਕਬੂਲ ਨਾ ਕੀਤਾ ਅਤੇ ਕਿਸੇ ਹੋਰ ਥਾਂ ਤੇ ਜਾਣਾ ਨਾ ਮੰਨਿਆ। ਸਦਾਚਾਰ ਦੇ ਪੱਖੋਂ ਇਸ ਦਾ ਜੀਵਨ ਬੜਾ ਸੱਚਾ ਸੁੱਚਾ ਸੀ ਅਤੇ ਲਗਾਤਾਰ 50 ਸਾਲ ਇਹ ਕਾਸ਼ੀ ਵਿਚ ਵਿੱਦਿਆ ਦਾਨ ਕਰਦਾ ਰਿਹਾ।

ਪਹਿਲੇ 40 ਸਾਲ ਜੈਦੇਵ ਮਿਸ਼ਰ ਦਰਭੰਗ ਦੇ ਰਾਜੇ ਦੀ ਦਰਭੰਗਾ ਪਾਠਸ਼ਾਲਾ, ਕਾਸ਼ੀ ਵਿਚ ਅਧਿਆਪਕ ਰਿਹਾ। ਮਗਰੋਂ 1916 ਤੋਂ ਇਹ ਪੰਡਤ ਮਦਨ ਮੋਹਨ ਮਾਲਵੀਆ ਦੇ ਜ਼ੋਰ ਦੇਣ ਤੇ ਹਿੰਦੂ ਵਿਸ਼ਵ ਵਿਦਿਆਲਾ ਵਿਚ ਪੜ੍ਹਾਉਣ ਲੱਗ ਪਿਆ ਅਤੇ 1926 ਵਿਚ ਆਪਣੀ ਮਿਰਤੂ ਤੱਕ ਇਸੇ ਸੇਵਾ ਵਿਚ ਲੱਗਿਆ ਰਿਹਾ। ਜੈਦੇਵ ਮਿਸ਼ਰ ਦੀਆਂ ਪੁਸਤਕਾਂ ਵਿਚ 'ਵਿਜਯਾ' ਅਤੇ 'ਜਯਾ' ਨਾਂ ਦੇ ਟੀਕੇ ਦੇਸ਼ ਬਿਦੇਸ਼ ਵਿਚ ਪ੍ਰਸਿੱਧ ਹਨ। ਇਸ ਨੇ 'ਸ਼ਾਸਤਰਾਰਥ ਰਤਨਾਵਲੀ' ਨਾਂ ਦੀ ਇਕ ਪ੍ਰਾਇਨੀ ਸੂਤਰ ਵੀ ਲਿਖਿਆ। ਇਸ ਦੀਆਂ ਕਈ ਹੋਰ ਛੋਟੀਆਂ-ਛੋਟੀਆਂ ਪੁਸਤਕਾਂ ਅਣਛਪੀਆਂ ਪਈਆਂ ਹਨ। ਸੰਨ 1919 ਵਿਚ ਬਰਤਾਨਵੀ ਸਰਕਾਰ ਨੇ ਇਸ ਨੂੰ 'ਮਹਾਮਹੋਪਾਧਿਆਇ' ਦੀ ਪਦਵੀ ਪ੍ਰਦਾਨ ਕੀਤੀ। ਸ਼ਾਸਤਰਾਰਥ ਦੇ ਪੱਖੋਂ ਉਸ ਸਮੇਂ ਵਿਚ ਸਾਰੇ ਭਾਰਤ ਵਿਚ ਇਸ ਦੇ ਮੁਕਾਬਲੇ ਦਾ ਹੋਰ ਕੋਈ ਵਿਦਵਾਨ ਨਹੀਂ ਸੀ।

ਹ. ਪੁ.–ਹਿੰ. ਵਿ. ਕੋ. 4 : 392

**ਜੈਨਸਨ, ਨਿਕੋਲਾਸ** : ਇਸ ਫ਼ਰਾਂਸੀਸੀ ਪ੍ਰਕਾਸ਼ਕ, ਛਾਪਕ ਅਤੇ ਰੋਮਨ-ਸ਼ੈਲੀ ਦੇ ਟਾਈਪ ਫੇਸ ਦੇ ਈਜਾਦਕਾਰ ਦਾ ਜਨਮ 1420 ਈ. ਦੇ ਲਗਭਗ ਸਮਵਾਇ (Sommevoire) ਵਿਖੇ ਹੋਇਆ। ਇਸ ਨੇ ਸਿੱਕਾ-ਢਲਾਈ ਲਈ ਡਾਈਆਂ ਤਿਆਰ ਕਰਨ ਦਾ ਕੰਮ ਸਿੱਖਿਆ। ਮਗਰੋਂ ਇਹ ਟੂਰ ਵਿਖੇ ਸ਼ਾਹੀ ਟਕਸਾਲ ਦਾ ਇੰਚਾਰਜ ਨਿਯੁਕਤ ਹੋਇਆ। ਸੰਨ 1458 ਵਿਚ ਇਹ ਛਪਾਈ ਦਾ ਕੰਮ ਸਿੱਖਣ ਲਈ ਮਾਈਨਸ (Mainz) ਗਿਆ। ਸੰਨ 1470 ਵਿਚ ਇਸ ਨੇ ਵੈਨਿਸ ਵਿਖੇ ਆਪਣਾ ਛਾਪਾਖ਼ਾਨਾ ਖੋਲ੍ਹਿਆ ਅਤੇ ਪਹਿਲੀ ਵਾਰ ਰੋਮਨ ਛੋਟੇ ਟਾਈਪ ਦੀ ਸੁੰਦਰ ਛਪਾਈ ਸ਼ੁਰੂ ਕੀਤੀ। ਲਗਭਗ ਪੰਜ ਸਦੀਆਂ ਮਗਰੋਂ ਵੀ ਇਸ ਦੀ ਛਪਾਈ ਸਬੰਧੀ ਕਾਢ ਵਿਚ ਕੋਈ ਖਾਸ ਤਬਦੀਲੀ ਨਹੀਂ ਆਈ। ਇਸ ਨੇ ਯੂਨਾਨੀ ਢੰਗ ਦੀ ਟਾਈਪ ਅਤੇ ਗੂੜ੍ਹੇ ਕਾਲੇ ਅੱਖਰਾਂ ਦੀ ਟਾਈਪ ਦੀ ਵੀ ਕਾਢ ਕੱਢੀ।

ਬੇਸ਼ਕ ਜੈਨਸਨ ਨੇ ਵੱਖ-ਵੱਖ ਕਿਸਮਾਂ ਦੇ ਕਿੰਨੇ ਹੀ ਸੁੰਦਰ ਟਾਈਪ ਈਜਾਦ ਕੀਤੇ ਪਰ ਛਪਾਈ ਕਰਨ ਲੱਗਿਆਂ ਇਹ ਲੋੜੀਂਦੀ ਸਾਵਧਾਨੀ ਅਤੇ ਸ਼ੁੱਧਤਾ ਦਾ ਧਿਆਨ ਨਹੀਂ ਰੱਖਦਾ ਸੀ। ਇਸ ਨੇ 150 ਤੋਂ ਵੀ ਵੱਧ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ।

ਛਪਾਈ ਲਈ ਨਿਰੋਲ ਰੋਮਨ ਅੱਖਰਾਂ ਦੇ ਡੀਜ਼ਾਈਨ ਬਣਾਉਣ ਦੇ ਖੇਤਰ ਵਿਚ ਜੈਨਸਨ ਦੀ ਪ੍ਰਾਪਤੀ ਸਰਵ ਪ੍ਰਥਮ ਮੰਨੀ ਜਾਂਦੀ ਹੈ ਅਤੇ ਇਸ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ।

ਸੰਨ 1480 ਵਿਚ ਰੋਮਨ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 1000; ਐਨ. ਬ੍ਰਿ. ਮਾ. 5 : 543; ਐਨ. ਅਮੈ. 16 : 16

**ਜੈਨਸ਼ਿਏਨੇਸੀ** : ਚਰਾਗਾਹਾਂ, ਬੀੜਾਂ ਅਤੇ ਜੰਗਲਾਂ ਵਿਚ ਬਹੁਤ ਹੀ ਖ਼ੂਬਸੂਰਤ ਫੁੱਲਾਂ ਵਾਲੇ ਇਹ ਪੌਦੇ ਜੈਨਸ਼ਿਅਨ ਉਪ-ਕੁਲ ਅਤੇ ਜੈਨਸ਼ਿਏਨੇਸੀ ਕੁਲ ਨਾਲ ਸਬੰਧਤ ਹਨ। ਇਹ ਪੌਦੇ ਸਿਮਪੈਟੇਲੀ ਉਪ-ਸ਼੍ਰੇਣੀ ਅਧੀਨ ਗਿਣੇ ਜਾਂਦੇ ਹਨ। ਕਟਾਵਾਂ ਅਤੇ ਝਾਲਰ ਵਾਲੇ ਫੁੱਲਾਂ ਵਾਲਾ ਜੈਨਸ਼ਿਆਨ ਕ੍ਰਿਨੀਟਾ (Gentiana Crinita) ਇਸ ਕਿਸਮ ਦਾ ਪ੍ਰਸਿੱਧ ਪੌਦਾ ਹੈ ਪਰ ਐਂਡੀਅਨ ਪ੍ਰਜਾਤੀ ਲੈਗੀਨੈਨਥਸ

Lagenanthus), ਜਿਸਦੇ ਸੁਹਣੇ ਨਲੀਦਾਰ ਗੁਲਾਨਾਰੀ ਫੁੱਲ ਹੁੰਦੇ ਹਨ, ਲਗਭਗ ਅਣਪਛਾਤੀ ਹੀ ਹੈ। ਇਸ ਕੁਲ ਵਿਚ 1000 ਜਾਤੀਆਂ ਅਤੇ ਕਰੀਬ 80ਪ੍ਰਜਾਤੀਆਂ ਗਿਣੀਆਂ ਜਾਂਦੀਆਂ ਹਨ। ਇਹ ਸੀਤ-ਊਸ਼ਣ ਜਲਵਾਯੂ ਵਾਲੇ ਇਲਾਕਿਆਂ ਵਿਚ ਆਮ ਮਿਲਦੇ ਹਨ ਪਰ ਅਫਰੀਕਾ ਵਿਚ ਨਹੀਂ ਮਿਲਦੇ। ਐਲਪਸ, ਹਿਮਾਲਾ ਪਰਬਤ, ਪੱਛਮੀ ਉੱਤਰੀ ਅਮਰੀਕਾ ਅਤੇ ਐਂਡੀਜ਼ ਪਹਾੜਾਂ ਵਿਚ ਇਹ ਪੌਦੇ ਸਾਲਾਨਾ ਜਾਂ ਸਦਾਬਹਾਰ ਬੂਟੀਆਂ ਦੇ ਰੂਪ ਵਿਚ ਮਿਲਦੇ ਹਨ।



ਜੈਨਸ਼ਿਆਨਾ ਕ੍ਰਿਨੀਟਾ

**ਜੈਨਸ਼ਿਆਨਾ ਕ੍ਰਿਨੀਟਾ**—ਬਹੁਤ ਘੱਟ ਮਿਲਣ ਵਾਲੀਆਂ ਕਿਸਮਾਂ ਵਿਚ ਵੇਲਾਂ ਜਿਵੇਂ ਕਿਊਬਾ ਦੀ ਪ੍ਰਜਾਤੀ ਜਿਓਪੱਰਸ਼ੀਆ (Geoppertia) ਅਤੇ ਏਸ਼ੀਆ ਦੀ ਕ੍ਰਾਫਰਡੀਆ (Crawfurdia) ਕਿਸਮਾਂ ਜਿਵੇਂ ਮੇਨੀਐਨਥੀਜ਼ (Menyanthes), ਨਿੰਫਾਇਡਜ਼ (Nymphoides) ਵਰਗੇ ਜਲ-ਪੌਦੇ, ਸੈਂਟੂਰੀਅਮ (Centaurium) ਅਤੇ ਹੋਪੀ (Hoppea) ਵਰਗੇ ਸਾਲਾਨਾ ਬੂਟੀ-ਨੁਮਾ ਪੌਦੇ, ਐਨੀਕੱਸਟੀਮਾ (Enicostema) ਵਰਗੇ ਝਾੜੀ-ਨੁਮਾ ਪੌਦੇ ਅਤੇ 12 ਫੁੱਟ ਜਾਂ ਵਧ ਅਕਾਰ ਦੀਆਂ ਝਾੜੀਆਂ ਜਿਵੇਂ ਮੈਕਰੋਕਾਰਪੀ (Macrocarpaea) ਅਤੇ ਸਿੰਬੋਲੈਨਥਸ (Symbolanthus) ਹਨ। ਚਟਾਨੀ ਬਗੀਚਿਆਂ ਵਿਚ ਛੋਟੇ, ਝੁੰਡ ਵਿਚ ਉੱਗਣ ਵਾਲੇ ਐਲਪਾਈਨ ਪੌਦੇ (Gentiana Acaulis Bavarica) ਹਨ ਜਿਨ੍ਹਾਂ ਦੇ ਵੱਡੇ ਅਕਾਰ ਦੇ ਨੀਲੇ ਫੁੱਲ ਉੱਗਦੇ ਹਨ। ਇਸ ਕੁਲ ਵਿਚ ਬਹੁ-ਗੁਣਿਤ ਸੈੱਲ ਮਿਲਦੇ ਜਾਂਦੇ ਹਨ।

ਇਨ੍ਹਾਂ ਪੌਦਿਆਂ ਦੇ ਪੱਤੇ ਆਹਮੋ-ਸਾਹਮਣੇ ਦੋ ਦੋ ਜੋੜਿਆਂ ਵਿਚ ਡੰਡੀ ਉਪਰ ਲੱਗੇ ਹੁੰਦੇ ਹਨ। ਇਹ ਨਰਮ ਅਤੇ ਚਮਕੀਲੇ, ਬਿਨਾਂ ਕਟਾਵਾਂ ਤੋਂ ਕਿਨਾਰਿਆਂ ਵਾਲੇ ਕਦੀ-ਕਦਾਈਂ ਗੋਲ ਦਾਇਰੇ ਵਿਚ ਉੱਗੇ ਹੋਏ (Curtia, Frasera) ਜਾਂ ਤਿੰਨ ਪੱਤੀਆਂ (Menyanthes) ਦੇ ਰੂਪ ਵਿਚ ਉੱਗੇ ਮਿਲਦੇ ਹਨ। ਵੋਈਰੀਆ (Voyria) ਕਿਸਮ ਵਿਚ ਇਹ ਪੱਤੇ ਕੰਡੇ ਦੇ ਰੂਪ ਵਿਚ ਹੁੰਦੇ ਹਨ। ਇਨ੍ਹਾਂ ਪੌਦਿਆਂ ਵਿਚ ਫੁੱਲ ਘਣੇ ਸਿੱਟੇਦਾਰ (Coutoubea Spicata) ਜਾਂ ਇਕੱਲੇ-ਇਕੱਲੇ ਵੀ ਹੋ ਸਕਦੇ ਹਨ। ਇਹ ਫਲ ਸੰਪੂਰਨ ਹੁੰਦੇ ਹਨ ਅਤੇ ਇਨ੍ਹਾਂ ਦੇ ਪੰਜ ਹਿੱਸੇ ਹੁੰਦੇ ਹਨ। ਸੈਪਲ ਪੱਤੀਆਂ ਆਮ ਤੌਰ ਤੇ ਨਲੀਦਾਰ ਕੇਲਿਕਸ ਬਣਾਉਂਦੀਆਂ ਹਨ। ਕੋਰੋਲਾ ਪੱਧਰਾ ਅਤੇ ਘੰਟੀ-ਨੁਮਾ ਹੁੰਦਾ ਹੈ। ਇਨ੍ਹਾਂ ਪੌਦਿਆਂ ਵਿਚ ਫੁੱਲਾਂ ਦਾ ਸਭ ਤੋਂ ਪੁਰਾਤਨ ਰੰਗ ਪੀਲਾ ਹੁੰਦਾ ਸੀ ਜੋ ਅਜੇ ਤੀਕ ਵੀ ਮਿਲਦਾ ਹੈ (Gentiana Lutea)। ਇਸ ਤੋਂ ਇਲਾਵਾ ਪਿਲੱਤਣ ਤੇ ਨੀਲਾ ਜਾਂ ਸਮੁੰਦਰੀ ਨੀਲਾ ਰੰਗ ਵੀ ਮਿਲਦਾ ਹੈ। ਸੈਂਟੂਰੀਅਮ ਕਿਸਮ ਵਿਚ ਪੁੰਕੇਸਰ ਬਹੁਤ ਜ਼ੋਰ ਦੀ ਆਪਸ ਵਿਚ ਹੀ ਲਿਪਟੇ ਮਿਲਦੇ ਹਨ। ਵੱਖਰੀਆਂ ਕਿਸਮਾਂ ਵਿਚ ਪਰਾਗ ਕਣਾਂ ਵਿਚ ਵੀ ਵਖਰੇਵੇਂ ਮਿਲਦੇ ਹਨ। ਇਸ ਕੁਲ ਵਿਚ ਪਰਾਗਣ ਕੀਟਾਂ ਦੁਆਰਾ ਹੁੰਦਾ ਹੈ। ਸੈਂਟੂਰੀਅਮ ਅਤੇ ਕਲੋਰਾ (Chlora) ਕਿਸਮਾਂ ਵਿਚ ਨੈਕਟਰ ਨਹੀਂ ਹੁੰਦਾ ਹੈ। ਮੇਨੀਐਨਥੀਜ਼ ਅਤੇ ਨਿੰਫਾਇਡਜ਼ ਵਿਚ ਦੋ-ਰੂਪਤਾ ਪਾਈ ਗਈ ਹੈ। ਜੜ੍ਹਾਂ ਅਤੇ ਪ੍ਰਕੰਦ ਕੁਝ ਕੁੜੱਤਣ ਤੇ ਹੁੰਦੇ ਹਨ ਅਤੇ ਇਹ ਦਵਾਈਆਂ ਵਿਚ ਵਰਤੇ ਜਾਂਦੇ ਹਨ, ਜਿਵੇਂ ਜੈਨਸ਼ਿਏਨਾ ਲੂਟੀ ਵਿਚ।

ਹ. ਪੂ.—ਐਨ. ਬ੍ਰਿ. 10 : 121

**ਜੈਨਸੈਨਵਾਦ** : ਇਹ ਅਪਰੰਪਰਾਗਤ ਰੁਚੀ ਵਾਲੇ ਰੋਮਨ ਕੈਥੋਲਿਕ ਲੋਕਾਂ ਦਾ ਇਕ ਧਾਰਮਿਕ ਅੰਦੋਲਨ ਹੈ ਜਿਹੜਾ 17ਵੀਂ ਅਤੇ 18ਵੀਂ ਸਦੀ ਵਿਚ ਵਧੇਰੇ ਕਰਕੇ ਫ਼ਰਾਂਸ, ਇਟਲੀ ਅਤੇ ਬੈਲਜੀਅਮ ਤੇ ਹਾਲੈਂਡ ਆਦਿ ਦੇਸ਼ਾਂ ਵਿਚ ਸ਼ੁਰੂ ਹੋਇਆ। ਮੁੱਢ ਵਿਚ ਇਹ ਅੰਦੋਲਨ ਧਾਰਮਿਕ ਸੀ। ਫ਼ਰਾਂਸ ਵਿਖੇ ਇਹ ਅੰਦੋਲਨ ਗੈਲਿਕਨਵਾਦ ਦੇ ਪ੍ਰਸਤਾਵਕਾਂ ਦੇ ਪੋਪ-ਪ੍ਰਣਾਲੀ ਵਿਰੁੱਧ ਕੀਤੇ ਜਾ ਰਹੇ ਅੰਦੋਲਨ ਨਾਲ ਜੁੜ ਗਿਆ।

ਇਸ ਅੰਦੋਲਨ ਦਾ ਪ੍ਰਮੁੱਖ ਬਾਨੀ ਕਾਰਨੀਲੀਅਸ ਆਟੋ ਜੈਨਸ ਸੀ। ਇਹ ਲੂਵੈਨ (Louvain) ਯੂਨੀਵਰਸਿਟੀ ਵਿਚ ਧਰਮ ਸ਼ਾਸਤਰੀ ਸੀ ਅਤੇ ਬਾਅਦ ਵਿਚ ਯੇਪਰ (Ypres) ਦਾ ਬਿਸ਼ਪ ਬਣਿਆ। ਇਸ ਦੇ ਵਿਚਾਰ ਇਸ ਦੀ ਮੌਤ ਉਪਰੰਤ ਸੰਨ 1640 ਵਿਚ 'ਆਗਸਟੀਨਸ' ਵਿਚ ਛਪੇ। ਇਸ ਵਿਚ ਇਸ ਨੇ ਸੇਂਟ ਆਗਸਟੀਨ ਦੇ ਧਰਮ ਸ਼ਾਸਤਰੀ ਦੀ ਪ੍ਰੋੜ੍ਹਤਾ ਕੀਤੀ ਅਤੇ ਯਸੂਹੀਆ ਨਾਲ ਸਬੰਧਤ ਕੁਝ ਸਿੱਖਿਆਵਾਂ ਅਤੇ ਰਸਮਾਂ ਰਿਵਾਜਾਂ ਦੀ ਆਲੋਚਨਾ ਕੀਤੀ ਹੈ। ਜੈਨਸਨ ਅਤੇ ਉਸ ਦੇ ਅਨੁਯਾਈਆਂ ਨੇ ਦਾਅਵਾ ਕੀਤਾ ਕਿ ਸੁਧਾਰ ਲਹਿਰ ਦੇ ਵਿਰੋਧੀਆਂ ਨੇ ਲੂਥਰ ਅਤੇ ਕਾਲਵਿਨ ਦੀ ਆਲੋਚਨਾ ਕਰਨ ਵਿਚ ਟਪਲਾ ਖਾਧਾ ਹੈ। ਜੈਨਸਨ ਨੇ ਮਨੁੱਖ ਵਲੋਂ ਕੀਤੇ ਗਏ ਮੁੱਢਲੇ ਪਾਪ ਅਤੇ ਕਾਮ-ਭੁੱਖ ਰਾਹੀਂ ਮਨੁੱਖੀ ਗੁਣਾਂ ਨੂੰ ਹੋ ਰਹੀ ਹਾਨੀ ਉੱਤੇ ਜ਼ੋਰ ਦਿੱਤਾ। ਇਸ ਨੇ ਯਹੂਦੀਆਂ ਵੱਲੋਂ ਮਿਹਰ ਦੇ ਗੁਣਾਂ ਬਾਰੇ ਅਤੇ ਆਗਸਤੀਨ ਦੀ ਕਿਸੇ ਚੰਗੇ ਕੰਮ ਬਾਰੇ ਬਖ਼ਸ਼ਿਸ਼, ਯਕੀਨੀ ਪ੍ਰਭਾਵਕਤਾ ਦੀ ਬਖ਼ਸ਼ਿਸ਼ ਆਦਿ ਬਾਰੇ ਦਿੱਤੀਆਂ ਦਲੀਲਾਂ ਦੀ ਹਿਮਾਇਤ ਕੀਤੀ।

'ਆਗਸਟੀਨਸ' ਦੇ ਪ੍ਰਕਾਸ਼ਨ ਨਾਲ ਜ਼ੋਰਦਾਰ ਵਿਵਾਦ ਹੋਇਆ। ਯਸੂਹੀਆਂ ਨੇ ਇਸ ਰਚਨਾ ਦੀ ਬਹੁਤ ਆਲੋਚਨਾ ਕੀਤੀ, ਜਦ ਕਿ ਜੈਨਸਨੀ ਦੀ ਈਸਾਈਅਤ ਦੀ ਵਿਆਖਿਆ ਮਸ਼ਹੂਰ ਹੋ ਗਈ। ਜੈਨਸਨੀ ਅੰਦੋਲਨ ਦੇ ਨੇਤਾ ਆਨਟੋਨੀ ਆਰਨੌਲਡ (Antonie Arnauld) ਅਤੇ 17ਵੀਂ ਸਦੀ ਦੇ ਅਖ਼ੀਰ ਵਿਚ ਜੈਨਸਨੀ ਗਰੁੱਪ ਨੂੰ ਅਸਲ ਪਾਰਟੀ ਦਾ ਰੂਪ ਦੇਣ ਵਾਲੇ ਪਾਸਕੁਈਰ ਕਵਸਨੈਸ (Pasquier Quesnel) ਸਮੇਤ ਇਸਦੇ ਕਈ ਅਨੁਯਾਯੀ ਹੋਏ।

ਸੰਨ 1653 ਵਿਚ ਇਨੋਸੈਂਟ ਦਸਵੇਂ ਵੱਲੋਂ 'ਕਮ ਅਕੇਸ਼ਨ' ਹੇਠ ਪ੍ਰਕਾਸ਼ਿਤ ਪੋਪ ਦੇ ਹੁਕਮਨਾਮੇ ਕਾਰਨ ਪੋਪ-ਪ੍ਰਣਾਲੀ ਜੈਨਸਨਵਾਦ ਵਿਰੁੱਧ ਹੋ ਗਈ। ਇਸ ਵਿਚ ਜੈਨਸਨ ਦੀ ਮਿਹਰ ਅਤੇ ਆਲੋਚਨਾ ਦੇ ਪੰਜ ਪ੍ਰਸਤਾਵਾਂ ਦੀ ਆਲੋਚਨਾ ਕੀਤੀ ਗਈ ਸੀ। ਸੰਨ 1665 ਵਿਚ ਫ਼ਰਾਂਸੀਸੀ ਪਾਦਰੀਆਂ ਅਤੇ ਪੋਪ ਅਲੈਗਜ਼ਾਂਦਰ ਸੱਤਵੇਂ ਦੀ ਸਭਾ ਵਿਚ ਜੈਨਸਨੀਆ

ਨੂੰ ਅਧੀਨਗੀ ਦਾ ਸੂਤਰ ਮੰਨਣ ਲਈ ਕਿਹਾ ਗਿਆ ਜਿਹੜਾ ਜੈਨਸਨੀਆ ਦੀ ਅਪਧਰਮੀ ਮਹੱਤਤਾ ਦੀ ਅਸਲੀਅਤ ਨੂੰ ਵੀ ਕਬੂਲਦਾ ਸੀ। ਲੂਈਸ 14ਵੇਂ ਨੇ ਆਪਣੇ ਰਾਜ ਦੀ ਅਖੰਡਤਾ ਨੂੰ ਬਣਾਏ ਰੱਖਣ ਲਈ ਜੈਨਸਨੀ ਨੂੰ ਮਿਟਾਉਣ ਦਾ ਫ਼ੈਸਲਾ ਕੀਤਾ। ਪੋਪ ਪ੍ਰਣਾਲੀ ਅਤੇ ਰਾਜਤੰਤਰ ਵਿਚਕਾਰ ਵਿਵਾਦ ਸੁਲਝਣ ਉਪਰੰਤ ਲੂਈਸ 14ਵੇਂ ਨੇ ਕਲੈਮੈਂਟ 11ਵੇਂ ਤੋਂ ਸੰਨ 1705 ਵਿਚ 'ਵੀਨੀਆਮ ਡੋਮੀਨੀ' ਨਾਂ ਹੇਠ ਪੋਪ ਦਾ ਹੁਕਮਨਾਮਾ ਪ੍ਰਾਪਤ ਕੀਤਾ ਜਿਸ ਵਿਚ ਮੁੱਢਲੇ ਦੋਸ਼ਾਂ ਨੂੰ ਦੂਰ ਕੀਤਾ ਗਿਆ ਸੀ। ਸੰਨ 1713 ਵਿਚ ਜਾਰੀ ਪੋਪ ਦਾ ਹੁਕਮਨਾਮਾ (Unigenitus Dei Filius) ਵਿਚ ਕਵਸਨੈੱਲ (Quesnel) ਦੇ 101 ਪ੍ਰਸਤਾਵਾਂ ਦੀ ਆਲੋਚਨਾ ਕੀਤੀ ਗਈ। ਸੰਨ 1730 ਵਿਚ 'Unigenitus' ਨੂੰ ਫ਼ਰਾਂਸੀਸੀ ਕਾਨੂੰਨ ਘੋਸ਼ਿਤ ਕਰਨ ਨਾਲ ਜੈਨਸਨੀ ਪਾਰਟੀ ਦਾ ਪਤਨ ਸ਼ੁਰੂ ਹੋ ਗਿਆ। ਸੰਗਠਿਤ ਜੈਨਸਨਵਾਦ ਦੀ ਹੋਂਦ ਸਿਰਫ਼ ਹਾਲੈਂਡ ਵਿਖੇ ਹੀ ਕਾਇਮ ਹੈ। ਇਥੇ ਇਸ ਨੇ ਯੂਟ੍ਰੈਕਟ (Utrecht) ਵਿਖੇ ਇਕ ਗਿਰਜੇ ਵਜੋਂ ਆਪਣੀ ਹੋਂਦ ਕਾਇਮ ਰੱਖੀ ਹੈ। ਇਸ ਦਾ ਇਟਲੀ ਵਿਖੇ ਵੀ ਪ੍ਰਸਾਰ ਹੋਇਆ।

ਜੈਨਸਨਵਾਦ ਇਕ ਪੇਚੀਦਾ ਅੰਦੋਲਨ ਹੈ ਜਿਹੜਾ ਖ਼ਾਸ ਸਿਧਾਂਤਾਂ ਤੋਂ ਇਲਾਵਾ ਖ਼ਾਸ ਜ਼ਹਿਨੀਅਤ ਅਤੇ ਰੂਹਾਨੀਅਤ ਤੇ ਆਧਾਰਿਤ ਹੈ। ਇਹ ਸੁਧਾਰਾਂ ਦੀ ਇਕ ਕੋਸ਼ਿਸ਼ ਸੀ ਕਿ ਗਿਰਜਿਆਂ ਦਾ ਮੁਢਲੀ ਈਸਾਈਅਤ ਦੀ ਭਾਵਨਾ ਨਾਲ ਸੁਧਾਰ ਕੀਤਾ ਜਾਵੇ। ਇਹ ਸੱਚੇ ਈਸਾਈ ਧਰਮ ਅਤੇ ਪੱਧਤੀ ਦੇ ਨੇੜੇ ਦਾ ਸਮਾਧਾਨ ਸੀ ਪਰ ਗਿਰਜੇ ਨੇ ਇਸ ਨੂੰ ਅਤਕਥਨੀ ਅਤੇ ਰੂੜ੍ਹੀ-ਵਿਰੁੱਧ ਹੋਣ ਕਾਰਨ ਅਸਵੀਕਾਰ ਕਰ ਦਿੱਤਾ।

ਹ. ਪੁ.–ਐਨ. ਬ੍ਰਿ. ਮਾ. 5 : 515

**ਜੈਨਸੈਨ, ਕਾਰਨੇਲੀਅਸ ਆਟੋ** : ਇਹ ਇਕ ਉੱਘਾ ਵਲੰਦੇਜ਼ੀ ਰੋਮਨ ਕੈਥੋਲਿਕ ਧਰਮ ਸ਼ਾਸਤਰੀ ਯੇਪਰ (Ypres) ਦਾ ਬਿਸ਼ਪ ਅਤੇ ਧਾਰਮਿਕ ਲਹਿਰ ਜੈਨਸੈਨਵਾਦ ਦੇ ਮੋਢੀਆਂ ਵਿਚੋਂ ਸੀ। ਇਸ ਦਾ ਜਨਮ ਹਾਲੈਂਡ ਵਿਚ ਲੀਰਡਾਮ ਵਿਖੇ 3 ਨਵੰਬਰ, 1585 ਨੂੰ ਹੋਇਆ। ਇਸ ਨੇ ਲੂਵੇਨ ਯੂਨੀਵਰਸਿਟੀ ਅਤੇ ਪੈਰਿਸ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1611 ਤੋਂ ਇਹ ਆਪਣੇ ਦੇਸ਼ ਵਿਚ ਬੇਯੋਨ ਦੇ ਲਾਗੇ ਬਿਸ਼ਪ ਕਾਲਜ ਵਿਚ ਕਈ ਸਾਲ ਪੜ੍ਹਾਉਂਦਾ ਰਿਹਾ। ਉਥੇ ਹੀ ਇਹ ਵਾਧੂ ਸਮੇਂ ਵਿਚ ਆਪਣੇ ਸੰਗੀਆਂ ਨਾਲ ਚਰਚ ਦੇ ਸੁਧਾਰ ਦੀਆਂ ਸਕੀਮਾਂ ਬਣਾਉਂਦਾ ਰਿਹਾ। ਸੰਨ 1630 ਵਿਚ ਇਹ ਲੂਵੇਨ ਵਿਖੇ ਧਰਮ-ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਅਦਾਰੇ ਵਿਚ 1624 ਅਤੇ 1626 ਵਿਚ ਇਸ ਨੂੰ ਗੈਡ ਮੈਡਰਿਡ ਭੇਜਿਆ ਗਿਆ ਜਿਥੇ ਇਹ ਧਾਰਮਿਕ ਦੋਸ਼ੀਆਂ ਵਾਲੀ ਸਜ਼ਾ ਤੋਂ ਬੜੀ ਮੁਸ਼ਕਿਲ ਨਾਲ ਬਚ ਸਕਿਆ।

ਜਿਥੇ ਜੈਨਸੈਨ ਜੈਸੁਇਟਾਂ ਦਾ ਵਿਰੋਧੀ ਸੀ ਉਥੇ ਇਹ ਪ੍ਰੋਫਾਟੈਸਟੈ ਪ੍ਰੋਟੈਸਟੈਂਟਵਾਦ ਦੇ ਵੀ ਨੇੜੇ ਨਹੀਂ ਸੀ। ਇਹ ਰਾਜਨੀਤੀ ਦੇ ਵੀ ਸੁਪਨੇ ਲੈਂਦਾ ਰਿਹਾ। ਇਹ ਉਸ ਸਮੇਂ ਦੀ ਤਾਕ ਵਿਚ ਸੀ ਜਦੋਂ ਕਿ ਬੈਲਜੀਅਮ ਸਪੇਨ ਦੀ ਗੁਲਾਮੀ ਦੀ ਪੰਜਾਲੀ ਲਾਹ ਕੇ ਆਜ਼ਾਦ ਹੋਵੇ ਅਤੇ ਪਰੋਟੈਸਟੈਂਟ ਹਾਲੈਂਡ ਵਾਂਗ ਇਕ ਆਜ਼ਾਦ ਕੈਥੋਲਿਕ ਰੀਪਬਲਿਕ ਬਣੇ। ਇਸ ਦੇ ਵਿਚਾਰਾਂ ਦਾ ਸਪੇਨ ਦੇ ਸ਼ਾਸਕਾਂ ਨੂੰ ਪਤਾ ਲੱਗ ਗਿਆ। ਇਸ ਨੇ ਉਨ੍ਹਾਂ ਦਾ ਗੁੱਸਾ ਦੂਰ ਕਰਨ ਲਈ 'ਮਾਰਜ ਗੈਲੀਕਸ' (1635) ਨਾਂ ਦੀ ਪੁਸਤਕ ਲਿਖੀ। ਸੰਨ 1636 ਵਿਚ ਇਸ ਨੂੰ ਯੇਪਰ ਦਾ ਬਿਸ਼ਪ ਨਿਯੁੱਕਤ ਕੀਤਾ ਗਿਆ ਅਤੇ ਉਥੇ ਹੀ 6 ਮਈ, 1638 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 873

**ਜੈਨਕਿਨ, ਹੈਨਰੀ ਚਾਰਲਸ ਫਲੀਮਿੰਗ** : ਪਣਡੁੱਬੀਆਂ ਦੀਆਂ ਟੈਲੀਗ੍ਰਾਫ਼ ਕੇਬਲ ਉਪਰ ਕੰਮ ਕਰਨ ਵਾਲੇ ਇਸ ਪ੍ਰਸਿੱਧ ਅੰਗਰੇਜ਼ ਇੰਜੀਨੀਅਰ ਦਾ ਜਨਮ 25 ਮਾਰਚ, 1833 ਨੂੰ ਡੰਜਾਨੈੱਸ (ਇੰਗਲੈਂਡ) ਵਿਖੇ ਹੋਇਆ। ਇਸਨੇ ਆਪਣੀ ਵਿੱਦਿਅਕ ਸਿੱਖਿਆ ਸਕਾਟਲੈਂਡ ਤੋਂ ਅਤੇ ਬਾਅਦ ਵਿਚ ਜਨੀਵਾ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਇਸਨੇ ਬਰਕਨਹੈਡ ਵਿਖੇ ਆਰ. ਐਸ. ਨੀਬਲ ਅਤੇ ਕੰਪਨੀ ਵਿਚ ਇੰਜੀਨੀਅਰ ਵਜੋਂ ਕੰਮ ਅਰੰਭਿਆ। ਇਹ ਉੱਘੀ ਕੰਪਨੀ ਪਣਡੁੱਬੀਆਂ ਦੀਆਂ ਟੈਲੀਗ੍ਰਾਫ਼ ਕੇਬਲ ਤਿਆਰ ਕਰਦੀ ਸੀ। ਪਣਡੁੱਬੀ ਕੇਬਲ ਨਿਰਮਾਣ ਅਤੇ ਵਿਉਂਤਬੰਦੀ ਦੀ 1859-60 ਵਿਚ ਜਾਂਚ-ਪੜਤਾਲ ਲਈ ਬਣੀ ਸਰਕਾਰੀ ਚੋਣ ਕਮੇਟੀ ਦਾ ਇਹ ਇਕ ਵਿਸ਼ੇਸ਼ ਸਾਖੀ ਸੀ। ਇਹ ਇਕ ਸਲਾਹਕਾਰ ਟੈਲੀਗ੍ਰਾਫ਼ ਇੰਜੀਨੀਅਰ ਵਜੋਂ ਬਹੁਤ ਪ੍ਰਸਿੱਧ ਹੋਇਆ ਅਤੇ ਸੰਨ 1865 ਵਿਚ ਰਾਇਲ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ। ਇਸੇ ਸਾਲ ਯੂਨੀਵਰਸਿਟੀ ਕਾਲਜ, ਲੰਡਨ ਵਿਖੇ ਇਹ ਇੰਜੀਨੀਅਰਿੰਗ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਇਸ ਤੋਂ ਤਿੰਨ ਵਰ੍ਹੇ ਬਾਅਦ ਇਹ ਐਡਿਨਬਰਗ ਯੂਨੀਵਰਸਿਟੀ ਵਿਚ ਪੱਤਰ-ਵਿਹਾਰੀ ਪਦ ਲਈ ਚੁਣਿਆ ਗਿਆ। ਇਸਨੇ ਉੱਘੇ ਵਿਗਿਆਨੀਆਂ ਸਰ ਵਿੱਲਿਅਮ ਥੱਮਸਨ ਲਾਰਡ ਕੇਲਵਿਨ ਦੇ ਨਾਲ ਵੀ ਬਹੁਤ ਕੰਮ ਕੀਤਾ। ਇਸ ਦੀਆਂ ਪ੍ਰਕਾਸ਼ਨਾਵਾਂ ਵਿਚ ਪ੍ਰਮੁੱਖ ਪੁਸਤਕ 'ਇਲੈੱਕਟ੍ਰੀਸਿਟੀ ਐਂਡ ਮੈਗਨੇਟਿਜ਼ਮ' (1870) ਹੈ ਜਿਸ ਵਿਚ ਇਸ ਦਾ ਬਹੁਤਾ ਕੰਮ ਕਲਮਬੱਧ ਕੀਤਾ ਹੋਇਆ ਹੈ। 12 ਜੂਨ, 1885 ਨੂੰ ਇਸਦਾ ਐਡਿਨਬਰਗ ਵਿਖੇ ਹੀ ਸਵਰਗਵਾਸ ਹੋ ਗਿਆ।

ਹ. ਪੁ.–ਐਨ. ਬ੍ਰਿ. 12 : 997

**ਜੈਨਕਿਨਜ਼, ਸਰ ਲਾਰੈਂਸ** : ਇਹ ਇਕ ਅੰਗਰੇਜ਼ ਕਾਨੂੰਨਦਾਨ ਸੀ ਜੋ ਬਹੁਤਾ ਸਮਾਂ ਭਾਰਤ ਵਿਚ ਰਿਹਾ। ਇਸ ਦਾ ਜਨਮ 22 ਦਸੰਬਰ, 1857 ਨੂੰ ਕਾਰਡੀਗਨ ਵੈਲਸ ਵਿਚ ਹੋਇਆ। ਚੈਲਟੈਨਹਮ ਅਤੇ ਆਕਸਫ਼ੋਰਡ ਯੂਨੀਵਰਸਿਟੀ ਵਿਚ ਵਿੱਦਿਆ ਪ੍ਰਾਪਤ ਕਰਕੇ 1883 ਵਿਚ ਇਸ ਨੇ ਵਕਾਲਤ ਸ਼ੁਰੂ ਕੀਤੀ। ਸੰਨ 1869 ਵਿਚ ਇਹ ਭਾਰਤ ਵਿਚ ਕਲਕੱਤੇ ਵਿਖੇ ਹਾਈ ਕੋਰਟ ਦਾ ਜੱਜ ਨਿਯੁੱਕਤ ਹੋਇਆ ਅਤੇ ਫਿਰ 1899 ਤੋਂ 1908 ਤੱਕ ਬੰਬਈ ਹਾਈ ਕੋਰਟ ਦਾ ਚੀਫ਼ ਜ਼ਸਟਿਸ ਰਿਹਾ। ਇਕ ਸਾਲ ਭਾਰਤ ਦੀ ਰਾਜ ਪਰੀਸ਼ਦ ਦਾ ਮੈਂਬਰ ਰਹਿਣ ਮਗਰੋਂ ਇਹ ਰਿਟਾਇਰ ਹੋਣ ਤੱਕ ਬੰਗਾਲ ਦੀ ਹਾਈ ਕੋਰਟ ਦਾ ਚੀਫ਼ ਜਸਟਿਸ ਰਿਹਾ। ਰਿਟਾਇਰ ਹੋਣ ਤੋਂ ਦੂਜੇ ਸਾਲ 1916 ਵਿਚ ਇਹ ਇੰਗਲੈਂਡ ਦੀ ਰਾਜ ਪਰੀਸ਼ਦ ਦੀ ਨਿਆਂ ਸੰਮਤੀ ਵਿਚ ਨਿਯੁੱਕਤ ਹੋ ਗਿਆ। ਸੰਨ 1924 ਵਿਚ ਇਹ ਉੱਤਰੀ ਆਇਰਲੈਂਡ ਅਤੇ ਸੁਤੰਤਰ ਆਇਰਸ਼ ਰਾਜ ਦੀ ਹੱਦ ਨਿਸ਼ਚਿਤ ਕਰਨ ਵਾਲੇ ਕਮਿਸ਼ਨ ਦਾ ਮੈਂਬਰ ਬਣਿਆ। 28 ਅਕਤੂਬਰ, 1928 ਨੂੰ ਈਲਿੰਗ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 5 : 32

**ਜੈਨਕਿਨਜ਼, ਜਾਨ** : ਇਹ ਇਕ ਅੰਗਰੇਜ਼ ਸੰਗੀਤਕਾਰ ਸੀ ਜੋ ਸਾਰੰਗੀ ਤੇ ਵੀਣਾ ਆਦਿ ਸਾਜ਼ਾਂ ਦਾ ਮਾਹਰ ਸੀ। ਇਸ ਦਾ ਜਨਮ ਕੈਂਟ ਵਿਚ ਮਡਸਟੋਨ ਵਿਖੇ 1592 ਈ. ਵਿਚ ਹੋਇਆ। ਇਹ ਚਾਰਲਸ ਪਹਿਲੇ ਅਤੇ ਦੂਜੇ ਦਾ ਸੰਗੀਤਕਾਰ ਸੀ ਅਤੇ ਵੱਡੇ ਅਮੀਰ ਵਜ਼ੀਰ ਇਸ ਦੇ ਸਰਪ੍ਰਸਤ ਰਹੇ ਹਨ।

ਜੈਨਕਿਨਜ਼ ਦੀਆਂ ਵੱਖ-ਵੱਖ ਕਿਸਮ ਦੀਆਂ ਸੰਗੀਤ ਰਚਨਾਵਾਂ ਤੋਂ ਇਸ ਦੇ ਜੀਵਨ ਕਾਲ ਵਿਚ ਸੰਗੀਤ ਰੂਪਾਂ ਵਿਚ ਆਈ ਤਬਦੀਲੀ ਦਾ ਪਤਾ ਲਗਦਾ ਹੈ। ਇਸ ਦੀਆਂ ਸੰਗੀਤ ਰਚਨਾਵਾਂ ਵਿਚ ਗੀਤ ਅਤੇ ਭਜਨ ਆਦਿ ਵੀ ਸ਼ਾਮਲ ਹਨ। 17ਵੀਂ ਸਦੀ ਵਿਚ ਪ੍ਰਚਲਤ ਰੈਂਟ (Rant) ਕਿਸਮ ਦੇ ਇਕ ਨਾਚ ਦਾ ਜ਼ਿਕਰ ਜੈਨਕਿਨਜ਼ ਦੀਆਂ ਰਚਨਾਵਾਂ ਵਿਚ ਮਿਲਦਾ ਹੈ।

27 ਅਕਤੂਬਰ, 1678 ਨੂੰ ਨਾਰਫੱਕ ਵਿਚ ਕਿੰਬਰਲੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 997; ਐਨ. ਬ੍ਰਿ. ਮਾ. 5 : 541

**ਜੈਨ ਖਾਂ ਕੋਕਾ** : ਇਹ ਅਕਬਰ ਦੀ ਇਕ ਦਾਈ ਦਾ ਲੜਕਾ ਸੀ। ਇਸਦੇ ਪਿਤਾ ਅਤੇ ਚਾਚੇ ਦੇ ਸਮਰਾਟ ਦੇ ਬਹੁਤ ਨਜ਼ਦੀਕ ਰਹਿਣ ਕਰਕੇ ਇਸ ਉੱਤੇ ਵੀ ਸਮਰਾਟ ਦੀ ਕਾਫ਼ੀ ਕਿਰਪਾ ਸੀ।

ਆਪਣੇ ਰਾਜ ਦੇ 30ਵੇਂ ਸਾਲ ਵਿਚ ਅਕਬਰ ਨੇ ਇਸ ਨੂੰ ਕਾਬਲ ਵਿਚ ਯੂਸਫ਼ਜ਼ਈਆਂ ਦੀ ਬਗ਼ਾਵਤ ਦਬਾਉਣ ਲਈ ਭੇਜਿਆ। ਇਸਨੇ ਉਲਗੂਬੇਗ ਮਿਰਜ਼ਾ ਦੀ ਮਦਦ ਨਾਲ ਵਿਦਰੋਹ ਦਾ ਅੰਤ ਕਰ ਦਿੱਤਾ। ਇਸ ਤੋਂ ਇਲਾਵਾ ਸ਼ਾਹੀ ਸੈਨਾ ਨੇ ਬੜੀ ਹੁਸ਼ਿਆਰੀ ਨਾਲ ਇਥੇ ਯੂਸਫ਼ਜ਼ਈਆਂ ਨੂੰ ਆਪਣੇ ਪੱਖ ਵਿਚ ਕਰਕੇ 'ਸੁਲਤਾਨੀ' ਨਾਮਕ ਜਾਤੀ ਦਾ ਖ਼ਾਤਮਾ ਕੀਤਾ। ਬਜੌਰ, ਸਵਾਦ ਆਦਿ ਵਿਚ ਸੁਲਤਾਨੀਆਂ ਨੂੰ ਖ਼ਤਮ ਕਰਕੇ ਜੈਨ ਖਾਂ ਚਕਦਰ ਪਹੁੰਚਿਆ ਜਿਥੇ ਇਸਨੇ ਇਕ ਕਿਲਾ ਸਥਾਪਿਤ ਕੀਤਾ। ਕਰਾਕਰ ਅਤੇ ਬੂਨੇਰ ਪ੍ਰਾਂਤ ਨੂੰ ਛੱਡ ਕੇ ਬਾਕੀ ਭਾਗ ਉੱਤੇ ਅਧਿਕਾਰ ਕਰ ਲਿਆ। ਅਬੁਲ ਫਤਹਿ ਅਤੇ ਰਾਜਾ ਬੀਰਬਲ ਨਾਲ ਮਿਲ ਕੇ ਇਸਨੇ ਪਹਾੜੀ ਪ੍ਰਾਂਤਾਂ ਦੇ ਅਫ਼ਗਾਨਾਂ ਨਾਲ ਵੀ ਯੁੱਧ ਕੀਤਾ ਜਿਹੜਾ ਕਿ ਇਸ ਨੂੰ ਕਾਫ਼ੀ ਮਹਿੰਗਾ ਪਿਆ। ਇਸ ਦੀ ਸੈਨਾ ਪਹਾੜੀ ਖੇਤਰਾਂ ਵਿਚ ਯੁੱਧ ਦਾ ਅਭਿਆਸ ਨਾ ਹੋਣ ਕਾਰਨ ਖਿੰਡ ਖਪਰ ਗਈ। ਬਹੁਤ ਸਾਰੇ ਸੈਨਿਕ ਮਾਰੇ ਗਏ ਅਤੇ ਜੈਨ ਖਾਂ ਖ਼ੁਦ ਬੜੀ ਮੁਸ਼ਕਲ ਨਾਲ ਬਚਿਆ।

ਅਕਬਰ ਰਾਜ ਦੇ 31ਵੇਂ ਸਾਲ ਵਿਚ ਇਸਨੇ ਪਿਸ਼ਾਵਰ ਦੇ ਨਜ਼ਦੀਕ ਗੌਰੀ ਜਾਤੀਆਂ ਦੇ ਵਿਦਰੋਹ ਨੂੰ ਬੜੀ ਬਹਾਦਰੀ ਨਾਲ ਦਬਾਇਆ। 32ਵੇਂ ਸਾਲ ਵਿਚ ਇਹ ਰਾਜਾ ਮਾਨ ਸਿੰਘ ਦੇ ਉਤਰਾਧਿਕਾਰੀ ਦੇ ਰੂਪ ਵਿਚ ਜਾਬੁਲਿਸਤਾਨ ਦਾ ਮੁਖੀਆ ਚੁਣਿਆ ਗਿਆ। 33ਵੇਂ ਸਾਲ ਵਿਚ ਇਸਨੇ ਯੂਸਫਜ਼ਈਆਂ ਉੱਤੇ ਹਮਲਾ ਕਰਕੇ ਬਹੁਤ ਸਾਰੇ ਲੋਕਾਂ ਨੂੰ ਮਾਰ ਦਿੱਤਾ ਅਤੇ ਬਾਕੀਆਂ ਤੋਂ ਆਤਮ ਸਮਰਪਣ ਕਰਵਾ ਲਿਆ।

ਜੈਨ ਖਾਂ ਕੋਕਾ ਨੇ ਸਵਾਦ ਪ੍ਰਦੇਸ਼ ਉੱਤੇ ਅਧਿਕਾਰ ਕਰਨ ਦੇ ਇਰਾਦੇ ਨਾਲ ਅਫ਼ਗਾਨਾਂ ਉੱਤੇ ਹਮਲਾ ਕਰ ਦਿੱਤਾ ਜਿਸ ਵਿਚ ਕੋਕਾ ਦੀ ਜਿੱਤ ਹੋਈ। 35ਵੇਂ ਸਾਲ ਇਸੇ ਬਹਾਦਰੀ ਸਦਕਾ ਪਹਾੜੀਆਂ ਦੇ ਜ਼ਿਮੀਂਦਾਰਾਂ ਨੇ ਵੀ ਆਤਮ ਸਮਰਪਣ ਕਰ ਲਿਆ। 37ਵੇਂ ਸਾਲ ਇਸ ਨੂੰ ਹਿੰਦੂਕੁਸ਼ ਤੋਂ ਲੈ ਕੇ ਸਿੰਧ ਦੇ ਕੰਢੇ ਤੱਕ ਦੀ ਰੱਖਿਆ ਦਾ ਕੰਮ ਸੌਂਪਿਆ ਗਿਆ। ਇਹ ਸਵਾਦ ਅਤੇ ਬਜੌਰ ਤੋਂ ਹੁੰਦਾ ਹੋਇਆ ਤੀਰ੍ਹਾ ਪਹੁੰਚਿਆ ਅਤੇ ਅਰਫ਼ੀਦੀਆਂ ਅਤੇ ਆਰਕਜ਼ਈਆਂ ਨੂੰ ਆਤਮ ਸਮਰਪਣ ਲਈ ਮਜ਼ਬੂਰ ਕੀਤਾ। ਆਪਣੀ ਰਾਜਨੀਤਿਕ ਯੋਗਤਾ ਨਾਲ ਜੈਨ ਖਾਂ ਨੇ ਕਾਫ਼ਰਾਂ ਨੂੰ ਆਪਣੇ ਨਾਲ ਮਿਲਾ ਕੇ ਅਫ਼ਗਾਨਾਂ ਦਾ ਦਮਨ ਕੀਤਾ। ਯੂਸਫਜ਼ਈਆਂ ਨੂੰ ਵੀ ਜੈਨ ਖਾਂ ਨਾਲ ਸੰਧੀ ਕਰਨੀ ਪਈ। ਇਸ ਤਰ੍ਹਾਂ ਇਸ ਨੇ ਕਨਸ਼ਾਕ ਦਾ ਕਿਲਾ, ਬਦਖ਼ਸ਼ਾਂ ਅਤੇ ਕਾਸ਼ਨਗਰ ਦੇ ਸਰਹੱਦੀ ਖੇਤਰਾਂ ਉੱਤੇ ਅਧਿਕਾਰ ਕਰ ਲਿਆ। ਇਸ ਤੋਂ ਇਲਾਵਾ ਇਸਨੇ ਕਾਬਲ ਦਾ ਕੰਮ ਕਾਜ ਵੀ ਸੰਭਾਲਿਆ।

ਜ਼ਿਆਦਾ ਸ਼ਰਾਬ ਪੀਣ ਕਾਰਨ ਜੈਨ ਖਾਂ ਦੀ ਸਿਹਤ ਖ਼ਰਾਬ ਹੋ ਗਈ। ਅੰਤ 1602 ਵਿਚ ਇਸ ਦੀ ਮੌਤ ਹੋ ਗਈ।

ਜੈਨ ਖਾਂ ਕੋਕਾ ਦੀ ਕਾਵਿ ਅਤੇ ਸੰਗੀਤ ਵਿਚ ਵੀ ਵਿਸ਼ੇਸ਼ ਰੁਚੀ ਸੀ।

ਹ. ਪੁ.–ਹਿੰ. ਵਿ. ਕੋ. 5:45

**ਜ਼ੈਨ ਖ਼ਾਨ** : ਇਹ ਸਰਹੰਦ ਦਾ ਇਕ ਅਫ਼ਗਾਨ ਗਵਰਨਰ ਸੀ। ਅਹਿਮਦ ਸ਼ਾਹ ਅਬਦਾਲੀ ਮਰਹੱਟਿਆਂ ਨੂੰ ਪਾਨੀਪਤ ਦੇ ਮੈਦਾਨ ਵਿਚ ਹਰਾਉਣ ਉਪਰੰਤ ਲਾਹੌਰ ਵਾਪਸ ਚਲਾ ਗਿਆ ਪਰ ਉਹ ਸਿੱਖਾਂ ਦਾ ਕੁਝ ਵੀ ਨਾ ਵਿਗਾੜ ਸਕਿਆ। ਜ਼ੈਨ ਖ਼ਾਨ ਨੂੰ ਸਰਹੰਦ ਦਾ ਸੂਬੇਦਾਰ ਅਤੇ ਖਵਾਜਾ ਓਬੈਦ ਖ਼ਾਨ ਨੂੰ ਲਾਹੌਰ ਦਾ, ਸਰ ਬੁਲੰਦ ਖ਼ਾਨ ਨੂੰ ਮੁਲਤਾਨ ਦਾ ਸੂਬੇਦਾਰ ਅਤੇ ਜਲੰਧਰ ਦੁਆਬ ਦਾ ਚਾਰਜ ਕਾਂਗੜੇ ਦੇ ਰਾਜਾ ਘੁੰਮਦ ਚੰਦ ਕਟੋਚ ਨੂੰ ਸੌਂਪ ਕੇ ਆਪ ਆਪਣੇ ਵਤਨ ਚਲਾ ਗਿਆ ਪਰ ਸਿੱਖਾਂ ਨੂੰ ਤਬਾਹ ਕਰਨ ਲਈ ਸਖ਼ਤ ਹੁਕਮ ਜਾਰੀ ਕਰ ਗਿਆ।

ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸਿੰਧ ਦਰਿਆ ਪਾਰ ਕਰ ਲਿਆ ਤਾਂ ਸਿੱਖ ਫਿਰ ਸਾਰੇ ਹੀ ਸੂਬੇ ਤੇ ਛਾ ਗਏ। ਚਹਾਰ ਮਹੱਲ ਦਾ ਗਵਰਨਰ ਅਤੇ ਉਸਦੇ 1000 ਸਿਪਾਹੀਆਂ ਨੂੰ ਮਾਰਨ ਉਪਰੰਤ ਕੋਈ 30,000 ਤੋਂ ਵੱਧ ਗਿਣਤੀ ਵਿਚ ਸਿੱਖਾਂ ਨੇ ਜਲੰਧਰ ਦੁਆਬ ਵੱਲ ਕੂਚ ਕਰ ਦਿੱਤਾ ਅਤੇ ਸਾਦਤ ਖ਼ਾਨ ਅਤੇ ਕਈ ਹੋਰ ਫ਼ੌਜਦਾਰਾਂ ਨੂੰ ਹਰਾਇਆ। ਇਸ ਉਪਰੰਤ ਸਿੱਖਾਂ ਨੇ ਸਰਹੰਦ ਵੱਲ ਕੂਚ ਕਰ ਦਿੱਤਾ। ਜ਼ੈਨ ਖ਼ਾਨ ਇਸ ਵੇਲੇ ਕਿਤੇ ਗਿਆ ਹੋਇਆ ਸੀ। ਸਿੱਖ ਸਰਹੰਦ ਵਿਚ ਦਾਖ਼ਲ ਹੋ ਗਏ। ਸ਼ਹਿਰ ਨੂੰ ਬਦ-ਅਸੀਸਾਂ ਦਿੱਤੀਆਂ ਅਤੇ ਇਸ ਨੂੰ ਫਿਰ ਲੁੱਟਣਾ ਸ਼ੁਰੂ ਕਰ ਦਿੱਤਾ। ਮਲੇਰਕੋਟਲੇ ਦਾ ਹਾਕਮ, ਭੀਖਣ ਖ਼ਾਨ ਜੋ ਉਸ ਸਮੇਂ ਸਰਹੰਦ ਵਿਚ ਮੌਜੂਦ ਸੀ, ਦੀਆਂ ਫ਼ੌਜਾਂ ਨੇ ਸਿੱਖਾਂ ਦਾ ਟਾਕਰਾ ਕੀਤਾ। ਜੈਨ ਖ਼ਾਨ ਵੀ ਵਾਪਸ ਆ ਗਿਆ ਅਤੇ ਸਿੱਖ ਉੱਸੇ ਵਕਤ ਉਥੋਂ ਨਸ ਗਏ। ਛੇਤੀ ਹੀ ਸਿੱਖ ਫਿਰ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਮਲੇਰਕੋਟਲੇ ਦੇ ਭੀਖਣ ਖ਼ਾਨ ਨੂੰ ਜਾ ਸੌਂਪਿਆ।

ਇੰਨੇ ਚਿਰ ਨੂੰ ਅਬਦਾਲੀ ਵੀ ਅਫ਼ਗਾਨਿਸਤਾਨ ਪੁੱਜ ਚੁੱਕਾ ਸੀ ਪਰ ਸਿੱਖਾਂ ਹੱਥੋਂ ਹੋਏ ਨੁਕਸਾਨ ਤੇ ਉਹ ਅਫ਼ਸੋਸ ਕਰਦਾ ਰਹਿੰਦਾ ਸੀ। ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲੈਣ ਉਪਰੰਤ, ਜੰਡਿਆਲੇ ਦੇ ਆਕਿਲ ਖ਼ਾਨ ਨੂੰ ਸੌਂਪਣ ਦਾ ਫ਼ੈਸਲਾ ਕੀਤਾ। ਜਦੋਂ ਦੁਰਾਨੀ ਜੰਡਿਆਲੇ ਪੁੱਜਾ ਤਾਂ ਸਿੱਖ ਤਾਂ ਆਪਣਾ ਘੇਰਾ ਪਹਿਲਾਂ ਹੀ ਉਠਾ ਚੁੱਕੇ ਸਨ। ਉਨ੍ਹਾਂ ਨੇ ਸਰਹੰਦ ਵੱਲ ਨੂੰ ਕੂਚ ਕਰ ਦਿੱਤਾ ਅਤੇ ਸਰਹੰਦ ਦੇ ਸੂਬੇਦਾਰ ਤੇ ਜਾ ਹਮਲਾ ਕੀਤਾ।

ਅਬਦਾਲੀ ਲਾਹੌਰ ਵਾਪਸ ਆ ਗਿਆ ਅਤੇ ਇਥੋਂ ਉਸਨੇ ਮੁਸਲਮਾਨ ਜਾਗੀਰਦਾਰਾਂ, ਬਰੇਚ ਅਤੇ ਮਲੇਰਕੋਟਲੇ ਦੇ ਮੁੱਖੀਆਂ ਅਤੇ ਫ਼ੌਜੀ ਅੱਡਿਆਂ ਨੂੰ, ਜ਼ੈਨ ਖ਼ਾਨ ਨਾਲ ਸਰਹੰਦ ਵਿਖੇ ਰਲਣ ਲਈ ਹੁਕਮ ਜਾਰੀ ਕੀਤੇ। ਰਣਭੂਮੀ ਵਿਚੋਂ ਦੁਰਾਨੀ ਦੀ ਅਸਥਾਈ ਗੈਰ-ਹਾਜ਼ਰੀ ਨੇ ਸਿੱਖਾਂ ਨੂੰ ਇਹ ਯਕੀਨ ਕਰਵਾ ਦਿੱਤਾ ਕਿ ਉਹ ਹੁਣ ਸਿੱਖਾਂ ਨਾਲ ਕੋਈ ਜੰਗ ਨਹੀਂ ਲੜੇਗਾ ਪਰ ਸਿੱਖਾਂ ਦੀ ਹੈਰਾਨੀ ਨੂੰ ਅਬਦਾਲੀ ਤਾਂ 150 ਮੀਲਾਂ ਦਾ ਸਫ਼ਰ ਅਤੇ ਦੋ ਦਰਿਆਵਾਂ ਨੂੰ 36 ਘੰਟਿਆਂ ਤੋਂ ਪਹਿਲਾਂ ਹੀ ਪਾਰ ਕਰਕੇ 5 ਫ਼ਰਵਰੀ, 1762 ਨੂੰ ਮਲੇਰਕੋਟਲੇ ਪੁੱਜ ਚੁੱਕਾ ਸੀ। ਇਸ ਸਮੇਂ ਲਗਭਗ 50,000 ਦੀ ਗਿਣਤੀ ਵਿਚ ਸਿੱਖ ਕੂਪ ਪਿੰਡ ਵਿਚ ਬੈਠੇ ਹੋਏ ਸਨ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਬੱਚੇ ਪਿੰਡ ਗਰਮਾ ਵਿਚ ਸਨ। ਦੁਰਾਨੀ ਦੇ ਅਪੜਨ ਦੀ ਖ਼ਬਰ ਸੁਣਦਿਆਂ ਸਾਰ ਹੀ ਸਿੱਖ ਪਿੰਡ ਗਰਮਾ ਵੱਲ ਨੂੰ ਹੋ ਗਏ। ਸਿੱਖਾਂ ਨੇ ਸੋਚਿਆ ਕਿ ਫ਼ੌਜੀ ਪੱਖੋਂ ਅਫ਼ਗਾਨ ਉਨ੍ਹਾਂ ਨਾਲੋਂ ਤਕੜੇ ਹਨ। ਜ਼ੈਨ ਖ਼ਾਨ ਨੇ ਸਿੱਖਾਂ ਦੇ ਕੂਚ ਨੂੰ ਠਲ੍ਹਣ ਲਈ ਉਨ੍ਹਾਂ ਤੇ ਹਮਲਾ ਕਰ ਦਿੱਤਾ ਅਤੇ ਇਕ ਮੀਲ ਤੱਕ ਉਨ੍ਹਾਂ ਦਾ ਪਿੱਛਾ ਕੀਤਾ। ਸਿੱਖਾਂ ਨੂੰ ਮਜਬੂਰ ਹੋ ਕੇ ਪਿੱਛੇ ਮੁੜਨਾ ਪਿਆ ਅਤੇ ਜ਼ੈਨ ਖ਼ਾਨ ਨਾਲ ਲੜਨਾ ਪਿਆ। ਇਸ ਲੜਾਈ ਵਿਚ ਜ਼ੈਨ ਖ਼ਾਨ ਦੀ ਹਾਰ ਹੋਈ ਅਤੇ ਸਿੱਖ ਫਿਰ ਇਕ ਵਾਰ ਪਿੰਡ ਗਰਮਾ ਨੂੰ ਮੁੜੇ।

ਮਈ 1762 ਵਿਚ (ਕੂਪ ਵਿਖੇ ਹੋਏ ਭਾਰੀ ਨੁਕਸਾਨ ਤੋਂ ਬਿਲਕੁਲ ਤਿੰਨ ਮਹੀਨੇ ਪਿੱਛੋਂ) ਸਿੱਖਾਂ ਨੇ ਸਰਹੰਦ ਉੱਤੇ ਹਮਲਾ ਕਰ ਦਿੱਤਾ ਅਤੇ ਜੈਨ ਖ਼ਾਨ ਉੱਤੇ ਇਹ ਸ਼ਰਤ ਲਾ ਦਿੱਤੀ ਕਿ ਜੇ ਉਹ ਸਿੰਘਾਂ ਨੂੰ 50,000 ਰੁਪਏ ਅਦਾ ਕਰ ਦਿੰਦਾ ਹੈ ਤਾਂ ਇਸ ਇਲਾਕੇ ਵਿਚ ਸ਼ਾਂਤੀ ਸਥਾਪਿਤ ਹੋ ਸਕਦੀ ਹੈ। ਇਸੇ ਸਾਲ ਹੀ ਸਿੱਖ ਦੀਵਾਲੀ ਮਨਾਉਣ ਲਈ ਅੰਮ੍ਰਿਤਸਰ ਜਾ ਇਕੱਠੇ ਹੋਏ।

ਅਹਿਮਦ ਸ਼ਾਹ ਅਬਦਾਲੀ ਲਾਹੌਰ ਪੁੱਜ ਕੇ ਆਪਣੀਆਂ ਕਸ਼ਮੀਰੋਂ ਮੁੜ ਰਹੀਆਂ ਫ਼ੌਜਾਂ ਦੀ ਉਡੀਕ ਕਰਨ ਲੱਗਾ। ਇਸ ਦੀਆਂ ਫ਼ੌਜਾਂ ਜਿੱਤਾਂ ਮਾਰਦੀਆਂ ਹੋਈਆਂ ਲਾਹੌਰ ਪੁੱਜ ਗਈਆਂ। ਅਹਿਮਦ ਸ਼ਾਹ ਦੇ ਦੇਸ਼ ਵਿਚ ਵੀ ਵਿਦਰੋਹ ਖੜ੍ਹਾ ਹੋ ਗਿਆ। ਦੁਰਾਨੀ ਨੇ ਕਾਬਲੀ ਮੱਲ ਨੂੰ ਲਾਹੌਰ ਦਾ ਸੂਬੇਦਾਰ, ਸ਼ਾਹ ਆਲਮ ਨੂੰ ਦਿੱਲੀ ਦਾ ਸ਼ਹਿਨਸ਼ਾਹ, ਸਾਦਤ ਯਾਰ ਖ਼ਾਨ ਨੂੰ ਜਲੰਧਰ ਦੁਆਬ ਅਤੇ ਜ਼ੈਨ ਖ਼ਾਨ ਨੂੰ ਸਰਹੰਦ ਦਾ ਸੂਬੇਦਾਰ ਪੱਕਾ ਕਰ ਦਿੱਤਾ ਅਤੇ ਆਪ ਤੇਜ਼ੀ ਨਾਲ ਕੰਧਾਰ ਨੂੰ ਤੁਰ ਗਿਆ।

ਹੁਣ ਸਿੱਖਾਂ ਦਾ ਫਿਰ ਚੜ੍ਹਦੀ ਕਲਾ ਦਾ ਸਮਾਂ ਸ਼ੁਰੂ ਹੋ ਗਿਆ। ਸਿੱਖ ਉਪਰੋਂ ਥਲੀ ਹੀ ਜਿੱਤਾਂ ਮਾਰ ਰਹੇ ਸਨ। ਹੁਣ ਉਨ੍ਹਾਂ ਨੇ ਸਰਹੰਦ ਦੇ ਸੂਬੇ ਵਿਚ ਦਖ਼ਲ ਦੇਣ ਦਾ ਫ਼ੈਸਲਾ ਕੀਤਾ। ਸਿੱਖਾਂ ਨੇ ਪਹਿਲਾਂ ਖੇੜੀ ਤੇ ਹਮਲਾ ਕੀਤਾ ਅਤੇ ਗੰਗੂ ਤੇ ਉਸਦੇ ਪਰਿਵਾਰ ਨੂੰ ਮਾਰ ਦਿੱਤਾ ਗਿਆ। ਇਸ ਤੋਂ ਪਿੱਛੋਂ ਮੋਰਿੰਡੇ ਤੇ ਹਮਲਾ ਕਰਕੇ ਜਾਨੀ ਤੇ ਮਾਨੀ ਨੂੰ ਸੌਂਪਿਆ।

ਇਹ ਸਾਰਾ ਕੁਝ ਜ਼ੈਨ ਖ਼ਾਨ ਦੇ ਸੂਬੇ ਵਿਚ ਹੋ ਰਿਹਾ ਸੀ। ਇਹ ਵੇਖ ਕੇ ਉਹ ਬਹੁਤ ਡਰ ਗਿਆ। ਉਹ ਸਿੱਖਾਂ ਨਾਲ ਸੁਲ੍ਹਾ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕਰਦਾ ਰਿਹਾ। ਇਸ ਵੇਲੇ ਸਿੱਖਾਂ ਨਾਲ ਆਲਾ ਸਿੰਘ ਵੀ ਆ ਰਲਿਆ ਅਤੇ ਮਾਲਵੇ ਦੇ ਕੋਈ 50,000 ਜੱਟਾਂ ਨੇ ਸਰਹੰਦ ਨੂੰ ਘੇਰਾ ਪਾ ਲਿਆ। ਸਮਕਾਲੀ ਇਤਿਹਾਸਕਾਰ ਮਿਸਕੀਨ ਅਨੁਸਾਰ ਜ਼ੈਨ ਖ਼ਾਨ ਦਾ ਰਾਜ ਪ੍ਰਬੰਧ ਬਦ਼ਬਤਰਾ ਵਾਲਾ ਅਤੇ ਮਾੜਾ ਹੋ ਚੁੱਕਾ ਸੀ। ਉਸਦੇ ਕਈ ਨਿੱਜੀ ਆਦਮੀ ਵੀ ਉਸਨੂੰ ਨਫਰਤ ਕਰਨ ਲੱਗ ਪਏ ਸਨ। ਉਸਨੂੰ ਨਾ ਤਾਂ ਕੋਈ ਦਿੱਲੀ ਤੋਂ ਅਤੇ ਨਾ ਹੀ ਕੰਧਾਰ ਤੋਂ ਕਿਸੇ ਮਦਦ ਅਪੜਨ ਦੀ ਆਸ ਸੀ। ਕੁਝ ਚਿਰ ਪਿੱਛੋਂ ਜ਼ੈਨ ਖ਼ਾਨ ਨੂੰ ਸਿੱਖਾਂ ਨਾਲ ਲੜਾਈ ਕਰਨੀ ਪਈ। ਦੋਹਾਂ ਧਿਰਾਂ ਦੀ ਸਰਹੰਦ ਤੋਂ 11 ਕਿ. ਮੀ. ਪੂਰਬ ਵੱਲ ਪੈਂਦੇ ਪੀਰ ਜਨ ਮੁਨੇਰਾ ਦੇ ਪਿੰਡ ਵਿਖੇ ਬਹੁਤ ਭਾਰੀ ਲੜਾਈ ਹੋਈ। ਜ਼ੈਨ ਖ਼ਾਨ ਦੀਆਂ ਫ਼ੌਜਾਂ ਦੀ ਬੁਰੀ ਤਰ੍ਹਾਂ ਹਾਰ ਹੋਈ। ਜ਼ੈਨ ਖ਼ਾਨ ਵੀ ਆਖ਼ਰ ਨੂੰ ਘੋੜੇ ਤੋਂ ਡਿੱਗ ਪਿਆ ਅਤੇ ਸਿੰਘਾਂ ਨੇ ਸਿਰ ਵੱਢ ਕੇ ਸਰਦਾਰ ਕਪੂਰ ਸਿੰਘ ਹੋਰਾਂ ਅੱਗੇ ਜਾ ਰੱਖਿਆ। ਇਸ ਲੜਾਈ ਵਿਚ ਜ਼ੈਨ ਖ਼ਾਨ ਤੋਂ ਇਲਾਵਾ ਕਈ ਹੋਰ ਮੁਸਲਮਾਨ ਆਗੂਆਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਸ ਜਿੱਤ ਉਪਰੰਤ ਸਰਹੰਦ ਅਤੇ ਉਸਦਾ ਬਹੁਤ ਸਾਰਾ ਇਲਾਕਾ ਪਟਿਆਲੇ ਦੇ ਰਾਜ ਵਿਚ ਮਿਲਾ ਲਿਆ ਗਿਆ ਅਤੇ ਉਸਦੇ ਨਾਲ ਹੀ ਨਾਭੇ ਅਤੇ ਜੀਂਦ ਰਿਆਸਤਾਂ ਦਾ ਵੀ ਕੁਝ ਪਿੰਡਾਂ ਤੇ ਕਬਜ਼ਾ ਹੋ ਗਿਆ।

ਹ. ਪੁ.–ਐਡਵਾਂਸਡ ਸਟਡੀ ਇਨ ਹਿਸਟਰੀ ਆਫ਼ ਦੀ ਪੰਜਾਬ ਜਿਲਦ-1 : 436, 440, 441, 448 ਜੀ. ਐੱਸ. ਛਾਬੜਾ, ਤਵ. ਗੁ. ਖਾ. ਭਾਗ ਦੂਜਾ

**ਜੈ ਨਗਰ** : ਇਹ ਭਾਰਤ ਦੇ ਬਿਹਾਰ ਰਾਜ ਵਿਚ ਜ਼ਿਲ੍ਹਾ ਦਰਭੰਗਾ ਦਾ ਇਕ ਪ੍ਰਸਿੱਧ ਵਪਾਰਕ ਕੇਂਦਰ ਹੈ। ਇਹ ਨਗਰ ਨੇਪਾਲ ਦੀ ਸਰਹੱਦ ਦੇ ਦੱਖਣ ਵਿਚ ਕੁਝ ਕੁ ਕਿ. ਮੀ. ਦੀ ਵਿਥ ਤੇ ਵਾਕਿਆ ਹੈ। ਇਥੇ ਅਲਾਉਦੀਨ ਬਾਦਸ਼ਾਹ ਦਾ ਬਣਵਾਇਆ ਹੋਇਆ ਕੱਚਾ ਕਿਲਾ ਸੀ ਜਿਹੜਾ ਉਸਨੇ ਪਹਾੜੀ ਲੋਕਾਂ ਦੇ ਹੱਲਿਆਂ ਨੂੰ ਰੋਕਣ ਲਈ ਬਣਵਾਇਆ। ਨੇਪਾਲ ਦੀ ਹੱਦ ਦੇ ਨਜ਼ਦੀਕ ਹੋਣ ਕਰਕੇ ਇਹ ਸ਼ਹਿਰ ਕਾਫ਼ੀ ਤਰੱਕੀ ਕਰ ਰਿਹਾ ਹੈ। ਰੇਲ ਦਾ ਇਥੇ ਸਟੇਸ਼ਨ ਹੈ ਅਤੇ ਇਕ ਉੱਚ ਵਿਦਿਆਲਾ ਸਥਾਪਿਤ ਹੋ ਗਿਆ ਹੈ।

26° 40′ ਉ. ਵਿਥ.; 86° 10′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 89; ਹਿੰ. ਵਿ. ਕੋ. 4 : 363

**ਜੈਨ–ਜੀਆਂਗ** : ਚੀਨ ਦੇ ਜੀਆਂਗਸੂ ਪ੍ਰਾਂਤ ਵਿਚ ਇਹ ਇਕ ਸ਼ਹਿਰ ਅਤੇ ਬੰਦਰਗਾਹ ਹੈ ਜੋ ਯੰਗਸੀ ਦਰਿਆ ਦੇ ਦੱਖਣੀ ਕੰਢੇ ਉਪਰ ਵਾਕਿਆ ਹੈ। ਸ਼ਹਿਰ ਕਾਉਂਟੀ ਪੱਧਰ ਦੀ ਇਕ ਖ਼ੁਦਮੁਖ਼ਤਾਰ ਮਿਉਂਸ-ਪਲਟੀ ਅਤੇ ਜੈਨ-ਜੀਆਂਗ ਖੇਤਰ ਦਾ ਸਦਰ-ਮੁਕਾਮ ਹੈ। ਸੰਨ 1928 ਤੋਂ 49 ਤੱਕ ਇਹ ਜੀਆਂਗਸੂ ਪ੍ਰਾਂਤ ਦੀ ਰਾਜਧਾਨੀ ਵੀ ਰਿਹਾ ਸੀ।

8ਵੀਂ ਸਦੀ ਈ. ਪੂ. ਤੋਂ ਜੈਨ-ਜੀਆਂਗ ਸਾਮੰਤਵਾਦੀ ਰਿਆਸਤਾਂ ਦਾ ਸਦਰ-ਮੁਕਾਮ ਸੀ ਜਿਸਨੂੰ ਪਹਿਲਾਂ ਚੂ-ਫੈਂਗ-ਈ ਅਤੇ ਬਾਅਦ ਵਿਚ ਕੂ-ਯਾਂਗ-ਈ. ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸੰਨ 221 ਈ. ਪੂ. ਵਿਚ ਚਿਨ-ਖ਼ਾਨਦਾਨ ਦੀ ਜਿੱਤ ਪਿੱਛੋਂ ਇਹ ਕਾਉਂਟੀ ਬਣ ਗਿਆ ਅਤੇ ਇਸ ਦਾ ਤਾਂਤੂ ਨਾਂ ਰੱਖਿਆ ਗਿਆ। ਤੀਜੀ ਸਦੀ ਈ. ਪੂ. ਦੇ ਮੱਧ ਦੌਰਾਨ ਇਹ ਇਕ ਉਚੇਰੇ ਪ੍ਰਬੰਧਕੀ ਮੰਡਲ ਦਾ ਸਦਰ-ਮੁਕਾਮ ਬਣ ਗਿਆ। ਸੰਨ 581 ਵਿਚ ਸੂਈ ਖ਼ਾਨਦਾਨ ਦੀ ਦੱਖਣੀ ਚੀਨ ਦੀ ਜਿੱਤ ਵੇਲੇ ਇਸ ਨੂੰ ਇਕ ਗੜ੍ਹੀ ਬਣਾਇਆ ਗਿਆ। ਸੰਨ 595 ਵਿਚ ਇਹ ਇਕ ਮੁਕੰਮਲ ਪ੍ਰੀਫ਼ੈਕਚਰ ਬਣ ਗਿਆ। ਸੰਨ 780 ਤੋਂ ਬਾਅਦ ਇਹ ਇਕ ਫ਼ੌਜੀ ਗਵਰਨਰ ਦੀ ਸੀਟ ਵੀ ਹੁੰਦਾ ਸੀ।

**ਜੈਨਟਫਟੇ** (Gentoffte) : ਡੈਨਮਾਰਕ ਦੀ ਕੋਪਨਹੇਗਨ ਕਾਉਂਟੀ ਵਿਚ ਇਕ ਰਿਹਾਇਸ਼ੀ ਉਪ-ਨਗਰ ਹੈ ਜਿਹੜਾ ਅਰੈਸਨ ਜਲ-ਡਮਰੂ ਦੀ ਤੱਟੀ ਰੇਖਾ ਦੇ ਨਾਲ-ਨਾਲ ਲਗਭਗ 6.3 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਹ ਇਕ ਸੁਤੰਤਰ ਟਾਊਨਸ਼ਿਪ ਹੈ ਜਿਸ ਦੀ ਆਪਣੀ ਨਗਰਪਾਲਿਕਾ ਹੈ। ਇਥੇ ਘੋੜਿਆਂ ਨੂੰ ਦੁੜਕੀ ਚਾਲ ਚੱਲਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਡੈਨਮਾਰਕ ਦੇ ਬਹੁਤ ਸਾਰੇ ਬਦੇਸ਼ੀ ਦੂਤਾਵਾਸ ਵੀ ਇਥੇ ਸਥਿਤ ਹਨ।

ਆਬਾਦੀ–66,782 (1981)

ਹ. ਪੁ.–ਐਨ. ਬ੍ਰਿ. ਮਾ. 5 : 186

**ਜੈਨ, ਬਨਾਰਸੀ ਦਾਸ** : ਪੰਜਾਬੀ ਸਾਹਿਤ ਦੇ ਇਸ ਖੋਜੀ ਅਤੇ ਭਾਸ਼ਾ ਵਿਗਿਆਨੀ ਦਾ ਜਨਮ ਸੰਨ 1889 ਵਿਚ ਲਾਲਾ ਸ਼ਿਵ ਚੰਦ ਜੈਨ ਦੇ ਘਰ ਲੁਧਿਆਣੇ ਵਿਖੇ ਹੋਇਆ। ਸੰਨ 1912 ਵਿਚ ਇਸ ਨੇ ਗੌਰਮਿੰਟ ਕਾਲਜ, ਲਾਹੌਰ ਤੋਂ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉਚੇਰੀ ਵਿੱਦਿਆ ਲਈ ਓਰੀਐਂਟਲ ਕਾਲਜ ਵਿਚ ਦਾਖ਼ਲ ਹੋ ਗਿਆ। ਪ੍ਰਿੰਸੀਪਲ ਵੂਲਨਰ ਦੀ ਪ੍ਰੇਰਨਾ ਨਾਲ ਇਹ ਇਕ ਮਾਹਿਰ ਭਾਸ਼ਾ ਵਿਗਿਆਨੀ ਬਣ ਗਿਆ।

ਇਸ ਦੀ ਮਿਹਨਤ ਤੇ ਲਗਨ ਸਦਕਾ ਇਸ ਨੂੰ ਮਿਓ ਖੋਜ ਵਜੀਫ਼ਾ ਪ੍ਰਾਪਤ ਹੋਇਆ ਜਿਸ ਦੀ ਸਹਾਇਤਾ ਨਾਲ ਇਸ ਨੇ ਪੰਜਾਬੀ ਦਾ ਵਿਗਿਆਨਕ ਅਧਿਐਨ ਸ਼ੁਰੂ ਕਰ ਦਿੱਤਾ। ਸੰਨ 1915 ਵਿਚ ਇਸ ਨੇ ਸੰਸਕ੍ਰਿਤ ਦੀ ਐੱਮ.ਏ. ਕਰ ਲਈ। ਸੰਨ 1919 ਵਿਚ ਪੰਜਾਬ ਯੂਨੀਵਰਸਿਟੀ (ਲਾਹੌਰ) ਵੱਲੋਂ ਇਸ ਨੂੰ ਪੰਜਾਬੀ ਅੰਗਰੇਜ਼ੀ ਕੋਸ਼ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ। ਸੰਨ 1924 ਵਿਚ ਇਹ ਇੰਗਲੈਂਡ ਚਲਾ ਗਿਆ ਅਤੇ 1926 ਵਿਚ ਇਸ ਨੇ ਲੰਡਨ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1928 ਤੋਂ 1947 ਤੱਕ ਇਸ ਨੇ ਪੰਜਾਬ ਯੂਨੀਵਰਸਿਟੀ ਵਿਚ ਹਿੰਦੀ ਦੇ ਅਧਿਆਪਕ ਵਜੋਂ ਸੇਵਾ ਕੀਤੀ ਫਿਰ 1949 ਤੋਂ 1953 ਤੱਕ ਇਸਨੇ ਮਹਿਕਮਾ ਪੰਜਾਬੀ (ਅੱਜਕੱਲ ਭਾਸ਼ਾ ਵਿਭਾਗ, ਪੰਜਾਬ) ਪਟਿਆਲਾ ਵਿਖੇ ਕੋਸ਼ਕਾਰੀ ਦੇ ਸੁਪਰਵਾਈਜ਼ਰ ਵਜੋਂ ਸੇਵਾ ਕੀਤੀ। 12 ਅਪ੍ਰੈਲ, 1954 ਨੂੰ ਲੁਧਿਆਣਾ ਵਿਖੇ ਇਸ ਦੀ ਮੌਤ ਹੋ ਗਈ।

ਬਨਾਰਸੀ ਦਾਸ ਦੀ ਮਿਹਨਤ ਦਾ ਸਦਕਾ ਅੰਗਰੇਜ਼ੀ ਮਾਧਿਅਮ ਰਾਹੀਂ ਪੰਜਾਬ ਦੀ ਆਵਾਜ਼ ਬਾਹਰਲੀ ਦੁਨੀਆ ਤੱਕ ਪਹੁੰਚੀ। ਇਸ ਦੀ ਪੁਸਤਕ 'ਪੰਜਾਬੀ ਫਿਲਾਲੋਜੀ' ਬਹੁਤ ਪ੍ਰਸਿੱਧ ਹੈ। ਸ਼ਿਪਲੇ ਐਨਸਾਈ-ਕਲੋਪੀਡੀਆ ਆਫ਼ ਲਿਟਰੇਚਰ ਦਾ ਪੰਜਾਬੀ ਸਬੰਧੀ ਭਾਗ ਇਸ ਨੇ ਲਿਖਿਆ। ਇਸ ਨੇ ਕਈ ਹੋਰ ਪੁਸਤਕਾਂ ਜਿਵੇਂ ਕਿ 'ਪੰਜਾਬੀ ਪ੍ਰਕਾਸ਼', 'ਲਵਕੁਸ਼ ਦੀ ਵਾਰ' (ਦੇਵਨਾਗਰੀ ਲਿਪੀ), 'ਕਿੱਸਾ ਹੀਰ ਰਾਂਝਾ', 'ਮੁਕੰਮਲ' ਅਤੇ 'ਪੰਜਾਬੀ ਜ਼ੁਬਾਨ ਤੇ ਉਸ ਦਾ ਲਿਟਰੇਚਰ' (ਫ਼ਾਰਸੀ ਲਿਪੀ) ਆਦਿ ਵਿਚ ਪੰਜਾਬੀ ਜੀਵਨ ਦਾ ਉੱਜਲ ਪੱਖ ਪੇਸ਼ ਕੀਤਾ ਹੈ। ਇਸ ਦੀ ਵਾਰਤਕ ਸ਼ੈਲੀ ਨਿਰਪੇਖ ਤੇ ਸਰਲ ਹੈ।

ਹ. ਪੁ.–ਪੰ. ਲਿ. ਕੋ.

**ਜੈਨ ਮੱਤ** : ਜੈਨ ਦਾ ਭਾਵ ਕਰਮਾਂ ਦਾ ਨਾਸ਼ ਕਰਨ ਵਾਲੇ 'ਜਿਨ ਭਗਵਾਨ ਦੇ ਪੈਰੋਕਾਰਾਂ' ਤੋਂ ਹੈ। ਇਸ ਮੱਤ ਦੇ ਅਨੁਯਾਈਆਂ ਅਨੁਸਾਰ ਜੈਨ ਧਰਮ ਅਨਾਦੀ ਕਾਲ ਤੋਂ ਚਲਿਆ ਆ ਰਿਹਾ ਹੈ ਅਤੇ ਅਨੰਤ ਕਾਲ ਤੱਕ ਚਲਦਾ ਰਹੇਗਾ। ਇਸ ਧਰਮ ਦਾ ਪ੍ਰਚਾਰ ਕਰਨ ਲਈ ਸਮੇਂ-ਸਮੇਂ ਅਨੇਕ ਤੀਰੰਥਕਰ ਪ੍ਰਗਟ ਹੁੰਦੇ ਰਹੇ ਹਨ। ਜੈਨ ਧਰਮ ਦੇ 24

ਕਲਿੰਗ ਦਾ ਬਾਦਸ਼ਾਹ ਖਾਰਵੈਲ ਜੈਨ ਧਰਮ ਦਾ ਪੱਕਾ ਅਨੁਯਾਈ ਸੀ। ਕਟਕ ਦੇ ਨੇੜੇ ਉਦੈਗਿਰੀ ਤੋਂ ਪ੍ਰਾਪਤ ਹੋਏ ਸ਼ਿਲਾਲੇਖਾਂ ਤੋਂ ਪਤਾ ਲਗਦਾ ਹੈ ਕਿ ਖਾਰਵੈਲ ਨੇ ਰਿਸ਼ਭ ਦੀ ਮੂਰਤੀ ਬਣਵਾਈ ਅਤੇ ਜੈਨ ਸਾਧੂਆਂ ਦੇ ਰਹਿਣ ਲਈ ਗੁਫ਼ਾਵਾਂ ਖੁਦਵਾਈਆਂ। ਮਥਰਾ ਵਿਚ ਈਸਵੀ ਸੰਨ ਦੇ ਆਰੰਭ ਦੇ ਜੋ ਸ਼ਿਲਾਲੇਖ ਉਪਲੱਬਧ ਹੋਏ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਕਿਸੇ ਸਮੇਂ ਮਥਰਾ ਜੈਨ ਧਰਮ ਦਾ ਵੱਡਾ ਕੇਂਦਰ ਸੀ ਅਤੇ ਵਪਾਰੀ ਤੋਂ ਛੋਟੇ ਵਰਗਾਂ ਦੇ ਲੋਕ ਇਸ ਧਰਮ ਦੇ ਅਨੁਯਾਈ ਸਨ। ਈਸਵੀ ਸੰਨ 360-73 ਦੇ ਲਾਗੇ ਚਾਗੇ ਆਚਾਰੀਆ ਸਕੰਦਿਲ ਦੀ ਪ੍ਰਧਾਨਗੀ ਹੇਠ ਮਥੁਰਾ ਵਿਚ ਜੈਨ ਆਗਮਾ ਦੀ ਦੂਜੀ ਵਾਚਨਾ ਹੋਈ। ਉਸ ਸਮੇਂ ਦੇ ਮੁੱਖ ਜੈਨ ਆਚਾਰੀਆ ਵਿਚ ਉਮਾਸਵਾਤੀ, ਕੁੰਦਕੁੰਦ, ਸਿਧਸੈਨ ਅਤੇ ਸਮੰਤਭੱਦਰ ਆਦਿ ਸ਼ਾਮਿਲ ਸਨ, ਜਿਨ੍ਹਾਂ ਨੇ ਜੈਨ ਸਾਹਿਤ ਵਿਚ ਬਹੁਤ ਵਾਧਾ ਕੀਤਾ।

ਗੁਪਤ ਰਾਜਿਆਂ ਦੇ ਸੁਨਹਿਰੀ ਕਾਲ ਵਿਚ ਜੈਨ ਮਤ ਨੇ ਬੜੀ ਉੱਨਤੀ ਕੀਤੀ। ਗੁਜਰਾਤ ਵਿਚ ਗਿਰਨਾਰ ਅਤੇ ਸ਼ਤਰੁੰਜਯ ਜੈਨੀਆਂ ਦੇ ਪਵਿੱਤਰ ਸਥਾਨ ਮੰਨੇ ਗਏ ਹਨ। ਸੱਤਵੀਂ ਸਦੀ ਈ. ਵਿਚ ਵਲਭੀ ਵਿਖੇ ਜੈਨ ਆਗਮਾ ਦੀ ਅੰਤਮ ਵਾਚਨਾ ਸਵੀਕਾਰ ਕਰਕੇ ਉਸ ਨੂੰ ਲਿਪੀਬੱਧ ਕਰ ਦਿੱਤਾ ਗਿਆ। ਗੁਜਰਾਤ ਵਿਚ ਅਣਹਿਲਪੁਰ ਪਾਟਣ ਦਾ ਪ੍ਰਸਿੱਧ ਸ਼ਹਿਰ ਹੋਂਦ ਵਿਚ ਆਇਆ। ਫਿਰ ਚਾਲੁਕੀਆਂ ਬੰਸ ਦੇ ਰਾਜਾ ਮੂਲਰਾਜ (961-996 ਈ.) ਨੇ ਜੈਨ ਮੰਦਰ ਬਣਵਾਇਆ। ਮਗਰੋਂ ਕੁਮਾਰਪਾਲ ਦੇ ਰਾਜਕਾਲ ਦੌਰਾਨ ਗੁਜਰਾਤ ਵਿਚ ਆਦਰਸ਼ ਜੈਨ ਰਾਜ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ; ਹਿੰਸਾ, ਸ਼ਿਕਾਰ ਅਤੇ ਮਾਸ ਖਾਣ ਆਦਿ ਤੇ ਰੋਕ ਲਾਉਣ ਦਾ ਐਲਾਨ ਕੀਤਾ ਗਿਆ। ਕਿੰਨੇ ਹੀ ਸੁੰਦਰ ਜੈਨ ਮੰਦਰ ਬਣਵਾਏ ਗਏ।

ਦੱਖਣੀ ਭਾਰਤ ਵਿਚ ਵਿਸ਼ੇਸ਼ ਕਰਕੇ ਦਿਗੰਬਰ ਜੈਨੀਆਂ ਨੇ ਆਪਣੇ ਮਤ ਦਾ ਪ੍ਰਸਾਰ ਕੀਤਾ। ਚੋਲ ਅਤੇ ਚੇਰ ਇਸ ਧਰਮ ਦੇ ਅਨੁਯਾਈ ਬਣੇ। ਦਿਗੰਬਰ ਸੰਪਰਦਾਇ ਦਾ ਮੁੱਖ ਸਥਾਨ ਕਰਨਾਟਕ ਸੀ। ਗੰਗ ਅਤੇ ਰਾਸ਼ਟਰਕੂਟ ਰਾਜ ਬੰਸਾਂ ਦੀ ਸਰਪ੍ਰਸਤੀ ਨਾਲ ਜੈਨ ਧਰਮ ਨੇ ਬੜੀ ਉੱਨਤੀ ਕੀਤੀ। ਰਾਸ਼ਟਰਕੂਟ ਬੰਸ ਦੇ ਰਾਜਿਆਂ ਵਿਚ ਅਮੋਘਵਰਸ਼ ਪਹਿਲਾ (815-877 ਈ.) ਜੈਨ ਆਚਾਰੀਆ ਜਿਨਸੈਨ ਦਾ ਸ਼ਾਗਿਰਦ ਸੀ। ਕਦੰਬ ਬੰਸ ਵਾਲੇ ਵੀ ਵਧੇਰੇ ਕਰਕੇ ਜੈਨ ਧਰਮ ਦੇ ਅਨੁਯਾਈ ਰਹੇ ਸਨ।

ਮੁਸਲਮਾਨਾਂ ਦੇ ਰਾਜ ਵਿਚ ਅਨੇਕ ਬਾਦਸ਼ਾਹਾਂ ਨੇ ਜੈਨ ਮੁਨੀਆਂ ਨੂੰ ਸਨਮਾਨਤ ਕਰਕੇ ਉੱਚ ਪਦਾਂ ਤੇ ਲਾਇਆ ਹੋਇਆ ਸੀ।

ਸੰਮੇਦਸਿਖ਼ਰ, ਰਾਜਗਿਰ, ਪਾਵਾਪੁਰੀ, ਗਿਰਨਾਰ, ਸ਼ਤਰੁੰਜਯ, ਸ੍ਰਵਣ-ਬੇਲਗੋਲਾ ਆਦਿ ਜੈਨੀਆਂ ਦੇ ਪ੍ਰਸਿੱਧ ਤੀਰਥ ਹਨ। ਪ੍ਰਯੂਸ਼ਣ ਜਾਂ

ਤੀਰਥੰਕਰਾਂ ਵਿਚੋਂ ਰਿਸ਼ਭ ਸਭ ਤੋਂ ਪਹਿਲੇ ਅਤੇ ਮਹਾਂਵੀਰ ਅੰਤਮ ਤੀਰਥੰਕਰ ਸਨ।



**ਜੈਨ ਮੱਤ**

ਮਹਾਂਵੀਰ ਦੇ 11 ਮੁੱਖ ਚੇਲੇ (ਗਣਧਰ) ਸਨ—ਗੌਤਮ ਦਰਭੂਤੀ, ਅਗਨੀਭੂਤੀ, ਵਾਯੂਭੂਤੀ, ਅੰਕਪਿਤ, ਆਰੀਆ ਵਿਅਕਤ, ਆਰੀਆ ਸੁਧਆ, ਮੰਡਿਤਪੁੱਤਰ, ਮੋਰੀਆ ਪੁੱਤਰ, ਅਚਲ ਭਰਾਤਾ, ਮੇਤਾਰਯ ਅਤੇ ਪ੍ਰਭਾਸ ਸਨ। ਮਹਾਂਵੀਰ ਆਪ ਖੱਤਰੀ ਕੁਲ ਵਿਚ ਪੈਦਾ ਹੋਏ ਸਨ ਪਰੰਤੂ ਉਨ੍ਹਾਂ ਦੇ ਸਾਰੇ ਗਣਧਰ ਬ੍ਰਾਹਮਣ ਸਨ। ਇਨ੍ਹਾਂ ਵਿਚੋਂ ਗੌਤਮ ਇੰਦਰਭੂਤੀ ਸੁਧਰਮਾ ਨੂੰ ਛੱਡ ਕੇ ਬਾਕੀ ਨੌਂ ਚੇਲਿਆਂ ਦੀ ਮੌਤ ਭਗਵਾਨ ਮਹਾਂਵੀਰ ਦੇ ਜੀਵਨਕਾਲ ਵਿਚ ਹੀ ਹੋ ਗਈ ਸੀ। ਜਿਸ ਰਾਤ ਨੂੰ ਮਹਾਂਵੀਰ ਨੇ ਨਿਰਵਾਣ ਹਾਸਲ ਕੀਤਾ ਸੀ ਉਸੇ ਰਾਤ ਗੌਤਮ ਇੰਦਰਭੂਤੀ ਨੂੰ ਕੇਵਲ ਗਿਆਨ ਦੀ ਪ੍ਰਾਪਤੀ ਹੋਈ ਸੀ।

ਮਹਾਂਵੀਰ-ਨਿਰਵਾਣ ਦੇ ਪਿੱਛੋਂ ਸੁਧਰਮਾ 20 ਸਾਲ ਤੱਕ ਜੈਨ ਸੰਘ ਦਾ ਸਵਾਮੀ ਰਿਹਾ। ਬਾਅਦ ਵਿਚ ਸੰਘ ਦਾ ਭਾਰ ਜੰਬੂਸਵਾਮੀ ਦੇ ਸਪੁਰਦ ਕਰ ਦਿੱਤਾ ਗਿਆ। ਜੰਬੂਸਵਾਮੀ ਦੇ ਪਿੱਛੋਂ ਕੇਵਲ ਗਿਆਨ ਅਤੇ ਨਿਰਵਾਣ-ਗਮਨ ਦੇ ਦੁਆਰ ਬੰਦ ਹੋ ਗਏ।

ਮਗਧ ਦੇ ਰਾਜਾ ਬਿੰਬਸਾਰ (ਸ਼੍ਰੇਣਿਕ) ਅਤੇ ਅਜਾਤਸ਼ਤਰੂ (ਕੂਣਿਕ) ਨੂੰ ਜੈਨ ਧਰਮ ਦਾ ਅਨੁਯਾਈ ਕਿਹਾ ਗਿਆ ਹੈ। ਇਸ ਦਾ ਸੰਕੇਤ ਸ਼ਾਸਤਰਾਂ ਵਿਚ ਮਿਲਦਾ ਹੈ। ਨੰਦ ਰਾਜਿਆਂ ਦੇ ਸਮੇਂ ਭੱਦਰਬਾਹੂ ਅਤੇ ਸਥੂਲਭੱਦਰ ਬੜੇ ਪ੍ਰਤਿਭਾਸ਼ਾਲੀ ਜੈਨ ਆਚਾਰੀਆ ਹੋਏ ਜਿਨ੍ਹਾਂ ਨੇ ਜੈਨ ਧਰਮ ਨੂੰ ਉੱਨਤ ਕੀਤਾ। ਆਚਾਰੀਆ ਮਹਾਂਗਿਰੀ ਸਥੂਲਭੱਦਰ ਦੇ ਮੁੱਖ ਚੇਲਿਆਂ ਵਿਚੋਂ ਸੀ। ਦਿਗੰਬਰ ਜੈਨ ਪਰੰਪਰਾ ਅਨੁਸਾਰ ਪਾਟਲੀਪੁੱਤਰ ਦੇ ਰਾਜਾ ਚੰਦਰ ਗੁਪਤ ਮੋਰੀਆ (302-325 ਈ. ਪੂ.) ਨੇ ਜੈਨ ਦੀਖਿਆ ਗ੍ਰਹਿਣ ਕੀਤੀ। ਉਸ ਸਮੇਂ ਪਾਟਲੀਪੁੱਤਰ ਵਿਚ ਜੈਨ ਆਗਮਾ ਦੀ ਪਹਿਲੀ ਵਾਚਨਾ ਹੋਈ। ਚੰਦਰਗੁਪਤ ਤੋਂ ਮਗਰੋਂ ਅਸ਼ੋਕ ਦੇ ਪੋਤਰੇ ਰਾਜਾ ਸੰਪ੍ਰਤੀ (211-220 ਈ. ਪੂ.) ਨੂੰ ਆਚਾਰੀਆ ਮਹਾਂਗਿਰੀ ਦੇ ਚੇਲੇ ਸੁਹਸਤੀ ਨੇ ਜੈਨ ਧਰਮ ਦੀ ਦੀਖਿਆ ਦਿੱਤੀ।

ਦਸ਼ਲਾਕਸ਼ਵੀ, ਦੀਵਾਲੀ ਅਤੇ ਰੱਖੜੀ ਇਨ੍ਹਾਂ ਦੇ ਮੁੱਖ ਤਿਉਹਾਰ ਹਨ। ਸੰਨ 1981 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਜੈਨੀਆਂ ਦੀ ਗਿਣਤੀ 16 ਲੱਖ 18 ਹਜ਼ਾਰ ਹੈ। ਅਹਿਮਦਾਬਾਦ, ਮਹਾਰਾਸ਼ਟਰ, ਉੱਤਰ-ਪ੍ਰਦੇਸ਼ ਅਤੇ ਪੱਛਮੀ ਬੰਗਾਲ ਆਦਿ ਵਿਚ ਕਈ ਵੱਡੇ ਜੈਨੀ ਸਨਅਤਕਾਰ ਅਤੇ ਵਪਾਰੀ ਹਨ।

**ਜੈਨ ਮੱਤ ਦੇ ਸਿਧਾਂਤ**—ਜੈਨ ਧਰਮ ਵਿਚ 'ਅਹਿੰਸਾ' ਨੂੰ ਪਰਮ ਧਰਮ ਮੰਨਿਆ ਗਿਆ ਹੈ। ਕੇਵਲ ਜਾਨ ਲੈਣਾ ਹੀ ਨਹੀਂ ਸਗੋਂ ਦੂਸਰਿਆਂ ਨੂੰ ਦੁੱਖ ਪਹੁੰਚਾਉਣ ਵਾਲੇ ਅਸੱਤ ਬੋਲਾਂ ਨੂੰ ਵੀ ਹਿੰਸਾ ਦਾ ਅੰਗ ਦੱਸਿਆ ਗਿਆ ਹੈ। ਮਹਾਂਵੀਰ ਜੀ ਨੇ ਆਪਣੇ ਭਿਕਸ਼ੂਆਂ ਨੂੰ ਉਪਦੇਸ਼ ਦਿੰਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਬੋਲਦੇ ਚਾਲਦੇ, ਉਠਦੇ ਬੈਠਦੇ, ਸੌਂਦੇ ਅਤੇ ਖਾਂਦੇ ਪੀਂਦੇ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਵਿਕਾਰਾਂ ਉਤੇ ਜਿੱਤ ਪ੍ਰਾਪਤ ਕਰਨਾ, ਇੰਦਰੀਆਂ ਤੇ ਕਾਬੂ ਅਤੇ ਆਪਣੀਆਂ ਸਾਰੀਆਂ ਬਿਰਤੀਆਂ ਨੂੰ ਸੰਕੋਚ ਵਿਚ ਰੱਖਣਾ ਹੀ ਜੈਨ ਧਰਮ ਵਿਚ ਸੱਚੀ ਅਹਿੰਸਾ ਦੱਸਿਆ ਗਿਆ ਹੈ। ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਬਨਸਪਤੀ ਵਿਚ ਵੀ ਜੀਵਨ ਹੈ, ਇਸ ਲਈ ਇਨ੍ਹਾਂ ਜੀਵਾਂ ਦੀ ਹਿੰਸਾ ਦੀ ਵੀ ਇਸ ਧਰਮ ਵਿਚ ਮਨਾਹੀ ਹੈ।




**ਜੈਨ ਮੱਤ**

ਜੈਨ ਧਰਮ ਦਾ ਦੂਜਾ ਮਹੱਤਵਪੂਰਨ ਸਿਧਾਂਤ 'ਕਰਮ' ਹੈ। ਮਹਾਂਵੀਰ ਜੀ ਨੇ ਬਾਰ-ਬਾਰ ਕਿਹਾ ਹੈ ਕਿ ਜਿਹੋ ਜਿਹਾ ਅੱਛਾ ਬੁਰਾ ਕਰਮ ਕੋਈ ਕਰਦਾ ਹੈ, ਉਸ ਦਾ ਫਲ ਉਸ ਨੂੰ ਜ਼ਰੂਰ ਭੁਗਤਣਾ ਪੈਂਦਾ ਹੈ ਅਤੇ ਮਨੁੱਖ ਜੋ ਚਾਹੇ ਪ੍ਰਾਪਤ ਕਰ ਸਕਦਾ ਹੈ, ਜੋ ਚਾਹੇ ਬਣ ਸਕਦਾ ਹੈ, ਇਸ ਲਈ ਆਪਣੇ ਭਾਗਾਂ ਦਾ ਵਿਧਾਤਾ ਉਹ ਆਪ ਹੈ।

ਜੈਨ ਧਰਮ ਵਿਚ ਪਰਮਾਤਮਾ ਨੂੰ ਸੰਸਾਰ ਦਾ ਕਰਤਾ ਨਹੀਂ ਮੰਨਿਆ ਗਿਆ, ਤਪ ਆਦਿ ਚੰਗੇ ਕਰਮਾਂ ਦੁਆਰਾ ਆਤਮ ਵਿਕਾਸ ਦੀ ਸਭ ਤੋਂ ਉੱਚੀ ਅਵਸਥਾ ਨੂੰ ਹੀ ਈਸ਼ਵਰ ਮੰਨਿਆ ਗਿਆ ਹੈ। ਇਸ ਧਰਮ ਵਿਚ ਅਬਨਾਸੀ, ਇਕ ਜਾਂ ਮੁਕਤ ਈਸ਼ਵਰ ਜਾਂ ਅਵਤਾਰਵਾਦ ਨੂੰ ਸਵੀਕਾਰ ਨਹੀਂ ਕੀਤਾ ਗਿਆ। ਮਨੁੱਖ ਜਦੋਂ ਕਰਮ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਹ ਈਸ਼ਵਰ ਬਣ ਜਾਂਦਾ ਹੈ ਅਤੇ ਪ੍ਰੇਮ ਦਵੈਸ਼ ਤੋਂ ਮੁਕਤ ਹੋ ਜਾਣ ਕਰਕੇ ਉਹ ਸ੍ਰਿਸ਼ਟੀ ਦੇ ਝਮੇਲੇ ਵਿਚ ਨਹੀਂ ਪੈਂਦਾ।

ਜੈਨ ਧਰਮ ਵਿਚ ਜੀਵ, ਪੁਦਗਲ (ਰੂਪ, ਰਸ, ਸਪਰਸ਼ ਆਦਿ) ਧਰਮ, ਅਧਰਮ, ਆਕਾਸ਼ ਅਤੇ ਕਾਲ ਨਾਂ ਦੇ ਛੇ ਦ੍ਰਵ੍ਯ ਮੰਨੇ ਗਏ ਹਨ। ਇਵੇਂ ਹੀ ਜੀਵ, ਅਜੀਵ, ਆਸ੍ਰਵ, ਬੰਧ, ਸੰਵਰ, ਨਿਰਜਰਾ ਅਤੇ ਮੁਕਤੀ ਸੱਤ ਤੱਤ ਹਨ। ਇਨ੍ਹਾਂ ਤੱਤਾਂ ਵਿਚ ਸ਼ਰਧਾ ਰੱਖਣ ਨਾਲ ਪੂਰਨ ਦਰਸ਼ਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਦਰਸ਼ਨ ਤੋਂ ਬਾਅਦ ਪੂਰਨ ਗਿਆਨ ਅਤੇ ਫਿਰ ਵਰਤ, ਤਪ, ਸੰਜਮ ਆਦਿ ਦੀ ਪਾਲਣਾ ਕਰਨ ਨਾਲ ਪੂਰਨ ਚਰਿੱਤਰ ਉਤਪੰਨ ਹੁੰਦਾ ਹੈ। ਇਨ੍ਹਾਂ ਤਿੰਨਾਂ ਰਤਨਾਂ ਨੂੰ ਮੁਕਤੀ ਦਾ ਮਾਰਗ ਦੱਸਿਆ ਗਿਆ ਹੈ। ਮੁਕਤੀ ਮਿਲਣ ਤੇ ਜੀਵ ਸਾਰੇ ਕਰਮਾਂ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਉਸ ਨੂੰ ਅਨੰਤ ਦਰਸ਼ਨ, ਅਨੰਤ ਗਿਆਨ, ਅਨੰਤ ਸੁੱਖ ਅਤੇ ਅਨੰਤ ਵੀਰਯ ਦੀ ਪ੍ਰਾਪਤੀ ਹੁੰਦੀ ਹੈ। ਉਹ ਅੰਤ ਕਾਲ ਤੱਕ ਲੋਕ ਦੇ ਉਪਰਲੇ ਭਾਗ ਵਿਚ ਨਿਵਾਸ ਕਰਦਾ ਹੈ ਅਤੇ ਉਥੋਂ ਮੁੜ ਕੇ ਨਹੀਂ ਆਉਂਦਾ।

ਜੈਨ ਧਰਮ ਦਾ ਤੀਜਾ ਮੁੱਖ ਸਿਧਾਂਤ ਅਨੇਕਾਂਤਵਾਦ ਹੈ। ਮੋਹ ਅਤੇ ਦਵੈਸ਼ ਦੇ ਸੰਸਕਾਰਾਂ ਤੋਂ ਦੂਰ ਰਹਿ ਕੇ ਦੂਜੇ ਦੇ ਦ੍ਰਿਸ਼ਟੀਕੋਣ ਨੂੰ ਠੀਕ ਠੀਕ ਸਮਝ ਲੈਣ ਨੂੰ ਅਨੇਕਾਂਤਵਾਦ ਕਹਿੰਦੇ ਹਨ। ਇਸ ਨਾਲ ਮਨੁੱਖ 'ਸੱਚ' ਦੇ ਨੇੜੇ ਪਹੁੰਚ ਸਕਦਾ ਹੈ। ਅਨੇਕਾਂਤਵਾਦੀ ਸਾਰੇ ਮੱਤਾਂ ਦਾ ਸੰਜੋਗ ਕਰਕੇ ਅੱਗੇ ਵਧਦਾ ਹੈ।

**ਆਚਾਰ-ਵਿਚਾਰ**—ਜੈਨ ਧਰਮ ਵਿਚ ਆਤਮ ਸ਼ੁੱਧੀ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਦੀ ਪ੍ਰਾਪਤੀ ਲਈ ਕਸ਼ਟ ਝੱਲਣ ਨੂੰ ਮੁੱਖ ਮੰਨਿਆ ਗਿਆ ਹੈ। ਮਹਾਂਵੀਰ ਨਗਨ ਅਵਸਥਾ ਵਿਚ ਰਹਿੰਦੇ ਸਨ।

ਇਹ ਬਾਹਰੀ ਤਪ ਵੀ ਅੰਦਰਲੀ ਸ਼ੁੱਧੀ ਲਈ ਹੀ ਕੀਤਾ ਜਾਂਦਾ ਸੀ। ਪ੍ਰਾਚੀਨ ਜੈਨ ਸੂਤਰਾਂ ਵਿਚ ਕਿਹਾ ਗਿਆ ਹੈ ਕਿ ਭਾਵੇਂ ਕੋਈ ਨੰਗਾ ਰਹੇ ਜਾਂ ਮਹੀਨਾ ਮਹੀਨਾ ਭਰ ਵਰਤ ਰੱਖੇ ਪਰ ਜੇਕਰ ਉਸ ਦੇ ਮਨ ਵਿਚ ਮਾਇਆ ਦਾ ਵਾਸਾ ਹੈ ਤਾਂ ਉਹ ਸਿੱਧ ਨਹੀਂ ਬਣ ਸਕਦਾ। ਜੈਨ ਮੱਤ ਵਿਚ ਆਚਾਰ ਵਿਚਾਰ ਦੀ ਪਾਲਣਾ ਕਰਨ ਨੂੰ ਸੂਰਬੀਰਾਂ ਵਾਲਾ ਰਸਤਾ ਦੱਸਿਆ ਗਿਆ ਹੈ।

ਬੁੱਧ ਧਰਮ ਵਾਂਗੂੰ ਜੈਨ ਮਤ ਵਿਚ ਵੀ ਜਾਤਪਾਤ ਨੂੰ ਨਹੀਂ ਮੰਨਿਆ ਜਾਂਦਾ। ਪ੍ਰਾਚੀਨ ਜੈਨ ਗਰੰਥਾਂ ਵਿਚ ਕਿਹਾ ਗਿਆ ਹੈ ਕਿ ਸੱਚਾ ਬ੍ਰਾਹਮਣ ਉਹ ਹੀ ਹੈ ਜਿਸ ਨੇ ਮੋਹ, ਦਵੇਸ਼ ਅਤੇ ਭੈ ਉੱਤੇ ਜਿੱਤ ਪ੍ਰਾਪਤ ਕਰ ਲਈ ਹੈ ਅਤੇ ਆਪਣੀਆਂ ਇੰਦਰੀਆਂ ਉੱਤੇ ਰੋਕ ਪਾ ਕੇ ਰੱਖਦਾ ਹੈ। ਮਹਾਂਵੀਰ ਨੇ ਅਨੇਕ ਮਲੇਛਾਂ, ਚੋਰਾਂ, ਡਾਕੂਆਂ, ਵੇਸ਼ਵਾਵਾਂ ਅਤੇ ਚੰਡਾਲਾਂ ਨੂੰ ਜੈਨ ਧਰਮ ਦੀ ਦੀਖਿਆ ਦਿੱਤੀ।

ਜੈਨ ਧਰਮ ਦੇ ਸਾਰੇ ਤੀਰਥੰਕਰ ਖੱਤਰੀ ਕੁਲ ਵਿਚੋਂ ਹੋਏ ਸਨ। ਇਸ ਤੋਂ ਪਤਾ ਚਲਦਾ ਹੈ ਕਿ ਪੂਰਵਕਾਲ ਵਿਚ ਜੈਨ ਧਰਮ ਖੱਤਰੀਆਂ ਦਾ ਧਰਮ ਸੀ। ਪਰ ਅੱਜਕਲ੍ਹ ਵਧੇਰੇ ਕਰਕੇ ਵੈਸ਼ ਲੋਕ ਹੀ ਇਸ ਦੇ ਅਨੁਯਾਈ ਹਨ।

**ਜੈਨ ਸਾਹਿਤ**—ਮਹਾਂਵੀਰ ਦੀਆਂ ਪ੍ਰਵਿਰਤੀਆਂ ਦਾ ਕੇਂਦਰ ਮਗਧ ਸੀ। ਇਸ ਲਈ ਉਨ੍ਹਾਂ ਨੇ ਉਥੋਂ ਦੀ ਲੋਕ ਬੋਲੀ ਅਰਧ ਮਾਗਧੀ ਵਿਚ ਆਪਣਾ ਉਪਦੇਸ਼ ਦਿੱਤਾ ਜਿਹੜਾ ਉਪਲੱਬਧ ਜੈਨ ਆਗਮਾਂ ਵਿਚ ਸੁਰੱਖਿਅਤ ਹੈ। ਇਹ ਆਗਮ 45 ਹਨ ਅਤੇ ਸਵੇਤਾਂਬਰ ਜੈਨ ਇਨ੍ਹਾਂ ਨੂੰ ਪ੍ਰਮਾਣਿਕ ਮੰਨਦੇ ਹਨ ਪਰ ਦਿਗੰਬਰ ਨਹੀਂ। ਦਿਗੰਬਰਾਂ ਅਨੁਸਾਰ ਆਗਮ ਸਾਹਿਤ ਸਮੇਂ ਦੇ ਗੁਜ਼ਰਨ ਨਾਲ ਖੰਡਿਤ ਹੋ ਗਿਆ ਹੈ। ਉਹ ਸ਼ਟਖੰਡ

ਆਗਮ ਨੂੰ ਸਵੀਕਾਰ ਕਰਦੇ ਹਨ ਜਿਹੜਾ 12ਵੇਂ ਅੰਗ ਦ੍ਰਿਸ਼ਟੀਵਾਦ ਦਾ ਅੰਸ਼ ਮੰਨਿਆ ਗਿਆ ਹੈ। ਦਿਗੰਬਰਾਂ ਦੇ ਪ੍ਰਾਚੀਨ ਸਾਹਿਤ ਦੀ ਭਾਸ਼ਾ ਸੌਰਸੈਨੀ ਹੈ। ਅੱਗੇ ਚਲ ਕੇ ਜੈਨ ਪੰਡਤਾਂ ਨੇ ਆਪਣੀਆਂ ਰਚਨਾਵਾਂ ਅਪਭ੍ਰੰਸ਼ ਅਤੇ ਅਪਭ੍ਰੰਸ਼ ਦੇ ਮਗਰੋਂ ਦੀਆਂ ਲੋਕ ਬੋਲੀਆਂ ਵਿਚ ਲਿਖ ਕੇ ਭਾਸ਼ਾ ਸਾਹਿਤ ਨੂੰ ਪ੍ਰਫੁੱਲਤ ਕੀਤਾ।

**ਜੈਨ ਸੰਪਰਦਾਇ, ਸੱਤ ਨਿਹਨਵ**—ਬੋਧੀ ਸੰਨਿਆਸੀਆਂ (ਸ਼੍ਰਮਣਸੰਘ) ਦੀ ਤਰ੍ਹਾਂ ਮਹਾਂਵੀਰ-ਨਿਰਵਾਣ ਮਗਰੋਂ ਜੈਨੀਆਂ ਵਿਚ ਵੀ ਅਨੇਕ ਮਤਭੇਦ ਹੋ ਗਏ। ਪ੍ਰਾਚੀਨ ਜੈਨ ਸੂਤਰਾਂ ਵਿਚ ਸੱਤ ਨਿਹਨਵਾਂ ਦਾ ਜ਼ਿਕਰ ਮਿਲਦਾ ਹੈ, ਇਨ੍ਹਾਂ ਵਿਚੋਂ ਦੋ ਤਾਂ ਮਹਾਂਵੀਰ ਦੇ ਜੀਵਨ ਕਾਲ ਵਿਚ ਹੀ ਉਤਪੰਨ ਹੋ ਗਏ ਸਨ। ਪਹਿਲਾ ਬਹੁਰਤ ਸੀ ਜਿਸ ਦਾ ਸੰਸਥਾਪਕ ਭਗਵਾਨ ਮਹਾਂਵੀਰ ਦਾ ਦਾਮਾਦ ਜਮਾਲੀ ਸੀ। ਮਹਾਂਵੀਰ ਨੂੰ ਕੇਵਲ ਗਿਆਨ ਹੋਣ ਤੋਂ 14 ਸਾਲ ਮਗਰੋਂ ਇਸ ਦਾ ਜਨਮ ਹੋਇਆ। ਜਮਾਲੀ ਦਾ ਵਿਚਾਰ ਸੀ ਕਿ ਕਿਸੇ ਕਾਰਜ ਦੇ ਪੂਰਾ ਹੋਣ ਵਿਚ ਬਹੁਤ ਸਮਾਂ ਲਗਦਾ ਹੈ, ਇਕ ਸਮੇਂ ਵਿਚ ਉਹ ਪੂਰਾ ਨਹੀਂ ਹੁੰਦਾ, ਇਸ ਲਈ ਜੋ ਕੀਤਾ ਜਾਂ ਹੋ ਰਿਹਾ ਹੋਵੇ ਉਸ ਨੂੰ ਕਿਰਤ ਨਹੀਂ ਕਿਹਾ ਜਾ ਸਕਦਾ। ਮਹਾਂਵੀਰ ਦੀ ਧੀ ਪ੍ਰਿਯਦਰਸ਼ਨਾਂ ਨੇ ਪਹਿਲਾਂ ਤਾਂ ਆਪਣੇ ਪਤੀ ਦੇ ਪੱਖ ਦਾ ਸਮਰਥਨ ਕੀਤਾ ਪਰ ਮਗਰੋਂ ਉਹ ਮਹਾਂਵੀਰ ਦੀ ਸ਼ਿਸ਼ ਬਣ ਗਈ। ਇਸ ਦੇ ਦੋ ਸਾਲ ਮਗਰੋਂ ਆਚਾਰੀਆ ਵਸੂ ਦੇ ਸ਼ਿਸ਼ ਤਿਸ਼ਯਗੁਪਤ ਨੇ ਰਾਜ ਗ੍ਰਿਹ ਵਿਚ ਆਤਮਾ ਸਬੰਧੀ ਵਿਵਾਦ ਖੜ੍ਹਾ ਕੀਤਾ। ਮਹਾਂਵੀਰ ਦੇ ਮੱਤ ਅਨੁਸਾਰ ਆਤਮਾ ਸਰੀਰ ਦੇ ਸਾਰੇ ਪ੍ਰਮਾਣੂਆਂ ਵਿਚ ਵਿਆਪਤ ਹੈ ਪਰ ਤਿਸ਼ਯਗੁਪਤ ਦਾ ਕਹਿਣਾ ਸੀ ਕਿ ਜੀਵ ਦੇ ਕੋਈ ਇਕ ਜਾਂ ਦੋ ਪ੍ਰਦੇਸ਼ਾਂ ਨੂੰ ਜੀਵ ਨਹੀਂ ਕਿਹਾ ਜਾ ਸਕਦਾ, ਕਿਸੇ ਅੰਤਿਮ ਪ੍ਰਦੇਸ਼ ਨੂੰ ਹੀ ਜੀਵ ਕਹਿਣਾ ਚਾਹੀਦਾ ਹੈ। ਇਹ ਜੀਵ ਪ੍ਰਦੇਸ਼ ਨਾਂ ਦਾ ਦੂਜਾ ਨਿਹਨਵ ਹੈ।

ਇਸ ਤਰ੍ਹਾਂ ਵੱਖ-ਵੱਖ ਸਮਿਆਂ ਵਿਚ ਭਿੰਨ-ਭਿੰਨ ਵਿਚਾਰ ਉਤਪੰਨ ਹੁੰਦੇ ਰਹੇ। ਮਹਾਂਵੀਰ ਦੇ ਨਿਰਵਾਣ ਪ੍ਰਾਪਤ ਕਰਨ ਤੋਂ 584 ਸਾਲ ਬਾਅਦ ਸੱਤ ਨਿਹਨਵ ਸਥਾਪਿਤ ਹੋ ਚੁੱਕੇ ਸਨ।

**ਦਿਗੰਬਰ-ਸਵੇਤਾਂਬਰ ਮੱਤਭੇਦ**—ਮਹਾਂਵੀਰ ਭਗਵਾਨ ਤੋਂ ਮਗਰੋਂ ਜੈਨ ਸਥਵਿਰਾਂ ਦੀ ਪਰੰਪਰਾ ਤੋਂ ਪਤਾ ਲੱਗਾ ਹੈ ਕਿ ਆਚਾਰੀਆ ਭੱਦਰਬਾਹੂ ਦੇ ਸਮੇਂ ਤੱਕ ਦਿਗੰਬਰ ਅਤੇ ਸਵੇਤਾਂਬਰ ਪਰੰਪਰਾ ਵਿਚ ਵਿਸ਼ੇਸ਼ ਮਤਭੇਦ ਨਹੀਂ ਸੀ। ਈਸਵੀ ਸੰਨ ਦੀ ਪਹਿਲੀ ਸ਼ਤਾਬਦੀ ਦੇ ਆਸਪਾਸ ਇਹ ਦੋਵੇਂ ਪਰੰਪਰਾਵਾਂ ਵੱਖ-ਵੱਖ ਹੋ ਗਈਆਂ (ਦੇਖੋ ਸਵੇਤਾਂਬਰ)। ਦੋਹਾਂ ਸੰਪਰਦਾਵਾਂ ਵਿਚ ਨਿਮਨਲਿਖਤ ਮੁੱਖ ਭੇਦ ਹਨ—

(ੳ) ਦਿਗੰਬਰ ਸੰਪ੍ਰਦਾਇ ਵਿਚ ਮੁਕਤੀ ਲਈ ਨੰਗੇ ਰਹਿਣ ਨੂੰ ਮੁੱਖ ਦੱਸਿਆ ਗਿਆ ਹੈ। ਜਦੋਂ ਕਿ ਸਵੇਤਾਂਬਰ ਮੁਕਤੀ ਪਾਉਣ ਲਈ ਨੰਗੇ ਰਹਿਣਾ ਜ਼ਰੂਰੀ ਨਹੀਂ ਮੰਨਦੇ।

(ਅ) ਦਿਗੰਬਰ ਇਸਤਰੀ-ਮੁਕਤੀ ਦੀ ਮਨਾਹੀ ਕਰਦੇ ਹਨ। ਸਵੇਤਾਂਬਰ ਪਰੰਪਰਾ ਵਿਚ 19ਵੇਂ ਤੀਰਥੰਕਰ ਮਲੀਨਾਥ ਨੂੰ ਮਲੀਕੁਮਾਰੀ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ।

(ੲ) ਦਿਗੰਬਰ ਸਵੇਤਾਂਬਰ ਸੰਪਰਦਾਇ ਦੁਆਰਾ ਮਾਨਤਾ ਪ੍ਰਾਪਤ ਆਗਮ ਗ੍ਰੰਥਾਂ ਨੂੰ ਪ੍ਰਮਾਣਿਕ ਨਹੀਂ ਮੰਨਦੇ।

(ਸ) ਦਿਗੰਬਰ ਸੰਪਰਦਾਇ ਵਿਚ ਸਰਵੱਗ ਭਗਵਾਨ ਕੇਵਲ ਗਿਆਨੀ ਹੋ ਜਾਣ ਤੇ ਆਹਾਰ (ਬੁਰਕੀ ਮੂੰਹ ਵਿਚ ਪਾਉਣਾ) ਨਹੀਂ ਕਰਦੇ।

**ਜੈਨ ਸਥਵਿਰਾਵਲੀ**—ਭੱਦਰਬਾਹੂ ਨੇ ਆਪਣੇ ਕਲਪਸੂਤਰ ਵਿਚ ਜੈਨ ਆਚਾਰੀਆਂ ਦੀ ਸਥਵਿਰਾਵਲੀ ਦਿੱਤੀ ਹੈ। ਇਨ੍ਹਾਂ ਦੇ ਅਨੇਕ ਗਣਾਂ, ਕੁਲਾਂ ਅਤੇ ਸ਼ਾਖਾਵਾਂ ਦਾ ਉਲੇਖ ਉਸ ਵਿਚ ਮਿਲਦਾ ਹੈ। ਇਨ੍ਹਾਂ ਦੇ ਨਾਂ ਮਥੁਰਾ ਦੇ ਕੰਕਾਲੀ ਟੀਲੇ ਦੇ ਸ਼ਿਲਾਲੇਖਾਂ ਉੱਤੇ ਉਕਰੇ ਹੋਏ ਹਨ।

**ਸਵੇਤਾਂਬਰ ਮੂਰਤੀ ਪੂਜਕਾਂ ਦੇ ਗੱਛ**—ਸਵੇਤਾਂਬਰ ਦੀਆਂ ਦੋ ਕਿਸਮਾਂ ਹਨ—ਮੂਰਤੀ ਪੂਜਕ ਅਤੇ ਸਥਾਨਕਵਾਸੀ। ਕਿਹਾ ਜਾਂਦਾ ਹੈ ਕਿ ਉਦਯੋਤਨ ਸੂਰੀ ਦੇ 84 ਚੇਲਿਆਂ ਨੇ 84 ਗੱਛਾਂ ਦੀ ਸਥਾਪਨਾ ਕੀਤੀ। ਇਨ੍ਹਾਂ ਵਿਚ ਉਪਕੇਸ਼, ਖਰਤਰ, ਤਪਾ, ਪਾਯਰੰਦ, ਪੂਨਮੀਆ, ਅੰਚਦਲ ਅਤੇ ਆਗਮਿਕ ਆਦਿ ਗੱਛ ਮੁੱਖ ਹਨ।

**ਸਥਾਨਕਵਾਸੀ ਸੰਪਰਦਾਇ**—ਸਥਾਨਕਵਾਸੀਆਂ ਦੀਆਂ ਸਾਰੀਆਂ ਧਾਰਮਿਕ ਕਿਰਿਆਵਾਂ ਸਥਾਨਕ ਵਿਚ ਹੁੰਦੀਆਂ ਹਨ। ਇਸ ਲਈ ਇਹ ਸਥਾਨਕਵਾਸੀ ਕਹੇ ਜਾਂਦੇ ਹਨ। ਇਨ੍ਹਾਂ ਨੂੰ ਢੂੜੀਆ, ਬਿਸਤੋਲਾ ਜਾਂ ਸਾਧੂ ਮਾਰਗੀ ਵੀ ਕਹਿੰਦੇ ਹਨ। ਇਹ ਵੀ ਸਵੇਤਾਂਬਰ ਹੀ ਹਨ ਪਰ ਮੂਰਤੀ ਪੂਜਾ ਨੂੰ ਨਹੀਂ ਮੰਨਦੇ ਅਤੇ ਸਿਰਫ 32 ਆਗਮਾਂ ਨੂੰ ਪ੍ਰਮਾਣ ਮੰਨਦੇ ਹਨ। ਇਸ ਫ਼ਿਰਕੇ ਦਾ ਸੰਸਥਾਪਕ ਲੌਂਕਾਸ਼ਾਹ ਸੀ ਜੋ ਅਹਿਮਦਾਬਾਦ ਵਿਚ ਸ਼ਾਸਤਰਾਂ ਦੀ ਨਕਲ ਕਰਿਆ ਕਰਦਾ ਸੀ। 1467 ਈ. ਵਿਚ ਇਹ ਸਾਧੂ ਬਣ ਗਿਆ। ਇਸ ਸੰਪਰਦਾ ਦੇ ਗੁਜਰਾਤ ਵਿਚ ਕਿੰਨੇ ਹੀ ਚੇਲੇ ਬਣੇ।



**ਸਥਾਨਕਵਾਸੀ ਸੰਪਰਦਾਇ**

ਦਿਗੰਬਰਾਂ ਦੇ ਸੰਘ—

**ਮੂਲ ਸੰਘ**—ਦਿਗੰਬਰ ਮੱਤ ਅਨੁਸਾਰ ਬਿਕਰਮੀ ਸੰਮਤ 26 ਵਿਚ ਮੂਲ ਸੰਘ ਦੇ ਪ੍ਰਸਿੱਧ ਆਚਾਰੀਆ ਅਰਹਦਬਲੀ ਨੇ ਆਪਣੇ ਸੰਘ ਨੂੰ ਚਾਰ ਸ਼ਾਖਾਵਾਂ ਵਿਚ ਵੰਡਿਆ—ਨਦੀਸੰਘ, ਸੈਨ ਸੰਘ, ਸਿੰਹਸੰਘ ਅਤੇ ਦੇਵਸੰਘ। ਇਨ੍ਹਾਂ ਸ਼ਾਖਾਵਾਂ ਦੇ ਹੋਰ ਵੀ ਉਪਭੇਦ ਹਨ ਜੋ ਸ਼ਾਖਾਵਾਂ ਦੇ ਨੇਤਾ ਸਾਧੂਆਂ ਦੇ ਨਾਂ ਉਪਰ ਰੱਖੇ ਗਏ ਹਨ।

**ਹੋਰ ਸੰਘ**—ਦੇਵਸੈਨ (ਬਿ. ਸੰ. 990) ਨੇ ਆਪਣੇ ਦਰਸ਼ਨਸਾਰ ਵਿਚ ਯਾਪਨੀਯ ਆਦਿ ਸੰਘਾਂ ਦਾ ਉਲੇਖ ਕੀਤਾ ਹੈ। ਦ੍ਰਾਵਿੜ, ਕਾਸ਼ਠਾ ਅਤੇ ਮਾਥੁਰ ਸੰਘ ਨੂੰ ਉਸ ਨੇ ਜੈਨਾਭਾਸ ਕਿਹਾ ਹੈ।

ਇਸ ਤੋਂ ਇਲਾਵਾ ਸਵੇਤਾਂਬਰਾਂ ਵਾਂਗ ਦਿਗੰਬਰਾਂ ਵਿਚ ਵੀ ਮੂਰਤੀ ਪੂਜਕ ਅਤੇ ਅਮੂਰਤੀਪੂਜਕ ਨਾਂ ਦੀਆਂ ਉਪ-ਸੰਪਰਦਾਵਾਂ ਮਿਲਦੀਆਂ ਹਨ। ਤਾਰਣਪੰਥੀ ਜਾਂ ਸਮੈਯਾਪੰਥੀ ਮੂਰਤੀ ਪੂਜਾ ਦੇ ਵਿਰੋਧੀ ਹਨ। ਤਾਰਣਸਵਾਮੀ (1448-1515) ਨੇ ਇਸ ਦੀ ਸਥਾਪਨਾ ਕੀਤੀ ਸੀ। ਇਸ ਪੰਥ ਦੇ ਅਨੁਯਾਈ ਤਾਰਣ ਸਵਾਮੀ ਦੇ 14 ਗ੍ਰੰਥਾਂ ਨੂੰ ਵੇਦੀ ਉੱਤੇ ਸਥਾਪਿਤ ਕਰਕੇ ਉਨ੍ਹਾਂ ਦੀ ਪੂਜਾ ਕਰਦੇ ਹਨ।

**ਬੀਸ ਪੰਥ**—ਜਿਵੇਂ ਸਵੇਤਾਂਬਰਾਂ ਵਿਚ ਚੈਤਯਵਾਸੀ ਜਾਂ ਮੱਠਵਾਸੀ 'ਜਤੀ' ਜਾਂ 'ਸ੍ਰੀਪੂਜਯ' ਅਤੇ 'ਬਣਵਾਸੀ ਸਵੇਗੀ' ਕਹਾਉਂਦੇ ਹਨ, ਉਵੇਂ ਹੀ ਦਿਗੰਬਰਾਂ ਦੇ ਭਟਾਰਕਾਂ ਨੂੰ ਮਠਵਾਸੀ ਅਤੇ ਨਗਨ ਮੁਨੀਆਂ ਨੂੰ ਬਣਵਾਸੀ ਸ਼ਾਖ ਵਿਚੋਂ ਸਮਝਣਾ ਚਾਹੀਦਾ ਹੈ।

ਇਉਂ ਜਾਪਦਾ ਹੈ ਕਿ ਚੈਤਯਵਾਸੀ ਜਾਂ ਮਠਵਾਸੀ ਹੋ ਜਾਣ ਤੇ ਵੀ ਦਿਗੰਬਰ ਸਾਧੂ ਆਮ ਕਰਕੇ ਨੰਗੇ ਹੀ ਰਹਿੰਦੇ ਸਨ ਪਰ ਅੱਗੇ ਚੱਲ ਕੇ ਉਨ੍ਹਾਂ ਵਿਚ ਕੱਪੜੇ ਪਾਉਣ ਦੀ ਪ੍ਰਵਿਰਤੀ ਚੱਲ ਪਈ। ਸੰਮਤ 1264 (1207 ਈ.) ਦੇ ਲਾਗੇ ਚਾਗੇ ਸਵਾਮੀ ਵਸੰਤਕੀਰਤੀ ਚਿਤੌੜ ਦੀ ਗੱਦੀ ਦਾ ਭਟਾਰਕ ਸੀ। ਉਸ ਦੇ ਅਨੁਯਾਈ ਬੀਸਪੰਥੀ ਅਖਵਾਏ। ਇਨ੍ਹਾਂ ਦੇ ਮੰਦਰਾਂ ਵਿਚ ਖੇਤਰਪਾਲ ਅਤੇ ਭੈਰਵ ਆਦਿ ਦੇਵਤਿਆਂ ਦੀਆਂ ਮੂਰਤੀਆਂ ਹੁੰਦੀਆਂ ਹਨ।

**ਤੇਰਹ ਪੰਥ**—ਚੈਤਵਾਸੀਆਂ ਦਾ ਵਿਰੋਧ ਕਰਨ ਲਈ ਜਿਹੜਾ ਕੰਮ ਵਿਧੀ ਮਾਰਗ ਦੇ ਵਿਦਵਾਨਾਂ ਨੇ ਸਵੇਤਾਂਬਰ ਸੰਪਰਦਾਇ ਵਿਚ ਕੀਤਾ ਉਹੀ ਕੰਮ ਚੈਤਯਵਾਸੀ ਭਟਾਰਕਾਂ ਦਾ ਵਿਰੋਧ ਕਰਨ ਲਈ ਦਿਗੰਬਰ ਸੰਪਰਦਾਇ ਤੇਰਹ ਪੰਥ ਨੇ ਕੀਤਾ। ਇਸ ਪੰਥ ਦੇ ਅਨੁਯਾਈ ਪ੍ਰਾਚੀਨ ਕਾਲ ਤੋਂ ਚਲੇ ਆਉਂਦੇ ਕਠੋਰ ਨਿਯਮਾਂ ਦੀ ਪਾਲਣਾ ਕਰਨ ਨੂੰ ਧਰਮ ਮੰਨਦੇ ਹਨ ਅਤੇ ਵਣਾਂ ਵਿਚ ਵਾਸ ਰੱਖਣ ਵਾਲੇ ਮੁਨੀਆਂ ਨੂੰ ਸਦਾ ਮੁਨੀ ਸਮਝਦੇ ਹਨ। ਸੰਨ 1626 ਵਿਚ ਪੰਡਤ ਬਨਾਰਸੀ ਦਾਸ ਨੇ ਆਗਰੇ ਵਿਚ ਜਿਸ ਬੁੱਧ ਆਮਨਾਇ ਦਾ ਪ੍ਰਚਾਰ ਕੀਤਾ ਉਹੀ ਅੱਗੇ ਚੱਲ ਕੇ ਪੰਥ ਦੇ ਨਾਂ ਨਾਲ ਪ੍ਰਸਿੱਧ ਹੋਇਆ ਤੇ ਪੰਥ ਜਦੋਂ ਪ੍ਰਚੱਲਤ ਹੋ ਗਿਆ ਤਾਂ ਭਟਾਰਕਾਂ ਦੇ ਪੁਰਾਣੇ ਮਾਰਗ ਨੂੰ ਬੀਸ ਪੰਥ ਕਿਹਾ ਜਾਣ ਲੱਗਾ। ਸਥਾਨਕ ਵਾਸੀਆਂ ਦੇ ਤੇਰਹ ਪੰਥ ਨਾਲੋਂ ਇਸ ਨੂੰ ਅਲੱਗ ਸਮਝਣਾ ਚਾਹੀਦਾ ਹੈ।

ਗੁਮਾਨ ਪੰਥੀ, ਤੋਤਾਪੰਥੀ ਆਦਿ ਪੰਥ ਵੀ ਦਿਗੰਬਰ ਸੰਪਰਦਾਇ ਵਿਚ ਪ੍ਰਚੱਲਤ ਸਨ।

**ਤੀਰਥੰਕਰ**—ਤੀਰਥੰਕਰ ਉਨ੍ਹਾਂ ਨੂੰ ਕਹਿੰਦੇ ਹਨ ਜੋ ਜੀਵਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਉਤਾਰਦੇ ਹਨ। ਤੀਰਥੰਕਰ ਨੂੰ 'ਜਿੰਨਾ' ਜਾਂ 'ਅਰਹਤ' ਵੀ ਕਿਹਾ ਜਾਂਦਾ ਹੈ, ਉਹ ਖ਼ੁਦ ਗਿਆਨਵਾਨ ਹੁੰਦੇ ਹਨ। ਉਨ੍ਹਾਂ ਨੂੰ ਸੰਘ ਦਾ ਮੂਲ ਨਾਇਕ ਕਿਹਾ ਗਿਆ ਹੈ, ਉਹ ਚਤੁਰਵਿਧ ਸੰਘ ਦੀ ਸਥਾਪਨਾ ਕਰਦੇ ਹਨ। ਉਨ੍ਹਾਂ ਦੇ ਗਰਭ, ਜਨਮ, ਤਪ ਅਤੇ ਮੋਖ ਚਾਰ ਕਲਯਾਨਕ ਮੰਨੇ ਗਏ ਹਨ। ਧਰਮ ਪ੍ਰਚਾਰ ਲਈ ਉਹ ਦੇਸ਼ ਬਿਦੇਸ਼ ਵਿਚ ਰਟਣ ਕਰਦੇ ਹਨ ਅਤੇ ਸਾਰੇ ਜੀਵਾਂ ਦੇ ਲਾਹੇ ਲਈ ਸਭ ਦੀ ਸਮਝ ਵਿਚ ਆਉਣ ਵਾਲੀ ਮਾਗਧੀ ਭਾਸ਼ਾ ਵਿਚ ਉਪਦੇਸ਼ ਦਿੰਦੇ ਹਨ।

**24 ਤੀਰਥੰਕਰ**—ਜੈਨੀਆਂ ਦੇ ਕਹਿਣ ਅਨੁਸਾਰ ਜੈਨ ਮੱਤ ਅਨਾਦੀ ਕਾਲ ਤੋਂ ਚਲਿਆ ਆਇਆ ਹੈ। ਇਸ ਧਰਮ ਦੇ ਪਰਵਰਤਕ ਅਨੇਕ ਤੀਰਥੰਕਰ ਹੋ ਚੁੱਕੇ ਹਨ। ਅਵਸਰਪਿਣੀ (ਪਤਨ ਦਾ ਸਮਾਂ) ਅਤੇ ਉਤਰਸਰਪਿਣੀ ਦੇ ਹਰ ਕਾਲ ਵਿਚ 24 ਤੀਰਥੰਕਰ ਹੁੰਦੇ ਹਨ। ਵਰਤਮਾਨ ਅਵਸਰਪਿਣੀ ਕਾਲ ਵਿਚ ਨਿਮਨਲਿਖਤ 24 ਤੀਰਥੰਕਰਾਂ ਨੇ ਜਨਮ ਲਿਆ ਹੈ—

| **ਤੀਰਥੰਕਰ** | **ਚਿੰਨ੍ਹ** | **ਤੀਰਥੰਕਰ** | **ਚਿੰਨ੍ਹ** |
|---|---|---|---|
| ਰਿਸ਼ਭ (ਆਦਿ ਨਾਥ) | ਬੈਲ | ਵਿਸਲ | ਸੂਰ |
| ਅਜਿਤ | ਹਾਥੀ | ਅਨੰਤ | ਬਾਜ |
| ਸੰਭਵ | ਘੋੜਾ | ਧਰਮ | ਵਜਰ |
| ਅਭਿਨੰਦਨ | ਬਾਂਦਰ | ਸ਼ਾਂਤੀ | ਹਿਰਣ |
| ਸੁਮਤੀ | ਬਗਲਾ | ਕੁੰਥੂ | ਬਕਰਾ |
| ਪਦਮਪ੍ਰਭ | ਕਮਲ | ਅਹੰ | ਨੰਦਿਆਵਤ |
| ਸੁਪਾਰਸ਼ਵ | ਸਵਾਸਤਿਕ | ਮੱਲੀ | ਘੜਾ |
| ਚੰਦਰਪ੍ਰਭ | ਚੰਦਰਮਾ | ਮੁਨੀਸੁਵਰਤ (ਜਾਂ ਸੁਵਰਤ) | ਕੱਛੂ |
| ਪੁਸਪਦੰਤ (ਜਾਂ ਸੁਵਿਧੀ) | ਮਤਸਯ | ਨਮੀ | ਨੀਲ ਕਮਲ |
| ਸ਼ੀਤਲ | ਸ੍ਰੀਵਤਸ | ਨੇਮੀ (ਜਾਂ ਅਰਿਸ਼ਟਨੇਮੀ) | ਸੰਖ |
| ਸ੍ਰੇਯਾਂਸ | ਗੈਂਡਾ | ਪਾਰਸ਼ਵ | ਸੱਪ |
| ਵਾਸੂਪੂਜਯ | ਝੋਟਾ | ਮਹਾਂਵੀਰ ਵਰਧਮਾਨ ਗਾਯਤਰੀਪੁੱਤਰ, ਵੀਰ ਜਾਂ ਸਨਮਤੀ | ਸ਼ੇਰ |

ਇਹ ਸਾਰੇ ਤੀਰਥੰਕਰ ਖੱਤਰੀ ਕੁਲ ਵਿਚ ਪੈਦਾ ਹੋਏ ਮੰਨੇ ਜਾਂਦੇ ਹਨ। ਇਨ੍ਹਾਂ ਮੁਨੀਸੁਵਰਤ ਅਤੇ ਨੇਮੀ ਤੇ ਹਰਿਬੰਸ ਵਿਚ ਅਤੇ ਬਾਕੀ 22 ਤੀਰਥੰਕਰਾਂ ਨੇ ਇਕਸ਼ਵਾਕੂ ਬੰਸ ਵਿਚ ਜਨਮ ਧਾਰਨ ਕੀਤਾ। ਰਿਸ਼ਭ ਨੇਮੀ ਅਤੇ ਮਹਾਂਵੀਰ ਨੂੰ ਛੱਡ ਕੇ ਬਾਕੀ ਨੇ ਸੰਮੇਦਸਿਖਰ ਪਰਬਤ ਉੱਤੇ ਨਿਰਵਾਣ ਹਾਸਲ ਕੀਤਾ। ਇਨ੍ਹਾਂ ਤੀਰਥੰਕਰਾਂ ਵਿਚ ਲੱਖਾਂ ਕਰੋੜਾਂ ਸਾਲਾਂ ਦਾ ਅੰਤਰ ਦੱਸਿਆ ਗਿਆ ਹੈ। ਉਦਾਹਰਣ ਵਜੋਂ 20ਵੇਂ ਤੀਰਥੰਕਰ ਨੇਮੀ ਅਤੇ 23ਵੇਂ ਤੀਰਥੰਕਰ ਪਾਰਸ਼ਵਨਾਥ ਵਿਚ 84,000 ਸਾਲ ਦਾ ਫ਼ਰਕ ਸੀ। ਪਾਰਸ਼ਵਨਾਥ ਅਤੇ ਮਹਾਂਵੀਰ ਵਿਚ ਕੇਵਲ 250 ਸਾਲਾਂ ਦਾ ਅੰਤਰ ਦੱਸਿਆ ਗਿਆ ਹੈ।

ਜੈਨ ਪਰੰਪਰਾ ਅਨੁਸਾਰ ਪਹਿਲੇ ਤੀਰਥੰਕਰ ਰਿਸ਼ਭ ਨੇ ਹੀ ਸਭ ਤੋਂ ਪਹਿਲਾਂ ਅੱਗ ਬਾਲਣ, ਖੇਤੀ ਕਰਨ, ਬਰਤਨ ਬਣਾਉਣ ਅਤੇ ਕੱਪੜੇ ਬੁਣਨ ਆਦਿ ਦੀ ਸਿੱਖਿਆ ਆਪਣੀ ਪਰਜਾ ਨੂੰ ਦਿੱਤੀ ਸੀ। ਉਸ ਨੂੰ ਪਹਿਲਾ ਰਾਜਾ, ਪਹਿਲਾ ਜਿਨ, ਪਹਿਲਾ ਕੇਵਲੀ, ਪਹਿਲਾ ਤੀਰਥੰਕਰ ਅਤੇ ਪਹਿਲਾ ਧਰਮਚੱਕਰਵਰਤੀ ਕਿਹਾ ਗਿਆ ਹੈ। ਨਾਥ ਸੰਪਰਦਾਇ ਵਿਚ ਆਦਿਨਾਥ ਨੂੰ ਆਦਿ ਗੁਰੂ ਸਵੀਕਾਰ ਕੀਤਾ ਗਿਆ ਹੈ।

ਮਹਾਂਵੀਰ ਬੁੱਧ ਦੇ ਸਮਕਾਲੀ ਸਨ। ਬੁੱਧ ਤਿਰ ਤਿਰਪਿਟਕਾ ਵਿਚ ਉਨ੍ਹਾਂ ਨੂੰ ਨਿਰਗਰੰਥ ਗਾਯਤ੍ਰੀਪੁੱਤਰ ਕਿਹਾ ਗਿਆ ਹੈ। ਉਨ੍ਹਾਂ ਦਾ ਜਨਮ ਕਸਤਰਯਕੁੰਡ ਗ੍ਰਾਮ (ਸਜੂਦਾ ਵਾਮੂਕੁੰਡ) ਵਿਚ ਤ੍ਰਿਸ਼ਾਲਾ ਦੀ ਕੁੱਖੋਂ 599 ਈ. ਪੂ. ਵਿਚ ਹੋਇਆ ਅਤੇ 72 ਸਾਲ ਦੀ ਉਮਰ ਵਿਚ ਪਾਵਾਪੁਰੀ ਵਿਖੇ ਕੱਤਕ ਦੀ 14 (527 ਈ. ਪੂ.) ਨੂੰ ਉਨ੍ਹਾਂ ਨੂੰ ਨਿਰਵਾਣ ਪ੍ਰਾਪਤ ਹੋਇਆ ਸੀ।

ਅਵਸਰਪਿਰੀ ਕਾਲ ਦੇ ਸਮਾਪਤ ਹੋਣ ਤੇ ਉਤਸਰਪਿਣੀ ਕਾਲ ਆਰੰਭ ਹੋਵੇਗਾ। ਉਸ ਵਿਚ ਵੀ 24 ਤੀਰਥੰਕਰ ਹੋਣਗੇ।

ਜੈਨ ਧਰਮ ਦੇ ਪੰਜ ਮੁੱਖ ਵਰਤ ਹਨ-ਅਹਿੰਸਾ, ਸਤਯ, ਅਸਤੇਯ (ਚੋਰੀ ਦਾ ਤਿਆਗ), ਬ੍ਰਹਮਚਰਯ ਅਤੇ ਅਪਰਿਗ੍ਰਹਿ (ਮੋਹ ਦਾ ਤਿਆਗ)।

ਜੈਨੀਆਂ ਨੂੰ ਬੋਲਣ ਸਮੇਂ ਮੂੰਹ ਅੱਗੇ ਵਸਤਰ ਰੱਖਣਾ ਜ਼ਰੂਰੀ ਹੈ। ਰਜੋਹਰਾ (ਸੂਤ ਦਾ ਝਾੜੂ) ਹਰੇਕ ਪਾਸ ਹੋਣਾ ਚਾਹੀਦਾ ਹੈ। ਇਸ ਨਾਲ ਬੈਠਣ ਵੇਲੇ ਜ਼ਮੀਨ ਸਾਫ਼ ਕਰ ਲਵੇ ਤਾਂ ਕਿ ਕੋਈ ਜੀਵ ਨਾ ਮਰੇ। ਜੈਨੀ ਸਾਧੂ ਨੂੰ ਠੰਢਾ ਭੋਜਨ ਅਤੇ ਉਬਾਲਿਆ ਹੋਇਆ ਪਾਣੀ ਪੀਣਾ ਚਾਹੀਦਾ ਹੈ। ਨਿਰਮਲ ਜਲ ਨਾਲ ਨਹਾਉਣਾ ਵੀ ਵਰਜਿਤ ਹੈ ਕਿਉਂਕਿ ਅਜਿਹਾ ਕਰਨ ਤੋਂ ਜੀਵ ਮਰਦੇ ਹਨ। ਜੈਨੀ ਨੂੰ ਧਨ ਜਮ੍ਹਾਂ ਕਰਨ ਦੀ ਮਨਾਹੀ ਹੈ। ਹੋਰ ਵਸਤਾਂ ਤੋਂ ਛੁੱਟ ਅੱਠ ਵਰਤ ਮੁੱਖ ਹਨ ਅਰਥਾਤ ਭਾਦੋਂ ਵਦੀ 12 ਤੋਂ ਭਾਦੋਂ ਸੁਦੀ 4 ਤੀਕ। ਅੰਤਮ ਦਿਨ ਦਾ ਨਾਮ 'ਛਮਛਰੀ' ਹੈ, ਜੋ ਸਭ ਤੋਂ ਪਵਿੱਤਰ ਹੈ।

ਜੈਨ ਮੱਤ ਵਿਚ ਜਗਤ ਕਰਤਾ ਪਾਰਬ੍ਰਹਮ ਨਹੀਂ ਮੰਨਿਆ ਗਿਆ। ਇਹ ਮੁਕਤ ਆਤਮਾ ਨੂੰ ਹੀ ਈਸ਼ਵਰ ਆਖਦੇ ਹਨ।

ਹ. ਪੁ.–ਹਿੰ. ਵਿ. ਕੋ. 5 : 46; ਮ. ਕੋ.

**ਜੈੱਨਰ, ਐਡਵਰਡ** : ਚੇਚਕ ਦੇ ਟੀਕੇ ਦਾ ਆਵਿਸ਼ਕਾਰ ਕਰਨ ਵਾਲੇ ਇਸ ਅੰਗਰੇਜ਼ ਡਾਕਟਰ ਦਾ ਜਨਮ 17 ਮਈ, 1749 ਨੂੰ ਗਲੌਸਟਰਸ਼ਿਰ ਵਿਚ ਬਰਕਲੀ ਵਿਖੇ ਹੋਇਆ। ਸੰਨ 1770 ਤੋਂ ਮਗਰੋਂ ਇਹ ਜਾਨ ਹੰਟਰ ਦਾ ਸ਼ਿਸ਼ ਬਣ ਕੇ ਲੰਡਨ ਚਲਾ ਗਿਆ। ਸੰਨ 1773 ਵਿਚ ਇਹ ਲੰਡਨ ਤੋਂ ਬਰਕਲੀ ਪਰਤ ਆਇਆ ਅਤੇ ਡਾਕਟਰੀ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸੰਨ 1796 ਵਿਚ ਇਸ ਨੇ ਖੋਜ ਕੀਤੀ ਕਿ ਗਊ-ਸੀਤਲਾ ਦੇ ਛਾਲਿਆਂ ਵਿਚੋਂ ਕੱਢਿਆ ਪਦਾਰਥ ਜੇ ਮਨੁੱਖ ਉੱਤੇ ਲਾਇਆ ਜਾਵੇ ਤਾਂ ਚੇਚਕ ਹਟ ਸਕਦੀ ਹੈ। ਚੇਚਕ ਨੂੰ ਰੋਕਣ ਦਾ ਇਹ ਟੀਕਾ ਬਹੁਤ ਪ੍ਰਸਿੱਧ ਹੋ ਗਿਆ ਅਤੇ ਜੈੱਨਰ ਨੂੰ ਸਾਰੀ ਦੁਨੀਆ ਵੱਲੋਂ ਮਾਨਤਾ ਪ੍ਰਾਪਤ ਹੋ ਗਈ। ਇਸ ਨੇ 1798 ਵਿਚ ਆਪਣਾ ਖੋਜ ਪੱਤਰ 'ਇਨਕੁਐਰੀ ਇਨ ਟੂ ਦੀ ਕਾਜ਼ ਐਂਡ ਇਫੈਕਟਸ ਆਫ਼ ਦੀ ਵੇਰਿਓਲੀ ਵੈਕਸੀਨ' ਛਾਪਿਆ। ਇੰਗਲੈਂਡ ਦੇ ਵਿੱਤ-ਵਿਭਾਗ ਦੇ ਚਾਂਸਲਰ ਜੈੱਨਰ ਨੂੰ 20,000 ਪਾਊਂਡ ਦੇ ਕੇ ਸਨਮਾਨਿਆ ਅਤੇ ਲਗਭਗ ਉਸੇ ਸਮੇਂ ਦੌਰਾਨ ਭਾਰਤ ਨੇ ਵੀ ਜੈੱਨਰ ਲਈ 7,383 ਪਾਊਂਡ ਚੰਦਾ ਇਕੱਠਾ ਕੀਤਾ। ਇਸ ਨੇ ਆਪਣਾ ਆਖ਼ਰੀ ਖੋਜ-ਪੱਤਰ 'ਆਨ ਦੀ ਇਨਫਲੂਐਂਸ ਆਫ਼ ਆਰਟੀਫੀਸ਼ਲ ਇੱਰਪਸ਼ਨਜ਼ ਇਨ ਸਰਟਨ ਡਿਜ਼ੀਜ਼ਿਜ਼' ਉੱਤੇ ਛਾਪਿਆ। ਇਸ ਤੋਂ ਅਗਲੇ ਸਾਲ ਇਕ ਖੋਜ-ਪੱਤਰ 'ਆਨ ਦੀ ਮਾਈਗ੍ਰੇਸ਼ਨ ਆਫ਼ ਬਰਡਜ਼' ਰੌਇਲ ਸੁਸਾਇਟੀ ਅੱਗੇ ਪੇਸ਼ ਕੀਤਾ। ਜਨਵਰੀ 26, 1823 ਨੂੰ ਬਰਕਲੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 998; ਐਨ. ਬ੍ਰਿ. ਮੈ. 10 : 133; ਐਨ. ਬ੍ਰਿ. ਮਾ. 5 : 542

**ਜੈੱਨਰ, ਸਰ ਵਿਲੀਅਮ** : ਇਸ ਅੰਗਰੇਜ਼ ਡਾਕਟਰ ਦਾ ਜਨਮ 30 ਜਨਵਰੀ, 1815 ਨੂੰ ਚੈਟਐਮ ਵਿਖੇ ਹੋਇਆ। ਇਸ ਨੇ ਆਪਣੀ ਵਿੱਦਿਆ ਯੂਨੀਵਰਸਿਟੀ ਕਾਲਜ, ਲੰਡਨ ਤੋਂ ਪ੍ਰਾਪਤ ਕੀਤੀ। ਸੰਨ 1847 ਵਿਚ ਲੰਡਨ ਫੀਵਰ ਹਸਪਤਾਲ ਵਿਚ ਲਗਾਤਾਰ ਬੁਖ਼ਾਰ ਰਹਿਣ ਵਾਲੇ ਕੇਸਾਂ (ਮਰੀਜ਼ਾਂ) ਦੀ ਤਫ਼ਤੀਸ਼ ਕਰਨ ਲੱਗ ਪਿਆ। ਅਖ਼ੀਰ ਵਿਚ ਅਜਿਹਾ ਕਰਨ ਨਾਲ ਇਹ ਟਾਈਫਸ ਅਤੇ ਟਾਈਫਾਈਡ ਬੁਖ਼ਾਰਾਂ ਵਿਚ ਅੰਤਰ ਪਤਾ ਲਾਉਣ ਵਿਚ ਕਾਮਯਾਬ ਹੋ ਗਿਆ। ਇਸ ਦੀ ਪ੍ਰਸਿੱਧਤਾ ਮੁੱਖ ਤੌਰ ਤੇ ਇਸੇ ਕਾਰਨ ਹੈ। ਸੰਨ 1849 ਵਿਚ ਇਸ ਨੂੰ ਯੂਨੀਵਰਸਿਟੀ ਕਾਲਜ ਵਿਚ ਰੋਗ-ਵਿਗਿਆਨ ਸਬੰਧੀ ਚੀਰ-ਫਾੜ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਇਹ ਕਈ ਹੋਰ ਹਸਪਤਾਲਾਂ ਵਿਚ ਵੀ ਡਾਕਟਰ ਰਿਹਾ। ਇਹ ਯੂਨੀਵਰਸਿਟੀ ਕਾਲਜ ਵਿਚ ਲਗਾਤਾਰ ਕਲਿਨੀਕ ਮੈਡੀਸਨ ਦਾ ਹੋਮ (Holme) ਪ੍ਰੋਫੈਸਰ ਅਤੇ ਪ੍ਰਿੰਸੀਪਲਜ਼ ਐਂਡ ਪ੍ਰੈਕਟਿਸ ਆਫ਼ ਮੈਡੀਸਨ ਦਾ ਪ੍ਰੋਫੈਸਰ ਰਿਹਾ। ਇਹ 1881-88 ਤੱਕ ਰੌਇਲ ਕਾਲਜ ਆਫ਼ ਫ਼ਿਜ਼ੀਸ਼ੀਅਨਜ਼ ਦਾ ਪ੍ਰਧਾਨ ਰਿਹਾ ਅਤੇ 1864 ਵਿਚ ਰੌਇਲ ਸੁਸਾਇਟੀ ਦਾ ਫ਼ੈਲੋ ਚੁਣਿਆ ਗਿਆ। ਸੰਨ 1861 ਵਿਚ ਇਹ ਮਲਕਾ ਵਿਕਟੋਰੀਆ ਦਾ ਫ਼ਿਜ਼ੀਸ਼ੀਅਨ-ਐਕਸਟਰਾਆਰਡੇਨਰੀ ਅਤੇ 1862 ਵਿਚ ਫ਼ਿਜ਼ੀਸ਼ੀ-ਅਨ-ਇਨ-ਆਰਡੇਨਰੀ ਨਿਯੁਕਤ ਹੋਇਆ। ਸੰਨ 1863 ਵਿਚ ਵੇਲਜ਼ ਦਾ ਫ਼ਿਜ਼ੀਸ਼ੀਅਨ-ਇਨ-ਆਰਡਨੇਰੀ ਰਿਹਾ। ਸੰਨ 1868 ਵਿਚ ਇਸ ਨੂੰ ਛੋਟਾ ਲਾਰਡ ਬਣਾਇਆ। ਅੰਤ ਵਿਚ 11 ਦਸੰਬਰ, 1898 ਨੂੰ ਬਿਸ਼ਪਸ ਵਾਲਥੈਮ, ਹੈਂਪਸ਼ਿਰ ਵਿਖੇ ਜੈੱਨਰ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 998

**ਜੈੱਨਰੇਟਰ, ਬਿਜਲੱਈ** : ਯੰਤ੍ਰਿਕ ਊਰਜਾ ਨੂੰ ਬਿਜਲੱਈ ਊਰਜਾ ਵਿਚ ਬਦਲਣ ਵਾਲੀਆਂ ਮਸ਼ੀਨਾਂ ਨੂੰ ਜੈੱਨਰੇਟਰ ਕਿਹਾ ਜਾਂਦਾ ਹੈ। ਇਹ ਫ਼ੈਰਾਡੇ ਦੇ ਨਿਯਮ ਅਰਥਾਤ ਜਦੋਂ ਕਿਸੇ ਤਾਰ ਦੀ ਕੁੰਡਲੀ ਨਾਲ ਲਗਿਆ ਫ਼ਲੱਕਸ ਬਦਲਦਾ ਹੈ ਤਾਂ ਪ੍ਰੇਰਿਤ ਬਿਜਲ-ਵਾਹਕ ਬਲ ਉਤਪੰਨ ਹੁੰਦਾ ਹੈ, ਅਨੁਸਾਰ ਕਾਰਜ ਕਰਦੀਆਂ ਹਨ। ਜੈੱਨਰੇਟਰ ਦੋ ਤਰ੍ਹਾਂ ਦੇ ਹੁੰਦੇ ਹਨ–ਇਕ ਏ. ਸੀ. ਅਤੇ ਦੂਜਾ ਡੀ. ਸੀ. ਜੈੱਨਰੇਟਰ। ਇਨ੍ਹਾਂ ਦੀ ਵੰਡ ਯੰਤ੍ਰਿਕ ਊਰਜਾ ਦੇ ਉਨ੍ਹਾਂ ਸੋਮਿਆਂ ਦੇ ਆਧਾਰ ਉੱਤੇ ਵੀ ਕੀਤੀ ਜਾਂਦੀ ਹੈ ਜਿਸ ਨਾਲ ਮੁੱਖ ਚਾਲਕ ਨੂੰ ਚਲਾਇਆ ਜਾਂਦਾ ਹੈ। ਜੈੱਨਰੇਟਰ ਆਮ ਕਰਕੇ ਭਾਫ਼ ਜਾਂ ਸਟੀਮ ਟਰਬਾਈਨ ਜਲ-ਚਾਲਿਤ ਜਾਂ ਹਾਈਡ੍ਰਾਲਿਕ ਟਰਬਾਈਨ, ਗੈਸ ਟਰਬਾਈਨ ਮੋਟਰਾਂ ਜਾਂ ਇੰਜਣਾਂ ਨਾਲ ਚਲਾਏ ਜਾਂਦੇ ਹਨ। ਕਈ ਵਾਰੀ ਛੋਟੇ-ਛੋਟੇ ਜੈੱਨਰੇਟਰਾਂ ਨੂੰ ਪੌਣ ਚੱਕੀ ਜਾਂ ਗਰਾਰੀਆਂ, ਪਟਿਆਂ ਅਤੇ ਰਗੜ ਜਾਂ ਗੱਡੀ ਦੇ ਪੁਰਜ਼ਿਆਂ ਤੋਂ ਸਿੱਧੇ ਤੌਰ ਤੇ ਊਰਜਾ ਪ੍ਰਾਪਤ ਕਰਕੇ ਵੀ ਚਲਾਇਆ ਜਾਂਦਾ ਹੈ (ਚਿੱਤਰ 1 ਵਿਚ ਜੈੱਨਰੇਟਰ ਦਾ ਸਿਧਾਂਤ ਵਿਖਾਇਆ ਗਿਆ ਹੈ)।




ਚਿੱਤਰ 1. ਜੈੱਨਰੇਟਰ ਦਾ ਸਿਧਾਂਤ

**ਇਤਿਹਾਸ**—ਸੰਨ 1831 ਵਿਚ ਫ਼ੈਰਾਡੇ ਨੇ ਨਾਲ-ਚੁੰਬਕ ਧਰੁਵਾਂ ਵਿਚਕਾਰ ਕਿਨਾਰਿਆਂ ਭਾਰ ਡਿਸਕ ਨੂੰ ਘੁੰਮਾਇਆ ਤਾਂ ਦੋ ਸੰਪਰਕ ਬਿੰਦੂਆਂ ਦੇ ਵਿਚਕਾਰ ਨਿਰੰਤਰ ਅਪਰਤਵੀਂ ਵੋਲਟੇਜ ਪੈਦਾ ਕੀਤੀ, ਜਿਨ੍ਹਾਂ ਵਿਚੋਂ ਇਕ ਸੰਪਰਕ ਬਿੰਦੂ ਡਿਸਕ ਦੇ ਘੇਰੇ ਉੱਤੇ ਤੇ ਦੂਜਾ ਡਿਸਕ ਦੀ ਸ਼ਾਫਟ ਉੱਤੇ ਬਣਾਇਆ ਗਿਆ ਸੀ। ਇਸ ਮੁਢਲੇ ਜੈੱਨਰੇਟਰ ਵਿਚ ਚੁੰਬਕੀ ਫ਼ਲੱਕਸ ਦੇ ਆਡੇ ਦਾਅ ਚਾਲਕਾਂ ਨੂੰ ਘੁੰਮਾ ਕੇ ਬਿਜਲ ਵਾਹਕ ਬਲ ਪੈਦਾ ਕੀਤਾ ਗਿਆ ਸੀ ਨਾ ਕਿ ਫ਼ਲੱਕਸ ਦੀ ਮਾਤਰਾ ਵਿਚ ਟਰਨਾਂ ਦੀ ਗਿਣਤੀ ਨਾਲ ਅਦਲਾ-ਬਦਲੀ ਕਰਕੇ। ਇਸ ਕਿਸਮ ਦੇ ਜੈੱਨਰੇਟਰ ਨੂੰ ਸਮਧਰੁਵੀ ਜੈੱਨਰੇਟਰ ਕਿਹਾ ਜਾਂਦਾ ਹੈ। ਇਸ ਵਿਚ ਬਿਜਲ ਵਾਹਕ ਬਲ ਦੀ ਦਿਸ਼ਾ ਐਲੀਮੈਂਟ ਦੇ ਲਿਹਾਜ਼ ਨਾਲ ਡਿਸਕ ਨਾਲ ਡਿਸਕ ਦੀ ਖ਼ਾਸ ਘੁੰਮਣ ਦਿਸ਼ਾ ਵਿਚ ਇਕੋ ਹੀ ਰਹਿੰਦੀ ਹੈ। ਇਨ੍ਹਾਂ ਨੂੰ ਘੱਟ-ਵੋਲਟੇਜ ਮਸ਼ੀਨਾਂ ਕਿਹਾ ਜਾਂਦਾ ਹੈ। ਇਨ੍ਹਾਂ ਦੀ ਘੱਟ ਸੁਯੋਗਤਾ ਅਤੇ ਵਧੇਰੇ ਲਾਗਤ ਕਰਕੇ ਇਨ੍ਹਾਂ ਨੂੰ ਵਪਾਰਕ ਤੌਰ ਤੇ ਇਸਤੇਮਾਲ ਨਹੀਂ ਕੀਤਾ ਜਾਂਦਾ।

ਸੰਨ 1832 ਵਿਚ ਹਿਪੋਲਾਈਟ ਪੀਕਸੀ ਨੇ ਸਥਾਈ ਚੁੰਬਕਾਂ ਅਤੇ ਤਾਰ ਦੀ ਵਾਈਡਿੰਗ ਵਾਲੇ ਆਰਮੇਚਰ ਵਾਲਾ ਜੈੱਨਰੇਟਰ ਤਿਆਰ ਕੀਤਾ। ਇਸ ਤਰ੍ਹਾਂ ਦੇ ਉਲਟ ਚੁੰਬਕੀ ਧਰੁਵਤਾ ਵਾਲੇ ਉਲਟ ਧਰੁਵਾਂ ਵਾਲੇ ਜੈੱਨਰੇਟਰ ਨੂੰ ਬਿਖਮ-ਧਰੁਵੀ ਜੈੱਨਰੇਟਰ ਕਿਹਾ ਜਾਂਦਾ ਹੈ। ਇਸ ਜੈੱਨਰੇਟਰ ਵਿਚ ਪੈਦਾ ਹੋਣ ਵਾਲਾ ਬਿਜਲ ਵਾਹਕ ਬਲ ਕਦੇ ਰਿਣਾਤਮਕ ਤੇ ਕਦੇ ਧਨਾਤਮਕ ਹੁੰਦਾ ਰਹਿੰਦਾ ਹੈ। ਅਪਰਤਵੀਂ ਕਰੰਟ ਵਾਲੇ ਨਿਵੇਸ਼ ਲੈਣ ਲਈ ਪਹਿਲੀ ਵਾਰੀ ਦਿਸ਼ਾ ਪਰਿਵਰਤਕ ਲਗਾਇਆ ਗਿਆ।

ਸੰਨ 1845 ਵਿਚ ਚਾਰਲਸ ਵ੍ਹੀਟਸਟੋਨ ਨੇ ਸਥਾਈ ਚੁੰਬਕਾਂ ਦੀ ਥਾਂ ਬੈਟਰੀ ਦੀ ਅਪਰਤਵੀਂ ਕਰੰਟ ਨਾਲ ਉਤੇਜਿਤ ਹੋਣ ਵਾਲੇ ਬਿਜਲ-ਚੁੰਬਕ ਲਗਾ ਦਿੱਤੇ। ਸੰਨ 1857 ਵਿਚ ਇਸ ਨੇ ਸਵੈ-ਉਤੇਜਿਤ ਹੋਣ ਦਾ ਪ੍ਰਬੰਧ ਆਰਮੇਚਰ ਦੇ ਟਰਮੀਨਲਾਂ ਤੋਂ ਖੇਤਰੀ ਵਾਈਡਿੰਗ ਨੂੰ ਕਰੰਟ ਦਾ ਪ੍ਰਦਾਨ ਕਰਕੇ ਕਰ ਦਿੱਤਾ। ਛੱਲਾ ਜਾਂ ਰਿੰਗ ਵਾਈਡਿੰਗ ਦੀ ਸਹਾਇਤਾ ਨਾਲ ਬਹੁ-ਧਰੁਵੀ ਜੈੱਨਰੇਟਰ ਦੇ ਕਈ ਚਾਲਕਾਂ ਦੀ ਵੋਲਟੇਜ ਨੂੰ ਜੋੜ ਕੇ ਉੱਚ ਵੋਲਟੇਜ ਹਾਸਲ ਕਰਨਾ ਸੰਭਵ ਹੋ ਗਿਆ ਸੀ ਜਿਹੜਾ ਕਿ ਪਹਿਲਾਂ ਅਸੰਭਵ ਸੀ। ਵਾਈਡਿੰਗ ਦੀ ਸਹਾਇਤਾ ਨਾਲ ਘੁੰਮ ਰਹੇ ਆਰਮੇਚਰ ਘੇਰੇ ਉੱਤੇ ਚਾਲਕਾਂ ਨੂੰ ਆਪਣੇ ਆਪਣੇ ਸਥਾਨ ਤੇ ਸਥਿਰ

ਰੱਖਿਆ ਜਾਂਦਾ ਹੈ। ਰਿੰਗ ਵਾਇਡਿੰਗ ਦੀ ਥਾਂ ਵਧੇਰੇ ਸਸਤੀ ਤੇ ਆਸਾਨ ਬੈਰਲ ਜਾਂ ਡਰੱਮ ਟਾਈਪ ਵਾਈਡਿੰਗ ਨੇ ਲੈ ਲਈ ਸੀ। ਆਰਮੇਚਰ ਦੇ ਖਾਂਚਿਆਂ ਵਿਚਕਾਰ ਵਾਈਡਿੰਗ ਕਰਨ ਨਾਲ ਵਾਯੂ-ਅੰਤਰ ਘੱਟ ਗਿਆ ਜਿਸ ਨਾਲ ਵਧੇਰੇ ਸਮਰਥਾ ਵਾਲਾ ਚੁੰਬਕੀ ਖੇਤਰ ਪੈਦਾ ਕੀਤਾ ਜਾਣ ਲੱਗਾ। ਆਰਮੇਚਰ ਦੇ ਘੁੰਮਣ ਨਾਲ ਕੇਵਲ ਚਾਲਕਾਂ ਵਿਚ ਹੀ ਨਹੀਂ ਸਗੋਂ ਸਟੀਲ ਵਿਚ ਵੀ ਪਰਤਵੀਂ ਵੋਲਟੇਜ ਪੈਦਾ ਕਰਨੀ ਸੰਭਵ ਹੋ ਗਈ, ਜਿਥੇ ਕਿ ਐਡੀ ਕਰੰਟ ਕਾਰਨ ਨੁਕਸਾਨ ਹੁੰਦਾ ਸੀ। ਸਟੀਲ ਆਰਮੇਚਰ ਨੂੰ ਪਤਲੀਆਂ ਪਤਲੀਆਂ ਪੱਤੀਆਂ ਦਾ ਬਣਾਉਣ ਨਾਲ ਐਡੀ ਕਰੰਟ ਨੁਕਸਾਨ ਹੋਰ ਵੀ ਘੱਟ ਗਿਆ।

ਜੈੱਨਰੇਟਰ ਵਿਚ ਪੈਣ ਵਾਲੇ ਅਨੇਕ ਨੁਕਸਾਂ ਨੂੰ ਠੀਕ ਕਰਨ ਉਪਰੰਤ ਇਸ ਦੀ ਸੁਯੋਗਤਾ 50% ਤੋਂ 90% ਤੱਕ ਵਧਾ ਦਿੱਤੀ ਗਈ। ਹੁਣ ਜੈੱਨਰੇਟਰ ਦੇ ਭਾਰ ਅਨੁਸਾਰ ਸਟੀਲ ਤੇ ਤਾਂਬਾ ਅਨੁਪਾਤ ਬਹੁਤ ਵਧ ਗਿਆ ਜਿਸ ਵਿਚ ਪਹਿਲੀ ਵਾਰੀ ਅਬਰਕ ਦਾ ਬਿਜਲੀ ਰੋਧਕ ਦਿਸ਼ਾ ਪਰਾਵਰਤਕ ਲਗਾਇਆ ਗਿਆ ਸੀ। ਸੰਨ 1886 ਵਿਚ ਜਾਨ ਅਤੇ ਐਡਵਰਡ ਹਾਪਕਿਨਸਨ ਨੇ ਜੈੱਨਰੇਟਰ ਡਿਜ਼ਾਈਨ ਦਾ ਸਹੀ ਢੰਗ ਲੱਭਿਆ। ਸੰਨ 1881 ਵਿਚ ਚਾਰਲਸ ਐਫ਼ ਬਰੱਸ਼ ਨੇ ਦੂਜੀ ਵਾਈਡਿੰਗ ਲਗਾਈ ਜਿਹੜੀ ਕਿ ਖੇਤਰੀ ਧਰੁਵਾਂ ਦੇ ਦੁਆਲੇ ਕੀਤੀ ਗਈ ਅਤੇ ਆਰਮੇਚਰ ਸਰਕਟ ਨਾਲ ਲੜੀ ਵਿਚ ਜੋੜੀ ਗਈ। ਇਸ ਤਰ੍ਹਾਂ ਬਣੇ ਜੈੱਨਰੇਟਰ ਨੂੰ ਸੰਯੁਕਤ ਜੈੱਨਰੇਟਰ ਕਿਹਾ ਜਾਂਦਾ ਹੈ। ਇਸ ਜੈੱਨਰੇਟਰ ਦੀ ਵੋਲਟੇਜ ਹਮੇਸ਼ਾ ਸਥਿਰ ਰਹਿੰਦੀ ਸੀ, ਭਾਵੇਂ ਇਸ ਉੱਤੇ ਲੱਗੇ ਲੋਡ ਕਾਰਨ ਕਰੰਟ ਬਦਲਦੀ ਰਹਿੰਦੀ ਸੀ।

ਮੁਢਲੇ ਜੈੱਨਰੇਟਰਾਂ ਵਿਚ ਲਗਾਏ ਗਏ ਬੁਰਸ਼, ਤਾਂਬੇ ਦੀਆਂ ਪੱਤੀਆਂ, ਤਾਂਬੇ ਦੀ ਜਾਲੀ ਅਤੇ ਮਿਸ਼ਰਿਤ ਧਾਤ ਦੇ ਬਣੇ ਹੁੰਦੇ ਸਨ। ਰਗੜ ਨਾਲ ਵਧੇਰੇ ਸਪਾਰਕਿੰਗ ਪੈਦਾ ਹੋਣ ਨਾਲ ਦਿਸ਼ਾ-ਪਰਵਰਤਕ ਦੀਆਂ ਛੜਾਂ ਸੜ ਜਾਂਦੀਆਂ ਸਨ। ਸੰਨ 1888 ਵਿਚ ਚਾਰਲਸ ਜੇ. ਵਾਨ. ਡੀਪੋਈਲ ਨੇ ਕਾਰਬਨ ਬੁਰਸ਼ ਦੀ ਕਾਢ ਕੱਢੀ ਜਿਸ ਨਾਲ ਦਿਸ਼ਾ-ਪਰਵਰਤਕ ਵਿਚਲੀ ਸਪਾਰਕਿੰਗ ਅਤੇ ਘਸਾਈ ਬਹੁਤ ਜ਼ਿਆਦਾ ਘਟ ਗਈ। ਜੈੱਨਰੇਟਰ ਦੇ ਬਾਹਰੋਂ (1890) ਅਤੇ ਅੰਦਰੋਂ (1896) ਇਕ ਬਰਾਬਰ ਕਨੈੱਕਸ਼ਨਾਂ ਦਾ ਪ੍ਰਬੰਧ ਹੋ ਜਾਣ ਨਾਲ ਵੱਡੇ-ਵੱਡੇ ਜੈੱਨਰੇਟਰਾਂ ਦਾ ਨਿਰਮਾਣ ਹੋਣਾ ਸੰਭਵ ਹੋ ਗਿਆ। ਮਗਰੋਂ ਵੱਡੇ-ਵੱਡੇ ਅਤੇ ਬਹੁ-ਧਰੁਵੀ ਜੈੱਨਰੇਟਰਾਂ ਨੂੰ ਸਿੱਧੇ ਤੌਰ ਤੇ ਦੁਪਾਸੀ ਚੱਲਣ ਯੋਗ ਭਾਫ਼ ਇੰਜਣਾਂ ਨਾਲ ਚਲਾਇਆ ਜਾਣ ਲੱਗਾ ਅਤੇ 1900 ਵਿਚ ਅਜਿਹਾ ਆਮ ਹੋ ਗਿਆ।

ਊਰਜਾ ਪੈਦਾ ਕਰਨ ਦੇ ਪਹਿਲੇ ਏ. ਸੀ. ਸਿਸਟਮ ਵਾਲੀ ਪ੍ਰੇਰਨ ਮੋਟਰ ਦੀ ਕਾਢ ਹੋ ਜਾਣ ਤੋਂ ਬਾਅਦ ਏ. ਸੀ. ਜੈੱਨਰੇਟਰਾਂ ਦਾ ਵਿਕਾਸ ਹੋਇਆ। ਭਾਫ਼ ਇੰਜਣ ਅਤੇ ਕਈ ਵਾਰੀ ਵਾਟਰ ਵ੍ਹੀਲ ਨਾਲ ਇਨ੍ਹਾਂ ਨੂੰ ਸ਼ੁਰੂ ਵਿਚ ਚਲਾਇਆ ਜਾਂਦਾ ਸੀ। ਸ਼ੁਰੂ ਵਿਚ ਪ੍ਰੇਰਨ ਜੈੱਨਰੇਟਰਾਂ ਦੇ ਸਥਾਈ ਖੇਤਰ ਅਤੇ ਆਰਮੇਚਰ ਵਾਈਡਿੰਗ ਹੁੰਦੀ ਸੀ ਜਿਸ ਦੀਆਂ ਪਲਸਾਂ ਨਾਲ ਇਕ ਦੰਦਿਆਂ ਵਾਲੇ ਪਹੀਏ ਨੂੰ ਘੁੰਮਾਇਆ ਜਾਂਦਾ ਸੀ। ਹੋਰ ਕਈ ਸੁਧਾਰ ਹੋ ਜਾਣ ਨਾਲ ਸਥਾਈ ਆਰਮੇਚਰ ਵਾਈਡਿੰਗ ਦੇ ਉਪਯੋਗਾਂ ਦਾ ਪਤਾ ਲੱਗਾ ਜਿਸ ਕਰਕੇ ਆਧੁਨਿਕ ਘੁੰਮਣਸ਼ੀਲ ਖੇਤਰ ਵਾਲੇ ਤੁਲਕਾਲੀ ਜੈੱਨਰੇਟਰ ਹੋਂਦ ਵਿਚ ਆਏ।

ਮੁਢਲੇ ਏ. ਸੀ. ਜੈੱਨਰੇਟਰਾਂ ਦੀ ਵੋਲਟੇਜ ਦੀ ਆਵ੍ਰਿਤੀ ਆਮ ਕਰਕੇ ਧਰੁਵਾਂ ਦੀ ਗਿਣਤੀ ਅਤੇ ਮੁੱਖ ਚਾਲਕ ਦੀ ਰਫ਼ਤਾਰ ਤੋਂ ਜਾਣੀ ਜਾਂਦੀ ਸੀ। ਸ਼ੁਰੂ ਵਿਚ ਏ. ਸੀ. ਮਸ਼ੀਨ ਦੀ ਆਵ੍ਰਿਤੀ 162/3 ਤੋਂ 133/3 ਸੀ. ਪੀ. ਐੱਸ. ਹੁੰਦੀ ਸੀ। ਏ. ਸੀ. ਦੇ ਉਪਯੋਗ ਦੇ ਢੰਗਾਂ ਵਿਚ ਤਬਦੀਲੀਆਂ ਆਉਣ ਨਾਲ ਇਨ੍ਹਾਂ ਦੀ ਆਵ੍ਰਿਤੀ ਵੀ ਵਧਦੀ ਗਈ, ਜਿਸ ਦੇ ਫ਼ਲਸਰੂਪ ਰੌਸ਼ਨੀ ਤੇ ਊਰਜਾ ਲਈ ਇਹ 60 ਸੀ. ਪੀ. ਐੱਸ. ਅਤੇ ਹੋਰ ਦੂਜੇ ਕਾਰਜਾਂ ਲਈ ਇਹ 25 ਤੋਂ 50 ਸੀ. ਪੀ. ਐੱਸ. ਵਿਸ਼ਵਵਿਆਪੀ ਤੌਰ ਤੇ ਨਿਰਧਾਰਤ ਕਰ ਦਿੱਤਾ ਗਿਆ।

ਧਰੁਵਾਂ ਦੀ ਵਿਸ਼ੇਸ਼ ਗਿਣਤੀ ਤੇ ਰਫ਼ਤਾਰ ਉੱਤੇ ਪ੍ਰੇਰਕ ਜੈੱਨਰੇਟਰ ਸਾਧਾਰਣ ਕਿਸਮ ਦੇ ਏ. ਸੀ. ਜੈੱਨਰੇਟਰਾਂ ਨਾਲੋਂ ਦੁੱਗਣੀ ਆਵ੍ਰਿਤੀ ਦਿੰਦਾ ਹੈ। ਰੇਡੀਉ ਟੈਲੀਗ੍ਰਾਫੀ ਦੇ ਆਰੰਭ ਸਮੇਂ ਪ੍ਰੇਰਕ ਜੈੱਨਰੇਟਰ ਲੋੜੀਂਦੀ ਆਵ੍ਰਿਤੀ ਪ੍ਰਦਾਨ ਕਰਨ ਦਾ ਸਰਵੋਤਮ ਸਾਧਨ ਸੀ। ਇਸ ਲਈ 100,000 ਸੀ. ਪੀ. ਐੱਸ. ਆਵ੍ਰਿਤੀ ਅਤੇ 100 ਕਿ. ਵਾ. ਤੱਕ ਦੀ ਸਮਰੱਥਾ ਵਾਲੇ ਜੈੱਨਰੇਟਰ ਬਣਾਏ ਗਏ। ਇਲੈਕਟ੍ਰਾਨਿਕ ਟਿਊਬ ਦੀ ਖੋਜ ਕਾਰਨ ਇਨ੍ਹਾਂ ਜੈੱਨਰੇਟਰਾਂ ਦਾ ਇਸਤੇਮਾਲ ਬਹੁਤ ਘੱਟ ਗਿਆ ਕਿਉਂਕਿ ਇਨ੍ਹਾਂ ਟਿਊਬਾਂ ਨਾਲ ਡੀ. ਸੀ. ਸੋਮੇ ਤੋਂ ਉਚਤਮ ਆਵ੍ਰਿਤੀ ਪ੍ਰਾਪਤ ਕੀਤੀ ਜਾ ਸਕਦੀ ਸੀ ਪਰੰਤੂ ਪ੍ਰੇਰਣਾਤਮਕ ਤਾਪਨ, ਜਿਸ ਲਈ 1,000 ਤੋਂ 10,400,000 ਸੀ. ਪੀ. ਐੱਸ. ਤੱਕ ਆਵ੍ਰਿਤੀ ਦੀ ਲੋੜ ਪੈਂਦੀ ਹੈ ਅਤੇ ਹਵਾਈ ਜਹਾਜ਼ਾਂ ਵਿਚ ਸੀ. ਪੀ. ਐਸ. ਵਾਲੇ ਨਿਯੰਤਰਣ ਯੰਤਰਾਂ ਅਤੇ ਮੋਟਰਾਂ ਲਈ ਪ੍ਰੇਰਨ-ਜੈੱਨਰੇਟਰਾਂ ਦਾ ਇਸਤੇਮਾਲ ਕਰਨਾ ਵਧੇਰੇ ਸਸਤਾ ਹੋਣ ਕਰਕੇ ਇਨ੍ਹਾਂ ਦਾ ਉਪਯੋਗ ਆਮ ਹੁੰਦਾ ਆ ਰਿਹਾ ਹੈ।

ਮੁਢਲੇ ਬਹੁਫ਼ੇਜ਼ੀ ਜੈੱਨਰੇਟਰ ਤਿੰਨ ਫੇਜ਼ ਤੇ 100 ਕਿ. ਵਾ. ਵਾਲੇ ਅਤੇ ਦੋ ਫੇਜ਼ ਤੇ 5,000 ਕਿ. ਵਾ. ਵਾਲੇ ਹੁੰਦੇ ਸਨ, ਦੋਵੇਂ ਤਰ੍ਹਾਂ ਦੇ ਜੈੱਨਰੇਟਰਾਂ ਵਿਚ ਸੈਫ਼ਟ ਖੜ੍ਹੇ ਦਾਅ ਅਤੇ ਬਾਹਰੀ ਘੁੰਮਣਸ਼ੀਲ ਖੇਤਰ ਸੰਰਚਨਾ ਹੁੰਦੀ ਸੀ। ਲਗਭਗ 1890 ਵਿਚ ਕਈ ਹਜ਼ਾਰ ਕਿ. ਵਾ. ਵਾਲੇ ਏ. ਸੀ. ਜੈੱਨਰੇਟਰ ਬਣ ਚੁੱਕੇ ਸਨ।

ਸੰਨ 1903 ਵਿਚ ਪਹਿਲਾ ਵੱਡਾ ਭਾਫ਼ ਟਰਬਾਈਨ ਨਾਲ ਚੱਲਣ ਵਾਲਾ ਏ. ਸੀ. ਜੈੱਨਰੇਟਰ ਸੰਯੁਕਤ ਰਾਜ ਦੀ ਅਮਰੀਕਨ ਜਨਰਲ ਇਲੈੱਕਟ੍ਰਿਕ ਕੰਪਨੀ ਨੇ ਬਣਾਇਆ ਸੀ ਤੇ ਸ਼ਿਕਾਗੋ ਵਿਖੇ ਲਗਾਇਆ ਗਿਆ ਸੀ। ਇਹ ਖੜ੍ਹੇ ਦਾਅ ਸਾਫ਼ਟ ਅਤੇ 5,000 ਕਿ. ਵਾ. ਸਮੱਰਥਾ ਵਾਲਾ ਸੀ। ਇਸ ਦੀ ਵਧੇਰੇ ਭਰੋਸੇਯੋਗ ਕਾਰਜ ਕੁਸ਼ਲਤਾ ਹੋਣ ਕਰਕੇ ਇਸ ਨੂੰ ਕੇਂਦਰੀ ਸਟੇਸ਼ਨ ਲਈ ਵਿਸ਼ਵ ਵਿਆਪੀ ਤੌਰ ਤੇ ਇਸਤੇਮਾਲ ਕੀਤਾ ਜਾਣ ਲੱਗ ਪਿਆ। ਕੁਝ ਸਾਲਾਂ ਬਾਅਦ ਭਾਫ਼ ਟਰਬਾਈਨ ਨਾਲ ਚਲਣ ਵਾਲੇ ਬਹੁਫ਼ੇਜ਼ੀ ਜੈੱਨਰੇਟਰ ਸਾਰੇ ਦੇ ਸਾਰੇ ਹੀ ਖਤਿਜੀ ਸੈਫ਼ਟ ਅਤੇ ਅੰਦਰੂਨੀ ਖੇਤਰੀ ਸੰਰਚਨਾ ਵਾਲੇ ਬਣਨ ਲੱਗ ਪਏ। ਵਧੇਰੇ ਵਧੀਆ ਸਾਮਾਨ ਦੇ ਸਾਧਨਾਂ ਸਦਕਾ 13,200 ਵੋਲਟ ਉੱਤੇ 50,000 ਕਿ. ਵਾ. ਸਮਰਥਾ ਤੇ 3600 ਚੱਕਰ ਪ੍ਰਤੀ ਮਿੰਟ ਵਾਲੇ ਜੈੱਨਰੇਟਰ ਆਮ ਹੋ ਗਏ ਸਨ। ਇਕਹਿਰੀ ਸਾਫ਼ਟ 200,000 ਕਿ. ਵਾ. ਸਮਰੱਥਾ ਤੇ 33,000 ਵੋਲਟ ਉੱਤੇ 3600 ਚੱਕਰ ਪ੍ਰਤੀ ਮਿੰਟ ਵਾਲਾ ਜੈੱਨਰੇਟਰ ਬਣਾਇਆ ਤੇ ਵਰਤਿਆ ਗਿਆ।

ਕੁਝ ਕੁ ਪਾਵਰ ਪਲਾਂਟਾਂ ਵਿਚ ਡੀਜ਼ਲ ਜਾਂ ਹੋਰ ਤੇਲਾਂ ਨਾਲ ਚੱਲਣ ਵਾਲੇ ਇੰਜਣਾਂ ਨਾਲ ਜੈੱਨਰੇਟਰਾਂ ਨੂੰ ਚਲਾਇਆ ਜਾਂਦਾ ਹੈ। ਏ. ਸੀ. ਜੈੱਨਰੇਟਰ ਨਾਲ ਡੈਂਪਰ ਜਾਂ ਐਮਾਰਟੀਸੇਉਰ ਵਾਈਡਿੰਗ ਅਤੇ ਵਾਧੂ ਕੰਪਨਾਂ ਨੂੰ ਖ਼ਤਮ ਕਰਨ ਲਈ ਫ਼ਲਾਈ-ਵ੍ਹੀਲ ਦਾ ਲੱਗਾ ਹੋਣਾ ਜ਼ਰੂਰੀ ਸੀ। ਤੁਲਕਾਲੀ ਮਸ਼ੀਨਾਂ ਵਿਚ ਹਾਈਡ੍ਰੋਜਨ ਕੂਲਿੰਗ ਦਾ ਪ੍ਰਬੰਧ ਪਹਿਲੀ ਵਾਰੀ ਸੰਨ 1928 ਵਿਚ ਕੀਤਾ ਗਿਆ। ਸੰਨ 1950 ਤੱਕ ਲਗਭਗ ਹਰੇਕ ਭਾਫ਼ ਟਰਬਾਈਨ ਨਾਲ ਚੱਲਣ ਵਾਲੇ ਜੈੱਨਰੇਟਰ ਜਿਨ੍ਹਾਂ ਦੀ ਸਮਰੱਥਾ 20,000 ਕਿ. ਵਾ. ਤੋਂ ਵੱਧ ਹੁੰਦੀ ਸੀ, ਲਈ ਹਾਈਡ੍ਰੋਜਨ ਕੂਲਿੰਗ ਦਾ ਪ੍ਰਬੰਧ ਹੁੰਦਾ ਸੀ। ਸੰਨ 1952 ਵਿਚ ਆਰਮੇਚਰ ਦੇ ਚਾਲਕਾਂ ਨੂੰ ਖੋਖਲੇ ਬਣਾ ਕੇ ਹਾਈਡ੍ਰੋਜਨ ਲੰਘਾਉਣ ਦੀ ਕਾਢ ਹੋਈ।

**ਡਾਇਰੈਕਟ ਕਰੰਟ ਜਾਂ ਅਪਰਤਵੀਂ ਕਰੰਟ ਜੈੱਨਰੇਟਰ**—ਇਕ ਡੀ. ਸੀ. ਜੈੱਨਰੇਟਰ ਵਿਚ ਖੇਤਰੀ ਸੰਰਚਨਾ ਗੋਲਾਕਾਰ ਘੇਰੇ ਦੇ ਦੁਆਲੇ ਉੱਤਰੀ ਤੇ ਦੱਖਣੀ ਧਰੁਵਾਂ ਦੀ ਕ੍ਰਮਵਾਰ ਲੜੀ ਲੱਗੀ ਹੁੰਦੀ ਹੈ। ਜਿਨ੍ਹਾਂ ਵਿਚਕਾਰਲਾ ਅੰਤਰ ਬਰਾਬਰ ਹੁੰਦਾ ਹੈ ਅਤੇ ਝਿਰੀਆਂ ਵਾਲੀਆਂ ਸਟੀਲ

ਦੀਆਂ ਪੱਤੀਆਂ ਦਾ ਬਣਿਆ ਹੋਇਆ ਆਰਮੇਚਰ ਜਿਸ ਵਿਚ ਬਿਜਲੀ ਚਾਲਕਾਂ ਦੀ ਵਾਈਂਡਿੰਗ ਕੀਤੀ ਹੁੰਦੀ ਹੈ ਆਦਿ ਹੁੰਦੇ ਹਨ। ਇਸ




ਚਿੱਤਰ 2. ਸਾਧਾਰਣ ਡੀ. ਸੀ. ਜੈੱਨਰੇਟਰ

ਸਾਧਾਰਣ ਪੱਤੀ ਦੀ ਮੋਟਾਈ 0.635 ਮਿ. ਮੀ. ਹੁੰਦੀ ਹੈ। ਬੇਸ਼ਕ ਖੇਤਰ ਜਾਂ ਆਰਮੇਚਰ ਸੰਰਚਨਾਵਾਂ ਦੋਵੇਂ ਘੁੰਮਣਸ਼ੀਲ ਕੀਤੀਆਂ ਜਾ ਸਕਦੀਆਂ ਹਨ ਪਰੰਤੂ ਜਿਥੋਂ ਤੱਕ ਡੀ. ਸੀ. ਜੈੱਨਰੇਟਰਾਂ ਦਾ ਸਬੰਧ ਹੈ ਕੇਵਲ ਆਰਮੇਚਰ ਸੰਰਚਨਾ ਨੂੰ ਹੀ ਘੁੰਮਣਸ਼ੀਲ ਰੱਖਿਆ ਜਾਂਦਾ ਹੈ। ਇਸ ਡੀ. ਸੀ. ਜੈੱਨਰੇਟਰ ਦੇ ਮੁੱਖ ਹਿੱਸੇ ਚਿੱਤਰ 2 ਵਿਚ ਦਰਸਾਏ ਗਏ ਹਨ।

ਡੀ. ਸੀ. ਜੈੱਨਰੇਟਰ ਦੇ ਇਕ ਖ਼ਾਸ ਕਿਸਮ ਦੇ ਆਰਮੇਚਰ ਦੀ ਸ਼ਾਫਟ ਉੱਤੇ ਦੋ ਸਪਾਈਡਰ ਲੱਗੇ ਹੁੰਦੇ ਹਨ ਜਿਨ੍ਹਾਂ ਵਿਚੋਂ ਇਕ ਉੱਤੇ ਆਰਮੇਚਰ ਅਤੇ ਦੂਜੇ ਦਿਸ਼ਾ-ਪਰਵਰਤਕ ਟਿਕੇ ਹੋਏ ਹਨ। ਕੋਰ ਪਤਲੀਆਂ ਪਤਲੀਆਂ ਸਟੀਲ ਦੀਆਂ ਪੱਤਰੀਆਂ ਦੀ ਬਣੀ ਹੁੰਦੀ ਹੈ ਜਿਹੜੀਆਂ ਇਕ ਦੂਜੀ ਨਾਲ ਬਿਜਲੀ-ਰੋਧੀ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਫ਼ਲੈਂਜ ਨਾਲ ਇਕੱਠੀਆਂ ਕੀਤਾ ਹੁੰਦਾ ਹੈ। ਕੋਰ ਦੀਆਂ ਝਿਰੀਆਂ ਵਿਚ ਤਾਂਬੇ ਦੇ ਚਾਲਕ ਹੁੰਦੇ ਹਨ ਜਿਨ੍ਹਾਂ ਨੂੰ ਕੋਰ ਨਾਲ ਬਿਜਲੀ-ਰੋਧੀ ਰੱਖਿਆ ਹੁੰਦਾ ਹੈ, ਅਜਿਹਾ ਕਰਨ ਲਈ ਕਾਗਜ਼, ਅਬਰਕ ਜਾਂ ਕੱਪੜਾ ਆਦਿ ਵਰਤਿਆ ਜਾਂਦਾ ਹੈ। ਫਾਨਿਆਂ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਆਪਣੀ ਆਪਣੀ ਝਿਰੀ ਵਿਚ ਕਸਿਆ ਹੁੰਦਾ ਹੈ। ਜਿਹੜਾ ਹਿੱਸਾ ਪਾਸਿਆਂ ਉੱਤੇ ਝਿਰੀਆਂ ਤੋਂ ਬਾਹਰ ਰਹਿ ਜਾਂਦਾ ਹੈ, ਉਸ ਨੂੰ ਸਟੀਲ ਦੀ ਤਾਰ ਨਾਲ ਫ਼ਲੈਂਜ ਦੁਆਰਾ ਕਸਿਆ ਜਾਂਦਾ ਹੈ। ਦਿਸ਼ਾ-ਪਰਿਵਰਤਕ ਅਨੇਕ ਤਾਂਬੇ ਦੇ ਹਿੱਸਿਆਂ ਦਾ ਬਣਿਆ ਹੁੰਦਾ ਹੈ। ਇਹ ਹਿੱਸੇ ਇਕ ਦੂਜੇ ਤੋਂ ਅਤੇ ਸਪਾਈਡਰ ਤੇ ਫ਼ਲੈਂਜਾਂ ਤੋਂ ਅਬਰਕ ਦੀ ਪਰਤ ਪਾ ਕੇ ਬਿਜਲ-ਰੋਧੀ ਕੀਤੇ ਹੁੰਦੇ ਹਨ। ਛੋਟੀਆਂ-ਛੋਟੀਆਂ ਮਸ਼ੀਨਾਂ ਵਿਚ ਆਰਮੇਚਰ ਕੱਇਲ ਦੇ ਸਿਰਿਆਂ ਨੂੰ ਦਿਸ਼ਾ-ਪਰਿਵਰਤਕ ਦੇ ਹਿੱਸਿਆਂ ਨਾਲ ਸਿੱਧੇ ਤੌਰ ਤੇ ਵੱਡੀਆਂ-ਵੱਡੀਆਂ ਮਸ਼ੀਨਾਂ ਵਿਚ ਵਾਧੂ ਤਾਂਬੇ ਦੀਆਂ ਪੱਤੀਆਂ ਨੂੰ ਬਾਹਰ ਵਧਾ ਕੇ ਜੋੜਿਆ ਜਾਂਦਾ ਹੈ।

ਖੇਤਰ ਦੀ ਬਣਤਰ ਸਟੀਲ ਦੇ ਛੱਲਿਆਂ ਦੀ ਬਣੀ ਹੁੰਦੀ ਹੈ ਜਿਹੜੇ ਕਿ ਅੰਦਰੋਂ ਮੁੱਖ ਸੰਰਚਨਾ ਅਤੇ ਦਿਸ਼ਾ-ਪਰਿਵਰਤਕ ਦੇ ਧਰੁਵਾਂ ਜਾਂ ਪੋਲਾਂ ਨਾਲ ਕਸੇ ਹੁੰਦੇ ਹਨ। ਮੁੱਖ ਧਰੁਵ ਸਟੀਲ ਦੀਆਂ ਪੱਤੀਆਂ ਦੇ ਬਣਾਏ ਹੁੰਦੇ ਹਨ ਜਿਨ੍ਹਾਂ ਦੀ ਚੌੜਾਈ ਆਰਮੇਚਰ ਕੋਰ ਦੀਆਂ ਪੱਤੀਆਂ ਨਾਲੋਂ ਵੱਧ ਹੁੰਦੀ ਹੈ। ਧਰੁਵਾਂ ਦਾ ਹੇਠਲਾ ਭਾਗ ਕੁਝ ਵਧੇਰਾ ਚੌੜਾ ਰੱਖਿਆ ਜਾਂਦਾ ਹੈ ਤਾਂ ਜੋ ਚੁੰਬਕੀ ਰੇਖਾਵਾਂ, ਆਰਮੇਚਰ ਦੇ ਵੱਧ ਤੋਂ ਵੱਧ ਹਿੱਸੇ ਵਿਚ ਦੀ ਲੰਘਣ। ਧਰੁਵ ਦੇ ਸ਼ੂ ਅਤੇ ਧਰੁਵ ਕੋਰ ਦੇ ਦੁਆਲੇ ਚੁੰਬਕੀ ਖੇਤਰ ਦੀਆਂ ਕੱਇਲਾਂ ਫਿੱਟ ਕੀਤੀਆਂ ਜਾਂਦੀਆਂ ਹਨ। ਸ਼ੰਟ ਖੇਤਰ ਕੱਇਲਾਂ ਨੂੰ ਖੇਤਰ ਨਾਲ ਸੀਰੀਜ਼ ਵਿਚ ਰੀਓਸਟੈਟ ਦੀ ਸਹਾਇਤਾ ਨਾਲ ਬੁਰਸ਼ਾਂ ਦੇ ਵਿਚਕਾਰ ਜੋੜਿਆ ਜਾਂਦਾ ਹੈ ਜਿਨ੍ਹਾਂ ਉੱਤੇ ਬਿਜਲੀ-ਰੋਧੀ ਤਾਰ ਨਾਲ ਬਹੁਤ ਵੱਡੀ ਗਿਣਤੀ ਵਿਚ ਟਰਨਾਂ ਵਲੀਆਂ ਹੁੰਦੀਆਂ ਹਨ।

ਜੇਕਰ ਇਕ ਤੋਂ ਵੱਧ ਟਰਨਾਂ ਵਾਲੀ ਕੱਇਲ ਦੀ ਵਰਤੋਂ ਕਰਨੀ ਪਵੇ ਤਾਂ ਕੁੰਡਲੀ ਦੀਆਂ ਹੇਠ ਲਿਖੇ ਤਰੀਕਿਆਂ ਨਾਲ ਕੱਇਲਾਂ ਵਲੀਆਂ ਜਾਂਦੀਆਂ ਹਨ।

**(ੳ) ਰਿੰਗ ਜਾਂ ਛੱਲਾ ਵਾਈਂਡਿੰਗ**—ਜਦੋਂ ਇਕ ਟਰਨ ਦੀ ਥਾਂ ਵੱਧ ਟਰਨਾਂ ਵਾਲੀ ਕੱਇਲ ਨੂੰ ਝਿਰੀਆਂ ਦੇ ਅੰਦਰ ਵਲਨਾ ਹੋਵੇ ਤਾਂ ਇਸ ਦੇ ਸਿਰਿਆਂ ਨੂੰ ਦਿਸ਼ਾ-ਪਰਿਵਰਤਕ ਦੀਆਂ ਛੜਾਂ ਨਾਲ ਜੋੜ ਕੇ ਟਰਨਾਂ ਦੀ ਗਿਣਤੀ ਲੋੜ ਅਨੁਸਾਰ ਵਧਾਈ ਜਾਂਦੀ ਹੈ। ਆਮ ਕਰਕੇ ਡੀ. ਸੀ. ਜੈੱਨਰੇਟਰ ਵਿਚ ਵੋਲਟੇਜ ਬਹੁਤ ਘੱਟ ਬਦਲਦੀ ਹੈ। ਇਸ ਵੋਲਟੇਜ ਵਿਚਲੀ ਤਬਦੀਲੀ ਨੂੰ ਘਟਾਉਣ ਲਈ ਕੱਇਲਾਂ ਅਤੇ ਦਿਸ਼ਾ ਪਰਿਵਰਤਕਾਂ ਦੀ ਗਿਣਤੀ ਵਧਾਈ ਜਾਂਦੀ ਹੈ। ਅਜਿਹਾ ਕਰਨ ਲਈ ਰਿੰਗ ਜਾਂ ਛੱਲਾ ਵਾਈਂਡਿੰਗ ਦਾ ਇਸਤੇਮਾਲ ਕੀਤਾ ਜਾਂਦਾ ਹੈ (ਚਿੱਤਰ 3)।




ਚਿੱਤਰ 3. ਡੀ. ਸੀ. ਜੈੱਨਰਟੇਰ ਲਈ ਰਿੰਗ ਜਾਂ ਛੱਲਾ ਵਾਈਂਡਿੰਗ

**(ਅ) ਡਰੱਮ ਵਾਈਂਡਿੰਗ**—ਆਰਥਿਕ ਅਤੇ ਯੰਤ੍ਰਿਕ ਕਾਰਨਾਂ ਕਰਕੇ ਰਿੰਗ ਵਾਈਂਡਿੰਗ ਦੀ ਥਾਂ ਡਰੱਮ ਵਾਈਂਡਿੰਗ ਨੇ ਲੈ ਲਈ ਹੈ। ਇਹ ਅਕਸਰ ਲੈਪ ਕਿਸਮ ਦੀ ਕੀਤੀ ਜਾਂਦੀ ਹੈ। ਕੱਇਲਾਂ ਨੂੰ ਇਕ ਪਾਸੇ ਤੋਂ ਉਪਰ ਵੱਲ ਤੇ ਦੂਜੇ ਪਾਸੇ ਤੋਂ ਥੱਲੇ ਵੱਲ ਕਰਕੇ ਵਲਿਆ ਜਾਂਦਾ ਹੈ। ਇਹ ਤਾਂਬੇ ਦੀ ਤਾਰ ਦੀਆਂ ਟਰਨਾਂ ਇਕ ਦੂਜੀ ਤੋਂ ਬਿਜਲੀ-ਰੋਧੀ ਕਰਕੇ ਕਸੀਆਂ ਜਾਂਦੀਆਂ ਹਨ। ਕੱਇਲਾਂ ਦੇ ਸਿਰੇ ਦਿਸ਼ਾ ਪਰਿਵਰਤਕਾਂ ਨਾਲ ਜੋੜੇ ਜਾਂਦੇ ਹਨ। ਹਰ ਇਕ ਕੱਇਲ ਇਕ ਝਿਰੀ ਅੱਗੇ ਕਰਕੇ ਇਸ ਤਰ੍ਹਾਂ ਵਲੀ ਜਾਂਦੀ ਹੈ ਕਿ ਸਮੁੱਚੀ ਵਾਇਡਿੰਗ ਆਰਮੇਚਰ ਦੇ ਦੁਆਲੇ ਇਕ ਬੰਦ ਲੂਪ ਦਾ ਰੂਪ ਧਾਰਨ ਕਰ ਲੈਂਦੀ ਹੈ। (ਚਿੱਤਰ 4)।

**ਸਵੈ-ਉਤੇਜਿਤ ਜੈੱਨਰੇਟਰ**—ਜੈੱਨਰੇਟਰ ਦੇ ਖੇਤਰ ਦੀ ਵਾਈਂਡਿੰਗ ਦੇ ਕਿਸੇ ਹੋਰ ਸੋਮੇ ਤੋਂ ਕਰੰਟ ਲੈਣ ਕਾਰਨ ਇਸ ਨੂੰ ਵੱਖਰੇ ਤੌਰ ਤੇ ਉਤੇਜਿਤ ਕੀਤਾ ਜਾਂਦਾ ਹੈ। ਬੇਸ਼ਕ ਬੈਟਰੀ ਨੂੰ ਸੋਮੇ ਵਜੋਂ ਦਰਸਾਇਆ ਜਾਂਦਾ ਹੈ ਪਰੰਤੂ ਆਮ ਕਰਕੇ ਵੱਖਰੇ ਤੌਰ ਤੇ ਉਤੇਜਿਤ

ਜੈੱਨਰੇਟਰ ਇਕ ਛੋਟੇ ਡੀ. ਸੀ. ਜੈੱਨਰੇਟਰ ਤੋਂ ਕਰੰਟ ਲੈਂਦੇ ਹਨ ਜਿਸ ਨੂੰ ਉਤੇਜਕ ਕਿਹਾ ਜਾਂਦਾ ਹੈ। ਇਕ ਉਤੇਜਕ ਨੂੰ ਅਕਸਰ ਜੈੱਨਰੇਟਰ




**ਚਿੱਤਰ 4. ਡੀ. ਸੀ. ਜੈੱਨਰੇਟਰ ਦੇ ਆਰਮੇਚਰ ਦੀ ਲੈਂਪ ਵਾਈਂਡਿੰਗ**

ਦੀ ਵਧੀ ਹੋਈ ਸ਼ਾਫਟ ਉੱਤੇ ਕਸਿਆ ਜਾਂਦਾ ਹੈ ਅਤੇ ਦੋਵੇਂ ਹੀ ਮੁੱਖ ਚਾਲਕ ਦੁਆਰਾ ਘੁੰਮਾਏ ਜਾਂਦੇ ਹਨ। ਡੀ. ਸੀ. ਜੈੱਨਰੇਟਰ ਦੀ ਖੇਤਰੀ ਵਾਈਂਡਿੰਗ ਵਿਚੋਂ ਕਰੰਟ ਨੂੰ ਰੋਕ ਲਿਆ ਜਾਂਦਾ ਹੈ ਤਾਂ ਪਿੱਛੇ ਚੁੰਬਕੀ ਸਰਕਟ ਵਿਚ ਕੁਝ ਕੁ ਚੁੰਬਕੀ ਰੇਖਾਵਾਂ ਰਹਿ ਜਾਂਦੀਆਂ ਹਨ। ਇਸ ਦੇ ਸਿੱਟੇ ਵਜੋਂ ਜਦੋਂ ਜੈੱਨਰੇਟਰ ਨੂੰ ਨਿਰਧਾਰਤ ਚਾਲ ਨਾਲ ਚਲਾਇਆ ਜਾਂਦਾ ਹੈ ਤਾਂ ਨਿਰਧਾਰਤ ਵੋਲਟੇਜ ਦੀ 5 ਪ੍ਰਤਿਸ਼ਤ ਵੋਲਟੇਜ ਆਰਮੇਚਰ ਦੇ ਪੁਆਇੰਟਾਂ ਵਿਚਕਾਰ ਰਹਿ ਜਾਂਦੀ ਹੈ। ਕਿਸੇ ਵੋਲਟੇਜ ਨੂੰ ਵਾਈਂਡਿੰਗ ਵਿਚ ਦੀ ਲੰਘਾ ਕੇ ਸਵੈ-ਉਤੇਜਿਤ ਜੈੱਨਰੇਟਰ ਵਿਚ ਵਧੇਰੇ ਵੋਲਟੇਜ ਪੈਦਾ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਵੱਖੋ ਵੱਖਰੇ ਢੰਗਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਵੇਂ ਕਿ ਸ਼ੰਟ ਲੱਗਿਆ ਜੈੱਨਰੇਟਰ (ਚਿੱਤਰ 5), ਲੜੀ ਵਿਚ ਲੱਗਿਆ ਜੈੱਨਰੇਟਰ (ਚਿੱਤਰ 6) ਅਤੇ ਕੰਪਾਊਂਡ ਜੈੱਨਰੇਟਰ (ਚਿੱਤਰ 7) ਆਦਿ।




**ਚਿੱਤਰ 5. ਸ਼ੰਟ ਲੱਗੇ ਜੈੱਨਰੇਟਰ ਦੇ ਕਨੈੱਕਸ਼ਨ**

**ਪਰਤਵੀਂ-ਕਰੰਟ ਵਾਲੇ ਜੈੱਨਰੇਟਰ ਜਾਂ ਏ. ਸੀ. ਜੈੱਨਰੇਟਰ**—ਇਸ ਵਿਚ ਡੀ. ਸੀ. ਜੈੱਨਰੇਟਰ ਦੀਆਂ ਦੋ ਦਿਸ਼ਾ-ਪਰਿਵਰਤਕ ਛੜਾਂ ਦੀ ਥਾਂ ਦੋ ਛੱਲੇ ਨਾਲ ਨਾਲ ਲੰਘਾਏ ਜਾਂਦੇ ਹਨ ਜਿਹੜੇ ਆਰਮੇਚਰ ਕੱਇਲ ਨੂੰ ਘੁੰਮਾਉਣ ਵਾਲੀ ਸ਼ਾਫਟ ਤੋਂ ਬਿਜਲੀ ਰੋਧੀ ਹੁੰਦੇ ਹਨ। ਕੱਇਲ ਦਾ ਇਕ ਸਿਰਾ ਇਕ ਛੱਲੇ ਨਾਲ ਅਤੇ ਦੂਜਾ ਸਿਰਾ ਦੂਜੇ ਛੱਲੇ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਦੋਵੇਂ ਛੱਲਿਆਂ ਉੱਤੇ ਰਗੜ ਖਾਂਦੇ ਬੁਰਸ਼ਾਂ ਦੀ ਸਹਾਇਤਾ ਨਾਲ ਬਾਹਰ




**ਚਿੱਤਰ 6. ਲੜੀ ਵਿਚ ਲੱਗੇ ਜੈੱਨਰੇਟਰ ਦੇ ਕਨੈੱਕਸ਼ਨ**




**ਚਿੱਤਰ 7. ਕੰਪਾਊਂਡ ਜੈੱਨਰੇਟਰ ਦੇ ਕਨੈੱਕਸ਼ਨ**

ਲਿਆਂਦਾ ਜਾਂਦਾ ਹੈ। ਜਦੋਂ ਆਰਮੇਚਰ ਸੰਰਚਨਾ ਸਥਿਰ ਅਤੇ ਖੇਤਰੀ ਧਰੁਵ ਘੁੰਮਦੇ ਹੋਣ ਤਾਂ ਆਰਮੇਚਰ ਵਾਈਂਡਿੰਗ ਨੂੰ ਕਸਣਾ ਅਤੇ ਬਿਜਲੀ-ਰੋਧੀ ਕਰਨਾ ਇਸ ਢੰਗ ਨਾਲ ਸਸਤਾ ਪੈਂਦਾ ਹੈ। ਧਰੁਵਾਂ ਦੀ ਵਾਈਂਡਿੰਗ ਨੂੰ ਸ਼ਾਫਟ ਉੱਤੇ ਲੱਗੇ ਬਿਜਲ-ਰੋਧੀ ਛੱਲਿਆਂ ਨਾਲ ਜੋੜਿਆ ਜਾਂਦਾ ਹੈ ਜਿਹੜੇ ਕਿ ਵੱਖਰੇ ਤੌਰ ਤੇ ਉਤੇਜਕ ਰਾਹੀਂ ਡੀ. ਸੀ. ਕਰੰਟ ਦੇ ਕੇ ਉਤੇਜਿਤ ਕੀਤੇ ਜਾਂਦੇ ਹਨ।

ਧਰੁਵਾਂ ਦੇ ਅਕਾਰ ਨਿਸ਼ਚਿਤ ਕਰਕੇ ਅਤੇ ਆਰਮੇਚਰ ਕੱਇਲ ਦੇ ਸਹੀ ਕਨੈਕਸ਼ਨ ਕਰਕੇ ਏ. ਸੀ. ਜੈੱਨਰੇਟਰ ਨੂੰ ਹਰ ਹਾਲਤ ਵਿਚ ਸਾਈਨ ਤਰੰਗ ਵਾਲੀ ਵੋਲਟੇਜ ਦੇਣੀ ਚਾਹੀਦੀ ਹੈ। ਬਹੁਤੇ ਏ. ਸੀ. ਜੈੱਨਰੇਟਰ ਤਿੰਨ ਫ਼ੇਜ਼ ਵਾਲੇ ਤੇ ਤਿੰਨ ਪੁਆਇੰਟਾਂ ਵਾਲੇ ਹੁੰਦੇ ਹਨ। ਆਰਮੇਚਰ ਵਾਈਂਡਿੰਗ ਨੂੰ ਤਿੰਨ ਵੱਖੋ-ਵੱਖਰੇ ਭਾਗਾਂ ਵਿਚ ਵੰਡਿਆ ਜਾਂਦਾ ਹੈ ਜਿਹੜੇ ਚੱਕਰ ਦੇ 1/3 ਹਿੱਸੇ ਵਿਚ ਵਾਰੀ-ਵਾਰੀ ਵੋਲਟੇਜ ਪੈਦਾ ਕਰਦੇ ਹਨ। ਇਸ ਤਰ੍ਹਾਂ ਪੈਦਾ ਕੀਤੀ ਜਾਣ ਵਾਲੀ ਵੋਲਟੇਜ ਦੀ

ਮਿਕਦਾਰ ਖੇਤਰੀ ਕਰੰਟ ਨੂੰ ਬਦਲ ਕੇ (ਉਤੇਜਕ ਦੇ ਖੇਤਰੀ ਸਰਕਟ ਵਿਚ ਰੀਓਸਟੈਟ ਲਗਾ ਕੇ) ਵਧਾਈ ਘਟਾਈ ਜਾ ਸਕਦੀ ਹੈ।

ਮੁੱਖ ਚਾਲਕ ਦੇ ਆਧਾਰ ਉੱਤੇ ਇਨ੍ਹਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾਂਦਾ ਹੈ–

(ੳ) ਭਾਫ਼-ਟਰਬਾਈਨ ਨਾਲ ਚੱਲਣ ਵਾਲਾ ਜੈੱਨਰੇਟਰ,

(ਅ) ਜਲ-ਚਾਲਕ ਵ੍ਹੀਲ ਨਾਲ ਚੱਲਣ ਵਾਲਾ ਏ. ਸੀ. ਜੈੱਨਰੇਟਰ,

(ੲ) ਇੰਜਣ ਨਾਲ ਚੱਲਣ ਵਾਲੇ ਏ. ਸੀ. ਜੈੱਨਰੇਟਰ

**ਵਿਸ਼ੇਸ਼ ਕਿਸਮ ਦੇ ਜੈੱਨਰੇਟਰ—**ਇਕੋ ਜਿਹੇ ਧਰੁਵਾਂ ਵਾਲੇ ਜੈੱਨਰੇਟਰ ਪਹਿਲਾਂ ਬਣੇ ਸਨ ਅਤੇ ਕੇਵਲ ਇਹੋ ਇਕ ਯੰਤਰ ਸੀ ਜਿਸ ਨਾਲ ਦਿਸ਼ਾ ਪਰਿਵਰਤਕ ਤੋਂ ਬਗੈਰ ਅਪਵਰਤਵਾਂ ਕਰੰਟ ਪੈਦਾ ਹੁੰਦਾ ਸੀ। ਇਸ ਦੀ ਵਧੇਰੇ ਲਾਗਤ ਅਤੇ ਘੱਟ ਸੁਯੋਗਤਾ ਹੋਣ ਕਰਕੇ ਇਹ ਵਪਾਰਕ ਤੌਰ ਤੇ ਲਾਹੇਵੰਦ ਸਿੱਧ ਨਹੀਂ ਹੋ ਸਕਿਆ ਕਿਉਂਕਿ ਇਸ ਦੇ ਬਰਾਬਰ ਦੀ ਦਿਸ਼ਾ-ਪਰਿਵਰਤਕ ਮਸ਼ੀਨ ਦੀ ਲਾਗਤ ਘੱਟ ਤੇ ਸੁਯੋਗਤਾ ਵਧੇਰੇ ਹੁੰਦੀ ਹੈ। ਇਕ ਸਥਿਰ ਚੁੰਬਕੀ ਖੇਤਰ ਧਰੁਵਾਂ ਵਾਲੇ ਜੈੱਨਰੇਟਰ ਦੀ ਵਰਤੋਂ ਕਈ ਵਾਰੀ ਰਫ਼ਤਾਰ ਦੀ ਮਿਣਤੀ ਨਿਯੰਤਰਣ ਅਤੇ ਜਲਨ ਸਿਸਟਮ ਦੇ ਮੈਗਨੈਟੋ ਲਈ ਕੀਤੀ ਜਾਂਦੀ ਹੈ।

ਆਟੋਮੋਬੀਲ ਲਈ ਖ਼ਾਸ ਕਿਸਮ ਦੇ ਡੀ. ਸੀ. ਜੈੱਨਰੇਟਰ ਜਾਂ ਨਿਯੰਤਰਣ ਦੀ ਜ਼ਰੂਰਤ ਪੈਂਦੀ ਹੈ ਤਾਂ ਜੋ ਘੱਟ ਰਫ਼ਤਾਰ ਉੱਤੇ ਲੋੜੀਂਦੀ ਕਰੰਟ ਦਿੱਤੀ ਜਾਵੇ ਅਤੇ ਉੱਚ ਰਫ਼ਤਾਰ ਉੱਤੇ ਜ਼ਰੂਰਤ ਤੋਂ ਜ਼ਿਆਦਾ ਕਰੰਟ ਨਾ ਜਾਵੇ। ਤੀਜੇ ਬੁਰਸ਼ ਵਾਲੇ ਮੁੱਢਲੇ ਜੈੱਨਰੇਟਰਾਂ ਲਈ ਆਰਮੇਚਰ ਦੀ ਕਰੰਟ ਦੇ ਭੇਦਦਰਸ਼ੀ ਚੁੰਬਕੀ ਪ੍ਰਭਾਵ ਦੀ ਵਰਤੋਂ ਕਰਕੇ ਲੋੜੀਂਦੀ ਕਰੰਟ ਨੂੰ ਸੀਮਾ-ਬੱਧ ਕੀਤਾ ਜਾਂਦਾ ਸੀ। ਆਧੁਨਿਕ ਜੈੱਨਰੇਟਰਾਂ ਵਿਚ ਕੇਵਲ ਦੋ ਬੁਰਸ਼ ਹੀ ਹੁੰਦੇ ਹਨ। ਇਕ ਰੇਲ-ਗੱਡੀ ਨਾਲ ਲੱਗਿਆ ਹੋਇਆ ਡੀ. ਸੀ. ਜੈੱਨਰੇਟਰ ਪਟੇ ਰਾਹੀਂ ਪਹੀਏ ਦੇ ਧੁਰੇ ਨਾਲ ਜੁੜਿਆ ਹੁੰਦਾ ਹੈ ਜਿਹੜਾ ਅਨੇਕ ਵੱਖੋ ਵੱਖਰੀਆਂ ਰਫ਼ਤਾਰਾਂ ਉੱਤੇ ਚਲਦਾ ਹੈ ਅਤੇ ਗੱਡੀ ਦੀ ਗਤੀ ਦੀ ਦਿਸ਼ਾ ਬਦਲਣ ਦੇ ਨਾਲ ਹੀ ਇਸ ਦੀ ਵੀ ਦਿਸ਼ਾ ਬਦਲ ਜਾਂਦੀ ਹੈ।

ਜੇਕਰ ਇਕ ਪ੍ਰੇਰਣ ਮੋਟਰ ਏ. ਸੀ. ਲਾਈਨ ਨਾਲ ਜੁੜੀ ਹੋਵੇ ਤੇ ਉਸ ਨੂੰ ਮੁੱਖ ਚਾਲਕ ਨਾਲ ਘੁੰਮਾਇਆ ਜਾਵੇ ਅਤੇ ਇਸ ਦੀ ਗਤੀ ਤੁਲਕਾਲੀ ਗਤੀ ਤੋਂ ਵਧੇਰੇ ਹੋਵੇ ਤਾਂ ਇਹ ਇਕ ਪ੍ਰੇਰਣ ਜੈੱਨਰੇਟਰ ਦਾ ਕੰਮ ਕਰੇਗੀ ਅਤੇ ਲਾਈਨ ਨੂੰ ਬਿਜਲਈ ਊਰਜਾ ਪ੍ਰਦਾਨ ਕਰੇਗੀ। ਇਸ ਕਿਸਮ ਦੇ ਜੈੱਨਰੇਟਰ ਦਾ ਉਪਯੋਗ ਸੀਮਿਤ ਹੈ ਕਿਉਂਕਿ ਇਸ ਲਈ ਇਕ ਹੋਰ ਏ. ਸੀ. ਊਰਜਾ ਦੇ ਸੋਮੇ ਦੀ ਜ਼ਰੂਰਤ ਪੈਂਦੀ ਹੈ।

ਹ. ਪੁ.–ਐਨ. ਬ੍ਰਿ. 10 : 73

**ਜੈਨਲਨ ਗੁਫਾਵਾਂ** : ਆਸਟ੍ਰੇਲੀਆ ਦੇ ਪੂਰਬੀ ਕੇਂਦਰੀ ਨਿਊ ਸਾਊਥ ਵੇਲਜ਼ ਰਾਜ ਵਿਚ ਸਿਡਨੀ ਤੋਂ 113 ਕਿ. ਮੀ. ਪੱਛਮ ਵੱਲ ਇਹ ਕੁਦਰਤੀ ਗੁਫਾਵਾਂ ਹਨ। ਇਹ ਬਲਿਊ ਮਾਊਂਟੇਨਜ਼ ਦੇ ਪੱਛਮੀ ਹਿੱਸੇ ਉੱਤੇ ਲਗਭਗ 800 ਮੀ. ਦੀ ਉਚਾਈ ਉੱਤੇ ਚੂਨੇ ਦੀਆਂ ਚਟਾਨਾਂ ਵਾਲੇ ਖੇਤਰ ਵਿਚ ਉੱਤਰ ਤੋਂ ਦੱਖਣ ਦੀ ਦਿਸ਼ਾ ਵਿਚ ਪਾਈਆਂ ਜਾਂਦੀਆਂ ਹਨ। ਇਥੋਂ ਦੀਆਂ ਚੂਨੇ ਦੀਆਂ ਚਟਾਨਾਂ ਜੈਕਲਨ ਨਦੀ ਦੇ ਪਾਣੀ ਵਿਚ ਘੁੱਲ ਗਈਆਂ ਜਿਨ੍ਹਾਂ ਵਿਚੋਂ ਕੁਝ ਹਿੱਸਾ ਬਚ ਗਿਆ ਜਿਹੜਾ ਅੱਜਕੱਲ੍ਹ ਗੁਫਾਵਾਂ ਦੀ ਸ਼ਕਲ ਵਿਚ ਵਿਖਾਈ ਦਿੰਦਾ ਹੈ। ਇਨ੍ਹਾਂ ਗੁਫਾਵਾਂ ਵਿਚ ਛੱਤ ਤੋਂ ਹੇਠਾਂ ਵੱਲ ਨੂੰ ਚੂਨੇ ਦੇ ਥੰਮ ਜਿਹੇ ਵੀ ਬਣੇ ਹੋਏ ਹਨ। ਇਹ ਗੁਫਾਵਾਂ ਪਠਾਰ ਉਪਰ 4-5 ਲੜੀਆਂ ਵਿਚ ਹਨ। ਇਨ੍ਹਾਂ ਉੱਤੇ ਹੀ 121 ਮੀ. ਉੱਚੀ ਮਹਿਰਾਬ ਜਿਹੀ ਬਣੀ ਹੋਈ ਹੈ ਜਿਹੜੀ ਸੁਰੰਗ ਦਾ ਕੰਮ ਦਿੰਦੀ ਹੈ। ਇਸ ਵਿਚੋਂ ਦੀ ਸੜਕ ਮਾਰਗ ਬਣਿਆ ਹੋਇਆ ਹੈ।

ਇਨ੍ਹਾਂ ਗੁਫਾਵਾਂ ਵਾਲੇ ਖੇਤਰ ਵਿਚ ਆਸਟ੍ਰੇਲੀਆ ਦੇ ਆਦਿਵਾਸੀ ਰਹਿੰਦੇ ਸਨ। 1830 ਦੇ ਦਹਾਕੇ ਵਿਚ ਪਹਿਲੀ ਵੇਰ ਜੇਮਸ ਮੈਕਿਓਨ ਨਾਂ ਦਾ ਯੂਰਪੀਨ ਜਾਂਗਲੀ ਇਧਰ ਆਇਆ ਸੀ। ਉਸ ਤੋਂ ਪਿੱਛੋਂ 1866 ਈ. ਵਿਚ ਇਨ੍ਹਾਂ ਨੂੰ ਸਰਕਾਰੀ ਤੌਰ ਤੇ ਸੈਰਗਾਹ ਬਣਾ ਦਿੱਤਾ ਗਿਆ। ਇਥੋਂ ਦੀਆਂ 12 ਸੁਰੰਗਾਂ ਵਿਚ ਦਰਸ਼ਕ ਜਾ ਸਕਦੇ ਹਨ। ਇਥੇ ਹਰ ਸਾਲ 1,50,000 ਤੋਂ ਵੀ ਵੱਧ ਸੈਲਾਨੀ ਇਥੋਂ ਦੇ ਨਜ਼ਾਰਿਆਂ ਦਾ ਆਨੰਦ ਮਾਣਨ ਲਈ ਆਉਂਦੇ ਹਨ। ਓਬੀਰਾਨ ਇਨ੍ਹਾਂ ਦੀ ਸੈਰਗਾਹ ਹੈ।

33° 49′ ਦੱ. ਵਿਥ.; 150° 02′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5 : 543; ਹਿੰ. ਵਿ. ਕੋ. 5 : 33

**ਜੈਨਲਾਵਦੀ (ਜੈਨੁਲ ਆਬਿਦੀਨ)** : ਇਹ ਇਮਾਮ ਹੁਸੈਨ ਦਾ ਪੁੱਤਰ ਸੀ ਜਿਸ ਤੋਂ ਸੱਯਦ ਬੰਸ਼ ਚਲਿਆ ਹੈ। ਇਸ ਦਾ ਜਨਮ 657 ਈ. ਵਿਚ ਅਤੇ ਮੌਤ 713 ਈ. ਵਿਚ ਹੋਈ। ਇਸਲਾਮ ਵਿਚ ਬੀਬੀ ਫ਼ਾਤਿਮਾ ਅਤੇ ਹਜ਼ਰਤ ਅਲੀ ਦੇ ਬੰਸ਼ ਦੇ ਲੋਕਾਂ ਲਈ ਸੱਯਦ ਪਦ ਵਰਤਿਆ ਗਿਆ ਹੈ। ਮੁਸਲਮਾਨ ਸੱਯਦਾਂ ਨੂੰ ਬਹੁਤ ਸਨਮਾਨ ਨਾਲ ਦੇਖਦੇ ਹਨ। ਇਨ੍ਹਾਂ ਨੂੰ ਬਾਦਸ਼ਾਹ ਸ਼ਾਹ, ਪੀਰ, ਸ਼ਰੀਫ਼ ਆਦਿਕ ਪਦਾਂ ਨਾਲ ਬੁਲਾਇਆ ਜਾਂਦਾ ਹੈ।

ਮੁਗ਼ਲ ਬਾਦਸ਼ਾਹਾਂ ਵੇਲੇ ਬਾਦਸ਼ਾਹ ਦੇ ਰਥਵਾਨ ਕੇਵਲ ਸੱਯਦ ਹੋਇਆ ਕਰਦੇ ਸਨ ਕਿਉਂਕਿ ਹੋਰ ਕਿਸੇ ਨੂੰ ਬਾਦਸ਼ਾਹ ਵੱਲ ਪਿੱਠ ਕਰਕੇ ਬੈਠਣ ਦਾ ਅਧਿਕਾਰ ਨਹੀਂ ਸੀ।

ਹ. ਪੁ.–ਮ. ਕੋ. : 534

**ਜੈਨਵੀਵ, ਸੇਂਟ** (Genevieve, Saint) : ਇਹ ਪੈਰਿਸ ਦੀ ਸਰਪ੍ਰਸਤ ਸੰਤ ਸੀ ਜਿਸ ਨੇ ਉਸ ਸ਼ਹਿਰ ਨੂੰ ਹੂੰਨਾਂ ਤੋਂ ਬਚਾਇਆ ਸੀ। ਰਵਾਇਤ ਅਨੁਸਾਰ ਇਸ ਦਾ ਜਨਮ ਨੈਂਤਰੇ ਵਿਖੇ ਲ. 422 ਈ. ਵਿਚ ਹੋਇਆ। ਸੱਤ ਸਾਲਾਂ ਦੀ ਉਮਰ ਵਿਚ ਸੇਂਟ ਜਰਮੇਨ ਬਿਸ਼ਪ ਨੇ ਇਸ ਨੂੰ ਆਪਣਾ ਜੀਵਨ ਧਾਰਮਕ ਪਾਸੇ ਲਗਾਉਣ ਲਈ ਪ੍ਰੇਰਿਆ। ਆਪਣੇ ਮਾਪਿਆਂ ਦੀ ਮੌਤ ਮਗਰੋਂ ਇਹ ਪੈਰਿਸ ਚਲੀ ਗਈ ਜਿੱਥੇ ਇਸ ਨੇ ਅਧਿਆਤਮਕ ਪ੍ਰਗਤੀ ਕੀਤੀ। ਇਸ ਨੇ ਹੂੰਨਾਂ ਦੇ ਹਮਲੇ ਬਾਰੇ ਭਵਿੱਖਬਾਣੀ ਕੀਤੀ ਸੀ ਅਤੇ ਜਦੋਂ 451 ਈ. ਵਿਚ ਐਟਿਲਾ ਦੀ ਫ਼ੌਜ ਦਾ ਸ਼ਹਿਰ ਨੂੰ ਖਤਰਾ ਬਣਿਆ ਹੋਇਆ ਸੀ ਤਾਂ ਇਸ ਨੇ ਲੋਕਾਂ ਨੂੰ ਕਿਹਾ ਕਿ ਉਹ ਟਿਕੇ ਰਹਿਣ ਕਿਉਂਕਿ ਹਮਲੇ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ। ਐਟਿਲਾ ਦੀ ਫ਼ੌਜ ਆਰਲੀਆਂ ਤੱਕ ਵਧਦੀ ਗਈ ਜਿਥੇ ਉਸ ਦੀ ਹਾਰ ਹੋਈ।

ਇਸ ਦੀ ਮੌਤ ਪੈਰਿਸ ਵਿਚ ਲ. 500 ਈ. ਵਿਚ ਹੋਈ ਅਤੇ ਇਸ ਨੂੰ ਹੋਲੀ ਅਪਾਸਲ ਵਿਚ ਦਫ਼ਨਾਇਆ ਗਿਆ। ਮਗਰੋਂ ਇਹ ਸੇਂਟ-ਜੈਨਵੀਵ ਦੇ ਗਿਰਜੇ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਸੰਨ 1793 ਵਿਚ ਫ਼ਰਾਂਸੀਸੀ ਇਨਕਲਾਬ ਦੇ ਦੌਰਾਨ ਇਸ ਦੀ ਲਾਸ਼ ਜਲਣ ਤੇ ਇਸ ਦੀਆਂ ਅਸਥੀਆਂ ਸੇਂਟ ਅਟਿਐਂਨ-ਦੂ-ਮੌਂਟ ਗਿਰਜੇ ਵਿਚ ਰੱਖੀਆਂ ਗਈਆਂ ਜਿਥੇ ਹੁਣ ਵੀ ਯਾਤਰੀ ਜਾਂਦੇ ਰਹਿੰਦੇ ਹਨ।

ਇਸ ਦਾ ਪੁਰਬ 3 ਜਨਵਰੀ ਨੂੰ ਮਨਾਇਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. 10 : 101; ਐਨ. ਬ੍ਰਿ. ਮਾ. 4 : 466

**ਜੈਨਿਸਿਸ ਪੁਸਤਕ** : ਇਹ ਓਲਡ ਟੈਸਟਾਮੈਂਟ ਦੀ ਪਹਿਲੀ ਪੁਸਤਕ ਹੈ। ਇਸ ਵਿਚ ਸੰਸਾਰ ਦੀ ਉਤਪਤੀ ਅਤੇ ਇਜ਼ਰਾਈਲ ਲੋਕਾਂ ਦੇ ਪਿਤਰੀ ਇਤਿਹਾਸ ਦਾ ਵਰਣਨ ਹੈ। ਪ੍ਰਾਚੀਨ ਇਤਿਹਾਸ ਵਿਚ ਉਤਪਤੀ, ਅਦਨ ਦੇ ਬਾਗ਼, ਕਾਬੀਲ, ਹਾਬੀਲ, ਹਜ਼ਰਤ ਨੂਰ ਅਤੇ ਤੂਫ਼ਾਨ ਆਦਿ ਬਾਰੇ ਕਹਾਣੀਆਂ ਹਨ। ਪਿਤਰੀ ਇਤਿਹਾਸ ਰੱਬ ਵੱਲੋਂ ਇਬਰਾਹੀਮ ਨਾਲ ਕੀਤੇ ਇਸ ਵਾਅਦੇ ਤੋਂ ਸ਼ੁਰੂ ਹੁੰਦਾ ਹੈ ਕਿ 'ਮੈਂ ਤੁਹਾਥੋਂ ਇਕ ਮਹਾਨ ਕੌਮ ਉਤਪੰਨ ਕਰਾਂਗਾ' ਅਤੇ ਇਸ ਵਿਚ ਇਬਰਾਹੀਮ ਅਤੇ ਉਸਦੇ ਬੰਸ਼ਜਾਂ, ਇਸਹਾਕ ਅਤੇ ਉਸਦੇ ਜੁੜਵਾਂ ਪੁੱਤਰਾਂ ਜੈਕਬ ਅਤੇ

ਅਸਾਓ, ਜੈਕਬ ਦੇ ਪਰਿਵਾਰ ਅਤੇ ਮੁੱਖ ਤੌਰ ਤੇ ਜੋਜ਼ਫ ਦਾ ਵਰਣਨ ਹੈ।

ਜੈਨਿਸਿਸ ਪੁਸਤਕ ਵਿਚ ਜੋਜ਼ਫ ਨਾਲ ਸਬੰਧਤ ਹਾਲਾਤ ਨੂੰ ਮਹੱਤਵਪੂਰਨ ਥਾਂ ਦਿੱਤੀ ਗਈ ਹੈ ਕਿਉਂਕਿ ਇਨ੍ਹਾਂ ਤੋਂ ਇਹ ਪਤਾ ਚਲਦਾ ਹੈ ਕਿ ਇਜ਼ਰਾਈਲੀ ਮਿਸਰ ਵਿਚ ਕਿਸ ਤਰ੍ਹਾਂ ਪਹੁੰਚੇ। ਜ਼ੁਲਮ ਤੋਂ ਉਨ੍ਹਾਂ ਦੇ ਛੁਟਕਾਰੇ ਦਾ ਹਾਲ ਇਸ ਤੋਂ ਬਾਅਦ ਦੀ ਪੁਸਤਕ ਐਕਸੋਡਸ ਵਿਚ ਦਰਜ ਹੈ। ਜੈਨਿਸਿਸ ਪੁਸਤਕ ਨੂੰ ਬਾਈਬਲ ਦੀਆਂ ਪਹਿਲੀਆਂ ਚਾਰ, ਪੰਜ ਜਾਂ ਛੇ ਪੁਸਤਕਾਂ ਦਾ ਸਾਰ ਮੰਨਿਆ ਜਾਂਦਾ ਹੈ।

ਵਿਦਵਾਨਾਂ ਨੇ 'ਜੇ', 'ਈ' ਅਤੇ 'ਪੀ' ਦੇ ਕੇ ਜੈਨਿਸਿਸ ਵਿਚ ਤਿੰਨ ਸਾਹਿਤਕ ਪਰੰਪਰਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ। 'ਜੇ' ਸ਼ਬਦ ਇਸ ਲਈ ਵਰਤਿਆ ਜਾਂਦਾ ਹੈ ਕਿਉਂਕਿ ਪਰਮਾਤਮਾ ਲਈ ਜਹੋਵਾ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਅਤੇ ਇਹ ਪਵਿੱਤਰ ਸਾਖੀ ਦਾ ਯਹੂਦੀ ਰੂਪਾਂਤਰ ਹੈ ਜਿਸ ਨੂੰ 950 ਈ. ਪੂ. ਵਿਚ ਲਿਖਿਆ ਜਾਪਦਾ ਹੈ। 'ਈ' ਹਿੱਸੇ ਵਿਚ ਰੱਬ ਨੂੰ ਇਲੋਹੀਮ ਕਿਹਾ ਗਿਆ ਹੈ ਅਤੇ ਇਹ ਇਜ਼ਰਾਈਲ ਦੇ ਉੱਤਰੀ ਰਾਜ ਨਾਲ ਸਬੰਧਤ ਹੈ। ਇਹ 900-750 ਈ. ਪੂ. ਵਿਚਕਾਰ ਲਿਖਿਆ ਗਿਆ। 'ਪੀ' ਭਾਗ ਦਾ ਸਬੰਧ ਪੂਜਾ ਅਤੇ ਪੁਜਾਰੀਆਂ ਨਾਲ ਹੈ। ਇਸ ਵਿਚ ਪੁਜਾਰੀਆਂ ਲਈ ਨਿਯਮ ਦਰਜ ਕੀਤੇ ਗਏ ਹਨ। ਆਮ ਤੌਰ ਤੇ ਇਸਨੂੰ 5ਵੀਂ ਸਦੀ ਈ. ਪੂ. ਦਾ ਮੰਨਿਆ ਜਾਂਦਾ ਹੈ। ਜੈਨਿਸਿਸ ਵਿਚ ਬਹੁਤ ਪੁਰਾਣੀਆਂ ਮੌਲਿਕ ਅਤੇ ਲਿਖਤੀ ਰਵਾਇਤਾਂ ਦਰਜ ਹਨ।

ਬਾਈਬਲ ਦੀਆਂ ਪਹਿਲੀਆਂ ਪੰਜ ਪੁਸਤਕਾਂ ਨੂੰ ਮੂਸਾ ਦਾ ਉਪਦੇਸ਼ ਕਿਹਾ ਜਾਂਦਾ ਹੈ ਅਤੇ ਸਭ ਤੋਂ ਪਹਿਲਾਂ ਪੰਜਵੀਂ ਜਾਂ ਚੌਥੀ ਸਦੀ ਈ. ਪੂ. ਵਿਚ ਇਸ ਨੂੰ ਧਾਰਮਿਕ ਗਰੰਥ ਦਾ ਦਰਜਾ ਪ੍ਰਾਪਤ ਹੋਇਆ ਸੀ।

ਹ. ਪੁ.–ਐਨ. ਬ੍ਰਿ. ਮਾ. 4 : 463; ਕੋਲ. ਐਨ. 8 : 320

**ਜੈਨਿੰਗਜ਼, ਐਮਿਲ** : ਇਹ ਇਕ ਜਰਮਨ ਅਭਿਨੇਤਾ ਸੀ ਜੋ ਫਿਲਮਾਂ ਵਿਚ ਦੁਖਾਂਤਕ ਰੋਲ ਅਦਾ ਕਰਨ ਕਰਕੇ ਮਸ਼ਹੂਰ ਸੀ। ਇਸ ਦਾ ਜਨਮ ਨਿਊਯਾਰਕ ਰਾਜ ਵਿਚ ਬਰੁਕਲਿਨ ਵਿਖੇ 26 ਜੁਲਾਈ, 1886 ਨੂੰ ਹੋਇਆ। ਬਚਪਨ ਵਿਚ ਹੀ ਇਸ ਨੂੰ ਜਰਮਨੀ ਲੈ ਜਾਇਆ ਗਿਆ ਜਿਥੇ ਇਸ ਦੇ ਦਾਦਾ-ਦਾਦੀ ਨੇ ਇਸ ਨੂੰ ਪਾਲਿਆ। 14 ਸਾਲ ਦੀ ਉਮਰ ਵਿਚ ਇਹ ਘਰੋਂ ਨੱਸ ਗਿਆ ਅਤੇ ਦੋ ਸਾਲ ਬਾਅਦ ਇਕ ਟ੍ਰੈਵਲਿੰਗ ਸਟਾਕ ਕੰਪਨੀ ਵਿਚ ਕੰਮ ਕਰਨ ਲੱਗ ਪਿਆ। ਸੰਨ 1906 ਵਿਚ ਇਹ ਬਰਲਿਨ ਵਿਚ ਅਭਿਨੇਤਾ ਬਣ ਗਿਆ। ਇਸ ਨੇ 'ਡੂਬੈਰੀ', 'ਐਨ ਬੋਲੀਨ', 'ਦੀ ਲਾਸਟ ਲਾਫ', 'ਵਰਾਇਟੀ' (1925), 'ਦੀ ਬਲੂ ਏਂਜਲ' (1919) ਆਦਿ ਫਿਲਮਾਂ ਵਿਚ ਵੱਖ-ਵੱਖ ਰੋਲ ਅਦਾ ਕੀਤੇ ਅਤੇ ਨਾਮਣਾ ਖੱਟਿਆ। ਸੰਯੁਕਤ ਰਾਜ ਅਮਰੀਕਾ ਵਿਚ ਇਹ 'ਦੀ ਵੇ ਆਫ ਆਲ ਫਲੈਸ਼' (1927) ਵਿਚ ਕੰਮ ਕਰਕੇ 'ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼' ਤੋਂ ਇਨਾਮ ਜਿੱਤਣ ਵਾਲਾ ਪਹਿਲਾ ਅਦਾਕਾਰ ਬਣਿਆ। 'ਦੀ ਪੈਟ੍ਰੀਆਟ' ਅਤੇ 'ਦੀ ਲਾਸਟ ਕਮਾਂਡ' (1928) ਵਿਚ ਅਦਾਕਾਰੀ ਕਰਕੇ ਇਹ ਹੋਰ ਵਧੇਰੇ ਪ੍ਰਸਿੱਧ ਹੋਇਆ। ਜਰਮਨੀ ਵਾਪਸ ਆ ਕੇ ਇਹ ਨਾਜ਼ੀਆਂ ਦੀ ਹਕੂਮਤ ਵੇਲੇ ਵੀ ਕੰਮ ਕਰਦਾ ਰਿਹਾ। ਸੰਨ 1948 ਵਿਚ ਇਹ ਆਸਟਰੀਆ ਦਾ ਸ਼ਹਿਰੀ ਬਣ ਗਿਆ ਅਤੇ ਉਥੇ ਹੀ 2 ਜਨਵਰੀ, 1950 ਨੂੰ ਇਸ ਦੀ ਮੌਤ ਹੋਈ।

ਹ. ਪੁ.–ਐਨ. ਬ੍ਰਿ. 12 : 823

**ਜੈਨਿੰਗਜ਼ (ਜੇਮਜ਼) ਹੈਨਨ** : ਖਾਣਾਂ ਦੀ ਖੁਦਾਈ ਅਤੇ ਸਥਾਪਨਾ ਸਬੰਧੀ ਉੱਘੇ ਸਲਾਹਕਾਰ ਵਜੋਂ ਪ੍ਰਸਿੱਧ, ਇਸ ਅਮਰੀਕਨ ਇੰਜੀਨੀਅਰ ਦਾ ਜਨਮ ਹੱਜ਼ਵਿਲ, ਕੈਂਟਕੀ ਵਿਖੇ 6 ਮਈ 1854 ਨੂੰ ਹੋਇਆ। ਸੰਨ 1877 ਵਿਚ ਹਾਰਵਰਡ ਦੇ ਉੱਘੇ ਲਾਰੈਂਸ ਸਕੂਲ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਇਹ ਕੈਲੀਫੋਰਨੀਆ ਵਿਚ ਉੱਤਰੀ ਬਲੂਮਫੀਲਡ ਅਤੇ ਨਿਊ ਅਲਮਾਡੇਨ ਖਾਣਾਂ ਵਿਚ ਇੰਜੀਨੀਅਰ ਵਜੋਂ ਕੰਮ ਕਰਨ ਲੱਗਾ। ਸੰਨ 1887 ਵਿਚ ਇਹ ਵੈਨਜ਼ੁਏਲਾ ਵਿਖੇ ਐਲ ਕਲਾਉ ਖਾਣ ਦਾ ਮੈਨੇਜਰ ਨਿਯੁਕਤ ਹੋਇਆ ਅਤੇ ਫਿਰ 1889 ਈ. ਵਿਚ ਦੱਖਣੀ ਅਫ਼ਰੀਕਾ ਚਲਾ ਗਿਆ। ਇਥੇ ਇਹ ਵਰਨਰ, ਬੀਟ ਐਂਡ ਕੰਪਨੀ ਵਿਚ ਸਲਾਹਕਾਰ ਇੰਜੀਨੀਅਰ ਵਜੋਂ ਕੰਮ ਕਰਦਾ ਰਿਹਾ। ਰੈਂਡ ਸਥਾਨ ਉੱਤੇ ਸੋਨੇ ਦੀ ਖਾਣ ਅਤੇ ਇਸ ਉਪਰ ਆਧਾਰਿਤ ਉਦਯੋਗ ਦੇ ਵਿਕਾਸ ਲਈ ਇਸ ਨੇ ਬਹੁਤ ਕੰਮ ਕੀਤਾ। ਜੋਹੈਨਸਬਰਗ ਵਿਖੇ ਖਾਣਾਂ ਦੇ ਸਕੂਲ ਦੀ ਸਥਾਪਨਾ ਵਿਚ ਇਸਨੇ ਉੱਘਾ ਯੋਗਦਾਨ ਦਿੱਤਾ। ਇਸਨੇ ਲੰਡਨ ਵਿਚ ਖਾਣਾਂ ਦੇ ਰੱਇਲ ਸਕੂਲ ਦੇ ਪੁਨਰਗਠਨ ਸਬੰਧੀ ਵੀ ਸੁਝਾਅ ਦਿੱਤਾ। ਖਾਣ-ਖੁਦਾਈ ਅਤੇ ਧਾਤ-ਵਿਗਿਆਨ ਸੰਸਥਾ ਨੇ ਇਸ ਨੂੰ ਖਾਣ-ਉਦਯੋਗ ਵਿਚ ਇਸ ਦੀਆਂ ਸੇਵਾਵਾਂ ਅਤੇ ਯੋਗਦਾਨ ਨੂੰ ਸਤਿਕਾਰਦਿਆਂ ਸੋਨੇ ਦਾ ਤਮਗ਼ਾ ਦਿੱਤਾ। ਇਸ ਸੰਸਥਾ ਨੇ ਇਸ ਨੂੰ ਇਸ ਕਿੱਤੇ ਅਤੇ ਤਕਨੀਕੀ ਸਿੱਖਿਆ ਪ੍ਰਤਿ ਦੇਣ ਸਬੰਧੀ ਵੀ ਸਤਿਕਾਰਿਆ। ਸੰਨ 1903 ਵਿਚ ਇਹ ਸੰਯੁਕਤ ਰਾਜ ਵਿਚ ਪਰਤ ਆਇਆ, ਅਤੇ ਵਾਸ਼ਿੰਗਟਨ, ਡੀ. ਸੀ. ਵਿਖੇ ਸਲਾਹਕਾਰ ਵਜੋਂ ਕੰਮ ਕਰਨ ਲੱਗਾ। ਇਥੇ ਅਮਰੀਕਾ ਦੇ ਖਾਣਾਂ ਸਬੰਧੀ ਬਿਊਰੋ ਵਿਚ ਇਸ ਦੀ ਬਹੁਤ ਮਾਨਤਾ ਸੀ। ਸੰਨ 1918 ਵਿਚ ਇਸ ਨੂੰ ਉੱਘੇ ਸਲਾਹਕਾਰ ਇੰਜੀਨੀਅਰ ਵਜੋਂ ਸਨਮਾਨਿਆ ਗਿਆ ਜਿਸ ਦੀ ਸਲਾਹ, ਸਾਨਫ੍ਰਾਂਸਿਸਕੋ ਤੋਂ ਲੰਡਨ ਤੱਕ ਅਤੇ ਲੰਡਨ ਤੋਂ ਜੋਹੈਨਸਬਰਗ ਤੱਕ ਸਤਿਕਾਰੀ ਜਾਂਦੀ ਸੀ। 5, ਮਾਰਚ 1920 ਵਿਚ ਵਾਸ਼ਿੰਗਟਨ, ਡੀ. ਸੀ. ਵਿਖੇ ਇਸਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 999

**ਜੈਨੀ, ਫ਼ਰਾਂਸਵਾ** : ਫ਼ਰਾਂਸ ਦੇ ਇਸ ਕਾਨੂੰਨਦਾਨ ਦਾ ਜਨਮ 17 ਦਸੰਬਰ, 1861 ਈ. ਨੂੰ ਬਾਕਾਰਾ (Baccarat) ਵਿਖੇ ਹੋਇਆ। ਸੰਨ 1901 ਵਿਚ ਇਹ ਨਾਂਸੀ ਯੂਨੀਵਰਸਿਟੀ ਵਿਚ ਸਿਵਲ ਲਾਅ ਦਾ ਪ੍ਰੋਫੈਸਰ ਨਿਯੁਕਤ ਹੋਇਆ ਅਤੇ 1919 ਈ. ਵਿਚ ਲਾਅ ਫਕੈਲਟੀ ਦਾ ਡੀਨ ਬਣ ਗਿਆ। ਸੰਨ 1925 ਤੱਕ ਇਹ ਇਸ ਅਹੁਦੇ ਤੇ ਰਿਹਾ। ਸੰਨ 1930 ਵਿਚ ਇਹ ਪੁਲਿਟੀਕਲ ਸਾਇੰਸ ਅਕੈਡਮੀ ਦਾ ਮੈਂਬਰ ਬਣ ਗਿਆ। ਇਸ ਨੇ ਨਿਆਂ-ਸ਼ਾਸਤਰ ਵਿਚ ਸੁਤੰਤਰ ਵਿਗਿਆਨਕ ਖੋਜ ਸਬੰਧੀ ਅੰਦੋਲਨ ਦਾ ਮੁੱਢ ਬੰਨ੍ਹਿਆ। ਇਸ ਦੇ ਇਸ ਪ੍ਰਸਤਾਵ ਨੇ ਬਹੁਤ ਸਾਰੇ ਦੇਸ਼ਾਂ ਦੇ ਕਾਨੂੰਨੀ ਦਰਸ਼ਨ ਨੂੰ ਪ੍ਰਭਾਵਿਤ ਕੀਤਾ। ਮਿਸਾਲ ਵਜੋਂ ਇਸ ਨੇ ਫ਼ਰਾਂਸ ਵਿਚ ਨਿਯਮਬਧ ਕੀਤੇ ਕਾਨੂੰਨ ਦੇ ਅਰਥ-ਨਿਰੂਪਣ ਨੂੰ ਸਰਲ ਕੀਤਾ ਜਿਸ ਨਾਲ ਲੋਕਾਂ ਨੂੰ ਨਿਆਂ-ਵਿਵਸਥਾ ਵਿਚ ਵਿਸ਼ਵਾਸ ਪੈਦਾ ਹੋਇਆ।

ਇਸ ਨੇ ਕਾਨੂੰਨ ਬਣਾਉਣ ਵਿਚ ਨਿਆਂਇਕ ਸਵੈ-ਵਿਵੇਕ ਤੇ ਜ਼ੋਰ ਦਿੱਤਾ। ਇਸ ਨੇ ਨੈਪੋਲੀਅਨ ਕੋਡ (ਫ਼ਰਾਂਸੀਸੀ ਸਿਵਲ ਕੋਡ) ਦੀ ਇਸ ਪੱਖੋਂ ਸਖ਼ਤ ਆਲੋਚਨਾ ਕੀਤੀ ਕਿ ਇਸ ਨੇ ਸਾਰੀਆਂ ਕਾਨੂੰਨੀ ਸਮੱਸਿਆਵਾਂ ਦਾ ਹੱਲ ਕਰ ਦਿੱਤਾ। ਇਸ ਦੇ ਵਿਚਾਰ ਅਨੁਸਾਰ ਜੇ ਕਰ ਪਹਿਲਾਂ ਦੇ ਲਿਖਤੀ ਤੇ ਅਲਿਖਤੀ ਕਾਨੂੰਨ ਕਿਸੇ ਸਮੱਸਿਆ ਦਾ ਹਲ ਕਰਨ ਵਿਚ ਊਣੇ ਜਾਂ ਅਸਫ਼ਲ ਹੋਣ ਤਾਂ ਅਦਾਲਤਾਂ ਨੂੰ ਆਪ ਕਾਨੂੰਨ ਬਣਾਉਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਪਰ ਇਹ ਕਾਨੂੰਨ ਸਮਾਜਿਕ ਦ੍ਰਿਸ਼ਟੀ ਤੋਂ ਵਿਗਿਆਨਕ ਖੋਜਾਂ ਤੇ ਆਧਾਰਿਤ ਹੋਣੇ ਚਾਹੀਦੇ ਹਨ। ਇਸ ਦੇ ਵਿਚਾਰ ਵਿਚ ਕਾਨੂੰਨੀ ਤਕਨੀਕਾਂ ਨੂੰ ਲਾਗੂ ਕਰਨ ਨਾਲ ਕਾਨੂੰਨ ਹੋਂਦ 'ਚ ਆਉਂਦੇ ਹਨ।

**Methode d' interpretation et sources en droit prive positif** (1899) ਅਤੇ Scienceet Technique en droit prive positif (ਚਾਰ ਜਿਲਦਾਂ) (1915-24) ਇਸ ਦੀਆਂ ਪ੍ਰਮੁੱਖ ਰਚਨਾਵਾਂ ਹਨ। ਇਸ ਦੀਆਂ ਰਚਨਾਵਾਂ ਦੇ ਕੁਝ ਹਿੱਸੇ ਅੰਗਰੇਜ਼ੀ ਵਿਚ ਆਧੁਨਿਕ ਕਾਨੂੰਨੀ ਦਰਸ਼ਨ ਸੀਰੀਜ਼ ਵਿਚ ਪ੍ਰਕਾਸ਼ਿਤ ਹੋਏ ਹਨ।

16 ਦਸੰਬਰ, 1959 ਨੂੰ ਨਾਂਸੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 10 : 114; ਐਨ. ਬ੍ਰਿ. ਮਾ. 4 : 473

**ਜੈਨੇਂਦਰ ਕੁਮਾਰ** : ਹਿੰਦੀ ਦੇ ਇਸ ਉੱਘੇ ਸਾਹਿਤਕਾਰ ਦਾ ਜਨਮ 2 ਜਨਵਰੀ, 1905 ਨੂੰ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਜ਼ਿਲ੍ਹੇ ਵਿਚ ਕੌੜੀਆਗੰਜ ਵਿਚ ਹੋਇਆ। ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ 1921 ਈ. ਵਿਚ ਇਸ ਨੇ ਨਾ-ਮਿਲਵਰਤਨ ਅੰਦੋਲਨ ਵਿਚ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਦੌਰਾਨ ਇਸ ਨੂੰ 1921, 1930 ਅਤੇ 1931 ਵਿਚ ਤਿੰਨ ਵਾਰ ਜੇਲ੍ਹ ਜਾਣਾ ਪਿਆ। ਸੰਨ 1952 ਵਿਚ ਇਹ ਸਾਹਿਤ ਅਕੈਡਮੀ ਦਾ ਮੈਂਬਰ ਬਣਿਆ ਅਤੇ 1956-57 ਈ. ਵਿਚ ਇਹ ਏਸ਼ੀਅਨ ਲਿਖਾਰੀ ਕਾਨਫਰੰਸ ਦਾ ਕਨਵੀਨਰ ਸੀ। ਇਸ ਨੇ 40 ਪੁਸਤਕਾਂ ਛਪਵਾਈਆਂ ਜਿਨ੍ਹਾਂ ਵਿਚੋਂ 10 ਨਾਵਲ ਅਤੇ 10 ਕਹਾਣੀ ਸੰਗ੍ਰਹਿ ਹਨ।

ਸੰਨ 1929 ਵਿਚ ਇਸ ਨੇ ਆਪਣਾ ਪਹਿਲਾ ਨਾਵਲ 'ਫਾਂਸੀ' ਪ੍ਰਕਾਸ਼ਿਤ ਕੀਤਾ। ਇਸ ਤੋਂ ਬਾਅਦ ਇਸ ਦੇ ਦੋ ਹੋਰ ਨਾਵਲ 'ਸੁਨੀਤਾ' ਅਤੇ 'ਤਿਆਗ ਪੱਤਰ' ਪ੍ਰਕਾਸ਼ਿਤ ਹੋਣ ਨਾਲ ਹਿੰਦੀ ਸਾਹਿਤ ਜਗਤ ਵਿਚ ਇਸ ਦਾ ਸਥਾਨ ਉੱਘੇ ਸਾਹਿਤਕਾਰਾਂ ਵਿਚ ਆ ਗਿਆ। ਸੰਨ 1932 ਵਿਚ ਇਸ ਨੂੰ ਇਸ ਦੇ ਨਾਵਲ 'ਪਰਖ' ਲਈ 'ਹਿੰਦੁਸਤਾਨ ਅਕੈਡਮੀ' ਇਨਾਮ ਪ੍ਰਾਪਤ ਹੋਇਆ। ਸੰਨ 1965 ਵਿਚ ਇਸ ਨੂੰ ਦਾਰਸ਼ਨਿਕ ਲੇਖਾਂ ਦੇ ਸੰਗ੍ਰਹਿ 'ਸਮੇਂ ਔਰ ਹਮ' ਲਈ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਇਨਾਮ ਦੇ ਕੇ ਸਨਮਾਨਿਆ। ਸੰਨ 1968 ਵਿਚ ਇਸ ਨੂੰ ਆਪਣੇ ਨਾਵਲ 'ਮੁਕਤੀ ਬੋਧ' ਲਈ ਸਾਹਿਤ ਅਕੈਡਮੀ ਐਵਾਰਡ ਮਿਲਿਆ। ਸੰਨ 1973 ਵਿਚ ਦਿੱਲੀ ਯੂਨੀਵਰਸਿਟੀ ਨੇ ਇਸ ਨੂੰ ਡੀ. ਲਿਟ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ।

ਹ. ਪੁ.–ਐਨ. ਇੰ. 1 : 519; ਇੰਡੀਆ ਹੂਜ਼. ਹੂ. 1985

**ਜੈਨੋਆ ਖਾੜੀ** : ਰੂਮ ਸਾਗਰ ਵਿਚ ਲਗਯੁਰੀਅਲ ਸਾਗਰ ਦਾ ਇਕ ਹਿੱਸਾ ਹੈ ਜਿਹੜਾ ਇਟਲੀ ਦੇ ਉੱਤਰ-ਪਛਮੀ ਤਟ ਦੇ ਨਾਲ ਨਾਲ ਇਟਲੀ ਦੇ ਟਸਕਾਨੀ ਅਤੇ ਲਗਯੁਰੀਆ ਖ਼ੁਦਮੁਖ਼ਤਾਰ ਖੰਡਾਂ ਵਿਚਕਾਰ ਫੈਲਿਆ ਹੋਇਆ ਹੈ। ਇਸ ਦੇ ਦੱਖਣ ਵੱਲ ਕਾਰਸਿਕਾ ਟਾਪੂ ਹੈ। ਖਾੜੀ ਵਿਚੋਂ ਤਟ ਵੱਲੋਂ ਦੀ ਮਾਗਰਾ, ਰਾਇਆ, ਸੈਂਟਾ, ਟੇਜ਼ੀਆ ਦਰਿਆ ਡਿੱਗਦੇ ਹਨ। ਇਸ ਵਿਚ ਸਪੈਟਜ਼ੀਆ ਅਤੇ ਰਪਾਲੋ ਦੋ ਖਾੜੀਆਂ ਵੀ ਹਨ। ਤਟ ਵਾਲਾ ਖੇਤਰ ਦੇਸ਼ ਦੇ ਮੈਦਾਨੀ ਖੇਤਰ ਦੇ ਨਾਲ-ਨਾਲ ਵਸਿਆ ਹੋਇਆ ਹੈ। ਇਸ ਤਟ ਉੱਤੇ ਜੈਨੋਆ ਬੰਦਰਗਾਹ ਸਥਿਤ ਹੈ। ਤਟ ਉੱਤੇ ਇਮਪੀਰੀਆ, ਸਾਵੋਨਾ, ਰਪਾਲੋ, ਲਾ-ਸਪੈਟਜ਼ੀਆ ਨਾਂ ਦੀਆਂ ਸੈਰਗਾਹਾਂ ਵੀ ਹਨ। ਤੱਟਵਰਤੀ ਖੇਤਰ ਦਾ ਪੌਣਪਾਣੀ ਵਧੀਆ ਹੈ। ਇਸ ਉੱਤੇ ਸਰਦੀਆਂ ਛੋਟੀਆਂ ਹੁੰਦੀਆਂ ਹਨ। ਇਥੇ ਉਪ-ਊਸ਼ਣ ਖੰਡੀ ਬਨਸਪਤੀ ਹੁੰਦੀ ਹੈ।

44° 10′ ਉ. ਵਿਥ.; 8° 55′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 4 : 469

**ਜੈਨੋਕ੍ਰਾਤੀਜ਼** (Xenocrates) : ਇਹ ਇਕ ਪ੍ਰਸਿੱਧ ਯੂਨਾਨੀ ਫ਼ਿਲਾਸਫ਼ਰ ਸੀ ਜਿਹੜਾ ਅਫ਼ਲਾਤੂਨ ਦਾ ਸ਼ਾਗਿਰਦ ਸੀ ਅਤੇ ਉਸ ਦੁਆਰਾ 387 ਈ. ਪੂ. ਦੇ ਕਰੀਬ ਕਾਇਮ ਕੀਤੀ ਗਈ ਗ੍ਰੀਕ ਅਕੈਡਮੀ ਦਾ ਮੁਖੀ ਵੀ ਰਿਹਾ। ਇਸ ਦਾ ਜਨਮ 396 ਈ. ਪੂ. ਵਿਚ ਹੋਇਆ। 348 ਜਾਂ 347 ਈ. ਪੂ. ਵਿਚ ਅਫ਼ਲਾਤੂਨ ਦੀ ਮੌਤ ਮਗਰੋਂ ਅਰਸਤੂ ਸਮੇਤ ਇਹ ਏਥਨਜ਼ ਤੋਂ ਚਲਾ ਗਿਆ। 339 ਈ. ਪੂ. ਵਿਚ ਜਦੋਂ ਇਹ ਅਕੈਡਮੀ ਦਾ ਮੁਖੀ ਚੁਣਿਆ ਗਿਆ ਤਾਂ ਵਾਪਸ ਏਥਨਜ਼ ਆ ਗਿਆ। 314 ਈ ਪੂ. ਵਿਚ ਆਪਣੀ ਮੌਤ ਤੱਕ ਇਹ ਫਿਰ ਉਥੇ ਹੀ ਰਿਹਾ।

ਇਸ ਦੀਆਂ ਲਿਖਤਾਂ ਅੰਸ਼ਿਕ ਰੂਪ ਵਿਚ ਹੀ ਮਿਲਦੀਆਂ ਹਨ ਪਰ ਅਰਸਤੂ ਦੇ ਲਿਖੇ ਅਨੁਸਾਰ ਇਸ ਦੇ ਸਿਧਾਂਤ ਅਫ਼ਲਾਤੂਨ ਨਾਲ ਮਿਲਦੇ-ਜੁਲਦੇ ਹਨ। ਇਸ ਅਨੁਸਾਰ ਦੋ ਵਿਰੋਧੀ ਸਿਧਾਂਤਾਂ ਦੇ ਪਰਸਪਰ ਪ੍ਰਭਾਵ ਤੋਂ ਸਚਾਈ ਉਤਪੰਨ ਹੁੰਦੀ ਹੈ। ਸਿਧਾਂਤ ਹਨ 'ਇਕਾਈ' ਅਤੇ 'ਅਨਿਯਤਕਾਲੀ ਜੁਟ'। ਇਹ ਜੁਟ ਜਾਂ ਜੋੜਾ ਹੀ ਹੈ ਜੋ ਅਨੇਕਤਾ ਜਾਂ ਵਿਵਿਧਤਾ, ਬੁਰਾਈ ਤੇ ਗਤੀ ਨੂੰ ਜਨਮ ਦਿੰਦਾ ਹੈ, ਇਸ ਦੇ ਉਲਟ 'ਇਕਾਈ' ਤੋਂ ਏਕਤਾ, ਚੰਗਿਆਈ ਅਤੇ ਸਥਿਰਤਾ ਉਤਪੰਨ ਹੁੰਦੇ ਹਨ। ਸਮੁੱਚੀ ਸਚਾਈ ਨੂੰ ਇਸ ਨੇ ਤਿੰਨ ਖੇਤਰਾਂ ਵਿਚ ਵੰਡਿਆ–(1) ਸਚੇਤ ਜਾਂ ਸੰਵੇਦਨ ਮਈ ਵਸਤਾਂ, (2) ਸੁਬੋਧ ਜਾਂ ਵਾਸਤਵਿਕ ਗਿਆਨਮਈ ਵਸਤਾਂ ਜਿਵੇਂ ਅਫ਼ਲਾਤੂਨ ਦੀਆਂ ਧਾਰਨਾਵਾਂ ਅਤੇ (3) ਅਕਾਸ਼ੀ ਪਿੰਡ ਜੋ ਕਿ ਸੁਚੇਤ ਅਤੇ ਸੁਬੋਧ ਦੇ ਵਿਚਕਾਰ ਕੜੀ ਬਣਦੇ ਹਨ ਅਤੇ ਇਸ ਤਰ੍ਹਾਂ ਵਿਚਾਰ ਦਾ ਵਿਸ਼ਾ ਬਣਦੇ ਹਨ। ਅਕੈਡਮੀ ਦੀ ਇਹ ਤਿਪੱਖੀ ਵਿਚਾਰਧਾਰਾ ਪ੍ਰਚੱਲਤ ਗਿਆਨ ਦੀ ਦੋ-ਧਾਰਾਵੀ ਵਿਚਾਰਧਾਰਾ ਦੇ ਪਾੜੇ ਨੂੰ ਪੂਰਦੀ ਹੈ।

ਇਸ ਨੇ ਇਕ ਹੋਰ ਤੀਹਰੀ ਵੰਡ ਅਨੁਸਾਰ ਦੇਵਤਿਆਂ, ਮਨੁੱਖਾਂ ਅਤੇ ਦੈਂਤਾਂ ਨੂੰ ਵਖਰਿਆਇਆ ਹੈ। ਦੈਂਤਾਂ ਜਾਂ ਸ਼ੈਤਾਨਾਂ ਵਿਚ ਅਰਧ-ਮਨੁੱਖ ਜਾਂ ਅਰਧ ਦੇਵਤੇ ਸ਼ਾਮਲ ਹਨ ਜਿਨ੍ਹਾਂ ਵਿਚੋਂ ਕੁਝ ਚੰਗੇ ਹਨ ਅਤੇ ਕੁਝ ਮਾੜੇ ਹਨ। ਸ਼ੈਤਾਨਾਂ ਦੀ ਇਸ ਕਿਸਮ ਦੀ ਵੰਡ ਦਾ ਮੁੱਢਲੇ ਈਸਾਈਆਂ ਉੱਤੇ ਡੂੰਘਾ ਅਸਰ ਪਿਆ ਜਿਹੜੇ ਮਲੇਛਾਂ ਦੇ ਦੇਵਤਿਆਂ ਨੂੰ ਬੁਰੇ ਦੈਂਤ ਹੀ ਸਮਝਦੇ ਸਨ।

ਕਈ ਵਿਦਵਾਨ ਮਨ-ਸਰੀਰ ਅਤੇ ਰੂਹ ਦੀ ਪ੍ਰਾਚੀਨ ਭਿੰਨਤਾ ਨੂੰ ਵੀ ਇਸ ਦੀ ਹੀ ਦੇਣ ਸਮਝਦੇ ਹਨ। ਇਵੇਂ ਹੀ ਇਸ ਦੇ ਨਾਲ ਲਗਦਾ ਇਕ ਹੋਰ ਸਿਧਾਂਤ ਵੀ ਇਸੇ ਦਾ ਮੰਨਿਆ ਜਾਂਦਾ ਹੈ ਕਿ ਮਨੁੱਖ ਦੋ ਵਾਰੀ ਮਰਦਾ ਹੈ। ਦੂਜੀ ਮੌਤ ਚੰਦ ਉੱਤੇ ਜਾ ਕੇ ਹੁੰਦੀ ਹੈ ਜਦੋਂ ਮਨ ਰੂਹ ਤੋਂ ਵੱਖਰਾ ਹੋ ਕੇ ਸੂਰਜ ਵੱਲ ਨੂੰ ਚੜ੍ਹਾਈ ਕਰਦਾ ਹੈ। ਜੈਨੋਕ੍ਰਾਤੀਜ਼ ਕਹਿੰਦਾ ਸੀ ਕਿ ਇਹ ਮਾਦਾ ਨਾ-ਵੰਡਣ ਯੋਗ ਇਕਾਈਆਂ ਦਾ ਬਣਿਆ ਹੋਇਆ ਹੈ, ਇਸ ਲਈ ਕਈ ਲੋਕ ਇਸ ਨੂੰ ਪ੍ਰਮਾਣੂਵਾਦੀ ਵੀ ਕਹਿੰਦੇ ਹਨ। ਇਸ ਅਨੁਸਾਰ ਫੀਸਾਗੋਰਸ ਨੇ ਫ਼ਿਲਾਸਫ਼ੀ ਵਿਚ ਸਿਖਿਆਵਾਂ ਦੀ ਵਰਤੋਂ ਉੱਤੇ ਜਿਹੜਾ ਜ਼ੋਰ ਦਿੱਤਾ ਹੈ, ਉਸੇ ਆਧਾਰ ਤੇ ਪ੍ਰਮਾਣੂ ਵਾਦੀਆਂ ਨੇ ਧੁਨੀ-ਗਿਗਿਆਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਧੁਨੀ ਵਿਗਿਆਨ ਅਨੁਸਾਰ, ਆਵਾਜ਼ ਜੋ ਇਕ ਇਕਾਈ ਜਾਪਦੀ ਹੈ, ਅਸਲ ਵਿਚ ਭਿੰਨ-ਭਿੰਨ ਆਵਾਜ਼ਾਂ ਦੀ ਬਣੀ ਹੁੰਦੀ ਹੈ। ਇਸ ਦੀਆਂ ਤਿਪੱਖੀ ਵੰਡਾਂ ਤੋਂ ਸਪਸ਼ਟ ਹੁੰਦਾ ਹੈ ਕਿ ਫੀਸਾਗੋਰਸ ਦੇ ਵਿਚਾਰਾਂ ਦਾ ਅਕੈਡਮੀ ਦੇ ਵਿਚਾਰਵਾਨਾਂ ਉੱਤੇ ਡੂੰਘਾ ਪ੍ਰਭਾਵ ਸੀ। ਇਸ ਨੇ ਫ਼ਿਲਾਸਫੀ ਨੂੰ ਤਿੰਨਾਂ ਅੰਗਾਂ ਤਰਕ-ਸ਼ਾਸਤਰ, ਭੌਤਿਕ ਵਿਗਿਆਨ ਅਤੇ ਨੀਤੀ-ਸ਼ਾਸਤਰ ਵਿਚ ਵੰਡਿਆ। ਇਸ ਅਨੁਸਾਰ ਮਨੁੱਖ ਦੀ ਆਪਣੀਆਂ ਚਿੰਤਾਵਾਂ ਨੂੰ ਹੱਲ ਕਰਨ ਦੀ ਇੱਛਾ ਦੇ ਸਿੱਟੇ ਵਜੋਂ ਫ਼ਿਲਾਸਫ਼ੀ ਦਾ ਮੁੱਢ ਬੰਨ੍ਹਿਆ। ਖ਼ੁਸ਼ੀ ਉਦੋਂ ਹੁੰਦੀ ਹੈ ਜਦੋਂ ਮਨੁੱਖ ਆਪਣੇ ਖ਼ਾਸੇ ਅਨੁਸਾਰ ਨਿਪੁੰਨਤਾ ਪ੍ਰਾਪਤ ਕਰ ਲੈਂਦਾ ਹੈ, ਪੂਰਨ ਪ੍ਰਸੰਨਤਾ ਉਦੋਂ ਹੀ ਮਿਲਦੀ ਹੈ ਜਦੋਂ ਮਨੁੱਖ ਉਨ੍ਹਾਂ ਚੀਜ਼ਾਂ ਵਿਚ ਵਿਚਰਦਾ ਹੈ ਜੋ ਉਸ ਦੀ ਪ੍ਰਕਿਰਤੀ ਦੇ ਅਨੁਕੂਲ ਹੁੰਦੀਆਂ ਹਨ। ਸਟੋਇਕਸ ਤੋਂ ਉਲਟ ਇਸ ਦਾ ਵਿਚਾਰ ਸੀ ਕਿ ਖ਼ੁਸ਼ੀ ਲਈ ਬਾਹਰੀ ਚੀਜ਼ਾਂ ਵਸਤਾਂ ਦੀ ਬੜੀ ਮਹੱਤਤਾ ਹੈ।

ਹ. ਪੁ.–ਐਨ. ਬ੍ਰਿ. ਮਾ. 10 : 778; ਹਿੰ. ਵਿ. ਕੋ. 5 : 34

**ਜੈ-ਪੱਤਰ** : ਇਸ ਨਾਂ ਨਾਲ ਪ੍ਰਚੱਲਤ ਪੌਦੇ ਜ਼ਿਆਦਾਤਰ ਲਾਰੋਸੇਰਾਸਸ ਕੁਲ ਨਾਲ ਸਬੰਧਤ ਹਨ ਪਰ ਕੁਝ ਪੌਦਿਆਂ ਦਾ ਵਰਣਨ 'ਮੈਗਨੋਲੀਏਸੀ' ਅਤੇ 'ਰੋਜ਼ੇਸੀ' ਕੁਲਾਂ ਵਿਚ ਵੀ ਮਿਲਦਾ ਹੈ। ਉਦਾਹਰਣ ਦੇ ਤੌਰ ਤੇ ਮੈਗਨੋਲੀਆ ਗਰੈਂਡੀਫਲੌਰਾ *(Magnolia grandiflora)* ਅਤੇ ਪਰੂਨਸ ਲਾਰੋਸੇਰਾਸਸ *(Prunus laurocerasus)* ਇਸ ਵਰਗ ਦੇ ਪੌਦੇ ਊਸ਼ਣ ਅਤੇ ਸੀਤ-ਊਸ਼ਣ ਪ੍ਰਦੇਸ਼ਾਂ ਵਿਚ ਮਿਲਦੇ ਹਨ।

ਜੈ-ਪੱਤਰ ਵਰਗ ਦੇ ਪੌਦਿਆਂ ਦੀਆਂ ਪੱਤੀਆਂ ਸਧਾਰਣ ਤੌਰ ਤੇ ਮੋਟੀਆਂ ਅਤੇ ਸਦਾ ਬਹਾਰ ਹੁੰਦੀਆਂ ਹਨ। ਇਨ੍ਹਾਂ ਪੱਤੀਆਂ ਵਿਚੋਂ ਸੁਗੰਧਿਤ ਤੇਲ ਕੱਢਿਆ ਜਾਂਦਾ ਹੈ ਜਿਸ ਦਾ ਉਪਯੋਗ ਕੀੜਿਆਂ ਨੂੰ ਮਾਰਨ ਵਿਚ ਕੀਤਾ ਜਾਂਦਾ ਹੈ। ਉੱਤਰੀ ਅਮਰੀਕਾ ਵਿਚ ਮਿਲਣ ਵਾਲੇ ਪਰਬਤੀ

ਜੈ-ਪੱਤਰ ਤੋਂ ਇਕ ਜ਼ਹਿਰੀਲਾ ਪਦਾਰਥ ਨਿਕਲਦਾ ਹੈ ਅਤੇ ਇਸ ਦੀਆਂ ਪੱਤੀਆਂ ਖਾਣ ਨਾਲ ਜਾਨਵਰ ਮਰ ਜਾਂਦੇ ਹਨ।



ਜੈ ਪੱਤਰ

ਜੈ-ਪੱਤਰ ਜਿੱਤ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਇਸ ਦੀਆਂ ਪੱਤੀਆਂ ਅਪੋਲੋ ਦੇਵਤਾ ਅਤੇ ਲੜਾਈ ਵਿਚ ਜੇਤੂ ਬਹਾਦਰਾਂ ਨੂੰ ਭੇਂਟ ਕੀਤੀਆਂ ਜਾਂਦੀਆਂ ਹਨ। ਇਸ ਵਰਗ ਦੇ ਕੁਝ ਰੁੱਖਾਂ ਦੀ ਲੱਕੜੀ ਮੇਜ਼ ਆਦਿ ਬਣਾਉਣ ਵਿਚ ਵੀ ਕੰਮ ਆਉਂਦੀ ਹੈ।

ਹ. ਪੁ.–ਹਿੰ. ਵਿ. ਕੋ. 4 : 393

**ਜੈਪਾਲ** : ਜੈਪਾਲ ਦਸਵੀਂ ਸਦੀ ਦੌਰਾਨ ਪੰਜਾਬ ਦਾ ਬਾਦਸ਼ਾਹ ਸੀ ਅਤੇ ਲਾਹੌਰ ਇਸ ਦੀ ਰਾਜਧਾਨੀ ਸੀ। ਇਸ ਦਾ ਰਾਜ ਸਿੰਧ ਤੋਂ ਲਘਮਾਨ ਤੱਕ ਅਤੇ ਦੂਜੇ ਪਾਸੇ ਕਸ਼ਮੀਰ ਤੋਂ ਮੁਲਤਾਨ ਤੱਕ ਸੀ। ਇਸ ਸਮੇਂ ਸਾਰਾ ਭਾਰਤ ਵੱਖ-ਵੱਖ ਰਾਜਾਂ ਵਿਚ ਵੰਡਿਆ ਹੋਇਆ ਸੀ। ਗਜ਼ਨੀ ਦੇ ਬਾਦਸ਼ਾਹ ਸੁਬੁਕਤਗੀਨ ਨੇ ਭਾਰਤ ਦੇ ਹਿੰਦੂ ਰਾਜਿਆਂ ਨੂੰ ਬੁੱਤ ਪੂਜਾ ਤੋਂ ਹਟਾ ਕੇ ਇਕੋ ਖ਼ੁਦਾ ਦੀ ਬੰਦਗੀ ਵਿਚ ਲਗਾਉਣ ਲਈ ਅਤੇ ਆਪਣੇ ਰਾਜ ਦੀ ਹੱਦ ਵਿਸ਼ਾਲ ਕਰਨ ਦੇ ਉਦੇਸ਼ ਨਾਲ 977 ਈ. ਵਿਚ ਪੰਜਾਬ ਉਪਰ ਹਮਲਾ ਕੀਤਾ ਜਿਸ ਵਿਚ ਜੈਪਾਲ ਹਾਰ ਗਿਆ। ਸੁਬੁਕਤਗੀਨ ਨੇ ਇਥੋਂ ਕਾਫ਼ੀ ਸਾਰਾ ਧਨ-ਮਾਲ ਲੁੱਟਿਆ। ਕਈ ਕਿਲੇ ਢਹਿ ਢੇਰੀ ਕਰ ਦਿੱਤੇ ਅਤੇ ਮਸੀਤਾਂ ਬਣਵਾਉਣ ਦਾ ਹੁਕਮ ਦੇ ਕੇ ਆਪ ਵਾਪਸ ਗਜ਼ਨੀ ਚਲਾ ਗਿਆ। ਜੈਪਾਲ ਰਾਜਾ ਇਸ ਤੋਂ ਪਹਿਲਾਂ ਵੀ ਮੁਸਲਮਾਨਾਂ ਦੇ ਕਈ ਹੱਲਿਆਂ ਦਾ ਸਾਹਮਣਾ ਕਰ ਚੁੱਕਾ ਸੀ ਅਤੇ ਇਸ ਹਮਲੇ ਉਪਰੰਤ ਇਸਨੇ ਬਠਿੰਡੇ ਦੇ ਕਿਲੇ ਵਿਚ ਜਾ ਕੇ ਡੇਰਾ ਜਮਾਇਆ ਅਤੇ ਇਥੇ ਰਹਿ ਕੇ ਕਾਫ਼ੀ ਫ਼ੌਜ ਇਕੱਠੀ ਕਰਕੇ ਯੁੱਧ ਦੀ ਤਿਆਰੀ ਕਰਨ ਉਪਰੰਤ ਮੁਸਲਮਾਨਾਂ ਤੇ ਹੱਲਾ ਬੋਲਣ ਲਈ ਤੁਰ ਪਿਆ। ਸਿੰਧ ਪਾਰ ਕਰਨ ਉਪਰੰਤ ਜਦੋਂ ਇਹ ਫ਼ੌਜ ਸਮੇਤ ਲਘਮਾਨ ਵੱਲ ਵਧਿਆ ਤਾਂ ਰਾਹ ਵਿਚ ਹੀ ਸੁਬੁਕਤਗੀਨ ਦੀਆਂ ਫ਼ੌਜਾਂ ਟੱਕਰ ਪਈਆਂ ਅਤੇ ਘਮਸਾਣ ਦਾ ਜੰਗ ਹੋਇਆ। ਹਿੰਦੂ ਸੈਨਾ ਪੂਰੇ ਜੋਸ਼ ਨਾਲ ਲੜੀ। ਇਸ ਲੜਾਈ ਵਿਚ ਸੁਬੁਕਤਗੀਨ ਦਾ ਪੁੱਤਰ ਮਹਿਮੂਦ ਵੀ ਸ਼ਾਮਲ ਹੋਇਆ ਜਿਸਨੇ ਇਸ ਜੰਗ ਵਿਚ ਆਪਣੇ ਬਹਾਦਰ ਤੇ ਨਾਇਕ ਹੋਣ ਦਾਂ ਸਬੂਤ ਦਿੱਤਾ। ਰਾਤ ਨੂੰ ਘੋਰ ਯੁੱਧ ਹੋਇਆ। ਚਾਰੇ ਪਾਸੇ ਮੁਰਦੇਹਾਨੀ ਛਾ ਗਈ ਸੀ। ਜੈਪਾਲ ਦੀ ਫ਼ੌਜ ਦਾ ਭਾਰੀ ਨੁਕਸਾਨ ਹੋਇਆ, ਸਿਪਾਹੀਆਂ ਤੋਂ ਇਲਾਵਾ ਹਾਥੀ ਘੋੜੇ ਵੀ ਕਾਫ਼ੀ ਗਿਣਤੀ ਵਿਚ ਮਾਰੇ ਗਏ ਅਤੇ ਬਾਕੀ ਦੀ ਫ਼ੌਜ ਤਿਤਰ-ਬਿਤਰ ਹੋ ਗਈ। ਇਸ ਤੇ ਜੈਪਾਲ ਨੇ ਸੁਬੁਕਤਗੀਨ ਕੋਲ ਸ਼ਾਂਤੀ ਲਈ ਪ੍ਰਸਤਾਵ ਪੇਸ਼ ਕੀਤਾ। ਇਕ ਵਾਰ ਇਨਕਾਰ ਕਰਨ ਉਪਰੰਤ ਦੂਜੀ ਵਾਰ ਇਸ ਨੇ 10 ਲੱਖ ਦਿਰਮ ਅਤੇ 50 ਹਾਥੀ ਨਜ਼ਰਾਨਾ ਦੇਣ ਦੇ ਵਾਇਦੇ ਨਾਲ ਸੰਧੀ ਕਰ ਲਈ। ਜੈਪਾਲ ਕੋਲ ਰਕਮ ਪੂਰੀ ਨਾ ਹੋਣ ਕਰਕੇ ਸੁਬੁਕਤਗੀਨ ਨੇ ਆਪਣੇ ਕੁਝ ਬਾਇਤਬਾਰ ਵਜ਼ੀਰ ਜੈਪਾਲ ਨਾਲ ਰਾਜਧਾਨੀ ਭੇਜ ਦਿੱਤੇ ਅਤੇ ਆਪ ਗਜ਼ਨੀ ਮੁੜ ਗਿਆ। ਇਧਰ ਆਪਣੇ ਬ੍ਰਾਹਮਣ ਸਲਾਹਕਾਰਾਂ ਦੀ ਸਲਾਹ ਅਨੁਸਾਰ ਜੈਪਾਲ ਨੇ ਰਕਮ ਅਦਾ ਕਰਨ ਦੀ ਬਜਾਇ ਮੁਹੰਮਦੀਆਂ ਨੂੰ ਬੰਦੀ ਬਣਾ ਲਿਆ ਅਤੇ ਬਦਲਾ ਲੈਣ ਲਈ ਦਿੱਲੀ, ਅਜਮੇਰ, ਕਾਲਿੰਜਰ ਅਤੇ ਕਨੌਜ ਦੇ ਰਾਜਿਆਂ ਨਾਲ ਗੱਠ-ਜੋੜ ਕਰਕੇ ਭਾਰੀ ਸੰਖਿਆ ਵਿਚ ਫ਼ੌਜ ਇਕੱਠੀ ਕਰਕੇ ਮੁਹੰਮਦੀ ਫ਼ੌਜ ਦਾ ਮੂੰਹ ਮੋੜਨ ਲਈ ਚਲ ਪਿਆ। ਸੁਬੁਕਤਗੀਨ ਦੀ ਫ਼ੌਜ ਭਾਵੇਂ ਮੁਕਾਬਲਤਨ ਕਾਫ਼ੀ ਘੱਟ ਗਿਣਤੀ ਵਿਚ ਸੀ ਪਰ ਲੜਾਈ ਦੇ ਵਧੀਆ ਦਾਓ-ਪੇਚ ਅਤੇ ਚੰਗੇ ਸੂਹੀਆਂ ਕਾਰਨ ਉਨ੍ਹਾਂ ਨੇ ਹਿੰਦੂ ਰਾਜਿਆਂ ਦੀਆਂ ਫ਼ੌਜਾਂ ਵਿਚ ਘਮਸਾਣ ਮਚਾ ਦਿੱਤਾ ਤੇ ਥੋੜ੍ਹੀ ਜਿਹੀ ਮੁਸਲਮਾਨੀ ਫ਼ੌਜ ਨੇ ਹੀ ਇਨ੍ਹਾਂ ਨੂੰ ਨਿਲਾਭ ਤੱਕ ਧੱਕ ਦਿੱਤਾ। ਹੁਣ ਮੁਸਲਮਾਨ ਰਾਜ ਦੀ ਹੱਦ ਪਿਸ਼ਾਵਰ ਤੇ ਲਘਮਾਨ ਤੱਕ ਆ ਗਈ।

ਸੰਨ 1001 ਵਿਚ ਸੁਬੁਕਤਗੀਨ ਦੇ ਪੁੱਤਰ ਮਹਿਮੂਦ ਨੇ ਪਿਸ਼ਾਵਰ ਤੇ ਹਮਲਾ ਕਰ ਦਿੱਤਾ। ਇਸ ਵਾਰ ਜੈਪਾਲ 12,000 ਘੋੜੇ, 30,000 ਪੈਦਲ ਸਿਪਾਹੀ ਅਤੇ 300 ਹਾਥੀਆਂ ਦੀ ਫ਼ੌਜ ਲੈ ਕੇ ਮੁਕਾਬਲੇ ਲਈ ਆਇਆ। ਲੜਾਈ ਦੀ ਪੂਰੀ ਤਿਆਰੀ ਦੇ ਬਾਵਜੂਦ ਵੀ ਅਨੁਸ਼ਾਸਨ ਦੀ ਕਮੀ ਕਾਰਨ ਇਹ ਮੁਸਲਮਾਨੀ ਫ਼ੌਜ ਦੇ ਸਾਹਮਣੇ ਹੌਂਸਲਾ ਹਾਰ ਗਏ। ਇਸ ਲੜਾਈ ਵਿਚ ਵਿਸ਼ੇਸ਼ ਕਰਕੇ ਸੂਝਵਾਨ ਸੂਹੀਆਂ ਦੀ ਅਣਹੋਂਦ ਕਰਕੇ ਜੈਪਾਲ ਦੀ ਫ਼ੌਜ ਦਾ ਭਾਰੀ ਨੁਕਸਾਨ ਹੋਇਆ ਅਤੇ ਜੈਪਾਲ ਆਪਣੇ 15 ਉੱਚ ਅਧਿਕਾਰੀਆਂ ਸਮੇਤ ਫੜਿਆ ਗਿਆ। ਬਾਕੀ ਦੀ ਲੁਟ-ਖਸੁਟ ਤੋਂ ਇਲਾਵਾ ਜੈਪਾਲ ਦੇ ਗਲੋਂ 1,82,000 ਪੌਂਡ ਦੀ ਕੀਮਤ ਦੇ ਜੜਾਊ ਹਾਰ ਵੀ ਉਤਾਰ ਲਏ ਗਏ। ਬਠਿੰਡੇ ਦਾ ਕਿਲਾ ਤਬਾਹ ਕਰ ਦਿੱਤਾ ਗਿਆ। ਕੁਝ ਚਿਰ ਪਿੱਛੋਂ ਜੈਪਾਲ ਨੂੰ ਸਾਲਾਨਾ ਨਜ਼ਰ ਦੀ ਸ਼ਰਤ ਤੇ ਛੱਡ ਦਿੱਤਾ। ਵਾਪਸ ਆਉਣ ਤੇ ਬਿਰਧ ਰਾਜਾ ਜੈਪਾਲ ਮੁਸਲਮਾਨਾਂ ਹੱਥੋਂ ਬਰਾਬਰ ਹਾਰ ਖਾਣ ਉਪਰੰਤ ਕਾਫ਼ੀ ਨਿਮੋਝੂਣੀ ਹਾਲਤ ਵਿਚ ਸੀ। ਇਸਨੇ ਆਪਣੇ ਆਪ ਨੂੰ ਕਾਬਲ ਨਾ ਸਮਝਦਿਆਂ ਹੋਇਆਂ ਆਪਣੇ ਬੇਟੇ ਅਨੰਗਪਾਲ ਨੂੰ ਗੱਦੀ ਸੌਂਪ ਦਿੱਤੀ ਅਤੇ ਆਪ ਅਗਨ ਭੇਂਟ ਹੋ ਗਿਆ।

ਹ. ਪੁ.–ਹਿੰ. ਵਿ. ਕੋ. 4: 393; ਹਿੰ. ਪੰ.

**ਜੈਪਾਲ** : ਇਹ ਅਨੰਗਪਾਲ ਦਾ ਪੁੱਤਰ ਸੀ। ਸੰਨ 1013 ਵਿਚ ਇਹ ਲਾਹੌਰ ਦੇ ਤਖ਼ਤ ਤੇ ਬੈਠਾ। ਸੰਨ 1022 ਵਿਚ ਸੁਬੁਕਤਗੀਨ ਦੇ ਲੜਕੇ ਸੁਲਤਾਨ ਮਹਿਮੂਦ ਨੇ ਇਸ ਨੂੰ ਰਾਵੀ ਦੇ ਕੰਢੇ ਭਾਰੀ ਹਾਰ ਦਿੱਤੀ। ਨਤੀਜੇ ਵਜੋਂ ਲਾਹੌਰ ਮੁਸਲਮਾਨਾਂ ਦੇ ਹੱਥ ਵਿਚ ਆ ਗਿਆ ਅਤੇ ਹਾਰ ਖਾਣ ਮਗਰੋਂ ਅਜਮੇਰ ਵੱਲ ਭੱਜ ਗਿਆ। ਇਸ ਤਰ੍ਹਾਂ ਭਾਰਤ ਵਿਚ ਮੁਸਲਮਾਨੀ ਰਾਜ ਦੀ ਨੀਂਹ ਪੱਕੀ ਹੋ ਗਈ।

ਹ. ਪੁ.–ਮ. ਕੋ. : 509; ਹਿੰ. ਵਿ. ਕੋ. 4 : 393

**ਜੈਪੀਡ (ਜਇਆਪੀਡ) ਵਿਨਯਾਦਿਤਾ** : ਇਹ ਕਸ਼ਮੀਰ ਦੇ ਕਾਰਕੋਟ ਬੰਸ਼ ਦੇ ਲਲਿਤਾਦਿਤ ਮੁਕਤਾਪੀਡ ਦਾ ਪੋਤਾ ਅਤੇ ਵ੍ਰਜਦਿਤ ਬਪਿਯਕ ਦਾ ਪੁੱਤਰ ਸੀ ਜੋ 770 ਈ. ਵਿਚ ਪੈਦਾ ਹੋਇਆ। ਇਹ ਇਕ ਕੁਸ਼ਲ ਸੈਨਾ ਨਾਇਕ ਸੀ।

ਆਪਣੇ ਰਾਜ ਦੇ ਸ਼ੁਰੂ ਸਾਲਾਂ ਵਿਚ ਇਸਨੇ ਪੂਰਬ ਵੱਲ ਚੜ੍ਹਾਈ ਕੀਤੀ। ਪੰਚ ਗੋੜ੍ਹਾਂ ਨੂੰ ਹਰਾ ਕੇ ਪੁੰਡਰਵਰਧਨ ਦੇ ਰਾਜਾ ਜਯੰਤ ਨੂੰ ਉਨ੍ਹਾਂ ਦਾ ਰਾਜਾ ਬਣਾਇਆ। ਕਸ਼ਮੀਰ ਨੂੰ ਮੁੜਦੇ ਸਮੇਂ ਇਸਨੇ ਕੰਨਿਆ-ਕੁਬਜ਼ ਦੇ ਰਾਜੇ ਨੂੰ ਹਰਾਇਆ।

ਜੈਪੀਡ ਦੀ ਗ਼ੈਰ ਮੌਜੂਦਗੀ ਵਿਚ ਇਸਦੇ ਭਣਵਈਏ ਜੱਜ ਨੇ ਸਿੰਘਾਸਨ ਉੱਤੇ ਅਧਿਕਾਰ ਕਰ ਲਿਆ ਪਰੰਤੂ ਜੈ ਪੀਡ ਦੇ ਵਾਪਸ

ਆਉਣ ਤੇ ਦੋਹਾਂ ਵਿਚਕਾਰ ਲੜਾਈ ਹੋਈ ਜਿਸ ਵਿਚ ਜੱਜ ਮਾਰਿਆ ਗਿਆ।

ਕੁਝ ਸਮੇਂ ਬਾਅਦ ਜੈ ਪੀਡ ਫਿਰ ਜਿੱਤਾਂ ਲਈ ਨਿਕਲਿਆ। ਇਸਨੇ ਪੂਰਬੀ ਭਾਰਤ ਦੇ ਰਾਜਾ ਭੀਮ ਸਿੰਘ ਅਤੇ ਨੇਪਾਲ ਦੇ ਸ਼ਾਸਕ ਅਰਮੁੜੀ ਨਾਲ ਲੜਾਈ ਕੀਤੀ। ਇਸਨੇ ਆਪਣੀ ਆਖ਼ਰੀ ਲੜਾਈ ਇਸਤਰੀ ਰਾਜ ਨਾਲ ਲੜੀ।

ਆਪਣੇ ਸ਼ਾਸਨ ਕਾਲ ਦੇ ਅੰਤ ਵਿਚ ਭਾਰੀ ਟੈਕਸ ਲਾਉਣ ਕਾਰਨ ਇਹ ਜਨਤਾ ਵਿਚ ਆਪਣਾ ਸਤਿਕਾਰ ਗਵਾ ਬੈਠਾ। ਇਸਦੇ ਰਾਜ ਦੇ 31ਵੇਂ ਸ਼ਾਲ ਵਿਚ ਬ੍ਰਾਹਮਣਾਂ ਨੇ ਸਾਜ਼ਸ਼ ਰਾਹੀਂ ਇਸਨੂੰ ਖ਼ਤਮ ਕਰ ਦਿੱਤਾ।

ਜੈ ਪੀਡ ਵਿਨਯਾਦਿਤਾ ਇਕ ਕਵੀ ਸੀ। ਇਸਦੇ ਰਾਜ ਵਿਚ ਕਵੀਆਂ ਦਾ ਕਾਫ਼ੀ ਸਤਿਕਾਰ ਕੀਤਾ ਜਾਂਦਾ ਸੀ। ਇਸਨੇ ਜੈਪੁਰ ਅਤੇ ਦਵਾਰਵਤੀ ਨਾਮੀ ਸ਼ਹਿਰਾਂ ਦੀ ਸਥਾਪਨਾ ਕੀਤੀ। ਜੈਪੁਰ ਵਿਚ ਇਸਨੇ ਬੁੱਧ ਦੀਆਂ ਤਿੰਨ ਮੂਰਤੀਆਂ ਅਤੇ ਮੰਦਰ ਬਣਵਾਏ।

ਹ. ਪੁ.–ਹਿੰ. ਵਿ. ਕੋ. 4 : 397

**ਜੈਪੁਰ** : ਰਿਆਸਤ–ਰਾਜਪੂਤਾਨੇ ਵਿਚ ਭਾਰਤ ਦੀ ਇਕ ਸਾਬਕਾ ਰਿਆਸਤ ਸੀ। ਇਸ ਦਾ ਕੁੱਲ ਖੇਤਰਫਲ 39,877 ਵ. ਕਿ. ਮੀ. ਸੀ। ਇਸ ਦੇ ਉੱਤਰ ਵੱਲ ਬੀਕਾਨੇਰ, ਲੋਹਾਰੂ ਅਤੇ ਪਟਿਆਲਾ ਸਨ। ਇਸ ਦਾ ਇਕ ਅਲੱਗ ਜਿਹਾ ਜ਼ਿਲ੍ਹਾ ਕੋਟ ਕਾਸਿਮ ਗੁੜਗਾਉਂ ਜ਼ਿਲ੍ਹੇ ਦੀ ਰਿਵਾੜੀ ਤਹਿਸੀਲ ਨਾਲ ਅਤੇ ਨਾਭਾ ਰਿਆਸਤ ਨਾਲ ਜਾ ਲਗਦਾ ਸੀ। ਇਸ ਦੇ ਪੱਛਮ ਵਿਚ ਬੀਕਾਨੇਰ, ਜੋਧਪੁਰ, ਕਿਸ਼ਨਗੜ੍ਹ ਅਤੇ ਅਜਮੇਰ ਜ਼ਿਲ੍ਹਾ (ਬਰਤਾਨਵੀਂ ਸਰਕਾਰ ਅਧੀਨ) ਸਨ। ਦੱਖਣ ਵੱਲ ਉਦੈਪੁਰ, ਬੂੰਦੀ, ਟੋਂਕ, ਕੋਟਾ ਅਤੇ ਗਵਾਲੀਅਰ, ਪੂਰਬ ਵੱਲ ਕਰਾਉਲੀ ਭਰਤਪੁਰ ਅਤੇ ਅਲਵਰ ਆਦਿ ਸਨ।

ਇਸ ਦੀ ਧਰਾਤਲ ਕਈ ਪਹਾੜੀ ਲੜੀਆਂ ਅਤੇ ਖਿਲ-ਖਪਰੀਆਂ ਜਿਹੀਆਂ ਪਹਾੜੀਆਂ ਵਾਲੀ ਸੀ। ਵਿਚਕਾਰਲਾ ਹਿੱਸਾ ਪੱਧਰਾ ਤਿਕੋਨੀ ਸ਼ਕਲ ਦਾ ਮੈਦਾਨ ਸੀ। ਬਨਾਸ ਇਥੋਂ ਦਾ ਮੁੱਖ ਦਰਿਆ ਸੀ ਪਰ ਇਸ ਸਮੇਤ ਇਥੋਂ ਦੇ ਹੋਰ ਸਾਰੇ ਦਰਿਆ ਗਰਮੀਆਂ ਵਿਚ ਸੁੱਕ ਜਾਂਦੇ ਸਨ। ਇਸ ਦੇ ਕਈ ਭਾਗਾਂ ਵਿਚ ਤਾਂਬਾ, ਨਿਕਲ, ਲੋਹਾ ਅਤੇ ਕੋਬਾਲਟ ਜਿਹੇ ਖਣਿਜ ਮਿਲਦੇ ਸਨ। ਜਲਵਾਯੂ ਖੁਸ਼ਕ ਅਤੇ ਸਿਹਤਮੰਦ ਸੀ। ਸਾਲਾਨਾ ਵਰਖਾ ਦੀ ਔਸਤ ਕੇਵਲ 53 ਸੈਂ. ਮੀ. (23 ਇੰਚ) ਦੇ ਲਗਭਗ ਸੀ।

ਇਤਿਹਾਸਕ ਪੱਖ ਤੋਂ ਇਥੇ ਰਮਾਇਣ ਦੇ ਨਾਇਕ ਰਾਮਚੰਦਰ ਦੇ ਲੜਕੇ ਕੁਸ਼ ਦੇ ਬੰਸ਼ ਦੇ ਕਛਵਾਹਾ ਰਾਜਿਆਂ ਦਾ ਰਾਜ ਸੀ। ਇਸ ਦੇ ਮੁੱਢਲੇ ਇਤਿਹਾਸ ਬਾਰੇ ਕੁਝ ਪਤਾ ਨਹੀਂ ਲਗਦਾ ਪਰ ਇਹ ਕਿਹਾ ਜਾਂਦਾ ਹੈ ਕਿ ਇਹ ਲੋਕ ਪਹਿਲਾਂ ਪਹਿਲ ਰੋਹਤਾਸ ਕੋਲ ਆ ਕੇ ਵੱਸੇ ਸਨ। ਤੀਜੀ ਸਦੀ ਦੇ ਅੰਤ ਤੱਕ ਇਹ ਲੋਕ ਗਵਾਲੀਅਰ ਅਤੇ ਨਰਵਰ ਵਿਚ ਆ ਵੱਸੇ ਸਨ। ਇਥੇ ਇਨ੍ਹਾਂ ਨੇ ਕਈ ਸਾਲ ਤੱਕ ਰਾਜ ਕੀਤਾ। ਇਸ ਘਰਾਣੇ ਦੇ ਕਈ ਪ੍ਰਸਿੱਧ ਵਿਅਕਤੀ ਹੋਏ ਹਨ ਜਿਨ੍ਹਾਂ ਵਿਚੋਂ ਰਾਜਾ ਮਾਨ ਸਿੰਘ ਜੋ ਅਕਬਰ ਦਾ ਪ੍ਰਸਿੱਧ ਜਰਨੈਲ ਸੀ, ਦਾ ਨਾਮ ਮਹੱਤਵਪੂਰਨ ਹੈ। ਰਾਜਾ ਜੈ ਸਿੰਘ ਵੀ ਇਥੋਂ ਦਾ ਮਸ਼ਹੂਰ ਰਾਜਾ ਸੀ। ਉਸੇ ਨੇ ਹੀ 1728 ਈ. ਵਿਚ ਮੌਜੂਦਾ ਸ਼ਹਿਰ, ਜੈਪੁਰ ਦੀ ਨੀਂਹ ਰੱਖੀ ਸੀ। ਉਸ ਦੀ ਮੌਤ ਤੋਂ ਬਾਅਦ ਹੀ ਇਨ੍ਹਾਂ ਦੇ ਰਾਜ ਦਾ ਪਤਨ ਸ਼ੁਰੂ ਹੋ ਗਿਆ।

ਰਿਆਸਤ ਵਿਚ ਪਿੰਡਾਂ ਅਤੇ ਸ਼ਹਿਰਾਂ ਦੀ ਗਿਣਤੀ 5,773 ਸੀ। ਸਾਰੀ ਰਿਆਸਤ 10 ਨਿਜ਼ਾਮਤਾਂ ਵਿਚ ਵੰਡੀ ਹੋਈ ਸੀ। ਲੋਕ ਮੁੱਖ ਤੌਰ ਤੇ ਖੇਤੀ ਕਰਦੇ ਸਨ। ਮੁੱਖ ਤੌਰ ਤੇ ਬਾਜਰਾ, ਮੂੰਗ ਅਤੇ ਮੋਠ ਅਤੇ ਕੁਝ ਹੱਦ ਤੱਕ ਕਣਕ, ਕਪਾਹ, ਜਵਾਰ, ਮੱਕੀ, ਤਿਲ, ਤੇਲਾਂ ਵਾਲੇ ਬੀਜ, ਜੌਂ ਕਮਾਦ ਅਤੇ ਪੋਸਤ ਆਦਿ ਦੀ ਪੈਦਾਵਾਰ ਕੀਤੀ ਜਾਂਦੀ ਸੀ।

ਲੂਣ ਤੋਂ ਇਲਾਵਾ ਇਥੋਂ ਕੋਈ ਖਾਸ ਖਣਿਜ ਨਹੀਂ ਕੱਢੇ ਜਾਂਦੇ ਸਨ ਪਰ ਸੰਗਮਰਮਰ ਅਤੇ ਹੋਰ ਇਮਾਰਤੀ ਪੱਥਰ ਇਥੇ ਵੱਡੀ ਮਾਤਰਾ ਵਿਚ ਮਿਲਦਾ ਸੀ। ਇਥੋਂ ਦੀਆਂ ਦਸਤਕਾਰੀਆਂ ਵਿਚ ਉੱਨੀ, ਸੂਤੀ ਕੱਪੜਾ ਤਿਆਰ ਕਰਨ, ਸੰਗਮਰਮਰ ਦੀਆਂ ਮੂਰਤੀਆਂ, ਕੁੰਭਕਾਰੀ ਬਣਾਉਣ (ਝਾਲ ਫੇਰਨ) ਪਿੱਤਲ ਅਤੇ ਲਾਖ ਦਾ ਕੰਮ ਕੀਤਾ ਜਾਂਦਾ ਸੀ। ਇਹ ਚੀਜ਼ਾਂ ਇਥੋਂ ਬਾਹਰ ਭੇਜੀਆਂ ਜਾਂਦੀਆਂ ਸਨ ਅਤੇ ਚੀਨੀ, ਚੌਲ, ਤਮਾਕੂ ਅਤੇ ਕਪੜਾ ਬਾਹਰੋਂ ਮੰਗਵਾਇਆ ਜਾਂਦਾ ਸੀ। ਵਪਾਰ ਦਾ ਮੁੱਖ ਰਸਤਾ ਰਾਜਪੂਤਾਨਾ-ਮਾਲਵਾ ਰੇਲ ਮਾਰਗ ਸੀ।

ਰਿਆਸਤ ਦਾ ਕੰਮ ਮਹਾਰਾਜਾ ਆਪਣੇ 10 ਸਲਾਹਕਾਰਾਂ ਦੀ ਇਕ ਕੌਂਸਲ ਦੀ ਸਹਾਇਤਾ ਨਾਲ ਚਲਾਉਂਦਾ ਸੀ। ਕੌਂਸਲ ਕੋਲ ਵਿਤ, ਅਦਾਲਤੀ ਅਤੇ ਵਿਦੇਸ਼ ਸਬੰਧੀ, ਫ਼ੌਜ ਸਬੰਧੀ ਅਤੇ ਫੁਟਕਲ ਆਦਿ ਤਿੰਨ ਵਿਭਾਗ ਸਨ। ਹਰ ਇਕ ਵਿਭਾਗ ਦੇ ਤਿੰਨ ਜਾਂ ਚਾਰ ਮੈਂਬਰ ਹੁੰਦੇ ਸਨ। ਇਹ ਮੈਂਬਰ ਆਪਣੇ ਸਬੰਧਿਤ ਮਹਿਕਮਿਆਂ ਦਾ ਕੰਮ ਕਰਦੇ ਸਨ ਪਰ ਮਹੱਤਵਪੂਰਨ ਮਾਮਲਿਆਂ ਨੂੰ ਪੂਰੀ ਕੌਂਸਲ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ ਫਿਰ ਜੋ ਫ਼ੈਸਲਾ ਕੌਂਸਲ ਕਰਦੀ ਸੀ ਉਸਨੂੰ ਮਹਾਰਾਜੇ ਕੋਲ ਮਨਜ਼ੂਰੀ ਲਈ ਪੇਸ਼ ਕੀਤਾ ਜਾਂਦਾ ਸੀ। ਸਾਰੀ ਰਿਆਸਤ ਦੋ ਦੀਵਾਨੀਆਂ ਵਿਚ ਵੰਡੀ ਹੋਈ ਸੀ ਜਿਨ੍ਹਾਂ ਦਾ ਆਪਣਾ-ਆਪਣਾ ਕਰ ਕਮਿਸ਼ਨ ਜਾਂ ਦੀਵਾਨ ਹੁੰਦਾ ਸੀ ਤੇ ਇਹ ਦੀਵਾਨੀਆਂ ਅੱਗੇ ਦਸ-ਦਸ ਨਿਜ਼ਾਮਤਾਂ ਵਿਚ ਵੰਡੀਆਂ ਹੁੰਦੀਆਂ ਸਨ। ਹਰ ਨਿਜ਼ਾਮਤ ਤੇ ਇਕ ਨਾਜ਼ਿਮ ਅਤੇ ਇਕ ਨਾਇਬ ਨਾਜ਼ਿਮ ਹੁੰਦਾ ਸੀ। ਇਹ ਨਿਜ਼ਾਮਤਾਂ ਅਗੇ ਇਕੱਤੀ ਤਹਿਸੀਲਾਂ ਵਿਚ ਵੰਡੀਆਂ ਹੋਈਆਂ ਸਨ।

ਰਿਆਸਤ ਦੇ ਆਪਣੇ ਸਿੱਕੇ ਸਨ ਜਿਨ੍ਹਾਂ ਨੂੰ ਝਾਰ ਸ਼ਾਹੀ ਕਿਹਾ ਜਾਂਦਾ ਸੀ। ਇਨ੍ਹਾਂ ਵਿਚ ਸੋਨੇ ਦੀਆਂ ਮੁਹਰਾਂ, ਰੁਪਏ ਤੇ ਹੋਰ ਛੋਟੇ ਚਾਂਦੀ ਦੇ ਸਿੱਕੇ ਤੇ ਤਾਂਬੇ ਦੇ ਪੈਸੇ ਹੁੰਦੇ ਸਨ। ਇਨ੍ਹਾਂ ਦਾ ਅੰਗਰੇਜ਼ੀ ਮੁਦਰਾ ਨਾਲ ਵਟਾਂਦਰੇ ਦੀ ਦਰ ਲਗਭਗ ਹਰ ਮਹੀਨੇ ਬਦਲਦੀ ਰਹਿੰਦੀ ਸੀ।

ਰਿਆਸਤੀ ਫ਼ੌਜ ਵਿਚ 5000 ਪਿਆਦਾ ਫ਼ੌਜ, 5000 ਨਾਗਾ ਫ਼ੌਜ (ਆਰਜ਼ੀ ਫ਼ੌਜੀ), 700 ਰਿਸਾਲਾ (ਘੋੜ ਸਵਾਰ) 860 ਪੁਰਾਣੀ ਕਿਸਮ ਦੀਆਂ ਛੋਟੀਆਂ ਬੰਦੂਕਾਂ, 50 ਊਠਾਂ ਤੇ ਲੱਦਣ ਵਾਲੀਆਂ ਬੰਦੂਕਾਂ ਸਨ। ਉਪਰੋਕਤ ਤੋਂ ਇਲਾਵਾ ਰਿਆਸਤੀ ਸਰਦਾਰ 5,782 ਘੋੜ ਸਵਾਰ ਰੱਖਦੇ ਸਨ ਜੋ ਦਰਬਾਰ ਦੀ ਅਧੀਨਗੀ ਵਿਚ ਸਨ।

ਪੁਲਿਸ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ। ਸ਼ਹਿਰੀ ਜਾਂ ਫ਼ੌਜਦਾਰੀ ਪੁਲਿਸ ਇਕ ਫ਼ੌਜਦਾਰ ਦੇ ਅਧੀਨ ਹੁੰਦੀ ਸੀ ਅਤੇ ਦੂਜੀ ਜ਼ਿਲ੍ਹਾ ਪੁਲਿਸ ਸੁਪਰਡੈਂਟ ਦੇ ਅਧੀਨ ਹੁੰਦੀ ਸੀ। ਰਿਆਸਤ ਵਿਚ ਕੁੱਲ 29 ਹਸਪਤਾਲ ਅਤੇ ਦਵਾਖਾਨੇ ਸਨ।

ਹ. ਪੁ. -ਇੰਪ. ਗ. ਇੰਡ. 13 : 382

**ਜੈਪੁਰ** : ਜਾਗੀਰ–ਭਾਰਤ ਦੇ ਸਾਬਕਾ ਪ੍ਰਾਂਤ ਮਦਰਾਸ ਵਿਚ ਇਹ ਇਕ ਜਾਗੀਰ ਹੁੰਦੀ ਸੀ ਜਿਸ ਨੇ ਪ੍ਰਾਂਤ ਦੇ ਵਿਜ਼ਾਗਾਪਟਮ (ਵਿਸ਼ਾਖਾਪਟਨਮ) ਜ਼ਿਲ੍ਹੇ ਦਾ ਸਾਰਾ ਹੀ ਉੱਤਰੀ ਹਿੱਸਾ ਮੱਲਿਆ ਹੋਇਆ ਸੀ। ਅਸਲ ਵਿਚ ਇਹ ਸਾਰੇ ਹੀ ਪਹਾੜੀ ਇਲਾਕੇ ਅਤੇ ਨੌਰੰਗਪੁਰ, ਜੈਪੁਰ, ਕੋਰਾਪੁਟ, ਮਲਕਨਗਿਰੀ, ਬਿਸਮਕਟਕ ਰਾਏਗੜ੍ਹ, ਪਡਵਾ, ਪੋਟਾਂਗੀ ਅਤੇ ਗੁਨੂੰਪੁਰ ਦੇ ਕਾਫ਼ੀ ਸਾਰੇ ਹਿੱਸੇ ਸ਼ਾਮਲ ਸਨ। ਰਾਜੇ ਦਾ ਨਿਵਾਸ ਸਥਾਨ ਜੈਪੁਰ ਸ਼ਹਿਰ ਵਿਖੇ ਹੁੰਦਾ ਸੀ।

ਜੈਪੁਰ ਦੇ ਖ਼ਾਨਦਾਨ ਦੇ ਵੱਡੇ ਵਡੇਰੇ ਕਿਸੇ ਸਮੇਂ ਉੜੀਸਾ ਦੇ ਰਾਜਪਤੀ ਬਾਦਸ਼ਾਹਾਂ ਦੇ ਸੇਵਕ ਹੁੰਦੇ ਸਨ। ਪੰਦਰਵੀਂ ਸਦੀ ਵਿਚ ਇਸ ਦੇ ਬਾਨੀ ਵਿਨਾਇਕ ਦਿਓ (ਜਿਹੜਾ ਇਕ ਰਵਾਇਤ ਅਨੁਸਾਰ ਰਾਜਪੂਤਾਂ ਦੇ ਚੰਦਰ ਬੰਸ ਵਿਚੋਂ ਸੀ) ਨੇ ਰਾਜਪਤੀ ਬਾਦਸ਼ਾਹ ਦੀ ਇਕ ਲੜਕੀ ਨਾਲ ਸ਼ਾਦੀ ਕਰ ਲਈ ਅਤੇ ਰਾਜਪਤੀ ਬਾਦਸ਼ਾਹ ਨੇ ਵਿਨਾਇਕ ਦਿਓ ਨੂੰ ਜੈਪੁਰ ਦੀ ਜਾਗੀਰ ਪ੍ਰਦਾਨ ਕਰ ਦਿੱਤੀ। ਲਗਭਗ 1652 ਈ. ਵਿਚ ਜਦੋਂ ਵਿਜ਼ੀਆਨਾਗ੍ਰਮ ਖ਼ਾਨਦਾਨ ਦਾ ਬਾਨੀ, ਗੋਲਕੌਂਡਾ ਦੇ ਫ਼ੌਜਦਾਰ ਸ਼ੇਰਮੁਹੰਮਦ ਖ਼ਾਨ ਦੇ ਨਾਲ ਚਿਕਾਕੋਲ ਵਿਖੇ ਆਇਆ ਸੀ, ਜੈਪੁਰ ਦੇ ਖ਼ਾਨਦਾਨ ਕੋਲ ਨਾ ਕੇਵਲ ਉਸ ਵੇਲੇ ਦੀ ਆਪਣੀ ਜਾਗੀਰ ਦਾ ਇਲਾਕਾ ਹੀ ਸੀ ਸਗੋਂ ਘਾਟਾਂ ਦੇ ਪੈਰਾਂ ਵਿਚ ਪੈਂਦੀਆਂ ਸਾਰੀਆਂ ਪਹਾੜੀਆਂ ਜ਼ਮੀਂਦਾਰੀਆਂ ਵੀ ਉਸਦੇ ਕਬਜ਼ੇ ਵਿਚ ਸਨ। ਬਾਅਦ ਵਿਚ ਜੈਪੁਰ ਵਿਜ਼ੀਆਨਾਗ੍ਰਮ ਦੀ ਇਕ ਖਿਰਾਜ ਦੇਣ ਵਾਲੀ ਜਾਗੀਰ ਬਣ ਗਿਆ। ਸੰਨ 1794 ਵਿਚ ਮਦਰਾਸ ਸਰਕਾਰ ਨੇ ਜੈਪੁਰ ਦੇ ਹਾਕਮ ਜਿਸਨੇ ਵਿਜ਼ੀਆਨਗ੍ਰਮ ਨਾਲ ਹੋਈ ਲੜਾਈ ਦੌਰਾਨ ਵਫ਼ਾਦਾਰੀ ਵਿਖਾਈ ਸੀ, ਦਾ ਸਨਮਾਨ ਕਰਦਿਆਂ ਇਨਾਮ ਵਜੋਂ ਉਸਨੂੰ ਇਕ ਵੱਖਰੀ ਸਨਦ ਪ੍ਰਦਾਨ ਕੀਤੀ।

ਸੰਨ 1803 ਵਿਚ ਇਸ ਜਾਗੀਰ ਦੀ ਪੇਸ਼ਕਸ਼ 16,000 ਰੁਪਏ ਮੁਕੱਰਰ ਕੀਤੀ ਗਈ। ਸੰਨ 1898 ਵਿਚ ਰਾਜੇ ਦੇ ਖ਼ਾਨਦਾਨ ਵੱਲੋਂ ਹੁਕਮ ਅਦੂਲੀ ਕਰਨ ਕਾਰਨ, ਜਾਗੀਰ ਦੀਆਂ ਕੁਝ ਤਹਿਸੀਲਾਂ ਸਰਕਾਰ ਨੇ ਆਪਣੇ ਵਿਚ ਸ਼ਾਮਲ ਕਰ ਲਈਆਂ। ਸੰਨ 1855 ਵਿਚ ਫਿਰ ਗੜਬੜਾਂ ਸ਼ੁਰੂ ਹੋ ਗਈਆਂ ਅਤੇ ਅਖ਼ੀਰ 1860 ਈ. ਵਿਚ ਸਰਕਾਰ ਨੂੰ ਮਜਬੂਰਨ ਦੀਵਾਨੀ ਅਤੇ ਫ਼ੌਜਦਾਰੀ ਪ੍ਰਣਾਲੀ ਰਾਜ ਪ੍ਰਬੰਧ ਵਿਚ ਲਾਗੂ ਕਰਨੀ ਪਈ। ਇਕ ਸਪੈਸ਼ਲ ਐਸਿਸਟੈਂਟ ਏਜੰਟ ਨਿਯੁਕਤ ਕਰ ਦਿੱਤਾ ਗਿਆ ਅਤੇ ਮਾਤਹਿਤ ਮੈਜਿਸਟ੍ਰੇਟ ਅਤੇ ਭਾਰੀ ਪੁਲਿਸ ਜ਼ਮੀਂਦਾਰੀ ਵਿਚ ਤੈਨਾਤ ਕਰ ਦਿੱਤੀ ਗਈ। ਇਸ ਤੋਂ ਪਿੱਛੋਂ 1865-66 ਈ. ਵਿਚ ਕੇਵਲ ਸਵਾਰਿਆਂ ਵਿਚਕਾਰ ਹੀ ਛੋਟੀਆਂ ਮੋਟੀਆਂ ਗੜਬੜਾਂ ਹੋਈਆਂ। ਬਾਕੀ ਸਮੇਂ ਇਥੇ ਸ਼ਾਂਤੀ ਹੀ ਰਹੀ।

ਜਨਵਰੀ, 1896 ਵਿਚ ਇਥੋਂ ਦੇ ਰਾਜਾ ਸ੍ਰੀ ਵਿਕ੍ਰਮ ਰਾਓ ਨੂੰ ਮਹਾਰਾਜੇ ਦਾ ਖ਼ਿਤਾਬ ਦਿੱਤਾ ਗਿਆ।

ਦੇਸ਼ ਦੀ ਵੰਡ ਉਪਰੰਤ ਇਸ ਜਾਗੀਰ ਦਾ ਇਲਾਕਾ ਆਂਧਰਾ ਪ੍ਰਦੇਸ਼ ਅਤੇ ਉੜੀਸਾ ਨਾਂ ਦੇ ਰਾਜਾਂ ਵਿਚ ਸ਼ਾਮਲ ਕਰ ਲਿਆ।

ਹ. ਪੁ. -ਇੰਪ. ਗ. ਇੰਡ. 14: 103

**ਜੈਪੁਰ** : ਜ਼ਿਲ੍ਹਾ—ਰਾਜਸਥਾਨ ਰਾਜ (ਭਾਰਤ) ਦਾ ਇੱਕ ਜ਼ਿਲ੍ਹਾ ਹੈ ਜਿਹੜਾ ਸਮੁੰਦਰ ਤਲ ਤੋਂ 427 ਤੋਂ 488 ਮੀ. ਦੀ ਉਚਾਈ ਤੇ ਸਥਿਤ ਹੈ। ਇਸ ਦੀਆਂ ਹੱਦਾਂ ਉੱਤਰ-ਪੱਛਮ ਵੱਲ ਸੀਕਰ, ਪੱਛਮ ਵੱਲ, ਨਾਗਪੁਰ, ਦੱਖਣ-ਪੱਛਮ ਵੱਲ ਅਜਮੇਰ, ਦੱਖਣ ਵੱਲ ਟਾਂਕ, ਦੱਖਣ-ਪੂਰਬ ਵੱਲ ਸਵਾਇ ਮਾਧੋਪੁਰ ਤੇ ਉੱਤਰ-ਪੂਰਬ ਵੱਲ ਅਲਵਰ ਜ਼ਿਲ੍ਹਿਆਂ ਨਾਲ ਲਗਦੀਆਂ ਹਨ। ਜ਼ਿਲ੍ਹੇ ਦਾ ਖੇਤਰਫਲ 13,969 ਵਰਗ ਕਿ. ਮੀ. ਅਤੇ ਆਬਾਦੀ 47,22,551(1991) ਹੈ। ਇਸ ਦੇ ਪੂਰਬ ਅਤੇ ਦੱਖਣ ਵੱਲ ਜਲੋਢੀ ਮੈਦਾਨ ਹਨ ਜਦੋਂ ਕਿ ਉੱਤਰ ਅਤੇ ਪੱਛਮ ਵੱਲ ਪਰਬਤ ਲੜੀਆਂ ਅਤੇ ਮਾਰੂਥਲ ਹੈ। ਬਾਜਰਾ, ਜੌਂ, ਛੋਲੇ ਅਤੇ ਕਪਾਹ ਇਥੋਂ ਦੀਆਂ ਮੁੱਖ ਫਸਲਾਂ ਹਨ। ਇਥੇ ਕੱਚਾ ਲੋਹਾ, ਬੇਰਿਲੀਅਮ, ਅਬਰਕ, ਫੇਲਸਪਾਰ, ਸੰਗਮਰਮਰ, ਤਾਂਬਾ ਅਤੇ ਗਾਰਨਟ ਦੇ ਭੰਡਾਰ ਵੀ ਉਪਲੱਬਧ ਹਨ। ਇਥੋਂ ਦੀ ਸਾਂਭਰ ਝੀਲ ਵਿਚੋਂ ਲੂਣ ਕੱਢਿਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. ਮਾ. 5:502; ਹਿ. ਵਿ. ਕੋ. 4:393

**ਜੈਪੁਰ** : ਸ਼ਹਿਰ—ਰਾਜਸਥਾਨ ਰਾਜ (ਭਾਰਤ) ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਦਿੱਲੀ ਤੋਂ 257 ਕਿ. ਮੀ. ਦੱਖਣ-ਪੱਛਮ ਵੱਲ ਅਤੇ ਆਗਰੇ ਤੋਂ 225 ਕਿ. ਮੀ. ਪੱਛਮ ਵੱਲ ਸਥਿਤ ਹੈ। ਇਸ ਸ਼ਹਿਰ ਦਾ ਨਾਂ ਮਹਾਰਾਜਾ ਸਵਾਇ ਜੈ ਸਿੰਘ ਦੂਜੇ ਦੇ ਨਾਂ ਤੇ ਪਿਆ ਜਿਸਨੇ ਇਸ ਸ਼ਹਿਰ ਦੀ ਸਥਾਪਨਾ 1728 ਈ. ਵਿਚ ਕੀਤੀ ਸੀ। ਗੁਲਾਬੀ ਪੱਥਰ ਨਾਲ ਬਣੇ ਰਾਜਮਹਿਲ ਅਤੇ ਇਮਾਰਤਾਂ ਕਾਰਨ ਇਹ 'ਗੁਲਾਬੀ ਸ਼ਹਿਰ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਚਾਰ ਚੁਫ਼ੇਰੇ (ਦੱਖਣੀ ਪਾਸੇ ਨੂੰ ਛੱਡ ਕੇ) ਪਹਾੜੀਆਂ ਹਨ ਜਿਨ੍ਹਾਂ ਦੀਆਂ ਮੁੱਖ ਟੀਸੀਆਂ ਤੇ ਕਿਲੇ ਬਣੇ ਹੋਏ ਹਨ।

ਜੈਪੁਰ ਵਿਚ ਰਾਜਮਹਿਲ, 18ਵੀਂ. ਸਦੀ ਵਿਚ ਬਣੀ ਖੁਲ੍ਹੀ ਪ੍ਰੇਖਣਸ਼ਾਲਾ (ਜੰਤਰ-ਮੰਤਰ), ਹਵਾ ਮਹਿਲ, ਰਾਮ ਬਾਗ ਮਹਿਲ, ਨਾਹਰਗੜ੍ਹ ਜਾਂ ਟਾਈਗਰ ਫੋਰਟ ਵੇਖਣਯੋਗ ਥਾਵਾਂ ਹਨ। ਸੰਨ 1947 ਵਿਚ ਇਥੇ ਰਾਜਸਥਾਨ ਯੂਨੀਵਰਸਿਟੀ ਦੀ ਸਥਾਪਨਾ ਹੋਈ। ਕਲੀਨ, ਰੇਸ਼ਮੀ ਤੇ ਸੂਤੀ ਕੱਪੜੇ, ਮਿੱਟੀ ਤੇ ਪਿੱਤਲ ਦੇ ਭਾਂਡੇ, ਸੋਨੇ ਤੇ ਮੀਨੇ ਦੀ ਕਾਰੀਗਰੀ, ਸੰਗਮਰਮਰ ਤੇ ਖੁਦਾਈ ਦਾ ਕੰਮ ਵਰਗੇ ਉਦਯੋਗ ਪ੍ਰਮੁੱਖ ਹਨ।

ਆਬਾਦੀ—15,18,235 (1991)

26° 55′ ਉ. ਵਿਥ. ; 75°50′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 5:502; ਹਿ. ਵਿ. ਕੋ. 4:393, ਐਨ. ਅਮੈ. 15:597

**ਜੈਫਰਸਨ** : ਮਿਜ਼ੂਰੀ ਰਾਜ (ਸੰ. ਰ. ਅ.) ਦਾ ਰਾਜਧਾਨੀ ਸ਼ਹਿਰ ਹੈ। ਇਹ ਸੇਂਟ ਲੂਈ ਸ਼ਹਿਰ ਤੋਂ 172 ਕਿ. ਮੀ. ਪੱਛਮ ਵੱਲ ਮਿਜ਼ੂਰੀ ਦਰਿਆ ਦੇ ਦੱਖਣੀ ਕੰਢੇ ਉੱਤੇ ਸਥਿਤ ਹੈ। ਇਸ ਜਗ੍ਹਾ ਨੂੰ 1821 ਈ. ਵਿਚ ਰਾਜ ਦੀ ਰਾਜਧਾਨੀ ਬਣਾਉਣ ਲਈ ਚੁਣਿਆ ਗਿਆ ਸੀ, ਪਿੱਛੋਂ 1826 ਈ. ਵਿਚ ਸ਼ਹਿਰ ਬਣ ਗਿਆ। ਸੰਨ 1829 ਵਿਚ ਇਸਨੂੰ ਕਾਉਂਟੀ ਦਾ ਸਦਰ-ਮੁਕਾਮ ਅਤੇ 1839 ਈ. ਵਿਚ ਇਸ ਨੂੰ ਸ਼ਹਿਰ ਦੇ ਸਾਰੇ ਅਖ਼ਤਿਆਰ ਪ੍ਰਾਪਤ ਹੋ ਗਏ। ਇਸ ਦਾ ਆਲਾ-ਦੁਆਲਾ ਫਲ, ਅਨਾਜ ਦੀ ਪੈਦਾਵਾਰ ਅਤੇ ਮੁਰਗੀਆਂ ਪਾਲਣ ਲਈ ਮਸ਼ਹੂਰ ਹੈ। ਇਸੇ ਕਰਕੇ ਇਹ ਜ਼ਰਾਇਤੀ ਉਤਪਾਦਨਾਂ ਦੀ ਮੰਡੀ ਵੀ ਹੈ। ਸ਼ਹਿਰ ਵਿਚ ਕਈ ਪ੍ਰਕਾਰ ਦੀਆਂ ਸੱਨਅਤਾਂ ਵਿਚ ਕੱਪੜਾ ਬਣਾਉਣ, ਬਿਜਲੀ ਦਾ ਸਾਮਾਨ ਅਤੇ ਜੁੱਤੀਆਂ ਤਿਆਰ ਕਰਨ, ਛਾਪੇ ਖਾਨੇ ਦਾ ਕੰਮ ਹੁੰਦਾ ਹੈ। ਇਥੋਂ ਆਵਾਜਾਈ ਅਤੇ ਢੋ-ਢੁਆਈ ਲਈ ਰੇਲ, ਸੜਕ ਅਤੇ ਜਲ ਮਾਰਗਾਂ ਤੋਂ ਇਲਾਵਾ ਹਵਾਈ ਮਾਰਗ ਵੀ ਵਰਤੇ ਜਾਂਦੇ ਹਨ।

ਸ਼ਹਿਰ ਦੀਆਂ ਵਰਨਣਯੋਗ ਥਾਵਾਂ ਵਿਚ ਮਿਜ਼ੂਰੀ ਦਰਿਆ ਦੇ ਦੱਖਣ ਵੱਲ ਬਣਿਆ ਸੰਸਦ ਭਵਨ, ਸੁਪਰੀਮ ਕੋਰਟ, ਰਾਜ ਦਾ ਕੈਦਖਾਨਾ ਅਤੇ ਰਾਸ਼ਟਰੀ ਕਬਰਸਤਾਨ ਸ਼ਾਮਲ ਹਨ।

ਇਥੋਂ ਦੇ ਸੰਸਦ ਭਵਨ ਵਿਚ 1837 ਈ. ਵਿਚ ਅੱਗ ਲੱਗੀ ਜਿਸ ਨਾਲ ਪਿਛਲਾ ਸਾਰਾ ਰਿਕਾਰਡ ਖ਼ਤਮ ਹੋ ਗਿਆ। ਸ਼ਹਿਰ ਵਿਚ ਜੈਫਰਸਨ ਸਿਟੀ ਜੂਨੀਅਰ ਕਾਲਜ ਲਿੰਕਨ ਯੂਨੀਵਰਸਿਟੀ ਅਤੇ ਸਿੰਫਨੀ ਆਰਕੈ-ਸਟਰਾ ਆਦਿ ਸੰਸਥਾਵਾਂ ਵਿਦਿਆ ਦੀ ਸਹੂਲਤ ਮੁਹੱਈਆਂ ਕਰਦੀਆਂ ਹਨ।

ਆਬਾਦੀ—33,619 (1980)

38° 34′ ਉ. ਵਿਥ.; 92° 10′ ਪੱ. ਲੰਬ

ਹ. ਪੁ. -ਕੋਲ. ਐਨ. 10: 657; ਐਨ. ਬ੍ਰਿ. ਮਾ. 5.536

**ਜੈਫਰਸਨ, ਜੋਜ਼ੈਫ** : ਇਹ ਅਮਰੀਕਾ ਦਾ ਐਕਟਰ ਸੀ ਜਿਸ ਨੇ ਰਿਪ ਵਾਨ ਵਿੰਕਲ ਦਾ ਕਿਰਦਾਰ ਨਿਭਾਉਣ ਵਿਚ ਨਾਮਣਾ ਖੱਟਿਆ। ਇਸ ਦਾ ਜਨਮ 20 ਫਰਵਰੀ, 1829 ਨੂੰ ਫ਼ਿਲਾਡੈਲਫੀਆ ਵਿਖੇ ਹੋਇਆ। ਐਕਟਰਾਂ ਅਤੇ ਮੈਨੇਜਰਾਂ ਦੇ ਪਰਿਵਾਰ ਵਿਚ ਇਸ ਨਾਂ ਦਾ ਇਹ ਤੀਜਾ ਐਕਟਰ ਸੀ ਜਿਸ ਨੇ ਪਹਿਲੇ ਸਾਰਿਆਂ ਨੂੰ ਮਾਤ ਪਾ ਦਿੱਤਾ। ਤਿੰਨ ਸਾਲਾਂ ਦੀ ਉਮਰ ਵਿਚ ਇਹ 'Pizarro' ਨਾਂ ਦੇ ਡਰਾਮੇ ਵਿਚ

ਹੇਲੀ ਵਾਰੀ ਸਟੇਜ ਤੇ ਆਇਆ। ਕਈ ਸਾਲ ਦੀ ਜਦੋਂ-ਜਹਿਦ ਮਗਰੋਂ ਾਵਰ ਅਮੈਰੀਕਨ ਕਜ਼ਨ' (1858 ਈ.) ਵਿਚ ਕੰਮ ਕਰਨ ਨਾਲ ਇਹ ਸਿੱਧ ਹੋ ਗਿਆ। ਉਨ੍ਹਾਂ ਸਾਲਾਂ ਵਿਚ ਇਸ ਨੇ 'ਦੀ ਹੇਅਰ ਐਟ ਲਾ' 1857 ਈ.), 'ਨਿਕੋਲਾਸ ਨਿਕਲਬਾਈ' (1859 ਈ.) ਅਤੇ ਆਕਟੋਰੂਨ' 1859 ਈ.) ਨਾਟਕਾਂ ਵਿਚ ਵੀ ਕੰਮ ਕੀਤਾ।

ਸੰਨ 1859 ਵਿਚ ਇਸ ਨੇ ਵਾਸ਼ਿੰਗਟਨ ਇਰਵਿੰਗ ਦੇ ਨਾਵਲ ਰੇਪ ਵਾਨ ਵਿੰਕਲ' ਨੂੰ ਸਟੇਜ ਤੇ ਪੇਸ਼ ਕੀਤਾ। ਲੰਡਨ ਵਿਚ ਇਹ ਨਾਟਕ ਗਾਤਾਰ 170 ਰਾਤਾਂ ਖੇਡਿਆ ਗਿਆ। 19ਵੀਂ ਸਦੀ ਦੀ ਆਖ਼ਰੀ ਤਿਹਾਈ ਵਚ ਜੈਫਰਸਨ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਨੂੰ ਅਮਰੀਕਾ ਾ 'ਪਲੇਅਰਜ਼ ਕਲੱਬ' ਦਾ ਉਮਰ-ਭਰ ਲਈ ਪ੍ਰਧਾਨ ਬਣਾ ਦਿੱਤਾ ਗਆ। 23 ਅਪ੍ਰੈਲ,, 1905 ਨੂੰ ਫ਼ਿਲਾਡੈਲਫੀਆ ਰਾਜ ਵਿਚ ਪਾਮ ਬੀਚ ਖੇ ਇਸ ਦੀ ਮੌਤ ਹੋ ਗਈ।

ਹ. ਪੂ. -ਐਨ. ਬ੍ਰਿ. 12: 984; ਐਨ. ਬ੍ਰਿ. ਮਾ. 5: 536

**ਜੈਫਰਸਨ ਟਾਮਸ** : ਇਹ ਸੰਯੁਕਤ ਰਾਜ ਅਮਰੀਕਾ ਦਾ ਜਿਾ ਪ੍ਰੈਜ਼ੀਡੈਂਟ ਅਤੇ 'ਡੈਕਲੇਰੇਸ਼ਨ ਆਫ਼ ਇਨਡਿਪੈਂਡੈਂਸ' ਦਾ ਮੁਖੀ ਸੀ। ਸ ਦਾ ਜਨਮ 13 ਅਪ੍ਰੈਲ, 1743 ਨੂੰ ਵਰਜੀਨੀਆ ਦੀ ਅਲਬੇਮਾਰਲ ਾਉਂਟੀ ਦੇ ਸ਼ੇਡਵੈਲ ਸ਼ਹਿਰ ਵਿਖੇ ਪੀਟਰ ਜੈਫਰਸਨ ਦੇ ਘਰ ਹੋਇਆ। ਟਿਰ ਜੈਫਰਸਨ ਕਾਮਯਾਬ ਵਾਹੀਕਾਰ ਤੇ ਕਾਉਂਟੀ ਦਾ ਲੀਡਰ ਅਤੇ ਦਿਲੇ ਨੌਆਬਾਦਕਾਰਾਂ ਵਿਚੋਂ ਸੀ। ਆਪਣੇ ਪਿਤਾ ਦੀ ਇੱਛਾ ਅਨੁਸਾਰ ਾਮਸ ਨੇ ਲੋਕਲ ਗਰਾਮਰ ਅਤੇ ਕਲਾਸਕੀ ਸਕੂਲ ਤੋਂ ਵਿਦਿਆ ਹਾਸਲ ਰਨ ਉਪਰੰਤ ਵਿਲੀਅਮਜ਼ ਐਂਡ ਮੇਰੀ ਕਾਲਜ ਵਿਚ ਦਾਖ਼ਲਾ ਲਿਆ। ਥੇ ਵਿਲੀਅਮ ਸਮਾਲ, ਜਾਰਜ ਵੀਥ ਆਫ਼ ਵਰਜੀਨੀਆ ਬਾਰ ਅਤੇ ਲੋਨੀ ਦੇ ਲੈਫਟੀਨੈਂਟ ਗਵਰਨਰ ਨਾਲ ਇਸ ਦਾ ਚੰਗਾ ਸੰਪਰਕ ਹੋ ਗਆ। ਇਨ੍ਹਾਂ ਹੀ ਬਜ਼ੁਰਗ ਦੋਸਤਾਂ ਦੇ ਅਸਰ ਅਧੀਨ ਟਾਮਸ ਨੇ ਸ਼ਹਿਰੀਅਤ ਅਤੇ ਸੱਭਿਅਤਾ ਦੇ ਗੁਣ ਗ੍ਰਹਿਣ ਕੀਤੇ। ਵੀਥ ਦੀ ਅਗਵਾਈ ਹੇਠ ਇਸਨੇ ਕਾਨੂੰਨੀ ਵਿਦਿਆ ਹਾਸਲ ਕੀਤੀ। ਸੰਨ 1769 ਵਚ ਬਸਤੀਵਾਦੀ ਵਿਧਾਨ ਮੰਡਲ ਦੇ ਹੇਠਲੇ ਸਦਨ ਦਾ ਮੈਂਬਰ ਬਣ ਕੇ ਜੈਫਰਸਨ ਨੇ ਆਪਣਾ ਸਿਆਸੀ ਜੀਵਨ ਆਰੰਭ ਕੀਤਾ। ਸੰਨ 1772 ਵਚ ਇਸ ਦਾ ਵਿਆਹ ਇਕ ਅਪਾਹਜ ਔਰਤ, ਮਿਸ ਮਾਰਥਾ ਨਾਲ ਹੋਇਆ। ਸ਼ਾਦੀ ਤੋਂ ਕੁਝ ਚਿਰ ਪਿੱਛੋਂ ਜੈਫਰਸਨ ਨੇ ਵਕਾਲਤ ਛੱਡ ਦਿੱਤੀ ਤੇ ਫਾਰਮ ਤੇ ਜਾ ਕੇ ਵਾਹੀ ਕਰਨ ਲੱਗਾ।

ਵਰਜੀਨੀਆ ਹਾਊਸ ਆਫ਼ ਬਰੈੱਗਸਮ ਦੇ ਮੈਂਬਰ ਅਤੇ ਐਲਬਮਾਰਲ ਕਾਉਂਟੀ ਦੇ ਲੈਫਟੀਨੈਂਟ ਦੀ ਹੈਸੀਅਤ ਵਿਚ ਇਸਨੇ ਆਪਣਾ ਜੀਵਨ ਲੋਕ ਸੇਵਾ ਵਿਚ ਲਾਇਆ। ਪੱਛਮੀ ਕਿਸਾਨਾਂ ਤੇ ਬਰਤਾਨੀਆਂ ਵਿਰੋਧੀ ਧੜੇ ਦੇ ਹਿੱਤਾਂ ਲਈ ਇਹ ਬਸਤੀਵਾਦੀ ਰਾਜਨੀਤੀ ਵਿਚ ਕੁੱਦ ਪਿਆ। ਬਹੁਤ ਸਾਰੀਆਂ ਵੱਖੋ-ਵੱਖਰੀਆਂ ਕਮੇਟੀਆਂ ਦਾ ਮੈਂਬਰ ਹੋਣ ਦੇ ਨਾਤੇ ਅਤੇ ਦਲੀਲ-ਭਰਪੂਰ ਲਿਖਤਾਂ ਰਾਹੀਂ ਇਸਨੇ ਲੋਕ ਹਿੱਤ ਦੀ ਪੂਰੀ ਰਖਵਾਲੀ ਕੀਤੀ। ਸੰਨ 1774 ਵਿਚ ਇਸਨੇ 'ਏ ਸਮਰੀ ਵਿਊ ਆਫ਼ ਦੀ ਰਾਈਟਸ ਆਫ਼ ਬ੍ਰਿਟਿਸ਼ ਅਮੈਰਿਕਾ' ਸਿਰਲੇਖ ਹੇਠ ਆਪਣੀ ਇਕ ਪੁਸਤਕ ਵੀ ਪ੍ਰਕਾਸ਼ਿਤ ਕਰਵਾਈ। ਇਸ ਪੁਸਤਕ ਨੂੰ ਰਾਜਨੀਤਕ ਦਾਇਰੇ ਵਿਚ ਕਾਫ਼ੀ ਮਾਨਤਾ ਪ੍ਰਾਪਤ ਹੋਈ। ਸੰਨ 1775 ਵਿਚ ਨੌਆਬਾਦੀਆਂ ਦੇ ਲੀਡਰ ਦੇ ਤੌਰ ਤੇ ਕਾਂਟੀਨੈਂਟਲ ਇਜਲਾਸ ਵਿਚ ਇਸਨੂੰ ਡੈਲੀਗੇਟ ਦੇ ਤੌਰ ਤੇ ਭੇਜਿਆ ਗਿਆ। ਇਹ 33 ਵਰਿਆਂ ਦੀ ਉਮਰ ਵਿਚ ਹੀ 'ਆਜ਼ਾਦੀ ਦਾ ਐਲਾਨ' ਦੀ ਰੂਪ-ਰੇਖਾ ਤਿਆਰ ਕਰਨ ਵਾਲੀ ਕਮੇਟੀ ਦਾ ਚੇਅਰਮੈਨ ਬਣਿਆ। ਇਸ ਐਲਾਨਨਾਮੇ ਦੇ ਦਸਤਾਵੇਜ਼ ਟਾਮਸ ਨੇ ਜਾਨ ਲਾਕ ਦੇ ਕੁਦਰਤੀ ਹੱਕਾਂ ਦੇ ਫ਼ਲਸਫ਼ੇ ਅਨੁਸਾਰ ਲਿਖਵਾਏ ਪਰ ਕਮੇਟੀ ਅਤੇ ਕਾਂਗਰਸ ਨੇ ਇਨ੍ਹਾਂ ਵਿਚ ਕਾਫ਼ੀ ਤਬਦੀਲੀ ਕਰ ਦਿੱਤੀ।

ਸੰਨ 1776 ਵਿਚ ਇਹ ਵਰਜੀਨੀਆ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ। ਸਟੇਟ ਨੂੰ ਰਜਵਾੜਾਸ਼ਾਹੀ ਤੋਂ ਮੁਕਤ ਕਰਵਾਉਣ ਸਬੰਧੀ ਸਰਗਰਮੀਆਂ ਵਿਚ ਵੀ ਇਹ ਸਭ ਤੋਂ ਅੱਗੇ ਸੀ। ਇਹ ਸਟੇਟ ਦੀ ਫ਼ੌਜਦਾਰੀ ਸੰਘਤਾ ਵਿਚ ਤਰਮੀਮ ਕਮੇਟੀ ਦਾ ਮੈਂਬਰ ਵੀ ਸੀ। ਖੁਲ੍ਹ ਖਿਆਲੀਆ ਹੋਣ ਸਦਕਾ ਹੈਨਰੀ ਪੈਟਰਿਕ ਪਿੱਛੋਂ ਇਸਨੂੰ 1779 ਤੋਂ 1781 ਈ. ਤੱਕ ਗਵਰਨਰ ਦਾ ਅਹੁਦਾ ਸੌਂਪਿਆ ਗਿਆ। ਇਸ ਦੌਰਾਨ 1781 ਈ. ਵਿਚ ਹੋਏ ਬਰਤਾਨਵੀ ਹੱਲੇ ਕਰਕੇ ਅਤੇ ਜੈਫਰਸਨ ਦੇ ਇਸ ਪਖੋਂ ਅਵੇਸਲੇਪਨ ਕਾਰਨ ਪੈਦਾ ਹੋਏ ਸੰਕਟ ਕਰਕੇ ਇਸਨੂੰ ਕਾਫ਼ੀ ਔਖਿਆਈਆਂ ਤੇ ਮਾਨਸਿਕ ਉਲਝਣਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਹ ਮਾਂਟਸੈਲੋ ਆਪਣੇ ਘਰ ਚਲਾ ਗਿਆ। ਇਥੇ ਇਸ ਦੀ ਪਤਨੀ ਦੀ ਮੌਤ ਨੇ ਮਾਯੂਸੀ ਹੋਰ ਵੀ ਵਧਾ ਦਿੱਤੀ। ਅਜਿਹੇ ਹਾਲਾਤ ਵਿਚ ਵੀ ਜੈਫਰਸਨ ਨੇ 'ਨੋਟਸ ਆਨ ਦੀ ਸਟੇਟ ਆਫ਼ ਵਰਜੀਨੀਆ' ਲਿਖਣੇ ਜਾਰੀ ਰੱਖੇ ਤੇ 1783 ਈ. ਵਿਚ ਇਹ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਿਆ। ਇਸੇ ਦੌਰਾਨ ਜੈਫਰਸਨ ਨੇ ਦਸ਼ਮਲਵ ਮੁਦਰਾ ਪ੍ਰਣਾਲੀ ਅਤੇ ਪਹਿਲੇ ਉੱਤਰ-ਪੱਛਮੀ ਆਰਡੀਨੈਂਸ ਦੀ ਰੂਪ-ਰੇਖਾ ਤਿਆਰ ਕੀਤੀ।

ਸੰਨ 1784 ਵਿਚ ਇਹ ਯੂਰਪੀ ਤਾਕਤਾਂ ਨਾਲ ਸੰਧੀ ਦੀ ਗੱਲਬਾਤ ਕਰਨ ਲਈ ਤੇ 1785 ਈ. ਵਿਚ ਮੰਤਰੀ ਦੀ ਹੈਸੀਅਤ ਵਿਚ ਫ਼ਰਾਂਸ ਗਿਆ ਜਿਥੇ ਇਸਨੂੰ ਫ਼ਰਾਂਸ ਦੀ ਸਭਿਅਤਾ ਵਿਚੋਂ ਸਿੰਜਰਣ ਦਾ ਤੇ ਉਥੋਂ ਦੀ ਕ੍ਰਾਂਤੀ ਨੂੰ ਨੇੜੇ ਹੋ ਕੇ ਸਮਝਣ ਦਾ ਮੌਕਾ ਮਿਲਿਆ। ਵਾਸ਼ਿੰਗਟਨ ਦੀ ਕੈਬਨਿਟ ਵਿਚ ਬਦੇਸ਼ੀ ਮੰਤ੍ਰਾਲੇ ਦਾ ਸਕੱਤਰ ਤੇ 1783 ਈ. ਦੀ ਸੰਧੀ ਅਨੁਸਾਰ ਇੰਗਲੈਂਡ ਤੇ ਸਪੇਨ ਦੀ ਹੱਦ-ਬੰਦੀ ਅਤੇ ਵਪਾਰਕ ਸਮਝੌਤਿਆਂ ਨੂੰ ਅਮਲ ਵਿਚ ਲਿਆਉਣ ਵਿਚ ਕਾਮਯਾਬ ਰਿਹਾ। ਵਾਸ਼ਿੰਗਟਨ ਦੀ ਨਿਰਪੱਖੀ ਪਾਲਿਸੀ ਦਾ ਹਾਮੀ ਹੋਣ ਕਰਕੇ ਜੈਫਰਸਨ ਤੇ ਖ਼ਜ਼ਾਨਾ ਸਕੱਤਰ ਅਲੈੱਕਜ਼ਾਂਦਰ ਹੈਮਿਲਟਨ ਦੀ ਖ਼ਾਸ ਕਰਕੇ ਬੈਂਕ ਆਫ਼ ਯੂਨਾਈਟਿਡ ਸਟੇਟ ਦੇ ਏਕਾਧਿਕਾਰੀ ਹੋਣ ਦੀ ਪਾਲਿਸੀ ਕਰਕੇ ਆਪੋ ਵਿਚ ਵਿਰੋਧਤਾ ਹੋ ਗਈ ਅਤੇ ਹੈਮਿਲਟਨ ਅਧਿਕਾਰ ਤੇ ਧਨ ਦੀ ਵਰਤੋਂ ਪੱਖੋਂ ਗਣਰਾਜ ਲਈ ਖਤਰਾ ਬਣ ਗਿਆ। ਇਨ੍ਹਾਂ ਦੋਹਾਂ ਦੀਆਂ ਰਾਜਨੀਤਕ ਵਿਚਾਰਧਾਰਾਵਾਂ ਦੀ ਟੱਕਰ ਦੇ ਫਲਸਰੂਪ ਜਮਹੂਰੀ ਗਣਰਾਜੀ ਅਤੇ ਸੰਘਵਾਦੀ ਪਾਰਟੀਆਂ ਹੋਂਦ ਵਿਚ ਆਈਆਂ। ਸੰਨ 1792 ਦੀਆਂ ਚੋਣਾਂ ਉਪਰੰਤ ਜਨਤਾ ਵਿਚ ਹੈਮਿਲਟਨ ਵਿਰੋਧੀ ਲਹਿਰ ਜਿਹੀ ਪੈਦਾ ਹੋਈ ਪਰ ਵਾਸ਼ਿੰਗਟਨ ਨੇ ਆਸ ਤੋਂ ਉਲਟ ਹੈਮਿਲਟਨ ਦਾ ਪੱਖ ਪੂਰਿਆ। ਇਸ ਦੇ ਰੋਸ ਵਿਚ ਜੈਫਰਸਨ ਨੇ ਆਪਣੇ ਪੱਦ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਮੁੜ ਮਾਂਟਸੈਲੋ ਆਪਣੇ ਫਾਰਮ ਤੇ ਜਾ ਬੈਠਾ। ਸੰਨ 1796 ਵਿਚ ਇਸ ਦੀ ਡੈਮੋਕ੍ਰੈਟਿਕ ਪਾਰਟੀ ਨੇ ਇਸਨੂੰ ਪ੍ਰੈਜ਼ੀਡੈਂਟ ਦੀ ਚੋਣ ਲਈ ਖੜ੍ਹਾ ਕੀਤਾ ਅਤੇ ਜਾਨ ਐਡਮਜ਼ ਕੋਲੋਂ ਤਿੰਨ ਵੋਟਾਂ ਤੇ ਹਾਰ ਗਿਆ ਪਰ ਚੋਣ-ਪ੍ਰਣਾਲੀ ਦੇ ਨਿਯਮਾਂ ਅਨੁਸਾਰ ਜੈਫਰਸਨ ਨੂੰ ਵਾਈਸ ਪ੍ਰੈਜ਼ੀਡੈਂਟ ਦਾ ਪਦ ਸੌਂਪ ਦਿੱਤਾ ਗਿਆ। ਇਸ ਪਦ ਤੇ ਇਹ ਚਾਰ ਵਰ੍ਹੇ ਰਿਹਾ ਤੇ ਇਸੇ ਦੌਰਾਨ ਇਸ ਨੇ ਪਾਰਲੀਮੈਂਟਰੀ ਮੈਨੂਅਲ ਲਿਖਿਆ।

ਸੰਨ 1800 ਦੌਰਾਨ ਫਿਰ ਜਮਹੂਰੀ ਤੇ ਸੰਘੀ ਪਾਰਟੀਆਂ ਵਿਚ ਬਰਾਬਰ ਦੀ ਟੱਕਰ ਸੀ। ਇਸ ਵਾਰ ਸੰਘਵਾਦੀ ਚੋਣ ਹਾਰ ਗਏ ਪਰ ਗਣਰਾਜੀ ਉਮੀਦਵਾਰ ਜੈਫਰਸਨ ਬਾਰੇ ਜੇਤੂ ਹੋਣ ਦਾ ਐਲਾਨ ਨਾ ਹੋਣ ਦਿੱਤਾ। ਇਸ ਕਰਕੇ ਇਹ ਚੋਣ ਪ੍ਰਤਿਨਿਧ ਸਦਨ ਵਿਚ ਕੀਤੀ ਗਈ ਪਰ ਇਥੇ ਵੀ ਜੈਫਰਸਨ ਹੀ ਜਿੱਤਿਆ ਤੇ 4 ਮਾਰਚ, 1801 ਨੂੰ ਸੰਯੁਕਤ ਰਾਜ ਅਮਰੀਕਾ ਦੇ ਪ੍ਰੈਜ਼ੀਡੈਂਟ ਦਾ ਰੁਤਬਾ ਸੰਭਾਲਿਆ। ਵਿਰੋਧੀ ਧੜੇ ਵੱਲੋਂ ਕਰੜੀ ਚਰਚਾ ਤੇ ਵੀ ਇਹ ਸੰਜੀਦਾ ਰਿਹਾ ਤੇ ਆਪਣੇ ਅਖ਼ਤਿਆਰਾਂ ਦੀ ਵਾਜਬ ਵਰਤੋਂ ਕੀਤੀ। ਜਿਸ ਦੇ ਨਤੀਜੇ ਵਜੋਂ ਇਹ ਦੂਜੀ ਵਾਰ ਫਿਰ ਪ੍ਰੈਜ਼ੀਡੈਂਟ ਦੀ ਚੋਣ ਜਿੱਤ ਗਿਆ। ਇਸ ਵਾਰੀ ਆਪਣੇ ਪਹਿਲੇ ਵਾਈਸ ਪ੍ਰੈਜ਼ੀਡੈਂਟ ਨੂੰ ਬਗ਼ਾਵਤ ਦਾ ਦੋਸ਼ੀ ਕਰਾਰ ਦੇਣ ਅਤੇ ਨੈਪੋਲੀਅਨ ਦੀਆਂ ਲੜਾਈਆਂ ਵਿਚ ਨਿਰਪੱਖਤਾ ਦੀ ਨੀਤੀ ਅਪਨਾਉਣ ਕਾਰਨ ਜੈਫਰਸਨ

ਦੀ ਕਾਫ਼ੀ ਚਰਚਾ ਹੋਈ ਅਤੇ ਇਸਨੂੰ ਡਰਪੋਕ ਤੇ ਡਾਵਾਂਡੋਲ ਸ਼ਖ਼ਸੀਅਤ ਵਾਲਾ ਵੀ ਸਮਝਿਆ ਜਾਣ ਲੱਗਾ। ਅਜਿਹੀਆਂ ਕਈ ਹੋਰ ਨੀਰਸ ਘਟਨਾਵਾਂ ਕਰਕੇ 1809 ਈ. ਵਿਚ ਇਸ ਨੇ ਖ਼ੁਦ ਹੀ ਪ੍ਰੈਜ਼ੀਡੈਂਟ ਦੇ ਅਹੁਦੇ ਤੋਂ ਤਿਆਗ ਪੱਤਰ ਦੇ ਦਿੱਤਾ ਤੇ ਆਪਣੇ ਫਾਰਮ ਤੇ ਜਾ ਕੇ ਰਹਿਣ ਲੱਗਾ।

ਇਹ ਇਕ ਵਿਦਵਾਨ, ਬਹੁਪੱਖੀ ਰੁਚੀਆਂ ਦਾ ਮਾਲਕ ਤੇ ਮਿਹਨਤ ਕਰਨ ਵਾਲਾ, ਸਿੱਧੇ-ਸਾਦੇ ਸੁਭਾਅ ਦਾ ਵਿਅਕਤੀ ਸੀ। ਆਮ ਲੋਕਾਂ ਵਿਚ ਇਸ ਦਾ ਮਾਨ ਸਤਿਕਾਰ ਅੰਤ ਤੱਕ ਬਣਿਆ ਰਿਹਾ। ਆਪਣੀ ਜ਼ਿੰਦਗੀ ਦੇ ਅਖ਼ੀਰਲੇ ਸਾਲਾਂ ਵਿਚ ਇਸ ਨੇ ਵਰਜੀਨੀਆ ਯੂਨੀਵਰਸਿਟੀ ਦੀ ਸਥਾਪਨਾ ਕੀਤੀ।

ਇਸ ਦੀ ਮੌਤ 4 ਜੁਲਾਈ, 1826 ਨੂੰ ਹੋਈ।

ਹ. ਪੁ. -ਐਨ. ਬ੍ਰਿ. ਮੈ. 10: 127; ਕੋਲ. ਐਨ. 10: 654; ਐਨ. ਅਮੈ. 16:2

**ਜੈਫਰਸਨ ਦਰਿਆ** : ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੱਛਮੀ ਮੋਨਟਾਨਾ ਰਾਜ ਦਾ ਦਰਿਆ ਹੈ ਜਿਹੜਾ ਯੈਲੋਸਟੋਨ ਨੈਸ਼ਨਲ ਪਾਰਕ ਨੇੜਿਉਂ ਗ੍ਰੈਵੈਲੀ ਲੜੀਆਂ ਵਿਚੋਂ ਨਿਕਲਦਾ ਹੈ। ਇਥੇ ਇਸ ਦਾ ਨਾਂ ਰੈੱਡ ਰਾਕ ਦਰਿਆ ਹੈ। ਸ੍ਰੋਤ ਵਾਲੀ ਥਾਂ ਤੋਂ ਪੱਛਮ ਦੀ ਦਿਸ਼ਾ ਵਿਚ ਵਗਦਾ ਹੋਇਆ ਕਾਨਟੀਨੈਂਟਲ ਡਿਵਾਈਡ ਤੋਂ ਪਾਰ ਰੈੱਡ ਰਾਕ ਦੱਰੇ ਅਤੇ ਉਪਰਲੀ ਅਤੇ ਹੇਠਲੀ ਰੈੱਡ ਰਾਕ ਝੀਲਾਂ ਵਿਚੋਂ ਹੋ ਕੇ ਉੱਤਰ ਵੱਲ ਡਿਲਅਨ ਤੋਂ ਟਵਿਨ ਬ੍ਰਿਜਿਸ ਤੱਕ ਵਹਿੰਦਾ ਹੈ। ਇਥੇ ਬਿਗ ਹੋਲ ਅਤੇ ਰੂਬੀ ਦਰਿਆ ਇਸ ਨਾਲ ਆ ਰਲਦੇ ਹਨ। ਅੱਗੋਂ ਇਹ ਜੈਫਰਸਨ ਨਾਂ ਦਾ ਦਰਿਆ ਬਣ ਕੇ ਉੱਤਰ-ਪੂਰਬ ਵੱਲ ਵਗਦਾ ਰਹਿੰਦਾ ਹੈ। ਥ੍ਰੀ ਫ਼ਾਰਕਸ ਦੇ ਉੱਤਰ-ਪੂਰਬ ਵਿਚ 333 ਕਿ.ਮੀ. ਦਾ ਵਹਿਣ ਪਾਰ ਕਰਨ ਪਿੱਛੋਂ ਇਹ ਮੈਡਸਨ ਅਤੇ ਗੈਲਾਟਨ ਦਰਿਆਵਾਂ ਨਾਲ ਮਿਲ ਕੇ ਮਿਜ਼ੂਰੀ ਦਰਿਆ ਬਣ ਜਾਂਦਾ ਹੈ। ਮਿਜ਼ੂਰੀ ਦੀ ਇਸ ਧੁਰ ਪੱਛਮੀ ਸ਼ਾਖਾ ਦਾ ਨਾਂ ਪ੍ਰੈਜ਼ੀਡੈਂਟ ਥਾਮਸ ਜੈਫਰਸਨ ਦੇ ਨਾਂ ਤੇ ਪਿਆ।

45° 56′ ਉ. ਵਿਥ.; 111° 31′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5: 536

**ਜੈਫਰਸਨਵਿੱਲ** : ਦੱਖਣੀ ਇੰਡੀਆਨਾ ਰਾਜ (ਸੰ. ਰ. ਅ.) ਵਿਚ ਕਲਾਰਕ ਕਾਉਂਟੀ ਦਾ ਸਦਰ-ਮੁਕਾਮ ਹੈ ਜਿਹੜਾ ਓਹਾਈਓ ਦਰਿਆ ਉਪਰ ਵੱਸੇ ਤਿੰਨ ਵੱਡੇ ਫਾਲ ਲਾਈਨ ਸ਼ਹਿਰਾਂ ਵਿਚੋਂ ਇਕ ਹੈ। ਇਹ ਓਹਾਈਓ ਦਰਿਆ ਉੱਤੇ ਲੂਈਜ਼ਵਿਲ ਸ਼ਹਿਰ ਦੇ ਸਾਹਮਣੇ ਸਥਿਤ ਹੈ। ਸੰਨ 1802 ਵਿਚ ਇਹ ਸ਼ਹਿਰ ਵਾਲੀ ਥਾਂ ਉੱਤੇ ਸ਼ਹਿਰ ਬਣਾਉਣ ਦੀ ਯੋਜਨਾ ਬਣਾਈ ਗਈ ਸੀ ਤੇ ਪ੍ਰੈਜ਼ੀਡੈਂਟ ਜੈਫਰਸਨ ਦੇ ਨਾਂ ਤੇ ਸ਼ਹਿਰ ਦਾ ਨਾਂ ਪਿਆ। ਸੰਨ 1815 ਵਿਚ ਇਹ ਬਤੌਰ ਸ਼ਹਿਰ ਨਿਗਮਤ ਹੋਇਆ। 19ਵੀਂ ਸਦੀ ਵਿਚ ਇਹ ਸ਼ਹਿਰ ਦਰਿਆਈ ਬੰਦਰਗਾਹ ਦੇ ਤੌਰ ਤੇ ਉੱਨਤ ਹੋਇਆ। ਦੂਜੇ ਮਹਾਂਯੁੱਧ ਪਿੱਛੋਂ ਓਹਾਈਓ ਵਾਦੀ ਵਿਚ ਸੱਨਅਤਾਂ ਲੱਗਣ ਨਾਲ ਇਸ ਸ਼ਹਿਰ ਦੀ ਵੀ ਬਹੁਤ ਉੱਨਤੀ ਹੋਈ। ਇਹ ਵੀ ਸੱਨਅਤੀ ਕੇਂਦਰ ਬਣ ਗਿਆ। ਇਥੇ ਖਾਦ, ਕੱਚਾ ਲੋਹਾ, ਸੀਮਿੰਟ, ਮਰਦਾਵੇਂ ਕੱਪੜੇ, ਮਸ਼ੀਨਰੀ, ਸਾਬਣ ਵਗੈਰਾ ਚੀਜ਼ਾਂ ਬਣਦੀਆਂ ਹਨ।

ਇਥੇ ਜਹਾਜ਼ ਬਣਾਉਣ ਦੇ, ਲੋਹਾ ਢਲਾਈ, ਰਸਾਇਣ ਅਤੇ ਐਲੂਮੀਨੀਅਮ ਪਲਾਂਟ ਵੀ ਲੱਗੇ ਹੋਏ ਹਨ। ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ ਇੰਡੀਅਨ ਯੂਨੀਵਰਸਿਟੀ ਦਾ ਦੱਖਣ-ਪੂਰਬੀ ਕੈਂਪਸ ਅਤੇ ਹਾਵਰਡ ਸਟੀਮਬੋਟ ਅਜਾਇਬ ਘਰ ਹੈ।

ਆਬਾਦੀ—21,220 (1980)

38° 17′ ਉ. ਵਿਥ.; 85° 44′ ਪੱ. ਲੰਬ.

ਹ. ਪੁ.–ਐਨ. ਬ੍ਰਿ. ਮਾ. 5: 536; ਕੋਲ. ਐਨ. 10: 658

**ਜੈਫ਼ਰਜ਼, (ਜਾਨ) ਰੋਬਿਨਸਨ** : ਇਹ ਸੰਯੁਕਤ ਰਾਜ ਅਮਰੀਕਾ ਦਾ ਵੀਹਵੀਂ ਸਦੀ ਦਾ ਇਕ ਵਿਵਾਦ ਗ੍ਰਸਤ ਕਵੀ ਸੀ। ਇਸ ਦਾ ਜਨਮ ਫ਼ਿਲਾਡੈਲਫ਼ੀਆ ਰਾਜ ਵਿਚ ਪਿਟਸਬਰਗ ਵਿਖੇ 10 ਜਨਵਰੀ, 1887 ਨੂੰ ਹੋਇਆ। ਇਸ ਦੀਆਂ ਪਹਿਲੀਆਂ ਦੋ ਪੁਸਤਕਾਂ ਭਾਵੇਂ ਬਹੁਤੀਆਂ ਚੰਗੀਆਂ ਨਹੀਂ ਸਨ ਪਰ ਇਸ ਦੀ ਤੀਜੀ ਪੁਸਤਕ 'ਤਾਮਰ ਐਂਡ ਅਦਰ ਪੋਇਮਜ਼' (1924) ਨੇ ਇਸ ਨੂੰ ਬਹੁਤ ਮਸ਼ਹੂਰ ਕਰ ਦਿੱਤਾ।


(ਜਾਨ) ਰੋਬਿਨਸਨ ਜੈਫ਼ਰਜ਼

ਆਪਣੀ ਵਿਲੱਖਣ ਸ਼ੈਲੀ ਅਤੇ ਖਬਤੀ ਕਿਸਮ ਦੇ ਵਿਚਾਰ ਇਸ ਦੀਆਂ ਅਗਲੀਆਂ ਪੁਸਤਕਾਂ ਜਿਵੇਂ 'ਕੌਂਡੋਰ' (1928), 'ਥਰਸੋਜ਼ ਲੈਂਡਿੰਗ' (1932) ਅਤੇ 'ਬੀ ਐਂਗਰੀ ਐਟ ਦੀ ਸਨ' (1941) ਵਿਚ ਵੀ ਜਾਰੀ ਰਹੇ। ਭਾਵੇਂ ਇਸ ਦੇ ਆਲੋਚਕਾਂ ਨੇ ਇਸ ਦੀ ਮਸ਼ਹੂਰੀ ਨੂੰ ਧੱਕਾ ਲਾਇਆ ਪਰ ਉਹ ਇਸ ਦੇ ਅਮਰੀਕਾ ਸਾਹਿਤ ਵਿਚ ਪ੍ਰਾਪਤ ਸਥਾਨ ਨੂੰ ਨਾ ਘਟਾ ਸਕੇ। ਇਸ ਦੀ ਮੌਤ ਕੈਲਿਫੋਰਨੀਆ ਰਾਜ ਵਿਚ ਕਾਰਮੈੱਲ ਵਿਖੇ 20 ਜਨਵਰੀ, 1962 ਨੂੰ ਹੋਈ।

ਹ. ਪੁ. -ਐਨ. ਬ੍ਰਿ. 12: 984; ਐਨ. ਬ੍ਰਿ. ਮਾ. 5: 535

**ਜੈਫਰਿਜ਼, ਸਰ ਹੈਰਲਡ** : ਇਸ ਪ੍ਰਸਿੱਧ ਖਗੋਲ ਅਤੇ ਭੂ-ਭੌਤਿਕ ਵਿਗਿਆਨੀ ਦਾ ਜਨਮ 22 ਅਪ੍ਰੈਲ, 1891 ਨੂੰ ਡਰਐਮ ਵਿਚ ਫੈਟਫੀਲਡ ਵਿਖੇ ਹੋਇਆ। ਇਸ ਨੇ ਸਿੱਧ ਕੀਤਾ ਕਿ ਬਾਹਰਲੇ ਵੱਡੇ ਗ੍ਰਹਿ (ਜੂਪੀਟਰ, ਸੈਟਰਨ, ਯੂਰੇਨਸ ਅਤੇ ਨੇਪਚਿਊਨ) ਬਹੁਤ ਠੰਡੇ ਹਨ। ਇਸ ਨੇ ਇਨ੍ਹਾਂ ਦੇ ਮੁਢਲੀ ਨਛੱਤਰੀ ਬਣਤਰ ਦੇ ਮਾਡਲ ਵੀ ਤਿਆਰ ਕੀਤੇ। ਇਸ ਦੇ ਹੋਰ ਖਗੋਲ ਵਿਗਿਆਨ ਸਬੰਧੀ ਕੰਮ ਵਿਚ ਸੂਰਜੀ ਸਿਸਟਮ ਦੇ ਮੂਲ ਅਤੇ ਵਿਥਕਾਰ ਵਿਚ ਪਰਿਵਰਤਨ ਦੇ ਸਿਧਾਂਤ ਉੱਤੇ ਖੋਜ ਸ਼ਾਮਲ ਹੈ।


ਸਰ ਹੈਰਲਡ ਜੈੱਫਰਿਜ਼

ਭੂ-ਭੌਤਿਕ ਵਿਗਿਆਨ ਵਿਚ ਧਰਤੀ ਦੇ ਤਾਪ ਦੇ ਇਤਿਹਾਸ ਦੀ ਖੋਜ ਕੀਤੀ। ਇਸ ਨੇ 1940 ਈ. ਵਿਚ ਭੂਚਾਲ ਤਰੰਗਾਂ ਦੀ ਗਤੀ ਦੇ ਸਮਿਆਂ ਦੀਆਂ ਸਟੈਂਡਰਡ ਸਾਰਨੀਆਂ ਤਿਆਰ ਕਰਨ ਵਿਚ ਸਹਾਇਤਾ ਕੀਤੀ। ਇਹ ਪਹਿਲਾ ਸਾਇੰਸਦਾਨ ਸੀ ਜਿਸ ਨੇ ਪਰਿਕਲਪਨਾ ਕੀਤੀ ਕਿ ਧਰਤੀ ਦੀ ਕੋਰ ਤਰਲ ਹੈ। ਇਸ ਨੇ ਮੌਨਸੂਨ ਹਵਾਵਾਂ ਅਤੇ ਸਮੁੰਦਰੀ ਸਮੀਰਾਂ ਦੇ ਮੂਲ ਦੀ ਵਿਆਖਿਆ ਕੀਤੀ। ਇਸ ਨੇ ਵਾਯੂਮੰਡਲ ਦੇ ਸਾਧਾਰਣ ਗੇੜ ਲਈ ਵਾਵਰੋਲਿਆਂ ਦੀ ਮਹੱਤਤਾ ਦੱਸੀ। ਇਸ ਨੇ ਸੰਭਾਵਿਕਤਾ ਸਿਧਾਂਤ ਅਤੇ ਸਧਾਰਣ ਗਣਿਤੀ-ਭੌਤਿਕ-ਵਿਗਿਆਨ ਦੇ ਢੰਗਾਂ ਉੱਤੇ ਵੀ ਅਧਿਐਨ ਕੀਤਾ। ਸੰਨ 1946 ਤੋਂ 1958 ਇਹ ਕੈਂਬ੍ਰਿਜ ਯੂਨੀਵਰਸਿਟੀ ਵਿਖੇ ਖਗੋਲ-ਵਿਗਿਆਨ ਦਾ ਪਲੂਮੀਅਨ ਪ੍ਰੋਫ਼ੈਸਰ ਰਿਹਾ ਅਤੇ 1953 ਈ. ਵਿਚ ਇਸ ਨੂੰ ਨਾਈਟ ਦਾ ਖ਼ਿਤਾਬ ਦਿੱਤਾ ਗਿਆ। ਇਸ ਦੇ ਦੂਸਰੇ ਸਨਮਾਨਾਂ ਵਿਚ ਰਾੱਇਲ ਐਸਟ੍ਰਾਨੋਮੀਕਲ ਸੋਸਾਇਟੀ

ਵਲੋਂ ਸੋਨੇ ਦਾ ਤਮਗ਼ਾ ਅਤੇ ਰੌਇਲ ਸੋਸਾਇਟੀ ਆਫ਼ ਲੰਡਨ ਦਾ ਰੌਇਲ ਮੈਡਲ (1948) ਸ਼ਾਮਲ ਹਨ। ਇਸ ਦੀਆਂ ਮੁੱਖ ਲਿਖਤਾਂ 'ਦੀ ਅਰਥ' (1924, ਚੌਥਾ ਐਡੀਸ਼ਨ 1962), ਸਾਇੰਟਿਫਿਕ ਇਨਫਿਰੈਂਸ (1931, ਦੂਸਰਾ ਐਡੀਸ਼ਨ 1957), ਅਰਥਕੁਏਕਸ ਐਂਡ ਮਾਉਂਟੈਨਜ਼ (1935, ਦੂਸਰਾ ਐਡੀਸ਼ਨ 1950) ਅਤੇ ਬੈਰਥਾ ਐਸ. ਜੈਫਰਿਜ਼ ਨਾਲ 'ਮੈਥਡ ਆਫ਼ ਮੈਥੇਮੈਟੀਕਲ ਫਿਜ਼ਿਕਸ (1946, ਤੀਸਰਾ ਐਡੀਸ਼ਨ 1962) ਹਨ।

ਹ. ਪੁ. -ਐਨ. ਬ੍ਰਿ. ਮਾ. 5: 537

**ਜੈਫ਼ਰੀਜ਼, (ਜਾਨ) ਰਿਚਰਡ** : ਇਸ ਅੰਗਰੇਜ਼ ਨਾਵਲਕਾਰ ਅਤੇ ਨਿਬੰਧ ਲੇਖਕ ਦਾ ਜਨਮ 6 ਨਵੰਬਰ, 1848 ਨੂੰ ਵਿਲਟਸ਼ਿਰ ਵਿਚ ਸਵਿੰਡਨ ਦੇ ਨੇੜੇ ਕੋਟਸ ਫ਼ਾਰਮ ਵਿਖੇ ਹੋਇਆ। ਇਸ ਦਾ ਪਿਤਾ ਸਾਧਾਰਣ ਕਿਸਾਨ ਸੀ।

ਸੰਨ 1866 ਵਿਚ ਇਹ 'ਨਾਰਥ ਵਿਲਟਸ ਹੈਰਲਡ' ਦਾ ਰਿਪੋਰਟਰ ਲਗ ਗਿਆ। ਜਦੋਂ ਵੀ ਇਸ ਨੂੰ ਮੌਕਾ ਲਗਦਾ ਇਹ ਵਿਲਟਸ਼ਿਰ ਪਹਾੜੀਆਂ ਦੀਆਂ ਖੁਲ੍ਹੀਆਂ ਹਵਾਵਾਂ ਵਿਚ ਚਲਾ ਜਾਂਦਾ। ਇਸ ਨੇ ਆਪਣੀ ਸਵੈ-ਜੀਵਨੀ 'ਦੀ ਸਟੋਰੀ ਆਫ਼ ਮਾਈ ਹਾਰਟ' (1883) ਵਿਚ ਲਿਖਿਆ ਹੈ ਕਿ ਸਵਿੰਡਨ ਅਤੇ ਲੰਡਨ ਦੀਆਂ ਗੰਦਗੀ ਭਰੀਆਂ ਗਲੀਆਂ ਨਾਲੋਂ ਇਸ ਨੂੰ ਪਿੰਡਾਂ ਦਾ ਖੁਲ੍ਹਾ ਵਾਤਾਵਰਣ ਸਵਰਗ ਲਗਦਾ ਸੀ। ਆਪਣੀ ਪੱਤਰਕਾਰੀ ਦੇ ਤਜ਼ਰਬੇ ਦੇ ਆਧਾਰ ਤੇ ਇਸ ਨੇ 'ਹੌਜ ਐਂਡ ਹਿਜ਼ ਮਾਸਟਰਜ਼' (1880) ਪੁਸਤਕ ਲਿਖੀ। ਛੇਤੀ ਹੀ ਵੱਖ ਵੱਖ ਅਖਬਾਰਾਂ ਅਤੇ ਰਸਾਲਿਆਂ ਵਿਚ ਇਸ ਦੇ ਰੇਖਾ ਚਿਤਰ ਅਤੇ ਲੇਖ ਛਪਣ ਲੱਗੇ। ਇਨ੍ਹਾਂ ਸਾਲਾਂ ਵਿਚ ਹੀ ਇਸ ਨੇ ਨਾਵਲ ਵੀ ਲਿਖੇ। ਇਨ੍ਹਾਂ ਵਿਚੋਂ 'ਦੀ ਡਿਊਈ ਮਾਰਨ' ਅਤੇ 'ਗ੍ਰੀਨ ਫਰਨ ਫਾਰਮ' ਬਹੁਤ ਚੰਗੇ ਹਨ। ਸੰਨ 1882 ਤੋਂ 1887 ਤੱਕ ਦਾ ਸਮਾਂ ਜੈਫਰੀਜ਼ ਲਈ ਹੀ ਸਿਰਜਨਾਤਮਕ ਸਮਾਂ ਸੀ। ਇਸੇ ਸਮੇਂ ਦੌਰਾਨ ਇਸ ਨੇ ਬਹੁਤ ਹੀ ਪ੍ਰਭਾਵਸ਼ਾਲੀ ਲੇਖ ਲਿਖੇ ਜਿਹੜੇ ਇਸ ਨੇ ਬਾਅਦ ਵਿਚ 'ਦੀ ਲਾਈਫ਼ ਆਫ਼ ਦੀ ਫੀਲਡਜ਼' (1884), 'ਦੀ ਓਪਨ ਏਅਰ' (1885) ਅਤੇ 'ਫੀਲਡ ਐਂਡ ਹੈਜਰੋ' (1889) ਸਿਰਲੇਖਾਂ ਅਧੀਨ ਸੰਗ੍ਰਹਿ ਕੀਤਾ। ਸੰਨ 1887 ਵਿਚ ਇਸਨੇ ਇਕ ਨਾਵਲ 'ਐਮਾਰਿਲਿਸ ਐਟ ਦੀ ਫੇਅਰ' ਛਪਵਾਇਆ ਜਿਹੜੇ ਟਾਮਸ ਹਾਰਡੀ ਦੇ ਸਥਾਨਕ ਰੰਗਣ ਦੇ ਨਾਵਲਾਂ ਨਾਲ ਮੇਲ ਖਾਂਦਾ ਹੈ।

ਇਸ ਦੀ ਮੌਤ 14 ਅਗਸਤ, 1887 ਨੂੰ ਸਸੈਕਸ ਵਿਚ ਗੋਰਿੰਗ ਬਾਈ ਸੀ ਵਿਖੇ ਹੋਈ।

ਹ. ਪੁ. -ਐਨ. ਬ੍ਰਿ. 12: 984 ਐਨ. ਬ੍ਰਿ. ਮਾ. 5: 535

**ਜੈਫ਼ਰੀਜ਼, ਜਾਰਜ ਜੈਫ਼ਰੀਜ਼** : ਇਹ ਇੰਗਲੈਂਡ ਦਾ ਇਕ ਚਲਾਕ ਜੱਜ ਸੀ ਜਿਹੜਾ ਜ਼ੁਲਮ ਅਤੇ ਰਿਸ਼ਵਤਖੋਰੀ ਲਈ ਬਦਨਾਮ ਸੀ। ਆਪਣੀ ਚੁਸਤੀ ਸਦਕਾ ਇਹ ਇੰਗਲੈਂਡ ਦਾ ਲਾਰਡ ਚਾਂਸਲਰ ਅਤੇ ਵੈਮ ਦਾ ਪਹਿਲਾ ਬੈਰਨ ਬਣਿਆ। ਜੈਫਰੀਜ਼ ਵੈਲਿਸੀ ਰਾਜ ਘਰਾਣੇ ਦੇ ਜਾਨ ਜੈਫਰੀਜ਼ ਦਾ ਪੁੱਤਰ ਸੀ ਅਤੇ ਇਸ ਦਾ ਜਨਮ ਡੈਨਬੀਸ਼ਿਰ ਕਾਉਂਟੀ ਦੇ ਐਕਟਨ ਸ਼ਹਿਰ ਵਿਖੇ 15 ਮਈ, 1645 ਨੂੰ ਹੋਇਆ ਮੰਨਿਆ ਜਾਂਦਾ ਹੈ। ਆਪਣੇ ਪਿਤਾ ਦੇ ਇਰਾਦੇ ਤੋਂ ਉਲਟ ਇਸਨੇ 1668 ਈ. ਵਿਚ ਬਾਰ ਵਿਚ ਦਾਖ਼ਲਾ ਲਿਆ ਅਤੇ 1677 ਈ. ਵਿਚ ਚਾਰਲਸ ਦੂਜੇ ਦੇ ਭਰਾ ਜੇਮਜ਼ ਜਿਹੜਾ ਯਾਰਕ ਦਾ ਡਿਊਕ ਅਤੇ ਰੋਮਨ ਕੈਥੋਲਿਕ ਮਤ ਦਾ ਧਾਰਨੀ ਸੀ, ਦੇ ਅਧੀਨ ਸਾੱਲਿਸਟਰ ਜਨਰਲ ਦੇ ਤੌਰ ਤੇ ਨਿਯੁਕਤ ਕੀਤਾ ਗਿਆ। ਸੰਨ 1678 ਵਿਚ ਸਰਕਾਰ ਵਿਰੁੱਧ ਟਾਈਟਸ ਓਟਸ ਵੱਲੋਂ ਤਿਆਰ ਕੀਤੀ ਗਈ ਪੋਪਸ਼ਾਹੀ ਦੀ ਸਾਜ਼ਸ਼ ਦੇ ਕੇਸ ਵਿਚ ਜੈਫਰੀਜ਼ ਨੂੰ ਇਸਤਗਾਸਾ ਕੌਂਸਲ (ਜਾਂ ਜੱਜ) ਦੇ ਤੌਰ ਤੇ ਲਗਾਇਆ ਗਿਆ। ਇਸਨੇ ਬਹੁਤ ਸਾਰੇ ਸ਼ੱਕੀ ਕੈਥੋਲਿਕ ਸਾਜ਼ਸੀਆਂ ਦੀ ਸੁਣਵਾਈ ਕੀਤੀ ਅਤੇ ਇਨ੍ਹਾਂ ਸੁਣਵਾਈਆਂ ਦੌਰਾਨ ਜੈਫਰੀਜ਼ ਨੇ ਮੁਦਾਲਿਆਂ ਦਾ ਵਹਿਸ਼ੀਆਨਾ ਢੰਗ ਨਾਲ ਮੌਜੂ ਬਣਾਇਆ ਤੇ ਉਨ੍ਹਾਂ ਨੂੰ ਕਾਫ਼ੀ ਦਬਕਾਇਆ ਧਮਕਾਇਆ ਜਿਸ ਦੇ ਨਤੀਜੇ ਵਿਚ ਇਸ ਦੀ ਕਾਫ਼ੀ ਖ਼ੁਨਾਮੀ ਹੋਈ। ਕੈਥੋਲਿਕਾਂ ਦੇ ਪੈਰਵੀਕਾਰ ਹੋਣ ਦੇ ਬਾਵਜੂਦ ਵੀ ਅਦਾਲਤ ਵਿਚ ਜੈਫ਼ਰੀ ਚਾਰਲਸ ਅਤੇ ਜੇਮਜ਼ ਦੀ ਪਾਰਟੀ ਵਿਚ ਜ਼ਿਆਦਾ ਮਸ਼ਹੂਰ ਹੋਇਆ।

ਸੰਨ 1680 ਵਿਚ ਇਹ ਜੇਮਜ਼ ਦੀ ਤਖਤਨਸ਼ੀਨੀ ਸਬੰਧੀ ਉੱਤਰਾਧਿਕਾਰ ਦੇ ਬਰਖ਼ਿਲਾਫ਼ ਅਲਹਿਦਗੀ ਬਿੱਲ ਵਿਰੁੱਧ ਅਦਾਲਤ ਵਿਚ ਲੜਿਆ ਅਤੇ 1683 ਈ. ਵਿਚ ਇਸਨੂੰ ਲਾਰਡ ਚੀਫ਼ ਜਸਟਿਸ ਦੀ ਪਦਵੀ ਪ੍ਰਾਪਤ ਹੋ ਗਈ। ਲਾਰਡ ਵਿਲੀਅਮ ਰੱਸਲ ਅਤੇ ਐਨਗਰਨਾਨ ਸਿਡਨੀ ਸਬੰਧੀ ਚਲਾਏ ਗਏ ਰਾਜ ਧਰੋਹੀ ਮੁਕੱਦਮਿਆਂ ਦੀ ਪੈਰਵੀ ਅਤੇ ਫੈਸਲਾ ਕਰਨ ਦੀ ਜ਼ਿੰਮੇਵਾਰੀ ਵੀ ਇਸ ਨੂੰ ਸੌਂਪੀ ਗਈ ਸੀ। ਇਨ੍ਹਾਂ ਦੋਹਾਂ ਵਿਚ ਪਾਰਟੀ ਦੇ ਮੈਂਬਰਾਂ ਵਿਰੁੱਧ ਦਿੱਤੀ ਗਵਾਹੀ ਭਾਵੇਂ ਬਿਲਕੁਲ ਹੀ ਬੇਵਜ਼ਨ ਸੀ ਪਰ ਜੈਫ਼ਰੀ ਨੇ ਉਨ੍ਹਾਂ ਨੂੰ ਫਿਰ ਵੀ ਦੋਸ਼ੀ ਠਹਿਰਾਇਆ ਤੇ ਮੌਤ ਦੀ ਸਜ਼ਾ ਦਿਤੀ। ਮਈ, 1685 ਵਿਚ ਇਸਨੇ ਟਾਈਟਸ ਓਟਸ ਨੂੰ ਬੁਰੀ ਤਰ੍ਹਾਂ ਕੁੱਟ ਕੇ ਜੇਲ੍ਹ ਵਿਚ ਸੁੱਟ ਦਿੱਤਾ। ਕੁਝ ਦਿਨਾਂ ਪਿੱਛੋਂ ਜੇਮਜ਼ ਦੂਜੇ ਨੇ ਜੈਫ਼ਰੀ ਨੂੰ ਵੈਬ ਦਾ ਬੈਰਨ ਥਾਪ ਦਿੱਤਾ।

ਜੁਲਾਈ, 1685 ਵਿਚ ਖ਼ੂਨ ਖ਼ਰਾਬੇ ਉਪਰੰਤ ਮਾਨਮਥ ਦੇ ਡਿਊਕ ਜੇਮਜ਼ ਸਕਾਟ ਦੀ ਬਗ਼ਾਵਤ ਖ਼ਤਮ ਹੋਣ ਤੇ ਜੈਫ਼ਰੀ ਨੇ ਵਿਦਰੋਹੀਆਂ ਵਿਚੋਂ 150 ਤੋਂ 200 ਤੱਕ ਦੀ ਗਿਣਤੀ ਵਿਚ ਫਾਂਸੀ ਦਾ ਹੁਕਮ ਦਿੱਤਾ ਅਤੇ ਸੈਂਕੜਿਆਂ ਨੂੰ ਨੌਆਬਾਦੀਆਂ ਵਿਚ ਗੁਲਾਮ ਬਣਾ ਕੇ ਵੇਚ ਦਿੱਤਾ। ਇਸ ਦੇ ਇਵਜ਼ ਵਿਚ 1685 ਈ. ਵਿਚ ਜੇਮਜ਼ ਦੂਜੇ ਨੇ ਇਸਨੂੰ ਲਾਰਡ ਚਾਂਸਲਰ ਬਣਾ ਦਿੱਤਾ। ਸ਼ਾਹੀ ਸਲਾਹਕਾਰਾਂ ਵਿਚੋਂ ਸਭ ਤੋਂ ਵਧ ਪ੍ਰਭਾਵਸ਼ਾਲੀ ਹੋਣ ਕਰਕੇ ਜੈਫ਼ਰੀ ਕਲੀਸੀਆਈ ਕਮਿਸ਼ਨ ਦਾ ਇੰਚਾਰਜ ਬਣਿਆ ਤੇ ਜਿਸ ਕਰਕੇ ਇੰਗਲੈਂਡ ਦੇ ਚਰਚ ਨੂੰ ਜੇਮਜ਼ ਦੀ ਕੈਥੋਲਿਕ-ਪੱਖੀ ਪਾਲਿਸੀ ਨੂੰ ਪ੍ਰਵਾਨ ਕਰਨਾ ਪਿਆ। ਦਸੰਬਰ, 1688 ਵਿਚ ਵਿਲੀਅਮ ਆਰੈਂਜ ਨੇ ਜਿਹੜਾ ਪਿੱਛੋਂ ਜਾ ਕੇ ਬਾਦਸ਼ਾਹ ਵਿਲੀਅਮ ਤੀਜਾ ਦੇ ਨਾਂ ਹੇਠ ਜਾਣਿਆ ਗਿਆ, ਜੇਮਜ਼ ਦੀ ਸਰਕਾਰ ਦਾ ਪਾਸਾ ਪਲਟਿਆ ਤਾਂ ਜੈਫ਼ਰੀ ਨੇ ਮਲਾਹ ਦੇ ਭੇਸ ਵਿਚ ਇਥੋਂ ਦੌੜਨ ਦੀ ਕੋਸ਼ਿਸ਼ ਕੀਤੀ ਪਰ ਫੜਿਆ ਗਿਆ ਅਤੇ ਚਾਰ ਮਹੀਨੇ ਪਿੱਛੋਂ ਲੰਡਨ ਦੇ ਟਾਵਰ ਵਿਖੇ ਹੀ 18 ਅਪ੍ਰੈਲ, 1689 ਨੂੰ ਪ੍ਰਾਣ ਤਿਆਗ ਗਿਆ।

ਹ. ਪੁ. -ਐਨ. ਬ੍ਰਿ. ਮਾ. 5: 537

**ਜੈਫਲ** : ਇਹ ਪੂਰਬੀ ਮਲੌਕਸ ਦਾ ਮੂਲ ਪੌਦਾ ਹੈ ਜੋ ਮਲਾਇ ਦੀਪ ਸਮੂਹਾਂ ਵਿਚ ਕਾਸ਼ਤ ਕੀਤਾ ਜਾਂਦਾ ਸੀ ਪਰ ਅੱਜਕਲ੍ਹ ਇਸ ਦੀ ਕਾਸ਼ਤ ਦੋਹਾਂ ਅਰਧ ਗੋਲਿਆਂ ਦੇ ਊਸ਼ਣਖੰਡੀ ਖੇਤਰਾਂ ਵਿਸ਼ੇਸ਼ ਕਰਕੇ ਈਸਟ ਅਤੇ ਵੈਸਟ ਇੰਡੀਜ਼ ਵਿਚ ਕੀਤੀ ਜਾਣ ਲੱਗ ਪਈ ਹੈ। ਇਸ ਰੁੱਖ ਦਾ ਵਿਗਿਆਨਿਕ ਨਾਂ ਮਿਰਿਸਟਿਕਾ ਫ਼ਰੈਗਰੈਂਸ (Myristica fragrans) ਹੈ।

ਜੈਫਲ ਇਕ ਸੁੰਦਰ ਸਦਾਬਹਾਰ ਰੁੱਖ ਹੈ ਜਿਸ ਦੇ ਪੱਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ ਅਤੇ ਇਹ ਰੁੱਖ ਕਰੀਬ 10 ਮੀ. ਤੋਂ 20 ਮੀ. ਦੀ ਉਚਾਈ ਤੱਕ ਲੰਬਾ ਹੁੰਦਾ ਹੈ। ਇਹ ਆਮ ਤੌਰ ਤੇ ਇਕ ਲਿੰਗੀ ਹੀ ਹੁੰਦਾ ਹੈ ਜਿਸ ਦੇ ਹਲਕੇ ਪੀਲੇ ਫੁੱਲ ਗੁੱਦੇਦਾਰ ਅਤੇ ਖ਼ੁਸ਼ਬੂਦਾਰ ਹੁੰਦੇ ਹਨ। ਪੱਕੇ ਹੋਏ ਫਲ ਸੁਨਹਿਰੀ ਪੀਲੇ ਰੰਗ ਦੇ ਹੁੰਦੇ ਹਨ ਜੋ ਖੁਰਮਾਨੀ ਜਾਂ ਅਲੂਚੇ ਦੇ ਫਲ ਨਾਲ ਮਿਲਦੇ ਜੁਲਦੇ ਹਨ। ਇਹ ਹੌਲੀ ਹੌਲੀ ਸੁੱਕ ਜਾਂਦੇ ਹਨ ਅਤੇ ਜਦ ਪੂਰੀ ਤਰ੍ਹਾਂ ਪੱਕ ਜਾਣ ਤਾਂ ਛਿਲਕਾ ਦੋ ਫਾੜ ਹੋ ਜਾਂਦਾ ਹੈ ਅਤੇ ਚਮਕੀਲੇ ਲਾਲ ਰੰਗ ਦੇ ਸ਼ਾਖਾਵਾਂ ਵਾਲੇ ਬੀਜ ਛਿੱਲ ਨਾਲ ਢੱਕੇ ਹੋਏ ਦਿਖਾਈ ਦੇਣ ਲੱਗ ਜਾਂਦੇ ਹਨ। ਬੀਜ ਵਿਚ ਇਕ ਗਿਰੀ ਹੁੰਦੀ ਹੈ ਜੋ ਵਪਾਰਕ ਪੱਧਰ ਤੇ ਵਰਤਿਆ ਜਾਣ ਵਾਲਾ ਜੈਫਲ ਹੁੰਦਾ ਹੈ।

ਜੈਫਲ ਦੀ ਵਰਤੋਂ ਕਈ ਪ੍ਰਕਾਰ ਦੇ ਭੋਜਨਾਂ ਵਿਚ ਮਸਾਲੇ ਵਜੋਂ ਕੀਤੀ ਜਾਂਦੀ ਹੈ ਖ਼ਾਸ ਕਰਕੇ ਅਚਾਰਾਂ, ਮੁਰੱਬਿਆਂ ਆਦਿ ਵਿਚ। ਇਸ

ਟੀ ਵਰਤੋਂ ਕੱਦੂਕਸ ਕਰਕੇ ਪੁਡਿੰਗ, ਕਸਟਰਡ ਅਤੇ ਹੋਰ ਮਿੱਠੇ ਪਦਾਰਥਾਂ ਵਿਚ ਕੀਤੀ ਜਾਂਦੀ ਹੈ। ਜੈਫਲ ਤੇਲ ਦੀ ਵਰਤੋਂ ਸੁਗੰਧੀ, ਤਮਾਕੂ ਉਦਯੋਗਾਂ ਅਤੇ ਦੰਦਸਾਜ਼ੀ ਵਿਚ ਕੀਤੀ ਜਾਂਦੀ ਹੈ।



**ਜੈਫਲ ਰੁਖ ਦੀ ਫਲ ਵਾਲੀ ਸ਼ਾਖ**

ਜੈਫਲ ਵਿਚ ਔਸ਼ਧੀਜਣਕ ਗੁਣ ਵੀ ਬਹੁਤ ਹੁੰਦੇ ਹਨ। ਇਸ ਦੇ ਬੀਜ ਬੈ-ਬਾਦੀ ਦੂਰ ਕਰਨ, ਪਾਚਨ ਸ਼ਕਤੀ ਵਧਾਉਣ, ਪੇਟ ਵਿਚ ਗੈਸ ਆਦਿ ਭਰ ਜਾਣ ਅਤੇ ਉਲਟੀਆਂ ਹਟਾਉਣ ਆਦਿ ਅਲਾਮਤਾਂ ਵਿਚ ਲਾਹੇਵੰਦ ਸਿੱਧ ਹੁੰਦੇ ਹਨ। ਇਸ ਦੀਆਂ ਸੁੱਕੀਆਂ ਗਿਰੀਆਂ ਤੋਂ ਤਿਆਰ ਕੀਤਾ ਗਿਆ ਤੇਲ ਜੁਲਾਬ ਲਿਆਉਣ ਅਤੇ ਬੈ-ਬਾਦੀ ਦੂਰ ਕਰਨ ਲਈ ਵਰਤਿਆ ਜਾਂਦਾ ਹੈ। ਇਸ ਤੇਲ ਦੀ ਵਰਤੋਂ ਬਾਹਰੀ ਤੌਰ ਤੇ ਜੋੜਾਂ ਦੇ ਦਰਦ ਹਟਾਉਣ ਲਈ ਵੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਤੇਲ ਵਿਚ ਉਤੇਜਕ ਗੁਣ ਵੀ ਪਾਏ ਜਾਂਦੇ ਹਨ।

ਹ. ਪੁ. -ਇ. ਬਾ. 234; ਗ. ਇੰ. ਮੈ. 40: 172; ਸ. ਸਾ. 2:2095; ਇ. ਡ. ਈ: 200

**ਜੈਬ, ਸਰ ਰਿਚਰਡ ਕਲੇਵਰ ਹਾਊਸ** : ਇਹ ਬਰਤਾਨਵੀ ਕਲਾਸੀਕਲ ਵਿਦਵਾਨ ਸੀ ਜੋ ਮੁੱਖ ਰੂਪ ਵਿਚ ਸਾਫੋਕਲੀਜ਼ ਦੇ ਨਾਟਕਾਂ ਦਾ ਭਾਸ਼ਕਾਰ ਸੀ। ਇਸ ਦਾ ਜਨਮ ਡਨਡੀ ਵਿਖੇ 27 ਅਗਸਤ, 1841 ਨੂੰ ਹੋਇਆ। ਟ੍ਰਿਨਟੀ ਕਾਲਜ, ਕੈਂਬ੍ਰਿਜ ਤੋਂ ਵਿੱਦਿਆ ਪ੍ਰਾਪਤ ਕਰਕੇ ਇਹ 1875 ਈ. ਤੱਕ ਉਥੇ ਹੀ ਲੈਕਚਰਾਰ ਤੇ ਫੈਲੋ ਰਿਹਾ। ਫਿਰ ਗਲਾਸਗੋ ਯੂਨੀਵਰਸਿਟੀ ਵਿਖੇ ਯੂਨਾਨੀ ਦਾ ਸ਼ਾਹੀ ਪ੍ਰੋਫ਼ੈਸਰ ਨਿਯੁਕਤ ਹੋਇਆ। ਸੰਨ 1891-1905 ਵਿਚ ਇਹ ਕੈਂਬ੍ਰਿਜ ਯੂਨੀਵਰਸਿਟੀ ਲਈ ਐਮ. ਪੀ. ਰਿਹਾ। ਸੰਨ 1900 ਵਿਚ ਇਸ ਨੂੰ 'ਨਾਈਟ' ਬਣਾਇਆ ਗਿਆ ਅਤੇ 1905 ਈ. ਵਿਚ ਇਸ ਨੂੰ 'ਆਰਡਰ ਆਫ਼ ਮੈਰਿਟ' ਮਿਲਿਆ।

ਇਸ ਦੀਆਂ ਪ੍ਰਸਿੱਧ ਰਚਨਾਵਾਂ ਵਿਚ 'ਕ੍ਰੈਕਟਰਜ਼ ਆਫ਼ ਥਿਓਫਾਸਟਸ' (1870), 'ਸਿਲੈਕਸ਼ਨਜ਼ ਫ੍ਰਾਮ ਦਾ ਐਟਿਕ ਓਰੇਟਰਜ਼' (1880), 'ਬੈਂਟਲੀ' (1882) ਅਤੇ 'ਰੋਮਰ' (1887) ਆਦਿ ਸ਼ਾਮਲ ਹਨ। ਇਸ ਦੀਆਂ ਮਹੱਤਵਪੂਰਨ ਕ੍ਰਿਤਾਂ ਫ਼ੋਕਲੀਜ਼ ਦੀਆਂ ਸੰਪਾਦਿਤ ਰਚਨਾਵਾਂ ਹਨ।

9 ਦਸੰਬਰ, 1905 ਨੂੰ ਕੈਂਬ੍ਰਿਜ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 12 : 983

**ਜੈਮਲ** : ਇਹ ਇਕ ਪ੍ਰਸਿੱਧ ਰਾਜਪੂਤ ਸਾਮੰਤ ਸੀ। ਰਾਣਾ ਸੰਗ੍ਰਾਮ ਸਿੰਘ ਦੇ ਲੜਕੇ ਉਦੈ ਸਿੰਘ ਦੇ ਭੱਜ ਜਾਣ ਤੇ ਜੈਮਲ ਅਤੇ ਕੇਲਵਾ ਦੇ ਲੜਕੇ ਨੇ ਮੁਗ਼ਲ ਸਮਰਾਟ ਅਕਬਰ ਦੇ ਵਿਰੁੱਧ ਚਿਤੌੜ ਦੀ ਰੱਖਿਆ ਦਾ ਭਾਰ ਸੰਭਾਲਿਆ ਸੀ।

ਸੰਨ 1568 ਵਿਚ ਅਕਬਰ ਦੇ ਹੱਥੋਂ ਇਸਦੀ ਹੱਤਿਆ ਹੋ ਗਈ। ਅਕਬਰ ਇਨ੍ਹਾਂ ਦੋਹਾਂ ਵੀਰਾਂ ਦੀ ਸੂਰਬੀਰਤਾ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਉਸਨੇ ਦੋਹਾਂ ਦੀਆਂ ਪੱਥਰ ਦੀਆਂ ਮੂਰਤੀਆਂ ਬਣਵਾ ਕੇ ਆਪਣੇ ਮਹੱਲ ਦੇ ਵੱਡੇ ਦਰਵਾਜ਼ੇ ਕੋਲ ਸਥਾਪਿਤ ਕਰਵਾਈਆਂ।

ਹ. ਪੁ.–ਹਿੰ. ਵਿ. ਕੋ. 4 : 393

**ਜੈਮਲ ਸਿੰਘ** : ਘਨ੍ਹਈਆ ਮਿਸਲ ਦਾ ਇਕ ਪ੍ਰਸਿੱਧ ਸਰਦਾਰ ਅਤੇ ਮਹਾਰਾਣੀ ਚੰਦ ਕੌਰ ਦਾ ਪਿਤਾ ਸੀ। ਇਸ ਦੇ ਪਿਤਾ ਦਾ ਨਾਂ ਸਰਦਾਰ ਹਕੀਕਤ ਸਿੰਘ ਸੀ। ਸੰਨ 1782 ਵਿਚ ਜਦੋਂ ਸਰਦਾਰ ਹਕੀਕਤ ਸਿੰਘ ਕਲਾਨੌਰ ਵਿਖੇ ਸੁਰਗਵਾਸ ਹੋ ਗਿਆ ਤਾਂ ਜੈਮਲ ਸਿੰਘ ਘਨ੍ਹਈਆ ਮਿਸਲ ਦਾ ਸਰਦਾਰ ਬਣਿਆ। ਇਸ ਵੇਲੇ ਜੈਮਲ ਸਿੰਘ ਦੀ ਉਮਰ 11 ਸਾਲ ਦੀ ਸੀ। ਇਸ ਦਾ ਵਿਆਹ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਦੀ ਬਹਾਦਰ ਅਤੇ ਅਕਲਮੰਦ ਲੜਕੀ ਬੀਬੀ ਸਾਹਿਬ ਕੌਰ ਨਾਲ ਹੋਇਆ। ਸਾਹਿਬ ਕੌਰ ਦੀ ਕੁਖੋਂ ਚੰਦਾ ਸਿੰਘ ਅਤੇ ਚੰਦ ਕੌਰ ਨੇ ਜਨਮ ਲਿਆ। ਪਟਿਆਲੇ ਦੇ ਮਹਾਰਾਜਾ ਸਾਹਿਬ ਸਿੰਘ (ਸਾਹਿਬ ਕੌਰ ਦਾ ਭਰਾ) ਨੇ ਵੀ ਪਟਿਆਲਾ ਰਿਆਸਤ ਦਾ ਰਾਜ ਪ੍ਰਬੰਧ ਕੁਝ ਚਿਰ ਲਈ ਆਪਣੀ ਭੈਣ ਸਾਹਿਬ ਕੌਰ ਦੇ ਹਵਾਲੇ ਕਰ ਦਿੱਤਾ ਸੀ ਪਰ ਮਗਰੋਂ ਇਨ੍ਹਾਂ ਦੀ ਅਣਬਣ ਹੋ ਗਈ ਸੀ। ਸਾਹਿਬ ਸਿੰਘ ਨੇ ਕਿਲਾ ਭਵਾਨੀਗੜ੍ਹ ਵਿਚ ਸਾਹਿਬ ਕੌਰ ਨੂੰ ਕੈਦ ਕਰ ਦਿੱਤਾ ਪਰ ਇਹ ਉਥੋਂ ਭੇਸ ਬਦਲ ਕੇ ਨਿਕਲ ਗਈ ਅਤੇ ਆਪਣੇ ਕਿਲੇ ਭੇਰੀਆਂ ਵਿਚ ਜਾ ਪੁੱਜੀ ਜਿਥੇ 1799 ਈ. ਵਿਚ ਉਸਦੀ ਮੌਤ ਹੋ ਗਈ।

ਸੰਨ 1803 ਵਿਚ ਜੈਮਲ ਸਿੰਘ ਨੇ ਆਪਣੀ ਸਪੁੱਤਰੀ ਚੰਦ ਕੌਰ ਦੀ ਮੰਗਣੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਕੰਵਰ ਖੜਕ ਸਿੰਘ ਨਾਲ ਕਰ ਦਿੱਤੀ।

ਭਾਵੇਂ ਜੈਮਲ ਸਿੰਘ ਦਾ ਪਿਤਾ ਸਰਦਾਰ ਹਕੀਕਤ ਸਿੰਘ ਇਕ ਬਹੁਤ ਵੱਡਾ ਰਈਸ ਸੀ ਫਿਰ ਵੀ ਉਸਦੀ ਰਿਹਾਇਸ਼ ਫ਼ਤਹਿਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਇਕ ਕੱਚੇ ਵਾੜੇ ਵਿਚ ਹੀ ਹੁੰਦੀ ਸੀ। ਸਰਦਾਰ ਫਤਹਿ ਸਿੰਘ ਨੇ ਫ਼ਤਹਿਗੜ੍ਹ ਚੂੜੀਆਂ ਵਿਚ ਇਕ ਆਲੀਸ਼ਾਨ ਚਾਰ-ਮੰਜ਼ਿਲੀ ਅਟਾਰੀ ਬਣਾਈ। ਦੱਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਟਾਰੀ ਦੀ ਮੁਕੰਮਲ ਉਸਾਰੀ ਲਈ ਲਾਹੌਰ ਦਰਬਾਰ ਦੀਆਂ ਸਾਰੀਆਂ ਹੀ ਸ਼ਾਹੀ ਇਮਾਰਤਾਂ ਦੀ ਉਸਾਰੀ ਦਾ ਕੰਮ ਰੋਕ ਦਿੱਤਾ ਸੀ ਅਤੇ ਇਸ ਕਾਰਜ ਲਈ ਲਾਹੌਰ ਦੇ ਮੰਨੇ-ਪ੍ਰਮੰਨੇ ਕਾਰੀਗਰ ਲਾ ਦਿੱਤੇ ਸਨ।

ਜਨਵਰੀ, 1812 ਵਿਚ ਚੰਦ ਕੌਰ ਅਤੇ ਕੰਵਰ ਖੜਕ ਸਿੰਘ ਦੇ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। 6 ਫ਼ਰਵਰੀ, 1812 ਨੂੰ ਇਹ ਇਤਿਹਾਸਕ ਵਿਆਹ ਸ਼ਾਹੀ ਰੀਤੀ-ਰਿਵਾਜਾਂ ਨਾਲ ਮੁਕੰਮਲ ਹੋਇਆ। ਸਰਦਾਰ ਜੈਮਲ ਸਿੰਘ ਨੇ ਇਸ ਵਿਆਹ ਤੇ ਬਹੁਤ ਭਾਰੀ ਖਰਚ ਕੀਤਾ।

ਦੱਸਿਆ ਜਾਂਦਾ ਹੈ ਕਿ ਜਿਸ ਦਿਨ ਲਾਹੌਰੋਂ ਜੰਞ ਤੁਰੀ, ਸਰਦਾਰ ਜੈਮਲ ਸਿੰਘ ਨੇ ਆਪਣੇ ਪ੍ਰਾਹੁਣਿਆਂ ਤੇ 1500 ਰੁਪਏ ਪ੍ਰਤਿ ਦਿਨ ਖਰਚ ਕੀਤੇ। ਇਸ ਤੋਂ ਇਲਾਵਾ ਲਾੜੇ ਦੀ ਪਾਰਟੀ ਲਈ ਸਰਦਾਰ ਜੈਮਲ ਸਿੰਘ ਨੇ 50,000 ਰੁਪਏ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਤੇ। ਮੁਗ਼ਲਾਂ ਦੀ ਚੜ੍ਹਦੀ ਕਲਾ ਦੇ ਸਮੇਂ ਤੋਂ ਲੈ ਕੇ ਇਸ ਸਮੇਂ ਤੱਕ ਹਿੰਦੋਸਤਾਨ ਭਰ ਵਿਚ ਅਜਿਹੀ ਸ਼ਾਦੀ ਕਿਤੇ ਵੀ ਨਹੀਂ ਸੀ ਹੋਈ।

ਸਰਦਾਰ ਜੈਮਲ ਸਿੰਘ ਦੀ ਸਪੁੱਤਰੀ ਬੀਬੀ ਚੰਦ ਕੌਰ ਦੀ ਕੁੱਖੋਂ ਹੀ ਕੰਵਰ ਨੌਂ ਨਿਹਾਲ ਸਿੰਘ ਨੇ ਜਨਮ ਲਿਆ। ਸੰਨ 1812 ਵਿਚ ਸਰਦਾਰ ਜੈਮਲ ਸਿੰਘ ਦੀ ਮੌਤ ਹੋ ਗਈ।

ਹ. ਪੁ.—ਸਿ. ਮਿ.—ਸ. ਸ. ਸੀਤਲ; ਤਵਾ. ਗ. ਖਾ.—ਭਾਗ ਦੂਜਾ-ਗਿ. ਗਿ. ਸਿ.

**ਜੈਮਲ ਸਿੰਘ, ਬਾਬਾ** : ਰਾਧਾ ਸੁਆਮੀ ਸਤਸੰਗ, ਬਿਆਸ ਦੇ ਮੋਢੀ ਬਾਬਾ ਜੈਮਲ ਸਿੰਘ ਜੀ ਦਾ ਜਨਮ ਜੁਲਾਈ 1839 ਵਿਚ ਹੋਇਆ। ਆਪ ਦੇ ਪਿਤਾ ਸਰਦਾਰ ਜੋਧ ਸਿੰਘ ਪਿੰਡ ਘੁਮਾਣ, ਤਹਿਸੀਲ ਬਟਾਲਾ (ਪੰਜਾਬ) ਦੇ ਰਹਿਣ ਵਾਲੇ ਸਨ।

ਬਾਬਾ ਜੀ ਨੇ ਘੁਮਾਣ ਵਿਖੇ ਭਗਤ ਨਾਮਦੇਵ ਦੇ ਦੇਹੁਰੇ ਦੇ ਮਹੰਤ ਖੇਮਦਾਸ ਤੋਂ ਪੰਜਾਬੀ ਪੜ੍ਹਨੀ ਸਿੱਖੀ ਤੇ ਬਾਲ ਅਵੱਸਥਾ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਨਿਪੁੰਨਤਾ ਨਾਲ ਕਰਨ ਲੱਗੇ।

ਗੁਰਬਾਣੀ ਵਿਚ ਨਾਮ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ ਜਿਸ ਨਾਮ ਨੇ ਕੁੱਲ ਸ੍ਰਿਸ਼ਟੀ ਪੈਦਾ ਕੀਤੀ ਅਤੇ ਜਿਸਦੇ ਸਹਾਰੇ ਸਾਰੇ ਖੰਡ, ਬ੍ਰਹਿਮੰਡ, ਆਕਾਸ਼, ਪਾਤਾਲ ਖੜੇ ਹਨ। ਬਾਬਾ ਜੀ ਨੇ ਜਾਣ ਲਿਆ ਕਿ ਇਹ ਸਰਬ ਸਮਰੱਥ ਨਾਮ ਲਿਖਣ ਬੋਲਣ ਵਿਚ ਆਉਂਦੇ, ਮਨੁੱਖ ਦੇ ਬਣਾਏ ਕਰਿਤਮ ਨਾਮਾ ਵਿਚੋਂ ਕੋਈ ਨਾਮ ਨਹੀਂ ਹੋ ਸਕਦਾ। ਇਸ ਨਿਸ਼ਚੇ ਨਾਲ ਆਪ ਨੇ ਸੱਚੇ ਨਿਰਮਲ ਨਾਮ ਦੀ ਖੋਜ ਆਰੰਭ ਦਿੱਤੀ ਤੇ ਆਪ ਦਾ ਜ਼ਿਆਦਾ ਵਕਤ ਸਾਧੂ-ਸੰਤਾਂ ਦੀ ਸੰਗਤ ਵਿਚ ਬੀਤਣ ਲੱਗਾ।

ਬਾਬਾ ਜੀ ਨੇ ਭਗਤਾਂ ਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਧਿਆਨ ਨਾਲ ਵਿਚਾਰਿਆ ਤੇ ਸਮਝ ਪਈ ਕਿ ਧਰਮ ਪੁਸਤਕਾਂ ਦੇ ਪੜ੍ਹਨ ਮਾਤਰ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਕਰਮ ਕਾਂਡ ਤੋਂ ਹੋਰ ਹਠ-ਕਰਮ ਕਿਸੇ ਤਣ-ਪੱਤਣ ਲਾਉਂਦੇ ਹਨ। ਕਲਿਆਨ ਦੀ ਕੁੰਜੀ ਸੁਰਤਿ ਸ਼ਬਦ ਦੇ ਅਭਿਆਸ ਵਿਚ ਹੈ ਤੇ ਉਸ ਦਾ ਭੇਤ ਕਿਸੇ ਪੂਰਨ ਮਹਾਂਪੁਰਸ਼ ਕੋਲੋਂ-ਹੀ ਜਾਣਿਆ ਜਾ ਸਕਦਾ ਹੈ। ਉਦੋਂ ਤੋਂ ਆਪ ਕਿਸੇ ਸ਼ਬਦ ਸਰੂਪੀ ਸੰਤ ਦੀ ਭਾਲ ਵਿਚ ਉਠ ਤੁਰੇ। ਅਜਿਹੇ ਸੰਤ ਦੀ ਪਰਖ ਲਈ ਆਪ ਕੋਲ ਇਕ ਵਿਸ਼ਵਾਸ ਯੋਗ ਕਸਵੱਟੀ ਸੀ।

ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰ ਪੁਰਖੁ ਸੁਜਾਣੁ
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦ ਨੀਸਾਣੁ॥

ਨਾਮ ਰਤਨ ਦੀ ਖੋਜ ਵਿਚ ਪੈਦਲ ਸਫ਼ਰ ਕਰਦੇ ਆਪ ਅਨੇਕ ਸਥਾਨਾਂ ਤੇ ਅਨੇਕ ਮਹਾਤਮਾਵਾਂ ਨੂੰ ਮਿਲੇ ਤੇ ਇਹ ਖੋਜ ਆਪ ਨੂੰ ਅਖ਼ੀਰ ਆਗਰੇ ਸੁਆਮੀ ਸ਼ਿਵਦਿਆਲ ਸਿੰਘ ਜੀ ਦੇ ਦਰਬਾਰ ਵਿਚ ਲੈ ਪਹੁੰਚੀ। ਸੁਆਮੀ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਸਤਸੰਗ ਕਰਿਆ ਕਰਦੇ ਸਨ। ਉਸ ਦੀ ਵਿਆਖਿਆ ਕਰਦਿਆਂ ਉਨ੍ਹਾਂ ਨੇ ਪੰਜ ਨਾਮ ਸ਼ਬਦ ਧੁਨਿ ਅੰਦਰਲੇ ਮੰਡਲਾਂ ਆਦਿ ਦੇ ਸਾਰੇ ਗੁੱਝੇ ਭੇਤ ਖੋਲ੍ਹ ਦਿੱਤੇ ਤੇ ਫੇਰ ਦੀਖਿਆ ਦੀ ਬਖਸ਼ਿਸ਼ ਕਰਕੇ ਬਾਬਾ ਜੀ ਨੂੰ ਸਦਾ ਲਈ ਆਪਣਾ ਬਣਾ ਲਿਆ।

ਉਸ ਸਮੇਂ ਬਾਬਾ ਜੈਮਲ ਸਿੰਘ ਅਠਾਰਾਂ ਵਰ੍ਹਿਆਂ ਦੇ ਵੀ ਨਹੀਂ ਸੀ ਹੋਏ। ਵਿਆਹ ਕਰਵਾਉਣ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਬੈਠੇ ਸਨ ਤੇ ਹੁਣ ਅਗਲਾ ਜੀਵਨ ਸੁਆਮੀ ਜੀ ਦੀ ਹਜ਼ੂਰੀ ਵਿਚ ਪਰਮਾਰਥ ਦੇ ਲੇਖੇ ਲਾਉਣਾ ਚਾਹੁੰਦੇ ਸਨ ਪਰ ਸੁਆਮੀ ਜੀ ਨੇ ਸਮਝਾਇਆ ਕਿ ਭਗਤੀ ਦੀ ਸਫ਼ਲਤਾ ਲਈ ਖ਼ੁਦ ਹੱਕ ਦਾ ਕਮਾ ਕੇ ਖਾਣਾ ਜ਼ਰੂਰੀ ਹੈ ਤੇ ਉਨ੍ਹਾਂ ਦੀ ਪ੍ਰੇਰਨਾ ਅਧੀਨ ਆਪ 24 ਨੰਬਰ ਦੀ ਸਿੱਖ ਪਲਟਨ ਵਿਚ ਭਰਤੀ ਹੋਏ ਤੇ ਇਸ ਤਰ੍ਹਾਂ ਸਚਮੁੱਚ ਦੇ ਸੰਤ ਸਿਪਾਹੀ ਬਣ ਗਏ।

ਆਪਣੀ ਤੇਤੀ ਵਰ੍ਹੇ ਦੀ ਨੌਕਰੀ ਦੇ ਦੌਰਾਨ ਆਪ ਨੇ ਲਗਨ ਨਾਲ ਨਾਮ ਅਭਿਆਸ ਜਾਰੀ ਰੱਖਿਆ। ਲੰਬੀ ਛੁੱਟੀ ਦੇ ਦਿਨ ਉਹ ਬਿਆਸ ਦਰਿਆ ਦੇ ਕੰਢੇ ਵੜੈਚ ਤੇ ਬੱਲਸਰਾਂ ਪਿੰਡਾਂ ਵਿਚਕਾਰ, ਇਕ ਨਿਰੰਜਨ ਸਥਾਨ ਤੇ ਭਜਨ ਸਿਮਰਨ ਵਿਚ ਬਿਤਾਉਂਦੇ। ਸੰਨ 1889 ਵਿਚ ਰੀਟਾਇਰ ਹੋਣ ਤੇ ਆਪ ਨੇ ਸੁਆਮੀ ਜੀ ਦੀ ਆਗਿਆ ਦਾ ਪਾਲਣ ਕਰਦਿਆਂ ਉਸੇ ਥਾਂ ਇਕ ਨਿੱਕੀ ਜਿਹੀ ਕੁਟੀਆ ਬਣਾ ਲਈ ਤੇ ਆਪਣਾ ਪੂਰਾ ਸਮਾਂ ਸ਼ਬਦ ਅਭਿਆਸ ਨੂੰ ਸਮਰਪਣ ਕਰ ਦਿੱਤਾ।

ਹੌਲੀ ਹੌਲੀ ਆਪ ਦੀ ਗੁਰਮੁਖਤਾ ਦੀ ਸ਼ੋਭਾ ਦੂਰ ਦੂਰ ਤੱਕ ਫੈਲ ਗਈ ਤੇ ਪ੍ਰਭੂ ਪ੍ਰੇਮੀ ਨਾਮ ਉਪਦੇਸ਼ ਲਈ ਆਪ ਕੋਲ ਹਾਜ਼ਰ ਹੋਣ ਲੱਗੇ। ਇਨ੍ਹਾਂ ਵਡਭਾਗੇ ਵਿਅਕਤੀਆਂ ਵਿਚੋਂ ਪ੍ਰਮੁੱਖ ਮਿਲਟਰੀ ਸਰਵਿਸ ਦੇ ਇੰਜੀਨੀਅਰ ਮਹਾਰਾਜਾ ਸਾਵਣ ਸਿੰਘ ਜੀ ਸਨ। 29 ਦਸੰਬਰ, 1903 ਨੂੰ ਬਾਬਾ ਜੀ ਦੇ ਜੋਤੀ ਜੋਤ ਸਮਾਉਣ ਤੇ ਉਹ ਆਪ ਦੇ ਉੱਤਰਾਧਿਕਾਰੀ ਬਣੇ।

ਬਾਬਾ ਜੀ ਦਾ ਉਪਦੇਸ਼ ਸੀ, ਸੁੱਚੀ ਕਮਾਈ ਕਰੋ ਤੇ ਉਸ ਨੂੰ ਵੰਡ ਕੇ ਵਰਤੋ। ਵੱਸੋ ਭਾਵੇ ਸ਼ਹਿਰ ਵਿਚ ਪਰ ਉਸ ਨੂੰ ਉਜਾੜ ਜਾਣ ਕੇ ਕੋਰੇ ਤੇ ਨਿਰਲੇਪ ਰਹੋ। ਚੌਦਾਂ ਲੋਕਾਂ ਦਾ ਰਾਜ ਮਿਲੇ ਤਾਂ ਖ਼ੁਸ਼ ਨਹੀਂ ਹੋਣਾ, ਸਭ ਕੁਝ ਜਾਂਦਾ ਰਹਿਣ ਤੇ ਮੱਥੇ ਵੱਟ ਨਹੀਂ ਪਾਉਣਾ, 'ਮੈਂ' ਨੂੰ ਮਾਰ ਕੇ ਮਾਲਕ ਦੇ ਭਾਣੇ ਵਿਚ ਰਾਜ਼ੀ ਰਹਿਣਾ ਹੈ। ਸ਼ਬਦ ਸਰੂਪ ਸਤਿਗੁਰੂ ਨੂੰ ਅੰਗਸੰਗ ਸਮਝੋ, ਉਸ ਵਿਚ ਪੂਰਨ ਵਿਸ਼ਵਾਸ ਰੱਖੋ। ਸੁਰਤਿ ਨੂੰ ਅੰਦਰ ਸੱਚੇ ਸ਼ਬਦ ਨਾਲ ਜੋੜੋ, ਉਸ ਦੀ ਧੁਨਿ ਨੂੰ ਸੁਣੋ ਤੇ ਉਸ ਦੇ ਪ੍ਰਕਾਸ਼ ਦਾ ਦੀਦਾਰ ਕਰੋ। ਇਸ ਨਾਲ ਜਗਤ ਦਾ ਮੋਹ ਮਿਟੇਗਾ ਤੇ ਪਰਮੇਸ਼ਰ ਨਾਲ ਪ੍ਰੀਤ ਪਵੇਗੀ।

ਬਾਬਾ ਜੀ ਦੇ ਡੇਰੇ ਵਿਚ ਅੱਜ ਵੀ ਉਨ੍ਹਾਂ ਦੇ ਪਾਏ ਪੂਰਨਿਆਂ ਅਨੁਸਾਰ ਸ਼ਬਦ, ਨਾਮ ਦਾ ਪਰਚਾਰ ਹੋ ਰਿਹਾ ਹੈ।

—ਮਹਿੰਦਰ ਸਿੰਘ ਜੋਸ਼ੀ

**ਜੈਮਲ ਪਾਸ਼ਾ ਹਿੰਮਤ** : ਇਹ ਤੁਰਕੀ ਫ਼ੌਜੀ ਅਫ਼ਸਰ ਅਤੇ ਤਿੰਨ-ਮੈਂਬਰੀ ਕਮੇਟੀ ਦਾ ਮੈਂਬਰ ਸੀ, ਜਿਸਨੇ ਪਹਿਲੇ ਸੰਸਾਰ ਯੁੱਧ ਸਮੇਂ ਦੇਸ਼ ਦੀ ਵਾਗਡੋਰ ਸੰਭਾਲੀ ਸੀ। ਇਹ 1872 ਈ. ਵਿਚ ਇਸਤੰਬੋਲ ਦੇ ਸਥਾਨ ਤੇ ਪੈਦਾ ਹੋਇਆ। ਇਸ ਨੇ ਕੈਡਿਟ ਸਕੂਲ ਤੋਂ ਬੀ. ਏ. ਕੀਤੀ। ਮਕਦੂਨੀਆ ਅਤੇ ਥਰੇਸ ਵਿਚ ਵੱਖੋ-ਵੱਖ ਫ਼ੌਜੀ ਅਹੁਦਿਆਂ ਤੇ ਕੰਮ ਕੀਤਾ। ਥਰੇਸ ਵਿਚ ਇਹ ਗੁਪਤ ਯੂਨੀਅਨ ਤੇ ਵਿਕਾਸ ਕਮੇਟੀ ਵਿਚ ਸ਼ਾਮਲ ਹੋ ਗਿਆ।

ਸੰਨ 1906 ਦੀ ਬਗ਼ਾਵਤ ਤੋਂ ਬਾਅਦ ਇਸਤੰਬੋਲ ਵਿਚ ਆ ਕੇ ਸੈਨਿਕ ਰਾਜ ਦਾ ਮੈਂਬਰ ਬਣ ਗਿਆ। ਆਦਾਨਾ ਅਤੇ ਫਿਰ ਬਗ਼ਦਾਦ ਦੇ ਗਵਰਨਰ ਦੇ ਤੌਰ ਤੇ ਜੈਮਲ ਪਾਸ਼ਾ ਨੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ।

ਇਸ ਤੋਂ ਮਗਰੋਂ ਇਸਨੂੰ ਇਸਤੰਬੋਲ ਵਿਚ ਰੱਖਿਆ ਦਲਾਂ ਦਾ ਮੁਖੀ ਨਿਯੁਕਤ ਕੀਤਾ ਗਿਆ ਅਤੇ ਫਿਰ ਜਨਤਕ ਕੰਮਾਂ ਦਾ ਮੰਤਰੀ ਨਿਯੁਕਤ ਹੋਇਆ। ਪਹਿਲੇ ਸੰਸਾਰ ਯੁੱਧ ਸਮੇਂ ਇਹ ਸਰਕਾਰ ਵਿਚ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਵਿਅਕਤੀਆਂ ਵਿਚੋਂ ਇਕ ਸੀ। ਸੰਨ 1914

ਵਿਚ ਮਿਸਰ ਉੱਤੇ ਹਮਲੇ ਦੀ ਨਾਕਾਮ ਕੋਸ਼ਿਸ਼ ਕੀਤੀ। ਅੱਗੇ ਜਾ ਕੇ ਇਹ ਸੀਰੀਆ ਦਾ ਗਵਰਨਰ ਬਣਿਆ। ਇਥੇ ਜੈਮਲ ਪਾਸ਼ਾ ਨੇ ਘੱਟ ਗਿਣਤੀ ਵਾਲੀਆਂ ਜਾਤੀਆਂ ਨਾਲ ਜ਼ਾਲਮਾਨਾ ਵਰਤਾਉ ਕੀਤਾ।

ਸੰਨ 1918 ਵਿਚ ਆਟੋਮਨ ਸਾਮਰਾਜ ਦੀ ਹਾਰ ਤੋਂ ਬਾਅਦ ਇਹ ਬਚਕੇ ਜਰਮਨੀ ਚਲਾ ਗਿਆ। ਮੁਸਤਫ਼ਾ ਕਮਾਲ ਦੀ ਹਕੂਮਤ ਸਥਾਪਿਤ ਹੋਣ ਤੋਂ ਮਗਰੋਂ ਜੈਮਲ ਨੇ ਅਫ਼ਗਾਨ ਫ਼ੌਜ ਦੇ ਮੁੜ ਨਵੇਂ ਸਿਰੇ ਤੋਂ ਸੰਗਠਨ ਦੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ। ਸੰਨ 1922 ਵਿਚ ਟਾਬਿਲਾਸੀ ਵਿਚੋਂ ਲੰਘਦੇ ਸਮੇਂ ਇਕ ਅਮਰੀਕਨ ਕੌਮਪ੍ਰਸਤ ਨੇ ਜੈਮਲ ਪਾਸ਼ਾ ਦੀ ਹੱਤਿਆ ਕਰ ਦਿੱਤੀ।

ਹ. ਪੁ.–ਐਨ. ਬ੍ਰਿ. 12 : 996

**ਜੈਮਿਨੀ** : ਇਹ ਇਕ ਰਿਖੀ ਸੀ ਜੋ ਵੇਦ ਵਿਆਸ ਦਾ ਸ਼ਾਗਿਰਦ ਸੀ ਅਤੇ ਇਸ ਤੋਂ ਇਸ ਨੇ ਸਾਮਵੇਦ ਦੀ ਸਿੱਖਿਆ ਲਈ ਅਤੇ ਮਹਾਭਾਰਤ ਪੜ੍ਹਿਆ। ਵੇਦ ਵਿਆਸ ਨੇ ਕੌਰਵਾਂ ਅਤੇ ਪਾਂਡਵਾਂ ਨੂੰ ਸਾਖਿਆਤ ਦੇਖਿਆ ਸੀ। ਇਸ ਲਈ ਇਹ ਮਹਾਂਭਾਰਤ ਦੇ ਯੁੱਧ ਸਮੇਂ ਜਿਉਂਦਾ ਹੋਵੇਗਾ। ਸਤਿਯਾਂ ਵਰਤ ਸਾਮਾਸ਼੍ਰਮੀ ਦਾ ਕਹਿਣਾ ਹੈ ਕਿ ਜੈਮਿਨੀ ਨਿਰੁਕਤਕਾਰ ਯਾਸਕ ਦਾ ਪੂਰਵਵਰਤੀ ਹੈ ਅਤੇ ਯਾਸਕ ਪਾਣਿਨੀ ਦਾ ਬ੍ਰਹਮਸੂਤਰ ਵਿਚ ਵੇਦਵਿਆਸ ਨੇ ਜੈਮਿਨੀ ਦਾ 11 ਵਾਰ ਉਲੇਖ ਕੀਤਾ ਹੈ। ਮਹਾਭਾਰਤ ਦਾ 'ਅਸ਼ਵਮੇਧ ਪਰਵ' ਤਾਂ ਜੈਮਿਨੀ ਦੇ ਨਾਂ ਨਾਲ ਹੀ ਪ੍ਰਸਿੱਧ ਹੈ। ਸੋ ਵੇਦ ਵਿਆਸ ਨਾਲ ਜੈਮਿਨੀ ਦਾ ਗੂੜ੍ਹਾ ਸਬੰਧ ਪ੍ਰਮਾਣਿਤ ਹੁੰਦਾ ਹੈ। ਇਸ ਲਈ ਇਹ ਦੋਵੇਂ ਇਕੋ ਸਮੇਂ ਹੀ ਹੋਏ ਹੋਣਗੇ। ਜੈਮਿਨੀ ਦੇ ਨਾਂ ਨਾਲ ਹੇਠ ਲਿਖੇ ਗ੍ਰੰਥ ਪ੍ਰਸਿੱਧ ਹਨ–ਜੈਮਿਨੀਯ ਸਾਮਵੇਦ ਸੰਹਿਤਾ, ਜੈਮਿਨੀਯ ਬ੍ਰਾਹਮਣ ਜਾਂ ਬ੍ਰਾਹਮਣ ਉਪਨਿਸ਼ਦ, ਜੈਮਿਨੀਯ ਸ੍ਰੌਤਸੂਤ੍ਰ, ਜੈਮਿਨੀਯ ਗ੍ਰਿਹਸੂਤ੍ਰ, ਜੈਮਿਨੀਯ ਅਸ਼ਵਮੇਧ ਪਰਵ (ਮਹਾਭਾਰਤ)। ਮਹਾਭਾਰਤ ਵਿਚ ਲਿਖਿਆ ਹੈ ਕਿ ਵੇਦ ਵਿਆਸ ਨੇ ਜੈਮਿਨੀ ਨੂੰ ਮਹਾਭਾਰਤ ਪੜ੍ਹਾਇਆ। ਇਸ ਨੇ ਆਪਣੇ ਦੂਜੇ ਗੁਰਭਾਈਆਂ ਵਾਂਗ ਆਪਣੀ ਇਕ ਅਲੱਗ 'ਸੰਹਿਤਾ' ਬਣਾਈ ਜਿਸ ਨੂੰ ਵਿਆਸ ਨੇ ਮਾਨਤਾ ਦਿੱਤੀ। ਇਸ ਪਰਵ ਦੇ 68 ਅਧਿਆਇ ਹਨ। ਇਸ ਵਿਚ ਇਸ ਨੇ ਜਨਮੇਜਯ ਤੋਂ ਯੁਧਿਸ਼ਟਰ ਦੇ ਅਸ਼ਵਮੇਧ ਯੱਗ ਦਾ ਅਤੇ ਹੋਰ ਧਾਰਮਕ ਪੱਖਾਂ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ। ਕਿਹਾ ਜਾਂਦਾ ਹੈ ਕਿ ਵੇਦ ਵਿਆਸ ਦੇ ਮੂੰਹੋਂ ਮਹਾਭਾਰਤ ਦੀਆਂ ਕਹਾਣੀਆਂ ਸੁਣਕੇ ਉਸ ਦੇ ਚੇਲੇ ਸੁਮੰਤ, ਜੈਮਿਨੀ ਅਤੇ ਸ਼ੁਕ ਨੇ ਆਪਣੀ ਆਪਣੀ ਮਹਾਭਾਰਤ ਸੰਹਿਤਾ ਦੀ ਰਚਨਾ ਕੀਤੀ। ਇਨ੍ਹਾਂ ਵਿਚੋਂ ਸਿਰਫ ਜੈਮਿਨੀ ਦਾ ਇਹ ਪਰਵ ਹੀ ਬੱਚਿਆ ਹੈ। ਜੈਮਿਨੀਯ ਪੂਰਵਮੀਮਾਂਸਾਸੂਤ੍ਰ-ਪੂਰਵ ਮੀਮਾਂਸਾ ਦਾ ਇਹ ਸੂਤ੍ਰ ਗ੍ਰੰਥ ਹੈ, ਇਸ ਦੇ 2 ਅਧਿਆਇ ਹਨ। ਇਸ ਵਿਚ ਕਰਮਕਾਂਡ ਮੀਮਾਂਸਾ ਦੇ 12 ਵਿਸ਼ਿਆਂ ਤੇ ਵਿਚਾਰ ਕੀਤਾ ਗਿਆ ਹੈ। ਮੀਮਾਂਸ ਸੂਤ੍ਰ ਵਿਚ ਜੈਮਿਨੀ ਨੇ ਸਰੀਰ ਆਦਿ ਤੋਂ ਵੱਖਰੀ ਇਕ ਚੀਜ਼ 'ਆਤਮਾ' ਨੂੰ ਸਵੀਕਾਰ ਕੀਤਾ ਹੈ। ਇਸ ਤੋਂ ਇਲਾਵਾ ਅਪੂਰਵ, ਸਵਰਗ, ਮੁਕਤੀ ਨੂੰ ਭੀ ਇਸ ਨੇ ਮੰਨਿਆ ਹੈ। ਈਸ਼ਵਰ ਨੂੰ ਸਾਖਿਆਤ ਮੰਨਣ ਦੀ ਚਰਚਾ ਇਸ ਨੇ ਨਹੀਂ ਕੀਤੀ। ਇਸ ਤਰ੍ਹਾਂ ਹੋਰ ਦਾਰਸ਼ਨਿਕ ਵਿਚਾਰ ਵੀ ਦਿੱਤੇ ਗਏ ਹਨ।

ਮਹਾਭਾਰਤ ਅਨੁਸਾਰ ਜੈਮਿਨੀ ਨੂੰ ਜਨਮੇਜਯ ਦੇ ਸਰਪਯੱਗ ਵਿਚ ਬ੍ਰਾਹਮਣ ਬਣਾਇਆ ਗਿਆ ਸੀ। ਇਹ ਯੁਧਿਸ਼ਟਰ ਦੀ ਸਭਾ ਵਿਚ ਭੀ ਹਾਜ਼ਰ ਸੀ ਅਤੇ ਸਰਕੰਡਿਆਂ ਦੀ ਸੇਜ਼ ਉੱਤੇ ਪਏ ਭੀਸ਼ਮ ਪਿਤਾਮਾ ਨੂੰ ਵੀ ਦੇਖਣ ਗਿਆ ਸੀ।

ਹ. ਪੁ.–ਹਿੰ. ਵਿ. ਕੋ. 5 : 51

**ਜੈਮਿਨੀਯ ਬ੍ਰਾਹਮਣ (ਗ੍ਰੰਥ)** : ਸਾਮਦੇਵ ਦਾ ਪ੍ਰਵਰਤੱਕ ਜੈਮਿਨੀ ਰਿਖੀ ਸੀ, ਇਸ ਲਈ ਸਾਮਵੇਦ ਦਾ ਪ੍ਰਾਚੀਨਤਮ ਬ੍ਰਾਹਮਣ ਗ੍ਰੰਥ ਜੈਮਿਨੀ ਦੇ ਨਾਂ ਨਾਲ ਹੀ ਪ੍ਰਸਿੱਧ ਹੋਇਆ। ਇਸ ਦੇ ਦੋ ਸਰੂਪ ਹਨ– 'ਜੈਮਿਨੀਯ ਆਰਸ਼ੇਯ ਬ੍ਰਾਹਮਣ' ਜਿਸ ਨੂੰ 1878 ਈ. ਵਿਚ ਬਰਨੇਲ ਨੇ ਅਤੇ 'ਜੈਮਿਨੀਯ ਉਪਨਿਸ਼ਦ ਬ੍ਰਾਹਮਣ' ਜਿਸ ਨੂੰ 1921 ਵਿਚ ਏਰਟਲ ਨੇ ਪ੍ਰਕਾਸ਼ਿਤ ਕਰਵਾਇਆ। 'ਜੈਮਿਨੀਯ ਬ੍ਰਾਹਮਣ' ਲੁਪਤ ਹੋਣ ਕਰਕੇ ਪੜ੍ਹਨ ਪੜ੍ਹਾਉਣ ਵਿਚ ਇਸ ਦਾ ਪ੍ਰਚਾਰ ਨਹੀਂ ਹੋਇਆ ਤੇ ਨਾ ਹੀ ਇਸ ਦਾ ਕੋਈ ਟੀਕਾ ਹੈ। ਇਹ ਗ੍ਰੰਥ ਮਹੱਤਵਪੂਰਨ ਤਾਂ ਹੈ ਪਰ ਔਖਾ ਹੈ। ਇਸ ਵਿਚ ਯੱਗ, ਸਾਮ, ਮਨੁੱਖੀ ਸਰੀਰ ਦੇ ਅੰਗ, ਆਕਾਸ਼ ਆਦਿ ਤੱਤਾਂ ਦੇ ਨਾਲ ਨਾਲ ਰੂਪਕ ਵਿਚ ਵਿਸ਼ਿਆਂ ਦਾ ਵਰਣਨ ਹੈ।

ਸਭ ਤੋਂ ਪਹਿਲਾਂ ਦੱਖਣੀ ਭਾਰਤ ਵਿਚ ਬਰਨੈਲ ਨੇ ਇਸ ਦੀ ਹੱਥ-ਲਿਖਤ ਪ੍ਰਾਪਤ ਕੀਤੀ। ਮਗਰੋਂ ਕਿੰਨੇ ਹੀ ਹੋਰ ਵਿਦਵਾਨਾਂ ਨੇ ਇਸ ਗ੍ਰੰਥ ਸਬੰਧੀ ਲੇਖ ਛਪਵਾਏ। ਸੰਨ 1924 ਵਿਚ ਪ੍ਰੋ. ਵੇਦ ਵਿਆਸ ਨੇ ਇਸ ਬ੍ਰਾਹਮਣ ਨੂੰ ਪ੍ਰਕਾਸ਼ਿਤ ਕਰਨ ਦਾ ਖ਼ਾਸ ਜਤਨ ਕੀਤਾ ਪਰ 'ਜੈਮਿਨੀਯ ਬ੍ਰਾਹਮਣ' ਦੇ ਪਹਿਲੇ ਅਤੇ ਦੂਜੇ ਕਾਂਡਾਂ ਦੇ ਪ੍ਰਕਾਸ਼ਨ ਦਾ ਸੇਹਰਾ ਡਾ. ਰਘੁਵੀਰ ਨੂੰ ਹੀ ਹੈ। ਦੂਜੇ ਕਾਂਡ ਦੇ ਸਿਰਫ 1-80 ਖੰਡਾਂ ਦਾ ਹੀ ਪ੍ਰਕਾਸ਼ਨ ਅਜੇ ਤੱਕ ਹੋ ਸਕਿਆ ਹੈ। ਡਾ. ਰਘੁਬੀਰ ਨੇ ਆਪਣੇ ਐਡੀਸ਼ਨ ਵਿਚ ਤੀਜੇ ਕਾਂਡ ਦੇ ਭੀ ਉਦਾਹਰਣ ਦਿੱਤੇ ਹਨ। ਇਸ ਤੋਂ ਸਪਸ਼ਟ ਹੈ ਕਿ ਇਸ ਗ੍ਰੰਥ ਦੇ ਪਹਿਲੇ ਤਿੰਨ ਕਾਂਡ ਪ੍ਰਾਪਤ ਹਨ।

ਪਹਿਲੇ ਕਾਂਡ ਵਿਚ 363, ਦੂਜੇ ਵਿਚ 442 ਅਤੇ ਤੀਜੇ ਵਿਚ 385 ਖੰਡ ਹਨ। ਪਹਿਲੇ ਕਾਂਡ ਦੇ 1 ਤੋਂ 65 ਖੰਡਾਂ ਵਿਚ 'ਅਗਨੀ ਹੋਤਰ' ਅਤੇ 66 ਤੋਂ 385 ਖੰਡਾਂ ਵਿਚ 'ਅਗਨੀ ਸ਼ਟੋਮ' ਦਾ ਵਿਚਾਰ ਹੈ। ਇਸ ਦੇ ਨਾਲ ਹੀ 342 ਤੋਂ 364 ਵਿਚ ਪਛਤਾਵਿਆਂ ਦਾ ਵੀ ਵਰਣਨ ਹੈ। ਦੂਜੇ ਕਾਂਡ ਦੇ 1 ਤੋਂ 80 ਖੰਡਾਂ ਵਿਚ ਗਵਾਮੁਯਨ ਘਟਕਾਂ ਦੀ ਪ੍ਰਕ੍ਰਿਤੀ ਅਤੇ 81 ਤੋਂ 234 ਵਿਚ 'ਏਕਾਹ' ਸੋਮ ਯੱਗਾਂ ਦੇ ਵਿਚਾਰ ਹਨ। ਇਨ੍ਹਾਂ ਇਕਾਹਾਂ ਦੀ ਪ੍ਰਕ੍ਰਿਤੀ 'ਜਯੋਤਿਸ਼ਟੋਮ' ਹੈ। 235 ਤੋਂ 333 ਤੱਕ 12 ਦਿਨਾਂ ਦੇ ਨਿਸ਼ਚਿਤ ਸਮੇਂ ਵਿਚ ਹੋਣ ਵਾਲੇ 'ਅਹੀਨਾ' ਨਾਂ ਦੇ ਅਤੇ 334 ਤੋਂ 370 ਖੰਡਾਂ ਵਿਚ 12 ਦਿਨ ਤੋਂ ਜ਼ਿਆਦਾ ਸਮੇਂ ਵਿਚ ਹੋਣ ਵਾਲੇ 'ਸਤ੍ਰ' ਨਾਂ ਦੇ ਅਤੇ 371 ਤੋਂ 442 ਖੰਡ ਤੱਕ 'ਗਵਾਮਯਨ' ਨਾਂ ਦੇ ਯੱਗਾਂ ਦਾ ਨਿਰੂਪਣ ਹੈ। ਇਸੇ ਤਰ੍ਹਾਂ ਤੀਜੇ ਕਾਂਡ ਵਿਚ 'ਦਵਾਦਸ਼ਾਹ' ਨਾਂ ਦੇ ਯੱਗਾਂ ਦਾ ਵੇਰਵਾ ਹੈ।

ਪਹਿਲੇ ਅਤੇ ਦੂਜੇ ਕਾਂਡਾਂ ਦੀਆਂ ਕੁਝ ਖ਼ਾਸ ਜਾਣਨ ਯੋਗ ਗੱਲਾਂ ਇਹ ਹਨ ਕਿ ਪਸ਼ੂ ਦਸ ਮਹੀਨੇ ਗਰਭ ਧਾਰਨ ਕਰਦੇ ਹਨ। ਗਧੇ ਦੋਗਲੇ ਹੁੰਦੇ ਹਨ ਅਤੇ ਗਧੀ ਵੀ ਦੋਗਲੀ ਹੁੰਦੀ ਹੈ। ਇਸ ਲਈ ਪਸ਼ੂਆਂ ਦੀਆਂ ਦੋ ਸੰਤਾਨਾਂ ਇਕੱਠੀਆਂ ਹੁੰਦੀਆਂ ਹਨ। ਪਾਣੀ ਨਾਲ ਸ਼ਾਂਤੀ ਕੀਤੀ ਜਾਂਦੀ ਹੈ। ਨੇਤਰ ਜੋਤੀ ਸਰੂਪ ਹੈ, ਇਸ ਲਈ ਇਸ ਵਿਚ ਜੋਤ ਹੁੰਦੀ ਹੈ। ਬਿਨਾਂ ਨਿਸ਼ੇਚਨ ਦੇ ਜੋ ਗਰਭ ਹੁੰਦੇ ਹਨ ਉਹ ਮਰੇ ਹੋਏ ਗਰਭ, ਅੰਨ੍ਹੇ ਗਰਭ, ਬੋਲੇ ਗਰਭ ਅਤੇ ਬਿਨਾਂ ਜੀਭ ਦੇ ਗਰਭ ਹੁੰਦੇ ਹਨ। ਪਿੰਡ ਦੇ ਪਸ਼ੂ ਸਵੇਰੇ ਕਿੱਲਿਆਂ ਤੋਂ ਖੋਲ੍ਹ ਦਿੱਤੇ ਜਾਂਦੇ ਹਨ ਅਤੇ ਸ਼ਾਮ ਨੂੰ ਵਾਪਸ ਆ ਜਾਂਦੇ ਹਨ। ਬ੍ਰਹਸਪਤੀ ਦੇਵਤਿਆਂ ਦਾ ਅਤੇ ਸੁਕਰ ਰਾਖਸ਼ਾਂ ਦਾ ਪੁਰੋਹਿਤ ਹੈ। ਇਕ ਪਾਸੇ ਦੰਦਾਂ ਵਾਲੇ ਅਤੇ ਦੋਵੇਂ ਪਾਸੇ ਦੰਦਾਂ ਵਾਲੇ ਪਸ਼ੂ ਹੁੰਦੇ ਹਨ। ਸਾਲ ਵਿਚ ਚੌਦਾਂ ਮਹੀਨੇ ਹੁੰਦੇ ਹਨ। ਸਾਮਵੇਦ ਦੇ ਮੰਤਰ ਰਥ, ਮੇਘ, ਗਾਓਂ, ਪਸ਼ੂ ਆਦਿ ਸੁਰਾਂ ਅਨੁਸਾਰ ਹੁੰਦੇ ਹਨ, ਜਿਵੇਂ ਰਥ-ਘੋਸ਼, ਪਰੋਨਯ-ਘੋਸ਼, ਗ੍ਰਾਮ-ਘੋਸ਼ ਆਦਿ। ਰਾਤ ਬਿਨਾਂ ਦਿਨ ਨਹੀਂ ਅਤੇ ਦਿਨ ਬਿਨਾਂ ਰਾਤ ਨਹੀਂ ਹੁੰਦੀ।

ਗਾਂ ਦੀ ਧਾਰ ਨਿਆਣਾ (ਰੱਸੀ) ਪਾ ਕੇ ਕੱਢਣੀ ਚਾਹੀਦੀ ਹੈ। ਹਾਥੀ ਉੱਤੇ ਬਗਲ ਤੋਂ ਦੀ ਚੜ੍ਹਨਾ ਚਾਹੀਦਾ ਹੈ। ਹੋਣ ਵਾਲੇ ਮਨੁੱਖ ਦੇ ਮਾਂ ਦੇ ਗਰਭ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਉਸ ਵਿਚ ਪ੍ਰਾਣ ਪ੍ਰਵੇਸ਼ ਕਰਦਾ ਹੈ। ਇਹੀ ਪ੍ਰਾਣ ਆਕਾਸ਼ ਰੂਪ ਵਿਚ ਉਥੇ ਰਹਿੰਦਾ ਹੈ। ਇਸ ਪਿੱਛੋਂ ਗਰਭ ਵਿਚ ਨਿਸ਼ੇਚਨ ਹੁੰਦਾ ਹੈ ਅਤੇ ਉਸ ਦੇ ਅਨੁਸਾਰ ਹੀ ਜੀਵ ਪੈਦਾ ਹੁੰਦਾ ਹੈ। ਭਾਵ ਪੈਦਾ ਹੋਣ ਵਾਲੇ ਜੀਵ ਦਾ ਚਰਿੱਤਰ ਆਦਿ ਗੁਣ ਅਤੇ ਸਰੂਪ ਉਸ ਪ੍ਰਾਣ ਤੇ ਹੀ ਨਿਰਭੰਰ ਹੁੰਦਾ ਹੈ ਨਾਂ ਕਿ ਸਿਰਫ ਨਿਸ਼ੇਚਨ ਤੇ।

ਹ. ਪੁ.–ਹਿੰ. ਵਿ. ਕੋ. 5 : 52

**ਜੈਮੀਨਿਆਨੀ, ਫ਼੍ਰਾਂਸਿਸਕੋ** : ਇਟਲੀ ਦੇ ਇਸ ਸੰਗੀਤਕਾਰ, ਵਾਇਲਿਨ-ਵਾਦਕ ਅਤੇ ਗੀਤਕਾਰ ਦਾ ਜਨਮ 5 ਦਸੰਬਰ, 1687 ਨੂੰ ਲੁੱਕ ਵਿਖੇ ਹੋਇਆ। ਇਸ ਨੇ ਵਾਇਲਿਨ-ਵਾਦਕ ਵਜੋਂ ਆਪਣੀ ਧਾਕ ਜਮਾਈ। ਸੰਨ 1716 ਵਿਚ ਇਸ ਨੇ ਆਪਣੀ ਪਹਿਲੀ ਸੰਗੀਤ ਰਚਨਾ 'ਓਪਸ 1 ਸੋਨਾਟਾਜ਼' ਪ੍ਰਕਾਸ਼ਿਤ ਕੀਤੀ। 'ਕਨਸਰਟਾਈ ਗ੍ਰਾਸਾਈ' ਇਸ ਦੀ ਇਕ ਹੋਰ ਉੱਘੀ ਰਚਨਾ ਹੈ। ਆਪਣੇ ਜੀਵਨ ਦਾ ਵਧੇਰੇ ਭਾਗ ਇਸ ਨੇ ਬਰਤਾਨਵੀ ਟਾਪੂਆਂ ਵਿਚ ਗੁਜ਼ਾਰਿਆ। ਸੰਨ 1730 ਵਿਚ ਇਸ ਦੀ 'ਦੀ ਆਰਟ ਆਫ਼ ਪਲੇਇੰਗ ਆਨ ਦੀ ਵਾਇਲਿਨ' ਨਾਮੀ ਪੁਸਤਕ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਹੋਈ। ਇਹ ਪੁਸਤਕ ਬਹੁਤ ਪ੍ਰਭਾਵਸ਼ਾਲੀ ਸਿੱਧ ਹੋਈ। ਮਗਰਲੇ ਬੈਰੋਕ ਸੰਗੀਤ ਦੇ ਸਿਲਸਿਲੇ ਵਿਚ ਵੀ ਇਸ ਦੇ ਹਵਾਲੇ ਮਿਲਦੇ ਹਨ।

17 ਸਤੰਬਰ, 1762 ਨੂੰ ਡਬਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 4 : 455; ਐਨ. ਅਮੈ. 12 : 363; ਐਨ. ਬ੍ਰਿ. 10 : 64

**ਜੈਰਆਸ਼** : ਜਾਰਡਨ ਵਿਚ ਅਮਾਨ ਤੋਂ ਕੋਈ 30 ਕਿ. ਮੀ. ਉੱਤਰ ਵੱਲ ਵਸਿਆ ਇਕ ਸ਼ਹਿਰ ਹੈ ਜਿਹੜਾ ਗਿਲੀਅਡ ਦੀਆਂ ਉੱਚ-ਭੂਮੀਆਂ ਉੱਤੇ ਬਾਰਾਦਾ ਦਰਿਆਈ ਵਾਦੀ ਵਿਚ ਸਮੁੰਦਰ ਤਲ ਤੋਂ ਲਗਭਗ 530 ਮੀ. ਦੀ ਉਚਾਈ ਉੱਤੇ ਸਥਿਤ ਹੈ। ਪਹਿਲਾਂ ਇਹ ਇਕ ਪ੍ਰਾਚੀਨ ਫ਼ਲਸਤੀਨੀ ਡਿਕਾਪਾਲਸ ਖੰਡ ਦਾ ਸ਼ਹਿਰ ਸੀ ਅਤੇ ਇਸ ਨੂੰ ਉਸ ਵੇਲੇ ਜੈਰਾਸ ਕਿਹਾ ਜਾਂਦਾ ਸੀ। ਇਹ ਬਹੁਤ ਹੀ ਉਪਜਾਊ ਖੇਤਰ ਵਿਚ ਪੈਂਦਾ ਹੈ ਅਤੇ ਇਹ ਗ੍ਰੀਕੋ-ਰੋਮਨਾਂ ਸਮਿਆਂ ਦਾ ਬਣਿਆ ਸ਼ਹਿਰ ਹੈ। ਇਥੇ ਪੁਰਾਣੀਆਂ ਇਮਾਰਤਾਂ ਦੇ ਖੰਡਰ ਥੇਹਾਂ ਦੇ ਰੂਪ ਵਿਚ ਮਿਲੇ ਹਨ ਜਿਨ੍ਹਾਂ ਦੀ ਖੁਦਾਈ ਤੋਂ ਸ਼ਹਿਰ ਬਾਰੇ ਮਹੱਤਵਪੂਰਨ ਜਾਣਕਾਰੀ ਮਿਲੀ ਹੈ। ਇਥੋਂ ਦੇ ਥੇਹਾਂ ਦੀ ਖੁਦਾਈ ਯੇਰੋਸ਼ਲਮ ਦੇ ਪੁਰਾਤੱਤਵੀ ਸਕੂਲਾਂ ਦੀ ਨਿਗਰਾਨੀ ਹੇਠ ਕੀਤੀ ਗਈ ਸੀ। ਸ਼ਹਿਰ ਦੇ ਆਲੇ-ਦੁਆਲੇ 3.5 ਕਿ. ਮੀ. ਲੰਬੀ ਦੀਵਾਰ ਬਣੀ ਹੋਈ ਸੀ ਜਿਸ ਦੇ ਅੰਦਰਵਾਰ 210 ਏਕੜ ਦੇ ਰਕਬੇ ਉੱਤੇ ਸ਼ਹਿਰ ਉਸਾਰਿਆ ਹੋਇਆ ਸੀ। ਸੜਕਾਂ ਉੱਤਰ ਤੋਂ ਦੱਖਣ ਵੱਲ ਨੂੰ ਬਣਾਈਆਂ ਹੋਈਆਂ ਸਨ। ਸ਼ਹਿਰ ਦੇ ਉੱਤਰ ਵੱਲ ਟ੍ਰੋਜਨ ਰਾਜੇ ਨੇ 115 ਈ. ਵਿਚ ਇਕ ਦਰਵਾਜ਼ਾ ਬਣਵਾਇਆ ਸੀ ਤੇ ਇਸੇ ਤਰ੍ਹਾਂ ਦੱਖਣ ਵੱਲ ਹੇਡਰੀਐਨ ਰਾਜੇ ਨੇ 130 ਈ. ਵਿਚ ਵਿਜੇ ਦੁਆਰ ਬਣਵਾਇਆ ਸੀ।

ਸ਼ਹਿਰ ਵਿਚ ਬਹੁਤ ਵਧੀਆ ਇਮਾਰਤਾਂ ਬਣੀਆਂ ਹੋਈਆਂ ਸਨ ਜਿਨ੍ਹਾਂ ਵਿਚੋਂ ਜੈਰਆਸ ਅਤੇ ਜੇਨਾ ਦੇਵੀਆਂ ਦੇ ਮੰਦਰ ਵਰਣਨਯੋਗ ਹਨ। ਇਨ੍ਹਾਂ ਤੋਂ ਇਲਾਵਾ 15,000 ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਵਾਲਾ ਸਟੇਡੀਅਮ ਵੀ ਸੀ। ਇਥੇ ਪੰਜਵੀਂ, ਛੇਵੀਂ, ਸੱਤਵੀਂ ਸਦੀ ਦੇ ਬਣੇ ਗਿਰਜਿਆਂ ਦੇ ਖੰਡਰ ਵੀ ਮਿਲੇ ਹਨ। ਅੱਠਵੀਂ ਸਦੀ ਵਿਚ ਇਹ ਸ਼ਹਿਰ ਭੂਚਾਲ ਨਾਲ ਤਬਾਹ ਹੋ ਗਿਆ ਤੇ ਪਿੱਛੋਂ ਕੋਈ 1100 ਸਾਲ ਉਜੜਿਆ ਹੀ ਰਿਹਾ।

ਸ਼ਹਿਰ ਦੀ ਇਤਿਹਾਸਕ ਜਾਣਕਾਰੀ ਇਥੋਂ ਦੇ ਖੰਡਰਾਂ ਦੀ ਖੁਦਾਈ ਤੋਂ ਪਤਾ ਲੱਗਦੀ ਹੈ। ਇਥੇ ਲੋਹੇ ਅਤੇ ਮੁੱਢਲੇ ਕਾਂਸੀ ਯੁੱਗ ਦੇ ਬਰਤਨ ਸ਼ਹਿਰ ਦੇ ਕਾਂਸੀ ਯੁੱਗ ਵਿਚ ਵੱਸੇ ਹੋਣ ਬਾਰੇ ਜਾਣਕਾਰੀ ਦਿੰਦੇ ਹਨ। ਸ਼ਹਿਰ ਬਹੁਤ ਹੀ ਪੁਰਾਣਾ ਹੈ। ਜੋਸੀਅਸ ਇਤਿਹਾਸਕਾਰ ਅਨੁਸਾਰ ਅਲੈਗਜ਼ਾਂਦਰ ਜੇਨੀਅਸ ਨੇ 83 ਈ., ਪੂ. ਵਿਚ ਆਪਣਾ ਕਬਜ਼ਾ ਕੀਤਾ। ਰੋਮਨਾਂ ਨੇ 65 ਈ. ਵਿਚ ਮੁੜ ਉਸਾਰਿਆ। ਫਿਰ ਯਹੂਦੀਆਂ ਨੇ ਇਸ ਨੂੰ ਤਬਾਹ ਕਰ ਦਿੱਤਾ। ਟ੍ਰੋਜਨ ਰਾਜੇ ਦੇ ਰਾਜ ਕਾਲ ਤੋਂ ਪਿੱਛੋਂ ਇਹ ਸੀਰੀਆ ਪ੍ਰਾਂਤ ਦਾ ਹਿੱਸਾ ਸੀ ਤੇ ਪਿੱਛੋਂ 160 ਈ. ਵਿਚ ਅਰਬ ਦੇ ਪ੍ਰਾਂਤ ਵਿਚ ਸ਼ਾਮਲ ਕੀਤਾ ਗਿਆ। ਦੂਜੀ ਸਦੀ ਵਿਚ ਐਨਟਨੀ ਰਾਜ ਦੌਰਾਨ ਇਥੇ ਬਹੁਤ ਹੀ ਵਧੀਆ ਇਮਾਰਤਾਂ ਬਣਾਈਆਂ ਗਈਆਂ। ਉਸ ਵੇਲੇ ਸ਼ਹਿਰ ਦੀ ਮਹੱਤਤਾ ਵਿਚ ਬਹੁਤ ਵਾਧਾ ਹੋਇਆ।

ਹ. ਪੁ.–ਐਨ. ਬ੍ਰਿ. 10 : 233

**ਜੈਰਸਟੈਕਰ, ਫ੍ਰੀਡਰਿਕ** : ਇਹ ਇਕ ਜਰਮਨ ਯਾਤਰੀ ਤੇ ਪ੍ਰਸਿੱਧ ਸਫ਼ਰਨਾਮਾ ਲੇਖਕ ਸੀ। ਇਸ ਦਾ ਜਨਮ ਹੈਮਬਰਗ ਵਿਖੇ 10 ਮਈ, 1816 ਨੂੰ ਹੋਇਆ। ਸੰਨ 1837 ਤੋਂ 1843 ਤੱਕ ਇਸ ਨੇ ਅਮਰੀਕਾ ਵਿਚ ਰਹਿ ਕੇ ਉਥੋਂ ਦੇ ਸਥਾਨਕ ਰਸਮ-ਰਿਵਾਜਾਂ ਦਾ ਅਧਿਐਨ ਕੀਤਾ ਅਤੇ ਸਾਰੇ ਸੰਯੁਕਤ ਰਾਜ ਘੁੰਮਿਆ ਫਿਰਿਆ। ਵਾਪਸ ਆ ਕੇ ਇਸ ਨੇ ਆਪਣੇ ਅਨੁਭਵ 'Streif and Jagdzuge durch die Vereington Staaten Nordamerikas' (1844) ਦੋ ਜਿਲਦਾਂ ਵਿਚ ਪ੍ਰਕਾਸ਼ਿਤ ਕੀਤੇ। ਅਗਲੇ ਸਾਲ ਇਸ ਨੇ ਇਕ ਨਾਵਲ 'Die Regultoron in Arkansas' (ਤਿੰਨ ਜਿਲਦਾਂ) ਪ੍ਰਕਾਸ਼ਿਤ ਕੀਤਾ। ਉਸ ਤੋਂ ਮਗਰੋਂ ਇਸਨੇ ਕਿੰਨੇ ਹੀ ਸਫ਼ਰਨਾਮੇ ਅਤੇ ਨਾਵਲ ਲਿਖੇ। ਇਸ ਤੋਂ ਇਲਾਵਾ ਇਸ ਨੇ ਦੱਖਣੀ ਅਮਰੀਕਾ, ਆਸਟ੍ਰੇਲੀਆ ਤੇ ਡੱਚ ਈਸਟ ਇੰਡੀਜ਼, ਦੱਖਣੀ ਅਮਰੀਕਾ ਵਿਚ ਜਰਮਨ ਬਸਤੀਆਂ, ਮੈਕਸੀਕੋ, ਵੈਂਜ਼ੂਏਲਾ ਅਤੇ ਵੈਸਟ ਇੰਡੀਜ਼ ਆਦਿ ਦੀ ਯਾਤਰਾ ਕੀਤੀ। ਦੱਖਣੀ ਅਮਰੀਕਾ ਦੇ ਅਨੁਭਵ ਬਾਰੇ ਇਸ ਨੇ 'Achtzehn Monate in Sudamerika' (ਤਿੰਨ ਜਿਲਦਾਂ) ਨਾਂ ਦੀ ਪੁਸਤਕ ਲਿਖੀ। ਇਸ ਦੀਆਂ ਸੰਪੂਰਨ ਰਚਨਾਵਾਂ 44 ਜਿਲਦਾਂ ਵਿਚ ਪ੍ਰਕਾਸ਼ਿਤ ਹੋਈਆਂ।

ਇਸ ਦੀ ਮੌਤ ਬ੍ਰਨਜ਼ਵਿਕ ਵਿਖੇ 31 ਮਈ, 1872 ਨੂੰ ਹੋਈ।

ਹ. ਪੁ.–ਐਨ. ਬ੍ਰਿ. 10 : 367

**ਜ਼ੈਰਸੋਂ, ਜੇਨ ਡੀ** : ਇਸ ਦਾ ਦੂਜਾ ਨਾਂ ਜੇਨ ਡੀ ਸ਼ਾਰਲੀਏ



ਜੇਨ ਡੀ ਜ਼ੈਰਸੋਂ

ਹੈ। ਇਹ ਫ਼ਰਾਂਸ ਦਾ ਧਰਮ ਸ਼ਾਸਤਰੀ, ਪੈਰਿਸ ਯੂਨੀਵਰਸਿਟੀ ਦਾ ਚਾਂਸਲਰ ਤੇ ਗਿਰਜਾ-ਸੁਧਾਰ ਲਹਿਰ ਦਾ ਨੇਤਾ ਸੀ। ਇਸ ਦਾ ਜਨਮ

13 ਦਸੰਬਰ, 1363 ਨੂੰ ਜੈਰਸੋ ਵਿਖੇ ਹੋਇਆ। ਇਸ ਨੇ ਪੈਰਿਸ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਧਰਮ ਸ਼ਾਸਤਰ ਦਾ ਅਧਿਐਨ ਕੀਤਾ। ਸੰਨ 1395 ਵਿਚ ਇਸ ਨੂੰ ਯੂਨੀਵਰਸਿਟੀ ਦਾ ਚਾਂਸਲਰ ਚੁਣਿਆ ਗਿਆ ਜਿਸ ਨਾਲ ਇਸ ਦੀ ਬੜੀ ਪ੍ਰਸਿੱਧੀ ਹੋ ਗਈ।

ਧਰਮ ਸ਼ਾਸਤਰ ਦੇ ਖੇਤਰ ਵਿਚ ਜ਼ੈਰਸੋ ਕਲਪਨਾਵਾਦੀ-ਵਿਲੀਅਮ ਆਕਹੈਮ ਦਾ ਅਨੁਯਾਈ ਰਿਹਾ। ਇਸ ਨੇ ਮੱਧ ਕਾਲੀ ਪਰੰਪਰਾ ਦਾ ਤਿਆਗ ਕੀਤਾ ਜੋ ਦੈਵੀ ਸੱਚਾਈ ਲਈ ਤਾਕਤਵਾਦੀ ਤੇ ਜ਼ੋਰ ਦਿੰਦੀ ਸੀ। ਇਸ ਅਨੁਸਾਰ ਚੰਗੇ ਮਾੜੇ ਕੰਮ ਹਰ ਵਿਅਕਤੀ ਪਰਮਾਤਮਾ ਦੇ ਭਾਣੇ ਵਿਚ ਹੀ ਕਰਦਾ ਹੈ ਜਿਸ ਦੀ ਮਨੁੱਖੀ ਤਰਕ ਥਹੁ ਨਹੀਂ ਪਾ ਸਕਦੀ। ਇਸ ਨੇ ਧਰਮ-ਸ਼ਾਸਤਰ ਬਾਰੇ ਸੂਖ਼ਮ ਤਰਕ ਵਿਤਰਕ ਦੀ ਬਜਾਏ ਬਾਈਬਲ ਦੇ ਅਧਿਐਨ ਲਈ ਸਲਾਹ ਦਿੱਤੀ। ਇਸ ਦਾ ਨੈਤਿਕਤਾਵਾਦੀ ਤੇ ਪ੍ਰਚਾਰਕ ਦੇ ਰੂਪ ਵਿਚ ਬਹੁਤ ਸਤਿਕਾਰ ਸੀ।

ਪੋਪ ਦੀ ਗੱਦੀ ਲਈ ਅਰਬਨ ਛੇਵੇਂ ਅਤੇ ਕਲੈਮੈਂਟ ਸੱਤਵੇਂ ਦੇ ਝਗੜੇ ਦੇ ਨਿਪਟਾਰੇ ਲਈ ਜ਼ੈਰਸੋਂ ਨੂੰ ਇਸ ਦੇ ਰੋਲ ਕਾਰਨ ਯਾਦ ਕੀਤਾ ਜਾਂਦਾ ਹੈ। ਜ਼ੈਰਸੋਂ ਨੇ 1408 ਈ. ਵਿਚ ਧਰਮ-ਸ਼ਾਸਤਰੀ ਜਾਂ ਪੈਟਿਟ ਦੀਆਂ ਲਿਖਤਾਂ ਨੂੰ ਨਿੰਦਣ ਵਿਚ ਪਹਿਲ ਕੀਤੀ ਪਰ ਇਸ ਨੂੰ ਹੋਰਾਂ ਤੋਂ ਹਿਮਾਇਤ ਨਾ ਮਿਲੀ। ਡਿਊਕ ਆਫ਼ ਬਰਗੰਡੀ ਇਸ ਨਾਲ ਨਾਰਾਜ਼ ਹੋ ਗਿਆ ਅਤੇ ਇਸ ਨੇ ਡਰਦਿਆਂ ਮਾਰਿਆਂ ਜਰਮਨੀ ਵਿਚ ਪਨਾਹ ਲੈ ਲਈ। ਸੰਨ 1419 ਵਿਚ ਡਿਊਕ ਦੀ ਮੌਤ ਮਗਰੋਂ ਇਹ ਫ਼ਰਾਂਸ ਪਰਤਿਆ ਅਤੇ ਆਈਐਨਜ਼ ਵਿਖੇ ਰਹਿਣ ਲੱਗਾ। ਇਹ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਸੀ ਤੇ ਇਸ ਨੇ ਆਪਣੇ ਜੀਵਨ ਦੇ ਆਖ਼ਰੀ ਸਾਲ ਬੱਚਿਆਂ ਨੂੰ ਪੜ੍ਹਾਉਣ ਤੇ ਧਾਰਮਕ ਗੀਤ ਤੇ ਭਗਤੀ ਨਾਲ ਸਬੰਧਿਤ ਰਚਨਾਵਾਂ ਲਿਖਣ ਵਿਚ ਲਗਾਏ। 12 ਜੁਲਾਈ, 1429 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ 10 : 366

**ਜੈਰਬਾ** : ਰੂਮ ਸਾਗਰ ਦੀ ਗੱਬਸ ਖਾੜੀ ਵਿਚ ਸਥਿਤ ਇਕ ਟਾਪੂ ਹੈ ਜਿਹੜਾ ਟਿਊਨੀਸ਼ਿਆ ਦੀ ਮੁੱਖ ਭੂਮੀ ਨਾਲ ਇਕ ਪਾਣੀ ਵਿਚਲੇ ਲਾਂਘੇ ਰਾਹੀਂ ਜੁੜਿਆ ਹੋਇਆ ਹੈ। 510 ਵ. ਕਿ. ਮੀ. ਰਕਬੇ ਵਾਲਾ ਇਹ ਟਾਪੂ 27 ਕਿ. ਮੀ. ਲੰਬਾ ਅਤੇ 24 ਕਿ. ਮੀ. (16 ਮੀਲ) ਚੌੜਾ ਹੈ। ਰੋਮਨਾਂ ਨੇ ਇਸ ਟਾਪੂ ਨੂੰ ਆਬਾਦ ਕੀਤਾ। ਕਈ ਪ੍ਰਾਚੀਨ ਭੂਗੋਲਵੇਤਾ ਇਸ ਨੂੰ 'ਲੈਂਡ ਆਫ਼ ਦੀ ਲੋਟਸ ਈਟਰਜ਼' ਵੀ ਆਖਦੇ ਸਨ। ਸੰਨ 655 ਵਿਚ ਅਰਬ ਹਮਲਾਵਰਾਂ ਨੇ ਇਸ ਉਪਰ ਆਪਣਾ ਕਬਜ਼ਾ ਕਰ ਲਿਆ ਅਤੇ ਇਸਨੂੰ ਟਿਊਨਸ ਅਤੇ ਅੱਲ ਕੇਰੇਵਾਨ ਦਾ ਪਰਾਧੀਨ ਖੇਤਰ ਬਣਾ ਦਿੱਤਾ। ਬਾਰ੍ਹਵੀਂ ਤੋਂ ਪੰਦਰ੍ਹਵੀਂ ਸਦੀ ਦੌਰਾਨ ਕਦੇ ਇਹ ਸਿਸਲੀਆਂ, ਕਦੇ ਨਾਰਮਨਾਂ ਅਤੇ ਕਦੇ ਹਾਫਸੀਆਂ ਦੇ ਕਬਜ਼ੇ ਵਿਚ ਰਿਹਾ। ਸੋਲ੍ਹਵੀਂ ਸਦੀ ਵਿਚ ਸਪੇਨੀਆਂ ਨੇ ਇਸ ਉਪਰ ਕਬਜ਼ਾ ਕਰਨ ਦੇ ਕਈ ਅਸਫਲ ਜਤਨ ਕੀਤੇ ਅਤੇ ਅੰਤ ਵਿਚ ਇਹ ਆਟੋਮਨ ਰਾਜ ਦੇ ਅਧੀਨ ਹੋ ਗਿਆ। ਅੱਜਕੱਲ੍ਹ ਇਥੇ ਮਦੀਨੀ ਸਰਕਾਰ ਦੀ ਹਕੂਮਤ ਹੈ। ਇਹ ਆਪਣੇ ਖਜੂਰ ਅਤੇ ਜੈਤੂਨ ਦੇ ਬਾਗ਼ਾਂ ਲਈ ਕਾਫ਼ੀ ਮਸ਼ਹੂਰ ਹੈ। ਇਸ ਤੋਂ ਇਲਾਵਾ ਮੱਛੀ ਫੜਨਾ ਅਤੇ ਉੱਨੀ ਕੰਬਲ ਆਦਿ ਬਣਾਉਣ ਵਿਚ ਵੀ ਇਥੋਂ ਦੇ ਲੋਕਾਂ ਨੂੰ ਮੁਹਾਰਤ ਹਾਸਲ ਹੈ।

ਇਥੇ ਇਕ ਅੰਤਰ-ਰਾਸ਼ਟਰੀ ਹਵਾਈ ਅੱਡਾ ਵੀ ਹੈ। ਇਥੇ ਦੀਆਂ ਖ਼ੂਬਸੂਰਤ ਬੀਚਾਂ ਸੈਲਾਨੀਆਂ ਦਾ ਮਨ ਮੋਹ ਲੈਂਦੀਆਂ ਹਨ। ਹਾਮਤ ਅ-ਸੁਕ ਇਥੋਂ ਦਾ ਮੁੱਖ ਸ਼ਹਿਰ ਅਤੇ ਵਪਾਰਕ ਕੇਂਦਰ ਹੈ ਅਤੇ ਅਜੀਮ ਇਥੋਂ ਦੀ ਪ੍ਰਸਿੱਧ ਬੰਦਰਗਾਹ ਹੈ।

ਹ. ਪੁ.–ਐਨ. ਬ੍ਰਿ. ਮਾ. 6 : 504

**ਜੈਰਾਸ਼ੀ ਭੱਟ** : ਨਾਸਤਿਕ ਵਿਚਾਰਧਾਰਾ ਦੇ ਪ੍ਰਸਿੱਧ ਗ੍ਰੰਥ 'ਤੱਤਵੋਪਪਲਵ ਸਿੰਹ' ਦੇ ਇਸ ਲੇਖਕ ਦਾ ਸਮਾਂ 650 ਈ. ਦੇ ਲਾਗੇ ਚਾਗੇ ਹੈ। ਇਹ ਤੇ ਇਸ ਦੇ ਵਿਚਾਰਾਂ ਦੇ ਧਾਰਨੀ ਜਿਨ੍ਹਾਂ ਦੀ ਗਿਣਤੀ ਬਹੁਤੀ ਨਹੀਂ, ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਕਰਦੇ ਹਨ ਕਿ ਮਨੁੱਖ ਨੂੰ ਕਿਸੇ ਚੀਜ਼ ਬਾਰੇ ਨਿਸ਼ਚਿਤ ਰੂਪ ਵਿਚ ਕੋਈ ਗਿਆਨ ਹੈ। ਇਸ ਸੰਪਰਦਾਇ ਦੇ ਲੋਕ ਬੜੀ ਸੂਝ ਬੂਝ ਵਾਲੇ ਅਤਿਵਾਦੀ ਨਿਖੇਧਵਾਦੀ ਸਨ ਅਤੇ ਇਨ੍ਹਾਂ ਨੇ ਪ੍ਰਚਲਿਤ ਮੁੱਖ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਵਾਸ਼ਾਂ ਦੇ ਮੂਲ ਸਿਧਾਂਤਾਂ ਦਾ ਸੂਖਮ ਦਲੀਲਾਂ ਅਤੇ ਕੁਸ਼ਲ ਤਰਕ ਦੁਆਰਾ ਖੰਡਨ ਕੀਤਾ ਹੈ।

ਇਸ ਦੇ ਵਿਚਾਰ ਅਨੁਸਾਰ ਅਸੀਂ ਅਸੀਮ ਨੂੰ ਨਹੀਂ ਜਾਣ ਸਕਦੇ ਕਿਉਂਕਿ ਸਾਡੀ ਹਸਤੀ ਸੀਮਾ ਬੱਧ ਹੈ। ਸਾਡੀਆਂ ਗਿਆਨ ਇੰਦਰੀਆਂ ਦੁਆਰਾ ਪ੍ਰਾਪਤ ਕੀਤਾ ਗਿਆਨ ਸੰਸਾਰ ਤੇ ਇਸ ਦੇ ਪਦਾਰਥਾਂ ਤੱਕ ਹੀ ਸੀਮਿਤ ਹੈ। ਇਹ ਪਦਾਰਥ ਲਗਾਤਾਰ ਪਰਿਵਰਤਨਸ਼ੀਲ ਸਮੂਹਾਂ ਦੇ ਕੁਝ ਅੰਸ਼ ਹਨ ਅਤੇ ਇਨ੍ਹਾਂ ਬਾਰੇ ਗਿਆਨ ਇਨ੍ਹਾਂ ਦੇ ਸਾਡੀ ਅਸੰਵੇਦਨਸ਼ੀਲ ਚਮੜੀ ਉੱਤੇ ਪਏ ਪ੍ਰਭਾਵ ਤੋਂ ਹੀ ਹੁੰਦਾ ਹੈ। ਸਾਡੀਆਂ ਗਿਆਨ ਇੰਦਰੀਆਂ ਅਪੂਰਨ ਹਨ ਅਤੇ ਇਹ ਸਾਡੀ ਦ੍ਰਿਸ਼ਟੀ ਗੋਚਰ ਹੋ ਰਹੇ ਤੇਜ਼ ਗਤੀ ਵਾਲੇ ਇਸ ਸੰਸਾਰ ਦੇ ਅੰਸ਼ਾਂ ਨੂੰ ਲਗਾਤਾਰ ਦੇਖ ਰਹੀਆਂ ਹਨ। ਅਜਿਹੇ ਸੰਖੇਪ ਅਨੁਭਵ ਵਾਲਾ ਵਿਅਕਤੀ ਇਸ ਨੂੰ ਜਾਣਨ ਦਾ ਦਾਅਵਾ ਨਹੀਂ ਕਰ ਸਕਦਾ। ਇਸ ਵਿਰੁੱਧ ਅਤੇ ਨਿੱਜੀ ਦ੍ਰਿਸ਼ਟੀਕੋਣ ਤੋਂ ਵਿਸ਼ਾਲ ਬਾਹਰੀ ਬ੍ਰਹਮੰਡ ਬਾਰੇ ਜਿਸ ਦਾ ਉਸ ਨੂੰ ਬਿਲਕੁਲ ਗਿਆਨ ਨਹੀਂ ਨਿਆਸ ਲਾਉਣਾ ਨਿਰੋਲ ਮੂਰਖਤਾ ਹੈ। ਮਨੁੱਖੀ ਮਨ ਇਸ ਸਬੰਧ ਨੂੰ ਸਮਝਣ ਤੋਂ ਅਸਮਰੱਥ ਹੈ ਅਤੇ ਉਸ ਦੇ ਸਾਰੇ ਅੰਦਾਜ਼ੇ ਲਾਜ਼ਮੀ ਤੌਰ ਤੇ ਅਪ੍ਰਮਾਣਿਕ ਹਨ। ਮਨੁੱਖ ਦਾ ਸਬੰਧ ਜਿਥੋਂ ਤੱਕ ਹੈ, ਇਸ ਨੂੰ ਕੋਈ ਗਿਆਨ ਨਹੀਂ ਅਤੇ ਨਾ ਹੀ ਕੁਝ ਇਸ ਦੇ ਜਾਣਨ ਯੋਗ ਹੈ ਕਿਉਂਕਿ ਇਸ ਵਿਚ ਜਾਣਨਹਾਰ ਦੇ ਗੁਣ ਮੌਜੂਦ ਨਹੀਂ ਹਨ। ਧਾਰਮਕ ਸੱਚ ਕਲਪਨਾ ਮਾਤਰ ਹੈ ਅਤੇ ਕੋਈ ਵੀ ਸੱਚ ਕਿਸੇ ਹੋਰ ਸੱਚ ਜਿੰਨਾ ਹੀ ਠੀਕ ਹੋ ਸਕਦਾ ਹੈ। ਵਿਖਾਵੇ ਮਾਤਰ ਸਾਡੀ ਇਨ੍ਹਾਂ ਸਾਰੇ ਦਾਰਸ਼ਨਕ ਵਿਚਾਰਾਂ ਦੇ ਬਾਵਜੂਦ ਸਾਡੇ ਇਸ ਨਿਗੂਣੇ ਸੰਸਾਰ ਨੂੰ ਕਿਸੇ ਉਚੇਰੀ ਹਸਤੀ ਦੁਆਰਾ ਪੈਰਾਂ ਹੇਠ ਮਸਲਿਆ ਜਾ ਸਕਦਾ ਹੈ ਅਤੇ ਸਾਨੂੰ ਉਸ ਹਸਤੀ ਬਾਰੇ ਕੁਝ ਗਿਆਨ ਨਹੀਂ।

ਹ. ਪੁ.–ਹਿੰ. ਵ. 1 : 503

**ਜੈਰਾਰਡ, ਜਾਨ** : ਇਹ ਇਕ ਅੰਗਰੇਜ਼ ਬਨਸਪਤੀ-ਵਿਗਿਆਨੀ ਹੋਇਆ ਹੈ ਜਿਹੜਾ ਆਪਣੀ ਲਿਖਤ 'ਦੀ ਹਰਬਲ' ਜਾਂ 'General Historie of Plantes' (1597) ਕਰਕੇ ਪ੍ਰਸਿੱਧ ਹੈ। ਇਸ ਦਾ ਜਨਮ 1545 ਈ. ਵਿਚ ਨੈਂਟਵਿਚ, ਚੈਸ਼ਿਰ ਵਿਖੇ ਹੋਇਆ। ਲੰਡਨ ਵਿਚ ਪੜ੍ਹਾਈ ਕਰਨ ਦੌਰਾਨ ਇਸ ਨੂੰ ਪੌਦਿਆਂ ਵਿਚ ਦਿਲਚਸਪੀ ਹੋ ਗਈ ਅਤੇ ਇਸ ਨੇ ਆਪਣੇ ਘਰ ਦੇ ਨੇੜੇ ਇਕ ਬਾਗ਼ ਬਣਾਉਣਾ ਸ਼ੁਰੂ ਕੀਤਾ। ਜਲਦੀ ਹੀ ਇਸ ਦਾ ਬਾਗ ਅਤੇ ਇਹ ਆਪ ਵੀ ਇੰਨੇ ਮਸ਼ਹੂਰ ਹੋ ਗਏ ਕਿ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਨਾ ਤਾਂ ਸਿਰਫ ਇਸ ਨੂੰ ਦੁਰਲਭ ਪੌਦੇ ਅਤੇ ਬੀਜ ਹੀ ਭੇਜਣ ਲੱਗੇ ਸਗੋਂ ਆਪਣੇ ਬਾਗ਼ ਦਿਖਾਉਣ ਲਈ ਸੱਦੇ ਵੀ ਭੇਜਣੇ ਸ਼ੁਰੂ ਕਰ ਦਿੱਤੇ। ਸੰਨ 1596 ਵਿਚ ਇਸ ਨੇ ਆਪਣੇ ਬਾਗ਼ ਵਿਚ ਉੱਗ ਰਹੇ ਪੌਦਿਆਂ ਦੀ ਇਕ ਸੂਚੀ ਤਿਆਰ ਕੀਤੀ। 'ਦੀ ਹਰਬਲ' ਵਿਚ ਪੌਦਿਆਂ ਦੀਆਂ 1,000 ਤੋਂ ਵੀ ਵੱਧ ਜਾਤੀਆਂ ਦਾ ਜ਼ਿਕਰ ਕੀਤਾ ਅਤੇ ਇਹ ਪੌਦਿਆਂ ਦਾ ਪਹਿਲਾ ਕੈਟਲਾਗ ਸੀ। ਹਰੇਕ ਪੌਦੇ ਦਾ ਆਮ ਨਾਂ, ਬਨਸਪਤੀ ਵਿਗਿਆਨਿਕ ਨਾਂ, ਨਿਵਾਸ ਸਥਾਨਾਂ ਬਾਰੇ ਜਾਣਕਾਰੀ, ਫੁੱਲ ਪੈਣ ਦਾ ਸਮਾਂ ਅਤੇ ਇਸ ਦੇ ਫ਼ਾਇਦੇ ਆਦਿ ਵੀ ਦਰਜ ਕੀਤੇ ਸਨ। ਪੌਦਿਆਂ ਨਾਲ ਜੁੜੀਆਂ ਲੋਕ ਗਾਥਾਵਾਂ ਦਾ ਵੀ ਇਸ ਵਿਚ ਜ਼ਿਕਰ ਸੀ।

ਇਸ ਦੀ ਮੌਤ ਫ਼ਰਵਰੀ, 1692 ਨੂੰ ਲੰਡਨ ਵਿਖੇ ਹੋਈ।

ਹ. ਪੁ.–ਐਨ. ਬ੍ਰਿ. ਮਾ. 4 : 492

**ਜੈਰੇਮੀਆ (ਜੈਰੋਮੀਆ)** : ਬਾਈਬਲ ਦੇ ਪਹਿਲੇ ਅੱਧ ਵਿਚ ਸੱਤ ਵਿਅਕਤੀਆਂ ਦਾ ਨਾਂ ਜੈਰੇਮੀਆ ਹੈ ਪਰ ਉਨ੍ਹਾਂ ਵਿਚੋਂ ਅਨਾਥੋਥ ਦਾ ਨਬੀ (650-587 ਈ. ਪੂ.) ਮੁੱਖ ਹੈ। ਇਸ ਨੇ ਜੋਸ਼ੀਆ ਦੇ ਰਾਜ ਕਾਲ ਵਿਚ ਲਗਭਗ 626 ਈ. ਪੂ. ਵਿਚ ਈਸ਼ਵਰ ਦੀ ਪ੍ਰੇਰਨਾ ਨਾਲ ਯੋਰੋਸ਼ਲਮ ਵਿਚ ਨਬੀ ਦਾ ਪਦ ਗ੍ਰਹਿਣ ਕੀਤਾ। ਬਾਰੂਕ ਇਸ ਦਾ ਈਮਾਨਦਾਰ ਮਿੱਤਰ ਸੀ। ਇਸ ਦੇ ਉਪਦੇਸ਼ਾਂ ਦਾ ਸਾਰ ਇਹ ਸੀ ਕਿ ਜੇਕਰ ਯਹੂਦੀਆਂ ਦੇ ਲੋਕ ਧਰਮ ਤੋਂ ਬੇਮੁੱਖ ਹੋਣਗੇ ਤਾਂ ਉਹ ਜ਼ਰੂਰ ਨਸ਼ਟ ਕੀਤੇ ਜਾਣਗੇ। ਇਸ ਨੂੰ ਰਾਜਾ ਸਦੇਕੀਆਹ ਨੇ ਇਹ ਸਲਾਹ ਦਿੱਤੀ ਕਿ ਉਹ ਬੇਬੀਲੋਨੀਆ ਦਾ ਪ੍ਰਭੁਤਵ ਸਵੀਕਾਰ ਕਰ ਲਵੇ ਅਤੇ ਇਸ ਨੂੰ ਈਸ਼ਵਰ ਦੀ ਇੱਛਾ ਸਮਝੇ। ਉਹ ਮਿਸਰ ਦੀ ਸਹਾਇਤਾ ਨਾਲ ਬੇਬੀਲੋਨੀਆ ਦਾ ਵਿਰੋਧ ਨਾ ਕਰੇ। ਸੰਨ 1587 ਵਿਚ ਬੇਬੀਲੋਨੀਆ ਦੀ ਸੈਨਾ ਨੇ ਯਹੂਦੀਆਂ ਤੇ ਅਧਿਕਾਰ ਕਰ ਲਿਆ ਅਤੇ ਯੋਰੋਸ਼ਲਮ ਅਤੇ ਉਸ ਦੇ ਮੰਦਰ ਨੂੰ ਨਸ਼ਟ ਕਰ ਦਿੱਤਾ। ਉੱਚ-ਵਰਗ ਦੇ ਲੋਕਾਂ ਨੂੰ ਬੇਬੀਲੋਨੀਆ ਵਿਚੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਯੋਰੋਸ਼ਲਮ ਦੇ ਘੇਰੇ ਸਮੇਂ ਜੈਰੇਮੀਆ ਨੂੰ ਕੈਦ ਤੋਂ ਰਿਹਾ ਕੀਤਾ ਅਤੇ ਇਸ ਦੇ ਮਿੱਤਰ ਗਦਲਯਾ ਨੂੰ ਰਾਜਪਾਲ ਬਣਾ ਦਿੱਤਾ। ਪਿੱਛੋਂ ਮਿਸਰ ਦੇ ਸਮਰਥਕਾਂ ਨੇ ਗਦਲਯਾ ਨੂੰ ਮਾਰ ਦਿੱਤਾ ਅਤੇ ਜੇਰੈਮੀਆ ਨੂੰ ਮਿੱਤਰ ਦੇਸ਼ਾਂ ਵਿਚ ਦੇਸ਼ ਨਿਕਾਲਾ ਦੇ ਦਿੱਤਾ। ਇਉਂ ਜਾਪਦਾ ਹੈ ਕਿ ਜੈਰੇਮੀਆ ਦਾ ਹਿੰਮਤ ਭਰਿਆ ਜੀਵਨ ਹਾਰ ਤੇ ਆ ਕੇ ਖਤਮ ਹੋ ਗਿਆ ਪਰ ਧਾਰਮਿਕ ਖੇਤਰ ਵਿਚ ਇਸ ਦਾ ਡੂੰਘਾ ਅਸਰ ਹੋਇਆ। ਇਸ ਨੇ ਸਿਖਾਇਆ ਕਿ ਮੁਕਤੀ ਦਾ ਕੰਮ ਸੰਸਾਰਕ ਸਫਲਤਾ ਤੇ ਨਿਰਭਰ ਨਹੀਂ ਹੁੰਦਾ। ਇਹ ਓਲਡ ਟੈਸਟਾਮੈਂਟ ਦੀ 'ਬੁਕ ਆਫ਼ ਜੈਰੇਮੀਆ' ਦਾ ਕਰਤਾ ਹੈ।

ਹ. ਪੁ.–ਹਿੰ. ਵਿ. ਕੋ. 5 : 41

**ਜੈਰੋ** : ਇਹ ਇੰਗਲੈਂਡ ਦੀ ਡਰਾਮ ਕਾਉਂਟੀ ਦੀ ਜੈਰੋ ਡਵੀਜ਼ਨ ਦੀ ਮਿਉਂਸਪਲ ਬਰੋ ਅਤੇ ਇਕ ਮਹੱਤਵਪੂਰਨ ਬੰਦਰਗਾਹ ਹੈ। ਇਹ ਦਰਿਆ ਟਾਈਨ ਦੇ ਸੱਜੇ ਕੰਢੇ ਨਿਊਕੈਸਲ ਦੇ ਹੇਠਲੇ ਪਾਸੇ ਵੱਲ $10^1/_2$ ਕਿ. ਮੀ. ਦੀ ਦੂਰੀ ਤੇ ਵਸਿਆ ਹੋਇਆ ਹੈ। ਇਥੋਂ ਦਾ ਸੱਤਵੀਂ ਸਦੀ ਦਾ ਸੇਂਟ ਪਾਲ ਗਿਰਜਾ ਅਤੇ ਸੇਂਟ ਬੈਨੇਡਿਕਟ ਦੇ ਮੱਠ ਦੇ ਖੰਡਰ ਇਸ ਸਥਾਨ ਦੀ ਪ੍ਰਾਚੀਨਤਾ ਦਰਸਾਉਂਦੇ ਹਨ। ਇਹ ਈਸਾਈ ਮੱਠ 681 ਈ. ਵਿਚ ਆਰੰਭ ਹੋਇਆ ਤੇ 685 ਈ. ਵਿਚ ਸੀਆਲਫ਼ਰਾਈਡ ਤੇ ਇਸਨੂੰ ਵਕਫ ਦਾ ਰੂਪ ਦੇ ਦਿੱਤਾ।

ਇਥੇ ਸਮੁੰਦਰੀ ਜਹਾਜ਼ਾਂ ਦੀ ਮੁਰੰਮਤ, ਲੋਹਾ ਅਤੇ ਇਸਪਾਤ ਦੀ ਢਲਾਈ ਅਤੇ ਇਨ੍ਹਾਂ ਤੋਂ ਸਮਾਨ ਤਿਆਰ ਕਰਨ ਦੇ ਕਾਰਖਾਨੇ ਆਦਿ ਵੱਡੇ ਉਦਯੋਗਾਂ ਵਿਚੋਂ ਹਨ। ਇਨ੍ਹਾਂ ਤੋਂ ਬਿਨਾਂ ਹੋਰ ਕਈ ਛੋਟੇ ਉਦਯੋਗ ਵੀ ਜੈਰੋ ਵਿਖੇ ਵਿਕਸਿਤ ਹਨ। ਸਮੁੰਦਰੀ ਜਹਾਜ਼ਾਂ ਰਾਹੀਂ ਭਾਰੀ ਮਾਤਰਾ ਵਿਚ ਕੋਲਾ ਬਾਹਰ ਭੇਜਿਆ ਜਾਂਦਾ ਹੈ। ਸਰ ਚਾਰਲਸ ਮਾਰਕ ਪਾਮਰ ਨੇ ਪਹਿਲੇ ਵੱਡੇ ਜੰਗ ਤੋਂ ਪਹਿਲਾਂ ਜਹਾਜ਼ੀ ਅੱਡੇ ਬਣਾ ਕੇ ਅਤੇ ਇਸਪਾਤ ਦੇ ਕਾਰਖਾਨੇ ਲਗਾਉਣ ਨਾਲ ਜੈਰੋ ਸ਼ਹਿਰ ਦੀ ਸੁਚੱਜੇ ਰੂਪ ਵਿਚ ਤਰੱਕੀ ਹੋਈ। ਇਹ ਕਾਰਖਾਨੇ ਜੰਗ ਪਿੱਛੋਂ ਖਤਮ ਹੋ ਗਏ ਅਤੇ 1930 ਈ. ਤੋਂ ਇਹ ਸ਼ਹਿਰ ਫਿਰ ਖੁਸ਼ਹਾਲੀ ਵੱਲ ਨੂੰ ਤੁਰਿਆ। ਨਵੇਂ-ਨਵੇਂ ਉਦਯੋਗ ਸਥਾਪਿਤ ਹੋਏ ਅਤੇ 1946 ਈ. ਵਿਚ ਇਥੇ ਇਕ ਵਪਾਰਕ ਮਿਲਖ ਦੀ ਸਥਾਪਨਾ ਕੀਤੀ ਗਈ। ਸੰਨ 1957 ਵਿਚ ਟਾਈਨ ਦੇ ਹੇਠਾਂ ਸੁਰੰਗ ਬਣਾਈ ਗਈ।

ਹ. ਪੁ.–ਐਨ. ਬ੍ਰਿ. 12 : 966

**ਜੈਰੋਜੀਆ** : ਸਪਾਰਟਾ ਵਿਖੇ ਬਾਦਸ਼ਾਹ ਨੂੰ ਉਸਦੇ ਕਾਰ ਵਿਹਾਰ ਵਿਚ ਸਲਾਹ ਦੇਣ ਲਈ ਸਥਾਪਿਤ ਕੀਤੀ ਸ਼ਾਹੀ ਘਰਾਣੇ ਦੇ ਬਜ਼ੁਰਗਾਂ ਦੀ ਇਕ ਕੌਂਸਲ ਨੂੰ ਜੈਰੋਜੀਆ ਕਿਹਾ ਜਾਂਦਾ ਸੀ। ਇਸ ਕੌਂਸਲ ਦੇ ਮੈਂਬਰ ਬੇਤਕਲੁਫ ਢੰਗ ਨਾਲ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਦੇ ਸਨ। ਵਿਦਵਾਨਾਂ ਦੇ ਮਤ ਅਨੁਸਾਰ 9ਵੀਂ ਅਤੇ 7ਵੀਂ ਸਦੀ ਈ. ਪੂ. ਦੌਰਾਨ ਜਾਰੀ ਕੀਤੇ ਗ੍ਰੇਟ, ਰ੍ਹੇਤਰਾ ਨਾਮੀਂ ਆਰਡੀਨੈਂਸ ਬਾਰੇ ਪਲੂਟਾਰਕ ਦੀ ਵਿਆਖਿਆ ਅਨੁਸਾਰ ਕੌਂਸਲ ਦੇ ਮੈਂਬਰਾਂ ਦੀ ਗਿਣਤੀ 30 ਨਿਸ਼ਚਿਤ ਕੀਤੀ ਗਈ। ਇਸ ਵਿਚ ਦੋ ਬਾਦਸ਼ਾਹ ਵੀ ਸ਼ਾਮਲ ਸਨ। ਕਲਾਸਕੀ ਦੌਰ ਵਿਚ ਜੈਰੋਜੀਆ (ਕੌਂਸਲ) ਦੇ ਨਾਲ ਐਫਾੱਰ ਵੀ ਬੈਠਦੇ ਸਨ। ਐਫਾੱਰ ਸੱਤ ਮੈਜਿਸਟ੍ਰੇਟਾਂ ਦਾ ਗਰੁੱਪ ਸੀ ਜਿਹੜਾ ਸਪਾਰਟਾ ਵਾਸੀਆਂ ਵੱਲੋਂ ਚੁਣਿਆ ਜਾਂਦਾ ਸੀ। ਇਸ ਸਮੇਂ ਅਕਸਰ ਐਫਾੱਰ ਹੀ ਇਸ ਕੌਂਸਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਸਨ। ਜੈਰੋਜੀਆ ਦੇ ਮੈਂਬਰ ਪੂਰੀ ਅਸੈਂਬਲੀ ਦੁਆਰਾ ਚੁਣੇ ਜਾਂਦੇ ਸਨ ਤੇ ਇਹ 60 ਸਾਲ ਦੀ ਉਮਰ ਤੱਕ ਕੌਂਸਲ ਵਿਚ ਰਹਿੰਦੇ ਸਨ। ਅਸੈਂਬਲੀ ਦੇ ਜ਼ਿੰਮੇ ਸੌਂਪੇ ਜਾਣ ਵਾਲੇ ਕੰਮ-ਕਾਰ ਦੀ ਤਿਆਰੀ ਕੌਂਸਲ ਕਰਦੀ ਸੀ ਤੇ ਰ੍ਹੇਤਰਾ ਅਸੈਂਬਲੀ ਲਈ ਅੰਤਮ ਨਿਰਣਾ ਕਰਦਾ ਸੀ। ਕਈ ਵਾਰੀ ਲੋਕਾਂ ਦੇ ਚਾਲਬਾਜ਼ ਨਿਰਣਿਆਂ ਨੂੰ ਰੱਦ ਕਰਨ ਲਈ ਕੌਂਸਲ ਨੂੰ ਰ੍ਹੇਤਰਾ ਵੱਲੋਂ ਖੁਲ੍ਹ ਸੀ। ਵਾਸਤਵ ਵਿਚ ਵੱਡੇ-ਵੱਡੇ ਝਗੜੇ ਅਸੈਂਬਲੀ ਰਾਹੀਂ ਬਾਕਾਇਦਾ ਤੌਰ ਤੇ ਹੀ ਨਿਪਟਾਏ ਜਾਂਦੇ ਸਨ।

ਜੈਰੋਜੀਆ ਨੂੰ ਸਾਰੇ ਅਦਾਲਤੀ ਅਖ਼ਤਿਆਰ ਹਾਸਲ ਸਨ। ਇਹ ਸਪਾਰਟਾ ਦੀ ਸਿਰਫ਼ ਇਕੋ ਇਕ ਅਦਾਲਤ ਸੀ ਜਿਹੜੀ ਮੌਤ ਦੀ ਸਜ਼ਾ ਤੇ ਜਲਾਵਤਨੀ ਦਾ ਫੈਸਲਾ ਸੁਣਾ ਸਕਦੀ ਸੀ। ਬਾਦਸ਼ਾਹ ਦੀ ਸੁਣਵਾਈ ਲਈ ਅਦਾਲਤ ਵਿਚ ਕੌਂਸਲ ਐਫਾੱਰ ਤੋਂ ਇਲਾਵਾ ਬਾਦਸ਼ਾਹ ਵੀ ਸ਼ਾਮਲ ਹੁੰਦੇ ਸਨ। ਕਈ ਵਾਰੀ ਅਜਿਹੇ ਫੈਸਲੇ ਵੀ ਅਸੈਂਬਲੀ ਵਿਚ ਭੇਜਣੇ ਪੈਂਦੇ ਸਨ।

ਪ੍ਰਾਚੀਨ ਯੂਨਾਨ ਵਿਚ ਇਹ ਕੌਂਸਲ ਹਰ ਸਾਲ ਚੁਣੀ ਜਾਂਦੀ ਸੀ ਅਤੇ ਆਪਣੇ ਅਹੁਦੇ ਤੇ ਹੁੰਦਿਆਂ ਇਹ ਆਪਣੇ ਕੀਤੇ ਕੰਮਾਂ ਲਈ ਜਵਾਬਦੇਹ ਵੀ ਹੁੰਦੀ ਸੀ।

ਯੂਨਾਨ ਦੇ ਹੋਰ ਪ੍ਰਾਂਤਾਂ ਵਿਚ ਕੁਲੀਨਤੰਤਰੀ ਕੌਂਸਲਾਂ ਚੁਣੀਆਂ ਜਾਂਦੀਆਂ ਸਨ ਜਿਹੜੀਆਂ ਸਾਰੀ ਜ਼ਿੰਦਗੀ ਲਈ ਹੁੰਦੀਆਂ ਸਨ। ਸੰਨ 402 ਈ. ਪੂ. ਦੌਰਾਨ ਤਾਂ ਅਦਨ ਦੀ ਏਅਰੋਪੇਗਸ ਕੌਂਸਲ ਦੇ ਭਾਵੇਂ ਸਾਰੇ ਰਾਜਨੀਤਕ ਅਖ਼ਤਿਆਰ ਖਤਮ ਕਰ ਦਿੱਤੇ ਗਏ ਸਨ ਪਰ ਇਸ ਤੋਂ ਪਹਿਲਾਂ ਇਹ ਵੀ ਜੈਰੋਜੀਆ ਵਰਗੀ ਕੌਂਸਲ ਹੀ ਸੀ।

ਹ. ਪੁ.–ਐਨ. ਬ੍ਰਿ. 10 : 365

**ਜੈਰੋਨੀਮੋ** : ਸੰਯੁਕਤ ਰਾਜ ਅਮਰੀਕਾ ਵਿਚ ਆਪੈਚੀ ਕਾਉਂਟੀ ਦੇ ਚਿਰੀਕਾਵਾ ਕਬੀਲੇ ਦਾ ਮੁਖੀ ਸੀ। ਇਹ ਜੂਨ, 1829 ਵਿਚ ਦੱਖਣੀ ਐਰੀਜ਼ੋਨਾ ਵਿਚ ਜੰਮਿਆ। ਬਚਪਨ ਵਿਚ ਇਸ ਦੀ ਮਾਤਾ ਨੇ ਇਸਨੂੰ ਕਬਾਇਲੀ ਕਹਾਣੀਆਂ ਪੜ੍ਹਾਈਆਂ।

ਬਚਪਨ ਵਿਚ ਇਸ ਨੇ ਆਪੈਚੀ ਲੀਡਰਾਂ ਜਿਵੇਂ ਕੋਚੀਜ਼ ਵਿਕਟੋਰੀਆ ਅਤੇ ਮੈਂਗਸ ਕਲਾਰ ਅਦਾਸ ਦੀਆਂ ਲੁੱਟਾਂ ਵਿਚ ਭਾਗ ਲਿਆ ਅਤੇ ਜਲਦੀ ਹੀ ਆਪੈਚੀ ਦੇ ਚਿਰੀਕਾਵਾ ਕਬੀਲੇ ਦਾ ਲੀਡਰ ਬਣ ਗਿਆ।

ਸੰਘੀ ਹਾਕਮਾਂ ਨੇ ਜਦੋਂ ਚਿਰੀਕਾਵਾ ਕਬੀਲੇ ਨੂੰ ਉੱਤਰੀ ਮੈਕਸੀਕੋ ਦੇ ਸੇਨ ਕਾਰਲਸ ਵੱਲ ਚਲੇ ਜਾਣ ਲਈ ਮਜਬੂਰ ਕੀਤਾ ਤਾਂ ਇਹ ਆਪਣੇ ਧੜੇ ਨੂੰ ਲੈ ਕੇ ਮੈਕਸੀਕੋ ਚਲਾ ਗਿਆ। ਇਥੇ ਇਸ ਨੂੰ ਫੜ ਲਿਆ ਗਿਆ ਪਰ ਜਲਦੀ ਹੀ ਇਸ ਨੂੰ ਹੋਰ ਨਵੀਂ ਥਾਂ ਬਦਲ ਦਿੱਤਾ ਜਿਥੇ ਇਸਨੇ ਚਾਰ ਸਾਲ ਸ਼ਾਂਤੀਪੂਰਬਕ ਵਹਾਈ ਦਾ ਕੰਮ ਕੀਤਾ। ਸੰਨ 1880, 82 ਅਤੇ 85 ਵਿਚ ਇਸਨੇ ਫਿਰ ਹਮਲੇ ਕੀਤੇ ਪਰ 1886 ਈ. ਦੇ ਹਮਲੇ ਸਮੇਂ ਜਨਰਲ ਕਰੁੱਕ ਦੀਆਂ ਫ਼ੌਜਾਂ ਨੇ ਇਸ ਨੂੰ ਘੇਰ ਲਿਆ ਅਤੇ ਇਹ ਬੇਵਸੀ ਵਿਚ ਲੜਾਈ ਬੰਦ ਕਰਨ ਲਈ ਮਜਬੂਰ ਹੋ ਗਿਆ।

ਜਨਰਲ ਕੁਰੱਕ ਦੀ ਥਾਂ ਜਨਰਲ ਨੈਲਸਨ ਮਾਈਲਜ਼ ਦੇ ਆ ਜਾਣ ਨਾਲ ਕੈਂਪ ਬੋਵੀ ਦੇ ਸਥਾਨ ਤੇ ਫਿਰ ਇਸ ਨੂੰ ਈਨ ਮੰਨਣ ਲਈ ਮਜਬੂਰ ਕੀਤਾ ਗਿਆ। ਜੈਰੋਨੀਮੋ ਅਤੇ ਇਸਦੇ ਟੋਲੇ ਨੂੰ ਜੰਗੀ ਕੈਦੀਆਂ

ਵਜੋਂ ਪਹਿਲਾਂ ਫਲੋਰਿਡਾ ਫਿਰ ਐਲਾਬਾਮਾ ਅਤੇ ਅੰਤ ਵਿਚ ਫੋਰਟ ਸਿਲ ਨਾਂ ਦੀ ਫ਼ੌਜੀ ਛਾਉਣੀ ਵਿਚ ਦੇਸ਼ ਨਿਕਾਲਾ ਦੇ ਦਿੱਤਾ।

17 ਫ਼ਰਵਰੀ, 1909 ਵਿਚ ਫੋਰਟ ਸਿਲ ਵਿਖੇ ਹੀ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 12 : 623; ਕੋਲ. ਐਨ. 4 : 464

**ਜੈਰੋਮ ਐਮੀਲੀਆਨੀ, ਸੇਂਟ** : ਇਹ ਸੁਧਾਰਵਾਦੀ ਲਹਿਰ ਦੇ ਵਿਰੋਧੀ ਅੰਦੋਲਨਾਂ ਵਿਚੋਂ ਸੋਮਾਸਚੀ ਅੰਦੋਲਨ ਦਾ ਮੋਢੀ ਸੀ। ਇਸ ਦਾ ਜਨਮ ਵੀਨਸ ਦੇ ਇਕ ਕੁਲੀਨ ਪਰਿਵਾਰ ਵਿਚ 1486 ਈ. ਵਿਚ ਹੋਇਆ। ਸੰਨ 1508 ਵਿਚ ਇਹ ਵੀਨਸ ਦੀ ਫ਼ੌਜ ਵਿਚ ਅਫ਼ਸਰ ਨਿਯੁਕਤ ਹੋਇਆ। ਸੰਨ 1511 ਵਿਚ ਇਹ ਕੈਦ ਹੋ ਗਿਆ। ਹਿਰਾਸਤ ਦੌਰਾਨ ਇਸ ਨੇ ਆਪਣਾ ਧਿਆਨ ਭਗਤੀ ਵੱਲ ਲਗਾਇਆ ਅਤੇ ਆਪਣੀ ਕੈਦ ਨੂੰ ਰੱਬ ਦੀ ਰਜ਼ਾ ਕਰਕੇ ਮੰਨਿਆ। ਸੰਨ 1518 ਵਿਚ ਇਸ ਨੂੰ ਪਾਦਰੀ ਥਾਪਿਆ ਗਿਆ ਅਤੇ 1527 ਈ. ਵਿਚ ਇਹ ਵੀਨਸ ਵਾਪਸ ਆ ਗਿਆ। ਇਥੇ ਇਸ ਨੇ ਆਪਣਾ ਜੀਵਨ ਯੁੱਧ ਵਿਚ ਫੱਟੜ ਹੋਏ ਲੋਕਾਂ ਦੀ ਸੇਵਾ ਵਿਚ ਅਰਪਿਤ ਕੀਤਾ। ਸੰਨ 1531 ਵਿਚ ਇਸ ਨੇ ਵੈਰੋਨ ਵਿਖੇ ਇਕ ਹਸਪਤਾਲ ਅਤੇ ਪਰਗਾਮੋ ਦੇ ਨੇੜੇ ਸੋਮਾਂਸਕਾ ਹਾਊਸ ਦੀ ਸਥਾਪਨਾ ਕੀਤੀ। ਇਸ ਸੋਮਾਸਕਾ ਨਾਂ ਤੋਂ ਹੀ 1532 ਈ. ਵਿਚ ਇਸ ਦਾ ਧਰਮ ਸੰਘ ਸਥਾਪਿਤ ਹੋਇਆ। ਬਰਗਾਮੋ ਵਿਖੇ ਇਸ ਨੇ ਵੇਸ਼ਵਾਵਾਂ ਲਈ ਇਟਲੀ ਦਾ ਪਹਿਲਾ ਪਸ਼ਚਾਤਾਪ ਘਰ ਸਥਾਪਿਤ ਕੀਤਾ। 8 ਫ਼ਰਵਰੀ, 1537 ਨੂੰ ਸੋਮਾਸਕਾ ਵਿਖੇ ਇਸ ਦੀ ਮੌਤ ਹੋ ਗਈ।

ਸੰਨ 1767 ਵਿਚ ਇਸ ਨੂੰ ਸੰਤ ਦੇ ਤੌਰ ਤੇ ਮਾਨਤਾ ਪ੍ਰਦਾਨ ਕੀਤੀ ਗਈ ਅਤੇ ਸੰਨ 1928 ਵਿਚ ਇਸ ਨੂੰ ਅਨਾਥਾਂ ਅਤੇ ਯਤੀਮ ਬੱਚਿਆਂ ਦਾ ਸਰਪ੍ਰਸਤ ਬਣਾਇਆ ਗਿਆ। ਇਸ ਦਾ ਪੁਰਬ 20 ਜੁਲਾਈ ਨੂੰ ਮਨਾਇਆ ਜਾਂਦਾ ਹੈ।

ਸੋਮਾਸਚੀ ਮੱਤ ਇਟਲੀ ਤੋਂ 20ਵੀਂ ਸਦੀ ਵਿਚ ਸਵਿਟਜ਼ਰਲੈਂਡ ਅਤੇ ਕੇਂਦਰੀ ਅਮਰੀਕਾ ਵਿਚ ਫੈਲ ਗਿਆ।

ਹ. ਪੁ.—ਐਨ. ਬ੍ਰਿ. 12 : 1005

**ਜੈਰੋਮ, ਜ਼ਾਂ ਲੀਆਂ** : ਫ਼ਰਾਂਸ ਦੇ ਇਸ ਚਿੱਤਰਕਾਰ, ਬੁੱਤਘਾੜੇ ਅਤੇ ਲੇਖਕ ਦਾ ਜਨਮ 11 ਮਈ, 1824 ਨੂੰ ਵੈਸੂਲ ਵਿਖੇ ਹੋਇਆ। 'ਪਿਗਮੇਲੀਅਨ ਐਂਡ ਗਾਲਾਟੀਆ' ਵਰਗੀਆਂ ਇਸ ਦੀਆਂ ਵਧੇਰੇ ਕਿਰਤਾਂ ਪੁਰਾਣੀਆਂ ਕਥਾਵਾਂ ਸਬੰਧੀ ਭਾਵੁਕਤਾਪੂਰਣ ਅਤੇ ਵਾਸ਼ਨਾਪੂਰਣ ਹੁੰਦੀਆਂ ਸਨ। ਚਿੱਤਰਾਂ ਦੀ ਦਿੱਖ ਕਮਾਲ ਦੀ ਹੁੰਦੀ ਸੀ ਅਤੇ ਇਹ ਤਕਨੀਕੀ ਪੱਖ ਦਾ ਬਹੁਤ ਧਿਆਨ ਰੱਖਦਾ ਸੀ। ਇਹ ਆਪਣੇ ਉਸਤਾਦ ਡੇਲਾਰੋਸ਼ੇ ਦੀ ਨਕਲ ਕਰਦਾ ਸੀ। ਸੰਨ 1856 ਵਿਚ ਇਹ ਮਿਸਰ ਗਿਆ ਜਿਸ ਨਾਲ ਇਸ ਦੀ ਚਿੱਤਰਕਾਰੀ ਵਿਚ ਬਦੇਸ਼ੀ ਰੰਗਣ ਵੀ ਆ ਗਈ।

ਸੰਨ 1863 ਵਿਚ ਇਸ ਨੂੰ ਪੈਰਿਸ ਵਿਖੇ ਫਾਈਨ ਆਰਟਸ ਸਕੂਲ ਵਿਚ ਪੇਂਟਿੰਗ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਇਸ ਦੇ ਬਣਾਏ ਚਿੱਤਰ 'ਦੀ ਏਜ ਆਫ਼ ਆਗਸਟਸ' ਕਾਰਨ ਇਸ ਦੀ ਬਹੁਤ ਪ੍ਰਸਿੱਧੀ ਹੋਈ। ਆਪਣੇ ਜੀਵਨ ਦੇ ਅਖ਼ੀਰਲੇ 25 ਸਾਲਾਂ ਵਿਚ ਇਸਨੇ ਆਪਣਾ ਧਿਆਨ ਮੂਰਤੀ ਕਲਾ ਵਿਚ ਲਗਾਇਆ।

ਆਪਣੇ ਚਿੱਤਰਾਂ ਲਈ ਇਸ ਨੇ ਰੋਮ ਦੇ ਵਾਦ-ਕੁਸ਼ਲ ਮਨੁੱਖਾਂ, ਤੁਰਕੀ ਗ਼ੁਲਾਮਾਂ ਅਤੇ ਹੋਰ ਸਜੀਵ ਪੁਰਾਤਨ ਅਤੇ ਪੂਰਬੀ ਵਿਸ਼ੇ ਚੁਣੇ। ਇਸ ਦੇ ਸ਼ਾਗਿਰਦਾਂ ਵਿਚ ਅਮਰੀਕੀ ਟਾਮਸ ਈਕਿਨਜ਼ ਵਰਗੇ ਕਈ ਬਹੁਤ ਪ੍ਰਸਿੱਧ ਕਲਾਕਾਰ ਹੋਏ ਹਨ। ਇਹ ਬਹੁਤ ਹੀ ਸਫ਼ਲ ਕਲਾਕਾਰ ਸੀ ਅਤੇ ਇਸ ਨੇ ਪੈਰਿਸ ਦੇ ਕਲਾਤਮਕ ਜਗਤ ਉੱਤੇ ਡੂੰਘਾ ਅਸਰ ਪਾਇਆ। ਇਹ ਪ੍ਰਭਾਵਵਾਦੀਆਂ ਦੇ ਸਖ਼ਤ ਵਿਰੁੱਧ ਸੀ।

10 ਜਨਵਰੀ, 1904 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 507; ਵ. ਯੂ. ਐਨ. 7 : 2117; ਐਨ. ਬ੍ਰਿ. 10 : 361; ਐਨ. ਅਮੈ. 12 : 622

**ਜੈਰੋਮ, ਜੈਰੋਮ ਕਲਾਪਕਾ** : ਇਹ ਅੰਗਰੇਜ਼ੀ ਦਾ ਪ੍ਰਸਿੱਧ ਹਾਸ ਰਸੀ ਲੇਖਕ ਤੇ ਨਾਵਲਕਾਰ ਸੀ। ਇਸ ਦਾ ਹਾਸਾ ਨਿੱਘਾ, ਵਿਅੰਗ ਰਹਿਤ ਤੇ ਬੌਧਿਕਤਾ ਰਹਿਤ ਸੀ ਅਤੇ ਪਾਠਕਾਂ ਨੇ ਇਸ ਦੀਆਂ ਪੁਸਤਕਾਂ ਨੂੰ ਬਹੁਤ ਪਸੰਦ ਕੀਤਾ। ਇਸ ਦਾ ਜਨਮ 2 ਮਈ, 1859 ਵਿਚ ਸਟਰੈਫਰਡਸ਼ਿਰ ਵਿਚ ਵਾਲਸਾਲ ਵਿਖੇ ਹੋਇਆ। ਸੰਨ 1892 ਤੋਂ 1897 ਤੱਕ ਇਹ 'ਆਈਡਲਰ' ਦਾ ਸਹਿ-ਸੰਪਾਦਕ ਅਤੇ 'ਟੂ-ਡੇ' ਦਾ ਸੰਪਾਦਕ ਰਿਹਾ। ਇਸ ਨੇ ਆਪਣੇ ਸੁਖਾਂਤਾਂ ਵਿਚ ਗੰਭੀਰਤਾਪੂਰਨ ਵਿਚਾਰ ਪੇਸ਼ ਕਰਨ ਦਾ ਯਤਨ ਕੀਤਾ ਪਰ ਬਹੁਤਾ ਸਫ਼ਲ ਨਹੀਂ ਹੋਇਆ। ਇਸ ਦੇ ਨੈਤਿਕ ਵਿਚਾਰਾਂ ਕਾਰਨ ਇਸ ਨੂੰ ਬੜੀ ਸਫ਼ਲਤਾ ਮਿਲੀ। ਇਸ ਦੀਆਂ ਪ੍ਰਸਿੱਧ ਕਿਰਤਾਂ ਵਿਚ 'ਆਈਡਲ ਥਾਟਸ ਆਫ਼ ਐਨ ਆਈਡਲ ਫੈਲੋ' (1889), 'ਥ੍ਰੀ ਮੈਨ ਇਨ ਏ ਬੋਟ' (1889), 'ਡਾਇਰੀ ਆਫ਼ ਏ ਪਿਲਗ੍ਰਿਮੇਜ' (1891) 'ਥ੍ਰੀ ਮੈਨ ਆਨ ਦਾ ਬਿਊਸੈਲ' (1900) ਅਤੇ 'ਦੀ ਪਾਸਿੰਗ ਆਫ਼ ਦੀ ਥਰਡ ਫ਼ਲੋਰ ਬੈਕ' (1908) ਆਦਿ ਸ਼ਾਮਲ ਹਨ। 'ਪਾਲ ਕੈਲਵਰ' (1908) ਇਸ ਦਾ ਸਵੈ ਜੀਵਨੀ ਨਾਵਲ ਹੈ।

ਇਸ ਦੀ ਮੌਤ ਨਾੱਰਥੈਂਪਟਨ ਵਿਖੇ 14 ਜੂਨ, 1927 ਨੂੰ ਹੋਈ।

ਹ. ਪੁ.—ਐਨ. ਬ੍ਰਿ. 12 : 1005

**ਜੈਰੋਲਡ, ਡਗਲਸ ਵਿਲੀਅਮ** : ਇਹ ਅੰਗਰੇਜ਼ੀ ਦਾ ਨਾਟਕਕਾਰ ਅਤੇ ਪੱਤਰਕਾਰ ਸੀ ਜਿਸ ਨੇ ਅੰਗਰੇਜ਼ੀ ਰੰਗ ਮੰਚ ਨੂੰ ਪ੍ਰਸਿੱਧ ਭਾਵੁਕਤਾਪੂਰਣ ਨਾਟਕ 'ਬਲੈਕ ਆਈਡ ਸੂਸਨ' ਪ੍ਰਦਾਨ ਕੀਤਾ ਅਤੇ 'ਪੰਚ' ਵਿਚ ਹਾਸਰਸੀ ਮਜ਼ਮੂਨ ਲਿਖੇ। ਇਸ ਦਾ ਜਨਮ 3 ਜਨਵਰੀ, 1803 ਨੂੰ ਲੰਡਨ ਵਿਖੇ ਹੋਇਆ। ਸੰਨ 1813 ਤੋਂ 1815 ਵਿਚਕਾਰ ਇਸ ਨੇ ਨੈਪੋਲੀਅਨ ਵਿਰੁਧ ਲੜਾਈਆਂ ਦੌਰਾਨ ਜਲ ਸੈਨਾ ਵਿਚ ਰਹਿ ਕੇ ਸੇਵਾ ਕੀਤੀ। ਉਸ ਅਨੁਭਵ ਨੂੰ ਇਸ ਨੇ ਆਪਣੇ ਨਾਟਕਾਂ ਵਿਚ ਪੇਸ਼ ਕੀਤਾ। ਕਈ ਸਾਲ ਕੋਬਰਸ ਥੀਏਟਰ ਵਿਚ ਕੰਮ ਕਰਨ ਮਗਰੋਂ ਅੰਤ ਵਿਚ ਇਹ 'ਬਲੈਕ ਆਈਡ ਸੂਸਨ' ਨਾਟਕ ਨਾਲ ਬਹੁਤ ਪ੍ਰਸਿੱਧ ਹੋ ਗਿਆ।

ਇਸ ਨੇ ਪੱਤਰਕਾਰ ਦੇ ਰੂਪ ਵਿਚ 'ਬਲੈਕਵੁਡਜ਼' ਅਤੇ ਹੋਰ ਮੈਗਜ਼ੀਨਾਂ ਲਈ ਕਾਫ਼ੀ ਪ੍ਰਸਤਾਵ ਲਿਖੇ। ਇਸ ਨੇ ਕਈ ਅਲਪਕਾਲੀ ਮੈਗਜ਼ੀਨ ਕੱਢੇ ਤੇ 'ਲਾਡਿਜ਼ ਵੀਕਲੀ ਨਿਊਜ਼ ਪੇਪਰ' ਦੀ ਸੰਪਾਦਨਾ ਸਫ਼ਲਤਾ ਸਹਿਤ ਕੀਤੀ। ਇਸ ਦੇ ਨਾਵਲਾਂ ਵਿਚ 'ਦੀ ਮੈਡ ਮੋਡ ਆਫ਼ ਮਨੀ' ਅਤੇ 'ਕ੍ਰਾਨੀਕਲਜ਼ ਆਫ਼ ਕਲੋਵਰਨੂਕ' (1846) ਪ੍ਰਸਿੱਧ ਹਨ।

ਇਸ ਦੀ ਮੌਤ 8 ਜੂਨ, 1857 ਨੂੰ ਲੰਡਨ ਵਿਚ ਆਪਣੇ ਘਰ ਕਿਲਬਰਨ ਪ੍ਰਿਓਰੀ ਵਿਖੇ ਹੋਈ।

ਹ. ਪੁ. -ਐਨ. ਬ੍ਰਿ. 12: 1005; ਐਨ. ਅਮੈ. 16: 27

**ਜੈੱਲ** : ਇਹ ਦੋ ਫੇਜ਼ਾਂ ਵਾਲਾ ਇਕ ਕੋਲਾੱਇਡੀ ਸਿਸਟਮ ਹੈ ਜਿਸ ਵਿਚ ਇਕ ਠੋਸ ਅਤੇ ਦੂਸਰਾ ਤਰਲ ਹੁੰਦਾ ਹੈ। ਜੈੱਲ ਵਿਚਲੇ ਅਤਿ ਸੂਖਮਦਰਸ਼ੀ ਕਣ ਪ੍ਰੋਟੀਨਾਂ ਜਾਂ ਛੋਟੇ ਰਵਿਆਂ ਜਿਵੇਂ ਕਿ ਬੈਂਟੋਨਾਈਟ ਜਾਂ ਪਾਲੀਸਟਾਇਰੀਨ ਵਰਗੇ ਪਾਲੀਮਰ ਕਣਾਂ ਵਰਗੇ ਵੱਡੇ ਅਣੂ ਹੋ ਸਕਦੇ ਹਨ। ਉਚਿਤ ਤਰਲਾਂ ਵਿਚ ਜੈੱਲ ਫੁੱਲ ਜਾਂਦੇ ਹਨ। ਜੈੱਲ ਦਾ ਘੱਟ ਅਤੇ ਵਧ ਫੁੱਲਣਾ ਜੈੱਲ ਅਤੇ ਤਰਲ ਉੱਤੇ ਨਿਰਭਰ ਹੈ। ਬਹੁਤ ਫੁੱਲਣ ਨਾਲ ਜੈੱਲ ਹੌਲੀ ਹੌਲੀ ਕੋਲਾੱਇਡੀ ਘੋਲ ਵਿਚ ਬਦਲ ਜਾਂਦਾ ਹੈ। ਇਸ ਦੇ ਵਿਰੂਪਣ ਅਤੇ ਵਹਾਉ ਵਾਲੇ ਗੁਣ ਵਿਸਕਾੱਸੀ ਜਾਂ ਲਚਕੀਲੇ ਤਰਲ ਅਤੇ ਠੋਸ ਦੇ ਗੁਣਾਂ ਵਿਚਕਾਰ ਵਾਲੇ ਹਨ। ਜੈੱਲ ਆਪਣਾ ਲਛਣਿਕ ਰੂਪ ਬਣਾਈ ਰੱਖਦੇ ਹਨ ਜਦੋਂ ਕਿ ਇਨ੍ਹਾਂ ਦੇ ਸਾੱਲ ਕੋਲਾੱਇਡੀ ਸਸਪੈਂਸ਼ਨ ਜਿਸ ਬਰਤਨ ਵਿਚ ਪਾਏ ਜਾਂਦੇ ਹਨ, ਉਸੇ ਦਾ ਰੂਪ ਧਾਰ ਲੈਂਦੇ ਹਨ। ਜੈੱਲਾਂ ਵਿਚ ਠੋਸਾਂ ਦੀ ਮਾਤਰਾ ਘੱਟ ਹੁੰਦੀ ਹੈ ਜਿਵੇਂ ਕਿ 2-5% ਫੈਰਿਕ ਆੱਕਸਾਈਡ ਲਈ ਅਤੇ 0.1% ਸਕੰਦਿਤ ਖ਼ੂਨ ਲਈ। ਕਈ ਜੈੱਲਾਂ ਨੂੰ

ਗਰਮ ਕਰਕੇ ਬਹੁਤ ਹੀ ਤਰਲ ਕੋਲਾੱਇਡੀ ਘੋਲਾਂ ਵਿਚ ਬਦਲਿਆ ਜਾ ਸਕਦਾ ਹੈ। ਦੂਸਰੇ ਥਿਕਸੋਟ੍ਰੋਪਿਕ ਜੈੱਲ (ਉਹ ਜੈੱਲ ਜਿਨ੍ਹਾਂ ਨੂੰ ਹਿਲਾਉਣ ਨਾਲ ਉਨ੍ਹਾਂ ਦੀ ਵਿਸਕਾੱਸਿਤਾ ਕੁਝ ਸਮੇਂ ਲਈ ਬਦਲ ਜਾਂਦੀ ਹੈ) ਯੰਤ੍ਰਿਕ ਕਿਰਿਆਵਾਂ ਦੁਆਰਾ ਦ੍ਰਵਿਤ ਕੀਤੇ ਜਾ ਸਕਦੇ ਹਨ। ਵਾਸ਼ਪੀਕਰਨ ਦੁਆਰਾ ਤਰਲ ਫ਼ੇਜ਼ ਕੱਢਣ ਨਾਲ ਜ਼ੀਰੋ ਜੈੱਲ (ਖੁਸ਼ਕ ਜੈੱਲ) ਬਣਦੇ ਹਨ। ਜੇਕਰ ਸਿਸਟਮ ਦੇ ਆੜੇ ਟੇਡੇ ਹਵਾ ਨਾਲ ਭਰੀਆਂ ਕੋਸ਼ਿਕਾਵਾਂ ਬਹੁਤੀਆਂ ਅਤੇ ਚੌੜੀਆਂ ਹੋਣ ਤਾਂ ਜ਼ੀਰੋ ਜੈੱਲਾਂ ਨੂੰ ਆਮ ਕਰਕੇ ਏਰੋਜੈੱਲ ਕਿਹਾ ਜਾਂਦਾ ਹੈ। ਜੈੱਲ ਅਤੇ ਜ਼ੀਰੋ ਜੈੱਲ ਵਿਚ ਭਿੰਨਤਾ ਦਰਸਾਉਣ ਲਈ ਜੈੱਲ ਵਿਚ ਪਾਣੀ ਦੀ ਹੋਂਦ ਲਈ ਜੈੱਲ ਦੀ ਥਾਂ ਦ੍ਰਵ ਜੈੱਲ ਸ਼ਬਦ ਵਰਤਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕੋਈ ਹੋਰ ਤਰਲ ਵੀ ਮਹੱਤਵਪੂਰਨ ਹੋਵੇ ਤਾਂ ਇਨ੍ਹਾਂ ਦੀ ਥਾਂ ਹਾਈਡ੍ਰੋਜੈੱਲ ਅਤੇ ਅਲਕੋਜੈੱਲ ਆਦਿ ਸ਼ਬਦ ਵਰਤੇ ਜਾ ਸਕਦੇ ਹਨ। ਜਿਲੇਟਿਨ ਵਿਸ਼ੇਸ਼ ਕਿਸਮਾਂ ਦੇ ਦ੍ਰਵ ਜੈੱਲ ਬਣਾਉਂਦੀ ਹੈ। ਖੁਸ਼ਕ ਸਿਲੀਕਾ ਜੈੱਲ ਇਕ ਵਿਸ਼ੇਸ਼ ਕਿਸਮ ਦੀ ਜ਼ੀਰੋ ਜੈੱਲ ਹੈ। ਫੁੱਲਣ ਤੋਂ ਪਹਿਲਾਂ ਸਿਸਟਮ ਵਿਚ ਜਦੋਂ ਹਵਾ ਜਾਂ ਤਰਲ ਵਰਗੇ ਦੂਸਰੇ ਫ਼ੇਜ਼ ਦੀ ਹੋਂਦ ਦਾ ਪੱਕਾ ਪਤਾ ਨਾ ਹੋਵੇ ਤਾਂ ਵੀ ਜੈੱਲ ਸ਼ਬਦ ਹੀ ਵਰਤਿਆ ਜਾਂਦਾ ਹੈ। ਇਸ ਕਿਸਮ ਦੀ ਵਿਸ਼ੇਸ਼ ਜੈੱਲ ਰਬੜ ਹੈ।

ਦ੍ਰਵ ਵਿਰੋਧੀ ਜੈੱਲ ਉੱਚ ਰੀਏਜੰਟ ਸੰਘਣਤਾਵਾਂ ਦੀ ਵਰਤੋਂ ਕਰਕੇ ਦੂਹਰੇ ਅਪਘਟਨ ਦੀਆਂ ਕਿਰਿਆਵਾਂ ਦੁਆਰਾ ਤਿਆਰ ਕੀਤੇ ਜਾ ਸਕਦੇ ਹਨ ਜਦੋਂ ਕਿ ਦ੍ਰਵ ਸਨੇਹੀ ਜੈੱਲ ਜਿਵੇਂ ਕਿ ਜਿਲੇਟਿਨ, ਅਗਰ-ਅਗਰ ਅਤੇ ਕੁਝ ਵਿਸ਼ੇਸ਼ ਸਾਬਣ ਉੱਚ ਤਾਪਮਾਨ ਉੱਤੇ ਜਾਂ ਘੋਲਕ ਵਿਚ ਹਵਾ ਦੁਆਰਾ ਖੁਸ਼ਕ ਕੀਤੇ ਜੈੱਲਾਂ ਨੂੰ ਲਾ ਕੇ ਤਿਆਰ ਕੀਤੇ ਸੱਲ ਨੂੰ ਠੰਢਾ ਕਰਕੇ ਤਿਆਰ ਕੀਤੇ ਜਾਂਦੇ ਹਨ। ਕਿਸੇ ਸੱਲ ਦੀ ਸੈਟਿੰਗ ਜਾਂ ਜੈੱਲ ਬਣਨਾ ਇਨ੍ਹਾਂ ਗੱਲਾਂ ਦਾ ਲੱਛਣਿਕ ਹੈ (1) ਸੈੱਟ ਹੋਣ ਦਾ ਸਮਾਂ, (2) ਜੈੱਲ ਬਣਨ ਦਾ ਤਾਪਮਾਨ, (3) ਸੈਟਿੰਗ ਦੀ ਕ੍ਰਾਂਤਿਕ ਸੰਘਣਤਾ ਅਤੇ (4) ਵਿਸਕਾੱਸਿਤਾ ਵਧਣ ਦਾ ਦਰ।

ਸੱਲ ਤੇ ਜੈੱਲ ਦੀ ਰੂਪਾਂਤਰਣ ਕਿਰਿਆ ਸਮਤਾਪੀ ਹੁੰਦੀ ਹੈ। ਕਈ ਵਾਰੀ ਕੋਲਾੱਇਡੀ ਘੋਲਾਂ ਦੇ ਤਲਛੱਟਾਂ ਨੂੰ ਵੀ ਜੈੱਲ ਕਿਹਾ ਜਾਂਦਾ ਹੈ। ਮਿੱਟੀ ਵਰਗੇ ਜੈੱਲ ਜਿਨ੍ਹਾਂ ਦੇ ਕਣ ਪਲੇਟਾਂ ਵਰਗੇ ਹੁੰਦੇ ਹਨ, ਨੂੰ ਹਿਲਾ ਕੇ ਸੱਲਾਂ ਵਿਚ ਬਦਲਿਆ ਜਾ ਸਕਦਾ ਹੈ ਅਤੇ ਇਹ ਸੱਲ ਕਣ ਤੇ ਮੁੜ ਜੈੱਲ ਬਣ ਜਾਂਦੇ ਹਨ। ਇਸ ਕਿਰਿਆ ਨੂੰ ਥਿਕਸੋਟ੍ਰੋਪੀ ਕਿਹਾ ਜਾਂਦਾ ਹੈ। ਇਸ ਦੇ ਉੱਲਟ ਵਿਧੀ ਨੂੰ ਰੀਹੋ ਪੈਕਸੀ ਕੀਤਾ ਜਾਂਦਾ ਹੈ। ਸਿਲੀਕਾ ਜੈੱਲ ਦੇ ਇਕ ਸੈਂਪਲ ਨੂੰ ਇਲੈਕਟ੍ਰਾੱਨ ਖੁਰਦਬੀਨ ਰਾਹੀਂ ਵੇਖਿਆਂ ਪਤਾ ਲਗਦਾ ਹੈ ਕਿ ਇਹ 100°A ਵਿਆਸ ਵਾਲੇ ਛੋਟੇ ਕਣਾਂ ਦੀ ਬਣੀ ਹੋਈ ਹੈ।

ਹ. ਪੁ. -ਐਨ. ਬ੍ਰਿ. 10: 51; ਮੈਕ. ਐਨ. ਸ. ਟ. 6: 93

**ਜੈਲ** : ਇਹ ਪੂਰਬੀ ਅਫ਼ਰੀਕਾ ਦੇ ਬਰਤਾਨਵੀ ਸੋਮਾਲੀਲੈਂਡ ਵਿਚ ਖਾੜੀ ਅਦਨ ਉਪਰ ਸਥਿਤ ਇਕ ਸ਼ਹਿਰ ਹੈ ਜਿਹੜਾ ਅਦਨ ਸ਼ਹਿਰ ਤੋਂ 200 ਕਿ. ਮੀ. ਦੇ ਫਾਸਲੇ ਤੇ ਹੀ ਹੈ। ਇਸ ਸ਼ਹਿਰ ਦੇ ਤਿੰਨ ਪਾਸੇ ਪਾਣੀ ਅਤੇ ਇਕ ਪਾਸੇ 70 ਕਿ. ਮੀ. ਦੂਰ ਤੱਕ ਮਾਰੂਥਲ ਹੈ। ਪ੍ਰਾਚੀਨ ਕਾਲ ਵਿਚ ਸ਼ਹਿਰ ਵਪਾਰਕ ਪੱਖੋਂ ਕਾਫ਼ੀ ਮਹੱਤਵ ਰੱਖਦਾ ਸੀ ਪਰ 1902 ਈ. ਵਿਚ ਦਿਰਦਾਵਾ ਤੇ ਜਿਬੂਤੀ ਰੇਲ ਮਾਰਗ ਬਣਨ ਨਾਲ ਜੈੱਲ ਦੀ ਮਹੱਤਤਾ ਕਾਫ਼ੀ ਘੱਟ ਗਈ। ਫਿਰ ਵੀ ਥੋੜ੍ਹੀ ਬਹੁਤੀ ਆਯਾਤ ਨਿਰਯਾਤ ਇਥੇ ਹੀ ਹੁੰਦੀ ਹੈ। ਦੂਜੇ ਵੱਡੇ ਯੁੱਧ ਦੌਰਾਨ ਇਸ ਉਪਰ ਇਟਲੀ ਦਾ ਕਬਜ਼ਾ ਹੋ ਗਿਆ ਸੀ ਪਰ 1945 ਈ. ਵਿਚ ਅੰਗਰੇਜ਼ਾਂ ਨੇ ਮੁੜ ਇਸਨੂੰ ਆਪਣੇ ਕਬਜ਼ੇ ਵਿਚ ਲੈ ਲਿਆ।

**11° ਉ. ਵਿਥ.; 43° 15′ ਪੂ. ਲੰਬ**

ਹ. ਪੁ. -ਹਿੰ. ਵਿ. ਕੋ. 5:52

**ਜੈਲਪ ਲਾ** : ਦੱਖਣ-ਪੱਛਮੀ ਆਸਾਮ ਵਿਚ ਹਿਮਾਲਿਆ ਪਰਬਤ ਦੀ ਡੌਂਗਕੀਆ ਲੜੀ ਵਿਚ ਸਿਕਿਮ-ਤਿੱਬਤ ਸਰਹੱਦ ਉਪਰ 4,386 ਮੀ. ਦੀ ਉਚਾਈ ਤੇ ਇਹ ਇਕ ਪਹਾੜੀ ਦੱਰਾ ਹੈ। ਸੰਨ 1962 ਵਿਚ ਸਰਹੱਦ ਨੂੰ ਬੰਦ ਕਰ ਦੇਣ ਤੋਂ ਪਹਿਲਾਂ ਇਹ ਭਾਰਤ ਤੋਂ ਤਿੱਬਤ ਦੀ ਚੁੰਬੀ ਵਾਦੀ ਨੂੰ ਜਾਣ ਵਾਲੇ ਮੁੱਖ ਵਪਾਰਕ ਰਸਤੇ ਵਿਚ ਇਕ ਮਹੱਤਵਪੂਰਨ ਕੜੀ ਹੁੰਦੀ ਸੀ। ਇਕ ਸਰਬ-ਰੁਤੀ ਸੜਕ ਇਸ ਨੂੰ ਗੰਗਟੋਕ (ਸਿੱਕਿਮ) ਦੇ ਰਸਤਿਓਂ ਕਾਲਿਮਪੌਂਗ ਅਤੇ ਦਾਰਜੀਲਿੰਗ ਨਾਲ ਜੋੜਦੀ ਹੈ ਅਤੇ ਇਕ ਪਰਬਤੀ ਵਧਾਉ ਤੇ ਬਣੀ ਸੜਕ ਉੱਤਰ ਵਲੋਂ ਨਾਟੂ ਲਾ ਨਾਂ ਦੇ ਇਕ ਹੋਰ ਪ੍ਰਸਿੱਧ ਦੱਰੇ ਵੱਲ ਜਾਂਦੀ ਹੈ।

27° 22′ ਉ. ਵਿਥ.; 88° 53′ ਪੂ . ਲੰਬ.

ਹ. ਪੁ. -ਐਨ. ਬ੍ਰਿ. ਮਾ. 5: 539; ਇੰਪ. ਗ. ਇੰਡ. 14: 90

**ਜੈਲਿਕੋ ਜਾਹਨ, ਰੂਸਵੂਰਥ** : ਇਹ ਇੰਗਲੈਂਡ ਦਾ ਪਹਿਲਾ ਅਰਲ ਅਤੇ ਬ੍ਰਿਟਿਸ਼ ਜਲ ਸੈਨਾ ਅਫ਼ਸਰ ਸੀ। ਇਸਦਾ ਜਨਮ 5 ਦਸੰਬਰ, 1859 ਈ. ਨੂੰ ਸਾਊਥੈਮਪਟਨ ਦੇ ਸਥਾਨ ਤੇ ਕੈਪਟਨ ਜੇ. ਐਚ. ਜੈਲਿਕੋ ਦੇ ਘਰ ਹੋਇਆ। ਇਸਨੇ ਗੋਟਿੰਗਨ ਵਿਖੇ ਸਿੱਖਿਆ ਹਾਸਲ ਕੀਤੀ।

ਸੰਨ 1872 ਵਿਚ ਇਹ ਸਮੁੰਦਰੀ ਫ਼ੌਜ ਵਿਚ ਸ਼ਾਮਲ ਹੋ ਗਿਆ ਅਤੇ 1882 ਈ. ਦੀ ਮਿਸਰ ਦੀ ਜੰਗ ਵਿਚ ਹਿੱਸਾ ਲਿਆ। ਸੰਨ 1883 ਵਿਚ ਰਾਇਲ ਨੇਵਲ ਕਾਲਜ ਵਿਚੋਂ ਸਿਖਲਾਈ ਪ੍ਰਾਪਤ ਕਰਕੇ ਇਕ ਯੋਗ ਤੋਪਸਾਜ਼ ਅਫ਼ਸਰ ਬਣ ਗਿਆ। ਸੰਨ 1886 ਵਿਚ ਇਸ ਨੇ ਫਸੇ ਹੋਏ ਸਟੀਮਰ ਦੇ ਮਲਾਹਾਂ ਦੀ ਜਾਨ ਬਚਾ ਕੇ ਤਮਗ਼ਾ ਹਾਸਲ ਕੀਤਾ। ਦੋ ਸਾਲ ਬਾਅਦ ਇਸ ਨੂੰ ਜਲ ਸੈਨਾ ਤੋਪਖਾਨੇ ਦੇ ਡਾਇਰੈਕਟਰ ਦਾ ਸਹਾਇਕ ਨਿਯੁਕਤ ਕੀਤਾ ਗਿਆ।

ਸੰਨ 1891 ਵਿਚ ਇਹ ਕਮਾਂਡਰ ਬਣ ਗਿਆ ਅਤੇ ਕੁਝ ਸਮਾਂ ਬਾਅਦ ਰੂਮ ਸਾਗਰੀ ਬੇੜੇ ਦਾ ਕਮਾਂਡਰ-ਇੰਨ-ਚੀਫ਼ ਨਿਯੁਕਤ ਹੋਇਆ। ਇਕ ਜਨਵਰੀ 1897 ਵਿਚ ਇਸਨੂੰ ਕੈਪਟਨ ਬਣਾ ਦਿੱਤਾ ਗਿਆ। ਸੰਨ 1898 ਵਿਚ ਐਚ. ਐਮ. ਐਸ. ਸੈਨਚੂਰੀਅਨ ਦਾ ਕਮਾਂਡਰ ਨਿਯੁਕਤ ਕੀਤਾ ਗਿਆ। ਸੰਨ 1900 ਦੀ ਬਗ਼ਾਵਤ ਦੌਰਾਨ ਪੀਕਿੰਗ (ਬੀਜਿੰਗ) ਦੀ ਮਦਦ ਲਈ ਲੜਾਈ ਵਿਚ ਹਿੱਸਾ ਲਿਆ। ਇਸ ਲੜਾਈ ਦੌਰਾਨ ਇਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਜਲ ਸੈਨਾ ਦਫ਼ਤਰ ਵਿੱਚ ਜਲ ਸੈਨਾ ਸਹਾਇਕ ਵਜੋਂ ਕੰਮ ਕਰਨ ਉਪਰੰਤ ਇਸਨੇ ਗਸ਼ਤੀ ਜਹਾਜ਼ ਦੀ ਕਮਾਨ ਸੰਭਾਲੀ ਅਤੇ 1905 ਈ ਵਿਚ ਜਲ ਸੈਨਾ ਤੋਪਖਾਨੇ ਦਾ ਪ੍ਰਬੰਧਕ ਬਣ ਗਿਆ।

ਪਹਿਲੇ ਸੰਸਾਰ ਯੁੱਧ ਸਮੇਂ ਇਸ ਨੂੰ ਗ੍ਰੈਂਡ ਫਲੀਟ ਦੀ ਕਮਾਨ ਸੰਭਾਲੀ ਗਈ। ਇਸ ਨੇ 4 ਅਗਸਤ, 1915 ਨੂੰ ਆਇਰਨ ਡਿਊਕ ਉੱਤੇ ਆਪਣਾ ਝੰਡਾ ਲਹਿਰਾ ਦਿੱਤਾ। ਫਿਰ ਇਸ ਨੇ ਜਰਮਨੀ ਦੀ ਨਾਕਾਬੰਦੀ ਕੀਤੀ ਅਤੇ ਜਟਲੈਂਡ ਦੀ ਲੜਾਈ ਵਿਚ ਜਹਾਜ਼ੀ ਬੇੜੇ ਦੀਆਂ ਕਾਰਵਾਈਆਂ ਨੂੰ ਰੋਕਿਆ। ਸੰਨ 1916 ਵਿਚ ਐਡਮਿਰਲ ਸਰ ਹੈਨਰੀ ਜੈਕਸਨ ਦੀ ਥਾਂ ਤੇ ਪਹਿਲਾ ਜਲ ਸੈਨਾ ਵਿਭਾਗ ਦੇ ਬੋਰਡ ਦਾ ਮੈਂਬਰ ਨਿਯੁਕਤ ਹੋਇਆ।

ਸੰਨ 1919 ਵਿਚ ਇਸ ਨੂੰ ਜ਼ਹਾਜ਼ੀ ਬੇੜੇ ਦਾ ਨਾਇਕ ਬਣਾ ਦਿੱਤਾ ਗਿਆ। ਸੰਨ 1920-1924 ਦੌਰਾਨ ਜੈਲਿਕੋ ਨੇ ਨਿਊਜ਼ੀਲੈਂਡ ਦੇ ਗਵਰਨਰ-ਜਨਰਲ ਦੇ ਤੌਰ ਤੇ ਕੰਮ ਕੀਤਾ। ਸੰਨ 1925 ਵਿਚ ਇਸਨੂੰ ਅਰਲ ਜੈਲਿਕੋ ਦੀ ਪਦਵੀ ਨਾਲ ਸਨਮਾਨਿਆ ਗਿਆ।

20 ਨਵੰਬਰ, 1935 ਵਿਚ ਇਸ ਦੀ ਮੌਤ ਲੰਡਨ ਵਿਚ ਹੋ ਗਈ ਅਤੇ ਇਸਨੂੰ ਸੇਂਟ ਪਾਲ ਦੇ ਵੱਡੇ ਗਿਰਜੇ ਵਿਚ ਦਫਨਾਇਆ ਗਿਆ।

ਹ. ਪੁ. -ਐਨ. ਬ੍ਰਿ. 12: 993; ਐਨ. ਅਮੈ. 16: 10

**ਜੈਲਿਨੇਕ, ਐਡਾੱਲਫ** : ਇਹ ਇਕ ਯਹੂਦੀ ਵਿਦਵਾਨ ਅਤੇ ਪ੍ਰਚਾਰਕ ਸੀ ਜੋ 26 ਜੂਨ, 1821 ਨੂੰ ਮੋਰਾਵੀਆ ਵਿਚ ਡ੍ਰਸਲਾਵਿਟਸ (Drslawitz) ਵਿਖੇ ਪੈਦਾ ਹੋਇਆ। ਸੰਨ 1845 ਤੋਂ 1856 ਤੱਕ ਇਹ ਜਰਮਨੀ ਵਿਚ ਲਾਈਪਸਿਕ ਵਿਖੇ ਅਤੇ 1856 ਤੋਂ 1893 ਤੱਕ ਆਸਟ੍ਰੀਆ ਵਿਚ ਵੀਆਨਾ ਵਿਖੇ ਯਹੂਦੀ ਸਮੁਦਾਇ ਦਾ ਪ੍ਰਚਾਰਕ ਰਿਹਾ। ਇਸ ਨੇ 200 ਤੋਂ ਵੱਧ ਉਪਦੇਸ਼ 'Predigten' ਸੰਗ੍ਰਹਿ ਵਿਚ ਅਤੇ 9 ਹੋਰ ਛੋਟੇ-ਛੋਟੇ ਸੰਗ੍ਰਹਿ ਛਾਪੇ। ਇਸ ਨੇ 13 ਵੀਂ ਸਦੀ ਦੇ ਪ੍ਰਸਿੱਧ ਕੇਬਲਵਾਦ ਅਬਰਾਹਮ ਅਬੂਲਾਫੀਆ ਦੀਆਂ ਲਿਖਤਾਂ ਪ੍ਰਕਾਸ਼ਿਤ ਕੀਤੀਆਂ।

ਇਸ ਨੇ ਈਸਾਈ ਅਧਿਆਤਮਵਾਦੀ ਵਿਚਾਰਾਂ ਅਤੇ ਸ਼ਬਦਾਂ ਦੇ ਯਹੂਦੀਆਂ ਉੱਤੇ ਪਏ ਪ੍ਰਭਾਵ ਬਾਰੇ ਵੀ ਲਿਖਿਆ। ਇਸ ਨੇ ਮਿਦ੍ਰਾਸ ਸਬੰਧੀ ਟੀਕੇ ਆਦਿ ਵੀ ਲਿਖੇ ਇਸ ਤੋਂ ਇਲਾਵਾ ਇਸ ਨੇ ਇਬਰਾਨੀ ਪੁਸਤਕ ਸੂਚੀ ਤਿਆਰ ਕੀਤੀ। ਇਹ ਯਹੂਦੀ ਮੱਤ ਦਾ ਵਿਗਿਆਨਕ ਅਧਿਐਨ ਕਰਨ ਵਾਲਿਆਂ ਵਿਚੋਂ ਪ੍ਰਮੁੱਖ ਸੀ। 29 ਦਸੰਬਰ, 1893 ਨੂੰ ਵੀਆਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. 12: 993

**ਜੈਲੀ ਫ਼ਿਸ਼** : ਇਹ ਨਾਈਡੇਰੀਆ ਫ਼ਾਈਲਮ ਦੀ ਸਕਾਈਫੋਜ਼ੋਆ ਸ਼੍ਰੇਣੀ ਦੇ ਕਿਸੇ ਵੀ ਸਮੁੰਦਰੀ ਰੀੜ੍ਹ ਰਹਿਤ ਪ੍ਰਾਣੀ ਲਈ ਇਕ ਆਮ ਨਾਂ ਹੈ। ਇਨ੍ਹਾਂ ਦੀਆਂ ਲਗਭਗ 200 ਜਾਤੀਆਂ, ਸਾਰਿਆਂ ਮਹਾਸਾਗਰਾਂ ਅਤੇ ਬਹੁਤ ਗਰਮ ਉਸ਼ਣਖੰਡੀ ਸਮੁੰਦਰਾਂ ਵਿਚ ਮਿਲਦੀਆਂ ਹਨ।

ਇਨ੍ਹਾਂ ਦੀ ਖ਼ਾਸੀਅਤ ਇਹ ਹੈ ਕਿ ਇਨ੍ਹਾਂ ਦਾ ਸਰੀਰ ਅਲਪ-ਪਾਰਦਰਸ਼ੀ ਜਿਲੈਟਿਨ ਦਾ ਬਣਿਆ ਹੁੰਦਾ ਹੈ ਜਿਸ ਦਾ ਲਗਭਗ 99% ਹਿੱਸਾ ਪਾਣੀ ਹੀ ਹੁੰਦਾ ਹੈ। ਜੇ ਇਨ੍ਹਾਂ ਨੂੰ ਸੁੱਕੀ ਧਰਤੀ ਤੇ ਰੱਖਿਆ ਜਾਵੇ ਤਾਂ ਇਹ ਜਲਦੀ ਮਰ ਜਾਂਦੀਆਂ ਹਨ ਅਤੇ ਸਰੀਰ ਦਾ ਪਾਣੀ ਉੱਡ ਜਾਂਦਾ ਹੈ ਅਤੇ ਬਾਕੀ ਕੁਝ ਵੀ ਨਹੀਂ ਬਚਦਾ। ਇਨ੍ਹਾਂ ਦਾ ਵਿਆਸ ਲਗਭਗ 1.5 ਮਿ. ਮੀ. ਤੋਂ 2ਮੀ. ਤੱਕ ਹੁੰਦਾ ਹੈ, ਸਭ ਤੋਂ ਵੱਡੀ ਕਿਸਮ ਲਗਭਗ ਇਕ ਸਾਲ ਤੱਕ ਜਿਉਂਦੀ ਰਹਿੰਦੀ ਹੈ। ਸਰੀਰ ਘੰਟੀ ਜਾਂ ਛੱਤਰੀਨੁਮਾ ਹੁੰਦਾ ਹੈ ਜਿਸ ਦੇ ਹੇਠਲੇ ਪਾਸੇਂ ਤੋਂ ਇਕ ਨਲੀ ਆਕਾਰ ਵਾਧਰਾ ਲਟਕਦਾ ਹੈ ਜਿਸ ਨੂੰ ਮੈਨੂਬ੍ਰੀਅਮ ਜਾਂ ਪ੍ਰੋਬੋਸਿਸ ਕਹਿੰਦੇ ਹਨ, ਇਸ ਪ੍ਰੋਬੋਸਿਸ ਦੇ ਹੇਠਲੇ (ਮੁਕਤ) ਸਿਰੇ ਤੇ ਮੂੰਹ ਹੁੰਦਾ ਹੈ। ਸਰੀਰ ਵਿਚ ਚਾਰ ਖਾਨਿਆਂ ਵਾਲਾ ਮਿਹਦਾ ਹੁੰਦਾ ਹੈ ਜਿਸ ਤੋਂ ਚਾਰ (ਜਾਂ ਇਸ ਦਾ ਗੁਣਨ) ਰੇਡੀਅਲ ਨਾਲੀਆਂ ਨਿਕਲਦੀਆਂ ਅਤੇ ਛੱਤਰੀ ਦੇ ਸਿਰੇ ਤੱਕ ਪਹੁੰਚ ਕੇ ਚੱਕਰੀ ਰਿੰਗ ਨਾਲੀ ਵਿਚ ਮਿਲ ਜਾਂਦੀਆਂ ਹਨ। ਨਾਲੀਆਂ ਦੇ ਇਸ ਸਿਸਟਮ ਰਾਹੀਂ ਸਾਰੇ ਸਰੀਰ ਨੂੰ ਆਹਾਰ ਪਹੁੰਚਦਾ ਹੈ।

ਸਰੀਰ ਦੇ (ਘੰਟੀ ਦੇ) ਉਪਰਲੇ ਪਾਸੇ ਨੈਮੈਟੋਸਿਸਟ ਜਾਂ ਡੰਗ ਹੁੰਦੇ ਹਨ ਅਤੇ ਛੱਤਰੀ ਦੇ ਕਿਨਾਰੇ ਤੋਂ ਸਪਰੱਸ਼ਕ ਲਟਕਦੇ ਹੁੰਦੇ ਹਨ ਇਨ੍ਹਾਂ ਸਪਰੱਸ਼ਕਾਂ ਦੇ ਮੁਢ ਤੇ ਰੌਸ਼ਨੀ ਦੀਆਂ ਗਿਆਨ ਇੰਦਰੀਆਂ, ਸੰਤੁਲਨ ਰੱਖਣ ਵਾਲੇ ਅੰਗ ਅਤੇ ਹੋਰ ਗਿਆਨ ਇੰਦਰੀਆਂ ਸਥਿਤ ਹੁੰਦੀਆਂ ਹਨ। ਛੱਤਰੀ ਦੇ ਹੇਠਲੇ ਸਿਰੇ ਤੇ ਪੇਸ਼ੀਆਂ ਹੁੰਦੀਆਂ ਹਨ ਜਿਹੜੀਆਂ ਇਕ ਲੈਅ ਵਿਚ ਸੁੰਗੜਦੀਆਂ ਹਨ ਅਤੇ ਪ੍ਰਾਣੀ ਨੂੰ ਪਾਣੀ ਵਿਚ ਹੌਲੀ ਹੌਲੀ ਤੋਰਨ ਵਿਚ ਸਹਾਇਤਾ ਕਰਦੀਆਂ ਹਨ।

ਇਹ ਕਈ ਤਰ੍ਹਾਂ ਦੇ ਪ੍ਰਾਣੀਆਂ ਤੇ ਆਹਾਰ ਕਰਦੀਆਂ ਹਨ ਜਿਨ੍ਹਾਂ ਨੂੰ ਇਹ ਆਪਣੇ ਨੈਮੈਟੋਸਿਸਟਾਂ ਦੀ ਸਹਾਇਤਾ ਨਾਲ ਅੱਧਮੋਇਆ ਕਰ ਲੈਂਦੀਆਂ ਹਨ। ਕਈ ਜਾਤੀਆਂ ਬਾਲਗ਼ ਅਵਸਥਾ ਵਿਚ ਖਾਣਾ ਪੀਣਾ ਛੱਡਕੇ ਸਿਰਫ ਅੰਡੇ ਜਾ ਸ਼ੁਕ੍ਰਾਣੂ ਹੀ ਪੈਦਾ ਕਰਦੀਆਂ ਹਨ।

ਅੰਡੇ ਅਤੇ ਸ਼ੁਕ੍ਰਾਣੂ ਮੂੰਹ ਰਾਹੀਂ ਬਾਹਰ ਨਿਕਲ ਕੇ ਪਾਣੀ ਵਿਚ ਆ ਜਾਂਦੇ ਹਨ ਜਿਥੇ ਅੰਡੇ ਦਾ ਨਿਸ਼ੇਚਨ ਹੁੰਦਾ ਹੈ ਅਤੇ ਇਸ ਤੋਂ ਸਿਲੀਆਯੁਕਤ, ਸੁਤੰਤਰ ਤਾਰੂ ਲਾਰਵਾ ਬਣਦਾ ਹੈ ਜਿਸ ਨੂੰ ਪਲੇਨਿਊਲਾ ਲਾਰਵਾ ਕਹਿੰਦੇ ਹਨ।

ਇਹ ਲਾਰਵਾ ਕਿਸੇ ਚਟਾਨ ਜਾਂ ਸਮੁੰਦਰੀ ਬਨਸਪਤੀ ਆਦਿ ਉੱਤੇ ਟਿੱਕ ਜਾਂਦਾ ਹੈ ਅਤੇ ਪਾੱਲਿਪ ਜਾਂ ਸਟ੍ਰੋਬਾਈਲਾ ਵਿਚ ਤਬਦੀਲ ਹੋ ਜਾਂਦਾ ਹੈ। ਪਾੱਲਿਪ ਇਕ ਖੋਖਲਾ ਸਿਲਿੰਡਰ ਹੁੰਦਾ ਹੈ ਜਿਸ ਦੇ ਉਪਰਲੇ ਸਿਰੇ ਤੇ ਮੂੰਹ ਅਤੇ ਸਪਰੱਸ਼ਕ ਹੁੰਦੇ ਹਨ। ਸਟ੍ਰੋਬਾਈਲਾ ਇਕ ਖੋਖਲੀ ਬਣਤਰ ਹੁੰਦੀ ਹੈ ਜਿਹੜੀ ਇਕ ਦੂਜੇ ਉੱਤੇ ਰਖੀਆਂ ਪੁੱਠੀਆਂ




ਔਰੀਲੀਆ ਜੈਲੀ ਫ਼ਿਸ਼ ਦਾ ਜੀਵਨ ਚੱਕਰ

ਪਲੇਟਾਂ ਦੇ ਇਕ ਢੇਰ ਵਾਂਗ ਲਗਦੀ ਹੈ। ਥੋੜ੍ਹੇ ਥੋੜ੍ਹੇ ਵਕਫ਼ਿਆਂ ਤੇ ਇਕ ਸਟ੍ਰੋਬਾਈਲਾ ਨਿਕਲਦਾ ਹੈ ਅਤੇ ਸੁਤੰਤਰ ਤਾਰੂ ਇਫ਼ਿਰਲਾ ਵਿਚ ਤਬਦੀਲ ਹੋ ਜਾਂਦਾ ਹੈ ਜਿਹੜਾ ਫਿਰ ਜੈਲੀ ਫ਼ਿਸ਼ ਬਣਦਾ ਹੈ। ਪਾੱਲਿਪਨੁਮਾ ਕਿਸਮਾਂ ਤੋਂ ਬਡਿੰਗ ਰਾਹੀਂ ਹੋਰ ਪਾੱਲਿਪ ਬਣਦੇ ਹਨ ਅਰਥਾਤ ਇਨ੍ਹਾਂ ਦੇ ਉਂਗਲਾਂ ਵਰਗੇ ਵਾਧਰਿਆਂ ਤੋਂ ਨਵੇਂ ਪਾੱਲਿਪ ਬਣਦੇ ਹਨ। ਇਨ੍ਹਾਂ ਪਾੱਲਿਪਾਂ ਤੋਂ ਫਿਰ ਅਗੇ ਛੋਟੇ ਛੋਟੇ ਮੈਡੂਸਾ ਨਿਕਲਦੇ ਹਨ ਜਿਹੜੇ ਫਿਰ ਜੈਲੀ ਫਿਸ਼ ਬਣਦੇ ਹਨ।

ਡੰਡੀ ਵਾਲੀਆਂ ਜੈਲੀ ਫਿਸ਼ ਦੀਆਂ ਤਕਰੀਬਨ 30 ਜਾਤੀਆਂ ਮਿਲਦੀਆਂ ਹਨ ਜਿਹੜੀਆਂ ਸਟੇਰੋਮੈਡੂਸੀ ਵਰਗ ਵਿਚ ਸ਼ਾਮਲ ਕੀਤੀਆਂ ਜਾਂਦੀਆਂ ਹਨ। ਇਹ ਬਹੁਤਾ ਕਰਕੇ ਘੱਟ ਡੂੰਘੇ ਪਾਣੀਆਂ ਵਿਚ ਮਿਲਦੀਆਂ ਹਨ ਅਤੇ ਕਈ ਜਾਂ ਹੋਰ ਕਿਸੇ ਚੀਜ਼ ਨਾਲ ਜੁੜੀਆਂ ਰਹਿੰਦੀਆਂ ਹਨ। ਚੌਰਸ ਜੈਲੀ ਫਿਸ਼ ਦੀਆਂ 16 ਜਾਤੀਆਂ ਮਿਲਦੀਆਂ ਹਨ। ਡੂੰਘੇ ਸਮੁੰਦਰਾਂ ਦੀਆਂ ਜੈਲੀ ਫਿਸ਼ ਦੀਆਂ 31 ਜਾਤੀਆਂ ਮਿਲਦੀਆਂ ਹਨ। ਸਿਮੀਓਸਟੋਮੀ ਵਰਗ ਵਿਚ ਲਗਭਗ 50 ਜਾਤੀਆਂ ਆਉਂਦੀਆਂ ਹਨ। ਰ੍ਹਾਈਜ਼ੋਸਟੋਮੀ ਵਰਗ ਦੀਆਂ ਲਗਭਗ 80 ਜਾਤੀਆਂ ਬਹੁਤੇ ਮੂੰਹਾਂ ਵਾਲੀਆਂ ਹੁੰਦੀਆਂ ਹਨ।

ਹਾਈਡ੍ਰੋਜ਼ੋਆ ਸ਼੍ਰੇਣੀ ਦੀ ਕਰੈਸਪੱਡੇਕੁਸਟਾ ਪ੍ਰਜਾਤੀ ਦੀਆਂ ਮੈਡੂਸਾ ਵਰਗੀਆਂ ਜਾਂ ਸੁਤੰਤਰ ਤਾਰੂ ਕਿਸਮਾਂ ਨੂੰ ਅਲੂਣੇ ਪਾਣੀ ਦੀਆਂ ਜੈਲੀ ਫ਼ਿਸ਼ ਕਹਿੰਦੇ ਹਨ ਪਰ ਇਹ ਅਸਲੀ ਜੈਲੀ ਫ਼ਿਸ਼ ਨਹੀਂ ਹੁੰਦੀਆਂ।

ਹ. ਪੁ. -ਐਨ. ਬ੍ਰਿ. ਮਾ. 5: 539; ਐਨ. ਬ੍ਰਿ. 12: 883.

**ਜੈਲੋਰ, ਐਡਵਰਡ** : ਇਹ ਹੇਗਲ ਤੋਂ ਪ੍ਰਭਾਵਿਤ ਉੱਘਾ ਜਰਮਨ ਫ਼ਿਲਾਸਫ਼ਰ ਸੀ ਜਿਸ ਦਾ ਜਨਮ 1874 ਈ. ਵਿਚ ਹੋਇਆ। ਗਿਆਨ ਸਬੰਧੀ ਸਮੱਸਿਆਵਾਂ ਦੇ ਹੱਲ ਦੀ ਜਿਗਿਆਸਾ ਦੇ ਫਲਸਰੂਪ ਇਹ ਕਾਂਟ ਤੋਂ ਵੀ ਪ੍ਰਭਾਵਿਤ ਹੋਇਆ ਪਰ ਇਸ ਦਾ ਕੰਮ ਜਿੰਨਾ ਦਰਸ਼ਨ ਦੇ ਇਤਿਹਾਸ ਦੇ ਖੇਤਰ ਵਿਚ ਯੋਗ ਸਾਬਤ ਹੋਇਆ ਓਨਾ ਮੌਲਿਕ ਦਰਸ਼ਨ ਦੇ ਖੇਤਰ ਵਿਚ ਨਹੀਂ ਹੋਇਆ। ਇਸ ਦੀ ਸਭ ਤੋਂ ਵੱਧ ਪ੍ਰਸਿੱਧ ਪੁਸਤਕ 'ਯੂਨਾਨੀ ਦਰਸ਼ਨ' ਹੈ। ਇਸ ਪੁਸਤਕ ਤੋਂ ਇਸ ਦੇ ਵਿਚਾਰਾਂ ਤੇ ਹੇਗਲਵਾਦ ਦਾ ਪ੍ਰਭਾਵ ਪ੍ਰਗਟ ਹੁੰਦਾ ਹੈ। ਇਸ ਦੀ ਮੌਤ 1908 ਈ. ਵਿਚ ਹੋਈ।

ਹ. ਪੁ. -ਹਿ. ਵਿ. ਕੋ. 5: 42

**ਜੋ** : ਇਹ ਪੁਰਾਣੇ ਸਮੇਂ ਵਿਚ ਲਾਹੁਲ ਸਪਿਤੀ ਦੇ ਇਲਾਕੇ ਵਿਚ ਨੋਨੋ ਕਬੀਲੇ ਦੇ ਬਰਾਬਰ ਦੀ ਹੈਸੀਅਤ ਵਾਲੇ ਉੱਚ ਬੰਸੀ ਪਰਿਵਾਰਾਂ ਅਤੇ ਲਦਾਖ਼ ਦੇ ਪੁਰਾਣੇ ਹਾਕਮ ਪਰਿਵਾਰਾਂ ਲਈ ਵਰਤਿਆ ਜਾਂਦਾ ਇਕ ਖ਼ਿਤਾਬ ਹੈ। ਲਾਹੁਲ ਖੇਤਰ ਵਿਚ ਬਾੜਨੋਗ ਦੇ 'ਜੋ' ਅਕਸਰ ਹੀ ਲਦਾਖ਼ ਦੀਆਂ ਸ਼ਹਿਜ਼ਾਦੀਆਂ ਨਾਲ ਵਿਆਹ ਕਰਵਾ ਲੈਂਦੇ ਸਨ ਜਿਸਨੂੰ ਇਹ (ਜੋ) ਲੋਕ ਆਪਣੇ ਆਪ ਵਿਚ ਇਕ ਖ਼ਾਸ ਰਿਆਇਤ ਸਮਝਦੇ ਸਨ। ਇਸ ਰਿਆਇਤ ਦੇ ਵਿਸ਼ੇਸ਼ ਹੱਕ ਇਨ੍ਹਾਂ ਨੂੰ ਉਸ ਸਮੇਂ ਪ੍ਰਾਪਤ ਹੋਏ ਜਦੋਂ ਕੁੱਲੂ ਦੇ ਰਾਜਿਆਂ ਨੇ ਲਾਹੁਲ ਦਾ ਇਲਾਕਾ ਲਦਾਖ਼ ਨਾਲੋਂ ਵੱਖ ਕਰਨਾ ਚਾਹਿਆ ਸੀ ਤੇ ਇਨ੍ਹਾਂ ਨੇ ਉਨ੍ਹਾਂ ਨਾਲ ਆਪਣੀ ਸੱਚੀ ਵਫ਼ਾਦਾਰੀ ਨਿਭਾਈ। ਸਪਿਤੀ ਦੇ ਨੋਨੋਆਂ ਵਾਂਗ ਲਾਹੁਲ ਦੇ 'ਜੋ' ਪਰਿਵਾਰਾਂ ਨੂੰ ਆਪਣੀਆਂ ਲੜਕੀਆਂ ਵਿਆਹੁਣ ਲਈ ਲੋੜੀਂਦਾ ਲੜਕਾ ਲੱਭਣ ਵਿਚ ਕਾਫ਼ੀ ਔਕੜ ਆਉਂਦੀ ਹੈ ਕਿਉਂਕਿ ਉਹ ਆਪਣੇ ਪਰਿਵਾਰਾਂ ਦੇ ਲੜਕਿਆਂ ਵਾਂਗ ਲੜਕੀਆਂ ਨੂੰ ਕੁਲੀਨ ਪਰਿਵਾਰਾਂ ਵਿਚ ਹੀ ਵਿਆਹੁਣਾ ਚਾਹੁੰਦੇ ਸਨ ਜਦ ਕਿ ਹਰੇਕ ਕੁਲੀਨ ਪਰਿਵਾਰ ਇਹ ਰਿਸ਼ਤਾ ਮਨਜ਼ੂਰ ਨਹੀਂ ਸੀ ਕਰਦਾ। ਇਸ ਔਕੜ ਕਾਰਨ ਇਨ੍ਹਾਂ ਨੇ ਆਪਣੀਆਂ ਲੜਕੀਆਂ ਕੁੱਲੂ ਵਾਦੀ ਵਿਚ ਰਹਿੰਦੇ ਸਾਧਾਰਣ ਪੱਧਰ ਦੇ 'ਕਨੇਤ' ਪਰਿਵਾਰਾਂ ਵਿਚ ਵਿਆਹੁਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਹ. ਪੁ. -ਗਲਾ ਟ੍ਰਾ. ਕਾ. 2: 387

**ਜੋਐਬ** : ਤੌਰੇਤ ਅਨੁਸਾਰ ਇਹ ਆਪਣੇ ਮਾਮੇ ਬਾਦਸ਼ਾਹ ਦਾਊਦ ਦਾ ਯਹੂਦੀ ਫ਼ੌਜੀ ਕਮਾਂਡਰ ਸੀ। ਇਹ ਲਗਭਗ 1000 ਈ. ਪੂ. ਵਿਚ ਹੋਇਆ। ਇਸ ਨੇ ਯੋਰੋਸ਼ਲਮ ਤੇ ਕਬਜ਼ਾ ਕੀਤਾ ਜਿਸ ਦੇ ਇਨਾਮ ਵਿਚ ਦਾਊਦ ਨੇ ਇਸ ਨੂੰ ਸੈਨਾ ਦਾ ਮੁਖੀ ਨਿਯੁਕਤ ਕਰ ਦਿੱਤਾ। ਹਜ਼ਰਤ ਦਾਊਦ ਦੀਆਂ ਕਈ ਜਿੱਤਾਂ ਵਿਚ ਇਸ ਨੇ ਅਹਿਮ ਰੋਲ ਅਦਾ ਕੀਤਾ ਤੇ ਦਾਊਦ ਦੇ ਪੁੱਤਰ ਅਬਸਾਲੋਮ ਵੱਲੋਂ ਕੀਤੀ ਗਈ ਬਗਾਵਤ ਨੂੰ ਵੀ ਕਾਮਯਾਬੀ ਨਾਲ ਦਬਾਇਆ। ਇਸ ਦਾ ਵਿਚਾਰ ਸੀ ਕਿ ਇਸ ਨੂੰ ਦਾਊਦ ਦੇ ਹਿੱਤਾਂ ਦਾ ਵਧੇਰੇ ਖ਼ਿਆਲ ਹੈ ਤੇ ਇਸ ਲਈ ਇਸ ਨੇ ਦਾਊਦ ਦੇ ਰੋਕਣ ਦੇ ਬਾਵਜੂਦ ਵੀ ਐਬਸਾਲੋਮ ਨੂੰ ਕਤਲ ਕਰਵਾ ਦਿੱਤਾ। ਇਸ ਨੇ ਆਪਣੇ ਦੋ ਬਲਵਾਨ ਵਿਰੋਧੀਆਂ ਨੂੰ ਵੀ ਧੋਖੇ ਨਾਲ ਕਤਲ ਕਰਵਾ ਦਿੱਤਾ। ਦਾਊਦ ਦੇ ਅੰਤਮ ਦਿਨਾਂ ਵਿਚ ਇਸ ਨੇ ਉਸ ਦੇ ਛੋਟੇ ਪੁੱਤਰ ਅਦੋਨੀ ਜਾਹ ਨੂੰ ਤਖ਼ਤ ਤੇ ਬਿਠਾਉਣ ਦਾ ਅਸਫ਼ਲ ਯਤਨ ਕੀਤਾ ਪਰ ਸੁਲੇਮਾਨ ਤਖ਼ਤ ਤੇ ਬੈਠਣ ਵਿਚ ਕਾਮਯਾਬ ਹੋ ਗਿਆ ਅਤੇ ਉਸ ਨੇ ਇਸ ਨੂੰ ਕਤਲ ਕਰਵਾ ਦਿੱਤਾ।

ਹ. ਪੁ. -ਐਨ. ਬ੍ਰਿ. 13: 2

**ਜੋਇਆ** : ਇਹ ਰਾਜਪੂਤਾਂ ਦੀਆਂ 36 ਸ਼ਾਹੀ ਜਾਤੀਆਂ ਵਿਚੋਂ ਇਕ ਹੈ। ਪ੍ਰਾਚੀਨ ਇਤਿਹਾਸ ਅਨੁਸਾਰ ਉਸ ਸਮੇਂ ਇਸ ਜਾਤੀ ਨੂੰ 'ਜੰਗਲ ਦੇਸ਼' (ਹਰਿਆਣਾ, ਬਠਿੰਡਾ, ਭਟਨੇਰ ਤੇ ਨਾਗੌਰ ਦਾ ਇਲਾਕਾ) ਦੇ ਸਰਦਾਰ ਕਿਹਾ ਜਾਂਦਾ ਸੀ। ਸੱਤ ਕੁ ਸਦੀਆਂ ਪਹਿਲਾਂ ਭੱਟੀਆਂ ਨੇ ਇਨ੍ਹਾਂ ਨੂੰ ਸਿੰਧ ਦੇ ਸਾਰੇ ਤੇ ਬਾਗੜ ਦੇ ਕਾਫ਼ੀ ਇਲਾਕੇ ਵਿਚੋਂ ਕੱਢ ਦਿੱਤਾ। 16ਵੀਂ ਸਦੀ ਦੌਰਾਨ ਰਾਠੌਰ ਰਾਜਿਆਂ ਨੇ ਇਨ੍ਹਾਂ ਨੂੰ ਬੀਕਾਨੇਰ ਦੀ ਜੋਇਆ ਨਾਮੀ ਕੈਨਟਨ ਵਿਚੋਂ ਭਜਾਇਆ। ਕਿਹਾ ਜਾਂਦਾ ਹੈ ਕਿ ਰਾਜਪੂਤਾਂ ਨੇ ਇਸ ਇਲਾਕੇ ਦੀ ਇੰਨੀ ਤਬਾਹੀ ਕੀਤੀ ਕਿ ਜੋਇਆ ਬੰਸ ਦਾ ਨਾਂ ਹੀ ਖ਼ਤਮ ਕਰ ਦਿੱਤਾ ਪਰ ਫੇਰ ਵੀ ਇਨ੍ਹਾਂ ਦਾ ਵੀ ਨਾਸ ਨਹੀਂ ਹੋਇਆ। ਅਜੇ ਵੀ ਸਤਲੁਜ ਦੇ ਕੰਢੇ ਵੱਟੂ ਬਾਰਡਰ ਤੋਂ ਲੈ ਕੇ ਸਿੰਧ ਨਦੀ ਦੇ ਸੰਗਮ ਤੱਕ ਜੋਇਆ ਲੋਕ ਹੀ ਸਨ। ਬਹਾਵਲਪੁਰ ਰਿਆਸਤ ਦੇ ਹੋਂਦ ਵਿਚ ਆਉਣ ਨਾਲ ਇਨ੍ਹਾਂ ਲੋਕਾਂ ਦੀ ਅਰਧ-ਸੁਤੰਤਰਤਾ ਖ਼ਤਮ ਹੋ ਗਈ। ਬੀਕਾਨੇਰ ਵਿਚ ਘੱਗਰ ਦੇ ਬੇਟ ਦਾ ਵੀ ਇਕ ਖਿਤਾ ਇਨ੍ਹਾਂ ਦੀ ਵਸੋਂ ਦਾ ਹੈ। ਲਾਹੌਰ ਅਤੇ ਫਿਰੋਜ਼ਪੁਰ ਦੇ ਕੇਂਦਰੀ ਸਤਲੁਜ ਦੇ ਉਪਰ ਤੇ ਡੇਰਾ ਜਾਤ ਅਤੇ ਮੁਜ਼ਫ਼ਰਗੜ੍ਹ ਦੇ ਹੇਠਲੇ ਦਰਿਆ ਸਿੰਧ ਦੇ ਕੰਢੇ ਤੇ ਵਸੋਂ ਵਿਚ ਲਗਭਗ ਤੀਜਾ ਹਿੱਸਾ ਜੋਇਆ ਹਨ ਅਤੇ ਆਪਣੇ ਆਪ ਨੂੰ ਜੱਟ ਕਹਾਉਂਦੇ ਹਨ। ਮੁਲਤਾਨ ਬਾਰ ਨੂੰ ਤਾਂ ਹੁਣ ਵੀ ਜੋਇਆ ਬਾਰ ਕਿਹਾ ਜਾਂਦਾ ਹੈ। ਲੂਣ ਦੇ ਖੇਤਰ ਵਾਲੇ ਜੂਡ ਪਹਾੜਾਂ ਵਿਚੋਂ ਕੁਝ ਰਹਿੰਦੇ ਜੋਦੀਆਂ ਜਾਂ ਯੋਤੀਆਂ ਜਾਤੀਆਂ ਦੇ ਲੋਕ ਜੋਇਆ ਹੀ ਸਮਝੇ ਜਾਂਦੇ ਹਨ।

ਜੋਦੀਆ ਕਬੀਲੇ 450 ਈ. ਪੂ. ਦੌਰਾਨ ਪਾਨਿਨੀ ਦੇ ਸਮੇਂ ਭਾਰਤ ਵਿਚ ਸਿਪਾਹੀ ਸ਼੍ਰੇਣੀ ਦੇ ਤੌਰ ਤੇ ਜਾਣੇ ਜਾਂਦੇ ਸਨ। ਅਜੋਕੇ ਘੇਬਾ ਕਬੀਲੇ ਸ਼ਾਇਦ ਪੁਰਾਣੇ ਪਾਨਿਨੀ ਦੇ ਜੋਦੀਆਂ ਹੀ ਹਨ। ਇਨ੍ਹਾਂ ਦਾ ਮੂਲ ਕਬਾਇਲੀ ਨਾਂ ਜੋਦਰਾ ਦਸਿਆ ਜਾਂਦਾ ਹੈ ਤੇ ਘੇਬਾ ਇਨ੍ਹਾਂ ਲਈ ਤਖ਼ਲਸ ਜਾਂ ਰੁਤਬੇ ਦੇ ਤੌਰ ਤੇ ਪ੍ਰਚਲਿਤ ਹੋਇਆ। ਸਤਲੁਜ ਦੇ ਹਿਸਾਰ ਦੇ ਜੋਇਆਂ ਦਾ ਮੂਲ ਭਟਨੇਰ ਤੋਂ ਹੈ ਤੇ ਇਹ ਲੋਕ ਯਾਦੂ ਨੂੰ ਆਪਣਾ ਪਿਤਰ ਮੰਨਦੇ ਹਨ। ਮਿੰਟਗੁਮਰੀ ਦੇ ਜੋਇਆਂ ਅਨੁਸਾਰ ਇਹ ਇਕ ਰਾਜਕੁਮਾਰੀ ਦੀ ਔਲਾਦ ਹਨ ਜਿਸ ਦਾ ਪਤੀ ਸ਼ਾਦੀ ਕਰਵਾਉਣ ਉਪਰੰਤ ਫਕੀਰ ਬਣ ਗਿਆ ਸੀ ਤੇ ਸੰਤਾਨ ਦਾ ਪਾਲਣ ਪੋਸਣ ਕਿਉਂਕਿ ਪਤੀ ਦੀ ਥਾਂ ਪਤਨੀ ਨੇ ਹੀ ਕੀਤਾ ਇਸ ਲਈ ਇਸ ਦੇ ਉਤਰਾਧਿਕਾਰੀ ਜੋਇਆ ਕਹਾਏ ਕਿਉਂਕਿ 'ਜੋਇ' ਸ਼ਬਦ ਦਾ ਅਰਥ ਪਤਨੀ ਹੁੰਦਾ ਹੈ।

ਮਿੰਟਗੁਮਰੀ ਦੇ ਜੋਇਆਂ ਅਨੁਸਾਰ 14ਵੀਂ ਸਦੀ ਦੇ ਮੱਧ ਵਿਚ ਇਹ ਬੀਕਾਨੇਰ ਛੱਡ ਕੇ ਬਹਾਵਲਪੁਰ ਜਾ ਵੱਸੇ ਤੇ ਇਥੇ ਮੁਲਤਾਨ, ਲੰਮਾਰ ਕੁਲ ਨਾਲ ਸਬੰਧ ਕਾਇਮ ਕੀਤੇ। ਨਾਦਰ ਸ਼ਾਹ ਦੇ ਸਮੇਂ ਦਾਊਦਪੋਤਰਾ ਨੇ ਇਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ।

ਕੈਪਟਨ ਐਲਫਿਨਸਟੋਨ ਅਨੁਸਾਰ ਜੋਇਆ ਲੋਕ ਛੋਟੇ ਕੱਦ-ਕਾਠ ਵਾਲੇ ਤੇ ਉਸ ਸਮੇਂ ਦੇ ਹਾਵੀ ਕਬੀਲਿਆਂ ਨਾਲੋਂ ਡੰਗਰ ਚੋਰੀ ਕਰਨ ਦੀ ਮੁਹਾਰਤ ਵਿਚ ਤੇ ਬਹਾਦਰੀ ਪੱਖੋਂ ਘਟੀਆ ਸਨ। ਇਹ ਲੋਕ ਵਧੀਆ ਕਿਸਮ ਦੇ ਡੰਗਰ ਪਸ਼ੂ ਰੱਖਦੇ ਸਨ ਪਰ ਖੇਤੀ ਦੇ ਕੰਮ ਵਿਚ ਨਿਕੰਮੇ ਸਨ। ਫਾਜ਼ਿਲਕਾ ਦੇ ਨਜ਼ਦੀਕ 'ਮਹਾਰ' ਕਬੀਲੇ ਜੋਇਆ ਦੇ ਭਰਾ, ਮਹਾਰ ਦੀ ਸੰਤਾਨ ਕਹਾਉਂਦੇ ਹਨ। ਇਹ ਲੋਕ ਲੜਾਕੇ, ਚਲਾਕ ਤੇ ਚੋਰ ਪ੍ਰਵਿਰਤੀ ਦੇ ਮਾਲਕ ਹਨ। ਡੰਗਰ ਰੱਖਣ ਦੇ ਸ਼ੌਕੀਨ ਹਨ ਪਰ ਵਾਹੀ ਵਿਚ ਦਿਲਚਸਪੀ ਨਹੀਂ।

ਬਹਾਵਲਪੁਰ ਦੇ ਜੋਇਆ ਤੇ ਮਹਾਰ ਮਹਿਮੂਦ ਗ਼ਜਨੀ ਦੇ ਇਕ ਉਤਰਾਧਿਕਾਰੀ, ਇਯਾਸ ਦੀ ਸੰਤਾਨ ਦੱਸੇ ਜਾਂਦੇ ਹਨ ਤੇ ਇਸ ਤੋਂ ਪਹਿਲਾਂ ਦੇ ਕੁਰਸੀਨਾਮਿਆਂ ਅਨੁਸਾਰ ਇਹ ਲੜਾਕੇ ਕਬੀਲਿਆਂ ਦੇ ਸੰਘ ਨਾਲ ਸਬੰਧਤ ਹਨ।

ਲਖਵੇਰਾ, ਭਡੇਰਾ, ਗ਼ਾਜ਼ੀ ਖ਼ਾਨਾਂ, ਕੁਲਹੇੜਾ, ਦੌਲਤਾਨਾ, ਕਮੇੜਾ ਤੇ ਮੰਘੇਰ ਜੋਇਆ ਜਾਤੀ ਦੇ ਮੁੱਖ ਕਬੀਲਿਆਂ ਵਿਚੋਂ ਹਨ। ਇਹ ਸਭ ਕਬੀਲੇ ਵਿਨਾਇਕ ਰਸਮ ਵਿਚ ਵਿਸ਼ਵਾਸ ਰੱਖਦੇ ਹਨ ਜਿਹੜੀ ਆਪਣੇ ਪਿੱਤਰ ਅਲਾਦਿੱਤ ਨਾਮੀ ਸ਼ਹੀਦ ਦੀ ਯਾਦ ਵਿਚ ਮਨਾਈ ਜਾਂਦੀ ਹੈ। ਇਸ ਦੀ ਸਮਾਧ ਤਾਜ-ਸਰਵਰ ਵਿਚ ਮੌਜੂਦ ਹੈ।

ਲਖਵੇੜਾ ਕਬੀਲਾ ਜੋਇਆ ਦੇ ਸਾਰੇ ਕਬੀਲਿਆਂ ਵਿਚੋਂ ਉੱਚਾ ਸਮਝਿਆ ਜਾਂਦਾ ਹੈ ਤੇ ਬੁਲੰਦ ਹੌਸਲੇ ਲਈ ਪ੍ਰਸਿੱਧ ਹੈ। ਵਪਾਰ ਤੇ ਕਾਰੀਗਰੀ ਦੇ ਕੰਮ ਨੂੰ ਚੰਗਾ ਨਹੀਂ ਸਮਝਦੇ। ਬਾਬਾ ਫਰੀਦ-ਉੱਦ-ਦੀਨ, ਸ਼ੰਕਰ ਗੰਜ ਦੇ ਵਰ ਨਾਲ ਇਨ੍ਹਾਂ ਨੇ ਲੁਟਾਨ, ਬੇੜਾ ਅਤੇ ਵਿਸ਼ਲ ਤੇ ਬਠਿੰਡੇ ਦਾ ਕਿਲਾ ਫ਼ਤਹਿ ਕੀਤਾ ਅਤੇ ਸਰਸਾ ਤੇ ਭਟਨੇਰ ਉਪਰ ਹਕੂਮਤ ਕਾਇਮ ਕੀਤੀ। ਲੂਨਾਲ ਦੇ ਪੁੱਤਰ ਲੱਖੇ ਜੋਇਆ ਦੀ ਬਹਾਦਰੀ ਤੋਂ ਡਰ ਕੇ ਬੀਕਾਨੇਰ ਦੇ ਅਜਰਾਸ ਹਿੰਦੂ ਰਾਜੇ ਨੇ ਆਪਣੀ ਧੀ ਦਾ ਰਿਸ਼ਤਾ ਉਸ ਨੂੰ ਕਰ ਦਿੱਤਾ ਅਤੇ ਉਦੋਂ ਤੋਂ ਇਨ੍ਹਾਂ ਵਿਚ ਆਪਸੀ ਰਿਸ਼ਤੇ ਨਾਤੇ ਹੋਣੇ ਸ਼ੁਰੂ ਹੋਏ। ਇਸ ਤਰ੍ਹਾਂ ਸਲੀਮ ਖ਼ਾਂ, ਫਰੀਦ ਖ਼ਾਂ ਆਦਿ ਜੋਇਆ ਹਾਕਮ ਹੋਏ। ਪੱਛਮੀ ਪਾਕਿਸਤਾਨ ਵਿਚ ਮਿੰਟਗੁਮਰੀ ਦੇ ਇਲਾਕੇ ਵਿਚ ਅਕੋਕੇ, ਬਹਲਾਨਾ, ਭੱਟੀ, ਫ਼ਿਰੋਜ਼ਕੇ, ਹਸਨਕੇ, ਜਮਲੇੜਾ, ਝੰਡੇਕੇ, ਜੁਗੋਕੇ ਲੰਗਾਹੇਕੇ, ਲੂਲੇਕੇ, ਮਿਹਰੂਕੇ ਮੋਮੇਕੇ, ਪੰਜੇੜਾ, ਰੇਨੋਕੇ ਆਦਿ ਪ੍ਰਸਿੱਧ ਜੋਇਆ ਕਬੀਲੇ ਹਨ।

ਹ. ਪੁ.–ਗਲਾ. ਟ੍ਰਾ. ਕਾ. 2 : 411

**ਜੋਇਲ, ਦੀ ਪੁਸਤਕ** : ਇਹ 12 ਤੌਰੇਤ ਪੁਸਤਕਾਂ ਵਿਚੋਂ ਦੂਜੀ ਪੁਸਤਕ ਹੈ। ਇਸ ਪੁਸਤਕ ਵਿਚ ਬਾਰਾਂ ਛੋਟੇ ਪੈਗੰਬਰਾਂ ਦੇ ਨਾਂ ਆਉਂਦੇ ਹਨ। ਇਬਰਾਨੀ ਬਾਈਬਲ ਨੇ ਇਸ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਈਸਾਈ ਅੰਗਰੇਜ਼ੀ ਅਨੁਵਾਦ ਵਿਚ ਯੂਨਾਨੀ ਅਤੇ ਲਾਤੀਨੀ ਅਨੁਵਾਦਾਂ ਵਾਂਗ ਦੂਜਾ ਅਤੇ ਤੀਜਾ ਭਾਗ ਇਕੱਠੇ ਹਨ।

ਇਸ ਪੁਸਤਕ ਵਿਚ ਜੋਇਲ ਅਤੇ ਉਸ ਦੇ ਪਿਤਾ ਦੇ ਨਾਂ ਤੋਂ ਇਲਾਵਾ ਹੋਰ ਕੁਝ ਨਹੀਂ ਦਿੱਤਾ। ਮੂਲ ਪਾਠ ਦੇ ਹੋਰ ਵਿਸ਼ਲੇਸ਼ਣ ਤੋਂ ਇਹ ਪਤਾ ਚਲਦਾ ਹੈ ਕਿ ਜੋਇਲ ਯੇਰੋਸ਼ਲਮ ਵਿਚ ਬਣੇ ਯਹੂਦੀਆਂ ਦੇ ਦੂਜੇ ਮੱਠ (516 ਈ. ਪੂ. ਤੋਂ 70 ਈ.) ਦੌਰਾਨ ਹੋਇਆ ਕਿਉਂਕਿ ਉਸ ਦੀ ਪੁਸਤਕ ਵਿਚ ਉਸ ਪੂਜਾ ਵਿਧੀ ਦਾ ਵਰਣਨ ਹੈ, ਜਿਹੜੀ ਉਦੋਂ ਪ੍ਰਚੱਲਤ ਸੀ। ਇਸ ਪੁਸਤਕ ਦਾ ਮੁੱਖ ਵਿਸ਼ਾ ਜਿਹੋਵਾ ਦਾ ਦਿਹਾੜਾ ਹੈ; ਭਾਵ ਇਹ ਧਾਰਨਾ ਕਿ ਯੇਰੋਸ਼ਲਮ ਅਤੇ ਯਹੂਦੀਆਂ ਦੀ ਖ਼ਲਾਸੀ ਉਸ ਵੇਲੇ ਹੀ ਸੰਭਵ ਹੋਵੇਗੀ ਜਦੋਂ ਲੋਕ ਜਿਹੋਵਾਂ ਨੂੰ ਮੰਨਣ ਲਗ ਪੈਣਗੇ। ਇਸ ਨਾਲ ਉਨ੍ਹਾਂ ਨੂੰ ਨਾ ਸਿਰਫ਼ ਰੱਬੀ ਮਿਹਰ ਹੀ ਪ੍ਰਾਪਤ ਹੋਵੇਗੀ, ਸਗੋਂ ਧਰਤੀ ਵੀ ਆਪਣੇ ਆਪ ਉਪਜਾਊ ਹੋ ਜਾਵੇਗੀ।

ਹ. ਪੁ.–ਐਨ. ਬ੍ਰਿ. ਮਾ. 5 : 568

**ਜੋਸ਼, ਸੋਹਨ ਸਿੰਘ** : ਪੰਜਾਬੀ ਦੇ ਇਸ ਲੇਖਕ, ਪੱਤਰਕਾਰ ਅਤੇ ਆਜ਼ਾਦੀ ਦੇ ਸੁਪ੍ਰਸਿੱਧ ਘੁਲਾਟੀਏ ਦਾ ਜਨਮ 12 ਨਵੰਬਰ, 1898 ਨੂੰ ਪਿੰਡ ਚੇਤਨਪੁਰ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਵਿਚ ਸ. ਲਾਲ ਸਿੰਘ ਦੇ ਘਰ ਹੋਇਆ। ਡੀ. ਏ. ਵੀ. ਸਕੂਲ, ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਨ ਮਗਰੋਂ ਇਹ ਉਚੇਰੀ ਵਿੱਦਿਆ ਲਈ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲ ਹੋਇਆ ਪਰ ਮਾਇਕ ਔਕੜਾਂ ਕਾਰਨ ਇਹ ਸਿਰਫ਼ ਬਾਰ੍ਹਵੀਂ ਤੱਕ ਹੀ ਪੜ੍ਹ ਸਕਿਆ ਅਤੇ ਫਿਰ ਗਿਆਨੀ ਪਾਸ ਕੀਤੀ।

ਨੌਕਰੀ ਦੀ ਭਾਲ ਵਿਚ ਸੋਹਨ ਸਿੰਘ ਜੋਸ਼ ਪਹਿਲਾਂ ਹੁੱਬਲੀ ਅਤੇ ਫਿਰ ਬੰਬਈ ਗਿਆ ਜਿਥੇ 1918 ਤੱਕ ਇਹ ਸੈਂਸਰ ਦੇ ਦਫ਼ਤਰ ਵਿਚ ਕੰਮ ਕਰਦਾ ਰਿਹਾ। ਪਿੰਡ ਵਾਪਸ ਆ ਕੇ ਥੋੜੇ ਸਮੇਂ ਲਈ ਇਹ ਸਕੂਲ ਅਧਿਆਪਕ ਲਗ ਗਿਆ ਪਰ ਇਸ ਦੀ ਨਿਗਾਹ ਸਦਾ ਦੇਸ਼ ਦੀ ਆਜ਼ਾਦੀ ਦੇ ਘੋਲ ਵੱਲ ਲੱਗੀ ਰਹਿੰਦੀ ਸੀ। ਸੰਨ 1921 ਵਿਚ ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਇਹ ਜੋਸ਼ੋ-ਖਰੋਸ਼ ਨਾਲ ਉਸ ਵਿਚ ਹਿੱਸਾ ਲੈਣ ਲੱਗ ਪਿਆ। ਜਦੋਂ ਇਸ ਉੱਤੇ ਮੁੱਕਦਮਾ ਚਲਾਇਆ ਗਿਆ ਅਤੇ ਇਸ ਨੂੰ ਤਿੰਨ ਸਾਲ ਦੀ ਸਖ਼ਤ ਸਜ਼ਾ ਦਿੱਤੀ ਗਈ ਉਦੋਂ ਇਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਦਾ ਮੈਂਬਰ ਸੀ।

ਹੌਲੀ-ਹੌਲੀ ਜੋਸ਼ ਦਾ ਰਾਜਨੀਤਕ ਖੇਤਰ ਵਧਦਾ ਗਿਆ। ਇਸਨੇ ਕਿਰਤੀ ਕਿਸਾਨ ਪਾਰਟੀ ਕਾਇਮ ਕੀਤੀ ਅਤੇ 1927 ਤੋਂ 1929 ਤੱਕ ਇਸ ਦਾ ਜਨਰਲ ਸਕੱਤਰ ਰਿਹਾ। 1928 ਵਿਚ ਇਹ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਕਾਇਮ ਕੀਤੀ ਹੋਈ ਨੌਜਵਾਨ ਭਾਰਤ ਸਭਾ ਦਾ ਪ੍ਰਧਾਨ ਬਣਿਆ। ਮਗਰੋਂ ਮੇਰਠ ਸਾਜ਼ਸ਼ ਕੇਸ ਵਿਚ ਵੀ ਇਸ ਨੂੰ ਕੈਦ ਹੋਈ।



ਸੋਹਨ ਸਿੰਘ ਜੋਸ਼

ਆਪਣੇ ਵਿਚਾਰਾਂ ਕਰਕੇ ਸੋਹਨ ਸਿੰਘ ਜੋਸ਼ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ ਅਤੇ ਕਈ ਸਾਲਾਂ ਤੱਕ ਪੰਜਾਬ ਵਿਚ ਇਸ ਪਾਰਟੀ ਦਾ ਸਕੱਤਰ ਰਿਹਾ। ਸੰਨ 1937 ਵਿਚ ਇਹ ਪਹਿਲਾ ਕਮਿਊਨਿਸਟ ਸੀ ਜਿਹੜਾ ਵਿਧਾਨ ਸਭਾ ਲਈ ਚੁਣਿਆ ਗਿਆ ਸੀ। ਦੂਜੇ ਸੰਸਾਰ ਯੁੱਧ ਦੇ ਦੌਰਾਨ 1939 ਤੋਂ 1943 ਤੱਕ ਇਹ ਰਾਜਸਥਾਨ ਦੀ ਇਕ ਜੇਲ੍ਹ ਵਿਚ ਰਿਹਾ।

ਸੋਹਨ ਸਿੰਘ ਜੋਸ਼ ਨੂੰ ਮੁੱਢ ਤੋਂ ਹੀ ਲਿਖਣ ਦਾ ਬੜਾ ਸ਼ੌਕ ਸੀ। ਇਸ ਲਈ ਆਪਣੇ ਰਾਜਨੀਤਿਕ ਜੀਵਨ ਵਿਚ ਇਸ ਨੇ ਪੱਤਰਕਾਰੀ ਸ਼ੁਰੂ ਕੀਤੀ। ਵੱਖ-ਵੱਖ ਸੱਮਿਆਂ ਤੇ ਇਹ 'ਅਕਾਲੀ', 'ਕਿਰਤੀ' ਅਤੇ 'ਪਰਭਾਤ' ਅਖ਼ਬਾਰਾਂ ਦਾ ਸੰਪਾਦਕ ਰਿਹਾ। ਸੰਨ 1943 ਵਿਚ ਇਹ ਕਮਿਊਨਿਸਟ ਪਾਰਟੀ ਦੇ ਅਖ਼ਬਾਰ 'ਜੰਗ-ਏ-ਆਜ਼ਾਦੀ' ਦਾ ਐਡੀਟਰ ਨਿਯੁਕਤ ਹੋਇਆ।

ਸੰਨ 1947 ਵਿਚ ਰਾਜਨੀਤਿਕ ਆਜ਼ਾਦੀ ਮਿਲਣ ਤੋਂ ਬਾਅਦ ਜੋਸ਼ ਆਰਥਕ ਆਜ਼ਾਦੀ ਦੀ ਲੜਾਈ ਵਿਚ ਕੁੱਦ ਪਿਆ। ਸੰਨ 1948 ਤੋਂ 1950 ਤੱਕ ਇਹ ਫੇਰ ਜੇਲ੍ਹ ਵਿਚ ਰਿਹਾ ਪਰ ਇਸਨੇ ਆਪਣਾ ਸਿਰੜ ਨਹੀਂ ਛਡਿਆ। ਕਈ ਸਾਲਾਂ ਤੱਕ ਇਹ 'ਨਵਾਂ ਜ਼ਮਾਨਾ' ਦੇ ਸੰਪਾਦਕ ਵਜੋਂ ਆਪਣੀ ਆਵਾਜ਼ ਬੁਲੰਦ ਕਰਦਾ ਰਿਹਾ। ਸੰਨ 1962 ਵਿਚ ਚੀਨ ਦੇ ਹਮਲੇ ਸਮੇਂ ਇਸ ਨੂੰ ਫਿਰ ਕੈਦ ਕੀਤਾ ਗਿਆ।

ਉਮਰ ਦੇ ਵਧਣ ਨਾਲ ਜੋਸ਼ ਦੀਆਂ ਸਾਹਿਤਕ ਰੁਚੀਆਂ ਵਿਚ ਵਿਕਾਸ ਹੋਇਆ। ਇਸ ਦੇ ਬਹੁਤ ਸਾਰੇ ਲੇਖ ਪੰਜਾਬੀ ਰਸਾਲਿਆਂ ਅਤੇ ਪੈਂਫਲਿਟਾਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ। ਇਸ ਤੋਂ ਇਲਾਵਾ ਇਸ ਨੇ 'ਬੰਗਾਲੀ ਸਾਹਿਤ ਦੀ ਵੰਨਗੀ', 'ਆਜ਼ਾਦੀ ਦੇ ਪਰਵਾਨੇ', 'ਮੇਰੀ ਰੂਸ ਯਾਤਰਾ' ਆਦਿ ਕਈ ਪੁਸਤਕਾਂ ਵੀ ਛਪਵਾਈਆਂ। ਇਸ ਦੀਆਂ ਸਾਹਿਤਕ ਸੇਵਾਵਾਂ ਕਰਕੇ ਪੰਜਾਬ ਸਰਕਾਰ ਨੇ ਇਸ ਨੂੰ 1971-72 ਦਾ ਸ਼੍ਰੋਮਣੀ ਪੱਤਰਕਾਰ ਪੁਰਸਕਾਰ ਦੇ ਕੇ ਇਸ ਦਾ ਸਨਮਾਨ ਕੀਤਾ।

29 ਜੁਲਾਈ, 1982 ਨੂੰ ਇਸ ਉੱਘੇ ਦੇਸ਼ ਭਗਤ ਦਾ ਦੇਹਾਂਤ ਹੋ ਗਿਆ।

ਹ. ਪੁ.–ਐਮ. ਫੀ. ਫਾ. ਪੰ; ਪੰ. ਲਿ. ਕੋ; ਸਾਲਾਨਾ ਸਨਮਾਨ ਸੁਵਿਨਰ, 1972-ਭਾ. ਵਿ. ਪੰ.

**ਜੋਸ਼ ਮਲਸੀਆਨੀ** : ਪੰਡਤ ਲੱਭੂ ਰਾਮ ਜੋਸ਼ ਮਲਸੀਆਨੀ ਉਰਦੂ ਦਾ ਪ੍ਰਸਿੱਧ ਸ਼ਾਇਰ ਹੋਇਆ ਹੈ। ਇਸ ਦਾ ਜਨਮ ਪਹਿਲੀ ਫ਼ਰਵਰੀ, 1884 ਨੂੰ ਮਲਸੀਆਂ ਜ਼ਿਲ੍ਹਾ ਜਲੰਧਰ (ਪੰਜਾਬ) ਵਿਚ ਹੋਇਆ। 14 ਸਾਲ ਦੀ ਉਮਰ ਵਿਚ ਹੀ ਇਸ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ ਜਿਸ ਕਰਕੇ ਆਰਥਿਕ ਪਰੇਸ਼ਾਨੀਆਂ ਕਾਰਨ ਇਹ ਆਪਣੀ

ਪੜ੍ਹਾਈ ਪੂਰੀ ਨਾ ਕਰ ਸਕਿਆ। ਇਸ ਨੇ ਅੰਗਰੇਜ਼ੀ ਨਹੀਂ ਪੜ੍ਹੀ, ਕੇਵਲ ਅਦੀਬ ਫ਼ਾਜ਼ਿਲ ਤੇ ਮੁਨਸ਼ੀ ਫ਼ਾਜ਼ਿਲ ਪਾਸ ਕਰਨ ਉਪਰੰਤ ਨਕੋਦਰ ਵਿਚ ਫ਼ਾਰਸੀ ਪੜ੍ਹਾਉਂਦਾ ਰਿਹਾ। ਇਸ ਦੀ ਉਮਰ ਦਾ ਵਧੇਰਾ ਹਿੱਸਾ ਨਕੋਦਰ ਅਤੇ ਮਲਸੀਆਂ ਵਿਚ ਹੀ ਬਤੀਤ ਹੋਇਆ।



**ਲੱਭੂ ਰਾਮ ਜੋਸ਼ ਮਲਸਿਆਨੀ**

ਜੋਸ਼ ਮਲਸਿਆਨੀ ਨਾ ਕੇਵਲ ਉਰਦੂ ਦੇ ਅਰਬੀ ਕੇਂਦਰਾਂ–ਦਿੱਲੀ ਅਤੇ ਲਖਨਊ ਤੋਂ ਦੂਰ ਇਕ ਪਿੰਡ ਵਿਚ ਰਹਿ ਕੇ ਅਜਿਹੀ ਭਾਸ਼ਾ ਵਿਚ ਸ਼ੇਅਰ ਕਹਿੰਦਾ ਰਿਹਾ, ਜਿਸ ਉੱਤੇ ਦਿੱਲੀ ਤੇ ਲਖਨਊ ਵਾਲੇ ਵੀ ਹੈਰਾਨ ਹੁੰਦੇ ਸਨ, ਸਗੋਂ ਇਸ ਨੇ ਸੈਂਕੜੇ ਸ਼ਾਗਿਰਦਾਂ ਨੂੰ ਵੀ ਸ਼ਾਇਰੀ ਦੇ ਫ਼ਨ ਦਾ ਰਸਤਾ ਵਿਖਾਇਆ। ਇਸ ਦੇ ਸ਼ਾਗਿਰਦਾਂ ਨੇ 1957 ਵਿਚ ਇਸ ਨੂੰ ਇਕ ਅਭਿਨੰਦਨ ਗ੍ਰੰਥ ਵੀ ਪੇਸ਼ ਕੀਤਾ। ਸੰਨ 1961 ਵਿਚ ਪੰਜਾਬ ਸਰਕਾਰ ਨੇ ਇਸ ਨੂੰ ਸਨਮਾਨਿਤ ਕੀਤਾ। ਸੰਨ 1971 ਵਿਚ ਭਾਰਤ ਸਰਕਾਰ ਨੇ ਉਰਦੂ ਲਈ ਇਸ ਦੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ ਹੋਇਆਂ, ਇਸ ਨੂੰ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ। 27ਜਨਵਰੀ, 1976ਨੂੰ ਮਲਸੀਆਂ ਵਿਚ ਹੀ ਇਸ ਦਾ ਦੇਹਾਂਤ ਹੋ ਗਿਆ।

ਜੋਸ਼ ਨੇ ਬਚਪਨ ਤੋਂ ਹੀ ਸ਼ਾਇਰੀ ਆਰੰਭ ਕਰ ਦਿੱਤੀ ਸੀ। ਸੰਨ 1902 ਵਿਚ ਇਸ ਨੇ ਦਾਗ ਦੇਹਲਵੀ ਤੋਂ ਇਸਲਾਹ ਲੈਣੀ ਸ਼ੁਰੂ ਕੀਤੀ ਪਰ 1905 ਵਿਚ ਦਾਗ ਦੀ ਮੌਤ ਨਾਲ ਇਹ ਸਿਲਸਲਾ ਖ਼ਤਮ ਹੋ ਗਿਆ। ਉਸ ਤੋਂ ਪਿੱਛੋਂ ਇਸ ਨੇ ਕਿਸੇ ਤੋਂ ਆਪਣੀ ਸ਼ਾਇਰੀ ਲਈ ਇਸਲਾਹ ਨਹੀਂ ਲਈ। ਜੋਸ਼ ਦੀ ਸ਼ਾਇਰੀ ਵਿਚ ਦਾਗ ਦੀ ਸ਼ਾਇਰੀ ਵਾਲੀ ਸ਼ੋਖੀ ਤਾਂ ਹੈ ਪਰ ਉਸ ਵਰਗੇ ਚੋਚਲੇ ਨਹੀਂ ਹਨ। ਕਈ ਵਾਰ ਤਾਂ ਜੋਸ਼ ਦੇ ਕਲਾਮ ਵਿਚ ਹਾਲੀ ਦੇ ਕਲਾਮ ਵਰਗੀ ਗੰਭੀਰਤਾ ਝਲਕਦੀ ਹੈ। ਇਸ ਦੇ ਕਲਾਮ ਵਿਚ ਸਾਦਗੀ, ਜ਼ਬਾਨ ਦਾ ਚਟਖ਼ਾਰਾ, ਬਿਆਨ ਦੀ ਸਫ਼ਾਈ ਤੇ ਹਰ ਖ਼ਿਆਲ ਨੂੰ ਪਾਕੀਜ਼ਗੀ ਨਾਲ ਪੇਸ਼ ਕਰਨ ਦੇ ਗੁਣ ਮਿਲਦੇ ਹਨ। ਉਹ ਸ਼ਾਇਰੀ ਦੇ ਫ਼ਨ ਦੇ ਅਸੂਲਾਂ ਦੀ ਸਖ਼ਤੀ ਨਾਲ ਪਾਬੰਦੀ ਕਰਦਾ ਸੀ ਤੇ ਆਪਣੇ ਸ਼ਾਗਿਰਦਾਂ ਤੋਂ ਵੀ ਅਜਿਹੀ ਆਸ ਰੱਖਦਾ ਸੀ। ਇਸ ਨੇ ਨਜ਼ਮਾਂ, ਰੁਬਾਈਆਂ ਤੇ ਕਤੇਅ ਵੀ ਲਿਖੇ ਹਨ ਪਰ ਮੂਲ ਰੂਪ ਵਿਚ ਇਹ ਗਜ਼ਲ ਦਾ ਹੀ ਸ਼ਾਇਰ ਸੀ। ਇਸ ਦੇ ਮਿਜਾਜ਼ ਦੀ ਸਾਦਗੀ ਇਸ ਦੇ ਕਲਾਮ ਵਿਚ ਵੀ ਝਲਕਦੀ ਹੈ। ਇਸ ਦੇ ਕਲਾਮ ਦੇ ਪੰਜ ਸੰਗ੍ਰਹਿ ਛਪ ਚੁੱਕੇ ਹਨ–ਬਾਦਾਏ-ਸਰਜੋਸ਼, 'ਜਨੂਨੇ-ਹੋਸ਼', 'ਫ਼ਿਰਦੋਸੇ-ਗੋਸ਼', 'ਨਗ-ਮਾਏ ਸਰੋਸ਼' ਅਤੇ 'ਦਾਵਤੇ ਅਮਲ'। ਇਸ ਨੇ 'ਦੀਵਾਨੇ ਗ਼ਾਲਿਬ' ਦੀ ਵਿਆਖਿਆ ਵੀ ਲਿਖੀ ਹੈ ਅਤੇ ਉਰਦੂ ਫ਼ਾਰਸੀ ਵਿਆਕਰਣ ਦੀਆਂ ਪੁਸਤਕਾਂ ਵੀ। ਸ਼ਾਇਰੀ ਤੇ ਸ਼ਾਇਰੀ ਦੀ ਕਲਾ ਸਬੰਧੀ ਇਸ ਨੇ ਕਈ ਮਹੱਤਵਪੂਰਨ ਲੇਖ ਵੀ ਲਿਖੇ ਹਨ।

–ਆਜ਼ਾਦ ਗੁਲਾਟੀ

**ਜੋਸ਼ ਮਲੀਹਾਬਾਦੀ** : ਇਹ ਉਰਦੂ ਦਾ ਪ੍ਰਸਿੱਧ ਸ਼ਾਇਰ ਹੋਇਆ ਹੈ। ਇਸ ਦਾ ਪੂਰਾ ਨਾਂ ਸ਼ਬੀਰ ਅਹਿਮਦ ਖ਼ਾਨ ਜੋਸ਼ ਮਲੀਹਾਬਾਦੀ ਸੀ। ਇਸ ਦਾ ਜਨਮ 5ਦਸੰਬਰ, 1898ਨੂੰ ਮਲੀਹਾਬਾਦ (ਉੱਤਰ ਪ੍ਰਦੇਸ਼) ਵਿਚ ਹੋਇਆ। ਇਸ ਦੇ ਪਿਤਾ ਬਸ਼ੀਰ ਅਹਿਮਦ ਖ਼ਾਨ ਬਸ਼ੀਰ, ਦਾਦਾ ਨਵਾਬ ਮੁਹੰਮਦ ਅਹਿਮਦ ਖ਼ਾਨ ਅਹਿਮਦ ਤੇ ਪੜਦਾਦਾ ਨਵਾਬ ਫ਼ਕੀਰ ਮੁਹੰਮਦ ਖ਼ਾਨ ਗੋਯਾ ਸਾਰੇ ਹੀ ਸਾਹਿਬੇ ਦੀਵਾਨ ਸ਼ਾਇਰ ਸਨ। ਇਸ ਨੇ ਵਿੱਦਿਆ ਸੀਤਾਪੁਰ, ਲਖਨਊ, ਅਲੀਗੜ੍ਹ ਤੇ ਆਗਰਾ ਤੋਂ ਪ੍ਰਾਪਤ ਕੀਤੀ। ਸੰਨ 1918 ਵਿਚ ਛੇ ਮਹੀਨੇ ਲਈ ਇਹ ਸ਼ਾਂਤੀ ਨਿਕੇਤਨ ਵੀ ਰਿਹਾ ਸੀ।

ਆਪਣੇ ਪਿਤਾ ਦੇ ਦੇਹਾਂਤ ਉਪਰੰਤ ਜੋਸ਼ ਕੁਝ ਸਮੇਂ ਲਈ ਖ਼ਾਨਦਾਨੀ ਜਾਇਦਾਦ ਦੀ ਦੇਖਭਾਲ ਵਿਚ ਲਗਿਆ ਰਿਹਾ। ਸੰਨ 1925 ਤੋਂ 1934 ਤੱਕ ਇਹ ਦਾਰੁਲਤਰਜਮਾ ਹੈਦਰਾਬਾਦ ਵਿਚ ਸਾਹਿਤਕ ਕੰਮਾਂ ਦਾ ਨਿਗਰਾਨ ਰਿਹਾ। ਸੰਨ 1943 ਤੋਂ 1946 ਤੱਕ ਇਹ ਪੂਨੇ ਤੇ ਬੰਬਈ ਵਿਚ ਸ਼ਾਲੀਮਾਰ ਪਿਕਚਰਜ਼ ਦੀਆਂ ਫਿਲਮਾਂ ਦੇ ਗਾਣੇ ਤੇ ਸੰਵਾਦ ਲਿਖਦਾ ਰਿਹਾ। ਫਿਰ 1948ਤੋਂ 1955ਤੱਕ ਦਿੱਲੀ ਵਿਚ ਉਰਦੂ ਦੇ ਪ੍ਰਸਿੱਧ ਰਸਾਲੇ 'ਆਜ ਕਲ' ਦਾ ਸੰਪਾਦਨ ਕਰਦਾ ਰਿਹਾ। ਭਾਰਤ ਸਰਕਾਰ ਵੱਲੋਂ ਇਸ ਨੂੰ ਪਦਮ ਭੂਸ਼ਨ ਦੀ ਪਦਵੀ ਨਾਲ ਸਨਮਾਨਿਆ ਗਿਆ। ਸੰਨ 1956 ਵਿਚ ਇਹ ਭਾਰਤ ਛੱਡ ਕੇ ਪਾਕਿਸਤਾਨ ਚਲਾ ਗਿਆ ਪਰ ਉਥੇ ਇਸ ਨੂੰ ਉਹ ਸਤਿਕਾਰ ਹਾਸਲ ਨਾ ਹੋਇਆ ਜਿਸ ਦੀ ਇਹ ਤਮੰਨਾ ਕਰਦਾ ਸੀ। 22 ਫ਼ਰਵਰੀ, 1982 ਨੂੰ ਇਸਲਾਮਾਬਾਦ (ਪਾਕਿਸਤਾਨ) ਵਿਚ ਇਸ ਦਾ ਦੇਹਾਂਤ ਹੋ ਗਿਆ।

ਜੋਸ਼ ਨੇ ਸ਼ਾਇਰੀ ਬਚਪਨ ਤੋਂ ਹੀ ਸ਼ੁਰੂ ਕਰ ਦਿੱਤੀ ਸੀ। ਉਹ ਕਾਫ਼ੀ ਸਮੇਂ ਤੱਕ ਅਜੀਜ਼ ਲਖਨਵੀ ਪਾਸੋਂ ਗਿਲ ਇਸਲਾਹ ਲੈਂਦੇ ਰਹੇ। ਉਨ੍ਹਾਂ ਦੇ ਕਲਾਮ ਦੇ 18 ਸੰਗ੍ਰਹਿ ਛੱਪ ਚੁੱਕੇ ਹਨ। ਪਹਿਲਾ ਸੰਗ੍ਰਹਿ 'ਰੂਹੇ ਅਦਬ' ਸੀ। ਸੰਨ 1967 ਵਿਚ ਇਸ ਦਾ ਆਖ਼ਰੀ ਸੰਗ੍ਰਹਿ 'ਨਮੂਮੇ ਜਵਾਹਰ' ਛਪਿਆ। ਵਾਰਤਕ ਵਿਚ ਇਸ ਦੀਆਂ ਚਾਰ ਪੁਸਤਕਾਂ ਛਪੀਆਂ ਹਨ ਜਿਨ੍ਹਾਂ ਵਿਚੋਂ 'ਯਾਦੋਂ ਕੀ ਬਾਰਾਤ' ਬਹੁਤ ਚਰਚਿਤ ਰਹੀ ਹੈ। ਹੰਝੂਆਂ ਤੇ ਹਾਸਿਆਂ ਵਿਚ ਡੁਬੀਆਂ ਇਹ ਯਾਦਾਂ ਬੜੀ ਰੌਚਕ ਕਥਾ ਪੇਸ਼ ਕਰਦੀਆਂ ਹਨ।

ਜੋਸ਼ ਦੀ ਸ਼ਾਇਰੀ ਵਿਚ ਸ਼ਬਦਾਂ ਦੀ ਜਾਦੂਗਰੀ ਹੈ। ਇਸ ਦੀ ਸ਼ੈਲੀ ਵਿਚ ਸੰਗੀਤ ਰੰਗੀਨੀ ਦੇ ਭਾਵਾਂ ਦਾ ਬੜਾ ਸੁੰਦਰ ਸੁਮੇਲ ਹੈ। ਇਹ ਸੁੰਦਰ ਉਪਮਾਵਾਂ ਦਾ ਬਾਦਸ਼ਾਹ ਹੈ। ਸੰਨ 1935 ਵਿਚ ਜਦੋਂ ਤਰੱਕੀ ਪਸੰਦ ਤਹਿਰੀਕ ਸ਼ੁਰੂ ਹੋਈ ਤਾਂ ਜੋਸ਼ ਦੇ ਰੁਮਾਨੀ ਤੇ ਇਨਕਲਾਬੀ ਲਹਿਜੇ ਨੇ ਇਸ ਨੂੰ ਜਲਦੀ ਹੀ ਇਸ ਤਹਿਰੀਕ ਦਾ ਆਗੂ ਬਣਾ ਦਿੱਤਾ। ਸੰਨ 1939 ਵਿਚ ਇਸ ਦੀ ਪ੍ਰਸਿੱਧ ਨਜ਼ਮ 'ਹਰਫ਼ੇ-ਆਖ਼ਿਰ' ਛਪੀ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਜੋਸ਼ ਬਦਲਦੇ ਜ਼ਮਾਨੇ ਦੀ ਫਿਜ਼ਾ ਤੇ ਨਵੀਂ ਨਸਲ ਦੇ ਇਨਕਲਾਬੀ ਵਿਚਾਰਾਂ ਨੂੰ ਅਪਣਾ ਕੇ ਇਕ ਨਵੀਂ ਪ੍ਰਕਾਰ ਦੀ ਸ਼ਾਇਰੀ ਕਰਦਾ ਸੀ।

ਇਸ ਨੂੰ ਸ਼ਾਇਰੇ ਸ਼ਬਾਬ ਵੀ ਤੇ ਸ਼ਾਇਰੇ ਇਨਕਲਾਬ ਵੀ ਕਿਹਾ ਜਾਂਦਾ ਹੈ। ਇਸ ਦੀਆਂ ਨਜ਼ਮਾਂ 'ਸ਼ਿਕਸਤੇ ਜਿੰਦਾਂ ਕੀ ਖ਼ਾਬ' ਤੇ 'ਈਸਟ ਇੰਡੀਆ ਕੰਪਨੀ ਕੇ ਫਰਜ਼ੰਦੋਂ ਸੇ' ਵਿਚ ਆਜ਼ਾਦੀ ਲਈ ਤੜਪ ਅਤੇ ਦਿਲੀ ਧੜਕਣ ਸਪੱਸ਼ਟ ਸੁਣਾਈ ਦਿੰਦੀ ਹੈ। ਉਹ ਇਕ ਅਜਿਹਾ ਸਮਾਜ ਸਿਰਜਣਾ ਚਾਹੁੰਦਾ ਸੀ ਜਿਥੇ ਜਨ-ਸਾਧਾਰਣ ਨਾਲ ਕੋਈ ਵਧੀਕੀ ਨਾ ਹੋਵੇ। ਇਸ ਦੀਆਂ ਨਜ਼ਮਾਂ ਦਾ ਮਰਦਾਨਾ ਤੇ ਬੇਬਾਕ ਲਹਿਜਾ ਇਨਕਲਾਬੀ ਵਿਚਾਰਾਂ ਦਾ ਨਿਧੜਕ ਪ੍ਰਗਟਾਅ ਅਤੇ ਜ਼ਬਾਨ ਤੇ ਬਿਆਨ ਤੇ ਪੂਰਾ ਨਿਯੰਤਰਨ ਅਜਿਹੇ ਗੁਣ ਹਨ ਜਿਨ੍ਹਾਂ ਨੇ ਇਸ ਨੂੰ ਸਤਿਕਾਰ ਦਾ ਪਾਤਰ ਬਣਾਇਆ।

–ਆਜ਼ਾਦ ਗੁਲਾਟੀ

**ਜੋਸ਼ੀ, ਉਮਾਸ਼ੰਕਰ ਜੇਠਾਲਾਲ** : ਇਸ ਗੁਜਰਾਤੀ ਸਾਹਿਤਕਾਰ ਦਾ ਜਨਮ 21 ਜੁਲਾਈ, 1911 ਨੂੰ ਸਾਬਰਕੰਠਾ ਜ਼ਿਲ੍ਹੇ ਵਿਚ ਬਾਮਨਾ ਵਿਖੇ ਹੋਇਆ। ਐਮ. ਏ. ਤੱਕ ਸਿੱਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਕਈ ਸਿੱਖਿਆ ਸੰਸਥਾਵਾਂ ਵਿਚ ਸਿੱਖਿਅਕ ਵਜੋਂ ਕੰਮ ਕੀਤਾ। ਸੰਨ 1954 ਤੋਂ 1970 ਤੱਕ ਇਹ ਗੁਜਰਾਤ ਯੂਨੀਵਰਸਿਟੀ ਵਿਚ ਗੁਜਰਾਤੀ ਭਾਸ਼ਾ ਦਾ ਪ੍ਰੋਫੈਸਰ ਅਤੇ ਸਕੂਲ ਆਫ਼ ਲੈਂਗੁਏਜਿਜ਼ ਐਂਡ ਲਿਟਰੇਚਰ ਦਾ ਡਾਇਰੈਕਟਰ ਸੀ। ਸੰਨ 1966 ਤੋਂ 72 ਤੱਕ ਇਹ ਗੁਜਰਾਤ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਰਿਹਾ। ਸੰਨ 1978 ਵਿਚ ਇਹ ਸਾਹਿਤ ਅਕਾਦਮੀ ਦਾ ਪ੍ਰੈਜ਼ੀਡੈਂਟ ਬਣਿਆ। ਸਿਵਲ ਨਾ-ਫ਼ਰਮਾਨੀ ਅੰਦੋਲਨ ਦੌਰਾਨ ਜੋਸ਼ੀ ਨੂੰ 1930 ਤੋਂ 1932 ਤੱਕ ਜੇਲ੍ਹ ਜਾਣਾ ਪਿਆ। ਸੰਨ 1947 ਤੋਂ ਇਹ ਸੰਸਕ੍ਰਿਤੀ ਰਸਾਲੇ ਦਾ ਸੰਪਾਦਕ ਬਣਿਆ। ਸੰਨ 1970-76 ਵਿਚ ਇਹ ਰਾਜ ਸਭਾ ਦਾ ਮੈਂਬਰ ਰਿਹਾ। ਸੰਨ 1978 ਵਿਚ ਇਹ ਵਿਸ਼ਵ-ਭਾਰਤੀ ਯੂਨੀਵਰਸਿਟੀ ਦਾ ਚਾਂਸਲਰ ਨਿਯੁਕਤ ਹੋਇਆ।

ਜੋਸ਼ੀ ਦੀਆਂ ਰਚਨਾਵਾਂ ਵਿਚ ਕਵਿਤਾਵਾਂ, ਨਾਟਕ, ਨਿੱਕੀਆਂ ਕਹਾਣੀਆਂ ਅਤੇ ਆਲੋਚਨਾ ਸ਼ਾਮਲ ਹਨ, ਜਿਨ੍ਹਾਂ ਵਿਚੋਂ 'ਵਿਸ਼ਵ ਸ਼ਾਂਤੀ', 'ਗੰਗੋਤਰੀ', 'ਪ੍ਰਾਚੀਨਾ', 'ਵਸੰਤ ਵਰਸ਼ਾ', 'ਸਪੱਨਾ ਭਾਰਾ', 'ਅਤਿਥਯਾ', 'ਨਿਸ਼ੀਥ', 'ਸ੍ਰਾਵਾਨੀ ਮੈਲੋ', 'ਨਿਰੀਕਸ਼ਾ' ਆਦਿ ਪ੍ਰਸਿੱਧ ਹਨ। ਇਸ ਨੇ ਕਿੰਨੇ ਹੀ ਪੁਰਸਕਾਰ ਪ੍ਰਾਪਤ ਕੀਤੇ। ਸੰਨ 1939 ਵਿਚ ਇਸ ਨੇ ਰਣਜੀਤ ਰਾਮ ਗੋਲਡ ਮੈਡਲ, 1944 ਈ. ਵਿਚ ਮਹੀਦਾ ਐਵਾਰਡ, 1945 ਈ. ਵਿਚ ਨਰਮਦ ਗੋਲਡ ਮੈਡਲ, 1966 ਈ. ਵਿਚ ਉਮਾ ਸਨੇਹਰਸ਼ਮੀ ਐਵਾਰਡ, 1968 ਈ. ਵਿਚ ਨਾਨਾਲਾਲ ਪੋਇਟਰੀ ਐਵਾਰਡ, 1968 ਈ. ਵਿਚ ਹੀ ਕੰਨੜ ਲੇਖਕ ਨਾਲ ਸਾਂਝੇ ਤੌਰ ਤੇ ਭਾਰਤੀ ਗਿਆਨ ਪੀਠ ਪੁਰਸਕਾਰ ਅਤੇ 1973 ਵਿਚ ਸਾਹਿਤ ਅਕੈਡਮੀ ਪੁਰਸਕਾਰ ਪ੍ਰਾਪਤ ਕੀਤਾ।

ਹ. ਪੁ.–ਇੰਡੀਆ ਹੂਜ਼ ਹੂ. 1985

**ਜੋਸ਼ੀ, ਦਮਯੰਤੀ** : ਇਸ ਨਰਤਕੀ ਦਾ ਜਨਮ 5 ਦਸੰਬਰ, 1932 ਨੂੰ ਬੰਬਈ ਵਿਖੇ ਹੋਇਆ। ਇਸ ਨੇ ਬੀ. ਏ. ਤੱਕ ਸਿੱਖਿਆ ਪ੍ਰਾਪਤ ਕੀਤੀ। ਸੰਨ 1954 ਤੋਂ ਇਸ ਨੇ ਕੱਥਕ ਦੇ ਪ੍ਰੋਗਰਾਮ ਪੇਸ਼ ਕਰਨੇ ਆਰੰਭ ਕੀਤੇ। ਭਾਰਤ ਸਰਕਾਰ ਦੇ ਸਭਿਆਚਾਰਕ ਪ੍ਰਤਿਨਿਧ-ਮੰਡਲ ਦੇ ਮੈਂਬਰ ਵਜੋਂ ਇਸ ਨੇ ਕਈ ਦੇਸ਼ਾਂ ਦਾ ਦੌਰਾ ਕੀਤਾ। ਸੰਨ 1963 ਵਿਚ ਇੰਗਲੈਂਡ ਅਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਇਸ ਨੇ ਇਕੱਲੇ ਤੌਰ ਤੇ ਵੀ ਜਾ ਕੇ ਪ੍ਰੋਗਰਾਮ ਦਿੱਤੇ। ਇਹ ਭਾਰਤ ਸੰਗੀਤ ਸਭਾ ਦੀ ਬਾਨੀ ਮੈਂਬਰ ਹੈ। ਸੰਨ 1968 ਵਿਚ ਇਸ ਨੂੰ ਕੱਥਕ ਨਾਚ ਲਈ ਸੰਗੀਤ ਨਾਟਕ ਅਕਾਦਮੀ ਐਵਾਰਡ ਅਤੇ ਬਾਅਦ ਵਿਚ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ। ਇਹ ਕਈ ਬੋਰਡਾਂ ਅਤੇ ਕੇਂਦਰਾਂ ਦੀ ਮੈਂਬਰ ਹੈ ਅਤੇ ਡਾਂਸਰਜ਼ ਗਿਲਡ ਦੀ ਪ੍ਰਧਾਨ ਹੈ।

ਹ. ਪੁ.–ਇੰਡੀਆ ਹੂਜ਼ ਹੂ. 1982; ਡਾਂਸ ਇਨ ਇੰਡੀਆ-ਈਨਾਕਸ਼ੀ ਭਵਾਨੀ

**ਜੋਸ਼ੀਪੁਰ** : ਉੜੀਸਾ ਰਾਜ (ਭਾਰਤ) ਦੇ ਮਯੂਰਭੰਜ ਜ਼ਿਲ੍ਹੇ ਦੇ ਪੰਜ ਪੀਰ ਉਪਮੰਡਲ ਵਿਚ ਇਕ ਵੱਡਾ ਸ਼ਹਿਰ ਹੈ। ਇਹ ਕਲਕੱਤਾ ਤੋਂ ਬੰਬਈ ਜਾਣ ਵਾਲੇ ਰੇਲ ਮਾਰਗ ਉਪਰ, ਕਲਕੱਤਾ ਤੋਂ 243 ਕਿ. ਮੀ. ਦੂਰ ਦੱਖਣ-ਪੱਛਮ ਵੱਲ ਸਥਿਤ ਹੈ। ਇਸ ਸ਼ਹਿਰ ਦੇ ਨੇੜੇ ਚੀਨੀ ਮਿੱਟੀ ਕਾਫ਼ੀ ਮਿਲਦੀ ਹੈ। ਇਸ ਮਿੱਟੀ ਦੇ ਖਣਿਜਾਂ ਕਰਕੇ ਸ਼ਹਿਰ ਵਿਚ ਕਈ ਉਦਯੋਗ ਧੰਦੇ ਹਨ।

21° 58' ਉ. ਵਿਥ.; 86° 04' ਪੂ. ਲੰਬ.

ਹ. ਪੁ.–ਹਿੰ. ਵਿ. ਕੋ. 5 : 64

**ਜੋਸ਼ੀ, ਭੀਮਸੈਨ ਗੁਰਾਰਾਜ** : ਇਸ ਉੱਘੇ ਸੰਗੀਤਕਾਰ ਦਾ ਜਨਮ 14 ਫ਼ਰਵਰੀ, 1922 ਨੂੰ ਹੋਇਆ। ਇਸ ਨੇ ਰਾਮਭਾਊ ਕੁੰਡਗੋਲਕਰ ਤੋਂ ਸਿੱਖਿਆ ਪ੍ਰਾਪਤ ਕੀਤੀ। ਇਹ ਕਿਰਾਨਾ ਘਰਾਣੇ ਦੇ

ਸੰਨ 1977 ਵਿਚ ਇਸ ਨੂੰ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਅਤੇ 1975 ਈ. ਵਿਚ ਸੰਗੀਤ ਨਾਟਕ ਅਕਾਦਮੀ ਐਵਾਰਡ ਦੇ ਕੇ ਸਨਮਾਨਿਆ ਗਿਆ। ਸੰਨ 1978 ਦੌਰਾਨ ਇਸ ਨੇ ਬਰਤਾਨੀਆ, ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਿਚ ਆਪਣੇ ਸੰਗੀਤ ਦੇ ਪ੍ਰੋਗਰਾਮ ਪੇਸ਼ ਕੀਤੇ।

ਹ. ਪੁ.–ਇੰਡੀਆ ਹੂਜ਼ ਹੂ. 1985

**ਜੋਸ਼ੀ, ਮਹਿੰਦਰ ਸਿੰਘ** : ਪੰਜਾਬੀ ਗੱਲਪ ਸਾਹਿਤ ਦੇ ਇਸ ਉੱਘੇ ਲੇਖਕ ਅਤੇ ਕਾਨੂੰਨੀ ਖੇਤਰ ਦੇ ਸੁਪ੍ਰਸਿੱਧ ਵਿਅਕਤੀ ਦਾ ਜਨਮ 10 ਅਕਤੂਬਰ, 1919 ਨੂੰ ਉਸ ਸਮੇਂ ਦੀ ਬਹਾਵਲਪੁਰ ਰਿਆਸਤ (ਪਾਕਿਸਤਾਨ) ਵਿਚ ਚੱਕ ਬੋਦਲਾ ਵਿਖੇ ਸ. ਹਾਕਮ ਸਿੰਘ ਦੇ ਘਰ ਹੋਇਆ। ਇਸ ਨੇ ਐਮ. ਏ. ਅਤੇ ਐੱਲ. ਐੱਲ. ਬੀ. ਦੀ ਵਿੱਦਿਆ ਪ੍ਰਾਪਤ ਕੀਤੀ।



ਮਹਿੰਦਰ ਸਿੰਘ ਜੋਸ਼ੀ

ਇਸ ਨੇ ਆਪਣਾ ਸਾਹਿਤਕ ਜੀਵਨ ਦੇਸ਼ ਪਿਆਰ ਦੀ ਕਵਿਤਾ ਨਾਲ ਆਰੰਭ ਕੀਤਾ ਪਰ ਗੱਲਪ ਖੇਤਰ ਵਿਚ ਵੀ ਇਸ ਦੀ ਅਮਿਟ ਛਾਪ ਹੈ। ਇਸ ਨੇ ਇਸਤਰੀ ਦੀ ਦੁਰਦਸ਼ਾ ਦੇ ਵਿਸ਼ੇ ਤੇ ਕਹਾਣੀਆਂ ਲਿਖ ਕੇ ਇਸਤਰੀ ਨੂੰ ਚੇਤਨ ਤੇ ਜਾਗ੍ਰਿਤ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਦੀ ਬੁਨਿਆਦੀ ਹਮਦਰਦੀ ਪੇਂਡੂ ਤੇ ਸ਼ਹਿਰੀ ਸਮਾਜ ਦੇ ਪਛੜੇ ਵਰਗਾਂ ਨਾਲ ਹੈ, ਜਿਨ੍ਹਾਂ ਦੀਆਂ ਦੱਬੀਆਂ ਤੇ ਮੂਕ ਭਾਵਨਾਵਾਂ ਨੂੰ ਇਸ ਨੇ ਜ਼ੋਰਦਾਰ ਢੰਗ ਨਾਲ ਬਿਆਨਿਆ ਹੈ। ਆਪਣੀਆਂ ਨਵੀਆਂ ਰਚਨਾਵਾਂ ਵਿਚ ਇਸ ਨੇ ਸਮਾਜ ਦੇ ਪਲ-ਪਲ ਬਦਲ ਰਹੇ ਰੂਪਾਂ ਨੂੰ ਬੜੀ ਸੁਹਿਰਦਤਾ ਤੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਦੀ ਹਰ ਸਾਹਿਤਕ ਰਚਨਾ ਵਿਚ ਕਾਨੂੰਨੀ ਖੇਤਰ ਦੀ ਬਾਰੀਕਬੀਨੀ ਅਤੇ ਨਿਆਂ ਲਈ ਲੋੜੀਂਦੀਆਂ ਕੋਮਲ ਭਾਵਨਾਵਾਂ ਵੇਖੀਆਂ ਜਾ ਸਕਦੀਆਂ ਹਨ।

ਕਾਨੂੰਨੀ ਖੇਤਰ ਵਿਚ ਇਹ ਦਿੱਲੀ ਹਾਈਕੋਰਟ ਦੇ ਜੱਜ ਦੀ ਉੱਚੀ ਪਦਵੀ ਤੇ ਪਹੁੰਚ ਕੇ ਰਿਟਾਇਰ ਹੋਇਆ।

ਇਸ ਨੇ ਕਈ ਕਹਾਣੀ ਸੰਗ੍ਰਹਿ, ਨਾਵਲ ਅਤੇ ਹਿੰਦੀ ਕਹਾਣੀਆਂ ਲਿਖੀਆਂ। 'ਪ੍ਰੀਤਾਂ ਤੇ ਪਰਛਾਵੇਂ', 'ਤੋਟਾਂ ਤੇ ਤ੍ਰਿਪਤੀਆਂ', 'ਦਿਲ ਤੋਂ ਦੂਰ', 'ਕਿਰਨਾਂ ਦੀ ਰਾਖ', 'ਸੌਂਹ ਮੈਨੂੰ ਆਪਣੀ', 'ਬਰਫ਼ ਦੇ ਦਾਗ', 'ਦਰੋਪਦੀ ਦਾ ਦੋਸ਼', 'ਸ਼ਾਮ ਬੀਤਦੀ ਗਈ', 'ਫੂਸ ਦੀ ਅੱਗ' ਅਤੇ ਮੇਰੀਆਂ ਸ੍ਰੇਸ਼ਠ ਕਹਾਣੀਆਂ ਆਦਿ ਇਸ ਦੇ ਉੱਤਮ ਕਹਾਣੀ ਸੰਗ੍ਰਹਿ ਅਤੇ 'ਤੀਸਰਾ ਪੰਨਾ' ਅਤੇ 'ਦਿਲ ਸੇ ਦੂਰ' ਇਸ ਦੀਆਂ ਹਿੰਦੀ ਕਹਾਣੀਆਂ ਅਤੇ 'ਤਾਰਿਆਂ ਦੇ ਪੈਰ ਚਿੰਨ੍ਹ' ਤੇ 'ਮੋੜ ਤੋਂ ਪਾਰ' ਇਸ ਦੇ ਸੁਚੱਜੇ ਨਾਵਲ

ਹਨ। ਇਨ੍ਹਾਂ ਤੋਂ ਇਲਾਵਾ ਇਸ ਨੇ ਆਮ ਵਾਕਫ਼ੀ ਲਈ 'ਅਗਿਆਨ ਵਰਦਾਨ ਨਹੀਂ' ਨਾਮੀ ਪੁਸਤਕ ਅਤੇ 'ਮੇਰੇ ਪੱਤੇ ਮੇਰੀ ਖੇਡ' ਨਾਂ ਹੇਠ ਸਵੈ-ਜੀਵਨੀ ਲਿਖੀ ਹੈ।

ਆਪਣੇ ਵਿਸ਼ਾਲ ਅਨੁਭਵ, ਕਹਾਣੀ ਕਹਿਣ ਦੇ ਅਨੋਖੇ ਅੰਦਾਜ਼, ਮਾਂਜੀ-ਸੰਵਾਰੀ ਭਾਸ਼ਾ ਤੇ ਕਾਵਿ-ਮਈ ਸ਼ੈਲੀ ਕਾਰਨ ਹੀ ਇਸ ਨੂੰ ਪੰਜਾਬੀ ਦੇ ਸਾਹਿਤਕ ਖੇਤਰ ਵਿਚ ਉੱਘਾ ਸਥਾਨ ਪ੍ਰਾਪਤ ਹੋਇਆ। ਪੰਜਾਬੀ ਸਾਹਿਤ ਦੇ ਖੇਤਰ ਵਿਚ ਯੋਗਦਾਨ ਕਾਰਨ ਹੀ ਭਾਸ਼ਾ ਵਿਭਾਗ, ਪੰਜਾਬ ਵੱਲੋਂ 1986 ਈ. ਵਿਚ ਇਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਗਿਆ।

ਹ. ਪੁ.–ਸੁਵਿਨਰ ਸਾ. ਸਨ. ਸਮਾ. 1986

**ਜੋਸ਼ੀ ਮੱਠ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਗੜ੍ਹਵਾਲ ਜ਼ਿਲ੍ਹੇ ਵਿਚ ਸਮੁੰਦਰ ਤਲ ਤੋਂ 1,850 ਮੀ. ਦੀ ਉਚਾਈ ਉੱਤੇ ਧੌਲੀ ਅਤੇ ਬਿਸ਼ਨਗੰਗਾ ਦੇ ਸੰਗਮ ਤੋਂ 454 ਮੀ. ਦੀ ਉਚਾਈ ਉਪਰ ਸਥਿਤ ਇਕ ਕਸਬਾ ਹੈ। ਇਥੇ ਕਈ ਪ੍ਰਾਚੀਨ ਮੰਦਰ ਹਨ ਜਿਨ੍ਹਾਂ ਵਿਚੋਂ ਕੁਝ ਭੁਚਾਲਾਂ ਕਰਕੇ ਢਹਿ ਗਏ ਹਨ। ਇਥੇ ਕਸਬੇ ਵਿਚ ਬਦਰੀਨਾਥ ਮੰਦਰ ਦੇ ਪੁਜਾਰੀ ਦਾ ਸਰਦੀਆਂ ਦਾ ਨਿਵਾਸ ਅਸਥਾਨ ਹੈ।

30° 33′ ਉ. ਵਿਥ.; 79° 33′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 202

**ਜੋਸ਼ੁਆ ਫ਼ਜ਼ਲੁੱਦੀਨ** : ਪੰਜਾਬੀ ਦੇ ਇਸ ਸਾਹਿਤਕਾਰ ਦਾ ਜਨਮ 1903 ਈ. ਵਿਚ ਜਿਹਲਮ (ਹੁਣ ਪਾਕਿਸਤਾਨ) ਵਿਖੇ ਹੋਇਆ। ਮੁਢਲੀ ਸਿੱਖਿਆ ਸਥਾਨਕ ਸਕੂਲਾਂ ਵਿਚ ਪ੍ਰਾਪਤ ਕਰਨ ਉਪਰੰਤ ਇਸ ਨੇ ਐਫ. ਸੀ. ਕਾਲਿਜ ਲਾਹੌਰ ਤੋਂ ਬੀ. ਏ. ਕੀਤੀ ਅਤੇ ਕੁਝ ਦੇਰ ਮਿਸ਼ਨ ਸਕੂਲ ਅੰਬਾਲਾ ਵਿਚ ਅਧਿਆਪਕ ਰਿਹਾ। ਸੰਨ 1933 ਵਿਚ ਐੱਲ ਐੱਲ. ਬੀ. ਕਰਕੇ ਇਸ ਨੇ ਪਹਿਲਾਂ ਲਾਇਲਪੁਰ ਅਤੇ ਫੇਰ ਲਾਹੌਰ ਵਿਖੇ ਵਕਾਲਤ ਕੀਤੀ। ਸੰਨ 1951 ਵਿਚ ਇਹ ਪੰਜਾਬ ਅਸੈਂਬਲੀ ਦੇ ਈਸਾਈ ਹਲਕੇ ਵੱਲੋਂ ਐਮ. ਐਲ. ਏ. ਚੁਣਿਆ ਗਿਆ ਅਤੇ 24 ਅਗਸਤ, 1957 ਨੂੰ ਇਸ ਨੂੰ ਮੀਤ ਮੰਤਰੀ ਕਾਨੂੰਨ ਬਣਾਇਆ ਗਿਆ।



ਜੋਸ਼ੁਆ ਫ਼ਜ਼ਲੁੱਦੀਨ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਇਸ ਨੂੰ ਅਥਾਹ ਪਿਆਰ ਸੀ। ਸੰਨ 1938 ਵਿਚ ਇਸ ਨੇ ਲਾਇਲਪੁਰ ਤੋਂ 'ਪੰਜਾਬੀ ਦਰਬਾਰ' ਨਾਮੀ ਮਾਸਕ ਪੱਤਰ ਕੱਢਿਆ ਜੋ ਕਿ ਛੇ ਸਾਲ ਤੱਕ ਸਫ਼ਲਤਾ ਪੂਰਬਕ ਚਲਦਾ ਰਿਹਾ। ਇਹ ਪੱਤਰ ਪੰਜਾਬੀ ਸਾਹਿਤ ਦੇ ਖੇਤਰ ਵਿਚ ਇਕ ਵੱਡਮੁਲੀ ਦੇਣ ਸੀ। ਇਸ ਵਿਚ ਇਸ ਨੇ ਪੰਜਾਬੀ ਬੋਲੀ ਦੀ ਉਰਦੂ ਲਿਪੀ ਨੂੰ ਸੁਯੋਗ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਮਾਸਕ ਪੱਤਰ ਰਾਹੀਂ ਇਸ ਨੇ ਕਈਆਂ ਨੂੰ ਪੰਜਾਬੀ ਲਿਖਣ ਦੀ ਚੇਟਕ ਲਾ ਦਿੱਤੀ।

ਇਸ ਨੇ ਨਾਟਕ, ਕਹਾਣੀ, ਕਵਿਤਾ, ਨਾਵਲ ਆਦਿ ਸਭ ਕੁਝ ਲਿਖਿਆ ਹੈ। ਇਸ ਨੇ ਉਰਦੂ ਅਤੇ ਅੰਗਰੇਜ਼ੀ ਵਿਚ ਬਹੁਤ ਪੁਸਤਕਾਂ ਲਿਖੀਆਂ। ਇਸ ਦੀ ਸ਼ੈਲੀ ਸਰਲ, ਸਪਸ਼ਟ ਅਤੇ ਮਿੱਠੀ ਹੈ। ਇਸ ਦੀ ਕਵਿਤਾ ਵਿਚ ਸਰੋਦ ਦੀ ਪ੍ਰਧਾਨਤਾ ਹੈ। 'ਅਦਬੀ ਅਫ਼ਸਾਨੇ', 'ਯਸੂਹ ਮਸੀਹ ਦੀ ਜ਼ਿੰਦਗੀ', 'ਦਿਹਾਤੀ ਤਲਵਾਰ', 'ਮੁੰਡੇ ਦਾ ਮੁੱਲ', 'ਬਰਕਤੇ', 'ਪਤੀਵ੍ਰਤਾ ਕੁਮਲਾ', 'ਤਾਰੇ', 'ਪ੍ਰਭਾ' ਆਦਿ ਇਸ ਦੀਆਂ ਕੁਝ ਰਚਨਾਵਾਂ ਹਨ।

ਹ. ਪੁ.–ਪੰ. ਲਿ. ਕੋ; ਪੰ. ਸਾ. ਦਜ਼.

**ਜੋਸ਼ੁਆ, ਗਰਾਮ** : ਤੇਲਗੂ ਦੇ ਇਸ ਉੱਘੇ ਕਵੀ ਅਤੇ ਲੇਖਕ ਦਾ ਜਨਮ 28 ਅਕਤੂਬਰ, 1895 ਨੂੰ ਵਿਨੂਕੋਡਾ (ਜ਼ਿਲ੍ਹਾ ਗੰਟੂਰ) ਵਿਖੇ ਹੋਇਆ। ਚਾਰ ਨਾਟਕਾਂ ਅਤੇ ਤਿੰਨ ਨਾਵਲਾਂ ਤੋਂ ਇਲਾਵਾ ਇਸ ਨੇ ਕਵਿਤਾਵਾਂ ਦੀਆਂ ਦਸ ਪੁਸਤਕਾਂ ਛਪਵਾਈਆਂ। ਇਸ ਦਾ ਪ੍ਰਗਟਾਉ ਢੰਗ ਸੁਭਾਵਕ ਅਤੇ ਸ਼ੈਲੀ ਸਰਲ ਹੈ। ਇਸ ਦੇ ਪਾਠਕਾਂ ਅਤੇ ਸਰੋਤਿਆਂ ਨੇ ਇਸ ਨੂੰ ਕਈ ਤਰ੍ਹਾਂ ਦੀਆਂ ਉਪਾਧੀਆਂ ਪ੍ਰਦਾਨ ਕੀਤੀਆਂ ਜਿਵੇਂ 'ਕਵੀ ਕੋਕਿਲਾ', 'ਕਵੀਦੀਗਾਜ਼' ਅਤੇ 'ਕਵੀ ਚਕਰਵਰਤੀ'। ਸੰਨ 1964 ਵਿਚ ਇਸ ਨੂੰ ਇਸ ਦੀ ਪੁਸਤਕ 'ਕ੍ਰੀਸਤੂ ਚਰਿਤਰਾ' ਤੇ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

ਹ. ਪੁ.–ਐਨ. ਬ੍ਰਿ. 1 : 544

**ਜੋਹੜ ਸਾਹਿਬ** : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਜੋ ਕਿ ਹਿਮਾਚਲ ਪ੍ਰਦੇਸ਼ ਦੀ ਤਹਿਸੀਲ ਕੰਡਾਘਾਟ ਦੇ ਥਾਣਾ ਧਰਮਪੁਰ ਵਿਚ ਹੈ। ਇਹ ਰੇਲਵੇ ਸਟੇਸ਼ਨ ਧਰਮਪੁਰ ਅਤੇ ਕੁਮਾਰਹੱਟੀ ਤੋਂ 13-14 ਕਿ. ਮੀ. ਹੈ। ਗੁਰੂ ਜੀ ਉਪਦੇਸ਼ ਕਰਦੇ ਕਰਦੇ ਇਸ ਥਾਂ ਵਿਰਾਜੇ ਸਨ। ਉਨ੍ਹਾਂ ਨੇ ਇਥੋਂ ਦੇ ਮਾਹੀਆਂ ਗੁੱਜਰ ਦੀ ਬੇਨਤੀ ਮੰਨਕੇ ਇਕ ਪੱਥਰ ਦੀ ਸਿਲਾ ਚੁੱਕ ਕੇ ਜਲ ਕੱਢਿਆ, ਜਿਥੇ ਹੁਣ ਨਿੱਕਾ ਜਿਹਾ ਪੱਕਾ ਤਾਲ ਹੈ। ਇਸ ਦਾ ਨਾਂ 'ਮਾਹੀਆ ਜੋਹੜ' ਵਜੋਂ ਪ੍ਰਸਿੱਧ ਹੈ। ਇਸ ਦੇ ਪਾਸ ਹੀ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦੇ ਨਾਲ ਪਹਾੜੀ ਇਲਾਕੇ ਦੀ ਬਹੁਤ ਸਾਰੀ ਜ਼ਮੀਨ ਹੈ। ਜੇਠ ਅਤੇ ਕੱਤਕ ਵਿਚ ਏਥੇ ਮੇਲਾ ਭਰਦਾ ਹੈ ਅਤੇ ਲੰਗਰ ਚਲਦਾ ਹੈ।

ਹ. ਪੁ.–ਮ. ਕੋ. : 1535

**ਜੋਹੈਨਸਬਰਗ** : ਦੱਖਣੀ ਅਫ਼ਰੀਕਾ ਗਣਰਾਜ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਅਫ਼ਰੀਕਾ ਮਹਾਂਦੀਪ ਵਿਚ ਕਾਹਿਰਾ ਤੋਂ ਪਿੱਛੋਂ ਦੂਜਾ ਵੱਡਾ ਸ਼ਹਿਰ ਅਤੇ ਸੰਸਾਰ ਪ੍ਰਸਿੱਧ ਸੋਨੇ ਦੀਆਂ ਖਾਣਾ ਵਾਲਾ ਸ਼ਹਿਰ ਹੈ ਜਿਹੜਾ ਦੇਸ਼ ਦੇ ਟ੍ਰਾਂਸਵਾਲ ਪ੍ਰਾਂਤ ਵਿਚ ਡਰਬਨ ਸ਼ਹਿਰ ਤੋਂ 480 ਕਿ ਮੀ. ਉੱਤਰ-ਪੱਛਮ ਵੱਲ ਅਤੇ ਹਿੰਦ ਮਹਾਂਸਾਗਰ ਦੇ ਤਟ ਤੋਂ ਦੂਰ ਉੱਤਰ-ਪੱਛਮ ਵਿਚ ਵਿਟਵਾਟਰਜ਼ਰਾਂਡ ਪਰਬਤ ਉਪਰ 1,753 ਮੀ. ਦੀ ਉਚਾਈ ਉੱਤੇ ਸਥਿਤ ਹੈ। ਇਹ ਆਪਣੇ ਹੀ ਢੰਗ ਦਾ ਸ਼ਹਿਰ ਹੈ ਜਿਹੜਾ ਕਿਸੇ ਦਰਿਆ, ਸਮੁੰਦਰੀ ਤਟ ਜਾਂ ਕਿਸੇ ਝੀਲ ਦੇ ਕੰਢੇ ਵਸਿਆ ਹੋਣ ਦੀ ਬਜਾਇ ਪਰਬਤਾਂ ਉੱਤੇ ਸਥਿਤ ਹੋਣ ਤੇ ਵੀ ਇੰਨਾ ਵੱਡਾ ਹੈ। ਇਸ ਵਿਚ ਆਲੇ-ਦੁਆਲੇ ਦੇ ਕਈ ਛੋਟੇ ਸ਼ਹਿਰ ਵੀ ਸ਼ਾਮਲ ਹਨ। ਇਸ ਨੂੰ ਗ੍ਰੇਟਰ ਜੋਹੈਨਸਬਰਗ ਜਾਂ ਗੋਲਡਨ ਸਿਟੀ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਜੋਹੈਨਸਬਰਗ ਭਾਵੇਂ ਸਮੁੰਦਰ ਤੋਂ ਦੂਰ ਹੈ ਅਤੇ ਅੰਦਰੂਨੀ ਜਿਹੇ ਖੇਤਰ ਵਿਚ ਪੈਂਦਾ ਹੈ ਪਰ ਉਚਾਈ ਕਾਰਨ ਇਥੋਂ ਦੀ ਜਲਵਾਯੂ ਬੜੀ ਸੁਹਾਵਣੀ ਹੈ। ਦਸੰਬਰ ਮਹੀਨੇ ਦਾ ਔਸਤ ਤਾਪਮਾਨ 20° ਸੈਂ. ਅਤੇ ਜੁਲਾਈ ਦਾ 10° ਸੈਂ. ਹੁੰਦਾ ਹੈ। ਸਾਲ ਵਿਚ ਵਰਖਾ 75 ਸੈਂ. ਮੀ. ਹੁੰਦੀ ਹੈ। ਦਿਨ ਵਿਚ ਧੁੱਪ ਵੀ ਚੰਗੀ ਪੈਂਦੀ ਹੈ। ਗਰਮੀਆਂ ਵਿਚ 9 ਘੰਟੇ ਅਤੇ ਸਰਦੀਆਂ ਵਿਚ 7 ਘੰਟੇ ਤੋਂ ਵੀ ਵੱਧ ਸੂਰਜ ਦੀ ਧੁੱਪ ਰਹਿੰਦੀ ਹੈ। ਸ਼ਹਿਰ ਦੇ ਛੋਟੇ ਉਪ-ਨਗਰਾਂ ਵਿਚਲੇ ਬਾਗ਼ ਇਥੋਂ ਦੀ ਖ਼ੂਬਸੂਰਤੀ ਵਿਚ ਵਾਧਾ ਕਰਦੇ ਹਨ।

ਇਸ ਸ਼ਹਿਰ ਦਾ ਇਤਿਹਾਸ ਸੋਨੇ ਦੀ ਖੋਜ ਨਾਲ ਜੁੜਿਆ ਹੋਇਆ ਹੈ। ਇਸ ਖੇਤਰ ਵਿਚ 1885 ਈ. ਵਿਚ ਸੋਨੇ ਦੀਆਂ ਖਾਣਾਂ ਦੀ ਭਾਲ ਕੀਤੀ ਗਈ ਅਤੇ 1886 ਈ. ਵਿਚ ਸ਼ਹਿਰ ਵਾਲੀ ਥਾਂ ਉੱਤੇ ਬਸਤੀ ਜਿਹੀ ਬਣਾ ਲਈ ਗਈ। ਸੰਨ 1896 ਵਿਚ ਇਥੇ ਮਿਉਂਸਪਲਟੀ ਕਾਇਮ ਕੀਤੀ ਗਈ। ਸ਼ਹਿਰ ਦਾ ਨਾਂ ਇਥੋਂ ਦੀ ਖਾਣ ਖੁਦਾਈ ਮਹਿਕਮੇ ਦੇ ਸਰਵੇਅਰ ਜਨਰਲ ਜੋਹੈਨਰਿਸਿਕ ਦੇ ਨਾਂ ਤੇ ਪਿਆ। ਸੰਨ 1900 ਵਿਚ ਅੰਗਰੇਜ਼ਾਂ ਨੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਸੰਨ 1903 ਵਿਚ ਇਥੋਂ ਦੀ ਆਪਣੀ ਸਰਕਾਰ ਕਾਇਮ ਹੋਣ ਤੱਕ ਇਹ ਫ਼ੌਜ ਦੇ ਅਧੀਨ ਰਿਹਾ। ਸੰਨ 1928 ਵਿਚ ਇਸ ਨੂੰ ਸ਼ਹਿਰ ਵਾਲੇ ਸਾਰੇ ਅਖ਼ਤਿਆਰ ਪ੍ਰਾਪਤ ਹੋ ਗਏ। 19ਵੀਂ ਤੇ 20ਵੀਂ ਸਦੀ ਦੇ ਸਾਲਾਂ ਵਿਚ ਸ਼ਹਿਰ ਨੇ ਬਹੁਤ ਤਰੱਕੀ ਕੀਤੀ। ਇਸ ਦੌਰਾਨ ਇਹ ਸੋਨੇ ਦੇ ਸ਼ਹਿਰ ਦੇ ਤੌਰ ਤੇ ਜਾਣਿਆ ਜਾਂਦਾ ਰਿਹਾ। ਦੂਜੇ ਮਹਾਂਯੁੱਧ ਦੌਰਾਨ 1939-1945 ਈ. ਵਿਚ ਸ਼ਹਿਰ ਦੀ ਉੱਨਤੀ ਰੁਕ ਗਈ ਪਰ ਫਿਰ ਇਸ ਪਿੱਛੋਂ ਉੱਤਰ ਅਤੇ ਉੱਤਰ-ਪੱਛਮ ਵੱਲ ਨਵੀਆਂ ਇਮਾਰਤਾਂ ਬਣਨ ਨਾਲ ਮੈਟਰੋਪਾਲਿਟਨ ਖੇਤਰ ਹੋਰ ਵੀ ਵੱਧ ਗਿਆ।

ਜੋਹੈਨਸਬਰਗ ਦੇਸ਼ ਦੇ ਬਹੁਤ ਹੀ ਸੰਘਣੀ ਵਸੋਂ ਵਾਲੇ ਖੇਤਰ ਵਿਚ ਸਥਿਤ ਹੈ ਜਿਥੇ ਮਿਲੀਆਂ ਜੁਲੀਆਂ ਨਸਲਾਂ ਦੇ ਲੋਕ ਵਸੇ ਹੋਏ ਹਨ। ਇਨ੍ਹਾਂ ਵਿਚ ਅੰਗਰੇਜ਼ ਵੀ ਕਾਫ਼ੀ ਗਿਣਤੀ ਵਿਚ ਹਨ। ਇਨ੍ਹਾਂ ਤੋਂ ਇਲਾਵਾ ਹੋਰਨਾਂ ਜਾਤੀਆਂ ਦੇ ਲੋਕ ਵੀ ਸੋਨੇ ਦੀ ਭਾਲ ਵਿਚ ਇਥੇ ਆ ਕੇ ਵਸੇ ਸਨ। ਸਾਲ 1970 ਦੀ ਮਰਦਮਸ਼ੁਮਾਰੀ ਅਨੁਸਾਰ ਕੁੱਲ ਵਸੋਂ ਵਿਚ 483,000 ਗੋਰੇ 804,000 ਕਾਲੇ ਅਫ਼ਰੀਕੀ ਅਤੇ 39,000 ਏਸ਼ੀਆਈ ਰਹਿੰਦੇ ਸਨ ਪਰ ਮੁੱਖ ਤੌਰ ਤੇ ਇਥੇ ਦੋ ਹੀ ਨਸਲੀ ਗਰੁੱਪ ਕਾਲੇ ਅਤੇ ਗੋਰੇ ਹਨ। ਕਾਲੇ ਜਿਨ੍ਹਾਂ ਵਿਚ ਏਸ਼ੀਆਈ ਅਫ਼ਰੀਕੀ ਆਦਿ ਸ਼ਾਮਲ ਹਨ ਜੋਹੈਨਸਬਰਗ ਦੇ ਆਲੇ-ਦੁਆਲੇ ਦੇ 400 ਉਪ-ਨਗਰਾਂ ਵਿਚ ਆਪੋ ਆਪਣੇ ਖੇਤਰਾਂ ਵਿਚ ਰਹਿੰਦੇ ਹਨ। ਇਸ ਦੀ ਮਿਉਂਸਪਲ ਹੱਦ ਤੋਂ ਬਾਹਰਵਾਰ ਸੋਵੀਟੋ ਇਕ ਹੋਰ ਉਪਨਗਰ ਹੈ ਜਿਥੇ ਬਾਂਟੂ ਕਬੀਲੇ ਰਹਿੰਦੇ ਹਨ। ਆਸਪਾਸ ਦੇ ਸ਼ਹਿਰਾਂ ਵਿਚ ਜੋਹੈਨਸਬਰਗ ਤੋਂ ਰੇਲ ਅਤੇ ਸੜਕ ਮਾਰਗਾਂ ਰਾਹੀਂ ਆਵਾਜਾਈ ਦੀ ਸਹੂਲਤ ਹੈ। ਮਿਉਂਸਪਲਟੀ ਦੀ ਹੱਦ ਤੋਂ ਬਾਹਰਲੇ ਸ਼ਹਿਰਾਂ ਵੱਲ ਵੀ 1,60,000 ਵਿਅਕਤੀ ਰੋਜ਼ ਹੀ ਜਾਂਦੇ ਆਉਂਦੇ ਹਨ। ਇਹ ਸਭ ਇਥੋਂ ਦੀਆਂ ਖਾਣਾਂ ਵਿਚ ਕੰਮ ਕਰਨ ਵਾਲੇ ਜਾਂ ਹੋਰਨਾਂ ਧੰਦਿਆਂ ਵਿਚ ਲੱਗੇ ਹੋਏ ਹਨ। ਸ਼ਹਿਰ ਤੋਂ 20 ਕਿ. ਮੀ. ਉੱਤਰ-ਪੂਰਬ ਵੱਲ ਜਾਨ ਸਮੁਟਸ ਹਵਾਈ ਅੱਡੇ ਤੋਂ ਦੇਸ਼ ਅਤੇ ਵਿਦੇਸ਼ ਵੱਲ ਹਵਾਈ ਸੇਵਾ ਉਪਲੱਬਧ ਹੈ।

ਸੱਨਅਤਾਂ ਪੱਖੋਂ ਵੀ ਇਹ ਸ਼ਹਿਰ ਕਾਫ਼ੀ ਮਹੱਤਵਪੂਰਨ ਹੈ। ਇਥੇ ਧਾਤ ਦੀਆਂ ਚੀਜ਼ਾਂ, ਇੰਜੀਨੀਅਰਿੰਗ ਵਸਤਾਂ, ਲੋਹੇ ਅਤੇ ਇਸਪਾਤ ਦੀਆਂ ਪਾਈਪਾਂ, ਖਾਣ-ਖੁਦਾਈ ਦਾ ਸਾਮਾਨ, ਮਸ਼ੀਨਾਂ ਦੇ ਪੁਰਜੇ, ਬਿਜਲੀ ਦਾ ਸਾਮਾਨ, ਸਰਜਰੀ ਦੇ ਔਜ਼ਾਰ, ਰਸਾਇਣ ਵਿਸਫੋਟਕ ਚੀਜ਼ਾਂ, ਖਾਦ, ਸੀਮਿੰਟ, ਮਿੱਟੀ ਅਤੇ ਪੱਥਰ ਦੀਆਂ ਵਸਤਾਂ, ਚੂਨਾ, ਰੰਗ-ਰੋਗਨ, ਮੋਮਬੱਤੀਆਂ, ਜੁੱਤੀਆਂ, ਚਮੜੇ ਦਾ ਸਾਮਾਨ, ਹੀਰਿਆਂ ਦੀ ਤਰਾਸ਼ੀ ਅਤੇ ਜ਼ੇਵਰਾਤ ਬਣਾਉਣ ਦਾ ਕੰਮ ਹੁੰਦਾ ਹੈ। ਸੋਨਾ ਭਾਵੇਂ ਅੱਜਕੱਲ੍ਹ ਦੱਖਣੀ ਅਤੇ ਦੱਖਣ-ਪੱਛਮੀ ਹਿੱਸਿਆਂ ਵਿਚੋਂ ਕੱਢ ਲਿਆ ਗਿਆ ਹੈ ਅਤੇ ਜੋਹੈਨਸਬਰਗ ਤੋਂ ਬਾਹਰਲੀਆਂ ਹੋਰਨਾਂ ਥਾਵਾਂ ਤੋਂ ਕੱਢਿਆ ਜਾ ਰਿਹਾ ਹੈ ਪਰ ਇਸ ਨਾਲ ਸਬੰਧਤ ਸਾਰੀਆਂ ਕੰਪਨੀਆਂ ਦੇ ਹੈਡਕੁਆਟਰ ਹਾਲੇ ਵੀ ਇਥੇ ਹੀ ਹਨ। ਇਥੇ ਦੇਸ਼ ਵਿਚਲੀ ਅਤੇ ਬਾਹਰਲੀ ਕਰੰਸੀ ਵਗੈਰਾ ਦੇ ਭੁਗਤਾਨ ਦਾ ਕੰਮ ਵੀ ਬਹੁਤ ਹੈ। ਇਸ ਤੋਂ ਇਲਾਵਾ ਬੀਮਾ ਕੰਪਨੀਆਂ ਅਤੇ ਹੋਰ ਵੀ ਕਈ ਸੰਸਥਾਵਾਂ ਇਥੇ ਹੀ ਕੰਮ ਕਰ ਰਹੀਆਂ ਹਨ।

ਸ਼ਹਿਰ ਵਿਚ ਰਹਿਣ ਸਹਿਣ ਦੀਆਂ ਹਾਲਤਾਂ ਵੀ ਠੀਕ ਹਨ। ਮਕਾਨਾਂ ਦੀ ਇਥੇ ਘਾਟ ਹੀ ਹੈ। ਕਿਰਾਏ ਜ਼ਿਆਦਾ ਹਨ ਪਰ ਖਾਣ ਪੀਣ ਦੀਆਂ ਵਸਤਾਂ ਸਸਤੀਆਂ ਹਨ। ਸ਼ਹਿਰੀਆਂ ਦੀ ਸਿਹਤ ਦੀ ਦੇਖਭਾਲ ਲਈ ਜਨਰਲ ਹਸਪਤਾਲ ਅਤੇ ਪ੍ਰਾਈਵੇਟ ਨਰਸਿੰਗ ਹੋਮ ਖੁਲ੍ਹੇ ਹੋਏ ਹਨ। ਖਾਣਾਂ ਵਿਚ ਕਾਮਿਆਂ ਨੂੰ ਦਵਾਈ ਦਾਰੂ ਦੀ ਸਹੂਲਤ ਉਨ੍ਹਾਂ ਦੀਆਂ ਕੰਪਨੀਆਂ ਵੱਲੋਂ ਪ੍ਰਾਪਤ ਹੈ।

ਸ਼ਹਿਰ ਵਿਚ ਵਿੱਦਿਆ ਲਈ ਸਕੂਲ, ਕਾਲਜ ਅਤੇ ਯੂਨੀਵਰ-ਸਿਟੀਆਂ ਹਨ। ਇਨ੍ਹਾਂ ਵਿਚੋਂ ਵਿਟਵਾਟਰਜਰਾਂਡ ਯੂਨੀਵਰਸਿਟੀ 1903 ਤੋਂ ਸਥਾਪਤ ਹੈ, ਜਿਸ ਵਿਚ 8000 ਵਿਦਿਆਰਥੀ ਪੜ੍ਹਦੇ ਸਨ। ਰਾਂਡ ਅਫ਼ਰੀਕਨ ਯੂਨੀਵਰਸਿਟੀ 1966 ਈ. ਵਿਚ ਬਣੀ। ਇਹ ਅਫ਼ਰੀਕਨਾਂ ਦੀ ਯੂਨੀਵਰਸਿਟੀ ਹੈ। ਇਸ ਤੋਂ ਇਲਾਵਾ ਖਣਿਜਾਂ ਦੀ ਖਾਣ-ਖੁਦਾਈ ਬਾਰੇ ਤਕਨੀਕੀ ਕਾਲਜ ਅਤੇ ਹੋਰ ਕਈ ਸੰਸਥਾਵਾਂ ਵੀ ਹਨ। ਵਰਨਣਯੋਗ ਥਾਵਾਂ ਵਿਚ ਪਬਲਿਕ ਲਾਇਬ੍ਰੇਰੀਆਂ ਅਤੇ ਅਫ਼ਰੀਕਾ ਦੇ ਇਤਿਹਾਸ ਦੀ ਜਾਣਕਾਰੀ ਦਵਾਉਣ ਵਾਲੇ ਅਜਾਇਬ ਘਰ ਸਥਾਪਿਤ ਹਨ। ਇਥੇ ਸ਼ਹਿਰ ਵਿਚ ਮਨੋਰੰਜਨ ਵਾਸਤੇ ਸਿਨੇਮਾ ਘਰ ਅਤੇ ਥੀਏਟਰ ਹਨ। ਰੇਡੀਓ ਅਤੇ ਦੂਰਦਰਸ਼ਨ ਪ੍ਰਸਾਰਣ ਸੇਵਾਵਾਂ ਦਾ ਮੁੱਖ ਸਾਧਨ ਹਨ।

ਸ਼ਹਿਰ ਦਾ ਰਾਜ ਪ੍ਰਬੰਧ ਸਿਟੀ ਕੌਂਸਲ ਦੇ ਅਧੀਨ ਹੈ। ਕੌਂਸਲਰਾਂ ਦੀ ਚੋਣ ਹਰੇਕ ਪੰਜ ਸਾਲ ਬਾਅਦ ਹੁੰਦੀ ਹੈ। ਇਥੋਂ ਦੇ ਕੌਂਸਲ ਇਸ ਦੀ ਨੁਮਾਇੰਦਗੀ ਟ੍ਰਾਂਸਵਾਲ ਪ੍ਰਾਂਤ ਦੀ ਕੌਂਸਲ ਵਿਚ ਕਰਦੇ ਹਨ।

ਆਬਾਦੀ–16,09,408 (1985)

26° 15′ ਦੱ. ਵਿਥ.; 28° 00′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮੈ. 10 : 230; ਕੋਲ. ਐਨ. 11 : 29; ਐਨ. ਅਮੈ. 16 : 154

**ਜੋਹੈਨੀਜ਼ ਫਿਬੀਗਰ** : ਇਸ ਨੋਬਲ ਪੁਰਸਕਾਰ ਵਿਜੇਤਾ ਵਿਗਿਆਨੀ ਦਾ ਜਨਮ ਡੈਨਮਾਰਕ ਦੇ ਇਕ ਸ਼ਹਿਰ ਸਿਲਕਬੌਰਗ ਵਿਚ 23 ਅਪ੍ਰੈਲ, 1867 ਨੂੰ ਹੋਇਆ। ਇਸ ਨੇ ਆਪਣੀ ਮੈਡੀਕਲ ਦੀ ਮੁਢਲੀ ਪੜ੍ਹਾਈ 1890 ਵਿਚ ਅਤੇ ਡਾਕਟ੍ਰੇਟ ਦੀ ਡਿਗਰੀ 1895 ਵਿਚ ਪ੍ਰਾਪਤ ਕਰ ਲਈ ਸੀ। ਇਸ ਦੀ ਡਾਕਟ੍ਰੇਟ ਦੀ ਡਿਗਰੀ ਦਾ ਵਿਸ਼ਾ ਡਿਫਥੀਰੀਆ ਦੀ ਬੈਕਟੀਰੀਆਲੋਜੀ ਬਾਰੇ ਸੀ। ਇਸ ਨੇ ਕੈਂਸਰ ਸਬੰਧੀ ਵੀ ਕਾਫ਼ੀ ਕੰਮ ਕੀਤਾ। ਇਸ ਨੇ 1907 ਵਿਚ ਇਕ ਪਰਜੀਵ ਸਪਾਇਰੋਪਟੈਰਾ ਕਾਰਸੀਨੋਮਾ (Spiroptera Carcenoma) ਦਾ ਪਤਾ ਲਗਾਇਆ ਜੋ ਕਿ ਕੈਂਸਰ ਪੈਦਾ ਕਰ ਸਕਦਾ ਸੀ। ਇਸ ਦੀ ਇਸ ਖੋਜ ਨਾਲ ਰੁਡਾਲਫ ਵਿਰਕੋਂ ਦੇ ਇਸ ਖ਼ਿਆਲ ਦੀ ਵੀ ਪੁਸ਼ਟੀ ਹੋ ਗਈ ਕਿ ਕੈਂਸਰ ਵਰਗੇ ਵਾਧੇ ਸਟੀਟ ਖਲਸ਼ ਨਾਲ ਵੀ ਪੈਦਾ ਹੋ ਸਕਦੇ ਹਨ। ਇਸ ਨੇ ਇਹ ਉਮੀਦ ਵੀ ਜ਼ਾਹਿਰ ਕੀਤੀ ਕਿ ਕੈਂਸਰ ਦੀਆਂ ਕੁਝ ਕਿਸਮਾਂ ਪਰਜੀਵਾਂ ਰਾਹੀਂ ਵੀ ਪੈਦਾ ਹੋ ਸਕਦੀਆਂ ਹਨ।

ਫਿਬੀਗਰ ਦੇ ਇਸ ਕੰਮ ਨੂੰ ਮੁੱਖ ਰਖਦੇ ਹੋਏ ਇਸ ਨੂੰ 1926 ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਆ ਗਿਆ। ਇਸ ਨੇ ਬਹੁਤ ਸਾਰੇ ਕਮਿਸ਼ਨਾਂ ਅਤੇ ਸੰਸਥਾਵਾਂ ਤੇ ਮਹੱਤਵਪੂਰਨ ਅਹੁਦਿਆਂ ਤੇ ਕੰਮ ਕੀਤਾ। ਇਹ ਇਕ ਖੋਜ ਪਤ੍ਰਿਕਾ Acta Pathologica et, Microbiologica Scandanavica ਦਾ ਮੋਢੀ ਅਤੇ ਸਹਿ-ਸੰਪਾਦਕ ਵੀ ਸੀ। ਕੋਪੈਨ ਹੈਗਨ ਵਿਖੇ 30 ਜਨਵਰੀ, 1920 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.–ਨੋ. ਪ੍ਰਾ. ਵਿ. ਮੈ. ਫਿ. 123; ਐਨ. ਬ੍ਰਿ. ਮਾ. 5

**ਜੋਕ** : ਇਹ ਐਨੇਲਿਡਾ ਫ਼ਾਈਲਮ ਦੀ ਹਿਰੂਡੀਨੀਆ ਸ਼੍ਰੇਣੀ ਦਾ ਵਰਮ ਹੈ। ਇਨ੍ਹਾਂ ਦੀਆਂ ਲਗਭਗ 300 ਜਾਤੀਆਂ ਹਨ ਜਿਹੜੀਆਂ ਸਮੁੰਦਰਾਂ, ਅਲੂਣੇ ਪਾਣੀ ਅਤੇ ਧਰਤੀ ਤੇ ਮਿਲਦੀਆਂ ਹਨ। ਇਹ ਦੂਜੇ ਪ੍ਰਾਣੀਆਂ ਤੇ ਸ਼ਿਕਾਰਖੋਰ ਬਣਕੇ ਜਾਂ ਪਰਜੀਵੀ ਬਣ ਕੇ ਰਹਿੰਦੀਆਂ ਜਾਂ ਕੁਝ ਕਾਰਬਨੀ ਮਾਦੇ ਤੋਂ ਆਹਾਰ ਕਰਦੀਆਂ ਹਨ।

ਸਰੀਰ ਦੀ ਲੰਬਾਈ ਤਕਰੀਬਨ 20 ਸੈਂ. ਮੀ. ਜਾਂ ਇਸ ਤੋਂ ਵੱਧ (ਜਦੋਂ ਸਰੀਰ ਖਿੱਚਿਆ ਹੋਵੇ) ਹੁੰਦੀ ਹੈ ਅਤੇ ਸਰੀਰ ਦੇ 34 ਖੰਡ ਹੁੰਦੇ ਹਨ। ਅਗਲੇ ਸਿਰੇ ਤੇ ਇਕ ਛੋਟਾ ਜਿਹਾ ਚੂਸਕ ਜਿਸ ਵਿਚ ਮੂੰਹ ਹੁੰਦਾ

ਹੈ ਅਤੇ ਪਿਛਲੇ ਸਿਰੇ ਤੇ ਵੱਡਾ ਚੂਸਕ ਹੁੰਦਾ ਹੈ। ਅਗਲੇ ਸਿਰੇ ਤੇ 1-4 ਜੋੜੇ ਅੱਖਾਂ ਦੇ ਹੁੰਦੇ ਹਨ।




**ਪਾਣੀ ਵਿਚ ਰਹਿਣ ਵਾਲੀਆਂ ਜੋਕਾਂ (ਖੱਬੀ), ਕੱਛੂ (ਸਮੁੰਦਰੀ ਉੱਤੇ ਪਲੈਕਾ-ਬਡੈੱਲਾ ਜੋਕ (ਸੱਜੀ) ਪਾਣੀ ਵਿਚ ਹੀਮਾੱਪਿਸ ਗਰੈਂਡਿਸ ਜੋਕ**

ਇਹ ਚਮੜੀ ਰਾਹੀਂ ਸਾਹ ਲੈਂਦੀਆਂ ਹਨ। ਇਨ੍ਹਾਂ ਦੇ ਅੰਨ-ਪੇਟੇ ਵਿਚ ਕਈ ਮਹੀਨਿਆਂ ਲਈ ਭੋਜਨ ਜਮ੍ਹਾਂ ਰਹਿ ਸਕਦਾ ਹੈ। ਇਹ ਦੋ-ਲਿੰਗੀ ਪ੍ਰਾਣੀ ਹਨ। ਨਰ ਅਤੇ ਮਾਦਾ ਜਣਨ ਅੰਗ ਇਕੋ ਪ੍ਰਾਣੀ ਵਿਚ ਹੁੰਦੇ ਹਨ ਪਰ ਸਵੈ-ਨਿਸ਼ੇਚਨ ਨਹੀਂ ਹੁੰਦਾ। ਅੰਡੇ ਕਾਕੂਨਾਂ ਵਿਚ ਧਰਤੀ ਉੱਤੇ ਜਾਂ ਪਾਣੀ ਵਿਚ ਦਿੱਤੇ ਜਾਂਦੇ ਹਨ, ਵਿਕਾਸ ਸਿੱਧਾ ਹੀ ਬਿਨਾਂ ਕਿਸੇ ਲਾਰਵਾ ਅਵਸਥਾ ਤੋਂ ਹੁੰਦਾ ਹੈ।

ਜਲੀ-ਜੋਕਾਂ ਮੱਛੀਆਂ, ਜਲ-ਥਲੀ ਜੀਵਾਂ, ਪੰਛੀਆਂ ਅਤੇ ਥਣਧਾਰੀ ਪ੍ਰਾਣੀਆਂ ਦਾ ਲਹੂ ਚੂਸਦੀਆਂ ਜਾਂ ਸਨੇਲ, ਕੀੜਿਆਂ ਦੇ ਲਾਰਵੇ ਅਤੇ ਵਰਮ ਖਾਂਦੀਆਂ ਹਨ। ਧਰਤੀ ਤੇ ਰਹਿਣ ਵਾਲੀਆਂ ਜੋਕਾਂ ਥਣਧਾਰੀ ਪ੍ਰਾਣੀਆਂ ਦਾ ਲਹੂ ਚੂਸਦੀਆਂ ਹਨ। ਇਨ੍ਹਾਂ ਦੇ ਤਿੰਨ ਜਬਾੜਿਆਂ ਉੱਤੇ ਤਿੱਖੇ ਦੰਦ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਅੰਗਰੇਜ਼ੀ ਦੇ ਅੱਖਰ 'Y' ਦੀ ਸ਼ਕਲ ਦਾ ਕੱਟ ਦਿੰਦੀਆਂ ਹਨ। ਜੋਕਾਂ ਦੇ ਲੁਆਬ ਵਿਚ ਇਕ ਪਦਾਰਥ ਹੁੰਦਾ ਹੈ ਜਿਹੜਾ ਜ਼ਖ਼ਮ ਵਾਲੀ ਥਾਂ ਨੂੰ ਸੁੰਨ ਕਰ ਦਿੰਦਾ ਹੈ, ਲਹੂ ਵਹਿਣੀਆਂ ਨੂੰ ਜ਼ਿਆਦਾ ਫੈਲਾ ਦਿੰਦਾ ਹੈ ਜਿਸ ਨਾਲ ਜ਼ਿਆਦਾ ਲਹੂ ਬਾਹਰ ਆਉਣ ਲੱਗਦਾ ਹੈ ਅਤੇ ਲਹੂ ਜੰਮਣ ਤੋਂ ਵੀ ਰੋਕਦਾ ਹੈ। ਯੂਰਪੀ ਡਾਕਟਰ ਮਹੱਤਤਾ ਵਾਲੀ ਜੋਕ (Hirudo Medicinalis) ਤੋਂ ਪ੍ਰਾਪਤ ਹੋਣ ਵਾਲਾ ਐਂਟੀਕੋਐਗੂਲੈਂਟ ਹਿਰੂਡਿਨ, ਡਾਕਟਰੀ ਦੇ ਪੱਖੋਂ ਵਰਤਿਆ ਜਾਂਦਾ ਹੈ। ਜੋਕਾਂ ਗਿੱਲੀ ਬਨਸਪਤੀ ਵਿਚ ਚਿਪਕੀਆਂ ਇਕ ਸਿਰੇ ਨੂੰ ਸ਼ਿਕਾਰ ਦੀ ਭਾਲ ਵਿਚ ਉਪਰ ਹਵਾ ਵਿਚ ਲਹਿਰਾਂਦੀਆਂ ਰਹਿੰਦੀਆਂ ਹਨ। ਇਸ ਦੇ ਕੱਟਣ ਦਾ ਉਦੋਂ ਹੀ ਪਤਾ ਲਗਦਾ ਹੈ ਜਦੋਂ ਲਹੂ ਵਗਦਾ ਦਿਸ ਜਾਵੇ।

ਮਨੁੱਖ ਤੇ ਆਹਾਰ ਕਰਨ ਵਾਲੀਆਂ ਜੋਕਾਂ ਨੈਥਾੱਬਡੈਲਿਡੀ ਕੁਲ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਟਿਊਮਰ, ਚਮੜੀ ਦੀਆਂ ਕਈ ਬੀਮਾਰੀਆਂ, ਕਈ ਦਿਮਾਗੀ ਬੀਮਾਰੀਆਂ, ਗਠੀਆ, ਕਾਲੀ ਖਾਂਸੀ, ਸਿਰ ਦਰਦ ਆਦਿ ਬੀਮਾਰੀਆਂ ਜੋਕਾਂ ਲਗਾ ਕੇ ਵੀ ਠੀਕ ਕੀਤੀਆਂ ਜਾਂਦੀਆਂ ਰਹੀਆਂ ਹਨ। ਜਲੀ-ਜੋਕਾਂ ਪੀਣ ਵਾਲੇ ਪਾਣੀ ਵਿਚੋਂ ਜਾਂ ਪਾਣੀ ਵਿਚ ਨਹਾਉਣ ਨਾਲ ਸਰੀਰ ਵਿਚ ਦਾਖ਼ਲ ਹੋ ਜਾਂਦੀਆਂ ਹਨ। ਜਿਸ ਮਨੁੱਖ ਦੇ ਅੰਦਰ ਚਲੀਆਂ ਜਾਣ ਉਸ ਨੂੰ ਜ਼ਿਆਦਾ ਲਹੂ ਨਿਕਲਣ ਕਰਕੇ ਅਨੀਮੀਆ ਹੋ ਜਾਂਦਾ ਹੈ। ਬਾਹਰੋਂ ਕੱਟਣ ਤਾਂ ਅਨੀਮੀਆ ਤੋਂ ਇਲਾਵਾ ਉਸ ਥਾਂ ਤੇ ਕੋਈ ਹੋਰ ਲਾਗ ਲੱਗਣ ਦਾ ਡਰ ਵੀ ਰਹਿੰਦਾ ਹੈ। ਇਹ ਸਾਹ ਨਲੀਆਂ ਨੂੰ ਰੋਕ ਕੇ ਪਰਪੋਸ਼ੀ ਵਿਚ ਘੁੱਟਣ ਪੈਦਾ ਕਰਕੇ ਮੌਤ ਦਾ ਕਾਰਨ ਵੀ ਬਣ ਸਕਦੀਆਂ ਹਨ। ਖ਼ਾਸ ਤੌਰ ਤੇ ਏਸ਼ੀਆ ਵਿਚ ਕਈ ਪਾਲਤੂ ਜਾਨਵਰ ਇਸ ਤਰ੍ਹਾਂ ਮਰਦੇ ਹਨ।

ਹ. ਪੁ.–ਐਨ. ਬ੍ਰਿ. ਮਾ. 6 : 118; ਐਨ. ਬ੍ਰਿ. 13 : 891

**ਜੋਕਿਮ, ਫਲੌਰਿਸ** : ਇਹ ਬਾਰ੍ਹਵੀਂ ਸਦੀ ਦਾ ਇਟਲੀ ਦਾ ਰਹੱਸਵਾਦੀ ਧਰਮ-ਸ਼ਾਸਤਰੀ ਸੀ। ਇਸ ਦਾ ਜਨਮ ਕਾਲਾਬਰਯਾ ਵਿਚ ਸੈਲਿਕ ਵਿਖੇ ਲ. 1135 ਵਿਚ ਹੋਇਆ। ਛੋਟੀ ਉਮਰ ਵਿਚ ਹੀ ਕੁਸਤੁਨਤੁਨੀਆਂ ਦੀ ਤੀਰਥ ਯਾਤਰਾ ਵਿਚ ਹਰੇਕ ਦਸਵੇਂ ਵਿਅਕਤੀ ਨੂੰ ਮਹਾਮਾਰੀ ਨਾਲ ਮਰਦੇ ਦੇਖ ਕੇ ਇਸ ਦੇ ਮਨ ਉੱਤੇ ਡੂੰਘਾ ਅਸਰ ਹੋਇਆ। ਇਟਲੀ ਮੁੜਕੇ ਕੁਝ ਸਮਾਂ ਤੀਰਥ ਯਾਤਰਾ ਅਤੇ ਏਕਾਂਤਵਾਸ ਕਰਨ ਪਿੱਛੋਂ ਇਹ ਸੰਨਿਆਸੀ ਹੋ ਗਿਆ। ਫਿਰ ਇਸ ਨੇ ਫਿਯੋਰ ਵਿਚ ਸੈਨ ਜਿਓਵਾਨੀ ਦਾ ਮਠ ਸਥਾਪਿਤ ਕੀਤਾ। ਇਸ ਵਿਚ ਫਲੋਰੈਂਸਿਸ ਪੰਥ ਆਰੰਭ ਕੀਤਾ ਅਤੇ ਇਸ ਦੀ ਸੁਤੰਤਰ ਨਿਯਮਾਵਲੀ ਬਣਾਈ ਜਿਸ ਨੂੰ ਪੋਪ ਇਨੋਸੈਂਟ ਤੀਜੇ ਨੇ ਇਸ ਦੀ ਮੌਤ ਪਿੱਛੋਂ ਦੋ ਸਾਲ ਬਾਅਦ 1204 ਈ. ਵਿਚ ਮਾਣਤਾ ਦਿੱਤੀ।

ਇਸ ਨੇ ਸੱਤ ਗਰੰਥ ਰਚੇ। ਇਨ੍ਹਾਂ ਵਿਚ ਈਸਾਈ ਧਰਮ ਸੰਘ-ਚਰਚ ਵਿਚ ਪ੍ਰਚਲਤ ਭ੍ਰਿਸ਼ਟਾਚਾਰ ਦੀ ਸਖ਼ਤ ਨਿੰਦਾ ਕਰਦੇ ਹੋਏ ਇਸ ਨੇ ਪੋਪ ਦਾ ਵਿਰੋਧ ਕੀਤਾ ਅਤੇ ਪੋਪ ਵਿਰੁੱਧ ਕ੍ਰਾਂਤੀ ਕਰਨ ਵਾਲੇ ਫ੍ਰਾਂਸਿਸਕਨਾਂ ਨੂੰ ਅੰਤ ਵਿਚ ਜਿੱਤ ਦੀ ਆਸ ਬਣਾਈ। ਇਸ ਨੇ ਇਤਿਹਾਸ ਨੂੰ ਤਿੰਨ ਯੁੱਗਾਂ ਵਿਚ ਵੰਡਿਆ–(1) ਜਾਨ ਬੈਪਟਿਸਟ ਦੇ ਪਿਤਾ ਜ਼ਕਾਰਿਆਸ ਤੱਕ ਦਾ ਨਿਯਮ ਯੁਗ ਭਾਵ (ਏਜ ਆਫ ਲਾ) ਪਿਤਾ ਯੁਗ (2) ਪੁਰਾਤਨ ਅਜ਼ੀਲ ਯੁਗ ਭਾਵ ਪੁੱਤਰ ਯੁਗ (3) ਅਧਿਆਤਮ ਯੁੱਗ ਜੋ ਧਿਆਨ ਦਾ ਯੁਗ ਭਾਵ ਸਰਬ ਉੱਚ ਸੰਨਿਆਸ ਯੁਗ ਹੋਵੇਗਾ ਅਤੇ ਪੂਰੀ ਤਰ੍ਹਾਂ ਰਹੱਸਵਾਦ ਵਿਚ ਦਿੱਤੇ ਧਰਮ ਆਨੰਦ ਵੱਲ ਲੈ ਜਾਏਗਾ। ਸੰਨਿਆਸੀਆਂ ਦੇ ਮਾਰਗ ਦੇ ਬੇਰੋਕ ਦੈਵੀ ਗਿਆਨ ਦੇ ਟਾਕਰੇ ਈਸਾਈ ਧਰਮ ਸੰਘ ਦੀ ਗੱਦੀ ਨਸ਼ਟ ਹੋ ਜਾਵੇਗੀ। ਧਰਤੀ ਇਕ ਵਿਸ਼ਾਲ ਪੂਰਨ ਮਠ ਰੂਪ ਹੋ ਜਾਵੇਗੀ। ਫਿਰ ਜਾ ਕੇ ਮਨੁੱਖ ਨੂੰ ਅਸਲੀ ਅਰਾਮ ਮਿਲੇਗਾ। ਮਨੁੱਖ ਸ਼ਬਦ ਦਾ ਦਾਸ ਨਹੀਂ ਰਹੇਗਾ ਅਤੇ ਆਜ਼ਾਦ ਹੋ ਕੇ ਨਿਤਨੇਮ ਦੀ ਪਾਲਣਾ ਕਰ ਸਕੇਗਾ।

ਜੋਕਿਮ ਦੇ ਵਿਚਾਰ ਇਟਲੀ ਅਤੇ ਫ਼ਰਾਂਸ ਵਿਚ ਖ਼ਾਸ ਕਰਕੇ ਕੱਟੜ ਧਰਮ ਦੇ ਵਿਰੋਧੀਆਂ ਵਿਚ ਬਹੁਤ ਫੈਲੇ। ਫ੍ਰਾਂਸਿਸਕਨ ਅਧਿਆਤਮਵਾਦੀਆਂ ਨੇ ਐਲਾਨ ਕੀਤਾ ਕਿ ਜੋਕਿਮ ਰਾਹੀਂ ਵਰਣਿਤ ਅੰਤਮ ਯੁਗ ਸੇਂਟ ਫ੍ਰਾਂਸਿਸ ਤੋਂ ਸ਼ੁਰੂ ਹੋ ਗਿਆ ਹੈ। ਵੱਡੇ-ਵੱਡੇ ਵਿਦਵਾਨ ਇਸ ਨਿਆਂ ਅਤੇ ਸ਼ਾਂਤੀ ਦੇ ਜੁਗ ਦੇ ਸੁਪਨੇ ਦੇਖਣ ਲੱਗੇ। ਦਾਤੇ ਨੇ ਜੋਕਿਮ ਨੂੰ ਆਪਣੀ ਪੁਸਤਕ 'ਸਵਰਗ' ਵਿਚ ਆਦਰ ਦਾ ਸਥਾਨ ਦਿੱਤਾ ਹੈ।

ਹ. ਪੁ.–ਹਿੰ. ਵਿ. ਕੋ. 5 : 57

**ਜੋਗਣੀ** : ਇਹ ਦੁਰਗਾ ਦੀ ਅੜਦਲ ਵਿਚ ਰਹਿਣ ਵਾਲੀ ਇਕ ਘੋਰ ਦੈਵੀ ਹੈ ਜੋ ਜੰਗ ਵਿਚ ਯੋਧਿਆਂ ਦਾ ਲਹੂ ਪੀਂਦੀ ਹੈ।

ਹਿੰਦੂ ਸ਼ਾਸਤਰਾਂ ਵਿਚ ਜੋਗਣੀਆਂ ਕਈ ਪ੍ਰਕਾਰ ਦੀਆਂ ਮੰਨੀਆਂ ਗਈਆਂ ਹਨ। ਕਾਲਕਾ ਪੁਰਾਣ ਦੇ 50ਵੇਂ ਤੇ 53ਵੇਂ ਅਧਿਆਇ ਵਿਚ ਚੌਂਹਠ ਜੋਗਣੀਆਂ ਦਾ ਜ਼ਿਕਰ ਹੈ ਪਰ ਪੁਰਾਣਾਂ ਵਿਚ ਨਿਮਨ ਅੱਠ ਪ੍ਰਕਾਰ ਦੀਆਂ ਜੋਗਣੀਆਂ ਮੰਨੀਆਂ ਗਈਆਂ ਹਨ।

1. ਮੁਜਾਰਨੀ, 2. ਕਪਰਾ, 3. ਤਿਲਕਾ, 4. ਮਲਯਧਰੀਧਨੀ, 5. ਕੌਮੁਦਿਕ, 6. ਭੇਰੁੰਡਾ, 7. ਨਾਯਕੀ, 8. ਜਯਾ।

ਤੰਤਰ-ਸ਼ਾਸਤਰ ਵਿਚ ਇਨ੍ਹਾਂ ਦੇ ਅੱਠ ਹੋਰ ਭੇਦ ਭਾਵ ਸੰਕਟਾਂ, ਮੰਗਲਾ, ਪਿੰਗਲਾ, ਧੰਨਯਾ, ਭ੍ਰਾਮਰੀ, ਭੇਰੁੰਡਾ, ਭਾਦ੍ਰਿਕਾ, ਉਲਕਾ ਅਤੇ ਸਿੱਧਾ ਕਲਪੇ ਗਏ ਹਨ।

ਹ. ਪੁ.–ਸੰ. ਕੋ. 123; ਮ. ਕੋ. : 535

**ਜੋਗਦਾ** : ਇਹ ਉੜੀਸਾ ਰਾਜ (ਭਾਰਤ) ਦੇ ਗੰਜਮ ਜ਼ਿਲ੍ਹੇ ਦੇ ਬਰਹਾਮਪੁਰ ਤਅਲੁਕੇ ਵਿਚ ਰੁਸ਼ੀਕੁਲੀਆ ਦਰਿਆ ਦੇ ਉੱਤਰੀ ਕੰਢੇ ਤੇ ਗੰਜਮ ਸ਼ਹਿਰ ਤੋਂ 27 ਕਿ. ਮੀ. ਪੱਛਮ ਵੱਲ ਸਥਿਤ ਇਕ ਪੁਰਾਣੇ

ਕਿਲੇ ਦੇ ਖੰਡਰਾਤ ਹਨ। ਕਿਸੇ ਸਮੇਂ ਇਸ ਥਾਂ ਤੇ ਇਕ ਬਹੁਤਾ ਵੱਡਾ ਸ਼ਹਿਰ ਵਸਿਆ ਹੋਇਆ ਸੀ ਜਿਸ ਦੇ ਚਾਰੇ ਪਾਸੇ ਫਸੀਲ ਬਣੀ ਹੋਈ ਸੀ ਤੇ ਕਿਲੇ ਦੇ ਇਹ ਖੰਡਰਾਤ ਉਸ ਸ਼ਹਿਰ ਦੀ ਇਕੋ ਇਕ ਨਿਸ਼ਾਨੀ ਬਾਕੀ ਹਨ। ਕਿਲੇ ਦੇ ਵਿਚਕਾਰ ਕਰਕੇ ਗ੍ਰੇਨਾਈਟ ਪੱਥਰਾਂ ਦਾ ਇਕ ਬਹੁਤ ਵੱਡਾ ਢੇਰ ਪਿਆ ਹੈ ਜਿਸ ਉੱਤੇ ਬੋਧੀ ਰਾਜੇ ਸਮਰਾਟ ਅਸ਼ੋਕ ਦੁਆਰਾ ਬੁੱਧ ਧਰਮ ਦੇ 13ਸ਼ਾਹੀ ਫ਼ਰਮਾਨ ਉਕਰੇ ਹੋਏ ਹਨ ਜੋ ਲਗਭਗ 250 ਪੂ. ਈ. ਦੇ ਹਨ। ਇਸ ਖੇਤਰ ਵਿਚ ਇਸ ਕਿਸਮ ਦੇ ਸ਼ਾਹੀ ਫ਼ੁਰਮਾਨਾਂ ਦੀ ਇਹ ਇਕੋ ਇਕ ਉਦਾਹਰਣ ਹੋਣ ਕਰਕੇ ਕਾਫ਼ੀ ਮਹੱਤਤਾ ਰੱਖਦੇ ਹਨ। ਇਨ੍ਹਾਂ ਤੋਂ ਇਲਾਵਾ ਕਿਲੇ ਵਿਚੋਂ ਕੁਝ ਪੁਰਾਣੇ ਮਿੱਟੀ ਦੇ ਬਰਤਨ ਅਤੇ ਤਾਂਬੇ ਦੇ ਸਿੱਕੇ ਵੀ ਮਿਲੇ ਹਨ ਜਿਨ੍ਹਾਂ ਵਿਚੋਂ ਕਈ ਪਹਿਲੀ ਈ. ਪੂ. ਦੇ ਹਨ। ਇਥੋਂ ਮਲਬੇ ਅਤੇ ਮਿੱਟੀ ਹੇਠਾਂ ਦੱਬਿਆ ਇਕ ਪੁਰਾਣਾ ਮੰਦਰ ਵੀ ਨਿਕਲਿਆ ਹੈ।

19° 33′ ਉ. ਵਿਥ.; 84° 50′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 72

**ਜੋਗ ਪੰਥ** : ਨਾਥ ਜੋਗੀਆਂ ਦਾ ਪ੍ਰਮਾਤਮਾ ਦੀ ਪ੍ਰਾਪਤੀ ਦਾ ਇਕ ਰਾਹ ਹੈ ਜਿਸ ਨੂੰ ਜੋਗ ਪੰਥ ਕਿਹਾ ਜਾਂਦਾ ਹੈ। ਇਸ ਪੰਥ ਦੇ ਅੱਗੇ ਜਾ ਕੇ ਬਾਰ੍ਹਾਂ ਪੰਥ ਹੋ ਗਏ–ਹੇਤੁ, ਪਾਵ, ਆਈ, ਗ ਮਯ, ਪਾਗਲ, ਗੋਪਾਲ, ਕੰਥੜੀ, ਬੰਨ, ਧ੍ਰਜ, ਚੋਲੀ, ਰਾਵਲ ਅਤੇ ਦਾਸ। ਯੋਗੀਆਂ ਦੇ ਮਹੰਤਾਂ ਨੂੰ ਨਾਥ ਕਿਹਾ ਜਾਂਦਾ ਹੈ। ਨਾਥ ਸੰਪ੍ਰਦਾਇ ਦਾ ਇਹੋ ਜਿਹਾ ਕੋਈ ਵੀ ਸਿੱਧ, ਜੋਗੀ, ਸਾਧੂ, ਸੰਤ, ਅਵਧੂ, ਔਧੂ, ਔਧੋ ਜਾਂ ਅਵਧੂਤ ਨਹੀਂ ਮਿਲਦਾ ਜਿਹੜਾ ਆਪਣੇ ਆਪ ਨੂੰ 'ਆਦਿ ਨਾਥ' ਦੇ ਮੱਤ ਦਾ ਉਪਾਸ਼ਕ ਨਾ ਦੱਸੇ। ਨਾਥ ਸੰਪ੍ਰਦਾਇ ਦੇ ਗਰੰਥਾਂ ਵਿਚ 'ਆਦਿ ਨਾਥ' ਨੂੰ ਨਾਥ ਸੰਪ੍ਰਦਾਇ ਦਾ ਸੰਸਥਾਪਕ ਮੰਨਿਆ ਜਾਂਦਾ ਹੈ ਕਿਉਂਕਿ ਨਾਥਾਂ ਦੇ ਪੁਰਾਤਨ ਆਗੂਆਂ ਨੇ ਕੁਝ ਵਿਸ਼ੇਸ਼ ਸਿਧਾਂਤਾਂ ਨੂੰ ਸਿੱਧ ਕੀਤਾ ਸੀ ਉਦੋਂ ਤੋਂ ਇਹ ਲੋਕ ਸਿੱਧ ਅਖਵਾਉਣ ਲਗ ਪਏ।

ਭਾਵੇਂ ਸ਼ੰਕਰ ਜਾਂ 'ਆਦਿ ਨਾਥ' ਨੂੰ ਹੀ ਇਸ ਸੰਪ੍ਰਦਾਇ ਦਾ ਬਾਨੀ ਮੰਨਿਆ ਜਾਂਦਾ ਹੈ ਪਰ ਇਸ ਮੱਤ ਦਾ ਵਿਸ਼ੇਸ਼ ਪ੍ਰਚਾਰ ਬੁੱਧ ਸੰਪ੍ਰਦਾਇ ਦੇ ਤੇਜ਼-ਪ੍ਰਤਾਪ ਘਟਣ ਮਗਰੋਂ ਹੀ ਹੋਇਆ ਸੀ। ਸਹਿਜ ਅਰਥਾਤ ਬੋਧੀਆਂ ਦੀ ਸਾਧਨਾ ਨਾਥਾਂ ਦੀ ਸਾਧਨਾ ਨਾਲ ਵਧੇਰੇ ਮਿਲਦੀ ਹੈ।

ਇਸ ਸੰਪ੍ਰਦਾਇ ਵਿਚ ਸਰੀਰ ਨੂੰ ਵੰਨ ਸੁਵੰਨੀਆਂ ਯੋਗਿਕ ਕ੍ਰਿਆਵਾਂ ਜਾਂ ਪ੍ਰਾਣਾਯਾਮ ਦੀਆਂ ਕ੍ਰਿਆਵਾਂ ਨਾਲ ਸਾਧ ਕੇ ਜਾਂ ਕੁਦਰਤ ਨਾਲ ਹਠ ਜਾਂ ਜ਼ਿੱਦ ਕਰਕੇ ਈਸ਼ਵਰ ਨਾਲ ਅਭੇਦ ਹੋਣ ਦਾ ਯਤਨ ਕੀਤਾ ਜਾਂਦਾ ਹੈ। ਮਨੁੱਖੀ ਰੂਪ ਵਿਚ ਆਦਿ ਨਾਥ (ਸ਼ਿਵ ਮਹਾਦੇਵ) ਦਾ ਅਵਤਾਰ ਮਛੰਦਰ ਨਾਥ ਨੂੰ ਮੰਨਿਆ ਜਾਂਦਾ ਹੈ। ਸੋ ਨਾਥਾਂ ਦੇ ਪ੍ਰਥਮ ਆਚਾਰੀਆ ਮਛੰਦਰ ਨਾਥ ਸਨ। ਉਨ੍ਹਾਂ ਤੋਂ ਇਲਾਵਾ, ਇਸ ਮਤ ਦੇ ਉਪਾਸ਼ਕ ਚੌਰਾਸੀ ਸਿੱਧ ਹੋਏ ਜਿਨ੍ਹਾਂ ਵਿਚ ਗੋਰਖ ਨਾਥ ਮੁੱਖੀ ਸਨ। ਗੋਰਖ ਨਾਥ ਨੇ 'ਸ਼ੰਕਰਾ ਦਵੈਤ' ਅਤੇ 'ਪਾਤੰਜਲੀ' ਦੇ ਯੋਗ ਦਾ ਆਸਰਾ ਲੈ ਕੇ ਕਈ ਗੱਲਾਂ ਨੂੰ ਨਿੰਦਿਆ ਅਤੇ ਲਗਭਗ 25 ਗਰੰਥਾਂ ਦੀ ਰਚਨਾ ਕੀਤੀ। ਭਾਵੇਂ ਨਾਥ ਮਤ ਯੋਗ ਮਤ ਤੋਂ ਪ੍ਰਭਾਵਿਤ ਸੀ ਤਾਂ ਵੀ ਉਹ ਸ਼ੈਵਮਤ ਦੇ ਪ੍ਰਭਾਵ ਤੋਂ ਅਛੂਤਾ ਨਾ ਰਹਿ ਸਕਿਆ। ਕਾਬੁਲ ਕੰਧਾਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਅਤੇ ਬਲੋਚਿਸਤਾਨ ਤੋਂ ਲੈ ਕੇ ਬੰਗਾਲ ਤੱਕ ਇਸ ਦਾ ਪ੍ਰਭਾਵ ਸਮਾਨ ਰੂਪ ਨਾਲ ਰਿਹਾ।

ਆਦਿ ਨਾਥ ਤੋਂ ਹੀ ਇਨ੍ਹਾਂ ਨਾਥਾਂ ਦੀ ਉਤਪਤੀ ਹੋਈ, ਜਿਨ੍ਹਾਂ ਦੇ ਅੱਗੇ ਕਈ ਮਤ ਹੋ ਗਏ। ਇਨ੍ਹਾਂ ਦੇ ਪ੍ਰਸਿੱਧ ਪੰਥਾਂ ਬਾਰੇ ਸੰਖੇਪ ਜਿਹੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ–

**1. ਸਤਯ ਨਾਥੀ**—ਇਸ ਪੰਥ ਦਾ ਮੋਢੀ ਸਤਯ ਨਾਥ ਸੀ। ਇਸ ਪੰਥ ਦੀ ਗੱਦੀ ਪੁਰੀ ਵਿਚ ਸਥਾਪਿਤ ਹੈ ਅਤੇ ਇਸ ਦੇ ਕੁਝ ਸੰਘ ਥਾਨੇਸ਼ਰ ਅਤੇ ਕਰਨਾਲ ਵਿਚ ਮਿਲਦੇ ਹਨ। ਇਸ ਪੰਥ ਦੇ ਅਨੁਯਾਈਆਂ ਦੀ ਵਿਸ਼ੇਸ਼ ਪਛਾਣ ਟਾਕੀਆਂ ਵਾਲੀ ਟੋਪੀ, ਚੋਗਾ ਅਤੇ ਗੋਦੜੀ ਹੈ। ਇਹ ਜੋਗੀ ਬ੍ਰਹਮਾ ਦੇਵਤੇ ਵਿਚ ਵਿਸ਼ਵਾਸ ਰੱਖਦੇ ਹਨ।

**2. ਰਾਮ ਨਾਥੀ**—ਇਸ ਪੰਥ ਦਾ ਮੋਢੀ ਸੰਤੋਖ ਨਾਥ ਸੀ। ਇਸ ਦਾ ਮੁੱਖ ਅਸਥਾਨ ਗੋਰਖਪੁਰ ਹੈ। ਇਹ ਜੋਗੀ ਸ਼ੈਵਮਤ ਦੇ ਗੋਪਾਲ ਪੰਥੀ ਫ਼ਿਰਕੇ ਨਾਲ ਸਬੰਧਿਤ ਹਨ।

**3. ਧਰਮ ਨਾਥੀ**—ਇਸ ਪੰਥ ਦਾ ਮੁੱਢ ਰਾਜੇ ਧਰਮਨਾਥ ਨੇ ਬੰਨ੍ਹਿਆ ਸੀ ਜਿਹੜਾ ਸਤਯ ਨਾਥੀ ਜੋਗੀ ਸੀ। ਧਰਮ ਨਾਥ ਨੌਂ ਨਾਥਾਂ ਵਿਚੋਂ ਇਕ ਸੀ ਅਤੇ ਮਛੰਦਰ ਨਾਥ ਦਾ ਚੇਲਾ ਸੀ। ਇਨ੍ਹਾਂ ਦਾ ਵੱਡਾ ਡੇਰਾ ਗੋਦਾਵਰੀ ਵਿਚ ਹੈ। ਇਨ੍ਹਾਂ ਦਾ ਇਕ ਹੋਰ ਪ੍ਰਸਿੱਧ ਮੱਠ ਕੱਛ ਵਿਚ ਧਿਨੋਧਰ ਵਿਖੇ ਹੈ।

**4. ਲਛਮਣ ਨਾਥੀ**—ਇਸ ਪੰਥ ਦਾ ਮੋਢੀ ਬਾਬਾ ਬਾਲ ਨਾਥ ਸੀ ਜਿਸਨੇ ਰਾਂਝੇ ਨੂੰ ਜੋਗ ਦਿੱਤਾ ਸੀ। ਬਾਲ ਨਾਥ ਨੇ ਬਚਪਨ ਵਿਚ ਹੀ ਜੋਗ ਲੈ ਲਿਆ ਸੀ ਜਿਸ ਕਰਕੇ ਉਸ ਨੂੰ ਬਾਲ ਨਾਥ ਜਾਂ ਲਛਮਣ ਨਾਥ ਕਿਹਾ ਜਾਣ ਲੱਗਾ। ਇਹ ਪੰਥ ਵਧੇਰੇ ਕਰਕੇ ਪੰਜਾਬ ਅਤੇ ਉੱਤਰੀ ਭਾਰਤ ਵਿਚ ਪ੍ਰਚਲਿਤ ਰਿਹਾ ਹੈ। ਇਸ ਪੰਥ ਦੀਆਂ ਅੱਗੋਂ ਦੋ ਸ਼ਾਖਾਵਾਂ ਹਨ–ਨਟੇਸਰੀ ਅਤੇ ਦਰਿਆ ਨਾਥੀ। ਦੋਹਾਂ ਵਿਚ ਵੱਡਾ ਫ਼ਰਕ ਇਹ ਸੀ ਕਿ ਨਟੇਸਰੀ ਜੋਗੀ ਟਿੱਲੇ ਉੱਤੇ ਹੀ ਵਸਦੇ ਸਨ ਜਦੋਂ ਕਿ ਦਰਿਆ ਨਾਥੀ ਮੈਦਾਨਾਂ ਵਿਚ ਰਹਿੰਦੇ ਸਨ। ਨਟੇਸਰੀ ਬਚਪਨ ਵਿਚ ਹੀ ਨਾਥ ਮਤ ਨੂੰ ਗ੍ਰਹਿਣ ਕਰ ਲੈਂਦੇ ਸਨ। ਛੋਟੇ ਬਾਲਕ ਹੋਣ ਕਰਕੇ ਉਨ੍ਹਾਂ ਨੂੰ ਨਾਟੇ ਤੇ ਪੰਥ ਨੂੰ ਨਾਟੇਸਰੀ ਕਿਹਾ ਜਾਣ ਲੱਗਾ। ਲਛਮਣ ਨਾਥੀਆਂ ਦਾ ਮੁੱਖੀ ਡੇਰਾ ਜਿਹਲਮ ਦਾ ਟਿੱਲਾ ਸੀ। ਅੰਬਾਲਾ ਅਤੇ ਕਰਨਾਲ ਵਿਚ ਵੀ ਉਨ੍ਹਾਂ ਦੇ ਕੁਝ ਹੋਰ ਡੇਰੇ ਸਨ।

**5. ਦਰਿਆ ਨਾਥੀ**—ਇਹ ਪਹਿਲਾਂ ਲਛਮਣ ਨਾਥੀ ਦੀ ਹੀ ਇਕ ਸ਼ਾਖ ਸੀ, ਬਾਅਦ ਵਿਚ ਇਸ ਨੇ ਆਪਣੀ ਨਿਵੇਕਲੀ ਹੋਂਦ ਗ੍ਰਹਿਣ ਕਰ ਲਈ। ਇਸ ਪੰਥ ਦੇ ਬਹੁਤੇ ਅਨੁਯਾਈ ਉੱਤਰੀ ਭਾਰਤ ਅਤੇ ਪੰਜਾਬ ਵਿਚ ਹੀ ਮਿਲਦੇ ਹਨ। ਇਨ੍ਹਾਂ ਦਾ ਵੱਡਾ ਡੇਰਾ ਸਿੰਧ ਵਿਚ ਉਡਰੋਲਾਲ ਵਿਖੇ ਹੈ ਜਿਥੇ ਹਮੇਸ਼ਾ ਜੋਤ ਜਗਦੀ ਰਹਿੰਦੀ ਹੈ। ਇਥੇ ਜੋਗੀ ਨਵੇਂ ਚੰਨ ਵਾਲੇ ਦਿਨ ਦਰਿਆ, ਨਦੀ ਜਾਂ ਸਰੋਵਰ ਦੇ ਕੰਢੇ ਪੂਜਾ ਕਰਦੇ ਹਨ, ਨਾਲੇ ਫੁੱਲ, ਚੌਲ, ਗੁੜ ਆਦਿ ਭੇਟ ਕਰਦੇ ਹਨ। ਇਸ ਪੰਥ ਦਾ ਸਬੰਧ ਰਤਨ ਨਾਥ ਨਾਲ ਵੀ ਜੋੜਿਆ ਜਾਂਦਾ ਹੈ।

**6. ਗੰਗਾ ਨਾਥੀ**—ਇਸ ਪੰਥ ਦਾ ਮੁੱਖੀ ਗੰਗਾ ਨਾਥ ਸੀ ਜਿਹੜਾ ਕਪਿਲ ਮੁਨੀ ਦਾ ਅਨੁਯਾਈ ਸੀ। ਇਸ ਫ਼ਿਰਕੇ ਦਾ ਏਕੀਕਰਣ ਕਪਿਲਾਨੀ ਫ਼ਿਰਕੇ ਨਾਲ ਵੀ ਕੀਤਾ ਜਾਂਦਾ ਹੈ।

**7. ਬੈਰਾਗ ਨਾਥੀ**—ਇਸ ਪੰਥ ਦਾ ਮੋਢੀ ਭਰਥਰੀ ਹਰੀ ਸੀ ਜਿਸ ਨੇ ਉਜੈਨ ਦਾ ਤਖ਼ਤ ਤਿਆਗ ਕੇ ਬੈਰਾਗ ਲਿਆ ਅਤੇ ਗੋਰਖ ਨਾਥ ਦਾ ਚੇਲਾ ਬਣਿਆ। ਇਹ ਜੋਗੀ ਆਪਣੇ ਆਪ ਨੂੰ ਬੈਰਾਗੀ ਅਖਵਾਉਂਦੇ ਹਨ। ਬੈਰਾਗ ਪੰਥੀ ਸਾਰੰਗੀ ਜਾਂ ਡੱਫ਼ ਵਜਾ ਕੇ ਭਿਖਿਆ ਮੰਗਦੇ ਹਨ। ਇਹ ਜੋਗੀ ਵਧੇਰੇ ਕਰਕੇ ਮਾਲਵੇ ਵਿਚ ਮਿਲਦੇ ਹਨ।

**8. ਰਤਨ ਪੰਥੀ**—ਇਸ ਪੰਥ ਦਾ ਮੋਢੀ ਰਤਨ ਨਾਥ ਸੀ। ਉਸ ਦੀ ਮੁਲਾਕਾਤ ਗੋਦਾਵਰੀ ਦੇ ਤਟ ਤੇ ਗੋਰਖ ਨਾਥ ਨਾਲ ਹੋਈ। ਰਤਨ ਨਾਥ ਦੀ ਵਧੇਰੇ ਮਾਨਤਾ ਕਾਬਲ ਅਤੇ ਜਲਾਲਾਬਾਦ ਇਲਾਕੇ ਵਿਚ ਹੈ। ਰਤਨ ਨਾਥੀ ਮੁੰਦਰਾਂ ਨਹੀਂ ਪਹਿਨਦੇ। ਇਕ ਵਾਰ ਟਿੱਲੇ ਤੇ ਰਤਨ ਨਾਥ ਨੂੰ ਤਾੜਿਆ ਗਿਆ ਕਿ ਉਸਨੇ ਮੁੰਦਰਾਂ ਕਿਉਂ ਨਹੀਂ ਪਹਿਨੀਆਂ ਤਾਂ ਰਤਨ ਨਾਥ ਨੇ ਆਪਣੀ ਛਾਤੀ ਪਾੜ ਕੇ ਵਿਖਾਂਦਿਆਂ ਕਿਹਾ ਕਿ ਉਨ੍ਹਾਂ ਨੇ ਦਿਲ ਵਿਚ ਮੁੰਦਰਾਂ ਧਾਰਨ ਕੀਤੀਆਂ ਹੋਈਆਂ ਹਨ। ਰਤਨ ਨਾਥ ਦਾ ਸਬੰਧ ਦਰਿਆ ਨਾਥੀਆਂ ਨਾਲ ਵੀ ਜੋੜਿਆ ਜਾਂਦਾ ਹੈ।

**9. ਰਾਵਲ ਪੰਥੀ**—ਰਾਵਲ ਵਧੇਰੇ ਕਰਕੇ ਮੁਸਲਮਾਨ ਜੋਗੀ ਹੁੰਦੇ ਹਨ। ਇਨ੍ਹਾਂ ਦਾ ਵੱਡਾ ਡੇਰਾ ਕਦੇ ਰਾਵਲਪਿੰਡੀ ਵਿਚ ਸੀ। ਇਨ੍ਹਾਂ ਨੇ ਇਸ ਨਗਰ ਨੂੰ ਆਪਣਾ ਨਾਂ ਦਿੱਤਾ। ਇਹ ਆਪਣੀ ਉੱਤਪਤੀ ਸ਼ਿਵ ਤੋਂ ਹੋਈ ਮੰਨਦੇ ਹਨ। ਰਾਵਲ ਪੰਥੀਆਂ ਦੀਆਂ ਦੋ ਸ਼ਾਖਾਵਾਂ ਹਨ–ਮਾਦੀਆ ਤੇ ਗਲ। ਮਾਦੀਆ ਵਧੇਰੇ ਪਠਾਣ ਹੁੰਦੇ ਹਨ ਅਤੇ ਸਰਹੱਦੀ ਪ੍ਰਾਂਤ ਵਿਚ ਮਿਲਦੇ ਹਨ। ਗਲ ਆਪਣਾ ਸਬੰਧ ਰੋਹਤਕ ਦੇ ਬੋਹਰ ਮੱਠ ਅਥਵਾ ਪਾਗਲ ਪੰਥੀ ਨਾਥਾਂ ਨਾਲ ਜੋੜਦੇ ਹਨ।

**10. ਆਈ ਪੰਥੀ**—ਆਈ ਪੰਥੀ ਆਪਣੇ ਆਪ ਨੂੰ ਪੀਰ ਪਾਰਸ ਨਾਥ ਦੇ ਅਨੁਯਾਈ ਦੱਸਦੇ ਹਨ। ਆਈ ਸ਼ਬਦ ਮਾਈ ਤੋਂ ਵਿਗੜ ਕੇ ਬਣਿਆ ਹੈ। ਇਸ ਪੰਥ ਨਾਲ ਸਬੰਧਤ ਲੋਕ ਆਪਣੇ ਨਾਮ ਦੇ ਪਿੱਛੇ 'ਨਾਥ' ਦੀ ਥਾਂ ਆਈ ਸ਼ਬਦ ਵਰਤਣ ਲੱਗੇ। ਪਰ ਬਾਅਦ ਵਿਚ ਮਸਤ ਨਾਥ ਦੇ ਸਮੇਂ ਤੋਂ ਇਹ ਵੀ ਨਾਥ ਅਖਵਾਉਣ ਲੱਗੇ। ਆਈ ਪੰਥ ਦਾ ਹਰਦੁਆਰ ਵਿਚ ਮਹੱਤਵਪੂਰਨ ਅਸਥਾਨ ਹੈ।

**11. ਕਪਿਲਾਨੀ**—ਇਸ ਸੰਪ੍ਰਦਾਇ ਦਾ ਸਬੰਧ ਕਪਿਲਮੁਨੀ ਨਾਲ ਜੋੜਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਪੰਥ ਦਾ ਮੁੱਢ ਗੋਰਖ ਨਾਥ ਦੇ ਇਕ ਚੇਲੇ ਕਪਿਲ ਮੁਨੀ ਤੋਂ ਬੱਝਿਆ। ਇਸ ਪੰਥ ਨੂੰ ਕਪਿਲ ਦਿਓ ਕੇ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਪ੍ਰਮੁੱਖ ਅਸਥਾਨ ਗੰਗਾ ਸਾਗਰ ਵਿਚ ਹੈ। ਕਿਸੇ ਸਮੇਂ ਉਥੇ ਕਪਿਲ ਮੁਨੀ ਦਾ ਆਸ਼ਰਮ ਹੁੰਦਾ ਸੀ। ਕਪਿਲ ਮੁਨੀ ਨੇ ਸ਼ਾਂਖ ਸ਼ਾਸਤਰ ਦੀ ਰਚਨਾ ਕੀਤੀ। ਉਹ ਈਸ਼ਵਰ ਦੀ ਹੋਂਦ ਨਹੀਂ ਮੰਨਦਾ। ਸ਼ਾਂਖ ਦਰਸ਼ਨ ਅਤੇ ਅਨੀਸ਼ਵਰਵਾਦੀ ਜੋਗੀਆਂ ਵਿਚ ਕਾਫ਼ੀ ਸਾਂਝ ਹੈ। ਹੋ ਸਕਦਾ ਹੈ ਕਿ ਜਿਹੜੇ ਅਨੀਸ਼ਵਰਵਾਦੀ ਜੋਗੀ ਗੋਰਖ ਪੰਥ ਵਿਚ ਸ਼ਾਮਿਲ ਹੋਏ ਹੋਣ, ਉਹ ਆਪਣੇ ਆਪ ਨੂੰ ਕਪਿਲ ਜਾਂ ਕਪਿਲਾਨੀ ਅਖਵਾਉਣ ਲਗ ਪਏ ਹੋਣ।

**12. ਧਜਾ ਪੰਥੀ**—ਇਸ ਪੰਥ ਨੂੰ ਹਨੂਮਾਨ ਨਾਥੀ ਵੀ ਕਹਿੰਦੇ ਹਨ ਅਤੇ ਇਨ੍ਹਾਂ ਦਾ ਸਬੰਧ ਮਹਾਂਬੀਰ (ਹਨੂਮਾਨ) ਨਾਲ ਦੱਸਿਆ ਜਾਂਦਾ ਹੈ। ਵੰਡ ਤੋਂ ਪਹਿਲਾਂ ਜਿਹਲਮ ਦੇ ਟਿੱਲੇ ਤੇ ਇਸ ਪੰਥ ਦੇ ਜੋਗੀ ਮਿਲਦੇ ਸਨ। ਇਹ ਜੋਗੀ ਆਪਣੇ ਨਾਲ ਇਕ ਝੰਡੀ ਜਾਂ ਧਜਾ ਚੁੱਕੀ ਫਿਰਦੇ ਹਨ।

**13. ਕਾਨੀ ਪਾ**—ਇਸ ਪੰਥ ਦਾ ਮੋਢੀ ਕਾਨੀਪਾ ਸੀ। ਗੋਪੀਚੰਦ ਕਾਨੀਪਾ ਦਾ ਚੇਲਾ ਹੋਣ ਕਰਕੇ ਇਸ ਪੰਥ ਨਾਲ ਸਬੰਧਿਤ ਸੀ। ਇਸੇ ਲਈ ਇਸ ਪੰਥ ਨੂੰ ਗੋਪੀ ਚੰਦੀ ਕਿਹਾ ਜਾਂਦਾ ਹੈ।

**14. ਗੋਪਾਲ ਪੰਥੀ**—ਇਸ ਪੰਥ ਦਾ ਮੋਢੀ ਸੰਤੋਸ਼ਨਾਥ ਸੀ ਅਤੇ ਇਨ੍ਹਾਂ ਦਾ ਪ੍ਰਮੁੱਖ ਅਸਥਾਨ ਬਿੰਦਰਾਬਨ ਹੈ। ਇਸ ਪੰਥ ਨਾਲ ਸਬੰਧਿਤ ਜੋਗੀ ਕ੍ਰਿਸ਼ਨ ਜੀ ਮਹਾਰਾਜ ਨੂੰ ਪੂਜਦੇ ਹਨ ਅਤੇ ਗਊਆਂ ਨੂੰ ਲੈ ਕੇ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰਦੇ ਫਿਰਦੇ ਹਨ।

**15. ਪਾਂਵ ਨਾਥੀ**—ਇਸ ਪੰਥ ਦਾ ਮੋਢੀ ਜਲੰਧਰ ਪਾ ਸੀ ਜਿਸ ਨੂੰ ਗੋਪੀ ਚੰਦ ਦਾ ਅਨੁਯਾਈ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਪ੍ਰਧਾਨ ਅਸਥਾਨ ਜੈਪੁਰ ਹੈ। ਬੀਨ ਵਜਾਉਣ ਵਾਲੇ ਸਪੇਰੇ ਪਾਂਵ ਨਾਥੀ ਅਖਵਾਉਂਦੇ ਹਨ।

**16. ਕੰਥੜ ਪੰਥੀ**—ਇਸ ਪੰਥ ਨੂੰ ਕਨ੍ਹੜ ਮਤ ਵੀ ਕਹਿੰਦੇ ਹਨ। ਇਸ ਦਾ ਮੋਢੀ ਗਣੇਸ਼ ਨੂੰ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਮੁੱਖ ਅਸਥਾਨ ਕੱਛ ਵਿਚ ਮਾਨਫਲ ਦਾ ਸਥਾਨ ਹੈ। ਪੰਜਾਬ ਦੇ ਨਾਲ ਲਗਦੇ ਪਹਾੜੀ ਇਲਾਕੇ ਅਤੇ ਨੇਪਾਲ ਵਿਚ ਇਸ ਮਤ ਦੇ ਪੈਰੋਕਾਰ ਕਾਫ਼ੀ ਮਾਤਰਾ ਵਿਚ ਮਿਲਦੇ ਹਨ।

**17. ਪਾਗਲ ਪੰਥੀ**—ਇਸ ਪੰਥ ਦਾ ਮੋਢੀ ਜੋਗੀ ਚੌਰੰਗੀ ਸੀ। ਚੌਰੰਗੀ ਨਾਥ ਪੂਰਨ ਭਗਤ ਦਾ ਹੀ ਨਾਮ ਹੈ ਜਿਹੜਾ ਉਸ ਨੇ ਜੋਗ ਮੱਤ ਧਾਰਨ ਕਰਨ ਪਿੱਛੋਂ ਰੱਖਿਆ ਸੀ। ਇਸ ਪੰਥ ਦਾ ਪ੍ਰਧਾਨ ਅਸਥਾਨ ਸਿਆਲਕੋਟ ਵਿਚ ਪੂਰਨ ਨਾਥ ਦਾ ਖੂਹ ਹੈ। ਇਨ੍ਹਾਂ ਦੀ ਬਹੁਤੀ ਗਿਣਤੀ ਹਿਮਾਚਲ ਪ੍ਰਦੇਸ਼ ਵਿਚ ਮਿਲਦੀ ਹੈ।

ਇਨ੍ਹਾਂ ਜੋਗੀਆਂ ਨੂੰ ਚੌਰੰਗੀ ਨਾਥੀ ਵੀ ਕਹਿੰਦੇ ਹਨ। ਹੌਲੀ-ਹੌਲੀ ਇਨ੍ਹਾਂ ਜੋਗੀਆਂ ਦਾ ਨਾਉਂ ਚੌਰੰਗੀ ਨਾਥੀ ਤੋਂ ਵਿਗੜ ਕੇ ਰੰਗੀ ਨਾਥੀ ਪੈ ਗਿਆ ਅਤੇ ਇਹ ਇਕ ਵੱਖਰੇ ਪੰਥ ਦਾ ਰੂਪ ਧਾਰਨ ਕਰ ਗਿਆ।

**18. ਵਾਮ ਮਾਰਗੀ ਨਾਥੀ**—ਇਹ ਜੋਗੀ ਅਘੋਰੀ ਹੁੰਦੇ ਹਨ, ਸ਼ਮਸ਼ਾਨ ਭੂਮੀ ਵਿਚ ਰਹਿੰਦੇ ਅਤੇ ਮਾਸ-ਮਦਰਾ ਦੀ ਵਰਤੋਂ ਰੋਜ਼ ਕਰਦੇ ਹਨ। ਇਨ੍ਹਾਂ ਵਿਚ ਕਈ ਤਾਂ ਭਖ-ਅਭਖ ਜੋ ਮਿਲੇ ਖਾ ਲੈਂਦੇ ਹਨ। ਇਹ ਨਾਥ ਕਾਪਾਲਿਕਾ ਨਾਲ ਕਾਫ਼ੀ ਸਮਾਨਤਾ ਰੱਖਦੇ ਹਨ।

**19. ਜਾਫ਼ਰ ਪੀਰ**—ਇਹ ਨਾਥ ਵਧੇਰੇ ਕਰਕੇ ਮੁਸਲਮਾਨ ਹਨ। ਇਸ ਫ਼ਿਰਕੇ ਦਾ ਸਬੰਧ ਹਾਜ਼ੀ ਰਤਨ ਨਾਲ ਜੋੜਿਆ ਜਾਂਦਾ ਹੈ ਜੋ ਬਠਿੰਡੇ ਦੇ ਰਹਿਣ ਵਾਲੇ ਸਨ। ਇਨ੍ਹਾਂ ਦਾ ਮੱਤ ਖੁਰਾਸਾਨ, ਕਾਬਲ, ਜਲਾਲਾਬਾਦ ਅਤੇ ਪਿਸ਼ਾਵਰ ਆਦਿ ਸਰਹੱਦੀ ਅਤੇ ਪਠਾਣੀ ਇਲਾਕਿਆਂ ਵਿਚ ਫੈਲਿਆ ਹੋਇਆ ਸੀ। ਕਈ ਲੋਕ ਇਨ੍ਹਾਂ ਜੋਗੀਆਂ ਦਾ ਸਬੰਧ ਰਾਂਝੇ ਨਾਲ ਵੀ ਜੋੜਦੇ ਹਨ।

**20. ਹਾਂਡੀ ਭਰੰਗ**—ਇਸ ਪੰਥ ਦਾ ਮੁੱਢ ਗੋਰਖ ਨਾਥ ਦੇ ਇਕ ਚੇਲੇ ਸ਼ਕਰ ਨਾਥ ਤੋਂ ਬੱਝਿਆ। ਗੋਰਖ ਨਾਥ ਦੇ ਲਾਂਗਰੀ ਨੇ ਇਸ ਨੂੰ ਲੰਗਰ ਵਾਸਤੇ ਤਿਆਰ ਹੋਈ ਦਾਲ ਚੱਖਣ ਲਈ ਪਹਿਲਾਂ ਹੀ ਦੇ ਦਿੱਤੀ। ਗੋਰਖ ਨਾਥ ਨੂੰ ਇਹ ਗੱਲ ਪਸੰਦ ਨਾ ਆਈ ਅਤੇ ਉਸ ਨੇ ਸ਼ਕਰ ਨਾਥ ਨੂੰ ਇਸ ਕਸੂਰ ਬਦਲੇ ਗਲੇ ਵਿਚ ਹਾਂਡੀ ਬੰਨ੍ਹ ਕੇ ਚਾਰ ਸਾਲਾਂ ਤੱਕ ਭਿਖਿਆ ਮੰਗਵਾਈ। ਮਗਰੋਂ ਉਸ ਨੇ ਇਕ ਵੱਖਰਾ ਪੰਥ ਚਲਾਇਆ। ਇਨ੍ਹਾਂ ਦਾ ਮੁੱਖ ਅਸਥਾਨ ਪੂਨਾ ਹੈ।

ਇਸ ਤਰ੍ਹਾਂ ਦੇ ਕਈ ਹੋਰ ਪੰਥ ਹਨ। ਬ੍ਰਿਗਜ਼ ਨੇ 39 ਪੰਥਾਂ ਦੀ ਸੂਚੀ ਦਿੱਤੀ ਹੈ ਜਿਹੜੇ ਸਾਰੇ ਭਾਰਤ ਵਿਚ ਫੈਲੇ ਹੋਏ ਹਨ।

ਹ. ਪੁ.–ਮ. ਕੋ. ; ਪੰ. ਸਾ. ਇਤਿ.–ਭਾ. ਵਿ. ਪੰ. ; ਪੰ. ਲੋ. ਵਿ. ਕੋ.

**ਜੋਗਾ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੱਖ ਸੀ। ਇਸ ਦਾ ਜਨਮ ਪੇਸ਼ਾਵਰ (ਹੁਣ ਪਾਕਿਸਤਾਨ) ਵਿਚ ਭਾਈ ਗੁਰਮੁਖ ਦੇ ਘਰ ਹੋਇਆ। ਇਸ ਨੇ ਕਲਗੀਧਰ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਪਦਵੀ ਧਾਰਨ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਜੋਗਾ ਸਿੰਘ ਨੂੰ ਹਰ ਵੇਲੇ ਆਪਣੇ ਕੋਲ ਰੱਖਦੇ ਸਨ। ਇਕ ਵੇਰ ਇਸ ਦੇ ਪਿਤਾ ਭਾਈ ਗੁਰਮੁਖ ਨੇ ਬੇਨਤੀ ਕੀਤੀ ਕਿ ਜੋਗਾ ਸਿੰਘ ਦੀ ਸ਼ਾਦੀ ਹੋਣ ਵਾਲੀ ਹੈ, ਇਸ ਨੂੰ ਆਗਿਆ ਮਿਲੇ ਤਾਂ ਇਹ ਪੇਸ਼ਾਵਰ ਜਾ ਕੇ ਸ਼ਾਦੀ ਕਰਵਾ ਆਵੇ। ਦਸ਼ਮੇਸ਼ ਜੀ ਨੇ ਸ਼ਾਦੀ ਲਈ ਜੋਗਾ ਸਿੰਘ ਨੂੰ ਛੁੱਟੀ ਦੇ ਦਿੱਤੀ ਪਰ ਇਸ ਦੀ ਪਰੀਖਿਆ ਲਈ ਇਕ ਸਿੱਖ ਨੂੰ ਹੁਕਮਨਾਮਾ ਦੇ ਕੇ ਭੇਜਿਆ ਕਿ ਜਦ ਜੋਗਾ ਸਿੰਘ ਇਕ ਲਾਂਵ (ਫੇਰਾ) ਲੈ ਚੁੱਕੇ, ਤਦ ਹੁਕਮਨਾਮਾ ਉਸ ਦੇ ਹੱਥ ਦੇਣਾ। ਸਿੱਖ ਨੇ ਅਜਿਹਾ ਹੀ ਕੀਤਾ। ਹੁਕਮਨਾਮੇ ਵਿਚ ਹੁਕਮ ਸੀ ਕਿ ਇਸ ਨੂੰ ਵੇਖਦੇ ਹੀ ਆਨੰਦਪੁਰ ਵੱਲ ਤੁਰ ਪਉ; ਸੋ ਜੋਗਾ ਸਿੰਘ ਤਿੰਨ ਲਾਵਾਂ ਵਿਚ ਛੱਡ ਕੇ ਘਰੋਂ ਤੁਰ ਪਿਆ। ਬਾਕੀ ਤਿੰਨ ਲਾਵਾਂ ਉਸਦੇ ਕਮਰਬੰਦ ਨਾਲ ਦੇ ਕੇ ਵਿਆਹ ਪੂਰਾ ਕੀਤਾ ਗਿਆ।

ਰਸਤੇ ਵਿਚ ਭਾਈ ਜੋਗਾ ਸਿੰਘ ਦੇ ਮਨ ਸੰਕਲਪ ਫੁਰਿਆ ਕਿ ਸਤਿਗੁਰੂ ਦੀ ਆਗਿਆ ਮੰਨਣ ਵਾਲਾ ਮੇਰੇ ਜਿਹਾ ਕੋਈ ਵਿਰਲਾ ਹੀ ਸਿੱਖ ਹੋਵੇਗਾ। ਜਦ ਹੁਸ਼ਿਆਰਪੁਰ ਪੁੱਜਾ, ਤਾਂ ਇਕ ਵੇਸ਼ਵਾਂ ਦਾ ਸੁੰਦਰ ਰੂਪ ਵੇਖਕੇ ਕਾਮ ਨਾਲ ਵਿਆਕੁਲ ਹੋ ਗਿਆ ਅਤੇ ਸਿੱਖ ਧਰਮ ਵਿਰੁੱਧ ਕੁਕਰਮ ਕਰਨ ਲਈ ਪੱਕਾ ਸੰਕਲਪ ਕਰਕੇ ਵੇਸ਼ਵਾ ਦੇ ਮਕਾਨ ਤੇ ਪੁੱਜਾ। ਕਲਗੀਧਰ ਨੇ ਆਪਣੇ ਸਿੱਖ ਨੂੰ ਬਚਾਉਣ ਲਈ ਚੋਬਦਾਰ ਦਾ ਰੂਪ ਧਾਰ ਕੇ ਸਾਰੀ ਰਾਤ ਵੇਸ਼ਵਾ ਦੇ ਮਕਾਨ ਤੇ ਪਹਿਰਾ ਦਿੱਤਾ। ਜਦ ਤਿੰਨ ਚਾਰ ਵਾਰ ਭਾਈ ਜੋਗਾ ਸਿੰਘ ਨੇ ਚੋਬਦਾਰ ਨੂੰ ਉਥੇ ਹੀ ਖੜਾ ਡਿੱਠਾ ਤਾਂ ਮਨ

ਨੂੰ ਧਿਰਕਾਰਦਾ ਹੋਇਆ ਆਨੰਦਪੁਰ ਦੇ ਰਾਹ ਪੈ ਗਿਆ ਅਤੇ ਸਤਿਗੁਰੂ ਦੇ ਦਰਬਾਰ ਪਹੁੰਚ ਕੇ ਅਪਰਾਧ ਬਖ਼ਸ਼ਵਾਇਆ।

ਪੇਸ਼ਾਵਰ ਵਿਚ ਭਾਈ ਜੋਗਾ ਸਿੰਘ ਦੀ ਧਰਮਸ਼ਾਲਾ ਬਹੁਤ ਮਸ਼ਹੂਰ ਥਾਂ ਹੈ। ਉਥੋ ਦੇ ਬਹੁਤ ਲੋਕ ਭਾਈ ਸਾਹਿਬ ਨੂੰ ਜੋਗਨਸ਼ਾਹ ਵੀ ਆਖਦੇ ਹਨ।

ਹ. ਪੁ.–ਮ. ਕੋ. :

**ਜੋਗਾ ਸਿੰਘ** : ਇਹ ਇਕ ਕਿੱਸਾਕਾਰ ਸੀ ਜਿਸ ਨੇ ਸੁਪ੍ਰਸਿੱਧ ਕਿੱਸਾ 'ਹੀਰ' 1825-26 ਵਿਚ ਲਿਖਿਆ। ਕਵੀ ਨੇ ਇਹ ਕਿੱਸਾ ਕਬਿੱਤ-ਛੰਦ ਵਿਚ ਲਿਖਿਆ ਹੈ। ਇਹ ਕਿੱਸਾ 1889 ਵਿਚ ਮੁਜਤਬਾਈ ਪ੍ਰੈਸ ਲਾਹੌਰ ਵਿਚ ਪੱਥਰ ਦੇ ਛਾਪੇ ਵਿਚ ਛਪਿਆ ਸੀ ਅਤੇ ਇਸ ਦੇ 152 ਸਫ਼ੇ ਸਨ। ਇਸ ਵਿਚ ਇਕ ਸਤਰ ਦੇ ਸਭ ਅੱਖਰ ਜੁੜਵੇਂ ਹਨ। ਮੁੱਢ ਵਿਚ ੧ਓ ਸਤਿਗੁਰ ਪ੍ਰਸਾਦਿ ਲਿਖਿਆ ਹੈ ਅਤੇ ਅੱਗੇ ਦੋਹਾਂ ਦੋਹਰਿਆਂ ਵਿਚ ਗੌਰਜਾ ਗਣਪਤ ਗਣੇਸ਼ ਅਤੇ ਸ਼ਾਰਦਾ ਦਾ ਮੰਗਲਾਚਰਣ ਕਰਕੇ ਫਿਰ ਕਬਿੱਤਾਂ ਵਿਚ ਕਿੱਸਾ ਚਲਦਾ ਹੈ। ਇਸ ਵਿਚ ਲੇਖਕ ਨੇ ਨਾ ਤਾਂ ਇਹ ਦੱਸਿਆ ਹੈ ਕਿ ਮੈਂ ਦੋਸਤਾਂ ਦੀ ਫਰਮਾਇਸ਼ ਤੇ ਕਿੱਸਾ ਲਿਖ ਰਿਹਾ ਹਾਂ ਤੇ ਨਾ ਹੀ ਕੋਈ ਲੰਬੀ ਭੂਮਿਕਾ ਬੰਨ੍ਹੀ ਹੈ। ਕਬਿੱਤ ਦੀਆਂ ਪਹਿਲੀਆਂ ਦੋ ਤੁਕਾਂ ਵਿਚ ਹੀ ਕਹਾਣੀ ਸ਼ੁਰੂ ਹੋ ਜਾਂਦੀ ਹੈ।

ਇਸ ਕਿੱਸੇ ਵਿਚ ਥਾਂ-ਥਾਂ ਸਿੱਖਿਆ ਦਿੱਤੀ ਗਈ ਹੈ। ਇਹ ਸਿੱਖਿਆਵਾਂ ਵਾਰਤਾਲਾਪ ਵਿਚ ਸੁਭਾਵਕ ਢੰਗ ਨਾਲ ਲਿਆਂਦੀਆਂ ਹਨ, ਉਚੇਚ ਨਹੀਂ ਜਾਪਦਾ। 'ਸ਼' ਲਈ 'ਸ' ਵਰਤਿਆ ਹੈ ਪਰ ਬੋਲੀ ਹਿੰਦੀ ਜਾਂ ਫ਼ਾਰਸੀ ਦੋਹਾਂ ਦੇ ਅਸਰ ਤੋਂ ਨਿਰਲੇਪ ਹੈ, ਕਵਿਤਾ ਵਿਚ ਰਵਾਂ ਤੇ ਤੋਲ ਪੂਰਾ ਹੈ।

ਹ. ਪੁ.–ਪੰ. ਸਾ. ਇਤਿ.–ਭਾ. ਵਿ. ਪੰ.

**ਜੋਗਿੰਦਰ ਸਿੰਘ, ਸਰ** : ਪੰਜਾਬ ਦੇ ਇਸ ਨਾਮਵਰ ਸਿਆਸਤਦਾਨ ਦਾ ਜਨਮ ਬਾਰ ਗੋਤ ਦੇ ਜੱਟ ਘਰਾਣੇ ਵਿਚ 1876 ਵਿਚ ਸਰਦਾਰ ਜਵਾਲਾ ਸਿੰਘ ਦੇ ਘਰ ਪਿੰਡ ਰਸੂਲਪੁਰ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਸ ਦੀਆਂ ਉੱਤਰ ਪ੍ਰਦੇਸ਼ ਅਤੇ ਮਿੰਟਗੁਮਰੀ ਜ਼ਿਲ੍ਹੇ ਵਿਚ ਬਹੁਤ ਵੱਡੀਆਂ-ਵੱਡੀਆਂ ਜਾਗੀਰਾਂ ਸਨ। ਉਚੇਰੀ ਵਿੱਦਿਆ ਪ੍ਰਾਪਤ ਕਰਨ ਮਗਰੋਂ 1910 ਵਿਚ ਇਸ ਨੇ ਪਟਿਆਲਾ ਰਿਆਸਤ ਵਿਚ ਵੀ ਸੇਵਾ ਕੀਤੀ। ਸੰਨ 1926 ਦੇ ਦੌਰਾਨ, ਇਹ ਪੰਜਾਬ ਮੰਤਰੀ ਮੰਡਲ ਵਿਚ ਖੇਤੀਬਾੜੀ ਮਹਿਕਮੇਂ ਦਾ ਵਜ਼ੀਰ ਬਣਿਆ। ਇਸ ਉਪਰੰਤ, ਇਸ ਨੇ ਕੋਈ ਦਸ ਸਾਲਾਂ ਤੱਕ ਵੱਖ-ਵੱਖ ਵਜ਼ਾਰਤੀ ਅਹੁਦਿਆਂ ਤੇ ਸੇਵਾ ਕੀਤੀ। ਸੰਨ 1929 ਵਿਚ ਅੰਗਰੇਜ਼ਾਂ ਨੇ ਇਸ ਨੂੰ 'ਸਰ' ਦਾ ਖ਼ਿਤਾਬ ਦਿੱਤਾ। ਸੰਨ 1942 ਵਿਚ ਇਸ ਨੂੰ ਗਵਰਨਰ ਦੀ ਕਾਰਜਕਾਰੀ ਕੌਂਸਲ ਲਈ ਨਾਮਜ਼ਦ ਕੀਤਾ ਗਿਆ ਅਤੇ ਇਹ ਸਿਹਤ, ਵਿੱਦਿਆ ਅਤੇ ਜ਼ਮੀਨਾਂ ਨਾਲ ਸਬੰਧਤ ਕਮੇਟੀਆਂ ਦਾ ਮੈਂਬਰ ਬਣਿਆ। ਮਾਰਚ-ਅਪ੍ਰੈਲ, 1942 ਵਿਚ ਜਦੋਂ ਸਰ ਸਟੈਫਰਡ ਕ੍ਰਿਪਸ ਭਾਰਤ ਆਇਆ ਸੀ ਤਾਂ ਉਸ ਵੇਲੇ ਸਿੱਖ ਕੌਮ ਦੀਆਂ ਮੰਗਾਂ ਸਬੰਧੀ ਉਸ ਨੂੰ ਮਿਲਣ ਵਾਲੇ ਵਫ਼ਦ ਵਿਚ ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ, ਉਜਲ ਸਿੰਘ ਹੁਰਾਂ ਨਾਲ ਇਹ ਵੀ ਸ਼ਾਮਲ ਸੀ। ਜੋਗਿੰਦਰ ਨਗਰ (ਹਿਮਾਚਲ ਪ੍ਰਦੇਸ਼) ਦਾ ਬਿਜਲੀ ਕੇਂਦਰ ਇਸ ਦੇ ਯਤਨਾਂ ਦਾ ਸਿੱਟਾ ਹੈ।

ਇਸ ਨੇ ਅੰਗਰੇਜ਼ੀ ਵਿਚ ਕਈ ਪੁਸਤਕਾਂ ਵੀ ਲਿਖੀਆਂ। ਇਸ ਦੀਆਂ ਰਚਨਾਵਾਂ ਵਿਚ ਕਮਲਾ ਅਤੇ ਨੂਰਜਹਾਂ (ਜਿਹੜੀਆਂ ਕਿ ਦੋਵੇਂ ਹੀ ਵਾਰਤਕ ਵਿਚ ਹਨ) ਅਤੇ ਕੁਝ ਸਿੱਖ ਧਰਮ ਉੱਤੇ ਲਿਖੀਆਂ ਪੁਸਤਕਾਂ ਸ਼ਾਮਲ ਹਨ।

ਇਸ ਦੀ ਮੌਤ 22 ਦਸੰਬਰ, 1946 ਵਿਚ ਹੋਈ।

ਹ. ਪੁ.–ਹਿ. ਸਿ. -ਖੁਸ਼ਵੰਤ ਸਿੰਘ

**ਜੋਗੀ ਗੋਪਾ** : ਆਸਾਮ ਦੇ ਗੋਆਲਪਾੜਾਂ ਜ਼ਿਲ੍ਹੇ ਵਿਚ ਬ੍ਰਹਮਪੁੱਤਰ ਦਰਿਆ ਦੇ ਉੱਤਰ ਵੱਲ ਮਨਾਸ ਦਰਿਆ ਨਾਲ ਸੰਗਮ ਵਾਲੀ ਥਾਂ ਉੱਤੇ ਵਸਿਆ ਇਹ ਕਸਬਾ ਹੈ। ਆਸਾਮ ਦੇ ਅੰਗਰੇਜ਼ਾਂ ਦੇ ਮਾਤਹਿਤ ਆਉਣ ਤੋਂ ਪਹਿਲੋਂ ਇਸ ਕਸਬੇ ਵਾਲੀ ਥਾਂ ਉੱਤੇ ਬੰਗਾਲ ਦੀ ਸਰਹੱਦੀ ਚੌਕੀ ਬਣੀ ਹੋਈ ਸੀ। ਇਥੇ ਕੁਝ ਯੂਰਪੀਅਨ ਵਸੇ ਹੋਏ ਸਨ। ਇਨ੍ਹਾਂ ਨੇ ਆਸਾਮ ਦੇ ਲੋਕਾਂ ਨਾਲ ਚੀਜ਼ਾਂ ਦਾ ਲੈਣ ਦੇਣ ਕਰਨਾ ਸ਼ੁਰੂ ਕੀਤਾ। ਇਨ੍ਹਾਂ ਨੇ ਇਥੋਂ ਦਾ ਸਾਰਾ ਵਪਾਰ ਹੀ ਆਪਣੇ ਅਧੀਨ ਕਰ ਲਿਆ ਅਤੇ ਬਹੁਤ ਪੈਸਾ ਕਮਾਇਆ।

ਇਸ ਕਸਬੇ ਦਾ ਇਹ ਨਾਂ ਦਰਿਆ ਨੇੜੇ ਦੀਆਂ ਪਹਾੜੀਆਂ ਵਿਚ ਬਣੀਆਂ ਗੁਫ਼ਾਵਾਂ ਤੋਂ ਪਿਆ ਹੈ। ਇਨ੍ਹਾਂ ਗੁਫ਼ਾਵਾਂ ਵਿਚ ਜੋਗੀ ਤਪੱਸਿਆ ਕਰਦੇ ਸਨ। ਗੋਪਾ ਤੋਂ ਭਾਵ ਕਿਸੇ ਰਹਿਣ ਵਾਲੀ ਥਾਂ ਤੋਂ ਹੈ।

26° 24′ ਉ. ਵਿਥ.; 90° 34′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 200

**ਜੋਗੀ ਟਿੱਲਾ** : ਇਹ ਪਾਕਿਸਤਾਨ ਦੇ ਜੇਹਲਮ ਜ਼ਿਲ੍ਹੇ ਵਿਚ ਜੇਹਲਮ ਸ਼ਹਿਰ ਤੋਂ 19 ਕਿਲੋਮੀਟਰ ਪੱਛਮ ਵੱਲ ਇਕ ਪਹਾੜੀਧਾਰ ਹੈ ਜਿਸ ਦੀ ਸਭ ਤੋਂ ਉੱਚੀ ਚੋਟੀ 988 ਮੀਟਰ ਹੈ। ਇਸ ਚੋਟੀ ਉੱਤੇ ਹੀ ਬਾਲ ਗੁੰਦਾਈ ਆਦਿ ਜੋਗੀਆਂ ਦੇ ਪ੍ਰਸਿੱਧ ਅਸਥਾਨ ਹਨ। ਇਥੇ ਜੋਗੀਆਂ ਨੂੰ ਆਤਮ ਉਪਦੇਸ਼ ਦੇਣ ਲਈ ਗੁਰੂ ਨਾਨਕ ਦੇਵ ਜੀ ਪਧਾਰੇ ਸਨ। ਆਪ ਜੀ ਦਾ ਪਵਿੱਤਰ ਅਸਥਾਨ ਇਥੇ ਮੌਜੂਦ ਹੈ। ਬਾਲ ਗੁੰਦਾਈ ਜੋਗੀ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਹੋ ਗਿਆ। ਇਹ ਬੜਾ ਪਰਉਪਕਾਰੀ ਅਤੇ ਭਜਨੀਕ ਸਾਧੂ ਸੀ। ਗੁਰੂ ਸਾਹਿਬ ਇਸ ਦੇ ਆਸ਼ਰਮ ਵਿਚ ਪਹੁੰਚੇ ਸਨ। ਜਿਥੇ ਗੁਰੂ ਨਾਨਕ ਦੇਵ ਜੀ ਵਿਰਾਜੇ ਸਨ, ਉਥੇ ਗੁਰੂ ਸਾਹਿਬ ਦੇ ਚਰਣ ਚਿੰਨ੍ਹ ਪੱਥਰ ਤੇ ਉਕਰੇ ਹੋਏ ਹਨ। ਇਥੇ ਗੁਰੂ ਜੀ ਦੀ ਯਾਦ ਵਿਚ ਇਕ ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਇਸ ਗੁਰਦੁਆਰੇ ਨਾਲ ਕੁਝ ਜ਼ਮੀਨ ਵੀ ਹੈ।

ਹ. ਪੁ.-ਮ. ਕੋ.: 536

**ਜੋਗੇਸ਼ਵਰੀ** : ਮਹਾਰਾਸ਼ਟਰ ਰਾਜ (ਭਾਰਤ) ਦੇ ਥਾਨਾ ਜ਼ਿਲ੍ਹੇ ਦੇ ਸਲਸੇਟ ਤਅੱਲੁਕੇ ਵਿਚ ਬੰਬਈ-ਬੜੌਦਾ ਮਧ-ਭਾਰਤੀ ਰੇਲ ਲਾਈਨ ਤੋਂ 4 ਕਿ. ਮੀ. ਦੱਖਣ-ਪੂਰਬ ਵੱਲ ਸਥਿਤ ਇਕ ਗੁਫ਼ਾ ਦਾ ਨਾਂ ਹੈ। ਇਹ ਬ੍ਰਾਹਮਣੀ ਭਾਰਤ ਦੀਆਂ ਐਲੋਰਾ ਦੀ ਸੀਤਾਬਾਥ ਅਤੇ ਐਲੀਫੈਂਟਾ ਦੀ ਵਿਸ਼ਾਲ ਗੁਫ਼ਾ ਤੋਂ ਪਿੱਛੋਂ ਤੀਜੀ ਵੱਡੀ ਗੁਫ਼ਾ ਹੈ। ਇਹ 72 ਮੀ. ਲੰਬੀ ਅਤੇ 60 ਮੀ. ਚੌੜੀ ਹੈ। ਇਸ ਗੁਫ਼ਾ ਵਿਚ 7ਵੀਂ ਸਦੀ ਦਾ ਬਣਿਆ ਇਕ ਮੰਦਰ ਹੈ। ਚਟਾਨਾਂ ਨੂੰ ਕੱਟ ਕੇ ਵੱਡਾ ਸਾਰਾ ਹਾਲ ਕਮਰਾ ਅਤੇ ਥੰਮ ਜਿਹੇ ਵੀ ਬਣਾਏ ਹੋਏ ਹਨ।

19° 15′ ਉ. ਵਿਥ.; 72° 59′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 14 : 200

**ਜੋਟੋ (ਕਲਾ)** : ਇੱਟਲੀ ਦੇ ਪ੍ਰਸਿੱਧ ਕਲਾਕਾਰ ਜੋਟੋ (Giotto) ਦਾ ਜਨਮ 1266 ਜਾਂ 1276 ਵਿਚ ਫਲੋਰੈਂਸ ਦੇ ਨੇੜੇ ਦੇ ਇਕ ਪਿੰਡ ਵਿਚ ਹੋਇਆ। ਇਹ ਛੋਟੇ ਹੁੰਦਿਆਂ ਭੇਡਾਂ ਚਰਾਉਂਦਾ ਹੁੰਦਾ ਸੀ। ਜਦੋਂ ਭੇਡਾਂ ਚਰ ਰਹੀਆਂ ਹੁੰਦੀਆਂ ਤਾਂ ਇਹ ਰੇਤ ਉਪਰ ਆਪਣੀ ਉਂਗਲੀ ਨਾਲ ਰੇਖਾ-ਚਿੱਤਰ ਬਣਾਇਆ ਕਰਦਾ। ਇਵੇਂ ਹੀ ਕਈ ਵਾਰੀ ਉਹ ਪੱਥਰ ਦੇ ਕਿਸੇ ਤਿੱਖੇ ਟੁਕੜੇ ਨਾਲ ਚੱਟਾਨਾਂ ਉੱਤੇ ਵੀ ਚਿੱਤਰ ਬਣਾਉਂਦਾ ਹੁੰਦਾ ਸੀ।

ਇਸੇ ਤਰ੍ਹਾਂ ਇਕ ਦਿਨ ਜਦੋਂ ਉਹ 'ਭੇਡ' ਦਾ ਇਕ ਚਿੱਤਰ ਬਣਾ ਰਿਹਾ ਸੀ ਤਾਂ ਇਕ ਘੋੜ-ਸਵਾਰ ਉੱਧਰ ਆ ਨਿਕਲਿਆ। ਚਿੱਤਰ ਤੇ ਨਜ਼ਰ ਪੈਂਦਿਆਂ ਹੀ ਘੋੜ-ਸਵਾਰ ਨੂੰ ਲੱਗਾ ਕਿ ਇਹ ਬਾਲਕ ਬੜਾ ਪ੍ਰਤਿਭਾਸ਼ਾਲੀ ਹੈ। ਉਸ ਨੇ ਜੋਟੋ ਨੂੰ ਕਿਹਾ, "ਤੂੰ ਮੇਰੇ ਨਾਲ ਫਲੋਰੈਂਸ ਚਲ ਅਤੇ ਚਿੱਤਰਸ਼ਾਲਾ ਵਿਚ ਮੇਰੀ ਮਦਦ ਕਰਿਆ ਕਰ।" ਇਹ ਘੋੜਸਵਾਰ ਆਪਣੇ ਸਮੇਂ ਦਾ ਸਭ ਤੋਂ ਪ੍ਰਸਿੱਧ ਕਲਾਕਾਰ ਚਿਮਾਬੂ (Cimabue) ਸੀ।

ਜੋਟੋ ਇਸ ਦੇ ਨਾਲ ਫਲੋਰੈਂਸ ਚਲਾ ਗਿਆ। ਉਸ ਸਮੇਂ ਜੋਟੋ ਦੀ ਉਮਰ ਮੁਸ਼ਕਿਲ ਨਾਲ ਦਸ ਕੁ ਸਾਲ ਦੀ ਸੀ। ਚਿਮਾਬੂ ਦੀ ਚਿੱਤਰਸ਼ਾਲਾ ਵਿਚ ਬੁਰਸ਼ਾਂ ਨੂੰ ਧੋ ਕੇ ਸਾਫ਼ ਕਰਦਾ, ਰੰਗ ਪੀਂਹਦਾ ਅਤੇ ਚਿੱਤਰ ਬਣਾਉਂਦਾ। ਉਨ੍ਹਾਂ ਦਿਨਾਂ ਵਿਚ ਗਿੱਲੇ ਪਲਾਸਟਰ ਅਤੇ ਜਲ-ਰੰਗਾਂ ਨਾਲ ਚਿੱਤਰ ਬਣਾਏ ਜਾਂਦੇ ਸਨ। ਤੇਲ-ਚਿੱਤਰ ਉਦੋਂ ਅਜੇ ਬਣਨੇ ਸ਼ੁਰੂ ਨਹੀਂ ਹੋਏ ਸਨ। ਚਿਮਾਬੂ ਨੇ ਜਦੋਂ ਵੀ ਆਪਣੇ ਚਿੱਤਰਾਂ ਵਿਚ ਭੇਡ ਬਣਾਉਣੀ ਹੁੰਦੀ, ਉਹ ਹਮੇਸ਼ਾ ਜੋਟੋ ਕੋਲੋਂ ਬਣਵਾਉਂਦਾ। ਜੋਟੋ ਉਸ ਕਾਲ ਵਿਚ ਭੇਡਾਂ ਦੇ ਚਿੱਤਰ ਸਭ ਤੋਂ ਵਧੀਆ ਬਣਾਉਂਦਾ ਸੀ ਕਿਉਂਕਿ ਉਸਨੇ ਬਚਪਨ ਵਿਚ ਭੇਡਾਂ ਦੇ ਹਰ ਰੂਪ ਨੂੰ ਬੜੇ ਧਿਆਨ ਨਾਲ ਵੇਖਿਆ ਸੀ।

ਵੱਡੇ ਹੋ ਕੇ ਜੋਟੋ ਨੇ ਆਪਣੀ ਵੱਖਰੀ ਚਿੱਤਰਸ਼ਾਲਾ ਬਣਾ ਲਈ ਤੇ ਇਸ ਕਲਾ ਵਿਚ ਪ੍ਰਬੀਨ ਹੋ ਗਿਆ। ਕੁਝ ਸਮੇਂ ਬਾਅਦ ਉਸ ਨੂੰ ਰੋਮ ਬੁਲਾਇਆ ਗਿਆ। ਉਥੇ ਉਸਨੇ ਈਸਾ ਮਸੀਹ ਦਾ ਮੋਜ਼ੇਕ ਚਿੱਤਰ ਬਣਾਇਆ ਜਿਸ ਵਿਚ ਈਸਾ ਨੂੰ ਸਮੁੰਦਰ ਦੇ ਕਿਨਾਰੇ ਤੇ ਚਲਦੇ-ਫਿਰਦੇ ਦਿਖਾਉਣ ਦਾ ਦ੍ਰਿਸ਼ ਸੀ। ਮੋਜ਼ੇਕ ਚਿੱਤਰ ਰੰਗੀਨ-ਕੱਚ ਜਾਂ ਪੱਥਰ ਦੇ ਛੋਟੇ-ਛੋਟੇ ਟੁਕੜਿਆਂ ਨੂੰ ਜੋੜ ਕੇ ਬਣਾਇਆ ਜਾਂਦਾ ਹੈ। ਚਿੱਤਰਕਲਾ ਤੋਂ ਇਲਾਵਾ, ਜੋਟੋ ਨੇ ਭਵਨ-ਨਿਰਮਾਣ ਕਲਾ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਉਸ ਨੇ ਫਲੋਰੈਂਸ ਦੇ ਗਿਰਜਾ ਘਰ ਦਾ ਘੰਟੀਆਂ ਵਾਲੇ ਥੰਮ ਦਾ ਵੀ ਨਿਰਮਾਣ ਕੀਤਾ।

ਪਾਦਵਾ ਨਾਂ ਦੇ ਕਸਬੇ ਦੇ ਗਿਰਜਾ ਘਰ ਵਿਚ 38 ਮਹਾਨ ਕੰਧ-ਚਿੱਤਰ ਹਨ। ਇਨ੍ਹਾਂ ਨੂੰ ਜੋਟੋ ਨੇ ਛੇ ਸਾਲਾਂ ਦੀ ਮਿਹਨਤ ਨਾਲ ਬਣਾਇਆ ਸੀ। ਜੋਟੋ ਨੇ ਇਨ੍ਹਾਂ ਚਿੱਤਰਾਂ ਵਿਚ ਈਸਾ ਦੇ ਜੀਵਨ ਦੀਆਂ ਝਾਕੀਆਂ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ। ਉਸ ਦੇ ਬਣਾਏ ਹੋਏ ਮਨੁੱਖੀ ਚਿੱਤਰਾਂ ਨੂੰ ਦੇਖ ਕੇ ਇੰਜ ਲੱਗਦਾ ਹੈ ਜਿਵੇਂ ਉਹ ਹੁਣੇ ਬੋਲਣ ਲਗ ਪੈਣਗੇ। ਦੁੱਖ, ਦਰਦ, ਹੈਰਾਨੀ ਤੇ ਬੇਸਬਰੀ ਆਦਿ ਸਾਰੇ ਭਾਵਾਂ ਨੂੰ ਇਸ ਕਲਾਕਾਰ ਨੇ ਬੜੀ ਸਫ਼ਲਤਾ ਨਾਲ ਪ੍ਰਗਟ ਕੀਤਾ ਹੈ। ਪਾਦਵਾ ਦੇ ਚਿੱਤਰਾਂ ਵਿਚ ਹਲਕੇ, ਗੁਲਾਬੀ, ਨੀਲੇ ਤੇ ਹਰੇ ਰੰਗਾਂ ਦਾ ਪ੍ਰਯੋਗ ਤੇ ਸੁਮੇਲ ਬੜੇ ਵਧੀਆ ਢੰਗ ਨਾਲ ਕੀਤਾ ਗਿਆ ਹੈ। ਕੁਝ ਲੋਕ ਜੋਟੋ ਨੂੰ ਹੁਣ ਤੱਕ ਦਾ ਸਭ ਤੋਂ ਵਧੀਆ ਚਿੱਤਰਕਾਰ ਮੰਨਦੇ ਹਨ। ਇਸ ਤਰ੍ਹਾਂ ਦੀਆਂ ਕਲਾ ਕਿਰਤਾਂ ਨੂੰ ਅੱਜ ਕੱਲ੍ਹ ਜੋਟੋ-ਕਲਾ ਦਾ ਨਾਂ ਦਿੱਤਾ ਜਾਂਦਾ ਹੈ।

ਭਾਰਤ ਵਿਚ ਜੋਟੋ ਕਲਾ ਦਾ ਸਫਲ ਪ੍ਰਦਰਸ਼ਨ ਸ੍ਰੀ ਨੇਕ ਚੰਦ ਨੇ ਕੀਤਾ ਹੈ। ਨੇਕ ਚੰਦ ਚੰਡੀਗੜ੍ਹ ਵਿਖੇ ਪੀ. ਡਬਲਿਊ. ਡੀ. ਵਿਭਾਗ ਦਾ ਇਕ ਸਾਧਾਰਣ ਜਿਹਾ ਮੁਲਾਜ਼ਮ ਸੀ, ਜਿਸ ਨੇ ਉਸ ਵਿਭਾਗ ਦੀਆਂ ਬਚੀਆਂ-ਖੁਚੀਆਂ ਚੀਜ਼ਾਂ, ਵਸਤਾਂ-ਧਾਤਾਂ ਪੱਥਰ, ਕੱਚ, ਚੀਨੀ ਤੇ ਹੋਰ ਕੂੜਾ-ਕਰਕਟ ਵਿਚੋਂ ਅਨੇਕਾਂ ਟੁੱਟੀਆਂ ਹੋਈਆਂ ਰੰਗਦਾਰ ਵਸਤਾਂ, ਚੂੜੀਆਂ, ਪਿਆਲੀਆਂ, ਪਲੱਗ ਤੇ ਡਰੰਮ ਆਦਿ ਦੀ ਵਰਤੋਂ ਆਪਣੀ ਸੁਹਜਾਤਮਕ ਦ੍ਰਿਸ਼ਟੀ ਨਾਲ ਕਰਕੇ ਇਕ ਐਸਾ ਨੁਮਾਇਸ਼ੀ 'ਰਾਕ-ਗਾਰਡਨ' ਤਿਆਰ ਕੀਤਾ, ਜਿਸ ਨੇ ਉਸ ਨੂੰ 'ਨਾਮ ਤੇ ਨਾਵਾਂ' ਦੋਹਾਂ ਨਾਲ ਭਰਪੂਰ ਕਰ ਦਿੱਤਾ। ਹੁਣ ਇਸ 'ਰਾਕ ਗਾਰਡਨ' ਨੂੰ ਹਰ ਭਾਰਤੀ ਅਤੇ ਵਿਦੇਸ਼ੀ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ ਕਿ ਕਿਵੇਂ ਇਕ ਵਿਅਕਤੀ ਨੇ 15-20 ਸਾਲ ਦੀ ਮਿਹਨਤ ਨਾਲ ਇਹ ਅਜੂਬਾ ਤਿਆਰ ਕੀਤਾ। ਸ਼ੁਰੂ-ਸ਼ੁਰੂ ਵਿਚ ਲੋਕ ਉਸ ਨੂੰ 'ਸਨਕੀ' ਅਤੇ 'ਜਨੂੰਨੀ' ਸਮਝਦੇ ਸਨ ਪਰ ਹੁਣ ਉਸ ਨੂੰ ਭਾਰਤ ਹੀ ਨਹੀਂ, ਵਿਦੇਸ਼ਾਂ ਵਿਚ ਵੀ ਸਤਿਕਾਰਿਆ ਜਾਂਦਾ ਹੈ। ਅਨੇਕਾਂ ਦੇਸ਼ਾਂ ਨੇ ਉਸ ਨੂੰ ਉਨ੍ਹਾਂ ਦੇ ਦੇਸ਼ ਵਿਚ ਅਜਿਹਾ ਰਾਕ-ਗਾਰਡਨ ਬਣਾਉਣ ਦੀ ਬੇਨਤੀ ਕੀਤੀ ਹੈ। ਕੁਝ ਦੇਸ਼ਾਂ ਵਿਚ ਉਸਨੇ ਅਜਿਹੇ ਦਰਸ਼ਨੀ-ਥਾਂ ਬਣਾਏ ਵੀ ਹਨ।

ਚੰਡੀਗੜ੍ਹ ਦੇ ਰਾਕ-ਗਾਰਡਨ ਅੰਦਰ ਜਾਣ ਤੇ ਇੰਜ ਲਗਦਾ ਹੈ ਕਿ ਤੁਸੀਂ ਇਕ ਨਵੀਂ ਦੁਨੀਆ ਵਿਚ ਆ ਗਏ ਹੋ। ਨਕਲੀ ਝਰਨੇ, ਨਕਲੀ ਚੱਟਾਨਾਂ, ਚਸ਼ਮੇ, ਪਹਾੜ, ਮਨੁੱਖ, ਸੈਨਾ, ਪੰਛੀ, ਜਾਨਵਰ ਤੇ ਹੋਰ ਸਭ ਕੁਝ ਅਸਲੀ ਵਰਗਾ ਲਗਦਾ ਹੈ। ਦਰਸ਼ਕ ਟਿਕਟ ਲੈ ਕੇ ਇਕ ਤੰਗ ਜਿਹੇ ਰਸਤੇ ਤੋਂ ਅੰਦਰ ਵੜਦੇ ਹਨ ਤੇ ਘੁੰਮ-ਘੁਮਾ ਕੇ ਇਕ ਹੋਰ ਰਸਤੇ ਰਾਹੀਂ ਜਦੋਂ ਬਾਹਰ ਆਉਂਦੇ ਹਨ, ਤਾਂ ਇਕ ਹੈਰਤ-ਭਰੀ ਨਜ਼ਰ ਨਾਲ ਇਕ ਦੂਜੇ ਵੱਲ ਦੇਖਦੇ ਹਨ ਕਿ ਕੀ ਕੋਈ ਇਕੱਲਾ ਵਿਅਕਤੀ ਇਹ ਕੰਮ ਕਰ ਸਕਦਾ ਹੈ।

ਦਰਸ਼ਨ ਸਿੰਘ ਨਰੂਲਾ

**ਜੋਤੀਸਰ** : ਹਰਿਆਣਾ ਰਾਜ ਵਿਚ ਇਹ ਇਕ ਧਾਰਮਕ ਸਥਾਨ ਹੈ ਜਿਹੜਾ ਕੁਰੁਕਸ਼ੇਤਰ ਰੇਲਵੇ ਸਟੇਸ਼ਨ ਤੋਂ ਲਗਭਗ 9 ਕਿਲੋਮੀਟਰ ਪੱਛਮ ਵੱਲ ਹੈ। ਇਥੇ ਇਕ ਸਰੋਵਰ ਹੈ ਜਿਸ ਦੇ ਕਿਨਾਰੇ ਕੌਰਵਾਂ-ਪਾਂਡਵਾਂ ਦੇ ਯੁੱਧ ਦੇ ਆਰੰਭ ਵਿਚ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿੱਤਾ ਸੀ। ਇਸ ਘਟਨਾ ਦੀ ਯਾਦਗਾਰ ਵਿਚ ਧਰਮ-ਪ੍ਰੇਮੀਆਂ ਨੇ ਕੁਰੁਕਸ਼ੇਤਰ ਦੇ ਸਰੋਵਰ ਦੇ ਕਿਨਾਰੇ ਉੱਤੇ ਆਲੀਸ਼ਾਨ ਗੀਤਾ ਭਵਨ ਬਣਵਾਇਆ ਹੈ।

ਇਸੇ ਹੀ ਅਸਥਾਨ ਉੱਤੇ ਸਿੱਖਾਂ ਦੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਪਧਾਰੇ ਸਨ ।

ਹ. ਪੁ.–ਮ. ਕੋ. : 536

**ਜੋਤੀ ਸਰੂਪ** : ਇਹ ਗੁਰਦੁਆਰਾ ਪੰਜਾਬ ਵਿਚ ਫ਼ਤਹਿਗੜ੍ਹ ਜ਼ਿਲ੍ਹੇ ਦੇ ਸਰਹਿੰਦ ਸ਼ਹਿਰ ਤੋਂ ਲਗਭਗ 3 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਸੁਪ੍ਰਸਿੱਧ ਇਤਿਹਾਸਕ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੋਂ 2 ਕਿ. ਮੀ. ਦੱਖਣ ਵੱਲ ਇਹ ਧਾਰਮਕ ਅਸਥਾਨ ਹੈ। ਇਹ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਵੱਲੋਂ ਧਰਮ ਅਤੇ ਲੋਕਾਈ ਦੀ ਰੱਖਿਆ ਲਈ ਦਿੱਤੀ ਸ਼ਹਾਦਤ ਦੀ ਯਾਦ ਵਿਚ ਬਣਾਇਆ ਗਿਆ ਹੈ। ਇਹ ਦਿਲ ਕੰਬਾਉਣ ਵਾਲੀ ਸ਼ਹਾਦਤ ਦਾ ਸਾਕਾ ਫ਼ਤਹਿਗੜ੍ਹ ਸਾਹਿਬ (ਉਦੋਂ ਦੇ ਸਰਹੰਦ ਸ਼ਹਿਰ) ਵਿਖੇ ਵਾਪਰਿਆ, ਜਿਥੇ ਮਾਤਾ ਗੁਜਰੀ ਜੀ ਆਪਣੇ ਪੋਤਰਿਆਂ ਦੇ ਅਸਹਿ ਵਿਛੋੜੇ ਨੂੰ ਨਾ ਸਹਾਰਦੇ ਜੋਤੀ-ਜੋਤ ਸਮਾ ਕੇ ਅਕਾਲ ਪੁਰਖ ਵਿਚ ਇਕਮਿਕ ਹੋ ਗਏ ਸਨ। ਉਨ੍ਹਾਂ ਦੀ ਯਾਦ ਵਿਚ ਫ਼ਤਹਿਗੜ੍ਹ ਸਾਹਿਬ ਵਿਖੇ ਠੰਡਾ ਬੁਰਜ ਨਾਂ ਦਾ ਗੁਰਦੁਆਰਾ ਸੁਸ਼ੋਭਿਤ ਹੈ। ਗੁਰੂ ਘਰ ਦੇ ਇਕ ਪ੍ਰੇਮੀ ਟੋਡਰਮਲ ਨੇ ਸਰਹਿੰਦ ਵਿਖੇ ਮੋਹਰਾਂ ਵਿਛਾ ਕੇ ਇਨ੍ਹਾਂ ਤਿੰਨਾਂ ਲਾਸਾਨੀ ਤੇ ਅਮਰ ਸ਼ਹੀਦਾਂ ਦੇ ਸੰਸਕਾਰ ਲਈ ਕੁਝ ਥਾਂ ਖਰੀਦੀ। ਉਸ ਸਮੇਂ ਇਹ ਬੜਾ ਦਲੇਰਾਨਾ ਕਦਮ ਸੀ। ਜਿੱਥੇ ਇਨ੍ਹਾਂ ਤਿੰਨਾਂ ਸ਼ਹੀਦਾਂ ਦਾ ਸੰਸਕਾਰ ਕੀਤਾ ਗਿਆ ਸੀ, ਉਥੇ ਗੁਰਦੁਆਰਾ ਜੋਤੀ-ਸਰੂਪ ਬਣਾਇਆ ਗਿਆ ਹੈ। ਸੰਨ 1767 ਵਿਚ ਬੰਦਾ ਬਹਾਦਰ ਨੇ ਵਜ਼ੀਰ ਖ਼ਾਂ ਨੂੰ ਮਾਰ ਕੇ ਸਰਹਿੰਦ ਫ਼ਤਹਿ ਕੀਤਾ ਸੀ। ਬੰਦਾ ਬਹਾਦਰ ਨੇ ਜੋਤੀ ਸਰੂਪ ਗੁਰਦੁਆਰੇ ਸਮੇਤ ਇਥੇ 6 ਗੁਰਦੁਆਰੇ ਬਣਾਏ ਸਨ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ 25 ਤੋਂ 27 ਦਸੰਬਰ ਤੱਕ ਇਥੇ ਭਾਰੀ ਮੇਲਾ ਲੱਗਦਾ ਹੈ ਅਤੇ ਲੱਖਾਂ ਦੀ ਗਿਣਤੀ ਵਿਚ ਦੂਰੋਂ-ਨੇੜਿਓਂ ਸੰਗਤਾਂ ਪੁੱਜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਇਨ੍ਹਾਂ ਨੂੰ ਪ੍ਰਣਾਮ ਕਰਦੇ ਹਨ ਅਤੇ ਫ਼ਤਿਹਗੜ੍ਹ ਸਾਹਿਬ ਤੋਂ ਨਗਰ ਕੀਰਤਨ ਸ਼ੁਰੂ ਹੋ ਕੇ ਜੋਤੀ-ਸਰੂਪ ਪੁੱਜਦਾ ਹੈ। ਇਸ ਨਗਰ ਕੀਰਤਨ ਵਿਚ ਸ਼ਬਦੀ ਜੱਥੇ ਸ਼ਬਦ-ਗਾਣ ਕਰਦੇ ਹਨ। ਨਿਹੰਗ ਸਿੰਘ ਆਪਣੇ ਸ਼ਸਤਰਾਂ ਦੇ ਜੌਹਰ ਵਿਖਾਉਂਦੇ ਹਨ ਅਤੇ ਗਤਕਾ ਪਾਰਟੀਆਂ ਗਤਕਾ ਖੇਡ ਕੇ ਨਗਰ-ਕੀਰਤਨ ਦੀ ਰੌਣਕ ਨੂੰ ਵਧਾਉਂਦੀਆਂ ਹਨ। ਸਰਹੰਦ-ਫ਼ਤਿਹਗੜ੍ਹ ਰੋਪੜ ਰੋਡ ਵਿਚੋਂ ਗੁਰਦੁਆਰਾ ਜੋਤੀ ਸਰੂਪ ਨੂੰ ਜਾਣ ਵਾਲੀ ਸੜਕ ਦਾ ਨਾਂ 'ਟੋਡਰਮਲ ਮਾਰਗ' ਰੱਖਿਆ ਗਿਆ ਹੈ।

ਹ. ਪੁ.–ਮ. ਕੋ.; ਸਿ. ਗੁ. ਸ.

**ਜੋਦਸੀ (ਜੋਤਸੀ)** : ਇਹ ਲਾਹੁਲ ਦੇ ਵਾਸੀਆਂ ਦੀ ਇਕ ਸ਼੍ਰੇਣੀ ਹੈ। ਇਸ ਇਲਾਕੇ ਵਿਚ ਇਨ੍ਹਾਂ ਨੂੰ ਜ਼ਿਆਦਾਤਰ ਨਜੂਮੀ ਕਿਹਾ

ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਥੋੜ੍ਹੀ-ਥੋੜ੍ਹੀ ਜ਼ਮੀਨ ਆਪਣੇ ਰਹਿਣ ਲਈ ਮਿਲੀ ਹੋਈ ਹੈ ਜਿਸ ਦਾ ਇਨ੍ਹਾਂ ਨੂੰ ਕੋਈ ਕਿਰਾਇਆ-ਭਾੜਾ ਨਹੀਂ ਦੇਣਾ ਪੈਂਦਾ ਅਤੇ ਨਾ ਹੀ ਹੁਣ ਇਨ੍ਹਾਂ ਨੂੰ ਇਨ੍ਹਾਂ ਜ਼ਮੀਨਾਂ ਵਿਚੋਂ ਕੱਢਿਆ ਜਾ ਸਕਦਾ ਹੈ। ਜੋਦਸੀ ਜਾਂ ਨਜੂਮੀ ਸ਼ਬਦ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਲੋਕ ਭਵਿੱਖ ਬਾਣੀ ਸਬੰਧੀ ਗ੍ਰਹਿਆਂ ਦੀ ਚਾਲ ਦਾ ਮਾੜਾ ਚੰਗਾ ਅਸਰ ਦੱਸਦੇ ਹਨ ਪਰ ਹੁਣ ਇਨ੍ਹਾਂ ਨੂੰ ਆਪਣੇ ਇਸ ਕਿੱਤੇ ਦੀ ਮੁਹਾਰਤ ਨਹੀਂ ਰਹੀ ਅਤੇ ਇਹ ਇਸ ਪਿਤਾ-ਪੁਰਖੀ ਕਿੱਤੇ ਨੂੰ ਛੱਡ ਕੇ ਨਵੇਂ-ਨਵੇਂ ਕਿੱਤੇ ਅਪਣਾ ਰਹੇ ਹਨ।

ਹ. ਪੁ.–ਗਲ਼ਾ. ਟਾ. ਕਾ. 2

**ਜੋਧ ਸਿੰਘ ਗਿਆਨੀ** : ਪੰਜਾਬੀ ਦੇ ਇਸ ਪ੍ਰਸਿੱਧ ਲੇਖਕ ਦਾ ਜਨਮ ਸ. ਹੁਕਮ ਸਿੰਘ ਦੇ ਘਰ 1876 ਵਿਚ ਹੋਇਆ। ਮੈਟ੍ਰਿਕ ਕਰਨ ਉਪਰੰਤ,1896 ਤੱਕ ਇਹ ਅੰਗਰੇਜ਼ਾਂ ਅਧੀਨ ਇਕ ਸਿੱਖ ਪਲਟਨ ਵਿਚ ਗ੍ਰੰਥੀ ਰਿਹਾ। ਸੰਨ 1888 ਵਿਚ ਇਸ ਨੇ ਕਵਿਤਾ ਲਿਖਣੀ ਆਰੰਭ ਕੀਤੀ। ਇਹ ਸਿੱਖੀ ਵਿਚਾਰਧਾਰਾ ਦਾ ਮੁੱਦਈ ਸੀ ਤੇ ਇਸ ਨੇ ਸਮਾਜਕ ਦੁੱਖਾਂ ਦਾ ਹੱਲ ਅਤੀਤ ਵਿਚੋਂ ਲੱਭਣ ਦਾ ਪੂਰਾ ਯਤਨ ਕੀਤਾ ਹੈ। ਪ੍ਰਸਿੱਧ ਸਾਹਿਤਕਾਰ ਪ੍ਰਿੰ. ਐਸ. ਐਸ. ਅਮੋਲ ਇਸ ਦਾ ਪੁੱਤਰ ਹੈ।

ਇਸ ਦੀਆਂ ਪ੍ਰਸਿੱਧ ਰਚਨਾਵਾਂ ਕਲਗੀਧਰ ਹੁਲਾਸ, ਨਿਰੰਕਾਰੀ ਹੁਲਾਸ, ਧਰਮ ਹੁਲਾਰਾ, ਸਾਖੀ ਪ੍ਰਮਾਣ ਆਦਿ ਕਾਵਿ ਪੁਸਤਕਾਂ ਅਤੇ ਦਸ਼ਮੇਸ਼ ਗੁਰੂ, ਮਹਾਂ-ਭਾਰਤ (ਅਨੁਵਾਦ) ਤੇ ਬਾਲਮੀਕੀ ਰਮਾਇਣ (ਅਨੁਵਾਦ) ਵਾਰਤਕ ਪੁਸਤਕਾਂ ਸ਼ਾਮਲ ਹਨ।

ਗਿਆਨੀ ਜੀ ਦੀ ਮੌਤ 1937 ਵਿਚ ਹੋਈ।

ਹ. ਪੁ.–ਪੰਜਾਬੀ ਲਿਖਾਰੀ ਕੋਸ਼

**ਜੋਧ ਸਿੰਘ, ਭਾਈ** : ਇਸ ਪ੍ਰਸਿੱਧ ਧਾਰਮਕ ਆਗੂ, ਸਿਆਸਤਦਾਨ, ਸਿੱਖਿਆ ਸ਼ਾਸਤਰੀ ਤੇ ਸਾਹਿਤਕਾਰ ਦਾ ਜਨਮ ਬਖ਼ਸ਼ੀ ਰਾਮ ਸਿੰਘ ਦੇ ਘਰ ਪਿੰਡ ਘੁੰਗਰਾਲਾ, ਤਹਿਸੀਲ ਗੁੱਜਰਖਾਨ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਖੇ 31 ਮਈ, 1882 ਨੂੰ ਹੋਇਆ। ਆਪਣੇ



**ਭਾਈ ਜੋਧ ਸਿੰਘ**

ਪਿੰਡ ਤੋਂ 1891 ਵਿਚ ਪ੍ਰਾਇਮਰੀ, 1894 ਵਿਚ ਮਿਸ਼ਨ ਸਕੂਲ, ਰਾਵਲਪਿੰਡੀ ਤੋਂ ਮਿਡਲ ਤੇ 1896 ਵਿਚ ਦਸਵੀਂ ਪਾਸ ਕੀਤੀ। ਸਾਰੇ ਇਮਤਿਹਾਨ ਵਜ਼ੀਫਾ ਲੈ ਕੇ ਪਾਸ ਕੀਤੇ। ਸੰਨ 1897 ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਆਪ ਨੇ ਅੰਮ੍ਰਿਤ ਛਕਿਆ ਤੇ ਸਿੱਖ ਧਾਰਮਕ ਸੰਸਥਾਵਾਂ ਨਾਲ ਜੁੜਿਆ ਰਿਹਾ। ਸਿੰਘ ਸਭਾ, ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਬਹੁਤ ਸਾਰੀਆਂ ਧਾਰਮਕ ਜਥੇਬੰਦੀਆਂ ਵਿਚ ਭਾਈ ਸਾਹਿਬ ਨੇ ਸਰਗਰਮ ਹਿੱਸਾ ਲਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1905 ਵਿਚ ਆਪ ਨੇ ਬੀ. ਏ. ਪਾਸ ਕੀਤੀ ਤੇ ਉਥੇ ਹੀ ਪ੍ਰੋਫੈਸਰ ਨਿਯੁਕਤ ਹੋ ਗਿਆ। ਸੰਨ 1906 ਵਿਚ ਗਣਿਤ ਵਿਗਿਆਨ ਦੀ ਐਮ. ਏ. ਪੰਜਾਬ ਯੂਨੀਵਰਸਿਟੀ ਤੋਂ ਪਹਿਲੇ ਨੰਬਰ ਤੇ ਪਾਸ ਕੀਤੀ।

ਸੰਨ 1914 ਵਿਚ ਇਹ ਖ਼ਾਲਸਾ ਹਾਈ ਸਕੂਲ, ਲਾਇਲਪੁਰ ਦੇ ਹੈਡਮਾਸਟਰ, 1920 ਵਿਚ ਖ਼ਾਲਸਾ ਕਾਲਜ, ਗੁਜਰਾਂਵਾਲਾ ਦੇ ਪ੍ਰਿੰਸੀਪਲ, 1924 ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਗਣਿਤ ਤੇ ਧਰਮ-ਸ਼ਾਸਤਰ ਦਾ ਪ੍ਰੋਫੈਸਰ ਲੱਗਿਆ। ਉਥੇ ਹੀ 1936 ਤੋਂ 1952 ਤੱਕ ਇਹ ਪ੍ਰਿੰਸੀਪਲ ਰਿਹਾ। ਸੰਨ 1961 ਵਿਚ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ ਡਾਕਟ੍ਰੇਟ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ।

ਭਾਈ ਜੋਧ ਸਿੰਘ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਦਾ ਬਾਨੀ ਪ੍ਰਧਾਨ ਸੀ। ਸੰਨ 1962 ਵਿਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਹੋਈ ਤੇ ਇਹ ਪਹਿਲਾ ਵਾਈਸ ਚਾਂਸਲਰ ਨਿਯੁਕਤ ਹੋਇਆ। ਸੰਨ 1965 ਵਿੱਚ ਇਹ ਉਥੋਂ ਸੇਵਾ-ਮੁਕਤ ਹੋਇਆ। ਭਾਈ ਸਾਹਿਬ ਨੂੰ ਪੰਜਾਬ ਵਿਧਾਨ ਸਭਾ ਦਾ ਨਾਮਜ਼ਦ ਮੈਂਬਰ ਵੀ ਬਣਾਇਆ ਗਿਆ ਸੀ। ਭਾਰਤ ਸਰਕਾਰ ਨੇ ਭਾਈ ਸਾਹਿਬ ਨੂੰ 'ਪਦਮ ਸ੍ਰੀ' ਦੀ ਉਪਾਧੀ ਨਾਲ ਵਿਭੂਸ਼ਿਤ ਕੀਤਾ। ਸੰਨ 1953 ਵਿਚ ਮਹਿਕਮਾ ਪੰਜਾਬੀ ਪਟਿਆਲਾ ਨੇ ਪ੍ਰਿੰਸੀਪਲ ਸਾਹਿਬ ਨੂੰ ਸਨਮਾਨਿਤ ਕੀਤਾ। ਭਾਈ ਸਾਹਿਬ ਦੇ 80ਵੇਂ ਜਨਮ ਦਿਨ ਤੇ ਅਭਿਨੰਦਨ-ਗ੍ਰੰਥ ਭੇਂਟ ਕੀਤਾ ਗਿਆ।

ਭਾਈ ਜੋਧ ਸਿੰਘ ਨੇ ਸਾਰਾ ਜੀਵਨ ਧਾਰਮਕ, ਸਮਾਜਕ, ਰਾਜਨੀਤਕ ਤੇ ਸਾਹਿਤਕ ਕਾਰਜਾਂ ਵਿਚ ਸਰਗਰਮ ਹਿੱਸਾ ਲਿਆ।

ਭਾਈ ਸਾਹਿਬ ਦੀਆਂ ਪ੍ਰਸਿੱਧ ਰਚਨਾਵਾਂ ਵਿਚ ਸਿੱਖੀ ਕੀ ਹੈ? ਗੁਰਮਤਿ ਨਿਰਣਯ, ਭਗਤ ਬਾਣੀ ਸਟੀਕ, ਭਗਤ ਕਬੀਰ, ਜਪੁਜੀ ਸਟੀਕ, ਪ੍ਰਾਚੀਨ ਬੀੜਾਂ ਬਾਰੇ, ਗੁਰੂ ਨਾਨਕ ਸਿਮ੍ਰਤੀ ਵਿਖਿਆਨ ਕਰਤਾਰਪੁਰੀ ਬੀੜ ਦੇ ਦਰਸ਼ਨ, ਭਗਤ ਰਵਿਦਾਸ ਜਥੇਬੰਦੀ, ਜੀਵਨ ਦੇ ਅਰਥ, ਗੁਰੂ ਸਾਹਿਬ ਤੇ ਵੇਦ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਅਗਲੀ ਹਾਲਤ, ਨਵਾਬ ਖ਼ਾਨ, ਪੰਥ ਲਈ ਠੀਕ ਰਾਹ, ਪੰਜਾਬ ਦੀ ਬੋਲੀ ਆਦਿ ਸ਼ਾਮਲ ਹਨ।

ਅੰਗਰੇਜ਼ੀ ਵਿਚ ਵੀ ਸਿੱਖ ਧਰਮ ਬਾਰੇ ਭਾਈ ਸਾਹਿਬ ਨੇ ਕਈ ਉੱਤਮ ਪੁਸਤਕਾਂ ਰਚੀਆਂ, ਜਿਨ੍ਹਾਂ ਵਿਚ 'ਜਪੁਜੀ', 'ਲਾਈਫ ਆਫ਼ ਸ੍ਰੀ ਗੁਰੂ ਅਮਰਦਾਸ ਜੀ', 'ਰਿਲੀਜਨ ਐਂਡ ਰਿਲੀਜਸ ਲਾਈਫ ਐਜ਼ ਕਨਸੀਵਡ ਬਾਈ ਗੁਰੂ ਨਾਨਕ', 'ਕਾਸਟ ਐਂਡ ਅਨਟਚੇਬਿਲਿਟੀ ਇਨ ਸਿਖਇਜ਼ਮ', 'ਕਬੀਰ ਐਂਡ ਗੁਰੂ ਨਾਨਕ' ਆਦਿ ਸ਼ਾਮਲ ਹਨ।

ਇਸ ਤੋਂ ਇਲਾਵਾ, ਭਾਈ ਸਾਹਿਬ ਦੇ ਅਨੇਕਾਂ ਲੇਖ ਵੀ ਪ੍ਰਸਿੱਧ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋਏ ਹਨ ਅਤੇ ਬਹੁਤ ਸਾਰੇ ਵਿਸ਼ਿਆਂ ਤੇ ਰੇਡੀਓ ਤੋਂ ਵਾਰਤਾਵਾਂ ਵੀ ਪ੍ਰਸਾਰਿਤ ਹੋਈਆਂ। ਪ੍ਰਿੰਸੀਪਲ ਜੋਧ ਸਿੰਘ ਜੀ ਦਾ ਆਖ਼ਰੀ ਯਾਦਗਾਰੀ ਕੰਮ ਪ੍ਰੋ. ਗੁਰਬਚਨ ਸਿੰਘ ਤਾਲਿਬ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦੀ ਸੁਧਾਈ ਕਰਨਾ ਸੀ।

ਭਾਈ ਸਾਹਿਬ ਦਾ ਦੇਹਾਂਤ 2 ਦਸੰਬਰ, 1981 ਨੂੰ ਲੁਧਿਆਣਾ ਵਿਖੇ ਹੋਇਆ।

ਹ. ਪੁ.–ਡਾਕਟਰ ਭਾਈ ਜੋਧ ਸਿੰਘ ਸੰਪਾਦਨ ਡਾ. ਗੰਡਾ ਸਿੰਘ; ਪੰ. ਸਨ. ਸਾ

**ਜੋਧਪੁਰ** : ਜ਼ਿਲ੍ਹਾ—ਇਹ ਭਾਰਤ ਦੇ ਰਾਜਸਥਾਨ ਰਾਜ ਦਾ ਇਕ ਜ਼ਿਲ੍ਹਾ ਹੈ ਜਿਸ ਦਾ ਰਕਬਾ 22,860 ਵ. ਕਿ. ਮੀ. ਅਤੇ ਆਬਾਦੀ 21,53,483 (1991) ਹੈ। ਇਸੇ ਹੀ ਨਾਉਂ ਦਾ ਸ਼ਹਿਰ ਇਥੋਂ ਦਾ ਸਦਰ-ਮੁਕਾਮ ਹੈ। ਇਥੋਂ ਦਾ ਵਧੇਰਾ ਇਲਾਕਾ ਵੱਡੇ-ਵੱਡੇ ਰੇਤਲੇ ਪਹਾੜਾਂ ਵਾਲਾ ਬੰਜਰ ਕਿਸਮ ਦਾ ਹੈ। ਇਸ ਦੇ ਉੱਤਰੀ ਅਤੇ ਉੱਤਰ-ਪੱਛਮੀ ਖੇਤਰ ਥਾਰ ਮਾਰੂਥਲ ਦਾ ਹੀ ਇਕ ਹਿੱਸਾ ਹਨ। ਲੂਨੀ ਇਥੋਂ ਦਾ ਇਕੋ ਇਕ ਦਰਿਆ ਹੈ ਜਿਹੜਾ ਜ਼ਿਲ੍ਹੇ ਦੇ ਦੱਖਣੀ ਭਾਗ ਦੀ ਸਿੰਜਾਈ ਕਰਦਾ ਹੈ।

ਸਭ ਤੋਂ ਵੱਡੀ ਪ੍ਰਾਚੀਨ ਸ਼ਾਹੀ ਰਿਆਸਤ ਰਾਜਪੂਤਾਨਾ ਏਜੰਸੀ ਵਿਚ ਨਾਗੌਰ, ਪਾਲੀ, ਜੈਲੋਰ, ਬਾਰਮਰ ਜ਼ਿਲ੍ਹਿਆਂ ਸਮੇਤ ਜੋਧਪੁਰ ਜ਼ਿਲ੍ਹਾ ਸ਼ਾਮਲ ਸੀ। ਜ਼ਿਲ੍ਹੇ ਦੀ ਸਥਾਪਨਾ 1212 ਵਿਚ ਹੋਈ। ਸੰਨ 1532-69 ਦੌਰਾਨ ਇਹ ਰਾਓ ਮਾਲਦਿਓ ਦੇ ਰਾਜ ਸਮੇਂ ਉੱਨਤੀ ਦੇ ਸਿਖ਼ਰਾਂ ਤੇ ਪਹੁੰਚਿਆ ਅਤੇ 1561 ਵਿਚ ਮੁਗ਼ਲ ਬਾਦਸ਼ਾਹ ਅਕਬਰ ਦੇ ਹਮਲੇ ਮਗਰੋਂ ਇਸ ਜ਼ਿਲ੍ਹੇ ਨੇ ਮੁਗ਼ਲਾਂ ਦੀ ਅਧੀਨਤਾ ਸਵੀਕਾਰ ਕਰ ਲਈ। ਸੰਨ 1679 ਵਿਚ ਬਾਦਸ਼ਾਹ ਔਰੰਗਜ਼ੇਬ ਨੇ ਮਾਰਵਾੜ ਤੇ ਹਮਲਾ ਕਰਕੇ ਇਥੋਂ ਦੇ ਲੋਕਾਂ ਨੂੰ ਜਦੋਂ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਜੋਧਪੁਰ, ਜੈਪੁਰ ਅਤੇ ਉਦੇਪੁਰ ਰਿਆਸਤਾਂ ਨੇ ਆਪਸ ਵਿਚ ਇਕ ਸਮਝੌਤਾ ਕੀਤਾ ਅਤੇ ਮੁਸਲਮਾਨਾਂ ਦੀ ਅਧੀਨਤਾ ਨਾ ਮੰਨਣ ਦਾ ਫੈਸਲਾ ਕੀਤਾ। ਇਸ ਤੇ ਜੈਪੁਰ ਅਤੇ ਜੋਧਪੁਰ ਨੂੰ ਮੁੜ ਉਦੇਪੁਰ ਰਿਆਸਤ ਨਾਲ ਵਿਆਹ ਸਬੰਧ ਕਾਇਮ ਕਰਨ ਦਾ ਮੌਕਾ ਹਾਸਲ ਹੋਇਆ ਪਰ ਇਹ ਸ਼ਰਤ ਨਾਲ ਰੱਖੀ ਗਈ ਕਿ ਗੱਦੀ ਦੇ ਵਾਰਸ ਉਦੇਪੁਰ ਦੀਆਂ ਰਾਜਕੁਮਾਰੀਆਂ ਦੇ ਬੱਚੇ ਹੀ ਹੋਣਗੇ। ਸੰਨ 1818 ਵਿਚ ਜੋਧਪੁਰ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਅਤੇ 1949 ਵਿਚ ਇਹ ਰਾਜਸਥਾਨ ਰਾਜ ਦਾ ਇਕ ਹਿੱਸਾ ਐਲਾਨ ਕੀਤਾ ਗਿਆ।

ਜਵਾਰ, ਬਾਜਰਾ, ਤੇਲ ਦੇ ਬੀਜ, ਦਾਲਾਂ ਅਤੇ ਮੱਕੀ ਇਥੋਂ ਦੀਆਂ ਮੁੱਖ ਫਸਲਾਂ ਹਨ। ਕਿਧਰੇ-ਕਿਧਰੇ ਕਣਕ ਅਤੇ ਕਪਾਹ ਦੀ ਕਾਸ਼ਤ ਵੀ ਕੀਤੀ ਜਾਣ ਲੱਗੀ ਹੈ। ਲਿਗਨਾਈਟ, ਕੱਚਾ ਲੋਹਾ, ਟੰਗਸਟਨ, ਗਾਰਨਟ ਅਤੇ ਜਿਪਸਮ ਆਦਿ ਖਣਿਜ ਇਥੋਂ ਕੱਢੇ ਜਾਂਦੇ ਹਨ। ਜ਼ਿਲ੍ਹੇ ਵਿਚ ਕਈ ਵੱਡੇ-ਵੱਡੇ ਪੋਲਟਰੀ ਫ਼ਾਰਮਾਂ ਤੋਂ ਇਲਾਵਾ ਇਥੇ ਭੇਡਾਂ ਅਤੇ ਊਠ ਆਦਿ ਵੀ ਪਾਲੇ ਜਾਂਦੇ ਹਨ।

ਹ. ਪੁ.–ਐਨ. ਬ੍ਰਿ. ਮਾ. 6 : 563

**ਜੋਧਪੁਰ** : ਸ਼ਹਿਰ—ਇਹ ਉੱਤਰ-ਪੱਛਮੀ ਭਾਰਤ ਦੇ ਰਾਜਸਥਾਨ ਰਾਜ ਵਿਚ ਇਸੇ ਹੀ ਨਾਉਂ ਦੇ ਜ਼ਿਲ੍ਹੇ ਦਾ ਉੱਘਾ ਸ਼ਹਿਰ ਅਤੇ ਪ੍ਰਬੰਧਕੀ ਸਦਰ-ਮੁਕਾਮ ਹੈ। ਸ਼ਹਿਰ ਦੀ ਸਥਾਪਨਾ 1459 ਵਿਚ ਰਾਜਪੂਤਾਨੇ ਦੇ ਇਕ ਰਾਠੌਰ ਰਾਜੇ ਰਾਓ ਜੋਧਾ ਨੇ ਕੀਤੀ। ਇਹ ਪੁਰਾਤਨ ਰਜਵਾੜਿਆਂ ਦੇ ਰਾਜ ਸਮੇਂ ਵੀ ਰਾਜਧਾਨੀ ਰਿਹਾ ਹੈ। ਸ਼ਹਿਰ ਦੇ ਕੁਝ ਹਿੱਸਿਆਂ ਦੇ ਆਲੇ-ਦੁਆਲੇ 18ਵੀਂ ਸਦੀ ਦੀ ਬਣੀ ਕੰਧ ਹੈ। ਇਥੋਂ ਦੇ ਕਿਲੇ ਵਿਚ ਸ਼ਾਹੀ ਮਹਿਲ ਅਤੇ ਇਕ ਇਤਿਹਾਸਕ ਅਜਾਇਬ ਘਰ ਹੈ ਜਿਹੜਾ ਇਕ ਵੱਖਰੀ ਹੀ ਚਟਾਨ ਉਪਰ ਬਣਿਆ ਹੋਇਆ ਹੈ। ਸ਼ਹਿਰ ਦੇ ਉੱਤਰੀ ਹਿੱਸੇ ਵਿਚ ਮਾਰਵਾੜ ਦੀ ਪ੍ਰਾਚੀਨ ਰਾਜਧਾਨੀ ਮੰਡੋਰ ਦੇ ਚੌਥੀ ਸਦੀ ਦੇ ਖੰਡਰਾਤ ਅੱਜ ਵੀ ਮੌਜੂਦ ਹਨ।

ਜੋਧਪੁਰ ਰੇਲਾਂ ਦਾ ਜੰਕਸ਼ਨ ਹੈ ਅਤੇ ਪ੍ਰਮੁੱਖ ਸੜਕਾਂ ਰਾਹੀਂ ਦੂਜੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਹ ਜ਼ਰਾਇਤੀ ਉਪਜਾਂ, ਊਨ, ਪਸ਼ੂ, ਲੂਣ ਅਤੇ ਖੱਲਾਂ ਦਾ ਵਪਾਰਕ ਕੇਂਦਰ ਹੈ। ਸ਼ਹਿਰ ਵਿਚ ਇੰਜੀਨੀਅਰਿੰਗ ਅਤੇ ਰੇਲਵੇ ਵਰਕਸ਼ਾਪ ਤੋਂ ਬਿਨਾਂ ਸੂਤੀ ਕੱਪੜਾ, ਤਾਂਬਾ ਅਤੇ ਲੋਹੇ ਦੇ ਭਾਂਡੇ, ਸਾਈਕਲ, ਸਿਆਹੀ ਅਤੇ ਪੋਲੋ ਖੇਡ ਨਾਲ ਸਬੰਧਤ ਵਸਤਾਂ ਬਣਾਉਣ ਦੇ ਉਦਯੋਗ ਵੀ ਸਥਾਪਤ ਕੀਤੇ ਗਏ ਹਨ। ਜੋਧਪੁਰ ਹਾਥੀ ਦੰਦ ਦੀਆਂ ਵਸਤਾਂ, ਕੱਚ ਦੀਆਂ ਵੰਗਾਂ, ਛੁਰੀ ਕਾਂਟੇ, ਰੰਗੇ ਹੋਏ ਕੱਪੜੇ, ਚਮੜੇ ਦੀਆਂ ਚੀਜ਼ਾਂ, ਸੰਗਮਰਮਰ ਦੀਆਂ ਵਸਤਾਂ ਅਤੇ ਗਲੀਚੇ ਆਦਿ ਹੱਥ ਨਾਲ ਚੀਜ਼ਾਂ ਬਣਾਉਣ ਲਈ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹੈ।

ਰਾਜਸਥਾਨ ਦੇ ਇਸ ਦੂਜੇ ਵੱਡੇ ਸ਼ਹਿਰ ਵਿਚ ਹਾਈਕੋਰਟ ਤੋਂ ਬਿਨਾਂ ਹਵਾਈ ਸੈਨਾ ਸਿਖਲਾਈ ਦਾ ਕਾਲਜ ਅਤੇ ਇਕ ਹਵਾਈ ਅੱਡਾ ਵੀ ਹੈ। ਸੰਨ 1962 ਵਿਚ ਇਥੇ ਯੂਨੀਵਰਸਿਟੀ ਦੀ ਸਥਾਪਨਾ ਹੋਈ। ਰਾਜਸਥਾਨ ਯੂਨੀਵਰਸਿਟੀ ਨਾਲ ਸਬੰਧਤ ਇਕ ਮੈਡੀਕਲ ਕਾਲਜ ਵੀ ਹੈ।

ਆਬਾਦੀ—6,66,279 (1991)

ਹ. ਪੁ.–ਐਨ. ਬ੍ਰਿ. ਮਾ. 6 : 563; ਐਨ. ਅਮੈ. 16 : 100

**ਜੋਧਾਬਾਈ** : ਇਹ ਮੁਗ਼ਲ ਬਾਦਸ਼ਾਹ ਅਕਬਰ ਦੀ ਰਾਣੀ ਅਤੇ ਕਛਵਾਹਾ ਦੇ ਰਾਜਾ ਭਾਰਮਲ ਦੀ ਲੜਕੀ ਸੀ। ਜਨਵਰੀ, 1562 ਵਿਚ ਭਾਰਮਲ ਨੇ ਅਕਬਰ ਦੀ ਅਧੀਨਤਾ ਸਵੀਕਾਰ ਕਰਨ ਉਪਰੰਤ, ਸਾਂਭਰ ਵਿਚ ਆਪਣੀ ਲੜਕੀ ਜੋਧਾਬਾਈ ਦਾ ਵਿਆਹ ਅਕਬਰ ਨਾਲ ਕਰ ਦਿੱਤਾ ਸੀ। ਇਸ ਵਿਵਾਹਿਕ ਸਬੰਧ ਨਾਲ ਹੀ ਅਕਬਰ ਦੀ ਹਿੰਦੂ ਨੀਤੀ ਸ਼ੁਰੂ ਹੋਈ। ਜੋਧਾਬਾਈ ਦਾ ਅਕਬਰ ਬਹੁਤ ਆਦਰ ਕਰਦਾ ਸੀ। ਜੋਧਾਬਾਈ ਦੀ ਕੁੱਖੋਂ ਮੁਗ਼ਲ ਸਾਮਰਾਜ ਦੇ ਉੱਤਰਾਧਿਕਾਰੀ ਸਲੀਮ (ਜਹਾਂਗੀਰ) ਦੇ ਪੈਦਾ ਹੋਣ ਨਾਲ ਅਕਬਰ ਦੀਆਂ ਰਾਣੀਆਂ ਵਿਚ ਉਸ ਦਾ ਵਿਸ਼ੇਸ਼ ਸਥਾਨ ਹੋ ਗਿਆ। ਇਸ ਨੂੰ 'ਮਰੀਅਮ ਜ਼ਮਾਨੀ' ਦੀ ਉਪਾਧੀ ਮਿਲੀ। ਇਸ ਦੇ ਨਾਮ ਤੇ ਹੀ ਅਕਬਰ ਨੇ ਫਤਹਿਪੁਰ ਸੀਕਰੀ ਵਿਚ ਇਕ ਜੋਧਾਬਾਈ ਮਹਿਲ ਬਣਵਾਇਆ, ਜੋ ਅੱਜ ਵੀ ਮੌਜੂਦ ਹੈ।

ਜੋਧਾਬਾਈ ਦੇ ਸੰਪਰਕ ਨਾਲ ਅਕਬਰ ਬਾਦਸ਼ਾਹ ਨੇ ਹਿੰਦੂ ਧਰਮ ਦਾ ਆਦਰ ਕਰਨਾ ਸ਼ੁਰੂ ਕਰ ਦਿੱਤਾ। ਜੋਧਾਬਾਈ ਨੇ ਆਪਣੇ ਜੀਵਨ ਕਾਲ ਵਿਚ ਇਸਲਾਮ ਅਤੇ ਉਸ ਦੇ ਰੀਤੀ ਰਿਵਾਜਾਂ ਪ੍ਰਤੀ ਆਦਰ ਦੇ ਨਾਲ-ਨਾਲ ਹਿੰਦੂ ਧਰਮ ਦਾ ਵੀ ਪੂਰਾ ਪੂਰਾ ਸਤਿਕਾਰ ਕੀਤਾ ਪਰੰਤੂ ਮਰਨ ਤੇ ਉਸ ਦਾ ਸੰਸਕਾਰ ਇਸਲਾਮ ਦੀਆਂ ਰਹੁ-ਰੀਤਾਂ ਨਾਲ ਕੀਤਾ ਗਿਆ।

ਉਸ ਦੀ ਕਬਰ ਅਕਬਰ ਦੇ ਮਕਬਰੇ ਦੇ ਕੋਲ ਸਿਕੰਦਰਾਬਾਦ ਵਿਚ ਹੈ।

ਹ. ਪੁ.–ਹਿੰ. ਵਿ. ਕੋ. 5 : 61

**ਜੋਧਾਬਾਈ** : ਇਹ ਇਕ ਰਾਜਪੂਤ ਇਸਤਰੀ ਸੀ। ਇਸ ਨੂੰ ਜਗਤ ਗੁਸਾਈਂ ਵੀ ਕਿਹਾ ਜਾਂਦਾ ਸੀ। ਇਸ ਦਾ ਵਿਆਹ 1586 ਵਿਚ ਬਾਦਸ਼ਾਹ ਅਕਬਰ ਦੇ ਲੜਕੇ ਜਹਾਂਗੀਰ ਨਾਲ ਹੋਇਆ ਸੀ।

ਇਹ ਰਾਜਾ ਉਦੈ ਸਿੰਘ ਦੀ ਲੜਕੀ ਸੀ। ਜਹਾਂਗੀਰ ਦੇ ਲੜਕੇ ਖ਼ੁਰਮ (ਸ਼ਾਹਜਹਾਂ) ਦਾ ਜਨਮ ਇਸੇ ਦੇ ਉਦਰ ਤੋਂ ਹੋਇਆ।

ਹ. ਪੁ.–ਹਿੰ. ਵਿ. ਕੋ. 5 : 61

**ਜੋਨ (ਪਹਿਲੀ)** : ਇਹ ਨੇਪਲਜ਼ ਦੀ ਰਾਣੀ ਸੀ ਜੋ ਐਨਜਾਵਿਨ ਰਾਜਬੰਸ਼ ਵਿਚੋਂ ਸੀ। ਇਸ ਦਾ ਜਨਮ 1326 ਵਿਚ ਡਿਊਕ ਆਫ਼ ਕਾਲਬ੍ਰੀਅ ਚਾਰਲਸ ਦੇ ਘਰ ਹੋਇਆ। ਇਹ ਕਿੰਗ ਰਾਬਰਟ ਦੀ ਪੋਤੀ ਸੀ ਜਿਸ ਤੋਂ ਬਾਅਦ 1343 ਵਿਚ ਇਹ ਗੱਦੀ ਤੇ ਬੈਠੀ। ਇਸੇ ਸਾਲ ਇਸ ਦੇ ਚਚੇਰੇ ਭਰਾ ਐਂਡਰੂ ਨਾਲ ਇਸ ਦਾ ਵਿਆਹ ਹੋ ਗਿਆ। ਕੁਝ ਦੇਰ ਬਾਅਦ ਨੇਪਲਜ਼ ਦੇ ਤਾਜ ਪਿੱਛੇ ਐਂਡਰੂ ਦਾ ਕਤਲ ਕਰ ਦਿੱਤਾ ਗਿਆ, ਜਿਸ ਦਾ ਜ਼ਿੰਮੇਵਾਰ ਜੋਨ ਨੂੰ ਠਹਿਰਾਇਆ ਗਿਆ।

ਹੰਗਰੀ ਦੇ ਲੂਈ ਦੇ ਨੇਪਲਜ਼ ਉੱਤੇ ਹਮਲੇ ਸਮੇਂ ਜੋਨ ਪੋਪ ਕਲੇਮੈਂਟ ਛੇਵੇਂ ਤੋਂ ਮਦਦ ਪ੍ਰਾਪਤ ਕਰਨ ਲਈ ਐਵੀਨਯੋਨ ਵਿਖੇ ਭੱਜ ਗਈ। ਸੰਨ 1348 ਵਿਚ ਇਸ ਨੇ ਐਵੀਨਯੋਨ ਪੋਪ ਨੂੰ ਵੇਚ ਦਿੱਤਾ।

ਸੰਨ 1352 ਵਿਚ ਲੂਈ ਨੂੰ ਜੋਨ ਨਾਲ ਨੇਪਲਜ਼ ਦਾ ਬਾਦਸ਼ਾਹ ਬਣਾ ਦਿੱਤਾ ਗਿਆ ਪਰ ਜੋਨ ਅਤੇ ਲੂਈ ਵਿਚਕਾਰ ਅੰਦਰੂਨੀ ਮਤਭੇਦ ਕਾਰਨ ਝਗੜਾ ਵਧਦਾ ਹੀ ਗਿਆ ਜੋ ਕਿ 1362 ਵਿਚ ਲੂਈ ਦੀ ਮੌਤ ਨਾਲ ਹੀ ਖਤਮ ਹੋਇਆ। ਇਸ ਤੋਂ ਮਗਰੋਂ ਜੋਨ ਨੇ ਮਜ਼ਾਰਕਾ ਦੇ ਜੇਮਜ਼ ਤੀਜੇ ਨਾਲ ਵਿਆਹ ਕਰਵਾ ਲਿਆ।

ਸੰਨ 1370-74 ਦਾ ਸਮਾਂ ਜੋਨ ਲਈ ਮੁਸੀਬਤਾਂ ਦਾ ਸਮਾਂ ਸੀ। ਪੋਪ ਅਤੇ ਮੱਧ ਯੁੱਗ ਦੇ ਸਾਮੰਤਾਂ ਦੀਆਂ ਸੂਝਵਾਨ ਸਲਾਹਾਂ ਨੇ ਜੋਨ ਨੂੰ ਆਪਣੀ ਸਥਿਤੀ ਮਜ਼ਬੂਤ ਰੱਖਣ ਵਿਚ ਮਦਦ ਕੀਤੀ। ਸੰਨ 1371-73 ਦੀਆਂ ਸੰਧੀਆਂ ਨੇ ਸਿਸਲੀ ਉੱਤੇ ਐਨਜਾਵਿਨਜ਼ ਅਤੇ ਅਰਾਗਾੱਨੀਜ਼ ਵਿਚਲੇ ਪੁਰਾਣੇ ਝਗੜੇ ਨੂੰ ਵੀ ਖ਼ਤਮ ਕਰ ਦਿੱਤਾ। ਜੋਨ ਨੇ ਸਿਸਲੀ ਦੇ ਫ੍ਰੈਡਰਿਕ ਤੀਜੇ ਨੂੰ ਸਿਸਲੀ ਦਾ ਬਾਦਸ਼ਾਹ ਐਲਾਨ ਕਰ ਦਿੱਤਾ।

ਸੰਨ 1376 ਵਿਚ ਪੋਪ ਧੜੇਬੰਦੀ ਸਮੇਂ ਜੋਨ ਨੂੰ ਬਦਕਿਸਮਤੀ ਨਾਲ ਪੋਪ ਅਰਬਾਨ ਛੇਵੇਂ ਜਿਸ ਨੂੰ ਨੇਪਲਜ਼ ਵਾਲਿਆਂ ਦੀ ਮਦਦ ਪ੍ਰਾਪਤ ਸੀ, ਨੂੰ ਧਰਮ ਵਿਚੋਂ ਕੱਢ ਦਿੱਤਾ। ਡੂਰਾਟਸੋ ਦਾ ਚਾਰਲਸ ਹੰਗਰੀ ਦੀ ਮਦਦ ਨਾਲ ਜੋਨ ਦੀ ਬੇਦਖ਼ਲੀ ਕਰਨ ਲਈ ਤਿਆਰ ਹੋ ਗਿਆ।

ਜੋਨ ਆਪਣੇ ਸਮੇਂ ਦੇ ਕਵੀਆਂ ਅਤੇ ਵਿਦਵਾਨਾਂ ਦੀ ਸਰਪ੍ਰਸਤੀ ਕਰਦੀ ਸੀ।

ਹ. ਪੁ.–ਐਨ. ਬ੍ਰਿ. 13 : 71; ਐਨ. ਬ੍ਰਿ. ਮਾ. 5 : 565

**ਜੋਨ (ਦੂਜੀ)** : ਇਹ ਦੱਖਣੀ ਇਟਲੀ ਦੀ ਨੇਪਲਜ਼ ਰਿਆਸਤ ਦੀ ਰਾਣੀ ਅਤੇ ਉਥੋਂ ਦੇ ਬਾਦਸ਼ਾਹ ਚਾਰਲਸ ਤੀਜੇ ਦੀ ਪੁੱਤਰੀ ਸੀ। ਇਸ ਦਾ ਜਨਮ 1371 ਵਿਚ ਹੋਇਆ ਤੇ ਆਪਣੇ ਭਰਾ ਲਾਦਿਸਲਾਸ਼ ਤੋਂ ਪਿੱਛੋਂ 1414 ਵਿਚ ਗੱਦੀ ਤੇ ਬੈਠਣ ਤੋਂ ਪਹਿਲਾਂ 1406 ਵਿਚ ਇਸ ਦੇ ਪਤੀ ਦੀ ਮੌਤ ਹੋ ਚੁੱਕੀ ਸੀ। ਅਥਰਾਪਣ, ਵਿਲਾਸਮਈ ਆਦਤ ਦੀ ਮਾਲਕ ਅਤੇ ਗ਼ੈਰਯਕੀਨੀ ਦੀ ਭਾਵਨਾ ਕਾਰਨ ਇਹ ਛੇਤੀ ਹੀ ਆਪਣੇ ਸੰਗੀ ਸਾਥੀਆਂ ਦੀਆਂ ਚਾਲਾਂ ਵਿਚ ਉਲਝ ਗਈ। ਅਜਿਹੇ ਹਾਲਾਤ ਤੋਂ ਬਚਾਉਣ ਲਈ ਨੇਪਲਜ਼ ਰਾਜ ਦੇ **ਟੈਂਡੋਲੋ ਸਫੋਰਜ਼ਾ** ਨੇ ਜਿਹੜਾ ਲਾਦਿਸਲਾਸ ਦੇ ਸਮੇਂ ਤੋਂ ਨਾਲ ਸੀ, ਜੋਨ ਦੀ ਸਹਾਇਤਾ ਲਈ ਰਾਜ ਪ੍ਰਬੰਧ ਕਾਬੂ ਵਿਚ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਜੋਨ ਦੇ ਮੱਕਾਰ ਦੋਸਤ ਅਲੋਪੋ ਨੇ ਉਸ ਉਪਰ ਫਰੈਂਚ ਪਾਰਟੀ ਦੇ ਹਿਤਾਂ ਲਈ ਕੰਮ ਕਰਨ ਦਾ ਦੋਸ਼ ਲਗਾਕੇ ਉਸਨੂੰ ਕੈਦ ਕਰਵਾ ਦਿੱਤਾ। ਮਗਰੋਂ ਅਲੋਪੋ ਨੇ ਸਫੋਰਜ਼ਾ ਦੀ ਫ਼ੌਜੀ ਨਿਪੁੰਨਤਾ ਤੋਂ ਡਰ ਕੇ ਉਸ ਨਾਲ ਸੁਲਾਹ ਕਰ ਲਈ ਅਤੇ ਦੋਵਾਂ ਨੇ ਰਲਕੇ ਤਾਕਤ ਰੱਖਣ ਦੀ ਸੰਧੀ ਕੀਤੀ, ਇਸ ਤੇ ਨੇਪਲਜ਼ ਦੇ ਸਰਦਾਰਾਂ ਨੇ ਜੋਨ ਦਾ ਵਿਆਹ ਜੈਕ ਡੀ ਬੂਰਬਾਨ-ਕਾਮਟੇ ਡੀ ਲਾ ਮਾਰਚਿ (Jacques de Bourbon, Comte de La Marche) ਨਾਲ ਕਰ ਦਿੱਤਾ। ਉਹ ਆਪਣੇ ਆਪ ਨੂੰ ਰਾਜ ਭਾਗ ਦਾ ਮਾਲਕ ਸਮਝ ਕੇ ਹੰਕਾਰ ਵਿਚ ਆ ਗਿਆ ਜਿਸ ਤੇ ਸਾਰੇ ਅਮੀਰ ਸਰਦਾਰਾਂ ਵਿਚ ਇਸ ਪ੍ਰਤੀ ਨਫ਼ਰਤ ਭਰ ਗਈ। ਉਸਨੇ ਅਲੋਪੋ ਨੂੰ ਮੌਤ ਦੀ ਸਜ਼ਾ ਦਿੱਤੀ ਤੇ ਸਫੋਰਜ਼ਾ ਨੂੰ ਬੰਦੀ ਬਣਾ ਕੇ ਜੋਨ ਨੂੰ ਇਕ ਖੂੰਜੇ ਲਗਾ ਦਿੱਤਾ। ਇਸ ਤਰ੍ਹਾਂ ਨੇਪਲਜ਼ ਵਿਚ ਇਕ ਦਮ ਬਗ਼ਾਵਤ ਹੋ ਗਈ ਜਿਸ ਦੇ ਫਲਸਰੂਪ ਜੈਕਲੀ ਨੂੰ ਸਭ ਕੁਝ ਤਿਆਗ ਕੇ 1416 ਵਿਚ ਨੇਪਲਜ਼ ਤੋਂ ਨੱਠਣਾ ਪਿਆ।

ਇਥੇ ਹੀ ਬੱਸ ਨਹੀਂ ਇੰਨਾ ਕੁਝ ਹੋਣ ਤੇ ਗਿਆਵਾਨੀ (Giovanni Caracciolo) ਨੇ ਜੋਨ ਨੂੰ ਆਪਣੇ ਹੱਥ ਤੇ ਕਰ ਲਿਆ ਤੇ ਸਫੋਰਜ਼ਾ ਨੂੰ ਰੋਮ ਭੇਜ ਦਿੱਤਾ। ਮਗਰੋਂ ਸਫੋਰਜ਼ਾ ਨੂੰ ਵਾਪਸ ਬੁਲਾਇਆ ਗਿਆ।।

ਇਹ 2 ਫ਼ਰਵਰੀ, 1435 ਨੂੰ ਲਗਭਗ 54 ਸਾਲ ਦੀ ਲੜਾਈ ਝਗੜੇ ਦੀ ਉਮਰ ਬਿਤਾ ਕੇ ਦੁਨੀਆ ਤੋਂ ਚਲ ਵਸੀ।

ਹ. ਪੁ.–ਐਨ. ਬ੍ਰਿ. 13 : 71

**ਜੋਨਜ਼ ਸਰ ਹੈਰਲਡ ਸਪੈਂਸਰ** : ਇਸ ਅੰਗਰੇਜ਼ ਖਗੋਲਵੇਤਾ ਦਾ ਜਨਮ ਇੰਗਲੈਂਡ ਵਿਚ ਲੰਡਨ ਵਿਖੇ 29 ਮਾਰਚ, 1890 ਨੂੰ ਹੋਇਆ। ਕੇਪ ਆਫ਼ ਗੁਡ ਹੋਪ ਵਿਖੇ 10 ਸਾਲ ਸਰਕਾਰੀ ਖਗੋਲਵੇਤਾ ਰਹਿਣ ਉਪਰੰਤ, 1933 ਤੋਂ 1955 ਤੱਕ ਇਹ ਐਸਟ੍ਰੋਨੋਮਰ ਰਾਇਲ ਰਿਹਾ। ਇਸ ਨੇ ਧਰਤੀ ਦੇ ਧਰੁਵਾਂ ਦੀ ਗਤੀ, ਚੰਦਰਮਾ ਦੇ ਪੁੰਜ ਅਤੇ ਸੂਰਜ ਤੋਂ ਧਰਤੀ ਦੀ ਦੂਰੀ ਬਾਰੇ ਮਹੱਤਵਪੂਰਨ ਖੋਜਾਂ ਕੀਤੀਆਂ। ਇਸ ਦੀਆਂ ਮੁੱਖ ਪੁਸਤਕਾਂ 'ਜਨਰਲ ਐਸਟ੍ਰੋਨੋਮੀ' (1922), 'ਵਰਲਡਜ਼ ਵਿਦਾਊਟ ਐਂਡ' (1935) ਅਤੇ 'ਲਾਈਫ ਆੱਨ ਅਦਰ ਵਰਲਡਜ਼' (1940) ਹਨ। 4 ਨਵੰਬਰ, 1960 ਨੂੰ ਲੰਡਨ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਅਮੈ. 16 : 196

**ਜੋਨਜ਼, ਸਰ ਵਿਲੀਅਮ** : ਇਹ ਇਕ ਅੰਗਰੇਜ਼ ਪੂਰਬੀ ਵਿੱਦਿਆ-ਸ਼ਾਸਤਰੀ ਅਤੇ ਕਾਨੂੰਨਦਾਨ ਸੀ। ਇਸ ਦਾ ਜਨਮ 28 ਸਤੰਬਰ, 1746 ਨੂੰ ਹੋਇਆ। ਹੈਰੋ ਅਤੇ ਆਕਸਫੋਰਡ ਯੂਨੀਵਰਸਿਟੀਆਂ ਤੋਂ ਸਿੱਖਿਆ ਪ੍ਰਾਪਤ ਕਰਕੇ ਇਸ ਨੇ ਇਬਰਾਨੀ, ਫ਼ਾਰਸੀ, ਅਰਬੀ ਅਤੇ ਚੀਨੀ ਭਾਸ਼ਾਵਾਂ ਦਾ ਅਭਿਆਸ ਕਰ ਲਿਆ। ਇਸ ਤੋਂ ਇਲਾਵਾ, ਇਸ ਨੂੰ ਜਰਮਨ, ਇਤਾਲਵੀ, ਫ਼ਰਾਂਸੀਸੀ, ਸਪੇਨੀ ਅਤੇ ਪੁਰਤਗਾਲੀ ਭਾਸ਼ਾਵਾਂ ਦੀ ਵੀ ਚੰਗੀ ਜਾਣਕਾਰੀ ਸੀ। ਨਾਦਰਸ਼ਾਹ ਦੇ ਜੀਵਨ ਬ੍ਰਿਤਾਂਤ ਦਾ ਫਾਰਸੀ ਤੋਂ ਫ਼ਰਾਂਸੀਸੀ ਭਾਸ਼ਾ ਵਿਚ ਇਸ ਦਾ ਅਨੁਵਾਦ 1770 ਵਿਚ ਪ੍ਰਕਾਸ਼ਿਤ ਹੋਇਆ। ਸੰਨ 1771 ਵਿਚ ਇਸ ਨੇ ਫ਼ਰਾਂਸੀਸੀ ਵਿਆਕਰਣ ਤੇ ਇਕ ਪੁਸਤਕ ਲਿਖੀ। ਫਿਰ ਇਸ ਨੇ ਪੂਰਬੀ ਸਾਹਿਤ ਭਾਸ਼ਾ ਸ਼ਾਸਤਰ ਅਤੇ ਦਰਸ਼ਨ ਤੇ ਵੀ ਅਨੇਕ ਮਹੱਤਵਪੂਰਨ ਪੁਸਤਕਾਂ ਲਿਖੀਆਂ ਅਤੇ ਅਨੁਵਾਦ ਕੀਤੇ। ਜੋਨਜ਼ ਨੇ ਕਾਨੂੰਨ ਸਬੰਧੀ ਕਈ ਚੰਗੀਆਂ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ 'ਐਸੇ ਆਨ ਦਾ ਲਾ ਆਫ਼ ਬੇਲਮੈਂਟਸ' (1781) ਖ਼ਾਸ ਕਰਕੇ ਪ੍ਰਸਿੱਧ ਹੈ। ਸੰਨ 1774 ਵਿਚ ਇਸ ਨੇ ਆਪਣਾ ਜੀਵਨ ਕਾਨੂੰਨ ਦੇ ਖੇਤਰ ਵਿਚ ਲਾਇਆ ਅਤੇ 1783 ਵਿਚ ਬੰਗਾਲ ਦੀ ਸੁਪਰੀਮ ਕੋਰਟ ਵਿਚ ਜੱਜ ਨਿਯੁਕਤ ਹੋਇਆ। ਉਸੇ ਸਾਲ ਇਸ ਨੂੰ ਸਰ ਦੀ ਪਦਵੀ ਮਿਲੀ। ਭਾਰਤ ਵਿਚ ਇਸ ਨੇ ਪੂਰਬੀ ਵਿਸ਼ਿਆਂ ਦੇ ਅਧਿਐਨ ਵਿਚ ਗੰਭੀਰ ਰੁਚੀ ਦਿਖਾਈ। ਇਸ ਨੇ ਸੰਸਕ੍ਰਿਤ ਦਾ ਅਧਿਐਨ ਕੀਤਾ ਅਤੇ 1784 ਵਿਚ ਬੰਗਾਲ ਏਸ਼ੀਆਟਿਕ ਸੁਸਾਇਟੀ ਦੀ ਸਥਾਪਨਾ ਕੀਤੀ ਜਿਸ ਨਾਲ ਭਾਰਤ ਦੇ ਇਤਿਹਾਸ, ਪੁਰਾਤੱਤਵ, ਖ਼ਾਸ ਕਰਕੇ ਸਾਹਿਤ ਅਤੇ ਵਿਧੀ-ਸ਼ਾਸਤਰ ਸਬੰਧੀ ਅਧਿਐਨ ਦੀ ਲੀਹ ਪਈ। ਯੂਰਪ ਵਿਚ ਸੰਸਕ੍ਰਿਤ ਸਾਹਿਤ ਦੀ ਵਡਿਆਈ ਸਬੰਧੀ ਸਭ ਤੋਂ ਪਹਿਲਾਂ ਇਸ ਨੇ ਘੋਸ਼ਣਾ ਕੀਤੀ। ਮੈਂਟ ਆਦਿ ਮਹਾਨ ਵਿਦਵਾਨ ਇਸ ਦੇ ਸੰਸਕ੍ਰਿਤ ਦੇ ਅਨੁਵਾਦਾਂ ਤੋਂ ਬੜੇ ਪ੍ਰਭਾਵਤ ਹੋਏ। 17 ਅਪ੍ਰੈਲ, 1794 ਨੂੰ ਕਲਕੱਤੇ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.–ਹਿੰ. ਵਿ. ਕੋ. 5 : 62; ਐਨ. ਬ੍ਰਿ. ਮਾ. 5 : 605

**ਜੋਨ ਦੀ ਮੈਡ** : ਇਹ ਕੈਸਟੀਲ ਅਤੇ ਆਰਾਗੱਾਨ ਦੀ ਨਾਂ ਮਾਤਰ ਰਾਣੀ ਸੀ। ਇਹ ਆਰਾਗੱਾਨ ਦੇ ਫਰਡੀਨੈਂਡ ਦੂਜੇ ਦੀ ਲੜਕੀ ਅਤੇ ਬਾਦਸ਼ਾਹ ਚਾਰਲਸ ਪੰਜਵੇਂ ਦੀ ਮਾਤਾ ਸੀ। ਇਹ 6 ਨਵੰਬਰ, 1479 ਵਿਚ ਟਾਲੀਡੋ ਦੇ ਸਥਾਨ ਤੇ ਪੈਦਾ ਹੋਈ।

ਸੰਨ 1496 ਵਿਚ ਜੋਨ ਦੇ ਪਿਤਾ ਨੇ ਫ਼ਰਾਂਸ ਵਿਰੁੱਧ ਬਰਗੰਡੀ ਦੀ ਮਦਦ ਪ੍ਰਾਪਤ ਕਰਨ ਲਈ ਇਸ ਦਾ ਵਿਆਹ ਬਰਗੰਡੀ ਦੇ ਫ਼ਿਲਿਪ ਨਾਲ ਕਰ ਦਿੱਤਾ। ਜੋਨ ਨੂੰ ਦਿਮਾਗੀ ਅਸਥਿਰਤਾ ਆਪਣੀ ਦਾਦੀ (ਪੁਰਤਗਾਲ ਦੀ ਇਜ਼ਾਬੈਲਾ) ਤੋਂ ਵਿਰਸੇ ਵਿਚ ਹੀ ਮਿਲੀ ਸੀ। ਆਪਣੇ ਵੱਡੇ ਭਰਾ ਜਵਾਨ ਅਤੇ ਭੈਣ ਇਜ਼ਾਬੈਲਾ ਅਤੇ ਇਜ਼ਾਬੈਲਾ ਦੇ ਲੜਕੇ ਮੀਗਵੈੱਲ ਦੀ ਮੌਤ ਤੋਂ ਬਾਅਦ ਜੋਨ ਕੈਸਟੀਲ ਅਤੇ ਆਰਾਗੱਾਨ ਦੀ ਉੱਤਰਾਧਿਕਾਰੀ ਬਣੀ।

ਜੋਨ ਦੀ ਮਾਤਾ ਦੀ ਮੌਤ ਮਗਰੋਂ ਫ਼ਿਲਿਪ ਨੇ ਕੈਸਟੀਲ ਦੇ ਤਖ਼ਤ ਉੱਤੇ ਆਪਣੇ ਹੱਕ ਦਾ ਦਾਅਵਾ ਕੀਤਾ ਪਰ ਆਰਾਗੱਾਨ ਦੇ ਫਰਡੀਨੈਂਡ ਨੇ ਇਸ ਦਾ ਵਿਰੋਧ ਕੀਤਾ। ਦੋਹਾਂ ਵਿਚ ਸੰਘਰਸ਼ ਹੋਇਆ। ਸੰਨ 1506 ਵਿਚ ਫ਼ਿਲਿਪ ਦੀ ਅਚਾਨਕ ਮੌਤ ਨੇ ਜੋਨ ਨੂੰ ਬੇਇਲਾਜ਼ ਮਨੋ-ਰੋਗ ਵੱਲ ਧੱਕ ਦਿੱਤਾ। ਸੰਨ 1509 ਵਿਚ ਇਹ ਟੁਰਡਾਸੀਲਯਾਸ ਵਿਖੇ ਚਲੀ ਗਈ। ਇਥੇ ਇਸ ਨੇ ਉਦਾਸੀ ਦੀ ਹਾਲਤ ਵਿਚ ਆਪਣੇ ਪਤੀ ਦੀ ਲਾਸ਼ ਨੂੰ ਸੜਨ ਤੋਂ ਬਚਾਉਣ ਲਈ ਮਸਾਲਾ ਲਗਾ ਕੇ ਆਪਣੇ ਕੋਲ ਰੱਖਿਆ।

ਸੰਨ 1520 ਵਿਚ ਕਾਮੂਨੀਰੋ ਬਗ਼ਾਵਤ ਦੇ ਲੀਡਰ ਜੁਆਨ ਪਾਡੀਲਾ ਨੇ ਟੁਰਡਾਸੀਲਯਾਸ ਨੂੰ ਆਪਣੇ ਅਧੀਨ ਕਰ ਲਿਆ ਪਰ ਉਹ ਜੋਨ ਦੇ

ਸ਼ਾਹੀ ਨਾਮ ਦਾ ਅਧਿਕਾਰ ਬਗ਼ਾਵਤ ਲਈ ਉਧਾਰ ਲੈਣ ਵਿਚ ਅਸਫਲ ਰਿਹਾ।

11 ਅਪ੍ਰੈਲ, 1555 ਵਿਚ ਟੂਰਡਾਸੀਲਯਾਸ ਵਿਖੇ ਜੋਨ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 13 : 7; ਐਨ. ਬ੍ਰਿ. ਮਾ. 5 : 566

**ਜੋਨਰਾਜ** : ਇਹ ਸੰਸਕ੍ਰਿਤ ਦਾ ਵਿਦਵਾਨ, ਟੀਕਾਕਾਰ ਤੇ ਇਤਿਹਾਸਕਾਰ ਸੀ ਅਤੇ ਕਸ਼ਮੀਰ ਦੇ ਸੁਲਤਾਨ, ਜੈਨੁਲ ਆਬਿਦੀਨ (1420-70) ਦਾ ਰਾਜ ਦਰਬਾਰੀ ਪੰਡਤ ਸੀ। ਭਾਵੇਂ ਇਸ ਦੇ ਜਨਮ ਅਤੇ ਮੌਤ ਦੀਆਂ ਨਿਸ਼ਚਿਤ ਮਿਤੀਆਂ ਬਾਰੇ ਭੁਲੇਖਾ ਹੈ, ਫਿਰ ਵੀ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਇਹ 1389 ਤੋਂ 1459 ਦੇ ਵਿਚਕਾਰ ਹੋਇਆ ਹੋਵੇਗਾ। ਇਸ ਦੇ ਪਿਤਾ ਦਾ ਨਾਂ ਨੌਨਰਾਜ ਅਤੇ ਦਾਦੇ ਦਾ ਨਾਂ ਲੋਲਰਾਜ ਸੀ। ਬ੍ਰਾਹਮਣ ਪਰਿਵਾਰ ਵਿਚ ਜਨਮ ਲੈਣ ਕਰਕੇ ਇਹ ਤੀਖਣਬੁੱਧੀ ਦਾ ਮਾਲਕ ਸੀ ਅਤੇ ਇਸ ਨੇ ਸੰਸਕ੍ਰਿਤ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਸੀ। ਸੁਲਤਾਨ ਜੈਨੁਲ ਆਬਿਦੀਨ ਦੀ ਇਨਸਾਫ਼ ਪਸੰਦੀ ਕਾਰਨ ਇਸ ਨੂੰ ਪਿਤਾ ਪੁਰਖੀ ਸੰਪਤੀ ਵੀ ਮਿਲ ਗਈ। ਪਹਿਲਾਂ ਕਈ ਹੋਰ ਸੁੰਦਰ ਟੀਕੇ ਲਿਖਣ ਬਾਅਦ ਇਸ ਨੇ ਮਹਾਨ ਕਵੀ ਜਿਆਨਕ ਦੇ ਇਤਿਹਾਸਕ ਗ੍ਰੰਥ 'ਪ੍ਰਿਥਵੀ ਰਾਜ ਵਿਜੈ ਮਹਾਕਾਵਿਅਮ' ਦਾ ਟੀਕਾ ਲਿਖਿਆ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਅਰਥ-ਗਿਆਨ ਇਤਿਹਾਸਕ ਵਿਧਾਨ ਢੁਕਵੀਂ ਵਿਆਖਿਆ ਅਤੇ ਖੁਲ੍ਹੀਆਂ ਟਿੱਪਣੀਆਂ ਲਿਖਣ ਦਾ ਪੂਰਾ ਮਾਹਿਰ ਸੀ। ਇਸ ਦੇ ਇਸੇ ਟੀਕੇ ਤੋਂ ਪ੍ਰਭਾਵਤ ਹੋ ਕੇ ਰਾਜ ਵੱਲੋਂ ਇਸ ਨੂੰ ਕਲਹਣ ਦੀ ਰਾਜ ਤਰੰਗਿਣੀ ਨੂੰ ਪੂਰਾ ਕਰਨ ਦੀ ਆਗਿਆ ਦਿੱਤੀ ਗਈ। ਕਲਹਣ ਕਸ਼ਮੀਰ ਦਾ ਇਤਿਹਾਸ 1149-50 ਤੱਕ ਹੀ ਲਿਖ ਸਕਿਆ ਸੀ। ਇਸ ਤੋਂ ਅੱਗੇ 1459 ਤੱਕ ਦਾ ਇਤਿਹਾਸ ਜੋਨਰਾਜ ਨੇ ਲਿਖਿਆ ਜੋ ਦੂਜੀ ਰਾਜ ਤਰੰਗਿਣੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਵਿਚ ਜੋਨਰਾਜ ਨੇ ਜੈ ਸਿੰਘ ਤੋਂ ਰਾਜੀਕੋਟਾ (1149-50 ਤੋਂ 1339) ਤੱਕ ਦੇ ਹਿੰਦੂ ਰਾਜਿਆਂ ਦਾ 347 ਸਲੋਕਾਂ ਵਿਚ ਸੰਖੇਪ ਵਰਣਨ ਕੀਤਾ ਹੈ। ਇਸ ਦੇ ਮੁਕਾਬਲੇ ਇਹ ਸ਼ਾਹਮੀਰ ਵੱਲੋਂ ਕਸ਼ਮੀਰ ਨੂੰ ਹੜੱਪੇ (1339 ਈ.) ਜਾਣ ਤੋਂ ਲੈ ਕੇ ਜੈਨੁਲ ਆਬਿਦੀਨ ਦੇ ਰਾਜ ਕਾਲ ਦੇ 1459 ਤੱਕ ਦੇ ਇਤਿਹਾਸ ਦਾ ਜ਼ਿਆਦਾ ਵਰਣਨ ਹੈ। ਸਟੀਨ ਦੇ ਕਹਿਣ ਅਨੁਸਾਰ ਜੋਨਰਾਜ ਦੀਆਂ ਪ੍ਰਾਪਤੀਆਂ ਕਾਫ਼ੀ ਹਨ ਪਰ ਮੌਲਿਕਤਾ ਦੀ ਘਾਟ ਸੀ। ਫਿਰ ਵੀ ਇਸ ਨੇ ਕਲਹਣ ਨਾਲ ਮਿਲਦੀ-ਜੁਲਦੀ ਸ਼ੈਲੀ ਵਿਚ ਇਤਿਹਾਸ ਲਿਖਣ ਵਿਚ ਜੋ ਕਾਵਿਮਈ ਯੋਗਤਾ, ਚਰਿਤਰ ਨਿਰੂਪਣ ਦੀ ਉੱਚਤਾ ਅਤੇ ਘਟਨਾਵਾਂ ਦੇ ਵਰਣਨ ਵਿਚ ਨਿਪੁੰਨਤਾ ਦਾ ਸਬੂਤ ਦਿੱਤਾ ਹੈ, ਉਹ ਪ੍ਰਸ਼ੰਸਾਯੋਗ ਹੈ। ਭਾਵੇਂ ਵਿਗਿਆਨਕ ਸ਼ੈਲੀ ਅਨੁਸਾਰ ਚਲਣ ਵਾਲੇ ਆਧੁਨਿਕ ਇਤਿਹਾਸਕਾਰਾਂ ਵਾਲੇ ਨਿਰਪੱਖਤਾ, ਵਿਵੇਕਸ਼ੀਲਤਾ ਆਦਿ ਗੁਣਾਂ ਦੀ ਇਸ ਵਿਚ ਘਾਟ ਹੈ ਤਾਂ ਵੀ ਇਸ ਨੇ ਆਪਣੇ ਗ੍ਰੰਥ ਵਿਚ ਯਥਾਰਥ ਵੇਰਵਾ ਦੇਣ ਦਾ ਜਤਨ ਕੀਤਾ ਹੈ। ਜੈਨੁਲ ਆਬਿਦੀਨ ਦਾ ਖਾਸ ਕਿਰਪਾ ਪਾਤਰ ਰਹਿਣ ਕਾਰਨ ਸੁਲਤਾਨ ਦੇ ਵਿਅਕਤੀਗਤ ਗੁਣਾਂ ਦਾ ਵਧਾ-ਚੜ੍ਹਾ ਕੇ ਵਰਣਨ ਕਰਨਾ ਅਤੇ ਕਮੀਆਂ ਦੇ ਬਾਰੇ ਚੁੱਪ ਰਹਿਣਾ ਕੁਝ ਚੁੱਭਦਾ ਹੈ। ਇਸ ਦਾ ਕਸ਼ਮੀਰ ਦਾ ਭੂਗੋਲਿਕ ਵਰਣਨ ਸਹੀ ਹੈ। ਇਸ ਨੇ ਹਰੇਕ ਰਾਜੇ ਦੇ ਰਾਜਤਿਲਕ ਅਤੇ ਮੌਤ ਦੀਆਂ ਮਿਤੀਆਂ ਠੀਕ ਦਿੱਤੀਆਂ ਹਨ ਪਰ ਹੋਰ ਇਤਿਹਾਸਕ ਲੇਖਕਾਂ ਵਾਂਗ ਇਸ ਵਿਚ ਵੀ ਇਕ ਦੋਸ਼ ਸੀ। ਇਸ ਨੇ ਅੱਡ-ਅੱਡ ਸ਼ਾਸਕਾਂ ਦੇ ਸਮਿਆਂ ਦੀਆਂ ਵੱਖ-ਵੱਖ ਘਟਨਾਵਾਂ ਦਾ ਕੋਈ ਮਿਤੀਕ੍ਰਮ ਨਹੀਂ ਦਿੱਤਾ। ਦੂਜੇ ਰਾਜ ਤਰੰਗਿਣੀ ਦੀ ਭਾਸ਼ਾ ਵਿਚ ਅਰਬੀ ਫ਼ਾਰਸੀ ਅਤੇ ਤੁਰਕੀ ਸ਼ਬਦ ਰਲੇ ਹੋਏ ਹਨ। ਦੂਜੀ ਰਾਜ ਤਰੰਗਿਣੀ ਲਿਖਦੇ ਹੋਏ ਹੀ 1459 ਵਿਚ ਇਸ ਦੀ ਮੌਤ ਹੋ ਗਈ। ਇਸ ਦੇ ਸ਼ਾਗਿਰਦ ਜਾਂ ਸ਼ਾਇਦ ਪੁੱਤਰ ਸ਼੍ਰੀਵਰ ਨੇ ਇਸ ਦੇ ਰਾਜਤਰੰਗਿਣੀ ਦੇ ਵਿਸ਼ੇ ਨੂੰ ਅੱਗੇ ਵਧਾਇਆ। ਸੰਸਕ੍ਰਿਤ ਵਿੱਦਿਆ ਦੀ ਗਿਰਾਵਟ ਦੇ ਦਿਨਾਂ ਵਿਚ ਜੋਨਰਾਜ ਦਾ ਇਹ ਕਾਰਜ ਬਹੁਤ ਮਹੱਤਵਪੂਰਨ ਸੀ। ਕਲਹਣ ਤੋਂ ਪਿੱਛੋਂ ਉਸ ਪਰਾਪਟੀ ਦੇ ਚੋਣਵੇਂ ਇਤਿਹਾਸਕਾਰਾਂ ਵਿਚ ਇਸ ਦਾ ਸਥਾਨ ਸੁਰੱਖਿਅਤ ਹੈ।

ਹ. ਪੁ.–ਹਿੰ. ਵਿ. ਕੋ. 5 : 61

**ਜ਼ੋਫਰਵਾ, ਏਟਾਈਐਨ ਫ਼ਰਾਂਸੋਆ** : ਫ਼ਰਾਂਸ ਦੇ ਇਸ ਰਸਾਇਣ-ਵਿਗਿਆਨੀ ਦਾ ਜਨਮ ਪੈਰਿਸ ਵਿਖੇ 13 ਫਰਵਰੀ, 1672 ਨੂੰ ਹੋਇਆ। ਇਸ ਦਾ ਨਾਂ ਇਸ ਦੀਆਂ ਅਫ਼ਿਨਟੀ ਦੀਆਂ ਸਾਰਣੀਆਂ 'tables des rapports' ਕਾਰਨ ਪ੍ਰਸਿੱਧ ਹੈ। ਪਹਿਲਾਂ ਇਹ ਪੰਸਾਰੀ ਸੀ ਅਤੇ ਮਗਰੋਂ ਦਵਾਈਆਂ ਦੀ ਦੁਕਾਨ ਕਰ ਲਈ। ਹਾਲੈਂਡ ਅਤੇ ਇਟਲੀ ਦੀ ਯਾਤਰਾ ਕਰਨ ਮਗਰੋਂ ਜਾਰਡਿਨ ਡੂ ਰੱਾਇ ਵਿਖੇ ਰਸਾਇਣ ਵਿਗਿਆਨ ਦਾ ਅਤੇ ਕਾਲਜ ਡੂ ਫ਼ਰਾਂਸ ਵਿਖੇ ਫ਼ਾਰਮੇਸੀ ਅਤੇ ਮੈਡੀਸਨ ਦਾ ਪ੍ਰੋਫ਼ੈਸਰ ਅਤੇ ਫ਼ੈਕਲਟੀ ਆਫ਼ ਮੈਡੀਸਨ ਦਾ ਡੀਨ ਬਣਿਆ।

ਅਫ਼ਿਨਟੀ ਦੀਆਂ ਸਾਰਣੀਆਂ ਉਹ ਸੂਚੀਆਂ ਸਨ ਜਿਹੜੀਆਂ ਪਦਾਰਥਾਂ ਦੇ ਇਕ ਦੂਸਰੇ ਉੱਤੇ ਕਿਰਿਆਵਾਂ ਦੇ ਪ੍ਰੇਖਣਾਂ ਦੀ ਤੁਲਨਾ ਨਾਲ ਤਿਆਰ ਕੀਤੀਆਂ ਗਈਆਂ ਸਨ। ਇਨ੍ਹਾਂ ਤੋਂ ਵੱਖ-ਵੱਖ ਰੀਏਜੈਂਟਾਂ ਪ੍ਰਤਿ ਨਾਲ ਮਿਲਦੇ ਜੁਲਦੇ ਪਦਾਰਥਾਂ ਦੁਆਰਾ ਦਿਖਾਈ ਗਈ ਅਫ਼ਿਨਟੀ ਦੀ ਵੱਖ-ਵੱਖ ਡਿਗਰੀ ਦਾ ਵੀ ਪਤਾ ਲਗਦਾ ਸੀ। ਇਨ੍ਹਾਂ ਸਾਰਣੀਆਂ ਨੇ ਸਦੀ ਦੇ ਬਾਕੀ ਸਮੇਂ ਤੱਕ ਆਪਣੀ ਪ੍ਰਥਾ ਉਨਾਂ ਚਿਰ ਬਰਕਰਾਰ ਰੱਖੀ, ਜਿਨਾਂ ਚਿਰ ਸੀ. ਐਲ. ਬਰਥੌਲੈ ਨੇ ਤੀਬਰ ਧਾਰਨਾਵਾਂ ਪੇਸ਼ ਨਹੀਂ ਕੀਤੀਆਂ। ਇਸ ਦਾ ਇਕ ਹੋਰ ਖੋਜ ਪੱਤਰ ਪਾਰਸਮਣੀ ਦੇ ਭਰਮਾਂ ਨਾਲ ਸਬੰਧਤ ਸੀ, ਫਿਰ ਵੀ ਇਹ ਇਸ ਗੱਲ ਦਾ ਹਾਮੀ ਸੀ ਕਿ ਬਨਸਪਤ ਮਾਦੇ ਨੂੰ ਸਾੜ ਕੇ ਲੋਹਾ ਬਣਾਉਟੀ ਤੌਰ ਤੇ ਤਿਆਰ ਕੀਤਾ ਜਾ ਸਕਦਾ ਹੈ। ਜ਼ੋਫਰਵਾ ਦੀ ਮੌਤ ਤੋਂ ਮਗਰੋਂ ਇਸ ਦੀ ਪੁਸਤਕ 'Tractatus de materia medica' 1741 ਵਿਚ ਛਪੀ।

ਇਸਦਾ 6 ਜਨਵਰੀ, 1731 ਨੂੰ ਪੈਰਿਸ ਵਿਖੇ ਸਵਰਗਵਾਸ ਹੋ ਗਿਆ।

ਹ. ਪੁ. –ਐਨ. ਬ੍ਰਿ. 10: 143

**ਜ਼ੋਫਰਵਾ ਸੇਂਟ ਹਿਲੇਰੀ, ਇਸੀਡੋਰ** : ਇਹ ਇਕ ਪ੍ਰਾਣੀ ਵਿਗਿਆਨੀ ਹੋਇਆ ਹੈ ਜਿਹੜਾ ਮਨੁੱਖ ਅਤੇ ਨਿਮਨ ਪੱਧਰ ਪ੍ਰਾਣੀਆਂ ਦੀ ਸਰੀਰ ਰਚਨਾ ਵਿਚ ਅਸਾਧਾਰਨਤਾਵਾਂ ਉੱਤੇ ਕੰਮ ਕਰਕੇ ਪ੍ਰਸਿੱਧ ਹੋਇਆ ਹੈ। ਇਸ ਦਾ ਜਨਮ 16 ਦਸੰਬਰ, 1805 ਨੂੰ ਪੈਰਿਸ ਵਿਖੇ ਹੋਇਆ।

ਇਸ ਦਾ ਪਿਤਾ ਏਟਾਈਐਨ, ਜ਼ੋਫਰਵਾ ਸੇਂਟ ਹਿਲੇਰੀ ਇਕ ਉੱਘਾ ਸਰੀਰ ਰਚਨਾ ਵਿਗਿਆਨੀ ਸੀ ਅਤੇ ਇਸ ਨੇ ਵੀ ਆਪਣੇ ਪਿਤਾ ਵਾਲਾ ਕਿੱਤਾ ਹੀ ਅਪਣਾਇਆ। ਸੰਨ 1830 ਵਿਚ ਇਸ ਨੇ ਪ੍ਰਾਣੀਆਂ ਦੇ ਉਨ੍ਹਾਂ ਦੇ ਵਾਤਾਵਰਣ ਨਾਲ ਸਬੰਧਾਂ ਬਾਰੇ ਇਕ ਲੈਕਚਰ ਦਿੱਤਾ। ਇਸ ਨੇ 'Historie general et particuliere des anomalies de lorganisation chez l'homme et les animaux ਲਿਖੀ ਜਿਸ ਵਿਚ ਇਸ ਨੇ ਗੁਰੁਪ ਜੀਵਾਂ ਜਾਂ ਜਮਾਂਦਰੂ ਅਸਧਾਰਨਤਾਵਾਂ ਦਾ ਅਧਿਐਨ ਕਰਨ ਲਈ ਟੈਰੱਟਾਲੋਜੀ (ਅਪਰੂਪ ਵਿਗਿਆਨ) ਸ਼ਬਦ ਪ੍ਰਚੱਲਤ ਕੀਤਾ। ਸੰਨ 1837 ਵਿਚ ਇਸ ਨੇ ਪੈਰਿਸ ਵਿਚ Faculte des Sciences ਤੁਲਨਾਤਮਕ ਸਰੀਰ ਰਚਨਾ ਵਿਗਿਆਨ ਦੇ ਪ੍ਰੋਫ਼ੈਸਰ ਦੇ ਤੌਰ ਤੇ ਅਤੇ 1841 ਵਿਚ Museum National d Historie Naturelle ਵਿਚ ਆਪਣੇ ਪਿਤਾ ਦੀ ਥਾਂ ਲਈ। ਸੰਨ 1838 ਵਿਚ ਬਾਰਡੋ ਵਿਖੇ ਇਸ ਨੇ Faculte des Sciences ਦੀ ਸਥਾਪਨਾ ਕੀਤੀ। ਸੰਨ 1847 ਵਿਚ ਇਸਨੇ ਆਪਣੇ ਪਿਤਾ ਦੀ ਵਿਗਿਆਨਿਕ ਜੀਵਨੀ, Vie, travaux et doctrine Scientifique d Etienne Geoffroy Saint Hilaire ਪ੍ਰਕਾਸ਼ਿਤ ਕੀਤੀ।

10 ਨਵੰਬਰ, 1861 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 4: 477

**ਜੋਬਸਟ** : ਇਹ ਮਾਰੇਵੀਆ ਅਤੇ ਬਰੈਂਡਨਬਰਗ ਦਾ ਗਵੱਰਨਰ ਸੀ ਅਤੇ 15 ਹਫ਼ਤੇ ਜਰਮਨੀ ਦਾ ਬਾਦਸ਼ਾਹ ਵੀ ਰਿਹਾ। ਇਹ ਲਕਸਮਬਰਗ ਰਾਜਬੰਸ਼ ਵਿਚੋਂ ਸੀ। ਇਹ ਹੋਲੀ ਰੋਮਨ ਸਮਰਾਟ ਚਾਰਲਸ ਚੌਥੇ ਦੇ ਭਰਾ, ਜਾਨ ਹੈਨਰੀ ਦਾ ਲੜਕਾ ਸੀ, ਜਿਸ ਦੀ ਮੌਤ ਮਗਰੋਂ 1376 ਵਿਚ ਮਾਰੇਵੀਆ ਦਾ ਗਵਰਨਰ ਬਣਿਆ। ਜੋਬਸਟ ਬੜਾ ਅਮੀਰ ਅਤੇ ਪੜ੍ਹਿਆ ਲਿਖਿਆ ਸੀ। ਇਸ ਨੇ ਆਪਣੇ ਚਚੇਰੇ ਭਰਾ ਵੈਨਕੈਸਤਾਸ ਦੇ ਰਾਜ ਸਮੇਂ ਬੋਹੀਮੀਆ ਦੀ ਹਲਚਲ ਵਾਲੀ ਰਾਜਨੀਤੀ ਵਿਚ ਬੜਾ ਮਹੱਤਵਪੂਰਨ ਰੋਲ ਅਦਾ ਕੀਤਾ।

ਸੰਨ 1388 ਵਿਚ ਇਸਦੇ ਚਚੇਰੇ ਭਰਾ ਸਿਜਸਮੰਡ ਨੇ ਬਰੈਂਡਨਬਰਗ ਦੇ ਗਵਰਨਰ ਦਾ ਅਹੁਦਾ ਜੋਬਸਟ ਕੋਲ ਗਿਰਵੀ ਰੱਖ ਦਿੱਤਾ। ਪਾਲੈਟਨਾਨ ਦੇ ਰੁਪਰਟ ਦੀ ਮੌਤ ਪਿੱਛੋਂ ਫਰੈਂਕਫਰਟ ਵਿਖੇ ਕੁਝ ਚੋਣਕਾਰਾਂ ਨੇ ਸਿਜਿਸਮੰਡ ਨੂੰ ਬਾਦਸ਼ਾਹ ਚੁਣ ਦਿੱਤਾ ਪਰ ਦੂਜੇ ਧੜੇ ਨੇ ਬਦਲੇ ਵਿਚ ਜੋਬਸਟ ਨੂੰ ਚੁਣ ਦਿੱਤਾ।

18 ਜਨਵਰੀ, 1411 ਵਿਚ ਮਾਰੇਵੀਆ ਵਿਚ ਬਾਰਨੋ ਵਿਖੇ ਜੋਬਸਟ ਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 13: 12

**ਜੋਬੈਰਟੀ, ਵਿਨਸੈਂਟਜ਼ੋ** : ਇਹ ਇਟਲੀ ਦਾ ਫ਼ਿਲਾਸਫ਼ਰ, ਨੀਤੀਵੇਤਾ ਅਤੇ ਸਾਰਡੀਨੀਆ ਦਾ ਪ੍ਰਧਾਨ ਮੰਤਰੀ ਸੀ ਜਿਸ ਦੀਆਂ ਲਿਖਤਾਂ ਦੇ ਸਿੱਟੇ ਵਜੋਂ, ਇਟਲੀ ਇਕ ਫੈਡਰੇਸ਼ਨ ਤੋਂ ਇਕ ਸਮੁੱਚੀ ਕੌਮ ਬਣਿਆ। ਇਸ ਦਾ ਜਨਮ 5 ਅਪ੍ਰੈਲ 1801 ਨੂੰ ਟਿਊਰਿਨ ਵਿਖੇ ਹੋਇਆ। ਸੰਨ 1825 ਵਿਚ ਇਸ ਨੂੰ ਰੋਮਨ ਕੈਥੋਲਿਕ ਪਾਦਰੀ ਨਿਯੁੱਕਤ ਕੀਤਾ ਗਿਆ ਸੀ ਅਤੇ ਛੇਤੀ ਹੀ ਇਹ ਟਿਊਰਿਨ ਯੂਨੀਵਰਸਿਟੀ ਵਿਖੇ ਧਰਮ-ਵਿਦਿਆ ਦੇ ਪ੍ਰੋਫੈਸਰ ਵਜੋਂ ਪ੍ਰਸਿੱਧ ਹੋ ਗਿਆ। ਸੰਨ 1831 ਵਿਚ ਬਾਦਸ਼ਾਹ ਚਾਰਲਸ ਅਲਬਰਟ ਦੇ ਗੱਦੀ ਤੇ ਬੈਠਣ ਤੇ ਇਸ ਨੂੰ ਸ਼ਾਹੀ ਗਿਰਜੇ ਦਾ ਪਾਦਰੀ ਨਿਯੁਕਤ ਕੀਤਾ ਗਿਆ। ਆਪਣੇ ਗਰਮਦਲੀ ਵਿਚਾਰਾਂ ਕਾਰਨ 1833 ਵਿਚ ਇਸ ਨੂੰ ਕੁਝ ਸਮੇਂ ਲਈ ਕੈਦ ਕੀਤਾ ਗਿਆ। ਬਾਅਦ ਵਿਚ ਇਸ ਨੂੰ ਪੈਰਿਸ ਅਤੇ ਬ੍ਰਸਲਜ਼ ਵਿਚ ਦੇਸ਼-ਨਿਕਾਲਾ ਦਿੱਤਾ। ਬਦੇਸ਼ ਵਿਖੇ ਅਧਿਆਪਨ ਕਰਦੇ ਹੋਏ ਇਸ ਨੇ ਆਪਣੀ ਪਹਿਲੀ ਪ੍ਰਮੁੱਖ ਕਿਤਾਬ 'Introduzione stodio della filosofia' (1839-40) ਲਿਖੀ। ਇਹ ਇਟਲੀ ਦਾ ਪਹਿਲਾ ਪ੍ਰਮੁੱਖ ਫ਼ਿਲਾਸਫ਼ਰ ਬਣਿਆ। ਇਸ ਨੇ ਜਰਮਨ ਦਾਰਸ਼ਨਿਕ ਈਮੈਨੁਅਲ ਕਾਂਟ ਦੇ ਵਿਚਾਰਾਂ ਤੋਂ ਪਰਾਭੌਤਿਕ ਹਵਾਲੇ ਵੀ ਪੇਸ਼ ਕੀਤੇ। ਇਸ ਦੀ ਆਪਣੀ ਦਾਰਸ਼ਨਿਕ ਵਿਦਿਆ, ਧਰਮ-ਵਿਦਿਆ ਅਤੇ ਰਾਜਨੀਤਿਕ ਵਿਚਾਰ, ਹੋਂਦ ਦੀ ਕਲਪਨਾ ਦੁਆਲੇ ਘੁੰਮਦੇ ਹਨ ਅਤੇ ਇਸ ਦੀ ਪੱਧਤੀ ਨੂੰ ਤੱਤ-ਵਿਦਿਆ (Ontologism) ਕਿਹਾ ਜਾਂਦਾ ਹੈ। ਸੰਨ 1833 ਵਿਚ ਹੀ 'Giovine gtulia' ਨਾਮੀ ਰਸਾਲੇ ਵਿਚ ਇਸ ਦਾ ਗਣਰਾਜ ਸਬੰਧੀ ਅਤੇ ਈਸਾਈ ਮਤ ਬਾਰੇ ਲੇਖ ਛਪਿਆ ਸੀ ਪਰ ਇਹ ਹਿੰਸਾ ਦੇ ਵਿਰੁੱਧ ਸੀ ਅਤੇ ਇਹ ਮਾਟਜ਼ੀਨੀ ਦੇ ਇਨਕਲਾਬੀ ਸੰਗਠਨ ਵਿਚ ਸ਼ਾਮਲ ਨਹੀਂ ਹੋਇਆ ਸੀ।

ਸੰਨ 1847 ਵਿਚ ਜੋਬੈਰਟੀ ਨੂੰ ਇਟਲੀ ਵਿਚ ਵਾਪਸ ਪਰਤਣ ਦੀ ਆਗਿਆ ਮਿਲੀ। ਇਸ ਨੇ ਗਣਰਾਜੀ ਅੰਦੋਲਨ ਨੂੰ ਸੰਗਠਿਤ ਕਰਨ ਦੀਆਂ ਕੋਸ਼ਿਸ਼ਾਂ ਆਰੰਭੀਆਂ। ਨਵੇਂ ਬਣੇ 'ਚੈਂਬਰ ਆਫ਼ ਡਿਪਟੀਜ਼' ਦਾ ਪ੍ਰੈਜ਼ੀਡੈਂਟ ਰਹਿਣ ਮਗਰੋਂ, 1848 ਤੋਂ 1849 ਤੱਕ ਥੋੜ੍ਹੇ ਸਮੇਂ ਲਈ ਇਹ ਪ੍ਰਧਾਨ ਮੰਤਰੀ ਰਿਹਾ। ਆਪਣੇ ਮੰਤਰੀ ਮੰਡਲ ਦੇ ਬਰਖ਼ਾਸਤ ਹੋਣ ਤੋਂ ਬਾਅਦ, ਇਹ ਫ਼ਰਾਂਸ ਦਾ ਰਾਜਦੂਤ ਬਣ ਕੇ ਚਲਾ ਗਿਆ ਪਰ ਛੇਤੀ ਹੀ ਇਸ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 26 ਨਵੰਬਰ, 1852 ਨੂੰ ਆਪਣੀ ਮੌਤ ਤੱਕ ਇਹ ਪੈਰਿਸ ਵਿਚ ਹੀ ਰਿਹਾ।

ਜੋਬੈਰਟੀ ਦੀਆਂ ਹੋਰ ਪ੍ਰਮੁੱਖ ਕਿਤਾਬਾਂ ਵਿਚ Del Primato morale e civile degli italiani (1843), Del Rinmoramento civile d Italia (1851) ਅਤੇ Index Librorum Prohibuorum ਸ਼ਾਮਲ ਹਨ।

ਹ. ਪੁ. -ਨਿ. ਯੂ. ਐਨ. 7: 3769; ਐਨ. ਬ੍ਰਿ. ਮਾ. 4: 550

**ਜੋਬਟ** : ਮੱਧ ਭਾਰਤ ਦੀ ਇਹ ਇਕ ਰਿਆਸਤ ਸੀ ਜਿਹੜੀ ਅੱਜਕੱਲ੍ਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਵਿਚ ਸ਼ਾਮਲ ਹੈ। ਉਸ ਸਮੇਂ ਇਸ ਦਾ ਖੇਤਰਫਲ 358 ਵ. ਕਿ. ਸੀ। ਇਹ ਰਾਜ ਵਿੰਧਿਆਚਲ ਪਰਬਤਾਂ ਉੱਤੇ ਸਥਿਤ ਸੀ। ਇਸ ਦੀਆਂ ਹੱਦਾਂ ਉੱਤਰ ਵੱਲ ਝਬੂਆਂ ਰਾਜ ਨਾਲ, ਦੱਖਣ ਅਤੇ ਪੱਛਮ ਵੱਲ ਅਲੀ ਰਾਜਪੁਰ ਨਾਲ ਅਤੇ ਪੂਰਬ ਵੱਲ ਗਵਾਲੀਅਰ ਨਾਲ ਲਗਦੀਆਂ ਹਨ। ਰਾਜ ਦਾ ਪ੍ਰਸ਼ਾਸਕੀ ਕੇਂਦਰ ਘੋੜਾ ਸੀ ਜਿਸ ਨੂੰ ਘੋੜਾ ਜੋਬਟ ਵੀ ਕਹਿੰਦੇ ਸਨ।

ਹ. ਪੁ. -ਹਿੰ. ਵਿ. ਕੋ. 5: 62

**ਜੋਰਹਾਟ** : ਇਹ ਉੱਤਰ-ਪੂਰਬੀ ਆਸਾਮ ਰਾਜ (ਭਾਰਤ) ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਅਤੇ ਇਕ ਰੇਲ ਜੰਕਸ਼ਨ ਹੈ ਜਿਹੜਾ ਬ੍ਰਹਮਪੁੱਤਰ ਦਰਿਆ ਦੀ ਦਿਸਾਈ ਨਾਮੀ ਇਕ ਸਹਾਇਕ ਨਦੀ ਦੇ ਖੱਬੇ ਕੰਢੇ ਤੇ ਵਸਿਆ ਹੋਇਆ ਹੈ। ਰੇਲ ਦੀ ਇਕ ਛੋਟੀ ਪਟੜੀ ਸ਼ਹਿਰ ਨੂੰ ਉੱਤਰ ਵਿਚ ਬ੍ਰਹਮਪੁੱਤਰ ਅਤੇ ਦੱਖਣ ਵਿਚ ਉੱਤਰ ਪੂਰਬੀ ਸੀਮਾਂ ਰੇਲਵੇ ਦੇ ਮੜਿਆਨੀ ਸਟੇਸ਼ਨ ਨਾਲ ਮਿਲਾਉਂਦੀ ਹੈ। ਇਹ ਆਸਾਮ ਦੇ ਉਪਜਾਊ ਖੇਤਰ ਦਾ ਵਪਾਰਕ ਕੇਂਦਰ ਹੈ। ਜੋਰਹਾਟ ਆਸਾਮੀ ਗਹਿਣੇ ਬਣਾਉਣ ਦਾ ਪ੍ਰਸਿੱਧ ਕੇਂਦਰ ਹੈ। ਇਹ ਗਹਿਣੇ ਲਾਖ ਉੱਤੇ ਸੋਨੇ ਦੇ ਪੱਤਰੇ ਚੜ੍ਹਾ ਕੇ ਅਤੇ ਸਸਤੇ ਨਗ ਜੜ ਕੇ ਬਣਾਏ ਜਾਂਦੇ ਹਨ। ਇਥੋਂ ਖੱਲਾਂ, ਸਰ੍ਹੋਂ ਅਤੇ ਬੈਂਤ ਬਾਹਰ ਭੇਜੇ ਜਾਂਦੇ ਹਨ ਤੇ ਸੂਤੀ ਕੱਪੜਾ, ਅਨਾਜ, ਲੂਣ ਅਤੇ ਤੇਲ ਬਾਹਰੋਂ ਮੰਗਵਾਇਆ ਜਾਂਦਾ ਹੈ। ਇਥੇ ਚਾਹ ਦਾ ਵਪਾਰ ਵੀ ਕਾਫ਼ੀ ਹੁੰਦਾ ਹੈ। ਇਥੇ ਆਸਾਮ ਖੇਤੀਬਾੜੀ ਕਾਲਜ, ਉਦਯੋਗਿਕ ਸਿਖਿਆ ਸੰਸਥਾਵਾਂ, ਐਚ. ਆਰ. ਐਚ. ਪ੍ਰਿੰਸ ਆਫ਼ ਵੇਲਜ਼ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਤਕਨਾਲੋਜੀ ਜਿਹੀ ਉੱਚ ਸਿਖਿਆ ਸੰਸਥਾਵਾਂ ਹਨ। ਇਸ ਤੋਂ ਇਲਾਵਾ ਆਸਾਮ ਸਾਹਿਤ ਸਭਾ, ਆਸਾਮ ਟੀ ਪਲਾਂਟਰਜ਼ ਐਸੋਸੀਏਸ਼ਨ, ਅਪਰ ਆਸਾਮ ਚੈਂਬਰ ਆਫ਼ ਕਾਮਰਸ ਦੇ ਮੁੱਖ ਦਫ਼ਤਰ ਇਸੇ ਸ਼ਹਿਰ ਵਿਚ ਹਨ।

ਇਤਿਹਾਸਕ ਪੱਖ ਤੋਂ ਇਹ ਸ਼ਹਿਰ ਪਹਿਲਾਂ ਆਜ਼ਾਦ 'ਅਹੋਮ' ਰਾਜ ਦਾ ਸਦਰ ਮੁਕਾਮ ਸੀ। ਅਹੋਮ ਤਾਈ ਭਾਸ਼ਾ ਬੋਲਣ ਵਾਲੇ ਲੋਕ ਸਨ ਜਿਹੜੇ ਪਹਿਲੀ ਈ. ਦੇ ਲਗਭਗ ਚੀਨ ਤੋਂ ਇਥੇ ਪਰਵਾਸ ਕਰਕੇ ਆ ਵਸੇ ਸਨ।

ਆਬਾਦੀ—1,12,030 (1991)

26° 46′ ਉ. ਵਿਥ.; 94° 13′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 202 ; ਹਿੰ. ਵਿ. ਕੋ. 5:62; ਐਨ. ਬ੍ਰਿ. ਮਾ. 5:609

**ਜੋਰਾਡਾਨੋ, ਲੂਕਾ** : ਇਟਲੀ ਦੇ ਸਤਾਰ੍ਹਵੀਂ ਸਦੀ ਦੇ ਉੱਘੇ ਚਿੱਤਰਕਾਰ ਦਾ ਜਨਮ 18 ਅਕਤੂਬਰ, 1632 ਨੂੰ ਨੇਪਲਜ਼ ਵਿਖੇ ਹੋਇਆ। ਪਹਿਲਾਂ ਇਹ ਬੜਾ ਸੁਸਤ ਹੁੰਦਾ ਸੀ ਪਰ ਆਪਣੇ ਪਿਤਾ ਵੱਲੋਂ ਵਾਰ ਵਾਰ ਇਹ ਕਹੇ ਜਾਣ ਤੇ 'ਸੁਸਤੂ, ਫੁਰਤੀ ਕਰ' ਇਹ ਬਹੁਤ ਚੁਸਤ ਅਤੇ ਮਾਹਰ ਹੋ ਨਿਕਲਿਆ। ਇਸ ਦੀ ਪਹਿਲੀ ਕਲਾ-ਕ੍ਰਿਤੀ 1651 ਵਿਚ ਹੋਂਦ ਵਿਚ ਆਈ। ਇਸ ਨੇ ਰੋਮ, ਫਲੋਰੈਂਸ, ਪਾਰਮਾ, ਵੀਨਸ ਅਤੇ ਨੇਪਲਜ਼ ਵਿਖੇ ਕੰਮ ਕੀਤਾ। ਸੰਨ 1679 ਵਿਚ ਫਲੋਰੈਂਸ ਵਿਖੇ ਇਸ ਨੇ ਕੱਰਸੀਨੀ ਗਿਰਜੇ ਅਤੇ ਪਾਲਾਟਜ਼ੋ ਮੈਡਿਚੀ ਰਿਕਾਰਡੀ ਦੀ ਮੌਤ ਨੂੰ ਮੁਹਰਾਕਸ਼ੀ ਨਾਲ ਸਜਾਇਆ। ਸੰਨ 1692 ਵਿਚ ਸਪੇਨ ਦੇ ਚਾਰਲਸ ਦੂਜੇ ਨੇ ਇਸ ਨੂੰ ਸ਼ਾਹੀ ਚਿੱਤਰਕਾਰ ਨਿਯੁਕਤ ਕੀਤਾ। ਮੈਡ੍ਰਿਡ ਵਿਖੇ ਇਸ

ਨੇ ਕਈ ਮਹਿਲ ਅਤੇ ਗਿਰਜਿਆਂ ਦੀ ਮੁਹਰਾਕਸ਼ੀ ਕੀਤੀ। ਇਸ ਨੇ ਕਈ ਤਰ੍ਹਾਂ ਦੀਆਂ ਤਸਵੀਰਾਂ ਵੀ ਬਣਾਈਆਂ। ਇਸ ਦੇ ਸਾਰੇ ਚਿੱਤਰਾਂ ਦਾ



**ਲੂਕਾ ਜੋਰਡਾਨੋ ਦਾ ਬਣਾਇਆ ਇਕ ਚਿੱਤਰ**

ਵਿਸ਼ਾ ਬਹੁਤ ਮਹਾਨ ਹੈ। ਵਧੇਰੇ ਚਿੱਤਰ ਧਾਰਮਿਕ ਅਤੇ ਮਿਥਿਹਾਸਕ ਵਿਸ਼ਿਆਂ ਉੱਤੇ ਆਧਾਰਤ ਹਨ। ਐੱਲ. ਐਸਕੋਰੀਅਲ ਵਿਖੇ ਬਣੇ ਹੋਏ ਕੰਧ ਚਿੱਤਰ ਇਸ ਦੀ ਸਭ ਤੋਂ ਉੱਤਮ ਕਲਾ-ਕ੍ਰਿਤ ਮੰਨੇ ਜਾਂਦੇ ਹਨ। ਪਰਾਦੋ ਮੈਡ੍ਰਿਡ ਵਿਚ ਮੁਕੰਮਲ ਕੀਤੇ ਇਸ ਦੇ 50 ਚਿੱਤਰ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਹ ਇਕ ਅਣਥਕ ਕਲਾਕਾਰ ਸੀ। ਸੰਨ 1702 ਵਿਚ ਜੈਨੋਆ ਹੁੰਦੇ ਹੋਏ ਇਹ ਨੇਪਲਜ਼ ਵੀ ਪਰਤਿਆ। ਯੂਰਪ ਦੀਆਂ ਮਹੱਤਵਪੂਰਨ ਗੈਲਰੀਆਂ ਜੋਰਡਾਨੋ ਅਤੇ ਵਧੇਰੇ ਕਰਕੇ ਨੇਪਲਜ਼ ਦੇ ਗਿਰਜਿਆਂ ਵਿਚ ਇਸ ਦੇ ਚਿੱਤਰ ਮੌਜੂਦ ਹਨ। ਇਸ ਦੀਆਂ ਕਈ ਮੁਹਰਾਕਸ਼ੀਆਂ ਦੂਜੇ ਮਹਾਂ ਯੁੱਧ ਦੌਰਾਨ ਤਬਾਹ ਹੋ ਗਈਆਂ। ਸੰਨ 1677 ਵਿਚ ਮਾਂਟੀ ਕਾਸੀਨੋ ਚਰਚ ਵਿਚ ਸੰਤ ਬੈਨੀਡਿਕਟ ਦੇ ਜੀਵਨ ਸਬੰਧੀ ਇਸ ਦੀ ਬਣਾਈ ਹੋਈ ਚਿੱਤਰ ਲੜੀ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਨੇਪਲਜ਼ ਵਿਚ ਹੀ ਇਸ ਦੀ 'Cappella del Tesoro' ਦੀ ਮੁਹਰਾਕਸ਼ੀ ਇਸ ਦਾ ਆਖ਼ਰੀ ਕੰਮ ਸੀ।

ਹ. ਪੁ. -ਐਨ. ਬ੍ਰਿ. ਮਾ. 4: 551; ਵ. ਯੂ. ਐਨ. 7: 2134; ਐਨ. ਅਮੇ. 12: 661; ਨਿ. ਯੂ. ਐਨ. 7: 3769; ਐਨ. ਬ੍ਰਿ. 10: 425

**ਜ਼ੋਰਾਵਰ ਸਿੰਘ, ਬਾਬਾ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਨ। ਇਨ੍ਹਾਂ ਦਾ ਜਨਮ ਮੱਘਰ ਸੁਦੀ 3 ਸੰਮਤ, 1743 (1686 ਈ.) ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਆਨੰਦਪੁਰ ਸਾਹਿਬ ਵਿਖੇ ਹੋਇਆ।

ਮੁਗ਼ਲਾਂ ਨਾਲ ਲੜਾਈ ਦੌਰਾਨ, ਗੁਰੂ ਜੀ ਅਤੇ ਸਿੱਖਾਂ ਦਾ ਆਨੰਦਪੁਰ ਸਾਹਿਬ ਨੂੰ ਛੱਡਣ ਤੋਂ ਬਾਅਦ ਸਰਸਾ ਨਦੀ ਨੂੰ ਪਾਰ ਕਰਦੇ ਸਮੇਂ ਆਪਸ ਵਿਚ ਵਿਛੜ ਜਾਣ ਕਾਰਨ ਗੁਰੂ ਜੀ ਦਾ ਰਸੋਈਆ ਗੰਗੂ ਬ੍ਰਾਹਮਣ ਸ੍ਰੀ ਗੁਰੂ ਸਾਹਿਬ ਦੇ ਮਾਤਾ ਗੁਜਰੀ ਜੀ ਅਤੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਮੁਰਿੰਡੇ ਦੇ ਲਾਗੇ ਆਪਣੇ ਪਿੰਡ (ਦੁਖੇੜੀ ਜਾਂ ਸਹੇੜੀ) ਲੈ ਗਿਆ ਪਰ ਮਨ ਵਿਚ ਮੈਲ ਆ ਜਾਣ ਕਾਰਨ, ਉਸ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਅੱਗੇ ਪੇਸ਼ ਕਰ ਦਿੱਤਾ। ਇਥੇ ਜ਼ੋਰਾਵਰ ਸਿੰਘ ਨੇ ਆਪਣੇ ਭਰਾ ਫਤਹਿ ਸਿੰਘ ਨਾਲ ਬਹੁਤ ਅਪਮਾਨ ਅਤੇ ਮੁਸ਼ਕਲਾਂ ਝੱਲੀਆਂ। ਨਵਾਬ ਵਲੋਂ ਦਿੱਤੇ ਕਿਸੇ ਵੀ ਤਰ੍ਹਾਂ ਦੇ ਲਾਲਚ ਦਾ ਅਸਰ ਨਾ ਹੋਣ ਕਰਕੇ ਨਵਾਬ ਨੇ ਗੁੱਸੇ ਵਿਚ ਆ ਕੇ ਇਨ੍ਹਾਂ ਦੋਹਾਂ ਨੂੰ ਬੜੇ ਜ਼ਾਲਮਾਨਾਂ ਢੰਗ ਦੀ ਮੌਤ ਦੀ ਸਜ਼ਾ ਸੁਣਾਈ। ਦੋਹਾਂ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ ਕੰਧ ਵਿਚ ਚਿਣਵਾ ਦਿੱਤਾ ਗਿਆ।

ਕਈ ਲੇਖਕਾਂ ਅਨੁਸਾਰ ਵਜ਼ੀਰ ਖ਼ਾਂ ਦੇ ਹੁਕਮ ਨਾਲ 13 ਪੋਹ ਸੰਮਤ 1761 ਬਿਕਰਮੀ ਨੂੰ ਇਨ੍ਹਾਂ ਨੂੰ ਸਰਹਿੰਦ ਵਿਚ ਕਤਲ ਕਰ ਦਿੱਤਾ ਗਿਆ। ਕਈ ਲੇਖਕਾਂ ਅਨੁਸਾਰ ਇਨਾਂ ਮਾਸੂਮਾਂ ਨੂੰ ਪਹਿਲਾਂ ਕੰਧ ਵਿਚ ਚਿਣਵਾਇਆ ਗਿਆ ਪਰ ਕੰਧ ਦੇ ਫਟਣ ਨਾਲ ਇਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਮਗਰੋਂ ਬੰਦਾ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਸੀ।

ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਤੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਬਣਿਆ ਹੋਇਆ ਹੈ। ਸਾਹਿਬਜ਼ਾਦਿਆਂ ਦੀ ਯਾਦ ਵਿਚ ਇੱਥੇ ਹਰ ਸਾਲ ਦਸੰਬਰ ਦੇ ਆਖ਼ਰੀ ਹਫਤੇ ਵਿਚ ਬੜਾ ਭਾਰੀ ਜੋੜ ਮੇਲਾ ਭਰਦਾ ਹੈ।

ਹ. ਪੁ. -ਮ. ਕੋ. 537; ਤਵਾ. ਗੁ. ਖਾ. ਦਸ ਗੁਰ ਦਰਸ਼ਨ-ਪੂਰਨ ਸਿੰਘ

**ਜ਼ੋਰਾਵਰ ਸਿੰਘ (ਜਰਨੈਲ)** : ਪੱਛਮੀ ਤਿੱਬਤੀਆਂ ਨੂੰ ਆਪਣੇ ਨਾਂ ਤੇ ਅੱਜ ਵੀ ਕਾਂਬਾ ਛੇੜ ਦੇਣ ਵਾਲੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਇਸ ਪ੍ਰਸਿੱਧ ਜਰਨੈਲ ਦਾ ਜਨਮ ਹਿਮਾਚਲ ਪ੍ਰਦੇਸ਼ ਵਿਚ ਕਾਂਗੜਾ ਜ਼ਿਲ੍ਹੇ ਦੇ ਅਨਸਰਾ ਨਾਂ ਦੇ ਪਿੰਡ ਵਿਚ 28 ਮਾਰਚ, 1785 ਨੂੰ ਹਰਜੀਮ ਸਿੰਘ ਨਾਂ ਦੇ ਇਕ ਗਰੀਬ ਜ਼ਿਮੀਂਦਾਰ ਦੇ ਘਰ ਹੋਇਆ ਸੀ। ਸਡੌਲ ਸਰੀਰ ਵਾਲੇ ਇਸ ਹੋਣਹਾਰ ਬਾਲਕ ਨੇ ਬਚਪਨ ਵਿਚ ਹੀ ਤਲਵਾਰ, ਤੀਰਕਮਾਨ, ਗਤਕਾ ਤੇ ਘੋੜ-ਸਵਾਰੀ ਵਿਚ ਮੁਹਾਰਤ ਹਾਸਲ ਕਰ ਲਈ ਸੀ।

ਇਹ ਚੌਦਾਂ ਸਾਲ ਦੀ ਉਮਰ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਹੋ ਗਿਆ ਸੀ ਤੇ ਇਸ ਨੇ 1809 ਵਿਚ ਕਾਂਗੜੇ ਦੀ ਜਿੱਤ ਸਮੇਂ ਪਹਿਲੀ ਵਾਰ ਯੁੱਧ ਵਿਚ ਭਾਗ ਲਿਆ ਸੀ। ਇਸ ਨੇ ਜੰਮੂ ਵਿਚ ਰਿਆਸੀ ਦੇ ਨੇੜੇ ਤੇੜੇ ਦੇ ਲੋਕਾਂ ਨੂੰ ਇਕੱਠਾ ਕਰਕੇ ਨਵੀਂ ਫ਼ੌਜ ਕਾਇਮ ਕੀਤੀ ਤੇ ਇਸ ਫ਼ੌਜੀ ਟੁਕੜੀ ਦੀ ਮਦਦ ਨਾਲ ਸੁਲਾਲ, ਅਰਨਾਜ਼ ਤੇ ਨਾਗੋਟ ਆਦਿ ਨੂੰ ਸਿੱਖ ਰਾਜ ਵਿਚ ਸ਼ਾਮਲ ਕਰ ਦਿੱਤਾ। ਮਹਾਰਾਜ ਨੇ ਇਸ ਨੂੰ ਰਿਆਸੀ ਅਤੇ ਕਿਸ਼ਤਵਾੜ ਦਾ ਜਰਨੈਲ ਨਿਯੁਕਤ ਕੀਤਾ। ਇਸ ਨੇ ਕੋਈ 10,000 ਦੇ ਕਰੀਬ ਸੈਨਿਕ ਭਰਤੀ ਕਰ ਲਏ ਤੇ ਆਪਣਾ ਸਾਰਾ ਧਿਆਨ ਤਿੱਬਤ ਤੇ ਲਦਾਖ ਵੱਲ ਲਾ ਲਿਆ। ਜੁਲਾਈ 1833 ਵਿਚ ਇਸ ਨੇ ਮਹਾਰਾਜ ਤੋਂ ਆਗਿਆ ਲੈ ਕੇ ਆਪਣੀ ਫ਼ੌਜ ਨੂੰ ਲਦਾਖ ਉੱਤੇ ਹਮਲਾ ਕਰਨ ਦਾ ਆਦੇਸ਼ ਦਿੱਤਾ। ਲਦਾਖ ਦੀ ਸੁਰੂ ਵਾਦੀ ਦੇ ਗਵਰਨਰ ਨੇ ਇਨ੍ਹਾਂ ਦੇ ਮੁਕਾਬਲੇ ਲਈ ਕਿਸ਼ਤਵਾੜ ਤੇ ਲਦਾਖ ਨੂੰ ਮਿਲਾਉਣ ਵਾਲੇ ਦੱਰੇ ਉੱਤੇ 5,000 ਲਦਾਖੀ ਸਿਪਾਹੀਆਂ ਨਾਲ ਮੋਰਚਾ ਲਾ ਲਿਆ। ਸਿੱਧੇ ਹਮਲੇ ਵਿਚ ਇਸ ਨੇ ਉਨ੍ਹਾਂ ਨੂੰ ਹਾਰਦਾ ਨਾ ਵੇਖ ਕੇ ਦੁਸ਼ਮਣ ਨੂੰ ਪਿੱਛੇ ਦੀ ਜਾ ਘੇਰਿਆ ਜਿਸ ਨਾਲ ਉਨ੍ਹਾਂ ਦੇ ਪੈਰ ਉਖੜ ਗਏ ਤੇ ਉਹ ਆਪਣੇ ਮੋਰਚੇ ਛੱਡ ਕੇ ਭੱਜ ਗਏ। ਇਸ ਤਰ੍ਹਾਂ ਸੁਰੂ ਵਾਦੀ ਉੱਤੇ ਖਾਲਸੇ ਦਾ ਕਬਜ਼ਾ ਹੋ ਗਿਆ।

ਹੁਣ ਇਸ ਨੇ ਆਪਣਾ ਰੁਖ ਕਾਰਗਲ ਵੱਲ ਕਰ ਲਿਆ ਤੇ ਬਹੁਤ ਜਲਦੀ ਹੀ ਸੁਰੂ ਦਰਿਆ ਦੇ ਕਿਨਾਰੇ, ਬਾਵੇ ਕਾਰਤਖਸੇ ਅਤੇ ਖਰ ਖੋਖਰ

ਨਾਂ ਦੇ ਕਿਲੇ ਆਪਣੇ ਕਬਜ਼ੇ ਵਿਚ ਕਰਨ ਮਗਰੋਂ ਲੰਕਾਸਾਰ ਦੀ ਤੰਗ ਘਾਟੀ ਉਪਰ ਵੀ ਕਬਜ਼ਾ ਕਰ ਲਿਆ। ਲੰਕਾਸਾਰ ਦੀ ਜਿੱਤ ਤੋਂ ਪਿੱਛੋਂ ਦੁਸ਼ਮਣ ਵਿਚ ਇਸ ਨਾਲ ਟੱਕਰ ਲੈਣ ਦੀ ਤਾਕਤ ਨਾ ਰਹੀ। ਇਸ ਲਈ ਖਾਲਸਾ ਫ਼ੌਜਾਂ ਛੋਟੀਆਂ ਮੋਟੀਆਂ ਝੜੱਪਾਂ ਤੋਂ ਬਾਅਦ ਕਾਰਗਲ ਤੱਕ ਅੱਪੜ ਗਈਆਂ। ਸੂਬੇਦਾਰ ਨਿਧਾਨ ਸਿੰਘ ਵੱਲੋਂ ਕਾਰਗਲ ਨੂੰ ਜਿੱਤਣ ਉਪਰੰਤ ਇਸ ਨੇ ਦੂਜੇ ਦਿਨ ਹੀ ਉਸ ਨੂੰ ਸੁਰੂ ਵਾਦੀ ਦਾ ਗਵਰਨਰ ਨਿਯੁਕਤ ਕਰ ਦਿੱਤਾ।

ਲਦਾਖ਼ ਦੇ ਮਹਾਰਾਜੇ ਨੂੰ ਜਦੋਂ ਆਪਣੀ ਫ਼ੌਜ ਦੀ ਲੰਕਾਸਾਰ ਵਿਚ ਲੱਕ ਤੋੜਵੀਂ ਹਾਰ ਦਾ ਪਤਾ ਲੱਗਾ ਤਾਂ ਉਸ ਨੇ ਸਿੱਖ ਫ਼ੌਜ ਦੀ ਤਾਕਤ ਨੂੰ ਨਸ਼ਟ ਕਰਨ ਲਈ ਕਮਾਂਡਰ-ਇਨ-ਚੀਫ਼ ਪੰਖੋਪਾ ਨੂੰ ਭੇਜ ਦਿੱਤਾ। ਇਸ ਨੇ ਉਸ ਨੂੰ ਵੀ ਬੁਰੀ ਤਰ੍ਹਾਂ ਹਰਾ ਕੇ ਪੁਸ਼ਕੁਮ ਦੇ ਕਿਲੇ ਉਪਰ ਕਬਜ਼ਾ ਕਰ ਲਿਆ ਤੇ ਪੰਖੋਪਾ ਮੁਲਬੈਕ ਵੱਲ ਨੂੰ ਭੱਜ ਗਿਆ। ਪੰਖੋਪਾ ਦੇ ਭੱਜ ਜਾਣ ਕਾਰਣ ਪੁਸ਼ਕੁਮ ਦਾ ਰਾਜਾ ਵੀ ਭੱਜ ਕੇ ਸੋਤ ਦੇ ਕਿਲੇ ਵਿਚ ਲੁਕ ਗਿਆ। ਇਸ ਨੇ ਭਾਰੀ ਤੋਪਾਂ ਨਾਲ ਸੋਤ ਦੇ ਕਿਲੇ ਉਪਰ ਬੰਬਾਰੀ ਸ਼ੁਰੂ ਕਰ ਦਿੱਤੀ। ਕਿਲੇ ਦੀਆਂ ਕੰਧਾਂ ਇੰਨੀਆਂ ਮਜਬੂਤ ਸਨ ਕਿ ਇਹ ਦਸ ਦਿਨ ਤੱਕ ਫਤਹਿ ਨਾ ਕਰ ਸਕਿਆ। ਅੰਤ ਨੂੰ ਇਸ ਨੇ ਪੰਜ ਸੌ ਜੁਆਨਾਂ ਨੂੰ ਰਾਤ ਵੇਲੇ ਪੱਛਮ ਵੱਲ ਦੀ ਦੁਸ਼ਮਣ ਉਪਰ ਹਮਲਾ ਕਰਨ ਲਈ ਭੇਜ ਦਿੱਤਾ। ਉਨ੍ਹਾਂ ਨੇ ਮੂੰਹ ਹਨੇਰੇ ਹੀ ਕਿਲੇ ਦੀਆਂ ਕੰਧਾਂ ਉਪਰ ਚੜ੍ਹ ਕੇ ਕੰਧਾਂ ਉੱਤੇ ਬੈਠੇ ਲਦਾਖੀਆਂ ਨੂੰ ਪਾਰ ਬੁਲਾ ਦਿੱਤਾ ਤੇ ਕਿਲੇ ਉਪਰ ਕਬਜ਼ਾ ਕਰ ਲਿਆ। ਇਸ ਨੇ ਸੋਤ ਦੇ ਰਾਜੇ ਅਤੇ ਕਾਫ਼ੀ ਸੈਨਿਕਾਂ ਨੂੰ ਬੰਦੀ ਵੀ ਬਣਾ ਲਿਆ।

ਇਸ ਨੇ ਸਾਰੇ ਲਦਾਖ ਨੂੰ ਜਿੱਤਣ ਦਾ ਮਨ ਬਣਾਇਆ ਹੋਇਆ ਸੀ। ਇਸ ਲਈ ਇਸ ਨੇ ਸਰਦੀਆਂ ਉਥੇ ਹੀ ਕੱਟਣ ਦਾ ਪ੍ਰਬੰਧ ਕਰ ਲਿਆ। ਇਹ ਦੇਖ ਕੇ ਲਦਾਖ ਦਾ ਮਹਾਰਾਜ 22,000 ਫ਼ੌਜੀਆਂ ਸਮੇਤ ਮੁਲਬੈਕ ਪਹੁੰਚ ਗਿਆ ਤੇ ਉਸ ਨੇ ਇਸ ਨਾਲ ਸੁਲਾਹ ਕਰਨੀ ਚਾਹੀ। ਸੁਲਾਹ ਸਬੰਧੀ ਇਸ ਵਲੋਂ ਰੱਖੀਆਂ ਸ਼ਰਤਾਂ ਲੈ ਕੇ ਜਦੋਂ ਇਸ ਦੇ ਸੈਨਿਕ ਲਦਾਖ਼ ਦੇ ਮਹਾਰਾਜ ਕੋਲ ਪਹੁੰਚੇ, ਤਾਂ ਉਸ ਨੇ ਸ਼ਰਤਾਂ ਮੰਨਣ ਦੀ ਬਜਾਏ ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਕੇ ਦਰਿਆ ਵਿਚ ਸੁੱਟ ਦਿੱਤਾ। ਇਸ ਉਪਰ ਇਸ ਨੂੰ ਬਹੁਤ ਗੁੱਸਾ ਆਇਆ ਪਰ ਸਰਦੀਆਂ ਕਾਰਣ ਇਸ ਨੇ ਕੁਝ ਦੇਰ ਚੁਪ ਰਹਿਣਾ ਹੀ ਮੁਨਾਸਬ ਸਮਝਿਆ। ਸਰਦੀਆਂ ਖ਼ਤਮ ਹੋਣ ਸਾਰ ਹੀ ਲਦਾਖੀ ਫ਼ੌਜ ਨੇ ਸੁਰੂ ਵਾਦੀ ਵਿਚ ਡੇਰੇ ਲਾ ਲਏ। ਇਸ ਨੇ ਸਿੱਖਾਂ ਨੂੰ ਵਾਦੀ ਵਿਚ ਖਿੰਡ-ਪੁੰਡ ਕੇ ਤੰਬੂ ਲਾਉਣ ਦਾ ਆਦੇਸ਼ ਦੇ ਦਿੱਤਾ। ਲਦਾਖੀ ਫ਼ੌਜ ਸ਼ਾਮ ਨੂੰ ਜਦੋਂ ਖਾਣਾ ਪਕਾਉਣ ਵਿਚ ਰੁੱਝੀ ਹੋਈ ਸੀ ਤਾਂ ਇਸ ਨੇ ਉਨ੍ਹਾਂ ਉਪਰ ਹਮਲਾ ਕਰ ਦਿੱਤਾ। ਲਦਾਖ਼ੀ ਫ਼ੌਜ ਅਚਨਚੇਤੀ ਹਮਲੇ ਤੋਂ ਘਬਰਾ ਕੇ ਭੱਜ ਗਈ। ਇਸ ਲੜਾਈ ਵਿਚ ਵੀ ਇਸ ਨੇ ਕੋਈ 1000 ਦੇ ਕਰੀਬ ਲਦਾਖ਼ੀ ਫ਼ੌਜੀਆਂ ਨੂੰ ਕੈਦੀ ਬਣਾ ਲਿਆ। ਹੁਣ ਲਦਾਖ ਦੇ ਮਹਾਰਾਜੇ ਕੋਲ ਇਸ ਨਾਲ ਸੰਧੀ ਕਰਨ ਤੋਂ ਇਲਾਵਾ, ਕੋਈ ਹੋਰ ਚਾਰਾ ਨਹੀਂ ਸੀ। ਇਸ ਲਈ ਉਸ ਨੇ ਮਈ 1834 ਵਿਚ ਲਾਹੌਰ ਦਰਬਾਰ ਨੂੰ 50,000 ਰੁਪਏ ਤਾਵਾਨ ਵਜੋਂ ਅਤੇ 90,000 ਰੁਪਏ ਸਾਲਾਨਾ ਲਗਾਨ ਵਜੋਂ ਦੇਣੇ ਸਵੀਕਾਰ ਕਰ ਲਏ ਤੇ ਇਹ ਜੰਮੂ ਵਾਪਸ ਆ ਗਿਆ। ਕੁਝ ਦੇਰ ਤਾਂ ਲਦਾਖ ਵਿਚ ਸ਼ਾਂਤੀ ਰਹੀ ਪਰ ਬਾਅਦ ਵਿਚ ਉਹ ਸਿੱਖ ਰਾਜ ਤੋਂ ਬਾਗੀ ਹੋ ਗਏ। ਉਨ੍ਹਾਂ ਨੇ ਇਸ ਵੱਲੋਂ ਲੇਹ ਦੇ ਨਿਯੁਕਤ ਕੀਤੇ ਗਏ ਗਵਰਨਰ ਸੂਬੇਦਾਰ ਨਿਧਾਨ ਸਿੰਘ ਨੂੰ ਕਤਲ ਕਰ ਦਿੱਤਾ। ਜਦੋਂ ਇਸ ਨੂੰ ਪਤਾ ਲਗਾ ਤਾਂ ਇਸ ਨੇ ਤੁਰੰਤ ਲੇਹ ਉੱਤੇ ਚੜ੍ਹਾਈ ਕਰ ਦਿੱਤੀ ਤੇ 1840 ਦੀ ਬਸੰਤ ਰੁੱਤੇ ਉਥੋਂ ਦੇ ਨਿਰਧਾਰਤ ਕੀਤੇ ਗਏ ਬਾਦਸ਼ਾਹ ਨੂੰ ਗੱਦੀ ਤੋਂ ਲਾਹ ਕੇ ਉਸ ਦੀ ਜਾਇਦਾਦ ਜ਼ਬਤ ਕਰ ਲਈ ਅਤੇ ਲਦਾਖ ਨੂੰ ਸਿੱਖ ਰਾਜ ਦੇ ਜੰਮੂ ਸੂਬੇ ਦਾ ਅੰਗ ਬਣਾਉਣ ਦਾ ਐਲਾਨ ਕਰ ਦਿੱਤਾ।

ਲਦਾਖ਼ ਦੀ ਮੁਹਿੰਮ ਤੋਂ ਬਾਦ ਇਸ ਨੇ ਆਪਣਾ ਧਿਆਨ ਬਾਲਤਿਸਾਤਨ ਵੱਲ ਲਾ ਲਿਆ। ਇਸ ਮੰਤਵ ਲਈ ਉਸ ਨੇ 10-12 ਹਜ਼ਾਰ ਲਦਾਖੀ ਸੈਨਿਕ ਵੀ ਆਪਣੇ ਨਾਲ ਰਲਾ ਲਏ ਜਦ ਕਿ 5000 ਸਿੱਖ ਸੈਨਿਕ ਇਸ ਪਾਸ ਪਹਿਲਾਂ ਹੀ ਮਾਜੂਦ ਸਨ। ਇਸ ਤਰ੍ਹਾਂ ਇਸ ਨੇ ਕੋਈ 19000 ਸੈਨਿਕਾਂ ਨਾਲ ਚੜ੍ਹਾਈ ਕਰ ਦਿੱਤੀ। ਬਾਲਤੀ ਫ਼ੌਜ ਨਾਲ ਇਸ ਦੀ ਅਸਲ ਟੱਕਰ ਮੈਰੋਲ ਵਿਚ ਹੀ ਹੋਈ। ਇਸ ਦੇ ਮੁਕਾਬਲੇ ਲਈ ਕੋਈ 20,000 ਦੇ ਕਰੀਬ ਬਾਲਤੀ ਫ਼ੌਜ ਸਿੰਧ ਦਰਿਆ ਦੇ ਉੱਤਰੀ ਕੰਢੇ ਤੇ ਮੋਰਚੇ ਮੱਲੀ ਬੈਠੀ ਸੀ। ਇਸ ਨੇ 10 ਕੁ ਮੀਲ ਤੱਕ ਦਰਿਆ ਦੇ ਕੰਢੇ ਦੀ ਛਾਣ ਬੀਣ ਕਰ ਕੇ ਪਹਿਲਾਂ ਲੱਕੜਾਂ ਦਾ ਤੇ ਫੇਰ ਝੂਲਣਾ ਪੁਲ ਬਣਾ ਕੇ ਫ਼ੌਜ ਨੂੰ ਪਾਰ ਕਰਵਾ ਦਿੱਤਾ। ਲੜਾਈ ਵਿਚ ਦੁਸ਼ਮਣ ਦੇ ਇਕ ਆਗੂ ਗੁਲਾਮ ਹੁਸੈਨ ਦੇ ਮਰਨ ਨਾਲ ਬਾਲਤੀ ਫ਼ੌਜ ਭੱਜ ਗਈ। ਇਸ ਤਰ੍ਹਾਂ ਇਸ ਨੇ ਪਹਿਲਾਂ ਮੈਰੋਲ ਤੇ ਬਾਅਦ ਵਿਚ ਸੁਕਾਰਦੂ ਤੇ ਕਬਜ਼ਾ ਕਰ ਲਿਆ।

ਲੇਹ ਅਤੇ ਬਾਲਤਿਸਤਾਨ ਨੂੰ ਫਤਹਿ ਕਰਨ ਮਗਰੋਂ, ਇਸ ਨੇ ਆਪਣਾ ਧਿਆਨ ਪੱਛਮੀ ਤਿੱਬਤ ਨੂੰ ਜਿੱਤਣ ਵੱਲ ਲਾ ਦਿੱਤਾ ਤੇ ਮਈ 1841 ਵਿਚ ਲੇਹ ਤੋਂ ਰੁਡੋਕ ਉੱਤੇ ਚੜ੍ਹਾਈ ਕਰ ਦਿੱਤੀ। ਰੁਡੋਕ ਦੇ ਕਿਲੇ ਨੂੰ ਜਿੱਤਣ ਮਗਰੋਂ ਇਸ ਨੇ ਥੋੜ੍ਹੇ ਹੀ ਸਮੇਂ ਵਿਚ ਗਾਵਡੀਜੋਗ, ਗਾਰਟੋਕ, ਮਿਸ਼ਾਰ, ਟੇਕ ਪੋਰੇਲ ਸੋਮ ਆਦਿ ਉੱਤੇ ਕਬਜ਼ਾ ਕਰ ਲਿਆ।

ਇਸ ਦੀਆਂ ਪੱਛਮੀ ਤਿੱਬਤ ਦੀਆਂ ਇਨ੍ਹਾਂ ਜਿੱਤਾਂ ਨੇ ਅੰਗਰੇਜ਼ਾਂ ਨੂੰ ਸਿੱਖ ਪ੍ਰਭਾਵ ਖ਼ਤਮ ਕਰਨ ਬਾਰੇ ਸੋਚਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਨੇ ਆਪਣਾ ਦੂਤ ਮਹਾਰਾਜਾ ਸ਼ੇਰ ਸਿੰਘ ਕੋਲ ਭੇਜ ਕੇ ਕੁਝ ਸ਼ਰਤਾਂ ਅਧੀਨ ਪੱਛਮੀ ਤਿੱਬਤ ਦਾ ਜਿੱਤਿਆ ਹੋਇਆ ਇਲਾਕਾ ਖ਼ਾਲੀ ਕਰਨ ਲਈ ਉਸ ਨੂੰ ਰਜ਼ਾਮੰਦ ਕਰ ਲਿਆ। ਮਹਾਰਾਜਾ ਸ਼ੇਰ ਸਿੰਘ ਨੇ ਇਸ ਨੂੰ ਵਾਪਸ ਪਰਤਣ ਲਈ ਆਦੇਸ਼ ਭੇਜ ਦਿੱਤਾ। ਜਦੋਂ ਇਹ ਵਾਪਸ ਮੁੜਨ ਦੀ ਤਿਆਰੀ ਵਿਚ ਸੀ ਤਾਂ ਅੰਗਰੇਜ਼ਾਂ ਦੀ ਸ਼ਹਿ ਨਾਲ ਚੀਨ ਅਤੇ ਤਿੱਬਤ ਦੀਆਂ ਫ਼ੌਜਾਂ ਨੇ ਲੇਹ ਵਾਲੇ ਪਾਸੇ ਤੋਂ ਘੇਰ ਲਿਆ। ਇਸ ਨੂੰ ਮਜਬੂਰੀ ਕਾਰਨ ਤਿੱਬਤ ਵੱਲ ਨੂੰ ਮੁੜਨਾ ਪਿਆ। ਅੰਤ ਨੂੰ 10 ਦਸੰਬਰ, 1841 ਨੂੰ ਟੋਇਓ ਦੇ ਸਥਾਨ ਉੱਤੇ ਇਹ ਵੈਰੀ ਉੱਤੇ ਕੁਦ ਪਿਆ। ਤਿੰਨ ਦਿਨ ਦੀ ਧੂਆਂਧਾਰ ਲੜਾਈ ਮਗਰੋਂ ਇਹ ਬਦਕਿਸਮਤੀ ਨਾਲ ਫਟੜ ਹੋ ਕੇ ਘੋੜੇ ਉੱਤੋਂ ਗਿਰ ਕੇ 12 ਦਸੰਬਰ, 1841 ਨੂੰ ਆਪਣੇ ਪ੍ਰਾਣ ਤਿਆਗ ਗਿਆ।

ਹ. ਪੁ. -ਸਿੱਖ ਰਾਜ ਦੇ ਵੀਰ ਨਾਇਕ: 45-57

**ਜ਼ੋਲਾ, ਐਮਿਲ** : ਇਸ ਜਗਤ ਪ੍ਰਸਿੱਧ ਨਾਵਲਕਾਰ ਅਤੇ ਪੱਤਰਕਾਰ ਦਾ ਜਨਮ 1840 ਵਿਚ ਪੈਰਿਸ ਵਿਖੇ ਹੋਇਆ। ਇਸ ਦੀ ਮਾਤਾ ਫ਼ਰਾਂਸੀਸੀ ਅਤੇ ਪਿਤਾ ਮਿਸ਼ਰਤ ਇਤਾਲਵੀ ਅਤੇ ਯੂਨਾਨੀ ਨਸਲ ਦਾ ਸੀ। ਇਹ ਫ਼ੌਜੀ ਇੰਜੀਨੀਅਰ ਸੀ। ਪਿਤਾ ਦੀ ਮੌਤ ਪਿੱਛੋਂ ਜ਼ੋਲਾ ਅਤੇ ਇਸ ਦੀ ਮਾਂ ਆਰਥਿਕ ਸੰਕਟ ਵਿਚ ਫਸ ਗਏ। ਰਿਸ਼ਤੇਦਾਰਾਂ ਦੀ ਮਦਦ ਨਾਲ ਇਸ ਨੇ ਸਿੱਖਿਆ ਪ੍ਰਾਪਤ ਕੀਤੀ। ਇਸ ਨੂੰ ਬਚਪਨ ਤੋਂ ਹੀ ਸਾਹਿਤ ਦੀ ਚੇਟਕ ਸੀ। ਸਕੂਲ ਵਿਚ ਵਿਦਿਆਰਥੀ ਹੁੰਦੇ ਹੋਏ ਇਸ ਨੇ 'ਚਪੜਾਸੀ ਨੂੰ ਮੂਰਖ ਬਣਾਉਣਾ' ਨਾਂ ਦਾ ਨਾਟਕ ਲਿਖਿਆ। ਸਕੂਲ ਛੱਡਣ ਪਿੱਛੋਂ ਇਹ ਕਲਰਕ ਬਣ ਗਿਆ। ਫਿਰ ਇਸ ਨੇ ਇਕ ਪ੍ਰਕਾਸ਼ਨ ਸੰਸਥਾ ਵਿਚ ਨੌਕਰੀ ਕੀਤੀ। ਇਹ ਕਿਸੇ ਇਕ ਅਖ਼ਬਾਰ ਲਈ ਲੇਖ, ਦੂਜੇ ਲਈ ਕਹਾਣੀਆਂ ਅਤੇ ਤੀਜੇ ਲਈ ਸਮੀਖਿਆ ਲਿਖਦਾ ਸੀ ਪਰ ਨਾਵਲ ਲਿਖਣ ਵਿਚ ਉਸ ਦੀ ਵਧੇਰੇ ਰੁਚੀ ਸੀ।

ਇਸ ਦੀਆਂ ਰਚਨਾਵਾਂ ਨੂੰ ਦੋ ਹਿੱਸਿਆ ਵਿਚ ਵੰਡਿਆ ਜਾ ਸਕਦਾ ਹੈ–ਯਥਾਰਥਵਾਦੀ ਰਚਨਾਵਾਂ ਅਤੇ ਸਮਾਜਵਾਦ ਦੀਆਂ ਪ੍ਰੇਰਕ ਰਚਨਾਵਾਂ। ਇਸ ਦੀ ਯਥਾਰਥਵਾਦੀ ਸ਼ੈਲੀ ਨੂੰ ਪ੍ਰਕਿਰਤੀਵਾਦ ਕਿਹਾ ਗਿਆ। ਪ੍ਰਕਿਰਤੀਵਾਦ, ਯਥਾਰਥ ਨੂੰ ਬਿਨਾ ਕਿਸੇ ਝਿੱਜਕ ਦੇ ਪੇਸ਼ ਕਰਦਾ ਹੈ। ਉਹ ਕੁੱਝ ਵੀ ਲੁਕਾ ਛੁਪਾ ਕੇ ਨਹੀਂ ਰੱਖਦਾ। ਜਿਨ੍ਹਾਂ ਵਿਸ਼ਿਆਂ ਦੀ

ਸਾਹਿਤ ਅਤੇ ਕਲਾ ਵਿਚ ਦਰਸਾਉਣ ਦੀ ਮਨਾਹੀ ਸੀ, ਪ੍ਰਕ੍ਰਿਤਵਾਦ ਨੇ ਉਨ੍ਹਾਂ ਨੂੰ ਆਪਣੇ ਘੇਰੇ ਵਿਚ ਲੈ ਆਂਦਾ ਹੈ। ਇਹ ਜੀਵਨ ਦੇ ਕੋਝ ਤੋਂ ਨਹੀਂ ਘਬਰਾਉਂਦਾ। ਜ਼ੋਲਾ ਕਥਾ-ਸਾਹਿਤ ਵਿਚ ਇਕ ਸਮੁੱਚੀ ਸ਼ੈਲੀ ਦਾ ਪ੍ਰਵਰਤਕ ਸੀ। ਇਸ ਦੀਆਂ ਪਾਈਆਂ ਪੈੜਾਂ ਉੱਤੇ ਹੀ ਮਗਰੋਂ ਮੋਪਾਸਾਂ, ਫਲੋ ਵੇਅਰ, ਗੋਕੂਦ ਭਰਾ ਅਤੇ ਦੌਦੇ ਆਦਿ ਚਲੇ।

ਇਸ ਨੇ ਕਲਾ ਨੂੰ ਵਿਗਿਆਨਕ ਲੀਹਾਂ ਤੇ ਤੋਰਿਆ। ਇਹ ਕਾਪੀ ਅਤੇ ਪੈਂਸਿਲ ਲੈ ਕੇ ਬਾਜ਼ਾਰ ਤੁਰ ਪੈਂਦਾ ਅਤੇ ਜੋ ਕੁਝ ਵੇਖਦਾ ਉਸ ਦਾ ਪੂਰਾ ਵੇਰਵਾ ਆਪਣੀ ਕਾਪੀ ਵਿਚ ਲਿਖ ਲੈਂਦਾ ਤੇ ਲੋੜ ਅਨੁਸਾਰ ਇਸ ਵਰਣਨ ਨੂੰ ਆਪਣੇ ਲੇਖ ਦਾ ਅੰਗ ਬਣਾ ਲੈਂਦਾ। ਇਸ ਤਰ੍ਹਾਂ ਜ਼ੋਲਾ ਦੀ ਕਲਾ ਸਾਨੂੰ ਜੀਵਨ ਦੇ ਬਹੁਤ ਨੇੜੇ ਲੈ ਆਉਂਦੀ ਹੈ। ਇਸੇ ਤਰ੍ਹਾਂ ਜ਼ੋਲਾ ਦੀਆਂ ਰਚਨਾਵਾਂ ਵਿਚ ਸ਼ਰਾਬੀ, ਵੇਸਵਾਵਾਂ, ਜੁਆਰੀ ਆਦਿ ਆਪਣੇ ਅਸਲ ਰੂਪ ਵਿਚ ਉੱਘੜ ਕੇ ਸਾਡੇ ਸਾਹਮਣੇ ਆਉਂਦੇ ਹਨ।

ਪ੍ਰਕਿਰਤੀਵਾਦੀ ਸ਼ੈਲੀ ਦੇ ਸੰਸਥਾਪਕ ਅਤੇ ਆਚਾਰੀਆ ਦੇ ਰੂਪ ਵਿਚ ਜ਼ੋਲਾ ਨੂੰ ਨਵੇਕਲੀ ਥਾਂ ਪ੍ਰਾਪਤ ਹੈ। ਆਪਣੇ ਨਾਵਲ 'ਲਾ ਸੁਮੁਆ' (L'Assommoiv) ਵਿਚ ਇਹ ਇਕ ਅਜਿਹੇ ਸ਼ਰਾਬੀ ਦਾ ਇੰਨ ਬਿੰਨ ਚਿੱਤਰਣ ਕਰਦਾ ਹੈ ਜਿਸ ਕਾਰਨ ਇੱਕ ਵਸਦਾ ਰਸਦਾ ਪਰਿਵਾਰ ਤਬਾਹ ਹੋ ਜਾਂਦਾ ਹੈ।

ਦੂਜੀ ਤਰ੍ਹਾਂ ਦੇ ਨਾਵਲਾਂ ਵਿਚ ਇਹ ਕਥਾਨਕ ਅਤੇ ਪਾਤਰਾਂ ਨੂੰ ਸਮਾਜਵਾਦੀ ਵਿਚਾਰਧਾਰਾ ਦੀ ਸਥਾਪਨਾ ਲਈ ਵਰਤਦਾ ਹੈ। ਇਸ ਸ਼੍ਰੇਣੀ ਦੇ ਨਾਵਲਾਂ ਵਿਚ 'ਚਾਰ ਪੀੜਾ, ਸੱਚ' (The Four Gospels', Trayail 'Venite') ਦਾ ਨਾਮ ਆ ਸ਼ਕਦਾ ਹੈ। ਪਹਿਲੀ ਸ਼੍ਰੇਣੀ ਦੇ ਨਾਵਲਾਂ ਵਿਚ 'ਨਾਨਾ' ਬਹੁਤ ਹਰਮਨ ਪਿਆਰਾ ਹੋਇਆ। ਇਹ ਇਕ ਅਜਿਹੀ ਨਾਇਕਾ ਦੀ ਕਹਾਣੀ ਹੈ ਜਿਸ ਨੂੰ ਕੋਈ ਅਸਪਸ਼ਟ ਰੇਖਾ ਹੀ ਵੇਸਵਾ ਦੇ ਪੇਸ਼ੇ ਤੋਂ ਵੱਖਰਾ ਕਰਦੀ ਹੈ। ਇਸ ਦੀ ਸਭ ਤੋਂ ਵੱਧ ਰਚਨਾ ਹਾਰ 'La Debacle' ਹੈ, ਜਿਸ ਵਿਚ 1870 ਦੇ ਯੁੱਧ ਵਿਚ ਫ਼ਰਾਂਸ ਦੀ ਹਾਰ ਦਾ ਵਰਣਨ ਹੈ। ਇਸ ਦੇ ਨਾਵਲਾਂ ਵਿਚ ਸਾਨੂੰ ਉਨੀਵੀਂ ਸਦੀ ਦੇ ਸਮੁਚੇ ਫ਼ਰਾਂਸੀਸੀ ਜੀਵਨ ਦਾ ਵਿਆਪਕ ਚਿੱਤਰ ਵੇਖਣ ਨੂੰ ਮਿਲਦਾ ਹੈ।

ਇਸ ਦੇ ਜੀਵਨ ਦਾ ਅੰਤਲਾ ਮਹੱਤਵਪੂਰਨ ਕੰਮ ਇਕ ਯਹੂਦੀ ਸੈਨਿਕ ਅਫ਼ਸਰ, ਦ੍ਰੇਫ਼ ਨੂੰ ਫ਼ੌਜੀ ਸ਼ਾਸਕ ਵਰਗ ਦੇ ਗੁੱਸੇ ਤੋਂ ਬਚਾਉਣਾ ਸੀ। ਜ਼ੋਲਾ ਨੇ ਆਪਣੇ ਪ੍ਰਸਿੱਧ ਪੱਤਰ, 'ਮੇਰਾ ਕੇਸ ਹੈ' ਵਿਚ ਨਿਆਂ ਦਾ ਪੱਖ ਬੜੇ ਜ਼ੋਰਦਾਰ ਸ਼ਬਦਾਂ ਵਿਚ ਪੂਰਿਆ ਅਤੇ ਇਸ ਅੰਦੋਲਨ ਸਦਕਾ ਦ੍ਰੇਫ਼ ਰਿਹਾ ਹੋ ਗਿਆ। ਯਹੂਦੀਆਂ ਦੀ ਰੱਖਿਆ ਲਈ ਇਹ ਇਕ ਮਹੱਤਵਪੂਰਨ ਇਤਿਹਾਸਕ ਮੁਹਿੰਮ ਸੀ। ਇਸ ਦੀ ਮੌਤ ਬੜੀ ਬੇਮੌਕੇ ਅਤੇ ਅਜੀਬ ਢੰਗ ਨਾਲ ਹੋਈ। ਕੋਲੇ ਦੀ ਗੈਸ ਨਾਲ ਦਮ ਘੁੱਟਣ ਕਾਰਨ ਇਹ ਆਪਦੇ ਘਰ ਮਰਿਆ ਪਿਆ ਮਿਲਿਆ।

ਹ. ਪੁ. -ਹਿੰ. ਵਿ. ਕੋ. 5:63

**ਜੋਲਿਓ ਕਿਊਰ, ਫ੍ਰੈਡਰਿਕ** : ਇਸ ਮਹਾਨ ਭੌਤਿਕ ਵਿਗਿਆਨੀ ਦਾ ਜਨਮ ਪੈਰਿਸ (ਫ਼ਰਾਂਸ) ਵਿਖੇ 19 ਮਾਰਚ, 1900 ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਹੈਨਰੀ ਜੋਲਿਓ ਸੀ ਅਤੇ ਮਾਤਾ ਦਾ ਨਾਂ ਏਮਿਲੀ ਸੀ। ਫ੍ਰੈਡਰਿਕ ਦੀ ਮੁਢਲੀ ਸਿਖਿਆ ਪੈਰਿਸ ਦੇ ਇਕ ਕਾਲਜ ਲੈਸੀ ਲੇਕੇਨਾਲ ਵਿਚ ਪੂਰੀ ਹੋਈ। ਇਥੇ ਪੜ੍ਹਦਿਆਂ ਇਸਨੂੰ ਰਸਾਇਣ ਵਿਗਿਆਨ ਵਿਚ ਵਿਸ਼ੇਸ਼ ਦਿਲਚਸਪੀ ਹੋ ਗਈ। ਸੰਨ 1917 ਵਿਚ, ਲੈਵਾਜ਼ੀਏ ਦੇ ਨਾਂ ਉੱਤੇ ਸਥਾਪਿਤ ਮਿਊਂਸਪਲ ਸਕੂਲ ਵਿਚ ਇਹ ਭਰਤੀ ਹੋ ਗਿਆ ਅਤੇ ਫਿਰ ਪੈਰਿਸ ਵਿਖੇ 'ਇਕੋਲ ਡਿ ਫਿਜ਼ੀਕ ਏਟ ਕਿਮੀ ਇੰਡਸਟ੍ਰੀਏਲ' (ਭੌਤਿਕੀ ਅਤੇ ਉਦਯੋਗ ਰਸਾਇਣ ਵਿਦਿਆਲਾ) ਵਿਖੇ ਸਿਖਿਆ ਪ੍ਰਾਪਤ ਕੀਤੀ। ਆਰਥਿਕ ਤੌਰ ਤੇ ਕਮਜ਼ੋਰ ਹੋਣ ਦੇ ਬਾਵਜੂਦ ਇਸਨੇ ਆਪਣੀ ਕਾਬਲੀਅਤ ਦਾ ਪ੍ਰਮਾਣ ਦਿੱਤਾ। ਸੰਨ 1923 ਵਿਚ ਇਸਨੇ ਇੰਜੀਨੀਅਰਿੰਗ ਵਿਚ ਡਿਪਲੋਮਾ ਹਾਸਲ ਕੀਤਾ। ਕੁਝ ਸਮਾਂ ਸੈਨਾ ਵਿਭਾਗ ਵਿਚ ਨੌਕਰੀ ਕਰਨ ਉਪਰੰਤ ਇਸਨੇ ਪਾਲ ਲਾਜੇਵਾਂ ਦੀ ਸਲਾਹ ਨਾਲ ਮੈਡਮ ਪੀਅਰੀ ਕਿਊਰੀ ਦੇ ਨਵ-ਸਥਾਪਿਤ ਰੇਡੀਅਮ ਇੰਸਟੀਚਿਊਟ ਵਿਚ 1925 ਵਿਚ ਕੰਮ ਅਰੰਭਿਆ। ਇਥੇ ਹੀ ਇਸਨੂੰ ਡਾਕਟਰ ਦੀ ਉਪਾਧੀ ਹਾਸਲ ਹੋਈ।

ਇਸ ਇੰਸਟੀਚਿਊਟ ਵਿਚ ਕੰਮ ਕਰਦਿਆਂ ਇਸ ਦੀ ਪਹਿਚਾਣ ਮੈਡਮ ਕਿਊਰੀ ਦੀ ਪੁੱਤਰੀ ਆਈਰੀਨ ਕਿਊਰੀ ਨਾਲ ਹੋਈ ਅਤੇ 1926 ਵਿਚ ਉਸ ਨਾਲ ਹੀ ਵਿਆਹ ਹੋ ਗਿਆ। ਇਸ ਇੰਸਟੀਚਿਊਟ ਵਿਚ ਜੋਲਿਓ ਨੇ ਕਈ ਖੇਤਰਾਂ ਵਿਚ ਕੰਮ ਕੀਤਾ। ਸੰਨ 1930 ਤੋਂ 1932 ਵਿਚਕਾਰ ਇਸਨੇ ਬੇਰੀਲੀਅਮ ਉਪਰ ਐਲਫ਼ਾ ਕਿਰਣਾਂ ਦੇ ਪ੍ਰਭਾਵ ਦਾ ਅਧਿਐਨ ਕੀਤਾ ਅਤੇ ਨਵੀਂ ਕਿਸਮ ਦੀਆਂ ਕਿਰਣਾਂ ਵੱਲ ਜਨਤਾ ਦਾ ਧਿਆਨ ਖਿੱਚਿਆ। ਇਸ ਦੇ ਫਲਸਰੂਪ ਇਕ ਹੋਰ ਵਿਗਿਆਨੀ ਚੈਡਵਿਕ ਨੇ ਇਨ੍ਹਾਂ ਕਿਰਣਾਂ ਨੂੰ ਨਿਊਟ੍ਰਾਨ ਕਣਾਂ ਦਾ ਪੁੰਜ ਸਿੱਧ ਕੀਤਾ। ਨਿਊਟ੍ਰਾਨ ਦੀ ਕਾਢ ਦਾ ਸਿਹਰਾ ਚੈਡਵਿਕ ਨੂੰ ਮਿਲਿਆ। ਇਸ ਉਪਰੰਤ ਜੋਲਿਓ ਅਤੇ ਆਈਰੀਨ ਨੇ ਬੜੇ ਉਤਸ਼ਾਹ ਨਾਲ ਕੰਮ ਆਰੰਭਿਆ ਅਤੇ ਛੇਤੀ ਹੀ ਬਣਾਉਟੀ ਰੇਡੀਓਸਕ੍ਰਿਅਤਾ ਦੀ ਖੋਜ ਕੀਤੀ। ਇਸ ਖੋਜ ਸਦਕਾ 1935 ਵਿਚ ਜੋਲਿਓ ਅਤੇ ਆਈਰੀਨ ਨੂੰ ਨੋਬਲ ਪੁਰਸਕਾਰ ਪ੍ਰਾਪਤ ਹੋਇਆ। ਕਿਊਰੀ ਪਰਿਵਾਰ ਦਾ ਇਹ ਤੀਜਾ ਨੋਬਲ ਪੁਰਸਕਾਰ ਸੀ। ਜੋਲਿਓ ਇਕ ਵਿਸ਼ਵ ਭਰ ਵਿਚ ਪ੍ਰਸਿੱਧ ਇਨਸਾਨ ਸੀ ਜੋ ਯੁੱਧ ਦਾ ਵਿਰੋਧੀ, ਸ਼ਾਂਤੀ ਪ੍ਰਚਾਰਕ ਅਤੇ ਨਿਸ਼ਸਤ੍ਰੀਕਰਨ ਦਾ ਪੱਖੀ ਸੀ। ਇਹ ਪੈਰਿਸ ਵਿਚ 'ਕਾਲਿਜ ਡਿ ਫ੍ਰਾਂਸ' ਵਿਚ ਰਸਾਇਣ ਵਿਗਿਆਨ ਦਾ ਅਧਿਆਪਕ ਵੀ ਰਿਹਾ। ਸੰਨ 1956 ਵਿਚ ਇਸਦੀ ਪਤਨੀ ਆਈਰੀਨ ਦਾ ਦਿਹਾਂਤ ਹੋ ਗਿਆ ਅਤੇ ਬਾਅਦ ਵਿਚ 14 ਅਗਸਤ, 1958 ਨੂੰ ਜੋਲਿਓ ਦਾ ਵੀ ਸੇਂਟ ਐਂਟੋਇਨੇ ਹਸਪਤਾਲ ਵਿਚ ਦਿਹਾਂਤ ਹੋ ਗਿਆ।

ਹ. ਪੁ. -ਹਿੰ. ਵਿ. ਕੋ. 5:63

**ਜੋਲਿਟੀ, ਜੀਓਵਾਨੀ** : ਇਹ ਇਟਲੀ ਦਾ ਸਿਆਸਤਦਾਨ ਸੀ ਜਿਹੜਾ 27ਅਕਤੂਬਰ, 1842 ਵਿਚ ਮਾਨਡੋਵੀ ਵਿਖੇ ਪੈਦਾ ਹੋਇਆ। ਇਸ ਨੇ ਯੂਨੀਵਰਸਿਟੀ ਆਫ਼ ਟਿਊਰਿਨ ਤੋਂ ਸਿੱਖਿਆ ਹਾਸਲ ਕੀਤੀ। ਸੰਨ 1882 ਤੋਂ 1924 ਈ. ਤੱਕ ਇਹ ਚੈਂਬਰ ਆਫ਼ ਡਿਪਟੀਜ਼ ਦਾ ਮੈਂਬਰ ਰਿਹਾ ਅਤੇ ਇਸ ਸਮੇਂ ਦੌਰਾਨ, 1892-1893; 1903-1905; 1906-1909; 1911-1914 ਅਤੇ 1920 ਇਸ ਨੇ ਪੰਜ ਵਾਰ ਪ੍ਰਧਾਨ ਮੰਤਰੀ ਵਜੋਂ ਕੰਮ ਕੀਤਾ। ਇਸ ਦੀ ਆਮ ਨੀਤੀ ਸਮਾਜਵਾਦੀ ਸ਼ਕਤੀ ਉੱਤੇ ਕਾਬੂ ਪਾਉਣਾ ਸੀ। ਇਹ ਉੱਚ ਕੋਟੀ ਦਾ ਮੁੱਖੀਆ, ਰਸੂਖ, ਸਾਜ਼ਸ, ਧੋਖੇਬਾਜੀ ਆਦਿ ਸਾਰੀਆਂ ਕਲਾਵਾਂ ਵਿਚ ਮਾਹਿਰ ਸੀ ਪਰ ਫਿਰ ਵੀ ਇਹ ਨਿਰਾ ਮੌਕਾ-ਪ੍ਰਸਤ ਨਹੀਂ ਸੀ। ਇਸ ਦਾ ਸਮਾਂ ਪੱਕੇ ਸਮਾਜ ਸੁਧਾਰਾਂ ਅਤੇ ਵਪਾਰਕ ਜੱਥੇਬੰਦੀਆਂ ਦੀ ਮਹਾਨ ਉਤਪਤੀ ਦਾ ਸਮਾਂ ਸੀ। ਇਸ ਨੇ ਤ੍ਰੈ-ਪੱਖੀ ਸੰਧੀ ਦੀ ਹਮਾਇਤ ਕੀਤੀ ਅਤੇ ਫ਼ਰਾਂਸ ਨਾਲ ਸਮਝੌਤਾ ਕੀਤਾ। ਇਸ ਨੇ 1915 ਦੇ ਪਹਿਲੇ ਵਿਸ਼ਵ ਯੁੱਧ ਵਿਚ ਇਟਲੀ ਦੀ ਸ਼ਮੂਲੀਅਤ ਦਾ ਵਿਰੋਧ ਕੀਤਾ। ਸੰਨ 1919 ਤੋਂ ਬਾਅਦ ਕਮਿਊਨਿਸਟਾਂ ਅਤੇ ਫਾਸ਼ੀਆਂ ਵਿਚਕਾਰ ਝਗੜੇ ਦੌਰਾਨ, ਇਸ ਨੇ ਫਾਸ਼ੀਆਂ ਦੀ ਮਦਦ ਕੀਤੀ ਪਰ ਮਾਟੇਟੀ ਬਗਾਵਤ ਤੋਂ ਬਾਅਦ ਇਹ ਫਾਸ਼ੀਆਂ ਦੇ ਵਿਰੁੱਧ ਹੋ ਗਿਆ। ਸੰਨ 1922 ਵਿਚ ਇਸ ਨੇ ਆਪਣੀ ਸਵੈ-ਜੀਵਨੀ ਪ੍ਰਕਾਸ਼ਿਤ ਕੀਤੀ।

17 ਜੁਲਾਈ, 1928 ਵਿਚ ਇਟਲੀ ਵਿਚ (Lavour) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. -ਕੋਲ. ਐਨ. 8: 487; ਐਨ. ਅਮੈ. 12: 661

**ਜੋਵੱਨੀ, ਜੀਨ** : ਇਹ ਪ੍ਰਸਿੱਧ ਚਿੱਤਰਕਾਰ ਲਾਰੈਂਟ ਜੋਨੇਨੀ ਦਾ ਪੁੱਤਰ ਸੀ। ਇਸ ਦਾ ਜਨਮ 1644 ਵਿਚ ਰੂਏ ਵਿਖੇ ਹੋਇਆ। ਸੰਨ 1675 ਵਿਚ ਇਹ ਅਕਾਦਮੀ ਰਾਇਲ ਦਾ ਮੈਂਬਰ ਬਣਿਆ, ਫਿਰ 1681

ਵਿਚ ਇਹ ਇੱਥੇ ਅਧਿਆਪਕ ਤੇ 1707 ਵਿਚ ਇਸ ਦਾ ਪ੍ਰਧਾਨ ਬਣਿਆ। ਇਹ ਆਪਣੇ ਯੁਗ ਦਾ ਮਹਾਨ ਧਾਰਮਿਕ ਚਿੱਤਰਕਾਰ ਸੀ। ਇਸ ਦੀ ਮੌਤ ਅਪ੍ਰੈਲ 1717 ਵਿਚ ਹੋਈ।

ਹ. ਪੁ. -ਹਿੰ. ਵਿ. ਕੋ. 5: 64

**ਜੋਵੱਨੀ ਡੀ ਪਾਉਲੋ** : ਇਟਲੀ ਦੇ ਇਸ ਚਿੱਤਰਕਾਰ ਦਾ ਜਨਮ ਲ. 1403 ਵਿਚ ਸੀਐਨਾ ਵਿਖੇ ਹੋਇਆ। ਇਸ ਦੇ ਧਾਰਮਿਕ ਚਿੱਤਰਾਂ ਨੇ ਗਾਥੀ ਸ਼ੈਲੀ ਦੀ ਰਹੱਸਮਈ ਤੀਖਣਤਾ ਅਤੇ ਰੂੜ੍ਹੀਵਾਦ ਨੂੰ ਬਰਕਰਾਰ ਰੱਖਿਆ। ਮੱਧਕਾਲੀ ਚਿੱਤਰਕਾਰੀ ਦੀ ਪਰੰਪਰਾ ਨੂੰ ਕਾਇਮ ਰੱਖਣ ਵਾਲੇ ਆਖਰੀ ਚਿੱਤਰਕਾਰਾਂ ਵਿਚੋਂ ਇਹ ਇਕ ਸੀ।

ਜਾਪਦਾ ਹੈ ਇਹ ਟਾਡੀਓ ਡੀ ਬਾਰਟੋਲੋ ਦਾ ਸ਼ਾਗਿਰਦ ਸੀ। ਇਸ ਗੱਲ ਦਾ ਅੰਦਾਜ਼ਾ ਇਸ ਦੇ ਪਹਿਲੇ ਚਿੱਤਰ ''ਮੈਡੋਨਾ ਐਂਡ ਚਾਈਲਡ ਵਿਦ ਏਂਜਲਜ਼'' (1426) ਤੋਂ ਲਗਾਇਆ ਜਾ ਸਕਦਾ ਹੈ। ਉਦੋਂ ਤੋਂ ਹੀ ਇਸ ਦੀ ਕਲਾ ਉੱਤੇ ਜੈਨਟੀਲੇ ਡੀ ਫਾਬ੍ਰੀਆਨੋ ਦੀ ਸਜਾਵਟੀ ਅਤੇ ਦਰਬਾਰੀ ਚਿੱਤਰਕਾਰੀ ਦਾ ਪ੍ਰਭਾਵ ਪਿਆ। ਇਸ ਦਾ ਪ੍ਰਮਾਣ ਜੋਵੱਨੀ ਡੀ ਪਉਲ ਦਾ ਚਿੱਤਰ 'Madonna' (1927) ਹੈ। 1440 ਵਿਆਂ ਵਿਚ ਅਤੇ 1450 ਵਿਆਂ ਸ਼ੁਰੂ ਦੌਰਾਨ ਜੈਵੱਨੀ ਡੀ ਪਾਉਲੋ ਨੇ ਆਪਣੀਆਂ ਮਹੱਤਵਪੂਰਣ ਕਈ ਕ੍ਰਿਤਾਂ ਪੇਸ਼ ਕੀਤੀਆਂ। ਲਗਭਗ 1920 ਤੋਂ ਇਸ ਦੀ ਧਾਰਮਿਕ ਅਤੇ ਪ੍ਰਭਾਵਵਾਦੀ ਸ਼ੈਲੀ ਦੀ ਸ਼ਲਾਘਾ ਹੋਣ ਲਗ ਪਈ ਸੀ।

ਜੈਵੱਨੀ ਡੀ ਪਾਉਲੋ ਸੀਐਨਾ ਵਿਚ ਹੀ ਰਿਹਾ ਅਤੇ ਉਥੇ ਹੀ 1482 ਵਿਚ ਇਸ ਦੀ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 4: 551

**ਜੋਵਾਈ** : ਇਹ ਮੇਘਾਲਿਆ ਰਾਜ (ਭਾਰਤ) ਦੇ ਜੈਂਤੀਆ ਹਿਲਜ਼ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ 1,327 ਮੀ. ਦੀ ਉਚਾਈ ਤੇ ਵਸਿਆ ਹੋਇਆ ਹੈ। ਪਹਿਲਾਂ ਇਹ ਪੂਰਬੀ ਬੰਗਾਲ ਅਤੇ ਆਸਾਮ ਦੇ ਖਾਸੀ ਅਤੇ ਜੈਂਤੀਆ ਪਹਾੜੀਆਂ ਜ਼ਿਲ੍ਹੇ ਦੇ ਇਸੇ ਨਾਂ ਦੇ ਉਪ-ਮੰਡਲ ਦਾ ਸਦਰ-ਮੁਕਾਮ ਸੀ। ਉਸ ਸਮੇਂ ਇਹ ਇਕ ਚੰਗਾ ਪ੍ਰਫੁਲਿਤ ਪਿੰਡ ਸੀ ਅਤੇ ਇਸ ਦਾ ਆਪਣਾ ਸਥਾਨਕ ਵਪਾਰ ਸੀ। ਇਥੋਂ ਕਪਾਹ ਅਤੇ ਰਬੜ ਬਾਹਰ ਭੇਜੀ ਜਾਂਦੀ ਸੀ ਤੇ ਚੌਲ, ਸੁਕਾਈ ਹੋਈ ਮੱਛੀ, ਸੂਤੀ ਕੱਪੜੇ ਦੀਆਂ ਚੀਜ਼ਾਂ ਅਤੇ ਲੂਣ ਬਾਹਰੋਂ ਮੰਗਵਾਇਆ ਜਾਂਦਾ ਸੀ। ਹੋਰ ਉਦਯੋਗਾਂ ਦੇ ਨਾਲ ਨਾਲ ਹੁਣ ਇਥੇ ਇਕ ਡੇਰੀ ਵਿਸਥਾਰਨ ਸ਼ਾਖਾ ਵੀ ਹੈ ਜਿਸ ਵਿਚ ਕਰੀਮ, ਮੱਖਣ ਅਤੇ ਘਿਉ ਬਣਾਇਆ ਜਾਂਦਾ ਹੈ। ਇਥੇ ਵਰਖਾ ਕਾਫ਼ੀ ਹੁੰਦੀ ਹੈ ਜਿਸ ਦੀ ਸਾਲਾਨਾ ਔਸਤ 570 ਸੈਂ. ਮੀ. ਹੈ।

ਆਬਾਦੀ—20,601 (1991)

25° 26′ ਉ. ਵਿਥ.; 92° 12′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14: 204; ਡਾਇਰੈਕਟਰੀ ਐਂਡ ਈਅਰ ਬੁੱਕ ਟਾਈਮਜ਼ ਆਫ਼ ਇੰਡੀਆ-1983; ਹਿੰ. ਵਿ. ਕੋ. 5; 57

**ਜੌਂ** : ਇਹ ਅਨਾਜ ਵਾਲੀਆਂ ਪੰਜ ਫ਼ਸਲਾਂ ਵਿਚੋਂ ਇਕ ਪ੍ਰਮੁੱਖ ਫ਼ਸਲ ਹੈ ਜੋ ਜ਼ਿਆਦਾਤਰ ਮਨੁੱਖੀ ਭੋਜਨ ਅਤੇ ਸ਼ਰਾਬ ਬਣਾਉਣ ਲਈ ਵਰਤੀ ਜਾਂਦੀ ਹੈ। ਕੁਝ ਖੋਜੀਆਂ ਦਾ ਵਿਚਾਰ ਹੈ ਕਿ ਜੌਂ ਕਾਸ਼ਤ ਕੀਤੀਆਂ ਜਾਣ ਵਾਲੀਆਂ ਫ਼ਸਲਾਂ ਵਿਚੋਂ ਸਭ ਤੋਂ ਪੁਰਾਣੀ ਹੈ, ਜਿਸ ਦੇ ਬਾਰੇ ਮਿਸਰ ਵਿਚ 5,000 ਈ. ਪੂ. ਮੈਸੋਪਟੇਮੀਆ ਵਿਚ 3,500 ਈ. ਪੂ. ਉੱਤਰ-ਪੱਛਮੀ ਯੂਰਪ ਵਿਚ 3,000 ਈ. ਪੂ. ਅਤੇ ਚੀਨ ਵਿਚ 2,000 ਈ. ਪੂ. ਤੋਂ ਗਿਆਨ ਹੁੰਦਾ ਹੈ। ਇਹ ਪੱਥਰ ਯੁਗ ਦੇ ਸਵਿਸ ਲੇਕ ਵਾਸੀਆਂ ਲਈ ਖਾਸ ਮਹੱਤਤਾ ਵਾਲੀ ਸੀ ਅਤੇ ਹੈਬਰੀਊਜ਼ ਯੂਨਾਨੀ ਅਤੇ ਰੋਮ ਲੋਕਾਂ ਦਾ ਖ਼ਾਸ ਭੋਜਨ ਸੀ। ਜੌਂ ਦਾ ਜ਼ਿਕਰ ਬਾਈਬਲ ਅਤੇ ਕਈ ਪੁਰਾਤਨ ਲਿਖਤਾਂ ਵਿਚ ਵੀ ਆਉਂਦਾ ਹੈ।

ਸ਼ੁਰੂ ਵਿਚ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਜੌਂ ਦੀ ਉਤਪਤੀ ਦੱਖਣ-ਪੱਛਮੀ ਏਸ਼ੀਆ ਵਿਚ ਕਿਤੇ ਹੋਈ ਹੋਵੇਗੀ ਪਰ ਇਸ ਉਤਪਤੀ ਦੌਰਾਨ ਬੀਜ ਦੀ ਗਿਰੀ ਇਕੋ ਜਿਹੀ ਹੀ ਰਹੀ ਹੈ। ਜੌਂ ਹਾਰਡੀਅਮ ਪ੍ਰਜਾਤੀ ਅਤੇ ਗ੍ਰੈਮਿਨੀ ਕੁਲ ਨਾਲ ਸਬੰਧਿਤ ਹੈ। ਇਸ ਦੀਆਂ ਦੋ ਕਿਸਮਾਂ ਹਨ—ਕਾਸ਼ਤ ਕੀਤੀ ਜਾਣ ਵਾਲੀ ਅਤੇ ਜੰਗਲੀ, ਜੋ ਇਕ ਦੂਜੀ ਤੋਂ ਬਹੁਤ ਹੀ ਵੱਖਰੀਆਂ ਹਨ। ਇਹ ਫ਼ਸਲ ਕਿਸੇ ਵੀ ਹੋਰ ਅਨਾਜ ਵਾਲੀ ਫ਼ਸਲ ਦੇ ਮੁਕਾਬਲੇ ਜਲਵਾਯੂ ਦੀਆਂ ਅਨੇਕ ਹਾਲਤਾਂ ਸਹਿ ਸਕਦੀ ਹੈ, ਜਿਵੇਂ ਸੀਤ ਖੰਡੀ ਜਲਵਾਯੂ ਤੋਂ ਉਪ-ਆਰਕਟਿਕ ਅਤੇ ਉਪ-ਊਸ਼ਣ ਖੰਡੀ ਜਲਵਾਯੂ ਆਦਿ। ਇਸ ਫ਼ਸਲ ਲਈ ਕਣਕ ਨਾਲੋਂ ਘੱਟ ਸਿੰਜਾਈ ਦੀ ਲੋੜ ਹੈ ਪਰੰਤੂ ਗਰਮ ਹਵਾਵਾਂ ਚੱਲਣ ਨਾਲ ਇਹ ਫ਼ਸਲ ਸਮੇਂ ਤੋਂ ਪਹਿਲਾਂ ਹੀ ਪੱਕ ਜਾਂਦੀ ਹੈ ਅਤੇ ਜ਼ਿਆਦਾ ਨਮੀ ਨਾਲ ਵੀ ਇਹ ਫ਼ਸਲ ਪੂਰੀ ਤਰ੍ਹਾਂ ਨਹੀਂ ਪੱਕ ਸਕਦੀ। ਦੋਹਾਂ ਹਾਲਤਾਂ ਵਿਚ ਸ਼ਰਾਬ ਬਣਾ ਸਕਣ ਵਾਲੇ ਗੁਣਾਂ ਤੇ ਬੁਰਾ ਅਸਰ ਪੈਂਦਾ ਹੈ। ਫ਼ਸਲ ਦੀ ਕਟਾਈ ਸਮੇਂ ਬਾਰਸ਼ ਪੈ ਜਾਣ ਨਾਲ ਵੀ ਦਾਣਿਆਂ ਦਾ ਰੰਗ ਖ਼ਰਾਬ ਹੋ ਜਾਂਦਾ ਹੈ।

ਭਾਰਤ ਵਿਚ ਇਸ ਦੀ ਕਾਸ਼ਤ ਲਗਭਗ 3.3 ਮਿਲੀਅਨ ਹੈਕਟੇਅਰ ਭੂਮੀ ਵਿਚ ਕੀਤੀ ਜਾਂਦੀ ਹੈ ਜਿਸ ਤੋਂ 3.2 ਮਿਲੀਅਨ ਮੀਟ੍ਰਿਕ ਟਨ ਅਨਾਜ ਪ੍ਰਾਪਤ ਹੁੰਦਾ ਹੈ। ਇਸ ਦੀ ਕੁੱਲ ਪੈਦਾਵਾਰ ਦਾ 83 ਫ਼ੀ ਸਦੀ ਹਿੱਸਾ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਪੈਦਾ ਹੁੰਦਾ ਹੈ ਜਦ ਕਿ ਇਨ੍ਹਾਂ ਰਾਜਾਂ ਵਿਚ 73 ਫ਼ੀ ਸਦੀ ਕਾਸ਼ਤ ਹੇਠ ਰਕਬੇ ਵਿਚ ਇਹ ਫ਼ਸਲ ਬੀਜੀ ਜਾਂਦੀ ਹੈ।

ਇਹ ਫ਼ਸਲ ਆਮ ਤੌਰ ਤੇ ਹਲਕੀ ਜ਼ਮੀਨ ਤੇ ਉਗਾਈ ਜਾਂਦੀ ਹੈ ਭਾਵੇਂ ਚੰਗੇ ਨਿਕਾਸ ਵਾਲੀ ਦਰਮਿਆਨੀ ਚੀਕਣੀ ਅਤੇ ਚੰਗੀ ਜ਼ਰਖੇਜ਼ ਅਤੇ ਬਾਰੀਕ ਸਤਾ ਵਾਲੀ ਜ਼ਮੀਨ ਵੀ ਇਸ ਦੀ ਕਾਸ਼ਤ ਲਈ ਬਿਹਤਰ ਰਹਿੰਦੀ ਹੈ। ਕਣਕ ਦੇ ਮੁਕਾਬਲੇ ਇਸ ਲਈ ਬਹੁਤ ਮੁਸਾਮਦਾਰ ਜ਼ਮੀਨ ਦੀ ਲੋੜ ਹੁੰਦੀ ਹੈ ਅਤੇ ਇਹ ਖਾਰਾਪਣ ਵੀ ਸਹਿਣ ਕਰ ਸਕਦੀ ਹੈ।

ਜੌਂ ਦੀ ਬਿਜਾਈ ਦਾ ਸਮਾਂ ਅਕਤੂਬਰ ਤੋਂ ਨਵੰਬਰ ਦੇ ਮੱਧ ਤੱਕ ਹੈ। ਪੰਜਾਬ ਵਿਚ ਬਰਾਨੀ ਜ਼ਮੀਨਾਂ ਵਿਚ ਬਿਜਾਈ ਕੁਝ ਲੇਟ ਹੀ ਕੀਤੀ ਜਾਂਦੀ ਹੈ, ਦਸੰਬਰ ਤੱਕ ਇਹ ਬਿਜਾਈ ਮੁੰਕਮਲ ਹੋ ਜਾਂਦੀ ਹੈ। ਦੇਰ ਨਾਲ ਕੀਤੀ ਗਈ ਬਿਜਾਈ ਨਾਲ ਦਾਣਿਆਂ ਦੀ ਕੁਆਲਟੀ ਮਾੜੀ ਪੈ ਜਾਂਦੀ ਹੈ। ਜੌਂ ਦੀ ਬਿਜਾਈ ਲਈ ਜੇਕਰ ਜ਼ਮੀਨ ਚੰਗੀ ਤਰ੍ਹਾਂ ਵਾਹੀ ਸੁਆਰੀ ਹੋਵੇ ਅਤੇ ਜੜ੍ਹੀਆਂ ਬੂਟੀਆਂ ਰਹਿਤ ਹੋਵੇ ਤਾਂ ਝਾੜ ਚੰਗਾ ਪ੍ਰਾਪਤ ਹੋ ਸਕਦਾ ਹੈ। ਚੰਗੇ ਝਾੜ ਲਈ ਦੇਸੀ ਹਲ ਨਾਲ ਚਾਰ ਵਾਰੀ ਵਹਾਈ ਜਾਂ ਸੁਧਰੇ ਹੋਏ ਹਲ ਨਾਲ ਇਕ ਵਹਾਈ ਅਤੇ ਇਕ ਵਾਰ ਹੈਰੋ ਫੇਰ ਦਿੱਤੀ ਜਾਏ ਤਾਂ ਚੰਗਾ ਰਹਿੰਦਾ ਹੈ। ਫ਼ਸਲ ਦੀ ਬਿਜਾਈ ਜਾਂ ਤਾਂ ਛਿੱਟੇ ਰਾਹੀਂ ਜਾਂ ਬੀਜ ਡਰਿਲ ਰਾਹੀਂ ਕੀਤੀ ਜਾਂਦੀ ਹੈ। ਕਤਾਰ ਤੋਂ ਕਤਾਰ ਦਾ ਫਾਸਲਾ 22 ਸੈਂ. ਮੀ. ਰੱਖਿਆ ਜਾਂਦਾ ਹੈ। ਬੀਜ ਦੀ ਮਿਕਦਾਰ 55 ਕਿ. ਗ੍ਰਾ. ਤੋਂ 105 ਕਿ. ਗ੍ਰਾ. ਪ੍ਰਤੀ ਹੈਕਟੇਅਰ ਰੱਖੀ ਜਾਂਦੀ ਹੈ।

ਇਸ ਫ਼ਸਲ ਲਈ ਖਾਦ ਦੀ ਵਰਤੋਂ ਭਾਵੇਂ ਬਰਾਨੀ ਇਲਾਕਿਆਂ ਵਿਚ ਨਹੀਂ ਵੀ ਕੀਤੀ ਜਾਂਦੀ ਪਰ ਖਾਦ ਦੀ ਵਰਤੋਂ ਨਾਲ ਚੰਗਾ ਝਾੜ ਪ੍ਰਾਪਤ ਹੋ ਸਕਦਾ ਹੈ। ਸੇਂਜੂ ਹਾਲਾਤਾਂ ਵਿਚ ਪ੍ਰਤੀ ਏਕੜ 7 ਤੋਂ 8 ਗੱਡੇ ਫ਼ਾਰਮੀ ਖਾਦ ਪਾਈ ਜਾਂਦੀ ਹੈ ਅਤੇ 25 ਤੋਂ 30 ਕਿਲੋ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਦੇ ਹਿਸਾਬ ਅਮੋਨੀਅਮ ਸਲਫੇਟ ਦੇ ਰੂਪ ਵਿਚ ਪਾ ਦਿੱਤੀ ਜਾਂਦੀ ਹੈ। ਕਈ ਵਾਰੀ ਨਾਈਟ੍ਰੋਜਨ ਦੀ ਮਿਕਦਾਰ ਜ਼ਿਆਦਾ ਵਧ ਜਾਣ ਕਾਰਨ ਸ਼ਰਾਬ ਬਨਾਉਣ ਦੀ ਕੁਆਲਟੀ ਘਟੀਆ ਹੋ ਜਾਂਦੀ ਹੈ। ਇਸ ਨੁਕਸ ਨੂੰ ਦੂਰ ਕਰਨ ਲਈ ਸੁਪਰਫਾਸਫੇਟ ਕਾਫ਼ੀ ਲਾਹੇਵੰਦ ਸਿੱਧ ਹੁੰਦੀ ਹੈ। ਕਈ ਥਾਵਾਂ ਤੇ 45 ਤੋਂ 65 ਕਿ. ਗ੍ਰਾ. ਨਾਈਟ੍ਰੋਜਨ ਅਤੇ 22 ਕਿ. ਗ੍ਰਾ ਫ਼ਾਸਫ਼ੋਰਸ ਪ੍ਰਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਆਮ ਤੌਰ ਤੇ ਬਰਾਨੀ ਬਿਜਾਈ ਉਨ੍ਹਾਂ ਇਲਾਕਿਆਂ ਵਿਚ ਕੀਤੀ ਜਾਂਦੀ ਹੈ ਜਿਥੇ ਬਰਖਾ 38 ਤੋਂ 50 ਸੈਂ. ਮੀ. ਹੁੰਦੀ ਹੈ। ਬਰਾਨੀ ਇਲਾਕਿਆਂ ਵਿਚ ਇਸ ਫ਼ਸਲ ਨੂੰ ਦੋ ਤਿੰਨ ਵਾਰ ਸਿੰਜਾਈ ਕਰਨ ਦੀ ਲੋੜ ਹੁੰਦੀ ਹੈ। ਪਠਾਰ ਦੇ ਇਲਾਕਿਆਂ ਵਿਚ ਫ਼ਸਲ ਅਕਸਰ 10 ਦਿਨਾਂ ਦੇ ਵਕਫ਼ੇ ਬਾਅਦ ਸਿੰਜੀ ਜਾਂਦੀ ਹੈ।

ਰਾਜਸਥਾਨ, ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਕਟਾਈ ਮਾਰਚ ਦੇ ਤੀਸਰੇ ਹਫ਼ਤੇ ਤੋਂ ਅਪ੍ਰੈਲ ਦੇ ਅੱਧ ਤੱਕ ਕੀਤੀ ਜਾਂਦੀ ਹੈ। ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਵਿਚ ਇਹ ਇਕ ਹਫਤਾ ਪਹਿਲਾਂ ਸ਼ੁਰੂ ਹੋ ਜਾਂਦੀ ਹੈ ਜਦੋਂ ਕਿ ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਇਹ ਫ਼ਰਵਰੀ ਦੇ ਅੱਧ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਇਸ ਦੀ ਕਟਾਈ ਵੀ ਕਣਕ ਦੀ ਕਟਾਈ ਵਾਂਗ ਹੀ ਕੀਤੀ ਜਾਂਦੀ ਹੈ। ਬੀਜ ਦੇ ਗਿਰਨ ਤੋਂ ਸਾਵਧਾਨੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਇਸ ਨੂੰ ਸਵੇਰ ਦੇ ਪਹਿਲੇ ਵੇਲੇ ਹੀ ਕੱਟ ਲਿਆ ਜਾਵੇ। ਫ਼ਸਲ ਦੀ ਗਹਾਈ ਮਸ਼ੀਨਾਂ ਨਾਲ ਜਾਂ ਜਾਨਵਰਾਂ ਦੇ ਪੈਰਾਂ ਹੇਠ ਲਿਆ ਕੇ ਕੀਤੀ ਜਾਂਦੀ ਹੈ।

ਬਰਾਨੀ ਫ਼ਸਲ ਦਾ ਝਾੜ 675 ਤੋਂ 945 ਕਿ. ਗ੍ਰਾ. ਪ੍ਰਤੀ ਹੈਕਟੇਅਰ ਹੈ ਜਦੋਂ ਕਿ ਚੰਗੀ ਤਰ੍ਹਾਂ ਕਾਸ਼ਤ ਕੀਤੀ ਜਾਂਦੀ ਫ਼ਸਲ ਦਾ ਝਾੜ ਇਸ ਤੋਂ ਵੀ ਦੁੱਗਣਾ ਹੋ ਸਕਦਾ ਹੈ।

**ਵਰਤੋਂ**—ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਅੱਧੀ ਫ਼ਸਲ ਦੀ ਵਰਤੋਂ ਪਸ਼ੂ ਧਨ ਦੀ ਖ਼ੁਰਾਕ ਲਈ ਵਰਤੀ ਜਾਂਦੀ ਹੈ। ਇਸ ਦੇ ਅਨਾਜ ਵਿਚ ਤਕਰੀਬਨ ਕਾਰਬੋਹਾਈਡ੍ਰੇਟ ਦੀ ਉਹੋ ਹੀ ਮਾਤਰਾ ਹੁੰਦੀ ਹੈ ਜੋ ਮੱਕੀ ਵਿਚ ਹੁੰਦੀ ਹੈ, ਸਗੋਂ ਇਸ ਵਿਚ 3 ਫ਼ੀ ਸਦੀ ਜ਼ਿਆਦਾ ਪ੍ਰੋਟੀਨ ਅਤੇ ਚਿਕਨਾਹਟ ਘੱਟ ਹੁੰਦੀ ਹੈ।

ਜੌਂ ਤੋਂ ਸ਼ਰਾਬ ਪੂਰਵ ਇਤਿਹਾਸਕ ਕਾਲ ਤੋਂ ਹੀ ਬਣਾਈ ਜਾਂਦੀ ਰਹੀ ਹੈ। ਜੌਂ ਦੀ ਕਰੀਬ ਸਾਰੀ ਉਪਜ ਹੀ ਬੀਅਰ ਬਣਾਉਣ ਵਿਚ ਹੀ ਵਰਤੀ ਜਾਂਦੀ ਹੈ ਅਤੇ ਦੁਨੀਆ ਦੀ ਉਪਜ ਦੀ 10 ਪ੍ਰਤਿਸ਼ਤ ਤੋਂ ਵੀ ਵੱਧ ਇਸੇ ਕੰਮ ਲਈ ਹੀ ਖ਼ਪਤ ਕੀਤੀ ਜਾਂਦੀ ਹੈ।

ਸ਼ਰਾਬ ਬਣਾਉਣ ਜਾਂ ਮਾਲਟਿੰਗ ਵਿਚ ਲੋੜੀਂਦਾ ਜੌਂ ਪਾਣੀ ਵਿਚ ਭਿਉਂ ਲਿਆ ਜਾਂਦਾ ਹੈ ਤੇ ਇਸ ਨੂੰ ਉੱਗਣ ਦਿੱਤਾ ਜਾਂਦਾ ਹੈ ਅਤੇ ਇਸ ਸਟੇਜ ਤੇ ਇਸ ਨੂੰ ਗ੍ਰੀਨ ਮਾਲਟ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਇਸ ਨੂੰ ਕਿਸੇ ਭੱਠੀ ਵਿਚ ਜਾਂ ਗਰਮ ਕਰਕੇ ਮਾਲਟਿੰਗ ਕਿਰਿਆ ਨੂੰ ਖ਼ਤਮ ਕੀਤਾ ਜਾਂਦਾ ਹੈ। ਸੁੱਕੇ ਹੋਏ ਮਾਦੇ ਵਿਚ ਉੱਗਣ ਕਿਰਿਆ ਤੋਂ ਉਤਪੰਨ ਹੋਇਆ ਇਕ ਐਨਜ਼ਾਈਮ ਡਾਇਆਸਟੇਜ਼ ਵੀ ਹੁੰਦਾ ਹੈ ਜੋ ਅਨੁਕੂਲ ਹਾਲਤਾਂ ਹੇਠ ਮਾਲਟ ਦੇ ਨਿਸ਼ਾਸਤੇ ਜਾਂ ਅਨਾਜ ਨੂੰ ਜੋ ਇਸ ਵਿਚ ਬੀਅਰ ਜਾਂ ਵਿਸਕੀ ਬਣਾਉਣ ਸਮੇਂ ਮਿਲਾਇਆ ਜਾਂਦਾ ਹੈ, ਨੂੰ ਸ਼ਰਾਬ ਵਿਚ ਬਦਲਣ ਯੋਗ ਹੁੰਦਾ ਹੈ।

ਭਾਵੇਂ ਜੌਂ ਤੋਂ ਇਕ ਚੰਗੀ ਮੁਸਾਮਦਾਰ ਡਬਲ ਰੋਟੀ ਤਿਆਰ ਨਹੀਂ ਕੀਤੀ ਜਾ ਸਕਦੀ ਪਰ ਫਿਰ ਵੀ ਇਸ ਦੀ ਬਹੁਤ ਜ਼ਿਆਦਾ ਵਰਤੋਂ ਬਲੈਕ ਬ੍ਰੈੱਡ ਜਾਂ ਪੋਰਿਜ ਵਜੋਂ ਅਫ਼ਰੀਕਾ ਜਾਂ ਏਸ਼ੀਆ ਦੇ ਕੁਝ ਹਿੱਸਿਆਂ ਵਿਚ ਕੀਤੀ ਜਾਂਦੀ ਹੈ। ਜੌਂ ਦੀ ਤੂੜੀ ਪਸ਼ੂਆਂ ਹੇਠ ਸੁੱਕ ਵਜੋਂ ਵੀ ਪਾਈ ਜਾਂਦੀ ਹੈ।

ਹ. ਪੁ. -ਐਨ. ਬ੍ਰਿ. 3: 168; ਹੈ. ਬੁ. ਐਗ. ਆਈ. ਸੀ. ਏ. ਆਰ: 134

**ਜੌਹਰ** : ਇਹ ਰਾਜਪੂਤਾਨੇ ਦੀ ਇਕ ਪੁਰਾਣੀ ਰਸਮ 'ਜੀਵਹਰ' ਹੈ ਜਿਸ ਤੋਂ ਜੌਹਰ ਸ਼ਬਦ ਬਣ ਗਿਆ। ਜੌਹਰ ਦੀ ਰਸਮ ਉਸ ਵੇਲੇ ਕੀਤੀ ਜਾਂਦੀ ਸੀ ਜਦੋਂ ਕੋਈ ਹਮਲਾਵਰ ਕਿਸੇ ਰਾਜਪੂਤ ਰਿਆਸਤ ਤੇ ਹਮਲਾ ਕਰਦਾ ਸੀ ਅਤੇ ਰਿਆਸਤ ਦਾ ਰਾਣਾ ਆਪਣੇ ਸਾਥੀਆਂ ਸਮੇਤ ਕੇਸਰੀ ਬਾਣੇ ਪਹਿਨ ਕੇ ਮੈਦਾਨੇਜੰਗ ਵਿਚ ਚਲਾ ਜਾਂਦਾ ਸੀ। ਉਸਦੇ ਜਾਣ ਉਪਰੰਤ, ਉਸ ਦੀਆਂ ਰਾਣੀਆਂ ਆਪਣੀ ਮਾਣ ਮਰਿਆਦਾ ਕਾਇਮ ਰੱਖਣ ਲਈ ਆਪਣੀਆਂ ਦਾਸੀਆਂ ਸਮੇਤ ਅੱਗ ਲਗਾ ਕੇ ਭਸਮ ਹੋ ਜਾਂਦੀਆਂ ਸਨ ਤਾਂ ਜੋ ਹਾਰ ਜਾਣ ਦੀ ਸੂਰਤ ਵਿਚ ਉਹ ਹਮਲਾਵਰ ਦੇ ਹੱਥ ਨਾ ਪੈ ਜਾਣ। 11 ਚੇਤ 1624 ਸੰਮਤ ਦੇ ਜੌਹਰ ਦਾ ਸਾਕਾ ਮੇਵਾੜ ਵਿਚ ਘਰ ਘਰ ਮਨਾਇਆ ਜਾਂਦਾ ਹੈ ਅਤੇ ਸ਼ਹੀਦ ਹੋਏ ਯੋਧਿਆਂ ਨੂੰ ਅਮਰ ਰੱਖਣ ਵਾਲਾ ਜਸ, ਕਵੀਆਂ ਅਤੇ ਢਾਡੀਆਂ ਦੁਆਰਾ ਗਾਇਆ ਜਾਂਦਾ ਹੈ।

ਹ. ਪੁ. -ਮ. ਕੋ. 34-538

**ਜੌਹਰੀ** : ਇਸ ਦਾ ਪੂਰਾ ਨਾਂ ਅਬੂ ਨਸਰ ਇਸਮਾਈਲ ਇਬਨ ਹਮਦ-ਉਲ ਜੌਹਰੀ ਸੀ, ਜੋ ਅਰਬੀ ਦਾ ਕੋਸ਼ਕਾਰ ਸੀ। ਇਸ ਦਾ ਜਨਮ ਤੁਰਕਿਸਤਾਨ ਦੀ ਸੀਮਾ ਉੱਤੇ ਫ਼ਰਾਬ ਵਿਖੇ ਹੋਇਆ। ਫ਼ਰਾਬ ਅਤੇ ਬਗ਼ਦਾਦ ਵਿਚ ਸਿੱਖਿਆ ਪ੍ਰਾਪਤ ਕਰਨ ਪਿੱਛੋਂ ਇਹ ਦਮਧਾਨ ਅਤੇ ਨੈਸ਼ਾਪੁਰ ਵਿਚ ਰਿਹਾ।

ਇਸ ਦੀ ਸਭ ਤੋਂ ਪ੍ਰਸਿੱਧ ਪੁਸਤਕ ਅਰਬੀ ਸ਼ਬਦ ਕੋਸ਼ 'ਕਿਤਾਬ ਉਸ-ਸ਼ਾਹ ਫਿਲਲੁਗਾ' ਹੈ। ਇਹ ਪੁਸਤਕ ਸਾਰੀ ਦੀ ਸਾਰੀ ਇਸ ਨੇ ਨਹੀਂ ਲਿਖੀ। ਇਸ ਦੇ ਸ਼ਾਗਿਰਦ ਅਬੂ ਇਸਹਾਕ ਇਬਰਾਹੀਮ ਇਬਨ ਸ਼ਾਲੀਹ ਉਸ ਵਰਕੀ ਨੇ ਇਸ ਨੂੰ ਪੂਰਾ ਕੀਤਾ।

ਸੰਨ 1002 ਜਾਂ 1010 ਵਿਚ ਨੈਸ਼ਾਪੁਰ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ. -ਹਿੰ. ਵਿ. ਕੋ. 5: 66

**ਜੌਹਲ ਗੰਡਾ ਸਿੰਘ (ਰੁਸਤਮਿ ਹਿੰਦ)** : ਪੰਜਾਬ (ਭਾਰਤ) ਦੇ ਇਸ ਪਹਿਲਵਾਨ ਦਾ ਜਨਮ 1899 ਨੂੰ ਤਰਨ ਤਾਰਨ ਦੇ ਨੇੜੇ ਪੱਖ ਪਿੰਡ ਵਿਖੇ ਸ. ਰੂੜ ਸਿੰਘ ਦੇ ਘਰ ਹੋਇਆ। ਕੁਸ਼ਤੀ ਦੀ ਮੁੱਢਲੀ ਵਿਦਿਆ ਇਸ ਨੇ ਆਪਣੇ ਹੀ ਪਿੰਡ ਦੇ ਗੁੱਤਾ ਸਿੰਘ ਪਹਿਲਵਾਨ ਕੋਲੋਂ ਪ੍ਰਾਪਤ ਕੀਤੀ। ਪਿਛੋਂ ਪਹਿਲਵਾਨ ਲਾਭ ਸਿੰਘ ਸਠਿਆਲਾ ਕੋਲੋਂ ਵੀ ਇਸ ਨੇ ਕਈ ਦਾਅ ਪੇਚ ਸਿੱਖੇ। ਇਸ ਦੀ ਪਹਿਲੀ ਵੱਡੀ ਕੁਸ਼ਤੀ ਸੰਦਰ ਪਹਿਲਵਾਨ ਨਾਲ ਗੋਇੰਦਵਾਲ ਵਿਖੇ ਹੋਈ। ਇਸ ਕੁਸ਼ਤੀ ਵਿਚ ਜਿੱਤ ਪ੍ਰਾਪਤ ਕਰਕੇ ਪਹਿਲਵਾਨ ਦਾ ਹੌਂਸਲਾ ਬਹੁਤ ਬੁਲੰਦ ਹੋ ਗਿਆ। ਪਿੱਛੋਂ 1928 ਵਿਚ ਇਹ ਟਾਈਗਰ ਦੌਲੇ (ਗੜ੍ਹਸ਼ੰਕਰ ਵਾਲਾ) ਨਾਲ ਲੜਿਆ, ਜਿਸ ਵਿਚ ਇਹ ਬਰਾਬਰ ਰਿਹਾ। ਪਿੱਛੋਂ ਇਸ ਨੇ ਹੈਦਰ ਅੰਮ੍ਰਿਤਸਰੀ, ਹਮੀਦੇ ਅਤੇ ਅੱਲਾ ਬਖ਼ਸ਼ ਨਾਲ ਕੁਸ਼ਤੀਆਂ ਲੜੀਆਂ। ਅੱਲਾ ਬਖ਼ਸ਼ ਨਾਲ ਇਸ ਦੀ ਕੁਸ਼ਤੀ 1932 ਵਿਚ ਹੋਈ। ਸੰਨ 1936 ਵਿਚ ਇਹ ਹਾਂਗਕਾਂਗ ਗਿਆ, ਜਿਥੇ ਇਸ ਦਾ ਬਹੁਤ ਸਵਾਗਤ ਕੀਤਾ ਗਿਆ। ਉਥੇ ਜਾ ਕੇ ਇਸ ਦੀ ਪਹਿਲੀ ਕੁਸ਼ਤੀ ਬਾਬ ਕਰੂਜ਼ੀ ਨਾਲ ਹੋਈ ਜਿਸ ਵਿਚ ਇਸ ਨੇ ਜਿੱਤ ਪ੍ਰਾਪਤ ਕੀਤੀ। ਪਿੱਛੋਂ ਇਸ ਨੇ ਡੇਵ ਜਾਹਨਸਨ ਨਾਲ ਕੁਸ਼ਤੀ ਲੜ ਕੇ ਜਿੱਤ ਪ੍ਰਾਪਤ ਕੀਤੀ।

ਸੰਨ 1941 ਵਿਚ ਇਸ ਨੇ ਗੋਲਡ ਸਟੈਨ ਨੂੰ ਹਰਾ ਕੇ ਗੁਰਜ ਪ੍ਰਾਪਤ ਕੀਤੀ। 28 ਜੂਨ, 1942 ਨੂੰ ਲਾਹੌਰ ਵਿਚ ਬਰਕਤ ਪਹਿਲਵਾਨ ਨੂੰ ਢਾਕੇ ਗੁਰਜ ਪ੍ਰਾਪਤ ਕੀਤੀ। ਭਰ ਜੁਆਨੀ ਵਿਚ ਇਹ ਪਹਿਲਵਾਨ ਚਾਰ ਸੇਰ ਦੁੱਧ ਅਤੇ ਤਿੰਨ ਸੇਰ ਬੱਕਰੇ ਦੇ ਮਾਸ ਦੀ ਯੱਖਣੀ ਪੀਂਦਾ ਸੀ। ਡੇਢ ਸੇਰ ਮਾਸ ਇਸ ਦੀ ਰੋਜ਼ਾਨਾ ਦੀ ਖ਼ੁਰਾਕ ਵਿਚ ਸ਼ਾਮਲ ਸੀ।

ਇਸ ਦਾ ਕੱਦ 6 ਫ਼ੁੱਟ ਸੀ। ਇਹ ਦੋ ਹਜ਼ਾਰ ਬੈਠਕਾਂ ਅਤੇ ਇਕ ਹਜ਼ਾਰ ਡੰਡ ਕੱਢਦਾ ਸੀ। ਕਸਰਤ ਕਰਨ ਪਿੱਛੋਂ ਅੱਠ ਦੱਸ ਪੱਠਿਆਂ ਨੂੰ ਜ਼ੋਰ ਕਰਵਾਉਂਦਾ ਸੀ।

ਕਈ ਸਾਲ ਸ਼ਕਰ ਦੀ ਬੀਮਾਰੀ ਦਾ ਸ਼ਿਕਾਰ ਰਹਿ ਕੇ 4 ਜੁਲਾਈ, 1964 ਨੂੰ ਇਸ ਪਹਿਲਵਾਨ ਦੀ ਅੰਮ੍ਰਿਤਸਰ ਵਿਕਟੋਰੀਆ ਜੁਬਲੀ ਹਸਪਤਾਲ ਵਿਚ ਮੌਤ ਹੋ ਗਈ।

ਹ. ਪੁ. -ਭਾ. ਪਹਿ.

**ਜ਼ੌਕ, ਸ਼ੇਖ ਮੁਹੰਮਦ ਇਬਰਾਹੀਮ** : ਇਸ ਪ੍ਰਸਿੱਧ ਉਰਦੂ ਕਵੀ ਦਾ ਜਨਮ 1790 ਵਿਚ ਦਿੱਲੀ ਵਿਖੇ ਹੋਇਆ। ਇਸ ਨੇ ਆਪਣੀ

ਵਿੱਦਿਆ ਹਾਫ਼ਿਜ਼ ਗੁਲਾਮ ਰਸੂਲ 'ਸ਼ੌਕ' ਤੋਂ ਪ੍ਰਾਪਤ ਕੀਤੀ। ਇਸ ਤੋਂ ਪ੍ਰਭਾਵਿਤ ਹੋ ਕੇ ਜ਼ੌਕ ਨੇ ਕਵਿਤਾ ਲਿਖਣੀ ਅਰੰਭ ਕੀਤੀ। ਇਸ ਨੇ ਆਪਣੇ ਉਸਤਾਦ ਦੇ ਉਪਨਾਮ ਦੇ ਵਜ਼ਨ ਤੇ ਆਪਣਾ ਨਾਂ 'ਜ਼ੌਕ' ਰੱਖਿਆ। ਇਹ ਆਪਣੀਆਂ ਕਵਿਤਾਵਾਂ ਦੀ ਸੋਧ ਸ਼ਾਹ ਨਸੀਰ ਤੋਂ ਕਰਵਾਉਣ ਲੱਗੇ ਪਰ ਆਪਣੇ ਸ਼ਾਗਿਰਦ ਦੀ ਹੀ ਪ੍ਰਤਿਭਾ, ਵਿਚਾਰਾਂ ਦੀ ਗਹਿਰਾਈ ਅਤੇ ਸ਼ਬਦ ਯੋਜਨਾ ਤੋਂ ਹੀ ਸ਼ਾਹ ਨਸੀਰ ਨੂੰ ਉਸ ਨਾਲ ਈਰਖਾ ਹੋਣ ਲੱਗੀ ਜਿਸ ਕਾਰਨ ਇਹ ਉਸ ਤੋਂ ਦੂਰ ਹੋ ਗਿਆ। ਹੌਲੀ ਹੌਲੀ ਇਸ ਦਾ ਆਪਣਾ ਅਭਿਆਸ ਇੰਨਾ ਵਧ ਗਿਆ ਕਿ ਇਹ 'ਅਬੂ ਜ਼ਫ਼ਰ' ਦੀ ਕਵਿਤਾ ਸੋਧਣ ਲਗ ਗਿਆ। ਕੁਝ ਦਿਨਾਂ ਮਗਰੋਂ ਇਸ ਨੂੰ 'ਖ਼ਾਕਾਨਿਏ ਹਿੰਦ' ਦੀ ਪਦਵੀ ਮਿਲੀ। ਜਦੋਂ ਜ਼ਫ਼ਰ ਬਾਦਸ਼ਾਹ ਬਣਿਆ ਤਾਂ ਇਸ ਦੀ ਤਨਖਾਹ ਕਾਫ਼ੀ ਵੱਧ ਗਈ। ਇਸ ਦਾ ਸੁਖੀ ਜੀਵਨ ਬਤੀਤ ਕਰਦੇ 1855 ਵਿਚ ਸੁਰਗਵਾਸ ਹੋ ਗਿਆ।

ਇਹ ਬੜਾ ਨੇਕ ਆਦਮੀ ਸੀ। ਇਸ ਨੂੰ ਜੋਤਿਸ਼, ਹਿਕਮਤ ਤੇ ਰਾਗ ਵਿਦਿਆ ਦਾ ਵੀ ਚੰਗਾ ਗਿਆਨ ਸੀ। ਇਸ ਦੀ ਪ੍ਰਸਿੱਧੀ ਦਾ ਮੁੱਖ ਕਾਰਨ ਇਸ ਦੇ ਕਸੀਦੇ ਹਨ। ਕਸੀਦਾਕਾਰੀ ਵਿਚ ਦੋ ਹੀ ਕਵੀ ਪ੍ਰਸਿੱਧ ਹੋਏ ਹਨ—ਸੌਦਾ ਤੇ ਜ਼ੌਕ। ਗ਼ਜ਼ਲਾਂ ਵਿਚ ਵੀ ਇਸ ਦਾ ਨਾਂ ਮੋਮਿਨ ਤੇ ਗ਼ਾਲਿਬ ਨਾਲ ਲਿਆ ਜਾਂਦਾ ਹੈ ਪਰ ਉਸ ਦੀਆਂ ਗ਼ਜ਼ਲਾਂ ਵਿਚ ਉਹ ਦਰਦ ਤੇ ਵੇਦਨਾ ਨਹੀਂ ਹੈ, ਜਿਸ ਨੂੰ ਗ਼ਜ਼ਲ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਉਸ ਦਾ ਸੁਭਾਓ ਹੈ ਜੋ ਵਧੇਰੇ ਕਰਕੇ ਧਾਰਮਿਕ ਸੀ। ਇਸ ਕਾਰਨ ਉਸ ਦੀਆਂ ਗ਼ਜ਼ਲਾਂ ਵਿਚ ਰੁਮਾਂਟਿਕ ਮਸਤੀ ਨਹੀਂ ਹੈ ਜਿਸ ਬਿਨਾਂ ਗ਼ਜ਼ਲ ਦਿਲ ਨੂੰ ਟੁੰਬ ਨਹੀਂ ਸਕਦੀ।

ਹ. ਪੁ. -ਹਿੰ. ਵਿ. ਕੋ. 5: 66

**ਜੌਨਪੁਰ** : ਜ਼ਿਲ੍ਹਾ—ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ-ਪੱਛਮ ਵੱਲ ਸੁਲਤਾਨਪੁਰ, ਦੱਖਣ-ਪੱਛਮ ਵੱਲ ਇਲਾਹਾਬਾਦ, ਦੱਖਣ ਵੱਲ ਵਾਰਾਨਸੀ, ਉੱਤਰ-ਪੂਰਬ ਵੱਲ ਅਜਮਗੜ੍ਹ, ਪੂਰਬ ਵੱਲ ਗਾਜ਼ੀਪੁਰ ਅਤੇ ਪੱਛਮ ਵੱਲ ਪ੍ਰਤਾਪ ਗੜ੍ਹ ਦੇ ਜ਼ਿਲ੍ਹੇ ਲਗਦੇ ਹਨ। ਜ਼ਿਲ੍ਹੇ ਦਾ ਕੁੱਲ ਰਕਬਾ 4,040 ਵ. ਕਿ. ਮੀ. ਅਤੇ ਵਸੋਂ 32,14,636 (1991) ਹੈ। ਜ਼ਿਲ੍ਹੇ ਵਿਚ 7 ਕਸਬੇ ਅਤੇ 3152 ਪਿੰਡ ਹਨ।

ਇਹ ਜ਼ਿਲ੍ਹਾ ਗੰਗਾ ਦੇ ਜਲੌਢੀ ਮੈਦਾਨ ਦਾ ਹਿੱਸਾ ਹੈ। ਇਸ ਵਿਚ ਕਈ ਉੱਘੜ ਦੁਘੜੀਆਂ ਢਲਾਣਾਂ ਵੀ ਹਨ। ਲਗਭਗ ਸਾਰਾ ਜ਼ਿਲ੍ਹਾ ਹੀ ਵਾਹੀ ਅਧੀਨ ਹੈ। ਇਥੇ ਜੰਗਲ ਵੀ ਕਾਫ਼ੀ ਹਨ। ਗੋਮਤੀ ਨਦੀ ਦਾ ਇਕ ਟੇਢਾ ਮੇਢਾ ਜਲ ਮਾਰਗ ਇਸ ਜ਼ਿਲ੍ਹੇ ਨੂੰ ਦੋ ਅਸਾਵੇਂ ਭਾਗਾਂ ਵਿਚ ਵੰਡਦਾ ਹੈ। ਗੋਮਤੀ ਇਥੋਂ ਦੀ ਇਕ ਮੁੱਖ ਨਦੀ ਹੈ। ਜੌਨਪੁਰ ਦੇ ਸਥਾਨ ਤੋਂ ਇਸ ਨਦੀ ਉੱਤੋਂ ਦੀ ਪੱਥਰਾਂ ਦਾ ਇਕ ਪੁਲ ਬਣਿਆ ਹੋਇਆ ਹੈ। ਇਸ ਨਦੀ ਵਿਚ ਬਹੁਤ ਭਿਆਨਕ ਅਤੇ ਅਚਾਨਕ ਹੜ੍ਹ ਆਉਂਦੇ ਰਹਿੰਦੇ ਹਨ। ਇਸ ਨਦੀ ਦੇ ਦੱਖਣ ਵਾਲੇ ਪਾਸਿਓਂ ਸਾਈ ਅਤੇ ਪੀਲੀ ਨਾਂ ਦੀਆਂ ਦੋ ਛੋਟੀਆਂ ਨਦੀਆਂ ਇਸ ਵਿਚ ਆ ਕੇ ਮਿਲਦੀਆਂ ਹਨ।

ਇਥੋਂ ਦੀ ਬਨਸਪਤੀ ਗੰਗਾ ਦੇ ਮੈਦਾਨ ਵਰਗੀ ਹੀ ਹੈ। ਅੰਬ, ਮਹੂਆ, ਅੰਜੀਰ ਅਤੇ ਬਬੂਲ ਇਥੇ ਆਮ ਵਿਖਾਈ ਦਿੰਦੇ ਹਨ। ਜੰਗਲੀ ਜਾਨਵਰ ਵੀ ਇਥੇ ਘੱਟ ਹੀ ਹਨ। ਗੋਮਤੀ ਅਤੇ ਸਾਈ ਨਦੀਆਂ ਦੀਆਂ ਖੱਡਾਂ ਵਿਚ ਥੋੜ੍ਹੇ ਜਿਹੇ ਬਘਿਆੜ ਅਤੇ ਕਦੇ ਕਦਾਈਂ ਨੀਲ ਗਊ ਅਤੇ ਹੋਰ ਛੋਟੇ ਛੋਟੇ ਜਾਨਵਰ ਮਿਲਦੇ ਹਨ।

ਜ਼ਿਲ੍ਹੇ ਦਾ ਜਲਵਾਯੂ ਨਮੀ ਵਾਲਾ ਹੈ। ਤਾਪਮਾਨ ਸਾਰਾ ਸਾਲ ਇਕ ਸਾਰ ਰਹਿੰਦਾ ਹੈ। ਸਾਲਾਨਾ ਔਸਤਨ ਵਰਖਾ 105 ਸੈ. ਮੀ. (42 ਇੰਚ) ਹੈ। ਸਾਲ ਬ-ਸਾਲ ਵਰਖਾ ਘਟਦੀ ਵਧਦੀ ਵੀ ਰਹਿੰਦੀ ਹੈ।

ਪੁਰਾਣੀਆਂ ਰਵਾਇਤਾਂ ਅਨੁਸਾਰ ਇਸ ਜ਼ਿਲ੍ਹੇ ਉੱਤੇ ਭਾਰ ਅਤੇ ਸਿਓਰੀ ਕਬੀਲਿਆਂ ਦਾ ਕਬਜ਼ਾ ਹੁੰਦਾ ਸੀ। ਪਿਛਲੇਰੇ ਹਿੰਦੂ ਕਾਲ ਵੇਲੇ ਜ਼ਫਰਾਬਾਦ ਵਰਗੀਆਂ ਮਹੱਤਵਪੂਰਨ ਥਾਵਾਂ ਇਸ ਵਿਚ ਸ਼ਾਮਲ ਹੁੰਦੀਆਂ ਸਨ। ਗਿਆਰਵੀਂ ਸਦੀ ਦੇ ਖ਼ਤਮ ਹੋਣ ਤੱਕ ਇਹ ਜ਼ਿਲ੍ਹਾ ਕਨੌਜ ਦੇ ਰਠੌਰ ਰਾਜ ਵਿਚ ਸ਼ਾਮਲ ਹੁੰਦਾ ਸੀ। ਸੰਨ 1321 ਵਿਚ ਗਿਆਸੁਦੀਨ ਤੁਗਲਕ ਨੇ ਆਪਣੇ ਪੁੱਤਰ ਜ਼ਫ਼ਰ ਖ਼ਾਨ ਨੂੰ ਇਥੋਂ ਦਾ ਗਵਰਨਰ ਨਿਯੁਕਤ ਕੀਤਾ ਅਤੇ 38 ਸਾਲਾਂ ਪਿੱਛੋਂ 1359 ਵਿਚ ਫ਼ੀਰੋਜ਼ਸ਼ਾਹ ਤੁਗਲਕ ਨੇ ਜੌਨਪੁਰ ਸ਼ਹਿਰ ਦੀ ਨੀਂਹ ਰੱਖੀ। ਸੰਨ 1389 ਵਿਚ ਮਲਿਕ ਸਰਵਰ ਨਾਂ ਦੇ ਇਕ ਖੁਸਰੇ ਨੂੰ ਜਿਸ ਨੇ ਦਿੱਲੀ ਦਰਬਾਰ ਵਿਚ ਪਹਿਲਾਂ ਵੀ ਵੱਡੇ ਵੱਡੇ ਅਹੁਦਿਆਂ ਤੇ ਸੇਵਾ ਕੀਤੀ ਸੀ, ਖਵਾਜ਼ਾ ਇ-ਜਹਾਂ ਦੇ ਖ਼ਿਤਾਬ ਨਾਲ ਵਜ਼ੀਰ ਨਿਯੁਕਤ ਕੀਤਾ।

ਕੁਝ ਹੀ ਸਾਲਾਂ ਪਿੱਛੋਂ 1394 ਵਿਚ ਰਾਠੌਰ ਤੋਂ ਬਿਹਾਰ ਤੱਕ ਦਾ ਸਾਰਾ ਇਲਾਕਾ ਮਲਿਕ ਸਰਵਰ ਅਧੀਨ ਹੋ ਗਿਆ। ਹਿੰਦੋਸਤਾਨ ਨੂੰ ਛੱਡਣ ਵੇਲੇ ਤੈਮੂਰ ਨੇ ਖ਼ਿਜ਼ਰ ਖ਼ਾਨ ਅਤੇ ਖਵਾਜਾ-ਇ-ਜਹਾਂ ਨੂੰ ਵੱਡੀਆਂ-ਵੱਡੀਆਂ ਜਾਗੀਰਾਂ ਦਿੱਤੀਆਂ ਅਤੇ ਖਵਾਜ਼ਾ-ਇ-ਜਹਾਂ ਨੇ ਖ਼ਿਜ਼ਰ ਖ਼ਾਨ ਦੇ ਭਤੀਜੇ ਕਰਨਫੁਲ ਨੂੰ ਆਪਣਾ ਪੁੱਤਰ ਤੇ ਉਤਰਾਧਿਕਾਰੀ ਪਰਵਾਨ ਕਰਕੇ ਆਪਣੀ ਸਥਿਤੀ ਹੋਰ ਮਜਬੂਤ ਕਰ ਲਈ। ਇਸ ਤਰ੍ਹਾਂ ਸਥਾਪਿਤ ਹੋਏ ਖ਼ਾਨਦਾਨ ਨੇ ਕੋਈ ਇਕ ਸਦੀ ਤੱਕ ਜੌਨਪੁਰ ਉੱਤੇ ਰਾਜ ਕੀਤਾ ਅਤੇ ਇਸ ਦੇ ਸ਼ਾਸਕ ਦਿੱਲੀ ਦੇ ਬਾਦਸ਼ਾਹਾਂ ਦੀ ਵੀ ਡੱਟ ਕੇ ਵਿਰੋਧਤਾ ਕਰਦੇ ਰਹੇ। ਸੰਨ 1407 ਵਿਚ ਇਬਰਾਹੀਮ (ਕਰਨਫੁਲ ਦੇ ਭਰਾ) ਨੇ ਕਨੌਜ, ਸੰਭਲ ਅਤੇ ਬਾਰਨ ਨੂੰ ਆਪਣੇ ਅਧੀਨ ਕਰ ਲਿਆ। ਉਹ ਅਜੇ ਦਿੱਲੀ ਦੇ ਨੇੜੇ ਪੁਜ ਹੀ ਰਿਹਾ ਸੀ ਕਿ ਉਸ ਨੂੰ ਗੁਜਰਾਤ ਦੇ ਮੁਜ਼ੱਫਰਸ਼ਾਹ ਪਹਿਲੇ ਹੱਥੋਂ ਮਾਲਵੇ ਦੇ ਹੋਸ਼ੰਗ ਸ਼ਾਹ ਦੀ ਹਾਰ ਅਤੇ ਜੌਨਪੁਰ ਨੂੰ ਹਥਿਆਉਣ ਸਬੰਧੀ ਉਸ ਦੀਆਂ ਸਕੀਮਾਂ ਦੀ ਖ਼ਬਰ ਪੁਜੀ। ਸੰਭਲ ਅਤੇ ਬਾਰਨ ਦੇ ਨਵੇਂ ਜਿੱਤੇ ਇਲਾਕਿਆਂ ਨੂੰ ਉਥੇ ਹੀ ਛੱਡਦਾ ਹੋਇਆ ਇਬਰਾਹੀਮ ਪਿੱਛੇ ਹੱਟ ਗਿਆ। ਸੰਨ 1440 ਵਿਚ ਇਬਰਾਹੀਮ ਦੀ ਮੌਤ ਉਪਰੰਤ ਉਸ ਦਾ ਪੁੱਤਰ ਮਹਿਮੂਦ ਗੱਦੀ ਉੱਤੇ ਬੈਠਾ।

ਸੰਨ 1444 ਵਿਚ ਮਾਲਵੇ ਦੇ ਬਾਦਸ਼ਾਹ ਦੇ ਸੱਦੇ ਤੇ ਮਹਿਮੂਦ ਨੇ ਕਾਲਖੀ ਉੱਤੇ ਹਮਲਾ ਕੀਤਾ। ਇਸ ਪਿੱਛੋਂ ਚੁਨਾਰ ਨੂੰ ਲੁੱਟਿਆ ਅਤੇ ਬਿਹਾਰ ਨੂੰ ਤਬਾਹ ਕੀਤਾ। ਸੰਨ 1452 ਵਿਚ ਮਹਿਮੂਦ ਨੇ ਬਹਿਲੋਲ ਲੋਧੀ ਦੀ ਗੈਰ ਹਾਜ਼ਰੀ ਵਿਚ ਦਿੱਲੀ ਤੇ ਚੜ੍ਹਾਈ ਕੀਤੀ। ਮਹਿਮੂਦ ਦੀ ਮੌਤ (1459) ਉਪਰੰਤ ਉਸ ਦਾ ਵੱਡਾ ਲੜਕਾ ਗੱਦੀ ਉੱਤੇ ਬੈਠਾ ਪਰ ਕੁਝ ਮਹੀਨਿਆਂ ਪਿੱਛੋਂ ਹੀ ਮਰਵਾ ਦਿੱਤਾ ਗਿਆ। ਇਸ ਪਿੱਛੋਂ ਮਹਿਮੂਦ ਦਾ ਦੂਜਾ ਪੁੱਤਰ ਹੁਸੈਨ ਸ਼ਾਹ ਗੱਦੀ ਤੇ ਬੈਠਾ। ਸੰਨ 1480 ਵਿਚ ਹੁਸੈਨ ਨੂੰ ਕੇਂਦਰੀ ਦੁਆਬ ਵਿਚ ਦੋ ਵਾਰ ਹਾਰ ਖਾਣੀ ਪਈ ਅਤੇ ਜੌਨਪੁਰ ਦਾ ਪਤਨ ਆ ਗਿਆ। ਹੁਸੈਨ ਨੇ ਕੁਝ ਹੋਰਨਾਂ ਪਾਸਿਆਂ ਵੱਲ ਵੀ ਲੜਾਈਆਂ ਜਾਰੀ ਰੱਖੀਆਂ ਅਤੇ 1487 ਵਿਚ ਜੌਨਪੁਰ ਫਿਰ ਕੁਝ ਸਮੇਂ ਲਈ ਹੁਸੈਨ ਅਧੀਨ ਆ ਗਿਆ ਪਰ ਛੇਤੀ ਹੀ ਉਸ ਨੂੰ ਉਥੋਂ ਭਜਾ ਦਿੱਤਾ ਗਿਆ ਅਤੇ ਬਹਿਲੋਲ ਦਾ ਪੁੱਤਰ ਬਰਬਕ ਸ਼ਾਹ ਸੂਬੇਦਾਰ ਬਣਿਆ। ਲੋਧੀ ਬੰਸ ਦੇ ਅਖ਼ੀਰਲੇ ਸ਼ਾਸਕ (ਇਬਰਾਹੀਮ ਲੋਧੀ) ਦੀ ਜਦੋਂ 1526 ਵਿਚ ਪਾਨੀਪਤ ਦੇ ਮੈਦਾਨ ਵਿਚ ਹਾਰ ਹੋਈ ਤਾਂ ਬਿਹਾਰ ਅਤੇ ਜੌਨਪੁਰ ਦੇ ਸੂਬੇਦਾਰ ਬਹਾਦਰ ਖ਼ਾਨ ਨੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ। ਮੁਗਲਾਂ ਦੇ ਰਾਜ ਕਾਲ ਵੇਲੇ ਜੌਨਪੁਰ ਅਕਬਰ ਦੇ ਇਕ ਜਰਨੈਲ ਅਧੀਨ ਚਲਾ ਗਿਆ ਅਤੇ ਮੁਗਲ ਰਾਜ ਦੇ ਪਤਨ ਤੱਕ ਮੁਗਲਾਂ ਅਧੀਨ ਹੀ ਰਿਹਾ। ਸੰਨ 1575 ਵਿਚ ਮੁਗਲ ਸਾਮਰਾਜ ਦੇ ਪੁਨਰ ਗਠਨ ਵੇਲੇ ਜੌਨਪੁਰ ਅਲਾਹਾਬਾਦ ਪ੍ਰਾਂਤ ਦੀ ਰਾਜਧਾਨੀ ਬਣ ਗਿਆ। ਸੰਨ 1722 ਵਿਚ ਅਵਧ ਦੇ ਨਵਾਬ ਦੇ ਹੱਥਾਂ ਵਿਚ ਜਾਣ ਤੱਕ ਇਸ ਜ਼ਿਲ੍ਹੇ ਵਿਚ ਕੋਈ ਅਹਿਮ ਘਟਨਾ ਨਾ ਵਾਪਰੀ। ਕੁਝ ਸਾਲਾਂ ਮਗਰੋਂ ਇਹ ਜ਼ਿਲ੍ਹਾ ਬਨਾਰਸ ਜਾਗੀਰ ਦੇ ਬਾਨੀ ਮਨਸਾ ਰਾਮ ਨੂੰ ਬਖਸ਼ ਦਿੱਤਾ ਗਿਆ ਅਤੇ ਜੌਨਪੁਰ ਦੇ ਕਿਲ੍ਹੇ ਤੋਂ ਇਲਾਵਾ ਇਹ ਜਾਗੀਰ ਉਸ ਦੇ ਕਬਜ਼ੇ ਵਿਚ ਹੀ ਰਹੀ। ਸੰਨ 1775

ਵਿਚ ਬਨਾਰਸ ਦੇ ਬਾਕੀ ਪ੍ਰਾਂਤ ਦੇ ਨਾਲ ਹੀ ਇਹ ਜ਼ਿਲ੍ਹਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ।

ਸੰਨ 1857 ਦੇ ਗਦਰ ਛਿੜਨ ਤੋਂ ਪਹਿਲਾਂ ਇਥੇ ਕੋਈ ਮਹੱਤਵਪੂਰਨ ਘਟਨਾ ਨਹੀਂ ਸੀ ਵਾਪਰੀ ਪਰ ਜਦੋਂ 5 ਜੂਨ 1857 ਨੂੰ ਬਨਾਰਸ ਵਿਦਰੋਹ ਦੀ ਖ਼ਬਰ ਜੌਨਪੁਰ ਪੁੱਜੀ ਤਾਂ ਸਰਕਾਰੀ ਖ਼ਜਾਨੇ ਤੇ ਪਹਿਰਾ ਦੇ ਰਹੀ ਗਾਰਦ ਨੇ ਤੁਰੰਤ ਵਿਦਰੋਹ ਖੜ੍ਹਾ ਕਰ ਦਿੱਤਾ ਅਤੇ ਕਈ ਅਫ਼ਸਰਾਂ ਨੂੰ ਮਾਰ ਦਿੱਤਾ। 8 ਸਤੰਬਰ, 1857 ਤੱਕ ਇਸ ਜ਼ਿਲ੍ਹੇ ਵਿਚ ਅਸ਼ਾਂਤੀ ਹੀ ਰਹੀ। ਨਵੰਬਰ 1857 ਵਿਚ ਮਹਿੰਦੀ ਹਸਨ (ਜਿਹੜਾ ਆਪਣੇ ਆਪ ਨੂੰ ਜੌਨਪੁਰ ਦਾ ਨਵਾਬ ਕਹਾਉਂਦਾ ਸੀ) ਦੇ ਭਾਰੇ ਕਰ ਲਾਉਣ ਕਾਰਨ ਆਲੇ ਦੁਆਲੇ ਦਾ ਹੋਰ ਇਲਾਕਾ ਖੁੱਸ ਗਿਆ। ਮਈ 1858 ਵਿਚ ਜੁੜੀ ਸਿੰਘ ਨਾਂ ਦੇ ਇਕ ਵਿਦਰੋਹੀ ਨੇਤਾ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਖੜ੍ਹਾ ਕੀਤਾ ਪਰ ਇਹ ਵਿਦਰੋਹ ਵੀ ਦਬਾ ਦਿੱਤਾ ਗਿਆ।

ਇਸ ਜ਼ਿਲ੍ਹੇ ਦੇ ਲੋਕਾਂ ਦਾ ਮੁੱਖ ਪੇਸ਼ਾ ਖੇਤੀਬਾੜੀ ਹੈ। ਚੌਲ, ਮੱਕੀ, ਜੌਂ ਅਤੇ ਗੰਨਾ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਸ਼ਾਹ ਗੰਜ ਦੇ ਸਥਾਨ ਤੇ ਇਕ ਖੰਡ ਦਾ ਕਾਰਖ਼ਾਨਾ ਸਥਾਪਿਤ ਹੈ। ਜ਼ਿਲ੍ਹੇ ਵਿਚ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ।

ਜੌਨਪੁਰ ਵਿਖੇ ਬਣਾਈਆਂ ਗਈਆਂ ਸ਼ਰਕੀ ਬਾਦਸ਼ਾਹਾਂ ਦੀਆਂ ਆਲੀਸ਼ਾਨ ਇਮਾਰਤਾਂ ਅਤੇ ਜ਼ਫ਼ਰਾਬਾਦ ਦੀਆਂ ਪੁਰਾਣੀਆਂ ਇਮਾਰਤਾਂ ਅੰਸ਼ਿਕ ਰੂਪ ਵਿਚ ਹਿੰਦੂ ਮੰਦਰਾਂ ਅਤੇ ਖੰਡਰਾਂ ਤੋਂ ਤਿਆਰ ਕੀਤੀਆਂ ਗਈਆਂ ਸਨ। ਇਮਾਰਤਾਂ ਦੇ ਕੁਝ ਸ਼ਿਲਾਲੇਖ ਅਜੇ ਵੀ ਮੌਜੂਦ ਹਨ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਵਿਚੋਂ ਹੀ ਕਨੌਜ ਦੇ ਬਾਦਸ਼ਾਹ ਗੋਬਿੰਦ ਚੰਦ ਦੀ ਇਕ ਤਾਂਬਾ-ਤਖ਼ਤੀ ਸਨਦ ਮਿਲੀ ਹੈ।

ਹ. ਪੁ. -ਇੰਪ. ਗ. ਇੰਡ. 14: 73

**ਜੌਨਪੁਰ** : ਸ਼ਹਿਰ—ਉੱਤਰੀ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਅਤੇ ਤਹਿਸੀਲ ਦਾ ਸਦਰ-ਮੁਕਾਮ ਹੈ ਜੋ ਕਲਕੱਤੇ ਤੋਂ 830 ਕਿ. ਮੀ. (510 ਮੀਲ) ਅਤੇ ਬੰਬਈ ਤੋਂ 1,557 ਕਿ. ਮੀ. (977 ਮੀਲ) ਦੇ ਫ਼ਾਸਲੇ ਤੇ ਗੋਮਤੀ ਨਦੀ ਦੇ ਕੰਢੇ ਉੱਤੇ ਸਥਿਤ ਹੈ। ਅਲਾਹਾਬਾਦ, ਫ਼ੈਜ਼ਾਬਾਦ, ਆਜ਼ਮਗੜ੍ਹ, ਬਨਾਰਸ ਅਤੇ ਮਿਰਜ਼ਾਪੁਰ ਸ਼ਹਿਰਾਂ ਵੱਲੋਂ ਜੌਨਪੁਰ ਵੱਲ ਨੂੰ ਪੱਕੀਆਂ ਸੜਕਾਂ ਆਉਂਦੀਆਂ ਹਨ।

ਜੌਨਪੁਰ ਨੂੰ ਜਵਾਨਪੁਰ ਵੀ ਕਿਹਾ ਜਾਂਦਾ ਹੈ ਅਤੇ ਕਦੇ ਕਦਾਈ ਜਮਾਨਪੁਰ ਕਿਹਾ ਜਾਂਦਾ ਹੈ। ਇਸ ਸ਼ਹਿਰ ਦੇ ਹੋਂਦ ਵਿਚ ਆਉਣ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਹਿੰਦੂਆਂ ਦਾ ਮੱਤ ਹੈ ਕਿ ਇਸ ਸ਼ਹਿਰ ਦਾ ਨਾਂ ਜਮਦਾਗਨੀ ਨਾਂ ਦੇ ਇਕ ਪ੍ਰਸਿੱਧ ਰਿਸ਼ੀ ਜਿਸਦੀ ਪਵਿੱਤਰ ਯਾਦ ਵਿਚ ਇਥੇ ਇਕ ਮੰਦਰ ਵੀ ਖੜਾ ਹੈ, ਦੇ ਨਾਂ ਉੱਤੇ ਪਿਆ ਹੈ। ਮੁਸਲਮਾਨਾਂ ਦਾ ਵਿਚਾਰ ਇਹ ਹੈ ਕਿ ਇਸ ਸ਼ਹਿਰ ਦਾ ਨਾਂ ਉਲਗ ਖ਼ਾਨ ਜੂਨਾ ਜਿਹੜਾ ਮਗਰੋਂ ਦਿੱਲੀ ਦੇ ਮੁਹੰਮਦ ਸ਼ਾਹ (ਦੂਜਾ) ਬਿਨ ਤੁਗ਼ਲਕ ਵਜੋਂ ਮਸ਼ਹੂਰ ਹੋਇਆ ਸੀ, ਦੇ ਨਾਂ ਪਿੱਛੇ ਪਿਆ ਹੈ। ਚੌਧਵੀਂ ਸਦੀ ਤੱਕ ਜੌਨਪੁਰ ਦੇ ਗੁਆਂਢ 'ਚ ਪੈਂਦਾ ਸ਼ਹਿਰ ਜ਼ਫ਼ਰਾਬਾਦ ਵਧੇਰੇ ਪ੍ਰਸਿੱਧੀ ਵਾਲਾ ਸ਼ਹਿਰ ਸੀ ਪਰ ਪ੍ਰਾਚੀਨ ਖੰਡਰਾਤ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਜੌਨਪੁਰ ਦੇ ਮੌਜੂਦਾ ਟਿਕਾਣੇ ਉੱਤੇ ਪਹਿਲਾਂ ਵੀ ਇਕ ਸ਼ਹਿਰ ਮੌਜੂਦ ਸੀ। ਕਰਾਰ ਬੀਰ ਨਾਂ ਦੇ ਇਕ ਬਹੁਤ ਵੱਡੇ ਦੈਂਤ ਜਿਸ ਨੂੰ ਅਯੁੱਧਿਆ ਦੇ ਬਾਦਸ਼ਾਹ ਰਾਮ ਨੇ ਖ਼ਤਮ ਕੀਤਾ ਸੀ, ਦੀ ਕਿਲੇ ਦੇ ਨੇੜੇ ਇਕ ਪਵਿੱਤਰ ਯਾਦਗਾਰ ਬਣੀ ਹੋਈ ਹੈ ਅਤੇ ਰਵਾਇਤ ਇਹ ਹੈ ਕਿ ਕਿਲਾ ਵੀ ਆਪਣੇ ਆਪ ਵਿਚ ਬਾਰ੍ਹਵੀਂ ਸਦੀ ਵਿਚ ਕਨੌਜ ਦੇ ਬਿਜੈ ਚੰਦ ਦੁਆਰਾ ਬਣਾਏ ਮੰਦਰ ਵਾਲੇ ਟਿਕਾਣੇ ਉੱਤੇ ਹੀ ਬਣਿਆ ਹੋਇਆ ਹੈ। ਸੰਨ 1359 ਵਿਚ ਬੰਗਾਲ ਵੱਲ ਨੂੰ ਜਾਂਦਿਆਂ ਬਾਦਸ਼ਾਹ ਫ਼ੀਰੋਜ਼ਸ਼ਾਹ ਤੁਗ਼ਲਕ ਨੇ ਵੀ ਜ਼ਫ਼ਰਾਬਾਦ ਵਿਖੇ ਪੜਾ ਕੀਤਾ ਸੀ ਅਤੇ ਉਹ ਇਸ ਦੇ ਆਲੇ ਦੁਆਲੇ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸਨੇ ਉਸੇ ਵਕਤ ਹੀ ਇਕ ਨਵੇਂ ਸ਼ਹਿਰ ਦੀ ਨੀਂਹ ਰੱਖ ਦਿੱਤੀ ਸੀ। ਕੁਝ ਸਾਲਾਂ ਉਪਰੰਤ ਜੌਨਪੁਰ ਇਕ ਸੂਬੇਦਾਰ ਦਾ ਸਦਰ- ਮੁਕਾਮ ਬਣ ਗਿਆ ਅਤੇ 1394 ਵਿਚ ਖਵਾਜਾ-ਇ-ਜਹਾਂ ਨਾਂ ਦਾ ਇਕ ਖੁਸਰਾ ਵਿਅਕਤੀ ਸੂਬੇਦਾਰ ਬਣਿਆ। ਛੇਤੀ ਹੀ ਪਿੱਛੋਂ ਉਸ ਨੇ ਆਪਣੇ ਆਪ ਨੂੰ ਇਕ ਆਜ਼ਾਦ ਹਾਕਮ ਐਲਾਨ ਕਰ ਦਿੱਤਾ ਅਤੇ ਲਗਭਗ ਇਕ ਸਦੀ ਤੱਕ ਉਸਦੇ ਉਤਰਾਧਿਕਾਰੀ ਵੀ ਇਸ ਘਟਦੇ-ਵਧਦੇ ਇਲਾਕੇ ਜਿਹੜਾ ਕਦੇ ਬਿਹਾਰ ਤੋਂ ਸੰਭਲ ਅਤੇ ਅਲੀਗੜ੍ਹ ਤੱਕ ਫੈਲਿਆ ਹੁੰਦਾ ਸੀ, ਉੱਤੇ ਵੀ ਰਾਜ ਕਰਦੇ ਰਹੇ ਅਤੇ ਇਥੋਂ ਤੱਕ ਕਿ ਉਨ੍ਹਾਂ ਨੇ ਦਿੱਲੀ ਤਖ਼ਤ ਦਾ ਵੀ ਨੱਕ ਵਿਚ ਦਮ ਕਰ ਛੱਡਿਆ ਸੀ। ਅਕਬਰ ਜਿਸ ਅਲਾਹਾਬਾਦ ਨੂੰ ਇਕ ਸੂਬੇ ਦੀ ਰਾਜਧਾਨੀ ਦਾ ਦਰਜਾ ਦਿੱਤਾ ਸੀ, ਦੁਆਰਾ ਸਾਰੀ ਸਲਤਨਤ ਦਾ ਪੁਨਰ-ਗਠਨ ਕਰਨ ਤੱਕ ਜੌਨਪੁਰ ਇਕ ਗਵਰਨਰ ਦਾ ਸਦਰ-ਮੁਕਾਮ ਹੀ ਰਿਹਾ।

ਇਸ ਤਾਰੀਖ ਤੋਂ ਜੌਨਪੁਰ ਦੀ ਪ੍ਰਸਿੱਧੀ ਘਟਣੀ ਸ਼ੁਰੂ ਹੋ ਗਈ ਪਰ ਮੁਸਲਿਮ ਗਿਆਨ ਦੇ ਕੇਂਦਰ (ਭਾਰਤ ਦਾ ਸ਼ਿਰਾਜ) ਵਜੋਂ ਇਸ ਦੀ ਪ੍ਰਸਿੱਧੀ ਪਹਿਲਾਂ ਵਾਲੀ ਹੀ ਰਹੀ। ਸੰਨ 1775 ਵਿਚ ਬਨਾਰਸ ਸੂਬੇ ਦੇ ਪ੍ਰਾਪਤ ਹੋ ਜਾਣ ਤੇ, ਜੌਨਪੁਰ ਵੀ ਇਕ ਅੰਗਰੇਜ਼ੀ ਇਲਾਕਾ ਬਣ ਗਿਆ ਅਤੇ ਬਨਾਰਸ ਵਿਖੇ ਨਿਯੁਕਤ ਕੀਤੇ ਗਏ ਰੈਜ਼ੀਡੈਂਟ ਦੇ ਮਾਤਹਿਤ, ਇਥੇ ਇਕ ਐਸਿਸਟੈਂਟ ਮੈਜਿਸਟ੍ਰੇਟ ਲਾ ਦਿੱਤਾ ਗਿਆ। ਸੰਨ 1795 ਵਿਚ ਇਥੇ ਜੱਜ ਮੈਜਿਸਟ੍ਰੇਟ ਨਿਯੁਕਤ ਕੀਤਾ ਗਿਆ। ਸੰਨ 1818 ਵਿਚ ਇਹ ਇਕ ਸਬ ਕੁਲੈਕਟਰ ਅਤੇ ਥੋੜ੍ਹਾ ਚਿਰ ਪਿੱਛੋਂ ਇਕ ਕੁਲੈਕਟਰ ਦਾ ਸਦਰ-ਮੁਕਾਮ ਬਣ ਗਿਆ। ਸੰਨ 1867 ਵਿਚ ਇਥੇ ਮਿਉਂਸਪਲਟੀ ਸਥਾਪਿਤ ਕੀਤੀ ਗਈ।

ਸ਼ਹਿਰ ਦਾ ਵਧੇਰੇ ਹਿੱਸਾ ਗੋਮਤੀ ਨਦੀ ਦੇ ਖੱਬੇ ਕੰਢੇ ਤੇ ਹੈ ਜਦੋਂ ਕਿ ਸ਼ਹਿਰ ਦੇ ਕੁਝ ਬਾਹਰਲੇ ਹਿੱਸੇ ਅਤੇ ਸਿਵਲ ਸਟੇਸ਼ਨ ਨਦੀ ਦੇ ਸੱਜੇ ਕੰਢੇ ਉੱਤੇ ਪੈਂਦਾ ਹੈ। ਇਸ ਨਦੀ ਦੇ ਉਪਰੋਂ ਦੀ ਸ਼ਹਿਨਸ਼ਾਹ ਅਕਬਰ ਦੇ ਮੁਨੀਮ ਖਾਂ ਨਾਂ ਦੇ ਇਕ ਸੂਬੇਦਾਰ ਦੁਆਰਾ ਬਹੁਤ ਵਧੀਆ ਪੱਥਰ ਦਾ ਬਣਾਇਆ ਪੁਲ ਲੰਘਦਾ ਹੈ। ਖ਼ਾਸ ਜੌਨਪੁਰ ਸ਼ਹਿਰ ਵਿਚ ਜੌਨਪੁਰ ਦੇ ਬਾਦਸ਼ਾਹਾਂ ਦੀਆਂ ਬਹੁਤ ਆਲੀਸ਼ਾਨ ਯਾਦਗਾਰਾਂ ਜਿਹੜੀਆਂ ਉੱਤਰੀ ਭਾਰਤ ਵਿਚ ਪਠਾਨ ਉਸਾਰੀ ਕਲਾ ਦੇ ਸਭ ਤੋਂ ਉੱਤਮ ਨਮੂਨੇ ਹਨ, ਮੌਜੂਦ ਹਨ। ਫ਼ੀਰੋਜ਼ਸ਼ਾਹ ਦੁਆਰਾ ਬਣਾਏ ਗਏ ਕਿਲੇ ਦਾ ਥੋੜ੍ਹਾ ਹਿੱਸਾ ਹੀ ਬਾਕੀ ਰਹਿ ਗਿਆ ਹੈ। ਇਹ ਗੋਮਤੀ ਨਦੀ ਦੇ ਉਪਰੋਂ ਦੀ ਦਿਸਦੀ ਇਕ ਉੱਘੜ ਦੁੱਘੜੀ ਆਇਤਾਕਾਰ ਇਮਾਰਤ ਹੁੰਦੀ ਸੀ ਅਤੇ ਮਿੱਟੀ ਦੇ ਬਣਾਏ ਇਕ ਬਣਾਵਟੀ ਟਿੱਲੇ ਦੇ ਦੁਆਲੇ ਬਣੀ ਹੋਈ ਪੱਥਰਾਂ ਦੀ ਕੰਧ ਨਾਲ ਘਿਰਿਆ ਹੋਇਆ ਹੁੰਦਾ ਸੀ। ਉਸਾਰੀ ਦਾ ਸਾਜ਼ੋ ਸਾਮਾਨ ਵਧੇਰੇ ਕਰਕੇ ਮੰਦਰਾਂ ਤੋਂ ਹੀ ਪ੍ਰਾਪਤ ਕੀਤਾ ਗਿਆ ਸੀ। ਸੰਨ 1859 ਵਿਚ ਕਿਲੇ ਦੇ ਬੁਰਜ ਅਤੇ ਕਿਲੇ ਅੰਦਰਲੀਆਂ ਬਹੁਤ ਸਾਰੀਆਂ ਇਮਾਰਤਾਂ ਢਾਹ ਦਿੱਤੀਆਂ ਗਈਆਂ। ਸੋਲ੍ਹਵੀਂ ਸਦੀ ਦਾ ਬਣਿਆ ਇਕ ਸ਼ਾਨਦਾਰ ਮੁੱਖ ਦੁਆਰ, 1376 ਦੀ ਬਣਾਈ ਇਕ ਛੋਟੀ ਜਿਹੀ ਮਸਜਿਦ ਅਤੇ ਇਬਰਾਹੀਮ ਸ਼ਾਹ ਦੁਆਰਾ ਬਣਾਏ ਖੁਲ੍ਹੇ ਤੁਰਕੀ ਇਸ਼ਨਾਨ ਘਰ ਹੀ ਕੇਵਲ ਮੁਕੰਮਲ ਰੂਪ ਵਿਚ ਬਣੇ ਹੋਏ ਹਨ। ਅਟਾਲਾ ਮਸਜਿਦ ਜਿਹੜੀ ਇਬਰਾਹੀਮ ਸ਼ਾਹ ਦੁਆਰਾ ਉਸਾਰੀ ਗਈ ਸੀ ਅਤੇ 1408 ਵਿਚ ਮੁਕੰਮਲ ਹੋਈ ਸੀ, ਇਥੋਂ ਦੀ ਸਭ ਤੋਂ ਪੁਰਾਣੀ ਮਸਜਿਦ ਹੈ। ਇਸ ਤੋਂ ਇਲਾਵਾ ਇਥੇ ਦਰੀਬਾ ਮਸਜਿਦ, ਲਾਲ ਦਰਵਾਜ਼ਾ ਮਸਜਿਦ ਅਤੇ ਜਾਮਾ ਮਸਜਿਦ ਜਾਂ ਹੁਸੈਨ ਸ਼ਾਹ ਦੀ ਵਿਸ਼ਾਲ ਮਸਜਿਦ (1438) ਮੌਜੂਦ ਹਨ।

ਇਹ ਇਕ ਪ੍ਰਸਿੱਧ ਮੰਡੀ ਹੈ। ਅਤਰ ਇਥੋਂ ਦੀ ਮੁੱਖ ਜ਼ਰਾਇਤੀ ਉਪਜ ਹੈ। ਗੋਰਖਪੁਰ ਯੂਨੀਵਰਸਿਟੀ ਨਾਲ ਸਬੰਧਤ ਇਥੇ ਦੋ ਕਾਲਜ ਹਨ।

ਆਬਾਦੀ–1,36,062 (1991)

25° 45′ ਉ. ਵਿਥ.; 82° 42′ ਪੂ. ਲੰਬ.

ਹ. ਪੁ. -ਇੰਪ. ਗ. ਇੰਡ. 14:82; ਐਨ. ਬ੍ਰਿ. ਮਾ. 5: 529

**ਜੌਬਜ਼ ਟੀਅਰਜ਼** :ਇਹ ਘਾਹ ਦੀ ਇਕ ਵਿਸ਼ੇਸ਼ ਕਿਸਮ ਹੈ ਜਿਸਦਾ ਵਿਗਿਆਨਿਕ ਨਾਂ ਕੋਇਕਸ ਲੈਕ੍ਰੀਮਾ ਜੋਬਾਈ (Coix LacrymaJobi) ਹੈ ਅਤੇ ਇਹ ਮੇਡੀ (Maydeae) ਕੁਲ ਨਾਲ ਸਬੰਧਤ ਹੈ ਜਿਸ ਵਿਚ ਮੱਕੀ ਆਦਿ ਵੀ ਗਿਣੇ ਜਾਂਦੇ ਹਨ। ਇਸ ਕਿਸਮ ਦੇ ਘਾਹ ਦੇ ਬੀਜ ਇਕ ਸਖ਼ਤ ਬ੍ਰੈਕਟ ਸਮੂਹ ਵਿਚ ਇਕੱਠੇ ਬੰਦ ਹੁੰਦੇ ਹਨ। ਇਹ ਸਖ਼ਤ ਬ੍ਰੈਕਟ ਜਦ ਤੱਕ ਬੀਜ ਪੁੰਗਰਨ ਨਾ, ਖੁਲ੍ਹਦੀ ਨਹੀਂ। ਨਰਮ ਜਾਂ ਕੱਚੀ ਬ੍ਰੈਕਟ ਮਾਦਾ ਫੁੱਲ ਨੂੰ ਘੇਰੀ ਰੱਖਦੀ ਹੈ ਅਤੇ ਡੰਡੀ (Stalk) ਨਰ ਫੁੱਲਾਂ ਦੀ ਸਪਾਈਕ ਨੂੰ ਸਹਾਰਾ ਦਿੰਦੀ ਹੈ। ਜਦੋਂ ਇਹ ਬ੍ਰੈਕਟ ਪੱਕ ਜਾਂਦੀ ਹੈ ਤਾਂ ਨੀਲੀ ਚਿੱਟੀ ਪੋਰਸਲੀਨ ਵਾਂਗ ਭਾਹ ਮਾਰਦੀ ਹੈ। ਆਪਣੀ ਅਥਰੂ ਵਰਗੀ ਬਣਤਰ ਅਤੇ ਦਿਖ ਕਾਰਨ ਇਨ੍ਹਾਂ ਫ਼ਲਾਂ ਨੇ ਇਹ ਨਾਂ ਅਪਣਾਇਆ। ਇਹ ਫ਼ਲ ਖਾਣ ਯੋਗ ਹੁੰਦੇ ਹਨ ਅਤੇ ਇਨ੍ਹਾਂ ਤੋਂ ਗਲ ਵਿਚ ਪਾਉਣ ਲਈ ਮਾਲਾ ਜਾਂ ਹੋਰ ਗਹਿਣੇ ਵੀ ਬਣਾਏ ਜਾਂਦੇ ਹਨ। ਘਾਹ ਦੀ ਇਹ ਕਿਸਮ ਭਾਰਤ ਵਿਚ ਵੀ ਕਾਫ਼ੀ ਉਪਲਬਧ ਹੈ। ਇਹ ਜ਼ਿਆਦਾਤਰ ਦਲਦਲ ਵਾਲੇ ਇਲਾਕਿਆਂ ਵਿਚ ਉੱਗਦੀ ਹੈ ਅਤੇ ਚੀਨ ਵਿਚ ਵੀ ਜਾਂਦੀ ਹੈ। ਇਸ ਘਾਹ ਦੇ ਫ਼ਲਾਂ ਦੀ ਦਵਾਈ ਪੱਖੋਂ ਵੀ ਕਾਫ਼ੀ ਮਹੱਤਤਾ ਹੈ। ਪੂਰਬੀ ਏਸ਼ੀਆ ਅਤੇ ਫ਼ਿਲਪੀਨ ਵਿਚ ਇਸਨੂੰ ਖਾਧ ਪਦਾਰਥ ਵਜੋਂ ਵਰਤਿਆ ਜਾਂਦਾ ਹੈ ਅਤੇ ਐਡਲੇ ਨਾਂ ਨਾਲ ਜਾਣਿਆ ਜਾਂਦਾ ਹੈ।

ਹ. ਪੁ. -ਐਨ. ਬ੍ਰਿ. 13: 12

**ਜੌਬੀ** : ਇਹ ਨਿਊ ਗਿਨੀ ਦੇ ਉੱਤਰੀ ਹਿੱਸੇ ਵੱਲ ਕਲਵਿੰਕ ਦੀ ਵੱਡੀ ਖਾੜੀ ਵਿਚ ਸਥਿਤ ਲੰਬਾ ਅਤੇ ਤੰਗ ਜਿਹਾ ਇਕ ਦੀਪ ਹੈ ਜੋ ਪੂਰਬ ਤੋਂ ਪੱਛਮ ਦਿਸ਼ਾ ਵਿਚ ਉੱਚੀ ਭੂਮੀ ਉੱਤੇ 135 ਕਿ. ਮੀ. ਵਿਚ ਫੈਲਿਆ ਹੋਇਆ ਹੈ। ਇਸ ਦਾ ਇਹ ਨਾਉਂ ਯੂਰਪੀ ਜਹਾਜ਼ਰਾਨਾਂ ਨੇ ਰੱਖਿਆ ਸੀ। ਇਥੇ ਹਬਸ਼ੀ ਲੋਕ ਰਹਿੰਦੇ ਹਨ। ਸ਼ਾਂਤ ਮਹਾਂ ਸਾਗਰ ਦੇ ਹੋਰ ਨਿੱਕੇ ਤੋਂ ਨਿੱਕੇ ਦੀਪਾਂ ਦੇ ਮੁਕਾਬਲੇ ਇਸੇ ਦੀਪ ਬਾਰੇ ਹਾਲੇ ਤੱਕ ਬਹੁਤ ਘੱਟ ਜਾਣਕਾਰੀ ਮਿਲੀ ਹੈ।

ਹ. ਪੁ. -ਏ. ਡਿਸਕ੍ਰਿਪਟਿਵ ਡਿਕਸ਼ਨਰੀ ਆਫ਼ ਇੰਡੀਅਨ ਆਈਲੈਂਡਜ਼ ਐਂਡ ਐਡਜੇਸੈਂਟ ਕੰਟਰੀਜ਼ : 192

**ਜੌੜਾ** : ਰਿਆਸਤ—ਮੱਧ ਭਾਰਤ ਵਿਚ ਅੰਗਰੇਜ਼ੀ ਰਾਜ ਕਾਲ ਵੇਲੇ ਮਾਲਵਾ ਏਜੰਸੀ ਦੀ ਇਕ ਸਾਬਕਾ ਰਿਆਸਤ ਸੀ। ਇਸ ਵੇਲੇ ਇਹ ਭਾਰਤ ਦੇ ਮੱਧ ਪ੍ਰਦੇਸ਼ ਨਾਂ ਦੇ ਰਾਜ ਦਾ ਹਿੱਸਾ ਹੈ। ਰਿਆਸਤ ਦਾ ਕੁੱਲ ਰਕਬਾ 1,454 ਵ. ਕਿ. ਮੀ. (568 ਵ. ਮੀਲ) ਹੁੰਦਾ ਸੀ। ਰਿਆਸਤ ਦੇ ਇਲਾਕੇ ਕਈ ਛੋਟੇ-ਛੋਟੇ ਹਿੱਸਿਆਂ ਵਿਚ ਵੰਡੇ ਹੋਏ ਸਨ। ਇਹ ਏਜੰਸੀ ਦੀਆਂ ਇੰਦੌਰ, ਗਵਾਲੀਅਰ, ਰਤਲਾਮ ਰਿਆਸਤਾਂ ਦੇ ਹਿੱਸਿਆਂ, ਰਾਜਪੂਤਾਨੇ ਦੀ ਪ੍ਰਤਾਬਗੜ੍ਹ ਨਾਂ ਦੀ ਰਿਆਸਤ ਅਤੇ ਪਿਪਲੋਡਾ ਦੇ ਠਾਕੁਰਾਂ ਦੇ ਇਲਾਕੇ ਦੁਆਰਾ ਘਿਰੀ ਹੁੰਦੀ ਸੀ। ਇਸ ਰਿਆਸਤ ਦਾ ਨਾਂ ਇਸੇ ਹੀ ਨਾਂ ਦੇ ਕਸਬੇ ਪਿੱਛੇ ਪਿਆ ਹੈ ਅਤੇ ਉਹੀ ਕਸਬਾ ਹੀ ਇਥੋਂ ਦਾ ਸਦਰ-ਮੁਕਾਮ ਹੁੰਦਾ ਸੀ। ਇਹ ਸ਼ਾਰੀ ਦੀ ਸਾਰੀ ਰਿਆਸਤ ਮਾਲਵਾ ਉੱਚ ਭੂਮੀਆਂ ਵਿਚ ਪੈਂਦੀ ਸੀ। ਚੰਬਲ ਅਤੇ ਸਿਪਰਾ ਇਸ ਰਿਆਸਤ ਦੇ ਦੋ ਮੁੱਖ ਦਰਿਆ ਹੁੰਦੇ ਸਨ।

ਜੌੜਾ ਰਿਆਸਤ ਦਾ ਇਤਿਹਾਸ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ। ਗਫ਼ੂਰ ਖ਼ਾਨਦਾਨਾਂ ਦਾ ਇਕ ਵਿਅਕਤੀ ਤਾਜ਼ੀਕ ਖੇਲ ਦਾ ਇਕ ਅਫ਼ਗਾਨ ਸੀ ਅਤੇ ਉਹ ਸਵਾਤ ਤੋਂ ਆਇਆ ਸੀ। ਸ਼ੁਰੂ ਵਿਚ ਉਸ ਦਾ ਪੜਦਾਦਾ ਅਬਦੁਲ ਮਜੀਦ ਖ਼ਾਨ ਅਮੀਰ ਬਣਨ ਦੀ ਆਸ ਵਿਚ ਭਾਰਤ ਵਿਚ ਆਇਆ ਸੀ ਅਤੇ ਉਸਦੇ ਦੋ ਪੁੱਤਰ ਅਬਦੁਲ ਹਮੀਦ ਅਤੇ ਅਬਦੁਰ ਰਾਸ ਨੇ ਗ਼ੁਲਾਮ ਕਾਦਰ ਖ਼ਾਨ ਦੀ ਨੌਕਰੀ ਕਰ ਲਈ। ਗ਼ੁਲਾਮ ਕਾਦਰ ਖ਼ਾਨ ਇਕ ਬਹੁਤ ਬਦਨਾਮ ਵਿਅਕਤੀ ਸੀ ਜਿਸ ਨੇ 1788 ਵਿਚ ਬੁੱਢੇ ਸ਼ਹਿਨਸ਼ਾਹ ਸ਼ਾਹ ਆਲਮ ਨੂੰ ਅੰਨ੍ਹਾ ਕਰ ਦਿੱਤਾ ਸੀ। ਮਗਰੋਂ ਕਾਦਰ ਖਾਂ ਦਾ ਕਤਲ ਕਰ ਦਿੱਤਾ ਗਿਆ, ਗਫ਼ੂਰ ਖਾਂ ਨੇ ਜੋਧਪੁਰ ਦਰਬਾਰ ਦੇ ਇਕ ਉੱਚ ਅਧਿਕਾਰੀ ਅਯਾਜ ਖ਼ਾਨ ਦੀ ਲੜਕੀ ਨਾਲ ਸ਼ਾਦੀ ਕਰ ਲਈ। ਉਸ ਵੇਲੇ ਜੋਧਪੁਰ ਅਤੇ ਜੈਪੁਰ ਦੇ ਸਰਦਾਰਾਂ ਵਿਚ ਉਦੇਪੁਰ ਦੀ ਸ਼ਹਿਜਾਦੀ ਕਰਿਸ਼ਨਾ ਨਾਲ ਵਿਆਹ ਸਬੰਧੀ ਖੜੇ ਹੋਏ ਝਗੜੇ ਨੂੰ ਨਿਪਟਾਉਣ ਵਿਚ ਅਮੀਰ ਖ਼ਾਨ ਨਾਂ ਦੇ ਧਾੜਵੀ ਦੀ ਸਹਾਇਤਾ ਕੀਤੀ। ਅਮੀਰ ਖ਼ਾਨ ਨਾਲ ਇਸ ਤਰ੍ਹਾਂ ਸ਼ੁਰੂ ਹੋਈ ਦੋਸਤੀ ਦੇ ਨਤੀਜੇ ਵਜੋਂ ਅਯਾਜ਼ ਖ਼ਾਨ ਨੇ ਆਪਣੀ ਛੋਟੀ ਲੜਕੀ ਦੀ ਸ਼ਾਦੀ ਅਮੀਰ ਖ਼ਾਨ ਨਾਲ ਕਰ ਦਿੱਤੀ ਅਤੇ ਮਗਰੋਂ ਅਮੀਰ ਖ਼ਾਨ ਨੇ ਗਫ਼ੂਰ ਖ਼ਾਨ ਨੂੰ ਆਪਣੇ ਅਧੀਨ ਆਪਣਾ ਗੁਪਤ ਕਾਰਿੰਦਾ ਨਿਯੁਕਤ ਕਰ ਦਿੱਤਾ ਅਤੇ ਜਦੋਂ ਕਦੇ ਆਪ ਦੂਰ ਦੀਆਂ ਮੁਹਿੰਮਾਂ ਤੇ ਗਿਆ ਹੁੰਦਾ ਸੀ ਤਾਂ ਉਸ ਵੇਲੇ ਹੋਲਕਰ ਦੇ ਦਰਬਾਰ ਵਿਚ ਗਫ਼ੂਰ ਖ਼ਾਨ ਉਸਦਾ (ਅਮੀਰ ਖ਼ਾਨ) ਪ੍ਰਤਿਨਿਧ ਹੁੰਦਾ ਸੀ। ਮਹਿਦੀਪੁਰ ਦੀ ਲੜਾਈ (21 ਦਸੰਬਰ, 1817) ਪਿੱਛੋਂ ਹੋਲਕਰ ਨੂੰ ਸ਼ਰਤਾਂ ਤੈਅ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਨਾਲ ਹੀ ਮੰਡਸਰ ਦੀ ਸੰਧੀ ਕਰਨੀ ਪਈ। ਸੰਧੀ ਦੇ ਅਨੁਛੇਦ 12 ਅਨੁਸਾਰ ਇਸ ਗੱਲ ਦੀ ਸਹਿਮਤੀ ਕੀਤੀ ਗਈ ਕਿ ਨਵਾਬ ਗ਼ਫ਼ੂਰ ਖ਼ਾਨ ਦਾ ਸਨਜੀਤ ਮਲਹਾਰਗੜ੍ਹ, ਟਾਲ, ਜੌੜਾ ਅਤੇ ਬੜੌਦਾ ਦਾ ਕਬਜ਼ਾ ਪੱਕਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਪਿਪਲੋਡਾ ਤੋਂ ਖਰਾਜ ਲੈਣ ਦਾ ਅਧਿਕਾਰ ਦਿੱਤਾ ਜਾਂਦਾ ਹੈ। ਉਸੇ ਮੌਕੇ ਨਵਾਬ ਤੇ ਇਹ ਸ਼ਰਤ ਲਾਈ ਗਈ ਕਿ ਉਹ 500 ਘੋੜੇ ਅਤੇ 5090 ਪੈਦਲ ਅਤੇ 4 ਤੋਪਾਂ ਅੰਗਰੇਜ਼ ਸਰਕਾਰ ਦੀ ਸਹਾਇਤਾ ਲਈ ਪੇਸ਼ ਕਰੇਗਾ ਪਰ ਮਗਰੋਂ ਇਹ ਸ਼ਰਤ ਨਕਦੀ ਦੇ ਰੂਪ ਵਿਚ ਅਦਾ ਕਰਨ ਵਿਚ ਬਦਲ ਦਿੱਤੀ ਗਈ। ਅਮੀਰ ਖ਼ਾਨ ਨੇ ਇਸ ਧਾਰਾ ਦੀ ਵਿਰੋਧਤਾ ਇਸ ਗੱਲ ਤੇ ਕੀਤੀ ਕਿ ਗਫ਼ੂਰ ਖ਼ਾਨ ਇਨ੍ਹਾਂ ਜ਼ਿਲ੍ਹਿਆਂ ਤੇ ਕੰਟਰੋਲ ਉਸਦੇ ਇਕ ਏਜੰਟ ਵਜੋਂ ਰੱਖ ਰਿਹਾ ਹੈ ਪਰ ਉਸਦਾ ਇਹ ਦਾਅਵਾ ਠੁਕਰਾ ਦਿੱਤਾ ਗਿਆ।

ਸੰਨ 1821 ਵਿਚ ਨਵਾਬ ਦੇ ਅਤੇ ਮਲਹਾਰਗੜ੍ਹ ਦੇ ਠਾਕੁਰ ਵਿਚਕਾਰ ਸੁਲ੍ਹਾ ਲਈ ਕੁਝ ਇਕਰਾਰਨਾਮੇ ਕੀਤੇ ਗਏ। ਮਲਹਾਰਗੜ੍ਹ ਦੇ ਠਾਕੁਰਾਂ ਨੇ ਖਿਰਾਜ ਦੇਣ ਵਾਲੇ ਜਾਗੀਰਦਾਰ ਹੋਣ ਦਾ ਦਾਅਵਾ ਕੀਤਾ ਪਰ ਫੈਸਲਾ ਇਹ ਹੋਇਆ ਕਿ ਠਾਕੁਰ ਤਾਂ ਕੇਵਲ ਗਰੰਟੀ ਸ਼ੁਦਾ ਪਟੇਦਾਰ ਹੀ ਹਨ।

ਸੰਨ 1825 ਵਿਚ ਗਫ਼ੂਰ ਖ਼ਾਨ ਦੀ ਮੌਤ ਹੋ ਗਈ ਅਤੇ ਉਸ ਦੇ ਪਿੱਛੇ ਉਸਦਾ ਨਾਬਾਲਗ ਪੁੱਤਰ ਗੌਸ ਮੁਹੰਮਦ ਖ਼ਾਨ (1825-65) ਹੀ ਰਹਿ ਗਿਆ। ਉਸ ਨੂੰ ਗੱਦੀ ਤੇ ਬੈਠਾ ਦਿੱਤਾ ਗਿਆ ਅਤੇ ਉਸ ਨੂੰ 2 ਲੱਖ ਨਜ਼ਰਾਨੇ ਵਜੋਂ ਹੋਲਕਰ ਨੂੰ ਅਦਾ ਕਰਨ ਲਈ ਕਿਹਾ ਗਿਆ। ਰਿਆਸਤ ਦਾ ਸਾਰਾ ਰਾਜ ਪ੍ਰਬੰਧ ਸੁਰਗਵਾਸੀ ਨਵਾਬ ਦੀ ਵਿਧਵਾ ਨੂੰ ਸੌਂਪ ਦਿੱਤਾ ਗਿਆ ਪਰ ਦੋ ਸਾਲਾਂ ਮਗਰੋਂ ਹੀ ਬਦਇੰਤਜ਼ਾਮੀ ਕਾਰਨ ਉਸ ਕੋਲੋਂ ਰਾਜ ਪ੍ਰਬੰਧ ਦਾ ਕੰਟਰੋਲ ਵਾਪਸ ਲੈ ਲਿਆ ਗਿਆ। ਸੰਨ 1842 ਵਿਚ ਗੌਸ ਮੁਹੰਮਦ ਖ਼ਾਨ ਨੂੰ ਪ੍ਰਬੰਧਕੀ ਇਖਤਿਆਰ ਦੇ ਦਿੱਤੇ ਗਏ। ਉਸੇ ਸਾਲ ਹੀ ਸੰਧੀ ਅਧੀਨ ਰੱਖੀਆਂ ਜਾਣ ਵਾਲੀਆਂ ਫ਼ੌਜਾਂ ਦੇ ਬਦਲੇ ਵਿਚ ਇਕ ਲੱਖ ਸੱਠ ਹਜ਼ਾਰ ਦੀ ਮੁਦਰਾ ਅਦਾਇਗੀ ਪਰਵਾਨ ਕਰ ਲਈ ਗਈ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ (ਗਦਰ) ਦੌਰਾਨ ਅੰਗਰੇਜ਼ਾਂ ਪ੍ਰਤਿ ਨਿਭਾਈ ਵਫਾਦਾਰੀ ਦੌਰਾਨ ਇਹ ਰਕਮ

1859 ਵਿਚ ਘਟਾ ਕੇ ਇਕ ਲੱਖ ਚਾਲੀ ਹਜ਼ਾਰ ਕਰ ਦਿੱਤੀ ਗਈ। ਤਿੰਨ ਸਾਲਾਂ ਪਿੱਛੋਂ ਇਕ ਸਨਦ ਮਨਜ਼ੂਰੀ ਲਈ ਗਈ ਜਿਸ ਵਿਚ ਜਾਨਸ਼ੀਨੀ ਨੂੰ ਮੁਸਲਿਮ ਕਾਨੂੰਨ ਦੇ ਅਨੁਸਾਰ ਕਰਨ ਦੀ ਜ਼ਿਮੇਵਾਰੀ ਲਈ ਗਈ। ਸੰਨ 1865 ਵਿਚ ਗੌਸ ਮੁਹੰਮਦ ਦੀ ਮੌਤ ਹੋ ਗਈ ਅਤੇ ਪਿੱਛੇ ਗਿਆਰਾਂ ਸਾਲਾਂ ਦਾ ਪੁੱਤਰ ਮੁਹੰਮਦ ਇਸਮਾਈਲ ਖ਼ਾਨ (1865-95) ਰਹਿ ਗਿਆ। ਉਸ ਨੂੰ ਬਕਾਇਦਾ ਜਾਨਸ਼ੀਨ ਨਿਯੁਕਤ ਕੀਤਾ ਗਿਆ ਅਤੇ ਉਸ ਤੇ ਹੋਲਕਰ ਨੂੰ 2 ਲੱਖ ਆਮ ਨਜ਼ਰਾਨੇ ਵਜੋਂ ਅਦਾ ਕਰਨ ਦੀ ਸ਼ਰਤ ਲਾਈ ਗਈ। ਸੰਨ 1874 ਵਿਚ ਨਵਾਬ ਨੂੰ ਰਿਆਸਤ ਦੀ ਜ਼ਿਮੇਵਾਰੀ ਸੌਂਪ ਦਿੱਤੀ ਗਈ ਪਰ ਉਸਦਾ ਰਾਜ ਪ੍ਰਬੰਧ ਵੀ ਕੋਈ ਬਹੁਤਾ ਵਧੀਆ ਨਹੀਂ ਸੀ। ਉਹ ਲਗਭਗ 16 ਲੱਖ ਦਾ ਕਰਜ਼ਾਈ ਹੋ ਗਿਆ ਅਤੇ ਇਸ ਤੋਂ ਇਲਾਵਾ ਉਸ ਨੇ ਸਰਕਾਰ ਤੋਂ 3 ਲੱਖ ਉਧਾਰ ਲੈ ਲਏ। ਸੰਨ 1895 ਵਿਚ ਮੁਹੰਮਦ ਇਸਮਾਈਲ ਦੀ ਮੌਤ ਹੋ ਗਈ ਅਤੇ ਉਸ ਤੋਂ ਪਿੱਛੋਂ ਉਸ ਦਾ ਪੁੱਤਰ ਇਫਤਿਖ਼ਾਰ ਅਲੀ ਖ਼ਾਨ ਰਿਆਸਤ ਦਾ ਉੱਤਰਾਧਿਕਾਰੀ ਬਣਿਆ। ਉਸ ਵੇਲੇ ਇਫਤਿਖ਼ਾਰ ਅਲੀ ਖ਼ਾਨ ਬਾਰਾਂ ਵਰ੍ਹਿਆਂ ਦਾ ਸੀ। ਇਸ ਸਮੇਂ ਰਿਆਸਤ ਦਾ ਰਾਜ ਪ੍ਰਬੰਧ ਨਵਾਬ ਦੇ ਚਾਚੇ ਯਾਰ ਮੁਹੰਮਦ ਖ਼ਾਨ ਨੂੰ ਸੌਂਪਿਆ ਗਿਆ। ਸੰਨ 1905 ਵਿਚ ਰਿਆਸਤ ਦੇ ਮੁਖੀ ਨੂੰ ਰਾਜ ਪ੍ਰਬੰਧ ਦੇ ਇਖਤਿਆਰ ਸੌਂਪ ਦਿੱਤੇ ਗਏ। ਨੌਜਵਾਨ ਮੁਖੀ ਨੂੰ ਡਾਲੀ ਕਾਲਜ ਇੰਦੌਰ ਵਿਖੇ ਸਿਖਿਆ ਦਿੱਤੀ ਗਈ ਅਤੇ 1902 ਵਿਚ ਉਹ ਇੰਪੀਰੀਅਲ ਕੈਡਿਟ ਕੋਰ ਵਿਚ ਭਰਤੀ ਹੋ ਗਿਆ। ਉਸ ਨੂੰ ਹਿਜ਼ ਹਾਈਨੈਸ ਅਤੇ ਫਖਰ-ਉਦ-ਦੌਲਾ ਨਵਾਬ ਸੌਲਤ ਜੰਗ ਦੇ ਰੁਤਬਿਆਂ ਨਾਲ ਸਨਮਾਨਿਆ ਗਿਆ ਅਤੇ ਉਸਨੂੰ 13 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਰਹੀ।

ਹ. ਪੁ. -ਇੰਪ. ਗ. ਇੰਡ. 14: 62

**ਜੌੜਾ** : ਸ਼ਹਿਰ—ਇਹ ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਰਤਲਾਮ ਜ਼ਿਲ੍ਹੇ ਵਿਚ ਇਕ ਤਜਾਰਤੀ ਸ਼ਹਿਰ ਹੈ ਜੋ ਸਮੁੰਦਰ ਤਲ ਤੋਂ ਲਗਭਗ 500 ਮੀ. (1,600 ਫੁੱਟ) ਦੀ ਉਚਾਈ ਤੇ ਬੰਬਈ ਸ਼ਹਿਰ ਤੋਂ 700 ਕਿ. ਮੀ. ਦੀ ਦੂਰੀ ਤੇ ਵਸਿਆ ਹੋਇਆ ਹੈ। ਮੂਲ ਰੂਪ ਵਿਚ ਇਹ ਖਾਟਕੀ ਰਾਜਪੂਤਾਂ ਦਾ ਇਕ ਪਿੰਡ ਹੁੰਦਾ ਸੀ ਪਰ ਮਗਰੋਂ ਗਫ਼ੂਰ ਖ਼ਾਨ ਨੇ ਇਸਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਆਪਣੇ ਇਕ ਮੁੱਖ ਕਸਬੇ ਦੇ ਟਿਕਾਣੇ ਵਜੋਂ ਇਸਨੂੰ ਚੁਣ ਲਿਆ। ਇਹ ਸ਼ਹਿਰ 24 ਹਿੱਸਿਆਂ ਵਿਚ ਵੰਡਿਆ ਹੁੰਦਾ ਸੀ ਅਤੇ ਇਨ੍ਹਾਂ ਹਿੱਸਿਆਂ ਦੇ ਬਾਜ਼ਾਰਾਂ ਵਿਚ ਵੱਖ ਵੱਖ ਕਿਸਮ ਦੀਆਂ ਚੀਜ਼ਾਂ ਦੀ ਵਿਕਰੀ ਹੋਇਆ ਕਰਦੀ ਸੀ। ਪਹਿਲਾਂ ਇਹ ਇਸੇ ਹੀ ਨਾਂ ਦੀ ਬ੍ਰਿਟਿਸ਼ ਸੈਂਟਰਲ ਇੰਡੀਆ ਏਜੰਸੀ ਦੀ ਇਕ ਰਿਆਸਤ ਦੀ ਰਾਜਧਾਨੀ ਹੁੰਦੀ ਸੀ। ਇਹ ਰਿਆਸਤ 1948 ਵਿਚ ਮੱਧ ਪ੍ਰਦੇਸ਼ ਰਾਜ ਵਿਚ ਸ਼ਾਮਲ ਕਰ ਦਿੱਤੀ ਗਈ।

ਇਹ ਸੜਕਾਂ ਅਤੇ ਰੇਲਾਂ ਦਾ ਜੰਕਸ਼ਨ ਅਤੇ ਜ਼ਰਾਇਤੀ ਵਸਤਾਂ ਦਾ ਇਕ ਵਪਾਰਕ ਕੇਂਦਰ ਹੈ। ਇਥੇ ਖੰਡ ਤਿਆਰ ਕਰਨ ਅਤੇ ਕਪਾਹ ਵੇਲਣ ਦੇ ਕਾਰਖ਼ਾਨੇ ਹਨ। ਇਸ ਤੋਂ ਇਲਾਵਾ ਇਥੇ ਖੱਡੀਆਂ ਤੇ ਵੀ ਕੱਪੜਾ ਬੁਣਿਆ ਜਾਂਦਾ ਹੈ। ਇਥੇ ਦੋ ਹਸਪਤਾਲ ਅਤੇ ਵਿਕਰਮ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਹੈ।

ਆਬਾਦੀ—1,09,241 (1991)

23° 38' ਉ. ਵਿਥ.; 75° 07' ਪੂ. ਲੰਬ.

ਹ. ਪੁ. -ਐਨ. ਬ੍ਰਿ. ਮਾ. 5:517; ਇੰਪ. ਗ. ਇੰਡ. 14: 65

*****